☆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ☆

# ਨਿਹਕਲੰਕ ਹਰਿਸ਼ਬਦ ਭੰਡਾਰ

## ਪੰਦਰਵਾਂ ਭਾਗ







http://nehklankharshabad.com/

# ✪ ਤਤਕਰਾ ✪


| ਮਿਤੀ-ਸੰਮਤ | ਨਾਮ | ਸਥਾਨ | | ਪੰਨਾ ਨੰ: |
|---|---|---|---|---|
| ੨੦ ਹਾੜ ੨੦੨੦ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸਪੁਰ | ੦੦੧ |
| ੨੧ ਹਾੜ ੨੦੨੦ ਬਿਕ੍ਰਮੀ | ਪ੍ਰੀਤਮ ਸਿੰਘ ਦੇ ਗ੍ਰਿਹਿ | ਢਿਲਵਾਂ | ਕਪੂਰਥਲਾ | ੦੦੪ |
| ੨੧ ਹਾੜ ੨੦੨੦ ਬਿਕ੍ਰਮੀ | ਭਾਗ ਸਿੰਘ ਦੇ ਗ੍ਰਿਹਿ | ਦੁਰਾਹਾ | ਲੁਧਿਆਣਾ | ੦੦੬ |
| ੨੧ ਹਾੜ ੨੦੨੦ ਬਿਕ੍ਰਮੀ | ਬਿਸ਼ਨ ਸਿੰਘ ਸੇਵਾ ਸਿੰਘ | ਗੁੜਗਾਉਂ | ਗੁੜਗਾਉਂ | ੦੦੮ |
| ੨੨ ਹਾੜ ੨੦੨੦ ਬਿਕ੍ਰਮੀ | ਬਿਸ਼ਨ ਸਿੰਘ ਦੇ ਗ੍ਰਿਹਿ | ਗੁੜਗਾਉਂ | ਗੁੜਗਾਉਂ | ੦੧੬ |
| ੨੩ ਹਾੜ ੨੦੨੦ ਬਿਕ੍ਰਮੀ | ਪਹਾੜ ਗੰਜ ਸ਼ਬਦ ਸਿੰਘਾਸਣ | ਦਿਲੀ | ਦਿਲੀ | ੦੧੮ |
| ੨੩ ਹਾੜ ੨੦੨੦ ਬਿਕ੍ਰਮੀ | ਗਰਮੇਜ ਸਿੰਘ ਦੇ ਗ੍ਰਿਹਿ | ਵਿਨੇ ਨਗਰ | ਦਿਲੀ | ੧੨੧ |
| ੨੪ ਹਾੜ ੨੦੨੦ ਬਿਕ੍ਰਮੀ | ਰੇਸ਼ਮ ਸਿੰਘ ਦੇ ਗ੍ਰਿਹਿ | ਮੇਰਠ ਛਾਉਣੀ | ਮੇਰਠ | ੦੨੩ |
| ੨੫ ਹਾੜ ੨੦੨੦ ਬਿਕ੍ਰਮੀ | ਰਾਮੇਸ਼ਵਰ ਦਾਸ ਦੇ ਗ੍ਰਿਹਿ | ਖਤੋਲੀ | | ੦੩੦ |
| ੨੫ ਹਾੜ ੨੦੨੦ ਬਿਕ੍ਰਮੀ | ਤੇਜ਼ ਭਾਨ | ਅੰਬਾਲਾ ਛਾਉਣੀ | | ੦੩੨ |
| ੨੬ ਹਾੜ ੨੦੨੦ ਬਿਕ੍ਰਮੀ | ਗੁਰਦੇਵ ਸਿੰਘ ਦੇ ਗ੍ਰਿਹਿ | ਘੜੂਆਂ | ਅੰਬਾਲਾ | ੦੩੭ |
| ੨੭ ਹਾੜ ੨੦੨੦ ਬਿਕ੍ਰਮੀ | ਸੁਰਜੀਤ ਸਿੰਘ ਦੇ ਗ੍ਰਿਹਿ | ਘੜੂਆਂ | ਅੰਬਾਲਾ | ੦੪੭ |
| ੨੭ ਹਾੜ ੨੦੨੦ ਬਿਕ੍ਰਮੀ | ਸੁਖਵੰਤ ਕੌਰ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੦੪੮ |
| ੨੭ ਹਾੜ ੨੦੨੦ ਬਿਕ੍ਰਮੀ | ਨਿਰੰਜਣ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੦੫੦ |
| ੨੭ ਹਾੜ ੨੦੨੦ ਬਿਕ੍ਰਮੀ | ਲਾਲ ਸਿੰਘ ਦੇ ਗ੍ਰਿਹਿ | ਡੱਲੇਵਾਲ | ਜਲੰਧਰ | ੦੫੧ |
| ੨੭ ਹਾੜ ੨੦੨੦ ਬਿਕ੍ਰਮੀ | ਸੰਤੋਖ ਸਿੰਘ ਦੇ ਗ੍ਰਿਹਿ | ਸੋਢੀਆਂ | ਜਲੰਧਰ | ੦੫੫ |
| ੨੮ ਹਾੜ ੨੦੨੦ ਬਿਕ੍ਰਮੀ | ਗੁਰਦੇਵ ਸਿੰਘ ਦੇ ਗ੍ਰਿਹਿ | ਦੋਸਾਂਝ ਖੁਰਦ | ਜਲੰਧਰ | ੦੬੨ |
| ੨੮ ਹਾੜ ੨੦੨੦ ਬਿਕ੍ਰਮੀ | ਪ੍ਰੀਤਮ ਸਿੰਘ ਸਾਧੂ ਸਿੰਘ | ਝੰਡੇਰ ਕਲਾਂ | ਜਲੰਧਰ | ੦੬੮ |
| ੨੯ ਹਾੜ ੨੦੨੦ ਬਿਕ੍ਰਮੀ | ਸਾਧੂ ਸਿੰਘ ਦੇ ਗ੍ਰਿਹਿ | ਝੰਡੇਰ ਕਲਾਂ | ਜਲੰਧਰ | ੦੭੨ |
| ੨੯ ਹਾੜ ੨੦੨੦ ਬਿਕ੍ਰਮੀ | ਪ੍ਰੀਤਮ ਕੌਰ ਦੇ ਗ੍ਰਿਹਿ | ਕਰਤਾਰ ਪੁਰ | ਜਲੰਧਰ | ੦੭੩ |




1
੧੫

| | | | |
|---|---|---|---|
| ੨੯ ਹਾੜ ੨੦੨੦ ਬਿਕ੍ਰਮੀ ਜਸਵੰਤ ਸਿੰਘ ਦੇ ਗ੍ਰਿਹਿ | ਕਰਤਾਰ ਪੁਰ | ਜਲੰਧਰ | ੦੭੫ |
| ੦੧ ਸਾਵਣ ੨੦੨੦ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੦੮੧ |
| ੦੨ ਸਾਵਣ ੨੦੨੦ ਬਿਕ੍ਰਮੀ ਬੀਬੀ ਬਲਵੰਤ ਕੌਰ ਦੇ ਗ੍ਰਿਹਿ | ਅੰਮ੍ਰਿਤਸਰ | ਅੰਮ੍ਰਿਤਸਰ | ੦੮੮ |
| ੨੫ ਸਾਵਣ ੨੦੨੦ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਿਹਿ | ਮੋਗਾ | ਫਿਰੋਜ਼ਪੁਰ | ੦੯੭ |
| ੨੬ ਸਾਵਣ ੨੦੨੦ ਬਿਕ੍ਰਮੀ ਮਾਧਾ ਸਿੰਘ ਦੇ ਗ੍ਰਿਹਿ | ਚੀਮਾ ਕਲਾਂ | ਅੰਮ੍ਰਿਤਸਰ | ੧੩੨ |
| ੨੭ ਸਾਵਣ ੨੦੨੦ ਬਿਕ੍ਰਮੀ ਸੜਕ ਤੇ ਅਕਾਲੀਆ ਨਾਲ ਬਚਨ ਹੋਏ | ਠੱਕਰ ਪੁਰਾ | | ੧੪੩ |
| ੨੭ ਸਾਵਣ ੨੦੨੦ ਬਿਕ੍ਰਮੀ ਬੇਲਾ ਸਿੰਘ ਦੇ ਗ੍ਰਿਹਿ | ਮਾਹਲ | ਅੰਮ੍ਰਿਤਸਰ | ੧੪੫ |
| ੨੮ ਸਾਵਣ ੨੦੨੦ ਬਿਕ੍ਰਮੀ ਹਰਬੰਸ ਸਿੰਘ ਬਲਵੰਤ ਸਿੰਘ | ਮਾਹਲ | ਅੰਮ੍ਰਿਤਸਰ | ੧੫੬ |
| ੨੮ ਸਾਵਣ ੨੦੨੦ ਬਿਕ੍ਰਮੀ ਹਜ਼ਾਰਾ ਸਿੰਘ ਦੇ ਗ੍ਰਿਹਿ | ਅੰਮ੍ਰਿਤਸਰ | ਅੰਮ੍ਰਿਤਸਰ | ੧੫੯ |
| ੩੨ ਸਾਵਣ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੬੨ |
| ੦੧ ਭਾਦਰੋਂ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੭੩ |
| ੦੨ ਭਾਦਰੋਂ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ | ਜੇਠੂਵਾਲ | ਅੰਮ੍ਰਿਤਸਰ | ੧੮੮ |
| ੦੨ ਭਾਦਰੋਂ ੨੦੨੦ ਬਿਕ੍ਰਮੀ ਪ੍ਰੀਤਮ ਸਿੰਘ ਦੇ ਨਿਵਿਤ | ਨਜਾਮ ਪੁਰਾ | ਅੰਮ੍ਰਿਤਸਰ | ੧੯੫ |
| ੦੩ ਭਾਦਰੋਂ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ (ਬੀਬੀ ਚਰਨੀ ਰੂਪੋ ਵਾਲੀ ਨਵਿਤ)ਜੇਠੂਵਾਲ | | | ੨੦੨ |
| ੦੩ ਭਾਦਰੋਂ ੨੦੨੦ ਬਿਕ੍ਰਮੀ ਸੁਰਜਨ ਸਿੰਘ ਮਹਿੰਦਰ ਸਿੰਘ ਗੁਰਬਚਨ ਸਿੰਘ ਬਸੰਤ ਕੌਰ | ਮਾਂਗਾ ਸਰਾਏ | ਅੰਮ੍ਰਿਤਸਰ | ੨੦੭ |
| ੦੪ ਭਾਦਰੋਂ ੨੦੨੦ ਬਿਕ੍ਰਮੀ ਅਜੀਤ ਸਿੰਘ, ਦਲੀਪ ਸਿੰਘ | ਮਾਂਗਾ ਸਰਾਏ | ਅੰਮ੍ਰਿਤਸਰ | ੨੧੬ |
| ੦੪ ਭਾਦਰੋਂ ੨੦੨੦ ਬਿਕ੍ਰਮੀ ਗਿਰਧਾਰਾ ਬਲੋਵਾਲੀ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੨੧੯ |
| ੦੫ ਭਾਦਰੋਂ ੨੦੨੦ ਬਿਕ੍ਰਮੀ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ | ਕਾਦਰਬਾਦ | ਅੰਮ੍ਰਿਤਸਰ | ੨੨੪ |
| ੦੫ ਭਾਦਰੋਂ ੨੦੨੦ ਬਿਕ੍ਰਮੀ ਕਰਨੈਲ ਸਿੰਘ ਦੇ ਗ੍ਰਿਹਿ | ਕਾਦਰਬਾਦ | ਅੰਮ੍ਰਿਤਸਰ | ੨੩੩ |
| ੦੫ ਭਾਦਰੋਂ ੨੦੨੦ ਬਿਕ੍ਰਮੀ ਸਵਰਨ ਸਿੰਘ ਦੇ ਗ੍ਰਿਹਿ | ਕਾਦਰਬਾਦ | ਅੰਮ੍ਰਿਤਸਰ | ੨੩੬ |
| ੦੬ ਭਾਦਰੋਂ ੨੦੨੦ ਬਿਕ੍ਰਮੀ ਬੂੜ ਸਿੰਘ ਦੇ ਗ੍ਰਿਹਿ | ਕਾਦਰਬਾਦ | ਅੰਮ੍ਰਿਤਸਰ | ੨੩੮ |



2 ੧੫




| | | | | | | | | |
|---|---|---|---|---|---|---|---|---|
| ੦੬ | ਭਾਦਰੋਂ | ੨੦੨੦ | ਬਿਕ੍ਰਮੀ | ਮੱਸਾ ਸਿੰਘ ਦੇ ਗ੍ਰਿਹਿ | ਬਲ | | ਅੰਮ੍ਰਿਤਸਰ | ੨੪੧ |
| ੦੭ | ਭਾਦਰੋਂ | ੨੦੨੦ | ਬਿਕ੍ਰਮੀ | ਅਮਰਾਉ ਸਿੰਘ ਦੇ ਗ੍ਰਿਹਿ | ਬਲ | | ਅੰਮ੍ਰਿਤਸਰ | ੨੪੮ |
| ੦੭ | ਭਾਦਰੋਂ | ੨੦੨੦ | ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਿਹਿ | ਬਲ | | ਅੰਮ੍ਰਿਤਸਰ | ੨੫੦ |
| ੦੭ | ਭਾਦਰੋਂ | ੨੦੨੦ | ਬਿਕ੍ਰਮੀ | ਮਾਤਾ ਰਣਜੀਤ ਕੌਰ ਦੇ ਨਿਵਿਤ | ਹਰਿ ਭਗਤ ਦਵਾਰ | | ਜੇਠੂਵਾਲ | ੨੫੧ |
| ੦੮ | ਭਾਦਰੋਂ | ੨੦੨੦ | ਬਿਕ੍ਰਮੀ | ਗੁਰਬਖ਼ਸ਼ ਸਿੰਘ ਦੇ ਨਿਵਿਤ | ਹਰਿ ਭਗਤ ਦਵਾਰ | | ਜੇਠੂਵਾਲ | ੨੫੫ |
| ੦੯ | ਭਾਦਰੋਂ | ੨੦੨੦ | ਬਿਕ੍ਰਮੀ | ਹਰਭਜਨ ਸਿੰਘ ਦੇ ਨਿਵਿਤ | ਹਰਿ ਭਗਤ ਦਵਾਰ | | ਜੇਠੂਵਾਲ | ੨੫੯ |
| ੧੦ | ਭਾਦਰੋਂ | ੨੦੨੦ | ਬਿਕ੍ਰਮੀ | ਠਾਕਰ ਸਿੰਘ ਦੇ ਨਿਵਿਤ | ਹਰਿ ਭਗਤ ਦਵਾਰ | | ਜੇਠੂਵਾਲ | ੨੬੮ |
| ੧੧ | ਭਾਦਰੋਂ | ੨੦੨੦ | ਬਿਕ੍ਰਮੀ | ਹਰਿ ਸੰਗਤ ਦੇ ਨਿਵਿਤ | ਹਰਿ ਭਗਤ ਦਵਾਰ | | ਜੇਠੂਵਾਲ | ੨੬੯ |
| ੧੨ | ਭਾਦਰੋਂ | ੨੦੨੦ | ਬਿਕ੍ਰਮੀ | ਲੰਗਰ ਦੀ ਸੇਵਾ ਸਮਾਪਤ ਹੋਣ ਸਮੇ ਦਇਆ ਕੀਤੀ | | | | ੨੭੪ |
| ੧੨ | ਭਾਦਰੋਂ | ੨੦੨੦ | ਬਿਕ੍ਰਮੀ | ਗੁਰਦਿਤ ਸਿੰਘ ਦੇ ਗ੍ਰਿਹਿ | ਰਾਮ | ਦੀਵਾਲੀ | ਅੰਮ੍ਰਿਤਸਰ | ੨੮੧ |
| ੧੩ | ਭਾਦਰੋਂ | ੨੦੨੦ | ਬਿਕ੍ਰਮੀ | ਫੌਜਾ ਸਿੰਘ ਦੇ ਗ੍ਰਿਹਿ | ਰਾਮ | ਦੀਵਾਲੀ | ਅੰਮ੍ਰਿਤਸਰ | ੨੮੯ |
| ੧੩ | ਭਾਦਰੋਂ | ੨੦੨੦ | ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਿਹਿ | ਰਾਮ | ਦੀਵਾਲੀ | ਅੰਮ੍ਰਿਤਸਰ | ੨੯੦ |
| ੧੩ | ਭਾਦਰੋਂ | ੨੦੨੦ | ਬਿਕ੍ਰਮੀ | ਜਿੰਦਰ ਸਿੰਘ ਦੇ ਗ੍ਰਿਹਿ | ਰਾਮ | ਦੀਵਾਲੀ | ਅੰਮ੍ਰਿਤਸਰ | ੨੯੧ |
| ੧੩ | ਭਾਦਰੋਂ | ੨੦੨੦ | ਬਿਕ੍ਰਮੀ | ਲੱਖਾ ਸਿੰਘ ਦੇ ਗ੍ਰਿਹਿ | ਰਾਮ | ਦੀਵਾਲੀ | ਅੰਮ੍ਰਿਤਸਰ | ੨੯੩ |
| ੨੨ | ਭਾਦਰੋਂ | ੨੦੨੦ | ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਿਹਿ | ਜੰਡਿਆਲਾ | ਗੁਰੂ | ਅੰਮ੍ਰਿਤਸਰ | ੨੯੪ |
| ੨੩ | ਭਾਦਰੋਂ | ੨੦੨੦ | ਬਿਕ੍ਰਮੀ | ਤੇਜਾ ਸਿੰਘ ਦੇ ਗ੍ਰਿਹਿ | ਜੰਡਿਆਲਾ | ਗੁਰੂ | ਅੰਮ੍ਰਿਤਸਰ | ੩੦੫ |
| ੨੩ | ਭਾਦਰੋਂ | ੨੦੨੦ | ਬਿਕ੍ਰਮੀ | ਸੰਤੋਖ ਸਿੰਘ ਦੇ ਗ੍ਰਿਹਿ | ਜੰਡਿਆਲਾ | ਗੁਰੂ | ਅੰਮ੍ਰਿਤਸਰ | ੩੦੯ |
| ੨੩ | ਭਾਦਰੋਂ | ੨੦੨੦ | ਬਿਕ੍ਰਮੀ | ਸੁਰੈਣ ਸਿੰਘ ਦੇ ਗ੍ਰਿਹਿ | ਜੰਡਿਆਲਾ | ਗੁਰੂ | ਅੰਮ੍ਰਿਤਸਰ | ੩੧੧ |
| ੨੩ | ਭਾਦਰੋਂ | ੨੦੨੦ | ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਿਹਿ | ਜੰਡਿਆਲਾ | ਗੁਰੂ | ਅੰਮ੍ਰਿਤਸਰ | ੩੧੪ |
| ੨੩ | ਭਾਦਰੋਂ | ੨੦੨੦ | ਬਿਕ੍ਰਮੀ | ਨਰਿੰਦਰ ਸਿੰਘ ਦੇ ਗ੍ਰਿਹਿ | ਜੰਡਿਆਲਾ | ਗੁਰੂ | ਅੰਮ੍ਰਿਤਸਰ | ੩੧੫ |
| ੨੩ | ਭਾਦਰੋਂ | ੨੦੨੦ | ਬਿਕ੍ਰਮੀ | ਸੁਰੈਣ ਸਿੰਘ ਦੇ ਗ੍ਰਿਹਿ | ਜੰਡਿਆਲਾ | ਗੁਰੂ | ਅੰਮ੍ਰਿਤਸਰ | ੩੧੬ |
| ੨੩ | ਭਾਦਰੋਂ | ੨੦੨੦ | ਬਿਕ੍ਰਮੀ | ਬੂਟਾ ਸਿੰਘ ਦੇ ਗ੍ਰਿਹਿ | ਏਕਲ | ਗੱਡਾ | ਅੰਮ੍ਰਿਤਸਰ | ੩੧੯ |




3
੧੫

3
੧੫




| | | | | | | | |
|---|---|---|---|---|---|---|---|
| ੨੩ | ਭਾਦਰੋਂ | ੨੦੨੦ | ਬਿਕ੍ਰਮੀ | ਗਿਆਨ ਸਿੰਘ ਦੇ ਗ੍ਰਹਿ | ਭੋਰਛੀ | ਅੰਮ੍ਰਿਤਸਰ | ੩੨੪ |
| ੨੪ | ਭਾਦਰੋਂ | ੨੦੨੦ | ਬਿਕ੍ਰਮੀ | | ਭੋਰਛੀ | ਅੰਮ੍ਰਿਤਸਰ | ੩੩੩ |
| ੨੪ | ਭਾਦਰੋਂ | ੨੦੨੦ | ਬਿਕ੍ਰਮੀ | ਡਾਕਟਰ ਪਾਲ ਸਿੰਘ | ਭਲਾਈਪੁਰ ਡੋਗਰਾਂ | ਅੰਮ੍ਰਿਤਸਰ | ੩੩੭ |
| ੨੪ | ਭਾਦਰੋਂ | ੨੦੨੦ | ਬਿਕ੍ਰਮੀ | ਗੁਰਮੁਖ ਸਿੰਘ ਪਾਲ ਸਿੰਘ | ਭਲਾਈਪੁਰ ਡੋਗਰਾਂ | ਅੰਮ੍ਰਿਤਸਰ | ੩੪੨ |
| ੨੫ | ਭਾਦਰੋਂ | ੨੦੨੦ | ਬਿਕ੍ਰਮੀ | ਫ਼ੌਜਾ ਸਿੰਘ ਦੇ ਗ੍ਰਹਿ | ਭਲਾਈਪੁਰ ਡੋਗਰਾਂ | ਅੰਮ੍ਰਿਤਸਰ | ੩੪੭ |
| ੨੫ | ਭਾਦਰੋਂ | ੨੦੨੦ | ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਹਿ | ਭਲਾਈਪੁਰ ਡੋਗਰਾਂ | ਅੰਮ੍ਰਿਤਸਰ | ੩੫੦ |
| ੨੫ | ਭਾਦਰੋਂ | ੨੦੨੦ | ਬਿਕ੍ਰਮੀ | ਊਧਮ ਸਿੰਘ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੩੫੧ |
| ੨੫ | ਭਾਦਰੋਂ | ੨੦੨੦ | ਬਿਕ੍ਰਮੀ | ਬਲਵੰਤ ਸਿੰਘ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੩੫੩ |
| ੨੫ | ਭਾਦਰੋਂ | ੨੦੨੦ | ਬਿਕ੍ਰਮੀ | ਧਰਮਬੀਰ ਦੇ ਗ੍ਰਹਿ | ਜਲਾਲਾਬਾਦ | ਅੰਮ੍ਰਿਤਸਰ | ੩੫੫ |
| ੨੫ | ਭਾਦਰੋਂ | ੨੦੨੦ | ਬਿਕ੍ਰਮੀ | ਸੋਹਣ ਸਿੰਘ ਦੇ ਗ੍ਰਹਿ | ਰਾਮਪੁਰ | ਅੰਮ੍ਰਿਤਸਰ | ੩੫੭ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਸੁਖਦੇਵ ਰਾਜ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੬੩ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਦਲੀਪ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੬੬ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਕੁੰਦਨ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੬੭ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਅਰੂੜ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੬੭ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਹਰੀ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੬੯ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਦਰਸ਼ਨ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੭੦ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਲਾਲ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੭੦ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਪ੍ਰੀਤਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੭੧ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਪ੍ਰੀਤਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੭੧ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਪੂਰਨ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੭੨ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਹਰਨਾਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੭੨ |
| ੨੬ | ਭਾਦਰੋਂ | ੨੦੨੦ | ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੭੪ |





4
੧੫




| | | | | | | |
|---|---|---|---|---|---|---|
| ੨੬ | ਭਾਦਰੋਂ | ੨੦੨੦ ਬਿਕ੍ਰਮੀ | ਸਰਮੁਖ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੭੫ |
| ੨੬ | ਭਾਦਰੋਂ | ੨੦੨੦ ਬਿਕ੍ਰਮੀ | ਸੁਖਦੇਵ ਰਾਜ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੭੬ |
| ੨੭ | ਭਾਦਰੋਂ | ੨੦੨੦ ਬਿਕ੍ਰਮੀ | ਪ੍ਰੀਤਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੮੫ |
| ੨੭ | ਭਾਦਰੋਂ | ੨੦੨੦ ਬਿਕ੍ਰਮੀ | ਗੁਰਬਖ਼ਸ਼ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੮੭ |
| ੨੭ | ਭਾਦਰੋਂ | ੨੦੨੦ ਬਿਕ੍ਰਮੀ | ਕਰਮ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੮੮ |
| ੨੭ | ਭਾਦਰੋਂ | ੨੦੨੦ ਬਿਕ੍ਰਮੀ | ਪੂਰਨ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੮੮ |
| ੨੭ | ਭਾਦਰੋਂ | ੨੦੨੦ ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਹਿ | ਕੱਲਾ | ਅੰਮ੍ਰਿਤਸਰ | ੩੯੦ |
| ੨੭ | ਭਾਦਰੋਂ | ੨੦੨੦ ਬਿਕ੍ਰਮੀ | ਨਰੈਣ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੩੯੧ |
| ੨੭ | ਭਾਦਰੋਂ | ੨੦੨੦ ਬਿਕ੍ਰਮੀ | ਗੁਰਨਾਮ ਸਿੰਘ ਦੇ ਗ੍ਰਹਿ | ਕੰਗ | ਅੰਮ੍ਰਿਤਸਰ | ੩੯੮ |
| ੨੭ | ਭਾਦਰੋਂ | ੨੦੨੦ ਬਿਕ੍ਰਮੀ | ਕੁੰਦਨ ਸਿੰਘ ਦੇ ਗ੍ਰਹਿ | ਮਾਲ ਚੱਕ | ਅੰਮ੍ਰਿਤਸਰ | ੪੦੧ |
| ੨੮ | ਭਾਦਰੋਂ | ੨੦੨੦ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਹਿ | ਬਾਠ | ਅੰਮ੍ਰਿਤਸਰ | ੪੦੮ |
| ੨੮ | ਭਾਦਰੋਂ | ੨੦੨੦ ਬਿਕ੍ਰਮੀ | ਮੱਸਾ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੪੧੦ |
| ੨੮ | ਭਾਦਰੋਂ | ੨੦੨੦ ਬਿਕ੍ਰਮੀ | ਮੱਖਣ ਸਿੰਘ ਦੇ ਗ੍ਰਹਿ | ਨੌਰੰਗਾਬਾਦ | ਅੰਮ੍ਰਿਤਸਰ | ੪੧੫ |
| ੨੯ | ਭਾਦਰੋਂ | ੨੦੨੦ ਬਿਕ੍ਰਮੀ | ਰਾਧਾ ਸੁਆਮੀ ਡੇਰੇ | ਤਰਨ ਤਾਰਨ | ਅੰਮ੍ਰਿਤਸਰ | ੪੧੯ |
| ੨੯ | ਭਾਦਰੋਂ | ੨੦੨੦ ਬਿਕ੍ਰਮੀ | ਇੰਦਰ ਸਿੰਘ ਦੇ ਗ੍ਰਹਿ | ਬੰਡਾਲਾ | ਅੰਮ੍ਰਿਤਸਰ | ੪੨੩ |
| ੨੯ | ਭਾਦਰੋਂ | ੨੦੨੦ ਬਿਕ੍ਰਮੀ | ਸ਼ਿਵ ਸਿੰਘ ਦੇ ਗ੍ਰਹਿ | ਬੰਡਾਲਾ | ਅੰਮ੍ਰਿਤਸਰ | ੪੨੫ |
| ੨੯ | ਭਾਦਰੋਂ | ੨੦੨੦ ਬਿਕ੍ਰਮੀ | ਬੁੱਢਾ ਸਿੰਘ ਦੇ ਗ੍ਰਹਿ | ਬੰਡਾਲਾ | ਅੰਮ੍ਰਿਤਸਰ | ੪੨੬ |
| ੨੯ | ਭਾਦਰੋਂ | ੨੦੨੦ ਬਿਕ੍ਰਮੀ | ਪਾਲ ਸਿੰਘ ਦੇ ਗ੍ਰਹਿ | ਬੰਡਾਲਾ | ਅੰਮ੍ਰਿਤਸਰ | ੪੨੮ |
| ੨੯ | ਭਾਦਰੋਂ | ੨੦੨੦ ਬਿਕ੍ਰਮੀ | ਤ੍ਰਿਲੋਕ ਸਿੰਘ ਦੇ ਗ੍ਰਹਿ | ਬੰਡਾਲਾ | ਅੰਮ੍ਰਿਤਸਰ | ੪੨੯ |
| ੦੧ | ਅੱਸੂ | ੨੦੨੦ ਬਿਕ੍ਰਮੀ | ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੪੩੦ |
| ੦੨ | ਅੱਸੂ | ੨੦੨੦ ਬਿਕ੍ਰਮੀ | ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੪੩੮ |
| ੦੩ | ਅੱਸੂ | ੨੦੨੦ ਬਿਕ੍ਰਮੀ | ਫ਼ੌਜਾ ਸਿੰਘ ਦੇ ਗ੍ਰਹਿ | ਸਿਰਹਾਲੀ | ਅੰਮ੍ਰਿਤਸਰ | ੪੪੧ |





5 ੧੫




| | | | | | | |
|---|---|---|---|---|---|---|
| ੦੩ | ਅੱਸੂ | ੨੦੨੦ ਬਿਕ੍ਰਮੀ | ਗੁਰਬਚਨ ਸਿੰਘ ਗੁਰਦੀਪ ਸਿੰਘ | ਸਿਰਹਾਲੀ | ਅੰਮ੍ਰਿਤਸਰ | ੪੪੨ |
| ੦੩ | ਅੱਸੂ | ੨੦੨੦ ਬਿਕ੍ਰਮੀ | ਗੁਰਦਾਸ ਸਿੰਘ ਦੇ ਗ੍ਰਹਿ | ਸ਼ਾਹਵਾਲਾ | ਅੰਮ੍ਰਿਤਸਰ | ੪੪੩ |
| ੦੩ | ਅੱਸੂ | ੨੦੨੦ ਬਿਕ੍ਰਮੀ | ਕਰਨੈਲ ਸਿੰਘ ਨਛੱਤਰ ਸਿੰਘ | ਸ਼ਾਹਵਾਲਾ | ਅੰਮ੍ਰਿਤਸਰ | ੪੪੬ |
| ੦੪ | ਅੱਸੂ | ੨੦੨੦ ਬਿਕ੍ਰਮੀ | ਕਰਤਾਰ ਸਿੰਘ ਦੇ ਗ੍ਰਹਿ | ਸ਼ਾਹਵਾਲਾ | ਅੰਮ੍ਰਿਤਸਰ | ੪੫੩ |
| ੦੪ | ਅੱਸੂ | ੨੦੨੦ ਬਿਕ੍ਰਮੀ | ਜਰਨੈਲ ਸਿੰਘ ਦੇ ਗ੍ਰਹਿ | ਸ਼ਾਹਵਾਲਾ | ਅੰਮ੍ਰਿਤਸਰ | ੪੫੫ |
| ੦੪ | ਅੱਸੂ | ੨੦੨੦ ਬਿਕ੍ਰਮੀ | ਬਲਵੰਤ ਸਿੰਘ ਦੇ ਗ੍ਰਹਿ | ਤਲਵੰਡੀ | ਅੰਮ੍ਰਿਤਸਰ | ੪੫੮ |
| ੦੪ | ਅੱਸੂ | ੨੦੨੦ ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਹਿ | ਮਨਾਵਾਂ | ਫਿਰੋਜ਼ਪੁਰ | ੪੬੧ |
| ੦੫ | ਅੱਸੂ | ੨੦੨੦ ਬਿਕ੍ਰਮੀ | ਇੰਦਰ ਸਿੰਘ ਦੇ ਗ੍ਰਹਿ | ਖੋਸੇ | ਫਿਰੋਜ਼ਪੁਰ | ੪੬੯ |
| ੦੫ | ਅੱਸੂ | ੨੦੨੦ ਬਿਕ੍ਰਮੀ | ਕੇਹਰ ਸਿੰਘ ਦੇ ਗ੍ਰਹਿ | ਰਜੀ ਵਾਲਾ | ਫਿਰੋਜ਼ਪੁਰ | ੪੭੨ |
| ੦੫ | ਅੱਸੂ | ੨੦੨੦ ਬਿਕ੍ਰਮੀ | ਮਲ ਸਿੰਘ ਦੇ ਗ੍ਰਹਿ | ਰਜੀ ਵਾਲਾ | ਫਿਰੋਜ਼ਪੁਰ | ੪੭੭ |
| ੦੫ | ਅੱਸੂ | ੨੦੨੦ ਬਿਕ੍ਰਮੀ | ਸੁਰੈਣ ਸਿੰਘ ਦੇ ਗ੍ਰਹਿ | ਨਿਧਾਂ ਵਾਲੀ | ਫਿਰੋਜ਼ਪੁਰ | ੪੭੯ |
| ੦੬ | ਅੱਸੂ | ੨੦੨੦ ਬਿਕ੍ਰਮੀ | ਮੇਲਾ ਸਿੰਘ ਦੇ ਗ੍ਰਹਿ | ਡਗਰੂ | ਫਿਰੋਜ਼ਪੁਰ | ੪੮੬ |
| ੦੬ | ਅੱਸੂ | ੨੦੨੦ ਬਿਕ੍ਰਮੀ | ਧੰਨਾ ਸਿੰਘ ਦੇ ਗ੍ਰਹਿ | ਡਗਰੂ | ਫਿਰੋਜ਼ਪੁਰ | ੪੮੯ |
| ੦੬ | ਅੱਸੂ | ੨੦੨੦ ਬਿਕ੍ਰਮੀ | ਸੀਤਲ ਸਿੰਘ ਦੇ ਗ੍ਰਹਿ | ਡਗਰੂ | ਫਿਰੋਜ਼ਪੁਰ | ੪੯੦ |
| ੦੬ | ਅੱਸੂ | ੨੦੨੦ ਬਿਕ੍ਰਮੀ | ਗੁਰਬਚਨ ਸਿੰਘ ਦੇ ਗ੍ਰਹਿ | ਸੱਦੇਵਾਲਾ | ਫਿਰੋਜ਼ਪੁਰ | ੪੯੬ |
| ੦੭ | ਅੱਸੂ | ੨੦੨੦ ਬਿਕ੍ਰਮੀ | ਜ਼ੋਰਾ ਸਿੰਘ ਦੇ ਗ੍ਰਹਿ | ਸੱਦੇਵਾਲਾ | ਫਿਰੋਜ਼ਪੁਰ | ੫੦੨ |
| ੦੭ | ਅੱਸੂ | ੨੦੨੦ ਬਿਕ੍ਰਮੀ | | ਸੱਦੇਵਾਲਾ | ਫਿਰੋਜ਼ਪੁਰ | ੫੦੪ |
| ੦੭ | ਅੱਸੂ | ੨੦੨੦ ਬਿਕ੍ਰਮੀ | ਹਾਕਮ ਸਿੰਘ ਦੇ ਗ੍ਰਹਿ | ਭਾਈ ਕੀ ਡਰੋਲੀ | ਫਿਰੋਜ਼ਪੁਰ | ੫੦੬ |
| ੦੭ | ਅੱਸੂ | ੨੦੨੦ ਬਿਕ੍ਰਮੀ | ਸੰਪੂਰਨ ਸਿੰਘ ਦੇ ਗ੍ਰਹਿ | ਫਿਰੋਜ਼ਸ਼ਾਹ | ਫਿਰੋਜ਼ਪੁਰ | ੫੧੬ |
| ੦੭ | ਅੱਸੂ | ੨੦੨੦ ਬਿਕ੍ਰਮੀ | ਸੁੰਦਰ ਸਿੰਘ ਦੇ ਗ੍ਰਹਿ | ਫੇਰੂ | ਫਿਰੋਜ਼ਪੁਰ | ੫੧੯ |
| ੦੭ | ਅੱਸੂ | ੨੦੨੦ ਬਿਕ੍ਰਮੀ | ਅਰਜਣ ਸਿੰਘ ਮਹਿੰਦਰ ਸਿੰਘ | ਬਸਤੀ ਖ਼ਲੀਲ | ਫਿਰੋਜ਼ਪੁਰ | ੫੨੦ |
| ੦੮ | ਅੱਸੂ | ੨੦੨੦ ਬਿਕ੍ਰਮੀ | ਹਰੀ ਸਿੰਘ ਦੇ ਗ੍ਰਹਿ | ਬਸਤੀ ਖ਼ਲੀਲ | ਫਿਰੋਜ਼ਪੁਰ | ੫੨੬ |





6
੧੫

7
੧੫




| | | | | | | | |
|---|---|---|---|---|---|---|---|
| ੦੮ | ਅੱਸੂ | ੨੦੨੦ | ਬਿਕ੍ਰਮੀ | ਰੱਖਾ ਸਿੰਘ ਦੇ ਗ੍ਰਿਹਿ | ਬਸਤੀ ਖ਼ਲੀਲ | ਫਿਰੋਜ਼ਪੁਰ | ੫੨੯ |
| ੦੮ | ਅੱਸੂ | ੨੦੨੦ | ਬਿਕ੍ਰਮੀ | ਰਾਮ ਸਿੰਘ ਦੇ ਗ੍ਰਿਹਿ | ਫਿਰੋਜ਼ਪੁਰ ਛੌਣੀ | ਫਿਰੋਜ਼ਪੁਰ | ੫੩੭ |
| ੦੮ | ਅੱਸੂ | ੨੦੨੦ | ਬਿਕ੍ਰਮੀ | ਆਗਿਆ ਸਿੰਘ ਦੇ ਗ੍ਰਿਹਿ | ਫਿਰੋਜ਼ਪੁਰ | ਫਿਰੋਜ਼ਪੁਰ | ੫੪੭ |
| ੦੯ | ਅੱਸੂ | ੨੦੨੦ | ਬਿਕ੍ਰਮੀ | ਧਰਮ ਸਿੰਘ ਦੇ ਗ੍ਰਿਹਿ | ਬਸਤੀ ਹਬੀਬ | ਫਿਰੋਜ਼ਪੁਰ | ੫੪੮ |
| ੦੯ | ਅੱਸੂ | ੨੦੨੦ | ਬਿਕ੍ਰਮੀ | ਸੁਰਜਣ ਸਿੰਘ ਦੇ ਗ੍ਰਿਹਿ | ਫਿਰੋਜ਼ਪੁਰ | ਫਿਰੋਜ਼ਪੁਰ | ੫੫੩ |
| ੧੦ | ਅੱਸੂ | ੨੦੨੦ | ਬਿਕ੍ਰਮੀ | ਤਾਰਾ ਸਿੰਘ ਦੇ ਗ੍ਰਿਹਿ | ਫਿਰੋਜ਼ਪੁਰ | ਫਿਰੋਜ਼ਪੁਰ | ੫੬੩ |
| ੧੦ | ਅੱਸੂ | ੨੦੨੦ | ਬਿਕ੍ਰਮੀ | ਹਰਜੀਤ ਸਿੰਘ ਦੇ ਗ੍ਰਿਹਿ | ਬਸਤੀ ਤੇਗਾ ਸਿੰਘ | ਫਿਰੋਜ਼ਪੁਰ | ੫੬੬ |
| ੧੦ | ਅੱਸੂ | ੨੦੨੦ | ਬਿਕ੍ਰਮੀ | ਦਿਲਬਾਗ ਸਿੰਘ ਦੇ ਗ੍ਰਿਹਿ | ਅਟਾਰੀ | ਫਿਰੋਜ਼ਪੁਰ | ੫੭੨ |
| ੧੦ | ਅੱਸੂ | ੨੦੨੦ | ਬਿਕ੍ਰਮੀ | ਸੁਲੱਖਣ ਸਿੰਘ ਦੇ ਗ੍ਰਿਹਿ | ਰੁਕਨਾ ਮੁੰਗਲਾ | ਫਿਰੋਜ਼ਪੁਰ | ੫੭੯ |
| ੧੧ | ਅੱਸੂ | ੨੦੨੦ | ਬਿਕ੍ਰਮੀ | ਜਾਗੀਰ ਸਿੰਘ ਦੇ ਗ੍ਰਿਹਿ | ਤੂਤ | ਫਿਰੋਜ਼ਪੁਰ | ੫੮੭ |
| ੧੧ | ਅੱਸੂ | ੨੦੨੦ | ਬਿਕ੍ਰਮੀ | ਗੁਰਦੀਪ ਸਿੰਘ ਦੇ ਗ੍ਰਿਹਿ | ਤੂਤ | ਫਿਰੋਜ਼ਪੁਰ | ੫੯੫ |
| ੧੧ | ਅੱਸੂ | ੨੦੨੦ | ਬਿਕ੍ਰਮੀ | ਗੁਰਦੇਵ ਸਿੰਘ ਦੇ ਗ੍ਰਿਹਿ | ਗੋਲੇਵਾਲਾ | ਫਿਰੋਜ਼ਪੁਰ | ੫੯੫ |
| ੧੨ | ਅੱਸੂ | ੨੦੨੦ | ਬਿਕ੍ਰਮੀ | ਬੀਬੀ ਨਿਹਾਲ ਕੌਰ ਦੇ ਗ੍ਰਿਹਿ | ਗੋਲੇਵਾਲਾ | ਫਿਰੋਜ਼ਪੁਰ | ੬੦੪ |
| ੧੨ | ਅੱਸੂ | ੨੦੨੦ | ਬਿਕ੍ਰਮੀ | ਕਿਰਪਾਲ ਸਿੰਘ ਦੇ ਗ੍ਰਿਹਿ | ਗੋਲੇਵਾਲਾ | ਫਿਰੋਜ਼ਪੁਰ | ੬੦੬ |
| ੧੨ | ਅੱਸੂ | ੨੦੨੦ | ਬਿਕ੍ਰਮੀ | | ਗੋਲੇਵਾਲਾ | ਫਿਰੋਜ਼ਪੁਰ | ੬੧੦ |
| ੧੨ | ਅੱਸੂ | ੨੦੨੦ | ਬਿਕ੍ਰਮੀ | ਇੰਦਰ ਕੌਰ ਦੇ ਗ੍ਰਿਹਿ | ਕੋਟਕਪੂਰਾ | ਫਿਰੋਜ਼ਪੁਰ | ੬੧੩ |
| ੧੨ | ਅੱਸੂ | ੨੦੨੦ | ਬਿਕ੍ਰਮੀ | ਤੇਜਾ ਸਿੰਘ | ਸਾਦਕ | ਫਿਰੋਜ਼ਪੁਰ | ੬੧੮ |
| ੧੩ | ਅੱਸੂ | ੨੦੨੦ | ਬਿਕ੍ਰਮੀ | ਅਜੈਬ ਸਿੰਘ, ਰਾਜ ਸਿੰਘ ਦੇ ਗ੍ਰਿਹਿ | ਫਰੀਦਕੋਟ | ਫਿਰੋਜ਼ਪੁਰ | ੬੨੩ |
| ੧੩ | ਅੱਸੂ | ੨੦੨੦ | ਬਿਕ੍ਰਮੀ | ਬੂੜ ਸਿੰਘ ਦੇ ਗ੍ਰਿਹਿ | ਨਾਥੇਵਾਲ | ਫਿਰੋਜ਼ਪੁਰ | ੬੩੦ |
| ੧੪ | ਅੱਸੂ | ੨੦੨੦ | ਬਿਕ੍ਰਮੀ | ਸੌਦਾਗਰ ਸਿੰਘ ਦੇ ਗ੍ਰਿਹਿ | ਨਾਥੇਵਾਲ | ਫਿਰੋਜ਼ਪੁਰ | ੬੩੮ |
| ੧੪ | ਅੱਸੂ | ੨੦੨੦ | ਬਿਕ੍ਰਮੀ | ਜਸਵੰਤ ਸਿੰਘ ਦੇ ਗ੍ਰਿਹਿ | ਰਾਜੇਵਾਲ | ਫਿਰੋਜ਼ਪੁਰ | ੬੪੦ |
| ੧੪ | ਅੱਸੂ | ੨੦੨੦ | ਬਿਕ੍ਰਮੀ | | ਕੋਟਲਾ | ਫਿਰੋਜ਼ਪੁਰ | ੬੪੭ |




7
੧੫




| | | | |
|---|---|---|---|
| ੧੪ ਅੱਸੂ ੨੦੨੦ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਹਿ | ਚਨੂੰ ਵਾਲਾ | ਫਿਰੋਜ਼ਪੁਰ | ੬੫੦ |
| ੧੪ ਅੱਸੂ ੨੦੨੦ ਬਿਕ੍ਰਮੀ ਭਾਗ ਸਿੰਘ, ਨਾਜ਼ਰ ਸਿੰਘ, ਜਾਗੀਰ ਸਿੰਘ | ਮਾੜੀ ਮੁਸਤਫ਼ਾ | ਫਿਰੋਜ਼ਪੁਰ | ੬੫੬ |
| ੧੫ ਅੱਸੂ ੨੦੨੦ ਬਿਕ੍ਰਮੀ | ਰਾਮੂ ਵਾਲਾ | ਫਿਰੋਜ਼ਪੁਰ | ੬੬੩ |
| ੧੫ ਅੱਸੂ ੨੦੨੦ ਬਿਕ੍ਰਮੀ ਸੁਹਾਵਾ ਸਿੰਘ, ਮੁਖਤਾਰ ਸਿੰਘ, | | | |
| ਸ਼ੇਰ ਸਿੰਘ ਦੇ ਗ੍ਰਹਿ | ਪੰਜ ਗਰਾਈ | ਫਿਰੋਜ਼ਪੁਰ | ੬੬੬ |
| ੧੫ ਅੱਸੂ ੨੦੨੦ ਬਿਕ੍ਰਮੀ ਗੁਲਜ਼ਾਰ ਸਿੰਘ ਦੇ ਗ੍ਰਹਿ | ਸ਼ਾਹੋ | ਫਿਰੋਜ਼ਪੁਰ | ੬੭੦ |
| ੧੬ ਅੱਸੂ ੨੦੨੦ ਬਿਕ੍ਰਮੀ | ਸ਼ਾਹੋ | ਫਿਰੋਜ਼ਪੁਰ | ੬੭੫ |
| ੧੬ ਅੱਸੂ ੨੦੨੦ ਬਿਕ੍ਰਮੀ ਬੁਗਰ ਸਿੰਘ ਦੇ ਗ੍ਰਹਿ | ਬਰਗਾੜੀ | ਫਿਰੋਜ਼ਪੁਰ | ੬੭੬ |
| ੧੬ ਅੱਸੂ ੨੦੨੦ ਬਿਕ੍ਰਮੀ ਭਾਗ ਸਿੰਘ ਦੇ ਗ੍ਰਹਿ | ਦਬੜੀ ਖਾਨਾ | ਬਠਿੰਡਾ | ੬੮੦ |
| ੧੭ ਅੱਸੂ ੨੦੨੦ ਬਿਕ੍ਰਮੀ ਹਰਚੰਦ ਸਿੰਘ ਦੇ ਗ੍ਰਹਿ | ਹਰਰਾਏ | ਬਠਿੰਡਾ | ੬੮੮ |
| ੧੭ ਅੱਸੂ ੨੦੨੦ ਬਿਕ੍ਰਮੀ ਜਾਗੀਰ ਦਾਸ ਦੇ ਗ੍ਰਹਿ | ਖਿਆਲੀ ਵਾਲਾ | ਬਠਿੰਡਾ | ੬੯੧ |
| ੧੭ ਅੱਸੂ ੨੦੨੦ ਬਿਕ੍ਰਮੀ ਬਖ਼ਤਾਰ ਸਿੰਘ ਦੇ ਗ੍ਰਹਿ | ਖਿਆਲੀ ਵਾਲਾ | ਬਠਿੰਡਾ | ੬੯੩ |
| ੧੮ ਅੱਸੂ ੨੦੨੦ ਬਿਕ੍ਰਮੀ ਹਰਨਾਮ ਕੌਰ ਦੇ ਗ੍ਰਹਿ | ਖਿਆਲੀ ਵਾਲਾ | ਬਠਿੰਡਾ | ੭੦੨ |
| ੧੮ ਅੱਸੂ ੨੦੨੦ ਬਿਕ੍ਰਮੀ ਹਰਨਾਮ ਕੌਰ ਦੇ ਗ੍ਰਹਿ | ਖਿਆਲੀ ਵਾਲਾ | ਬਠਿੰਡਾ | ੭੦੫ |
| ੧੮ ਅੱਸੂ ੨੦੨੦ ਬਿਕ੍ਰਮੀ ਗੁਰਦਵਾਰੇ ਵਿਚ | ਖਿਆਲੀ ਵਾਲਾ | ਬਠਿੰਡਾ | ੭੦੭ |
| ੧੮ ਅੱਸੂ ੨੦੨੦ ਬਿਕ੍ਰਮੀ ਫ਼ਤਹਿ ਸਿੰਘ, ਲਾਭ ਸਿੰਘ ਦੇ ਗ੍ਰਹਿ | ਚੱਕ | ਬਠਿੰਡਾ | ੭੦੮ |
| ੧੮ ਅੱਸੂ ੨੦੨੦ ਬਿਕ੍ਰਮੀ ਮੁਕੰਦ ਸਿੰਘ ਦੇ ਗ੍ਰਹਿ | ਮਰਾਜ | ਬਠਿੰਡਾ | ੭੧੦ |
| ੧੯ ਅੱਸੂ ੨੦੨੦ ਬਿਕ੍ਰਮੀ ਰੋਸ਼ਨ ਲਾਲ ਦੀ ਦੁਕਾਨ ਵਿਚ | ਰਾਮਪੁਰਾ ਫੂਲ | ਬਠਿੰਡਾ | ੭੧੮ |
| ੧੯ ਅੱਸੂ ੨੦੨੦ ਬਿਕ੍ਰਮੀ ਸੁਖ ਰਾਜ ਦੇ ਗ੍ਰਹਿ | ਚੱਕਰ | ਬਠਿੰਡਾ | ੭੨੩ |
| ੨੦ ਅੱਸੂ ੨੦੨੦ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਹਿ | ਬਧਨੀ | ਫਿਰੋਜ਼ਪੁਰ | ੭੩੨ |
| ੨੦ ਅੱਸੂ ੨੦੨੦ ਬਿਕ੍ਰਮੀ ਗੁਰਚਰਨ ਸਿੰਘ ਦੇ ਗ੍ਰਹਿ | ਬਧਨੀ | ਫਿਰੋਜ਼ਪੁਰ | ੭੪੦ |
| ੨੦ ਅੱਸੂ ੨੦੨੦ ਬਿਕ੍ਰਮੀ ਉਜਾਗਰ ਸਿੰਘ ਦੇ ਗ੍ਰਹਿ | ਨਵਾਂ ਰਾਮੂ ਵਾਲਾ | ਫਿਰੋਜ਼ਪੁਰ | ੭੪੩ |





8
੧੫




| | | | | | | | |
|---|---|---|---|---|---|---|---|
| ੨੦ | ਅੱਸੂ | ੨੦੨੦ | ਬਿਕ੍ਰਮੀ | ਗੁਰਦਿਆਲ ਸਿੰਘ ਦੇ ਗ੍ਰਹਿ | ਰਾਮੂ ਵਾਲਾ | ਫਿਰੋਜ਼ਪੁਰ | ੭੪੬ |
| ੨੦ | ਅੱਸੂ | ੨੦੨੦ | ਬਿਕ੍ਰਮੀ | ਮਹਿੰਦਰ ਕੌਰ ਦੇ ਗ੍ਰਹਿ | ਚੜਿਕ | ਫਿਰੋਜ਼ਪੁਰ | ੭੪੮ |
| ੨੦ | ਅੱਸੂ | ੨੦੨੦ | ਬਿਕ੍ਰਮੀ | ਕਰਤਾਰ ਸਿੰਘ ਦੇ ਗ੍ਰਹਿ | ਚੜਿਕ | ਫਿਰੋਜ਼ਪੁਰ | ੭੫੧ |
| ੨੧ | ਅੱਸੂ | ੨੦੨੦ | ਬਿਕ੍ਰਮੀ | ਹਰਿ ਸੰਗਤ ਦਾ ਇਕੱਠ ਹੋਇਆ | ਪੱਖੋਵਾਲ | ਲੁਧਿਆਣਾ | ੭੬੦ |
| ੨੨ | ਅੱਸੂ | ੨੦੨੦ | ਬਿਕ੍ਰਮੀ | ਮੰਗਲ ਸਿੰਘ ਦੇ ਗ੍ਰਹਿ | ਪੱਖੋਵਾਲ | ਲੁਧਿਆਣਾ | ੭੮੯ |
| ੨੨ | ਅੱਸੂ | ੨੦੨੦ | ਬਿਕ੍ਰਮੀ | ਨਾਜ਼ਰ ਸਿੰਘ ਦੇ ਗ੍ਰਹਿ | ਪੱਖੋਵਾਲ | ਲੁਧਿਆਣਾ | ੭੯੨ |
| ੨੨ | ਅੱਸੂ | ੨੦੨੦ | ਬਿਕ੍ਰਮੀ | ਬੀਬੀ ਭਗਵਾਨ ਕੌਰ ਦੇ ਗ੍ਰਹਿ | ਪੱਖੋਵਾਲ | ਲੁਧਿਆਣਾ | ੭੯੪ |
| ੨੨ | ਅੱਸੂ | ੨੦੨੦ | ਬਿਕ੍ਰਮੀ | ਸਾਧੂ ਸਿੰਘ ਦੇ ਗ੍ਰਹਿ | ਪੱਖੋਵਾਲ | ਲੁਧਿਆਣਾ | ੭੯੫ |
| ੨੨ | ਅੱਸੂ | ੨੦੨੦ | ਬਿਕ੍ਰਮੀ | ਸੁਰਜਨ ਸਿੰਘ ਦੇ ਗ੍ਰਹਿ | ਪੱਖੋਵਾਲ | ਲੁਧਿਆਣਾ | ੭੯੭ |
| ੨੨ | ਅੱਸੂ | ੨੦੨੦ | ਬਿਕ੍ਰਮੀ | ਸਰਦਾਰਾ ਸਿੰਘ ਦੇ ਗ੍ਰਹਿ | ਪੱਖੋਵਾਲ | ਲੁਧਿਆਣਾ | ੭੯੮ |
| ੨੨ | ਅੱਸੂ | ੨੦੨੦ | ਬਿਕ੍ਰਮੀ | ਅਦਾਲਤ ਸਿੰਘ ਦੇ ਗ੍ਰਹਿ | ਆਡਲੂ | ਲੁਧਿਆਣਾ | ੭੯੯ |
| ੨੩ | ਅੱਸੂ | ੨੦੨੦ | ਬਿਕ੍ਰਮੀ | ਗੁਲਾਬ ਕੌਰਡ | ਬੁਰਜ ਹਕੀਮਾਂ | ਲੁਧਿਆਣਾ | ੮੦੬ |
| ੨੩ | ਅੱਸੂ | ੨੦੨੦ | ਬਿਕ੍ਰਮੀ | ਧੰਨਾ ਸਿੰਘ ਦੇ ਗ੍ਰਹਿ | ਢੈ ਪਈ | ਲੁਧਿਆਣਾ | ੮੦੯ |
| ੨੩ | ਅੱਸੂ | ੨੦੨੦ | ਬਿਕ੍ਰਮੀ | ਬਲਵੰਤ ਸਿੰਘ ਦੇ ਗ੍ਰਹਿ | ਗੁਜਰਵਾਲ | ਲੁਧਿਆਣਾ | ੮੧੩ |
| ੨੩ | ਅੱਸੂ | ੨੦੨੦ | ਬਿਕ੍ਰਮੀ | ਹਰਨਾਮ ਸਿੰਘ ਦੇ ਗ੍ਰਹਿ | ਮੈਹਮਾਂ ਸਿੰਘ ਵਾਲਾ | ਲੁਧਿਆਣਾ | ੮੧੪ |
| ੨੩ | ਅੱਸੂ | ੨੦੨੦ | ਬਿਕ੍ਰਮੀ | ਬਾਬੂ ਸਿੰਘ ਦੇ ਗ੍ਰਹਿ | ਡੇਹਲੋਂ | ਲੁਧਿਆਣਾ | ੮੧੫ |
| ੨੪ | ਅੱਸੂ | ੨੦੨੦ | ਬਿਕ੍ਰਮੀ | ਸਵਰਨ ਸਿੰਘ ਦੇ ਗ੍ਰਹਿ | ਰਾਮ ਗੜ੍ਹ ਸਰਦਾਰਾਂ | ਲੁਧਿਆਣਾ | ੮੨੧ |
| ੨੪ | ਅੱਸੂ | ੨੦੨੦ | ਬਿਕ੍ਰਮੀ | ਸ੍ਰੀ ਰਾਮ ਦੇ ਗ੍ਰਹਿ | ਮਕਸੂਦੜਾ | ਲੁਧਿਆਣਾ | ੮੨੮ |
| ੨੪ | ਅੱਸੂ | ੨੦੨੦ | ਬਿਕ੍ਰਮੀ | ਬਾਬੂਰਾਮ ਦੇ ਗ੍ਰਹਿ | ਮਕਸੂਦੜਾ | ਲੁਧਿਆਣਾ | ੮੩੪ |
| ੨੪ | ਅੱਸੂ | ੨੦੨੦ | ਬਿਕ੍ਰਮੀ | ਬਿਸ਼ਨ ਸਿੰਘ ਦੇ ਨਾਲ ਗੁਰਦਵਾਰਾ | ਗਾੜ੍ਹੇ ਵਾਲਾ | ਲੁਧਿਆਣਾ | ੮੩੪ |
| ੨੪ | ਅੱਸੂ | ੨੦੨੦ | ਬਿਕ੍ਰਮੀ | ਭਜਨ ਸਿੰਘ ਦੇ ਗ੍ਰਹਿ | ਜੀਰਖ | ਲੁਧਿਆਣਾ | ੮੩੬ |
| ੨੫ | ਅੱਸੂ | ੨੦੨੦ | ਬਿਕ੍ਰਮੀ | ਨਛੱਤਰ ਸਿੰਘ ਦੇ ਗ੍ਰਹਿ | ਦਬੁਰਜੀ | ਲੁਧਿਆਣਾ | ੮੪੩ |





9
੧੫




| | | | | |
|---|---|---|---|---|
| ੨੫ ਅੱਸੂ ੨੦੨੦ ਬਿਕ੍ਰਮੀ | | ਪੱਦੀ | ਲੁਧਿਆਣਾ | ੮੪੬ |
| ੨੫ ਅੱਸੂ ੨੦੨੦ ਬਿਕ੍ਰਮੀ | ਬੱਗਾ ਸਿੰਘ ਦੇ ਗ੍ਰਿਹਿ | ਨਤ | ਲੁਧਿਆਣਾ | ੮੫੩ |
| ੨੫ ਅੱਸੂ ੨੦੨੦ ਬਿਕ੍ਰਮੀ | ਹਰਬੰਸ ਸਿੰਘ ਦੇ ਗ੍ਰਿਹਿ | ਅਜਨੌਦ | ਲੁਧਿਆਣਾ | ੮੫੮ |
| ੨੬ ਅੱਸੂ ੨੦੨੦ ਬਿਕ੍ਰਮੀ | ਮਦਨ ਲਾਲ ਦੇ ਗ੍ਰਿਹਿ | ਵਿਸ਼ਕਰਮਾ ਪੁਰੀ | ਲੁਧਿਆਣਾ | ੮੬੫ |
| ੨੬ ਅੱਸੂ ੨੦੨੦ ਬਿਕ੍ਰਮੀ | ਗੁਰਦੇਵ ਸਿੰਘ ਦੇ ਗ੍ਰਿਹਿ | ਲੁਧਿਆਣਾ | ਲੁਧਿਆਣਾ | ੮੬੭ |
| ੨੬ ਅੱਸੂ ੨੦੨੦ ਬਿਕ੍ਰਮੀ | ਨਿਰੰਜਣ ਸਿੰਘ ਦੇ ਗ੍ਰਿਹਿ | ਉਚੀ ਆਬਾਦੀ | ਲੁਧਿਆਣਾ | ੮੬੯ |
| ੨੬ ਅੱਸੂ ੨੦੨੦ ਬਿਕ੍ਰਮੀ | ਗੁਰਮੀਤ ਸਿੰਘ ਦੇ ਗ੍ਰਿਹਿ | ਹਰਦੋ ਫਰਾਲਾ | ਜਲੰਧਰ | ੮੭੪ |
| ੨੭ ਅੱਸੂ ੨੦੨੦ ਬਿਕ੍ਰਮੀ | ਗਰਬਚਨ ਸਿੰਘ ਦੇ ਗ੍ਰਿਹਿ | ਹਰਦੋ ਫਰਾਲਾ | ਜਲੰਧਰ | ੮੮੨ |
| ੨੭ ਅੱਸੂ ੨੦੨੦ ਬਿਕ੍ਰਮੀ | ਬੀਬੀ ਚਰਨ ਕੌਰ ਦੇ ਗ੍ਰਿਹਿ | ਹਰਦੋ ਫਰਾਲਾ | ਜਲੰਧਰ | ੮੮੪ |
| ੨੭ ਅੱਸੂ ੨੦੨੦ ਬਿਕ੍ਰਮੀ | ਮਨਸਾ ਸਿੰਘ ਦੇ ਗ੍ਰਿਹਿ | ਹਰਦੋ ਫਰਾਲਾ | ਜਲੰਧਰ | ੮੮੫ |
| ੩੦ ਅੱਸੂ ੨੦੨੦ ਬਿਕ੍ਰਮੀ | ਲਛਮਣ ਸਿੰਘ ਦੇ ਗ੍ਰਿਹਿ | ਸੁਲਤਾਨ ਵਿੰਡ ਕਿਤੇ | ਅੰਮ੍ਰਿਤਸਰ | ੮੮੭ |
| ੩੦ ਅੱਸੂ ੨੦੨੦ ਬਿਕ੍ਰਮੀ | ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੮੯੧ |
| ੦੧ ਕੱਤਕ ੨੦੨੦ ਬਿਕ੍ਰਮੀ | ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੮੯੩ |
| ੦੩ ਕੱਤਕ ੨੦੨੦ ਬਿਕ੍ਰਮੀ | ਲਾਲ ਸਿੰਘ ਦੇ ਗ੍ਰਿਹਿ | ਹੇਰ | ਜਲੰਧਰ | ੯੦੨ |
| ੦੪ ਕੱਤਕ ੨੦੨੦ ਬਿਕ੍ਰਮੀ | ਲਾਲ ਸਿੰਘ ਦੇ ਗ੍ਰਿਹਿ | ਹੇਰ | ਜਲੰਧਰ | ੯੨੧ |
| ੦੫ ਕੱਤਕ ੨੦੨੦ ਬਿਕ੍ਰਮੀ | ,ਲਾਲ ਸਿੰਘ ਦੇ ਗ੍ਰਿਹਿ | ਹੇਰ | ਜਲੰਧਰ | ੯੩੮ |
| ੦੫ ਕੱਤਕ ੨੦੨੦ ਬਿਕ੍ਰਮੀ | ਗਿਆਨ ਸਿੰਘ ਦੇ ਗ੍ਰਿਹਿ | ਸੁਰਖ਼ਪੁਰ | ਜਲੰਧਰ | ੯੪੧ |
| ੦੭ ਕੱਤਕ ੨੦੨੦ ਬਿਕ੍ਰਮੀ | ਅਮਰ ਸਿੰਘ ਦੇ ਨਵਿਤ | ਜੇਠੂਵਾਲ | ਅੰਮ੍ਰਿਤਸਰ | ੯੫੦ |
| ੧੧ ਕੱਤਕ ੨੦੨੦ ਬਿਕ੍ਰਮੀ | ਮਾਹਲਾ ਸਿੰਘ ਦੇ ਗ੍ਰਿਹਿ | ਜੇਠੂਵਾਲ | ਅੰਮ੍ਰਿਤਸਰ | ੯੫੩ |
| ੧੨ ਕੱਤਕ ੨੦੨੦ ਬਿਕ੍ਰਮੀ | ਹਰਭਜਨ ਸਿੰਘ ਖੁਜਾਲਾ ਦੇ ਨਾਲ | ਅਚਲ ਨਗਰ | ਬਟਾਲਾ | ੯੫੫ |
| ੧੪ ਕੱਤਕ ੨੦੨੦ ਬਿਕ੍ਰਮੀ | ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੯੫੭ |
| ੧੫ ਕੱਤਕ ੨੦੨੦ ਬਿਕ੍ਰਮੀ | ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੯੬੬ |





10
੧੫

11
੧੫




| | | | | | | |
|---|---|---|---|---|---|---|
| ੧੬ | ਕੱਤਕ | ੨੦੨੦ ਬਿਕ੍ਰਮੀ | ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੦੧੦ |
| ੦੧ | ਮੱਘਰ | ੨੦੨੦ ਬਿਕ੍ਰਮੀ | ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੦੧੨ |
| ੦੨ | ਮੱਘਰ | ੨੦੨੦ ਬਿਕ੍ਰਮੀ | ਜੇਠੂਵਾਲ ਦਰਬਾਰ ਵਿਚ | ਜੇਠੂਵਾਲ | ਅੰਮ੍ਰਿਤਸਰ | ੧੦੨੦ |
| ੦੭ | ਮੱਘਰ | ੨੦੨੦ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਿਹਿ | ਬਟਾਲਾ | ਗੁਰਦਾਸਪਰ | ੧੦੨੭ |
| ੦੭ | ਮੱਘਰ | ੨੦੨੦ ਬਿਕ੍ਰਮੀ | ਬੰਤਾ ਸਿੰਘ ਦੇ ਗ੍ਰਿਹਿ | ਪੰਜ ਗਰਾਈਂ | ਗੁਰਦਾਸਪਰ | ੧੦੨੭ |
| ੦੮ | ਮੱਘਰ | ੨੦੨੦ ਬਿਕ੍ਰਮੀ | ਮਹਿੰਦਰ ਸਿੰਘ ਦੇ ਗ੍ਰਿਹਿ | ਦੱਯਾ | ਗੁਰਦਾਸਪਰ | ੧੦੩੪ |
| ੦੮ | ਮੱਘਰ | ੨੦੨੦ ਬਿਕਰਮੀ | ਨੌਰੰਗ ਸਿੰਘ ਸਵਿੰਦਰ ਸਿੰਘ ਦੇ ਗ੍ਰਿਹਿ | ਦੱਯਾ | ਗੁਰਦਾਸਪੁਰ | ੧੦੩੮ |
| ੦੯ | ਮੱਘਰ | ੨੦੨੦ ਬਿਕ੍ਰਮੀ | ਜੋਗਿੰਦਰ ਸਿੰਘ ਦੇ ਗ੍ਰਿਹਿ | ਡਡਵਾਂ | ਗੁਰਦਾਸਪਰ | ੧੦੪੪ |
| ੦੯ | ਮੱਘਰ | ੨੦੨੦ ਬਿਕ੍ਰਮੀ | ਜਾਗੀਰ ਸਿੰਘ ਦੇ ਗ੍ਰਿਹਿ | ਸੋਹਲ | ਗੁਰਦਾਸਪਰ | ੧੦੫੦ |
| ੧੦ | ਮੱਘਰ | ੨੦੨੦ ਬਿਕ੍ਰਮੀ | ਗੁਰਬਚਨ ਸਿੰਘ ਦੇ ਗ੍ਰਿਹਿ | ਨਯਾਸ਼ਾਲਾ | ਗੁਰਦਾਸਪਰ | ੧੦੫੮ |
| ੧੦ | ਮੱਘਰ | ੨੦੨੦ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਿਹਿ | ਕਤੋਵਾਲ | ਗੁਰਦਾਸਪਰ | ੧੦੬੩ |
| ੧੧ | ਮੱਘਰ | ੨੦੨੦ ਬਿਕ੍ਰਮੀ | ਅਜੀਤ ਸਿੰਘ ਦੇ ਗ੍ਰਿਹਿ | ਕਤੋਵਾਲ | ਗੁਰਦਾਸਪਰ | ੧੦੬੯ |
| ੧੧ | ਮੱਘਰ | ੨੦੨੦ ਬਿਕ੍ਰਮੀ | ਚਰਨ ਸਿੰਘ ਦੇ ਗ੍ਰਿਹਿ | ਕੋਤਵਾਲ | ਗੁਰਦਾਸਪਰ | ੧੦੭੨ |
| ੧੧ | ਮੱਘਰ | ੨੦੨੦ ਬਿਕ੍ਰਮੀ | ਚਰਨ ਸਿੰਘ ਦੇ ਗ੍ਰਿਹਿ | ਨਵਾਂ ਪਿੰਡ | ਗੁਰਦਾਸਪਰ | ੧੦੭੪ |
| ੧੧ | ਮੱਘਰ | ੨੦੨੦ ਬਿਕ੍ਰਮੀ | ਦੁਰਗਾ ਦੇਵੀ ਦੇ ਗ੍ਰਿਹਿ | ਗੁਜਰਾਤ | ਗੁਰਦਾਸਪਰ | ੧੦੭੬ |
| ੧੧ | ਮੱਘਰ | ੨੦੨੦ ਬਿਕ੍ਰਮੀ | ਗੁਰਮੁਖ ਸਿੰਘ ਦੇ ਗ੍ਰਿਹਿ | ਗਵਾਰ | ਗੁਰਦਾਸਪਰ | ੧੦੭੭ |






ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



## ੨੦ ਹਾੜ ੨੦੨੦ ਬਿਕਰਮੀ ਅਜੀਤ ਸਿੰਘ ਦੇ ਗ੍ਰਹਿ ਬਟਾਲਾ



ਸਤਿਗੁਰ ਦਾਤਾ ਕਰਨੀ ਕਰਨ, ਹਰਿ ਕਰਤਾ ਖੇਲ ਕਰਾਇੰਦਾ । ਜੁਗ ਚੌਕੜੀ ਮੰਤਰ ਹਰਨ ਫਰਨ, ਫੁਰਨਾ ਆਪਣੇ ਨਾਮ ਸੁਣਾਇੰਦਾ । ਦੋ ਜਾਹਾਨਾਂ ਤਰਨੀ ਤਰਨ, ਤਾਰਨਹਾਰਾ ਵੇਖ ਵਖਾਇੰਦਾ । ਭਗਤ ਭਗਵਾਨ ਦੇਵੇ ਇਕ ਸਰਨ, ਸਰਨਗਤ ਇਕ ਜਣਾਇੰਦਾ । ਜੁਗ ਜਨਮ ਵਿਛੜੇ ਆਏ ਫੜਨ, ਫੜ ਆਪਣਾ ਮੇਲ ਮਿਲਾਇੰਦਾ । ਸਾਚੇ ਪੌੜੇ ਆਏ ਚੜ੍ਹਨ, ਗ੍ਰਹਿ ਮੰਦਰ ਖੋਜ ਖੁਜਾਇੰਦਾ । ਆਪਣੀ ਕਰਨੀ ਆਏ ਕਰਨ, ਦੂਜਾ ਸੰਗ ਨਾ ਕੋਇ ਮਿਲਾਇੰਦਾ । ਪਾਰਸ ਨਾਲ ਛੁਹਾਏ ਸਵਰਨ, ਪ੍ਰਭ ਆਪਣੀ ਦਇਆ ਕਮਾਇੰਦਾ । ਜੀਵਨ ਵਿਚੋ ਮਿਲਿਆ ਮਰਨ, ਮਰਨ ਵਿਚੋ ਜੀਵਣ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਨੀ ਆਪ ਕਮਾਇੰਦਾ । ਸਤਿਗੁਰ ਪੂਰਾ ਸਾਹਿਬ ਸਮਰਥ, ਹਰਿ ਵੱਡਾ ਵਡ ਵਡਿਆਈਆ । ਜੁਗ ਚੌਕੜੀ ਮਹਿੰਮਾ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਨਿਰਵੈਰ ਪੁਰਖ ਹੋ ਪਰਗਟ, ਨਿਰਗੁਣ ਸਰਗੁਣ ਧਾਰ ਚਲਾਈਆ । ਸ਼ਬਦ ਅਗੰਮ ਇਕੋ ਵੱਥ, ਸੋ ਸਾਹਿਬ ਆਪ ਵਰਤਾਈਆ । ਲੱਖ ਚੁਰਾਸੀ ਵਿਚੋ ਗੁਰਮੁਖ ਸੱਜਣ ਰੱਖ, ਆਪ ਆਪਣਾ ਭੇਵ ਖੁਲ੍ਹਾਈਆ । ਕਾਇਆ ਚੋਲੀ ਰੰਗੇ ਰਤ, ਰੰਗ ਰਤੜਾ ਬੇਪਰਵਾਹੀਆ । ਧੁਰਦਰਗਾਹੀ ਦੇਵੇ ਮਤ, ਸਾਚੀ ਸਿਖਿਆ ਇਕ ਸਮਝਾਈਆ । ਅੰਮ੍ਰਿਤ ਪੀਣਾ ਇਕੋ ਰਸ, ਸਰ ਸਰੋਵਰ ਤਾਲ ਸੁਹਾਈਆ । ਨਾਮ ਨਿਧਾਨ ਲੈਣਾ ਰਟ, ਆਤਮ ਪਰਮਾਤਮ ਕਰੇ ਪੜ੍ਹਾਈਆ । ਗ੍ਰਹਿ ਮੰਦਰ ਵਖਾਏ ਸਾਚਾ ਹੱਟ, ਬਿਨ ਤਰਾਜ਼ੂ ਤੋਲ ਤੁਲਾਈਆ । ਜਨ ਭਗਤਾਂ ਖੋਲ੍ਹ ਆਪਣੀ ਅੱਖ, ਆਖ਼ਰ ਆਪਣਾ ਮੇਲ ਮਿਲਾਈਆ । ਨਿਤ ਨਵਿਤ ਦੇਵੇ ਹੱਕ, ਦੇਵਣਹਾਰ ਸਰਬ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਤਿਗੁਰ ਪੂਰਾ ਸਦਾ ਦਿਆਲ, ਆਪਣੀ ਦਇਆ ਕਮਾਇੰਦਾ । ਗੁਰਮੁਖ ਗੁਰ ਗੁਰ ਵੇਖੇ ਲਾਲ, ਲਾਲਨ ਆਪਣਾ ਰੰਗ ਰੰਗਾਇੰਦਾ । ਆਤਮ ਪਰਮਾਤਮ ਚਲੇ ਨਾਲ ਨਾਲ, ਜੁਗ ਚੌਕੜੀ ਸੰਗ ਨਿਭਾਇੰਦਾ । ਕਲਜੁਗ ਅੰਤਮ ਖੇਲ ਕਰੇ ਕਮਾਲ, ਕਰਨੀ ਆਪਣੇ ਹੱਥ ਵਖਾਇੰਦਾ । ਨਾਦ ਧੁਨ ਸ਼ਬਦ ਰਾਗ ਵੱਜੇ ਤਾਲ, ਤਲਵਾੜਾ ਆਪਣੇ ਹੱਥ ਰਖਾਇੰਦਾ । ਵੇਖਣਹਾਰਾ ਸਚ ਸੱਚੀ ਧਰਮਸਾਲ, ਧਰਮ ਦਵਾਰਾ ਇਕੋ ਇਕ ਸੁਹਾਇੰਦਾ । ਨਿਰਮਲ ਦੀਆ ਜੋਤੀ ਬਾਲ, ਅੰਧ ਅੰਧੇਰ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਨਜ਼ਰ ਉਠਾਇੰਦਾ । ਸਤਿਗੁਰ

੧ ੧੫

ਪੂਰਾ ਦਰਦ ਦੁੱਖ ਭੰਜਨ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨ ਪਾਏ ਅੰਜਨ, ਅਗਿਆਨ ਅੰਧੇਰ ਚੁਕਾਈਆ । ਆਤਮ ਪਰਮਾਤਮ ਬਣਾਏ ਸੱਜਣ, ਸਗਲਾ ਸੰਗ ਨਿਭਾਈਆ । ਚਰਨ ਧੂੜ ਵਖਾਏ ਇਕੋ ਮਜਨ, ਦੁਰਮਤ ਮੈਲ ਧਵਾਈਆ । ਗੁਰਮੁਖ ਗੁਰਸਿਖ ਜਗਤ ਨਾਤਾ ਕੂੜਾ ਤਜਣ, ਸਾਚਾ ਬੰਧਨ ਇਕੋ ਪਾਈਆ । ਹਰਿ ਸਰਨਾਈ ਰਹਿਣ ਲਗਣ, ਅੰਤਰ ਆਤਮ ਇਕ ਲਿਵ ਲਾਈਆ । ਕਿਰਪਾ ਕਰ ਪ੍ਰਭ ਆਪ ਆਏ ਸੱਦਣ, ਸੱਦਾ ਆਪਣਾ ਨਾਮ ਦਵਾਈਆ । ਕੂੜੀ ਕਿਰਿਆ ਪਾਰ ਹੱਦਨ, ਸਾਚਾ ਮੰਦਰ ਦਏ ਵਖਾਈਆ । ਜਿਸ ਦਵਾਰੇ ਕੋਟਨ ਕੋਟ ਦਰ ਦਰਵੇਸ਼ ਬਣ ਕੇ ਲੱਭਣ, ਲੱਭਿਆਂ ਹੱਥ ਕਿਸੇ ਨਾ ਆਈਆ । ਤਿਸ ਗ੍ਰਿਹਿ ਸੰਤ ਸੁਹੇਲੇ ਸਾਚੇ ਸਜਣ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਠਾਕਰ ਸਵਾਮੀ ਪੜਦਾ ਆਏ ਪ੍ਰਭ ਆਪ ਕੱਜਣ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਚਾ ਮਾਰਗ ਆਏ ਦੱਸਣ, ਦਹਿ ਦਿਸ਼ਾ ਵੇਖ ਵਖਾਈਆ । ਖ਼ੁਸ਼ੀਆਂ ਅੰਦਰ ਆਏ ਹੱਸਣ, ਗ਼ਮੀ ਰਹਿਣ ਕੋਏ ਨਾ ਪਾਈਆ । ਜਨ ਭਗਤ ਦਵਾਰੇ ਆਏ ਵਸਣ, ਘਰ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਤਿਗੁਰ ਪੂਰਾ ਗਹਿਰ ਗੰਭੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦੀ ਠਾਂਡਾ ਸੀਤ, ਅਗਨੀ ਤਤ ਨਾ ਕੋਇ ਵਖਾਇੰਦਾ । ਜੁਗ ਚੌਕੜੀ ਬੰਨ੍ਹੇ ਰੀਤ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪ ਹੰਢਾਇੰਦਾ । ਲੇਖਾ ਜਾਣੇ ਮੰਦਰ ਮਸੀਤ, ਗੁਰੂਦਵਾਰੇ ਸ਼ਿਵਦਵਾਲੇ ਵੰਡ ਵੰਡਾਇੰਦਾ । ਭੰਨਣਹਾਰਾ ਕੌੜਾ ਰੀਠ, ਅੰਮ੍ਰਿਤ ਰਸ ਮੁਖ ਚੁਆਇੰਦਾ । ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਘਟ ਅੰਦਰ ਫੋਲ ਫੋਲਾਇੰਦਾ । ਲਹਿਣਾ ਦੇਣਾ ਜਾਣੇ ਹਸਤ ਕੀਟ, ਊਚ ਨੀਚ ਰਾਉ ਰੰਕ ਖੋਜ ਖੋਜਾਇੰਦਾ । ਕਰੇ ਖੇਲ ਆਪ ਅਨਡੀਠ, ਅਨਡਿਠੜੀ ਕਾਰ ਕਮਾਇੰਦਾ । ਗੁਰਮੁਖ ਵੇਖ ਗੁਰੂ ਗੁਰ ਅਜੀਤ, ਜੀਤ ਆਪਣੇ ਹੱਥ ਰਖਾਇੰਦਾ । ਸਚ ਕਰਨੀ ਸਚ ਚਰਨ ਕਵਲ ਬੰਧਾਈ ਪ੍ਰੀਤ, ਪ੍ਰੀਤੀਵਾਨ ਪ੍ਰੀਤਮ ਆਪਣਾ ਰੰਗ ਰੰਗਾਇੰਦਾ । ਲੇਖਾ ਚੁਕਾਏ ਵਿਚ ਬੀਸ, ਬੀਸ ਬੀਸਾ ਪੜ੍ਹਦਾ ਲਾਹਿੰਦਾ । ਮਿਹਰਵਾਨ ਹੋ ਜਗਦੀਸ, ਜਗਦੀਸਰ ਆਪਣਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਤਿਗੁਰ ਪੂਰਾ ਖੇਲੇ ਖੇਲ, ਖੇਲਣਹਾਰ ਇਕ ਅਖਵਾਈਆ । ਜੁਗ ਜਨਮ ਦੇ ਵਿਛੜੇ ਲਏ ਮੇਲ, ਵਿਛੋੜਾ ਕੋਇ ਰਹਿਣ ਨਾ ਪਾਈਆ । ਜੋਤ ਨਿਰੰਜਣ ਚਾੜ੍ਹ ਤੇਲ, ਘਰ ਸਾਚੇ ਸਗਨ ਵਖਾਈਆ । ਵਸਣਹਾਰਾ ਧਾਮ ਨਵੇਲ, ਲੋਕਮਾਤ ਫੇਰਾ ਪਾਈਆ । ਨਾਤਾ ਜੋੜ ਗੁਰੂ ਗੁਰ ਚੇਲ, ਬੰਧਨ ਇਕੋ ਨਾਮ ਰਖਾਈਆ । ਜੁਗ ਚੌਕੜੀ ਥਿਤ ਵਾਰ ਜਾਣੇ ਆਪਣਾ ਮੇਲ, ਰੁੱਤ ਰੁਤੜੀ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ਣਹਾਰ ਇਕ ਸਰਨਾਈਆ । ਸਤਿਗੁਰ ਪੂਰਾ ਸਰਬ ਸੁਖਦਾਤਾ, ਏਕੰਕਾਰਾ ਵਡ ਵਡਿਆਇੰਦਾ । ਭਗਤ ਵਛਲ ਗਿਰਵਰ ਗਿਰਧਾਰ ਦੇਵਣਹਾਰਾ ਸਾਚਾ ਦਾਤਾ, ਦਾਤਾ ਦਾਨੀ ਆਪ ਵਰਤਾਇੰਦਾ । ਨਿਰਗੁਣ ਸਰਗੁਣ ਜੋੜਨਹਾਰਾ ਨਾਤਾ, ਬਿਧਾਤਾ ਆਪਣਾ ਬੰਧਨ ਪਾਇੰਦਾ । ਸੁਹਾਵਣਹਾਰਾ ਆਤਮ ਸੇਜਾ ਸਾਚੀ ਖਾਟਾ, ਸਚ ਸਿੰਘਾਸਣ ਡੇਰਾ ਲਾਇੰਦਾ । ਕਰੇ ਖੇਲ ਜੋਤੀ ਜਾਤਾ, ਜਾਗਰਤ ਜੋਤ ਇਕ ਜਗਾਇੰਦਾ । ਸ਼ਬਦ ਅਗੰਮ ਸੁਣਾਏ ਗਾਥਾ, ਬੋਧ ਅਗਾਧ ਆਪ ਪੜ੍ਹਾਇੰਦਾ । ਇਕੋ ਮੰਤਰ ਇਕੋ ਪੂਜਾ ਪਾਠਾ, ਇਸ਼ਟ ਦੇਵ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਜਨ ਭਗਤਾਂ ਵੇਖ

ਚੜ੍ਹੇ ਚਾਉ ਘਨੇਰਾ, ਘਰ ਸਾਚੇ ਵੱਜੇ ਵਧਾਈਆ । ਪਾਰਬ੍ਰਹਮ ਕਹੇ ਬ੍ਰਹਮ ਮੇਰਾ, ਮੇਰਾ ਤੇਰਾ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਕਹੇ ਗੁਰਮੁਖ ਗੁਰ ਗੁਰ ਮੇਰਾ ਚੇਰਾ, ਚੇਲਾ ਇਕੋ ਨਜ਼ਰੀ ਆਈਆ । ਅਬਿਨਾਸ਼ੀ ਕਰਤਾ ਕਹੇ ਮੇਰਾ ਵਕਤ ਸੁਹੇਲਾ, ਸੋਹਣੀ ਰੁੱਤ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸਤਿਗੁਰ ਵਡਿਆਈ ਦੇਵੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਜਗਤ ਜਹਾਨ ਪਤ ਲਏ ਰਾਖ, ਮਿਹਰ ਨਜ਼ਰ ਉਠਾਈਆ । ਨਿਰਗੁਣ ਹੋ ਕੇ ਬਣਿਆ ਸਾਕ, ਸਰਗੁਣ ਸੰਗ ਨਿਭਾਈਆ । ਮਿਹਰਵਾਨ ਹੋ ਕੇ ਖੋਲ੍ਹੇ ਤਾਕ, ਘਰ ਮੰਦਰ ਕੁੰਡਾ ਲਾਹੀਆ । ਸਤਿਗੁਰ ਹੋ ਕੇ ਪੂਰਾ ਕਰੇ ਭਵਿਖਤ ਵਾਕ, ਪੂਰਬ ਲਹਿਣਾ ਝੋਲੀ ਪਾਈਆ । ਦਿਆਲ ਹੋ ਕੇ ਵਸੇ ਪਾਸ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਸਤਿਗੁਰ ਹੋ ਕੇ ਧਾਰੇ ਭੇਖ, ਅਵੱਲੜਾ ਭੇਖ ਆਪ ਜਣਾਈਆ । ਧੁਰਦਰਗਾਹੀ ਲਿਖੇ ਲੇਖ, ਲੇਖਾ ਆਪਣੇ ਹੱਥ ਵਖਾਈਆ । ਭਗਤ ਭਗਵਾਨ ਬਣ ਦਰਵੇਸ਼, ਦਰ ਠਾਂਡੇ ਅਲਖ ਜਗਾਈਆ । ਨਿਉਂ ਨਿਉਂ ਸੀਸ ਝੁਕਾਵਣ ਵਿਸ਼ਨ ਸ਼ਿਵ ਬ੍ਰਹਮ ਮਹੇਸ਼, ਨੇਤਰ ਨੈਣ ਨੈਣ ਸ਼ਰਮਾਈਆ । ਸ੍ਰੀ ਭਗਵਾਨ ਕਲਜੁਗ ਅੰਤ ਜਨ ਭਗਤਾਂ ਕਰੇ ਹੇਤ, ਬਣ ਹਿਤਕਾਰੀ ਮੇਲ ਮਿਲਾਈਆ । ਵੇਖਣਹਾਰਾ ਪ੍ਰਭ ਨੇਤਨ ਨੇਤ, ਨਿਜ ਘਰ ਬੈਠਾ ਸੋਭਾ ਪਾਈਆ । ਆਤਮ ਪਰਮਾਤਮ ਜੋ ਜਨ ਕਰੇ ਹੇਤ, ਘਰ ਸਾਚੇ ਵੱਜੇ ਵਧਾਈਆ । ਮੌਲੇ ਰੁੱਤ ਖਿੜੇ ਗੁਲਜ਼ਾਰ ਰੁੱਤ ਸੁਹੰਜਣੀ ਚੇਤ, ਚੇਤਨ ਸੁਰਤੀ ਆਪ ਕਰਾਈਆ । ਗੁਰਮੁਖ ਗੁਰ ਗੁਰ ਦੋਵੇਂ ਲੈਣ ਪੇਖ, ਘਰ ਪੇਖਤ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਉਠਾਈਆ । ਸਤਿਗੁਰ ਪੂਰਾ ਪੜਦਾ ਖੋਲ੍ਹ, ਆਪਣਾ ਭੇਵ ਜਣਾਈਆ । ਨਿਝਰ ਧਾਰੋ ਪਏ ਬੋਲ, ਨਿਰਾਕਾਰ ਨਾਦ ਸੁਣਾਈਆ । ਦਾਤਾ ਹੋ ਕੇ ਤੋਲੇ ਤੋਲ, ਘਰ ਸਾਚੇ ਸੋਭਾ ਪਾਈਆ । ਅਬਿਨਾਸ਼ੀ ਹੋ ਕੇ ਬੈਠੇ ਅਡੋਲ, ਨਾ ਕੋਈ ਡੋਲ ਡੁਲਾਈਆ । ਭਗਤ ਵਛਲ ਹੋ ਕੇ ਵਸੇ ਕੋਲ, ਸਗਲਾ ਸੰਗ ਨਿਭਾਈਆ । ਜੋਤੀ ਜਾਤਾ ਹੋ ਕੇ ਜਾਏ ਮੌਲ, ਮੌਲਾ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਹਰਿਜਨ ਵਡਿਆਈ ਸਚ ਦਵਾਰ, ਹਰਿ ਦਵਾਰੀ ਆਪ ਜਣਾਇੰਦਾ । ਜਿਸ ਦਾ ਲਹਿਣਾ ਰਹੇ ਜੁਗ ਚਾਰ, ਦੇਵਣਹਾਰ ਭੁੱਲ ਕਦੇ ਨਾ ਜਾਇੰਦਾ । ਦਰੋਪਦ ਸੁਤ ਤਾਰੀ ਦਰੋਪਦ ਨਾਰ, ਨਰ ਨਰਾਇਣ ਵੇਖ ਵਖਾਇੰਦਾ । ਅੰਦਰੇ ਅੰਦਰ ਕਰ ਪਿਆਰ, ਪੁਕਾਰ ਪਿਆਰ ਵਿਚ ਬਦਲਾਇੰਦਾ । ਜਨਮ ਜਨਮ ਦਾ ਕਰ ਹੁਦਾਰ, ਕਰਮ ਕਰਮ ਦੀ ਗੰਢ ਪਵਾਇੰਦਾ । ਤੇਰਾ ਖੇਲ ਕਰੇ ਕਰਤਾਰ, ਹਰਿ ਕਰਤਾ ਆਪ ਸਮਝਾਇੰਦਾ । ਸਾਚਾ ਨਾਤਾ ਵਿਚ ਸੰਸਾਰ, ਵਡ ਸੰਸਾਰੀ ਆਪ ਜੁੜਾਇੰਦਾ । ਚੌਥੇ ਜੁਗ ਦੇ ਦਿਨ ਚਾਰ, ਚਾਰ ਦਿਨ ਤੇਰੀ ਮਹਿਮਾਨੀ, ਆਪਣੇ ਘਰ ਵਖਾਇੰਦਾ । ਪਰਮ ਪੁਰਖ ਦੀ ਇਹ ਨਿਸ਼ਾਨੀ, ਦਾਤਾ ਹੋ ਕੇ ਦਇਆ ਕਮਾਇੰਦਾ । ਜਗਤ ਵਿਦਿਆ ਨਹੀਂ ਕਹਾਣੀ, ਧੁਰ ਦੀ ਕਰਨੀ ਆਪ ਕਮਾਇੰਦਾ । ਪਾਰਬ੍ਰਹਮ ਪ੍ਰਭ ਸੋਫ਼ੀ ਹੋ ਕੇ ਬਣੇ ਸਵਾਣੀ, ਸੁਘੜ ਸੁਚੱਜੀ ਆਪਣੀ ਧਾਰ ਵਖਾਇੰਦਾ । ਦੇਵਣਹਾਰ ਪਦ ਨਿਰਬਾਣੀ, ਨਿਰਬਾਣ ਪਦ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਆਪ ਮੁਕਾਇੰਦਾ । ਪੂਰਬ ਲੇਖਾ ਝੋਲੀ ਪਾ, ਪਿਛਲਾ ਮੂਲ ਚੁਕਾਇਆ । ਸ੍ਰੀ ਭਗਵਾਨ ਦਇਆ ਕਮਾ, ਦੀਨਾਂ ਨਾਥ ਹੋਏ ਸਹਾਇਆ । ਆਤਮ ਪਰਮਾਤਮ ਆਪ ਪਰਨਾ, ਪੜਦਾ ਉਹਲਾ

ਜਗਤ ਤਜਾਇਆ । ਸਾਚਾ ਮਾਰਗ ਇਕ ਵਖਾ, ਪ੍ਰਭ ਰਹਿਬਰ ਨਜ਼ਰੀ ਆਇਆ । ਜਿਸ ਦੇ ਨਾਲੋ ਹੋਏ ਜੁਦਾ, ਸੋ ਅੰਤਮ ਆਪਣੀ ਗੰਢ ਪਵਾਇਆ । ਜਿਸ ਨੂੰ ਮੰਨਦੇ ਨੂਰੀ ਖ਼ੁਦਾ, ਸੋ ਨੂਰ ਨੁਰਾਨਾ ਵੇਖੇ ਬੇਪਰਵਾਹਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਆਪਣੇ ਹੱਥ ਰਖਾਇਆ । ਪਿਛਲਾ ਲਹਿਣਾ ਗਿਆ ਲੱਥ, ਪ੍ਰਭ ਸਾਚੇ ਦਇਆ ਕਮਾਈਆ । ਅਗਲਾ ਮਾਰਗ ਜਗਤ ਦੱਸ, ਜਗਤ ਕਰੀ ਕੁੜਮਾਈਆ । ਨਾਰ ਕੰਤ ਖੇਲ ਸਮਰਥ, ਹਰਿ ਸਾਚੀ ਬਣਤ ਬਣਾਈਆ । ਸੌਹਰੇ ਪੇਈਏ ਇਕੋ ਰਸ, ਰਸ ਰਸੀਆ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਾਰਜ ਆਪ ਵਖਾਈਆ । ਸਾਚਾ ਕਾਰਜ ਜਗਤ ਦੁਨੀ, ਦੁਨੀਆ ਨਾਲ ਚਲਾਇੰਦਾ । ਆਪਣੇ ਸਿਰ ਤੇ ਲਾਹ ਕੇ ਚੁੰਨੀ, ਸਾਹਿਬ ਸਤਿਗੁਰ ਆਪਣਾ ਭੇਸ ਵਟਾਇੰਦਾ । ਕੋਈ ਨਾ ਜਾਣੇ ਵੱਡਾ ਗੁਣੀ, ਰਿਖੀ ਮੁਨੀ ਸਮਝ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸੋਭਾ ਪਾਇੰਦਾ । ਸਚ ਸਿੰਘਾਸਣ ਚੜ੍ਹ ਭਗਵਾਨ, ਆਪਣੀ ਦਇਆ ਕਮਾਈਆ । ਜਗਤ ਕਾਰਜ ਜਗਤ ਨਿਸ਼ਾਨ, ਪੁਰਖ ਬਿਧਾਤਾ ਆਪ ਬਣਾਈਆ । ਗੁਰਮੁਖ ਕੀਤਾ ਗੁਰਮੁਖ ਦਾਨ, ਗੁਰਮੁਖ ਗੁਰਮੁਖ ਝੋਲੀ ਪਾਈਆ । ਦੋਹਾਂ ਮੇਲਾ ਵਿਚ ਜਹਾਨ, ਜੀਵਣ ਜੁਗਤ ਸਮਝਾਈਆ । ਪਰਮ ਪੁਰਖ ਦਾ ਇਕ ਧਿਆਨ, ਪਾਰਬ੍ਰਹਮ ਸਰਨਾਈਆ । ਸਾਚਾ ਮੰਦਰ ਇਕ ਮਕਾਨ, ਕਾਇਆ ਬੰਕ ਵਡਿਆਈਆ । ਸੋਹਲਾ ਢੋਲਾ ਇਕੋ ਗਾਣ, ਗਾਵਣਹਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਪੂਰਾ ਹੋਏ ਸਹਾਈਆ । ਸਤਿਗੁਰ ਪੂਰਾ ਠਾਂਡਾ ਸੀਤਾ, ਅੰਮ੍ਰਿਤ ਧਾਰ ਵਹਾਇੰਦਾ । ਜਨ ਭਗਤ ਜਣਾਏ ਆਪਣੀ ਰੀਤਾ, ਰੀਤੀਵਾਨ ਵੇਸ ਵਟਾਇੰਦਾ । ਲੱਖ ਚੁਰਾਸੀ ਪਰਖੇ ਨੀਤਾ, ਸੰਤ ਸੁਹੇਲੇ ਆਪਣਾ ਮੇਲ ਮਿਲਾਇੰਦਾ । ਪਿਛਲਾ ਲੇਖਾ ਪਿਛੇ ਬੀਤਾ, ਅੱਗੇ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਕਰ ਜੋੜੇ ਜੋੜ, ਜੋੜੀ ਜਗਤ ਜੁਗ ਜਣਾਈਆ । ਇਕ ਦੂਜੇ ਨਾਲ ਦੇਵੇ ਤੋਰ, ਤੁਰਤ ਆਪਣਾ ਹੁਕਮ ਮਨਾਈਆ । ਸਾਹਿਬ ਸਤਿਗੁਰ ਜਨ ਭਗਤਾਂ ਰੱਖੇ ਸਦਾ ਲੋੜ, ਲੋੜੀਂਦੜਾ ਵਰ ਇਕੋ ਇਕ ਰਖਾਈਆ । ਜਿਸ ਆਪਣੇ ਹੱਥ ਰੱਖੀ ਡੋਰ, ਬਿਨ ਤੰਦੀ ਤੰਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਵਸਾਏ ਇਕੋ ਘਰ, ਗੁਰਮੁਖ ਗੁਰਮੁਖ ਨਾਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਕਰਨੀ ਆਪ ਕਰ, ਕਰਤਾ ਕੀਮਤ ਆਪੇ ਪਾਈਆ ।



## ✪ ੨੧ ਹਾੜ ੨੦੨੦ ਬਿਕਰਮੀ ਪ੍ਰੀਤਮ ਸਿੰਘ ਦੇ ਗ੍ਰਿਹ ਪਿੰਡ ਢਿਲਵਾਂ ਜ਼ਿਲਾ ਕਪੂਰਥਲਾ ✪

ਸਿਰੋਪਾ ਭਗਤ ਭਗਵਾਨ, ਮਿਹਰਵਾਨ ਜਣਾਇੰਦਾ । ਚਰਨ ਕਵਲ ਇਕ ਧਿਆਨ, ਸਤਿਗੁਰ ਸਾਹਿਬ ਦਇਆ ਕਮਾਇੰਦਾ । ਅੰਤਰ ਆਤਮ ਬ੍ਰਹਮ ਗਿਆਨ, ਪਾਰਬ੍ਰਹਮ ਸਮਝਾਇੰਦਾ । ਨਿਰਮਲ ਦੀਆ ਜੋਤ ਮਹਾਨ, ਨੂਰ ਨੁਰਾਨਾ ਨੂਰ ਵਖਾਇੰਦਾ । ਆਤਮਕ ਨਾਦ ਸ਼ਬਦ ਧੁਨਕਾਨ, ਅਨਰਾਗੀ ਰਾਗ ਅਲਾਇੰਦਾ । ਕਾਇਆ ਮੰਦਰ ਸੱਚ ਮਕਾਨ, ਬੰਦ ਕਿਵਾੜੀ ਤਾਕ ਖੁਲ੍ਹਾਇੰਦਾ । ਸਾਚੀ ਸੇਜਾ ਕਰ ਪਰਵਾਨ, ਸੋਭਾਵੰਤ ਸੁਹਾਇੰਦਾ ।

ਦੇਵਣਹਾਰਾ ਸਾਚਾ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਸਤਿ ਧਰਮ ਦਾ ਇਕ ਨਿਸ਼ਾਨ, ਨਿਰਵੈਰ ਪੁਰਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੀਤਾ ਇਕ ਅਤੀਤਾ ਠਾਂਡਾ ਸੀਤਾ ਗਹਿਰ ਗੰਭੀਰ ਗਵਰ ਆਪਣਾ ਭੇਵ ਖੁਲਾਇੰਦਾ । ਸਿਰੋਪਾ ਭਗਤ ਨਲੇਰ, ਲਾਲ ਭੂਸ਼ਨ ਨਾਲ ਵਖਾਈਆ । ਆਦਿ ਸ਼ਕਤ ਕਰ ਕਰ ਮਿਹਰ, ਦੁਰਗਾ ਰੂਪ ਇਕ ਦਰਸਾਈਆ । ਅਸ਼ਟਭੁਜ ਸਦ ਵਸੇ ਨੇੜ, ਦੂਰ ਦੁਰਾਡਾ ਪੰਧ ਮੁਕਾਈਆ । ਮਈਆ ਨਾਤਾ ਚੁਕਾਏ ਮੇਰ ਤੇਰ, ਦੂਈ ਦਵੈਤ ਨਾ ਕੋਇ ਜਣਾਈਆ । ਘਰ ਪਰਕਾਸ਼ ਕਰੇ ਨਾ ਲਾਏ ਦੇਰ, ਦੀਆ ਬਾਤੀ ਕਮਲਾਪਾਤੀ ਇਕੋ ਇਕ ਵਖਾਈਆ । ਅੰਧ ਅੰਧੇਰ ਮਿਟੇ ਅੰਧੇਰ, ਚੰਦ ਚਾਂਦਨਾ ਇਕ ਚਮਕਾਈਆ । ਪੂਰਬ ਜਨਮ ਦਾ ਲਹਿਣਾ ਦਏ ਨਬੇੜ, ਕਰਮ ਕਾਂਡ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਦੇਵਣਹਾਰ ਵਡਿਆਈਆ । ਨਲੇਰ ਕਹੇ ਪ੍ਰਭ ਮੇਰੇ ਏਕ, ਚਰਨ ਤੇਰੀ ਸਰਨਾਈਆ । ਦੋ ਜਹਾਨ ਸਾਚੀ ਟੇਕ, ਕੋਟਨ ਕੋਟ ਬ੍ਰਹਿਮੰਡ ਖੰਡ ਬੈਠੇ ਸੀਸ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਤੈਨੂੰ ਰਹੇ ਵੇਖ, ਬਿਨ ਨੇਤਰ ਨੈਣ ਉਠਾਈਆ । ਅਗੰਮ ਅਥਾਹ ਬੇਪਰਵਾਹ ਸਾਹਿਬ ਸਤਿਗੁਰ ਤੇਰਾ ਭੇਖ, ਅਕਾਲ ਮੂਰਤ ਅਕਲ ਕਲ ਧਾਰੀ ਨਜ਼ਰ ਕਿਸੇ ਨਾ ਆਈਆ । ਸਚ ਸਵਾਮੀ ਸਦਾ ਨਿਹਕਾਮੀ ਨਿਹਕਰਮੀ ਵਸੇਂ ਸਚਖੰਡ ਦੇਸ, ਦੇਸ ਸੁਹੰਜਣਾ ਇਕੋ ਇਕ ਸੁਹਾਈਆ । ਕਰ ਕਿਰਪਾ ਮਿਹਰਵਾਨ ਠਾਕਰ ਜਨ ਭਗਤਾਂ ਵਲ ਵੇਖ,

੫ ਲੋਕਮਾਤ ਤੇਰਾ ਧਿਆਨ ਲਗਾਈਆ । ਅੰਦਰ ਵੜ ਕੇ ਖੋਲ੍ਹ ਭੇਤ, ਬਾਹਰੋ ਸਮਝ ਕਿਸੇ ਨਾ ਆਈਆ । ਮਿਹਰਵਾਨ ਹੋ ਕੇ ਕਰ ਹੇਤ, ਜਿਉਂ ੫

੧੫ ਪਿਤਾ ਪੂਤ ਪਿਆਰ ਜਣਾਏ ਮਾਈਆ । ਨਿਤ ਨਵਿਤ ਤੇਰੀ ਖੇਡ, ਨਿਰਗੁਣ ਸਰਗੁਣ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੧੫

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਗਤ ਨਲੇਰ ਵਾਸਤਾ ਪਾਈਆ । ਨਲੇਰ ਕਹੇ ਮੇਰੇ ਨਾਲ ਦੁਪੱਟਾ, ਸੋਹਣਾ ਲਾਲਨ ਰੰਗ ਰੰਗਾਈਆ । ਜਿਸ ਦੇ ਅੰਦਰ ਵਸੇ ਪੁਰਖ ਸਮਰਥਾ, ਸਾਹਿਬ ਸਤਿਗੁਰ ਡੇਰਾ ਲਾਈਆ । ਸੋ ਗੁਰਮਖ ਹਰਿਜਨ ਭਗਤ ਖ਼ੁਸ਼ੀਆਂ ਅੰਦਰ ਫਿਰੇ ਨੱਠਾ, ਚਿੰਤਾ ਰੋਗ ਸੋਗ ਨਜ਼ਰ ਕੋਇ ਨਾ ਆਈਆ । ਆਤਮ ਪ੍ਰੀਤੀ ਪਰਮਾਤਮ ਚਰਨ ਢੱਠਾ, ਮਿਲੇ ਸਰਨ ਸਚੀ ਸਰਨਾਈਆ । ਲੇਖਾ ਚੁੱਕੇ ਤਤ ਅੱਠਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਜਿਸ ਜਨ ਦੇਵੇ ਚੇਤਨ ਸਤਾ, ਚੇਤਨ ਸੁਰਤੀ ਸੁਰਤ ਸ਼ਬਦ ਮਿਲਾਈਆ । ਭਗਤ ਭਗਵਾਨ ਇਕੋ ਰੰਗ ਰੱਤਾ, ਰੰਗ ਰਤੜਾ ਬੇਪਰਵਾਹੀਆ । ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਮੇਟੇ ਰੱਟਾ, ਜਿਸ ਆਪਣਾ ਨਾਮ ਰਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰੋਪਾ ਸਿਰ ਭਗਤਾਂ ਆਪ ਰਖਾਈਆ । ਸਿਰੋਪਾ ਸੋਹੇ ਜਨ ਭਗਤ, ਸ੍ਰੀ ਭਗਵਾਨ ਦਇਆ ਕਮਾਇੰਦਾ । ਹਰਿਜਨ ਲੇਖੇ ਲੱਗੇ ਬੂੰਦ ਰਕਤ, ਹੱਡ ਮਾਸ ਨਾੜੀ ਪਿੰਜਰ ਖੋਜ ਖੋਜਾਇੰਦਾ । ਮੇਲ ਮਿਲਾਏ ਊਂਧਾ ਕਵਲ ਪਰਤ, ਘਰ ਸਾਚਾ ਸੰਗ ਰਖਾਇੰਦਾ । ਨਾਤਾ ਤੋੜ ਸੋਗ ਹਰਖ਼, ਘਰ ਸਤਿਗੁਰ ਦਰਸ ਦਿਖਾਇੰਦਾ । ਜਨਮ ਜਨਮ ਦੀ ਮਿਟੇ ਹਰਸ, ਜਿਸ ਜਨ ਆਪਣਾ ਮੇਲ ਮਿਲਾਇੰਦਾ । ਗੁਰ ਕਰਤਾ ਸਦ ਕਰੇ ਤਰਸ, ਦਇਆਵਾਨ ਦਇਆ ਕਮਾਇੰਦਾ । ਲੇਖਾ ਜਾਣੇ ਅਰਸ਼ ਫ਼ਰਸ਼, ਕਾਇਆ ਕੁਗ੍ਰਾ ਖੋਜ ਖੋਜਾਇੰਦਾ । ਪ੍ਰਭ ਦਰਸ਼ਨ ਜੋ ਰਹੇ ਭਟਕ, ਦੇ ਦਰਸ ਤ੍ਰਿਖਾ ਬੁਝਾਇੰਦਾ । ਨੌ ਦਵਾਰੇ ਸੁਖਮਨ ਟੇਢੀ ਬੰਕ ਕੋਈ

ਨਾ ਰਹੇ ਅਟਕ, ਜਿਸ ਜਨ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਰਖਾਇੰਦਾ । ਸਿਰੋਪਾ ਜਗਤ ਮਾਇਆ, ਮਾਇਆ ਜਗਤ ਨਾਲ ਪਰਨਾਈਆ । ਪ੍ਰਭ ਕਾ ਖੇਲ ਬੇਪਰਵਾਹਿਆ, ਬੇਪਰਵਾਹੀ ਵਿਚ ਸਮਾਈਆ । ਸਤਿਗੁਰ ਪਰੇਮ ਭੁੱਖਾ ਪਿਆਰ ਤਿਹਾਇਆ, ਦੂਜੀ ਵਸਤ ਕੋਇ ਮੰਗਣ ਨਾ ਆਈਆ । ਦੇਵਣਹਾਰ ਸਰਬ ਸੁਖਦਾਇਆ, ਹਰਿਜਨ ਸਾਚੇ ਲਏ ਉਠਾਈਆ । ਕਰ ਕਿਰਪਾ ਪ੍ਰਭ ਮੇਲ ਮਿਲਾਇਆ, ਮਿਲਿਆ ਮੇਲ ਵਿਛੜ ਨਾ ਜਾਈਆ । ਪ੍ਰੀਤਮ ਮੇਲਾ ਪ੍ਰੀਤਮ ਪਾਇਆ, ਪ੍ਰੀਤਮ ਮੰਦਰ ਪ੍ਰੀਤਮ ਗ੍ਰਹਿ ਪ੍ਰੀਤਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਅਮੋਲਕ ਝੋਲੀ ਪਾਈਆ । ਵਸਤ ਅਮੋਲਕ ਸਤਿਗੁਰ ਨਾਮ, ਜਗਤ ਬਾਜ਼ਾਰ ਹੱਥ ਕਿਸੇ ਨਾ ਆਇੰਦਾ । ਦੇਵਣਹਾਰ ਸਦਾ ਮਿਹਰਵਾਨ, ਜਨ ਭਗਤਾਂ ਝੋਲੀ ਪਾਇੰਦਾ । ਅੰਮ੍ਰਿਤ ਆਤਮ ਨਿਝਰ ਝਿਰਨਾ ਪਿਆਏ ਜਾਮ, ਰਸ ਇਕੋ ਇਕ ਵਖਾਇੰਦਾ । ਸਤਿ ਧਰਮ ਦਿਸੇ ਨਿਸ਼ਾਨ, ਧੁਰ ਨਿਸ਼ਾਨਾ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿ ਹਰਿ ਇਕੋ ਘਰ ਵਸਾਇੰਦਾ । ਸਿਰੋਪਾਉ ਭਗਤੀ ਰੰਗ, ਹਰਿ ਭਗਵਨ ਆਪ ਚੜ੍ਹਾਈਆ । ਅੰਤਰ ਆਤਮ ਸੇਜ ਪਲੰਘ, ਸੋਭਾਵੰਤ ਸੁਹਾਈਆ । ਸ਼ਬਦ ਅਨਾਦ ਵੱਜੇ ਮਰਦੰਗ, ਧੁਨ ਆਤਮਕ ਰਾਗ ਅਲਾਈਆ । ਅੱਠੇ ਪਹਿਰ ਇਕ ਅਨੰਦ, ਦਿਵਸ ਰੈਣ ਖ਼ੁਮਾਰ ਚੜ੍ਹਾਈਆ । ਬਿਨ ਸੂਰਜ ਬਿਨ ਚੰਦ ਚਾੜ੍ਹੇ ਚੰਦ, ਚੰਦ ਆਪਣਾ ਨੂਰ ਚਮਕਾਈਆ । ਸਤਿਗੁਰ ਪੂਰਾ ਸਦਾ ਬਖ਼ਸ਼ੰਦ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਆਵਣ ਜਾਵਣ ਜਮ ਕੀ ਫਾਸੀ ਲੱਖ ਚੁਰਾਸੀ ਕਟੇ ਫੰਦ, ਮਾਤ ਗਰਭ ਦਸ ਦਸ ਮਾਸ ਨਾ ਅਗਨ ਤਪਾਈਆ । ਲੇਖਾ ਜਾਣੇ ਜੀਵ ਹੰ, ਬ੍ਰਹਮ ਆਪਣਾ ਭੇਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਧੰਨ, ਵਸਤ ਅਨਡਿਠ ਗੁਰਮੁਖ ਝੋਲੀ ਪਾਈਆ । ਸਿਰੋਪਾਉ ਰੱਖਣਾ ਸੰਭਾਲ, ਗੁਰ ਸਤਿਗੁਰ ਦਏ ਵਡਿਆਈਆ । ਸ਼ਾਹੋਂ ਕਰੇ ਕੰਗਾਲ, ਸ਼ਾਹ ਪਾਤਸ਼ਾਹ ਹੋਏ ਸਹਾਈਆ । ਘਰ ਰੰਗ ਚੜ੍ਹੇ ਲਾਲ ਗੁਲਾਲ, ਜੋਬਨ ਇਕੋ ਇਕ ਵਖਾਈਆ । ਸੁਣਨਹਾਰ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਭੈ ਚੁਕਾਏ ਜਗਤ ਕਾਲ, ਮਹਾਂਕਾਲ ਵੇਖ ਵਖਾਈਆ । ਕਾਇਆ ਮੰਦਰ ਸਤਿ ਧਰਮਸਾਲ, ਧਰਮ ਦਵਾਰਾ ਇਕੋ ਇਕ ਵਡਿਆਈਆ । ਜਿਸ ਨਾਲੋ ਵਿਛੜੀ ਰੂਹ ਤਿਸ ਨਾਲ ਮਿਲੇ ਆਣ, ਮੇਲ ਮਿਲਾਵਾ ਸਹਿਜ ਸੁਭਾਈਆ । ਲੇਖੇ ਲੱਗੇ ਬਸਤਰ ਲਾਲ, ਲਾਲ ਹਰਿਜਨ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦਾ ਸੁਹੇਲਾ ਇਕ ਇਕੇਲਾ ਅਕਲ ਕਲ ਧਾਰੀ ਜੋਤ ਨਿਰੰਕਾਰੀ ਨਿਰਵੈਰ ਪੁਰਖ ਪੁਰਖ ਅਗੰਮ, ਲੇਖਾ ਜਾਣੇ ਪਵਣ ਸਵਾਸੀ ਦਮ, ਹਰਿਜਨ ਦਮ ਦਮਾਂ ਲੇਖਾ ਆਪੇ ਪਾਈਆ ।

★ ੨੧ ਹਾੜ ੨੦੨੦ ਬਿਕਰਮੀ ਭਾਗ ਸਿੰਘ ਦੇ ਗ੍ਰਹਿ ਦੁਰਾਹਾ ਸ਼ਹਿਰ ਜ਼ਿਲਾ ਲੁਧਿਆਣਾ ★

ਸੋ ਪੁਰਖ ਨਿਰੰਜਣ ਠਾਂਡਾ ਦਰਬਾਰ, ਸਚਖੰਡ ਨਿਵਾਸੀ ਆਪ ਲਗਾਇੰਦਾ । ਜੁਗ ਚੌਕੜੀ ਖੇਲ ਅਪਾਰ, ਹਰਿ ਕਰਤਾ ਆਪ ਕਰਾਇੰਦਾ ।

ਨਿਰਗੁਣ ਸਰਗੁਣ ਲੈ ਅਵਤਾਰ, ਲੋਕਮਾਤ ਵੇਸ ਵਟਾਇੰਦਾ । ਸ਼ਬਦ ਅਗੰਮ ਧੁਰ ਦੀ ਧਾਰ, ਜੀਵਣ ਜੁਗਤ ਜਗਤ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਠਾਂਡਾ ਸੀਤਾ, ਆਦਿ ਜੁਗਾਦਿ ਵੱਡੀ ਵਡਿਆਈਆ । ਕਰੇ ਖੇਲ ਸਦਾ ਅਨਡੀਠਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਨਿਤ ਨਵਿਤ ਚਲਾਏ ਆਪਣੀ ਰੀਤਾ, ਰਹਿਬਰ ਆਪਣਾ ਫੇਰਾ ਪਾਈਆ । ਨਿਰਗੁਣ ਸਰਗੁਣ ਜਣਾਏ ਸਚ ਪ੍ਰੀਤਾ, ਪ੍ਰੀਤੀਵਾਨ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਏਕੰਕਾਰਾ ਖੇਲ ਅਵੱਲਾ, ਹਰਿ ਕਰਤਾ ਆਪ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਸਚ ਦਵਾਰੇ ਸੋਭਾ ਪਾਇੰਦਾ । ਨਿਰਗੁਣ ਨੂਰ ਜੋਤੀ ਦੀਪਕ ਆਪੇ ਬਲਾ, ਪਰਕਾਸ਼ ਪਰਕਾਸ਼ ਨਜ਼ਰੀ ਆਇੰਦਾ । ਸ਼ਬਦੀ ਧਾਰ ਫੜਾਏ ਪੱਲਾ, ਗੁਰ ਗੁਰ ਆਪਣੀ ਵੰਡ ਵੰਡਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਲੇਖਾ ਜਾਣੇ ਜਲਾਂ ਥਲਾਂ, ਘਟ ਘਟ ਅੰਤਰ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਆਦਿ ਨਿਰੰਜਣ ਜੋਤ ਪਰਕਾਸ਼, ਹਰਿ ਕਰਤਾ ਵਡ ਵਡਿਆਈਆ । ਖੇਲਣਹਾਰ ਖੇਲ ਤਮਾਸ਼, ਦੋ ਜਹਾਨਾਂ ਵੇਖ ਵਖਾਈਆ । ਦਾਤਾ ਦਾਨੀ ਸਰਬ ਗੁਣਤਾਸ, ਬੇਅੰਤ ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਸਾਚੇ ਮੰਡਲ ਪਾਵੇ ਰਾਸ, ਗੋਪੀ ਕਾਹਨ ਨਾਚ ਨਚਾਈਆ । ਨਿਰਗੁਣ ਸਰਗੁਣ ਪੂਰੀ ਕਰੇ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਨਿਰਵੈਰ ਹੋ ਕੇ ਵਸੇ ਪਾਸ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨ, ਸਾਚਾ ਖੇਲ ਆਪ ਵਖਾਇੰਦਾ । ਗੁਰ ਗੁਰ ਰੂਪ ਵਿਚ ਜਹਾਨ, ਸਤਿਗੁਰ ਸਾਚਾ ਸੇਵ ਕਮਾਇੰਦਾ । ਬੋਧ ਅਗਾਧ ਨਾਮ ਨਿਧਾਨ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਆਤਮ ਪਰਮਾਤਮ ਜੀਵ ਜੰਤ ਦੇ ਦਾਨ, ਸਾਧ ਸੰਤ ਆਪਣਾ ਰਾਹ ਵਖਾਇੰਦਾ । ਪਾਰਬ੍ਰਹਮ ਬ੍ਰਹਮ ਕਰ ਪਰਵਾਨ, ਸਚ ਪਰਵਾਨਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਜੁਗ ਜੁਗ ਧਾਰ ਚਲਾਏ ਪੁਰਖ ਅਬਿਨਾਸ਼ੀ, ਅਬਿਨਾਸ਼ੀ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਸੱਜਣ ਸਾਥੀ, ਸਗਲਾ ਸੰਗ ਨਿਭਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਚੁਕਾਏ ਪਾਠੀ, ਪੂਜਾ ਇਕੋ ਇਕ ਵਡਿਆਇੰਦਾ । ਲੇਖਾ ਜਾਣ ਤੀਰਥ ਤਾਟੀ, ਸਰ ਸਰੋਵਰ ਇਕ ਬਣਾਇੰਦਾ । ਲਹਿਣਾ ਦੇਣਾ ਚੁਕਾਏ ਬਾਕੀ, ਪਿਛਲਾ ਲੇਖਾ ਝੋਲੀ ਪਾਇੰਦਾ । ਵੇਖਣਹਾਰਾ ਦਿਵਸ ਰਾਤੀ, ਘੜੀ ਪਲ ਲੇਖੇ ਲਾਇੰਦਾ । ਚਰਨ ਕਵਲ ਉਪਰ ਧਵਲ ਬੰਧੇ ਨਾਤੀ, ਸਾਚਾ ਨਾਤਾ ਜੋੜ ਜੁੜਾਇੰਦਾ । ਨਿਰਗੁਣ ਸਰਗੁਣ ਪੁੱਛੇ ਵਾਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪ ਅਖਵਾਇੰਦਾ । ਮਿਹਰਵਾਨ ਪਾਰਬ੍ਰਹਮ, ਪ੍ਰਭ ਵੱਡਾ ਵਡ ਵਡਿਆਈਆ । ਨਿਤ ਨਵਿਤ ਕਰੇ ਕਰਾਏ ਆਪਣਾ ਕੰਮ, ਹਰਿ ਕਰਤਾ ਭੇਵ ਚੁਕਾਈਆ । ਨਾ ਮਰੇ ਨਾ ਪਏ ਜੰਮ, ਜੀਵਣ ਮਰਨ ਵਿਚ ਕਦੇ ਨਾ ਆਈਆ । ਹਰਖ ਸੋਗ ਨਾ ਕੋਈ ਗ਼ਮ, ਚਿੰਤਾ ਰੋਗ ਨਾ ਕੋਇ ਸਤਾਈਆ । ਨਿਰਗੁਣ ਸਰਗੁਣ ਬੇੜਾ ਦੇਵੇ ਬੰਨ੍ਹ, ਬਣ ਖੇਵਟ ਖੇਟਾ ਪਾਰ ਕਰਾਈਆ । ਜੁਗ ਚੌਕੜੀ ਦੇਵਣਹਾਰਾ ਨਾਮ ਧੰਨ, ਵਸਤ ਅਮੋਲਕ ਆਪ ਵਰਤਾਈਆ । ਭਗਤ ਭਗਵਾਨ ਚਾੜ੍ਹੇ ਸਾਚਾ ਚੰਨ, ਚੰਦ ਚਾਂਦਨੀ ਇਕ ਚਮਕਾਈਆ ।

ਕਰ ਪਰਕਾਸ਼ ਅੰਧੇਰ ਅੰਧ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਨਮ ਕਰਮ ਕੱਟ ਫੰਦ, ਕੂੜਾ ਬੰਧਨ ਦਏ ਤੁੜਾਈਆ । ਆਤਮ ਪਰਮਾਤਮ ਜੋੜੀ ਗੰਢ, ਗੰਢ ਇਕੋ ਵਾਰ ਪਵਾਈਆ । ਸੀਤਲ ਧਾਰ ਵਖਾਏ ਠੰਡ, ਅੰਮ੍ਰਿਤ ਮੇਘ ਇਕ ਬਰਸਾਈਆ । ਗੁਰਮੁਖ ਸਵਾਣੀ ਹੋਵੇ ਨਾ ਮਾਤ ਰੰਡ, ਕੰਤ ਕੰਤੂਹਲ ਇਕ ਪਰਨਾਈਆ । ਗੀਤ ਸੁਹਾਗੀ ਸੁਣਾਏ ਛੰਦ, ਸੋਹੰ ਢੋਲਾ ਰਾਗ ਅਲਾਈਆ । ਆਵਣ ਜਾਵਣ ਮੁੱਕੇ ਪੰਧ, ਰਾਏ ਧਰਮ ਨਾ ਦਏ ਸਜ਼ਾਈਆ । ਕਲਜੁਗ ਅੰਤ ਸੂਰਾ ਸਰਬੰਗ, ਕਲ ਕਲਕੀ ਵੇਸ ਵਟਾਈਆ । ਲੱਖ ਚੁਰਾਸੀ ਦੇਵੇ ਦੰਡ, ਡੰਕਾ ਇਕੋ ਨਾਮ ਵਜਾਈਆ । ਕੂੜੀ ਕਿਰਿਆ ਭਾਂਡਾ ਭਰਮ ਭੌ ਢਾਹੇ ਦਵੈਤੀ ਕੰਧ, ਹੰਗਤਾ ਬੁਰਜ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਥਾਹ, ਸਮਝ ਕੋਇ ਨਾ ਪਾਇੰਦਾ । ਨਿਰਗੁਣ ਹੋ ਚਲਾਏ ਰਾਹ, ਸਰਗੁਣ ਮਾਰਗ ਆਪ ਵਖਾਇੰਦਾ । ਭਗਤ ਭਗਵਾਨ ਲਏ ਜਗਾ, ਜਾਗਰਤ ਜੋਤ ਡਗਮਗਾਇੰਦਾ । ਸੰਤ ਸੁਹੇਲੇ ਲਏ ਉਠਾ, ਗੁਰ ਚੇਲੇ ਆਪ ਜਗਾਇੰਦਾ । ਗੁਰਮੁਖ ਗੋਦੀ ਲਏ ਬਹਾ, ਫੜ ਬਾਹੋ ਗਲੇ ਲਗਾਇੰਦਾ । ਗੁਰਸਿਖ ਸਾਚੇ ਮੰਦਰ ਲਏ ਬਹਾ, ਹਰਿ ਮੰਦਰ ਇਕੋ ਇਕ ਵਖਾਇੰਦਾ । ਡੂੰਘੀ ਕੰਦਰ ਭਾਗ ਲਗਾ, ਭਾਗ ਗੁਰਮੁਖਾਂ ਹਿੱਸਾ ਆਪ ਵੰਡਾਇੰਦਾ । ਨਿਰਮਲ ਦੀਪਕ ਜੋਤੀ ਚਿਰਾਗ਼ ਜਗਾ, ਅੰਧ ਅੰਧੇਰ ਗਵਾਇੰਦਾ । ਅਨਹਦ ਅਨਾਦੀ ਨਾਦ ਵਜਾ, ਧੁਨ ਆਤਮਕ ਰਾਗ ਸੁਣਾਇੰਦਾ । ਬ੍ਰਹਮ ਬ੍ਰਹਿਮਾਦੀ ਖੋਜ ਖੁਜਾ, ਹਰਿਜਨ ਸਾਚੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹਰਿਸੰਤ ਸੁਹੇਲੇ ਹਰਿ ਘਰ ਮੇਲ ਮਿਲਾਇੰਦਾ ।





## ੨੧ ਹਾੜ ੨੦੨੦ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹ ਗੁੜਗਾਉਂ ਸੇਵਾ ਸਿੰਘ ਦੀ ਪਰਥਾਏ

ਸ਼ਾਹ ਪਾਤਸ਼ਾਹ ਹਰਿ ਨਿਰੰਕਾਰ, ਨਰ ਨਿਰੰਕਾਰਾ ਵਡ ਵਡਿਆਈਆ । ਸਤਿਗੁਰ ਖੇਲ ਅਗੰਮ ਅਪਾਰ, ਗੁਰ ਗੁਰ ਆਪਣੀ ਧਾਰ ਚਲਾਈਆ । ਨੌਜਵਾਨਾ ਸ਼ਾਹਸਵਾਰ, ਬੇਪਰਵਾਹ ਸਦਾ ਬੇਪਰਵਾਹੀਆ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਸੋਭਾ ਪਾਈਆ । ਆਦਿ ਜੁਗਾਦੀ ਸਾਂਝਾ ਯਾਰ, ਨਿਤ ਨਵਿਤ ਸਾਚੀ ਕਾਰ ਕਮਾਈਆ । ਲੇਖਾ ਜਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਵੰਡ ਵੰਡਾਈਆ । ਵਸਣਹਾਰਾ ਠਾਂਡੇ ਦਰਬਾਰ, ਮਹੱਲ ਅਟੱਲ ਇਕ ਸੁਹਾਈਆ । ਕਰਨੀ ਕਰਤਾ ਕਰਨੇਹਾਰ, ਪਰਮ ਪੁਰਖ ਇਕ ਅਖਵਾਈਆ । ਪੂਰਬ ਜਨਮ ਕੌਲ ਇਕਰਾਰ, ਕੀਤਾ ਆਪ ਨਿਭਾਈਆ । ਪੁਸ਼ਕਰ ਲੈ ਕੇ ਆਇਆ ਸ਼ਾਹਸਵਾਰ, ਪੰਜ ਤਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸ਼ਾਹਸਵਾਰ ਸਤਿਗੁਰ ਪੂਰਾ, ਪੁਰਖ ਅਬਿਨਾਸ਼ੀ ਖੇਲ ਕਰਾਇੰਦਾ । ਜੁਗ ਚੌਕੜੀ ਹਾਜ਼ਰ ਹਜ਼ੂਰਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸ਼ਬਦ ਨਾਦ ਅਗੰਮੀ ਤੂਰਾ, ਧੁਰ ਦਾ ਨਾਦ ਆਪ ਸੁਣਾਇੰਦਾ । ਏਥੇ ਓਥੇ ਹਾਜ਼ਰ ਹਜ਼ੂਰਾ, ਹਰ ਘਟ ਆਪਣਾ ਡੇਰਾ ਲਾਇੰਦਾ । ਜਿਸ ਜਨ ਦੇਵੇ ਮਸਤਕ ਧੂੜਾ, ਟਿੱਕਾ ਇਕੋ ਨਾਮ ਵਖਾਇੰਦਾ । ਚਾੜ੍ਹੇ ਰੰਗ ਚਲੂਲ ਗੂੜ੍ਹਾ, ਉਤਰ ਕਦੇ ਨਾ ਜਾਇੰਦਾ । ਵਸਣਹਾਰਾ ਨੇੜ ਦੂਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਸਮਝਾਇੰਦਾ । ਧੁਰ ਦਾ ਲੇਖਾ ਸ੍ਰੀ

ਭਗਵਾਨ, ਸੋ ਸਾਹਿਬ ਆਪ ਜਣਾਈਆ । ਆਦਿ ਪੁਰਖ ਸਦਾ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਤਿਗੁਰ ਰੂਪ ਅਨੂਪ ਮਹਾਨ, ਮਹਿਮਾ ਅਕਥ ਕਥੀ ਨਾ ਜਾਈਆ । ਗੁਰ ਗੁਰ ਦੇਵਣਹਾਰਾ ਦਾਨ, ਦਾਤਾ ਦਾਨੀ ਇਕ ਹੋ ਜਾਈਆ । ਪੁਸ਼ਕਰ ਲੇਖਾ ਲੇਖੇ ਲਾਏ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਈਆ । ਸਾਚੀ ਕਰਨੀ ਕਰਨੇ ਜੋਗ, ਹਰਿ ਕਰਤਾ ਖੇਲ ਕਰਾਇੰਦਾ । ਸਤਿ ਸਰੂਪੀ ਦਰਸ ਅਮੋਘ, ਨਿਰਮਲ ਨੂਰ ਜੋਤ ਧਰਾਇੰਦਾ । ਪਰਮ ਪੁਰਖ ਪਰਮਾਤਮ ਧੁਰ ਸੰਜੋਗ, ਨਿਤ ਨਵਿਤ ਜੋੜ ਜੁੜਾਇੰਦਾ । ਪੁਰਖ ਅਕਾਲ ਏਕਾ ਓਟ, ਅਕਲ ਕਲਧਾਰੀ ਆਪ ਸਮਝਾਇੰਦਾ । ਸਚ ਨਗਾਰੇ ਨਾਮ ਚੋਟ, ਅਗੰਮ ਅਥਾਹ ਲਗਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਮਿਟਾਇੰਦਾ । ਵੇਖਣਹਾਰਾ ਲੋਕ ਪਰਲੋਕ, ਦੋ ਜਹਾਨਾਂ ਖੋਜ ਖੁਜਾਇੰਦਾ । ਨਾਮ ਨਿਧਾਨਾ ਸਚ ਸਲੋਕ, ਸਾਚਾ ਰਾਗ ਅਲਾਇੰਦਾ । ਦੇਵਣਹਾਰਾ ਆਪਣੀ ਮੋਖ, ਮੁਫ਼ਤ ਆਪਣੀ ਦਇਆ ਕਮਾਇੰਦਾ । ਨਾਤਾ ਤੋੜ ਹਰਖ ਸੋਗ, ਚਿੰਤਾ ਗ਼ਮ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਕਰਤਾਰ, ਹਰਿ ਕਰਤਾ ਆਪ ਜਣਾਈਆ । ਗੋਬਿੰਦ ਕੀਤਾ ਇਕ ਇਕਰਾਰ, ਕੌਲ ਕਵਲ ਨਾਲ ਜੁੜਾਈਆ । ਅੰਤਰ ਸਚ ਪਿਆਰ, ਬਸੰਤਰ ਬਾਹਰ ਨਜ਼ਰ ਕੋਇ ਨਾ ਆਈਆ । ਮੰਤਰ ਸੋਹਲਾ ਸਚ ਜੈਕਾਰ, ਨਾਮ ਨਿਧਾਨ ਸੁਣਾਈਆ । ਤੂੰ ਮੇਰਾ ਮੈ ਤੇਰਾ ਦੋਹਾਂ ਮੇਲਾ ਇਕ ਦਰਬਾਰ, ਦਰ ਦਰਵਾਜ਼ੇ ਵੱਜੇ ਵਧਾਈਆ । ਜੋਤੀ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਗੁਰ ਸੂਰਾ, ਸਤਿਗੁਰ ਦਾਤਾ ਵਡ ਵਡਿਆਈਆ । ਗੁਰਮੁਖ ਦੇਵੇ ਏਕਾ ਨੂਰਾ, ਨੂਰ ਨੁਰਾਨਾ ਨੂਰ ਰੁਸ਼ਨਾਈਆ । ਕੂੜੀ ਕਿਰਿਆ ਮੇਟੇ ਕੂੜਾ, ਭਾਂਡਾ ਭਰਮ ਭੌ ਭੰਨਾਈਆ । ਸਚ ਸੁਹਾਗੀ ਚਾੜ੍ਹੇ ਚੂੜਾ, ਬੰਧਨ ਇਕੋ ਨਾਮ ਰਖਾਈਆ । ਰੰਗ ਗੁਲਾਲਾ ਵਖਾਏ ਗੂੜ੍ਹਾ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਜਣਾਈਆ । ਪੂਰਬ ਲੇਖਾ ਗੋਬਿੰਦ ਮੀਤ, ਮਿਤਰ ਪਿਆਰਾ ਇਕ ਜਣਾਇੰਦਾ । ਤੇਰੀ ਮੇਰੀ ਸਾਚੀ ਰੀਤ, ਮਹਿਮਾ ਆਪਣੇ ਵਿਚ ਰਖਾਇੰਦਾ । ਰੱਖਣਹਾਰ ਸਦਾ ਅਤੀਤ, ਤ੍ਰੈਗੁਣ ਡੇਰਾ ਢਾਹਿੰਦਾ । ਮਿੱਠਾ ਕਰ ਕੌੜਾ ਰੀਠ, ਅੰਮ੍ਰਿਤ ਰਸ ਭਰਾਇੰਦਾ । ਸਾਚਾ ਢੋਲਾ ਸੁਹੰਜਣਾ ਗੀਤ, ਗੋਬਿੰਦ ਨਾਮ ਦ੍ਰਿੜਾਇੰਦਾ । ਚਰਨ ਕਵਲ ਬੰਨ੍ਹੇ ਪ੍ਰੀਤ, ਪ੍ਰੀਤੀਵਾਨ ਆਪ ਵਖਾਇੰਦਾ । ਤਤਵ ਤਤ ਠਾਂਡਾ ਸੀਤ, ਅਗਨੀ ਤਤ ਨਾ ਕੋਇ ਜਣਾਇੰਦਾ । ਸੰਤ ਸੁਹੇਲੇ ਰੱਖਣੀ ਉਡੀਕ, ਸੋ ਸਾਹਿਬ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਰੱਖਣੀ ਉਡੀਕ ਲੋਕਮਾਤ, ਸਤਿਗੁਰ ਪੂਰਾ ਆਪ ਜਣਾਈਆ । ਚੌਥੇ ਜੁਗ ਦੇਵੇ ਦਾਤ, ਚਾਰੇ ਕੁੰਟਾਂ ਵੇਖ ਵਖਾਈਆ । ਚਾਰ ਵਰਨ ਤੁੱਟੇ ਸਾਕ, ਸੱਜਣ ਨਜ਼ਰ ਕੋਇ ਨਾ ਆਈਆ । ਚਾਰ ਖਾਣੀ ਲਹਿਣਾ ਹੋਏ ਬੇਬਾਕ, ਬਾਕੀ ਦੇਣਾ ਕੋਇ ਰਹਿਣ ਨਾ ਪਾਈਆ । ਚਾਰ ਬਾਣੀ ਨਾ ਕੋਇ ਆਵਾਜ਼, ਪਰਾ ਪਸੰਤੀ ਮਧਮ ਬੈਖਰੀ ਰਾਗ ਨਾ ਕੋਇ ਸੁਣਾਈਆ । ਚਾਰ ਯਾਰੀ ਨਾ ਕੋਈ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਨਜ਼ਰ ਨਾ ਆਏ ਮਾਈ ਬਾਪ, ਭੈਣ ਭਈਆ ਨਾ ਕੋਇ ਵਡਿਆਈਆ । ਨਾਰ ਕੰਤ ਨਾ ਕੋਇ ਸੁਹਾਗ, ਸੁਹੰਜਣੀ ਰੁੱਤ ਨਾ ਕੋਇ ਸੁਹਾਈਆ । ਪੁੱਤਰ ਧੀ ਨਾ ਕੋਇ ਵੈਰਾਗ, ਸ੍ਰੀ ਭਗਵਾਨ ਸਾਚੀ ਖੇਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚਾ ਲੇਖਾ ਰਿਹਾ ਸਮਝਾਈਆ । ਸਾਚਾ ਲੇਖਾ ਸਤਿਗੁਰ ਦੇਵ, ਸੋ ਸਾਹਿਬ ਆਪ ਜਣਾਈਆ । ਪੂਰਬ ਜਨਮ ਦੀ ਸਾਚੀ ਸੇਵ, ਨਰ ਹਰਿ ਲੇਖੇ ਲਾਈਆ । ਜਨਮ ਜਨਮ ਦਾ ਰਸ ਅੰਮ੍ਰਿਤ ਮੇਵ, ਫਲ ਇਕੋ ਇਕ ਖਵਾਈਆ । ਮਿਹਰਵਾਨ ਸਦਾ ਨਿਹਕੇਵ, ਨਿਹਚਲ ਧਾਮ ਦਏ ਵਡਿਆਈਆ । ਅਲਖ ਨਿਰੰਜਣ ਖੋਲ੍ਹੇ ਭੇਵ, ਭੇਦ ਆਪਣਾ ਦਏ ਸਮਝਾਈਆ । ਜੁਗ ਚੌਕੜੀ ਅਛਲ ਅਛੇਦ, ਵਲ ਛਲ ਧਾਰੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚੌਥੇ ਜੁਗ ਲਹਿਣਾ ਲਹਿਣੇ ਪਾਈਆ । ਚੌਥੇ ਜੁਗ ਲਹਿਣਾ ਦੇਣਾ, ਸੋ ਸਤਿਗੁਰ ਆਪ ਜਣਾਈਆ । ਮਹਾਂ ਸਿੰਘ ਵੇਖਣਾ ਨੈਣਾਂ, ਨੇਤਰ ਨੈਣਾਂ ਦਏ ਦਰਸਾਈਆ । ਸਚ ਦਵਾਰੇ ਮੰਨਿਆ ਕਹਿਣਾ, ਪੁਸ਼ਕਰ ਸੋਭਾ ਪਾਈਆ । ਮਹੱਲ ਅਟੱਲ ਇਕੋ ਬਹਿਣਾ, ਇਕੋ ਘਰ ਵੱਜੇ ਵਧਾਈਆ । ਨਰ ਅਵਤਾਰ ਸੱਜਣ ਸੈਣਾ, ਸਾਕ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਮੇਲਾ ਲਏ ਮਿਲਾਈਆ । ਤੇਰਾ ਮੇਲਾ ਅੰਤ ਮਿਲਾਉਣਾ, ਸੋ ਸਾਹਿਬ ਸਚ ਜਣਾਈਆ । ਜਨਮ ਵਿਚ ਜਨਮ ਬਦਲਾਉਣਾ, ਮਾਣਸ ਮਾਣਸ ਰੰਗ ਰੰਗਾਈਆ । ਕਰਮ ਵਿਚ ਕਰਮ ਰਖਾਉਣਾ, ਕਰਮ ਕਾਂਡ ਵੇਖ ਵਖਾਈਆ । ਧਰਮ ਵਿਚ ਧਰਮ ਧਰਾਉਣਾ, ਧਰਨੀ ਧਰਤ ਧਵਲ ਸੋਭਾ ਪਾਈਆ । ਜੋਤ ਜਗਜੀਵਣ ਦਾਤਾ ਮਿਲਾਉਣਾ, ਫੜ ਬਾਹੋ ਗਲੇ ਲਗਾਈਆ । ਮਰਨ ਜਨਮ ਦਾ ਲੇਖਾ ਮੁਕਾਉਣਾ, ਜਰਮ ਮਰਨ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਸਮਝਾਈਆ । ਸਾਚੀ ਕਰਨੀ ਹਰਿ ਕਰਤਾਰ, ਦੋ ਇਕ ਜੋੜ ਜੁੜਾਇੰਦਾ । ਏਕਾ ਇਕੀ ਕਰ ਤਿਆਰ, ਸਾਚੀ ਸਿਖੀ ਨਾਲ ਮਿਲਾਇੰਦਾ । ਸਾਚੀ ਸਿਖੀ ਸਿਰਜਣਹਾਰ, ਸਿਰ ਸਿਰ ਆਪਣਾ ਹੱਥ ਟਿਕਾਇੰਦਾ । ਧਾਰੇ ਤਿਖੀ ਵਿਚ ਸੰਸਾਰ, ਚਾਰ ਵਰਨ ਵਿਚੋ ਇਕ ਉਪਜਾਇੰਦਾ । ਨਿੱਕੀ ਨਿੱਕੀ ਕਰ ਗੁਫ਼ਤਾਰ, ਅੰਤਰ ਆਪਣੀ ਬੂਝ ਬੁਝਾਇੰਦਾ । ਗੁਰਮੁਖ ਗੁਰਸਿਖ ਲਾਏ ਪਾਰ, ਗੁਰ ਸਤਿਗੁਰ ਵੇਖ ਵਖਾਇੰਦਾ । ਪਿਤਾ ਪੂਤ ਜਾਣੇ ਧਾਰ, ਧੁਰ ਦਰਬਾਰੀ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਬੇੜਾ ਤਾਰੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਗੁਰਮੁਖ ਤੇਰਾ ਵਡ ਪਰਤਾਪ, ਵਡ ਪਰਤਾਪੀ ਵੇਖ ਵਖਾਇੰਦਾ । ਪਿਛਲਾ ਨਾਤਾ ਤੁੱਟਾ ਸਾਕ, ਸੱਜਣ ਕੋਇ ਨਜ਼ਰ ਨਾ ਆਇੰਦਾ । ਬਿਸ਼ਨ ਸਿੰਘ ਤੇਰਾ ਬਾਪ, ਬਲਵੰਤ ਕੌਰ ਮਾਤ ਗੋਦ ਸੁਹਾਇੰਦਾ । ਪੁਰਖ ਅਬਿਨਾਸ਼ੀ ਆਪਣਾ ਬੰਨੇ ਆਪੇ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੀਵਣ ਵਿਚੋ ਜੀਵਣ ਸਤਿਗੁਰ ਝੋਲੀ ਪਾਇੰਦਾ । ਮਾਤ ਪਿਤਾ ਦਾ ਮਿਥਿਆ ਨਾਤਾ, ਲੋਕਮਾਤ ਰਹਿਣ ਨਾ ਪਾਈਆ । ਪਰਮ ਪੁਰਖ ਦਾ ਖੇਲ ਤਮਾਸ਼ਾ, ਜਨ ਭਗਤਾਂ ਆਪ ਕਮਾਈਆ । ਜਨਮ ਕਰਮ ਦੀ ਪੂਰੀ ਆਸਾ, ਮਨਸਾ ਆਪਣੇ ਨਾਲ ਰਖਾਈਆ । ਕਾਇਆ ਚੋਲੀ ਭਰਨਾ ਕਾਸਾ, ਗਹਿਰ ਗੰਭੀਰ ਹੋਏ ਸਹਾਈਆ । ਦੇਵੇ ਦਾਤ ਪੁਰਖ ਅਬਿਨਾਸ਼ਾ, ਦਾਤਾ ਦਾਨੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਪ੍ਰਭ ਪਾਏ ਬੰਧਨ, ਬੰਦਗੀ ਇਕੋ ਨਾਮ ਜਣਾਈਆ । ਗੁਰਮੁਖ ਟਿੱਕਾ ਲਾਏ ਚੰਦਨ, ਸਚ ਸੁਗੰਧੀ ਆਪ ਵਖਾਈਆ । ਆਤਮ ਪਰਮਾਤਮ ਦਏ ਅਨੰਦਨ, ਅਨੰਦ ਇਕੋ ਇਕ ਸਮਝਾਈਆ । ਜਨਮ ਕਰਮ ਦੀ ਤੁੱਟੀ ਆਇਆ ਗੰਢਣ, ਗੰਢਣਹਾਰ ਗੋਪਾਲ ਸਵਾਮੀ

ਇਕ ਅਖਵਾਈਆ । ਗੀਤ ਸੁਣਾਏ ਸੁਹਾਗੀ ਛੰਦਣ, ਸਾਚਾ ਰਾਗ ਅਲਾਈਆ । ਸਚ ਪ੍ਰੀਤੀ ਆਵੇ ਮੰਗਣ, ਦਰ ਦਰਵੇਸ਼ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਘਰ ਸਾਚੇ ਦਏ ਪਰਗਟਾਈਆ । ਗੁਰਮੁਖ ਪਰਗਟਿਆ ਸਤਿਗੁਰ ਘਰ, ਘਰ ਸਾਚੇ ਵੱਜੇ ਵਧਾਈਆ । ਮਸਤਕ ਲਾਲੀ ਮਿਲਿਆ ਵਰ, ਨੂਰ ਨੂਰ ਨਾਲ ਰੁਸ਼ਨਾਈਆ । ਜਮ ਕਾ ਭੈ ਚੁਕਿਆ ਡਰ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਦੇਵੇ ਮਾਣ ਵਡਿਆਈਆ । ਗੁਰਸਿਖ ਗੁਰਮੁਖ ਗੁਰ ਗੁਰ ਸੇਵਾ, ਸਿੰਘ ਸੇਵਾ ਸਤਿ ਜਣਾਈਆ । ਪੂਰਬ ਜਨਮ ਦਾ ਮਿਲਿਆ ਮੇਵਾ, ਫਲ ਇਕੋ ਇਕ ਖਵਾਈਆ । ਪੁਰਖ ਅਕਾਲ ਵਡ ਦੇਵੀ ਦੇਵਾ, ਦੇਵਣਹਾਰ ਆਪ ਹੋ ਜਾਈਆ । ਕਿਆ ਕੋਈ ਗਾਏ ਰਸਨਾ ਜਿਹਵਾ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਗੋਦ ਆਪਣੀ ਆਪ ਸੁਹਾਈਆ । ਸਾਚੀ ਗੋਦ ਸੋਹੇ ਕੁੱਖ, ਸ੍ਰੀ ਭਗਵਾਨ ਆਪ ਸੁਹਾਈਆ । ਭਗਤ ਸੁਹੇਲਾ ਕਰੇ ਉਜਲ ਮੁਖ, ਮੁਖ ਮੁਖੜਾ ਰਿਹਾ ਵਡਿਆਈਆ । ਪਿਛਲੇ ਜਨਮ ਦਾ ਮਿਟਿਆ ਦੁੱਖ, ਅਗਲਾ ਜਨਮ ਗੁਰ ਸਤਿਗੁਰ ਝੋਲੀ ਪਾਈਆ । ਮਾਤ ਗਰਭ ਨਾ ਹੋਇਆ ਉਲਟਾ ਰੁੱਖ, ਦਸ ਦਸ ਮਾਸ ਨਾ ਅਗਨ ਤਪਾਈਆ । ਮੰਮਾ ਸੀਰ ਨਾ ਲੱਗੀ ਭੁੱਖ, ਅੰਮ੍ਰਿਤ ਧਾਰ ਇਕ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਪ੍ਰਭ ਕਰੇ ਆਪ, ਆਪਣੀ ਦਇਆ ਕਮਾਇੰਦਾ । ਜਨਮ ਜਨਮ ਦਾ ਰੋਗ ਸੰਤਾਪ, ਸੰਸਾ ਆਪ ਮਿਟਾਇੰਦਾ । ਨਿਰਗੁਣ ਸਰਗੁਣ ਮੇਲਾ ਸਾਕ, ਸੱਜਣ ਇਕੋ ਇਕ ਅਖਵਾਇੰਦਾ । ਘਰ ਵਿਚ ਘਰ ਖੋਲ੍ਹ ਤਾਕ, ਪੜਦਾ ਦਵੈਤ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜਨਮ ਆਪਣੇ ਹੱਥ ਰਖਾਇੰਦਾ । ਸਾਚਾ ਜਨਮ ਦੇਵੇ ਨਿਰੰਕਾਰ, ਘਰ ਸਾਚੇ ਵੱਜੇ ਵਧਾਈਆ । ਜਨਨੀ ਜਨ ਬਣ ਵਿਚ ਸੰਸਾਰ, ਗੋਦ ਸੁਹੰਜਣੀ ਆਪ ਸੁਹਾਈਆ । ਅੰਮ੍ਰਿਤ ਰਸ ਠੰਡਾ ਠਾਰ, ਸਾਚਾ ਸੀਰ ਮੁਖ ਚੁਆਈਆ । ਨੇਤਰ ਲੋਚਣ ਨੈਣ ਦਰਸ ਦੀਦਾਰ, ਦੀਦ ਈਦ ਚੰਦ ਚਮਕਾਈਆ । ਕਿਰਪਾ ਕਰੇ ਕਰਨੇਹਾਰ, ਕਿਰਪਨ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੀ ਅਸਾੜ੍ਹ ਅਸਲ ਆਪਣਾ ਭੇਵ ਖੁਲ੍ਹਾਈਆ । ਇਕੀ ਹਾੜ ਕਰ ਧਿਆਨ, ਸ਼ੰਕਰ ਨੈਣਾਂ ਨੀਰ ਵਹਾਈਆ । ਆਹ ਲੈ ਤ੍ਰਸੂਲ ਸ੍ਰੀ ਭਗਵਾਨ, ਮੇਰੇ ਕੰਮ ਕਿਸੇ ਨਾ ਆਈਆ । ਆਪਣੀ ਕੀਤੀ ਲੱਗੋ ਆਪ ਉਲਟਾਣ, ਲੋਕਮਾਤ ਫੇਰਾ ਪਾਈਆ । ਸਾਡੀ ਸੇਵਾ ਨਾ ਹੋਈ ਪਰਵਾਨ, ਪਰਵਾਨਾ ਤੇਰਾ ਆਪਣੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਿਉਂ ਜੀਂਵਦਿਆਂ ਜੀਵਤ ਰਿਹਾ ਕਰਾਈਆ । ਸ਼ੰਕਰ ਅੱਗੋ ਮਾਰੇ ਧਾਹ, ਨੈਣਾਂ ਨੀਰ ਵਹਾਇੰਦਾ । ਮੇਰੀ ਸੇਵਾ ਸਾਹਿਬ ਦਿਤੀ ਲਾ, ਜੋ ਘੜਿਆ ਭੰਨ ਵਖਾਇੰਦਾ । ਚਾਰ ਜੁਗ ਕੋਈ ਬਚਿਆ ਨਾ, ਥਿਰ ਨਜ਼ਰ ਕੋਇ ਨਾ ਆਇੰਦਾ । ਸਭ ਦਾ ਲਹਿਣਾ ਦਿਤਾ ਮੁਕਾ, ਪੰਜ ਤਤ ਰੰਗ ਨਾ ਕੋਇ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਿਉਂ ਆਪਣੀ ਅਚਰਜ ਖੇਲ ਵਰਤਾਇੰਦਾ । ਸ੍ਰੀ ਭਗਵਾਨ ਕਹੇ ਸੁਣ ਭੋਲੇ ਨਾਥ, ਹਰਿ ਭੋਲੇ ਭਾਉ ਜਣਾਈਆ । ਕਲਜੁਗ ਅੰਤਮ ਖੇਲ ਤਮਾਸ਼, ਹਰਿ ਕਰਤਾ ਆਪ ਵਖਾਈਆ । ਜਿਨ੍ਹਾਂ

੧੨
੧੫

ਸੰਗ ਮੇਰਾ ਸਾਥ, ਤਿਨ੍ਹਾਂ ਅੰਤ ਕੋਈ ਮਾਰ ਨਾ ਸਕੇ ਰਾਈਆ । ਮਾਰੇ ਜਵਾਲੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਸੇਵਾ ਤੇਰੀ ਇਕ ਲਗਾਈਆ । ਸਭ ਕੁਛ ਰੱਖੇ ਆਪਣੇ ਹਾਥ, ਦੇਵਣਹਾਰ ਸਰਬ ਵਡਿਆਈਆ । ਸਾਚੇ ਭਗਤ ਮੇਰੀ ਆਸ, ਪੂੰਜੀ ਇਕੋ ਇਕ ਜਣਾਈਆ । ਦਿਵਸ ਰੈਣ ਵਸਾਂ ਪਾਸ, ਅੱਠੇ ਪਹਿਰ ਵਿਛੜ ਕਦੇ ਨਾ ਜਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮੇਰੇ ਮਿਲਣ ਦੀ ਰੱਖਦੇ ਆਏ ਆਸ, ਅੰਤਮ ਆਸਾ ਪੂਰ ਕਰਾਈਆ । ਵੀਹ ਸੌ ਵੀਹ ਬਿਕ੍ਰਮੀ ਮੰਗਦੀ ਰਹੀ ਦੋਏ ਕਰ ਕੇ ਖਾਲੀ ਹਾਥ, ਪ੍ਰਭ ਅੱਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਭੋਲੇ ਨਾਥ ਸੁਣ ਕਰ ਧਿਆਨ, ਹਰਿ ਸਤਿਗੁਰ ਆਪ ਜਣਾਈਆ । ਵੀਹ ਸੌ ਵੀਹ ਬਿਕ੍ਰਮੀ ਖੇਲ ਮਹਾਨ, ਸੋ ਕਰਤਾ ਆਪ ਕਮਾਈਆ । ਗੁਰਮੁਖ ਮਾਰਗ ਲਾਏ ਵਿਚ ਜਹਾਨ, ਸਿੰਘ ਸੇਵਾ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ੰਕਰ ਸੁਣ ਨੇਤਰ ਖੋਲ੍ਹ, ਹਰਿ ਸਤਿਗੁਰ ਆਪ ਸਮਝਾਇੰਦਾ । ਕਲਜੁਗ ਅੰਤਮ ਜਿਨ੍ਹਾਂ ਤੋਲਿਆ ਆਪਣੇ ਤੋਲ, ਸੋ ਆਪਣੇ ਕੰਧ ਉਠਾਇੰਦਾ । ਕਲਜੁਗ ਅੰਤਮ ਲੈ ਕੇ ਜਾਵਾਂ ਆਪਣੇ ਕੋਲ, ਘਰ ਸਾਚੇ ਆਪ ਬਹਾਇੰਦਾ । ਤੇਰਾ ਵੱਜੇ ਨਾ ਕੋਈ ਢੋਲ, ਮਰਦੰਗਾ ਹੱਥ ਨਾ ਕੋਇ ਉਠਾਇੰਦਾ । ਜਨ ਭਗਤਾਂ ਲੱਖ ਚੁਰਾਸੀ ਵਿਚੋ ਲਵਾਂ ਵਰੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਭੋਲੇ ਨਾਥ ਕਰ ਖਿਆਲ, ਹਰਿ ਸਤਿਗੁਰ ਆਪ ਜਣਾਈਆ । ਪੁਰਖ ਅਬਿਨਾਸ਼ੀ ਜਿਨ੍ਹਾਂ ਬਣਿਆ ਆਪ ਦਲਾਲ, ਲੋਕਮਾਤ ਵੇਖੇ ਚਾਈਂ ਚਾਈਂਆ । ਅੰਤਮ ਲੈ ਕੇ ਜਾਏ ਨਾਲ, ਅੱਧਵਿਚਕਾਰ ਨਾ ਕੋਇ ਰਖਾਈਆ । ਭਗਤ ਭਗਵਾਨ ਸੰਤ ਸੱਜਣ ਬਣਾਏ ਆਪਣੇ ਲਾਲ, ਗੁਰਸਿਖ ਸਾਚੇ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸ਼ਬਦ ਬਬਾਣੇ ਲਏ ਬਿਠਾਈਆ । ਭੋਲਾ ਨਾਥ ਹੋਇਆ ਚੁੱਪ, ਸੁਨ ਸਮਾਧ ਸਮਾਈਆ । ਕਵਣ ਪ੍ਰਭ ਤੈਨੂੰ ਲਏ ਪੁੱਛ, ਸਭ ਤੇਰੇ ਹੱਥ ਵਡਿਆਈਆ । ਡਰਦੇ ਤੈਥੋਂ ਸਾਰੇ ਰਹੇ ਲੁਕ, ਸੀਸ ਸਕੇ ਨਾ ਕੋਈ ਓਠਾਈਆ । ਸਾਡੀ ਕਰਨੀ ਗਈ ਲੁੱਟ, ਤੇਰੇ ਭਗਤਾਂ ਨੇੜ ਕੋਇ ਨਾ ਆਈਆ । ਜਿਉਂ ਭਾਵੇ ਤਿਉਂ ਗੋਦੀ ਲੈਣਾ ਚੁੱਕ, ਸਚਖੰਡ ਲੈ ਕੇ ਜਾਣਾ ਚਾਈਂ ਚਾਈਂਆ । ਅੱਧਵਿਚਕਾਰ ਕੋਈ ਨਾ ਲਏ ਪੁੱਛ, ਪੁੱਛਣਹਾਰ ਨਜ਼ਰ ਕੋਇ ਨਾ ਆਈਆ । ਅਸੀਂ ਵੇਖਿਆ ਗੁਰਮੁਖ ਬਣਾਇਆ ਆਪਣਾ ਪੁੱਤ, ਬਣ ਜਨਨੀ ਜਨ ਗੋਦ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਈਆ । ਸਾਚਾ ਮਾਰਗ ਵੇਖ ਭਗਵਾਨ, ਚਿਤਰ ਗੁਪਤ ਰਾਹ ਤਕਾਇੰਦਾ । ਰਾਏ ਧਰਮ ਹੋਏ ਹੈਰਾਨ, ਹਰਿਜੂ ਇਹ ਕੀ ਖੇਲ ਰਚਾਇੰਦਾ । ਲਾੜੀ ਮੌਤ ਨੈਣ ਸ਼ਰਮਾਣ, ਅੱਖ ਸਨਮੁਖ ਨਾ ਕੋਇ ਉਠਾਇੰਦਾ । ਜਿਨ੍ਹਾਂ ਮਿਲਿਆ ਸਤਿਗੁਰ ਨੌਜਵਾਨ, ਤਿਨ੍ਹਾਂ ਭੈ ਨਜ਼ਰ ਕੋਇ ਨਾ ਆਇੰਦਾ । ਜੀਂਵਦਿਆਂ ਜਗ ਦੇਵੇ ਦਾਨ, ਮਰਨ ਵਿਚੋ ਮਰਨ ਆਪ ਬਦਲਾਇੰਦਾ । ਘਰ ਗੋਪੀ ਮਿਲੇ ਕਾਹਨ, ਗ੍ਰਿਹ ਬੰਸਰੀ ਨਾਮ ਸੁਣਾਇੰਦਾ । ਘਰ ਸੁਰਤੀ ਮੇਲਾ ਰਾਮ, ਗ੍ਰਿਹ ਸਾਚਾ ਰਾਗ ਅਲਾਇੰਦਾ । ਘਰ ਮੰਦਰ ਸੋਹੇ ਮਕਾਨ, ਸੇਜ ਸੁਹੰਜਣੀ ਇਕ ਹੰਢਾਇੰਦਾ । ਘਰ ਸਜਦਾ ਕਰੇ ਪਰਨਾਮ, ਨਿਉਂ ਨਿਉਂ ਸੀਸ ਝੁਕਾਇੰਦਾ । ਘਰ ਪੈਗ਼ੰਬਰ ਨਜ਼ਰੀ ਆਏ ਅਮਾਮ, ਹਜ਼ਰਤ ਆਪਣੀ ਖੇਲ ਕਰਾਇੰਦਾ । ਘਰ ਝੁਕ ਝੁਕ ਕਰੇ ਸਲਾਮ, ਬਰਦਾ ਗ਼ੁਲਾਮ ਆਪ ਅਖਵਾਇੰਦਾ । ਘਰ ਦੇਵਣਹਾਰ ਪੈਗ਼ਾਮ, ਗੁਰਮੁਖ ਸੋਏ ਮਾਤ ਉਠਾਇੰਦਾ । ਗ੍ਰਿਹ ਪਕੜਨਹਾਰਾ

ਦਾਮ, ਦਾਮਨਗੀਰ ਆਪ ਹੋ ਜਾਇੰਦਾ । ਘਰ ਲੇਖੇ ਲਾਏ ਮਾਟੀ ਚਾਮ, ਕੰਚਨ ਕਾਇਆ ਗੜ੍ਹ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਆਪ ਮੁਕਾਇੰਦਾ । ਲੇਖਾ ਨਹੀਂ ਇਹ ਲਖ਼ਤੇ ਜਿਗਰ, ਹਰਿ ਜਗਤ ਜੁਗਤ ਜਣਾਇੰਦਾ । ਪਾਰਬ੍ਰਹਮ ਪ੍ਰਭ ਲੱਗਾ ਮਗਰ, ਪਿੱਛੇ ਪਿੱਛੇ ਸੇਵ ਕਮਾਇੰਦਾ । ਪੂਰਬ ਜਨਮ ਦੀ ਪੂਰੀ ਕਰੇ ਸਧਰ, ਸੰਸਾ ਰੋਗ ਚੁਕਾਇੰਦਾ । ਜੀਵਣ ਵਿਚੋ ਜੀਵਣ ਦੇਵੇ ਬਦਲ, ਮਸਤਕ ਰੇਖਾ ਆਪ ਚਮਕਾਇੰਦਾ । ਪਰਮ ਪੁਰਖ ਦਾ ਨਾਮ ਕੱਜਲ, ਨੇਤਰ ਨੈਣਾਂ ਧਾਰ ਵਖਾਇੰਦਾ । ਬੇਪਰਵਾਹ ਹੋ ਕੇ ਬਣਿਆ ਸੱਜਣ, ਘਰ ਸਾਚੇ ਫੇਰਾ ਪਾਇੰਦਾ । ਗੁਰਮੁਖ ਭਾਂਡੇ ਕਦੇ ਨਾ ਭੱਜਣ, ਘੜਨ ਭੰਨਣਹਾਰ ਦਇਆ ਕਮਾਇੰਦਾ । ਜਿਨ੍ਹਾਂ ਸਤਿਗੁਰ ਆਪ ਆਏ ਸੱਦਣ, ਤਿਨ੍ਹਾਂ ਆਪਣਾ ਮੇਲ ਮਿਲਾਇੰਦਾ । ਸੰਤ ਸੁਹੇਲਾ ਕੋਈ ਨਾ ਫਿਰੇ ਨਗਨ, ਸਿਰ ਆਪਣਾ ਹੱਥ ਟਿਕਾਇੰਦਾ । ਗੁਰਮੁਖ ਦੀਪਕ ਸਾਚੇ ਜਗਣ, ਸ੍ਰੀ ਭਗਵਾਨ ਆਪ ਜਗਾਇੰਦਾ । ਪਰੇਮ ਪ੍ਰੀਤੀ ਸਾਚਾ ਸਗਨ, ਸਿਹਰਾ ਸੀਸ ਜਗਦੀਸ ਸੁਹਾਇੰਦਾ । ਪਰਮ ਪੁਰਖ ਦੀ ਇਕੋ ਲਗਨ, ਪਰੀਤਮ ਆਪਣਾ ਰਾਹ ਜਣਾਇੰਦਾ । ਚਰਨ ਕਵਲ ਚੁੰਮੇ ਪਦਮ, ਪਾਰਬ੍ਰਹਮ ਪ੍ਰਭ ਖੇਲ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲਾ ਜਨਮ ਲਾਏ ਲੇਖੇ, ਦੂਜੀ ਧਾਰ ਫੇਰ ਵੇਖੇ, ਤੀਜੇ ਆਪਣਾ ਕਰਮ ਕਮਾਇੰਦਾ । ਪਹਿਲਾ ਜਨਮ ਗਿਆ ਮੁੱਕ, ਇਕੀ ਹਾੜ ਵੱਜੀ ਵਧਾਈਆ । ਜਗਤ ਭਾਈ ਲੈ ਗਏ ਚੁੱਕ, ਜਗਤ ਮਸਾਣੀ ਡੇਰਾ ਲਾਈਆ । ਕੂੜੀ ਕਿਰਿਆ ਮਿਟੀ ਭੁੱਖ, ਤ੍ਰਿਸਨਾ ਕੋਇ ਰਹਿਣ ਨਾ ਪਾਈਆ । ਮੁਖ ਵੇਖਣ ਲੁਕ ਲੁਕ, ਪ੍ਰਾਣੀ ਨਜ਼ਰ ਕਿਸੇ ਨਾ ਆਈਆ । ਇਕ ਦੂਜੇ ਨੂੰ ਰਹੇ ਪੁੱਛ, ਕਿਉਂ ਸੇਵਾ ਸਿੰਘ ਕਰ ਕੇ ਗਿਆ ਜੁਦਾਈਆ । ਭਾਈਚਾਰਾ ਕਹੇ ਅੰਨ ਪਾਣੀ ਗਿਆ ਮੁੱਕ, ਲਹਿਣਾ ਜਗਤ ਕੋਇ ਨਜ਼ਰ ਨਾ ਆਈਆ । ਛੋਟਿਆਂ ਬੱਚਿਆਂ ਨਾਲੋਂ ਗਿਆ ਰੁੱਸ, ਨਾਰ ਪਿਆਰ ਨਾ ਕੋਇ ਵਖਾਈਆ । ਭੈਣਾਂ ਭਾਈਆਂ ਕੋਲੋ ਗਿਆ ਰੁੱਠ, ਆਪਣਾ ਮੁਖ ਭਵਾਈਆ । ਮਾਂ ਪਿਓ ਦਾ ਨਾਤਾ ਗਿਆ ਤੁੱਟ, ਲੋਕਮਾਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪੰਜ ਤਤ ਕਾਇਆ ਜਗਤ ਸੜਿਆ, ਲੋਕਮਾਤ ਰਹਿਣ ਨਾ ਪਾਈਆ । ਮੜੀ ਮਸਾਣੀ ਜੀਵ ਜੰਤ ਵੜਿਆ, ਭੈ ਭੌ ਇਕ ਜਣਾਈਆ । ਅੰਤ ਨੂੰ ਸੋਹਲਾ ਇਕੋ ਪੜ੍ਹਿਆ, ਕੀਰਤਨ ਰਾਗ ਸੁਣਾਈਆ । ਜਗਤ ਕਹੇ ਜਗ ਪ੍ਰਾਣੀ ਮਰਿਆ, ਮਰ ਜਨਮੇ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਪਹਿਲਾ ਜਨਮ ਗਿਆ ਮੁੱਕ, ਮੁੱਕੀ ਜਗਤ ਲੋਕਾਈਆ । ਸ੍ਰੀ ਭਗਵਾਨ ਸਾਹਿਬ ਤੁੱਠ, ਆਪਣੀ ਦਇਆ ਕਮਾਈਆ । ਕਿਰਪਾ ਨਿਧਾਨ ਗੋਦੀ ਚੁੱਕ, ਸਿਰ ਆਪਣਾ ਹੱਥ ਰਖਾਈਆ । ਉਜਲ ਕਰੇ ਮਾਤ ਮੁਖ, ਮੁਖ ਮੁਖੜਾ ਆਪ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਸਿਹਰਾ ਸੀਸ ਗੁੰਦਾਈਆ । ਭਗਤਨ ਸਿਹਰਾ ਸੋਹਿਆ ਸੀਸ, ਹਰਿ ਸਤਿਗੁਰ ਆਪ ਸੁਹਾਇੰਦਾ । ਕਿਰਪਾ ਕਰ ਪੁਰਖ ਜਗਦੀਸ਼, ਜਗਦੀਸ਼ਰ ਵੇਖ ਵਖਾਇੰਦਾ । ਸਾਚੀ ਧਾਰਾ ਬੀਸ ਬੀਸ, ਬੀਸ ਬੀਸਾ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਇੰਦਾ । ਸਾਚਾ ਮਾਰਗ ਲੱਗੇ ਜਗ, ਹਰਿ ਸਤਿਗੁਰ ਆਪ ਲਗਾਈਆ । ਗੁਰਮੁਖ ਮੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਹੋਏ ਸਹਾਈਆ । ਤ੍ਰੈਗੁਣ ਮਾਇਆ ਨਾ ਲੱਗੇ ਅੱਗ, ਅਗਨੀ

ਤਤ ਨਾ ਕੋਇ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਿਹਰਾ ਮੁਖ ਸੁਹਾਈਆ । ਸਾਚਾ ਸਿਹਰਾ ਲੱਗੇ ਮੁਖੜਾ, ਰੁੱਤ ਸੁਹੰਜਣੀ ਆਪ ਸੁਹਾਇੰਦਾ । ਜਰਮ ਕਰਮ ਦਾ ਗਿਆ ਦੁੱਖੜਾ, ਦੁੱਖ ਦਰਦ ਆਪ ਵੰਡਾਇੰਦਾ । ਪਾਰਬ੍ਰਹਮ ਕਹੇ ਉਠ ਮੇਰੇ ਸੱਚੇ ਪੁੱਤਰਾ, ਪਿਤਾ ਪੂਤ ਰੰਗ ਰੰਗਾਇੰਦਾ । ਲੋਕਮਾਤ ਨਾ ਹੋਣਾ ਨਾਸ਼ੁਕਰਾ, ਸ਼ੁਕਰੀਆ ਇਕੋ ਇਕ ਸਮਝਾਇੰਦਾ । ਲੁਕਿਆ ਰਹਿਣ ਨਾ ਦੇਵੇ ਕਿਸੇ ਨੁੱਕਰਾ, ਚਾਰੇ ਕੁੰਟਾਂ ਫੋਲ ਫੋਲਾਇੰਦਾ । ਜਨਮ ਕਰਮ ਗੁਰਮੁਖ ਕਦੇ ਨਾ ਰੁੱਠੜਾ, ਹਰਿ ਰੁਠਿਆਂ ਆਪ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਇੰਦਾ । ਚੌਥਾ ਸਿਹਰਾ ਸੀਸ ਬੰਧਨ, ਹਰਿ ਬੰਦਗੀ ਇਕ ਸਮਝਾਈਆ । ਤੇਰਾ ਨੂਰ ਨੁਰਾਨਾ ਚੰਦਨ, ਚੰਦ ਚਾਂਦਨੀ ਇਕ ਚਮਕਾਈਆ । ਜਰਮ ਕਰਮ ਦਾ ਕੱਟਿਆ ਫੰਦਨ, ਫਾਂਦਨੀ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਜਨਮ ਸਤਿਗੁਰ ਘਰ ਆਪ ਦਵਾਈਆ । ਸਤਿਗੁਰ ਘਰ ਹੋਇਆ ਜਨਮ, ਦਾਈ ਦਾਇਆ ਨਜ਼ਰ ਕੋਇ ਨਾ ਆਈਆ । ਕਰਮ ਕਾਂਡ ਨਾ ਕੋਈ ਕਰਮ, ਪਰਕਿਰਤੀ ਕਰੇ ਨਾ ਕੋਇ ਕੁੜਮਾਈਆ । ਜ਼ਾਤ ਪਾਤ ਨਾ ਕੋਈ ਵਰਨ, ਬਰਨ ਵੰਡ ਨਾ ਕੋਇ ਵਖਾਈਆ । ਪੁਰਖ ਅਕਾਲ ਇਕੋ ਸਰਨ, ਸਰਨਗਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਚਰਨਾਂ ਵਿਚ ਬਹਾਈਆ । ਚਰਨ ਕਵਲ ਪ੍ਰਭ ਸਾਚੇ ਬਹਿਣਾ, ਹਰਿ ਸਤਿਗੁਰ ਆਪ ਜਣਾਇੰਦਾ । ਨਿਤ ਨਵਿਤ ਦਰਸ਼ਨ ਨੈਣਾਂ, ਨਿਜ ਨੇਤਰ ਆਪ ਖੁਲਾਇੰਦਾ । ਪਿਛਲੀ ਭਗਤੀ ਦਾ ਮੰਨਿਆ ਕਹਿਣਾ, ਸੋ ਪੂਰਬ ਝੋਲੀ ਪਾਇੰਦਾ । ਅੱਗੇ ਬਾਕੀ

੧੪

੧੫

ਰਿਹਾ ਦੇਣਾ, ਦੇਵਣਹਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੱਗ ਵਟੀ ਦਾ ਦਿਤਾ ਦਾਨ, ਪੱਗ ਨਾਲ ਪੱਗ ਫੇਰ ਬੰਧਾਇੰਦਾ ।

ਇਕੀ ਸਿੱਖਾਂ ਚੜ੍ਹੇ ਬਰਾਤ, ਵਿਚ ਬਰਾਤੀ ਸਤਿਗੁਰ ਨਜ਼ਰੀ ਆਈਆ । ਜਨ ਭਗਤਾਂ ਬਣੀ ਇਕ ਜਮਾਤ, ਵਰਨ ਬਰਨ ਨਾ ਕੋਇ ਰਖਾਈਆ । ਉਤਮ ਸ਼੍ਰੇਸ਼ਟ ਬਣਿਆ ਸਾਕ, ਨਾਤਾ ਬਿਧਾਤਾ ਜੋੜ ਜੁੜਾਈਆ । ਪੱਤਣ ਮੇਲਾ ਇਕੋ ਘਾਟ, ਮਾਹੀ ਵੇਖੇ ਚਾਈਂ ਚਾਈਂਆ । ਨਿਰਗੁਣ ਪੁਰਖ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਹਰਿਜਨ ਸਾਚੇ ਰੱਖਣਾ ਯਾਦ, ਯਾਦਦਾਸ਼ਤ ਰਿਹਾ ਬਣਾਈਆ । ਵੇਲੇ ਅੰਤ ਸੁਣੇ ਫ਼ਰਿਆਦ, ਬੇਪਰਵਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤਾਂ ਬੰਨ੍ਹੇ ਮੌਲੀ ਤੰਦ, ਗਾਨਾਂ ਇਕੋ ਇਕ ਵਖਾਇੰਦਾ । ਗੁਰਮੁਖ ਗੁਰਮੁਖ ਬਣੇ ਸੰਗ, ਸਗਲਾ ਸੰਗ ਬਣਾਇੰਦਾ । ਸਤਿਗੁਰ ਦਵਾਰੇ ਚੜ੍ਹੇ ਚੰਦ, ਨੂਰ ਨੁਰਾਨਾ ਚੰਦ ਚਮਕਾਇੰਦਾ । ਪ੍ਰੇਮ ਪ੍ਰੀਤੀ ਗਾਉਣਾ ਛੰਦ, ਸਾਚਾ ਰਾਗ ਸੁਣਾਇੰਦਾ । ਪਿਛਲੇ ਜਨਮ ਦੀ ਤੁੱਟੀ ਗੰਢ, ਅੱਗੇ ਆਪਣੇ ਨਾਲ ਜੁੜਾਇੰਦਾ । ਲੱਖ ਚੁਰਾਸੀ ਗਈ ਹੰਢ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਗ ਰਖਾਇੰਦਾ । ਹਰਿਜਨ ਸਾਚੇ ਤੰਦ ਮੌਲੀ, ਇਕੋ ਗੰਢ ਪਵਾਈਆ । ਕਰੇ ਖੇਲ ਹਰਿਜੂ ਹੌਲੀ ਹੌਲੀ, ਹਲਕਾ ਸਭ ਦਾ ਭਾਰ ਵਖਾਈਆ । ਦੇਵੇ ਵਡਿਆਈ ਉਪਰ ਧੌਲੀ, ਧਰਨੀ ਬੈਠੀ ਨੈਣ

ਸ਼ਰਮਾਈਆ । ਕਲਜੁਗ ਅੰਤ ਵਿਆਹੇ ਬੋਲੀ, ਬੇਪਰਵਾਹ ਹੋਏ ਸਹਾਈਆ । ਗੁਰਮੁਖਾਂ ਚੁੱਕੇ ਆਪ ਡੋਲੀ, ਬਣ ਕਹਾਰ ਕੰਧ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਤੰਦ ਇਕ ਵਖਾਈਆ । ਸਾਚੀ ਤੰਦ ਰੰਗ ਅਮੋਲਾ, ਹਰਿ ਸਤਿਗੁਰ ਆਪ ਰੰਗਾਈਆ । ਨਿਰਵੈਰ ਹੋ ਕੇ ਬਣ ਵਿਚੋਲਾ, ਸੌਹਰੇ ਪਈਏ ਜੋੜ ਜੁੜਾਈਆ । ਸਚ ਦਵਾਰ ਇਕੋ ਖੋਲ੍ਹਾ, ਦਰ ਦਰਵਾਜ਼ਾ ਦਏ ਵਖਾਈਆ । ਜਿਸ ਘਰ ਡੂਮ ਨਾਈ ਕੋਈ ਨਾ ਪਾਏ ਰੌਲਾ, ਸੁਨ ਸਮਾਧ ਸਰਬ ਵਖਾਈਆ । ਤਿਸ ਧਾਮ ਜਨ ਭਗਤਾਂ ਬਦਲੇ ਚੋਲਾ, ਚੋਲੀ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਸੰਗ ਰਖਾਈਆ । ਗੁਰਮੁਖ ਸਾਚੇ ਵਡ ਬਰਾਤੀ, ਸੋ ਸਾਹਿਬ ਨਾਲ ਮਿਲਾਇੰਦਾ । ਸਾਰੇ ਮਿਲ ਕੇ ਗਾਵਣ ਗਾਥੀ, ਸੋਹਲਾ ਇਕੋ ਰਾਗ ਸੁਣਾਇੰਦਾ । ਪਰਮ ਪੁਰਖ ਬਣਿਆ ਨਾਤੀ, ਨਾਤਾ ਆਪਣੇ ਨਾਲ ਜੁੜਾਇੰਦਾ । ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਇੰਦਾ । ਉਪਰ ਚੜ੍ਹਾਏ ਔਖੀ ਘਾਟੀ, ਅੱਧਵਿਚਕਾਰ ਨਾ ਕੋਇ ਅਟਕਾਇੰਦਾ । ਲਹਿਣਾ ਦੇਣਾ ਦੇਵੇ ਬਾਕੀ, ਵਸਤ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਬਰਾਤੀ ਵੇਖ ਵਖਾਇੰਦਾ । ਭਗਤ ਬਰਾਤੀ ਹੋਏ ਤਿਆਰ, ਪ੍ਰਭ ਸਾਚੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦਰ ਤੇਰੇ ਆਸ ਰਖਾਈਆ । ਧੁਰ ਦਾ ਲਾੜਾ ਦਏ ਵਖਾਲ, ਜਿਸ ਮਿਲੇ ਮਾਣ ਵਡਿਆਈਆ । ਭਾਗ ਲੱਗੇ ਇਕੀ ਹਾੜ, ਦੂਆ ਏਕਾ ਗੰਢ ਪਵਾਈਆ । ਜਿਸ ਪਰਨਾਉਣੀ ਸੁਲੱਖਣੀ ਨਾਰ, ਜੋਤ ਅਕਾਲਣ ਸੰਗ ਰਖਾਈਆ । ਵੇਖਣਹਾਰ ਸਿਰਜਣਹਾਰ, ਗ੍ਰਿਹਿ ਗ੍ਰਿਹਿ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਚ ਰਿਹਾ ਸਮਝਾਈਆ । ਆਓ ਭਗਤੋ ਬਣ ਬਰਾਤੀ, ਵਤਨ ਬੇਵਤਨ ਆਪ ਸਮਝਾਇੰਦਾ । ਜਿਸ ਦੀ ਸੁਣਦੇ ਰਹੇ ਸਾਖੀ, ਸੋ ਸਾਖਿਆਤ ਖੇਲ ਕਰਾਇੰਦਾ । ਜਿਸ ਦੀ ਸਿਖਿਆ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਭਾਖੀ, ਧੁਰ ਸੰਦੇਸ ਰਾਗ ਅਲਾਇੰਦਾ । ਸੋ ਸਾਹਿਬ ਬਣਿਆ ਸਾਥੀ, ਸਗਲਾ ਸੰਗ ਨਿਭਾਇੰਦਾ । ਜਿਸ ਦੀ ਚਾਲ ਅਵਲੜੀ ਬਾਂਕੀ, ਨੇਤਰ ਨੈਣ ਵੇਖ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦੂਲ੍ਹਾ ਆਪ ਵਖਾਇੰਦਾ । ਗੁਰਮੁਖ ਆਓ ਵੇਖੋ ਦੂਲ੍ਹਾ, ਸੋ ਸਾਹਿਬ ਆਪ ਵਖਾਈਆ । ਜਿਸ ਮਸਤਕ ਹਾਰ ਫੂਲਾ, ਚੰਦ ਚਾਂਦਨੀ ਨੂਰ ਚਮਕਾਈਆ । ਦੀਨ ਦਿਆਲ ਪਿਛਲਾ ਲਹਿਣਾ ਕਦੇ ਨਾ ਭੂਲਾ, ਅਭੁੱਲ ਵੇਖ ਵਖਾਈਆ । ਧਰਮਖੰਡ ਦਾ ਬਣੇ ਅਸੂਲਾ, ਸਾਚਾ ਮਾਰਗ ਇਕ ਲਗਾਈਆ । ਦੇਵੇ ਹੁਕਮ ਸਚ ਮਾਅਕੂਲਾ, ਇਕੋ ਵਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵੇਖ ਕੇ ਲਾੜਾ ਹੋਏ ਹੈਰਾਨ, ਅੰਤਰ ਅੰਤਰ ਧਿਆਨ ਲਗਾਈਆ । ਜਿਸ ਦੇ ਮਸਤਕ ਵਿਚ ਨਿਸ਼ਾਨ, ਨੂਰ ਨੂਰ ਰਿਹਾ ਦਰਸਾਈਆ । ਉਸ ਦੇ ਅੰਦਰ ਵਸਿਆ ਭਗਵਾਨ, ਭਗਵਨ ਆਪਣਾ ਡੇਰਾ ਲਾਈਆ । ਜਿਸ ਦਾ ਮੰਦਰ ਸੁਹਾਇਆ ਮਕਾਨ, ਬੰਕ ਦੁਆਰੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਵੇਲਾ ਦਏ ਸੁਹਾਈਆ । ਵੇਖ ਦੂਲ੍ਹਾ ਹੋਏ ਖ਼ੁਸ਼, ਖ਼ੁਸ਼ੀਆਂ ਵਿਚ ਸਰਬ ਸਮਾਈਆ । ਰਸਨ ਬੋਲਣੋ ਹੋਈ ਚੁੱਪ, ਉਚੀ ਕੂਕ ਨਾ ਕੋਇ ਅਲਾਈਆ । ਧੰਨ ਭਾਗ ਕਲਜੁਗ ਅੰਤ ਜਨ ਭਗਤਾਂ ਵਲ ਕੀਤਾ ਆਪਣਾ ਰੁਖ਼, ਬੇਪਰਵਾਹ ਆਪਣਾ ਫੇਰਾ ਪਾਈਆ । ਕੂੜੀ ਕਿਰਿਆ

ਵਿਚੋ ਲਏ ਚੁੱਕ, ਚੁੱਕ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਭਗਤ ਬਰਾਤੀ ਲਾਏ ਲੜ, ਗੁਰਮੁਖ ਲਾੜਾ ਵੇਖੇ ਖੜ, ਦੋਹਾਂ ਵਿਚੋਲਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕੰਕਾਰ ਇਕ ਅਖਵਾਈਆ ।

## ੨੨ ਹਾੜ ੨੦੨੦ ਬਿਕ੍ਰਮੀ ਬਿਸ਼ਨ ਸਿੰਘ ਦੇ ਗ੍ਰਿਹ ਗੁੜਗਾਉਂ

ਵਿਸ਼ਨੂੰ ਕਹੇ ਹਰਿ ਖੇਲ ਅਨੋਖਾ, ਇਕ ਇਕੱਲਾ ਆਪ ਕਰਾਇੰਦਾ । ਜੁਗ ਚੌਕੜੀ ਕਰਦਾ ਰਿਹਾ ਧੋਖਾ, ਨਿਰਗੁਣ ਸਰਗੁਣ ਨਾਚ ਨਚਾਇੰਦਾ । ਕਲਜੁਗ ਅੰਤ ਇਕ ਰਖਾਏ ਆਪਣੀ ਓਟਾ, ਦਰ ਇਕੋ ਇਕ ਸਮਝਾਇੰਦਾ । ਜਨ ਭਗਤਾਂ ਮਾਰਗ ਦੱਸੇ ਸੌਖਾ, ਫੜ ਬਾਂਹੋ ਰਾਹੇ ਪਾਇੰਦਾ । ਆਪਣੇ ਮਿਲਣ ਦਾ ਜਣਾਏ ਸੱਚਾ ਮੌਕਾ, ਮੁਕੰਮਲ ਆਪਣਾ ਭੇਵ ਖੁਲਾਇੰਦਾ । ਹਰਿਜਨ ਕੋਈ ਨਾ ਜਾਏ ਔਤਾ, ਸਾਚਾ ਨਾਤਾ ਆਪਣੇ ਨਾਲ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਬ੍ਰਹਮਾ ਕਹੇ ਪ੍ਰਭ ਖੇਲ ਅਵੱਲਾ, ਸੋ ਸਾਹਿਬ ਆਪ ਕਰਾਈਆ । ਪਾਰਬ੍ਰਹਮ ਪ੍ਰਭ ਇਕ ਇਕੱਲਾ, ਅਕਲ ਕਲਾ ਵਡਿਆਈਆ । ਵਸਣਹਾਰਾ ਜਲਾ ਥਲਾ, ਦੋ ਜਹਾਨ ਸਮਾਈਆ । ਨਿਰਗੁਣ ਹੋ ਫੜਾਵੇ ਪੱਲਾ, ਸਰਗੁਣ ਦੇਵਣਹਾਰ ਵਡਿਆਈਆ । ਕਲਜੁਗ ਅੰਤਮ ਹੋ ਕੇ ਝੱਲਾ, ਬੇਪਰਵਾਹ ਆਪਣੀ ਝਲਕ ਵਖਾਈਆ । ਭਗਤ ਦਵਾਰ
੧੬ ਇਕੋ ਮੱਲਾ, ਸਚ ਸਿੰਘਾਸਣ ਡੇਰਾ ਲਾਈਆ । ਧੁਰ ਸੰਦੇਸ਼ ਸਾਚਾ ਘੱਲਾ, ਧੁਰ ਦੀ ਧਾਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ੧੬
ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਸ਼ੰਕਰ ਕਹੇ ਪ੍ਰਭ ਖੇਲ ਅਗੰਮ, ਸਮਝ ਵਿਚ ਨਾ ਆਈਆ । ਕਲਜੁਗ ਅੰਤ ਪਰਗਟ ਹੋ ਸ੍ਰੀ ਭਗਵਨ, ਭਗਵਨ ਆਪਣੀ ਕਾਰ ਕਮਾਈਆ । ਸੰਤ ਸੁਹੇਲੇ ਵੇਖੇ ਜਨ, ਗੁਰਮੁਖ ਆਪਣੇ ਨਾਲ ਮਿਲਾਈਆ । ਨਿਰਗੁਣ ਨੂਰ ਚੜ੍ਹਾਵੇ ਚੰਨ, ਚੰਦ ਚਾਂਦਨੀ ਇਕ ਚਮਕਾਈਆ । ਸਾਚਾ ਬੇੜਾ ਦੇਵੇ ਬੰਨ੍ਹ, ਬੰਨ੍ਹਣਹਾਰ ਗੋਸਾਈਆ । ਏਕਾ ਰਾਗ ਸੁਣਾਏ ਕੰਨ, ਹਰਿ ਕਰਨੀ ਕਰਤਾ ਦਏ ਜਣਾਈਆ । ਕਰ ਪਰਕਾਸ਼ ਅੰਧੇਰ ਅੰਧ, ਸਾਚਾ ਨੂਰ ਕਰੇ ਰੁਸ਼ਨਾਈਆ । ਪੂਰਬ ਜਨਮ ਮੇਟੇ ਪੰਧ, ਅੱਗੇ ਇਕੋ ਰਾਹ ਵਖਾਈਆ । ਆਤਮ ਸੋਹਲਾ ਸਾਚਾ ਛੰਦ, ਸੋਹੰ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਵਿਸ਼ਨੂੰ ਕਹੇ ਮੈਨੂੰ ਆਵੇ ਹਾਸਾ, ਖੁਸ਼ੀਆਂ ਨਾਲ ਜਣਾਇੰਦਾ । ਬ੍ਰਹਮਾ ਕਹੇ ਮੈਂ ਵੇਖਾਂ ਤਮਾਸ਼ਾ, ਪ੍ਰਭ ਕੀ ਕੀ ਖੇਲ ਵਰਤਾਇੰਦਾ । ਸ਼ੰਕਰ ਕਹੇ ਮੇਰਾ ਮੁੱਕਿਆ ਉਦਾਸਾ, ਉਦਾਸੀ ਵਿਚ ਕੋਇ ਨਾ ਆਇੰਦਾ । ਸ੍ਰੀ ਭਗਵਾਨ ਜਨ ਭਗਤਾਂ ਪੂਰਾ ਕਰੇ ਘਾਟਾ, ਸਿਰ ਆਪਣਾ ਹੱਥ ਟਿਕਾਇੰਦਾ । ਸਤਿ ਪੁਰਖ ਨਿਰੰਜਣ ਹੋ ਕੇ ਕਟੇ ਵਾਟਾਂ, ਬਣ ਪਾਂਧੀ ਫੇਰਾ ਪਾਇੰਦਾ । ਦਰ ਦਰ ਘਰ ਘਰ ਪੁੱਛੇ ਵਾਤਾਂ, ਬੇਪਰਵਾਹ ਵੇਸ ਧਰਾਇੰਦਾ । ਝੱਲ ਨਾ ਸਕੇ ਵਛੋੜੇ ਰਾਤਾਂ, ਰੁੱਤ ਰੁੱਤੜੀ ਆਪ ਮਹਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਇੰਦਾ । ਸ਼ੰਕਰ ਕਹੇ ਮੈਂ ਹੈਰਾਨ ਹੋਇਆ, ਅਚਰਜ ਹਰਿ ਜੀ ਖੇਲ ਰਚਾਈਆ । ਬ੍ਰਹਮਾ ਕਹੇ ਮੈਂ ਉਠਿਆ ਸੋਇਆ, ਨੈਣ ਅੱਖ ਖੁਲਾਈਆ । ਸ਼ੰਕਰ ਕਹੇ ਮੈਂ ਸਚ ਦੁਆਰਾ ਟੋਹਿਆ, ਦਰ ਘਰ ਸਾਚਾ ਵੇਖ ਵਖਾਈਆ । ਪਰਮ ਪੁਰਖ ਪ੍ਰਭ ਨਵਾਂ ਨਰੋਇਆ, ਏਕਾ ਰੰਗ ਸਮਾਈਆ । ਕਲਜੁਗ ਅੰਤਮ ਜਨ

ਭਗਤਾਂ ਦੁਰਮਤ ਮੈਲ ਧੋਇਆ, ਅੰਮ੍ਰਿਤ ਨੀਰ ਸੀਰ ਵਖਾਈਆ । ਕੂੜ ਕੁੜਿਆਰਾ ਘਰ ਘਰ ਖੋਹਿਆ, ਮਮਤਾ ਆਪਣੀ ਝੋਲੀ ਪਾਈਆ । ਸਤਿ ਧਰਮ ਦਾ ਬੀਜ ਬੋਇਆ, ਸੋਹੰ ਬੂਟਾ ਲਾਈਆ । ਧੁਰਦਰਗਾਹੀ ਲੈ ਕੇ ਆਇਆ ਢੋਇਆ, ਦੇਵਣਹਾਰ ਆਪ ਹੋ ਜਾਈਆ । ਨਾ ਜਨਮੇ ਨਾ ਕਦੇ ਮੋਇਆ, ਜਨਮ ਮਰਨ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰੰਗ ਰੰਗਾਈਆ । ਵਿਸ਼ਨੂੰ ਕਹੇ ਮੈਂ ਵੇਖਾਂ ਹੋ ਦਲੇਰ, ਬਲ ਆਪਣਾ ਆਪ ਪਰਗਟਾਈਆ । ਬ੍ਰਹਮਾ ਕਹੇ ਮੈਂ ਚੁਕਾਇਆ ਮੇਰ ਤੇਰ, ਮੇਰਾ ਤੇਰਾ ਨਾ ਕੋਇ ਰਖਾਈਆ । ਸ਼ੰਕਰ ਕਹੇ ਮੈਂ ਲਿਆਵਾਂ ਘੇਰ ਘੇਰ, ਚਾਰੋ ਕੁੰਟ ਫੇਰਾ ਪਾਈਆ । ਅੰਤ ਸ੍ਰੀ ਭਗਵੰਤ ਜਨ ਭਗਤਾਂ ਲਹਿਣਾ ਦੇਵੇ ਨਬੇੜ, ਮੇਰੀ ਚਲੇ ਨਾ ਕੋਇ ਚਤੁਰਾਈਆ । ਲੱਖ ਚੁਰਾਸੀ ਕਰਾਂ ਢੇਰ, ਚਾਰ ਖਾਣੀ ਖ਼ਾਕ ਮਿਲਾਈਆ । ਜੁਗ ਚੌਕੜੀ ਲਿਆਵਾਂ ਫੇਰ ਫੇਰ, ਫੇਰਾ ਇਕੋ ਵਾਰ ਰਖਾਈਆ । ਕਲਜੁਗ ਪ੍ਰਗਟ ਹੋ ਕੇ ਨਰ ਹਰਿ ਸ਼ੇਰ, ਸ਼ਹਿਨਸ਼ਾਹ ਆਪਣੀ ਭਬਕ ਲਗਾਈਆ । ਮਿਹਰਵਾਨ ਹੋ ਕੇ ਕਰੇ ਮਿਹਰ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਸ਼ੰਕਰ ਕਹੇ ਮੈਂ ਹੋਇਆ ਬਲਹੀਣ, ਬਲ ਨਜ਼ਰ ਕੋਇ ਨਾ ਆਈਆ । ਬ੍ਰਹਮਾ ਕਹੇ ਮੈਂ ਬਣ ਮਸਕੀਨ, ਆਪਣਾ ਸੀਸ ਨਿਵਾਈਆ । ਸ਼ੰਕਰ ਕਹੇ ਮੇਰਾ ਵਿਛੋੜਾ ਜਿਉਂ ਜਲ ਮੀਨ, ਝੱਲ ਨਾ ਸਕਾਂ ਰਾਈਆ । ਪੁਰਖ ਅਕਾਲ ਕਹੇ ਪਰਬੀਨ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸੁਣ ਵਿਸ਼ਨੂੰ ਖੋਲ੍ਹ ਅੱਖ, ਸੋ ਸਾਹਿਬ ਆਪ ਜਣਾਈਆ । ਬ੍ਰਹਮਾ ਉਠ ਕੇ ਚਾਰੇ ਮੁਖ ਹੱਸ, ਚਾਰੋਂ ਕੁੰਟ ਵੱਜੇ ਵਧਾਈਆ । ਸ਼ੰਕਰ ਹੱਥ ਤਰਸੂਲ ਲੈ ਨੱਠ, ਪੰਧ ਮੁੱਕੇ ਵਾਹੋ ਦਾਹੀਆ । ਅਬਿਨਾਸ਼ੀ ਕਰਤਾ ਹੋ ਪਰਗਟ, ਪਰਗਟ ਆਪਣੀ ਕਾਰ ਕਮਾਈਆ । ਭਗਤ ਦਵਾਰਾ ਖੋਲ੍ਹ ਹੱਟ, ਵਣਜ ਇਕੋ ਇਕ ਜਣਾਈਆ । ਨਿਰਮਲ ਨੂਰ ਜੋਤ ਕਰ ਪਰਕਾਸ਼, ਅੰਧ ਅੰਧੇਰ ਮਿਟਾਈਆ । ਸ਼ਬਦ ਅਨਾਦ ਪਵਣ ਸਵਾਸ, ਧੁਨ ਅਨਾਦੀ ਰਾਗ ਅਲਾਈਆ । ਸਾਚੇ ਮੰਡਲ ਅਗੰਮੀ ਰਾਸ, ਗ੍ਰਿਹ ਗੋਪੀ ਕਾਹਨ ਨਚਾਈਆ । ਪਰਮ ਪੁਰਖ ਪ੍ਰਭ ਵਸੇ ਪਾਸ, ਸਗਲਾ ਸੰਗ ਹੋ ਆਈਆ । ਜਰਮ ਕਰਮ ਦੀ ਮਿਟੇ ਖ਼ਾਹਸ਼, ਆਸਾ ਤ੍ਰਿਸਨਾ ਦਏ ਗਵਾਈਆ । ਆਤਮ ਸੇਜਾ ਭੋਗ ਬਲਾਸ, ਪਰਮ ਪੁਰਖ ਪੁਰਖੋਤਮ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਸਦ ਜਣਾ, ਵਿਸ਼ਨ ਬ੍ਰਹਮਾ ਸ਼ਿਵ ਰਿਹਾ ਸਮਝਾਈਆ । ਕਰੇ ਖੇਲ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਜਿਸ ਤੁਹਾਡੀ ਬਣਤ ਦਿਤੀ ਬਣਾ, ਘੜਨ ਭੰਨਣਹਾਰ ਸੋ ਅਖਵਾਈਆ । ਸੋ ਕਲਜੁਗ ਅੰਤਮ ਫੇਰਾ ਪਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜਾਤਾ ਡਗਮਗਾ, ਅੰਧ ਅੰਧੇਰ ਦਏ ਮਿਟਾਈਆ । ਸਾਚਾ ਮੰਦਰ ਇਕ ਸੁਹਾ, ਸੰਬਲ ਇਕੋ ਨੂਰ ਧਰਾਈਆ । ਹਰਿਜਨ ਸਾਚੇ ਮੇਲ ਮਿਲਾ, ਮਿਲਣੀ ਜਗਦੀਸ ਕਰਾਈਆ । ਸਾਚੇ ਰਾਹੇ ਦੇਵੇ ਪਾ, ਹਰਿ ਰਹਿਬਰ ਇਕੋ ਨੂਰ ਖ਼ੁਦਾਈਆ । ਪਰਮ ਪੁਰਖ ਪ੍ਰਭ ਬਣ ਮਲਾਹ, ਬੇੜਾ ਲੋਕਮਾਤ ਚਲਾਈਆ । ਸਾਚੀ ਨਈਆ ਲਏ ਚੜ੍ਹਾ, ਨੌਕਾ ਇਕੋ ਇਕ ਵਖਾਈਆ । ਤਟ ਕਿਨਾਰਾ ਪਾਰ ਕਰਾ, ਤੀਰਥ ਸਰੋਵਰ ਇਕ ਸੁਹਾਈਆ । ਮਿਹਰਵਾਨ ਮਹਿਬੂਬ ਬਣ ਖ਼ੁਦਾ, ਮੁਰੀਦ ਮੁਰਸ਼ਦ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਸ਼ੰਕਰ ਸੁਣ, ਦੱਸੇ ਭਗਵੰਤ, ਏਕੋ ਏਕ ਜਣਾਈਆ ।

ਬ੍ਰਹਮ ਪਾਰਬ੍ਰਹਮ ਪ੍ਰਭ ਖੇਲ ਮਹੰਤ, ਮਹਿਮਾਂ ਅਗਣਤ ਗਣੀ ਨਾ ਜਾਈਆ । ਵਿਸ਼ਨੂੰ ਖੇਲ ਵੇਖ ਅਨੰਤ, ਅਨੰਤ ਕਲਧਾਰੀ ਰਿਹਾ ਵਖਾਈਆ । ਹਰਿਜਨ ਮੇਲਾ ਸਾਚੀ ਸੰਗਤ, ਹਰਿ ਸੰਗਤ ਸੰਗ ਸਮਾਈਆ । ਬੋਧ ਅਗਾਧਾ ਇਕੋ ਪੰਡਤ, ਪਰਮ ਪੁਰਖ ਕਰੇ ਪੜ੍ਹਾਈਆ । ਦੇਵੇ ਮਾਣ ਲੱਖ ਚੁਰਾਸੀ ਵਿਚੋਂ ਜੰਤ, ਜੀਵਣ ਜਗਤ ਜੁਗਤ ਜਣਾਈਆ । ਆਤਮ ਪਰਮਾਤਮ ਨਾਮ ਨਿਧਾਨਾ ਮੰਤ, ਮੰਤਰ ਇਕੋ ਇਕ ਪੜ੍ਹਾਈਆ । ਮਿਟੇ ਵਿਛੋੜਾ ਵਿਛੁੰਨੀ ਨਾਰ ਕੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਚਾਈਂ ਚਾਈਂਆ । ਵਿਸ਼ਨੂੰ ਹਰਿ ਹਰਿ ਚਾਓ ਘਨੇਰਾ, ਗਹਿਰ ਗੰਭੀਰ ਜਣਾਇੰਦਾ । ਬ੍ਰਹਮੇ ਨਾਤਾ ਤੇਰਾ ਮੇਰਾ, ਮਿਹਰਵਾਨ ਜੁੜਾਇੰਦਾ । ਸ਼ੰਕਰ ਤੇਰਾ ਵੇਖੇ ਖੇੜਾ, ਖੰਡਾ ਖੜਗ ਹੱਥ ਉਠਾਇੰਦਾ । ਕਲਜੁਗ ਅੰਤਮ ਪਾਇਆ ਫੇਰਾ, ਨਿਹਕਲੰਕ ਵੇਸ ਵਟਾਇੰਦਾ । ਭੇਵ ਖੁਲ੍ਹਾਏ ਗੁਰੂ ਗੁਰ ਚੇਰਾ, ਚੇਲਾ ਗੁਰ ਵੰਡ ਵੰਡਾਇੰਦਾ । ਦੂਰ ਦੁਰਾਡਾ ਆਏ ਨੇਰਾ, ਨੇਰਨ ਨੇਰਾ ਦਰਸ ਦਿਖਾਇੰਦਾ । ਜਨ ਭਗਤਾਂ ਉਤੇ ਕਰੇ ਮਿਹਰਾ, ਮਿਹਰ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਸੰਗ ਨਿਭਾਇੰਦਾ । ਵਿਸ਼ਨੂੰ ਹਰਿਜਨ ਹਰਿ ਕਾ ਸੰਗ, ਸਗਲਾ ਆਪ ਨਿਭਾਈਆ । ਬ੍ਰਹਮੇ ਆਤਮ ਪਰਮਾਤਮ ਡੋਰ ਪਤੰਗ, ਗੁਡੀਆ ਇਕੋ ਇਕ ਵਖਾਈਆ । ਸ਼ੰਕਰ ਖੇੜਾ ਹੋਏ ਨਾ ਭੰਗ, ਸੋ ਸਤਿਗੁਰ ਆਪ ਵਸਾਈਆ । ਪਰਮ ਪੁਰਖ ਦਾ ਇਕੋ ਚੰਦ, ਗੁਰਮੁਖ ਨਜ਼ਰੀ ਆਈਆ । ਰਸਨਾ ਢੋਲਾ ਗਾਏ ਸੋਹੰ ਛੰਦ, ਸੰਸਾ ਰੋਗ ਮਿਟਾਈਆ । ਲੱਖ ਚੁਰਾਸੀ ਮਿਟੇ ਚਿੰਦ, ਚਿੰਤਾ ਕੋਇ ਰਹਿਣ ਨਾ ਪਾਈਆ । ਹਰਿ ਸੰਤ ਭਗਵੰਤ ਆਪ ਬਣਾਏ ਆਪਣੀ ਬਿੰਦ, ਸੁੱਤ ਅਨਾਦੀ ਰੂਪ ਵਟਾਈਆ । ਦਾਤਾ ਦਾਨੀ ਗਹਿਰ ਗੰਭੀਰ ਗੁਣੀ ਗਹਿੰਦ, ਗਵਰ ਇਕੋ ਇਕ ਅਖਵਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਬੇਪਰਵਾਹ ਅਥਾਹ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਆਪਣੀ ਗੋਦ ਬਹਾਈਆ । ਗੁਰਸਿਖ ਗੋਦੀ ਸਾਚੀ ਬਹਿਣਾ, ਘਰ ਸਾਚੇ ਵੱਜੇ ਵਧਾਈਆ । ਪਰਮ ਪੁਰਖ ਦਾ ਦਰਸ਼ਨ ਨੈਣਾਂ, ਸਚ ਨੇਤਰ ਇਕ ਖੁਲ੍ਹਾਈਆ । ਨਾਤਾ ਜੋੜੇ ਸੱਚੇ ਸਾਕ ਸੱਜਣ ਸੈਣਾ, ਸਗਲਾ ਸੰਗ ਨਿਭਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਮੰਨਿਆ ਕਹਿਣਾ, ਸੋ ਗੁਰਮੁਖ ਗੁਰ ਗੁਰ ਰੰਗ ਸਮਾਈਆ । ਕਰਮ ਕਰਮ ਦਾ ਚੁੱਕੇ ਦੇਣਾ ਲਹਿਣਾ, ਫੜ ਫੜ ਝੋਲੀ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿ ਹਰਿ ਹਰਿ ਹਰਿ ਰੂਪ ਸਮਾਈਆ ।

### ੨੩ ਹਾੜ ੨੦੨੦ ਬਿਕ੍ਰਮੀ ਪਹਾੜ ਗੰਜ ਦਿਲੀ ਸ਼ਬਦ ਸਿੰਘਾਸਣ

ਸਿੰਘ ਆਸਣ ਕਹੇ ਪ੍ਰਭ ਪਾਇਆ ਏਕ, ਏਕੰਕਾਰ ਵੱਜੇ ਵਧਾਈਆ । ਪੁਰਖ ਅਬਿਨਾਸ਼ਨ ਸਾਚੀ ਟੇਕ, ਸ੍ਰੀ ਭਗਵਾਨ ਸਦਾ ਸਹਾਈਆ । ਸਚਖੰਡ ਨਿਵਾਸੀ ਰਿਹਾ ਵੇਖ, ਨਿਰਵੈਰ ਰੂਪ ਧਰਾਈਆ । ਦੋ ਜਹਾਨਾਂ ਜਾਣੇ ਲੇਖ, ਸ਼ਾਹੋ ਭੂਪ ਸੱਚਾ ਸ਼ਹਿਨਸ਼ਾਹੀਆ । ਸਤਿ ਧਰਮ ਸਦ ਕਰੇ ਹੇਤ, ਨਿਤ ਨਵਿਤ ਵੇਸ ਵਟਾਈਆ । ਜੁਗ ਚੌਕੜੀ ਜਾਣੇ ਰੇਖ, ਭੇਵ ਅਭੇਦਾ ਆਪ ਖੁਲ੍ਹਾਈਆ । ਦੂਰ ਦੁਰਾਡਾ ਨੇਤਨ ਨੇਤ, ਨੇਰਨ ਨੇਰਾ

ਡੇਰਾ ਲਾਈਆ । ਨਿਰਗੁਣ ਹੋ ਕੇ ਖੇਲੇ ਖੇਡ, ਖੇਡਣਹਾਰਾ ਨਜ਼ਰ ਕਿਸੇ ਨਾ ਆਈਆ । ਗੁਰਮੁਖ ਵਿਰਲੇ ਦੱਸੇ ਭੇਤ, ਭਗਤ ਭਗਵਾਨ ਆਪ ਸਮਝਾਈਆ । ਆਤਮ ਪਰਮਾਤਮ ਇਕੋ ਹੇਤ, ਦੂਜੀ ਪ੍ਰੀਤ ਨਾ ਕੋਇ ਲਗਾਈਆ । ਮਾਇਆ ਮਮਤਾ ਕੋਈ ਨਾ ਲਾਏ ਸੇਕ, ਅਗਨੀ ਤਤ ਨਾ ਲਾਗੇ ਰਾਈਆ । ਜੁਗ ਚੌਕੜੀ ਰੁੱਤ ਬਸੰਤੀ ਰੱਖੇ ਚੇਤ, ਫਲ ਫੁੱਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸਿੰਘਾਸਣ ਕਹੇ ਮੇਰਾ ਸੋਹਿਆ ਬੰਕ, ਗ੍ਰਹਿ ਮੰਦਰ ਵੱਜੇ ਵਧਾਈਆ । ਪ੍ਰਭ ਪਾਇਆ ਇਕ ਬੇਅੰਤ, ਬੇਪਰਵਾਹ ਸੱਚਾ ਬੇਪਰਵਾਹੀਆ । ਨਾਮ ਜਣਾਏ ਆਪਣਾ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਸਚ ਸਮਝਾਏ ਅਗੰਮੀ ਅੰਕ, ਲੇਖਾ ਲਿਖਤ ਵਿਚ ਨਾ ਆਈਆ । ਭੇਵ ਖੁਲ੍ਹਾਏ ਵਿਰਲੇ ਸੰਤ, ਗੁਰਮੁਖ ਗੁਰ ਗੁਰ ਬੂਝ ਬੁਝਾਈਆ । ਮੇਲ ਮਿਲਾਵਾ ਨਰ ਹਰਿ ਕੰਤ, ਦਰ ਸਾਚੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਿੰਘਾਸਣ ਕਹੇ ਮੇਰਾ ਸਾਹਿਬ ਸੁਲਤਾਨ, ਸੋ ਪੁਰਖ ਨਿਰੰਜਣ ਨਾਉਂ ਧਰਾਇੰਦਾ । ਹਰਿ ਪੁਰਖ ਨਿਰੰਜਣ ਬਣ ਮਿਹਰਵਾਨ, ਮਿਹਰ ਨਜ਼ਰ ਉਠਾਇੰਦਾ । ਏਕੰਕਾਰ ਵੱਡ ਬਲਵਾਨ, ਬਲਧਾਰੀ ਰੂਪ ਪਰਗਟਾਇੰਦਾ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਬੇਪਹਿਚਾਨ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਸ੍ਰੀ ਭਗਵਾਨ ਰਾਜ ਰਾਜਾਨ, ਦੋ ਜਹਾਨਾਂ ਹੁਕਮ ਮਨਾਇੰਦਾ । ਪਾਰਬ੍ਰਹਮ ਪ੍ਰਭ ਖੇਲ ਮਹਾਨ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਨਿਰਗੁਣ ਸਰਗੁਣ ਕਰ ਪਰਧਾਨ, ਜਗਤ ਪਰਧਾਨਗੀ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਇਕ ਸੁਹਾਇੰਦਾ । ਸਿੰਘਾਸਣ ਕਹੇ ਮੋਹੇ ਚਾਓ ਘਨੇਰਾ, ਘਰ ਸਾਚੇ ਵੱਜੇ ਵਧਾਈਆ । ਪਾਰਬ੍ਰਹਮ ਪ੍ਰਭ ਪਾਇਆ ਨੇਰਨ ਨੇਰਾ, ਦੂਰ ਦੁਰਾਡਾ ਨਜ਼ਰ ਕੋਇ ਨਾ ਆਈਆ । ਨਿਰਗੁਣ ਹੋ ਕੇ ਲਾਇਆ ਡੇਰਾ, ਸਰਗੁਣ ਸਚ ਸਚ ਸਮਝਾਈਆ । ਮਿਹਰਵਾਨ ਹੋ ਵਸਾਇਆ ਖੇੜਾ, ਬੰਕ ਦਵਾਰਾ ਸੋਭਾ ਪਾਈਆ । ਕੂੜੀ ਕਿਰਿਆ ਚੁੱਕਿਆ ਝੇੜਾ, ਮਾਇਆ ਮਮਤਾ ਨਾ ਕੋਇ ਲੜਾਈਆ । ਹੱਕ ਹਕੀਕਤ ਕਰੇ ਨਬੇੜਾ, ਲਾਸ਼ਰੀਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਿੰਘਾਸਣ ਕਹੇ ਪ੍ਰਭ ਮਿਲਿਆ ਸ਼ਾਹ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਸਤਿ ਸਤਿਵਾਦੀ ਸਚ ਚਲਾਏ ਰਾਹ, ਰਹਿਬਰ ਬਣਿਆ ਬੇਪਰਵਾਹੀਆ । ਵਰਨ ਬਰਨ ਏਕਾ ਰੰਗ ਦਏ ਰੰਗਾ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਧੁਰ ਸੰਦੇਸ਼ਾ ਏਕਾ ਹੁਕਮ ਦਏ ਸੁਣਾ, ਦੀਨ ਮਜ਼੍ਹਬ ਹੱਦ ਨਾ ਕੋਇ ਰਖਾਈਆ । ਲੱਖ ਚੁਰਾਸੀ ਜੀਵ ਜੰਤ ਪੜਦਾ ਦਏ ਉਠਾ, ਮਾਇਆ ਮਮਤਾ ਮੋਹ ਮਿਟਾਈਆ । ਹਉਮੈਂ ਹੰਗਤਾ ਗੜ੍ਹ ਦਏ ਤੁੜਾ, ਨਿਵਣ-ਸੋ-ਅੱਖਰ ਇਕ ਪੜ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਵੇਖੇ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਜ਼ਿਮੀਂ ਅਸਮਾਨਾਂ ਫੇਰਾ ਪਾ, ਗਗਨ ਗਗਨੰਤਰ ਡੇਰਾ ਢਾਹੀਆ । ਸਚ ਸੰਦੇਸਾ ਦੇਵੇ ਆ, ਨਰ ਨਰੇਸ਼ਾ ਇਕ ਅਖਵਾਈਆ । ਆਤਮ ਪਰਮਾਤਮ ਸਾਰੇ ਢੋਲਾ ਲਓ ਗਾ, ਸੋਹੰ ਨਾਦ ਸ਼ਬਦ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਿੰਘਾਸਣ ਕਹੇ ਪ੍ਰਭ ਗਾਓ ਵਾਰ, ਵਾਰਤਾ ਇਕੋ ਇਕ ਸਮਝਾਈਆ । ਜਿਸ ਦਾ ਲੇਖਾ ਰਹੇ ਜੁਗ ਚਾਰ, ਚੌਕੜੀ ਆਪਣਾ ਬੰਧਨ ਪਾਈਆ । ਜਿਸ ਦਾ ਖੇਲ ਵਿਸ਼ਨ ਬ੍ਰਹਮਾ ਸ਼ਿਵ ਧਾਰ, ਤ੍ਰੈਗੁਣ ਮਾਇਆ ਗੰਢ ਵਖਾਈਆ । ਜਿਸ ਦਾ ਲੇਖਾ ਗੁਰ ਅਵਤਾਰ,

ਪੀਰ ਪੈਗੰਬਰ ਕਰੇ ਪੜ੍ਹਾਈਆ । ਜਿਸ ਦਾ ਨਾਮ ਬੋਧ ਅਗਾਧ ਜੈਕਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਰਿਹਾ ਦ੍ਰਿੜਾਈਆ । ਜਿਸ ਦਾ ਮਹੱਲ ਅਟੱਲ ਮੰਦਰ ਅਪਾਰ, ਨਿਰਮਲ ਨੂਰ ਦੀਆ ਬਾਤੀ ਡਗਮਗਾਈਆ । ਜਿਸ ਦਾ ਅੰਮ੍ਰਿਤ ਠੰਡਾ ਠਾਰ, ਸਰ ਸਰੋਵਰ ਘਰ ਘਰ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਹੋਏ ਸਹਾਈਆ । ਸਿੰਘਾਸਣ ਕਹੇ ਪ੍ਰਭ ਪਾਇਆ ਅਗੰਮ, ਘਰ ਸਾਚੀ ਵੱਜੀ ਵਧਾਈਆ । ਨਾਮ ਅਮੋਲਕ ਦਿਤਾ ਧਨ, ਸਚ ਖ਼ਜ਼ੀਨਾ ਇਕ ਵਰਤਾਈਆ । ਦੋ ਜਹਾਨਾਂ ਬੇੜਾ ਬੰਨ੍ਹ, ਮਿਹਰ ਨਜ਼ਰ ਉਠਾਈਆ । ਏਕਾ ਰਾਗ ਸੁਣਾਏ ਕੰਨ, ਸਾਚੀ ਸਿਖਿਆ ਇਕ ਸਮਝਾਈਆ । ਭਗਤ ਉਪਜਾਏ ਭਗਵਨ ਜਨ, ਜਨ ਜਨਨੀ ਰੂਪ ਵਟਾਈਆ । ਲੇਖੇ ਲਾਏ ਕਾਇਆ ਮਾਟੀ ਤਨ, ਤਤਵ ਤਤ ਵੇਖ ਵਖਾਈਆ । ਕਰੇ ਪਰਕਾਸ਼ ਅੰਧੇਰ ਅੰਨ੍ਹ, ਆਤਮ ਜੋਤ ਕਰੇ ਰੁਸ਼ਨਾਈਆ । ਪੰਚ ਵਿਕਾਰਾ ਦੇਵੇ ਡੰਨ੍ਹ, ਭਾਂਡਾ ਭਰਮ ਭੌ ਭੰਨਾਈਆ । ਸੰਤ ਸੁਹੇਲੇ ਚਾੜ੍ਹੇ ਚੰਨ, ਚੰਦ ਚਾਂਦਨੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਿੰਘਾਸਣ ਕਹੇ ਮੇਰੇ ਜਾਗੇ ਭਾਗ, ਵਡਭਾਗੀ ਹਰਿ ਪਾਇਆ । ਜਨਮ ਕਰਮ ਦਾ ਮਿਟਿਆ ਦਾਗ਼, ਦੁਰਮਤ ਮੈਲ ਰਹੇ ਨਾ ਰਾਇਆ । ਪੁਰਖ ਅਬਿਨਾਸ਼ੀ ਮਿਲਿਆ ਕੰਤ ਸੁਹਾਗ, ਘਰ ਸਾਚੇ ਵੱਜੇ ਵਧਾਇਆ । ਕੂੜੀ ਕਿਰਿਆ ਮਿਟੇ ਆਗ, ਅੰਮ੍ਰਿਤ ਮੇਘ ਇਕ ਬਰਸਾਇਆ । ਪ੍ਰੇਮ ਪ੍ਰੀਤੀ ਬੰਨ੍ਹੇ ਤਾਗ, ਸਾਚਾ ਸਗਨ ਮਨਾਇਆ । ਧੁਰਦਰਗਾਹੀ ਬਖ਼ਸ਼ੇ ਰਾਜ, ਲੋਕਮਾਤ ਕੂੜੀ ਕਿਰਿਆ ਡੇਰਾ ਢਾਹਿਆ । ਜਨ ਭਗਤਾਂ ਕਰੇ ਸਾਚਾ ਲਾਡ, ਸਿਰ ਆਪਣਾ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਸਿੰਘਾਸਣ ਕਹੇ ਮੇਰੀ ਲੱਥੀ ਉਡੀਕ, ਆਸ ਅਵਰ ਰਹੀ ਨਾ ਰਾਈਆ । ਗੁਰ ਅਵਤਾਰ ਜੋ ਦੱਸ ਕੇ ਗਏ ਤਰੀਕ, ਤਾਰੀਖ ਅੰਤਮ ਰਿਹਾ ਵਖਾਈਆ । ਬੀਸ ਬੀਸਾ ਪਰਖਣਹਾਰਾ ਨੀਤ, ਹਰਿ ਜਗਦੀਸਾ ਫੇਰਾ ਪਾਈਆ । ਜਨ ਭਗਤਾਂ ਕਾਇਆ ਕਰੇ ਠਾਂਡੀ ਸੀਤ, ਸੀਤਲ ਧਾਰਾ ਇਕ ਵਹਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਮਵਾਦੀ ਸਤਿ ਧਰਮ ਚਲਾਏ ਸਾਚੀ ਰੀਤ, ਸਾਚਾ ਮਾਰਗ ਇਕ ਰਖਾਈਆ । ਆਤਮ ਪਰਮਾਤਮ ਗਾਉਣਾ ਗੀਤ, ਸੋਹੰ ਢੋਲਾ ਕਰੇ ਪੜ੍ਹਾਈਆ । ਕਾਇਆ ਮੰਦਰ ਸਚ ਮਸੀਤ, ਕਾਅਬਾ ਘਰ ਘਰ ਦਏ ਵਖਾਈਆ । ਅੱਠੇ ਪਹਿਰ ਵਸੇ ਚੀਤ, ਚਿਤਵਿਤ ਠਗੌਰੀ ਕੋਇ ਨਾ ਪਾਈਆ । ਗੁਰਮੁਖ ਗੁਰਸਿਖ ਦੂਜੇ ਦਰ ਨਾ ਮੰਗੇ ਭੀਖ, ਭਿਛਿਆ ਦੇਵੇ ਬੇਪਰਵਾਹੀਆ । ਸੱਜਣ ਬੈਠਾ ਰਹੇ ਅਤੀਤ, ਤ੍ਰੈਗੁਣ ਡੇਰਾ ਸਤਿਗੁਰ ਪੂਰਾ ਢਾਹੀਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਆਪਣੇ ਲੇਖੇ ਲਾਈਆ ਜਿਸ ਜਨ ਬਖ਼ਸ਼ੇ ਸਚ ਪ੍ਰੀਤ, ਪ੍ਰੀਤੀਵਾਨ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਆਪ ਸੁਹਾਈਆ । ਸਚ ਸਿੰਘਾਸਣ ਹਰਿਜੂ ਚੜ੍ਹਿਆ, ਚਰਨ ਕਵਲ ਟਿਕਾਈਆ । ਧੁਰ ਦਾ ਢੋਲਾ ਇਕੋ ਪੜ੍ਹਿਆ, ਤੇਰਾ ਮੇਰਾ ਰਾਗ ਅਲਾਈਆ । ਨਾ ਜਨਮੇ ਨਾ ਕਦੇ ਮਰਿਆ, ਆਵਣ ਜਾਵਣ ਖੇਲ ਵਖਾਈਆ । ਸਚ ਦਵਾਰੇ ਆਪੇ ਖੜਿਆ, ਮਹੱਲ ਅਟੱਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਆਪ ਸੁਹਾਈਆ । ਸਚ ਸਿੰਘਾਸਣ ਖੇਲ ਸਮਰਥ, ਸੋ ਪੁਰਖ ਆਪ ਜਣਾਈਆ । ਸਗਲ ਵਸੂਰੇ ਗਏ ਲੱਥ, ਦੁੱਖ ਦਰਦ ਨੇੜ ਨਾ ਆਈਆ । ਵਸਤ ਅਮੋਲਕ ਫੜਾਏ ਹੱਥ, ਮਿਹਰਵਾਨ ਦਇਆ

ਕਮਾਈਆ । ਸਤਿਜੁਗ ਮਾਰਗ ਸਾਚਾ ਦੱਸ, ਚਾਰ ਵਰਨ ਸਮਝਾਈਆ । ਅੰਮ੍ਰਿਤ ਆਤਮ ਪੀਓ ਰਸ, ਘਰ ਨਿਝਰ ਝਿਰਨਾ ਰਿਹਾ ਵਹਾਈਆ । ਨਿਰਮਲ ਜੋਤ ਕਰੇ ਪਰਕਾਸ਼, ਘਟ ਘਟ ਦੀਪਕ ਰਿਹਾ ਟਿਕਾਈਆ । ਆਤਮ ਪਰਮਾਤਮ ਕਰੋ ਪਾਠ, ਅਜੱਪਾ ਜਾਪ ਇਕ ਸਮਝਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਚਮਕਾਈਆ । ਪਾਰਬ੍ਰਹਮ ਬ੍ਰਹਮ ਗਾਏ ਗਾਥ, ਢੋਲਾ ਇਕੋ ਇਕ ਸਮਝਾਈਆ । ਗ੍ਰਿਹ ਮੰਦਰ ਮਿਲੇ ਅਨਾਥਾਂ ਨਾਥ, ਨਾਥ ਅਨਾਥਾਂ ਵੇਸ ਵਟਾਈਆ । ਨਿਰਗੁਣ ਹੋ ਕੇ ਦੇਵੇ ਸਾਥ, ਸਰਗੁਣ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਸੋਭਾ ਪਾਈਆ । ਸਚ ਸਿੰਘਾਸਣ ਬਖ਼ਸ਼ੇ ਓਟ, ਪ੍ਰਭ ਚਰਨ ਧਿਆਨ ਇਕ ਰਖਾਈਆ । ਸਚ ਸੁਹਾਏ ਤੇਰਾ ਕੋਟ, ਬੰਕ ਮਿਲੇ ਵਡਿਆਈਆ । ਨਾਮ ਨਗਾਰੇ ਵੱਜੇ ਚੋਟ, ਡੰਕਾ ਇਕੋ ਇਕ ਸੁਣਾਈਆ । ਭਗਤ ਭਗਵਾਨ ਮਿਲਾਏ ਜੋਤ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਸੋਭਾ ਪਾਈਆ । ਸਚ ਸਿੰਘਾਸਣ ਤੇਰਾ ਲੱਥਿਆ ਆਲਸ, ਨਿੰਦਰਾ ਅਵਰ ਰਹਿਣ ਨਾ ਪਾਈਆ । ਤੇਰਾ ਰੂਪ ਨਿਰਵੈਰ ਖ਼ਾਲਸ, ਹਰਿ ਖ਼ਾਲਸ ਆਪ ਬਣਾਈਆ । ਬੇਪਰਵਾਹ ਬਣ ਕੇ ਸਾਲਸ, ਸਾਚੀ ਸਾਲਸੀ ਜਗਤ ਕਮਾਈਆ । ਨੂਰ ਨੁਰਾਨਾ ਬਣ ਕੇ ਆਇਆ ਖ਼ਾਲਕ, ਖ਼ਲਕ ਵੇਖੇ ਥਾਉਂ ਥਾਈਂਆ । ਭਗਤ ਭਗਵਾਨ ਹੋਏ ਪ੍ਰਿਤਪਾਲਕ, ਬਣ ਪ੍ਰਿਤਪਾਲਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਚ ਸਿੰਘਾਸਣ ਸੁਣ ਲੈ ਮੀਤ, ਸੋ ਸਾਹਿਬ ਆਪ ਜਣਾਈਆ । ਸਚ ਧਰਮ ਦੀ ਤੇਰੀ ਰੀਤ, ਰਹਿਬਰ ਨੂਰ ਖ਼ੁਦਾਈਆ । ਗੁਰਮੁਖ ਗੁਰ ਗੁਰ ਲਾਏ ਪ੍ਰੀਤ, ਪ੍ਰੀਤੀਵਾਨ ਜਣਾਈਆ । ਅੰਤਰ ਅੰਤਰ ਅਗੰਮੀ ਗੀਤ, ਸੋਹੰ ਰਾਗ ਅਲਾਈਆ । ਕਰੇ ਖੇਲ ਸਾਹਿਬ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਘਰ ਘਰ ਸੁੱਤਾ ਦੇ ਕੇ ਪੀਠ, ਕਰਵਟ ਬਦਲੇ ਨਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਪੁਰਖ ਅਬਿਨਾਸ਼ਨ, ਲੇਖਾ ਜਾਣ ਪ੍ਰਿਥਮੀ ਆਕਾਸ਼ਣ, ਨਿਰਗੁਣ ਸਰਗੁਣ ਹੋਵੇ ਸਾਥਨ, ਸਗਲਾ ਸੰਗ ਆਪ ਨਿਭਾਈਆ ।

## ✪ ੨੩ ਹਾੜ ੨੦੨੦ ਬਿਕ੍ਰਮੀ ਗੁਰਮੇਜ ਸਿੰਘ ਦੇ ਗ੍ਰਿਹ ਵਿਨੇ ਨਗਰ ਦਿਲੀ ✪

ਗੁਰਮੁਖ ਦਰ ਸੋਹਣਾ ਇਕ ਲਗਦਾ ਏ । ਗ੍ਰਿਹ ਸਤਿਗੁਰ ਬਹਿ ਕੇ ਸਜਦਾ ਏ । ਪ੍ਰੇਮ ਪਿਆਰ ਦਾ ਦੀਪਕ ਜਗਦਾ ਏ । ਸਚ ਵਿਹਾਰ ਦਾ ਮਾਰਗ ਦੱਸਦਾ ਏ । ਅੰਮ੍ਰਿਤ ਅਮਿਉਂ ਰਸ ਇਕੋ ਚਖਦਾ ਏ । ਸਚ ਪ੍ਰੀਤੀ ਅੰਦਰ ਹੱਸਦਾ ਏ । ਧੁਰ ਦੀ ਰੀਤੀ ਵੇਖ ਤੁਠਦਾ ਏ । ਪਿਛਲੀ ਬੀਤੀ ਆਪਣੀ ਦੱਸਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪੇ ਰੱਖਦਾ ਏ । ਗੁਰਮੁਖ ਦਵਾਰ ਸਚ ਮਹੱਲਾ, ਸੋ ਸਾਹਿਬ ਆਪ ਵਸਾਇੰਦਾ । ਪੁਰਖ ਅਬਿਨਾਸ਼ੀ ਇਕ ਇਕੱਲਾ, ਏਕੰਕਾਰਾ ਡੇਰਾ ਲਾਇੰਦਾ । ਸ਼ਬਦੀ ਧਾਰ ਫੜਾਏ ਪੱਲਾ, ਸਤਿ ਸਤਿਵਾਦੀ ਗੰਢ ਪਵਾਇੰਦਾ । ਜੋਤ ਪਰਕਾਸ਼ ਦੀਪਕ ਬਲਾ, ਅਗਿਆਨ ਅੰਧੇਰ ਮਿਟਾਇੰਦਾ । ਪ੍ਰੇਮ ਪ੍ਰੀਤੀ ਅੰਦਰ ਰਲਾ, ਰੂਪ ਰੰਗ ਰੇਖ ਨਾ

ਕੋਇ ਵਖਾਇੰਦਾ । ਜਨਮ ਕਰਮ ਦਾ ਮੇਟੇ ਸੱਲਾ, ਦੂਈ ਦਵੈਤ ਪੰਧ ਮੁਕਾਇੰਦਾ । ਸਚ ਸੰਦੇਸ਼ ਇਕੋ ਘੱਲਾ, ਧੁਰ ਦੀ ਬਾਣੀ ਬਾਣ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਗੁਰਮੁਖ ਦਵਾਰਾ ਸੋਹਣਾ ਰੰਗ, ਘਰ ਵੱਜੇ ਨਾਮ ਵਧਾਈਆ । ਮੇਲ ਮਿਲਾਵਾ ਭਗਤ ਭਗਵੰਤ, ਸੰਤ ਸਤਿਗੁਰ ਰੰਗ ਚੜ੍ਹਾਈਆ । ਸੇਜ ਸੁਹੰਜਣੀ ਸੋਭਾਵੰਤ, ਨਾਰ ਕੰਤ ਖ਼ੁਸ਼ੀ ਮਨਾਈਆ । ਨਾਮ ਨਿਧਾਨਾ ਮਣੀਆ ਮੰਤ, ਢੋਲਾ ਇਕੋ ਰਾਗ ਸੁਣਾਈਆ । ਸਚ ਵਡਿਆਈ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਕੂੜੀ ਕਿਰਿਆ ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਸਾਹਿਬ ਸਤਿਗੁਰ ਆਦਿ ਜੁਗਾਦੀ ਪੰਡਤ, ਸਾਚੀ ਸਿਖਿਆ ਕਰੇ ਪੜ੍ਹਾਈਆ । ਮਾਣਸ ਜਨਮ ਬਣਾਏ ਬਣਤ, ਘੜਨ ਭੰਨਣਹਾਰ ਆਪ ਅਖਵਾਈਆ । ਦਰ ਦਰਵੇਸ਼ ਨਾ ਜਾਏ ਮੰਗਤ, ਰਸਨਾ ਜਿਹਵਾ ਨਾ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦੇਵੇ ਥਾਉਂ ਥਾਈਂਆ । ਗੁਰਮੁਖ ਦਵਾਰ ਸੋਹਣਾ ਚੰਗਾ, ਚੰਦ ਚਾਂਦਨੀ ਨੂਰ ਚਮਕਾਈਆ । ਅੰਦਰ ਬਾਹਰ ਬਹੁ ਬਿਧ ਰੰਗਾ, ਬਿਹਤਰ ਆਪਣੀ ਧਾਰ ਵਖਾਈਆ । ਸਤਿ ਧਰਮ ਦਾ ਇਕ ਅਨੰਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਉਚ ਮਹੱਲ ਸਾਚਾ ਡੰਡਾ, ਘਰ ਸਾਚੇ ਦਏ ਵਖਾਈਆ । ਮਾਣਸ ਜਨਮ ਦਾ ਪਾਰ ਕੰਢਾ, ਕੰਢੀ ਪੱਤਣ ਵੇਖ ਵਖਾਈਆ । ਦੋ ਜਹਾਨ ਦਾ ਸਾਚਾ ਛੰਦਾ, ਗੀਤ ਗੋਬਿੰਦ ਸੁਣਾਈਆ । ਬਿਨ ਬੰਦਗੀਉਂ ਬਣਾਏ ਆਪਣਾ ਬੰਦਾ, ਬੰਦਨਾ ਇਕੋ ਇਕ ਸਮਝਾਈਆ । ਜਗਤ ਵਾਸਨਾ ਕੂੜਾ ਗੰਦਾ, ਨਿਰਮਲ ਨਿਰਵੈਰ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਣਹਾਰਾ ਸਦਾ ਸੰਗਾ, ਹਰਿਜਨ ਲੇਖਾ ਲੇਖੇ ਲਾਈਆ । ਗੁਰਮੁਖ ਦਵਾਰ ਉਚ ਮੁਨਾਰ, ਊਚੋ ਊਚ ਊਚ ਜਣਾਇੰਦਾ । ਜਿਸ ਗ੍ਰਿਹ ਵਸੇ ਆਪ ਕਰਤਾਰ, ਹਰਿ ਕਰਤਾ ਖੇਲ ਖਿਲਾਇੰਦਾ । ਅੰਦਰ ਬਾਹਰ ਖੋਲ੍ਹ ਕਿਵਾੜ, ਬੰਕ ਦਵਾਰਾ ਇਕ ਸੁਹਾਇੰਦਾ । ਮਾਰਗ ਪੰਥ ਜਣਾਏ ਸਿਰਜਣਹਾਰ, ਘਾਟੀ ਇਕੋ ਇਕ ਚੜ੍ਹਾਇੰਦਾ । ਲੇਖਾ ਜਾਣ ਧੁਰ ਦਰਬਾਰ, ਧੁਰ ਦੀ ਧਾਰ ਆਪ ਕਮਾਇੰਦਾ । ਜੁਗ ਚੌਕੜੀ ਹੋ ਉਜਿਆਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਨਾਮ ਸੰਦੇਸਾ ਦੇਂਦਾ ਗਿਆ ਵਾਰੋ ਵਾਰ, ਨਿਤ ਨਵਿਤ ਸਰਬ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕਰ ਗਏ ਪੁਕਾਰ, ਪੁਨਹਿ ਪੁਨਹਿ ਸੀਸ ਸਰਬ ਝੁਕਾਇੰਦਾ । ਦੋਏ ਦੋਏ ਜੋੜ ਮੰਗਦੇ ਗਏ ਚਰਨ ਧੂੜੀ ਛਾਰ, ਮਸਤਕ ਟਿੱਕਾ ਖ਼ਾਕੀ ਖ਼ਾਕ ਵਖਾਇੰਦਾ । ਕਵਣ ਵੇਲਾ ਪ੍ਰਭ ਨਿਰਗੁਣ ਲਏ ਅਵਤਾਰ, ਨਿਹਕਲੰਕਾ ਨਾਉਂ ਰਖਾਇੰਦਾ । ਸੰਤ ਸੁਹੇਲੇ ਲਏ ਉਭਾਰ, ਗੁਰਮੁਖ ਗੁਰ ਗੁਰ ਗੋਦ ਬਹਾਇੰਦਾ । ਗੁਰਸਿਖ ਸੱਜਣ ਕਰ ਪਿਆਰ, ਸਾਚੀ ਰੀਤੀ ਮਾਤ ਵਖਾਇੰਦਾ । ਡੁੱਬਦੇ ਪਾਹਨ ਲਾ ਪਾਰ, ਪਾਥਰ ਆਪਣੇ ਅੰਗ ਲਗਾਇੰਦਾ । ਸਾਚਾ ਕਾਹਨ ਨਿਰਗੁਣ ਧਾਰ, ਬੰਸਰੀ ਇਕੋ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੁਆਰਾ ਆਪ ਸੁਹਾਇੰਦਾ । ਗੁਰਮੁਖ ਦੁਆਰਾ ਰੰਗ ਗੂੜ੍ਹਾ, ਉਤਰ ਕਦੇ ਨਾ ਜਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹਾ, ਮੂਰਖ ਮੂੜ੍ਹੇ ਆਪਣੇ ਧੰਦੇ ਲਾਈਆ । ਕਰ ਪਰਕਾਸ਼ ਦੇਵੇ ਜੋਤੀ ਨੂਰਾ, ਨੂਰ ਜ਼ਹੂਰ ਇਕ ਦਰਸਾਈਆ । ਕਰਮ ਕਾਂਡ ਦਾ ਹੂੰਝੇ ਕੂੜਾ, ਦੁਰਮਤ ਮੈਲ ਸਰਬ ਧੁਆਈਆ । ਕਿਰਪਾ ਕਰੇ ਸਤਿਗੁਰ ਪੂਰਾ, ਮਿਹਰ ਨਜ਼ਰ ਉਠਾਈਆ । ਪੈਂਡਾ ਮੇਟੇ ਦੂਰ ਦੁਰਾਡਾ ਦੂਰਨ ਦੂਰਾ, ਨੇਰਨ ਨੇਰਾ ਨਜ਼ਰੀ ਆਈਆ । ਮਹੱਲ ਵਸਾਏ ਸਾਚਾ ਖੇੜਾ, ਘਰ ਸਾਚੇ ਖ਼ੁਸ਼ੀ ਮਨਾਈਆ । ਸਾਹਿਬ ਸਤਿਗੁਰ ਲਾਏ ਡੇਰਾ, ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਗੁਰਮੁਖ ਦੁਆਰਾ ਸਚ ਦਰਵਾਜ਼ਾ, ਦੋ ਜਹਾਨਾ ਵਾਲੀ ਆਪ ਖੁਲ੍ਹਾਇੰਦਾ । ਸ਼ਾਹੋ ਭੂਪ ਬਣ ਰਾਜਨ ਰਾਜਾ, ਸ਼ਹਿਨਸ਼ਾਹ ਆਪਣੀ ਖੇਲ ਵਖਾਇੰਦਾ । ਨਿਰਗੁਣ ਸਰਗੁਣ ਰਚ ਰਚ ਕਾਜਾ, ਕਰਨੀ ਕਰਤਾ ਆਪ ਕਮਾਇੰਦਾ । ਸ਼ਬਦ ਗੁਰੂ ਗੁਰ ਮਾਰੇ ਵਾਜਾਂ, ਨਾਦ ਧੁਨ ਰਾਗ ਆਪਣਾ ਆਪ ਜਣਾਇੰਦਾ । ਪ੍ਰੇਮ ਪ੍ਰੀਤੀ ਅੰਦਰ ਫਿਰੇ ਭਾਜਾ, ਬਣ ਪਾਂਧੀ ਪੰਧ ਮੁਕਾਇੰਦਾ । ਹਰਿਜਨ ਤੇਰਾ ਰਚ ਰਚ ਕਾਜਾ, ਹਰਿ ਕਰਤਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਵਖਾਇੰਦਾ । ਗੁਰਮੁਖ ਘਰ ਵੱਡਾ ਵਡ, ਸਿਫ਼ਤੀ ਸਿਫ਼ਤ ਸਾਲਾਹੀਆ । ਲੱਖ ਚੁਰਾਸੀ ਨਾਲੋਂ ਕੀਤਾ ਅੱਡ, ਵੱਖਰੀ ਧਾਰ ਵਖਾਈਆ । ਧਰਮ ਦਵਾਰ ਦੀ ਧਰਮੀ ਹੱਦ, ਨਿਹਕਰਮੀ ਆਪ ਬੰਧਾਈਆ । ਸਾਹਿਬ ਸਤਿਗੁਰ ਬਹੇ ਸਜ, ਸਚ ਸਿੰਘਾਸਣ ਇਕ ਲਗਾਈਆ । ਮਾਰਗ ਦੇਵੇ ਆਪਣਾ ਦੱਸ, ਨਾਮ ਨਿਧਾਨ ਕਰ ਪੜ੍ਹਾਈਆ । ਹਿਰਦੇ ਅੰਦਰ ਆਪੇ ਵਸ, ਹਰਿ ਹਰਿ ਧਾਰ ਦਏ ਸਮਝਾਈਆ । ਪੂਰਬ ਕਰੇ ਪੂਰੀ ਆਸ, ਜਨਮ ਕਰਮ ਤ੍ਰਿਸਨਾ ਮੇਟ ਮਿਟਾਈਆ । ਲੇਖਾ ਜਾਣ ਪਵਣ ਸਵਾਸ, ਸਵਾਸ ਸਵਾਸਾਂ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਘਰ ਦੇਵੇ ਵਡਿਆਈਆ । ਗੁਰਮੁਖ ਘਰ ਵਸੇ ਗੁਰਮੁਖ, ਮੁਖ ਉਜਲ ਆਪ ਕਰਾਈਆ । ਪ੍ਰਭੂ ਮਿਲਣ ਦੀ ਰੱਖੇ ਭੁੱਖ, ਦੂਜੀ ਓਟ ਨਾ ਕੋਇ ਤਕਾਈਆ । ਆਵਣ ਜਾਵਣ ਮਿਟੇ ਦੁੱਖ, ਨਾਤਾ ਕੋਇ ਰਹਿਣ ਨਾ ਪਾਈਆ । ਆਪੇ ਪ੍ਰਭ ਗੋਦੀ ਲਏ ਚੁੱਕ, ਨਿਰਗੁਣ ਸਰਗੁਣ ਲਏ ਉਠਾਈਆ । ਅੰਦਰ ਵੜ ਕੇ ਲਏ ਪੁੱਛ, ਭੇਵ ਅਭੇਦਾ ਆਪ ਸਮਝਾਈਆ । ਪਿਛਲਾ ਪੈਂਡਾ ਜਾਏ ਮੁੱਕ, ਅੱਗੇ ਲੇਖਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਗੁਰਮੁਖ ਦਵਾਰੇ ਗੁਰਮੁਖ ਸੋਇਆ, ਸੁਖ ਸਾਗਰ ਵਿਚ ਸਮਾਈਆ । ਹਰਿ ਕਿਰਪਾ ਹਰਿ ਜਿਹਾ ਹੋਇਆ, ਹਰਿ ਹਰਿ ਰੰਗ ਰੰਗਾਈਆ । ਦੀਪਕ ਪਰਕਾਸ਼ ਇਕ ਬਲੋਇਆ, ਅਗਿਆਨ ਅੰਧੇਰ ਚੁਕਾਈਆ । ਧੁਰਦਰਗਾਹੀ ਦੇਵੇ ਢੋਇਆ, ਵਸਤ ਅਮੋਲਕ ਝੋਲੀ ਪਾਈਆ । ਸਾਚਾ ਬੀਜ ਇਕੋ ਬੋਇਆ, ਫਲ ਫੁੱਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲਹਿਣਾ ਝੋਲੀ ਪਾਈਆ । ਗੁਰਮੁਖ ਘਰ ਗੁਰਮੁਖ ਵੜਿਆ, ਗੁਰ ਗੁਰ ਵੇਖ ਵਖਾਈਆ । ਗੁਰ ਕਾ ਸ਼ਬਦ ਗੁਰਮੁਖ ਪੜ੍ਹਿਆ, ਗੁਰ ਸਤਿਗੁਰ ਰਿਹਾ ਸੁਣਾਈਆ । ਆਪਣਾ ਵਿਚੋਲਾ ਆਪੇ ਬਣਿਆ, ਮੇਲ ਮਿਲਾਵਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਗੁਰ ਗੁਰ ਦੇਵੇ ਮਾਣ, ਅਭਿਮਾਨ ਰਹਿਣ ਕੋਇ ਨਾ ਪਾਈਆ ।



## ✪ ੨੪ ਹਾੜ ੨੦੨੦ ਬਿਕ੍ਰਮੀ ਰੇਸ਼ਮ ਸਿੰਘ ਦੇ ਗ੍ਰਿਹਿ ਮੇਰਠ ਛਾਉਣੀ ✪

ਸਾਚਾ ਤਖ਼ਤ ਵੇਖ ਸ਼ਾਹ ਸੁਲਤਾਨ, ਦੋ ਜਹਾਨ ਵੱਜੇ ਵਧਾਈਆ । ਨਿਰਗੁਣ ਨਿਰਵੈਰ ਖੇਲ ਮਹਾਨ, ਸੋ ਪੁਰਖ ਨਿਰਜੰਣ ਬੇਪਰਵਾਹ ਆਪ ਕਰਾਈਆ । ਹਰਿ ਪੁਰਖ ਨਿਰੰਜਣ ਨੌਜਵਾਨ, ਏਕੰਕਾਰਾ ਬਲ ਆਪ ਪਰਗਟਾਈਆ । ਆਦਿ ਨਿਰੰਜਣ ਨੂਰ ਮਹਾਨ, ਅਬਿਨਾਸ਼ੀ ਕਰਤਾ ਸਾਚੀ

ਕਾਰ ਕਮਾਈਆ । ਸ੍ਰੀ ਭਗਵਾਨ ਜੋਧਾ ਸੂਰਬੀਰ ਬਲੀ ਬਲਵਾਨ, ਨੂਰ ਨੁਰਾਨਾ ਨੂਰ ਵਖਾਈਆ । ਪਾਰਬ੍ਰਹਮ ਪ੍ਰਭ ਬਣ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਤਖ਼ਤ ਨਿਵਾਸੀ ਨੌਜਵਾਨ, ਅਨੁਭਵ ਆਪਣੀ ਖੇਲ ਰਚਾਈਆ । ਸਚ ਦਵਾਰਾ ਕਰ ਪਰਵਾਨ, ਸਚਖੰਡ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਾਚਾ ਖੇਲ ਸ਼ਾਹ ਸੁਲਤਾਨ, ਹਰਿ ਸਤਿਗੁਰ ਆਪ ਕਰਾਇੰਦਾ । ਪਰਮ ਪੁਰਖ ਪ੍ਰਭ ਬਣ ਪਰਧਾਨ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਆਦਿ ਜੁਗਾਦੀ ਖੇਲ ਮਹਾਨ, ਜੁਗ ਚੌਕੜੀ ਧਾਰ ਬੰਧਾਇੰਦਾ । ਨਿਰਗੁਣ ਸਰਗੁਣ ਪਾਵੇ ਆਣ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਰਕਾਸ਼ ਆਪਣਾ ਨੂਰ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਇੰਦਾ । ਸਾਚਾ ਤਖ਼ਤ ਵੇਖ ਭਗਵਾਨ, ਘਰ ਸਾਚੇ ਵੱਜੀ ਵਧਾਈਆ । ਗੁਰ ਅਵਤਾਰ ਹੋਏ ਹੈਰਾਨ, ਨੇਤਰ ਨੈਣ ਸਰਬ ਖੁਲ੍ਹਾਈਆ । ਪੀਰ ਪੈਗ਼ੰਬਰ ਕਰਨ ਧਿਆਨ, ਚਾਰੋਂ ਕੁੰਟ ਵੇਖ ਵਖਾਈਆ । ਭਗਤ ਭਗਵਾਨ ਗਾਇਣ ਗਾਣ, ਗੀਤ ਗੋਬਿੰਦ ਇਕ ਅਲਾਈਆ । ਸੰਤ ਸਾਚੇ ਮੰਗਣ ਦਾਨ, ਖ਼ਾਲੀ ਝੋਲੀ ਰਹੇ ਵਖਾਈਆ । ਗੁਰਮੁਖ ਮਸਤਕ ਧੂੜੀ ਟਿੱਕਾ ਲਾਣ, ਖ਼ਾਕੀ ਖ਼ਾਕ ਖ਼ਾਕ ਰਮਾਈਆ । ਗੁਰਸਿਖ ਨੱਢੇ ਬਾਲ ਅਵਾਣ, ਨੇਤਰ ਨੈਣਾਂ ਨੀਰ ਨੀਰ ਵਹਾਈਆ । ਕਰ ਕਿਰਪਾ ਸ੍ਰੀ ਭਗਵਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰਾ ਗੋਦੇ ਰਹੇ ਗਾਨ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਸਾਚਾ ਤਖ਼ਤ ਵੇਖ ਭਗਵੰਤ, ਚਾਰ ਕੁੰਟ ਵੱਜੀ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਗਾਵਣ ਏਕਾ ਮੰਤ, ਮੰਤਰ ਹਰਿ ਹਰਿ ਨਾਮ ਦ੍ਰਿੜਾਈਆ । ਆਤਮ ਪਰਮਾਤਮ ਕਹੇ ਪ੍ਰਭ ਮੇਲਾ ਨਾਰ ਕੰਤ, ਘਟ ਘਟ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਸਾਚਾ ਤਖ਼ਤ ਸੂਰਬੀਰ, ਸੋ ਸਾਹਿਬ ਆਪ ਸੁਹਾਇੰਦਾ । ਦਾਤਾ ਦਾਨੀ ਗੁਣੀ ਗਹੀਰ, ਗਹਿਰ ਗਵਰ ਆਪਣੀ ਕਾਰ ਕਮਾਇੰਦਾ । ਪੰਜ ਤਤ ਨਾ ਕੋਇ ਸਰੀਰ, ਤ੍ਰੈਗੁਣ ਬੰਧਨ ਨਾ ਕੋਇ ਰਖਾਇੰਦਾ । ਬਸਤਰ ਭੂਸ਼ਨ ਨਾ ਕੋਇ ਲੀਰ, ਚੋਲਾ ਤਤ ਨਾ ਕੋਇ ਹੰਡਾਇੰਦਾ । ਕਰੇ ਖੇਲ ਬੇਨਜ਼ੀਰ, ਜਗ ਨੇਤਰ ਨਜ਼ਰ ਕੋਇ ਨਾ ਆਇੰਦਾ । ਭੂਪਤ ਭੂਪ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਇਕ ਵਡਿਆਇੰਦਾ । ਸਾਚਾ ਤਖ਼ਤ ਪਾਰਬ੍ਰਹਮ, ਪ੍ਰਭ ਆਪਣਾ ਆਪ ਜਣਾਈਆ । ਨਿਹਕਰਮੀ ਹੋ ਕੇ ਕਰੇ ਕੰਮ, ਕਰਨੀ ਕਰਤਾ ਆਪ ਜਣਾਈਆ । ਆਦਿ ਜੁਗਾਦੀ ਇਕੋ ਸਰਨ, ਇਸ਼ਟ ਦੇਵ ਇਕ ਸਮਝਾਈਆ । ਆਤਮ ਪਰਮਾਤਮ ਸਾਚਾ ਵਰਨ, ਜ਼ਾਤ ਪਾਤ ਨਾ ਵੰਡ ਵੰਡਾਈਆ । ਨਿਜ ਨੇਤਰ ਮੇਲਾ ਹਰਨ ਫਰਨ, ਨੂਰੋ ਨੂਰ ਨੂਰ ਰੁਸ਼ਨਾਈਆ । ਪੜਦਾ ਖੋਲ੍ਹੇ ਭੰਨਣ ਘੜਨ, ਘੜਨ ਭੰਨਣਹਾਰ ਆਪ ਹੋ ਜਾਈਆ । ਸਾਚੇ ਤਖ਼ਤ ਆਵੇ ਚੜ੍ਹਨ, ਤਖ਼ਤ ਨਿਵਾਸੀ ਫੇਰਾ ਪਾਈਆ । ਨਾਮ ਅਗੰਮਾ ਆਏ ਪੜ੍ਹਨ, ਸਾਚਾ ਢੋਲਾ ਰਾਗ ਸੁਣਾਈਆ । ਸੰਤ ਸੁਹੇਲੇ ਆਏ ਵਰਨ, ਜੁਗ ਚੌਕੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਸੁਹਾਈਆ । ਸਚ ਸਿੰਘਾਸਣ ਸੁਹਾਏ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਸ਼ਾਹੋ ਭੂਪ ਬਣ ਰਾਜ ਰਾਜਾਨ, ਦੋ ਜਹਾਨਾਂ ਵੇਖ ਵਖਾਇੰਦਾ । ਲੋਆਂ

ਪੁਰੀਆਂ ਬ੍ਰਹਿਮੰਡਾਂ ਖੰਡਾਂ ਦੇਵਣਹਾਰ ਗਿਆਨ, ਧੁਰ ਸੰਦੇਸ਼ਾ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਤ੍ਰੈਗੁਣ ਮਾਇਆ ਦੇਵੇ ਦਾਨ, ਦਾਤਾ ਦਾਨੀ ਦਇਆ ਕਮਾਇੰਦਾ । ਪੰਜ ਤਤ ਖੇਲ ਮਹਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਨਾਤਾ ਜੋੜ ਵਿਚ ਜਹਾਨ, ਜਾਗਰਤ ਜੋਤ ਨੂਰ ਧਰਾਇੰਦਾ । ਚਾਰੇ ਖਾਣੀ ਦੇ ਨਿਸ਼ਾਨ, ਅੰਡਜ ਜੇਰਜ ਉਤਭੁਜ ਸੇਤਜ ਰੰਗ ਰੰਗਾਇੰਦਾ । ਚਾਰੇ ਬਾਣੀ ਬੋਲ ਬਿਨ ਜ਼ਬਾਨ, ਸਾਚਾ ਸੋਹਲਾ ਰਾਗ ਸੁਣਾਇੰਦਾ । ਚਾਰੇ ਕੁੰਟ ਮਾਰ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਚ ਸਿੰਘਾਸਣ ਹਰਿ ਜੂ ਚੜ੍ਹ, ਸ਼ਾਹ ਪਾਤਸ਼ਾਹ ਸੋਭਾ ਪਾਈਆ । ਦੋ ਜਹਾਨ ਵਖਾਏ ਡਰ, ਭੈ ਭੌ ਇਕੋ ਘਰ ਸਮਝਾਈਆ । ਕਰੇ ਖੇਲ ਨਰਾਇਣ ਨਰ, ਨਰ ਹਰਿ ਕਰਤਾ ਬੇਪਰਵਾਹੀਆ । ਲੇਖਾ ਜਾਣੇ ਚੋਟੀ ਜੜ, ਮਧ ਆਪਣੀ ਕਾਰ ਕਮਾਈਆ । ਨਾ ਜਨਮੇ ਨਾ ਜਾਏ ਮਰ, ਜੀਵਣ ਮਰਨ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਤਖ਼ਤ ਇਕ ਸੁਹਾਈਆ । ਸਾਚਾ ਤਖ਼ਤ ਹਰਿ ਸੁਹੰਜਣਾ, ਸੋਭਾਵੰਤ ਆਪ ਸੁਹਾਇੰਦਾ । ਦੀਨਾਂ ਨਾਥ ਦਰਦ ਦੁੱਖ ਭੈ ਭੰਜਣਾ, ਸੋ ਸਾਹਿਬ ਡੇਰਾ ਲਾਇੰਦਾ । ਜੁਗ ਚੌਕੜੀ ਨਿਰਗੁਣ ਅੰਮ੍ਰਿਤ ਕਰਾਏ ਸਾਚਾ ਮਜਨਾ, ਭਗਤ ਭਗਵਾਨ ਦੁਰਮਤ ਮੈਲ ਧਵਾਇੰਦਾ । ਪ੍ਰਭ ਪ੍ਰੀਤਮ ਪਿਆਰਾ ਨੇਤਰ ਪਾਏ ਗਿਆਨ ਅੰਜਨਾ, ਅਗਿਆਨ ਅੰਧੇਰ ਮਿਟਾਇੰਦਾ । ਆਤਮ ਪਰਮਾਤਮ ਬਣਾਏ ਸਾਚਾ ਸੱਜਣਾ, ਪਾਰਬ੍ਰਹਮ ਬ੍ਰਹਮ ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਪਰਕਾਸ਼ ਇਕੋ ਜਗਣਾ, ਘਰ ਘਰ ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਸਾਲਾਹਿੰਦਾ । ਸਚ ਸਿੰਘਾਸਣ ਸਿਫ਼ਤ ਸਾਲਾਹ, ਸਤਿਗੁਰ ਸਾਚਾ ਆਪ ਜਣਾਈਆ । ਪਰਮ ਪੁਰਖ ਪ੍ਰਭ ਬਣ ਮਲਾਹ, ਜੁਗ ਜੁਗ ਬੇੜਾ ਪਾਰ ਕਰਾਈਆ । ਨਿਰਵੈਰ ਹੋ ਜਣਾਏ ਆਪਣਾ ਨਾਂ, ਨਾਉਂ ਨਿਰੰਕਾਰਾ ਵੰਡ ਨਾ ਕੋਇ ਵੰਡਾਈਆ । ਜਨ ਭਗਤਾਂ ਦੇਵੇ ਸਾਚਾ ਥਾਂ, ਚਰਨ ਕਵਲ ਸਚ ਸਰਨਾਈਆ । ਆਤਮ ਪਰਮਾਤਮ ਪਕੜੇ ਬਾਂਹ, ਗ੍ਰਿਹਿ ਮੰਦਰ ਖੋਜ ਖੁਜਾਈਆ । ਬਣ ਸਹਾਈ ਦੇਵੇ ਸਿਰ ਠੰਡੀ ਛਾਂ, ਸਮਰਥ ਆਪਣੀ ਦਇਆ ਕਮਾਈਆ । ਹੰਸ ਬਣਾਏ ਜਗਤ ਕਾਂ, ਕਾਗੋ ਹੰਸ ਆਪ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਸਮਝਾਈਆ । ਸਚ ਸਿੰਘਾਸਣ ਸਾਹਿਬ ਸੋ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਕਰ ਪਰਕਾਸ਼ ਨਿਰਮਲ ਲੋ, ਜੋਤੀ ਜਾਤਾ ਜੋਤ ਰੁਸ਼ਨਾਈਆ । ਆਪਣੇ ਜਿਹਾ ਆਪੇ ਹੋ, ਪ੍ਰਭ ਆਪਣੀ ਕਲ ਧਰਾਈਆ । ਨਿਰਗੁਣ ਕਰੇ ਨਿਰਗੁਣ ਮੋਹ, ਮੁਹੱਬਤ ਸਰਗੁਣ ਨਾਲ ਬੰਧਾਈਆ । ਆਤਮ ਪਰਮਾਤਮ ਜਾਵੇ ਛੋਹ, ਭਗਤ ਭਗਵਾਨ ਵੇਖ ਵਖਾਈਆ । ਧੁਰਦਰਗਾਹੀ ਦੇਵੇ ਢੋਆ ਢੋ, ਨਾਮ ਅਮੋਲਕ ਝੋਲੀ ਪਾਈਆ । ਨਿਝਰ ਝਿਰਨਾ ਅੰਮ੍ਰਿਤ ਰਸ ਦੇਵੇ ਚੋ, ਅਨਰਸ ਆਪਣਾ ਰਸ ਵਖਾਈਆ । ਕੂੜੀ ਕਿਰਿਆ ਲਵੇ ਖੋਹ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸਚ ਸਿੰਘਾਸਣ ਦੇਵੇ ਮਾਣ, ਪ੍ਰਭ ਅਬਿਨਾਸ਼ੀ ਦਇਆ ਕਮਾਇੰਦਾ । ਜੁਗ ਚੌਕੜੀ ਵੇਂਹਦਾ ਰਿਹਾ ਨੌਜਵਾਨ, ਨਿਰਗੁਣ ਆਪਣੀ ਕਾਰ ਕਮਾਇੰਦਾ । ਗੁਰ ਅਵਤਾਰਾਂ ਪੀਰ ਪੈਗੰਬਰਾਂ ਦੇਂਦਾ ਰਿਹਾ ਦਾਨ, ਨਾਮ ਨਿਧਾਨਾ ਝੋਲੀ ਪਾਇੰਦਾ । ਅੱਖਰ ਵੱਖਰ ਲਿਖ ਲਿਖ ਕਰਦਾ ਰਿਹਾ ਗਿਆਨ, ਅੰਕ ਅੰਕ ਮੇਲ ਮਿਲਾਇੰਦਾ । ਮਾਰਗ ਦੱਸਦਾ ਰਿਹਾ ਹੋ ਪਰਧਾਨ, ਰਹਿਬਰ

ਇਕੋ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਕਰਤਾਰ, ਦਰ ਘਰ ਸਾਚਾ ਇਕ ਸੁਹਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕੋਟਨ ਕੋਟ ਕਾਲ ਵਿਹਾਈਆ । ਗੁਰ ਅਵਤਾਰ ਕਰਦੇ ਗਏ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਪੀਰ ਪੈਗ਼ੰਬਰ ਨਿਉਂ ਨਿਉਂ ਸੀਸ ਸਜਦਾ ਕਰ ਕੇ ਬਣਦੇ ਗਏ ਬਰਖ਼ੁਰਦਾਰ, ਬੇਪਰਵਾਹ ਇਕੋ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਵੱਲਾ, ਸੋ ਸਾਹਿਬ ਆਪ ਕਰਾਈਆ । ਮੁਕਾਮੇ ਹੱਕ ਵਸਾਏ ਸਚ ਮਹੱਲਾ, ਮਹਿਫ਼ਲ ਆਪਣੀ ਆਪ ਲਗਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਊਚੋ ਊਚ ਵਡ ਵਡਿਆਈਆ । ਸਚ ਸੰਦੇਸ਼ ਜੁਗ ਜੁਗ ਘੱਲਾ, ਨਿਰਗੁਣ ਸਰਗੁਣ ਕਰ ਪੜ੍ਹਾਈਆ । ਚਾਰ ਜੁਗ ਫੜਾਉਂਦਾ ਰਿਹਾ ਪੱਲਾ, ਸਾਚੀ ਪੱਲੂ ਗੰਢ ਬੰਧਾਈਆ । ਜਲ ਥਲ ਮਹੀਅਲ ਸਮੁੰਦ ਸਾਗਰ ਉਚੇ ਟਿੱਲੇ ਪਰਬਤ ਆਪੇ ਰਲਾ, ਹਰ ਘਟ ਆਪਣਾ ਡੇਰਾ ਲਾਈਆ । ਦਰ ਦਰਵੇਸ਼ ਨਰ ਨਰੇਸ਼ ਸਚ ਦਵਾਰੇ ਆਪੇ ਖਲਾ, ਚੋਬਦਾਰ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਥਾਹ, ਸੋ ਸਾਹਿਬ ਆਪ ਕਰਾਇੰਦਾ । ਜੁਗ ਜੁਗ ਦੇਂਦਾ ਰਿਹਾ ਸਲਾਹ, ਸਲਾਹਗੀਰ ਆਪ ਸਮਝਾਇੰਦਾ । ਕਲਜੁਗ ਅੰਤਮ ਜਾਵੇ ਆ, ਲੋਕਮਾਤ ਪਾਂਧੀ ਪੰਧ ਮੁਕਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਬਣੇ ਗਵਾਹ, ਖਾਣੀ ਬਾਣੀ ਨਾਲ ਰਲਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਜਗਤ ਸੰਦੇਸਾ ਗਏ ਸੁਣਾ, ਧੁਰ ਫ਼ਰਮਾਨਾ ਸਰਬ ਜਣਾਇੰਦਾ । ਬੀਸ ਬੀਸਾ ਹਰਿ ਜਗਦੀਸਾ ਨਰ ਨਰੇਸਾ ਜਾਏ ਆ,
੨੬ ਨਿਰਗੁਣ ਆਪਣਾ ਨੂਰ ਧਰਾਇੰਦਾ । ਹਸਤ ਕੀਟਾਂ ਊਚਾਂ ਨੀਚਾਂ ਰਾਉ ਰੰਕਾਂ ਵੇਖੇ ਥਾਉਂ ਥਾਂ, ਲੱਖ ਚੁਰਾਸੀ ਫੋਲ ਫੁਲਾਇੰਦਾ । ਨਿਰਧਨ ਸਰਧਨ ੨੬
੧੫ ਪਕੜੇ ਬਾਂਹ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪ ਵਖਾਇੰਦਾ । ੧੫
ਸਚ ਸਿੰਘਾਸਣ ਵਖਾਏ ਚੌਦਾਂ ਲੋਕ, ਤ੍ਰੈਭਵਣ ਧਨੀ ਵੱਡੀ ਵਡਿਆਈਆ । ਚੌਦਾਂ ਤਬਕ ਜਣਾਏ ਇਕ ਸਲੋਕ, ਸੋਹਲਾ ਇਕੋ ਨਾਮ ਪੜ੍ਹਾਈਆ । ਚੌਦਾਂ ਵਿਦਿਆ ਦੇਵੇ ਮੋਖ, ਮਿਹਰ ਨਜ਼ਰ ਇਕ ਉਠਾਈਆ । ਚੌਦਸ ਚੰਦ ਰਿਹਾ ਸੋਚ, ਜਗਤ ਚਾਂਦਨਾ ਕੰਮ ਕਿਸੇ ਨਾ ਆਈਆ । ਚੋਦਾਂ ਸਦੀਆਂ ਰੱਖਦੇ ਰਹੇ ਓਟ, ਪੀਰ ਪੈਗ਼ੰਬਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਦਾਤਾ ਤਖ਼ਤ ਨਿਵਾਸੀ, ਏਕੰਕਾਰ ਵੱਡੀ ਵਡਿਆਈਆ । ਕਰੇ ਖੇਲ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਆਪਣੀ ਧਾਰ ਚਲਾਈਆ । ਪਰਗਟ ਹੋ ਘਨਕਪੁਰ ਵਾਸੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸ਼ਾਹੋ ਭੂਪ ਸ਼ਾਹੋ ਸ਼ਾਬਾਸ਼ੀ, ਸ਼ਹਿਨਸ਼ਾਹ ਆਪਣੀ ਕਲ ਧਰਾਈਆ । ਜਨ ਭਗਤਾਂ ਜਣਾਏ ਧੁਰ ਦੀ ਸਾਖੀ, ਭੇਵ ਅਭੇਦਾ ਆਪ ਖੁਲ੍ਹਾਈਆ । ਲਹਿਣਾ ਦੇਣਾ ਚੁਕਾਏ ਬਾਕੀ, ਪੂਰਬ ਲੇਖਾ ਝੋਲੀ ਪਾਈਆ । ਬੰਦ ਕਿਵਾੜਾ ਖੋਲ੍ਹੇ ਤਾਕੀ, ਬਜਰ ਕਪਾਟੀ ਤੋੜ ਤੁੜਾਈਆ । ਅੰਮ੍ਰਿਤ ਜਾਮ ਪਿਆਏ ਬਣ ਕੇ ਸਾਕੀ, ਸਚ ਪਿਆਲਾ ਨਾਮ ਹੱਥ ਉਠਾਈਆ । ਸ਼ਬਦ ਚੜ੍ਹਾਏ ਅਗੰਮ ਰਾਕੀ, ਸ਼ਾਹਸਵਾਰਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਸਰਨਾਈਆ । ਸਚ ਸਰਨਾਈ ਏਕੰਕਾਰ, ਏਕਾ ਏਕ ਜਣਾਇੰਦਾ । ਜੁਗ ਚੌਕੜੀ ਵੇਖ ਸੰਸਾਰ, ਨਿਰਗੁਣ ਸਰਗੁਣ ਰੰਗ ਰੰਗਾਇੰਦਾ ।

ਕਲਜੁਗ ਅੰਤ ਸ੍ਰੀ ਭਗਵੰਤ ਕਲ ਕਲਕੀ ਲੈ ਅਵਤਾਰ, ਜੋਤੀ ਜਾਮਾ ਵੇਸ ਵਟਾਇੰਦਾ । ਪੰਜ ਤਤ ਨਾ ਕੋਇ ਆਕਾਰ, ਹੱਡ ਮਾਸ ਨਾੜੀ ਚੰਮ ਸੰਗ ਨਾ ਕੋਇ ਨਿਭਾਇੰਦਾ । ਸੰਬਲ ਨਗਰ ਧਾਮ ਨਿਆਰ, ਕਰੇ ਖੇਲ ਆਪ ਕਰਤਾਰ, ਕਰਨੀ ਕਰਤਾ ਆਪ ਕਰਾਇੰਦਾ । ਨਾਮ ਡੰਕਾ ਅਪਰ ਅਪਾਰ, ਆਪ ਸੁਣਾਏ ਸੁਣਾਵਣਹਾਰ, ਦੋ ਜਹਾਨਾਂ ਆਪ ਜਣਾਇੰਦਾ । ਰਾਉ ਰੰਕਾਂ ਜੀਵਾਂ ਜੰਤਾਂ ਸਾਧਾਂ ਸੰਤਾਂ ਕਰੇ ਖ਼ਬਰਦਾਰ, ਆਲਸ ਨਿੰਦਰਾ ਕੂੜੀ ਕਿਰਿਆ ਹਉਮੇਂ ਹੰਗਤਾ ਮਾਇਆ ਮਮਤਾ ਮੇਟ ਮਿਟਾਇੰਦਾ । ਨਾਮ ਢੋਲਾ ਸੋਹਲਾ ਧੁਰ ਦਾ ਬੋਲਾ ਬੋਲ ਜੈਕਾਰ, ਸੋਹੰ ਰਾਗ ਆਪ ਅਲਾਇੰਦਾ । ਪੜਦਾ ਉਹਲਾ ਦਏ ਨਿਵਾਰ, ਆਤਮ ਪਰਮਾਤਮ ਕਰੇ ਪਿਆਰ, ਪਾਰਬ੍ਰਹਮ ਬ੍ਰਹਮ ਆਪਣੀ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਜੁਗ ਜਨਮ ਦੇ ਵਿਛੜੇ ਯਾਰ, ਪ੍ਰੇਮੀ ਲਏ ਮਿਲਾਈਆ । ਕਰਮ ਕਰਮ ਦਾ ਰੋਗ ਨਿਵਾਰ, ਸੋਗ ਚਿੰਤਾ ਦਏ ਚੁਕਾਈਆ । ਭਵ ਸਾਗਰ ਕਲਜੁਗ ਦੇਵੇ ਤਾਰ, ਤਾਰਨਹਾਰ ਵਡ ਵਡਿਆਈਆ । ਏਕਾ ਬਖ਼ਸ਼ੇ ਨਾਮ ਅਧਾਰ, ਅੰਤਰ ਬਾਹਰ ਗੁਪਤ ਜ਼ਾਹਰ ਲੇਖਾ ਜਾਣੇ ਥਾਉਂ ਥਾਈਂਆ । ਜਗਤ ਬਸੰਤਰ ਕਰੇ ਠੰਡੀ ਠਾਰ, ਅਗਨੀ ਤਤ ਨਾ ਲਾਗੇ ਰਾਈਆ । ਘਰ ਦੀਪਕ ਜੋਤੀ ਦੇਵੇ ਬਾਲ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਬੂੰਦ ਸਵਾਂਤੀ ਦਏ ਪਿਆਲ, ਨਿਝਰ ਝਿਰਨਾ ਆਪ ਪਿਆਈਆ । ਨਾਤਾ ਤੋੜ ਕਾਲ ਮਹਾਂਕਾਲ, ਪ੍ਰਭ ਬਖ਼ਸ਼ੇ ਇਕ ਸਰਨਾਈਆ । ਰਾਏ ਧਰਮ ਨਾ ਮਾਰੇ ਮਾਰ, ਚਿਤਰਗੁਪਤ ਨਾ ਲੇਖਾ ਸਕੇ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਆਪੇ ਚੜ੍ਹ, ਹਰਿਜਨ ਸਾਚੇ ਆਪੇ ਲਏ ਉਠਾਈਆ । ਹਰਿਜਨ ਸਾਚੇ ਉਠਾਏ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਅੰਦਰ ਵੜ ਕੇ ਦੱਸੇ ਜਾਪ, ਬਿਨ ਰਸਨਾ ਜਿਹਵਾ ਮੇਲ ਮਿਲਾਇੰਦਾ । ਪੂਰਬ ਜਨਮ ਦਾ ਮੇਟੇ ਪਾਪ, ਕਰਮ ਕਾਂਡ ਨਾ ਕੋਇ ਵਖਾਇੰਦਾ । ਨਿਰਗੁਣ ਨਿਰਗੁਣ ਜੋੜੇ ਸਾਕ, ਸਰਗੁਣ ਸਰਗੁਣ ਬੰਧਪ ਰੂਪ ਵਖਾਇੰਦਾ । ਮੇਲ ਮਿਲਾਵਾ ਨਰ ਹਰਿ ਨਰਾਇਣ ਸਾਚੇ ਕੰਤ ਸੁਹਾਗ, ਰੁੱਤ ਸੁਹੰਜਣੀ ਆਪ ਸੁਹਾਇੰਦਾ । ਜਨਮ ਕਰਮ ਦਾ ਧੋਵੇ ਦਾਗ਼, ਦੁਰਮਤ ਮੈਲ ਮੇਟ ਮਿਟਾਇੰਦਾ । ਸ਼ਬਦ ਅਗੰਮ ਧੁਨ ਆਤਮਕ ਸੁਣਾਏ ਸਾਚੀ ਆਵਾਜ਼, ਅਨਹਦ ਨਾਦੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਅੰਗ ਲਗਾਇੰਦਾ । ਸੰਤ ਸੁਹੇਲੇ ਲਾਏ ਅੰਗ, ਅੰਗੀਕਾਰ ਆਪ ਅਖਵਾਈਆ । ਦਿਵਸ ਰੈਣ ਜਣਾਏ ਪਰਸੰਗ, ਪਰਮ ਪੁਰਖ ਬੇਪਰਵਾਹੀਆ । ਅੱਠੇ ਪਹਿਰ ਰਹੇ ਅਨੰਦ, ਘੜੀ ਪਲ ਨਾ ਵੰਡ ਵੰਡਾਈਆ । ਸੁਰਤ ਸਵਾਣੀ ਨਾ ਹੋਵੇ ਰੰਡ, ਸ਼ਬਦ ਹਾਣੀ ਜੋੜ ਜੁੜਾਈਆ । ਮਾਣਸ ਜਨਮ ਨੰਗੀ ਹੋਣ ਨਾ ਦੇਵੇ ਕੰਡ, ਸਿਰ ਆਪਣਾ ਹੱਥ ਟਿਕਾਈਆ । ਘਰ ਪਰਕਾਸ਼ ਨੂਰੀ ਚੰਦ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਗੀਤ ਗਾਏ ਨਾ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਨਾਤਾ ਤੋੜੇ ਜੇਰਜ ਅੰਡ, ਉਤਭੁਜ ਸੇਤਜ ਝਗੜਾ ਰਹਿਣ ਕੋਇ ਨਾ ਪਾਈਆ । ਮੇਲ ਮਿਲਾਏ ਸੂਰਾ ਸਰਬੰਗ, ਪ੍ਰਭ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਸਾਚੇ ਵੇਖੇ ਪ੍ਰਭ, ਵੇਖਣਹਾਰ ਅਖਵਾਇੰਦਾ । ਜੁਗ ਚੌਕੜੀ ਲਏ ਲੱਭ, ਲੱਖ ਚੁਰਾਸੀ ਫੋਲ ਫੁਲਾਇੰਦਾ । ਜਗਤ ਦਵਾਰਾ ਪਾਰ ਕਰੇ ਹੱਦ, ਘਰ ਆਪਣਾ ਇਕ ਸਮਝਾਇੰਦਾ । ਧੁਨ ਰਾਗ ਸੁਣਾਏ

ਨਦ, ਅਨਹਦ ਸਾਚੀ ਸੇਵ ਲਗਾਇੰਦਾ । ਘਰ ਮੱਕਾ ਕਾਅਬਾ ਸਾਚੇ ਹੁਜਰੇ ਕਰਾਏ ਹੱਜ, ਮਹਿਰਾਬ ਮਹਿਬੂਬ ਇਕੋ ਇਕ ਸੁਹਾਇੰਦਾ । ਢੋਲਾ ਗੀਤ ਛੰਦ ਸੁਣਾਏ ਸਦ, ਹਰਿਜਨ ਸਦ ਸਦ ਆਪਣਾ ਭੇਵ ਚੁਕਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਨੌ ਦਵਾਰੇ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਆਪ ਹੋ ਜਾਇੰਦਾ । ਭਗਵਨ ਮੀਤਾ ਮਿਤਰ ਪਿਆਰਾ, ਹਰਿ ਸਤਿਗੁਰ ਇਕ ਅਖਵਾਈਆ । ਨੇਤਰ ਦੇਵੇ ਨਿਜ ਦੀਦਾਰਾ, ਨੈਣ ਇਕੋ ਇਕ ਖੁਲਾਈਆ । ਨੂਰ ਮਾਰੇ ਚਮਤਕਾਰਾ, ਕੋਟਨ ਕੋਟ ਸੂਰੀਆ ਚੰਦ ਸ਼ਰਮਾਈਆ । ਮੰਡਲ ਮੰਡਪ ਸ਼ਰਮਸਾਰਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਗੁਰਮੁਖ ਮੰਦਰ ਸੋਹੇ ਬੰਕ ਦਵਾਰਾ, ਜਿਸ ਘਰ ਆਵੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਜਨ ਭਗਤਾਂ ਲਏ ਮਿਲਾਈਆ । ਜਨ ਭਗਤਾਂ ਮੇਲਾ ਕਰੇ ਪ੍ਰਭ ਮੀਤ, ਹਰਿ ਸਤਿਗੁਰ ਖੇਲ ਰਚਾਇੰਦਾ । ਨਿਰਗੁਣ ਦਾਤਾ ਹੋ ਅਤੀਤ, ਤ੍ਰੈਗੁਣ ਲੇਖਾ ਆਪ ਮੁਕਾਇੰਦਾ । ਆਤਮ ਪਰਮਾਤਮ ਮਿਲ ਅੰਮ੍ਰਿਤ ਬਰਖੇ ਠਾਂਡਾ ਸੀਤ, ਸੀਤਲ ਧਾਰ ਇਕ ਵਹਾਇੰਦਾ । ਸਚ ਪ੍ਰੀਤੀ ਢੋਲਾ ਗਾਏ ਅਗੰਮੀ ਗੀਤ, ਤੂੰ ਮੇਰਾ ਮੈਂ ਤੇਰਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਤੇਰਾ ਮੇਰਾ ਗੀਤ ਇਕ, ਏਕੰਕਾਰ ਆਪ ਜਣਾਈਆ । ਜੀਵ ਆਤਮਾ ਸਾਚੀ ਸਿਖਿਆ ਸਿਖ, ਸ੍ਰੀ ਭਗਵਾਨ ਕਰੇ ਪੜ੍ਹਾਈਆ । ਘਰ ਮੰਦਰ ਗ੍ਰਿਹ ਆਵੇ ਦਿਸ, ਨਿਜ ਵੱਜੇ ਸਚ ਵਧਾਈਆ । ਕਰਵਟ ਲੈ ਜੋ ਸੁੱਤਾ ਦੇ ਕਰ ਪਿਠ, ਆਪ ਆਪਣਾ ਮੁਖ ਦਿਖਲਾਈਆ । ਸਚ ਪ੍ਰੀਤੀ ਕਰੇ ਹਿਤ, ਹਿਤਕਾਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਗਾਈਆ । ਜਨ ਭਗਤ ਜਗਾਏ ਆਪ ਹਰਿ, ਹਰਿ ਆਪਣੀ ਦਇਆ ਕਮਾਈਆ । ਕਾਇਆ ਮੰਦਰ ਅੰਦਰ ਜਾਏ ਵੜ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਡੂੰਘੀ ਭਵਰੀ ਸੋਈ ਸੁਰਤੀ ਲਏ ਫੜ, ਨਾਮ ਹਲੂਣੇ ਨਾਲ ਉਠਾਈਆ । ਉਠ ਸਵਾਣੀ ਢੋਲਾ ਪੜ੍ਹ, ਪ੍ਰਭ ਹਾਣੀ ਰਿਹਾ ਪੜ੍ਹਾਈਆ । ਘਰ ਵੇਖ ਕੰਤ ਕੰਤੂਲ ਅਗੰਮੀ ਵਰ, ਦੂਲ੍ਹਾ ਇਕੋ ਨਜ਼ਰੀ ਆਈਆ । ਨੇਤਰ ਖੋਲ੍ਹ ਫੜ ਲੜ, ਕੰਨੀ ਆਪਣੀ ਗੰਢ ਗੰਢਾਈਆ । ਸਚ ਰੰਗੀਲੇ ਡੋਲੇ ਚੜ੍ਹ, ਕਹਾਰ ਬਣਿਆ ਬੇਪਰਵਾਹੀਆ । ਮਹੱਲ ਅਗੰਮ ਆਪਣੇ ਵੜ, ਕਿਉਂ ਬੈਠੀ ਮੁਖ ਭਵਾਈਆ । ਲੈਣ ਆਇਆ ਨਰਾਇਣ ਨਰ, ਹਰਿ ਕਰਤਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਚਾਰ ਜੁਗ ਦੇਂਦੇ ਰਹੇ ਵਰ, ਜਗਤ ਸਿਖਿਆ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੇਖਾ ਲੇਖੇ ਲਾਈਆ । ਗੁਰਮੁਖ ਸਵਾਣੀ ਚੜ੍ਹੇ ਚਾ, ਘਰ ਆਪਣੇ ਖ਼ੁਸ਼ੀ ਮਨਾਈਆ । ਪਾਰਬ੍ਰਹਮ ਪ੍ਰਭ ਮਿਲੇ ਬੇਪਰਵਾਹ, ਬੇਪਰਵਾਹੀ ਖੇਲ ਸਮਝਾਈਆ । ਸਾਚਾ ਮਾਰਗ ਦੇਵੇ ਲਾ, ਰਹਿਬਰ ਇਕੋ ਨੂਰ ਖ਼ੁਦਾਈਆ । ਸਾਚਾ ਕਲਮਾ ਦਏ ਪੜ੍ਹਾ, ਕਾਇਨਾਤ ਨਾਤਾ ਦਏ ਤੁੜਾਈਆ । ਸਾਬਤ ਈਮਾਨ ਲਏ ਰਖਾ, ਇਸਮ ਆਪਣਾ ਆਪ ਸਮਝਾਈਆ । ਇਸ਼ਟ ਦੇਵ ਦਏ ਸਮਝਾ, ਦ੍ਰਿਸ਼ਟ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਾਈਆ । ਗੁਰਮੁਖ ਆਤਮ ਮੰਗੇ ਮੰਗ, ਘਰ ਆਪਣੇ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਦੇਵੇ ਸੰਗ, ਸਗਲਾ ਸੰਗ ਰਖਾਈਆ । ਜਨਮ ਜਨਮ ਦੀ ਕਟੇ ਭੁੱਖ ਨੰਗ, ਮੇਰੀ ਤ੍ਰਿਸ਼ਨਾ ਮੇਟ ਮਿਟਾਈਆ । ਮੇਰਾ ਰੂਪ ਬਣਿਆ ਹੰ, ਬ੍ਰਹਮ ਆਪਣੀ ਵੰਡ ਵੰਡਾਈਆ ।

ਸ੍ਰੀ ਭਗਵਾਨ ਮੇਰਾ ਚੰਨ, ਮੈਂ ਕਿਰਨ ਰੂਪ ਰੁਸ਼ਨਾਈਆ । ਬਿਨ ਸਾਹਿਬ ਮੈਂ ਹੋਈ ਅੰਧ, ਨਜ਼ਰ ਕੁਛ ਨਾ ਆਈਆ । ਤ੍ਰੈਗੁਣ ਮਾਇਆ ਪੰਜ
ਤਤ ਕੇਤੀ ਚੋਲਾ ਹੰਡਾਇਆ ਗੰਦ, ਕੂੜੀ ਕਿਰਿਆ ਕਰੀ ਕੁੜਮਾਈਆ । ਬਿਨ ਪ੍ਰੀਤਮ ਪਿਆਰੇ ਕੋਈ ਨਾ ਪਾਏ ਠੰਡ, ਅੰਗੀਕਾਰ ਨਾ ਕੋਇ ਕਰਾਈਆ ।
ਜੁਗ ਚੌਕੜੀ ਗਈ ਹੰਡ, ਕਲਜੁਗ ਅੰਤਮ ਰਾਹ ਤਕਾਈਆ । ਕਵਣ ਵੇਲਾ ਠਾਕਰ ਸਵਾਮੀ ਕੱਟ ਕੇ ਆਏ ਪੰਧ, ਬਣ ਪਾਂਧੀ ਫੇਰਾ ਪਾਈਆ ।
ਨਿਰਗੁਣ ਹੋ ਸੁਣਾਏ ਆਪਣਾ ਛੰਦ, ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲਏ ਮੁਕਾਈਆ ।
ਭਗਤ ਭਗਵਾਨ ਲੇਖ ਮੁਕਾਉਣਾ, ਬਾਕੀ ਅੰਤ ਰਹਿਣ ਨਾ ਪਾਈਆ । ਆਤਮ ਪਰਮਾਤਮ ਜੋੜ ਜੁੜਾਉਣਾ, ਜੁੜਿਆ ਜੋੜ ਨਾ ਕੋਇ ਛੁਡਾਈਆ ।
ਚਰਨ ਪ੍ਰੀਤੀ ਨਾਤਾ ਤੋੜ ਨਿਭਾਉਣਾ, ਅੱਧਵਿਚਕਾਰ ਨਾ ਕੋਇ ਤੁੜਾਈਆ । ਸਾਚੇ ਘੋੜ ਗੁਰਮੁਖ ਚੜ੍ਹਾਉਣਾ, ਸ਼ਬਦੀ ਘੋੜਾ ਇਕ ਵਖਾਈਆ ।
ਠੱਗ ਚੋਰ ਯਾਰ ਕੋਈ ਨਜ਼ਰ ਨਾ ਆਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲਹਿਣਾ ਝੋਲੀ ਪਾਈਆ ।
ਹਰਿਜਨ ਲਹਿਣਾ ਪਾਏ ਝੋਲੀ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਆਪਣੇ ਕੰਧ ਉਠਾਏ ਡੋਲੀ, ਦੋ ਜਹਾਨਾਂ
ਪਾਰ ਕਰਾਇੰਦਾ । ਦਰਗਹਿ ਸਾਚੀ ਸਚਖੰਡ ਦਵਾਰ ਲੈ ਕੇ ਜਾਏ ਹੌਲੀ ਹੌਲੀ, ਵਿਸ਼ਨ ਬ੍ਰਹਮਾ ਸ਼ਿਵ ਰਾਹ ਵਿਚ ਸੀਸ ਝੁਕਾਇੰਦਾ । ਗੋਬਿੰਦ
ਧਾਰ ਜਿਨ੍ਹਾਂ ਪ੍ਰੇਮ ਪ੍ਰੀਤੀ ਤੰਦ ਬੱਧਾ ਮੌਲੀ, ਤਿਨ੍ਹਾਂ ਮਿਹਰਵਾਨ ਮਿਹਰ ਨਜ਼ਰ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ ਕੂੜੀ ਕਿਰਿਆ ਪਾਵਣ ਰੌਲੀ,
ਆਤਮ ਅੰਤਰ ਸਾਚਾ ਮੰਤਰ ਨਾਮ ਨਾ ਕੋਇ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਆਪਣੇ ਘਰ
੨੯ ੧੫
ਵਸਾਇੰਦਾ । ਹਰਿਜਨ ਸਾਚੇ ਘਰ ਵਸਾਉਣਾ, ਗਹਿਰ ਗੰਭੀਰ ਦਇਆ ਕਮਾਈਆ । ਆਵਣ ਜਾਵਣ ਪੰਧ ਮੁਕਾਉਣਾ, ਲੱਖ ਚੁਰਾਸੀ ਰਹਿਣ
ਨਾ ਪਾਈਆ । ਮਾਤ ਗਰਭ ਦਾ ਪੰਧ ਕਟਾਉਣਾ, ਦਸ ਦਸ ਮਾਸ ਨਾ ਅਗਨ ਤਪਾਈਆ । ਅੰਤਮ ਜੋਤੀ ਜੋਤ ਰਲਾਉਣਾ, ਜਨ ਜੋਤੀ ਜੋਤ
ਸਮਾਈਆ । ਥਿਰ ਘਰ ਸਾਚੇ ਕੁੰਡਾ ਲੌਹਣਾ, ਸ਼ਬਦੀ ਸੁਤ ਸਮਝਾਈਆ । ਸਾਚਾ ਮੰਗਲ ਇਕੋ ਗਾਉਣਾ, ਘਰ ਵੱਜੇ ਹਰਿ ਵਧਾਈਆ । ਚਰਨ
ਕਵਲ ਹਰਿ ਰਾਹ ਦਰਸਾਉਣਾ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਸਚ ਸਿੰਘਾਸਣ ਇਕ ਵਡਿਆਉਣਾ, ਸਚਖੰਡ ਆਪਣਾ ਡੇਰਾ ਲਾਈਆ ।
ਨੂਰੀ ਨੂਰ ਡਗਮਗਾਉਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਸੀਸ ਜਗਦੀਸ ਤਾਜ ਸੁਹਾਉਣਾ, ਪੰਚਮ ਮੁਖ ਸਿਫ਼ਤ ਸਾਲਾਹੀਆ । ਸੋਹੰ ਰੂਪ ਨਜ਼ਰੀ
ਆਉਣਾ, ਤੂੰ ਮੇਰਾ ਮੈਂ ਤੇਰਾ ਦੋਹਾਂ ਇਕੋ ਧਾਰ ਬੰਧਾਈਆ । ਏਕਾ ਦੂਆ ਭੇਵ ਚੁਕਾਉਣਾ, ਦੂਆ ਏਕਾ ਇਕੋ ਨਜ਼ਰੀ ਆਈਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਮੇਲਾ ਸਹਿਜ ਸੁਭਾਈਆ । ਭਗਤ ਮਿਲਾਵਾ ਸਚਖੰਡ, ਘਰ
ਸਾਚੇ ਵੱਜੇ ਵਧਾਈਆ । ਜਰਮ ਕਰਮ ਦੀ ਮੁੱਕੇ ਵੰਡ, ਅੱਗੇ ਲੇਖਾ ਕੋਇ ਰਹਿਣ ਨਾ ਪਾਈਆ । ਰਾਏ ਧਰਮ ਨਾ ਕੋਈ ਦੰਡ, ਚਿਤਰਗੁਪਤ
ਨਾ ਕੋਇ ਸਜ਼ਾਈਆ । ਲਾੜੀ ਮੌਤ ਨਾ ਮੰਗੇ ਮੰਗ, ਦਰ ਅਲੱਖ ਨਾ ਕੋਇ ਜਗਾਈਆ । ਇਕੋ ਸਾਹਿਬ ਸਤਿਗੁਰ ਹੋਵੇ ਸੰਗ, ਏਥੇ ਓਥੇ ਆਪਣਾ
ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੀਨ ਦਿਆਲ ਹੋਏ ਸਹਾਈਆ । ਹਰਿਜਨ ਭਗਤ
ਭਗਤ ਕਬੀਲਾ, ਸ੍ਰੀ ਭਗਵਾਨ ਆਪ ਬਣਾਈਆ । ਕਲਜੁਗ ਅੰਤਮ ਬਣ ਵਸੀਲਾ, ਨਿਰਗੁਣ ਆਪਣਾ ਵੇਸ ਵਟਾਈਆ । ਸਾਚੀ ਦੇਵੇ ਨਾਮ ਦਲੀਲਾ,

ਦਿਲਬਰ ਦਿਲਦਾਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਿਨ ਸਤਿਗੁਰ ਪੂਰੇ ਪਾਰ ਨਾ ਕੋਇ ਲੰਘਾਈਆ । ਸਤਿਗੁਰ ਪੂਰਾ ਇਕ ਅਕਾਲ, ਅਕਲ ਕਲ ਧਾਰੀ ਆਪ ਜਣਾਇੰਦਾ । ਵਸਣਹਾਰਾ ਸਚਖੰਡ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਡਿਆਇੰਦਾ । ਜਨ ਭਗਤਾਂ ਵਸੇ ਸਦਾ ਨਾਲ, ਵਿਛੜ ਕਦੇ ਨਾ ਜਾਇੰਦਾ । ਕਲਜੁਗ ਅੰਤਮ ਬਣ ਦਲਾਲ, ਜਗਤ ਦਲਾਲੀ ਸੇਵ ਕਮਇੰਦਾ । ਨੂਰੀ ਜਲਵਾ ਦਏ ਵਖਾਲ, ਜ਼ਾਹਰ ਜ਼ਹੂਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਪਾਰ ਕਰੇ ਕਰਤਾਰ, ਕਰਤਾ ਆਪਣੀ ਦਇਆ ਕਮਾਈਆ । ਸਿਰ ਰੱਖ ਹੱਥ ਨਿਰੰਕਾਰ, ਨਿਰਗੁਣ ਸਰਗੁਣ ਲੇਖ ਚੁਕਾਈਆ । ਲੱਖ ਚੁਰਾਸੀ ਨਾਲੋਂ ਕਰ ਕੇ ਵੱਖ ਸਿਰਜਣਹਾਰ, ਦਰਗਹਿ ਸਾਚੀ ਦਏ ਵਡਿਆਈਆ । ਅੰਤਮ ਮੇਲਾ ਨਰ ਹਰਿ ਨਰਾਇਣ ਕੰਤ ਭਤਾਰ, ਗੁਰਮੁਖ ਨਾਰੀ ਆਪ ਪਰਨਾਈਆ । ਪ੍ਰੇਮ ਪ੍ਰੀਤੀ ਫੂਲਨ ਸੋਹਣਾ ਹਾਰ, ਕਲੀ ਕਲੀ ਨਾਲ ਗੁੰਦਾਈਆ । ਲੈ ਕੇ ਜਾਵੇ ਧੁਰ ਦਰਬਾਰ, ਧੁਰ ਦਰਬਾਰੀ ਵਡ ਵਡਿਆਈਆ । ਸਚਖੰਡ ਦਵਾਰੇ ਦਏ ਬਹਾਲ, ਚਰਨ ਕਵਲ ਦਏ ਸਰਨਾਈਆ । ਲੇਖਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਜਣਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਸੰਤ ਸੁਹੇਲੇ ਸੱਜਣ ਭਾਲ, ਗੁਰ ਚੇਲੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਗੰਮ, ਅਗੰਮੜੀ ਕਾਰ ਕਮਾਇੰਦਾ । ਭਗਤਾਂ ਬੇੜਾ ਆਪੇ ਬੰਨ੍ਹ, ਬਣ ਮਲਾਹ ਕੰਧ ਉਠਾਇੰਦਾ । ਵਸਤ ਅਮੋਲਕ ਇਕੋ ਧੰਨ, ਸੋ ਸਾਹਿਬ ਝੋਲੀ ਪਾਇੰਦਾ । ਹੰ ਬ੍ਰਹਮ ਜਾਏ ਮੰਨ, ਮਨ ਮਨਸਾ ਮਾਰ ਮੁਕਾਇੰਦਾ । ਹੋਏ ਮਿਲਾਵਾ ਕਾਇਆ ਤਨ, ਘਰ ਸਾਚੀ ਗੰਢ ਪਵਾਇੰਦਾ । ਆਤਮ ਕਹੇ ਪਰਮਾਤਮ ਧੰਨ, ਪਰਮਾਤਮ ਕਹੇ ਆਤਮ ਧੰਨ, ਧੰਨ ਧੰਨ ਆਪਣਾ ਆਪ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨੂਰ ਇਕ ਜ਼ਹੂਰ, ਜ਼ਾਹਰ ਆਪਣੀ ਕਲ ਧਰਾਇੰਦਾ ।

## ੨੫ ਹਾੜ ੨੦੨੦ ਬਿਕ੍ਰਮੀ ਰਾਮੇਸ਼ਵਰ ਦਾਸ ਦੇ ਗ੍ਰਹਿ ਖ਼ਤੌਲੀ

ਗ੍ਰਹਿ ਮੇਲਾ ਮਨੋਹਰ ਮੁਕੰਦ, ਲਖਮੀ ਨਰਾਇਣ ਦਇਆ ਕਮਾਈਆ । ਆਤਮ ਅੰਤਰ ਇਕ ਅਨੰਦ, ਪਰਮਾਨੰਦ ਵਖਾਈਆ । ਪੂਰਬ ਜਨਮ ਦਾ ਗਾਇਆ ਛੰਦ, ਜਨਮ ਕਰਮ ਲੇਖੇ ਪਾਈਆ । ਆਤਮ ਪਰਮਾਤਮ ਪਾਏ ਗੰਢ, ਨਿਰਗੁਣ ਸਰਗੁਣ ਜੋੜ ਜੁੜਾਈਆ । ਦੂਈ ਦਵੈਤ ਭਾਂਡਾ ਭਰਮ ਭੌ ਢਾਹੇ ਕੰਧ, ਸਾਂਤਕ ਸਤਿ ਸਤਿ ਵਰਤਾਈਆ । ਘਰ ਪਰਕਾਸ਼ ਦੀਪਕ ਚੰਦ, ਅਗਿਆਨ ਅੰਧੇਰ ਮਿਟਾਈਆ । ਹਰਿ ਸਵਾਮੀ ਠਾਕਰ ਮੇਟੇ ਪੰਧ, ਜਨਮ ਅਜਨਮ ਨਾ ਕੋਇ ਭਵਾਈਆ । ਕਾਇਆ ਭੀਤਰ ਵਸੇ ਸੰਗ, ਬਾਹਰ ਇਕੋ ਨਜ਼ਰੀ ਆਈਆ । ਆਸਾ ਮਨਸਾ ਪੂਰੀ ਕਰੇ ਮੰਗ, ਤ੍ਰਿਸਨਾ ਭੁੱਖ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਬੇਪਰਵਾਹੀਆ । ਘਰ ਮੇਲਾ ਹਰਿ ਸੱਚੇ ਕਾਹਨ, ਬੰਸਰੀ ਇਕੋ ਨਾਮ ਸੁਣਾਇੰਦਾ । ਸੀਤਾ ਸੁਰਤੀ ਮਿਲੇ ਰਾਮ, ਰਘੁਪਤ ਆਪਣੀ ਦਇਆ ਕਮਾਇੰਦਾ । ਘਨਘੋਰ ਖ਼ੁਸ਼ੀ ਕਰਾਏ

ਸ਼ਾਮ, ਗਹਿਰ ਗੰਭੀਰ ਵੇਖ ਵਖਾਇੰਦਾ । ਅੰਮ੍ਰਿਤ ਮਧ ਪਿਆਲਾ ਜਾਮ, ਨਾਮ ਇਕੋ ਰਸ ਵਖਾਇੰਦਾ । ਕਾਇਆ ਨਗਰ ਖੇੜਾ ਵਸੇ ਗਰਾਮ, ਘਰ ਮੰਦਰ ਠਾਕਰ ਦਵਾਰਾ ਸੋਭਾ ਪਾਇੰਦਾ । ਸੁਖਆਸਣ ਬੈਠ ਸ੍ਰੀ ਭਗਵਾਨ, ਆਤਮ ਸੇਜਾ ਆਪ ਸੁਹਾਇੰਦਾ । ਆਤਮ ਪਰਮਾਤਮ ਕਰ ਪਰਵਾਨ, ਪ੍ਰੇਮ ਪ੍ਰੀਤੀ ਤੋੜ ਨਿਭਾਇੰਦਾ । ਪੂਰਬ ਲੇਖਾ ਵੇਖੇ ਆਣ, ਜਗ ਲਹਿਣਾ ਦੇਣਾ ਝੋਲੀ ਪਾਇੰਦਾ । ਦੇਵਣਹਾਰਾ ਸਚ ਗਿਆਨ, ਨਾਮ ਨਿਧਾਨ ਇਕ ਸਮਝਾਇੰਦਾ । ਚਰਨ ਕਵਲ ਕਵਲ ਚਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਰੰਗ ਰੰਗਾਇੰਦਾ । ਮਿਲੇ ਕਾਹਨ ਪ੍ਰਭੂ ਕੰਤੂਹਲ, ਨਰ ਹਰਿ ਨਰਾਇਣ ਵੱਡੀ ਵਡਿਆਈਆ । ਲੇਖੇ ਲਾਏ ਤੰਦ ਡੋਰੀ ਮਾਲਾ ਫੂਲ, ਸੁਗੰਧੀ ਇਕੋ ਨਾਮ ਭਰਾਈਆ । ਆਦਿ ਜੁਗਾਦੀ ਜੁਗ ਚੌਕੜੀ ਭਗਤ ਭਗਵਾਨ ਕਦੇ ਨਾ ਜਾਏ ਭੂਲ, ਭੁੱਲਿਆਂ ਲਏ ਮਿਲਾਈਆ । ਨੇਤਰ ਪੇਖੇ ਸ਼ੰਕਰ ਹੱਥ ਲੈ ਤ੍ਰਿਸੂਲ, ਬ੍ਰਹਮ ਵੇਤਾ ਆਪਣਾ ਨੈਣ ਉਠਾਈਆ । ਵਿਸ਼ਨੂੰ ਵਿਸ਼ਵ ਚੁਕਾਵਣਹਾਰਾ ਮੂਲ, ਦੇਵਣਹਾਰ ਸਹਿਜ ਸੁਖਦਾਈਆ । - - -ਪਾਰਬ੍ਰਹਮ ਪਤਿਪਰਮੇਸ਼ਵਰ ਸਦਾ ਸਵਾਮੀ, ਹਰਿਜਨ ਵੇਖੇ ਥਾਉਂ ਥਾਈਂਆ । ਆਤਮ ਪਰਮਾਤਮ ਪੜ੍ਹਾਏ ਸਚ ਕਹਾਣੀ, ਸੋਹੰ ਢੋਲਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਹਰਿਜਨ ਉਠੇ ਕੂੜੀ ਜਾਗ, ਆਲਸ ਨਿੰਦਰਾ ਨਾ ਕੋਇ ਰਖਾਇੰਦਾ । ਆਤਮ ਉਪਜੇ ਇਕ ਵੈਰਾਗ, ਵੈਰਾਗੀ ਰੂਪ ਆਪ ਸਮਝਾਇੰਦਾ । ਜਗਤ ਤ੍ਰਿਸ਼ਨਾ ਬੁਝੇ ਆਗ, ਮਾਇਆ ਮਮਤਾ ਡੇਰਾ ਢਾਹਿੰਦਾ । ਕੂੜੀ ਕਿਰਿਆ ਦੁਰਮਤ ਮੈਲ ਧੋ ਦਾਗ਼, ਨਿਰਮਲ ਨੂਰ ਸਵੱਛ ਸਰੂਪ ਪਰਗਟਾਇੰਦਾ । ਸਚ ਪਰਕਾਸ਼ ਦੀਪਕ ਜੋਤ ਜਗੇ ਚਿਰਾਗ਼, ਜਗਤ ਅੰਧੇਰ ਮਿਟਾਇੰਦਾ । ਘਰ ਮੇਲਾ ਨਰ ਹਰਿ ਨਰਾਇਣ ਕੰਤ ਸੁਹਾਗ, ਸੇਜ ਸੁਹੰਜਣੀ ਸੋਭਾ ਪਾਇੰਦਾ । ਹਰਿਜਨ ਹਰਿਭਗਤ ਹੋਇਣ ਵਡ ਵਡ ਭਾਗ, ਵਡਭਾਗੀ ਸੋ ਪੁਰਖ ਨਿਰੰਜਣ ਵੇਖ ਵਖਾਇੰਦਾ । ਦੂਰ ਦੁਰਾਡੇ ਨੇਰਨ ਨੇਰੇ ਲੱਖ ਚੁਰਾਸੀ ਵਿਚੋ ਲਾਭ, ਭੇਵ ਅਭੇਦ ਆਪ ਖੁਲ੍ਹਾਇੰਦਾ । ਮੇਲ ਮਿਲਾਵਾ ਮੋਹਣ ਮਾਧਵ ਮਾਧ, ਮਧਰ ਧੁੰਨ ਆਪਣਾ ਰਾਗ ਸੁਣਾਇੰਦਾ । ਸੋਵਤ ਜਾਗਤ ਮਾਰੇ ਨਾਮ ਆਵਾਜ਼, ਅਨਹਦ ਨਾਦੀ ਨਾਦ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਰੰਗ ਰੰਗ ਅਮੋਲਾ, ਸ੍ਰੀ ਭਗਵਾਨ ਆਪ ਚੜ੍ਹਾਈਆ । ਚੜ੍ਹਾਵਣਹਾਰਾ ਕਾਇਆ ਚੋਲਾ, ਪੰਜ ਤਤ ਸੋਭਾ ਪਾਈਆ । ਨਿਰਗੁਣ ਹੋ ਕੇ ਬਣੇ ਵਿਚੋਲਾ, ਸਰਗੁਣ ਬੰਧਨ ਇਕ ਰਖਾਈਆ । ਅੰਤਰ ਵੜ ਕੇ ਗਾਏ ਢੋਲਾ, ਸੋਹੰ ਰਾਗ ਅਲਾਈਆ । ਧੁਰਦਰਗਾਹੀ ਸੱਚਾ ਬੋਲਾ, ਪਾਰਬ੍ਰਹਮ ਬ੍ਰਹਮ ਕਰੇ ਇਕ ਪੜ੍ਹਾਈਆ । ਭਗਤ ਭਗਵਾਨ ਦੋਹਾਂ ਚੁੱਕੇ ਪੜਦਾ ਉਹਲਾ, ਤੇਰਾ ਮੇਰਾ ਨਜ਼ਰ ਕੋਇ ਨਾ ਆਈਆ । ਗੀਤ ਗੋਬਿੰਦ ਗਾਇਣ ਸੁਹਾਗੀ ਸੋਹਲਾ, ਸੋ ਪੁਰਖ ਨਿਰੰਜਣ ਏਕੰਕਾਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲੇਖਾ ਲੇਖੇ ਵਿਚ ਰਖਾਈਆ ।


੩੧
੧੫

## ✪ ੨੫ ਹਾੜ ੨੦੨੦ ਬਿਕ੍ਰਮੀ ਤੇਜ ਭਾਨ ਦੇ ਗ੍ਰਿਹਿ ਅੰਬਾਲਾ ਛਾਉਣੀ ✪

ਸਚਖੰਡ ਦਵਾਰੇ ਸਚ ਦਰਬਾਰ, ਸਤਿ ਸਤਿਵਾਦੀ ਸੋਭਾ ਪਾਇੰਦਾ । ਸੋ ਪੁਰਖ ਨਿਰੰਜਣ ਸ਼ਾਹ ਸਿਕਦਾਰ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਹਰਿ ਪੁਰਖ ਨਿਰੰਜਣ ਸੇਵਾਦਾਰ, ਘਰ ਠਾਂਡੇ ਅਲਖ ਜਗਾਇੰਦਾ । ਏਕੰਕਾਰਾ ਵਡ ਬਲਕਾਰ, ਬਲ ਆਪਣਾ ਆਪ ਪਰਗਟਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਨਿਰਗੁਣ ਨਿਰਵੈਰ ਜੋਤੀ ਜਾਤਾ ਡਗਮਗਾਇੰਦਾ । ਸ੍ਰੀ ਭਗਵਾਨ ਖੋਲ੍ਹ ਕਿਵਾੜ, ਸਾਚਾ ਮੰਦਰ ਇਕ ਸੁਹਾਇੰਦਾ । ਅਬਿਨਾਸ਼ੀ ਕਰਤਾ ਕਰ ਪਸਾਰ, ਨਿਰਾਕਾਰ ਵੇਖ ਵਖਾਇੰਦਾ । ਪਾਰਬ੍ਰਹਮ ਪ੍ਰਭ ਪਾਵੇ ਸਾਰ, ਆਪ ਆਪਣਾ ਭੇਵ ਚੁਕਾਇੰਦਾ ਮਹੱਲ ਅਟੱਲ ਇਕ ਮੁਨਾਰ, ਅਗੰਮ ਅਥਾਹ ਵੇਖ ਵਖਾਇੰਦਾ । ਕਰੇ ਖੇਲ ਸਿਰਜਣਹਾਰ, ਬੇਪਰਵਾਹ ਆਪਣੀ ਕਾਰ ਕਮਾਇੰਦਾ । ਮੁਕਾਮੇ ਹੱਕ ਮੁਰਾਰ, ਲਾਸ਼ਰੀਕ ਨੂਰ ਪ੍ਰਗਟਾਇੰਦਾ । ਨੂਰ ਇਲਾਹੀ ਸਾਂਝਾ ਯਾਰ, ਮਹਿਬੂਬ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰ ਸ੍ਰੀ ਭਗਵਾਨ, ਸੋ ਸਾਹਿਬ ਖੇਲ ਖਿਲਾਈਆ । ਦੀਆ ਬਾਤੀ ਇਕ ਮਹਾਨ, ਕਮਲਾਪਾਤੀ ਨੂਰ ਰੁਸ਼ਨਾਈਆ । ਸਚ ਨਿਸ਼ਾਨ ਝੁਲਾਏ ਆਣ, ਆਪ ਆਪਣੀ ਬਣਤ ਬਣਾਈਆ । ਨਰ ਨਿਰੰਕਾਰ ਬਣ ਕੇ ਕਾਹਨ, ਦਰ ਘਰ ਸਾਚਾ ਇਕ ਵਡਿਆਈਆ । ਬੋਧ ਅਗਾਧਾ ਧੁਰ ਫ਼ਰਮਾਨ, ਭਿਛਿਆ ਆਪਣੀ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਈਆ । ਸਚ ਦੁਆਰਾ ਸੋਭਾਵੰਤ, ਸੋ ਸਤਿਗੁਰ ਆਪ ਸੁਹਾਈਆ । ਆਦਿ ਜੁਗਾਦੀ ਮਹਿਮਾਂ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਆਪਣਾ ਖੇਲ ਕਰੇ ਬੇਅੰਤ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਨਾਉਂ ਨਿਰੰਕਾਰਾ ਏਕਾ ਮੰਤ, ਮੰਤਰ ਆਪਣਾ ਆਪ ਪਰਗਟਾਈਆ । ਖੇਲੇ ਖੇਲ ਨਾਰ ਕੰਤ, ਸੇਜ ਸੁਹੰਜਣੀ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਦਵਾਰੇ ਪੁਰਖ ਅਕਾਲ, ਅਕਲ ਕਲਧਾਰੀ ਖੇਲ ਕਰਾਇੰਦਾ । ਦੀਨਾਂ ਬੰਧਪ ਦੀਨ ਦਿਆਲ, ਦਇਆਨਿਧ ਠਾਕਰ ਸਵਾਮੀ ਆਪਣੀ ਕਾਰ ਕਮਾਇੰਦਾ । ਨਿਰਮਲ ਨੂਰ ਜੋਤ ਜਲਾਲ, ਜਲਵਾ ਜ਼ਾਹਰ ਜ਼ਹੂਰ ਪਰਗਟਾਇੰਦਾ । ਕਰੇ ਖੇਲ ਬੇਮਿਸਾਲ, ਮਿਸਲ ਵਿਚ ਕਦੇ ਨਾ ਆਇੰਦਾ । ਧਰਮ ਦੁਆਰ ਕਰ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਆਦਿ ਪੁਰਖ ਅਪਰੰਪਰ ਸਵਾਮੀ ਨੌਜਵਾਨ, ਬਿਰਧ ਬਾਲ ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਆਪ ਵਸਾਇੰਦਾ । ਸਚਖੰਡ ਦਵਾਰ ਵਸਾਏ ਏਕ, ਏਕਾ ਏਕ ਵੱਡੀ ਵਡਿਆਈਆ । ਜੁਗ ਚੌਕੜੀ ਸਾਚੀ ਟੇਕ, ਮਿਹਰਵਾਨ ਹੋਏ ਸਹਾਈਆ । ਕਰੇ ਖੇਲ ਬਹੁਬਿਧ ਭਾਂਤ ਅਨੇਕ, ਭੇਵ ਅਭੇਦ ਨਾ ਕਿਸੇ ਜਣਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰਨਹਾਰਾ ਭੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਤਾ ਕਰਤਾਰ, ਸਚ ਦਵਾਰੇ ਆਪ ਕਰਾਇੰਦਾ । ਨਿਰਗੁਣ ਨੂਰ ਨੂਰ ਹੋ ਉਜਿਆਰ, ਜੋਤੀ ਜੋਤ ਡਗਮਗਾਇੰਦਾ । ਸਾਚੀ ਇਛਿਆ ਕਰ ਪਿਆਰ, ਭਿਛਿਆ ਇਕੋ ਇਕ ਵਰਤਾਇੰਦਾ । ਦੇਵਣਹਾਰ ਧੁਰ ਦਰਬਾਰ, ਧੁਰਦਰਗਾਹੀ ਖੇਲ ਕਰਾਇੰਦਾ । ਜਨਨੀ ਜਨ ਬਣ ਨਿਰੰਕਾਰ, ਸੁਤ ਦੁਲਾਰਾ ਇਕੋ ਜਾਇੰਦਾ । ਸ਼ਬਦੀ ਸ਼ਬਦ ਕਰ ਪਿਆਰ, ਪੂਤ ਸਪੂਤਾ ਗੋਦ ਉਠਾਇੰਦਾ । ਦੇਵਣਹਾਰ ਇਕ ਆਧਾਰ, ਸਿਰ ਆਪਣਾ ਹੱਥ

ਟਿਕਾਇੰਦਾ । ਸਾਚਾ ਮੰਦਰ ਕਰ ਤਿਆਰ, ਥਿਰ ਘਰ ਬੰਕ ਵਡਿਆਇੰਦਾ । ਖੋਲ੍ਹਣਹਾਰਾ ਆਪ ਕਿਵਾੜ, ਬੰਦ ਤਾਕੀ ਪੜਦਾ ਲਾਹਿੰਦਾ । ਛੋਟਾ ਬਾਲਾ ਨੱਢਾ ਸੁੱਤ ਦੁਲਾਰਾ ਅੰਦਰ ਵਾੜ, ਸਾਚੀ ਸਿਖਿਆ ਇਕ ਸਮਝਾਇੰਦਾ । ਤੇਰਾ ਮੇਰਾ ਇਕ ਪਿਆਰ, ਹਰਿ ਕਰਤਾ ਆਪ ਬੰਧਾਇੰਦਾ । ਸਚਖੰਡ ਵਸੇ ਵਸਣਹਾਰ, ਨਰ ਨਿਰੰਕਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਸੁਹਾਇੰਦਾ । ਸਚਖੰਡ ਅੰਦਰ ਥਿਰ ਘਰ, ਸੋ ਸਾਹਿਬ ਆਪ ਪਰਗਟਾਈਆ । ਅਬਿਨਾਸ਼ੀ ਕਰਤਾ ਦੇ ਵਰ, ਸੁਤ ਦੁਲਾਰੇ ਰਿਹਾ ਸਮਝਾਈਆ । ਚਰਨ ਕਵਲ ਸਚ ਸਰਨਾਈ ਜਾਣਾ ਪੜ, ਸਰਨਗਤ ਇਕ ਰਖਾਈਆ । ਸਾਚਾ ਢੋਲਾ ਲੈਣਾ ਪੜ੍ਹ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਨਾ ਜਨਮੇ ਨਾ ਜਾਏ ਮਰ, ਜੀਵਣ ਜੁਗਤ ਨਾ ਕੋਇ ਰਖਾਈਆ । ਸਤਿ ਸਤਿਵਾਦੀ ਇਕ ਵਖਾਏ ਸਰੋਵਰ ਸਰ, ਅੰਮ੍ਰਿਤ ਤਾਲ ਇਕ ਸੁਹਾਈਆ । ਅਗੰਮ ਅਥਾਹ ਊਚੋ ਊਚ ਪੌੜੇ ਜਾਣਾ ਚੜ੍ਹ, ਮਹੱਲ ਅਟੱਲ ਇਕੋ ਸੋਭਾ ਪਾਈਆ । ਸਾਹਿਬ ਸਤਿਗੁਰ ਦੀਨ ਦਿਆਲ ਠਾਕਰ ਸਵਾਮੀ ਦਰਸ਼ਨ ਕਰਨਾ ਖੜ, ਸਵੱਛ ਸਰੂਪੀ ਸ਼ਾਹੋ ਭੂਪੀ ਇਕੋ ਨਜ਼ਰੀ ਆਈਆ । ਨਾ ਚੋਟੀ ਨਾ ਕੋਈ ਜੜ੍ਹ, ਨਿਰਗੁਣ ਨਿਰਾਕਾਰ ਅਜੂਨੀ ਰਹਿਤ ਅਨਭਵ ਪਰਕਾਸ਼ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਅੰਦਰ ਸਾਚੀ ਕਾਰ ਕਮਾਈਆ । ਸਚਖੰਡ ਅੰਦਰ ਥਿਰ ਦਰਵਾਜ਼ਾ, ਅਬਿਨਾਸ਼ੀ ਕਰਤਾ ਆਪ ਖੁਲ੍ਹਾਈਆ । ਮਿਹਰਵਾਨ ਵਡ ਗ਼ਰੀਬ ਨਿਵਾਜ਼ਾ, ਦੀਨਾਂ ਨਾਥ ਦਇਆ ਕਮਾਈਆ । ਸੁਤ ਦੁਲਾਰੇ ਸਾਜਣ ਸਾਜਾ, ਸ਼ਬਦੀ ਸ਼ਬਦ ਨਾਉਂ ਪਰਗਟਾਈਆ । ਭੇਵ ਖੁਲ੍ਹਾਏ ਬੋਧ ਅਗਾਧਾ, ਅਗੰਮ ਅਥਾਹ ਪੜ੍ਹਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਧੁਰ ਫ਼ਰਮਾਨਾ ਇਕ ਸੁਣਾਈਆ । ਸਚ ਦਵਾਰੇ ਰਚ ਰਚ ਕਾਜਾ, ਹਰਿ ਕਰਤਾ ਵੇਖ ਵਖਾਈਆ । ਤੇਰਾ ਮੇਰਾ ਇਕੋ ਨਾਤਾ, ਪੁਰਖ ਬਿਧਾਤਾ ਆਪ ਜਣਾਈਆ । ਪੁਰਖ ਅਕਾਲ ਪਿਤਾ ਮਾਤਾ, ਬਾਲਕ ਸਾਚੀ ਗੋਦ ਉਠਾਈਆ । ਇਕੋ ਨੂਰ ਇਕੋ ਜ਼ਾਤਾ, ਅਜ਼ਾਤੀ ਹੋਰ ਨਾ ਕੋਇ ਵਟਾਈਆ । ਇਕੋ ਮੰਦਰ ਸਚ ਦਵਾਰ ਸ਼ਬਦੀ ਇਹਾਤਾ, ਛੱਪਰ ਛੰਨ ਨਾ ਕੋਇ ਛੁਹਾਈਆ । ਇਕੋ ਨਾਮ ਨਿਧਾਨ ਇਕੋ ਧੁਰ ਦੀ ਗਾਥਾ, ਇਕੋ ਸਚ ਪੜ੍ਹਾਈਆ । ਇਕੋ ਤ੍ਰਿਸਨਾ ਇਕੋ ਪੂਰੀ ਕਰੇ ਆਸਾ, ਇਕੋ ਹਰਸ ਹਵਸ ਮੇਟ ਮਿਟਾਈਆ । ਇਕੋ ਏਕੰਕਾਰ ਵਸੇ ਪਾਸਾ, ਸਦ ਆਪਣਾ ਸੰਗ ਨਿਭਾਈਆ । ਇਕੋ ਆਦਿ ਸੁੱਤ ਸ਼ਬਦ ਦੇਵੇ ਭਰਵਾਸਾ, ਥਿਰ ਘਰ ਸਾਚੇ ਮਿਲੇ ਵਡਿਆਈਆ । ਇਕੋ ਨਾਮ ਇਕੋ ਪੂਜਾ ਪਾਠਾ, ਇਕੋ ਮਾਰਗ ਰਿਹਾ ਸਮਝਾਈਆ । ਇਕੋ ਵਾਰ ਇਕੋ ਹਾਟਾ, ਇਕੋ ਵਣਜ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਸਚ ਸਚ ਸਮਝਾਈਆ । ਸੁਤ ਸ਼ਬਦ ਸਚ ਦੁਲਾਰੇ, ਸੋ ਪੁਰਖ ਨਿਰੰਜਣ ਆਪ ਜਣਾਈਆ । ਅਸਥਲ ਸੋਹਣ ਤੇਰੇ ਦੁਆਰੇ, ਥਿਰ ਘਰ ਇਕੋ ਰੰਗ ਵਖਾਈਆ । ਨਿਰਗੁਣ ਦੀਆ ਬਾਤੀ ਕਰ ਉਜਿਆਰੇ, ਜੋਤੀ ਜੋਤ ਡਗਮਗਾਈਆ । ਅਬਿਨਾਸ਼ੀ ਕਰਤਾ ਵੇਖਣਹਾਰੇ, ਸਚ ਦਵਾਰੇ ਬੈਠਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁਤ ਸਤਿ ਸਤਿ ਜਣਾਈਆ । ਸ਼ਬਦ ਸੁੱਤ ਸੁਣ ਸਾਚੇ ਲਾਲ, ਹਰਿ ਸਤਿਗੁਰ ਆਖ ਜਣਾਇਆ । ਥਿਰ ਘਰ ਤੇਰੀ ਧਰਮਸਾਲ, ਆਦਿ ਮੰਦਰ ਇਕ ਵਖਾਇਆ । ਜੁਗ ਚੌਕੜੀ ਚਲੇ ਨਾਲ, ਨਿਤ ਨਵਿਤ ਵੇਖ ਵਖਾਇਆ । ਭੇਵ ਅਭੇਦਾ ਦੱਸੇ ਅਗੰਮ ਅਹਿਵਾਲ, ਪੜਦਾ ਆਪਣਾ ਆਪ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਤ ਦੁਲਾਰੇ ਰਿਹਾ ਵਡਿਆਇਆ ।

ਸੁਤ ਦੁਲਾਰਾ ਸ਼ਬਦੀ ਸੁੱਤ, ਦੋਏ ਜੋੜ ਪਿਆ ਸਰਨਾਈਆ । ਕਰ ਕਿਰਪਾ ਅਬਿਨਾਸ਼ੀ ਅਚੁੱਤ, ਪਾਰਬ੍ਰਹਮ ਪ੍ਰਭ ਤੇਰੇ ਹੱਥ ਵਡਿਆਈਆ । ਆਪਣੀ ਗੋਦੀ ਲੈਣਾ ਚੁੱਕ, ਹਉਂ ਬਾਲਕ ਰੂਪ ਸਖਾਈਆ । ਥਿਰ ਘਰ ਵੇਖਾਂ ਸੋਹਣੀ ਰੁੱਤ, ਰੁਤੜੀ ਤੇਰੇ ਨਾਲ ਮਹਿਕਾਈਆ । ਹੋਏ ਪਰਕਾਸ਼ ਸਾਚੀ ਕੂਟ, ਚਾਰ ਕੁੰਟ ਦਹਿ ਦਿਸ਼ਾ ਵੱਜੇ ਵਧਾਈਆ । ਮੇਰਾ ਕੋਈ ਨਾ ਦਿਸੇ ਪੰਜ ਤਤ ਬੁੱਤ, ਤੈਗੁਣ ਤਤ ਨਜ਼ਰ ਨਾ ਆਈਆ । ਤੇਰੀ ਧਾਰ ਅੰਦਰ ਜਾਵਾਂ ਲੁਕ, ਛੱਪਰ ਛੰਨ ਚਾਰ ਦੀਵਾਰ ਨਾ ਕੋਇ ਬਣਾਈਆ । ਤੇਰੇ ਹੁਕਮੇ ਅੰਦਰ ਆਵਾਂ ਉਠ, ਬਣ ਸੇਵਕ ਸੇਵ ਕਮਾਈਆ । ਤੂੰ ਸਾਹਿਬ ਮੇਰੇ ਜਾਣਾ ਤੁਠ, ਬੇਨਜ਼ੀਰ ਮਿਹਰ ਨਜ਼ਰ ਉਠਾਈਆ । ਮੇਰੇ ਕੋਲ ਨਹੀਂ ਕੁਛ, ਖ਼ਾਲੀ ਝੋਲੀ ਦੇਣੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁਤ ਦੁਲਾਰੇ ਦਇਆ ਕਮਾਈਆ । ਸੁੱਤ ਦੁਲਾਰੇ ਦਇਆ ਕਮਾਵਾਂਗਾ । ਸਿਰ ਤੇਰੇ ਹੱਥ ਰਖਾਵਾਂਗਾ । ਪੁਰਖ ਅਬਿਨਾਸ਼ੀ ਖੇਲ ਖਿਲਾਵਾਂਗਾ । ਦੀਆ ਬਾਤੀ ਇਕ ਜਗਾਵਾਂਗਾ । ਕਮਲਾਪਾਤੀ ਹੋ ਕੇ ਵੇਖ ਵਖਾਵਾਂਗਾ । ਸਾਚੀ ਸਾਖੀ ਇਕ ਪੜ੍ਹਾਵਾਂਗਾ । ਆਪਣੀ ਜ਼ਾਤੀ ਤੇਰਾ ਨੂਰ ਜਣਾਵਾਂਗਾ । ਧੁਰ ਦੀ ਦਾਤੀ, ਤੇਰੀ ਝੋਲੀ ਪਾਵਾਂਗਾ । ਸਚ ਸਿੰਘਾਸਣ ਬੈਠ ਇਕਾਂਤੀ, ਅਕਲ ਕਲ ਤੇਰੀ ਧਾਰ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਬਾਲ ਅਵਾਣੇ ਤੇਰੇ ਸਾਥੀ, ਸਗਲਾ ਸੰਗ ਵਖਾਵਾਂਗਾ । ਤ੍ਰੈਗੁਣ ਮਾਇਆ ਖੇਲ ਤਮਾਸ਼ੀ, ਤੇਰਾ ਰੰਗ ਰੰਗਾਵਾਂਗਾ । ਪੰਜ ਤਤ ਪੂਰੀ ਕਰਾਂ ਆਸੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੰਡ ਵੰਡਾਵਾਂਗਾ । ਬ੍ਰਹਿਮੰਡ ਖੰਡ ਪੁਰੀ ਲੋਅ ਪਾਤਾਲ ਆਕਾਸ਼ ਪਾਵਾਂ ਰਾਸੀ, ਮੰਡਲ ਮੰਡਪ ਤੇਰਾ ਨਾਚ ਨਚਾਵਾਂਗਾ । ਧਰਨੀ ਧਰਤ ਧਵਲ ਜਲ ਥਲ ਮਹੀਅਲ ਪੂਰੀ ਕਰਾਂ ਆਸੀ, ਸੂਰਜ ਚੰਦ ਤੇਰਾ ਨੂਰ ਚਮਕਾਵਾਂਗਾ । ਖੇਲ ਖੇਲ ਵਿਚ ਬ੍ਰਹਿਮੰਡ, ਲੇਖਾ ਜਾਣ ਜੇਰਜ ਅੰਡ, ਉਤਭੁਜ ਸੇਤਜ ਤੇਰੀ ਗੰਢ ਪਵਾਵਾਂਗਾ । ਚਾਰੇ ਖਾਣੀ ਵਸੇ ਸੰਗ, ਚਾਰੇ ਬਾਣੀ ਤੇਰਾ ਪਰਸੰਗ, ਪਰਾ ਪਸੰਤੀ ਮਧਮ ਬੈਖਰੀ ਰਾਗ ਜਣਾਵਾਂਗਾ । ਲੱਖ ਚੁਰਾਸੀ ਤੇਰੀ ਵੰਡ, ਨਿਰਗੁਣ ਸਰਗੁਣ ਤੇਰਾ ਅਨੰਦ, ਤਤਵ ਤਤ ਵੇਖ ਵਖਾਵਾਂਗਾ । ਆਤਮ ਪਰਮਾਤਮ ਤੇਰਾ ਛੰਦ, ਬ੍ਰਹਮ ਪਾਰਬ੍ਰਹਮ ਸਾਚਾ ਰੰਗ, ਸੇਜ ਸੁਹੰਜਣੀ ਇਕ ਵਡਿਆਵਾਂਗਾ । ਜੁਗ ਚੌਕੜੀ ਤੇਰੀ ਮੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰੀ ਮਨਸਾ ਪੂਰ ਵਖਾਵਾਂਗਾ । ਤੇਰੀ ਮਨਸਾ ਪੂਰ ਵਖਾਵਾਂਗਾ । ਨਿਰਗੁਣ ਸਰਗੁਣ ਧਾਰ ਚਲਾਵਾਂਗਾ । ਲੱਖ ਚੁਰਾਸੀ ਡੇਰਾ ਲਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਪੜ੍ਹਾਵਾਂਗਾ । ਸ਼ਾਸਤਰ ਸਿਮਰਤ ਵੇਦ ਜਣਾਵਾਂਗਾ । ਗੁਰ ਅਵਤਾਰ ਰੰਗ ਰੰਗਾਵਾਂਗਾ । ਧੁਰ ਦੀ ਬਾਣੀ ਬੋਲ ਜੈਕਾਰ, ਤੇਰਾ ਨਾਮ ਸਿਫ਼ਤ ਸਾਲਾਹਵਾਂਗਾ । ਕਾਗ਼ਜ਼ ਕਲਮ ਬਣ ਲਿਖਾਰ, ਕਾਤਬ ਇਕੋ ਭੇਵ ਚੁਕਾਵਾਂਗਾ । ਖੇਲ ਖੇਲ ਜੁਗ ਚੌਕੜੀ ਚਾਰ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਤੇਰੀ ਗੰਢ ਪਵਾਵਾਂਗਾ । ਮੇਰਾ ਤੇਰਾ ਜਗਤ ਪਿਆਰ, ਤੇਈ ਅਵਤਾਰ ਬੰਧ ਵਖਾਵਾਂਗਾ । ਭਗਤ ਅਠਾਰਾਂ ਖੋਲ੍ਹ ਕਿਵਾੜ, ਘਰ ਮੰਦਰ ਇਕ ਬਹਾਵਾਂਗਾ । ਈਸਾ ਮੂਸਾ ਮੁਹੰਮਦ ਯਾਰ, ਯਾਰੀ ਯਾਰਾਂ ਨਾਲ ਨਿਭਾਵਾਂਗਾ । ਮੁਰੀਦ ਮੁਰਸ਼ਦ ਦੇ ਦੀਦਾਰ, ਦੀਦ ਈਦ ਚੰਦ ਚਮਕਾਵਾਂਗਾ । ਨਾਨਕ ਨਿਰਮਲ ਜੋਤ ਕਰ ਉਜਿਆਰ, ਦੋ ਜਹਾਨਾਂ ਨੂਰ ਵਖਾਵਾਂਗਾ । ਧੁਰ ਦੀ ਧਾਰ ਬੋਲ ਜੈਕਾਰ, ਸਤਿ ਨਾਮ ਦ੍ਰਿੜ੍ਹਾਵਾਂਗਾ । ਸਾਚਾ ਖੇਲ ਸੱਚੇ ਘਰ ਬਾਰ, ਇਕ ਦਸ ਵੰਡ ਵੰਡਾਵਾਂਗਾ । ਦਹਿ ਦਿਸ਼ਾ ਵੇਖ ਵਿਚਾਰ, ਗੋਬਿੰਦ ਆਪਣਾ ਸੁਤ ਬਣਾਵਾਂਗਾ । ਰੁੱਤ ਸੋਹੇ ਵਿਚ ਸੰਸਾਰ, ਸ਼ਬਦੀ ਸ਼ਬਦ ਤੇਰਾ ਰੂਪ ਜਣਾਵਾਂਗਾ । ਲੇਖਾ ਜਾਣ ਧੁਰ ਦੀ ਧਾਰ, ਧੁਰ ਮਸਤਕ

ਲੇਖ ਲਿਖਾਵਾਂਗਾ । ਸਾਚੀ ਸਿਖਿਆ ਅੰਤਮ ਵਾਰ, ਸਾਖਿਆਤ ਇਕ ਸਮਝਾਵਾਂਗਾ । ਧੁਰ ਸੰਦੇਸਾ ਦੇ ਸਿਰਜਣਹਾਰ, ਸਿਰ ਸਿਰ ਹੁਕਮ ਮਨਾਵਾਂਗਾ । ਕਲਗੀ ਤੋੜਾ ਸੀਸ ਦਸਤਾਰ, ਸ਼ਸਤਰ ਬਸਤਰ ਇਕ ਸਜਾਵਾਂਗਾ । ਸ਼ਾਹ ਸਵਾਰਾ ਅਗੰਮ ਅਪਾਰ, ਅਸਵ ਇਕੋ ਇਕ ਦੌੜਾਵਾਂਗਾ । ਭੇਵ ਅਭੇਦਾ ਖੋਲ੍ਹ ਕਿਵਾੜ, ਬੋਧ ਅਗਾਧ ਜਣਾਵਾਂਗਾ । ਕਲ ਕਲਕੀ ਲੈ ਅਵਤਾਰ, ਨਵ ਨੌ ਚਾਰ ਪੰਧ ਮੁਕਾਵਾਂਗਾ । ਸੰਬਲ ਵਸੇ ਧਾਮ ਨਿਆਰ, ਹਰਿ ਮੰਦਰ ਇਕ ਵਖਾਵਾਂਗਾ । ਕਮਲਾਪਾਤੀ ਹੋ ਉਜਿਆਰ, ਦੀਆ ਬਾਤੀ ਇਕੋ ਡਗਮਗਾਵਾਂਗਾ । ਸ਼ਬਦ ਸੁਤ ਤੇਰਾ ਕਰਾਂ ਸਚ ਵਿਹਾਰ, ਆਦਿ ਅੰਤ ਤੇਰਾ ਹੁਕਮ ਵਰਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਖੜ, ਸਾਚਾ ਖੇਲ ਵਖਾਵਾਂਗਾ । ਸੁਤ ਦੁਲਾਰੇ ਚੜ੍ਹਿਆ ਚਾ, ਸਚਖੰਡ ਵੱਜੀ ਵਧਾਈਆ । ਜੁਗ ਚੌਕੜੀ ਪਾਰਬ੍ਰਹਮ ਪ੍ਰਭ ਬਣੇ ਮੇਰਾ ਮਲਾਹ, ਨਿਤ ਨਵਿਤ ਬੇੜਾ ਪਾਰ ਕਰਾਈਆ । ਸਤਿ ਪੁਰਖ ਨਿਰੰਜਣ ਹੋ ਕੇ ਦੇਵੇ ਸਤਿ ਸਲਾਹ, ਸਾਚੀ ਸਿਖਿਆ ਕਰੇ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਲਾ, ਸਾਚੀ ਸਿਖਿਆ ਇਕ ਸਮਝਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦਏ ਸਮਝਾ, ਭੇਵ ਅਭੇਦਾ ਆਪ ਖੁਲ੍ਹਾਈਆ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਵੰਡ ਵੰਡਾ, ਲੇਖਾ ਜਾਣੇ ਥਾਉਂ ਥਾਈਂਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪਣੀ ਗੰਢ ਪਵਾ, ਗੰਢਣਹਾਰ ਆਪ ਗੋਸਾਈਂਆ । ਖੜਗ ਖੰਡਾ ਤੀਰ ਚਮਕਾ, ਚੰਡ ਪਰਚੰਡ ਇਕ ਵਖਾਈਆ । ਤੀਰ ਤਰਕਸ਼ ਕਮਾਨ ਟੰਕ ਹੱਥ ਉਠਾ, ਭੱਥਾ ਇਕੋ ਨਾਮ ਜਣਾਈਆ । ਆਤਮ ਪਰਮਾਤਮ ਨਿਸ਼ਾਨਾ ਦਏ ਲਗਾ, ਅਣਿਆਲਾ ਤੀਰ ਇਕ ਉਠਾਈਆ । ਸ਼ਾਹ ਕੰਗਾਲਾਂ ਵੇਖੇ ਥਾਉਂ ਥਾਂ, ਬੇਪਰਵਾਹ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਰਿਹਾ ਸਮਝਾਈਆ । ਸੁਤ ਦੁਲਾਰਾ ਮੰਗੇ ਆਦੇਸ, ਦੋਏ ਜੋੜ ਸੀਸ ਝੁਕਾਈਆ । ਪੁਰਖ ਅਕਾਲ ਇਕ ਨਰੇਸ਼, ਨਰ ਨਿਰੰਕਾਰ ਨਜ਼ਰੀ ਆਈਆ । ਜੁਗ ਚੌਕੜੀ ਧਰੇ ਵੇਸ, ਨਿਰਗੁਣ ਸਰਗੁਣ ਰੂਪ ਵਟਾਈਆ । ਕਲਜੁਗ ਅੰਤਮ ਧਾਰੇ ਭੇਖ, ਭੇਖ ਅਵੱਲੜਾ ਸਮਝ ਕੋਇ ਨਾ ਪਾਈਆ । ਰੂਪ ਰੰਗ ਨਾ ਕੋਇ ਰੇਖ, ਅਨਭਵ ਆਪਣੀ ਕਾਰ ਕਮਾਈਆ । ਵਸਣਹਾਰਾ ਸਚਖੰਡ ਸਾਚੇ ਦੇਸ, ਲੋਕਮਾਤ ਨਿਰਗੁਣ ਜੋਤ ਕਰੇ ਰੁਸ਼ਨਾਈਆ । ਲੇਖਾ ਜਾਣੇ ਗੁਰ ਅਵਤਾਰ ਪੀਰ ਪੈਗ਼ੰਬਰ ਔਲੀਏ ਮੁੱਲਾਂ ਸ਼ੇਖ, ਪੰਡਤ ਪਾਂਧੇ ਕੁਤਬ ਗ਼ੌਸ ਵੇਖੇ ਥਾਉਂ ਥਾਈਂਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਦਰ ਬਾਹਰ ਗੁਪਤ ਜ਼ਾਹਰ ਵੇਖਣਹਾਰਾ ਰੇਖ, ਧੁਰ ਦਾ ਪੜਦਾ ਆਪ ਉਠਾਈਆ । ਨਿਰਵੈਰ ਪੁਰਖ ਅਕਾਲ ਦੀਨ ਦਿਆਲ ਹੋ ਕੇ ਖੇਲੇ ਖੇਡ, ਖੇਲਣਹਾਰਾ ਇਕੋ ਇਕ ਅਖਵਾਈਆ । ਦੂਰ ਦੁਰਾਡਾ ਨੇਰਨ ਨੇਰਾ ਜਨ ਭਗਤਾਂ ਨਜ਼ਰੀ ਆਏ ਨੇਤਨ ਨੇਤ, ਨਿਜ ਘਰ ਆਪਣਾ ਆਸਣ ਲਾਈਆ । ਅੰਦਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਸੁਰਤ ਸਵਾਣੀ ਫੜ ਕੇ ਦਸਮ ਦਵਾਰੀ ਖੋਲ੍ਹੇ ਭੇਤ, ਭੇਵ ਅਭੇਦਾ ਆਪ ਜਣਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸ਼ਬਦੀ ਧਾਰ ਸਤਿਗੁਰ ਵੇਖ, ਘਰ ਸਾਚੇ ਸੋਭਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਲੇਖ, ਸੋ ਲੇਖਾ ਆਪ ਮਿਟਾਈਆ । ਆਤਮ ਪਰਮਾਤਮ ਪਰਮ ਪੁਰਖ ਪ੍ਰੀਤਮ ਪਿਆਰਾ ਦੱਸੇ ਸਾਚਾ ਹੇਤ, ਹਿਤਕਾਰੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਦੇਵੇ ਵਰ, ਤੇਰਾ ਲਹਿਣਾ ਅੰਤਮ ਕਲਜੁਗ ਤੇਰੀ ਝੋਲੀ ਪਾਈਆ । ਸ਼ਬਦ ਸੁਤ ਤੇਰਾ ਲਹਿਣਾ ਮੀਤ, ਹਰਿ ਮਿੱਤਰ ਪਿਆਰਾ ਆਪ ਜਣਾਇੰਦਾ । ਕਲਜੁਗ ਅੰਤਮ ਸ੍ਰੀ ਭਗਵਾਨ

੩੫
੧੫

ਚਲਾਏ ਇਕੋ ਰੀਤ, ਰੀਤੀਵਾਨ ਵੇਖ ਵਖਾਇੰਦਾ । ਚਾਰ ਵਰਨ ਅਠਾਰਾਂ ਬਰਨ ਕਾਇਆ ਕਰੇ ਠੰਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਘਰ ਸਵਾਮੀ ਨਜ਼ਰ ਆਏ ਅਤੀਤ, ਤ੍ਰੈਗੁਣ ਡੇਰਾ ਢਾਹਿੰਦਾ । ਪੰਜ ਤਤ ਰਹੇ ਨਾ ਕੋਇ ਸ਼ਰੀਕ, ਲਾਸ਼ਰੀਕ ਆਪਣਾ ਰੰਗ ਵਖਾਇੰਦਾ । ਦੂਰ ਦੁਰਾਡਾ ਨਜ਼ਰੀ ਆਏ ਨਜ਼ਦੀਕ, ਨੇਰਨ ਨੇਰਾ ਮੇਲ ਮਿਲਾਇੰਦਾ । ਸਚ ਨਿਸ਼ਾਨਾ ਮਾਰੇ ਠੀਕ, ਕੂੜਾ ਠੀਕਰ ਭੰਨ ਵਖਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਵਾਕ ਭਵਿਖਤ ਲਿਖ ਕੇ ਗਏ ਤਰੀਕ, ਬੀਸ ਬੀਸਾ ਹਰਿ ਜਗਦੀਸਾ ਆਪਣੀ ਕਾਰ ਕਮਾਇੰਦਾ । ਏਕਾ ਛਤਰ ਝੁੱਲੇ ਹਰਿ ਸਾਚੇ ਸੀਸ, ਸ਼ਾਹ ਸੁਲਤਾਨ ਰਾਜ ਰਾਜਨ ਦੋ ਜਹਾਨ ਦੂਜਾ ਨਜ਼ਰ ਕੋਇ ਨਾ ਆਇੰਦਾ । ਵੇਖਣਹਾਰਾ ਹਸਤ ਕੀਟ, ਊਚਾਂ ਨੀਚਾਂ ਰਾਉ ਰੰਕਾਂ ਆਪਣਾ ਰੰਗ ਰੰਗਾਇੰਦਾ । ਜੁਗ ਚੌਕੜੀ ਜੋ ਸੁੱਤਾ ਰਿਹਾ ਦੇ ਕਰ ਪੀਠ, ਸੋ ਸਾਹਿਬ ਕਲਜੁਗ ਅੰਤ ਆਪਣੀ ਕਰਵਟ ਆਪ ਬਦਲਾਇੰਦਾ । ਜਨ ਭਗਤਾਂ ਸੁਣਾਏ ਸੋਹਲਾ ਢੋਲਾ ਇਕੋ ਗੀਤ, ਆਤਮ ਪਰਮਾਤਮ ਸੋਹੰ ਰਾਗ ਪੜ੍ਹਾਇੰਦਾ । ਕਾਇਆ ਮੰਦਰ ਅੰਦਰ ਸ਼ਿਵਦਵਾਲਾ ਮੱਠ ਜਣਾਏ ਸਚ ਮਸੀਤ, ਹੁਜਰਾ ਹੱਕ ਹੱਕ ਵਖਾਇੰਦਾ । ਆਤਮ ਪਰਮਾਤਮ ਸ਼ਬਦ ਅਨਾਦੀ ਗਾਏ ਗੀਤ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਪਾਰਬ੍ਰਹਮ ਬ੍ਰਹਮ ਦੇਵਣਹਾਰਾ ਭੀਖ, ਭਿਖਿਆ ਆਪਣਾ ਨਾਮ ਝੋਲੀ ਪਾਇੰਦਾ । ਸਾਚੀ ਸਿਖਿਆ ਇਕੋ ਲੈਣੀ ਸੀਖ, ਦੂਜੀ ਪੱਟੀ ਨਾ ਕੋਇ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰੂ ਗੁਰਦੇਵ ਸਵਾਮੀ, ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਚਲ ਧਾਮ ਸਚ ਸਿੰਘਾਸਣ ਇਕੋ ਸੋਭਾ ਪਾਇੰਦਾ । ਸੁੱਤ ਦੁਲਾਰੇ ਤੇਰਾ ਸਚ ਸਿੰਘਾਸਣ, ਸੋ ਸਾਹਿਬ ਆਪ ਜਣਾਈਆ । ਜੁਗ ਚੌਕੜੀ ਖੇਲ ਤਮਾਸ਼ਨ, ਖ਼ਾਲਕ ਖ਼ਲਕ ਵੰਡ ਵੰਡਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਪੂਰੀ ਕਰੇ ਆਸਨ, ਆਸਾ ਤ੍ਰਿਸਨਾ ਪੂਰ ਕਰਾਈਆ । ਆਤਮ ਸੇਜਾ ਕਰੇ ਭੋਗ ਬਲਾਸਨ, ਭਸਮੜ ਆਪਣੀ ਕਾਰ ਕਮਾਈਆ । ਵੇਖਣਹਾਰਾ ਖੇਲ ਪ੍ਰਿਥਮੀ ਆਕਾਸਨ, ਗਗਨ ਮੰਡਲ ਦੋ ਜਹਾਨਾਂ ਆਪਣੀ ਰਾਸ ਰਚਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਦਾਤਾ ਪੁਰਖ ਬਿਧਾਤਾ ਕਰੇ ਖੇਲ ਬਣ ਦਾਸੀ ਦਾਸਨ, ਸੇਵਕ ਸੇਵਾ ਆਪਣੀ ਇਕ ਜਣਾਈਆ । ਜਨ ਭਗਤਾਂ ਪੂਰਾ ਕਰੇ ਘਾਟਨ, ਪੂਰਬ ਲਹਿਣਾ ਦੇਵੇ ਥਾਉਂ ਥਾਈਂਆ । ਨਾਤਾ ਤੋੜੇ ਆਨ ਬਾਟਨ, ਲੱਖ ਚੁਰਾਸੀ ਮਾਤ ਗਰਭ ਫੰਦ ਕਟਾਈਆ । ਕਲਜੁਗ ਮੇਟੇ ਰੈਣ ਅੰਧੇਰੀ ਰਾਤਨ, ਸਤਿਗੁਰ ਚੰਦ ਇਕੋ ਨੂਰ ਚਮਕਾਈਆ । ਭੇਵ ਖੋਲ੍ਹੇ ਆਪਣਾ ਬਾਤਨ, ਬੈਤੁਲਮੁਕੱਦਸ ਇਕੋ ਧਾਮ ਵਖਾਈਆ । ਮੁਰੀਦ ਮੁਰਸ਼ਦ ਹੋਵੇ ਸਾਥਨ, ਗੁਰ ਚੇਲਾ ਗੰਢ ਪਵਾਈਆ । ਲਹਿਣਾ ਦੇਣਾ ਚੁੱਕੇ ਪੂਜਾ ਪਾਠਨ, ਜਿਸ ਜਨ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਸ਼ਬਦ ਸ਼ਬਦ ਸੁੱਤ ਅਨਾਦ, ਖੇਲੇ ਖੇਲ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਆਪਣੀ ਰਚਨਾ ਆਪ ਰਚਾਈਆ । ਬ੍ਰਹਮ ਬ੍ਰਹਿਮਾਂਡ ਰਚਨਾ ਅਨੇਕ, ਅਕਲ ਕਲਧਾਰੀ ਆਪ ਰਚਾਇੰਦਾ । ਨਿਰਗੁਣ ਹੋ ਕੇ ਰਿਹਾ ਵੇਖ, ਸਰਗੁਣ ਖੇਲ ਖਿਲਾਇੰਦਾ । ਕਲਜੁਗ ਅੰਤਮ ਧਰਨੀ ਧਰਤ ਧਵਲ ਧਰੇ ਭੇਖ, ਜਨਨੀ ਜਨ ਮਾਤ ਪਿਤ ਰੂਪ ਨਾ ਕੋਇ ਵਟਾਇੰਦਾ । ਪੁਰਖ ਅਕਾਲ ਨਰ ਨਰੇਸ਼, ਨਰ ਹਰਿ ਨਰਾਇਣ ਇਕੋ ਨਜ਼ਰੀ ਆਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਕਰੇ ਹੇਤ, ਬਣ ਹਿਤਕਾਰੀ ਮੇਲ ਮਿਲਾਇੰਦਾ । ਨਾਮ ਦੂਤ ਦੇਵੇ ਭੇਜ, ਘਰ ਘਰ ਸਦਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ

੩੭
੧੫

ਭਗਤ ਭਗਵਾਨ, ਇਕੋ ਵਾਰ ਜਣਾਈਆ । ਅੰਤਰ ਆਤਮ ਦੇਵੇ ਬ੍ਰਹਮ ਗਿਆਨ, ਸਤਿ ਧਰਮ ਕਰੇ ਸਚ ਪੜ੍ਹਾਈਆ । ਧਰਮ ਵਖਾਏ ਇਕ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਸਾਚੀ ਸੁਰਤੀ ਮਿਲੇ ਕਾਹਨ, ਘਰ ਵੱਜੇ ਇਕ ਵਧਾਈਆ । ਪੂਰਬ ਲੇਖਾ ਚੁਕਾਏ ਆਣ, ਲਹਿਣਾ ਦੇਣਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਦੇਵੇ ਭਗਤੀ ਦਾਨ, ਭਗਵਨ ਆਪਣੀ ਦਇਆ ਕਮਾਈਆ । ਭਗਵਨ ਦਇਆ ਕਮਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗੰਬਰ ਦੇਵਣਹਾਰਾ ਜਾਪ, ਨਿਸ਼ਅੱਖਰ ਵੱਖਰ ਕਰੇ ਪੜ੍ਹਾਈਆ । ਮੇਟਣਹਾਰਾ ਤੀਨੋ ਤਾਪ, ਤ੍ਰੈਗੁਣ ਡੇਰਾ ਰਿਹਾ ਢਾਹੀਆ । ਕੂੜੀ ਕਿਰਿਆ ਮਿਟਾਵਣਹਾਰਾ ਰੋਗ ਸੰਤਾਪ, ਸੰਸਾ ਰੋਗ ਰਿਹਾ ਚੁਕਾਈਆ । ਜਨ ਭਗਤਾਂ ਬਣ ਕੇ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਜਿਸ ਜਨ ਜਣਾਏ ਆਪਣਾ ਆਪ, ਦੂਈ ਦਵੈਤੀ ਪੜਦਾ ਆਪ ਉਠਾਈਆ । ਸੋ ਗੁਰਮੁਖ ਜਪੇ ਸੋਹੰ ਜਾਪ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਪਰਮਾਤਮ ਆਤਮ ਤੇਰੇ ਨਾਲ ਪਰਨਾਈਆ । ਏਥੇ ਓਥੇ ਦੋ ਜਹਾਨਾਂ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਨਿਜ ਨੇਤਰ ਖੋਲ੍ਹੇ ਇਕੋ ਅੱਖ, ਆਖਰ ਆਪਣਾ ਘਰ ਵਖਾਈਆ । ਨਜ਼ਰੀ ਆਏ ਸ਼ਬਦ ਗੁਰੂ ਪਰਤੱਖ, ਜੋਤੀ ਨੂਰ ਡਗਮਗਾਈਆ । ਭਗਤ ਭਗਵਾਨ ਚਰਨੀ ਜਾਏ ਢੱਠ, ਮਸਤਕ ਧੂੜੀ ਟਿੱਕਾ ਇਕੋ ਲਾਈਆ । ਇਕੋ ਉਪਜੇ ਬ੍ਰਹਮ ਮਤ, ਦੂਜੀ ਧਾਰ ਨਾ ਕੋਇ ਵਖਾਈਆ । ਬਹੱਤਰ ਨਾੜ ਨਾ ਉਬਲੇ ਰੱਤ, ਰੱਤੀ ਰੱਤ ਦਏ ਸੁਕਾਈਆ । ਭਗਤ ਭਗਵਾਨ ਇਕ ਦੂਜੇ ਦਾ ਗਾਵਣ ਗਥ, ਸੋਹੰ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਮਾਰਗ ਏਕਾ ਦੱਸ, ਦਹਿ ਦਿਸ਼ਾ ਰਿਹਾ ਸਮਝਾਈਆ ।

### ✪ ੨੯ ਹਾੜ ੨੦੨੦ ਬਿਕ੍ਰਮੀ ਗੁਰਦੇਵ ਸਿੰਘ ਦੇ ਗ੍ਰਹਿ ਪਿੰਡ ਘੜੂਆਂ ਅੰਬਾਲਾ ✪

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਸਤਿ ਸਤਿਵਾਦੀ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨਾ, ਮਿਹਰਵਾਨ ਦਇਆ ਕਮਾਇੰਦਾ । ਏਕੰਕਾਰ ਵਡ ਬਲਵਾਨਾ, ਬਲਧਾਰੀ ਰੂਪ ਪਰਗਟਾਇੰਦਾ । ਆਦਿ ਨਿਰੰਜਣ ਨੂਰ ਮਹਾਨਾ, ਜੋਤੀ ਜਾਤਾ ਡਗਮਗਾਇੰਦਾ । ਅਬਿਨਾਸ਼ੀ ਕਰਤਾ ਰਾਜ ਰਾਜਾਨਾ, ਸ਼ਾਹੋ ਭੂਪ ਵੇਸ ਵਟਾਇੰਦਾ । ਸ੍ਰੀ ਭਗਵਾਨ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨਾ, ਨਿਰਗੁਣ ਨਿਰੰਕਾਰ ਨਿਰਾਕਾਰ ਖੇਲ ਵਖਾਇੰਦਾ । ਸਾਚੀ ਇਛਿਆ ਕਰ ਪਰਵਾਨਾ, ਭਿਛਿਆ ਆਪਣੀ ਝੋਲੀ ਪਾਇੰਦਾ । ਸਚਖੰਡ ਦਵਾਰ ਸਚ ਮਕਾਨਾ, ਸੋ ਸਾਹਿਬ ਆਪ ਪਰਗਟਾਇੰਦਾ । ਸਤਿ ਸਤਿਵਾਦੀ ਇਕ ਸਿੰਘਾਸਣ ਨੌਜਵਾਨਾ, ਨਰ ਨਰਾਇਣ ਆਪ ਉਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਚ ਸਿੰਘਾਸਣ ਏਕਾ ਏਕ, ਸੋ ਸਾਹਿਬ ਆਪ ਪਰਗਟਾਈਆ । ਸੋ ਪੁਰਖ ਨਿਰੰਜਣ ਦੇਵੇ ਸਾਚੀ ਟੇਕ, ਵਡ ਦਾਤਾ ਬੇਪਰਵਾਹੀਆ । ਨਿਰਗੁਣ ਨਿਰਵੈਰ ਨਿਰਾਕਾਰ ਆਪੇ ਲਏ ਵੇਖ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਨੂਰ ਧਰ ਧਰ ਭੇਖ, ਨੂਰ ਨੁਰਾਨਾ ਸੋਭਾ ਪਾਈਆ । ਵਸਣਹਾਰਾ ਸਾਚੇ ਦੇਸ, ਘਰ ਸਾਚੇ ਖ਼ੁਸ਼ੀ ਮਨਾਈਆ । ਆਦਿ ਜੁਗਾਦਿ

ਰਹੇ ਹਮੇਸ਼, ਨਾ ਮਰੇ ਨਾ ਜਾਈਆ । ਭੂਪਤ ਭੂਪ ਬਣ ਨਰੇਸ਼, ਦਰ ਦਰਵੇਸ਼ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਦਵਾਰਾ ਸੋਭਾਵੰਤ, ਸੋ ਸਾਹਿਬ ਆਪ ਸੁਹਾਈਆ । ਸ੍ਰੀ ਭਗਵਾਨ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਕਰੇ ਖੇਲ ਆਪ ਬੇਅੰਤ, ਬੇਪਰਵਾਹ ਵੱਡੀ ਵਡਿਆਈਆ । ਨਾਤਾ ਜੋੜ ਨਾਰ ਕੰਤ, ਸੇਜ ਸੁਹੰਜਣੀ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਵੱਲਾ, ਸੋ ਪੁਰਖ ਨਿਰੰਜਨ ਆਪ ਕਰਾਇੰਦਾ । ਪਾਰਬ੍ਰਹਮ ਪ੍ਰਭ ਇਕ ਇਕੱਲਾ, ਨਿਰਗੁਣ ਆਪਣੀ ਧਾਰ ਪਰਗਟਾਇੰਦਾ । ਹਰਿ ਪੁਰਖ ਨਿਰੰਜਣ ਵਸਣਹਾਰਾ ਸਚ ਮਹੱਲਾ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਆਦਿ ਨਿਰੰਜਣ ਜੋਤੀ ਜੋਤ ਆਪੇ ਬਲਾ, ਤੇਲ ਬਾਤੀ ਨਜ਼ਰ ਕੋਇ ਨਾ ਆਇੰਦਾ । ਏਕੰਕਾਰ ਧੁਰ ਸੰਦੇਸ਼ ਸਾਚਾ ਘੱਲਾ, ਸ਼ਬਦ ਅਨਾਦੀ ਰਾਗ ਅਲਾਇੰਦਾ । ਸ੍ਰੀ ਭਗਵਾਨ ਆਪਣਾ ਫੜੇ ਆਪੇ ਪੱਲਾ, ਪੱਲੂ ਆਪਣੀ ਗੰਢ ਪਵਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਇਕੋ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਇਕ ਵਡਿਆਇੰਦਾ । ਸਚਖੰਡ ਦਵਾਰੇ ਸੋਭਨੀਕ, ਹਰਿ ਸਤਿਗੁਰ ਬੇਪਰਵਾਹੀਆ । ਦੂਸਰ ਨਾ ਕੋਈ ਦਿਸੇ ਸ਼ਰੀਕ, ਲਾਸ਼ਰੀਕ ਨੂਰ ਖ਼ੁਦਾਈਆ । ਮੁਕਾਮੇ ਹੱਕ ਵਸਣਹਾਰਾ ਠੀਕ, ਪਰਵਰਦਿਗਾਰ ਬੇਪਰਵਾਹੀਆ । ਨਾ ਅੰਧੇਰਾ ਨਾ ਤਾਰੀਕ, ਨੂਰੀ ਚੰਦ ਨੂਰ ਰੁਸ਼ਨਾਈਆ । ਆਦਿ ਜੁਗਾਦਿ ਰਹੇ ਅਤੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੇਵੇ ਮਾਣ ਵਡਿਆਈਆ । ਸਚਖੰਡ ਦੇਵੇ ਹਰਿ ਜੂ ਮਾਣ, ਮਿਹਰਵਾਨ ਦਇਆ ਕਮਾਇੰਦਾ । ਧੁਰਦਰਗਾਹੀ ਇਕ ਨਿਸ਼ਾਨ, ਦਾਤਾ ਦਾਨੀ ਆਪ ਉਠਾਇੰਦਾ । ਵੇਖਣਹਾਰਾ ਨੌਜਵਾਨ, ਜੋਬਨ ਆਪਣੇ ਰੰਗ ਰੰਗਾਇੰਦਾ । ਆਦਿ ਜੁਗਾਦੀ ਖੇਲ ਮਹਾਨ, ਹਰਿ ਕਰਤਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਦਵਾਰ ਆਪ ਪਰਗਟਾ, ਹਰਿ ਕਰਤਾਰ ਕਰਤਾ ਆਪਣੀ ਕਾਰ ਕਮਾਇੰਦਾ । ਸਚ ਕਾਰ ਕਮਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਵਡ ਵੱਡਾ ਵਡ ਪਰਤਾਪ, ਬੇਅੰਤ ਅੰਤ ਕਹਿਣ ਕੋਇ ਨਾ ਪਾਈਆ । ਨਿਰਗੁਣ ਨਿਰਗੁਣ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਨਿਰਗੁਣ ਨਈਆ ਨਿਰਗੁਣ ਰਾਥ, ਨਿਰਗੁਣ ਖੇਵਟ ਖੇਟਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚੇ ਵੱਜੇ ਵਧਾਈਆ । ਸਚਖੰਡ ਵੱਜੇ ਵਧਾਈ ਆਦਿ, ਆਦਿ ਪੁਰਖ ਆਪ ਵਜਾਇੰਦਾ । ਧੁਰਦਰਗਾਹੀ ਇਕੋ ਨਾਦ, ਅਨਾਦੀ ਏਕਾ ਏਕ ਜਣਾਇੰਦਾ । ਸਦਾ ਸਵਾਮੀ ਹੋ ਵਿਸਮਾਦ, ਬਿਸਮਲ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਹਰਿ ਨਿਰੰਕਾਰਾ ਸਚ ਸਿੰਘਾਸਣ ਇਕ ਸੁਹਾਇੰਦਾ । ਸਚ ਸਿੰਘਾਸਣ ਸਚਖੰਡ, ਸਤਿ ਸਤਿਵਾਦੀ ਆਪ ਲਗਾਈਆ । ਕਰੇ ਪਰਕਾਸ਼ ਬਿਨ ਸੂਰਜ ਚੰਦ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਗਾਏ ਗੀਤ ਬਿਨ ਰਸਨਾ ਜਿਹਵਾ ਬੱਤੀ ਦੰਦ, ਸੋਹਲਾ ਢੋਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੇਵੇ ਮਾਣ ਵਡਿਆਈਆ । ਸਚਖੰਡ ਦਵਾਰਾ ਦੋਏ ਜੋੜ, ਪ੍ਰਭ ਅੱਗੇ ਸੀਸ ਨਿਵਾਈਆ । ਸਚ ਪ੍ਰੀਤੀ ਹਰਿ ਜੂ ਮੋਰ, ਤੇਰੀ ਇਕੋ ਓਟ ਤਕਾਈਆ । ਜੁਗ ਚੌਕੜੀ ਰਹੇ ਲੋੜ, ਤੇਰੀ ਆਸ ਇਕ ਰਖਾਈਆ । ਨਿਰਵੈਰ ਪੁਰਖ ਤੇਰੇ ਹੱਥ

ਡੋਰ, ਬੇਪਰਵਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸਚਖੰਡ ਦਵਾਰਾ ਮੰਗੇ ਮੰਗ, ਪ੍ਰਭ ਅੱਗੇ ਸੀਸ ਝੁਕਾਈਆ । ਸ੍ਰੀ ਭਗਵਾਨ ਵਸਣਾ ਸੰਗ, ਤੇਰਾ ਸੰਗ ਮੋਹੇ ਭਾਈਆ । ਪ੍ਰੇਮ ਪ੍ਰੀਤੀ ਚਾੜ੍ਹ ਰੰਗ, ਉਤਰ ਕਦੇ ਨਾ ਜਾਈਆ । ਆਦਿ ਜੁਗਾਦਿ ਰਹੇ ਅਨੰਦ, ਅਨੰਦ ਅਨੰਦ ਵਿਚੋ ਪਰਗਟਾਈਆ । ਹੋਏ ਪਰਕਾਸ਼ ਤੇਰਾ ਨੂਰ ਚੰਦ, ਸਾਚੀ ਕਿਰਨ ਡਗਮਗਾਈਆ । ਤੇਰਾ ਖੇਲ ਕੋਟ ਬ੍ਰਹਿਮੰਡ, ਬ੍ਰਹਿਮਾਂਡ ਤੇਰੇ ਚਰਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸਚਖੰਡ ਦਵਾਰਾ ਹੋ ਅਧੀਨ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਤੇਰਾ ਮੇਰਾ ਮੇਲਾ ਜਿਉਂ ਜਲ ਮੀਨ, ਮੇਲ ਮਿਲਾਵਾ ਸਹਿਜ ਸੁਭਾਈਆ । ਤੇਰਾ ਨੂਰ ਠਾਂਡਾ ਸੀਨ, ਸ਼ਾਹ ਪਾਤਸ਼ਾਹ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਤੇਰੀ ਵੱਜਦੀ ਰਹੇ ਵਧਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਪ੍ਰਭ ਆਪਣੀ ਦਇਆ ਕਮਾਇੰਦਾ । ਸਚਖੰਡ ਦਵਾਰ ਦੇ ਸਚ ਮਕਾਨ, ਘਰ ਤੇਰਾ ਇਕ ਸੁਹਾਇੰਦਾ । ਘਰ ਵਿਚ ਘਰ ਪਰਗਟਾਏ ਸ੍ਰੀ ਭਗਵਾਨ, ਮਹਿਮਾ ਗਣਤ ਅਗਣਤ ਜਣਾਇੰਦਾ । ਥਿਰ ਘਰ ਦੇਵਣਹਾਰਾ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਸੁਤ ਦੁਲਾਰਾ ਬਾਲ ਅੰਞਾਣ, ਸ਼ਬਦੀ ਸ਼ਬਦ ਆਪ ਪਰਗਟਾਇੰਦਾ । ਤੇਰੇ ਘਰ ਵਸਾਏ ਆਣ, ਸਾਚਾ ਜੋੜਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰੇ ਆਪ ਸਮਝਾਇੰਦਾ । ਸਚਖੰਡ ਦਵਾਰੇ ਕਰ ਧਿਆਨ, ਸੋ ਸਾਹਿਬ ਆਪ ਜਣਾਈਆ । ਸ਼ਬਦ ਸੁਤ ਮੇਰਾ ਬਲਵਾਨ, ਤੇਰਾ ਸੰਗ ਨਿਭਾਈਆ । ਘਰ ਵਿਚ ਘਰ ਹੋਏ ਪਰਧਾਨ, ਥਿਰ ਘਰ ਆਪਣੀ ਵੰਡ ਵੰਡਾਈਆ । ਲੇਖਾ ਜਾਣ ਦੋ ਜਹਾਨ, ਨਿਰਗੁਣ ਨਿਰਗੁਣ ਨਿਰਵੈਰ ਆਪਣਾ ਭੇਵ ਚੁਕਾਈਆ । ਸੂਰਬੀਰ ਵਡ ਬਲਵਾਨ, ਬਲਧਾਰੀ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸੁੱਤ ਜੋੜ ਜੁੜਾਈਆ । ਸ਼ਬਦ ਸੁੱਤ ਸੱਚਾ ਬਲਕਾਰ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸਚਖੰਡ ਤੇਰਾ ਕਰੇ ਪਿਆਰ, ਥਿਰ ਘਰ ਤੇਰਾ ਰੰਗ ਵਖਾਇੰਦਾ । ਲੇਖਾ ਜਾਣ ਆਪ ਨਿਰੰਕਾਰ, ਸਾਚੀ ਕਰਨੀ ਆਪ ਕਮਾਇੰਦਾ । ਵੇਖੇ ਵਿਗਸੇ ਵੇਖਣਹਾਰ, ਬੇਪਰਵਾਹ ਪੜਦਾ ਲਾਹਿੰਦਾ । ਧੁਰ ਸੰਦੇਸ਼ਾ ਦੇਵੇ ਇਕੋ ਵਾਰ, ਦੂਜੀ ਵਾਰ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਮਹੱਲ ਇਕ ਵਸਾਇੰਦਾ । ਤੇਰਾ ਮਹੱਲ ਵਸਾਏ ਪ੍ਰਭ, ਆਪਣੀ ਦਇਆ ਕਮਾਈਆ । ਥਿਰ ਘਰ ਵਖਾਏ ਸਾਚੀ ਹੱਦ, ਸ਼ਬਦੀ ਵੰਡ ਵੰਡਾਈਆ । ਆਦਿ ਜੁਗਾਦਿ ਵੱਜੇ ਨੱਦ, ਅਨਰਾਗੀ ਆਪਣਾ ਰਾਗ ਅਲਾਈਆ । ਜਗਤ ਨੇਤਰ ਕੋਈ ਨਾ ਸਕੇ ਲੱਭ, ਲੱਭਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਦੇਵੇ ਵਡਿਆਈ ਹੋ ਮਿਹਰਵਾਨ, ਮਿਹਰ ਨਜ਼ਰ ਉਠਾਇੰਦਾ । ਸਚਖੰਡ ਦਵਾਰੇ ਇਕੋ ਦਾਨ, ਦਾਤਾ ਦਾਨੀ ਝੋਲੀ ਪਾਇੰਦਾ । ਥਿਰ ਘਰ ਹੋਏ ਪਰਧਾਨ, ਗੁਰ ਸ਼ਬਦੀ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਸਮਝਾਇੰਦਾ । ਸਾਚੀ ਕਾਰ ਜਣਾਏ ਪ੍ਰਭ ਏਕ, ਏਕੰਕਾਰ ਵੱਡੀ ਵਡਿਆਈਆ । ਨਿਰਗੁਣ ਨਿਰਗੁਣ ਬਖ਼ਸ਼ੇ ਟੇਕ, ਬੇਪਰਵਾਹ ਬੇਪਰਵਾਹੀਆ । ਸ਼ਬਦੀ ਸੁਤ ਧਾਰੇ ਭੇਖ,

ਵਿਸ਼ਨ ਬ੍ਰਹਮਾ ਸ਼ਿਵ ਵੰਡ ਵੰਡਾਈਆ । ਤ੍ਰੈਗੁਣ ਮਾਇਆ ਲਿਖਿਆ ਲੇਖ, ਪੰਜ ਤਤ ਕਰੇ ਕੁੜਮਾਈਆ । ਲੱਖ ਚੁਰਾਸੀ ਤੇਰੀ ਭੇਟ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਜੁਗ ਚੌਕੜੀ ਖੇਲੇ ਖੇਡ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪ ਹੰਡਾਈਆ । ਸ਼ਬਦ ਅਗੰਮੀ ਤੇਰਾ ਨਾਉਂ ਭੇਜ, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਰਾਗ ਅਲਾਈਆ । ਪੰਜ ਤਤ ਹੰਡਾਏ ਅਗੰਮੀ ਸੇਜ, ਆਤਮ ਪਰਮਾਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਰੰਗਾਈਆ । ਸਚਖੰਡ ਦਵਾਰੇ ਰੰਗ ਅਮੋਲਾ, ਸੋ ਸਾਹਿਬ ਆਪ ਚੜ੍ਹਾਈਆ । ਨਿਰਗੁਣ ਹੋ ਕੇ ਸਰਗੁਣ ਬਦਲੇ ਚੋਲਾ, ਲੋਕਮਾਤ ਵੇਸ ਵਟਾਈਆ । ਅਗੰਮ ਅਥਾਹ ਬੇਪਰਵਾਹ ਬੋਧ ਅਗਾਧਾ ਬੋਲੇ ਢੋਲਾ, ਨਾਉਂ ਨਿਰੰਕਾਰਾ ਇਕ ਪ੍ਰਗਟਾਈਆ । ਆਤਮ ਪਰਮਾਤਮ ਬਣ ਵਿਚੋਲਾ, ਧੁਰ ਦੀ ਸੇਵ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਕਰਾਉਣਾ, ਸਚਖੰਡ ਦਵਾਰੇ ਆਪ ਸੁਣਾਈਆ । ਲੱਖ ਚੁਰਾਸੀ ਨਾਤਾ ਜੋੜ ਜੁੜਾਉਣਾ, ਘਰ ਘਰ ਆਪਣਾ ਬੰਕ ਸੁਹਾਈਆ । ਨੌਂ ਦਵਾਰ ਜਗਤ ਬੰਧਨ ਪਾਉਣਾ, ਆਸਾ ਤ੍ਰਿਸ਼ਨਾ ਹਉਮੇ ਹੰਗਤਾ ਮਾਇਆ ਮਮਤਾ ਮੇਲ ਮਿਲਾਈਆ । ਘਰ ਵਿਚ ਘਰ ਆਪ ਵਡਿਆਉਣਾ, ਛੱਪਰ ਛੰਨ ਨਾ ਕੋਇ ਛੁਹਾਈਆ । ਟੇਢੀ ਬੰਕ ਰਾਹ ਵਖਾਉਣਾ, ਈੜਾ ਪਿੰਗਲ ਸੇਵਾਦਾਰ ਦਰ ਸਾਚੇ ਆਪੇ ਜਣਾਈਆ । ਅੰਮ੍ਰਿਤ ਸਰੋਵਰ ਇਕ ਭਰਾਉਣਾ, ਕਾਇਆ ਮੰਦਰ ਆਪ ਟਿਕਾਉਣਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਦੀਆ ਬਾਤੀ ਡਗਮਗਾਉਣਾ, ਜੋਤ ਨਿਰੰਜਣ ਨੂਰ ਰੁਸ਼ਨਾਉਣਾ, ਅੰਧ ਅੰਧੇਰ ਗਵਾਈਆ । ਬਜਰ ਕਪਾਟੀ ਪੜਦਾ ਲੌਹਣਾ, ਸਾਚੀ ਹਾਟੀ ਦਿਸ਼ਾ ਵਖਾਉਣਾ, ਨਾਮ ਭੰਡਾਰ ਇਕ ਜਣਾਈਆ । ਆਤਮ ਸੇਜਾ ਸੋਇਆ ਹਲਾਉਣਾ, ਸ਼ਬਦ ਅਨਾਦੀ ਢੋਲਾ ਗਾਉਣਾ, ਅਨਹਦ ਰਾਗੀ ਰਾਗ ਅਲਾਈਆ । ਘਰ ਵਿਚ ਘਰ ਆਪ ਬਣਾਉਣਾ, ਸਚਖੰਡ ਦਵਾਰੇ ਤੇਰਾ ਮਾਣ ਵਧਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਚਖੰਡ ਦਵਾਰੇ ਤੇਰਾ ਮਾਣ ਰਖਾਵਾਂਗਾ । ਲੋਕਮਾਤ ਵੇਸ ਵਟਾਵਾਂਗਾ । ਨਿਰਗੁਣ ਸਰਗੁਣ ਹੋ ਕੇ ਜਾਵਾਂਗਾ । ਗੁਰੂ ਗੁਰ ਗੁਰਦੇਵ ਆਪ ਅਖਵਾਵਾਂਗਾ । ਪੰਜ ਤਤ ਚੋਲਾ ਆਪ ਹੰਡਾਵਾਂਗਾ । ਪੜਦਾ ਓਹਲਾ ਸਰਬ ਤਜਾਵਾਂਗਾ । ਸਾਚਾ ਢੋਲਾ ਇਕੋ ਸੁਣਾਵਾਂਗਾ । ਬਣ ਵਿਚੋਲਾ ਲੱਖ ਚੁਰਾਸੀ ਵਿਚੋਂ ਭਗਤ ਸੱਚਾ ਉਠਾਵਾਂਗਾ । ਧੁਰ ਦਾ ਬੋਲਾ ਇਕੋ ਰਾਗ ਅਨਮੋਲਾ ਆਪ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰਾ ਕਾਇਆ ਬੰਕ ਆਪ ਵਡਿਆਵਾਂਗਾ । ਸਚਖੰਡ ਦਵਾਰ ਪ੍ਰਭੂ ਬਣਾਏਗਾ । ਜਿਸ ਘਰ ਅੰਦਰ ਆਪਣਾ ਡੇਰਾ ਲਾਏਗਾ । ਨਿਰਗੁਣ ਨੂਰ ਡਗਮਗਾਏਗਾ । ਸ਼ਬਦੀ ਨਾਦ ਧੁਨ ਸੁਣਾਏਗਾ । ਤੇਰਾ ਮੇਰਾ ਭੇਵ ਚੁਕਾਏਗਾ । ਸਾਚਾ ਖੇੜਾ ਇਕ ਵਸਾਏਗਾ । ਪੰਚਮ ਝੇੜਾ ਰਹਿਣ ਕੋਇ ਨਾ ਪਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਡੇਰਾ, ਘਰ ਘਰ ਆਪ ਲਗਾਏਗਾ । ਨਿਰਗੁਣ ਹੋ ਕੇ ਪਾਵੇ ਫੇਰਾ, ਸਰਗੁਣ ਆਪਣਾ ਭੇਵ ਜਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰ ਇਕੋ ਇਕ ਵਡਿਆਏਗਾ । ਸਚਖੰਡ ਦਵਾਰੇ ਤੇਰਾ ਰੂਪ, ਸੋ ਸਾਹਿਬ ਸਚ ਜਣਾਈਆ । ਨਜ਼ਰ ਨਾ ਆਏ ਚਾਰੇ ਕੂਟ, ਦਹਿ ਦਿਸ਼ਾ ਵੇਖਣ ਕੋਇ ਨਾ ਪਾਈਆ । ਸ਼ਬਦੀ ਧਾਰ ਸਤਿ ਸਰੂਪ, ਗੁਰ ਇਕੋ ਏਕ ਏਕ ਵਡਿਆਈਆ । ਵੇਸ ਵਟਾਏ ਸ਼ਾਹੋ ਭੂਪ, ਅਕਲ ਕਲਧਾਰੀ ਫੇਰਾ ਪਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਤੇਰਾ ਘਰ ਆਪ ਵਸਾਏ ਨਰਾਇਣ ਨਰ, ਨਰ ਹਰਿ ਆਪਣੀ ਦਇਆ ਕਮਾਈਆ । ਸਚਖੰਡ ਦਵਾਰੇ ਤੇਰੀ ਧਾਰ, ਆਦਿ ਪੁਰਖ ਆਪ ਪਰਗਟਾਈਆ । ਲੋਕਮਾਤ ਕਰੇ ਉਜਿਆਰ, ਨਿਰਗੁਣ ਨਿਰਵੈਰ ਸੱਚਾ ਸ਼ਹਿਨਸ਼ਾਹੀਆ । ਮਾਣ ਦੇਵੇ ਤੇਈ ਅਵਤਾਰ, ਮੇਲ ਮਿਲਾਵਾ ਸਹਿਜ ਸੁਭਾਈਆ । ਘਰ ਦੀਆ ਬਾਤੀ ਕਰ ਉਜਿਆਰ, ਕਮਲਾਪਾਤੀ ਵੇਖ ਵਖਾਈਆ । ਸ਼ਬਦ ਅਨਾਦ ਸੱਚੀ ਧੁਨਕਾਰ, ਧੁਨ ਆਤਮਕ ਰਾਗ ਅਲਾਈਆ । ਸਾਚੀ ਸਖੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਧੁਰ ਦਾ ਮੇਲਾ ਧੁਰ ਦੀ ਕਾਰ, ਗੁਰ ਚੇਲਾ ਵੇਖ ਵਖਾਈਆ । ਸੱਜਣ ਸੁਹੇਲਾ ਏਕੰਕਾਰ, ਸਾਚਾ ਸੰਗ ਨਿਭਾਈਆ । ਜਿਸ ਘਰ ਜਿਸ ਮੰਦਰ ਜਿਸ ਗ੍ਰਿਹ ਵਸੇ ਆਪ ਕਰਤਾਰ, ਸੋ ਸਚਖੰਡ ਵਖਾਈਆ । ਸੂਰਜ ਚੰਨ ਕਰਨ ਨਿਮਸਕਾਰ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਚਖੰਡ ਦਵਾਰੇ ਤੇਰਾ ਮੇਲ ਭਗਤ, ਹਰਿ ਭਗਵਨ ਦਇਆ ਕਮਾਇੰਦਾ । ਜਿਨ੍ਹਾਂ ਲੇਖੇ ਲਾਏ ਬੂੰਦ ਰਕਤ, ਰਤੀ ਰਤ ਵੇਖ ਵਖਾਇੰਦਾ । ਸ੍ਰੀ ਭਗਵਾਨ ਨਿਰਗੁਣ ਹੋ ਕੇ ਆਤਮ ਸੇਜਾ ਆਏ ਪਰਤ, ਪਰਤੀਨਿਧ ਹੋ ਕੇ ਡੇਰਾ ਲਾਇੰਦਾ । ਬੈਠਾ ਰਹੇ ਸਦਾ ਨਧੜਕ, ਭੈ ਭੌ ਨਾ ਕੋਇ ਜਣਾਇੰਦਾ । ਅੱਧਵਿਚਕਾਰ ਨਾ ਜਾਏ ਅਟਕ, ਸਾਚੇ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਮੰਦਰ ਤੇਰਾ ਨਾਉਂ ਵਡਿਆਇੰਦਾ । ਹਰਿਮੰਦਰ ਤੇਰਾ ਨਾਉਂ ਅਨਡੀਠ, ਦਿਸ ਕਿਸੇ ਨਾ ਆਇੰਦਾ । ਅਬਿਨਾਸ਼ੀ ਕਰਤਾ ਤੇਰੇ ਅੰਦਰ ਸੁੱਤਾ ਦੇ ਕਰ ਪੀਠ, ਬਿਨ ਭਗਤਾਂ ਕਰਵਟ ਨਾ ਕੋਇ ਬਦਲਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਕਰੇ ਕਰਾਏ ਸਾਚਾ ਹਿਤ, ਹਿਤਕਾਰੀ ਆਪਣੀ ਦਇਆ ਕਮਾਇੰਦਾ । ਪੁਰਖ ਅਕਾਲ ਦੀਨ ਦਿਆਲ ਸਰਬ ਸਵਾਮੀ ਬਣੇ ਪਿਤ, ਪਤਿਪਰਮੇਸ਼ਵਰ ਆਪਣਾ ਭੇਵ ਖੁਲਾਇੰਦਾ । ਸੰਤ ਸੁਹੇਲਾ ਲੱਖ ਚੁਰਾਸੀ ਜਾਏ ਜਿਤ, ਜੀਵਣ ਜੁਗਤ ਸਤਿਗੁਰ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰ ਸਚ ਪਸਾਰਾ, ਦੀਆ ਦੀਪਕ ਇਕ ਉਜਿਆਰਾ, ਅੰਮ੍ਰਿਤ ਧਾਰਾ ਠੰਡਾ ਰਸ ਵਖਾਇੰਦਾ । ਸਚਖੰਡ ਦਵਾਰਾ ਮੁਕਾਮੇ ਹੱਕ, ਹਕੀਕਤ ਹਰਿ ਜਣਾਈਆ । ਪੀਰ ਪੈਗ਼ੰਬਰ ਰਾਹ ਰਹੇ ਤੱਕ, ਨਿਜ ਨੇਤਰ ਧਿਆਨ ਲਗਾਈਆ । ਮਾਰਗ ਮਾਰਗ ਚਲਦੇ ਚਲਦੇ ਗਏ ਥੱਕ, ਪੌੜੀ ਪੌੜਾ ਪੰਧ ਨਾ ਕੋਇ ਮੁਕਾਈਆ । ਸਾਹਿਬ ਸਰਨਾਈ ਗਏ ਢੱਠ, ਦੋਏ ਜੋੜ ਨੇਤਰ ਨੈਣਾਂ ਨੀਰ ਵਹਾਈਆ । ਸਾਚਾ ਹੁਜਰਾ ਹੱਕ ਮਹਿਬੂਬ ਇਕੋ ਦੱਸ, ਮਹਿਰਾਬ ਦੂਜੀ ਨਜ਼ਰ ਕੋਇ ਨਾ ਆਈਆ । ਜਿਸ ਕਾਅਬੇ ਹਜ਼ਰਤ ਰਿਹਾ ਵਸ, ਹਜ਼ੂਰ ਆਪਣਾ ਡੇਰਾ ਲਾਈਆ । ਬੇਨਜ਼ੀਰ ਨਿਰਗੁਣ ਨੂਰ ਕਰੇ ਪਰਕਾਸ਼, ਜੋਤੀ ਜਲਵਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਇਕੋ ਇਕ ਜਣਾਈਆ । ਸਚਖੰਡ ਦਵਾਰਾ ਦਸਤਗੀਰ, ਸੋ ਸਾਹਿਬ ਆਪ ਬਣਾਈਆ । ਜਿਸ ਗ੍ਰਿਹ ਵਸੇ ਸਾਚਾ ਪੀਰ, ਸ਼ਾਹ ਪਾਤਸ਼ਾਹ ਸਚਾ ਸ਼ਹਿਨਸ਼ਾਹੀਆ । ਕੱਟਣਹਾਰਾ ਸ਼ਰਅ ਜ਼ੰਜੀਰ, ਲਾਸ਼ਰੀਕ ਨੂਰ ਖ਼ੁਦਾਈਆ । ਬਦਲਣਹਾਰ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਦੋ ਜਹਾਨਾਂ ਚੌਦਾਂ ਤਬਕਾਂ ਕੱਟਣਹਾਰਾ ਭੀੜ, ਔਖਾ ਪੰਧ ਨਾ ਕੋਇ ਵਖਾਈਆ । ਖੰਡਾ ਤੀਰ ਨਾਮ ਸ਼ਮਸ਼ੀਰ, ਭੱਥਾ ਇਕੋ ਨੂਰ ਚਮਕਾਈਆ । ਚੋਟੀ ਚੜ੍ਹ ਕੇ ਬੈਠਾ ਅਖ਼ੀਰ, ਆਖ਼ਰ ਆਪਣਾ ਨੂਰ ਧਰਾਈਆ । ਮੁਕਾਮੇ ਹੱਕ ਨਾ ਹੋ ਦਿਲਗੀਰ, ਦਿਲਬਰ ਇਕੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਜਰਾ ਇਕੋ ਇਕ ਸੁਹਾਈਆ । ਸਾਚਾ ਹੁਜਰਾ ਸੁਹਾਏ ਮਹਿਬੂਬ, ਈਸਾ ਮੂਸਾ ਮੁਹੰਮਦ ਭੇਵ ਚੁਕਾਇੰਦਾ । ਸ਼ਾਹ ਸੁਲਤਾਨਾ ਉਚ ਅਰੂਜ, ਅਰਸ਼ ਫ਼ਰਸ਼ ਵੇਖ ਵਖਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਰਹੇ ਮਹਿਫ਼ੂਜ਼, ਮਜਲਸ ਆਪਣੇ ਘਰ ਲਗਾਇੰਦਾ । ਕਿਸੇ ਨਜ਼ਰ ਨਾ ਆਏ ਹਦੂਦ, ਪਾਰ ਕਿਨਾਰਾ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਤੇਰੀ ਦੇਵੇ ਸਾਚੀ ਸੂਝ, ਸੁਜਾਨ ਪੁਰਖ ਦਇਆ ਕਮਾਇੰਦਾ । ਸਚਖੰਡ ਦਵਾਰੇ ਤੇਰਾ ਦਵਾਰਾ, ਪੁਰਖ ਅਕਾਲ ਦਏ ਵਡਿਆਈਆ । ਸਾਢੇ ਤਿੰਨ ਹੱਥ ਕਰ ਪਿਆਰਾ, ਪੰਜ ਤਤ ਵੱਜੇ ਵਧਾਈਆ । ਨਿਰਗੁਣ ਨੂਰ ਕਰ ਉਜਿਆਰਾ, ਨਿਰੰਕਾਰ ਖ਼ੁਸ਼ੀ ਮਨਾਈਆ । ਨਾਨਕ ਨਾਨਕ ਨਾਨਕ ਤਤ ਕਰ ਪਿਆਰਾ, ਪਰਮ ਪੁਰਖ ਵੇਖ ਵਖਾਈਆ । ਸੋ ਮੰਦਰ ਸੋਹਿਆ ਠਾਕਰ ਦਵਾਰਾ, ਜਿਸ ਘਰ ਹਰਿਜੂ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਇਕੋ ਰੰਗ ਵਖਾਈਆ । ਸਚਖੰਡ ਰੰਗ ਵੇਖ ਅਨੋਖਾ, ਘਰ ਸਾਚੇ ਆਪ ਰੰਗਾਈਆ । ਪਰਮ ਪੁਰਖ ਨਾ ਦੇਵੇ ਧੋਖਾ, ਗੁਰ ਗੁਰ ਆਪਣਾ ਭੇਵ ਖੁਲ੍ਹਾਈਆ । ਜਨ ਭਗਤਾਂ ਬਖ਼ਸ਼ੇ ਸਾਚੀ ਓਟਾ, ਓਟ ਇਕ ਅਕਾਲ ਵਡਿਆਈਆ । ਸ਼ਬਦ ਨਗਾਰੇ ਲਾਏ ਚੋਟਾਂ, ਅਨਾਦ ਅਨਾਦੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਵਾਰੇ ਸੋਭਾ ਪਾਈਆ । ਸਚਖੰਡ ਦਵਾਰ ਨਾਨਕ ਧਾਰ, ਪੁਰਖ ਅਕਾਲ ਆਪ ਪਰਗਟਾਈਆ । ਦੀਆ ਬਾਤੀ ਜਗੇ ਅਗੰਮ ਅਪਾਰ, ਦਿਵਸ ਰੈਣ ਹੋਏ ਰੁਸ਼ਨਾਈਆ । ਅੰਮ੍ਰਿਤ ਭਰਿਆ ਠੰਡਾ ਠਾਰ, ਸਰ ਸਰੋਵਰ ਇਕੋ ਸੋਭਾ ਪਾਈਆ , । ਅਨਹਦ ਨਾਦ ਸੱਚੀ ਧੁਨਕਾਰ, ਸ਼ਬਦ ਅਨਾਦੀ ਗੀਤ ਅਲਾਈਆ । ਘਰ ਮੰਦਰ ਸੋਹਿਆ ਬੰਕ ਦਵਾਰ, ਗ੍ਰਹਿ ਵੱਜੀ ਨਾਮ ਵਧਾਈਆ । ਪੁਰਖ ਅਕਾਲ ਵੇਖਣਹਾਰ, ਪ੍ਰਭ ਵੇਖੇ ਚਾਈਂ ਚਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਕਰਦਾ ਰਿਹਾ ਪਿਆਰ, ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦਵਾਰੇ ਆਪਣਾ ਡੇਰਾ ਲਾਈਆ । ਬੰਦ ਤਾਕੀ ਖੋਲ੍ਹ ਕਿਵਾੜ, ਦਰ ਦਰਵਾਜ਼ਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਦਏ ਜਣਾਈਆ । ਸਾਚਾ ਲੇਖਾ ਪੁਰਖ ਅਬਿਨਾਸ਼, ਏਕਾ ਏਕ ਜਣਾਈਆ । ਜੁਗ ਚੌਕੜੀ ਖੇਲ ਤਮਾਸ਼, ਹਰਿ ਕਰਤਾ ਆਪ ਕਰਾਈਆ । ਨਿਰਗੁਣ ਸਰਗੁਣ ਹੋ ਕੇ ਦਾਸ, ਬਣ ਦਾਸ ਸੇਵ ਕਮਾਈਆ । ਜਨ ਭਗਤਾਂ ਪੂਰੀ ਕਰ ਕਰ ਆਸ, ਸੰਤਾਂ ਤ੍ਰਿਸਨਾ ਭੁੱਖ ਮਿਟਾਈਆ । ਗੁਰਮੁਖਾਂ ਦੇਵਣਹਾਰਾ ਦਾਤ, ਨਾਮ ਅਮੋਲਕ ਝੋਲੀ ਪਾਈਆ । ਗੁਰਸਿਖਾਂ ਚਰਨ ਪ੍ਰੀਤੀ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਅੰਦਰ ਬਾਹਰ ਗੁਪਤ ਜ਼ਾਹਰ ਪੁੱਛੇ ਵਾਤ, ਦਿਵਸ ਰੈਣ ਵੇਖ ਵਖਾਈਆ । ਕਾਇਆ ਭਵਰੀ ਡੂੰਘੀ ਕਵਰੀ ਵੇਖੇ ਮਾਰੇ ਝਾਤ, ਪੜਦਾ ਉਹਲਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਤੇਰਾ ਨਾਉਂ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਸਚਖੰਡ ਦਵਾਰ ਨਾਉਂ ਅਮੋਲਾ, ਹਰਿ ਅਮੁਲੜੀ ਕਾਰ ਕਮਾਇੰਦਾ । ਜਿਸ ਘਰ ਵਸੇ ਸਾਹਿਬ ਸਚ ਤੋਲਾ, ਦੋ ਜਹਾਨਾਂ ਤੋਲ ਤੁਲਾਇੰਦਾ । ਆਦਿ ਜੁਗਾਦਿ ਰਹੇ ਅਡੋਲਾ, ਜੁਗ ਚੌਕੜੀ ਨਾ ਕੋਇ ਡੁਲਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪਣਾ ਨਾਮ ਦੱਸਦਾ ਰਹੇ ਢੋਲਾ, ਸੋਹਲਾ ਸਾਚਾ ਰਾਗ ਸੁਣਾਇੰਦਾ । ਨਿਤ ਨਵਿਤ ਬਦਲਦਾ ਰਹੇ ਕਾਇਆ ਚੋਲਾ, ਨਿਰਗੁਣ ਸਰਗੁਣ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਅੰਤਮ ਲੇਖਾ ਆਪ ਲਿਖਾਇੰਦਾ । ਅੰਤਮ ਲੇਖਾ ਸਚਖੰਡ ਦਵਾਰ, ਪ੍ਰਭ ਤੇਰਾ ਆਪ ਜਣਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਨਵ ਨੌ ਚਾਰ ਪੰਧ ਮੁਕਾਈਆ । ਸੇਵਾ ਕਰ ਕਰ ਜਾਣ ਗੁਰ ਅਵਤਾਰ, ਪੀਰ ਪੈਗ਼ੰਬਰ ਕਾਰ ਕਮਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਗੀਤਾ ਗਿਆਨ ਕੂਕ ਸੁਣਾਈਆ । ਅੰਜੀਲ ਕੁਰਾਨਾ ਹਾਹਾਕਾਰ, ਖਾਣੀ ਬਾਣੀ ਭੇਵ ਖੁਲ੍ਹਾਈਆ । ਕਲਜੁਗ ਅੰਤਮ ਚਾਰੋ ਕੁੰਟ ਹੋਏ ਅੰਧਿਆਰ, ਕੂੜੀ ਕਿਰਿਆ ਅੰਧੇਰਾ ਛਾਈਆ । ਸਾਚਾ ਮਿਲੇ ਨਾ ਕੋਈ ਮੀਤ ਮੁਰਾਰ, ਸੱਜਣ ਨਜ਼ਰ ਕੋਇ ਨਾ ਆਈਆ । ਅੱਠ ਸੱਠ ਤੀਰਥ ਹੋਣ ਖ਼ਵਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਾਰੇ ਧਾਹੀਂਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹਾਹਾਕਾਰ, ਹਰਿ ਕਾ ਨਾਉਂ ਹਿਰਦੇ ਨਾ ਕੋਇ ਵਸਾਈਆ । ਕਲਜੁਗ ਜੀਵ ਕੂੜੀ ਕਿਰਿਆ ਕਰਨ ਵਿਹਾਰ, ਸਚ ਸੁਚ ਨਾ ਕੋਇ ਵਡਿਆਈਆ । ਗੁਰ ਕਾ ਸ਼ਬਦ ਨਾ ਕੋਇ ਪਿਆਰ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਦੀਨ ਮਜ਼੍ਹਬ ਰੋਵੇ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਸਭ ਦਾ ਪਾਈਆ । ਸਚਖੰਡ ਦਵਾਰੇ ਸੁਣ ਲਾ ਕੰਨ, ਸੋ ਸਾਹਿਬ ਆਪ ਜਣਾਈਆ । ਕਲਜੁਗ ਅੰਤਮ ਲੱਖ ਚੁਰਾਸੀ ਕੋਲੋ ਖੁੱਸੇ ਨਾਮ ਧਨ, ਸਾਚਾ ਵਣਜ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤਾ ਕੂੜੀ ਕਿਰਿਆ ਦੇਵੇ ਡੰਨ, ਡੰਕਾ ਇਕੋ ਨਾਮ ਵਜਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਨਿਰਗੁਣ ਦਾਤਾ ਪੁਰਖ ਬਿਧਾਤਾ ਇਕ ਚੜ੍ਹਾਏ ਅਗੰਮੀ ਚੰਦ, ਚੰਦ ਚਾਂਦਨਾ ਨੂਰ ਚਮਕਾਈਆ । ਦੋ ਜਹਾਨ ਸ੍ਰੀ ਭਗਵਾਨ ਬੇੜਾ ਦੇਵੇ ਬੰਨ੍ਹ, ਨਈਆ ਨੌਕਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਤੇਰਾ ਪੜਦਾ ਦਏ ਉਠਾਈਆ । ਸਚਖੰਡ ਤੇਰਾ ਪੜਦਾ ਲੌਹਣਾ, ਸੋ ਸਾਹਿਬ ਸਚ ਜਣਾਇੰਦਾ । ਗੋਬਿੰਦ ਮੇਲਾ ਮੇਲ ਮਿਲਾਉਣਾ, ਮਿਲਿਆ ਮੇਲ ਨਾ ਕੋਇ ਮਿਟਾਇੰਦਾ । ਨਿਰਗੁਣ ਨਿਰਗੁਣ ਢੋਲਾ ਗਾਉਣਾ, ਗੀਤ ਗੋਬਿੰਦ ਅਲਾਇੰਦਾ । ਸਾਚਾ ਮੰਦਰ ਇਕ ਵਸਾਉਣਾ, ਸੰਬਲ ਇਕੋ ਘਰ ਵਖਾਇੰਦਾ । ਛੱਪਰ ਛੰਨ ਨਾ ਕੋਇ ਛੁਹਾਉਣਾ, ਸੂਰਜ ਚੰਦ ਨਾ ਕੋਇ ਚਮਕਾਇੰਦਾ । ਮੰਡਲ ਮੰਡਪ ਨਜ਼ਰ ਨਾ ਆਉਣਾ, ਬ੍ਰਹਿਮੰਡ ਖੰਡ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਇਕ ਵਸਾਇੰਦਾ । ਸਾਚਾ ਘਰ ਵਸੇ ਸਚ ਦਵਾਰ, ਕਲਜੁਗ ਅੰਤ ਆਪ ਵਸਾਈਆ । ਪਰਗਟ ਹੋ ਹਰਿ ਕਰਤਾਰ, ਕਰਤਾ ਖੇਲ ਕਰੇ ਬੇਪਰਵਾਹੀਆ । ਸੰਬਲ ਵੇਖ ਧਾਮ ਨਿਆਰ, ਮਹੱਲ ਅਟੱਲ ਕਰੇ ਰੁਸ਼ਨਾਈਆ । ਘਰ ਠਾਂਡਾ ਸੋਹੇ ਦਰਬਾਰ, ਧੁਰ ਦੀ ਧਾਰ ਆਪ ਜਣਾਈਆ । ਮਜਲਸ ਕਰੇ ਪਰਵਰਦਿਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਇਕੋ ਇਕ ਵਡਿਆਈਆ । ਸਚਖੰਡ ਮਾਤ ਸੁਹਾਉਣਾ ਅੰਤ, ਅੰਤਸ਼ਕਰਨ ਸਰਬ ਵੇਖ ਵਖਾਈਆ । ਪਰਗਟ ਹੋ ਸ੍ਰੀ ਭਗਵੰਤ, ਭਗਵਨ ਆਪਣੀ ਧਾਰ ਚਲਾਈਆ । ਲੇਖਾ ਜਾਣ ਲੱਖ ਚੁਰਾਸੀ ਜੀਵ ਜੰਤ, ਚਾਰੇ ਖਾਣੀ ਫੋਲ ਫੋਲਾਈਆ । ਘਟ ਘਟ ਵੇਖੇ ਮਣੀਆ ਮੰਤ, ਮਨ ਵਾਸਨਾ ਜਗਤ ਖੋਜਣਹਾਰ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਤੇਰਾ ਦਵਾਰਾ ਇਕੋ ਇਕ ਦਰਸਾਈਆ । ਸਚਖੰਡ ਤੇਰਾ ਦਵਾਰ ਸੁਹਾਉਣਾ, ਕਲਜੁਗ ਅੰਤ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਡੇਰਾ ਲਾਉਣਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਰੂਪ ਰੰਗ ਕੋਈ ਨਜ਼ਰ ਨਾ ਆਉਣਾ, ਜ਼ਾਤ ਪਾਤ ਨਾ ਵੰਡ ਵੰਡਾਈਆ ।

ਪੰਜ ਤਤ ਨਾ ਕੋਇ ਹੰਡਾਉਣਾ, ਤ੍ਰੈਗੁਣ ਨਾ ਕੋਇ ਕੁੜਮਾਈਆ । ਧੁਰ ਦਾ ਨਾਦ ਇਕ ਵਜਾਉਣਾ, ਰਾਗੀ ਰਾਗ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਉਠਾਉਣਾ, ਸੋਇਆ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਦਰ ਬਲਾਉਣਾ, ਘਰ ਸਾਚੇ ਖ਼ੁਸ਼ੀ ਮਨਾਈਆ । ਪੀਰ ਪੈਗ਼ੰਬਰ ਭੇਵ ਚੁਕਾਉਣਾ, ਪੜਦਾ ਉਹਲਾ ਆਪ ਉਠਾਈਆ । ਸਾਚਾ ਮੌਲਾ ਨਜ਼ਰੀ ਆਉਣਾ, ਨਿਰਗੁਣ ਨੂਰ ਨੂਰ ਇਲਾਹੀਆ । ਪਿਛਲਾ ਲੇਖਾ ਸਭ ਦੀ ਝੋਲੀ ਪਾਉਣਾ, ਬਾਕੀ ਕੋਈ ਨਜ਼ਰ ਨਾ ਆਈਆ । ਸਾਚਾ ਮਾਰਗ ਇਕ ਸਮਝਾਉਣਾ, ਚਾਰ ਜੁਗ ਦਾ ਲੇਖਾ ਅੰਤ ਕਰਾਈਆ । ਵਰਨ ਬਰਨ ਦਾ ਡੇਰਾ ਢੌਹਣਾ, ਢਾਹ ਢਾਹ ਖ਼ਾਕ ਮਿਲਾਈਆ । ਪੁਰਖ ਅਕਾਲ ਇਸ਼ਟ ਦੇਵ ਸਰਬ ਮਨਾਉਣਾ, ਆਤਮ ਪਰਮਾਤਮ ਗੰਢ ਪਵਾਈਆ । ਪਾਰਬ੍ਰਹਮ ਬ੍ਰਹਮ ਇਕ ਹੰਢਾਉਣਾ, ਦੂਜੀ ਨਾਰ ਨਜ਼ਰ ਕੋਇ ਨਾ ਆਈਆ । ਸਤਿਜੁਗ ਸਾਚਾ ਰਾਹ ਚਲਾਉਣਾ, ਸਤਿ ਸਤਿਵਾਦੀ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਇਕੋ ਇਕ ਵਡਿਆਈਆ । ਸਚਖੰਡ ਦਵਾਰੇ ਇਕੋ ਨਾਤਾ, ਭਗਤ ਭਗਵਾਨ ਜੋੜ ਜੁੜਾਇੰਦਾ । ਸਚਖੰਡ ਦਵਾਰੇ ਇਕੋ ਗਾਥਾ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਸਚਖੰਡ ਦਵਾਰੇ ਇਕੋ ਦਾਤਾ, ਸੋ ਸਾਹਿਬ ਦਇਆ ਕਮਾਇੰਦਾ । ਸਚਖੰਡ ਦਵਾਰੇ ਇਕੋ ਰਾਖਾ, ਲੱਖ ਚੁਰਾਸੀ ਵੇਖ ਵਖਾਇੰਦਾ । ਸਚਖੰਡ ਦਵਾਰੇ ਇਕੋ ਸਾਕਾ, ਹਰਿ ਸੁਹੰਜਣਾ ਨਜ਼ਰੀ ਆਇੰਦਾ । ਸਚਖੰਡ ਦਵਾਰੇ ਇਕੋ ਬਾਟਾ, ਪ੍ਰੇਮ ਪਿਆਲਾ ਨਾਮ ਵਖਾਇੰਦਾ । ਸਚਖੰਡ ਦਵਾਰੇ ਇਕੋ ਆਕਾ, ਸ਼ਹਿਨਸ਼ਾਹ ਆਪਣਾ ਹੁਕਮ ਮਨਾਇੰਦਾ । ਸਚਖੰਡ ਦਵਾਰੇ ਇਕੋ ਖਾਟਾ, ਸੇਜ ਸੁਹੰਜਣੀ ਇਕ ਵਡਿਆਇੰਦਾ । ਸਚਖੰਡ ਦਵਾਰੇ ਇਕੋ ਕਮਲਾਪਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰੇ ਤੇਰਾ ਰਾਹ, ਨਿਰਗੁਣ ਨਿਰਵੈਰ ਬਣ ਮਲਾਹ, ਲੋਕਮਾਤ ਆਪ ਸਮਝਾਇੰਦਾ । ਸਚਖੰਡ ਦਵਾਰੇ ਇਕੋ ਰੰਗ, ਸੋ ਸਾਹਿਬ ਆਪ ਰੰਗਾਈਆ । ਸਚਖੰਡ ਦਵਾਰੇ ਇਕੋ ਮੰਗ, ਮਾਂਗਤ ਮੰਗੇ ਨਾਮ ਬੇਪਰਵਾਹੀਆ । ਸਚਖੰਡ ਦਵਾਰੇ ਇਕ ਮਰਦੰਗ, ਹਰਿ ਮਰਦੰਗਾ ਆਪ ਵਜਾਈਆ । ਸਚਖੰਡ ਦਵਾਰੇ ਇਕੋ ਛੰਦ, ਸੋਹੰ ਢੋਲਾ ਰਾਗ ਅਲਾਈਆ । ਸਚਖੰਡ ਦਵਾਰੇ ਨਾਮ ਚੰਡ ਪਰਚੰਡ, ਤੇਜ ਧਾਰ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਚੰਦ ਨੂਰ ਰੁਸ਼ਨਾਈਆ । ਸਚਖੰਡ ਤੇਰਾ ਸਤਿਜੁਗ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ । ਚਾਰ ਵਰਨ ਇਕੋ ਰੀਤ, ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਕਾਇਆ ਮੰਦਰ ਅੰਦਰ ਠਾਕਰ ਸ਼ਿਵਦਵਾਲਾ ਮਸੀਤ, ਗੁਰੂਦਵਾਰ ਇਕੋ ਨਜ਼ਰੀ ਆਈਆ । ਪੁਰਖ ਅਕਾਲ ਬੈਠਾ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਮਨ ਵਾਸਨਾ ਕੂੜੀ ਕਿਰਿਆ ਲਏ ਜੀਤ, ਬੁੱਧ ਬਿਬੇਕੀ ਰੂਪ ਵਟਾਈਆ । ਕਾਇਆ ਚੋਲਾ ਕਰੇ ਠੰਡਾ ਸੀਤ, ਅੰਮ੍ਰਿਤ ਧਾਰ ਮੇਘ ਬਰਸਾਈਆ । ਸਚ ਬੰਧਾਏ ਹਰਿ ਚਰਨ ਕਵਲ ਪ੍ਰੀਤ, ਨਾਤਾ ਇਕੋ ਇਕ ਜੁੜਾਈਆ । ਲੇਖਾ ਜਾਣੇ ਹਸਤ ਕੀਟ, ਊਚਾਂ ਨੀਚਾਂ ਏਕਾ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਵਸੇ ਬੇਪਰਵਾਹੀਆ । ਸਚਖੰਡ ਦਵਾਰੇ ਤੇਰਾ ਸੋਹਣਾ ਬੰਕ, ਬੰਕ ਦਵਾਰੀ ਆਪ ਬਣਾਇੰਦਾ । ਮਿਲੇ ਵਡਿਆਈ ਰਾਉ ਰੰਕ, ਰਾਜ ਰਾਜਾਨ ਵੰਡ ਨਾ ਕੋਇ ਵੰਡਾਇੰਦਾ । ਇਕੋ ਨਾਮ ਇਕੋ ਢੋਲਾ ਇਕੋ ਛੰਦ ਇਕੋ ਸੰਖ, ਨਾਦ ਰਾਗ ਇਕ ਅਲਾਇੰਦਾ । ਇਕੋ ਸਾਹਿਬ ਇਕੋ ਪੁਰਖ ਇਕੋ ਨਾਰ ਇਕੋ ਕੰਤ, ਇਕੋ ਸੇਜ ਸੁਹੰਜਣੀ ਸੋਭਾ

ਪਾਇੰਦਾ । ਇਕੋ ਭੂਸ਼ਨ ਇਕੋ ਬਸਤਰ ਇਕੋ ਚਾੜ੍ਹੇ ਰੰਗ ਬਸੰਤ, ਇਕੋ ਨੇਤਰ ਵੇਖ ਵਖਾਇੰਦਾ । ਇਕੋ ਦਰ ਇਕੋ ਦਰਵੇਸ਼ ਇਕੋ ਹੋਵੇ ਮੰਗਤ, ਭਿਖਾਰੀ ਦਾਤਾਰੀ ਇਕੋ ਨਜ਼ਰੀ ਆਇੰਦਾ । ਇਕੋ ਮਾਣ ਇਕੋ ਤਾਣ, ਇਕੋ ਸਾਹਿਬ ਸ੍ਰੀ ਭਗਵਾਨ, ਇਕੋ ਸ਼ਬਦ ਨਾਮ ਨਿਸ਼ਾਨ, ਇਕੋ ਦੋ ਜਹਾਨ ਵਖਾਇੰਦਾ । ਇਕੋ ਸਚਖੰਡ ਮਕਾਨ, ਦੀਵਾ ਜੋਤੀ ਜਗੇ ਮਹਾਨ, ਇਕੋ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰੇ ਸਚ ਪਸਾਰਾ, ਜਨ ਭਗਤ ਜਣਾਏ ਭਗਤ ਦਵਾਰਾ, ਭਗਵਨ ਇਕੋ ਇਕ ਨਜ਼ਰੀ ਆਇੰਦਾ । ਸਚਖੰਡ ਦਵਾਰ ਭਗਤ ਪਿਆਰ, ਹਰਿ ਭਗਵਨ ਆਪ ਜਣਾਈਆ । ਕਲਜੁਗ ਅੰਤ ਹੋ ਤਿਆਰ, ਤ੍ਰੈਭਵਨ ਧਨੀ ਸਮਝਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪੁਰਖ ਅਕਾਲ ਇਕ ਅਖਵਾਈਆ । ਆਤਮ ਪਰਮਾਤਮ ਵੇਖੇ ਮਾਰ ਧਿਆਨ, ਦੂਈ ਦਵੈਤੀ ਪੜਦਾ ਰਿਹਾ ਹਟਾਈਆ । ਬੋਧ ਅਗਾਧਾ ਹਰਿ ਜੂ ਪੰਡਤ ਦੇਵੇ ਇਕ ਗਿਆਨ, ਨਿਸ਼ਅੱਖਰ ਅੱਖਰ ਨਾਲ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਲੇਖਾ ਜਾਣੇ ਥਾਨ ਥਨੰਤਰ, ਕਲਜੁਗ ਅੰਤਮ ਵੇਖ ਵਖਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਮਾਇਆ ਮਮਤਾ ਲੱਗੀ ਕੂੜੀ ਬਸੰਤਰ, ਬਿਨ ਸਤਿਗੁਰ ਪੂਰੇ ਨਾ ਕੋਇ ਬੁਝਾਇੰਦਾ । ਚਾਰ ਵਰਨ ਅਠਾਰਾਂ ਬਰਨ ਰਸਨਾ ਜਿਹਵਾ ਗਾਏ ਗਾਇਤਰੀ ਮੰਤਰ, ਆਤਮ ਪਰਮਾਤਮ ਗੰਢ ਨਾ ਕੋਇ ਪਵਾਇੰਦਾ । ਪਰਮ ਪੁਰਖ ਪ੍ਰਭ ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਆਪਣਾ ਡੇਰਾ ਲਾਇੰਦਾ । ਵੇਖਣਹਾਰ ਗਗਨ ਗਗਨੰਤਰ, ਕਾਇਆ ਭੀਤਰ ਖੋਜ ਖੁਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਦਵਾਰਾ ਇਕੋ ਸੋਭਾ ਪਾਇੰਦਾ । ਸਚਖੰਡ ਦਵਾਰੇ ਹਰਿ ਜੂ ਵੜਿਆ, ਨਿਰਗੁਣ ਨੂਰ ਨੂਰ ਧਰਾਈਆ । ਉਚੇ ਟਿੱਲੇ ਪਰਬਤ ਚੜ੍ਹਿਆ, ਚੋਟੀ ਨਜ਼ਰ ਕਿਸੇ ਨਾ ਆਈਆ । ਨਿਰਵੈਰ ਹੋ ਕੇ ਢੋਲਾ ਪੜ੍ਹਿਆ, ਭਗਤ ਭਗਵਾਨ ਰਿਹਾ ਸਮਝਾਈਆ । ਆਤਮ ਪਰਮਾਤਮ ਲੜ ਇਕੋ ਫੜਿਆ, ਦੂਜੀ ਪੱਲੂ ਗੰਢ ਕੋਇ ਨਾ ਪਾਈਆ । ਕਰੇ ਖੇਲ ਨਰਾਇਣ ਨਰਿਆ, ਨਰ ਹਰਿ ਆਪਣੀ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਚੰਦ ਸਚਖੰਡ ਵਾਸੀ ਆਪ ਚਮਕਾਈਆ । ਸਚਖੰਡ ਦਵਾਰੇ ਉਪਜੇ ਸਾਚਾ ਨੂਰ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਪਰਗਟ ਹੋਏ ਸਰਬ ਕਲਾ ਭਰਪੂਰ, ਹਰਿ ਭਰਪੂਰੀ ਫੇਰਾ ਪਾਈਆ । ਨੇਰਨ ਨੇਰਾ ਆਏ ਜੋ ਵਸਣਹਾਰਾ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਨੌਂ ਸੌ ਚੁਰਾਨਵੇਂ ਚੌਕੜੀ ਜੋ ਬਣਿਆ ਰਿਹਾ ਮਫ਼ਰੂਰ, ਲੱਭਦਿਆਂ ਹੱਥ ਕਿਸੇ ਨਾ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰੇ ਖੇਲ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕ ਵਰ, ਸਚ ਦੁਆਰਾ ਘਰ ਘਰ ਦਏ ਵਖਾਈਆ । ਘਰ ਘਰ ਸਤਿਗੁਰ ਦਇਆ ਕਮਾ, ਮਿਹਰ ਨਜ਼ਰ ਉਠਾਈਆ । ਭਗਤ ਭਗਵੰਤ ਲਏ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਧੁਰ ਦਾ ਨਾਦ ਦਏ ਸੁਣਾ, ਅਨਾਦੀ ਨਾਦ ਵਜਾਈਆ । ਆਤਮ ਪੜਦਾ ਦੇਵੇ ਲਾਹ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰੰਗ ਵਖਾਈਆ । ਸਤਿਜੁਗ ਸਾਚਾ ਰੰਗ ਵਖਾਉਣਾ, ਸੋ ਸਾਹਿਬ ਖੇਲ ਕਰਾਈਆ । ਚਾਰ ਵਰਨ ਰੰਗ ਇਕ ਚੜ੍ਹਾਉਣਾ, ਉਤਰ ਕਦੇ ਨਾ ਜਾਈਆ । ਜ਼ਾਤ ਪਾਤ ਦਾ ਪੰਧ

ਮੁਕਾਉਣਾ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਧੁਰ ਦਾ ਰਾਗ ਇਕ ਸੁਣਾਉਣਾ, ਇਕੋ ਢੋਲਾ ਗਾਈਆ । ਗ਼ਰੀਬ ਨਿਵਾਜ਼ ਨਜ਼ਰੀ ਆਉਣਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਜਨਮ ਕਰਮ ਦਾ ਪਾਪ ਧਵਾਉਣਾ, ਦੁਰਮਤ ਮੈਲ ਮਿਟਾਈਆ । ਹਰਿਜਨ ਫੜ ਕੇ ਹੰਸ ਕਾਗ ਬਣਾਉਣਾ, ਕਾਗੋ ਹੰਸ ਵਖਾਈਆ । ਦੀਪਕ ਦੀਆ ਜੋਤ ਚਿਰਾਗ ਜਗਾਉਣਾ, ਜੋਤ ਨਿਰੰਜਣ ਨੂਰ ਰੁਸ਼ਨਾਈਆ । ਸਾਚਾ ਮਜਨ ਇਕ ਕਰਾਉਣਾ, ਸਰ ਸਰੋਵਰ ਇਕ ਸੁਹਾਈਆ । ਆਦਿ ਪੁਰਖ ਅਪਰੰਪਰ ਸਵਾਮੀ ਆਪਣਾ ਮੇਲ ਮਿਲਾਉਣਾ, ਮਿਲਿਆ ਮੇਲ ਵਿਛੜ ਨਾ ਜਾਈਆ । ਸਚ ਸਵੰਬਰ ਇਕ ਰਚਾਉਣਾ, ਸੁਰਤੀ ਸ਼ਬਦ ਕਰੇ ਕੁੜਮਾਈਆ । ਸਾਚੀ ਡੋਲੀ ਆਪ ਬਹਾਉਣਾ, ਬਣੇ ਕਹਾਰ ਬੇਪਰਵਾਹੀਆ । ਗੁਰਮੁਖ ਸਾਚਾ ਸੰਗ ਰਖਾਉਣਾ, ਸਗਲਾ ਸੰਗ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਅੰਤਮ ਲੇਖਾ ਲੇਖੇ ਲਾਈਆ । ਅੰਤਮ ਲੇਖਾ ਲਾਏ ਮਾਤ, ਸ੍ਰੀ ਭਗਵਾਨ ਦਇਆ ਕਮਾਈਆ । ਜਨ ਭਗਤਾਂ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਨੂਰ ਦਰਸਾਈਆ । ਅੰਦਰ ਵੜ ਸੁਣਾਏ ਗਾਥ, ਬਾਹਰੋ ਕਰੇ ਨਾ ਕੋਇ ਪੜ੍ਹਾਈਆ । ਬਜਰ ਕਪਾਟੀ ਜਾਏ ਪਾਟ, ਸਾਖਿਆਤ ਇਕੋ ਨਜ਼ਰੀ ਆਈਆ । ਦਿਵਸ ਰੈਣ ਰਹੇ ਨਾ ਕੋਈ ਪਰਭਾਤ, ਘੜੀ ਪਲ ਨਾ ਵੰਡ ਵੰਡਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਵਸੇ ਸਾਥ, ਸਾਹਿਬ ਸਤਿਗੁਰ ਸੰਗ ਨਿਭਾਈਆ । ਸਤਿਜੁਗ ਸਾਚੀ ਇਕ ਜਮਾਤ, ਚਾਰ ਵਰਨ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਸਚ ਪਸਾਰਾ, ਸੋ ਸਾਹਿਬ ਵੇਖ ਵਖਾਈਆ । ਸਚਖੰਡ ਦੁਆਰਾ ਭਗਤਾਂ ਅੰਦਰ, ਹਰਿ ਹਰਿਜੂ ਆਪ ਬਣਾਈਆ । ਸਚ ਸੁਹੰਜਣਾ ਸੋਹੇ ਮੰਦਰ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਗੜ੍ਹ ਹੰਕਾਰੀ ਤੁੱਟੇ ਜੰਦਰ, ਤ੍ਰੈ ਤ੍ਰੈ ਨਾਤਾ ਰਹਿਣ ਨਾ ਪਾਈਆ । ਮਨ ਵਾਸਨਾ ਨਾ ਕੋਈ ਬੰਦਰ, ਤ੍ਰਿਸਨਾ ਜਗਤ ਨਾ ਕੋਇ ਵਖਾਈਆ । ਨਾ ਕੋਈ ਪਰਕਾਸ਼ ਸੂਰਯਾ ਚੰਦਰ, ਚੰਦ ਚਾਂਦਨੀ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਸੁਹਾਏ ਸੱਚਾ ਮੰਦਰ, ਜਿਸ ਘਰ ਆਪਣਾ ਨੂਰ ਧਰਾਈਆ । ਭਗਵਾਨ ਕਹੇ ਭਗਤ ਤੇਰਾ ਦੁਆਰਾ, ਆਦਿ ਜੁਗਾਦਿ ਮੋਹੇ ਸਦ ਭਾਈਆ । ਕਲਜੁਗ ਅੰਤਮ ਲੱਗੇ ਪਿਆਰਾ, ਪਰਮ ਪੁਰਖ ਖ਼ੁਸ਼ੀ ਮਨਾਈਆ । ਜਿਸ ਦੇ ਅੰਤਰ ਇਕੋ ਧਾਰਾ, ਦੂਜੀ ਧਾਰ ਨਾ ਕੋਇ ਪਰਗਟਾਈਆ । ਆਤਮਾ ਬੋਲੇ ਪਰਮਾਤਮ ਨਾਅਰਾ, ਬ੍ਰਹਮ ਪਾਰਬ੍ਰਹਮ ਮੰਗ ਮੰਗਾਈਆ । ਸੋਹੰ ਰੂਪ ਆਪ ਨਿਰੰਕਾਰਾ, ਨਿਰਗੁਣ ਸਰਗੁਣ ਖੇਲ ਖਿਲਾਈਆ । ਸਚਖੰਡ ਦਾ ਖੋਲ੍ਹ ਕਿਵਾੜਾ, ਧਰਨੀ ਧਰਤ ਧਵਲ ਦਏ ਵਡਿਆਈਆ । ਪੁਰਖ ਅਕਾਲ ਸਰਬ ਦਾ ਲਾੜਾ, ਲੱਖ ਚੁਰਾਸੀ ਨਾਰ ਕੰਤ ਭਗਵੰਤ ਆਪ ਪਰਨਾਈਆ । ਲੇਖਾ ਜਾਣੇ ਧੁਰ ਦਰਬਾਰਾ, ਧੁਰ ਦਾ ਲੇਖਾ ਵੇਖ ਵਖਾਈਆ । ਕਲਜੁਗ ਮੇਟੇ ਕੂੜ ਪਸਾਰਾ, ਕੂੜ ਕਿਰਿਆ ਦਏ ਖਪਾਈਆ । ਸਰਬ ਜੀਆਂ ਦਾ ਇਕੋ ਇਸ਼ਟ ਗੁਰਦੇਵ ਸਵਾਮੀ ਪ੍ਰੀਤਮ ਪਿਆਰਾ, ਪਰਮ ਪੁਰਖ ਪਰਮਾਤਮ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਦਰਵਾਜ਼ਾ ਗ਼ਰੀਬ ਨਿਵਾਜ਼ਾ, ਇਕੋ ਇਕ ਖੁਲ੍ਹਾਈਆ । ਸਚ ਦਰਵਾਜ਼ਾ ਖੋਲ੍ਹੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਸਰਬ ਜੀਆਂ ਦਾ ਇਕੋ ਜਾਪ, ਜਗਜੀਵਣ ਦਾਤਾ ਰਿਹਾ ਸਮਝਾਈਆ । ਲੱਖ ਚੁਰਾਸੀ ਇਕੋ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਆਤਮ ਪਰਮਾਤਮ ਸੱਚਾ ਪਾਠ, ਪੂਜਾ ਹਵਨ ਆਪ ਸਮਝਾਈਆ । ਤਟ ਕਿਨਾਰਾ ਦੱਸੇ

ਘਾਟ, ਪੱਤਣ ਬੈਠਾ ਸੱਚਾ ਮਾਹੀਆ । ਕਲਜੁਗ ਅੰਤਮ ਮੁੱਕੇ ਵਾਟ, ਬੀਸ ਬੀਸਾ ਖ਼ੁਸ਼ੀ ਮਨਾਈਆ । ਸਦੀ ਚੌਧਵੀਂ ਮੁੱਕੇ ਰਾਤ, ਚੌਦਾਂ ਤਬਕ ਰਹੇ ਜਸ ਗਾਈਆ । ਚੌਦਾਂ ਲੋਕ ਵੇਖਣ ਖੋਲ੍ਹ ਤਾਕ, ਨੇਤਰ ਨੈਣ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਰੱਖ ਕੇ ਬੈਠੇ ਆਸ, ਓਟ ਇਕੋ ਇਕ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਲਿਖ ਗਏ ਲਿਖਾਸ, ਕਾਤਬ ਬਣ ਬਣ ਕਲਮ ਛਾਹੀਆ । ਕਲਜੁਗ ਅੰਤਮ ਪਰਗਟ ਹੋਵੇ ਪਰਮ ਪੁਰਖ ਅਬਿਨਾਸ਼, ਉਚੇ ਟਿੱਲੇ ਪਰਬਤ ਬ੍ਰਾਹਮਣ ਗੌੜਾ ਪੂਤ ਸਪੂਤਾ ਆਪਣਾ ਡੇਰਾ ਲਾਈਆ । ਈਸਾ ਕਹੇ ਮੇਰਾ ਪਿਤਾ ਮੈਨੂੰ ਦੇਵੇ ਸ਼ਾਬਾਸ਼, ਰਹਿਬਰ ਬਣ ਕੇ ਆਵੇ ਵਾਹੋ ਦਾਹੀਆ । ਮੁਹੰਮਦ ਕਹੇ ਮੈਂ ਉਸ ਦੀ ਸਾਖ, ਜੋ ਅਮਾਮ ਆਪਣੇ ਰੰਗ ਸਮਾਈਆ । ਅੰਤਮ ਦੇਵੇ ਮੇਰਾ ਸਾਥ, ਨਿਰਗੁਣ ਹੋ ਕੇ ਵੇਸ ਵਟਾਈਆ । ਸਤਿਗੁਰ ਨਾਨਕ ਕਹਿ ਕੇ ਗਿਆ ਨਿਹਕਲੰਕ ਖੇਲ ਤਮਾਸ਼, ਨਿਰਗੁਣ ਆਪਣੀ ਧਾਰ ਚਲਾਈਆ । ਗੋਬਿੰਦ ਲਿਖਿਆ ਪੁਰਖ ਅਕਾਲ ਆਵੇ ਖ਼ਾਸ, ਕਲ ਕਲਕੀ ਫੇਰਾ ਪਾਈਆ । ਜੁਗ ਚੌਕੜੀ ਪੂਰੀ ਕਰੇ ਆਸ, ਸੰਬਲ ਆਪਣਾ ਧਾਮ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਭਗਤ ਸੁਹੇਲੇ ਸੱਜਣ ਵਰ, ਗੁਰ ਚੇਲੇ ਆਪਣਾ ਭੇਵ ਖੁਲ੍ਹਾਈਆ ।

## ੨੭ ਹਾੜ ੨੦੨੦ ਬਿਕ੍ਰਮੀ ਸੁਰਜੀਤ ਸਿੰਘ ਦੇ ਗ੍ਰਿਹਿ ਪਿੰਡ ਘੜੂਆਂ ਜ਼ਿਲਾ ਅੰਬਾਲਾ



ਮਾਣਸ ਮਾਨੁਖ ਉਤਮ ਜ਼ਾਤ, ਮਨੁਸ਼ ਮਿਲੇ ਵਡਿਆਈਆ । ਗੁਰ ਸਤਿਗੁਰ ਸਾਹਿਬ ਦੇਵਣਹਾਰ ਦਾਤ, ਨਾਮ ਅਮੋਲਕ ਝੋਲੀ ਪਾਈਆ । ਪਾਰਬ੍ਰਹਮ ਬ੍ਰਹਮ ਬੰਧਾਵਣਹਾਰਾ ਸਾਚਾ ਨਾਤ, ਨਾਤਾ ਚਰਨ ਕਵਲ ਜੁੜਾਈਆ । ਆਤਮ ਪਰਮਾਤਮ ਸੁਣਾਵਣਹਾਰਾ ਗਾਥ, ਸਾਚਾ ਸੋਹਲਾ ਰਾਗ ਅਲਾਈਆ । ਲਹਿਣਾ ਦੇਣਾ ਪੂਰਬ ਚੁਕਾਵੇ ਮਸਤਕ ਮਾਥ, ਭਰਮ ਭੁਲੇਖਾ ਦੂਰ ਕਰਾਈਆ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਦਇਆ ਆਪ ਕਮਾਈਆ । ਅੰਤਰ ਆਤਮ ਮੇਟ ਅੰਧੇਰੀ ਰਾਤ, ਸਚ ਪਰਕਾਸ਼ ਇਕ ਪਰਗਟਾਈਆ । ਜਨਮ ਜਨਮ ਦੀ ਪੂਰੀ ਕਰੇ ਆਸ, ਆਸਾ ਤ੍ਰਿਸਨਾ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਸਤਿਗੁਰ ਮੀਤ, ਪ੍ਰਭ ਆਪਣੀ ਦਇਆ ਕਮਾਇੰਦਾ । ਸੰਤ ਸੁਹੇਲੇ ਪਰਖ ਨੀਤ, ਨੀਤੀਵਾਨ ਵੇਖ ਵਖਾਇੰਦਾ । ਨਾਮ ਜੈਕਾਰਾ ਇਕੋ ਗੀਤ, ਰਾਗ ਅਨਾਦੀ ਆਪ ਸੁਣਾਇੰਦਾ । ਪੰਜ ਤਤ ਵਿਕਾਰਾ ਠਾਂਡਾ ਸੀਤ, ਅਗਨੀ ਅੱਗ ਨਾ ਕੋਇ ਲਗਾਇੰਦਾ । ਮਨ ਵਾਸਨਾ ਲਏ ਜੀਤ, ਮਤ ਬੁਧ ਭੇਵ ਚੁਕਾਇੰਦਾ । ਨਜ਼ਰੀ ਆਏ ਇਕ ਅਤੀਤ, ਤ੍ਰੈਭਵਨ ਧਨੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਇਕ ਪ੍ਰੀਤ ਲਗਾਇੰਦਾ । ਹਰਿਜਨ ਪ੍ਰੀਤੀ ਸਤਿਗੁਰ ਚਰਨ, ਚਰਨ ਕਵਲ ਸਰਨਾਈਆ । ਮਿਲੇ ਵਡਿਆਈ ਉਪਰ ਧਵਲ, ਧਰਨੀ ਧਰਤ ਖ਼ੁਸ਼ੀ ਮਨਾਈਆ । ਉਲਟਾ ਕਰੇ ਊਂਧਾ ਕਵਲ, ਘਰ ਅੰਮ੍ਰਿਤ ਝਿਰਨਾ ਆਪ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਉਲਟੇ ਕਵਲ ਅੰਮ੍ਰਿਤ ਰਸ, ਰਸ ਰਸੀਆ ਆਪ ਚਖਾਇੰਦਾ । ਸੁਰਤ ਸਵਾਣੀ ਹੋਏ ਵਸ, ਗੁਰ ਸ਼ਬਦੀ ਬੰਧਨ ਪਾਇੰਦਾ । ਆਤਮ ਪਰਮਾਤਮ ਮੇਲ ਮਿਲਾਵਾ ਨੱਸ ਨੱਸ, ਹਰਿ ਪਾਂਧੀ ਆਪਣਾ ਪੰਧ ਮੁਕਾਇੰਦਾ । ਸਤਿ ਸਤਿਵਾਦੀ ਮਾਰਗ ਇਕੋ ਦੱਸ, ਸਾਚਾ ਰਾਹ ਆਪ ਸਮਝਾਇੰਦਾ । ਲੇਖਾ

ਜਾਣ ਤਤ ਅੱਠ, ਤ੍ਰੈ ਪੰਜ ਪੜਦਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਭੇਵ ਖੁਲ੍ਹਾਇੰਦਾ । ਹਰਿਜਨ ਖੋਲ੍ਹੇ ਭੇਵ ਆਪ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜੁਗ ਚੌਕੜੀ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਸ਼ਬਦੀ ਸ਼ਬਦ ਦੇ ਗਿਆਨ, ਅਗਿਆਨ ਅੰਧੇਰ ਮਿਟਾਈਆ । ਸਤਿ ਧਰਮ ਦਾ ਇਕ ਨਿਸ਼ਾਨ, ਘਰ ਸਾਚੇ ਆਪ ਪਰਗਟਾਈਆ । ਲੇਖਾ ਚੁੱਕੇ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਦਰ, ਤਿਸ ਮੰਦਰ ਇਕੋ ਨਜ਼ਰੀ ਆਈਆ । ਗੁਰਮੁਖ ਮੰਦਰ ਸਦਾ ਏਕ, ਏਕੰਕਾਰ ਨਜ਼ਰੀ ਆਇੰਦਾ । ਪੁਰਖ ਅਕਾਲ ਸਾਚੀ ਟੇਕ, ਦੂਜਾ ਇਸ਼ਟ ਨਾ ਕੋਇ ਮਨਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਵਖਾਇੰਦਾ । ਕਾਇਆ ਮੰਦਰ ਸਾਚੇ ਪੌੜੇ ਚੜ੍ਹ ਕੇ ਦੱਸੇ ਭੇਤ, ਅਨਭਵ ਆਪਣਾ ਖੇਲ ਸਮਝਾਇੰਦਾ । ਸੁਰਤੀ ਸ਼ਬਦੀ ਸਾਚਾ ਹੇਤ, ਸਾਚੀ ਬੰਦਨਾ ਬੰਦਗੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਿਖਣਹਾਰ ਅਗੰਮੀ ਲੇਖ, ਲਿਖਿਆ ਲੇਖ ਆਪਣੇ ਹੱਥ ਵਖਾਇੰਦਾ । ਗੁਰਮੁਖ ਲੇਖਾ ਸਤਿਗੁਰ ਹੱਥ, ਹਰਿ ਦੇਵਣਹਾਰ ਵਡਿਆਈਆ । ਜੁਗ ਚੌਕੜੀ ਚਲਾ ਰਥ, ਬਣ ਰਥਵਾਹੀ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਮਾਰਗ ਦੱਸ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਕਰੀ ਪੜ੍ਹਾਈਆ । ਕਲਜੁਗ ਅੰਤਮ ਹੋ ਪਰਗਟ, ਆਪਣਾ ਮੰਤਰ ਨਾਮ ਸਮਝਾਈਆ । ਤੂੰ ਮੇਰਾ ਮੈਂ ਤੇਰੇ ਵਸ, ਦੂਜਾ ਰਾਹ ਨਾ ਕੋਇ ਚਲਾਈਆ । ਸੋਹੰ ਸ਼ਬਦ ਧਾਰ ਅਨਰਸ, ਅਨਡਿਠੜੀ ਕਾਰ ਕਮਾਈਆ । ਆਤਮ ਪਰਮਾਤਮ ਇਕ ਦੁਆਰੇ ਹੋਏ ਇਕੱਠ, ਗੁਰਸਿਖ ਗੁਰ ਗੁਰ ਰੂਪ ਸਮਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਬ੍ਰਹਮ ਮਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਨਾਮ ਦਾਨ, ਤਿਸ ਜਨ ਏਥੇ ਓਥੇ ਤੱਤੀ ਵਾ ਨਾ ਲਾਗੇ ਰਾਈਆ ।

### ✪ ੨੭ ਹਾੜ ੨੦੨੦ ਬਿਕ੍ਰਮੀ ਬੀਬੀ ਸੁਖਵੰਤ ਕੌਰ ਦੇ ਗ੍ਰਿਹਿ ਲੁਧਿਆਣਾ ✪

ਸ੍ਰੀ ਭਗਵਾਨ ਕਦੇ ਨਾ ਰੁੱਸਿਆ, ਰੋਸਾ ਜਗਤ ਨਾ ਕੋਇ ਰਖਾਈਆ । ਜੁਗ ਚੌਕੜੀ ਜਨ ਭਗਤਾਂ ਆ ਕੇ ਪੁੱਛਿਆ, ਨਿਰਗੁਣ ਸਰਗੁਣ ਬੂਝ ਬੁਝਾਈਆ । ਜਨਮ ਜਨਮ ਦੇ ਮਿਟਾਵਣਹਾਰਾ ਗ਼ੁੱਸਿਆ, ਗਹਿਰ ਗੰਭੀਰ ਸਹਿਜ ਸੁਖਦਾਈਆ । ਲੱਖ ਚੁਰਾਸੀ ਵਿਚੋ ਗੁਰਮੁਖ ਕੱਢੇ ਲੁਕਿਆ, ਫੜ ਬਾਂਹੋ ਮੇਲ ਮਿਲਾਈਆ । ਕਾਇਆ ਚੋਲੀ ਰੰਗ ਸੁਹਾਏ ਸਾਚੀ ਰੁੱਤਿਆ, ਰੂਪ ਬਸੰਤੀ ਇਕ ਵਖਾਈਆ । ਦਰਗਹਿ ਸਾਚੀ ਜੋ ਜਨ ਫਿਰੇ ਘੁੱਸਿਆ, ਤਿਸ ਮਾਰਗ ਪੰਥ ਆਪ ਵਖਾਈਆ । ਪ੍ਰੇਮ ਪ੍ਰੀਤੀ ਅੰਦਰ ਫਿਰੇ ਭੁੱਖਿਆ, ਵਡ ਦਾਤਾ ਵਾਹੋ ਦਾਹੀਆ । ਸੰਤ ਸੁਹੇਲਾ ਸਾਹਿਬ ਸਤਿਗੁਰ ਗੋਦੀ ਚੁੱਕਿਆ, ਦੋ ਜਹਾਨ ਹੁਲਾਰਾ ਇਕ ਵਖਾਈਆ । ਦੀਨ ਦਿਆਲ ਠਾਕਰ ਸਵਾਮੀ ਪਰਮ ਪੁਰਖ ਪਰਮਾਤਮ ਏਕਾ ਉਠਿਆ, ਆਤਮ ਅੰਤਰ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰੀ ਭਗਵਾਨ ਹੋਏ ਸਦਾ ਸਹਾਈਆ । ਸ੍ਰੀ ਭਗਵਾਨ ਨਾ ਕੋਈ ਰੋਸਾ,

ਮਿਹਰਵਾਨ ਦਇਆ ਕਮਾਈਆ । ਜੁਗ ਚੌਕੜੀ ਜਨ ਭਗਤਾਂ ਆਪਣੇ ਮਿਲਣ ਦਾ ਦੇਵੇ ਮੌਕਾ, ਲੱਖ ਚੁਰਾਸੀ ਗੂੜ੍ਹੀ ਨੀਂਦ ਸੁਆਈਆ । ਸ਼ਬਦ ਅਨਾਦ ਅਗੰਮ ਅਥਾਹ ਦੇਵੇ ਹੋਕਾ, ਦੋ ਜਹਾਨਾਂ ਇਕੋ ਕੂਕ ਸੁਣਾਈਆ । ਸੰਤ ਸਾਜਣ ਮਿਲਣ ਦਾ ਸਦਾ ਰੱਖੇ ਸ਼ੌਕਾ, ਸ਼ਾਹ ਪਾਤਸ਼ਾਹ ਆਪਣਾ ਵੇਸ ਧਰਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨਾ ਬੰਧਪ ਨਿਤ ਨਵਿਤ ਕਦੇ ਨਾ ਕਰੇ ਧੋਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਰਨ ਇਕ ਜਣਾਈਆ । ਆਦਿ ਜੁਗਾਦਿ ਨਾ ਰੁੱਸੇ ਗੋਪਾਲ, ਗੋਬਿੰਦ ਆਪਣੀ ਦਇਆ ਕਮਾਇੰਦਾ । ਭਗਤ ਭਗਵੰਤ ਰੱਖੇ ਨਾਲ, ਨਿਤ ਨਵਿਤ ਸੰਗ ਨਿਭਾਇੰਦਾ । ਨਾਤਾ ਤੋੜ ਕੂੜਾ ਜੰਜਾਲ, ਜਾਗਰਤ ਜੋਤ ਇਕ ਰੁਸ਼ਨਾਇੰਦਾ । ਕਾਇਆ ਮੰਦਰ ਸੱਚੀ ਧਰਮਸਾਲ, ਧਰਮ ਦਵਾਰਾ ਇਕ ਵਖਾਇੰਦਾ । ਨਿਰਮਲ ਦੀਆ ਦੀਪਕ ਜੋਤੀ ਬਾਲ, ਅਗਿਆਨ ਅੰਧੇਰ ਮਿਟਾਇੰਦਾ । ਅੰਮ੍ਰਿਤ ਆਤਮ ਜਾਮ ਪਿਆਲ, ਸਾਂਤਕ ਸਤਿ ਸਤਿ ਵਰਤਾਇੰਦਾ । ਲੇਖਾ ਜਾਣ ਸ਼ਾਹ ਕੰਗਾਲ, ਊਚ ਨੀਚ ਭੇਵ ਚੁਕਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਗੁਰ ਸਤਿਗੁਰ ਸੇਵ ਕਮਾਇੰਦਾ । ਲੇਖਾ ਜਾਣੇ ਹੱਕ ਹਲਾਲ, ਹਕੀਕਤ ਆਪਣੇ ਹੱਥ ਵਖਾਇੰਦਾ । ਦੇਵਣਹਾਰ ਸੱਚਾ ਧੰਨ ਮਾਲ, ਨਾਮ ਨਿਧਾਨਾ ਝੋਲੀ ਪਾਇੰਦਾ । ਗੁਰਮੁਖ ਵੇਖੇ ਬਾਲ ਅਵਾਣ, ਜਗਤ ਦੁੱਖੜਾ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਪ੍ਰਭ ਮਿਹਰ ਨਜ਼ਰ ਉਠਾਇੰਦਾ । ਸ੍ਰੀ ਭਗਵਾਨ ਰੁੱਸੇ ਨਾ ਜਗ, ਬੇਪਰਵਾਹ ਖੇਲ ਖਿਲਾਇੰਦਾ । ਜਨ ਭਗਤਾਂ ਦਰਸਨ ਦੇਵੇ ਉਪਰ ਸ਼ਾਹ ਰਗ, ਕੂੜੀ ਕਿਰਿਆ ਨਾਤਾ ਤੋੜ ਤੁੜਾਇੰਦਾ । ਜਨਮ ਕਰਮ ਦੀ ਮੇਟੇ ਅੱਗ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਸਚ ਦਵਾਰ ਵਖਾਏ ਹੱਦ, ਧਰਮ ਦਵਾਰਾ ਇਕੋ ਨਜ਼ਰੀ ਆਇੰਦਾ । ਸ਼ਬਦ ਅਨਾਦ ਵੱਜੇ ਅਨਹਦ, ਧੁਨ ਆਤਮਕ ਰਾਗ ਅਲਾਇੰਦਾ । ਪ੍ਰੇਮ ਪਿਆਰ ਪਿਆਏ ਮਦ, ਰਸ ਇਕੋ ਇਕ ਚਖਾਇੰਦਾ । ਲੱਖ ਚੁਰਾਸੀ ਵਿਚੋ ਕੱਢ, ਹਰਿਜਨ ਆਪਣਾ ਮੇਲ ਮਿਲਾਇੰਦਾ । ਲੇਖੇ ਲਾਏ ਕਾਇਆ ਮਾਟੀ ਹੱਡ, ਅੰਤਰ ਆਤਮ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਰੰਗ ਵਖਾਇੰਦਾ । ਸਾਹਿਬ ਸਤਿਗੁਰ ਰੁੱਸੇ ਨਾ ਮੀਤ, ਮਿੱਤਰ ਪਿਆਰਾ ਦਇਆ ਕਮਾਈਆ । ਜੁਗ ਚੌਕੜੀ ਸਾਚੀ ਰੀਤ, ਲੋਕਮਾਤ ਆਪ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਣਾਏ ਢੋਲਾ ਗੀਤ, ਅਨਰਾਗੀ ਆਪਣਾ ਰਾਗ ਸੁਣਾਈਆ । ਲੇਖਾ ਜਾਣ ਮੰਦਰ ਮਸੀਤ, ਸ਼ਿਵਦਵਾਲੇ ਮੱਠ ਖੋਜ ਖੁਜਾਈਆ । ਬੈਠਾ ਰਹੇ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਲੱਖ ਚੁਰਾਸੀ ਪਰਖਣਹਾਰਾ ਨੀਤ, ਘਟ ਘਟ ਆਪਣਾ ਭੇਵ ਖੁਲ੍ਹਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਦੇਵੇ ਨਾਮ ਅਨਡੀਠ, ਵਸਤ ਅਮੋਲਕ ਝੋਲੀ ਪਾਈਆ । ਚਰਨ ਪ੍ਰੀਤੀ ਪਰਮ ਪੁਰਖ ਦੀ ਪ੍ਰੀਤ, ਪਾਰਬ੍ਰਹਮ ਬ੍ਰਹਮ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਕਦੇ ਨਾ ਰੁੱਸੇ ਹਰਿ ਗੋਬਿੰਦ, ਗੁਰ ਗਹਿਰ ਗੰਭੀਰ ਅਖਵਾਇੰਦਾ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਹਰਿਜਨ ਸਾਚੇ ਏਕਾ ਰਸ ਚਖਾਇੰਦਾ । ਸੰਤ ਸੁਹੇਲੇ ਆਪਣੀ ਬਿੰਦ, ਸੁੱਤ ਅਨਾਦੀ ਨਾਉਂ ਧਰਾਇੰਦਾ । ਵੇਖਣਹਾਰਾ ਜੀਉ ਪਿੰਡ, ਕਾਇਆ ਮੰਦਰ ਖੋਜ ਖੁਜਾਇੰਦਾ । ਦੀਨ ਦਿਆਲ ਹੋ ਬਖ਼ਸ਼ਿੰਦ, ਬਖ਼ਸ਼ਿਸ਼ ਆਪਣੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਸਦਾ ਸਦ ਸਿਰ ਆਪਣਾ ਹੱਥ ਰਖਾਇੰਦਾ । ਕਦੇ ਨਾ ਰੁੱਸੇ ਸ੍ਰੀ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਆਦਿ ਜੁਗਾਦਿ ਜੁਗ


੪੯ ੧੫

ਚੌਕੜੀ ਖੇਲ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਹਰਿਜਨ ਵੇਖੇ ਆਪਣੇ ਸੰਤ, ਸਤਿਗੁਰ ਸਾਜਣ ਮੇਲ ਮਿਲਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਇਕੋ ਪੰਡਤ, ਪਰਮ ਪੁਰਖ ਪਰਮੇਸ਼ਵਰ ਕਰੇ ਪੜ੍ਹਾਈਆ । ਗੁਰਮੁਖ ਮੇਲਾ ਗੁਰ ਗੁਰ ਸੰਗਤ, ਹਰਿ ਸੰਗਤ ਆਪਣਾ ਰੂਪ ਵਖਾਈਆ । ਲੇਖਾ ਚੁਕੇ ਜੇਰਜ ਅੰਡਜ, ਉਤਭੁਜ ਸੇਤਜ ਇਕੋ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਲੇਖੇ ਲਾਈਆ । ਹਰਿ ਨਾ ਰੁੱਸਿਆ ਆਦਿ ਜੁਗਾਦਿ, ਰੁੱਸਿਆਂ ਲਏ ਮਨਾਈਆ । ਵੇਖਣਹਾਰ ਕੋਟ ਬ੍ਰਹਿਮਾਦ, ਬ੍ਰਹਿਮੰਡ ਖੰਡ ਆਪਣੀ ਧਾਰ ਚਲਾਈਆ । ਲੇਖੇ ਲਾਏ ਸੰਤ ਸਾਧ, ਸ੍ਰੀ ਭਗਵੰਤ ਦਇਆ ਕਮਾਈਆ । ਲੱਖ ਚੁਰਾਸੀ ਵਿਚੋ ਲਾਧ, ਭੇਵ ਅਭੇਦ ਖੁਲ੍ਹਾਈਆ । ਆਤਮ ਪਰਮਾਤਮ ਕਰ ਵਿਸਮਾਦ, ਬਿਸਮਲ ਆਪਣਾ ਰੰਗ ਰੰਗਾਈਆ । ਅਨਰਸ ਦੇਵੇ ਇਕ ਸਵਾਦ, ਰਸਨਾ ਜਿਹਵਾ ਸਾਰ ਨਾ ਪਾਈਆ । ਸਤਿ ਪੁਰਖ ਨਿਰੰਜਣ ਧਰਮ ਦਵਾਰੇ ਕਰੇ ਲਾਡ, ਪਿਤਾ ਪੂਤ ਗੋਦ ਉਠਾਈਆ । ਨਿਰਗੁਣ ਸਰਗੁਣ ਕਦੇ ਨਾ ਭੁੱਲੇ ਯਾਦ, ਯਾਦ ਆਪਣੇ ਵਿਚ ਛੁਪਾਈਆ । ਜੋ ਜਨ ਸਰਨਾਈ ਗਿਆ ਲਾਗ, ਤਿਸ ਦੇਵਣਹਾਰ ਵਡਿਆਈਆ । ਏਥੇ ਓਥੇ ਰੱਖੇ ਲਾਜ, ਮਿਹਰ ਨਜ਼ਰ ਆਪ ਉਠਾਈਆ । ਜਨ ਭਗਤਾਂ ਪੂਰਨ ਕਰੇ ਕਾਜ, ਕਰਨੀ ਕਰਤਾ ਆਪ ਕਮਾਈਆ । ਮੇਟਣਹਾਰਾ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਪੜ੍ਹਾਈਆ । ਜਗਤ ਨਾਲ ਰੁੱਸੇ ਭਗਵਾਨ, ਜਨ ਭਗਤਾਂ ਆਪਣੀ ਦਇਆ ਕਮਾਇੰਦਾ । ਲੱਖ ਚੁਰਾਸੀ ਕਰੇ ਵੈਰਾਨ, ਜੋ ਘੜਿਆ ਭੰਨ ਵਖਾਇੰਦਾ । ਜੂਨ ਅਜੂਨੀ ਖੇਲ ਮਹਾਨ, ਜੀਵ ਜੰਤ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਨ੍ਹਾਂ ਨਾਲ ਰੁੱਸੇ ਤਿਨ੍ਹਾਂ ਮੁਖ ਨਾ ਕਦੇ ਵਖਾਇੰਦਾ ।

### ✪ ੨੭ ਹਾੜ ੨੦੨੦ ਬਿਕਰਮੀ ਨਿਰੰਜਣ ਸਿੰਘ ਦੇ ਗ੍ਰਿਹ ਲੁਧਿਆਣਾ ✪

ਪੂਰਬ ਜਨਮ ਲਹਿਣਾ ਚੁੱਕਿਆ ਸੂਕਰ, ਸੁਰਤੀ ਸੁੱਧ ਕਰਾਈਆ । ਅੱਗੇ ਮੇਲ ਮਿਲੇ ਅਕਾਲ ਮੂਰਤ, ਨੂਰ ਇਕੋ ਕਰੇ ਰੁਸ਼ਨਾਈਆ । ਮਾਨਸ ਜਨਮ ਬਦਲੀ ਸੂਰਤ, ਦੇਵਣਹਾਰ ਵਡਿਆਈਆ । ਗੁਰਮੁਖ ਬਣਾਉਣ ਦੀ ਸਚ ਮਹੂਰਤ, ਸ੍ਰੀ ਭਗਵਾਨ ਆਪ ਸਮਝਾਈਆ । ਪਹਿਲਾ ਨਾਤਾ ਤੁਟਾ ਕੂੜੋ ਕੂੜਤ, ਕੂੜੀ ਕਿਰਿਆ ਰਹਿਣ ਨਾ ਪਾਈਆ । ਚਤੁਰ ਸੁਘੜ ਬਣੇ ਮੂਰਖ ਮੂੜਤ, ਮੂਰਖ ਮੂੜੇ ਆਪਣੇ ਧੰਦੇ ਲਾਈਆ । ਨੂਰ ਜ਼ਹੂਰ ਬਖ਼ਸ਼ੇ ਇਕੋ ਨੂਰਤ, ਨਰ ਨਰਾਇਣ ਭੇਵ ਚੁਕਾਈਆ । ਆਸਾ ਮਨਸਾ ਮਨਸਾ ਆਸਾ ਪੂਰਤ, ਪੂਰੀ ਇਛਿਆ ਆਪ ਕਰਾਈਆ । ਕਾਇਆ ਚੋਲੀ ਚਾੜ੍ਹੇ ਰੰਗ ਗੂੜ੍ਹਤ, ਰੰਗਣ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਪਿਛਲਾ ਲਹਿਣਾ ਚੁਕਿਆ ਚੁਕੇ ਪਾਪ, ਪਤਤ ਪਾਪੀ ਆਪ ਤਰਾਇੰਦਾ । ਪਰਮ ਪੁਰਖ ਪਰਮੇਸ਼ਵਰ ਬਣ ਕੇ ਸੱਜਣ ਸਾਕ, ਭਗਤ ਵਛਲ ਦਇਆ ਕਮਾਇੰਦਾ । ਚਰਨ ਪ੍ਰੀਤ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਬੰਦ ਕਿਵਾੜੀ ਖੋਲ੍ਹ ਤਾਕ, ਅੰਤਰ ਆਤਮ ਕੁੰਡਾ ਲਾਹਿੰਦਾ । ਦੁਰਮਤ

ਮੈਲ ਦਰ ਤੇ ਕਾਟ, ਸਵਛ ਸਰੂਪੀ ਰੂਪ ਵਟਾਇੰਦਾ । ਆਤਮ ਸੇਜ ਸੁਹੰਜਣੀ ਖਾਟ, ਸੋਭਾਵੰਤ ਆਪ ਸੁਹਾਇੰਦਾ । ਪੂਰਬ ਜਨਮ ਮੁੱਕੀ ਵਾਟ, ਅਗਲਾ ਜਨਮ ਕਰਮ ਆਪਣੇ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਮਿਹਰ ਨਜ਼ਰ ਕਰੇ ਮਿਹਰਵਾਨ, ਦੀਨ ਦਿਆਲ ਬੇਪਰਵਾਹੀਆ । ਜਨਮ ਵਿਚੋ ਜਨਮ ਦੇਵੇ ਦਾਨ, ਕਰਮ ਵਿਚੋ ਕਰਮ ਦਏ ਬਦਲਾਈਆ । ਬਰਨ ਵਿਚੋ ਬਰਨ ਕਰੇ ਪਰਵਾਨ, ਸਰਨ ਵਿਚੋ ਸਰਨ ਮਿਲੇ ਸਰਨਾਈਆ । ਲੇਖਾ ਜਾਣ ਜੀਵ ਜਹਾਨ, ਜੀਵਣ ਜੁਗਤ ਆਪ ਸਮਝਾਈਆ । ਸਚ ਮੰਤਰ ਧੁਰ ਫ਼ਰਮਾਨ, ਬੋਧ ਅਗਾਧ ਕਰੇ ਪੜ੍ਹਾਈਆ । ਜਗਤ ਵਿਦਿਆ ਹੋਏ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਤਤ ਪਾਪੀ ਆਪਣੇ ਲੇਖੇ ਪਾਈਆ । ਗੁਰਮੁਖ ਰਹੇ ਨਾ ਕੋਈ ਪਾਪ, ਪਰਮ ਪੁਰਖ ਪ੍ਰਭ ਦਇਆ ਕਮਾਇੰਦਾ । ਜਿਨ੍ਹਾਂ ਸਾਹਿਬ ਸਤਿਗੁਰ ਮਿਲਿਆ ਆਪ, ਆਪਣੇ ਰੰਗ ਰੰਗਾਇੰਦਾ । ਤ੍ਰੈਗੁਣ ਮਾਇਆ ਮੇਟੇ ਤੀਨੋ ਤਾਪ, ਤ੍ਰੈ ਕਾਲ ਦਰਸੀ ਆਪਣਾ ਕਰਮ ਕਮਾਇੰਦਾ । ਆਤਮ ਪਰਮਾਤਮ ਦੇਵੇ ਸਾਚਾ ਜਾਪ, ਸੋਹੰ ਮੰਤਰ ਇਕ ਪੜ੍ਹਾਇੰਦਾ । ਰੂਹ ਬੁੱਤ ਦੋਵੇਂ ਪਾਕ, ਪਾਕੀਜ਼ਾ ਆਪਣਾ ਗ੍ਰਿਹਿ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਹਿਲਾ ਲੇਖਾ ਕਰੇ ਪਾਕ, ਅੱਗੇ ਝੋਲੀ ਨਾਮ ਭਰਾਇੰਦਾ । ਅੱਗੇ ਝੋਲੀ ਨਾਮ ਭਰਪੂਰ, ਭਾਂਡਾ ਭਰਮ ਭੌ ਭੰਨਾਈਆ । ਦਰਸ ਦਿਖਾਏ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਵੇਸ ਵਟਾਈਆ । ਜਨਮ ਕਰਮ ਪੂਰਬ ਬਖ਼ਸ਼ਣਹਾਰ ਕਸੂਰ, ਕੂੜੀ ਕਿਰਿਆ ਨਾਤਾ ਦਏ ਤੁੜਾਈਆ । ਮਸਤਕ ਟਿੱਕਾ ਲਾਏ ਨੂਰੀ ਧੂੜ, ਚਮਕ ਨੂਰ ਇਕੋ ਇਕ ਰੁਸ਼ਨਾਈਆ । ਜਨਮ ਨਾ ਰਿਹਾ ਪਿਛਲਾ ਸੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਾਨੁਖ ਮਾਨੁਸ਼ ਮਨੁਸ਼ ਆਪਣੇ ਰੰਗ ਰੰਗਾਈਆ । ਮਨੁਸ਼ ਰੰਗ ਅਨਮੋਲਾ, ਮਾਨੁਖ ਆਪਣੀ ਧਾਰ ਜਣਾਇੰਦਾ । ਮਾਣਸ ਬਣ ਵਿਚੋਲਾ, ਮਿਹਰਵਾਨ ਸਾਚਾ ਸੰਗ ਰਖਾਇੰਦਾ । ਵੇਖਣਹਾਰਾ ਕਾਇਆ ਚੋਲਾ, ਸਾਢੇ ਤਿੰਨ ਹੱਥ ਬੰਕ ਫੋਲ ਫੁਲਾਇੰਦਾ । ਭੇਵ ਚੁਕਾਏ ਪੜਦਾ ਉਹਲਾ, ਦੂਈ ਦਵੈਤੀ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਅੰਤਰ ਆਪੇ ਮਾਣਾ, ਮਾਲਕ ਆਪਣਾ ਘਰ ਵਖਾਇੰਦਾ ।



੫੧ ੧੫

### ✪ ੨੭ ਹਾੜ ੨੦੨੦ ਬਿਕਰਮੀ ਲਾਲ ਸਿੰਘ ਦੇ ਗ੍ਰਿਹਿ ਪਿੰਡ ਡੱਲੇਵਾਲ ਜ਼ਿਲਾ ਜਲੰਧਰ ✪

ਨਵ ਨੌ ਚਾਰ ਦੇ ਸੰਦੇਸਾ, ਨਿਤ ਨਵਿਤ ਆਪਣੀ ਧਾਰ ਚਲਾਇੰਦਾ । ਜੁਗ ਚੌਕੜੀ ਧਰੇ ਭੇਸਾ, ਨਰ ਹਰਿ ਨਰਾਇਣ ਵੇਸ ਵਟਾਇੰਦਾ । ਨਿਰਗੁਣ ਸਰਗੁਣ ਖੇਲੇ ਖੇਡਾ, ਦੋ ਜਹਾਨਾਂ ਨਾਚ ਨਚਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਭੇਤਾ, ਭੇਵ ਅਭੇਦ ਆਪ ਸਮਝਾਇੰਦਾ । ਲੱਖ ਚੁਰਾਸੀ ਜਾਨਣਹਾਰਾ ਰੇਖਾ, ਘਟ ਘਟ ਅੰਦਰ ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਨਵ ਨੌ ਚਾਰ ਖੇਲ ਅਪਾਰ, ਹਰਿ ਕਰਤਾ ਆਪ ਕਰਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਅਕਲ ਕਲ ਆਪਣਾ ਵੇਸ ਵਟਾਈਆ । ਨਾਓਂ ਧਰ ਗੁਰੂ ਅਵਤਾਰ, ਗੁਰ ਗੁਰ ਸ਼ਬਦੀ ਨਾਦ ਸੁਣਾਈਆ । ਪੀਰ ਪੈਗ਼ੰਬਰ ਖੇਲ ਅਪਾਰ, ਪਰਵਰਦਿਗਾਰ ਆਪ ਜਣਾਈਆ ।

੫੨ ੧੫

ਕਲਮਾ ਨਬੀ ਰਸੂਲ ਕਰੇ ਖ਼ਬਰਦਾਰ, ਬੇਖ਼ਬਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪਣੇ ਹੱਥ ਰਖਾਈਆ । ਨਵ ਨੌ ਚਾਰ ਪੁਰਖ ਸਮਰਥ, ਸੋ ਸਾਹਿਬ ਦਇਆ ਕਮਾਈਆ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਗੁਰ ਅਵਤਾਰਾਂ ਮਾਰਗ ਦੱਸ, ਏਕਾ ਕਰੇ ਸਚ ਪੜ੍ਹਾਈਆ । ਪੀਰ ਪੈਗ਼ੰਬਰ ਕਰ ਕਰ ਵੱਸ, ਵਾਸਤਾ ਆਪਣੇ ਨਾਲ ਜੁੜਾਈਆ । ਦੋ ਜਹਾਨਾਂ ਪਾਵੇ ਨੱਥ, ਬ੍ਰਹਿਮੰਡ ਖੰਡ ਇਕੋ ਡੋਰੀ ਤੰਦ ਬੰਧਾਈਆ । ਲੱਖ ਚੁਰਾਸੀ ਗੇੜਨਹਾਰਾ ਲੱਠ, ਹੁਕਮੇ ਹੁਕਮ ਆਪ ਭਵਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਵੇਖੇ ਨੱਠ ਨੱਠ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਘਟ ਘਟ ਅੰਦਰ ਜੋਤੀ ਧਾਰ ਰਚ ਰਚ, ਸ਼ਬਦੀ ਨਾਦ ਡੰਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਨਵ ਨੌ ਚਾਰ ਸਾਹਿਬ ਸੁਲਤਾਨ, ਸਤਿਗੁਰ ਆਪਣਾ ਖੇਲ ਰਚਾਇੰਦਾ । ਜੋਧਾ ਸੂਰਬੀਰ ਬਲਵਾਨ, ਬਲਧਾਰੀ ਵੇਖ ਵਖਾਇੰਦਾ । ਦਾਤਾ ਦਾਨੀ ਮਰਦ ਮਰਦਾਨ, ਸਚ ਮਰਦਾਨਗੀ ਆਪ ਕਮਾਇੰਦਾ । ਨਿਰਗੁਣ ਸਰਗੁਣ ਕਰ ਪਰਵਾਨ, ਪਰਮ ਪੁਰਖ ਪ੍ਰਭ ਆਪਣਾ ਹੁਕਮ ਵਰਤਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਵੇਖੇ ਮਾਰ ਧਿਆਨ, ਨੇਤਰ ਨੈਣ ਅੱਖ ਆਪਣੇ ਰੰਗ ਰੰਗਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਸਚ ਸੰਦੇਸਾ ਸ਼ਬਦ ਸੁਣਾਇੰਦਾ । ਧੁਰ ਦੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਭੇਵ ਚੁਕਾਇੰਦਾ । ਅੰਜੀਲ ਕੁਰਾਨ ਦੇਵੇ ਮਾਣ, ਖਾਣੀ ਬਾਣੀ ਆਪਣੀ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇੰਦਾ । ਨਵ ਨੌ ਚਾਰ ਖੇਲ ਕਰਤਾਰ, ਹਰਿ ਕਰਤਾ ਆਪ ਰਚਾਈਆ । ਨਿਰਗੁਣ ਸਰਗੁਣ ਕਰ ਪਿਆਰ, ਸਚ ਪ੍ਰੀਤੀ ਇਕ ਰਖਾਈਆ । ਸੇਵਾ ਲਾ ਗੁਰੂ ਅਵਤਾਰ, ਪੀਰ ਪੈਗ਼ੰਬਰ ਕਰ ਪੜ੍ਹਾਈਆ । ਸਾਚੀ ਸਿਖਿਆ ਜਗਤ ਸਿਖਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਈਆ । ਨਵ ਨੌ ਚਾਰ ਭੇਵ ਅਵੱਲਾ, ਸੋ ਸਾਹਿਬ ਆਪ ਜਣਾਈਆ । ਏਕੰਕਾਰਾ ਇਕ ਇਕੱਲਾ, ਨਿਤ ਨਿਤ ਕਾਰ ਕਮਾਈਆ । ਜੋਤੀ ਨੂਰ ਆਪੇ ਬਲਾ, ਸ਼ਬਦੀ ਧਾਰ ਵਹਾਈਆ । ਵਸਣਹਾਰਾ ਜਲਾਂ ਥਲਾਂ, ਘਟ ਘਟ ਰਿਹਾ ਸਮਾਈਆ । ਦੀਨ ਮਜ਼੍ਹਬ ਜ਼ਾਤ ਪਾਤ ਫੜਾਇਆ ਪੱਲਾ, ਜਲਵਾ ਨੂਰ ਨੂਰ ਇਲਾਹੀਆ । ਸਚ ਸੰਦੇਸ਼ ਨਰ ਨਰੇਸ਼ ਆਦਿ ਜੁਗਾਦਿ ਜੁਗ ਚੌਕੜੀ ਘੱਲਾ, ਨਾਮ ਨਿਧਾਨ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਨਵ ਨੌ ਚਾਰ ਖੇਲ ਸ਼ਹਿਨਸ਼ਾਹ, ਸੋ ਸਤਿਗੁਰ ਆਪ ਖਲਾਈਆ । ਹਰਿ ਪੁਰਖ ਨਿਰੰਜਣ ਬਣ ਮਲਾਹ, ਬੇੜਾ ਦੋ ਜਹਾਨ ਚਲਾਈਆ । ਏਕੰਕਾਰਾ ਦੇ ਸਲਾਹ, ਸਿਫ਼ਤੀ ਸਿਫ਼ਤ ਸਿਫ਼ਤ ਸਮਝਾਈਆ । ਆਦਿ ਨਿਰੰਜਣ ਬੇਪਰਵਾਹ, ਪਰਦਾਨਸ਼ੀਂ ਪਰਦਾ ਆਪਣਾ ਦਏ ਉਠਾਈਆ । ਅਬਿਨਾਸ਼ੀ ਕਰਤਾ ਹੋ ਸਹਾ, ਸਹਾਇਕ ਆਪਣੀ ਸੇਵਾ ਆਪ ਲਗਾਈਆ । ਸ੍ਰੀ ਭਗਵਾਨ ਸਚ ਨਿਸ਼ਾਨ ਉਠਾ, ਨਿਰਗੁਣ ਸਰਗੁਣ ਦਏ ਵਖਾਈਆ । ਪਾਰਬ੍ਰਹਮ ਪ੍ਰਭ ਸੰਗ ਨਿਭਾ, ਸਗਲਾ ਸਾਥੀ ਆਪ ਅਖਵਾਈਆ । ਬ੍ਰਹਮ ਮੇਲਾ ਸਹਿਜ ਸੁਭਾ, ਗੁਰ ਚੇਲਾ ਵੰਡ ਵੰਡਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਜੋ ਦੱਸਦਾ ਰਿਹਾ ਰਾਹ, ਰਹਿਬਰ ਇਕੋ ਨੂਰ ਖ਼ੁਦਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਜੋਤ ਅਗੰਮੀ ਵੇਸ ਵਟਾ, ਅਲਖ ਅਗੋਚਰ ਆਪਣਾ ਫੇਰਾ ਪਾਈਆ । ਧੁਰ ਦਾ ਲੇਖਾ ਪੂਰ ਕਰਾ, ਸਾਚੀ ਕਰਨੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਨਵ ਨੌ ਚਾਰ ਲੇਖੇ ਲਾਈਆ । ਨਵ ਨੌ ਚਾਰ ਲੇਖਾ ਪੂਰ, ਪੂਰੀ ਆਸਾ ਆਪ ਕਰਾਇੰਦਾ । ਸਰਬ ਕਲਾ ਹੋ ਭਰਪੂਰ, ਪ੍ਰਭ ਆਪਣਾ ਖੇਲ ਰਚਾਇੰਦਾ । ਦੂਰ ਦੁਰਾਡਾ ਨੇਰਨ ਨੇਰਾ ਹੋਏ ਹਾਜ਼ਰ ਹਜ਼ੂਰ, ਹਰਿ ਜੂ ਆਪਣਾ ਘਰ ਵਸਾਇੰਦਾ । ਕੂੜੀ ਕਿਰਿਆ ਨਾਤਾ ਤੋੜੇ ਕੂੜੋ ਕੂੜ, ਸਚ ਸੁਚ ਇਕੋ ਵੰਡ ਵੰਡਾਇੰਦਾ । ਕਲਜੁਗ ਅੰਤਮ ਪਰਗਟ ਕਰ ਜੋਤੀ ਨੂਰ, ਨੂਰ ਨੁਰਾਨਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਸੁਹਾਇੰਦਾ । ਨਵ ਨੌ ਚਾਰ ਸੁਹਾਏ ਬੰਕ, ਬੰਕ ਦਵਾਰੀ ਫੇਰਾ ਪਾਈਆ । ਜਿਸ ਦੀ ਓਟ ਰੱਖਦੇ ਗਏ ਅੰਤ, ਗੁਰ ਅਵਤਾਰ ਧਿਆਨ ਲਗਾਈਆ । ਜਿਸ ਨੂੰ ਪਾਰਬ੍ਰਹਮ ਕਹਿੰਦੇ ਸ੍ਰੀ ਭਗਵੰਤ, ਪਤਿਪਰਮੇਸ਼ਵਰ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਖੇਲ ਆਦਿ ਜੁਗਾਦਿ ਜੁਗਾ ਜੁਗੰਤ, ਜੁਗ ਚੌਕੜੀ ਕਾਰ ਕਮਾਈਆ । ਜਿਸ ਦਾ ਦੋ ਜਹਾਨ ਵਿਸ਼ਨ ਬ੍ਰਹਮਾ ਸ਼ਿਵ ਗਾਇਣ ਨਾਮ ਮੰਤ, ਕਰੋੜ ਤੇਤੀਸਾ ਬੈਠਾ ਧਿਆਨ ਲਗਾਈਆ । ਜਿਸ ਨੂੰ ਲੱਖ ਚੁਰਾਸੀ ਨਰ ਨਰਾਇਣ ਕਹਿੰਦੇ ਕੰਤ, ਸੋ ਸਾਹਿਬ ਸਤਿਗੁਰ ਆਪਣਾ ਫੇਰਾ ਪਾਈਆ । ਜਿਸ ਦਾ ਨਾਮ ਨਿਧਾਨ ਸਦਾ ਬਸੰਤ, ਉਤਰ ਕਦੇ ਨਾ ਜਾਈਆ । ਜੋ ਦੀਨ ਦਿਆਲ ਬੋਧ ਅਗਾਧਾ ਇਕੋ ਪੰਡਤ, ਬ੍ਰਹਿਮੰਡ ਖੰਡ ਕਰੇ ਪੜ੍ਹਾਈਆ । ਜਿਸ ਦਾ ਵਾਸਾ ਜੇਰਜ ਅੰਡਜ, ਉਤਭੁਜ ਸੇਤਜ ਰਿਹਾ ਸਮਾਈਆ । ਸੋ ਦੀਨ ਦਿਆਲ ਕਲਜੁਗ ਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਵ ਨੌ ਚਾਰ ਲੇਖੇ ਲਾਈਆ । ਨਵ ਨੌ ਚਾਰ ਲੇਖੇ ਲਾਏ, ਲੇਖਾ ਆਪਣੇ ਹੱਥ ਰਖਾਈਆ । ਕਲ ਕਲਕੀ ਹਰਿ ਫੇਰਾ ਪਾਏ, ਨਿਹਕਲੰਕ ਵੱਜੇ ਵਧਾਈਆ । ਸਾਚੀ ਕਰਨੀ ਆਪ ਕਮਾਏ, ਕਰਨਹਾਰ ਆਪ ਅਖਵਾਈਆ । ਭਗਤ ਭਗਵੰਤ ਲਏ
੫੩ ਜਗਾਏ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਚਾ ਮੰਦਰ ਇਕ ਸੁਹਾਏ, ਗ੍ਰਹਿ ਬੰਕ ਮਿਲੇ ਵਡਿਆਈਆ । ਦੀਆ ਬਾਤੀ ਇਕ ਟਿਕਾਏ ,ਕਮਲਾਪਾਤੀ ੫੩
੧੫ ਵੇਖ ਵਖਾਈਆ । ਸਾਚਾ ਸਾਕੀ ਜਾਮ ਪਿਆਏ, ਅੰਮ੍ਰਿਤ ਰਸ ਇਕ ਚਖਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਬਾਕੀ ਝੋਲੀ ਪਾਏ, ਦੇਵਣਹਾਰ ੧੫
ਆਪ ਪ੍ਰਭ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌ ਚਾਰ ਪੰਧ ਮੁਕਾਈਆ । ਨਵ ਨੌ ਚਾਰ ਮੁਕਾਉਣਾ ਪੰਧ, ਹਰਿ ਪਾਂਧੀ ਫੇਰਾ ਪਾਇੰਦਾ । ਕੂੜੀ ਕਿਰਿਆ ਮੇਟਣਾ ਗੰਦ, ਮਾਇਆ ਮਮਤਾ ਮੋਹ ਮਿਟਾਇੰਦਾ । ਸਤਿ ਸਤਿਵਾਦੀ ਇਕ ਚੜ੍ਹਾਉਣਾ ਚੰਦ, ਸਤਿਜੁਗ ਸਾਚਾ ਨੂਰ ਚਮਕਾਇੰਦਾ । ਆਤਮ ਪਰਮਾਤਮ ਢੋਲਾ ਗਾਉਣਾ ਛੰਦ, ਸੋਹੰ ਇਕੋ ਰਾਗ ਅਲਾਇੰਦਾ । ਬੰਦੀਖ਼ਾਨਾ ਤੋੜੇ ਲੱਖ ਚੁਰਾਸੀ ਫੰਦ, ਆਵਣ ਜਾਵਣ ਗੇੜ ਕਟਾਇੰਦਾ । ਕਰੇ ਪਰਕਾਸ਼ ਅੰਧੇਰੇ ਅੰਧ, ਆਪ ਆਪਣੀ ਬੂਝ ਬੁਝਾਇੰਦਾ । ਜਨਮ ਕਰਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਇਕੋ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਾਚੀ ਖੇਲ ਕਰੇ ਗੋਬਿੰਦ, ਗੋਬਿੰਦ ਆਪਣਾ ਰੰਗ ਰੰਗਾਈਆ । ਮਾਣਸ ਜਨਮ ਮੇਟੇ ਚਿੰਦ, ਜਿਸ ਜਨ ਆਪਣਾ ਦਰਸ ਕਰਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਸਰ ਸਰੋਵਰ ਇਕ ਬਣਾਈਆ । ਦੀਨ ਦਿਆਲ ਬਣ ਬਖ਼ਸ਼ਿੰਦ, ਬਖ਼ਸ਼ਿਸ਼ ਨਾਮ ਝੋਲੀ ਪਾਈਆ । ਭਾਗ ਲਗਾਏ ਜੀਉ ਪਿੰਡ, ਪੰਜ ਤਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਨਵ ਨੌ ਚਾਰ ਚੁੱਕੇ ਲਹਿਣਾ, ਲੋਕਮਾਤ ਅੰਤ ਰਹਿਣ ਨਾ ਪਾਈਆ । ਜਨ ਭਗਤ ਬਸਤਰ ਭੂਸ਼ਨ ਸੁਹਾਏ ਤਨ ਨਾਮ ਗਹਿਣਾ, ਰੰਗ ਇਕੋ ਇਕ ਰੰਗਾਈਆ । ਨੇਤਰ

ਨਿਜ ਨੈਣ ਦਰਸ ਕਰਾਏ ਸਾਚੇ ਨੈਣਾਂ, ਦੋਏ ਲੋਚਣ ਬੰਦ ਵਖਾਈਆ । ਮਹੱਲ ਅਟੱਲ ਉਚ ਮਨਾਰ ਗੁਰਮੁਖ ਬਹਿਣਾ, ਸਚਖੰਡ ਦੁਆਰ ਵੱਜੇ ਵਧਾਈਆ । ਨਾਤਾ ਤੁੱਟੇ ਮਾਤ ਪਿਤ ਭਾਈ ਭੈਣ ਸਾਕ ਸੱਜਣ ਸੈਣਾ, ਨਾਰ ਕੰਤ ਸਗਲਾ ਸੰਗ ਨਾ ਕੋਇ ਬਣਾਈਆ । ਲੱਖ ਚੁਰਾਸੀ ਜੀਵ ਜੰਤ ਲਾੜੀ ਮੌਤ ਖਾਏ ਡਾਇਣਾ, ਜੋ ਘੜਿਆ ਸੋ ਅੰਤਮ ਭੰਨ ਵਖਾਈਆ । ਭਗਤ ਭਗਵਾਨ ਦੋ ਜਹਾਨ ਆਦਿ ਜੁਗਾਦਿ ਜੁਗਾ ਜੁਗੰਤਰ ਨਿਤ ਨਵਿਤ ਸਦਾ ਰਹਿਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰਮੁਖ ਗੁਰ ਗੁਰ ਇਕ ਦੂਜੇ ਦਾ ਮੰਨਣ ਕਹਿਣਾ, ਮੰਨ ਮੰਨ ਸ਼ੁਕਰ ਮਨਾਈਆ । ਸਭ ਨੇ ਭਾਣਾ ਹਰਿ ਦਾ ਸਹਿਣਾ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠਣ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਰਤਾਈਆ । ਨਵ ਨੌ ਚਾਰ ਨੇਤਰ ਰੋਵੇ, ਨੈਣਾਂ ਨੀਰ ਵਹਾਈਆ । ਦੁਰਮਤ ਮੈਲ ਨਾ ਕੋਈ ਧੋਵੇ, ਚਾਰੋ ਕੁੰਟ ਭੱਜੇ ਵਾਹੋ ਦਾਹੀਆ । ਕਲਜੁਗ ਮਿਲੇ ਨਾ ਕੋਈ ਢੋਏ, ਚਾਰ ਯਾਰੀ ਸੰਗ ਨਾ ਕੋਇ ਨਿਭਾਈਆ । ਮੂਰਖ ਮੂੜ੍ਹ ਗੂੜ੍ਹੀ ਨੀਂਦ ਸੋਏ, ਗ਼ਫ਼ਲਤ ਵਿਚ ਸੁੱਤੀ ਲੋਕਾਈਆ । ਨਾ ਜੀਉਂਦੇ ਨਾ ਦਿਸਣ ਮੋਏ, ਮਰਨ ਜੀਵਣ ਸਮਝ ਕਿਸੇ ਨਾ ਆਈਆ । ਮਾਣਸ ਜਨਮ ਬੈਠੇ ਖੋਏ, ਖ਼ਾਲਕ ਖ਼ਲਕ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਆਪਣੀ ਕਲ ਧਰਾਈਆ । ਨਵ ਨੌ ਚਾਰ ਮਾਰੇ ਧਾਹ, ਕੂਕ ਕੂਕ ਸੁਣਾਈਆ । ਚਾਰੋ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਸਤਿਗੁਰ ਨਜ਼ਰ ਕਿਸੇ ਨਾ ਆਈਆ । ਪੁਰਖ ਅਬਿਨਾਸ਼ੀ ਮਿਲੇ ਨਾ ਕੋਈ ਮਲਾਹ, ਬੇੜਾ ਪਾਰ ਨਾ ਕੋਇ ਕਰਾਈਆ । ਧਰਨੀ ਧਰਤ ਧਵਲ ਰੋਵੇ ਉਭੇ ਸਾਹ, ਸਿਸਕੀਆਂ ਲੈ ਲੈ ਵਕਤ ਲੰਘਾਈਆ । ਮੇਰਾ ਨਜ਼ਰ ਨਾ ਆਏ ਸ਼ਹਿਨਸ਼ਾਹ, ਸਿਰ ਹੱਥ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਵ ਨੌ ਚਾਰ ਦਏ ਵਡਿਆਈਆ । ਨਵ ਨੌ ਚਾਰ ਵੇਖੇ ਅੰਤ, ਜਨ ਭਗਤ ਖ਼ੁਸ਼ੀ ਮਨਾਇੰਦਾ । ਪਾਰਬ੍ਰਹਮ ਜਿਸ ਮਿਲਿਆ ਕੰਤ, ਸੋ ਗੁਰਮੁਖ ਸੋਭਾ ਪਾਇੰਦਾ । ਇਕੋ ਨਾਮ ਧਿਆਏ ਮਣੀਆ ਮੰਤ, ਸੋਹੰ ਰਾਗ ਅਲਾਇੰਦਾ । ਮਿਲੇ ਵਡਿਆਈ ਵਿਚੋ ਜੀਵ ਜੰਤ, ਲੱਖ ਚੁਰਾਸੀ ਮੋਹ ਤੁੜਾਇੰਦਾ । ਪੁਰਖ ਅਬਿਨਾਸ਼ੀ ਮਿਲਾਏ ਆਪਣੀ ਸੰਗਤ, ਹਰਿ ਸੰਗਤ ਆਪਣਾ ਰੂਪ ਵਖਾਇੰਦਾ । ਲੇਖਾ ਚੁੱਕੇ ਭੁੱਖ ਨੰਗਤ, ਨਾਮ ਨਿਧਾਨ ਝੋਲੀ ਪਾਇੰਦਾ । ਸੰਤ ਸੁਹੇਲਾ ਦੂਜੇ ਦਰ ਨਾ ਜਾਏ ਮੰਗਤ, ਭਿਖਾਰੀ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਖ਼ੁਸ਼ੀ ਵਖਾਇੰਦਾ । ਹਰਿਜਨ ਸਾਚੇ ਗੌਂਦੇ ਗੀਤ, ਪ੍ਰਭ ਚਰਨ ਧਿਆਨ ਲਗਾਈਆ । ਨਵ ਨੌ ਚਾਰ ਦੀ ਅੰਤਮ ਰੀਤ, ਸ੍ਰੀ ਭਗਵਾਨ ਵੇਖ ਵਖਾਈਆ । ਸੰਤ ਸਾਜਣ ਮਿਲਿਆ ਮੀਤ, ਮਿੱਤਰ ਪਿਆਰਾ ਫੇਰਾ ਪਾਈਆ । ਘਰ ਘਰ ਅੰਦਰ ਵੇਖੇ ਨੀਤ, ਨੀਤੀਵਾਨ ਦਇਆ ਕਮਾਈਆ । ਕਰੇ ਖੇਲ ਆਪ ਅਨਡੀਠ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਹਰਿਜਨ ਕਾਇਆ ਠਾਂਡੀ ਸੀਤ, ਅੰਮ੍ਰਿਤ ਧਾਰ ਮੇਘ ਬਰਸਾਈਆ । ਆਤਮ ਪਰਮਾਤਮ ਜਣਾਏ ਸਚ ਪ੍ਰੀਤ, ਪ੍ਰੀਤਮ ਇਕੋ ਨਜ਼ਰੀ ਆਈਆ । ਬੈਠਾ ਰਹੇ ਸਦਾ ਅਤੀਤ, ਤ੍ਰੈਗੁਣ ਬੈਠਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੋ ਰੰਗ ਵਖਾਈਆ । ਨਵ ਨੌ ਚਾਰ ਗੀਤ ਗੋਬਿੰਦ ਗੌਂਦੇ ਜਨ ਭਗਤ, ਸ੍ਰੀ ਭਗਵਾਨ ਧਿਆਨ ਲਗਾਈਆ । ਨਾਤਾ ਤੋੜ ਕੂੜਾ ਜਗਤ, ਜਗਜੀਵਣ ਦਾਤਾ ਰਹੇ ਮਨਾਈਆ । ਜਿਸ ਗ੍ਰਿਹਿ ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ

੫੪
੧੫

ਕੋਇ ਸਤਾਈਆ । ਅੱਠੇ ਪਹਿਰ ਆਤਮ ਪਰਮਾਤਮ ਦਰਸ, ਨਿਜ ਨੇਤਰ ਨਜ਼ਰੀ ਆਈਆ । ਜਨਮ ਜਨਮ ਦੀ ਮੇਟੇ ਹਰਸ, ਕਰਮ ਕਰਮ ਦਾ ਰੋਗ ਗਵਾਈਆ । ਅੰਮ੍ਰਿਤ ਮੇਘ ਇਕੋ ਬਰਸ, ਮੁਖ ਸੀਤਲ ਧਾਰ ਵਹਾਈਆ । ਲੱਖ ਚੁਰਾਸੀ ਰਹੀ ਭਟਕ, ਸਤਿਗੁਰ ਨਜ਼ਰ ਕਿਸੇ ਨਾ ਆਈਆ । ਜਗਤ ਵਿਕਾਰੇ ਰਹੀ ਲਟਕ, ਸਾਚਾ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਖ਼ੁਸ਼ੀ ਮਨਾਈਆ । ਹਰਿਜਨ ਸਾਚੇ ਖ਼ੁਸ਼ੀ ਮਨੌਂਦੇ, ਇਕ ਧਿਆਨ ਲਗਾਈਆ । ਪਰਮ ਪੁਰਖ ਦਾ ਢੋਲਾ ਗੌਂਦੇ, ਗੋਬਿੰਦ ਮੇਲਾ ਸਹਿਜ ਸੁਭਾਈਆ । ਪਿਛਲਾ ਦੁੱਖ ਸਰਬ ਭੁਲੌਂਦੇ, ਭੁੱਲੀ ਜਗਤ ਲੋਕਾਈਆ । ਸਚਖੰਡ ਦਾ ਰਾਹ ਤਕੌਂਦੇ, ਪ੍ਰਭ ਮਿਲੇ ਬੇਪਰਵਾਹੀਆ । ਬੀਸ ਬੀਸਾ ਵੇਖ ਵਖੌਂਦੇ, ਗ੍ਰਿਹ ਮੰਦਰ ਵੱਜੇ ਵਧਾਈਆ । ਨਿਜ ਨੇਤਰ ਸਾਚੇ ਦਰਸ਼ਨ ਪੌਂਦੇ, ਦੀਦ ਈਦ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਨਾਮ ਦਾਨ, ਨਿਧਾਨ ਆਪਣੇ ਰੰਗ ਰੰਗਾਈਆ ।

## ✪ ੨੭ ਹਾੜ ੨੦੨੦ ਬਿਕ੍ਰਮੀ ਸੰਤੋਖ ਸਿੰਘ ਦੇ ਗ੍ਰਿਹ ਪਿੰਡ ਸੋਢੀਆਂ ✪

ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਹਰਿ ਦੇਵਣਹਾਰ ਵਡਿਆਈਆ । ਹਰਿ ਪੁਰਖ ਨਿਰੰਜਣ ਸਾਚਾ ਦਾਨ, ਦਾਤਾ ਦਾਨੀ ਆਪ ਵਰਤਾਈਆ । ਏਕੰਕਾਰ ਕਰ ਪਰਵਾਨ, ਪ੍ਰਭ ਮਿਹਰ ਨਜ਼ਰ ਉਠਾਈਆ । ਆਦਿ ਨਿਰੰਜਣ ਚਤਰ ਸੁਜਾਨ, ਸਤਿ ਸਤਿਵਾਦੀ ਬੂਝ ਬੁਝਾਈਆ । ਅਬਿਨਾਸ਼ੀ ਕਰਤਾ ਦੇਵੇ ਮਾਣ, ਅਭਿਮਾਨ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਖੋਲ੍ਹ ਦੁਕਾਨ, ਸਚਖੰਡ ਨਿਵਾਸੀ ਸਾਚਾ ਹੱਟ ਚਲਾਈਆ । ਪਾਰਬ੍ਰਹਮ ਪ੍ਰਭ ਖੇਲੇ ਖੇਲ ਮਹਾਨ, ਭੇਵ ਅਭੇਦਾ ਆਪ ਖੁਲ੍ਹਾਈਆ । ਸਚਖੰਡ ਨਿਵਾਸੀ ਸ਼ਾਹ ਸੁਲਤਾਨ, ਨਿਰਗੁਣ ਦਾਤਾ ਫੇਰਾ ਪਾਈਆ । ਧੁਰ ਸੰਦੇਸਾ ਹੁਕਮਰਾਨ, ਭੂਪਤ ਭੂਪ ਆਪ ਪਰਗਟਾਈਆ । ਲੇਖਾ ਜਾਣ ਜੀਵ ਜਹਾਨ, ਲੱਖ ਚੁਰਾਸੀ ਰਿਹਾ ਜਣਾਈਆ । ਚਾਰ ਵਰਨ ਕਰੋ ਧਿਆਨ, ਧੁਰ ਦੀ ਧਾਰ ਆਪ ਸਮਝਾਈਆ । ਅਠਾਰਾਂ ਬਰਨ ਸੁਣੋ ਲਾ ਕਰ ਕਾਨ, ਅਨਾਦ ਅਨਾਦੀ ਨਾਦ ਵਜਾਈਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਗਏ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੇਵਾ ਕਰਦੇ ਰਹੇ ਆਣ, ਨਿਰਗੁਣ ਸਰਗੁਣ ਰੰਗ ਰੰਗਾਈਆ । ਸੋਹਲਾ ਢੋਲਾ ਗੌਂਦੇ ਰਹੇ ਗਾਣ, ਗੀਤ ਗੋਬਿੰਦ ਜਣਾਈਆ । ਦੀਨ ਮਜ਼੍ਹਬ ਵੰਡਾਂ ਵੰਡਦੇ ਰਹੇ ਮਹਾਨ, ਜ਼ਾਤ ਪਾਤ ਗੰਢ ਪਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਲੇਖਾ ਲਿਖਦੇ ਰਹੇ ਅੰਜੀਲ ਕੁਰਾਨ, ਬਣ ਬਣ ਕਾਤਬ ਕਲਮ ਛਾਹੀਆ । ਖਾਣੀ ਬਾਣੀ ਦੱਸਦੇ ਰਹੇ ਨਿਸ਼ਾਨ, ਨਿਸ਼ਾਨਾ ਦੋ ਜਹਾਨ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਧੁਰ ਸੰਦੇਸਾ ਸਾਹਿਬ ਸੁਲਤਾਨਾ, ਹਰਿ ਸੱਜਣ ਆਪ ਜਣਾਇੰਦਾ । ਜੁਗ ਚੌਕੜੀ ਖੇਲ ਮਹਾਨਾ, ਹਰਿ ਕਰਤਾ ਆਪ ਕਰਾਇੰਦਾ । ਲੇਖਾ ਜਾਣ ਦੋ ਜਹਾਨਾਂ, ਦੋਏ ਦੋਏ ਆਪਣੇ ਰੰਗ ਵਖਾਇੰਦਾ । ਨਿਰਗੁਣ ਸਰਗੁਣ ਪਹਿਰ ਬਾਣਾ, ਚੋਲਾ ਪੰਜ ਤਤ ਕਾਇਆ ਹੰਢਾਇੰਦਾ । ਧੁਰ ਸੰਦੇਸਾ ਸ਼ਬਦ ਗਿਆਨਾ, ਬੋਧ ਅਗਾਧਾ ਆਪ ਸੁਣਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਹੋ ਪਰਧਾਨਾ, ਗੁਰ ਗੁਰ ਆਪਣਾ ਨਾਉਂ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਇੰਦਾ । ਸਾਚੀ ਖੇਲ ਹਰਿ ਕਰਤਾਰ, ਹਰਿ ਕਰਤਾ ਆਪ ਜਣਾਈਆ । ਵੇਖਣਹਾਰਾ ਧਾਮ ਨਿਆਰ, ਸਚਖੰਡ ਨਿਵਾਸੀ ਬੇਪਰਵਾਹੀਆ । ਥਿਰ ਘਰ ਖੋਲ੍ਹਣਹਾਰ ਕਿਵਾੜ, ਸ਼ਬਦੀ ਨਾਦ ਧੁੰਨ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰ ਸਹਾਰ, ਸਿਰ ਆਪਣਾ ਹੱਥ ਟਿਕਾਈਆ । ਤ੍ਰੈਗੁਣ ਭਰਨਹਾਰ ਭੰਡਾਰ, ਪੰਜ ਤਤ ਵੇਖੇ ਚਾਈਂ ਚਾਈਂਆ । ਲੱਖ ਚੁਰਾਸੀ ਕਰ ਪਿਆਰ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਸਾਚੀ ਖੇਲ ਰਚ ਭਗਵਾਨ, ਸੋ ਸਾਹਿਬ ਵੇਖ ਵਖਾਇੰਦਾ । ਜੁਗ ਚੌਕੜੀ ਦੇਵਣਹਾਰਾ ਦਾਨ, ਦਾਤਾ ਦਾਨੀ ਆਪ ਹੋ ਜਾਇੰਦਾ । ਸਚਖੰਡ ਨਿਵਾਸੀ ਨੌਜਵਾਨ, ਪਰਮ ਪੁਰਖ ਪ੍ਰਭ ਭੇਵ ਮਿਟਾਇੰਦਾ । ਨਿਤ ਨਵਿਤ ਬਣ ਬਣ ਕਾਹਨ, ਸਾਚੀ ਬੰਸਰੀ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰ ਪੁਰਖ ਸਮਰਥ, ਸਮਰਥ ਆਪਣੀ ਧਾਰ ਜਣਾਇੰਦਾ । ਜੁਗ ਚੌਕੜੀ ਹੋ ਹੋ ਵੱਖ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਲੱਖ ਚੁਰਾਸੀ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਆਤਮ ਪਰਮਾਤਮ ਸ਼ਬਦ ਡੋਰੀ ਪਾਏ ਨੱਥ, ਚਾਰੋ ਕੁੰਟ ਆਪ ਭਵਾਇੰਦਾ । ਵਸਤ ਅਮੋਲਕ ਕਾਇਆ ਗੋਲਕ ਇਕੋ ਘੱਤ, ਜੀਵ ਜੰਤ ਸਰਬ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵਣਹਾਰਾ ਸਾਚੀ ਮੱਤ, ਗੁਰਮਤ ਇਕ ਦ੍ਰਿੜਾਇੰਦਾ । ਕਾਇਆ ਚੋਲੀ ਰੰਗੇ ਸਾਚੀ ਰੱਤ, ਰੱਤੀ ਰੱਤ ਵੇਖ ਵਖਾਇੰਦਾ । ਸਰਬ ਜੀਆਂ ਪ੍ਰਭ ਜਾਨਣਹਾਰਾ ਮਿਤ ਗਤ, ਘਰ ਘਰ ਆਪਣਾ ਭੇਵ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਵਰਤਾਏ ਆਪ, ਪ੍ਰਭ ਆਪਣੀ ਦਇਆ ਕਮਾਈਆ । ਚਾਰ ਜੁਗ ਚਾਰ ਵਰਨ ਜਾਪ, ਚਾਰੋ ਕੁੰਟ ਕੁੰਟ ਸਮਝਾਈਆ । ਨਿਰਗੁਣ ਸਰਗੁਣ ਦੇਵੇ ਸਾਥ, ਗੁਰ ਅਵਤਾਰ ਰੂਪ ਧਰਾਈਆ । ਲੇਖਾ ਜਾਣ ਤ੍ਰਲੋਕੀ ਨਾਥ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਖੋਜ ਖੁਜਾਈਆ । ਸ਼ਬਦ ਅਗੰਮ ਮਾਰ ਅਵਾਜ਼, ਆਤਮ ਪਰਮਾਤਮ ਆਪ ਜਗਾਈਆ । ਧੁਰ ਦੀ ਧਾਰ ਖੋਲ੍ਹੇ ਰਾਜ਼, ਰਾਜ਼ਕ ਰਹੀਮ ਫੇਰਾ ਪਾਈਆ । ਨਿਤ ਨਵਿਤ ਰਚ ਰਚ ਕਾਜ, ਕਰਤਾ ਪੁਰਖ ਵੇਖ ਵਖਾਈਆ । ਜੁਗ ਚੌਕੜੀ ਬਣਾਵਣਹਾਰ ਸਮਾਜ, ਜਗਤ ਬੰਧਨ ਬੰਧ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਦਰਸਾਈਆ । ਸਾਚਾ ਲੇਖਾ ਦੱਸੇ ਹਾਲ, ਸ੍ਰੀ ਭਗਵਾਨ ਦਇਆ ਕਮਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਖਾਏ ਕਾਲ, ਬਚਿਆ ਕੋਇ ਰਹਿਣ ਨਾ ਪਾਇੰਦਾ । ਧੁਰਦਰਗਾਹੀ ਬੇਪਰਵਾਹੀ ਸ਼ਬਦੀ ਧਾਰ ਬਣੇ ਦਲਾਲ, ਨਿਤ ਨਵਿਤ ਆਪਣੀ ਸੇਵ ਕਮਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਲਏ ਭਾਲ, ਲੱਖ ਚੁਰਾਸੀ ਵਿਚੋ ਖੋਜ ਖੁਜਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ, ਸਾਹਿਬ ਸਾਚਾ ਸੰਗ ਨਿਭਾਇੰਦਾ । ਸੁਣਨਹਾਰ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼੍ਰਿਸ਼ਟ ਸਬਾਈ ਆਪ ਉਠਾਇੰਦਾ । ਸ਼੍ਰਿਸ਼ਟ ਸਬਾਈ ਉਠ ਉਠ ਜਾਗ, ਸੋ ਸਾਹਿਬ ਆਪ ਜਗਾਈਆ । ਜਨ ਭਗਤਾਂ ਦੇਵੇ ਇਕ ਵੈਰਾਗ, ਵੈਰਾਗੀ ਧਾਰ ਵਖਾਈਆ । ਸ਼ਬਦ ਅਗੰਮ ਵਜਾਏ ਨਾਦ, ਅਨਾਦੀ ਧੁਨ ਸ਼ਨਵਾਈਆ । ਫੜ ਫੜ ਹੰਸ ਬਣਾਏ ਕਾਗ, ਸੋਹੰ ਅਜੱਪਾ ਜਾਪ ਜਪਾਈਆ । ਜਿਸ ਨੇ ਰਚਨਾ ਰਚੀ ਆਦਿ,

ਸੋ ਅੰਤਮ ਵੇਖਣ ਆਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਯਾਦ, ਦੋਏ ਜੋੜ ਬੈਠਣ ਸੀਸ ਝੁਕਾਈਆ । ਸੋ ਪੁਰਖ ਅਗੰਮ ਸੁਣਨਹਾਰ ਫ਼ਰਿਆਦ, ਲੇਖਾ ਜਾਣੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਸੁਣੋ ਮੀਤ, ਸੋ ਸਾਹਿਬ ਆਪ ਜਣਾਇੰਦਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਗਾਓ ਇਕੋ ਗੀਤ, ਚਾਰ ਵਰਨ ਆਪ ਪੜ੍ਹਾਇੰਦਾ । ਸਤਿਜੁਗ ਜਣਾਏ ਸਾਚੀ ਰੀਤ, ਰੀਤੀਵਾਨ ਫੇਰਾ ਪਾਇੰਦਾ । ਘਰ ਮੰਦਰ ਠਾਕਰ ਦੁਆਰਾ ਨਜ਼ਰ ਆਏ ਮਸੀਤ, ਹੁਜਰਾ ਇਕੋ ਇਕ ਵਡਿਆਇੰਦਾ । ਪਰਮ ਪੁਰਖ ਪ੍ਰਭ ਬੈਠਾ ਰਹੇ ਅਤੀਤ, ਤ੍ਰੈਭਵਨ ਧਨੀ ਆਪਣਾ ਆਸਣ ਲਾਇੰਦਾ । ਆਤਮ ਪਰਮਾਤਮ ਜਣਾਏ ਸਚ ਪ੍ਰੀਤ, ਨਾਤਾ ਬਿਧਾਤਾ ਇਕ ਵਖਾਇੰਦਾ । ਲਹਿਣਾ ਦੇਣਾ ਚੁੱਕੇ ਹਸਤ ਕੀਟ, ਊਚ ਨੀਚ ਰਾਉ ਰੰਕ ਵੰਡ ਨਾ ਕੋਇ ਨਾ ਵੰਡਾਇੰਦਾ । ਸਚ ਦੁਆਰੇ ਮਾਂਗੋ ਭੀਖ, ਦੂਜਾ ਦਰ ਨਜ਼ਰ ਕੋਇ ਨਾ ਆਇੰਦਾ । ਮਾਣਸ ਜਨਮ ਲਓ ਜੀਤ, ਜੀਵਣ ਜੁਗਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਚਾਰ ਵਰਨ ਕਰੋ ਖਿਆਲ, ਹਰਿ ਕਰਤਾ ਆਪ ਜਣਾਈਆ । ਅਠਾਰਾਂ ਬਰਨ ਲੱਭੋ ਦਲਾਲ, ਹਰਿ ਸਤਿਗੁਰ ਬੇਪਰਵਾਹੀਆ । ਲੱਖ ਚੁਰਾਸੀ ਸਿਰ ਤੇ ਕੂਕੇ ਕਾਲ, ਚਾਰੇ ਕੁੰਟ ਡੰਕ ਵਜਾਈਆ । ਸ੍ਰਿਸ਼ਟ ਸਬਾਈ ਹੋਈ ਬੇਹਾਲ, ਧੀਰਜ ਧੀਰ ਨਾ ਧਰਾਈਆ । ਪਰਮ ਪੁਰਖ ਪਰਮਾਤਮ ਕਾਇਆ ਮੰਦਰ ਅੰਦਰ ਲਓ ਭਾਲ, ਬਾਹਰ ਖੋਜਿਆਂ ਹੱਥ ਕਿਸੇ ਨਾ ਆਈਆ । ਫਲ ਲਗਾਵੇ ਕਾਇਆ ਡਾਲ, ਅੰਮ੍ਰਿਤ ਰਸ ਇਕ ਭਰਾਈਆ । ਤ੍ਰੈਗੁਣ ਮਾਇਆ ਤੋੜੇ ਜੰਜਾਲ, ਕੂੜੀ ਕਿਰਿਆ ਮੇਟ ਮਿਟਾਈਆ । ਭਾਗ ਲੱਗੇ ਕਾਇਆ ਮਾਟੀ ਖਾਲ, ਘਰ ਵਿਚ ਘਰ ਹੋਏ ਰੁਸ਼ਨਾਈਆ । ਅੰਮ੍ਰਿਤ ਆਤਮ ਲਓ ਉਛਾਲ, ਸਰ ਸਰੋਵਰ ਇਕੋ ਨਜ਼ਰੀ ਆਈਆ । ਸਚ ਧਰਮ ਦੀ ਘਾਲਨਾ ਲਓ ਘਾਲ, ਜਨਮ ਕਰਮ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਈਆ । ਚਾਰ ਵਰਨ ਸੁਣੋ ਸੰਦੇਸਾ, ਨੌਂ ਖੰਡ ਪ੍ਰਿਥਮੀ ਆਪ ਜਣਾਇੰਦਾ । ਪਰਮ ਪੁਰਖ ਪ੍ਰਭ ਇਕ ਨਰੇਸ਼ਾ, ਨਰ ਨਰਾਇਣ ਵੇਸ ਵਟਾਇੰਦਾ । ਕਲਜੁਗ ਅੰਤਮ ਧਾਰੇ ਭੇਖਾ, ਕਲ ਕਲਕੀ ਫੇਰਾ ਪਾਇੰਦਾ । ਪੂਰਬ ਜਨਮ ਜਣਾਏ ਲੇਖਾ, ਲਹਿਣੇਦਾਰ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਚਾਰ ਵਰਨ ਜਾਓ ਉਠ, ਹਰਿ ਸੋਵਤ ਜਾਗਤ ਆਪ ਉਠਾਈਆ । ਫਿਰੇ ਦਰੋਹੀ ਚਾਰ ਕੁੰਟ ਚਾਰ ਗੁੱਠ, ਦਹਿ ਦਿਸ਼ਾ ਪਏ ਦੁਹਾਈਆ । ਧੁਰਦਰਗਾਹੋ ਜੋ ਗਏ ਰੁੱਠ, ਕਲਜੁਗ ਬੈਠੇ ਮੁਖ ਭਵਾਈਆ । ਤਿਨ੍ਹਾਂ ਵੇਖਣਹਾਰ ਅਬਿਨਾਸ਼ੀ ਅਚੁਤ, ਸ੍ਰੀ ਭਗਵਾਨ ਘਟ ਘਟ ਰਿਹਾ ਸਮਾਈਆ । ਸੁਹਾਵਣਹਾਰਾ ਸਾਚੀ ਰੁੱਤ, ਕਾਇਆ ਰੁਤੜੀ ਆਪ ਮਹਿਕਾਈਆ । ਹਰਿਜਨ ਹਰਿਭਗਤ ਇਕ ਦੂਜੇ ਤੇ ਲਓ ਪੁੱਛ, ਕਵਣ ਦੁਆਰੇ ਮਿਲੇ ਬੇਪਰਵਾਈਆ । ਦੇਵਣਹਾਰ ਨਾਮ ਅਤੁੱਟ, ਸਚ ਭੰਡਾਰ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਚਾਰ ਵਰਨ ਮੰਗੋ ਦਾਤ, ਹਰਿ ਦਾਤਾ ਦਾਨੀ ਦਇਆ ਕਮਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਊਚ ਨੀਚ ਬਣਾਏ ਇਕੋ ਜਮਾਤ, ਦੂਜੀ ਪੱਟੀ ਨਾ ਕੋਇ ਪੜ੍ਹਾਇੰਦਾ । ਪੁਰਖ ਅਕਾਲ ਸੱਚਾ ਨਾਤ, ਨਾਤਾ ਆਪਣੇ ਨਾਲ ਮਿਲਾਇੰਦਾ । ਰਾਏ ਧਰਮ ਨਾ ਵੇਖੇ ਖਾਤ, ਚਿਤਰਗੁਪਤ ਨਾ ਲੇਖ ਜਣਾਇੰਦਾ । ਪੂਰਬ ਜਨਮਾਂ ਪੂਰਾ

੫੭ ੧੫

ਕਰੇ ਘਾਟ, ਜੋ ਜਨ ਸਰਨਾਈ ਆਇੰਦਾ । ਪਿਛਲੀ ਅਗਲੀ ਮੇਟੇ ਵਾਟ, ਫੜ ਬਾਂਹੋ ਗੋਦ ਬਹਾਇੰਦਾ । ਪਾਰਬ੍ਰਹਮ ਬ੍ਰਹਮ ਦੇਵਣਹਾਰਾ ਸਾਥ, ਸਗਲਾ ਸੰਗ ਨਿਭਾਇੰਦਾ । ਹੋਏ ਸਹਾਈ ਅਨਾਥਾਂ ਨਾਥ, ਗ਼ਰੀਬ ਨਿਮਾਣਿਆਂ ਦਇਆ ਕਮਾਇੰਦਾ । ਲਹਿਣਾ ਦੇਣਾ ਚੁੱਕੇ ਜ਼ਾਤ ਪਾਤ, ਵਰਨ ਗੋਤ ਕਰਮ ਕਾਂਡ ਨਾ ਕੋਇ ਰਖਾਇੰਦਾ । ਸੰਤ ਸੁਹੇਲੇ ਪੂਰੀ ਕਰੇ ਆਸ, ਕੂੜੀ ਤ੍ਰਿਸਨਾ ਮੇਟ ਮਿਟਾਇੰਦਾ । ਲੇਖੇ ਲਾਏ ਪਵਣ ਸਵਾਸ, ਪਵਣ ਪਵਣਾ ਵੇਖ ਵਖਾਇੰਦਾ । ਲਹਿਣਾ ਦੇਣਾ ਮੁੱਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹਿੰਦਾ । ਆਪ ਉਤਾਰੇ ਆਪਣੇ ਘਾਟ, ਸਾਚਾ ਪਤਣ ਇਕ ਵਖਾਇੰਦਾ । ਜਿਸ ਦੁਆਰੇ ਵਸੇ ਪੁਰਖ ਸਮਰਾਥ, ਸੋ ਦਵਾਰਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਚਾਰ ਵਰਨ ਸੁਣੋ ਕੰਨ ਲਾ, ਹਰਿ ਕਰਤਾ ਆਪ ਜਣਾਈਆ । ਕਲਜੁਗ ਆਇਆ ਅੰਤਮ ਬੇਪਰਵਾਹ, ਬੇਪਰਵਾਹੀ ਖੇਲ ਕਰਾਈਆ । ਕਲਜੁਗ ਕੂੜੀ ਕਿਰਿਆ ਡੇਰਾ ਦੇਵੇ ਢਾਹ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਮਾਰਗ ਦਏ ਵਖਾ, ਸਚ ਸੁਚ ਇਕ ਵਰਤਾਈਆ । ਰਾਉ ਰੰਕ ਏਕਾ ਰੰਗ ਦਏ ਰੰਗਾ, ਸ਼ਾਹ ਪਾਤਸ਼ਾਹ ਸੀਸ ਤਾਜ ਨਾ ਕੋਇ ਟਿਕਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਲਏ ਉਠਾ, ਭਾਖਿਆ ਦੇਵੇ ਥਾਉਂ ਥਾਈਂਆ । ਜਨਮ ਕਰਮ ਦੇ ਵਿਛੜੇ ਲਏ ਮਿਲਾ, ਧੁਰ ਸੰਜੋਗੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਵਰਨ ਇਕੋ ਰਾਹ ਵਖਾਈਆ । ਚਾਰ ਵਰਨ ਨੇਤਰ ਖੋਲ੍ਹ, ਪ੍ਰਭ ਇਕੋ ਅੱਖ ਖੁਲ੍ਹਾਇੰਦਾ । ਸ੍ਰੀ ਭਗਵਾਨ ਤੋਲਣ ਆਇਆ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਕਲਜੁਗ ਅੰਤਮ ਲੱਖ ਚੁਰਾਸੀ ਲਏ ਵਰੋਲ, ਨਾਮ ਮਧਾਣਾ ਇਕੋ ਪਾਇੰਦਾ । ਭਗਤ ਭਗਵਾਨ ਰੱਖੇ ਅਡੋਲ, ਸਿਰ ਆਪਣਾ ਹੱਥ ਟਿਕਾਇੰਦਾ । ਸਾਚੀ ਵਸਤ ਦੇਵੇ ਅਨਮੋਲ, ਸੋਹੰ ਦਾਤ ਝੋਲੀ ਪਾਇੰਦਾ । ਬਜਰ ਕਪਾਟੀ ਕੁੰਡਾ ਖੋਲ੍ਹ, ਘਰ ਘਰ ਵਿਚ ਆਪ ਵਖਾਇੰਦਾ । ਸੁਰਤੀ ਸ਼ਬਦੀ ਜਾਏ ਮੌਲ, ਮੌਲਾ ਆਪਣਾ ਰੰਗ ਰੰਗਾਇੰਦਾ । ਪੂਰਾ ਕਰੇ ਕੀਤਾ ਕੌਲ, ਕਰਨੀ ਕਰਤਾ ਆਪ ਕਮਾਇੰਦਾ । ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਧਵਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਇਕ ਵਖਾਇੰਦਾ । ਚਾਰ ਵਰਨ ਵੇਖ ਦੁਆਰ, ਧੁਰ ਦਰਬਾਰੀ ਆਪ ਜਣਾਈਆ । ਜਿਸ ਗ੍ਰਿਹਿ ਵਸੇ ਆਪ ਕਰਤਾਰ, ਸੋ ਮੰਦਰ ਮਿਲੇ ਵਡਿਆਈਆ । ਤਿਸ ਮੰਦਰ ਹੋਏ ਉਜਿਆਰ, ਦੀਆ ਬਾਤੀ ਕਮਲਾਪਾਤੀ ਇਕੋ ਜੋਤ ਨੂਰ ਰੁਸ਼ਨਾਈਆ । ਸਾਚੀ ਸਖ਼ੀਆਂ ਮੰਗਲਚਾਰ, ਢੋਲਾ ਗਾਏ ਆਪ ਨਿਰੰਕਾਰ, ਗੀਤ ਗੋਬਿੰਦ ਇਕ ਸੁਣਾਈਆ । ਵੱਜਦੀ ਰਹੇ ਨਾਮ ਸਿਤਾਰ, ਸੁਣੇ ਸੁਣਾਵੇ ਸੁਣਨੇਹਾਰ, ਦੂਜਾ ਨਜ਼ਰ ਕੋਇ ਨਾ ਆਈਆ । ਵੇਖਣਹਾਰ ਗੁਰ ਅਵਤਾਰ, ਪੀਰ ਪੈਗ਼ੰਬਰ ਦੇ ਆਧਾਰ, ਮਿਹਰ ਨਜ਼ਰ ਆਪ ਉਠਾਈਆ । ਜੁਗ ਚੌਕੜੀ ਬੀਤੇ ਚਾਰ, ਨਵ ਨੌਂ ਚਾਰ ਗਿਆ ਹਾਰ, ਲੱਖ ਚੁਰਾਸੀ ਕਰੇ ਪੁਕਾਰ, ਅੰਤਰ ਰੋਵੇ ਮਾਰੇ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਫੇਰਾ ਪਾਏ ਪਾਰਬ੍ਰਹਮ, ਬ੍ਰਹਮ ਨਾਤਾ ਲਏ ਜੁੜਾਈਆ । ਨਿਹਕਰਮੀ ਜਾਣੇ ਆਪਣਾ ਕਰਮ, ਕਰਮ ਕਾਂਡ ਮੇਟੇ ਥਾਉਂ ਥਾਈਂਆ । ਚਾਰ ਵਰਨ ਵਖਾਏ ਇਕੋ ਧਰਮ, ਧੁਰ ਦੀ ਧਾਰ ਆਪ ਬੰਧਾਈਆ । ਬਖ਼ਸ਼ਣਹਾਰਾ ਸਾਚੀ ਸਰਨ, ਚਰਨ ਕਵਲ ਦਏ ਸਰਨਾਈਆ । ਲਹਿਣਾ ਦੇਣਾ ਚੁਕਾਏ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਈਆ । ਗੁਰਮੁਖ

ਵਿਰਲੇ ਸੋਹੰ ਢੋਲਾ ਪੜ੍ਹਨ, ਗੀਤ ਗੋਬਿੰਦ ਇਕ ਸੁਣਾਈਆ । ਸਾਚੇ ਪੌੜੇ ਸਾਚੇ ਮੰਦਰ ਚੜ੍ਹਨ, ਰਾਹ ਵਿਚ ਨਾ ਕੋਇ ਅਟਕਾਈਆ । ਸ੍ਰੀ ਭਗਵਾਨ ਦਰਸ਼ਨ ਕਰਨ, ਜੋਤੀ ਜਾਤਾ ਨਜ਼ਰੀ ਆਈਆ । ਦੋਏ ਜੋੜ ਚਰਨੀ ਪੜਨ, ਮਸਤਕ ਟਿੱਕਾ ਧੂੜੀ ਲਾਈਆ । ਕਲਜੁਗ ਅਗਨ ਵਿਚ ਨਾ ਸੜਨ, ਤ੍ਰੈਗੁਣ ਲੇਖਾ ਮੁੱਕੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੰਦਰ ਇਕ ਵਖਾਈਆ । ਚਾਰ ਵਰਨ ਮੰਦਰ ਦਏ ਵਖਾਲ, ਘਰ ਸਾਚਾ ਇਕ ਸੁਹਾਈਆ । ਕਿਰਪਾ ਕਰ ਦੀਨ ਦਿਆਲ, ਦੀਨਨ ਆਪਣੇ ਗਲੇ ਲਗਾਈਆ । ਨਾਤਾ ਤੋੜ ਕਾਲ ਮਹਾਂਕਾਲ, ਜਗਤ ਜੰਜਾਲ ਦਏ ਗਵਾਈਆ । ਸੁਣਨਹਾਰ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਲੇਖਾ ਦਏ ਸਮਝਾਈਆ । ਚਾਰ ਵਰਨ ਸਾਚਾ ਲੇਖਾ, ਅਜ਼ਾਤ ਅਜ਼ਾਤੀ ਮੇਟ ਮਿਟਾਇੰਦਾ । ਚੌਥੇ ਜੁਗ ਕੱਢੇ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਇੰਦਾ । ਨਿਰਗੁਣ ਹੋ ਕੇ ਧਾਰੇ ਵੇਸਾ, ਸਰਗੁਣ ਆਪਣਾ ਮੇਲ ਮਿਲਾਇੰਦਾ । ਸੰਬਲ ਵਸੇ ਸਾਚੇ ਦੇਸਾ, ਸਾਢੇ ਤਿੰਨ ਹੱਥ ਵੰਡ ਵੰਡਾਇੰਦਾ । ਗੁਰ ਗੋਬਿੰਦ ਲੈ ਕੇ ਗਿਆ ਠੇਕਾ, ਅੰਤਮ ਆਪਣਾ ਹੱਕ ਜਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਇਕ ਸੁਹਾਇੰਦਾ । ਸਾਚਾ ਦਰ ਖੋਲ੍ਹ ਦਰਵਾਜ਼ਾ, ਧੁਰਦਰਗਾਹੀ ਦਇਆ ਕਮਾਈਆ । ਕਰੇ ਖੇਲ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਆਪਣਾ ਵੇਸ ਧਰਾਈਆ । ਕਲਜੁਗ ਅੰਤਮ ਰਚ ਕੇ ਕਾਜਾ, ਸਤਿਜੁਗ ਸਾਚੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਕਰੇ ਖੇਲ, ਖੇਲਣਹਾਰ ਆਪ ਹੋ ਆਈਆ । ਗੁਰਮੁਖ ਗੁਰਸਿਖ ਸਾਚੇ ਮੇਲ, ਗੁਰਮਤ ਆਪ ਪੜ੍ਹਾਈਆ । ਕਰੇ ਪਰਕਾਸ਼ ਬਿਨ ਬਾਤੀ ਬਿਨ ਤੇਲ, ਦੀਪਕ ਜੋਤ ਇਕ ਰੁਸ਼ਨਾਈਆ । ਘਰ ਮਿਲੇ ਸੱਜਣ ਸੁਹੇਲ, ਨਰ ਹਰਿ ਨਰਾਇਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਭਗਤ ਜਨ, ਜਨ ਜਨਨੀ ਆਪ ਅਖਵਾਇੰਦਾ । ਏਕਾ ਰਾਗ ਸੁਣਾਏ ਕੰਨ, ਸੰਸਾ ਰੋਗ ਸਰਬ ਮਿਟਾਇੰਦਾ । ਭਾਗ ਲਗਾਏ ਪੰਜ ਤਤ ਤਨ, ਤਤਵ ਤਤ ਇਕ ਦ੍ਰਿੜਾਇੰਦਾ । ਕਰ ਪਰਕਾਸ਼ ਅੰਧੇਰ ਅੰਨ੍ਹ, ਨਿਰਗੁਣ ਸਾਚਾ ਚੰਦ ਚਮਕਾਇੰਦਾ । ਕਰ ਵਸੇਰਾ ਬਿਨ ਛੱਪਰ ਛੰਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਕੂੜੀ ਕਿਰਿਆ ਦੇਵਣਹਾਰਾ ਡੰਨ, ਆਪਣਾ ਡੰਕਾ ਨਾਮ ਵਜਾਇੰਦਾ । ਜੋ ਘੜਿਆ ਸੋ ਦੇਵੇ ਭੰਨ, ਘੜਨ ਭੰਨਣਹਾਰ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਦੇਵੇ ਨਾਮ ਧੰਨ, ਸ਼ਬਦ ਖ਼ਜ਼ਾਨਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਚਾਰ ਵਰਨ ਇਕੋ ਸਰਨ, ਘਰ ਮੰਦਰ ਇਕ ਵਖਾਇੰਦਾ । ਚਾਰ ਵਰਨ ਪ੍ਰਭ ਖੋਲ੍ਹ ਤਾਕ, ਤਕਵਾ ਇਕੋ ਇਕ ਜਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰਾ ਕਰੇ ਭਵਿਖਤ ਵਾਕ, ਵਾਸਤਾ ਆਪਣੇ ਨਾਲ ਬੰਧਾਈਆ । ਨਿਰਗੁਣ ਸਰਗੁਣ ਬਣੇ ਸਾਕ, ਸੱਜਣ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਸੱਜਣ ਆਪ ਉਠਾਈਆ । ਗੁਰਮੁਖ ਸੱਜਣ ਉਠਾਏ ਜਗ, ਜਗਜੀਵਣ ਦਾਤਾ ਦਇਆ ਕਮਾਈਆ । ਜਨਮ ਜਨਮ ਦੀ ਬੁਝਾਏ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਧੁਰਦਰਗਾਹੀ ਸੱਚਾ ਕਰਾਏ ਇਕੋ ਹੱਜ, ਹੁਜਰਾ ਹੱਕ ਦਏ

ਵਖਾਈਆ । ਪਰਵਰਦਿਗਾਰ ਰਿਹਾ ਤੱਕ, ਬੇਨਕਾਬ ਪੜਦਾ ਲਾਹੀਆ । ਸਚ ਮਹੱਲੇ ਰਿਹਾ ਸਜ, ਉਚ ਮੁਕਾਮੇ ਡੇਰਾ ਲਾਈਆ । ਚੌਦਾਂ ਲੋਕ ਰਿਹਾ ਭੱਜ, ਚੌਦਾਂ ਤਬਕ ਰਿਹਾ ਸਮਝਾਈਆ । ਸ਼ਬਦ ਨਗਾਰਾ ਰਿਹਾ ਵੱਜ, ਪੁਰੀ ਲੋਅ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਵਖਾਈਆ । ਸਾਚੀ ਕਰਨੀ ਅੰਤਮ ਕਲ, ਹਰਿ ਕਰਤਾ ਆਪ ਕਰਾਈਆ । ਕਰੇ ਖੇਲ ਅਛਲ ਅਛੱਲ, ਵਲ ਛਲ ਧਾਰੀ ਸਮਝ ਕੋਇ ਨਾ ਪਾਈਆ । ਜਨ ਭਗਤਾਂ ਅੰਦਰ ਗਿਆ ਰਲ, ਜੋਤੀ ਜੋਤ ਜੋਤ ਮਿਲਾਈਆ । ਸ਼ਬਦ ਸੁਨੇਹੜਾ ਰਿਹਾ ਘੱਲ, ਧੁਨ ਅਨਾਦੀ ਨਾਦ ਅਲਾਈਆ । ਵਸਣਹਾਰਾ ਨਿਹਚਲ ਧਾਮ ਅਟੱਲ, ਕਲਜੁਗ ਅੰਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਮੇਲ ਮਿਲਾਈਆ । ਸੰਤ ਸੁਹੇਲੇ ਮਿਲੇ ਮਲਾਹ, ਖੇਵਟ ਖੇਟਾ ਇਕੋ ਨਜ਼ਰੀ ਆਇੰਦਾ । ਬੀਸ ਬੀਸਾ ਪਕੜੇ ਬਾਂਹ, ਫੜ ਬਾਹੋ ਬਾਹਰ ਕਢਾਇੰਦਾ । ਹਰਿ ਜਗਦੀਸਾ ਇਕ ਜਪਾਏ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਸਦਾ ਸੁਹੇਲਾ ਦੇਵੇ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਨਿਥਾਵਿਆਂ ਦੇਵੇ ਅਗੰਮੀ ਥਾਂ, ਚਰਨ ਦਵਾਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਾਰ ਵਰਨ ਰੰਗ ਰੰਗਾਇੰਦਾ । ਚਾਰ ਵਰਨ ਰੰਗ ਚਲੂਲ, ਰੰਗ ਰਾਤਾ ਆਪ ਰੰਗਾਈਆ । ਕਲਜੁਗ ਅੰਤ ਨਾ ਜਾਏ ਭੂਲ, ਪੂਰਾ ਲਹਿਣਾ ਰਿਹਾ ਵਰਤਾਈਆ । ਨਾਨਕ ਗੋਬਿੰਦ ਪੂਰਾ ਕਰੇ ਅਸੂਲ, ਅਸਲੀਅਤ ਸਭ ਨੂੰ ਦਏ ਸਮਝਾਈਆ । ਲੱਖ ਚੁਰਾਸੀ ਕਰਨਾ ਪਏ ਕਬੂਲ, ਹੁਕਮ ਹਾਕਮ ਇਕ ਲਗਾਈਆ । ਧੁਰ ਸੰਦੇਸਾ ਕੋਈ ਨਾ ਸਕੇ ਅਦੂਲ, ਧੁਰਦਰਗਾਹੀ ਏਕਾ ਡੰਕਾ ਨਾਮ ਵਜਾਈਆ । ਦੋ ਜਹਾਨਾਂ ਅੰਦਰ ਝੂਲਾ ਲਏ ਝੂਲ, ਪਵਣ ਉਨੰਜਾ ਸੇਵ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਬਰਸਾਇਣ ਫੂਲ, ਬਰਖਾ ਇਕੋ ਧਾਰ ਵਖਾਈਆ । ਹਰਿ ਸੰਤਾਂ ਮੇਲਾ ਕੰਤ ਕੰਤੂਹਲ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਗੁਰਸਿਖ ਹਰਿਜਨ ਹਰਿ ਹਰਿ ਆਪਣੇ ਨਾਲ ਮਿਲਾਈਆ । ਨਾਲ ਮਿਲਾਏ ਪ੍ਰਭ ਏਕ, ਏਕੰਕਾਰਾ ਦਇਆ ਕਮਾਇੰਦਾ । ਏਥੇ ਓਥੇ ਬਖ਼ਸ਼ੇ ਟੇਕ, ਦੋ ਜਹਾਨਾਂ ਵੇਖ ਵਖਾਇੰਦਾ । ਤ੍ਰੈਗੁਣ ਨਾ ਲਾਏ ਮਾਇਆ ਸੇਕ, ਕੂੜਾ ਨਾਤਾ ਤੋੜ ਤੁੜਾਇੰਦਾ । ਸਚ ਵਖਾਏ ਆਪਣਾ ਦੇਸ, ਘਰ ਮੰਦਰ ਇਕ ਸੁਹਾਇੰਦਾ । ਤਖ਼ਤ ਨਿਵਾਸੀ ਨਜ਼ਰੀ ਆਏ ਨਰ ਨਰੇਸ਼, ਨਰ ਨਰਾਇਣ ਇਕੋ ਸੋਭਾ ਪਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰ ਵਰਨ ਅਠਾਰਾਂ ਬਰਨ ਖੇਲਾਂ ਰਿਹਾ ਖੇਡ, ਬਣ ਖਿਲਾਰੀ ਆਪਣੀ ਖੇਡ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਆਪਣਾ ਭੇਤ, ਅੰਦਰ ਵੜ ਕੇ ਪੜਦਾ ਲਾਹਿੰਦਾ । ਅੰਦਰ ਵੜ ਕੇ ਪੜਦਾ ਖੋਲ੍ਹੇ, ਖ਼ਾਲਕ ਖ਼ਲਕ ਦਏ ਸਮਝਾਈਆ । ਨਿਰਗੁਣ ਨਿਰਵੈਰ ਹੋ ਕੇ ਆਪੇ ਬੋਲੇ, ਢੋਲਾ ਸੋਹਲਾ ਰਾਗ ਸੁਣਾਈਆ । ਭਾਗ ਲਗਾਵੇ ਕਾਇਆ ਚੋਲੇ, ਚੋਲੀ ਆਪਣੇ ਰੰਗ ਰੰਗਾਈਆ । ਲੱਖ ਚੁਰਾਸੀ ਏਕਾ ਕੰਡੇ ਤੋਲੇ, ਤੋਲਾ ਬਣਿਆ ਬੇਪਰਵਾਹੀਆ । ਗੁਰਸਿਖ ਉਠਾਏ ਭਾਲੇ ਭੋਲੇ, ਭੋਲੇ ਭਾਓ ਗੋਬਿੰਦ ਮਿਲਾਈਆ । ਸਚਖੰਡ ਵਸਾਏ ਸੱਚੀ ਧਰਮਸਾਲੇ, ਧਰਮ ਦਵਾਰਾ ਇਕੋ ਨਜ਼ਰੀ ਆਈਆ । ਆਦਿ ਅੰਤ ਸਦ ਚਲੇ ਨਾਲੇ, ਜਗਤ ਵਿਛੋੜਾ ਨਾ ਕੋਇ ਵਖਾਈਆ । ਸਾਚਾ ਮੰਤਰ ਇਕ ਸਖਾਲੇ, ਸੋਹੰ ਰਾਗ ਅਲਾਈਆ ।

੬੦ ੧੫

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਲਗਾਏ ਲੜ, ਪੱਲੂ ਆਪਣੇ ਨਾਲ ਬੰਧਾਈਆ । ਪੱਲੂ ਬੰਨ੍ਹੇ ਨਾਮ ਡੋਰ, ਡੋਰੀ ਤੰਦ ਇਕ ਜਣਾਇੰਦਾ । ਕਰ ਪਰਕਾਸ਼ ਅੰਧੇਰ ਘੋਰ, ਨੂਰ ਇਕੋ ਇਕ ਵਖਾਇੰਦਾ । ਢਾਹੇ ਢੇਰੀ ਪੰਜ ਚੋਰ, ਪੰਚਮ ਆਪਣਾ ਪੜਦਾ ਪਾਇੰਦਾ । ਪੰਚਮ ਨਾਦ ਸ਼ਬਦ ਘਨਘੋਰ, ਅਨਹਦ ਰਾਗੀ ਰਾਗ ਸੁਣਾਇੰਦਾ । ਲੇਖਾ ਚੁਕੇ ਤੋਰ ਮੋਰ, ਮੇਰਾ ਤੇਰਾ ਇਕੋ ਰੂਪ ਨਜ਼ਰੀ ਆਇੰਦਾ । ਕੂੜੀ ਕਿਰਿਆ ਨਾ ਪਾਏ ਸ਼ੋਰ, ਮਾਇਆ ਮਮਤਾ ਮੇਟ ਮਿਟਾਇੰਦਾ । ਲੱਗੀ ਪ੍ਰੀਤੀ ਨਿਭਾਏ ਤੋੜ, ਅੱਧਵਿਚਕਾਰ ਨਾ ਕੋਇ ਰਖਾਇੰਦਾ । ਜਿਨ੍ਹਾਂ ਆਪਣੇ ਨਾਲ ਲਿਆ ਜੋੜ, ਤਿਨ੍ਹਾਂ ਲੱਖ ਚੁਰਾਸੀ ਪੰਧ ਮੁਕਾਇੰਦਾ । ਕਲਜੁਗ ਅੰਤਮ ਜਾਵੇ ਬੌਹੜ, ਨਿਰਗੁਣ ਹੋ ਕੇ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਕਰ ਪਰਵਾਨ, ਦਰਗਹਿ ਸਾਚੀ ਦੇਵੇ ਥਾਨ, ਆਵਣ ਜਾਵਣ ਚੁਕੇ ਜਹਾਨ, ਅੰਤਮ ਜੋਤੀ ਜਾਤਾ ਆਪਣਾ ਮੇਲ ਕਰਾਇੰਦਾ ।

ਸਤਿਜੁਗ ਦੀ ਚਲੇ ਧਾਰਾ, ਬੀਸ ਬੀਸਾ ਨੀਂਹ ਰਖਾਈਆ । ਆਤਮ ਪਰਮਾਤਮ ਕਰ ਪਿਆਰਾ, ਸੋਹੰ ਸ਼ਬਦ ਨਾਦ ਸੁਣਾਈਆ । ਮਹਾਰਾਜ ਸ਼ੇਰ ਸਿੰਘ ਜੈਕਾਰਾ, ਦੋ ਜਹਾਨ ਰਿਹਾ ਜਸ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਕਰੇ ਨਿਮਸਕਾਰਾ, ਨਿਉਂ ਨਿਉਂ ਲਾਗੇ ਪਾਈਂਆ । ਸ੍ਰੀ ਭਗਵਾਨ ਤੇਰਾ ਆਦਿ ਜੁਗਾਦਿ ਸਚ ਪਸਾਰਾ, ਜੈ ਜੈਕਾਰ ਸਰਬ ਲੋਕਾਈਆ । ਸੋ ਪੁਰਖ ਨਿਰੰਜਣ ਕਰੇ ਖੇਲ ਨਿਆਰਾ, ਹੰ ਬ੍ਰਹਮ ਆਪ ਪੜ੍ਹਾਈਆ । ਸਤਿਜੁਗ ਵਰਤੇ ਵਿਚ ਸੰਸਾਰਾ, ਕਲਜੁਗ ਅੰਤ ਰਹਿਣ ਨਾ ਪਾਈਆ । ਦਾਤਾ ਦਾਨੀ ਦਾਤ ਦੇਵੇ ਦੇਵਣਹਾਰਾ, ਆਪਣੀ ਹੱਥੀਂ ਆਪ ਵਰਤਾਈਆ । ਜੜ੍ਹ ਲਾਏ ਅਗੰਮ ਅਪਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਧਾਰ ਜਣਾਈਆ । ਸਤਿਜੁਗ ਸਾਚਾ ਚਲੇ ਰਾਹ, ਸੋ ਪੁਰਖ ਨਿਰੰਜਣ ਆਪ ਚਲਾਈਆ । ਪੁਰਖ ਅਬਿਨਾਸ਼ੀ ਬਣ ਮਲਾਹ, ਨਿਰਗੁਣ ਆਪਣਾ ਫੇਰਾ ਪਾਈਆ । ਨਾਨਕ ਗੋਬਿੰਦ ਦੇ ਕੇ ਗਏ ਸਲਾਹ, ਕਲ ਕਲਕੀ ਕਲਜੁਗ ਅੰਤਮ ਫੇਰਾ ਪਾਈਆ । ਵੇਦ ਵਿਆਸਾ ਗਿਆ ਸਮਝਾ, ਗੌੜ ਬ੍ਰਾਹਮਣ ਉਚੇ ਟਿੱਲੇ ਪਰਬਤ ਫੇਰਾ ਪਾਈਆ । ਮੁਹੰਮਦ ਰਾਹ ਰਿਹਾ ਤਕਾ, ਮੇਰਾ ਪੀਰ ਆਵੇ ਵਾਹੋ ਦਾਹੀਆ । ਈਸਾ ਝੋਲੀ ਰਿਹਾ ਡਾਹ, ਸਚ ਪੈਗ਼ੰਬਰ ਖਾਲੀ ਝੋਲੀ ਦਏ ਭਰਾਈਆ । ਮੂਸਾ ਜਲਵਾ ਰਿਹਾ ਤਕਾ, ਨੇਤਰ ਨੈਣ ਨੈਣ ਉਠਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਸਾਚੀ ਖਾਣੀ ਇਕੋ ਇਕ ਪੜ੍ਹਾਈਆ । ਚਾਰੇ ਬਾਣੀ ਲੇਖਾ ਲੇਖੇ ਲਏ ਲਗਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਉਖੜੇ ਕੂੜੀ ਜੜ੍ਹ, ਸਤਿਜੁਗ ਸਾਚਾ ਰਾਹ ਚਲਾਈਆ । ਸਤਿਜੁਗ ਸਾਚਾ ਲੱਗੇ ਜੱਗ, ਹਰਿ ਸਾਚਾ ਆਪ ਲਗਾਇੰਦਾ । ਕੂੜੀ ਕਿਰਿਆ ਮਿਟੇ ਅੱਗ, ਮਾਇਆ ਮਮਤਾ ਮੋਹ ਮਿਟਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਵਜਾਏ ਵਜ, ਦੋ ਜਹਾਨਾਂ ਆਪ ਸੁਣਾਇੰਦਾ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਰਾਜ ਰਾਜਾਨ ਸ਼ਾਹ ਸੁਲਤਾਨ ਲਾਉਣ ਨਾ ਦੇਵੇ ਕੋਈ ਅੱਜ ਪੱਜ, ਊਚਾਂ ਨੀਚਾਂ ਰਾਉ ਰੰਕਾਂ ਇਕੋ ਗੀਤ ਸੁਣਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਸੱਦ, ਸੱਦਾ ਇਕੋ ਨਾਮ ਜਣਾਇੰਦਾ । ਜਿਨ੍ਹਾਂ ਵਖਾਏ ਸਤਿਜੁਗ ਹੱਦ, ਸੋ ਗੁਰਮੁਖ ਸੋਹੰ

ਢੋਲਾ ਰਾਗ ਅਲਾਇੰਦਾ । ਫੜ ਫੜ ਹੰਸ ਬਣਾਏ ਕੱਗ, ਬੁੱਧੀ ਕਾਗ ਆਪ ਬਦਲਾਇੰਦਾ । ਗੁਰਮੁਖਾਂ ਅੰਦਰ ਦੀਪਕ ਜੋਤ ਹੋ ਕੇ ਜਾਏ ਜਗ, ਆਪਣਾ ਰੂਪ ਨਾ ਕੋਇ ਵਖਾਇੰਦਾ । ਸੋਹੰ ਚਲਿਆ ਦੇ ਜ਼ੀਰੋ, ਜ਼ੀਰੋ ਜ਼ੀਰੋ ਨਾਲ ਮਿਲਾਈਆ । ਵੀਹ ਸਾਲ ਵਿਚ ਲੇਖਾ ਮੁਕਾਇਆ ਪੀਰ ਪੈਗ਼ੰਬਰਾਂ ਪੀਰੋ, ਗੁਰ ਅਵਤਾਰਾਂ ਲਹਿਣਾ ਦੇਣਾ ਝੋਲੀ ਪਾਈਆ । ਪੰਦਰਾਂ ਕੱਤਕ ਸਭ ਨੂੰ ਵਖਾਏ ਸਚੀ ਤਸਵੀਰੋ, ਲਾਤਸਵੀਰ ਦਇਆ ਕਮਾਈਆ । ਸ਼ਰਅ ਸ਼ਰੀਅਤ ਕਟੇ ਆਪ ਜ਼ੰਜੀਰੇ, ਨਾਮ ਕਟਾਰਾ ਹੱਥ ਉਠਾਈਆ । ਚੋਟੀ ਚੜ੍ਹ ਵੇਖੇ ਅਖ਼ੀਰੋ, ਆਖ਼ਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦੀ ਲਗਾਏ ਆਪ ਜੜ੍ਹ, ਤਿਸ ਨੂੰ ਵੇਖੇ ਆਪ ਰਘੁਰਾਈਆ । ਪਹਿਲੋਂ ਉਖੇੜੇ ਕਲਜੁਗ ਜੜ੍ਹ, ਬੂਟਾ ਲੋਕਮਾਤ ਰਹਿਣ ਨਾ ਪਾਈਆ । ਚਾਰ ਜੁਗ ਦੇ ਤੇਈ ਅਵਤਾਰ ਅਠਾਰਾਂ ਭਗਤ ਈਸਾ ਮੂਸਾ ਮੁਹੰਮਦ ਦਸ ਗੁਰ ਸਾਰੇ ਕਲਮਾ ਹਦੀਸ ਇਕੋ ਲਓ ਪੜ੍ਹ, ਅੱਲਾ ਰਾਮ ਵਾਹਿਗੁਰੂ ਏਕਾ ਨਜ਼ਰੀ ਆਈਆ । ਚਾਰ ਵਰਨ ਅਠਾਰਾਂ ਬਰਨ ਖੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜ਼ਾਤ ਪਾਤ ਦੀਨ ਮਜ਼੍ਹਬ ਰਹੇ ਲੜ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਮਨਮੁਖ ਜੀਵ ਜੀਵਤਿਆਂ ਜੱਗ ਗਏ ਮਰ, ਮਰਨਾ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਖੇਲ ਆਪਣੇ ਹੁਕਮ ਵਿਚ ਰਖਾਈਆ ।



## ★ ੨੮ ਹਾੜ ੨੦੨੦ ਬਿਕਰਮੀ ਗੁਰਦੇਵ ਸਿੰਘ ਦੇ ਗ੍ਰਿਹ ਦੋਸਾਂਝ ਖੁਰਦ ★

ਤੇਰਾ ਖੇਲ ਪੁਰਖ ਅਬਿਨਾਸ਼, ਜੁਗ ਚੌਕੜੀ ਭੇਵ ਕੋਇ ਨਾ ਆਈਆ । ਜੁਗ ਜੁਗ ਰੱਖਦੇ ਗਏ ਆਸ, ਨਿਤ ਨਿਤ ਤੇਰਾ ਧਿਆਨ ਲਗਾਈਆ । ਸਦਾ ਸੁਹੇਲੇ ਲੱਗੀ ਰਹੀ ਪਿਆਸ, ਤ੍ਰਿਸਨਾ ਇਕੋ ਇਕ ਉਪਜਾਈਆ । ਯਾਦ ਅੰਦਰ ਲੈਂਦੇ ਰਹੇ ਸਾਂਸ, ਸਾਹ ਸਾਹ ਤੇਰਾ ਨਾਮ ਧਿਆਈਆ । ਮੰਗਦੇ ਰਹੇ ਨੂਰ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਲੋਚਦੇ ਰਹੇ ਸੱਚਾ ਸਾਥ, ਸਗਲਾ ਸੰਗ ਨਿਭਾਈਆ । ਵੇਂਹਦੇ ਰਹੇ ਪੱਤਣ ਘਾਟ, ਨੇਤਰ ਨੈਣ ਨੈਣ ਉਠਾਈਆ । ਫਸੇ ਰਹੇ ਜ਼ਾਤ ਪਾਤ, ਦੀਨ ਮਜ਼੍ਹਬ ਵੰਡ ਵੰਡਾਈਆ । ਤੇਰਾ ਨਾਉਂ ਲਿਖਦੇ ਰਹੇ ਨਾਲ ਕਲਮ ਦਵਾਤ, ਕਾਗ਼ਜ਼ ਛਾਹੀ ਸੰਗ ਜਣਾਈਆ । ਗਾਉਦੇ ਰਹੇ ਬਹੁ ਬਿਧ ਭਾਂਤ, ਢੋਲਾ ਰਸਨਾ ਜਿਹਵਾ ਗਾਈਆ । ਪੰਜ ਤਤ ਬੰਧਾਉਦੇ ਰਹੇ ਨਾਤ, ਤਤਵ ਤਤ ਗੰਢ ਰਖਾਈਆ । ਤੇਰਾ ਨੂਰ ਨਜ਼ਰ ਨਾ ਆਇਆ ਸਾਖਿਆਤ, ਬੇਪਰਵਾਹ ਸਚੇ ਸ਼ਹਿਨਸ਼ਾਹੀਆ । ਅੰਤ ਭਗਵੰਤ ਆ ਵੇਖ ਸਰਬ ਹਾਲਾਤ, ਹਾਲਤ ਆਪਣੀ ਸਰਬ ਰਹੇ ਵਖਾਈਆ । ਕੋਈ ਮਾਣ ਨਾ ਰਿਹਾ ਮਾਤ, ਲੋਕ ਪਰਲੋਕ ਨਾ ਕੋਇ ਵਡਿਆਈਆ । ਸਾਚੀ ਗਾਇਣ ਨਾ ਕੋਇ ਗਾਥ, ਕਲਮਾ ਹੱਕ ਨਾ ਕੋਇ ਪੜ੍ਹਾਈਆ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਕੂੜੀ ਕਿਰਿਆ ਛਾਣੇ ਖ਼ਾਕ, ਪਾਕ ਰੂਹ ਨਾ ਕੋਇ ਵਖਾਈਆ । ਸਚ ਦਵਾਰਾ ਕਿਸੇ ਨਾ ਜਾਏ ਭਾਖ, ਮਾਇਆ ਮਮਤਾ ਮੋਹ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਆਏ ਆਖ, ਉਚੀ ਕੂਕ ਕੂਕ ਸੁਣਾਈਆ । ਕਲ ਪਰਗਟ ਹੋਵੇ ਪ੍ਰਭੂ ਆਪ, ਨਿਰਗੁਣ ਆਪਣਾ ਵੇਸ ਵਟਾਈਆ । ਜਿਸ ਦਾ ਕਰਦੇ ਰਹੇ ਜਾਪ, ਜੁਗ ਚੌਕੜੀ ਨਾਮ ਧਿਆਈਆ । ਸੋ ਸਾਹਿਬ ਇਕੋ ਦੱਸੇ ਪਾਠ, ਸਾਚਾ ਨਾਮ ਆਪ ਵਡਿਆਈਆ । ਚਾਰ ਵਰਨਾਂ ਦੇਵੇ ਦਾਤ, ਅਨਮੁਲੜੀ ਦਾਤ ਆਪ ਵਰਤਾਈਆ । ਆਤਮ ਪਰਮਾਤਮ ਜਣਾਏ

ਸਚ ਕਰਾਮਾਤ, ਕਰਮ ਕਾਂਡ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਹਰ ਘਟ ਥਾਈਆ । ਮਿਹਰਵਾਨ ਤੇਰਾ ਸਹਾਰਾ, ਜੁਗ ਚੌਕੜੀ ਓਟ ਤਕਾਈਆ । ਦਰ ਦਰਵੇਸ਼ ਬਣ ਭਿਖਾਰਾ, ਮੰਗਦੇ ਰਹੇ ਵਾਹੋ ਦਾਹੀਆ । ਜੁਗ ਚੌਕੜੀ ਲੱਗਾ ਰਿਹਾ ਅਖਾੜਾ, ਲੱਖ ਚੁਰਾਸੀ ਨਾਚ ਨਚਾਈਆ । ਲੱਭਦੇ ਰਹੇ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਫੋਲ ਫੁਲਾਈਆ । ਵੜਦੇ ਰਹੇ ਡੂੰਘੀ ਗ਼ਾਰਾ, ਸਮੁੰਦ ਸਾਗਰ ਖੋਜ ਖੁਜਾਈਆ । ਤੇਰਾ ਨਜ਼ਰ ਨਾ ਆਇਆ ਹੱਕ ਨਜ਼ਾਰਾ, ਬੇਨਜ਼ੀਰ ਨੂਰ ਨਾ ਕੋਇ ਰੁਸ਼ਨਾਈਆ । ਕਿਸੇ ਨਾ ਕਰਿਆ ਪਾਰ ਕਿਨਾਰਾ, ਅਧਵਿਚਕਾਰ ਬੈਠੇ ਢੇਰੀਆਂ ਢਾਹੀਆ । ਜੋ ਆਇਆ ਸੋ ਵੇਖ ਤੇਰਾ ਪਸਾਰਾ, ਤੋਹੇ ਬੈਠਾ ਸੀਸ ਝੁਕਾਈਆ । ਤੇਰੇ ਨਾਮ ਦਾ ਬਣ ਵਣਜਾਰਾ, ਹੱਟ ਇਕੋ ਜਗਤ ਚਲਾਈਆ । ਸ਼ਬਦੀ ਦੇ ਦੇ ਗਿਆ ਇਸ਼ਾਰਾ, ਇਸ਼ਾਰਾ ਇਕੋ ਨਾਮ ਸਮਝਾਈਆ । ਸਾਰੇ ਕਹਿੰਦੇ ਗਏ ਕਲ ਕਲਕੀ ਆਏ ਹਰਿ ਅਵਤਾਰਾ, ਨਿਹਕਲੰਕ ਨਾਉਂ ਧਰਾਈਆ । ਜਿਸ ਦਾ ਅੰਤ ਨਾ ਪਾਰਾਵਾਰਾ, ਬੇਅੰਤ ਬੇਪਰਵਾਹੀਆ । ਸ਼ਾਹੋ ਭੂਪ ਬਣ ਸਿਕਾਦਾਰਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਦੋ ਜਹਾਨਾਂ ਪਾਵੇ ਸਾਰਾ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੋ ਦੇਂਦਾ ਰਿਹਾ ਲਾਰਾ, ਸੋ ਲਹਿਰ ਆਪਣੀ ਲਏ ਪਰਗਟਾਈਆ । ਰਹਿਬਰ ਬਣੇ ਪਰਵਰਦਿਗਾਰਾ, ਬੇਪਰਵਾਹ ਫੇਰਾ ਪਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚਾ ਵੇਖ ਵਖਾਈਆ । ਜੁਗ ਚੌਕੜੀ ਤੇਰਾ ਤੱਕਦੇ ਰਹੇ ਰਾਹ, ਨੇਤਰ ਅੱਖ ਨੈਣ ਉਠਾਈਆ । ਕਵਣ ਵੇਲਾ ਪ੍ਰਭ ਮਿਲੇ ਮਲਾਹ, ਬੇੜਾ ਆਪ ਚਲਾਈਆ । ਖਾਣੀ ਬਾਣੀ ਦੇਂਦੇ ਰਹੇ ਸਲਾਹ, ਜੀਵ ਜੰਤ ਕਰ ਪੜ੍ਹਾਈਆ । ਆਦਿ ਜੁਗਾਦੀ ਰਹਿਬਰ ਬਣੇ ਇਕ ਖ਼ੁਦਾ, ਖ਼ਾਲਕ ਖ਼ਲਕ ਵੇਖ ਵਖਾਈਆ । ਸਬਰ ਪਿਆਲਾ ਜਾਮ ਦਏ ਪਿਆ, ਮਖ਼ਮੂਰੀ ਆਪਣਾ ਨਾਮ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਤੇਰਾ ਗੌਂਦੇ ਰਹੇ ਢੋਲਾ, ਨਾਮ ਨਾਮਾ ਵਡ ਵਡਿਆਈਆ । ਨਿਰਗੁਣ ਸਰਗੁਣ ਪੜਦਾ ਰੱਖਿਆ ਉਹਲਾ, ਭੇਵ ਅਭੇਦ ਨਾ ਕੋਇ ਜਣਾਈਆ । ਨਿਤ ਨਵਿਤ ਬਣਿਆ ਰਿਹੋ ਤੋਲਾ, ਨਾਮ ਕੰਡਾ ਹੱਥ ਉਠਾਈਆ । ਸਾਚਾ ਗੌਂਦਾ ਰਿਹੋ ਸੋਹਲਾ, ਗੁਰ ਅਵਤਾਰ ਪੀਰ ਪੈਗੰਬਰ ਕਰ ਪੜ੍ਹਾਈਆ । ਆਪ ਲੁਕਿਆ ਰਿਹੋ ਕਾਇਆ ਚੋਲਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਬਣ ਕਹਾਰ ਚੁੱਕਦਾ ਰਿਹੋ ਡੋਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਬੇਪਰਵਾਹ ਤੇਰਾ ਮੰਗਿਆ ਦਰ, ਦਰ ਦਰਵੇਸ਼ ਅਲਖ ਜਗਾਈਆ । ਜੁਗ ਜੁਗ ਤੈਥੋ ਰਹੇ ਡਰ, ਭੈ ਭੌ ਸਿਰ ਰਖਾਈਆ । ਨਿਵਣ ਸੋ ਅੱਖਰ ਰਹੇ ਪੜ੍ਹ, ਤੇਰਾ ਰਾਗ ਅਲਾਈਆ । ਚਰਨ ਕਵਲ ਰਹੇ ਫੜ, ਦੋਏ ਜੋੜ ਜੋੜ ਸਰਨਾਈਆ । ਚਾਰ ਕੁੰਟ ਲੱਭਦੇ ਰਹੇ ਤੇਰਾ ਘਰ, ਕਵਣ ਮੰਦਰ ਮਿਲੇ ਵਡਿਆਈਆ । ਨਜ਼ਰੀ ਆਏ ਨਰਾਇਣ ਨਰ, ਨਰ ਹਰਿ ਆਪਣਾ ਫੇਰਾ ਪਾਈਆ । ਆਪਣੀ ਕਿਰਪਾ ਦੇਵੇ ਕਰ, ਕਰ ਕਿਰਪਾ ਮੇਲ ਮਿਲਾਈਆ । ਸਾਚੇ ਪੌੜੇ ਜਾਈਏ ਚੜ੍ਹ, ਉਚਾ ਟਿੱਲਾ ਸੋਭਾ ਪਾਈਆ । ਦਰਸ਼ਨ ਕਰੀਏ ਅੱਗੇ ਖੜ, ਹਾਜ਼ਰ ਹਜ਼ੂਰ ਨਜ਼ਰੀ ਆਈਆ । ਪੱਲੂ ਨਾਲ ਬੰਧਾਈਏ ਲੜ, ਲੜੀ ਆਪਣੀ ਗੰਢ ਵਖਾਈਆ । ਬਿਰਹੋ ਵੈਰਾਗ ਸਚ ਪ੍ਰੀਤੀ ਅੰਦਰ ਜਾਈਏ ਮਰ, ਮਰ ਜੀਵਤ ਰੂਪ ਵਟਾਈਆ । ਘੋਲੀ ਘੋਲ ਸੇਵ ਲਈਏ ਕਰ, ਮਾਣ ਅਭਿਮਾਨ ਕੋਇ ਰਹਿਣ ਨਾ ਪਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਸਚ ਵਡਿਆਈਆ । ਜੁਗ ਚੌਕੜੀ ਤੇਰੀ ਮੰਗਦੇ ਰਹੇ ਓਟ, ਪ੍ਰਭੂ ਇਕ ਧਿਆਨ ਲਗਾਈਆ । ਦਰਸ਼ਨ ਕਰਦੇ ਰਹੇ ਨਿਰਮਲ ਜੋਤ, ਜੋਤੀ ਜੋਤ ਨੂਰ ਰੁਸ਼ਨਾਈਆ । ਖੇਲ ਵੇਂਹਦੇ ਰਹੇ ਚੌਦਾਂ ਲੋਕ, ਪਰਲੋਕ ਤੇਰੀ ਸ਼ਨਵਾਈਆ । ਤੇਰਾ ਨਾਉਂ ਗੌਂਦੇ ਰਹੇ ਰਸਨਾ ਜਿਹਵਾ ਨਾਲ ਹੋਟ, ਬੱਤੀ ਦੰਦ ਸਿਫ਼ਤ ਸਾਲਾਹੀਆ । ਤੇਰੀ ਪ੍ਰੇਮ ਪ੍ਰੀਤੀ ਅੰਦਰ ਮਾਣਦੇ ਰਹੇ ਮੌਜ, ਮੌਜੂਦਾ ਤੇਰਾ ਰਾਹ ਤਕਾਈਆ । ਡੂੰਘੀ ਕੰਦਰ ਅੰਦਰ ਕਰਦੇ ਰਹੇ ਖੋਜ, ਘਰ ਘਰ ਦਰ ਦਰ ਤੇਰਾ ਰਾਹ ਤਕਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸੋਚਦੇ ਰਹੇ ਤੇਰੀ ਸੋਚ, ਸੋਚ ਸਮਝ ਸਕੇ ਨਾ ਕੋਇ ਰਾਈਆ । ਤੇਰਾ ਦਰਸ਼ਨ ਦੀਦਾਰ ਰਹੇ ਲੋਚ, ਲੋਚਣ ਆਪਣੇ ਨੈਣ ਉਠਾਈਆ । ਪਾਰਬ੍ਰਹਮ ਪ੍ਰਭ ਘਰ ਸਾਚੇ ਪਹੁੰਚ, ਮਿਹਰਵਾਨ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸਚ ਸਚ ਸਰਨਾਈਆ । ਜੁਗ ਚੌਕੜੀ ਮੰਗੀ ਸਰਨਗਤ, ਮਿਲੇ ਸਰਨ ਸਰਨਾਈਆ । ਪਾਰਬ੍ਰਹਮ ਪ੍ਰਭ ਦੇਵੇ ਮਤ, ਇਕੋ ਗੁਣ ਸਮਝਾਈਆ । ਅੰਤਰ ਧੀਰਜ ਬਖ਼ਸ਼ੇ ਸਤਿ, ਸਤਿ ਸੰਤੋਖ ਝੋਲੀ ਪਾਈਆ । ਵਸਤ ਅਮੋਲਕ ਫੜਾਏ ਹੱਥ, ਨਾਮ ਧਨ ਲੁਟਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਰੱਤ ਆਪਣੇ ਰੰਗ ਵਖਾਈਆ । ਸੇਜ ਸੁਹੰਜਣੀ ਸੁਹਾਏ ਪਲੰਘ, ਘਰ ਮਿਲੇ ਬੇਪਰਵਾਹੀਆ । ਵਿਛੋੜਾ ਕਟੇ ਕੂੜੀ ਭੁੱਖ ਨੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਧਿਆਨ ਲਗਾਈਆ । ਜੁਗ ਚੌਕੜੀ ਮੰਗਦੇ ਰਹੇ ਭਿਖ, ਪ੍ਰਭ ਤੇਰਾ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਿਖਿਆ ਰਹੇ ਸਿਖ, ਸਾਚੀ ਸਿਖਿਆ ਇਕ ਜਣਾਈਆ । ਕਵਣ ਵੇਲਾ ਪ੍ਰਭ ਕਰੇ ਹਿਤ, ਘਰ ਆਵੇ ਚਾਈਂ ਚਾਈਂਆ । ਅੱਠੇ ਪਹਿਰ ਦਰਸਨ ਦੇਵੇ ਨਿਤ, ਨਵਿਤ ਆਪਣੀ ਧਾਰ ਬੰਧਾਈਆ । ਕੋਈ ਨਾ ਦਿਸੇ ਰਸ ਫਿਕ, ਰਸ ਫਿੱਕਾ ਅੰਮ੍ਰਿਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰ ਜੁਗ ਪ੍ਰਭ ਰਹੇ ਗੌਂਦੇ, ਤੇਰਾ ਧਿਆਨ ਲਗਾਈਆ । ਲੋਕ ਲੱਜਿਆ ਵਿਚ ਸ਼ਰਮੌਂਦੇ, ਨੇਤਰ ਨੈਣ ਨੈਣ ਛੁਪਾਈਆ । ਚਾਰ ਕੁੰਟ ਉਠ ਉਠ ਧੌਂਦੇ, ਜੰਗਲ ਜੂਹ ਫੇਰਾ ਪਾਈਆ । ਤਨ ਜਲ ਧਾਰ ਪਾਣੀ ਠਰੌਂਦੇ, ਸਿਰ ਛਾਰ ਖ਼ਾਕ ਰਮਾਈਆ । ਡੂੰਘੀ ਕੰਦਰ ਵੜ ਵੜ ਰਾਹ ਤਕੌਂਦੇ, ਨੇਤਰ ਮੀਟ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲੱਖ ਜਗਾਈਆ । ਚਾਰ ਜੁਗ ਤੇਰਾ ਗੌਂਦੇ ਰਹੇ ਗੀਤ, ਜਨ ਭਗਤ ਰਹੇ ਜਣਾਈਆ । ਕੋਈ ਮੰਦਰ ਵੜਿਆ ਮਸੀਤ, ਸ਼ਿਵਦਵਾਲਾ ਮੱਠ ਕੋਇ ਮਨਾਈਆ । ਕੋਈ ਜਲ ਧਾਰਾ ਠਰਿਆ ਠਾਂਡਾ ਸੀਤ, ਅਗਨੀ ਤਤ ਕੋਇ ਤਪਾਈਆ । ਕੋਈ ਗਾਏ ਅੰਦਰ ਵੜ ਕੇ ਗੀਤ, ਕੋਈ ਉਚੀ ਕੂਕ ਸੁਣਾਈਆ । ਕੋਈ ਭੁੰਨਿਆ ਵਾਂਗ ਕਬਾਬ ਉਪਰ ਸੀਖ, ਕੋਈ ਪੁਠੜੀ ਖੱਲ ਲੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਇਕ ਅਰਜੋਈਆ । ਭਗਤ ਸੰਤ ਸੂਫੀ ਕਹਿੰਦੇ, ਪ੍ਰਭ ਇਕੋ ਧਿਆਨ ਲਗਾਈਆ । ਚਾਰ ਜੁਗ ਤੇਰਾ ਭਾਣਾ ਸਹਿੰਦੇ, ਦੁੱਖੜੇ ਜਗਤ ਉਠਾਈਆ । ਡੂੰਘੀ ਧਾਰ ਵਹਿਣ ਵਹਿੰਦੇ, ਰੁੜ੍ਹਦਿਆਂ ਰੁੜ੍ਹਦਿਆਂ ਚਾਰ ਜੁਗ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਅੰਤ ਵਡਿਆਈਆ । ਭਗਤ ਸੰਤ ਗੁਰਮੁਖ ਰੋ, ਦਰ ਸਾਚੇ ਹਾਲ ਸੁਣਾਈਆ । ਪੁਰਖ ਅਬਿਨਾਸ਼ੀ ਸਹਾਈ ਆਪੇ ਹੋ, ਹੋਕਾ ਤੇਰੇ ਨਾਮ ਵਡਿਆਈਆ । ਤੁਧ ਬਿਨ ਨਜ਼ਰ

ਨਾ ਆਵੇ ਕੋ, ਕੂੜੀ ਦਿਸੇ ਸਰਬ ਲੋਕਾਈਆ । ਆਤਮ ਪਰਮਾਤਮ ਆ ਕੇ ਛੋਹ, ਸ਼ਹਿਨਸ਼ਾਹ ਆਪਣੇ ਅੰਗ ਲਗਾਈਆ । ਕਰ ਮੁਹੱਬਤ ਪਾ ਮੋਹ, ਮਿਹਰ ਨਜ਼ਰ ਇਕ ਉਠਾਈਆ । ਆਪਣੇ ਪਰਕਾਸ਼ ਕਰ ਲੋ, ਦੀਪਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅੰਤਮ ਤੇਰਾ ਧਿਆਨ ਲਗਾਈਆ । ਜੁਗ ਚੌਕੜੀ ਹੋਈ ਅਖ਼ੀਰ, ਆਖ਼ਰ ਤੇਰੀ ਆਸ ਰਖਾਈਆ । ਦਰ ਆ ਸਾਂਝੇ ਪੀਰ, ਪੀਰਨ ਪੀਰ ਤੇਰੀ ਵਡਿਆਈਆ । ਪਰਗਟ ਹੋ ਗਹਿਰ ਗੰਭੀਰ, ਬੇਨਜ਼ੀਰ ਫੇਰਾ ਪਾਈਆ । ਕਲਜੁਗ ਅਗਨ ਤਪੇ ਸਰੀਰ, ਸਾਂਤਕ ਸਤਿ ਨਾ ਕੋਇ ਕਰਾਈਆ । ਸਾਚਾ ਭੂਸ਼ਨ ਬਸਤਰ ਪਹਿਨੇ ਨਾ ਕੋਇ ਚੀਰ, ਚੋਲੀ ਤਨ ਨਾ ਕੋਇ ਰੰਗਾਈਆ । ਲੱਖ ਚੁਰਾਸੀ ਕਟੇ ਨਾ ਕੋਇ ਭੀੜ, ਅਗਲਾ ਪੰਧ ਨਾ ਕੋਇ ਮੁਕਾਈਆ । ਮਾਣਸ ਜਨਮ ਕੋਈ ਨਾ ਬੰਨ੍ਹੇ ਬੀੜ, ਸਿਰ ਹੱਥ ਨਾ ਕੋਇ ਟਿਕਾਈਆ । ਤੇਰੇ ਭਗਤ ਹੋਏ ਦਿਲਗੀਰ, ਦਿਲ ਦਿਲਾਸਾ ਕੋਇ ਨਜ਼ਰ ਨਾ ਆਈਆ । ਏਕਾ ਪਕੜ ਹੱਥ ਸ਼ਮਸ਼ੀਰ, ਸ਼ਾਹ ਪਾਤਸ਼ਾਹ ਆਪਣਾ ਬਲ ਵਖਾਈਆ । ਲੇਖੇ ਲਾ ਸ਼ਾਹ ਹਕੀਰ, ਹਕੀਕਤ ਆਪਣੀ ਦੇ ਜਣਾਈਆ । ਦਰੋਹੀ ਖ਼ੁਦਾ ਬਦਲ ਤਕਦੀਰ, ਤਸਵੀਰ ਆਪਣੀ ਸਚ ਵਖਾਈਆ । ਸ਼ਰਅ ਤੋੜ ਆਣ ਜ਼ੰਜੀਰ, ਜਾਬਰ ਜਬਰ ਫੇਰਾ ਪਾਈਆ । ਤੇਰਾ ਤੱਕਿਆ ਰਾਹ ਯਾਮੁਬੀਨ, ਮੁਫ਼ਲਸ ਬੈਠੇ ਦੇਣ ਦੁਹਾਈਆ । ਨਾ ਕੋਈ ਮਿਸਾਲ ਵਿਛੋੜਾ ਮੀਨ, ਮੀਨ ਵਿਛੋੜਾ ਜਲ ਨਜ਼ਰ ਕੋਇ ਨਾ ਆਈਆ । ਹਉਂ ਬਾਲਕ ਨੱਢੇ ਤੇਰੇ ਅਧੀਨ, ਤੂੰ ਪਿਤਾ ਪੁਰਖ ਬੇਪਰਵਾਹੀਆ । ਸਾਨੂੰ ਤੇਰੇ ਉਤੇ ਯਕੀਨ, ਵੇਲੇ ਅੰਤ ਹੋਏਂ ਸਹਾਈਆ । ਬਰਦੇ ਬਣੇ ਗ਼ੁਲਾਮ ਮਸਕੀਨ, ਮੁਸ਼ਕਲ ਅੰਤਮ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲਹਿਣਾ ਝੋਲੀ ਪਾਈਆ । ਤੱਕ ਤੱਕ ਰਾਹ ਗਏ ਥੱਕ, ਜੁਗ ਚੌਕੜੀ ਪੰਧ ਮੁਕਾਈਆ । ਪੜ੍ਹ ਪੜ੍ਹ ਕਲਮੇ ਗਏ ਅੱਕ, ਵੇਖ ਲੇਖਾ ਕਲਮ ਸ਼ਾਹੀਆ । ਬਣ ਬਣ ਪਾਂਧੀ ਰਹੇ ਨੱਠ, ਤੇਰਾ ਪੰਧ ਨਾ ਕੋਇ ਮੁਕਾਈਆ । ਫਿਰ ਫਿਰ ਵੇਖੇ ਤੀਰਥ ਤਟ, ਦੁਰਮਤ ਮੈਲ ਨਾ ਕੋਇ ਧਵਾਈਆ । ਸੂਰੀਆ ਚੰਦਰ ਪਾਣੀ ਝੱਟ, ਜਲ ਧਾਰਾ ਭੇਟ ਚੜ੍ਹਾਈਆ । ਮਣਕਾ ਮਣਕਾ ਮਾਲਾ ਅਠੋਤਰੀ ਰਟ, ਅਕੋਤਰੀ ਤੇਰੀ ਗੰਢ ਵਖਾਈਆ । ਸਚ ਦਵਾਰਾ ਨਜ਼ਰ ਨਾ ਆਇਆ ਕੋਈ ਹੱਟ, ਚਾਰ ਕੁੰਟ ਫਿਰੇ ਵਾਹੋ ਦਾਹੀਆ । ਅੰਤਮ ਖੇੜਾ ਹੁੰਦਾ ਦਿਸੇ ਭੱਠ, ਭਾਂਡਾ ਭਰਮ ਨਾ ਕੋਇ ਭੰਨਾਈਆ । ਤੁਧ ਬਿਨ ਕੋਈ ਨਾ ਰੱਖੇ ਪਤ, ਪਤਿਪਰਮੇਸ਼ਵਰ ਸਚ ਗੋਸਾਈਆ । ਸਾਚਾ ਮਾਰਗ ਆ ਕੇ ਦੱਸ, ਦਰ ਬੈਠੇ ਅਲਖ ਜਗਾਈਆ । ਨਿਰਗੁਣ ਹੋ ਕੇ ਹਿਰਦੇ ਵਸ, ਸਰਗੁਣ ਦੇਵਣਹਾਰ ਵਡਿਆਈਆ । ਮਿਹਰਵਾਨ ਹੋ ਕੇ ਗਾ ਜਸ, ਤੇਰਾ ਇਕ ਧਿਆਨ ਰਖਾਈਆ । ਕਲਜੁਗ ਅੰਤਮ ਸਾਡੀ ਹੋਈ ਬੱਸ, ਬਸਤਾ ਬੱਧਾ ਵਲੋ ਲੋਕਾਈਆ । ਧੀਰਜ ਕੋਈ ਨਾ ਰਿਹਾ ਹੱਠ, ਤਪ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਦੇ ਦੇ ਸਾਡਾ ਹੱਕ, ਇਕੋ ਆਪਣੀ ਮੰਗ ਮੰਗਾਈਆ । ਜੁਗ ਚੌਕੜੀ ਤੇਰਾ ਨਾਉਂ ਰਹੇ ਪੜ੍ਹਦੇ, ਰਸਨਾ ਜਿਹਵਾ ਨਾਲ ਮਿਲਾਈਆ । ਹੋ ਕੇ ਰਹੇ ਦਰਵੇਸ਼ ਬਰਦੇ, ਬੰਦੇ ਬੰਦਗੀ ਵਿਚ ਸਮਾਈਆ । ਦਰ ਦਰ ਪਾਣੀ ਤੇਰਾ ਰਹੇ ਭਰਦੇ, ਪਨਘਟ ਇਕੋ ਫੇਰਾ ਪਾਈਆ । ਦੀਨ ਮਜ਼੍ਹਬ ਨਾਲ ਰਹੇ ਲੜਦੇ, ਛੁਰੀ ਸ਼ਰਅ ਵੇਖੀ ਜਗਤ ਕਸਾਈਆ । ਅਗਨੀ ਹਵਨ ਰਹੇ ਸੜਦੇ, ਜਲ ਧਾਰਾ ਰੋੜ ਵਹਾਈਆ । ਤੇਰੇ ਪਿੱਛੇ ਰਹੇ ਮਰਦੇ, ਤੈਨੂੰ ਤਰਸ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ,

ਕਲ ਅੰਤਮ ਮੰਗ ਮੰਗਾਈਆ । ਅੰਤਮ ਮੰਗਦੇ ਨਿਰੰਕਾਰ, ਜਨ ਭਗਤ ਆਖ ਜਣਾਈਆ । ਦਰ ਆਏ ਤੇਰੇ ਦਰਬਾਰ, ਘਰ ਸਾਚੇ ਅਲਖ ਜਗਾਈਆ । ਆਦਿ ਜੁਗਾਦੀ ਮੀਤ ਮੁਰਾਰ, ਸਚ ਪ੍ਰੀਤੀ ਤੋੜ ਨਿਭਾਈਆ । ਜੁਗ ਚੌਕੜੀ ਕਰਦੇ ਰਹੇ ਪਿਆਰ, ਅਨੰਦ ਵੇਖੀਏ ਚਾਈਂ ਚਾਈਆ । ਨਹੀਂ ਤੇ ਕਹਿਦੇ ਮੈਂ ਗਿਆ ਹਾਰ, ਮੇਰਾ ਬਲ ਕੋਇ ਰਹਿਣ ਨਾ ਪਾਈਆ । ਫੇਰ ਅਸੀਂ ਭਰੀਏ ਤੇਰਾ ਭੰਡਾਰ, ਤੇਰਾ ਨਾਮ ਤੇਰੀ ਝੋਲੀ ਪਾਈਆ । ਆਪਾ ਆਪ ਤੈਥੋ ਵਾਰ, ਤੇਰੀ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦੇ ਚੁਕਾਈਆ । ਭਗਤ ਕਹਿਣ ਪ੍ਰਭ ਸਚ ਦੱਸ, ਕਿਉਂ ਬੈਠਾ ਮੁਖ ਸ਼ਰਮਾਈਆ । ਕੀ ਤੂੰ ਸਾਡਾ ਕਿ ਅਸੀਂ ਤੇਰੇ ਵਸ, ਦੋਹਾਂ ਪੜਦਾ ਦੇ ਖੁਲ੍ਹਾਈਆ । ਕੀ ਸਬ ਕੁਛ ਤੇਰੇ ਹੱਥ, ਕੀ ਦੇਵਣਹਾਰ ਭਗਤ ਹੋ ਜਾਈਆ । ਜੇ ਕਹੇਂ ਮੈਂ ਨਹੀਂ ਪੁਰਖ ਸਮਰਥ, ਤੇਰੀ ਸਮਰੱਥਿਆ ਦੇਈਏ ਬਣਾਈਆ । ਜੋ ਮਾਰਗ ਸਾਨੂੰ ਦਿਤਾ ਦੱਸ, ਸੋ ਮਾਤਲੋਕ ਪਰਗਟਾਈਆ । ਕਲਜੁਗ ਅੰਤਮ ਕਰ ਕੇ ਆਏ ਹੱਠ, ਬਲ ਆਪਣਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸਦ ਆਪਣੇ ਨਾਲ ਰਖਾਈਆ । ਸ੍ਰੀ ਭਗਵਾਨ ਕਹੇ ਮੈਂ ਸਮਰਥ, ਸਮਰਥ ਮੇਰੀ ਵਡਿਆਈਆ । ਜਨ ਭਗਤ ਚੜ੍ਹਾਵਾਂ ਆਪਣੇ ਰਥ, ਬਣ ਰਥਵਾਹੀ ਸੇਵ ਕਮਾਈਆ । ਜੁਗ ਚੌਕੜੀ ਜੋ ਮਾਰਗ ਆਇਆ ਦੱਸ, ਅੰਤਮ ਨੇਤਰ ਨੈਣਾਂ ਦਿਆਂ ਵਖਾਈਆ । ਮੇਲ ਮਿਲਾਵਾ ਹੱਸ ਹੱਸ, ਘਰ ਸਾਚੇ ਜੋੜ ਜੁੜਾਈਆ । ਅੰਤਰ ਆਤਮ ਦੇਵਾਂ ਰਸ, ਅੰਮ੍ਰਿਤ ਝਿਰਨਾ ਇਕ ਝਿਰਾਈਆ । ਪ੍ਰੇਮੀ ਹੋ ਕੇ ਹੋਵਾਂ ਵਸ, ਪ੍ਰੀਤੀ ਇਕੋ ਤੋੜ ਨਿਭਾਈਆ । ਤੀਰ ਅਨਿਯਾਲਾ ਮਾਰਾਂ ਕਸ, ਬਜਰ ਕਪਾਟੀ ਪਾਰ ਕਰਾਈਆ । ਮੰਦਰ ਬਹਿ ਕੇ ਗਾਵਾਂ ਜਸ, ਢੋਲਾ ਰਾਗ ਸੁਣਾਈਆ । ਨਾਤਾ ਤੁੜਾਵਾਂ ਤਤ ਅੱਠ, ਨੌ ਦਰ ਪੰਧ ਮੁਕਾਈਆ । ਦਸਵੇਂ ਘਰ ਬੋਲ ਅਲੱਖ, ਅਲੱਖ ਅਲੱਖਣਾ ਭੇਵ ਚੁਕਾਈਆ । ਮੇਲ ਮਿਲਾਵਾਂ ਕਮਲਾਪਤ, ਪਤਿਪਰਮੇਸ਼ਵਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਆਪ ਤਰਾਈਆ । ਜਨ ਭਗਤ ਅੰਤਮ ਮੇਲ ਮਿਲਾਵਾਂਗਾ । ਗੁਰ ਚੇਲਾ ਰੂਪ ਵਟਾਵਾਂਗਾ । ਸੱਜਣ ਸੁਹੇਲਾ ਸੰਗ ਨਿਭਾਵਾਂਗਾ । ਸਾਚਾ ਵੇਲਾ ਆਪ ਸੁਹਾਵਾਂਗਾ । ਅਚਰਜ ਖੇਲ ਆਪ ਖਿਲਾਵਾਂਗਾ । ਆਵਣ ਜਾਵਣ ਲੱਖ ਚੁਰਾਸੀ ਕੂੜੀ ਜੇਲ ਪੰਧ ਮੁਕਾਵਾਂਗਾ । ਧਾਮ ਵਖਾਵਾਂ ਇਕ ਨਵੇਲ, ਜਿਸ ਘਰ ਆਪਣਾ ਆਸਣ ਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਾਰ ਜੁਗ ਦੀ ਕਰਨੀ ਕੀਤੀ ਝੋਲੀ ਪਾਵਾਂਗਾ । ਚਾਰ ਜੁਗ ਦੀ ਝੋਲੀ ਭਰਾਵਾਂਗਾ । ਫੜ ਬਾਂਹੋ ਪਾਰ ਲੰਘਾਵਾਂਗਾ । ਸਾਚੇ ਮੰਦਰ ਆਪ ਬਹਾਵਾਂਗਾ । ਮਸਤਕ ਚੰਦਨ ਟਿੱਕਾ ਨਾਮ ਲਗਾਵਾਂਗਾ । ਧੁਰਦਰਗਾਹੀ ਸਾਚਾ ਸਗਨ, ਸਚਖੰਡ ਦਵਾਰੇ ਆਪ ਵਖਾਵਾਂਗਾ । ਅੱਠੇ ਪਹਿਰ ਜੋਤੀ ਮਘਨ, ਪੰਜ ਤਤ ਨਾਤਾ ਤੋੜ ਤੁੜਾਵਾਂਗਾ । ਲੋਕਮਾਤ ਕੋਈ ਨਾ ਆਵੇ ਸੱਦਣ, ਸੱਦਾ ਆਪਣਾ ਨਾਮ ਰਖਾਵਾਂਗਾ । ਪਰਮ ਪੁਰਖ ਦਾ ਇਕੋ ਭਜਨ, ਤੂੰ ਮੇਰਾ ਮੈਂ ਤੇਰਾ ਢੋਲਾ ਗਾਵਾਂਗਾ । ਸੰਤ ਸੁਹੇਲੇ ਗੁਰਮੁਖ ਸੱਜਣ, ਦਰਗਾਹ ਸਾਚੀ ਬਹਿ ਕੇ ਨੱਚਣ, ਖ਼ੁਸ਼ੀਆਂ ਆਪਣਾ ਰੰਗ ਵਖਾਵਾਂਗਾ । ਪੂਰਬ ਜਨਮ ਦਾ ਕੀਤਾ ਕੌਲ ਪੂਰਾ ਕਰਾਂ ਬਚਨ, ਬੱਚਤ ਆਪਣੇ ਕੋਲ ਨਾ ਕੋਇ ਵਖਾਵਾਂਗਾ । ਘਾਟ ਉਤਾਰਾਂ ਸਾਚੇ ਪੱਤਣ, ਡੇਰਾ ਇਕੋ ਘਰ ਲਗਾਵਾਂਗਾ । ਕਲਜੁਗ ਅੰਤਮ ਆਇਆ ਰੱਖਣ, ਰਾਖਾ ਹੋ ਕੇ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਹਰਿਜਨ ਸਾਚੇ ਕੋਲ ਬਹਾਵਾਂਗਾ । ਹਰਿਜਨ ਸਾਚੇ ਕੋਲ ਬਹਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਚਾਰ ਜੁਗ ਦਾ ਲੇਖਾ ਅੰਤ ਮੁਕਾਏਗਾ । ਮਿੱਠਾ ਕਰ ਕੇ ਕੌੜਾ ਰੇਠਾ, ਅੰਮ੍ਰਿਤ ਰਸ ਆਪ ਭਰਾਏਗਾ । ਬਣ ਕੇ ਦੋ ਜਹਾਨਾਂ ਨੇਤਾ, ਧੁਰ ਫ਼ਰਮਾਨਾ ਹੁਕਮ ਸੁਣਾਏਗਾ । ਜਨ ਭਗਤਾਂ ਕਰੇ ਅਗੰਮੀ ਹੇਤਾ, ਆਤਮ ਪਰਮਾਤਮ ਮੇਲ ਮਿਲਾਏਗਾ । ਨਿਜ ਨੇਤਰ ਆਪਣੇ ਪੇਖਾ, ਪੇਖ ਪੇਖ ਖ਼ੁਸ਼ੀ ਜਣਾਏਗਾ । ਸਚਖੰਡ ਦਵਾਰ ਕਰਾਏ ਪਿਛਲਾ ਚੇਤਾ, ਪੂਰਬ ਜਨਮ ਬੂਝ ਬੁਝਾਏਗਾ । ਭਗਤ ਭਗਵਾਨ ਨਾਤਾ ਪਿਉ ਪੁਤ ਜਗ ਬੇਟਾ, ਜਗਜੀਵਣ ਦਾਤਾ ਆਪਣਾ ਘਰ ਵਸਾਏਗਾ । ਵੇਖਣਾ ਖੇਲ ਸਚਖੰਡ ਸਚ ਦੇਸਾ, ਛੱਪਰ ਛੰਨ ਨਾ ਕੋਇ ਛੁਹਾਏਗਾ । ਸਦ ਰੱਖੇ ਚਰਨਾਂ ਹੇਠਾਂ, ਧੂੜੀ ਟਿੱਕਾ ਮਸਤਕ ਇਕੋ ਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਸਭ ਦਾ ਪੂਰ ਕਰਾਏਗਾ । ਪ੍ਰਭ ਮਨਸਾ ਪੂਰ ਕਰਾਵੇਗਾ । ਜੋਤੀ ਨੂਰ ਚਮਕਾਵੇਗਾ । ਹਾਜ਼ਰ ਹਜ਼ੂਰ ਨਜ਼ਰੀ ਆਵੇਗਾ । ਨੇੜੇ ਦੂਰ ਪੰਧ ਮੁਕਾਵੇਗਾ । ਨਾਤਾ ਕੂੜੇ ਕੂੜ ਤੁੜਾਵੇਗਾ । ਮੂਰਖ ਮੂੜ੍ਹ ਚਤੁਰ ਸੁਘੜ ਬਣਾਵੇਗਾ । ਦੇ ਮਸਤਕ ਧੂੜ, ਟਿੱਕਾ ਆਪਣਾ ਨਾਮ ਲਗਾਵੇਗਾ । ਜਨਮ ਕਰਮ ਦੀ ਆਸਾ ਪੂਰ, ਭਾਂਡਾ ਭਰਮ ਭੌ ਭੰਨਾਵੇਗਾ । ਗੁਰ ਭੁੱਲਿਆਂ ਜੋ ਕੀਤੇ ਕਸੂਰ, ਸੋ ਕਸੂਰ ਮੁਆਫ ਫ਼ਰਮਾਵੇਗਾ । ਸਰਬ ਕਲਾ ਹੋ ਭਰਪੂਰ, ਪ੍ਰਭ ਆਪਣੀ ਦਇਆ ਕਮਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਾ ਚੰਦਨ ਮਸਤਕ ਨਾਮ ਸੁਗੰਧੀ ਤਿਲਕ ਲਗਾਵੇਗਾ । ਨਾਮ ਸੁਗੰਧੀ ਤਿਲਕ ਲਲਾਟ, ਤ੍ਰਿਸੂਲ ਨਾ ਕੋਇ ਵਡਿਆਈਆ । ਅੱਠੇ ਪਹਿਰ ਜੋਤ ਪਰਕਾਸ਼, ਅੰਧ ਅੰਧੇਰ ਦਏ ਮਿਟਾਈਆ । ਨਿਰਗੁਣ ਹੋ ਕੇ ਵਸੇ ਸਾਥ, ਨਿਰਗੁਣ ਮੇਲਾ ਸਹਿਜ ਸੁਭਾਈਆ । ਨਿਰਗੁਣ ਨਜ਼ਰੀ ਆਏ ਸਾਖਿਆਤ, ਜੋਤੀ ਜਾਤਾ ਬੇਪਰਵਾਹੀਆ । ਭਗਤ ਜਨ ਸਾਰੇ ਮੁਖੋ ਕਹਿਣ ਆਖ, ਵਾਹਵਾ ਭਗਵਨ ਤੇਰੀ ਵਡਿਆਈਆ । ਤੇਰੇ ਦਰ ਤੇ ਹੋਏ ਦਾਸ, ਆਸ ਪੁੰਨੀ ਖ਼ੁਸ਼ੀ ਮਨਾਈਆ । ਤੇਰੇ ਮੰਦਰ ਮਿਲਿਆ ਨਿਵਾਸ, ਘਰ ਸਾਚੇ ਵੱਜੀ ਵਧਾਈਆ । ਤੇਰੇ ਉਪਜੀ ਵਿਚੋ ਸ਼ਾਖ਼, ਅੰਤਮ ਤੇਰੀ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਇਆ ਇਕੋ ਘਰ, ਜਿਸ ਘਰ ਤੇਰਾ ਰੂਪ ਨਜ਼ਰੀ ਆਈਆ । ਭਗਤ ਵੇਖ ਰੂਪ ਸਚ, ਹਰਿ ਸਚ ਸਚ ਦ੍ਰਿੜ੍ਹਾਇੰਦਾ । ਤੂੰ ਮੇਰਾ ਮੈਂ ਤੇਰਾ ਇਕ ਦੂਜੇ ਅੰਦਰ ਗਏ ਰਚ, ਰਚਨਾ ਆਪਣੀ ਫੇਰ ਸਮਝਾਇੰਦਾ । ਭਗਤ ਦਵਾਰੇ ਭਗਵਨ ਨੱਚ, ਨਾਚ ਭਗਤਾਂ ਆਪਣੇ ਘਰ ਵਖਾਇੰਦਾ । ਧੁਰ ਦਾ ਮਾਰਗ ਧੁਰਦਰਗਾਹੀ ਦੱਸ, ਧੁਰ ਦਾ ਮੇਲਾ ਮੇਲ ਮਿਲਾਇੰਦਾ । ਅੱਗੇ ਰਹਿਣ ਨਾ ਦੇਵਾਂ ਅੱਡ, ਪਿਛਲਾ ਵਿਛੋੜਾ ਪੰਧ ਮੁਕਾਇੰਦਾ । ਕੂੜੇ ਨਾਤੇ ਦੇਣੇ ਛੱਡ, ਸ਼ਹਿਨਸ਼ਾਹ ਆਪਣੇ ਰੰਗ ਰੰਗਾਇੰਦਾ । ਜਿਸ ਦਾ ਲੱਭਦੇ ਰਹੇ ਚੌਥਾ ਪਦ, ਸੋ ਪਰਮ ਪੁਰਖ ਪ੍ਰਭ ਆਪਣਾ ਘਰ ਵਖਾਇੰਦਾ । ਬਣ ਕੇ ਹਾਜੀ ਕਰੋ ਹੱਜ, ਹੁਜਰਾ ਇਕੋ ਨਜ਼ਰੀ ਆਇੰਦਾ । ਪ੍ਰਭ ਨੇਤਰ ਨਿਜ ਦਰਸਨ ਕਰੋ ਰੱਜ ਰੱਜ, ਅੰਤਮ ਤ੍ਰਿਸਨਾ ਭੁੱਖ ਬੁਝਾਇੰਦਾ । ਸਚ ਮਹੱਲੇ ਵੜੋ ਭੱਜ ਭੱਜ, ਸਤਿਗੁਰ ਦਵਾਰਾ ਇਕ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਫੇਰ ਵਖਾਵੇ ਉਹ ਘਰ, ਜਿਸ ਘਰ ਵਿਚੋ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਬਾਹਰ ਕਢਾਇੰਦਾ ।


੬੭
੧੫

## ੨੮ ਹਾੜ੍ਹ ੨੦20 ਬਿਕ੍ਰਮੀ ਪ੍ਰੀਤਮ ਸਿੰਘ ਸਾਧੂ ਸਿੰਘ ਦੇ ਗ੍ਰਹਿ ਪਿੰਡ ਝੰਡੇਰ ਕਲਾਂ

ਹਰਿ ਸੰਗਤ ਤੇਰਾ ਹੋਏ ਵਾਧਾ, ਵਦੀ ਸੁਦੀ ਨਾ ਕੋਇ ਵਡਿਆਈਆ । ਗੋਬਿੰਦ ਪਿਤਾ ਪੁਰਖ ਅਕਾਲ ਦਾਦਾ, ਘਰ ਸਾਚੇ ਖ਼ੁਸ਼ੀ ਵਖਾਈਆ । ਦੋ ਜਹਾਨਾਂ ਫਿਰੇ ਭਾਜਾ, ਭਗਵਨ ਆਪਣੀ ਸੇਵ ਕਮਾਈਆ । ਨਵ ਨੌਂ ਚਾਰ ਪਿੱਛੇ ਰਚਿਆ ਕਾਜਾ, ਕਰਨੀ ਕਰਤਾ ਆਪ ਕਮਾਈਆ । ਭੂਪਤ ਭੂਪ ਵਡ ਸ਼ਾਹੋ ਰਾਜਨ ਰਾਜਾ, ਸ਼ਹਿਨਸ਼ਾਹ ਆਪਣਾ ਖੇਲ ਵਖਾਈਆ । ਸਾਚੇ ਤੇਰਾ ਲਾਵੇ ਭਾਗਾ, ਵਡਭਾਗੀ ਖ਼ੁਸ਼ੀ ਮਨਾਈਆ । ਭਗਤ ਭਗਵੰਤ ਸਾਜਣ ਸਾਜਾ, ਸਚ ਸਮਗਰੀ ਵਿਚ ਟਿਕਾਈਆ । ਨਾਮ ਨਿਧਾਨ ਵਜਾਏ ਵਾਜਾ, ਸੁਰ ਤਾਲ ਸਮਝ ਕਿਸੇ ਨਾ ਆਈਆ । ਫੜ ਹੰਸ ਬਣਾਇਆ ਕਾਗਾ, ਸੋਹੰ ਹੰਸਾ ਜਾਪ ਜਪਾਈਆ । ਨਾਤਾ ਤੁੱਟਾ ਜਗਤ ਸਮਾਜਾ, ਚਾਰ ਵਰਨ ਡੇਰਾ ਢਾਹੀਆ । ਅੰਤਰ ਉਪਜੇ ਇਕ ਵੈਰਾਗਾ, ਹਰਿ ਵੈਰਾਗੀ ਆਪ ਉਪਜਾਈਆ । ਪੂਰਬ ਜਨਮ ਦਾ ਮਿਲਿਆ ਸੱਜਣ ਸਾਕਾ, ਸਗਲਾ ਸੰਗ ਨਿਭਾਈਆ । ਨਿਰਗੁਣ ਨਿਰਵੈਰ ਨਜ਼ਰੀ ਆਇਆ ਇਕੋ ਆਕਾ, ਅਕਲ ਕਲਧਾਰੀ ਬੇਪਰਵਾਹੀਆ । ਹੋਏ ਸਹਾਈ ਨਾਥ ਅਨਾਥਾ, ਨਿਥਾਵਿਆਂ ਦੇਵਣਹਾਰ ਵਡਿਆਈਆ । ਸਤਿ ਧਰਮ ਜਣਾਏ ਗਾਥਾ, ਆਤਮ ਪਰਮਾਤਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮਿਹਰ ਨਜ਼ਰ ਉਠਾਈਆ । ਹਰਿ ਸੰਗਤ ਤੇਰਾ ਵੇਖੇ ਮਾਣ, ਮਨ ਮਨਸਾ ਪੂਰ ਕਰਾਈਆ । ਗੁਰ ਅਵਤਾਰ ਕਰਨ ਧਿਆਨ, ਨਿਜ ਨੇਤਰ ਨੈਣ ਖੁਲ੍ਹਾਈਆ । ਪੀਰ ਪੈਗੰਬਰ ਹੋਏ ਹੈਰਾਨ, ਨੇਤਰ ਨੈਣ ਨੈਣ ਸ਼ਰਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰਿਆ ਖੇਲ ਮਹਾਨ, ਮਹਿਮਾਂ ਅਕੱਥ ਕਥੀ ਨਾ ਜਾਈਆ । ਸਚਖੰਡ ਨਿਵਾਸੀ ਦਾਤਾ ਦਾਨੀ ਦੇਵੇ ਦਾਨ, ਅਨਮੁਲੜੀ ਵਸਤ ਆਪ ਵਰਤਾਈਆ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਹਰਿਜਨ ਸਾਚੇ ਬਾਹਰ ਕਢਾਈਆ । ਅੰਤਰ ਆਤਮ ਦੇ ਗਿਆਨ, ਸਾਚੀ ਸਿਖਿਆ ਕਰੇ ਪੜ੍ਹਾਈਆ । ਨਾਤਾ ਛੁੱਟੇ ਜਗਤ ਜਹਾਨ, ਕੂੜਾ ਬੰਧਨ ਕੋਇ ਰਹਿਣ ਨਾ ਪਾਈਆ । ਨਜ਼ਰੀ ਆਵੇ ਇਕ ਨਿਸ਼ਾਨ, ਦੋ ਜਹਾਨਾਂ ਵਾਲੀ ਆਪ ਝੁਲਾਈਆ । ਦੀਆ ਦੀਪਕ ਜੋਤ ਜਗੇ ਮਹਾਨ, ਤੇਲ ਬਾਤੀ ਵਿਚ ਨਾ ਕੋਇ ਟਿਕਾਈਆ । ਪੁਰਖ ਅਬਿਨਾਸ਼ੀ ਮਿਲੇ ਸੱਚਾ ਕਾਹਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਹਰਿ ਸੰਗਤ ਤੇਰਾ ਸੋਹਣਾ ਰੂਪ, ਸ੍ਰੀ ਭਗਵਾਨ ਆਪ ਉਪਾਇੰਦਾ । ਤੇਰਾ ਡੰਕਾ ਦੋ ਜਹਾਨਾਂ ਚਾਰ ਕੂਟ, ਦਹਿ ਦਿਸ਼ਾ ਆਪ ਸੁਣਾਇੰਦਾ । ਸਾਹਿਬ ਸੁਲਤਾਨਾ ਸਤਿ ਸਰੂਪ, ਸਤਿ ਸਤਿਵਾਦੀ ਤੇਰੇ ਅੰਦਰ ਆਸਣ ਲਾਇੰਦਾ । ਜਨਮ ਕਰਮ ਦੀ ਮੇਟੇ ਭੁਖ, ਮਾਇਆ ਮਮਤਾ ਤ੍ਰਿਸਨਾ ਰੋਗ ਗਵਾਇੰਦਾ । ਘਰ ਆਤਮ ਉਪਜੇ ਏਕਾ ਸੁਖ, ਸੁਖ ਸਾਗਰ ਰੂਪ ਵਟਾਇੰਦਾ । ਸੋ ਗੁਰਮੁਖ ਸੋ ਹਰਿਜਨ ਸੱਚਾ ਪੂਤ, ਜਿਸ ਜਨ ਆਪਣੀ ਗੋਦ ਬਿਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਹਰਿ ਸੰਗਤ ਤੇਰਾ ਸੱਚਾ ਨੂਰ, ਨੂਰ ਨੁਰਾਨਾ ਆਪ ਧਰਾਈਆ । ਸ੍ਰੀ ਭਗਵਾਨ ਸਰਬ ਕਲਾ ਭਰਪੂਰ, ਖਾਲੀ ਭਾਂਡੇ ਰਿਹਾ ਭਰਾਈਆ । ਜਨਮ ਜਨਮ ਦੇ ਕਟੇ ਜੂੜ, ਜੋੜੀ ਆਪਣੇ ਨਾਲ ਜੁੜਾਈਆ । ਮਸਤਕ ਟਿੱਕਾ ਬਖ਼ਸ਼ੇ ਧੂੜ, ਤਿਲਕ ਲਲਾਟੀ ਜੋਤ ਚਮਕਾਈਆ । ਨਾਤਾ ਤੋੜੇ ਕੂੜੋ ਕੂੜ, ਘਰ ਸਾਚੇ ਵੱਜੇ ਵਧਾਈਆ । ਦਾਤਾ ਦਾਨੀ ਜੋਧਾ ਸੂਰ, ਸੂਰਬੀਰ ਹੋਏ ਸਹਾਈਆ । ਸਤਿਜੁਗ ਤ੍ਰੇਤਾ ਦਵਾਪਰ ਬਖ਼ਸ਼ੇ ਕਲਜੁਗ ਅੰਤ ਕਸੂਰ, ਕਸਮ ਸਾਚੇ ਨਾਮ ਪਵਾਈਆ । ਇਸਮ ਆਜ਼ਮ ਇਕੋ ਦੱਸੇ ਹਾਜ਼ਰ

ਹਜ਼ੂਰ, ਹਰਿ ਹਜ਼ਰਤ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵਣਹਾਰ ਏਕਾ ਏਕ ਆਪਣੀ ਸੇਵ ਕਮਾਈਆ । ਹਰਿ ਸੰਗਤ ਤੇਰਾ ਉਤਮ ਨਾਤਾ, ਨਵ ਨੌ ਚਾਰ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਦੀ ਪੜ੍ਹਦੇ ਗਏ ਗਾਥਾ, ਉਚ ਅਗੰਮ ਅਥਾਹ ਚਰਨ ਧਿਆਨ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਰੂਪ ਵੇਖਣ ਅਇਆ ਆਪ ਤਮਾਸ਼ਾ, ਸ਼ਾਹ ਪਾਤਸ਼ਾਹ ਆਪਣਾ ਫੇਰਾ ਪਾਈਆ । ਦੀਨ ਦਿਆਲ ਹੋ ਕੇ ਜਨ ਭਗਤਾਂ ਦੇਵੇ ਸਚ ਭਰਵਾਸਾ, ਚਰਨ ਕਵਲ ਕਵਲ ਸਰਨਾਈਆ । ਜਨ ਭਗਤਾਂ ਸ੍ਰੀ ਭਗਵਾਨ ਆਪ ਗਾਏ ਗਾਥਾ, ਗੁਰਮੁਖ ਗੂੜ੍ਹੀ ਨੀਂਦ ਸਵਾਈਆ । ਬਿਨ ਕਰਨੀਉਂ ਪੂਰਾ ਕਰੇ ਘਾਟਾ, ਮਿਹਰ ਨਜ਼ਰ ਆਪ ਉਠਾਈਆ । ਕਾਇਆ ਭਰੇ ਸਾਚਾ ਕਾਸਾ, ਵਸਤ ਅਮੋਲਕ ਵਿਚ ਟਿਕਾਈਆ । ਅਗਲਾ ਖੋਲ੍ਹੇ ਭੇਵ ਖ਼ੁਲਾਸਾ, ਖ਼ੁਦੀ ਤਕੱਬਰ ਕੋਇ ਰਹਿਣ ਨਾ ਪਾਈਆ । ਦੱਸਣ ਆਇਆ ਆਪਣਾ ਸਾਕਾ, ਸਾਕੀ ਸਾਚਾ ਨਾਮ ਸੁਣਾਈਆ । ਲੇਖਾ ਜਾਣੇ ਜੋਤੀ ਜਾਤਾ, ਜੋਤੀ ਜੋਤ ਡਗਮਗਾਈਆ । ਜਨ ਭਗਤਾਂ ਪੂਰਾ ਕਰੇ ਖਾਤਾ, ਘਾਟਾ ਕੋਇ ਰਹਿਣ ਨਾ ਪਾਈਆ । ਪੁਰਖ ਅਕਾਲ ਬਣਿਆ ਦਾਤਾ, ਦਾਤਾ ਦਾਨੀ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਰੰਗ ਰੰਗਾਈਆ । ਹਰਿ ਸੰਗਤ ਤੇਰਾ ਉਚ ਮਹੱਲਾ, ਸ੍ਰੀ ਭਗਵਾਨ ਆਪ ਸੁਹਾਈਆ । ਵੇਖਣਹਾਰਾ ਇਕ ਇਕੱਲਾ, ਏਕੰਕਾਰ ਅੱਖ ਖੁਲ੍ਹਾਈਆ । ਸਚ ਪਰਕਾਸ਼ ਦੀਪਕ ਬਲਾ, ਜੋਤੀ ਨੂਰ ਨੂਰ ਰੁਸ਼ਨਾਈਆ । ਧੁਰ ਸੰਦੇਸਾ ਇਕੋ ਘੱਲਾ, ਕਰੇ ਨਾਮ ਪੜ੍ਹਾਈਆ । ਨਿਰਗੁਣ ਹੋ ਫੜਾਏ ਪੱਲਾ, ਸਰਗੁਣ ਆਪਣੇ ਅੰਗ ਲਗਾਈਆ । ਬਿਰਹੋ ਵੈਰਾਗੀ ਫਿਰੇ ਝੱਲਾ, ਝਲਕ ਇਕੋ ਨੂਰ ਜਣਾਈਆ । ਮੂਰਖ ਹੋ ਕੇ ਵੜ ਜਾਏ ਕਾਇਆ ਡੂੰਘੀ ਡੱਲਾ, ਅੰਧ ਅੰਧੇਰੇ ਆਪਣਾ ਆਸਣ ਲਾਈਆ । ਕਰੇ ਖੇਲ ਅਛਲ ਅਛੱਲਾ, ਵਲ ਛਲ ਧਾਰੀ ਸਮਝ ਕੋਇ ਨਾ ਪਾਈਆ । ਮਿਹਰਵਾਨ ਹੋ ਕੇ ਮਾਰੇ ਇਕੋ ਨਾਮ ਹੱਲਾ, ਹੌਲਾ ਸਭ ਦਾ ਭਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਹਰਿ ਸੰਗਤ ਤੇਰਾ ਸੋਹਣਾ ਮੁਖ, ਮੁਖ ਉਜਲ ਆਪ ਕਰਾਈਆ । ਸ੍ਰੀ ਭਗਵਾਨ ਲਾਹੇ ਆਪਣੀ ਭੁੱਖ, ਹਰਿਜਨ ਤੇਰਾ ਦਰਸਨ ਪਾਈਆ । ਪ੍ਰੇਮ ਪ੍ਰੀਤੀ ਅੰਦਰ ਲਏ ਚੁੱਕ, ਸਾਚੀ ਗੋਦ ਆਪ ਉਠਾਈਆ । ਅੱਗੇ ਹੋ ਕੇ ਵੇਖੇ ਨੇੜੇ ਢੁੱਕ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਹਰਿ ਸੰਗਤ ਤੇਰਾ ਸਚ ਮੁਨਾਰ, ਮੁਨੀ ਰਿਖੀ ਬੈਠੇ ਧਿਆਨ ਲਗਾਈਆ । ਚਾਰ ਜੁਗ ਕਰਦੇ ਰਹੇ ਵਿਚਾਰ, ਸਮਝ ਸਕੇ ਕੋਈ ਨਾ ਰਾਈਆ । ਗੁਰ ਅਵਤਾਰ ਦੇਂਦੇ ਰਹੇ ਇਸ਼ਾਰ, ਇਸ਼ਾਰਿਆਂ ਨਾਲ ਸਮਝਾਈਆ । ਪੀਰ ਪੈਗ਼ੰਬਰ ਦੱਸਦੇ ਰਹੇ ਧਾਰ, ਧਰਨੀ ਧਰਤ ਧਵਲ ਵਡਿਆਈਆ । ਸਾਰੇ ਕਹਿੰਦੇ ਰਹੇ ਸਾਂਝਾ ਯਾਰ, ਯਾਰੀ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਵੇਖ ਵਖਾਈਆ । ਹਰਿ ਸੰਗਤ ਪ੍ਰਭ ਵੇਖੇ ਏਕ, ਏਕੰਕਾਰ ਵੱਡੀ ਵਡਿਆਈਆ । ਜਿਸ ਦੀ ਅੰਤਮ ਸਾਚੀ ਟੇਕ, ਸਰਨਗਤ ਇਕ ਸਮਝਾਈਆ । ਤਿਸ ਦਾ ਲੇਖ ਸਦਾ ਅਲੇਖ, ਲੇਖਾ ਲਿਖ ਸਕੇ ਕੋਈ ਨਾ ਰਾਈਆ । ਸੋ ਸਤਿਗੁਰ ਧਰ ਕੇ ਆਇਆ ਭੇਖ, ਭੇਖਾਧਾਰੀ ਵੇਸ ਵਟਾਈਆ । ਸਚਖੰਡ ਨਿਵਾਸੀ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਹੁਕਮੇ ਅੰਦਰ ਭਵਾਏ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਧੁਰ ਸੰਦੇਸਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਹਰਿ ਸੰਗਤ ਤੇਰਾ ਸੱਚਾ ਸੰਗ, ਸੋ ਸਾਹਿਬ ਆਪ ਨਿਭਾਇੰਦਾ । ਦਰ ਦਰਵੇਸ਼ ਹੋ ਕੇ ਨੱਚੇ ਮਲੰਗ, ਘਰ ਘਰ ਆਪਣਾ ਡੌਰੂ ਡੰਕ ਵਜਾਇੰਦਾ । ਧੁਰ ਦੀ ਰੀਤੀ ਮੰਗੇ ਮੰਗ, ਮਾਂਗਤ ਇਕੋ ਨਜ਼ਰੀ ਆਇੰਦਾ । ਗ੍ਰਿਹਿ ਮੰਦਰ ਵਜਾ ਸਚ ਮਰਦੰਗ, ਸੋਈ ਸੁਰਤ ਸ਼ਬਦ ਉਠਾਇੰਦਾ । ਉਠ ਸਵਾਣੀ ਵੇਖ ਅਨੰਦ, ਅਨੰਦ ਆਤਮ ਇਕ ਜਣਾਇੰਦਾ । ਪਰਮਾਨੰਦ ਸਚ ਸੁਗੰਧ, ਸਾਚੀ ਧਾਰ ਵਿਚ ਵਖਾਇੰਦਾ । ਸਾਚਾ ਢੋਲਾ ਗਾਓ ਛੰਦ, ਗੀਤ ਗੋਬਿੰਦ ਆਪ ਸਮਝਾਇੰਦਾ । ਦੂਰ ਦੁਰਾਡਾ ਕੱਟ ਕੇ ਆਇਆ ਪੰਧ, ਪਾਂਧੀ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਵੇਖ ਵਖਾਇੰਦਾ । ਹਰਿ ਸੰਗਤ ਤੇਰਾ ਦਰ ਅਪਾਰ, ਅਪਰੰਪਰ ਦਏ ਵਡਿਆਈਆ । ਜਿਸ ਦੀ ਸੇਵਾ ਕਰੀ ਸਦਾ ਜੁਗ ਚਾਰ, ਨਵ ਨੌ ਚਾਰ ਧਿਆਨ ਲਗਾਈਆ । ਛੱਤੀ ਜੁਗ ਕਰਦੇ ਗਏ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਇਕਵੰਜਾ ਬਵੰਜਾ ਬਣਦੇ ਗਏ ਭਿਖਾਰ, ਪੰਜ ਇਕ ਦੋ ਸੀਸ ਝੁਕਾਈਆ । ਨੌ ਦਰ ਰੋਂਦੇ ਗਏ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਦਸਵੇਂ ਦਹਿ ਦਿਸ਼ਾ ਮੰਗਦੇ ਰਹੇ ਸੱਚਾ ਦੀਦਾਰ, ਦੀਦ ਈਦ ਚੰਦ ਕਵਣ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਹਰਿ ਸੰਗਤ ਤੇਰਾ ਪ੍ਰੇਮ ਸਾਗਰ, ਲਹਿਰ ਲਹਿਰ ਨਾਲ ਲਹਿਰਾਈਆ । ਸ੍ਰੀ ਭਗਵਾਨ ਕਲਜੁਗ ਅੰਤ ਕਰੇ ਉਜਾਗਰ, ਉਜਰਤ ਮੂਲ ਨਾ ਲਾਏ ਰਾਈਆ । ਸੇਵਾ ਕਰ ਕੇ ਗਿਆ ਤੇਗ਼ ਬਹਾਦਰ, ਗੋਬਿੰਦ ਬੰਸ ਸਰਬੰਸ ਭੇਟ ਚੜ੍ਹਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਮਲ ਕਰਮ ਕਰੇ ਉਜਾਗਰ, ਮੁਖ ਉਜਾਲਾ ਆਪ ਵਖਾਈਆ । ਲੋਕਮਾਤ ਦੇਵੇ ਦਾਤ ਸਚ ਦਵਾਰੇ ਬਖ਼ਸ਼ੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਸਰਨਾਈਆ । ਹਰਿ ਸੰਗਤ ਤੇਰਾ ਪੁਰਖ ਅਕਾਲ, ਗੋਬਿੰਦ ਪਿਤਾ ਗਿਆ ਸਮਝਾਈਆ । ਕਲਜੁਗ ਵੇਖੇ ਆਪਣੇ ਲਾਲ, ਲਾਲ ਰੰਗੀਲਾ ਬੇਪਰਵਾਹੀਆ । ਜੋਤੀ ਨੂਰ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਪਰਗਟ ਹੋਏ ਵਿਚ ਜਹਾਨ, ਨਿਰਗੁਣ ਆਪਣਾ ਵੇਸ ਧਰਾਈਆ । ਭਗਤ ਭਗਵਾਨ ਵੇਖੇ ਆਣ, ਭੇਵ ਅਭੇਦਾ ਆਪ ਜਣਾਈਆ । ਸਚ ਦਵਾਰੇ ਕੱਠੇ ਕਰੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਊਚ ਨੀਚ ਰਾਉ ਰੰਕ ਗਾਓ ਸਾਚਾ ਗਾਨ, ਗਹਿਰ ਗੰਭੀਰ ਆਪ ਪੜ੍ਹਾਈਆ । ਆਤਮ ਪਰਮਾਤਮ ਮੰਗੋ ਦਾਨ, ਦਾਤਾ ਦਾਨੀ ਰਿਹਾ ਸਮਝਾਈਆ । ਸੁਰਤੀ ਸ਼ਬਦ ਮਿਲਾਵਾ ਕਾਹਨ, ਘਰ ਬੰਸਰੀ ਨਾਮ ਸੁਣਾਈਆ । ਪੀਰ ਪੈਗ਼ੰਬਰ ਦੇਵੇ ਇਲਾਹੀ ਪੈਗ਼ਾਮ, ਧੁਰ ਸੰਦੇਸਾ ਇਕ ਜਣਾਈਆ । ਕਲਮਾ ਨਬੀ ਰਸੂਲ ਪੜ੍ਹੋ ਕਲਾਮ, ਕਾਇਨਾਤ ਖ਼ੁਸ਼ੀ ਮਨਾਈਆ । ਚਾਰ ਯਾਰੀ ਕਰੋ ਪਰਨਾਮ, ਸਜਦਾ ਸੀਸ ਜਗਦੀਸ ਝੁਕਾਈਆ । ਦਰ ਦਰਵੇਸ਼ ਬਣੋ ਗ਼ੁਲਾਮ, ਦੁਰਮਤ ਮੈਲ ਰਹੇ ਨਾ ਰਾਈਆ । ਨਜ਼ਰੀ ਵੇਖੋ ਇਕ ਅਮਾਮ, ਬੇਪਰਵਾਹ ਨੂਰ ਖ਼ੁਦਾਈਆ । ਆਬੇਹਯਾਤ ਪੀਓ ਜਾਮ, ਕਾਇਆ ਜਾਮਾ ਦਏ ਬਦਲਾਈਆ । ਹਰਿ ਸੰਗਤ ਜਣਾਏ ਇਕੋ ਨਾਮ, ਸੋਹੰ ਨਾਮ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਹਰਿ ਸੰਗਤ ਤੇਰਾ ਨਾਮ ਕਰਤਾਰ, ਕਰਤਾ ਆਪ ਜਣਾਈਆ । ਸੋਹੰ ਰੂਪ ਅਗੰਮੀ ਧਾਰ, ਪੰਜ ਤਤ ਨਜ਼ਰ ਨਾ ਆਈਆ । ਆਤਮ ਪਰਮਾਤਮ ਖੇਲ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪ ਖਿਲਾਈਆ । ਵੰਡਾਂ ਵੰਡਦਾ ਰਿਹਾ ਸਦਾ ਜੁਗ ਚਾਰ, ਚੌਕੜੀ ਆਪਣਾ ਰਾਹ ਵਖਾਈਆ । ਹੋਕਾ ਦੇਂਦਾ ਰਿਹਾ

ਵਿਚ ਸੰਸਾਰ, ਗੁਰ ਅਵਤਾਰ ਪੀਰ ਪੈਗ਼ੰਬਰ ਰੂਪ ਵਟਾਈਆ । ਕਲਜੁਗ ਆਉਣਾ ਕਲ ਕਲਕੀ ਅਵਤਾਰ, ਨਿਹਕਲੰਕ ਫੇਰਾ ਪਾਈਆ । ਚਾਰ ਵਰਨਾਂ ਕਰੇ ਸਚ ਪਿਆਰ, ਸਾਚਾ ਘਰ ਇਕ ਵਖਾਈਆ । ਪਿਛਲਾ ਲੇਖਾ ਦਏ ਨਿਵਾਰ, ਅੱਗੇ ਆਪਣਾ ਰੰਗ ਰੰਗਾਈਆ । ਨਰ ਨਰੇਸ਼ਾ ਕਰੇ ਸਚ ਪਿਆਰ, ਨਰਾਇਣ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵਣਹਾਰ ਵਡਿਆਈਆ । ਹਰਿ ਸੰਗਤ ਜਿਸ ਹੋਇਆ ਮੇਲਾ, ਪ੍ਰਭ ਮਿਲਿਆ ਬੇਪਰਵਾਹੀਆ । ਗੁਰ ਗੋਬਿੰਦ ਦਾ ਬਣਿਆ ਚੇਲਾ, ਪੁਰਖ ਅਕਾਲ ਦਇਆ ਕਮਾਈਆ । ਕਲਜੁਗ ਅੰਤਮ ਇਕੋ ਵੇਲਾ, ਅਖ਼ੀਰ ਆਖ਼ਰ ਰਿਹਾ ਜਣਾਈਆ । ਸਚ ਸਵਾਮੀ ਚਾੜ੍ਹੇ ਤੇਲਾ, ਘਰ ਸਾਚੇ ਸਗਨ ਮਨਾਈਆ । ਲੱਖ ਚੁਰਾਸੀ ਨਾਲੋ ਹੋ ਕੇ ਵਿਹਲਾ, ਪਿਆਰ ਭਗਤਾਂ ਨਾਲ ਰਖਾਈਆ । ਢੂੰਡਣਹਾਰ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਬੇਲਾ, ਡੂੰਘੀ ਕੰਦਰ ਸਮੁੰਦ ਖਾਈ ਵੇਖ ਵਖਾਈਆ । ਸਦ ਵਸਣਹਾਰਾ ਧਾਮ ਨਵੇਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਇਕੋ ਗੰਢ ਪਵਾਈਆ । ਹਰਿ ਸੰਗਤ ਤੇਰੀ ਨਾਮ ਗੰਢ, ਤੰਦੀ ਤੰਦ ਆਪ ਬੰਧਾਇੰਦਾ । ਚਾਰ ਵਰਨ ਪਾਵੇ ਠੰਡ, ਊਚ ਨੀਚ ਨਾ ਕੋਇ ਰਖਾਇੰਦਾ । ਆਤਮ ਨਾਤਾ ਜੁੜਿਆ ਹੰ, ਬ੍ਰਹਮ ਆਪਣਾ ਮੇਲ ਮਿਲਾਇੰਦਾ । ਲੇਖਾ ਜਾਣੇ ਡੋਰੀ ਸੰਗ ਪਤੰਗ, ਆਕਾਸ਼ ਪਰਕਾਸ਼ ਆਪ ਜਣਾਇੰਦਾ । ਦੂਰ ਦੁਰਾਡਾ ਬੇਪਰਵਾਹੀ ਸਾਚਾ ਮਾਹੀ ਗੁਣੀ ਗਹੀਰਾ ਕੱਟ ਕੇ ਆਇਆ ਪੰਧ, ਪਾਂਧੀ ਆਪਣਾ ਫੇਰਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲੇ ਹੋ ਅਲੱਗ ਜਣਾਇਆ ਛੰਦ, ਸੋਹੰ ਢੋਲਾ ਆਪ ਅਲਾਈਆ । ਭਗਤ ਭਗਵਾਨ ਇਕ ਦੂਜੇ ਦਾ ਮਾਣੇ ਅਨੰਦ, ਅਨੰਦ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਮੇਲ ਮਿਲਾਈਆ । ਹਰਿ ਸੰਗਤ ਮੇਲਾ ਸਚ ਦਰਬਾਰ, ਧੁਰ ਦਰਬਾਰੀ ਆਪ ਮਿਲਾਇੰਦਾ । ਕੂੜੀ ਕਿਰਿਆ ਕਰਮ ਵਿਚਾਰ, ਘਰ ਸਾਚਾ ਇਕ ਸੁਹਾਇੰਦਾ । ਵਰਨ ਬਰਨ ਦਾ ਰੋਗ ਨਿਵਾਰ, ਦੁੱਖ ਸੰਸਾ ਨਾ ਕੋਇ ਰਖਾਇੰਦਾ । ਅੰਮ੍ਰਿਤ ਸਰੋਵਰ ਇਕ ਨੁਹਾਲ, ਦੁਰਮਤ ਮੈਲ ਧਵਾਇੰਦਾ । ਚਰਨ ਸਰਨਾਈ ਸੱਚੀ ਧਰਮਸਾਲ, ਧਰਮ ਦਵਾਰਾ ਆਪ ਵਖਾਇੰਦਾ । ਜਿਸ ਗ੍ਰਿਹਿ ਵਸੇ ਸ਼ਾਹ ਕੰਗਾਲ, ਸੋ ਮੰਦਰ ਸੋਭਾ ਪਾਇੰਦਾ । ਨਵ ਨੌਂ ਚਾਰ ਪਿਛੋ ਕਰ ਕਰ ਭਾਲ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਮੇਲ ਮਿਲਾਇੰਦਾ । ਨਿਰਗੁਣ ਹੋ ਕੇ ਬਣ ਦਲਾਲ, ਹਰਿ ਸੰਗਤ ਇਕੋ ਗੰਢ ਪਵਾਇੰਦਾ । ਪੁਰਖ ਅਕਾਲ ਹੋ ਕੇ ਘਾਲੇ ਘਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਹਰਿ ਸੰਗਤ ਤੇਰਾ ਨਾਤਾ ਜੋੜ, ਸਾਚਾ ਰੰਗ ਰੰਗਾਈਆ । ਜਗਤ ਵਿਕਾਰ ਦਰ ਤੇ ਹੋੜ, ਸਾਢੇ ਤਿੰਨ ਹੱਥ ਵਿਚੋ ਬਾਹਰ ਕਢਾਈਆ । ਆਪ ਵੇਖੇ ਕਰ ਕੇ ਗ਼ੌਰ, ਅੰਦਰ ਵੜ ਵੜ ਫੇਰਾ ਪਾਈਆ । ਲੇਖਾ ਲਿਖੇ ਰਵਦਾਸ ਚੁਮਾਰਾ ਜੋ ਢੋਏ ਢੋਰ, ਲਿਖਿਆ ਲੇਖ ਨਾ ਕੋਇ ਮਿਟਾਈਆ । ਸਾਹਿਬ ਸਵਾਮੀ ਵਸੇ ਕੋਲ, ਕਵਲ ਨੈਣ ਨੂਰ ਰੁਸ਼ਨਾਈਆ । ਹਰਿ ਸੰਗਤ ਦੇਵੇ ਨਾਮ ਅਨਮੋਲ, ਅਨਮੁਲੜੀ ਵਸਤ ਵਰਤਾਈਆ । ਅੰਮ੍ਰਿਤ ਰਸ ਭਰੇ ਕੌਲ, ਕਵਲ ਨਾਭ ਭਵਾਈਆ । ਮਿਲੇ ਵਡਿਆਈ ਉਪਰ ਧੌਲ, ਧਰਨੀ ਧਰਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਦਾ ਸਹਾਈਆ । ਮਿਹਰਵਾਨ ਸਦਾ ਸਵਾਮੀ, ਮਿਹਰ ਨਜ਼ਰ ਉਠਾਈਆ । ਪੁਰਖ ਅਬਿਨਾਸ਼ੀ ਅੰਤਰਜਾਮੀ, ਹਰ ਘਟ ਵੇਖ ਵਖਾਈਆ । ਲੇਖ ਚੁਕਾਏ ਚਾਰ ਖਾਣੀ, ਬਾਣੀ ਆਪਣਾ ਨਾਮ ਜਪਾਈਆ । ਸ਼ਬਦ ਮਿਲਾਵਾ

ਸਾਚੇ ਹਾਣੀ, ਘਰ ਮੰਦਰ ਖ਼ੁਸ਼ੀ ਕਰਾਈਆ । ਦਾਤਾ ਹੋ ਕੇ ਆਇਆ ਦਾਨੀ, ਦੇਵਣਹਾਰ ਦਇਆ ਕਮਾਈਆ । ਗੁਰਮੁਖ ਵੇਖੇ ਗੁਰ ਗੁਰ ਪਰਾਣੀ, ਪਰਾਣ ਆਧਾਰ ਸਹਿਜ ਸੁਖਦਾਈਆ । ਧਰਮ ਦਵਾਰ ਦੀ ਇਕ ਨਿਸ਼ਾਨੀ, ਸਚ ਪ੍ਰੀਤੀ ਦਏ ਵਖਾਈਆ । ਭੇਵ ਨਾ ਜਾਣੇ ਕੋਇ ਵਿਦਵਾਨੀ, ਵਿੱਦਤ ਸਾਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਬਣਾਏ ਪੁਰਖ ਸੁਜਾਨੀ, ਸਾਚਾ ਰਾਹ ਇਕ ਵਖਾਈਆ । ਸਾਚਾ ਰਾਹ ਜਗਤ ਨਿਰਾਲਾ, ਨਰ ਹਰਿ ਨਰਾਇਣ ਆਪ ਜਣਾਇੰਦਾ । ਪੁਰਖ ਅਕਾਲ ਬਣ ਦਲਾਲਾ, ਸਚ ਦਲਾਲੀ ਮਾਤ ਕਮਾਇੰਦਾ । ਚਾਰ ਵਰਨ ਬਣਾਏ ਇਕੋ ਧਰਮਸਾਲਾ, ਧਰਮ ਦਵਾਰਾ ਆਪ ਪਰਗਟਾਇੰਦਾ । ਸਚ ਪਰਕਾਸ਼ ਦੀਪਕ ਹੋਏ ਨਿਰਾਲਾ, ਜੋਤੀ ਜਾਤਾ ਨੂਰ ਡਗਮਗਾਇੰਦਾ । ਸਾਚਾ ਮਾਰਗ ਜਗਤ ਸੁਖਾਲਾ, ਸਤਿਜੁਗ ਸਚ ਸਚ ਸਮਝਾਇੰਦਾ । ਆਤਮ ਪਰਮਾਤਮ ਪਾਏ ਸਾਚੀ ਮਾਲਾ, ਮਨ ਕਾ ਮਣਕਾ ਆਪ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਘਰ ਇਕੋ ਇਕ ਵਸਾਇੰਦਾ । ਹਰਿ ਸੰਗਤ ਘਰ ਵਸੇ ਖੇੜਾ, ਖਿੜਕੀ ਤਾਕੀ ਬੰਦ ਆਪ ਖੁਲ੍ਹਾਈਆ । ਚਾਰ ਜੁਗ ਦਾ ਮੁੱਕੇ ਝੇੜਾ, ਚਾਰ ਵਰਨ ਨਾ ਕੋਇ ਲੜਾਈਆ । ਪੁਰਖ ਅਬਿਨਾਸ਼ੀ ਮਿਲਿਆ ਕਰ ਕੇ ਆਪਣੀ ਮਿਹਰਾ, ਮਿਹਰ ਨਜ਼ਰ ਉਠਾਈਆ । ਨਾਤਾ ਜੋੜਿਆ ਤੇਰਾ ਮੇਰਾ, ਮੇਰਾ ਤੇਰਾ ਆਪਣਾ ਰੂਪ ਦਰਸਾਈਆ । ਸਚਖੰਡ ਵਖਾਇਆ ਖੁਲ੍ਹਾ ਵਿਹੜਾ, ਬਿਨ ਭਗਤਾਂ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵਣਹਾਰ ਵਡਿਆਈਆ । ਹਰਿ ਸੰਗਤ ਪੇਖ ਸਾਚਾ ਘਰ, ਸਚਖੰਡ ਨਿਵਾਸੀ ਆਪ ਵਖਾਈਆ । ਅੱਗੇ ਪਿੱਛੇ ਪੱਲੂ ਲੈਣਾ ਫੜ, ਸ੍ਰੀ ਭਗਵਾਨ ਰਿਹਾ ਫੜਾਈਆ । ਵਾਰੀ ੭੨
ਵਾਰੀ ਪੌੜੇ ਜਾਣਾ ਚੜ੍ਹ, ਹਰਿ ਕਰਤਾ ਆਪ ਚੜ੍ਹਾਈਆ । ਸਾਚੇ ਮੰਦਰ ਜਾਣਾ ਵੜ, ਘਰ ਵੱਜੇ ਨਾਮ ਵਧਾਈਆ । ਪੁਰਖ ਅਕਾਲ ਅੱਗੇ ਬੈਠਾ ਹਰਿ, ਸਚ ਸਿੰਘਾਸਣ ਸੋਭਾ ਪਾਈਆ । ਪ੍ਰੀਤਮ ਸਿੰਘ ਲੋਕਮਾਤ ਪੁੱਤ ਵੈਰਾਗ ਨਾ ਕਰ, ਜਿਸ ਦਾ ਪੁੱਤ ਪ੍ਰਭ ਆਪਣੀ ਗੋਦ ਬਹਾਈਆ । ਹਰਿ ਸੰਗਤ ਸਾਰੀ ਲੈ ਜਾਏ ਫੜ, ਭਾਈਆਂ ਨਾਲ ਭਾਈ ਲਏ ਮਿਲਾਈਆ । ਰਲ ਮਿਲ ਢੋਲਾ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਲਓ ਪੜ੍ਹ, ਪੜ੍ਹਿਆਂ ਅੰਤਮ ਲੇਖੇ ਲਾਈਆ ।

## ੨੯ ਹਾੜ੍ਹ ੨੦੨੦ ਬਿਕ੍ਰਮੀ ਸਾਧੂ ਸਿੰਘ ਦੇ ਗ੍ਰਹਿ ਝੰਡੇਰ ਕਲਾਂ

ਹਰਿ ਕਿਰਪਾ ਗੁਰ ਪਰਸਾਦਿ, ਗੁਰ ਪਰਸਾਦੀ ਸੰਗਤ ਦਇਆ ਕਮਾਈਆ । ਹਰਿ ਕਿਰਪਾ ਗੁਰ ਸੱਜਣ ਲਾਧ, ਗੁਰ ਸੱਜਣ ਗੁਰਮੁਖ ਦੇਵਣਹਾਰ ਵਡਿਆਈਆ । ਹਰਿ ਕਿਰਪਾ ਗੁਰ ਦੇਵੇ ਦਾਦ, ਸਤਿਗੁਰ ਦਾਦ ਜਨ ਭਗਤਾਂ ਝੋਲੀ ਨਾਮ ਭਰਾਈਆ । ਹਰਿ ਕਿਰਪਾ ਗੁਰ ਰੱਖੇ ਲਾਜ, ਭਗਤ ਭਗਵਾਨ ਵੇਖੇ ਥਾਉਂ ਥਾਈਂਆ । ਹਰਿ ਕਿਰਪਾ ਗੁਰ ਮਾਰ ਆਵਾਜ਼, ਸੰਤ ਸੁਹੇਲੇ ਉਠਾਏ ਚਾਈਂ ਚਾਈਆ । ਹਰਿ ਕਿਰਪਾ ਗੁਰ ਕਰਾਏ ਵਡ ਵਡ ਭਾਗ, ਵਡਭਾਗੀ ਆਪਣਾ ਰੰਗ ਵਖਾਈਆ । ਹਰਿ ਕਿਰਪਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਤਿਗੁਰ ਦਇਆ ਕਮਾਈਆ । ਹਰਿ ਕਿਰਪਾ ਗੁਰ ਪਰਸਾਦਿ ਅਮੋਘ, ਦੀਨ ਦਿਆਲ ਆਪ ਜਣਾਇੰਦਾ । ਗੁਰ ਗੁਰ ਨਾਤਾ

ਧੁਰ ਸੰਜੋਗ, ਧੁਰ ਦਰਬਾਰੀ ਮੇਲ ਮਿਲਾਇੰਦਾ । ਵਸਤੂ ਸਤਿ ਦੇਵੇ ਚੋਗ, ਧਾਰ ਅੰਮ੍ਰਿਤ ਨਾਲ ਮਿਲਾਇੰਦਾ । ਜਨਮ ਅਜਨਮ ਕਟੇ ਰੋਗ, ਚਿੰਤਾ ਸੋਗ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿ ਕਿਰਪਾ ਗੁਰ ਦੇਵੇ ਪਰਸਾਦਿ, ਪਰਸਾਦੀ ਆਪਣੀ ਦਇਆ ਕਮਾਈਆ । ਗੁਰ ਪਰਸਾਦਿ ਅਨਰਸ ਸਵਾਦ, ਰਸਨਾ ਜਿਹਵਾ ਚੱਖ ਨਾ ਸਕੇ ਰਾਈਆ । ਸੋ ਖਾਏ ਜੋ ਹੋਏ ਵਿਸਮਾਦ, ਬਿਸਮਲ ਆਪਣਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਪਰਸਾਦਿ ਕਹੇ ਮੇਰਾ ਪ੍ਰੇਮ ਮਿੱਠਾ, ਮਿੱਠਤ ਮੇਰੇ ਵਿਚ ਸਮਾਈਆ । ਮੇਰਾ ਰਸ ਬਿਨ ਗੁਰਮੁਖਾਂ ਕਿਸੇ ਨਾ ਡਿੱਠਾ, ਲੱਖ ਚੁਰਾਸੀ ਫਿਰੇ ਤਿਹਾਈਆ । ਮੈਂ ਅੰਦਰ ਬਾਹਰ ਪ੍ਰੇਮ ਪ੍ਰੀਤੀ ਅੰਦਰ ਬਣਾਂ ਸਾਚਾ ਮਿੱਤਾ, ਮਿੱਤਰ ਪਿਆਰਾ ਨਾਉਂ ਧਰਾਈਆ । ਜੁਗ ਚੌਕੜੀ ਕਰਾਂ ਹਿਤਾ, ਬਣ ਹਿਤਕਾਰੀ ਸੇਵ ਕਮਾਈਆ । ਜਗਤ ਦਵਾਰ ਰਸ ਹੋਏ ਫਿੱਕਾ, ਫਿੱਕੀ ਦਿਸੇ ਸਰਬ ਲੋਕਾਈਆ । ਜਿਸ ਗੁਰਮੁਖ ਰਸ ਮੇਰਾ ਡਿਠਾ, ਸੋ ਗੁਰਮੁਖ ਗੁਰ ਗੁਰ ਘੋਲੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਗੁਰ ਪਰਸਾਦਿ ਕਹੇ ਮੇਰੀ ਬਨਾਵਟ ਨਜ਼ਰ ਕਿਸੇ ਨਾ ਆਈਆ । ਤ੍ਰੈਗੁਣ ਮੇਲ ਸਚ ਮਿਲਾਵਟ, ਮੇਲ ਮਿਲਾਵੇ ਬੇਪਰਵਾਹੀਆ । ਮੈਨੂੰ ਖਾਦਿਆਂ ਗੁਰਮੁਖਾਂ ਕਦੀ ਨਾ ਆਏ ਥਕਾਵਟ, ਸੁਖ ਸੁਖ ਨਾਲ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮੇਰਾ ਸੰਗ ਨਿਭਾਈਆ । ਗੁਰ ਪਰਸਾਦਿ ਕਹੇ ਮੇਰਾ ਸਾਚਾ ਰਸ, ਹਰਿ ਪੁਰਖ ਨਿਰੰਜਣ ਆਪ ਭਰਾਈਆ । ਜੁਗ ਚੌਕੜੀ ਮੈਂ ਆਵਾਂ ਭਗਤਾਂ ਹੱਥ, ਦੂਸਰ ਛੋਹ ਨਾ ਸਕੇ ਰਾਈਆ । ਮੇਰੇ ਕੋਲ ਬਹਿ ਕੇ ਪਹਿਲੋ ਗਾਵਣ ਪ੍ਰਭ ਦਾ ਜਸ, ਨਿਜ ਨੇਤਰ ਧਿਆਨ ਲਗਾਈਆ । ਦੋਏ ਜੋੜ ਆਪਣੀ ਅੱਗੇ ਰੱਖਣ ਆਸ, ਆਸਾ ਪ੍ਰਭ ਚਰਨ ਮਿਲਾਈਆ । ਨਿਵਣ ਪ੍ਰੀਤੀ ਕਰਨ ਹੋ ਕੇ ਦਾਸ, ਦਾਸੀ ਰੂਪ ਵਟਾਈਆ । ਰਸਨਾ ਗਾਉਣ ਪਵਣ ਸਵਾਸ, ਨੇਤਰ ਨੈਣ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਵੇਖਣਹਾਰ ਆਪ ਹੋ ਜਾਈਆ । ਗੁਰ ਪਰਸਾਦਿ ਕਹੇ ਗੁਰਮੁਖ ਰੱਖਣ ਚਾ, ਮੇਰੇ ਵਲ ਧਿਆਨ ਲਗਾਈਆ । ਜੁਗ ਚੌਕੜੀ ਤੱਕਦੇ ਰਹੇ ਰਾਹ, ਨੇਤਰ ਨੈਣ ਉਠਾਈਆ । ਕਵਣ ਵੇਲਾ ਸ੍ਰੀ ਭਗਵਾਨ ਪਰਮ ਪੁਰਖ ਪ੍ਰਭ ਨਿਰਗੁਣ ਆਪਣਾ ਭੋਗ ਲਏ ਲਗਾ, ਸਰਗੁਣ ਦੇਵੇ ਆਪ ਵਰਤਾਈਆ । ਗੁਰਮੁਖ ਗੁਰਮੁਖ ਗੁਰਸਿਖ ਗੁਰਸਿਖ ਹਰਿਜਨ ਹਰਿਜਨ ਸਾਚੇ ਸੱਜਣ ਲੈਣ ਖਾ, ਖ਼ਾਹਸ਼ ਅਵਰ ਰਹਿਣ ਨਾ ਪਾਈਆ । ਪ੍ਰਭ ਮਿਲਣ ਦਾ ਇਹੋ ਲਾਹ, ਖ਼ਾਲੀ ਭੰਡਾਰੇ ਰਿਹਾ ਭਰਾਈਆ । ਦੇਵਣਹਾਰ ਸੱਚਾ ਸ਼ਹਿਨਸ਼ਾਹ, ਦਾਤਾ ਦਰਦੀਆਂ ਦਰਦ ਵੰਡਾਈਆ । ਗੁਰ ਪਰਸਾਦਿ ਸਾਂਤਕ ਸਤਿ ਸੀਤਲ ਦਏ ਬਣਾ, ਸਤਿ ਸਰੂਪ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਮਰਨ ਦੁੱਖ ਕੱਟਣ ਦੀ ਦੇਵੇ ਇਕੋ ਵਾਰ ਇਕ ਦਵਾ, ਦੂਜੀ ਵਾਰ ਦੁੱਖ ਜਨਮ ਕਰਮ ਨਾ ਲਾਗੇ ਰਾਈਆ ।



✪ ੨੯ ਹਾੜ੍ਹ ੨੦੨੦ ਬਿਕ੍ਰਮੀ ਕਰਤਾਰ ਪੁਰ ਜ਼ਿਲਾ ਜਲੰਧਰ ਬੀਬੀ ਪ੍ਰੀਤਮ ਕੌਰ ਦੇ ਗ੍ਰਿਹਿ ✪

ਗੁਰਮੁਖ ਆਤਮ ਮੁੱਕੀ ਜੁਦਾਈ, ਆਵਣ ਜਾਵਣ ਰਹਿਣ ਨਾ ਪਾਈਆ । ਸਾਹਿਬ ਸਤਿਗੁਰ ਬੇਪਰਵਾਹੀ, ਬੇਪਰਵਾਹ ਦਇਆ ਕਮਾਈਆ ।

ਪਰਮ ਪੁਰਖ ਏਕਾ ਘਰ ਕਰੇ ਕੁੜਮਾਈ, ਬੰਧਨ ਆਪਨਾ ਆਪ ਰਖਾਈਆ । ਸੌਹਰੇ ਪਈਏ ਧੀ ਜਵਾਈ, ਸ੍ਰੀ ਭਗਵਾਨ ਰੂਪ ਵਟਾਈਆ । ਵੇਖਣਹਾਰਾ ਚਾਈਂ ਚਾਈਂ, ਦੋ ਜਹਾਨਾਂ ਪੜਦਾ ਲਾਹੀਆ । ਗ਼ਰੀਬ ਨਿਮਾਣਿਆਂ ਪਕੜੇ ਬਾਹੀਂ, ਫੜ ਬਾਹੋਂ ਗਲੇ ਲਗਾਈਆ । ਦੇਵਣਹਾਰਾ ਠੰਡੀਆਂ ਛਾਈਂ, ਮਿਹਰ ਨਜ਼ਰ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲੇਖਾ ਲੇਖੇ ਲਾਈਆ । ਆਤਮ ਪਰਮਾਤਮ ਨਾਤਾ ਬੰਨ੍ਹ, ਸੰਸਾ ਰੋਗ ਚੁਕਾਈਆ । ਭਾਗ ਲਗਾਏ ਕਾਇਆ ਤਨ, ਤਨ ਤੰਦੂਰ ਅਗਨ ਬੁਝਾਈਆ । ਮਨ ਵਾਸਨਾ ਬੰਨ੍ਹੇ ਮਨ, ਮਮਤਾ ਮੋਹ ਮਿਟਾਈਆ । ਨਾਮ ਅਮੋਲਕ ਦੇਵੇ ਧਨ, ਸਾਚੀ ਵਸਤ ਅਪ ਵਰਤਾਈਆ । ਲੇਖਾ ਜਾਣੇ ਭਗਤੀ ਜਨ, ਭਗਵਨ ਹੋਏ ਸਹਾਈਆ । ਕਰ ਪਰਕਾਸ਼ ਅੰਧੇਰ ਅੰਨ੍ਹ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਾਚਾ ਨਾਉਂ ਸੁਣਾ ਕੰਨ, ਸੋਹੰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਆਤਮ ਆਵਣ ਜਾਵਣ ਜਾਏ ਚੁੱਕ, ਚੁੱਕੇ ਲੇਖਾ ਸਰਬ ਲੋਕਾਈਆ । ਜਨਮ ਜਨਮ ਦੀ ਮਿਟੇ ਭੁੱਖ, ਤ੍ਰਿਸਨਾ ਰਹਿਣ ਨਾ ਪਾਈਆ । ਮਾਤ ਗਰਭ ਨਾ ਉਲਟਾ ਰੁੱਖ, ਜੂਨੀ ਜੂਨ ਨਾ ਕੋਇ ਰਖਾਈਆ । ਕਰਮ ਵਰਨ ਨਾ ਕੋਇ ਦੁੱਖ, ਮਰਨ ਨਜ਼ਰ ਕੋਇ ਨਾ ਆਈਆ । ਸਾਹਿਬ ਸਤਿਗੁਰ ਆਪਣੀ ਗੋਦੀ ਲਏ ਚੁੱਕ, ਸਿਰ ਆਪਣਾ ਹੱਥ ਰਖਾਈਆ । ਉਜਲ ਕਰੇ ਮਾਤ ਮੁਖ, ਮੁਖੜਾ ਜਗਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲਹਿਣਾ ਝੋਲੀ ਪਾਈਆ । ਆਤਮ ਪਿੱਛਾ ਜਾਏ ਛੁੱਟ, ਪਰਮਾਤਮ ਦਏ ਵਡਿਆਈਆ । ਅਗਲਾ ਘਰ ਜਾ ਕੇ ਪੁੱਛ, ਜਿਸ ਘਰ ਵੱਜਦੀ ਰਹੇ ਵਧਾਈਆ । ਵੇਖਣਹਾਰ ਅਬਿਨਾਸ਼ੀ ਅਚੁੱਤ, ਸਤਿ ਸਰੂਪ ਸੋਭਾ ਪਾਈਆ । ਮਿਹਰਵਾਨ ਹੋ ਕੇ ਜਾਏ ਤੁਠ, ਦੀਨ ਦਿਆਲ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਵਿਛੁੰਨੀ ਮੇਲ ਮਿਲਾਈਆ । ਆਤਮ ਵੇਖ ਸਚ ਦਰਵਾਜ਼ਾ, ਪਰਮਾਤਮ ਆਪ ਖੁਲ੍ਹਾਈਆ । ਜਿਸ ਘਰ ਵਸੇ ਗਰੀਬ ਨਿਵਾਜਾ, ਪਰਮ ਪੁਰਖ ਪ੍ਰਭ ਡੇਰਾ ਲਾਈਆ । ਸ਼ਾਹੋ ਭੂਪ ਵਡ ਰਾਜਨ ਰਾਜਾ, ਸ਼ਹਿਨਸ਼ਾਹ ਇਕੋ ਹੁਕਮ ਵਰਤਾਈਆ । ਆਦਿ ਆਦਿ ਜਿਸ ਸਾਜਣ ਸਾਜਾ, ਅੰਤਮ ਆਪਣਾ ਰੰਗ ਵਖਾਈਆ । ਪਰੇਮ ਪ੍ਰੀਤੀ ਅੰਦਰ ਫਿਰੇ ਭਾਜਾ, ਨਿਰਗੁਣ ਨਿਰਵੈਰ ਨਜ਼ਰ ਕਿਸੇ ਨਾ ਆਈਆ । ਭਗਤ ਸੁਹੇਲਾ ਰੱਖੇ ਲਾਜਾ, ਲਾਜਾਵੰਤ ਆਪਣੇ ਹੱਥ ਰੱਖੇ ਵਡਿਆਈਆ । ਸਚ ਦਵਾਰੇ ਰਚ ਕੇ ਕਾਜਾ, ਹਰਿ ਕਰਤਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਮੇਲ ਮਿਲਾਈਆ । ਆਤਮ ਪਰਮਾਤਮ ਅੰਤ ਸੰਜੋਗ, ਧੁਰ ਸੰਜੋਗੀ ਆਪ ਕਰਾਇੰਦਾ । ਜਨਮ ਜਨਮ ਦਾ ਕਟੇ ਰੋਗ, ਕੂੜੀ ਕਿਰਿਆ ਮੋਹ ਮਿਟਾਇੰਦਾ । ਦੇਵੇ ਦਰਸ ਇਕ ਅਮੋਘ, ਨਿਰਗੁਣ ਨੂਰ ਨਜ਼ਰੀ ਆਇੰਦਾ । ਨਾਮ ਚੁਗਾਏ ਆਪਣੀ ਚੋਗ, ਸੋਹੰ ਅੰਮ੍ਰਿਤ ਰਸ ਮੁਖ ਭਰਾਇੰਦਾ । ਸਚ ਦਵਾਰੇ ਏਕਾ ਭੋਗ, ਪਰਮ ਪੁਰਖ ਪ੍ਰਭ ਆਪ ਜਣਾਇੰਦਾ । ਲਹਿਣਾ ਚੁੱਕੇ ਚੌਦਾਂ ਲੋਕ, ਪਰਲੋਕ ਆਪਣੀ ਗੰਢ ਵਖਾਇੰਦਾ । ਸਚਖੰਡ ਦਵਾਰਾ ਅਗੰਮ ਕੋਟ, ਬੰਕ ਇਕੋ ਇਕ ਵਡਿਆਇੰਦਾ । ਜਿਸ ਮੰਦਰ ਜਗੇ ਨਿਰਮਲ ਜੋਤ, ਅੰਧ ਅੰਧੇਰਾ ਨਜ਼ਰ ਕੋਇ ਨਾ ਆਇੰਦਾ । ਸੋ ਸਾਹਿਬ ਸਤਿਗੁਰ ਆਤਮ ਪਰਮਾਤਮ ਮਿਲਣ ਦਾ ਰੱਖੇ ਸ਼ੌਕ, ਸ਼ਹਿਨਸ਼ਾਹ ਨਿਤ ਨਵਿਤ ਰਾਹ ਤਕਾਇੰਦਾ । ਜਨ ਭਗਤਾਂ ਬਖ਼ਸ਼ੇ ਏਕਾ ਓਟ, ਓਟ ਪੁਰਖ ਅਕਾਲ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੭੪
੧੫

ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕੋ ਘਰ ਵਸਾਇੰਦਾ । ਆਤਮ ਘਰ ਸਚ ਵਸੇਰਾ, ਪਰਮਾਤਮ ਦਏ ਕਰਾਈਆ । ਲੋਕਮਾਤ ਬੰਨ੍ਹ ਬੇੜਾ, ਦੋ ਜਹਾਨ ਲਏ ਤਰਾਈਆ । ਸਚਖੰਡ ਵਖਾਏ ਸਾਚਾ ਖੇੜਾ, ਘਰ ਸਾਚਾ ਇਕ ਸੁਹਾਈਆ । ਭਗਤ ਵਛਲ ਜਨ ਭਗਤਾਂ ਲਾਏ ਡੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਖੁਲ੍ਹਾ ਰੱਖੇ ਵਿਹੜਾ, ਬੰਦ ਤਾਕੀ ਨਾ ਕੋਇ ਕਰਾਈਆ । ਦੂਰ ਦੁਰਾਡਾ ਨਜ਼ਰੀ ਆਏ ਨੇਰਨ ਨੇਰਾ, ਘਰ ਸੱਜਣ ਸਾਹਿਬ ਸੱਚਾ ਪਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਪਾਇਆ ਫੇਰਾ, ਪੁਰਖ ਅਕਾਲ ਵੇਸ ਵਟਾਈਆ । ਜਨ ਭਗਤਾਂ ਨਾਤਾ ਜੋੜਿਆ ਤੇਰਾ ਮੇਰਾ, ਸੋਹੰ ਕਰੇ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲੇਖਾ ਲੇਖੇ ਲਾਈਆ । ਆਤਮ ਪਰਮਾਤਮ ਲੇਖਾ ਲਾ, ਲਹਿਣਾ ਦਏ ਚੁਕਾਈਆ । ਪਾਰਬ੍ਰਹਮ ਪ੍ਰਭ ਬਣ ਮਲਾਹ, ਬ੍ਰਹਮ ਬੇੜਾ ਪਾਰ ਕਰਾਈਆ । ਸਾਚਾ ਪਤਣ ਦਏ ਵਖਾ, ਤੱਟ ਕਿਨਾਰਾ ਇਕੋ ਨਜ਼ਰੀ ਆਈਆ । ਸਾਚੇ ਘਰ ਦਏ ਵਸਾ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਚਰਨ ਕਵਲ ਲਏ ਬਹਾ, ਦੇਵਣਹਾਰ ਸਚੀ ਸ਼ਰਨਾਈਆ । ਮਿਹਰ ਨਜ਼ਰ ਲਏ ਉਠਾ, ਨੇਤਰ ਨੈਣ ਨੈਣ ਮਿਲਾਈਆ । ਪਿਛਲਾ ਲੇਖਾ ਦਏ ਮੁਕਾ, ਅੱਗੇ ਆਪਣਾ ਰੰਗ ਵਖਾਈਆ । ਸਚਖੰਡ ਦਵਾਰੇ ਲਏ ਵਸਾ, ਘਰ ਇਕੋ ਸੋਭਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲਾ ਸਹਿਜ ਸੁਭਾ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹਰਿ ਹਰਿ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਜਪਾਏ ਆਪਣਾ ਨਾਂ, ਤਿਨ੍ਹਾਂ ਅੰਤਮ ਆਪਣੇ ਵਿਚ ਸਮਾਈਆ ।


੭੫



## ✪ ੨੯ ਹਾੜ ੨੦੨੦ ਬਿਕਰਮੀ ਜਸਵੰਤ ਸਿੰਘ ਦੇ ਗ੍ਰਿਹਿ ਕਰਤਾਰ ਪੁਰ ਜ਼ਿਲਾ ਜਲੰਧਰ ✪

ਸੋ ਪੁਰਖ ਨਿਰੰਜਣ ਵੀਹ ਸੌ ਵੀਹ, ਦੋ ਜਹਾਨਾਂ ਵੇਖ ਵਖਾਇੰਦਾ । ਲੇਖਾ ਜਾਣੇ ਲੱਖ ਚੁਰਾਸੀ ਜੀਅ, ਜੀਵ ਜੰਤ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਰਹੇ ਕੀ, ਜੁਗ ਚੌਕੜੀ ਪੜਦਾ ਲਾਹਿੰਦਾ । ਭਗਤ ਭਗਵਾਨ ਵੰਡਦੇ ਰਹੇ ਸੀਂ, ਲੋਕਮਾਤ ਖੇਲ ਖਿਲਾਇੰਦਾ । ਚਾਰ ਜੁਗ ਬੀਜਦੇ ਰਹੇ ਬੀ, ਜੁਗ ਚੋਕੜੀ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਸਮਝਾਇੰਦਾ । ਵੀਹ ਸੌ ਵੀਹ ਸੋ ਪੁਰਖ ਨਿਰੰਜਣ, ਸਾਹਿਬ ਆਪਣੀ ਦਇਆ ਕਮਾਈਆ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਭੇਵ ਅਭੇਦਾ ਆਪ ਖੁਲ੍ਹਾਈਆ । ਜੁਗ ਚੌਕੜੀ ਬਣਦਾ ਰਿਹਾ ਸੱਜਣ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਣਤ ਬਣਾਈਆ । ਨਾਮ ਨਿਧਾਨਾ ਦੱਸਦਾ ਰਿਹਾ ਭਜਨ, ਰਸਨਾ ਜਿਹਵਾ ਕਰ ਕੁੜਮਾਈਆ । ਚਰਨ ਧੂੜ ਜਣੌਂਦਾ ਰਿਹਾ ਮਜਨ, ਮਸਤਕ ਟਿੱਕਾ ਖ਼ਾਕ ਰਮਾਈਆ । ਸਚਖੰਡ ਦਵਾਰੇ ਬੈਠਾ ਰਿਹਾ ਮਗਨ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਪੀਰ ਪੈਗ਼ੰਬਰ ਪੰਜ ਤਤ ਚੋਲਾ ਰਿਹਾ ਬਦਲ, ਬਦਲੀ ਆਪਣਾ ਨਾਮ ਕਰਾਈਆ । ਬ੍ਰਹਿਮੰਡ ਖੰਡ ਕਮਾਏ ਇਕੋ ਅਦਲ, ਅਦਾਲਤ ਸਾਚੇ ਘਰ ਲਗਾਈਆ । ਨਾਮ ਨਿਧਾਨ ਸ੍ਰੀ ਭਗਵਾਨ ਜਣੌਂਦਾ ਰਿਹਾ ਗ਼ਜ਼ਲ, ਨਗ਼ਮਾ ਇਕੋ ਇਕ ਪਰਗਟਾਈਆ । ਸਾਧਾਂ ਸੰਤਾਂ ਦੱਸਦਾ ਰਿਹਾ ਮਜ਼ਲ, ਰਹਿਬਰ ਬਣ ਬਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ

ਸ਼ਹਿਨਸ਼ਾਹੀਆ । ਵੀਹ ਸੌ ਵੀਹ ਬਿਕ੍ਰਮੀ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਆਪਣੀ ਧਾਰ ਚਲਾਇੰਦਾ । ਸਚਖੰਡ ਨਿਵਾਸੀ ਹੋ ਪਰਧਾਨਾ, ਪੁਰਖ ਅਬਿਨਾਸ਼ੀ ਵੇਸ ਵਟਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨਾ, ਬਲਧਾਰੀ ਆਪਣਾ ਬਲ ਰਖਾਇੰਦਾ । ਲੇਖਾ ਜਾਣੇ ਦੋ ਜਹਾਨਾਂ, ਬ੍ਰਹਿਮੰਡ ਖੰਡ ਭੇਵ ਅਭੇਦ ਚੁਕਾਇੰਦਾ । ਦੇਵਣਹਾਰਾ ਧੁਰ ਫ਼ਰਮਾਨਾ, ਸਚ ਸੰਦੇਸ਼ਾ ਨਾਮ ਅਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਖ਼ਸ਼ੇ ਇਕ ਧਿਆਨਾ, ਚਰਨ ਕਵਲ ਆਪ ਸਮਝਾਇੰਦਾ । ਗੁਰ ਅਵਤਾਰਾਂ ਦੇਵੇ ਦਾਨਾ, ਦਾਤਾ ਦਾਨੀ ਦਇਆ ਕਮਾਇੰਦਾ । ਪੀਰ ਪੈਗ਼ੰਬਰਾਂ ਬੰਨ੍ਹੇ ਗਾਨਾ, ਮੌਲੀ ਤੰਦ ਹੱਥ ਉਠਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜੁਗ ਚੌਕੜੀ ਖੇਲੇ ਖੇਲ ਮਹਾਨਾ, ਖ਼ਾਲਕ ਖ਼ਲਕ ਵਿਚ ਸਮਾਇੰਦਾ । ਸਾਚਾ ਮੰਦਰ ਇਕ ਮਕਾਨਾ, ਸਚਖੰਡ ਦਵਾਰ ਆਪ ਵੰਡਾਇੰਦਾ । ਸ਼ਬਦ ਅਨਾਦ ਧੁਰ ਤਰਾਨਾ, ਅਨਰਾਗੀ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਵੀਹ ਸੌ ਵੀਹ ਬਿਕਰਮੀ ਧੁਰ ਦੀ ਧਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਵੇਲਾ ਅੰਤਮ ਆਈਆ । ਗੁਰ ਅਵਤਾਰ ਬਣ ਭਿਖਾਰ, ਦਰ ਬੈਠੇ ਸੀਸ ਝੁਕਾਈਆ । ਪੀਰ ਪੈਗ਼ੰਬਰ ਸਜਦਾ ਕਰਨ ਵਾਰੋ ਵਾਰ, ਨਿਉਂ ਨਿਉਂ ਲਾਗਣ ਪਾਈਆ । ਉਚੀ ਕੂਕ ਕੂਕ ਕਰਨ ਪੁਕਾਰ, ਦਰੋਹੀ ਦਰੋਹੀ ਤੇਰਾ ਨਾਮ ਖ਼ੁਦਾਈਆ । ਕਿਰਪਾ ਕਰ ਪਰਵਰਦਿਗਾਰ, ਬੇਨਜ਼ੀਰ ਤੇਰੀ ਵਡਿਆਈਆ । ਤੋਬਾ ਤੋਬਾ ਸਾਰੇ ਗਏ ਹਾਰ, ਤੁਲਬਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਵਾਜਾਂ ਰਹੇ ਮਾਰ, ਨੇਤਰ ਨੈਣ ਨੈਣ ਉਠਾਈਆ । ਪੁਰਖ ਅਬਿਨਾਸ਼ੀ ਲੈ ਅਵਤਾਰ, ਚਾਰੋ ਕੁੰਟ ਅੰਧੇਰਾ ਛਾਈਆ । ਸਾਚਾ ਨੂਰ ਨਾ ਕੋਇ ਉਜਿਆਰ, ਨਿਰਗੁਣ ਜੋਤ ਚੰਦ ਨਾ ਕੋਇ ਚਮਕਾਈਆ । ਗੁਰ ਕਾ ਸ਼ਬਦ ਸਕੇ ਨਾ ਕੋਇ ਵਿਚਾਰ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਧੂੰਆਂਧਾਰ, ਸਚ ਪਰਕਾਸ਼ ਨਾ ਕੋਇ ਕਰਾਈਆ । ਪੜ੍ਹ ਪੜ੍ਹ ਪੁਸਤਕ ਜੀਵ ਜਗਤ ਗਏ ਹਾਰ, ਹਰਿ ਕਾ ਰੂਪ ਸਤਿ ਸਰੂਪ ਨਜ਼ਰ ਕਿਸੇ ਨਾ ਆਈਆ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਓ ਰੰਕ ਰਾਜ ਰਾਜਾਨ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਸ੍ਰਿਸ਼ਟ ਸਬਾਈ ਹੋਏ ਖਵਾਰ, ਧੀਰਜ ਧੀਰ ਨਾ ਕੋਇ ਧਰਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਘਰ ਮਿਲੇ ਨਾ ਮੀਤ ਮੁਰਾਰ, ਹਰਿ ਸੱਜਣ ਨਜ਼ਰ ਕਿਸੇ ਨਾ ਆਈਆ । ਦੁੱਖਾਂ ਭਰਿਆ ਸਰਬ ਸੰਸਾਰ, ਆਤਮ ਸੁਖ ਨਾ ਕੋਇ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵੀਹ ਸੌ ਵੀਹ ਬਿਕਰਮੀ ਤੱਕੇ ਰਾਹ, ਨੇਤਰ ਨੈਣ ਨੈਣ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਧੁਰ ਲੇਖਾ ਗਏ ਸਮਝਾ, ਬਣ ਕਾਤਬ ਕਲਮ ਛਾਹੀਆ । ਕਲਜੁਗ ਅੰਤਮ ਵੇਲਾ ਜਾਏ ਆ, ਚਾਰ ਯਾਰੀ ਸੰਗ ਨਾ ਕੋਇ ਨਿਭਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਭੇਵ ਅਭੇਦਾ ਆਪ ਜਣਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਜੋਤੀ ਜਾਮਾ ਵੇਸ ਲਏ ਵਟਾ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਚੁਕਾਈਆ । ਧੁਰ ਸੰਦੇਸਾ ਨਰ ਨਰੇਸਾ ਏਕੰਕਾਰ ਦਏ ਸੁਣਾ, ਸਾਚਾ ਢੋਲਾ ਰਾਗ ਅਲਾਈਆ । ਸਾਚਾ ਵੇਲਾ ਦਏ ਵਡਿਆ, ਗੁਰ ਚੇਲਾ ਇਕੋ ਘਰ ਬਹਾਈਆ । ਧੁਰ ਸੰਜੋਗੀ ਮੇਲਾ ਲਏ ਮਿਲਾ, ਜਨਮ ਕਰਮ ਦੇ ਵਿਛੜੇ ਘਰ ਸਾਚੇ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਵੀਹ ਸੌ ਵੀਹ ਬਿਕਰਮੀ ਵੇਖ ਤਮਾਸ਼ਾ,

ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਕਰੇ ਹਾਸਾ, ਨੌ ਖੰਡ ਪ੍ਰਿਥਮੀ ਰਹੀ ਕੁਰਲਾਈਆ । ਏਕੰਕਾਰ ਦੇਵੇ ਨਾ ਕਿਸੇ ਦਿਲਾਸਾ, ਧੀਰਜ ਧੀਰ ਨਜ਼ਰ ਕਿਸੇ ਨਾ ਆਈਆ । ਆਦਿ ਨਿਰੰਜਣ ਨੂਰ ਨਾ ਕੋਇ ਪਰਕਾਸਾ, ਅੰਧ ਅੰਧੇਰ ਨਾ ਕੋਇ ਮਿਟਾਈਆ । ਸ੍ਰੀ ਭਗਵਾਨ ਕਿਸੇ ਨਾ ਵਸੇ ਸਾਥਾ, ਸੁੰਞੀਂ ਸੇਜ ਸਰਬ ਲੋਕਾਈਆ । ਅਬਿਨਾਸ਼ੀ ਕਰਤਾ ਲੱਖ ਚੁਰਾਸੀ ਜੀਵ ਜੰਤ ਕਰੇ ਨਿਰਾਸਾ, ਆਸਾ ਪੂਰ ਨਾ ਕੋਇ ਵਖਾਈਆ । ਪਾਰਬ੍ਰਹਮ ਪ੍ਰਭ ਕਰਵਟ ਲੈ ਨਾ ਬਦਲੇ ਪਾਸਾ, ਬ੍ਰਹਮ ਬ੍ਰਹਿਮਾਦ ਮਾਣ ਨਾ ਕੋਇ ਰਖਾਈਆ । ਚਾਰੋ ਕੁੰਟ ਆਇਆ ਘਾਟਾ, ਸਾਚਾ ਹੱਟ ਨਾ ਕੋਇ ਚਲਾਈਆ । ਪਰਮ ਪੁਰਖ ਪ੍ਰਭ ਮਿਲਿਆ ਕਿਸੇ ਨਾ ਸੱਜਣ ਸਾਕਾ, ਖ਼ੁਸ਼ੀਆਂ ਨਾਦ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵੀਹ ਸੌ ਵੀਹ ਬਿਕਰਮੀ ਦੇਵੇ ਧੋਖਾ, ਸ੍ਰਿਸ਼ਟ ਸਬਾਈ ਰਹੀ ਕੁਰਲਾਈਆ । ਵੇਖ ਵਖਾਏ ਚੌਦਾਂ ਲੋਕਾਂ, ਚੌਦਾਂ ਤਬਕ ਫੇਰਾ ਪਾਈਆ । ਚਾਰ ਜੁਗ ਦਾ ਗਾਇਆ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸੁਣੇ ਸਲੋਕਾ, ਸੁਣਨਹਾਰ ਆਪਣਾ ਨਾਉਂ ਵਟਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਕਾਗ਼ਜ਼ ਕਲਮ ਛਾਹੀ ਲੇਖਾ ਵੇਖੇ ਪੋਥਾ, ਬੋਧ ਅਗਾਧਾ ਆਪਣਾ ਭੇਵ ਚੁਕਾਈਆ । ਕਲਜੁਗ ਜੀਵ ਜਗਤ ਹੰਕਾਰੀ ਅੰਤਮ ਹੋਇਆ ਥੋਥਾ, ਦੁਰਮਤ ਮੈਲ ਨਾ ਕੋਇ ਧਵਾਈਆ । ਨਿਰਮਲ ਨੂਰ ਜਗੇ ਨਾ ਕੋਈ ਦੀਪਕ ਸਾਚਾ ਜੋਤਾ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵੀਹ ਸੌ ਵੀਹ ਬਿਕ੍ਰਮੀ ਲੇਖਾ ਧਰਨੀ ਧਰਤ ਧੌਲ, ਧਵਲਾ ਭੇਵ ਨਾ ਕੋਇ ਚੁਕਾਈਆ । ਨਵ ਨੌ ਚਾਰ ਪੂਰਾ ਕਰੇ ਕੀਤਾ ਕੌਲ, ਕੀਤਾ ਇਕਰਾਰ ਭੁੱਲ ਕਦੇ ਨਾ ਜਾਈਆ । ਸ੍ਰੀ ਭਗਵਾਨ ਖੇਲੇ ਖੇਲ ਆਪ ਅਨਭੋਲ, ਅਨਭੁੱਲ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਰਹੀ ਡੋਲ, ਸੋ ਸਾਹਿਬ ਕਲਜੁਗ ਅੰਤ ਰਿਹਾ ਡੁਲਾਈਆ । ਸਚ ਵਸਤ ਨਾ ਕਿਸੇ ਕੋਲ, ਖ਼ਾਲੀ ਝੋਲੀ ਸਰਬ ਕਰਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ ਪਾਂਧਾ ਰੌਲ, ਮੁੱਲਾ ਸ਼ੇਖ਼ ਮੁਸਾਇਕ ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚੇ ਵੱਜੇ ਵਧਾਈਆ । ਵੀਹ ਸੌ ਵੀਹ ਬਿਕ੍ਰਮੀ ਮੰਗੇ ਮੰਗ, ਪ੍ਰਭ ਅੱਗੇ ਧਿਆਨ ਲਗਾਈਆ । ਸ੍ਰੀ ਭਗਵਾਨ ਤੇਰਾ ਸਚ ਸੰਗ, ਆਦਿ ਜੁਗਾਦਿ ਵਿਛੜ ਨਾ ਜਾਈਆ । ਕਲਜੁਗ ਅੰਤਮ ਰਿਹਾ ਲੰਘ, ਪਾਂਧੀ ਆਪਣਾ ਪੰਧ ਮੁਕਾਈਆ । ਸ੍ਰਿਸ਼ਟ ਸਬਾਈ ਹੋਈ ਰੰਡ, ਹਰਿ ਕੰਤ ਨਾ ਕੋਇ ਹੰਢਾਈਆ । ਨੌ ਖੰਡ ਪ੍ਰਿਥਮੀ ਭੇਖ ਪਖੰਡ, ਸਾਚਾ ਰਾਹ ਨਾ ਕੋਇ ਜਣਾਈਆ । ਆਤਮ ਭੁੱਲਿਆ ਸਭ ਨੂੰ ਅਨੰਦ, ਪਰਮਾਨੰਦ ਵਿਚ ਨਾ ਕੋਇ ਸਮਾਈਆ । ਤੇਰਾ ਢੋਲਾ ਗੀਤ ਗੋਬਿੰਦ ਨਾ ਗਾਏ ਕੋਈ ਛੰਦ, ਸੰਸਾ ਰੋਗ ਨਾ ਕੋਇ ਚੁਕਾਈਆ । ਕੂੜੀ ਕਿਰਿਆ ਘਰ ਘਰ ਵੜਿਆ ਘਮੰਡ, ਭਾਂਡਾ ਭਰਮ ਨਾ ਕੋਇ ਭੰਨਾਈਆ । ਮਾਣਸ ਜਨਮ ਸਭ ਦਾ ਦਿਸੇ ਭੰਗ, ਅੰਤਮ ਕਰਤਾ ਕੀਮਤ ਕੋਇ ਨਾ ਪਾਈਆ । ਸਾਹਿਬ ਸਤਿਗੁਰ ਦੀਨ ਦਿਆਲ ਸਵਾਮੀ ਠਾਕਰ ਤੇਰਾ ਵੱਜੇ ਇਕ ਮਰਦੰਗ, ਨਾਮ ਨਿਧਾਨਾ ਆਪ ਸੁਣਾਈਆ । ਲੱਖ ਚੁਰਾਸੀ ਵਿਚੋ ਗੁਰਮੁਖ ਵਿਰਲਾ ਚੜ੍ਹੇ ਅਨੋਖਾ ਚੰਦ, ਸੂਰਜ ਚੰਦ ਵੇਖ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਵੀਹ ਸੌ ਵੀਹ ਬਿਕ੍ਰਮੀ ਕਹੇ ਭਗਵਾਨ, ਤੇਰੇ ਹੱਥ ਵਡਿਆਈਆ । ਜਨ ਭਗਤਾਂ ਦੇ ਆਪਣਾ ਦਾਨ, ਵਸਤ ਅਮੋਲਕ ਨਾਮ ਵਰਤਾਈਆ । ਅੰਦਰ

ਬਾਹਰ ਗੁਪਤ ਜ਼ਾਹਰ ਨਿਜ ਆਤਮ ਕਰੇ ਤੇਰਾ ਧਿਆਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਬਿਨ ਪੜ੍ਹਿਆਂ ਦੇ ਗਿਆਨ, ਚੌਦਾਂ ਵਿਦਿਆ ਕੰਮ ਕਿਸੇ ਨਾ ਆਈਆ । ਨਾਤਾ ਤੁੱਟੇ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕਰੇ ਲੜਾਈਆ । ਘਰ ਦੀਪਕ ਜੋਤ ਜਗੇ ਮਹਾਨ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਅਨਹਦ ਸ਼ਬਦ ਵੱਜੇ ਧੁਨਕਾਨ, ਧੁਨ ਆਤਮਕ ਰਾਗ ਅਲਾਈਆ । ਅੰਮ੍ਰਿਤ ਮਿਲੇ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਰਹੇ ਨਾ ਰਾਈਆ । ਸਾਚੀ ਸੇਜਾ ਕਰ ਪਰਵਾਨ, ਆਤਮ ਪਰਮਾਤਮ ਆਪਣੀ ਦਇਆ ਕਮਾਈਆ । ਘਰ ਮਿਲ ਆ ਕੇ ਸਾਚੇ ਕਾਹਨ, ਬੰਸਰੀ ਆਪਣਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਵੀਹ ਸੌ ਵੀਹ ਬਿਕ੍ਰਮੀ ਰੱਖੇ ਆਸ, ਪ੍ਰਭ ਤੇਰਾ ਧਿਆਨ ਲਗਾਈਆ । ਜਨ ਭਗਤ ਪੁਜਾ ਪੂਰਬ ਆਸ, ਪਿਛਲਾ ਲੇਖਾ ਦੇ ਮੁਕਾਈਆ । ਅੱਗੇ ਬਖ਼ਸ਼ ਆਪਣਾ ਸਾਥ, ਆਤਮ ਪਰਮਾਤਮ ਜੋੜ ਜੁੜਾਈਆ । ਪਾਰਬ੍ਰਹਮ ਬ੍ਰਹਮ ਕਰੇ ਭੋਗ ਬਲਾਸ, ਸਾਚੀ ਸੇਜਾ ਸੋਭਾ ਪਾਈਆ । ਘਰ ਮੰਦਰ ਵੇਖੇ ਸਾਚੀ ਰਾਸ, ਗੋਪੀ ਕਾਹਨ ਨਚਾਈਆ । ਨਿਰਮਲ ਜੋਤ ਹੋਏ ਪਰਕਾਸ਼, ਨੂਰੋ ਨੂਰ ਨੂਰ ਰੁਸ਼ਨਾਈਆ । ਲਹਿਣਾ ਦੇਣਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹੀਆ । ਲੇਖਾ ਚੁੱਕੇ ਪੂਜਾ ਪਾਠ, ਹਵਨ ਦੀਪ ਨਾ ਕੋਇ ਜਗਾਈਆ । ਨਜ਼ਰੀ ਆਏ ਇਕੋ ਪੁਰਖ ਸਮਰਾਥ, ਸਮਰਥ ਪੁਰਖ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਆਪਣਾ ਘਰ, ਜਿਸ ਘਰ ਇਕੋ ਨੂਰ ਰੁਸ਼ਨਾਈਆ । ਵੀਹ ਸੌ ਵੀਹ ਬਿਕ੍ਰਮੀ ਕਰੇ ਯਾਦ, ਪਿਛਲੀ ਯਾਦ ਆਪ ਜਣਾਈਆ । ਕਲਜੁਗ ਅੰਤ ਸੁਣ ਫਰਯਾਦ, ਬੇਪਰਵਾਹ ਫੇਰਾ ਪਾਈਆ । ਜਨ ਭਗਤਾਂ ਦੇ ਆਪਣੀ ਦਾਦ, ਦੌਲਤ ਇਕੋ ਨਾਮ ਵਰਤਾਈਆ । ਲੱਖ ਚੁਰਾਸੀ ਵਿਚੋ ਕਾਢ, ਆਵਣ ਜਾਵਣ ਗੇੜ ਕਟਾਈਆ । ਨਾਮ ਸੁਣਾ ਅਗੰਮ ਨਾਦ, ਤੁਰੀਆ ਬੈਠੇ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਮੇਲਾ ਸਹਿਜ ਸੁਭਾਈਆ । ਵੀਹ ਸੌ ਵੀਹ ਬਿਕ੍ਰਮੀ ਰਹੀ ਤੱਕ, ਤਕਵਾ ਤੇਰੇ ਉਤੇ ਰਖਾਈਆ । ਪਰਗਟ ਹੋ ਪੁਰਖ ਸਮਰਥ, ਸਮਰਥ ਤੇਰੀ ਸ਼ਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਮਾਰਗ ਗਏ ਦੱਸ, ਵਾਕ ਭਵਿਖਤ ਜਗਤ ਜਣਾਈਆ । ਪੰਜ ਤਤ ਕਾਇਆ ਚੋਲਾ ਛੱਡ ਕੇ ਗਏ ਨੱਠ, ਦਰ ਤੇਰੇ ਜਾ ਕੇ ਅਲਖ ਜਗਾਈਆ । ਨਾਮ ਨਿਧਾਨ ਸ੍ਰੀ ਭਗਵਾਨ ਤੇਰਾ ਰਸਨਾ ਜਿਹਵਾ ਗਏ ਰਟ, ਮਨ ਕਾ ਮਣਕਾ ਆਪ ਭਵਾਈਆ । ਖਾਣੀ ਬਾਣੀ ਖੋਲ੍ਹ ਕੇ ਗਏ ਹੱਟ, ਜਗਤ ਵਣਜਾਰਾ ਰਾਹ ਚਲਾਈਆ । ਅੰਤਮ ਕਲਜੁਗ ਖੇੜਾ ਹੋਇਆ ਦਿਸੇ ਭੱਠ, ਸਾਚਾ ਰੰਗ ਨਾ ਕੋਇ ਰੰਗਾਈਆ । ਉਚੇ ਟਿੱਲੇ ਪਰਬਤ ਡੂੰਘੀ ਕੰਦਰ ਵੇਖਿਆ ਨੱਠ ਨੱਠ, ਗੁਰਮੁਖ ਨਜ਼ਰ ਕੋਇ ਨਾ ਆਈਆ । ਨਾੜ ਬਹੱਤਰ ਸਭ ਦੀ ਉਬਲੇ ਰੱਤ, ਰਤੀ ਰਤ ਨਾ ਕੋਇ ਸੁਕਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਭੁੱਲੀ ਬ੍ਰਹਮ ਮੱਤ, ਮਨਮਤ ਕਰੀ ਕੁੜਮਾਈਆ । ਜ਼ਾਤ ਪਾਤ ਸ਼ਰਅ ਮਜ਼੍ਹਬ ਵੱਜਾ ਫੱਟ, ਪੱਟੀ ਨਾਮ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਆਪਣਾ ਦਰ, ਦਰ ਸਾਚੇ ਅਲਖ ਜਗਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਬੀਸ ਬੀਸਾ ਆਪ ਜਣਾਈਆ । ਜੁਗ ਚੌਕੜੀ ਕਰ ਪਰਵਾਨ, ਕਲ ਅੰਤਮ ਵੇਸ ਵਟਾਈਆ । ਨਿਹਕਲੰਕ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਦੋ ਜਹਾਨਾਂ ਸੱਚਾ ਕਾਹਨ, ਨਿਰਗੁਣ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਵੇਖੇ ਆਣ, ਘਰ ਘਰ

ਅੰਦਰ ਪੜਦਾ ਲਾਹੀਆ । ਭਗਤ ਭਗਵੰਤ ਲਏ ਪਹਿਚਾਨ, ਜੀਵ ਜੰਤ ਖੋਜ ਖੁਜਾਈਆ । ਚਰਨ ਕਵਲ ਬਖਸ਼ੇ ਇਕ ਧਿਆਨ, ਸੁਰਤੀ ਸ਼ਬਦ ਸ਼ਬਦ ਜੁੜਾਈਆ । ਆਤਮ ਪਰਮਾਤਮ ਮੇਲੇ ਆਣ, ਦੂਈ ਦਵੈਤੀ ਪੜਦਾ ਲਾਹੀਆ । ਸਾਚਾ ਮੰਦਰ ਵਖਾਏ ਸ੍ਰੀ ਭਗਵਾਨ, ਬਜਰ ਕਪਾਟੀ ਕੁੰਡਾ ਲਾਹੀਆ । ਦੀਪਕ ਜੋਤ ਜਗੇ ਮਹਾਨ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸਰ ਸਰੋਵਰ ਅਸ਼ਨਾਨ ਕਰਾਏ ਮਹਾਨ, ਦੁਰਮਤ ਮੈਲ ਦਏ ਧਵਾਈਆ । ਆਵਣ ਜਾਵਣ ਚੁਕਾਏ ਕਾਣ, ਲੱਖ ਚੁਰਾਸੀ ਫੰਦ ਕਟਾਈਆ । ਅੰਦਰ ਵੜ ਕੇ ਦੇਵੇ ਗਿਆਨ, ਬਾਹਰੋ ਕਰੇ ਨਾ ਕੋਇ ਪੜ੍ਹਾਈਆ । ਨਾਮ ਜਪਾਏ ਬਿਨ ਰਸਨਾ ਜਿਹਵਾ ਜ਼ਬਾਨ, ਅਜੱਪਾ ਜਾਪ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਵੀਹ ਸੌ ਵੀਹ ਬਿਕ੍ਰਮੀ ਭਗਤ ਪਿਆਰਾ, ਹਰਿ ਭਗਵਨ ਵੇਸ ਵਟਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਸਗਲਾ ਸੰਗ ਰਖਾਈਆ । ਗ਼ਰੀਬ ਨਿਮਾਣਿਆਂ ਪਾਵੇ ਸਾਰਾ, ਨਾਥ ਅਨਾਥਾਂ ਦਏ ਵਡਿਆਈਆ । ਸਾਚਾ ਮੰਦਰ ਵਖਾਏ ਇਕ ਦਵਾਰਾ, ਪ੍ਰਭ ਚਰਨ ਸੱਚੀ ਸਰਨਾਈਆ । ਛੱਪਰ ਛੰਨ ਨਾ ਕੋਇ ਸਹਾਰਾ, ਚਾਰ ਦੀਵਾਰ ਨਾ ਕੋਇ ਬਣਾਈਆ । ਸੂਰਜ ਚੰਦ ਨਾ ਕੋਇ ਉਜਿਆਰਾ, ਨਿਰਗੁਣ ਜੋਤ ਦੀਪ ਜਗਾਈਆ । ਗੁਰ ਅਵਤਾਰ ਪੀਰ ਪੈਗੰਬਰ ਢੋਲਾ ਗਾਵਣ ਸਾਚੀ ਵਾਰਾ, ਵਾਹਵਾ ਤੇਰੀ ਵੱਜਦੀ ਰਹੇ ਵਧਾਈਆ । ਤੇਰਾ ਵਸਦਾ ਰਹੇ ਸੱਚਾ ਘਰ ਬਾਰਾ, ਮੰਦਰ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਉਠਾਈਆ । ਵੀਹ ਸੌ ਵੀਹ ਬਿਕ੍ਰਮੀ ਲਾਏ ਭਾਗ, ਵਡ ਭਾਗੀ ਆਪ ਜਣਾਈਆ । ਜਨ ਭਗਤਾਂ ਖੋਲ੍ਹੇ ਕੂੜੀ ਜਾਗ, ਨਿਜ ਨੇਤਰ ਨੈਣ ਆਪ ਖੁਲ੍ਹਾਈਆ । ਰਾਤੀਂ ਸੁਤਿਆਂ ਮਾਰ ਆਵਾਜ਼, ਸ਼ਬਦੀ ਨਾਦ ਧੁਨ ਸ਼ਨਵਾਈਆ । ਤ੍ਰੈਗੁਣ ਮਾਇਆ ਬੁਝਾ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਆਤਮ ਪਰਮਾਤਮ ਰਚ ਕੇ ਕਾਜ, ਸਾਚਾ ਨਾਤਾ ਜੋੜ ਜੁੜਾਈਆ । ਪੂਰਬ ਜਨਮ ਦਾ ਧੋ ਦਾਗ਼, ਨਿਰਮਲ ਨੀਰ ਨੀਰ ਵਖਾਈਆ । ਕਰੇ ਖੇਲ ਗੁਰੂ ਮਹਾਰਾਜ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਘਰ ਮਿਲਾਵਾ ਕੰਤ ਸੁਹਾਗ, ਜਗਤ ਰੰਡੇਪਾ ਦੂਰ ਕਰਾਈਆ । ਮੇਲ ਮਿਲਾਵਾ ਮੋਹਣ ਮਾਧਵ ਮਾਧ, ਮਧੁਰ ਧੁਨ ਨਾਮ ਸੁਣਾਈਆ । ਲੇਖਾ ਚੁਕੇ ਜਗਤ ਸਮਾਜ, ਜਿਸ ਜਨ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਵੀਹ ਸੌ ਵੀਹ ਬਿਕ੍ਰਮੀ ਤੇਰਾ ਵਕਤ ਸੁਹਾਉਣਾ, ਸੋਹਣੀ ਰੁਤੜੀ ਨਾਲ ਮਿਲਾਈਆ । ਭਗਤ ਭਗਵਾਨ ਵੇਖ ਵਖਾਉਣਾ, ਦਰ ਵੇਖੇ ਚਾਈਂ ਚਾਈਂਆ । ਮਾਣਸ ਜਨਮ ਲੇਖੇ ਲਾਉਣਾ, ਮਾਨੁਖ ਆਪਣਾ ਦਰ ਬੁਝਾਈਆ । ਸਾਚਾ ਰਾਗ ਇਕ ਸੁਣਾਉਣਾ, ਢੋਲਾ ਤੇਰਾ ਨਾਮ ਵਡਿਆਈਆ । ਆਤਮ ਪਰਮਾਤਮ ਪਰਮਾਤਮ ਆਤਮ ਸਾਚੀ ਸੇਜਾ ਆਪ ਬਹਾਉਣਾ, ਸੇਜ ਸੁਹੰਜਣੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਵੀਹ ਸੌ ਵੀਹ ਬਿਕ੍ਰਮੀ ਭਗਤਨ ਮੇਲਾ, ਹਰਿ ਭਗਵਨ ਆਪ ਕਰਾਈਆ । ਏਕਾ ਘਰ ਵਸੇ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਨੂਰ ਰੁਸ਼ਨਾਈਆ । ਪਰਮ ਪੁਰਖ ਪ੍ਰਭ ਸੱਜਣ ਸੁਹੇਲਾ, ਸਾਹਿਬ ਸਤਿਗੁਰ ਆਪ ਹੋ ਜਾਈਆ । ਗੁਰਮੁਖ ਜਣਾਏ ਆਪਣਾ ਵੇਲਾ, ਵਾਰ ਥਿਤ ਨਾ ਕੋਇ ਵਡਿਆਈਆ । ਸਦ ਵਸਣਹਾਰਾ ਧਾਮ ਨਵੇਲਾ, ਨਿਰਗੁਣ ਦਾਤਾ ਬੇਪਰਵਾਹੀਆ । ਅਚਰਜ ਖੇਲ ਕਲੂ ਕਲ ਖੇਲਾ, ਕਲ ਕਲਕੀ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ

ਭਗਤ ਆਪ ਤਰਾਈਆ । ਭਗਤ ਜਨ ਆਪ ਤਰਾਉਣਾ, ਤਰਨੀ ਤਰਨ ਆਪ ਜਣਾਇੰਦਾ । ਫੜ ਫੜ ਸਾਚੇ ਮਾਰਗ ਲਾਉਣਾ, ਸਤਿਜੁਗ ਰਾਹ ਇਕ ਵਖਾਇੰਦਾ । ਚਾਰ ਵਰਨ ਦਾ ਡੇਰਾ ਢਾਉਣਾ, ਬਰਨ ਅਠਾਰਾਂ ਪੰਧ ਮੁਕਾਇੰਦਾ । ਆਤਮ ਪਰਮਾਤਮ ਹਰ ਘਟ ਨਜ਼ਰੀ ਆਉਣਾ, ਘਰ ਘਰ ਆਪਣਾ ਪੜਦਾ ਲਾਹਿੰਦਾ । ਸੋਹੰ ਢੋਲਾ ਰਾਗ ਜਣਾਉਣਾ, ਦੋ ਜਹਾਨਾਂ ਆਪ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸ਼ੁਕਰ ਮਨਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚਾ ਆਪ ਉਠਾਇੰਦਾ । ਵੀਹ ਸੌ ਵੀਹ ਬਿਕ੍ਰਮੀ ਤੇਰਾ ਸੋਹਣਾ ਰੰਗ, ਹਰਿ ਮਹਿਬੂਬ ਆਪ ਚੜ੍ਹਾਈਆ । ਸ਼ਾਹ ਸਵਾਰਾ ਅਸਵ ਘੋੜੇ ਕਸ ਤੰਗ, ਦੋ ਜਹਾਨਾਂ ਵਾਲੀ ਜੋਤ ਅਕਾਲੀ ਫੇਰਾ ਪਾਈਆ । ਨਾਮ ਨਿਧਾਨ ਲੈ ਮਰਦੰਗ, ਪੁਰੀ ਲੋਅ ਆਕਾਸ਼ ਪਾਤਾਲ ਬ੍ਰਹਿਮੰਡ ਖੰਡ ਆਪ ਜਗਾਈਆ । ਵੇਖ ਵਖਾਣੇ ਹਰਿ ਵਰਭੰਡ, ਚਾਰ ਕੁੰਟ ਦਹਿ ਦਿਸ਼ਾ ਨਵ ਖੰਡ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਗੀਤ ਸੁਣਾਏ ਸੁਹਾਗੀ ਛੰਦ, ਸੋਹੰ ਢੋਲਾ ਰਾਗ ਅਲਾਈਆ । ਸਤਿਜੁਗ ਦਵਾਰੇ ਆਤਮ ਪਰਮਾਤਮ ਇਕੋ ਘਰ ਮਿਲੇ ਅਨੰਦ, ਅਨੰਦ ਅਨੰਦ ਵਿਚੋ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਅੰਤਮ ਪਾਰ ਕਰਾਈਆ । ਵੀਹ ਸੌ ਵੀਹ ਬਿਕ੍ਰਮੀ ਤੇਰਾ ਖੇੜਾ, ਨਗਰ ਗਰਾਮ ਆਪ ਵਸਾਈਆ । ਅਬਿਨਾਸ਼ੀ ਕਰਤਾ ਬੰਨ੍ਹੇ ਬੇੜਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰਮੁਖ ਜੋ ਬੈਠੇ ਰਹੇ ਕਰ ਕੇ ਜੇਰਾ, ਸ੍ਰੀ ਭਗਵਾਨ ਚਰਨ ਓਟ ਤਕਾਈਆ । ਕਲਜੁਗ ਅੰਤਮ ਕਰੇ ਹੱਕ ਨਬੇੜਾ, ਹੱਕ ਹਕੀਕਤ ਵੇਖ ਵਖਾਈਆ । ਨਾਤਾ ਜੋੜੇ ਤੇਰਾ ਮੇਰਾ, ਮੇਰਾ ਤੇਰਾ ਭੇਵ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਪਾਰ ਲੰਘਾਈਆ । ਵੀਹ ਸੌ ਵੀਹ ਬਿਕ੍ਰਮੀ ਜਨ ਭਗਤਾਂ ਮੀਤਾ, ਸੋ ਪੁਰਖ ਨਿਰੰਜਣ ਫੇਰਾ ਪਾਈਆ । ਧੁਰ ਦਰਬਾਰ ਵਖਾਏ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਤਪਾਈਆ । ਇਕੋ ਰੰਗ ਰੰਗਾਏ ਹਸਤ ਕੀਟਾ, ਊਚ ਨੀਚ ਨਾ ਕੋਇ ਰਖਾਈਆ । ਸੋਹੰ ਸ਼ਬਦ ਮਾਣ ਚੁਕਾਏ ਅਠਾਰਾਂ ਧਿਆਏ ਗੀਤਾ, ਅੱਠ ਦਸ ਕਰੇ ਪੜ੍ਹਾਈਆ । ਧਾਮ ਵਖਾਏ ਇਕ ਅਨਡੀਠਾ, ਘਰ ਮੰਦਰ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਗ ਲਗਾਈਆ । ਵੀਹ ਸੌ ਵੀਹ ਬਿਕ੍ਰਮੀ ਸਚ ਪਿਆਰ, ਪਰਮ ਪੁਰਖੋਤਮ ਆਪ ਜਣਾਇੰਦਾ । ਜਨ ਭਗਤਾਂ ਕਰੇ ਅੰਗੀਕਾਰ, ਅੰਗਣ ਆਪਣਾ ਆਪ ਸੁਹਾਇੰਦਾ । ਵਾਸਨਾ ਗੰਦੀ ਦਏ ਨਿਕਾਲ, ਸਚ ਸੁਗੰਧੀ ਨਾਮ ਭਰਾਇੰਦਾ । ਚੰਦ ਨੌਚੰਦੀ ਦੇਵੇ ਚਾੜ੍ਹ, ਅੰਧ ਅੰਧੇਰ ਮਿਟਾਇੰਦਾ । ਪੂਰਬ ਲੇਖਾ ਲਹਿਣਾ ਦੇਵੇ ਪਾੜ, ਰਾਏ ਧਰਮ ਲਹਿਣਾ ਨਜ਼ਰ ਕੋਇ ਨਾ ਆਇੰਦਾ । ਸਾਚੇ ਪੌੜੇ ਦੇਵੇ ਚਾੜ੍ਹ, ਚੌਥੇ ਪਦ ਆਪ ਬਹਾਇੰਦਾ । ਕਰ ਪਰਕਾਸ਼ ਬਹੱਤਰ ਨਾੜ, ਨਾੜੀ ਨਾੜੀ ਨੂਰ ਵਖਾਇੰਦਾ । ਆਪੇ ਫਿਰੇ ਪਿਛੇ ਅਗਾੜ, ਸਵੱਛ ਸਰੂਪੀ ਰੂਪ ਆਪ ਪਰਗਟਾਇੰਦਾ । ਭਗਤ ਸੁਹੇਲਾ ਇਕ ਇਕੇਲਾ ਅੰਤਰ ਆਤਮ ਕਰੇ ਪਿਆਰ, ਪਰਮਾਤਮ ਆਪਣੀ ਦਇਆ ਕਮਾਇੰਦਾ । ਸਾਚੇ ਮੰਦਰ ਉਚ ਮਹੱਲ ਅਟੱਲ ਦੇਵੇ ਵਾੜ, ਮੁਕਾਮੇ ਹੱਕ ਸੋਭਾ ਪਾਇੰਦਾ । ਮੇਲ ਮਿਲਾਵਾ ਪਰਵਰਦਿਗਾਰ ਨਜ਼ਰੀ ਆਏ ਇਕ ਨਿਰੰਕਾਰ, ਕਰਤਾ ਪੁਰਖ ਆਪਣੀ ਖੇਲ ਵਖਾਇੰਦਾ । ਦੀਵਾ ਬਾਤੀ ਕਮਲਾਪਾਤੀ ਜੋਤੀ ਨੂਰ ਕਰ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੇਵੇ ਇਕੋ ਵਰ, ਅੰਤਮ ਸਾਚੇ ਘਰ ਵਸਾਇੰਦਾ । ਭਗਤ ਵਸੇਰਾ ਸਾਚੇ ਘਰ, ਮਿਲੇ ਅੰਤ ਵਡਿਆਈਆ । ਸਾਹਿਬ ਸਤਿਗੁਰ ਲੈ ਜਾਏ ਫੜ,

ਦਰ ਆਪਣੀ ਸੇਵ ਕਮਾਈਆ । ਕਿਰਪਾ ਕਰੇ ਨਰਾਇਣ ਨਰ, ਨਰ ਹਰਿ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕੋ ਦਾਨ, ਚਰਨ ਪ੍ਰੀਤੀ ਸਚ ਧਿਆਨ, ਧਿਆਨ ਧਿਆਨ ਨਾਲ ਮਿਲਾਈਆ ।

## ✪ ਪਹਿਲੀ ਸਾਵਣ ੨੦੨੦ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✪

ਸੋ ਪੁਰਖ ਨਿਰੰਜਣ ਬਣਿਆ ਆਪ, ਆਪਣੇ ਹੱਥ ਰੱਖੀ ਵਡਿਆਈਆ । ਹਰਿ ਪੁਰਖ ਨਿਰੰਜਣ ਬਣਿਆ ਆਪ, ਪ੍ਰਭ ਆਪਣੀ ਖੇਲ ਰਚਾਈਆ । ਏਕੰਕਾਰ ਬਣਿਆ ਆਪ, ਅਕਲ ਕਲ ਧਾਰ ਭੇਵ ਨਾ ਰਾਈਆ । ਆਦਿ ਨਿਰੰਜਣ ਬਣਿਆ ਆਪ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬਣਿਆ ਆਪ, ਆਵਣ ਜਾਵਣ ਨਾ ਕੋਇ ਰਖਾਈਆ । ਸ੍ਰੀ ਭਗਵਾਨ ਬਣਿਆ ਆਪ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪਾਰਬ੍ਰਹਮ ਬਣਿਆ ਆਪ, ਨਾ ਕੋਈ ਪਿਤਾ ਨਾ ਕੋਈ ਮਾਈਆ । ਅਸੁੱਤੇ ਪਰਕਾਸ਼ ਕਰਿਆ ਆਪ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਹੋਇਆ ਆਪ, ਆਪ ਆਪਣੀ ਖੇਲ ਰਚਾਈਆ । ਅਜੂਨੀ ਰਹਿਤ ਹੋਇਆ ਪ੍ਰਭ ਆਪ, ਮਾਤ ਗਰਭ ਨਾ ਕੋਇ ਹੰਡਾਈਆ । ਅਨਭਵ ਪਰਕਾਸ਼ ਕਰਿਆ ਆਪ, ਆਪ ਆਪਣਾ ਨੂਰ ਪਰਗਟਾਈਆ । ਆਪਣੀ ਇੱਛਿਆ ਪਰਗਟੀ ਆਪ, ਆਪ ਆਪਣੀ ਦਇਆ ਕਮਾਈਆ । ਆਪਣਾ ਭੇਵ ਖੁਲ੍ਹਾਏ ਆਪ, ਅਭੇਵ ਸਾਚਾ ਸਚ ਸਮਝਾਈਆ । ਸਚਖੰਡ ਦਵਾਰ ਬਣਾਇਆ ਆਪ, ਆਪ ਆਪਣੀ ਸੇਵ ਲਗਾਈਆ । ਸ਼ਾਹੋ ਭੂਪ ਬਣਿਆ ਆਪ, ਰਾਜਨ ਰਾਜ ਨਾਉਂ ਵਡਿਆਈਆ । ਦਰ ਦਰਵੇਸ਼ ਬਣਿਆ ਆਪ, ਨਰ ਨਰੇਸ਼ ਆਪ ਅਖਵਾਈਆ । ਨਿਰਾਕਾਰ ਬਣਿਆ ਸੱਜਣ ਸਾਕ ਆਪ, ਸਗਲਾ ਸੰਗ ਨਿਭਾਈਆ । ਸੇਜ ਸੁਹੰਜਣੀ ਸੁਹਾਏ ਆਪ, ਸੋਭਾਵੰਤ ਡੇਰਾ ਲਾਈਆ । ਦੀਨਾਂ ਬੰਧਪ ਬਣੇ ਆਪ, ਬੰਧਨ ਆਪਣੇ ਨਾਲ ਰਖਾਈਆ । ਆਪਣਾ ਸਗਨ ਮਨਾਵੇ ਆਪ, ਆਪਣੀ ਖ਼ੁਸ਼ੀ ਨਾਲ ਸਮਝਾਈਆ । ਆਪਣੀ ਰੰਗਣ ਚੜ੍ਹਾਵੇ ਆਪ, ਰੰਗ ਰੰਗੀਲਾ ਆਪ ਅਖਵਾਈਆ । ਆਪਣਾ ਕੰਤ ਬਣੇ ਆਪ, ਨਾਰ ਆਪਣਾ ਆਪ ਆਪ ਹੰਢਾਈਆ । ਆਪਣਾ ਵੇਸ ਧਰੇ ਪਰਤਾਪ, ਵਡ ਪਰਤਾਪੀ ਭੇਵ ਖੁਲ੍ਹਾਈਆ । ਆਪਣਾ ਵੇਖੇ ਖੇਲ ਤਮਾਸ਼, ਜੋਤੀ ਜਾਤਾ ਪੜਦਾ ਲਾਹੀਆ । ਆਪਣਾ ਨੂਰ ਕਰੇ ਪਰਕਾਸ਼, ਘਰ ਦੀਵਾ ਬਾਤੀ ਆਪ ਜਗਾਈਆ । ਆਪਣੀ ਪੂਰੀ ਕਰੇ ਆਸ, ਆਸਾ ਪੂਰਨ ਆਪ ਵਖਾਈਆ । ਆਪਣੀ ਆਪੇ ਪਾਏ ਰਾਸ, ਮੰਡਲ ਮੰਡਪ ਦਏ ਵਡਿਆਈਆ । ਆਪਣਾ ਆਪੇ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਆਪਣਾ ਆਪ ਚਲਾਏ ਰਾਥ, ਬਣ ਰਥਵਾਹੀ ਖੇਲ ਵਖਾਈਆ । ਆਪਣਾ ਆਪੇ ਹੋਏ ਨਾਥ, ਅਨਾਥ ਆਪਣਾ ਰੂਪ ਵਖਾਈਆ । ਆਪਣਾ ਆਪੇ ਲੇਖਾ ਲਏ ਭਾਖ, ਧੁਰ ਸੰਦੇਸ ਆਪ ਜਣਾਈਆ । ਆਪਣਾ ਮੰਦਰ ਆਪੇ ਕਰੇ ਸਾਖ, ਸੱਜਣ ਸਾਹਿਬ ਸਹਿਜ ਸੁਖਦਾਈਆ । ਆਪਣਾ ਖੋਲ੍ਹੇ ਆਪੇ ਤਾਕ, ਘਰ ਘਰ ਵਿਚ ਆਪ ਪਰਗਟਾਈਆ । ਆਪਣਾ ਹੁਕਮ ਦੇਵੇ ਭਵਿਖਤ ਵਾਕ, ਧੁਰ ਸੰਦੇਸ਼ਾ ਆਪ ਸੁਣਾਈਆ । ਆਪਣੀ ਉਪਜਾਵੇ ਆਪੇ ਜ਼ਾਤ, ਜ਼ਾਹਰ ਜ਼ਹੂਰ ਵੇਸ ਵਟਾਈਆ । ਆਪਣਾ ਆਪੇ ਕਰੇ ਭੋਗ ਬਲਾਸ, ਘਰ ਸਾਚੇ ਖ਼ੁਸ਼ੀ ਮਨਾਈਆ ।


੮੧
੧੫

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਈਆ । ਆਪੇ ਹੋਏ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਇੰਦਾ । ਆਪਣਾ ਮਾਰਗ ਆਪੇ ਦੱਸ, ਰਹਿਬਰ ਆਪਣੀ ਧਾਰ ਚਲਾਇੰਦਾ । ਆਪਣੇ ਮੰਦਰ ਆਪੇ ਵਸ, ਸਚ ਮਹੱਲ ਆਪ ਸੁਹਾਇੰਦਾ । ਆਪਣੇ ਗ੍ਰਿਹਿ ਆਪੇ ਦੇਵੇ ਰਸ, ਰਸ ਰਸੀਆ ਆਪ ਹੋ ਜਾਇੰਦਾ । ਆਪਣੀ ਕਰਨੀ ਆਪਣੇ ਰੱਖੇ ਹੱਥ, ਹਰਿ ਕਰਤਾ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਚੀ ਕਾਰ ਕਰੇ ਪ੍ਰਭ ਆਪ, ਆਪਣੀ ਦਇਆ ਕਮਾਈਆ । ਸਚਖੰਡ ਅੰਦਰ ਥਿਰ ਘਰ ਥਾਪ, ਵੇਖਣਹਾਰਾ ਵੇਖੇ ਚਾਈਂ ਚਾਈਂਆ । ਪਿਤਾ ਪੂਤ ਬਣਾਏ ਵਡ ਪਰਤਾਪ, ਆਪ ਆਪਣਾ ਨੂਰ ਉਪਜਾਈਆ । ਸੁੱਤ ਦੁਲਾਰਾ ਸ਼ਬਦੀ ਸਾਕ, ਸੱਜਣ ਇਕੋ ਇਕ ਅਖਵਾਈਆ । ਗ੍ਰਿਹਿ ਮੰਦਰ ਖੋਲ੍ਹ ਤਾਕ, ਘਰ ਸਾਚੇ ਦਏ ਬਹਾਈਆ । ਮਿਹਰਵਾਨ ਹੋ ਅਲੱਖਣਾ ਅਲਾਖ, ਅਲੱਖ ਇਕੋ ਇਕ ਜਣਾਈਆ । ਤੂੰ ਮੇਰਾ ਮੈਂ ਤੇਰੇ ਸਾਥ, ਸਗਲਾ ਸੰਗ ਨਿਭਾਈਆ । ਸਚਖੰਡ ਦਵਾਰ ਪਾਵੇ ਰਾਸ, ਥਿਰ ਘਰ ਆਪਣਾ ਨਾਚ ਨਚਾਈਆ । ਪਰਮ ਪੁਰਖ ਪ੍ਰਭ ਖੇਲ ਤਮਾਸ਼, ਆਪਣਾ ਆਪ ਵਖਾਈਆ । ਧੁਰ ਦਾ ਭੇਵ ਖੋਲ੍ਹੇ ਖ਼ਾਸ, ਬਿਨ ਹਰਿ ਸਮਝ ਕਿਸੇ ਨਾ ਆਈਆ । ਜਿਸ ਵੇਲੇ ਰਚਨਾ ਰਚੀ ਆਦਿ, ਸੋ ਸਾਹਿਬ ਖ਼ੁਸ਼ੀ ਮਨਾਈਆ । ਖ਼ੁਸ਼ੀ ਵਿਚ ਦਿਤੀ ਦਾਦ, ਆਪਣੀ ਝੋਲੀ ਆਪ ਭਰਾਈਆ । ਤੂੰ ਮੇਰਾ ਮੈਂ ਤੇਰਾ ਮੇਰੀ ਤੇਰੀ ਭੁੱਲੇ ਕਦੇ ਨਾ ਯਾਦ, ਸਤਿ ਸਰੂਪ ਸੋਹੰ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਈਆ । ਸੋਹੰ ਧਾਰ ਬਣਿਆ ਆਪ, ਨਿਰਗੁਣ ਨਿਰਵੈਰ ਦਇਆ ਕਮਾਇੰਦਾ । ਸੁੱਤ ਦੁਲਾਰਾ ਬਣਿਆ ਜਾਪ, ਪਿਤਾ ਪੂਤ ਆਪ ਪੜ੍ਹਾਇੰਦਾ । ਥਿਰ ਘਰ ਦੁਆਰੇ ਹੋਇਆ ਪਾਕ, ਪਤਿਤ ਰੂਪ ਨਾ ਕੋਇ ਵਖਾਇੰਦਾ । ਨੂਰ ਉਜਾਲਾ ਇਕੋ ਜ਼ਾਤ, ਗਹਿਰ ਗੰਭੀਰ ਆਪ ਸਮਝਾਇੰਦਾ । ਦੇਵਣਹਾਰ ਸਦਾ ਸ਼ਾਬਾਸ਼, ਮਿਹਰ ਨਜ਼ਰ ਉਠਾਇੰਦਾ । ਸੁਲਤਾਨ ਸਵਾਮੀ ਪੂਰੀ ਆਸ, ਹਰਿ ਕਰਤਾ ਆਪ ਕਰਾਇੰਦਾ । ਸ਼ਬਦ ਸੁੱਤ ਤੇਰੀ ਸਾਚੀ ਰਾਸ, ਸ੍ਰੀ ਭਗਵਾਨ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਜਣਾਇੰਦਾ । ਸੋਹੰ ਬਣਿਆ ਜਾਪ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਸੁੱਤ ਦੁਲਾਰ ਤੇਰਾ ਪਰਤਾਪ, ਆਪੇ ਆਪ ਦਏ ਬਣਾਈਆ । ਖੇਲਣਹਾਰ ਖੇਲ ਤਮਾਸ਼, ਹਰਿ ਖ਼ਾਲਕ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸ਼ਬਦ ਸੁੱਤ ਬਣਿਆ ਪ੍ਰਭ ਆਪ, ਮਾਤ ਪਿਤ ਆਪ ਅਖਵਾਈਆ । ਨਿਰਗੁਣ ਧਾਰ ਬਣਿਆ ਜਾਪ, ਨਿਰਵੈਰ ਨਾਉਂ ਵਡਿਆਈਆ । ਦਾਤਾ ਦਾਨ ਦਾਤਾਰੀ ਬਣਿਆ ਆਪ, ਭਿੱਖਕ ਭਿਖਾਰੀ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਇਛਿਆ ਆਪ ਅਖਵਾਈਆ । ਸ਼ਬਦ ਸੁੱਤ ਖੇਲ ਅਕਾਲਾ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਵਿਸ਼ਨੂੰ ਨੂਰ ਉਜਾਲਾ ਆਪ, ਆਪ ਆਪਣਾ ਨੂਰ ਪਰਗਟਾਇੰਦਾ । ਬ੍ਰਹਮੇ ਦੇਸ ਬੇਮਿਸਾਲ ਬਣਾਇਆ ਆਪ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਸ਼ੰਕਰ ਧਾਰ ਬਣਿਆ ਆਪ, ਧੂਆਂਧਾਰ ਵੇਖ ਵਖਾਇੰਦਾ । ਸੁਨ ਅਗੰਮ ਬਣਿਆ ਆਪ, ਆਪ ਆਪਣਾ ਪੜਦਾ ਲਾਹਿੰਦਾ । ਤ੍ਰੈ ਤ੍ਰੈ ਮੇਲਾ ਕੀਤਾ ਆਪ, ਗੁਰ ਚੇਲਾ ਖੇਲ ਵਖਾਇੰਦਾ । ਤ੍ਰੈਗੁਣ ਮਾਇਆ ਪਰਗਟਾਈ ਆਪ, ਆਪ ਆਪਣੀ ਕਾਰ ਕਮਾਇੰਦਾ । ਪੰਜ ਤਤ ਜਣਾਇਆ ਆਪ, ਆਪ ਆਪਣਾ ਸੰਗ ਨਿਭਾਇੰਦਾ । ਪ੍ਰਕਿਰਤੀ ਖੇਲ ਰਚਾਇਆ ਆਪ,

ਆਪ ਆਪਣੀ ਕਲ ਵਖਾਇੰਦਾ । ਸ੍ਰਿਸ਼ਟੀ ਬੰਧਨ ਪਾਇਆ ਆਪ, ਡੋਰੀ ਆਪਣਾ ਨਾਮ ਜਣਾਇੰਦਾ । ਦ੍ਰਿਸ਼ਟੀ ਭੇਵ ਚੁਕਾਇਆ ਆਪ, ਆਪ ਆਪਣਾ ਮਹੱਲ ਜਣਾਇੰਦਾ । ਲੱਖ ਚੁਰਾਸੀ ਵੰਡ ਵੰਡਾਇਆ ਆਪ, ਆਪਣਾ ਹਿੱਸਾ ਆਪ ਰਖਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਸਮਾਇਆ ਆਪ, ਚਾਰੇ ਖਾਣੀ ਖਾਣ ਬਣਾਇੰਦਾ । ਚਾਰੇ ਬਾਣੀ ਰਾਗ ਅਲਾਇਆ ਆਪ, ਆਪ ਆਪਣੀ ਸੁਰ ਸਮਝਾਇੰਦਾ । ਚਾਰੇ ਕੁੰਟ ਹੁਕਮ ਵਰਤਾਇਆ ਆਪ, ਧੁਰ ਫ਼ਰਮਾਨਾ ਆਪ ਜਣਾਇੰਦਾ । ਦਹਿ ਦਿਸ਼ਾ ਰੰਗ ਰੰਗਾਇਆ ਆਪ, ਰੰਗ ਰੰਗੀਲਾ ਆਪ ਹੋ ਜਾਇੰਦਾ । ਬ੍ਰਹਿਮੰਡ ਖੰਡ ਰਚਾਇਆ ਆਪ, ਪੁਰੀ ਲੋਅ ਆਕਾਸ਼ ਪਰਕਾਸ਼ ਧਰਾਇੰਦਾ । ਸੂਰਜ ਚੰਦ ਚਮਕਾਇਆ ਆਪ, ਕਿਰਨ ਕਿਰਨ ਨਾਲ ਮਿਲਾਇੰਦਾ । ਮੰਡਲ ਮੰਡਪ ਵਡਿਆਇਆ ਆਪ, ਤਾਕਾ ਆਪਣੀ ਤਾਰ ਹਿਲਾਇੰਦਾ । ਜ਼ਿਮੀਂ ਅਸਮਾਨ ਸੁਹਾਇਆ ਆਪ, ਧਰਤ ਧਵਲ ਵੇਖ ਵਖਾਇੰਦਾ । ਜਲ ਜਲਧਾਰ ਜਣਾਇਆ ਆਪ, ਆਪ ਆਪਣਾ ਭੇਵ ਛੁਪਾਇੰਦਾ । ਰੁੱਤ ਮਾਹ ਵੰਡ ਵੰਡਾਇਆ ਆਪ, ਥਿਤ ਵਾਰ ਆਪਣੇ ਹੱਥ ਰਖਾਇੰਦਾ । ਦਿਵਸ ਰੈਣ ਰਾਹ ਚਲਾਇਆ ਆਪ, ਘੜੀ ਪਲ ਆਪਣੀ ਕਾਰ ਕਮਾਇੰਦਾ । ਆਵਣ ਜਾਵਣ ਖੇਲ ਰਚਾਇਆ ਆਪ, ਲੱਖ ਚੁਰਾਸੀ ਮੇਲ ਮਿਲਾਇੰਦਾ । ਨਾਰ ਕੰਤ ਵੰਡ ਵੰਡਾਇਆ ਆਪ, ਆਪ ਆਪਣੀ ਗੰਢ ਪਵਾਇੰਦਾ । ਕੰਤ ਭਤਾਰ ਸਾਕ ਬਣਾਇਆ ਆਪ, ਦੂਲ੍ਹਾ ਦੁਲ੍ਹਨ ਵੇਸ ਵਟਾਇੰਦਾ । ਧੁਰ ਸੰਜੋਗੀ ਖੇਲ ਕਰਾਇਆ ਆਪ, ਏਕਾ ਦੋਆ ਬੰਧਨ ਪਾਇੰਦਾ । ਦਰਸ ਅਮੋਘ ਦਿਖਾਇਆ ਆਪ, ਆਪ ਆਪਣਾ ਪੜਦਾ ਲਾਹਿੰਦਾ । ਆਤਮ ਪਰਮਾਤਮ ਸੰਗ ਰਖਾਇਆ ਆਪ, ਆਪ ਆਪਣੀ ਧਾਰ ਜਣਾਇੰਦਾ । ਪਾਰਬ੍ਰਹਮ ਬ੍ਰਹਮ ਸਮਝਾਇਆ ਆਪ, ਧੁਰ ਦੀ ਸਿਖਿਆ ਇਕ ਦ੍ਰਿੜਾਇੰਦਾ । ਈਸ਼ ਜੀਵ ਜਗਾਇਆ ਆਪ, ਜਗਦੀਸਰ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਵੰਡ ਵੰਡਾਇਆ ਆਪ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪ ਹੰਢਾਇੰਦਾ । ਚਾਰ ਵਰਨਾਂ ਖੇਲ ਰਚਾਇਆ ਆਪ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਰਾਹ ਵਖਾਇੰਦਾ । ਧੁਰ ਸੰਦੇਸ ਸੁਣਾਇਆ ਆਪ, ਨਰ ਨਰੇਸ਼ ਆਪ ਪੜ੍ਹਾਇੰਦਾ । ਨਿਰਗੁਣ ਵੇਸ ਵਟਾਇਆ ਆਪ, ਸਰਗੁਣ ਆਪਣਾ ਰਾਹ ਜਣਾਇੰਦਾ । ਵਿਸ਼ਨ ਸੇਵ ਲਗਾਇਆ ਆਪ, ਸੇਵਾ ਸਚ ਸਚ ਸਮਝਾਇੰਦਾ । ਗੁਰ ਅਵਤਾਰ ਨਾਉਂ ਧਰਾਇਆ ਆਪ, ਪੰਜ ਤਤ ਚੋਲਾ ਆਪ ਹੰਢਾਇੰਦਾ । ਧੁਰ ਦਾ ਸ਼ਬਦ ਸੁਣਾਇਆ ਆਪ, ਰਾਗ ਅਨਾਦੀ ਰਾਗ ਅਲਾਇੰਦਾ । ਖਾਣੀ ਬਾਣੀ ਭੇਵ ਖੁਲ੍ਹਾਇਆ ਆਪ, ਬੋਧ ਅਗਾਧਾ ਆਪ ਜਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਘਲਾਇਆ ਆਪ, ਆਪ ਆਪਣਾ ਹੁਕਮ ਵਰਤਾਇੰਦਾ । ਗੀਤਾ ਗਿਆਨ ਦ੍ਰਿੜਾਇਆ ਆਪ, ਦ੍ਰਿੜ ਵਿਸ਼ਵਾਸ਼ ਇਕ ਸਮਝਾਇੰਦਾ । ਅੰਜੀਲ ਕੁਰਾਨ ਸਿਖਾਇਆ ਆਪ, ਕਾਇਆ ਕੁਰ੍ਹਾ ਖੋਜ ਖੁਜਾਇੰਦਾ । ਖਾਣੀ ਬਾਣੀ ਬਾਣ ਲਗਾਇਆ ਆਪ, ਤੀਰ ਨਿਰਾਲਾ ਇਕ ਚਲਾਇੰਦਾ । ਪੀਰ ਪੈਗੰਬਰ ਸਮਝਾਇਆ ਆਪ, ਮੁੱਲਾ ਸ਼ੇਖ਼ ਮਸਾਇਕ ਰਾਹ ਵਖਾਇੰਦਾ । ਲਾਸ਼ਰੀਕ ਅਖਵਾਇਆ ਆਪ, ਸ਼ਿਰਕਤ ਵਿਚ ਕਦੇ ਨਾ ਆਇੰਦਾ । ਤੁਆਰਫ਼ ਕਰੇ ਸਰਬ ਪ੍ਰਭ ਆਪ, ਤਾਅਰੀਫ਼ ਆਪਣੀ ਨਾ ਕੋਇ ਜਣਾਇੰਦਾ । ਸਫ਼ਾਰਸ਼ ਕਰੇ ਸਦਾ ਪ੍ਰਭ ਆਪ, ਜੁਗ ਚੌਕੜੀ ਭੇਵ ਚੁਕਾਇੰਦਾ । ਸ਼ਬਦ ਅਗੰਮੀ ਦੇਵੇ ਦਾਤ ਪ੍ਰਭ ਆਪ, ਧੁਰ ਦੀ ਵਸਤ ਆਪ ਵਰਤਾਇੰਦਾ । ਨਿਰਗੁਣ ਸਰਗੁਣ ਦੇਵੇ ਸਾਥ ਪ੍ਰਭ ਆਪ, ਸਗਲਾ ਸਾਥੀ ਆਪ ਹੋ ਜਾਇੰਦਾ । ਭਗਤ ਭਗਵਾਨ ਪਰਗਟਾਏ ਆਪ, ਭਗਤੀ ਆਪਣਾ ਪ੍ਰੇਮ ਸਮਝਾਇੰਦਾ । ਸੰਤ ਸਾਜਣ ਉਠਾਏ ਆਪ, ਅੰਤਰ ਆਤਮ ਗਿਆਨ ਦ੍ਰਿੜਾਇੰਦਾ । ਗੁਰਮੁਖ ਗੋਦ ਬਹਾਏ ਆਪ,

ਗੁਰ ਗੁਰ ਆਪਣਾ ਰੰਗ ਰੰਗਾਇੰਦਾ । ਗੁਰਸਿਖ ਵੇਖ ਵਖਾਏ ਆਪ, ਦੋ ਜਹਾਨਾਂ ਖੋਜ ਖੁਜਾਇੰਦਾ । ਲੱਖ ਚੁਰਾਸੀ ਗੇੜ ਪਵਾਏ ਆਪ, ਲੱਖ ਚੁਰਾਸੀ ਅੰਦਰ ਆਪਣਾ ਡੇਰਾ ਆਪ ਲਗਾਇੰਦਾ । ਨਿਤ ਨਵਿਤ ਸ਼ਬਦ ਰਾਗ ਜਣਾਏ ਪਾਠ ਆਪ, ਪਾਠਸ਼ਾਲਾ ਆਪਣੀ ਇਕ ਵਖਾਇੰਦਾ । ਤੀਰਥ ਤੱਟ ਕਿਨਾਰਾ ਪਨਘਟ ਉਪਜਾਏ ਆਪ, ਪੱਤਣ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋ ਕਰਨੀ ਸੋ ਆਪਣੀ ਕਾਰ ਕਮਾਇੰਦਾ । ਆਦਿ ਜੁਗਾਦੀ ਕਾਰ ਆਪ, ਹਰਿ ਕਰਤਾ ਆਪ ਕਰਾਈਆ । ਜੁਗ ਚੌਕੜੀ ਧਾਰ ਆਪ, ਦੋ ਜਹਾਨਾਂ ਆਪ ਜਣਾਈਆ । ਨਿਤ ਨਵਿਤ ਖੇਲ ਤਮਾਸ਼ ਆਪ, ਗੁਰ ਅਵਤਾਰ ਪੀਰ ਪੈਗ਼ੰਬਰ ਮੰਡਲ ਰਾਸ ਰਚਾਈਆ । ਸਦਾ ਸਦਾ ਮਿਹਰਵਾਨ ਆਪ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋ ਕਰਨਾ ਸੋ ਕਰ ਰਿਹਾ ਆਪਣੀ ਕਰਨੀ ਆਪਣੇ ਵਿਚ ਛੁਪਾਈਆ । ਸਾਚੀ ਕਰਨੀ ਕਰੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਪੂਜਾ ਪਾਠ ਬਣੇ ਆਪ, ਹਵਨ ਸੁਗੰਧੀ ਆਪ ਸਮਝਾਈਆ । ਕਿਨਾਰਾ ਤੀਰਥ ਤੱਟ ਹੋਵੇ ਆਪ, ਅੰਮ੍ਰਿਤ ਸਰੋਵਰ ਧਾਰ ਆਪ ਵਹਾਈਆ । ਦੀਵਾ ਬਾਤੀ ਤੇਲ ਪਰਕਾਸ਼ ਜੋਤ ਨੂਰ ਹੋਵੇ ਆਪ, ਅੰਧ ਅੰਧੇਰ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਖੇਲ ਵਖਾਈਆ । ਆਦਿ ਜੁਗਾਦਿ ਹੋਇਆ ਪ੍ਰਭ ਆਪ, ਆਪਣੀ ਦਇਆ ਕਮਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਦੱਸਦਾ ਰਿਹਾ ਜਾਪ, ਵਿਸ਼ਨ ਬ੍ਰਹਮਾ ਸ਼ਿਵ ਸਰਬ ਪੜ੍ਹਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੋਲ੍ਹਦਾ ਰਿਹਾ ਤਾਕ, ਬੰਦ ਕਿਵਾੜੀ ਕੁੰਡਾ ਲਾਹੀਆ । ਨਿਰਵੈਰ ਹੋ ਕੇ ਬਣਦਾ ਰਿਹਾ ਸਾਕ, ਹਰਿ ਸੱਜਣ ਸ਼ਹਿਨਸ਼ਾਹੀਆ । ਪਰਮਾਤਮ ਹੋ ਕੇ ਬਣਦਾ ਰਿਹਾ ਜ਼ਾਤ, ਆਤਮ ਆਪਣਾ ਰੂਪ ਵਖਾਈਆ । ਪਵਿਤ ਹੋ ਕੇ ਬਣਦਾ ਰਿਹਾ ਪਾਕ, ਪਤਿਤ ਆਪਣਾ ਰੰਗ ਰੰਗਾਈਆ । ਆਸਾਵੰਦ ਹੋ ਕੇ ਪੂਰੀ ਕਰਦਾ ਰਿਹਾ ਆਸ, ਤ੍ਰਿਸਨਾ ਮੇਟ ਜਗਤ ਲੋਕਾਈਆ । ਬੋਧ ਅਗਾਧਾ ਭੇਵ ਦੱਸਦਾ ਰਿਹਾ ਖ਼ਾਸ, ਖ਼ਾਲਸ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਚਲੇ ਮੇਰੀ ਸ਼ਾਖ, ਸ਼ਹਿਨਸ਼ਾਹ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਬ ਕੁਝ ਆਪਣੇ ਵਿਚ ਸਮਾਈਆ । ਹਬ ਕਿਛ ਹੋਇਆ ਆਪ, ਆਪਣੇ ਵਿਚੋ ਪਰਗਟਾਈਆ । ਪਾਰਬ੍ਰਹਮ ਪ੍ਰਭ ਮਾਈ ਬਾਪ, ਪਿਤਾ ਪੁਰਖ ਸਹਿਜ ਸੁਖਦਾਈਆ । ਆਤਮ ਦੇਵੇ ਆਪਣਾ ਜਾਪ, ਪਰਮਾਤਮ ਕਰੇ ਪੜ੍ਹਾਈਆ । ਸਾਹਿਬ ਸਵਾਮੀ ਬਣ ਕੇ ਵਸੇ ਸਾਥ, ਸਗਲਾ ਸੰਗ ਨਿਭਾਈਆ । ਬੇਪਰਵਾਹ ਹੋ ਕੇ ਬਣਿਆ ਰਿਹਾ ਪੁਰਖ ਸਮਰਥ, ਸਾਰ ਕਿਸੇ ਨਾ ਆਈਆ । ਇਸ਼ਾਰਿਆਂ ਨਾਲ ਮਾਰਗ ਰਿਹਾ ਦੱਸ, ਗੁਰ ਅਵਤਾਰਾਂ ਆਪ ਪੜ੍ਹਾਈਆ । ਨਿਰਵੈਰ ਹੋ ਕੇ ਅੰਦਰ ਰਿਹਾ ਵਸ, ਵਾਸਤਾ ਆਪਣੇ ਨਾਲ ਬੰਧਾਈਆ । ਨਿਰਗੁਣ ਨੂਰ ਕਰ ਪਰਕਾਸ਼, ਜੋਤ ਇਕੋ ਇਕ ਚਮਕਾਈਆ । ਹੁਕਮੇ ਅੰਦਰ ਦੱਸਦਾ ਰਿਹਾ ਆਪਣਾ ਪ੍ਰੇਮ ਸਿਮਰਨ ਪਾਠ, ਪੂਜਾ ਇਸ਼ਟ ਇਕ ਸਮਝਾਈਆ । ਪੱਤਣ ਮੇਲਾ ਮਿਲੌਂਦਾ ਰਿਹਾ ਸਾਚੇ ਘਾਟ, ਬੇੜੀ ਚੱਪੂ ਨਾਮ ਲਗਾਈਆ । ਸੁਹੌਂਦਾ ਰਿਹਾ ਸੁਹੰਜਣੀ ਖਾਟ, ਖਟੀਆ ਆਪਣਾ ਡੇਰਾ ਲਾਈਆ । ਜੁਗ ਚੌਕੜੀ ਮਿਟੌਂਦਾ ਰਿਹਾ ਵਾਟ, ਭਾਣਾ ਆਪਣਾ ਹੁਕਮ ਜਣਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਸ਼ਬਦ ਅਗੰਮੀ ਦੇਂਦਾ ਰਿਹਾ ਭਾਖ, ਭਾਖਿਆ ਧੁਰ ਦੀ ਆਪ ਜਣਾਈਆ । ਸ੍ਰਿਸ਼ਟ ਸਬਾਈ ਜੀਵ ਜੰਤ ਸਾਧ ਸੰਤ ਨੌ ਖੰਡ ਪ੍ਰਿਥਮੀ ਜਾਓ ਆਖ, ਆਖ਼ਰ ਇਕੋ ਇਕ ਜਣਾਈਆ । ਕਲਜੁਗ ਅੰਤ ਪਰਗਟ ਹੋਵੇ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਕਾਰ ਕਮਾਈਆ ।

ਨਿਰਗੁਣ ਨਿਰਵੈਰ ਨੂਰ ਅਕਾਲ ਜੋਤ ਕਰੇ ਪਰਕਾਸ਼, ਜੋਤੀ ਜਾਤਾ ਪੁਰਖ ਬਿਧਾਤਾ ਪੰਜ ਤਤ ਨੂਰ ਤਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਸ੍ਰਿਸ਼ਟੀ ਆਪੇ ਵੇਖ ਵਖਾਈਆ । ਆਪਣੀ ਸ੍ਰਿਸ਼ਟੀ ਵੇਖੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਪਣੀ ਦ੍ਰਿਸ਼ਟੀ ਪਾਵੇ ਆਪ, ਆਪ ਆਪਣਾ ਭੇਵ ਚੁਕਾਈਆ । ਆਪਣਾ ਇਸ਼ਟੀ ਬਣੇ ਆਪ, ਇਸ਼ਟ ਦੇਵ ਗੁਰਦੇਵ ਸਵਾਮੀ ਨਮੋ ਸਤਿ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਵਖਾਈਆ । ਆਪਣਾ ਖੇਲ ਕਰੇ ਪ੍ਰਭ ਆਪ, ਭੇਵ ਆਪਣੇ ਹੱਥ ਰਖਾਇੰਦਾ । ਆਦਿ ਉਪਜਾਇਆ ਜੋ ਅਗੰਮੀ ਜਾਪ, ਸੋ ਅੰਤ ਆਪ ਪਰਗਟਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਗੁਰ ਅਵਤਾਰ ਪੀਰ ਪੈਗੰਬਰ ਬਣੇ ਦਾਸ, ਦਾਸੀ ਰੂਪ ਸਰਬ ਸਮਝਾਇੰਦਾ । ਚਰਨ ਕਵਲ ਦੋਏ ਜੋੜ ਮੰਗਦੇ ਰਹੇ ਪ੍ਰਭ ਪੂਰੀ ਕਰ ਆਸ, ਆਸਾ ਤੇਰੀ ਤ੍ਰਿਸਨਾ ਨਾਲ ਮਿਲਾਇੰਦਾ । ਤੇਰੇ ਹੁਕਮੇ ਅੰਦਰ ਚਲੇ ਪਵਣ ਸਵਾਸ, ਆਤਮ ਪਰਮਾਤਮ ਤੇਰਾ ਢੋਲਾ ਗਾਇੰਦਾ । ਸਾਹਿਬ ਦਿਆਲ ਠਾਕਰ ਸਵਾਮੀ ਹੋ ਸਹਾਈ ਅਨਾਥਾਂ ਨਾਥ, ਦਇਆਵਾਨ ਹਰਿ ਤੇਰੀ ਇਕੋ ਨਜ਼ਰ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਆਪਣਾ ਹੁਕਮ ਆਪ ਵਰਤਾਇੰਦਾ । ਆਪੇ ਹੁਕਮ ਫ਼ਰਮਾਨ ਆਪ, ਸੰਦੇਸਾ ਦੇਵਣਹਾਰਾ ਅਖਵਾਈਆ । ਕਲਜੁਗ ਅੰਤ ਪ੍ਰਭ ਪਰਗਟੇ ਆਪ, ਆਪ ਆਪਣਾ ਪੜਦਾ ਲਾਹੀਆ । ਆਪਣਾ ਨਾਉਂ ਜਪਾਏ ਆਪ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਆਪ ਸਮਝਾਈਆ । ਸਾਚਾ ਲੇਖ ਜਣਾਏ ਆਪ, ਆਪਣੀ ਬੂਝ ਬੁਝਾਈਆ । ਨਵ ਨੌ ਚਾਰ ਖੇਲ ਖੇਲਿਆ ਆਪ, ਨਿਰਗੁਣ ਸਰਗੁਣ ਵੇਸ ਧਰਾਈਆ । ਕਲਜੁਗ ਅੰਤਮ ਭੇਵ ਚੁਕਾਏ ਆਪ, ਜੋਤੀ ਜਾਮਾ ਨੂਰ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਕੁੰਟ ਜੋ ਗਏ ਆਖ, ਆਖ਼ਰ ਸਭ ਦੀ ਪੂਰ ਕਰਾਈਆ । ਵੀਹ ਸੌ ਵੀਹ ਬਿਕ੍ਰਮੀ ਵੇਖਣਹਾਰਾ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਜਣਾਈਆ । ਜੁਗ ਚੌਕੜੀ ਖੇਲ ਆਪ, ਪ੍ਰਭ ਆਪਣਾ ਆਪ ਕਰਾਈਆ । ਨਿਰਗੁਣ ਸਰਗੁਣ ਪੂਜਾ ਪਾਠ, ਸ਼ਬਦ ਨਾਮ ਪੜ੍ਹਾਈਆ । ਕਲਜੁਗ ਅੰਤਮ ਪੂਰੀ ਕਰੇ ਖ਼ਾਹਸ, ਖ਼ਾਸ ਆਪਣਾ ਰਾਹ ਵਖਾਈਆ । ਭਗਤ ਭਗਵਾਨ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਪੂਰਬ ਲੇਖਾ ਜਾਣੇ ਪੁਰਖ ਸਮਰਾਥ, ਦੇਵਣਹਾਰ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਭੇਵ ਦਏ ਸਮਝਾਈਆ । ਅਗਲਾ ਭੇਵ ਖੁਲਾਉਣਾ ਆਪ, ਆਪਣੀ ਦਇਆ ਕਮਾਇੰਦਾ । ਸਚਖੰਡ ਦਵਾਰ ਸੁਹਾਉਣਾ ਆਪ, ਥਿਰ ਘਰ ਆਪਣਾ ਡੇਰਾ ਲਾਇੰਦਾ । ਸਾਚਾ ਰਾਹ ਚਲਾਉਣਾ ਆਪ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਚਾਰ ਜੁਗ ਦਾ ਲਹਿਣਾ ਝੋਲੀ ਪਾਉਣਾ ਆਪ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖਾ ਪੂਰ ਕਰਾਇੰਦਾ । ਸਾਚਾ ਹੁਕਮ ਵਰਤਾਉਣਾ ਆਪ, ਧੁਰ ਫ਼ਰਮਾਨਾ ਆਪ ਸਮਝਾਇੰਦਾ । ਸਾਚਾ ਦਾਤਾ ਅਖਵਾਉਣਾ ਆਪ, ਸ਼ਾਹ ਪਾਤਸ਼ਾਹ ਆਪਣਾ ਨਾਉਂ ਪਰਗਟਾਇੰਦਾ । ਸਾਚਾ ਤਖ਼ਤ ਸੁਹਾਉਣਾ ਆਪ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸੁਰ ਸਾਚਾ ਤਾਲ ਚੀਨੇ ਆਪ, ਰੂਪ ਰੰਗ ਰੇਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰ ਆਪ ਜਣਾਇੰਦਾ । ਸਚ ਵਿਹਾਰ ਕਰੇ ਪ੍ਰਭ ਆਪ, ਬਿਵਹਾਰੀ ਆਪਣੀ ਕਾਰ ਕਮਾਈਆ । ਸਚ ਸਿੰਘਸਣ ਬਹੇ ਪ੍ਰਭ ਆਪ, ਸਚਖੰਡ ਸਾਚੇ ਵੱਜੇ ਵਧਾਈਆ । ਸੀਸ ਜਗਦੀਸ

ਤਾਜ ਟਿਕਾਏ ਆਪ, ਕਲਗੀ ਤੋੜਾ ਸੇਵ ਕਮਾਈਆ । ਜੋਤੀ ਸ਼ਬਦੀ ਜੋੜਾ ਜੋੜੇ ਪ੍ਰਭ ਆਪ, ਜੋੜੀ ਆਪਣੀ ਗੰਢ ਪਵਾਈਆ । ਤੰਦ ਡੋਰੀ ਬਣੇ ਪ੍ਰਭ ਆਪ, ਤਾਗਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋ ਕਰਨਾ ਸੋ ਕਰ ਵਖਾਈਆ । ਜੋ ਕਰਨਾ ਸੋ ਕਰਦਾ ਆਇਆ ਆਪ, ਦੂਜੇ ਦਰ ਮੰਗਣ ਨਾ ਜਾਈਆ । ਜੋ ਵਰਨਾ ਸੋ ਵਰਦਾ ਆਇਆ ਆਪ, ਵਿਚ ਵਿਚੋਲਾ ਨਾ ਕੋਇ ਬਣਾਈਆ । ਜਿਸ ਰੱਖਣਾ ਤਿਸ ਰੱਖਦਾ ਆਇਆ ਆਪ, ਸਿਰ ਮਿਹਰ ਹੱਥ ਟਿਕਾਈਆ । ਜਿਸ ਘੜਨਾ ਤਿਸ ਘੜਦਾ ਆਇਆ ਆਪ, ਬਣ ਠਠਿਆਰ ਸੇਵ ਕਮਾਈਆ । ਜਿਸ ਫੜਨਾ ਤਿਸ ਫੜਦਾ ਆਇਆ ਆਪ, ਆਤਮ ਪਰਮਾਤਮ ਗੰਢ ਵਖਾਈਆ । ਜਿਸ ਖੜਨਾ ਤਿਸ ਖੜਦਾ ਆਇਆ ਆਪ, ਸਚਖੰਡ ਸਾਚੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਈਆ । ਜੋ ਕਰਨਾ ਸੋ ਕਰੇ ਆਪ, ਦੂਜਾ ਨਜ਼ਰ ਕੋਇ ਨਾ ਆਈਆ । ਸਚਖੰਡ ਦੁਆਰੇ ਵੜੇ ਆਪ, ਆਪ ਆਪਣਾ ਨੂਰ ਚਮਕਾਈਆ । ਸਾਚੇ ਤਖ਼ਤ ਚੜ੍ਹੇ ਪ੍ਰਭ ਆਪ, ਤਖ਼ਤ ਨਿਵਾਸੀ ਸੋਭਾ ਪਾਈਆ । ਸਾਚਾ ਹੁਕਮ ਕਰੇ ਪ੍ਰਭ ਆਪ, ਹੁਕਮਰਾਨ ਇਕ ਅਖਵਾਈਆ । ਸਾਚਾ ਬਰਦਾ ਦਰਵੇਸ਼ ਦਰ ਬਣੇ ਪ੍ਰਭ ਆਪ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਸਚ ਖ਼ਤਾਬ ਦੇਵੇ ਪ੍ਰਭ ਆਪ, ਆਪ ਆਪਣਾ ਹੁਕਮ ਵਰਤਾਈਆ । ਹੱਕ ਜਨਾਬ ਬਣੇ ਪ੍ਰਭ ਆਪ, ਬੇਤਾਬ ਨੂਰ ਰੁਸ਼ਨਾਈਆ । ਸਚ ਮਹਿਰਾਬ ਬਣੇ ਪ੍ਰਭ ਆਪ, ਹੁਜਰਾ ਇਕੋ ਇਕ ਵਡਿਆਈਆ । ਸਚ ਮਹਿਬੂਬ ਬਣੇ ਪ੍ਰਭ ਆਪ, ਮੁਹੱਬਤ ਆਪਣੇ ਨਾਲ ਪਵਾਈਆ । ਸਚ ਰਫ਼ੀਕ ਬਣੇ ਪ੍ਰਭ ਆਪ, ਤੌਫ਼ੀਕ ਇਕੋ ਨਾਮ ਖ਼ੁਦਾਈਆ । ਕਾਮ ਮੁਫ਼ੀਦ ਕਰੇ ਪ੍ਰਭ ਆਪ, ਮੁਫ਼ਤ ਆਪਣੀ ਸੇਵ ਕਮਾਈਆ ।
੮੬ ਸਚ ਤਾਕੀਦ ਕਰੇ ਪ੍ਰਭ ਆਪ, ਮੁਰਸ਼ਦ ਰਸੂਲ ਰਸਵਾ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ੮੬
੧੫ ਸਚ ਵਿਹਾਰ, ਕਰੇ ਕਰਾਏ ਏਕੰਕਾਰ, ਕਲ ਆਪਣੀ ਆਪ ਕਰਾਈਆ । ਸਚਖੰਡ ਵਿਹਾਰਾ ਕਰੇ ਆਪ, ਆਪਣੀ ਧਾਰ ਚਲਾਇੰਦਾ । ਨਾਨਕ ੧੫
ਲਿਖਾਰਾ ਬਣੇ ਆਪ, ਧੁਰ ਦਾ ਲੇਖ ਆਪ ਸਮਝਾਇੰਦਾ । ਪੰਚ ਪਰਵਾਨ ਕਰੇ ਆਪ, ਪੰਚ ਪਰਧਾਨ ਆਪ ਬਣਾਇੰਦਾ । ਪੰਚ ਸੋਹਣ ਦਰ ਰਾਜਾਨ, ਪੰਚਾਂ ਕਾ ਗੁਰ ਇਕ ਧਿਆਨ ਆਪ ਅਖਵਾਇੰਦਾ । ਪੰਚਾਂ ਦੇਵੇ ਦਰਗਹਿ ਮਾਣ, ਸਚਖੰਡ ਦੁਆਰ ਆਪ ਵਡਿਆਇੰਦਾ । ਪੰਚਾਂ ਰੂਪ ਧਰੇ ਭਗਵਾਨ, ਪਰਮ ਪੁਰਖ ਆਪਣੀ ਕਾਰ ਕਮਾਇੰਦਾ । ਪੰਚਾਂ ਖੇਲ ਕਰੇ ਮਹਾਨ, ਪੰਚਮ ਆਪਣੀ ਗੰਢ ਪਵਾਇੰਦਾ । ਪੰਚਮ ਰਾਜ ਜੋਗ ਸੁਲਤਾਨ, ਜੋਗੀਸ਼ਰ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋ ਕਰਨੀ ਸੋ ਕਰ ਵਖਾਇੰਦਾ । ਜੋ ਕਰਨੀ ਸੋ ਕਰੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਸਚਖੰਡ ਦੁਆਰੇ ਵਡ ਪਰਤਾਪ, ਸ੍ਰੀ ਭਗਵਾਨ ਆਪ ਅਖਵਾਈਆ । ਪੰਚਮ ਮੀਤਾ ਠਾਂਡਾ ਸੀਤਾ ਪੁਰਖ ਅਕਾਲ ਦੀਨ ਦਿਆਲ ਬਣ ਕੇ ਸੱਚਾ ਬਾਪ, ਪਿਤਾ ਪੂਤ ਗੋਦ ਉਠਾਈਆ । ਪੰਚਮ ਬਣਿਆ ਸਾਚਾ ਨਾਤ, ਨਾ ਕੋਈ ਤੋੜੇ ਤੋੜ ਤੁੜਾਈਆ । ਪੰਜ ਤਤ ਛੱਡ ਕੇ ਪਾਰਬ੍ਰਹਮ ਦੀ ਹੋਏ ਜ਼ਾਤ, ਜ਼ਾਤ ਜ਼ਾਤ ਵਿਚ ਸਮਾਈਆ । ਸਚਖੰਡ ਦੁਆਰੇ ਜਾ ਕੇ ਪੰਜਾਂ ਇਕੋ ਵਾਰ ਦਿਤਾ ਆਖ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਅਬਿਨਾਸ਼ੀ ਕਰਤਾ ਕਹੇ ਮੇਰਾ ਸੋਹਿਆ ਘਾਟ, ਘਰ ਵੱਜੀ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਚੜ੍ਹ, ਆਪਣਾ ਹੁਕਮ ਆਪੇ ਦਏ ਲਗਾਈਆ । ਆਪਣਾ ਹੁਕਮ ਲਗਾਏ ਆਪ, ਹੁਕਮਰਾਨ ਆਪ

ਅਖਵਾਇੰਦਾ । ਆਪਣਾ ਸੀਸ ਝੁਕਾਏ ਆਪ, ਜਗਦੀਸ ਆਪਣੀ ਸੇਵ ਕਮਾਇੰਦਾ । ਆਪਣਾ ਮਾਣ ਵਧਾਏ ਆਪ, ਮਿਹਰਵਾਨ ਆਪ ਹੋ ਜਾਇੰਦਾ । ਆਪਣਾ ਨਿਸ਼ਾਨ ਝੁਲਾਏ ਆਪ, ਸਤਿ ਸਤਿਵਾਦੀ ਆਪ ਉਠਾਇੰਦਾ । ਆਪਣਾ ਘਰ ਵਸਾਏ ਆਪ, ਸਚਖੰਡ ਸਾਚਾ ਆਪ ਸੁਹਾਇੰਦਾ । ਪੰਚਮ ਮੇਲ ਮਿਲਾਏ ਆਪ, ਆਪ ਆਪਣਾ ਪੜਦਾ ਲਾਹਿੰਦਾ । ਵੀਹ ਸੌ ਵੀਹ ਬਿਕ੍ਰਮੀ ਖੇਲ ਕਰਾਏ ਆਪ, ਖ਼ਾਲਕ ਨਜ਼ਰ ਕਿਸੇ ਨਾ ਆਇੰਦਾ । ਧੁਰ ਦਾ ਰਾਜ ਕਾਇਮ ਕਰਾਏ ਆਪ, ਮੁਕਾਮੇ ਹੱਕ ਨੀਂਹ ਧਰਾਇੰਦਾ । ਦਾਇਮੀ ਦਾਇਰਾ ਨਜ਼ਰ ਨਾ ਆਏ ਕਿਸੇ ਸਾਖਿਆਤ, ਸਾਫ਼ ਆਪਣਾ ਪੜਦਾ ਪਾਇੰਦਾ । ਨਾਨਕ ਗੋਬਿੰਦ ਪੂਰਾ ਕਰੇ ਭਵਿਖਤ ਵਾਕ, ਸਚਖੰਡ ਦੁਆਰੇ ਸਚ ਅਦਾਲਤ ਵੀਹ ਸੌ ਵੀਹ ਬਿਕ੍ਰਮੀ ਆਪ ਲਗਾਇੰਦਾ । ਸਚ ਅਦਾਲਤ ਲਗਾਏ ਆਪ, ਆਪਣਾ ਹੁਕਮ ਆਪ ਵਰਤਾਈਆ । ਸਚ ਵਕਾਲਤ ਕਰੇ ਆਪ, ਵੁਕਲਾ ਨਜ਼ਰ ਕੋਇ ਨਾ ਆਈਆ । ਸਚ ਸ਼ਹਾਦਤ ਦੇਵੇ ਆਪ, ਸ਼ਹੀਦੀ ਹੋਰ ਨਾ ਕੋਇ ਜਣਾਈਆ । ਸਚ ਇਬਾਦਤ ਪੜ੍ਹਾਏ ਆਪ, ਇਬਾਰਤ ਕਰੇ ਨਾ ਕੋਇ ਲਿਖਾਈਆ । ਸਚ ਤਆਕਬ ਕਰੇ ਆਪ, ਪਿਛਾ ਛੋੜ ਕਦੇ ਨਾ ਜਾਈਆ । ਸਾਚਾ ਆਰਫ਼ ਬਣੇ ਆਪ, ਆਲਮ ਉਲਮਾ ਨਾ ਕੋਇ ਚਤੁਰਾਈਆ । ਸਾਚੀ ਮਾਅਰਫ਼ਤ ਦੱਸੇ ਆਪ, ਮਹਿਬੂਬ ਮੁਹੱਬਤ ਆਪਣੇ ਨਾਲ ਲਗਾਈਆ । ਸਾਚਾ ਸੱਜਣ ਸੁਹੇਲਾ ਬਣੇ ਆਪ, ਸਗਲਾ ਸੰਗ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸਾਚੀ ਨੀਂਹ, ਸ੍ਰੀ ਭਗਵਾਨ ਆਪ ਜਣਾਈਆ । ਸਚਖੰਡ ਘਰ ਸਚ ਵਸਾਏ ਆਪ, ਆਪਣੀ ਦਇਆ ਕਮਾਈਆ । ਵੀਹ ਸੌ ਵੀਹ ਬਿਕ੍ਰਮੀ ਤਖ਼ਤ ਸੁਹਾਏ ਆਪ, ਤਖ਼ਤ ਨਿਵਾਸੀ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬੁਲਾਏ ਆਪ, ਦਰ ਦਰਵੇਸ਼ ਰੂਪ ਵਖਾਈਆ । ਪੂਜਾ ਪਾਠ ਸਿਮਰਤ ਜੁਗ ਚੌਕੜੀ ਬੁਝਾਏ ਆਪ, ਬੁਝਾਰਤ ਆਪਣਾ ਨਾਮ ਜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਸਾਚਾ ਰਿਹਾ ਵਸਾਈਆ । ਸਚਖੰਡ ਦਰਬਾਰ ਲਗਾਏ ਆਪ, ਬੀਸ ਬੀਸਾ ਖ਼ੁਸ਼ੀ ਮਨਾਈਆ । ਗੁਰ ਅਵਤਾਰਾਂ ਜਪਾਏ ਪਹਿਲੋ ਜਾਪ, ਸਾਚੀ ਕਰੇ ਨਾਮ ਪੜ੍ਹਾਈਆ । ਪੰਦਰਾਂ ਕੱਤਕ ਰਲ ਮਿਲ ਇਕਵੰਜਾ ਬਵੰਜਾ ਆਖਣ ਪਾਰਬ੍ਰਹਮ ਤੂੰ ਸਾਡਾ ਬਾਪ, ਦੂਜੀ ਮਾਈ ਨਜ਼ਰ ਕੋਈ ਨਾ ਆਈਆ । ਤੇਰੇ ਵਿਚੋ ਉਪਜੀ ਸਾਡੀ ਜ਼ਾਤ, ਜ਼ੱਰਾ ਜ਼ੱਰਾ ਵੰਡ ਵੰਡਾਈਆ । ਕਤਰਾ ਕਤਰਾ ਤੇਰਾ ਨੂਰ ਬਣਿਆ ਖ਼ਾਕ, ਪੰਜ ਤਤ ਖ਼ਾਕ ਖ਼ਾਕੀ ਬੁੱਤ ਆਇਆ ਸਮਝਾਈਆ । ਦਰੋਹੀ ਸਾਡੇ ਵੇਖ ਖ਼ਾਲੀ ਹਾਥ, ਪੱਲੇ ਗੰਢ ਨਜ਼ਰ ਕੋਇ ਨਾ ਆਈਆ । ਤੇਰੀ ਓਟ ਆਏ ਆਖ, ਆਖ਼ਰ ਤੇਰਾ ਇਕ ਇਕੋ ਘਰ ਜਣਾਈਆ । ਸੇਵਾ ਕਰਕੇ ਆਏ ਬਣਕੇ ਦਾਸ, ਸੇਵਕ ਤੇਰਾ ਹੁਕਮ ਕਮਾਈਆ । ਤੇਰੀ ਡਾਲੀ ਤੇਰਾ ਪਤ ਤੇਰੀ ਸ਼ਾਖ਼, ਤੇਰੀ ਕਲੀ ਕਲੀ ਮਹਿਕਾਈਆ । ਤੇਰਾ ਭਵਰਾ ਗੂੰਜੇ ਬਣ ਕੇ ਕਮਲਾਪਾਤ, ਤੇਰਾ ਤੇਰਾ ਰਾਗ ਅਲਾਈਆ । ਤੇਰੇ ਦੁਆਰੇ ਆ ਕੇ ਬਣੇ ਇਕ ਜਮਾਤ, ਚਾਰ ਜੁਗ ਦੀ ਪਿਛਲੀ ਛੱਡ ਪੜ੍ਹਾਈਆ । ਤੇਰਾ ਨੂਰ ਜ਼ਾਹਰ ਜ਼ਹੂਰ ਦਰਸਨ ਕੀਤਾ ਸਾਖਿਆਤ, ਸ਼ਨਾਖ਼ਤ ਅਵਰ ਨਾ ਕੋਇ ਜਣਾਈਆ । ਕਿਰਪਾ ਨਿਧਾਨ ਪਤ ਲੈਣੀ ਰਾਖ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਸਚਖੰਡ ਦੁਆਰੇ ਤੇਰਾ ਸਾਥ, ਸੰਗੀ ਤੂੰ ਹੀ ਇਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਚਾਰ ਜੁਗ ਦੀ ਪੂਰੀ ਆਸ ਕਰਾਈਆ । ਗੁਰ ਅਵਤਾਰ ਬਣਿਆ ਪ੍ਰਭ ਆਪ, ਗੁਰ ਅਵਤਾਰਾਂ ਰਿਹਾ ਸਮਝਾਈਆ । ਆਓ ਵੇਖੋ ਆਪਣਾ ਬਾਪ, ਪਿਤਾ ਪੁਰਖ ਅਕਾਲ ਪੜਦਾ ਲਾਹੀਆ ।


੮੭ ੧੫

ਸਿਫ਼ਤੀ ਸਿਫ਼ਤ ਕਰੋ ਸਚ ਜਾਪ, ਬਿਨ ਅੱਖਰਾਂ ਅੱਖਰ ਪੜ੍ਹਾਈਆ । ਸੌਦਾ ਵਿਕੇ ਇਕੋ ਹਾਟ, ਦੂਜਾ ਵਣਜ ਨਾ ਕੋਇ ਕਰਾਈਆ । ਕਰਿਆ ਖੇਲ ਪੁਰਖ ਸਮਰਾਥ, ਸਮਰਥ ਆਪਣੀ ਕਾਰ ਕਮਾਈਆ । ਵੀਹ ਸੌ ਵੀਹ ਬਿਕ੍ਰਮੀ ਸਾਰੇ ਆਏ ਆਖ, ਪ੍ਰਭ ਆਵੇ ਵਾਹੋ ਦਾਹੀਆ । ਦੋ ਜਹਾਨਾਂ ਦਏ ਨਜਾਤ, ਨਿਜ ਘਰ ਆਪਣਾ ਮੇਲ ਮਿਲਾਈਆ । ਜਿਸ ਦੇ ਪਿਛੇ ਪਾ ਕੇ ਆਏ ਵਫ਼ਾਤ, ਬਣ ਵਫ਼ਾਦਾਰ ਸੇਵ ਕਮਾਈਆ । ਮੰਗਦੇ ਰਹੇ ਪਿਆਲਾ ਸਬਰ ਸਬੂਰੀ ਆਬੇ ਹਯਾਤ, ਦੇਵਣ ਦੇਵੇ ਨੂਰ ਇਲਾਹੀਆ । ਸਚ ਪੈਗ਼ਾਮ ਰਸੂਲ ਲਿੱਲਾ ਇਲਾਹੀ ਲਿਖਦੇ ਰਹੇ ਉਪਰ ਕਾਗ਼ਜ਼ਾਤ, ਕਜ਼ਲ ਕਾਇਮ ਮੁਕਾਮ ਦਾਇਮ ਦਾਇਮੀ ਦਾਇਰਾ ਹੱਦ ਨਾ ਕੋਇ ਜਣਾਈਆ । ਕੋਈ ਜਾਣ ਨਾ ਸਕਿਆ ਪ੍ਰਭ ਕਿਵੇਂ ਬਦਲੇ ਨਜ਼ਾਮ, ਨਾਜ਼ਮ ਆਜ਼ਮ ਆਪਣਾ ਹੁਕਮ ਜਣਾਈਆ । ਕਲਮਿਆਂ ਨਾਲ ਕਲਮਾ ਮਿਲਾ ਕੇ ਕਲਮਾ ਕਰਦੇ ਰਹੇ ਕਲਾਮ, ਕਲਮਾ ਹੱਥ ਕਿਸੇ ਨਾ ਆਈਆ । ਦਰੋਹੀ ਏਸੇ ਕਰਕੇ ਕਰਦੇ ਰਹੇ ਸਲਾਮ, ਸਭਾ ਤੇਰੀ ਦੀ ਸਮਝ ਕੋਇ ਨਾ ਪਾਈਆ । ਸਦੀ ਚੌਧਵੀਂ ਕੀ ਕਰੇਂ ਮੇਰੇ ਵੱਡੇ ਵਡ ਅਮਾਮ, ਤੇਰਾ ਅਮਲ ਅਮਲ ਵਿਚ ਕਿਸੇ ਨਾ ਆਈਆ । ਮੁੱਛ ਦਾੜ੍ਹੀ ਸਾਡੀ ਮੁੰਨ ਦੇਵੇਂ ਬਣ ਕੇ ਹਜਾਮ, ਉਸਤਰਾ ਤਿੱਖਾ ਇਕ ਨਾਮ ਰਸੂਲ ਚਲਾਈਆ । ਅਸੀਂ ਬਣੇ ਬਾਲੇ ਨੱਢੇ ਅਵਾਣ, ਤੇਰਾ ਭੇਵ ਕੋਈ ਨਾ ਆਈਆ । ਤੇਰੇ ਦਰ ਤੇ ਕਹੀਏ ਸ੍ਰੀ ਭਗਵਾਨ, ਜੋ ਕਰੇਂ ਸੋ ਤੇਰੀ ਰਜ਼ਾਈਆ । ਵੀਹ ਸੌ ਵੀਹ ਬਿਕ੍ਰਮੀ ਰਾਹ ਤੱਕੀਏ ਪੰਦਰਾਂ ਕੱਤਕ ਮਹਾਨ, ਸਚਖੰਡ ਦੁਆਰੇ ਹਰਿ ਨਿਰੰਕਾਰੇ ਪੀਰ ਜ਼ਾਹਰੇ ਤੇਰੇ ਹੋਣ ਇਕ ਮੁਜ਼ਾਹਰੇ, ਮੁਜਰੇ ਪਿਛਲੇ ਲੇਖੇ ਲਾਈਆ । ਕਲਜੁਗ ਅੰਤ ਆਏ ਕਿਨਾਰੇ, ਤੁਧ ਬਿਨ ਕਵਣ ਪਾਰ ਉਤਾਰੇ, ਗੋਬਿੰਦ ਸੂਰਾ ਇਕ ਲਲਕਾਰੇ, ਜਿਸ ਦੀ ਕਲਗੀ ਚਮਕਾਂ ਮਾਰੇ, ਦੋ ਜਹਾਨ ਨੈਣ ਉਠਾਈਆ । ਜਿਸ ਦੇ ਗੁਰਮੁਖ ਸੁੱਤ ਦੁਲਾਰੇ, ਸਚਖੰਡ ਸੁੱਤੇ ਪੈਰ ਪਸਾਰੇ, ਪੰਜਾਂ ਇਕੋ ਰੰਗ ਚਾੜ੍ਹੇ, ਰੰਗਣਹਾਰਾ ਇਕ ਅਖਵਾਈਆ । ਸੋਹੰ ਰੂਪ ਆਪ ਨਿਰੰਕਾਰੇ, ਜਿਸ ਦਾ ਅੰਤ ਨਾ ਪਾਰਾਵਾਰੇ, ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਨਿਮਸਕਾਰੇ, ਨਮੋਂ ਨਮੋਂ ਆਪਣਾ ਸੀਸ ਝੁਕਾਈਆ । ਸੋ ਕਾਦਰ ਕਰਤਾ ਕਰੇ ਖੇਲ ਅਗੰਮ ਅਪਾਰੇ, ਜਗਤ ਰੀਤੀ ਬੇਪਰਤੀਤੀ, ਪਰਤੀਨਿਧ ਪਰਮ ਪੁਰਖ ਪਰਮੇਸ਼ਵਰ ਠੋਕਰ ਦੇਵੇ ਲਗਾਈਆ । ਕਰੇ ਖੇਲ ਇਕ ਅਨਡੀਠੀ, ਚੱਲੇ ਧਾਰ ਅਗੰਮੀ ਰੀਤੀ, ਕਵਣ ਜਾਣੇ ਪ੍ਰਭ ਤੇਰੀ ਕੀਤੀ, ਕੀਤਾ ਤੇਰਾ ਕਹਿਣ ਕੋਇ ਨਾ ਪਾਈਆ । ਸ੍ਰੀ ਭਗਵਾਨ ਅੱਗੇ ਦੱਸੇ ਆਪਣੀ ਬੀਤੀ, ਜੋ ਆਪਣਾ ਹਾਲ ਆਪਣੇ ਨਾਲ ਚਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਦੀ ਸਮਗਰੀ ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦੁਆਰੇ ਕੱਠੀ ਕੀਤੀ, ਕਿਤੇ ਖਾਤੇ ਆਪਣੇ ਵਿਚ ਪਾਈਆ ।

## ੨ ਸਾਵਣ ੨੦੨੦ ਬਿਕ੍ਰਮੀ ਬੀਬੀ ਬਲਵੰਤ ਕੌਰ ਦੇ ਗ੍ਰਹਿ ਅੰਮ੍ਰਿਤਸਰ

ਸਚਖੰਡ ਸੱਚਾ ਸ਼ਹਿਨਸ਼ਾਹ, ਸਚ ਤਖ਼ਤ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਬੇਪਰਵਾਹ, ਬੇਪਰਵਾਹੀ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਨਾਉਂ ਧਰਾ, ਧੁਰ ਦੀ ਧਾਰ ਆਪ ਸਮਝਾਇੰਦਾ । ਏਕੰਕਾਰ ਹੁਕਮ ਵਰਤਾ, ਸਚ ਫ਼ਰਮਾਨਾ ਆਪ ਅਲਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ ਉਠਾ, ਦੋ ਜਹਾਨਾਂ ਆਪ ਝੁਲਾਇੰਦਾ । ਅਬਿਨਾਸ਼ੀ ਕਰਤਾ ਕਰਨੀ ਰਿਹਾ ਕਮਾ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਪਾਰਬ੍ਰਹਮ ਪ੍ਰਭ

ਭੇਵ ਅਭੇਦਾ ਦਏ ਖੁਲ੍ਹਾ, ਪੜਦਾ ਉਹਲਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਆਪ ਸੁਹਾਇੰਦਾ । ਸਚਖੰਡ ਦੁਆਰ ਸੁਹਾਏ ਆਪ, ਪ੍ਰਭ ਆਪਣੀ ਜੋਤ ਜਗਾਈਆ । ਨਿਰਗੁਣ ਨਿਰਗੁਣ ਸੱਜਣ ਸਾਕ, ਹਰਿ ਸਾਚਾ ਸੰਗ ਰਖਾਈਆ । ਘਰ ਵਿਚ ਘਰ ਖੋਲ੍ਹ ਤਾਕ, ਥਿਰ ਘਰ ਦੇਵੇ ਮਾਣ ਵਡਿਆਈਆ । ਨਿਰਵੈਰ ਪੁਰਖ ਆਪ ਉਪਾਏ ਆਪਣੀ ਜ਼ਾਤ, ਸੁਤ ਦੁਲਾਰਾ ਸ਼ਬਦ ਸਾਚਾ ਉਠਾਈਆ । ਧੁਰ ਸੰਦੇਸਾ ਨਰ ਨਰੇਸਾ ਸਚ ਫ਼ਰਮਾਨਾ ਦੇਵੇ ਆਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸਚਖੰਡ ਦੁਆਰ, ਜੁਗ ਚੌਕੜੀ ਆਪ ਵਰਤਾਇੰਦਾ । ਨਵ ਨੌ ਚਾਰ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਵੇਲਾ ਆਇੰਦਾ । ਕੱਠੇ ਕਰ ਗੁਰ ਅਵਤਾਰ, ਪੀਰ ਪੈਗ਼ੰਬਰ ਆਪ ਜਣਾਇੰਦਾ । ਚਾਰ ਜੁਗ ਦੀ ਕਰੋ ਵਿਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੇਵ ਚੁਕਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖੋਲ੍ਹ ਕਿਵਾੜ, ਖਾਣੀ ਬਾਣੀ ਪੜਦਾ ਲਾਹਿੰਦਾ । ਸ੍ਰਿਸ਼ਟ ਸਬਾਈ ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਧੂਆਂ ਧਾਰ, ਸਾਚਾ ਚੰਦ ਨਜ਼ਰ ਕੋਇ ਨਾ ਆਇੰਦਾ । ਗੁਰ ਕਾ ਸ਼ਬਦ ਜੀਵ ਜੰਤ ਕੋਈ ਨਾ ਕਰੇ ਪਿਆਰ, ਸੁਰਤੀ ਸ਼ਬਦੀ ਡੋਰ ਨਾ ਕੋਇ ਬੰਧਾਇੰਦਾ । ਆਤਮ ਪਰਮਾਤਮ ਕੋਈ ਨਾ ਕਰੇ ਵਸਾਲ, ਵਸਲ ਹੱਕ ਨਾ ਕੋਇ ਵਖਾਇੰਦਾ । ਤ੍ਰੈਗੁਣ ਮਾਇਆ ਕੋਈ ਨਾ ਤੋੜੇ ਜੰਜਾਲ, ਜਾਗਰਤ ਜੋਤ ਨਾ ਕੋਇ ਜਣਾਇੰਦਾ । ਕਾਇਆ ਮੰਦਰ ਅੰਦਰ ਸੱਚੀ ਦਿਸੇ ਨਾ ਕਿਸੇ ਧਰਮਸਾਲ, ਸ਼ਿਵਦਵਾਲੇ ਠਾਕਰ ਮੰਦਰ ਮਸਜਦ ਮੱਠ ਗੁਰੂਦੁਆਰ ਜੀਵ ਜੰਤ ਸਰਬ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਭੇਵ ਚੁਕਾਇੰਦਾ । ਗੁਰ ਅਵਤਾਰ ਸਚ ਦੁਆਰ, ਸ੍ਰੀ ਭਗਵਾਨ ਆਪ ਉਠਾਈਆ । ਨੇਤਰ ਖੋਲ੍ਹੋ ਵੇਖ ਉਘਾੜ, ਦੋ ਜਹਾਨਾਂ ਵਾਲੀ ਦਏ ਸਮਝਾਈਆ । ਚਾਰੋਂ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਇ ਧਰਾਈਆ । ਨਿਰਗੁਣ ਨਜ਼ਰ ਨਾ ਆਏ ਨਰ ਨਿਰੰਕਾਰ, ਸਰਗੁਣ ਰੋਵੇ ਮਾਰੇ ਧਾਹੀਂਆ । ਮਾਇਆ ਮਮਤਾ ਹਉਮੇ ਹੰਗਤਾ ਕਰੇ ਖਵਾਰ, ਜੂਠ ਝੂਠ ਕਰੇ ਲੜਾਈਆ । ਜ਼ਾਤ ਪਾਤ ਵਰਨ ਗੋਤ ਦੀਨ ਮਜ਼੍ਹਬ ਚਾਰ ਕੁੰਟ ਕਰਨ ਹਾਹਾਕਾਰ, ਸਤਿ ਸੰਤੋਖ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਭੇਵ ਚੁਕਾਈਆ । ਸਚਖੰਡ ਦੁਆਰੇ ਸ਼ਾਹ ਸੁਲਤਾਨ, ਸੋ ਪੁਰਖ ਨਿਰੰਜਣ ਸਰਬ ਜਣਾਇੰਦਾ । ਨੇਤਰ ਖੋਲ੍ਹ ਵੇਖੋ ਮਾਰ ਧਿਆਨ, ਦੀਨ ਦੁਨੀ ਆਪ ਵਖਾਇੰਦਾ । ਲੱਖ ਚੁਰਾਸੀ ਅੰਦਰ ਵੜਿਆ ਕਲ ਸ਼ੈਤਾਨ, ਮਾਇਆ ਮਮਤਾ ਕਾਮ ਕਰੋਧ ਲੋਭ ਮੋਹ ਹੰਕਾਰ ਨਾਚ ਨਚਾਇੰਦਾ । ਸਾਚਾ ਨੂਰ ਜੋਤ ਪਰਕਾਸ਼ ਚਮਕੇ ਕੋਈ ਨਾ ਭਾਨ, ਅੰਧ ਅੰਧੇਰ ਨਾ ਕੋਇ ਮਿਟਾਇੰਦਾ । ਪਰਮ ਪੁਰਖ ਸਚ ਪ੍ਰੀਤੀ ਕੋਈ ਨਾ ਦੇਵੇ ਦਾਨ, ਆਤਮ ਮੇਲ ਨਾ ਕੋਇ ਵਖਾਇੰਦਾ । ਘਰ ਸਖੀ ਸਵਾਣੀ ਨਜ਼ਰ ਨਾ ਆਏ ਸ਼ਬਦ ਸਰੂਪੀ ਸਾਹਿਬ ਕਾਹਨ, ਬੰਸਰੀ ਨਾਮ ਨਾ ਕੋਇ ਸੁਣਾਇੰਦਾ । ਆਤਮਕ ਧੁਨ ਉਪਜਾਏ ਨਾ ਕੋਇ ਧੁਨਕਾਨ, ਅਨਹਦ ਨਾਦੀ ਰਾਗ ਨਾ ਕੋਇ ਅਲਾਇੰਦਾ । ਅੰਮ੍ਰਿਤ ਆਤਮ ਮਿਲੇ ਨਾ ਪੀਣ ਖਾਣ, ਨਿਝਰ ਝਿਰਨਾ ਨਾ ਕੋਇ ਝਿਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦੁਆਰੇ ਸਾਰੇ ਹੋਏ ਹੈਰਾਨ, ਨੇਤਰ ਅੱਖ ਨਾ ਕੋਇ ਖੁਲ੍ਹਾਇੰਦਾ । ਸਾਬਤ ਰਿਹਾ ਨਾ ਕਿਸੇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਚੁਕਾਇੰਦਾ । ਧੁਰ ਦਾ ਭੇਵ ਖੋਲ੍ਹੇ ਭਗਵਾਨ, ਸਚਖੰਡ ਨਿਵਾਸੀ ਦਇਆ

ਕਮਾਈਆ । ਕਲਜੁਗ ਵੇਖੇ ਕੂੜ ਹੋਇਆ ਪਰਧਾਨ, ਚਾਰੋ ਕੁੰਟ ਨਾਚ ਨਚਾਈਆ । ਸ਼ਰੀਅਤ ਵਿਚ ਵੜਿਆ ਸ਼ੈਤਾਨ, ਸ਼ਮਾ ਸਚ ਨਾ ਕੋਇ ਜਗਾਈਆ । ਚਾਰੋਂ ਕੁੰਟ ਅੰਧ ਅੰਧਿਆਨ, ਦੀਪਕ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਪ੍ਰਭ ਆਪੇ ਆਪ ਉਠਾਈਆ । ਗੁਰ ਅਵਤਾਰ ਨੇਤਰ ਖੋਲ੍ਹ ਦੋ ਜਹਾਨ, ਧਿਆਨ ਲਗਾਈਆ । ਪੁਰੀ ਲੋਅ ਬ੍ਰਹਿਮੰਡ ਖੰਡ ਜੇਰਜ ਅੰਡ ਨਾ ਕੋਈ ਗਿਆਨ, ਉਤਭੁਜ ਸੇਤਜ ਚਲੇ ਨਾ ਕੋਇ ਚਤਰਾਈਆ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਜੀਵ ਜੰਤ ਕਲਜੁਗ ਬਣਿਆ ਅੰਤ ਨਾਦਾਨ, ਹਿਰਦੇ ਹਰਿ ਨਾ ਕੋਇ ਵਸਾਈਆ । ਕਾਇਆ ਮੰਦਰ ਬੰਕ ਸੁਹਾਏ ਨਾ ਕੋਇ ਮਕਾਨ, ਦੀਪਕ ਦੀਆ ਘਰ ਕਰੇ ਨਾ ਕੋਇ ਰੁਸ਼ਨਾਈਆ । ਨਜ਼ਰ ਨਾ ਆਵੇ ਸਾਚਾ ਕਾਹਨ, ਨਿਰਵੈਰ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਵਖਾਈਆ । ਆਪਣਾ ਲੇਖਾ ਪੂਰਬ ਲੈਣਾ ਵੇਖ, ਜੁਗ ਚੌਕੜੀ ਨਾਲ ਰਲਾਈਆ । ਤੇਈ ਅਵਤਾਰ ਆਏ ਧਰ ਧਰ ਭੇਖ, ਲੋਕਮਾਤ ਫੇਰਾ ਪਾਈਆ । ਨਾਮ ਸੁਨੇਹੜਾ ਦੇਂਦੇ ਰਹੇ ਸੰਦੇਸ, ਧੁਰ ਦੀ ਧਾਰ ਆਪ ਜਣਾਈਆ । ਭਗਤ ਅਠਾਰਾਂ ਕਰਦੇ ਰਹੇ ਹੇਤ, ਹਿਤਕਾਰੀ ਜੋੜ ਜੁੜਾਈਆ । ਲੇਖਾ ਲਿਖਦੇ ਰਹੇ ਪੀਰ ਪੈਗ਼ੰਬਰ ਔਲੀਏ ਮੁੱਲਾਂ ਸ਼ੇਖ਼, ਕੁਤਬ ਗੌਂਸ ਆਪਣਾ ਭੇਵ ਜਣਾਈਆ । ਈਸਾ ਮੂਸਾ ਮੁਹੰਮਦ ਦੇਂਦੇ ਰਹੇ ਉਪਦੇਸ਼, ਕਲਮਾ ਨਬੀ ਰਸੂਲ ਪੜ੍ਹਾਈਆ । ਨਾਨਕ ਗੋਬਿੰਦ ਚੇਤਨ ਰਹੇ ਚੇਤ, ਚਿਤਵਤ ਠਗੌਰੀ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰ ਵਰਨ ਖੇਲੀ ਖੇਡ, ਚਾਰ ਕੁੰਟ ਫੇਰਾ ਪਾਈਆ । ਅੰਤਮ ਦੱਸ ਕੇ ਗਏ ਅਗੰਮੀ ਭੇਤ, ਭੇਵ ਅਭੇਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਦਰ ਦਰਵਾਜ਼ਾ ਇਕੋ ਇਕ ਸੁਹਾਈਆ । ਸਚਖੰਡ ਦੁਆਰ ਹਰਿ ਜੂ ਚੜ੍ਹਿਆ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਫੜਿਆ, ਬਚਿਆ ਕੋਇ ਰਹਿਣ ਨਾ ਪਾਇੰਦਾ । ਸਾਚਾ ਢੋਲਾ ਇਕੋ ਪੜ੍ਹਿਆ, ਤੂੰ ਮੇਰਾ ਮੈਂ ਤੇਰਾ ਰਾਗ ਅਲਾਇੰਦਾ । ਨਿਰਗੁਣ ਧਾਰ ਸਰਗੁਣ ਘੜਿਆ, ਘਾੜਤ ਘੜਤ ਵੇਖ ਵਖਾਇੰਦਾ । ਨਿਰਵੈਰ ਹੋ ਕੇ ਅੰਦਰ ਵੜਿਆ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇੰਦਾ । ਨਾ ਜੀਵੇ ਨਾ ਕਦੇ ਮਰਿਆ, ਮਰਨ ਜੀਵਣ ਵੰਡ ਨਾ ਕੋਇ ਵੰਡਾਇੰਦਾ । ਕਲਜੁਗ ਅੰਤ ਲੈ ਅਵਤਰਿਆ, ਜੋਤੀ ਜੋਤ ਜਾਮਾ ਪਾਇੰਦਾ । ਸਰਬ ਕਲਾਂ ਭਰਪੂਰ ਸੂਰਾ ਸਰਬੰਗ ਏਕੰਕਰਿਆ, ਕਰਨੀ ਕਰਤਾ ਆਪ ਕਰਾਇੰਦਾ । ਨਿਰਭੌ ਹੋਏ ਕਦੇ ਨਾ ਡਰਿਆ, ਭੈ ਆਪਣਾ ਸਰਬ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲਾ ਇਕ ਵਸਾਇੰਦਾ । ਸਚ ਮਹੱਲੇ ਗੁਰੂ ਅਵਤਾਰ, ਸੋ ਸਾਹਿਬ ਆਪ ਬੁਲਾਈਆ । ਪੀਰ ਪੈਗ਼ੰਬਰ ਦੋਏ ਜੋੜ ਕਰਨ ਨਿਮਸਕਾਰ, ਸਜਦਾ ਸੀਸ ਜਗਦੀਸ ਕਰਾਈਆ । ਮੁਕਾਮੇ ਹੱਕ ਸਾਂਝਾ ਯਾਰ, ਲਾਸ਼ਰੀਕ ਆਸਣ ਲਾਈਆ । ਜਲਵਾ ਨੂਰ ਇਕ ਉਜਿਆਰ, ਬੇਨਜ਼ੀਰ ਕਰੇ ਰੁਸ਼ਨਾਈਆ । ਵਡ ਅਮਾਮ ਸੱਚਾ ਸਿਕਦਾਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਰਹਿਮਤ ਕਰ ਆਪ ਨਿਰੰਕਾਰ, ਨਿਰਗੁਣ ਆਪਣੀ ਕਾਰ ਕਮਾਈਆ । ਵੀਹ ਸੌ ਵੀਹ ਬਿਕ੍ਰਮੀ ਹੋ ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਸਤਿ ਸਤਿਵਾਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਏਕਾ ਜੋਤ ਨੂਰ ਰੁਸ਼ਨਾਈਆ । ਸਚਖੰਡ ਦੁਆਰੇ ਨਿਰਗੁਣ ਜੋਤ, ਨਿਰਵੈਰ ਪੁਰਖ ਡਗਮਗਾਇੰਦਾ । ਨਾ ਕੋਈ ਕਿਲਾ ਨਾ ਕੋਈ ਕੋਟ, ਬੰਕ ਦੁਆਰ

ਆਪ ਵਡਿਆਇੰਦਾ । ਨਾ ਕੋਈ ਸਮਝ ਨਾ ਕੋਈ ਸੋਚ, ਨਾ ਕੋਈ ਵਿਦਿਆ ਅੱਖਰ ਪੜ੍ਹਾਇੰਦਾ । ਨਾ ਕੋਈ ਖੰਡ ਬ੍ਰਹਿਮੰਡ ਪਰਲੋਕ ਲੋਕ, ਚੌਦਾਂ ਤਬਕ ਨਾ ਕੋਇ ਵਖਾਇੰਦਾ । ਨਾ ਕੋਈ ਨਾਮ ਨਾਦ ਸਲੋਕ, ਨਾਅਰਾ ਹੱਕ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਏਕੰਕਾਰਾ ਪੁਰਖ ਅਬਿਨਾਸ਼ੀ ਆਪ ਸੁਹਾਇੰਦਾ । ਸਚਖੰਡ ਦੁਆਰ ਸੁਹਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਕੀਤੇ ਆਪ, ਦੀਨ ਮਜ਼੍ਹਬ ਜ਼ਾਤ ਪਾਤ ਨਾ ਕੋਇ ਲੜਾਈਆ । ਕਲਜੁਗ ਅੰਤ ਸਾਰੇ ਕਰੋ ਇਕੋ ਜਾਪ, ਸਤਿਜੁਗ ਸਾਚੀ ਧਾਰ ਸਮਝਾਈਆ । ਸ੍ਰੀ ਭਗਵਾਨ ਅਗੰਮੀ ਬਾਪ, ਪੁਰਖ ਅਕਾਲ ਦਏ ਵਡਿਆਈਆ । ਹਰਿ ਸਰਨਾਈ ਸਾਚਾ ਨਾਤ, ਚਾਰ ਵਰਨ ਨਾ ਕੋਇ ਲੜਾਈਆ । ਈਸਾ ਮੂਸਾ ਮੁਹੰਮਦ ਗੁਰ ਅਵਤਾਰ ਬਣੇ ਇਕ ਜਮਾਤ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਲੇਖਾ ਚੁਕਾਏ ਕਾਇਨਾਤ, ਕਲਮਾ ਨਬੀ ਆਪ ਸਮਝਾਈਆ । ਜੀਵ ਜੰਤ ਪਿਆਏ ਆਬੇ ਹਯਾਤ, ਹਯਾਤੀ ਸਭ ਦੀ ਦਏ ਬਦਲਾਈਆ । ਸਤਿਜੁਗ ਸਾਚੀ ਬਖ਼ਸ਼ੇ ਦਾਤ, ਸਤਿ ਸਤਿਵਾਦੀ ਹੋਏ ਸਹਾਈਆ । ਧਰਮ ਦਵਾਰੇ ਲੱਗੇ ਭਾਗ, ਭਗਵਨ ਆਪਣਾ ਰੰਗ ਰੰਗਾਈਆ । ਕਲਜੁਗ ਅੰਤ ਲੱਖ ਚੁਰਾਸੀ ਵਿਚੋ ਸੰਤ ਸੁਹੇਲੇ ਵਿਰਲੇ ਜਾਣ ਜਾਗ, ਜਿਨ੍ਹਾਂ ਆਪਣਾ ਭੇਵ ਚੁਕਾਈਆ । ਕਾਇਆ ਮੰਦਰ ਅੰਦਰ ਦੀਪਕ ਜੋਤ ਜਗੇ ਚਰਾਗ਼, ਅੰਧ ਅੰਧੇਰ ਰਹਿਣ ਨਾ ਪਾਈਆ । ਤ੍ਰੈਗੁਣ ਮਾਇਆ ਬੁਝਾਏ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਸੁਰਤ ਸਵਾਣੀ ਸ਼ਬਦ ਮਿਲਾਏ ਸੁਹਾਗ, ਕੰਤ ਕੰਤੂਹਲ ਮੇਲ ਮਿਲਾਈਆ । ਧੁਰਦਰਗਾਹੀ ਬੇਪਰਵਾਹੀ ਜਨ ਭਗਤਾਂ ਬਖ਼ਸ਼ੇ ਸੱਚਾ ਰਾਜ, ਸਚਖੰਡ ਦੁਆਰ ਦਏ ਵਡਿਆਈਆ । ਕਲਜੁਗ ਕੂੜੀ ਕਿਰਿਆ ਮੇਟੇ ਸਮਾਜ, ਸਾਹਿਬ ਸਤਿਗੁਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰੇ ਪੜ੍ਹਾਈਆ । ਤੇਈ ਅਵਤਾਰ ਬਿਨ ਰਸਨਾ ਕਹਿੰਦੇ, ਪ੍ਰਭ ਅੱਗੇ ਸੀਸ ਝੁਕਾਈਆ । ਚਰਨ ਸਰਨਾਈ ਤੇਰੀ ਰਹਿੰਦੇ, ਦਰ ਤੇਰੇ ਅਲਖ ਜਗਾਈਆ । ਪੀਰ ਪੈਗ਼ੰਬਰ ਸਚ ਭਾਣਾ ਸਹਿੰਦੇ, ਸਿਰ ਸਕੇ ਨਾ ਕੋਇ ਉਠਾਈਆ । ਗੁਰ ਗੁਰ ਧਾਰ ਚਰਨੀ ਢਹਿੰਦੇ, ਧੂੜੀ ਟਿੱਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਤੇਰੇ ਵੱਜੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਮੀਤ, ਸੋ ਸਾਹਿਬ ਆਪ ਜਣਾਇੰਦਾ । ਵੀਹ ਸੌ ਵੀਹ ਬਿਕ੍ਰਮੀ ਖੇਲ ਕਰੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਪਿਛਲਾ ਲੇਖਾ ਵੇਖੋ ਮੰਦਰ ਮਸੀਤ, ਸ਼ਿਵਦਵਾਲੇ ਮੱਠ ਆਪ ਜਣਾਇੰਦਾ । ਪਰਮ ਪੁਰਖ ਦੀ ਭੁੱਲੇ ਸਾਰੇ ਰੀਤ, ਨਿਰਗੁਣ ਇਸ਼ਟ ਨਾ ਕੋਇ ਮਨਾਇੰਦਾ । ਆਤਮ ਪਰਮਾਤਮ ਢੋਲਾ ਗਾਏ ਕੋਇ ਨਾ ਗੀਤ, ਸੋਹੰ ਰੂਪ ਨਾ ਕੋਇ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਗੁਰ ਅਵਤਾਰ ਕਰੋ ਯਾਦ, ਪਿਛਲਾ ਲੇਖਾ ਰਿਹਾ ਜਣਾਈਆ । ਦੋਏ ਜੋੜ ਕਰਦੇ ਰਹੇ ਫ਼ਰਿਆਦ, ਪ੍ਰਭ ਅੱਗੇ ਸੀਸ ਝੁਕਾਈਆ । ਕਲਜੁਗ ਅੰਤਮ ਦੇਣ ਦਾਦ, ਨਿਹਕਲੰਕ ਨਰਾਇਣ ਨਰ ਵੇਸ ਵਟਾਈਆ । ਨਿਰਵੈਰ ਪੁਰਖ ਦੇਣਾ ਸਾਥ, ਸਗਲਾ ਸੰਗ ਨਿਭਾਈਆ । ਲਹਿਣਾ ਦੇਣਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਮੰਡਲ ਭੇਵ ਚੁਕਾਈਆ । ਚਾਰ ਜੁਗ ਦੀ ਪੂਰੀ ਕਰਨੀ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਭਗਤ ਸੁਹੇਲਾ ਹੋ ਕੇ ਬਣਿਆ ਦਾਸ, ਘਰ ਸਾਚੇ ਸੇਵ ਕਮਾਈਆ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਲੇਖਾ ਜਾਣ ਪਵਣ ਸਵਾਸ,

ਪਵਣ ਪਵਣਾਂ ਡੇਰਾ ਢਾਹੀਆ । ਸਿਰ ਰੱਖਣਾ ਆਪਣਾ ਹਾਥ, ਮਿਹਰ ਨਜ਼ਰ ਉਠਾਈਆ । ਤੇਰੀ ਮਹਿਮਾਂ ਬੋਧ ਅਗਾਧ, ਗੁਰ ਅਵਤਾਰ ਪੀਰ ਪੈਗ਼ੰਬਰ ਭੇਵ ਕੋਇ ਨਾ ਆਈਆ । ਅੰਤ ਨਾ ਪਾਇਆ ਸੰਤ ਸਾਧ, ਬੇਅੰਤ ਤੇਰੀ ਸ਼ਰਨਾਈਆ । ਲੱਖ ਚੁਰਾਸੀ ਵਿਚੋ ਕਾਢ, ਚਰਨ ਕਵਲ ਦੇ ਵਡਿਆਈਆ । ਪੁਰਖ ਅਕਾਲ ਪਿਤਾ ਰੂਪ ਹੋ ਕੇ ਕਰ ਲਾਡ, ਪੂਤ ਸਪੂਤੇ ਗੁਰ ਅਵਤਾਰ ਗੋਦ ਉਠਾਈਆ । ਤੇਰੀ ਨਜ਼ਰ ਨਾ ਆਈ ਕਿਸੇ ਹੱਦ, ਪਾਰ ਕਿਨਾਰਾ ਸਮਝ ਕੋਇ ਨਾ ਪਾਈਆ । ਪੀਰ ਪੈਗ਼ੰਬਰ ਤੇਰਾ ਕਰਦੇ ਗਏ ਹੱਜ, ਹਜ਼ਰਤ ਤੇਰਾ ਹਾਜ਼ਰ ਹਜ਼ੂਰ ਜਲਵਾ ਨੂਰ ਇਲਾਹੀਆ । ਕਲਜੁਗ ਅੰਤਮ ਪੜਦਾ ਲੈਣਾ ਕੱਜ, ਤੇਈ ਅਠਾਰਾਂ ਦਸ ਤ੍ਰੈ ਇਕ ਤੇਰੀ ਓਟ ਤਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੰਧ ਮੁਕਾਇਆ ਨੱਠ ਨੱਠ, ਬਣ ਪਾਂਧੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬੈਠੇ ਸੀਸ ਝੁਕਾਈਆ । ਦਰ ਤੇਰੇ ਝੁਕਿਆ ਸੀਸ, ਦੋਏ ਜੋੜ ਪਏ ਸਰਨਾਈਆ । ਕਰ ਕਿਰਪਾ ਹਰਿ ਜਗਦੀਸ, ਜਗਦੀਸਰ ਤੇਰੀ ਇਕ ਸਰਨਾਈਆ । ਕਲਜੁਗ ਅੰਤ ਤੇਰੇ ਨਾਮ ਬਿਨ ਖ਼ਾਲੀ ਹੋਏ ਖੀਸ, ਮਾਇਆ ਮਮਤਾ ਘਰ ਘਰ ਹੋਏ ਹਲਕਾਈਆ । ਸਾਚੀ ਕਰੇ ਨਾ ਕੋਇ ਹਦੀਸ, ਪੱਟੀ ਨਾਮ ਨਾ ਕੋਇ ਪੜ੍ਹਾਈਆ । ਤੇਰਾ ਖੇਲ ਸਦਾ ਅਨਡੀਠ, ਸਾਹਿਬ ਸਮਝ ਕੋਇ ਨਾ ਪਾਈਆ । ਲਹਿਣਾ ਚੁਕਾ ਹਸਤ ਕੀਟ, ਊਚ ਨੀਚ ਕੋਇ ਰਹਿਣ ਨਾ ਪਾਈਆ । ਕਾਇਆ ਕਾਅਬਾ ਦਿਸੇ ਮੰਦਰ ਮਸੀਤ, ਚਾਰ ਦੀਵਾਰੀ ਵੇਖਣ ਕੋਇ ਨਾ ਜਾਈਆ । ਨਜ਼ਰੀ ਆਏ ਇਕ ਅਤੀਤ, ਤ੍ਰੈਭਵਨ ਧਨੀ ਸਵਾਮੀ ਆਪਣਾ ਡੇਰਾ ਲਾਈਆ । ਭਗਤ ਭਗਵਾਨ ਕਰਨ ਸਚ ਪ੍ਰੀਤ, ਪ੍ਰੀਤੀ ਇਕੋ ਇਕ ਸਮਝਾਈਆ । ਦਿਵਸ ਰੈਣ ਘੜੀ ਪਲ ਵਸਣਾ ਆਪੇ ਚੀਤ, ਘਰ ਚੇਤਨ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਅੰਤਮ ਆਸ ਰਖਾਈਆ । ਕਲਜੁਗ ਅੰਤ ਅੰਤ ਕਲ ਆਵਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖ ਚੁਕਾਵਾਂਗਾ । ਸਚ ਸਵੰਬਰ ਇਕ ਰਚਾਵਾਂਗਾ । ਦੋ ਜਹਾਨ ਵੇਖ ਵਖਾਵਾਂਗਾ । ਧਰਮ ਦੁਆਰਾ ਇਕ ਪਰਗਟਾਵਾਂਗਾ । ਨਿਹਕਰਮੀ ਕਰਮ ਕਮਾਵਾਂਗਾ । ਪੰਜ ਤਤ ਨਾ ਕੋਇ ਵਖਾਵਾਂਗਾ । ਜੋਤੀ ਜਾਮਾ ਵੇਸ ਵਟਾਵਾਂਗਾ । ਸ਼ਬਦ ਨਾਦ ਧੁਨ ਸੁਣਾਵਾਂਗਾ । ਬੋਧ ਅਗਾਧ ਪੜ੍ਹਾਵਾਂਗਾ । ਹਰ ਹਿਰਦਾ ਆਪੇ ਸੋਧ, ਹਰਿ ਕਾ ਰੂਪ ਜਣਾਵਾਂਗਾ । ਕੂੜੀ ਕਿਰਿਆ ਕੋਈ ਨਾ ਕਰੇ ਜੋਧ, ਜੋਧਾ ਸੂਰਬੀਰ ਆਪਣਾ ਸ਼ਬਦ ਬਣਾਵਾਂਗਾ । ਜਨ ਭਗਤਾਂ ਦੇ ਦੇ ਦਰਸ ਅਮੋਘ, ਪਿਛਲਾ ਲੇਖ ਚੁਕਾਵਾਂਗਾ । ਭੇਵ ਖੁਲ੍ਹਾਵਾਂ ਅਗਲਾ ਗੋਝ, ਸਤਿਜੁਗ ਰਾਹ ਸਮਝਾਵਾਂਗਾ । ਜੋ ਦਰਸਨ ਰਹੇ ਸਾਚਾ ਲੋਚ, ਤਿਨ੍ਹਾਂ ਲੋਚਾ ਪੂਰ ਕਰਾਵਾਂਗਾ । ਚੌਦਾਂ ਵਿਦਿਆ ਚੌਦਾਂ ਲੋਕ ਕੋਈ ਨਾ ਕਰੇ ਸੋਚ, ਚੌਦਾਂ ਤਬਕਾਂ ਸੋਚ ਭੁਲਾਵਾਂਗਾ । ਨਿਰਗੁਣ ਹੋ ਕੇ ਸਰਗੁਣ ਲਵਾਂ ਖੋਜ, ਖੋਜਤ ਖੋਜਤ ਆਪਣੀ ਕਾਰ ਕਮਾਵਾਂਗਾ । ਜਨ ਭਗਤਾਂ ਪੂਰਬ ਜਨਮ ਮੇਟ ਕੇ ਰੋਗ, ਚਿੰਤਾ ਸੋਗ ਸਰਬ ਗਵਾਵਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਚਖੰਡ ਦੁਆਰ ਸੁਣਾ ਪਹਿਲਾਂ ਸਲੋਕ, ਸੋਹਲਾ ਇਕੋ ਇਕ ਵਡਿਆਵਾਂਗਾ । ਬਿਨ ਭਗਤੀਉਂ ਦੇਵਣਹਾਰਾ ਮੋਖ, ਮਿਹਰ ਨਜ਼ਰ ਇਕ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਹਿਣਾ ਦੇਣਾ ਅੰਤ ਮੁਕਾਵਾਂਗਾ । ਗੁਰ ਅਵਤਾਰ ਲਹਿਣਾ ਦੇਣਾ ਆਪ ਮੁਕਾਏਗਾ । ਪੁਰਖ ਅਬਿਨਾਸ਼ੀ ਵੇਸ ਵਟਾਏਗਾ । ਨਿਹਕਲੰਕ ਨਾਉਂ ਰਖਾਏਗਾ ।

ਸ਼ਬਦ ਡੰਕਾ ਇਕ ਵਜਾਏਗਾ । ਰਾਉ ਰੰਕ ਆਪ ਜਗਾਏਗਾ । ਸੰਬਲ ਨਗਰ ਇਕ ਵਸਾਏਗਾ । ਹੋ ਉਜਿਆਰ ਨੂਰ ਪਰਗਟਾਏਗਾ । ਬਣ ਸੌਦਾਗਰ ਵਣਜ ਵਖਾਏਗਾ । ਬੈਠ ਇਕਾਗਰ ਹੁਕਮ ਵਰਤਾਏਗਾ । ਜਨ ਭਗਤਾਂ ਦੇਵੇ ਆਦਰ, ਸਚਖੰਡ ਦੁਆਰ ਸੁਹਾਏਗਾ । ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਧਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪਣੇ ਹੱਥ ਰਖਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਲੱਗ, ਇਕ ਅਰਦਾਸ ਸੁਣਾਈਆ । ਸੋ ਪੁਰਖ ਨਿਰੰਜਣ ਸੂਰੇ ਸਰਬੱਗ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਜਾਣ ਲੰਘ, ਅੰਤਮ ਕਲਜੁਗ ਮਾਤ ਆਈਆ । ਤੇਰਾ ਢੋਲਾ ਗੌਂਦੇ ਰਹੀਏ ਬਣ ਮਲੰਗ, ਨਿਰਗੁਣ ਸਰਗੁਣ ਨਾਚ ਨਚਾਈਆ । ਜੁਗ ਚੌਕੜੀ ਚੜ੍ਹਦੇ ਰਹਿਣ ਚੰਦ, ਗੁਰ ਗੁਰ ਸ਼ਬਦੀ ਰੂਪ ਵਟਾਈਆ । ਅੰਤਮ ਸਭ ਦਾ ਮੁਕੇ ਪੰਧ, ਥਿਰ ਰਹਿਣ ਕੋਇ ਨਾ ਪਾਈਆ । ਦੀਨ ਦਿਆਲ ਸਾਹਿਬ ਇਕ ਬਖ਼ਸ਼ੰਦ, ਬਖ਼ਸ਼ਿਸ਼ ਤੇਰੇ ਹੱਥ ਸੁਹਾਈਆ । ਤੇਰੀ ਰਚਨਾ ਕੋਟ ਬ੍ਰਹਿਮੰਡ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੇਵ ਕਮਾਈਆ । ਆਦਿ ਪੁਰਖ ਅਬਿਨਾਸ਼ੀ ਕਰਤੇ ਤੇਰਾ ਕੋਈ ਨਾ ਆਇਆ ਅੰਤ, ਬੇਅੰਤ ਕਹਿਣ ਕੋਇ ਨਾ ਪਾਈਆ । ਸਾਰੇ ਗੱਟੀਆਂ ਕਰਦੇ ਗਣਤ, ਅਗਣਤ ਅੰਕ ਨਾ ਕੋਇ ਜਣਾਈਆ । ਦਰ ਦਰਵੇਸ਼ ਭਿਖਾਰੀ ਬਣੇ ਮੰਗਤ, ਆਪਣੀ ਝੋਲੀ ਅੱਗੇ ਡਾਹੀਆ । ਤੂੰ ਸਾਹਿਬ ਸੁਲਤਾਨਾ ਬੋਧ ਅਗਾਧਾ ਪੰਡਤ, ਤੇਰਾ ਨਿਸ਼ਅੱਖਰ ਸਮਝ ਕੋਇ ਨਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਮੰਤ, ਮੰਤਰ ਤੇਰਾ ਨਾਮ ਅਖਵਾਈਆ । ਲੱਖ ਚੁਰਾਸੀ ਆਤਮ ਪਰਮਾਤਮ ਬਣੇ ਕੰਤ, ਘਰ ਘਰ ਆਪਣੀ ਸੇਜ ਹੰਢਾਈਆ । ਪੰਜ ਤਤ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਲੋਕਮਾਤ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਅੰਤਮ ਆਪਣਾ ਮੇਲ ਮਿਲਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਸਚਖੰਡ ਨਿਵਾਸੀ ਆਪ ਜਣਾਇੰਦਾ । ਕਲਜੁਗ ਅੰਤ ਬੇਨੰਤੀ ਕਰਾਂ ਆਪ ਪਰਵਾਨ, ਮਿਹਰ ਨਜ਼ਰ ਉਠਾਇੰਦਾ । ਨਵ ਨੌ ਚਾਰ ਪਿਛੋ ਦੇਵਾਂ ਦਾਨ, ਦਾਤਾ ਦਾਨੀ ਹੋ ਕੇ ਦਇਆ ਕਮਾਇੰਦਾ । ਪਰਗਟ ਹੋਵਾਂ ਵਿਚ ਜਹਾਨ, ਨਿਰਗੁਣ ਨੂਰ ਡਗਮਗਾਇੰਦਾ । ਸਚ ਦਵਾਰਾ ਖੋਲ੍ਹ ਮਹਾਨ, ਦੀਆ ਬਾਤੀ ਇਕ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਜਣਾਇੰਦਾ । ਧੁਰ ਦਾ ਲੇਖਾ ਆਪ ਜਣਾਵਾਂਗਾ । ਕਲਜੁਗ ਅੰਤਮ ਵੇਸ ਵਟਾਵਾਂਗਾ । ਕਲ ਕਲਕੀ ਫੇਰਾ ਪਾਵਾਂਗਾ । ਚਾਰ ਵਰਨ ਬਣ ਕੇ ਦਰਦੀ, ਦੁਖੀਆਂ ਦਰਦ ਵੰਡਾਵਾਂਗਾ । ਕਲਜੁਗ ਅੰਤਮ ਵੇਖ ਸ੍ਰਿਸ਼ਟੀ ਸੜਦੀ, ਅੰਮ੍ਰਿਤ ਮੇਘ ਇਕ ਬਰਸਾਵਾਂਗਾ । ਦੀਨ ਮਜ਼੍ਹਬ ਜ਼ਾਤ ਪਾਤ ਚਾਰ ਵਰਨ ਜੋ ਲੜਦੀ, ਝਗੜਾ ਕੂੜਾ ਸਰਬ ਗਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕੋ ਘਰ ਵਸਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਘਰ ਵਸਣਗੇ । ਰਸਨਾ ਬੋਲ ਹਰਿ ਜੈਕਾਰ, ਢੋਲਾ ਲੱਖ ਚੁਰਾਸੀ ਦੱਸਣਗੇ । ਸਤਿਜੁਗ ਸਾਚੀ ਚੱਲੇ ਧਾਰ, ਸਚ ਦੁਆਰੇ ਬਹਿ ਕੇ ਹੱਸਣਗੇ । ਕਰੇ ਖੇਲ ਆਪ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਦਰ ਇਕੋ ਬਹਿ ਕੇ ਵਸਣਗੇ । ਸਾਚਾ ਮੰਦਰ ਇਕ ਬਣਾਵਾਂਗਾ । ਚਾਰ ਜੁਗ ਦੇ ਵਿਛੜੇ ਮੇਲ ਮਿਲਾਵਾਂਗਾ । ਪੂਰਬ ਦੁੱਖੜੇ ਸਰਬ ਗਵਾਵਾਂਗਾ । ਸੁੱਕੇ ਰੁਖੜੇ ਹਰੇ ਕਰਾਵਾਂਗਾ । ਉਜਲ ਮੁਖੜੇ ਆਪ ਕਰਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸੁਤੜੇ ਆਪ ਉਠਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ

ਕਰ ਇਕਰਾਰ ਕੋਈ ਨਾ ਮੁੱਕਰੇ, ਮੁਕੰਮਲ ਆਪਣਾ ਹੁਕਮ ਵਰਤਾਵਾਂਗਾ । ਚਾਰ ਕੁੰਟ ਦਹਿ ਦਿਸ਼ਾ ਲੁਕਿਆ ਕੋਇ ਨਾ ਰਹੇ ਨੁਕਰੇ, ਨੁਕਤਾ ਨੂਨ ਸਰਬ ਗਵਾਵਾਂਗਾ । ਜਿਉਂ ਗੋਬਿੰਦ ਕਿਹਾ ਪੁਤਰੇ, ਪਿਤਾ ਪੁਰਖ ਅਕਾਲ ਵੇਸ ਵਟਾਵਾਂਗਾ । ਨਿਹਕਲੰਕ ਨਿਰਗੁਣ ਧਾਰੋ ਆਪੇ ਉਤਰੇ, ਮਾਤ ਪਿਤ ਨਾ ਕੋਇ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਦਰਸਾਵਾਂਗਾ । ਸਤਿਜੁਗ ਸਾਚਾ ਰਾਹ ਚਲਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਇਕੋ ਗੰਢ ਪਵਾਏਗਾ । ਬਰਨ ਅਠਾਰਾਂ ਮੇਟ ਮਿਟਾਏਗਾ । ਊਚ ਨੀਚ ਨਾ ਕੋਇ ਵਡਿਆਏਗਾ । ਰਾਉਂ ਰੰਕ ਆਪ ਸਮਝਾਏਗਾ । ਦੁਆਰ ਬੰਕ ਇਕ ਵਡਿਆਏਗਾ । ਜਨ ਭਗਤਾਂ ਅੰਦਰ ਡੇਰਾ ਲਾਏਗਾ । ਸਾਚੀ ਰੰਗਣ ਰੰਗਤਾ ਰੰਗ ਰੰਗਾਏਗਾ । ਪ੍ਰੇਮ ਭਿਖਾਰੀ ਬਣ ਕੇ ਮੰਗਤਾ, ਮੰਗਤ ਦਵਾਰੇ ਅਲਖ ਜਗਾਏਗਾ । ਅਬਿਨਾਸ਼ੀ ਕਰਤਾ ਭੁੱਖਾ ਨੰਗਤਾ, ਭੁੱਖਿਆਂ ਨੰਗਿਆਂ ਸਿਰ ਆਪਣਾ ਹੱਥ ਟਿਕਾਏਗਾ । ਕੋਈ ਭੇਵ ਨਾ ਪਾਏ ਪੰਡਤਾ, ਗਰੰਥੀ ਪੰਥੀ ਸਮਝ ਕੋਇ ਨਾ ਆਏਗਾ । ਮੁੱਲਾ ਸ਼ੇਖ਼ ਗੜ੍ਹ ਹੋਏ ਹਉਮੈਂ ਹੰਗਤਾ, ਨਿਵਣ ਸੋ ਧਾਰ ਨਾ ਕੋਇ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸਾ ਪੁਰਖ ਅਬਿਨਾਸ਼ਾ, ਗੁਰ ਅਵਤਾਰਾਂ ਦਏ ਧਰਵਾਸਾ, ਸਤਿਜੁਗ ਸਾਚਾ ਦੱਸੇ ਖ਼ੁਲਾਸਾ, ਖ਼ੁਲਾਸੀ ਕਲਜੁਗ ਕੋਲੋ ਆਪ ਕਰਾਏਗਾ । ਸਤਿਜੁਗ ਅੰਤ ਚਲਾਏ ਰਾਹ, ਬੀਸ ਬੀਸਾ ਦਇਆ ਕਮਾਈਆ । ਨਿਰਗੁਣ ਪੁਰਖ ਬਣ ਮਲਾਹ, ਜਨ ਭਗਤਾਂ ਬੇੜਾ ਕੰਧ ਉਠਾਈਆ । ਜਗਤ ਜਹਾਨੋ ਪਾਰ ਕਰਾ, ਸਾਚੀ ਮੰਜ਼ਲ ਆਪ ਮੁਕਾਈਆ । ਦੇਵਣਹਾਰਾ ਨਾਮ ਸਲਾਹ, ਆਤਮ ਪਰਮਾਤਮ ਕਰੇ ਪੜ੍ਹਾਈਆ । ਗੁਰ ਅਵਤਾਰ ਬਣਾਏ ਗਵਾਹ, ਸ਼ਹਾਦਤ ਇਕੋ ਵਾਰ ਭੁਗਤਾਈਆ । ਬਿਨ ਗੁਰਮੁਖਾਂ ਕੋਈ ਨਾ ਜਪੇ ਧੁਰ ਦਾ ਨਾਂ, ਧੁਰ ਬਾਣੀ ਬਾਣ ਨਾ ਕੋਇ ਲਗਾਈਆ । ਕਲਜੁਗ ਜੀਵ ਰਸਨਾ ਜਿਹਵਾ ਢੋਲਾ ਦਿਵਸ ਰੈਣ ਰਹੇ ਗਾ, ਹਿਰਦੇ ਹਰਿ ਨਾ ਕੋਇ ਵਸਾਈਆ । ਬੁਧੀ ਕਾਗ ਵਾਂਗ ਰਹੀ ਕੁਰਲਾ, ਮਾਣਕ ਮੋਤੀ ਹੰਸ ਸੋਹੰ ਚੋਗ ਨਾ ਕੋਇ ਚੁਗਾਈਆ । ਦੁਰਮਤ ਮੈਲ ਦਾਗ਼ ਸਕੇ ਨਾ ਕੋਇ ਧਵਾ, ਦ੍ਰਿਸ਼ਟ ਇਸ਼ਟ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਆਦਮ ਹੱਵਾ, ਆਦਿ ਸ਼ਕਤ ਚਤਰਭੁਜ ਆਪਣੀ ਕਾਰ ਕਮਾਈਆ । ਸਤਿਜੁਗ ਮਾਰਗ ਲਾਏ ਆਪ, ਕਲਜੁਗ ਅੰਤਮ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਸ੍ਰਿਸ਼ਟ ਸਬਾਈ ਏਕਾ ਜਾਪ, ਆਤਮ ਪਰਮਾਤਮ ਕਰੇ ਪੜ੍ਹਾਈਆ । ਪਾਰਬ੍ਰਹਮ ਬ੍ਰਹਮ ਬਣਾਏ ਸੱਚਾ ਸਾਕ, ਸੱਜਣ ਇਕੋ ਨਜ਼ਰੀ ਆਈਆ । ਘਰ ਵਿਚ ਘਰ ਖੋਲ੍ਹੇ ਤਾਕ, ਬਜਰ ਕਪਾਟੀ ਤੋੜ ਤੁੜਾਈਆ । ਨਿਰਗੁਣ ਜੋਤ ਜਗਾਏ ਨੂਰ ਲਲਾਟ, ਅੰਧ ਅੰਧੇਰ ਗਵਾਈਆ । ਆਤਮ ਨਜ਼ਰੀ ਆਏ ਸਾਥ, ਪਰਮ ਆਤਮ ਸਗਲਾ ਸੰਗ ਨਿਭਾਈਆ । ਸਾਚੀ ਸੇਜਾ ਆਤਮ ਭੋਗ ਬਲਾਸ, ਘਰ ਮੰਦਰ ਵੱਜੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੂਰੀ ਆਸ, ਪੁਸ਼ਤ ਦਰ ਪੁਸ਼ਤ ਵੇਖੇ ਚਾਈਂ ਚਾਈਂਆ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਆਪਣੀ ਗੋਦ ਉਠਾਈਆ । ਪਾਰ ਕਿਨਾਰਾ ਦੱਸੇ ਪੱਤਣ ਘਾਟ, ਖੇਵਟ ਖੇਟਾ ਜਗਤ ਬੇੜਾ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਭੇਵ ਖੁਲ੍ਹਾਈਆ । ਸਤਿਜੁਗ ਮਾਰਗ ਚਲੇ ਜਗ, ਸੋ ਸਤਿਗੁਰ ਆਪ ਲਾਈਆ । ਜਨ ਭਗਤਾਂ ਲੱਖ ਚੁਰਾਸੀ ਨਾਲੋ ਕਰ ਅਲੱਗ, ਵੱਖਰੀ ਧਾਰ ਦਏ ਸਮਝਾਈਆ । ਤ੍ਰੈਗੁਣ ਮਾਇਆ ਬੁਝਾਏ ਅੱਗ, ਅਗਨੀ ਤਤ ਨਾ ਕੋਇ ਰਖਾਈਆ ।

ਨੌਂ ਦਵਾਰੇ ਪਾਰ ਹੱਦ, ਦਸਵੇਂ ਆਪਣਾ ਪੜਦਾ ਲਾਹੀਆ । ਦੇਵੇ ਦੀਦਾਰ ਉਪਰ ਸ਼ਾਹ ਰਗ, ਦੀਨ ਦਿਆਲ ਹੋਏ ਸਹਾਈਆ । ਬਿਨ ਮੱਕਿਉਂ ਕਾਅਬਿਉਂ ਕਰਾਏ ਹੱਜ, ਹੁਜਰਾ ਕਾਇਆ ਬੰਕ ਇਕ ਵਡਿਆਈਆ । ਸਚ ਸਿੰਘਾਸਣ ਬਹੇ ਸਜ, ਸ਼ਾਹ ਨਵਾਬ ਬੇਪਰਵਾਹੀਆ । ਕਲਮਾ ਪੜ੍ਹਾਏ ਇਕੋ ਹੱਕ, ਹਕੀਕਤ ਵੇਖੇ ਥਾਉਂ ਥਾਈਂਆ । ਸਾਚਾ ਮਾਰਗ ਦੇਵੇ ਦੱਸ, ਸ਼ਰਅ ਸ਼ਰੀਅਤ ਰਹਿਣ ਕੋਇ ਨਾ ਪਾਈਆ । ਜਿਸ ਮਿਲੇ ਪੁਰਖ ਸਮਰਥ, ਸੋ ਜ਼ਾਤ ਪਾਤ ਦੀਨ ਮਜ਼੍ਹਬ ਨਾ ਕੋਇ ਰਖਾਈਆ । ਇਕੋ ਢੋਲਾ ਗਾਏ ਗਾਥ, ਤੂੰ ਮੇਰਾ ਮੈਂ ਤੇਰਾ ਦੋਹਾਂ ਇਕੋ ਨੂਰ ਰੁਸ਼ਨਾਈਆ । ਸ੍ਰੀ ਭਗਵਾਨ ਸਤਿਜੁਗ ਸਾਚੇ ਦੇਵੇ ਸਾਚੀ ਵੱਥ, ਸੋਹੰ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਵਿਹਾਰਾ, ਕਰੇ ਕਰਾਏ ਆਪ ਨਿਰੰਕਾਰਾ, ਨਿਰਗੁਣ ਆਪਣੀ ਸੇਵਾ ਆਪ ਕਮਾਈਆ । ਸਚਖੰਡ ਲਗਾਏ ਆਪ ਪ੍ਰਭ, ਲੋਕਮਾਤ ਵੱਜੇ ਵਧਾਈਆ । ਸੰਤ ਸੁਹੇਲੇ ਸੱਜਣ ਲੱਭ, ਸਦਾ ਨਾਮ ਸੁਣਾਈਆ । ਅੰਮ੍ਰਿਤ ਜਾਮ ਪਿਆਏ ਮਧ, ਮਧਰਾ ਰਸ ਨਾ ਕੋਇ ਵਖਾਈਆ । ਕੂੜੀ ਕਿਰਿਆ ਪੜਦਾ ਦੇਵੇ ਕੱਜ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਾਤਾ ਤੋੜੇ ਲੋਕਲਾਜ, ਗੁਰਮਤ ਇਕ ਸਮਝਾਈਆ । ਅੰਦਰ ਵੜ ਕੇ ਮਾਰੇ ਸ਼ਬਦ ਆਵਾਜ਼, ਰਸਨਾ ਜਿਹਵਾ ਰਾਗ ਨਾ ਕੋਇ ਸੁਣਾਈਆ । ਬੱਤੀ ਦੰਦ ਨਾ ਕੋਈ ਦੇਵੇ ਦਾਦ, ਬਿਨ ਦੰਦਾਂ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਦੀ ਸਾਚੀ ਧਾਰਾ, ਜਨ ਭਗਤਾਂ ਅੰਦਰ ਰਖਾਏ ਆਪ ਕਰਤਾਰਾ, ਕਰਨੀ ਆਪਣੀ ਆਪ ਸਮਝਾਈਆ । ਸਤਿਜੁਗ ਨੂਰ ਭਗਤਨ ਰੰਗ, ਹਰਿ ਭਗਵਨ ਆਪ ਚੜ੍ਹਾਇੰਦਾ । ਆਤਮ ਪਰਮਾਤਮ ਸੇਜ ਪਲੰਘ, ਸੁਹੰਜਣੀ ਆਪ ਸੁਹਾਇੰਦਾ । ਅੰਦਰ ਬਾਹਰ ਇਕ ਅਨੰਦ, ਗੁਪਤ ਜ਼ਾਹਰ ਆਪ ਜਣਾਇੰਦਾ । ਸਮਰਥ ਸਵਾਮੀ ਹੋ ਕੇ ਵਸੇ ਸੰਗ, ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਧਰਨੀ ਧਰ, ਧਰਤ ਧਵਲ ਗੋਦ ਸੁਹਾਇੰਦਾ । ਸਤਿਜੁਗ ਆਏ ਲੋਕਮਾਤ, ਕਲਜੁਗ ਮਾਤਰਾ ਦਏ ਮਿਟਾਈਆ । ਪੁਰਖ ਅਕਾਲ ਬਖ਼ਸ਼ੇ ਦਾਤ, ਵਸਤ ਅਮੋਲਕ ਗੋਲਕ ਆਪ ਟਿਕਾਈਆ । ਨਵ ਨੌਂ ਚਾਰ ਬਣਾਏ ਇਕ ਜਮਾਤ, ਇਕੋ ਅੱਖਰ ਨਾਮ ਕਰੇ ਪੜ੍ਹਾਈਆ । ਇਕੋ ਮੰਜ਼ਲ ਇਕੋ ਪੱਤਣ ਇਕੋ ਘਾਟ, ਘਰ ਇਕੋ ਇਕ ਸੁਹਾਈਆ । ਇਕੋ ਸਾਹਿਬ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਵੇਖ ਵਖਾਈਆ । ਇਕੋ ਮੰਡਲ ਇਕੋ ਰਾਸ, ਇਕੋ ਗੋਪੀ ਕਾਹਨ ਨਚਾਈਆ । ਇਕੋ ਹਰ ਘਟ ਵਸੇ ਪਾਸ, ਗ੍ਰਿਹਿ ਗ੍ਰਿਹਿ ਡੇਰਾ ਲਾਈਆ । ਇਕੋ ਜੁਗ ਚੌਕੜੀ ਕਰੇ ਨਾਸ, ਇਕੋ ਜੁਗ ਜੁਗ ਰਾਹ ਵਖਾਈਆ । ਇਕੋ ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਦਾਸ, ਇਕੋ ਹੁਕਮੀ ਹੁਕਮ ਵਰਤਾਈਆ । ਇਕੋ ਧੁਰ ਸੰਦੇਸਾ ਗਿਆ ਆਖ, ਸਤਿ ਸਤਿਵਾਦੀ ਸਾਚੀ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਤੇਰੀ ਧਾਰ, ਆਪ ਪਰਗਟਾਏ ਵਿਚ ਸੰਸਾਰ, ਸੰਸਾ ਰੋਗ ਕੋਇ ਰਹਿਣ ਨਾ ਪਾਈਆ । ਸੰਸਾ ਰੋਗ ਜਾਏ ਚੁੱਕ, ਦੁੱਖ ਦਰਦ ਨਜ਼ਰ ਨਾ ਆਈਆ । ਕੂੜੀ ਕਿਰਿਆ ਪੈਂਡਾ ਜਾਏ ਮੁੱਕ, ਮਾਇਆ ਮਮਤਾ ਨਾ ਹੋਏ ਹਲਕਾਈਆ । ਜਨ ਭਗਤਾਂ ਸ੍ਰੀ ਭਗਵਾਨ ਲਏ ਪੁੱਛ, ਅੰਦਰ ਵੜ ਕੇ ਫੇਰਾ ਪਾਈਆ । ਗੁਰਮੁਖ ਸੱਜਣ ਸਾਚੇ ਉਠ, ਸਤਿਗੁਰ ਪੂਰਾ ਆਪ ਜਗਾਈਆ । ਦਿਆਲ ਠਾਕਰ ਹੋ ਕੇ ਜਾਏ ਤੁਠ, ਮਿਹਰਵਾਨ ਬੇਪਰਵਾਹੀਆ । ਸਤਿਜੁਗ ਸੁਹਾਏ ਸਾਚੀ

ਰੁੱਤ, ਪਤ ਡਾਲੀ ਆਪ ਮਹਿਕਾਈਆ । ਸਚ ਫੁੱਲਵਾੜੀ ਪਏ ਫੁੱਟ, ਕਲੀ ਕਲੀ ਆਪ ਮਹਿਕਾਈਆ । ਗੋਬਿੰਦ ਲੇਖਾ ਚੁੱਕੇ ਪੁੱਤ, ਪੁਰਖ ਅਕਾਲ ਝੋਲੀ ਪਾਈਆ । ਨੌ ਸੌ ਚੁਰਾਨਵੇਂ ਚੌਕੜੀ ਜੋ ਰਿਹਾ ਲੁਕ, ਕਲਜੁਗ ਅੰਤਮ ਪੜਦਾ ਦਏ ਉਠਾਈਆ । ਸੰਤ ਸੁਹੇਲੇ ਉਜਲ ਕਰੇ ਮੁੱਖ, ਮੁਖੀਆ ਹੋਏ ਆਪ ਸ਼ਹਿਨਸ਼ਾਹੀਆ । ਗੁਰਮੁਖ ਲੱਖ ਚੁਰਾਸੀ ਆਵਣ ਜਾਵਣ ਪੈਂਡਾ ਜਾਏ ਮੁੱਕ, ਰਾਏ ਧਰਮ ਦਏ ਨਾ ਕੋਇ ਸਜ਼ਾਈਆ । ਮਾਤ ਗਰਭ ਨਾ ਹੋਵੇ ਉਲਟਾ ਰੁਖ, ਦਸ ਦਸ ਮਾਸ ਨਾ ਅਗਨ ਤਪਾਈਆ । ਘਰ ਆਤਮ ਦੇਵੇ ਸੁਖ, ਗ੍ਰਿਹ ਮੰਦਰ ਵੱਜੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਖੁਲ੍ਹਾਏ ਸਾਚਾ ਦਰ, ਦਰਸ ਦਿਖਾਏ ਅੰਦਰ ਵੜ, ਬਾਹਰੋ ਨਜ਼ਰ ਕਿਸੇ ਨਾ ਆਈਆ । ਭਗਤ ਜਨਾਂ ਪ੍ਰਭ ਅੰਦਰ ਵੜਦਾ, ਕਿਰਪਾ ਨਿਧ ਨਿਧਾਨ । ਸਾਚੇ ਪੌੜੇ ਆਪੇ ਚੜ੍ਹਦਾ, ਨੀਕਨ ਨੀਕਾ ਸ੍ਰੀ ਭਗਵਾਨ । ਸਾਚਾ ਢੋਲਾ ਆਪੇ ਪੜ੍ਹਦਾ, ਗਾਏ ਸ਼ਬਦ ਮਹਾਨ । ਸੰਤ ਸੁਹੇਲਾ ਆਪੇ ਵਰਦਾ, ਕਿਰਪਾ ਕਰ ਨੌਜਵਾਨ । ਦਰ ਦੁਆਰੇ ਆਪੇ ਖੜਦਾ, ਸਵਛ ਸਰੂਪੀ ਹੋ ਪਰਧਾਨ । ਆਪਣੀ ਕਰਨੀ ਆਪੇ ਕਰਦਾ, ਸਚਖੰਡ ਨਿਵਾਸੀ ਖੇਲ ਮਹਾਨ । ਕਲਜੁਗ ਅੰਤਮ ਵੇਸ ਧਰਦਾ, ਜੋਧਾ ਸੂਰਬੀਰ ਬਲਵਾਨ । ਸੰਬਲ ਨਗਰ ਘਾੜਤ ਘੜਦਾ, ਸਾਢੇ ਤਿੰਨ ਹੱਥ ਇਕ ਮਕਾਨ । ਗੋਬਿੰਦ ਸੂਰਾ ਨਾਲ ਰਲਦਾ, ਜੋਤੀ ਸ਼ਬਦ ਮੇਲ ਮਹਾਨ । ਸਤਿਜੁਗ ਸਾਚੇ ਚੁੱਕੇ ਪੜਦਾ, ਪੜਦਾਨਸ਼ੀਂ ਵੇਖੇ ਮਾਰ ਧਿਆਨ । ਸਤਿ ਧਰਮ ਲੋਕਮਾਤ ਧਰਦਾ, ਧਰਨੀ ਧਰਤ ਧਵਲ ਦੇਵੇ ਦਾਨ । ਕਲਜੁਗ ਕੂੜਾ ਫਿਰੇ ਡਰਦਾ, ਨੇਤਰ ਨੈਣ ਸਰਬ ਸ਼ਰਮਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਹੋ ਪਰਧਾਨ । ਸਤਿ ਸਤਿਵਾਦੀ ਗਹਿਰ ਗੰਭੀਰ, ਗਵਰ ਭੇਵ ਕੋਇ ਨਾ ਆਈਆ । ਜਨ ਭਗਤਾਂ ਠਾਂਡਾ ਕਰੇ ਸਰੀਰ, ਸਾਂਤਕ ਸਤਿ ਸਤਿ ਵਰਤਾਈਆ । ਅੰਮ੍ਰਿਤ ਬਖ਼ਸ਼ੇ ਸਾਚਾ ਨੀਰ, ਕਵਲੀ ਕਵਲ ਕਵਲ ਭਰਾਈਆ । ਜਨਮ ਜਨਮ ਦੀ ਕਟੇ ਪੀੜ, ਹਉਮੇਂ ਹੰਗਤਾ ਰੋਗ ਗਵਾਈਆ । ਚੋਟੀ ਚੜ੍ਹ ਕੇ ਵੇਖੇ ਆਪ ਅਖ਼ੀਰ, ਮੰਜ਼ਲ ਇਕੋ ਇਕ ਸੁਹਾਈਆ । ਸੰਤ ਸੱਜਣ ਹੋਏ ਨਾ ਕੋਇ ਦਲਗੀਰ, ਜਗਤ ਦਲਿੱਦਰ ਰਿਹਾ ਗਵਾਈਆ । ਤਨ ਬਸਤਰ ਅੰਤਮ ਪਾਟਾ ਚੀਥੜ ਦਿਸੇ ਚੀਰ, ਥਿਰ ਨਜ਼ਰ ਕੋਇ ਨਾ ਆਈਆ । ਸਚਖੰਡ ਦਵਾਰੇ ਹਰਿ ਨਿਰੰਕਾਰੇ ਭਗਤ ਭਗਵਾਨ ਭਾਈਆਂ ਨਾਲ ਮਿਲਾਏ ਵੀਰ, ਵੇਰਵਾ ਆਪਣੇ ਹੱਥ ਰਖਾਈਆ । ਰਾਹ ਤੱਕੇ ਦਰ ਕਬੀਰ, ਨੇਤਰ ਨੈਣ ਨੈਣ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਬਦਲੇ ਆਪ ਤਕਦੀਰ, ਤਬਦੀਲੀ ਸਭ ਦੀ ਦਏ ਵਖਾਈਆ । ਸ਼ਰਅ ਕੱਟ ਜਗਤ ਜ਼ੰਜੀਰ, ਡੋਰੀ ਆਪਣਾ ਨਾਮ ਬੰਧਾਈਆ । ਪਰਗਟ ਹੋ ਕੇ ਜ਼ਾਹਰਾ ਪੀਰ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਗੁਰੂ ਗੁਰ ਚੇਲੇ, ਸਚਖੰਡ ਨਿਵਾਸੀ ਆਪੇ ਮੇਲੇ, ਮੇਲ ਮਿਲਾਵਾ ਇਕੋ ਘਰ ਜਣਾਈਆ । ਮੇਲ ਮਿਲਾਵਾ ਸਤਿਗੁਰ ਚਰਨ, ਦੂਜਾ ਦਰ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਨੇਤਰ ਖੋਲ੍ਹੇ ਹਰਨ ਫਰਨ, ਨਿਜ ਨੈਣ ਕਰੇ ਰੁਸ਼ਨਾਈਆ । ਭੈ ਚੁੱਕੇ ਮਰਨ ਡਰਨ, ਭੌ ਅਵਰ ਨਾ ਕੋਇ ਵਖਾਈਆ । ਸਾਚਾ ਨਾਉਂ ਇਕੋ ਪੜ੍ਹਨ, ਸੋਹੰ ਰਾਗ ਅਲਾਈਆ । ਧੁਰ ਦੇ ਪੌੜੇ ਅੰਤਮ ਚੜ੍ਹਨ, ਅਧਵਿਚਕਾਰ ਨਾ ਕੋਇ ਅਟਕਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰਮੁਖ ਤੇਰੀ ਸੇਵਾ ਕਰਨ, ਦਰ ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਚਾਰ ਜੁਗ ਦੇ ਵਿਛੜੇ

ਕਲਜੁਗ ਅੰਤਮ ਆਇਆ ਖੜਨ, ਖਟਕਾ ਹੋਰ ਰਹੇ ਨਾ ਰਾਈਆ । ਭਗਤ ਭਗਵਾਨ ਸਚਖੰਡ ਦੁਆਰੇ ਇਕੋ ਘਰ ਵੜਨ, ਦੂਜਾ ਦਰ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਘਰ ਸਚ ਦੁਆਰਾ ਏਕੰਕਾਰਾ ਦੀਆ ਬਾਤੀ ਇਕ ਉਜਿਆਰਾ, ਕਮਲਾਪਾਤੀ ਮੀਤ ਮੁਰਾਰਾ, ਸਾਹਿਬ ਸੱਜਣ ਸਚਖੰਡ ਸਾਚੇ ਸਚ ਸਿੰਘਾਸਣ ਪੁਰਖ ਅਬਿਨਾਸ਼ਣ ਡੇਰਾ ਲਾਈਆ ।

## ✪ ੨੫ ਸਾਵਣ ੨੦੨੦ ਬਿਕ੍ਰਮੀ ਕਪੂਰ ਸਿੰਘ ਦੇ ਗ੍ਰਿਹਿ ਮੋਗਾ ਜ਼ਿਲਾ ਫਿਰੋਜ਼ਪੁਰ ✪

ਸੋ ਪੁਰਖ ਨਿਰੰਜਣ ਸਚ ਸੁਲਤਾਨ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਮਿਹਰਵਾਨ, ਬੇਪਹਿਚਾਨ ਬੇਪਰਵਾਹੀਆ । ਏਕੰਕਾਰ ਵਡ ਬਲਵਾਨ, ਬਲਧਾਰੀ ਇਕ ਅਖਵਾਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਵਸੇ ਸਚ ਭੂਮਕਾ ਅਸਥਾਨ, ਸਚ ਦਵਾਰੇ ਸੋਭਾ ਪਾਈਆ । ਸ੍ਰੀ ਭਗਵਾਨ ਮਰਦ ਮਰਦਾਨ, ਭੇਵ ਅਭੇਦਾ ਭੇਵ ਨਾ ਰਾਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨ, ਖੇਲਣਹਾਰ ਇਕ ਅਖਵਾਈਆ । ਜੋਤੀ ਨੂਰ ਨੂਰ ਕਰ ਪਰਧਾਨ, ਦਰ ਘਰ ਸਾਚੇ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇੰਦਾ । ਹਰਿ ਪੁਰਖ ਨਿਰੰਜਣ ਖੋਲ੍ਹ ਦੁਆਰਾ, ਸਚਖੰਡ ਸਾਚਾ ਆਪ ਵਸਾਇੰਦਾ । ਏਕੰਕਾਰਾ ਬੰਨ੍ਹੇ ਧਾਰਾ, ਥਿਰ ਘਰ ਆਪਣਾ ਰੰਗ ਰੰਗਾਇੰਦਾ । ਆਦਿ ਨਿਰੰਜਣ ਕਰ ਉਜਿਆਰਾ, ਜੋਤੀ ਜਾਤਾ ਨੂਰ ਵਖਾਇੰਦਾ । ਅਬਿਨਾਸ਼ੀ ਕਰਤਾ ਪਾਵੇ ਸਾਰਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਸ੍ਰੀ ਭਗਵਾਨ ਮੀਤ ਮੁਰਾਰਾ, ਸਾਚਾ ਸੱਜਣ ਆਪ ਹੋ ਜਾਇੰਦਾ । ਪਾਰਬ੍ਰਹਮ ਆਪਣੇ ਰੰਗ ਰਵੇ ਕਰਤਾਰਾ, ਕਰਤਾ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਖੇਲ ਵਖਾਇੰਦਾ । ਨਿਰਗੁਣ ਖੇਲ ਕਰੇ ਅਗੰਮ, ਅਗੰਮੜੀ ਕਾਰ ਕਮਾਈਆ । ਸੋ ਪੁਰਖ ਨਿਰੰਜਣ ਬੇੜਾ ਬੰਨ੍ਹ, ਹਰਿ ਪੁਰਖ ਨਿਰੰਜਣ ਸੇਵ ਕਮਾਈਆ । ਏਕੰਕਾਰ ਕਹੇ ਧੰਨ ਧੰਨ, ਆਦਿ ਨਿਰੰਜਣ ਸ਼ੁਕਰ ਮਨਾਈਆ । ਸ੍ਰੀ ਭਗਵਾਨ ਆਪਣਾ ਕਹਿਣਾ ਆਪੇ ਮੰਨ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਅਬਿਨਾਸ਼ੀ ਕਰਤਾ ਬਣ ਕੇ ਜਨਨੀ ਜਨ, ਸੁਤ ਦੁਲਾਰਾ ਇਕੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਰਚਾਈਆ । ਆਪਣਾ ਖੇਲ ਪੁਰਖ ਸਮਰਥ, ਹਰਿ ਕਰਤਾ ਆਪ ਰਚਾਇੰਦਾ । ਨਿਰਗੁਣ ਨਿਰਵੈਰ ਹੋ ਪਰਗਟ, ਨਿਰਾਕਾਰ ਕਾਰ ਕਮਾਇੰਦਾ । ਸਚਖੰਡ ਦੁਆਰ ਖੋਲ੍ਹ ਹੱਟ, ਦਰ ਘਰ ਸਾਚੇ ਸੋਭਾ ਪਾਇੰਦਾ । ਜੋਤੀ ਜੋਤ ਕਰ ਪ੍ਰਕਾਸ਼, ਨੂਰ ਨੁਰਾਨਾ ਡਗਮਗਾਇੰਦਾ । ਆਪਣੀ ਇਛਿਆ ਆਪਣੀ ਆਸ, ਆਪਣੇ ਵਿਚੋ ਆਪ ਉਪਾਇੰਦਾ । ਆਪੇ ਦਾਸੀ ਆਪੇ ਦਾਸ, ਬਣ ਸੇਵਕ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਾਚੀ ਕਾਰ ਕਮਾਇੰਦਾ । ਸਾਚੀ ਕਾਰ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਸਾਚਾ ਮੰਦਰ ਖੋਲ੍ਹ ਕਿਵਾੜ, ਦਰਗਹਿ ਸਾਚੀ ਸੋਭਾ ਪਾਈਆ । ਨੂਰ ਨੁਰਾਨਾ ਪਰਵਰਦਿਗਾਰ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਮੁਕਾਮੇ ਹੱਕ ਸਾਂਝਾ ਯਾਰ, ਏਕਾ ਏਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ

ਖੇਲ ਆਪ ਵਖਾਈਆ । ਸਾਚਾ ਖੇਲ ਕਰੇ ਸਚਖੰਡ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਨਿਰਗੁਣ ਨੂਰ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਭੇਵ ਖੁਲ੍ਹਾਇੰਦਾ । ਆਪਣੇ ਘਰ ਸਚ ਅਨੰਦ, ਅਨੰਦ ਇਕੋ ਇਕ ਉਪਜਾਇੰਦਾ । ਆਪਣਾ ਬੰਧਨ ਪਾ ਬੰਧ, ਸਾਚਾ ਸੰਗ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਇੰਦਾ । ਸਾਚੀ ਖੇਲ ਨਿਰਗੁਣ ਧਾਰ, ਨਿਰਵੈਰ ਪੁਰਖ ਆਪ ਰਚਾਇੰਦਾ । ਆਦਿ ਜੁਗਾਦੀ ਹੋ ਤਿਆਰ, ਹਰਿ ਕਰਤਾ ਕਾਰ ਕਮਾਇੰਦਾ । ਸਚਖੰਡ ਦੁਆਰੇ ਬੈਠੇ ਠਾਂਡੇ ਦਰਬਾਰ, ਘਰ ਸਾਚਾ ਆਪ ਸੁਹਾਇੰਦਾ । ਜੁਗ ਚੌਕੜੀ ਵੇਖ ਸੰਸਾਰ, ਕਰਨੀ ਆਪਣੇ ਹੱਥ ਰਖਾਇੰਦਾ । ਸੇਵਾ ਲਾ ਗੁਰੂ ਅਵਤਾਰ, ਗੁਰ ਗੁਰ ਸ਼ਬਦੀ ਨਾਉਂ ਵਡਿਆਇੰਦਾ । ਲੱਖ ਚੁਰਾਸੀ ਭਰ ਭੰਡਾਰ, ਚਾਰੇ ਖਾਣੀ ਵੰਡ ਵੰਡਾਇੰਦਾ । ਚਾਰੇ ਬਾਣੀ ਬੋਲ ਜੈਕਾਰ, ਨਾਅਰਾ ਇਕੋ ਨਾਮ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਾਚੀ ਖੇਲ ਕਰੇ ਗੋਬਿੰਦ, ਮਹਿਮਾ ਅਕੱਥ ਕਥੀ ਨਾ ਜਾਈਆ । ਆਦਿ ਜੁਗਾਦੀ ਬਣ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਦਏ ਸਮਝਾਈਆ । ਨਿਰਗੁਣ ਧਾਰ ਜੋਤ ਸਰੂਪ ਵਡ ਸਾਗਰ ਸਿੰਧ, ਗਹਿਰ ਗੰਭੀਰ ਇਕ ਅਖਵਾਈਆ । ਸ਼ਬਦ ਅਨਾਦੀ ਸਾਚੀ ਬਿੰਦ, ਪੂਤ ਸਪੂਤਾ ਏਕਾ ਜਾਈਆ । ਸਚਖੰਡ ਦੁਆਰੇ ਅੰਦਰ ਥਿਰ ਘਰ ਵਸਾਏ ਇਕੋ ਪਿੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਦਏ ਵਡਿਆਈਆ । ਸਾਚਾ ਮੰਦਰ ਥਿਰ ਘਰ, ਸਚਖੰਡ ਅੰਦਰ ਆਪ ਬਣਾਇੰਦਾ । ਸੋ ਪੁਰਖ ਨਿਰੰਜਣ ਦੇਵਣਹਾਰਾ ਵਰ, ਵਰ ਦਾਤਾ ਆਪ ਹੋ ਜਾਇੰਦਾ । ਕਰੇ ਖੇਲ ਨਰਾਇਣ ਨਰ, ਨਰ ਹਰਿ ਆਪਣੀ ਕਾਰ ਕਮਾਇੰਦਾ । ਸਚ ਮਹੱਲੇ ਆਪੇ ਖੜ, ਸਚਖੰਡ ਸਾਚੇ ਜੋਤ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁੱਤ ਦੁਲਾਰੇ ਆਪ ਸਮਝਾਇੰਦਾ । ਸੁੱਤ ਦੁਲਾਰੇ ਸ਼ਬਦੀ ਸੁੱਤ, ਹਰਿ ਸਚ ਸਚ ਜਣਾਈਆ । ਜੁਗ ਚੌਕੜੀ ਸੋਹੇ ਤੇਰੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਵੇਖੇ ਖੇਲ ਅਬਿਨਾਸ਼ੀ ਅਚੁੱਤ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਬੈਠਾ ਰਹੇ ਲੁਕ, ਸਤਿ ਸਰੂਪ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਾਚਾ ਦਏ ਸਮਝਾਈਆ । ਸਚ ਸਾਚਾ ਹਰਿ ਜਣਾ, ਆਦਿ ਆਦਿ ਦਏ ਵਡਿਆਈਆ । ਸ਼ਬਦ ਦੁਲਾਰੇ ਬੇਪਰਵਾਹ, ਬੇਪਰਵਾਹੀ ਦਏ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਪਾ, ਤੇਰੀ ਗੰਢ ਬੰਧਾਈਆ । ਜਲਵਾ ਜੋਤੀ ਨੂਰ ਧਰਾ, ਜ਼ਹੂਰ ਇਕੋ ਇਕ ਰੁਸ਼ਨਾਈਆ । ਸਾਚਾ ਮੰਦਰ ਦਏ ਵਸਾ, ਥਿਰ ਘਰ ਵੱਜੇ ਇਕ ਵਧਾਈਆ । ਸਚਖੰਡ ਨਿਵਾਸੀ ਚੜ੍ਹੇ ਚਾ, ਵੇਖਣਹਾਰਾ ਚਾਈਂ ਚਾਈਂਆ । ਤੇਰੀ ਰਚਨਾ ਦਿਤੀ ਰਚਾ, ਪੰਜ ਤਤ ਮੇਲਾ ਸਹਿਜ ਸੁਭਾਈਆ । ਤ੍ਰੈ ਤ੍ਰੈ ਲੇਖਾ ਆਪ ਲਿਖਾ, ਲੇਖਾ ਜਾਣੇ ਬਿਨ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਆਦਿ ਪੁਰਖ ਦਏ ਵਡਿਆ, ਹਰਿ ਵੱਡਾ ਵਡ ਵਡਿਆਇੰਦਾ । ਸੁਤ ਦੁਲਾਰੇ ਹੋਏ ਸਹਾ, ਸਾਚੀ ਰਮਜ਼ ਆਪ ਅਲਾਇੰਦਾ । ਬ੍ਰਹਿਮੰਡ ਖੰਡ ਤੇਰੀ ਰਚਨ ਰਚਾ, ਪੁਰੀ ਲੋਅ ਆਕਾਸ਼ ਪਾਤਾਲ ਤੇਰਾ ਰੰਗ ਵਖਾਇੰਦਾ । ਮੰਡਲ ਮੰਡਪ ਸੋਭਾ ਪਾ, ਗਗਨ ਗਗਨੰਤਰ ਖੋਜ ਖੁਜਾਇੰਦਾ । ਸਾਚਾ ਹੁਕਮ ਇਕ ਵਰਤਾ, ਹੁਕਮੀ ਹੁਕਮ ਆਪ ਸੁਣਾਇੰਦਾ । ਸਚਖੰਡ ਨਿਵਾਸੀ ਸੱਚਾ ਸ਼ਹਿਨਸ਼ਾਹ, ਪਾਤਸ਼ਾਹ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਕੋਈ ਭੇਵ ਨਾ ਸਕੇ ਪਾ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ

ਨਜ਼ਰ ਕਿਸੇ ਨਾ ਆਇੰਦਾ । ਤੇਰੀ ਗੋਦੀ ਦਏ ਸੁਹਾ, ਪਿਤਾ ਪੂਤ ਨਾਲ ਮਿਲਾਇੰਦਾ । ਜੋਤੀ ਜਾਤਾ ਨੂਰ ਰੁਸ਼ਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਵਰਤੇ ਆਦਿ, ਸੁੱਤ ਦੁਲਾਰੇ ਆਪ ਜਣਾਈਆ । ਤੇਰੀ ਰਚਨਾ ਰਚ ਬ੍ਰਹਿਮਾਦ, ਬ੍ਰਹਿਮੰਡ ਤੇਰੀ ਸਰਨਾਈਆ । ਤੇਰਾ ਨਾਉਂ ਵਜਾਏ ਨਾਦ, ਨਾਉਂ ਨਿਰੰਕਾਰਾ ਆਪ ਪਰਗਟਾਈਆ । ਤੇਰਾ ਲੇਖਾ ਬੋਧ ਅਗਾਧ, ਭੇਵ ਅਭੇਦ ਕੋਇ ਨਾ ਪਾਈਆ । ਨਿਰਵੈਰ ਪੁਰਖ ਦੇਵੇ ਤੇਰਾ ਸਾਥ, ਤੇਰਾ ਸਦਾ ਸਹਾਈਆ । ਹਰਿ ਪੁਰਖ ਨਿਰੰਜਣ ਸੁਣਾਏ ਆਪਣੀ ਗਾਥ, ਏਕੰਕਾਰ ਕਰੇ ਪੜ੍ਹਾਈਆ । ਆਦਿ ਨਿਰੰਜਣ ਕਰ ਪਰਕਾਸ਼, ਦੀਪਕ ਦੀਆ ਇਕ ਜਗਾਈਆ । ਅਬਿਨਾਸ਼ੀ ਕਰਤਾ ਪਾਵੇ ਰਾਸ, ਗੋਪੀ ਕਾਹਨ ਵੇਸ ਵਟਾਈਆ । ਸ੍ਰੀ ਭਗਵਾਨ ਦਾਸੀ ਦਾਸ, ਸੇਵਕ ਸੇਵਾ ਆਪ ਕਮਾਈਆ । ਪਾਰਬ੍ਰਹਮ ਪ੍ਰਭ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁੱਤ ਦੁਲਾਰੇ ਇਹ ਸਮਝਾਈਆ । ਸੁੱਤ ਦੁਲਾਰੇ ਚੜ੍ਹਿਆ ਚਾ, ਚਾਉ ਘਨੇਰਾ ਇਕ ਰਖਾਈਆ । ਆਦਿ ਪੁਰਖ ਮਿਲਿਆ ਇਕ ਮਲਾਹ, ਪ੍ਰਭ ਦਾਤਾ ਬੇਪਰਵਾਹੀਆ । ਸਾਚੀ ਰਚਨਾ ਦਏ ਰਚਾ, ਰਚ ਰਚ ਵੇਖੇ ਸ਼ਹਿਨਸ਼ਾਹੀਆ । ਸਚਖੰਡ ਦੁਆਰੇ ਆਸਣ ਲਾ, ਥਿਰ ਘਰ ਮੇਰੀ ਬਣਤ ਬਣਾਈਆ । ਪੁਰੀ ਲੋਅ ਆਕਾਸ਼ ਪਰਕਾਸ਼ ਦਏ ਕਰਾ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਨਾਲ ਦਏ ਰਲਾ, ਧੁਰ ਫ਼ਰਮਾਨਾ ਹੁਕਮ ਜਣਾਈਆ । ਤ੍ਰੈਗੁਣ ਮਾਇਆ ਦਏ ਪਰਗਟਾ, ਪੰਜ ਤਤ ਕਰੇ ਕੁੜਮਾਈਆ । ਲੱਖ ਚੁਰਾਸੀ ਰੰਗ ਰੰਗਾ, ਘਟ ਘਟ ਆਪਣਾ ਨੂਰ ਵਖਾਈਆ । ਜੁਗ ਚੌਕੜੀ ਵੰਡ ਵੰਡਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅੰਗ ਲਗਾਈਆ । ਧੁਰ ਦੀ ਬਾਣੀ ਬਾਣ ਲਗਾ, ਬੋਧ ਅਗਾਧ ਕਰੇ ਸ਼ਨਵਾਈਆ । ਸ਼ਬਦ ਅਨਾਦੀ ਨਾਦ ਅਲਾ, ਅਨਰਾਗੀ ਆਪਣਾ ਰਾਗ ਸੁਣਾਈਆ । ਨਿਰਗੁਣ ਨੂਰ ਜੋਤ ਕਰ ਰੁਸ਼ਨਾ, ਦੋ ਜਹਾਨ ਕਰੇ ਰੁਸ਼ਨਾਈਆ । ਪੰਜ ਤਤ ਕਾਇਆ ਦਏ ਵਡਿਆ, ਮਾਣਸ ਮਾਨੁਖ ਸੋਭਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਏ ਪਰਗਟਾ, ਪਾਰਬ੍ਰਹਮ ਪ੍ਰਭ ਬਖ਼ਸ਼ੇ ਇਕ ਸਰਨਾਈਆ । ਜੁਗ ਚੌਕੜੀ ਲਏ ਹੰਢਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਰ ਕਰਾਈਆ । ਨਵ ਨੌ ਚਾਰ ਲੇਖਾ ਦਏ ਮੁਕਾ, ਬੇਅੰਤ ਬੇਅੰਤ ਬੇਪਰਵਾਹ ਆਪਣਾ ਭੇਵ ਨਾ ਕਿਸੇ ਜਣਾਈਆ । ਸੁੱਤ ਦੁਲਾਰੇ ਤੇਰਾ ਰੰਗ ਲਏ ਰੰਗਾ, ਰੰਗ ਰੰਗੀਲਾ ਇਕ ਅਖਵਾਈਆ । ਨੌ ਸੌ ਚੁਰਾਨਵੇ ਚੌਕੜੀ ਦਏ ਖਪਾ, ਜੋ ਉਪਜੇ ਸੋ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਫ਼ਰਮਾਨਾ ਦਏ ਸਮਝਾ, ਸਚ ਸੰਦੇਸਾ ਇਕ ਘਲਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਗੀਤਾ ਗਿਆਨ ਅੰਜੀਲ ਕੁਰਾਨ ਦਏ ਦ੍ਰਿੜਾ, ਖਾਣੀ ਬਾਣੀ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸੁੱਤ ਦਏ ਸਮਝਾਈਆ । ਸ਼ਬਦੀ ਸੁੱਤ ਛੋਟੇ ਬਾਲ, ਹਰਿ ਸਾਚਾ ਸਚ ਜਣਾਈਆ । ਨੇਤਰ ਖੋਲ੍ਹ ਕਰ ਧਿਆਨ, ਹਰਿ ਸਾਚੀ ਕਰੇ ਪੜ੍ਹਾਈਆ । ਥਿਰ ਘਰ ਤੇਰਾ ਮਕਾਨ, ਸਚਖੰਡ ਮੇਰੀ ਸ਼ਨਵਾਈਆ । ਜੁਗ ਚੌਕੜੀ ਖੇਲ ਮਹਾਨ, ਹਰਿ ਕਰਤਾ ਆਪ ਕਰਾਈਆ । ਗੁਰ ਸ਼ਬਦੀ ਦੇਵੇ ਦਾਨ, ਸ਼ਬਦ ਅਮੋਲਕ ਤੇਰੀ ਝੋਲੀ ਪਾਈਆ । ਨਿਰਗੁਣ ਹੋ ਕੇ ਜਾਵੀਂ ਕਾਹਨ, ਸਰਗੁਣ ਗੋਪੀ ਆਪ ਨਚਾਈਆ । ਪਰਮਾਤਮ ਹੋ ਕੇ ਦੇਵੀਂ ਦਾਨ, ਆਤਮ ਆਪਣਾ ਅੰਗ ਬਣਾਈਆ । ਸਚ ਝੁਲਾਈਂ ਇਕ ਨਿਸ਼ਾਨ, ਨਾਉਂ ਨਿਰੰਕਾਰਾ ਇਕ

ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੀਂ ਆਣ, ਜੁਗ ਜੁਗ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਦੇਣ ਬਿਆਨ, ਧੁਰ ਦੀ ਧਾਰ ਇਕ ਦਰਸਾਈਆ । ਅੰਦਰ ਬਾਹਰ ਗੁਪਤ ਜ਼ਾਹਰ ਕਰਨ ਕਲਿਆਣ, ਕਲਮਾ ਨਬੀ ਰਸੂਲ ਜਣਾਈਆ । ਸਾਚਾ ਦੇਣਾ ਧੁਰ ਫ਼ਰਮਾਨ, ਬਣ ਫ਼ਰਮਾਂਬਰਦਾਰ ਸੇਵ ਕਮਾਈਆ । ਤੇਰਾ ਮੰਦਰ ਸੋਹੇ ਮਕਾਨ, ਮਹਿਮਾ ਅਕੱਥ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸੁੱਤ ਆਪ ਸਮਝਾਈਆ । ਸ਼ਬਦ ਸੁੱਤ ਮੇਰੇ ਸਚ ਦੁਲਾਰੇ, ਸੋ ਸਾਹਿਬ ਆਪ ਜਣਾਇੰਦਾ । ਤੇਰੇ ਸੋਹਣ ਸਚ ਮੁਨਾਰੇ, ਥਿਰ ਘਰ ਏਕਾ ਸੋਭਾ ਪਾਇੰਦਾ । ਨਿਰਮਲ ਜੋਤ ਜਗੇ ਅਗੰਮ ਅਪਾਰੇ, ਦੀਆ ਬਾਤੀ ਨਜ਼ਰ ਕੋਇ ਨਾ ਆਇੰਦਾ । ਪੁਰਖ ਅਬਿਨਾਸ਼ੀ ਏਕੰਕਾਰੇ, ਅਕਲ ਕਲ ਧਾਰੀ ਤੇਰੀ ਖੇਲ ਰਚਾਇੰਦਾ । ਜੁਗ ਚੌਕੜੀ ਕੋਈ ਨਾ ਪਾਰਾਵਾਰੇ, ਆਦਿ ਅੰਤ ਕੋਇ ਕਹਿਣ ਨਾ ਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਤੇਰੇ ਪਨਹਾਰੇ, ਵਿਸ਼ਨ ਬ੍ਰਹਮਾ ਸ਼ਿਵ ਤੇਰੇ ਚਰਨਾਂ ਸੀਸ ਝੁਕਾਇੰਦਾ । ਪੰਜ ਤਤ ਗੁਰੂ ਅਵਤਾਰ ਤੇਰੇ ਦਰ ਭਿਖਾਰੇ, ਖਾਲੀ ਝੋਲੀ ਸਰਬ ਭਰਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੀ ਮਹਿਮਾਂ ਗਾਇਣ ਗਾਣੇ, ਗੀਤ ਸੰਗੀਤ ਆਪ ਬਣਾਇੰਦਾ । ਤੇਰਾ ਰੰਗ ਸੂਰਾ ਸਰਬੰਗ ਇਕੋ ਮਾਣੇ, ਪੁਰਖ ਅਕਾਲ ਤੇਰੀ ਸੇਜ ਹੰਢਾਇੰਦਾ । ਤੇਰੇ ਹੁਕਮੇ ਅੰਦਰ ਰਾਜੇ ਰਾਣੇ, ਸ਼ਾਹ ਸੁਲਤਾਨ ਤੇਰੀ ਧਾਰ ਵਖਾਇੰਦਾ । ਬ੍ਰਹਿਮੰਡ ਖੰਡ ਤੇਰੇ ਭਾਣੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਰਖਾਇੰਦਾ । ਸੁਤ ਦੁਲਾਰੇ ਮੇਰੇ ਲਾਲ, ਸੋ ਪੁਰਖ ਨਿਰੰਜਣ ਆਪ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨਾਂ ਬਣੀਂ ਦਲਾਲ, ਨਿਰਗੁਣ ਸਰਗੁਣ ਵਣਜ ਕਰਾਈਆ । ਤੇਰਾ ਮੰਦਰ ਸੱਚੀ ਧਰਮਸਾਲ, ਧਰਮ ਦੁਆਰਾ ਇਕ ਵਡਿਆਈਆ । ਸਚ ਸਵਾਮੀ ਵਸੇ ਨਾਲ, ਹਰਿ ਵਿਛੜ ਕਦੇ ਨਾ ਜਾਈਆ । ਤੇਰੀ ਲੇਖੇ ਲਾਵੇ ਘਾਲ, ਕੀਤੀ ਘਾਲ ਥਾਏਂ ਪਾਈਆ । ਆਦਿ ਪੁਰਖ ਕਹੇ ਕੋਈ ਕਰ ਸਵਾਲ, ਬਣ ਸਵਾਲੀ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਵਰਤਾਈਆ । ਸੁਤ ਦੁਲਾਰਾ ਮੰਗੇ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਸ਼ਾਹ ਪਾਤਸ਼ਾਹ ਸੂਰੇ ਸਰਬੰਗ, ਤੇਰੇ ਹੱਥ ਮੇਰੀ ਵਡਿਆਈਆ । ਜੁਗ ਚੌਕੜੀ ਦੋ ਜਹਾਨ ਤੇਰਾ ਵਜਾਵਾਂ ਮਰਦੰਗ, ਨਾਮ ਨਗਾਰਾ ਹੱਥ ਉਠਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵੇਖਾਂ ਲੰਘ, ਅਧਵਿਚਕਾਰ ਨਾ ਕੋਇ ਅਟਕਾਈਆ । ਹੁਕਮੇ ਅੰਦਰ ਬਦਲਾਂ ਸੂਰਜ ਚੰਦ, ਜ਼ਿਮੀਂ ਅਸਮਾਨ ਸਦਾ ਸਰਨਾਈਆ । ਨਿਤ ਨਵਿਤ ਤੇਰਾ ਰਹੇ ਅਨੰਦ, ਦੂਜਾ ਰਸ ਨਾ ਕੋਇ ਵਖਾਈਆ । ਤੇਰੇ ਮਿਲਣ ਦਾ ਸਦਾ ਮੁਕਿਆ ਰਹੇ ਪੰਧ, ਪਾਂਧੀ ਬਣ ਨਾ ਫੇਰਾ ਪਾਈਆ । ਮੇਰਾ ਪ੍ਰੇਮ ਨਾ ਹੋਵੇ ਭੰਗ, ਤੇਰੀ ਪ੍ਰੀਤੀ ਘਟ ਨਾ ਜਾਈਆ । ਮੈਂ ਸੁੱਤ ਦੁਲਾਰਾ ਤੇਰਾ ਫ਼ਰਜ਼ੰਦ, ਫ਼ਰਮਾਂਬਰਦਾਰ ਇਕ ਅਖਵਾਈਆ । ਜੁਗ ਚੌਕੜੀ ਕੋਟਨ ਕੋਟ ਜਾਣ ਲੰਘ, ਥਿਰ ਕੋਏ ਰਹਿਣ ਨਾ ਪਾਈਆ । ਇਕੋ ਮੰਗਾਂ ਹਰਿ ਜੂ ਮੰਗ, ਦਰ ਤੇਰੇ ਅਲਖ ਜਗਾਈਆ । ਤੇਰਾ ਰੂਪ ਲੱਖ ਚੁਰਾਸੀ ਹੰ, ਬ੍ਰਹਮ ਪਾਰਬ੍ਰਹਮ ਤੇਰਾ ਬੰਸ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਸੁੱਤ ਦੁਲਾਰੇ ਆਪ ਸਮਝਾਵਾਂਗਾ । ਤੇਰਾ ਹੁਕਮ ਇਕ ਵਰਤਾਵਾਂਗਾ । ਦੋ ਜਹਾਨਾਂ ਹੁਕਮ ਸਮਝਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਪਰਗਟਾਵਾਂਗਾ । ਤ੍ਰੈਗੁਣ ਮਾਇਆ ਗੰਢ ਪਵਾਵਾਂਗਾ । ਪੰਜ ਤਤ ਇਕੋ ਗੰਢ ਵਖਾਵਾਂਗਾ ।

ਲੱਖ ਚੁਰਾਸੀ ਵੰਡ ਵੰਡਾਵਾਂਗਾ । ਘਟ ਘਟ ਵਾਸੀ ਵੇਸ ਵਟਾਵਾਂਗਾ । ਪੁਰਖ ਅਬਿਨਾਸ਼ੀ ਕਾਰ ਕਮਾਵਾਂਗਾ । ਪਵਣ ਸਵਾਸ ਧਾਰ ਚਲਾਵਾਂਗਾ । ਜੋਤ ਪਰਕਾਸ਼ ਨੂਰ ਰਖਾਵਾਂਗਾ । ਜ਼ਿਮੀਂ ਅਸਮਾਨ ਨਾਲ ਮਿਲਾਵਾਂਗਾ । ਕਰ ਧਿਆਨ ਵੇਖ ਵਖਾਵਾਂਗਾ । ਤੇਰਾ ਨਾਮ ਗਿਆਨ ਜਣਾਵਾਂਗਾ । ਕਰ ਪਰਧਾਨ ਲੋਕਮਾਤ, ਪੰਜ ਤਤ ਸਾਚਾ ਜੋੜ ਜੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਵਾਂਗਾ । ਲੱਖ ਚੁਰਾਸੀ ਰੰਗ ਰੰਗਵਾਂਗਾ । ਚਾਰੇ ਖਾਣੀ ਵੇਖ ਵਖਾਵਾਂਗਾ । ਚਾਰੇ ਬਾਣੀ ਭੇਵ ਚੁਕਾਵਾਂਗਾ । ਚਾਰੇ ਕੁੰਟ ਫੋਲ ਫੁਲਾਵਾਂਗਾ । ਚਾਰੇ ਜੁਗ ਪੰਧ ਮੁਕਾਵਾਂਗਾ । ਜੁਗ ਜੁਗ ਆਪਣੀ ਧਾਰ ਵਖਾਵਾਂਗਾ । ਗੁਰ ਅਵਤਾਰ ਪੈਗ਼ੰਬਰ ਨਾਲ ਮਿਲਾਵਾਂਗਾ । ਧੁਰ ਦੀ ਧਾਰ ਆਪ ਸਮਝਾਵਾਂਗਾ । ਸਚ ਗੁਫ਼ਤਾਰ ਆਪ ਸਮਝਾਵਾਂਗਾ । ਕਾਇਆ ਤਤ ਆਪ ਵਡਿਆਵਾਂਗਾ । ਬ੍ਰਹਮਮੱਤ ਆਪ ਦ੍ਰਿੜਾਵਾਂਗਾ । ਚਰਨ ਨਤ ਇਕ ਜੁੜਾਵਾਂਗਾ । ਸਤਿ ਸੰਗ ਆਪਣੇ ਹੱਥ ਰਖਾਵਾਂਗਾ । ਅੰਤਮ ਚੌਕੜ ਇਕੋ ਭੇਵ ਖੁਲ੍ਹਾਵਾਂਗਾ । ਤੇਈ ਅਵਤਾਰਾਂ ਪੜਦਾ ਲਾਹਵਾਂਗਾ । ਭਗਤ ਅਠਾਰਾਂ ਜੋੜ ਜੁੜਾਵਾਂਗਾ । ਈਸਾ ਮੂਸਾ ਮੁਹੰਮਦ ਮੁਖ ਨਕਾਬ ਉਠਾਵਾਂਗਾ । ਨਾਨਕ ਗੋਬਿੰਦ ਜੋਤ ਜਗਾਵਾਂਗਾ । ਸ਼ਬਦ ਚੋਟ ਨਗਾਰੇ ਲਾਵਾਂਗਾ । ਪੁਰਖ ਅਕਾਲ ਇਕੋ ਓਟ ਜਣਾਵਾਂਗਾ । ਨਿਹਕਲੰਕੀ ਵੇਸ ਵਟਾਵਾਂਗਾ । ਦੁਆਰ ਬੰਕ ਇਕ ਸੁਹਾਵਾਂਗਾ । ਸੰਬਲ ਡੇਰਾ ਸਾਚਾ ਲਾਵਾਂਗਾ । ਰਾਓ ਰੰਕ ਰੰਗ ਰੰਗਾਵਾਂਗਾ । ਸ਼ਬਦੀ ਸੁੱਤ ਇਕ ਉਪਜਾਵਾਂਗਾ । ਕਾਇਆ ਬੁੱਤ ਨਾ ਕੋਇ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੋਤੀ ਧਾਰ ਇਕ ਰਖਾਵਾਂਗਾ । ਜੋਤੀ ਧਾਰ ਇਕ ਰਖਾਵਾਂਗਾ । ਕਲਜੁਗ ਅੰਤਮ ਵੇਸ ਵਟਾਵਾਂਗਾ । ਨੌ ਖੰਡ ਪ੍ਰਿਥਮੀ ਹੁਕਮ ਮਨਾਵਾਂਗਾ । ਸੱਤਾਂ ਦੀਪਾਂ ਪੜਦਾ ਲਾਹਵਾਂਗਾ । ਬ੍ਰਹਿਮੰਡ ਖੰਡ ਖੋਜ ਖੁਜਾਵਾਂਗਾ । ਜੇਰਜ ਅੰਡ ਭੇਵ ਚੁਕਾਵਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੇਟ ਪੰਧ, ਸਾਚਾ ਮਾਰਗ ਇਕ ਵਖਾਵਾਂਗਾ । ਜੁਗ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸਵਾਮੀ ਇਕੋ ਗੰਢ ਪਵਾਵਾਂਗਾ । ਚਾਰ ਵਰਨ ਦਾ ਸ਼ਬਦੀ ਤੰਦ, ਆਤਮ ਪਰਮਾਤਮ ਖੇਲ ਖਲਾਵਾਂਗਾ । ਪਾਰਬ੍ਰਹਮ ਬ੍ਰਹਮ ਵਸੇ ਸੰਗ, ਸ਼ਰਅ ਜ਼ੰਜੀਰ ਤੋੜ ਤੁੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਤੇਰਾ ਡੰਕਾ ਇਕ ਵਜਾਵਾਂਗਾ । ਸ਼ਬਦ ਸੁੱਤ ਤੇਰਾ ਡੰਕਾ ਇਕ ਵਜਾਵੇਗਾ । ਸ੍ਰੀ ਭਗਵਾਨ ਵੇਸ ਵਟਾਵੇਗਾ । ਨਰ ਨਰੇਸ਼ ਫੇਰਾ ਪਾਵੇਗਾ । ਵਿਸ਼ਨ ਬ੍ਰਹਮਾ ਮਹੇਸ਼ ਸੀਸ ਝੁਕਾਵੇਗਾ । ਵਸਣਹਾਰਾ ਸਚਖੰਡ ਸਾਚੇ ਦੇਸ, ਲੋਕਮਾਤ ਨੂਰ ਧਰਾਵੇਗਾ । ਮੁੱਛ ਦਾੜ੍ਹੀ ਨਾ ਕੋਇ ਕੇਸ, ਮੂੰਡ ਮੁੰਡਾਇਆ ਨਜ਼ਰ ਕਿਸੇ ਨਾ ਆਵੇਗਾ । ਕਲਜੁਗ ਅੰਤਮ ਮੇਟੇ ਭੇਖ, ਭੇਖੀ ਕੋਇ ਰਹਿਣ ਨਾ ਪਾਵੇਗਾ । ਲੇਖਾ ਚੁੱਕੇ ਮੁੱਲਾਂ ਸ਼ੇਖ਼, ਪੀਰ ਪੈਗ਼ੰਬਰਾਂ ਗੋਦ ਸਵਾਵੇਗਾ । ਆਤਮ ਪਰਮਾਤਮ ਕਰੇ ਸਾਚਾ ਹੇਤ, ਹਿਤਕਾਰੀ ਆਪਣਾ ਰੰਗ ਰੰਗਾਵੇਗਾ । ਲੱਖ ਚੁਰਾਸੀ ਵੇਖੇ ਜਗਤ ਸੰਸਾਰੀ ਖੇਤ, ਗੁਰਮੁਖ ਗੁਰ ਗੁਰ ਆਪਣੇ ਘਰ ਵਸਾਵੇਗਾ । ਸ਼ਬਦ ਸੁਤ ਤੇਰੀ ਖੇਡੇ ਖੇਡ, ਹਰਿ ਖਿਡਾਰੀ ਇਕੋ ਆਵੇਗਾ । ਪੀਰ ਪੈਗ਼ੰਬਰ ਪਹਿਲੋਂ ਭੇਜ, ਸਚ ਸੰਦੇਸਾ ਆਪ ਸੁਣਾਵੇਗਾ । ਸ੍ਰੀ ਭਗਵੰਤ ਸਾਚਾ ਕੰਤ ਕਲਜੁਗ ਅੰਤਮ ਅੰਤ ਜੋਤੀ ਨੂਰ ਧਰ ਕੇ ਤੇਜ, ਤੇਜ ਆਪਣਾ ਇਕ ਜਣਾਵੇਗਾ । ਜਨ ਭਗਤਾਂ ਮਾਣੇ ਸੇਜ, ਆਤਮ ਅੰਤਰ ਸੋਭਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਆਪਣੇ ਹੱਥ ਰਖਾਵੇਗਾ । ਧੁਰ ਦਾ ਲੇਖਾ ਆਪ ਮੁਕਾਏਗਾ । ਪੁਰਖ ਅਬਿਨਾਸ਼ੀ ਵੇਸ ਵਟਾਏਗਾ । ਕਲ

੧੦੨
੧੫

ਕਲਕੀ ਨਾਉਂ ਧਰਾਏਗਾ । ਸਾਚੀ ਵੰਨਗੀ ਇਕ ਵਖਾਏਗਾ । ਦੁਆਰ ਬੰਕੀ ਇਕ ਸੁਹਾਏਗਾ । ਰਾਓ ਰੰਕੀ ਆਪ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਚੁਕਾਏਗਾ । ਸਾਚਾ ਭੇਵ ਪ੍ਰਭੂ ਚੁਕਾਵੇਗਾ । ਕਲਜੁਗ ਅੰਤਮ ਵੇਸ ਵਟਾਏਗਾ । ਨਿਰਭੈ ਹੋ ਕੇ ਆਪ ਆਏਗਾ । ਭੌ ਸਭ ਦੇ ਸਿਰ ਜਣਾਏਗਾ । ਮੈਂ ਤੂੰ ਪੰਧ ਮੁਕਾਏਗਾ । ਹਾਂ ਹੂੰ ਨਾ ਕੋਇ ਜਣਾਏਗਾ । ਆਤਮ ਪਰਮਾਤਮ ਜੋੜ ਜੁੜਾਏਗਾ । ਸਾਚੀ ਗਾਥਨ ਇਕ ਸੁਣਾਏਗਾ । ਬਾਤਨ ਬਾਤ ਆਪ ਪੜ੍ਹਾਏਗਾ । ਕਲਜੁਗ ਮੇਟ ਅੰਧੇਰੀ ਰਾਤਨ, ਸਤਿਜੁਗ ਸਾਚਾ ਚੰਦ ਚਮਕਾਏਗਾ । ਵੀਹ ਸੌ ਵੀਹ ਬਿਕਰਮੀ ਦੇਵੇ ਸੱਚਾ ਸਾਥਨ, ਸੰਗੀ ਇਕੋ ਨਜ਼ਰੀ ਆਏਗਾ । ਕੋਟੀ ਕੋਟ ਦਰ ਦਰਵੇਸ਼ ਖੜਨ ਤ੍ਰੈਲੋਕੀ ਨਾਥਨ, ਨਿਉਂ ਨਿਉਂ ਸੀਸ ਸਰਬ ਝੁਕਾਏਗਾ । ਭਗਤ ਭਗਵਾਨ ਪੂਰੀ ਕਰੇ ਆਸਨ, ਗੁਰਮੁਖ ਗੁਰ ਗੁਰ ਆਪਣੇ ਅੰਗ ਲਗਾਏਗਾ । ਵੇਖਣਹਾਰ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਫੋਲ ਫੁਲਾਏਗਾ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਬਣੇ ਸ਼ਾਖ਼ਨ, ਸੋ ਆਪਣੀ ਸ਼ਨਾਖ਼ਤ ਆਪਣੇ ਹੱਥ ਰਖਾਏਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਜੀਵ ਜੰਤ ਸਾਧ ਸੰਤ ਬੀਸਵੀਂ ਸਦੀ ਸਾਰੇ ਆਖਣ, ਨਿਹਕਲੰਕ ਨਿਰਵੈਰ ਪੁਰਖ ਪ੍ਰਭ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਤੈਨੂੰ ਵਡਿਆਏਗਾ । ਸ਼ਬਦ ਸੁਤ ਤੈਨੂੰ ਵਡਿਆਵੇਗਾ । ਪ੍ਰਭ ਇਕੋ ਸਤਿਗੁਰ ਆਵੇਗਾ । ਦੂਜਾ ਰਹਿਣ ਕੋਇ ਨਾ ਪਾਵੇਗਾ । ਧੁਰ ਸੰਦੇਸ਼ਾ ਆਪ ਸੁਣਾਵੇਗਾ । ਬ੍ਰਹਮਾ ਵਿਸ਼ਨ ਮਹੇਸ਼ਾ, ਚਰਨਾਂ ਹੇਠ ਰਖਾਵੇਗਾ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਆਦੇਸਾ, ਸੋ ਪੁਰਖ ਨਿਰੰਜਣ ਨਜ਼ਰੀ ਆਵੇਗਾ । ਜਿਸ ਦੀ ਵਿਸ਼ਨੂੰ ਮਾਣੇ ਸਾਂਗੋ ਪਾਂਗ ਬਾਸ਼ਕ ਸੇਜਾ, ਸੋ ਨੇਤਰ ਨੈਣਾਂ ਨੀਰ ਵਹਾਵੇਗਾ । ਚਾਰ ਜੁਗ ਸੁਨੇਹੜਾ ਪਹਿਲੋ ਭੇਜਾ, ਧੁਰ ਦੀ ਖਬਰ ਆਪ ਪਹੁੰਚਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦੀ ਬੀਸਵੀਂ ਆਪਣਾ ਪੜਦਾ ਲਾਹਵੇਗਾ । ਸਦੀ ਬੀਸਵੀਂ ਪੜਦਾ ਲੌਹਣਾ ਏ । ਨਿਹਕਲੰਕ ਆਪ ਅਖਵਾਉਣਾ ਏ । ਸ਼ਬਦ ਡੰਕ ਨਾਮ ਵਜਾਉਣਾ ਏ । ਦੋ ਜਹਾਨ ਆਪ ਜਗਾਉਣਾ ਏ । ਲੱਖ ਚੁਰਾਸੀ ਭਰਮ ਮਿਟਾਉਣਾ ਏ । ਜਨ ਭਗਤਾਂ ਭੇਵ ਖੁਲਾਉਣਾ ਏ । ਸਾਚੇ ਸੰਤਾਂ ਮੇਲ ਮਿਲਾਉਣਾ ਏ । ਗੁਰਮੁਖਾਂ ਆਪਣੀ ਗੋਦ ਉਠਾਉਣਾ ਏ । ਗੁਰਸਿਖਾਂ ਇਕੋ ਰਾਹ ਵਖਾਉਣਾ ਏ । ਚਾਰ ਵਰਨ ਦਾ ਪੰਧ ਮੁਕਾਉਣਾ ਏ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਵਸਾਉਣਾ ਏ । ਨਾ ਕੋਈ ਦੂਈ ਨਾ ਦਵੈਤ, ਸ਼ਰਅ ਸ਼ਰੀਅਤ ਮੇਟ ਮਿਟਾਉਣਾ ਏ । ਨਾਨਕ ਗੋਬਿੰਦ ਕਰ ਕੇ ਗਿਆ ਹਦਾਇਤ, ਪੁਰਖ ਅਕਾਲ ਇਕ ਮਨਾਉਣਾ ਏ । ਵੀਹਵੀਂ ਸਦੀ ਪੂਰੀ ਕਰੇ ਸ਼ਰਾਇਤ, ਆਪਣੇ ਲੇਖੇ ਆਪਣਾ ਲੇਖਾ ਪਾਉਣਾ ਏ । ਪੰਦਰਾਂ ਕੱਤਕ ਕਿਸੇ ਨਾ ਜਾਣੀ ਪੇਸ਼, ਰਾਜੇ ਰਾਣਿਆਂ ਇਕੋ ਵਾਰ ਸਮਝਾਉਣਾ ਏ । ਸਾਧੋ ਸੰਤੋ ਛੱਡ ਦਿਓ ਭੇਖ, ਪੁਰਖ ਅਕਾਲ ਦੀਨ ਦਿਆਲ ਹੁਕਮ ਧੁਰ ਦਾ ਆਪ ਜਣਾਉਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰ ਇਕ ਵਸਾਉਣਾ ਏ । ਸੁੱਤ ਦੁਲਾਰੇ ਓਠ ਕੇ ਭੱਜ, ਸੋ ਸਾਹਿਬ ਹੁਕਮ ਜਣਾਈਆ । ਦੋ ਜਹਾਨਾਂ ਜਾ ਕੇ ਗੱਜ, ਉਚੀ ਗਰਜ ਨਾਮ ਲਗਾਈਆ । ਕੂੜੀ ਕਿਰਿਆ ਦੇਵੋ ਤਜ, ਜਗਤ ਅਭਿਮਾਨ ਰਹਿਣ ਨਾ ਪਾਈਆ । ਅਬਿਨਾਸ਼ੀ ਕਰਤਾ ਸ੍ਰੀ ਭਗਵਾਨ ਸਾਹਿਬ ਸੁਲਤਾਨ ਸਚ ਸਿੰਘਾਸਣ ਬੈਠਾ ਸਜ, ਸਾਢੇ ਤਿੰਨ ਹੱਥ ਦਏ ਵਡਿਆਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਇਕਾਵਨ ਬਾਵਨ

ਜੋ ਪੜਦਾ ਰਿਹਾ ਕੱਜ, ਸੋ ਸਾਵਣ ਖ਼ੁਸ਼ੀ ਮਨਾਈਆ । ਬਿਨ ਮੱਕਿਉਂ ਬਿਨ ਕਾਅਬਿਉਂ ਕਰਾਏ ਹੱਜ, ਘਰ ਹਾਜ਼ਰ ਹੁਜਰਾ ਇਕ ਵਖਾਈਆ । ਸਾਚੇ ਤਖ਼ਤ ਬੈਠ ਸਮਰਥ, ਮਹਿਮਾ ਅਕੱਥ ਦਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸ਼ਾ ਆਪ ਸੁਣਾਈਆ । ਸ਼ਬਦ ਸੁਤ ਸਾਚੇ ਮੀਤ, ਮਿੱਤਰ ਪਿਆਰੇ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਗੌਂਦੇ ਰਹੇ ਗੀਤ, ਢੋਲਾ ਸੋਹਲਾ ਸਿਫ਼ਤ ਸਾਲਾਹੀਆ । ਤੇਰੇ ਹੁਕਮੇ ਅੰਦਰ ਮੰਦਰ ਮਸੀਤ, ਸ਼ਿਵਦਵਾਲੇ ਮੱਠ ਤੇਰੀ ਕਰਨ ਵਡਿਆਈਆ । ਤੇਰਾ ਖੇਲ ਸਦਾ ਅਨਡੀਠ, ਜਗ ਨੇਤਰ ਨਜ਼ਰ ਨਾ ਆਈਆ । ਬਿਨ ਭਗਤਾਂ ਕੋਈ ਨਾ ਕਰੇ ਤੇਰੀ ਪ੍ਰੀਤ, ਪ੍ਰੀਤੀਵਾਨ ਬੈਠੇ ਮੁਖ ਛੁਪਾਈਆ । ਮਿਹਰਵਾਨ ਹੋ ਕੇ ਦੇਵੀਂ ਭੀਖ, ਭਿੱਛਿਆ ਆਪਣੀ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਲੇਖਾ ਤੇਰੇ ਹੱਥ ਫੜਾਈਆ । ਸ਼ਬਦ ਦੁਲਾਰੇ ਤੇਰਾ ਸੁਲਤਾਨ, ਸੋ ਸਾਹਿਬ ਸਚ ਜਣਾਈਆ । ਜੁਗ ਚੌਕੜੀ ਹੁਕਮਰਾਨ, ਆਪਣਾ ਹੁਕਮ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਨ, ਦਰ ਦਰਵੇਸ਼ ਸੀਸ ਝੁਕਾਈਆ । ਰਸਨਾ ਜਿਹਵਾ ਸ਼ਬਦੀ ਢੋਲਾ ਕਰਦੇ ਗਏ ਕਲਾਮ, ਕਾਇਨਾਤ ਕਰ ਪੜ੍ਹਾਈਆ । ਕਲਜੁਗ ਅੰਤ ਪਰਗਟ ਹੋਏ ਇਕ ਅਮਾਮ, ਬੇਪਹਿਚਾਨ ਬੇਪਰਵਾਹੀਆ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਧਾਰ ਵਖਾਈਆ । ਗੁਰ ਅਵਤਾਰ ਮੰਨਦੇ ਗਏ ਇਕੋ ਕਾਹਨ, ਸੋ ਸਾਹਿਬ ਸੱਚਾ ਸ਼ਹਿਨਸ਼ਾਹੀਆ । ਭਗਤ ਕਰਦੇ ਗਏ ਪਰਨਾਮ, ਬੰਦਨਾ ਬੰਦਗੀ ਇਕ ਸਮਝਾਈਆ । ਕਲ ਕਲਕੀ ਪਰਗਟ ਹੋਵੇ ਆਣ, ਕਲ ਕਲੇਸ਼ ਦਏ ਖਪਾਈਆ । ਜਿਸ ਦਾ ਸ਼ਬਦ ਝੁੱਲੇ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਸਦੀ ਬੀਸਵੀਂ ਹੋਏ ਪਰਧਾਨ, ਬੀਸ ਬੀਸਾ ਇਕ ਅਖਵਾਈਆ । ਸਭ ਨੂੰ ਮੰਨਣੀ ਪਏ ਆਣ, ਸੀਸ ਸਕੇ ਨਾ ਕੋਇ ਉਠਾਈਆ । ਕਲਜੁਗ ਜੀਵ ਹੋਏ ਅਵਾਣ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਚਾਰੋਂ ਕੁੰਟ ਫਿਰਨ ਸੁਆਨ, ਘਰ ਮਿਲਿਆ ਨਾ ਸੱਚਾ ਮਾਹੀਆ । ਪੰਜ ਤਤ ਮਗਰ ਲੱਗਾ ਸ਼ੈਤਾਨ, ਸ਼ਰਅ ਕਰੇ ਲੜਾਈਆ । ਸਿਦਕ ਸਬੂਰੀ ਮਿਲਿਆ ਨਾ ਸਚ ਈਮਾਨ, ਅਮਲ ਆਮਲ ਨਾ ਕੋਇ ਕਮਾਈਆ । ਸਚ ਹਦੀਸ ਨਾ ਪੜ੍ਹੀ ਕੁਰਾਨ, ਕਾਇਆ ਕੁਰਾ ਨਾ ਖੋਜ ਖੁਜਾਈਆ । ਮੰਤਰ ਨਜ਼ਰ ਨਾ ਆਇਆ ਸਤਿ ਨਾਮ, ਨਾਮ ਸਤਿ ਨਾ ਕੋਇ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਗਏ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਰਾਗ ਸੁਣਾਈਆ । ਬਿਨ ਸਤਿਗੁਰ ਪੂਰੇ ਕਰੇ ਨਾ ਕੋਈ ਪਹਿਚਾਨ, ਅੰਤਰ ਨਜ਼ਰ ਕਿਸੇ ਨਾ ਆਈਆ । ਜਗਤ ਵਿਦਿਆ ਨਾ ਕੋਈ ਗਿਆਨ, ਚੌਦਾਂ ਵਿਦਿਆ ਨੈਣ ਸ਼ਰਮਾਈਆ । ਚੌਦਾਂ ਤਬਕ ਹੋਏ ਹੈਰਾਨ, ਚੌਦਾਂ ਲੋਕ ਸਾਰ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁੱਤ ਦੁਲਾਰੇ ਸ਼ਬਦੀ ਫੜ, ਤੇਰੀ ਕਾਰ ਦਏ ਸਮਝਾਈਆ । ਪ੍ਰਭੂ ਤੇਰੀ ਕਾਰ ਸਮਝਾਵੇਗਾ । ਵੀਹ ਸੌ ਵੀਹ ਬਿਕਰਮੀ ਭੇਵ ਖੁਲਾਵੇਗਾ । ਇਕੀ ਸਾਵਣ ਰੁੱਤ ਵਡਿਆਵੇਗਾ । ਜੋ ਬੈਠੇ ਲੁਕ ਲੁਕ, ਤਿਨ੍ਹਾਂ ਫੜ ਕੇ ਬਾਹਰ ਕਢਾਵੇਗਾ । ਸ਼ਬਦੀ ਸ਼ਬਦ ਲਏ ਪੁੱਛ, ਰਸਨਾ ਵਿਵਾਦ ਨਾ ਕੋਇ ਵਧਾਵੇਗਾ । ਜੇ ਕੋਈ ਹੈ ਕਿਸੇ ਕੋਲ ਕੁੱਛ, ਕੁਸ਼ਤਾ ਸਭ ਦਾ ਆਪ ਬਣਾਵੇਗਾ । ਪਿਛਲਾ ਪੈਂਡਾ ਸਭ ਦਾ ਰਿਹਾ ਮੁੱਕ, ਅੱਗੇ ਇਕੋ ਧਾਰ ਵਖਾਵੇਗਾ । ਸੰਤ ਸੁਹੇਲੇ ਗੋਦੀ ਚੁੱਕ, ਚਾਰੋਂ ਕੁੰਟ ਆਪ ਪਰਗਟਾਵੇਗਾ । ਹਰਿ ਕਾ ਸ਼ਬਦ ਸਾਚਾ ਸ਼ੇਰ ਰਿਹਾ ਬੁੱਕ, ਲੱਖ ਚੁਰਾਸੀ ਜੰਬਕ ਸਿਰ ਨਾ ਕੋਇ ਚੁਕਾਵੇਗਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਇਕੋ ਇਕ ਉਠਾਵੇਗਾ । ਸ਼ਬਦ ਸੁੱਤ ਦੁਲਾਰਾ ਉਠੇਗਾ । ਲੱਖ ਚੁਰਾਸੀ ਜੀਵਾਂ ਜੰਤਾਂ ਸਾਧਾਂ ਸੰਤਾਂ ਕੋਲੋਂ ਪੁਛੇਗਾ । ਅੰਦਰ ਵੜ ਸਾਢੇ ਤਿੰਨ ਹੱਥ ਅੰਦਰ ਕੋਇ ਨਾ ਲੁਕੇਗਾ । ਨਿਰਗੁਣ ਸਰਗੁਣ ਚਲੇ ਧਾਰ, ਸਰਗੁਣ ਨਿਰਗੁਣ ਅੱਗੇ ਝੁਕੇਗਾ । ਆਦਿ ਜੁਗਾਦੀ ਇਕ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਨਰਾਇਣ ਇਕੋ ਤੁਠੇਗਾ । ਨਰ ਹਰਿ ਨਰਾਇਣ ਦਇਆ ਕਮਾਇੰਦਾ, ਹਰਿ ਸਤਿਗੁਰ ਮਿਹਰਵਾਨ । ਜੁਗ ਚੌਕੜੀ ਵੇਸ ਵਟਾਇੰਦਾ, ਨਿਰਗੁਣ ਸਰਗੁਣ ਹੋ ਪਰਧਾਨ । ਕਲਜੁਗ ਅੰਤਮ ਵੇਖਣ ਆਇੰਦਾ, ਜੋਧਾ ਸੂਰਬੀਰ ਬਲੀ ਬਲਵਾਨ । ਸੰਤ ਸੁਹੇਲੇ ਨਾਲ ਮਿਲਾਇੰਦਾ, ਜੁਗ ਚੌਕੜੀ ਕਰ ਪਰਵਾਨ । ਅੰਤਰ ਵੜ ਵੜ ਆਪ ਉਠਾਇੰਦਾ, ਬਾਹਰੋ ਬੋਲੇ ਨਾ ਕੋਈ ਜ਼ਬਾਨ । ਦੀਪਕ ਜੋਤੀ ਇਕ ਜਗਾਇੰਦਾ, ਦੀਆ ਜਗੇ ਸਚ ਮਹਾਨ । ਸ਼ਬਦ ਅਨਾਦੀ ਨਾਦ ਸੁਣਾਇੰਦਾ, ਅਨਹਦ ਰਾਗ ਸੱਚੀ ਧੁਨਕਾਨ । ਅੰਮ੍ਰਿਤ ਆਤਮ ਜਾਮ ਪਿਆਇੰਦਾ, ਤ੍ਰਿਸਨਾ ਭੁੱਖ ਮੇਟ ਨਿਸ਼ਾਨ । ਆਤਮ ਸੇਜਾ ਸੋਭਾ ਪਾਇੰਦਾ, ਸਚ ਤਖ਼ਤ ਬੈਠ ਸੁਲਤਾਨ । ਕਰਮ ਕਾਂਡ ਮੇਟ ਮਿਟਾਇੰਦਾ, ਪੰਜ ਤਤ ਨੇੜ ਨਾ ਆਏ ਸ਼ੈਤਾਨ । ਬ੍ਰਹਮ ਮੱਤ ਇਕ ਸਮਝਾਇੰਦਾ, ਆਤਮ ਪਰਮਾਤਮ ਕਰ ਧਿਆਨ । ਘਰ ਮੰਦਰ ਇਕ ਵਖਾਇੰਦਾ, ਘਰ ਘਰ ਵਿਚ ਸੋਹੇ ਮਕਾਨ । ਹਰਿ ਸੰਗਤ ਆਪ ਜਗਾਇੰਦਾ, ਜਾਗਣਹਾਰ ਸ੍ਰੀ ਭਗਵਾਨ । ਨਿਜ ਨੇਤਰ ਆਪ ਖੁਲ੍ਹਾਇੰਦਾ, ਦੋਏ ਲੋਚਣ ਬੰਦ ਦੁਕਾਨ । ਸਾਚਾ ਖੇਤਰ ਇਕ ਵਖਾਇੰਦਾ, ਜਿਸ ਘਰ ਵਸੇ ਮਿਹਰਵਾਨ । ਰੁੱਤ ਚੇਤਰ ਆਪ ਵਡਿਆਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਦਾਨ । ਦਾਤਾ ਦਾਨੀ ਆਏ ਆਪ, ਪ੍ਰਭ ਵੱਡਾ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਜਪਦੇ ਗਏ ਜਾਪ, ਸੋ ਸਚ ਰਿਹਾ ਦ੍ਰਿੜਾਈਆ । ਜਨ ਭਗਤ ਜਣਾਏ ਆਪਣਾ ਆਪ, ਭੇਵ ਅਭੇਦਾ ਭੇਵ ਖੁਲ੍ਹਾਈਆ । ਆਤਮ ਪਰਮਾਤਮ ਮੇਲ ਕਰੇ ਵਡ ਪਰਤਾਪ, ਜਗਤ ਸੰਤਾਪ ਰਹਿਣ ਨਾ ਪਾਈਆ । ਸੋਹੰ ਸ਼ਬਦ ਸਾਚਾ ਪਾਠ, ਪੂਜਾ ਇਕੋ ਇਕ ਸਮਝਾਈਆ । ਆਤਮ ਸਰੋਵਰ ਤੀਰਥ ਤਾਟ, ਸਾਚਾ ਰੰਗ ਇਕ ਰੰਗਾਈਆ । ਫੜ ਉਤਾਰੇ ਆਪਣੇ ਘਾਟ, ਪੱਤਣ ਆਇਆ ਚਲ ਕੇ ਮਾਹੀਆ । ਕਲਜੁਗ ਪਿਛਲੀ ਮੁੱਕੀ ਵਾਟ, ਸਤਿਜੁਗ ਸਾਚਾ ਰਾਹ ਜਣਾਈਆ । ਹਰਿ ਸੰਗਤ ਮਿਲ ਕੇ ਗਾਓ ਸਾਚੀ ਗਾਥ, ਚਾਰ ਵਰਨ ਇਕ ਪੜ੍ਹਾਈਆ । ਨਾਨਕ ਗੋਬਿੰਦ ਸਭ ਦੇ ਵਸੇ ਸਾਥ, ਰਾਮ ਕ੍ਰਿਸ਼ਨ ਵਿਛੜ ਕਦੇ ਨਾ ਜਾਈਆ । ਈਸਾ ਮੂਸਾ ਮੁਹੰਮਦ ਬਣੇ ਦਾਸ, ਬਣ ਸੇਵਕ ਸਾਚੀ ਸੇਵ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਪੂਰੀ ਕਰੇ ਆਸ, ਨਿਰਾਸਾ ਕੋਇ ਨਜ਼ਰ ਨਾ ਆਈਆ । ਜਿਸ ਦੀ ਉਪਜੇ ਧੁਰ ਤੋਂ ਸ਼ਾਖ਼, ਸੋ ਸ਼ਨਾਖ਼ਤ ਰਿਹਾ ਸਮਝਾਈਆ । ਮਿਲ ਸਤਿਗੁਰ ਕੋਈ ਨਾ ਹੋਏ ਉਦਾਸ, ਸਤਿਗੁਰ ਸ਼ਬਦ ਉਦਾਸੀ ਦਏ ਮਿਟਾਈਆ । ਭਰਮ ਭੌ ਦਾ ਕਰੋ ਵਿਨਾਸ, ਅਬਿਨਾਸ਼ੀ ਕਰਤਾ ਦਇਆ ਕਮਾਈਆ । ਸ੍ਰੀ ਭਗਵਾਨ ਸਦਾ ਸਹਾਈ ਅਨਾਥਾਂ ਨਾਥ, ਜਗਜੀਵਣ ਦਾਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਸੰਗ ਸਮਾਈਆ । ਹਰਿ ਸੰਗਤ ਤੇਰਾ ਲੇਖਾ ਸਚ, ਸੋ ਸਤਿਗੁਰ ਆਪ ਲਗਾਇੰਦਾ । ਮਨ ਬੰਦਰ ਨਾ ਜਾਏ ਨੱਚ, ਮਨ ਮਨਸਾ ਮੇਟ ਮਿਟਾਇੰਦਾ । ਲੂੰ ਲੂੰ ਅੰਦਰ ਆਪੇ ਰਚ, ਸਾਢੇ ਤਿੰਨ ਕਰੋੜ ਰੰਗ ਰੰਗਾਇੰਦਾ । ਲੇਖੇ ਲੱਗੇ ਕਾਇਆ ਕੱਚ, ਕੰਚਨ ਗੜ੍ਹ ਆਪ ਵਸਾਇੰਦਾ । ਸਤਿ ਧਰਮ ਦਾ ਮਾਰਗ ਦੱਸ, ਚਾਰ ਵਰਨਾਂ ਜੋੜ ਜੁੜਾਇੰਦਾ । ਪੁਰਖ ਅਕਾਲ ਮੇਲਾ ਹੱਸ

ਹੱਸ, ਆਤਮ ਪਰਮਾਤਮ ਸੰਗ ਨਿਭਾਇੰਦਾ । ਪਰੇਮ ਪਿਆਲਾ ਪੀਓ ਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਇਕ ਦੂਜੇ ਨੂੰ ਦਿਓ ਦੱਸ, ਸ੍ਰੀ ਭਗਵਾਨ ਦਇਆ ਕਮਾਇੰਦਾ । ਜਿਸ ਦੇ ਪਿਛੇ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਰਹੇ ਨੱਠ, ਚਾਰੇ ਕੁੰਟ ਨਜ਼ਰ ਕਿਤੇ ਨਾ ਆਇੰਦਾ । ਜੋਗ ਅਭਿਆਸ ਕਰਦੇ ਪੂਜਾ ਪਾਠ, ਤੀਰਥ ਤੱਟ ਡੇਰਾ ਲਾਇੰਦਾ । ਸੋ ਪੁਰਖ ਸਮਰਥ ਕਲਜੁਗ ਅੰਤਮ ਹੋ ਪਰਗਟ, ਗੋਬਿੰਦ ਖੋਲ੍ਹਿਆ ਇਕੋ ਹੱਟ, ਸੰਬਲ ਆਪਣਾ ਰਾਹ ਜਣਾਇੰਦਾ । ਬਾਹਰੋ ਦਿਸੇ ਗਵਾਰ ਜੱਟ, ਅੰਦਰੋ ਮਾਰੇ ਸ਼ਬਦ ਨਿਸ਼ਾਨਾ ਤੀਰ ਫੱਟ, ਚਿੱਲਾ ਨਜ਼ਰ ਕਿਸੇ ਨਾ ਆਇੰਦਾ । ਜੋ ਚਰਨੀ ਜਾਏ ਢੱਠ, ਤਿਸ ਬਿਨ ਹੱਥਾਂ ਲਏ ਚੱਕ, ਕਰੇ ਨਬੇੜਾ ਹੱਕੋ ਹੱਕ, ਹਕੀਕਤ ਆਪਣੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਇਕੋ ਘਰ ਵਸਾਇੰਦਾ । ਹਰਿ ਸੰਗਤ ਤੇਰਾ ਵਸੇ ਖੇੜਾ, ਸਚਖੰਡ ਸਾਚੇ ਵੱਜੇ ਵਧਾਈਆ । ਅਬਿਨਾਸ਼ੀ ਕਰਤਾ ਬੰਨ੍ਹੇ ਬੇੜਾ, ਸ੍ਰੀ ਭਗਵਾਨ ਚੱਪੂ ਨਾਮ ਲਗਾਈਆ । ਕਰਮ ਕਾਂਡ ਦਾ ਕਟੇ ਜੇੜਾ, ਬੰਧਨ ਕੋਇ ਰਹਿਣ ਨਾ ਪਾਈਆ । ਸ਼ਰਅ ਸ਼ਰੀਅਤ ਦਾ ਖੁਲ੍ਹਾ ਵੇਹੜਾ, ਲਾਸ਼ਰੀਕ ਕਰੇ ਖ਼ੁਦਾਈਆ । ਇਕੋ ਨਾਮ ਜਣਾਏ ਤੂੰ ਮੇਰਾ ਮੈਂ ਤੇਰਾ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਗੰਢ ਪਵਾਈਆ । ਲੱਖ ਚੁਰਾਸੀ ਆਵਣ ਜਾਵਣ ਪਤਿਤ ਪਾਵਣ ਚੁਕਾਵੇ ਗੇੜਾ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਲੇਖਾ ਲੇਖੇ ਪਾਈਆ । ਹਰਿ ਸੰਗਤ ਲੇਖਾ ਜਾਏ ਲੱਗ, ਲਗਾਵਣਹਾਰ ਗੋਪਾਲ ਸਵਾਮੀ ਦਇਆ ਕਮਾਇੰਦਾ । ਮਿਲਿਆ ਮੇਲ ਸੂਰੇ ਸਰਬੱਗ, ਸੋ ਸਾਹਿਬ ਵੇਖ ਵਖਾਇੰਦਾ । ਤ੍ਰੈਗੁਣ ਮਾਇਆ ਲੱਗੀ ਬੁਝੇ ਅੱਗ, ਝੂਠੀ ਮਮਤਾ ਮੋਹ ਮਿਟਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਪੜਦਾ ਲਾਹਿੰਦਾ । ਅੰਮ੍ਰਿਤ ਜਾਮ ਪਿਆਏ ਮਧ, ਰਸ ਇਕੋ ਇਕ ਵਖਾਇੰਦਾ । ਨੌ ਦੁਆਰੇ ਪਾਰ ਹੱਦ, ਬਜਰ ਕਪਾਟੀ ਤੋੜ ਤੁੜਾਇੰਦਾ । ਦਸਮ ਦੁਆਰੀ ਆਪੇ ਸੱਦ, ਸੱਦਾ ਆਪਣਾ ਨਾਮ ਸੁਣਾਇੰਦਾ । ਹਰਿਮੰਦਰ ਗੁਰਮੁਖ ਬੀਹ ਕੇ ਜਾਓ ਸਜ, ਸਚ ਦੁਆਰ ਇਕ ਵਡਿਆਇੰਦਾ । ਮੁਰੀਦੋ ਮੁਰਸ਼ਦ ਕਰੋ ਹਾਜ਼ਰ ਹੱਜ, ਹਾਜ਼ਰ ਹਜ਼ੂਰ ਇਕੋ ਨਜ਼ਰੀ ਆਇੰਦਾ । ਲੋਕ ਲੱਜਿਆ ਦੇਵੋ ਤਜ, ਲੋਕਲਾਜ ਭਗਤਾਂ ਸੰਗ ਸੰਗ ਨਾ ਕੋਇ ਨਿਭਾਇੰਦਾ । ਸ੍ਰੀ ਭਗਵਾਨ ਤੁਹਾਡੇ ਅੰਦਰ ਵੜੇ ਭੱਜ, ਆਉਦਾ ਜਾਂਦਾ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੰਗਤ ਰੰਗ ਰੰਗਾਇੰਦਾ । ਹਰਿ ਸੰਗਤ ਰੰਗ ਚੜ੍ਹੇ ਚਲੂਲ, ਚਾਰ ਵਰਨ ਮਿਲੇ ਵਡਿਆਈਆ । ਵੇਖੋ ਸ਼ੰਕਰ ਸੁੱਟ ਬੈਠਾ ਤਰਸੂਲ, ਨਿਉਂ ਨਿਓਂ ਬੈਠਾ ਸੀਸ ਝੁਕਾਈਆ । ਬ੍ਰਹਮਾ ਕਹੇ ਮੇਰਾ ਕੋਈ ਨਾ ਰਿਹਾ ਮੂਲ, ਬ੍ਰਹਮ ਚਲੇ ਨਾ ਕੋਇ ਵਡਿਆਈਆ । ਵਿਸ਼ਨੂੰ ਕਹੇ ਮੇਰਾ ਭੁੱਲਿਆ ਸਰਬ ਅਸੂਲ, ਅਸਲੀਅਤ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਪ੍ਰਭ ਭੁਲਿਆ ਕੰਤ ਕੰਤੂਹਲ, ਲੱਖ ਚਰਾਸੀ ਭਰਮੇ ਭੁੱਲੀ ਸਰਬ ਲੋਕਾਈਆ । ਸਚ ਪੰਘੂੜਾ ਕੋਈ ਨਾ ਰਿਹਾ ਝੂਲ, ਨਾਮ ਹੁਲਾਰਾ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਸੰਗ ਰਖਾਈਆ । ਹਰਿ ਸੰਗਤ ਤੇਰਾ ਸਗਲਾ ਸਾਥ, ਸੋ ਸਤਿਗੁਰ ਆਪ ਨਿਭਾਇੰਦਾ । ਪੂਰਬ ਲਹਿਣਾ ਵੇਖੇ ਮਸਤਕ ਮਾਥ, ਭੇਵ ਅਭੇਦਾ ਆਪ ਜਣਾਇੰਦਾ । ਸ਼ਬਦ ਅਗੰਮੀ ਚਾੜ੍ਹੇ ਰਾਥ, ਰਥ ਰਥਵਾਹੀ ਸੇਵ ਕਮਾਇੰਦਾ । ਪਾਰ ਉਤਾਰੇ

੧੦੫ ੧੫

ਕਲਜੁਗ ਘਾਟ, ਨਈਆ ਨਾਮ ਇਕ ਜਣਾਇੰਦਾ । ਕੂੜੀ ਕਿਰਿਆ ਜਾਏ ਪਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦਿਵਸ ਆਪ ਸੁਹਾਇੰਦਾ । ਸਾਚਾ ਦਿਵਸ ਸੁਹਾਏ ਇਕੀ ਸਾਵਣ, ਸਾਵਲ ਸੁੰਦਰ ਬੇਪਰਵਾਹੀਆ । ਪਰਮ ਪੁਰਖ ਪ੍ਰਭ ਆਇਆ ਪਤਿਤ ਪਾਵਣ, ਪਤਿਤ ਪਾਪੀ ਪਾਰ ਕਰਾਈਆ । ਆਤਮ ਪਰਮਾਤਮ ਚਾਰ ਵਰਨ ਢੋਲਾ ਗਾਵਣ, ਗਾ ਗਾ ਖ਼ੁਸ਼ੀ ਮਨਾਈਆ । ਨਾਰੀ ਕੰਤ ਆਪਣਾ ਰਾਵਣ, ਘਰ ਸੇਜ ਸੁਹੰਜਣੀ ਸੋਭਾ ਪਾਈਆ । ਆਤਮ ਪਰਮਾਤਮ ਹੋਇਆ ਜ਼ਾਮਨ, ਧੁਰ ਦੀ ਜ਼ਾਮਨੀ ਆਪ ਨਿਭਾਈਆ । ਗੁਰਮੁਖੋ ਗੁਰਸਿਖੋ ਤੁਹਾਡੇ ਨੇੜ ਨਾ ਆਏ ਕਾਮਨੀ ਕਾਮਨ, ਕਾਮ ਚੇਸ਼ਟਾ ਦਏ ਗਵਾਈਆ । ਇਕ ਦੂਜੇ ਦਾ ਦਰਸ ਕਰੋ ਆਮ੍ਹਣੇ ਸਾਮ੍ਹਣ, ਸਨਮੁਖ ਬੈਠਾ ਬੇਪਰਵਾਹੀਆ । ਸ਼ਬਦ ਸਰੂਪ ਫੜਾਇਆ ਦਾਮਨ, ਦਾਮਨਗੀਰ ਆਪ ਹੋ ਜਾਈਆ । ਨਾ ਕੋਈ ਖੱਤਰੀ ਨਾ ਕੋਈ ਬ੍ਰਾਹਮਣ, ਸ਼ੂਦਰ ਵੈਸ਼ ਨਜ਼ਰ ਕੋਇ ਨਾ ਆਈਆ । ਨਾ ਕੋਈ ਦੇਸ ਰਾਮ ਰਾਵਣ, ਨਾ ਕੋਈ ਲੰਕਾ ਗੜ੍ਹ ਕਰੇ ਲੜਾਈਆ । ਨਾ ਕੋਈ ਕਾਹਨਾ ਕ੍ਰਿਸ਼ਨਾ ਮੁਕੰਦ ਮਨੋਹਰ ਲਖਮੀ ਨਰਾਇਣ ਕਰੇ ਪਹਿਚਾਨਨ, ਵਰਾਟ ਰੂਪ ਨਾ ਕੋਇ ਸਮਝਾਈਆ । ਨਾ ਕੋਈ ਈਸਾ ਮੂਸਾ ਸੁਣਾਏ ਪੈਗ਼ਾਮਨ, ਧੁਰ ਕਲਾਮ ਨਾ ਕੋਇ ਜਣਾਈਆ । ਨਾ ਕੋਈ ਨਾਨਕ ਗੋਬਿੰਦ ਧਰੇ ਧਿਆਨਨ, ਧਿਆਨ ਧਿਆਨ ਵਿਚ ਨਾ ਕੋਇ ਰਖਾਈਆ । ਕਲਜੁਗ ਜੀਵ ਹੋਏ ਬੇਈਮਾਨਨ, ਮਨਸਾ ਕੂੜੀ ਸਰਬ ਵਧਾਈਆ । ਹਰਿ ਸੰਗਤ ਤੇਰਾ ਇਕੋ ਸੱਚਾ ਕਾਮਨ, ਪ੍ਰਭ ਚਰਨ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਸ਼ਟ ਦ੍ਰਿਸ਼ਟ ਆਪ ਖੁਲ੍ਹਾਈਆ । ਹਰਿ ਸੰਗਤ ਤੇਰਾ ਰੂਪ ਅਨੋਖਾ, ਚਾਰ ਜੁਗ ਮਿਲੇ ਵਡਿਆਈਆ । ਗੁਰਸਿਖ ਗੁਰਸਿਖ ਕਿਸੇ ਨਾਲ ਕਰੇ ਨਾ ਕੋਈ ਧੋਖਾ, ਸਚ ਸੁਚ ਇਕ ਸਮਝਾਈਆ । ਮਾਣਸ ਜਨਮ ਪ੍ਰਭ ਮਿਲਣ ਦਾ ਮੌਕਾ, ਲੱਖ ਚੁਰਾਸੀ ਵਿਚੋ ਨਜ਼ਰੀ ਆਈਆ । ਕੂੜੀ ਕਿਰਿਆ ਅੰਦਰ ਨਾ ਹੋਣਾ ਥੋਥਾ, ਹੋਛੀ ਮੱਤ ਨਾ ਕੋਇ ਵਡਿਆਈਆ । ਕਾਇਆ ਅੰਦਰ ਆਪਣਾ ਖੋਲ੍ਹ ਕੇ ਪੜ੍ਹੋ ਪੋਥਾ, ਪੁਸਤਕ ਹਰਿ ਜੀ ਆਪ ਲਿਖਾਈਆ । ਜਿਸ ਦੇ ਅੰਦਰ ਲੁਕੇ ਚੌਦਾਂ ਲੋਕਾ, ਚੌਦਾਂ ਤਬਕ ਮੁਖ ਛੁਪਾਈਆ । ਤਿਸ ਦਾ ਨਾਮ ਇਕ ਸਲੋਕਾ, ਸੋਹਲਾ ਇਕੋ ਇਕ ਵਡਿਆਈਆ । ਉਸ ਸਾਹਿਬ ਦੀ ਰੱਖੋ ਓਟਾ, ਪੁਰਖ ਅਕਾਲ ਸਚੀ ਸਰਨਾਈਆ । ਜਿਸ ਵਸਾਇਆ ਪਟਣਾ ਪੌਂਟਾ, ਅੰਤ ਨੰਦੇੜ ਗਿਆ ਸਮਝਾਈਆ । ਸੋ ਇਕੋ ਢਈਆ ਸੁੱਤਾ ਰਿਹਾ ਲਾ ਕੇ ਢੌਂਕਾ, ਸਚਖੰਡ ਆਪਣੀ ਸੇਜ ਬਣਾਈਆ । ਕਲਜੁਗ ਅੰਤਮ ਸਾਢੇ ਤਿੰਨ ਹੱਥ ਆਪੇ ਵੇਖੇ ਕੋਠਾ, ਸੰਬਲ ਨਗਰੀ ਡੇਰਾ ਲਾਈਆ । ਪੁਰਖ ਅਕਾਲ ਸਤਿਗੁਰੂ ਇਕੋ ਬਹੁਤਾ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਕਾਇਆ ਅੰਦਰ ਮਾਰ ਕੇ ਵੇਖੋ ਗੋਤਾ, ਹੀਰੇ ਮਾਣਕ ਲਾਲ ਜਵਾਹਰ ਮੇਰਾ ਨਾਉਂ ਘਰ ਘਰ ਵਿਚ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਸਤਿਜੁਗ ਸਚ ਕਰੇ ਪੜ੍ਹਾਈਆ । ਹਰਿ ਸੰਗਤ ਤੇਰਾ ਸਤਿਜੁਗ ਸੋਹਲਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਆਤਮ ਪਰਮਾਤਮ ਮਿਲ ਕੇ ਗਾਓ ਢੋਲਾ, ਢੋਲਕ ਛੈਣਾ ਨਾ ਕੋਇ ਵਜਾਇੰਦਾ । ਕਾਇਆ ਬਦਲਣਹਾਰਾ ਚੋਲਾ, ਚੋਲੀ ਰੰਗ ਆਪ ਰੰਗਾਇੰਦਾ । ਅੰਤਰ ਆਤਮ ਆਪੇ ਮੌਲਾ, ਮੌਲਾ ਆਪਣੀ ਖੇਲ ਵਖਾਇੰਦਾ । ਅੰਮ੍ਰਿਤ ਭਰੇ ਨਾਭ ਕੌਲਾ, ਕਵਲ ਨਾਭੀ ਆਪ ਉਲਟਾਇੰਦਾ । ਦੇਵੇ ਵਡਿਆਈ ਉਪਰ ਧਵਲਾ, ਧਰਨੀ ਧਰਤ ਧਵਲ ਸੁਹਾਇੰਦਾ । ਜਿਸ ਨੂੰ ਕਹਿੰਦੇ ਨੂਰ ਇਲਾਹੀ ਅੱਵਲਾ, ਆਲਮੀਨ ਖੇਲ ਖਲਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਆਈ ਆਪਣੇ ਰੰਗ ਰੰਗਾਇੰਦਾ । ਹਰਿ ਸੰਗਤ ਆਈ ਸਚ ਦੁਆਰ, ਮਿਲੇ ਨਾਮ ਵਡਿਆਈਆ । ਰਾਏ ਧਰਮ ਨਾ ਕਰੇ ਖਵਾਰ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਨਾ ਕਰੇ ਸ਼ਿੰਗਾਰ, ਵੇਲੇ ਅੰਤ ਨਾ ਲਏ ਪਰਨਾਈਆ । ਸਤਿਗੁਰ ਪੂਰਾ ਦਏ ਦੀਦਾਰ, ਨਿਰਗੁਣ ਸਰਗੁਣ ਹੋਏ ਸਹਾਈਆ । ਫੜ ਕੇ ਬਾਹੋ ਲਏ ਉਠਾਲ, ਆਤਮ ਪਰਮਾਤਮ ਆਪ ਜਗਾਈਆ । ਉਠ ਸਵਾਣੀ ਚਲ ਮੇਰੇ ਨਾਲ, ਪੀਆ ਪ੍ਰੀਤਮ ਉਂਗਲੀ ਲਾਈਆ । ਨਾਤਾ ਤੋੜ ਸ਼ਾਹ ਕੰਗਾਲ, ਚਾਰੇ ਵਰਨਾਂ ਕਰੇ ਕੁੜਮਾਈਆ । ਜਨ ਭਗਤਾਂ ਪੁਛੇ ਆਪੇ ਹਾਲ, ਮੁਰਸ਼ਦ ਮੁਰੀਦਾਂ ਵੇਖ ਵਖਾਈਆ । ਵੇਲੇ ਅੰਤ ਨਾ ਖਾਏ ਕਾਲ, ਮਹਾਂਕਾਲ ਪੱਲੂ ਦਏ ਛੁਡਾਈਆ । ਜਨ ਭਗਤੋ ਹੱਲ ਹੋਏ ਸਵਾਲ, ਬਾਕੀ ਕੋਇ ਰਹਿਣ ਨਾ ਪਾਈਆ । ਸ੍ਰੀ ਭਗਵਾਨ ਬਣੇ ਦਲਾਲ, ਸਚ ਦਲਾਲੀ ਆਪ ਕਮਾਈਆ । ਧੰਨ ਭਾਗ ਜੋ ਘਾਲਣ ਆਏ ਘਾਲ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰਾ ਢੋਲਾ ਗਾਈਆ । ਹਰਿ ਸੰਗਤ ਤੇਰਾ ਨਾਮ ਪਿਆਰਾ, ਚਾਰ ਜੁਗ ਵਡਿਆਇੰਦਾ । ਜਿਸ ਦੇ ਹਿਰਦੇ ਵਸੇ ਗੁਰੂ ਅਵਤਾਰਾ, ਪੀਰ ਪੈਗ਼ੰਬਰ ਡੇਰਾ ਲਾਇੰਦਾ । ਤਿਨ੍ਹਾਂ ਮਿੱਤਰ ਆਪ ਨਿਰੰਕਾਰਾ, ਨਿਰਗੁਣ ਆਪਣੀ ਸੇਵ ਕਮਾਇੰਦਾ । ਸੱਚਾ ਸੋਭਿਆ ਇਕ ਦੁਆਰਾ, ਸੋ ਸਾਹਿਬ ਵੇਖ ਵਖਾਇੰਦਾ । ਮਾਲਵੇ ਖੋਲ੍ਹਿਆ ਸਚ ਕਿਵਾੜਾ, ਕੁੰਡਾ ਆਪਣੀ ਹੱਥੀਂ ਲਾਹਿੰਦਾ । ਗੋਬਿੰਦ ਅੰਤ ਪਾ ਕੇ ਗਿਆ ਪੁਆੜਾ, ਸ੍ਰੀ ਭਗਵਾਨ ਸਾਚਾ ਸੰਗ ਨਿਭਾਇੰਦਾ । ਕਪੂਰ ਸਿੰਘ ਕੱਢਦਾ ਰਿਹਾ ਹਾੜਾ, ਚਾਲੀਵਾਂ ਮੁਕਤਾ ਆਪਣੇ ਦੋਏ ਦੋਏ ਜੋੜ ਹੱਕ ਸੀਸ ਨਿਵਾਇੰਦਾ । ਕਵਣ ਵੇਲਾ ਵੇਖਾਂ ਧੁਰਦਰਗਾਹੀ ਲਾੜਾ, ਸਤਿਗੁਰ ਇਕੋ ਨਜ਼ਰੀ ਆਇੰਦਾ । ਜਿਸ ਨੇ ਹਰਿ ਸੰਗਤ ਮਾਣ ਦਿਵਾਇਆ ਸਤਾਰਾਂ ਹਾੜਾ, ਹਰਿ ਜੂ ਆਪਣਾ ਲੇਖਾ ਹਰਿ ਸੰਗਤ ਝੋਲੀ ਪਾਇੰਦਾ । ਜਿਸ ਦੀਆਂ ਗੁਰ ਅਵਤਾਰ ਪੀਰ ਪੈਗ਼ੰਬਰ ਗਾਉਦੇ ਗਏ ਵਾਰਾਂ, ਸੋ ਵਾਰਤਾ ਭਗਤਾਂ ਆਪ ਸੁਣਾਇੰਦਾ । ਜਨ ਵੇਖਣ ਆਇਆ ਤੇਰਾ ਪਿਆਰਾ, ਪੀਆ ਪ੍ਰੀਤਮ ਫੇਰਾ ਪਾਇੰਦਾ । ਹਰਿ ਸੰਗਤ ਤੇਰਾ ਵੇਖਿਆ ਮੁਫ਼ਤ ਨਜ਼ਾਰਾ, ਨਜ਼ਰ ਵਿਚ ਇਕੋ ਨਰ ਹਰਿ ਨਜ਼ਰੀ ਆਇੰਦਾ । ਸਭ ਨਾਲੋ ਕਰ ਕੇ ਬੈਠੇ ਕਿਨਾਰਾ, ਕਰਮ ਕਾਂਡ ਕਿਸੇ ਨੇੜ ਨਾ ਆਇੰਦਾ । ਕੋਈ ਲੱਭਣ ਜਾਏ ਨਾ ਜੰਗਲ ਜੂਹ ਉਜਾੜ ਪਹਾੜਾ, ਅੰਦਰ ਵੜ ਡੂੰਘੀ ਕੰਦਰ ਧਿਆਨ ਨਾ ਕੋਇ ਲਗਾਇੰਦਾ । ਜਿਨ੍ਹਾਂ ਸਤਿਗੁਰ ਪੂਰਾ ਨਜ਼ਰੀ ਆਏ ਜ਼ਾਹਰਾ, ਜ਼ਾਹਰ ਜ਼ਹੂਰ ਦਇਆ ਕਮਾਇੰਦਾ । ਤਿਸ ਦਾ ਦੋ ਜਹਾਨ ਕਰਨ ਮੁਜ਼ਾਹਰਾ, ਮੁਫ਼ਤ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸੰਗਤ ਤੇਰਾ ਵੇਖਿਆ ਘਰ, ਘਰ ਇਕੋ ਨਜ਼ਰੀ ਆਇੰਦਾ । ਇਕੋ ਘਰ ਇਕ ਦਰਵਾਜ਼ਾ, ਇਕੋ ਬੰਕ ਸੁਹਾਈਆ । ਇਕੋ ਪੁਰਖ ਗਰੀਬ ਨਿਵਾਜ਼ਾ, ਦੇਵਣਹਾਰ ਸਦਾ ਵਡਿਆਈਆ । ਇਕੋ ਨਾਮ ਨਿਧਾਨ ਵਜਾਏ ਵਾਜਾ, ਸੁਰ ਤਾਲ ਇਕ ਰਖਾਈਆ । ਇਕੋ ਭੂਪ ਇਕੋ ਰਾਜਾ, ਸ਼ਹਿਨਸ਼ਾਹ ਇਕ ਅਖਵਾਈਆ । ਇਕੋ ਕਰਤਾ ਇਕੋ ਕਾਜਾ, ਇਕੋ ਕਰਨੀ ਰਿਹਾ ਕਮਾਈਆ । ਇਕੋ ਮਾਰਨਹਾਰਾ ਵਾਜਾਂ, ਇਕੋ ਸਤਿਗੁਰ ਰਿਹਾ ਜਗਾਈਆ । ਇਕੋ ਜੁਗ ਚੌਕੜੀ ਫਿਰੇ ਭਾਜਾ, ਨਿਤ ਨਵਿਤ ਆਪਣਾ ਵੇਸ ਵਟਾਈਆ । ਇਕੋ ਕਲਜੁਗ ਅੰਤਮ ਆਇਆ ਦੇਸ ਮਾਝਾ, ਸੰਬਲ ਨਗਰੀ ਸੋਭਾ ਪਾਈਆ । ਇਕੋ ਵਜਾਏ ਸਤਿ ਰਬਾਬਾ, ਨਾਮ ਸਤਿ ਕਰੇ ਪੜ੍ਹਾਈਆ । ਇਕੋ ਪਕੜੇ ਹੱਥ ਵਾਗਾ, ਡੋਰ ਇਕੋ ਹੱਥ ਉਠਾਈਆ । ਇਕੋ ਪਾਰ ਕਰਾਏ ਹਾਦਾ, ਹਦੂਦ ਅਰਬਾ

ਆਪਣੇ ਚਰਨਾਂ ਹੇਠ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਵਡਿਆਈਆ । ਹਰਿ ਸੰਗਤ ਤੇਰਾ ਸਚ ਮੁਨਾਰਾ, ਮੁਨੀ ਮੁਨੀਸ਼ਰ ਧਿਆਨ ਲਗਾਈਆ । ਇਕੀ ਸਾਵਣ ਚਲ ਕੇ ਆਉਣ ਗੁਰੂ ਅਵਤਾਰਾ, ਪੀਰ ਪੈਗ਼ੰਬਰ ਫੇਰਾ ਪਾਈਆ । ਸਾਚਾ ਲੱਗੇ ਧਰਮ ਅਖਾੜਾ, ਨਿਰਗੁਣ ਸਰਗੁਣ ਗੋਪੀ ਕਾਹਨ ਨਚਾਈਆ । ਮਿਲੇ ਮੀਤ ਅਗੰਮੀ ਯਾਰਾ, ਯਾਰੀ ਯਾਰਾਂ ਨਾਲ ਰਖਾਈਆ । ਜਿਸ ਨੂੰ ਕਹਿੰਦੇ ਏਕੰਕਾਰਾ, ਅਕਲ ਕਲਾ ਰਿਹਾ ਸਮਾਈਆ । ਸੋ ਲੈ ਕੇ ਆਇਆ ਨਾਮ ਭੰਡਾਰਾ, ਅਣਮੰਗਿਆਂ ਰਿਹਾ ਵਰਤਾਈਆ । ਰਾਤੀਂ ਸੁਤਿਆਂ ਦਏ ਦੀਦਾਰਾ, ਦਿਨੇ ਜਾਗਦਿਆਂ ਦਰਸ ਦਿਖਾਈਆ । ਨਿਰਗੁਣ ਨੂਰ ਜੋਤ ਉਜਿਆਰਾ, ਸ਼ਬਦੀ ਸ਼ਬਦ ਡੰਕ ਵਜਾਈਆ । ਕਾਗਦ ਕਲਮ ਲਿਖ ਲਿਖ ਹਾਰਾ, ਕਾਤਬ ਚਲੇ ਨਾ ਕੋਇ ਚਤੁਰਾਈਆ । ਬੇਅੰਤ ਅੰਤ ਕਹੇ ਨਾ ਕੋਈ ਵਿਚ ਸੰਸਾਰਾ, "ਕਿਉਂ" ਘਰ ਘਰ ਬੈਠਾ ਡੇਰਾ ਲਾਈਆ । ਜੋ ਆਪਣਾ ਖੋਲ੍ਹੇ ਆਪ ਕਿਵਾੜਾ, ਤਿਸ ਸਤਿਗੁਰ ਦਏ ਬੁਝਾਈਆ । ਜਿਸ ਨਿਰੰਕਾਰ ਮਿਲਿਆ ਨਾਨਕ ਸਤਿਗੁਰ ਮੀਤ ਮੁਰਾਰਾ, ਸੋ ਸਤਿਗੁਰ ਨਾਨਕ ਭਗਤਾਂ ਗੁਰਸਿਖਾਂ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੀਰ ਪੈਗ਼ੰਬਰ ਗੁਰ ਅਵਤਾਰ ਕੁਤਬ ਔਲੀਏ ਗੌਂਸ ਯਾਰ ਵੇਖਣਹਾਰਾ ਥਾਉਂ ਥਾਈਂਆ । ਹਰਿ ਸੰਗਤ ਸਾਚਾ ਮੇਲਾ, ਮਿਲਣੀ ਜਗਦੀਸ਼ ਕਰਾਈਆ । ਇਕੋ ਘਰ ਸੋਹੇ ਗੁਰੂ ਚੇਲਾ, ਚੇਲਾ ਗੁਰੂ ਰੂਪ ਵਟਾਈਆ । ਪੁਰਖ ਅਬਿਨਾਸ਼ੀ ਮਿਲਿਆ ਸੱਜਣ ਸੁਹੇਲਾ, ਘਰ ਸਾਚੇ ਵੱਜੇ ਵਧਾਈਆ । ਵਸਣਹਾਰਾ ਧਾਮ ਨਵੇਲਾ, ਹਰਿਜਨ ਵੇਖੇ ਚਾਈਂ ਚਾਈਂਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਆਦਿ ਨਿਰੰਜਣ ਸਗਨ ਮਨਾਈਆ । ਅਚਰਜ ਖੇਲ ਪ੍ਰਭੂ ਕਲ ਖੇਲਾ, ਖ਼ਾਲਕ ਖ਼ਲਕ ਭੇਵ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਦੁਆਰੇ ਦਏ ਵਡਿਆਈਆ । ਹਰਿ ਸੰਗਤ ਤੇਰਾ ਨਾਮ ਇਕੱਠ, ਹਰਿ ਸ਼ਬਦੀ ਜੋੜ ਜੁੜਾਇੰਦਾ । ਬੀਜ ਬੀਜੇ ਆਤਮ ਵਤ, ਅੰਮ੍ਰਿਤ ਸਿੰਚ ਹਰਾ ਕਰਾਇੰਦਾ । ਫੁੱਲ ਫੁਲਵਾੜੀ ਵੇਖੇ ਪਤ, ਪਤ ਡਾਲੀ ਆਪ ਮਹਿਕਾਇੰਦਾ । ਬੂਟਾ ਗੋਬਿੰਦ ਲਾਇਆ ਹੱਸ ਹੱਸ, ਸ੍ਰੀ ਭਗਵਾਨ ਫੁੱਲ ਖਿਲਾਇੰਦਾ । ਦੂਰ ਦੁਰਾਡਾ ਵੇਖੇ ਨੱਠ ਨੱਠ, ਬਣ ਪਾਂਧੀ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਜੋੜ ਜੁੜਾਇੰਦਾ । ਹਰਿ ਸੰਗਤ ਹਰਿ ਜੂ ਜੁੜਿਆ ਜੋੜਾ, ਸ਼ਬਦੀ ਸੁਰਤੀ ਮੇਲ ਮਿਲਾਈਆ । ਸਾਹਿਬ ਸਤਿਗੁਰ ਇਕੋ ਘੋੜਾ, ਨਾਮ ਨਿਰਵੈਰ ਰਿਹਾ ਵਖਾਈਆ । ਸੱਸੇ ਉਪਰ ਲਾਇਆ ਹੋੜਾ, ਹੋਕਾ ਦੋ ਜਹਾਨਾਂ ਸੁਣਾਈਆ । ਹੰ ਬ੍ਰਹਮ ਪ੍ਰਭ ਆਪੇ ਬੌਹੜਾ, ਆਤਮ ਪਰਮਾਤਮ ਭੇਵ ਚੁਕਾਈਆ । ਅੱਗੇ ਵੇਲਾ ਰਹਿ ਗਿਆ ਥੋੜਾ, ਕਲਜੁਗ ਰੋਵੇ ਮਾਰੇ ਧਾਹੀਂਆ । ਕਿਸੇ ਦਾ ਅਟਕਾਇਆ ਅਟਕੇ ਕੋਈ ਨਾ ਰੋੜਾ, ਰੋਕਣਹਾਰਾ ਨਜ਼ਰ ਕੋਇ ਨਾ ਆਈਆ । ਜ਼ੋਰੂ ਜ਼ਰ ਨਾ ਚਲੇ ਜ਼ੋਰਾ, ਜ਼ੋਰਾਵਰ ਬੇਪਰਵਾਹੀਆ । ਜਿਸ ਦਾ ਮੰਤਰ ਇਕੋ ਫੋਰਾ, ਫੁਰਨੇ ਵਿਚ ਸਰਬ ਲੋਕਾਈਆ । ਸੋ ਸਾਹਿਬ ਹਰਿ ਸੰਗਤ ਤੇਰੀ ਪਕੜੇ ਡੋਰਾ, ਡੋਰੀ ਆਪਣੇ ਨਾਲ ਬੰਧਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮਨਮੁਖਾਂ ਦੇਵੇ ਜਵਾਬ ਕੋਰਾ, ਲਾਰਾ ਲੱਪਾ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਸਚ ਅਖਾੜਾ ਏਕੰਕਾਰਾ ਵਿਚ ਸੰਸਾਰਾ, ਨਿਰਗੁਣ ਧਾਰਾ ਆਪ ਲਗਾਈਆ । ਨਿਰਗੁਣ ਧਾਰ ਸੰਗਤ ਵੇਸ, ਅਵੱਲੜੀ ਕਾਰ ਕਮਾਈਆ । ਜੋਤੀ ਜੋਤ ਜੋਤ ਪਰਵੇਸ਼, ਪਰਮ ਪੁਰਖ ਬੇਪਰਵਾਹੀਆ ।

੧੦੮
੧੫

ਡੂੰਘੀ ਭਵਰੀ ਕਰੇ ਹੇਤ, ਕਾਇਆ ਕਵਰੀ ਵੇਖ ਵਖਾਈਆ । ਸੋਹਣਾ ਵਸੇ ਸਾਹਿਬ ਦਾ ਦੇਸ, ਜਿਸ ਦੁਆਰੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਿਰਧ ਬਾਲ ਨੌ ਜਵਾਨ ਮੂਰਖ ਮੂੜ੍ਹ ਜਗਤ ਅਵਾਣ, ਜੋ ਅੰਤਰ ਬੈਠੇ ਕਰ ਕੇ ਧਿਆਨ, ਤਿਨ੍ਹਾਂ ਬੇੜਾ ਪਾਰ ਕਰਾਈਆ । ਤਿਨ੍ਹਾਂ ਬੇੜਾ ਹੋਏ ਪਾਰ, ਜੋ ਏਕਾ ਨਾਮ ਧਿਆਈਆ । ਸਾਚੀ ਰੈਣ ਖਿਲੇ ਗੁਲਜ਼ਾਰ, ਗੁਲਸ਼ਨ ਆਪ ਮਹਿਕਾਈਆ । ਪਰੇਮ ਪ੍ਰੀਤੀ ਚਲੇ ਫੁਹਾਰ, ਅੰਮ੍ਰਿਤ ਮੇਘ ਬਰਸਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਦਏ ਆਧਾਰ, ਭਗਤ ਭਗਵੰਤ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਇਕੋ ਇਕ ਫੇਰਾ ਪਾਈਆ । ਇਕੀ ਸਾਵਣ ਸਚ ਵਿਹਾਰ, ਬਿਵਹਾਰੀ ਆਪ ਕਰਾਈਆ । ਦੋ ਇਕ ਦਾ ਸਚ ਪਿਆਰ, ਇਕ ਦੋ ਜੋੜ ਜੁੜਾਈਆ । ਦੋ ਤੋ ਬਣਿਆ ਨਿਰਗੁਣ ਧਾਰ, ਇਕ ਇਕੋ ਨਜ਼ਰੀ ਆਈਆ । ਇਕ ਏਕੰਕਾਰ ਪਸਾਰ, ਦੋਏ ਧਾਰ ਆਪ ਪਰਗਟਾਈਆ । ਦੂਆ ਏਕਾ ਜਗਤ ਵਣਜਾਰ, ਬਣ ਵਣਜਾਰਾ ਹੱਟ ਚਲਾਈਆ । ਦੂਆ ਬਣੇ ਗੁਰੂ ਅਵਤਾਰ, ਏਕਾ ਪੁਰਖ ਅਕਾਲ ਰਿਹਾ ਸਮਾਈਆ । ਦੋਹਾਂ ਮੇਲਾ ਕਲਜੁਗ ਅੰਤਮ ਏਕਾ ਵਾਰ, ਕੋਈ ਸਮਝ ਨਾ ਸਕੇ ਰਾਈਆ । ਪੜ੍ਹ ਪੜ੍ਹ ਵਿਦਿਆ ਗਏ ਹਾਰ, ਵਿਦਿਆ ਦਾਤਾ ਨਜ਼ਰ ਕਿਸੇ ਨਾ ਆਈਆ । ਇਕ ਦੂਜੇ ਨਾਲ ਕਰਨ ਵਿਚਾਰ, ਮਨ ਮੱਤ ਬੁੱਧ ਰਹੇ ਦ੍ਰਿੜਾਈਆ । ਇਕ ਦੋ ਤਿੰਨਾਂ ਤੋ ਵਸਣ ਬਾਹਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਦੋਆ ਹੋ ਕੇ ਗੁਰੂ ਅਵਤਾਰ ਕਰਦੇ ਗਏ ਪੁਕਾਰ, ਦੋਏ ਜੋੜ ਸੀਸ ਝੁਕਾਈਆ । ਇਕ ਹੋ ਕੇ ਨਿਰਗੁਣ ਆਵੇਂ ਨਿਰਾਕਾਰ, ਨਿਰਗੁਣ ਤੇਰੇ ਹੱਥ ਵਡਿਆਈਆ । ਤੇਰੇ ਪਿਛੇ ਦੋ ਤੇਰਾ ਲੈਣ ਸਹਾਰ, ਅੱਗੇ ਤੇਰਾ ਰਾਹ ਤਕਾਈਆ । ਦੂਏ ਅੱਗੇ ਏਕਾ ਲੱਗੇ ਇਕੀ ਜੁੜ ਜਾਏ ਵਿਚ ਸੰਸਾਰ, ਇਕੀ ਗੋਬਿੰਦ ਗਿਆ ਪਾਈਆ । ਇਕੀ ਸਿਖਾਂ ਦੇਵੇ ਆਧਾਰ, ਨਿੱਕੀ ਨਿੱਕੀ ਕਰ ਗੁਫ਼ਤਾਰ, ਅੰਤਰ ਦੇ ਸ਼ਬਦ ਕਟਾਰ, ਖੰਡਾ ਇਕੋ ਇਕ ਚਮਕਾਈਆ । ਸੱਸਾ ਸਾਹਿਬ ਸਤਿਗੁਰ ਪਿਆਰ, ਵਾਵਾ ਵਿਸ਼ਵ ਦਏ ਆਧਾਰ, ਣਾਣਾ ਕੋਈ ਸਾਰ ਨਾ ਪਾਏ ਵਿਚ ਸੰਸਾਰ, ਸੰਸੇ ਵਿਚ ਸਰਬ ਲੁਕਾਈਆ । ਇਕ ਦੋ ਦਾ ਜੋੜਾ ਜੁੜਿਆ ਖੇਲ ਖਲਾਏ ਅਗੰਮ ਅਪਾਰ, ਅਗੰਮੜੀ ਕਾਰ ਕਮਾਈਆ । ਇਕੀ ਸਾਵਣ ਦਾ ਇਕ ਵਿਹਾਰ, ਪੰਦਰਾਂ ਕੱਤਕ ਦੀ ਬੰਨ੍ਹੇ ਧਾਰ, ਸਤਿਜੁਗ ਬਣਾਏ ਸਚਖੰਡ ਸਚ ਦਰਬਾਰ, ਦਰਗਹਿ ਸਾਚੀ ਇਕ ਵਖਾਈਆ । ਚਾਰ ਜੁਗ ਦਾ ਲਿਖਿਆ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖਾ ਸਾਮ੍ਹਣੇ ਦੇਵੇ ਪਾੜ, ਰੁੱਕਾ ਕਿਸੇ ਹੱਥ ਰਹਿਣ ਨਾ ਪਾਈਆ । ਵੀਹਵੀਂ ਸਦੀ ਜਿਸ ਦੀ ਕਰਦੇ ਗਏ ਪੁਕਾਰ, ਪੁਸ਼ਤ ਦਰ ਪੁਸ਼ਤ ਗਏ ਸਮਝਾਈਆ । ਤਿਸ ਦਾ ਲੇਖਾ ਦੱਸੇ ਆਪ ਅਹਿਵਾਲ, ਐਹਲ ਆਪਣਾ ਆਪ ਜਣਾਈਆ । ਰਾਤ ਨੂੰ ਸੁਣਨਾ ਨਾਲ ਖਿਆਲ, ਸੁਰਤੀ ਸ਼ਬਦ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੀ ਸਾਵਣ, ਆਇਆ ਪ੍ਰੇਮ ਪ੍ਰੀਤੀ ਸੇਜ ਰਾਵਣ, ਰਵ ਰਿਹਾ ਹਰ ਘਟ ਥਾਈਆ । ਇਕੀ ਸਾਵਣ ਪੈਣੀ ਇਕੀ, ਇਕੋ ਵਾਰ ਜਣਾਈਆ । ਚਾਰ ਵਰਨ ਦੀ ਬਣਨੀ ਸਿਖੀ, ਸੋ ਸਾਹਿਬ ਦਏ ਵਡਿਆਈਆ । ਜਿਸ ਦੀ ਧਾਰ ਹੋਣੀ ਤਿੱਖੀ, ਜਗ ਨੇਤਰ ਨਜ਼ਰ ਨਾ ਆਈਆ । ਧਰਤ ਮਾਤ ਸਚ ਦਵਾਰੇ ਜਾ ਕੇ ਪਿੱਟੀ, ਖੁਲੜੇ ਕੇਸ ਦਏ ਦੁਹਾਈਆ । ਮੇਰੀ ਖ਼ਾਕ ਉਡ ਗਈ ਮਿੱਟੀ, ਪ੍ਰਭੂ ਤੇਰੀ ਚਰਨ ਧੂੜ ਨਜ਼ਰ ਨਾ ਆਈਆ । ਤੇਰੀ ਖੇਲ ਕਿਸੇ ਨਾ ਡਿਠੀ, ਤੇਰਾ ਰੰਗ ਨਾ ਕੋਇ ਵਖਾਈਆ । ਮੈਂ ਤੇਰੇ ਭਗਤਾਂ ਚੁਕਦੀ

ਚੁਕਦੀ ਗਈ ਭਿਟੀ, ਊਚ ਨੀਚ ਜ਼ਾਤ ਪਾਤ ਮੇਰੇ ਉਤੇ ਕਰਨ ਲੜਾਈਆ । ਤੇਰੀ ਸਿਖਿਆ ਸਾਹਿਬ ਕਿਸੇ ਨਾ ਸਿਖੀ, ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕਰ ਗਏ ਪੜ੍ਹਾਈਆ । ਜਿਧਰ ਵੇਖਾਂ ਲੱਖ ਚੁਰਾਸੀ ਦਿਸੇ ਫਿਕੀ, ਅੰਮ੍ਰਿਤ ਰਸ ਰਸਨਾ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਸਾਚੀ ਸਿਖੀ ਕਰ ਪਰਵਾਨ, ਪਰਵਾਨਾ ਆਪਣਾ ਨਾਮ ਫੜਾਈਆ । ਅੰਦਰ ਵੜ ਸ੍ਰੀ ਭਗਵਾਨ, ਦੂਈ ਦਵੈਤ ਦੇ ਕਢਾਈਆ । ਸਚ ਸਰੋਵਰ ਕਰਾ ਅਸ਼ਨਾਨ, ਅੱਠਸੱਠ ਲੋੜ ਰਹੇ ਨਾ ਰਾਈਆ । ਸ਼ਬਦ ਭੰਡਾਰਾ ਦੇ ਦਾਨ, ਦੂਜੇ ਦਰ ਮੰਗਣ ਕੋਇ ਨਾ ਜਾਈਆ । ਘਰ ਦੀਵਾ ਬਾਤੀ ਦੇ ਮਹਾਨ, ਅੰਧ ਅੰਧੇਰ ਦਏ ਚੁਕਾਈਆ । ਚਾਰ ਵਰਨ ਦੇ ਗਿਆਨ, ਛੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਪੜ੍ਹਾਈਆ । ਤੇਰੀ ਆਤਮ ਸਭ ਦੇ ਅੰਦਰ ਬਲਵਾਨ, ਕਿਉਂ ਮਾਇਆ ਹੇਠ ਦਬਾਈਆ । ਕਰਮ ਕਾਂਡ ਕਰ ਕਲਿਆਣ, ਕਲਮਾ ਆਪਣਾ ਨਾਮ ਪੜ੍ਹਾਈਆ । ਸਾਚਾ ਦੱਸ ਇਕ ਈਮਾਨ, ਸਿਦਕ ਸਬੂਰੀ ਇਕ ਜਣਾਈਆ । ਕੂੜੀ ਕਿਰਿਆ ਮੇਟ ਤੂਫਾਨ, ਸ਼ੌਹ ਦਰਿਆ ਦੇ ਰੁੜ੍ਹਾਈਆ । ਇਕੋ ਵਾਰ ਕਰ ਸਰਬ ਕਲਿਆਣ, ਚਾਰੋ ਕੁੰਟ ਫੇਰਾ ਪਾਈਆ । ਕਿਰਪਾ ਕਰ ਸ੍ਰੀ ਭਗਵਾਨ, ਸਾਹਿਬ ਸਤਿਗੁਰ ਤੇਰੀ ਸਰਨਾਈਆ । ਬਿਨ ਇਕੀ ਇਕੀ ਕੁਲਾਂ ਤਾਰੇ ਨਾ ਕੋਇ ਜਹਾਨ, ਜਹੰਨਮ ਵਿਚ ਜਾਂਦੀ ਦਿਸੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣੀ ਧਾਰ ਬੰਧਾਈਆ । ਮੈਂ ਏਕਾ ਇਕੀ ਵਡਿਆਵਾਂਗਾ । ਨਿਰਗੁਣ ਹੋ ਕੇ ਹੁਕਮ ਮਨਾਵਾਂਗਾ । ਸਾਚੀ ਸਿਖੀ ਸਿਖ ਸਮਝਾਵਾਂਗਾ । ਧੁਰ ਦੀ ਲਿਖੀ ਲੇਖੇ ਲਾਵਾਂਗਾ । ਗੋਬਿੰਦ ਹੱਥ ਦਿਤੀ ਚਿਠੀ, ਅੰਤਮ ਪੜ੍ਹ ਕੇ ਆਪ ਸੁਣਾਵਾਂਗਾ । ਧਰਤ ਮਾਤ ਨਾ ਜਾਏ ਭਿਟੀ, ਸਚ ਸੁਚ ਅੰਮ੍ਰਿਤ ਮੇਘ ਬਰਸਾਵਾਂਗਾ । ਸਤਿਜੁਗ ਸਾਚੀ ਚਲੇ ਰੀਤੀ, ਰੀਤੀਵਾਨ ਇਕ ਦਰਸਾਵਾਂਗਾ । ਲੇਖਾ ਚੁਕੇ ਹਸਤ ਕੀਟੀ, ਊਚ ਨੀਚ ਮੇਟ ਮਿਟਾਵਾਂਗਾ । ਇਕੀ ਸਾਵਣ ਸੁਣਨੀ ਪਿਛਲੀ ਬੀਤੀ, ਅਗਲੀ ਗੰਢ ਆਪ ਖੁਲ੍ਹਾਵਾਂਗਾ । ਕੋਈ ਚੜ੍ਹਿਆ ਰਹੇ ਨਾ ਉਪਰ ਟੀਸੀ, ਸਭ ਨੂੰ ਫੜ ਕੇ ਥੱਲੇ ਲਾਹਵਾਂਗਾ । ਸਾਰੇ ਕਹਿਣ ਬੀਸ ਬੀਸੀ, ਵੀਹਵੀਂ ਸਦੀ ਆਪ ਸਮਝਾਵਾਂਗਾ । ਜਿਨ੍ਹਾਂ ਭੁੰਨ ਕਬਾਬ ਖਾਧਾ ਉਪਰ ਸੀਖੀਂ, ਤਿਨ੍ਹਾਂ ਅਜ਼ਾਬ ਅੰਤ ਦਿਵਾਵਾਂਗਾ । ਜੋ ਭੁੱਲੇ ਹੱਕ ਹਦੀਸੀ, ਤਿਨ੍ਹਾਂ ਹਜ਼ਰਤ ਕੋਲੋ ਮੂੰਹ ਭਵਾਵਾਂਗਾ । ਸਭ ਦੇ ਖਾਲੀ ਕਰ ਕੇ ਖੀਸੀ, ਰਾਜੇ ਰਾਣਿਆਂ ਤਖ਼ਤੋ ਲਾਹਵਾਂਗਾ । ਗੁਰਮੁਖ ਗੁਰਸਿਖ ਹਰਿਸੰਤ ਹਰਿਭਗਤ ਪ੍ਰਭ ਦੇ ਬਣਨ ਨਜ਼ਦੀਕੀ, ਨੇਰਨ ਨੇਰਾ ਰਾਹ ਜਣਾਵਾਂਗਾ । ਜੋ ਸ਼ਰੀਕ ਫਸੇ ਵਿਚ ਸ਼ਰੀਕੀ, ਤਿਨ੍ਹਾਂ ਸ਼ਿਰਕਤ ਮੇਟ ਮਿਟਾਵਾਂਗਾ । ਧਰਤ ਮਾਤ ਚੌਦਾਂ ਕੱਤਕ ਇਕੋ ਵਾਰ ਉਡੀਕੀਂ, ਤੇਰਾ ਲੇਖਾ ਤੇਰੀ ਝੋਲੀ ਪਾਵਾਂਗਾ । ਪ੍ਰਭ ਨੇ ਲਿਖੀ ਲਿਖਤ ਬਾਰੀਕੀ, ਬਿਨ ਹਰਫ਼ਾਂ ਪੜ੍ਹ ਸੁਣਾਵਾਂਗਾ । ਚਾਰ ਜੁਗ ਪੈਂਤੀ ਅੱਖਰਾਂ ਨਾਲ ਲੱਗੀ ਰਹੀ ਪ੍ਰੀਤੀ, ਬਾਵਨ ਅੱਖਰ ਬਾਬਤ ਆਪਣੀ ਆਪ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੀ ਸਾਵਣ ਦਾ ਇਕ ਦਿਹਾੜਾ, ਇਕੋ ਵਾਰ ਵਡਿਆਵਾਂਗਾ । ਇਕੀ ਸਾਵਣ ਵੀਹਵੀਂ ਸਦੀ, ਸੱਦਾ ਸਰਬ ਦਿਵਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਜਿਸ ਨੇ ਬੱਧੀ, ਬਦਲਾ ਲੇਖਾ ਸਭ ਦਾ ਝੋਲੀ ਪਾਇੰਦਾ । ਕਲਜੁਗ ਉਲਟੀ ਵਹਿਣ ਵਹੇ ਨਦੀ, ਵਾਹਵਾ ਆਪਣੀ ਧਾਰ ਵਖਾਇੰਦਾ । ਭਗਤ ਭਗਵੰਤ ਲੱਖ ਚੁਰਾਸੀ ਵਿਚੋ ਜਾਏ ਕੱਢੀ, ਫੜ ਫੜ ਬਾਹੋ ਪਾਰ ਕਰਾਇੰਦਾ । ਪਾਰ ਕਰਾਏ ਕੂੜੀ ਹੱਦੀ, ਘਰ ਸਾਚਾ ਇਕ ਵਖਾਇੰਦਾ । ਪੁਸ਼ਤ ਦਰ ਪੁਸ਼ਤ ਵੇਖੇ ਯਦੀ,

੧੧੦
੧੫

ਵਿਸ਼ਨ ਬ੍ਰਹਮਾ ਸ਼ਿਵ ਵਿਸ਼ਵ ਆਪਣੀ ਧਾਰ ਵਖਾਇੰਦਾ । ਸਚ ਪ੍ਰੀਤੀ ਜਿਨ੍ਹਾਂ ਲੱਗੀ, ਲਾਗਤ ਸਭ ਦੀ ਝੋਲੀ ਪਾਇੰਦਾ । ਕਲਜੁਗ ਅੰਤਮ ਖ਼ਾਹਸ਼ ਫਿਰੇ ਭੱਜੀ, ਚਾਰੇ ਕੁੰਟ ਆਪ ਦੌੜਾਇੰਦਾ । ਕੂੜੀ ਕਿਰਿਆ ਖਾ ਖਾ ਰੱਜੀ, ਸਚ ਸੁਚ ਝੋਲੀ ਨਾ ਕੋਇ ਪਾਇੰਦਾ । ਮੰਦਭਾਗਣ ਹੋਈ ਨੱਢੀ, ਹਰਿਭਗਤ ਨੱਢਾ ਅੰਗ ਨਾ ਕੋਇ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਕੇ ਗਏ ਸਾਚੀ ਸਦੀ, ਸਚ ਸੁਨੇਹੜਾ ਇਕ ਸੁਣਾਇੰਦਾ । ਮੁਲਾਂ ਸ਼ੇਖ ਪੰਡਤ ਪਾਂਧੇ ਕੂੜੀ ਕਿਰਿਆ ਖਾਵਣ ਵੱਢੀ, ਹਰਿ ਕਾ ਨਾਮ ਸਚ ਨਾ ਕੋਇ ਵਰਤਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗੁਰਬਾਣੀ ਕਾਗਜਾਂ ਉਤੇ ਕੀਤੀ ਰੱਦੀ, ਸਚ ਸੁਚ ਸਤਿ ਤੋੜ ਨਾ ਕੋਇ ਨਿਭਾਇੰਦਾ । ਮਧਰਾ ਮਾਸ ਖਾ ਖਾ ਮਧਰ ਰਸ ਲੈਣ ਮੱਧੀ, ਆਤਮ ਰਸ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੀ ਸਾਵਣ ਇਕੋ ਰੰਗ ਰੰਗਾਇੰਦਾ । ਇਕੀ ਸਾਵਣ ਆਇਆ ਉਹ, ਜਿਸ ਦਾ ਸਚ ਧਿਆਨ ਲਗਾਈਆ । ਜਿਸ ਦੇ ਪਿੱਛੇ ਬਾਲੇ ਦਿਤੇ ਨੀਹਾਂ ਹੇਠ ਮਹੀਨਾ ਪੋਹ, ਵਦੀ ਸੁਦੀ ਨਾ ਕੋਇ ਜੁੜਾਈਆ । ਜਿਨ੍ਹਾਂ ਪਿਛੇ ਮਾਛੂਵਾੜੇ ਸੂਲਾਂ ਸੱਥਰ ਲਿਆ ਜੋਹ, ਯਾਰੜਾ ਇਕ ਧਿਆਨ ਲਗਾਈਆ । ਜਿਸ ਦੇ ਪਿਛੇ ਨਈਆ ਨੌਕਾ ਲਈ ਡਬੋ, ਖੇਵਟ ਖੇਟਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਲੈ ਕੇ ਆਇਆ ਢੋਆ ਢੋ, ਦੂਆ ਏਕਾ ਏਕਾ ਦੂਆ ਏਕਾ ਦੋਆ ਜੋੜ ਜੁੜਾਈਆ । ਇਕੀ ਸਾਵਣ ਸਭ ਦਾ ਸਾਂਝਾ, ਸਭਨਾ ਆਪ ਜਣਾਈਆ । ਹਰਿ ਕੇ ਨਾਮ ਬਿਨਾਂ ਕੋਈ ਨਾ ਰਹੇ ਵਾਂਝਾ, ਪ੍ਰਭ ਦੇਵਣਹਾਰ ਸਰਬ ਵਡਿਆਈਆ । ਕਲਜੁਗ ਅੰਤਮ ਕੂੜੀ ਕਿਰਿਆ ਝੱਖੜ ਵਗੇ ਝਾਂਜਾ, ਉਚੇ ਪਰਬਤ ਰਿਹਾ ਢਾਹੀਆ । ਵੀਹਵੀਂ ਸਦੀ ਪਿਛੋ ਫਿਰਨਾ ਮਾਂਜਾ, ਸਫਾ ਸਭ ਦੀ ਦਏ ਉਠਾਈਆ । ਕਿਸੇ ਨਾ ਗਾਉਣਾ ਹੀਰ ਰਾਂਝਾ, ਸਦ ਹੇਕ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਿਵਸ ਸਮਝਾਈਆ । ਇਕੀ ਸਾਵਣ ਆਇਆ ਮੁਕਾ ਪੰਧ, ਪਾਂਧੀ ਆਪਣਾ ਫੇਰਾ ਪਾਈਆ । ਸ੍ਰੀ ਭਗਵਾਨ ਦਾ ਸੁਣਨਾ ਛੰਦ, ਇਕੋ ਢੋਲਾ ਰਿਹਾ ਸੁਣਾਈਆ । ਕੂੜੀ ਕਿਰਿਆ ਮੁੱਕੇ ਗੰਦ, ਕੂੜ ਕੁੜਿਆਰਾ ਰਹਿਣ ਨਾ ਪਾਈਆ । ਹਰਿ ਕਾ ਨਾਉਂ ਚੜ੍ਹੇ ਚੰਦ, ਜਗਤ ਅੰਧੇਰ ਦਏ ਗਵਾਈਆ । ਚਾਰ ਵਰਨਾਂ ਆਵੇ ਇਕ ਅਨੰਦ, ਨਿਜਾਨੰਦ ਇਕ ਰਸਾਈਆ । ਨੌ ਦੁਆਰੇ ਖੰਡ ਖੰਡ, ਘਰ ਦਸਵੇਂ ਬੂਝ ਬੁਝਾਈਆ । ਸੁਰਤ ਸਵਾਣੀ ਨਾ ਹੋਏ ਰੰਡ, ਗੁਰ ਸ਼ਬਦ ਲਏ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਕੀ ਦਏ ਜਣਾਈਆ । ਸਾਵਣ ਇਕੀ ਜਗ ਵਿਚ ਆਇਆ, ਮਿਲੇ ਮਾਣ ਵਡਿਆਈਆ । ਸਤਿਗੁਰ ਪੂਰਾ ਦਇਆ ਕਮਾਇਆ, ਹੋਏ ਆਪ ਸਹਾਈਆ । ਤ੍ਰੈਗੁਣ ਮਾਇਆ ਡੇਰਾ ਢਾਹਿਆ, ਢਾਹ ਢਾਹ ਖ਼ਾਕ ਕਰਾਈਆ । ਸਾਚਾ ਮੰਤਰ ਇਕ ਦ੍ਰਿੜਾਇਆ, ਭਾਂਡਾ ਭਰਮ ਭੰਨਾਈਆ । ਘਰ ਪਰਮੇਸ਼ਵਰ ਨਜ਼ਰੀ ਆਇਆ, ਸਚ ਤਾਕੀ ਖੋਲ੍ਹ ਖੁਲ੍ਹਾਈਆ । ਸਖ਼ੀਆਂ ਮਿਲ ਕੇ ਮੰਗਲ ਗਾਇਆ, ਵੱਜੀ ਨਾਮ ਵਧਾਈਆ । ਮਾਲਵਾ ਸੰਗਤ ਵਡ ਵਡਿਆਇਆ, ਹਰਿ ਮਿਲਿਆ ਬੇਪਰਵਾਹੀਆ । ਮਾਰਗ ਸੌਖਾ ਇਕ ਲਗਾਇਆ, ਚਲੋ ਵਾਹੋ ਦਾਹੀਆ । ਅੱਧਵਿਚਕਾਰ ਨਾ ਕੋਈ ਅਟਕਾਇਆ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਈਆ । ਥਿਰ ਘਰ ਸਾਚੇ ਲਏ ਮਿਲਾਇਆ, ਹਰਿ ਸ਼ਬਦੀ ਜੋੜ ਜੁੜਾਈਆ । ਸਚਖੰਡ ਨਿਵਾਸੀ ਹੋਏ ਸਹਾਇਆ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ

ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਇਕੀ ਆਖ਼ਰ ਆਪਣੇ ਨਾਮ ਜਣਾਈਆ । ਏਕਾ ਇਕੀ ਹਰਿ ਕਾ ਨਾਮ, ਦੋ ਇਕ ਆਪ ਜਣਾਇੰਦਾ । ਦੋ ਜਹਾਨ ਪੀਓ ਜਾਮ, ਸਚ ਪਿਆਲਾ ਹੱਥ ਉਠਾਇੰਦਾ । ਸ੍ਰੀ ਭਗਵਾਨ ਸੁਣੇ ਪੈਗ਼ਾਮ, ਕਲਮਾ ਨਬੀ ਰਸੂਲ ਪੜ੍ਹਾਇੰਦਾ । ਮੰਤਰ ਸਚਾ ਸਤਿ ਨਾਮ, ਨਾਮ ਸਤਿ ਆਪ ਉਪਾਇੰਦਾ । ਕਾਇਆ ਨਗਰ ਖੇੜਾ ਗਰਾਮ, ਜਿਸ ਘਰ ਸਾਚੇ ਡੇਰਾ ਲਾਇੰਦਾ । ਸੋ ਮੰਦਰ ਸੋਹੇ ਮਕਾਨ, ਸੋਭਾਵੰਤ ਆਪ ਸੁਹਾਇੰਦਾ । ਸ੍ਰਿਸ਼ਟੀ ਭੁੱਲੀ ਵਿਚ ਜਹਾਨ, ਦੂਤੀ ਦੁਸ਼ਟੀ ਸਰਬ ਕੁਰਲਾਇੰਦਾ । ਕੂੜੀ ਕਿਰਿਆ ਕਲਜੁਗ ਕਰੀ ਪਰਧਾਨ, ਸਚ ਸੁਚ ਨਜ਼ਰ ਕੋਇ ਨਾ ਆਇੰਦਾ । ਰਾਜਾ ਪਰਜਾ ਦੋਏ ਹੋਏ ਹੈਰਾਨ, ਧੀਰਜ ਧੀਰ ਨਾ ਕੋਇ ਰਖਾਇੰਦਾ । ਸਾਬਤ ਦਿਸੇ ਨਾ ਕੋਇ ਈਮਾਨ, ਹਦੀਸ ਸਚ ਨਾ ਕੋਇ ਸਮਝਾਇੰਦਾ । ਏਕਾ ਇਕੀ ਕਲਜੁਗ ਅੰਤ ਹੋਏ ਪਰਵਾਨ, ਸਤਿਜੁਗ ਸਾਚੀ ਸਿਖੀ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਦਾਤਾ ਪੁਰਖ ਬਿਧਾਤਾ ਵੇਖਣਹਾਰਾ ਇਕ ਇਕਾਂਤਾ, ਅਕਲ ਕਲਧਾਰੀ ਏਕੰਕਾਰੀ ਖੇਲ ਨਿਆਰੀ ਵਡ ਸੰਸਾਰੀ, ਸੰਸਾਰ ਸਾਗਰ ਖੋਜ ਖੁਜਾਇੰਦਾ । ਖੋਜਣਹਾਰ ਸੰਸਾਰ ਸਾਗਰ, ਗਹਿਰ ਗੰਭੀਰ ਖੇਲ ਕਰਾਇੰਦਾ । ਵੇਖਣਹਾਰਾ ਕਾਇਆ ਗਾਗਰ, ਲੱਖ ਚੁਰਾਸੀ ਫੋਲ ਫੋਲਾਇੰਦਾ । ਨਾਮ ਵਣਜਾਰਾ ਬਣ ਸੌਦਾਗਰ, ਸੌਦਾ ਇਕੋ ਹੱਟ ਵਿਕਾਇੰਦਾ । ਜਨ ਭਗਤਾਂ ਜੁਗ ਜੁਗ ਦੇਵੇ ਆਦਰ, ਮਨਮੁਖਾਂ ਦਰ ਦੁਰਕਾਇੰਦਾ । ਸ਼ਬਦ ਦੁਸ਼ਾਲਾ ਅਗੰਮੀ ਚਾਦਰ, ਸਾਚਾ ਪੜਦਾ ਆਪ ਉਠਾਇੰਦਾ । ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਆਪ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਦੇਵੇ ਵਰ, ਸਤਿਜੁਗ ਸਾਚਾ ਮਾਰਗ ਲਾਇੰਦਾ । ਸਤਿਜੁਗ ਸਾਚਾ ਮਾਰਗ ਲਾਉਣਾ, ਸੋ ਸਾਹਿਬ ਹੱਥ ਵਡਿਆਈਆ । ਏਕਾ ਇਕੀ ਅੰਗ ਲਗਾਉਣਾ, ਅਕਲ ਕਲਾ ਸਰਨਾਈਆ । ਭੇਵ ਅਭੇਦਾ ਆਪ ਜਣਾਉਣਾ, ਅਨਭਵ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਦੇਵੇ ਵਰ, ਸਤਿਜੁਗ ਸਾਚਾ ਰਾਹ ਜਣਾਈਆ । ਤਖ਼ਤ ਨਿਵਾਸੀ ਸ਼ਾਹ ਸੁਲਤਾਨ, ਨਰ ਨਿਰੰਕਾਰ ਵੱਡੀ ਵਡਿਆਈਆ । ਪੁਰਖ ਅਕਾਲ ਵਾਲੀ ਦੋ ਜਹਾਨ, ਸਤਿ ਸਤਿਵਾਦੀ ਬੇਪਰਵਾਹੀਆ । ਵਸਣਹਾਰਾ ਸਚ ਮਕਾਨ, ਸਚਖੰਡ ਸਾਚੇ ਡੇਰਾ ਲਾਈਆ । ਨਿਰਗੁਣ ਰੂਪ ਬੇਪਹਿਚਾਨ, ਰੰਗ ਰੇਖ ਨਾ ਕੋਇ ਵਖਾਈਆ । ਜੋਤੀ ਜਾਤਾ ਹੋ ਪਰਧਾਨ, ਨੂਰੋ ਨੂਰ ਨੂਰ ਰੁਸ਼ਨਾਈਆ । ਮੁਕਾਮੇ ਹੱਕ ਖੇਲ ਮਹਾਨ, ਬੇਪਰਵਾਹ ਆਪ ਪਰਗਟਾਈਆ । ਲਾਸ਼ਰੀਕ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਪਣੀ ਕਾਰ ਕਮਾਈਆ । ਸ਼ਾਹ ਸੁਲਤਾਨਾ ਮਿਹਰਵਾਨ ਮਹਿਬੂਬ, ਮੁਹੱਬਤ ਇਕ ਅਖਵਾਇੰਦਾ । ਨਿਰਗੁਣ ਨਿਰਵੈਰ ਸਤਿ ਸਰੂਪ, ਸਤਿ ਸਤਿ ਕਾਰ ਕਮਾਇੰਦਾ । ਆਪੇ ਵਸੇ ਆਪਣੀ ਕੂਟ, ਦਿਸ਼ਾ ਵੰਡ ਨਾ ਕੋਇ ਵੰਡਾਇੰਦਾ । ਆਪੇ ਤਾਗਾ ਆਪੇ ਸੂਤ, ਤਾਣਾ ਪੇਟਾ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਪਣਾ ਖੇਲ ਕਰਾਇੰਦਾ । ਆਦਿ ਪੁਰਖ ਹਰਿ ਖੇਲ ਅਵੱਲਾ, ਅਲਖ ਅਗੋਚਰ ਆਪ ਕਰਾਈਆ । ਨਿਰਗੁਣ ਧਾਰ ਇਕ ਇਕੱਲਾ, ਅਕਲ ਕਲ ਵੱਡੀ ਵਡਿਆਈਆ । ਸਤਿ ਪਰਕਾਸ਼ ਦੀਪਕ ਬਲਾ, ਤੇਲ ਬੱਤੀ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਈਆ । ਆਪਣਾ ਭੇਵ ਖੋਲ੍ਹੇ ਨਿਰੰਕਾਰ, ਨਰ ਹਰਿ ਆਪਣੀ ਦਇਆ ਕਮਾਇੰਦਾ ।

ਸੋ ਪੁਰਖ ਨਿਰੰਜਣ ਹੋ ਤਿਆਰ, ਹਰਿ ਪੁਰਖ ਨਿਰੰਜਣ ਪੜਦਾ ਲਾਹਿੰਦਾ । ਏਕੰਕਾਰ ਕਰ ਵਿਹਾਰ, ਬਿਵਹਾਰੀ ਆਪਣੀ ਧਾਰ ਚਲਾਇੰਦਾ । ਆਦਿ ਨਿਰੰਜਣ ਨੂਰ ਉਜਿਆਰ, ਜ਼ਹੂਰ ਇਕੋ ਇਕ ਦਰਸਾਇੰਦਾ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜ, ਸਚਖੰਡ ਦਵਾਰ ਆਪ ਵਡਿਆਇੰਦਾ । ਸ੍ਰੀ ਭਗਵਾਨ ਹੋ ਤਿਆਰ, ਸਾਹਿਬ ਸੁਲਤਾਨ ਆਸਣ ਲਾਇੰਦਾ । ਪਾਰਬ੍ਰਹਮ ਪ੍ਰਭ ਬਣ ਭਿਖਾਰ, ਦਰ ਦਰਵੇਸ਼ ਅਲਖ ਜਗਾਇੰਦਾ । ਪੁਰਖ ਅਕਾਲਾ ਵਡ ਬਲਕਾਰ, ਬਲ ਆਪਣਾ ਆਪ ਪਰਗਟਾਇੰਦਾ । ਦੀਨ ਦਿਆਲਾ ਦੇਵਣਹਾਰ, ਦਾਤਾ ਦਾਨੀ ਆਪ ਅਖਵਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚਾ ਧਾਮ ਸੁਹਾਇੰਦਾ । ਇਕ ਇਕੱਲਾ ਨਿਰਾਕਾਰ, ਨਿਰਵੈਰ ਆਪਣਾ ਭੇਵ ਆਪਣੇ ਵਿਚ ਛੁਪਾਇੰਦਾ । ਸਚਖੰਡ ਵਸੇ ਸਚ ਦਰਬਾਰ, ਸੋਭਾਵੰਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਦਿ ਆਪਣੀ ਕਲ ਵਰਤਾਇੰਦਾ । ਆਦਿ ਕਲ ਹਰਿ ਵਰਤੰਤਾ, ਭੇਵ ਕੋਇ ਨਾ ਪਾਈਆ । ਖੇਲੇ ਖੇਲ ਸ੍ਰੀ ਭਗਵੰਤਾ, ਭਗਵਨ ਆਪਣੀ ਧਾਰ ਚਲਾਈਆ । ਆਪ ਬਣਾਏ ਆਪਣੀ ਬਣਤਾ, ਘੜਨ ਭੰਨਣਹਾਰ ਆਪ ਹੋ ਜਾਈਆ । ਆਪੇ ਇਸ਼ਟ ਦੇਵ ਗੁਰ ਮੰਤਾ, ਸੀਸ ਜਗਦੀਸ ਆਪ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਆਪਣੇ ਹੱਥ ਰੱਖੀ ਵਡਿਆਈਆ । ਆਦਿ ਪੁਰਖ ਪ੍ਰਭ ਹੋ ਤਿਆਰ, ਨਿਰਗੁਣ ਆਪਣਾ ਰੂਪ ਵਟਾਇਆ । ਮਾਤ ਪਿਤ ਨਾ ਕੋਇ ਪਿਆਰ, ਪੂਤ ਸਪੂਤ ਨਾ ਕੋਇ ਜਾਇਆ । ਦਾਈ ਦਾਇਆ ਨਾ ਕੋਇ ਆਧਾਰ, ਸੇਵਕ ਸੇਵ ਨਾ ਕੋਇ ਕਮਾਇਆ । ਸਾਚਾ ਮੰਦਰ ਨਾ ਕੋਇ ਮਕਾਨ, ਸੁਹੰਜਣੀ ਸੇਜ ਨਾ ਕੋਇ ਵਖਾਇਆ । ਸ਼ੱਤਰੂ ਮੀਤ ਨਾ ਕੋਇ ਆਧਾਰ, ਸਾਚਾ ਸੰਗ ਨਾ ਕੋਇ ਨਿਭਾਇਆ । ਇਕ ਇਕੱਲਾ ਏਕੰਕਾਰ, ਆਪਣੀ ਕਲ ਆਪ ਪਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਪੜਦਾ ਆਪ ਉਠਾਇਆ । ਆਪਣਾ ਪੜਦਾ ਆਪੇ ਖੋਲ੍ਹ, ਆਪਣੇ ਹੱਥ ਰੱਖੇ ਵਡਿਆਈਆ । ਆਪਾ ਵਖਾਏ ਆਪਣੇ ਕੋਲ, ਦੂਜਾ ਨਜ਼ਰ ਕੋਇ ਨਾ ਆਈਆ । ਆਪੇ ਤੋਲੇ ਆਪਣਾ ਤੋਲ, ਤੋਲਣਹਾਰਾ ਬੇਪਰਵਾਹੀਆ । ਜੋਤੀ ਜਾਤਾ ਵਸੇ ਅਡੋਲ, ਡੁਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਆਪਣਾ ਲੇਖਾ ਦੱਸੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਸੋ ਪੁਰਖ ਨਿਰੰਜਣ ਹੋ ਮਿਹਰਵਾਨ, ਮਿਹਰ ਨਜ਼ਰ ਉਠਾਇੰਦਾ । ਹਰਿ ਪੁਰਖ ਨਿਰੰਜਣ ਦੇਵੇ ਦਾਨ, ਦਇਆਵਾਨ ਵੇਖ ਵਖਾਇੰਦਾ । ਏਕੰਕਾਰਾ ਕਰ ਪਰਵਾਨ, ਸਚ ਪਰਵਾਨਾ ਇਕ ਪਰਗਟਾਇੰਦਾ । ਆਦਿ ਨਿਰੰਜਣ ਖੇਲ ਮਹਾਨ, ਨੂਰ ਨੂਰ ਵਿਚੋ ਵਖਾਇੰਦਾ । ਅਬਿਨਾਸ਼ੀ ਕਰਤਾ ਬਣ ਕੇ ਕਾਹਨ, ਦਰ ਘਰ ਸਾਚੇ ਸੋਭਾ ਪਾਇੰਦਾ । ਸ੍ਰੀ ਭਗਵਾਨ ਗੁਣ ਨਿਧਾਨ, ਗੁਣ ਨਿਧਾਨ ਆਪ ਹੋ ਜਾਇੰਦਾ । ਪਾਰਬ੍ਰਹਮ ਪ੍ਰਭ ਆਪਾ ਆਪ ਕਰ ਪਰਵਾਨ, ਆਪ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲਾਇੰਦਾ । ਆਦਿ ਪੁਰਖ ਹਰਿ ਆਪ ਸਵਾਮੀ, ਅਪਰੰਪਰ ਆਪਣਾ ਖੇਲ ਰਚਾਈਆ । ਸੋ ਸਾਹਿਬ ਬਣ ਨਿਹਕਾਮੀ, ਨਿਹਕਰਮੀ ਕਰਮ ਕਮਾਈਆ । ਪੁਰਖ ਅਕਾਲਾ ਅੰਤਰਜਾਮੀ, ਅੰਤਰਯਾਮਤਾ ਆਪਣੇ ਵਿਚ ਛੁਪਾਈਆ । ਆਦਿ ਬਣਿਆ ਆਪਣਾ ਬਾਨੀ, ਆਪਣੀ ਧਾਰ ਆਪ ਪਰਗਟਾਈਆ । ਕਰੇ ਖੇਲ ਆਪ ਲਾਸਾਨੀ, ਗਹਿਰ ਗੰਭੀਰ ਸਚਾ ਸ਼ਹਿਨਸ਼ਾਹੀਆ । ਜਿਸ ਦੀ ਦੱਸੇ ਨਾ ਕੋਇ ਨਿਸ਼ਾਨੀ, ਬੇਅੰਤ ਕਹਿ ਕਹਿ ਸੀਸ ਝੁਕਾਈਆ । ਸੋ ਸਾਹਿਬ ਵਡ ਪਰਧਾਨੀ,

ਵਡ ਪਰਧਾਨਗੀ ਆਪ ਕਮਾਈਆ । ਸਚਖੰਡ ਦੁਆਰ ਬਣਾਏ ਸੱਚੀ ਰਾਜਧਾਨੀ, ਰਾਜਾ ਇਕੋ ਨਜ਼ਰੀ ਆਈਆ । ਤਖ਼ਤ ਨਿਵਾਸੀ ਖੇਲ ਮਹਾਨੀ, ਮਹਾਂਬਲੀ ਆਪ ਸਮਝਾਈਆ । ਆਪੇ ਜਾਣੇ ਧੁਰ ਫ਼ਰਮਾਨੀ, ਧੁਰ ਸੰਦੇਸਾ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਈਆ । ਆਪਣਾ ਖੇਲ ਰਚੇ ਅਗੰਮ, ਅਗੰਮੜੀ ਕਾਰ ਕਮਾਇੰਦਾ । ਮਾਤ ਪਿਤਾ ਗੋਦੀ ਪਏ ਨਾ ਜੰਮ, ਕਾਇਆ ਤਤ ਨਾ ਕੋਇ ਵਖਾਇੰਦਾ । ਨਿਰਾਕਾਰ ਕਰੇ ਕਰਾਏ ਸਾਚਾ ਕੰਮ, ਕਰਮ ਕਾਂਡ ਨਾ ਵੰਡ ਵੰਡਾਇੰਦਾ । ਆਦਿ ਬੇੜਾ ਆਪਣਾ ਬੰਨ੍ਹ, ਸਾਚੀ ਧਾਰ ਆਪ ਵਖਾਇੰਦਾ । ਸਚਖੰਡ ਦੁਆਰੇ ਚਾੜ੍ਹ ਚੰਨ, ਜੋਤੀ ਜੋਤ ਡਗਮਗਾਇੰਦਾ । ਦੇਵਣਹਾਰਾ ਸਾਚਾ ਧਨ, ਨਾਮ ਆਪਣਾ ਆਪ ਵਰਤਾਇੰਦਾ । ਨਾ ਕੋਈ ਮਨਸਾ ਨਾ ਕੋਈ ਮਨ, ਮਮਤਾ ਹੋਰ ਨਾ ਕੋਇ ਰਖਾਇੰਦਾ । ਆਪੇ ਬਣ ਕੇ ਜਨਨੀ ਜਨ, ਧੰਨ ਜਣੇਂਦੀ ਮਾਈ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਇੰਦਾ । ਸਾਚੀ ਕਾਰ ਆਪੇ ਕਰ, ਹਰਿ ਕਰਤਾ ਖੇਲ ਰਚਾਈਆ । ਨਿਰਗੁਣ ਜੋਤ ਆਪੇ ਧਰ, ਵੇਖਣਹਾਰ ਬੇਪਰਵਾਹੀਆ । ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਨਿਰਗੁਣ ਘਾੜਨ ਅਗੰਮੀ ਘੜ, ਠਠਿਆਰਾ ਆਪਣੀ ਕਾਰ ਕਮਾਈਆ । ਸਚ ਮਹੱਲੇ ਆਪ ਚੜ੍ਹ, ਸਚਖੰਡ ਵਸੇ ਸੱਚਾ ਮਾਹੀਆ । ਨਿਸ਼ਅੱਖਰ ਅੱਖਰ ਆਪੇ ਪੜ੍ਹ, ਏਕੰਕਾਰਾ ਕਰੇ ਪੜ੍ਹਾਈਆ । ਸਤਿ ਸਤਿਵਾਦੀ ਫੜਾਏ ਲੜ, ਪੱਲੂ ਏਕਾ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਵਿਹਾਰਾ, ਕਰੇ ਕਰਾਏ ਏਕੰਕਾਰਾ, ਜੋਤੀ ਜੋਤ ਕਰੇ ਪਿਆਰਾ, ਨਾਰ ਕੰਤ ਰੂਪ ਸੁਹਾਈਆ । ਨਾਰ ਕੰਤ ਸ੍ਰੀ ਭਗਵੰਤ, ਸਚਖੰਡ ਸੇਜ ਹੰਡਾਇੰਦਾ । ਆਪ ਬਣਾ ਆਪਣੀ ਬਣਤ, ਸਾਚਾ ਰੂਪ ਆਪ ਪਰਗਟਾਇੰਦਾ । ਕਰੇ ਖੇਲ ਸਾਹਿਬ ਬੇਅੰਤ, ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਵਖਾਇੰਦਾ । ਸਾਚਾ ਰਾਹ ਸਾਹਿਬ ਸੁਲਤਾਨ, ਹਰਿ ਇਕੋ ਇਕ ਪਰਗਟਾਈਆ । ਸਚਖੰਡ ਅੰਦਰ ਖੋਲ੍ਹ ਦੁਕਾਨ, ਥਿਰ ਘਰ ਦੇਵਣਹਾਰ ਵਡਿਆਈਆ । ਦੀਵਾ ਜੋਤ ਜਗੇ ਮਹਾਨ, ਤੇਲ ਬਾਤੀ ਨਜ਼ਰ ਕੋਇ ਨਾ ਆਈਆ । ਘਾੜਤ ਘੜੇ ਬੇਪਹਿਚਾਨ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਥਿਰ ਘਰ ਵਾਸੀ, ਸ਼ਬਦੀ ਸ਼ਬਦ ਆਪ ਕਰਾਇੰਦਾ । ਨਿਰਗੁਣ ਨੂਰ ਜੋਤ ਪਰਕਾਸ਼ੀ, ਪਰਕਾਸ਼ਵਾਨ ਭੇਵ ਚੁਕਾਇੰਦਾ । ਆਪਣੀ ਇਛਿਆ ਪੂਰੀ ਕਰੇ ਆਸੀ, ਆਸਾਵੰਦ ਆਪ ਹੋ ਜਾਇੰਦਾ । ਨਾਉਂ ਰੱਖ ਪੁਰਖ ਅਬਿਨਾਸ਼ੀ, ਆਪਣੀ ਕਲਾ ਆਪ ਪਰਗਟਾਇੰਦਾ । ਚਿੰਤਾ ਗ਼ਮ ਨਾ ਕੋਇ ਉਦਾਸੀ, ਹਰਖ਼ ਸੋਗ ਨਾ ਕੋਇ ਵਖਾਇੰਦਾ । ਮੰਡਲ ਮੰਡਪ ਨਾ ਕੋਇ ਰਾਸੀ, ਸੂਰਜ ਚੰਦ ਨਾ ਕੋਇ ਚਮਕਾਇੰਦਾ । ਗਗਨ ਗਗਨੰਤਰ ਨਾ ਪ੍ਰਿਥਮੀ ਆਕਾਸ਼ੀ, ਧਰਤ ਧਵਲ ਨਾ ਕੋਇ ਵਖਾਇੰਦਾ । ਗੁਰ ਅਵਤਾਰ ਨਾ ਕੋਈ ਸਾਥੀ, ਪੀਰ ਪੈਗ਼ੰਬਰ ਨਾ ਵੰਡ ਵੰਡਾਇੰਦਾ । ਸ਼ਬਦ ਨਾਦ ਧੁਨ ਨਾ ਕੋਇ ਪੂਜਾ ਪਾਠੀ, ਸ਼ਾਸਤਰ ਸਿਮਰਤ ਲੇਖ ਨਾ ਕੋਇ ਲਿਖਾਇੰਦਾ । ਤੀਰਥ ਕਿਨਾਰ ਨਾ ਕੋਇ ਤਾਟੀ, ਸਰੋਵਰ ਰੂਪ ਨਾ ਕੋਇ ਵਖਾਇੰਦਾ । ਚੌਦਾਂ ਲੋਕ ਨਾ ਕੋਇ ਹਾਟੀ, ਚੌਦਾਂ ਤਬਕ ਨਾ ਕੁੰਡਾ ਲਾਹਿੰਦਾ । ਕਰੇ ਖੇਲ ਪ੍ਰਭ ਕਮਲਾਪਾਤੀ, ਇਕ ਇਕੱਲਾ ਵੇਸ ਵਟਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤੀ, ਘੜੀ ਪਲ ਨਾ ਵੰਡ ਵੰਡਾਇੰਦਾ । ਨਾ ਕੋਈ ਸੰਧਿਆ ਨਾ ਪਰਭਾਤੀ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ ।

ਨਾ ਕੋਈ ਦੀਵਾ ਨਾ ਕੋਈ ਬਾਤੀ, ਹਵਨ ਧੂਪ ਨਾ ਕੋਇ ਵਖਾਇੰਦਾ । ਨਾ ਕੋਈ ਮਜ਼੍ਹਬ ਨਾ ਕੋਈ ਜ਼ਾਤੀ, ਦੀਨ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਪਾਖਰ ਨਾ ਕੋਈ ਆਸਣ ਨਾ ਕੋਈ ਅਸਵ ਪਾਵੇ ਕਾਠੀ, ਸ਼ਾਹਸਵਾਰ ਨਾ ਕੋਇ ਅਖਵਾਇੰਦਾ । ਨਾ ਕੋਈ ਦਿਸੇ ਐਰਾਪਤ ਹਾਥੀ, ਚੌਦਾਂ ਰਤਨ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਪਿਆਲਾ ਨਾ ਕੋਈ ਸਾਕੀ, ਭਰ ਪਿਆਲਾ ਜਾਮ ਨਾ ਕੋਇ ਪਿਆਇੰਦਾ । ਕਰੇ ਖੇਲ ਆਦਿ ਪੁਰਖ ਇਕ ਇਕਾਂਤੀ, ਅਕਲ ਕਲ ਆਪਣੀ ਕਾਰ ਕਮਾਇੰਦਾ । ਆਦਿ ਆਦਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਸਮਝਾਇੰਦਾ । ਸਾਚੀ ਕਰਨੀ ਕਰਨੇ ਯੋਗ, ਸੋ ਸਾਹਿਬ ਇਕ ਅਖਵਾਈਆ । ਸਚਖੰਡ ਨਿਵਾਸੀ ਨਿਰਗੁਣ ਨਿਰਗੁਣ ਭੋਗੇ ਭੋਗ, ਭਸਮੜ ਆਪਣੀ ਧਾਰ ਜਣਾਈਆ । ਧੁਰਦਰਬਾਰੀ ਕਰਕੇ ਧੁਰ ਸੰਜੋਗ, ਜੋਤੀ ਜੋਤ ਮੇਲ ਮਿਲਾਈਆ । ਸਚਖੰਡ ਦੁਆਰਾ ਕਿਲਾ ਕੋਟ, ਬੰਕ ਦੇਵੇ ਮਾਣ ਵਡਿਆਈਆ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਕਰੇ ਰੁਸ਼ਨਾਈਆ । ਅੰਤਮ ਦੱਸੇ ਇਕੋ ਓਟ, ਸਚ ਸਹਾਰਾ ਇਕ ਸਮਝਾਈਆ । ਨਿਰਗੁਣ ਨਿਰਗੁਣ ਉਤੇ ਹੋਵੇ ਮੋਹਤ, ਮੁਹੱਬਤ ਇਕੋ ਘਰ ਵਖਾਈਆ । ਇਕੋ ਪ੍ਰੇਮ ਇਕੋ ਪ੍ਰੀਤਮ ਇਕੋ ਢੋਲਾ ਗਾਏ ਸਲੋਕ, ਰਾਗ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਸਮਝਾਈਆ । ਧੁਰ ਦਾ ਲੇਖਾ ਸਚਖੰਡ ਦੁਆਰ, ਹਰਿ ਸਤਿਗੁਰ ਆਪ ਕਰਾਇੰਦਾ । ਆਦਿ ਪੁਰਖ ਆਪਣੀ ਕਿਰਪਾ ਧਾਰ, ਆਪ ਆਪਣਾ ਮੇਲ ਮਿਲਾਇੰਦਾ । ਥਿਰ ਘਰ ਅੰਦਰ ਸਚ ਵਿਹਾਰ, ਥਿਰ ਦਰਬਾਰੀ ਆਪ ਕਰਾਇੰਦਾ । ਦਾਈ ਦਾਇਆ ਬਣ ਨਿਰੰਕਾਰ, ਨਿਰਗੁਣ ਆਪਣੀ ਸੇਵ ਕਮਾਇੰਦਾ । ਜਨਨੀ ਜਨ ਅਗੰਮ ਅਪਾਰ, ਮੀਤ ਮੁਰਾਰਾ ਗੋਦ ਸੁਹਾਇੰਦਾ । ਘਰ ਮੰਦਰ ਠਾਂਡਾ ਦਰਬਾਰ, ਅਗਨੀ ਤਤ ਨਾ ਕੋਇ ਰਖਾਇੰਦਾ । ਸਚ ਦੁਆਰ ਖੋਲ੍ਹ ਕਿਵਾੜ, ਤਾਕੀ ਇਕੋ ਇਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਇਕੋ ਇਕ ਵਸਾਇੰਦਾ । ਥਿਰ ਘਰ ਵਸਾਏ ਆਪ ਪ੍ਰਭ, ਆਪਣੇ ਹੱਥ ਰੱਖੇ ਵਡਿਆਈਆ । ਸੁਤ ਦੁਲਾਰਾ ਸਾਚੀ ਯਦ, ਸਾਚਾ ਬੰਸ ਦਏ ਬਣਾਈਆ । ਆਦਿ ਜੁਗਾਦਿ ਆਪਣੀ ਜਾਣੇ ਆਪੇ ਹੱਦ, ਦੂਸਰ ਸਮਝ ਕਿਸੇ ਨਾ ਆਈਆ । ਬਿਨ ਅੱਖਰੋ ਬਿਨ ਕਲਮਿਉਂ ਬਿਨ ਸਿਫ਼ਤੀ ਨਾਮੋ ਵੱਜੇ ਨਦ, ਨਾਦ ਅਨਾਦੀ ਆਪ ਸੁਣਾਈਆ । ਸਚ ਸਿੰਘਾਸਣ ਪੁਰਖ ਅਬਿਨਾਸ਼ਨ ਏਕੰਕਾਰਾ ਆਪੇ ਸਜ, ਸਤਿ ਪੁਰਖ ਨਿਰੰਜਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸਾਚੀ ਧਾਰ, ਆਪ ਜਣਾਏ ਹਰਿ ਨਿਰੰਕਾਰ, ਦੂਜੇ ਸਮਝ ਕਿਸੇ ਨਾ ਆਈਆ । ਸਚਖੰਡ ਅੰਦਰ ਖੇਲ ਅਵੱਲਾ, ਥਿਰ ਘਰ ਆਪਣੀ ਰੁੱਤ ਸੁਹਾਈਆ । ਸੁੱਤ ਦੁਲਾਰਾ ਇਕ ਇਕੱਲਾ, ਸ਼ਬਦੀ ਡੇਰਾ ਲਾਈਆ । ਸ੍ਰੀ ਭਗਵਾਨ ਫੜਾਏ ਪੱਲਾ, ਪੱਲੂ ਨਜ਼ਰ ਕਿਸੇ ਨਾ ਆਈਆ । ਜੋਤੀ ਧਾਰ ਆਪੇ ਰਲਾ, ਸ਼ਬਦੀ ਰਾਗ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁੱਤ ਦੁਲਾਰੇ ਹੋ ਮਿਹਰਵਾਨ, ਸੋ ਸਾਹਿਬ ਦੇਵੇ ਇਕੋ ਦਾਨ, ਸਚਖੰਡ ਨਿਵਾਸੀ ਚਰਨ ਧਿਆਨ, ਸਚ ਚਰਨੋਦਕ ਇਕ ਵਖਾਈਆ । ਚਰਨ ਧਿਆਨ ਲੈਣਾ ਰੱਖ, ਸੋ ਸਾਹਿਬ ਆਪ ਜਣਾਇੰਦਾ । ਸਚਖੰਡ ਦੁਆਰੇ ਸ੍ਰੀ ਭਗਵਾਨ ਸਦਾ ਪਰਤੱਖ, ਨਿਰਗੁਣ ਆਪਣਾ ਆਸਣ ਲਾਇੰਦਾ । ਆਦਿ ਜੁਗਾਦਿ ਤੇਰਾ ਕਰੇ ਪੱਖ, ਮਿਹਰ ਨਜ਼ਰ ਇਕ ਉਠਾਇੰਦਾ । ਸਾਚਾ ਮਾਰਗ ਦੇਵੇ ਦੱਸ, ਧੁਰ ਦੀ ਧਾਰ ਆਪ ਜਣਾਇੰਦਾ । ਵਸਤ ਅਮੋਲਕ ਦੇਵੇ ਹੱਥ,

ਬਿਨ ਹੱਥਾਂ ਆਪ ਵਰਤਾਇੰਦਾ । ਮਹਿਮਾ ਦੱਸੇ ਇਕ ਅਕੱਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਸੁੱਤ ਦੁਲਾਰੇ ਤੇਰਾ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਕਰੇ ਖੇਲ ਪੁਰਖ ਸਮਰਥ, ਬੇਪਰਵਾਹ ਆਪਣੀ ਕਲ ਆਪ ਵਰਤਾਇੰਦਾ । ਥਿਰ ਘਰ ਦੇਵੇ ਇਕੋ ਰਸ, ਰਸ ਰਸੀਆ ਆਪ ਹੋ ਜਾਇੰਦਾ । ਤੂੰ ਮੇਰਾ ਮੈਂ ਤੇਰੇ ਵਸ, ਇਕੋ ਪ੍ਰੇਮ ਬੰਧਾਇੰਦਾ । ਸਾਚਾ ਮਾਰਗ ਲਾਏ ਹੱਸ ਹੱਸ, ਸੋ ਸਾਹਿਬ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਆਪਣਾ ਹੁਕਮ ਮਨਾਇੰਦਾ । ਸੋ ਕਹੇ ਮੈਂ ਵਡ ਬਲਵਾਨਾ, ਪੁਰਖ ਅਕਾਲ ਅਖਵਾਈਆ । ਸ਼ਬਦ ਸੁੱਤ ਤੇਰਾ ਨਿਸ਼ਾਨਾ, ਗੁਪਤ ਤੇਰੀ ਧਾਰ ਚਲਾਈਆ । ਦੋਹਾਂ ਮੇਲ ਇਕ ਮਕਾਨਾ, ਘਰ ਸਾਚੇ ਵੱਜੇ ਵਧਾਈਆ । ਮੇਰਾ ਨਾਉਂ ਤੇਰਾ ਪਰਵਾਨਾ, ਤੇਰਾ ਪਰਵਾਨਾ ਸਰਬ ਸ਼ਨਵਾਈਆ । ਮੇਰਾ ਪ੍ਰੇਮ ਤੇਰਾ ਗਾਣਾ, ਤੇਰਾ ਗਾਣਾ ਸਾਚਾ ਰਾਹ ਵਖਾਈਆ । ਤੇਰਾ ਬਾਪ ਪੁਰਖ ਸੁਲਤਾਨਾ, ਸ਼ਾਹ ਪਾਤਸ਼ਾਹ ਇਕ ਹੋ ਜਾਈਆ । ਜੋਧਾ ਮਰਦ ਬਣੇ ਮਰਦਾਨਾ, ਸਚ ਮਰਦਾਨਗੀ ਆਪ ਜਣਾਈਆ । ਸਚਖੰਡ ਬੈਠਾ ਰਹੇ ਬਣ ਕੇ ਕਾਹਨਾ, ਸਚ ਸਿੰਘਾਸਣ ਸੋਭਾ ਪਾਈਆ । ਦੇਂਦਾ ਰਹੇ ਸਦਾ ਸਦ ਦਾਨਾ, ਦਾਤਾ ਦਾਨੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸੋ ਕਹੇ ਸੁਣ ਮੇਰੇ ਸੁੱਤ, ਇਕ ਮੇਰੀ ਵਡਿਆਈਆ । ਥਿਰ ਘਰ ਸੋਹੇ ਤੇਰੀ ਰੁੱਤ, ਸਚਖੰਡ ਮੇਰੀ ਧਾਰ ਚਲਾਈਆ । ਜੋ ਕੁਛ ਪੁੱਛਣਾ ਸੋ ਮੈਥੋ ਪੁੱਛ, ਸਚ ਸਚ ਦਿਆਂ ਜਣਾਈਆ । ਆਦਿ ਜੁਗਾਦਿ ਰਵ੍ਹਾਂ ਲੁਕ, ਨਜ਼ਰ ਕਿਸੇ ਨਾ ਆਈਆ । ਸਦਾ ਮਿਟਾਵਾਂ ਤੇਰੀ ਭੁੱਖ, ਤ੍ਰਿਸਨਾ ਰਹੇ ਨਾ ਰਾਈਆ । ਲਾਡਲੇ ਪੁੱਤ ਗੋਦੀ ਚੁੱਕ, ਸਚ ਦੁਆਰ ਦਿਆਂ ਵਸਾਈਆ । ਤੇਰਾ ਪੈਂਡਾ ਨਾ ਜਾਵੇ ਮੁੱਕ, ਜੁਗ ਚੌਕੜੀ ਵੰਡ ਵੰਡਾਈਆ । ਤੂੰ ਮੇਰੀ ਧਾਰੋ ਪਿਆ ਉਠ, ਮੈਂ ਤੇਰਾ ਨੂਰ ਕਰਾਂ ਰੁਸ਼ਨਾਈਆ । ਥਿਰ ਘਰ ਵਸੇ ਤੇਰੀ ਇਕੋ ਗੁੱਠ, ਨੁਕਰ ਕੋਨਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸੁੱਤ ਰਿਹਾ ਸਮਝਾਈਆ । ਸੋ ਕਹੇ ਮੈਂ ਤੇਰਾ ਬਾਪ, ਪਿਤਾ ਇਕ ਅਖਵਾਈਆ । ਹੰ ਬ੍ਰਹਮ ਕਰ ਮੇਰਾ ਜਾਪ, ਤੇਰੀ ਧਾਰ ਸਮਝਾਈਆ । ਆਦਿ ਜੁਗਾਦਿ ਤੇਰਾ ਸਾਥ, ਸਗਲਾ ਸੰਗ ਰਖਾਈਆ । ਤੇਰੇ ਅੰਦਰ ਖੋਲ੍ਹਾਂ ਤਾਕ, ਕੁੰਡਾ ਆਪਣੀ ਹੱਥੀਂ ਲਾਹੀਆ । ਮੇਰੀ ਪੱਟੀ ਤੇਰੀ ਜਮਾਤ, ਅੱਖਰ ਅੱਖਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪ ਸਮਝਾਈਆ । ਸੁੱਤ ਕਹੇ ਮੈਂ ਤੇਰਾ ਲਾਲ, ਪ੍ਰਭ ਲਾਲਨ ਤੇਰੇ ਹੱਥ ਵਡਿਆਈਆ । ਤੇਰੇ ਦਰ ਕਰਾਂ ਸਵਾਲ, ਬਣ ਸਵਾਲੀ ਝੋਲੀ ਡਾਹੀਆ । ਮੇਰੀ ਵਸਦੀ ਰਹੇ ਸੱਚੀ ਧਰਮਸਾਲ, ਥਿਰ ਘਰ ਵੱਜਦੀ ਰਹੇ ਵਧਾਈਆ । ਆਦਿ ਜੁਗਾਦਿ ਨਾ ਹੋਵਾਂ ਕੰਗਾਲ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਏਥੇ ਓਥੇ ਦੋ ਜਹਾਨਾਂ ਸੁਣਦਾ ਰਹੀਂ ਮੇਰਾ ਹਾਲ, ਹਾਲਤ ਤੇਰੀ ਝੋਲੀ ਪਾਈਆ । ਜਿਧਰ ਵੇਖਾਂ ਵਸੇਂ ਨਾਲ, ਵਿਛੋੜਾ ਕੋਈ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੇਰੀ ਆਸਾ ਪੂਰ ਕਰਾਈਆ । ਤੇਰੀ ਆਸਾ ਪੂਰ ਕਰਾਵਾਂਗਾ । ਸ਼ਬਦੀ ਸੁੱਤ ਸੰਗ ਨਿਭਾਵਾਂਗਾ । ਅਬਿਨਾਸ਼ੀ ਅਚੁੱਤ ਦਇਆ ਕਮਾਵਾਂਗਾ । ਤੈਨੂੰ ਬਣਾਇਆ ਆਪਣਾ ਪੁੱਤ, ਪੋਤਰਾ ਵਿਸ਼ਨ ਬ੍ਰਹਮਾ ਸ਼ਿਵ ਤੇਰੀ ਗੋਦ ਬਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜਾਪ ਇਕ ਜਪਾਵਾਂਗਾ । ਤੂੰ ਮੇਰਾ ਮੈਂ ਤੇਰਾ ਨਾਉਂ, ਨਰ ਨਿਰੰਕਾਰ ਆਪ ਜਣਾਈਆ । ਤੇਰਾ ਮੇਰਾ ਸਾਚਾ ਥਾਉਂ, ਸਮਝ

ਕੋਇ ਨਾ ਪਾਈਆ । ਪਿਤਾ ਪੂਤ ਪਕੜੇ ਬਾਂਹੋਂ, ਫੜ ਬਾਂਹੋਂ ਗਲੇ ਲਗਾਈਆ । ਸਚਖੰਡ ਦੁਆਰੇ ਇਕ ਨਿਆਉਂ, ਸ਼ਹਿਨਸ਼ਾਹ ਹੱਕੋ ਹੱਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਸਚ ਸੁਲਤਾਨ, ਸਚ ਸਚ ਦ੍ਰਿੜਾਈਆ । ਸੁੱਤ ਦੁਲਾਰੇ ਚੜ੍ਹਿਆ ਰੰਗ, ਰੰਗ ਇਕੋ ਇਕ ਰੰਗਾਇਆ । ਥਿਰ ਘਰ ਵੱਜਾ ਨਾਮ ਮਰਦੰਗ, ਢੋਲਕ ਛੈਣਾ ਨਾ ਕੋਇ ਰਖਾਇਆ । ਪਿਤਾ ਪੂਤ ਇਕੋ ਆਇਆ ਅਨੰਦ, ਅਨੰਦ ਅਨੰਦ ਵਿਚ ਰਖਾਇਆ । ਇਕੋ ਢੋਲਾ ਇਕੋ ਛੰਦ, ਸੋਹੰ ਰਾਗ ਅਲਾਇਆ । ਤੇਰਾ ਮੇਰਾ ਮੁਕਿਆ ਪੰਧ, ਪਾਂਧੀ ਰੂਪ ਨਾ ਕੋਇ ਵਖਾਇਆ । ਤੇਰਾ ਚਰਨ ਮੇਰਾ ਅੰਗ, ਸੂਰੇ ਸਰਬੰਗ ਤੇਰੀ ਸਰਨਾਇਆ । ਬਿਨ ਤੇਰੇ ਕਦੇ ਨਾ ਪਵੇ ਠੰਡ, ਸਾਂਤਕ ਸਤਿ ਨਾ ਕੋਇ ਕਰਾਇਆ । ਤੇਰਾ ਵਿਛੋੜਾ ਨਾ ਹੋਏ ਰੰਡ, ਰੰਡੇਪਾ ਕੋਇ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲੱਖ ਜਗਾਇਆ । ਦਰ ਸਾਚੇ ਜਗਾਈ ਅਲਖ, ਅਲੱਖ ਨਿਰੰਜਣ ਦਇਆ ਕਮਾਇੰਦਾ । ਆਪਣੀ ਧਾਰੋ ਕੀਤਾ ਵੱਖ, ਅੰਤਮ ਆਪਣਾ ਮੇਲ ਮਿਲਾਇੰਦਾ । ਹੱਥ ਨਾਲ ਆਪ ਮਿਲਾਵੇ ਹੱਥ, ਬਿਨ ਹੱਥਾਂ ਹੱਥ ਫੜਾਇੰਦਾ । ਸਤਿ ਸਰੂਪੀ ਚਲਾਏ ਰਥ, ਰਥਵਾਹੀ ਆਪ ਹੋ ਜਾਇੰਦਾ । ਸਾਚਾ ਮਾਰਗ ਇਕੋ ਦੱਸ, ਸਾਚੀ ਇਛਿਆ ਇਕ ਪਰਗਟਾਇੰਦਾ । ਵਿਸ਼ਵ ਖੇਲ ਕਰੇ ਸਮਰਥ, ਵਾਸਤਾ ਆਪਣੇ ਨਾਲ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਅੰਦਰੋ ਕੱਢੇ ਤੇਰੀ ਧਾਰ, ਕਿਰਪਾ ਕਰੇ ਆਪ ਨਿਰੰਕਾਰ, ਭੇਵ ਅਭੇਦ ਨਾ ਕੋਇ ਜਣਾਇੰਦਾ । ਤੇਰੇ ਅੰਦਰੋ ਕੱਢੇ ਧਾਰ, ਧਾਰ ਆਪਣੀ ਨਾਲ ਮਿਲਾਈਆ । ਆਪਣੀ ਇਛਿਆ ਕਰ ਬਲਕਾਰ, ਭਿਛਿਆ ਤੇਰੀ ਝੋਲੀ ਪਾਈਆ । ਤੇਰਾ ਮੂਲ ਬਣੇ ਸੰਸਾਰ, ਤੇਰੀ ਰਚਨਾ ਰਿਹਾ ਸਮਝਾਈਆ । ਵਿਸ਼ਨੂੰ ਵਿਸ਼ਵ ਦਏ ਆਧਾਰ, ਆਪ ਆਪਣਾ ਰੰਗ ਰੰਗਾਈਆ । ਦੇਵਣਹਾਰ ਸਚ ਭੰਡਾਰ, ਅੰਮ੍ਰਿਤ ਜਾਮ ਦਏ ਪਿਲਾਈਆ । ਕਵਲੀ ਕਵਲ ਕਰ ਤਿਆਰ, ਕਵਲ ਨੈਣ ਵੇਖ ਵਖਾਈਆ । ਖਿਲੀ ਸੱਚੀ ਇਕ ਗੁਲਜ਼ਾਰ, ਗੁਲਸ਼ਨ ਆਪਣਾ ਆਪ ਮਹਿਕਾਈਆ । ਧਾਰ ਧਾਰ ਨਾਲ ਧਾਰ, ਧਾਰ ਧਾਰ ਦਏ ਜਣਾਈਆ । ਵਿਸ਼ਨੂੰ ਅੰਦਰ ਪ੍ਰੇਮ ਪਿਆਰ, ਪਾਰਬ੍ਰਹਮ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਵਿਸ਼ਨ ਬ੍ਰਹਮਾ ਜਾਇਆ ਆਪ, ਆਪਣੇ ਹੱਥ ਰੱਖੇ ਵਡਿਆਈਆ । ਆਪੇ ਕਰੇ ਵਡ ਪਰਤਾਪ, ਵਡ ਪਰਤਾਪੀ ਆਪ ਹੋ ਜਾਈਆ । ਸੁੰਨ ਅਗੰਮ ਖੇਲ ਤਮਾਸ਼, ਧੁਆਂਧਾਰ ਆਪ ਸਮਾਈਆ । ਸ਼ੰਕਰ ਕਰੇ ਸਾਚਾ ਸਾਥ, ਸ਼ਹਿਨਸ਼ਾਹ ਦੇਵਣਹਾਰ ਵਡਿਆਈਆ । ਏਕਾ ਮਾਈ ਅਲੱਖਨਾ ਲਾਖ, ਅਲੱਖ ਅਗੋਚਰ ਆਪ ਪਰਗਟਾਈਆ । ਨਾ ਕੋਈ ਸੱਜਣ ਨਾ ਕੋਈ ਸਾਕ, ਬੰਧਪ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦੀ ਸ਼ਬਦ ਦਏ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਜਾਇਆ ਪ੍ਰਭ, ਆਪਣੀ ਦਇਆ ਕਮਾਈਆ । ਆਪਣੀ ਧਾਰੋ ਆਪੇ ਲੱਭ, ਆਪੇ ਲਏ ਪਰਗਟਾਈਆ । ਆਪੇ ਅੰਮ੍ਰਿਤ ਚੋਵੇ ਨਭ, ਕਵਲੀ ਕਵਲ ਆਪ ਖਿਲਾਈਆ । ਆਪ ਵਖਾਏ ਆਪਣੀ ਹੱਦ, ਭੇਵ ਅਭੇਦਾ ਆਪ ਸਮਝਾਈਆ । ਆਪ ਜਣਾਏ ਸਾਚਾ ਛੰਦ, ਸਾਚਾ ਢੋਲਾ ਇਕ ਪੜ੍ਹਾਈਆ । ਆਪ ਪਿਆਏ ਜਾਮ ਮਧ, ਮਧੁਰ ਰਸ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਦਿ ਆਪਣਾ ਭੇਵ ਦਏ ਸਮਝਾਈਆ । ਆਦਿ ਆਦਿ ਖੋਲ੍ਹੇ ਭੇਦ, ਭੇਵ ਆਪਣਾ ਆਪ ਜਣਾਇੰਦਾ । ਕਰੇ

ਖੇਲ ਅਛਲ ਅਛੇਦ, ਵਲ ਛਲਧਾਰੀ ਕਾਰ ਕਮਾਇੰਦਾ । ਨਾ ਕੋਈ ਰੂਪ ਨਾ ਕੋਈ ਰੇਖ, ਰੰਗ ਨਜ਼ਰ ਕਿਸੇ ਨਾ ਆਇੰਦਾ । ਨਾ ਕੋਈ ਮੁੱਛ ਦਾੜ੍ਹੀ ਕੇਸ, ਮੂੰਡ ਮੁੰਡਾਇਆ ਨਾ ਕੋਇ ਵਖਾਇੰਦਾ । ਨਾ ਕੋਈ ਕਾਤਬ ਨਾ ਕੋਈ ਲੇਖ, ਨਾ ਕੋਈ ਅੱਖਰ ਵੱਖਰ ਵੰਡ ਵੰਡਾਇੰਦਾ । ਪੁਰੀ ਖੰਡ ਨਾ ਕੋਇ ਦੇਸ, ਗਗਨ ਮੰਡਲ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸੁੱਤ ਦੁਲਾਰੇ ਵਿਸ਼ਵ ਪਿਆਰ, ਵਿਸ਼ਨੂੰ ਆਪ ਜਣਾਈਆ । ਵਿਸ਼ਨੂੰ ਦੋਏ ਜੋੜ ਕਰੇ ਪੁਕਾਰ, ਨਿਰਗੁਣ ਅੱਗੇ ਸੀਸ ਝੁਕਾਈਆ । ਤੂੰ ਦਾਤਾ ਸਿਰਜਣਹਾਰ, ਹੱਥ ਤੇਰੇ ਵਡਿਆਈਆ । ਹਉਂ ਬਾਲਕ ਬਾਲ ਨਾਦਾਨ, ਸਮਝ ਕੋਇ ਨਾ ਪਾਈਆ । ਸਤਿ ਪ੍ਰੀਤੀ ਦੇ ਗਿਆਨ, ਨਿਸ਼ਅੱਖਰ ਆਪ ਜਣਾਈਆ । ਤੇਰੇ ਦਰ ਤੇ ਮਿਲੇ ਦਾਨ, ਦੂਜਾ ਘਰ ਨਾ ਕੋਇ ਵਖਾਈਆ । ਤੂੰ ਸਾਹਿਬ ਸੱਚਾ ਸੁਲਤਾਨ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਸਾਚਾ ਦੇ ਸਤਿ ਫ਼ਰਮਾਨ, ਫ਼ਰਮਾਂਬਰਦਾਰ ਸੇਵ ਕਮਾਈਆ । ਮੈਂ ਮੰਨਾਂ ਤੇਰੀ ਆਣ, ਦਰ ਤੇਰੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਬ੍ਰਹਮਾ ਦੋਵੇਂ ਜੋੜ ਹੱਥ, ਨਿਰਗੁਣ ਅੱਗੇ ਸੀਸ ਝੁਕਾਈਆ । ਤੂੰ ਮੇਰਾ ਮੈਂ ਤੇਰੇ ਵਸ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਸਾਚਾ ਮਾਰਗ ਦੇਣਾ ਦੱਸ, ਪ੍ਰਭ ਤੇਰੀ ਸੇਵ ਕਮਾਈਆ । ਮੇਰੇ ਖ਼ਾਲੀ ਵੇਖ ਹੱਥ, ਝੋਲੀ ਨਜ਼ਰ ਕਿਛ ਨਾ ਪਾਈਆ । ਚਰਨ ਕਵਲ ਗਿਆ ਢੱਠ, ਨੇਤਰ ਨੈਣਾਂ ਨੀਰ ਵਹਾਈਆ । ਕਿਰਪਾ ਕਰ ਪੁਰਖ ਸਮਰਥ, ਤੇਰੇ ਦਰ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸ਼ੰਕਰ ਰੋਵੇ ਭੋਲਾ ਨਾਥ, ਭੋਲੇ ਭਾਉ ਧਿਆਨ ਲਗਾਇੰਦਾ । ਕੋਈ ਨਾ ਲੱਭੇ ਸੱਚਾ ਸਾਥ, ਉਂਗਲੀ ਉਂਗਲੀ ਨਾ ਕੋਇ ਮਿਲਾਇੰਦਾ । ਨਾ ਕੋਈ ਪੱਤਣ ਦਿਸੇ ਘਾਟ, ਤਟ ਕੋਈ ਨਾ ਵੇਖ ਵਖਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਤ, ਸੱਜਣ ਰੂਪ ਨਾ ਕੋਇ ਵਖਾਇੰਦਾ । ਤੇਰੇ ਨਾਲ ਜੁੜਿਆ ਨਾਤ, ਨਾਤਾ ਇਕੋ ਘਰ ਵਖਾਇੰਦਾ । ਤੇਰੇ ਚਰਨਾਂ ਹੋਵਾਂ ਦਾਸ, ਬਣ ਸੇਵਕ ਸੇਵ ਕਮਾਇੰਦਾ । ਪ੍ਰਭ ਪੂਰੀ ਕਰਨੀ ਆਸ, ਆਸਾ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਇੰਦਾ । ਤਿੰਨਾਂ ਦੇਵੇ ਇਕ ਇਸ਼ਾਰਾ, ਸੋ ਸਾਹਿਬ ਆਪ ਜਣਾਈਆ । ਸ਼ਬਦ ਸੁੱਤ ਕਰੋ ਪਿਆਰਾ, ਪਰਮ ਪੁਰਖ ਆਪ ਸਮਝਾਈਆ । ਜਿਸ ਦੇ ਕੋਲ ਮੇਰਾ ਭੰਡਾਰਾ, ਥਿਰ ਘਰ ਬੈਠਾ ਡੇਰਾ ਲਾਈਆ । ਸਾਚਾ ਵਣਜ ਕਰੇ ਵਣਜਾਰਾ, ਤਿੰਨਾਂ ਇਕੋ ਹੱਟ ਚਲਾਈਆ । ਕਰੇ ਖੇਲ ਅਗੰਮ ਅਪਾਰਾ, ਅਗੰਮੜੀ ਕਾਰ ਆਪ ਵਖਾਈਆ । ਕਾਗਦ ਕਲਮ ਨਾ ਲਿਖਣਹਾਰਾ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਰਾਗਾਂ ਨਾਦਾਂ ਵਸੇ ਬਾਹਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਸਮਝਾਈਆ । ਤਿੰਨੇ ਉਠੇ ਨੇਤਰ ਖੋਲ੍ਹ, ਚਾਰੋ ਕੁੰਟ ਧਿਆਨ ਲਗਾਈਆ । ਸੁੱਤ ਦੁਲਾਰਾ ਬੈਠ ਅਡੋਲ, ਥਿਰ ਘਰ ਸੱਚਾ ਆਸਣ ਲਾਈਆ । ਪ੍ਰੇਮ ਨਾਲ ਸੱਦੇ ਕੋਲ, ਹੌਲੀ ਹੌਲੀ ਰਿਹਾ ਬੁਲਾਈਆ । ਮੇਰੇ ਨਾਲ ਕਰੋ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਪਰੰਪਰ ਸਵਾਮੀ ਆਪਣੀ ਕਾਰ ਦਏ ਸਮਝਾਈਆ । ਤਿੰਨਾਂ ਕਰਨਾ ਕੌਲ ਇਕਰਾਰ, ਇਕ ਇਕੱਲਾ ਆਪ ਜਣਾਇੰਦਾ । ਸਾਚਾ ਦੱਸਾਂ ਇਕ ਵਿਹਾਰ, ਬਣ ਬਿਵਹਾਰੀ ਆਪ ਸਮਝਾਇੰਦਾ । ਵਿਸ਼ਨੂੰ ਹੱਥ ਤੇਰੇ ਭੰਡਾਰ, ਦਾਤਾ ਦਾਨੀ ਦਇਆ ਕਮਾਇੰਦਾ । ਬ੍ਰਹਮੇ ਬ੍ਰਹਮ

੧੧੯

੧੫

ਕਰ ਪਸਾਰ, ਪਾਰਬ੍ਰਹਮ ਆਪ ਸਮਝਾਇੰਦਾ । ਸ਼ੰਕਰ ਤੇਰੇ ਹੱਥ ਕਟਾਰ, ਬ੍ਰਹਮੇ ਕੀਤਾ ਮੂਲ ਮੁਕਾਇੰਦਾ । ਤ੍ਰਿਸੂਲ ਕਰੇ ਖ਼ਬਰਦਾਰ, ਅਕਾਲ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਆਪਣਾ ਭੇਵ ਆਪੇ ਆਪ ਖੁਲ੍ਹਾਇੰਦਾ । ਤਿੰਨਾਂ ਕਰੀ ਇਕ ਸਲਾਹ, ਇਕ ਦੂਜੇ ਨਾਲ ਧਿਆਨ ਲਗਾਈਆ । ਪਾਰਬ੍ਰਹਮ ਪ੍ਰਭ ਮਿਲੇ ਮਲਾਹ, ਬੇੜਾ ਸਭ ਦਾ ਲਏ ਚਲਾਈਆ । ਸਾਚਾ ਮਾਰਗ ਦਏ ਸਮਝਾ, ਸਿਖਿਆ ਇਕੋ ਕਰੇ ਪੜ੍ਹਾਈਆ । ਆਪਣੀ ਉਂਗਲੀ ਲਏ ਲਗਾ, ਚਾਰੋ ਕੁੰਟ ਲਏ ਭਵਾਈਆ । ਸਿਰ ਹੱਥ ਲਏ ਟਿੱਕਾ, ਮਿਹਰ ਨਜ਼ਰ ਉਠਾਈਆ । ਆਪਣਾ ਭੇਤ ਦਏ ਖੁਲ੍ਹਾ, ਅਨਭਵ ਆਪਣਾ ਨੂਰ ਕਰੇ ਰੁਸ਼ਨਾਈਆ । ਵਸਤ ਅਮੋਲਕ ਸਾਡੀ ਝੋਲੀ ਦੇਵੇ ਪਾ, ਖ਼ਾਲੀ ਭੰਡਾਰ ਦਏ ਭਰਾਈਆ । ਹੌਲੀ ਹੌਲੀ ਮਾਰਗ ਦੇਵੇ ਲਾ, ਰਾਹ ਘੈਹੜਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਆਪ ਨਿਭਾਈਆ । ਤਿੰਨਾਂ ਕੀਤੀ ਇਕ ਦਲੀਲ, ਇਕ ਧਿਆਨ ਲਗਾਈਆ । ਪ੍ਰਭ ਅੱਗੇ ਕਰੋ ਇਕ ਅਪੀਲ, ਦੋਏ ਜੋੜ ਵਾਸਤਾ ਪਾਈਆ । ਸ਼ਬਦ ਬਣੇ ਸਦਾ ਵਕੀਲ, ਸਾਡਾ ਸਾਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਦਏ ਕਮਾਈਆ । ਤਿੰਨਾਂ ਕਰੀ ਇਕ ਅਰਦਾਸ, ਪ੍ਰਭ ਅੱਗੇ ਸੀਸ ਝੁਕਾਇਆ । ਕਰ ਕਿਰਪਾ ਪੁਰਖ ਅਬਿਨਾਸ਼, ਮਿਹਰਵਾਨ ਬੇਪਰਵਾਹਿਆ । ਆਦਿ ਰਚੀ ਤੂੰ ਆਪਣੀ ਰਾਸ, ਤੇਰਾ ਮੰਡਲ ਨਜ਼ਰ ਕਿਸੇ ਨਾ ਆਇਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪ੍ਰਕਾਸ਼, ਦੂਜੀ ਵੰਡ ਨਾ ਕੋਇ ਵਖਾਇਆ । ਸੁੱਤ ਦੁਲਾਰਾ ਸਦਾ ਸਾਥ, ਆਪਣਾ ਸੰਗ ਨਿਭਾਇਆ । ਸਾਚਾ ਦੱਸਦੇ ਪੂਜਾ ਪਾਠ, ਮੰਤਰ ਇਕੋ ਇਕੋ ਦ੍ਰਿੜਾਇਆ । ਜਿਸ ਜਪਿਆਂ ਆਵੇ ਨਾ ਘਾਟ, ਘਾਟਾ ਕੋਇ ਰਹਿਣ ਨਾ ਪਾਇਆ । ਤੇਰੇ ਚਰਨਾਂ ਜੁੜਿਆ ਰਹੇ ਨਾਤ, ਨਾਤਾ ਬਿਧਾਤਾ ਨਾ ਕੋਇ ਤੁੜਾਇਆ । ਸਾਡੀ ਇਕੋ ਰਹੇ ਜਮਾਤ, ਦੂਜੀ ਪੱਟੀ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਦੇ ਸਮਝਾਇਆ । ਸਾਚਾ ਮੰਤਰ ਹਰਿ ਸਮਝਾਇੰਦਾ, ਆਦਿ ਪੁਰਖ ਕਰਤਾਰ । ਸੋ ਸਾਹਿਬ ਆਪ ਅਖਵਾਇੰਦਾ, ਹੰ ਸਰੂਪ ਕਰੇ ਪਸਾਰ । ਸੋਹੰ ਢੋਲਾ ਰਾਗ ਅਲਾਇੰਦਾ, ਆਦਿ ਜੁਗਾਦੀ ਇਕ ਜੈਕਾਰ । ਤੇਰਾ ਮੇਰਾ ਪਿਆਰ ਵਖਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਰਚਾਇੰਦਾ । ਸੋਹੰ ਢੋਲਾ ਸਦਾ ਗਾਓਗੇ । ਸ੍ਰੀ ਭਗਵਾਨ ਦਰਸ਼ਨ ਪਾਓਗੇ । ਮਾਣ ਅਭਿਮਾਨ ਵਿਚ ਕਦੇ ਨਾ ਆਓਗੇ । ਆਪਾ ਹਰਿ ਜੂ ਭੇਟ ਚੜ੍ਹਾਓਗੇ । ਸੱਜਣ ਸਾਕ ਇਕ ਬਣਾਓਗੇ । ਘਰ ਤਾਕ ਇਕ ਖੁਲ੍ਹਾਓਗੇ । ਭਵਿਖਤ ਵਾਕ ਇਕ ਪਰਗਟਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਮੰਦਰ ਸੋਭਾ ਪਾਓਗੇ । ਸ੍ਰੀ ਭਗਵਾਨ ਤੇਰਾ ਨਾਮ ਧਿਆਵਾਂਗੇ । ਸੋਹੰ ਢੋਲਾ ਗਾਵਾਂਗੇ । ਮੇਰਾ ਤੇਰਾ ਭੇਵ ਨਾ ਕੋਇ ਰਖਾਵਾਂਗੇ । ਬਿਨ ਰਸਨਾ ਜਿਹਵਾ ਰਾਗ ਅਲਾਵਾਂਗੇ । ਬਣ ਸੇਵਕ ਸੇਵ ਕਮਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਜਿਸ ਘਰ ਤੇਰਾ ਦਰਸ਼ਨ ਪਾਵਾਂਗੇ । ਜਿਸ ਵੇਲੇ ਸੋਹੰ ਢੋਲਾ ਗਾਓਗੇ । ਘਰ ਆਪਣੇ ਮੈਨੂੰ ਪਾਓਗੇ । ਪੜਦਾ ਆਪਣਾ ਪਰੇ ਹਟਾਓਗੇ । ਘਰ ਮੰਦਰ ਇਕ ਸੁਹਾਓਗੇ । ਅੰਦਰੇ ਅੰਦਰ ਜੋਤ ਜਗਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸੱਜਣ ਵੇਖ ਵਖਾਓਗੇ । ਪ੍ਰਭ ਤੇਰਾ ਢੋਲਾ ਗੀਤ ਗਾਵਾਂਗੇ । ਪ੍ਰੀਤ ਤੇਰੇ ਨਾਲ ਰਖਾਵਾਂਗੇ ।

ਤੂੰ ਵਸਣਾ ਸਾਡੇ ਚੀਤ, ਚੇਤਨ ਤੇਰੀ ਕਾਰ ਕਮਾਵਾਂਗੇ । ਤੇਰੇ ਦਰ ਤੋ ਮੰਗੀ ਭੀਖ, ਭਿੱਖਕ ਬਣ ਕੇ ਅਲਖ ਜਗਾਵਾਂਗੇ । ਤੇਰੀ ਰੱਖੀਏ ਸਦਾ ਉਡੀਕ, ਨਿਤ ਨਿਤ ਤੇਰਾ ਧਿਆਨ ਲਗਾਵਾਂਗੇ । ਆਪਣੀ ਦੱਸ ਸਚ ਤਰੀਕ, ਜਿਸ ਵੇਲੇ ਤੇਰਾ ਸਾਖਿਆਤ ਦਰਸ਼ਨ ਪਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦਰ ਆਇਆਂ ਲੇਖਾ ਪੂਰ ਕਰਾਵਾਂਗੇ । ਵਿਸ਼ਨ ਬ੍ਰਹਮਾ ਸ਼ਿਵ ਹਰਿ ਸਮਝਾਇੰਦਾ । ਭੇਵ ਅਭੇਦਾ ਆਪ ਖੁਲ੍ਹਾਇੰਦਾ । ਵਿਸ਼ਨੂੰ ਤੇਰੇ ਹੱਥ ਭੰਡਾਰ ਵਖਾਇੰਦਾ । ਬ੍ਰਹਮੇ ਤੇਰਾ ਬ੍ਰਹਮ ਰੂਪ ਪਰਗਟਾਇੰਦਾ । ਸ਼ੰਕਰ ਤੇਰੀ ਤ੍ਰਿਸੂਲ ਇਕ ਚਮਕਾਇੰਦਾ । ਆਦਿ ਰਖਾਇਆ ਤੁਹਾਡਾ ਮੂਲ, ਅੰਤਮ ਆਪਣਾ ਰਾਹ ਜਣਾਇੰਦਾ । ਕਰੇ ਖੇਲ ਕੰਤ ਕੰਤੂਹਲ, ਸਾਚਾ ਬੰਕ ਆਪ ਬਣਾਇੰਦਾ । ਤ੍ਰੈਗੁਣ ਮਾਇਆ ਬਰਸੇ ਫੂਲ, ਫੂਲਨ ਬਰਖਾ ਏਕਾ ਲਾਇੰਦਾ । ਪੰਜ ਤਤ ਬੰਨ੍ਹੇ ਅਸੂਲ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਗੰਢ ਪਵਾਇੰਦਾ । ਲੱਖ ਚੁਰਾਸੀ ਕਰਨੀ ਪਏ ਕਬੂਲ, ਤਿੰਨਾਂ ਇਕੋ ਵਾਰ ਸਮਝਾਇੰਦਾ । ਧੁਰ ਦਾ ਹੁਕਮ ਨਾ ਜਾਣਾ ਭੂਲ, ਅਭੁੱਲ ਆਪ ਦ੍ਰਿੜਾਇੰਦਾ । ਕਿਸੇ ਕੋਲੋਂ ਲੈਣਾ ਨਾ ਮਸੂਲ, ਮੁਫ਼ਤ ਆਪਣਾ ਹੁਕਮ ਵਰਤਾਇੰਦਾ । ਧੁਰ ਦਾ ਹੁਕਮ ਇਕ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਇਕੋ ਦਾਤਾ ਦੂਲੋ ਦੂਲ੍ਹ, ਦੋ ਜਹਾਨਾਂ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਜਣਾਇੰਦਾ । ਸਾਚੀ ਧਾਰ ਸੁਣੋ ਸਚ ਏਕ, ਏਕੰਕਾਰ ਜਣਾਈਆ । ਤ੍ਰੈ ਪੰਜ ਜਗ ਸਾਚੀ ਟੇਕ, ਸ੍ਰੀ ਭਗਵਾਨ ਦਏ ਸਮਝਾਈਆ । ਪਾਰਬ੍ਰਹਮ ਪ੍ਰਭ ਧਾਰੇ ਭੇਖ, ਲੱਖ ਚੁਰਾਸੀ ਵੰਡ ਵੰਡਾਈਆ । ਚਾਰੇ ਖਾਣੀ ਲਏ ਪੇਖ, ਅੰਡਜ ਜੇਰਜ ਉਤਭੁਜ ਸੇਤਜ ਰੰਗ ਚੜ੍ਹਾਈਆ । ਸਾਚੇ ਮੰਦਰ ਕਰੇ ਆਦੇਸ, ਸਜਦਾ ਇਕੋ ਸੀਸ ਝੁਕਾਈਆ । ਨਿਰਗੁਣ ਜੋਤ ਕਰ ਪਰਵੇਸ, ਘਰ ਭਾਂਡੇ ਕਰੇ ਰੁਸ਼ਨਾਈਆ । ਨੌਂ ਦੁਆਰੇ ਲਏ ਵੇਖ, ਖ਼ਾਲਕ ਖ਼ਲਕ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਦਿ ਦਏ ਸਮਝਾਈਆ । ਵਿਸ਼ਨ ਬ੍ਰਹਮੇ ਸ਼ਿਵ ਸੇਵ ਕਮਾਉਣੀ, ਹਰਿ ਸਾਚਾ ਸਚ ਜਣਾਇੰਦਾ । ਲੱਖ ਚੁਰਾਸੀ ਮਾਤ ਉਪਜਾਉਣੀ, ਸਾਚਾ ਮਾਰਗ ਇਕ ਦ੍ਰਿੜਾਇੰਦਾ । ਲੱਖ ਚੁਰਾਸੀ ਵੰਡ ਵੰਡਾਉਣੀ, ਜੂਨ ਅਜੂਨੀ ਆਪ ਜਣਾਇੰਦਾ । ਸਾਚੀ ਗੰਢ ਆਪ ਪਵਾਉਣੀ, ਤੰਦ ਡੋਰੀ ਆਪਣੇ ਹੱਥ ਰਖਾਇੰਦਾ । ਧੁਰ ਦੀ ਜੋਤ ਇਕ ਜਗਾਉਣੀ, ਜੋਤ ਨਿਰੰਜਣ ਰੰਗ ਰੰਗਾਇੰਦਾ । ਸ਼ਬਦ ਧੁਨ ਇਕ ਸੁਣਾਉਣੀ, ਅਨਹਦ ਰਾਗ ਰਾਗ ਅਲਾਇੰਦਾ । ਆਤਮ ਸੇਜਾ ਇਕ ਬਣਾਉਣੀ, ਘਰ ਘਰ ਵਿਚ ਡੇਰਾ ਲਾਇੰਦਾ । ਆਸਾ ਤ੍ਰਿਸਨਾ ਨਾਲ ਮਿਲਾਉਣੀ, ਕਾਮ ਕਰੋਧ ਲੋਭ ਮੋਹ ਹੰਕਾਰ ਸੰਗ ਨਿਭਾਇੰਦਾ । ਪੰਜ ਦਸ ਹਰਿ ਖੇਲ ਵਖਾਉਣੀ, ਪੰਜੀ ਆਪਣੀ ਧਾਰ ਬੰਧਾਇੰਦਾ । ਨਿਰਗੁਨ ਸਰਗੁਣ ਕਾਰ ਕਮਾਉਣੀ, ਕਰਤਾ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਸਾਂਗ ਰਚਾਉਣੀ, ਸਵਾਂਗੀ ਆਪਣਾ ਸਵਾਂਗ ਸਮਝਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬੰਧਨ ਪਾਉਣੀ, ਬੰਦਨਾ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ ਸਿਖਿਆ ਦੇਵੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਜਪਣਾ ਇਕੋ ਜਾਪ, ਸੋਹੰ ਢੋਲਾ ਰਿਹਾ ਪੜ੍ਹਾਈਆ । ਲੱਖ ਚੁਰਾਸੀ ਵੇਖੇ ਵਡ ਪਰਤਾਪ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਥਾਪਣ ਥਾਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਪ੍ਰਭ ਸਾਚੀ

ਕਾਰ ਕਮਾਵੇਗਾ । ਲੱਖ ਚੁਰਾਸੀ ਆਪ ਉਪਾਵੇਗਾ । ਨਿਰਗੁਣ ਸਰਗੁਣ ਰੰਗ ਰੰਗਾਵੇਗਾ । ਮਾਣਸ ਮਾਨੁਖ ਆਪ ਪਰਗਟਾਵੇਗਾ । ਜੋਤੀ ਜੋਤ ਜਗਾਵੇਗਾ । ਸ਼ਬਦੀ ਨਾਦ ਇਕ ਸੁਣਾਵੇਗਾ । ਪੰਜ ਤਤ ਕਾਇਆ ਲਾਵੇ ਭਾਗ, ਆਤਮ ਪਰਮਾਤਮ ਮੇਲ ਮਿਲਾਵੇਗਾ । ਸੁਰਤੀ ਬੰਨ੍ਹੇ ਸਾਚਾ ਤਾਗ, ਸ਼ਬਦੀ ਆਪਣਾ ਸਗਨ ਜਣਾਵੇਗਾ । ਨਿਰਧਨ ਮਾਰੇ ਸੱਚੀ ਵਾਜ, ਸਰਧਨ ਸੋਇਆ ਆਪ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖ ਆਪ ਸਮਝਾਵੇਗਾ । ਧੁਰ ਦਾ ਲੇਖ ਆਪ ਜਣਾਏਗਾ । ਲੱਖ ਚੁਰਾਸੀ ਵੇਖ ਵਖਾਏਗਾ । ਨਿਰਗੁਣ ਸਰਗੁਣ ਰੂਪ ਵਟਾਏਗਾ । ਭੇਵ ਅਭੇਦਾ ਆਪ ਖੁਲ੍ਹਾਏਗਾ । ਬ੍ਰਹਮਾਵੇਤਾ ਆਪ ਪੜ੍ਹਾਏਗਾ । ਚਾਰੇ ਵੇਦਾਂ ਭੇਵ ਚੁਕਾਏਗਾ । ਚਾਰੇ ਕੁੰਟ ਖੇਲ ਖਿਲਾਏਗਾ । ਦਹਿ ਦਿਸ਼ਾ ਪੜਦਾ ਲਾਹੇਗਾ । ਸਾਚਾ ਹਿੱਸਾ ਆਪ ਵੰਡਾਏਗਾ । ਧੁਰ ਦੀ ਧਾਰ ਆਪ ਪਰਗਟਾਏਗਾ । ਜਲ ਬਿੰਬ ਰੂਪ ਸਮਾਏਗਾ । ਕਿਰਨ ਕਿਰਨ ਵਿਚੋ ਪਰਗਟਾਏਗਾ । ਚੰਦ ਸੂਰਜ ਆਪ ਚਮਕਾਏਗਾ । ਮੰਡਲ ਮੰਡਪ ਆਸਣ ਲਾਏਗਾ । ਗਗਨ ਗਗਨੰਤਰ ਸੋਭਾ ਪਾਏਗਾ । ਭੇਵ ਅਭੇਦਾ ਆਪ ਖੁਲ੍ਹਾਏਗਾ । ਅਛਲ ਅਛੇਦਾ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਏਗਾ । ਪ੍ਰਭ ਸਾਚਾ ਕਾਰ ਕਮਾਵੇਗਾ । ਸਤਿਜੁਗ ਸਾਚਾ ਰਾਹ ਚਲਾਵੇਗਾ । ਬ੍ਰਹਮਾਵੇਤਾ ਵੇਖ ਵਖਾਵੇਗਾ । ਸਾਚਾ ਨੇਤਾ ਇਕ ਬਣਾਵੇਗਾ । ਧੁਰ ਦਾ ਭੇਤਾ ਆਪ ਖੁਲ੍ਹਾਵੇਗਾ । ਬ੍ਰਹਮਾ ਸੁੱਤ ਆਪ ਉਠਾਵੇਗਾ । ਸੰਤ ਕੁਮਾਰ ਮਾਣ ਦਿਵਾਵੇਗਾ । ਬਰਾਹ ਰੂਪ ਆਪ ਧਰਾਵੇਗਾ । ਯਗੈ ਪੁਰਸ਼ ਭੇਵ ਨਾ ਆਵੇਗਾ । ਹਾਵ ਗ਼ਰੀਬ ਰੰਗ ਰੰਗਾਵੇਗਾ । ਨਰ ਨਰਾਇਣ ਵੰਡ ਵੰਡਾਵੇਗਾ । ਕਪਲਮੁਨ ਆਪ ਸਮਝਾਵੇਗਾ । ਦੱਤਾ ਤ੍ਰੈ ਫੜ ਉਠਾਵੇਗਾ । ਰਿਖਪ ਦੇਵ ਰਾਹ ਜਣਾਵੇਗਾ । ਪਿਰਥੁ ਆਪਣੀ ਗੋਦ ਬਹਾਵੇਗਾ । ਮਤਸ ਇਕੋ ਖੇਲ ਖਿਲਾਵੇਗਾ । ਕਛ ਭਾਰ ਸੀਸ ਉਠਾਵੇਗਾ । ਧਨੰਤਰ ਆਪਣਾ ਭੇਵ ਚੁਕਾਵੇਗਾ । ਬਾਵਨ ਆਪਣੀ ਖੇਲ ਖਿਲਾਵੇਗਾ । ਹੰਸਾ ਇਕੋ ਚੋਗ ਚੁਗਾਵੇਗਾ । ਮੋਹਣੀ ਰੂਪ ਵਟਾਵੇਗਾ । ਸੋਹਣੀ ਸੂਰਤ ਆਪ ਬਣਾਵੇਗਾ । ਨਰ ਸਿੰਘ ਨਾਉਂ ਧਰਾਵੇਗਾ । ਹਰੀ ਹਰਿ ਆਪ ਹੋ ਜਾਵੇਗਾ । ਨਰਾਇਣ ਆਪਣਾ ਪੜਦਾ ਲਾਹਵੇਗਾ । ਬ੍ਰਾਹਮਣ ਇਕੋ ਮਾਣ ਦਿਵਾਵੇਗਾ । ਰਾਮ ਰੂਪ ਸਰਬ ਸਮਾਵੇਗਾ । ਲੰਕਾ ਗੜ੍ਹ ਤੁੜਾਵੇਗਾ । ਕਵਾਰੀ ਕੰਨਿਆ ਭਾਗ ਲਗਾਵੇਗਾ । ਵੇਦ ਵਿਆਸਾ ਆਪ ਪਰਗਟਾਵੇਗਾ । ਪੁਰਾਨ ਅਠਾਰਾਂ ਭੇਵ ਖ਼ੁਲਾਸਾ ਆਪ ਖੁਲ੍ਹਾਵੇਗਾ । ਸਾਚੀ ਬੰਸਰੀ ਨਾਮ ਵਜਾਵੇਗਾ । ਕਾਹਨ ਘਨੱਈਆ ਨਾਉਂ ਧਰਾਵੇਗਾ । ਸਾਚੀ ਗੋਪੀ ਆਪ ਪਰਨਾਵੇਗਾ । ਘਾਟੀ ਔਖੀ ਆਪ ਚੜ੍ਹਾਵੇਗਾ । ਗੀਤਾ ਗਿਆਨ ਇਕ ਦ੍ਰਿੜ੍ਹਾਵੇਗਾ । ਅੱਠ ਦਸ ਮੇਲ ਮਿਲਾਵੇਗਾ । ਗ਼ਰੀਬ ਨਿਮਾਣੇ ਪਾਰ ਕਰਾਵੇਗਾ । ਬੋਧ ਬੋਧ ਗਿਆਨ ਇਕ ਸਮਝਾਵੇਗਾ । ਮੂਸਾ ਆਪਣੀ ਕਲ ਵਰਤਾਵੇਗਾ । ਈਸਾ ਇਕ ਬਾਪ ਧਿਆਵੇਗਾ । ਮੁਹੰਮਦ ਨਿਉਂ ਨਿਉਂ ਸੀਸ ਝੁਕਾਵੇਗਾ । ਚਾਰ ਯਾਰੀ ਗੰਢ ਪਵਾਵੇਗਾ । ਅੱਲਾ ਰਾਣੀ ਜੋੜ ਜੁੜਾਵੇਗਾ । ਨਾਨਕ ਨਿਰਗੁਣ ਜੋਤ ਜਗਾਵੇਗਾ । ਵਰਨ ਗੋਤ ਨਾ ਕੋਇ ਰਖਾਵੇਗਾ । ਕਾਇਆ ਕੋਟ ਬੰਕ ਸੁਹਾਵੇਗਾ । ਸ਼ਬਦ ਚੋਟ ਇਕ ਲਗਾਵੇਗਾ । ਸਾਚੀ ਜੋਤ ਇਕ ਪਰਗਟਾਵੇਗਾ । ਲੋਕ ਪਰਲੋਕ ਆਪ ਸਮਝਾਵੇਗਾ । ਸਚ ਸਲੋਕ ਆਪੇ ਗਾਵੇਗਾ । ਸੋਹੰ ਢੋਲਾ ਰਾਗ ਅਲਾਵੇਗਾ । ਮੰਤਰ ਸਤਿ ਨਾਮ ਦ੍ਰਿੜ੍ਹਾਵੇਗਾ । ਸਚਖੰਡ ਦਵਾਰੇ ਸੋਭਾ ਪਾਵੇਗਾ । ਦਰ ਦਰਵੇਸ਼ ਅਲੱਖ ਜਗਾਵੇਗਾ । ਲੱਖ ਚੁਰਾਸੀ ਨਾਲੋ ਹੋ ਕੇ ਵੱਖ, ਪੁਰਖ ਅਕਾਲ ਇਕ ਮਨਾਵੇਗਾ । ਚਾਰ ਵਰਨਾਂ ਮਾਰਗ ਦੱਸ, ਜ਼ਾਤਾਂ ਪਾਤਾਂ ਮੇਟ ਮਿਟਾਵੇਗਾ ।

ਅੰਗਦ ਸਿਰ ਤੇ ਰੱਖ ਹੱਥ, ਅੰਗੀਕਾਰ ਆਪ ਕਰਾਵੇਗਾ । ਅੰਮ੍ਰਿਤ ਅਮਰੂ ਦੇ ਰਸ, ਅਮਰਾਪਦ ਇਕ ਜਣਾਵੇਗਾ । ਰਾਮ ਦਾਸ ਹੋ ਕੇ ਵਸ, ਵਾਸਤਾ ਆਪਣੇ ਨਾਲ ਰਖਾਵੇਗਾ । ਗੁਰ ਅਰਜਨ ਮਾਰਗ ਦੱਸ, ਬੋਧ ਅਗਾਧ ਸ਼ਬਦ ਗਿਆਨ ਪੜ੍ਹਾਵੇਗਾ । ਹਰਿ ਗੋਬਿੰਦ ਮੇਲਾ ਹੱਸ ਹੱਸ, ਦੋ ਧਾਰਾਂ ਖੇਲ ਖਿਲਾਵੇਗਾ । ਹਰਿਰਾਏ ਮਹਿਮਾ ਅਕੱਥ, ਕਥਨੀ ਕਥ ਨਾ ਕੋਇ ਜਣਾਵੇਗਾ । ਹਰਿਕ੍ਰਿਸ਼ਨ ਹਰਿ ਸਰਨਾਈ ਗਿਆ ਢੱਠ, ਬਾਲ ਬਾਲਾ ਵੰਡ ਵੰਡਾਵੇਗਾ । ਤੇਗ਼ ਬਹਾਦਰ ਖੋਲ੍ਹਿਆ ਹੱਟ, ਸੀਸ ਧੜ ਵੰਡ ਵੰਡਾਵੇਗਾ । ਗੁਰ ਗੋਬਿੰਦ ਬੋਲ ਅਲੱਖ, ਪੁਰਖ ਅਕਾਲ ਇਕ ਮੰਨਾਵੇਗਾ । ਬਾਲੇ ਨੀਹਾਂ ਹੇਠਾਂ ਰੱਖ, ਕਲਜੁਗ ਅੰਤ ਜੜ੍ਹ ਉਖੜਾਵੇਗਾ । ਸਾਚਾ ਲੇਖਾ ਗਿਆ ਦੱਸ, ਧੁਰ ਦਾ ਲੇਖ ਆਪ ਸਮਝਾਵੇਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਹੱਸ, ਹਰਿ ਕਾ ਭੇਵ ਕੋਇ ਨਾ ਪਾਵੇਗਾ । ਵੇਦ ਵਿਆਸਾ ਲਿਖ ਕੇ ਗਿਆ ਹੱਥ, ਪੂਤ ਸਪੂਤਾ ਬ੍ਰਹਮਣ ਗੌੜਾ ਉਚੇ ਟਿੱਲੇ ਪਰਬਤ ਡੇਰਾ ਲਾਵੇਗਾ । ਮੂਸਾ ਵੇਂਹਦਾ ਰਿਹਾ ਪਰਤੱਖ, ਜਲਵਾ ਨੂਰ ਇਕ ਜਣਾਵੇਗਾ । ਈਸਾ ਅੱਖਾਂ ਨਾਲ ਰਿਹਾ ਤੱਕ, ਮੇਰਾ ਪੀਰ ਮੇਰੇ ਪਿੱਛੇ ਫੇਰਾ ਪਾਵੇਗਾ । ਮੁਹੰਮਦ ਕਹੇ ਨਬੇੜਾ ਕਰੇ ਹੱਕ, ਸਿਰ ਅਮਾਮਾਂ ਰੂਪ ਵਟਾਵੇਗਾ । ਨਾਨਕ ਕਿਹਾ ਆਏ ਪੁਰਖ ਸਮਰਥ, ਨਿਹਕਲੰਕਾ ਨਾਉਂ ਰਖਾਵੇਗਾ । ਗੁਰ ਗੋਬਿੰਦ ਕਿਹਾ ਸੰਬਲ ਜਾਏ ਨਗਰ ਵਸ, ਸਾਢੇ ਤਿੰਨ ਹੱਥ ਆਪ ਵਡਿਆਵੇਗਾ । ਚਾਰ ਜੁਗ ਦਾ ਖੇੜਾ ਜਾਏ ਢੱਠ, ਨੌਂ ਸੌ ਚੁਰਾਨਵੇ ਚੌਕੜੀ ਪੰਧ ਮੁਕਾਵੇਗਾ । ਸਚ ਧਰਮ ਦਾ ਖੋਲ੍ਹੇ ਹੱਟ, ਕੂੜੀ ਕਿਰਿਆ ਰੋਗ ਗਵਾਵੇਗਾ । ਚਾਰ ਵਰਨਾਂ ਦੇਵੇ ਇਕੋ ਮੱਤ, ਬ੍ਰਹਮ ਮਤ ਇਕ ਸਮਝਾਵੇਗਾ । ਗ਼ਰੀਬ ਨਿਮਾਣਿਆਂ ਰੱਖੇ ਦੇ ਕਰ ਹੱਥ, ਕੋੜ੍ਹਿਆਂ ਕਮਲਿਆਂ ਗੋਦ ਬਹਾਵੇਗਾ । ਸ਼ਾਹ ਸੁਲਤਾਨਾਂ ਝੋਲੀ ਕਰੇ ਸੱਖ, ਤਖ਼ਤ ਤਾਜ ਸਰਬ ਮਿਟਾਵੇਗਾ । ਅੰਤਮ ਖੇੜਾ ਸਭ ਦਾ ਕਰੇ ਭੱਠ, ਬਣ ਭਠਿਆਲਾ ਅਗਨੀ ਡਾਹਵੇਗਾ । ਲੱਖ ਚੁਰਾਸੀ ਵਿਚੋ ਗੁਰਮੁਖ ਵਿਰਲੇ ਲਏ ਰੱਖ, ਜਿਨ੍ਹਾਂ ਆਪਣਾ ਭੇਵ ਖੁਲ੍ਹਾਵੇਗਾ । ਪੀਰ ਪੈਗ਼ੰਬਰ ਗੁਰ ਅਵਤਾਰ ਸਭ ਦਾ ਕਰੇ ਇਕੱਠ, ਚਾਰ ਜੁਗ ਦਾ ਪੰਧ ਮੁਕਾਵੇਗਾ । ਪਰਗਟ ਹੋ ਪੁਰਖ ਸਮਰਥ, ਧੁਰ ਦਾ ਹੁਕਮ ਇਕ ਸੁਣਾਵੇਗਾ । ਜਿਸ ਦਾ ਪੰਧ ਮੁਕੌਂਦੇ ਨੱਠ ਨੱਠ, ਸੋ ਪਾਂਧੀ ਬਣ ਕੇ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਲਹਿਣਾ ਅੰਤ ਮੁਕਾਵੇਗਾ । ਤੇਰਾ ਲਹਿਣਾ ਅੰਤ ਮੁਕਾਏਗਾ । ਅਬਿਨਾਸ਼ੀ ਕਰਤਾ ਇਕੋ ਆਏਗਾ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵੇਖ ਵਖਾਏਗਾ । ਕਲਜੁਗ ਅੰਤਮ ਫੇਰਾ ਪਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਉਠਾਏਗਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾਏਗਾ । ਕਰੋੜ ਤੇਤੀਸਾ ਭੇਵ ਚੁਕਾਏਗਾ । ਈਸਾ ਮੂਸਾ ਪੜਦਾ ਲਾਹੇਗਾ । ਮੁਖ ਨਕਾਬ ਨਾ ਕੋਇ ਰਖਾਏਗਾ । ਸਚ ਆਦਾਬ ਇਕ ਸਮਝਾਏਗਾ । ਹੱਕ ਜਨਾਬ ਫੇਰਾ ਪਾਏਗਾ । ਆਫ਼ਤਾਬ ਇਕ ਰੁਸ਼ਨਾਏਗਾ । ਮਹਿਬੂਬ ਇਕੋ ਨਜ਼ਰੀ ਆਏਗਾ । ਸਚ ਅਰੂਜ ਸੋਭਾ ਪਾਏਗਾ । ਮੁਰੀਦ ਮੁਰਸ਼ਦ ਕਰ ਮਹਿਫੂਜ, ਮਹਿਫ਼ਲ ਆਪਣੀ ਆਪ ਸਮਝਾਏਗਾ । ਦਰਗਾਹ ਸਾਚੀ ਵਖਾਏ ਹਦੂਦ, ਹਾਜ਼ਰ ਹੋ ਕੇ ਆਪ ਸਮਝਾਏਗਾ । ਜਿਸ ਦਾ ਪੜ੍ਹਦੇ ਹਜ਼ਾਰਾ ਦਰੂਦ, ਇਸਮ ਆਅਜ਼ਮ ਆਪਣੀ ਕਾਰ ਕਮਾਏਗਾ । ਸੋ ਸਾਹਿਬ ਹੋਏ ਮੌਜੂਦ, ਮੌਜੂਦਗੀ ਸਭ ਦੀ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਲੇਖ ਚੁਕਾਏਗਾ । ਵਿਸ਼ਨ ਬ੍ਰਹਮਾ ਸ਼ਿਵ ਰੱਖਣਾ ਯਾਦ, ਆਦਿ ਪੁਰਖ ਆਪ ਸਮਝਾਈਆ । ਜੁਗ ਚੌਕੜੀ ਦੇਵਾਂ ਦਾਦ, ਗੁਰ ਅਵਤਾਰ ਮਾਤ ਪਰਗਟਾਈਆ । ਲੇਖਾ ਜਾਣਾ

ਸੰਤ ਸਾਧ, ਭਗਤ ਭਗਵਾਨ ਕਰ ਪੜ੍ਹਾਈਆ । ਬ੍ਰਹਿਮੰਡ ਖੰਡ ਵਜਾ ਨਾਦ, ਪੁਰੀ ਲੋਅ ਕਰਾਂ ਸ਼ਨਵਾਈਆ । ਲੱਖ ਚੁਰਾਸੀ ਸਾਜਣ ਸਾਜ, ਘਰ ਘਰ ਆਪਣਾ ਡੇਰਾ ਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਾ ਜਹਾਜ਼, ਚੱਪੂ ਇਕੋ ਹੱਥ ਉਠਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਧੁਰ ਦੀ ਮਾਰ ਆਵਾਜ਼, ਇਕੱਠੇ ਇਕੋ ਘਰ ਕਰਾਈਆ । ਵੇਖੇ ਹਰਿ ਕਾ ਕਲਮਾ ਸਚ ਨਿਮਾਜ਼, ਨਮਾਜ਼ੀ ਆਪਣਾ ਭੇਵ ਜਣਾਈਆ । ਜਿਸ ਸਾਜਣ ਲਿਆ ਸਾਜ, ਸੋ ਸੱਜਣ ਰਿਹਾ ਉਠਾਈਆ । ਸਚ ਦੁਆਰੇ ਆਉਣਾ ਭਾਜ, ਬਣ ਪਾਂਧੀ ਪੰਧ ਮੁਕਾਈਆ । ਸਚਖੰਡ ਦਾ ਵੇਖੇ ਰਾਜ, ਰਯੱਤ ਇਕੋ ਰਿਹਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਮੇਲਾ ਲਏ ਮਿਲਾਈਆ । ਕਲਜੁਗ ਵੇਲਾ ਅੰਤਮ ਆਵੇਗਾ । ਸਚ ਅਮਾਮ ਫੇਰਾ ਪਾਵੇਗਾ । ਧੁਰ ਕਲਾਮ ਇਕ ਜਣਾਵੇਗਾ । ਸਚ ਪੈਗ਼ਾਮ ਇਕ ਪੁਚਾਵੇਗਾ । ਚੌਦਾਂ ਸਦੀਆਂ ਜੋ ਹੋਏ ਬਦਨਾਮ, ਬਦੀ ਸਭ ਦੀ ਵੇਖ ਵਖਾਵੇਗਾ । ਜਿਸ ਨੇ ਪੀਰ ਪੈਗ਼ੰਬਰ ਕੀਤੇ ਗ਼ੁਲਾਮ, ਸੋ ਬਰਦੇ ਬੰਨ੍ਹ ਲਿਆਵੇਗਾ । ਚਾਰ ਕੁੰਟ ਰਹਿਣ ਨਾ ਦੇਵੇ ਕੋਈ ਹਰਾਮ, ਹਰਾਮੀ ਸਾਰੇ ਵੇਖ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਫੇਰਾ ਪਾਵੇਗਾ । ਕਲ ਅੰਤਮ ਹਰਿ ਜੂ ਆਇਆ ਏ । ਨਰ ਨਰੇਸ਼ ਰੂਪ ਵਟਾਇਆ ਏ । ਦਰ ਦਰਵੇਸ਼ ਫੇਰਾ ਪਾਇਆ ਏ । ਵਿਸ਼ਨ ਬ੍ਰਹਮਾ ਸ਼ਿਵ ਉਠਾਇਆ ਏ । ਅੰਤਰ ਜਣਾਏ ਇਕੋ ਲਿਵ, ਬਾਹਰੋਂ ਨਾਦ ਨਾ ਕੋਇ ਵਜਾਇਆ ਏ । ਡੂੰਘੀ ਧਾਰ ਖੋਲ੍ਹੇ ਭੇਵ, ਅਭੇਦ ਆਪ ਦ੍ਰਿੜਾਇਆ ਏ । ਜੁਗ ਜੁਗ ਕਰੇ ਸਾਚੀ ਸੇਵ, ਸੇਵਾ ਹਰਿ ਜੂ ਲੇਖੇ ਲਾਇਆ ਏ । ਦੇਵਣਹਾਰਾ ਅਗੰਮੀ ਮੇਵ, ਅੰਮ੍ਰਿਤ ਫਲ ਇਕ ਵਖਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਆਪ ਦਰਸਾਇਆ ਏ । ਸਾਚਾ ਰਾਹ ਇਕ ਦਰਸਾਉਂਦਾ ਏ । ਸਚਖੰਡ ਦਵਾਰ ਵਡਿਆਉਂਦਾ ਏ । ਲੋਕਮਾਤ ਵੇਸ ਵਟਾਉਂਦਾ ਏ । ਨਰ ਨਰਾਇਣ ਨਾਉਂ ਧਰਾਉਂਦਾ ਏ । ਸੀਸ ਜਗਦੀਸ ਤਾਜ ਸੁਹਾਉਂਦਾ ਏ । ਆਪਣੇ ਮੁਖ ਆਪ ਵਖਾਉਂਦਾ ਏ । ਦੋ ਜਹਾਨਾਂ ਦੁੱਖ ਗਵਾਉਂਦਾ ਏ । ਜੁਗ ਚੌਕੜੀ ਜੋ ਸੁਖਣਾ ਰਹੇ ਸੁਖ, ਤਿਨ੍ਹਾਂ ਆਸਾ ਪੂਰ ਕਰਾਉਂਦਾ ਏ । ਜਨ ਭਗਤਾਂ ਲਾਹੇ ਲੱਗੀ ਭੁੱਖ, ਜਨਮ ਕਰਮ ਰੋਗ ਮਿਟਾਉਂਦਾ ਏ । ਸਾਚੀ ਗੋਦੀ ਲਏ ਚੁੱਕ, ਚੁੱਕ ਚੁੱਕ ਖ਼ੁਸ਼ੀ ਆਪ ਮਨੌਂਦਾ ਏ । ਦੂਰ ਦੁਰਾਡਿਆਂ ਲਏ ਪੁੱਛ, ਨੇੜਨ ਨੇੜਾ ਨਜ਼ਰੀ ਆਉਂਦਾ ਏ । ਸਤਿ ਸਤਿਵਾਦੀ ਵੇਖੇ ਝੁਕ, ਸ਼ਹਿਨਸ਼ਾਹ ਆਪਣੀ ਵੰਡ ਵੰਡਾਉਂਦਾ ਏ । ਕਲਜੁਗ ਅੰਤਮ ਬੂਟਾ ਦੇਵੇ ਪੁੱਟ, ਧੁਰ ਦਾ ਮਾਲੀ ਫੇਰਾ ਪਾਉਂਦਾ ਏ । ਸ੍ਰੀ ਭਗਵਾਨ ਨਾਲੋ ਗਏ ਜੋ ਰੁੱਠ, ਤਿਨ੍ਹਾਂ ਦੋਜ਼ਖ਼ ਅਗਨ ਤਪਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਅੰਤ ਕੋਈ ਨਾ ਰਹੇ ਲੁਕ, ਲੁਕਿਆ ਆਪਣਾ ਪੜਦਾ ਲੌਂਹਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਉਂਦਾ ਏ । ਸਾਚੀ ਕਰਨੀ ਹਰਿ ਕਮਾਉਂਦਾ ਏ । ਨਿਹਕਲੰਕ ਨਾਉਂ ਧਰਾਉਂਦਾ ਏ । ਸ਼ਬਦੀ ਡੰਕ ਇਕ ਵਜਾਉਂਦਾ ਏ । ਗੁਰ ਅਵਤਾਰ ਆਪ ਉਠਾਉਂਦਾ ਏ । ਦਰ ਦੁਆਰ ਬੰਕ ਬਣਾਉਂਦਾ ਏ । ਸਾਚਾ ਹੁਕਮ ਇਕ ਸੁਣਾਉਂਦਾ ਏ । ਚਾਰ ਜੁਗ ਦੇ ਵਿਛੜੇ ਯਾਰ ਮਿਲਾਉਂਦਾ ਏ । ਦੀਨ ਮਜ਼੍ਹਬ ਦਾ ਮੋਹ ਚੁਕਾਉਂਦਾ ਏ । ਸਾਚੀ ਸੋ ਇਕ ਸੁਣਾਉਂਦਾ ਏ । ਤੁਸੀਂ ਮੇਰੇ ਗਏ ਹੋ, ਹੋਕਾ ਹਰਿ ਜੂ ਇਕ ਅਲਾਉਂਦਾ ਏ । ਦੂਜਾ ਰਹੇ ਨਾ ਕੋਇ ਕੋ, ਕੋਟੀ ਕੋਟ ਉਠਾਉਂਦਾ ਏ । ਘਰ ਦੀਪਕ ਕਰੇ ਲੋ, ਅਗਿਆਨ ਅੰਧੇਰ ਮਿਟਾਉਂਦਾ ਏ । ਆਤਮ ਪਰਮਾਤਮ ਜਾਏ ਛੋਹ, ਬ੍ਰਹਮ ਪਾਰਬ੍ਰਹਮ

ਸਮਾਉਂਦਾ ਏ । ਕੂੜੀ ਕਿਰਿਆ ਸਭ ਤੋ ਲਏ ਖੋਹ, ਖ਼ਾਲੀ ਹੱਥ ਫਿਰਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਨਾਲ ਨਾ ਕਰੇ ਧਰੋਹ, ਧੋਖਾ ਦੇ ਨਾ ਕੋਇ ਭੁਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਲਾ ਅੰਤ ਸੁਹਾਉਂਦਾ ਏ । ਕਲਜੁਗ ਵੇਲਾ ਅੰਤ ਸੁਹਾਉਂਦਾ ਏ । ਨਾਨਕ ਲੇਖਾ ਪੂਰ ਕਰਾਉਂਦਾ ਏ । ਕਲ ਕਲਕੀ ਵੇਸ ਵਟਾਉਂਦਾ ਏ । ਸ੍ਰਿਸ਼ਟ ਸਬਾਈ ਮਰਦੀ ਆਪ ਬਚੌਂਦਾ ਏ । ਮਾਣਸ ਜਨਮ ਸ੍ਰਿਸ਼ਟੀ ਹਰਦੀ, ਸਾਚਾ ਸੁਖ਼ਨ ਆਪ ਸੁਣੌਂਦਾ ਏ । ਜਿਸ ਸਾਹਿਬ ਕੋਲੋ ਗੁਰਮੁਖ ਆਸਾ ਡਰਦੀ, ਤਿਸ ਸਤਿਗੁਰ ਆਪ ਮਿਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖੌਂਦਾ ਏ । ਹਰਿ ਆਪਣੀ ਖੇਲ ਵਖਾਵੇਗਾ । ਇਕੀ ਸਾਵਣ ਦਇਆ ਕਮਾਵੇਗਾ । ਪਤਤ ਪਾਵਣ ਲੇਖ ਲਿਖਾਵੇਗਾ । ਲਿਖਿਆ ਲੇਖ ਨਾ ਕੋਇ ਮਿਟਾਵੇਗਾ । ਕਲਜੁਗ ਕੂੜਾ ਭੇਖ ਚੁਕਾਵੇਗਾ । ਸਾਚਾ ਦੇਸ ਇਕ ਵਸਾਵੇਗਾ । ਨਰ ਨਰੇਸ਼ ਵੇਖ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲ ਆਪ ਵਰਤਾਵੇਗਾ । ਸਾਚੀ ਕਲ ਪ੍ਰਭੂ ਵਰਤਾਵੇਗਾ । ਚਾਰ ਕੁੰਟ ਅੰਧੇਰਾ ਛਾਵੇਗਾ । ਸਾਚਾ ਚੰਦ ਨਜ਼ਰ ਨਾ ਆਵੇਗਾ । ਟੁੱਟੀ ਗੰਢ ਨਾ ਕੋਇ ਵਖਾਵੇਗਾ । ਸ੍ਰਿਸ਼ਟ ਸਬਾਈ ਪਾਵੇ ਡੰਡ, ਹਰਿ ਕਾ ਨਾਮ ਨਾ ਕੋਇ ਧਿਆਵੇਗਾ । ਕਲਜੁਗ ਜੀਵ ਹੋਈ ਨਾਰ ਰੰਡ, ਹਰਿ ਕੰਤ ਨਾ ਕੋਇ ਹੰਢਾਵੇਗਾ । ਲੱਖ ਚੁਰਾਸੀ ਭਾਗਾਂ ਮੰਦ, ਚਾਰੋਂ ਕੁੰਟ ਵੇਖ ਵਖਾਵੇਗਾ । ਜਿਨ੍ਹਾਂ ਸਾਹਿਬ ਦਾ ਗਾਇਆ ਸੱਚਾ ਛੰਦ, ਤਿਨ੍ਹਾਂ ਆਪਣਾ ਰੰਗ ਵਖਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਪੂਰੀ ਕਰੇ ਮੰਗ, ਮਾਂਗਤ ਨਜ਼ਰ ਕੋਈ ਨਾ ਆਵੇਗਾ । ਹਰਿ ਮੰਗਤਾ ਇਕ ਉਪਜਾਇੰਦਾ, ਪਾਰਬ੍ਰਹਮ ਕਰਤਾਰ । ਜੁਗ ਚੌਕੜੀ ਵੇਖ ਵਖਾਇੰਦਾ, ਨਿਰਗੁਣ ਸਰਗੁਣ ਲੈ ਅਵਤਾਰ । ਜੀਵ ਜੰਤ ਵੇਖ ਵਖਾਇੰਦਾ, ਲੱਖ ਚੁਰਾਸੀ ਪਾਵੇ ਸਾਰ । ਸ਼ਾਸਤਰ ਸਿਮਰਤ ਵੇਦ ਪੁਰਾਨ ਆਪ ਉਪਜਾਇੰਦਾ, ਗੀਤਾ ਗਿਆਨ ਦਏ ਆਧਾਰ । ਅੰਜੀਲ ਕੁਰਾਨ ਤੀਸ ਬਤੀਸ ਆਪ ਸਮਝਾਇੰਦਾ, ਸਚ ਹਦੀਸ ਪਰਵਰਦਿਗਾਰ । ਮੁਕਾਮੇ ਹੱਕ ਸੋਭਾ ਪਾਇੰਦਾ, ਸ਼ਾਹ ਪਾਤਸ਼ਾਹ ਸੱਚੀ ਸਰਕਾਰ । ਰਾਮ ਰਹੀਮ ਰਹਿਮਾਨ ਆਪ ਅਖਵਾਇੰਦਾ, ਰਹਿਬਰ ਬਣੇ ਵਿਚ ਸੰਸਾਰ । ਕਲਜੁਗ ਅੰਤਮ ਮੇਟ ਮਿਟਾਇੰਦਾ, ਸਤਿਜੁਗ ਸਾਚਾ ਕਰੇ ਉਜਿਆਰ । ਸਾਚੀ ਰੁੱਤ ਇਕ ਸੁਹਾਇੰਦਾ, ਸਚਖੰਡ ਨਿਵਾਸੀ ਸਾਂਝਾ ਯਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦੀ ਧਾਰ । ਧੁਰ ਦੀ ਧਾਰ ਆਪ ਸਮਝਾਏਗਾ । ਜੁਗ ਚੌਕੜੀ ਲੇਖ ਮੁਕਾਏਗਾ । ਦੋ ਜਹਾਨ ਵੇਖ ਵਖਾਏਗਾ । ਰਾਜ ਰਾਜਾਨ ਡੇਰਾ ਢਾਹੇਗਾ । ਸ਼ਾਹ ਸੁਲਤਾਨ ਇਕ ਹੋ ਜਾਏਗਾ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ, ਇਲਾਹੀ ਨੂਰ ਇਕ ਚਮਕਾਏਗਾ । ਦੋ ਜਹਾਨਾਂ ਦੇਵੇ ਸੱਦਾ, ਸਦ ਆਵਾਜ਼ ਇਕ ਸੁਣਾਏਗਾ । ਪੰਦਰਾਂ ਕੱਤਕ ਆਵੇ ਭੱਜਾ, ਪਾਰਬ੍ਰਹਮ ਪ੍ਰਭ ਫੇਰਾ ਪਾਏਗਾ । ਸਚ ਦੁਆਰੇ ਬਹਿ ਕੇ ਸਜਾ, ਭਗਤ ਦੁਆਰ ਇਕ ਵਡਿਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਏਗਾ । ਭਗਤ ਦੁਆਰ ਸੱਚੀ ਸਰਕਾਰ, ਸਚ ਸਿੰਘਾਸਣ ਸੋਭਾ ਪਾਈਆ । ਦਿਲੀ ਤਖ਼ਤ ਦਿਲੀ ਦਿਲਦਾਰ, ਦਿਲਬਰ ਆਪਣਾ ਲਏ ਬਣਾਈਆ । ਆਪੇ ਤਾਲਬ ਪੂਰੀ ਕਰੇ ਆਪਣੀ ਤਲਬ ਤਲਬਗਾਰ, ਤਾਕਤ ਆਪਣੇ ਹੱਥ ਰਖਾਈਆ । ਵਰਤੇ ਹੁਕਮ ਇਕ ਸੰਸਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਵਾਲੀ ਹਿੰਦ ਹੋਣਾ ਖ਼ਵਾਰ, ਹੋਣੀ ਸਭ ਦੇ ਸਿਰ ਤੇ ਛਾਈਆ । ਆਉਣਾ ਪਏ ਸਚ ਦਰਬਾਰ, ਨੰਗੀ ਪੈਰੀਂ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ,


੧੨੪ ੧੫

ਆਪ ਆਪਣੀ ਕਿਰਪਾ ਕਰ, ਦੋ ਇਕ ਵੰਡ ਵੰਡਾਈਆ । ਦੋ ਇਕ ਦਾ ਸੱਚਾ ਗਾਨਾਂ, ਸੋ ਸਾਹਿਬ ਆਪ ਬੰਧਾਈਆ । ਪਰਗਟ ਹੋ ਸ੍ਰੀ ਭਗਵਾਨਾ, ਭਗਵਨ ਆਪਣੀ ਕਾਰ ਕਮਾਈਆ । ਲੇਖਾ ਜਾਣੇ ਦੋ ਜਹਾਨਾਂ, ਜ਼ਿਮੀਂ ਅਸਮਾਨਾਂ ਪੜਦਾ ਲਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਏ ਪਰਵਾਨਾ, ਧੁਰ ਫ਼ਰਮਾਨਾ ਆਪ ਜਣਾਈਆ । ਪਿਛਲਾ ਛੱਡਣਾ ਪਏ ਈਮਾਨਾ, ਆਮਲ ਇਕੋ ਅਮਲ ਕਰਾਈਆ । ਸਭ ਨੇ ਗਾਉਣਾ ਸੱਚਾ ਗਾਣਾ, ਸੋਹੰ ਰਾਗ ਇਕ ਅਲਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਪਰਵਾਨਾ, ਹਿੰਦੂ ਮੁਸਲਮ ਸਿਖ ਈਸਾਈ ਇਕ ਪੜ੍ਹਾਈਆ । ਕਲਮਾ ਰਸੂਲ ਸੱਚਾ ਗਾਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਏਕ ਦਏ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਹੱਸਣ, ਪ੍ਰਭ ਦਰ ਤੇ ਖ਼ੁਸ਼ੀ ਮਨਾਈਆ । ਵਡ ਵਡਿਆਈ ਪ੍ਰਭ ਆਇਆ ਮਾਰਗ ਦੱਸਣ, ਨਿਰਗੁਣ ਆਪਣਾ ਵੇਸ ਵਟਾਈਆ । ਹਰ ਹਿਰਦੇ ਅੰਦਰ ਆਇਆ ਵਸਣ, ਹਰਿ ਮੰਦਰ ਰੂਪ ਵਖਾਈਆ । ਤੀਰ ਅਣਿਯਾਲਾ ਆਇਆ ਕਸਣ, ਤਿੱਖੀ ਮੁਖੀ ਧਾਰ ਚਲਾਈਆ । ਕੂੜੀ ਕਿਰਿਆ ਆਇਆ ਝੱਸਣ, ਚਰਨਾਂ ਹੇਠ ਦਬਾਈਆ । ਲੱਖ ਚੁਰਾਸੀ ਵਿਚੋ ਵਰੋਲੇ ਮੱਖਣ, ਨਾਮ ਮਧਾਣਾ ਇਕੋ ਪਾਈਆ । ਜਨ ਭਗਤਾਂ ਖੋਲ੍ਹੇ ਇਕੋ ਅੱਖਨ, ਸੋ ਅੱਖ ਆਪਣੇ ਨਾਲ ਮਿਲਾਈਆ । ਸਾਚੇ ਕਾਅਬੇ ਕਰਾਏ ਆਪਣਾ ਹਜਨ, ਹਾਜੀ ਆਪਣੀ ਦਇਆ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਨੌਂ ਖੰਡ ਸੱਤ ਦੀਪ ਜੀਵ ਜੰਤ ਸਾਧ ਸੰਤ ਕਿਸੇ ਨਾ ਦੇਵੇ ਭੱਜਣ, ਭੱਜਿਆਂ ਰਾਹ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦ੍ਰਿਸ਼ਟੀ ਦਏ ਖੁਲ੍ਹਾਈਆ । ਸਾਚੀ ਦ੍ਰਿਸ਼ਟੀ ਦੇਵੇ ਖੋਲ੍ਹ, ਦ੍ਰਿਸ਼ਟਾਂਤ ਇਕੋ ਇਕ ਜਣਾਇੰਦਾ । ਸ੍ਰਿਸ਼ਟੀ ਮਾਲਕ ਬੋਲੇ ਬੋਲ, ਅਨਬੋਲਤ ਰਾਗ ਅਲਾਇੰਦਾ । ਗੁਰਮੁਖ ਵਸੇ ਪ੍ਰਭ ਦੇ ਕੋਲ, ਬਿਨ ਭਗਤਾਂ ਸ੍ਰੀ ਭਗਵਾਨ ਨਾ ਸੋਭਾ ਪਾਇੰਦਾ । ਦਰ ਆ ਕੇ ਪੜਦੇ ਲਵੇ ਖੋਲ੍ਹ, ਬੰਦ ਤਾਕੀ ਕੁੰਡਾ ਲਾਹਿੰਦਾ । ਘਰ ਸ਼ਬਦ ਅਗੰਮੀ ਸੁਣੇ ਢੋਲ, ਅਨਹਦ ਨਾਦੀ ਨਾਦ ਸੁਣਾਇੰਦਾ । ਆਤਮ ਪਰਮਾਤਮ ਮਿਲ ਕੇ ਕਰੇ ਚੋਲ੍ਹ, ਸਾਚੀ ਸੇਜਾ ਇਕ ਸੁਹਾਇੰਦਾ । ਹਰਿ ਕਾ ਰੂਪ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਪੜ੍ਹਿਆਂ ਹੱਥ ਕਿਸੇ ਨਾ ਆਇੰਦਾ । ਜੁਗ ਚੌਕੜੀ ਨਿਰਗੁਣ ਤੈਨੂੰ ਸਰਗੁਣ ਕਰਦਾ ਰਿਹਾ ਮਖੌਲ, ਮਸਖ਼ਰਾ ਤੇਰਾ ਰੂਪ ਵਟਾਇੰਦਾ । ਤੇਰਾ ਅੰਤ ਨਾ ਪਾਏ ਕੋਈ ਉਪਰ ਧੌਲ, ਧਰਨੀ ਧਰਤ ਸਮਝ ਨਾ ਕੋਇ ਸਮਝਾਇੰਦਾ । ਵਿਸ਼ਨੂੰ ਤੇਰਾ ਪੂਰਾ ਕਰੇ ਕੌਲ, ਬ੍ਰਹਮੇ ਤੇਰਾ ਇਕਰਾਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰੱਖੇ ਅਡੋਲ, ਅਡੂਲ ਆਪਣੇ ਰੰਗ ਰੰਗਾਇੰਦਾ । ਸਾਚੇ ਰੰਗ ਰੰਗੇ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਸਤਿਜੁਗ ਤੇਰਾ ਸਾਚਾ ਮੰਤ, ਮੰਤਰ ਇਕੋ ਨਾਮ ਪੜ੍ਹਾਈਆ । ਗੜ੍ਹ ਤੋੜੇ ਹਉਮੇਂ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਮੇਲ ਮਿਲਾਵਾ ਸਾਚੀ ਸੰਗਤ, ਸਗਲਾ ਸੰਗ ਨਿਭਾਈਆ । ਭੇਵ ਖੁਲਾਏ ਬੋਧ ਅਗਾਧਾ ਆਤਮ ਪੰਡਤ, ਪਰਮਾਤਮ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਇਕ ਪਰਗਟਾਈਆ । ਸਚਖੰਡ ਦੁਆਰਾ ਪਰਗਟੇ ਮਾਤ, ਧਰਤ ਧਵਲ ਆਪ ਸੁਹਾਇੰਦਾ । ਚਾਰ ਵਰਨ ਬਣਾਏ ਇਕ ਜਮਾਤ, ਅੱਖਰ ਵੱਖਰ ਇਕ ਪੜ੍ਹਾਇੰਦਾ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਪੁਰਖ ਅਕਾਲ ਸੱਜਣ ਸਾਕ, ਦੀਨ ਦਿਆਲ ਦਇਆ ਕਮਾਇੰਦਾ । ਜਨ ਭਗਤਾਂ ਖੋਲ੍ਹ ਤਾਕ, ਆਪਣਾ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੀ ਕਲ ਵਰਤਾਇੰਦਾ । ਸਤਿਜੁਗ ਵਰਤੇ


੧੨੫
੧੫

ਸਾਚੀ ਕਲ, ਕਲਧਾਰੀ ਆਪ ਵਰਤਾਈਆ । ਨਵ ਖੰਡ ਜਾਏ ਹਲ, ਧਰਨੀ ਧੀਰ ਨਾ ਕੋਇ ਧਰਾਈਆ । ਸ੍ਰਿਸ਼ਟ ਸਬਾਈ ਵੇਖੇ ਡੂੰਘੀ ਡਲ, ਡੂੰਘਾ ਸਾਗਰ ਤਰਨ ਕੋਇ ਨਾ ਪਾਈਆ । ਸਿੰਮਲ ਨਜ਼ਰ ਨਾ ਆਏ ਫਲ, ਖ਼ਾਲੀ ਰੁੱਖ ਫੁੱਲ ਰਹੇ ਮਹਿਕਾਈਆ । ਅੰਮ੍ਰਿਤ ਮਿਲੇ ਨਾ ਕੋਈ ਜਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖਣ ਆਈਆ । ਕਲਜੁਗ ਅੰਤਮ ਵੇਖਣਹਾਰਾ, ਏਕੰਕਾਰਾ ਆਪ ਅਖਵਾਇੰਦਾ । ਸੋ ਪੁਰਖ ਨਿਰੰਜਣ ਨਿਰਗੁਣ ਧਾਰਾ, ਹਰਿ ਪੁਰਖ ਨਿਰੰਜਣ ਫੇਰਾ ਪਾਇੰਦਾ । ਏਕੰਕਾਰਾ ਕਰ ਪਸਾਰਾ, ਆਦਿ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਲਾ ਅਖਾੜਾ, ਲੱਖ ਚੁਰਾਸੀ ਨਾਚ ਨਚਾਇੰਦਾ । ਸ੍ਰੀ ਭਗਵਾਨ ਵਜਾਵੇ ਤਾੜਾ, ਤਾਲ ਇਕੋ ਇਕ ਸਮਝਾਇੰਦਾ । ਪਾਰਬ੍ਰਹਮ ਬ੍ਰਹਮ ਦੱਸੇ ਭੇਵ ਨਿਆਰਾ, ਨਿਰਗੁਣ ਆਪਣਾ ਰਾਹ ਸਮਝਾਇੰਦਾ । ਸੋਹੰ ਸ਼ਬਦ ਸਚ ਜੈਕਾਰਾ, ਆਦਿ ਜੁਗਾਦਿ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੀ ਸਾਚੀ ਧਾਰਾ, ਥਿਰ ਘਰ ਦਾ ਇਕ ਪਸਾਰਾ, ਕਲਜੁਗ ਦੀ ਅੰਤਮ ਵਾਰਾ, ਲੋਕਮਾਤ ਆਪ ਜਣਾਇੰਦਾ । ਲੋਕਮਾਤ ਕਲ ਅੰਤਮ ਵੇਲਾ, ਵੇਲਾ ਵਕਤ ਸਮਝ ਨਾ ਆਈਆ । ਸ੍ਰੀ ਭਗਵਾਨ ਸੱਜਣ ਸੁਹੇਲਾ, ਸਾਂਝਾ ਪੀਰ ਫੇਰਾ ਪਾਈਆ । ਵਸਣਹਾਰਾ ਸਦਾ ਰੰਗ ਨਵੇਲਾ, ਨਿਰਗੁਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਤਾ ਵਡ ਵਡਿਆਈਆ । ਜੋਤੀ ਜਾਤਾ ਆਦਿ ਨਿਰੰਜਣ, ਜੁਗ ਚੌਕੜੀ ਖੇਲ ਖਿਲਾਇੰਦਾ । ਸਤਿਗੁਰ ਸਾਹਿਬ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਇੰਦਾ । ਚਰਨ ਧੂੜੀ ਦੇਵੇ ਮਜਨ, ਦੁਰਮਤ ਮੈਲ ਧਵਾਇੰਦਾ । ਨੇਤਰ ਨਾਮ ਪਾਏ ਅੰਜਨ, ਅਗਿਆਨ ਅੰਧੇਰ ਗਵਾਇੰਦਾ । ਕਲਜੁਗ ਅੰਤ ਸੰਤ ਸੁਹੇਲੇ ਆਇਆ ਸੱਦਣ, ਧੁਰ ਸੰਦੇਸਾ ਆਪ ਸੁਣਾਇੰਦਾ । ਜੋਤ ਸਰੂਪ ਜੋਤੀ ਮਘਨ, ਸਾਚੀ ਲਗਨ ਇਕ ਲਗਾਇੰਦਾ । ਤ੍ਰੈਗੁਣ ਮੇਟੇ ਲੱਗੀ ਅਗਨ, ਅੰਮ੍ਰਿਤ ਮੇਘ ਮੇਘ ਬਰਸਾਇੰਦਾ । ਨਾਮ ਸਾਚਾ ਲਾਏ ਮੁਖ ਸਗਨ, ਸਾਚਾ ਸੰਗ ਬਣਾਇੰਦਾ । ਆਤਮ ਪਰਮਾਤਮ ਤੇਰਾ ਇਕੋ ਭਜਨ, ਸੋਹੰ ਢੋਲਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਨਾਮ ਸਮਝਾਇੰਦਾ । ਸਤਿਜੁਗ ਸੱਚਾ ਇਕੋ ਨਾਮ, ਅੰਮ੍ਰਿਤ ਬਾਣੀ ਰਸ ਜਣਾਈਆ । ਸਤਿਜੁਗ ਸੱਚੇ ਇਕੋ ਕਾਮ, ਨਿਹਕਰਮੀ ਆਪ ਸਮਝਾਈਆ । ਸਤਿਜੁਗ ਸੱਚੇ ਇਕੋ ਰਾਮ, ਰਾਮ ਰੂਪ ਹਰਿ ਵਖਾਈਆ । ਸਤਿਜੁਗ ਸੱਚੇ ਇਕੋ ਕਾਹਨ, ਸਾਚੀ ਬੰਸਰੀ ਨਾਮ ਸ਼ਨਵਾਈਆ । ਸਤਿਜੁਗ ਸਾਚੇ ਇਕੋ ਅਮਾਮ, ਇਕੋ ਕਲਮਾ ਦਏ ਪੜ੍ਹਾਈਆ । ਸਤਿਜੁਗ ਸੱਚੇ ਇਕ ਮਕਾਨ, ਮੰਦਰ ਮਸਜਿਦ ਸ਼ਿਵਦਵਾਲਾ ਮੱਠ ਗੁਰੂਦੁਆਰਾ ਇਕੋ ਨਜ਼ਰੀ ਆਈਆ । ਸਤਿਜੁਗ ਸੱਚੇ ਇਕੋ ਤੀਰਥ ਤਟ, ਸਰੋਵਰ ਇਕੋ ਇਕ ਸੁਹਾਈਆ । ਸਤਿਜੁਗ ਸੱਚੇ ਖੁਲ੍ਹੇ ਇਕੋ ਹੱਟ, ਚਾਰ ਵਰਨ ਵਣਜ ਵਖਾਈਆ । ਸਤਿਜੁਗ ਸੱਚੇ ਇਕੋ ਮਤ, ਮਨਮਤ ਰਹਿਣ ਨਾ ਪਾਈਆ । ਸਤਿਜੁਗ ਸੱਚੇ ਇਕੋ ਰੱਤ, ਨਾੜ ਬਹੱਤਰ ਰੱਤ ਨਾ ਕੋਇ ਉਬਲਾਈਆ । ਸਤਿਜੁਗ ਸੱਚੇ ਇਕੋ ਵਤ, ਬੀਜ ਮੰਤਰ ਘਰ ਘਰ ਦਏ ਬਿਜਾਈਆ । ਸਤਿਜੁਗ ਸੱਚੇ ਇਕੋ ਰਥ, ਬਣ ਰਥਵਾਹੀ ਆਪ ਚਲਾਈਆ । ਸਤਿਜੁਗ ਸੱਚੇ ਪਾਏ ਨੱਥ, ਨਾਮ ਡੋਰੀ ਹੱਥ ਉਠਾਈਆ । ਸਤਿਜੁਗ ਸੱਚੇ ਸੋਹੰ ਢੋਲਾ ਲੈਣਾ ਰਟ, ਚਾਰੇ ਜੁਗ ਖ਼ੁਸ਼ੀ ਮਨਾਈਆ । ਦੁਆਪਰ ਤ੍ਰੇਤਾ ਚਰਨੀ ਰਹੇ ਢੱਠ, ਕਲਜੁਗ ਰੋਵੇ ਮਾਰੇ ਧਾਹੀਆ । ਦਰੋਹੀ ਖ਼ੁਦਾਏ ਮੇਰੀ ਹੋਈ ਬੱਸ, ਬਸਤਾ ਅਲਿਫ਼ ਯੇ ਬੰਧਾਈਆ । ਅੱਖਰਾਂ ਨਾਲ ਗਾਇਆ ਨਾ ਜਾਏ ਜਸ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਲੱਭਿਆਂ ਕਿਸੇ

ਨਾ ਆਇਉਂ ਹੱਥ, ਪ੍ਰਭ ਤੇਰੀ ਵਡ ਵਡਿਆਈਆ । ਕਲਜੁਗ ਅੰਤਮ ਹੋ ਪਰਗਟ, ਜਨ ਭਗਤਾਂ ਇਕ ਬੁਝਾਈਆ । ਹਿਰਦੇ ਅੰਦਰ ਗਿਉਂ ਵਸ, ਵਾਸਤਾ ਆਪਣੇ ਨਾਲ ਪਾਈਆ । ਅੰਮ੍ਰਿਤ ਨਿਝਰ ਦਿਤਾ ਰਸ, ਝਿਰਨਾ ਇਕੋ ਇਕ ਝਿਰਾਈਆ । ਦੂਈ ਦਵੈਤੀ ਮਿਟੀ ਵਟ, ਸ਼ਰਅ ਸ਼ਰੀਅਤ ਨਜ਼ਰ ਕੋਇ ਨਾ ਆਈਆ । ਸਾਚਾ ਮਾਰਗ ਦਿਤਾ ਦੱਸ, ਦਹਿ ਦਿਸ਼ਾ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਈਆ । ਘਰ ਸਾਚੇ ਹਰਿ ਮਿਲੰਦੜਾ, ਮਿਹਰਵਾਨ ਭਗਵਾਨ । ਕਲਜੁਗ ਅੰਤਮ ਵੇਸ ਵਟੰਦੜਾ, ਜੋਧਾ ਸੂਰਬੀਰ ਬਲਵਾਨ । ਗੁਰ ਅਵਤਾਰ ਆਪ ਉਠੰਦੜਾ, ਪੀਰ ਪੈਗੰਬਰਾਂ ਦੇਵੇ ਧਿਆਨ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲੰਦੜਾ, ਹੁਕਮ ਸੁਣਾਏ ਹੁਕਮਰਾਨ । ਕਲਜੁਗ ਅੰਤਮ ਪੰਧ ਮੁਕੰਦੜਾ, ਕੂੜੀ ਕਿਰਿਆ ਮਿਟੇ ਨਿਸ਼ਾਨ । ਸਤਿਜੁਗ ਸਾਚਾ ਆਪ ਉਠੰਦੜਾ, ਸਾਚਾ ਜੁਗ ਕਰੇ ਸਵਾਧਾਨ । ਸਾਚਾ ਨਾਮ ਝੋਲੀ ਪਵੰਦੜਾ, ਸੋਹੰ ਦੇਵੇ ਦਾਨ । ਮਸਤਕ ਟਿੱਕਾ ਇਕ ਲਗੰਦੜਾ, ਜੋਤੀ ਨੂਰ ਜਗੇ ਜਹਾਨ । ਬਜਰ ਕਪਾਟੀ ਤੋੜ ਤੁੜੰਦੜਾ, ਬਖ਼ਸ਼ਣਹਾਰਾ ਚਰਨ ਕਵਲ ਧਿਆਨ । ਆਤਮ ਸੇਜ ਇਕ ਸੁਹੰਦੜਾ, ਸਚ ਦੁਆਰੇ ਹੋ ਮਿਹਰਵਾਨ । ਆਤਮ ਪਰਮਾਤਮ ਮੇਲ ਮਿਲੰਦੜਾ, ਆਵਣ ਜਾਵਣ ਚੁੱਕੇ ਕਾਣ । ਸੁਰਤੀ ਸ਼ਬਦੀ ਗੰਢ ਪਵੰਦੜਾ, ਨਾਤਾ ਜੋੜੇ ਨੌਜਵਾਨ । ਅੰਗੀਕਾਰ ਆਪ ਅਖਵੰਦੜਾ, ਲੇਖਾ ਜਾਣੇ ਗੋਪੀ ਕਾਹਨ । ਸਾਚਾ ਮੰਦਰ ਇਕ ਵਸੰਦੜਾ, ਭਗਤ ਦੁਆਰਾ ਕਰੇ ਪਰਵਾਨ । ਪੰਦਰਾ ਕੱਤਕ ਹੁਕਮ ਵਰਤੰਦੜਾ, ਕਲਜੁਗ ਕਿਰਿਆ ਪੂਰੀ ਕੀਤੀ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਦੋ ਜਹਾਨ । ਦੋ ਜਹਾਨਾਂ ਬਣ ਕੇ ਵਾਲੀ, ਵਲੀ ਅਹਿਦ ਨਾ ਕੋਇ ਬਣਾਇੰਦਾ । ਪੰਦਰਾਂ ਕੱਤਕ ਚੌਥੇ ਜੁਗ ਕਰ ਕੇ ਖ਼ਾਲੀ, ਚਾਰੋ ਕੁੰਟ ਆਪ ਫਿਰਾਇੰਦਾ । ਚੱਲ ਕੇ ਆਏ ਧੁਰ ਦਾ ਮਾਲੀ, ਜੋ ਬਾਗ਼ੀਚਾ ਆਦਿ ਲਗਾਇੰਦਾ । ਜਿਸ ਦੇ ਅੱਗੇ ਵਿਸ਼ਨ ਬ੍ਰਹਮਾ ਸ਼ਿਵ ਸਵਾਲੀ, ਸਭ ਦੀ ਆਸਾ ਪੂਰ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦੀ ਕਰਦੇ ਰਹੇ ਦਲਾਲੀ, ਜੁਗ ਚੌਕੜੀ ਖੇਲ ਕਰਾਇੰਦਾ । ਖੇਲ ਦੱਸਦੇ ਰਹੇ ਹੱਕ ਹਲਾਲੀ, ਹਕੀਕਤ ਇਕੋ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਹੁਕਮ ਵਰਤਾਇੰਦਾ । ਹੁਕਮ ਵਰਤੇ ਦੋ ਜਹਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਸਚਖੰਡ ਨਿਵਾਸੀ ਧੁਰ ਫ਼ਰਮਾਨ, ਧਰਮ ਸੰਦੇਸਾ ਇਕ ਜਣਾਈਆ । ਨਰ ਨਰੇਸਾ ਵਡ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਨਣ ਇਕੋ ਆਣ, ਦੂਜਾ ਰਾਹ ਨਾ ਕੋਇ ਵਖਾਈਆ । ਪੰਦਰਾਂ ਕੱਤਕ ਸਾਰੇ ਇਕੱਠੇ ਹੋ ਕੇ ਆਪਣਾ ਆਪਣਾ ਦੇਣ ਬਿਆਨ, ਕੀਤੀ ਕਰਨੀ ਸਰਬ ਜਣਾਈਆ । ਤੇਰੇ ਹੱਥ ਸ੍ਰੀ ਭਗਵਾਨ, ਆਪਣੀ ਡੋਰ ਫੜਾਈਆ । ਕਿਸੇ ਦੀ ਕਰੇ ਨਾ ਕੋਈ ਕਮਾਨ, ਹੁਕਮ ਦੇਵੇ ਨਾ ਵਾਹੋ ਦਾਹੀਆ । ਤੇਰੇ ਬਾਲਕ ਬੱਚੇ ਨੱਢੇ ਨਾਦਾਨ, ਤੇਰੇ ਚਰਨਾਂ ਸੀਸ ਝੁਕਾਈਆ । ਤੇਰਾ ਸੰਦੇਸਾ ਸੁਣ ਫ਼ਰਮਾਨ, ਸਭ ਨੇ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਤੇਰੀ ਤੱਕਦੇ ਗਏ ਆਣ, ਇਕੋ ਓਟ ਰਖਾਈਆ । ਕਵਣ ਵੇਲਾ ਸਾਹਿਬ ਸਤਿਗੁਰ ਵੇਖੇ ਆਣ, ਪ੍ਰਭ ਆਪਣਾ ਫੇਰਾ ਪਾਈਆ । ਤੇਰੇ ਅੱਗੇ ਸਾਡਾ ਖ਼ਾਲੀ ਦਿਸੇ ਮੈਦਾਨ, ਸ਼ਸਤਰ ਹੱਥ ਨਾ ਕੋਇ ਉਠਾਈਆ । ਜੋਧਾ ਹੋ ਕੇ ਫਿਰ ਬਲਵਾਨ, ਬਲਧਾਰੀ ਤੇਰੀ ਸ਼ਰਨਾਈਆ । ਤੇਰਾ ਝੁਲਣਾ ਇਕ ਨਿਸ਼ਾਨ, ਪੁਰਖ ਅਕਾਲ ਤੇਰੇ ਨਾਮ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਲੈਣਾ ਲਾਈਆ । ਪੰਦਰਾਂ ਕੱਤਕ

ਲੇਖਾ ਲਿਖ ਕੇ, ਹੱਥ ਫੜਾਵਾਂਗੇ । ਸਾਰੇ ਇਕੱਠੇ ਆਈਏ ਮਿਥ ਕੇ, ਮਿਥਿਆ ਸਰਬ ਜਹਾਨ ਕਰਾਵਾਂਗੇ । ਤੇਰੀ ਨਜ਼ਰੀ ਆਈਏ ਦਿਸ ਕੇ, ਦਿਸ਼ਾ ਤੇਰੀ ਵੰਡ ਵੰਡਾਵਾਂਗੇ । ਤੇਰੇ ਪੇਸ਼ੀ ਆਈਏ ਪਿਸ ਕੇ, ਕਲਜੁਗ ਚੱਕੀ ਅੰਤ ਚਲਾਵਾਂਗੇ । ਤੇਰੇ ਹੁਕਮੇ ਉਤੋ ਕਲਜੁਗ ਜੀਵ ਸਾਰੇ ਖਿਸਕੇ, ਫੜ ਸਾਰੇ ਬੰਨ੍ਹ ਲਿਆਵਾਂਗੇ । ਦੋ ਜਹਾਨਾਂ ਵਿਚੋਂ ਫਿਟਕੇ, ਡੂੰਘੀ ਭਵਰੀ ਅੰਤ ਰੁੜ੍ਹਾਵਾਂਗੇ । ਤੇਰਾ ਨਾਮ ਮਧਾਣਾ ਰਿੜਕੇ, ਨੇਤਰਾ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਹੱਥੀਂ ਖਿਚ ਖਿਚਾਵਾਂਗੇ । ਜਿਹੜੇ ਤੇਰੀਆਂ ਉਡੀਕਾਂ ਕਰਦੇ ਚਿਰ ਕੇ, ਤਿਨ੍ਹਾਂ ਸੋਇਆਂ ਆਪ ਉਠਾਵਾਂਗੇ । ਵੇਖੋ ਹਾਲ ਸੱਚੇ ਪਿਰ ਦੇ, ਪਿਤਾ ਪਰਮੇਸ਼ਵਰ ਤੇਰੇ ਨਾਲ ਮਿਲਾਵਾਂਗੇ । ਦੀਨ ਮਜ਼੍ਹਬ ਜੋ ਆਪੋ ਵਿਚ ਦੀ ਭਿੜਦੇ, ਤਿਨ੍ਹਾਂ ਫੜ ਕੇ ਖ਼ਾਕ ਰਲਾਵਾਂਗੇ । ਜੁਗ ਚੌਕੜੀ ਤੇਰੇ ਗੇੜੇ ਗਿੜਦੇ, ਕਲਜੁਗ ਉਲਟੀ ਲੱਠ ਗਿੜਾਵਾਂਗੇ । ਸ਼ਾਹ ਸੁਲਤਾਨ ਵੇਖੋ ਤਖ਼ਤੋ ਰਿੜ੍ਹਦੇ, ਸੰਮਤ ਇਕੀ ਵੰਡ ਵੰਡਾਵਾਂਗੇ । ਜਨ ਭਗਤਾਂ ਹਿਰਦੇ ਕਦੀ ਨਾ ਫਿਰਦੇ, ਤੇਰੇ ਭਗਤ ਤੇਰੇ ਨਾਲ ਮਿਲਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰਾ ਵੇਖ ਵਖਾਵਾਂਗੇ । ਗੁਰ ਅਵਤਾਰ ਸਾਰੇ ਆਉਣਗੇ । ਪੰਦਰਾਂ ਕੱਤਕ ਰੁੱਤ ਸੁਹਾਉਣਗੇ । ਛਤਰ ਸੀਸ ਇਕ ਝੁਲਾਉਣਗੇ । ਜਗਦੀਸ ਪੁਰਖ ਇਕ ਮੰਨਾਉਣਗੇ । ਹਦੀਸ ਇਕੋ ਇਕ ਪੜ੍ਹੌਣਗੇ । ਰਾਗ ਛੱਤੀਸ ਨੈਣ ਸ਼ਰਮਾਉਣਗੇ । ਬੀਸ ਇਕੀਸ ਖ਼ੁਸ਼ੀ ਮਨਾਉਣਗੇ । ਜੋ ਚਿੱਟੇ ਉਤੇ ਕਾਲੀ ਪਾ ਕੇ ਗਏ ਲੀਕ, ਸੋ ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਅੱਖੀਂ ਵੇਖ ਪ੍ਰਭ ਅੱਗੇ ਆਪ ਟਿਕਾਉਣਗੇ । ਤੇਰੇ ਦਰ ਤੇ ਮੰਗਦੇ ਰਹੇ ਭੀਖ, ਭਿੱਖਕ ਹੋ ਕੇ ਇਹ ਸੁਣਾਉਣਗੇ । ਕਲਜੁਗ ਅੰਤਮ ਸਾਡਾ ਸਾਹਿਬ ਸਭ ਨੂੰ ਲਏ ਜੀਤ, ਨਿਹਕਲੰਕ ਤੇਰੀ ਸਰਨ ਸਰਬ ਤਕਾਉਣਗੇ । ਏਥੇ ਓਥੇ ਦੋ ਜਹਾਨ ਤੇਰਾ ਗਾਉਣ ਇਕੋ ਗੀਤ, ਮੰਦਰ ਮਸੀਤ ਤੇਰਾ ਰਾਹ ਤਕਾਉਣਗੇ । ਸਦੀ ਚੌਧਵੀਂ ਰਹੀ ਬੀਤ, ਬਿਸਤਰੇ ਸਾਰੇ ਆਪ ਉਠਾਉਣਗੇ । ਕਿਸੇ ਨਾ ਮਿਲੇ ਮੰਗਿਆਂ ਭੀਖ, ਦਰ ਦਰ ਭੁੱਖੇ ਪੇਟ ਵਜਾਉਣਗੇ । ਸ਼ਾਹ ਸੁਲਤਾਨਾਂ ਹੋਣਾ ਢੀਠ, ਗ਼ਰੀਬ ਨਿਮਾਣੇ ਤੇਰਾ ਨਾਮ ਧਿਆਉਣਗੇ । ਤੇਰੇ ਨਾਮ ਦੀ ਚਲੇ ਇਕੋ ਰੀਤ, ਦੂਜਾ ਰਾਹ ਨਾ ਕੋਇ ਲਗਾਉਣਗੇ । ਤੇਰੇ ਚਰਨਾਂ ਲੱਗੇ ਪ੍ਰੀਤ, ਪਰਮ ਪੁਰਖ ਤੇਰੀ ਓਟ ਸਰਬ ਰਖਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਤੇਰਾ ਹੁਕਮ ਇਕ ਸੁਣਾਉਣਗੇ । ਤੇਰਾ ਹੁਕਮ ਇਕ ਅਵੱਲੜਾ, ਸਮਝ ਕਿਸੇ ਨਾ ਆਈਆ । ਜੁਗ ਜੁਗ ਦੇਵੇਂ ਆਪ ਇਕੱਲੜਾ, ਬੇਪਰਵਾਹ ਤੇਰੀ ਬੇਪਰਵਾਹੀਆ । ਕਲਜੁਗ ਅੰਤ ਧਾਮ ਇਕੋ ਮੱਲੜਾ, ਸੰਬਲ ਨਗਰ ਡੇਰਾ ਲਾਈਆ । ਮਹੱਲ ਅਟੱਲ ਇਕ ਅਟੱਲੜਾ, ਅਚੱਲ ਨਜ਼ਰੀ ਆਈਆ । ਧੁਰ ਦਾ ਦੀਪਕ ਸੱਚਾ ਬਲੜਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਨਾਮ ਸੰਦੇਸਾ ਸਾਚਾ ਘੱਲੜਾ, ਘਰ ਘਰ ਕਰੇਂ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਰ ਕਾਰ, ਕਰਤੇ ਤੇਰੇ ਹੱਥ ਵਡਿਆਈਆ । ਸਦੀ ਚੌਧਵੀਂ ਰੋਂਦੇ ਚਾਰ ਯਾਰ, ਸਾਚਾ ਸੰਗ ਨਾ ਕੋਇ ਨਿਭਾਈਆ । ਅੱਲਾ ਰਾਣੀ ਨਾਰ ਮੁਟਿਆਰ, ਕੰਨਿਆ ਕਵਾਰ ਨਾ ਕੋਇ ਪਰਨਾਈਆ । ਝੂਠਾ ਕਰਿਆ ਜਗਤ ਸ਼ਿੰਗਾਰ, ਕੱਜਲ ਨੈਣ ਧਾਰ ਬੰਧਾਈਆ । ਲਾਲ ਮੈਂਹਦੀ ਕਰ ਪਿਆਰ, ਕੂੜੀ ਕਿਰਿਆ ਰੰਗ ਵਖਾਈਆ । ਅੰਤਮ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਚੌਦਾਂ ਤਬਕ ਸੁਣੇ ਨਾ ਕੋਈ ਪੁਕਾਰ, ਇਕ ਚਾਰ ਨਾ ਕੋਇ ਸ਼ਨਵਾਈਆ ।


੧੨੮ ੧੫

ਇਕ ਇਕੱਲਾ ਏਕੰਕਾਰ, ਚੌਥੇ ਜੁਗ ਫੇਰਾ ਪਾਈਆ । ਡੁੱਬਦੇ ਪਾਹਨ ਲਾਏ ਪਾਰ, ਪਾਥਰ ਆਪਣਾ ਚਰਨ ਛੁਹਾਈਆ । ਸਖੀ ਸਰਵਰ ਇਕ ਸਰਦਾਰ, ਸਚ ਸੁਲਤਾਨ ਵਡ ਵਡਿਆਈਆ । ਰਹਿਬਰ ਬਣਿਆ ਪਰਵਰਦਿਗਾਰ, ਬੇਪਰਵਾਹੀ ਵਿਚ ਸਮਾਈਆ । ਖ਼ਾਲਕ ਖ਼ਲਕ ਲਏ ਉਠਾਲ, ਧੁਰ ਸੰਦੇਸਾ ਇਕ ਜਣਾਈਆ । ਸਭ ਦੇ ਸਿਰ ਕੂਕੇ ਕਾਲ, ਕਲਜੁਗ ਨਗਾਰਾ ਕਾਲ ਵਜਾਈਆ । ਕੋਈ ਨਾ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਬੈਠੇ ਮੁਖ ਛੁਪਾਈਆ । ਮੱਕਾ ਕਾਅਬਾ ਰਹੇ ਭਾਲ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਮੁਕਾਈਆ । ਸਭ ਦਾ ਲੇਖਾ ਮੁੱਕਦਾ ਜਾਂਦਾ, ਮੁੱਕੇ ਜਗਤ ਲੋਕਾਈਆ । ਕਲਜੁਗ ਅੰਤਮ ਥੱਕਾ ਮਾਂਦਾ, ਆਪਣਾ ਬੇੜਾ ਰਿਹਾ ਡੁਬਾਈਆ । ਚਾਰੇ ਕੁੰਟ ਵੇਖ ਵਖਾਂਦਾ, ਸਾਚਾ ਸੰਗ ਨਾ ਕੋਇ ਰਖਾਈਆ । ਭਰਮੇ ਭੁੱਲਾ ਪੰਡਤ ਪਾਂਧਾ, ਪਾਂਧਾ ਕੁੰਡਲੀ ਰਾਸ ਨਾ ਕੋਇ ਜਣਾਈਆ । ਚੌਦਾਂ ਵਿਦਿਆ ਅੰਤਰ ਅਂਧਾ, ਬਸੰਤਰ ਅਗਨ ਰਹੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲ ਕਲਕੀ ਖੇਲ ਰਚਾਈਆ । ਕਲ ਕਲਕੀ ਖੇਲ ਕਰੇ ਗੋਬਿੰਦ, ਆਪਣੇ ਹੱਥ ਰੱਖੇ ਵਡਿਆਈਆ । ਲੇਖਾ ਜਾਣੇ ਡੂੰਘੀ ਭਵਰੀ ਸਾਗਰ ਸਿੰਧ, ਗਹਿਰ ਗਵਰ ਬੇਪਰਵਾਹੀਆ । ਤਖ਼ਤੋਂ ਲਾਹੇ ਸੁਰਪਤ ਰਾਜਾ ਇੰਦ, ਸ਼ੰਕਰ ਲੇਖਾ ਮੂਲ ਚੁਕਾਈਆ । ਬ੍ਰਹਮਾ ਪਾਰਬ੍ਰਹਮ ਪ੍ਰਭ ਵੇਖੇ ਆਪਣੀ ਬਿੰਦ, ਵਿਸ਼ਨੂੰ ਵਿਸ਼ਵ ਧਾਰ ਸਮਝਾਈਆ । ਦੀਨ ਦਿਆਲ ਬਣ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਦਾ ਸਚ ਵਿਹਾਰਾ, ਕਰੇ ਕਰਾਏ ਕਰਤਾਰਾ, ਕੁਦਰਤ ਕਰਤਾ ਵੇਖ ਵਖਾਈਆ । ਕੁਦਰਤ ਕਰਤਾ ਵੇਖਣ ਆਇਆ, ਵੇਦ ਸ਼ਾਸਤਰ ਭੇਵ ਨਾ ਆਈਆ । ਲੇਖਾ ਜਾਣੇ ਤ੍ਰੈਗੁਣ ਮਾਇਆ, ਤ੍ਰੈ ਤ੍ਰੈ ਪੜਦਾ ਆਪ ਉਠਾਈਆ । ਪੰਜ ਤਤ ਤਨ ਭੇਵ ਚੁਕਾਇਆ, ਘਰ ਵੱਜੇ ਨਾਮ ਵਧਾਈਆ । ਸੰਬਲ ਨਗਰ ਡੇਰਾ ਲਾਇਆ, ਸੰਭਲ ਸੰਭਲ ਚਰਨ ਟਿਕਾਈਆ । ਅਬਿਨਾਸ਼ੀ ਕਰਤਾ ਨਜ਼ਰ ਨਾ ਆਇਆ, ਧਰਨੀ ਧਰਤ ਸੋਭਾ ਪਾਈਆ । ਧੁਰ ਦਾ ਬਕਤਾ ਬੋਲ ਸੁਣਾਇਆ, ਸੁਣੇ ਸਰਬ ਲੋਕਾਈਆ । ਜੁਗ ਜੁਗ ਰੱਛਿਆ ਕਰਦਾ ਆਇਆ, ਜਨ ਭਗਤਾਂ ਲਏ ਤਰਾਈਆ । ਕਲਜੁਗ ਅੰਤਮ ਵੇਖ ਵਖਾਇਆ, ਗੁਰਮੁਖ ਗੁਰ ਗੁਰ ਲਏ ਉਠਾਈਆ । ਭਗਤ ਦਵਾਰੇ ਲਏ ਬਹਾਇਆ, ਸਾਹਿਬ ਸਤਿਗੁਰ ਕਰ ਕੁੜਮਾਈਆ । ਸੁਰਤੀ ਸ਼ਬਦੀ ਮੇਲ ਮਿਲਾਇਆ, ਅਨੰਦ ਮੰਗਲ ਇਕੋ ਗਾਈਆ । ਸਾਚੀ ਜੋੜੀ ਜੋੜ ਜੁੜਾਇਆ, ਘੋੜੀ ਨਾਮ ਆਪ ਚੜ੍ਹਾਈਆ । ਥੋੜੀ ਥੋੜੀ ਸੰਗਤ ਦਏ ਸਮਝਾਇਆ, ਬੌਹੜੀ ਬੌਹੜੀ ਕਰੇ ਸਰਬ ਲੋਕਾਈਆ । ਲੱਖ ਚੁਰਾਸੀ ਕੌੜੀ ਵੇਲ ਵੇਖ ਵਖਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਮ੍ਰਿਤ ਰਸ ਗੁਰਮੁਖਾਂ ਵਿਚ ਭਰਾਈਆ । ਅੰਮਿਤ ਰਸ ਇਕ ਅਨੂਠਾ, ਸੋ ਸਾਹਿਬ ਆਪ ਉਪਜਾਇੰਦਾ । ਦੀਨ ਦਿਆਲ ਠਾਕਰ ਸਵਾਮੀ ਤੁਠਾ, ਮਿਹਰਵਾਨ ਦਇਆ ਕਮਾਇੰਦਾ । ਗੁਰਸਿਖਾਂ ਉਠਾਵੇ ਜਿਉਂ ਮਾਂ ਕਰੇ ਲਾਡ ਆਪਣੇ ਪੁੱਤਾ, ਬਿਨ ਪਿਤਾ ਪੁੱਤ ਗੋਦ ਨਾ ਸੋਭਾ ਪਾਇੰਦਾ । ਕਿਸੇ ਕੰਮ ਨਾ ਪੀਤਾ ਆਉਣਾ ਹੁੱਕਾ, ਹੁਕਮ ਧੁਰ ਦਾ ਆਪ ਜਣਾਇੰਦਾ । ਔਹ ਵੇਖੋ ਪੀਰ ਪੈਗ਼ੰਬਰ ਅੱਗੋ ਵਖਾਵਣ ਇਕੋ ਮੁੱਕਾ, ਮੁਖ਼ਬਰ ਹਰਿ ਜੂ ਆਪ ਹੋ ਜਾਇੰਦਾ । ਅੰਜੀਲ ਕੁਰਾਨ ਜਿਹੜੇ ਦੇ ਕੇ ਗਏ ਰੁੱਕਾ, ਸੋ ਰੁਖ਼ਸਤ ਕੱਟ ਕੇ ਅੰਤਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਦਰ ਸੁਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਆਏ,

ਕਲਜੁਗ ਅੰਤਮ ਫੇਰਾ ਪਾਈਆ । ਸਾਡੀ ਸਿਖਿਆ ਸਾਰੇ ਗਏ ਭੁਲਾਏ, ਧੁਰ ਦਾ ਹੁਕਮ ਸੀਸ ਨਾ ਕੋਇ ਟਿਕਾਈਆ । ਤੇਈ ਅਵਤਾਰ ਰਹੇ ਸ਼ਰਮਾਏ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਭਗਤ ਅਠਾਰਾਂ ਰਹੇ ਕੁਰਲਾਏ, ਕਬੀਰ ਜੁਲਾਹਾ ਰੋਵੇ ਮਾਰੇ ਧਾਹੀਂਆ । ਕਲਜੁਗ ਜੀਵ ਮੇਰਾ ਸਾਹਿਬ ਕਿਉਂ ਗਏ ਭੁਲਾਏ, ਜਿਸ ਦਿਤੀ ਮਾਣ ਵਡਿਆਈਆ । ਰਾਮ ਕ੍ਰਿਸ਼ਨ ਨਾ ਕਿਸੇ ਨਜ਼ਰੀ ਆਏ, ਇਸ਼ਟ ਦ੍ਰਿਸ਼ਟ ਨਾ ਕੋਇ ਖੁਲ੍ਹਾਈਆ । ਸਾਚੇ ਹੁਜਰੇ ਕੋਈ ਚੜ੍ਹਨ ਨਾ ਪਾਏ, ਜਗਤ ਮੁਜਰਾ ਵੇਖੇ ਖ਼ਲਕ ਖ਼ੁਦਾਈਆ । ਆਬਰੂ ਇੱਜ਼ਤ ਗਏ ਗਵਾਏ, ਬੇਇੱਜ਼ਤ ਦੇਣ ਦੁਹਾਈਆ । ਸਾਚੀ ਖ਼ਿਦਮਤ ਨਾ ਕੋਇ ਕਮਾਏ, ਖ਼ਾਦਮ ਨਜ਼ਰ ਕੋਇ ਨਾ ਆਈਆ । ਫ਼ਿਤਰਤ ਗਏ ਸਰਬ ਮਿਟਾਏ, ਐਸ਼ ਇਸ਼ਰਤ ਇਕ ਹੰਢਾਈਆ । ਸਿਖ਼ਰ ਚੋਟੀ ਚੜ੍ਹ ਕੇ ਕੋਈ ਰਾਸ ਨਾ ਪਾਏ, ਮਹਿਬੂਬ ਬੈਠਾ ਮੁਖ ਛੁਪਾਈਆ । ਵਿਛੜ ਵਿਛੜ ਸਾਰੇ ਦੇਣ ਦੁਹਾਏ, ਦਰੋਹੀ ਦਰੋਹੀ ਰਹੇ ਸੁਣਾਈਆ । ਬਿਖਰ ਬਿਖਰ ਮਣਕੇ ਲਏ ਗਵਾਏ, ਗਾਨੀ ਕੰਠ ਨਾ ਕੋਏ ਬੰਧਾਈਆ । ਤਸਬੀ ਹੱਥ ਨਾ ਕੋਇ ਉਠਾਏ, ਮਨ ਕਾ ਮਣਕਾ ਨਾ ਕੋਇ ਭਵਾਈਆ । ਨੀਲ ਬਸਤਰ ਨਾ ਕੋਇ ਰੰਗਾਏ, ਨੀਲੀ ਧਾਰ ਪੰਧ ਨਾ ਕੋਇ ਮੁਕਾਈਆ । ਕਾਲਾ ਸੂਸਾ ਨਾ ਕੋਈ ਤਨ ਛੁਹਾਏ, ਈਸਾ ਮੂਸਾ ਨਾ ਦਏ ਗਵਾਹੀਆ । ਸਚ ਹਦੀਸਾ ਨਾ ਕੋਈ ਪੜ੍ਹਾਏ, ਅਲਿਫ਼ ਯੇ ਰਹੀ ਕੁਰਲਾਈਆ । ਸਾਚਾ ਮਕਤਬ ਕੋਈ ਨਜ਼ਰ ਨਾ ਆਏ, ਮਤਲਬ ਸਕੇ ਨਾ ਕੋਇ ਸਮਝਾਈਆ । ਐਨ ਗ਼ੈਨ ਨਾ ਕੋਈ ਦ੍ਰਿੜਾਏ, ਹਮਜ਼ਾ ਰਮਜ਼ ਨਾ ਕੋਇ ਲਗਾਈਆ । ਜ਼ੇਰ ਜ਼ਬਰ ਨਾ ਕੋਈ ਸਮਝਾਏ, ਨੁਕਤਾ ਨੂਨ ਨਾ ਕੋਇ ਮਿਟਾਈਆ । ਬੇਖ਼ਬਰ ਖ਼ਬਰ ਨਾ ਕੋਈ ਸੁਣਾਏ, ਖ਼ਾਹ ਮਖ਼ਾਹ ਲੜੇ ਜਗਤ ਲੋਕਾਈਆ । ਸਬਰ ਪਿਆਲਾ ਜਾਮ ਨਾ ਕੋਈ ਪਿਆਏ, ਆਬੇਹਯਾਤ ਨਾ ਮੁੱਖ ਲਗਾਈਆ । ਸਚ ਲੁਗ਼ਾਤ ਨਾ ਕੋਈ ਵਖਾਏ, ਜਿਸ ਦਾ ਅੱਖਰ ਸਮਝ ਕੋਈ ਨਾ ਪਾਈਆ । ਬਿਨ ਵਫ਼ਾਤ ਕੋਈ ਨਜ਼ਰ ਨਾ ਆਏ, ਫ਼ਤਵੇ ਸਭ ਦੇ ਉਤੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇ ਦੇ ਸਾਚਾ ਵਰ, ਕਲਜੁਗ ਅੰਤ ਤੇਰੀ ਸਰਨਾਈਆ । ਕਲਜੁਗ ਅੰਤ ਮੇਰੇ ਮਹਿਬੂਬ, ਵਾਸਤਾ ਤੇਰੇ ਨਾਲ ਬੰਧਾਈਆ । ਬਾਕੀ ਸਾਰੇ ਹੋਏ ਮੌਕੂਫ਼, ਮੁਫ਼ਲਸ ਦਿਸੇ ਸਰਬ ਲੋਕਾਈਆ । ਪੀਰ ਪੈਗ਼ੰਬਰਾਂ ਕੋਲੋ ਖ਼ੁਸਣੇ ਹਕੂਕ, ਹੱਕ ਤੇਰੇ ਹੱਥ ਵਡਿਆਈਆ । ਤੂੰ ਆਪ ਹੋਣਾ ਮਸਰੂਫ਼, ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਲਵਾਗਰ ਕਰ ਰੁਸ਼ਨਾਈਆ । ਜਲਵਾਗਰ ਤੇਰੀ ਰੁਸ਼ਨਾਈ, ਰੋਸ਼ਨ ਜ਼ਮੀਰ ਇਕ ਜਣਾਈਆ । ਬੇਪਰਵਾਹ ਤੇਰੀ ਬੇਪਰਵਾਹੀ, ਬੇਪਰਵਾਹੀ ਖੇਲ ਖਿਲਾਈਆ । ਪਰਵਰਦਿਗਾਰ ਤੇਰੀ ਵਡਿਆਈ, ਪਰਦਾਨਸ਼ੀਂ ਤੇਰਾ ਪਰਦਾ ਦਏ ਚੁਕਾਈਆ । ਕਾਗਦ ਕਲਮ ਨਾ ਜਾਣੇ ਸ਼ਾਹੀ, ਅੰਜੀਲ ਕੁਰਾਨ ਸਮਝ ਨਾ ਪਾਈਆ । ਈਸਾ ਮੂਸਾ ਮੁਹੰਮਦ ਇਕੋ ਰਮਜ਼ ਲਗਾਈ, ਰਮਜ਼ਾਨ ਵਿਚ ਫ਼ਾਕੇ ਦਿਤੇ ਕਟਾਈਆ । ਸਚ ਈਮਾਨ ਇਕ ਦ੍ਰਿੜਾਈ, ਇਬਨੁਲਵਕਤ ਆਪ ਸਮਝਾਈਆ । ਸਚ ਸ਼ਹਾਦਤ ਇਕ ਰਖਾਈ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਇਬਾਦਤ ਇਕੋ ਇਕ ਵਖਾਈ, ਕਾਇਆ ਕਾਅਬਾ ਪੜ੍ਹੇ ਕਲਮਾ, ਬੁਤਖਾਨਾ ਬਣੇ ਮੈਖ਼ਾਨਾ, ਵਿਚ ਫਿਰੇ ਇਕ ਦੀਵਾਨਾ, ਦੀਨ ਦੁਨੀ ਜਿਸ ਸਮਝ ਕੋਇ ਨਾ ਪਾਈਆ । ਸੋ ਸਾਹਿਬ ਕਲਜੁਗ ਅੰਤਮ ਲੈ ਕੇ ਆਏ ਪਰਵਾਨਾ, ਲੇਖਾ ਜਾਣੇ ਦੋ ਜਹਾਨਾਂ, ਨੂਰ ਇਲਾਹੀ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦੀ ਚੌਧਵੀਂ ਤੇਰਾ ਤਗ਼ਮਾ, ਪੀਰ ਪੈਗ਼ੰਬਰ ਧੁਰ ਦਾ ਸੁਣੋ ਉਠ ਕੇ ਨਗ਼ਮਾ, ਹਾਜ਼ਰੀਨ ਨਾਜ਼ਰੀਨ ਨਾਇਕ ਸਹਾਇਕ ਖ਼ਾਲਕ ਖ਼ਲਕ ਆਪ ਜਣਾਈਆ ।

ਖ਼ਾਲਕ ਖ਼ਲਕ ਕਹੇ ਮੁਬੀਨ, ਮਹਿਵ ਤੇਰੇ ਹੱਥ ਵਡਿਆਈਆ । ਪੀਰ ਪੈਗ਼ੰਬਰ ਤੇਰਾ ਕਰਨ ਯਕੀਨ, ਬਣ ਬਰਦੇ ਸੀਸ ਝੁਕਾਈਆ । ਹੁਕਮੇ ਅੰਦਰ ਕਰ ਇਕ ਤਲਕੀਨ, ਤਕਵਾ ਇਕ ਜਣਾਈਆ । ਪੰਦਰਾਂ ਕੱਤਕ ਸਭ ਨੇ ਬਣਨਾ ਦਰ ਮਸਕੀਨ, ਮਸਤੀ ਸਭ ਦੀ ਦੇਵੇ ਲਾਹੀਆ । ਦਰ ਦਰਵੇਸ਼ ਹੋਣ ਅਧੀਨ, ਆਦਾਬ ਸਲਾਮ ਇਕ ਕਰਾਈਆ । ਜੋ ਦੱਸਦੇ ਗਏ ਗੋਈਪੇਸ਼ੀਨ, ਸੋ ਆਪਣਾ ਹੱਕ ਦੇਣ ਹੱਥ ਫੜਾਈਆ । ਲੇਖਾ ਚੁੱਕੇ ਨਰ ਮਦੀਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਦੇਵੇ ਕਲਾਮ, ਕਲਮਾ ਨਬੀ ਪੜ੍ਹਾਈਆ । ਸਜਦਾ ਸੀਸ ਕਰੇ ਸਲਾਮ, ਇਕ ਧਿਆਨ ਲਗਾਈਆ । ਦੋ ਇਕ ਦਾ ਸਚ ਨਿਸ਼ਾਨ, ਦੋ ਜਹਾਨ ਝੁਲਾਈਆ । ਇਕੀ ਸਾਵਣ ਇਕ ਅਮਾਮ, ਬੇਪਰਵਾਹ ਫੇਰਾ ਪਾਈਆ । ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਸ਼ਹਿਨਸ਼ਾਹ ਇਕ ਅਖਵਾਈਆ । ਤਖ਼ਤ ਨਿਵਾਸੀ ਹੁਕਮਰਾਨ, ਧੁਰ ਸੰਦੇਸਾ ਆਪ ਸੁਣਾਈਆ । ਸਤਿਜੁਗ ਸਾਚੇ ਹੋ ਪਰਧਾਨ, ਕਲਜੁਗ ਕੂੜੀ ਮਿਟੇ ਛਾਹੀਆ । ਚਾਰ ਵਰਨਾਂ ਮਿਲੇ ਗਿਆਨ, ਅਗਿਆਨ ਅੰਧੇਰ ਮਿਟਾਈਆ । ਆਤਮ ਪਰਮਾਤਮ ਮਿਲੇ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਹਰਿ ਸੰਗਤ ਤੇਰਾ ਆਉਣਾ ਜਾਣਾ ਹੋਇਆ ਪਰਵਾਨ, ਮਾਣਸ ਜਨਮ ਵੱਜੇ ਵਧਾਈਆ । ਸਤਿਗੁਰ ਪੂਰਾ ਸਾਹਿਬ ਸਦਾ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਨਰੇਸ਼ ਇਕ ਹੋ ਜਾਈਆ । ਨਰ ਨਰੇਸ਼ ਭਗਤ ਭਗਵਾਨ, ਦਰ ਸਾਚੇ ਦਇਆ ਕਮਾਇੰਦਾ । ਰਲ ਮਿਲ ਗਾਓ ਏਕਾ ਗਾਣ, ਗੀਤ ਗੋਬਿੰਦ ਜਣਾਇੰਦਾ । ਸਭ ਦਾ ਇਸ਼ਟ ਸ੍ਰੀ ਭਗਵਾਨ, ਪੁਰਖ ਅਕਾਲ ਨਜ਼ਰੀ ਆਇੰਦਾ । ਜੁਗ ਚੌਕੜੀ ਦੇਵੇ ਦਾਨ, ਭਗਤ ਵਛਲ ਝੋਲੀ ਆਪ ਭਰਾਇੰਦਾ । ਧਰੂ ਪ੍ਰਹਿਲਾਦ ਤਾਰੇ ਆਣ, ਬਲ ਬਾਵਨ ਵੇਖ ਵਖਾਇੰਦਾ । ਅਮਰੀਕ ਕਰੇ ਕਲਿਆਣ, ਜਨਕ ਰੰਗ ਰੰਗਾਇੰਦਾ । ਹਰੀ ਚੰਦ ਕਰ ਪਰਵਾਨ, ਬਿਦਰ ਸੁਦਾਮਾ ਵੇਖ ਵਖਾਇੰਦਾ । ਜੈ ਦੇਵ ਕਰ ਪਰਧਾਨ, ਪਾਤੀ ਪਾਤੀ ਆਪ ਪੜ੍ਹਾਇੰਦਾ । ਧੰਨੇ ਸਧਨੇ ਹੋ ਮਿਹਰਵਾਨ, ਬੈਣੀ ਆਪਣੀ ਗੰਢ ਖੁਲ੍ਹਾਇੰਦਾ । ਰਵਦਾਸ ਚੁਮਾਰੇ ਦੇ ਨਿਸ਼ਾਨ, ਕੰਗਣ ਕਸੀਰਾ ਰੂਪ ਵਟਾਇੰਦਾ । ਕਬੀਰ ਜੁਲਾਹੇ ਤਾਣਾ ਤਣੇ ਆਣ, ਤੰਦਨ ਤੰਦ ਗੰਢ ਪਵਾਇੰਦਾ । ਸੈਣ ਨਾਈ ਹੋ ਮਿਹਰਵਾਨ, ਰਾਜ ਰਾਜਾਨ ਸੇਵ ਕਮਾਇੰਦਾ । ਗਨਕਾ ਬੱਧਕ ਪੂਤਨਾ ਤਾਰੇ ਆਪ ਭਗਵਾਨ, ਸਿਰ ਮਿਹਰ ਹੱਥ ਟਿਕਾਇੰਦਾ । ਜੁਗ ਵਿਛੜੇ ਮੇਲੇ ਆਣ, ਨਾਮੇ ਛੱਪਰ ਛੰਨ ਛੁਹਾਇੰਦਾ । ਨਾਨਕ ਗੋਬਿੰਦ ਕਰ ਪਰਵਾਨ, ਛੱਤੀ ਜੁਗ ਦੀ ਵੰਡ ਵੰਡਾਇੰਦਾ । ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਨਿਹਕਲੰਕਾ ਨਾਉਂ ਰਖਾਇੰਦਾ । ਸਾਢੇ ਤਿੰਨ ਹੱਥ ਦਾ ਇਕ ਨਿਸ਼ਾਨ, ਸਾਚੀ ਵਸਤ ਆਪ ਪਰਗਟਾਇੰਦਾ । ਨੌ ਦੁਆਰੇ ਖੋਲ੍ਹ ਦੁਕਾਨ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਭਗਤ ਦੁਆਰਾ ਕਰ ਪਰਵਾਨ, ਸਾਚੀ ਵੰਡਣ ਵੰਡ ਵੰਡਾਇੰਦਾ । ਜਿਸ ਗ੍ਰਹਿ ਵਸੇ ਨੌਜਵਾਨ, ਸਚ ਸਿੰਘਾਸਣ ਡੇਰਾ ਲਾਇੰਦਾ । ਧੁਰ ਦਾ ਦੇਵੇ ਇਕ ਫ਼ਰਮਾਨ, ਭੇਵ ਅਭੇਦਾ ਆਪ ਖੁਲਾਇੰਦਾ । ਸੱਤਰ ਬਹੱਤਰ ਚੁਹੱਤਰ ਕਰੇ ਪਰਵਾਨ, ਪੰਚਮ ਪੰਚ ਪਰਪੰਚ ਮੇਟ ਮਿਟਾਇੰਦਾ । ਚਾਰ ਜੁਗ ਦਾ ਸਚ ਵਿਧਾਨ, ਵਿਦਤ ਆਪਣੀ ਕਾਰ ਕਮਾਇੰਦਾ । ਵੀਹ ਸੌ ਵੀਹ ਬਿਕ੍ਰਮੀ ਖੇਲ ਕਰੇ ਮਹਾਨ, ਮਤਲਬ ਇਕੋ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਭ ਨੂੰ ਇਕੋ ਹੁਕਮ

ਵਰਤਾਇੰਦਾ । ਸਭ ਨੇ ਮੰਨਣਾ ਹੁਕਮ ਏਕ, ਏਕੰਕਾਰ ਆਪ ਵਰਤਾਈਆ । ਨੌ ਖੰਡ ਪ੍ਰਿਥਮੀ ਰੱਖੇ ਟੇਕ, ਦੋ ਜਹਾਨ ਕਰੇ ਜਣਾਈਆ । ਪੁਰਖ ਅਕਾਲ ਧਰ ਕੇ ਭੇਖ, ਅਵੱਲੜਾ ਵੇਸ ਵਟਾਈਆ । ਵਸਣਹਾਰਾ ਸਾਚੇ ਦੇਸ, ਸੰਬਲ ਆਪਣੀ ਰੁੱਤ ਸੁਹਾਈਆ । ਲੱਖ ਚੁਰਾਸੀ ਰਿਹਾ ਵੇਖ, ਆਪ ਨਜ਼ਰ ਕਿਸੇ ਨਾ ਆਈਆ । ਗੁਰਮੁਖ ਵਿਰਲੇ ਕਰੇ ਹੇਤ, ਫੜ ਬਾਂਹੋ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਆਪ ਤਰਾਈਆ ।

## ੨੯ ਸਾਵਣ ੨੦੨੦ ਬਿਕ੍ਰਮੀ ਮਾਧਾ ਸਿੰਘ ਦੇ ਗ੍ਰਿਹਿ ਚੀਮਾ ਕਲਾਂ ਜ਼ਿਲਾ ਅੰਮ੍ਰਿਤਸਰ

ਸਚਖੰਡ ਨਿਵਾਸੀ ਸਚ ਦਰਬਾਰ, ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਦਰ ਦਰਵੇਸ਼ ਚੋਬਦਾਰ, ਹਰਿ ਪੁਰਖ ਨਿਰੰਜਣ ਆਪ ਅਖਵਾਇੰਦਾ । ਏਕੰਕਾਰ ਸੇਵਾਦਾਰ, ਸਚ ਸਾਚਾ ਚਾਕਰ ਸੇਵ ਕਮਾਇੰਦਾ । ਆਦਿ ਨਿਰੰਜਣ ਕਰ ਉਜਿਆਰ, ਨਿਰਗੁਣ ਜੋਤ ਨੂਰ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਬਣ ਕੇ ਹੁਕਮਰਾਨ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਨਿਰਗੁਣ ਨਿਰਵੈਰ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਸਤਿ ਪਰਧਾਨਗੀ ਆਪ ਕਮਾਇੰਦਾ । ਭੂਪਤ ਭੂਪ ਰਾਜ ਰਾਜਾਨ, ਸ਼ਹਿਨਸ਼ਾਹ ਆਪਣੀ ਖੇਲ ਰਚਾਇੰਦਾ । ਧੁਰ ਸੰਦੇਸਾ ਇਕ ਫ਼ਰਮਾਨ, ਧੁਰਦਰਗਾਹੀ ਆਪ ਉਪਜਾਇੰਦਾ । ਮੁਕਾਮੇ ਹੱਕ ਖੇਲ ਮਹਾਨ, ਪਰਵਰਦਿਗਾਰ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਉਪਾਇੰਦਾ । ਸਾਚਾ ਹੁਕਮ ਵਰਤੇ ਨਿਰੰਕਾਰ, ਦੂਜਾ ਸੰਗ ਨਾ ਕੋਇ ਰਖਾਈਆ । ਸਚ ਦੁਆਰੇ ਹੋ ਤਿਆਰ, ਸਤਿ ਸਤਿਵਾਦੀ ਖ਼ੁਸ਼ੀ ਮਨਾਈਆ । ਆਦਿ ਜੁਗਾਦੀ ਭੇਵ ਨਿਆਰ, ਅਪਰੰਪਰ ਸਵਾਮੀ ਆਪ ਖੁਲ੍ਹਾਈਆ । ਜੋਤੀ ਸ਼ਬਦੀ ਕਰੇ ਖ਼ਬਰਦਾਰ, ਸਚ ਸੰਦੇਸਾ ਇਕ ਸੁਣਾਈਆ । ਨਰ ਨਰੇਸ਼ਾ ਸ਼ਾਹਕਾਰ, ਪਾਤਸ਼ਾਹ ਬੇਪਰਵਾਹੀਆ । ਅਗੰਮ ਅਥਾਹ ਹੋ ਉਜਿਆਰ, ਸਚ ਵਿਹਾਰ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਸਾਚੀ ਖੇਲ ਰਚੇ ਭਗਵਾਨ, ਹਰਿ ਕਰਤਾ ਵੇਖ ਵਖਾਇੰਦਾ । ਨਿਰਗੁਣ ਦਾਤਾ ਨੌਜਵਾਨ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਦੀਪਕ ਜੋਤੀ ਜਗੇ ਮਹਾਨ, ਬਾਤੀ ਤੇਲ ਨਾ ਕੋਇ ਪਾਇੰਦਾ । ਸੁਹਾਏ ਭੂਮਿਕਾ ਸਚ ਅਸਥਾਨ, ਸਚਖੰਡ ਦੁਆਰ ਆਪ ਵਡਿਆਇੰਦਾ । ਛੱਪਰ ਛੰਨ ਨਾ ਕੋਇ ਮਕਾਨ, ਚਾਰ ਦੀਵਾਰ ਨਾ ਕੋਇ ਵਖਾਇੰਦਾ । ਸੂਰਜ ਚੰਦ ਨਾ ਕੋਇ ਮਹਾਨ, ਮੰਡਲ ਮੰਡਪ ਨਾ ਕੋਇ ਡਗਮਗਾਇੰਦਾ । ਨਾ ਕੋਈ ਜ਼ਿਮੀਂ ਦਿਸੇ ਅਸਮਾਨ, ਸਮੁੰਦ ਸਾਗਰ ਸੰਗ ਨਾ ਕੋਇ ਰਖਾਇੰਦਾ । ਕਰੇ ਖੇਲ ਆਪ ਮਿਹਰਵਾਨ, ਮਿਹਬਾਨ ਬੀਦੋ ਆਪਣੀ ਕਾਰ ਆਪ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਸੁਹਾਇੰਦਾ । ਸਚ ਦੁਆਰ ਸੋਭਾਵੰਤ, ਸੋ ਸਾਹਿਬ ਆਪ ਸੁਹਾਈਆ । ਨਿਰਗੁਣ ਨਿਰਗੁਣ ਨਰ ਹਰਿ ਨਰਾਇਣ ਬਣ ਬਣ ਕੰਤ, ਸਚ ਕੰਤੂਹਲ ਸੇਜ ਸੁਹਾਈਆ । ਧਾਰ ਅਗੰਮ ਬਣਾਏ ਬਣਤ, ਨਾ ਕੋ ਪਿਤਾ ਨਾ ਕੋਇ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਅਪਰੰਪਰ ਸਵਾਮੀ ਜੁਗ ਚੌਕੜੀ ਸਦਾ ਨਿਹਕਾਮੀ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਅਪਾਰਾ, ਆਦਿ ਜੁਗਾਦੀ ਆਪ ਕਰਾਇੰਦਾ । ਲੇਖਾ ਜਾਣੇ ਧੁਰ ਦਰਬਾਰਾ, ਦਰਗਹਿ ਸਾਚੀ ਸੋਭਾ ਪਾਇੰਦਾ । ਸ਼ਬਦੀ

ਸੁੱਤ ਸੁੱਤ ਦੁਲਾਰਾ, ਵਿਸ਼ਨ ਬ੍ਰਹਮਾ ਸ਼ਿਵ ਜੋੜ ਜੁੜਾਇੰਦਾ । ਲੱਖ ਚੁਰਾਸੀ ਲਾ ਅਖਾੜਾ, ਚਾਰੇ ਖਾਣੀ ਨਾਚ ਨਚਾਇੰਦਾ । ਚਾਰੇ ਬਾਣੀ ਬੋਲ ਜੈਕਾਰਾ, ਸ਼ਬਦ ਅਨਾਦੀ ਰਾਗ ਅਲਾਇੰਦਾ । ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਜੋਤ ਨਿਰੰਜਣ ਡਗਮਗਾਇੰਦਾ । ਜੁਗ ਚੌਕੜੀ ਵੇਖੇ ਵਾਰੋ ਵਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਤ੍ਰੈਗੁਣ ਮਾਇਆ ਭਰ ਭੰਡਾਰਾ, ਪੰਚਮ ਵਸਤ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਸਰਗੁਣ ਬੰਨ੍ਹੇ ਧਾਰ, ਧਰਨੀ ਧਰਤ ਧਵਲ ਵਡਿਆਈਆ । ਪੁਰੀ ਲੋਅ ਬ੍ਰਹਿਮੰਡ ਖੰਡ ਮਹੱਲ ਅਟੱਲ ਉਸਾਰ, ਅਚੱਲ ਅਟੱਲ ਦਏ ਸੁਹਾਈਆ । ਰਵ ਸਸ ਕਰ ਉਜਿਆਰ, ਜੋਤੀ ਕਿਰਨ ਨੂਰ ਰੁਸ਼ਨਾਈਆ । ਬੋਧ ਅਗਾਧ ਸ਼ਬਦ ਜੈਕਾਰ, ਵਿਸ਼ਨ ਬ੍ਰਹਮਾ ਸ਼ਿਵ ਪੜ੍ਹਾਈਆ । ਸਚ ਤੌਫ਼ੀਕ ਪਰਵਰਦਿਗਾਰ, ਲਾਸ਼ਰੀਕ ਨੂਰ ਇਲਾਹੀਆ । ਹਕੀਕਤ ਖੋਲ੍ਹੇ ਆਪ ਕਿਵਾੜ, ਹੱਕ ਹਕੂਕ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਰਚਾਈਆ । ਸਾਚੀ ਰਚਨਾ ਰਚ ਭਗਵੰਤ, ਨਰ ਹਰਿ ਆਪਣੀ ਕਾਰ ਕਮਾਇੰਦਾ । ਆਪੇ ਆਦਿ ਆਪੇ ਅੰਤ, ਮਧ ਆਪਣਾ ਖੇਲ ਵਖਾਇੰਦਾ । ਆਪੇ ਨਾਰ ਆਪੇ ਕੰਤ, ਸੇਜ ਸੁਹੰਜਣੀ ਆਪ ਹੰਢਾਇੰਦਾ । ਆਪੇ ਮਣੀਆ ਆਪੇ ਮੰਤ, ਨਾਉਂ ਨਿਰੰਕਾਰਾ ਆਪ ਪਰਗਟਾਇੰਦਾ । ਆਪੇ ਜੀਵ ਆਪੇ ਜੰਤ, ਸਾਧ ਸੰਤ ਆਪ ਹੋ ਆਇੰਦਾ । ਆਪੇ ਬੋਧ ਅਗਾਧਾ ਹੋਏ ਪੰਡਤ, ਗਿਆਨ ਗੋਝ ਆਪ ਸਮਝਾਇੰਦਾ । ਆਪੇ ਆਦਿ ਜੁਗਾਦੀ ਬਣੇ ਅਖੰਡਤ, ਖੰਡ ਖੰਡ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਰਾਹ ਚਲਾਇੰਦਾ । ਜੁਗ ਜੁਗ ਚਲਾਏ ਰਾਹ, ਹਰਿ ਵੱਡਾ ਵਡ ਵਡਿਆਈਆ । ਦਾਤਾ ਦਾਨੀ ਬੇਪਰਵਾਹ, ਨਿਰਗੁਣ ਸਰਗੁਣ ਭੇਵ ਚੁਕਾਈਆ । ਆਤਮ ਪਰਮਾਤਮ ਬੰਧਨ ਪਾ, ਬ੍ਰਹਮ ਪਾਰਬ੍ਰਹਮ ਵੰਡ ਵੰਡਾਈਆ । ਈਸ਼ ਜੀਵ ਰੰਗ ਰੰਗਾ, ਜਗਦੀਸ਼ ਕਰੇ ਕੁੜਮਾਈਆ । ਸੁਰਤੀ ਸ਼ਬਦੀ ਮੇਲ ਮਿਲਾ, ਮਿਲਣੀ ਇਕੋ ਘਰ ਰਖਾਈਆ । ਲੇਖਾ ਲਿਖ ਲਿਖ ਕਲਮ ਸ਼ਾਹ, ਸ਼ਾਸਤਰ ਸਿਮਰਤ ਕਰੇ ਪੜ੍ਹਾਈਆ । ਵੇਦ ਪੁਰਾਨਾਂ ਦਏ ਸਮਝਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਕਾਰ ਕਮਾਈਆ । ਆਪਣੀ ਕਰਨੀ ਕਰੇ ਕਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਜੁਗ ਚੌਕੜੀ ਵੇਖੇ ਚਾਰ, ਕੋਟਨ ਕੋਟ ਕਾਲ ਬਿਤਾਇੰਦਾ । ਦੋ ਜਹਾਨਾਂ ਖੇਲ ਨਿਆਰ, ਚੌਦਾਂ ਤਬਕਾਂ ਭੇਵ ਚੁਕਾਇੰਦਾ । ਲੋਕ ਚੌਦਾਂ ਖੋਲ੍ਹ ਕਿਵਾੜ, ਸ਼ਬਦੀ ਨਿਰਗੁਣ ਕੁੰਡਾ ਲਾਹਿੰਦਾ । ਲੱਖ ਚੁਰਾਸੀ ਕਰ ਪਸਾਰ, ਘਟ ਘਟ ਅੰਦਰ ਵੇਖ ਵਖਾਇੰਦਾ । ਸੇਵਾ ਲਾ ਗੁਰੂ ਅਵਤਾਰ, ਪੀਰ ਪੈਗ਼ੰਬਰ ਹੁਕਮ ਮਨਾਇੰਦਾ । ਸ਼ਬਦੀ ਢੋਲਾ ਗਾ ਵਿਚ ਸੰਸਾਰ, ਜੁਗ ਚੌਕੜੀ ਨਾਮ ਪਰਗਟਾਇੰਦਾ । ਵੇਖੇ ਵਿਗਸੇ ਵਾਰੋ ਵਾਰ, ਵੇਖਣਹਾਰਾ ਨਜ਼ਰ ਕਿਸੇ ਨਾ ਆਇੰਦਾ । ਧੁਰ ਸੰਦੇਸਾ ਨਰ ਨਰੇਸ਼ਾ ਸ਼ਬਦ ਅਗੰਮੀ ਦੇਂਦਾ ਰਿਹਾ ਸਿਰਜਣਹਾਰ, ਸਚ ਸੁਚ ਸਚ ਆਪ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਵਖਾਏ ਆਪ, ਨਿਰਗੁਣ ਸਰਗੁਣ ਦਇਆ ਕਮਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਦੱਸੇ ਜਾਪ, ਨਿਸ਼ਅੱਖਰ ਅੱਖਰ ਰੂਪ ਵਟਾਈਆ । ਅੰਦਰ ਬਾਹਰ ਗੁਪਤ ਜ਼ਾਹਰ ਬਾਤਨ ਕਰੇ ਬਾਤ, ਬੈਤਲ ਆਪਣਾ ਭੇਵ ਚੁਕਾਈਆ । ਸਤਿ ਧਰਮ ਇਕ ਬਣਾਏ ਪ੍ਰਭ ਜਮਾਤ, ਇਕੋ ਅੱਖਰ ਆਪ ਜਣਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਆਪਣਾ ਵੇਸ ਵਟਾਈਆ । ਨਿਤ ਨਵਿਤ ਵੇਸ ਅਵੱਲਾ, ਸੋ ਪੁਰਖ ਨਿਰੰਜਣ ਆਪ ਵਟਾਇੰਦਾ । ਹਰਿ ਪੁਰਖ ਨਿਰੰਜਣ ਇਕ ਇਕੱਲਾ, ਅਕਲ ਕਲਧਾਰੀ ਖੇਲ ਕਰਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਫੜਾਇਆ ਪੱਲਾ, ਪੀਰ ਪੈਗ਼ੰਬਰ ਆਪਣੀ ਗੰਢ ਪਵਾਇੰਦਾ । ਜਲਵਾ ਨੂਰ ਵਖਾਇਆ ਅੱਲਾ, ਬਿਸਮਲ ਆਪਣੀ ਕਾਰ ਕਮਾਇੰਦਾ । ਜੋਤੀ ਧਾਰ ਸ਼ਬਦੀ ਰਲਾ, ਰੂਪ ਰੰਗ ਰੇਖ ਸਾਚੇ ਦੇਸ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਮਨਾਇੰਦਾ । ਧੁਰ ਫ਼ਰਮਾਨਾ ਦੇਂਦਾ ਆਇਆ, ਹਰਿ ਸ਼ਬਦੀ ਹੁਕਮ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਲਾਇਆ, ਦਰ ਬੈਠੇ ਸੀਸ ਝੁਕਾਈਆ । ਤ੍ਰੈਗੁਣ ਮਾਇਆ ਰਾਹ ਜਣਾਇਆ, ਪੰਜ ਤਤ ਕਰੇ ਕੁੜਮਾਈਆ । ਲੱਖ ਚੁਰਾਸੀ ਬੰਧਨ ਪਾਇਆ, ਨਾ ਕੋਈ ਤੋੜੇ ਤੋੜ ਤੁੜਾਈਆ । ਗੁਰ ਅਵਤਾਰ ਨਾਲ ਰਲਾਇਆ, ਪੀਰ ਪੈਗ਼ੰਬਰ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਆਪ ਹੰਡਾਇਆ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਈਆ । ਸਚ ਸੰਦੇਸ ਧੁਰ ਦਾ ਲੇਖ ਆਪ ਸਮਝਾਇਆ, ਰਮਜ਼ ਸਮਝ ਨਾਲ ਮਿਲਾਈਆ । ਕਮਚਖੇਲ ਹਰਿ ਖੇਲ ਖਿਲਾਇਆ, ਅਲਨੇਕ ਨੂਰ ਖ਼ੁਦਾਈਆ । ਆਲਮ ਉਲਮਾ ਆਪ ਪੜ੍ਹਾਇਆ, ਬੇਨਜ਼ੀਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਹੁਕਮੇ ਅੰਦਰ, ਜੁਗ ਚੌਕੜੀ ਆਪ ਕਰਾਇੰਦਾ । ਪੰਜ ਤਤ ਕਾਇਆ ਖੋਲ੍ਹ ਜੰਦਰ, ਗੁਰ ਅਵਤਾਰ ਪੜਦਾ ਲਾਹਿੰਦਾ । ਮਨ ਵਾਸਨਾ ਬੰਨ੍ਹੇ ਬੰਦਰ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਭਾਗ ਲੱਗਾ ਡੂੰਘੇ ਖੰਡਰ, ਜੋਤੀ ਦੀਪ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਵਰਤੇ ਜੱਗ, ਲੋਕਮਾਤ ਵੱਜੇ ਵਧਾਈਆ । ਸੰਤ ਸੁਹੇਲੇ ਭਗਤ ਭਗਵਾਨ ਆਪੇ ਲੱਭ, ਲੱਖ ਚੁਰਾਸੀ ਵਿਚੋ ਮੇਲ ਮਿਲਾਈਆ । ਸਚ ਦੁਆਰੇ ਨਿਰਗੁਣ ਸੱਦ, ਸਰਗੁਣ ਦਏ ਸਮਝਾਈਆ । ਕਰ ਪਰਕਾਸ਼ ਉਪਰ ਸ਼ਾਹ ਰਗ, ਭੇਵ ਅਭੇਦ ਖੁਲ੍ਹਾਈਆ । ਨਾਮ ਨਿਧਾਨ ਵਜਾਏ ਨਦ, ਅਨਹਦ ਰਾਗ ਸੁਣਾਈਆ । ਕੂੜੀ ਕਿਰਿਆ ਪਾਰ ਹੱਦ, ਘਰ ਘਰ ਵਿਚ ਲਏ ਮਿਲਾਈਆ । ਸਚ ਜਣਾਏ ਵਿਸ਼ਵ ਯਦ, ਵਾਸਤਕ ਆਪਣਾ ਭੇਵ ਮਿਟਾਈਆ । ਪਾਰਬ੍ਰਹਮ ਬ੍ਰਹਮ ਹੋਣ ਨਾ ਦੇਵੇ ਅੱਡ, ਹਰਿਜਨ ਸਾਚੇ ਜੋੜ ਜੁੜਾਈਆ । ਦੁਆਰ ਵਖਾਏ ਇਕੋ ਪਦ, ਪਤਿਪਰਮੇਸ਼ਵਰ ਵੱਜੇ ਵਧਾਈਆ । ਕੋਟਨ ਕੋਟ ਜੁਗ ਗਏ ਲਦ, ਜੁਗ ਚੌਕੜੀ ਗੇੜਾ ਆਪ ਦਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਜੁਗ ਚੌਕੜੀ ਗੁਰ ਅਵਤਾਰ, ਲੋਕਮਾਤ ਸੇਵ ਕਮਾਈਆ । ਦੋਏ ਜੋੜ ਕਰਦੇ ਗਏ ਨਿਮਸਕਾਰ, ਨਿਉਂ ਨਉਂ ਸਜਦਾ ਸੀਸ ਝੁਕਾਈਆ । ਤੇਰਾ ਨਗ਼ਮਾ ਅਗੰਮੀ ਗੁਫ਼ਤਾਰ, ਕਲਮਾ ਨਬੀ ਰਸੂਲ ਪੜ੍ਹਾਈਆ । ਤੇਰਾ ਸਦਕਾ ਸਿਰਜਣਹਾਰ, ਸਿਰ ਸਿਰ ਰਿਜ਼ਕ ਸਬਾਈਆ । ਤੇਰਾ ਮੰਦਰ ਉਚ ਮਨਾਰ, ਮਹਿਫ਼ਲ ਇਕੋ ਨਜ਼ਰੀ ਆਈਆ । ਤੇਰਾ ਹੁਕਮ ਅਗੰਮ ਅਪਾਰ, ਜੁਗ ਚੌਕੜੀ ਵਰਤੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਨਿਰੰਕਾਰ, ਨਿਰਵੈਰ ਦਇਆ ਕਮਾਇੰਦਾ । ਗੁਰ ਅਵਾਤਰ ਪੀਰ ਪੈਗ਼ੰਬਰ ਮੰਗਦੇ ਗਏ ਦੀਦਾਰ, ਨਿਰਗੁਣ ਨਿਰਵੈਰ ਆਪਣਾ ਨੂਰ ਆਪ ਚਮਕਾਇੰਦਾ । ਦਰ ਦਰਵੇਸ਼ ਬਣਦੇ ਰਹੇ ਭਿਖਾਰ, ਖਾਲੀ ਝੋਲੀ ਸਰਬ ਭਰਾਇੰਦਾ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਸੰਗ ਆਪ ਨਿਭਾਇੰਦਾ। ਸਾਚਾ ਸੰਗ ਨਿਭਾਏ ਏਕ, ਏਕਾ ਹੱਥ ਵੱਡੀ ਵਡਿਆਈਆ। ਤੇਈ ਅਵਤਾਰਾਂ ਦਿਤੀ ਟੇਕ, ਭਗਤ ਅਠਾਰਾਂ ਭੇਵ ਚੁਕਾਈਆ। ਈਸਾ ਮੂਸਾ ਮੁਹੰਮਦ ਲਿਖਿਆ ਲੇਖ, ਲੇਖਾ ਲਿਖੇ ਬਿਨ ਕਲਮ ਸ਼ਾਹੀਆ। ਨਾਨਕ ਗੋਬਿੰਦ ਦੱਸਿਆ ਭੇਤ, ਸ੍ਰੀ ਭਗਵਾਨ ਪੜਦਾ ਲਾਹੀਆ। ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਰੇ ਮੰਗਦੇ ਗਏ ਟੇਕ, ਹਰਿ ਚਰਨ ਤੇਰੀ ਸਰਨਾਈਆ। ਕਵਣ ਵੇਲਾ ਧਾਰੇਂ ਭੇਖ, ਜੋਤੀ ਨੂਰ ਕਰੇਂ ਰੁਸ਼ਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ। ਆਪਣਾ ਲੇਖਾ ਦੱਸੇ ਭਗਵਾਨ, ਜੁਗ ਚੌਕੜੀ ਆਪ ਜਣਾਈਆ। ਨਵ ਨੌ ਚਾਰ ਬੀਤੇ ਵਿਚ ਜਹਾਨ, ਥਿਰ ਕੋਇ ਰਹਿਣ ਨਾ ਪਾਈਆ। ਕਲਜੁਗ ਅੰਤ ਹੋਏ ਪਰਧਾਨ, ਪਾਰਬ੍ਰਹਮ ਪ੍ਰਭ ਬੇਪਰਵਾਹੀਆ। ਧਰਮ ਉਠਾਏ ਇਕ ਨਿਸ਼ਾਨ, ਦੋ ਜਹਾਨਾਂ ਦਏ ਵਖਾਈਆ। ਸੰਬਲ ਵਸੇ ਸਚ ਮਕਾਨ, ਡੇਰਾ ਇਕੋ ਘਰ ਲਗਾਈਆ। ਧੁਰ ਸੰਦੇਸਾ ਦੇ ਫ਼ਰਮਾਨ, ਸ਼ਬਦ ਅਗੰਮੀ ਆਪ ਜਣਾਈਆ। ਲੇਖਾ ਜਾਣ ਰਾਜ ਰਾਜਾਨ, ਭੂਪਤ ਭੂਪ ਭੇਵ ਖੁਲ੍ਹਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਮੁਕਾਈਆ। ਸਾਚਾ ਲੇਖ ਮੁਕਾਵੇ ਅੰਤ, ਅੰਤਸ਼ਕਰਨ ਸਭ ਦਾ ਵੇਖ ਵਖਾਇੰਦਾ। ਪਰਗਟ ਹੋ ਸ੍ਰੀ ਭਗਵੰਤ, ਭਗਵਨ ਆਪਣੀ ਕਾਰ ਕਮਾਇੰਦਾ। ਲੱਖ ਚੁਰਾਸੀ ਵੇਖੇ ਜੀਵ ਜੰਤ, ਸਾਧ ਅਸਾਧ ਪੜਦਾ ਲਾਹਿੰਦਾ। ਆਤਮ ਪਰਮਾਤਮ ਜਣਾਏ ਸਾਚਾ ਮੰਤ, ਮੰਤਰ ਇਕੋ ਇਕ ਸਮਝਾਇੰਦਾ। ਸਚ ਸਵਾਣੀ ਸ਼ਬਦ ਹਾਣੀ ਮੇਲੇ ਕੰਤ, ਸੁਰਤੀ ਸ਼ਬਦੀ ਜੋੜ ਜੁੜਾਇੰਦਾ। ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ। ਸੋ ਪੁਰਖ ਨਿਰੰਜਣ ਬਣ ਕੇ ਪੰਡਤ, ਭੇਵ ਅਭੇਦਾ ਆਪ ਖੁਲ੍ਹਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਦਰ ਇਕ ਸੁਹਾਇੰਦਾ। ਸਾਚਾ ਦਰ ਸੋਹੇ ਦਰਬਾਰ, ਘਰ ਸਾਚੇ ਵੱਜੇ ਵਧਾਈਆ। ਚਾਰ ਜੁਗ ਦੇ ਗੁਰ ਅਵਤਾਰ, ਪੀਰ ਪੈਗ਼ੰਬਰ ਲਏ ਉਠਾਈਆ। ਇਕੱਠੇ ਕਰੇ ਏਕੋ ਵਾਰ, ਏਕੰਕਾਰਾ ਆਪਣੇ ਹੱਥ ਰੱਖੇ ਵਡਿਆਈਆ। ਕਲਜੁਗ ਅੰਤਮ ਚਾਰ ਕੁੰਟ ਦਹਿ ਦਿਸ਼ਾ ਦਏ ਵਖਾਲ, ਨੌ ਖੰਡ ਪ੍ਰਿਥਮੀ ਪੜਦਾ ਲਾਹੀਆ। ਨੇਤਰ ਖੋਲ੍ਹ ਕਰੋ ਵਸਾਲ, ਭੇਵ ਅਭੇਦ ਆਪ ਜਣਾਈਆ। ਗੁਰਮੁਖ ਲੱਭ ਸੱਚੇ ਲਾਲ, ਲਾਲ ਲਾਲ ਪੁਰਖ ਅਕਾਲ ਰਹੇ ਮਨਾਈਆ। ਮੰਦਰ ਮਸਜਦ ਸ਼ਿਵਦਵਾਲੇ ਮੱਠ ਹੋਣ ਕੰਗਾਲ, ਸਾਚਾ ਹੱਟ ਨਾ ਕੋਇ ਚਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਲਜੁਗ ਅੰਤਮ ਇਕ ਇਸ਼ਾਰਾ ਨਾਮ ਜਣਾਈਆ। ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਧਿਆਨ, ਸਦੀ ਵੀਹਵੀਂ ਨੈਣ ਉਠਾਈਆ। ਸਤਿ ਧਰਮ ਦਿਸੇ ਨਾ ਕੋਇ ਨਿਸ਼ਾਨ, ਹਰਿ ਕਾ ਸ਼ਬਦ ਨਾ ਕੋਇ ਕਮਾਈਆ। ਸਿਦਕ ਸਬੂਰੀ ਨਾ ਕੋਇ ਈਮਾਨ, ਸਾਚੀ ਸ਼ਰਅ ਨਾ ਕੋਇ ਵਡਿਆਈਆ। ਕਲਜੁਗ ਘਰ ਘਰ ਵੜਿਆ ਸ਼ੈਤਾਨ, ਦਰ ਦਰ ਹੋਏ ਲੜਾਈਆ। ਸਾਧ ਸੰਤ ਹੋਏ ਬੇਈਮਾਨ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ। ਰਾਜ ਰਾਜਾਨ ਨਾ ਕਰੇ ਕੋਈ ਧਿਆਨ, ਰਈਅਤ ਰੰਗ ਨਾ ਕੋਇ ਰੰਗਾਈਆ। ਸ਼ਾਸਤਰ ਸਿਮਰਤ ਵੇਦ ਪੁਰਾਨ ਸਰਬ ਪਛਤਾਣ, ਪਸਚਾਤਾਪ ਕਰੇ ਸਰਬ ਲੋਕਾਈਆ। ਅੰਜੀਲ ਕੁਰਾਨ ਨੈਣ ਸ਼ਰਮਾਣ, ਅੱਲਾ ਰਾਣੀ ਮੁਖ ਘੁੰਗਟ ਰਹੀ ਪਾਈਆ। ਪੀਰ ਪੈਗੰਬਰ ਈਸਾ ਮੂਸਾ ਮੁਹੰਮਦ ਉਚੀ ਬੋਲ ਨਾ ਸਕਣ ਜ਼ਬਾਨ, ਜ਼ੇਰ ਜ਼ਬਰ ਨਾ ਕੋਇ ਸਮਝਾਈਆ। ਚਾਰੋਂ ਕੁੰਟ ਕੂੜ ਪਰਧਾਨ, ਡੰਕਾ ਇਕੋ ਰਿਹਾ ਵਜਾਈਆ। ਜੋਤੀ ਜੋਤ ਸਰੂਪ ਹਰਿ,

੧੩੬
੧੫

ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਕੁੰਟ ਰਹੇ ਤੱਕ, ਨੇਤਰ ਨੈਣ ਨੈਣ ਉਠਾਈਆ । ਸ੍ਰਿਸ਼ਟ ਸਬਾਈ ਜੋ ਮਾਰਗ ਆਏ ਦੱਸ, ਜੀਵ ਜੰਤ ਭੁੱਲੇ ਪਾਂਧੀ ਰਾਹੀਆ । ਹਿਰਦੇ ਹਰਿ ਕਿਸੇ ਨਾ ਰਿਹਾ ਵਸ, ਖਾਲੀ ਭਾਂਡੇ ਰਹੇ ਵਖਾਈਆ । ਮਨ ਵਾਸਨਾ ਰਹੇ ਨੱਚ, ਮਤ ਕੂੜੀ ਕਰੇ ਕੁੜਮਾਈਆ । ਬੁੱਧੀ ਹੋ ਨਿਮਾਣੀ ਗਈ ਢੱਠ, ਦਰ ਚਲੇ ਨਾ ਕੋਇ ਚਤੁਰਾਈਆ । ਮਣਕਾ ਮਣਕਾ ਹੱਥਾਂ ਨਾਲ ਮਾਲਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭਵਾਈਆ । ਹਰਿ ਕਾ ਨਾਮ ਲੱਭਦੇ ਹੱਟੋ ਹੱਟ, ਕਾਇਆ ਮੰਦਰ ਅੰਦਰ ਖੋਜਣ ਕੋਇ ਨਾ ਪਾਈਆ । ਨਹਾ ਨਹਾ ਥੱਕੇ ਅੱਠਸੱਠ, ਅੰਮ੍ਰਿਤ ਸਰੋਵਰ ਅਸ਼ਨਾਨ ਕਰਨ ਕੋਇ ਨਾ ਆਈਆ । ਪੂਜਾ ਕਰਦੇ ਸ਼ਿਵਦਵਾਲੇ ਮੱਠ, ਸਾਢੇ ਤਿੰਨ ਹੱਥ ਬੰਕ ਦੇਵੇ ਨਾ ਕੋਇ ਵਡਿਆਈਆ । ਦੁਰਮਤ ਮੈਲ ਸਕੇ ਨਾ ਕੋਈ ਕੱਟ, ਪਤਤ ਪੁਨੀਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਤਮਾਸ਼ਾ, ਦੋ ਜਹਾਨ ਧਿਆਨ ਲਗਾਈਆ । ਕਲਜੁਗ ਤੇਰਾ ਉਲਟੇ ਪਾਸਾ, ਪੁਸ਼ਤ ਤੇਰੀ ਰਹਿਣ ਨਾ ਪਾਈਆ । ਸਤਿ ਧਰਮ ਦਾ ਹੋਇਆ ਨਾਸਾ, ਕੂੜੋ ਕੂੜ ਵੱਜੀ ਵਧਾਈਆ । ਗੁਰਮੁਖ ਗੁਰਸਿਖ ਫਿਰੇ ਨਿਰਾਸਾ, ਆਸਾ ਪੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿੰਦੇ, ਸ੍ਰੀ ਭਗਵਾਨ ਅੱਗੇ ਸੁਣਾਈਆ । ਚਾਰੋ ਕੁੰਟ ਸਤਿ ਮਨਾਰੇ ਖੇੜੇ ਢਹਿੰਦੇ, ਸਾਚਾ ਬੁਰਜ ਨਜ਼ਰ ਨਾ ਆਈਆ । ਕੂੜੇ ਮਾਰਗ ਮਨਮੁਖ ਜੀਵ ਪੈਂਦੇ, ਪੈਂਡਾ ਹੱਕ ਨਾ ਕੋਇ ਮੁਕਾਈਆ । ਦੀਨ ਮਜ਼੍ਹਬ ਇਕ ਦੂਜੇ ਦੇ ਨਾਲ ਖਹਿੰਦੇ, ਜ਼ਾਤ ਪਾਤ ਕਰੇ ਲੜਾਈਆ । ਚਾਰ ਵਰਨ ਇਕੱਠੇ ਹੋ ਕਿਤੇ ਨਾ ਬਹਿੰਦੇ, ਨਾਨਕ ਗੁਰ ਗੋਬਿੰਦ ਸਿਖਿਆ ਗਏ ਭੁਲਾਈਆ । ਨਾ ਮੁਰਦੇ ਨਾ ਦਿਸਣ ਜੀਂਦੇ, ਮਾਣਸ ਜਨਮ ਰਹੇ ਲੁਟਾਈਆ । ਪ੍ਰਭ ਸਰਨਾਈ ਨਾ ਕੋਈ ਥੀਂਦੇ, ਥਿਰ ਘਰ ਮੇਲ ਨਾ ਕੋਇ ਮਿਲਾਈਆ । ਕੂੜੀ ਮਧਰਾ ਸਾਰੇ ਪੀਂਦੇ, ਗੋਬਿੰਦ ਤੇਰਾ ਅੰਮ੍ਰਿਤ ਪੀਣ ਕੋਈ ਨਾ ਆਈਆ । ਕੂੜੀ ਨਿੰਦਰਾ ਸੁੱਤੇ ਨੀਂਦੇ, ਗਿਆਨ ਅੱਖ ਨਾ ਕਿਸੇ ਖੁਲ੍ਹਾਈਆ । ਕਲਜੁਗ ਹੁਲਾਰੇ ਚੜ੍ਹੀ ਪੀਂਘੇ, ਅੰਤਮ ਟੁੱਟਣ ਵੇਲਾ ਆਈਆ । ਜਿਉਂ ਕਿਰਸਾਣ ਬੀਜ ਬੀਂਦੇ, ਫਲ ਵੱਢਣ ਚਾਈਂ ਚਾਈਂਆ । ਗੁਰਮੁਖ ਸਚ ਧਿਆਨ ਰਖੀਂਦੇ, ਸਚ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਰਿਹਾ ਜਣਾਈਆ । ਗੁਰ ਅਵਤਾਰ ਨੇਤਰ ਪੇਖ, ਪ੍ਰਭ ਸਾਚੇ ਰਹੇ ਜਣਾਈਆ । ਸੋ ਸਾਹਿਬ ਸਤਿਗੁਰ ਤੇਰਾ ਕੋਈ ਨਾ ਆਵੇ ਭੇਤ, ਬੇਅੰਤ ਤੇਰੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਹੁਕਮੇ ਅੰਦਰ ਖੇਡ ਕੇ ਆਏ ਖੇਡ, ਬਣ ਖਿਡਾਰੀ ਜਗਤ ਫੇਰਾ ਪਾਈਆ । ਅੰਤਮ ਤੇਰਾ ਨੇਂਹੋ ਲੱਗਾ ਹੇਤ, ਪ੍ਰੀਤੀ ਇਕੋ ਚਰਨ ਰਖਾਈਆ । ਜਿਉਂ ਭਾਵੇ ਤਿਉਂ ਲੈਣਾ ਪੇਖ, ਪੇਖਣਹਾਰ ਸਚ ਗੋਸਾਈਂਆ । ਤੇਰੇ ਹੱਥ ਅਸਾਡਾ ਲੇਖ, ਦੂਜਾ ਸਮਝ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਮੰਗ ਮੰਗਾਈਆ । ਗੁਰ ਅਵਤਾਰ ਮੰਗਣ ਮੰਗ, ਕਲਜੁਗ ਅੰਤ ਧਿਆਨ ਲਗਾਈਆ । ਸ੍ਰਿਸ਼ਟ ਸਬਾਈ ਹੋਈ ਨੰਗ, ਪੜਦਾ ਓਢਣ ਸਿਰ ਨਜ਼ਰ ਕਿਸੇ ਨਾ ਆਈਆ । ਸਤਿ ਸਰੂਪ ਨਾ ਚੜ੍ਹਿਆ ਰੰਗ, ਰੂਪ ਕਸੁੰਭੜਾ ਸਰਬ ਲੋਕਾਈਆ । ਭੰਡੀ ਦਿਸੇ ਸਰਬ ਵਰਭੰਡ, ਭਾਂਡਾ ਭਰਮ ਨਾ ਕੋਇ ਭੰਨਾਈਆ । ਕੂੜੀ ਕਿਰਿਆ

ਕੀਤਾ ਰੰਡ, ਸਾਚਾ ਕੰਤ ਨਾ ਕੋਇ ਹੰਡਾਈਆ । ਬਣ ਵੈਰਾਗੀ ਕੋਈ ਨਾ ਗਾਵੇ ਛੰਦ, ਅੰਤਰ ਆਤਮ ਸਚ ਧਿਆਨ ਨਾ ਕੋਇ ਲਗਾਈਆ । ਦੂਈ ਦਵੈਤ ਕੋਈ ਨਾ ਢਾਹੇ ਕੰਧ, ਸ਼ਰਅ ਸ਼ਰੀਅਤ ਨਾ ਕੋਇ ਮਿਟਾਈਆ । ਦੀਨ ਦਿਆਲ ਕਿਸੇ ਨਾ ਮਿਲੇ ਬਖ਼ਸ਼ੰਦ, ਰਹਿਮਤ ਸਚ ਨਾ ਕੋਇ ਕਮਾਈਆ । ਨਾ ਕੋਈ ਸਮਾਏ ਪਰਮਾਨੰਦ, ਨਿਜਾਨੰਦ ਨਾ ਕੋਇ ਰਸਾਈਆ । ਨਾ ਕੋਈ ਟੁੱਟੀ ਸਕੇ ਗੰਢ, ਤੰਦੀ ਤੰਦ ਨਾ ਕੋਇ ਜੁੜਾਈਆ । ਕਲਜੁਗ ਜੀਵ ਹੋਏ ਅੰਧ, ਸਾਚੀ ਅੱਖ ਨਾ ਕੋਇ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੀਹਵੀਂ ਸਦੀ ਸਾਡਾ ਮੁਕਿਆ ਪੰਧ, ਸਦੀ ਚੌਧਵੀਂ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਤੱਕੋ ਜਗ, ਜਗਜੀਵਣ ਦਾਤਾ ਆਪ ਜਣਾਈਆ । ਵੇਖੋ ਘਰ ਘਰ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਮਨ ਵਾਸਨਾ ਸ੍ਰਿਸ਼ਟ ਸਬਾਈ ਰਹੀ ਭੱਜ, ਹੱਦ ਕਿਨਾਰਾ ਨਜ਼ਰ ਕਿਸੇ ਨਾ ਆਈਆ । ਮਾਇਆ ਮਮਤਾ ਹਉਮੈਂ ਹੰਗਤਾ ਘਰ ਘਰ ਲਈ ਸੱਦ, ਸੱਦਾ ਇਕੋ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਦਰਸਾਈਆ । ਸਾਚਾ ਖੇਲ ਵੇਖਿਆ ਆਪ, ਗੁਰ ਅਵਤਾਰ ਸੀਸ ਝੁਕਾਈਆ । ਪੀਰ ਪੈਗ਼ੰਬਰ ਕਹਿਣ ਤੂੰ ਇਕੋ ਬਾਪ, ਪਿਤਾ ਪੁਰਖ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਕਹਿਣ ਤੂੰ ਸੱਚਾ ਸਾਕ, ਸੱਜਣ ਇਕੋ ਨਜ਼ਰੀ ਆਈਆ । ਸਾਰੇ ਬੈਠੇ ਤੇਰੇ ਘਾਟ, ਇਕਾਵਨ ਬਾਵਨ ਵੇਸ ਵਟਾਈਆ । ਜਿਉਂ ਭਾਵੇ ਤਿਉਂ ਲੈਣਾ ਰਾਖ, ਰੱਖਕ ਤੇਰੀ ਇਕ ਸ਼ਰਨਾਈਆ । ਤੇਰੀ ਧਾਰੋ ਉਪਜੀ ਤੇਰੀ ਜ਼ਾਤ, ਅੰਤਮ ਤੇਰੇ ਵਿਚ ਸਮਾਈਆ । ਪੰਜ ਤਤ ਕਾਇਆ ਪਾ ਕੇ ਆਏ ਵਫ਼ਾਤ, ਲੋਕਮਾਤ ਰਹਿਣ ਨਾ ਪਾਈਆ । ਤੇਰਾ ਹੁਕਮ ਸੰਦੇਸਾ ਲਿਖ ਕੇ ਆਏ ਕਲਮ ਦਵਾਤ, ਖਾਣੀ ਬਾਣੀ ਭੇਵ ਚੁਕਾਈਆ । ਕਲਜੁਗ ਅੰਤਮ ਸਾਰੇ ਬਣੋ ਇਕ ਜਮਾਤ, ਸਾਚਾ ਅੱਖਰ ਸ਼ਬਦ ਪੜ੍ਹਾਈਆ । ਮਿਟੇ ਰੈਣ ਅੰਧੇਰੀ ਰਾਤ, ਕੂੜ ਅਮਾਵਸ ਦਿਸ ਨਾ ਆਈਆ । ਮਿਲੋ ਮੇਲ ਕਮਲਾਪਾਤ, ਕਵਲ ਨੈਣ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸੱਚਾ ਵਰ, ਸਾਹਿਬ ਤੇਰੀ ਸਚ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਕਰੋ ਇਕ ਦਲੀਲ, ਦਇਆਵਾਨ ਅਖਵਾਇੰਦਾ । ਸ੍ਰੀ ਭਗਵਾਨ ਬਿਨ ਲਿਖਿਉਂ ਸੁਣੇ ਅਪੀਲ, ਦਰਗਹਿ ਸਾਚੀ ਸਚ ਦਰਬਾਰ ਲਗਾਇੰਦਾ । ਬਸਤਰ ਪਹਿਨ ਬਨਵਾਰੀ ਨੀਲ, ਧੁਰ ਦੀ ਕਰਨੀ ਕਾਰ ਕਮਾਇੰਦਾ । ਜੋਧਾ ਸੂਰਬੀਰ ਛੈਲ ਛਬੀਲ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਸਮਝਾਇੰਦਾ । ਸਭ ਦਾ ਸੀਸ ਗਿਆ ਝੁਕ, ਬੰਦਨਾ ਇਕੋ ਵਾਰ ਜਣਾਈਆ । ਸ੍ਰੀ ਭਗਵਾਨ ਸਾਡਾ ਪੈਂਡਾ ਗਿਆ ਮੁੱਕ, ਏਸੇ ਕਾਰਨ ਅੰਤਮ ਤੇਰੀ ਓਟ ਤਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਰਬਗੁਣ ਦਾਤਾ ਆਪਣੀ ਧਾਰੋ ਪਏ ਉਠ, ਨਾ ਕੋਈ ਜਨਮੇ ਪਿਤਾ ਮਾਈਆ । ਦੋ ਜਹਾਨ ਸੁਹੰਜਣੀ ਸੁਹਾਏ ਰੁੱਤ, ਫੁਲ ਫੁਲਵਾੜੀ ਆਪ ਮਹਿਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੁਗ ਚੌਕੜੀ ਲਏ ਪੁੱਛ, ਅਗਲਾ ਪਿਛਲਾ ਲੇਖਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਜਿਸ ਘਰ ਵੱਜੇ ਤੇਰੀ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਜਣਾਵਾਂਗਾ । ਸਭ ਦਾ ਲੇਖਾ ਲੇਖੇ ਲਾਵਾਂਗਾ । ਕਲਜੁਗ ਅੰਤਮ ਲੱਖ ਚੁਰਾਸੀ ਭਰਮ ਭੁਲੇਖਾ ਆਪ ਕਢਾਵਾਂਗਾ । ਨਿਰਗੁਣ ਸਰਗੁਣ ਬਣ ਕੇ ਇਕੋ ਨੇਤਾ, ਦੋ ਜਹਾਨਾਂ ਹੁਕਮ ਚਲਾਵਾਂਗਾ । ਜਨ

ਭਗਤਾਂ ਦੇਵਾਂ ਆਪਣਾ ਭੇਤਾ, ਸਾਚੇ ਸੰਤਾਂ ਆਪ ਉਠਾਵਾਂਗਾ । ਨੌ ਖੰਡ ਪ੍ਰਿਥਮੀ ਖੇਲਾਂ ਖੇਡਾ, ਸੱਤਾਂ ਦੀਪਾਂ ਵੰਡ ਵੰਡਾਵਾਂਗਾ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਤਖ਼ਤੋ ਲਾਹ ਕੇ ਜੰਗਲ ਬੀਆਬਾਨ ਫੇਰਾਂ ਵਾਂਗ ਭੇਡਾਂ, ਛੇੜੂ ਇਕੋ ਬਣ ਕੇ ਆਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਕਮਾਵੇਗਾ । ਸੋ ਸਾਹਿਬ ਇਕੋ ਆਵੇਗਾ । ਦੇਸ ਪਰਦੇਸ ਡੰਕ ਵਜਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਵੇਗਾ । ਸੋਇਆ ਕੋਇ ਰਹਿਣ ਨਾ ਪਾਵੇਗਾ । ਲਹਿਣਾ ਦੇਣਾ ਸਰਬ ਮੁਕਾਵੇਗਾ । ਸਾਕ ਸੈਣ ਇਕ ਹੋ ਜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਨਾਮ ਜਪਾਵੇਗਾ । ਪ੍ਰਭ ਇਕੋ ਨਾਮ ਜਪਾਵੇਗਾ । ਚਾਰ ਜੁਗ ਦਾ ਰੰਗ ਵਖਾਵੇਗਾ । ਸਤਿ ਸੰਗ ਇਕ ਲਗਾਵੇਗਾ । ਮਜਲਸ ਸਾਚੀ ਆਪ ਸੁਹਾਵੇਗਾ । ਕਲਜੁਗ ਖ਼ਸਲਤ ਆਪ ਮਿਟਾਵੇਗਾ । ਸਾਚਾ ਅਸਲਤ ਇਕ ਪਰਗਟਾਵੇਗਾ । ਰਾਮਾ ਬੇਟਾ ਦਸਰਥ, ਕ੍ਰਿਸ਼ਨਾ ਕਾਹਨਾ ਸੀਸ ਝੁਕਾਵੇਗਾ । ਜਨ ਭਗਤਾਂ ਮੇਲਾ ਮੇਲੇ ਬਿਛਰਤ, ਵਿਛੜੇ ਆਪਣਾ ਜੋੜ ਜੁੜਾਵੇਗਾ । ਅਮਾਮ ਆਵੇ ਬਣ ਕੇ ਹਜ਼ਰਤ, ਹਾਜ਼ਰ ਹਜ਼ੂਰ ਜਲਵਾ ਇਕ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਵੇਗਾ । ਕਲਜੁਗ ਅੰਤਮ ਵੇਖ ਵਖਾਏਗਾ । ਕਲ ਕਲਕੀ ਨਿਰਗੁਣ ਆਏਗਾ । ਨਿਹਕਲੰਕ ਡੰਕ ਵਜਾਏਗਾ । ਰਾਉ ਰੰਕ ਆਪ ਉਠਾਏਗਾ । ਸੰਬਲ ਬੰਕ ਇਕ ਸੁਹਾਏਗਾ । ਜੀਵ ਜੰਤ ਸਰਬ ਸਮਝਾਏਗਾ । ਚਾਰ ਵਰਨ ਮੇਲ ਮਿਲਾਏਗਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕੋਈ ਰਹਿਣ ਨਾ ਪਾਏਗਾ । ਸਤਿ ਸੰਦੇਸ਼ ਇਕ ਸੁਣਾਏਗਾ । ਪੁਰਖ ਅਕਾਲ ਇਸ਼ਟ ਵਖਾਏਗਾ । ਦੀਨ ਦਿਆਲ ਦਇਆ ਕਮਾਏਗਾ । ਪਤ ਡਾਲੀ ਫਲ ਮਹਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਏਗਾ । ਸਾਚੀ ਕਰਨੀ ਕਰੇਗਾ । ਨਿਰਗੁਣ ਨੂਰ ਜੋਤ ਧਰੇਗਾ । ਸੰਤ ਸੁਹੇਲੇ ਸੱਜਣ ਵਰੇਗਾ । ਗੁਰਮੁਖ ਗੁਰਸਿਖ ਆਪੇ ਫੜੇਗਾ । ਕਾਇਆ ਮੰਦਰ ਅੰਦਰ ਚੜ੍ਹੇਗਾ । ਦਸਮ ਦੁਆਰੀ ਆਪੇ ਖੜੇਗਾ । ਪੰਜਾ ਚੋਰਾਂ ਨਾਲ ਲੜੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਇਕੋ ਧਰੇਗਾ । ਸੱਚਾ ਮਾਰਗ ਇਕ ਲਗਾਵੇਗਾ । ਸਤਿਜੁਗ ਰਾਹ ਵਖਾਵੇਗਾ । ਕਲਜੁਗ ਅੰਤ ਮਿਟਾਵੇਗਾ । ਕੂੜੀ ਕਿਰਿਆ ਦੂਰ ਕਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਏਕਾ ਮੰਦਰ ਆਪ ਰਖਾਵੇਗਾ । ਏਕਾ ਮੰਦਰ ਵਸੇਗਾ । ਪੁਰਖ ਅਕਾਲ ਨਿਰਗੁਣ ਹੱਸੇਗਾ । ਸਚ ਦਵਾਰਾ ਇਕੋ ਦੱਸੇਗਾ । ਸੇਵਾਦਾਰ ਹੋ ਕੇ ਨੱਠੇਗਾ । ਕਰਨੀ ਕੋਲੋ ਕਦੇ ਨਾ ਹਟੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਆਪਣੇ ਰੰਗ ਰੱਤੇਗਾ । ਗੁਰਮੁਖ ਆਪਣੇ ਰੰਗ ਰੰਗਾਏਗਾ । ਕਾਇਆ ਅੰਦਰ ਪੜਦਾ ਲਾਹੇਗਾ । ਬਜਰ ਕਪਾਟੀ ਤੋੜ ਤੁੜਾਏਗਾ । ਸਾਚੀ ਹਾਟੀ ਨਾਮ ਵਖਾਏਗਾ । ਬੂੰਦ ਸਵਾਂਤੀ ਅੰਮ੍ਰਿਤ ਜਾਮ ਪਿਆਏਗਾ । ਰੈਣ ਅੰਧੇਰੀ ਰਾਤੀ ਮੇਟ ਮਿਟਾਏਗਾ । ਸਾਚੀ ਘਾਟੀ ਆਪ ਚੜ੍ਹਾਏਗਾ । ਉਤਮ ਜ਼ਾਤੀ ਆਪ ਬਣਾਏਗਾ । ਅੱਠੇ ਪਹਿਰ ਰਹੇ ਪਰਭਾਤੀ, ਸੂਰਜ ਚੰਦ ਨਾ ਕੋਇ ਚਮਕਾਏਗਾ । ਹਰਿਜਨ ਲਾਏ ਆਪਣੀ ਛਾਤੀ, ਸ਼ਹਿਨਸ਼ਾਹ ਆਪਣਾ ਕਰਮ ਕਮਾਏਗਾ । ਕਰੇ ਪਰਕਾਸ਼ ਬਿਨ ਤੇਲ ਬਾਤੀ, ਜੋਤ ਨਿਰੰਜਣ ਡਗਮਗਾਏਗਾ । ਅੰਮ੍ਰਿਤ ਜਾਮ ਪਿਆਏ ਕਾਇਆ ਬਾਟੀ, ਸਰੋਵਰ ਇਕੋ ਇਕ ਵਖਾਏਗਾ । ਮੇਲ ਮਿਲਾਏ ਕਮਲਾਪਾਤੀ, ਪਤਿਪਰਮੇਸ਼ਵਰ ਅੰਗ

ਲਗਾਏਗਾ । ਸਤਿਜੁਗ ਸਾਚੇ ਬਣੇ ਸਾਥੀ, ਮਾਰਗ ਇਕੋ ਇਕ ਰਖਾਏਗਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਗਾਵਣ ਗਾਥੀ, ਆਤਮ ਪਰਮਾਤਮ ਢੋਲਾ ਇਕ ਸੁਣਾਏਗਾ । ਖੇਲੇ ਖੇਲ ਪਾਕਨ ਪਾਕੀ, ਪਤਤ ਪਾਪੀ ਆਪ ਤਰਾਏਗਾ । ਸ਼ਬਦ ਅਗੰਮੀ ਚੜ੍ਹ ਕੇ ਰਾਕੀ, ਅਸਵ ਘੋੜਾ ਇਕ ਦੌੜਾਏਗਾ । ਦੋ ਜਹਾਨਾਂ ਚਾਲ ਰੱਖੇ ਬਾਂਕੀ, ਸ਼ਾਹ ਸਵਾਰਾ ਨਜ਼ਰ ਕਿਸੇ ਨਾ ਆਏਗਾ । ਗੋਬਿੰਦ ਲਿਖ ਕੇ ਗਿਆ ਪਾਤੀ, ਅੰਤਮ ਪਤਰਾ ਆਪ ਉਠਾਏਗਾ । ਜਿਹੜੀ ਪਹਿਲੋ ਰਹਿ ਗਈ ਬਾਕੀ, ਅੰਤਮ ਲੇਖਾ ਪੂਰ ਕਰਾਏਗਾ । ਜਾਮ ਪਿਆਲਾ ਪਿਆਏ ਬਣ ਕੇ ਸਾਕੀ, ਗੁਰਮੁਖਾਂ ਇਕੋ ਰਸ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚਾ ਰੰਗ ਰੰਗਾਏਗਾ । ਸਤਿਜੁਗ ਸਾਚਾ ਰੰਗ ਚਾੜ੍ਹੇਗਾ । ਸ੍ਰੀ ਭਗਵਾਨ ਵੇਖ ਵਿਚਾਰੇਗਾ । ਗੁਰ ਅਵਤਾਰ ਸਰਬ ਪੁਕਾਰੇਗਾ । ਪੀਰ ਪੈਗੰਬਰ ਦਰ ਨਿਮਸਕਾਰੇਗਾ । ਭਗਤ ਭਗਵਾਨ ਵਾਜਾਂ ਮਾਰੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਹੱਲ ਇਕ ਉਸਾਰੇਗਾ । ਸਚ ਮਹੱਲ ਪ੍ਰਭੂ ਬਣਾਏਗਾ । ਕਾਰੀਗਰ ਆਪ ਅਖਵਾਏਗਾ । ਬਾਢੀ ਨਜ਼ਰ ਕੋਇ ਨਾ ਆਏਗਾ । ਤਿੰਨ ਸੌ ਸੱਠ ਹਾਡੀ ਜੋੜ ਜੁੜਾਏਗਾ । ਬਹੱਤਰ ਨਾੜੀ ਨਤ ਪਵਾਏਗਾ । ਲਹੂ ਮਿਝ ਗਾਰਾ ਆਪ ਬਣਾਏਗਾ । ਨਾਮ ਤਗਾਰਾ ਹੱਥ ਉਠਾਏਗਾ । ਪ੍ਰੇਮ ਕਾਂਡੀ ਪੋਚ ਪੁਚਾਏਗਾ । ਠਾਂਡਾ ਬੰਕ ਇਕ ਸੁਹਾਏਗਾ । ਅੰਤਮ ਆਪਣਾ ਡੇਰਾ ਲਾਏਗਾ । ਸੰਬਲ ਨਾਉਂ ਇਕ ਰਖਾਏਗਾ । ਗੋਬਿੰਦ ਗੜ੍ਹ ਇਕ ਵਸਾਏਗਾ । ਉਪਰ ਚੜ੍ਹ ਦਰਸ ਦਿਖਾਏਗਾ । ਜਨ ਭਗਤਾਂ ਮੇਟੇ ਪਿਛਲੀ ਹਰਸ, ਅਗਲਾ ਜਨਮ ਲੇਖੇ ਪਾਏਗਾ । ਕਲਜੁਗ ਅੰਤਮ ਕਰ ਕੇ ਤਰਸ, ਗ਼ਰੀਬ ਨਿਮਾਣੇ ਅੰਗ ਲਗਾਏਗਾ । ਅੰਮ੍ਰਿਤ ਮੇਘ ਦੇਵੇ ਬਰਸ, ਤਪਦੇ ਹਿਰਦੇ ਠੰਡ ਵਰਤਾਏਗਾ । ਨਿਰਗੁਣ ਧਾਰੋ ਆਇਆ ਪਰਤ, ਸਰਗੁਣ ਆਪਣਾ ਹੁਕਮ ਚਲਾਏਗਾ । ਗੋਬਿੰਦ ਸੂਰਾ ਲਾ ਕੇ ਗਿਆ ਸ਼ਰਤ, ਕਲਜੁਗ ਅੰਤਮ ਨਿਹਕਲੰਕ ਡੰਕ ਵਜਾਏਗਾ । ਕਲਜੁਗ ਜੀਵਾਂ ਪੜ੍ਹਨ ਦਾ ਹੋਇਆ ਠਰਕ, ਅੰਦਰ ਵੜ ਦਰਸ ਕੋਇ ਨਾ ਪਾਏਗਾ । ਜੇ ਕੋਈ ਦੂਰੋ ਵੇਖੇ ਮਨ ਕਰੇ ਹਰਖ, ਆਤਮ ਮੇਲ ਨਾ ਕੋਇ ਮਿਲਾਏਗਾ । ਕਲਜੁਗ ਸਭ ਦੇ ਕੋਲੋ ਮੰਗੇ ਧੜਤ, ਕੂੜਾ ਵੱਟਾ ਹੱਥ ਉਠਾਏਗਾ । ਕੋਈ ਨਾ ਜਾਣੇ ਗੋਬਿੰਦ ਤੇਰੀ ਲਿਖਤ ਪੜ੍ਹਤ, ਲਿਖਤ ਪੜ੍ਹਤ ਸਰਸਾ ਵਿਚ ਰਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਵਰ, ਵਰ ਦਾਤਾ ਅੰਤਮ ਆਪਣਾ ਰਾਹ ਲਗਾਏਗਾ । ਅੰਤਮ ਮਾਰਗ ਲੱਗੇ ਮਾਤ, ਚਾਰ ਜੁਗ ਮਤਾ ਇਕ ਪਕਾਈਆ । ਸਤਿਜੁਗ ਸਾਚੀ ਚਲੇ ਗਾਥ, ਹਰਿ ਕਾ ਨਾਮ ਇਕ ਪੜ੍ਹਾਈਆ । ਚਰਨ ਕਵਲ ਸਹਾਰਾ ਨਾਤ, ਸਚ ਬਿਧਾਤਾ ਜੋੜ ਜੁੜਾਈਆ । ਲਹਿਣਾ ਚੁੱਕੇ ਮਸਤਕ ਮਾਥ, ਪੂਰਬ ਸਭ ਦਾ ਝੋਲੀ ਪਾਈਆ । ਖੇਲੇ ਖੇਲ ਪੁਰਖ ਸਮਰਾਥ, ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕੋਇ ਨਾ ਆਈਆ । ਸਾਰੇ ਬੈਠੇ ਆਪਣੇ ਘਾਟ, ਰਾਹ ਤੱਕਣ ਬੇਪਰਵਾਹੀਆ । ਕਵਣ ਵੇਲਾ ਆਏ ਪੁਰਖ ਅਬਿਨਾਸ਼, ਸਾਡੀ ਨਈਆ ਲਏ ਚਲਾਈਆ । ਗੋਪੀ ਕਾਹਨ ਖ਼ੁਸ਼ੀਆਂ ਵਿਚ ਪੌਂਦੇ ਰਾਸ, ਮੰਡਲ ਮੰਡਪ ਨਾਚ ਨਚਾਈਆ । ਸਾਹਿਬ ਸਤਿਗੁਰ ਦੀਨ ਦਿਆਲ ਠਾਕਰ ਸਵਾਮੀ ਸਾਡੇ ਆਵੇ ਪਾਸ, ਕਰਵਟ ਆਪਣੀ ਆਪ ਬਦਲਾਈਆ । ਈਸਾ ਮੂਸਾ ਮੁਹੰਮਦ ਰਹੇ ਝਾਕ, ਝਾਕੀ ਇਕੋ ਇਕ ਰਖਾਈਆ । ਕਵਣ ਵੇਲਾ ਪ੍ਰਭ ਖੋਲ੍ਹੇ ਆਪਣਾ ਤਾਕ, ਸਾਚੇ ਹੁਜਰੇ ਉਚ ਮਹਿਰਾਬੇ ਮੁਖ ਨਕਾਬੇ ਪੜਦਾ ਲਾਹੀਆ । ਸਤਿ ਸਰੂਪ ਮਾਰੇ ਇਕ ਆਵਾਜ਼ੇ, ਕਲਮਾ ਨਬੀ ਰਸੂਲ ਦਏ

ਸਮਝਾਈਆ । ਨਿਉਂ ਨਿਉਂ ਸਜਦਾ ਕਰੀਏ ਦਰ ਆਦਾਬੇ, ਸਲਾਮ ਅਸਲਾਮਅਲੈਕਮ ਆਲਮੀਨ ਇਕ ਜਣਾਈਆ । ਸ਼ਾਹਸਵਾਰਾ ਨਿਰਗੁਣ ਧਾਰਾ ਚਰਨ ਦੇਵੇ ਇਕ ਰਕਾਬੇ, ਮੱਕੇ ਕਾਅਬੇ ਚਰਨਾਂ ਹੇਠ ਦਬਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਜਿਸ ਸਾਜਣ ਸਾਜੇ, ਤਿਸ ਸਜਦਾ ਕਰਨਾ ਸੋ ਪੀਰ ਬੇਪਰਵਾਹੀਆ । ਮਿਲੇ ਮੇਲ ਹਰਿ ਮਾਧਵ ਮਾਧੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਈਆ । ਗੁਰ ਅਵਤਾਰ ਕਰਨ ਉਡੀਕ, ਇਕੋ ਓਟ ਤਕਾਈਆ । ਜਿਹੜੀ ਲਿਖ ਕੇ ਗਏ ਤਰੀਕ, ਸੋ ਵੇਲਾ ਨੇੜੇ ਆਈਆ । ਸਾਹਿਬ ਸਵਾਮੀ ਕਰਨ ਆਏ ਪ੍ਰੀਤ, ਪ੍ਰੀਤੀਵਾਨ ਫੇਰਾ ਪਾਈਆ । ਕਲਜੁਗ ਬਦਲੀ ਪਿਛਲੀ ਰੀਤ, ਸਤਿਜੁਗ ਸਾਚਾ ਰਾਹ ਚਲਾਈਆ । ਲਹਿਣਾ ਚੁਕੇ ਮੰਦਰ ਮਸੀਤ, ਘਰ ਘਰ ਵਿਚ ਕਾਅਬਾ ਇਕੋ ਨਜ਼ਰੀ ਆਈਆ । ਆਤਮਾ ਗਾਏ ਪਰਮਾਤਮਾ ਗੀਤ, ਦੂਜੀ ਹੋਰ ਨਾ ਕੋਇ ਪੜ੍ਹਾਈਆ । ਨਜ਼ਰ ਆਏ ਨਾ ਕੋਇ ਸ਼ਰੀਕ, ਸ਼ਿਰਕਤ ਕਰੇ ਨਾ ਕੋਇ ਲੋਕਾਈਆ । ਮਾਰਗ ਮਿਲੇ ਇਕ ਬਾਰੀਕ, ਗੁਰ ਕਿਰਪਾ ਚਲੀਏ ਵਾਹੋ ਦਾਹੀਆ । ਪੁਰਖ ਅਕਾਲ ਨਿਰਗੁਣ ਦਾਤਾ ਮਿਲੇ ਠੀਕ, ਠੀਕਰ ਕੂੜਾ ਭੰਨ ਵਖਾਈਆ । ਵਖਾਏ ਧਾਮ ਇਕ ਅਨਡੀਠ, ਜਿਸ ਘਰ ਵਸੇ ਸੱਚਾ ਮਾਹੀਆ । ਜੋਤੀ ਜੋਤ ਸਰੁਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਲ ਆਪਣਾ ਵੇਸ ਵਟਾਈਆ । ਕਲਜੁਗ ਵੇਸ ਵਟਾਏ ਅੰਤ, ਹਰਿ ਸੱਜਣ ਖੇਲ ਕਰਾਇੰਦਾ । ਗੁਰਮੁਖ ਵੇਖੇ ਸਾਚੇ ਸੰਤ, ਲੱਖ ਚੁਰਾਸੀ ਖੋਜ ਖੁਜਾਇੰਦਾ । ਚਾਰ ਵਰਨਾਂ ਮਣੀਆ ਮੰਤ, ਮੰਤਰ ਇਕ ਦ੍ਰਿੜਾਇੰਦਾ । ਸਭ ਨੇ ਮਿਲਣਾ ਆਪਣੇ ਕੰਤ, ਨਰ ਹਰਿ ਕੰਤ ਇਕੋ ਨਜ਼ਰੀ ਆਇੰਦਾ । ਗੁਰਮੁਖੋ ਗੁਰਸਿਖੋ ਕਾਇਆ ਚੋਲੀ ਚਾੜ੍ਹੋ ਰੰਗ ਬਸੰਤ, ਸ਼ਬਦ ਮਜੀਠੀ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਤਾ ਪੁਰਖ ਬਿਧਾਤਾ ਕਲਜੁਗ ਮੇਟੇ ਅੰਧੇਰੀ ਰਾਤਾ, ਸਤਿਜੁਗ ਸੁਣਾਏ ਸਾਚੀ ਗਾਥਾ, ਖੇਲੇ ਖੇਲ ਪੁਰਖ ਸਮਰਾਥਾ, ਦੇਵੇ ਸਹਾਰ ਨਾਥ ਅਨਾਥਾਂ, ਦੀਨਨ ਆਪਣੀ ਦਇਆ ਕਮਾਇੰਦਾ । ਦੀਨਨ ਦਇਆ ਕਮਾਇੰਦਾ, ਦਇਆਵਾਨ ਕਰਤਾਰ । ਵਿਸ਼ਨੂੰ ਹੁਕਮੇ ਨਾਲ ਉਠਾਇੰਦਾ, ਉਠ ਵੇਖ ਮਾਰ ਧਿਆਨ । ਕਲਜੁਗ ਜੀਵ ਗ਼ਰੀਬ ਨਿਮਾਣਾ ਅੰਤ ਕੁਰਲਾਇੰਦਾ, ਕਿਸੇ ਮਿਲੇ ਨਾ ਸਚ ਪਕਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਧੁਰ ਫ਼ਰਮਾਨ । ਉਠ ਬ੍ਰਹਮੇ ਖੋਲ੍ਹ ਅੱਖ, ਸੋ ਸਾਹਿਬ ਆਪ ਜਣਾਈਆ । ਸਚ ਬ੍ਰਹਮ ਮਾਰਗ ਸਕੇ ਨਾ ਕੋਈ ਦੱਸ, ਚਾਰ ਵੇਦ ਵਿਦਿਆ ਨਾ ਕੋਇ ਪੜ੍ਹਾਈਆ । ਸਚ ਦੁਆਰਿਉਂ ਉਠ ਕੇ ਨੱਠ, ਵੇਲਾ ਅੰਤਮ ਗਿਆ ਆਈਆ । ਅੰਤਮ ਛੱਡਣਾ ਪਏ ਮੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ ਇਕ ਜਣਾਈਆ । ਸ਼ੰਕਰ ਹੱਥੋ ਸੁੱਟ ਤ੍ਰਿਸੂਲ, ਤ੍ਰੈਗੁਣ ਅਤੀਤਾ ਆਪ ਜਣਾਇੰਦਾ । ਤੇਰਾ ਅੰਤਮ ਮੁੱਕਣਾ ਮੂਲ, ਲੇਖਾ ਲੇਖੇ ਹਰਿ ਜੂ ਪਾਇੰਦਾ । ਨਿਤ ਨਵਿਤ ਬਦਲੇ ਆਪਣਾ ਆਪ ਅਸੂਲ, ਅਸਲੀਅਤ ਆਪਣੇ ਵਿਚ ਛੁਪਾਇੰਦਾ । ਧੁਰ ਦਾ ਹੁਕਮ ਕਰਨਾ ਪਏ ਕਬੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਅਬਿਨਾਸ਼ੀ ਕਰਤਾ ਸੁਣਾਏ ਹੁਕਮ ਮਾਅਕੂਲ, ਮੁਕੰਮਲ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਕੀਤਾ ਸਰਬ ਉਲਟਾਇੰਦਾ । ਪਿਛਲਾ ਕੀਤਾ ਉਲਟਾਵੇ ਆਪ, ਉਲਟੀ ਕਲ ਵਰਤਾਈਆ । ਖੇਲੇ ਖੇਲ ਪੁਰਖ ਅਬਿਨਾਸ਼, ਸਮਝ ਕੋਇ ਨਾ ਪਾਈਆ । ਅਕੱਲਾ ਲੇਖਾ ਰੱਖੇ ਆਪਣੇ ਹਾਥ, ਅਨਭਵ ਆਪਣੀ ਕਾਰ ਕਮਾਈਆ । ਜਨ ਭਗਤ ਦੁਆਰੇ

ਹਰਿ ਭਗਤਾਂ ਹੋ ਕੇ ਦਾਸ, ਭਗਵਨ ਆਪਣੀ ਸੇਵ ਕਮਾਈਆ । ਘਰ ਦੀਆ ਬਾਤੀ ਕਰ ਪਰਕਾਸ਼, ਅੰਧ ਅੰਧੇਰ ਮਿਟਾਈਆ । ਪੂਰਬ ਜਨਮ ਦੀ ਪੂਰੀ ਆਸ, ਪੂਰਬ ਲੇਖਾ ਲੇਖੇ ਲਾਈਆ । ਵੇਖਣਹਾਰਾ ਪਵਣ ਸਵਾਸ, ਪਵਣ ਪਵਣੀ ਰਿਹਾ ਸਮਾਈਆ । ਲੇਖਾ ਮੁੱਕੇ ਧਰਨੀ ਧਰਤ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਢਾਹੀਆ । ਲੱਖ ਚੁਰਾਸੀ ਕਰੇ ਬੰਦ ਖੁਲਾਸ, ਰਾਏ ਧਰਮ ਨਾ ਦਏ ਸਜ਼ਾਈਆ । ਲਾੜੀ ਮੌਤ ਨਾ ਆਵੇ ਪਾਸ, ਚਿਤਰਗੁਪਤ ਲੇਖਾ ਰਹਿਣ ਨਾ ਪਾਈਆ । ਜਿਨ੍ਹਾਂ ਸਤਿਗੁਰ ਪੂਰਾ ਵਸਿਆ ਸਾਥ, ਅੰਤਮ ਆਪਣੀ ਉਂਗਲੇ ਲਾਈਆ । ਮਿਹਰਵਾਨ ਕਰੇ ਮਿਹਰ ਅਨਾਥਾਂ ਨਾਥ, ਨਾਥ ਅਨਾਥੀ ਵੇਖ ਵਖਾਈਆ । ਲੈ ਕੇ ਜਾਏ ਆਪਣੇ ਘਾਟ, ਅਧਵਿਚਕਾਰ ਨਾ ਕੋਇ ਅਟਕਾਈਆ । ਸਚਖੰਡ ਦੁਆਰ ਕਰੇ ਨਿਵਾਸ, ਚਰਨ ਕਵਲ ਦਏ ਸ਼ਰਨਾਈਆ । ਜਿਨ੍ਹਾਂ ਢੋਲਾ ਗਾਇਆ ਤੂੰ ਮੇਰਾ ਮੈਂ ਤੇਰਾ ਸਾਕ, ਸੱਜਣ ਬਣਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਇਕੋ ਫੇਰਾ ਪਾਈਆ । ਨਰ ਹਰਿ ਫੇਰਾ ਪਾਏ ਏਕ, ਏਕੰਕਾਰਾ ਦਇਆ ਕਮਾਇੰਦਾ । ਬ੍ਰਹਿਮੰਡ ਖੰਡ ਜਣਾਏ ਸਾਚੀ ਟੇਕ, ਵਰਭੰਡ ਆਪ ਸਮਝਾਇੰਦਾ । ਸਾਹਿਬ ਸਤਿਗੁਰ ਖੋਲ੍ਹੇ ਭੇਤ, ਭੇਦ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਕਰ ਕੇ ਹੇਤ, ਹਿਤਕਾਰੀ ਵੇਖ ਵਖਾਇੰਦਾ । ਹਿਤਕਾਰੀ ਹਰਿ ਵੇਖਣ ਆਇਆ, ਗਹਿਰ ਗੰਭੀਰ ਵੱਡੀ ਵਡਿਆਈਆ । ਤ੍ਰੈਗੁਣ ਮੇਟੇ ਮਮਤਾ ਮਾਇਆ, ਮਿਹਰ ਨਜ਼ਰ ਉਠਾਈਆ । ਸਮਰਥ ਸਿਰ ਦੇ ਕਰ ਹੱਥ ਰੱਖੇ ਠੰਡੀ ਛਾਇਆ, ਕਲਜੁਗ ਤੱਤੀ ਅਗਨ ਨਾ ਲਾਗੇ ਰਾਈਆ । ਮੰਤਰ ਨਾਮ ਇਕ ਦ੍ਰਿੜਾਇਆ, ਹਰਿਜਨ ਫੜ ਕੇ ਮਾਰਗ ਪਾਇਆ, ਪੰਧ ਮੁਕੇ ਵਾਹੋ ਦਾਹੀਆ । ਪੁਰਖ ਅਕਾਲ ਹੋਏ ਸਹਾਇਆ, ਸਾਚੀ ਧਰਮਸਾਲ ਲਏ ਬਹਾਇਆ, ਧਰਮ ਦੁਆਰਾ ਇਕ ਵਖਾਈਆ । ਕਾਲ ਮਹਾਂਕਾਲ ਭੈ ਚੁਕਾਇਆ, ਸਚ ਪ੍ਰੀਤੀ ਤੋੜ ਨਿਭਾਇਆ, ਜਗ ਰੀਤੀ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲੇਖੇ ਪਾਈਆ । ਹਰਿਜਨ ਸਾਚਾ ਲੇਖੇ ਪਾ, ਪੱਲੂ ਨਾਮ ਫੜਾਇੰਦਾ । ਲੱਖ ਚੁਰਾਸੀ ਕੱਟ ਕੇ ਫਾਹ, ਫ਼ਾਰਗ਼ ਆਪ ਕਰਾਇੰਦਾ । ਰਹਿਬਰ ਬਣ ਕੇ ਦੱਸੇ ਰਾਹ, ਰਸਤਾ ਇਕ ਸਮਝਾਇੰਦਾ । ਮਨ ਵਾਸਨਾ ਦਏ ਮਿਟਾ, ਮਨਸਾ ਪੂਰ ਕਰਾਇੰਦਾ । ਕਾਗੋ ਹੰਸਾ ਦਏ ਬਣਾ, ਸੋਹੰ ਹੰਸਾ ਜਾਪ ਜਪਾਇੰਦਾ । ਸਾਚਾ ਬੰਸਾ ਇਕ ਪਰਗਟਾ, ਚਾਰੇ ਵਰਨ ਗੰਢ ਰਖਾਇੰਦਾ । ਸਾਚਾ ਡੰਕਾ ਨਾਮ ਸੁਣਾ, ਕੂੜੀ ਕਿਰਿਆ ਡੇਰਾ ਢਾਹਿੰਦਾ । ਬੰਦਗੀ ਬੰਦਾ ਦੇਵੇ ਲਾ, ਬੰਦੀ ਛੋੜ ਵੇਖ ਵਖਾਇੰਦਾ । ਚੰਦ ਨਵਚੰਦਾ ਦਏ ਚੜ੍ਹਾ, ਚੌਦਸ ਆਪਣੀ ਕਾਰ ਕਮਾਇੰਦਾ । ਸਾਚਾ ਛੰਦਾ ਦਏ ਸੁਣਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਬਜਰ ਕਪਾਟੀ ਕੁੰਡਾ ਦਏ ਤੁੜਾ, ਨਾਮ ਹਥੌੜਾ ਹੱਥ ਉਠਾਇੰਦਾ । ਲੰਗੜਾ ਲੂਲ੍ਹਾ ਟੁੰਡਾ ਦਰ ਆਇਆ ਲੇਖੇ ਲਏ ਲਗਾ, ਜੋ ਅੰਤਰ ਆਤਮ ਧਿਆਨ ਲਗਾਇੰਦਾ । ਅਵਣ ਗਵਣ ਦਏ ਮਿਟਾ, ਤ੍ਰੈਭਵਨ ਪਾਰ ਕਰਾਇੰਦਾ । ਸਾਚੀ ਸਾਵਣ ਰੁੱਤ ਦਏ ਸੁਹਾ, ਅੰਮ੍ਰਿਤ ਮੇਘ ਬੂੰਦ ਬਰਸਾਇੰਦਾ । ਕਵਲ ਨਾਭੀ ਦਏ ਭਰਾ, ਭਰ ਭੰਡਾਰਾ ਵੇਖ ਵਖਾਇੰਦਾ । ਜਨਮ ਕਰਮ ਦਾ ਰੋਗ ਦਏ ਮਿਟਾ, ਹਰਖ ਸੋਗ ਨਾ ਕੋਇ ਰਖਾਇੰਦਾ । ਧੁਰ ਸੰਜੋਗ ਮੇਲਾ ਲਏ ਮਿਲਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਾਚਾ ਡੋਲਾ ਗੁਰਮੁਖ ਕੰਧ ਲਏ ਉਠਾ, ਬਣ ਕੇ ਕਾਹਨੀ ਸੇਵ ਕਮਾਇੰਦਾ । ਪੰਧ ਮੁਕਾਏ ਵਾਹੋ ਦਾਹ, ਪੁਰੀਆਂ ਲੋਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਇੰਦਾ । ਥਿਰ ਘਰ ਜਾ ਕੇ ਦਏ ਰਖਾ,

ਉਤਰ ਪੂਰਬ ਪੱਛਮ ਦੱਖਣ ਦਿਸ਼ਾ ਨਾ ਕੋਇ ਜਣਾਇੰਦਾ । ਇਕੋ ਜੋਤ ਨੂਰ ਲਏ ਮਿਲਾ, ਮੇਲ ਮਿਲਾਵਾ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਜੋਤ ਜਾਣਾ ਸਮਾ, ਸਮਾਂ ਸਭ ਨੂੰ ਆਪ ਸਮਝਾਇੰਦਾ । ਕੂੜੀ ਤਮਾਂ ਦੇਣੀ ਗਵਾ, ਤ੍ਰਿਸਨਾ ਤ੍ਰਿਖਾ ਆਪ ਬੁਝਾਇੰਦਾ । ਰਵਾਂ ਰਵੀਂ ਸਚ ਦੁਆਰੇ ਜਾਣਾ ਆ, ਸਾਹਿਬ ਸਤਿਗੁਰ ਵੇਖ ਵਖਾਇੰਦਾ । ਨਿਹਕਰਮੀ ਆਪਣਾ ਕਰਮ ਰਿਹਾ ਕਮਾ, ਕਰਮ ਕਾਂਡ ਡੇਰਾ ਢਾਹਿੰਦਾ । ਆਪਣਾ ਮਨ ਲਓ ਸਮਝਾ, ਮਨ ਵਾਸਨਾ ਜਗਤ ਭਟਕਾਇੰਦਾ । ਘਰ ਘਰ ਲੈਂਦਾ ਰਹੇ ਦਾਅ, ਬਚਿਆ ਕੋਈ ਨਜ਼ਰ ਨਾ ਆਇੰਦਾ । ਬਿਨ ਸਤਿਗੁਰ ਪੂਰੇ ਖਹਿੜਾ ਸਕੇ ਨਾ ਕੋਇ ਛੁਡਾ, ਸਿਰ ਹੱਥ ਨਾ ਕੋਇ ਟਿਕਾਇੰਦਾ । ਜਿਨ੍ਹਾਂ ਨਾਲ ਪਿਛੇ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਇਆ ਨਿਭਾ, ਤਿਨ੍ਹਾਂ ਅੰਤਮ ਮੇਲ ਮਿਲਾਇੰਦਾ । ਜਨ ਭਗਤਾਂ ਮਿਲਣ ਦੀ ਪ੍ਰਭ ਨੂੰ ਅਦਾ, ਬਿਨ ਭਗਤਾਂ ਹਰਿ ਜੂ ਕੰਮ ਕਿਸੇ ਨਾ ਆਇੰਦਾ । ਇਕ ਇਕੱਲਾ ਪਰਵਰਦਿਗਾਰ ਮੁਕਾਮੇ ਹੱਕ ਬੈਠਾ ਰੋਂਦਾ ਰਹੇ ਖ਼ੁਦਾ, ਬਿਨਾ ਮੁਰੀਦ ਮੁਰਸ਼ਦ ਸੋਭਾ ਕੋਈ ਨਾ ਪਾਇੰਦਾ । ਹਰਿ ਸੰਗਤ ਤੇਰਾ ਸਤਿਗੁਰ ਤੇਰੇ ਨਾਲੋ ਹੋਏ ਨਾ ਕਦੇ ਜੁਦਾ, ਸਦ ਤੇਰੇ ਅੰਦਰ ਡੇਰਾ ਲਾਇੰਦਾ । ਗੁਰਮੁਖ ਬਣ ਕੇ ਆਪਣਾ ਪੜਦਾ ਲਓ ਉਠਾ, ਨਾਨਕ ਗੋਬਿੰਦ ਅੰਦਰੋ ਨਜ਼ਰੀ ਆਇੰਦਾ । ਜਲਵਾ ਨੂਰ ਜੋਤ ਦਏ ਦਰਸਾ, ਸ਼ਬਦੀ ਗਾਣਾ ਸਾਚਾ ਰਾਣਾ ਧੁਰ ਦਾ ਨਾਦ ਸੁਣਾਇੰਦਾ । ਬੇਮੁਹਾਣਾ ਸ਼ਾਹ ਸੁਲਤਾਨਾ ਤਖ਼ਤ ਨਿਵਾਸੀ ਨੌਜਵਾਂ, ਬਿਰਧ ਬਾਲਾਂ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਚੌਕੜੀ ਦੇਵੇ ਵਰ, ਜਨ ਭਗਤਾਂ ਦਇਆ ਕਮਾਇੰਦਾ । ਜਨ ਭਗਤਾਂ ਉਪਰ ਹੋਏ ਦਿਆਲ, ਦਇਆਵਾਨ ਵੱਡੀ ਵਡਿਆਈਆ । ਸੰਤ ਸੁਹੇਲੇ ਸੱਚੇ ਲਾਲ, ਨਿਤ ਨਵਿਤ ਆਪ ਪਰਗਟਾਈਆ । ਗੁਰਮੁਖ ਗੁਰਸਿਖ ਜਣਾਏ ਅਗੰਮੀ ਚਾਲ, ਅਵੱਲੜੀ ਧਾਰ ਆਪ ਪਰਗਟਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਦਾਤਾ ਬੇਪਰਵਾਹੀਆ । ਸਾਰੇ ਰਲ ਕੇ ਕਰੋ ਇਕ ਸਵਾਲ, ਸ੍ਰੀ ਭਗਵਾਨ ਅੰਤਮ ਲੇਖਾ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਤੋੜ ਜੰਜਾਲ, ਆਵਣ ਜਾਵਣ ਕੱਟ ਫਾਹੀਆ । ਤੇਰੇ ਹੱਥ ਪ੍ਰੇਮ ਰੁਮਾਲ, ਛੋਟੇ ਬਾਲੇ ਲੈ ਉਠਾਈਆ । ਜਿਉਂ ਗੋਬਿੰਦ ਮਹਾਂਸਿੰਘ ਉਤੇ ਹੋਇਆ ਦਿਆਲ, ਬਿਨ ਮੁਕਤੀਉਂ ਮੁਕਤੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਏਥੇ ਓਥੇ ਦੋ ਜਹਾਨ ਪੁਰਖ ਅਕਾਲ ਮਿਲੇ ਸੱਚੀ ਸਰਨਾਈਆ । ਪੁਰਖ ਅਕਾਲ ਤੇਰਾ ਮਿਲਣਾ, ਖਾਲੀ ਕਦੀ ਨਾ ਜਾਈਆ । ਸਾਡੇ ਮਨ ਨਹੀਂ ਜੁਲਣਾ ਹਿਲਣਾ, ਕਲਜੁਗ ਡੋਰੀ ਬੰਧ ਬੰਧਾਈਆ । ਤੇਰਾ ਪ੍ਰੇਮ ਫੂਲ ਇਕੋ ਖਿਲਨਾ, ਪੰਖੜੀਆਂ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਦੇਦੇ ਆਪਣਾ ਵਰ, ਤੈਨੂੰ ਦੇਂਦਿਆਂ ਤੋਟ ਕੋਈ ਨਾ ਆਈਆ । ਦੇਵੇ ਵਰ ਸਾਹਿਬ ਸਤਿਗੁਰ ਠਾਕਰ, ਠੋਕਰ ਨਾਮ ਲਗਾਇੰਦਾ । ਹਰਿ ਸੰਗਤ ਤੇਰਾ ਕਰਮ ਉਜਾਗਰ, ਪ੍ਰਭ ਨਿਰਮਲ ਆਪ ਕਰਾਇੰਦਾ । ਦਰ ਆਇਆਂ ਸਭ ਨੂੰ ਦੇਵੇ ਆਦਰ, ਦਇਆਵਾਨ ਵੇਖ ਵਖਾਇੰਦਾ । ਭਾਗ ਲਗਾਏ ਕਾਇਆ ਗਾਗਰ, ਸਮੁੰਦ ਸਾਗਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸੱਜਣ ਲਏ ਫੜ, ਕਾਇਆ ਮੰਦਰ ਅੰਦਰ ਚੜ੍ਹ, ਕਿਲਾ ਤੋੜ ਹੰਕਾਰੀ ਗੜ੍ਹ, ਮਹੱਲ ਅਟੱਲ ਉਚ ਮਨਾਰ ਘਰ ਵਿਚ ਘਰ ਦਏ ਵਖਾਲ, ਨਿਰਗੁਣ ਹੋ ਕੇ ਵਸੇ ਨਾਲ, ਸਰਗੁਣ ਨਾਤਾ ਤੁੱਟੇ ਕਾਲ, ਹੋ ਕਿਰਪਾਲ ਜਿਸ ਜਨ ਪ੍ਰਭ ਆਪਣਾ ਮੇਲ ਮਿਲਾਇੰਦਾ ।

## ੨੭ ਸਾਵਣ ੨੦੨੦ ਬਿਕ੍ਰਮੀ ਠੱਕਰ ਪੁਰਾ ਸੜਕ ਉਤੇ ਅਕਾਲੀਆਂ ਨਾਲ ਬਚਨ ਹੋਏ ਜ਼ਿਲਾ ਅੰਮ੍ਰਿਤਸਰ

ਦੂਰ ਸਮਾਂ ਆਇਆ ਨੇੜੇ, ਗੁਰਮੁਖ ਬੈਠੇ ਧਿਆਨ ਲਗਾਈਆ । ਕਲਜੁਗ ਅੰਤਮ ਮਿਟਣੇ ਝੇੜੇ, ਚਾਰੋ ਕੁੰਟ ਪਏ ਦੁਹਾਈਆ । ਦੁਆਰੇ ਉਜੜਨ ਵਾਲੇ ਖੇੜੇ, ਸ੍ਰੀ ਭਗਵਾਨ ਖੇਲ ਰਚਾਈਆ । ਜਿਹੜੇ ਕਰਦੇ ਮੇਰੇ ਮੇਰੇ, ਅੰਤਮ ਖ਼ਾਕੀ ਖ਼ਾਕ ਸਮਾਈਆ । ਝੂਠੇ ਰਹਿਣ ਨਾ ਦੇਵੇ ਲੱਗੇ ਡੇਰੇ, ਉਚੇ ਟਿੱਲੇ ਪਰਬਤ ਡੇਰਾ ਢਾਹੀਆ । ਲੱਖ ਚੁਰਾਸੀ ਜੀਵ ਜੰਤ ਕੂੜੀ ਕਿਰਿਆ ਅੰਦਰ ਆਈ ਘੇਰੇ, ਬਿਨ ਸਤਿਗੁਰ ਪੂਰੇ ਪਾਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ ਵੇਸ ਵਟਾਈਆ । ਦੂਰ ਦੁਰਾਡਾ ਪੈਂਡਾ ਰਿਹਾ ਮੁੱਕ, ਸੋ ਪੁਰਖ ਨਿਰੰਜਣ ਆਪ ਮੁਕਾਈਆ । ਹਰਿ ਨਾਮੇ ਬਿਨ ਖਾਲੀ ਦਿਸਣ ਬੁੱਤ, ਹਿਰਦੇ ਹਰਿ ਨਾ ਕੋਇ ਵਸਾਈਆ । ਭੱਜੇ ਫਿਰਨ ਪਿਛੇ ਰੋਟੀ ਟੁੱਕ, ਗੁਰ ਕਾ ਸ਼ਬਦ ਪ੍ਰੀਤ ਨਾ ਕੋਇ ਲਗਾਈਆ । ਪ੍ਰੇਮ ਪ੍ਰੀਤੀ ਵਧੀ ਪੁੱਤ, ਸਤਿਗੁਰ ਇਸ਼ਟ ਨਾ ਕੋਇ ਮਨਾਈਆ । ਕੌੜਾ ਫਲ ਉਲਟੇ ਰੁੱਖ, ਅੰਮ੍ਰਿਤ ਨਜ਼ਰ ਕੋਇ ਨਾ ਆਈਆ । ਅੰਤਰ ਆਤਮ ਦਰਸਨ ਕਿਸੇ ਨਾ ਪਾਇਆ ਝੁਕ, ਬਾਹਰੋ ਫਿਰਦੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਬੇਪਰਵਾਹੀਆ । ਅੰਤਮ ਮੁੱਕਣ ਵਾਲਾ ਪੰਧ, ਪੈਂਡਾ ਕਲਜੁਗ ਰਹਿਣ ਨਾ ਪਾਈਆ । ਕੂੜੀ ਕਿਰਿਆ ਮਿਟਣਾ ਗੰਦ, ਜਗਤ ਅੰਧੇਰ ਦਏ ਗਵਾਈਆ । ਪਰਗਟ ਹੋ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪਣਾ ਹੁਕਮ ਮਨਾਈਆ । ਲੇਖਾ ਜਾਣੇ ਨਵ ਖੰਡ, ਦੀਪ ਸੱਤ ਫੋਲ ਫੁਲਾਈਆ । ਪੜਦਾ ਲਾਹੇ ਕੋਟ ਬ੍ਰਹਿਮੰਡ, ਪੁਰੀ ਲੋਅ ਆਕਾਸ਼ ਪਾਤਾਲ ਭੇਵ ਚੁਕਾਈਆ । ਲੇਖਾ ਜਾਣੇ ਸੂਰਜ ਚੰਦ, ਮੰਡਲ ਮੰਡਪ ਵੇਖ ਵਖਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਦੇਵਣਹਾਰਾ ਆਪਣਾ ਅਨੰਦ, ਸਾਚਾ ਛੰਦ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਈਆ । ਦੂਰ ਦੁਰਾਡਾ ਪੈਂਡਾ ਅੰਤਮ ਰਿਹਾ ਜਾ, ਲੋਕਮਾਤ ਰਹਿਣ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਬਣੇ ਗਵਾਹ, ਸ਼ਹਾਦਤ ਇਕੋ ਵਾਰ ਭੁਗਤਾਈਆ । ਅਬਿਨਾਸ਼ੀ ਕਰਤਾ ਪਰਵਰਦਿਗਾਰ ਸਾਂਝਾ ਯਾਰ ਨੂਰ ਇਲਾਹੀ ਬੇਪਰਵਾਹੀ ਰਾਮ ਰਹੀਮ ਜਾਏ ਆ, ਫੇਰਾ ਖ਼ਾਲਕ ਖ਼ਲਕ ਵਿਚ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਵੱਡਾ ਸ਼ਹਿਨਸ਼ਾਹੀਆ । ਵੇਲਾ ਅੰਤਮ ਆਇਆ ਅੰਤ, ਅੰਤਸ਼ਕਰਨ ਵੇਖ ਵਖਾਇੰਦਾ । ਲੱਖ ਚੁਰਾਸੀ ਜੀਵ ਜੰਤ, ਕਲਜੁਗ ਅਗਨੀ ਵਿਚ ਤਪਾਇੰਦਾ । ਗੁਰ ਕਾ ਸ਼ਬਦ ਨਾ ਜਾਣੇ ਕੋਇ ਮੰਤ, ਰਸਨਾ ਜਿਹਵਾ ਸਰਬ ਹਲਕਾਇੰਦਾ । ਆਤਮ ਪਰਮਾਤਮ ਨਾਤਾ ਤੁੱਟਾ ਨਾਰ ਕੰਤ, ਸੇਜ ਸੁਹੰਜਣੀ ਨਾ ਕੋਇ ਹੰਢਾਇੰਦਾ । ਕਾਇਆ ਚੋਲੀ ਚੜ੍ਹੇ ਰੰਗ ਨਾ ਕੋਈ ਬਸੰਤ, ਸਾਚੀ ਰੰਗਣ ਨਾ ਕੋਇ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਖੇਲ ਆਪ ਵਖਾਇੰਦਾ । ਸਾਚਾ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਦੋ ਜਹਾਨਾਂ ਸਾਂਝਾ ਯਾਰ, ਲਾਸ਼ਰੀਕ ਵੇਸ ਵਟਾਈਆ । ਮੁਕਾਮੇ ਹੱਕ ਹੋ ਉਜਿਆਰ, ਲੋਕਮਾਤ ਕਰੇ ਰੁਸ਼ਨਾਈਆ । ਸਚਖੰਡ ਨਿਵਾਸੀ ਏਕੰਕਾਰ, ਆਦਿ ਪੁਰਖ ਵੱਡੀ ਵਡਿਆਈਆ । ਲੇਖਾ ਜਾਣੇ ਗੁਰੂ ਅਵਤਾਰ, ਪੀਰ ਪੈਗ਼ੰਬਰ ਆਪਣੇ ਹੁਕਮ ਚਲਾਈਆ । ਕਲਜੁਗ ਅੰਤ ਲੈ ਅਵਤਾਰ, ਕਲ

ਕਲਕੀ ਵੇਸ ਵਟਾਈਆ । ਸੰਬਲ ਵਸੇ ਧਾਮ ਨਿਆਰ, ਤ੍ਰੈਗੁਣ ਅਤੀਤਾ ਆਪਣਾ ਆਸਣ ਲਾਈਆ । ਧੁਰ ਦੀ ਬਾਣੀ ਬੋਲ ਜੈਕਾਰ, ਸ਼ਬਦੀ ਢੋਲਾ ਇਕੋ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਵੈਰ ਪੁਰਖ ਆਪਣੀ ਧਾਰ ਚਲਾਈਆ । ਨਿਰਵੈਰ ਪੁਰਖ ਹਰਿ ਇਕ ਇਕੱਲਾ, ਏਕੰਕਾਰ ਹਰਿ ਅਖਵਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਊਚ ਅਗੰਮ ਅਥਾਹ ਬੇਪਰਵਾਹ ਫੇਰੀ ਪਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੁਗ ਚੌਕੜੀ ਜੋ ਫੜੌਂਦਾ ਰਿਹਾ ਪੱਲਾ, ਪੱਲੂ ਨਾਮ ਆਪਣੀ ਗੰਢ ਪਵਾਇੰਦਾ । ਕਲਜੁਗ ਅੰਤਮ ਸ਼ਬਦ ਸਰੂਪੀ ਸਾਚੇ ਸ਼ਬਦ ਕਰਾਏ ਇਕੋ ਹੱਲਾ, ਖੰਡਾ ਖੜਗ ਤੀਰ ਕਮਾਨ ਹੱਥ ਨਾ ਕੋਇ ਰਖਾਇੰਦਾ । ਲਹਿਣਾ ਦੇਣ ਚੁਕਾਏ ਰਾਣੀ ਅੱਲਾ, ਸਦੀ ਚੌਧਵੀਂ ਚੌਦਾਂ ਤਬਕਾਂ ਸਾਚਾ ਸਬਕ ਇਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਵੇਸ ਵਟਾਇੰਦਾ । ਨਿਰਗੁਣ ਵੇਸ ਧਰੇ ਨਿਰੰਕਾਰ, ਭੇਵ ਅਭੇਦ ਨਾ ਕੋਇ ਜਣਾਈਆ । ਲਿਖ ਲਿਖ ਗਏ ਗੁਰੂ ਅਵਤਾਰ, ਨਾਨਕ ਗੋਬਿੰਦ ਗਿਆ ਸਮਝਾਈਆ । ਪਰਗਟ ਹੋਵੇ ਕਲ ਕਲਕੀ ਅਵਤਾਰ, ਨਾ ਕੋਈ ਜਨਮੇ ਪਿਤਾ ਮਾਈਆ । ਧੁਰ ਦੀ ਜੋਤ ਹੋਏ ਉਜਿਆਰ, ਸਾਚਾ ਸ਼ਬਦ ਕਰੇ ਸ਼ਨਵਾਈਆ । ਡੰਕਾ ਵੱਜੇ ਦੋ ਜਹਾਨ, ਰਾਉ ਰੰਕਾਂ ਲਏ ਉਠਾਈਆ । ਸਾਧਾ ਸੰਤਾਂ ਦਏ ਗਿਆਨ, ਅੰਤਰ ਆਤਮ ਬੂਝ ਬੁਝਾਈਆ । ਘਰ ਘਰ ਵਿਚ ਵਖਾਏ ਸਚ ਮਕਾਨ, ਸ੍ਰੀ ਭਗਵਾਨ ਕੁੰਡਾ ਲਾਹੀਆ । ਦੀਪਕ ਜੋਤ ਜਗੇ ਮਹਾਨ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਅਨਹਦ ਸ਼ਬਦ ਸੁਣਾਏ ਧੁਨਕਾਨ, ਅਨਰਾਗੀ ਰਾਗ ਅਲਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਮੇਟ ਮਿਟਾਏ ਪੰਜ ਸ਼ੈਤਾਨ, ਸ਼ਰਅ ਸ਼ਰੀਅਤ ਕਰੇ ਨਾ ਕੋਇ ਲੜਾਈਆ । ਇਕੋ ਨਾਮ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰੇ ਵਰਨ ਕਰੇ ਪਰਵਾਨ, ਪਰਵਾਨਾ ਆਪਣਾ ਨਾਮ ਹੱਥ ਫੜਾਈਆ । ਬੀਸ ਬੀਸਾ ਹੋ ਪਰਧਾਨ, ਹਰਿ ਜਗਦੀਸਾ ਸੱਚਾ ਸ਼ਹਿਨਸ਼ਾਹੀਆ । ਤਖ਼ਤੋਂ ਲਾਹੇ ਰਾਜ ਰਾਜਾਨ, ਦਰ ਦਰਵੇਸ਼ ਖਾਲੀ ਹੱਥ ਫਿਰਾਈਆ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਗੋਬਿੰਦ ਮੇਲਾ ਵਿਚ ਜਹਾਨ, ਸੀਸ ਜਗਦੀਸ ਤਾਜ ਸੁਹਾਈਆ । ਭਰਮੇ ਭੁੱਲਣ ਜੀਵ ਨਾਦਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਪੜ੍ਹ ਪੜ੍ਹ ਵਿਦਿਆ ਹੋਣ ਹੈਰਾਨ, ਹਰਿਮੰਦਰ ਹਰਿ ਜੂ ਨਜ਼ਰ ਕਿਸੇ ਨਾ ਆਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ । ਸਰਬ ਜੀਆਂ ਦਾ ਦਾਤਾ ਇਕੋ ਪਰਗਟ ਹੋਵੇ ਪੁਰਖ ਅਕਾਲ, ਅਕਲ ਕਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੂਰ ਦੁਰਾਡਾ ਪੈਂਡਾ ਆਏ ਨਜ਼ਦੀਕ, ਸੋ ਪੁਰਖ ਨਿਰੰਜਣ ਖੇਲ ਕਰੇ ਠੀਕ, ਕੂੜੀ ਕਿਰਿਆ ਠੀਕਰ ਭੰਨ ਵਖਾਈਆ । ਜਿਸ ਮੰਜ਼ਲ ਦੀ ਕਰਦੇ ਰਹੇ ਉਡੀਕ, ਸੋ ਵੇਲਾ ਗਿਆ ਆਈਆ । ਜਿਸ ਦੀ ਗੁਰ ਅਵਤਾਰ ਲਿਖਦੇ ਗਏ ਤਾਰੀਖ਼, ਸੋ ਤਵਾਰੀਖ਼ ਰਿਹਾ ਬਦਲਾਈਆ । ਜਿਸ ਦਾ ਮਾਰਗ ਅਗੰਮ ਬਾਰੀਕ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜੋ ਸਾਹਿਬ ਹਰ ਘਟ ਵਸਿਆ ਚੀਤ, ਲੱਖ ਚੁਰਾਸੀ ਰਿਹਾ ਸਮਾਈਆ । ਜਿਸ ਦੀ ਸਦੀ ਬੀਸਵੀਂ ਰਹੀ ਬੀਤ, ਸੋ ਅਗਲੀ ਪਿਛਲੀ ਬੀਤੀ ਜਨ ਭਗਤਾਂ ਦਏ ਸਮਝਾਈਆ । ਸਤਿਜੁਗ ਚਲਾਏ ਸਾਚੀ ਰੀਤ, ਕਲਜੁਗ ਕੂੜੀ ਕਿਰਿਆ ਮੇਟ ਮਿਟਾਈਆ । ਚਾਰ ਵਰਨ ਬੰਨ੍ਹਾਏ ਇਕ ਪ੍ਰੀਤ, ਊਚ ਨੀਚ ਆਪਣੀ ਗੋਦ ਸੁਹਾਈਆ । ਪੁਰਖ ਅਕਾਲ ਗਾਉਣਾ ਸਭ ਨੇ

ਗੀਤ, ਗੋਬਿੰਦ ਮਿਲੇ ਇਕ ਸ਼ਰਨਾਈਆ । ਲੇਖਾ ਚੁੱਕੇ ਹਸਤ ਕੀਟ, ਰਾਉ ਰੰਕ ਏਕਾ ਨਾਮ ਧਿਆਈਆ । ਦਰ ਦਰਵੇਸ਼ ਨਰ ਨਰੇਸ਼ ਹੋ ਕੇ ਮੰਗਣ ਭੀਖ, ਸੀਸ ਤਾਜ ਨਾ ਕੋਇ ਰਖਾਈਆ । ਸਾਹਿਬ ਸਵਾਮੀ ਸਤਿਗੁਰ ਮੀਤ, ਪਰਮ ਪੁਰਖ ਪਤਿਪਰਮੇਸ਼ਵਰ ਕਲਜੁਗ ਅੰਤਮ ਆਪਣਾ ਫੇਰਾ ਪਾਈਆ । ਜਨ ਭਗਤਾਂ ਸਤਿਜੁਗ ਵਖਾਏ ਸਾਚੀ ਲੀਕ, ਫੜ ਬਾਂਹੋ ਪਾਰ ਲੰਘਾਈਆ । ਕਲਜੁਗ ਜੀਵ ਜੋ ਸਤਿਗੁਰ ਭੁੱਲ ਬਣੇ ਰਹਿਣ ਢੀਠ, ਤਿਨ੍ਹਾਂ ਸ਼ੌਹ ਦਰਿਆਏ ਦਏ ਰੁੜ੍ਹਾਈਆ । ਵੇਖਣਹਾਰਾ ਲੱਖ ਚੁਰਾਸੀ ਮਿੱਠਾ ਕੌੜਾ ਰੀਠ, ਘਰ ਘਰ ਅੰਦਰ ਫੋਲ ਫੁਲਾਈਆ । ਬੀਸ ਬੀਸੇ ਖੇਲ ਕਰੇ ਜਗਦੀਸ਼, ਜਗਦੀਸ਼ਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇੜੇ ਲਿਆਏ ਦੁਰਾਡਾ ਪੰਧ, ਕੂੜੀ ਕਿਰਿਆ ਢਾਹੇ ਕੰਧ, ਸਰਬ ਜੀਆਂ ਆਤਮ ਪਰਮਾਤਮ ਜਣਾਏ ਛੰਦ, ਰਸਨਾ ਜਿਹਵਾ ਬੱਤੀ ਦੰਦ ਕੋਈ ਨਾ ਲਾਵੇ ਗੰਦ, ਸਤਿਗੁਰ ਪ੍ਰੀਤੀ ਸਾਚੀ ਨੀਤੀ ਇਕ ਉਪਜਾਏ ਸਚ ਸੁਗੰਧ, ਘਰ ਘਰ ਇਕੋ ਰੰਗ ਵਖਾਈਆ । ਦੂਰ ਦੁਰਾਡਾ ਪੈਂਡਾ ਆ ਵੜਿਆ ਘਰ, ਜੁਗ ਚੌਥੇ ਪੰਧ ਮੁਕਾਈਆ । ਗੋਬਿੰਦ ਕੋਲੋ ਗੁਰਮੁਖ ਰਹੇ ਡਰ, ਗੁਰਸਿਖ ਬੈਠੇ ਮੁਖ ਭਵਾਈਆ । ਜਿਸ ਨੇ ਲਾਈ ਇਨ੍ਹਾਂ ਜੜ੍ਹ, ਬੂਟਾ ਲੋਕਮਾਤ ਮਹਿਕਾਈਆ । ਸੋ ਰੂਪ ਧਰ ਕੇ ਆਏ ਨਰਾਇਣ ਨਰ, ਨਰ ਹਰਿ ਆਪਣੀ ਕਾਰ ਕਮਾਈਆ । ਅਗਲਾ ਲੇਖਾ ਆਪਣੇ ਹੱਥ ਫੜ, ਫਾਂਦੀ ਫਾਂਸੀ ਸਭ ਦੇ ਗਲ ਵਿਚ ਪਾਈਆ । ਸੰਤ ਸੁਹੇਲਾ ਗੁਰੂ ਗੁਰ ਚੇਲਾ ਗੁਰਮੁਖ ਵਿਰਲਾ ਅੰਦਰ ਵੇਖੇ ਚੜ੍ਹ, ਬਾਹਰੋ ਨਜ਼ਰ ਕਿਸੇ ਨਾ ਆਈਆ । ਸਤਿਗੁਰ ਰੂਪ ਨਾ ਕੋਈ ਸੀਸ ਨਾ ਕੋਈ ਧੜ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸ਼ਬਦੀ ਢੋਲਾ ਰਿਹਾ ਪੜ੍ਹ, ਛੱਤੀ ਰਾਗ ਸਮਝ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਾਵਣਹਾਰਾ ਸਾਚਾ ਘਰ, ਜੁਗ ਚੌਕੜੀ ਜੁਗ ਜੁਗ ਗੇੜਾ ਹੁਕਮੇ ਵਿਚ ਭਵਾਈਆ ।



## ✪ ੨੭ ਸਾਵਣ ੨੦੨੦ ਬਿਕ੍ਰਮੀ ਬੇਲਾ ਸਿੰਘ ਦੇ ਗ੍ਰਹਿ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✪

ਸਚਖੰਡ ਨਿਵਾਸੀ ਸਤਿਗੁਰ ਏਕ, ਪੁਰਖ ਅਕਾਲ ਖੇਲ ਕਰਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਦੇਵੇ ਟੇਕ, ਦੋ ਜਹਾਨ ਦਇਆ ਕਮਾਇੰਦਾ । ਨਿਰਗੁਣ ਸਰਗੁਣ ਲਿਖੇ ਲੇਖ, ਲੇਖਾ ਆਪਣੇ ਹੱਥ ਰਖਾਇੰਦਾ । ਨਿਰਵੈਰ ਪੁਰਖ ਧਾਰੇ ਭੇਸ, ਵੇਸ ਅਵੱਲੜਾ ਆਪ ਕਰਾਇੰਦਾ । ਸ਼ਾਹੋ ਭੂਪ ਬਣ ਨਰੇਸ਼, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਇਕ ਸੁਹਾਏ ਸਹੰਜਣਾ ਦੇਸ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਵੇਸ ਆਪ ਵਖਾਇੰਦਾ । ਸਾਚਾ ਵੇਸ ਧਰੇ ਨਿਰੰਕਾਰ, ਆਦਿ ਕਹਿਣ ਕੋਇ ਨਾ ਪਾਈਆ । ਵਸਣਹਾਰਾ ਧਾਮ ਨਿਆਰ, ਨਿਹਚਲ ਬੈਠਾ ਡੇਰਾ ਲਾਈਆ । ਨਿਰਗੁਣ ਦੀਆ ਕਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਲੇਖਾ ਜਾਣੇ ਧੁਰ ਦਰਬਾਰ, ਮੁਕਾਮੇ ਹੱਕ ਵੱਡੀ ਵਡਿਆਈਆ । ਨੂਰ ਨੁਰਾਨਾ ਪਰਵਰਦਿਗਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਆਪਣੀ ਕਾਰ ਕਰੇ ਕਰਤਾਰ, ਕਰਨੀ ਆਪਣੇ ਹੱਥ ਰਖਾਇੰਦਾ । ਸੋ ਪੁਰਖ ਨਿਰੰਜਣ ਹੋ ਤਿਆਰ, ਸਾਹਿਬ ਸਤਿਗੁਰ ਧਾਰ ਚਲਾਇੰਦਾ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜ, ਬੰਕ ਦੁਆਰੀ ਬੰਕ ਵਡਿਆਇੰਦਾ ।

੧੪੬
੧੫

ਏਕੰਕਾਰ ਪਾਵੇ ਸਾਰ, ਭੇਵ ਅਭੇਦਾ ਆਪਣਾ ਆਪ ਖੁਲ੍ਹਾਇੰਦਾ । ਆਦਿ ਨਿਰੰਜਣ ਕਰ ਉਜਿਆਰ, ਉਜਾਲਾ ਇਕੋ ਇਕ ਪਰਗਟਾਇੰਦਾ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਸੱਚਾ ਸੱਜਣ ਆਪ ਹੋ ਜਾਇੰਦਾ । ਸ੍ਰੀ ਭਗਵਾਨ ਲੇਖਾ ਜਾਣੇ ਧੁਰ ਦੀ ਧਾਰ, ਅਲੇਖ ਰੂਪ ਨਾ ਕੋਇ ਵਟਾਇੰਦਾ । ਪਾਰਬ੍ਰਹਮ ਪ੍ਰਭ ਦਰ ਦਰਵੇਸ਼ ਬਣ ਭਿਖਾਰ, ਭਿੱਖਕ ਏਕਾ ਮੰਗ ਮੰਗਾਇੰਦਾ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸਚ ਮਹੱਲ ਅਟੱਲ ਸੋਭਾਵੰਤ ਬੈਠ ਸੱਚੀ ਸਰਕਾਰ, ਸਚ ਸੰਦੇਸਾ ਨਰ ਨਰੇਸ਼ਾ ਇਕ ਇਕੱਲਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੂਜਾ ਸੰਗ ਨਾ ਕੋਇ ਰਲਾਇੰਦਾ । ਦੂਜਾ ਸੰਗ ਨਾ ਕੋਇ ਸਾਥ, ਸਾਥੀ ਨਜ਼ਰ ਕੋਇ ਨਾ ਆਈਆ । ਪਰਗਟ ਹੋ ਪੁਰਖ ਅਬਿਨਾਸ਼, ਆਪਣੀ ਕਲ ਧਰਾਈਆ । ਅਸੁਤੇ ਰੂਪ ਕਰ ਪਰਕਾਸ਼, ਅਨੁਭਵ ਆਪਣੀ ਖੇਲ ਰਚਾਈਆ । ਵੇਖਣਹਾਰਾ ਖੇਲ ਤਮਾਸ਼, ਆਪ ਆਪਣੇ ਰੰਗ ਸਮਾਈਆ । ਰਾਜਨ ਰਾਜ ਬਣ ਦਾਸੀ ਦਾਸ, ਚਾਕਰ ਪਾ ਖ਼ਾਕ ਆਪ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਤਖ਼ਤ ਇਕ ਵਡਿਆਈਆ । ਸਾਚੇ ਤਖ਼ਤ ਬੈਠ ਸੁਲਤਾਨ, ਸਚਖੰਡ ਸਾਚੇ ਸੋਭਾ ਪਾਇੰਦਾ । ਸਤਿ ਸਤਿਵਾਦੀ ਇਕ ਨਿਸ਼ਾਨ, ਨਿਰਵੈਰ ਪੁਰਖ ਆਪ ਉਪਾਇੰਦਾ । ਦਾਤਾ ਹੋ ਕੇ ਮੰਨੇ ਆਣ, ਦੀਨਨ ਆਪਣੀ ਕਾਰ ਕਮਾਇੰਦਾ । ਕਰੇ ਖੇਲ ਆਪ ਮਹਾਨ, ਮਹਿਮਾ ਕਥ ਨਾ ਕੋਇ ਸੁਣਾਇੰਦਾ । ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਖੇਲ ਆਪ ਸਮਝਾਇੰਦਾ । ਸਾਚੀ ਖੇਲ ਕਰੇ ਸਮਰਥ, ਬੇਪਰਵਾਹ ਵੱਡੀ ਵਡਿਆਈਆ । ਨਿਰਗੁਣ ਧਾਰ ਕਰ ਪਰਗਟ, ਨਾ ਕੋਈ ਪਿਤਾ ਨਾ ਕੋਈ ਮਾਈਆ । ਸਚਖੰਡ ਦੁਆਰ ਖੋਲ੍ਹ ਹੱਟ, ਬਣ ਵਣਜਾਰਾ ਸੇਵ ਕਮਾਈਆ । ਆਪਣੀ ਮਹਿਮਾ ਗਾ ਅਕੱਥ, ਨਾਉਂ ਨਿਰੰਕਾਰਾ ਸਿਫ਼ਤ ਸਾਲਾਹੀਆ । ਠਾਕਰ ਸਵਾਮੀ ਚਲਾਏ ਰਥ, ਰਥਵਾਹੀ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਮਾਰਗ ਦੱਸ, ਪਾਂਧੀ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਵੱਜੇ ਇਕ ਵਧਾਈਆ । ਸਚਖੰਡ ਵੱਜੇ ਵਧਾਈ ਏਕ, ਏਕੰਕਾਰਾ ਆਪ ਵਜਾਇੰਦਾ । ਪੁਰਖ ਅਗੰਮਾ ਦੇਵੇ ਟੇਕ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਨਿਰਗੁਣ ਨਿਰਗੁਣ ਕਰ ਕਰ ਹੇਤ, ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰਨੇਯੋਗ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਨਿਰਗੁਣ ਨਿਰਗੁਣ ਕਰ ਸੰਜੋਗ, ਸਚਖੰਡ ਮੇਲਾ ਸਹਿਜ ਸੁਭਾਈਆ । ਨਾਰੀ ਕੰਤ ਭੋਗੇ ਭੋਗ, ਤਤਵ ਤਤ ਨਾ ਕੋਇ ਰਖਾਈਆ । ਇਕ ਸੁਹਾਏ ਸਾਚਾ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਮੇਲਾ ਨਿਰਮਲ ਜੋਤ, ਜੋਤੀ ਜੋਤ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਦਾਤਾ ਬੇਪਰਵਾਹੀਆ । ਨਰ ਹਰਿ ਦਾਤਾ ਨਰਾਇਣ, ਇਕ ਇਕੱਲਾ ਆਪ ਅਖਵਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਕੋਈ ਨਾ ਸਕੇ ਕਹਿਣ, ਸਿਫ਼ਤ ਸਾਲਾਹੀ ਸਿਫ਼ਤ ਵਿਚ ਕਦੇ ਨਾ ਆਇੰਦਾ । ਆਪੇ ਬਣੇ ਸਾਕ ਸੱਜਣ ਸੈਣ, ਸਾਚਾ ਸੰਗ ਆਪਣਾ ਆਪ ਨਿਭਾਇੰਦਾ । ਆਪੇ ਜਾਣੇ ਲਹਿਣਾ ਦੇਣ, ਦੇਵਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਇੰਦਾ । ਸਾਚਾ ਭੇਵ ਪੁਰਖ ਅਕਾਲ, ਏਕੰਕਾਰਾ ਆਪ ਖੁਲ੍ਹਾਈਆ । ਸਤਿ ਸਤਿਵਾਦੀ

ਹੋ ਤਿਆਰ, ਸਾਚੀ ਕਾਰ ਆਪ ਕਮਾਈਆ । ਸ਼ਬਦੀ ਸੁੱਤ ਕਰ ਪਿਆਰ, ਅਬਿਨਾਸ਼ੀ ਅਚੁਤ ਦਏ ਵਡਿਆਈਆ । ਸਾਚੀ ਰੁੱਤ ਸਿਰਜਣਹਾਰ, ਸਚ ਦੁਆਰੇ ਆਪ ਸੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਉਜਿਆਰ, ਸਾਚੀ ਸੇਵਾ ਇਕ ਲਗਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਚਮ ਮੇਲਾ ਸਹਿਜ ਸੁਭਾਈਆ । ਲੱਖ ਚੁਰਾਸੀ ਭਾਂਡਾ ਘੜ ਬਣ ਠਠਿਆਰ, ਘਟ ਘਟ ਵਸਤ ਆਪ ਪਰਗਟਾਈਆ । ਦੀਆ ਬਾਤੀ ਕਰ ਉਜਿਆਰ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਅੰਮ੍ਰਿਤ ਪਿਆਲਾ ਸਾਕੀ ਬਣ ਕੇ ਦਏ ਪਿਆਲ, ਨਿਝਰ ਝਿਰਨਾ ਆਪ ਝਿਰਾਈਆ । ਜੁਗ ਚੌਕੜੀ ਵੰਡ ਵੰਡ ਅਗੰਮ ਅਪਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਜੁਗ ਜੁਗ ਖੇਲ ਕਰੇ ਭਗਵਾਨ, ਭਗਵਨ ਆਪਣੀ ਕਾਰ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਗਿਆਨ, ਸਾਚਾ ਮੰਤਰ ਇਕ ਦ੍ਰਿੜਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਬੋਧ ਅਗਾਧੀ ਭੇਵ ਖੁਲਾਇੰਦਾ । ਨਾਮ ਨਿਧਾਨਾ ਧੁਰ ਫ਼ਰਮਾਨ, ਧੁਰ ਸੰਦੇਸ਼ਾ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਸਿਖਿਆ, ਨਾਮ ਅਗੰਮੀ ਪਾਏ ਭਿੱਖਿਆ, ਦੇਵਣਹਾਰਾ ਦੇਂਦਾ ਲੈਂਦਾ ਨਜ਼ਰ ਕਿਸੇ ਨਾ ਆਇੰਦਾ । ਨਾਮ ਭਿੱਖਿਆ ਪਾ ਭਰਪੂਰ, ਭਰਪੂਰੀ ਦਇਆ ਕਮਾਈਆ । ਘਟ ਘਟ ਵਜਾਏ ਨਾਦ ਤੂਰ, ਤੁਰਤ ਆਪਣਾ ਹੁਕਮ ਸੁਣਾਈਆ । ਜੋਤੀ ਜਲਵਾ ਦੇ ਕੇ ਨੂਰ, ਨੂਰੋ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਪੁਰਖ ਅਬਿਨਾਸ਼ਾ, ਲੱਖ ਚੁਰਾਸੀ ਵੇਖੇ ਖੇਲ ਤਮਾਸ਼ਾ, ਧਰਨੀ ਧਰਤ ਧਵਲ ਰਚਨਾ ਆਪ ਰਚਾਈਆ । ਧਰਨੀ ਧਰਤ ਧਵਲ ਪ੍ਰਿਥਮੀ ਆਕਾਸ਼, ਗਗਨ ਮੰਡਲ ਖੇਲ ਖਿਲਾਇੰਦਾ । ਪੁਰੀ ਲੋਅ ਦੇ ਧਰਵਾਸ, ਬ੍ਰਹਿਮੰਡ ਖੰਡ ਰਾਸ ਰਚਾਇੰਦਾ । ਸੂਰਜ ਚੰਦ ਕਰ ਪਰਕਾਸ਼, ਕਿਰਨ ਕਿਰਨ ਆਪ ਚਮਕਾਇੰਦਾ । ਨਿਰਗੁਣ ਸਰਗੁਣ ਬਣ ਬਣ ਦਾਸ, ਗੁਰ ਅਵਤਾਰ ਪੀਰ ਪੈਗੰਬਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕਲ ਆਪਣੀ ਕਾਰ ਕਮਾਇੰਦਾ । ਨਿਰਗੁਣ ਸਰਗੁਣ ਦੋਵੇਂ ਰੰਗ, ਹਰਿ ਕਰਤਾ ਆਪ ਜਣਾਈਆ । ਪੰਜ ਤਤ ਮਾਣੇ ਸੇਜ ਪਲੰਘ, ਸੇਜ ਸੁਹੰਜਣੀ ਆਪ ਹੰਢਾਈਆ । ਅੰਤਰ ਆਤਮ ਦੇਵੇ ਅਨੰਦ, ਪਰਮਾਤਮ ਖ਼ੁਸ਼ੀ ਮਨਾਈਆ । ਜੋਤੀ ਜੋਤ ਚਾੜ੍ਹੇ ਚੰਦ, ਸੂਰਜ ਚੰਦ ਨਾ ਕੋਇ ਚਮਕਾਈਆ । ਆਦਿ ਪੁਰਖ ਆਦਿ ਸੁਣਾਇਆ ਇਕੋ ਛੰਦ, ਸੋਹੰ ਢੋਲਾ ਰਾਗ ਅਲਾਈਆ । ਜੁਗ ਚੌਕੜੀ ਮੇਟੇ ਪੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਆਪੇ ਲਾਈਆ । ਸੋਹੰ ਰੂਪ ਉਪਜਾਈ ਧਾਰ, ਪਰਮਾਤਮ ਆਤਮ ਖੇਲ ਕਰਾਇੰਦਾ । ਨਿਰਗੁਣ ਸਰਗੁਣ ਕਰ ਉਜਿਆਰ, ਜੋਤੀ ਜਾਤਾ ਮੇਲ ਮਿਲਾਇੰਦਾ । ਸ਼ਬਦ ਵਿਚੋਲਾ ਗੁਰ ਕਰਤਾਰ, ਹਰਿ ਕਰਤਾ ਨਾਲ ਰਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਵੇਖੇ ਵਾਰੋ ਵਾਰ, ਚਾਰੇ ਖਾਣੀ ਚਾਰੇ ਬਾਣੀ ਚਾਰੋ ਕੁੰਟ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਾਰ ਧਾਰ ਨਾਲ ਮਿਲਾਇੰਦਾ । ਸੋਹੰ ਧਾਰ ਪੁਰਖ ਅਗੰਮ, ਨਿਰਗੁਣ ਨਿਰਗੁਣ ਆਪ ਉਪਾਈਆ । ਨਾ ਮਰੇ ਨਾ ਪਏ ਜੰਮ, ਜੀਵਣ ਜੁਗਤ ਨਾ ਕੋਇ ਵਡਿਆਈਆ । ਕਰਤਾ ਪੁਰਖ ਕਰੇ ਕਰਾਏ ਆਪਣਾ ਕੰਮ, ਨਿਹਕਰਮੀ ਆਪਣੀ ਧਾਰ ਵਖਾਈਆ । ਹਰਖ ਸੋਗ ਨਾ ਕੋਇ ਗ਼ਮ, ਚਿੰਤਾ ਰੋਗ ਨਾ ਕੋਇ ਵਧਾਈਆ । ਪਵਣ ਸਵਾਸ

ਨਾ ਕੋਇ ਦਮ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਚਾਰ ਦੀਵਾਰ ਨਾ ਛੱਪਰ ਛੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਰਚਾਈਆ । ਸਾਚੀ ਰਚਨਾ ਰਚ ਅਕਾਲ, ਅਕਲ ਕਲ ਖੇਲ ਖਿਲਾਇੰਦਾ । ਨਿਰਗੁਣ ਸਰਗੁਣ ਉਪਰ ਹੋ ਦਿਆਲ, ਦੀਨਨ ਆਪਣਾ ਭੇਵ ਚੁਕਾਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਗੁਰ ਅਵਤਾਰ ਆਪ ਵਖਾਇੰਦਾ । ਪੀਰ ਪੈਗ਼ੰਬਰ ਦੀਪਕ ਜੋਤ ਜਗੇ ਬੇਮਿਸਾਲ, ਮਿਸਲ ਆਪਣੇ ਨਾਲ ਮਿਲਾਇੰਦਾ । ਸਤਿ ਸਰੂਪੀ ਬਣ ਦਲਾਲ, ਲੋਕਮਾਤ ਵਣਜ ਕਰਾਇੰਦਾ । ਹਕੀਕਤ ਜਣਾਏ ਹੱਕ ਹਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਆਪ, ਆਪਣੇ ਹੱਥ ਰੱਖੀ ਵਡਿਆਈਆ । ਜਿਸ ਵਿਸ਼ਨ ਬ੍ਰਹਮਾ ਸ਼ਿਵ ਦੱਸਿਆ ਜਾਪ, ਤੂੰ ਮੇਰਾ ਮੈਂ ਤੇਰਾ ਦੂਜੀ ਕਰੇ ਨਾ ਕੋਇ ਪੜ੍ਹਾਈਆ । ਜਿਸ ਲੱਖ ਚੁਰਾਸੀ ਥਾਪਣ ਦਿਤਾ ਥਾਪ, ਘੜ ਭਾਂਡੇ ਵੇਖ ਵਖਾਈਆ । ਜਿਸ ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਦਾਸ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਜਿਸ ਗੋਪੀ ਕਾਹਨ ਰਚਾਈ ਰਾਸ, ਮੰਡਲ ਮੰਡਪ ਸੋਭਾ ਪਾਈਆ । ਜਿਸ ਜੋਤੀ ਨੂਰ ਕੀਤਾ ਪਰਕਾਸ਼, ਨਿਰਗੁਣ ਨਿਰਗੁਣ ਨਿਰਵੈਰ ਇਕ ਅਖਵਾਈਆ । ਜਿਸ ਦਾ ਖੇਲ ਪ੍ਰਿਥਮੀ ਆਕਾਸ਼, ਬ੍ਰਹਿਮੰਡ ਖੰਡ ਵੱਜੇ ਵਧਾਈਆ । ਜਿਸ ਦੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰੱਖਦੇ ਗਏ ਆਸ, ਸੋ ਸਾਹਿਬ ਇਕ ਅਖਵਾਈਆ । ਜਿਸ ਨੂੰ ਭਗਤ ਗੌਂਦੇ ਸਵਾਸ ਸਵਾਸ, ਸੰਤ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਏਕਾ ਹਰਿ, ਜੁਗ ਜੁਗ ਆਪਣੀ ਖੇਲ ਰਚਾਈਆ । ਜੁਗ ਜੁਗ ਖੇਲ ਕਰੇ ਕਰਤਾਰ, ਹਰਿ ਕਰਤਾ ਦਇਆ ਕਮਾਇੰਦਾ । ਸ਼ਬਦ ਸੰਦੇਸਾ ਦੇ ਗੁਰੂ ਅਵਤਾਰ, ਪੀਰ ਪੈਗ਼ੰਬਰ ਆਪ ਪੜ੍ਹਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰ, ਕਾਤਬ ਇਕੋ ਕਲਮ ਚਲਾਇੰਦਾ । ਗੀਤਾ ਗਿਆਨ ਦੇ ਸੰਸਾਰ, ਅੰਜੀਲ ਕੁਰਾਨਾ ਆਪ ਅਲਾਇੰਦਾ । ਖਾਣੀ ਬਾਣੀ ਦੇ ਪਿਆਰ, ਚਾਰੋ ਕੁੰਟ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਕਰਤਾ ਕਾਰ ਕਮਾਇੰਦਾ । ਸੋ ਕਰਤਾ ਹਰਿ ਸਾਹਿਬ ਸਵਾਮੀ, ਪੁਰਖ ਅਕਾਲ ਇਕ ਅਖਵਾਈਆ । ਆਦਿ ਜੁਗਾਦਿ ਅੰਤਰਜਾਮੀ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਜੋਧਾ ਸੂਰ ਸਦਾ ਨਿਹਕਾਮੀ, ਕਰਮ ਕਾਂਡ ਨਾ ਕੋਇ ਰਖਾਈਆ । ਬੋਧ ਅਗਾਧ ਅਗੰਮੀ ਬੋਲੇ ਬਾਣੀ, ਚੌਦਾਂ ਵਿਦਿਆ ਨਾ ਕੋਇ ਪੜ੍ਹਾਈਆ । ਸੁਰਤ ਸ਼ਬਦ ਮਿਲਾਵੇ ਹਾਣੀ, ਘਰ ਮੇਲਾ ਸਹਿਜ ਸੁਭਾਈਆ । ਅੰਮ੍ਰਿਤ ਪਿਆਏ ਠੰਡਾ ਪਾਣੀ, ਕਵਲ ਨਾਭੀ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਦਾ ਆਇਆ, ਜੁਗ ਜੁਗ ਆਪਣਾ ਵੇਸ ਵਟਾਈਆ । ਸੰਤ ਸੁਹੇਲੇ ਲਏ ਜਗਾਇਆ, ਪੜਦਾ ਦੂਈ ਦਵੈਤ ਚੁਕਾਈਆ । ਭਗਤ ਭਗਵਾਨ ਲਏ ਉਠਾਇਆ, ਫੜ ਬਾਂਹੋ ਗਲੇ ਲਗਾਈਆ । ਹਉਮੇਂ ਰੋਗ ਦਏ ਗਵਾਇਆ, ਮਾਇਆ ਮਮਤਾ ਆਪ ਮਿਟਾਈਆ । ਭੁੱਖਾ ਨੰਗਤਾ ਗੋਦ ਬਹਾਇਆ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਸਾਚਾ ਪੰਡਤਾ ਇਕ ਬਣ ਜਾਇਆ, ਨਿਸ਼ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਆਪ ਹੰਢਾਈਆ । ਜੁਗ ਚੌਕੜੀ ਜਾਏ ਹੰਢ, ਥਿਰ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਕਰ ਕਰ ਗਏ ਵੰਡ, ਲੇਖਾ ਲੇਖ ਲਿਖਤ ਵਿਚ ਪਾਈਆ । ਨਵ ਨੌ ਚਾਰ ਜਾਏ ਲੰਘ, ਬਣ ਪਾਂਧੀ ਪੰਧ ਮੁਕਾਈਆ । ਕਲਜੁਗ ਅੰਤ

੧੪੯ ੧੫

ਪਰਗਟ ਹੋਵੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦੋ ਜਹਾਨਾਂ ਚਾੜ੍ਹੇ ਇਕੋ ਚੰਦ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਚਾਰ ਵਰਨ ਸੁਣਾਏ ਇਕੋ ਛੰਦ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਏ ਸਮਝਾਈਆ । ਭੇਵ ਚੁਕਾਏ ਆਤਮ ਹੰ, ਬ੍ਰਹਮ ਆਪਣਾ ਆਪ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਧਾਰ ਜਣਾਈਆ । ਜੁਗ ਜੁਗ ਧਾਰ ਦੱਸੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਸਾਹਿਬ ਸਤਿਗੁਰ ਸੱਚਾ ਬਾਪ, ਪਿਤਾ ਪੁਰਖ ਵੇਸ ਵਟਾਇੰਦਾ । ਦੋ ਜਹਾਨਾਂ ਲਏ ਨਾਪ, ਸ਼ਬਦ ਪੈਮਾਨਾ ਹੱਥ ਉਠਾਇੰਦਾ । ਵੇਖਣਹਾਰਾ ਚੌਦਾਂ ਹਾਟ, ਚੌਦਾਂ ਤਬਕਾਂ ਕੁੰਡਾ ਲਾਹਿੰਦਾ । ਪੁਰੀ ਲੋਅ ਬ੍ਰਹਿਮੰਡ ਖੰਡ ਚਰਨ ਕਵਲ ਬਣਾਈ ਖਾਟ, ਸਾਚੀ ਸੇਜਾ ਸੋਭਾ ਪਾਇੰਦਾ । ਕਲਜੁਗ ਅੰਤਮ ਮੇਟੇ ਵਾਟ, ਪਾਂਧੀ ਇਕੋ ਨਜ਼ਰੀ ਆਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਵੇਖ ਅੰਧੇਰੀ ਰਾਤ, ਸਾਚਾ ਚੰਦ ਨਾਮ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਲੇਖਾ ਜਾਣੇ ਜੁਗਾ ਜੁਗੰਤ, ਜੁਗ ਜੁਗ ਆਪਣਾ ਰਾਹ ਵਖਾਈਆ । ਕੋਟਨ ਕੋਟ ਦੱਸ ਦੱਸ ਨਾਮ ਮਣੀਆ ਮੰਤ, ਰਸਨਾ ਜਿਹਵਾ ਕਰੇ ਪੜ੍ਹਾਈਆ । ਹਰਿਜਨ ਵਿਰਲੇ ਮੇਲੇ ਸੰਤ, ਗੁਰਮੁਖ ਆਪਣੇ ਰੰਗ ਰੰਗਾਈਆ । ਆਪਣਾ ਨਾਉਂ ਦੇਵੇ ਮਣੀਆ ਮੰਤ, ਮਨ ਵਾਸਨਾ ਦਏ ਮਿਟਾਈਆ । ਦੂਜੀ ਰਹੇ ਨਾ ਕੋਈ ਚਿੰਤ, ਚਿੰਤਾ ਚਿਖਾ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪ੍ਰਭ ਖੇਲ ਕਰਦਾ, ਕਰਨਹਾਰ ਅਖਵਾਇੰਦਾ । ਨਿਰਭੈ ਹੋ ਕਦੇ ਨਾ ਡਰਦਾ, ਭੌ ਸਰਬ ਸਿਰ ਜਣਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਘਾੜਨ ਘੜਦਾ, ਘੜ ਭਾਂਡੇ ਵੇਖ ਵਖਾਇੰਦਾ । ਡੂੰਘੀ ਭਵਰੀ ਕਾਇਆ ਕਵਰੀ ਸਾਢੇ ਤਿੰਨ ਹੱਥ ਅੰਦਰ ਆਪੇ ਵੜਦਾ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਨਾ ਜੀਂਦਾ ਨਾ ਕਦੇ ਮਰਦਾ, ਮਾਤ ਗਰਭ ਨਾ ਅਗਨ ਤਪਾਇੰਦਾ । ਸ਼ਬਦ ਅਗਾਧ ਬੋਧ ਢੋਲਾ ਇਕੋ ਪੜ੍ਹਦਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਕਰੇ ਖੇਲ ਨਰਾਇਣ ਨਰ ਦਾ, ਨਰ ਹਰਿ ਆਪਣਾ ਹੁਕਮ ਵਰਤਾਇੰਦਾ । ਜੁਗ ਚੌਕੜੀ ਬਣ ਕੇ ਬਰਦਾ, ਜਨ ਭਗਤਾਂ ਸੇਵ ਕਮਾਇੰਦਾ । ਪੌੜਾ ਵਖਾਏ ਹਰੀ ਹਰਿ ਦਾ, ਜਨ ਭਗਤ ਸੁਹੇਲੇ ਆਪ ਚੜ੍ਹਾਇੰਦਾ । ਲੇਖਾ ਜਾਣੇ ਥਿਰ ਘਰ ਦਾ, ਸਚਖੰਡ ਸਾਚੇ ਆਸਣ ਲਾਇੰਦਾ । ਇਕੋ ਦੇਸ ਸੱਚੇ ਪਿਰ ਦਾ, ਜੁਗ ਜੁਗ ਆਪਣਾ ਵੇਸ ਧਰਾਇੰਦਾ । ਜਿਸ ਦੀ ਉਡੀਕ ਗੁਰ ਅਵਤਾਰ ਪੀਰ ਪੈਗ਼ੰਬਰ ਰੱਖੇ ਚਿਰ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਸਾਹਿਬ ਵੇਖ ਵਖਾਇੰਦਾ । ਸੋ ਸਾਹਿਬ ਪ੍ਰਭ ਲਏ ਵੇਖ, ਜਿਸ ਵਿਚ ਵੱਡੀ ਵਡਿਆਈਆ । ਕਿਸੇ ਨਜ਼ਰ ਨਾ ਆਏ ਰੂਪ ਰੇਖ, ਰੰਗ ਕਹਿਣ ਕੋਇ ਨਾ ਪਾਈਆ । ਵਸਣਹਾਰਾ ਸਚਖੰਡ ਦੇਸ, ਥਿਰ ਘਰ ਸ਼ਬਦ ਦਏ ਵਡਿਆਈਆ । ਦੋ ਜਹਾਨਾਂ ਬਣ ਨਰੇਸ਼, ਕਲਜੁਗ ਅੰਤਮ ਫੇਰਾ ਪਾਈਆ । ਬਣ ਸੁਆਮੀ ਧਾਰੇ ਭੇਖ, ਬੰਕ ਦਵਾਰ ਕਰੇ ਰੁਸ਼ਨਾਈਆ । ਸੰਬਲ ਕਰੇ ਇਕੋ ਹੇਤ, ਬੰਕ ਦੁਆਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਉਠਈਆ । ਸਾਚਾ ਪੜਦਾ ਅੰਤਮ ਚੁੱਕ, ਨਿਰਗੁਣ ਨੂਰ ਕਰੇ ਉਜਿਆਰਿਆ । ਦੋ ਜਹਾਨਾਂ ਵਖਾਏ ਇਕੋ ਮੁਖ, ਸ੍ਰੀ ਭਗਵਾਨ ਪਰਵਰਦਗਾਰਿਆ । ਕਲਜੁਗ ਅੰਤਮ ਵੇਲਾ ਰਿਹਾ ਢੁਕ, ਗੁਰ ਅਵਤਾਰ ਪੀਰ ਪੈਗੰਬਰ ਸਦਕੇ

ਵਾਰੀ ਘੋਲੀ ਵਾਰਿਆ । ਸ੍ਰੀ ਸੁਆਮੀ ਪੁਰਖ ਅਕਾਲਾ ਏਕਾ ਪਏ ਬੁੱਕ, ਨਾਮ ਸ਼ਬਦ ਮਾਰੇ ਲਲਕਾਰਿਆ । ਸੰਤ ਸੁਹੇਲੇ ਗੁਰਮੁਖ ਸੱਚੇ ਗੋਦੀ ਲਏ ਚੁੱਕ, ਦੇਵੇ ਸਤਿ ਸਤਿ ਹੁਲਾਰਿਆ । ਲੱਖ ਚੁਰਾਸੀ ਕੂੜੀ ਕਿਰਿਆ ਵੇਖੇ ਦੁੱਖ, ਨਵ ਨੌ ਹਾਹਾਕਾਰਿਆ । ਕਲਜੁਗ ਕੂੜਾ ਚਾਰ ਕੁੰਟ ਦਹਿ ਦਿਸ਼ਾ ਮਾਇਆ ਮਮਤਾ ਹਉਮੇਂ ਹੰਗਤਾ ਪਾਈ ਲੁੱਟ, ਮਿਲੇ ਸਤਿ ਨਾ ਕੋਇ ਭੰਡਾਰਿਆ । ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਪਈ ਫੁੱਟ, ਸਾਧਾਂ ਸੰਤਾਂ ਭੁਲਿਆ ਹਰਿ ਕਰਤਾਰਿਆ । ਅਬਿਨਾਸ਼ੀ ਕਰਤੇ ਕੋਲੋ ਗਏ ਰੁਠ, ਕਾਮ ਕਰੋਧ ਲੋਭ ਮੋਹ ਘਰ ਘਰ ਭਰਮ ਹੰਕਾਰਿਆ । ਕਿਸੇ ਨਜ਼ਰ ਨਾ ਆਵੇ ਅਬਿਨਾਸ਼ੀ ਅਚੁੱਤ, ਨਿਰਮਲ ਜੋਤ ਨਾ ਕੋਇ ਉਜਿਆਰਿਆ । ਝੂਠਾ ਪਿਆਰ ਮਾਂਵਾਂ ਪੁਤ, ਵੇਲੇ ਅੰਤ ਸੰਗ ਨਾ ਕੋਇ ਨਿਭਾ ਰਿਹਾ । ਲੱਖ ਚੁਰਾਸੀ ਕੋਲ ਨਹੀਂ ਕੁਛ, ਬਿਨ ਹਰਿ ਨਾਮ ਖਾਲੀ ਸਰਬ ਵਖਾ ਰਿਹਾ । ਰਾਜ ਰਾਜਾਨਾਂ ਲੱਗੀ ਭੁੱਖ, ਗ਼ਰੀਬ ਨਿਮਾਣੇ ਗਲੇ ਨਾ ਕੋਈ ਲਗਾ ਰਿਹਾ । ਜਿਧਰ ਵੇਖੋ ਪਈ ਲੁੱਟ, ਸਾਂਤਕ ਸਤਿ ਨਾ ਕੋਈ ਵਰਤਾ ਰਿਹਾ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋ ਰਿਹਾ ਪੁੱਛ, ਨੇਤਰ ਖੋਲ੍ਹ ਵੇਖੋ ਵਿਚ ਸੰਸਾਰਿਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰੁਦੁਆਰ ਕੋਈ ਹਿਰਦਾ ਨਾ ਜਾਵੇ ਝੁਕ, ਸਜਦਾ ਹੱਕ ਨਾ ਕੋਇ ਕਰਾ ਰਿਹਾ । ਆਤਮ ਪਰਮਾਤਮ ਤੀਰ ਨਿਸ਼ਾਨਿਉਂ ਰਿਹਾ ਉਕ, ਅਣਿਆਲਾ ਰੂਪ ਨਾ ਕੋਇ ਵਟਾ ਰਿਹਾ । ਸਤਿ ਧਰਮ ਦਾ ਤਾਗਾ ਰਿਹਾ ਟੁੱਟ, ਫੜ ਗੰਢ ਨਾ ਕੋਇ ਪਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾ ਰਿਹਾ । ਕਲਜੁਗ ਅੰਤ ਵੇਖੇ ਭਗਵਾਨ, ਸਚਖੰਡ ਵਾਸੀ ਨੈਣ ਉਠਾਈਆ । ਚਾਰੋ ਕੁੰਟ ਫਿਰੇ ਸ਼ੈਤਾਨ, ਦਰੋਹੀ ਖ਼ੁਦਾਏ ਵਾਹੋ ਦਾਹੀਆ । ਚਾਰ ਵਰਨ ਨਾ ਦਿਸੇ ਕੋਈ ਈਮਾਨ, ਬੇਈਮਾਨ ਜਗਤ ਲੋਕਾਈਆ । ਗ਼ਰੀਬ ਨਿਮਾਣਿਆਂ ਸਾਰੇ ਖਾਣ, ਮਿਹਰ ਨਜ਼ਰ ਨਾ ਕੋਇ ਉਠਾਈਆ । ਚਾਰ ਕੁੰਟ ਹੋਈ ਹੈਰਾਨ, ਧਰਨੀ ਧਰਤ ਧਵਲ ਦਏ ਦੁਹਾਈਆ । ਨੇਤਰ ਰੋਵੇ ਨੈਣ ਸ਼ਰਮਾਣ, ਅੱਖੀਂ ਹੰਝੂਆਂ ਹਾਰ ਪਰੋਈਆ । ਕਿਰਪਾ ਕਰ ਮੇਰੇ ਮਿਹਰਵਾਨ, ਤੁਧ ਬਿਨ ਹੋਏ ਨਾ ਕੋਇ ਸਹਾਈਆ । ਸਦੀ ਬੀਸਵੀਂ ਪਹੁੰਚੀ ਆਣ, ਸਤਿਗੁਰ ਗੋਬਿੰਦ ਗਿਆ ਲਿਖਾਈਆ । ਚਾਰੋ ਕੁੰਟ ਝੁੱਲੇ ਕੂੜ ਨਿਸ਼ਾਨ, ਸਤਿ ਨਿਸ਼ਾਨ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰ ਆਪ ਹੋ ਜਾਈਆ । ਕਲਜੁਗ ਅੰਤਮ ਵੇਖੇ ਪਾਰਬ੍ਰਹਮ, ਬ੍ਰਹਮ ਪੜਦਾ ਆਪ ਉਠਾਈਆ । ਖਾਲੀ ਦਿਸੇ ਕਾਇਆ ਚੰਮ, ਹਰਿ ਕਾ ਨਾਉਂ ਨਜ਼ਰ ਕਿਤੇ ਨਾ ਆਈਆ । ਰਸਨਾ ਕਹਿੰਦੇ ਅਸੀਂ ਜਪਦੇ ਦਮਾਂ ਦਮ, ਅੰਤਰ ਲਿਵ ਨਾ ਕੋਇ ਲਗਾਈਆ । ਪੂਜਾ ਪਾਠ ਕਰ ਕੇ ਸੁਆਰਦੇ ਆਪਣਾ ਕੰਮ, ਜਗਤ ਵਾਸਨਾ ਨਾਲ ਮਿਲਾਈਆ । ਬਿਨ ਮਾਇਆ ਦਿਸੇ ਘਰ ਘਰ ਗ਼ਮ, ਖ਼ੁਸ਼ੀ ਨਜ਼ਰ ਕੋਇ ਨਾ ਆਈਆ । ਜੋ ਠੱਗੀ ਯਾਰੀ ਕਰੇ ਤਿਸ ਨੂੰ ਮਾਤਾ ਕਹੇ ਪੁੱਤ ਮੇਰਾ ਪਿਆ ਜੰਮ, ਜਿਸ ਦੀ ਸਿਫ਼ਤ ਕਰੇ ਲੁਕਾਈਆ । ਕਲਜੁਗ ਕਹੇ ਮੇਰਾ ਕੰਮ, ਘਰ ਘਰ ਰਿਹਾ ਭੁਲਾਈਆ । ਗੁਰਮੁਖ ਕਹਿਣ ਪ੍ਰਭ ਦੇਵਣਹਾਰਾ ਡੰਨ, ਮਿਲੇ ਅੰਤ ਸਜਾਈਆ । ਪੁਰਖ ਅਕਾਲ ਮੰਨੋ ਸਭ ਦਾ ਜਨਨੀ ਜਨ, ਆਦਿ ਜੁਗਾਦੀ ਪਿਤਾ ਮਾਈਆ । ਉਸ ਦੇ ਚਰਨ ਕਵਲ ਕਰੋ ਧਿਆਨ, ਇਸ਼ਟ ਇਕੋ ਨਜ਼ਰੀ ਆਈਆ । ਜਿਸ ਦੇ ਅੱਗੇ ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਬਿਆਨ, ਕਰਨੀ ਰਹੇ ਅੱਗੇ ਸਰਬ ਟਿਕਾਈਆ । ਲੋਕਮਾਤ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣ ਕੇ ਆਏ ਮਹਿਮਾਨ, ਹੁਕਮੇ ਅੰਦਰ ਫੇਰਾ ਪਾਈਆ । ਦੱਸ ਕੇ ਗਏ ਇਲਾਹੀ



੧੫੦ ੧੫

ਕਲਾਮ, ਨਗ਼ਮਾ ਤੇਰਾ ਨਾਮ ਸੁਣਾਈਆ । ਖਾਣੀ ਬਾਣੀ ਕਰਕੇ ਗਏ ਪਰਧਾਨ, ਢੋਲਾ ਸੱਚੋ ਸਚ ਅਲਾਈਆ । ਕਲਜੁਗ ਭੁੱਲੇ ਜੀਵ ਅਵਾਣ, ਸਾਚੀ ਸਿਖਿਆ ਸਰਬ ਭੁਲਾਈਆ । ਕੂੜੀ ਕਿਰਿਆ ਪੀਣ ਖਾਣ, ਸਤਿਗੁਰ ਰਸ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਹਰਿ, ਕਲਜੁਗ ਅੰਤਮ ਪੜਦਾ ਲਾਹੀਆ । ਕਲਜੁਗ ਅੰਤਮ ਪੜਦਾ ਲੌਹਣਾ, ਸੋ ਸਾਹਿਬ ਹੁਕਮ ਵਰਤਾਇੰਦਾ । ਕਲਜੁਗ ਕੂੜਾ ਕੂੜ ਮਿਟਾਉਣਾ, ਕੂੜੀ ਕਿਰਿਆ ਆਪ ਖਪਾਇੰਦਾ । ਸਚ ਧਰਮ ਇਕ ਚਲਾਉਣਾ, ਰਹਿਬਰ ਇਕੋ ਫੇਰਾ ਪਾਇੰਦਾ । ਚਾਰ ਵਰਨਾਂ ਰੰਗ ਰੰਗਾਉਣਾ, ਜ਼ਾਤ ਪਾਤ ਨਾ ਵੰਡ ਵੰਡਾਇੰਦਾ । ਧਰਮ ਦੁਆਰਾ ਇਕ ਵਸਾਉਣਾ, ਧੁਰ ਦੀ ਧਾਰ ਇਕ ਜਣਾਇੰਦਾ । ਸਤਿਗੁਰ ਪੂਰਾ ਸ੍ਰਿਸ਼ਟ ਸਬਾਈ ਇਕ ਮਨਾਉਣਾ, ਦੂਜਾ ਗੁਰੂ ਨਜ਼ਰ ਕੋਇ ਨਾ ਆਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਉਣਾ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਸਚ ਰੰਗੀਲਾ ਪਲੰਘ ਵਿਛਾਉਣਾ, ਪਾਵਾ ਚੂਲ ਨਾ ਕੋਇ ਬਣਾਇੰਦਾ । ਸੱਜਣ ਮੀਤ ਸਵਾਮੀ ਘਰ ਬਹਾਉਣਾ, ਦੋਏ ਜੋੜ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਮਾਰਗ ਇਕ ਸਮਝਾਇੰਦਾ । ਸਾਚਾ ਮਾਰਗ ਦੱਸੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਮਾਣਸ ਮਾਨੁਖ ਮਾਨੁਸ਼ ਕਾਇਆ ਹੋਏ ਠੰਡੀ ਸੀਤ, ਮਨ ਵਾਸਨਾ ਨਾ ਹੋਏ ਕੋਈ ਹਲਕਾਈਆ । ਸਤਿਜੁਗ ਚਲੇ ਇਕੋ ਰੀਤ, ਸਾਚੀ ਹੋਵੇ ਨਾਮ ਪੜ੍ਹਾਈਆ । ਮਿਲੇ ਧਾਮ ਇਕ ਅਨਡੀਠ, ਜਿਸ ਘਰ ਵਸੇ ਬੇਪਰਵਾਹੀਆ । ਸਖ਼ੀਆਂ ਮਿਲ ਕੇ ਗਾਏ ਗੀਤ, ਢੋਲਾ ਇਕੋ ਇਕ ਅਲਾਈਆ । ਨਿਰਗੁਣ ਨਿਰਗੁਣ ਕਰੇ ਪ੍ਰੀਤ, ਸਰਗੁਣ ਸਰਗੁਣ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਸਤਿਜੁਗ ਦੇਵੇ ਸਚ ਵਡਿਆਈ, ਹਰਿ ਵੱਡਾ ਦਇਆ ਕਮਾਇੰਦਾ । ਭਗਤ ਜਨਾਂ ਕਰ ਕੁੜਮਾਈ, ਘਰ ਸੱਜਣ ਮੇਲ ਮਿਲਾਇੰਦਾ । ਅੰਤਰ ਬਾਹਰ ਵੱਜੇ ਵਧਾਈ, ਸਾਚਾ ਨਾਦ ਆਪ ਸੁਣਾਇੰਦਾ । ਪੁਰਖ ਪਰਮੇਸ਼ਵਰ ਪਾਰਬ੍ਰਹਮ ਸਾਹਿਬ ਸਤਿਗੁਰ ਵੇਖੇ ਚਾਈਂ ਚਾਈਂ, ਚਾਉ ਘਨੇਰਾ ਇਕ ਜਣਾਇੰਦਾ । ਮਾਰਗ ਲਾਏ ਪਾਂਧੀ ਰਾਹੀ, ਰਾਹ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਧਾਰ ਆਪ ਬਦਲਾਇੰਦਾ । ਸਾਚੀ ਧਾਰਾ ਜਾਵੇ ਬਦਲ, ਕਲਜੁਗ ਅੰਤ ਰਹਿਣ ਨਾ ਪਾਈਆ । ਪੁਰਖ ਅਕਾਲ ਕਰੇ ਅਦਲ, ਅਦਾਲਤ ਇਕੋ ਇਕ ਵਖਾਈਆ । ਜਨ ਭਗਤਾਂ ਪੂਰੀ ਕਰੇ ਮਜ਼ਲ, ਘਰ ਸਾਚੇ ਮੇਲ ਮਿਲਾਈਆ । ਗੁਰਮੁਖ ਕੋਈ ਨਾ ਰਹੇ ਬੁਜ਼ਦਿਲ, ਭੈ ਭੌ ਦਏ ਮਿਟਾਈਆ । ਗੁਰਮੁਖ ਸੂਰਾ ਸਦਾ ਖ਼ੁਸ਼ਦਿਲ, ਖ਼ੁਸ਼ੀਆਂ ਵਿਚ ਸਾਹਿਬ ਗੁਣ ਗਾਈਆ । ਲੱਖ ਚੁਰਾਸੀ ਰਹੀ ਭੁੱਲ, ਹਰਿ ਜੂ ਨਜ਼ਰ ਕਿਸੇ ਨਾ ਆਈਆ । ਜਗਤ ਮਾਇਆ ਰਹੇ ਰੁਲ, ਰੌਲਾ ਪਾਏ ਕੂੜ ਲੋਕਾਈਆ । ਹਰਿ ਕਾ ਨਾਮ ਨਾ ਮਿਲਿਆ ਅਨਮੁਲ, ਕੀਮਤ ਹੱਟ ਨਾ ਕੋਇ ਲਗਾਈਆ । ਸਤਿਜੁਗ ਸਚ ਦੁਆਰਾ ਗਿਆ ਖੁਲ੍ਹ, ਹਰਿ ਕਰਤਾ ਆਪ ਖੁਲ੍ਹਾਈਆ । ਜੋ ਗੁਰਮੁਖ ਦਰ ਤੇ ਆਵੇ ਭੁੱਲ, ਤਿਨ੍ਹਾਂ ਭੁਲਿਆਂ ਮਾਰਗ ਲਾਈਆ । ਸੰਤ ਸੁਹੇਲੇ ਤੇਰਾ ਬੂਟਾ ਜਾਏ ਨਾ ਹੁਲ, ਫਲ ਅੰਮ੍ਰਿਤ ਆਪ ਲਗਾਈਆ । ਭਾਗ ਲੱਗੇ ਸਾਚੀ ਕੁਲ, ਧਨ ਧਨ ਜਣੇਂਦੀ ਮਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ ਕਰੋੜ ਤੇਤੀਸਾ ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀਆਂ ਨਾਲ ਬਰਸਾਵਣ ਫੁੱਲ, ਬਰਖਾ ਇਕੋ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਰੁੱਤ ਰੁਤੜੀ ਆਪ ਮਹਿਕਾਈਆ ।

ਸਤਿਜੁਗ ਸੋਹੇ ਰੁਤੜੀ ਰੁੱਤ, ਪ੍ਰਭ ਸਾਚਾ ਦਇਆ ਕਮਾਇੰਦਾ । ਕਰੇ ਖੇਲ ਅਬਿਨਾਸ਼ੀ ਅਚੁੱਤ, ਚੇਤਨ ਆਪਣੀ ਧਾਰ ਸਮਝਾਇੰਦਾ । ਸੁੱਤ ਦੁਲਾਰੇ ਸਾਚੇ ਉਠ, ਸ੍ਰੀ ਭਗਵਾਨ ਆਪ ਜਗਾਇੰਦਾ । ਜਨ ਭਗਤਾਂ ਉਪਰ ਜਾ ਕੇ ਤੁਠ, ਤੇਰਾ ਸਾਚਾ ਰੰਗ ਰੰਗਾਇੰਦਾ । ਅੰਮ੍ਰਿਤ ਜਾਮ ਦੇਦੇ ਘੁੱਟ, ਸਚ ਪਿਆਲਾ ਹੱਥ ਫੜਾਇੰਦਾ । ਆਵਣ ਜਾਵਣ ਜਾਏ ਛੁੱਟ, ਲੱਖ ਚੁਰਾਸੀ ਫੰਦ ਕਟਾਇੰਦਾ । ਲੋਕਮਾਤ ਦਾ ਬੂਟਾ ਪੁੱਟ, ਸਚਖੰਡ ਦੁਆਰੇ ਆਪ ਲਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਗਏ ਰੁਸ, ਪ੍ਰਭ ਕਲਜੁਗ ਅੰਤਮ ਆਪਣੇ ਘਰ ਵਸਾਇੰਦਾ । ਨਵ ਨੌ ਚਾਰ ਨਿਰਗੁਣ ਹੋ ਕੇ ਜੋ ਰਿਹਾ ਲੁਕ, ਸੋ ਨਿਰਵੈਰ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣੀ ਕਾਰ ਕਮਾਇੰਦਾ । ਹਰਿ ਜੂ ਕਾਰ ਕਰੇ ਅਪਾਰ, ਅੰਤ ਕਹਿਣ ਕੋਈ ਨਾ ਜਾਈਆ । ਕਲ ਕਲਕੀ ਲੈ ਅਵਤਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਡੰਕਾ ਵੱਜੇ ਵਿਚ ਸੰਸਾਰ, ਸ਼ਬਦ ਨਗਾਰਾ ਨਾਦ ਸੁਣਾਈਆ । ਚਾਰੇ ਕੁੰਟ ਪਾਵੇ ਸਾਰ, ਦਹਿ ਦਿਸ਼ਾ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਹਰਿ ਇਕੋ ਨਾਮ ਜਣਾਈਆ । ਸਚ ਸੰਦੇਸਾ ਦੇਵੇ ਆਣ, ਆਣ ਆਪਣੀ ਇਕ ਸਮਝਾਇੰਦਾ । ਵਿਸ਼ਨੂੰ ਉਠ ਕਰ ਧਿਆਨ, ਬੇਪਰਵਾਹ ਹੁਕਮ ਵਰਤਾਇੰਦਾ । ਬ੍ਰਹਮੇ ਆਪਣੀ ਵੇਖ ਦੁਕਾਨ, ਬ੍ਰਹਿਮੰਡ ਆਪ ਵਖਾਇੰਦਾ । ਸ਼ੰਕਰ ਤੇਰੀ ਚੁਕੇ ਕਾਣ, ਤ੍ਰਿਸੂਲ ਬਲ ਨਾ ਕੋਇ ਧਰਾਇੰਦਾ । ਤ੍ਰੈਗੁਣ ਮਾਇਆ ਆਏ ਹਾਨ, ਰਜੋ ਤਮੋ ਸਤੋ ਏਕਾ ਹੁਕਮ ਜਣਾਇੰਦਾ । ਪੰਜ ਤਤ ਤੇਰਾ ਖੇਲ ਮਹਾਨ, ਸੋ ਸਾਹਿਬ ਆਪ ਵਖਾਇੰਦਾ । ਲੱਖ ਚੁਰਾਸੀ ਚੁਕੇ ਕਾਣ, ਅੰਡਜ ਜੇਰਜ ਉਤਭੁਜ ਸੇਤਜ ਆਪਣੀ ਰਚਨਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਇੰਦਾ । ਧੁਰ ਦਾ ਹੁਕਮ ਗੁਰ ਅਵਤਾਰ, ਤੇਈ ਅਵਤਾਰਾਂ ਆਪ ਜਣਾਈਆ । ਭਗਤ ਅਠਾਰਾਂ ਹੋਵੇ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਪੁਚਾਈਆ । ਈਸਾ ਮੂਸਾ ਮੁਹੰਮਦ ਖੋਲ੍ਹੋ ਅੱਖ ਨੈਣ ਕਿਵਾੜ, ਗ਼ਫ਼ਲਤ ਕੋਇ ਰਹਿਣ ਨਾ ਪਾਈਆ । ਲੇਖਾ ਜਾਣੇ ਪਰਵਰਦਿਗਾਰ, ਲਾਸ਼ਰੀਕ ਸੱਚਾ ਸ਼ਹਿਨਸ਼ਾਹੀਆ । ਨਾਨਕ ਗੋਬਿੰਦ ਨਿਰਗੁਣ ਜੋਤ ਕਰੇ ਪਿਆਰ, ਪਰਮ ਪ੍ਰੀਤੀ ਇਕ ਦ੍ਰਿੜਾਈਆ । ਸਾਚੀ ਬਾਣੀ ਤੀਰ ਨਿਰਾਲਾ ਦੇਵੇ ਮਾਰ, ਅਣਿਆਲਾ ਆਪ ਚਲਾਈਆ । ਭਰਮੇ ਭੁੱਲਾ ਸਰਬ ਸੰਸਾਰ, ਗੁਰਮਤ ਨਜ਼ਰ ਕਿਤੇ ਨਾ ਆਈਆ । ਕਵਾਰ ਕੰਨਿਆ ਕਰੇ ਸ਼ੰਗਾਰ, ਮਾਤ ਪੂਤ ਸੇਜ ਹੰਢਾਈਆ । ਧੀਆਂ ਭੈਣਾਂ ਕਰਨ ਵਣਜ ਵਪਾਰ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਕੂੜੀ ਕਿਰਿਆ ਕਰੇ ਕੁੜਮਾਈਆ । ਨਾਤਾ ਤੁੱਟਾ ਤੀਰਥ ਤਟ ਜਮਨਾ ਗੰਗਾ ਸੁਰਸਤੀ ਤ੍ਰਬੈਣੀ, ਨੇਤਰ ਨੈਣ ਨੀਰ ਵਹਾਈਆ । ਕੋਈ ਨਾ ਮੇਟੇ ਗੋਬਿੰਦ ਤੇਰੀ ਕਹਿਣੀ, ਨਾਨਕ ਸਤਿਗੁਰ ਲੇਖ ਨਾ ਕੋਇ ਬੁਝਾਈਆ । ਕਲਜੁਗ ਅੰਤਮ ਲਹਿਣੀ ਦੇਣੀ, ਸਭ ਦੀ ਲੇਖ ਲਿਖਤ ਵੇਖ ਵਖਾਏ ਥਾਉਂ ਥਾਈਂਆ । ਨਵ ਨੌ ਦਿਸੇ ਅੰਧੇਰੀ ਰੈਣੀ, ਚੰਦ ਨੂਰ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਚਾਰ ਜੁਗ ਦੀ ਪਿਛਲੀ ਗਾਥਾ, ਅਗਲਾ ਖੇਲ ਕਰੇ ਪੁਰਖ ਸਮਰਾਥਾ, ਅਕਥਨਾ ਕਾਥਾ, ਕਥਨੀ ਕਥ ਕਥ ਕਹਿਣ ਕੋਇ ਨਾ ਪਾਈਆ । ਅਗਲਾ ਭੇਵ ਹੱਥ ਭਗਵਾਨ, ਸਮਝ ਕਿਸੇ ਨਾ ਆਈਆ । ਗੁਰ ਅਵਤਾਰ ਦੱਸ ਕੇ ਗਏ ਨਿਸ਼ਾਨ, ਨਿਸ਼ਾਨਾ ਨਾਮ ਤੀਰ ਚਲਾਈਆ । ਦੋ ਜਹਾਨਾਂ ਹੁਕਮਰਾਨ, ਹਾਕਮ ਇਕ ਅਖਵਾਈਆ । ਕਲਜੁਗ ਅੰਤ ਹੋ ਪਰਧਾਨ, ਸਚ

ਪਰਧਾਨਗੀ ਦਏ ਸਮਝਾਈਆ । ਸਤਿਜੁਗ ਮਾਰਗ ਲਾਏ ਆਣ, ਕਲਜੁਗ ਕੂੜੀ ਕਿਰਿਆ ਦਏ ਮਿਟਾਈਆ । ਚਾਰ ਵਰਨਾਂ ਦਏ ਗਿਆਨ, ਬਰਨ ਅਠਾਰਾਂ ਕਰੇ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਦਰ ਤੇ ਢੋਲਾ ਇਕੋ ਗਾਣ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਾਰੇ ਕਹਿਣ ਤੂੰ ਮੇਰਾ ਮੈਂ ਤੇਰਾ ਤੁਧ ਬਿਨ ਦਿਸੇ ਨਾ ਕੋਇ ਨਿਸ਼ਾਨ, ਦਰ ਨਜ਼ਰ ਕੋਇ ਨਾ ਆਈਆ । ਕਰ ਕਿਰਪਾ ਕਰ ਕਲਿਆਣ, ਕਲਮਾ ਨਬੀ ਰਸੂਲ ਸਮਝਾਈਆ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਤੇਰਾ ਮਹਾਨ, ਮਹਿਫਲ ਮਜਲਸ ਤੇਰੀ ਇਕੋ ਭਾਈਆ । ਆਦਿ ਜੁਗਾਦਿ ਸਤਿ ਸਤਿਵਾਦੀ ਤੇਰਾ ਨਾਮ, ਸਾਚੇ ਰਾਮ ਸਾਚੇ ਕਾਹਨ ਤੇਰੀ ਸਰਨਾਈਆ । ਸਾਚੇ ਗੋਬਿੰਦ ਤੋਹੇ ਪਰਨਾਮ, ਚਰਨ ਸਰਨ ਮਿਲੇ ਸਰਨਾਈਆ । ਕਲਜੁਗ ਅੰਤਮ ਕਿਰਪਾ ਕਰ ਮਹਾਨ, ਮਹਾਂਬਲੀ ਵੇਸ ਵਟਾਈਆ । ਤੇਰੇ ਅਰਪਨ ਕੀਤਾ ਤੇਰਾ ਦਾਨ, ਤੇਰੀ ਵਸਤ ਤੇਰੇ ਦਸਤ ਫੜਾਈਆ । ਹਉਂ ਬਾਲੇ ਨੱਢੇ ਤੇਰੇ ਅਵਾਣ, ਤੇਰਾ ਭੇਵ ਕੋਈ ਨਾ ਆਈਆ । ਤੂੰ ਸਾਹਿਬ ਸਤਿਗੁਰ ਚਤੁਰ ਸੁਘੜ ਸੁਜਾਨ, ਸਚ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਸੁਚ ਆਪ ਸਮਝਾਈਆ । ਚਰਨ ਪ੍ਰੀਤ ਇਕ ਜਣਾਵਾਂਗਾ । ਸਾਚੀ ਰੀਤ ਆਪ ਵਖਾਵਾਂਗਾ । ਧੁਰ ਦਾ ਗੀਤ ਇਕ ਅਲਾਵਾਂਗਾ । ਮੰਦਰ ਮਸੀਤ ਪੰਧ ਚੁਕਾਵਾਂਗਾ । ਹਰ ਘਟ ਵਸ ਕੇ ਚੀਤ, ਚੇਤਨ ਸੁਰਤੀ ਆਪ ਬਣਾਵਾਂਗਾ । ਪਤਿਤ ਪਾਪੀ ਕਰ ਪੁਨੀਤ, ਪੁਨਹ ਪੁਨਹ ਵੇਖ ਵਖਾਵਾਂਗਾ । ਲਹਿਣਾ ਦੇਣਾ ਚੁੱਕੇ ਹਸਤ ਕੀਟ, ਊਚਾਂ ਨੀਚਾਂ ਰਾਉ ਰੰਕਾਂ ਇਕੋ ਘਰ ਬਹਾਵਾਂਗਾ । ਦੂਜੇ ਦਰ ਕੋਈ ਨਾ ਮੰਗੇ ਭੀਖ, ਹਰਿ ਕਾ ਨਾਮ ਆਪ ਵਰਤਾਵਾਂਗਾ । ਲੱਖ ਚੁਰਾਸੀ ਆਤਮ ਪਰਮਾਤਮ ਆਪੇ ਜੀਤ, ਜਿਤ ਹਾਰ ਇਕੋ ਹੱਥ ਫੜਾਵਾਂਗਾ । ਕਰੇ ਖੇਲ ਸਾਹਿਬ ਅਨਡੀਠ, ਅਨਡਿਠੜਾ ਰਾਹ ਇਕ ਜਣਾਵਾਂਗਾ । ਕੋਈ ਨਾ ਦਿਸੇ ਕਲਜੁਗ ਕੌੜਾ ਰੀਠ, ਮਿੱਠਾ ਅੰਮ੍ਰਿਤ ਰਸ ਆਪ ਭਰਾਵਾਂਗਾ । ਘਰ ਘਰ ਨਜ਼ਰੀ ਆਏ ਮੀਤ, ਸ਼ੱਤਰੂ ਸਰਬ ਮੇਟ ਮਿਟਾਵਾਂਗਾ । ਪੁਰਖ ਅਕਾਲ ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਡੇਰਾ ਆਪੇ ਢਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਰਾਹ ਚਲਾਵਾਂਗਾ । ਸਤਿਜੁਗ ਸਾਚਾ ਰਾਹ ਚਲਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਨਿਰਗੁਣ ਹੋ ਕੇ ਵੇਖ ਵਖਾਏਗਾ । ਸਰਗੁਣ ਪੜਦਾ ਆਪ ਚੁਕਾਏਗਾ । ਕਲਜੁਗ ਅੰਤਮ ਸੜਦਾ, ਠੰਡਾ ਸੀਤ ਅੰਮ੍ਰਿਤ ਆਪ ਬਰਸਾਏਗਾ । ਜਨ ਭਗਤਾਂ ਅੰਦਰ ਆਪੇ ਵੜਦਾ, ਬੰਦ ਕਿਵਾੜੀ ਕੁੰਡਾ ਤਾਕੀ ਲਾਹੇਗਾ । ਆਤਮ ਪਰਮਾਤਮ ਢੋਲਾ ਆਪੇ ਪੜ੍ਹਦਾ, ਸੋਹੰ ਰਾਗ ਆਪ ਅਲਾਏਗਾ । ਕਰੇ ਖੇਲ ਨਰਾਇਣ ਨਰ ਦਾ, ਨਰ ਹਰਿ ਆਪਣੀ ਕਾਰ ਕਮਾਏਗਾ । ਜੁਗ ਚੌਕੜੀ ਆਪਣਾ ਭਾਣਾ ਆਪੇ ਜਰਦਾ, ਲੱਖ ਚੁਰਾਸੀ ਭਾਣੇ ਵਿਚ ਵਖਾਏਗਾ । ਸੰਤ ਸਾਜਣ ਗੁਰਮੁਖ ਗੁਰ ਗੁਰ ਸਤਿਗੁਰ ਪੂਰਾ ਆਪੇ ਵਰਦਾ, ਨਾਰ ਕੰਤ ਰੂਪ ਵਟਾਏਗਾ । ਡੂੰਘੀ ਭਵਰੀ ਕਾਇਆ ਕਵਰੀ ਆਤਮ ਸੇਜਾ ਆਪੇ ਚੜ੍ਹਦਾ, ਸੇਜ ਸੁਹੰਜਣੀ ਸੋਭਾ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਮਿਲਾਏਗਾ । ਹਰਿਜਨ ਮੇਲਾ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਮੇਲ ਮਿਲਾਈਆ । ਨਿਰਮਲ ਦੀਪਕ ਜੋਤ ਜਾਏ ਜਗ, ਅਗਿਆਨ ਅੰਧੇਰ ਮਿਟਾਈਆ । ਘਰ ਵਿਚ ਘਰ ਕਰਾਏ ਹੱਜ, ਮੱਕਾ ਕਾਅਬਾ ਇਕੋ ਨਜ਼ਰੀ ਆਈਆ । ਸਚ ਮਹਿਰਾਬੇ ਬਹੇ ਸਜ, ਹੁਜਰਾ ਸੱਚਾ ਸੋਭਾ ਪਾਈਆ । ਜਿਸ ਨੂੰ ਨੂਰ ਇਲਾਹੀ

੧੫੩ ੧੫

ਕਹਿੰਦੇ ਆਲਮੀਨ ਰੱਬ, ਯਾਮੁਬੀਨ ਬੇਪਰਵਾਹ ਇਕੋ ਇਕ ਨੂਰ ਖ਼ੁਦਾਈਆ । ਸੋ ਲੇਖਾ ਜਾਣੇ ਸਭ, ਬਸਤੇ ਸਭ ਦੇ ਫੋਲ ਫੁਲਾਈਆ । ਚਾਰ ਜੁਗ ਦੀ ਮੇਟੇ ਹੱਦ, ਅੱਗੇ ਮਾਰਗ ਇਕ ਵਖਾਈਆ । ਚਾਰ ਵਰਨ ਇਕ ਦਵਾਰਿਉਂ ਪਏ ਲੱਭ, ਘਰ ਘਰ ਆਪਣਾ ਪੜਦਾ ਲਾਹੀਆ । ਸਾਚਾ ਨਾਮ ਵਜਾਏ ਨਦ, ਅਨਹਦ ਸੇਵ ਲਗਾਈਆ । ਫੜ ਫੜ ਹੰਸ ਬਣਾਏ ਕੱਗ, ਕਾਗੋ ਹੰਸ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਹਿਬ ਸਤਿਗੁਰ ਦੇਵੇ ਵਰ, ਭਗਤ ਭਗਵਾਨ ਅੰਗ ਲਗਾਈਆ । ਭਗਤ ਭਗਵਾਨ ਲਗਾਏ ਅੰਗ, ਅੰਗੀਕਾਰ ਹਰਿ ਅਖਵਾਇੰਦਾ । ਨਿਜ ਆਤਮ ਪਰਮਾਤਮ ਦੇਵੇ ਅਨੰਦ, ਅਨੰਦ ਅਨੰਦ ਵਿਚੋ ਪਰਗਟਾਇੰਦਾ । ਕੂੜੀ ਕਿਰਿਆ ਜਗਤ ਵਾਸਨਾ ਮੇਟੇ ਗੰਦ, ਸਚ ਸੁਗੰਧ ਇਕ ਉਪਜਾਇੰਦਾ । ਨਾਮ ਜਪਾਏ ਬਿਨ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਧੁਰ ਦੀ ਧਾਰੋ ਆਵੇ ਛੰਦ, ਸੰਸਾ ਰੋਗ ਸਰਬ ਮਿਟਾਇੰਦਾ । ਸੁਰਤ ਸਵਾਣੀ ਨਾ ਹੋਵੇ ਰੰਡ, ਸ਼ਬਦ ਹਾਣੀ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਤਾ ਪੁਰਖ ਬਿਧਾਤਾ, ਕਲਜੁਗ ਮੇਟੇ ਅੰਧੇਰੀ ਰਾਤਾ, ਸਤਿਜੁਗ ਦੇਵੇ ਸਾਚੀ ਦਾਤਾ, ਇਕੋ ਨਾਮ ਧੁਰ ਸੌਗਾਤਾ, ਚਾਰ ਵਰਨ ਪੜ੍ਹਾਏ ਗਾਥਾ, ਅਠਾਰਾਂ ਬਰਨ ਲਹਿਣਾ ਦੇਣਾ ਚੁਕੇ ਮਸਤਕ ਮਾਥਾ, ਪੁਰਖ ਅਕਾਲ ਹੋਵੇ ਸਾਥਾ, ਨਜ਼ਰੀ ਆਏ ਤ੍ਰਿਲੋਕੀ ਨਾਥਾ, ਕੋਟਨ ਕੋਟ ਤ੍ਰਿਲੋਕੀ ਨਾਥ ਆਪਣੇ ਹੁਕਮੇ ਵਿਚ ਫਿਰਾਈਆ । ਸਾਚਾ ਹੁਕਮ ਧੁਰ ਫ਼ਰਮਾਨ, ਧੁਰਦਰਗਾਹੀ ਆਪ ਸੁਣਾਇੰਦਾ । ਜਿਸ ਦੇ ਉਤੋ ਪੀਰ ਪੈਗੰਬਰ ਗੁਰ ਅਵਤਾਰ ਹੋਏ ਕੁਰਬਾਨ, ਸੋ ਕਰਬਲਾ ਰੂਪ ਵਟਾਇੰਦਾ । ਜਿਸ ਦੇ ਪਿਛੇ ਗੋਬਿੰਦ ਨੀਂਹਾਂ ਹੇਠ ਦੱਬੇ ਬਾਲ ਅਵਾਣ, ਸੋ ਕਲਜੁਗ ਜੜ੍ਹ ਉਖੜਾਇੰਦਾ । ਜਿਸ ਦਾ ਲੇਖਾ ਦੋ ਜਹਾਨ, ਭਰਮ ਭੁਲੇਖਾ ਸਰਬ ਚੁਕਾਇੰਦਾ । ਜਨ ਭਗਤਾਂ ਮਿਲੇ ਆਣ, ਮਿਲਣੀ ਆਪਣੇ ਨਾਲ ਕਰਾਇੰਦਾ । ਕਬੀਰ ਜੁਲਾਹਾ ਵੇਖੇ ਮਾਰ ਧਿਆਨ, ਨੇਤਰ ਨੈਣ ਨੈਣ ਉਠਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਸਾਚਾ ਕੰਤ ਖੇਲ ਕਰੇ ਮਹਾਨ, ਗ਼ਰੀਬ ਨਿਮਾਣੇ ਕੋਝੇ ਕਮਲੇ ਆਪਣੀ ਗੋਦ ਬਹਾਇੰਦਾ । ਲੱਭਦੇ ਫਿਰਦੇ ਸੁਘੜ ਸਿਆਣੇ ਵਡ ਵਿਦਵਾਨੇ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਡੂੰਘੀ ਕੰਦਰ ਸਮੁੰਦ ਖਾਈ ਬੇਪਰਵਾਹੀ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਜਗਾਇੰਦਾ । ਹਰਿਜਨ ਸਾਚੇ ਖੋਲ੍ਹੇ ਜਾਗ, ਹਰਿ ਜਾਗਰਤ ਜੋਤ ਜਗਾਈਆ । ਘਰ ਮਿਲਾਵਾ ਕੰਤ ਸੁਹਾਗ, ਬਾਹਰ ਖੋਜਣ ਕੋਇ ਨਾ ਜਾਈਆ । ਪ੍ਰੇਮ ਪ੍ਰੀਤੀ ਦੇਵੇ ਇਕ ਵੈਰਾਗ, ਵੈਰਾਗੀ ਆਪਣੀ ਧਾਰ ਵਖਾਈਆ । ਮਿਹਰ ਨਜ਼ਰ ਕਰ ਪੂਰਬ ਜਨਮ ਦਾ ਧੋਵੇ ਦਾਗ਼, ਕਰਮ ਕਾਂਡ ਦਏ ਮਿਟਾਈਆ । ਸ਼ਬਦ ਅਗੰਮੀ ਚੜ੍ਹਾਏ ਜਹਾਜ਼, ਨੌਕਾ ਨਈਆ ਆਪਣਾ ਨਾਮ ਵਖਾਈਆ । ਘਰ ਦੀਪਕ ਜੋਤ ਜਗੇ ਚਰਾਗ਼, ਬਿਨ ਤੇਲ ਬਾਤੀ ਡਗਮਗਾਈਆ । ਦਰਸ਼ਨ ਕਰ ਕੇ ਜਨ ਭਗਤ ਕਹੇ ਮੇਰੇ ਵਡ ਵਡ ਭਾਗ, ਪ੍ਰਭ ਮਿਲਿਆ ਸਹਿਜ ਸੁਖਦਾਈਆ । ਜਿਸ ਨੇ ਸਾਜਣ ਲਿਆ ਸਾਜ, ਸੋ ਸੱਜਣ ਹੋਏ ਸਹਾਈਆ । ਜਿਸ ਦਾ ਸਚਖੰਡ ਸਾਚੇ ਰਾਜ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਸੋ ਜੁਗ ਚੌਕੜੀ ਕਰਤਾ ਹੋ ਕੇ ਕਰੇ ਕਾਜ, ਕਰਨੀ ਆਪਣੀ ਆਪ ਕਮਾਈਆ । ਨਮੋ ਨਮੋ ਨਮੋ ਕਰੋ ਓਸ ਮਹਾਰਾਜ, ਜਿਸ ਸਿਰ ਤਾਜ ਇਕੋ ਇਕ ਸੁਹਾਈਆ । ਜੁਗ ਜੁਗ ਨਿਤ ਨਵਿਤ ਨਿਰਗੁਣ ਸਰਗੁਣ ਹੋ ਕੇ ਰਿਹਾ ਭਾਜ, ਭਾਵੀ ਆਪਣੇ ਚਰਨਾਂ ਹੇਠ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸ਼ਬਦ ਸਰੂਪੀ ਹੋ ਕੇ ਮਾਰੇ ਆਵਾਜ਼, ਸਾਚਾ ਨਾਅਰਾ ਇਕ ਸੁਣਾਈਆ । ਸੰਤ

ਸੁਹੇਲੇ ਗੁਰਮੁਖ ਗੁਰਸਿਖ ਤੇਰੀ ਸਤਿਗੁਰ ਰੱਖੇ ਲਾਜ, ਕਲਜੁਗ ਅਗਨੀ ਪੋਹ ਨਾ ਸਕੇ ਰਾਈਆ । ਸਚ ਮੇਲਾ ਮੋਹਣ ਮਾਧਵ ਮਾਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਵੈਰ ਪੁਰਖ ਇਕੋ ਹਰਿ, ਹਰਿਮੰਦਰ ਇਕ ਸੁਹਾਈਆ । ਹਰਿਮੰਦਰ ਸੁਹਾਵੇ ਸੁਹੰਜਣਾ, ਸੋ ਸਾਹਿਬ ਪੁਰਖ ਸੁਲਤਾਨ । ਦੀਪਕ ਜਗਾਏ ਆਦਿ ਨਿਰੰਜਣਾ, ਕਰੇ ਪਰਕਾਸ਼ ਦੋ ਜਹਾਨ । ਪਰਗਟ ਹੋ ਦੀਨਾਂ ਨਾਥ ਦਰਦ ਦੁਖ ਭੈ ਭੰਜਨਾ, ਗ਼ਰੀਬ ਨਿਮਾਣਿਆਂ ਪੁੱਛੇ ਆਣ । ਚਾਰ ਵਰਨ ਕਰਾਏ ਸਾਚਾ ਮਜਨਾ, ਅੰਮ੍ਰਿਤ ਸਰੋਵਰ ਇਕ ਅਸ਼ਨਾਨ । ਕੂੜੀ ਕਿਰਿਆ ਭਾਂਡਾ ਭੱਜਣਾ, ਥਿਰ ਰਹੇ ਨਾ ਵਿਚ ਜਹਾਨ । ਸਾਚਾ ਮਾਰਗ ਇਕੋ ਲੱਗਣਾ, ਸਤਿਜੁਗ ਮਾਤ ਹੋਏ ਪਰਧਾਨ । ਜ਼ਾਤ ਪਾਤ ਦੀਨ ਮਜ਼੍ਹਬ ਦੀ ਚੁਕੇ ਹਦਨਾ, ਹੱਦ ਵਖਾਏ ਇਕ ਸ੍ਰੀ ਭਗਵਾਨ । ਚੌਥੇ ਜੁਗ ਆਪਣਾ ਭਾਰ ਲੱਦਣਾ, ਨਾਲ ਲੈ ਕੇ ਜਾਏ ਬੇਈਮਾਨ ਸ਼ੈਤਾਨ । ਹਰਿਮੰਦਰ ਵਿਚ ਗੁਰਮੁਖ ਵਿਰਲੇ ਬਹਿ ਕੇ ਸਜਣਾ, ਜਿਸ ਅੰਦਰ ਦੀਪਕ ਜੋਤ ਜਗੇ ਮਹਾਨ । ਅੱਠੇ ਪਹਿਰ ਰਹੇ ਮਘਨਾ, ਕਾਮ ਕਰੋਧ ਨਾ ਕੋਇ ਪਹਿਚਾਨ । ਸਚ ਨਗਾਰਾ ਇਕੋ ਵੱਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸੁਲਤਾਨ । ਸਚ ਸੁਲਤਾਨ ਬਣ ਨਿਰੰਕਾਰ, ਹੁਕਮ ਹਾਕਮ ਆਪ ਚਲਾਈਆ । ਕਲਜੁਗ ਅੰਤਮ ਕਰੇ ਖ਼ਬਰਦਾਰ, ਨਾਮ ਸੰਦੇਸਾ ਇਕ ਸੁਣਾਈਆ । ਕਲਜੁਗ ਕੂੜੇ ਆਪਣੇ ਕੱਠੇ ਕਰ ਲੈ ਯਾਰ, ਯਾਰੀ ਯਾਰਾਂ ਨਾਲ ਲਗਾਈਆ । ਵੀਹਵੀਂ ਸਦੀ ਪੈਣੀ ਮਾਰ, ਅੰਤ ਸਕੇ ਨਾ ਕੋਇ ਬਚਾਈਆ । ਚਾਰ ਯਾਰੀ ਆਈ ਹਾਰ, ਮੁਹੰਮਦ ਬੈਠਾ ਮੁਖ ਲੁਕਾਈਆ । ਅੱਲਾ ਰਾਣੀ ਧਾਹਾਂ ਰਹੀ ਮਾਰ, ਮੁਖ ਘੁੰਗਟ ਇਕੋ ਪਾਈਆ । ਮੂਸਾ ਈਸਾ ਕਰੇ ਪੁਕਾਰ, ਪਿਤਾ ਬੌਹੜ ਦਰੋਹੀ ਤੇਰੇ ਨਾਮ ਦੁਹਾਈਆ । ਗੋਬਿੰਦ ਸੂਰਾ ਬੋਲ ਕਹੇ ਲਲਕਾਰ, ਪੁਰਖ ਅਕਾਲ ਆਵੇ ਸੱਚਾ ਮਾਹੀਆ । ਜਿਸ ਗੁਰਮੁਖ ਵੇਖਣੇ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਜੋ ਪੁੱਛੇ ਮੁਰੀਦਾਂ ਹਾਲ, ਸੋ ਮੁਰਸ਼ਦ ਫੇਰਾ ਪਾਈਆ । ਜਿਸ ਸ਼ਾਹੋ ਕਰਨੇ ਕੰਗਾਲ, ਕੰਗਾਲੋ ਸ਼ਾਹ ਬਣਾਈਆ । ਸੋ ਲੇਖਾ ਜਾਣੇ ਹੱਕ ਹਲਾਲ, ਹਕੀਕਤ ਵੇਖੇ ਥਾਉਂ ਥਾਈਆ । ਉਸ ਦੇ ਅੱਗੇ ਕਿਸੇ ਦੀ ਚਲੇ ਨਾ ਕੋਈ ਚਾਲ, ਚਲਾਕੀ ਸਭ ਦੀ ਦਏ ਮਿਟਾਈਆ । ਜਿਸ ਦਾ ਨਾਮ ਖੰਡਾ ਸਚ ਪ੍ਰੀਤੀ ਸੱਚੀ ਢਾਲ, ਸ਼ਬਦ ਚਿਲਾ ਸਾਚਾ ਇਕ ਉਠਾਈਆ । ਸੋ ਸਤਿਗੁਰ ਸਦਾ ਦੀਨ ਦਿਆਲ, ਦੀਨਨ ਹੋਏ ਸਹਾਈਆ । ਕਲਜੁਗ ਅੰਤ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਭ ਦਾ ਮੰਨੇ ਸਵਾਲ, ਆਸਾ ਸਭ ਦੀ ਪੂਰ ਕਰਾਈਆ । ਚਾਰੋ ਕੁੰਟ ਹੁਕਮੇ ਅੰਦਰ ਫਿਰੇ ਕਾਲ, ਮਹਾਂਕਾਲ ਹੁਕਮ ਆਪ ਵਰਤਾਈਆ । ਆਪ ਵੇਖੇ ਬਹਿ ਕੇ ਸਚਖੰਡ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਸੋਭਾ ਪਾਈਆ । ਸੰਬਲ ਖੇਲ ਕਰੇ ਕਮਾਲ, ਕਮਲਾ ਰਮਲਾ ਝੱਲਾ ਬਣ ਕੇ ਆਪਣਾ ਭੇਵ ਛੁਪਾਈਆ । ਜਨ ਭਗਤਾਂ ਚਲੇ ਨਾਲ ਨਾਲ, ਅੰਦਰ ਵੜ ਵੜ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਾਕਾਰ ਕਰੇ ਖੇਲ ਆਪ ਕਰਤਾਰ, ਕਲਜੁਗ ਸਤਿਜੁਗ ਜਾਣੇ ਧਾਰ, ਧਰਨੀ ਧਰਤ ਧਵਲ ਹੌਲਾ ਭਾਰ ਆਪ ਕਰਾਈਆ ।

## ✪ ੨੮ ਸਾਵਣ ੨੦੨੦ ਬਿਕਰਮੀ ਹਰਬੰਸ ਸਿੰਘ ਬਲਵੰਤ ਸਿੰਘ ਦੇ ਗ੍ਰਿਹਿ ਪਿੰਡ ਮਾਹਲ ਜ਼ਿਲਾ ਅੰਮ੍ਰਿਤਸਰ ✪

ਤੇਰਾ ਦਰ ਪੁਰਖ ਅਬਿਨਾਸ਼ੀ, ਕਲ ਅੰਤਮ ਇਕੋ ਨਜ਼ਰੀ ਆਈਆ । ਚਾਰ ਜੁਗ ਦੀ ਭਟਕਦੀ ਦਾਸੀ, ਭਗਤੀ ਦਰ ਤੇਰੇ ਕੁਰਲਾਈਆ । ਚਾਰੇ ਕੁੰਟ ਜੀਵ ਜੰਤ ਮੈਨੂੰ ਕਰਦੇ ਹਾਸੀ, ਮੇਰੇ ਨੇਤਰ ਨੈਣ ਰਹੇ ਸ਼ਰਮਾਈਆ । ਤੀਰਥ ਤੱਟਾਂ ਕੋਈ ਨਾ ਲੱਭੀ ਮੈਨੂੰ ਘਾਟੀ, ਮੰਦਰ ਮਸਜਿਦ ਥਾਂ ਨਜ਼ਰ ਕੋਇ ਨਾ ਆਈਆ । ਵੇਖ ਕੇ ਆਈ ਚੌਦਾਂ ਲੋਕ ਹਾਟੀ, ਚੌਦਾਂ ਤਬਕਾਂ ਨੱਠੀ ਵਾਹੋ ਦਾਹੀਆ । ਜਿਧਰ ਜਾਵਾਂ ਵੱਜੇ ਕਾਤੀ, ਸਚ ਪ੍ਰੀਤ ਨਾ ਕੋਇ ਵਖਾਈਆ । ਮੈਨੂੰ ਨਜ਼ਰ ਨਾ ਆਈ ਕੋਈ ਪਰਭਾਤੀ, ਸੰਧਿਆ ਸੋਭਾ ਕੋਈ ਨਾ ਪਾਈਆ । ਕੂੜੀ ਕਿਰਿਆ ਰੁਲੇ ਬੰਦੇ ਖ਼ਾਕੀ, ਤੇਰੀ ਖ਼ਾਹਿਸ਼ ਨਾ ਕਿਸੇ ਰਖਾਈਆ । ਗੁਰ ਅਵਤਾਰਾਂ ਕੋਲੋ ਹੋ ਕੇ ਆਕੀ, ਮਨ ਡੰਕਾ ਰਹੇ ਵਜਾਈਆ । ਕਿਸੇ ਗ੍ਰਿਹਿ ਨਜ਼ਰ ਨਾ ਆਈ ਖੁਲ੍ਹੀ ਤਾਕੀ, ਜਿਸ ਘਰ ਵੇਖਾਂ ਸੱਚਾ ਮਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਸੰਤਾਂ ਦੇਂਦੀ ਰਹੀ ਪਾਤੀ, ਘਰ ਘਰ ਸੁਨੇਹੜਾ ਆਪ ਪੁਚਾਈਆ । ਪ੍ਰੀਤੀਵਾਨ ਪ੍ਰੀਤ ਕਰਦੀ ਰਹੀ ਦਿਵਸ ਰਾਤੀ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਕਲਜੁਗ ਅੰਤ ਨਜ਼ਰ ਨਾ ਆਏ ਕੋਇ ਸਾਚੀ ਖਾਟੀ, ਸੁੰਞੀ ਸੇਜ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਮਿਲੇ ਇਕ ਸਰਨਾਈਆ । ਭਗਤੀ ਕਹੇ ਮੈਂ ਆਈ ਰੋ, ਦਰ ਤੇਰੇ ਸੀਸ ਝੁਕਾਈਆ । ਲੱਖ ਚੁਰਾਸੀ ਲਈ ਟੋਹ, ਘਰ ਵੜਨ ਕੋਇ ਨਾ ਪਾਈਆ । ਸਾਚਾ ਕਰੇ ਨਾ ਕੋਈ ਮੋਹ, ਮੁਹੱਬਤ ਇਕ ਨਾ ਕੋਇ ਰਖਾਈਆ । ਚਾਰ ਜੁਗ ਦੀ ਕਰਨੀ ਖੋਹ, ਖ਼ਾਲੀ ਹੱਥ ਫਿਰਾਈਆ । ਸਚ ਪਰਕਾਸ਼ ਨਾ ਦਿਸੇ ਲੋ, ਅੰਧ ਅੰਧੇਰਾ ਛਾਈਆ । ਕਿਸੇ ਦਰ ਨਾ ਮਿਲੇ ਢੋ, ਖੁਲ੍ਹੜੇ ਕੇਸ ਰਹੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਭਗਤੀ ਕਹੇ ਮੈਂ ਬਣ ਨਿਮਾਣੀ, ਦਰ ਤੇਰੇ ਕੂਕ ਸੁਣਾਈਆ । ਅਠਸਠ ਤੀਰਥ ਬਣਿਆ ਪਾਣੀ, ਸੀਤਲ ਧਾਰ ਨਾ ਕੋਇ ਵਹਾਈਆ । ਗੁਰਦਰ ਮੰਦਰ ਮਸਜਿਦ ਮੱਠ ਗੁਰਮੁਖ ਲੱਭਾ ਨਾ ਕੋਈ ਹਾਣੀ, ਮਾਇਆ ਮਮਤਾ ਬੈਠੀ ਨਾਚ ਨਚਾਈਆ । ਲੱਖ ਚੁਰਾਸੀ ਪੁਣੀ ਛਾਣੀ, ਘਰ ਘਰ ਰਿੜਕਣਾ ਪਾਈਆ । ਅੰਤਰ ਆਤਮ ਗਾਵੇ ਕੋਈ ਨਾ ਬਾਣੀ, ਰਸਨਾ ਜਿਹਵਾ ਸਰਬ ਹਿਲਾਈਆ । ਸਤਿਗੁਰ ਮੇਰੇ ਦੀਨ ਦਿਆਲ ਤੂੰ ਮੈਨੂੰ ਆਪਣੇ ਘਰ ਦੀ ਬਣਾਇਆ ਸ਼ਾਹਣੀ, ਕਲਜੁਗ ਅੰਤਮ ਖਾਲੀ ਹੱਥਾਂ ਦਿਆਂ ਦੁਹਾਈਆ । ਨਾ ਕੋਈ ਸੁਣੇ ਤੇਰੀ ਮੇਰੀ ਕਹਾਣੀ, ਕੂੜਾ ਗੀਤ ਢੋਲਾ ਸਰਬ ਗਾਈਆ । ਉਠ ਵੇਖ ਫਿਰੇ ਭੁੱਲੀ ਤੇਰੀ ਚਾਰੇ ਖਾਣੀ, ਖ਼ਾਹ ਮਖ਼ਾਹ ਮੇਰੇ ਨਾਲ ਕਰੇ ਲੜਾਈਆ । ਮੈਂ ਤੇਰੀ ਬਾਲੀ ਨੱਢੀ ਧੀ ਨਿਆਣੀ, ਜੁਗ ਚੌਕੜੀ ਤੇਰੀ ਆਸ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਘਰ ਸਚ ਮਿਲੇ ਸਰਨਾਈਆ । ਭਗਤੀ ਕਹੇ ਪ੍ਰਭ ਮੈਂ ਆਈ ਦੌੜ, ਦਰ ਤੇਰੇ ਸੀਸ ਝੁਕਾਈਆ । ਜੀਵ ਜੰਤ ਰੀਠਾ ਹੋਇਆ ਕੌੜ, ਸਾਚਾ ਰਸ ਨਜ਼ਰ ਕੋਇ ਨਾ ਆਈਆ । ਕੋਈ ਨਾ ਤੱਕੇ ਮੇਰੇ ਵਲ ਕਰ ਕੇ ਗ਼ੌਰ, ਗਹਿਰ ਗੰਭੀਰ ਤੇਰੀ ਸਾਰ ਕੋਇ ਨਾ ਪਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਮਚਾਵੇ ਸ਼ੋਰ, ਬਾਂਕੇ ਛੈਹਰ ਰਿਹਾ ਭਰਮਾਈਆ । ਅੰਦਰ ਵੜ ਗਏ ਕੂੜੇ ਚੋਰ, ਠੱਗੀ ਕਰਨ ਵਾਹੋ ਦਾਹੀਆ । ਸਾਰੇ ਕਹਿੰਦੇ ਕਲਜੁਗ ਅੰਤ ਪ੍ਰਭ ਦੀ ਰਹੀ ਨਾ ਲੋੜ, ਘਰ ਬੁੱਧੀ ਇਕੋ ਇਕ ਚਤੁਰਾਈਆ । ਸ੍ਰੀ ਭਗਵਾਨ ਤੇਰੇ ਵੇਖਣ ਵਾਲੇ ਸਾਰੇ ਜ਼ੋਰ, ਜੋਰੂ ਜ਼ਰ ਆਪਣਾ

ਧਿਆਨ ਲਗਾਈਆ । ਔਹ ਵੇਖ ਜੋ ਰਵਦਾਸ ਢੋਏ ਢੋਰ, ਚੰਮ ਦ੍ਰਿਸ਼ਟੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਭਗਤੀ ਕਹੇ ਮੇਰਾ ਟੁੱਟਾ ਮਾਣ, ਸਾਰ ਕੋਇ ਨਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਤਿੰਨੇ ਜੁਗ ਵੇਖ ਕਰਨ ਪਛਤਾਣ, ਪਸਚਾਤਾਪ ਰਹੇ ਜਣਾਈਆ । ਕਲਜੁਗ ਅੰਤਮ ਹੋਇਆ ਬੇਈਮਾਨ, ਬੇਪਰਵਾਹ ਨਜ਼ਰ ਨਾ ਆਈਆ । ਕੂੜ ਕੁੜਿਆਰਾ ਕਰ ਪਰਧਾਨ, ਸਚ ਸੁਚ ਦਿਤੀ ਛੁਪਾਈਆ । ਸਾਚਾ ਧਰਮ ਨਾ ਕੋਇ ਨਿਸ਼ਾਨ, ਸਾਚਾ ਕਰਮ ਨਾ ਕੋਇ ਕਮਾਈਆ । ਸਾਚਾ ਨਾਮ ਨਾ ਕੋਈ ਗਾਣ, ਸਾਚਾ ਮੰਦਰ ਨਾ ਕੋਇ ਸੁਹਾਈਆ । ਸਾਚਾ ਅੰਮ੍ਰਿਤ ਨਾ ਕੋਈ ਪਾਨ, ਕੂੜੀ ਕਿਰਿਆ ਜਿਹਵਾ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਤੇਰੇ ਸੇਵ ਕਮਾਈਆ । ਸਾਚੀ ਸੇਵਾ ਦੱਸ ਪ੍ਰਭ ਏਕ, ਏਕੰਕਾਰ ਤੇਰੀ ਸਰਨਾਈਆ । ਮੈਂ ਤੱਕ ਕੇ ਆਈ ਟੇਕ, ਇਕੋ ਓਟ ਰਖਾਈਆ । ਨੇਤਰ ਖੋਲ੍ਹ ਸਾਹਿਬ ਸਤਿਗੁਰ ਵੇਖ, ਨੈਣ ਮੂੰਦ ਨੈਣ ਉਠਾਈਆ । ਚਾਰ ਕੁੰਟ ਵਧਿਆ ਭੇਖ, ਭੇਖਾਧਾਰੀ ਕੂਕਣ ਵਾਹੋ ਦਾਹੀਆ । ਤੇਰੇ ਨਾਉਂ ਦੀ ਮਿਟਦੀ ਜਾਵੇ ਰੇਖ, ਤੇਰਾ ਧਿਆਨ ਨਾ ਕੋਇ ਲਗਾਈਆ । ਮੈਂ ਘਰ ਘਰ ਕਰਨ ਗਈ ਹੇਤ, ਮੈਨੂੰ ਅੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਘਰ ਦੇ ਵਡਿਆਈਆ । ਦੇ ਵਡਿਆਈ ਪੁਰਖ ਸਮਰਥ, ਥਾਂ ਨਜ਼ਰ ਕੋਇ ਨਾ ਆਇੰਦਾ । ਜਿਉਂ ਭਾਵੇ ਤਿਉਂ ਲੈਣਾ ਰੱਖ, ਦਰ ਤੇਰਾ ਇਕੋ ਸੋਭਾ ਪਾਇੰਦਾ । ਮੇਰੇ ਕੋਲ ਨਹੀਂ ਕੁਛ ਵੱਥ, ਤੇਰੀ ਮਿਹਰ ਮੇਰਾ ਰੰਗ ਵਖਾਇੰਦਾ । ਦਹਿ ਦਿਸ਼ਾ ਆਈ ਨੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਤੇਰਾ ਇਕੋ ਭਾਇੰਦਾ । ਦਰ ਤੇਰੇ ਆਈ ਕਰ ਪਰਵਾਨ, ਇਕੋ ਮੰਗ ਮੰਗਾਈਆ । ਸਾਚਾ ਦੱਸ ਇਕ ਮਕਾਨ, ਜਿਸ ਘਰ ਵਸਾਂ ਚਾਈਂ ਚਾਈਂਆ । ਅੱਠੇ ਪਹਿਰ ਰਹੇ ਤੇਰਾ ਧਿਆਨ, ਦੂਜਾ ਨਜ਼ਰ ਕੋਇ ਨਾ ਆਈਆ । ਤੇਰੇ ਪਰੇਮ ਅੰਦਰ ਕਰਾਂ ਤੇਰੀ ਪਹਿਚਾਨ, ਬੇਪਹਿਚਾਨ ਤੇਰੀ ਸਰਨਾਈਆ । ਦਰ ਖਲੋਤੀ ਮੰਗਾਂ ਦਾਨ, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦੇ ਵਖਾਈਆ । ਸਾਚਾ ਮੰਦਰ ਇਕ ਵਖਾਲ, ਵਾਸਤਾ ਤੇਰੇ ਅੱਗੇ ਪਾਈਆ । ਤੇਰਾ ਨਾਉਂ ਦੀਨ ਦਿਆਲ, ਦੀਨਾਂ ਅਨਾਥਾਂ ਹੋਏਂ ਸਹਾਈਆ । ਮੈਂ ਘਾਲਣ ਆਈ ਘਾਲ, ਮੇਰੀ ਚਲੇ ਨਾ ਕੋਇ ਚਤੁਰਾਈਆ । ਫਲ ਰਿਹਾ ਨਾ ਕਿਸੇ ਡਾਲ, ਕਲਜੁਗ ਸਿੰਮਲ ਰੁੱਖ ਰਿਹਾ ਲਹਿਰਾਈਆ । ਕੋਈ ਨਾ ਚਲੇ ਮੇਰੇ ਨਾਲ, ਸੱਚਾ ਸੰਗ ਨਾ ਕੋਇ ਬਣਾਈਆ । ਮੈਂ ਕਰ ਕੇ ਆਈ ਹਾਲ ਹਾਲ, ਉਚੀ ਕੂਕ ਕੂਕ ਸੁਣਾਈਆ । ਪ੍ਰਭ ਸਾਚੇ ਦੇ ਉਠੋ ਲਾਲ, ਹਰਿ ਲਾਲਨ ਫੇਰਾ ਪਾਈਆ । ਜਿਸ ਦੀ ਜੁਗ ਚੌਕੜੀ ਅਵੱਲੜੀ ਚਾਲ, ਸਮਝ ਕਿਸੇ ਨਾ ਪਾਈਆ । ਜਿਸ ਦਾ ਮੰਦਰ ਸਤਿ ਸੱਚੀ ਧਰਮਸਾਲ, ਧੁਰ ਦਰਬਾਰੇ ਡੇਰਾ ਲਾਈਆ । ਜਾ ਕੇ ਸੁਣਾਵੇ ਆਪਣਾ ਹਾਲ, ਹਾਲਤ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਸੱਜਣ ਬੇਪਰਵਾਹੀਆ । ਸਾਹਿਬ ਸਤਿਗੁਰ ਪੁਰਖ ਅਕਾਲਾ, ਅਕਲ ਕਲਧਾਰੀ ਦਇਆ ਕਮਾਇੰਦਾ । ਸਤਿ ਧਰਮ ਦੀ ਸਚ ਧਰਮਸਾਲਾ, ਸਚ ਦੁਆਰਾ ਇਕ ਵਖਾਇੰਦਾ । ਨਿਰਗੁਣ ਨਿਰਵੈਰ ਬਣੇ ਦਲਾਲਾ, ਸਚ ਦਲਾਲੀ ਆਪ ਕਮਾਇੰਦਾ । ਕੂੜੀ ਕਿਰਿਆ ਤੋੜ ਜੰਜਾਲਾ, ਸਾਚਾ ਮਾਰਗ ਇਕ ਸਮਝਾਇੰਦਾ । ਮਾਰਗ ਦੱਸੇ ਅੰਤ ਸੁਖਾਲਾ, ਰਹਿਬਰ ਇਕੋ


੧੫੭
੧੫

ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਭਗਤੀ ਸੁਣ ਲਾ ਕੰਨ, ਹਰਿ ਕਰਤਾ ਆਪ ਜਣਾਇੰਦਾ । ਮੇਰੇ ਭਗਤਾਂ ਦਾ ਕਹਿਣਾ ਮੰਨ, ਧੁਰ ਦੀ ਧਾਰ ਆਪ ਉਪਾਇੰਦਾ । ਜਾ ਕੇ ਵੇਖ ਗੁਰਮੁਖ ਚੰਨ, ਸੋ ਸਾਹਿਬ ਆਪ ਚਮਕਾਇੰਦਾ । ਸਿਫ਼ਤ ਸੁਨੇਹੜਾ ਦੇ ਕੇ ਕਹਿ ਧੰਨ ਧੰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਇੰਦਾ । ਭਗਤੀ ਸੁਣ ਕਰ ਧਿਆਨ, ਸ੍ਰੀ ਭਗਵਾਨ ਆਪ ਜਣਾਈਆ । ਖਹਿੜਾ ਛੱਡ ਦੇ ਕੂੜ ਜਹਾਨ, ਬੇਮੁਖ ਸੰਗ ਨਾ ਕੋਇ ਨਿਭਾਈਆ । ਗੁਰਮੁਖ ਸਾਚੇ ਕਰ ਪਹਿਚਾਨ, ਜਿਨ੍ਹਾਂ ਪ੍ਰਭ ਆਪਣਾ ਰੰਗ ਵਖਾਈਆ । ਜਾ ਕੇ ਵਸ ਓਸ ਮਕਾਨ, ਜਿਸ ਘਰ ਵਸੇ ਬੇਪਰਵਾਹੀਆ । ਬਿਨ ਮੰਗਿਆ ਦੇਵੇ ਤੈਨੂੰ ਦਾਨ, ਖ਼ਾਲੀ ਝੋਲੀ ਦਏ ਭਰਾਈਆ । ਸਾਚਾ ਖੇਲ ਕਰੇ ਮਹਾਨ, ਮਿਹਰਵਾਨ ਹੋਏ ਸਹਾਈਆ । ਬਾਲੀ ਨੱਢੀ ਗੁਰਮੁਖ ਕਰੇ ਪਰਵਾਨ, ਗੁਰਸਿਖ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਸੇਵਾ ਇਕ ਲਗਾਈਆ । ਭਗਤੀ ਤੇਰੀ ਸੇਵਾ ਏਕ, ਹਰਿ ਸਾਚਾ ਆਪ ਲਗਾਇੰਦਾ । ਜਿਨ੍ਹਾਂ ਪੁਰਖ ਅਕਾਲ ਲਿਆ ਵੇਖ, ਤਿਨ੍ਹਾਂ ਤੇਰੇ ਨਾਲ ਮਿਲਾਇੰਦਾ । ਪਿਛੇ ਰੱਖਦੇ ਆਏ ਤੇਰੀ ਟੇਕ, ਹੁਣ ਤੇਰੀ ਟੇਕ ਭਗਤ ਆਪ ਬਣਾਇੰਦਾ । ਘਰ ਘਰ ਦਰ ਦਰ ਗੁਰਮੁਖਾਂ ਨਾਲ ਕਰ ਹੇਤ, ਹਿਤਕਾਰੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਅਲਾਇੰਦਾ । ਸਚ ਸੰਦੇਸ਼ਾ ਦੇਵੇ ਮੀਤ, ਸੋ ਸਤਿਗੁਰ ਆਪ ਸੁਣਾਈਆ । ਗੁਰਮੁਖ ਵੇਖ ਬੈਠੇ ਅਤੀਤ, ਕਲਜੁਗ ਨਾਤਾ ਰਹੇ ਤੁੜਾਈਆ । ਇਕੋ ਗੌਂਦੇ ਤੇਰਾ ਮੇਰਾ ਗੀਤ, ਸੋਹੰ ਢੋਲਾ ਰਾਗ ਅਲਾਈਆ । ਪ੍ਰਭ ਵਸਿਆ ਓਨ੍ਹਾਂ ਚੀਤ, ਠਗੌਰੀ ਨਜ਼ਰ ਕੋਇ ਨਾ ਆਈਆ । ਸਤਿਜੁਗ ਸਚ ਚਲਾਏ ਰੀਤ, ਰੀਤੀਵਾਨ ਫੇਰਾ ਪਾਈਆ । ਨਾ ਕੋਈ ਮੰਦਰ ਨਾ ਮਸੀਤ, ਮੁੱਲਾਂ ਕ਼ਾਜ਼ੀ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਨਾ ਕੋਈ ਮੁੱਲਾਂ ਨਾ ਕੋਈ ਕ਼ਾਜ਼ੀ, ਆਇਤ ਸ਼ਰਾਇਤ ਨਾ ਕੋਇ ਜਣਾਇੰਦਾ । ਨਾ ਕੋਈ ਮਸੱਲਾ ਨਾ ਨਿਮਾਜ਼ੀ, ਸਜਦਾ ਸੀਸ ਨਾ ਕੋਇ ਝੁਕਾਇੰਦਾ । ਨਾ ਕੋਈ ਕਾਅਬਾ ਨਾ ਕੋਈ ਹਾਜ਼ੀ, ਨਾ ਕੋਈ ਪਾਂਧੀ ਪੰਧ ਵਖਾਇੰਦਾ । ਨਾ ਕੋਈ ਅਸਵ ਨਾ ਕੋਈ ਤਾਜੀ, ਸ਼ਾਹਸਵਾਰਾ ਨਜ਼ਰ ਕਿਸੇ ਨਾ ਆਇੰਦਾ । ਆਦਿ ਜੁਗਾਦਿ ਜਿਸ ਸਾਜਣ ਸਾਜੀ, ਸੋ ਸਾਹਿਬ ਖੇਲ ਵਖਾਇੰਦਾ । ਕਲਜੁਗ ਅੰਤਮ ਕੂੜੀ ਕਿਰਿਆ ਕੋਈ ਨਾ ਦਿਸੇ ਗ਼ਾਜ਼ੀ, ਗ਼ਫ਼ਲਤ ਸਭ ਦੀ ਆਪ ਮਿਟਾਇੰਦਾ । ਜਨ ਭਗਤ ਵੇਖੇ ਵਡ ਸਵਾਬੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਦਏ ਨਵਾਬ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਸਾਚੀ ਭਗਤੀ ਉਠ ਉਠ ਭਾਗ, ਸੋ ਸਾਹਿਬ ਹੁਕਮ ਵਰਤਾਈਆ । ਪ੍ਰੇਮ ਪ੍ਰੀਤੀ ਹੱਥ ਫੜ ਰਬਾਬ, ਭਗਤ ਦੁਆਰੇ ਜਾ ਵਜਾਈਆ । ਨਿਉਂ ਨਿਉਂ ਸੀਸ ਕਰ ਆਦਾਬ, ਅਦਬ ਨਾਲ ਚਰਨ ਸੀਸ ਟਿਕਾਈਆ । ਦੋਵੇਂ ਹੱਥ ਜੋੜ ਮਾਰੀਂ ਆਵਾਜ, ਨੇਤਰ ਨੈਣ ਸ਼ਰਮਾਈਆ । ਜਨ ਭਗਤੋ ਰੱਖੋ ਮੇਰੀ ਲਾਜ, ਕਲਜੁਗ ਰੈਣ ਅੰਧੇਰੀ ਛਾਈਆ । ਮੈਨੂੰ ਹੁਕਮ ਦੇਵੇ ਜਿਸ ਦੇ ਸੀਸ ਸੋਹੇ ਤਾਜ, ਤਖ਼ਤ ਤਾਜ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭਗਤੀ ਕਹੇ ਮੈਂ ਜਾਵਾਂਗੀ । ਤੇਰੇ ਭਗਤਾਂ ਸੀਸ ਨਿਵਾਵਾਂਗੀ । ਜਗਦੀਸ਼ ਤੇਰਾ ਸ਼ੁਕਰ ਮਨਾਵਾਂਗੀ । ਜਿਸ ਵੇਲੇ

ਦਰਸਨ ਪਾਵਾਂਗੀ । ਬਣ ਸੇਵਕ ਸੇਵ ਕਮਾਵਾਂਗੀ । ਕਾਇਆ ਅੰਦਰੋ ਕੂੜਾ ਕਰਕਟ ਹੂੰਝ ਕੇ ਬਾਹਰ ਕਢਾਵਾਂਗੀ । ਅੰਦਰ ਵੜ ਕੇ ਤੇਰਾ ਪਰੇਮ ਪ੍ਰੀਤੀ ਢੋਲਾ ਗਾਵਾਂਗੀ । ਗੁਰਮੁਖ ਝਰੋਖੇ ਬਾਰੀ ਖੜ ਕੇ, ਪ੍ਰਭ ਤੇਰਾ ਰਾਹ ਤਕਾਵਾਂਗੀ । ਲੱਖ ਚੁਰਾਸੀ ਨਾਲੋ ਲੜ ਕੇ, ਗੁਰਮੁਖਾਂ ਗੰਢ ਪਵਾਵਾਂਗੀ । ਘਰ ਘਰ ਅੰਦਰ ਪਾਣੀ ਭਰ ਕੇ, ਕਵਲ ਨਾਭ ਭਰਾਵਾਂਗੀ । ਸਚ ਰਬਾਬ ਹੱਥੀਂ ਫੜ ਕੇ, ਅਨਹਦ ਨਾਦ ਸੁਣਾਵਾਂਗੀ । ਪਰੇਮ ਪ੍ਰੀਤੀ ਤੇਲ ਬਾਤੀ ਧਰ ਕੇ, ਘਰ ਦੀਪਕ ਜੋਤ ਜਗਾਵਾਂਗੀ । ਬਣ ਨਿਮਾਣੀ ਦਰ ਤੇ ਖੜ ਕੇ, ਦੋਏ ਜੋੜ ਵਾਸਤਾ ਪਾਵਾਂਗੀ । ਮੈਂ ਚੌਥੇ ਜੁਗ ਗੁਰਮੁਖ ਲੱਭਿਆ ਮਰ ਮਰ ਕੇ, ਬਿਨ ਮਰਨੀਉਂ ਮਰਨਾ ਆਪ ਸਿਖਾਵਾਂਗੀ । ਸਾਹਿਬ ਸਤਿਗੁਰ ਜੋ ਤੇਰਾ ਢੋਲਾ ਆਏ ਪੜ੍ਹ ਕੇ, ਤਿਨ੍ਹਾਂ ਕੋਲੋ ਆਪਣੀ ਭੁੱਲ ਬਖ਼ਸ਼ਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਬਣ ਬਰਦੀ ਸੇਵ ਕਮਾਵਾਂਗੀ । ਸੇਵਾ ਕਰਾਂ ਪ੍ਰਭ ਬਣ ਕੇ ਬਰਦੀ, ਅੱਠੇ ਪਹਿਰ ਧਿਆਨ ਲਗਾਈਆ । ਦਿਵਸ ਰੈਣ ਰਵ੍ਹਾਂ ਡਰਦੀ, ਭੈ ਭੌ ਸਿਰ ਮਨਾਈਆ । ਤੇਰਾ ਢੋਲਾ ਰਹਾਂ ਪੜ੍ਹਦੀ, ਸੋਹੰ ਰਾਗ ਅਲਾਈਆ । ਤੂੰ ਹੀ ਤੂੰ ਰਹਾਂ ਕਰਦੀ, ਕਰਤੇ ਤੇਰੀ ਇਕ ਸਰਨਾਈਆ । ਮਿਹਰਵਾਨ ਤੂੰ ਬਣਿਆ ਦਰਦੀ, ਦੁਖੀਆਂ ਦਰਦ ਵੰਡਾਈਆ । ਚਾਰ ਜੁਗ ਸਾਧਾਂ ਸੰਤਾਂ ਨਾਲ ਰਹੀ ਲੜਦੀ, ਘਰ ਘਰ ਝਗੜਾ ਪਾਈਆ । ਬਿਨ ਸਤਿਗੁਰ ਪੂਰੇ ਬਿਨ ਤੇਰੇ ਘਰ ਕਿਸੇ ਨਾ ਵੜਦੀ, ਦੂਰੋ ਦੂਰੋ ਸਭ ਨਾਲ ਯਾਰੀ ਲਾਈਆ । ਕੋਈ ਕਹੇ ਗਰਮੀ ਕੋਈ ਕਹੇ ਮਿਲੇ ਵਿਚ ਸਰਦੀ, ਛੇ ਰੁੱਤੜੀ ਰੰਗ ਨਾ ਕੋਇ ਵਖਾਈਆ । ਬਾਰਾਂ ਮਾਸ ਮੈਂ ਰਹੀ ਮਰਦੀ, ਘੜੀ ਪਲ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਧੰਨ ਤੇਰੀ ਵਡਿਆਈਆ । ਧੰਨ ਵਡਿਆਈ ਵਡ ਮੇਰੇ ਭਾਗ, ਹਰਿ ਸਾਚੇ ਭਾਗ ਲਗਾਇਆ । ਜੁਗ ਚੌਕੜੀ ਪਿਛਲਾ ਧੋਇਆ ਦਾਗ਼, ਨਿਹਕਰਮੀ ਕਰਮ ਕਮਾਇਆ । ਜਨ ਭਗਤ ਹੱਥ ਫੜਾਈ ਮੇਰੀ ਵਾਗ, ਵਾਸਤਾ ਇਕੋ ਘਰ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਿਤਾ ਇਕੋ ਦਾਨ, ਗੁਰਮੁਖ ਸੱਜਣ ਮਿਲੇ ਆਣ, ਘਰ ਇਕੋ ਨਜ਼ਰੀ ਆਇਆ ।

**✪ ੨੮ ਸਾਵਣ ੨੦੨੦ ਬਿਕਰਮੀ ਹਜ਼ਾਰਾ ਸਿੰਘ ਦੇ ਗ੍ਰਹਿ ਅੰਮ੍ਰਿਤਸਰ ✪**

ਧੁਰ ਦੀ ਲਿਖਤ ਸਤਿਗੁਰ ਹੱਥ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਆਦਿ ਜੁਗਾਦੀ ਪੁਰਖ ਸਮਰਥ, ਸਾਚੀ ਹੁਕਮੇ ਕਾਰ ਕਰਾਇੰਦਾ । ਧਾਮ ਨਿਆਰੇ ਲਏ ਰੱਖ, ਛੱਪਰ ਛੰਨ ਨਜ਼ਰ ਕੋਇ ਨਾ ਆਇੰਦਾ । ਸ਼ਬਦੀ ਗੁਰ ਸਾਚੀ ਧਾਰ ਦੇਵੇ ਦੱਸ, ਲਿਖਤ ਪੜ੍ਹਤ ਆਪਣਾ ਨਾਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਇੰਦਾ । ਲਿਖਤ ਪੜ੍ਹਤ ਸਦਾ ਅਨਡਿਠ, ਕਲਮ ਸ਼ਾਹੀ ਨਾ ਕੋਇ ਚਤੁਰਾਈਆ । ਬਿਨ ਅੱਖਰਾਂ ਦੇਵੇ ਲਿਖ, ਨਿਸ਼ਅੱਖਰ ਦਏ ਵਡਿਆਈਆ । ਨਿਤ ਨਵਿਤ ਭਗਤ ਭਗਵਾਨ ਕਰੇ ਹਿਤ, ਗੁਰ ਗੁਰ ਗੁਰਸਿਖ ਵੇਖ ਵਖਾਈਆ । ਪੁਰਖ ਅਕਾਲਾ ਦੀਨ ਦਿਆਲਾ ਬਣ ਕੇ ਸੱਚਾ ਪਿਤ, ਪਤਿਪਰਮੇਸ਼ਵਰ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਵਿਖ ਭਵਿਸ਼ ਆਪਣੇ ਹੱਥ ਰਖਾਈਆ । ਗੋਬਿੰਦ ਲੇਖਾ ਗੋਬਿੰਦ ਪੜ੍ਹਿਆ, ਜੀਵ ਜੰਤ ਕਹਿਣ ਕੋਇ ਨਾ ਪਾਈਆ । ਗੋਬਿੰਦ ਮੰਦਰ ਗੋਬਿੰਦ ਵੜਿਆ, ਦੂਜਾ ਨਜ਼ਰ ਕੋਇ ਨਾ ਆਈਆ । ਗੋਬਿੰਦ ਦੁਆਰੇ ਗੋਬਿੰਦ ਖੜਿਆ, ਗੋਬਿੰਦ ਵੇਖੇ ਚਾਈਂ ਚਾਈਆ । ਗੋਬਿੰਦ ਚਰਨ

ਗੋਬਿੰਦ ਪੜਿਆ, ਗੋਬਿੰਦ ਸਾਚੀ ਅਲਖ ਜਗਾਈਆ । ਗੋਬਿੰਦ ਕਰਨੀ ਗੋਬਿੰਦ ਕਰਿਆ, ਗੋਬਿੰਦ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਖੇਲ ਗੋਬਿੰਦ ਵਿਚ ਰਖਾਈਆ । ਗੋਬਿੰਦ ਲੇਖ ਸਦਾ ਅਲੇਖ, ਲਿਖਣ ਪੜ੍ਹਨ ਵਿਚ ਕਦੇ ਨਾ ਆਇੰਦਾ । ਜੁਗ ਚੌਕੜੀ ਧਰ ਧਰ ਭੇਸ, ਸੋ ਸਾਹਿਬ ਆਪ ਸਮਝਾਇੰਦਾ । ਵਸਣਹਾਰਾ ਸਚਖੰਡ ਦੇਸ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਕਰੇ ਖੇਲ ਆਦਿ ਜੁਗਾਦੀ ਏਕ, ਏਕੰਕਾਰ ਕਲ ਵਰਤਾਇੰਦਾ । ਸਰਸੇ ਦਿਤੀ ਚਰਨ ਟੇਕ, ਸਚ ਸਹਾਰਾ ਇਕ ਵਖਾਇੰਦਾ । ਨਿਰਮਲ ਕਰ ਆਪ ਬਿਬੇਕ, ਵਵੇਕੀ ਖੇਲ ਰਚਾਇੰਦਾ । ਨਿਰਗੁਣ ਸਰਗੁਣ ਸਾਚਾ ਹੇਤ, ਜਲ ਬਿੰਬ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਕਰਨੀ ਆਪਣੇ ਹੱਥ ਰਖਾਇੰਦਾ । ਲਿਖਤ ਪੜ੍ਹਤ ਗੋਬਿੰਦ ਸੰਦੇਸਾ, ਧੁਰ ਫ਼ਰਮਾਣਾ ਇਕ ਜਣਾਈਆ । ਸ਼ਾਹੋ ਭੂਪ ਵਡ ਨਰੇਸ਼ਾ, ਨਰ ਹਰਿ ਨਰਾਇਣ ਬੇਪਰਵਾਹੀਆ । ਜੁਗ ਚੌਕੜੀ ਧਰ ਧਰ ਵੇਸਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਿਤ ਨਵਿਤ ਜਾਣੇ ਲੇਖਾ, ਲਿਖਣਹਾਰ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੋਬਿੰਦ ਲੇਖ ਗੋਬਿੰਦ ਆਸਾ, ਗੋਬਿੰਦ ਸਰਸੇ ਵਿਚ ਦਬਾਈਆ । ਸੋ ਸਰ ਜਿਸ ਗ੍ਰਿਹ ਗੋਬਿੰਦ ਭਰਵਾਸਾ, ਸੋ ਸਾਬਤ ਇਕੋ ਨਜ਼ਰੀ ਆਈਆ । ਜਿਸ ਦਾ ਆਰ ਪਾਰ ਕਿਨਾਰਾ ਨਜ਼ਰ ਨਾ ਆਏ ਕੋਈ ਪਾਸਾ, ਡੂੰਘਾ ਸਾਗਰ ਗਹਿਰ ਗੰਭੀਰ ਇਕੋ ਇਕ ਰਖਾਈਆ । ਤਿਸ ਮੰਦਰ ਨਾ ਕੋਈ ਲੇਖ ਨਾ ਲਿਖਾਸਾ, ਲਿਖਤ ਨਜ਼ਰ ਕੋਇ ਨਾ ਆਈਆ । ਤਿਸ ਮੰਦਰ ਗੋਬਿੰਦ ਦਾ ਗੋਬਿੰਦ ਕਰੇ ਅਰਦਾਸਾ, ਦੋਏ ਜੋੜ ਸੀਸ ਝੁਕਾਈਆ । ਪਾਰਬ੍ਰਹਮ ਪ੍ਰਭ ਤੇਰਾ ਖੋਲ੍ਹ ਨਾ ਸਕੇ ਕੋਈ ਖ਼ੁਲਾਸਾ, ਪੜਦਾ ਉਪਰ ਨਾ ਕੋਇ ਉਠਾਈਆ । ਕੂੜੀ ਕਿਰਿਆ ਹੋਵੇ ਨਾਸਾ, ਅੰਤ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੋ ਸਰਸਾ ਹਰਿ ਸਤਿਗੁਰ ਚਰਨ, ਗੋਬਿੰਦ ਇਕ ਓਟ ਜਣਾਇੰਦਾ । ਜਿਥੇ ਖੁਲ੍ਹੇ ਨੇਤਰ ਹਰਨ ਫਰਨ, ਜਗਤ ਅੱਖ ਨਾ ਕੋਇ ਰਖਾਇੰਦਾ । ਜਿਸ ਦੁਆਰੇ ਗੁਰ ਅਵਤਾਰ ਪੀਰ ਪੈਗ਼ੰਬਰ ਪੜ੍ਹਨ, ਸੋ ਲਿਖਤ ਗੋਬਿੰਦ ਆਪ ਜਣਾਇੰਦਾ । ਕਲਜੁਗ ਅੰਤਮ ਸ੍ਰੀ ਭਗਵਾਨ ਅਬਿਨਾਸ਼ੀ ਕਰਤਾ ਕਰੇ ਖੇਲ ਹਰਨ ਫਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਨਭਵ ਆਪਣੀ ਧਾਰ ਚਲਾਇੰਦਾ । ਗੋਬਿੰਦ ਲਿਖਤ ਪੜ੍ਹਤ ਦਿਤਾ ਇਸ਼ਾਰਾ, ਸ੍ਰਿਸ਼ਟ ਸਬਾਈ ਗਿਆ ਜਣਾਈਆ । ਵੇਖੇ ਗੋਬਿੰਦ ਖਾਲੀ ਛੱਡ ਕੇ ਗਿਆ ਦੁਆਰਾ, ਪੁਰੀ ਅਨੰਦ ਨਾ ਭਾਗ ਲਗਾਈਆ । ਧਨ ਦੌਲਤ ਪਿਤਾ ਪੁਤ ਨਾ ਕੀਤਾ ਪਿਆਰਾ, ਸਾਕ ਸੱਜਣ ਸੈਣ ਨਾ ਕੋਇ ਰਖਾਈਆ । ਇਕੋ ਪੁਰਖ ਅਕਾਲ ਤੱਕ ਸਹਾਰਾ, ਸਾਚੇ ਮਾਰਗ ਚਲੇ ਵਾਹੋ ਦਾਹੀਆ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਜੀਵ ਜੰਤ ਚਾਰੇ ਖਾਣੀ ਕੂੜ ਪਸਾਰਾ, ਅੰਤ ਰਹਿਣ ਕੋਇ ਨਾ ਪਾਈਆ । ਜਿਸ ਨੇ ਪੁਰਖ ਅਕਾਲ ਦੀਨ ਦਿਆਲ ਸਚ ਸਵਾਮੀ ਇਕੋ ਵਿਚਾਰਾ, ਅੰਤਰ ਆਤਮ ਖੋਜ ਖੁਜਾਈਆ । ਤਿਸ ਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਦਰ ਦਰ ਫਿਰਨ ਭਿਖਾਰਾ, ਭਿਖਿਆ ਮੰਗਣ ਵਾਹੋ ਦਾਹੀਆ । ਸੋ ਸਾਹਿਬ ਅਗੰਮ ਅਪਾਰਾ, ਅਲੱਖ ਅਗੋਚਰ ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਲਾਸ਼ਰੀਕ ਪਰਵਰਦਿਗਾਰਾ ਮੁਕਾਮੇ ਹੱਕ ਏਕੰਕਾਰਾ, ਸਚਖੰਡ ਨਿਵਾਸੀ ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੋਬਿੰਦ ਏਕਾ ਲੇਖ ਜਣਾਈਆ । ਗੋਬਿੰਦ ਲੇਖਾ ਬਿਨ ਲਿਖਤ ਪੜ੍ਹਤ, ਅਖਸ਼ਰ ਵੰਡ ਨਾ ਕੋਇ ਵੰਡਾਈਆ । ਕਲਜੁਗ ਕਰਨੀ ਨਾ ਮੰਗੇ ਧੜਤ, ਆੜ੍ਹਤ ਰੂਪ ਨਾ ਕੋਇ ਵੰਡਾਈਆ । ਆਪਣੇ ਵਿਚੋ ਆਪਣਾ ਲਿਖਿਆ ਲੇਖ ਮੁੜ ਕੱਢੇ ਪਰਤ, ਬਿਨ ਲੇਖਾ ਜਾਣੇ ਕਲਮ ਸ਼ਾਹੀਆ । ਲੱਖ ਚੁਰਾਸੀ ਜੀਵ ਜੰਤ ਸਾਰੇ ਕਰਨ ਹਰਖ, ਸੋਗ ਚਿੰਤਾ ਗ਼ਮ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਡੂੰਘੇ ਸਰ ਆਪਣਾ ਲੇਖਾ ਆਪ ਦਬਾਈਆ । ਡੂੰਘਾ ਸਰ ਸਰਸਾ ਰੂਪ, ਸਾਹਿਬ ਗੋਬਿੰਦ ਆਪ ਜਣਾਇੰਦਾ । ਜਿਸ ਦੀ ਦਿਸ਼ਾ ਨਾ ਕੋਈ ਕੂਟ, ਹਿੱਸਾ ਵੰਡ ਨਾ ਕੋਇ ਵੰਡਾਇੰਦਾ । ਨਜ਼ਰ ਨਾ ਆਏ ਕੋਈ ਸਰੂਪ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸੋ ਲੇਖਾ ਜਾਣੇ ਅਨੂਪ, ਮਹਿਮਾ ਅਕੱਥ ਕੱਥ ਦ੍ਰਿੜਾਇੰਦਾ । ਕਲਜੁਗ ਅੰਤਮ ਪਰਗਟ ਹੋਏ ਸਾਚਾ ਭੂਪ, ਆਪਣਾ ਹੁਕਮ ਆਪਣਾ ਫ਼ਰਮਾਣ, ਧੁਰ ਦੀ ਬਾਣ ਨਿਰਗੁਣ ਸਰਗੁਣ ਧਾਰ ਆਪ ਪਰਗਟਾਇੰਦਾ । ਕਲਜੁਗ ਜੀਵ ਗੁਰ ਕਾ ਲੇਖ ਸਕੇ ਨਾ ਕੋਇ ਪਛਾਣ, ਬੇਪਹਿਚਾਨ ਪਹਿਚਾਨ ਵਿਚ ਕਿਸੇ ਨਾ ਆਇੰਦਾ । ਰਸਨਾ ਜਿਹਵਾ ਢੋਲੇ ਸਾਰੇ ਗਾਣ, ਅੰਦਰ ਵੜ ਮੰਦਰ ਚੜ੍ਹ ਗੋਬਿੰਦ ਧਾਰ ਦਰਸ ਕੋਇ ਨਾ ਪਾਇੰਦਾ । ਜਿਸ ਧਾਰ ਆਪਣਾ ਲੇਖਾ ਗਿਆ ਧਰ, ਤਿਸ ਧਾਰ ਵਿਚੋ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਸਾਚਾ ਹਰਿ, ਗੋਬਿੰਦ ਲੇਖਾ ਹੱਥ ਕਿਸੇ ਨਾ ਆਇੰਦਾ । ਸਤਿਗੁਰ ਪੂਰਾ ਹੋਏ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਬਿਨ ਭਗਤੀਉਂ ਦੇਵੇ ਆਪਣਾ ਦਾਨ, ਨਾਮ ਅਮੁਲੜਾ ਝੋਲੀ ਪਾਈਆ । ਅੰਤਰ ਵੜ ਕੇ ਹੋਏ ਦਇਆਵਾਨ, ਸੁਰਤੀ ਸ਼ਬਦੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਵਖਾਏ ਆਪਣਾ ਘਰ, ਤਿਸ ਦੂਜੀ ਲੋੜ ਰਹੇ ਨਾ ਰਾਈਆ । ਸਤਿਗੁਰ ਪੂਰਾ ਸਦਾ ਸਮਰਥ, ਦੀਨ ਦਿਆਲ ਅਖਵਾਇੰਦਾ । ਜਿਸ ਸਿਰ ਰੱਖੇ ਆਪਣਾ ਹੱਥ, ਦੋ ਜਹਾਨਾਂ ਪੰਧ ਮੁਕਾਇੰਦਾ । ਆਤਮ ਪਰਮਾਤਮ ਜੋੜੇ ਨਾਤ, ਦੂਈ ਦਵੈਤੀ ਮੋਹ ਮਿਟਾਇੰਦਾ । ਅੰਦਰ ਬਾਹਰ ਮੇਟ ਅੰਧੇਰੀ ਰਾਤ, ਨਿਰਗੁਣ ਸਾਚਾ ਚੰਦ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਫੜ ਬਾਹੋ ਪਾਰ ਕਰਾਇੰਦਾ । ਸਤਿਗੁਰ ਪੂਰਾ ਸੱਜਣ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਜੁਗ ਚੌਕੜੀ ਚਲਾਏ ਰੀਤ, ਗੁਰਮੁਖ ਸੱਜਣ ਆਪ ਜਗਾਈਆ । ਮੇਲ ਮਿਲਾਏ ਬਿਨ ਮੰਦਰ ਮਸੀਤ, ਕਾਇਆ ਕਾਅਬਾ ਇਕੋ ਇਕ ਵਖਾਈਆ । ਆਤਮ ਪਰਮਾਤਮ ਪਾਰਬ੍ਰਹਮ ਬ੍ਰਹਮ ਗਾਏ ਇਕੋ ਗੀਤ, ਕਰੇ ਸਚ ਪੜ੍ਹਾਈਆ । ਧਰਮ ਨਿਸ਼ਾਨ ਵਖਾਏ ਠੀਕ, ਘਰ ਘਰ ਵਿਚ ਪੜਦਾ ਲਾਹੀਆ । ਨਜ਼ਰੀ ਆਵੇ ਇਕ ਅਤੀਤ, ਤ੍ਰੈਗੁਣ ਲੇਖਾ ਦਏ ਮੁਕਾਈਆ । ਚਰਨ ਕਵਲ ਹਰਿ ਬਖ਼ਸ਼ੇ ਇਕ ਪ੍ਰੀਤ, ਪੂਜਾ ਪਾਠ ਸਿਮਰਨ ਜੋਗ ਅਭਿਆਸ ਹਠ ਤਪ ਸਾਧਨ ਇਕੋ ਵਿਚ ਸਮਾਈਆ । ਗੁਰੂ ਬਿਨਾਂ ਨਾ ਉਤਰੇ ਪਾਰ, ਨਿਰਗੁਣ ਸਰਗੁਣ ਆਪ ਸਮਝਾਇੰਦਾ । ਬਿਨ ਕਰਨੀ ਕਮਾਈਉਂ ਸਤਿਗੁਰ ਪੂਰਾ ਦੇਵੇ ਤਾਰ, ਮਿਹਰ ਨਜ਼ਰ ਆਪ ਟਿਕਾਇੰਦਾ । ਖੋਲ੍ਹੇ ਦ੍ਰਿਸ਼ਟ ਵਖਾਏ ਇਸ਼ਟ ਸੱਚੇ ਘਰ ਬਾਰ, ਘਰ ਘਰ ਵਿਚ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਖੋਲ੍ਹੇ ਬੰਦ ਕਿਵਾੜ, ਤਿਸ ਦਰ ਆਪਣਾ ਰੰਗ ਰੰਗਾਇੰਦਾ । ਸਮਰਥ ਪੁਰਖ ਸਾਹਿਬ ਸੁਲਤਾਨ, ਆਪਣੇ ਹੱਥ ਰੱਖੇ ਵਡਿਆਈਆ । ਅਨਪੜ੍ਹਿਆਂ ਦੇਵੇ ਆਪ ਗਿਆਨ, ਸੁੱਤਿਆਂ ਜਾਗਦਿਆਂ ਲਏ ਜਗਾਈਆ । ਘਰ ਵਿਚ ਘਰ ਦਰਸ ਦਿਖਾ ਸ੍ਰੀ ਭਗਵਾਨ,

ਆਪਣੀ ਬੂਝ ਦਏ ਬੁਝਾਈਆ । ਉਠ ਸੁੱਤ ਮੇਰੇ ਬਾਲ ਨਾਦਾਨ, ਗੁਰਸਿਖ ਸਾਚੀ ਸੋਝੀ ਪਾਈਆ । ਲੱਭਣਹਾਰਾ ਸਤਿਗੁਰ ਪੂਰਾ ਆਪ ਮਿਹਰਵਾਨ, ਗੁਰਸਿਖ ਲੱਭਣ ਕਦੇ ਕਿਤੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਉਚੇ ਟਿੱਲੇ ਪਰਬਤ ਪਹਾੜ ਸਮੁੰਦ ਸਾਗਰ ਡੂੰਗਰ ਖਾਈ ਹੱਥ ਕਿਸੇ ਨਾ ਆਈਆ ।

✪ ੩੨ ਸਾਵਣ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ ਜੇਠੂਵਾਲ ✪

ਡੰਕਾ ਵੱਜੇ ਦੋ ਜਹਾਨ, ਸੋ ਪੁਰਖ ਨਿਰੰਜਣ ਆਪ ਵਜਾਇੰਦਾ । ਸ਼ਾਹੋ ਭੂਪ ਵਡ ਰਾਜ ਰਾਜਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਦੋ ਜਹਾਨਾਂ ਦਏ ਗਿਆਨ, ਵਿਸ਼ਨ ਬ੍ਰਹਮ ਸ਼ਿਵ ਆਪ ਸਮਝਾਇੰਦਾ । ਧਰਮ ਵਖਾਏ ਇਕ ਨਿਸ਼ਾਨ, ਸਚਖੰਡ ਦੁਆਰੇ ਆਪ ਝੁਲਾਇੰਦਾ । ਲੇਖਾ ਜਾਣੇ ਧੁਰ ਦੀ ਬਾਣ, ਧੁਰਦਰਗਾਹੀ ਹੁਕਮ ਵਰਤਾਇੰਦਾ । ਨਿਰਗੁਣ ਸਰਗੁਣ ਵੇਖੇ ਮਾਰ ਧਿਆਨ, ਲੱਖ ਚੁਰਾਸੀ ਖੋਜ ਖੁਜਾਇੰਦਾ । ਆਤਮ ਪਰਮਾਤਮ ਦੇਵਣਹਾਰਾ ਮਾਣ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਚੁਕਾਇੰਦਾ । ਈਸ਼ ਜੀਵ ਕਰੇ ਧਿਆਨ, ਜਗਦੀਸ ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਦੀ ਧਾਰ ਆਪ ਸਮਝਇੰਦਾ । ਧੁਰ ਦੀ ਧਾਰ ਪੁਰਖ ਸਮਰਥ, ਸੋ ਸਾਹਿਬ ਆਪ ਜਣਾਈਆ । ਨਿਰਵੈਰ ਹੋ ਚਲਾਏ ਰਥ, ਮਹਾਂਸਾਰਥੀ ਸੇਵ ਕਮਾਈਆ । ਪੁਰੀ ਲੋਅ ਆਕਾਸ਼ ਪਾਤਾਲ ਜੁਗ ਚੌਕੜੀ ਖੰਡ ਬ੍ਰਹਿਮੰਡ ਮਥ, ਚਰਨ ਸਰਨ ਬਖ਼ਸ਼ੇ ਇਕ ਸਰਨਾਈਆ । ਲਹਿਣਾ ਜਾਣੇ ਸੀਆਂ ਸਾਢੇ ਤਿੰਨ ਤਿੰਨ ਹੱਥ, ਵਡ ਦਾਤਾ ਬੇਪਰਵਾਹੀਆ । ਜੁਗ ਚੌਕੜੀ ਜਣਾਵਣਹਾਰ ਬੋਧ ਅਗਾਧ ਅਕਥਨਾ ਅਕੱਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚਾ ਭੇਵ ਖੋਲ੍ਹੇ ਨਿਰੰਕਾਰ, ਨਿਰਗੁਣ ਹੱਥ ਵੱਡੀ ਵਡਿਆਈਆ । ਆਦਿ ਜੁਗਾਦਿ ਵਡ ਸ਼ਾਹਕਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਵੇਖਣਹਾਰ ਵਿਚ ਸੰਸਾਰ, ਨਿਰਗੁਣ ਸਰਗੁਣ ਧਾਰ ਪਰਗਟਾਈਆ । ਕਲ ਕਲਕੀ ਲੈ ਅਵਤਾਰ, ਜੋਧਾ ਸੂਰਬੀਰ ਵੇਸ ਵਟਾਈਆ । ਵਸਣਹਾਰਾ ਧਾਮ ਨਿਆਰ, ਸੰਬਲ ਆਪਣਾ ਡੇਰਾ ਲਾਈਆ । ਸਚ ਸੰਦੇਸਾ ਦੇਵੇ ਆਣ, ਨਰ ਨਰੇਸ਼ਾ ਬੇਪਰਵਾਹੀਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਕਰੇ ਪਰਵਾਨ, ਨਾਮ ਪਰਵਾਨਾ ਹੱਥ ਫੜਾਈਆ । ਆਤਮ ਪਰਮਾਤਮ ਦੇਵੇ ਇਕ ਗਿਆਨ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਪੜ੍ਹਾਈਆ । ਕਾਇਆ ਮਹੱਲ ਅਟੱਲ ਉਚ ਮਕਾਨ, ਘਰ ਘਰ ਵਿਚ ਸੋਭਾ ਪਾਈਆ । ਦੀਆ ਬਾਤੀ ਦੀਪਕ ਜੋਤੀ ਜਗੇ ਮਹਾਨ, ਕਮਲਾਪਾਤੀ ਨਿਰਗੁਣ ਨੂਰ ਕਰੇ ਰੁਸ਼ਨਾਈਆ । ਅੰਮ੍ਰਿਤ ਬੂੰਦ ਪਿਆਏ ਸਵਾਂਤੀ, ਠਾਂਡੀ ਠਾਰ ਧਾਰ ਜਣਾਈਆ । ਕਲਜੁਗ ਮੇਟੇ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚਮਕਾਈਆ । ਦਿਵਸ ਰੈਣ ਰਹੇ ਪਰਭਾਤੀ, ਸੰਧਿਆ ਰੂਪ ਨਾ ਕੋਇ ਵਟਾਈਆ । ਚਰਨ ਕਵਲ ਪਤਿਪਰਮੇਸ਼ਵਰ ਇਕੋ ਬੰਨ੍ਹੇ ਨਾਤੀ, ਦੂਜਾ ਨਾਤਾ ਨਜ਼ਰ ਕੋਇ ਨਾ ਆਈਆ । ਨਵ ਨੌ ਚਾਰ ਉਤਰੇ ਪਾਰ ਘਾਟੀ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਮਿੱਤਰ ਪਿਆਰਾ ਮਿਲੇ ਇਕੋ ਸਾਕੀ, ਭਰ ਪਿਆਲਾ ਜਾਮ ਨਾਮ ਪਿਆਈਆ । ਲੇਖਾ ਜਾਣੇ ਮਾਣਸ ਖ਼ਾਕੀ, ਬੰਦ ਤਾਕੀ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਨਰ ਹਰਿ ਨਰਾਇਣ ਆਪ ਕਰਾਇੰਦਾ । ਮਹੱਲ ਅਟੱਲ ਉਚ ਮੁਨਾਰਾ, ਬੰਕ ਦੁਆਰਾ ਇਕ ਸੁਹਾਇੰਦਾ । ਨਿਰਗੁਣ

ਨੂਰ ਕਰ ਉਜਿਆਰਾ, ਸੋਭਾਵੰਤ ਸੋਭਾ ਪਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਲੇਖ ਨਾ ਕੋਇ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਦਿ ਜੁਗਾਦਿ ਜੁਗ ਚੌਕੜੀ ਕਰਦੇ ਗਏ ਨਿਮਸਕਾਰਾ, ਸਜਦਾ ਸੀਸ ਸਰਬ ਝੁਕਾਇੰਦਾ । ਜਲਵਾ ਨੂਰ ਪਰਵਰਦਿਗਾਰਾ, ਬੇਪਰਵਾਹ ਆਪਣੀ ਕਾਰ ਕਮਾਇੰਦਾ । ਕਲਜੁਗ ਅੰਤਮ ਖੇਲ ਕਰੇ ਨਿਆਰਾ, ਤ੍ਰੈਗੁਣ ਅਤੀਤਾ ਠਾਂਡਾ ਸੀਤਾ, ਕਲ ਆਪਣੀ ਧਾਰ ਪਰਗਟਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਸਰਗੁਣ ਸੱਚਾ ਮੀਤਾ, ਸੱਜਣ ਇਕੋ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੂਸਰ ਸੰਗ ਨਾ ਕੋਇ ਬਣਾਇੰਦਾ । ਦੂਸਰ ਸੰਗ ਨਾ ਕੋਇ ਮੀਤ, ਸੱਜਣ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਅਗੰਮ ਅਥਾਹ ਬੇਪਰਵਾਹ ਬੈਠਾ ਰਹੇ ਸਦਾ ਅਤੀਤ, ਘਰ ਸਾਚੇ ਡੇਰਾ ਲਾਈਆ । ਆਦਿ ਜੁਗਾਦਿ ਜੁਗ ਚੌਕੜੀ ਸੁਣਾਵਣਹਾਰਾ ਸਾਚਾ ਗੀਤ, ਮੇਰਾ ਤੇਰਾ ਰਾਗ ਅਲਾਈਆ । ਨਾ ਕੋਈ ਮੰਦਰ ਨਾ ਮਸੀਤ, ਸ਼ਿਵਦਵਾਲਾ ਮੱਠ ਨਜ਼ਰ ਕੋਇ ਨਾ ਆਈਆ । ਨਾ ਕੋਈ ਹਸਤ ਨਾ ਕੋਈ ਕੀਟ, ਨਾ ਕੋਈ ਊਚ ਨਾ ਕੋਈ ਨੀਚ, ਰਾਉ ਰੰਕ ਨਾ ਕੋਇ ਵਖਾਈਆ । ਕਰੇ ਖੇਲ ਸਦਾ ਅਨਡੀਠ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਵਡ ਵੱਡਾ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹਰਿ ਪੁਰਖ ਅਕਾਲ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਚਖੰਡ ਨਿਵਾਸੀ ਦੀਨ ਦਿਆਲ, ਦਇਆਨਿਧ ਠਾਕਰ ਸਵਾਮੀ ਮਿਹਰ ਨਜ਼ਰ ਇਕ ਉਠਾਇੰਦਾ । ਸੰਤ ਸੁਹੇਲੇ ਗੁਰਮੁਖ ਵੇਖੇ ਆਪਣੇ ਲਾਲ, ਲਾਲਨ ਆਪਣੇ ਰੰਗ ਰੰਗਾਇੰਦਾ । ਸ਼ਬਦ ਵਿਚੋਲਾ ਬਣ ਦਲਾਲ, ਸਾਚਾ ਹੱਟ ਇਕ ਖੁਲ੍ਹਾਇੰਦਾ । ਪੁੱਛਣਹਾਰ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਨਿਰਵੈਰ ਆਪਣਾ ਘਰ ਵਖਾਇੰਦਾ । ਲੱਖ ਚੁਰਾਸੀ ਵਿਚੋ ਭਾਲ, ਭਗਤ ਭਗਵੰਤ ਮੇਲ ਮਿਲਾਇੰਦਾ । ਅੰਤ ਖਾਏ ਨਾ ਕੋਈ ਕਾਲ, ਜਮ ਕਾ ਡੰਡ ਨਾ ਕੋਇ ਵਖਾਇੰਦਾ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਵਡਿਆਇੰਦਾ । ਜੋਤ ਨਿਰੰਜਣ ਦੀਪਕ ਬਾਲ, ਆਦਿ ਨਿਰੰਜਣ ਵੇਖ ਵਖਾਇੰਦਾ । ਅੰਮ੍ਰਿਤ ਆਤਮ ਜਾਮ ਦਏ ਪਿਆਲ, ਨਿਝਰ ਝਿਰਨਾ ਆਪ ਝਿਰਾਇੰਦਾ । ਆਤਮ ਸੇਜਾ ਦਏ ਸੁਆਲ, ਸੇਜ ਸੁਹੰਜਣੀ ਇਕ ਵਡਿਆਇੰਦਾ । ਕਾਇਆ ਮਾਟੀ ਵੇਖਣਹਾਰਾ ਹੱਡ ਮਾਸ ਨਾੜੀ ਖਾਲ, ਰਕਤ ਬੂੰਦ ਫੋਲ ਫੋਲਾਇੰਦਾ । ਜੁਗ ਜੁਗ ਚਲੇ ਅਵੱਲੜੀ ਚਾਲ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਗੁਣ ਅਪਣੀ ਕਾਰ ਆਪ ਕਮਾਇੰਦਾ । ਨਿਰਗੁਣ ਕਾਰ ਕਰੇ ਕਰਤਾਰ, ਕਰਨੀ ਆਪਣੇ ਹੱਥ ਰਖਾਈਆ । ਸਚਖੰਡ ਨਿਵਾਸੀ ਸਾਚੇ ਤਖ਼ਤ ਬੈਠ ਸੱਚੇ ਦਰਬਾਰ, ਦਰਗਾਹ ਸਾਚੀ ਸੋਭਾ ਪਾਈਆ । ਨਾ ਕੋਈ ਦਿਸੇ ਚੋਬਦਾਰ, ਦਰ ਦਰਵੇਸ਼ ਨਜ਼ਰ ਕੋਇ ਨਾ ਆਈਆ । ਨਾ ਕੋਈ ਮੰਗੇ ਦਰ ਭਿਖਾਰ, ਭਿੱਖਕ ਰੂਪ ਨਾ ਕੋਇ ਵਟਾਈਆ । ਨਾ ਕੋਈ ਗੁਰੂ ਪੀਰ ਅਵਤਾਰ, ਸਾਧ ਸੰਤ ਸੰਗ ਨਾ ਕੋਇ ਰਖਾਈਆ । ਨਾ ਕੋਈ ਸ਼ਾਸਤਰ ਸਿਮਰਤ ਵੇਦ ਕਰੇ ਵਿਚਾਰ, ਨਾ ਕੋਈ ਅੰਜੀਲ ਕੁਰਾਨ ਰਿਹਾ ਉਚਾਰ, ਤੀਸ ਬਤੀਸ ਹਦੀਸ ਕਰੇ ਨਾ ਕੋਇ ਪੜ੍ਹਾਈਆ । ਨਾ ਕੋਈ ਪੀਰ ਪੈਗ਼ੰਬਰ ਨਾ ਕੋਈ ਦਿਸੇ ਯਾਰ, ਮੁੱਲਾਂ ਸ਼ੇਖ਼ ਮਸਾਇਕ ਰੂਪ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ ।

੧੬੩
੧੫

ਸਾਚੀ ਕਰਨੀ ਕਮਾਵੇ ਜਗ, ਜਗਜੀਵਣ ਦਾਤੇ ਹੱਥ ਵਡਿਆਈਆ । ਜੁਗ ਚੌਕੜੀ ਨਵ ਨੌ ਚਾਰ ਗਏ ਲੰਘ, ਕਲਜੁਗ ਅੰਤਮ ਵੇਲਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੋਹਲੇ ਢੋਲੇ ਗਾ ਕੇ ਗਏ ਛੰਦ, ਰਸਨਾ ਜਿਹਵਾ ਬੱਤੀ ਦੰਦ ਕਰ ਪੜ੍ਹਾਈਆ । ਸੀਸ ਝੁਕੌਂਦੇ ਰਹੇ ਦੀਨ ਦਿਆਲ ਸਾਹਿਬ ਬਖ਼ਸ਼ੰਦ, ਸਜਦਾ ਇਕੋ ਇਕ ਜਣਾਈਆ । ਮੰਗਦੇ ਰਹੇ ਪਰਮਾਨੰਦ, ਨਿਜ ਆਤਮ ਹੋਏ ਰਸਾਈਆ । ਨਾਤਾ ਤੁਟੇ ਦੂਈ ਦਵੈਤੀ ਝੂਠੀ ਕੰਧ, ਭਾਂਡਾ ਭਰਮ ਭੌ ਭਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੇਵੇ ਗੰਢ, ਦਿਤੀ ਗੰਢ ਨਾ ਕੋਇ ਖੁਲ੍ਹਾਈਆ । ਸੁਰਤ ਸਵਾਣੀ ਨਾ ਹੋਵੇ ਰੰਡ, ਗੁਰ ਸ਼ਬਦੀ ਮੇਲਾ ਸਹਿਜ ਸੁਭਾਈਆ । ਆਵਣ ਜਾਵਣ ਦੋ ਜਹਾਨ ਲੱਖ ਚੁਰਾਸੀ ਮੁੱਕੇ ਪੰਧ, ਮਾਤ ਗਰਭ ਫੇਰਾ ਕੋਇ ਨਾ ਪਾਈਆ । ਨਰ ਨਿਰੰਕਾਰ ਸਦਾ ਵਸੇ ਸੰਗ, ਸਾਚਾ ਸੰਗ ਨਿਭਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਬੇਨਜ਼ੀਰ ਇਕੋ ਇਕ ਉਠਾਈਆ । ਬੇਨਜ਼ੀਰ ਲਾਸ਼ਰੀਕ, ਸ਼ਿਰਕਤ ਵਿਚ ਕਦੇ ਨਾ ਆਇੰਦਾ । ਕਲਜੁਗ ਅੰਤਮ ਮੇਟੇ ਅੰਧੇਰਾ ਤਾਰੀਕ, ਨੂਰੀ ਚੰਦ ਇਕ ਚਮਕਾਇੰਦਾ । ਈਸਾ ਮੂਸਾ ਮੁਹੰਮਦ ਮੰਗਦੇ ਗਏ ਭੀਖ, ਅੰਤਰ ਆਤਮ ਧਿਆਨ ਸਰਬ ਲਗਾਇੰਦਾ । ਪਰਵਰਦਿਗਾਰ ਬੇਪਰਵਾਹ ਵਡ ਅਮਾਮ ਤੇਰਾ ਗਾਉਂਦੇ ਗਏ ਗੀਤ, ਰਸਨਾ ਜਿਹਵਾ ਸਿਫ਼ਤ ਸਾਲਾਹਿੰਦਾ । ਅੰਜੀਲ ਕੁਰਾਨ ਲੇਖਾ ਦੱਸਦੇ ਗਏ ਹਦੀਸ, ਮਸਲਾ ਹੱਕ ਹੱਕ ਸਮਝਾਇੰਦਾ । ਤ੍ਰੈਭਵਨ ਧਨੀ ਸਾਹਿਬ ਸਤਿਗੁਰ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਮੁਰੀਦ ਮੁਰਸ਼ਦ ਵਸੇ ਚੀਤ, ਚੇਤਨ ਧਾਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਆਪਣੀ ਕਾਰ ਕਮਾਇੰਦਾ । ਨਿਰਗੁਣ ਸਰਗੁਣ ਕਰੇ ਧੰਦਾ, ਨਜ਼ਰ ਕਿਸੇ ਨਾ ਆਈਆ । ਦੇਵੇ ਵਡਿਆਈ ਪੰਜ ਤਤ ਖ਼ਾਕੀ ਬੰਦਾ, ਖ਼ਾਲਸ ਆਪਣਾ ਭੇਵ ਚੁਕਾਈਆ । ਸਾਹਿਬ ਠਾਕਰ ਸਦ ਬਖ਼ਸ਼ੰਦਾ, ਬਖ਼ਸ਼ਿਸ਼ ਇਕੋ ਝੋਲੀ ਪਾਈਆ । ਏਥੇ ਓਥੇ ਆਰ ਪਾਰ ਮੰਝਧਾਰ ਵਖਾਏ ਆਪਣਾ ਕੰਢਾ, ਨਈਆ ਸਾਗਰ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਵੇਖੇ ਚਾਈਂ ਚਾਈਆ । ਜੁਗ ਚੌਕੜੀ ਵੇਖ ਵਖਾਉਂਦਾ ਏ । ਸੋ ਪੁਰਖ ਨਿਰੰਜਣ ਵੇਸ ਵਟਾਉਂਦਾ ਏ । ਹਰਿ ਪੁਰਖ ਨਿਰੰਜਣ ਨਿਰਗੁਣ ਧਾਰ ਚਲਾਉਂਦਾ ਏ । ਏਕੰਕਾਰਾ ਆਪਣੀ ਕਲ ਵਖਾਉਂਦਾ ਏ । ਆਦਿ ਨਿਰੰਜਣ ਜੋਤੀ ਨੂਰ ਡਗਮਗਾਉਂਦਾ ਏ । ਅਬਿਨਾਸ਼ੀ ਕਰਤਾ ਸ਼ਾਹੋ ਭੂਪ ਨਾਮ ਧਰਾਉਂਦਾ ਏ । ਸ੍ਰੀ ਭਗਵਾਨ ਹੁਕਮ ਵਰਤਾਉਂਦਾ ਏ । ਪਾਰਬ੍ਰਹਮ ਪ੍ਰਭ ਸੀਸ ਝੁਕੌਂਦਾ ਏ । ਬ੍ਰਹਮ ਆਪਣੀ ਵੰਡ ਵੰਡੌਂਦਾ ਏ । ਨਿਹਕਰਮੀ ਕਰਮ ਕਮੌਂਦਾ ਏ । ਸਾਚੀ ਸਰਨ ਇਕ ਦਰਸੌਂਦਾ ਏ । ਚਰਨ ਕਵਲ ਇਕ ਵਡਿਔਂਦਾ ਏ । ਧਰਨੀ ਧਰਤ ਧਵਲ ਸੋਭਾ ਪਾਉਂਦਾ ਏ । ਨਿਰਗੁਣ ਸਰਗੁਣ ਖੇਲ ਕਰਾਉਂਦਾ ਏ । ਗੁਰ ਅਵਤਾਰ ਭੇਵ ਚੁਕਾਉਂਦਾ ਏ । ਸ਼ਬਦ ਜੈਕਾਰ ਢੋਲਾ ਗਾਉਂਦਾ ਏ । ਨਾਉਂ ਨਿਰੰਕਾਰ ਆਪ ਦ੍ਰਿੜ੍ਹਾਉਂਦਾ ਏ । ਮਹੱਲ ਅਟੱਲ ਇਕ ਰੁਸ਼ਨਾਉਂਦਾ ਏ । ਦੀਆ ਬਾਤੀ ਆਪ ਜਗਾਉਂਦਾ ਏ । ਕਮਲਾਪਾਤੀ ਸੋਭਾ ਪਾਉਂਦਾ ਏ । ਸੂਰਜ ਚੰਨ ਆਪ ਚਮਕਾਉਂਦਾ ਏ । ਮੰਡਲ ਮੰਡਪ ਡੇਰਾ ਲਾਉਂਦਾ ਏ । ਜ਼ਿਮੀ ਅਸਮਾਨ ਰੰਗ ਰੰਗੌਂਦਾ ਏ । ਗਗਨ ਗਗਨੰਤਰ ਖੋਜ ਖੁਜੌਂਦਾ ਏ । ਸਾਚਾ ਮੰਤਰ ਇਕ ਸਮਝੌਂਦਾ ਏ । ਲੱਖ ਚੁਰਾਸੀ ਬਣਤਰ ਆਪ ਬਣੌਂਦਾ ਏ । ਤ੍ਰੈਗੁਣ ਮਾਇਆ



੧੬੪ ੧੫

ਲਾਹ ਬਸੰਤਰ, ਅਗਨੀ ਇਕੋ ਇਕ ਵਖਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਉਂਦਾ ਏ । ਆਪਣਾ ਖੇਲ ਆਪ ਰਚਾਉਂਦਾ ਏ । ਨਿਰਗੁਣ ਸਰਗੁਣ ਧਾਰ ਬੰਧਾਉਂਦਾ ਏ । ਲੱਖ ਚੁਰਾਸੀ ਆਪ ਰਚਾਉਂਦਾ ਏ । ਅੰਡਜ ਜੇਰਜ ਵੰਡ ਵੰਡਾਉਂਦਾ ਏ । ਉਤਭਜ ਸੇਤਜ ਬਣਤ ਬਣਾਉਂਦਾ ਏ । ਸ਼ਬਦ ਧਾਰ ਇਕ ਸੁਣਾਉਂਦਾ ਏ । ਬੇਪਰਵਾਹ ਕਾਰ ਕਮਾਉਂਦਾ ਏ । ਖੋਲ੍ਹ ਕਿਵਾੜ ਬੰਕ ਸੁਹਾਉਂਦਾ ਏ । ਹੋ ਉਜਿਆਰ ਨੂਰ ਚਮਕਾਉਂਦਾ ਏ । ਬਣ ਕੇ ਯਾਰ ਸੰਗ ਨਿਭਾਉਂਦਾ ਏ । ਪਾਰਬ੍ਰਹਮ ਪ੍ਰਭ ਭੇਵ ਖੁਲਾਉਂਦਾ ਏ । ਬ੍ਰਹਮ ਆਪਣਾ ਘਰ ਵਖਾਉਂਦਾ ਏ । ਕਾਇਆ ਮਾਸ ਨਾੜੀ ਚੰਮ ਹੱਡ ਗੰਢ ਪਵਾਉਂਦਾ ਏ । ਪਵਣ ਸਵਾਸ ਦੇ ਕੇ ਦਮ, ਰਸਨਾ ਜਿਹਵਾ ਨਾਲ ਰਲਾਉਂਦਾ ਏ । ਸਾਚਾ ਨੂਰ ਚਾੜ੍ਹ ਚੰਨ, ਘਰ ਘਰ ਵਿਚ ਦੀਪਕ ਆਪ ਜਗਾਉਂਦਾ ਏ । ਲੇਖਾ ਜਾਣ ਮੱਤ ਬੁੱਧ ਮਨ, ਮਨਸਾ ਜਗਤ ਨਾਲ ਪਰਨਾਉਂਦਾ ਏ । ਸਰਵਣ ਸਰੋਤੇ ਲਾ ਕੰਨ, ਨੇਤਰ ਅੱਖ ਅੱਖਾਂ ਨਾਲ ਮਿਲਾਉਂਦਾ ਏ । ਆਪ ਹੋ ਕੇ ਸਭ ਤੋਂ ਵੱਖ, ਹਰਿਜੂ ਆਪਣੀ ਕਾਰ ਕਮਾਉਂਦਾ ਏ । ਜੁਗ ਚੌਕੜੀ ਮਾਰਗ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰ ਨਿਸ਼ਅੱਖਰ ਅੱਖਰ ਆਪ ਪੜ੍ਹਾਉਂਦਾ ਏ । ਨਿਰਵੈਰ ਹੋ ਕੇ ਅੰਦਰ ਵਸ, ਸਾਚੀ ਕਰਨੀ ਆਪ ਕਮਾਉਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਮੁਕਾਏ ਨੱਠ ਨੱਠ, ਪਾਂਧੀ ਬਣ ਕੇ ਫੇਰਾ ਪਾਉਂਦਾ ਏ । ਨਿਰਗੁਣ ਸਰਗੁਣ ਸਤਿ ਸਤਿਵਾਦੀ ਨਾਮ ਰਟ, ਰੱਟਾ ਦੋ ਜਹਾਨ ਚੁਕਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਦੀ ਧਾਰ ਆਪ ਪਰਗਟਾਉਂਦਾ ਏ । ਧੁਰ ਦੀ ਧਾਰ ਆਪ ਪਰਗਟਾਉਂਦਾ ਏ । ਪੁਰਖ ਅਬਿਨਾਸ਼ੀ ਖੇਲ ਕਰਾਉਂਦਾ ਏ । ਸਚਖੰਡ ਨਿਵਾਸੀ ਵੇਸ ਵਟਾਉਂਦਾ ਏ । ਜੋਤ ਪਰਕਾਸ਼ੀ ਨੂਰ ਧਰਾਉਂਦਾ ਏ । ਆਦਿ ਜੁਗਾਦੀ ਸਾਚਾ ਸਾਥੀ, ਸਗਲਾ ਸੰਗ ਨਿਭਾਉਂਦਾ ਏ । ਬਿਨ ਅੱਖਰਾਂ ਦੱਸੇ ਪੂਜਾ ਪਾਠੀ, ਅੰਤਰ ਮੰਤਰ ਇਕ ਦ੍ਰਿੜਾਉਂਦਾ ਏ । ਲਹਿਣਾ ਚੁਕਾਏ ਦਿਵਸ ਰਾਤੀ, ਘੜੀ ਪਲ ਨਾ ਵੰਡ ਵੰਡਾਉਂਦਾ ਏ । ਬੋਧ ਅਗਾਧ ਸੁਣਾਏ ਗਾਥੀ, ਭੇਵ ਅਭੇਦਾ ਆਪ ਖੁਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਨੀ ਆਪ ਕਮਾਉਂਦਾ ਏ । ਜੁਗ ਕਰਨੀ ਕਾਰ ਕਮਾਉਂਦਾ ਏ । ਧੁਰ ਦਾ ਪਿਆਰ ਤੋੜ ਨਿਭਾਉਂਦਾ ਏ । ਮਿੱਤਰ ਪਿਆਰਾ ਇਕ ਅਖਵਾਉਂਦਾ ਏ । ਸਾਂਝਾ ਯਾਰ ਨਾਉਂ ਪਰਗਟਾਉਂਦਾ ਏ । ਧੁਰ ਕਲਾਮ ਆਪ ਸਮਝਾਉਂਦਾ ਏ । ਵਡ ਅਮਾਮ ਵੇਖ ਵਖਾਉਂਦਾ ਏ । ਨਗ਼ਮਾ ਇਕੋ ਇਕ ਅਲਾਉਂਦਾ ਏ । ਸਲਾਮ ਸਭ ਨੂੰ ਆਪ ਪੁਚਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਖੇਲ ਆਪ ਵਖਾਉਂਦਾ ਏ । ਸਾਚੀ ਖੇਲ ਆਪ ਵਖਾਉਂਦਾ ਏ । ਗੁਰ ਅਵਤਾਰ ਹੁਕਮ ਮਨਾਉਂਦਾ ਏ । ਧੁਰ ਦੀ ਧਾਰ ਰਾਹੇ ਪਾਉਂਦਾ ਏ । ਸ਼ਬਦ ਨਗਾਰ ਢੋਲ ਵਜਾਉਂਦਾ ਏ । ਅਨਹਦ ਨਿੱਕੀ ਨਿੱਕੀ ਗੁਫ਼ਤਾਰ, ਘਰ ਘਰ ਮੰਗਲ ਗੀਤ ਅਲਾਉਂਦਾ ਏ । ਆਪ ਬੋਲ ਸਚ ਜੈਕਾਰ, ਧੁਰ ਸੰਦੇਸ਼ ਆਪ ਸਮਝਾਉਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤਿਆ ਵਿਚ ਸੰਸਾਰ, ਥਿਰ ਰਹਿਣ ਕੋਇ ਨਾ ਪਾਉਂਦਾ ਏ । ਪੰਜ ਤਤ ਚੋਲਾ ਛੱਡ ਗਏ ਗੁਰੂ ਅਵਤਾਰ, ਗੁਰ ਸ਼ਬਦੀ ਇਕੋ ਸੋਭਾ ਪਾਉਂਦਾ ਏ । ਜਿਸ ਦਾ ਡੰਕਾ ਵੱਜੇ ਸਦਾ ਸੰਸਾਰ, ਰਾਓ ਰੰਕ ਆਪ ਜਗਾਉਂਦਾ ਏ । ਸੋ ਸਾਹਿਬ ਕਰੇ ਖੇਲ ਕਰਤਾਰ, ਕੁਦਰਤ ਕਾਦਰ ਵੇਖ ਵਖਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਭੇਵ ਆਪ ਚੁਕਾਉਂਦਾ ਏ । ਆਪਣਾ ਭੇਵ ਆਪ ਚੁਕਾਉਂਦਾ ਏ । ਨਿਰਗੁਣ ਆਪਣਾ ਵੇਸ ਵਟਾਉਂਦਾ ਏ । ਨਿਹਕਲੰਕ ਨਾਉਂ


੧੬੫ ੧੫

ਪਰਗਟਾਉਂਦਾ ਏ । ਜੋਤੀ ਜੋਤ ਜੋਤ ਰੁਸ਼ਨਾਉਂਦਾ ਏ । ਸ਼ਬਦ ਬੋਧ ਅਗਾਧ ਸੁਣਾਉਂਦਾ ਏ । ਗੁਰਮੁਖ ਵਿਰਲੇ ਸੰਤ ਸਾਧ ਉਠਾਉਂਦਾ ਏ । ਲੱਖ ਚੁਰਾਸੀ ਵਿਚੋ ਕਾਢ, ਨਿਰਗੁਣ ਆਪਣਾ ਮੇਲ ਮਿਲਾਉਂਦਾ ਏ । ਪੁਰਖ ਅਕਾਲ ਕਰੇ ਲਾਡ, ਜੋਤੀ ਮਾਤਾ ਗੋਦ ਸੁਹਾਉਂਦਾ ਏ । ਸਤਿ ਪੁਰਖ ਨਿਰੰਜਣ ਬਣਿਆ ਸਾਕ, ਸਗਲਾ ਸੰਗ ਬਣਾਉਂਦਾ ਏ । ਬਜਰ ਕਪਾਟੀ ਖੋਲ੍ਹ ਤਾਕ, ਤਕਵਾ ਇਕੋ ਇਕ ਰਖਾਉਂਦਾ ਏ । ਕਲ ਮੇਟ ਅੰਧੇਰੀ ਰਾਤ, ਸ਼ਮਾਂ ਦੀਪ ਇਕ ਜਗਾਉਂਦਾ ਏ । ਜੁਗ ਵਿਛੜਿਆਂ ਪੁੱਛੇ ਵਾਤ, ਅੰਤਮ ਮੇਲਾ ਆਪ ਮਿਲਾਉਂਦਾ ਏ । ਦੁਰਮਤ ਮੈਲ ਦੇਵੇ ਕਾਟ, ਅੰਮ੍ਰਿਤ ਮੇਘ ਇਕ ਬਰਸਾਉਂਦਾ ਏ । ਲੇਖਾ ਚੁੱਕੇ ਚੌਦਾਂ ਲੋਕ ਹਾਟ, ਜਿਸ ਜਨ ਆਪਣੇ ਘਰ ਵਸਾਉਂਦਾ ਏ । ਅਠਸਠ ਤੀਰਥ ਨਾ ਕੋਈ ਤਾਟ, ਸਚ ਸਰੋਵਰ ਆਪ ਨੁਹਾਉਂਦਾ ਏ । ਮੇਲ ਮਿਲਾਵਾ ਪੁਰਖ ਸਮਰਾਥ, ਆਵਣ ਜਾਵਣ ਪੰਧ ਚੁਕਾਉਂਦਾ ਏ । ਸਾਚੇ ਪੱਤਣ ਪਾਲੀ ਬੈਠਾ ਘਾਟ, ਫੜ ਬੇੜੇ ਆਪ ਚੜ੍ਹੌਂਦਾ ਏ । ਕਲਜੁਗ ਅੰਤਮ ਮੇਟੇ ਵਾਟ, ਪਾਂਧੀ ਆਪਣਾ ਫੇਰਾ ਪੌਂਦਾ ਏ । ਭਗਤ ਭਗਵੰਤ ਲਏ ਰਾਖ, ਸਿਰਜਣਹਾਰ ਘਰ ਘਰ ਵੇਖ ਵਖੌਂਦਾ ਏ । ਲੇਖਾ ਚੁਕੇ ਜਾਤ ਪਾਤ, ਚਾਰ ਵਰਨ ਏਕਾ ਗੰਢ ਬੰਧਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਹੁਕਮ ਵਰਤਾਉਂਦਾ ਏ । ਨਿਰਗੁਣ ਸਾਚਾ ਹੁਕਮ ਵਰਤੌਂਦਾ ਏ । ਦੋ ਜਹਾਨਾਂ ਪੜ੍ਹਦਾ ਲੌਂਹਦਾ ਏ । ਸ਼ਬਦ ਗੁਰੂ ਬਲਕਾਰ ਇਕ ਅਖਵੌਂਦਾ ਏ । ਨਾਮ ਖੰਡਾ ਤਿੱਖੀ ਧਾਰ, ਆਪ ਚਮਕੌਂਦਾ ਏ । ਨਾ ਕੋਈ ਘੜੇ ਲੁਹਾਰ ਤਰਖਾਣ, ਬਾਢੀ ਨਜ਼ਰ ਕੋਇ ਨਾ ਆਉਂਦਾ ਏ । ਪੁਰਖ ਅਕਾਲ ਆਵੇ ਵਿਚ ਮੈਦਾਨ, ਸਾਚੀ ਮਜਲਸ ਆਪ ਲਗਾਉਂਦਾ ਏ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਧਾਰ ਰੂਪ ਵਟਾਉਂਦਾ ਏ । ਨਿਰਗੁਣ ਸਰਗੁਣ ਸਾਚਾ ਰੂਪ ਵਖਾਏ ਕਾਹਨ, ਗੁਰਮੁਖ ਸਖੀ ਆਪ ਪਰਨਾਉਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਵੇਖੇ ਮਾਰ ਧਿਆਨ, ਪੂਰਬ ਲਹਿਣਾ ਫੋਲ ਫੁਲਾਉਂਦਾ ਏ । ਬਿਨ ਪੜ੍ਹਿਆਂ ਦੇਵੇ ਗਿਆਨ, ਅੱਖਰ ਇਕੋ ਇਕ ਸਮਝਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਚੀ ਖੇਲ ਵਖਾਉਂਦਾ ਏ । ਹਰਿ ਸਾਚੀ ਖੇਲ ਵਖਾਉਂਦਾ ਏ । ਘਰ ਮੰਦਰ ਅੰਦਰ ਵੜ ਕੇ ਆਪਣਾ ਗੀਤ ਅਲਾਉਂਦਾ ਏ । ਸਾਚੇ ਪੌੜੇ ਸਾਹਿਬ ਚੜ੍ਹ ਕੇ, ਮਹੱਲ ਅਟੱਲ ਇਕ ਰੁਸ਼ਨਾਉਂਦਾ ਏ । ਸੁਰਤ ਸਵਾਣੀ ਡੂੰਘੀ ਭਵਰੋ ਫੜ ਕੇ, ਪਾਰ ਕਿਨਾਰੇ ਆਪ ਲਗਾਉਂਦਾ ਏ । ਸ਼ਬਦ ਹਾਣੀ ਨਾਲ ਜੋੜ ਜੜ ਕੇ, ਸਾਚੀ ਸੇਜਾ ਆਪ ਸੁਹਾਉਂਦਾ ਏ । ਆਪੇ ਵੇਖੇ ਅੱਗੇ ਖੜ ਕੇ, ਮੁਖ ਪੜਦਾ ਨਾ ਕੋਇ ਰਖਾਉਂਦਾ ਏ । ਜਿਹੜਾ ਹੱਥ ਨਾ ਆਇਆ ਮਰ ਕੇ, ਸੋ ਜੀਂਵਦਿਆਂ ਜੀਵ ਜੀਵ ਬਦਲਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਆਪ ਰੰਗਾਉਂਦਾ ਏ । ਆਪਣਾ ਰੰਗ ਪ੍ਰਭੁ ਰੰਗਾਉਂਦਾ ਏ । ਕਲਜੁਗ ਅੰਤ ਵੇਖ ਵਖਾਉਂਦਾ ਏ । ਗੁਰਮੁਖ ਸਾਚੇ ਸੱਜਣ ਉਠਾਉਂਦਾ ਏ । ਫੜ ਬਾਹੋ ਗੋਦ ਬਠਾਉਂਦਾ ਏ । ਜਨਮ ਜਨਮ ਦਾ ਰੋਗ ਮਿਟਾਉਂਦਾ ਏ । ਚਿੰਤਾ ਸੋਗ ਨਾ ਕੋਇ ਰਖਾਉਂਦਾ ਏ । ਸਾਚਾ ਜੋਗ ਇਕ ਸਮਝਾਉਂਦਾ ਏ । ਧੁਰ ਸੰਜੋਗ ਮੇਲ ਮਿਲਾਉਂਦਾ ਏ । ਘਰ ਵਿਜੋਗ ਨਾ ਕੋਇ ਵਡਿਆਉਂਦਾ ਏ । ਕਿਲਾ ਕੋਟ ਇਕ ਵਸਾਉਂਦਾ ਏ । ਚੋਟ ਨਗਾਰੇ ਨਾਮ ਲਗਾਉਂਦਾ ਏ । ਨਿਰਮਲ ਜੋਤ ਜੋਤ ਜਗਾਉਂਦਾ ਏ । ਘਰ ਘਰ ਗੁਰਮੁਖ ਪਹੁੰਚ, ਆਪ ਆਪਣਾ ਮੇਲ ਮਿਲਾਉਂਦਾ ਏ । ਸ੍ਰੀ ਭਗਵਾਨ ਜਨ ਭਗਤਾਂ ਮਿਲਣ ਦਾ ਰੱਖੇ ਸਦਾ ਸ਼ੌਕ, ਬਣ ਕੇ ਸ਼ੌਹਰ ਨਾਰ ਕੰਤ ਹੰਢਾਉਂਦਾ ਏ । ਲੱਖ ਚੁਰਾਸੀ ਮਚਾਏ ਸ਼ੋਰ, ਨੇਤਰ ਨੈਣ ਸਤਿਗੁਰ ਪੂਰੇ ਦਰਸ

ਕੋਇ ਨਾ ਪਾਉਂਦਾ ਏ । ਕੋਈ ਕਹੇ ਉਚੇ ਟਿਲੇ ਪਰਬਤ ਪਰਗਟ ਹੋਣਾ ਪੂਤ ਸਪੂਤਾ ਬ੍ਰਾਹਮਣ ਗੌੜ, ਸਾਚੇ ਆਸਣ ਸੋਭਾ ਪਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਉਂਦਾ ਏ । ਆਪਣਾ ਭੇਵ ਆਪਣੇ ਹੱਥ ਰਖਾਉਂਦਾ ਏ । ਸਮਰਥ ਕਾਰ ਕਮਾਉਂਦਾ ਏ । ਬੋਲ ਅਲੱਖ, ਅਲਖ ਨਾਮ ਜਣਾਉਂਦਾ ਏ । ਜਨ ਭਗਤਾਂ ਮਾਰਗ ਦੱਸ, ਦਹਿ ਦਿਸ਼ਾ ਮੇਲ ਮਿਲਾਉਂਦਾ ਏ । ਅੰਦਰ ਵੜ ਜਾਏ ਹੱਸ ਹੱਸ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਉਂਦਾ ਏ । ਤੀਰ ਨਿਸ਼ਾਨਾ ਨਾਮ ਮਾਰੇ ਕਸ ਕਸ, ਅਣਿਆਲਾ ਆਪ ਚਲਾਉਂਦਾ ਏ । ਬੁਰਜ ਹੰਕਾਰੀ ਜਾਏ ਢੱਠ, ਕੂੜੀ ਕਿਰਿਆ ਮੇਟ ਮਿਟਾਉਂਦਾ ਏ । ਮਨ ਖੇੜਾ ਹੋਵੇ ਭੱਠ, ਕੂੜੀ ਅਗਨੀ ਆਪ ਜਲਾਉਂਦਾ ਏ । ਸਚ ਦੁਆਰੇ ਖੋਲ੍ਹ ਕੇ ਹੱਟ, ਘਰ ਘਰ ਵਿਚ ਆਪ ਪਰਗਟਾਉਂਦਾ ਏ । ਕਰੇ ਸਵਾਂਗ ਬਣ ਨਟੂਆ ਨਟ, ਨਟ ਨਟੂਆ ਆਪਣੀ ਧਾਰ ਜਣਾਉਂਦਾ ਏ । ਗੁਰਮੁਖ ਵਿਰਲੇ ਦੇਵੇ ਮੱਤ, ਜਿਸ ਆਪਣਾ ਬ੍ਰਹਮ ਗਿਆਨ ਦ੍ਰਿੜਾਉਂਦਾ ਏ । ਨਾੜ ਬਹੱਤਰ ਨਾ ਉਬਲੇ ਰਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਉਂਦਾ ਏ । ਹਿਰਦੇ ਹਰਿ ਜੂ ਜਾਏ ਵਸ, ਵਾਸਤਾ ਆਪਣੇ ਨਾਲ ਪਾਉਂਦਾ ਏ । ਨਾਨਕ ਗੋਬਿੰਦ ਈਸਾ ਮੂਸਾ ਮੁਹੰਮਦ ਗਿਆ ਦੱਸ, ਕਲਜੁਗ ਵੇਲਾ ਅੰਤ ਆਪ ਸੁਹਾਉਂਦਾ ਏ । ਪਰਗਟ ਹੋਏ ਪੁਰਖ ਸਮਰਥ, ਕਲ ਕਲਕੀ ਵੇਸ ਵਟਾਉਂਦਾ ਏ । ਜਿਸ ਦਾ ਨਾਮ ਆਦਿ ਜੁਗਾਦਿ ਜੁਗ ਚੌਕੜੀ ਰਸਨਾ ਜਿਹਵਾ ਰਹੇ ਰਟ, ਬੱਤੀ ਦੰਦ ਸਿਫ਼ਤ ਸਲਾਹੁੰਦਾ ਏ । ਸੋ ਸਾਹਿਬ ਕਰੇ ਜੋਤ ਪਰਕਾਸ਼, ਪਰਕਾਸ਼ਵਾਨ ਇਕੋ ਨਜ਼ਰੀ ਆਉਂਦਾ ਏ । ਸਾਚੇ ਮੰਡਲ ਪਾਏ ਰਾਸ, ਗੋਪੀ ਕਾਹਨ ਨਾਚ ਨਚਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਜਨ ਭਗਤਾਂ ਪੂਰੀ ਕਰੇ ਆਸ, ਨਿਰਾਸਾ ਕੋਇ ਨਜ਼ਰ ਨਾ ਆਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਆਪਣੀ ਧਾਰ ਬਨ੍ਹਾਉਂਦਾ ਏ । ਕਲ ਆਪਣੀ ਧਾਰ ਬਨ੍ਹਾਵੇਗਾ । ਪ੍ਰਭ ਅਚਰਜ ਖੇਲ ਰਚਾਵੇਗਾ । ਨਿਰਗੁਣ ਨਜ਼ਰ ਕਿਸੇ ਨਾ ਆਵੇਗਾ । ਲੱਖ ਚੁਰਾਸੀ ਭਰਮ ਭੁਲਾਵੇਗਾ । ਗੁਰਮੁਖ ਸਾਥੀ ਆਪ ਉਠਾਵੇਗਾ । ਕਰ ਕੇ ਰਾਖੀ, ਸੇਵ ਕਮਾਵੇਗਾ । ਗੁਰ ਗੋਬਿੰਦ ਸੱਚੀ ਆਖੀ, ਸੋ ਪੂਰੀ ਕਰ ਵਖਾਵੇਗਾ । ਸ਼ਬਦ ਅਗੰਮੀ ਚੜ੍ਹ ਕੇ ਰਾਕੀ, ਅਸਵ ਇਕੋ ਇਕ ਦੌੜਾਵੇਗਾ । ਚੌਦਾਂ ਤਬਕਾਂ ਖੋਲ੍ਹ ਤਾਕੀ, ਚੌਦਾਂ ਲੋਕਾਂ ਪੜਦਾ ਲਾਹਵੇਗਾ । ਸਰਗੁਣ ਕੋਇ ਰਹੇ ਨਾ ਆਕੀ, ਫੜ ਫੜ ਸਭ ਦਾ ਸੀਸ ਨਿਵਾਵੇਗਾ । ਲਹਿਣਾ ਦੇਣਾ ਸਭ ਦਾ ਚੁੱਕੇ ਬਾਕੀ, ਹਿਸਾਬ ਕਿਤਾਬ ਆਪਣੇ ਹੱਥ ਰਖਾਵੇਗਾ । ਲੱਖ ਚੁਰਾਸੀ ਜਗਾਵਣਹਾਰਾ ਦੀਵਾ ਬਾਤੀ, ਜੋਤੀ ਚਰਾਗ਼ ਇਕ ਜਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਕਰਤਾ ਖੇਲ ਵਖਾਵੇਗਾ । ਹਰਿ ਕਰਤਾ ਖੇਲ ਕਰੇਗਾ । ਨਿਰਭੌ ਕਦੇ ਨਾ ਡਰੇਗਾ । ਜਨ ਭਗਤਾਂ ਅੰਦਰ ਵੜੇਗਾ । ਸਾਚੇ ਪੌੜੇ ਆਪੇ ਚੜ੍ਹੇਗਾ । ਸਚ ਮਹੱਲੇ ਆਪੇ ਖੜੇਗਾ । ਸੋਹੰ ਢੋਲਾ ਇਕੋ ਪੜ੍ਹੇਗਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਨਾਰ ਵਰੇਗਾ । ਗੋਬਿੰਦ ਵਸਦਾ ਰਹੇ ਖੇੜਾ, ਦੀਪਕ ਜੋਤੀ ਏਕਾ ਧਰੇਗਾ । ਸੰਤ ਸਾਜਣ ਬੰਨ੍ਹੇ ਬੇੜਾ, ਜਿਨ੍ਹਾਂ ਆਪਣੇ ਨਾਲ ਜੜੇਗਾ । ਲੱਖ ਚੁਰਾਸੀ ਦੇਵੇ ਗੇੜਾ, ਅੱਗੇ ਕੋਈ ਮਾਤ ਨਾ ਅੜੇਗਾ । ਅੰਤਮ ਕਰੇ ਹੱਕ ਨਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਹੋ ਕੇ ਆਪੇ ਲੜੇਗਾ । ਨਿਰਗੁਣ ਹੋ ਕੇ ਕਰੇ ਲੜਾਈ, ਸ਼ਸਤਰ ਨਜ਼ਰ ਕੋਇ ਨਾ ਆਇੰਦਾ । ਨਾਮ ਖੰਡਾ ਖੜਗ ਚਮਕਾਈ, ਦੋਹਰੀ ਧਾਰ ਰੂਪ ਪਰਗਟਾਇੰਦਾ । ਕੂੜੀ ਕਿਰਿਆ ਦਏ ਕਢਾਈ, ਭੈ ਭੌ ਆਪ ਰਖਾਇੰਦਾ । ਬੁਧ ਬਿਬੇਕ ਕਰੇ ਕਰ ਸਫਾਈ, ਨਿਰਮਲ

੧੬੭
੧੫

ਨੀਰ ਸੀਰ ਪਿਆਇੰਦਾ । ਬੇਪਰਵਾਹ ਹੋਏ ਸਹਾਈ, ਦਇਆਵਾਨ ਦਇਆ ਕਮਾਇੰਦਾ । ਆਤਮ ਪਰਮਾਤਮ ਕਰੇ ਕੁੜਮਾਈ, ਘਰ ਮੇਲਾ ਮੇਲ ਮਿਲਾਇੰਦਾ । ਸੁਰਤੀ ਸ਼ਬਦੀ ਧੀ ਜਵਾਈ, ਸੌਹਰੇ ਪੇਈਏ ਇਕੋ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਵਰਤੇ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਬੁਝੇ ਅੱਗ, ਅਗਨੀ ਤਤ ਰਹਿਣ ਨਾ ਪਾਈਆ । ਜ਼ਾਤ ਪਾਤ ਮਿਟੇ ਹੱਦ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਵਿਸ਼ਵ ਉਪਜੇ ਇਕੋ ਯਦ, ਬੰਸ ਸਰਬੰਸ ਆਪ ਸੁਹਾਈਆ । ਕੂੜੀ ਕਿਰਿਆ ਵਿਚੋਂ ਕੱਢ, ਸਾਚਾ ਮਾਰਗ ਦਏ ਵਖਾਈਆ । ਲੇਖੇ ਲਾਏ ਕਾਇਆ ਮਾਟੀ ਹੱਡ, ਨਾੜ ਬਹੱਤਰ ਸੋਭਾ ਪਾਈਆ । ਦਰਸ ਦਿਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਮੇਲ ਮਿਲਾਈਆ । ਬਿਨ ਮੱਕਿਉਂ ਕਾਅਬਿਉਂ ਕਰਾਏ ਹੱਜ, ਹੁਜਰਾ ਹੱਕ ਇਕ ਵਖਾਈਆ । ਸਚ ਮਹਿਬੂਬ ਬਹੇ ਸਜ, ਮਹਿਰਾਬ ਇਕੋ ਇਕ ਰੁਸ਼ਨਾਈਆ । ਨਾਮ ਨਗਾਰਾ ਜਾਏ ਵੱਜ, ਨੌਬਤ ਇਕੋ ਇਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਉਣਾ, ਖ਼ਾਲਕ ਖ਼ਲਕ ਆਪ ਸਮਝਾਇੰਦਾ । ਵਡ ਅਮਾਮ ਰੂਪ ਵਟਾਉਣਾ, ਬੇਨਜ਼ੀਰ ਨਜ਼ਰ ਕਿਸੇ ਨਾ ਆਇੰਦਾ । ਸਾਚਾ ਕਲਮਾ ਨਬੀ ਰਸੂਲ ਆਪ ਪੜ੍ਹਾਉਣਾ, ਅਲਿਫ਼ ਯੇ ਪੰਧ ਮੁਕਾਇੰਦਾ । ਸਾਚਾ ਨਗ਼ਮਾ ਇਕੋ ਗਾਉਣਾ, ਲਾਸ਼ਰੀਕ ਆਪ ਸੁਣਾਇੰਦਾ । ਸਾਚੀ ਮਜਲਸ ਸੋਭਾ ਪਾਉਣਾ, ਮਹਿਫ਼ਲ ਇਕੋ ਇਕ ਵਡਿਆਇੰਦਾ । ਚੌਦਾਂ ਲੋਕ ਹਸਰਤ ਆਪ ਮਿਟਾਉਣਾ, ਹਸ਼ਰ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਆਪ ਸਮਝਾਇੰਦਾ । ਸਾਚੀ ਖੇਲ ਖੇਲੇ ਪਰਵਰਦਿਗਾਰ, ਬੇਪਰਵਾਹ ਵੱਡੀ ਵਡਿਆਈਆ । ਪੀਰ ਪੈਗ਼ਬਰ ਹੁਕਮ ਸੁਣਾਏ ਏਕਾ ਵਾਰ, ਵਾਰਤਾ ਆਪਣੀ ਦਏ ਜਣਾਈਆ । ਸਾਚਾ ਸਜਦਾ ਕਰੋ ਸਚ ਦਰਬਾਰ, ਸਚ ਹਦੀਸ ਇਕ ਸੁਣਾਈਆ । ਪੂਰਬ ਲੇਖਾ ਚੁੱਕੇ ਵਿਚ ਸੰਸਾਰ, ਵਡ ਸੰਸਾਰੀ ਆਪ ਚੁਕਾਈਆ । ਕਾਗ਼ਜ਼ ਕਲਮ ਗਏ ਹਾਰ, ਨੇਤਰ ਰੋਵੇ ਜਗਤ ਸ਼ਾਹੀਆ । ਦਰੋਹੀ ਖ਼ੁਦਾਏ ਮੇਰੇ ਯਾਰ, ਮਿਹਬਾਨ ਬੀਦੋ ਤੇਰੀ ਇਕ ਸਰਨਾਈਆ । ਰਹਿਮਤ ਕਰ ਅੰਤਮ ਵਾਰ, ਦਰ ਤੇਰੇ ਇਕੋ ਅਰਜ਼ ਸੁਣਾਈਆ । ਕੋਨਾ ਕੋਨਾ ਹੋਇਆ ਖ਼ਬਰਦਾਰ, ਬੇਖ਼ਬਰ ਤੇਰੀ ਖ਼ਬਰ ਨਾ ਕੋਇ ਸੁਣਾਈਆ । ਸਦੀ ਚੌਧਵੀਂ ਗਈ ਹਾਰ, ਹਰ ਕੇ ਹਰਿ ਕੀ ਓਟ ਤਕਾਈਆ । ਥੱਕੀ ਮਾਂਦੀ ਫਿਰੇ ਦਰ ਦਰ ਭਿਖਾਰ, ਨੇਤਰ ਆਂਧੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਹੁਕਮ ਆਪ ਸਮਝਾਈਆ । ਸਾਚਾ ਹੁਕਮ ਕਲਮਾ ਕਲਾਮ, ਕਾਇਨਾਤ ਆਪ ਜਣਾਇੰਦਾ । ਕਲਜੁਗ ਪਰਗਟ ਹੋਏ ਇਕ ਅਮਾਮ, ਸਿਰ ਅਮਾਮਾਂ ਫੇਰਾ ਪਾਇੰਦਾ । ਪੀਰ ਪੈਗ਼ੰਬਰ ਬਰਦੇ ਕਰੇ ਗ਼ੁਲਾਮ, ਬਰਖ਼ੁਰਦਾਰ ਆਪਣੀ ਸੇਵਾ ਲਾਇੰਦਾ । ਚੌਦਾਂ ਤਬਕਾਂ ਬਦਲ ਦੇਵੇ ਨਿਜ਼ਾਮ, ਨਜ਼ਰੀਆ ਇਕੋ ਵਾਰ ਉਠਾਇੰਦਾ । ਸਚ ਸੰਦੇਸ਼ਾ ਦਏ ਪੈਗ਼ਾਮ, ਪਾਤਰ ਇਕੋ ਇਕ ਵਖਾਇੰਦਾ । ਜਿਸ ਦਾ ਦੀਨ ਮਜ਼੍ਹਬ ਇਸਲਾਮ, ਸੋ ਅਸਲ ਵਸਲ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਮਨਾਇੰਦਾ । ਸਾਚਾ ਹੁਕਮ ਨਬੀ ਰਸੂਲ, ਰਸਵਾ ਇਕੋ ਇਕ ਮਨਾਈਆ । ਬੀਸ ਬੀਸਾ ਕਰਨਾ ਪਏ ਕਬੂਲ, ਅਜ਼ ਕਿਬਲ ਆਪਣਾ ਖੇਲ ਸਮਝਾਈਆ । ਧੁਰ ਦਾ ਹੁਕਮ ਇਕ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਈਸਾ ਮੂਸਾ ਮੁਹੰਮਦ ਨਾ ਜਾਣਾ ਭੁਲ, ਅਭੁਲ ਰਿਹਾ ਜਣਾਈਆ । ਸਦੀ ਚੌਧਵੀਂ

ਬਦਲੇ ਆਪ ਅਸੂਲ, ਅਸਲੀਅਤ ਆਪਣੀ ਦਏ ਸਮਝਾਈਆ । ਉਮਤ ਉਮਤੀ ਅੰਤਮ ਵੇਲਾ ਗਿਆ ਫ਼ਜ਼ੂਲ, ਫ਼ਾਜ਼ਲ ਫ਼ਜ਼ਲ ਨਾ ਕੋਇ ਕਮਾਈਆ । ਮਸਤਕ ਮਿਲੀ ਨਾ ਕਿਸੇ ਧੂਲ, ਟਿੱਕਾ ਹੱਕ ਨਾ ਕੋਇ ਲਗਾਈਆ । ਆਤਮ ਸੇਜਾ ਟੁੱਟੀ ਚੂਲ, ਬਾਝੀ ਬਣਤ ਨਾ ਕੋਇ ਬਣਾਈਆ । ਨਜ਼ਰ ਨਾ ਆਏ ਕੰਤ ਕੰਤੂਹਲ, ਦਰਸ ਮਿਲੇ ਨਾ ਸੱਚੇ ਮਾਹੀਆ । ਸਚ ਪੰਘੂੜਾ ਕੋਈ ਨਾ ਲਏ ਝੂਲ, ਬੈਠੇ ਹੂਰਾਂ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਥਾਉਂ ਥਾਈਂਆ । ਲੇਖਾ ਜਾਣੇ ਚੌਦਾਂ ਤਬਕ, ਤਬਅ ਸਭ ਦੀ ਖੋਜ ਖੁਜਾਇੰਦਾ । ਸਾਹਿਬ ਸੁਲਤਾਨ ਸੁਣਾਏ ਇਕੋ ਸਬਕ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਲਾਸ਼ਰੀਕ ਆਇਆ ਪਰਤ, ਲਾਤਾਰੀਫ਼ ਫੇਰਾ ਪਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ, ਹਰਸ ਹਵਸ ਨਾ ਕੋਇ ਵਧਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਇਕੋ ਅਰਸ਼, ਕੁਰਸ਼ ਆਪਣੀ ਕਾਰ ਕਮਾਇੰਦਾ । ਸੋ ਸਾਹਿਬ ਮਿਹਰਵਾਨ ਕਰੇ ਤਰਸ, ਰਹਿਮਤ ਨਾਲ ਆਪ ਸਮਝਾਇੰਦਾ । ਉਠ ਕੇ ਵੇਖੇ ਸਦੀ ਚੌਧਵੀਂ ਲਿਖਤ ਪੜ੍ਹਤ, ਲੇਖਾ ਪਿਛਲਾ ਆਪ ਜਣਾਇੰਦਾ । ਮੁੱਲਾਂ ਸ਼ੇਖ਼ ਕਲਜੁਗ ਅੰਤਮ ਮੇਰਾ ਕਲਮਾ ਲੈਂਦੇ ਧੜਤ, ਮੁਫ਼ਤ ਨਾਮ ਨਾ ਕੋਇ ਜਣਾਇੰਦਾ । ਵੱਢੀਖੋਰ ਹੋਏ ਨਧੜਕ, ਖ਼ਤਰਾ ਖ਼ੌਫ਼ ਨਾ ਕੋਇ ਜਣਾਇੰਦਾ । ਜੀਵਾਂ ਜੰਤਾਂ ਰਹੇ ਝਟਕ, ਛੁਰੀ ਹੱਕ ਹੱਥ ਨਾ ਕੋਇ ਉਠਾਇੰਦਾ । ਬੀਸ ਬੀਸਾ ਪਰਵਰਦਿਗਾਰ ਸਾਂਝਾ ਯਾਰ ਨੂਰ ਇਲਾਹੀ ਸਭ ਨੂੰ ਪਾਏ ਵਖਤ, ਵੇਲਾ ਵਕਤ ਹੱਥ ਕਿਸੇ ਨਾ ਆਇੰਦਾ । ਜਿਸ ਦਾ ਫ਼ਰਮਾਨ ਇਕੋ ਸਖ਼ਤ, ਦੋ ਜਹਾਨ ਨਾ ਕੋਇ ਮਿਟਾਇੰਦਾ । ਜ਼ਿਮੀਂ ਅਸਮਾਨਾਂ ਉਲਟਾਏ ਤਖ਼ਤ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਜਿਸ ਦਾ ਹੁਕਮ ਨਾ ਜਾਏ ਅਟਕ, ਅੱਧਵਿਚਕਾਰ ਨਾ ਕੋਇ ਰਖਾਇੰਦਾ । ਸੋ ਸ਼ਾਹਸਵਾਰਾ ਬਾਂਕੀ ਚੱਲੇ ਚਾਲ ਮਟਕ, ਮਿਹਰਵਾਨ ਆਪਣਾ ਕਦਮ ਟਿਕਾਇੰਦਾ । ਸ਼ਬਦ ਅਗੰਮੀ ਚੜ੍ਹਾਏ ਕਟਕ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਦੁਸ਼ਟਾਂ ਮਾਰਨਾ ਨਾ ਸਮਝੇ ਆਪਣੀ ਹੱਤਕ, ਹੱਤਿਆ ਵਿਚ ਕਦੇ ਨਾ ਆਇੰਦਾ । ਜਿਸ ਦਾ ਖੇਲ ਹੋਣਾ ਅੰਤਮ ਜਗਤ, ਪੀਰ ਪੈਗ਼ੰਬਰ ਧਿਆਨ ਲਗਾਇੰਦਾ । ਪਰਵਰਦਿਗਾਰ ਆਉਣਾ ਇਕੋ ਫ਼ਕਤ, ਫ਼ਿਕਰਾ ਆਪਣਾ ਨਾਮ ਸੁਣਾਇੰਦਾ । ਲੱਖ ਚੁਰਾਸੀ ਵਿਚੋ ਗੁਰਮੁਖ ਵਿਰਲੇ ਕੱਢੇ ਭਗਤ, ਮੁਰੀਦ ਮੁਰਸ਼ਦ ਜੋੜ ਜੁੜਾਇੰਦਾ । ਤਿਸ ਦੀ ਨਜ਼ਰ ਨਾ ਆਏ ਹਰਕਤ, ਅੰਦਰ ਵੜ ਵੜ ਪੜਦਾ ਲਾਹਿੰਦਾ । ਆਦਿ ਜੁਗਾਦਿ ਨਿਤ ਨਵਿਤ ਜਿਸ ਸਾਹਿਬ ਦੀ ਸਾਚੀ ਬਰਕਤ, ਸੋ ਬਰੀਖ਼ਾਨਾ ਆਪ ਖੁਲਾਇੰਦਾ । ਉਸ ਦੇ ਨਾਲ ਕਿਆ ਕੋਈ ਕਰੇ ਸ਼ਿਰਕਤ, ਜਿਸ ਲਾਸ਼ਰੀਕ ਆਪਣੀ ਗੋਦ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦੀ ਸਦੀਵੀ ਵੇਖ ਵਖਾਇੰਦਾ । ਸਦੀ ਸਦੀਵੀ ਖੋਲ੍ਹੇ ਅੱਖ, ਆਖ਼ਰ ਆਪਣਾ ਨੈਣ ਉਠਾਈਆ । ਈਸਾ ਕਹਿ ਕੇ ਗਿਆ ਦੱਸ, ਦਹਿ ਦਿਸ਼ਾ ਆਪ ਜਣਾਈਆ । ਮੇਰਾ ਬਾਪ ਮੇਰੇ ਪਿਛੇ ਆਵੇ ਹੱਸ ਹੱਸ, ਨੂਰੀ ਨੂਰ ਨੂਰ ਰੁਸ਼ਨਾਈਆ । ਸਭ ਦਾ ਖੇੜਾ ਕਰੇ ਭੱਠ, ਮਾਰਗ ਆਪਣਾ ਦਏ ਸਮਝਾਈਆ । ਮੁਹੰਮਦ ਚਰਨ ਗਿਆ ਢਠ, ਦੋਏ ਜੋੜ ਵਾਸਤਾ ਪਾਈਆ । ਵਡ ਅਮਾਮ ਨਬੇੜਾ ਕਰੇ ਹੱਕ, ਹਕੀਕਤ ਸਾਚੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਪੜਦਾ ਆਪ ਉਠਾਈਆ । ਸਾਚਾ ਪੜਦਾ ਦੇਵੇ ਚੁੱਕ, ਉਹਲਾ ਰਹਿਣ ਕੋਇ ਨਾ ਪਾਈਆ । ਨਿਰਗੁਣ ਆਪਣੀ ਧਾਰੋ ਪਏ ਉਠ, ਮਾਤ ਪਿਤ ਪੂਤ ਕੋਇ ਨਾ ਜਾਈਆ । ਏਥੇ ਓਥੇ ਦੋ ਜਹਾਨ ਆਪ ਸੁਹਾਏ ਸੁਹੰਜਣੀ ਰੁੱਤ, ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਸੰਤ ਸੁਜਾਨ ਗੁਰਮੁਖ ਗੁਰਸਿਖ ਫੁਲਵਾੜੀ ਆਪ

ਮਹਿਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਸਚ ਦੁਆਰਿਉਂ ਗਏ ਰੁੱਠ, ਕਰ ਕਿਰਪਾ ਮੇਲ ਮਿਲਾਈਆ । ਅੰਤਰ ਆਤਮ ਜਾਮ ਪਿਆਏ ਘੁੱਟ, ਅੰਮ੍ਰਿਤ ਰਸ ਇਕ ਚਖਾਈਆ । ਜਾਗਤ ਸੋਵਤ ਹਾਲਤ ਲਏ ਪੁੱਛ, ਹਾਲ ਮੁਰੀਦਾਂ ਆਪ ਜਣਾਈਆ । ਫੜ ਫੜ ਬਾਂਹੋ ਗੋਦੀ ਲਏ ਚੁਕ, ਚੁਕ ਚੁਕ ਆਪਣੀ ਖ਼ੁਸ਼ੀ ਵਖਾਈਆ । ਕਲਜੁਗ ਅੰਤਮ ਵੇਲਾ ਰਿਹਾ ਢੁਕ, ਬਣ ਪਾਂਧੀ ਵੇਖ ਵਖਾਈਆ । ਨੌਂ ਖੰਡ ਪ੍ਰਿਥਮੀ ਕੂੜੀ ਕਿਰਿਆ ਲੱਗੀ ਭੁੱਖ, ਹਰਿ ਕਾ ਨਾਮ ਮੰਗਣ ਕੋਇ ਨਾ ਆਈਆ । ਚੌਥੇ ਜੁਗ ਬੂਟਾ ਰਿਹਾ ਸੁੱਕ, ਹਰਿਆ ਸਿੰਚ ਨਾ ਕੋਇ ਕਰਾਈਆ । ਭਾਗ ਲੱਗੇ ਨਾ ਜਨਨੀ ਕੁੱਖ, ਭਗਤ ਰੂਪ ਨਾ ਕੋਇ ਦਰਸਾਈਆ । ਮਾਤ ਗਰਭ ਉਲਟਾ ਰੁਖ, ਦਸ ਦਸ ਮਾਸ ਅਗਨ ਤਪਾਈਆ । ਕਲਜੁਗ ਅੰਤਮ ਬੈਠਾ ਹੋਏ ਚੁੱਪ, ਹਿਰਦੇ ਹਰਿ ਨਾ ਕੋਇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਖਿਲਾਉਣਾ, ਖ਼ਾਲਕ ਖ਼ਲਕ ਮਖ਼ਲੂਕ ਏਕਾ ਵਾਰ ਜਣਾਈਆ । ਰੂਪ ਅਨੂਪ ਆਪ ਵਟਾਉਣਾ, ਸਤਿ ਸਰੂਪ ਫੇਰਾ ਪਾਈਆ । ਸ਼ਾਹੋ ਭੂਪ ਨਾਮ ਧਰਾਉਣਾ, ਰਾਜਨ ਰਾਜ ਰਾਜਾਨ ਸ਼ਾਹ ਸੁਲਤਾਨ ਭੂਪਤ ਭੂਪ ਇਕੋ ਨਜ਼ਰੀ ਆਈਆ । ਗੋਪੀ ਕਾਹਨ ਸ੍ਰੀ ਭਗਵਾਨ ਵਖਾਏ ਨਿਸ਼ਾਨ, ਦੋ ਜਹਾਨ ਆਪ ਝੁਲਾਈਆ । ਗੁਰ ਅਵਤਾਰ ਹੋਣ ਹੈਰਾਨ, ਪੀਰ ਪੈਗ਼ੰਬਰ ਸੀਸ ਝੁਕਾਈਆ । ਕਲਮਾ ਨਬੀ ਰਸੂਲ ਸੁਣਾਣ, ਸ਼ਾਸਤਰ ਸਿਮਰਤ ਵੇਦ ਕਰਨ ਧਿਆਨ, ਅੰਜੀਲ ਕੁਰਾਨ ਦੋਏ ਜੋੜ ਵਾਸਤਾ ਪਾਣ, ਧੂੜੀ ਟਿੱਕਾ ਮਸਤਕ ਲਾਈਆ । ਖਾਣੀ ਬਾਣੀ ਕਰੇ ਬਿਆਨ, ਕਲਜੁਗ ਅੰਤਮ ਚਾਰ ਵਰਨ ਹੋਏ ਸ਼ੈਤਾਨ, ਘਰ ਘਰ ਸ਼ਰਅ ਕਰੇ ਲੜਾਈਆ । ਸਾਚਾ ਮੰਦਰ ਨਾ ਕੋਇ ਮਕਾਨ, ਨਜ਼ਰ ਨਾ ਆਵੇ ਨਿਗਾਹਬਾਨ, ਨੇਤਰ ਨੈਣ ਅੱਖ ਪਰਤੱਖ ਨਿਜ ਨੇਤਰ ਨਾ ਕੋਇ ਖੁਲ੍ਹਾਈਆ । ਰਸਨਾ ਜਿਹਵਾ ਬੱਤੀ ਦੰਦ ਢੋਲੇ ਸਾਰੇ ਗਾਣ, ਅਨਹਦ ਨਾਦੀ ਰਾਗ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਇਸ਼ਟ ਦੇਵ ਗੁਰਦੇਵ ਸਵਾਮੀ, ਆਪ ਉਪਾਏ ਸਦਾ ਨਿਹਕਾਮੀ, ਘਟ ਨਿਵਾਸੀ ਅੰਤਰਜਾਮੀ, ਜੋਤ ਪਰਕਾਸ਼ੀ ਬ੍ਰਹਮ ਗਿਆਨੀ, ਭੇਵ ਨਾ ਜਾਣੇ ਕੋਇ ਵਿਦਵਾਨੀ, ਵਿਦਿਆ ਵਿਚ ਸਾਰ ਕਿਸੇ ਨਾ ਆਈਆ । ਚੌਦਾਂ ਵਿਦਿਆ ਮਾਰੇ ਧਾਹ, ਕਲਜੁਗ ਅੰਤ ਰਹੀ ਕੁਰਲਾਈਆ । ਨਿਰਗੁਣ ਮਿਲੇ ਨਾ ਸਚ ਮਲਾਹ, ਬੇੜਾ ਸਚ ਨਾ ਕੋਇ ਵਖਾਈਆ । ਨੌਂ ਖੰਡ ਪ੍ਰਿਥਮੀ ਲਿਖ ਲਿਖ ਦੇਂਦੀ ਰਹੀ ਸਲਾਹ, ਸਿਫ਼ਤ ਨਾਲ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੈਨੂੰ ਬਣਾ ਕੇ ਗਏ ਗਵਾਹ, ਸ਼ਹਾਦਤ ਅੰਤ ਲੈਣ ਕੋਇ ਨਾ ਆਈਆ । ਮੈਂ ਚਾਰੋ ਕੁੰਟ ਉਚੀ ਕੂਕ ਦਿਤਾ ਸੁਣਾ, ਖੁਲ੍ਹੜੇ ਕੇਸ ਦਿਆਂ ਦੁਹਾਈਆ । ਰਹਿਬਰ ਇਕ ਬੇਪਰਵਾਹ, ਦੂਜਾ ਨਜ਼ਰ ਕੋਇ ਨਾ ਆਈਆ । ਖਾਣੀ ਬਾਣੀ ਮੰਗੇ ਸਦਾ ਪਨਾਹ, ਬੈਠੀ ਚਰਨ ਧਿਆਨ ਲਗਾਈਆ । ਮੈਂ ਉਸ ਦੇ ਢੋਲੇ ਰਹੀ ਗਾ, ਜਿਸ ਮੇਰੀ ਬਣਤ ਬਣਾਈਆ । ਕਲਜੁਗ ਵੇਖੋ ਪਾਰਬ੍ਰਹਮ ਸੱਚਾ ਸ਼ਹਿਨਸ਼ਾਹ, ਸੀਸ ਜਗਦੀਸ ਤਾਜ ਸੁਹਾਈਆ । ਜਿਸ ਦਾ ਲੇਖਾ ਜਾਣੇ ਕੋਈ ਨਾ, ਬੇਅੰਤ ਬੇਅੰਤ ਬੇਅੰਤ ਕਹਿ ਕੇ ਪੱਲੂ ਸਾਰੇ ਗਏ ਛੁਡਾਈਆ । ਉਹ ਬਖ਼ਸ਼ੇ ਸਰਬ ਗੁਨਾਹ, ਮਿਹਰ ਨਜ਼ਰ ਇਕ ਉਠਾਈਆ । ਫੜ ਬਾਂਹੋ ਪਾਰ ਦਏ ਕਰਾ, ਲੱਖ ਚੁਰਾਸੀ ਧਾਰ ਨਾ ਕੋਇ ਰੁੜ੍ਹਾਈਆ । ਜਗਤ ਵਿਦਿਆ ਰਹੀ ਸੁਣਾ, ਬਾਂਹ ਹੁਲਾਰੇ ਨਾਲ ਹਿਲਾਈਆ । ਚਾਰ ਵਰਨ ਵੇਖੋ ਆ, ਪ੍ਰਭ ਵੱਖਰੀ ਕਾਰ ਕਮਾਈਆ । ਸਭ ਦਾ ਨਖ਼ਰਾ ਦਏ ਗਵਾ, ਨਾਲਸ਼ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਸਧਰਾਂ

ਪੂਰੀਆਂ ਰਿਹਾ ਕਰਾ, ਸਿਧੀ ਧਾਰ ਇਕ ਵਖਾਈਆ । ਚਾਰ ਵਰਨਾਂ ਪੱਧਰਾ ਧਾਮ ਦਏ ਬਣਾ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਧਰਮ ਰਾਜ ਦਾ ਖ਼ਤਰਾ ਦਏ ਮੁਕਾ, ਚਿਤਰ ਗੁਪਤ ਨਾ ਲੇਖ ਵਖਾਈਆ । ਬਹੱਤਰ ਨਾੜੀ ਕਰੇ ਰੁਸ਼ਨਾ, ਬਹੱਤਰਾਂ ਆਪਣਾ ਅੰਕ ਬਣਾਈਆ । ਸੱਤਰਾਂ ਮੇਲਾ ਸਹਿਜ ਸੁਭਾ, ਸਤਰ ਵਿਚ ਰੱਖੇ ਥਾਉਂ ਥਾਈਂਆ । ਚੁਹੱਤਰਾਂ ਸਾਤਾ ਚੌਕਾ ਵੰਡ ਵੰਡਾ, ਸਤਿ ਸਤਿਵਾਦੀ ਖੇਲ ਵਖਾਈਆ । ਪੰਚਮ ਮੇਲਾ ਸਹਿਜ ਸੁਭਾ, ਚਾਰ ਕਰੇ ਇਕ ਕੁੜਮਾਈਆ । ਰੰਗ ਰੰਗੀਲਾ ਪਲੰਘ ਵਛਾ, ਸੇਜ ਸੁਹੰਜਣੀ ਸੋਭਾ ਪਾਈਆ । ਦਲੀਲਾਂ ਨਾਲ ਨਾ ਮਿਲੇ ਖ਼ੁਦਾ, ਜਗਤ ਵਕੀਲਾਂ ਨਾਲ ਨਾ ਕੋਇ ਮਿਲਾਈਆ । ਅੰਤ ਵਸੀਲਾ ਇਕੋ ਲਓ ਬਣਾ, ਗੋਬਿੰਦ ਸੂਰਾ ਵਡ ਵਡਿਆਈਆ । ਜਿਸ ਬਸਤਰ ਨੀਲਾ ਨੀਲੀ ਧਾਰੋ ਲਿਆ ਬਦਲਾ, ਨੀਲੇ ਵਾਲਾ ਸੱਚਾ ਮਾਹੀਆ । ਛੈਲ ਛਬੀਲਾ ਨੌਜਵਾਨ ਦਰਸ਼ਨ ਲਉ ਪਾ, ਪਾ ਦਰਸ਼ਨ ਹਰਸ ਮਿਟਾਈਆ । ਸਚ ਕਬੀਲਾ ਲਓ ਬਣਾ, ਕਾਬਲ ਇਕੋ ਨੂਰ ਖ਼ੁਦਾਈਆ । ਢੀਲਾਪਨ ਦਿਓ ਗਵਾ, ਗ਼ਫ਼ਲਤ ਕੂੜੀ ਦਿਓ ਚੁਕਾਈਆ । ਕਿਉਂ ਜਲ ਬਿਨ ਮੀਨਾ ਰਹੇ ਤੜਫਾ, ਸੁਰਤੀ ਸ਼ਬਦ ਲਓ ਮਿਲਾਈਆ । ਘਰ ਉਜੜਿਆ ਲਓ ਵਸਾ, ਖੇੜਾ ਇਕੋ ਸੋਭਾ ਪਾਈਆ । ਦੂਜਾ ਝੇੜਾ ਲਓ ਚੁਕਾ, ਤੀਜਾ ਨੈਣ ਇਕ ਖੁਲ੍ਹਾਈਆ । ਚੌਥੇ ਮੇਲ ਸਹਿਜ ਸੁਭਾ, ਪੰਚਮ ਵੇਖੇ ਚਾਈਂ ਚਾਈਂਆ । ਛੇਵੇਂ ਛੱਪਰ ਛੰਨ ਦਏ ਵਡਿਆ, ਸਤਵੇਂ ਸਤਿ ਸਤਿਵਾਦੀ ਫੇਰਾ ਪਾਈਆ । ਅੱਠਵੇਂ ਅੱਠਾਂ ਤੱਤਾਂ ਲਹਿਣਾ ਦੇਣਾ ਲਓ ਮੁਕਾ, ਨਾਂਵੇਂ ਨੌਂ ਦਰ ਅਗਨ ਨਾ ਕੋਇ ਤਪਾਈਆ । ਦਸਮ ਦੁਆਰੀ ਮਿਲ ਕੇ ਆਪਣਾ ਪ੍ਰੀਤਮ ਲਓ ਮਨਾ, ਕਿਉਂ ਬੈਠੇ ਮੁਖ ਭਵਾਈਆ । ਕਲਜੁਗ ਚਾਰ ਕੁੰਟ ਜੇ ਕਿਤੇ ਨਹੀਂ ਮਿਲਦਾ ਥਾਂ, ਸਾਚੀ ਆਓ ਚਲ ਸਰਨਾਈਆ । ਸਤਿਗੁਰ ਪੂਰਾ ਪਕੜੇ ਬਾਂਹ, ਫੜ ਬਾਂਹੋ ਗਲੇ ਲਗਾਈਆ । ਕਰੇ ਲਾਡ ਜਿਉਂ ਪੁੱਤਰਾਂ ਮਾਂ, ਪਿਤਾ ਪੂਤ ਸਹਿਜ ਸੁਖਦਾਈਆ । ਫੜ ਕੇ ਹੰਸ ਬਣਾਏ ਕਾਂ, ਕਾਗੋ ਹੰਸ ਆਪ ਉਡਾਈਆ । ਮਾਣਕ ਮੋਤੀ ਚੋਗ ਦਏ ਚੁਗਾ, ਤ੍ਰਿਸਨਾ ਭੁੱਖ ਰਹੇ ਨਾ ਰਾਈਆ । ਦਰਸ ਅਮੋਘ ਦਏ ਕਰਾ, ਘਰ ਘਰ ਵਿਚ ਮੇਲਾ ਸਹਿਜ ਸੁਭਾਈਆ । ਜਨਮ ਜਨਮ ਦਾ ਰੋਗ ਦਏ ਗਵਾ, ਦੁੱਖੜਾ ਕੋਇ ਨਜ਼ਰ ਨਾ ਆਈਆ । ਸਾਚਾ ਮੁਖੜਾ ਲਏ ਸੁਹਾ, ਜਿਸ ਮੁਖੜੇ ਹਰਿ ਕਾ ਨਾਮ ਧਿਆਈਆ । ਸਾਚੇ ਪੁੱਤਰ ਲਏ ਪਰਨਾ, ਜਿਨ੍ਹਾਂ ਪੁੱਤਰਾਂ ਮਿਲਿਆ ਸੱਚਾ ਮਾਹੀਆ । ਪੂਰਬ ਚੇਤਾ ਦਏ ਕਰਾ, ਪਿਛਲਾ ਲੇਖ ਭੁੱਲ ਨਾ ਜਾਈਆ । ਗੋਬਿੰਦ ਵਿਛੜਨ ਮਿਲਣ ਦਾ ਕੋਈ ਨਾ ਕਰੇ ਵਸਾਹ, ਵੇਲਾ ਗਿਆ ਹੱਥ ਨਾ ਆਈਆ । ਆਪਣਾ ਆਪ ਕਰੋ ਫ਼ਿਦਾ, ਫ਼ਿਤਰਤ ਆਪਣੀ ਜਗਤ ਮਿਟਾਈਆ । ਜਿਹੜਾ ਤੁਹਾਡੇ ਨਾਲੋ ਹੋਇਆ ਜੁਦਾ, ਅੰਗੀਕਾਰ ਸੋ ਅਖਵਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕਾਇਆ ਚੋਲੀ ਲਓ ਰੰਗਾ, ਰੰਗ ਮਜੀਠੀ ਇਕ ਚੜ੍ਹਾਈਆ । ਮਾਣਸ ਜਨਮ ਲੇਖੇ ਲਓ ਪਾ, ਦੋਜ਼ਖ਼ ਬਹਿਸ਼ਤਾਂ ਦੋਹਾਂ ਕੋਲੋ ਖਹਿੜਾ ਦਏ ਛੁਡਾਈਆ । ਨਰਕ ਸਵਰਗ ਕੋਈ ਨਾ ਸਕੇ ਭੁਆ, ਸਵਰਗ ਗੁਰਮੁਖਾਂ ਚਰਨਾਂ ਹੇਠ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰਮੁਖ ਤੇਰੇ ਮਿਲਣ ਦਾ ਰੱਖਣ ਚਾ, ਅੱਧ ਵਿਚ ਬੈਠੇ ਧਿਆਨ ਲਗਾਈਆ । ਸਚ ਸਨੇਹੜਾ ਕਬੀਰ ਜੁਲਾਹਾ ਗਿਆ ਸੁਣਾ, ਬਿਨ ਹਰਿ ਸਾਚੇ ਮਿਲੇ ਨਾ ਕੋਈ ਸਰਨਾਈਆ । ਭਗਤੋ ਸੰਤੋ ਮੇਰੇ ਪਿਛੇ ਆਉਣਾ ਵਾਹੋ ਦਾਹ, ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਦਇਆ ਆਪ ਕਮਾਈਆ । ਦਇਆ ਕਮਾਏ ਦਇਆਵਾਨ, ਦਇਆਨਿਧ ਅਖਵਾਇੰਦਾ । ਗੁਰਮੁਖ ਗੁਰਸਿਖ ਬਾਲ ਅਵਾਣ, ਭੁੱਲੇ ਭਟਕੇ ਆਪ

ਜਗਾਇੰਦਾ । ਚਰਨ ਕਵਲ ਬਖ਼ਸ਼ੇ ਇਕ ਧਿਆਨ, ਧਿਆਨ ਧਿਆਨ ਨਾਲ ਮਿਲਾਇੰਦਾ । ਅੰਤਰ ਅੰਤਰ ਦੇ ਗਿਆਨ, ਕੂੜੀ ਬਸੰਤਰ ਆਪ ਬੁਝਾਇੰਦਾ । ਮੰਤਰ ਇਕੋ ਸ੍ਰੀ ਭਗਵਾਨ, ਸੋਹੰ ਢੋਲਾ ਰਾਗ ਸੁਣਾਇੰਦਾ । ਏਥੇ ਓਥੇ ਚੁੱਕੇ ਕਾਣ, ਆਵਣ ਜਾਣ ਨਾ ਕੋਇ ਰਖਾਇੰਦਾ । ਦੇਵਣਹਾਰ ਸਵਾਮੀ ਮਾਣ, ਸਦਾ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਸਾਚਾ ਆਪਣੀ ਨਜ਼ਰ ਉਠਾਇੰਦਾ । ਆਪਣੀ ਨਜ਼ਰ ਉਠਾਏ ਬੇਨਜ਼ੀਰ, ਨੈਣ ਅੱਖ ਖੁਲ੍ਹਾਈਆ । ਬਦਲਣਹਾਰਾ ਸਦਾ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਸੂਰਤ ਸਚ ਵਖਾਏ ਤਸਵੀਰ, ਜਲਵਾ ਨੂਰ ਜ਼ਹੂਰ ਰੁਸ਼ਨਾਈਆ । ਚੋਟੀ ਚਾੜ੍ਹੇ ਫੜ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਈਆ । ਕੱਟ ਸ਼ਰਅ ਜ਼ੰਜੀਰ, ਸ਼ਹਿਨਸ਼ਾਹ ਇਕੋ ਘਰ ਦਏ ਵਡਿਆਈਆ । ਲੇਖਾ ਚੁੱਕੇ ਸ਼ਾਹ ਹਕੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸਚ ਖੁਲ੍ਹਾਏ ਇਕ ਘਰ, ਦਰ ਦਰਵਾਜ਼ਾ ਆਪ ਲਗਾਈਆ । ਦਰ ਦਰਵਾਜ਼ਾ ਆਪ ਲਗਾਉਣਾ, ਸਾਚਾ ਬੰਕ ਇਕ ਸੁਹਾਇੰਦਾ । ਗ਼ਰੀਬ ਨਿਮਾਣਾ ਵਿਚ ਬਹਾਉਣਾ, ਸੋਭਾਵੰਤ ਆਪ ਸੁਹਾਇੰਦਾ । ਚਾਰ ਵਰਨਾਂ ਰੰਗ ਚੜ੍ਹਾਉਣਾ, ਰੰਗ ਰੰਗੀਲਾ ਆਪ ਹੋ ਜਾਇੰਦਾ । ਸਾਚਾ ਢੋਲਾ ਆਪ ਸੁਣਾਉਣਾ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਪਵਣ ਸਵਾਸੀ ਹੁਕਮ ਵਰਤਾਉਣਾ, ਸਾਹ ਸਾਹ ਆਪ ਸਮਝਾਇੰਦਾ । ਪੁਰਖ ਅਬਿਨਾਸ਼ੀ ਖੇਲ ਕਰਾਉਣਾ, ਭੇਵ ਕੋਇ ਨਾ ਪਾਇੰਦਾ । ਰਾਮ ਹੋ ਕੇ ਨਜ਼ਰੀ ਆਉਣਾ, ਕਾਹਨ ਕ੍ਰਿਸ਼ਨ ਰੂਪ ਵਟਾਇੰਦਾ । ਈਸਾ ਮੂਸਾ ਚੋਲਾ ਆਪ ਬਦਲਾਉਣਾ, ਅਲਫ਼ੀ ਮੁਹੰਮਦ ਆਪ ਪਹਿਨਾਇੰਦਾ । ਹਰਫ਼ ਬਹਰਫ਼ੀ ਆਪ ਪੜ੍ਹਾਉਣਾ, ਸਿਹ-ਹਰਫ਼ੀ ਭੇਵ ਨਾ ਕੋਇ ਜਣਾਇੰਦਾ । ਚੌਤਰਫ਼ੀ ਚਾਰ ਕੁੰਟ ਚੌਥਾ ਪਗ ਪੜਦਾ ਲੌਹਣਾ, ਮੁੱਖ ਨਕ਼ਾਬ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚ ਅਦਾਬ ਇਕ ਸਿਖਾਉਣਾ, ਨਵਾਬ ਇਕੋ ਨਜ਼ਰੀ ਆਇੰਦਾ । ਇਕ ਨਵਾਬ ਇਕੋ ਆਕਾ, ਅਕਲ ਕਲ ਵੱਡੀ ਵਡਿਆਈਆ । ਇਕੋ ਹਿਸਾਬ ਇਕੋ ਬਾਕਾ, ਬਾਕੀ ਨਵੀਸ ਇਕ ਹੋ ਜਾਈਆ । ਇਕੋ ਦਰ ਇਕੋ ਤਾਕਾ, ਇਕੋ ਕੁੰਡਾ ਰਿਹਾ ਖੁਲ੍ਹਾਈਆ । ਇਕੋ ਅਸਵ ਇਕੋ ਰਾਕਾ, ਸ਼ਾਹਸਵਾਰ ਇਕੋ ਬੇਪਰਵਾਹੀਆ । ਇਕੋ ਸੱਜਣ ਇਕੋ ਸਾਕਾ, ਸਗਲਾ ਸੰਗ ਇਕ ਨਿਭਾਈਆ । ਇਕੋ ਅਨਾਥ ਇਕੋ ਹੋਏ ਨਾਥ ਅਨਾਥਾ, ਇਕੋ ਆਪਣਾ ਭੇਵ ਚੁਕਾਈਆ । ਇਕੋ ਗਾਏ ਮੰਤਰ ਗਾਥਾ, ਇਕੋ ਕਰੇ ਸਚ ਪੜ੍ਹਾਈਆ । ਇਕੋ ਮੱਲੇ ਆਪਣਾ ਘਾਟਾ, ਇਕੋ ਪੱਤਣ ਬੈਠਾ ਬੇਪਰਵਾਹੀਆ । ਇਕੋ ਬਣਾਏ ਸਚ ਜਮਾਤਾ, ਚਾਰ ਵਰਨ ਇਕ ਸਮਝਾਈਆ । ਇਕੋ ਖੋਲ੍ਹੇ ਆਪਣਾ ਖਾਤਾ, ਖ਼ਾਲਕ ਖ਼ਲਕ ਦਏ ਵਰਤਾਈਆ । ਇਕੋ ਸਮਝਾਏ ਆਪਣੀ ਭਾਸ਼ਾ, ਭਾਸ਼ਨ ਦੇਵੇ ਥਾਉਂ ਥਾਈਆ । ਇਕੋ ਜਣਾਏ ਆਪਣੀ ਰਾਸਾ, ਬਾਰਾਂ ਰਾਸੀ ਪੰਧ ਮੁਕਾਈਆ । ਇਕ ਖੁਲ੍ਹਾਏ ਆਪਣਾ ਸਚ ਖ਼ੁਲਾਸਾ, ਖੁਲ੍ਹੀ ਰਹਿਮਤ ਆਪ ਵਰਤਾਈਆ । ਇਕੋ ਘਰ ਘਰ ਵੇਖੇ ਤਮਾਸ਼ਾ, ਤਮਅ ਤੁਖਮ ਕਰੇ ਲੜਾਈਆ । ਇਕੋ ਵੇਖੇ ਖੇਲ ਸਾਰ ਪਾਸਾ, ਪੁੱਠੀ ਨਰਦ ਆਪ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਅੰਤਸ਼ਕਰਨ ਸਭ ਦਾ ਵੇਖੇ ਸ੍ਰਿਸ਼ਟ ਸਬਾਈ ਰਹੀ ਭਰਮ ਭੁਲੇਖੇ, ਨੇਤਰ ਲੋਚਣ ਨੈਣ ਸਾਹਿਬ ਕੋਈ ਨਾ ਪੇਖੇ, ਰਸਨਾ ਕਹਿ ਕਹਿ ਵੇਲਾ ਵਕਤ ਰਹੇ ਲੰਘਾਈਆ ।

## ਪਹਿਲੀ ਭਾਦਰੋ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ ਜੇਠੂਵਾਲ



ਸੋ ਪੁਰਖ ਨਿਰੰਜਣ ਸਚ ਸੁਲਤਾਨ, ਤਖ਼ਤ ਨਿਵਾਸੀ ਖੇਲ ਕਰਾਇੰਦਾ । ਹਰਿ ਪੁਰਖ ਨਿਰੰਜਣ ਨੌਜਵਾਨ, ਨਰ ਹਰਿ ਨਰਾਇਣ ਹੁਕਮ ਵਰਤਾਇੰਦਾ । ਏਕੰਕਾਰ ਵਡ ਬਲਵਾਨ, ਬਲਧਾਰੀ ਭੇਵ ਚੁਕਾਇੰਦਾ । ਆਦਿ ਨਿਰੰਜਣ ਹੋ ਪਰਧਾਨ, ਜੋਤੀ ਜਾਤਾ ਨੂਰ ਵਖਾਇੰਦਾ । ਅਬਿਨਾਸ਼ੀ ਕਰਤਾ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਸ੍ਰੀ ਭਗਵਾਨ ਸਚ ਨਿਸ਼ਾਨ, ਨਿਰਗੁਣ ਨਿਰਵੈਰ ਆਪ ਝੁਲਾਇੰਦਾ । ਪਾਰਬ੍ਰਹਮ ਪ੍ਰਭ ਕਰੇ ਧਿਆਨ, ਨਿਰਾਕਾਰ ਵੇਖ ਵਖਾਇੰਦਾ । ਸਚਖੰਡ ਦੁਆਰਾ ਸਚ ਮਕਾਨ, ਆਦਿ ਪੁਰਖ ਆਪ ਸੁਹਾਇੰਦਾ । ਭੂਪਤ ਭੂਪ ਰਾਜ ਰਾਜਾਨ, ਨੀਕਨ ਨੀਕ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਖੋਲ੍ਹੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਸਚਖੰਡ ਨਿਵਾਸੀ ਖੋਲ੍ਹ ਤਾਕ, ਪਰਦਾ ਇਕੋ ਇਕ ਚੁਕਾਈਆ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜੋਤ ਜੋਤ ਜੋਤ ਰੁਸ਼ਨਾਈਆ । ਇਕ ਇਕੱਲਾ ਦੇਵੇ ਸਾਥ, ਦੂਜਾ ਸੰਗ ਨਾ ਕੋਇ ਨਿਭਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਬੰਧਾਈਆ । ਥਿਰ ਘਰ ਖੋਲ੍ਹ ਸਚਖੰਡ ਅੰਦਰ ਹੱਟ, ਘਰ ਘਰ ਵਿਚ ਲਏ ਪਰਗਟਾਈਆ । ਨਾਉਂ ਨਿਰੰਕਾਰ ਬੋਲ ਅਲੱਖ, ਨਾਅਰਾ ਇਕੋ ਇਕ ਸੁਣਾਈਆ । ਦੀਨ ਦਿਆਲ ਹੋ ਪਰਤੱਖ, ਅਨਭਵ ਨੂਰ ਕਰੇ ਰੁਸ਼ਨਾਈਆ । ਸਤਿ ਸਤਿਵਾਦੀ ਗਾਏ ਆਪਣਾ ਜਸ, ਸਿਫ਼ਤੀ ਸਿਫ਼ਤ ਸਿਫ਼ਤ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚੇ ਸੋਭਾ ਪਾਈਆ । ਘਰ ਸਾਚੇ ਹਰਿ ਸੋਭਾਵੰਤ, ਸੋ ਸਾਹਿਬ ਖੇਲ ਕਰਾਇੰਦਾ । ਨਿਰਗੁਣ ਜੋਤ ਸ੍ਰੀ ਭਗਵੰਤ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਕਰੇ ਖੇਲ ਆਪ ਬੇਅੰਤ, ਕਥਨੀ ਕਥ ਨਾ ਕੋਇ ਸਮਝਾਇੰਦਾ । ਨਾਤਾ ਜੋੜ ਨਾਰ ਕੰਤ, ਸੇਜ ਸੁਹੰਜਣੀ ਆਪ ਹੰਢਾਇੰਦਾ । ਨਿਰਵੈਰ ਬਣਾਏ ਅਗੰਮੀ ਬਣਤ, ਅਲੱਖ ਅਗੋਚਰ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਖੇਲ ਆਪ ਵਖਾਇੰਦਾ । ਆਪਣੀ ਖੇਲ ਕਰੇ ਕਰਤਾਰ, ਸਚਖੰਡ ਵੱਜੇ ਸਚ ਵਧਾਈਆ । ਨਿਰਮਲ ਦੀਆ ਕਰ ਉਜਿਆਰ, ਤੇਲ ਬਾਤੀ ਨਾ ਕੋਇ ਟਿਕਾਈਆ । ਸਾਚਾ ਮਾਹੀ ਬੇਐਬ ਪਰਵਰਦਿਗਾਰ, ਨੂਰ ਨੁਰਾਨਾ ਨੂਰ ਇਲਾਹੀਆ । ਮੁਕਾਮੇ ਹੱਕ ਠਾਂਡੇ ਦਰਬਾਰ, ਸਚ ਸਿੰਘਸਣ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਤੌਫ਼ੀਕ ਇਕ ਪਰਗਟਾਈਆ । ਸਚ ਪਰਗਟਾਏ ਇਕ ਤੌਫ਼ੀਕ, ਤੋਹਫ਼ਾ ਆਪਣਾ ਆਪ ਜਣਾਇੰਦਾ । ਦੂਸਰ ਨਾ ਕੋਈ ਦਿਸੇ ਰਫ਼ੀਕ, ਸੰਗੀ ਰੂਪ ਨਾ ਕੋਇ ਵਖਾਇੰਦਾ । ਬੈਠਾ ਰਹੇ ਆਪ ਅਤੀਤ, ਭੇਵ ਅਭੇਦ ਕੋਇ ਨਾ ਪਾਇੰਦਾ । ਸਾਚਾ ਕਲਮਾ ਸਾਚਾ ਨਗ਼ਮਾ ਗਾਏ ਅਗੰਮੀ ਗੀਤ, ਗਾਵਣਹਾਰਾ ਆਪ ਅਲਾਇੰਦਾ । ਕਰੇ ਖੇਲ ਇਕ ਅਨਡੀਠ, ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਚੁਕਾਇੰਦਾ । ਆਪਣਾ ਭੇਵ ਚੁਕਾਏ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਚਖੰਡ ਦੁਆਰੇ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਬਖ਼ਸ਼ਣਹਾਰਾ ਇਕ ਧਿਆਨ, ਧਿਆਨ ਧਿਆਨ ਵਿਚ ਸਮਾਈਆ । ਦੇਵਣਹਾਰਾ ਇਕ ਗਿਆਨ, ਗਿਆਨ ਇਕੋ ਇਕ ਸਮਝਾਈਆ । ਵਖਾਵਣਹਾਰਾ ਇਕ ਮਕਾਨ, ਮੁਕਾਮੇ ਹੱਕ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ

ਵਡਿਆਈ ਵੱਡਾ ਵਡ, ਵਡ ਦਾਤਾ ਦਇਆ ਕਮਾਇੰਦਾ । ਆਪਣੀ ਧਾਰੋ ਆਪਾ ਕੱਢ, ਆਪਣੇ ਘਰ ਵਸਾਇੰਦਾ । ਆਪਣਾ ਪ੍ਰੇਮ ਪ੍ਰੀਤ ਕਰੇ ਲਡ, ਸਾਚੀ ਰੀਤੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦਾਤਾ ਪੁਰਖ ਬਿਧਾਤਾ ਸਾਚੀ ਵਸਤ ਆਪ ਉਪਾਇੰਦਾ । ਸਾਚੀ ਵਸਤ ਉਪਾਏ ਏਕ, ਏਕਕਾਰ ਵੱਡੀ ਵਡਿਆਈਆ । ਸਚ ਦੁਆਰੇ ਬਖ਼ਸ਼ੇ ਟੇਕ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਿਨ ਕਲਮ ਸ਼ਾਹੀ ਕਾਗਦ ਲਿਖੇ ਲੇਖ, ਅੱਖਰ ਰੂਪ ਨਾ ਕੋਇ ਜਣਾਈਆ । ਸਤਿ ਸੁਆਮੀ ਆਪਣਾ ਜਾਣੇ ਭੇਤ, ਭੇਵ ਸਮਝ ਸਕੇ ਨਾ ਕੋਇ ਰਾਈਆ । ਧਾਰ ਧਾਰ ਨਾਲ ਕਰੇ ਹੇਤ, ਪਿਆਰ ਪਿਆਰ ਨਾਲ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪਣੇ ਹੱਥ ਰਖਾਈਆ । ਧੁਰ ਦਾ ਲੇਖਾ ਰੱਖੇ ਹੱਥ, ਸ਼ਾਹੋ ਭੂਪ ਖੇਲ ਕਰਾਇੰਦਾ । ਪਰਗਟ ਹੋ ਪੁਰਖ ਸਮਰਥ, ਨਿਰਗੁਣ ਆਪਣੀ ਧਾਰ ਚਲਾਇੰਦਾ । ਨਾ ਕੋਈ ਨੇਤਰ ਨਾ ਕੋਈ ਅੱਖ, ਨੈਣ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਪੈਰ ਨਾ ਕੋਈ ਹੱਥ, ਸਰਵਣ ਰੂਪ ਨਾ ਕੋਇ ਵਟਾਇੰਦਾ । ਨਾ ਕੋਈ ਜਿਹਵਾ ਨਾ ਕੋਈ ਬੱਤੀ ਦੰਦ ਵਖਾਏ ਹੱਟ, ਵਣਜ ਵਣਜਾਰਾ ਨਾ ਕੋਇ ਕਰਾਇੰਦਾ । ਨਾ ਕੋਈ ਤਤਵ ਨਾ ਕੋਈ ਤੱਤ, ਪੰਜ ਤਤ ਮੇਲ ਨਾ ਕੋਇ ਮਿਲਾਇੰਦਾ । ਨਾ ਕੋਈ ਬੂੰਦ ਨਾ ਕੋਈ ਰਤ, ਰਕਤ ਰੰਗ ਨਾ ਕੋਇ ਵਖਾਇੰਦਾ । ਨਾ ਕੋਈ ਤੀਰਥ ਨਾ ਕੋਈ ਘਾਟ, ਸਰੋਵਰ ਸਾਚਾ ਸਰ ਨਾ ਕੋਇ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਹਰਿ ਸੋਭਾ ਪਾਇੰਦਾ । ਸਚਖੰਡ ਦੁਆਰਾ ਸੁਹਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਸਿਮਰਨ ਰੂਪ ਨਾ ਕੋਇ ਵਖਾਈਆ । ਨਾ ਕੋਈ ਤੀਰਥ ਨਾ ਕੋਈ ਤਾਟ, ਕਿਨਾਰਾ ਵੰਡ ਨਾ ਕੋਇ ਵੰਡਾਈਆ । ਨਾ ਕੋਈ ਸਖੀਆਂ ਮਿਲ ਕੇ ਮੰਗਲ ਗਾਏ ਗਾਥ, ਗੋਪੀ ਕਾਹਨ ਰੂਪ ਨਾ ਕੋਇ ਵਟਾਈਆ । ਨਾ ਕੋਈ ਸੱਜਣ ਨਾ ਕੋਈ ਸਾਕ, ਬੰਧਪ ਨਜ਼ਰ ਕੋਇ ਨਾ ਆਈਆ । ਨਾ ਕੋਈ ਲੋਕ ਨਾ ਕੋਈ ਹਾਟ, ਨਾ ਕੋਈ ਤਬਕ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਆਪਣੀ ਧਾਰ ਆਪ ਪਰਗਟਾਈਆ । ਆਪਣੀ ਧਾਰ ਆਪੇ ਰੱਖ, ਨਿਰਗੁਣ ਆਪਣੀ ਕਾਰ ਕਮਾਇੰਦਾ । ਬੇਪਰਵਾਹ ਹੋ ਪਰਤੱਖ, ਬੇਪਰਵਾਹੀ ਖੇਲ ਖਿਲਾਇੰਦਾ । ਸਾਚਾ ਮਾਰਗ ਆਪੇ ਦੱਸ, ਬਣ ਪਾਂਧੀ ਪੰਧ ਮੁਕਾਇੰਦਾ । ਸਾਚੇ ਮੰਦਰ ਆਪੇ ਵਸ, ਗ੍ਰਿਹ ਆਪਣੇ ਸੋਭਾ ਪਾਇੰਦਾ । ਸਾਚਾ ਪ੍ਰੇਮ ਦੇਵੇ ਰਸ, ਰਸ ਰਸੀਆ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਆਪਣਾ ਹੁਕਮ ਵਰਤੇ ਵਡ ਰਾਜਾ, ਹਰਿ ਦਾਤਾ ਬੇਪਰਵਾਹੀਆ । ਸਚਖੰਡ ਦੁਆਰ ਰਚ ਕੇ ਕਾਜਾ, ਰਚਨਾ ਆਪਣੀ ਦਏ ਜਣਾਈਆ । ਛੱਪਰ ਛੰਨ ਚਾਰ ਦੀਵਾਰ ਨਾ ਕੋਇ ਦਰਵਾਜ਼ਾ, ਤਾਕੀ ਨਜ਼ਰ ਕੋਇ ਨਾ ਆਈਆ । ਜੋਤੀ ਧਾਰ ਗ਼ਰੀਬ ਨਿਵਾਜ਼ਾ, ਨਰ ਹਰਿ ਇਕੋ ਆਸਣ ਲਾਈਆ । ਨਾ ਕੋਈ ਰਾਗ ਨਾਦ ਵੱਜੇ ਵਾਜਾ, ਧੁਨ ਕਰੇ ਨਾ ਕੋਇ ਸ਼ਨਵਾਈਆ । ਨਾ ਕੋਈ ਬੋਲ ਜੈਕਾਰ ਮਾਰੇ ਵਾਜਾ, ਉਚੀ ਕੂਕ ਨਾ ਕੋਇ ਸੁਣਾਈਆ । ਕਰੇ ਖੇਲ ਪੁਰਖ ਸਮਰਾਥਾ, ਸਮਰਥ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਦਏ ਵਡਿਆਈਆ । ਸਾਚਾ ਘਰ ਸਚਖੰਡ, ਸੋ ਪੁਰਖ ਨਿਰੰਜਣ ਆਪ ਬਣਾਈਆ । ਜਿਸ ਦੀ ਏਕੋ ਜਾਣੇ ਵੰਡ, ਦੂਜਾ ਸਮਝ ਸਕੇ ਨਾ ਰਾਈਆ । ਜਿਸ ਗ੍ਰਿਹ ਵਸੇ ਸੂਰਾ ਸਰਬੰਗ, ਸ਼ਾਹ

ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦੁਆਰੇ ਇਕ ਅਨੰਦ, ਅਨੰਦ ਅਨੰਦ ਵਿਚੋ ਪਰਗਟਾਈਆ । ਜਿਸ ਦਰ ਦਰਵੇਸ਼ ਇਕੋ ਰਿਹਾ ਮੰਗ, ਭਿੱਖਕ ਸਵਾਲੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦਏ ਖੁਲ੍ਹਾਈਆ । ਆਦਿ ਪੁਰਖ ਸ੍ਰੀ ਭਗਵਾਨ, ਭਗਵਨ ਆਪਣਾ ਖੇਲ ਕਰਾਇੰਦਾ । ਧਰਮ ਦੁਆਰੇ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਪੁਰਖ ਅਕਾਲਾ ਹੁਕਮਰਾਨ, ਆਪਣੀ ਇੱਛਿਆ ਹੁਕਮ ਪਰਗਟਾਇੰਦਾ । ਦਰ ਦਰਵੇਸ਼ ਬਣ ਦਰਬਾਨ, ਦਰ ਆਪਣੇ ਅਲਖ ਜਗਾਇੰਦਾ । ਆਪ ਆਪਣਾ ਕਰ ਪਰਵਾਨ, ਮਿਹਬਾਨ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਦੇਵੇ ਏਕੰਕਾਰ, ਅਕਲ ਕਲਾ ਵਡਿਆਈਆ । ਸਚਖੰਡ ਬੈਠ ਸੱਚੇ ਦਰਬਾਰ, ਦਰਗਹਿ ਸਾਚੀ ਸੋਭਾ ਪਾਈਆ । ਨਿਰਗੁਣ ਨੂਰ ਨੂਰ ਉਜਿਆਰ, ਆਪਣੀ ਖੇਲ ਆਪ ਕਰਾਈਆ । ਸੋ ਪੁਰਖ ਨਿਰੰਜਣ ਬਣ ਸਰਕਾਰ, ਸਚ ਸਰਕਾਰ ਲਏ ਬਣਾਈਆ । ਹਰਿ ਪੁਰਖ ਨਿਰੰਜਣ ਮਦਦਗਾਰ, ਸੰਗੀ ਇਕੋ ਨਜ਼ਰੀ ਆਈਆ । ਏਕੰਕਾਰ ਬਣ ਕੇ ਯਾਰ, ਯਾਰੀ ਆਪਣੇ ਨਾਲ ਲਗਾਈਆ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜ, ਦਰ ਸਾਚੀ ਸੇਵ ਕਮਾਈਆ । ਸ੍ਰੀ ਭਗਵਾਨ ਨੈਣ ਉਘਾੜ, ਬਿਨ ਅੱਖਾਂ ਅੱਖ ਮਿਲਾਈਆ । ਪੰਚਮ ਮੇਲ ਇਕ ਦੁਆਰ, ਜੋਤ ਨਿਰੰਜਣ ਆਦਿ ਨਿਰੰਜਣ ਆਪਣੀ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮਰਾਨ ਇਕ ਹੋ ਜਾਈਆ । ਹੁਕਮਰਾਨ ਇਕੋ ਦਾਤਾ, ਆਦਿ ਪੁਰਖ ਆਪ ਅਖਵਾਇੰਦਾ । ਆਪਣੀ ਰੱਖੇ ਉਤਮ ਜ਼ਾਤਾ, ਅਜ਼ਾਤੀ ਰੂਪ ਨਾ ਕੋਇ ਵਟਾਇੰਦਾ । ਆਪਣੇ ਨਾਲ ਬੰਨ੍ਹੇ ਨਾਤਾ, ਬਿਧਾਤਾ ਆਪਣਾ ਮੇਲ ਮਿਲਾਇੰਦਾ । ਸਚ ਦਵਾਰ ਇਕੋ ਹਾਤਾ, ਹਦੂਦ ਰੂਪ ਨਾ ਕੋਇ ਵਖਾਇੰਦਾ । ਜ਼ਾਹਰ ਬਾਤਨ ਕਰੇ ਬਾਤਾਂ, ਰਸਨਾ ਜਿਹਵਾ ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚੇ ਤਖ਼ਤ ਸੋਭਾ ਪਾਇੰਦਾ । ਸਾਚੇ ਤਖ਼ਤ ਹਰਿਜੂ ਚੜ੍ਹਿਆ, ਆਦਿ ਪੁਰਖ ਵੱਡੀ ਵਡਿਆਈਆ । ਆਪਣਾ ਖੇਲ ਆਪੇ ਕਰਿਆ, ਕਰਨਹਾਰ ਬੇਪਰਵਾਹੀਆ । ਆਪਣਾ ਨਾਉਂ ਢੋਲਾ ਗੀਤ ਆਪੇ ਪੜ੍ਹਿਆ, ਕਰੇ ਸਚ ਪੜ੍ਹਾਈਆ । ਆਪਣੇ ਭੈ ਭੌ ਆਪੇ ਡਰਿਆ, ਦੂਜਾ ਨਜ਼ਰ ਕੋਇ ਨਾ ਆਈਆ । ਸਚ ਮਹੱਲੇ ਆਪੇ ਖੜਿਆ, ਉਚੇ ਟਿੱਲੇ ਸੋਭਾ ਪਾਈਆ । ਆਪਣਾ ਵਰ ਆਪੇ ਵਰਿਆ, ਆਪੇ ਕੰਤ ਕੰਤੂਹਲ ਸਾਚੀ ਸੇਜ ਹੰਢਾਈਆ । ਆਪਣਾ ਭੰਡਾਰ ਆਪੇ ਭਰਿਆ, ਵਡ ਵਡੀ ਦਇਆ ਕਮਾਈਆ । ਆਪਣਾ ਘਾੜਨ ਆਪੇ ਘੜਿਆ, ਨਾ ਕੋ ਪਿਤਾ ਨਾ ਕੋ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੀ ਰਚਨਾ ਲਏ ਰਚਾਈਆ । ਆਦਿ ਰਚਨਾ ਰਚ ਨਿਰੰਕਾਰ, ਆਪਣਾ ਆਪ ਉਪਾਇਆ । ਸਾਚੀ ਇੱਛਿਆ ਖੋਲ੍ਹ ਕਿਵਾੜ, ਸਚਖੰਡ ਲਏ ਪਰਗਟਾਇਆ । ਕਰੇ ਖੇਲ ਅਗੰਮ ਅਪਾਰ ਅਗੰਮੜੀ ਧਾਰ ਚਲਾਇਆ । ਹੱਡ ਮਾਸ ਨਾੜ ਚਮੜਾ ਨਾ ਕੋਇ ਆਧਾਰ, ਰੰਗ ਰੂਪ ਨਜ਼ਰ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਆਪਣਾ ਪੜਦਾ ਦਏ ਖੁਲ੍ਹਾਇਆ । ਆਦਿ ਪੁਰਖ ਪ੍ਰਭ ਪੜਦਾ ਲਾਹ, ਸਚਖੰਡ ਦੁਆਰ ਖ਼ੁਸ਼ੀ ਮਨਾਈਆ । ਨਿਰਗੁਣ ਬਣਿਆ ਨਿਰਗੁਣ ਮਲਾਹ, ਨਿਰਗੁਣ ਬੇੜਾ ਆਪ ਚਲਾਈਆ । ਨਿਰਗੁਣ ਦੇਵੇ ਨਿਰਗੁਣ ਸਲਾਹ, ਨਿਰਗੁਣ ਨਿਰਗੁਣ ਮਤਾ ਪਕਾਈਆ । ਨਿਰਗੁਣ ਮੇਲਾ ਨਿਰਗੁਣ ਸਹਿਜ ਸੁਭਾ, ਨਿਰਗੁਣ ਨਿਰਗੁਣ ਲਏ ਪਰਨਾਈਆ । ਨਿਰਗੁਣ ਰੰਗ ਨਿਰਗੁਣ ਸੂਰਾ ਸਰਬੰਗ ਦਏ ਚੜ੍ਹਾ, ਨਿਰਗੁਣ

ਨਿਰਗੁਣ ਵੇਖੇ ਚਾਈਂ ਚਾਈਂਆ । ਨਿਰਗੁਣ ਸਾਚਾ ਖੇੜਾ ਦਏ ਵਸਾ, ਸਚਖੰਡ ਸਾਚੇ ਸੋਭਾ ਪਾਈਆ । ਨਿਰਗੁਣ ਉਚ ਮਹੱਲ ਅਟੱਲ ਡੇਰਾ ਦੇਵੇ ਲਾ, ਮਹਿਫ਼ਲ ਇਕੋ ਘਰ ਵਖਾਈਆ । ਨਿਰਗੁਣ ਨੂਰ ਕਰ ਰੁਸ਼ਨਾ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਧੁਰ ਦਾ ਭੇਤ ਹਰਿ ਜੂ ਖੋਲ੍ਹੇ, ਖੋਲ੍ਹਣਹਾਰ ਇਕ ਅਖਵਾਇੰਦਾ । ਜੋਤੀ ਧਾਰ ਸ਼ਬਦੀ ਬੋਲੇ, ਸ਼ਬਦ ਆਪਣੀ ਇੱਛਿਆ ਵਿਚ ਪਰਗਟਾਇੰਦਾ । ਅੰਤਰ ਬਾਹਰ ਭੀਤਰ ਵਸਣਹਾਰਾ ਕੋਲੇ, ਦੂਰ ਦੁਰਾਡਾ ਪਾਂਧੀ ਪੰਧ ਨਜ਼ਰ ਨਾ ਆਇੰਦਾ । ਸਾਚੇ ਮੰਦਰ ਉਚੇ ਟਿੱਲੇ ਘਰ ਬਹਿ ਕੇ ਗਾਏ ਢੋਲੇ, ਢੋਲਾ ਆਪਣਾ ਨਾਮ ਸਮਝਾਇੰਦਾ । ਆਪਣਾ ਪੜਦਾ ਆਪੇ ਫੋਲੇ, ਆਪਣਾ ਖੇਲ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਇੰਦਾ । ਧੁਰ ਦੀ ਕਰਨੀ ਕਰੇ ਕਰਨੇਯੋਗ, ਦੂਜਾ ਨਜ਼ਰ ਕੋਇ ਨਾ ਆਈਆ । ਆਦਿ ਪੁਰਖ ਅਨਾਦੀ ਕਰ ਸਚ ਸੰਜੋਗ, ਮੇਲਾ ਏਕਾ ਏਕ ਮਿਲਾਈਆ । ਦੇਵਣਹਾਰਾ ਦਰਸ ਅਮੋਘ, ਮੁਖ ਪੜਦਾ ਨਕਾਬ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਆਪ ਸਮਝਾਈਆ । ਆਪਣੀ ਧਾਰ ਦੱਸੇ ਭਗਵਾਨ, ਸ੍ਰੀ ਭਗਵਨ ਦਇਆ ਕਮਾਈਆ । ਆਦਿ ਆਦਿ ਬਣ ਸੁਲਤਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਦਰ ਦਰਵੇਸ਼ ਖੇਲ ਮਹਾਨ, ਮਿਹਰਵਾਨ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪੇ ਰਾਜਾ ਆਪੇ ਪਰਜਾ ਆਪੇ ਹੁਕਮ ਦਏ ਸਮਝਾਈਆ । ਰਾਜਾ ਪਰਜਾ ਬਣ ਕੇ ਏਕ, ਏਕੰਕਾਰ ਦਏ ਜਣਾਈਆ । ਮੇਰੀ ਮੇਰਾ ਰੱਖੇ ਟੇਕ, ਮੇਰਾ ਤੇਰਾ ਨਜ਼ਰ ਕੋਇ ਨਾ ਆਈਆ । ਨਿਰਗੁਣ ਨਿਰਗੁਣ ਕਰੇ ਹੇਤ, ਹਿਤਕਾਰੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਬਣ ਕੇ ਭੂਪ, ਭੂਪਤ ਇਕੋ ਸੋਭਾ ਪਾਈਆ । ਸੋ ਪੁਰਖ ਨਿਰੰਜਣ ਬਣਿਆ ਰਾਜਾ, ਸ਼ਾਹ ਪਾਤਸ਼ਾਹ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਰਚ ਆਪਣਾ ਕਾਜਾ, ਕਰਨੀ ਕਰਤਾ ਆਪ ਕਮਾਇੰਦਾ । ਦੋਹਾਂ ਖੇਲ ਖੇਲ ਤਮਾਸ਼ਾ, ਇਕ ਇਕੱਲਾ ਆਪ ਵਖਾਇੰਦਾ । ਸਾਚੇ ਮੰਡਲ ਪਾਵੇ ਰਾਸਾ, ਗੋਪੀ ਕਾਹਨ ਆਪਣਾ ਨੂਰ ਨਚਾਇੰਦਾ । ਅਗੰਮ ਅਥਾਹ ਬੇਪਰਵਾਹ ਜੋਤੀ ਜਾਤਾ ਪੁਰਖ ਬਿਧਾਤਾ ਇਕੋ ਇਕ ਹੋ ਪਰਕਾਸ਼ਾ, ਪਰਕਾਸ਼ਵਾਨ ਆਪ ਹੋ ਆਇੰਦਾ । ਨਾ ਕੋਈ ਤੋਲਾ ਨਾ ਕੋਈ ਮਾਸਾ, ਨਾ ਕੋਈ ਭਾਰ ਵੰਡ ਵੰਡਾਇੰਦਾ । ਕਰੇ ਖੇਲ ਸ਼ਾਹੋ ਸ਼ਬਾਸ਼ਾ, ਸ਼ਾਹ ਪਾਤਸ਼ਾਹ ਆਪਣੀ ਕਾਰ ਕਮਾਇੰਦਾ । ਆਪੇ ਭਿਛਿਆ ਆਪੇ ਇੱਛਿਆ ਆਪੇ ਪੂਰੀ ਕਰੇ ਆਸਾ, ਆਸਾਵੰਦ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਆਪਣਾ ਹੁਕਮ ਵਰਤੇ ਰਾਣਾ, ਰਾਜਨ ਏਕ ਵੱਡੀ ਵਡਿਆਈਆ । ਨਿਰਗੁਣ ਮੰਨ੍ਹੇ ਨਿਰਗੁਣ ਭਾਣਾ, ਨਿਰਗੁਣ ਨਿਰਗੁਣ ਸੀਸ ਝੁਕਾਈਆ । ਨਿਰਗੁਣ ਗਾਵੇ ਨਿਰਗੁਣ ਗਾਣਾ, ਨਿਰਗੁਣ ਨਿਰਗੁਣ ਧਿਆਨ ਲਗਾਈਆ । ਨਿਰਗੁਣ ਵਖਾਏ ਨਿਰਗੁਣ ਮਕਾਨਾ, ਧਰਮ ਦੁਆਰ ਇਕ ਪਰਗਟਾਈਆ । ਨਿਰਗੁਣ ਹੁਕਮ ਨਿਰਗੁਣ ਪਰਵਾਨਾ, ਨਿਰਗੁਣ ਸੰਦੇਸਾ ਦਏ ਜਣਾਈਆ । ਨਿਰਗੁਣ ਪਾਵੇ ਨਿਰਗੁਣ ਆਣਾ, ਨਿਰਗੁਣ ਨਿਉਂ ਨਿਉਂ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਕਾਰ ਕਮਾਈਆ । ਸਚ ਸਾਚਾ ਹਰਿ ਕਾਰ ਕਮਾਏ, ਕਰਨਹਾਰ ਖੇਲ ਕਰਾਇੰਦਾ । ਆਪਣਾ ਹੁਕਮ ਆਪ ਵਰਤਾਏ, ਧੁਰ ਦੀ ਧਾਰ ਆਪ ਸਮਝਾਇੰਦਾ । ਪਾਰਬ੍ਰਹਮ

ਤੇਰੀ ਸੇਵਾ ਲਾਏ, ਸੋ ਪੁਰਖ ਨਿਰੰਜਣ ਸ਼ਹਿਨਸ਼ਾਹ ਅਖਵਾਇੰਦਾ । ਤੇਰਾ ਮਾਰਗ ਇਕ ਉਪਜਾਏ, ਸ਼ਬਦੀ ਵੰਡ ਵੰਡਾਇੰਦਾ । ਸਾਚੀ ਗੰਢ ਏਕਾ ਪਾਏ, ਨਾ ਕੋਈ ਤੋੜੇ ਤੋੜ ਤੁੜਾਇੰਦਾ । ਧੁਰ ਦਾ ਅਨੰਦ ਇਕ ਵਖਾਏ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਇੰਦਾ । ਧੁਰ ਦੀ ਧਾਰ ਪਾਰਬ੍ਰਹਮ ਤੇਰੀ ਸੇਵਾ, ਸੋ ਪੁਰਖ ਨਿਰੰਜਣ ਆਪ ਲਗਾਈਆ । ਕਰੇ ਖੇਲ ਅਗੰਮ ਅਭੇਵਾ, ਭੇਵ ਅਭੇਦ ਦਏ ਜਣਾਈਆ । ਤੇਰੀ ਧਾਰੋ ਉਪਜੇ ਤੇਰਾ ਮੇਵਾ, ਅੰਮ੍ਰਿਤ ਇਕੋ ਫਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮ ਇਕੋ ਇਕ ਜਣਾਈਆ । ਹੁਕਮ ਏਕੋ ਏਕ ਵਰਤਾਰਾ, ਵਰਤਾਵਣਹਾਰ ਆਪ ਵਰਤਾਇੰਦਾ । ਪਾਰਬ੍ਰਹਮ ਤੇਰੀ ਚਲੇ ਧਾਰਾ, ਸੋ ਪੁਰਖ ਨਿਰੰਜਣ ਹਰਿ ਸਮਝਾਇੰਦਾ । ਦੋਏ ਜੋੜ ਕਰ ਨਿਮਸਕਾਰਾ, ਸਾਚਾ ਮਾਰਗ ਇਕ ਰਖਾਇੰਦਾ । ਤੇਰਾ ਮੇਰਾ ਖੇਲ ਨਿਆਰਾ, ਆਦਿ ਨਜ਼ਰ ਕੋਇ ਨਾ ਆਇੰਦਾ । ਨਾ ਕੋਈ ਦੂਜਾ ਵੇਖਣਹਾਰਾ, ਸੰਗੀ ਰੂਪ ਨਾ ਕੋਇ ਰਖਾਇੰਦਾ । ਨਾ ਕੋਈ ਕਾਤਬ ਬਣੇ ਲਿਖਾਰਾ, ਕਲਮ ਸ਼ਾਹੀ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਮਿੱਤਰ ਨਾ ਕੋਈ ਯਾਰਾ, ਨਾ ਕੋਈ ਸੱਥਰ ਸੇਜ ਹੰਢਾਇੰਦਾ । ਨਾ ਕੋਈ ਗੁਰ ਨਾ ਅਵਤਾਰਾ, ਪੀਰ ਪੈਗ਼ੰਬਰ ਨਜ਼ਰ ਕੋਇ ਨਾ ਆਇੰਦਾ । ਤੇਰਾ ਮੇਰਾ ਇਕ ਵਿਹਾਰਾ, ਬਿਵਹਾਰੀ ਆਪ ਸਮਝਾਇੰਦਾ । ਆਦਿ ਪੁਰਖ ਪ੍ਰਭ ਬਣ ਵਣਜਾਰਾ, ਤੇਰਾ ਸਾਚਾ ਹੱਟ ਚਲਾਇੰਦਾ । ਪਾਰਬ੍ਰਹਮ ਪ੍ਰਭ ਕੱਢੇ ਹਾੜਾ, ਨਿਰਗੁਣ ਨਿਰਗੁਣ ਅੱਗੇ ਵਾਸਤਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਦੇ ਸਾਚਾ ਵਰ, ਪਾਰਬ੍ਰਹਮ ਮੰਗ ਮੰਗਾਇੰਦਾ । ਪਾਰਬ੍ਰਹਮ ਪ੍ਰਭ ਮੰਗੇ ਮੰਗ, ਨਿਰਗੁਣ ਅੱਗੇ ਝੋਲੀ ਡਾਹੀਆ । ਸੋ ਪੁਰਖ ਨਿਰੰਜਣ ਤੇਰਾ ਸੰਗ, ਆਦਿ ਜੁਗਾਦਿ ਮੇਰੀ ਧਾਰ ਪਰਗਟਾਈਆ । ਤੇਰਾ ਨਾਉਂ ਸਾਚਾ ਛੰਦ, ਸ਼ਬਦੀ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਕਵਣ ਵੇਲਾ ਲਏਂ ਮਿਲਾਈਆ । ਕਵਣ ਵੇਲਾ ਮੇਲੇਂ ਮੇਲ, ਪਾਰਬ੍ਰਹਮ ਪ੍ਰਭ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਤੇਰਾ ਅਚਰਜ ਖੇਲ, ਖੇਲ ਖੇਲ ਮੈਂ ਬਿਗਸਾਇੰਦਾ । ਦੀਵਾ ਜਗੇ ਬਿਨ ਬਾਤੀ ਤੇਲ, ਨੂਰੋ ਨੂਰ ਡਗਮਗਾਇੰਦਾ । ਸਚਖੰਡ ਨਿਵਾਸੀ ਸੱਜਣ ਸੁਹੇਲ, ਤਖ਼ਤ ਨਿਵਾਸੀ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਕਵਣ ਵੇਲਾ ਅੰਗ ਲਗਾਇੰਦਾ । ਸੋ ਪੁਰਖ ਨਿਰੰਜਣ ਕਹੇ ਸਰਬੰਗ, ਸੂਰਬੀਰ ਦਇਆ ਕਮਾਈਆ । ਪਾਰਬ੍ਰਹਮ ਪ੍ਰਭ ਲਾਏ ਅੰਗ, ਅੰਗੀਕਾਰ ਆਪ ਹੋ ਜਾਈਆ । ਸਚ ਦੁਆਰੇ ਚਾੜ੍ਹੇ ਰੰਗ, ਰੰਗ ਇਕੋ ਇਕ ਵਖਾਈਆ । ਤੇਰੀ ਧਾਰ ਉਪਜਾਏ ਆਪ ਬਖ਼ਸ਼ੰਦ, ਬਖ਼ਸ਼ਸ਼ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਦੇਵਣਹਾਰ ਵਡਿਆਈਆ । ਪਾਰਬ੍ਰਹਮ ਦੋਏ ਜੋੜ ਕਰੇ ਅਸੀਸ, ਸੋ ਸਤਿਗੁਰ ਤੇਰੀ ਸਰਨਾਈਆ । ਸਚਖੰਡ ਦੁਆਰ ਵਸੇਂ ਜਗਦੀਸ, ਜਗਦੀਸਰ ਤੇਰੀ ਸ਼ਹਿਨਸ਼ਾਹੀਆ । ਤੇਰੇ ਤਾਜ ਸੋਹੇ ਸੀਸ, ਪੰਚਮ ਪੰਚਮ ਸੋਭਾ ਪਾਈਆ । ਤੇਰੀ ਕਰੇ ਨਾ ਕੋਇ ਰੀਸ, ਤੇਰਾ ਸਾਨੀ ਨਜ਼ਰ ਕੋਇ ਨਾ ਆਈਆ । ਤੇਰੀ ਆਦਿ ਜੁਗਾਦਿ ਚਲੇ ਰੀਤ, ਰੀਤੀਵਾਨ ਤੇਰੀ ਬੇਪਰਵਾਹੀਆ । ਤੇਰਾ ਖੇਲ ਸਦਾ ਅਨਡੀਠ, ਅਨਡਿਠੜੀ ਕਾਰ ਕਮਾਈਆ । ਤੇਰਾ ਕਲਮਾ ਇਕ ਹਦੀਸ, ਮੇਰਾ ਨਾਮ ਸਚ ਪੜ੍ਹਾਈਆ । ਹਉਂ ਦਰ ਤੇ ਮੰਗਾਂ ਭੀਖ, ਬਣ ਸਵਾਲੀ ਝੋਲੀ ਡਾਹੀਆ । ਅੰਤਮ ਦੱਸ ਦੇ ਸਚ ਤਾਰੀਖ਼, ਜਿਸ ਦੀ ਤਵਾਰੀਖ਼ ਸਕੇ ਨਾ ਕੋਇ ਲਿਖਾਈਆ । ਤੂੰ ਮੇਰਾ ਮੈਂ ਤੇਰਾ

ਦੋਹਾਂ ਦੀ ਬੱਝੇ ਇਕੋ ਪ੍ਰੀਤ, ਨਾਤਾ ਆਦਿ ਜੁਗਾਦਿ ਜੁੜਾਈਆ । ਤੇਰਾ ਮੁਖ ਮੇਰੀ ਪੀਠ, ਪੀਠ ਤੇਰਾ ਮੁਖ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸੱਚਾ ਵਰ, ਪਾਰਬ੍ਰਹਮ ਪਿਆ ਸਰਨਾਈਆ । ਪਾਰਬ੍ਰਹਮ ਪ੍ਰਭ ਸਰਨ ਢੱਠ, ਇਕ ਅਰਦਾਸ ਸੁਣਾਇੰਦਾ । ਸੋ ਪੁਰਖ ਨਿਰੰਜਣ ਖੋਲ੍ਹ ਹੱਟ, ਦਰ ਦਰਵਾਜ਼ਾ ਤੇਰਾ ਨਜ਼ਰ ਕੋਇ ਨਾ ਆਇੰਦਾ । ਵਸਤ ਅਗੰਮੀ ਇਕੋ ਵਾਰ ਘੱਤ, ਦੂਜੀ ਵਾਰ ਮੰਗਣ ਕੋਇ ਨਾ ਆਇੰਦਾ । ਤੇਰਾ ਮੇਰਾ ਖੇੜਾ ਜਾਏ ਵਸ, ਘਰ ਇਕੋ ਸੋਭਾ ਪਾਇੰਦਾ । ਤੇਰਾ ਨਾਉਂ ਪੁਰਖ ਸਮਰਥ, ਹੱਥ ਤੇਰੇ ਨਾਲ ਮਿਲਾਇੰਦਾ । ਤੇਰੀ ਮਹਿਮਾ ਅਕਥਨਾ ਅਕੱਥ, ਤੇਰਾ ਢੋਲਾ ਰਾਗ ਅਲਾਇੰਦਾ । ਤੇਰਾ ਪੈਂਡਾ ਮੁਕਾਵਾਂ ਨੱਠ ਨੱਠ, ਬਣ ਪਾਂਧੀ ਸੇਵ ਕਮਾਇੰਦਾ । ਸਚ ਸੁਲਤਾਨ ਇਕੋ ਸੱਚੀ ਦੱਸ, ਕਵਣ ਵੇਲਾ ਅੰਤ ਮਿਲਾਇੰਦਾ । ਸੋ ਪੁਰਖ ਨਿਰੰਜਣ ਸਚਖੰਡ ਨਿਵਾਸੀ ਸੱਚਾ ਰਾਜਾ ਪਿਆ ਹੱਸ, ਹੰਸਮੁਖ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਤੇਰਾ ਮਾਰਗ ਇਕ ਜਣਾਇੰਦਾ । ਪਾਰਬ੍ਰਹਮ ਤੇਰਾ ਮਾਰਗ ਆਪ ਲਗਾਵਾਂਗਾ । ਸਚਖੰਡ ਸਾਚਾ ਖੇਲ ਰਚਾਵਾਂਗਾ । ਵੰਡ ਆਪਣੇ ਹੱਥ ਰਖਾਵਾਂਗਾ । ਸਗਲਾ ਸੰਗ ਆਪ ਹੋ ਜਾਵਾਂਗਾ । ਤੇਰਾ ਘਰ ਇਕ ਪਰਗਟਾਵਾਂਗਾ । ਨਾਰੀ ਨਰਾਇਣ ਸੇਜ ਹੰਢਾਵਾਂਗਾ । ਦੇ ਕੇ ਅਗੰਮੀ ਵਰ, ਸੁਤ ਸ਼ਬਦ ਤੇਰੀ ਝੋਲੀ ਪਾਵਾਂਗਾ । ਸ਼ਬਦ ਸੁਤ ਦੁਲਾਰਾ ਫੜ, ਤੇਰਾ ਰਾਹ ਸਮਝਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਘਾੜਨ ਘੜ, ਸਾਚੀ ਸੇਵਾ ਇਕ ਲਗਾਵਾਂਗਾ । ਤ੍ਰੈਗੁਣ ਮਾਇਆ ਲਾ ਲੜ, ਰਜੋ ਤਮੋ ਸਤੋ ਗੰਢ ਰਖਾਵਾਂਗਾ । ਪੰਜ ਤਤ ਜੜਤ

੧੭੮ ਜੜ, ਸਾਚਾ ਮੇਲਾ ਮੇਲ ਮਿਲਾਵਾਂਗਾ । ਲੱਖ ਚੁਰਾਸੀ ਘਾੜਨ ਘੜ, ਪਾਰਬ੍ਰਹਮ ਬ੍ਰਹਮ ਤੇਰੀ ਅੰਸ ਉਪਜਾਵਾਂਗਾ । ਲੱਖ ਚੁਰਾਸੀ ਰੂਪ ਧਰ ਸਹੰਸ, ੧੭੮

੧੫ ਸਹੰਸਰ ਆਪਣੀ ਕਾਰ ਕਮਾਵਾਂਗਾ । ਨਿਰਗੁਣ ਸਰਗੁਣ ਬਣਾ ਕੇ ਬੰਸ, ਬੰਸਾਵਲੀ ਇਕ ਚਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਤੇਰਾ ਮਾਰਗ ਇਕ ਦਰਸਾਵਾਂਗਾ । ਪਾਰਬ੍ਰਹਮ ਬ੍ਰਹਮ ਮਾਰਗ ਇਕ ਲਗਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ੧੫

ਨਿਰਗੁਣ ਨਿਰਗੁਣ ਵੰਡ ਵੰਡਾਏਗਾ । ਸਰਗੁਣ ਸਾਚੀ ਵਸਤ ਦਸਤ ਫੜਾਏਗਾ । ਨਿਰਵੈਰ ਹੋ ਕੇ ਰਹੇ ਮਸਤ, ਅਲਮਸਤ ਆਪਣੀ ਕਾਰ ਕਮਾਏਗਾ । ਡੇਰਾ ਲਾਏ ਕੀਟ ਹਸਤ, ਊਚ ਨੀਚ ਨਾ ਕੋਇ ਜਣਾਏਗਾ । ਨਿਰਗੁਣ ਸਰਗੁਣ ਅੰਦਰ ਆਵੇ ਪਰਤ, ਪਰਤੀਨਿਧ ਆਪ ਹੋ ਜਾਏਗਾ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਏਗਾ । ਅੰਮ੍ਰਿਤ ਮੇਘ ਇਕੋ ਬਰਖ, ਸੀਤਲ ਧਾਰ ਇਕ ਵਹਾਏਗਾ । ਜੁਗ ਚੌਕੜੀ ਕਰਕੇ ਤਰਸ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪ ਪੜ੍ਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਏਗਾ । ਧੁਰ ਦੀ ਧਾਰ ਆਪ ਜਣੌਂਦਾ ਏ । ਪਾਰਬ੍ਰਹਮ ਪ੍ਰਭ ਭੇਵ ਖੁਲ੍ਹੌਂਦਾ ਏ । ਬ੍ਰਹਮ ਤੇਰੀ ਅੰਸ ਬਣੌਂਦਾ ਏ । ਲੱਖ ਚੁਰਾਸੀ ਵਿਚ ਟਿਕੌਂਦਾ ਏ । ਘਰ ਘਰ ਵਿਚ ਆਪ ਸੁਹੌਂਦਾ ਏ । ਉਪਰ ਪੜਦਾ ਏਕਾ ਪੌਂਦਾ ਏ । ਬਜਰ ਕਪਾਟੀ ਜਿੰਦਾ ਲੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਆਪ ਸਮਝੌਂਦਾ ਏ । ਸੋ ਪੁਰਖ ਨਿਰੰਜਣ ਆਪ ਸਮਝਾਇਆ ਏ । ਧੁਰ ਦਾ ਭੇਵ ਆਪ ਖੁਲਾਇਆ ਏ । ਨਿਰਗੁਣ ਸਰਗੁਣ ਵੇਸ ਵਟਾਇਆ ਏ । ਜੋਤੀ ਜੋਤ ਜੋਤ ਰੁਸ਼ਨਾਇਆ ਏ । ਕਾਇਆ ਕੋਟ ਬੰਕ ਸੁਹਾਇਆ ਏ । ਲੋਕ ਪਰਲੋਕ ਵੇਖ ਵਖਾਇਆ ਏ । ਸਚ ਸਲੋਕ ਇਕੋ ਗਾਇਆ ਏ । ਨਿਰਗੁਣ ਨਿਰਗੁਣ ਰੱਖੇ ਓਟ, ਓਢਣ ਇਕੋ ਨਜ਼ਰੀ ਆਇਆ ਏ । ਪ੍ਰੇਮ ਪ੍ਰੀਤੀ ਲੱਗੇ

ਚੋਟ, ਨਾਮ ਨਗਾਰਾ ਇਕ ਵਜਾਇਆ ਏ । ਜੁਗ ਚੌਕੜੀ ਸਿਫ਼ਤੀ ਸਿਫ਼ਤ ਕਰਾਏ ਰਸਨਾ ਜਿਹਵਾ ਹੋਟ, ਬੱਤੀ ਦੰਦ ਮੇਲ ਮਿਲਾਇਆ ਏ । ਘਰ ਘਰ ਦਰ ਦਰ ਆਪੇ ਪਹੁੰਚ, ਆਪ ਆਪਣਾ ਪੜਦਾ ਲਾਹਿਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮ ਪਾਰਬ੍ਰਹਮ ਆਪ ਜਣਾਇਆ ਏ । ਪਾਰਬ੍ਰਹਮ ਤੇਰਾ ਖੇਲ ਅਪਾਰਾ, ਹਰਿ ਕਰਤਾ ਆਪ ਕਰਾਈਆ । ਆਤਮ ਬ੍ਰਹਮ ਤੇਰਾ ਸਹਾਰਾ, ਈਸ਼ ਜੀਵ ਤੇਰੀ ਵਡਿਆਈਆ । ਤੇਰੀ ਨਈਆ ਤੇਰਾ ਕਿਨਾਰਾ, ਤੇਰੀ ਮੰਜ਼ਲ ਤੇਰੇ ਹੱਥ ਫੜਾਈਆ । ਤੇਰਾ ਸਈਆ ਮੀਤ ਮੁਰਾਰਾ, ਬੇਪਰਵਾਹ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਧੁਰ ਦਾ ਪੜਦਾ ਆਪ ਉਠਾਈਆ । ਪ੍ਰਭ ਸਚ ਦੱਸ, ਕਦ ਆਪਣਾ ਰੂਪ ਵਟਾਓਗੇ । ਨਿਰਗੁਣ ਸਰਗੁਣ ਪਾਰ ਕਰਕੇ ਹੱਦ, ਹਦੂਦ ਆਪਣੀ ਆਪ ਸਮਝਾਓਗੇ । ਪਰਗਟ ਕਰ ਕੇ ਆਪਣੀ ਯਦ, ਵਿਸ਼ਵ ਆਪਣੀ ਕਾਰ ਕਮਾਓਗੇ । ਜੁਗ ਚੌਕੜੀ ਕਰ ਕੇ ਰੱਦ, ਰਸਤਾ ਇਕੋ ਇਕ ਵਖਾਓਗੇ । ਲੱਖ ਚੁਰਾਸੀ ਜੀਵ ਵਾਸਨਾ ਬਧ, ਬਦਲਾ ਲੇਖਾ ਝੋਲੀ ਪਾਓਗੇ । ਭਾਗ ਲੱਗਾ ਕੇ ਕਾਇਆ ਹੱਡ, ਪੰਜ ਤਤ ਜੋਤ ਜਗਾਓਗੇ । ਚਾਰ ਦੀਵਾਰੀ ਜਗਤ ਛੱਡ, ਬਿਨ ਛੱਪਰ ਛੰਨ ਸੋਭਾ ਪਾਓਗੇ । ਮੈਂ ਦਰਸਨ ਕਰਾਂ ਰੱਜ, ਨੇਤਰ ਨੈਣਾਂ ਨਾਲ ਮਿਲਾਓਗੇ । ਤੇਰਾ ਨਜ਼ਰੀ ਆਏ ਇਕੋ ਹਜ, ਕਾਅਬੇ ਕੋਲੋ ਮੁਖ ਭਵਾਓਗੇ । ਜੁਗ ਚੌਕੜੀ ਖੇੜਾ ਦਿਸੇ ਭੱਠ, ਸਾਚਾ ਮੰਦਰ ਇਕ ਵਸਾਓਗੇ । ਸਤਿ ਧਰਮ ਦਾ ਖੋਲ੍ਹ ਕੇ ਹੱਟ, ਸੌਦਾ ਇਕੋ ਨਾਮ ਵਿਕਾਓਗੇ । ਨਿਰਗੁਣ ਜੋਤ ਕਰ ਪਰਕਾਸ਼, ਪਰਕਾਸ਼ਵਾਨ ਆਪ ਹੋ ਆਓਗੇ । ਘਟ ਘਟ ਅੰਦਰ ਰੱਖ ਕੇ ਵਾਸ, ਤਖ਼ਤ ਨਿਵਾਸੀ ਹੁਕਮ ਵਰਤਾਓਗੇ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਗੌਂਦੇ ਰਹੇ ਤੇਰੀ ਗਾਥ, ਤਿਨ੍ਹਾਂ ਲਹਿਣਾ ਝੋਲੀ ਪਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸੱਜਣ ਕਵਣ ਬਿਧ ਦਰਸ ਦਿਖਾਓਗੇ । ਹਰਿ ਸਾਚਾ ਕਹੇ ਸਚ ਜਣਾਵਾਂਗਾ । ਪਾਰਬ੍ਰਹਮ ਬ੍ਰਹਮ ਤੇਰਾ ਆਦਿ ਜੁਗਾਦਿ ਸਮਝਾਵਾਂਗਾ । ਗੁਰ ਅਵਤਾਰ ਧਾਰ ਪਰਗਟਾਵਾਂਗਾ । ਪੀਰ ਪੈਗ਼ੰਬਰ ਨੂਰ ਰਖਾਵਾਂਗਾ । ਭਗਤਾਂ ਖੋਲ੍ਹ ਬੰਦ ਕਿਵਾੜ, ਮੰਦਰ ਇਕੋ ਇਕ ਸੁਹਾਵਾਂਗਾ । ਧੁਰਦਰਗਾਹੀ ਬਣ ਕੇ ਲਾੜ, ਦੋ ਜਹਾਨਾਂ ਸੋਭਾ ਪਾਵਾਂਗਾ । ਕਲਜੁਗ ਦੁਆਪਰ ਤ੍ਰੇਤਾ ਸਤਿਜੁਗ ਨਵ ਨੌ ਚਾਰ ਕਰ ਕੇ ਪਾਰ, ਪਾਰ ਕਿਨਾਰਾ ਇਕ ਸਮਝਾਵਾਂਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਬਣ ਲਿਖਾਰ, ਧੁਰ ਦਾ ਲੇਖਾ ਆਪ ਪਰਗਟਾਵਾਂਗਾ । ਕਾਗਦ ਕਲਮ ਸ਼ਾਹੀ ਕਰ ਪਿਆਰ, ਸ਼ਹਿਨਸ਼ਾਹ ਇਕੋ ਰੂਪ ਜਣਾਵਾਂਗਾ । ਨਿਤ ਨਵਿਤ ਨਿਰਗੁਣ ਸਰਗੁਣ ਸੁਣਦਾ ਰਹਾਂ ਪੁਕਾਰ, ਪੁਨਹ ਪੁਨਹ ਵੇਖ ਵਖਾਵਾਂਗਾ । ਘਰ ਘਰ ਵਿਚ ਦੇਂਦਾ ਰਹਾਂ ਦੀਦਾਰ, ਆਤਮ ਪਰਮਾਤਮ ਜੋੜ ਜੁੜਾਵਾਂਗਾ । ਮੇਰੀ ਕੋਈ ਨਾ ਪਾਏ ਸਾਰ, ਆਪਣਾ ਅੰਤ ਨਾ ਕਿਸੇ ਸਮਝਾਵਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬੱਚਿਆਂ ਵਾਂਗ ਕਰਾਂ ਪਿਆਰ, ਫੜ ਕੇ ਉਂਗਲੀ ਆਪ ਲਗਾਵਾਂਗਾ । ਕਾਇਆ ਮੰਦਰ ਅੰਦਰ ਵੱਜੇ ਰਬਾਬ, ਸਚ ਸਤਾਰ ਤੰਦੀ ਤੰਦ ਆਪ ਹਿਲਾਵਾਂਗਾ । ਧੁਰ ਦਾ ਢੋਲਾ ਸਚ ਜੈਕਾਰ, ਛੰਦਾ ਬੰਦੀ ਰਾਗ ਅਲਾਵਾਂਗਾ । ਬੰਦੀਖ਼ਾਨਾ ਬੰਦਗੀ ਖੋਲ੍ਹ ਕਿਵਾੜ, ਬੰਦਗੀ ਇਕੋ ਇਕ ਸਮਝਾਵਾਂਗਾ । ਚਰਨਾਂ ਕਵਲਾਂ ਹੇਠਾਂ ਜੋੜ, ਅੰਮ੍ਰਿਤ ਮੇਘ ਮੁਖ ਚੁਆਵਾਂਗਾ । ਬਣ ਕੇ ਵੇਖਾਂ ਸਾਂਝਾ ਯਾਰ, ਸਗਲਾ ਸੰਗ ਨਿਭਾਵਾਂਗਾ । ਲੇਖਾ ਜਾਣਾਂ ਜੁਗ ਚੌਕੜੀ ਚਾਰ, ਚੌਕੜ ਆਪਣੀ ਗੰਢ ਜਣਾਵਾਂਗਾ । ਚਾਰੇ ਵੇਦਾਂ ਭਰ ਭੰਡਾਰ, ਚਾਰੇ

ਮੁਖ ਸਿਫ਼ਤ ਜਣਾਵਾਂਗਾ । ਚਾਰੇ ਬਾਣੀ ਬੋਲ ਜੈਕਾਰ, ਚਾਰੇ ਖਾਣੀ ਆਪ ਪੜ੍ਹਾਵਾਂਗਾ । ਚਾਰੇ ਜੁਗ ਕਰ ਕੇ ਖ਼ਬਰਦਾਰ, ਸੋਇਆਂ ਸੁਤਿਆਂ ਆਪ ਉਠਾਵਾਂਗਾ । ਚਾਰੋ ਕੁੰਟ ਲੈ ਬਹਾਰ, ਸੁਖ ਸਾਗਰ ਰੂਪ ਵਟਾਵਾਂਗਾ । ਲੱਖ ਚੁਰਾਸੀ ਹੰਢਾਵਾਂ ਨਾਰ, ਕੰਤ ਇਕੋ ਇਕ ਅਖਵਾਵਾਂਗਾ । ਗੁਰ ਅਵਤਾਰ ਸੇਵਾਦਾਰ, ਪੀਰ ਪੈਗ਼ੰਬਰ ਦਰ ਦਰਬਾਨ ਬਹਾਵਾਂਗਾ । ਦੂਰੋ ਦੂਰੋ ਕਰਨ ਨਿਮਸਕਾਰ, ਸੀਸ ਸਜਦਾ ਸਭ ਦਾ ਆਪ ਝੁਕਾਵਾਂਗਾ । ਰਹਿਬਰ ਬਣ ਕੇ ਵੇਖਾਂ ਨਿਰਗੁਣ ਸਰਗੁਣ ਧਾਰ, ਸਤਿਗੁਰ ਬਣ ਕੇ ਆਪਣੀ ਕਾਰ ਕਮਾਵਾਂਗਾ । ਬ੍ਰਹਮ ਤੇਰੇ ਨਾਲ ਕਰ ਪਿਆਰ, ਪਾਰਬ੍ਰਹਮ ਤੇਰੀ ਅੰਸ ਆਪ ਉਪਜਾਵਾਂਗਾ । ਨੌ ਸੌ ਚੁਰਾਨਵੇਂ ਚੌਕੜੀ ਜੁਗ ਸੁਤਾ ਰਹੁ ਪੈਰ ਪਸਾਰ, ਵੇਲੇ ਅੰਤ ਆਪ ਉਠਾਵਾਂਗਾ । ਜੁਗ ਜੁਗ ਦੇ ਰੁਠੜੇ ਮੇਲਾਂ ਯਾਰ, ਫੜ ਬਾਹੋ ਰੁਸਿਆਂ ਗਲੇ ਲਗਾਵਾਂਗਾ । ਧੁਰ ਦੇ ਭੁਖਿਆਂ ਦਿਆਂ ਦੀਦਾਰ, ਸਵੱਛ ਸਰੂਪੀ ਰੂਪ ਵਟਾਵਾਂਗਾ । ਮਾਇਆ ਵਿਚ ਲੁਕਿਆਂ ਲਵਾਂ ਉਠਾਲ, ਤ੍ਰੈਗੁਣ ਨਾਤਾ ਤੋੜ ਤੁੜਾਵਾਂਗਾ । ਲੇਖਾ ਜਾਣ ਸ਼ਾਹ ਕੰਗਾਲ, ਚਾਰੇ ਵਰਨਾਂ ਮੇਲ ਮਿਲਾਵਾਂਗਾ । ਪਾਰਬ੍ਰਹਮ ਤੇਰਾ ਬਣ ਕੇ ਸਾਹਿਬ ਆਪ ਦਲਾਲ, ਬ੍ਰਹਮ ਹੱਟੀ ਇਕ ਵਿਕਾਵਾਂਗਾ । ਤੇਰੀ ਲੇਖੇ ਲਾਵਾਂ ਘਾਲ, ਘਾਲੀ ਘਾਲ ਥਾਏਂ ਪਾਵਾਂਗਾ । ਤੂੰ ਮੇਰਾ ਮੈਂ ਤੇਰੇ ਨਾਲ, ਤੇਰਾ ਮੇਰਾ ਇਕੋ ਬੰਕ ਸੁਹਾਵਾਂਗਾ । ਦੀਪਕ ਜੋਤ ਅਗੰਮੀ ਬਾਲ, ਸਾਚਾ ਨੂਰੀ ਚੰਦ ਚਮਕਾਵਾਂਗਾ । ਸਾਚੇ ਤਖ਼ਤ ਬੈਠ ਕਰਤਾਰ, ਕਰਨੀ ਆਪਣੀ ਆਪ ਕਮਾਵਾਂਗਾ । ਧੁਰ ਸੰਦੇਸ਼ਾ ਦੇਵਾਂ ਅੰਤਮ ਵਾਰ, ਬਾਣੀ ਬਾਣ ਨਿਰਾਲਾ ਤੀਰ ਚਲਾਵਾਂਗਾ । ਇਕੱਠੇ ਕਰ ਗੁਰੂ ਅਵਤਾਰ, ਤੇਈ ਅਵਤਾਰਾਂ ਨੈਣ ਖੁਲ੍ਹਾਵਾਂਗਾ । ਭਗਤ ਅਠਾਰਾਂ ਕਰ ਪਿਆਰ, ਚਰਨ ਕਵਲ ਇਕ ਸਮਝਾਵਾਂਗਾ । ਈਸਾ ਮੂਸਾ ਵੇਖ ਮੁਹੰਮਦ ਯਾਰ, ਯਾਰੀ ਹਕੀਕਤ ਨਾਲ ਜਣਾਵਾਂਗਾ । ਨਾਨਕ ਗੋਬਿੰਦ ਵਖਾਲ ਸਚ ਦਰਬਾਰ, ਸਚਖੰਡ ਸਾਚਾ ਇਕ ਵਡਿਆਵਾਂਗਾ । ਧੁਰ ਦਾ ਬੋਲ ਨਾਮ ਜੈਕਾਰ, ਸ਼ਬਦੀ ਢੋਲਾ ਇਕੋ ਗਾਵਾਂਗਾ । ਸਾਚਾ ਸੋਹਲਾ ਸਿਫ਼ਤੀ ਵਾਰ, ਛੱਤੀ ਰਾਗਾਂ ਸੇਵਾ ਲਾਵਾਂਗਾ । ਦਸ ਅੱਠ ਕਰ ਵਿਚਾਰ, ਅੱਠ ਦਸ ਭੇਵ ਚੁਕਾਵਾਂਗਾ । ਚੌਦਾਂ ਲੋਕਾਂ ਲਾ ਕੇ ਪਾੜ, ਪੜਦਾ ਸਭ ਦਾ ਆਪ ਮੁਕਾਵਾਂਗਾ । ਚੌਦਾਂ ਤਬਕਾਂ ਚਰਨਾਂ ਹੇਠ ਲਤਾੜ, ਭਾਰ ਇਕੋ ਵਾਰ ਪਾਵਾਂਗਾ । ਬਣ ਕੇ ਆਵਾਂ ਸਾਚਾ ਲਾੜ, ਸਾਚਾ ਅਸਵ ਇਕ ਦੌੜਾਵਾਂਗਾ । ਉਚੀ ਬੋਲ ਨਾਮ ਜੈਕਾਰ, ਤੇਰਾ ਮੇਰਾ ਢੋਲਾ ਇਕ ਸੁਣਾਵਾਂਗਾ । ਨਾ ਕੋਈ ਪੁਰਖ ਨਾ ਕੋਈ ਨਾਰ, ਨਰ ਨਰਾਇਣ ਰੂਪ ਵਖਾਵਾਂਗਾ । ਜੋਤੀ ਜੋਤ ਜੋਤ ਉਜਿਆਰ, ਸ਼ਬਦੀ ਸ਼ਬਦ ਡੰਕ ਸੁਣਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਕਰ ਖ਼ਬਰਦਾਰ, ਧੁਰ ਦਾ ਹੁਕਮ ਇਕ ਮਨਾਵਾਂਗਾ । ਸੁਰਪਤ ਇੰਦ ਕਰੋੜ ਤੇਤੀਸਾ ਨੇਤਰ ਰੋਵੇ ਧਾਹਾਂ ਮਾਰ, ਧੁਰ ਦਾ ਹੁਕਮ ਆਪ ਵਰਤਾਵਾਂਗਾ । ਕਲਜੁਗ ਅੰਤਮ ਖੇਲ ਕਰਾਂ ਕਮਾਲ, ਕਮਲਾ ਰਮਲਾ ਹੋ ਕੇ ਆਪਣਾ ਡੰਗ ਲੰਘਾਵਾਂਗਾ । ਜੇ ਕੋਈ ਲੱਭਣ ਜਾਏ ਵਿਚੋ ਧਰਮਸਾਲ, ਲੱਭਿਆਂ ਹੱਥ ਕਿਸੇ ਨਾ ਆਵਾਂਗਾ । ਜੇ ਕੋਈ ਮੰਦਰਾਂ ਕਰੇ ਭਾਲ, ਅੱਗੋ ਖਾਲੀ ਹੱਥ ਮੁੜਾਵਾਂਗਾ । ਜੇ ਕੋਈ ਮਸਜਦੀਂ ਲੱਭੇ ਦਲਾਲ, ਝੂਠਾ ਵਣਜ ਇਕ ਜਣਾਵਾਂਗਾ । ਜਿਨ ਈਸਾ ਮੂਸਾ ਬਣਾਏ ਲਾਲ, ਸੋ ਜਲਵਾ ਨੂਰ ਆਪ ਪਰਗਟਾਵਾਂਗਾ । ਆ ਕੇ ਵੇਖਾਂ ਮੁਰੀਦਾਂ ਹਾਲ, ਮੁਰੀਦ ਮੁਰਸ਼ਦ ਆਪਣੀ ਕਾਰ ਕਮਾਵਾਂਗਾ । ਗੁਰਮੁਖ ਗੁਰ ਗੁਰ ਆਪ ਉਠਾਲ, ਗੋਦ ਸੁਹੰਜਣੀ ਆਪ ਸੁਹਾਵਾਂਗਾ । ਲੇਖੇ ਲਾ ਕੇ ਗੁਜ਼ਰੀ ਲਾਲ, ਗੁਜ਼ਰਿਆ ਹਾਲ ਫੇਰ ਪਰਤਾਵਾਂਗਾ । ਪਾਰਬ੍ਰਹਮ ਤੇਰੀ ਕਰ ਕੇ ਆਪੇ ਭਾਲ, ਬ੍ਰਹਮ ਵਿਚੋ ਤੇਰਾ ਆਪੇ ਭੇਵ ਚੁਕਾਵਾਂਗਾ । ਸਾਢੇ ਤਿੰਨ ਹੱਥ ਅੰਦਰ ਵੱਜੇ ਤਾਲ, ਤਾਲ ਤਲਵਾੜਾ ਇਕ ਰਖਾਵਾਂਗਾ ।

੧੮੦
੧੫

ਊਚਾਂ ਨੀਚਾਂ ਵੇਖਾਂ ਸ਼ਾਹ ਕੰਗਾਲ, ਬਰਨ ਅਠਾਰਾਂ ਵਰਨ ਚਾਰ ਮੇਲ ਮਿਲਾਵਾਂਗਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਗੋਦੀ ਲਏ ਸਵਾਲ, ਸੁਤਿਆਂ ਫੇਰ ਨਾ ਕਦੇ ਜਗਾਵਾਂਗਾ । ਸਚਖੰਡ ਦੁਆਰੇ ਲੈ ਕੇ ਜਾਵਾਂ ਨਾਲ, ਦੂਜੇ ਹੱਥ ਨਾ ਕਿਸੇ ਫੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਾਰਬ੍ਰਹਮ ਤੇਰਾ ਅੰਤਮ ਰੰਗ ਰੰਗਾਵਾਂਗਾ । ਪਾਰਬ੍ਰਹਮ ਪ੍ਰਭ ਤੇਰਾ ਰੰਗ ਰੰਗਾਏਗਾ । ਸੋ ਪੁਰਖ ਨਿਰੰਜਣ ਵੇਸ ਵਟਾਏਗਾ । ਹਰਿ ਪੁਰਖ ਨਿਰੰਜਣ ਆਪੇ ਆਏਗਾ । ਏਕੰਕਾਰਾ ਕਾਰ ਕਮਾਏਗਾ । ਆਦਿ ਨਿਰੰਜਣ ਨੂਰ ਰੁਸ਼ਨਾਏਗਾ । ਅਬਿਨਾਸ਼ੀ ਕਰਤਾ ਦਰਦ ਦੁੱਖ ਭੈ ਭੰਜਨ ਆਪ ਹੋ ਜਾਏਗਾ । ਸ੍ਰੀ ਭਗਵਾਨ ਨੇਤਰ ਅੰਜਨ ਇਕੋ ਪਾਏਗਾ । ਪਾਰਬ੍ਰਹਮ ਪ੍ਰਭ ਵਸਤ ਮੰਗਣ ਇਕੋ ਆਏਗਾ । ਚਾਰ ਕੁੰਟ ਵੱਜੇ ਨਾਮ ਮਰਦੰਗਨ, ਮਰਦੰਗਾ ਇਕੋ ਹੱਥ ਉਠਾਏਗਾ । ਜਿਸ ਕਸੀਰਿਉਂ ਬਣਾਇਆ ਕੰਗਣ, ਰਵਦਾਸ ਚਮਾਰਾ ਚਮੜੀ ਗੰਢ ਪਾਣਾਂ, ਪਾਰਬ੍ਰਹਮ ਪ੍ਰਭ ਨਜ਼ਰੀ ਆਏਗਾ । ਜਿਸ ਕਬੀਰ ਜੁਲਾਹੇ ਤਣਿਆ ਤਾਣਾ, ਤੰਦੀ ਤੰਦ ਨਾਲ ਜੁੜਾਏਗਾ । ਜਿਸ ਸੈਣ ਪਿਛੇ ਰੀਝਾਇਆ ਰਾਣਾ, ਸੋ ਰਈਅਤ ਵੇਖਣ ਆਏਗਾ । ਜਿਸ ਨਾਮੇ ਛੱਪਰ ਛੰਨ ਛੁਹਾਣਾ, ਸੋ ਭਗਤ ਦੁਆਰਾ ਵੇਖਣ ਆਏਗਾ । ਚਾਰ ਜੁਗ ਦਾ ਮਾਣ ਗਵਾਣਾ, ਅਭਿਮਾਨ ਰੂਪ ਨਾ ਕੋਇ ਵਟਾਏਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੁਗ ਜੁਗ ਦੇਂਦਾ ਰਿਹਾ ਜੋ ਧੁਰ ਫ਼ਰਮਾਨਾ, ਅੰਤਮ ਆਪਣਾ ਹੁਕਮ ਵਰਤਾਏਗਾ । ਸਭ ਨੇ ਮੰਨਣਾ ਸਿਰ ਤੇ ਭਾਣਾ, ਸੀਸ ਅੱਗੋ ਨਾ ਕੋਇ ਉਠਾਏਗਾ । ਲੇਖਾ ਲਿਖ ਲਿਖ ਗਏ ਵੇਦ ਪੁਰਾਨਾ, ਸ਼ਾਸਤਰ ਸਿਮਰਤ ਸਰਬ ਸਮਝਾਏਗਾ । ਕਲਜੁਗ ਅੰਤਮ ਆਏ ਭਗਵਾਨਾ, ਭਗਵਨ ਆਪਣਾ ਵੇਸ ਵਟਾਏਗਾ । ਨਿਹਕਲੰਕ ਬਣ ਜਰਵਾਣਾ, ਜਾਬਰ ਜਬਰ ਸਰਬ ਖਪਾਏਗਾ । ਦੋ ਜਹਾਨਾਂ ਗਾਏ ਤਰਾਨਾ, ਤੁਰੀਆ ਰਾਗ ਮੁਖ ਸ਼ਰਮਾਏਗਾ । ਕਰੇ ਖੇਲ ਵਾਲੀ ਦੋ ਜਹਾਨਾ, ਚੌਦਸ ਚੌਦਾਂ ਚੰਦ ਨਾ ਨੈਣ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਨਿਰੰਜਣ ਅੰਤਮ ਵੇਖਣ ਆਵੇਗਾ । ਸੋ ਪੁਰਖ ਅੰਤਮ ਵੇਖਣ ਆਏਗਾ । ਨਿਰਗੁਣ ਹੋ ਕੇ ਜੋਤ ਜਗਾਵੇਗਾ । ਸਰਗੁਣ ਸਾਚੀ ਖੇਲ ਸਮਝਾਵੇਗਾ । ਤ੍ਰੈਗੁਣ ਨਾਤਾ ਤੋੜ ਤੁੜਾਵੇਗਾ । ਪੰਜ ਤਤ ਆਪਣੀ ਬੂਝ ਬੁਝਾਵੇਗਾ । ਨਾੜ ਬਹੱਤਰ ਨਾ ਕੋਈ ਤਪਾਵੇਗਾ । ਅੰਮ੍ਰਿਤ ਮੇਘ ਇਕ ਬਰਸਾਵੇਗਾ । ਮਨਮਤ ਦੂਰ ਕਰਾਵੇਗਾ । ਗੁਰਮਤ ਇਕ ਪਰਗਟਾਵੇਗਾ । ਨੌ ਖੰਡ ਮਾਰਗ ਲਾਵੇਗਾ । ਸੱਤ ਦੀਪ ਰਾਹ ਚਲਾਵੇਗਾ । ਨੀਚ ਊਚ ਇਕ ਬਣਾਵੇਗਾ । ਸਚ ਤਮੀਜ਼ ਇਕ ਸਮਝਾਵੇਗਾ । ਗ਼ਰੀਬ ਨਿਮਾਣਿਆਂ ਰੀਝ ਪੂਰ ਕਰਾਵੇਗਾ । ਆਪ ਬਣ ਕੇ ਰਹੇ ਨਾਚੀਜ਼, ਜਨ ਭਗਤਾਂ ਊਚੋ ਊਚ ਰਖਾਵੇਗਾ । ਗੁਰਮੁਖਾਂ ਨਾਲ ਗੋਬਿੰਦ ਗੰਢ ਗਿਆ ਪੀਚ, ਕਰ ਕਿਰਪਾ ਆਪ ਖੁਲ੍ਹਾਵੇਗਾ । ਕਲਜੁਗ ਦੋਹਾਂ ਹੋਵੇ ਬੀਚ, ਵਿਚੋਲਾ ਇਕੋ ਰੂਪ ਵਟਾਵੇਗਾ । ਸ਼ਾਹ ਪਾਤਸ਼ਾਹ ਰਾਜ ਰਾਜਾਨ ਖਾਲੀ ਕਰੇ ਖੀਸ, ਮਾਇਆ ਰਾਣੀ ਨਾਚ ਨਚਾਵੇਗਾ । ਜੋ ਸਾਹਿਬ ਸਤਿਗੁਰ ਉਤੇ ਜਾਣ ਪਤੀਜ, ਤਿਨ੍ਹਾਂ ਅੱਗੇ ਪਰਚਾ ਕੋਈ ਨਾ ਪਾਵਾਂਗਾ । ਲੱਖ ਚੁਰਾਸੀ ਮੰਗੇ ਭੀਖ, ਦਰ ਦਰ ਸ੍ਰਿਸ਼ਟ ਸਬਾਈ ਆਪ ਭਵਾਵਾਂਗਾ । ਜਿਨ੍ਹਾਂ ਸਾਹਿਬ ਨਾ ਵਸਿਆ ਚੀਤ, ਤਿਨ੍ਹਾਂ ਚਾਤਰੀ ਅੰਤ ਗਵਾਵਾਂਗਾ । ਜਿਨ੍ਹਾਂ ਹਰਿ ਨਾ ਗਾਇਆ ਗੀਤ, ਤਿਨ੍ਹਾਂ ਡੂੰਘੀ ਧਾਰ ਵਹਾਵਾਂਗਾ । ਜੋ ਲੱਭਦੇ ਫਿਰਦੇ ਸ਼ਿਵਦਵਾਲੇ ਮਠ ਮੰਦਰ ਮਸੀਤ, ਤਿਨ੍ਹਾਂ ਸਾਖਿਆਤ ਨਜ਼ਰੀ ਆਵਾਂਗਾ । ਚਾਰ ਵਰਨ ਸ੍ਰਿਸ਼ਟ ਸਬਾਈ ਆਤਮ ਪਰਮਾਤਮ ਕਰੇ ਪ੍ਰੀਤ, ਘਰ ਬ੍ਰਹਮ ਪਾਰਬ੍ਰਹਮ ਮੇਲ ਮਿਲਾਵਾਂਗਾ । ਰਲ ਕੇ ਸਖੀਆਂ ਗਾਓ ਏਕਾ ਗੀਤ, ਸੋਹੰ ਢੋਲਾ ਆਪ ਜਣਾਵਾਂਗਾ । ਲੱਖ ਚੁਰਾਸੀ ਲਓ

੧੮੧
੧੫

ਜੀਤ, ਹਾਰ ਚਰਨਾਂ ਹੇਠ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਵਰਤਾਵਾਂਗਾ । ਸਾਚਾ ਹੁਕਮ ਆਪ ਵਰਤਾਵਾਂਗਾ । ਕਲਜੁਗ ਅੰਤਮ ਡੇਰਾ ਢਾਹਵਾਂਗਾ । ਦੀਨ ਮਜ਼੍ਹਬ ਦਾ ਰਾਹ ਖਹਿੜਾ ਮੇਟ ਮਿਟਾਵਾਂਗਾ । ਧੁਰ ਫ਼ਰਮਾਨ ਗ਼ਜ਼ਬ ਦਾ, ਇਕੋ ਇਕ ਸੁਣਾਵਾਂਗਾ । ਵੇਖੋ ਹਾਲ ਕੀ ਹੁੰਦਾ ਬਸ਼ਰ ਦਾ, ਵਿਛੜਿਆਂ ਕੂੜੇ ਧੰਦੇ ਲਾਵਾਂਗਾ । ਪੁਰਖ ਅਕਾਲ ਇਕੋ ਨਿਤਰਦਾ, ਕਲਜੁਗ ਕੂੜਾ ਬੱਦਲ ਆਪ ਉਡਾਵਾਂਗਾ । ਕਰੇ ਖੇਲ ਸਾਚੇ ਪਿੱਤਰ ਦਾ, ਗੁਰ ਅਵਤਾਰ ਪੀਰ ਪੈਗ਼ੰਬਰ ਪੂਤ ਗੋਦ ਸੁਹਾਵਾਂਗਾ । ਲੱਖ ਚੁਰਾਸੀ ਘਾੜਨ ਘੜ ਕੇ ਬਣ ਤਸਵਰ ਜੋ ਤਸਵੀਰ ਚਿਤਰਦਾ, ਸੋ ਸਾਹਿਬ ਆਪਣਾ ਹੁਕਮ ਵਰਤਾਵਾਂਗਾ । ਕਲਜੁਗ ਅੰਤਮ ਵੇਲਾ ਲੱਖ ਚੁਰਾਸੀ ਫ਼ਿਕਰ ਦਾ, ਫ਼ਿਕਰੇ ਇਕੇ ਨਾਲ ਸਮਝਾਵਾਂਗਾ । ਹੁਣ ਵੇਲਾ ਨਹੀਂ ਕਹਾਣੀ ਜ਼ਿਕਰ ਦਾ, ਧਿਆਨ ਇਕੋ ਚਰਨ ਲਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਮ ਪਾਰਬ੍ਰਹਮ ਆਪ ਦਰਸਾਵਾਂਗਾ । ਪਾਰਬ੍ਰਹਮ ਬ੍ਰਹਮ ਤੇਰਾ ਪ੍ਰਭੂ ਉਪਜਾਏਗਾ । ਨਿਹਕਰਮੀ ਕਰਮ ਕਮਾਏਗਾ । ਸਾਚੀ ਧਰਨੀ ਸੋਭਾ ਪਾਏਗਾ । ਮਰਨ ਡਰਨ ਭੈ ਮਿਟਾਏਗਾ । ਸਾਚੀ ਤਰਨੀ ਆਪ ਤਰਾਏਗਾ । ਹਰਨ ਫਰਨ ਨੇਤਰ ਆਪ ਖੁਲ੍ਹਾਏਗਾ । ਵਰਨੀ ਬਰਨੀ ਮੋਹ ਤੁੜਾਏਗਾ । ਗੁਰਮੁਖੋ ਸਾਚੀ ਪੌੜੀ ਚੜ੍ਹਨੀ, ਘਰ ਵਿਚ ਡੰਡਾ ਆਪ ਲਗਾਏਗਾ । ਤੁਖ਼ਮ ਤਾਸੀਰ ਹੋ ਕੇ ਤੁਕ ਇਕੋ ਪੜ੍ਹਨੀ, ਢੋਲਾ ਇਕੋ ਰਾਗ ਅਲਾਏਗਾ । ਸੁਖਮਨ ਟੇਢੀ ਬੰਕ ਨੌ ਦੁਆਰ ਈੜਾ ਪਿੰਗਲ ਅੰਧ ਅੰਧੇਰ ਕੂੜੀ ਕਿਰਿਆ ਕੋਈ ਨਾ ਅੱਗੇ ਅੜਨੀ, ਜਿਸ ਸਿਰ ਆਪਣਾ ਹੱਥ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਪਾਰਬ੍ਰਹਮ ਬ੍ਰਹਮ ਤੇਰਾ ਆਪ ਸਮਝਾਏਗਾ । ਬ੍ਰਹਮ ਬ੍ਰਹਮ ਅੰਤ ਸਮਝਾਵੇਗਾ । ਫੜ ਮਾਰਗ ਆਪੇ ਲਾਵੇਗਾ । ਕਰਮ ਕਾਂਡ ਮੇਟ ਮਿਟਾਵੇਗਾ । ਸਾਚਾ ਨਾਦ ਧੁੰਨ ਸੁਣਾਵੇਗਾ । ਬ੍ਰਹਮ ਬ੍ਰਹਿਮਾਦ ਖੋਜ ਖੁਜਾਵੇਗਾ । ਅਨਰਸੀਆ ਸਚ ਸੁਆਦ, ਇਕ ਵਖਾਵੇਗਾ । ਢੋਲਾ ਗਾ ਕੇ ਬੋਧ ਅਗਾਧ, ਨਿਸ਼ਅੱਖਰ ਆਪ ਪੜ੍ਹਾਵੇਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰਾਏ ਪਿਛਲੀ ਯਾਦ, ਭਵਿਖਤ ਵਾਕ ਆਪ ਸਮਝਾਵੇਗਾ । ਵਾਹਦ ਲਾਸ਼ਰੀਕ ਨਿਰਗੁਣ ਦਾਤਾ ਆਵੇ ਗਾਡ, ਗਾਈਡ ਸਭ ਨੂੰ ਆਪ ਕਰਾਵੇਗਾ । ਜਨ ਭਗਤਾਂ ਰੱਖੇ ਲਾਜ, ਸਿਰ ਆਪਣਾ ਹੱਥ ਟਿਕਾਵੇਗਾ । ਜਿਸ ਨੂੰ ਕਹਿੰਦੇ ਗੁਰੂ ਮਹਾਰਾਜ, ਸੱਚੇ ਪਾਤਸ਼ਾਹ ਸ਼ਾਹ ਪਾਤਸ਼ਾਹ ਸੀਸ ਆਪਣੇ ਤਾਜ ਟਿਕਾਵੇਗਾ । ਉਹਦਾ ਕੋਈ ਨਾ ਜਾਣੇ ਕਾਜ, ਕਰਨੀ ਕਰਤਾ ਆਪ ਕਮਾਵੇਗਾ । ਸਭ ਨੂੰ ਅੰਤਮ ਛੱਡਣੀ ਪਏ ਨਿਮਾਜ਼, ਹੁਜਰਾ ਹੱਜ ਇਕੋ ਵਾਰ ਵਖਾਵੇਗਾ । ਜਿਸ ਨੂੰ ਸਜਦਾ ਕਰੇ ਈਸਾ ਮੂਸਾ ਮੁਹੰਮਦ ਮੰਨੇ ਨਵਾਬ, ਸੋ ਸ਼ਹਿਨਸ਼ਾਹ ਨਜ਼ਰੀ ਆਵੇਗਾ । ਆਦਿ ਜੁਗਾਦਿ ਜੁਗ ਚੌਕੜੀ ਸਾਰੇ ਕਰਨ ਆਦਾਬ, ਰੂਪ ਇਕੋ ਇਕ ਸਮਝਾਵੇਗਾ । ਨਬੀ ਰਸੂਲਾਂ ਦੇਵਣਹਾਰਾ ਦਾਤ, ਦਇਆਵਾਨ ਫੇਰਾ ਪਾਵੇਗਾ । ਪੱਟੀ ਪੜ੍ਹਾਏ ਇਕ ਜਮਾਤ, ਅਲਿਫ਼ ਯੇ ਨੁਕ਼ਤਾ ਨੂਨ ਆਪ ਮਿਟਾਵੇਗਾ । ਸਾਚੀ ਦੱਸੇ ਇਕੋ ਰੀਤ, ਰਹਿਬਰ ਇਕੋ ਹੁਕਮ ਮਨਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਾਰਬ੍ਰਹਮ ਤੇਰਾ ਬ੍ਰਹਮ ਆਪ ਉਠਾਵੇਗਾ । ਸ੍ਰੀ ਭਗਵਾਨ ਬ੍ਰਹਮ ਉਠਾਏਗਾ । ਨਿਹਕਰਮੀ ਕਰਮ ਕਮਾਏਗਾ । ਫੜ ਚਰਨੀ ਸੀਸ ਝੁਕਾਏਗਾ । ਸਾਚੀ ਕਥਾ ਕਹਾਣੀ ਪੜ੍ਹਨੀ, ਆਤਮ ਪਰਮਾਤਮ ਰਾਗ ਜਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਵੇਸ ਧਰਾਏਗਾ । ਨਿਰਗੁਣ ਧਰ ਕੇ ਆਏ ਵੇਸ, ਵਾਸਤਾ ਆਪਣੇ ਨਾਲ ਰਖਾਈਆ । ਸਾਹਿਬ ਵਸੇ ਅਗੰਮੜੇ ਦੇਸ,



੧੮੨
੧੫

ਅਗੰਮ ਹੱਥ ਵਡਿਆਈਆ । ਹੁਕਮ ਵਰਤਾਏ ਬਣ ਨਰੇਸ਼, ਸ਼ਹਿਨਸ਼ਾਹ ਅਖਵਾਈਆ । ਕਲਜੁਗ ਅੰਤਮ ਵੇਖੇ ਖੇਲ, ਖੇਲਣਹਾਰਾ ਖ਼ਲਕ ਖ਼ੁਦਾਈਆ । ਸੰਤ ਸੁਹੇਲੇ ਸੱਜਣ ਗੁਰਮੁਖ ਮੇਲ, ਗੁਰਸਿਖ ਗੁਰ ਗੁਰ ਬੂਝ ਬੁਝਾਈਆ । ਜੋਤ ਨਿਰੰਜਣ ਚਾੜ੍ਹੇ ਤੇਲ, ਆਦਿ ਨਿਰੰਜਣ ਖ਼ੁਸ਼ੀ ਵਖਾਈਆ । ਪ੍ਰਭ ਠਾਕਰ ਮਿਲਿਆ ਸੱਜਣ ਸੁਹੇਲ, ਹਰਿ ਸਤਿਗੁਰ ਸੱਚਾ ਮਾਹੀਆ । ਜਿਸ ਲੱਖ ਚੁਰਾਸੀ ਹੁਕਮੇ ਅੰਦਰ ਧਰਮ ਰਾਏ ਦੀ ਘੱਲੇ ਜੇਲ, ਗੁਰਮੁਖ ਸਾਚੇ ਸਚਖੰਡ ਵਸਾਈਆ । ਵਸਣਹਾਰਾ ਧਾਮ ਨਵੇਲ, ਦਹਿ ਦਿਸ਼ਾ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਲਏ ਮਿਲਾਈਆ । ਪਾਰਬ੍ਰਹਮ ਮਿਲਣਾ ਅੰਤ, ਅੰਤ ਆਪ ਜਣਾਇੰਦਾ । ਖੇਲ ਕਰਨਾ ਨਾਰ ਕੰਤ, ਕੰਤ ਕੰਤੂਹਲ ਸੇਜ ਹੰਢਾਇੰਦਾ । ਰੰਗ ਚੜ੍ਹੇ ਇਕੋ ਬਸੰਤ, ਉਤਰ ਕਦੇ ਨਾ ਜਾਇੰਦਾ । ਤੇਰਾ ਮੇਰਾ ਭੇਵ ਨਾ ਪਾਏ ਕੋਈ ਪੰਡਤ, ਚੌਦਾਂ ਵਿਦਿਆ ਨੈਣ ਸ਼ਰਮਾਇੰਦਾ । ਚਾਰ ਜੁਗ ਦਾ ਲੇਖਾ ਅੰਤਮ ਕਰੇ ਖੰਡਤ, ਖੰਡਾ ਖੜਗ ਨਾਮ ਉਠਾਇੰਦਾ । ਭੇਵ ਖੁਲ੍ਹਾਏ ਜੇਰਜ ਅੰਡਜ, ਉਤਭਜ ਸੇਤਜ ਫੋਲ ਫੁਲਾਇੰਦਾ । ਭਗਤ ਦੁਆਰੇ ਬਣੇ ਮੰਗਤ, ਪਰੇਮ ਪ੍ਰੀਤੀ ਭਿਖਿਆ ਮੰਗ ਮੰਗਾਇੰਦਾ । ਗੁਰਸਿਖੋ ਗੜ੍ਹ ਤੋੜੋ ਹਉਮੇ ਹੰਗਤ, ਨਿਵਣ-ਸੋ-ਅੱਖਰ ਇਕ ਪੜ੍ਹਾਇੰਦਾ । ਪਾਰਬ੍ਰਹਮ ਬ੍ਰਹਮ ਲਾਏ ਅੰਗਤ, ਅੰਗੀਕਾਰ ਆਪ ਹੋ ਜਾਇੰਦਾ । ਸਰਬ ਜੀਆਂ ਦਾ ਇਕੋ ਮੰਤ, ਮੰਤਰ ਢੋਲਾ ਆਪੇ ਗਾਇੰਦਾ । ਰਲ ਕੇ ਬਹਿ ਜਾਓ ਸਾਚੀ ਪੰਗਤ, ਊਚ ਨੀਚ ਜ਼ਾਤ ਪਾਤ ਜੂਠ ਝੂਠ ਡੇਰਾ ਢਾਹਿੰਦਾ । ਪੁਰਖ ਅਕਾਲ ਅੱਗੇ ਕਰੋ ਮਿੰਨਤ, ਜੋ ਸਾਹਿਬ ਵਿਛੜੇ ਮੇਲ ਮਿਲਾਇੰਦਾ । ਕਲਜੁਗ ਕਿਸੇ ਦੀ ਚਲਣ ਨਾ ਦੇਵੇ ਕੋਈ ਹਿੰਮਤ, ਕੋਟਨ ਕੋਟ ਅੰਦਰ ਵੜ ਵੜ, ਪਾਣੀ ਠਰ ਠਰ, ਅਗਨੀ ਸੜ ਸੜ, ਉਚੇ ਟਿਲੇ ਚੜ੍ਹ ਚੜ੍ਹ, ਸ਼ਾਸਤਰ ਸਿਮਰਤ ਪੜ੍ਹ ਪੜ੍ਹ ਧਿਆਨ ਲਗਾਇੰਦਾ । ਅਬਿਨਾਸ਼ੀ ਕਰਤਾ ਵੇਖਣਹਾਰਾ ਦਰ ਦਰ ਘਰ ਘਰ ਨਰ ਨਰ, ਲੱਖ ਚੁਰਾਸੀ ਖੋਜ ਖੁਜਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਗੁਰਮੁਖ ਗੁਰਸਿਖ ਸੱਜਣ ਫੜ ਫੜ, ਡੂੰਘੀ ਕੰਦਰ ਆਪੇ ਵੜ ਵੜ, ਲੇਖਾ ਜਾਣ ਸੀਸ ਧੜ ਧੜ, ਧੜਾ ਆਪਣੇ ਨਾਲ ਮਿਲਾਇੰਦਾ । ਜਨ ਭਗਤਾਂ ਪਿਛੇ ਆਪ ਮਰ ਮਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੂਪ ਵਟਾਇੰਦਾ । ਨਿਤ ਨਵਿਤ ਆਦਿ ਜੁਗਾਦਿ ਪੱਲੂ ਫੜ ਫੜ, ਸਾਚੀ ਗੰਢ ਆਪ ਪਵਾਇੰਦਾ । ਕਲਜੁਗ ਅੰਤ ਨੌ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਕੋਈ ਨਾ ਜਾਏ ਅੱਗੇ ਅੜ, ਜੋ ਅੜਿਆ ਸੋ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਆਪੇ ਵਰ, ਵਰ ਆਪਣਾ ਝੋਲੀ ਆਪੇ ਪਾਇੰਦਾ । ਆਪੇ ਦਾਤਾ ਆਪ ਭਿਖਾਰੀ, ਦੇਵਣਹਾਰ ਆਪ ਅਖਵਾਈਆ । ਆਪੇ ਭੂਪ ਆਪ ਸਿਕਦਾਰੀ, ਆਪੇ ਭਿਖਿਆ ਮੰਗੇ ਚਾਈਂ ਚਾਈਆ । ਆਪੇ ਸ਼ਾਹ ਪਾਤਸ਼ਾਹ ਫੜੇ ਤੇਜ਼ ਕਟਾਰੀ, ਖ਼ਾਲੀ ਹੱਥ ਆਪ ਹੋ ਜਾਈਆ । ਆਪੇ ਖੇਲੇ ਖੇਲ ਪੁਰਖ ਨਾਰੀ, ਨਾਰ ਕੰਤ ਸੇਜ ਸੋਭਾ ਪਾਈਆ । ਆਪੇ ਕਰੇ ਸਚ ਸੰਗਾਰੀ, ਸਾਚੀ ਇਛਿਆ ਆਪ ਪਰਗਟਾਈਆ । ਆਪੇ ਬਣੇ ਕੰਨਿਆ ਕਵਾਰੀ, ਅੰਗੀਕਾਰ ਨਾ ਕੋਇ ਰਖਾਈਆ । ਆਪੇ ਬਣੇ ਸ਼ਾਹਸਵਾਰੀ, ਸ਼ਹਿਨਸ਼ਾਹ ਸਾਚੇ ਆਸਣ ਸੋਭਾ ਪਾਈਆ । ਆਪੇ ਬਣ ਵੱਡਾ ਦਰਬਾਰੀ, ਧੁਰ ਦਰਬਾਰਾ ਇਕ ਲਗਾਈਆ । ਆਪੇ ਸੇਵਕ ਸੇਵਾ ਕਰੇ ਨਿਆਰੀ, ਨਿਰਗੁਣ ਆਪਣਾ ਹੁਕਮ ਵਰਤਾਈਆ । ਆਪੇ ਜੋਧਾ ਸੂਰਬੀਰ ਬਣ ਬਲਕਾਰੀ, ਬਲਹੀਣ ਆਪ ਹੋ ਜਾਈਆ । ਆਪੇ ਬਣ ਗੁਰੂ ਅਵਤਾਰੀ, ਗਿਆਨ ਗੁਰਦੇਵ ਆਪ ਸਮਝਾਈਆ । ਆਪੇ ਕਾਗਦ ਕਲਮ ਲਿਖਣਹਾਰੀ, ਆਪੇ ਲੇਖਾ ਦਏ ਮਿਟਾਈਆ । ਆਪੇ ਖੇਲ

ਖੇਲੇ ਜੁਗ ਚਾਰੀ, ਜੁਗ ਚੌਕੜੀ ਆਪੇ ਡੇਰਾ ਢਾਹੀਆ । ਆਪੇ ਪਰਨਾਵੇ ਗੁਰਮੁਖ ਸਚੀ ਲਾੜੀ, ਬਣ ਕਹਾਰ ਡੋਲੀ ਆਪਣੇ ਕੰਧ ਉਠਾਈਆ । ਆਪੇ ਘੁੰਗਟ ਚੁੱਕੇ ਪਹਿਲੀ ਵਾਰੀ, ਆਪੇ ਨੇਤਰ ਨੈਣ ਨੈਣ ਸ਼ਰਮਾਈਆ । ਆਪੇ ਸਚ ਝਰੋਖੇ ਖੋਲ੍ਹੇ ਬਾਰੀ, ਬੰਦ ਕਿਵਾੜਾ ਆਪ ਕਰਾਈਆ । ਆਪੇ ਨਿਰਗੁਣ ਜੋਤ ਜਗੇ ਨਿਰੰਕਾਰੀ, ਅੰਧ ਅੰਧੇਰ ਆਪ ਅਖਵਾਈਆ । ਆਪੇ ਅੰਮ੍ਰਿਤ ਝਿਰੇ ਠੰਡਾ ਪਾਣੀ, ਅਗਨੀ ਅੱਗ ਆਪ ਬਰਸਾਈਆ । ਆਪੇ ਸ਼ਬਦ ਬਣੇ ਸੱਚਾ ਹਾਣੀ, ਆਪੇ ਬੈਠਾ ਮੁਖ ਭਵਾਈਆ । ਆਪੇ ਵੇਖੇ ਚਾਰੇ ਖਾਣੀ, ਆਪੇ ਪੜਦਾ ਰਿਹਾ ਵਖਾਈਆ । ਆਪੇ ਸੁਰਤ ਬਣਾਏ ਸਾਚੀ ਰਾਣੀ, ਆਪੇ ਧੱਕਾ ਦੇਵੇ ਲਾਈਆ । ਆਪੇ ਸੁਣਾਏ ਅਕੱਥ ਕਹਾਣੀ, ਆਪੇ ਭਰਮ ਭੁਲੇਖਾ ਦੇਵੇ ਪਾਈਆ । ਆਪੇ ਜਾਣੇ ਪਦ ਨਿਰਬਾਣੀ, ਆਪੇ ਧੁੰਆਂਧਾਰ ਸਮਾਈਆ । ਆਪੇ ਖੇਲ ਕਰੇ ਮਹਾਨੀ, ਆਪੇ ਨਜ਼ਰ ਕਿਸੇ ਨਾ ਆਈਆ । ਆਪੇ ਬਣੇ ਵਡ ਵਿਦਵਾਨੀ, ਆਪੇ ਸ਼ੈਤਾਨੀ ਧਾਰ ਚਲਾਈਆ । ਆਪੇ ਮਾਰੇ ਤੀਰ ਅਣਿਆਲਾ ਕਾਨੀ, ਆਪੇ ਮੁਖੀ ਦਏ ਤੁੜਾਈਆ । ਆਪੇ ਮਾਣ ਦਵਾਏ ਜਗਤ ਮਾਤ ਭਾਨੀ, ਆਪੇ ਸ਼ਬਦੀ ਬੂਝ ਬੁਝਾਈਆ । ਕਰੇ ਖੇਲ ਸ੍ਰੀ ਭਗਵਾਨੀ, ਭਗਵਨ ਆਪਣਾ ਹੁਕਮ ਵਰਤਾਈਆ । ਪਾਰਬ੍ਰਹਮ ਉਠ ਕਰ ਧਿਆਨੀ, ਧੀਰਜਵਾਨ ਰਿਹਾ ਸਮਝਾਈਆ । ਉਠ ਵੇਖ ਸਚ ਨਿਸ਼ਾਨੀ, ਸ਼ਹਿਨਸ਼ਾਹ ਆਪਣੀ ਦਏ ਬੁਝਾਈਆ । ਜਿਸ ਨੂੰ ਕਹਿੰਦੇ ਆਦਿ ਸ਼ਕਤ ਜੋਤ ਨੁਰਾਨੀ, ਸੋ ਜੋਤ ਸੇਵਾ ਰਹੀ ਕਮਾਈਆ । ਜਿਸ ਦਾ ਖੇਲ ਸ਼ਕਤ ਭਵਾਨੀ, ਸੋ ਭਾਵਨਾ ਵਿਚ ਸਮਾਈਆ । ਜਿਸ ਦੀ ਚਤੁਰਭੁਜ ਨਿਸ਼ਾਨੀ, ਸੋ ਨਿਸ਼ਾਨਾ ਰਿਹਾ ਲਗਾਈਆ । ਆ ਦਰ ਤੇ ਸੁਣ ਸੱਚੀ ਕਹਾਣੀ, ਹਰਿ ਕਰਤਾ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਹੈਰਾਨੀ, ਹਰਿ ਕਾ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਆਪਣਾ ਘਰ ਵਸਾਈਆ । ਅੰਤਮ ਘਰ ਵਸਾਉਣਾ ਤੇਰਾ, ਤੇਰੀ ਵੱਜੇ ਵਧਾਈਆ । ਬ੍ਰਹਮ ਕਹੇ ਤੂੰ ਮੇਰਾ, ਮੈਂ ਤੇਰੀ ਤੱਕਾਂ ਸਰਨਾਈਆ । ਕਲਜੁਗ ਅੰਤਮ ਕਰ ਨਬੇੜਾ, ਹਕੀਕਤ ਵੇਖ ਥਾਉਂ ਥਾਈਂਆ । ਕੂੜਿਆਂ ਸਾਧਾਂ ਸੰਤਾਂ ਡੁੱਬਦਾ ਜਾਂਦਾ ਬੇੜਾ, ਜੋ ਪ੍ਰਭ ਨੂੰ ਧੋਖਾ ਦੇ ਜੀਵਾਂ ਜੰਤਾਂ ਰਹੇ ਭਰਮਾਈਆ । ਕਲਜੁਗ ਅੰਤਮ ਉਜੜਨ ਵਾਲਾ ਖੇੜਾ, ਖਿੜਕੀ ਕੁੰਡਾ ਨਜ਼ਰ ਕੋਇ ਨਾ ਆਈਆ । ਰਸਨਾ ਜਿਹਵਾ ਜਗਤ ਗਿਆਨ ਕਰਦੇ ਝੇੜਾ, ਅੰਤਰ ਮੇਲ ਨਾ ਕੋਇ ਮਿਲਾਈਆ । ਚਾਰੋ ਕੁੰਟ ਹੋਇਆ ਅੰਧੇਰਾ, ਸਾਚਾ ਚੰਦ ਨਾ ਕੋਇ ਚਮਕਾਈਆ । ਮਨ ਹੰਕਾਰ ਕਹੇ ਮੇਰਾ ਮੇਰਾ, ਮੱਤ ਮਤਵਾਲੀ ਦਏ ਦੁਹਾਈਆ । ਬੁੱਧੀ ਕਹੇ ਮੇਰਾ ਢੱਠਾ ਡੇਰਾ, ਮੇਰਾ ਬਲ ਨਾ ਸਕੇ ਬਣਾਈਆ । ਪੁਰਖ ਅਕਾਲ ਦੀਨ ਦਿਆਲ ਸਾਹਿਬ ਸਤਿਗੁਰ ਨਿਰਗੁਣ ਰੂਪ ਸਚ ਸੁਆਮੀ ਠਾਕਰ ਆਵੇ ਬਣ ਕੇ ਸ਼ੇਰਾ, ਸਿੰਘ ਆਪਣੀ ਭਬਕ ਲਗਾਈਆ । ਸਾਰੇ ਇਕੋ ਵਾਰ ਧਰਤ ਮਾਤ ਦਾ ਖੁਲ੍ਹਾ ਕਰ ਜਾਣ ਵਿਹੜਾ, ਜੰਬਕ ਨਜ਼ਰ ਕੋਇ ਨਾ ਆਈਆ । ਅੰਦਰ ਵੜ ਕੇ ਪੁਰਖ ਅਕਾਲ ਕੋਲੋ ਡਰ ਕੇ ਕਹਿਣ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਹੇ ਮੈਂ ਆਇਆ ਦੋ ਜਹਾਨ ਹੱਥੀਂ ਡੋਰ ਫੜ ਕੇ, ਬਚਿਆ ਕੋਇ ਰਹਿਣ ਨਾ ਪਾਈਆ । ਮੈਂ ਨਿਤ ਨਿਤ ਵੇਖਾਂ ਜੋ ਉਠ ਕੇ ਬਾਹਰੋ ਨਹੌਂਦੇ ਤੜਕੇ, ਅੰਤਰ ਅੰਮ੍ਰਿਤ ਸਰੋਵਰ ਨਹਾਵਣ ਕੋਇ ਨਾ ਜਾਈਆ । ਮੈਂ ਸਦਾ ਵੇਖਾਂ ਜੋ ਘਰੋ ਨਿਕਲੇ ਲੜ ਕੇ, ਮਨ ਝਗੜਾ ਸਕੇ ਨਾ ਕੋਇ ਮੁਕਾਈਆ । ਮੈਂ ਵੇਖਣਹਾਰਾ ਜੋ ਅਠਸਠ ਤੀਰਥ ਭਟਕੇ, ਕਾਮ ਵਾਸਨਾ ਸਕੇ ਨਾ ਕੋਇ ਮਿਟਾਈਆ । ਮੈਂ ਵੇਖਾਂ ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਵੜ ਕੇ, ਕਲਜੁਗ ਜੀਵ ਧੀਆਂ ਭੈਣਾਂ ਰਹੇ ਤਕਾਈਆ । ਮੈਂ

ਵੇਖਾਂ ਜੋ ਘਰ ਘਰ ਮੰਗਦੇ ਫਿਰਦੇ ਲੜ ਕੇ, ਆਪਣਾ ਆਪ ਰਹੇ ਮਿਟਾਈਆ । ਗੁਰਸਿਖੋ ਗੁਰਮੁਖੋ ਸਤਿਗੁਰੁ ਮਿਲਦਾ ਜੀਂਵਦਿਆਂ ਮਰ ਕੇ, ਮਰਨਾ ਨਾਨਕ ਗੋਬਿੰਦ ਗਿਆ ਸਮਝਾਈਆ । ਆਓ ਵੇਖੋ ਪੱਲੂ ਫੜ ਕੇ, ਗੰਢ ਆਪਣੇ ਨਾਲ ਬੰਧਾਈਆ । ਜਿਹੜਾ ਤੁਹਾਡੀ ਨੀਂਹ ਗਿਆ ਧਰ ਕੇ, ਅੰਤਮ ਮਹੱਲ ਦਏ ਵਸਾਈਆ । ਪੁਰਖ ਅਕਾਲ ਨਾਲ ਆਇਆ ਰਲ ਕੇ, ਜੋਤੀ ਸ਼ਬਦ ਵੱਜੀ ਵਧਾਈਆ । ਲੱਭਣਾ ਫੇਰ ਕਿਸੇ ਨਾ ਭਲਕੇ, ਭੁੱਲਿਆਂ ਹੱਥ ਕਿਸੇ ਨਾ ਆਈਆ । ਸਤਿ ਸਿੰਘਾਸਣ ਬੈਠਾ ਮਲ ਕੇ, ਸੰਬਲ ਆਪਣਾ ਡੇਰਾ ਲਾਈਆ । ਉਠੋ ਵੇਖੋ ਭੱਜ ਭੱਜ ਕੇ, ਹਰਿਮੰਦਰ ਰਿਹਾ ਸੁਹਾਈਆ । ਮਨ ਬੰਦਰ ਨਾ ਜਾਏ ਛਲ ਕੇ, ਵਲੀਆ ਛਲੀਆ ਆਇਆ ਬੇਪਰਵਾਹੀਆ । ਪਹਿਲੋ ਗੁਰ ਅਵਤਾਰ ਪੀਰ ਪੈਗ਼ੰਬਰ ਘੱਲ ਕੇ, ਆਪਣਾ ਸੁਨੇਹੜਾ ਦਿਤਾ ਪੁਚਾਈਆ । ਅੰਤਮ ਜੋਤੀ ਧਾਰ ਇਕੋ ਡਲਕੇ, ਪੰਜ ਤਤ ਨਾ ਕੋਇ ਵਡਿਆਈਆ । ਧਰਤ ਮਾਤ ਦੇ ਭਾਰ ਕਰੇ ਹਲਕੇ, ਬੇਮੁਖ ਕੋਇ ਰਹਿਣ ਨਾ ਪਾਈਆ । ਸ੍ਰਿਸ਼ਟ ਸਬਾਈ ਮਾਰੇ ਉਥਲ ਕੇ, ਗੇੜਾ ਇਕੇ ਵਾਰ ਭਵਾਈਆ । ਗੁਰਮੁਖ ਪਰੇਮ ਕੁਠਾਲੀ ਆਵਣ ਢਲ ਕੇ, ਕੰਚਨ ਸੋਇਨਾ ਆਪਣੇ ਰੰਗ ਰੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੀਵੇ ਵੇਖੇ ਬਲਦੇ, ਸ਼ਮਅ ਆਪਣੀ ਹੱਥੀਂ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਪਾਰਬ੍ਰਹਮ ਤੇਰਾ ਲਹਿਣਾ ਝੋਲੀ ਪਾਈਆ । ਪਾਰਬ੍ਰਹਮ ਤੇਰਾ ਲਹਿਣਾ ਬ੍ਰਹਮ, ਸ੍ਰੀ ਭਗਵਾਨ ਆਪ ਜਣਾਇੰਦਾ । ਜਿਸ ਦੇ ਨਾਲ ਲਗਾਏ ਕਰਮ, ਕਰਮ ਸੇਵਾ ਰੂਪ ਬਣਾਇੰਦਾ । ਤੈਨੂੰ ਲਪੇਟਿਆ ਵਿਚ ਕਾਇਆ ਮਾਟੀ ਚਰਮ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਬਿਨ ਸਤਿਗੁਰ ਸਭ ਨੂੰ ਪਿਆ ਭਰਮ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਬ੍ਰਹਮ ਬ੍ਰਹਮ ਬ੍ਰਹਮ ਸਾਰੇ ਪੜ੍ਹਨ, ਬ੍ਰਹਮ ਰੂਪ ਆਪਣਾ ਨਜ਼ਰ ਕਿਸੇ ਨਾ ਆਇੰਦਾ । ਦੂਰ ਦੁਰਾਡੇ ਚਲ ਕੇ ਆਉਣ ਗੱਲਾਂ ਕਰਨ, ਗੱਲੀਂ ਬਾਤੀਂ ਪ੍ਰਭ ਕਾ ਭੇਵ ਕੋਇ ਨਾ ਪਾਇੰਦਾ । ਮਨ ਹੰਕਾਰੀ ਕਰ ਕੇ ਆਵਣ ਲੜਨ, ਹਰਿਜੂ ਆਦਿ ਜੁਗਾਦੀ ਵਡ ਲੜਾਕਾ ਜੋ ਅੜਿਆ ਭੰਨ ਵਖਾਇੰਦਾ । ਜੋ ਸੰਤ ਸੁਹੇਲੇ ਗੁਰਮੁਖ ਚੇਲੇ ਆਵਣ ਸਰਨ, ਤਿਨ੍ਹਾਂ ਆਪਣਾ ਮੇਲ ਮਿਲਾਇੰਦਾ । ਨਿਜ ਨੇਤਰ ਖੋਲ੍ਹੇ ਹਰਨ ਫਰਨ, ਮਨ ਫੁਰਨਾ ਬੰਦ ਕਰਾਇੰਦਾ । ਗਿਆਨ ਧਿਆਨ ਅਸ਼ਨਾਨ ਪੂਜਾ ਪਾਠ ਸਿਮਰਨ ਗੁਰਮੁਖ ਤੇਰਾ ਪਾਣੀ ਭਰਨ, ਤੇਰਾ ਪ੍ਰਭ ਤੇਰਾ ਖੇੜਾ ਆਪ ਵਸਾਇੰਦਾ । ਤੇਰੇ ਕੋਲੋ ਵਿਸ਼ਨ ਬ੍ਰਹਮਾ ਸ਼ਿਵ ਡਰਨ, ਅੱਗੇ ਅੱਖ ਨਾ ਕੋਇ ਉਠਾਇੰਦਾ । ਜਿਨ੍ਹਾਂ ਪੁਰਖ ਅਬਿਨਾਸ਼ੀ ਆਇਆ ਵਰਨ, ਤਿਨ੍ਹਾਂ ਹੱਥ ਨਾ ਕੋਈ ਲਗਾਇੰਦਾ । ਪੁਰਖ ਅਕਾਲ ਦੀਨ ਦਿਆਲ ਆਦਿ ਪੁਰਖ ਅੰਤ ਕੀਤਾ ਪਰਨ, ਪਤਿਪਰਮੇਸ਼ਵਰ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਤਾ ਪੁਰਖ ਬਿਧਾਤਾ ਇਕ ਇਕਾਂਤਾ ਅਕਲ ਕਲਾ ਭਰਪੂਰ ਆਪ ਅਖਵਾਇੰਦਾ । ਅਕਲ ਕਲ ਭਰਪੂਰ ਸੁਆਮੀ, ਸਰਬ ਜੀਆਂ ਦਏ ਵਡਿਆਈਆ । ਘਟ ਨਿਵਾਸੀ ਅੰਤਰਜਾਮੀ, ਬ੍ਰਹਮ ਪ੍ਰਕਾਸ਼ੀ ਜੋਤ ਲਏ ਮਿਲਾਈਆ । ਧੁਰ ਦੀ ਬਾਣੀ ਸ਼ਬਦ ਕਹਾਣੀ, ਸਾਚੀ ਰਾਣੀ ਲਏ ਪਰਗਟਾਈਆ । ਖੇਲੇ ਖੇਲ ਦੋ ਜਹਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਵੇਖ ਵਖਾਈਆ । ਕਿਰਪਾ ਅੰਦਰ ਵੇਖਣ ਆਇਆ, ਵਡ ਦਾਤਾ ਗੁਣ ਨਿਧਾਨ । ਭਗਤ ਭਗਵੰਤ ਲਏ ਜਗਾਇਆ, ਜਾਗਰਤ ਜੋਤ ਕਰੇ ਪਰਧਾਨ । ਅੰਮ੍ਰਿਤ ਆਤਮ ਦਏ ਪਿਲਾਇਆ, ਕੂੜੀ ਕਿਰਿਆ ਮੇਟੇ ਨਿਸ਼ਾਨ । ਸਾਚੀ ਰਮਜ ਦਏ ਸਮਝਾਇਆ, ਬਿਨ ਰਸਨਾ ਕਰੇ ਗਿਆਨ । ਸਾਚੀ ਅੱਖ ਲਏ ਮਿਲਾਇਆ, ਪਰਤਖ ਨਜ਼ਰ ਆਏ ਭਗਵਾਨ । ਮਾਰਗ ਦੱਸ ਰਾਹੇ

ਪਾਇਆ, ਮੰਜ਼ਲ ਚੜ੍ਹਾਏ ਆਪ ਮਿਹਰਵਾਨ । ਹੱਸ ਹੱਸ ਜੋੜ ਜੁੜਾਇਆ, ਨਾਤਾ ਤੋੜ ਸਰਬ ਸ਼ੈਤਾਨ । ਸਾਚਾ ਘੋੜ ਇਕ ਮੰਗਾਇਆ, ਧੁਰਦਰਗਾਹੀ ਦੇ ਫ਼ਰਮਾਨ । ਸੋਲਾਂ ਕਲੀਆਂ ਆਸਣ ਲਾਇਆ, ਤੰਗ ਕਸੇ ਨੌਜਵਾਨ । ਚਰਨ ਰਕਾਬੇ ਇਕ ਟਿਕਾਇਆ, ਖੇਲੇ ਖੇਲ ਮਰਦ ਮਰਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਧੁਰ ਫ਼ਰਮਾਨ । ਧੁਰ ਫ਼ਰਮਾਨਾ ਸਤਿ ਸੰਦੇਸ਼ਾ, ਇਕੋ ਵਾਰ ਸੁਣਾਈਆ । ਪੁਰਖ ਅਕਾਲ ਨਰ ਨਰੇਸ਼ਾ, ਬੇਪਰਵਾਹ ਫੇਰਾ ਪਾਈਆ । ਆਦਿ ਜੁਗਾਦਿ ਰਹੇ ਹਮੇਸ਼ਾ, ਨਾ ਮਰੇ ਨਾ ਜਾਈਆ । ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਗਣਪਤ ਗਣੇਸ਼ਾ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਆਦੇਸਾ, ਸਜਦਾ ਇਕੋ ਘਰ ਵਖਾਈਆ । ਕਲਜੁਗ ਅੰਤਮ ਪੂਰਾ ਕਰੇ ਸਦੀ ਬੀਸਵੀਂ ਸਭ ਦਾ ਲੇਖਾ, ਲੇਖਾ ਆਪਣੇ ਲੇਖੇ ਪਾਈਆ । ਜਿਨ੍ਹਾਂ ਰਹਿ ਜਾਏ ਭਰਮ ਭੁਲੇਖਾ, ਤਿਨ੍ਹਾਂ ਬੀਸ ਇਕੀਸਾ ਭਰਮ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪਣਾ ਦੇਵਣਹਾਰਾ ਆਪੇ ਦਾਨ, ਅੰਤ ਕੰਤ ਭਗਵੰਤ ਵੇਖੇ ਆਣ, ਮਹਿਮਾ ਅਨਗਣਤ ਆਪਣੇ ਵਿਚ ਛੁਪਾਈਆ । ਮਹਿਮਾ ਅਗਣਤ ਬੈਠੀ ਛੁਪ, ਜ਼ਾਹਰ ਨਜ਼ਰ ਕਿਸੇ ਨਾ ਆਈਆ । ਨਵ ਨੌ ਚਾਰ ਰਹੀ ਚੁੱਪ, ਆਪਣਾ ਭੇਵ ਨਾ ਕੋਇ ਜਣਾਈਆ । ਕਲਜੁਗ ਅੰਤਮ ਬੈਠੀ ਉਠ, ਘਰ ਸਾਚੇ ਲਏ ਅੰਗੜਾਈਆ । ਜਨ ਭਗਤਾਂ ਵਲ ਕੀਤਾ ਰੁਖ਼, ਭੱਜੇ ਵਾਹੋ ਦਾਹੀਆ । ਮੈਂ ਵੇਖਾਂ ਜਾ ਕੇ ਗੋਬਿੰਦ ਤੇਰੇ ਪੁੱਤ, ਜਿਨ੍ਹਾਂ ਪਿਛੇ ਆਪਣੇ ਪੁੱਤਰ ਨੀਂਹਾਂ ਹੇਠ ਦਬਾਈਆ । ਮੈਂ ਗੋਦੀ ਲਵਾਂ ਜਾ ਕੇ ਚੁੱਕ, ਆਪਣੀ ਸੇਵ ਕਮਾਈਆ । ਮੈਨੂੰ ਸੋਹਣਾ ਲੱਗੇ ਮੁਖ, ਜੋ ਤੈਨੂੰ ਰਹੇ ਧਿਆਈਆ । ਗੋਬਿੰਦ ਸੂਰਾ ਆਪੇ ਤੁਠ, ਦੇ ਮੱਤ ਰਿਹਾ ਸਮਝਾਈਆ । ਵੇਖ ਮੇਰਾ ਅਬਿਨਾਸ਼ੀ ਅਚੁਤ, ਮੇਰੇ ਨਾਲ ਸੋਭਾ ਪਾਈਆ । ਜਿਸ ਨੇ ਪਹਿਲੋ ਮੈਨੂੰ ਬਣਾਇਆ ਪੁੱਤ, ਫਿਰ ਮੈਂ ਪੁੱਤਰਾਂ ਪੁੱਤਰਾਂ ਉਤੋ ਵਾਰ ਕਰਾਈਆ । ਹੁਣ ਨਹੀਂ ਬਹਿਣਾ ਮਾਤ ਲੁਕ, ਆਪਣਾ ਪੜਦਾ ਦਿਆਂ ਉਠਾਈਆ । ਬਿਨ ਮੇਰੀ ਕਿਰਪਾ ਕੋਈ ਨਾ ਹੋਵੇ ਮੇਰੇ ਉਤੇ ਖੁਸ਼, ਕਲਜੁਗ ਜੀਵ ਕਰਨ ਲੜਾਈਆ । ਮੈਂ ਸਭ ਦੇ ਨੇੜੇ ਅੰਦਰ ਬੈਠਾ ਢੁਕ, ਘਰ ਆਪਣੇ ਮੈਨੂੰ ਮਿਲਣ ਕੋਈ ਨਾ ਆਈਆ । ਦਰ ਦਰ ਜਾ ਕੇ ਡੇਰਿਆਂ ਵਿਚ ਇਕ ਦੂਜੇ ਨੂੰ ਰਹੇ ਪੁਛ, ਕਿਸ ਘਰ ਮਿਲੇ ਸੱਚਾ ਮਾਹੀਆ । ਸਦੀ ਵੀਹਵੀਂ ਕਿਸੇ ਕੋਲ ਨਹੀਂ ਹੈ ਕੁਛ, ਪ੍ਰਭ ਖਾਲੀ ਭਾਂਡੇ ਦਿਤੇ ਕਰਾਈਆ । ਡਰਦੇ ਸਾਹਿਬ ਕੋਲੋ ਬੈਠੇ ਲੁਕ, ਅੱਗੇ ਆ ਕੇ ਮੁਖ ਨਾ ਕੋਇ ਵਖਾਈਆ । ਜਗਤ ਵਡਿਆਈ ਲੱਗੀ ਭੁੱਖ, ਮਸਤਕ ਚਰਨਾਂ ਉਤੇ ਰਹੇ ਛੁਹਾਈਆ । ਕਿਸ ਨੂੰ ਦੇਂਦੇ ਦੁੱਧ ਪੁੱਤ, ਕਿਸੇ ਨੂੰ ਅੱਖਾਂ ਮੀਟ ਧਿਆਨ ਜਣਾਈਆ । ਕਿਸੇ ਨੂੰ ਕਹਿਣ ਸੁਰਤੀ ਗਈ ਰੁੱਠ, ਭੱਜੇ ਵਾਹੋ ਦਾਹੀਆ । ਕਿਸੇ ਨੂੰ ਕਹਿਣ ਅੰਦਰ ਵੜ ਕੇ ਬਹਿ ਜਾਓ ਚੁੱਪ, ਰਸਨਾ ਜਿਹਵਾ ਨਾ ਕੋਈ ਗਾਈਆ । ਜੇ ਪੁਰਖ ਅਬਿਨਾਸ਼ੀ ਆਪ ਲਏ ਪੁੱਛ, ਫਿਰ ਬੈਠਣ ਮੁੱਖ ਭਵਾਈਆ । ਕਲਜੁਗ ਕਹੇ ਪ੍ਰਭ ਵੇਖ ਮੇਰੀ ਲੁੱਟ, ਮੈਂ ਦਿਨ ਦਿਹਾੜੇ ਰਿਹਾ ਮਚਾਈਆ । ਬਾਹਰੋ ਤੈਨੂੰ ਸਜਦੇ ਕਰਨ ਝੁਕ, ਅੰਦਰ ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਰਾਤ ਅੰਧੇਰੀ ਘਰ ਬੇਗਾਨੇ ਕਰਨ ਰੁਖ਼, ਵੇਸਵਾ ਰੂਪ ਜਗਤ ਵਟਾਈਆ । ਠਾਕਰ ਸੁਆਮੀ ਅੰਤਰ ਉਠ, ਕਿਉਂ ਬੈਠਾ ਮੁਖ ਭਵਾਈਆ । ਧਰਮ ਨਾਤਾ ਸਭ ਦਾ ਗਿਆ ਤੁੱਟ, ਧਰਤ ਧਵਲ ਦਏ ਦੁਹਾਈਆ । ਖ਼ਾਲੀ ਦਿਸਣ ਸਭ ਦੇ ਠੂਠ, ਹਰਿ ਕਾ ਨਾਮ ਨਜ਼ਰ ਕੋਇ ਨਾ ਆਈਆ । ਕਰੀ ਕੁੜਮਾਈ ਜੂਠ ਝੂਠ, ਹਉਮੇ ਹੰਗਤਾ ਵੱਜੀ ਵਧਾਈਆ । ਲੱਖ ਚੁਰਾਸੀ

ਵੇਖ ਕਰਤੂਤ, ਤੇਰੇ ਤੇਰੀ ਕੀਤੀ ਗਏ ਭੁਲਾਈਆ । ਕਲਜੁਗ ਅੰਤਮ ਸਾਰਾ ਲੰਘ ਗਿਆ ਅੰਤਮ ਪਿਛੇ ਰਹਿ ਗਈ ਨਿੱਕੀ ਪੂਛ, ਸੋ ਗੋਬਿੰਦ ਆਪਣੀ ਹੱਥੀਂ ਦਏ ਕਟਾਈਆ । ਕਿਸੇ ਦੀ ਖੜੀ ਰਹੇ ਨਾ ਮੁੱਛ, ਮੁਸ਼ਕਲ ਵਿਚ ਪਏ ਲੋਕਾਈਆ । ਜੋ ਤੈਨੂੰ ਸਮਝਦੇ ਤੁਛ, ਤੁਰਤ ਆਪਣਾ ਹੁਕਮ ਵਰਤਾਈਆ । ਸਤਿਜੁਗ ਬਦਲੇ ਤੇਰੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਧਰਤ ਮਾਤ ਕਹੇ ਮੇਰੇ ਘਰ ਜੰਮਿਆ ਪੁੱਤ, ਸਖ਼ੀਓ ਦਿਓ ਵਧਾਈ ਚਾਈਂ ਚਾਈਂਆ । ਮੈਂ ਪੰਦਰਾਂ ਕੱਤਕ ਆਵਾਂ ਗੋਦੀ ਚੁੱਕ, ਪੁਰਖ ਅਕਾਲ ਨੂੰ ਮੱਥਾ ਦਿਆਂ ਟਿਕਾਈਆ । ਫੜ ਕੇ ਦੋਹ ਹੱਥਾਂ ਨਾਲ ਗੋਦੀ ਦੇਵਾਂ ਸੁਟ, ਆਪਣਾ ਭਾਰ ਸਿਰ ਤੋ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਖੇਲ ਕੋਈ ਸਮਝ ਸਕੇ ਨਾ ਰਾਈਆ । ਹਰਿ ਕਾ ਖੇਲ ਸਰਬ ਉਡੀਕਣ, ਜੁਗ ਚੌਕੜੀ ਧਿਆਨ ਲਗਾਈਆ । ਪਾਬੰਦੀ ਅੰਦਰ ਸਰਬ ਚੀਕਣ, ਉਚੀ ਕੂਕ ਰਹੇ ਸੁਣਾਈਆ । ਜਿਉਂ ਗੋਬਿੰਦ ਨਜ਼ਰ ਆਇਆ ਭੀਖਣ, ਤਿਉਂ ਗੁਰਮੁਖਾਂ ਰਿਹਾ ਜਗਾਈਆ । ਕਲਜੁਗ ਕਹਿਰ ਅੰਧੇਰੀ ਤੀਖਣ, ਆਪਣੀ ਧਾਰ ਵਹਾਈਆ । ਗੁਰਮੁਖ ਕਰੇ ਵਿਰਲਾ ਸਚ ਪ੍ਰੀਤਣ, ਪ੍ਰੀਤੀ ਪਰੀਤਮ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਰਹੇ ਉਡੀਕ, ਜਗਤ ਉਡਾਰੀ ਮਾਤ ਲਗਾਈਆ । ਗੁਰ ਅਵਤਾਰਾਂ ਜੋ ਲਿਖੀ ਤਰੀਕ, ਤਾਰੀਖ਼ ਰਹੀ ਸਮਝਾਈਆ । ਲੱਖ ਚੁਰਾਸੀ ਹੋਈ ਬਿਪ੍ਰੀਤ, ਪ੍ਰੀਤੀ ਸਚ ਨਾ ਕੋਇ ਕਮਾਈਆ । ਸਖ਼ੀਆਂ ਮਿਲ ਕੋਈ ਨਾ ਗਾਏ ਗੋਬਿੰਦ ਦਾ ਗੀਤ, ਹਿਰਦੇ ਹਰਿ ਨਾ ਕੋਇ ਵਸਾਈਆ । ਲੱਭਦੇ ਫਿਰਨ ਮੰਦਰ ਮਸੀਤ, ਮੁੱਲਾਂ ਸ਼ੇਖ਼ ਮੁਸਾਇਕ ਉਂਗਲਾਂ ਨਾਲ ਰਹੇ ਸਮਝਾਈਆ । ਬਿਨ ਸਾਚੇ ਕਲਮਿਉਂ ਪੜ੍ਹ ਪੜ੍ਹ ਹੋਏ ਢੀਠ, ਡੇਰਾ ਕੂੜ ਨਾ ਕੋਇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਹੋਏ ਰੁਸ਼ਨਾ, ਰੋਸ਼ਨ ਇਕ ਮਨਾਰ ਵਖਾਇੰਦਾ । ਜਲਵਾ ਨੂਰ ਨੂਰ ਧਰਾ, ਜਲਵਾਗਰ ਭੇਵ ਚੁਕਾਇੰਦਾ । ਦਰ ਦੁਆਰ ਇਕ ਖੁਲ੍ਹਾ, ਦਰਦੀਆਂ ਦਰਦ ਆਪ ਵੰਡਾਇੰਦਾ । ਸਭ ਦੀ ਸੱਧਰ ਪੂਰੀ ਦਏ ਕਰਾ, ਜੋ ਸਦਕੇ ਵਾਰੀ ਘੋਲੀ ਘੋਲ ਘੁਮਾਇੰਦਾ । ਜਨਮ ਕਰਮ ਦਾ ਪਤਰਾ ਦਏ ਉਲਟਾ, ਵਰਕਾ ਵਰਕਾ ਲੇਖ ਬਦਲਾਇੰਦਾ । ਸ਼ੱਤਰੂ ਮਿੱਤਰਾਂ ਦਏ ਬਣਾ, ਸ਼ਸਤਰ ਖੰਡਾ ਨਾ ਕੋਇ ਚਮਕਾਇੰਦਾ । ਚੋਟੀ ਸਿਖ਼ਰਾਂ ਦਏ ਚੜ੍ਹਾ, ਸਕੀਰੀ ਆਪਣੇ ਨਾਲ ਬਣਾਇੰਦਾ । ਅੰਤਮ ਫਿਕਰਾ ਦਏ ਪੜ੍ਹਾ, ਸੋਹੰ ਢੋਲਾ ਰਾਗ ਅਲਾਇੰਦਾ । ਜੋ ਬਾਜ਼ਾਂ ਤਿੱਤਰਾਂ ਗਿਆ ਲੜਾ, ਸੋ ਕਲਜੁਗ ਅੰਤਮ ਨਿਰਗੁਣ ਹੋ ਕੇ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਸ਼ਿਕਰਾ ਬਾਜ ਲਏ ਬਣਾ, ਲੱਖ ਚੁਰਾਸੀ ਚਿੜੀ ਆਪ ਤੁੜਾਇੰਦਾ । ਲੱਖ ਚੁਰਾਸੀ ਸ਼ਬਦੀ ਬਾਜ਼ ਚੋਗਾ, ਗੋਬਿੰਦ ਚੋਗ ਚੁਗਾਈਆ । ਉਚੀ ਕੂਕ ਦੇਵੇ ਹੋਕਾ, ਹੁਕਮ ਦਏ ਸਮਝਾਈਆ । ਫਿਰੇ ਦਰੋਹੀ ਚੌਦਾਂ ਤਬਕ ਚੌਦਾਂ ਲੋਕਾ, ਲੁਕਵੀਂ ਖੇਲ ਰਹੇ ਨਾ ਰਾਈਆ । ਅੰਦਰ ਵੜ ਕੇ ਆਪਣਾ ਵੇਖੇ ਕੋਠਾ, ਕਾਇਆ ਕੋਠੀ ਸੋਭਾ ਪਾਈਆ । ਜਿਸ ਦੇ ਅੰਦਰ ਅਗੰਮੀ ਪੋਥਾ, ਬਿਨ ਇਲਮੋ ਕਰੇ ਪੜ੍ਹਾਈਆ । ਆਪਣੇ ਮਿਲਣ ਦਾ ਦੇਵੇ ਇਕੋ ਮੌਕਾ, ਮੁਕੰਮਲ ਆਪਣਾ ਹੁਕਮ ਵਰਤਾਈਆ । ਕਿਸੇ ਨਾਲ ਕਰੇ ਨਾ ਧੋਖਾ, ਜੋ ਫੜਿਆ ਸੋ ਪਾਰ ਕਰਾਈਆ । ਸਤਿਜੁਗ ਮਾਰਗ ਦੱਸੇ ਸੌਖਾ, ਆਤਮ ਪਰਮਾਤਮ ਸੋਹੰ ਰੂਪ ਇਕ ਸਮਝਾਈਆ । ਗੁਰਸਿਖ ਕੋਈ ਨਾ ਹੋਵੇ ਔਖਾ, ਵੇਲੇ ਅੰਤ ਸਤਿਗੁਰ ਪੂਰਾ ਲੈਣ ਆਏ ਚਾਈਂ ਚਾਈਂਆ । ਜੋਤ ਅਕਾਲਣ ਸਾਫ਼ ਕਰ ਕੇ ਬੈਠੀ ਚੌਕਾ, ਜਨ ਭਗਤਾਂ

ਉਪਰ ਦਏ ਬਹਾਈਆ । ਬਿਨ ਭਗਤਾਂ ਸ੍ਰੀ ਭਗਵਾਨ ਜਾਏ ਔਤਾ, ਬਿਨ ਸਿਖਾਂ ਗੁਰੂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਆਪੇ ਪਹੁੰਚਾ, ਵੀਹਵੀਂ ਸਦੀ ਆਪਣਾ ਹੁਕਮ ਆਪ ਵਰਤਾਈਆ । ਵੀਹਵੀਂ ਸਦੀ ਨੂੰ ਸਾਰੇ ਰੋਂਦੇ, ਦੋ ਜਹਾਨ ਧਿਆਨ ਲਗਾਈਆ । ਗੁਰ ਅਵਤਾਰ ਢੋਲਾ ਗੌਂਦੇ, ਤੂੰਹੀ ਤੂੰਹੀ ਰਾਗ ਅਲਾਈਆ । ਤੇਰਾ ਰਾਹ ਇਕ ਤਕੌਂਦੇ, ਤਕਵਾ ਇਕ ਜਣਾਈਆ । ਜੁਗ ਚੌਕੜੀ ਰਹੇ ਭੌਂਦੇ, ਇਕੱਠਿਆਂ ਮੇਲ ਨਾ ਕੋਇ ਮਿਲਾਈਆ । ਉਚੇ ਨੀਵੇਂ ਸਾਰੇ ਸੌਂਦੇ, ਬਿਸਤਰ ਇਕੋ ਨਾ ਕੋਇ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੋ ਵੀਹਵੀਂ ਸਦੀ ਲੇਖੇ ਲਾਈਆ । ਵੀਹਵੀਂ ਸਦੀ ਕਰੇ ਮਨਜ਼ੂਰ, ਹਰਿ ਕਰਤਾ ਦਇਆ ਕਮਾਇੰਦਾ । ਪਹਿਲੋ ਬਖ਼ਸ਼ੇ ਸਰਬ ਕਸੂਰ, ਸਭ ਦੇ ਲੇਖੇ ਆਪ ਮੁਕਾਇੰਦਾ । ਜਿਸ ਦੇ ਪਿਛੇ ਸੂਲੀ ਚੜ੍ਹਿਆ ਮਨਸੂਰ, ਸੋ ਸੂਲੀ ਮਨਸੂਰ ਆਪਣੇ ਗਲ ਲਟਕਾਇੰਦਾ । ਜਿਸ ਦੇ ਪਿਛੇ ਅਗਨੀ ਸੜੇ ਵਾਂਗ ਤੰਦੂਰ, ਤਿਨ੍ਹਾਂ ਅਗਨੀ ਤਤ ਬੁਝਾਇੰਦਾ । ਜਿਹੜੇ ਜੁਗ ਚੌਕੜੀ ਔਂਦੇ ਰਹੇ ਬਣ ਮਜ਼ੂਰ, ਤਿਨ੍ਹਾਂ ਮਜ਼ਦੂਰੀ ਵੇਖ ਵਖਾਇੰਦਾ । ਜਿਹੜੇ ਵਸਦੇ ਰਹੇ ਦੂਰ ਦੂਰ, ਅੰਤਮ ਆਪਣੇ ਕੋਲ ਬਹਾਇੰਦਾ । ਸਾਰੇ ਮੰਗੇ ਇਕੋ ਵਾਰ ਬਖ਼ਸ਼ ਸਾਡੇ ਕਸੂਰ, ਕੁਲਵੰਤਾ ਆਪਣੀ ਦਇਆ ਕਮਾਇੰਦਾ । ਸਭ ਦੇ ਭਾਂਡੇ ਕਰੇ ਭਰਪੂਰ, ਖ਼ਾਲੀ ਨਜ਼ਰ ਕੋਇ ਨਾ ਆਇੰਦਾ । ਜ਼ਰੂਰਤ ਪੂਰੀ ਕਰੇ ਜ਼ਰੂਰ, ਜ਼ਾਹਰ ਜ਼ਹੂਰ ਵੇਖ ਵਖਾਇੰਦਾ । ਕਾਗ਼ਜ਼ ਕਲਮ ਸ਼ਾਹੀ ਨਿਹਕਲੰਕ ਕੀਤਾ ਮਸ਼ਹੂਰ, ਗੁਰ ਅਵਤਾਰ ਲੇਖ ਲਿਖਾਇੰਦਾ । ਅੰਤਮ ਮਿਲਣ ਨੂੰ ਹੋਏ ਸਰਬ ਮਜਬੂਰ, ਮੁਸ਼ਕਲ ਹੱਲ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜਲਵਾ ਦੇਵੇ ਨੂਰ ਜ਼ਹੂਰ, ਜ਼ਾਹਰਾ ਪੀਰ ਬੇਨਜ਼ੀਰ ਲਾਸ਼ਰੀਕ ਸਚ ਤੌਫ਼ੀਕ ਇਕ ਖ਼ੁਦਾਏ ਬੇਪਰਵਾਹੇ ਇਕੋ ਇਸਮ ਇਕੋ ਆਅਜ਼ਮ ਇਕੋ ਆਦਮ ਆਪ ਜਣਾਇੰਦਾ । ਇਕੋ ਆਦਮ ਆਦਮ ਬੂ, ਬੇਵਫ਼ਾ ਸਰਬ ਲੋਕਾਈਆ । ਇਕੋ ਨਾਅਰਾ ਇਕੋ ਲਾਰਾ ਦੱਸੇ ਹੂ, ਅੱਨਾ ਹੂ ਨਾਲ ਮਿਲਾਈਆ । ਰਲ ਮਿਲ ਕਹੇ ਆਪਾ ਤੂੰ ਹੀ ਤੂੰ, ਤੂੰ ਹੀ ਤੂੰ ਹੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦ ਵੇਖੇ ਆਪਣੀ ਜੂਹ, ਸਾਚੇ ਖੇੜੇ ਡੇਰਾ ਲਾਈਆ । ਵੇਖਣਹਾਰਾ ਪਾਕ ਰੂਹ, ਬੁੱਤ ਬੁੱਤਖ਼ਾਨਾ ਫੋਲ ਫੁਲਾਵੇ ਥਾਉਂ ਥਾਈਆ । ਜੋ ਮੁਰੀਦ ਮੁਰਸ਼ਦ ਗਿਆ ਛੂਹ, ਵਾਂਗ ਸ਼ਮਸ ਤਬਰੇਜ਼ ਸ਼ਮਅ ਦੇਵੇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਵੇਖਣ ਆਵੇ ਮੂੰਹ, ਜਿਨ੍ਹਾਂ ਮੁਖੜਾ ਗੋਬਿੰਦ ਧੋਤਾ ਚਾਈਂ ਚਾਈਆ ।



### ✪ ੨ ਭਾਦਰੋ ੨੦੨੦ ਬਿਕਰਮੀ ਹਰਿ ਭਗਤ ਦੁਆਰ ਜੇਠੂਵਾਲ ✪

ਹੱਥ ਨਾਲ ਮਿਲਾਇਆ ਹੱਥ, ਦਸਤ ਦਸਤ ਨਾਲ ਜੁੜਾਈਆ । ਸ਼ਬਦ ਉਡਾਰੀ ਲੈਣਾ ਨੱਠ, ਭੱਜਣਾ ਵਾਹੋ ਦਾਹੀਆ । ਸੰਗੀਆਂ ਸਾਥੀਆਂ ਕਰ ਇਕੱਠ, ਆਪਣਾ ਮੇਲ ਮਿਲਾਈਆ । ਵੇਖ ਖੇਲ ਪੁਰਖ ਸਮਰਥ, ਬੇਪਰਵਾਹ ਦਏ ਸਮਝਾਈਆ । ਵਾਰਤਾ ਰਸਨਾ ਜਿਹਵਾ ਗਾਥ, ਛੰਦਾ ਬੰਦੀ ਬੇਪਰਵਾਹੀਆ । ਸਤਿ ਸਤਿਵਾਦੀ ਖੇਲ ਤਮਾਸ਼, ਦੋ ਜਹਾਨਾ ਦਏ ਜਣਾਈਆ । ਸਾਚੇ ਮੰਡਲ ਪਾਵੇ ਰਾਸ, ਕਾਹਨ ਆਪਣਾ ਖੇਲ ਵਖਾਈਆ ।

ਕਵਣ ਦੁਆਰਿਉਂ ਅਇਉਂ ਚਲ ਕੇ ਪਾਸ, ਪਾਸਾ ਆਪਣਾ ਲੈ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਛੰਦਾ ਬੰਦੀ ਵਾਰਤਾਲਾਪ, ਦੋਹਾਂ ਕਰੇ ਆਪ ਮਿਲਾਪ, ਮੇਲਾ ਵੇਖੇ ਥਾਉਂ ਥਾਈਂਆ । ਆਪਣੀ ਬੋਲੋ ਰਸਨਾ ਜ਼ਬਾਨ, ਬੱਤੀ ਦੰਦ ਹਿਲਾਈਆ । ਕਵਣ ਕਲਮਾ ਕਵਣ ਕਲਾਮ, ਕਵਣ ਘਟ ਘਟ ਰਿਹਾ ਟਿਕਾਈਆ । ਕਵਣ ਇਸਮ ਆਅਜ਼ਮ ਸਚ ਨਿਸ਼ਾਨ, ਕਵਣ ਮਹਿਰਾਬ ਰਿਹਾ ਸੁਹਾਈਆ । ਕਵਣ ਦੇਵਣਹਾਰ ਪੈਗ਼ਾਮ, ਸਚ ਸਾਚੀ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਛੰਦਾ ਬੰਦੀ ਬੱਤੀ ਦੰਦੀ ਬੰਦਾ ਬੰਦਗੀ ਵਿਚੋ ਪਰਗਟਾਈਆ । ਕਵਣ ਸਚ ਕਵਣ ਝੂਠ, ਕਵਣ ਖੇਲ ਰਿਹਾ ਦਰਸਾਈਆ । ਕਵਣ ਦਿਸ਼ਾ ਕਵਣ ਕੂਟ, ਕਵਣ ਹਿੱਸਾ ਵੰਡ ਵੰਡਾਈਆ । ਕਵਣ ਸਾਧ ਕਵਣ ਅਵਧੂਤ, ਕਵਣ ਲੇਖ ਰਿਹਾ ਜਣਾਈਆ । ਕਵਣ ਪੂਤ ਕਵਣ ਕਪੂਤ, ਕਵਣ ਦਰ ਦਰ ਫਿਰੇ ਆਪਣਾ ਫੇਰਾ ਪਾਈਆ । ਕਵਣ ਤਾਗਾ ਕਵਣ ਸੂਤ, ਕਵਣ ਤੰਦੀ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਾਰਤਾਲਾਪ ਬਿਨ ਵਰਤਮਾਨ ਵਰਤੰਤ ਭਗਵੰਤ ਇਕੋ ਇਕ ਸਮਝਾਈਆ । ਵਾਰਤਾਲਾਪ ਦੱਸੋ ਉਹ, ਜੋ ਲਿਖਣ ਪੜ੍ਹਨ ਵਿਚ ਨਾ ਆਈਆ । ਜਿਸ ਦੀ ਧਾਰ ਸਦਾ ਨਿਰਮੋਹ, ਨਿਰਵੈਰ ਖੇਲ ਕਰਾਈਆ । ਓਸ ਨਾਲ ਜਾਣਾ ਛੋਹ, ਜਗਤ ਛੋਹਰ ਮਿਲੇ ਵਡਿਆਈਆ । ਦੁਰਮਤ ਮੈਲ ਮੈਲ ਧੋ, ਨਿਰਮਲ ਰੂਪ ਇਕ ਪਰਗਟਾਈਆ । ਆਪਾ ਆਪ ਨਾ ਲੈਣਾ ਖੋਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਾਰਤਾਲਾਪ ਜਗਤ ਕਹਾਣੀ, ਬੋਧ ਅਗਾਧ ਧੁਰ ਦੀ ਬਾਣੀ, ਸ਼ਬਦੀ ਸ਼ਬਦ ਭੇਵ ਚੁਕਾਈਆ । ਨਾ ਕੋਈ ਵੇਖੇ ਵੇਖਣਯੋਗ, ਮਨ ਮੱਤ ਬੁੱਧ ਨਾ ਕੋਇ ਚਤੁਰਾਈਆ । ਜਗਤ ਵਾਸਨਾ ਕਰਦਾ ਫਿਰੇਂ ਭੋਗ, ਸਾਚੀ ਸੇਜ਼ ਨਾ ਕੋਇ ਹੰਢਾਈਆ । ਹਉਮੇ ਹੰਗਤਾ ਲੱਗਾ ਰੋਗ, ਕੂੜੀ ਕਿਰਿਆ ਕਰੇ ਲੜਾਈਆ । ਸ਼ਬਦ ਤਨ ਨਾ ਲੱਗੀ ਚੋਟ, ਨਗਾਰਾ ਸਚ ਨਾ ਕੋਇ ਵਜਾਈਆ । ਆਲ੍ਹਣਿਉਂ ਡਿੱਗਾ ਬੋਟ, ਮਾਤਲੋਕ ਰਿਹਾ ਕੁਰਲਾਈਆ । ਨਜ਼ਰ ਨਾ ਆਈ ਨਿਰਮਲ ਜੋਤ, ਅੰਧ ਅੰਧੇਰੇ ਬੈਠਾ ਆਸਣ ਲਾਈਆ । ਸ਼ਬਦ ਸੁਣਾ ਉਹ ਸਲੋਕ, ਜਿਸ ਧਾਰੋ ਨੂਰ ਕਰੇ ਰੁਸ਼ਨਾਈਆ । ਓਸ ਧਾਮ ਕਿਸ ਬਿਧ ਜਾਏ ਪਹੁੰਚ, ਕਵਣ ਪੌੜੀ ਡੰਡਾ ਵੇਖ ਵਖਾਈਆ । ਲੱਖਣ ਪੁਸ਼ਕਰ ਵੇਖ ਕਰੌਚ, ਸਲਮਲ ਸਾਨ ਜੰਬੂ ਦੀਪ ਖ਼ੁਸ਼ੀ ਮਨਾਈਆ । ਕੁਸ਼ਾ ਕੁੱਤੇ ਰਹੇ ਭੌਂਕ, ਕੂਕਰ ਸੂਕਰ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁੱਛਣਹਾਰਾ ਉਹ ਘਰ, ਜਿਸ ਦਾ ਦਰਵਾਜਾ ਨਜ਼ਰ ਕਿਸੇ ਨਾ ਆਈਆ । ਸਿਧੀ ਸਾਦੀ ਜਗਤ ਗੱਲ, ਗੱਲੀਂ ਬਾਤੀਂ ਜਗਤ ਖੇਲ ਕਰਾਇੰਦਾ । ਪ੍ਰਭ ਕਾ ਖੇਲ ਸਦਾ ਅਛੱਲ, ਜੀਵ ਜੰਤ ਭੇਵ ਕੋਇ ਨਾ ਪਾਇੰਦਾ । ਉਚੇ ਟਿੱਲੇ ਪਰਬਤ ਲੋਅ ਪੁਰੀ ਅਕਾਸ਼ ਰਹੇ ਹੱਲ, ਬੇਪਰਵਾਹ ਆਪਣਾ ਧੱਕਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੋਧ ਅਗਾਧ ਸ਼ਬਦ ਅਨਾਦ ਵਿਚ ਬ੍ਰਹਿਮਾਦ ਬ੍ਰਹਿਮਾਡ ਆਪਣੀ ਕਾਰ ਕਮਾਇੰਦਾ । ਵਾਰਤਾ ਬੋਲੇ ਜਗਤ ਕਹਾਣੀ, ਲੱਖ ਚੁਰਾਸੀ ਜੀਵ ਜੰਤ ਦੇਣ ਦੁਹਾਈਆ । ਸਤਿਗੁਰ ਬੋਲੇ ਧੁਰ ਦੀ ਬਾਣੀ, ਸ਼ਬਦੀ ਰਾਗ ਸੁਣਾਈਆ । ਆਵਣ ਜਾਣ ਖੇਲ ਮਹਾਨੀ, ਜੁਗ ਚੌਕੜੀ ਕਾਰ ਕਮਾਈਆ । ਸ਼ਾਹੋ ਭੂਪ ਵਡ ਸੁਲਤਾਨੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਪਾਰਬ੍ਰਹਮ ਬ੍ਰਹਮ ਦੇਵੇ ਦਾਨੀ, ਦਾਤਾ ਦਾਨੀ ਦਇਆ ਕਮਾਈਆ । ਧੁਰਦਰਗਾਹੀ ਇਕ ਨਿਸ਼ਾਨੀ,

ਨਿਰਗੁਣ ਜੋਤ ਕਰੇ ਰੁਸ਼ਨਾਈਆ । ਨਿਹਕਲੰਕ ਵੱਡਾ ਬਲਵਾਨੀ, ਬਲਧਾਰੀ ਆਪ ਹੋ ਜਾਈਆ । ਜਗਤ ਨੇਤਰ ਨਾ ਕੋਈ ਵੇਖੇ ਜੀਵ ਨਾਦਾਨੀ, ਨਿਜ ਨੇਤਰ ਗੁਰਮੁਖਾਂ ਨਜ਼ਰੀ ਆਈਆ । ਜਿਸ ਦਾ ਨਾਮ ਤੀਰ ਨਿਸ਼ਾਨ ਤਿਖੀ ਕਾਨੀ, ਆਰ ਪਾਰ ਦੋ ਜਹਾਨ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿੱਕੀ ਨਿੱਕੀ ਵਾਰਤਾ ਵਿਚ ਕਦੇ ਨਾ ਆਈਆ । ਬਹਿਸ ਵਿਚ ਰਾਗ ਸਸਤਾ, ਹਰਿ ਕਾ ਨਾਮ ਕੀਮਤ ਕੋਈ ਨਾ ਪਾਈਆ । ਜਗਤ ਵਿਦਿਆ ਕਾਇਆ ਕੰਮ ਨਾ ਆਏ ਬਸਤਾ, ਹਰਿ ਕਾ ਅੱਖਰ ਪੜ੍ਹਨ ਕੋਇ ਨਾ ਪਾਈਆ । ਸ੍ਰੀ ਭਗਵਾਨ ਹਰ ਘਟ ਅੰਦਰ ਦੀਪਕ ਨੂਰ ਹੋ ਕੇ ਜਗਦਾ, ਜੋਤੀ ਜੋਤ ਕਰੇ ਰੁਸ਼ਨਾਈਆ । ਨੌਂ ਦੁਆਰੇ ਪਾਰ ਲੰਘਦਾ, ਸਾਚੇ ਮੰਦਰ ਡੇਰਾ ਲਾਈਆ । ਨਾ ਰੋਵੇ ਨਾ ਕਦੇ ਹੱਸਦਾ, ਅੱਠੇ ਪਹਿਰ ਖ਼ੁਸ਼ੀ ਮਨਾਈਆ । ਪਰੇਮ ਪਿਆਰ ਦੇਵੇ ਆਪਣੇ ਰਸ ਦਾ, ਰਸ ਰਸੀਆ ਸਾਚਾ ਮਾਹੀਆ । ਬ੍ਰਹਮ ਪਾਰਬ੍ਰਹਮ ਸਦ ਹੁਕਮ ਘੱਲਦਾ, ਹੁਕਮੇ ਅੰਦਰ ਫਿਰਾਈਆ । ਇਹ ਖੇਲ ਪੁਰਖ ਅਟੱਲ ਦਾ, ਨਾ ਕੋਈ ਜਾਣੇ ਜੀਵ ਸੌਦਾਈਆ । ਵਾਰਤਾ ਵਿਚ ਆਪਣੀ ਧਾਰ ਕਦੇ ਨਾ ਘੱਲਦਾ, ਧੁਰ ਦੀ ਕਰੇ ਅਗੰਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਬ੍ਰਹਮ ਪਾਰਬ੍ਰਹਮ ਏਕਾ ਧਾਰ ਬੰਧਾਈਆ । ਸੇਵੋ ਭਾਈ ਸੇਵੋ, ਸੇਵਣ ਜਾਚ ਅਜੇ ਨਾ ਆਈਆ । ਲੇਵੋ ਭਾਈ ਲੇਵੋ, ਵਡ ਦਾਤਾ ਦਾਤ ਆਪ ਵਰਤਾਈਆ । ਦੇਵੋ ਭਾਈ ਦੇਵੋ, ਆਪਣਾ ਆਪ ਭੇਟ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਖੇਲਣਹਾਰ ਆਪਣੀ ਖੇਲ ਖਲਾਈਆ । ਪੁਰਖ ਅਕਾਲ ਕੋਲ ਇਕ ਸਟੇਜ, ਸੀਟ ਸਦਾ ਰੀਜ਼ਰਵ ਰਖਾਈਆ । ਜਿਨ੍ਹਾਂ ਆਪਣੇ ਕਰਕੇ ਦਏ ਭੇਜ, ਤਿਨ੍ਹਾਂ ਕਿਰਪਾ ਕਰ ਕੇ ਲਏ ਮਿਲਾਈਆ । ਗੁਰ ਅਵਤਾਰ ਜਗਤ ਮਾਰਗ ਦੇਂਦੇ ਰਹੇ ਸੰਦੇਸ, ਅੱਖਰ ਅੱਖਰ ਨਾਮ ਪੜ੍ਹਾਈਆ । ਪੌੜੀ ਪੌੜੀ ਚੜ੍ਹ ਕੇ ਲੈਣਾ ਵੇਖ, ਘਰ ਘਰ ਵਿਚ ਨਜ਼ਰੀ ਆਈਆ । ਪੰਚਮ ਮੀਤਾ ਪੰਚਮ ਅਲੇਖ, ਇਕੋ ਅਗੰਮ ਅਥਾਹ ਵੱਡੀ ਵਡਿਆਈਆ । ਅਬਿਨਾਸ਼ੀ ਕਰਤਾ ਜਨ ਭਗਤਾਂ ਸੰਗ ਕਰੇ ਇਕੋ ਹੇਤ, ਹਿਤਕਾਰੀ ਫੇਰਾ ਪਾਈਆ । ਰੁਤ ਬਸੰਤੀ ਮੌਲੇ ਚੇਤ, ਫੁਲ ਫੁਲਵਾੜੀ ਆਪ ਮਹਿਕਾਈਆ । ਠਾਕਰ ਹੋ ਕੇ ਠੋਕਰ ਲਾ ਲਵੇ ਵੇਖ, ਅੰਦਰ ਬਾਹਰ ਖੋਜ ਖੁਜਾਈਆ । ਜਿਨ੍ਹਾਂ ਆਪਣਾ ਦੇਵੇ ਭੇਤ, ਪੜਦਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਤਮ ਪਰਮਾਤਮ ਪਰਮਾਤਮ ਆਤਮ ਨਿਜ ਧਾਰਾ ਜੋੜ ਜੁੜਾਈਆ । ਕਬੀਰ ਕਿਹਾ ਸਾਚਾ ਬੋਲ, ਅਨਬੋਲਤ ਆਪ ਸੁਣਾਈਆ । ਸਾਹਿਬ ਸੁਆਮੀ ਜਿਸ ਆਏ ਕੋਲ, ਘਰ ਸੱਜਣ ਫੇਰਾ ਪਾਈਆ । ਸੁਰਤ ਸੁਆਣੀ ਜਾਵੇ ਮੌਲ, ਸ਼ਬਦ ਹਾਣੀ ਮੇਲ ਮਿਲਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਖ਼ੁਸ਼ੀ ਮਨਾਈਆ । ਆਦਿ ਅੰਤ ਪੂਰਾ ਕਰੇ ਕੌਲ, ਕੀਤਾ ਕੌਲ ਭੁੱਲ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲੇ ਸਹਿਜ ਸੁਭਾਈਆ । ਘਰ ਮੇਲਾ ਹਰਿ ਜੂ ਕੰਤ, ਗ੍ਰਿਹ ਮੰਦਰ ਸੋਭਾ ਪਾਇੰਦਾ । ਨਾਲ ਲੈ ਕੇ ਜਾਏ ਭਗਵੰਤ, ਜਿਸ ਜਨ ਆਪ ਪਰਨਾਇੰਦਾ । ਸੋ ਉਧਰੇ ਸਾਚਾ ਸੰਤ, ਜਿਸ ਨਾਰੀ ਕੰਤ ਪਰਨਾਇੰਦਾ । ਧਾਮ ਸੁਹਾਏ ਸੋਭਾਵੰਤ, ਘਰ ਸੁਹੰਜਣਾ ਇਕ ਵਡਿਆਇੰਦਾ । ਕਬੀਰ ਪੁਰਖ ਪਾਇਆ ਇਕ ਭਗਵੰਤ, ਦੂਜਾ ਅੰਗ ਨਾ ਕੋਇ ਲਗਾਇੰਦਾ । ਬ੍ਰਹਮ ਜੋਤ ਹੋਏ ਪਰਕਾਸ਼, ਘਰ ਘਰ ਵਿਚ ਕਰੇ ਰੁਸ਼ਨਾਈਆ । ਕਾਲਾ ਨੀਲਾ ਪੀਲਾ ਖੇਲ ਤਮਾਸ਼, ਚਿੱਟੀ ਧਾਰ ਰੂਪ ਵਟਾਈਆ । ਸੂਹਾ ਕੰਚਨ ਲਾਲ ਨਰੇਸ਼, ਨਿਰਗੁਣ ਨੂਰ ਰੁਸ਼ਨਾਈਆ । ਕਕੀ ਧਾਰ ਦਏ

ਸੰਦੇਸ਼, ਸ਼ਬਦੀ ਰੂਪ ਪਰਗਟਾਈਆ । ਜੋ ਕਬੀਰ ਨਿਰਗੁਣ ਲਿਆ ਵੇਖ, ਸੋ ਕਬੀਰ ਸਰਗੁਣ ਗਿਆ ਸਮਝਾਈਆ । ਜਿਸ ਵੇਲੇ ਹੋਏ ਜੋਤ ਪਰਵੇਸ਼, ਜੋਤੀ ਜੋਤ ਕਰੇ ਕੁੜਮਾਈਆ । ਪਿਛੇ ਵਖਾਵੇ ਸੱਚਾ ਦੇਸ, ਜਿਸ ਘਰ ਵਸੇ ਸੱਚਾ ਮਾਹੀਆ । ਜਿਸ ਗ੍ਰਿਹਿ ਰੂਪ ਨਾ ਕੋਈ ਰੇਖ, ਰੰਗ ਨਜ਼ਰ ਕਿਸੇ ਨਾ ਆਈਆ । ਉਚੇ ਗੜ੍ਹ ਚੜ੍ਹ ਕੇ ਦੇਵੇ ਇਕ ਸੰਦੇਸ਼, ਸ੍ਰਿਸ਼ਟ ਸਬਾਈ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਦੀਪਕ ਦੀਪਕ ਨਾਲ ਕਰੇ ਰੁਸ਼ਨਾਈਆ । ਕਵਲ ਨਾਭੀ ਨਾ ਖਿਲੇ ਫੁੱਲ, ਮੁਖ ਕਵਲ ਨਾ ਕੋਇ ਖਿਲਾਈਆ । ਕਿਰਪਾ ਕਰੇ ਆਪ ਅਭੁੱਲ, ਮਿਹਰਵਾਨ ਹੋਏ ਸਹਾਈਆ । ਭਗਤ ਉਪਜਾਏ ਆਪਣੀ ਕੁੱਲ, ਕੁਲਵੰਤਾ ਬੇਪਰਵਾਹੀਆ । ਨਿਝਰ ਝਿਰਨਾ ਜਾਏ ਡੁੱਲ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਪਤ ਡਾਲੀ ਰੂਪ ਮਹਿਕਾਈਆ । ਊਧੇ ਕਵਲ ਹੋਏ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਘਰ ਮਿਲੇ ਆਬੇਹਯਾਤ, ਹਯਾਤੀ ਹਯਾਤੀ ਵਿਚੋ ਦਏ ਬਦਲਾਈਆ । ਨਜ਼ਰੀ ਆਏ ਇਕ ਨਵਾਬ, ਨੌਬਤ ਸਾਚੇ ਨਾਮ ਵਜਾਈਆ । ਦਰ ਦਰਵੇਸ਼ ਕਰੇ ਆਦਾਬ, ਸਜਦਾ ਸਰ ਇਕ ਝੁਕਾਈਆ । ਜਿਸ ਦਾ ਖੇਲ ਬੇਤਾਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਦਏ ਜਣਾਈਆ । ਈੜਾ ਪਿੰਗਲ ਸੁਖਮਨ ਮਾਰਗ ਨਿੱਕਾ, ਪਗਡੰਡੀ ਰੂਪ ਜਣਾਈਆ । ਜਿਸ ਦਾ ਮਾਰਗ ਜਗਤ ਦਿਸੇ ਤਿੱਖਾ, ਤਿਨ੍ਹਾਂ ਤੀਖਣ ਰਿਹਾ ਬੁਝਾਈਆ । ਸੰਦੇਸਾ ਦੇਵੇ ਉਠ ਗੁਰਮੁਖਾ, ਗੁਰ ਗੁਰ ਬੂਝ ਬੁਝਾਈਆ । ਸਚਖੰਡ ਦਵਾਰ ਵਖਾਏ ਇਕੋ ਸੁਖਾ, ਸੁਖ ਆਤਮ ਦਏ ਜਣਾਈਆ । ਕਬੀਰ ਜੁਲਾਹਾ ਪ੍ਰਭ ਦਰਸ ਦਾ ਭੁੱਖਾ, ਛੋਟੇ ਮੋਟੇ ਰਾਹ ਖਹਿੜੇ ਚਰਨਾਂ ਹੇਠਾਂ ਗਿਆ ਦਬਾਈਆ । ਜਾ ਕੇ ਮੰਦਰ ਇਕੋ ਡਿਠਾ, ਘਰ ਸਾਚੇ ਹੋਈ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸੱਦੇ ਆਪਣੇ ਘਰ, ਤਿਸ ਮਾਰਗ ਮਾਰਗ ਵਿਚੋ ਲੰਘਾਈਆ । ਸਚ ਨਿਸ਼ਾਨ ਸਤਿਗੁਰ ਇਸ਼ਟ, ਇਸ਼ਟ ਗੁਰ ਦੇਵ ਆਪ ਬੰਧਾਇੰਦਾ । ਕਰ ਕਿਰਪਾ ਖੋਲ੍ਹੇ ਦ੍ਰਿਸ਼ਟ, ਦਿਬ ਨੇਤਰ ਪੜਦਾ ਲਾਹਿੰਦਾ । ਜਿਸ ਨੂੰ ਰਾਮ ਗੁਰ ਚੇਲਾ ਮੰਨਦੇ ਗਏ ਵਸ਼ਿਸ਼ਟ, ਵਿਸ਼ਵ ਆਪਣੀ ਕਾਰ ਕਮਾਇੰਦਾ । ਜਿਸ ਦਾ ਖੇਲ ਆਦਿ ਜੁਗਾਦਿ ਭਵਿਖਤ, ਭਾਵਨਾ ਸਭ ਦੀ ਪੂਰ ਕਰਾਇੰਦਾ । ਜਿਸ ਦੀ ਮਹਿਮਾ ਕਰੇ ਲਿਖਤ, ਲਿਖ ਲਿਖ ਲੇਖਾ ਸਰਬ ਜਣਾਇੰਦਾ । ਸੋ ਸਤਿਗੁਰ ਸਦਾ ਨਿਰਇਛਤ, ਇਛਿਆ ਸਭ ਦੀ ਪੂਰ ਕਰਾਇੰਦਾ । ਕਰ ਕਿਰਪਾ ਜਿਸ ਦੇਵੇ ਆਪਣਾ ਇਸ਼ਟ, ਸੋ ਬਿਨ ਜਗਤ ਨੇਤਰ ਧਿਆਨ ਲਗਾਇੰਦਾ । ਮਾਣਸ ਜਨਮ ਨਾ ਹੋਏ ਭਰਿਸ਼ਟ, ਮਨਮਤ ਨਾ ਕੋਇ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਇਸ਼ਟ ਆਪ ਰਖਾਇੰਦਾ । ਜਿਸ ਦੀ ਜੋਤ ਉਸ ਦੇ ਅੰਗ, ਸੋ ਅੰਗੀਕਾਰ ਅਖਵਾਈਆ । ਜਿਸ ਦੀ ਖੇਲ ਸੋ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਹੁਕਮ ਵਰਤਾਈਆ । ਜਿਸ ਦਾ ਨੂਰ ਉਸ ਦਾ ਚੰਦ, ਚੰਦ ਚਾਂਦਨੀ ਰਿਹਾ ਚਮਕਾਈਆ । ਜਿਸ ਨੇ ਘੜਿਆ ਸੋ ਦੇਵੇ ਭੰਨ, ਘੜਨ ਭੰਨਣਹਾਰ ਆਪ ਹੋ ਜਾਈਆ । ਜਿਸ ਨੇ ਜਣਿਆ ਸੋ ਲੇਖਾ ਜਾਣੇ ਜਨਨੀ ਜਨ, ਬਣੇ ਧਨ ਜਣੇਂਦੀ ਮਾਈਆ । ਸੋ ਕੱਟ ਦੇਵੋ ਕੰਨ, ਜੋ ਸਤਿਗੁਰ ਸ਼ਬਦ ਸੁਣਨ ਨਾ ਪਾਈਆ । ਸੋ ਨੇਤਰ ਹੋਵਣ ਅੰਨ੍ਹ, ਜਿਨ੍ਹਾਂ ਸਤਿਗੁਰ ਸਾਹਿਬ ਨਜ਼ਰ ਨਾ ਆਈਆ । ਸੋ ਰਸਨਾ ਕਰੋ ਖਨ ਖਨ, ਜੋ ਹਰਿ ਹਰਿ ਨਾਮ ਨਾ ਸਦਾ ਧਿਆਈਆ । ਸੋ ਬੱਤੀ ਦੰਦ ਦੇਵੋ ਡੰਨ, ਜੋ ਕੂੜੀ ਕਿਰਿਆ ਵਾਸਨਾ ਨਾਲ ਮਿਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਪਣੇ ਹੁਕਮੇ ਅੰਦਰ ਜੁਗ ਜੁਗ ਕਾਰ ਕਮਾਈਆ । ਰੋਮ ਰੋਮ ਸਾਢੇ ਤਿੰਨ ਕਰੋੜ, ਸਾਢੇ ਤਿੰਨ ਹੱਥ ਮਿਲੀ ਵਡਿਆਈਆ । ਜਿਸ ਦਾ ਨਾਤਾ ਪੁਰਖ ਅਕਾਲ ਲਿਆ ਜੋੜ, ਮਾਸ ਚੰਮੜੀ ਮੇਲ ਮਿਲਾਈਆ । ਆਪ ਬੈਠਾ ਰਿਹਾ ਖ਼ਾਮੋਸ਼, ਚੁਪ ਚਾਪ ਬੋਲ ਨਾ ਕੋਇ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਵੇਖਣਹਾਰਾ ਆਪੇ ਦੋਸ਼, ਨਿਰਦੋਸ਼ ਨਜ਼ਰ ਕੋਇ ਨਾ ਆਈਆ । ਜਿਸ ਰਚਾਈ ਰਚਨਾ ਸੋ ਸੋਚਣਹਾਰਾ ਸੋਚ, ਦੂਜਾ ਸਮਝ ਕੋਇ ਨਾ ਪਾਈਆ । ਪੂਰੀ ਕਰੇ ਪ੍ਰਭ ਆਪਣੀ ਲੋਚਨਾ ਲੋਚ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਗ ਅੰਗ ਆਪਣਾ ਰੰਗ ਆਪ ਰੰਗਾਈਆ । ਜੋਗ ਅਭਿਆਸ ਜੁਗਤ ਜਗ ਧਾਰ, ਜਗਜੀਵਣ ਦਾਤੇ ਆਪ ਬਣਾਈਆ । ਜਟਾ ਜੂਟ ਕਰਨ ਵਿਚਾਰ, ਅੰਤਰ ਬੈਠੇ ਧਿਆਨ ਲਗਾਈਆ । ਜਿਸ ਕਿਰਪਾ ਕਰੇ ਆਪ ਕਰਤਾਰ, ਤਿਸ ਸਾਚੀ ਬੂਝ ਬੁਝਾਈਆ । ਜਿਸ ਦਰਸਨ ਪਾਇਆ ਸੋ ਉਚੀ ਕੂਕ ਕਰੇ ਪੁਕਾਰ, ਰਸਨਾ ਜਿਹਵਾ ਢੋਲਾ ਗਾਈਆ । ਜਿਸ ਉਪਜਾਇਆ ਸਰਬ ਸੰਸਾਰ, ਤਿਸ ਅੱਗੇ ਚਲੇ ਨਾ ਕੋਇ ਚਤੁਰਾਈਆ । ਰੋਮ ਰੋਮ ਨਾ ਕੋਇ ਆਧਾਰ, ਰੌਣਕ ਆਪਣੇ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਗਾ ਅਭਿਆਸ ਦੇਵੇ ਅਭਿਆਸੀ, ਕਰੇ ਖੇਲ ਪੁਰਖ ਅਬਿਨਾਸ਼ੀ, ਸਾਚੀ ਸ਼ਾਖ਼ੀ ਸ਼ਨਾਖ਼ਤ ਵਾਸਤੇ ਆਪ ਪਰਗਟਾਈਆ । ਜਿਸ ਗ੍ਰਿਹ ਜੋਤ ਹੋਵੇ ਪਰਕਾਸ਼, ਪਰਕਾਸ਼ਵਾਨ ਨਜ਼ਰੀ ਆਈਆ । ਤਿਸ ਹੋਰ ਨਾ ਕੋਈ ਆਸ, ਆਸਾ ਓਟ ਨਾ ਕੋਇ ਰਖਾਈਆ । ਸੋ ਖੇਲ ਕਰੇ ਤਮਾਸ਼, ਬੇਪਰਵਾਹ ਬੇਪਰਵਾਹੀਆ । ਧੁਰ ਦਾ ਹੁਕਮ ਸਚ ਬਲਾਸ, ਨਿਰਗੁਣ ਧਾਰ ਦਏ ਪਰਗਟਾਈਆ । ਬੈਖਰੀ ਬਾਣੀ ਬੋਲ ਖੋਲ੍ਹੇ ਭੇਵ ਖ਼ੁਲਾਸ, ਖ਼ਾਲਸ ਮਾਰਗ ਦਏ ਸਮਝਾਈਆ । ਲੱਖ ਚੁਰਾਸੀ ਜਿਸ ਦੁਆਰਿਉਂ ਉਪਜੀ ਸ਼ਾਖ਼, ਸੋ ਸ਼ਨਾਖ਼ਤ ਰਿਹਾ ਜਣਾਈਆ । ਹੁਕਮ ਸੰਦੇਸ਼ਾ ਜਾਏ ਆਖ, ਆਖਰ ਨਜ਼ਰ ਕਿਸੇ ਨਾ ਆਈਆ । ਆਪਣੇ ਗ੍ਰਿਹਿ ਵਸੇ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣੇ ਰੰਗ ਸਮਾਈਆ । ਬਿਨ ਬੈਖਰੀ ਬਾਣੀ ਜੋਤ ਦਾ ਕੋਈ ਨਾ ਜਾਣੇ ਪਰਕਾਸ਼, ਬਿਨ ਦੱਸਿਆਂ ਸਮਝ ਕਿਸੇ ਨਾ ਆਈਆ । ਜਨ ਭਗਤਾਂ ਅੰਦਰ ਗੁਪਤ ਚਲੇ ਧਾਰ, ਬਿਨ ਅੱਖਰਾਂ ਕਰੇ ਪੜ੍ਹਾਈਆ । ਅੱਠੇ ਪਹਿਰ ਨੂਰ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਬਿਨ ਰਸਨਾ ਕਰੇ ਗੁਫ਼ਤਾਰ, ਗੀਤ ਅਤੀਤ ਇਕ ਸਮਝਾਈਆ । ਰੌਲਾ ਪਾਵੇ ਵਾਸਤੇ ਸੰਸਾਰ, ਭੁਲਿਆਂ ਭਟਕਿਆਂ ਰਿਹਾ ਉਠਾਈਆ । ਹਰਿ ਭੁੱਲੋ ਨਾ ਜੀਵ ਗਵਾਰ, ਹਰ ਘਟ ਬੈਠਾ ਆਸਣ ਲਾਈਆ । ਨੇਤਰ ਖੋਲ੍ਹ ਕਰੋ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਸਿਫ਼ਤ ਸਾਲਾਹ ਤੋ ਵਸੇ ਬਾਹਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਧਾਰ ਜੋਤ ਪਿਆਰ, ਜੋਤ ਜੋਤੀ ਦਏ ਸਮਝਾਈਆ । ਜੋਤ ਧਾਰ ਸਦਾ ਨਿਸ਼ਅੱਖਰ, ਅੱਖਰ ਨਜ਼ਰ ਕੋਇ ਨਾ ਆਈਆ । ਵਸੇ ਧਾਮ ਨਿਰਾਲੇ ਵੱਖਰ, ਸਾਚੇ ਘਰ ਸੋਭਾ ਪਾਈਆ । ਸ਼ਬਦੀ ਧਾਰ ਹੋ ਕੇ ਆਏ ਦਿਸਣ, ਜੋਤ ਸਿਫ਼ਤੀ ਢੋਲਾ ਗਾਈਆ । ਲੱਖ ਚੁਰਾਸੀ ਜੀਵ ਜੰਤ ਆਏ ਹਿੱਕਣ, ਨਾਮ ਇਸ਼ਾਰੇ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵਸੇ ਸਦਾ ਵੱਖਰ, ਸੁਰਤ ਵਿਚ ਨਾ ਆਏ ਫ਼ਰਕ, ਫ਼ਕਤ ਆਪਣੀ ਖੇਲ ਕਰਾਈਆ । ਜਿਸ ਰਚਨਾ ਰਚਾਈ ਜਗਤ, ਸੋ ਜੁਗਤੀ ਰਿਹਾ ਛੁਪਾਈਆ । ਭੇਵ ਖੋਲ੍ਹੇ ਆਪਣੇ ਵਕਤ, ਭਰਮੇ ਰੱਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ

ਦਏ ਸਮਝਾਈਆ । ਜਿਸ ਅੰਦਰ ਨਿਰਗੁਣ ਜੋਤ ਵਖਾਏ ਆਪਣਾ ਮੁਖ, ਮੁਖ ਮੁਖੜਾ ਆਪ ਦਰਸਾਈਆ । ਤਿਸ ਨੂੰ ਭੁਲਿਆਂ ਭਟਕਿਆਂ ਵਲ ਵੇਖ ਕੇ ਆਵੇ ਦੁੱਖ, ਕਿਉਂ ਭੁੱਲੇ ਬੇਪਰਵਾਹੀਆ । ਮਨ ਮਤ ਬੁਧ ਬਦਲਣ ਆਪਣਾ ਰੁਖ਼, ਮਾਰਗ ਸਾਚੇ ਪੰਧ ਮੁਕਾਈਆ । ਗੁਰਮੁਖ ਵੇਖ ਕੂੜੀ ਕਿਰਿਆ ਕਦੇ ਨਾ ਰਹੇ ਚੁੱਪ, ਕੂੜੀ ਕਿਰਿਆ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੋਤੀ ਜੋਤ ਕਰੇ ਰੁਸ਼ਨਾਈਆ । ਕਲਜੁਗ ਅੰਤਮ ਵਧਿਆ ਪਾਪ, ਪਾਪੀ ਘਰ ਘਰ ਡੇਰਾ ਲਾਈਆ । ਕੋਈ ਕਿਸੇ ਨਾ ਸਕੇ ਆਖ, ਆਪਣਾ ਆਪ ਨਾ ਕੋਇ ਬਚਾਈਆ । ਘਰ ਘਰ ਕੂੜਾ ਬਣਿਆ ਸਾਕ, ਸਤਿਗੁਰ ਸੱਜਣ ਨਾ ਕੋਇ ਸਮਝਾਈਆ । ਗੁਰ ਨਾਨਕ ਵੇਲੇ ਫੁਟੀ ਸ਼ਾਖ਼, ਹੁਣ ਚਾਰੋ ਕੁੰਟ ਵੱਡਾ ਬੂਟਾ ਸਭ ਨੂੰ ਆਪਣੇ ਹੇਠਾਂ ਰਿਹਾ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥੇ, ਸਮਰਥ ਧਾਰ ਚਲਾਇੰਦਾ । ਹੁਕਮੇ ਅੰਦਰ ਸਾਰੇ ਬੱਧੇ, ਬਾਹਰ ਹੁਕਮ ਨਾ ਕੋਇ ਵਖਾਇੰਦਾ । ਦੋ ਜਹਾਨ ਫਿਰਨ ਭੱਜੇ, ਪੁਰੀ ਲੋਅ ਨਾਚ ਨਚਾਇੰਦਾ । ਗੁਰ ਅਵਤਾਰ ਦੇਂਦੇ ਫਿਰਨ ਸੱਦੇ, ਸਚ ਸੁਨੇਹੜਾ ਆਪ ਘਲਾਇੰਦਾ । ਪੁਰਖ ਅਕਾਲ ਅੰਤਮ ਇਕੋ ਲੱਭੇ, ਨਿਰਗੁਣ ਨੂਰ ਜੋਤ ਪਰਗਟਾਇੰਦਾ । ਸਚ ਸਿੰਘਾਸਣ ਬਹਿ ਕੇ ਸਜੇ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਜਨ ਭਗਤਾਂ ਪੜਦਾ ਕੱਜੇ, ਨਾਮ ਦੋਸ਼ਾਲਾ ਹੱਥ ਉਠਾਇੰਦਾ । ਕੂੜੀ ਕਿਰਿਆ ਭਾਂਡਾ ਭੱਜੇ, ਸਾਚੀ ਸਿਖਿਆ ਇਕ ਸਮਝਾਇੰਦਾ । ਏਥੇ ਓਥੇ ਦੋ ਜਹਾਨ ਰਖਾਏ ਲੱਜੇ, ਲਾਜਾਵੰਤ ਆਪ ਹੋ ਜਾਇੰਦਾ । ਸਿੰਘ ਸੂਰਬੀਰ ਹੋ ਕੇ ਗੱਜੇ, ਗਰਜ ਆਪਣਾ ਨਾਮ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਕਾਰ, ਹਰਿ ਕਰਤਾ ਵਡ ਵਡਿਆਈਆ । ਖੇਲੇ ਖੇਲ ਸਰਬ ਸੰਸਾਰ, ਮਹਾਂਸਾਰਥੀ ਫੇਰਾ ਪਾਈਆ । ਲਹਿਣਾ ਚੁੱਕੇ ਚੌਥੇ ਜੁਗ ਆਪਣੀ ਵਾਰ, ਵਾਰਤਾ ਸਕੇ ਨਾ ਕੋਇ ਸੁਣਾਈਆ । ਨਵ ਨੌ ਦਿਸੇ ਧੁਆਂਧਾਰ, ਸੱਤ ਵੱਜੇ ਨਾ ਕੋਇ ਵਧਾਈਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਸੱਚਾ ਸ਼ਹਿਨਸ਼ਾਹੀਆ । ਸਚ ਮਹੱਲ ਇਕ ਉਸਾਰ, ਦੇਵਣਹਾਰ ਨਾਮ ਵਡਿਆਈਆ । ਜਨ ਭਗਤਾਂ ਕਰ ਪਿਆਰ, ਪ੍ਰੀਤੀ ਆਪਣੇ ਨਾਮ ਬੰਧਾਈਆ । ਸਾਚੇ ਮੰਦਰ ਗਾਏ ਆਪਣੀ ਵਾਰ, ਸੋਹਲਾ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਕਰਦਾ, ਕਰਨੀ ਆਪ ਕਮਾਇੰਦਾ । ਨਿਰਗੁਣ ਹੋ ਕੇ ਘਰ ਘਰ ਵੜਦਾ, ਸਰਗੁਣ ਪੜਦਾ ਆਪ ਉਠਾਇੰਦਾ । ਜਨ ਭਗਤ ਦੁਆਰੇ ਬਣੇ ਬਰਦਾ, ਬਣ ਸੇਵਕ ਸੇਵ ਕਮਾਇੰਦਾ । ਮਾਰਗ ਦੱਸੇ ਇਕੋ ਹਰਿ ਦਾ, ਦੂਜਾ ਰਾਹ ਨਾ ਕੋਇ ਵਖਾਇੰਦਾ । ਸ਼ਬਦ ਢੋਲਾ ਇਕੋ ਪੜ੍ਹਦਾ, ਸੋ ਸਾਹਿਬ ਆਪ ਸਮਝਾਇੰਦਾ । ਕੂੜੀ ਕਿਰਿਆ ਨਾਲ ਲੜਦਾ, ਨਾਮ ਖੰਡਾ ਇਕ ਚਮਕਾਇੰਦਾ । ਸਾਚਾ ਭਾਣਾ ਆਪੇ ਜਰਦਾ, ਸਿਰ ਭਾਣਾ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਦੇਵੇ ਦੱਸ, ਦੱਸਣਹਾਰ ਆਪ ਅਖਵਾਈਆ । ਲੱਖ ਚੁਰਾਸੀ ਰਿਹਾ ਵਸ, ਬਿਸਤਰ ਇਕੋ ਸੇਜ ਹੰਢਾਈਆ । ਪਾਂਧੀ ਪੰਧ ਮੁਕਾਏ ਨੱਸ ਨੱਸ, ਦੋਏ ਦੋਏ ਆਪਣੀ ਧਾਰ ਚਲਾਈਆ । ਅੰਤਮ ਖੇਲ ਕਰੇ ਸਮਰਥ, ਮਹਿਮਾ ਅਕੱਥ ਕਰੇ ਪੜ੍ਹਾਈਆ । ਕੂੜਾ ਬੁਰਜ ਜਾਏ ਢੱਠ, ਅੰਤ ਨਜ਼ਰ ਕੋਇ ਨਾ ਆਈਆ । ਧੀਰਜ ਦੇਵੇ ਇਕੋ ਹਠ, ਸਬਰ ਸਬੂਰੀ ਪਿਆਲਾ ਜਾਮ ਪਿਆਈਆ । ਪੁਰਖ ਅਕਾਲ ਬੰਧਾਏ ਨਤ, ਨਾਤਾ ਇਕੋ ਨਾਲ ਜੁੜਾਈਆ । ਧੀਰਜ

ਦੇਵੇ ਸਾਚਾ ਸਤਿ, ਸੰਤੋਖ ਆਪਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਪ੍ਰਭ ਖੇਲ ਕਰਦਾ, ਕਰਨਹਾਰ ਕਲ ਆਇਆ । ਨਿਰਵੈਰ ਹੋ ਕਦੇ ਨਾ ਡਰਦਾ, ਡਰ ਸਭ ਦੇ ਸਿਰ ਰਖਾਇਆ । ਲੇਖਾ ਜਾਣੇ ਸੀਸ ਧੜ ਦਾ, ਲੱਖ ਚੁਰਾਸੀ ਖੋਜ ਖੁਜਾਇਆ । ਜਨ ਭਗਤ ਦੁਆਰੇ ਹੋਏ ਬਰਦਾ, ਬਣ ਸੇਵਕ ਸੇਵ ਕਮਾਇਆ । ਲੇਖਾ ਜਾਣੇ ਨਰ ਹਰਿ ਦਾ, ਨਰ ਨਰਾਇਣ ਵੱਡੀ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਇਆ । ਸਾਚਾ ਮੰਦਰ ਭਗਤ ਦੁਆਰ, ਹਰਿ ਭਗਵਨ ਆਪ ਸੁਹਾਈਆ । ਦਰਸ਼ਨ ਦੇਵੇ ਖੋਲ੍ਹ ਕਿਵਾੜ, ਨੌ ਦੁਆਰੇ ਪਾਰ ਕਰਾਈਆ । ਸਾਚੇ ਤਖ਼ਤ ਬੈਠ ਨਿਰੰਕਾਰ, ਨਿਰਗੁਣ ਆਪਣਾ ਰਾਹ ਸਮਝਾਈਆ । ਦੀਆ ਬਾਤੀ ਏਕਾ ਬਾਲ, ਕਮਲਾਪਾਤੀ ਕਰੇ ਰੁਸ਼ਨਾਈਆ । ਧਰਮ ਵਖਾਏ ਸਚੀ ਧਰਮਸਾਲ, ਘਰ ਘਰ ਵਿਚ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਲੇਖਾ ਜਾਣੇ ਹਰਿ ਗੋਪਾਲ, ਗੋਪਾਲਨ ਆਪਣੀ ਦਇਆ ਕਮਾਇੰਦਾ । ਹਰਿ ਭਗਤ ਉਠਾਏ ਸਾਚੇ ਲਾਲ, ਲਾਲ ਰੰਗੀਲਾ ਰੰਗ ਰੰਗਾਇੰਦਾ । ਚਰਨ ਕਵਲ ਦਏ ਬਹਾਲ, ਸਾਚਾ ਮੰਦਰ ਇਕ ਸੁਹਾਇੰਦਾ । ਅੰਦਰ ਬਾਹਰ ਚਲੇ ਨਾਲ, ਜਗਤ ਵਿਛੋੜਾ ਮੇਟ ਮਿਟਾਇੰਦਾ । ਲੱਖ ਚੁਰਾਸੀ ਵਿਚੋ ਭਾਲ, ਕੋਝੇ ਕਮਲੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਦੁਆਰਾ ਆਪ ਸੁਹਾਇੰਦਾ । ਭਗਤ ਦੁਆਰੇ ਸ੍ਰੀ ਭਗਵਾਨ ਵੜ ਕੇ, ਵਾਹਵਾ ਏਕਾ ਕਰੇ ਪੜ੍ਹਾਈਆ । ਮਹੱਲ ਅਟੱਲ ਉਚੇ ਚੜ੍ਹ ਕੇ, ਚੋਟ ਨਗਾਰੇ ਨਾਮ ਲਗਾਈਆ । ਦਰਸ ਦੇਵੇ ਪ੍ਰਭ ਸਾਚਾ ਖੜ ਕੇ, ਖ਼ਾਲਸ ਆਪਣਾ ਨੂਰ ਦਰਸਾਈਆ । ਨਿਰਗੁਣ ਜੋਤ ਜੋਤ ਧਰ ਕੇ, ਜ਼ਹੂਰ ਇਕੋ ਇਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਏਕਾ ਬਾਈਂਆ । ਏਕਾ ਥਾਂ ਚਾਓ ਘਨੇਰਾ, ਸੋ ਸਾਹਿਬ ਆਪ ਜਣਾਈਆ । ਗੁਰਸਿਖ ਤੂੰ ਮੇਰਾ ਮੈਂ ਤੇਰਾ, ਭਗਤ ਭਗਵਾਨ ਵੱਜੇ ਵਧਾਈਆ । ਨਿਤ ਨਵਿਤ ਵਸਾਵਣ ਆਏ ਖੇੜਾ, ਨਿਰਵੈਰ ਆਪਣਾ ਫੇਰਾ ਪਾਈਆ । ਕਲਜੁਗ ਵੇਖਣਹਾਰਾ ਝੇੜਾ, ਝਗੜਾ ਕਰੇ ਸਰਬ ਲੋਕਾਈਆ । ਖੇਲ ਖੇਲੇ ਹੇਰਾ ਫੇਰਾ, ਅਛਲ ਅਛੱਲ ਬੇਪਰਵਾਹੀਆ । ਗੁਰਮੁਖ ਬੈਠੇ ਕਰ ਕੇ ਜੇਰਾ, ਧਿਆਨ ਇਕੋ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਅਵਲ ਆਪ ਕਰਾਇੰਦਾ । ਸਚ ਮਹੱਲ ਇਕੋ ਮੱਲਾ, ਆਸਣ ਸਿੰਘਾਸਣ ਸੋਭਾ ਪਾਇੰਦਾ । ਨਿਰਗੁਣ ਹੋ ਕੇ ਸਰਗੁਣ ਫੜਾਏ ਪੱਲਾ, ਆਪ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਵਸਾਇੰਦਾ । ਸਚ ਦੁਆਰਾ ਭਗਤ ਘਰ, ਸ੍ਰੀ ਭਗਵਾਨ ਆਪ ਵਸਾਈਆ । ਜਨਮ ਮਰਨ ਦਾ ਚੁੱਕੇ ਡਰ, ਲੱਖ ਚੁਰਾਸੀ ਰਹਿਣ ਨਾ ਪਾਈਆ । ਪੁਰਖ ਅਕਾਲ ਲਾਏ ਲੜ, ਨਾਰ ਕੰਤ ਲਏ ਪਰਨਾਈਆ । ਆਤਮ ਸੇਜਾ ਜਾਏ ਚੜ੍ਹ, ਸੇਜ ਸੁਹੰਜਣੀ ਸੋਭਾ ਪਾਈਆ । ਬਿਨ ਰੱਸੀ ਡੋਰੀ ਲਏ ਫੜ, ਸ਼ਬਦੀ ਤੰਦ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸਹਿਜ ਸੁਖਦਾਈਆ । ਹਰਿ ਸੱਚਾ ਸਹਿਜ ਸਦਾ ਸੁਖਦਾਇਕ, ਸੁਖ ਸਾਗਰ ਰੂਪ ਵਟਾਇੰਦਾ । ਸਤਿ ਸਤਿਵਾਦੀ ਬਣ ਕੇ ਨਾਇਕ, ਨਈਆ ਨੌਕਾ ਆਪਣਾ ਨਾਮ ਵਖਾਇੰਦਾ । ਜਨ ਭਗਤਾਂ ਉਤੇ ਹੋਏ ਸਦਾ ਮੁਸ਼ਤਾਇਕ, ਮੁਸ਼ਕਲ ਕੂੜੀ ਹੱਲ ਕਰਾਇੰਦਾ । ਵੇਲੇ


੧੯੪
੧੫

ਅੰਤ ਦੇਵੇ ਕਫ਼ਾਇਤ, ਕਫ਼ਾਇਤ ਸ਼ੁਆਰੀ ਆਪ ਸਮਝਾਇੰਦਾ । ਕਲਜੁਗ ਅੰਤਮ ਕਰੇ ਰਿਆਇਤ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਚਾਰ ਵਰਨ ਨਾ ਕੋਇ ਸ਼ਰਾਇਤ, ਸ਼ਰੀਅਤ ਲੇਖਾ ਆਪ ਚੁਕਾਇੰਦਾ । ਆਤਮ ਪਰਮਾਤਮ ਦਏ ਹਦਾਇਤ, ਹਦੀਸ ਕਲਮਾ ਇਕ ਸੁਣਾਇੰਦਾ । ਸਤਿਜੁਗ ਸਾਚੀ ਮਿਲੇ ਰਵਾਇਤ, ਰਾਹ ਇਕੋ ਇਕ ਰਖਾਇੰਦਾ । ਲੇਖਾ ਜਾਣੇ ਕਾਇਨਾਤ, ਚਾਰੋ ਕੁੰਟ ਖੋਜ ਖੁਜਾਇੰਦਾ । ਲੇਖਾ ਚੁਕੇ ਕੂੜੀ ਮਾਇਕ, ਮਾਇਆ ਪੱਲੂ ਨਾਮ ਝੋਲੀ ਪਾਇੰਦਾ । ਸਤਿਗੁਰ ਹੋ ਕੇ ਬਣੇ ਸਹਾਇਕ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੋਧ ਅਗਾਧੀ ਕਰੇ ਬਹਿਸ, ਸ਼ਬਦੀ ਢੋਲਾ ਰਾਗ ਅਲਾਇੰਦਾ । ਸ਼ਬਦੀ ਢੋਲਾ ਗਾਵੇ ਗੀਤ, ਗਹਿਰ ਗੰਭੀਰ ਦਇਆ ਕਮਾਈਆ । ਭੇਵ ਖੁਲਾਏ ਹਸਤ ਕੀਟ, ਕੀਟ ਕੀਟਾਂ ਦਏ ਸਮਝਾਈਆ । ਮਾਣਸ ਮਾਨੁਖ ਮਾਨਵ ਜਨਮ ਲੈਣਾ ਜੀਤ, ਜੀਵਣ ਜੁਗਤ ਇਕ ਦ੍ਰਿੜਾਈਆ । ਦਰਸ਼ਨ ਪਾਓ ਹਰਿ ਅਤੀਤ, ਤ੍ਰੈਗੁਣ ਦੇਵੇ ਡੇਰਾ ਢਾਹੀਆ । ਪੰਜ ਤਤ ਚੋਲਾ ਹੋਏ ਠਾਂਡਾ ਸੀਤ, ਕਾਇਆ ਅਗਨੀ ਤਤ ਨਾ ਕੋਇ ਤਪਾਈਆ । ਭਗਤ ਭਗਵਾਨ ਚਲੇ ਸਾਂਝੀ ਰੀਤ, ਸਤਿਜੁਗ ਸਾਚੇ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵਡ ਦਾਤਾ ਇਕ ਅਖਵਾਈਆ ।



## ✪ ੨ ਭਾਦਰੋ ੨੦੨੦ ਬਿਕਰਮੀ ਪ੍ਰੀਤਮ ਸਿੰਘ ਨਜ਼ਾਮ ਪੁਰਾ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ ✪

੧੯੫



ਸ੍ਰੀ ਭਗਵਾਨ ਸੁਹਾਏ ਰੁੱਤੇ, ਰੁੱਤ ਆਪਣੀ ਆਪ ਜਣਾਈਆ । ਲਹਿਣਾ ਦੇਣਾ ਸਭ ਤੋ ਪੁਛੇ, ਪਿਛਲਾ ਲੇਖਾ ਵੇਖ ਵਖਾਈਆ । ਕਲਜੁਗ ਕਹੇ ਉਠੋ ਸਾਰੇ ਸੁੱਤੇ, ਦੁਆਪਰ ਤ੍ਰੇਤਾ ਸਤਿਜੁਗ ਤਿੰਨਾਂ ਰਿਹਾ ਜਣਾਈਆ । ਡੂੰਘੀ ਧਾਰ ਕਿਉਂ ਬੈਠੇ ਲੁਕੇ, ਆਪਣਾ ਮੁਖ ਛੁਪਾਈਆ । ਵੇਖੋ ਨਾਮ ਜਪਣ ਵਾਲੇ ਪੀਂਦੇ ਹੁੱਕੇ, ਰਸਨਾ ਕੂੜ ਹੋਈ ਹਲਕਾਈਆ । ਮਨ ਵਾਸਨਾ ਬਣ ਸਵਾਨ ਫਿਰਦੇ ਕੁੱਤੇ, ਕੁਟਲਤਾ ਘਰ ਘਰ ਡੇਰਾ ਲਾਈਆ । ਸਚ ਪ੍ਰੀਤੀ ਕੋਲੋ ਰੁੱਖੇ, ਨੀਤੀ ਨਜ਼ਰ ਕਿਸੇ ਨਾ ਆਈਆ । ਪਿਓ ਪੁੱਤ ਨੂੰ ਫੜ ਕੇ ਕੁੱਟੇ, ਮਾਵਾਂ ਧੀਆਂ ਪਈ ਲੜਾਈਆ । ਸਾਧ ਸੰਤ ਵੜ ਗਏ ਗੁੱਠੇ, ਸਿਰ ਸਕੇ ਨਾ ਕੋਇ ਉਠਾਈਆ । ਕੂੜ ਵਿਕਾਰਾ ਲੈਂਦਾ ਹੂਟੇ, ਪੀਂਘ ਹੁਲਾਰੇ ਇਕ ਚੜ੍ਹਾਈਆ । ਗੋਬਿੰਦ ਦਿਸਣ ਨਾ ਸੱਚੇ ਬੂਟੇ, ਪਤ ਡਾਲੀ ਰਹੀ ਕੁਮਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਕਲਜੁਗ ਬੋਲੇ ਦੱਸੇ ਹਾਲ, ਹਾਲਤ ਸਰਬ ਜਣਾਈਆ । ਪਰਗਟ ਹੋਇਆ ਦੀਨ ਦਿਆਲ, ਦਇਆਨਿਧ ਵੱਡੀ ਵਡਿਆਈਆ । ਦਰ ਆ ਕੇ ਕਰੋ ਸਵਾਲ, ਬਣ ਸਵਾਲੀ ਝੋਲੀ ਡਾਹੀਆ । ਸਤਿਜੁਗ ਤ੍ਰੇਤਾ ਦੁਆਪਰ ਵੇਖੋ ਮਾਰ ਧਿਆਨ, ਨਿਜ ਨੇਤਰ ਨੈਣ ਖੁਲ੍ਹਾਈਆ । ਚਾਰੋਂ ਕੁੰਟ ਭੁੱਲਿਆ ਸਰਬ ਗਿਆਨ, ਮੰਤਰ ਨਾਮ ਨਾ ਕੋਇ ਦ੍ਰਿੜਾਈਆ । ਘਰ ਘਰ ਵਸਿਆ ਕੂੜ ਅਭਿਮਾਨ, ਨਿਮਰਤਾ ਨਜ਼ਰ ਕੋਇ ਨਾ ਆਈਆ । ਕੂੜੀ ਆਸਾ ਪੀਣ ਖਾਣ, ਧੀਰਜ ਧੀਰ ਨਾ ਕੋਇ ਵਖਾਈਆ । ਜਗਤ ਸੰਦੇਸਾ ਢੋਲੇ ਗਾਣ, ਨਰ ਨਰੇਸ਼ ਸਿਫਤ ਨਾ ਕੋਇ ਸਾਲਾਹੀਆ । ਸਾਚਾ ਘਰ ਸਕੇ ਨਾ ਕੋਇ ਪਹਿਚਾਨ, ਕੂੜੇ ਮੰਦਰ ਬਹਿ ਬਹਿ ਖ਼ੁਸ਼ੀ ਮਨਾਈਆ । ਨੇਤਰ ਨਜ਼ਰ ਨਾ ਆਏ ਸ੍ਰੀ ਭਗਵਾਨ, ਜਗਤ ਲੋਚਣ ਲੋਚਾ ਜਗਤ ਪੂਰ ਕਰਾਈਆ । ਜੋਤੀ ਜੋਤ

੧੫

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਦਏ ਜਣਾਈਆ । ਕਲਜੁਗ ਕਹੇ ਮੈਂ ਕੀ ਕੀ ਦੱਸਾਂ, ਦੱਸਣ ਵਿਚ ਕੋਇ ਨਾ ਆਈਆ । ਨਾਲੇ ਰੋਵਾਂ ਨਾਲੇ ਹੱਸਾਂ, ਖ਼ੁਸ਼ੀ ਗ਼ਮੀ ਨਾਲ ਜੁੜਾਈਆ । ਚਾਰੋ ਕੁੰਟ ਉਠ ਉਠ ਨੱਠਾਂ, ਬਣ ਪਾਂਧੀ ਫੇਰਾ ਪਾਈਆ । ਚੌਦਾਂ ਲੋਕ ਵੇਖਾਂ ਹੱਟਾਂ, ਚੌਦਾਂ ਤਬਕਾਂ ਫੇਰਾ ਫੇਰੇ ਨਾਲ ਪਾਈਆ । ਚਾਰ ਵਰਨ ਪਿਆ ਰੱਟਾ, ਰਟਨ ਨਾਮ ਨਾ ਕੋਇ ਲਗਾਈਆ । ਧੂੜੀ ਖੇਹ ਉਡੇ ਘੱਟਾ, ਚਰਨ ਧੂੜੀ ਟਿੱਕਾ ਨਾ ਕੋਇ ਲਗਾਈਆ । ਸਾਚਾ ਲਾਹਾ ਕਿਸੇ ਨਾ ਖਟਾ, ਵਸਤ ਅਮੋਲਕ ਝੋਲੀ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਸੰਦੇਸਾ ਦੇ ਦੇ ਦੱਸਦੇ ਗਏ ਪਤਾ, ਪਤਿਪਰਮੇਸ਼ਵਰ ਆਵੇ ਬੇਪਰਵਾਹੀਆ । ਜਿਸ ਦਾ ਨੂਰ ਕਿਸੇ ਨਜ਼ਰ ਨਾ ਆਏ ਰਤਾ, ਰਤੀ ਰਤ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਵਖਾਈਆ । ਕਲਜੁਗ ਕਹੇ ਉਠੋ ਬੋਲੋ, ਆਪਣਾ ਬੋਲ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਆਪਣਾ ਤੋਲ ਤੋਲੋ, ਤਰਾਜ਼ੂ ਕੰਡਾ ਸਾਹਿਬ ਰਿਹਾ ਵਖਾਈਆ । ਆਪਣੀ ਕਰਨੀ ਆਪੇ ਫੋਲੋ, ਪੜਦਾ ਮਾਤ ਚੁਕਾਈਆ । ਆਪਣੀ ਗੰਢ ਆਪੇ ਖੋਲ੍ਹੋ, ਧੁਰ ਦਾ ਭੇਵ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਕਲਜੁਗ ਕਹੇ ਮੈਨੂੰ ਆਵੇ ਹਾਸਾ, ਹਸਤ ਕੀਟ ਵੇਖ ਵਖਾਈਆ । ਘਰ ਘਰ ਵੇਖਾਂ ਕੂੜ ਤਮਾਸ਼ਾ, ਤਮਾ ਤਾਮਸ ਫਿਰੇ ਹਲਕਾਈਆ । ਪੁੱਠੀ ਨਰਦ ਉਲਟ ਪਾਸਾ, ਸਾਰਪਾਸ਼ ਖੇਲ ਨਾ ਕੋਇ ਖਲਾਈਆ । ਚਾਰ ਵਰਨ ਦਿਸੇ ਨਾਸਾ, ਥਿਰ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਦੱਸਦੇ ਗਏ ਖੁਲਾਸਾ, ਖੁਲ੍ਹੀ ਤਰ੍ਹਾ ਸਮਝਾਈਆ । ਅੰਤਮ ਆਏ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਧਾਰ ਪਰਗਟਾਈਆ । ਸਾਚੇ ਮੰਦਰ ਕਰੇ ਵਾਸਾ, ਵਸਲ ਆਪਣਾ ਆਪ ਵਖਾਈਆ । ਨਾ ਕੋਈ ਹਜ਼ਾਰਾ ਦਰੂਦ ਪੜ੍ਹੇ ਫ਼ਾਤਾ, ਫ਼ਾਕਾ ਰੂਪ ਨਾ ਕੋਇ ਵਟਾਈਆ । ਦੋ ਜਹਾਨਾ ਬਣੇ ਆਕਾ, ਅਕਲ ਕਲ ਬੇਪਰਵਾਹੀਆ । ਚਾਰ ਜੁਗ ਦਾ ਦਰ ਬੁਲਾ ਕੇ ਸੁਣੇ ਸਾਕਾ, ਸਗਲਾ ਭੇਵ ਲੋਕਾਈਆ । ਸਾਰੇ ਮੰਨ ਲਓ ਇਕੋ ਆਖਾ, ਆਖ਼ਰ ਪ੍ਰਭ ਜੂ ਹੁਕਮ ਵਰਤਾਈਆ । ਇਸ਼ਟ ਦੇਵ ਮੰਨਣਾ ਛੱਡੋ ਬਹੁ ਬਿਧ ਭਾਂਤਾ, ਭਾਵ ਇਕੋ ਇਕ ਦ੍ਰਿੜ੍ਹਾਈਆ । ਮੇਟੋ ਰੈਣ ਅੰਧੇਰੀ ਰਾਤਾ, ਚੰਦ ਨੂਰ ਇਕ ਚਮਕਾਈਆ । ਚਲ ਕੇ ਆਇਆ ਜੋਤੀ ਜਾਤਾ, ਜਾਤ ਆਪਣੀ ਦਏ ਸਮਝਾਈਆ । ਲੇਖਾ ਜਾਣੇ ਧੁਰ ਦੀ ਗਾਥਾ, ਗਹਿਰ ਗੰਭੀਰ ਕਰੇ ਪੜ੍ਹਾਈਆ । ਬਣ ਕੇ ਵੇਖੇ ਪਿਤਾ ਮਾਤਾ, ਸੁੱਤ ਦੁਲਾਰੇ ਗੋਦ ਉਠਾਈਆ । ਨਿਰਗੁਣ ਹੋ ਕੇ ਜੋੜੇ ਨਾਤਾ, ਸਰਗੁਣ ਮੇਲ ਮਿਲਾਈਆ । ਕਾਇਆ ਮਾਟੀ ਭਰੇ ਕਾਸਾ, ਨਾਮ ਨਾਮਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਕਲਜੁਗ ਕਹੇ ਆਓ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਜੁਗ ਜੁਗ ਆਪਣੇ ਬੰਨਦੇ ਗਏ ਬੇੜੇ, ਬੇੜਾ ਲੋਕਮਾਤ ਵਖਾਈਆ । ਅੰਤਮ ਕਲ ਢੱਠਣ ਵਾਲੇ ਖੇੜੇ, ਹਰਿ ਜੂ ਖੰਡਾ ਖੜਗ ਚਮਕਾਈਆ । ਆਪਣੀ ਦਿਸ਼ਾ ਖੁਲ੍ਹੇ ਵੇਖੋ ਵੇਹੜੇ, ਹਿੱਸਾ ਇਕੋ ਨਜ਼ਰੀ ਆਈਆ । ਝੂਠੇ ਢਹਿਣ ਵਾਲੇ ਡੇਰੇ, ਡੇਰੀ ਨਜ਼ਰ ਕੋਇ ਨਾ ਆਈਆ । ਕੂੜ ਕੁੜਾਵਾ ਬੇਰੇ ਬੇਰੇ, ਬੇਪਰਵਾਹ ਆਪ ਵਖਾਈਆ । ਜੁਗ ਚੌਕੜੀ ਸਾਰੇ ਕਰਦੇ ਗਏ ਮੇਰੇ ਮੇਰੇ, ਮਿਹਰਵਾਨ ਧਿਆਨ ਨਾ ਕੋਈ ਲਗਾਈਆ । ਅੰਤਮ ਦੇਵੇ ਉਲਟੇ ਗੇੜੇ, ਲੱਖ ਚੁਰਾਸੀ ਆਪ ਭਵਾਈਆ । ਤਖ਼ਤ ਨਿਵਾਸੀ ਏਕੰਕਾਰ ਕਰੇ ਆਪਣੀ ਮਿਹਰੇ, ਮਿਹਰ ਨਜ਼ਰ ਨੈਣ ਉਠਾਈਆ । ਹਕੀਕਤ ਹੱਕ ਕਰੇ ਨਬੇੜੇ, ਲਾਸ਼ਰੀਕ ਸ਼ਿਰਕਤ ਦਏ ਗਵਾਈਆ ।

ਗੁਰਮੁਖ ਗੁਰਸਿਖ ਲੱਖ ਚੁਰਾਸੀ ਵਿਚੋ ਕਰ ਕਿਰਪਾ ਬਾਹਰ ਨਖੇੜੇ, ਲੁਕਿਆ ਕੋਇ ਰਹਿਣ ਨਾ ਪਾਈਆ । ਪਰੇਮ ਪ੍ਰੀਤੀ ਸ਼ਬਦੀ ਬੰਨ੍ਹੇ ਜੇੜੇ, ਜੇਵੜਾ ਆਪਣੇ ਨਾਲ ਮਿਲਾਈਆ । ਖੇਲ ਖਿਲਾਏ ਸਤਿਜੁਗ ਤ੍ਰੇਤਾ ਦੁਆਪਰ ਬਥੇਰੇ, ਬਿਸਤਰ ਸੇਜ ਮਾਤ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਦਏ ਜਣਾਈਆ । ਕਲਜੁਗ ਕਹੇ ਆਓ, ਆਪਣਾ ਪੰਧ ਮੁਕਾਈਆ । ਪਾਰਬ੍ਰਹਮ ਪ੍ਰਭ ਦਰਸਨ ਪਾਓ, ਜਿਸ ਦੀ ਗਏ ਓਟ ਤਕਾਈਆ । ਰਲ ਮਿਲ ਢੋਲਾ ਸਾਰੇ ਗਾਓ, ਘਰ ਵੱਜੇ ਨਾਮ ਵਧਾਈਆ । ਪਰਮ ਪੁਰਖ ਦਾ ਦਰਸਨ ਪਾਓ, ਦਰਦੀਆਂ ਦਰਦ ਰਿਹਾ ਵੰਡਾਈਆ । ਸਾਚੀ ਧੂੜੀ ਚਰਨ ਨਹਾਓ, ਦੁਰਮਤ ਮੈਲ ਧਵਾਈਆ । ਘਰ ਅਬਿਨਾਸ਼ੀ ਸਾਚਾ ਪਾਓ, ਬਾਹਰ ਲੱਭਣ ਕੋਇ ਨਾ ਜਾਈਆ । ਗੁਰਮੁਖ ਉਠਾਏ ਫੜ ਕੇ ਬਾਹੋ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਪਾਏ ਭੁਲਿਆਂ ਰਾਹੋ, ਰਹਿਬਰ ਆਪਣਾ ਰੂਪ ਪਰਗਟਾਈਆ । ਕਲਜੁਗ ਕਹੇ ਵੇਖੋ ਛੇਤੀ, ਸ਼ਹਿਨਸ਼ਾਹ ਆਪਣੀ ਧਾਰ ਜਣਾਇੰਦਾ । ਸਤਿਜੁਗ ਤ੍ਰੇਤੇ ਦੁਆਪਰ ਪੂਰਬ ਲਹਿਣੇ ਦਾ ਤੇਰਾ ਭੇਤੀ, ਭੇਵ ਆਪਣੇ ਹੱਥ ਵਖਾਇੰਦਾ । ਵੇਖਣਹਾਰਾ ਸ਼ਾਹ ਸੁਲਤਾਨ ਵਡ ਵਡ ਸੇਠੀ, ਦਰ ਦਰ ਘਰ ਘਰ ਖੋਜ ਖੁਜਾਇੰਦਾ । ਸੰਤ ਸਾਜਣ ਬਣ ਕੇ ਹੇਤੀ, ਹਿੱਤ ਆਪਣੇ ਨਾਲ ਮਿਲਾਇੰਦਾ । ਅੰਤ ਭਗਵੰਤ ਸਭ ਦੀ ਕਰੇ ਪੇਸ਼ੀ, ਪਿਛਲਾ ਲੇਖਾ ਮੰਗ ਮੰਗਾਇੰਦਾ । ਅੱਗੇ ਰਹਿਣ ਨਾ ਦੇਵੇ ਕੋਈ ਸ਼ੇਖ਼ੀ, ਸ਼ਾਖ਼ ਆਪਣੇ ਵਿਚ ਛੁਪਾਇੰਦਾ । ਲੇਖਾ ਜਾਣੇ ਧੁਰ ਦੀ ਲੇਖੀ, ਲਿਖਤ ਆਪਣੀ ਸਿਫ਼ਤ ਵਡਿਆਇੰਦਾ । ਸਜਦਾ ਸੀਸ ਕਰੇ ਆਦੇਸੀ, ਆਦਰਸ਼ ਇਕੋ ਇਕ ਪਰਗਟਾਇੰਦਾ । ਜੇ ਕੋਈ ਲੱਭੇ ਪ੍ਰਭ ਸਿਰ ਤੇ ਰੱਖੇ ਕੇਸੀ, ਕੇਸਾਧਾਰੀ ਨਜ਼ਰ ਕਿਸੇ ਨਾ ਆਇੰਦਾ । ਜੇ ਕੋਈ ਕਹੇ ਮੂੰਡ ਮੁੰਡਾਏ ਭੇਖੀ, ਭੇਖ ਅਵਲੜਾ ਆਪ ਛੁਪਾਇੰਦਾ । ਜੇ ਕੋਈ ਕਹੇ ਸਰਬ ਜੀਆਂ ਦਾ ਹੇਤੀ, ਘਰ ਘਰ ਡੇਰਾ ਲਾਇੰਦਾ । ਚਾਰ ਜੁਗ ਦੀ ਜਾਣੇ ਬਦੀ ਨੇਕੀ, ਬਦਲਾ ਸਭ ਦਾ ਰਿਹਾ ਮੁਕਾਈਆ । ਅੱਗੇ ਮਾਰਗ ਦੱਸੇ ਇਕੋ ਟੇਕੀ, ਟਿੱਕਾ ਨਾਮ ਮਸਤਕ ਦਏ ਲਗਾਈਆ । ਸੁੱਤ ਦੁਲਾਰਾ ਚਲ ਕੇ ਆਇਆ ਪੁੱਤ ਪਲੇਠੀ, ਜਿਸ ਦਾ ਸਾਨੀ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਬਣਿਆ ਰਹੇ ਪਰਦੇਸੀ, ਆਪਣਾ ਘਰ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਕਮਾਈਆ । ਕਲਜੁਗ ਬੋਲੇ ਪਾਵੇ ਰੌਲਾ, ਰੌਣਕ ਆਪਣੀ ਰਿਹਾ ਵਖਾਈਆ । ਉਠੋ ਵੇਖੋ ਹਰਿ ਜੂ ਮੌਲਾ, ਮਵਲ ਰਿਹਾ ਸਭ ਥਾਈਆ । ਕਰੇ ਪਰਕਾਸ਼ ਉਪਰ ਧੌਲਾ, ਧਰਨੀ ਧਰਤ ਦਏ ਵਡਿਆਈਆ । ਕੂੜੀ ਕਿਰਿਆ ਭਾਰ ਕਰੇ ਹੌਲਾ, ਹੌਲੀ ਹੌਲੀ ਬਣਤ ਬਣਾਈਆ । ਜਗਤ ਵਿਕਾਰੇ ਸਿਰ ਵਿਚ ਮਾਰੇ ਧੌਲਾ, ਪਲਕ ਡੇਰ ਨਾ ਕੋਇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਕਲਜੁਗ ਕਹੇ ਉਠੋ ਕਰੋ ਅਸੀਸ, ਚਰਨ ਕਵਲ ਮਿਲੇ ਸਰਨਾਈਆ । ਜਿਸ ਦੀ ਦੱਸਦੇ ਆਏ ਹਦੀਸ, ਸੋ ਹਜ਼ਰਤ ਆਇਆ ਮਾਹੀਆ । ਜਿਸ ਦੇ ਛਤਰ ਝੁੱਲੇ ਸੀਸ, ਸ਼ਹਿਨਸ਼ਾਹ ਵਡ ਵਡਿਆਈਆ । ਸਭ ਨੂੰ ਅੰਤਮ ਰਿਹਾ ਜੀਤ, ਹਾਰ ਘਰ ਘਰ ਰੋਵੇ ਦਏ ਦੁਹਾਈਆ । ਦਰ ਦਰਵੇਸ਼ ਬਣ ਕੇ ਮੰਗੋ ਭੀਖ, ਭਿਛਿਆ ਦੇਵੇ ਝੋਲੀ ਪਾਈਆ । ਸਚ ਕਰਨੀ ਦੀ ਸਿਖੋ ਪ੍ਰੀਤ, ਪ੍ਰੀਤੀ ਇਕੋ ਘਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਸ਼ਨਿਸ਼ਾਹੀਆ । ਕਲਜੁਗ ਕਹੇ ਉਠੋ ਵੇਖੋ ਮੁਖ, ਮੁਖ ਨਕਾਬ ਹਰਿ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਤਿੰਨੇ ਮੈਨੂੰ

ਨਾਲ ਲੈ ਕੇ ਲਓ ਪੁੱਛ, ਕੀ ਪ੍ਰਭੂ ਤੇਰੀ ਵਡਿਆਈਆ । ਪਹਿਲੋ ਬਣੌਂਦਾ ਰਿਹੋਂ ਆਪਣੇ ਪੁੱਤ, ਸਿਰ ਆਪਣਾ ਹੱਥ ਟਿਕਾਈਆ । ਹੁਣ ਸਾਡੇ ਕੋਲ ਰਹਿਣ ਨਹੀਂ ਦੇਣਾ ਕੁਛ, ਤੇਰੀ ਸੋ ਸੁਣ ਕੇ ਸਾਰੇ ਦੇਣ ਦੁਹਾਈਆ । ਸਾਡਾ ਪੈਂਡਾ ਜਾਣਾ ਮੁੱਕ, ਮੁੱਕੀ ਖੇਲ ਪਰਾਈਆ । ਨਿਰਗੁਣ ਹੋ ਕੇ ਬਦਲਿਆ ਰੁਖ਼, ਰੁੱਖਾਪਨ ਰਿਹੋ ਜਣਾਈਆ । ਤੇਰੀ ਸ੍ਰਿਸ਼ਟੀ ਆਉਣਾ ਦੁੱਖ, ਦ੍ਰਿਸ਼ਟੀ ਦੇਵੇ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਕਹੇ ਪ੍ਰਭ ਸਭ ਦਾ ਬਾਪੂ, ਬਾਬਤ ਆਪਣੀ ਫੇਰਾ ਪਾਈਆ । ਪੀਰ ਪੈਗ਼ੰਬਰੋ ਉਮਤ ਕੋਲੋ ਹੱਥੋ ਸੁਟਾਓ ਤਮਾਕੂ, ਤੁਖ਼ਮ ਤਾਸੀਰ ਦਿਓ ਜਣਾਈਆ । ਅੰਤਮ ਇਕੋ ਵਾਰ ਆਖੂ, ਘੜੀ ਘੜੀ ਨਾ ਕੋਇ ਜਣਾਈਆ । ਭੁਲਿਆਂ ਪੜਦਾ ਕੋਇ ਨਾ ਢਾਕੂ, ਸਿਰ ਹੱਥ ਨਾ ਕੋਇ ਰਖਾਈਆ । ਚਾਰ ਜੁਗ ਦਿਸਣ ਨਿੱਕੇ ਬੱਚੇ ਨੰਨ੍ਹੇ ਕਾਕੂ, ਬਲ ਸਕੇ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਕਲਜੁਗ ਕਹੇ ਡਾਹੋ ਝੋਲੀ, ਮੰਗੋ ਵਸਤ ਬੇਪਰਵਾਹੀਆ । ਮੇਰੇ ਅੰਤ ਪੈਣੀ ਰੌਲੀ, ਰੌਲਾ ਸਭ ਨੂੰ ਰਿਹਾ ਜਣਾਈਆ । ਸ੍ਰੀ ਭਗਵਾਨ ਖੇਲ ਰਚਾਉਣੀ, ਰਚ ਰਚ ਵੇਖੇ ਚਾਈਂ ਚਾਈਂਆ । ਲੱਖ ਚੁਰਾਸੀ ਚਾੜ੍ਹੇ ਤੌਣੀ, ਦੋ ਜਹਾਨਾਂ ਦਏ ਸਜਾਈਆ । ਜਨ ਭਗਤਾਂ ਪੂਰੀ ਕਰੇ ਭਾਉਣੀ, ਭਾਵੀ ਚਰਨਾਂ ਹੇਠ ਦਬਾਈਆ । ਸਾਚੀ ਪ੍ਰੀਤ ਤੋੜ ਨਿਭਾਉਣੀ, ਮੰਝਧਾਰ ਨਾ ਕੋਇ ਰੁੜ੍ਹਾਈਆ । ਪੁਰਖ ਅਕਾਲ ਦੀਲ ਦਿਆਲ ਸਖ਼ੀ ਸਹੇਲੀ ਇਕ ਪਰਨਾਉਣੀ, ਜਿਸ ਆਪਣਾ ਮੇਲ ਮਿਲਾਈਆ । ਧੁਰ ਦੀ ਧਾਰ ਇਕ ਸਮਝਾਉਣੀ, ਦੂਜੀ ਸਮਝ ਰਮਜ਼ ਨਾ ਕੋਇ ਲਗਾਈਆ । ਅੱਗੇ ਪਿੱਛੇ ਨਾ ਕੋਇ ਪਛਤਾਉਣੀ, ਪਸਚਾਤਾਪ ਨਾ ਕੋਇ ਕਰਾਈਆ । ਸਚ ਦੁਆਰੇ ਆਪ ਬਹਾਉਣੀ, ਸੌਹਰੇ ਪੇਈਏ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਸੋਭਾ ਪਾਈਆ । ਕਲਜੁਗ ਕਹੇ ਵੇਖੋ ਵੀਰ, ਤ੍ਰੇਤਾ ਦੁਆਪਰ ਸਤਿਜੁਗ ਸੰਗ ਮਿਲਾਈਆ । ਮੇਰਾ ਹੋਣਾ ਅੰਤ ਅਖ਼ੀਰ, ਤੁਹਾਡੇ ਕੋਲ ਆਵਾਂ ਚਾਈਂ ਚਾਈਆ । ਮੇਰਾ ਟੁੱਟਣਾ ਸ਼ਰਅ ਜ਼ੰਜੀਰ, ਸ਼ਰੀਅਤ ਰਹਿਣ ਕੋਇ ਨਾ ਪਾਈਆ । ਮੈਂ ਕੱਟ ਕੇ ਆਵਾਂ ਭੀੜ, ਭੀੜੀ ਗਲੀ ਪੰਧ ਮੁਕਾਈਆ । ਉਠ ਕੇ ਵੇਖੋ ਮੇਰੀ ਹੱਡੀ ਟੁੱਟੀ ਰੀੜ੍ਹ, ਜੀਵ ਜੰਤ ਕੂੜੀ ਕਿਰਿਆ ਭਾਰ ਮੇਰੇ ਉਤੇ ਟਿਕਾਈਆ । ਸਦੀ ਵੀਹਵੀਂ ਮੈਨੂੰ ਲੱਗੀ ਪੀੜ, ਸਦ ਭਰਾਵਾਂ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਰਿਹਾ ਵਰਤਾਈਆ । ਕਲਜੁਗ ਕਹੇ ਮੇਰਾ ਵੰਡੋ ਦਰਦ, ਦਰਦਵੰਦ ਨਜ਼ਰ ਕੋਇ ਨਾ ਆਈਆ । ਮੇਰੇ ਅੰਦਰੇ ਅੰਦਰ ਫਿਰੇ ਕਰਦ, ਕਾਤਲ ਮਕਤੂਲ ਖੇਲ ਵਖਾਈਆ । ਮੈਨੂੰ ਕੋਈ ਨਾ ਲੱਭੇ ਮਰਦ, ਜ਼ਨਾਨੀ ਨਜ਼ਰ ਕੋਇ ਨਾ ਆਈਆ । ਜਿਧਰ ਵੇਖਾਂ ਚਾਰ ਕੁੰਟ ਹੋਏ ਨਪੜਦ, ਆਪਣਾ ਪੜਦਾ ਕੋਈ ਢਕ ਨਾ ਸਕੇ ਰਾਈਆ । ਪਿਛਲੀ ਫੋਲ ਕੇ ਪ੍ਰਭ ਵੇਖੇ ਸਭ ਦੀ ਫ਼ਰਦ, ਫ਼ਰਜ਼ ਜ਼ੁਲਮ ਸਭ ਤੇ ਰਿਹਾ ਲਾਈਆ । ਕਿਸੇ ਕੋਲੋ ਲੱਭਾ ਨਾ ਆਪਣਾ ਫ਼ਰਜ਼, ਬਰੀਖ਼ਾਨਾ ਨਜ਼ਰ ਕਿਸੇ ਨਾ ਆਈਆ । ਸਾਰੇ ਕਰਕੇ ਬੈਠੇ ਆਪਣਾ ਹਰਜ, ਹਰਜਾਨਾ ਭਰੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਖੇਲ ਰਚਾਈਆ । ਕਲਜੁਗ ਕਹੇ ਮੈਨੂੰ ਦਿਓ ਦਿਲਾਸਾ, ਧੀਰਜ ਨਜ਼ਰ ਕੋਇ ਨਾ ਆਈਆ । ਅਠਸਠ ਦਿਸੇ ਨਾ ਕੋਈ ਸਾਥਾ, ਜਲਧਾਰ ਸੰਗ ਨਾ ਕੋਇ ਨਿਭਾਈਆ । ਬਣੇ ਨਾ ਸਾਥੀ ਪੂਜਾ ਪਾਠਾ, ਪੁਸਤਕ ਬੈਠੇ ਮੁਖ ਭਵਾਈਆ । ਮੇਰੀ ਕੁੰਨੀ ਵਿਚ ਨਾ ਦਿਸੇ ਆਟਾ, ਪਾਣੀ ਜਲ ਨਜ਼ਰ ਕੋਇ ਨਾ ਆਈਆ ।

ਬਿਨ ਕਲਮਿਓਂ ਖਾਲੀ ਦਿਸੇ ਬਾਟਾ, ਬਠਲ ਕੂੜੀ ਕਿਰਿਆ ਨਾਲ ਭਰਾਈਆ । ਨਜ਼ਰ ਨਾ ਆਇਆ ਰਸੂਲ ਪਾਕਾ, ਵਸਲ ਅਸਲ ਨਾ ਕੋਇ ਕਰਾਈਆ । ਪਿਆਰ ਕਰਦਾ ਰਿਹਾ ਤਨ ਖ਼ਾਕਾ, ਨਾਰ ਕੰਤ ਕਰ ਕੁੜਮਾਈਆ । ਪੁੱਤਰ ਧੀਆਂ ਬਣਦਾ ਰਿਹਾ ਸਾਕਾ, ਹਰਿਜੂ ਸੱਜਣ ਸੰਗ ਨਾ ਕੋਇ ਵਖਾਈਆ । ਅੰਤਮ ਕੱਟਣਾ ਪਿਆ ਫ਼ਾਕਾ, ਮੇਰਾ ਫ਼ਿਕਰ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਮੱਤ ਰਿਹਾ ਜਣਾਈਆ । ਕਲਜੁਗ ਕਹੇ ਮੇਰੀ ਅਰਜ਼ ਕਰੋ ਮਨਜ਼ੂਰ, ਮੁਜ਼ਰੇ ਮੇਰਾ ਲੇਖਾ ਲਾਈਆ । ਮੇਰਾ ਘਰ ਤਪੇ ਵਾਂਗ ਤੰਦੂਰ, ਤਮਾ ਤ੍ਰਿਸਨਾ ਅਗਨ ਜਲਾਈਆ । ਮੇਰਾ ਖੇਲ ਹੋਇਆ ਮਸ਼ਹੂਰ, ਕਾਮ ਕਰੋਧ ਨੱਚੇ ਚਾਈਂ ਚਾਈਂਆ । ਕੂੜੀ ਕਿਰਿਆ ਭਾਂਡਾ ਹੋਇਆ ਭਰਭੂਰ, ਖ਼ਾਲੀ ਸਕੇ ਨਾ ਕੋਇ ਕਰਾਈਆ । ਪੀਰ ਪੈਗ਼ੰਬਰ ਲੱਭਦੇ ਫਿਰਦੇ ਹੂਰ, ਸਾਚੀ ਹੂਰ ਇਲਾਹੀ ਨੂਰ ਮਾਸ਼ੂਕ ਆਸ਼ਕ ਨਜ਼ਰ ਕਿਸੇ ਨਾ ਆਈਆ । ਹੱਥ ਨਾ ਆਏ ਹੱਕ ਹਕੂਕ, ਹਕੀਕਤ ਸਕੇ ਨਾ ਕੋਇ ਦ੍ਰਿੜਾਈਆ । ਜਗਤ ਵਾਸਨਾ ਭੌਂਦੇ ਫਿਰਦੇ ਭੂਤ, ਬੇਤਾਲੇ ਤਾਲ ਵਜਾਈਆ । ਅੰਤਮ ਸਭ ਦੇ ਸਿਰ ਵਿਚ ਪਾਹਨੀ ਵੱਜਣਾ ਜੂਤ, ਪੂਤ ਕਪੂਤ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਆਪਣੀ ਧਾਰ ਚਲਾਈਆ । ਕਲਜੁਗ ਕਹੇ ਵੇਖੋ ਰਾਜਾ, ਰਾਜਨ ਇਕੋ ਨਜ਼ਰੀ ਆਈਆ । ਆਦਿ ਜੁਗਾਦਿ ਜਿਸ ਬਣਾਇਆ ਆਪ ਸਮਾਜਾ, ਸਾਮਰਾਜ ਬੇਪਰਵਾਹੀਆ । ਭੂਪਤ ਭੂਪ ਮਹਿਬੂਬ ਬਣੇ ਰਾਜਾ, ਵਡ ਮਹਾਰਾਜਾ ਆਪਣੀ ਕਾਰ ਕਮਾਈਆ । ਉਚੇ ਟਿੱਲੇ ਚੜ੍ਹ ਕੇ ਗਾਜਾ, ਗ਼ਜ਼ਲ ਨਗ਼ਮਾ ਰਿਹਾ ਸੁਣਾਈਆ । ਸ਼ਬਦ ਅਗੰਮ ਮਾਰੇ ਵਾਜਾਂ, ਵਾਜਬ ਆਪਣਾ ਹੁਕਮ ਵਰਤਾਈਆ । ਚਲ ਕੇ ਆਇਆ ਸ਼ਾਹ ਨਵਾਬਾ, ਬੇਨਕ਼ਾਬ ਪੜਦਾ ਲਾਹੀਆ । ਸਚ ਦੁਆਰ ਇਕ ਆਦਾਬਾ, ਆਦਤ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਰੂ ਜ਼ਰ ਦਏ ਜਣਾਈਆ । ਕਲਜੁਗ ਕਹੇ ਮੇਰੀ ਪੁੰਨੇ ਆਸ, ਨਿਰਾਸਾ ਰੂਪ ਨਜ਼ਰ ਨਾ ਆਈਆ । ਪਰਮ ਪੁਰਖ ਮੇਰੇ ਆਵੇ ਪਾਸ, ਪਾਸਾ ਮੇਰਾ ਦਏ ਬਦਲਾਈਆ । ਅੰਤਮ ਖੇਲ ਕਰੇ ਖ਼ਾਸ, ਖ਼ਾਲਸ ਆਪਣਾ ਰੂਪ ਪਰਗਟਾਈਆ । ਮੰਦਰ ਵੜ ਕੇ ਲਏ ਝਾਕ, ਝਾਕੀ ਆਪਣੀ ਆਪ ਦਿਵਾਈਆ । ਮੇਟੇ ਰੈਣ ਅੰਧੇਰੀ ਰਾਤ, ਚੰਨ ਨੂਰ ਕਰ ਰੁਸ਼ਨਾਈਆ । ਸਤਿ ਵਖਾਏ ਇਕ ਪਰਭਾਤ, ਪ੍ਰਭੂ ਆਪਣਾ ਰੰਗ ਰੰਗਾਈਆ । ਸੁਲਤਾਨ ਹੋ ਕੇ ਗਾਵੇ ਗਾਥ, ਮਿਹਰਵਾਨ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਹ ਇਕੋ ਇਕ ਦਰਸਾਈਆ । ਕਲਜੁਗ ਕਹੇ ਮੇਰਾ ਚੁੱਕੇ ਲੇਖਾ, ਲਿਖਤ ਮੇਰੀ ਝੋਲੀ ਪਾਈਆ । ਆਪ ਮਿਟਾਵੇ ਸਰਬ ਭੁਲੇਖਾ, ਭਾਖਿਆ ਦੇਵੇ ਬੇਪਰਵਾਹੀਆ । ਵਸਣਹਾਰਾ ਸਾਚੇ ਦੇਸਾ, ਸਚਖੰਡ ਨਿਵਾਸੀ ਫੇਰਾ ਪਾਈਆ । ਸਭ ਦਾ ਜਾਣੇ ਪਿਛਲਾ ਚੇਤਾ, ਚਾਤਰ ਭੁੱਲ ਕਦੇ ਨਾ ਜਾਈਆ । ਲੱਖ ਚੁਰਾਸੀ ਵੇਖੇ ਜੀਵ ਕੌੜਾ ਰੀਠਾ, ਰੀਠਾ ਕੌੜਾ ਭੰਨ ਵਖਾਈਆ । ਜਿਸ ਨੇ ਇਕ ਬਣਾਇਆ ਬੇਟਾ, ਸ਼ਬਦੀ ਸੁੱਤ ਦਏ ਵਡਿਆਈਆ । ਸੋ ਆਇਆ ਤੀਰਥ ਤੱਟ ਵੇਖਦਾ ਖੇਟਾ, ਖੇਵਟ ਆਪਣਾ ਪੰਧ ਮੁਕਾਈਆ । ਦੋ ਜਹਾਨਾਂ ਬਣ ਕੇ ਨੇਤਾ, ਨਿਤ ਨਵਿਤ ਆਪਣਾ ਹੁਕਮ ਵਰਤਾਈਆ । ਕਲਜੁਗ ਅੰਤਮ ਧਰ ਕੇ ਭੇਖਾ, ਪੂਰਬ ਲੇਖਾ ਦਏ ਚੁਕਾਈਆ । ਸਹੰਸਰ ਮੁਖ ਗਾਏ ਸ਼ੇਸ਼ਾ, ਦੋ ਸਹੰਸਰ ਜਿਹਵਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧਰਨੀ ਧਰਤ ਦਏ ਵਡਿਆਈਆ । ਕਲਜੁਗ ਕਹੇ ਧਰਨੀ ਧਰਤ, ਧੌਲ ਧਵਲਾ ਹਰਿ ਆਇਆ ਬੇਪਰਵਾਹੀਆ । ਨਿਰਵੈਰ ਹੋ ਕੇ ਆਇਆ

ਪਰਤ, ਪਾਰਬ੍ਰਹਮ ਵੱਡੀ ਵਡਿਆਈਆ । ਮਿਹਰਵਾਨ ਹੋ ਕੇ ਦਿਤਾ ਦਰਸ, ਤਰਸ ਰਹਿਮਤ ਆਪ ਕਮਾਈਆ । ਜਨ ਭਗਤਾਂ ਮੇਟੀ ਹਰਸ, ਹਾਸਲ ਅੰਕ ਆਪਣੇ ਨਾਲ ਮਿਲਾਈਆ । ਲੇਖਾ ਜਾਣ ਫ਼ਰਸ਼ ਅਰਸ਼, ਆਸ਼ਕ ਬਣਿਆ ਬੇਪਰਵਾਹੀਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਲੈਂਦੇ ਸ਼ਰਤ, ਸੋ ਸ਼ਰਾਇਤ ਰਿਹਾ ਜਣਾਈਆ । ਜੁਗ ਚੌਕੜੀ ਜੋ ਪਿਛੇ ਰਹਿ ਗਿਆ ਫ਼ਰਕ, ਅੰਤਮ ਪੂਰਾ ਦਏ ਕਰਾਈਆ । ਚਾਰ ਜੁਗ ਦਾ ਲੇਖਾ ਕਰੇ ਤਰਕ, ਤੁਰਤ ਆਪਣਾ ਹੁਕਮ ਵਰਤਾਈਆ । ਨਾ ਕੋਈ ਸੰਜਮ ਨੇਮ ਦੱਸੇ ਬਰਤ, ਹਵਨ ਪੂਜਾ ਪਾਠ ਘਿਰਤ ਦੀਪ ਤੇਲ ਬਾਤੀ ਵੱਟੀ ਜਗਤ ਨਾ ਕੋਇ ਵਟਾਈਆ । ਸਾਚਾ ਮਾਰਗ ਆਤਮ ਪਰਮਾਤਮ ਫੜ ਕੇ ਪਾਏ ਆਪਣੀ ਸੜਕ, ਅੱਧਵਿਚਕਾਰ ਨਾ ਕੋਇ ਅਟਕਾਈਆ । ਨਿਰਗੁਣ ਹੋ ਕੇ ਸਰਗੁਣ ਨਾਲ ਕਰੇ ਆਪਣੀ ਲਿਖਤ ਪੜ੍ਹਤ, ਲਿਖਤ ਪੜ੍ਹਤ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਰਹਿਮਤ ਇਕੋ ਇਕ ਵਖਾਈਆ । ਕਲਜੁਗ ਕਹੇ ਮੇਰੀ ਸੁਣੋ ਕੂਕ, ਕੁਲਾ ਖ਼ਾਲੀ ਦਿਆਂ ਦੁਹਾਈਆ । ਅੰਦਰੋ ਦਿਸਾਂ ਖ਼ਾਲੀ ਭੂਕ, ਵਸਤ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵ ਹੋਏ ਕਪੂਤ, ਪੁੱਤ ਪਿਤਾ ਨਾ ਕੋਇ ਮਨਾਈਆ । ਕੂੜੀ ਤ੍ਰਿਸਨਾ ਸਭ ਨੂੰ ਲੱਗੀ ਭੁਖ, ਭੁਖਿਆਂ ਧੀਰ ਨਾ ਕੋਇ ਧਰਾਈਆ । ਮਨ ਵਾਸਨਾ ਕਾਰਨ ਧੁਖੌਂਦੇ ਧੂਪ, ਸੰਧਿਆ ਬਾਤੀ ਤੇਲ ਜਗਾਈਆ । ਢੋਲੇ ਗੌਂਦੇ ਆਪਣੀ ਕੂਟ, ਸੋਹਲਾ ਰਾਮ ਨਾ ਕੋਇ ਜਣਾਈਆ । ਗੂੜ੍ਹੀ ਨੀਂਦੇ ਸਾਰੇ ਸੁੱਤੇ ਘੂਕ, ਬਿਨ ਸਤਿਗੁਰ ਪੂਰੇ ਜਾਗ ਨਾ ਕੋਇ ਖੁਲ੍ਹਾਈਆ । ਬੌਹੜੀ ਮੇਰੀ ਅੰਤਮ ਚੁਕਣੀ ਕੂਕ, ਸ੍ਰੀ ਭਗਵਾਨ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਰਿਹਾ ਸਮਝਾਈਆ । ਕਲਜੁਗ ਕਹੇ ਵੇਖੋ ਧਾਰ, ਧਰਮ ਆਤਮਾ ਆਪ ਜਣਾਇੰਦਾ । ਪਰਗਟ ਹੋ ਕਲਕੀ ਅਵਤਾਰ, ਕਲ ਕਲੇਸ਼ ਸਰਬ ਗਵਾਇੰਦਾ । ਮਰਦੀ ਮਰਦੀ ਗੁਰਮੁਖ ਆਤਮ ਲਏ ਤਾਰ, ਡੁਬਦੀ ਡੁਬਦੀ ਪਾਰ ਕਰਾਇੰਦਾ । ਸੜਦੀ ਸੜਦੀ ਦੇਵੇਂ ਠਾਰ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਵੜਦੀ ਵੜਦੀ ਵੇਖੇ ਡੂੰਘੀ ਗਾਰ, ਕਾਇਆ ਕਵਰੀ ਭਵਰੀ ਵਿਚੋ ਬਾਹਰ ਕਢਾਇੰਦਾ । ਗਰਮੀ ਸਰਦੀ ਨਾ ਕਰੇ ਕੋਈ ਵਿਚਾਰ, ਛੇ ਰੁੱਤ ਬਾਰਾਂ ਮਾਸ ਦਿਵਸ ਦਿਨ ਘੜੀ ਪਲ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਇੰਦਾ । ਕਲਜੁਗ ਕਹੇ ਮੈਂ ਹੋਇਆ ਬੇਹਾਲ, ਬਿਹਬਲ ਹੋ ਕੇ ਦੇਵਾਂ ਦੁਹਾਈਆ । ਮੇਰਾ ਸੰਗ ਅੰਤ ਨਿਭਿਆ ਨਾ ਕਿਸੇ ਨਾਲ, ਪੱਲੂ ਸਾਰੇ ਗਏ ਛੁਡਾਈਆ । ਸਾਚਾ ਦਿਸੇ ਨਾ ਕੋਇ ਦਲਾਲ, ਵਣਜ ਵਣਜਾਰਾ ਨਜ਼ਰ ਕੋਇ ਨਾ ਆਈਆ । ਵੇਖਾਂ ਇਕ ਅਵਲੜੀ ਚਾਲ, ਬੇਪਰਵਾਹ ਰਿਹਾ ਚਲਾਈਆ । ਸਚ ਦੁਆਰਿਓਂ ਆਵੇ ਮਾਰ ਕੇ ਛਾਲ, ਸ਼ਾਲਾ ਆਪਣਾ ਰੂਪ ਵਟਾਈਆ । ਹਾਲਤ ਆਪਣੀ ਲਏ ਸੰਭਾਲ, ਅਲਾਮਤ ਲਾਵੇ ਸਰਬ ਲੋਕਾਈਆ । ਜਲਵਾ ਦੇਵੇ ਨੂਰ ਜਲਾਲ, ਜਲਵਾਗਰ ਫੇਰੀ ਪਾਈਆ । ਕਾਮਲ ਮੁਰਸ਼ਦ ਖੇਲ ਕਰੇ ਕਮਾਲ, ਅਵਲ ਆਪਣਾ ਨੂਰ ਦਰਸਾਈਆ । ਸਹੀ ਸਲਾਮਤ ਦੀਨ ਦਿਆਲ, ਅਜ਼ਮਤ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਘਰ ਬਗ਼ਾਵਤ ਵੇਖੇ ਲੜਾਈਆ । ਕਲਜੁਗ ਕਹੇ ਵੇਖੋ ਬਗ਼ਾਵਤ, ਬਾਗ਼ੀ ਘਰ ਘਰ ਨਜ਼ਰੀ ਆਇੰਦਾ । ਨਾਰ ਕੰਤ ਲੱਗੀ ਅਦਾਵਤ, ਦਾਅਵੇ ਨਵ ਨੌ ਚਾਰ ਵਖਾਇੰਦਾ । ਸਾਚੀ ਕਰੇ ਨਾ ਕੋਇ ਸਖ਼ਾਵਤ, ਸਖ਼ੀ ਰੂਪ ਨਾ ਕੋਇ ਵਟਾਇੰਦਾ । ਚਾਰੋਂ ਕੁੰਟ ਕੂੜੀ ਆਦਤ, ਅਦਲ ਇਨਸਾਫ਼ ਨਾ ਕੋਇ ਕਮਾਇੰਦਾ ।

ਸਚ ਦਿਸੇ ਨਾ ਕੋਇ ਇਬਾਦਤ, ਕਲਮਾ ਹੱਕ ਨਾ ਕੋਇ ਪੜ੍ਹਾਇੰਦਾ । ਸ੍ਰੀ ਭਗਵਾਨ ਕਲਜੁਗ ਅੰਤਮ ਸਭ ਨੂੰ ਕਰੇ ਫ਼ਾਰਗ਼, ਫ਼ੈਸਲਾ ਇਕੋ ਵਾਰ ਸੁਣਾਇੰਦਾ । ਭੇਵ ਨਾ ਪਾਏ ਕੋਈ ਆਰਫ਼, ਹਰਫ਼ਾਂ ਵਿਚ ਨਾ ਕੋਇ ਸਮਝਾਇੰਦਾ । ਜਿਸ ਜਨ ਕਰੇ ਕਰਾਏ ਆਪ ਤੁਆਰਫ਼, ਦੋਹਰੀ ਧਾਰ ਖੇਲ ਵਖਾਇੰਦਾ । ਕਲਜੁਗ ਕਹੇ ਮੇਰੀ ਕਰੋ ਸਫ਼ਾਰਸ਼, ਸਤਿਜੁਗ ਤ੍ਰੇਤਾ ਦਵਾਪਰ ਤੇਰੇ ਅੱਗੇ ਵਾਸਤਾ ਪਾਇੰਦਾ । ਪ੍ਰਭੂ ਪਰਗਟ ਹੋਇਆ ਕਲਜੁਗ ਅੰਤਮ ਭਾਰਤ, ਇਬਾਰਤ ਆਪਣੀ ਆਪ ਲਿਖਾਇੰਦਾ । ਦੋ ਜਹਾਨਾਂ ਬਣ ਮਹਾਵਤ, ਐਰਾਪਤ ਹਾਥੀ ਸੇਵਾ ਲਾਇੰਦਾ । ਸਾਚੀ ਕਰਨ ਆਏ ਅਦਾਲਤ, ਅਦਲ ਆਪਣੇ ਹੱਥ ਵਖਾਇੰਦਾ । ਬਿਨ ਭਗਤਾਂ ਕਿਸੇ ਨਾ ਦੇਵੇ ਸ਼ਨਾਖ਼ਤ, ਸ਼ੇਖ਼ੀ ਸਭ ਦੀ ਆਪ ਮਿਟਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਪ੍ਰਭ ਨੂੰ ਇਕ ਅਲਾਮਤ, ਅਲੈਹਦਾ ਆਪਣੀ ਕਾਰ ਕਮਾਇੰਦਾ । ਬੈਠਾ ਰਹੇ ਸਹੀ ਸਲਾਮਤ, ਦੁੱਖ ਰੋਗ ਵਿਚ ਕਦੇ ਨਾ ਆਇੰਦਾ । ਉਠੋ ਮੇਰੀ ਦੇਵੋ ਕੋਈ ਜ਼ਮਾਨਤ, ਦੋਏ ਜੋੜ ਵਾਸਤਾ ਪਾਇੰਦਾ । ਮੇਰੇ ਘਰ ਨਜ਼ਰ ਨਾ ਆਏ ਕੋਈ ਅਮਾਨਤ, ਸਭ ਦਾ ਲੇਖਾ ਖਾ ਖਾ ਆਪਣਾ ਸ਼ੁਕਰ ਮਨਾਇੰਦਾ । ਵਕਤ ਗਵਾ ਕੇ ਪਤਾ ਲੱਗਾ ਹਰਿ ਕਾ ਨਾਮ ਨਿਆਮਤ, ਬਿਨ ਹਰਿ ਨਾਮੇ ਪਾਰ ਨਾ ਕੋਈ ਕਰਾਇੰਦਾ । ਨਾਮ ਜਪਣ ਦੀ ਕਿਸੇ ਨਹੀਂ ਮਮਾਨਤ, ਜੋ ਉਪਜਿਆ ਸੋ ਹਰਿ ਕਾ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਕਾਰ ਕਮਾਇੰਦਾ ।



ਦਿਲੀ ਤਖ਼ਤ ਦਿਲੀ ਦਿਲਦਾਰ, ਦਿਲਬਰ ਆਪਣਾ ਫੇਰਾ ਪਾਇੰਦਾ । ਹਰਿ ਕਾ ਤਖ਼ਤ ਸਚ ਮਨਾਰ, ਮੀਨਾਕਾਰੀ ਆਪ ਕਰਾਇੰਦਾ । ਜੜਤ ਜੜੇ ਅਗੰਮ ਅਪਾਰ, ਘਾੜਤ ਘੜਤ ਆਪਣੇ ਹੱਥ ਰਖਾਇੰਦਾ । ਬਾਢੀ ਘੜੇ ਨਾ ਕੋਇ ਤਰਖਾਣ, ਲੋਹਾਰ ਵੰਡ ਨਾ ਕੋਇ ਵੰਡਾਇੰਦਾ । ਜਿਸ ਉਪਰ ਬਹੇ ਸ੍ਰੀ ਭਗਵਾਨ, ਸੋ ਤਖ਼ਤ ਗੁਰਮੁਖਾਂ ਅੰਦਰ ਆਪ ਰਖਾਇੰਦਾ । ਰਹਿਬਰ ਬਹਿ ਕੇ ਦੇਵੇ ਗਿਆਨ, ਆਪਣਾ ਨਾਮ ਸਮਝਾਇੰਦਾ । ਦਿਲੀ ਤਖ਼ਤ ਕਰ ਪਰਵਾਨ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਦਿਲਬਰ ਬਣ ਸ਼ਾਹ ਸੁਲਤਾਨ, ਦਿਲ ਦੀ ਕਹਾਣੀ ਦਿਲ ਦੀ ਰਾਣੀ ਦਿਲ ਦਿਲ ਨਾਲ ਮਿਲਾਇੰਦਾ । ਧੁਰ ਦਾ ਮੇਲਾ ਧੁਰ ਦੀ ਬਾਣੀ, ਧੁਰ ਦਾ ਕੰਤ ਧੁਰ ਦੀ ਸਵਾਣੀ, ਧੁਰ ਦੀ ਤਪਤ ਧੁਰ ਦਾ ਪਾਣੀ, ਧੁਰ ਦਾ ਮੇਲਾ ਧੁਰ ਦਾ ਹਾਣੀ, ਦਰ ਘਰ ਸਾਚੇ ਸੋਭਾ ਪਾਇੰਦਾ । ਦਿਲੀ ਤਖ਼ਤ ਬਹੇ ਦਿਲਦਾਰ, ਦਲਿੱਦਰ ਨਜ਼ਰ ਕੋਇ ਨਾ ਆਈਆ । ਸਿਧੀ ਸਾਦੀ ਕਰੇ ਗੁਫ਼ਤਾਰ, ਰਮਜ਼ ਰਮਜ਼ ਨਾਲ ਮਿਲਾਈਆ । ਜਿਸ ਤਖ਼ਤ ਬੈਠੇ ਆਪ ਨਿਰੰਕਾਰ, ਸ਼ਹਿਨਸ਼ਾਹ ਸੋਭਾ ਪਾਈਆ । ਸੋ ਤਖ਼ਤ ਨਜ਼ਰ ਨਾ ਆਏ ਵਿਚ ਸੰਸਾਰ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਜਿਸ ਦਿਲਬਰ ਨਾਲ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਪਿਆਰ, ਪ੍ਰੇਮ ਪ੍ਰੀਤੀ ਮੰਗ ਮੰਗਾਈਆ । ਆਪਣੀ ਕਾਇਆ ਕਾਅਬਾ ਖੋਲ੍ਹ ਕਿਵਾੜ, ਉਚੀ ਕੂਕ ਸੱਦਾ ਦੇਂਦੇ ਰਹੇ ਵਾਹੋ ਦਾਹੀਆ । ਆ ਵਸ ਸਾਡੇ ਸਾਂਝੇ ਯਾਰ, ਘਰ ਮੈਂਡੇ ਫੇਰਾ ਪਾਈਆ । ਤੈਂਡੇ ਨਾਲ ਕਰਾਂ ਪਿਆਰ, ਪੈਂਡੇ ਕੂੜੇ ਪੰਧ ਮੁਕਾਈਆ । ਤੇਰਾ ਵੇਖ ਨੂਰ ਜਲਵਾ ਜਲਾਲ, ਆਪਣਾ ਆਪ ਹਲਾਲ ਦਿਆਂ ਕਰਾਈਆ । ਛੁਰੀ ਚਲੇ ਬੇਮਿਸਾਲ, ਜਿਸ ਦੀ ਮਿਸਲ ਸਕੇ ਨਾ ਕੋਇ ਬਣਾਈਆ । ਸੋ ਤਖ਼ਤ ਸੋਹੇ ਓਸ ਧਰਮਮਸਾਲ, ਜਿਸ ਦਰ ਵਸੇ ਬੇਪਰਵਾਹੀਆ । ਇਹੋ

ਸਿਫ਼ਤ ਸ਼ਾਹ ਕਰੇ ਕੰਗਾਲ, ਕਿਉਂ ਗ਼ਰੀਬਾਂ ਅੰਦਰ ਸਾਚੇ ਤਖ਼ਤ ਆਪਣਾ ਆਸਣ ਲਾਈਆ । ਜੁਗ ਚੌਕੜੀ ਜਿਸ ਦੀ ਕਰਦੇ ਰਹੇ ਭਾਲ, ਸੋ ਭਲਾ ਮਾਣਸ ਮੁੰਡਾ ਮੁਸ਼ਟੰਡਾ ਆਪਣਾ ਰੂਪ ਵਟਾਈਆ । ਬਣ ਕੇ ਦਲੀਲ ਦਿਲਬਰ ਦਲਾਲ, ਦੌਲਤ ਮਹਾਂ-ਬਦੌਲਤ ਦਏ ਵਖਾਈਆ । ਬਿਨ ਹਰਿ ਹਰਿ ਕਾ ਕੋਈ ਨਾ ਜਾਣੇ ਸਵਾਲ, ਗੁਰ ਅਵਤਾਰ ਜੋ ਸੁਣਿਆ ਸੋ ਢੋਲਾ ਗਏ ਗਾਈਆ । ਅੰਤਮ ਸਭ ਦਾ ਹੋਇਆ ਜ਼ਵਾਲ, ਜ਼ਾਲਮ ਬਣਿਆ ਆਪ ਕਸਾਈਆ । ਪ੍ਰਭ ਕਾ ਖੇਲ ਸਦਾ ਕਮਾਲ, ਕਾਮਲ ਮੁਰਸ਼ਦ ਆਪ ਕਰਾਈਆ । ਦਿਲੀ ਤਖ਼ਤ ਗੁਰਮੁਖਾਂ ਕਰੇ ਬਹਾਲ, ਜਿਸ ਉਪਰ ਰਾਜਾ ਵਸੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਖ਼ਾਲਸ ਆਪ ਕਰਾਈਆ ।

### ✪ ੩ ਭਾਦਰੋ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ ਜੇਠੂਵਾਲ ਬੀਬੀ ਚਰਨੀ ਰੂਪੋ ਵਾਲੀ ਦੇ ਨਵਿਤ ✪

ਸ਼ਾਹੋ ਭੂਪ ਹਰਿ ਸੁਲਤਾਨ, ਸੋ ਪੁਰਖ ਨਿਰੰਜਣ ਖੇਲ ਰਚਾਇੰਦਾ । ਧਰਮ ਦੁਆਰੇ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇੰਦਾ । ਨਾਮ ਸੰਦੇਸ਼ਾ ਧੁਰ ਫ਼ਰਮਾਨ, ਆਦਿ ਜੁਗਾਦੀ ਆਪ ਸੁਣਾਇੰਦਾ । ਜੁਗ ਚੌਕੜੀ ਖੇਲ ਮਹਾਨ, ਕਰਨੀ ਕਰਤਾ ਆਪ ਕਮਾਇੰਦਾ । ਖੇਲੇ ਖੇਲ ਸ੍ਰੀ ਭਗਵਾਨ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਆਣ, ਨਿਰਗੁਣ ਸਰਗੁਣ ਧਾਰ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਸ੍ਰੀ ਭਗਵਾਨ, ਏਕਾ ਏਕ ਏਕ ਵਰਤਾਈਆ । ਦੂਜਾ ਦਿਸੇ ਨਾ ਕੋਇ ਨਿਸ਼ਾਨ, ਰੰਗ ਰੂਪ ਨਾ ਕੋਇ ਵਖਾਈਆ । ਗਹਿਰ ਗੰਭੀਰ ਏਕਾ ਕਾਹਨ, ਤਤ ਸਰੀਰ ਨਾ ਕੋਇ ਵਖਾਈਆ । ਦੇਵਣਹਾਰਾ ਸਾਚਾ ਦਾਨ, ਮੁਕਾਮੇ ਹੱਕ ਹੱਟ ਚਲਾਈਆ । ਲਾਸ਼ਰੀਕ ਨੌਜਵਾਨ, ਲੇਖਾ ਜਾਣੇ ਥਾਉਂ ਥਾਈਆ । ਕਲਜੁਗ ਅੰਤ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਚੌਥੇ ਜੁਗ ਬਦਲ ਦੇਵੇ ਨਜ਼ਾਮ, ਅਦਾਲਤ ਹੱਕ ਇਕ ਵਖਾਈਆ । ਚਾਰ ਵਰਨ ਅਠਾਰਾਂ ਬਰਨ ਦੇਵੇ ਇਕ ਕਲਾਮ, ਕਲਮਾ ਨਬੀ ਰਸੂਲ ਪੜ੍ਹਾਈਆ । ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੇਵੇ ਨਾਮ, ਨਾਉਂ ਨਿਰੰਕਾਰਾ ਇਕ ਜਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਹੋਵੇ ਹੈਰਾਨ, ਖਾਣੀ ਬਾਣੀ ਸਮਝ ਕੋਇ ਨਾ ਆਈਆ । ਨਿਰਗੁਣ ਸਰਗੁਣ ਕਰੇ ਖੇਲ ਵਾਲੀ ਦੋ ਜਹਾਨ, ਵਡ ਦਾਤਾ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਲਜੁਗ ਅੰਤ, ਸੋ ਸਾਹਿਬ ਆਪ ਕਰਾਇੰਦਾ । ਖੇਲੇ ਖੇਲ ਸ੍ਰੀ ਭਗਵੰਤ, ਭਗਵਨ ਆਪਣੀ ਧਾਰ ਚਲਾਇੰਦਾ । ਬੋਧ ਅਗਾਧਾ ਮਣੀਆ ਮੰਤ, ਸ਼ਬਦ ਅਨਾਦੀ ਰਾਗ ਅਲਾਇੰਦਾ । ਗੁਰਮੁਖ ਵਿਰਲਾ ਜਾਣੇ ਸੰਤ, ਲੱਖ ਚੁਰਾਸੀ ਭਰਮ ਭੁਲਾਇੰਦਾ । ਨਾਰ ਮਿਲਾਵਾ ਹਰਿ ਹਰਿ ਕੰਤ, ਕੰਤੂਹਲ ਇਕੋ ਸੇਜਾ ਸੋਭਾ ਪਾਇੰਦਾ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਆਪ ਦਰਸਾਇੰਦਾ । ਧੁਰਦਰਗਾਹੀ ਇਕੋ ਪੰਡਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਆਪ ਲਗਾਇੰਦਾ । ਸਾਚਾ ਮਾਰਗ ਦੇਵੇ ਲਾ, ਬੇਅੰਤ ਹੱਥ ਵੱਡੀ ਵਡਿਆਈਆ । ਕਲਜੁਗ ਧਾਰ ਦਏ ਬਦਲਾ, ਦੋ ਜਹਾਨਾਂ ਹੁਕਮ ਵਰਤਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਦਏ ਸੁਹਾ, ਜ਼ਿਮੀਂ ਅਸਮਾਨ ਗਗਨ ਗਗਨੰਤਰ ਖੋਜ

ਖੁਜਾਈਆ । ਰਹਿਬਰ ਬਣੇ ਇਕ ਖ਼ੁਦਾ, ਲਾਸ਼ਰੀਕ ਫੇਰਾ ਪਾਈਆ । ਦੀਨ ਮਜ਼੍ਹਬ ਜ਼ਾਤ ਪਾਤ ਜੋ ਜੁਜ਼ ਬਣੇ ਜੁਦਾ, ਅੰਤਮ ਮੇਲਾ ਇਕ ਮਿਲਾਈਆ । ਆਤਮ ਬ੍ਰਹਮ ਘਰ ਘਰ ਦਏ ਵਖਾ, ਬੰਦ ਤਾਕੀ ਕੁੰਡਾ ਲਾਹੀਆ । ਸਾਚੀ ਹਾਟੀ ਦਏ ਸਮਝਾ, ਵਣਜ ਵਣਜਾਰਾ ਬੇਪਰਵਾਹੀਆ । ਕੂੜੀ ਰੈਣ ਅੰਧੇਰੀ ਰਾਤੀ ਦਏ ਮਿਟਾ, ਸਤਿਗੁਰ ਸਾਚਾ ਸ਼ਬਦੀ ਚੰਦ ਚੜ੍ਹਾਈਆ । ਧੁਰ ਦੀ ਗਾਥੀ ਦਏ ਸਮਝਾ, ਪਿਛਲਾ ਲੇਖਾ ਪੜ੍ਹਨ ਕੋਇ ਨਾ ਆਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਧਰਮ ਜਮਾਤੀ ਲਏ ਉਠਾ, ਪੱਟੀ ਇਕੋ ਨਾਮ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਅੰਤ ਅਤੀਤ, ਤ੍ਰੈਭਵਨ ਧਨੀ ਖੇਲ ਖਿਲਾਈਆ । ਨਾਤਾ ਤੋੜ ਮੰਦਰ ਮਸੀਤ, ਸ਼ਿਵਦਵਾਲੇ ਮੱਠ ਡੇਰਾ ਢਾਹੀਆ । ਘਰ ਵਿਚ ਘਰ ਵਖਾਏ ਠੀਕ, ਕੂੜੀ ਠੀਕਰ ਭੰਨ ਵਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕ ਦੂਜੇ ਦਾ ਮਿਲ ਮਿਲ ਗਾਏ ਗੀਤ, ਸੋਹੰ ਢੋਲਾ ਰਾਗ ਅਲਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਵਿਚੋ ਬਦਲੇ ਕੋਈ ਨਾ ਪੀਠ, ਪਿਛਾ ਦੇ ਨਾ ਮੁਖ ਭਵਾਈਆ । ਕਲਜੁਗ ਅੰਤਮ ਕੂੜੀ ਮਿਟਣੀ ਰੀਤ, ਸਤਿਜੁਗ ਸਾਚਾ ਨੂਰ ਧਰਾਈਆ । ਚਾਰ ਵਰਨ ਅਠਾਰਾਂ ਬਰਨ ਸਤਿ ਸਤਿਵਾਦੀ ਬ੍ਰਹਮ ਬ੍ਰਹਮਾਦੀ ਸ਼ਬਦ ਅਨਾਦੀ ਗੌਣਾ ਇਕੋ ਗੀਤ, ਢੋਲਾ ਸੋਹਲਾ ਰਾਗ ਅਲਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨਿਹਕਰਮੀ ਇਕੋ ਮਿਲੇ ਮੀਤ, ਸਚ ਸੁਆਮੀ ਦਰਸ ਦਿਖਾਈਆ । ਠਾਕਰ ਹੋ ਕੇ ਵਸੇ ਚੀਤ, ਠੋਕਰ ਆਪਣੇ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਕਰੇ ਬੇਪਰਵਾਹੀਆ । ਸਾਚਾ ਖੇਲ ਕਰਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਦੇਵੇ ਜਾਪ, ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਸਾਧ ਸੰਤ ਆਪ ਪੜ੍ਹਾਈਆ । ਅੱਖਰ ਵੱਖਰ ਖਾਣੀ ਬਾਣੀ ਲਿਖ ਲਿਖ ਸਚ ਸੰਦੇਸਾ ਜਾਏ ਆਖ, ਆਖ਼ਰ ਆਪਣੀ ਕਾਰ ਕਮਾਈਆ । ਕਲਜੁਗ ਅੰਤਮ ਸ੍ਰਿਸ਼ਟ ਸਬਾਈ ਹੋਈ ਗੁਸਤਾਖ਼, ਗ਼ੁੱਸਾ ਘਰ ਘਰ ਫੇਰਾ ਪਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਹੋਈ ਪਰਭਾਤ, ਕੂੜੀ ਕਿਰਿਆ ਬੈਠੀ ਰੰਗ ਰੰਗਾਈਆ । ਸਾਚੇ ਮੰਦਰ ਤਨ ਅੰਦਰ ਕੋਈ ਨਾ ਸੁਣੇ ਨਾਦ, ਢੋਲਕ ਛੈਣੇ ਗਾ ਗਾ ਰਸਨਾ ਜਿਹਵਾ ਹੋਈ ਹਲਕਾਈਆ । ਸਤਿ ਸਰੂਪ ਨਾ ਕੋਈ ਵਿਸਮਾਦ, ਬਿਸਮਲ ਧਾਰ ਨਜ਼ਰ ਨਾ ਆਈਆ । ਅੰਤਰ ਨੇਤਰ ਖੁਲ੍ਹੀ ਨਾ ਕਿਸੇ ਜਾਗ, ਦੋਏ ਲੋਚਣ ਦੇਣ ਦੁਹਾਈਆ । ਦੁਰਮਤ ਮੈਲ ਨਾ ਧੁਪਿਆ ਦਾਗ਼, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਘਰ ਕੰਤ ਨਾ ਮਿਲਿਆ ਸੁਹਾਗ, ਸਾਚੀ ਸੇਜ ਨਾ ਕੋਇ ਸੁਹਾਈਆ । ਦੀਪਕ ਦੀਆ ਜਗਿਆ ਨਾ ਕੋਈ ਚਿਰਾਗ਼, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਧੁਰ ਕਾ ਸ਼ਬਦ ਨਾ ਸੁਣਿਆ ਆਦਿ, ਜਗਤ ਗਾਥਾ ਕਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਘਰ ਵਸਾਈਆ । ਨਿਰਗੁਣ ਸਰਗੁਣ ਘਰ ਵਸੇਰਾ, ਮੰਦਰ ਇਕੋ ਇਕ ਸੁਹਾਇੰਦਾ । ਆਤਮ ਪਰਮਾਤਮ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਜਨ ਭਗਤਾਂ ਬੰਨ੍ਹੇ ਸਾਹਿਬ ਬੇੜਾ, ਸੋ ਪੁਰਖ ਨਿਰੰਜਣ ਸਿਰ ਆਪਣਾ ਹੱਥ ਰਖਾਇੰਦਾ । ਲੱਖ ਚੁਰਾਸੀ ਜੀਵ ਜੰਤ ਕਲਜੁਗ ਕਿਰਿਆ ਦੇਵੇ ਗੇੜਾ, ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਆਪ ਭਵਾਇੰਦਾ । ਅੰਤਮ ਕਰੇ ਹੱਕ ਨਬੇੜਾ, ਹੱਕ ਹਕੀਕਤ ਵੇਖ ਵਖਾਇੰਦਾ । ਸਾਹਿਬ ਸਤਿਗੁਰ ਹੋ ਦਲੇਰਾ, ਧੁਰ ਦਾ ਸ਼ਬਦ ਆਪ ਅਲਾਇੰਦਾ । ਗੁਰਮੁਖਾਂ ਕਹੇ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ


੨੦੩ ੧੫

ਆਪਣੀ ਜੋਤ ਧਰ, ਕਲਜੁਗ ਤੇਰਾ ਲੇਖ ਮੁਕਾਇੰਦਾ । ਕਲਜੁਗ ਤੇਰਾ ਮੁੱਕੇ ਲੇਖ, ਸੋ ਸਾਹਿਬ ਆਪ ਮੁਕਾਈਆ । ਕੂੜੀ ਕਿਰਿਆ ਰਹੇ ਨਾ ਭੇਖ, ਭੇਖਾਧਾਰੀ ਦਏ ਗਵਾਈਆ । ਲੇਖਾ ਜਾਣੇ ਪੀਰ ਪੈਗ਼ੰਬਰ ਮੁੱਲਾਂ ਸ਼ੇਖ਼, ਮੁਸਾਇਕ ਵੇਖੇ ਥਾਉਂ ਥਾਈਆ । ਪੰਡਤ ਪਾਂਧਾ ਕੋਈ ਨਾ ਜਾਣੇ ਹਰਿ ਕੀ ਰੇਖ, ਰਾਸ ਮੰਡਲ ਸਮਝ ਕੋਇ ਨਾ ਆਈਆ । ਗ੍ਰੰਥੀ ਪੰਥੀ ਕੋਈ ਨਾ ਪਾਏ ਭੇਤ, ਅੰਦਰ ਵੜ ਦਰਸ ਕੋਇ ਨਾ ਪਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਸਦ ਵੇਖੇ ਨੇਤਨ ਨੇਤ, ਨਿਜ ਨੇਤਰ ਧਿਆਨ ਲਗਾਈਆ । ਸਤਿਗੁਰ ਸੁਆਮੀ ਕਰੇ ਹੇਤ, ਪੁਰਖ ਅਬਿਨਾਸ਼ੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਹਿਣਾ ਝੋਲੀ ਪਾਈਆ । ਕਲਜੁਗ ਤੇਰਾ ਅੰਤਮ ਲਹਿਣਾ, ਪੁਰਖ ਅਕਾਲ ਝੋਲੀ ਪਾਈਆ । ਚੌਥੇ ਜੁਗ ਮੰਨ ਕਹਿਣਾ, ਤੇਰਾ ਵੇਲਾ ਰਿਹਾ ਵਿਹਾਈਆ । ਨਾ ਕੋਈ ਸੱਜਣ ਨਾ ਕੋਈ ਸੈਣਾ, ਚਾਰ ਯਾਰੀ ਬੈਠੀ ਮੁਖ ਭਵਾਈਆ । ਅੱਲਾ ਰਾਣੀ ਤਨ ਸ਼ੰਗਾਰ ਲਾਵੇ ਗਹਿਣਾ, ਮੁਹੰਮਦ ਰੋਵੇ ਨੇਤਰ ਮਾਰੇ ਧਾਹੀਆ । ਸਦੀ ਚੌਧਵੀਂ ਵਹਿਣ ਵਹਿਣਾ, ਚੌਦਾਂ ਤਬਕ ਪਏ ਦੁਹਾਈਆ । ਹਰਿ ਕਾ ਭਾਣਾ ਸਭ ਨੇ ਸਹਿਣਾ, ਈਸਾ ਮੂਸਾ ਬੈਠੇ ਸੀਸ ਝੁਕਾਈਆ । ਉਮਤ ਉਮਤ ਨਾਲ ਖਹਿਣਾ, ਖ਼ਾਹ-ਮਖ਼ਾਹ ਕਰੇ ਲੜਾਈਆ । ਲਾੜੀ ਮੌਤ ਫਿਰੇ ਡਾਇਣਾ, ਘਰ ਘਰ ਡੌਰੂ ਵਾਈਆ । ਗੁਰਮੁਖ ਵਿਰਲਾ ਮਾਤ ਰਹਿਣਾ, ਜਿਸ ਮਿਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਧੁਰ ਫ਼ਰਮਾਨਾ ਏਕੰਕਾਰ, ਅਕਲ ਕਲਧਾਰੀ ਆਪ ਸੁਣਾਇੰਦਾ । ਕੂੜ ਕੁੜਿਆਰਾ ਮੇਟੇ ਸੰਸਾਰ, ਜੂਠ ਝੂਠ ਰਹਿਣ ਨਾ ਪਾਇੰਦਾ । ਮਾਇਆ ਮਮਤਾ ਗੜ੍ਹ ਤੁਟੇ ਹੰਕਾਰ, ਕਾਮ ਕਰੋਧ ਲੋਭ ਮੋਹ ਹੰਕਾਰ ਡੇਰਾ ਢਾਹਿੰਦਾ । ਸਤਿਗੁਰ ਤੁੱਠੇ ਏਕਾ ਵਾਰ, ਮਿਹਰ ਨਜ਼ਰ ਉਠਾਇੰਦਾ । ਜੁਗ ਜਨਮ ਦੇ ਰੁੱਠੇ ਮੇਲੇ ਮੇਲਣਹਾਰ, ਮਿਲਣੀ ਆਪਣਾ ਨਾਮ ਕਰਾਇੰਦਾ । ਗੁਰਮੁਖ ਸੁੱਤੇ ਲਏ ਜਗਾ, ਜਾਗਰਤ ਜੋਤ ਇਕ ਜਣਾਇੰਦਾ । ਭੇਵ ਅਭੇਦ ਦਏ ਖੁਲ੍ਹਾ, ਅਨਭਵ ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਕਰ ਰੁਸ਼ਨਾ, ਘਰ ਦੀਪਕ ਇਕ ਟਿਕਾਇੰਦਾ । ਅਨਹਦ ਨਾਦੀ ਰਾਗ ਸੁਣਾ, ਧੁਰ ਦਾ ਰਾਗ ਅਲਾਇੰਦਾ । ਅੰਮ੍ਰਿਤ ਆਤਮ ਜਾਮ ਪਿਆ, ਅਠਸਠ ਪੰਧ ਮੁਕਾਇੰਦਾ । ਨਜ਼ਰੀ ਆਏ ਇਕ ਖ਼ੁਦਾ, ਖ਼ਾਲਸ ਆਪਣਾ ਰੂਪ ਵਖਾਇੰਦਾ । ਸਾਚੀ ਨੌਬਤ ਰਿਹਾ ਵਜਾ, ਡੰਕਾ ਇਕੋ ਨਾਮ ਲਗਾਇੰਦਾ । ਮਹੱਲ ਅਟੱਲ ਕਰ ਰੁਸ਼ਨਾ, ਸਚ ਮਹਿਰਾਬੇ ਸੋਭਾ ਪਾਇੰਦਾ । ਸਾਚਾ ਨਗ਼ਮਾ ਰਿਹਾ ਗਾ, ਤਾਰ ਸਿਤਾਰ ਨਾ ਕੋਇ ਹਿਲਾਇੰਦਾ । ਆਲਮ ਉਲਮਾ ਰਿਹਾ ਪੜ੍ਹਾ, ਅਲਿਫ਼ ਯੇ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਲੇਖਾ ਦਏ ਚੁਕਾ, ਸਿਰ ਸਿਰ ਸਭ ਦੇ ਭਾਰ ਟਿਕਾਇੰਦਾ । ਕਲਜੁਗ ਲੇਖਾ ਲਹਿਣਾ ਚੁੱਕ, ਚੁੱਕੇ ਚੂਕ ਲੋਕਾਈਆ । ਨੇਤਰ ਖੋਲ੍ਹ ਵੇਖ ਉਠ, ਚਾਰੋ ਕੁੰਟ ਦੁਹਾਈਆ । ਗ਼ਰੀਬ ਨਿਮਾਣੇ ਰੋਵਣ ਮਾਰੇ ਭੁੱਖ, ਵਿਸ਼ਨੂੰ ਭੰਡਾਰ ਨਾ ਕੋਇ ਭਰਾਈਆ । ਬ੍ਰਹਮੇ ਬ੍ਰਹਮ ਨਜ਼ਰ ਨਾ ਆਇਆ ਪਾਰਬ੍ਰਹਮ ਸਾਚਾ ਸੁੱਤ, ਸੁੱਤ ਅਪਰਾਧੀ ਰੂਪ ਵਟਾਈਆ । ਸਾਢੇ ਤਿੰਨ ਹੱਥ ਕਾਇਆ ਅੰਦਰ ਬੈਠਾ ਲੁਕ, ਪੜਦਾ ਸਕੇ ਨਾ ਕੋਇ ਉਠਾਈਆ । ਇਕ ਦੂਜੇ ਨੂੰ ਰਹੇ ਪੁੱਛ, ਕਵਣ ਦੁਆਰੇ ਮਿਲੇ ਪ੍ਰਭੂ ਮਾਹੀਆ । ਸਾਹਿਬ ਸੁਆਮੀ ਬਹਿ ਕੇ ਚੁੱਪ, ਘਰ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਲਜੁਗ ਤੇਰਾ ਚੁੱਕੇ ਲੇਖਾ, ਲੇਖਾ ਲਿਖਤ ਵਿਚ ਬਦਲਾਈਆ । ਚਾਰ ਵਰਨ ਦਾ

ਮਿਟੇ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਧੁਰਦਰਗਾਹੀ ਦੇਵੇ ਇਕ ਸੰਦੇਸਾ, ਦੋ ਜਹਾਨ ਕਰੇ ਪੜ੍ਹਾਈਆ । ਸ੍ਰੀ ਭਗਵਾਨ ਕਲਜੁਗ ਅੰਤ ਵਟਾਏ ਵੇਸਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸਾ, ਨਾ ਕੋ ਮੂੰਡ ਮੁੰਡਾਈਆ । ਭਗਤ ਭਗਵੰਤ ਕਰੇ ਹੇਤਾ, ਸੰਤ ਸੁਹੇਲੇ ਵੇਖ ਵਖਾਈਆ । ਜੁਗ ਚੌਕੜੀ ਰੱਖੇ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਬਣ ਕੇ ਆਵੇ ਸਭ ਦਾ ਨੇਤਾ, ਨਿਰਗੁਣ ਦਾਤਾ ਰੂਪ ਵਟਾਈਆ । ਲੱਖ ਚੁਰਾਸੀ ਵੇਖੇ ਕਾਇਆ ਖੇਤਾ, ਘਰ ਘਰ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਗਟ ਹੋ ਬੇਪਰਵਾਹੀਆ । ਬੇਪਰਵਾਹ ਪਰਗਟ ਹੋ, ਹੋਕਾ ਨਾਮ ਜਣਾਈਆ । ਰੂਪ ਵਖਾਏ ਇਕੋ ਸੋ, ਹੰ ਆਪਣੀ ਧਾਰ ਜਣਾਈਆ । ਹੰ ਬ੍ਰਹਮ ਸਾਚੀ ਡੋਰ ਨਾਮ ਪਰੋ, ਗੰਢ ਇਕੋ ਇਕ ਵਖਾਈਆ । ਕਲਜੁਗ ਤੇਰੀ ਵਸਤ ਤੇਰੇ ਕੋਲੋ ਖੋਹ, ਚਰਨਾਂ ਹੇਠ ਲਏ ਦਬਾਈਆ । ਸਤਿਜੁਗ ਲੈ ਕੇ ਆਵੇ ਢੋਆ ਢੋ, ਸੋਹੰ ਢੋਲਾ ਇਕ ਸੁਣਾਈਆ । ਉਚੀ ਕੂਕ ਕਹੇ ਮੈਂ ਭਗਤਾਂ ਜੋਗਾ ਗਿਆ ਹੋ, ਦੂਜਾ ਸੰਗ ਨਾ ਕੋਇ ਰਖਾਈਆ । ਸਚ ਪਰਕਾਸ਼ ਕਰੇ ਲੋ, ਜਗਤ ਗਿਆਨ ਨਾ ਕੋਇ ਦ੍ਰਿੜਾਈਆ । ਅੰਤਰ ਆਤਮ ਦੁਰਮਤ ਮੈਲ ਦੇਵੇ ਧੋ, ਤ੍ਰੈਗੁਣ ਲੱਗੀ ਬਸੰਤਰ ਦਏ ਬੁਝਾਈਆ । ਆਤਮ ਪਰਮਾਤਮ ਜਾਵੇ ਛੋਹ, ਘਰ ਸਾਚੇ ਵੱਜੇ ਵਧਾਈਆ । ਮੇਲ ਮਿਲਾਏ ਨੇਤਰ ਬਿਨ ਨੈਣ ਰੋ, ਨੀਰ ਵਹੌਂਦਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰਾ ਲੇਖ ਚੁਕਾਈਆ । ਕਲਜੁਗ ਤੇਰੀ ਤੋੜੇ ਸ਼ਰਅ ਜ਼ੰਜੀਰ, ਸ਼ਰੀਅਤ ਵਿਚ ਕਦੇ ਨਾ ਆਇੰਦਾ । ਲਾਸ਼ਰੀਕ ਚੋਟੀ ਚੜ੍ਹ ਵੇਖੇ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਇੰਦਾ । ਬਦਲਣਹਾਰ ਸਰਬ ਤਕਦੀਰ, ਤਦਬੀਰ ਆਪਣੀ ਆਪ ਸਮਝਾਇੰਦਾ । ਹਕੀਕਤ ਹੱਕ ਵਖਾਏ ਤਸਵੀਰ, ਤਸੱਵਰ ਇਕੋ ਨਜ਼ਰੀ ਆਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਊਚ ਨੀਚ ਰਾਉ ਰੰਕ ਆਪ ਸਮਝਾਇੰਦਾ । ਦੀਨਾਂ ਨਾਥ ਗ਼ਰੀਬ ਨਿਮਾਣਿਆਂ ਵੰਡੇ ਪੀੜ, ਦਰਦੀ ਦਰਦੀਆਂ ਦਰਦ ਵੰਡਾਇੰਦਾ । ਜਨ ਭਗਤਾਂ ਬਜਰ ਕਪਾਟੀ ਪੜਦਾ ਦੇਵੇ ਚੀਰ, ਨਾਮ ਨਿਰਾਲਾ ਤੀਰ ਲਗਾਇੰਦਾ । ਅੰਮ੍ਰਿਤ ਬਖ਼ਸ਼ੇ ਇਕੋ ਸੀਰ, ਸਾਂਤਕ ਸਤਿ ਸਤਿ ਵਰਤਾਇੰਦਾ । ਪਿਛਲੀ ਮੇਟ ਦੇਵੇ ਲਕੀਰ, ਫੜ ਮਾਰਗ ਅੱਗੇ ਲਾਇੰਦਾ । ਹੱਥ ਫੜਾਏ ਨਾਮ ਸ਼ਮਸ਼ੀਰ, ਬਲਧਾਰੀ ਬਲ ਪਗਟਾਇੰਦਾ । ਕਰੇ ਖੇਲ ਵਡ ਪੀਰਨ ਪੀਰ, ਪੈਗੰਬਰ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਰੰਗ ਆਪ ਰੰਗਾਇੰਦਾ । ਕਲਜੁਗ ਅੰਤਮ ਚਾੜ੍ਹੇ ਰੰਗ, ਰੰਗ ਰੰਗੀਲਾ ਫੇਰਾ ਪਾਈਆ । ਸਚ ਸਿੰਘਾਸਣ ਬੈਠ ਪਲੰਘ, ਸੇਜ ਸੁਹੰਜਣੀ ਆਪ ਸੁਹਾਈਆ । ਨਾਮ ਨਿਧਾਨ ਵਜਾਏ ਮਰਦੰਗ, ਬੋਧ ਅਗਾਧ ਸੁਣਾਈਆ । ਪੁਰੀ ਆਕਾਸ਼ ਆਪੇ ਲੰਘ, ਪਰਕਾਸ਼ ਕਰੇ ਥਾਉਂ ਥਾਈਂਆ । ਬਿਨ ਚੰਦੋ ਚੜ੍ਹਾਏ ਆਪਣਾ ਚੰਦ, ਬਿਨ ਸੂਰੀਆ ਸੂਰਜ ਕਰੇ ਰੁਸ਼ਨਾਈਆ । ਬਿਨ ਖਾਧਿਆਂ ਪੀਤਿਆਂ ਦੇਵੇ ਅਨੰਦ, ਅਨੰਦ ਅਨੰਦ ਵਿਚੋ ਵਖਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਗਾਵੇ ਛੰਦ, ਘਰ ਢੋਲਾ ਇਕੋ ਮਾਹੀਆ । ਜੁਗ ਜਨਮ ਦੀ ਟੁੱਟੀ ਦੇਵੇ ਗੰਢ, ਕਰਮ ਕਾਂਡ ਰਹਿਣ ਨਾ ਪਾਈਆ । ਲੇਖਾ ਜਾਣੇ ਜੀਉ ਪਿੰਡ, ਬ੍ਰਹਿਮੰਡ ਵੇਖੇ ਬੇਪਰਵਾਹੀਆ । ਦੀਨ ਦਿਆਲ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਰਿਹਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਧਾਰਾ ਇਕ ਸਮਝਾਈਆ । ਸਾਚੀ ਧਾਰਾ ਸਤਿਗੁਰ ਧਾਰ, ਧਰਨੀ ਧਰਤ ਧਵਲ ਧਰਾਇੰਦਾ । ਲੇਖਾ ਚੁਕੇ ਨਵ ਨੌ ਚਾਰ, ਚਾਰ ਯਾਰੀ ਪੰਧ ਮੁਕਾਇੰਦਾ । ਚਾਰ ਵਰਨ ਕਰ

ਖ਼ਵਾਰ, ਸਾਚਾ ਮੰਤਰ ਇਕ ਦ੍ਰਿੜਾਇੰਦਾ । ਚਾਰ ਵੇਦ ਕਰਨ ਪੁਕਾਰ, ਨੇਤਰ ਨੈਣਾਂ ਨੀਰ ਸਰਬ ਵਖਾਇੰਦਾ । ਸ਼ਾਸਤਰ ਸਿਮਰਤ ਗਏ ਹਾਰ, ਹਰਿ ਕਾ ਅੰਤ ਕੋਇ ਨਾ ਆਇੰਦਾ । ਪੁਰਾਨ ਅਠਾਰਾਂ ਕਰਨ ਵਿਚਾਰ, ਬੇਪਰਵਾਹ ਭੇਵ ਕੋਇ ਨਾ ਪਾਇੰਦਾ । ਗੀਤਾ ਗਿਆਨ ਕਹੇ ਪੁਕਾਰ, ਉਚੀ ਕੂਕ ਕੂਕ ਅਲਾਇੰਦਾ । ਅੰਜੀਲ ਕੁਰਾਨ ਧਾਹਾਂ ਰਹੀ ਮਾਰ, ਮਹਿਬੂਬ ਹੱਥ ਕਿਸੇ ਨਾ ਆਇੰਦਾ । ਮੁਹੱਬਤ ਕਰੇ ਨਾ ਸਾਂਝਾ ਯਾਰ, ਸਾਚੀ ਸੇਜ ਨਾ ਕੋਇ ਹੰਡਾਇੰਦਾ । ਹੱਕ ਕਰੇ ਨਾ ਕੋਇ ਗੁਫ਼ਤਾਰ, ਗੁਫ਼ਤ ਸ਼ੁਨੀਦ ਰੂਪ ਨਾ ਕੋਇ ਵਟਾਇੰਦਾ । ਖਾਣੀ ਬਾਣੀ ਡਿਗੀ ਮੂੰਹ ਦੇ ਭਾਰ, ਫੜ ਬਾਂਹੋ ਨਾ ਕੋਇ ਉਠਾਇੰਦਾ । ਗੁਰ ਕਾ ਸ਼ਬਦ ਕੋਈ ਨਾ ਸਕੇ ਵਿਚਾਰ, ਕਲਜੁਗ ਜੀਵ ਭਰਮ ਭੁਲਾਇੰਦਾ । ਨਾਤਾ ਜੁੜਿਆ ਕੂੜੀ ਨਾਰ, ਜਗਤ ਨਾਰੀ ਇੱਛਿਆ ਰੂਪ ਵਖਾਇੰਦਾ । ਸਾਚਾ ਕਰੇ ਨਾ ਕੋਈ ਦੀਦਾਰ, ਦੀਦ ਈਦ ਚੰਦ ਨਾ ਕੋਇ ਚਮਕਾਇੰਦਾ । ਕਲਮਾ ਕਾਅਬਾ ਦੋਵੇਂ ਹੋਏ ਖ਼ਵਾਰ, ਸਚ ਨਵਾਬਾ ਮੇਲ ਨਾ ਕੋਇ ਮਿਲਾਇੰਦਾ । ਆਫ਼ਤਾਬ ਨਾ ਕੋਇ ਉਜਿਆਰ, ਨੂਰੀ ਜਲਵਾ ਨਾ ਕੋਇ ਧਰਾਇੰਦਾ । ਮਹਿਰਾਬ ਕਰੇ ਨਾ ਕੋਇ ਆਦਾਬ, ਸਜਦਾ ਸੀਸ ਨਾ ਕੋਇ ਨਿਵਾਇੰਦਾ । ਅੰਤਮ ਸਭ ਨੂੰ ਮਿਲੇ ਅਜ਼ਾਬ, ਅਦਲ ਇਕੋ ਇਕ ਕਮਾਇੰਦਾ । ਕਲਜੁਗ ਤੇਰੀ ਖ਼ਤਾ ਕੋਈ ਨਾ ਕਰੇ ਮੁਆਫ਼, ਮੁਫ਼ਲਸ ਜੀਵ ਘਰ ਘਰ ਨਜ਼ਰੀ ਆਇੰਦਾ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦਾ ਲੈਂਦੇ ਰਹੇ ਖ਼ੁਆਬ, ਸੋ ਖ਼ੈਰਖ਼ਾਹ ਆਪਣਾ ਰੂਪ ਵਟਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਸਦਾ ਪਾਕ, ਪਤਤ ਪਾਪੀ ਪਾਰ ਕਰਾਇੰਦਾ । ਕਲਜੁਗ ਅੰਤ ਸਤਿਜੁਗ ਖੋਲ੍ਹੇ ਤਾਕ, ਦਰ ਦਰਵਾਜ਼ਾ ਇਕ ਵਖਾਇੰਦਾ । ਪੂਰਾ ਕਰੇ ਭਵਿਖਤ ਵਾਕ, ਭਵਿਸ਼ ਆਪਣੇ ਹੱਥ ਰਖਾਇੰਦਾ । ਸੰਤ ਸੁਹੇਲੇ ਸੱਚੇ ਸਾਕ, ਸੱਜਣ ਗੁਰਮੁਖ ਆਪ ਬਣਾਇੰਦਾ । ਕਾਇਆ ਮਾਟੀ ਵੇਖ ਹਾਟ, ਵਸਤ ਅਮੋਲਕ ਵਿਚ ਟਿਕਾਇੰਦਾ । ਗੁਪਤ ਹੋ ਕੇ ਕਰੇ ਬਾਤ, ਜ਼ਾਹਰ ਹੋ ਕੇ ਜ਼ਾਰੋ ਜ਼ਾਰ ਰੁਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੂੜੀ ਕਿਰਿਆ ਮੇਟ ਮਿਟਾਇੰਦਾ । ਕੂੜੀ ਕਿਰਿਆ ਮਿਟੇ ਧੰਦਾ, ਕਲ ਅੰਤ ਰਹਿਣ ਨਾ ਪਾਈਆ । ਬੰਦਗੀ ਲੱਗੇ ਬੰਦਗੀ ਵਾਲਾ ਬੰਦਾ, ਬੰਦੀਖ਼ਾਨਾ ਦਏ ਤੁੜਾਈਆ । ਸਤਿਗੁਰੂ ਦੁਆਰੇ ਕੋਈ ਨਾ ਰਹੇ ਗੰਦਾ, ਸਚ ਸੁਗੰਧ ਇਕ ਵਖਾਈਆ । ਘਰ ਪਰਕਾਸ਼ ਕਰੇ ਨਵ ਚੰਦਾ, ਚੰਦ ਚਾਂਦਨੀ ਆਪ ਚਮਕਾਈਆ । ਭੇਵ ਖੁਲ੍ਹਾਏ ਖੰਡ ਬ੍ਰਹਿਮੰਡਾ, ਬ੍ਰਹਿਮੰਡ ਖੰਡ ਘਰ ਘਰ ਦਏ ਵਖਾਈਆ । ਸ੍ਰਿਸ਼ਟ ਸਬਾਈ ਗਾਏ ਇਕੋ ਛੰਦਾ, ਇਕੋ ਢੋਲਾ ਰਾਗ ਅਲਾਈਆ । ਮਨਮੁਖ ਨੇਤਰਹੀਣ ਕੋਈ ਨਾ ਰਹੇ ਅੰਧਾ, ਅੰਧ ਅੰਧੇਰ ਸਰਬ ਗਵਾਈਆ । ਸ਼ਬਦ ਗੁਰ ਸ਼ਬਦ ਵਖਾਏ ਇਕੋ ਡੰਡਾ, ਲੱਖ ਚੁਰਾਸੀ ਸੀਸ ਲਗਾਈਆ । ਤਿੱਖੀ ਧਾਰ ਜਣਾਏ ਖੰਡਾ, ਲੋਹਾਰ ਤਰਖਾਣ ਨਾ ਕੋਇ ਘੜਾਈਆ । ਗੁਰਮੁਖ ਕੋਈ ਨਾ ਰਹੇ ਰੰਡਾ, ਹਰਿ ਕੰਤ ਲਏ ਪਰਨਾਈਆ । ਮੇਲ ਮਿਲਾਏ ਸੂਰਾ ਸਰਬੰਗਾ, ਮਿਲਣੀ ਇਕੋ ਘਰ ਵਖਾਈਆ । ਮੰਦਿਉਂ ਕਰੇ ਚੰਗਾ, ਪੂਰੇ ਸਤਿਗੁਰ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਬਣ ਬਣ ਮਿਤ, ਭਗਤ ਵਛਲ ਗਿਰਵਰ ਗਿਰਧਾਰ, ਠਾਕਰ ਸੁਆਮੀ ਮੀਤ ਮੁਰਾਰ, ਸ੍ਰਿਸ਼ਟ ਸਬਾਈ ਜੀਵ ਜੰਤ ਸਾਧ ਸੰਤ ਸ੍ਰੀ ਭਗਵੰਤ ਹਰਿ ਕੰਤ ਨਜ਼ਰੀ ਆਈਆ ।

੨੦੬
੧੫

✪ ੩ ਭਾਦਰੋ ੨੦੨੦ ਬਿਕ੍ਰਮੀ ਮਾਂਗਾ ਸਰਾਏ ਸੁਰਜਨ ਸਿੰਘ ਮਹਿੰਦਰ ਸਿੰਘ ਗੁਰਬਚਨ ਸਿੰਘ ਬਸੰਤ ਕੌਰ ਜ਼ਿਲਾ ਅੰਮ੍ਰਿਤਸਰ ✪

ਸਤਿਜੁਗ ਕਹੇ ਉਠ ਤ੍ਰੇਤਾ, ਨੇਤਰ ਨੈਣ ਅੱਖ ਖੁਲ੍ਹਾਈਆ । ਪਾਰਬ੍ਰਹਮ ਪ੍ਰਭ ਵੇਖ ਇਕੋ ਨੇਤਾ, ਦੋ ਜਹਾਨਾਂ ਵਾਲੀ ਨਜ਼ਰੀ ਆਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਪੂਰਬ ਕਰਾਏ ਚੇਤਾ, ਪਿਛਲਾ ਲੇਖਾ ਰਿਹਾ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਖੇਲ੍ਹਣਹਾਰਾ ਭੇਤਾ, ਅਨਭਵ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਵਿਚੋ ਜਨ ਭਗਤਾਂ ਨਾਲ ਕਰੇ ਹੇਤਾ, ਪ੍ਰੇਮ ਪ੍ਰੀਤੀ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਰਚਾਈਆ । ਤ੍ਰੇਤਾ ਕਹੇ ਉਠ ਦਵਾਪਰ, ਦੋਏ ਦੋਏ ਧਾਰ ਪ੍ਰਭੂ ਜਣਾਈਆ । ਦੋ ਜਹਾਨਾਂ ਕੀ ਰਿਹਾ ਵਾਪਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਮਝ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗੰਬਰ ਨਾਮ ਸੰਦੇਸਾ ਦੇ ਦੇ ਗਏ ਪਾਤਰ, ਬੋਧ ਅਗਾਧ ਲੇਖ ਲਿਖਾਈਆ । ਚਾਰ ਵਰਨ ਅਠਾਰਾਂ ਬਰਨ ਨੌ ਖੰਡ ਪ੍ਰਿਥਮੀ ਸੱਤ ਦੀਪ ਬਣਿਆ ਚਾਤਰ, ਨਿਰਗੁਣ ਸਮਝ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਸਾਚੇ ਅਸਵ ਪਾਵੇ ਪਾਖਰ, ਸੋਲਾਂ ਕਲੀਆਂ ਇਕ ਸ਼ਿੰਗਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦੁਆਪਰ ਕਹੇ ਉਠ ਕਲਜੁਗ, ਕਲ ਕਾਤੀ ਵੇਖ ਵਖਾਈਆ । ਤੇਰੀ ਔਧ ਰਹੀ ਪੁਗ, ਵੇਲਾ ਵਕਤ ਵਿਹਾਈਆ । ਸਚ ਨਾ ਦਿਸੇ ਕੋਈ ਰੁੱਤ, ਰੁਤੜੀ ਨਾਮ ਨਾ ਕੋਇ ਮਹਿਕਾਈਆ । ਚਾਰ ਕੁੰਟ ਦਿਸੇ ਭੁੱਖ, ਹਰਿ ਕਾ ਨਾਮ ਝੋਲੀ ਕੋਇ ਨਾ ਪਾਈਆ । ਉਜਲ ਕਰੇ ਨਾ ਕੋਈ ਮੁਖ, ਦੁਰਮਤ ਮੈਲ ਨਾ ਕੋਇ ਧਵਾਈਆ । ਸਤਿ ਸਰੂਪ ਨਜ਼ਰ ਨਾ ਆਏ ਕੋਈ ਮਨੁੱਖ, ਮਾਣਸ ਬੈਠੇ ਭੇਵ ਗਵਾਈਆ । ਵੇਖਣਹਾਰਾ ਸਾਹਿਬ ਸਵਾਮੀ ਅਬਿਨਾਸ਼ੀ ਅਚੁੱਤ, ਚੇਤਨ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਸਮਝਾਈਆ । ਕਲਜੁਗ ਕਹੇ ਸਤਿਜੁਗ ਮੀਤ, ਮਿੱਤਰ ਪਿਆਰੇ ਤੇਰੀ ਵਡ ਵਡਿਆਈਆ । ਕੂੜ ਕੁੜਿਆਰੀ ਮੇਰੀ ਰੀਤ, ਜਨ ਭਗਤਾਂ ਪ੍ਰੀਤ ਨਾ ਕੋਇ ਲਗਾਈਆ । ਕਾਇਆ ਹੋਇ ਨਾ ਠਾਂਡੀ ਸੀਤ, ਅਗਨੀ ਤਤ ਨਾ ਕੋਇ ਬੁਝਾਈਆ । ਹਰਿ ਕਾ ਨਾਮ ਕਿਸੇ ਹੱਥ ਨਾ ਆਏ ਮੰਦਰ ਮਸੀਤ, ਮੁੱਲਾਂ ਸ਼ੇਖ਼ ਮਸਾਇਕ ਪੰਡਤ ਪਾਂਧੇ ਰਹੇ ਕੁਰਲਾਈਆ । ਨਿਰਵੈਰ ਪੁਰਖ ਦੀਨ ਦਿਆਲ ਕਰਨ ਸਰਬ ਉਡੀਕ, ਗੁਰ ਅਵਤਾਰ ਬੈਠੇ ਧਿਆਨ ਲਗਾਈਆ । ਕਵਣ ਵੇਲਾ ਪਰਗਟ ਹੋਵੇ ਲਾਸ਼ਰੀਕ, ਸ਼ਿਰਕਤ ਸਭ ਦੀ ਦਏ ਗਵਾਈਆ । ਚਾਰ ਜੁਗ ਦੀ ਵੇਖੇ ਆਦਿ ਤਾਰੀਖ਼, ਤਵਾਰੀਖ਼ ਫੋਲੇ ਥਾਉਂ ਥਾਈਂਆ । ਸ਼ਾਹ ਸੁਲਤਾਨ ਰਾਜ ਰਾਜਾਨ ਦਰ ਦਰਵੇਸ਼ ਮੰਗਣ ਭੀਖ, ਘਰ ਘਰ ਬੈਠੇ ਅਲਖ ਜਗਾਈਆ । ਸਾਚਾ ਤਾਜ ਦਿਸੇ ਨਾ ਕਿਸੇ ਸੀਸ, ਜਗਦੀਸ ਮਿਲੇ ਨਾ ਕੋਇ ਵਡਿਆਈਆ । ਕਲਮਾ ਨਬੀ ਨਾ ਕੋਇ ਹਦੀਸ, ਹਜ਼ਰਤ ਹੱਕ ਨਾ ਕੋਇ ਪੜ੍ਹਾਈਆ । ਮਨ ਵਾਸਨਾ ਲਏ ਨਾ ਕੋਇ ਜੀਤ, ਮਾਇਆ ਮਮਤਾ ਹੋਏ ਹਲਕਾਈਆ । ਆਤਮ ਪਰਮਾਤਮ ਢੋਲਾ ਗਾਏ ਕੋਇ ਨਾ ਗੀਤ, ਚੌਦਾਂ ਵਿਦਿਆ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਹਰ ਘਟ ਸੁੱਤਾ ਦੇ ਕਰ ਪੀਠ, ਕਰਵਟ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਰਤਾਈਆ । ਸਤਿਜੁਗ ਕਹੇ ਤ੍ਰੇਤੇ ਸੱਜਣ, ਹਰਿ ਸਾਚਾ ਸਚ ਜਣਾਇੰਦਾ । ਏਕਾ ਵਾਰ ਕਰ ਮਜਨ, ਸਰ ਸਰੋਵਰ ਇਕ ਨੁਹਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਸਾਚਾ ਮਾਰਗ ਆਏ ਦੱਸਣ, ਰਹਿਬਰ ਇਕੋ ਨਜ਼ਰੀ ਆਇੰਦਾ ।

ਹਰ ਹਿਰਦੇ ਅੰਦਰ ਆਏ ਵਸਣ, ਕਾਇਆ ਮੰਦਰ ਅੰਦਰ ਡੇਰਾ ਲਾਇੰਦਾ । ਤੀਰ ਨਿਰਾਲਾ ਮਾਰੇ ਕਸਣ, ਅਣਿਆਲਾ ਆਪ ਚਲਾਇੰਦਾ । ਕੂੜ ਵਿਕਾਰਾ ਚਰਨਾਂ ਹੇਠ ਆਏ ਝੱਸਣ, ਸਚ ਸੁਚ ਇਕ ਗਿਆਨ ਦ੍ਰਿੜਾਇੰਦਾ । ਨੌ ਖੰਡ ਪ੍ਰਿਥਮੀ ਦਹਿ ਦਿਸ਼ਾ ਜਨ ਭਗਤਾਂ ਪਿਛੇ ਆਏ ਨੱਠਣ, ਬਣ ਪਾਂਧੀ ਪੰਧ ਮੁਕਾਇੰਦਾ । ਲੱਖ ਚੁਰਾਸੀ ਛਾਛ ਵਰੋਲੇ ਮੱਖਣ, ਨਾਮ ਮਧਾਣਾ ਇਕੋ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਰਾਇੰਦਾ । ਤ੍ਰੇਤਾ ਕਹੇ ਦੁਆਪਰ ਸੰਗ, ਸਗਲਾ ਸੰਗੀ ਆਪ ਅਖਵਾਈਆ । ਉਠ ਵੇਖ ਵੱਜੇ ਮਰਦੰਗ, ਮਰਦ ਮਰਦਾਨਾ ਰਿਹਾ ਸੁਣਾਈਆ । ਬ੍ਰਹਿਮੰਡ ਖੰਡ ਆਇਆ ਲੰਘ, ਪੁਰੀ ਲੋਅ ਚਰਨਾਂ ਹੇਠ ਦਬਾਈਆ । ਦੋ ਜਹਾਨਾਂ ਮੇਟ ਪੰਧ, ਦਰ ਘਰ ਸਾਚੇ ਸੋਭਾ ਪਾਈਆ । ਆਤਮ ਪਰਮਾਤਮ ਦਏ ਅਨੰਦ, ਨਿਜਾਨੰਦ ਇਕ ਸਮਝਾਈਆ । ਪਾਰਬ੍ਰਹਮ ਬ੍ਰਹਮ ਢੋਲਾ ਗਾਏ ਛੰਦ, ਤੇਰਾ ਮੇਰਾ ਰਾਗ ਅਲਾਈਆ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਖੇਲੇ ਖੇਲ ਵਿਚ ਵਰਭੰਡ, ਬ੍ਰਹਿਮੰਡ ਖੋਜ ਖੁਜਾਈਆ । ਗੁਰਮੁਖ ਵੇਖੇ ਨੂਰੀ ਚੰਦ, ਚੰਦ ਚਾਂਦਨੀ ਮੁੱਖ ਸਰਮਾਈਆ । ਆਤਮ ਸੇਜ ਸੁਹਾਏ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਕਮਾਈਆ । ਦੁਆਪਰ ਕਹੇ ਕਲਜੁਗ ਉਠ, ਨੇਤਰ ਨੈਣ ਉਘਾੜ । ਅਬਿਨਾਸ਼ੀ ਕਰਤਾ ਰਿਹਾ ਤੁਠ, ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ । ਨਾਲ ਰਲਾਇਆ ਗੋਬਿੰਦ ਸੁੱਤ, ਸ਼ਬਦ ਅਗੰਮੀ ਖੇਲ ਅਪਾਰ । ਕਰੇ ਖੇਲ ਅਬਿਨਾਸ਼ੀ ਅਚੁੱਤ, ਨਿਰਗੁਣ ਦਾਤਾ ਵਡ ਬਲਕਾਰ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋ ਰਿਹਾ ਪੁੱਛ, ਚਾਰ ਜੁਗ ਦਾ ਲੇਖਾ ਦਿਓ ਵਖਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਕਲਜੁਗ ਕਹੇ ਸਤਿਜੁਗ ਸਾਥੀ, ਸਗਲਾ ਸੰਗ ਨਿਭਾਈਆ । ਤੇਰਾ ਮੇਲ ਪੁਰਖ ਅਬਿਨਾਸ਼ੀ, ਦਰ ਘਰ ਸਾਚੇ ਸੋਭਾ ਪਾਈਆ । ਮੰਡਲ ਪਾਵੇ ਇਕੋ ਰਾਸੀ, ਗੋਪੀ ਕਾਹਨ ਨਚਾਈਆ । ਨਿਰਮਲ ਜੋਤ ਕਰੇ ਪਰਕਾਸੀ, ਪਰਕਾਸਵਾਨ ਬੇਪਰਵਾਹੀਆ । ਲੱਖ ਚੁਰਾਸੀ ਕਰੇ ਬੰਦ ਖ਼ੁਲਾਸੀ, ਬੰਦੀਖ਼ਾਨਾ ਤੋੜ ਤੁੜਾਈਆ । ਜੁਗ ਚੌਕੜੀ ਕਰਨਹਾਰਾ ਰਾਖੀ, ਤੇਰਾ ਸਾਥੀ ਇਕੋ ਨਜ਼ਰੀ ਆਈਆ । ਮਿਹਰਵਾਨ ਹੋ ਕੇ ਮੰਨ ਮੇਰੀ ਆਖੀ, ਆਖ਼ਰ ਤੇਰੇ ਨਾਲ ਜੋੜਾ ਲਿਆ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਸਮਝਾਈਆ । ਸਤਿਜੁਗ ਕਹੇ ਤ੍ਰੇਤੇ ਜਾਗ, ਤ੍ਰੈਗੁਣ ਅਤੀਤਾ ਖੇਲ ਕਰਾਇੰਦਾ । ਸਚ ਮਹੱਲੇ ਲਾਇਆ ਭਾਗ, ਦਰ ਘਰ ਸੱਚਾ ਇਕ ਵਸਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰ ਨਾ ਕੋਇ ਰਖਾਇੰਦਾ । ਸ਼ਬਦ ਅਗੰਮੀ ਗਾਏ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਚਾਰ ਵਰਨ ਬਣਾਏ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਰੰਗ ਰੰਗਾਇੰਦਾ । ਨਾਮ ਨਿਧਾਨਾ ਦੇਵੇ ਦਾਤ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਚ ਪ੍ਰੀਤੀ ਬੰਨ੍ਹੇ ਨਾਤ, ਨਾਤਾ ਬਿਧਾਤਾ ਵੇਖ ਵਖਾਇੰਦਾ । ਨਜ਼ਰੀ ਆਏ ਇਕ ਇਕਾਂਤ, ਸਚਖੰਡ ਨਿਵਾਸੀ ਦਰ ਘਰ ਸਾਚੇ ਆਸਣ ਲਾਇੰਦਾ । ਖੋਲ੍ਹਣਹਾਰਾ ਬੰਦ ਤਾਕ, ਬਜਰ ਕਪਾਟੀ ਤੋੜ ਤੁੜਾਇੰਦਾ । ਪੂਰਾ ਕਰੇ ਭਵਿਖਤ ਵਾਕ, ਲੇਖਾ ਆਪਣੇ ਹੱਥ ਰਖਾਇੰਦਾ । ਦੇਵੇ ਦਰਸ ਬਣ ਸੱਜਣ ਸਾਕ, ਸਗਲਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਤ੍ਰੇਤਾ ਕਹੇ ਦੁਆਪਰ ਝਾਕ, ਪੜਦਾ ਇਕ ਉਠਾਈਆ । ਅਬਿਨਾਸ਼ੀ ਕਰਤਾ ਕਰੇ ਖੇਲ ਤਮਾਸ਼, ਖ਼ਾਲਕ ਖ਼ਲਕ ਵੇਖ ਵਖਾਈਆ । ਆਦਿ ਜੁਗਾਦਿ


੨੦੮ ੧੫

ਜੁਗ ਚੌਕੜੀ ਨਿਰਗੁਣ ਸਰਗੁਣ ਦੇਵੇ ਸਾਥ, ਸਮਰਥ ਪੁਰਖ ਵੱਡੀ ਵਡਿਆਈਆ । ਆਤਮ ਪਰਮਾਤਮ ਜੋੜੇ ਨਾਤ, ਘਰ ਸਾਚੇ ਮੇਲ ਮਿਲਾਈਆ । ਰਹਿਣ ਨਾ ਦੇਵੇ ਮਨਮਤ ਕਮਜ਼ਾਤ, ਗੁਰਮਤ ਇਕੋ ਕਰੇ ਪੜ੍ਹਾਈਆ । ਕੂੜੀ ਮੇਟੇ ਅੰਧੇਰੀ ਰਾਤ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਖੋਲ੍ਹਣਹਾਰਾ ਬੰਦ ਤਾਕ, ਪਰਦਾ ਆਪਣਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਰਿਹਾ ਸਮਝਾਈਆ । ਦੁਆਪਰ ਕਹੇ ਕਲਜੁਗ ਕੁਲਵੰਤ, ਕੁਲਧਾਰੀ ਵੇਖ ਵਖਾਈਆ । ਲੱਖ ਚੁਰਾਸੀ ਜਿਸ ਉਪਾਇਆ ਜੀਵ ਜੰਤ, ਅੰਡਜ ਜੇਰਜ ਉਤਭੁਜ ਸੇਤਜ ਰਿਹਾ ਸਮਾਈਆ । ਸਤਿਜੁਗ ਤ੍ਰੇਤਾ ਦੁਆਪਰ ਜਣੌਂਦਾ ਰਿਹਾ ਨਾਮ ਮੰਤ, ਮੰਤਰ ਆਪਣਾ ਨਾਮ ਸਮਝਾਈਆ । ਆਤਮ ਪਰਮਾਤਮ ਬਣਦਾ ਰਿਹਾ ਨਾਰ ਕੰਤ, ਘਰ ਸੱਜਣ ਸੇਜ ਹੰਡਾਈਆ । ਭੇਵ ਖੁਲੌਂਦਾ ਰਿਹਾ ਸਾਚੇ ਸੰਤ, ਭਗਤ ਭਗਵਾਨ ਕਰ ਪੜ੍ਹਾਈਆ । ਗੁਰ ਅਵਤਾਰਾਂ ਬਣੌਂਦਾ ਰਿਹਾ ਬਣਤ, ਪੀਰ ਪੈਗ਼ੰਬਰ ਨਾਲ ਰਲਾਈਆ । ਨਾਮ ਨਿਧਾਨਾ ਵਜੌਂਦਾ ਰਿਹਾ ਸੰਖ, ਅਨਹਦ ਨਾਦੀ ਨਾਦ ਸੁਣਾਈਆ । ਜੁਗ ਚੌਕੜੀ ਕਰਦਾ ਰਿਹਾ ਅੰਤ, ਥਿਰ ਕੋਇ ਰਹਿਣ ਨਾ ਪਾਈਆ । ਆਪਣੀ ਮਹਿਮਾ ਦੱਸੇ ਅਗਣਤ, ਲੇਖਾ ਲਿਖ ਸਕੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰੇ ਜੁਗ ਨੇਤਰ ਨੈਣ ਰਿਹਾ ਖੁਲ੍ਹਾਈਆ । ਚਾਰੇ ਜੁਗ ਕਰਨ ਸਲਾਹ, ਇਕ ਦੂਜੇ ਨਾਲ ਮਤਾ ਪਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਲਓ ਧਿਆ, ਅੰਤਰ ਇਕ ਧਿਆਨ ਲਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਬਣਾਓ ਗਵਾਹ, ਸ਼ਹਾਦਤ ਦੇਣ ਥਾਉਂ ਥਾਈਂਆ । ਕਲਜੁਗ ਜੀਵ ਭੁੱਲੇ ਪ੍ਰਭ ਕਾ ਨਾਂ, ਨਾਉਂ ਨਿਰੰਕਾਰਾ ਨਜ਼ਰ ਕਿਸੇ ਨਾ ਆਈਆ । ਕੋਈ ਖਾਏ ਸੂਰ ਕੋਈ ਖਾਏ ਗਾਂ, ਮਨ ਵਾਸਨਾ ਸਕੇ ਨਾ ਕੋਇ ਮਿਟਾਈਆ । ਕਾਇਆ ਮੰਦਰ ਅੰਦਰ ਸਚ ਭੂਮਿਕਾ ਦਿਸੇ ਨਾ ਕੋਇ ਥਾਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਚਾਰੇ ਜੁਗ ਹੋ ਇਕੱਠੇ, ਏਕਾ ਏਕ ਧਿਆਨ ਲਗਾਈਆ । ਖਾਣੀ ਬਾਣੀ ਧੁਰ ਦੀ ਦੇਂਦੇ ਰਹੇ ਪਤੇ, ਪਤਿਪਰਮੇਸ਼ਵਰ ਹੁਕਮ ਸੁਣਾਈਆ । ਭਗਤ ਭਗਵਾਨ ਉਪਰ ਪ੍ਰੀਤੀ ਵਿਰਲੇ ਰੱਤੇ, ਰੱਤੀ ਰਤ ਜਿਨ੍ਹਾਂ ਸੁਕਾਈਆ । ਸਚ ਸਰਨਾਈ ਏਕਾ ਢੱਠੇ, ਦੂਜੀ ਓਟ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਲੇਖ ਮੁਕਾਈਆ । ਸਤਿਜੁਗ ਕਹੇ ਮੈਂ ਹੋਇਆ ਪਾਰ, ਪਾਰ ਕਿਨਾਰਾ ਪ੍ਰਭੂ ਕਰਾਈਆ । ਮੇਰੇ ਅੰਤਰ ਅਠਾਰਾਂ ਅਵਤਾਰ, ਅੱਠ ਦਸ ਢੋਲਾ ਗਏ ਗਾਈਆ । ਤ੍ਰੇਤਾ ਕਹੇ ਖੇਲ ਕਰੇ ਕਰਤਾਰ, ਕੁਦਰਤ ਕਰਤਾ ਵੇਖ ਵਖਾਈਆ । ਲਹਿਣਾ ਦੇਣਾ ਚੁਕਾਏ ਵਿਚ ਸੰਸਾਰ, ਵਡ ਸੰਸਾਰੀ ਬੇਪਰਵਾਹੀਆ । ਦੋਏ ਦੋਏ ਰੂਪ ਧਰ ਨਿਰੰਕਾਰ, ਨਿਰਗੁਣ ਸਰਗੁਣ ਕਰੀ ਕੁੜਮਾਈਆ । ਅੰਤਮ ਸਭ ਨੂੰ ਆਈ ਹਾਰ, ਜਿਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਈਆ । ਦੁਆਪਰ ਕਹੇ ਪ੍ਰਭ ਖੇਲ ਅਗੰਮ, ਹਰਿ ਕਰਤਾ ਆਪ ਕਰਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਫੇਰਾ ਪਾਇੰਦਾ । ਪਵਣ ਸਵਾਸ ਨਾ ਕੋਇ ਦਮ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਹੱਡ ਮਾਸ ਨਾੜੀ ਨਾ ਕੋਇ ਚੰਮ, ਰਕਤ ਬੂੰਦ ਨਾ ਵੰਡ ਵੰਡਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਰੰਗ ਨਾ ਕੋਇ ਰੰਗਾਇੰਦਾ । ਮਾਤ ਪਿਤ ਨਾ ਜਨਨੀ ਜਨ, ਗੋਦੀ ਗੋਦ ਨਾ ਕੋਇ ਰਖਾਇੰਦਾ । ਨਾ ਘੜੇ ਨਾ ਕੋਈ ਦੇਵੇ ਭੰਨ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਜੁਗ ਚੌਕੜੀ


੨੦੯ ੧੫

ਗੁਰ ਅਵਤਾਰ ਘੱਲ, ਸਚ ਸੰਦੇਸਾ ਇਕ ਸੁਣਾਇੰਦਾ । ਦੋਏ ਦੋਏ ਰੂਪ ਖੇਲ ਪਰਬਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੁਆਪਰ ਲੇਖਾ ਆਪ ਮੁਕਾਇੰਦਾ । ਕਲਜੁਗ ਕੂਕੇ ਕੂਕ ਪੁਕਾਰ, ਉਚੀ ਉਚੀ ਆਖ ਸੁਣਾਈਆ । ਹਰਿ ਕਾ ਖੇਲ ਕੋਈ ਨਾ ਪਾਵੇ ਸਾਰ, ਮਹਾਂਸਾਰਥੀ ਬੇਪਰਵਾਹੀਆ । ਹੁਕਮੇ ਅੰਦਰ ਵਰਤੇ ਵਰਤਾਰ, ਵਾਰਤਾ ਆਪਣੀ ਦਏ ਜਣਾਈਆ । ਬੋਧ ਬੋਧਾ ਭੇਵ ਨਿਆਰ, ਨਾਦ ਅਨਾਦਾ ਨਾਦ ਵਜਾਈਆ । ਈਸਾ ਮੂਸਾ ਮੂਸਾ ਈਸਾ ਖ਼ਬਰਦਾਰ, ਕਲਮਾ ਨਬੀ ਇਕ ਪੜ੍ਹਾਈਆ । ਲੇਖਾ ਜਾਣ ਮੁਹੰਮਦ ਯਾਰ, ਜਲਵਾ ਨੂਰ ਨੂਰ ਇਲਾਹੀਆ । ਨਾਨਕ ਗੋਬਿੰਦ ਏਕਾ ਧਾਰ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਸੇਵਾ ਸਰਬ ਲਗਾਈਆ । ਜੁਗ ਚੌਕੜੀ ਸੇਵਾਦਾਰ, ਚਾਕਰ ਚਾਕਰੀ ਸਰਬ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਣਨ ਪਨਹਾਰ, ਦਰ ਦਰ ਘਰ ਘਰ ਆਪ ਫਿਰਾਇੰਦਾ । ਗੁਰ ਅਵਤਾਰ ਬੋਲ ਜੈਕਾਰ, ਧੁਰ ਸੰਦੇਸਾ ਨਾਮ ਸੁਣਾਇੰਦਾ । ਪੀਰ ਪੈਗੰਬਰ ਉਚੀ ਕੂਕ ਕੂਕ ਵਾਜਾਂ ਰਹੇ ਮਾਰ, ਹੱਕ ਹਕੀਕਤ ਸਰਬ ਸਮਝਾਇੰਦਾ । ਨਾਨਕ ਮੰਤਰ ਦੱਸਿਆ ਏਕਾ ਵਾਰ, ਨਾਮ ਸਤਿ ਸਰਬ ਪੜ੍ਹਾਇੰਦਾ । ਗੋਬਿੰਦ ਬੋਲ ਫਤਹਿ ਜੈਕਾਰ, ਡੰਕਾ ਇਕੋ ਇਕ ਵਜਾਇੰਦਾ । ਜੁਗ ਚੌਕੜੀ ਮੰਗਦੇ ਗਏ ਬਣ ਭਿਖਾਰ, ਦੋਏ ਦੋਏ ਜੋੜ ਵਾਸਤਾ ਸਰਬ ਪਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਚੌਥੇ ਜੁਗ ਆਵੇ ਪਰਵਰਦਿਗਾਰ, ਜਲਵਾ ਨੂਰ ਨੂਰ ਪਰਗਟਾਇੰਦਾ । ਮੁਕਾਮੇ ਹੱਕ ਹੱਕ ਦੀਦਾਰ, ਦੇਵਣਹਾਰ ਆਪ ਕਰਤਾਰ, ਕਰਨੀ ਕਰਤਾ ਆਪ ਕਮਾਇੰਦਾ । ਸੰਬਲ ਸੁਹਾਏ ਬੰਕ ਦੁਆਰ, ਮਹੱਲ ਅਟੱਲ ਉਚ ਮਨਾਰ, ਟਿੱਲਾ ਪਰਬਤ ਭੇਵ ਕੋਇ ਨਾ ਪਾਇੰਦਾ । ਸ਼ਬਦ ਅਨਾਦ ਬੋਲੇ ਜੈਕਾਰ, ਪੁਰੀਆਂ ਲੋਆਂ ਪਾਵੇ ਸਾਰ, ਚੌਦਾਂ ਚੌਦਾਂ ਲੋਕਾਂ ਖੋਲ੍ਹ ਕਿਵਾੜ, ਚੌਦਾਂ ਤਬਕਾਂ ਦਏ ਵਖਾਲ, ਬੇਨਜ਼ੀਰ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਹੋ ਕੇ ਬਣੇ ਦਲਾਲ, ਸੰਤ ਸੁਹੇਲੇ ਲਏ ਉਠਾਲ, ਗੁਰ ਚੇਲੇ ਮੇਲੇ ਆਣ, ਭਗਤ ਭਗਵਾਨ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆਵ । ਕਲਜੁਗ ਅੰਤ ਚੁਕਾਏ ਕਾਣ, ਕੂੜੀ ਕਿਰਿਆ ਮਿਟੇ ਨਿਸ਼ਾਨ, ਸਚ ਸੁਚ ਕਰੇ ਪਰਧਾਨ, ਸਾਚੀ ਸਿਖਿਆ ਇਕ ਸਮਝਾਈਆ । ਦੋ ਜਹਾਨਾਂ ਬਣ ਕੇ ਕਾਹਨ, ਧਰਮ ਉਠਾਏ ਇਕ ਨਿਸ਼ਾਨ, ਬ੍ਰਹਿਮੰਡਾਂ ਖੰਡਾਂ ਪਾਵੇ ਆਣ, ਵਰਭੰਡ ਏਕਾ ਹੁਕਮ ਮਨਾਈਆ । ਦਾਤਾ ਸੂਰਬੀਰ ਬਲਵਾਨ, ਜੋਧਾ ਇਕੋ ਨੌਜਵਾਨ, ਸ਼ਬਦ ਖੰਡਾ ਤੀਰ ਕਮਾਨ, ਚਿੱਲਾ ਭੱਥਾ ਆਪਣਾ ਨਾਉਂ ਜਣਾਈਆ । ਨਿਰਗੁਣ ਨੂਰ ਸ਼ਾਹ ਸੁਲਤਾਨ, ਪਰਗਟ ਹੋ ਅਗੰਮੀ ਰਾਮ, ਦਾਮਨਗੀਰ ਪਕੜੇ ਦਾਮ, ਜ਼ਾਮਨ ਇਕੋ ਨਜ਼ਰੀ ਆਈਆ । ਅਬਿਨਾਸ਼ੀ ਕਰਤਾ ਸਾਚਾ ਕਾਹਨ, ਲੇਖਾ ਜਾਣੇ ਦੋ ਜਹਾਨ, ਬੰਸਰੀ ਵਜਾਏ ਨਾਮ ਮਹਾਨ, ਧੁਨ ਅਨਾਦ ਇਕੋ ਇਕ ਸ਼ਨਵਾਈਆ । ਪਿਤਾ ਪੂਤ ਵੇਖੇ ਆਣ, ਈਸਾ ਮੰਗਿਆ ਏਕਾ ਦਾਨ, ਪਰਵਰਦਿਗਾਰ ਖੇਲ ਕਰੇ ਮਹਾਨ, ਜਲਵਾ ਨੂਰ ਨੂਰ ਪਰਗਟਾਇੰਦਾ । ਮੁਹੰਮਦ ਲੇਖਾ ਲਏ ਜਾਣ, ਅਮਾਮ ਅਮਾਮਾਂ ਹੋ ਪਰਧਾਨ, ਸਦੀ ਚੌਧਵੀਂ ਖੇਲ ਮਹਾਨ, ਖ਼ਾਲਕ ਖ਼ਲਕ ਪੜਦਾ ਲਾਹਿੰਦਾ । ਨਾਨਕ ਨਿਰਗੁਣ ਵੇਖੇ ਮਾਰ ਧਿਆਨ, ਸਚਖੰਡ ਦੁਆਰ ਸੋਹੇ ਇਕ ਮਕਾਨ, ਪੁਰਖ ਅਬਿਨਾਸ਼ੀ ਦੇਵੇ ਧੁਰ ਫ਼ਰਮਾਨ, ਸਚ ਸੰਦੇਸਾ ਨਾਮ ਸੁਣਾਇੰਦਾ । ਗੋਬਿੰਦ ਸੂਰਾ ਬਣ ਕੇ ਪੁੱਤ, ਗੋਦ ਸੁਹੰਜਣੀ ਇਕ ਸੁਹਾਈਆ । ਅੰਦਰ ਵੜ ਕੇ ਲਏ ਪੁੱਛ, ਪੁਰਖ ਅਕਾਲ ਭੇਵ ਖੁਲ੍ਹਾਈਆ । ਕਵਣ ਵੇਲਾ ਨਿਰਗੁਣ ਹੋ ਸੁਹਾਏ ਰੁੱਤ, ਨਿਰਵੈਰ ਆਪਣਾ ਫੇਰਾ ਪਾਈਆ । ਜੋਤੀ ਧਾਰੋ ਪਏ ਉਠ, ਨਾ ਕੋਈ ਪਿਤਾ ਨਾ ਕੋਈ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੰਗਣ, ਦੋਏ ਦੋਏ ਜੋੜ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਲਾਏ ਅੰਗਨ, ਅੰਗੀਕਾਰ ਇਕ ਅਖਵਾਈਆ । ਸਚ ਅਨੰਦ ਦੇਵੇਂ ਅਨੰਦਨ, ਅਨੰਦ ਆਪਣੇ ਵਿਚੋ ਪਰਗਟਾਈਆ । ਜਗਤ ਨਾਤਾ ਤੁੱਟੇ ਬੰਧਨ, ਬੰਦਗੀ ਤੇਰੀ ਵਿਚ ਸਮਾਈਆ । ਤੇਰਾ ਢੋਲਾ ਇਕੋ ਛੰਦਨ, ਗਾ ਗਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇ ਖੁਲ੍ਹਾਈਆ । ਚਾਰ ਜੁਗ ਦੇ ਗੁਰ ਅਵਤਾਰ, ਤੇਈ ਅਵਤਾਰ ਧਿਆਨ ਲਗਾਈਆ । ਭਗਤ ਅਠਾਰਾਂ ਕਰਨ ਪੁਕਾਰ, ਪੁਨਹ ਪੁਨਹ ਸੀਸ ਝੁਕਾਈਆ । ਈਸਾ ਮੂਸਾ ਮੁਹੰਮਦ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਕਵਣ ਵੇਲਾ ਪ੍ਰਭ ਪੜਦਾ ਦੇਵੇਂ ਪਾੜ, ਮੁਖ ਨਕਾਬ ਨਜ਼ਰ ਨਾ ਆਈਆ । ਨਾਨਕ ਗੋਬਿੰਦ ਮੰਗੇ ਪਿਆਰ, ਚਰਨ ਧੂੜ ਸੱਚੀ ਸਰਨਾਈਆ । ਤੇਰਾ ਖੇਲ ਪੁਰਖ ਅਕਾਲ, ਜੁਗ ਚੌਕੜੀ ਸਮਝ ਕੋਇ ਨਾ ਪਾਈਆ । ਤੇਰੀ ਮਹਿਮਾਂ ਗਾ ਗਾ ਹੋਏ ਬੇਹਾਲ, ਸਿਫ਼ਤੀ ਤੇਰੀ ਸਿਫ਼ਤ ਨਾ ਕੋਇ ਸੁਣਾਈਆ । ਨਿਤ ਨਵਿਤ ਅਵੱਲੜੀ ਚਾਲ, ਚਾਲ ਨਿਰਾਲੀ ਆਪਣੇ ਵਿਚ ਛੁਪਾਈਆ । ਸਚ ਸੰਦੇਸਾ ਦੇ ਗੋਪਾਲ, ਪਾਰਬ੍ਰਹਮ ਪ੍ਰਭ ਤੇਰੀ ਵਡ ਵਡਿਆਈਆ । ਕਵਣ ਵੇਲਾ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲਏਂ ਸੰਭਾਲ, ਸੰਬਲ ਆਪਣਾ ਡੇਰਾ ਲਾਈਆ । ਲੇਖਾ ਚੁੱਕੇ ਸ਼ਾਹ ਕੰਗਾਲ, ਜ਼ਾਤ ਪਾਤ ਊਚ ਨੀਚ ਰਹਿਣ ਕੋਇ ਨਾ ਪਾਈਆ । ਚਾਰ ਵਰਨਾਂ ਦਿਸੇ ਇਕੋ ਧਰਮਸਾਲ, ਸ਼ਿਵਦਵਾਲਾ ਮੱਠ ਇਕੋ ਘਰ ਵਖਾਈਆ । ਦਿਵਸ ਰੈਣ ਬਣੇਂ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਚੱਲੇ ਨਾਲ ਨਾਲ, ਜਗਤ ਵਛੋੜਾ ਨਜ਼ਰ ਕੋਇ ਨਾ ਆਈਆ । ਤੇਰੇ ਨਾਮ ਦਾ ਵੱਜੇ ਤਾਲ, ਅਨਹਦ ਨਾਦੀ ਨਾਦ ਸੁਣਾਈਆ । ਅੰਮ੍ਰਿਤ ਆਤਮ ਦੇਣਾ ਪਿਆਲ, ਅਠਸਠ ਖਹਿੜਾ ਦੇਣਾ ਛੁਡਾਈਆ । ਸਾਚਾ ਮੰਦਰ ਵਖਾਉਣਾ ਇਕੋ ਧਰਮਸਾਲ, ਸਾਢੇ ਤਿੰਨ ਹੱਥ ਸੋਭਾ ਪਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇਂ ਰੁਸ਼ਨਾਈਆ । ਆ ਕੇ ਪੁੱਛੇਂ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਭਗਤ ਭਗਵੰਤ ਲਏਂ ਉਠਾਲ, ਲੱਖ ਚੁਰਾਸੀ ਵਿਚੋ ਖੋਜ ਖੁਜਾਈਆ । ਗੁਰਮੁਖ ਵੇਖੇਂ ਆਪਣੇ ਲਾਲ, ਗੁਰ ਗੁਰ ਗੋਦ ਉਠਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰੇ ਇਕੋ ਵਾਰ ਕਰਨ ਸਵਾਲ, ਬਣ ਸਵਾਲੀ ਮੰਗ ਮੰਗਾਈਆ । ਕਿਰਪਾ ਕਰ ਦੀਨ ਦਿਆਲ, ਦੀਨ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਹਿਬ ਤੇਰੀ ਸਚ ਸਰਨਾਈਆ । ਚਾਰੇ ਜੁਗ ਕੱਠੇ ਰੋਵਣ, ਨੇਤਰ ਨੈਣਾਂ ਨੀਰ ਵਹਾਈਆ । ਗੂੜ੍ਹੀ ਨੀਂਦ ਕਦੇ ਨਾ ਸੋਵਣ, ਸੁਖ ਨਜ਼ਰ ਕੋਇ ਨਾ ਆਈਆ । ਜੁਗ ਜੁਗ ਆਪਣਾ ਬੀਜ ਬੋਵਣ, ਫਲ ਵੱਢਣ ਥਾਉਂ ਥਾਈਆ । ਕਰਮ ਧਰਮ ਦੋਵੇਂ ਢੋਵਣ, ਸਿਰ ਆਪਣਾ ਭਾਰ ਉਠਾਈਆ । ਖੁਲ੍ਹੜੇ ਕੇਸ ਸਾਰੇ ਖੋਵਣ, ਉਚੀ ਕੂਕ ਕੂਕ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਜਣਾਈਆ । ਧੁਰ ਦਾ ਲੇਖਾ ਸੁਣੋ ਏਕ, ਏਕੰਕਾਰ ਆਪ ਜਣਾਇੰਦਾ । ਚੌਥੇ ਜੁਗ ਮਿਟਣਾ ਭੇਖ, ਨਵ ਨੌਂ ਚਾਰ ਪੰਧ ਮੁਕਾਇੰਦਾ । ਅਬਿਨਾਸ਼ੀ ਕਰਤਾ ਖੇਲੇ ਖੇਡ, ਬਣ ਖਲਾਰੀ ਵੇਖ ਵਖਾਇੰਦਾ । ਗੁਰਮੁਖ ਵਿਰਲੇ ਦੇਵੇ ਆਪਣਾ ਭੇਤ, ਲੱਖ ਚੁਰਾਸੀ ਭਰਮ ਭੁਲਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਰਹੇ ਵੇਖ, ਸਚਖੰਡ ਦੁਆਰੇ ਪੜਦਾ ਆਪ ਉਠਾਇੰਦਾ ।

ਦੂਈ ਦਵੈਤੀ ਮੇਟਣਹਾਰਾ ਰੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਚਾਰ ਜੁਗ ਕਰਨ ਪੁਕਾਰ, ਦੋਏ ਜੋੜ ਵਾਸਤਾ ਪਾਈਆ । ਤੂੰ ਸਰਬ ਜੀਆਂ ਦਾ ਸਾਂਝਾ ਯਾਰ, ਬੇਐਬ ਨੂਰ ਖ਼ੁਦਾਈਆ । ਕਰ ਮੁਹੱਬਤ ਮੀਤ ਮੁਰਾਰ, ਮਹਿਬੂਬ ਸਚ ਗੋਸਾਈਆਂ । ਕਾਤਬ ਕੋਈ ਨਾ ਬਣੇ ਤੇਰਾ ਲਿਖਾਰ, ਲੇਖਾ ਲਿਖ ਨਾ ਕੋਇ ਸਮਝਾਈਆ । ਦਰ ਮੰਗਦੇ ਪੀਰ ਪੈਗ਼ੰਬਰ ਕਰ ਨਿਮਸਕਾਰ, ਨਿਊਂ ਨਿਊਂ ਸਜਦਾ ਸੀਸ ਝੁਕਾਈਆ । ਚੌਦਾਂ ਤਬਕ ਹਾਹਾਕਾਰ, ਆਬੇਹਯਾਤ ਨਾ ਕੋਇ ਪਿਆਈਆ । ਸਦੀ ਚੌਧਵੀਂ ਹੋਣ ਦੁਖਿਆਰ, ਦੁਖੀਆਂ ਦਰਦ ਨਾ ਕੋਇ ਵੰਡਾਈਆ । ਗੋਬਿੰਦ ਲੇਖਾ ਲਿਖ ਕੇ ਗਿਆ ਅਪਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਸਦੀ ਬੀਸਵੀਂ ਵਾਜਾਂ ਰਹੀ ਮਾਰ, ਪੁਰਖ ਅਕਾਲ ਮਿਲੇ ਸੱਚਾ ਮਾਹੀਆ । ਚਾਰੋ ਕੁੰਟ ਹੋਏ ਬੇਹਾਲ, ਦਹਿ ਦਿਸ਼ਾ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਾ ਅੰਤ ਅਖ਼ੀਰ, ਆਪ ਵਖਾਏ ਪੀਰਨ ਪੀਰ, ਬੇਪਰਵਾਹ ਬੇਪਰਵਾਹੀਆ । ਚਾਰੇ ਜੁਗ ਰਹੋ ਤਿਆਰ, ਸੋ ਸਾਹਿਬ ਆਪ ਸੁਣਾਈਆ । ਹਰਿ ਪੁਰਖ ਨਿਰੰਜਣ ਖੇਲ ਕਰੇ ਅਪਾਰ, ਅਪਰੰਪਰ ਆਪਣੀ ਧਾਰ ਜਣਾਈਆ । ਏਕੰਕਾਰ ਹੋਇਆ ਬੇਦਾਰ, ਗ਼ਫ਼ਲਤ ਸਭ ਦੀ ਦਏ ਗਵਾਈਆ । ਆਦਿ ਨਿਰੰਜਣ ਕਰ ਉਜਿਆਰ, ਕੂੜ ਅੰਧੇਰਾ ਦਏ ਮਿਟਾਈਆ । ਅਬਿਨਾਸ਼ੀ ਕਰਤਾ ਸਚ ਨਿਸ਼ਾਨ, ਧਰਮ ਦੁਆਰੇ ਇਕ ਝੁਲਾਈਆ । ਸ੍ਰੀ ਭਗਵਾਨ ਪਾਵੇ ਸਾਰ, ਹਰ ਘਟ ਵੇਖੇ ਥਾਉਂ ਥਾਈਆ । ਪਾਰਬ੍ਰਹਮ ਬ੍ਰਹਮ ਦਏ ਉਠਾਲ, ਸੋਇਆ ਕੋਇ ਰਹਿਣ ਨਾ ਪਾਈਆ । ਤ੍ਰੈਗੁਣ ਮਾਇਆ ਤੋੜੇ ਜੰਜਾਲ, ਪੰਜ ਤਤ ਕਰੇ ਸ਼ਨਵਾਈਆ । ਨਿਰਗੁਣ ਖੇਲ ਕਰੇ ਕਮਾਲ, ਕਾਮਲ ਮੁਰਸ਼ਦ ਆਪਣਾ ਫੇਰਾ ਪਾਈਆ । ਦੋ ਜਹਾਨਾਂ ਬਣ ਦਲਾਲ, ਵਣਜ ਵਣਜਾਰਾ ਇਕੋ ਹੱਟ ਖੁਲ੍ਹਾਈਆ । ਲੇਖਾ ਜਾਣੇ ਸ਼ਾਹ ਕੰਗਾਲ, ਸ਼ਾਹੋ ਭੂਪ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਈਆ । ਚਾਰੇ ਜੁਗ ਵਾਜਾਂ ਰਹੇ ਮਾਰ, ਆਪਣਾ ਧਿਆਨ ਲਗਾਈਆ । ਹੋਵੋ ਸਹਾਈ ਗੁਰੂ ਅਵਤਾਰ, ਪੀਰ ਪੈਗ਼ੰਬਰ ਵਡ ਵਡਿਆਈਆ । ਚਾਰੇ ਕੁੰਟ ਧੂਆਂਧਾਰ, ਜਗਤ ਅੰਧੇਰਾ ਗਿਆ ਛਾਈਆ । ਨਾ ਕੋਈ ਸੱਜਣ ਮੀਤ ਮੁਰਾਰ, ਸਾਕ ਸੈਣ ਬੰਧਪ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਕਰਿਆ ਸ਼ਿੰਗਾਰ, ਮਨ ਮਮਤਾ ਰਹੇ ਹੰਡਾਈਆ । ਧੀਆਂ ਭੈਣਾਂ ਕਰਨ ਵਪਾਰ, ਨੇਤਰ ਨੈਣ ਲਾਜ ਕੋਇ ਨਾ ਆਈਆ । ਮਾਂ ਪੁੱਤਰ ਕਰਨ ਪਿਆਰ, ਭੱਈਆ ਭੈਣ ਸੇਜ ਹੰਡਾਈਆ । ਨਜ਼ਰ ਨਾ ਆਏ ਇਕ ਨਿਰੰਕਾਰ, ਨਰ ਨਰਾਇਣ ਦਰਸ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਗਏ ਹਾਰ, ਪੜ੍ਹਿਆਂ ਪੰਧ ਨਾ ਕੋਇ ਮੁਕਾਈਆ । ਕਿਰਪਾ ਕਰ ਦੀਨ ਦਿਆਲ, ਠਾਕਰ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਧੁਰ ਸੰਦੇਸ ਇਕ ਜਣਾਈਆ । ਚਾਰੇ ਜੁਗ ਕਰੋ ਧਿਆਨ, ਨੌ ਸੌ ਚੁਰਾਨਵੇਂ ਚੌਕੜੀ ਜੁਗ ਨਾਲ ਮਿਲਾਈਆ । ਬ੍ਰਹਮਾਵੇਤਾ ਹੋਇਆ ਹੈਰਾਨ, ਚਾਰੇ ਮੁਖ ਨਾ ਕੋਇ ਖੁਲ੍ਹਾਈਆ । ਸ਼ੰਕਰ ਖ਼ਾਕ ਰਿਹਾ ਛਾਣ, ਧੂੜੀ ਟਿੱਕਾ ਮਸਤਕ ਨਾ ਕੋਇ ਰਮਾਈਆ । ਵਿਸ਼ਨੂੰ ਵਿਸ਼ਵ ਤੁਟਾ ਮਾਣ, ਸਾਂਗੋ ਪਾਂਗ ਨਾ ਸੋਭਾ ਪਾਈਆ । ਕਰੋੜ ਤੇਤੀਸ ਸਰਬ ਪਛਤਾਣ, ਸੁਰਪਤ ਇੰਦ ਦਏ ਦੁਹਾਈਆ । ਪੀਰ ਪੈਗ਼ੰਬਰ ਮੰਗਣ ਦਾਨ, ਦਰ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਕਰਨ ਪਰਵਾਨ, ਹਰਿ ਕਾ ਨਾਉਂ ਸਹਿਜ ਸੁਖਦਾਈਆ । ਕਲਜੁਗ

ਅੰਤ ਖੇਲ ਕਰੇ ਮਹਾਨ, ਬੇਅੰਤ ਵਡ ਵਡਿਆਈਆ । ਸ੍ਰਿਸ਼ਟ ਸਬਾਈ ਦੇਵੇ ਇਕੋ ਗਿਆਨ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਇਕੋ ਮੰਦਰ ਸਚ ਵਖਾਏ ਮਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਜਣਾਈਆ । ਸਾਚਾ ਭੇਵ ਲੈਣਾ ਜਾਣ, ਸ੍ਰੀ ਭਗਵਾਨ ਆਪ ਸਮਝਾਇੰਦਾ । ਪਰਗਟ ਹੋਇਆ ਗੁਣ ਨਿਧਾਨ, ਗੁਣਵੰਤਾ ਵੇਖ ਵਖਾਇੰਦਾ । ਕੂੜੀ ਕਿਰਿਆ ਸ਼ਰਅ ਮੇਟੇ ਸ਼ੈਤਾਨ, ਸਾਖਿਆਤ ਆਪਣਾ ਹੁਕਮ ਵਰਤਾਇੰਦਾ । ਦੋ ਜਹਾਨ ਬਰਦੇ ਕਰੇ ਗ਼ੁਲਾਮ, ਬਚਿਆ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਿਉਂ ਨਿਉਂ ਕਰਨ ਪਰਨਾਮ, ਸਜਦਾ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਲਮਾ ਨਾਮ ਆਪ ਪੜ੍ਹਾਇੰਦਾ । ਕਲਜੁਗ ਵੇਖ ਖੋਲ੍ਹ ਅੱਖ, ਸੋ ਸਾਹਿਬ ਸਾਹਿਬ ਸਮਝਾਈਆ । ਦੁਆਪਰ ਪ੍ਰਭੂ ਏਕ ਪਰਤੱਖ, ਪਾਰਬ੍ਰਹਮ ਜੋਤ ਰੁਸ਼ਨਾਈਆ । ਤ੍ਰੇਤੇ ਦੋ ਜਹਾਨਾਂ ਉਠ ਉਠ ਦੱਸ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸਤਿਜੁਗ ਸਾਚੇ ਘਰ ਘਰ ਵਸ, ਏਕਾ ਨਾਮ ਕਰ ਪੜ੍ਹਾਈਆ । ਸ੍ਰੀ ਭਗਵਾਨ ਕਰੇ ਖੇਲ ਪੁਰਖ ਸਮਰਥ, ਦੂਜਾ ਨਜ਼ਰ ਕੋਇ ਨਾ ਆਈਆ । ਲਹਿਣਾ ਚੁੱਕੇ ਸੀਆਂ ਸਾਢੇ ਤਿੰਨ ਹੱਥ, ਘਰ ਮੰਦਰ ਵੱਜੇ ਵਧਾਈਆ । ਭਗਤ ਭਗਵਾਨ ਲਏ ਰੱਖ, ਰੱਖਿਆ ਕਰੇ ਥਾਉਂ ਥਾਈਂਆ । ਸਚ ਖ਼ਜਾਨੇ ਲਏ ਘੱਤ, ਖੋਟੇ ਖਰੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਮਝ ਦਏ ਸਮਝਾਈਆ । ਹਰਿ ਕੀ ਸਮਝ ਬੇਪਹਿਚਾਨ, ਨੇਤਰ ਨੈਣ ਨਜ਼ਰ ਨਾ ਆਈਆ । ਰਮਜ਼ ਮਾਰੇ ਆਪੇ ਭਗਵਾਨ, ਰਹਿਮਤ ਰਹੀਮ ਕਮਾਈਆ । ਖੇਲੇ ਖੇਲ ਸੱਚਾ ਰਾਮ, ਰਮਿਆ ਹੋਇਆ ਹਰ ਘਟ ਥਾਈਂਆ । ਲੇਖਾ ਜਾਣੇ ਆਪਣਾ ਸ਼ਾਮ, ਸ਼ਹਿਨਸ਼ਾਹ ਇਕੋ ਵਡ ਵਡਿਆਈਆ । ਸਚ ਸੰਦੇਸਾ ਦਏ ਪੈਗ਼ਾਮ, ਕਾਇਨਾਤ ਕਰੇ ਪੜ੍ਹਾਈਆ । ਮੰਤਰ ਦ੍ਰਿੜਾਏ ਇਕੋ ਨਾਮ, ਜਾਪ ਜਪਤ ਵਿਚ ਨਾ ਆਈਆ । ਡੰਕ ਵਜਾਏ ਦੋ ਜਹਾਨ, ਫ਼ਾਤਿਆ ਸਭ ਦਾ ਦਏ ਪੜ੍ਹਾਈਆ । ਕਿਰਿਆ ਕੂੜ ਮੇਟੇ ਨਿਸ਼ਾਨ, ਧੁਰ ਗੁਰਮੁਖ ਵਿਰਲੇ ਟਿੱਕਾ ਲਾਈਆ । ਜੋਧਾ ਸੂਰ ਬਲੀ ਬਲਵਾਨ, ਪੁਰਖ ਅਕਾਲ ਇਕ ਅਖਵਾਈਆ । ਖੇਲੇ ਖੇਲ ਦੋ ਜਹਾਨ, ਨਿਰਗੁਣ ਨਿਰਵੈਰ ਧਾਰ ਚਲਾਈਆ । ਧੁਰ ਸੰਦੇਸਾ ਦੇਵੇ ਆਣ, ਨਰ ਨਰੇਸ਼ਾ ਕਰੇ ਪੜ੍ਹਾਈਆ । ਸਤਿਜੁਗ ਸਾਚਾ ਬਣੇ ਵਿਧਾਨ, ਪੰਚ ਪਰਵਾਨ ਆਪ ਕਰਾਈਆ । ਅਨਪੜ੍ਹਿਆਂ ਦੇਵੇ ਇਕ ਗਿਆਨ, ਚੌਦਾਂ ਵਿਦਿਆ ਨੇਤਰ ਸ਼ਰਮਾਈਆ । ਗੁਰਮੁਖ ਸੁਘੜ ਸੁਚੱਜੇ ਬਣਾਏ ਬਾਲ ਅਵਾਣ, ਬਾਲੀ ਬੁੱਧ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਚੌਥਾ ਜੁਗ ਵੇਖ ਵਖਾਈਆ । ਚੌਥਾ ਜੁਗ ਵੇਖੇ ਹਰਿ, ਹਰਿਮੰਦਰ ਡੇਰਾ ਲਾਈਆ । ਸਚ ਵਸਾਏ ਇਕੋ ਘਰ, ਸੰਬਲ ਨਗਰ ਸੋਭਾ ਪਾਈਆ । ਨਿਰਗੁਣ ਹੋ ਕੇ ਅੰਦਰ ਜਾਏ ਵੜ, ਸਚ ਮਹੱਲ ਕਰੇ ਰੁਸ਼ਨਾਈਆ । ਆਪਣੇ ਪੌੜੇ ਜਾਏ ਚੜ੍ਹ, ਡੰਡਾ ਇਕੋ ਨਾਮ ਵਖਾਈਆ । ਧੁਰ ਦਾ ਰਾਗ ਲਵੇ ਪੜ੍ਹ, ਛੱਤੀ ਰਾਗ ਨਾ ਕੋਇ ਗਾਈਆ । ਆਤਮ ਲਾਏ ਆਪਣੇ ਲੜ, ਪਰਮਾਤਮ ਕਰ ਕੁੜਮਾਈਆ । ਸੁਰਤ ਸਵਾਣੀ ਲਏ ਫੜ, ਸ਼ਬਦ ਹਾਣੀ ਜੋੜ ਜੁੜਾਈਆ । ਦਰਸ ਦਿਖਾਏ ਅੱਗੇ ਖੜ, ਸਵਛ ਸਰੂਪੀ ਰੂਪ ਵਟਾਈਆ । ਨਾ ਜਨਮੇ ਨਾ ਜਾਏ ਮਰ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਭ ਦਾ ਲੇਖਾ ਦਏ ਚੁਕਾਈਆ । ਸਭ ਦਾ ਲੇਖਾ ਹਰਿ ਚੁਕਾਉਣਾ, ਬਾਕੀ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ

ਵੇਖ ਵਖਾਉਣਾ, ਪੜਦਾ ਸਭ ਦਾ ਰਿਹਾ ਉਠਾਈਆ । ਚਾਰੋ ਕੁੰਟ ਅੰਧੇਰਾ ਛਾਉਣਾ, ਸ਼ਾਹ ਪਾਤਸ਼ਾਹ ਰੋਵਣ ਮਾਰਨ ਧਾਹੀਆ । ਤਖ਼ਤ ਤਾਜ ਸਰਬ ਤਜਾਉਣਾ, ਦਰ ਦਰਬਾਨ ਰਹਿਣ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਆਪਣੀ ਧਾਰ ਮਿਲਾਉਣਾ, ਅੰਤਮ ਲੇਖਾ ਰਿਹਾ ਮੁਕਾਈਆ । ਭਗਤ ਭਗਵਾਨ ਇਕ ਜਗਾਉਣਾ, ਜੋਧਾ ਸੂਰਬੀਰ ਬਣਾਈਆ । ਸ਼ਬਦ ਖੰਡਾ ਹੱਥ ਫੜਾਉਣਾ, ਬ੍ਰਹਿਮੰਡਾਂ ਰਿਹਾ ਡਰਾਈਆ । ਸਾਚੀ ਵੰਡਾ ਆਪ ਵੰਡਾਉਣਾ, ਗੁਰਮੁਖ ਮਨਮੁਖ ਦੋਵੇਂ ਧਾਰ ਪਰਗਟਾਈਆ । ਜਗਤ ਘਮੰਡਾ ਮੇਟ ਮਿਟਾਉਣਾ, ਝੂਠਾ ਬੁਰਜ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਛੰਦਾ ਆਪੇ ਗਾਉਣਾ, ਅਛਲ ਛਲ ਆਪਣਾ ਭੇਵ ਚੁਕਾਈਆ । ਅਛਲ ਅਛੱਲ ਪ੍ਰਭੂ ਸੁਆਮੀ, ਸਮਝ ਵਿਚ ਕਿਸੇ ਨਾ ਆਇੰਦਾ । ਆਦਿ ਜੁਗਾਦੀ ਅੰਤਰਜਾਮੀ, ਇਕ ਇਕੱਲਾ ਖੇਲ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੋਧ ਅਗਾਧੀ ਬੋਲੇ ਬਾਣੀ, ਬਾਣ ਨਿਰਾਲਾ ਤੀਰ ਚਲਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੱਸਦਾ ਰਿਹਾ ਇਕ ਨਿਸ਼ਾਨੀ, ਨਿਸ਼ਾਨਾ ਆਪਣੇ ਹੱਥ ਰਖਾਇੰਦਾ । ਸਾਰੇ ਮੰਗਦੇ ਗਏ ਕਲਜੁਗ ਅੰਤ ਸ੍ਰੀ ਭਗਵੰਤ ਆਏ ਵਡ ਸੁਲਤਾਨੀ, ਕਲ ਕਲਕੀ ਫੇਰਾ ਪਾਇੰਦਾ । ਜੁਗ ਚੌਕੜੀ ਜਿਸ ਦਾ ਦਿਸੇ ਨਾ ਕੋਇ ਸਾਨੀ, ਲਾਸਾਨੀ ਆਪਣੀ ਕਾਰ ਕਮਾਇੰਦਾ । ਲੱਖ ਚੁਰਾਸੀ ਜਾਣੇ ਫ਼ਾਨੀ, ਫ਼ੈਸਲਾ ਇਕੋ ਵਾਰ ਕਰਾਇੰਦਾ । ਕੂੜੀ ਕਿਰਿਆ ਚੜ੍ਹੇ ਤੁਗਿਆਨੀ, ਸ਼ੌਹ ਦਰਿਆ ਨਾਲ ਮਿਲਾਇੰਦਾ । ਮਨਮੁਖਤਾ ਅੰਤ ਨਾ ਰਹੇ ਨਿਸ਼ਾਨੀ, ਗੁਰਮੁਖ ਇਕੋ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚਾ ਰਾਹ ਚਲਾਇੰਦਾ । ਸਤਿਜੁਗ ਰਾਹ ਚਲੇ ਮਾਤ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਚਾਰ ਵਰਨ ਬਣਾਏ ਇਕ ਜਮਾਤ, ਇਕੋ ਕਰੇ ਨਾਮ ਪੜ੍ਹਾਈਆ । ਬਖ਼ਸ਼ਣਹਾਰਾ ਸਾਚੀ ਦਾਤ, ਵਸਤ ਅਮੋਲਕ ਝੋਲੀ ਪਾਈਆ । ਫੜ ਉਤਾਰੇ ਆਪਣੇ ਘਾਟ, ਬੇੜੇ ਇਕੋ ਨਾਮ ਚੜ੍ਹਾਈਆ । ਅੱਗੇ ਪਿਛੇ ਦੋ ਜਹਾਨਾਂ ਮੁੱਕੇ ਵਾਟ, ਲੱਖ ਚੁਰਾਸੀ ਗੇੜ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਆਪ ਪ੍ਰਭ, ਪ੍ਰਭ ਆਪਣੀ ਦਇਆ ਕਮਾਇੰਦਾ । ਗੁਰਮੁਖ ਗੁਰਸਿਖ ਆਪੇ ਲੱਭ, ਗੁਰ ਗੁਰ ਗੋਦ ਉਠਾਇੰਦਾ । ਕਵਲ ਝਿਰਨਾ ਅੰਮ੍ਰਿਤ ਨਭ, ਬੂੰਦ ਬੂੰਦੀ ਆਪ ਟਪਕਾਇੰਦਾ । ਜਗਤ ਦੁਆਰਾ ਪਾਰ ਹੱਦ, ਘਰ ਸਾਚੇ ਆਪ ਬਹਾਇੰਦਾ । ਨਾਮ ਖੁਮਾਰ ਚੜ੍ਹਾਏ ਮਧ, ਮਧਰ ਧੁਨ ਰਾਗ ਸੁਣਾਇੰਦਾ । ਹੰਸ ਬਣਾਏ ਫੜ ਕੇ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਤਿਸ ਆਪਣਾ ਮੇਲ ਮਿਲਾਇੰਦਾ । ਸਾਚਾ ਮੇਲ ਮਿਲਾਏ ਪੁਰਖ, ਹਰਿ ਵੱਡਾ ਵਡ ਵਡਿਆਈਆ । ਭਗਤਾਂ ਦੇਵੇ ਇਕੋ ਦਰਸ, ਦਰਸੀ ਦਰਸ ਦਿਖਾਈਆ । ਰਹਿਮਤ ਕਰ ਕਰੇ ਤਰਸ, ਮਿਹਰ ਨਜ਼ਰ ਉਠਾਈਆ । ਮੇਘ ਅਗੰਮੀ ਦੇਵੇ ਬਰਸ, ਅਗਨੀ ਤਤ ਬੁਝਾਈਆ । ਜੁਗ ਜਨਮ ਜੋ ਰਹੇ ਭਟਕ, ਕਲਜੁਗ ਅੰਤਮ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਸਹਿਜ ਸੁਭਾਓ, ਸੁਬ੍ਹਾ ਸ਼ਾਮ ਵੇਖ ਵਖਾਇੰਦਾ । ਰਾਤੀਂ ਸੁਤਿਆਂ ਪਕੜੇ ਬਾਹੋ, ਦਿਨੇ ਜਾਗਦਿਆਂ ਗਲੇ ਲਗਾਇੰਦਾ । ਮਾਣਸ ਜਨਮ ਕਰੇ ਨਿਆਉਂ, ਨਿਆਮਤ ਅੰਮ੍ਰਿਤ ਝੋਲੀ ਪਾਇੰਦਾ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਸਿਰ ਮਿਹਰ ਹੱਥ ਟਿਕਾਇੰਦਾ । ਏਥੇ ਓਥੇ ਦੋ ਜਹਾਨ ਦੇਵੇ ਠੰਡੀ ਛਾਉਂ, ਅਗਨੀ

੨੧੪ ੧੫

ਤਤ ਨਾ ਕੋਇ ਤਪਾਇੰਦਾ । ਚਾਰ ਵਰਨ ਵਖਾਏ ਇਕੋ ਰਾਹੋ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਬਹਾਇੰਦਾ । ਸਾਰੇ ਸਿਮਰੋ ਪ੍ਰਭ ਕਾ ਨਾਉਂ, ਬਿਨ ਹਰਿ ਨਾਮੇ ਪਾਰ ਨਾ ਕੋਇ ਲੰਘਾਇੰਦਾ । ਪੁਰਖ ਅਕਾਲ ਲਾਗੋ ਪਾਉਂ, ਇਸ਼ਟ ਦੇਵ ਇਕ ਜਣਾਇੰਦਾ । ਸਤਿਗੁਰ ਪੂਰੇ ਮਿਲਣ ਦਾ ਰੱਖੇ ਚਾਓ, ਚਾਓ ਘਨੇਰਾ ਇਕ ਦ੍ਰਿੜਾਇੰਦਾ । ਵੇਲਾ ਗਿਆ ਫੇਰ ਪਛਤਾਓ, ਪਸਚਾਤਾਪ ਕੰਮ ਕਿਸੇ ਨਾ ਆਇੰਦਾ । ਦਰ ਦਰਬਾਰ ਹਰਿ ਨਿਰੰਕਾਰ ਘਰ ਮੰਦਰ ਦਰਸ਼ਨ ਏਕਾ ਪਾਓ, ਪਰਮ ਪੁਰਖ ਪ੍ਰਭ ਮੇਲ ਮਿਲਾਇੰਦਾ । ਸਾਚੀ ਨਾਰ ਬਣ ਕੇ ਕੰਤ ਕਰਤਾਰ ਏਕਾ ਰਾਓ, ਦੂਜੀ ਸੇਜ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਕਲਜੁਗ ਅੰਤਮ ਮੇਲ ਮਿਲਾਇੰਦਾ । ਸੰਤ ਸੁਹੇਲੇ ਚੜ੍ਹੇ ਚਾ, ਘਰ ਵੱਜੇ ਨਾਮ ਵਧਾਈਆ । ਪ੍ਰਭ ਠਾਕਰ ਮਿਲੇ ਬੇਪਰਵਾਹ, ਬੇਪਰਵਾਹੀ ਦਏ ਵਖਾਈਆ । ਡੂੰਘੀ ਭਵਰੀ ਕਾਇਆ ਕਵਰੀ ਬਾਹਰ ਲਏ ਕਢਾ, ਸੁਖਮਨ ਟੇਢੀ ਬੰਕ ਦੇਵੇ ਪੰਧ ਮੁਕਾਈਆ । ਈੜਾ ਪਿੰਗਲ ਖਹਿੜਾ ਦੇਵੇ ਛੁਡਾ, ਤਤਵ ਤਤ ਨਾ ਕੋਇ ਲੜਾਈਆ । ਨੌਂ ਦੁਆਰੇ ਪੰਧ ਦੇਵੇ ਮੁਕਾ, ਨਵ ਰਸ ਨਾ ਕੋਇ ਚਤੁਰਾਈਆ । ਅੰਮ੍ਰਿਤ ਜਾਮ ਦਏ ਪਿਆ, ਫੜ ਪਿਆਲਾ ਮੁੱਖ ਲਗਾਈਆ । ਅਨਹਦ ਧੁਨ ਦਏ ਉਪਜਾ, ਸੁਨ ਸਮਾਧ ਖੁਲ੍ਹਾਈਆ । ਬੋਧ ਅਗਾਧੀ ਅੱਖਰ ਦਏ ਪੜ੍ਹਾ, ਸਾਚੀ ਸਿਖਿਆ ਇਕ ਸਮਝਾਈਆ । ਬਜਰ ਕਪਾਟੀ ਦਏ ਤੁੜਾ, ਪੜਦਾ ਰਹਿਣ ਕੋਇ ਨਾ ਪਾਈਆ । ਆਤਮ ਸੇਜਾ ਦਏ ਸੁਹਾ, ਸੇਜ ਸੁਹੰਜਣੀ ਡੇਰਾ ਲਾਈਆ । ਕੋਝੀ ਕਮਲੀ ਗਲੇ ਲਏ ਲਗਾ, ਮਿਹਰ ਨਜ਼ਰ ਇਕ ਉਠਾਈਆ । ਅੰਗੀਕਾਰ ਲਏ ਕਰਾ, ਅੰਗਨ ਇਕੋ ਦੱਸੇ ਸਾਚਾ ਮਾਹੀਆ । ਸਾਚੀ ਰੰਗਣ ਦਏ ਚੜ੍ਹਾ, ਰੰਗ ਆਪਣਾ ਨਾਮ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਮੇਲ ਮਿਲਾਈਆ । ਘਰ ਸਾਚੇ ਮੇਲ ਮਿਲਾਏ ਆਪ, ਪ੍ਰਭ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਇਕੋ ਜਾਪ, ਸੋਹੰ ਢੋਲਾ ਰਿਹਾ ਜਣਾਈਆ । ਜਨਮ ਕਰਮ ਦੇ ਉਤਰਨ ਪਾਪ, ਦੁਰਮਤ ਮੈਲ ਧਵਾਈਆ । ਸਾਚਾ ਸਿਮਰਨ ਪੂਜਾ ਪਾਠ, ਇਸ਼ਟ ਦੇਵ ਇਕ ਵਖਾਈਆ । ਸਚ ਸਰੋਵਰ ਤੀਰਥ ਤਾਟ, ਨਹਾਵਣ ਇਕੋ ਵਾਰ ਨੁਹਾਈਆ । ਅੱਗੇ ਪਿਛੇ ਮੁੱਕੇ ਵਾਟ, ਪਾਂਧੀ ਪੰਧ ਰਹਿਣ ਕੋਇ ਨਾ ਪਾਈਆ । ਆਤਮ ਸੇਜਾ ਸੋਹੇ ਖਾਟ, ਖਟੋਲਾ ਇਕੋ ਰਿਹਾ ਸੁਹਾਈਆ । ਖੇਵਟ ਖੇਟਾ ਬਣ ਕੇ ਪੁਛੇ ਵਾਤ, ਦਰ ਘਰ ਆਵੇ ਵਾਹੋ ਦਾਹੀਆ । ਚਾਰ ਵਰਨ ਅੰਤਰ ਵੇਖੋ ਮਾਰ ਝਾਤ, ਘਰ ਬੈਠਾ ਸੱਚਾ ਮਾਹੀਆ । ਉਸ ਨਾਲ ਮਿਲ ਕੇ ਕਰੋ ਬਾਤ, ਬਾਤਨ ਭੇਵ ਦਏ ਖੁਲ੍ਹਾਈਆ । ਜਗਤ ਨੇਤਰ ਬਾਹਰ ਰਹੇ ਝਾਕ, ਅੰਦਰ ਵੜਨ ਕੋਇ ਨਾ ਪਾਈਆ । ਗੁਰਸਿਖੋ ਗੁਰਮੁਖੋ ਤੁਹਾਡੇ ਅੰਦਰ ਪਰਮ ਪੁਰਖ ਦਾ ਸੱਚਾ ਹਾਟ, ਨਾਮ ਵਸਤ ਸਚ ਖ਼ਜ਼ਾਨਾ ਬੈਠਾ ਵਿਚ ਟਿਕਾਈਆ । ਸਤਿਗੁਰੂ ਮਿਲ ਕੇ ਲੈ ਲਓ ਆਪਣੀ ਦਾਤ, ਕਰਤਾ ਕੀਮਤ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਜੁਗ ਚੌਕੜੀ ਦੇਵੇ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਦੇਵੇ ਘੱਲ, ਸਚ ਸੰਦੇਸਾ ਧੁਰ ਦੀ ਧਾਰ ਵਿਚ ਸੰਸਾਰ ਜੁਗ ਚੌਕੜੀ ਆਪ ਜਣਾਈਆ ।


੨੧੫
੧੫

## ੪ ਭਾਦਰੋ ੨੦੨੦ ਬਿਕਰਮੀ ਅਜੀਤ ਸਿੰਘ, ਦਲੀਪ ਸਿੰਘ ਦੇ ਗ੍ਰਿਹ ਮਾਂਗਾ ਸਰਾਏ ਜ਼ਿਲਾ ਅੰਮ੍ਰਿਤਸਰ

ਚਾਰ ਜੁਗ ਰੱਖਣਾ ਯਾਦ, ਧੁਰ ਦਾ ਲੇਖਾ ਹਰਿ ਸਮਝਾਇੰਦਾ । ਕਲਜੁਗ ਅੰਤ ਸੁਣੇ ਫ਼ਰਿਆਦ, ਨਿਰਗੁਣ ਨਿਰਵੈਰ ਵੇਖ ਵਖਾਇੰਦਾ । ਜਿਸ ਰਚਨਾ ਰਚੀ ਆਦਿ, ਅੰਤਮ ਆਪਣਾ ਫੇਰਾ ਪਾਇੰਦਾ । ਜੁਗ ਚੌਕੜੀ ਸੁਣਨਹਾਰ ਫ਼ਰਿਆਦ, ਸਾਚਾ ਅਦਲ ਇਕ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਆਪਣੀ ਕਾਰ ਕਮਾਇੰਦਾ । ਚਾਰ ਜੁਗ ਨਿਵਾਵਣ ਸੀਸ, ਦੋਏ ਜੋੜ ਜੋੜ ਸਰਨਾਈਆ । ਪਾਰਬ੍ਰਹਮ ਤੇਰੀ ਪੜ੍ਹਦੇ ਰਹੇ ਹਦੀਸ, ਨਿਤ ਨਿਤ ਕਰ ਪੜ੍ਹਾਈਆ । ਰਾਹ ਤੱਕਦੇ ਰਹੇ ਬੀਸ ਬੀਸ, ਸਦੀ ਸਦੀਵੀ ਧਿਆਨ ਲਗਾਈਆ । ਕਵਣ ਵੇਲਾ ਆਏ ਜਗਦੀਸ, ਜਗਦੀਸਰ ਫੇਰਾ ਪਾਈਆ । ਸਤਿ ਧਰਮ ਚਲਾਏ ਰੀਤ, ਦੀਨ ਮਜ਼੍ਹਬ ਨਾ ਕੋਇ ਵਖਾਈਆ । ਛਤਰ ਵਖਾਏ ਇਕੋ ਸੀਸ, ਦੋ ਜਹਾਨ ਵੱਜੇ ਵਧਾਈਆ । ਦੇਵੇ ਵਡਿਆਈ ਹਸਤ ਕੀਟ, ਊਚ ਨੀਚ ਰੰਗ ਰੰਗਾਈਆ । ਭਗਤਨ ਦੇਵੇ ਇਕੋ ਭੀਖ, ਨਾਮ ਭੰਡਾਰ ਵਰਤਾਈਆ । ਸ੍ਰਿਸ਼ਟ ਸਬਾਈ ਲਏ ਜੀਤ, ਹਾਰ ਘਰ ਘਰ ਰੋਵੇ ਮਾਰੇ ਧਾਹੀਂਆ । ਸਰਬ ਜੀਆਂ ਸੁਣਾਏ ਇਕੋ ਗੀਤ, ਸਾਚਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰ ਜੁਗ ਉਠ ਉਠ ਵੇਖਣ, ਨੈਨਨ ਧਿਆਨ ਲਗਾਈਆ । ਅਬਿਨਾਸ਼ੀ ਕਰਤਾ ਖੋਲ੍ਹੇ ਭੇਤਨ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਜਨ ਭਗਤਾਂ ਕਰੇ ਇਕੋ ਹੇਤਨ, ਹਿਤਕਾਰੀ ਵੱਡਾ ਮਾਹੀਆ । ਪੂਰਬ ਜਨਮ ਮੇਟੇ ਲੇਖਨ, ਲੇਖਾ ਅੱਗੇ ਇਕੋ ਇਕ ਬਣਾਈਆ । ਬਾਲ ਅਵਾਨਿਆਂ ਨਾਲ ਆਇਆ ਖੇਡਣ, ਬਾਲ ਬਾਲਾ ਸੱਚਾ ਸ਼ਹਿਨਸ਼ਾਹੀਆ । ਸ਼ਬਦ ਸੰਦੇਸਾ ਆਇਆ ਭੇਜਣ, ਧੁਰ ਦਾ ਰਾਗ ਆਪ ਅਲਾਈਆ । ਦੋ ਜਹਾਨਾਂ ਆਇਆ ਮੇਚਣ, ਬਲ ਬਾਵਣ ਮਾਣ ਗਵਾਈਆ । ਅਗੰਮੀ ਸੋਚ ਆਇਆ ਸੋਚਣ, ਸੋਚ ਸਮਝ ਕਿਸੇ ਰਹਿਣ ਨਾ ਪਾਈਆ । ਹਰਿਜਨ ਖੁਲ੍ਹਾਵਣ ਆਇਆ ਲੋਚਣ, ਨਿਜ ਨੇਤਰ ਕਰ ਰੁਸ਼ਨਾਈਆ । ਘਰ ਘਰ ਅੰਦਰ ਆਇਆ ਪਹੁੰਚਣ, ਬਣ ਪਾਂਧੀ ਫੇਰਾ ਪਾਈਆ । ਦੇਵਣ ਆਇਆ ਇਕੋ ਮੋਖਨ, ਮੁਫ਼ਤ ਆਪਣਾ ਨਾਮ ਵਿਕਾਈਆ । ਪਕੜਨਹਾਰਾ ਜਗਤ ਵਿਕਾਰੀ ਦੋਸ਼ਨ, ਦੋਸ਼ੀਆਂ ਦੋਸ਼ ਆਪ ਲਗਾਈਆ । ਸਾਚੇ ਬਸਤਰ ਪਹਿਨੇ ਭੂਸ਼ਨ, ਰੰਗ ਰੰਗੀਲਾ ਰੰਗ ਵਖਾਈਆ । ਅੰਤਰ ਆਤਮ ਜੋ ਜਨ ਲੋਚਣ, ਤਿਨ੍ਹਾਂ ਦੇਵੇ ਦਰਸ ਕਰਾਈਆ । ਲੇਖਾ ਜਾਣੇ ਲੋਕ ਪਰਲੋਕਨ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਕਲਜੁਗ ਜੀਵ ਆਹਲਣਿਉਂ ਡਿਗੇ ਬੋਟਨ, ਲੱਖ ਚੁਰਾਸੀ ਗੋਦ ਨਾ ਕੋਇ ਬਹਾਈਆ । ਨਾਨਕ ਨਿਰਗੁਣ ਮਿਣਦਾ ਗਿਆ ਨਾਲ ਜੋਜਨ, ਜੁਜ਼ ਜੁਜ਼ ਬੈਠਾ ਵੰਡ ਵੰਡਾਈਆ । ਪੁਰਖ ਅਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਕਰਾਈਆ । ਚਾਰ ਜੁਗ ਗੌਂਦੇ ਗੀਤ, ਵਾਹਵਾ ਖ਼ੁਸ਼ੀ ਮਨਾਈਆ । ਪਾਰਬ੍ਰਹਮ ਪ੍ਰਭ ਮਿਲਿਆ ਇਕ ਅਤੀਤ, ਧੁਰ ਦਾ ਨਾਤਾ ਜੋੜ ਜੁੜਾਈਆ । ਖਹਿੜਾ ਛੁਟਿਆ ਮੰਦਰ ਮਸੀਤ, ਸ਼ਿਵਦਵਾਲਾ ਮੱਠ ਨਜ਼ਰ ਨਾ ਆਈਆ । ਮਨ ਵਾਸਨਾ ਗੁਰ ਕਿਰਪਾ ਜਨ ਲਏ ਜੀਤ, ਤ੍ਰਿਸਨਾ ਅਗਨ ਨਾ ਲਾਗੇ ਰਾਈਆ । ਸਾਚਾ ਢੋਲਾ ਮਿਲੇ ਗੀਤ, ਗੀਤ ਗੋਬਿੰਦ ਅਲਾਈਆ । ਹਰਿ ਸਰਨਾਈ ਇਕ ਪ੍ਰੀਤ, ਚਰਨ ਕਵਲ ਮਿਲੇ ਵਡਿਆਈਆ । ਕਰਵਟ ਬਦਲੇ ਜੋ ਸੁੱਤਾ ਦੇ ਕਰ ਪੀਠ, ਮੁਖ ਮੁਖੜਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਈਆ । ਸਾਚਾ ਖੇਲ ਜੁਗ ਚੌਕੜੀ ਚਾਰ, ਹਰਿ ਕਰਤਾ ਆਪ ਜਣਾਈਆ ।

ਕਲਜੁਗ ਵੇਖੇ ਸਰਬ ਸੰਸਾਰ, ਵਡ ਸੰਸਾਰੀ ਰਿਹਾ,ਸਮਝਾਈਆ । ਗ੍ਰਿਹ ਗ੍ਰਿਹ ਦਿਸੇ ਕੂੜ ਵਿਭਚਾਰ, ਸਤਿ ਸੰਤੋਖ ਨਜ਼ਰ ਨਾ ਆਈਆ । ਕਾਗਦ ਕਲਮ ਹੋਏ ਖ਼ਵਾਰ, ਸ਼ਾਹੀ ਰੋਵੇ ਮਾਰੇ ਧਾਹੀਆ । ਮੇਰਾ ਲੇਖਾ ਲਿਖਿਆ ਸਕੇ ਨਾ ਕੋਇ ਵਿਚਾਰ, ਬੇਸਮਝ ਸਮਝ ਕੋਇ ਨਾ ਪਾਈਆ । ਗੁਰ ਅਵਤਾਰ ਮਾਰਗ ਦੱਸ ਦੱਸ ਗਏ ਸਚ ਵਿਹਾਰ, ਬਿਵਹਾਰੀ ਆਪਣਾ ਹੁਕਮ ਵਰਤਾਈਆ । ਭਰਮੇ ਭੁਲਾ ਨਰ ਨਾਰ, ਨਰਾਇਣ ਨਜ਼ਰ ਕਿਸੇ ਨਾ ਆਈਆ । ਚਾਰੇ ਕੁੰਟ ਹੋਣ ਖਵਾਰ, ਵਰਭੰਡੀ ਭੰਡੀ ਰਹੀ ਪਾਈਆ । ਪ੍ਰਭ ਨਾ ਮਿਲੇ ਮੀਤ ਮੁਰਾਰ, ਪੁਰਖ ਪੁਰਖੋਤਮ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਸਾਹਿਬ ਗੁਰਦੇਵ, ਸੁਆਮੀ ਸਤਿਗੁਰ ਆਪ ਵਰਤਾਇੰਦਾ । ਵਸਣਹਾਰਾ ਨਿਹਚਲ ਧਾਮ ਨਿਹਕੇਵ, ਨਰ ਹਰਿ ਆਪਣੀ ਕਾਰ ਕਮਾਇੰਦਾ । ਬੋਧ ਅਗਾਧ ਅਗੰਮ ਅਥਾਹ ਬੇਪਰਵਾਹ ਖੋਲ੍ਹੇਭੇਵ, ਪੜਦਾ ਦੂਈ ਨਾ ਕੋਇ ਜਣਾਇੰਦਾ । ਧੁਰਦਰਗਾਹੀ ਅੰਮ੍ਰਿਤ ਦੇਵੇ ਸਾਚਾ ਮੇਵ, ਰਸ ਇਕੋ ਨਾਮ ਵਖਾਇੰਦਾ । ਲੇਖਾ ਜਾਣੇ ਰਸਨਾ ਜਿਹਵਾ, ਬੱਤੀ ਦੰਦ ਸਿਫ਼ਤ ਵਡਿਆਇੰਦਾ । ਸੰਤ ਸਾਜਣ ਭਗਵੰਤ ਭਗਤ ਲਗਾਏ ਸੇਵਾ ਸੇਵ, ਚਾਕਰ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਲੇਖਾ ਜਾਣੇ ਇਕ ਚਾਰ, ਦੋ ਤਿੰਨ ਭੇਵ ਚੁਕਾਈਆ । ਚੌਕਾ ਕਹੇ ਮੇਰੀ ਅੰਤਮ ਵਾਰ, ਲੁਕਿਆ ਰਹਿਣ ਕੋਇ ਨਾ ਪਾਈਆ । ਏਕਾ ਕਹੇ ਮੈਂ ਆਵਾਂ ਆਪਣੀ ਧਾਰ, ਇਕ ਇਕੱਲਾ ਵਾਹੋ ਦਾਹੀਆ । ਦੋਹਾਂ ਵਿਚੋਲਾ ਨਰ ਨਿਰੰਕਾਰ, ਨਿਰਗੁਣ ਦਾਤਾ ਵਡ ਵਡਿਆਈਆ । ਔਦਿਆਂ ਜਾਂਦਿਆਂ ਦੋਹਾਂ ਦੇਵੇ ਪਿਆਰ, ਫੜ ਬਾਹੋ ਗਲੇ ਲਗਾਈਆ । ਹੁਕਮੇ ਅੰਦਰ ਖੇਲ ਕਰਨ ਬਰਖ਼ੁਰਦਾਰ, ਬਾਲੇ ਨੱਢੇ ਬੱਚੇ ਜੁਗ ਜੁਗ ਆਪਣਾ ਫੇਰਾ ਪਾਈਆ । ਦੋਏ ਜੋੜ ਕਰਨ ਨਿਮਸਕਾਰ, ਦਰ ਨਿਉਂ ਨਿਉਂ ਲਾਗਣ ਪਾਈਆ । ਤੇਰਾ ਦਰ ਸੱਚਾ ਦਰਬਾਰ, ਘਰ ਵੱਜੇ ਨਾਮ ਵਧਾਈਆ । ਚੌਕਾ ਏਕਾ ਤੇਰਾ ਖੇਲ ਕਰਤਾਰ, ਇਕ ਚਾਰ ਜੋੜ ਅੰਕ ਅੰਕ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਚਾਰ ਜੁਗ ਕਰਨ ਹਾਸਾ, ਖ਼ੁਸ਼ੀ ਖ਼ੁਸ਼ੀ ਨਾਲ ਮਿਲਾਈਆ । ਪਰਗਟ ਹੋਏ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣਾ ਰੂਪ ਵਟਾਈਆ । ਦੋ ਜਹਾਨਾਂ ਵੇਖੇ ਖੇਲ ਤਮਾਸ਼ਾ, ਖ਼ਾਲਕ ਖ਼ਲਕ ਦਏ ਜਣਾਈਆ । ਜਨ ਭਗਤਾ ਪੂਰੀ ਕਰੇ ਆਸਾ, ਆਸਾ ਤ੍ਰਿਸਨਾ ਮੇਟ ਮਿਟਾਈਆ । ਸੇਵਕ ਬਣੇ ਦਾਸੀ ਦਾਸਾ, ਠਾਕਰ ਆਪਣੀ ਕਾਰ ਕਮਾਈਆ । ਅਗਲਾ ਭੇਵ ਖੋਲ੍ਹ ਖ਼ੁਲਾਸਾ, ਖ਼ੁਦਮੁਖਤਿਆਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਚਾਰੇ ਜੁਗ ਖ਼ੁਸ਼ੀ ਮਨੌਂਦੇ, ਸਚ ਇਕ ਧਿਆਨ ਲਗਾਈਆ । ਸ੍ਰੀ ਭਗਵਾਨ ਰਸਨਾ ਧਿਔਂਦੇ, ਢੋਲੇ ਗੀਤ ਗੋਬਿੰਦ ਅਲਾਈਆ । ਇਕ ਦੂਜੇ ਦਾ ਭਾਰ ਵੰਡੌਂਦੇ, ਉਠਣ ਵਾਹੋ ਦਾਹੀਆ । ਕਲਜੁਗ ਅੰਤ ਨੈਣ ਸ਼ਰਮੌਂਦੇ, ਨੇਤਰ ਸਕੇ ਨਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਰਬ ਵਡਿਆਈਆ । ਕਲਜੁਗ ਅੰਤ ਨੈਣ ਰਹੇ ਸ਼ਰਮਾ, ਅੱਖ ਸਕੇ ਨਾ ਉਪਰ ਉਠਾਈਆ । ਮੁਖ ਕਾਲਖ ਲੱਗੀ ਛਾਹ, ਟਿੱਕਾ ਸਕੇ ਨਾ ਕੋਇ ਧਵਾਈਆ । ਚਾਰ ਵਰਨ ਘਰ ਘਰ ਦਿਤੇ ਲੜਾ, ਕੂੜ ਕੁੜਿਆਰਾ ਡੰਕ ਵਜਾਈਆ । ਦੀਨ ਮਜ਼੍ਹਬ ਦਿਤੇ ਬਣਾ, ਸ਼ਰਅ ਸ਼ਰੀਅਤ ਗੰਢ ਵਖਾਈਆ । ਗੁਰ ਅਵਤਾਰ ਦਿਤੇ ਭਿੜਾ, ਬਚਿਆ

੨੧੭ ੧੫

ਕੋਇ ਰਹਿਣ ਨਾ ਪਾਈਆ । ਸਾਧ ਸੰਤ ਦਿਤੇ ਭੁਲਾ, ਹਰਿ ਮਾਰਗ ਨਜ਼ਰ ਕਿਸੇ ਨਾ ਆਈਆ । ਹੰਸ ਕਾਗ ਦਿਤੇ ਬਣਾ, ਕੂੜੀ ਕਿਰਿਆ ਵਿਸ਼ਟਾ ਚੋਗ ਮੁਖ ਰਖਾਈਆ । ਅਠਸਠ ਤੀਰਥ ਮਾਣ ਦਿਤਾ ਗਵਾ, ਸਤਿ ਸਚ ਨਜ਼ਰ ਕੋਇ ਨਾ ਆਈਆ । ਚਾਰੋ ਕੁੰਟ ਮਾਰੇ ਧਾਹ, ਸਤਿ ਸੰਤੋਖ ਨਾ ਕੋਇ ਵਖਾਈਆ । ਧਰਨੀ ਰੋਵੇ ਧਰਤ ਮਾਂ, ਖੁਲ੍ਹੜੇ ਕੇਸ ਦਏ ਦੁਹਾਈਆ । ਗਊ ਗ਼ਰੀਬ ਰਹੇ ਕੁਰਲਾ, ਸਿਰ ਹੱਥ ਨਾ ਕੋਇ ਟਿਕਾਈਆ । ਚਾਰੋ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮਿਲੇ ਸਰਨਾਈਆ । ਚੌਥਾ ਜੁਗ ਮਾਰੇ ਚੀਕ, ਬੋਲੇ ਨਾਮ ਖ਼ੁਦਾਈਆ । ਵੇਲਾ ਅੰਤ ਅੰਤਮ ਇਕ ਤਰੀਕ, ਤਾਕਤ ਕੋਇ ਰਹਿਣ ਨਾ ਪਾਈਆ । ਗੋਬਿੰਦ ਤੀਰ ਨਿਸ਼ਾਨਾ ਵੱਜੇ ਠੀਕ, ਠਾਕਰ ਸੁਆਮੀ ਆਪ ਚਲਾਈਆ । ਜਿਸ ਦੀ ਕਰਨ ਸਰਬ ਉਡੀਕ, ਸੋ ਆਇਆ ਬੇਪਰਵਾਹੀਆ । ਚਲ ਕੇ ਮੰਗੀਏ ਦਰ ਤੇ ਭੀਖ, ਦੋਏ ਜੋੜ ਵਾਸਤਾ ਪਾਈਆ । ਕਾਇਆ ਕਰੇ ਠੰਡੀ ਸੀਤ, ਅਗਨੀ ਤਤ ਦਏ ਬੁਝਾਈਆ । ਘਰ ਵਿਚ ਘਰ ਸੁਣਾਏ ਗੀਤ, ਗ੍ਰਿਹ ਸ਼ਬਦ ਅਨਾਦ ਵਜਾਈਆ । ਆਤਮ ਅੰਤਰ ਬੰਨ੍ਹੇ ਪ੍ਰੀਤ, ਪਰੇਮ ਨੇਮ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਮਿਹਰ ਹੱਥ ਉਠਾਈਆ । ਕਲਜੁਗ ਅੰਤਮ ਪਾਵੇ ਰੌਲਾ, ਹਾਹਾਕਾਰ ਮਚਾਈਆ । ਕੋਈ ਨਾ ਕਰੇ ਭਾਰ ਹੌਲਾ, ਚਾਰ ਯਾਰੀ ਬੈਠੀ ਮੁਖ ਭਵਾਈਆ । ਧਰਨੀ ਮਾਣ ਨਾ ਮਿਲੇ ਧੌਲਾ, ਧਵਲ ਦਏ ਦੁਹਾਈਆ । ਪਾਰਬ੍ਰਹਮ ਪ੍ਰਭ ਪੂਰਾ ਕਰ ਕੌਲਾ, ਕੀਤਾ ਕੌਲ ਭੁੱਲ ਨਾ ਜਾਈਆ । ਤੇਰਾ ਨਾਮ ਅਗੰਮੀ ਮੌਲਾ, ਮੌਲਿਆ ਹਰ ਘਟ ਥਾਈਂਆ । ਕਲਜੁਗ ਅੰਤਮ ਬਦਲ ਚੋਲਾ, ਚੋਲੀ ਆਪਣਾ ਰੰਗ ਚੜ੍ਹਾਈਆ । ਸਤਿਜੁਗ ਸੱਚਾ ਦੇ ਦੇ ਭੋਲਾ, ਭੋਲੇ ਭਾਓ ਸ੍ਰਿਸ਼ਟ ਲਏ ਸਮਝਾਈਆ । ਕਲਜੁਗ ਕੂੜਾ ਉਠ ਜਾਏ ਗੋਲਾ, ਗੋਲਕ ਆਪਣੀ ਨਾਲ ਰਲਾਈਆ । ਸਤਿਜੁਗ ਸਾਚਾ ਦਏ ਝਕੋਲਾ, ਧਰਮ ਹੁਲਾਰਾ ਇਕ ਵਖਾਈਆ । ਚਾਰ ਵਰਨ ਸੁਣਾਏ ਇਕੋ ਬੋਲਾ, ਸੋਹੰ ਕਰੇ ਸਚ ਪੜ੍ਹਾਈਆ । ਸਚ ਦੁਆਰਾ ਸਾਚੇ ਖੋਲ੍ਹਾ, ਖ਼ਾਲਕ ਖ਼ਲਕ ਨਜ਼ਰੀ ਆਈਆ । ਕਲਮਾ ਨਬੀ ਇਕੋ ਢੋਲਾ, ਸਦਾ ਨਾਮ ਸੁਣਾਈਆ । ਨਿਰਗੁਣ ਬਣ ਕੇ ਆਏ ਤੋਲਾ, ਤੋਲਣਹਾਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਕਲਜੁਗ ਅੰਤਮ ਨੇਤਰ ਨੀਰ, ਹੰਝੂਆਂ ਹਾਰ ਵਖਾਈਆ । ਕੋਈ ਨਾ ਸੰਗੀ ਪੀਰ ਫ਼ਕੀਰ, ਚਾਰ ਯਾਰ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਅੰਦਰ ਹੋਇਆ ਦਿਲਗੀਰ, ਦਿਲਬਰ ਧੀਰ ਨਾ ਕੋਇ ਰਖਾਈਆ । ਸ਼ਰਅ ਸ਼ਰਾਇਤ ਦੀਨ ਮਜ਼੍ਹਬ ਵੱਝਾ ਜ਼ੰਜੀਰ, ਗੁਰ ਅਵਤਾਰ ਪੀਰ ਪੈਗ਼ੰਬਰ ਹੱਥਕੜੀ ਗਏ ਲਗਾਈਆ । ਕੋਈ ਨਾ ਚਾੜ੍ਹੇ ਚੋਟੀ ਫੜ ਅਖ਼ੀਰ, ਆਖਰ ਤੇਰਾ ਮੇਲ ਮਿਲਾਈਆ । ਤੇਰੀ ਸਿਫ਼ਤ ਦੀ ਬੰਨਦੇ ਗਏ ਬੀੜ, ਖਾਣੀ ਬਾਣੀ ਰਾਗ ਅਲਾਈਆ । ਸਾਰੇ ਮੰਨਦੇ ਗਏ ਵਡ ਪੀਰਨ ਪੀਰ, ਬੇਨਜ਼ੀਰ ਇਕ ਖ਼ੁਦਾਈਆ । ਰੱਖੇ ਹੱਥ ਨਾਮ ਸ਼ਮਸ਼ੀਰ, ਖੰਡਾ ਇਕੋ ਇਕ ਚਮਕਾਈਆ । ਦੋ ਜਹਾਨਾਂ ਦੇਵੇ ਚੀਰ, ਨਿਰਗੁਣ ਸਰਗੁਣ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਹਰਿ ਸਚ ਤੇਰੀ ਸਰਨਾਈਆ । ਹਰਿ ਸਰਨਾਈ ਤੇਰੀ ਸਚ, ਦੂਜਾ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਗਏ ਦੱਸ, ਧੁਰ ਦਾ ਹੁਕਮ ਆਪ ਸੁਣਾਇੰਦਾ । ਜਨ ਭਗਤਾਂ ਹਰਿ ਜੂ ਹੋਏ ਵਸ, ਵਸਲ ਆਪਣਾ ਆਪ ਕਰਾਇੰਦਾ । ਮੇਲ

ਮਿਲਾਏ ਹੱਸ ਹੱਸ, ਸੋਹੰ ਹੰਸਾ ਰਾਗ ਅਲਾਇੰਦਾ । ਆਤਮ ਪਰਮਾਤਮ ਗਾਵੇ ਜਸ, ਵੇਦ ਪੁਰਾਨ ਨਾ ਕੋਇ ਵੰਡਆਇੰਦਾ । ਦਰਸ ਦਿਖਾਏ ਨੱਠ ਨੱਠ, ਬਣ ਪਾਂਧੀ ਪੰਧ ਮੁਕਾਇੰਦਾ । ਸਰਬ ਜੀਆਂ ਦੇਵੇ ਇਕੋ ਮੱਤ, ਸਾਚੀ ਸਿਖਿਆ ਇਕ ਸਮਝਾਇੰਦਾ । ਨਾੜ ਬਹੱਤਰ ਨਾ ਉਬਲੇ ਰਤ, ਅਗਨੀ ਤਤ ਨਾ ਕੋਇ ਤਪਾਇੰਦਾ । ਜਾਨਣਹਾਰਾ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਇੰਦਾ । ਸੰਤ ਸੁਹੇਲੇ ਲਏ ਰੱਖ, ਜੁਗ ਜੁਗ ਕੂੜੀ ਅਗਨੀ ਵਿਚੋ ਬਾਹਰ ਕਢਾਇੰਦਾ । ਕਰੇ ਕਰਾਏ ਨਬੇੜਾ ਹੱਕ, ਹਾਕਮ ਇਕੋ ਇਕ ਅਖਵਾਇੰਦਾ । ਕਲਜੁਗ ਅੰਤਮ ਬ੍ਰਹਿਮੰਡ ਖੰਡ ਰਿਹਾ ਤੱਕ, ਤੱਕਣਹਾਰਾ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਕਰੇ ਸਦਾ ਪੱਖ, ਮਨਮੁੱਖ ਗਲੇ ਨਾ ਕੋਇ ਲਗਾਇੰਦਾ ।



✪ ੪ ਭਾਦਰੋ ੨੦੨੦ ਬਿਕਰਮੀ ਗਿਰਧਾਰਾ ਸਿੰਘ ਬਲੋਵਾਲੀ ਦੇ ਨਿਵਿਤ ਹਰਿ ਭਗਤ ਦੁਆਰ ਜੇਠੂਵਾਲ ✪

ਨਿਰਗੁਣ ਉਠ ਗੋਤਮ ਗੁਪਤ, ਹਰਿ ਗੁਪਤੀ ਆਪ ਉਠਾਈਆ । ਵੰਡਣ ਆਇਆ ਦਾਤ ਮੁਫ਼ਤ, ਕਰਤਾ ਕੀਮਤ ਕੋਇ ਨਾ ਲਾਈਆ । ਬਿਨ ਹੱਥਾਂ ਬਾਹਵਾਂ ਰਹਿਣਾ ਚੁਸਤ, ਆਲਸ ਨਿੰਦਰਾ ਨਾ ਕੋਇ ਰਖਾਈਆ । ਤੇਰਾ ਲੇਖ ਦਰ ਲੇਖ ਪੁਸ਼ਤ ਦਰ ਪੁਸ਼ਤ, ਪੇਸ਼ਤਰ ਤੇਰੀ ਧਾਰ ਜਣਾਈਆ । ਨਾ ਨੰਗ ਨਾ ਕੋਈ ਭੁਖਤ, ਸਚ ਭੰਡਾਰ ਨਾਮ ਵਖਾਈਆ । ਨਾ ਕੋਈ ਮੰਗੇ ਦਰ ਤੇ ਧੜਤ, ਧੁਰ ਦੀ ਖੇਲ ਬੇਪਰਵਾਹੀਆ । ਨਾ ਕੋਈ ਲਿਖਤ ਨਾ ਕੋਈ ਪੜ੍ਹਤ, ਯਾਰੀ ਯਾਰਾਂ ਨਾਲ ਨਿਭਾਈਆ । ਪੁਰਖ ਅਕਾਲ ਆਇਆ ਪਰਤ, ਪਤਿਪਰਮੇਸ਼ਵਰ ਫੇਰਾ ਪਾਈਆ । ਅੱਗੇ ਰਹਿਣ ਨਾ ਦੇਵੇ ਫ਼ਰਕ, ਬਿਨ ਭਗਤੀਉਂ ਭਗਤ ਬਣਾਈਆ । ਬਗ਼ਲਗੀਰ ਮਿਲਾਏ ਦਸਤ, ਬਦਸਤ ਜੋੜ ਜੁੜਾਈਆ । ਲਹਿਣਾ ਚੁਕਾ ਕੀਟ ਹਸਤ, ਆਪਣਾ ਰੰਗ ਦਏ ਚੜ੍ਹਾਈਆ । ਨਾਮ ਖ਼ੁਮਾਰੀ ਰੱਖੇ ਮਸਤ, ਅੰਤਰ ਆਤਮ ਇਕ ਲਿਵ ਲਾਈਆ । ਘਰ ਵਖਾਏ ਇਕੋ ਫ਼ਕਤ, ਫ਼ਿਕਰਾ ਆਪਣਾ ਨਾਮ ਪੜ੍ਹਾਈਆ । ਜੁਗ ਚੌਕੜੀ ਬੀਤੇ ਬਰਸ, ਰੁੱਤ ਰੁਤੜੀ ਗਈ ਵਿਹਾਈਆ । ਦੀਨ ਦਿਆਲ ਕਰ ਕਰ ਤਰਸ, ਮਿਹਰਵਾਨ ਦਇਆ ਕਮਾਈਆ । ਡੂੰਘੀ ਧਾਰ ਅੰਮ੍ਰਿਤ ਬਰਖ, ਤ੍ਰਿਖਾ ਤ੍ਰਿਸਨਾ ਆਪ ਗਵਾਈਆ । ਪੂਰਬ ਜਨਮ ਮੇਟ ਹਰਸ, ਘਰ ਸਾਚੇ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਗੋਤਮ ਗੁਪਤ ਗੁਪਤੀ ਦਾਨ, ਹਰਿ ਗੋਬਿੰਦ ਆਪ ਵਰਤਾਇੰਦਾ । ਨੇਤਰ ਖੋਲ੍ਹ ਕਰ ਧਿਆਨ, ਚਰਨ ਕਵਲ ਇਕ ਵਖਾਇੰਦਾ । ਬਿਨ ਰਸਨਾ ਜਿਹਵਾ ਬੱਤੀ ਦੰਦ ਦਏ ਗਿਆਨ, ਵਿਦਿਆ ਚੌਦਾਂ ਨਾ ਕੋਇ ਪੜ੍ਹਾਇੰਦਾ । ਕਾਇਆ ਮੰਦਰ ਸਚ ਮਕਾਨ, ਗੁਰੂਦਵਾਰ ਇਕੋ ਇਕ ਵਖਾਇੰਦਾ । ਧਰਮ ਝੁਲਾਏ ਅਗੰਮ ਨਿਸ਼ਾਨ, ਰੰਗ ਰੰਗੀਲਾ ਹੱਥ ਉਠਾਇੰਦਾ । ਆਦਿ ਜੁਗਾਦੀ ਬਣ ਕੇ ਕਾਹਨ, ਗੁਰਮੁਖ ਸਖੀ ਆਪ ਪਰਨਾਇੰਦਾ । ਘਰ ਵਿਚ ਘਰ ਕਰੇ ਪਰਧਾਨ, ਬੇਨਕਾਬ ਪੜਦਾ ਆਪ ਉਠਾਇੰਦਾ । ਮਹਿਬੂਬ ਸਚ ਮੁਹੱਬਤ ਮਿਲੇ ਆਣ, ਮਹਿਵਖ਼ਾਨਾ ਇਕ ਸੁਹਾਇੰਦਾ । ਲੇਖਾ ਮੇਟੇ ਕੂੜ ਸ਼ੈਤਾਨ, ਸ਼ਰਅ ਵੰਡ ਨਾ ਕੋਇ ਵੰਡਾਇੰਦਾ । ਨਾਮ ਨਿਧਾਨਾ ਮਾਰੇ ਤੀਰ ਨਿਸ਼ਾਨ, ਬਜਰ ਕਪਾਟੀ ਚੀਰ ਚਿਰਾਇੰਦਾ । ਆਤਮ ਪਰਮਾਤਮ ਘਰ ਮੇਲਾ ਸ੍ਰੀ ਭਗਵਾਨ, ਪਾਰਬ੍ਰਹਮ ਬ੍ਰਹਮ ਆਪਣਾ ਜੋੜ ਜੁੜਾਇੰਦਾ ।

ਦੋ ਜਹਾਨਾ ਚੁੱਕੇ ਕਾਣ, ਪੁਰੀ ਲੋਅ ਧਿਆਨ ਨਾ ਕੋਇ ਵਖਾਇੰਦਾ । ਦਰ ਘਰ ਸਾਚੇ ਦੇਵੇ ਮਾਣ, ਅਭਿਮਾਨ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਉਠ ਗੌਤਮ ਗਠੜੀ ਖੋਲ੍ਹ, ਕਾਇਆ ਤਤ ਪੰਡ ਬੰਧਾਈਆ । ਤੇਰੇ ਅੰਦਰ ਨਾਮ ਅਨਮੋਲ, ਬਿਨ ਗੁਰ ਨੇਤਰ ਨਜ਼ਰ ਕੋਇ ਨਾ ਆਈਆ । ਦਿਵਸ ਰੈਣ ਵੱਜੇ ਢੋਲ, ਅਨਹਦ ਮਰਦੰਗਾ ਨਾਦ ਵਜਾਈਆ । ਪੁਰਖ ਅਕਾਲ ਵਸੇ ਕੋਲ, ਘਰ ਬੈਠੇ ਬੇਪਰਵਾਹੀਆ । ਏਥੇ ਓਥੇ ਪੂਰਾ ਤੋਲੇ ਤੋਲ, ਕੰਡਾ ਨਾਮ ਹੱਥ ਉਠਾਈਆ । ਦੋ ਜਹਾਨ ਰਹੇ ਅਡੋਲ, ਚੌਦਾਂ ਲੋਕ ਨਾ ਕੋਇ ਹਿਲਾਈਆ । ਸਾਚੇ ਭਗਤਾਂ ਕਰੇ ਚੋਲ, ਪਰੇਮ ਪ੍ਰੀਤੀ ਇਕ ਸਮਝਾਈਆ । ਸਚ ਪ੍ਰੀਤੀ ਜਾਏ ਮੌਲ, ਮੌਲਾ ਆਪਣੀ ਕਾਰ ਕਮਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਸੋਭਾ ਪਾਈਆ । ਸਤਿਜੁਗ ਸਾਚੇ ਕਰ ਕੇ ਗਿਆ ਕੌਲ, ਕੀਤਾ ਕੌਲ ਤੋੜ ਨਿਭਾਈਆ । ਲੱਖ ਚੁਰਾਸੀ ਸੁੱਤੀ ਰਹੀ ਅਨਭੋਲ, ਹਰਿ ਕਾ ਭੇਵ ਕੋਇ ਨਾ ਪਾਈਆ । ਧੁਰ ਸੰਦੇਸਾ ਨਾ ਕੋਈ ਬੋਲੇ ਬੋਲ, ਸ਼ਬਦੀ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਖਲਾਈਆ । ਉਠ ਗੌਤਮ ਵੇਖ ਰੁੱਤ, ਸੋ ਸਾਹਿਬ ਆਪ ਸੁਹਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚਾਰੋ ਕੁੰਟ ਨੂਰ ਰੁਸ਼ਨਾਈਆ । ਲੇਖਾ ਜਾਣੇ ਅਨਾਦੀ ਸੁਤ, ਸੁਤ ਅਨਾਦੀ ਨਾਲ ਰਖਾਈਆ । ਦਰ ਦਰਵੇਸ਼ ਰਿਹਾ ਪੁੱਛ, ਘਰ ਘਰ ਫੇਰਾ ਪਾਈਆ । ਕਲਜੁਗ ਪੈਂਡਾ ਰਿਹਾ ਮੁੱਕ, ਮੁਕੇ ਵਾਟ ਪਰਾਈਆ । ਸਤਿਜੁਗ ਨੇੜੇ ਰਿਹਾ ਢੁਕ, ਦੂਰ ਦੁਰਾਡਾ ਚਲ ਕੇ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਲੁਕ, ਜ਼ਾਹਰਾ ਨੂਰ ਨਜ਼ਰ ਕੋਇ ਨਾ ਆਈਆ । ਸਾਧਾਂ ਸੰਤਾਂ ਕੋਲ ਰਿਹਾ ਨਾ ਕੁਛ, ਖ਼ਾਲੀ ਹੱਥ ਦੇਣ ਦੁਹਾਈਆ । ਮੂੰਡ ਮੁੰਡਾਏ ਨਾਲ ਕਟਾਈ ਮੁੱਛ, ਮੁਸ਼ਕਲ ਹੱਲ ਨਾ ਕੋਇ ਕਰਾਈਆ । ਸਜਦਾ ਸੀਸ ਨਾ ਕੀਤਾ ਝੁੱਕ, ਅਦਬ ਆਦਾਬ ਨਜ਼ਰ ਕੋਇ ਨਾ ਪਾਈਆ । ਧੁਰਦਰਗਾਹੋ ਬੈਠੇ ਰੁਠ, ਕਰਵਟ ਸਕੇ ਨਾ ਕੋਇ ਬਦਲਾਈਆ । ਦੀਨ ਦਿਆਲ ਸਤਿਗੁਰ ਸੁਆਮੀ ਜਨ ਭਗਤਾਂ ਉਪਰ ਜਾਏ ਤੁਠ, ਭਗਤ ਵਛਲ ਸਦਾ ਸਹਿਜ ਸੁਖਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਵਖਾਈਆ । ਗੋਤਮ ਵੇਖ ਵੇਖ ਕਿਨਾਰਾ, ਕਲਕੀ ਧਰ ਆਪ ਵਖਾਇੰਦਾ । ਆਦਿ ਜੁਗਾਦਿ ਜਿਸ ਦਾ ਅੰਤ ਨਾ ਪਾਰਾਵਾਰਾ, ਸੋ ਸਾਹਿਬ ਵੇਸ ਵਟਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਅ ਗਗਨ ਗਗਨੰਤਰ ਲਾਏ ਇਕ ਅਖਾੜਾ, ਨਿਰਗੁਣ ਰਾਸ ਆਪ ਰਚਾਇੰਦਾ । ਸ਼ਬਦ ਅਨਾਦ ਅਗੰਮੀ ਵੱਜੇ ਤਾੜਾ, ਤਾਲ ਤਲਵਾੜਾ ਨਜ਼ਰ ਕੋਇ ਨਾ ਆਇੰਦਾ । ਖੇਲੇ ਖੇਲ ਜੰਗਲ ਜੂਹ ਉਜਾੜ ਪਹਾੜਾ, ਉਚੇ ਟਿੱਲੇ ਪਰਬਤ ਫੋਲ ਫੁਲਾਇੰਦਾ । ਪਾਰਬ੍ਰਹਮ ਪ੍ਰਭ ਤੇਰੀ ਕੋਈ ਨਾ ਪਾਏ ਸਾਰਾ, ਸਾਰੰਗ ਧਰ ਤੇਰਾ ਸੰਗ ਨਾ ਕੋਇ ਰਖਾਇੰਦਾ । ਕਾਗਦ ਕਲਮ ਰੋਵੇ ਜ਼ਾਰੋ ਜ਼ਾਰਾ, ਸ਼ਾਹੀ ਕਹੇ ਸ਼ਹਿਨਸ਼ਾਹ ਨਜ਼ਰ ਕਿਤੇ ਨਾ ਆਇੰਦਾ । ਚਾਰ ਵੇਦ ਕਰਨ ਪੁਕਾਰਾ, ਬ੍ਰਹਮਾ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਇੰਦਾ । ਸਚ ਨਾਮ ਨਾ ਕੋਈ ਭੰਡਾਰਾ, ਵਿਸ਼ਨੂੰ ਵਿਸ਼ਵ ਨਾ ਕੋਇ ਆਧਾਰਾ, ਧੀਰਜ ਧੀਰ ਨਾ ਕੋਇ ਧਰਾਇੰਦਾ । ਸ਼ੰਕਰ ਵੇਖੇ ਨਾ ਕੋਇ ਅਖਾੜਾ, ਹੱਥ ਤ੍ਰਿਸੂਲ ਨਾ ਕੋਇ ਨਗਾਰਾ, ਭੈ ਭੌ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਧੂਆਂਧਾਰਾ, ਚਾਰੋ ਕੁੰਟ ਅੰਧ ਅੰਧਿਆਰਾ, ਦਹਿ ਦਿਸ਼ਾ ਜੋਤ ਨੂਰ ਨਾ ਕੋਇ ਰੁਸ਼ਨਾਈਆ । ਕਰੇ ਖੇਲ ਆਪ ਕਰਤਾਰਾ, ਕੁਦਰਤ ਵੇਖੇ ਵਾਰੋ ਵਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ


੨੨੦
੧੫

ਸ਼ਹਿਨਸ਼ਾਹੀਆ । ਗੋਤਮ ਵੇਖ ਹਰਿ ਕੀ ਨਜ਼ਰ, ਬੇਨਜ਼ੀਰ ਆਪ ਉਠਾਈਆ । ਰੈਣ ਅੰਧੇਰੀਉਂ ਬਣਾਏ ਫ਼ਜ਼ਰ, ਫ਼ਜ਼ਲ ਆਪਣਾ ਆਪ ਕਮਾਈਆ । ਤਖ਼ਤ ਨਿਵਾਸੀ ਕਰੇ ਸੱਚਾ ਅਦਲ, ਅਦਾਲਤ ਇਕੋ ਇਕ ਸਮਝਾਈਆ । ਮਕਤੂਲ ਕਾਤਲ ਦੋਹਾਂ ਇਕੋ ਕਤਲ, ਖੰਡਾ ਧਾਰ ਇਕ ਚਮਕਾਈਆ । ਕੂੜੀ ਕਿਰਿਆ ਦੇਵੇ ਬਦਲ, ਬਦਲੇ ਨਾਉਂ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਗੋਤਮ ਵੇਖ ਹਰਿ ਕਾ ਹੱਕ, ਸਚ ਹਕੀਕਤ ਖੋਜ ਖੁਜਾਇੰਦਾ । ਕਰੇ ਖੇਲ ਸਦਾ ਅਨਥੱਕ, ਦੋ ਜਹਾਨਾਂ ਫਿਰ ਫਿਰ ਵੇਖ ਵਖਾਇੰਦਾ । ਲੇਖਾ ਜਾਣੇ ਮਦੀਨਾ ਮੱਕ, ਕਾਅਬਾ ਹੁਜਰਾ ਵੇਸ ਵਟਾਇੰਦਾ । ਸਦੀ ਚੌਧਵੀਂ ਆਏ ਨੱਠ, ਵੱਡ ਅਮਾਮ ਫੇਰਾ ਪਾਇੰਦਾ । ਚੌਦਾਂ ਤਬਕਾਂ ਖੋਲ੍ਹੇ ਗੱਠ, ਅੰਦਰ ਵੜ ਵੜ ਪੜਦਾ ਲਾਹਿੰਦਾ । ਪੀਰ ਪੈਗ਼ੰਬਰਾਂ ਦੇਵੇ ਦੱਸ, ਧੁਰ ਦਾ ਹੁਕਮ ਆਪ ਸੁਣਾਇੰਦਾ । ਸਾਚਾ ਕਲਮਾ ਨੂਰ ਇਲਾਹੀ ਬੇਨਜ਼ੀਰ ਅੰਤਰ ਜਾਏ ਦੱਸ, ਜਗਤ ਦਿਲਗੀਰ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਝਿਰਨਾ ਆਬੇ ਹਯਾਤ ਨਿਝਰ ਦੇਵੇ ਰਸ, ਅੰਮ੍ਰਿਤ ਮੇਘ ਬੂੰਦ ਆਪ ਬਰਸਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਸੀਸ ਰੱਖੇ ਉਪਰ ਹੱਥ, ਸਦਾ ਸੁਹੇਲਾ ਹੋਏ ਸਹਾਈਆ । ਸਚ ਜੈਕਾਰਾ ਬੋਲ ਅਲੱਖ, ਏਕੰਕਾਰਾ ਨਾਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੇਲਾ ਸਹਿਜ ਸਭਾਈਆ । ਗੋਤਮ ਵੇਖ ਹਰਿ ਕਾ ਰੰਗ, ਬਣ ਲਲਾਰੀ ਆਪ ਚੜ੍ਹਾਇੰਦਾ । ਸਾਚੀ ਸੇਜਾ ਬੈਠ ਪਲੰਘ, ਸਾਚੇ ਮੰਦਰ ਡੇਰਾ ਲਾਇੰਦਾ । ਸਚ ਨਗਾਰ ਵੱਜੇ ਮਰਦੰਗ, ਢੋਲਕ ਛੈਣਾ ਨਾ ਕੋਇ ਖੜਕਾਇੰਦਾ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਕਰ ਪਰਕਾਸ਼ ਜੋਤ ਚੰਦ, ਜੋਤ ਨਿਰੰਜਣ ਡਗਮਗਾਇੰਦਾ । ਅੰਦਰ ਬਾਹਰ ਵਸੇ ਸੰਗ, ਆਤਮ ਪਰਮਾਤਮ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਗੋਤਮ ਸੁਣ ਕੇ ਹੋਇਆ ਬੇਹਾਲ, ਬਿਹਬਲ ਹੋ ਕੇ ਦਏ ਦੁਹਾਈਆ । ਹਉਂ ਬਾਲਾ ਨੱਢਾ ਤੇਰਾ ਬਾਲ, ਬੁੱਧੀ ਚਲੇ ਨਾ ਕੋਇ ਚਤੁਰਾਈਆ । ਏਥੇ ਓਥੇ ਸੁਰਤ ਸੰਭਾਲ, ਸੁਰਤੀ ਤੇਰੀ ਝੋਲੀ ਪਾਈਆ । ਸਾਚੀ ਸੇਵਾ ਘੋਲੀ ਘੋਲ ਲਈ ਘਾਲ, ਘਾਲ ਵਿਚ ਕਦੇ ਨਾ ਆਈਆ । ਜੁਗ ਚੌਕੜੀ ਤੇਰੀ ਅਵਲੜੀ ਚਾਲ, ਸਮਝ ਸਕੇ ਨਾ ਕੋਇ ਰਾਈਆ । ਕਲਜੁਗ ਅੰਤ ਹੋ ਦਿਆਲ, ਦੀਨਾਂ ਨਾਥ ਤੇਰੀ ਵਡਿਆਈਆ । ਫਲ ਲਗਾ ਆਪਣੇ ਡਾਲ, ਪਤ ਟਹਿਣੀ ਆਪ ਮਹਿਕਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੀ ਰੁਸ਼ਨਾਈਆ । ਲੇਖਾ ਚੁਕਿਆ ਸ਼ਾਹ ਕੰਗਾਲ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਸਤਿਗੁਰ ਹੋ ਕੇ ਬਣਿਆ ਦਲਾਲ, ਸਾਚਾ ਵਣਜ ਹੱਟ ਵਖਾਈਆ । ਨਾਤਾ ਤੋੜ ਕਾਲ ਮਹਾਂਕਾਲ, ਇਕੋ ਬਖ਼ਸ਼ ਚਰਨ ਸਰਨਾਈਆ । ਆ ਕੇ ਵੇਖ ਮੁਰੀਦਾਂ ਹਾਲ, ਮਿਹਰਵਾਨ ਮੁਰਸ਼ਦ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਥਾਉਂ ਥਾਈਂਆ । ਗੋਤਮ ਕਹੇ ਮੇਰੀ ਅਰਦਾਸ, ਅਰਦਾਸ ਇਕੋ ਵਾਰ ਕਰਾਈਆ । ਮੇਰੇ ਨਾਲੋ ਤੈਨੂੰ ਮਿਲਣ ਦੀ ਲੋੜ ਖ਼ਾਸ, ਬਿਨ ਮੇਰੇ ਤੇਰਾ ਕੰਮ ਰਾਸ ਨਾ ਆਈਆ । ਆਦਿ ਜੁਗਾਦਿ ਪ੍ਰਭੂ ਤੂੰ ਭਗਤਾਂ ਦਾਸ, ਬਣ ਸੇਵਕ ਸੇਵ ਕਮਾਈਆ । ਅੰਤਰ ਚਲੇ ਪਵਣ ਸਵਾਸ, ਬਾਹਰ ਰਸਨਾ ਜਿਹਵਾ ਢੋਲਾ ਗਾਈਆ । ਨਿਰਗੁਣ ਹੋ ਕੇ ਦੇਵੇਂ ਸਾਥ, ਸਰਗੁਣ ਸੱਚਾ ਸੰਗ ਵਖਾਈਆ । ਸਚ ਸੰਦੇਸਾ ਜਾਵੇਂ ਆਖ, ਆਖ਼ਰ ਆਪਣਾ ਮੇਲ ਮਿਲਾਈਆ । ਧੁਰ ਦਰਬਾਰੇ ਖੋਲ੍ਹੇਂ ਤਾਕ, ਪੜਦਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਦੇਵਣਹਾਰਾ ਸਦਾ ਵਡਿਆਈਆ । ਗੋਤਮ ਕਹੇ ਮੈਂ ਕੀ ਦੱਸਾ, ਦੱਸਣ ਵਿਚ ਕਦੇ ਨਾ ਆਈਆ । ਤੇਰੀ ਪ੍ਰੇਮ ਪ੍ਰੀਤੀ ਅੰਦਰ ਵਸਾਂ, ਵਸਲ ਮਾਅਸ਼ੂਕ ਇਕੋ ਪਾਈਆ । ਨਾਲੇ ਰੋਵਾਂ ਨਾਲੇ ਹੱਸਾਂ, ਗ਼ਮੀ ਖ਼ੁਸ਼ੀ ਨਾਲ ਮਿਲਾਈਆ । ਨਾਲੇ ਡਿਗਾਂ ਨਾਲੇ ਨੱਠਾਂ, ਲੰਗੜਾ ਹੋ ਕੇ ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਰ ਤੇਰਾ ਇਕੋ ਨਜ਼ਰੀ ਆਈਆ । ਗੋਤਮ ਕਹੇ ਨਾ ਜਾਈਂ ਫਿਰ, ਅਛਲ ਅਛੱਲ ਤੇਰਾ ਭੇਵ ਕੋਇ ਨਾ ਆਈਆ । ਰਿਖੀ ਨਾਲ ਉਧਾਰ ਕੀਤਾ ਸਿਰ, ਸਿਰ ਸਦਕੇ ਘੋਲੀ ਵਾਰੀ ਘੋਲ ਘੁਮਾਈਆ । ਆ ਵੇਖ ਮੇਰਾ ਦਿਲ, ਦਿਲਬਰ ਤੇਰੀ ਤਾਂਘ ਤਕਾਈਆ । ਅੱਠੇ ਪਹਿਰ ਨਾ ਜਾਏ ਹਿਲ, ਬਿਸਮਲ ਰੂਪ ਰਿਹਾ ਵਟਾਈਆ । ਤੂੰ ਆਪ ਨਾ ਕਰੀਂ ਢਿਲ, ਗ਼ਫ਼ਲਤ ਵਿਚ ਸਾਹਿਬ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ ਮਿਲੇ ਸਚ ਸਰਨਾਈਆ । ਗੋਤਮ ਕਹੇ ਤੇਰਾ ਨਿਤ ਨਿਤ ਧੋਖਾ, ਜਨ ਭਗਤ ਰਹੇ ਕੁਰਲਾਈਆ । ਤੇਰਾ ਭਾਣਾ ਕਿਸੇ ਨਾ ਰੋਕਾ, ਭਾਣੇ ਵਿਚ ਸਰਬ ਸਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਰੱਖਦੇ ਗਏ ਓਟਾ, ਚਰਨ ਕਵਲ ਧਿਆਨ ਲਗਾਈਆ । ਗੋਬਿੰਦ ਹੋ ਕੇ ਮੰਗੇ ਮੰਗ ਪੁੱਤ ਛੋਟਾ, ਪੁਰਖ ਅਕਾਲ ਅੱਗੇ ਝੋਲੀ ਡਾਹੀਆ । ਤੇਰਾ ਖੇਲ ਜੋਤੀ ਜੋਤਾ, ਜੋਤ ਤੇਰਾ ਨੂਰ ਰੁਸ਼ਨਾਈਆ । ਕਲਜੁਗ ਅੰਤਮ ਮਾਰਗ ਦੱਸਣਾ ਸੌਖਾ, ਬਿਨ ਜਪ ਤਪ ਜੋਗ ਅਭਿਆਸ ਹੱਠ ਤੇਰਾ ਨਾਮ ਹਰਿਜਨ ਹਿਰਦੇ ਲਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਗੋਤਮ ਕਹੇ ਤੇਰਾ ਇਕ ਸਹਾਰਾ, ਸਖ਼ੀ ਸੁਲਤਾਨ ਤੇਰੀ ਵਡਿਆਈਆ । ਦੂਜਾ ਨਾ ਕੋਈ ਲੱਗੇ ਪਿਆਰਾ, ਪ੍ਰੀਤੀ ਨਾਲ ਨਾ ਕਿਸੇ ਲਗਾਈਆ । ਤਿੰਨ ਜੁਗ ਤੁਧ ਬਿਨ ਬੈਠਾ ਰਿਹਾ ਕਵਾਰਾ, ਸੇਜ ਸੁਹੰਜਣੀ ਨਜ਼ਰ ਕੋਇ ਨਾ ਆਈਆ । ਅੰਤਮ ਦੇ ਕੇ ਗਿਓਂ ਲਾਰਾ, ਧੁਰ ਸੰਦੇਸਾ ਹੁਕਮ ਸੁਣਾਈਆ । ਕਲ ਕਲਕੀ ਲੈ ਅਵਤਾਰਾ, ਨਿਹਕਲੰਕ ਫੇਰਾ ਪਾਈਆ । ਤੇਰਾ ਬਣੇ ਸਾਕ ਦੋ ਧਾਰਾ, ਦੋਹਰੀ ਗੰਢ ਦਏ ਪਵਾਈਆ । ਇਕ ਠਾਕਰ ਇਕ ਮਿੱਤਰ ਪਿਆਰਾ, ਇਕ ਠੋਕਰ ਰਿਹਾ ਲਗਾਈਆ । ਇਕ ਸਾਗਰ ਇਕ ਦੱਸੇ ਕਿਨਾਰਾ, ਬਿਨ ਕਿਨਾਰੇ ਸਾਗਰ ਸਾਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਤਮ ਵੇਖ ਧਰਤ ਮਾਤ ਦੀ ਖੁਲ੍ਹੀ ਗੁੱਤ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਕੋਲੋ ਰਹੀ ਪੁੱਛ, ਉਚੀ ਕੂਕ ਦਏ ਦੁਹਾਈਆ । ਦਰੋਹੀ ਖ਼ੁਦਾਏ ਦੀ ਹੁਣ ਕਿਉਂ ਬੈਠੇ ਲੁਕ, ਕਲਜੁਗ ਅੰਤ ਅੰਧੇਰਾ ਛਾਈਆ । ਨਾਤਾ ਤੁਟਾ ਮਾਂ ਪੁੱਤ, ਪਿਤਾ ਪੂਤ ਨਾ ਕੋਇ ਵਡਿਆਈਆ । ਚਾਰੋ ਕੁੰਟ ਅੰਧੇਰਾ ਘੁੱਪ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਹੋਇਆ ਪਰਧਾਨ ਜੂਠ ਝੂਠ, ਕਾਮ ਕਰੋਧ ਲੋਭ ਮੋਹ ਹੰਕਾਰ ਦਿਸੇ ਹਲਕਾਈਆ । ਨਜ਼ਰ ਨਾ ਆਏ ਨਿਰਮਲ ਜੋਤ, ਸ਼ਬਦ ਅਨਾਦ ਨਾ ਕੋਇ ਸੁਣਾਈਆ । ਝਗੜਾ ਪਿਆ ਵਰਨ ਗੋਤ, ਦੀਨ ਮਜ਼੍ਹਬ ਕਰਨ ਲੜਾਈਆ । ਹਰਿਜੂ ਨਜ਼ਰ ਨਾ ਆਏ ਸੱਚਾ ਖ਼ੌਂਤ, ਨਾਰੀ ਕੰਤ ਨਾ ਕੋਇ ਪਰਨਾਈਆ । ਲੱਖ ਚੁਰਾਸੀ ਦਿਸੇ ਔਂਤ, ਸਾਚੀ ਗੋਦ ਨਾ ਕੋਇ ਸੁਹਾਈਆ । ਸ੍ਰੀ ਭਗਵਾਨ ਅੰਤਮ ਪਹੁੰਚ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਮੇਰੀ ਕੋਈ ਨਾ ਚਲੇ ਸੋਚ, ਸੋਚ ਸਮਝ ਸਮਝ ਨਾ ਸਕੇ ਰਾਈਆ । ਤੇਰੇ ਦਰਸ਼ਨ ਲੋਚਣ ਰਹੇ ਲੋਚ, ਆਸਾ ਮਨਸਾ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆ ਸੱਚੇ ਮਾਹੀਆ । ਧਰਨੀ

ਕਹੇ ਆ ਮਾਹੀਆ, ਮਿਹਰਵਾਨ ਤੇਰੀ ਵਡਿਆਈਆ । ਦੋ ਜਹਾਨਾਂ ਸੱਚੇ ਰਾਹੀਆ, ਪਾਂਧੀ ਬਣ ਕੇ ਫੇਰਾ ਪਾਈਆ । ਗੁਰ ਅਵਤਾਰ ਤੇਰੀ ਦੇਣ ਗਵਾਹੀਆ, ਸ਼ਹਾਦਤ ਇਕੋ ਇਕ ਸਮਝਾਈਆ । ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ, ਕਲਜੁਗ ਅੰਧ ਅੰਧੇਰਾ ਦਏ ਮਿਟਾਈਆ । ਚਾਰ ਵਰਨ ਭਾਈਆਂ ਨਾਲ ਮਿਲਾਏ ਭਾਈਆਂ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਲੜਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਖੇਲ ਆਪ ਕਰਾਈਆ । ਧਰਨੀ ਕਹੇ ਮੇਰੇ ਸਾਹਿਬ ਸੱਜਨ, ਪ੍ਰਭ ਤੇਰੀ ਓਟ ਤਕਾਈਆ । ਸਚ ਨਾ ਦਿਸੇ ਕੋਈ ਮਜਨ, ਅਠਸਠ ਰੋਵੇ ਮਾਰੇ ਧਾਹੀਂਆ । ਕੂੜੀ ਕਿਰਿਆ ਸਾਰੇ ਭਜਣ, ਸਚ ਸੁਚ ਨਾ ਕੋਇ ਸਮਾਈਆ । ਕਾਮ ਵਾਸਨਾ ਹੋਏ ਮਗਨ, ਹਿਰਦੇ ਹਰਿ ਨਾ ਕੋਇ ਧਿਆਈਆ । ਤ੍ਰੈਗੁਣ ਮਾਇਆ ਲੱਗੀ ਅਗਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਕੋਈ ਨਾ ਆਵੇ ਪੜਦਾ ਕੱਜਣ, ਕਲਜੁਗ ਜੀਵ ਮੇਰਾ ਪੜਦਾ ਰਹੇ ਉਠਾਈਆ । ਬੇਪਰਵਾਹ ਤੇਰੀ ਬਾਂਦੀ ਤੇਰੀ ਦਾਸੀ ਤੁਧ ਬਿਨ ਹੋਈ ਨਗਣ, ਸਚ ਦੋਸ਼ਾਲਾ ਨਜ਼ਰ ਕੋਇ ਨਾ ਆਈਆ । ਥੱਕੀ ਮਾਂਦੀ ਦਰ ਕੁਰਲਾਂਦੀ ਆਈ ਮੰਗਣ, ਦੋਏ ਜੋੜ ਵਾਸਤਾ ਪਾਈਆ । ਕਰ ਕਿਰਪਾ ਚਾੜ੍ਹ ਇਕੋ ਰੰਗਣ, ਰੰਗ ਮਜੀਠੀ ਦੇ ਵਖਾਈਆ । ਮੇਰਾ ਸੋਹੇ ਸਾਚਾ ਅੰਗਨ, ਘਰ ਵੱਜੇ ਨਾਮ ਵਧਾਈਆ । ਮੇਲ ਮਿਲੇ ਸਾਚੇ ਸੱਜਣ, ਸਤਿਗੁਰ ਵਿਛੜ ਕਦੇ ਨਾ ਜਾਈਆ । ਜਿਸ ਦਾ ਇਕੋ ਧੁਰ ਦਾ ਭਜਨ, ਸੋਹੰ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੇਲਾ ਲਏ ਮਿਲਾਈਆ । ਧਰਨੀ ਕੂਕ ਕਹੇ ਕੁਰਲਾ, ਦੋਏ ਜੋੜ ਵਾਸਤਾ ਪਾਈਆ । ਕਲਜੁਗ ਅੰਤ ਨਾ ਸਾਹਿਬ ਰੁਲਾ, ਮਾਟੀ ਖ਼ਾਕੀ ਖੇਹ ਸੀਸ ਪਵਾਈਆ । ਸਾਗਰ ਬੇੜਾ ਨਾ ਮੇਰਾ ਡੁਬਾ, ਡੂੰਘੇ ਵਹਿਣ ਨਾ ਅੰਤ ਵਹਾਈਆ । ਦੋਏ ਜੋੜ ਵਾਸਤਾ ਰਹੀ ਪਾ, ਗਲ ਪੱਲੂ ਰਹੀ ਵਖਾਈਆ । ਮੈਂ ਨਿਮਾਣੀ ਤੇਰੀ ਗਾਂ, ਤੇਰੀ ਇਕੋ ਓਟ ਤਕਾਈਆ । ਕਲਜੁਗ ਅੰਤ ਕਰੇਂ ਨਿਆਂ, ਮਨਮੁਖ ਕਸਾਈ ਕੋਈ ਰਹਿਣ ਨਾ ਪਾਈਆ । ਜਨ ਭਗਤਾਂ ਦੇਵੇਂ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਈਆ । ਦਰਗਹਿ ਸਾਚੀ ਦੇਵੇਂ ਬਹਾ, ਸਚਖੰਡ ਦੇਵਣਹਾਰ ਵਡਿਆਈਆ । ਪੂਰਬ ਲੇਖਾ ਦਏਂ ਚੁਕਾ, ਅਗਲਾ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਦੇਵੇ ਹਰਿ ਦਿਲਾਸਾ, ਧੂੜੀ ਟਿੱਕਾ ਮਸਤਕ ਲਾਈਆ । ਪਰਮ ਪੁਰਖ ਦਾ ਰੱਖ ਭਰਵਾਸਾ, ਸ੍ਰੀ ਭਗਵਾਨ ਹੋਏ ਸਹਾਈਆ । ਨਿਰਗੁਣ ਬਣ ਕੇ ਆਵੇ ਰਾਖਾ, ਹੋਕਾ ਦੇਵੇ ਥਾਉਂ ਥਾਈਆ । ਜਨ ਭਗਤਾਂ ਖੋਲ੍ਹੇ ਬੰਦ ਕਿਵਾੜੀ ਤਾਕਾ, ਬਜਰ ਕਪਾਟੀ ਤੋੜ ਤੁੜਾਈਆ । ਸਾਚੀ ਸੇਜਾ ਸੋਵੇ ਖਾਟਾ, ਬਿਸਤਰ ਇਕੋ ਨਾਮ ਵਿਛਾਈਆ । ਅਗੰਮ ਅਥਾਹ ਆਪਣੀ ਰੱਖੇ ਜ਼ਾਤਾ, ਜ਼ਾਤ ਜ਼ਾਤ ਵਿਚੋ ਪਰਗਟਾਈਆ । ਹੋਏ ਸਹਾਈ ਜਗਤ ਮਾਤਾ, ਧਰਨੀ ਤੇਰੀ ਲਾਜ ਰਖਾਈਆ । ਖੁਲ੍ਹਾ ਦਿਸੇ ਤੇਰਾ ਹਾਤਾ, ਪਤਤ ਰਹਿਣ ਕੋਇ ਨਾ ਪਾਈਆ । ਧਰਮ ਰਾਏ ਦਾ ਭਰੇ ਖਾਤਾ, ਖੇਵਟ ਖਤੌਨੀ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਪੁਰਖ ਅਕਾਲ ਕਹੇ ਨਾ ਹੋ ਗ਼ਮਗੀਨ, ਦੁੱਖ ਦਰਦ ਆਪ ਵੰਡਾਈਆ । ਤੇਰੀ ਮਾਟੀ ਖ਼ਾਕੀ ਵੇਖੇ ਜ਼ਮੀਨ, ਜ਼ਾਮਨ ਹੋਵੇ ਬੇਪਰਵਾਹੀਆ । ਤੇਰੀ ਆਸਾ ਦਿਸੇ ਮਸਕੀਨ, ਤੇਰੀ ਤ੍ਰਿਸਨਾ ਮਸਲਾ ਹਲ ਕਰਾਈਆ । ਤੇਰਾ ਨਾਉਂ ਦੱਸੇ ਮਦੀਨ, ਨਰ ਇਕੋ ਹੁਕਮ ਵਰਤਾਈਆ । ਤੇਰੀ ਕਫ਼ਨੀ ਚਾੜ੍ਹੇ ਰੰਗ ਭੀਨ, ਭਿੰਨੜੀ ਧਾਰ ਨਾਲ ਮਿਲਾਈਆ । ਤੈਨੂੰ ਦੇਵੇ ਆਪ ਯਕੀਨ,

ਯਕਮੁਸ਼ਤ ਫ਼ੈਸਲਾ ਦਏ ਕਰਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਕਰੇ ਤਲਕੀਨ, ਤਾਕਤਵਰ ਵੇਖ ਵਖਾਈਆ । ਅੰਤਮ ਸਾਰੇ ਹੋਏ ਅਧੀਨ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਥਾਉਂ ਥਾਈਆ । ਧਰਨੀ ਕਹੇ ਕਿਉਂ ਬੈਠਾ ਚੁਪ, ਪ੍ਰਭੂ ਆਪਣਾ ਆਪ ਛੁਪਾਈਆ । ਮੇਰੀ ਸਹਾਇਤਾ ਕਰੇ ਤੇਰਾ ਮੁਨ ਰਿਖ, ਗੋਤਮ ਹੱਥ ਲਏ ਵਟਾਈਆ । ਜਿਸ ਤੇਰੇ ਦੁਆਰਿਉਂ ਲਈ ਭਿਖ, ਅੱਗੇ ਮੇਰੀ ਝੋਲੀ ਦੇਵੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਸੁਣ ਧਰਨੀ ਸਚ ਏਕੋ ਟੇਕ, ਟਿੱਕਾ ਤੇਰੇ ਮਸਤਕ ਲਾਈਆ । ਅੰਤਮ ਲਹਿਣਾ ਲੈਣਾ ਵੇਖ, ਸ੍ਰੀ ਭਗਵਾਨ ਦਏ ਵਖਾਈਆ । ਜਿਨ੍ਹਾਂ ਨਾਲ ਕਰੇ ਆਪਣਾ ਹੇਤ, ਤਿਨ੍ਹਾਂ ਭਗਵੰਤ ਭਗਤ ਰੂਪ ਵਟਾਈਆ । ਅੰਦਰ ਵੜ ਕੇ ਦੇਵੇ ਭੇਤ, ਬਾਹਰੋ ਨਜ਼ਰ ਕੋਇ ਨਾ ਆਈਆ । ਪੰਚ ਵਿਕਾਰ ਦਰ ਤੋ ਦੇਵੇ ਛੇਕ, ਛੇਕੜ ਆਪਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਸਦ ਵਡਿਆਈ ਰੱਖੇ ਹੱਥ, ਦਸਤ ਬਦਸਤ ਆਪ ਫੜਾਇੰਦਾ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਇੰਦਾ । ਸਤਿਜੁਗ ਮਾਰਗ ਦੇਵੇ ਦੱਸ, ਕਲਜੁਗ ਕੂੜਾ ਪੰਧ ਮੁਕਾਇੰਦਾ । ਧਰਮ ਦੁਆਰਾ ਖੋਲ੍ਹ ਹੱਟ, ਨਾਮ ਵਸਤ ਇਕ ਵਰਤਾਇੰਦਾ । ਕਰੇ ਖੇਲ ਹਰਿ ਅਕੱਥ, ਕਥਨੀ ਕਥ ਨਾ ਕੋਇ ਸੁਣਾਇੰਦਾ । ਅੰਮ੍ਰਿਤ ਆਤਮ ਦੇਵੇ ਰਸ, ਨਿਝਰ ਝਿਰਨਾ ਇਕ ਝਿਰਾਇੰਦਾ । ਨਾਮ ਪੜ੍ਹਾਈ ਤੂੰ ਮੇਰਾ ਮੈਂ ਤੇਰੇ ਵਸ, ਸੋਹੰ ਢੋਲਾ ਆਪ ਸੁਣਾਇੰਦਾ । ਆਤਮ ਪਰਮਾਤਮ ਗਾਵੇ ਜਸ, ਜਸ ਵੇਦ ਪੁਰਾਨ ਨਾ ਸਿਫ਼ਤ ਸਾਲਾਹਿੰਦਾ । ਜਨ ਭਗਤਾਂ ਪੂਰੀ ਕਰੇ ਆਸ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਸਭ ਦੀ ਬੁਝਾਵਣਹਾਰਾ ਪਿਆਸ, ਅੰਮ੍ਰਿਤ ਸੀਰ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਦੇਵੇ ਧੁਰ ਦਾ ਦਾਨ, ਸਾਚੀ ਵਸਤ ਆਪ ਵਰਤਾਇੰਦਾ ।

## ✪ ੫ ਭਾਦਰੋ ੨੦੨੦ ਬਿਕ੍ਰਮੀ ਕਾਦਰਾਬਾਦ ਬਖ਼ਸ਼ੀਸ਼ ਸਿੰਘ ਦੇ ਗ੍ਰਿਹਿ ✪

ਸਚਖੰਡ ਸਾਹਿਬ ਅਤੀਤ, ਸੋ ਬੈਠਾ ਬੇਪਰਵਾਹੀਆ । ਨਿਰਗੁਣ ਨਿਰਗੁਣ ਇਕ ਪ੍ਰੀਤ, ਏਕੰਕਾਰਾ ਆਪ ਨਿਭਾਈਆ । ਸਚ ਨਿਸ਼ਾਨਾ ਦੱਸੇ ਠੀਕ, ਦਰਗਹਿ ਸਾਚੀ ਸੋਭਾ ਪਾਈਆ । ਜੁਗ ਚੌਕੜੀ ਕਰਨ ਉਡੀਕ, ਬਿਨ ਨੇਤਰ ਬੈਠੇ ਧਿਆਨ ਲਗਾਈਆ । ਵਿਸ਼ਨੂੰ ਦੁਆਰੇ ਮੰਗੇ ਭੀਖ, ਘਰ ਸਾਚੇ ਅਲਖ ਜਗਾਈਆ । ਬ੍ਰਹਮਾ ਕਹੇ ਪ੍ਰਭ ਪ੍ਰੀਤ, ਪਾਰਬ੍ਰਹਮ ਸੱਚੀ ਸਰਨਾਈਆ । ਸ਼ੰਕਰ ਕਹੇ ਮੇਰੀ ਕਰੇ ਜੀਤ, ਹੱਥ ਤ੍ਰਿਸੂਲ ਫੜਾਈਆ । ਤ੍ਰੈਗੁਣ ਕਹੇ ਮੇਰੇ ਛਤਰ ਝੁਲਾਏ ਸੀਸ, ਮਿਹਰਵਾਨ ਹੋਏ ਸਹਾਈਆ । ਪੰਜ ਤਤ ਕਹੇ ਵਸੇ ਨਜ਼ਦੀਕ, ਘਰ ਘਰ ਬੈਠਾ ਡੇਰਾ ਲਾਈਆ । ਜੁਗ ਚੌਕੜੀ ਕਹੇ ਧਾਰ ਬਾਰੀਕ, ਨੇਤਰ ਨਜ਼ਰ ਕਿਸੇ ਨਾ ਆਈਆ । ਸ਼ਬਦ ਕਹੇ ਮੈਂ ਵਸਾਂ ਹਰ ਘਟ ਭੀਤ, ਭੀਤਰ ਆਪਣਾ ਆਪ ਜਣਾਈਆ । ਆਦਿ ਜੁਗਾਦਿ ਚਲੇ ਰੀਤ, ਨਿਤ ਨਵਿਤ ਰਾਹ ਵਖਾਈਆ । ਧੁਰਦਰਗਾਹੀ ਇਕੋ ਗੀਤ, ਮੰਤਰ ਸਤਿ ਸਤਿ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਈਆ । ਸਾਚਾ ਖੇਲ ਸਾਹਿਬ ਗੁਰਦੇਵ, ਨਿਰਗੁਣ ਨਿਰੰਕਾਰ ਆਪ ਜਣਾਇੰਦਾ ।

੨੨੪
੧੫

ਆਦਿ ਪੁਰਖ ਅਲਖ ਅਭੇਵ, ਅਨਭਵ ਆਪਣੀ ਕਾਰ ਕਮਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਲਗਾਏ ਸੇਵ, ਸਾਚੀ ਸੇਵਾ ਇਕ ਸਮਝਾਇੰਦਾ । ਆਪ ਵਸਣਹਾਰ ਸਦਾ ਨਿਹਕੇਵ, ਨਿਹਚਲ ਆਪਣਾ ਆਸਣ ਲਾਇੰਦਾ । ਰਸਨਾ ਗਾ ਨਾ ਸਕੇ ਕੋਈ ਜਿਹਵ, ਬੱਤੀ ਦੰਦ ਨਾ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਕਰਨੀ ਕਾਰ ਕਮਾਇੰਦਾ । ਸਾਚੀ ਕਾਰ ਕਰੇ ਭਗਵਾਨ, ਭਗਵਨ ਆਪਣੀ ਧਾਰ ਚਲਾਈਆ । ਲੇਖਾ ਜਾਣ ਦੋ ਜਹਾਨ, ਨਿਰਗੁਣ ਸਰਗੁਣ ਵੇਸ ਵਟਾਈਆ । ਸਤਿਜੁਗ ਤ੍ਰੇਤਾ ਹੋ ਪਰਧਾਨ, ਦੁਆਪਰ ਕਲਜੁਗ ਹੁਕਮ ਵਰਤਾਈਆ । ਪੁਰੀ ਲੋਅ ਇਕ ਨਿਸ਼ਾਨ, ਬ੍ਰਹਿਮੰਡ ਖੰਡ ਆਪ ਝੁਲਾਈਆ । ਆਤਮ ਪਰਮਾਤਮ ਦੇਵੇ ਗਿਆਨ, ਲੱਖ ਚੁਰਾਸੀ ਕਰੇ ਪੜ੍ਹਾਈਆ । ਗੁਰ ਅਵਤਾਰਾਂ ਦੇ ਦੇ ਦਾਨ, ਪੀਰ ਪੈਗੰਬਰਾਂ ਝੋਲੀ ਆਪ ਭਰਾਈਆ । ਧੁਰ ਸੰਦੇਸਾ ਧੁਰ ਫ਼ਰਮਾਨ, ਧੁਰ ਦੀ ਧਾਰ ਜਣਾਈਆ । ਸਚ ਨਰੇਸ਼ਾ ਬਣ ਕੇ ਕਾਹਨ, ਹਰਿ ਕਰਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਥਾਨ ਥਨੰਤਰ ਸੋਭਾਵੰਤ, ਘਰ ਸਾਚੇ ਵੱਜੇ ਵਧਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸ੍ਰੀ ਭਗਵੰਤ, ਭਗਵਨ ਏਕਾ ਸੋਭਾ ਪਾਈਆ । ਨਾਮ ਜਣਾਏ ਸਾਚਾ ਮੰਤ, ਮੰਤਰ ਇਕੋ ਇਕ ਦ੍ਰਿੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਏਕ, ਏਕਾ ਆਪਣੇ ਹੱਥ ਰੱਖੇ ਵਡਿਆਈਆ । ਗੁਰ ਅਵਤਾਰਾਂ ਦੇਵੇ ਟੇਕ, ਪੀਰ ਪੈਗ਼ੰਬਰ ਹੁਕਮ ਵਰਤਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਲਿਖੇ ਲੇਖ, ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਭੇਵ ਚੁਕਾਈਆ । ਸਚਖੰਡ ਦੁਆਰੇ ਵਸੇ ਦੇਸ, ਥਿਰ ਘਰ ਆਪਣਾ ਚਰਨ ਟਿਕਾਈਆ । ਲੇਖਾ ਜਾਣੇ ਵਿਸ਼ਨ ਬ੍ਰਹਮ ਮਹੇਸ਼, ਸ਼ੰਕਰ ਆਪਣੀ ਧਾਰ ਬੰਧਾਈਆ । ਜੁਗ ਚੌਕੜੀ ਲਏ ਵੇਖ, ਨਿਰਗੁਣ ਸਰਗੁਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲਾਈਆ । ਧੁਰ ਦਾ ਲੇਖਾ ਮੰਗਣ ਓਟ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਗੁਰ ਅਵਤਾਰ ਰਹੇ ਸੋਚ, ਹਰਿ ਕਾ ਭੇਵ ਕੋਇ ਨਾ ਪਾਈਆ । ਪੀਰ ਪੈਗ਼ੰਬਰ ਰਹੇ ਲੋਚ, ਨੇਤਰ ਨੈਣ ਧਿਆਨ ਲਗਾਈਆ । ਭਗਤ ਭਗਵਾਨ ਮਿਲਣ ਦਾ ਰੱਖਣ ਸ਼ੌਕ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਨੇਤਰ ਰੋਵਣ ਲੋਕ ਪਰਲੋਕ, ਚੌਦਾਂ ਤਬਕ ਦੇਣ ਦੁਹਾਈਆ । ਚਾਰ ਵਰਨ ਮੰਗਣ ਇਕ ਸਲੋਕ, ਬਰਨ ਅਠਾਰਾਂ ਇਕੋ ਰਾਗ ਅਲਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਮਿਲੇ ਇਕੋ ਕੋਟ, ਬੰਕ ਦੁਆਰਾ ਸੋਭਾ ਪਾਈਆ । ਨਾਮ ਨਗਾਰੇ ਲੱਗੇ ਚੋਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਵਰਤੇ ਆਣ, ਅਨਕ ਕਲ ਵੱਡੀ ਵਡਿਆਈਆ । ਚਾਰ ਜੁਗ ਵੇਖੇ ਮਾਰ ਧਿਆਨ, ਨਵ ਨੌ ਪੜਦਾ ਰਿਹਾ ਉਠਾਈਆ । ਤਖ਼ਤ ਨਿਵਾਸੀ ਨੌਜਵਾਨ, ਸਾਚੇ ਤਖ਼ਤ ਸੋਭਾ ਪਾਈਆ । ਦੋ ਜਹਾਨਾਂ ਹੁਕਮਰਾਨ, ਧੁਰ ਦੀ ਧਾਰ ਇਕ ਸਮਝਾਈਆ । ਮਹੱਲ ਅਟੱਲ ਉਚ ਮਕਾਨ, ਸਚ ਸਿੰਘਾਸਣ ਰਿਹਾ ਸੁਹਾਈਆ । ਜੋਧਾ ਸੂਰਬੀਰ ਬਲਵਾਨ, ਬਲ ਆਪਣਾ ਆਪ ਰਖਾਈਆ । ਆਦਿ ਜੁਗਾਦੀ ਦੇਵਣਹਾਰਾ ਦਾਨ, ਵਸਤ ਅਮੋਲਕ ਇਕ ਵਰਤਾਈਆ । ਗੁਰ ਅਵਤਾਰਾਂ ਦੇ ਗਿਆਨ, ਮੰਤਰ ਨਾਮ ਕਰੇ ਪੜ੍ਹਾਈਆ । ਪੀਰ ਪੈਗ਼ੰਬਰ ਕਰਨ ਸਲਾਮ, ਇਸਮ ਇਕੋ ਇਕ ਜਣਾਈਆ । ਧੁਰ ਦਾ ਕਲਮਾ ਬੋਲ ਕਲਾਮ, ਨਬੀ ਰਸੂਲ ਦਏ ਸਮਝਾਈਆ । ਕਾਗ਼ਜ਼ ਕਲਮ ਹੋਏ ਹੈਰਾਨ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਆਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਜਿਸ ਦਾ ਜਾਪ, ਸਰਗੁਣ ਨਿਰਗੁਣ ਰਹੇ ਧਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਪਾਠ, ਅੰਜੀਲ ਕੁਰਾਨ ਬੈਠਣ ਸੀਸ ਝੁਕਾਈਆ । ਗੁਰ ਅਵਤਾਰ ਜਿਸ ਦੇ ਦਾਸ, ਪੀਰ ਪੈਗ਼ੰਬਰ ਸਜਦਾ ਸੀਸ ਵਖਾਈਆ । ਚਾਰ ਜੁਗ ਜਿਸ ਦੀ ਆਸ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੋਪੀ ਕਾਹਨ ਨਚਾਈਆ । ਬ੍ਰਹਿਮੰਡ ਖੰਡ ਜਿਸ ਦੀ ਰੱਖਣ ਆਸ, ਨਵ ਖੰਡ ਇਕੋ ਰਾਹ ਤਕਾਈਆ । ਸੂਰਜ ਚੰਨ ਜਿਸ ਦਾ ਪਰਕਾਸ਼, ਕਿਰਨ ਕਿਰਨ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਸਾਚਾ ਹੁਕਮ ਦੇਵੇ ਅਲੋਪ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਲੱਖ ਚੁਰਾਸੀ ਇਕ ਸਲੋਕ, ਆਤਮ ਪਰਮਾਤਮ ਢੋਲਾ ਰਾਗ ਅਲਾਇੰਦਾ । ਮਨ ਮਤ ਬੁਧ ਕੋਈ ਨਾ ਸਕੇ ਸੋਚ, ਸੋਚਿਆਂ ਸੋਚ ਵਿਚ ਕਦੇ ਨਾ ਆਇੰਦਾ । ਜਨ ਭਗਤ ਪ੍ਰਭ ਦਰਸਨ ਵਿਰਲੇ ਰਹੇ ਲੋਚ, ਜਿਨ੍ਹਾਂ ਆਸਾ ਅੰਤਮ ਪੂਰ ਕਰਾਇੰਦਾ । ਲੱਖ ਚੁਰਾਸੀ ਖੋਜੇ ਖੋਜ, ਘਟ ਘਟ ਅੰਦਰ ਫੋਲ ਫੁਲਾਇੰਦਾ । ਵੜਿਆ ਰਹੇ ਬਣ ਖ਼ਮੋਸ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਦੇਵੇ ਜਗਦੀਸ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਏਕਾ ਤਾਜ ਧਰੇ ਹਰਿ ਸੀਸ, ਤਖ਼ਤ ਨਿਵਾਸੀ ਸੋਭਾ ਪਾਈਆ । ਏਕੰਕਾਰਾ ਕਲਮਾ ਪੜ੍ਹਾਏ ਸਚ ਹਦੀਸ, ਨਾਮ ਨਿਧਾਨ ਇਕ ਸਮਝਾਈਆ । ਆਦਿ ਨਿਰੰਜਣ ਕਰਵਟ ਲੈ ਬਦਲੇ ਪੀਠ, ਸਨਮੁਖ ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਲੱਖ ਚੁਰਾਸੀ ਲਏ ਜੀਤ, ਬਲਧਾਰੀ ਬਲ ਪਰਗਟਾਈਆ । ਸ੍ਰੀ ਭਗਵਾਨ ਸਚ ਨਿਸ਼ਾਨ ਉਠਾਏ ਅਤੀਤ, ਤ੍ਰੈਗੁਣ ਬੈਠਾ ਡੇਰਾ ਢਾਹੀਆ । ਪਾਰਬ੍ਰਹਮ ਪ੍ਰਭ ਨਜ਼ਰ ਆਏ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਖੇਲੇ ਖੇਲ ਪਰਵਰਦਿਗਾਰ ਲਾਸ਼ਰੀਕ, ਸ਼ਿਰਕਤ ਰੂਪ ਨਾ ਕੋਇ ਵਟਾਈਆ । ਕਲਜੁਗ ਮੇਟੇ ਅੰਧੇਰ ਤਾਰੀਕ, ਤਾਰੀਖ਼ ਪਿਛਲੀ ਦਏ ਪਲਟਾਈਆ । ਗੁਰ ਅਵਤਾਰ ਰਸਨਾ ਕਹਿਣ ਠੀਕ, ਉਚੀ ਕੂਕ ਕੂਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਚਾਰ ਵਰਨ ਸੁਣਾਏ ਇਕ ਹਦੀਸ, ਕਲਮਾ ਨਾਮ ਇਕ ਉਪਜਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਲੀ ਕਰੇ ਖੀਸ, ਦਰ ਦਰ ਘਰ ਘਰ ਭਿਖਿਆ ਮੰਗਣ ਜਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਪੰਜ ਤਤ ਕਾਇਆ ਜਾਏ ਜੀਤ, ਆਤਮ ਪਰਮਾਤਮ ਮੇਲ ਮਿਲਾਈਆ । ਪਾਰਬ੍ਰਹਮ ਬ੍ਰਹਮ ਢੋਲਾ ਸੁਣਾਏ ਗੀਤ, ਸੋਹੰ ਇਕੋ ਰਾਗ ਸਮਝਾਈਆ । ਨਿਰਗੁਣ ਹੋ ਕੇ ਵਸੇ ਚੀਤ, ਸਰਗੁਣ ਆਪਣਾ ਬੰਧਨ ਪਾਈਆ । ਮਿੱਤਰ ਪਿਆਰਾ ਬਣੇ ਮੀਤ, ਯਾਰੜਾ ਸੱਥਰ ਆਪ ਹੰਡਾਈਆ । ਕਰੇ ਖੇਲ ਸਦਾ ਅਨਡੀਠ, ਜੋਤੀ ਜਾਤਾ ਨੂਰ ਰੁਸ਼ਨਾਈਆ । ਪਾਵੇ ਸਾਰ ਹਸਤ ਕੀਟ, ਊਚ ਨੀਚ ਵੇਖ ਵਖਾਈਆ । ਨਾਮ ਅਮੋਲਕ ਪਾਏ ਭੀਖ, ਭਿਛਿਆ ਇਕੋ ਵਾਰ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਕਰੇ ਕਰਤਾਰ, ਹਰਿ ਕਰਨੀ ਕਾਰ ਕਮਾਇੰਦਾ । ਤਖ਼ਤ ਨਿਵਾਸੀ ਬੈਠ ਸੱਚੇ ਦਰਬਾਰ, ਧੁਰ ਦਰਬਾਰੀ ਹੁਕਮ ਸੁਣਾਇੰਦਾ । ਚਾਰ ਜੁਗ ਰਹਿਣਾ ਖ਼ਬਰਦਾਰ, ਨੇਤਰ ਅੱਖ ਸਰਬ ਖੁਲ੍ਹਾਇੰਦਾ । ਚਾਰ ਵਰਨ ਖੋਲ੍ਹ ਕਿਵਾੜ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਪ ਉਠਾਇੰਦਾ । ਚਾਰੇ ਖਾਣੀ ਹੋ ਤਿਆਰ, ਤ੍ਰੈਗੁਣ ਅਤੀਤਾ ਆਪ ਜਣਾਇੰਦਾ । ਚਾਰੇ ਬਾਣੀ ਬੋਲ ਜੈਕਾਰ, ਪਰਾ ਪਸੰਤੀ ਮਧਮ


੨੨੬ ੧੫

ਬੈਖਰੀ ਆਪ ਸਮਝਾਇੰਦਾ । ਚਾਰ ਯਾਰੀ ਕਰੋ ਵਿਚਾਰ, ਸੰਗ ਮੁਹੰਮਦ ਨਜ਼ਰ ਕੋਇ ਨਾ ਆਇੰਦਾ । ਅੱਲਾ ਰਾਣੀ ਹੋਏ ਬੇਜ਼ਾਰ, ਨੇਤਰ ਨੈਣਾਂ ਨੀਰ ਵਖਾਇੰਦਾ । ਉਚੀ ਕੂਕੇ ਧਾਹਾਂ ਮਾਰ, ਦਰੋਹੀ ਦਰੋਹੀ ਸਰਬ ਅਲਾਇੰਦਾ । ਸਦੀ ਚੌਧਵੀਂ ਆਈ ਵਿਚ ਸੰਸਾਰ, ਚੌਦਸ ਚੰਦ ਨਾ ਕੋਇ ਚਮਕਾਇੰਦਾ । ਨਜ਼ਰ ਨਾ ਆਏ ਸਾਚਾ ਯਾਰ, ਮਹਿਬੂਬ ਰੂਪ ਨਾ ਕੋਇ ਵਖਾਇੰਦਾ । ਹੁਜਰੇ ਹੱਕ ਨਾ ਕਰੇ ਪਿਆਰ, ਮਹਿਰਾਬ ਆਬ ਨਾ ਕੋਇ ਪਿਆਇੰਦਾ । ਬੇਤਾਬ ਹੋਇਆ ਸੰਸਾਰ, ਸਬਰ ਪਿਆਲਾ ਜਾਮ ਹੱਥ ਨਾ ਕੋਇ ਉਠਾਇੰਦਾ । ਸ਼ਾਹੋ ਭੂਪ ਇਕ ਨਵਾਬ, ਸ਼ਹਿਨਸ਼ਾਹ ਆਪਣੀ ਕਾਰ ਕਮਾਇੰਦਾ । ਚਾਰ ਜੁਗ ਦਾ ਪੂਰਾ ਕਰੇ ਖ਼ੁਆਬ, ਖ਼ਾਲਸ ਆਪਣੀ ਧਾਰ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਆਪ ਅਲਾਇੰਦਾ । ਧੁਰ ਸੰਦੇਸਾ ਨੂਰ ਇਲਾਹੀ, ਲਾਸ਼ਰੀਕ ਆਪ ਜਣਾਇੰਦਾ । ਪੀਰ ਪੈਗ਼ੰਬਰ ਦੇਣ ਗਵਾਹੀ, ਸਾਲਸ ਇਕੋ ਨਜ਼ਰੀ ਆਇੰਦਾ । ਕਲਜੁਗ ਅੰਤ ਚਾਰੋ ਕੁੰਟ ਅੰਧੇਰਾ ਛਾਈ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਨਾਤਾ ਤੁਟਿਆਂ ਭਾਈਆਂ ਭਾਈ, ਭੱਈਆ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਪੁਰਖ ਅਗੰਮ, ਹਰਿ ਏਕਾ ਏਕਾ ਵਾਰ ਵਰਤਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਵਣ ਸਵਾਸੀ ਵੇਖੇ ਦਮ, ਹਿਰਦੇ ਹਰਿ ਨਾ ਕੋਇ ਵਸਾਈਆ । ਨਾਤਾ ਜੁੜਿਆ ਹੱਡ ਮਾਸ ਨਾੜੀ ਚੰਮ, ਚੰਮ ਦ੍ਰਿਸ਼ਟ ਹੋਈ ਹਲਕਾਈਆ । ਅੰਤਰ ਆਤਮ ਧੀਰਜ ਸਕੇ ਨਾ ਕੋਇ ਬੰਨ੍ਹ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਵਸਤ ਨਾਮ ਮਿਲੇ ਨਾ ਧਨ, ਕੂੜ ਖ਼ਜ਼ਾਨਾ ਜਗਤ ਲੁਟਾਈਆ । ਨਜ਼ਰ ਨਾ ਆਏ ਗੁਰਮੁਖ ਜਨ, ਮਿਲੇ ਵਡਿਆਈ ਨਾ ਕੋਈ ਜਣੇਂਦੀ ਮਾਈਆ । ਜੋ ਘੜਿਆ ਸੋ ਦੇਵੇ ਭੰਨ, ਰਾਏ ਧਰਮ ਦਏ ਸਜ਼ਾਈਆ । ਕਲਜੁਗ ਜੀਵ ਨੇਤਰ ਅੰਨ੍ਹ, ਦੋਏ ਲੋਚਣ ਬੰਦ ਕਰਾਈਆ । ਕੂੜੀ ਕਿਰਿਆ ਘਰ ਵਿਚ ਲਾਏ ਸੰਨ੍ਹ, ਠੱਗ ਚੋਰ ਲੁੱਟਣ ਵਾਹੋ ਦਾਹੀਆ । ਮਨ ਵਾਸਨਾ ਮਾਰੇ ਮਨ, ਮਨ ਕਾ ਮਣਕਾ ਨਾ ਕੋਇ ਭਵਾਈਆ । ਅਨਹਦ ਨਾਦ ਨਾ ਸੁਣੇ ਕੰਨ, ਛੱਤੀ ਰਾਗ ਰਹੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਆਇਆ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਦੀਨ ਮਜ਼੍ਹਬ ਜ਼ਾਤ ਪਾਤ ਕਰਮ ਧਰਮ ਪਏ ਝੇੜੇ, ਝਗੜਾ ਸਕੇ ਨਾ ਕੋਇ ਮਿਟਾਈਆ । ਵਰਨ ਬਰਨ ਡੁੱਬਣ ਵਾਲੇ ਬੇੜੇ, ਸਾਚੀ ਸਰਨ ਨਜ਼ਰ ਕੋਇ ਨਾ ਆਈਆ । ਵਸਦੇ ਦਿਸਣ ਨਾ ਸੱਚੇ ਖੇੜੇ, ਕੂੜੀ ਕਿਰਿਆ ਘਰ ਘਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਕਰਾਉਣਾ, ਕਲਜੁਗ ਅੰਤਮ ਵੇਖ ਵਖਾਈਆ । ਲੱਖ ਚੁਰਾਸੀ ਭਰਮ ਭੁਲਾਉਣਾ, ਮਾਇਆ ਮਮਤਾ ਹੋਏ ਹਲਕਾਈਆ । ਗੁਰਮੁਖ ਵਿਰਲਾ ਆਪ ਜਗਾਉਣਾ, ਜਿਸ ਅੰਤਰ ਬੂਝ ਬੁਝਾਈਆ । ਸੁਰਤੀ ਸ਼ਬਦੀ ਮੇਲ ਮਿਲਾਉਣਾ, ਘਰ ਸਾਚੇ ਵੱਜੇ ਵਧਾਈਆ । ਆਤਮ ਪਰਮਾਤਮ ਜੋੜ ਜੁੜਾਉਣਾ, ਜੋੜੀ ਇਕੋ ਘਰ ਵਸਾਈਆ । ਥੋੜਾ ਥੋੜਾ ਰਾਗ ਸੁਣਾਉਣਾ, ਅਨਹਦ ਨਾਦੀ ਨਾਦ ਸ਼ਨਵਾਈਆ । ਅੰਮ੍ਰਿਤ ਆਤਮ ਜਾਮ ਪਿਆਉਣਾ, ਝਿਰਨਾ ਨਿਝਰ ਇਕ ਝਿਰਾਈਆ । ਕਾਗੋ ਫੜ ਹੰਸ ਬਣਾਉਣਾ, ਸੋਹੰ ਮਾਣਕ ਮੋਤੀ ਚੋਗ ਚੁਗਾਈਆ । ਸਾਚੀ ਅੰਸ ਆਪ ਉਪਜਾਉਣਾ, ਪਿਤਾ ਪੂਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਭਗਤ ਭਗਵਾਨ ਕਲਜੁਗ ਅੰਤ ਕਰੇ ਪਰਧਾਨ, ਗੁਰ ਅਵਤਾਰਾਂ ਪੀਰ ਪੈਗੰਬਰਾਂ

ਦਏ ਵਖਾਈਆ । ਪੀਰ ਪੈਗ਼ੰਬਰਾਂ ਦਏ ਵਖਾਲ, ਗੁਰਮੁਖ ਵੱਡਾ ਵਡ ਵਡਿਆਈਆ । ਗੁਰ ਅਵਤਾਰਾਂ ਦਏ ਧਿਆਨ, ਧੁਰ ਦੀ ਧਾਰ ਆਪ ਸਮਝਾਈਆ । ਚਾਰੋ ਕੁੰਟ ਵੇਖੇ ਨੱਚੇ ਸ਼ੈਤਾਨ, ਘਰ ਘਰ ਕਰੇ ਲੜਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਧਰਮ ਧੀਰ ਨਾ ਕੋਇ ਧਰਾਈਆ । ਚਾਰੇ ਵੇਦ ਨੈਣ ਸ਼ਰਮਾਣ, ਅੱਖ ਸਕੇ ਨਾ ਕੋਇ ਉਠਾਈਆ । ਬ੍ਰਹਮਾ ਤੇਰਾ ਨਾ ਕੋਇ ਗਿਆਨ, ਬ੍ਰਹਮ ਮਤ ਨਾ ਕੋਇ ਚਤੁਰਾਈਆ । ਦਹਿ ਦਿਸ਼ਾਂ ਸਰਬ ਪਛਤਾਣ, ਉਚੀ ਕੂਕਣ ਮਾਰਨ ਧਾਹੀਂਆ । ਵਿਸ਼ਨੂੰ ਤੇਰਾ ਵਿਸ਼ਵ ਮਿਲੇ ਨਾ ਕੋਈ ਪਕਵਾਨ, ਫ਼ਾਕੇ ਮਰੇ ਸਰਬ ਲੋਕਾਈਆ । ਸਾਚਾ ਮਿਲੇ ਨਾ ਕੋਈ ਦਾਨ, ਝੋਲੀ ਖ਼ਾਲੀ ਨਾ ਕੋਇ ਭਰਾਈਆ । ਕੂੜੀ ਕਿਰਿਆ ਹੋਈ ਪਰਧਾਨ, ਘਰ ਘਰ ਭੇਖੀ ਸਵਾਂਗ ਵਟਾਈਆ । ਕਵਣ ਵੇਲਾ ਪ੍ਰਭ ਮਿਲੇ ਆਣ, ਦੁਖੀਆਂ ਦਰਦ ਦਏ ਗਵਾਈਆ । ਚਾਰ ਵਰਨ ਕਰੇ ਪਰਵਾਨ, ਬਰਨ ਅਠਾਰਾਂ ਗੋਦ ਸੁਹਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਸ਼ਬਦ ਅਨਾਦ ਸੁਣਾਏ ਗਾਣ, ਗੀਤ ਗੋਬਿੰਦ ਇਕ ਅਲਾਈਆ । ਨਾਤਾ ਤੁਟੇ ਪੰਜ ਸ਼ੈਤਾਨ, ਸ਼ਰਅ ਕਰੇ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਿਰਲੇ ਲਏ ਤਰਾਈਆ । ਗੁਰਮੁਖ ਵਿਰਲੇ ਤਾਰੇ ਪ੍ਰਭ, ਗੁਰ ਅਵਤਾਰਾਂ ਆਪ ਸਮਝਾਇੰਦਾ । ਬਿਨ ਕਰਨੀਉਂ ਹਰਿ ਲਏ ਲੱਭ, ਕਰਤਾ ਕੀਮਤ ਆਪੇ ਪਾਇੰਦਾ । ਜਗਤ ਦੁਆਰਾ ਪਾਰ ਹੱਦ, ਮੰਦਰ ਇਕੋ ਇਕ ਵਖਾਇੰਦਾ । ਸਤਿ ਸਤਿਵਾਦ ਵਜਾਏ ਨਦ, ਅਨਰਾਗੀ ਰਾਗ ਅਲਾਇੰਦਾ । ਬਿਨ ਮੱਕਿਉਂ ਕਾਅਬਿਉਂ ਕਰਾਏ ਹੱਜ, ਹਜ਼ਰਤ ਇਕੋ ਨਜ਼ਰੀ ਆਇੰਦਾ । ਮੁਰਸ਼ਦ ਮੁਰੀਦਾਂ ਲਏ ਸੱਦ, ਮੁਫ਼ਤ ਆਪਣਾ ਨਾਮ ਵਰਤਾਇੰਦਾ । ਦਰਸ ਦਿਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਮੇਲ ਮਿਲਾਇੰਦਾ । ਤ੍ਰੈਗੁਣ ਮਾਇਆ ਬੁਝਾਏ ਅੱਗ, ਅਗਨੀ ਤਤ ਨਾ ਕੋਇ ਰਖਾਇੰਦਾ । ਸਚ ਦੁਆਰੇ ਲਏ ਸੱਦ, ਸਦਾ ਇਕੋ ਨਾਮ ਦਿਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤ ਸ੍ਰੀ ਭਗਵੰਤ ਭਗਤ ਭਗਵਾਨ ਵੇਖ ਵਖਾਇੰਦਾ । ਭਗਤ ਭਗਵਾਨ ਵੇਖੇ ਏਕ, ਏਕੰਕਾਰ ਵੱਡੀ ਵਡਿਆਈਆ । ਅੰਤਰ ਕਰੇ ਬੁੱਧ ਬਿਬੇਕ, ਬਾਹਰ ਬਸੰਤਰ ਨਜ਼ਰ ਕੋਇ ਨਾ ਆਈਆ । ਸ਼ਬਦ ਸਰੂਪੀ ਖੋਲ੍ਹੇ ਭੇਤ, ਅਨਭਵ ਪਰਕਾਸ਼ ਕਰੇ ਰੁਸ਼ਨਾਈਆ । ਹਰਿ ਕਾ ਭੇਵ ਕੋਈ ਨਾ ਜਾਣੇ ਮੁੱਲਾਂ ਸ਼ੇਖ਼, ਮੁਸਾਇਕ ਪੀਰ ਅੰਤ ਕਹਿਣ ਨਾ ਪਾਈਆ । ਜੁਗ ਚੌਕੜੀ ਦੀਨ ਦਿਆਲ ਠਾਕਰ ਸੁਆਮੀ ਨਿਰਧਨ ਸਰਧਨ ਕਰੇ ਹੇਤ, ਸਰਗੁਣ ਆਪਣੇ ਅੰਗ ਲਗਾਈਆ । ਕਲਜੁਗ ਅੰਤਮ ਖੇਡੇ ਖੇਡ, ਸਦੀ ਬੀਸਵੀਂ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਅਵਤਾਰ ਪਹਿਲੋ ਭੇਜ, ਭਾਜੀ ਘਰ ਘਰ ਨਾਮ ਫਿਰਾਈਆ । ਗੁਰ ਅਵਤਾਰ ਚਾਰ ਜੁਗ ਭੇਜੇ, ਧੁਰ ਸੰਦੇਸਾ ਨਾਮ ਸੁਣਾਈਆ । ਆਪ ਸੌਂਦਾ ਰਿਹਾ ਵੜ ਕੇ ਅੰਧੇਰੀ ਸੇਜੇ, ਜਗ ਨਜ਼ਰ ਕਿਸੇ ਨਾ ਆਈਆ । ਪੁਰਖ ਅਗੰਮ ਅਥਾਹ ਬੇਪਰਵਾਹ ਸਚ ਮਹੱਲੇ ਆਪੇ ਲੇਟੇ, ਸੁੰਞੀਂ ਵੰਡ ਨਜ਼ਰ ਕੋਇ ਨਾ ਆਈਆ । ਦੋ ਜਹਾਨ ਨੌਜਵਾਨ ਸ੍ਰੀ ਭਗਵਾਨ ਲੱਖ ਚੁਰਾਸੀ ਆਪੇ ਵੇਖੇ, ਵੇਖਣਹਾਰਾ ਆਪਣੀ ਖੇਲ ਕਰਾਈਆ । ਮਰਦ ਮਰਦਾਨ ਹੋ ਮਿਹਰਵਾਨ ਬੋਧ ਅਗਾਧਾ ਅੰਤਰ ਆਤਮ ਖੋਲ੍ਹੇ ਭੇਤੇ, ਭਾਂਡਾ ਭਰਮ ਭੌ ਭੰਨਾਈਆ । ਜਨ ਭਗਤਾਂ ਪੂਰਬ ਜਨਮ ਕਰਾਏ ਚੇਤੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਲ ਮਿਲਾਈਆ । ਆਪੇ ਮੇਟਣਹਾਰਾ ਰੇਖੇ, ਰੇਖਾ ਰੁੱਤ ਪਤ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦੇਵੇ ਵਡਿਆਈਆ । ਜਨ ਭਗਤ ਤੇਰਾ ਵੱਡਾ

ਮਾਣ, ਅਭਿਮਾਨ ਨਜ਼ਰ ਕੋਇ ਨਾ ਆਈਆ । ਤੇਰੇ ਸੰਗ ਵਸੇ ਭਗਵਾਨ, ਸੰਗੀ ਬਣੇ ਬੇਪਰਵਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਜੀਵਾਂ ਜੰਤਾਂ ਦਏ ਵਖਾਲ, ਵੱਖਰ ਆਪਣੀ ਧਾਰ ਸਮਝਾਈਆ । ਸੰਤ ਸੁਹੇਲੇ ਬਣਾਏ ਆਪਣੇ ਲਾਲ, ਗੁਰ ਚੇਲੇ ਜੋੜ ਜੁੜਾਈਆ । ਨਾਤਾ ਤੋੜ ਕਾਲ ਮਹਾਂਕਾਲ, ਵਖਾਏ ਸਚ ਸੱਚੀ ਧਰਮਸਾਲ, ਸਚਖੰਡ ਵੱਜੇ ਨਾਮ ਸ਼ਨਵਾਈਆ । ਤ੍ਰੈਗੁਣ ਰਹੇ ਨਾ ਕੋਈ ਜੰਜਾਲ, ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਗੁਰਸਿਖ ਗੁਰ ਗੁਰ ਲਏ ਉਠਾਲ, ਜਨਮ ਜਨਮ ਜੋ ਘਾਲਨ ਆਏ ਘਾਲ, ਕੀਤੀ ਘਾਲ ਲੇਖੇ ਪਾਈਆ । ਘਰ ਵਿਚ ਘਰ ਵਖਾਏ ਸਚੀ ਧਰਮਸਾਲ, ਬਿਨ ਤੇਲ ਬਾਤੀ ਦੀਪਕ ਆਪ ਜਗਾਈਆ । ਰੋਸ਼ਨ ਕਰਾਏ ਪੁਰਖ ਅਕਾਲ, ਅਕਲ ਕਲ ਦਾਤਾ ਵਡ ਵਡਿਆਈਆ । ਲੱਖ ਚੁਰਾਸੀ ਭਰਮੇ ਭੁਲੀ ਕਾਇਆ ਮਾਟੀ ਝੂਠੀ ਖਾਲ, ਖ਼ਾਲਕ ਖ਼ਲਕ ਭੇਵ ਕੋਇ ਨਾ ਪਾਈਆ । ਨਿਤ ਨਵਿਤ ਕਰੇ ਹਿਤ, ਨਿਰਗੁਣ ਸਰਗੁਣ ਜੋ ਰਿਹਾ ਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸਭ ਦਾ ਪੂਰਾ ਹੋਵੇ ਵਰ, ਵਰ ਦਾਤਾ ਆਪ ਸਮਝਾਈਆ । ਜਿਸ ਦਾ ਭੈ ਭੌ ਕਰਦੇ ਰਹੇ ਡਰ, ਸੋ ਭਿਆਨਕ ਰਿਹਾ ਮਿਟਾਈਆ । ਦਰਸ ਕਰੋ ਅੱਗੇ ਖੜ, ਸਨਮੁਖ ਲੇਖਾ ਦਏ ਚੁਕਾਈਆ । ਕਾਇਆ ਮੰਦਰ ਅੰਦਰ ਡੂੰਘੀ ਭਵਰੀ ਜਾਏ ਵੜ, ਆਤਮ ਸੇਜਾ ਸੋਭਾ ਪਾਈਆ । ਆਤਮ ਪਰਮਾਤਮ ਢੋਲਾ ਲਏ ਪੜ੍ਹ, ਸੋਹੰ ਇਕੋ ਰਾਗ ਅਲਾਈਆ । ਚਾਰ ਵਰਨ ਸਰਨ ਸਰਨਾਈ ਡਿਗੇ ਦੜ, ਨਧੜਕ ਇਸ਼ਟ ਦੇਵ ਇਕੋ ਨਜ਼ਰੀ ਆਈਆ । ਸਤਿਜੁਗ ਸਾਚੀ ਲਾਏ ਜੜ੍ਹ, ਕਲਜੁਗ ਕੂੜੀ ਕਿਰਿਆ ਦਏ ਉਖੜਾਈਆ । ਦੇਵਤ ਸੁਰ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਪਾਣੀ ਰਹੇ ਭਰ, ਸੀਸ ਗਗਰੀਆ ਇਕ ਉਠਾਈਆ । ਗੁਰਮੁਖ ਸੱਜਣ ਰਹੇ ਤਰ, ਜਿਨ੍ਹਾਂ ਆਪਣੀ ਨਈਆ ਨਾਮ ਚੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤ ਪ੍ਰਭ ਦਾ ਖੇਲ ਵੇਖਣ ਖੜ, ਦੋਏ ਜੋੜ ਸੀਸ ਝੁਕਾਈਆ । ਧੰਨ ਵਡਿਆਈ ਸਾਚੇ ਹਰਿ, ਪ੍ਰਭ ਤੇਰਾ ਅੰਤ ਕਹਿਣ ਕੋਇ ਨਾ ਪਾਈਆ । ਲੱਖ ਚੁਰਾਸੀ ਵਿਚੋ ਭਗਤ ਸਾਜਣ ਆਂਦੇ ਫੜ, ਅੰਦਰ ਵੜ ਵੜ ਖੋਜ ਖੋਜਾਈਆ । ਸਾਚੇ ਪੌੜੇ ਆਪੇ ਚੜ੍ਹ, ਬਜਰ ਕਪਾਟੀ ਕੁੰਡਾ ਲਾਹੀਆ । ਤੇਰੇ ਗੁਰਮੁਖ ਜੀਂਵਦਿਆਂ ਜਗ ਗਏ ਮਰ, ਮਰਿਆਂ ਜੀਵਣ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਗੁਰਮੁਖ ਸਾਰੇ ਤੈਨੂੰ ਗੌਂਦੇ, ਪ੍ਰਭ ਇਕ ਧਿਆਨ ਲਗਾਈਆ । ਪੁਰਖ ਅਕਾਲ ਇਸ਼ਟ ਮਨੌਂਦੇ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰਾ ਰਾਹ ਤਕੌਂਦੇ, ਖਾਣੀ ਬਾਣੀ ਨਾਲ ਰਲਾਈਆ । ਛੱਤੀ ਰਾਗ ਤੇਰਾ ਸਿਫ਼ਤੀ ਢੋਲਾ ਗੌਂਦੇ, ਦਰ ਘਰ ਸਾਚੇ ਸੇਵ ਕਮਾਈਆ । ਗੁਰਮੁਖ ਗੁਰ ਗੁਰ ਦਰਸਨ ਪੌਂਦੇ, ਪਾ ਪਾ ਦਰਸਨ ਖ਼ੁਸ਼ੀ ਮਨਾਈਆ । ਗੜ੍ਹ ਹੰਕਾਰੀ ਬੁਰਜ ਢੌਂਦੇ, ਮਾਇਆ ਮਮਤਾ ਮੋਹ ਚੁਕਾਈਆ । ਸੁਰਤ ਸਵਾਣੀ ਸ਼ਬਦ ਹਾਣੀ ਕੋਲ ਬਹੌਂਦੇ, ਘਰ ਘਰ ਵਿਚ ਵੱਜੇ ਵਧਾਈਆ । ਜਗਤ ਲੱਜਿਆ ਲੋਕ ਗਵੌਂਦੇ, ਹੱਯਾ ਇਕੋ ਪ੍ਰਭ ਰਖਾਈਆ । ਚਰਨ ਕਵਲ ਜਗਦੀਸ ਸੀਸ ਝੁਕੌਂਦੇ, ਜਗਤ ਧੂੜੀ ਟਿੱਕਾ ਲਾਵਣ ਛਾਹੀਆ । ਮਨ ਕਾ ਮਣਕਾ ਫੇਰ ਵਖੌਂਦੇ, ਮਨ ਵਾਸਨਾ ਨੇੜੇ ਰਹਿਣ ਨਾ ਪਾਈਆ । ਕੂੜਾ ਭਾਂਡਾ ਸਾਫ਼ ਕਰੌਂਦੇ, ਦੁਰਮਤ ਮੈਲ ਧਵਾਈਆ । ਪੁਰਖ ਅਕਾਲ ਜੋ ਤੇਰਾ ਦਰਸਨ ਕਰਨ ਔਂਦੇ, ਤਿਨ੍ਹਾਂ ਦੀਦ ਈਦ ਚੰਦ ਆਪਣੀ ਚਮਕ

ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਦਏ ਜਣਾਈਆ । ਗੁਰ ਅਵਤਾਰ ਹੋਏ ਹੈਰਾਨ, ਤੇਈ ਬੈਠੇ ਧਿਆਨ ਲਗਾਈਆ । ਦਸ ਗੁਰੂ ਕਰਨ ਪਹਿਚਾਨ, ਬੇਪਰਵਾਹ ਤੇਰੀ ਵਡਿਆਈਆ । ਈਸਾ ਮੂਸਾ ਮੁਹੰਮਦ ਨੇਤਰ ਨੈਣ ਸ਼ਰਮਾਣ, ਅੱਖ ਸਕੇ ਨਾ ਕੋਇ ਖੁਲ੍ਹਾਈਆ । ਚਾਰੇ ਜੁਗ ਬਣੇ ਸ਼ੈਤਾਨ, ਸ਼ਰਅ ਸ਼ਰੀਅਤ ਨਾਲ ਮਿਲਾਈਆ । ਹਰਿ ਕਾ ਭੇਵ ਕੋਇ ਨਾ ਪਾਣ, ਕੂੜੇ ਧੰਦੇ ਜਗਤ ਲੋਕਾਈਆ । ਕਾਮੀ ਕਰੋਧੀ ਹੰਕਾਰੀ ਗੰਦੇ, ਮਾਇਆ ਮਮਤਾ ਕਰਨ ਕੁੜਮਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਕਰੇ ਠੰਡੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਚੌਥਾ ਜੁਗ ਆਇਆ ਕੰਢੇ, ਅੰਤਮ ਬੈਠੇ ਡੇਰਾ ਢਾਹੀਆ । ਮਨਮੁਖ ਜੀਵਾਂ ਕਰੇ ਰੰਡੇ, ਸਾਚਾ ਕੰਤ ਨਜ਼ਰ ਕਿਸੇ ਨਾ ਆਈਆ । ਬੰਦਗੀਉਂ ਭੁੱਲੇ ਤੇਰੇ ਬੰਦੇ, ਬੰਦੀਖਾਨਾ ਸਕੇ ਨਾ ਕੋਇ ਤੁੜਾਈਆ । ਸਾਚੀ ਵਸਤ ਕੋਈ ਨਾ ਮੰਗੇ, ਕੂੜੀ ਕਿਰਿਆ ਝੋਲੀ ਰਹੇ ਭਰਾਈਆ । ਕੋਈ ਨਾ ਚੜ੍ਹਿਆ ਹਰਿ ਕੇ ਡੰਡੇ, ਸਾਚੇ ਮੰਦਰ ਚਰਨ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਰਿਹਾ ਮਿਲਾਈਆ । ਭਗਤ ਭਗਵਾਨ ਮਿਲਾਏ ਅੰਤ, ਕਲਜੁਗ ਵੱਜੇ ਮਾਤ ਵਧਾਈਆ । ਸਤਿਜੁਗ ਸਚ ਜਣਾਏ ਮੰਤ, ਮੰਤਰ ਇਕੋ ਇਕ ਪੜ੍ਹਾਈਆ । ਬੋਧ ਅਗਾਧਾ ਬਣ ਕੇ ਪੰਡਤ, ਪਤਿਪਰਮੇਸ਼ਵਰ ਫੇਰਾ ਪਾਈਆ । ਮਾਣ ਰਖਾਏ ਨਿਰਗੁਣ ਸੰਗਤ, ਸਰਗੁਣ ਅੰਗੀਕਾਰ ਹੋ ਜਾਈਆ । ਮਾਣਸ ਜਨਮ ਨਾ ਹੋਵੇ ਭੰਗਤ, ਮਿਹਰ ਨਜ਼ਰ ਆਪ ਉਠਾਈਆ । ਕਾਇਆ ਚੋਲੇ ਚਾੜ੍ਹੇ ਰੰਗਤ, ਰੰਗ ਰੰਗੀਲਾ ਵੇਖ ਵਖਾਈਆ । ਹਰਿਜਨ ਤੇਰੀ ਬਣਾਏ ਆਪ ਬਣਤ, ਜਨਮ ਜਨਮ ਵਿਚੋ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਲੇਖਾ ਜਾਣੇ ਚਾਰ ਜੁਗ, ਚੌਕੜੀ ਆਪਣੇ ਵਿਚ ਛੁਪਾਈਆ । ਅੰਤਮ ਸਭ ਦੀ ਆਯੂ ਜਾਏ ਪੁਗ, ਥਿਰ ਕੋਇ ਰਹਿਣ ਨਾ ਪਾਈਆ । ਕਲਜੁਗ ਛੋਟਾ ਪ੍ਰਭ ਦਾ ਪੁੱਤ, ਚੌਥਾ ਹਿੱਸਾ ਆਪਣੀ ਝੋਲੀ ਰਿਹਾ ਵਖਾਈਆ । ਅੰਤਮ ਗੱਦੀਉਂ ਜਾਏ ਉਠ, ਸੀਸ ਛਤਰ ਨਾ ਕੋਇ ਝੁਲਾਈਆ । ਆਪਣਾ ਦੁਆਰਾ ਆਪੇ ਜਾਏ ਲੁੱਟ, ਘਰ ਘਰ ਲੁੱਟੀ ਜਾਏ ਲੋਕਾਈਆ । ਮਾਂਵਾਂ ਨਜ਼ਰ ਨਾ ਆਇਣ ਪੁੱਤ, ਪਿਤਾ ਪੂਤ ਨਾ ਸੋਝੀ ਪਾਈਆ । ਖ਼ਾਲੀ ਹੱਥ ਕੋਲ ਨਾ ਕੁਛ, ਨੇਤਰ ਰੋਵਣ ਮਾਰਨ ਧਾਹੀਂਆ । ਰਸਨਾ ਕੂਕਣ ਅਬਿਨਾਸ਼ੀ ਅਚੁਤ, ਪਾਰਬ੍ਰਹਮ ਤੇਰੀ ਸਰਨਾਈਆ । ਸਤਿਗੁਰ ਸਾਡੀ ਮੇਟ ਭੁੱਖ, ਨਾਮ ਵਸਤ ਇਕ ਵਰਤਾਈਆ । ਤੇਰੇ ਵਿਛੋੜੇ ਲੱਗਾ ਦੁੱਖ, ਦਰਦੀਆਂ ਦਰਦ ਨਾ ਕੋਇ ਗਵਾਈਆ । ਤੇਰਾ ਪੈਂਡਾ ਰਿਹਾ ਮੁੱਕ, ਕਲਜੁਗ ਲੋਕਮਾਤ ਰਹਿਣ ਨਾ ਪਾਈਆ । ਠਾਕਰ ਸੁਆਮੀ ਸਤਿਗੁਰ ਵੇਖੇ ਝੁਕ, ਦੂਰ ਦੁਰਾਡਾ ਨੇੜੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਰਿਹਾ ਜਣਾਈਆ । ਭਗਤ ਭਗਵਾਨ ਇਕੋ ਸੰਗ, ਸੰਗੀਤ ਇਕੋ ਇਕ ਜਣਾਈਆ । ਇਕੋ ਚੋਲਾ ਇਕੋ ਰੰਗ, ਰੰਗਣਹਾਰ ਇਕ ਅਖਵਾਈਆ । ਇਕ ਨਾਮ ਇਕ ਮਰਦੰਗ, ਤਾਲ ਤਲਵਾੜਾ ਇਕ ਵਜਾਈਆ । ਏਕਾ ਨੂਰ ਇਕੋ ਚੰਦ, ਏਕਾ ਜੋਤ ਕਰੇ ਰੁਸ਼ਨਾਈਆ । ਏਕਾ ਢੋਲਾ ਏਕਾ ਗੀਤ ਛੰਦ, ਸੋਹਲਾ ਇਕੋ ਇਕ ਜਪਾਈਆ । ਏਕਾ ਦੇਵੇ ਸਚ ਅਨੰਦ, ਅਨੰਦ ਅਨੰਦ ਵਿਚੋ ਵਖਾਈਆ । ਏਕਾ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸੁਆਮੀ ਗਹਿਰ ਗੰਭੀਰ ਵੱਡੀ ਵਡਿਆਈਆ । ਏਕਾ ਸਭ ਦਾ ਕੀਤਾ ਕਰੇ ਖੰਡ ਖੰਡ, ਖੰਡਾ ਨਾਮ ਹੱਥ ਚਮਕਾਈਆ । ਏਕਾ ਗੁਰ ਅਵਤਾਰਾਂ ਦੇਵੇ ਦਾਤ ਵੰਡ, ਪੀਰ ਪੈਗ਼ੰਬਰ ਇਸ਼ਾਰੇ ਨਾਲ ਨਚਾਈਆ । ਜੋਤੀ

੨੩੦ ੧੫

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲ ਕਲਕੀ ਵੇਸ ਵਟਾਈਆ । ਕਲ ਕਲਕੀ ਖੇਲੇ ਖੇਲ ਕਲਗ਼ੀਧਰ, ਧਰਨੀ ਧਰਤ ਖ਼ੁਸ਼ੀ ਮਨਾਈਆ । ਨਿਰਗੁਣ ਆਵੇ ਜੋਤ ਧਰ, ਨਾ ਕੋਈ ਪਿਤਾ ਨਾ ਕੋਈ ਮਾਈਆ । ਆਪਣਾ ਰਾਗ ਆਪੇ ਲਏ ਪੜ੍ਹ, ਚਾਰ ਜੁਗ ਦੀ ਪਿਛਲੀ ਕਰੇ ਨਾ ਕੋਇ ਪੜ੍ਹਾਈਆ । ਸਤਿਜੁਗ ਲਾਏ ਸਾਚੀ ਜੜ੍ਹ, ਕਲਜੁਗ ਬੂਟਾ ਦਏ ਉਖੜਾਈਆ । ਲੇਖਾ ਜਾਣੇ ਨਾਰ ਨਰ, ਨਰ ਨਰਾਇਣ ਭੇਵ ਚੁਕਾਈਆ । ਸਚ ਮਹੱਲੇ ਆਪੇ ਵੜ, ਅਛਲ ਅਛੱਲਾ ਰੂਪ ਧਰਾਈਆ । ਨਹਾਵਣਹਾਰਾ ਸਾਚੇ ਸਰ, ਸਰੋਵਰ ਇਕੋ ਇਕ ਵਖਾਈਆ । ਨਿਰਭੈ ਚੁਕਾਏ ਭੈ ਡਰ, ਮਿਹਰ ਨਜ਼ਰ ਉਠਾਈਆ । ਸਾਚੀ ਸਿਖਿਆ ਗੁਰਮਤ ਗੁਰਮੁਖ ਵਿਰਲਾ ਲਏ ਪੜ੍ਹ, ਪੜ੍ਹ ਪੜ੍ਹ ਆਪਣਾ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਾਂ ਸਦਾ ਸਦਾ ਸਹਾਈਆ । ਗੁਰ ਅਵਤਾਰ ਨੇਤਰ ਪੇਖਣ, ਪੀਰ ਪੈਗ਼ੰਬਰ ਧਿਆਨ ਲਗਾਈਆ । ਕੋਈ ਨਜ਼ਰ ਨਾ ਆਏ ਮੁੱਲਾਂ ਸ਼ੇਖ਼ਨ, ਮਸਾਇਕ ਮਸਾਹਿਬ ਰੂਪ ਨਾ ਕੋਇ ਵਟਾਈਆ । ਸਾਹਿਬ ਸਤਿਗੁਰ ਵਸੇ ਆਪਣੇ ਦੇਸਨ, ਦਹਿ ਦਿਸ਼ਾਂ ਖੇਲ ਕਰਾਈਆ । ਦਰ ਦਰਵੇਸ਼ ਵਿਸ਼ਨ ਬ੍ਰਹਮ ਮਹੇਸ਼ਨ, ਸ਼ੰਕਰ ਇਕ ਲਿਵ ਲਾਈਆ । ਤੇਰੀ ਗੋਦੀ ਸਾਰੇ ਖੇਡਣ, ਤੂੰ ਸਾਹਿਬ ਪਿਤਾ ਮਾਈਆ । ਚਾਰ ਜੁਗ ਤੇਰਾ ਕੋਈ ਨਾ ਪਾਏ ਭੇਤਨ, ਭੇਵ ਕੋਈ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਕਰਾਏ ਨੂਰ ਖ਼ੁਦਾਈਆ । ਨੂਰ ਖ਼ੁਦਾਈ ਨੂਰ ਨੁਰਾਨਾ, ਨੌਬਤ ਇਕੋ ਨਾਮ ਵਜਾਇੰਦਾ । ਚੌਦਾਂ ਤਬਕਾਂ ਦੇ ਪਰਵਾਨਾ, ਪਰਮ ਪੁਰਖ ਹੁਕਮ ਸੁਣਾਇੰਦਾ । ਕਲਜੁਗ ਹੋਣਾ ਅੰਤ ਵੈਰਾਨਾ, ਵੈਰੀ ਘਰ ਘਰ ਨਜ਼ਰੀ ਆਇੰਦਾ । ਸਭ ਨੂੰ ਮੰਦਰ ਦਿਸੇ ਬੇਗਾਨਾ, ਬਿਨ ਸਤਿਗੁਰ ਪੂਰੇ ਗ੍ਰਿਹ ਨਾ ਕੋਇ ਵਸਾਇੰਦਾ । ਅੰਤਮ ਲੇਖਾ ਚੁੱਕਣਾ ਵਿਚ ਜਹਾਨਾਂ, ਦੋ ਜਹਾਨਾ ਅੰਗ ਨਾ ਕੋਇ ਲਗਾਇੰਦਾ । ਸਤਿ ਸਤਿਵਾਦੀ ਕੋਈ ਨਾ ਬੰਨ੍ਹੇ ਗਾਨਾ, ਮੌਲੀ ਤੰਦ ਨਾ ਕੋਇ ਜਣਾਇੰਦਾ । ਸਿਰ ਤੇ ਸਚ ਮੰਨੇ ਨਾ ਕੋਈ ਭਾਣਾ, ਮੰਨ ਕੇ ਭਾਣਾ ਸ਼ੁਕਰ ਨਾ ਕੋਇ ਮਨਾਇੰਦਾ । ਅਗਨੀ ਤੜਪੇ ਰਾਜਾ ਰਾਣਾ, ਤ੍ਰੈਗੁਣ ਤਤ ਨਾ ਕੋਇ ਮਿਟਾਇੰਦਾ । ਚਾਰੋ ਕੁੰਟ ਖੇਲ ਮਹਾਨਾ, ਖ਼ਾਲਸ ਰੂਪ ਨਾ ਕੋਇ ਵਖਾਇੰਦਾ । ਚਾਰ ਵਰਨ ਹੋਏ ਸ਼ੈਤਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਭਗਤਾਂ ਆਪ ਸਾਲਾਹਿੰਦਾ । ਭਗਤ ਸਾਲਾਹ ਸ੍ਰੀ ਭਗਵਾਨ, ਕਲਜੁਗ ਅੰਤ ਦਏ ਵਡਿਆਈਆ । ਜਿਨ੍ਹਾਂ ਸਿਧਾ ਮਿਲਿਆ ਆਣ, ਪੁਸਤਕ ਕਰੀ ਨਾ ਕੋਇ ਪੜ੍ਹਾਈਆ । ਬਿਨ ਪੜ੍ਹਿਆਂ ਦਿਤਾ ਗਿਆਨ, ਅੰਤਰ ਆਤਮ ਬੂਝ ਬੁਝਾਈਆ । ਸਾਚਾ ਮੰਦਰ ਵਖਾ ਮਕਾਨ, ਘਰ ਨੂਰ ਜ਼ਹੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਵਸਾਈਆ । ਘਰ ਮੰਦਰ ਵਸੇ ਸਾਢੇ ਤਿੰਨ ਹੱਥ, ਦੂਜਾ ਨਜ਼ਰ ਕੋਇ ਨਾ ਆਇੰਦਾ । ਜਿਸ ਗ੍ਰਿਹ ਵਸੇ ਪੁਰਖ ਸਮਰਥ, ਸੋ ਦੂਜੇ ਦਰ ਲੱਭਣ ਕੋਇ ਨਾ ਜਾਇੰਦਾ । ਸ੍ਰੀ ਭਗਵਾਨ ਲੇਖਾ ਚੁਕਾਏ ਅਠਸਠ, ਅੰਮ੍ਰਿਤ ਸਰੋਵਰ ਤੀਰਥ ਇਕ ਨੁਹਾਇੰਦਾ । ਜ਼ਾਤ ਪਾਤ ਦੀਨ ਮਜ਼੍ਹਬ ਦੁਰਮਤ ਮੈਲ ਦੇਵੇ ਕੱਟ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਵਖਾਇੰਦਾ । ਚੌਦਾਂ ਲੋਕ ਖੋਲ੍ਹ ਹੱਟ ਨਾਮ ਨਿਧਾਨ ਦਏ ਰੱਖ, ਚੌਦਾਂ ਤਬਕਾਂ ਸਬਕ ਇਕ ਪੜ੍ਹਾਇੰਦਾ । ਪੁਰਖ ਅਕਾਲ ਹੋਏ ਪਰਤੱਖ, ਲਹਿਣਾ ਦੇਣਾ ਜਾਣੇ ਹੱਥੋ ਹੱਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲ ਆਪਣਾ ਖੇਲ ਵਖਾਇੰਦਾ । ਕਲਜੁਗ ਖੇਲ ਅੰਤ ਨਿਰੰਕਾਰ, ਨਰ ਹਰਿ ਆਪ ਵਰਤਾਈਆ । ਸਤਿਜੁਗ ਸਚ ਕਰੇ ਪਿਆਰ, ਸੰਮਤ ਸੰਮਤੀ

ਰਿਹਾ ਜਣਾਈਆ । ਸ਼ਬਦ ਅਗਾਧ ਬੋਲ ਜੈਕਾਰ, ਖੰਡਾ ਨਾਮ ਇਕ ਚਮਕਾਈਆ । ਬ੍ਰਹਿਮੰਡਾਂ ਕੋਈ ਨਾ ਪਾਵੇ ਸਾਰ, ਜੇਰਜ ਅੰਡਜ ਰੋਵਣ ਮਾਰਨ ਧਾਹੀਆ । ਭੇਖ ਪਖੰਡਾ ਫਿਰੇ ਵਿਚ ਸੰਸਾਰ, ਘਰ ਘਰ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਅੰਤ ਮਿਲਾਉਣਾ, ਘਰ ਇਕੋ ਇਕ ਦਰਸਾਈਆ । ਸਚ ਸੰਦੇਸਾ ਰਾਗ ਸੁਣਾਉਣਾ, ਰਘੁਪਤ ਆਪਣਾ ਰੰਗ ਰੰਗਾਈਆ । ਕਾਹਨ ਹੋ ਕੇ ਬੰਸਰੀ ਨਾਮ ਵਜਾਉਣਾ, ਸ੍ਰਿਸ਼ਟੀ ਢੋਲਾ ਰਹੀ ਗਾਈਆ । ਸਤਿਗੁਰ ਹੋ ਕੇ ਨੂਰ ਚਮਕਾਉਣਾ, ਅੰਧ ਅੰਧੇਰ ਮਿਟਾਈਆ । ਪੁਰਖ ਅਕਾਲ ਹੋ ਕੇ ਅਕਲ ਕਲ ਧਾਰ ਚਲਾਉਣਾ, ਕਲਕਾਤੀ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸਰਨਾਈਆ । ਦਰ ਸਰਨਾਈ ਤੇਰੀ ਆਸ, ਆਸਾਵੰਦ ਧਿਆਨ ਲਗਾਈਆ । ਪਾਰਬ੍ਰਹਮ ਪ੍ਰਭ ਬੁਝੇ ਪਿਆਸ, ਸ੍ਰੀ ਭਗਵਾਨ ਤੇਰਾ ਦਰਸ਼ਨ ਪਾਈਆ । ਤੇਰਾ ਮਿਲਣਾ ਵਿਚ ਜੀਵਣ ਖਾਸ, ਖ਼ਾਲਸ ਤੇਰਾ ਰੂਪ ਸਮਾਈਆ । ਧੁਰ ਦਾ ਭਾਸ਼ਨ ਗਿਆ ਭਾਖ, ਭਾਖਿਆ ਇਕੋ ਇਕ ਸਮਝਾਈਆ । ਗੋਬਿੰਦ ਸੂਰਾ ਗਿਆ ਆਖ, ਆਖ਼ਰ ਆਪਣਾ ਮੇਲ ਮਿਲਾਈਆ । ਗੁਰਮੁਖ ਕਦੇ ਨਾ ਹੋਣਾ ਗੁਸਤਾਖ਼, ਗ਼ੁੱਸਾ ਨਜ਼ਰ ਕੋਇ ਨਾ ਆਈਆ । ਅੰਦਰ ਵੜ ਕੇ ਲੈਣਾ ਝਾਕ, ਬਜਰ ਕਪਾਟੀ ਕੁੰਡਾ ਲਾਹੀਆ । ਸਤਿਗੁਰ ਪੂਰਾ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਚਰਨ ਪ੍ਰੀਤੀ ਜੋਗ ਅਭਿਆਸ, ਜਪ ਤਪ ਹਠ ਜਗ ਸੰਜਮ ਨੇਮ ਇਕੋ ਇਕ ਕਰਾਈਆ । ਇਕੋ ਏਕ ਸੰਜਮ ਨੇਮਾ, ਸੋ ਸਤਿਗੁਰ ਆਪ ਕਰਾਈਆ । ਠੰਡੀ ਧਾਰ ਜਾਣੇ ਕੁੰਟ ਹੇਮਾ, ਹੇਮ ਕੁੰਟ ਸੀਤਲ ਧਾਰ ਵਹਾਈਆ । ਪੁਰਖ ਅਕਾਲ ਨਾਲ ਮਿਲ ਕੇ ਚੁਕਿਆ ਨੇਮਾ, ਸੁਗੰਧ ਇਕੋ ਵਾਰ ਖਾਈਆ । ਕਲਜੁਗ ਅੰਤਮ ਪਰਗਟ ਹੋਵੇ ਨੈਣ ਨੈਣਾਂ, ਜਗਤ ਅੱਖ ਨਜ਼ਰ ਨਾ ਆਈਆ । ਸਤਿ ਪੁਰਖ ਨਿਰੰਜਣ ਹੋ ਕੇ ਬਣੇ ਸਾਕ ਸੈਣਾ, ਸੱਜਣ ਦਾਤਾ ਬੇਪਰਵਾਹੀਆ । ਕਲਜੁਗ ਅੰਤਮ ਮੰਨੇ ਕਹਿਣਾ, ਸਾਚਾ ਮਾਰਗ ਇਕ ਵਖਾਈਆ । ਉਚਾ ਟਿੱਲਾ ਪਰਬਤ ਢਹਿਣਾ, ਡੂੰਘੀ ਭਵਰੀ ਕਵਰੀ ਪਏ ਦੁਹਾਈਆ । ਗੁਰਮੁਖ ਗੁਰ ਗੁਰ ਇਕੋ ਧਾਮ ਬਹਿਣਾ, ਧਾਮ ਅਵਲੜਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਰਿਹਾ ਜਣਾਈਆ । ਸਚ ਸੰਦੇਸਾ ਗੁਰੂ ਅਵਤਾਰ, ਗਹਿਰ ਗੰਭੀਰ ਆਪ ਸਮਝਾਇੰਦਾ । ਇਕੱਠੇ ਹੋਵੋ ਏਕਾ ਵਾਰ, ਚਾਰ ਜੁਗ ਦਾ ਲੇਖਾ ਆਪ ਮੁਕਾਇੰਦਾ । ਦੂਰ ਦੁਰਾਡੇ ਸੱਦ ਯਾਰ, ਸੱਦਾ ਨਾਮ ਇਕ ਸਮਝਾਇੰਦਾ । ਸਨਮੁਖ ਬੈਠ ਹੋਏ ਗੁਫ਼ਤਾਰ, ਗੁਫ਼ਤ ਸ਼ਨੀਦ ਧਾਰ ਚਲਾਇੰਦਾ । ਵਾਹਵਾ ਵੱਜਦੀ ਰਹੇ ਸਿਤਾਰ, ਸਤਾਰ ਸਤਿਵੰਤੀ ਤੰਦ ਬਿਨ ਤੰਦ ਹਿਲਾਇੰਦਾ । ਤੂੰ ਹੀ ਤੂੰ ਕਰੇ ਪੁਕਾਰ, ਤੂੰ ਮੇਰਾ ਮੈਂ ਤੇਰਾ ਦੋਹਾਂ ਇਕੋ ਘਰ ਨਜ਼ਰੀ ਆਇੰਦਾ । ਸਚ ਦੁਆਰੇ ਪਾਏ ਘੇਰਾ, ਚਾਰੋ ਕੁੰਟ ਵੇਖ ਵਖਾਇੰਦਾ । ਜਿਸ ਘਰ ਗੁਰਮੁਖ ਤੇਰਾ ਲੱਗਾ ਡੇਰਾ, ਸੋ ਦਰ ਹੱਥ ਕਿਸੇ ਨਾ ਆਇੰਦਾ । ਕਲਜੁਗ ਜੀਵ ਕੋਈ ਬੰਨ੍ਹ ਨਾ ਸਕੇ ਬੇੜਾ, ਚਪੂ ਨਾਮ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਘਰ ਸਾਚੇ ਸੋਭਾ ਪਾਇੰਦਾ । ਦਰ ਘਰ ਸਾਚੇ ਸੋਭਾ ਪਾਏ, ਪਰਮ ਪੁਰਖ ਬੇਪਰਵਾਹੀਆ । ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਕਰੇ ਰੁਸ਼ਨਾਏ, ਅਗਨੀ ਹਵਨ ਪਵਨ ਨਾ ਕੋਇ ਵਖਾਈਆ । ਧੁਰ ਦੀ ਗਾਥੀ ਨਾਮ ਢੋਲਾ ਬਣ ਵਿਚੋਲਾ ਆਪੇ ਗਾਏ, ਰਾਗੀ ਇਕੋ ਰਾਗ ਜਣਾਈਆ । ਪੜਦਾ ਉਹਲਾ ਦਏ ਉਠਾਏ, ਜਿਸ ਆਪਣੇ ਨਾਲ ਮਿਲਾਈਆ । ਕਲਜੁਗ

ਅੰਤਮ ਨਿਰਗੁਣ ਚੋਲਾ ਲਏ ਬਦਲਾਏ, ਚੋਲੀ ਵੇਖਣ ਘਰ ਕਿਸੇ ਨਾ ਜਾਈਆ । ਭੋਲਾ ਭਾਲਾ ਖੇਲ ਕਰਾਏ, ਭੋਲੇ ਭਾਉ ਧਰਤੀ ਮਈਆ ਦੋਏ ਜੋੜ ਪਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਹਰਿ ਕਾ ਮੰਤ, ਮੰਤਰ ਇਕੋ ਇਕ ਸਮਝਾਇੰਦਾ । ਆਤਮ ਵਿਛੜੀ ਮਿਲੇ ਕੰਤ, ਨਰ ਨਰਾਇਣ ਇਕੋ ਨਜ਼ਰੀ ਆਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਇੰਦਾ । ਮਾਣਸ ਜਨਮ ਨਾ ਹੋਏ ਭੰਗਤ, ਭਾਂਡਾ ਭਰਮ ਨਾ ਕੋਇ ਵਖਾਇੰਦਾ । ਮਿਲੇ ਵਡਿਆਈ ਵਿਚ ਜੰਤ, ਦੋ ਜਹਾਨਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸ੍ਰੀ ਭਗਵੰਤ, ਭਗਵਨ ਆਪਣਾ ਲੇਖਾ ਜੁਗ ਜੁਗ ਆਪਣੇ ਹੱਥ ਵਖਾਇੰਦਾ ।

## ✪ ੫ ਭਾਦਰੋ ੨੦੨੦ ਬਿਕਰਮੀ ਕਰਨੈਲ ਸਿੰਘ ਦੇ ਗ੍ਰਿਹ ਕਾਦਰਾਬਾਦ ✪

ਮਨ ਚੰਚਲ ਜਗਤ ਅੰਧਾ, ਦਹਿ ਦਿਸ਼ਾ ਉਠ ਉਠ ਧਾਹੀਆ । ਬਿਨ ਸਤਿਗੁਰ ਸਰਨ ਨਾ ਕੋਈ ਬੰਦਾ, ਬਿਨ ਬੰਦਗੀ ਸਤਿਗੁਰ ਮਿਲੇ ਨਾ ਬੇਪਰਵਾਹੀਆ । ਜਗਤ ਵਾਸਨਾ ਖੋਟਾ ਗੰਦਾ, ਕੂੜੀ ਕਿਰਿਆ ਗੰਢ ਪਵਾਈਆ । ਦੀਨ ਦਿਆਲ ਸਦਾ ਬਖ਼ਸ਼ੰਦਾ, ਬਖ਼ਸ਼ਣਹਾਰ ਬੇਪਰਵਾਹੀਆ । ਵਸਤ ਅਮੋਲਕ ਇਕੋ ਦੇਂਦਾ, ਸਤਿ ਸਾਚੀ ਝੋਲੀ ਪਾਈਆ । ਨਾਮ ਜੈਕਾਰਾ ਇਕੋ ਕਹਿੰਦਾ, ਆਤਮ ਪਰਮਾਤਮ ਢੋਲਾ ਗਾਈਆ । ਘਰ ਸੇਜ ਸੁਹੰਜਣੀ ਆ ਕੇ ਬਹਿੰਦਾ, ਸੋਭਾਵੰਤ ਸੋਭਾ ਪਾਈਆ । ਨਿਜ ਆਸਣ ਆਪਣੇ ਡੇਰੇ ਰਹਿੰਦਾ, ਨਜ਼ਰ ਕਿਸੇ ਨਾ ਆਈਆ । ਨਾ ਕੁਛ ਖਾਂਦਾ ਨਾ ਕੁਛ ਪੀਂਦਾ, ਪ੍ਰੇਮ ਪ੍ਰੀਤੀ ਮੰਗ ਮੰਗਾਈਆ । ਘੋਲ ਘੁਮਾਈ ਵਿਟੁਹ ਥੀਂਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਬੀਜ ਅਗੰਮੀ ਇਕੋ ਬੀਂਦਾ, ਬੀਜਣਹਾਰਾ ਬੇਪਰਵਾਹੀਆ । ਨਾ ਮਰਿਆ ਨਾ ਦਿਸੇ ਜੀਂਦਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਾ ਆਲਸ ਨਾ ਕੋਈ ਨੀਂਦਾ, ਗ਼ਫ਼ਲਤ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵਿਛੜੇ ਆਪ ਮਿਲਾਈਆ । ਵਿਛੜਿਆਂ ਜਗ ਮੇਲਾ ਮੇਲ, ਮਿਲਣੀ ਨਾਮ ਕਰਾਈਆ । ਘਰ ਠਾਕਰ ਮਿਲੇ ਸੱਜਣ ਸੁਹੇਲ, ਝਗੜਾ ਕੋਇ ਰਹਿਣ ਨਾ ਪਾਈਆ । ਜੋਤ ਨਿਰੰਜਣ ਚਾੜ੍ਹੇ ਤੇਲ, ਘਰ ਸੱਜਣ ਆਵੇ ਬੇਪਰਵਾਹੀਆ । ਅਚਰਜ ਵਖਾਏ ਆਪਣਾ ਖੇਲ, ਆਤਮ ਅੰਤਰ ਬੂਝ ਬੁਝਾਈਆ । ਕਰੇ ਪਰਕਾਸ਼ ਬਿਨ ਬਾਤੀ ਤੇਲ, ਚੰਦ ਚਾਂਦਨੀ ਇਕ ਚਮਕਾਈਆ । ਘਰ ਵਖਾਏ ਧੁਰ ਨਵੇਲ, ਦਰਗਹਿ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਟੁੱਟੀ ਗੰਢ ਵਖਾਈਆ । ਟੁੱਟੀ ਗੰਢੇ ਗੋਬਿੰਦ ਗੋਪਾਲ, ਸੋ ਸਾਹਿਬ ਦਇਆ ਕਮਾਈਆ । ਜਨਮ ਜਨਮ ਦੇ ਵਿਛੜੇ ਲਾਲ, ਕਰ ਕਿਰਪਾ ਆਪ ਮਿਲਾਈਆ । ਕਵਣ ਬਿਧ ਹੋਵੇ ਦਿਆਲ, ਸਮਝ ਸਕੇ ਕੋਈ ਨਾ ਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਚਲਦਾ ਰਿਹਾ ਨਾਲ, ਨਿਰਗੁਣ ਸਰਗੁਣ ਹੋ ਕੇ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਵਿਛੜੇ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਕੂੜੇ ਸੰਗੀ ਰਹੇ ਭੁਲਾ, ਭਰਮ ਭੁਲੇਖਾ ਪਾਈਆ । ਘਰ ਚੰਗੀ

ਵਸਤ ਰਹੇ ਗਵਾ, ਪੱਲੇ ਗੰਢ ਨਾ ਕੋਇ ਵਖਾਈਆ । ਸ੍ਰੀ ਭਗਵਾਨ ਬੇਪਰਵਾਹ, ਬੇਪਰਵਾਹੀ ਧਾਰ ਚਲਾਈਆ । ਜੋ ਜਨ ਸਰਨੀ ਡਿਗੇ ਆ, ਫੜ ਬਾਹੋ ਲਏ ਉਠਾਈਆ । ਡੁਬਦੇ ਪਾਹਨ ਲਏ ਤਰਾ, ਪਾਥਰ ਆਪਣਾ ਚਰਨ ਛੁਹਾਈਆ । ਸਮੁੰਦ ਸਾਗਰ ਪਾਰ ਦਏ ਕਰਾ, ਕਲਜੁਗ ਭਵਰੀ ਰਹਿਣ ਕੋਇ ਨਾ ਪਾਈਆ । ਕਰਮ ਕਾਂਡ ਦਏ ਗਵਾ, ਖੰਡਾ ਖੜਗ ਤੀਰ ਚਲਾਈਆ । ਸਾਚਾ ਸੰਜਮ ਨੇਮ ਦਏ ਸਮਝਾ, ਧੁਰ ਦੀ ਧਾਰ ਇਕ ਸੁਣਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਦਿਸੇ ਮਲਾਹ, ਬੇੜਾ ਪਾਰ ਨਾ ਕੋਇ ਕਰਾਈਆ । ਅੱਗੇ ਪਿਛੇ ਵੇਖੇ ਥਲ ਅਸਗਾਹ, ਜਲਧਾਰ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਦਾ ਸਦਾ ਸਹਾਈਆ । ਸਦਾ ਸਹਾਈ ਹੋਇਆ ਆਪ, ਆਪਣੇ ਹੱਥ ਰੱਖੀ ਵਡਿਆਈਆ । ਪਿਛਲੇ ਮੇਟੇ ਸਾਰੇ ਪਾਪ, ਪਤਤ ਰੂਪ ਰਹਿਣ ਨਾ ਪਾਈਆ । ਅੱਗੇ ਹਰਿ ਸੰਗਤ ਦਿਤਾ ਸਾਥ, ਸਗਲਾ ਸੰਗ ਜਣਾਈਆ । ਰਸਨਾ ਜਿਹਵਾ ਪੂਜਾ ਪਾਠ, ਇਕੋ ਮੰਤਰ ਨਾਮ ਦ੍ਰਿੜਾਈਆ । ਜਾਗਤ ਸੋਵਤ ਪੁਛੇ ਵਾਤ, ਘਰ ਆ ਆ ਵੇਖੇ ਬੇਪਰਵਾਹੀਆ । ਧੰਨ ਸੁਹੰਜਣੀ ਸੋਹੀ ਰਾਤ, ਭਿੰਨੜੀ ਰੈਣ ਖੁਸ਼ੀ ਮਨਾਈਆ । ਮਸਤਕ ਧਰ ਕੇ ਬੈਠੀ ਦੋਵੇਂ ਹਾਥ, ਸੋਚ ਸਮਝ ਸਕੇ ਨਾ ਕੁਛ ਰਾਈਆ । ਦੋ ਹੱਥੀਂ ਖੋਲ੍ਹੇ ਆਪਣਾ ਤਾਕ, ਨੇਤਰ ਨੈਣ ਉਠਾਈਆ । ਨਜ਼ਰੀ ਆਇਆ ਪੁਰਖ ਅਬਿਨਾਸ਼, ਜੋਤੀ ਜਾਤਾ ਜੋਤ ਜਗਾਈਆ । ਜੋ ਲਿਖ ਕੇ ਗਿਆ ਭਵਿਖਤ ਵਾਕ, ਸੋ ਲੇਖਾ ਲੇਖੇ ਰਿਹਾ ਲਗਾਈਆ । ਅੰਦਰ ਬਾਹਰ ਚਲੇ ਸਾਥ, ਵਿਛੋੜਾ ਰਹਿਣ ਕੋਇ ਨਾ ਪਾਈਆ । ਲੈ ਕੇ ਜਾਏ ਆਪਣੇ ਘਾਟ, ਪੱਤਣ ਇਕੋ ਇਕ ਵਖਾਈਆ । ਗੁਰਸਿਖ ਤੇਰੀ ਪਿਛਲੀ ਮੁੱਕੀ ਵਾਟ, ਅੱਗੇ ਔਝੜ ਪੰਧ ਨਜ਼ਰ ਨਾ ਆਈਆ । ਸਤਿਗੁਰ ਰੱਖੇ ਦੇ ਕਰ ਹਾਥ, ਮਿਹਰ ਨਜ਼ਰ ਉਠਾਈਆ । ਬਿਨਾਂ ਸ੍ਰੀ ਭਗਵਾਨ ਝੂਠੇ ਦਿਸਣ ਸਾਕ, ਵੇਲੇ ਅੰਤ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਅੰਤ ਖੇਲ ਵਖਾਈਆ । ਬੇਅੰਤ ਖੇਲ ਰਿਹਾ ਵਖਾ, ਹਰਿ ਜੂ ਵੱਖਰੀ ਧਾਰ ਚਲਾਇੰਦਾ । ਜਗ ਵਿਛੜੇ ਰਿਹਾ ਮਿਲਾ, ਮੇਲਾ ਇਕੋ ਘਰ ਰਖਾਇੰਦਾ । ਜਗਤ ਦਲਿਦਰ ਰਿਹਾ ਗਵਾ, ਦੁੱਖ ਦਰਦ ਨਾਲ ਮਿਲਾਇੰਦਾ । ਚੋਟੀ ਸ਼ਿਖ਼ਰ ਰਿਹਾ ਚੜ੍ਹਾ, ਸੋਟੀ ਨਾਮ ਹੱਥ ਫੜਾਇੰਦਾ । ਜੋਤੀ ਜੋਤ ਰਿਹਾ ਜਗਾ, ਅਗਿਆਨ ਅੰਧੇਰ ਮਿਟਾਇੰਦਾ । ਲੋਕ ਪਰਲੋਕੀ ਰਿਹਾ ਵਡਿਆ, ਸਚ ਸਲੋਕੀ ਨਾਮ ਅਲਾਇੰਦਾ । ਕਾਇਆ ਥੋਥੀ ਭਾਂਡਾ ਰਿਹਾ ਭਰਾ, ਨਾਮ ਨਿਧਾਨਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਮੁਖ ਗੁਰਸਿਖ ਗੁਰਸਿਖ ਗੁਰ ਇਕੋ ਰੰਗ ਰੰਗਾਇੰਦਾ । ਇਕ ਰੰਗ ਸਿਖ ਗੁਰ, ਗੁਰ ਸਿਖ ਆਪ ਰੰਗਾਈਆ । ਇਕ ਮਰਦੰਗ ਸਿਖ ਗੁਰ, ਸਿਖ ਗੁਰ ਇਕ ਅਨੰਦ ਵਖਾਈਆ । ਇਕ ਚੰਦ ਸਿਖ ਗੁਰ, ਗੁਰ ਸਿਖ ਇਕੋ ਨੂਰ ਕਰੇ ਰੁਸ਼ਨਾਈਆ । ਇਕ ਪਿੰਡ ਗੁਰ ਸਿਖ ਪਿੰਡ ਗੁਰ ਸਿਖ ਇਕੋ ਡੇਰਾ ਲਾਈਆ । ਦੀਨ ਦਿਆਲ ਬਣ ਬਖ਼ਸ਼ਿੰਦ, ਮਿਹਰਵਾਨ ਹੋਏ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਤੇਰੀ ਮੇਟੇ ਚਿੰਦ, ਚਿੰਤਾ ਗ਼ਮ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵਖਾਣੇ ਸਾਚੀ ਬਿੰਦ, ਜੀਵ ਜੰਤ ਖੋਜ ਖੁਜਾਈਆ ।


੨੩੪
੧੫

ਕਰਨੈਲ ਮਿਲੇ ਘਰ ਨੈਣ, ਨੈਨਨ ਨੈਨ ਮਿਲਾਈਆ । ਦੇਵਣਹਾਰਾ ਲਹਿਣਾ ਦੇਣ, ਝੋਲੀ ਨਾਮ ਭਰਾਈਆ । ਅੱਗੇ ਨਾ ਵਹਿਣਾ ਪਿਛਲੇ ਵਹਿਣ, ਪਿਛਲਾ ਲੇਖਾ ਏਸੇ ਕਾਰਨ ਦਿਤਾ ਮੁਕਾਈਆ । ਤਨ ਬਸਤਰ ਪਾਏ ਨਾਮ ਗਹਿਣ, ਗਹਿਣੇ ਪਿਆ ਤਨ ਦੇਵੇ ਛੁਡਾਈਆ । ਆਪਣੀ ਹੱਥੀਂ ਕਰ ਕੇ ਜਾਏ ਸਾਈਨ, ਸੈਨਤ ਨਾਲ ਸਮਝਾਈਆ । ਹਰਿ ਕਾ ਸ਼ਬਦ ਗੁਰ ਕਾ ਕਹਿਣ, ਗੁਰਸਿਖ ਮੰਨਣ ਚਾਈਂ ਚਾਈਂਆ । ਹਰਿ ਸੰਗਤ ਵਿਚ ਜੋ ਗੁਰਮੁਖ ਬਹਿਣ, ਤਿਨ੍ਹਾਂ ਮਿਲੇ ਮਾਣ ਵਡਿਆਈਆ । ਕਾਮ ਕਰੋਧ ਲੋਭ ਮੋਹ ਹੰਕਾਰ ਨੈਣ ਸ਼ਰਮਾਇਣ, ਅੱਖ ਸਕੇ ਨਾ ਕੋਇ ਉਠਾਈਆ । ਆਸਾ ਤ੍ਰਿਸਨਾ ਨਿਉਂ ਨਿਉਂ ਲਾਗੇ ਪਾਇਨ, ਗੁਰਮੁਖ ਤੇਰੀ ਚਰਨ ਧੂੜੀ ਮੰਗੇ ਥਾਉਂ ਥਾਈਂਆ । ਮਾਇਆ ਮਮਤਾ ਖਾਏ ਨਾ ਡਾਇਣ, ਕੂੜੀ ਇਛਿਆ ਨਾ ਹੋਵੇ ਹਲਕਾਈਆ । ਦਰਸ ਦਿਖਾਏ ਇਕੋ ਨੈਣ, ਨਿਜ ਨੇਤਰ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਦਾਤਾ ਬੇਪਰਵਾਹੀਆ । ਗੁਰਮੁਖ ਅਰਜ਼ ਸਦਾ ਮਨਜ਼ੂਰ, ਸਤਿਗੁਰ ਪੂਰਾ ਦਇਆ ਕਮਾਇੰਦਾ । ਪਿਛਲਾ ਬਖ਼ਸ਼ਣਹਾਰ ਕਸੂਰ, ਅਗਲਾ ਮਾਰਗ ਆਪੇ ਲਾਇੰਦਾ । ਕਾਇਆ ਪੰਜ ਤਤ ਤਪੇ ਨਾ ਵਾਂਗ ਤੰਦੂਰ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਨਾਤਾ ਤੁਟੇ ਕੂੜੇ ਕੂੜ, ਸਚ ਸੁਚ ਝੋਲੀ ਆਪ ਭਰਾਇੰਦਾ । ਜਿਨ੍ਹਾਂ ਲਗਾਵੇ ਮਸਤਕ ਧੂੜ, ਤਿਨ੍ਹਾਂ ਦੁਰਮਤ ਮੈਲ ਧਵਾਇੰਦਾ । ਜੋ ਸਤਿਗੁਰ ਕੋਲੋ ਰਹੇ ਦੂਰ ਦੂਰ, ਤਿਨ੍ਹਾਂ ਏਥੇ ਓਥੇ ਥਾਏਂ ਨਜ਼ਰ ਕੋਇ ਨਾ ਆਇੰਦਾ । ਸਤਿਗੁਰੂ ਭੰਡਾਰਾ ਸ਼ਬਦ ਭਰਪੂਰ, ਗੁਰਮੁਖਾਂ ਜੁਗ ਜੁਗ ਆਪ ਵਰਤਾਇੰਦਾ । ਠਾਕਰ ਹੋ ਕੇ ਬਣੇ ਮਜ਼ਦੂਰ, ਜਨ ਭਗਤਾਂ ਘਰ ਘਰ ਸੇਵ ਕਮਾਇੰਦਾ । ਜੇ ਕੋਈ ਵੇਖੇ ਦਰ ਹਜ਼ੂਰ, ਹਾਜ਼ਰ ਹੋ ਕੇ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਦਰਸੀ ਸਵੱਛ ਸਰੂਪੀ ਆਪਣਾ ਦਰਸ ਕਰਾਇੰਦਾ । ਸਵੱਛ ਸਰੂਪੀ ਦਰਸ ਅਨੋਖਾ, ਜੋਤੀ ਜੋਤ ਜੋਤ ਜੋਤ ਰੁਸ਼ਨਾਈਆ । ਬੇਸ਼ਕ ਗੁਰਸਿਖ ਗੁਰ ਨੂੰ ਦੇ ਜਾਵੇ ਧੋਖਾ, ਗੁਰ ਮੁਖ ਨਾ ਕਦੇ ਭਵਾਈਆ । ਜਿਸ ਵੇਲੇ ਗੁਰਮੁਖ ਹੋਵੇ ਔਖਾ, ਸੁਣੇ ਫਰਿਆਦ ਬੇਪਰਵਾਹੀਆ । ਅੰਤਮ ਸਵਾਸ ਤੱਕ ਦੇਵੇ ਮੌਕਾ, ਪਿਛਲੀ ਭੁੱਲ ਸਾਰੀ ਦੇਵੇ ਬਖ਼ਸ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲੇਖਾ ਲੇਖੇ ਪਾਈਆ । ਹਰਿਜਨ ਲੇਖਾ ਜਾਏ ਮੁੱਕ, ਮੁਕੇ ਚੂਕ ਪਰਾਈਆ । ਮਾਤ ਗਰਭ ਫੇਰ ਨਾ ਹੋਵੇ ਦੁੱਖ, ਲੱਖ ਚੁਰਾਸੀ ਪੰਧ ਮੁਕਾਈਆ । ਰਾਏ ਧਰਮ ਨਾ ਸਕੇ ਪੁੱਛ, ਚਿਤਰ ਗੁਪਤ ਨਾ ਲੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਵਣ ਝੁਕ, ਵਾਹਵਾ ਗੁਰਸਿਖ ਤੇਰੀ ਵਡਿਆਈਆ । ਜਿਸ ਦਾ ਨਾਮ ਗਾਏ ਮੁਖ, ਰਸਨਾ ਜਿਹਵਾ ਹਰਿ ਹਰਿ ਗੁਣ ਧਿਆਈਆ । ਸੋ ਸਾਹਿਬ ਦਾ ਬਣੇ ਸਾਚਾ ਪੁੱਤ, ਪੁਰਖ ਅਬਿਨਾਸ਼ੀ ਆਪਣੀ ਗੋਦ ਉਠਾਈਆ । ਧਰਮ ਦੁਆਰੇ ਹਰਿ ਨਿਰੰਕਾਰੇ ਸੁਖਣਾ ਰਿਹਾ ਸੁਖ, ਕਵਣ ਵੇਲਾ ਜਨ ਭਗਤਾਂ ਮਿਲਾਂ ਚਾਈਂ ਚਾਈਂਆ । ਪਰੇਮ ਪਿਆਰ ਦੀ ਮਿਟਾਵਾਂ ਭੁੱਖ, ਪਰੇਮ ਪ੍ਰੀਤੀ ਇਕੋ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਘਟ ਅੰਦਰ ਵੇਖੇ ਲੁਕ, ਬਿਨ ਸਤਿਗੁਰ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰਸਿਖ ਰੋਵੇ ਅੰਤਰ ਧਾਹ, ਰਸਨਾ ਕੂਕ ਦੁਹਾਈਆ । ਪਵਣ ਸਵਾਸ ਨਾਲ ਰਲਾਏ ਸਾਹ, ਉਣੰਜਾ ਪਵਣ ਸੰਗ ਨਿਭਾਈਆ । ਚਾਰੋ ਕੁੰਟ ਵੇਖੇ ਨੈਣ ਉਠਾ, ਨੇਤਰ ਅੱਖ ਖੁਲ੍ਹਾਈਆ । ਦੁੱਖਾਂ ਭਰਿਆ ਸਰਬ ਜਹਾਂ, ਸੁਖ ਰੂਪ ਨਾ ਕੋਇ ਸਮਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਪਕੜੇ ਬਾਂਹ,

ਸੱਜਣ ਯਾਰ ਬੈਠਣ ਮੁਖ ਭਵਾਈਆ । ਦੀਨ ਦਿਆਲ ਜਿਸ ਜਨ ਜਪਾਏ ਆਪਣਾ ਨਾਂ, ਨਾਂਵਾਂ ਲੇਖਾ ਲੇਖੇ ਲਵੇ ਪਾਈਆ । ਦਰਗਹਿ ਸਾਚੀ ਦੇਵੇ ਥਾਂ, ਦੋ ਜਹਾਨਾ ਪੰਧ ਮੁਕਾਈਆ । ਅੰਤਮ ਜੋਤੀ ਮੇਲਾ ਲਏ ਮਿਲਾ, ਜੋਤੀ ਜੋਤ ਸਮਾਈਆ । ਕਰਨੈਲ ਕਰਮ ਕਾਂਡ ਦਾ ਮਿਟਿਆ ਗੁਨਾਹ, ਜਨਮ ਮਰਨ ਦਾ ਟੁੱਟਾ ਫਾਹ, ਠੱਗ ਚੋਰ ਦਾ ਛੁੱਟਾ ਰਾਹ, ਹਰਿ ਸੰਗਤ ਨਾਤਾ ਜੁੜਿਆ ਭੈਣ ਭਰਾ, ਕੂੜੀ ਅੱਖ ਪਰਤਖ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਰਜ਼ੀ ਅਰਜ਼ੀ ਅਰਜ਼ ਆਰਜ਼ੂ ਲੇਖੇ ਪਾ, ਲੇਖਾ ਲੇਖਿਉਂ ਬਾਹਰ ਕਢਾਈਆ ।

## ੫ ਭਾਦਰੋ ੨੦੨੦ ਬਿਕਰਮੀ ਸਵਰਨ ਸਿੰਘ ਦੇ ਗ੍ਰਿਹਿ ਕਾਦਰਾਬਾਦ

ਗੁਰਸਿਖ ਮਾਣਕ ਮੋਤੀ ਸਚ ਸਵਰਨ, ਕੰਚਨ ਕਾਇਆ ਕੋਟ ਗੜ੍ਹ ਵਸਾਈਆ । ਦਰ ਦਰਵੇਸ਼ ਮੰਗੇ ਪ੍ਰਭ ਸਰਨ, ਸਰਨਗਤ ਇਕ ਰਖਾਈਆ । ਨਾਤਾ ਤੋੜੇ ਮਰਨ ਡਰਨ, ਭੈ ਭੌ ਨਾ ਕੋਇ ਤਕਾਈਆ । ਢੋਲਾ ਇਕੋ ਆਏ ਪੜ੍ਹਨ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਸਤਿਗੁਰ ਡੰਡੇ ਆਏ ਚੜ੍ਹਨ, ਪੌੜੀ ਰੂਪ ਨਾ ਕੋਇ ਵਖਾਈਆ । ਲੇਖ ਚੁਕਾਏ ਵਰਨ ਬਰਨ, ਅੱਠ ਦਸ ਨਾ ਕੋਇ ਵੰਡ ਵੰਡਾਈਆ । ਜਗਤ ਵਿਕਾਰੇ ਆਏ ਲੜਨ, ਕੂੜੀ ਕਿਰਿਆ ਬਾਹਰ ਕਢਾਈਆ । ਸਾਚੀ ਤਰਨੀ ਆਏ ਤਰਨ, ਚੱਪੂ ਨਾਮ ਹੱਥ ਉਠਾਈਆ । ਹਰਿ ਕਾ ਦਰਸ ਆਏ ਕਰਨ, ਨਿਜ ਨੇਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਵੇਖਣਹਾਰ, ਅਭੁੱਲ ਭੁਲ ਕਦੇ ਨਾ ਜਾਈਆ । ਕੰਚਨ ਸੋਇਨਾ ਮਾਣਕ ਮੋਤੀ, ਗੁਰਮੁਖ ਵਿਰਲਾ ਨਜ਼ਰੀ ਆਈਆ । ਜਿਸ ਘਰ ਜਗੇ ਨਿਰਮਲ ਜੋਤੀ, ਅੰਧ ਅੰਧੇਰ ਰਹਿਣ ਨਾ ਪਾਈਆ । ਵਾਸਨਾ ਨਿਕਲੇ ਵਿਚੋ ਖੋਟੀ, ਦੁਰਮਤ ਬੈਠੇ ਮੁਖ ਭਵਾਈਆ । ਅੰਤਰ ਆਤਮ ਫੋਲੇ ਆਪਣੀ ਪੋਥੀ, ਕਾਇਆ ਵਰਕਾ ਲਏ ਉਲਟਾਈਆ । ਜਨਮ ਜਨਮ ਦੀ ਮੈਲ ਜਾਏ ਧੋਤੀ, ਪਾਪ ਕਲੇਵਰ ਰਹਿਣ ਕੋਇ ਨਾ ਪਾਈਆ । ਸੁਰਤ ਸਵਾਣੀ ਉਠੇ ਸੋਤੀ, ਘਰ ਸਾਚੇ ਲਏ ਅੰਗੜਾਈਆ । ਮੱਤ ਰਹੇ ਨਾ ਕੋਈ ਹੋਛੀ, ਗੁਰਮੱਤ ਮਿਲੇ ਵਡਿਆਈਆ । ਚਰਨ ਕਵਲ ਇਕੋ ਓਟੀ, ਪੁਰਖ ਅਕਾਲ ਸੱਚੀ ਸਰਨਾਈਆ । ਰਸਨ ਆਹਾਰ ਨਾ ਕੋਈ ਬੋਟੀ, ਪ੍ਰੇਮ ਪ੍ਰੀਤੀ ਮੰਗ ਮੰਗਾਈਆ । ਚੜ੍ਹ ਕੇ ਵੇਖੇ ਆਪਣੀ ਚੋਟੀ, ਘਰ ਵਸੇ ਸਤਿਗੁਰ ਸੱਚਾ ਮਾਹੀਆ । ਜਿਸ ਨੂੰ ਲੱਭਦੇ ਬਾਹਰ ਕਲਜੁਗ ਜੀਵ ਲੋਕੀਂ, ਸੋ ਲੁਕਿਆ ਨਜ਼ਰ ਕਿਸੇ ਨਾ ਆਈਆ । ਪ੍ਰਭ ਦੀ ਘਾਟੀ ਬੜੀ ਔਖੀ, ਪਾਰ ਕਰਨ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦਏ ਬੁਝਾਈਆ । ਹੀਰਾ ਲਾਲ ਜਵਾਹਰ ਮੋਤੀ ਮਾਣਕ, ਮਾਣਸ ਜਨਮ ਮਿਲੀ ਵਡਿਆਈਆ । ਲੱਖ ਚੁਰਾਸੀ ਵਿਚ ਮਿਲਿਆ ਨਾ ਕੋਈ ਮਾਲਕ, ਮਲਕੀਅਤ ਹੱਥ ਨਾ ਕੋਇ ਫੜਾਈਆ । ਅੰਡਜ ਜੇਰਜ ਉਤਭੁਜ ਸੇਤਜ ਚਾਰੇ ਖਾਣੀ ਲੱਭਦਾ ਰਿਹਾ ਖ਼ਾਲਕ, ਖ਼ਾਲਸ ਰੂਪ ਨਜ਼ਰ ਕੋਇ ਨਾ ਆਈਆ । ਭਰਮੇ ਭੁਲਦਾ ਰਿਹਾ ਬਾਸ਼ਕ, ਬਿਨ ਸਤਿਗੁਰ ਪੂਰੇ ਭਰਮ ਨਾ ਕੋਇ ਚੁਕਾਈਆ । ਘਰ ਘਰ ਵਿਚ ਬਹਿ ਕੇ ਕਰੇ ਅਦਾਲਤ, ਅਦਲ ਇਕੋ ਇਕ ਕਮਾਈਆ । ਗੁਰਸਿਖ ਰਹਿਣ ਨਾ ਦੇਵੇ ਕੋਈ ਅਲਾਮਤ, ਝੂਠਾ ਝਗੜਾ ਦਏ ਮੁਕਾਈਆ । ਨਾਮ ਖ਼ਜ਼ਾਨਾ ਦੇਵੇ ਧੁਰ ਦੀ ਅਮਾਨਤ, ਹਰਿਜਨ ਸਾਚੇ ਝੋਲੀ ਪਾਈਆ । ਪੰਜ ਤਤ ਕਰੇ ਨਾ ਕੋਈ ਖ਼ਿਆਨਤ, ਠੱਗ ਚੋਰ ਲੁੱਟ ਨਾ ਜਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦਿਤੀ ਇਕੋ ਸਿਆਣਪ, ਹਰਿ ਸੰਗਤ ਵੇਖਣ ਚਾਈਂ ਚਾਈਆ । ਮਾਣਕ ਮੋਤੀ ਹੀਰਾ ਲਾਲ, ਗੁਰਸਿਖ ਵਿਰਲਾ ਨਜ਼ਰੀ ਆਇੰਦਾ । ਜਿਸ ਜਨ ਮਿਲਿਆ ਹਰਿ ਗੋਪਾਲ, ਗੋਪੀ ਨਾਥ ਦਇਆ ਕਮਾਇੰਦਾ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਮੰਦਰ ਮਸਜਿਦ ਸ਼ਿਵਦਵਾਲਾ ਮੱਠ ਨਜ਼ਰ ਕੋਇ ਨਾ ਆਇੰਦਾ । ਦੀਪਕ ਦੀਆ ਜੋਤ ਜਗੇ ਕਮਾਲ, ਬੇਮਿਸਾਲ ਡਗਮਗਾਇੰਦਾ । ਜਲਵਾ ਨੂਰ ਦੇਵੇ ਜਲਾਲ, ਜ਼ਾਹਰ ਜ਼ਹੂਰ ਖੇਲ ਵਖਾਇੰਦਾ । ਸੰਤ ਸਤਿਗੁਰ ਸਾਚੇ ਲੱਭੇ ਆਪੇ ਲਾਲ, ਲਾਲਨ ਆਪਣੇ ਹੱਟ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਗੁਰ ਗੁਰ ਵੇਖ ਵਖਾਇੰਦਾ । ਲਾਲ ਅਮੁਲੜਾ ਗੁਰਮੁਖ ਹੀਰਾ, ਹਰਿ ਦੋ ਜਹਾਨ ਬਣਾਈਆ । ਸਚ ਭਗਤੀ ਸੀਸ ਬੰਨ੍ਹੇ ਚੀਰਾ, ਮਸਤਕ ਟਿੱਕਾ ਨਾਮ ਲਗਾਈਆ । ਔਖਾ ਮਾਰਗ ਚੁੱਕੇ ਭੀੜਾ, ਰਾਹ ਸਾਚਾ ਦਏ ਸਮਝਾਈਆ । ਅੰਮ੍ਰਿਤ ਬਖ਼ਸ਼ੇ ਠਾਂਡਾ ਨੀਰਾ, ਨਿਝਰ ਝਿਰਨਾ ਆਪ ਝਿਰਾਈਆ । ਬਦਲਣਹਾਰ ਸਾਹਿਬ ਤਕਦੀਰਾ, ਤਦਬੀਰ ਆਪਣੀ ਦਏ ਸਮਝਾਈਆ । ਲੱਖ ਚੁਰਾਸੀ ਵਿਚੋ ਮਾਣਸ ਜਨਮ ਅਖ਼ੀਰਾ, ਹਰਿ ਸਤਿਗੁਰ ਮਿਲਣਾ ਹਰਿਜਨ ਨਿਉਂ ਨਿਉਂ ਲੱਗਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਗੁਰਮੁਖ ਗੁਰ ਗੁਰ ਗੋਦੀ ਚੁੱਕ, ਘਰ ਘਰ ਦਏ ਵਖਾਈਆ । ਵੇਖ ਲੋਕਾਈ ਗੁਰਮੁਖ ਮੁਖ, ਸ੍ਰੀ ਭਗਵਾਨ ਰਿਹਾ ਧਵਾਈਆ । ਜਨਮ ਕਰਮ ਦਾ ਮਿਟਿਆ ਦੁੱਖ, ਭਾਂਡਾ ਭਰਮ ਭੰਨਾਈਆ । ਬਣ ਮਾਂ ਪਿਓ ਬਣਾਏ ਪੁੱਤ, ਪੂਤ ਸਪੂਤਾ ਗੋਦ ਸੁਹਾਈਆ । ਦਰਸ ਦਿਖਾਏ ਨੇੜੇ ਹੋ ਕੇ ਝੁਕ, ਦੋ ਜਹਾਨਾ ਪੰਧ ਮੁਕਾਈਆ । ਸੇਜ ਸੁਹਾਏ ਸੁਹੰਜਣੀ ਰੁੱਤ, ਰੁੱਤ ਰੁੱਤੜੀ ਆਪ ਮਹਿਕਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਸਮਝਾਈਆ । ਗ੍ਰਿਹ ਮੰਦਰ ਆਏ ਉਠ, ਪੜਦਾ ਦੂਈ ਦਏ ਮਿਟਾਈਆ । ਘਰ ਵਖਾਏ ਸਚ ਸੁਚ, ਸੁਚ ਸੰਜਮ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਕਾਗ ਹੰਸ ਵਖਾਈਆ । ਗੁਰਮੁਖ ਕਾਗੋ ਬਣੇ ਹੰਸ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਇੰਦਾ । ਪਰਗਟ ਹੋਵੇ ਕੋਟਨ ਕੋਟਾਂ ਵਿਚੋ ਸਹੰਸ, ਸਹੰਸ ਸਹੰਸਰਾਂ ਵਿਚੋ ਆਪ ਉਪਾਇੰਦਾ । ਚਾਰ ਜੁਗ ਵਿਚ ਪ੍ਰਭ ਦਾ ਬਣੇ ਛੋਟਾ ਬੰਸ, ਲੱਖ ਚੁਰਾਸੀ ਸੰਗ ਨਾ ਕੋਇ ਰਖਾਇੰਦਾ । ਦੁਸ਼ਟ ਸੰਘਾਰੇ ਜਿਉਂ ਕਾਹਨਾ ਕੰਸ, ਰਾਮ ਰਾਮਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮਾਣ ਰਖਾਇੰਦਾ । ਹਰਿਜਨ ਮਾਣ ਸਰਬ ਸੁਖ ਸਾਗਰ, ਮਿਲੇ ਲੋਕਮਾਤ ਵਡਿਆਈਆ । ਵਸਤ ਅਮੋਲਕ ਕਾਇਆ ਗਾਗਰ, ਗਹਿਰ ਗੰਭੀਰ ਦਏ ਭਰਾਈਆ । ਗ਼ਰੀਬ ਨਿਮਾਣਿਆਂ ਦਰ ਦੇਵੇ ਆਦਰ, ਦਰਦੀ ਹੋ ਕੇ ਦਰਦ ਵੰਡਾਈਆ । ਪਾਰ ਕਰਾਏ ਸਿੰਧ ਸਾਗਰ, ਭਵਰੀ ਸਕੇ ਨਾ ਕੋਇ ਰੁੜ੍ਹਾਈਆ । ਵਣਜ ਕਰਾਏ ਬਣ ਸੌਦਾਗਰ, ਨਾਮ ਹੱਟ ਇਕ ਚਲਾਈਆ । ਦਰ ਆਇਆਂ ਦਰ ਦੇਵੇ ਆਦਰ, ਅਦਲ ਇਕੋ ਇਕ ਵਖਾਈਆ । ਕਿਰਪਾ ਕਰੇ ਕਰੀਮ ਕਾਦਰ, ਕੁਦਰਤ ਕਾਦਰ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਸਿਦਕ ਸਬੂਰੀ ਸਬਰ ਪਿਆਲਾ ਇਕੋ ਜਾਮ ਪਿਆਈਆ । ਇਕੋ ਜਾਮ ਨਾਮ ਖੁਮਾਰੀ, ਦਿਵਸ ਰੈਣ ਰਖਾਈਆ । ਸਚ ਪ੍ਰੀਤੀ ਨਿਰਗੁਣ ਯਾਰੀ, ਸਰਗੁਣ ਆਪ ਲਗਾਈਆ । ਕੂੜੀ ਕਿਰਿਆ ਕੱਟ ਬੀਮਾਰੀ, ਆਤਮ ਸੁਖ ਉਪਜਾਈਆ । ਭਗਤ ਭਗਵਾਨ ਸਾਚਾ ਮੇਲਾ ਕੰਤ ਨਾਰੀ, ਨਾਰੀ ਕੰਤ ਆਪ

ਪਰਨਾਈਆ । ਸੇਜ ਸੁਹੰਜਣੀ ਆਤਮ ਰਿਹਾ ਚਾੜ੍ਹੀ, ਪਲੰਘ ਰੰਗੀਲਾ ਇਕ ਸੁਹਾਈਆ । ਆਪੇ ਫਿਰੇ ਪਿਛੇ ਅਗਾੜੀ, ਬਣ ਸੇਵਕ ਸੇਵ ਕਮਾਈਆ । ਕਰੇ ਪਰਕਾਸ਼ ਬਹੱਤਰ ਨਾੜੀ, ਘਰ ਘਰ ਜੋਤ ਰੁਸ਼ਨਾਈਆ । ਮਾਣਸ ਜਨਮ ਨਾ ਹੋਏ ਖ਼ਵਾਰੀ, ਖ਼ੁਸ਼ੀ ਗ਼ਮੀ ਇਕੋ ਰੰਗ ਵਖਾਈਆ । ਜਿਸ ਪੁਰਖ ਅਕਾਲ ਨਾਲ ਲਾਈ ਯਾਰੀ, ਤਿਸ ਯਾਰਾਨਾ ਸਕੇ ਨਾ ਕੋਇ ਤੁੜਾਈਆ । ਸੋ ਗੁਰਮੁਖ ਮਾਰੇ ਇਕ ਉਡਾਰੀ, ਪੁਰੀਆਂ ਲੋਆਂ ਚਰਨਾਂ ਹੇਠ ਦਬਾਈਆ । ਜਾ ਕੇ ਮਿਲੇ ਜੋਤ ਨਿਰੰਕਾਰੀ, ਨਿਰਗੁਣ ਮੇਲਾ ਸਹਿਜ ਸੁਭਾਈਆ । ਜਿਸ ਦੇ ਕੋਲੋ ਭਿਖਿਆ ਮੰਗਦੇ ਰਹੇ ਗੁਰ ਅਵਤਾਰੀ, ਸੋ ਦਾਤਾਰੀ ਫੇਰਾ ਪਾਈਆ । ਕਲਜੁਗ ਅੰਤ ਜਨ ਭਗਤਾਂ ਮਿਲਣ ਦੀ ਆਈ ਵਾਰੀ, ਜੁਗ ਜੁਗ ਦਾ ਲਹਿਣਾ ਝੋਲੀ ਪਾਈਆ । ਰੱਖੇ ਲਾਜ ਜਿਸ ਚਰਨ ਛੁਹਾਈ ਦਾੜ੍ਹੀ, ਏਥੇ ਓਥੇ ਲੇਖਾ ਵੇਖੇ ਸ਼ਹਿਨਸ਼ਾਹੀਆ । ਗੁਰਮੁਖ ਲੱਭਣ ਜਾਏ ਨਾ ਕੋਇ ਜੰਗਲ ਜੂਹ ਉਜਾੜ ਪਹਾੜੀ, ਬਨ ਖੋਜਣ ਕੋਇ ਨਾ ਜਾਈਆ । ਮੇਲ ਮਿਲਾਵਾ ਧੁਰ ਦਰਬਾਰੀ, ਧੁਰ ਦੀ ਧਾਰੀ ਦਏ ਸਮਝਾਈਆ । ਦੋਏ ਦੋਏ ਜੋੜ ਸਦ ਨਿਮਸਕਾਰੀ, ਨਮੋ ਨਮੋ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਦੇਵੇ ਦਾਨ, ਦਾਤਾ ਦਾਨੀ ਦੋ ਜਹਾਨੀ ਸ਼ਾਹ ਸੁਲਤਾਨੀ ਭਗਤ ਭਗਵਾਨ ਇਕ ਅਖਵਾਈਆ ।



## ੬ ਭਾਦਰੋ ੨੦੨੦ ਬਿਕਰਮੀ ਬੂੜ ਸਿੰਘ ਦੇ ਗ੍ਰਹਿ ਕਾਦਰਾਬਾਦ

ਸਤਿ ਸਰੂਪ ਸਤਿਗੁਰ ਦਰਸ, ਅਗਨੀ ਤਤ ਬੁਝਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਤ੍ਰਿਸਨਾ ਤ੍ਰਿਖਾ ਗਵਾਇੰਦਾ । ਲੇਖਾ ਚੁਕਾਏ ਸੋਗ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਇੰਦਾ । ਅੰਤਰ ਆਤਮ ਜੋ ਰਹੇ ਭੜਕ, ਤਿਨ੍ਹਾਂ ਭਾਂਡਾ ਭਰਮ ਭੰਨਾਇੰਦਾ । ਅਧਵਿਚਕਾਰੇ ਜੋ ਰਹੇ ਲਟਕ, ਤਿਨ੍ਹਾਂ ਧੁਰ ਦਾ ਹੁਕਮ ਸੁਣਾਇੰਦਾ । ਗੁਰਮੁਖ ਮਾਰਗ ਚਲੇ ਬੇਖਟਕ, ਖ਼ਤਰਾ ਨਜ਼ਰ ਕੋਇ ਨਾ ਆਇੰਦਾ । ਹਰਿਜੂ ਤਾਰਨਹਾਰਾ ਬਧਕ, ਗਨਕਾ ਕੁਲ ਨਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰਿਜਨ ਵੇਖ ਵਖਾਇੰਦਾ । ਹਰਿਜਨ ਵੇਖੇ ਖੋਲ੍ਹ ਤਾਕੀ, ਪੜਦਾ ਮੰਦਰ ਆਪ ਉਠਾਈਆ । ਨਿਰਗੁਣ ਹੋ ਕੇ ਬਣੇ ਸਾਥੀ, ਸਾਚਾ ਸੰਗ ਰਖਾਈਆ । ਸੇਵਕ ਹੋ ਕੇ ਕਰੇ ਰਾਖੀ, ਮਿਹਰ ਨਜ਼ਰ ਉਠਾਈਆ । ਪ੍ਰੀਤਮ ਹੋ ਕੇ ਬਣੇ ਪਾਠੀ, ਗੁਰਮੁਖ ਢੋਲਾ ਗਾਏ ਚਾਈਂ ਚਾਈਆ । ਸਰੋਵਰ ਹੋ ਕੇ ਬਣੇ ਤੀਰਥ ਤਾਟੀ, ਸਾਚਾ ਸੀਰ ਮੁਖ ਚੁਆਈਆ । ਵਣਜਾਰਾ ਹੋ ਕੇ ਖੋਲ੍ਹੇ ਹਾਟੀ, ਘਰ ਘਰ ਵਿਚ ਸੋਭਾ ਪਾਈਆ । ਉਜਿਆਰਾ ਹੋ ਕੇ ਜਗਾਏ ਬਾਤੀ, ਜੋਤ ਨਿਰੰਜਣ ਕਰ ਰੁਸ਼ਨਾਈਆ । ਅੰਮ੍ਰਿਤ ਹੋ ਕੇ ਜਾਮ ਪਿਆਏ ਬਾਟੀ, ਨਿਝਰ ਝਿਰਨਾ ਆਪ ਝਿਰਾਈਆ । ਮਿਹਰਵਾਨ ਹੋ ਕੇ ਪੁੱਛੇ ਵਾਤੀ, ਨਿਰਗੁਣ ਸਰਗੁਣ ਫੇਰਾ ਪਾਈਆ । ਅਛਲ ਅਛੱਲ ਹੋ ਕੇ ਖੇਲ ਕਰੇ ਬਹੁਭਾਂਤੀ, ਹਰਿ ਕਾ ਭੇਵ ਸਮਝ ਕੋਇ ਨਾ ਪਾਈਆ । ਨੂਰ ਨੁਰਾਨਾ ਹੋ ਕੇ ਮੇਟੇ ਅੰਧੇਰੀ ਰਾਤੀ, ਸਾਚਾ ਚੰਦ ਕਰ ਰੁਸ਼ਨਾਈਆ । ਲਹਿਣੇਦਾਰ ਹੋ ਕੇ ਲੇਖਾ ਮੁਕਾਏ ਬਾਕੀ, ਪਿਛਲਾ ਰਹਿਣ ਕੋਇ ਨਾ ਪਾਈਆ । ਖੇਵਟ ਹੋ ਕੇ ਪਾਰ ਕਰਾਏ ਘਾਟੀ, ਪਤਣ ਮਿਲੇ ਬੇਪਰਵਾਹੀਆ । ਦਾਤਾ ਹੋ ਕੇ ਉਤਮ ਰੱਖੇ ਜ਼ਾਤੀ, ਵਰਨ ਬਰਨ ਨਾ ਕੋਇ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ

ਦਏ ਸਮਝਾਈਆ । ਹਰਿਜਨ ਸਚ ਦਏ ਬੁਝਾ, ਬੁਝਾਰਤ ਨਾਮ ਪਾਈਆ । ਅਗਨੀ ਤਤ ਦਏ ਗਵਾ, ਗਿਆਨ ਗੁਰੂ ਸਮਝਾਈਆ । ਸ਼ਬਦੀ ਨਾਦ ਦਏ ਅਲ੍ਹਾ, ਘਰ ਘਰ ਇਕ ਪੜ੍ਹਾਈਆ । ਕਾਗਦ ਕਲਮ ਲੇਖਾ ਦਏ ਮੁਕਾ, ਧੁਰ ਸੰਦੇਸਾ ਇਕ ਸੁਣਾਈਆ । ਦਰਸ ਹਮੇਸ਼ਾ ਦਏ ਵਖਾ, ਨਿਤ ਨਵਿਤ ਵੇਖ ਵਖਾਈਆ । ਅਰਸ਼ ਫ਼ਰਸ਼ ਬਣ ਮਲਾਹ, ਬੇੜਾ ਪਾਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਧਵਾਟੀ ਫੇਰਾ ਪਾਈਆ । ਅਧਵਾਟੀ ਫਿਰੇ ਆਦਿ ਜੁਗਾਦਿ ਮਧ, ਮਧੁਰ ਧੁਨ ਨਾਮ ਸੁਣਾਈਆ । ਦੋ ਜਹਾਨਾਂ ਨਿਰਗੁਣ ਹੋ ਕੇ ਰਿਹਾ ਭੱਜ, ਸਚ ਸੰਦੇਸਾ ਇਕ ਅਲਾਈਆ । ਸਚ ਸਿੰਘਾਸਣ ਬਹੇ ਸਜ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਦੋ ਜਹਾਨਾਂ ਪਾਰ ਕਰ ਕੇ ਹੱਦ, ਸਚ ਹਦੂਦ ਆਪ ਵੰਡਾਈਆ । ਲੱਖ ਚੁਰਾਸੀ ਵਿਚੋ ਕੱਢ, ਹਰਿ ਸੱਜਣ ਲਏ ਉਠਾਈਆ । ਨਾਮ ਪਿਆਏ ਸਾਚੀ ਮਧ, ਅੱਠੇ ਪਹਿਰ ਖ਼ੁਮਾਰ ਵਖਾਈਆ । ਸੀਸ ਜਗਦੀਸ ਪੜਦਾ ਦੇਵੇ ਕਜ, ਸਮਰਥ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਪਾਈਆ । ਹਰਿਜਨ ਭਰਮ ਨਾ ਜਾਏ ਭੁੱਲ, ਬੇਪਰਵਾਹ ਆਪ ਸਮਝਾਈਆ । ਗੁਰਮੁਖ ਸਦਾ ਨਵੇਲੀ ਕੁਲ, ਕੁਲਵੰਤਾ ਆਪ ਬਣਾਈਆ । ਦੇਵੇ ਨਾਮ ਨਿਧਾਨ ਆਪ ਅਨਮੁਲ, ਕੀਮਤ ਅੰਤ ਨਾ ਲਾਏ ਕੋਈ ਆ । ਸਚ ਦੁਆਰਾ ਜਾਏ ਖੁਲ੍ਹ, ਖੁਲ੍ਹੀ ਵਸਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਰਹੇ ਅਭੁੱਲ, ਭੁੱਲਿਆਂ ਮਾਰਗ ਦਏ ਵਖਾਈਆ । ਭੁੱਲਿਆਂ ਮਾਰਗ ਦੱਸੇ ਰਾਹ, ਰਹਿਬਰ ਇਕ ਅਖਵਾਇੰਦਾ । ਨਾਮ ਸੰਦੇਸਾ ਦੇਵੇ ਸਲਾਹ, ਸਾਚੀ ਧਾਰ ਬੰਧਾਇੰਦਾ । ਨਿਰਗੁਣ ਹੋ ਕੇ ਬਣੇ ਗਵਾਹ, ਸਰਗੁਣ ਸੰਗ ਨਿਭਾਇੰਦਾ । ਪ੍ਰੀਤਮ ਹੋ ਕੇ ਹੋਏ ਫ਼ਿਦਾ, ਆਪ ਆਪਣਾ ਭੇਟ ਚੜ੍ਹਾਇੰਦਾ । ਸਤਿਗੁਰ ਹੋ ਕੇ ਮਾਰਗ ਦੱਸੇ ਸਿਧਾ, ਅਧਵਿਚਕਾਰ ਨਾ ਕੋਇ ਅਟਕਾਇੰਦਾ । ਮਿਹਰਵਾਨ ਹੋ ਕੇ ਲੇਖਾ ਜਾਣੇ ਨੌਂ ਅਠਾਰਾਂ ਸਿਧਾ, ਸਾਧਨਾ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਅੰਤਰ ਆਤਮ ਵਿਧਾ, ਤੀਰ ਅਣਿਆਲਾ ਇਕ ਚਲਾਇੰਦਾ । ਤੀਰ ਅਣਿਯਾਲਾ ਤਿਖੀ ਮੁਖੀ, ਗੁਰ ਸਤਿਗੁਰ ਘਾੜਤ ਆਪ ਘੜਾਈਆ । ਗੁਰਮੁਖ ਮੇਟੇ ਜਨਮ ਜਨਮ ਦੀ ਦੁਖੀ, ਕਰਮ ਕਰਮ ਰੋਗ ਗਵਾਈਆ । ਸਾਚੀ ਧਾਰੋ ਧਾਰ ਉਠੀ, ਬਾਹਰੋ ਲੱਭਣ ਕੋਇ ਨਾ ਪਾਈਆ । ਜੁਗ ਜਨਮ ਦੀ ਵਿਛੜੀ ਰੁੱਠੀ, ਰੁਠੜੇ ਲਏ ਮਨਾਈਆ । ਘਰ ਉਪਜਾਵੇ ਇਕੋ ਸੁਖੀ, ਸੁਖ ਸਾਗਰ ਰੂਪ ਸਮਝਾਈਆ । ਆਪਣੇ ਨਿਸ਼ਾਨਿਓਂ ਕਦੇ ਨਾ ਉਕੀ, ਸਚ ਨਿਸ਼ਾਨਾ ਦਏ ਲਗਾਈਆ । ਗੁਰਮੁਖ ਪ੍ਰੇਮ ਰਹੇ ਸਦ ਭੁੱਖੀ, ਤ੍ਰਿਸਨਾ ਜਗਤ ਨਾ ਕੋਇ ਵਧਾਈਆ । ਤੋੜਨ ਵਿਛੋੜਨ ਮੇਲਣਹਾਰਾ ਮਧ ਟੁੱਟੀ, ਅਨੰਤ ਆਪਣੀ ਗੰਢ ਪਵਾਈਆ । ਹਰਿਜਨ ਚੋਗ ਨਾ ਕਦੇ ਨਿਖੁਟੀ, ਸਵਾਸ ਸਵਾਸ ਲੇਖੇ ਪਾਈਆ । ਜਗਤ ਸੋਹੇ ਮਾਤਾ ਪਿਤਾ ਪੁੱਤੀਂ, ਭਗਵਾਨ ਭਗਤਾਂ ਗੋਦ ਬਹਾਈਆ । ਪਰਮ ਪੁਰਖ ਦੀ ਕੁਲ ਉਚੀ, ਗੁਰਮੁਖ ਸਾਚੇ ਦੇਣ ਬਣਾਈਆ । ਸੁਰਤ ਸਵਾਣੀ ਰੱਖਣ ਸੁਚੀ, ਕੂੜੀ ਕਰੇ ਨਾ ਕੋਇ ਕੁੜਮਾਈਆ । ਹਰਿ ਚਰਨ ਧਿਆਨ ਇਕੋ ਰੁਚੀ, ਘਰ ਰਚਨਾ ਵੇਖ ਵਖਾਈਆ । ਸਤਿਗੁਰ ਜੋਤ ਰਹੇ ਨਾ ਲੁਕੀ, ਪੜਦਾ ਸਕੇ ਕੋਈ ਨਾ ਪਾਈਆ । ਜੀਵ ਜੰਤ ਜਾਨਣ ਧਾਰ ਪੁੱਠੀ, ਬੇਸਮਝ ਸਮਝ ਕੋਇ ਨਾ ਪਾਈਆ । ਕੂੜੀ ਕਿਰਿਆ ਸ੍ਰਿਸ਼ਟੀ ਜਾਏ ਲੁੱਟੀ, ਇਸ਼ਟੀ ਨਜ਼ਰ ਕਿਸੇ ਨਾ ਆਈਆ । ਨਾਮ ਵਸਤ ਕਿਸੇ ਕੋਲ ਨਾ ਦਿਸੇ ਮੁੱਠੀ, ਖ਼ਾਲੀ ਝੋਲੀ ਰਹੇ ਵਖਾਈਆ । ਸਭ ਦੀ ਜਾਏ ਮਿਟੀ ਪੁੱਟੀ, ਧੂੜੀ ਧੂਆਂਧਾਰ ਵਖਾਈਆ ।


੨੩੯
੧੫

ਗੁਰਮੁਖਾਂ ਧਾਰ ਸਦਾ ਚਿੱਟੀ, ਕਾਲਾ ਲੇਖ ਨਾ ਕੋਇ ਜਣਾਈਆ । ਕੂੜੀ ਰਸ ਵੇਖਣ ਫਿਕੀ, ਰਸਨਾ ਜਿਹਵਾ ਨਾ ਕੋਇ ਚਖਾਈਆ । ਘਰ ਵਿਚ ਜੋਤ ਦਿਸੇ ਨਿਕੀ, ਗੁਰ ਪੂਰਾ ਦਏ ਵਖਾਈਆ । ਜਿਸ ਦੀ ਗੁਰੂ ਅਵਤਾਰ ਪੀਰ ਪੈਗ਼ੰਬਰ ਲਿਖ ਲਿਖ ਦੇਂਦੇ ਗਏ ਚਿਠੀ, ਖਾਣੀ ਬਾਣੀ ਰਾਗ ਅਲਾਈਆ । ਸੋ ਸਾਹਿਬ ਸਭ ਨੂੰ ਰਿਹਾ ਜਿਤੀ, ਜਿਤ ਹਾਰ ਰੂਪ ਵਟਾਈਆ । ਦੋ ਜਹਾਨਾਂ ਵੰਡਣਹਾਰਾ ਹਿੱਸੀ, ਹਿੱਸਾ ਆਪਣਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਜਣ ਲਏ ਉਠਾਈਆ । ਵਿਛੋੜਾ ਮੇਲਾ ਧੁਰ ਦਾ ਰੰਗ, ਸੋ ਸਾਹਿਬ ਆਪ ਰੰਗਾਈਆ । ਚੜ੍ਹਨਾ ਉਤਰਨਾ ਹੱਥ ਡੋਰ ਪਤੰਗ, ਜਗਤ ਖਿਲਾਰੀ ਖੇਲ ਖਿਲਾਈਆ । ਪ੍ਰੇਮ ਰਸ ਧੁਰ ਦਾ ਅਨੰਦ, ਸਦ ਬਖ਼ਸ਼ੰਦ ਆਪ ਵਖਾਈਆ । ਢੋਲਾ ਰਾਗ ਅਗੰਮੀ ਛੰਦ, ਗਹਿਰ ਗੰਭੀਰ ਸੁਣਾਈਆ । ਵਸਤ ਅਮੋਲਕ ਮਾਂਗਤ ਮੰਗ, ਦਾਤਾ ਦਾਨੀ ਝੋਲੀ ਭਰਾਈਆ । ਪਰਕਾਸ਼ ਨੂਰ ਸੀਤਲ ਚੰਦ, ਅਗਨੀ ਤਤ ਗਵਾਈਆ । ਦੂਈ ਦਵੈਤ ਭਰਮਾਂ ਕੰਧ, ਭਾਂਡਾ ਭੌ ਭੰਨਾਈਆ । ਕਾਇਆ ਕੋਟ ਖੋਜ ਬ੍ਰਹਿਮੰਡ, ਜੀਉਂ ਪਿੰਡ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਡੁੱਬਦੇ ਡੁੱਬਦੇ ਪਾਰ ਕਰਾਈਆ । ਡੁੱਬਦੇ ਡੁੱਬਦੇ ਵੇਖੇ ਸਾਗਰ, ਜਗ ਡੂੰਘੀ ਧਾਰ ਵਖਾਇੰਦਾ । ਨਜ਼ਰ ਨਾ ਆਏ ਕੋਈ ਬਹਾਦਰ, ਜੋ ਭਵਰੀ ਕਵਰੀ ਪਾਰ ਕਰਾਇੰਦਾ । ਕਿਸੇ ਨਾ ਮਿਲੇ ਦਰਗਹਿ ਆਦਰ, ਆਦਮ ਆਮਦ ਵਿਚ ਨਜ਼ਰ ਕੋਇ ਨਾ ਆਇੰਦਾ । ਜਿਨ੍ਹਾਂ ਭੁੱਲਿਆ ਕਰਤਾ ਕਾਦਰ, ਤਿਨ੍ਹਾਂ ਕਾਤਲ ਆਪਣੀ ਧਾਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜੂ ਹਰਿ ਹਰਿ ਭੇਵ ਖੁਲ੍ਹਾਇੰਦਾ । ਗੁਰਮੁਖ ਪ੍ਰਭ ਮਿਲਣ ਦਾ ਇਕੋ ਮਤਲਬ, ਸਚ ਸਾਚੀ ਸਚ ਦ੍ਰਿੜਾਈਆ । ਜੋ ਜਨ ਪੜ੍ਹੇ ਹਰਿ ਕੇ ਮਕਤਬ, ਅਲਿਫ਼ ਯੇ ਦੇਵੇ ਭੁਲਾਈਆ । ਭੇਵ ਖੁਲ੍ਹਾਏ ਨਰ ਹਰਿ ਅਸਲਤ, ਅਸਲੀਅਤ ਆਪਣੀ ਦਏ ਬੁਝਾਈਆ । ਪਿਛਲੀ ਮੇਟਣਹਾਰਾ ਖ਼ਸਲਤ, ਸਾਚਾ ਮਾਰਗ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਮੇਲੇ ਵਿਛੜੇ ਬਿਛਰਤ, ਬਿਛਰਤ ਮੇਲਾ ਆਪ ਕਰਾਈਆ । ਸਾਚਾ ਮੇਲਾ ਬਿਨ ਸੋਚ ਸਮਝ, ਹਰਿ ਸਤਿਗੁਰ ਆਪ ਕਰਾਈਆ । ਅੰਦਰ ਬਾਹਰ ਮਾਰੇ ਰਮਜ਼, ਨਾਮ ਇਸ਼ਾਰੇ ਨਾਲ ਉਠਾਈਆ । ਲੇਖਾ ਜਾਣੇ ਪੂਰਬ ਜਨਮ, ਜਨਮ ਕਰਮ ਫੋਲ ਫੁਲਾਈਆ । ਵੇਖ ਵਖਾਏ ਧੁਰ ਦਾ ਧਰਮ, ਧਰ ਧਰਨੀ ਦਏ ਵਡਿਆਈਆ । ਸੰਤ ਸੁਹੇਲੇ ਧੁਰ ਦਾ ਢੋਲਾ ਜੋ ਜਨ ਪੜ੍ਹਨ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਤਿਨ੍ਹਾਂ ਅੰਤਮ ਆਏ ਵਰਨ, ਹਰਿ ਕਰਤਾ ਫੇਰਾ ਪਾਈਆ । ਬਖ਼ਸ਼ੇ ਸਰਨਾਈ ਸਾਚੇ ਚਰਨ, ਦਰਗਹਿ ਮਿਲੇ ਮਾਣ ਵਡਿਆਈਆ । ਅਧਵਿਚਕਾਰ ਕੋਇ ਨਾ ਅੜਨ, ਮੂਰਖ ਧੰਦਾ ਨਾ ਕੋਇ ਵਖਾਈਆ । ਗੁਰਸਿਖ ਗੁਰ ਗੁਰ ਦੋਵੇਂ ਕਰਨ ਇਕੋ ਪਰਨ, ਪੱਲੂ ਛੁੱਟੇ ਜਗਤ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਕਰਮ ਪੂਰਬ ਲੇਖਾ ਝੋਲੀ ਪਾਏ ਆਣ, ਬਾਕੀ ਆਪਣੇ ਹੱਥ ਰਖਾਈਆ ।

## ੬ ਭਾਦਰੋ ੨੦੨੦ ਬਿਕ੍ਰਮੀ ਪਿੰਡ ਬਲ ਮਸਾ ਸਿੰਘ ਦੇ ਗ੍ਰਿਹਿ

ਜੁਗ ਚੌਕੜੀ ਰੱਖੇ ਉਡੀਕ, ਸੰਮਤ ਸੰਮਤੀ ਧਿਆਨ ਲਗਾਈਆ । ਗੁਰ ਅਵਤਾਰ ਦੱਸਣ ਠੀਕ, ਪੀਰ ਪੈਗ਼ੰਬਰ ਦੇਣ ਗਵਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣਨ ਤਾਰੀਖ਼, ਤਵਾਰੀਖ਼ ਰੂਪ ਵਟਾਈਆ । ਹਰਿ ਕਾ ਸਮਾਂ ਜੁਗ ਜੁਗ ਮੀਤ, ਲੱਖ ਚੁਰਾਸੀ ਸੰਗ ਨਿਭਾਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਵੇਖ ਵਖਾਈਆ । ਕਲਜੁਗ ਅੰਤਮ ਪਰਖੇ ਨੀਤ, ਨਵ ਨੌ ਪੜਦਾ ਆਪ ਉਠਾਈਆ । ਫਿਰੀ ਦਰੋਹੀ ਜਗਤ ਮਸੀਤ, ਮੁਸੱਲਾ ਹੱਕ ਨਾ ਕੋਇ ਵਿਛਾਈਆ । ਸਾਚੇ ਹੁਜਰੇ ਦਿਸੇ ਨਾ ਕੋਇ ਪ੍ਰੀਤ, ਮੱਕਾ ਕਾਅਬਾ ਰਿਹਾ ਕੁਰਲਾਈਆ । ਚੌਦਾਂ ਤਬਕ ਨਜ਼ਰ ਨਾ ਆਏ ਲਾਸ਼ਰੀਕ, ਸ਼ਿਰਕਤ ਭਰੀ ਸਰਬ ਖ਼ੁਦਾਈਆ । ਮਿਹਬਾਨ ਬੀਦੋ ਸੁੱਤਾ ਦੇ ਕਰ ਪੀਠ, ਨੂਰ ਇਲਾਹੀ ਨਜ਼ਰ ਕਿਸੇ ਨਾ ਆਈਆ । ਆਤਮ ਪਰਮਾਤਮ ਕੋਈ ਨਾ ਰਿਹਾ ਚੀਤ, ਮਨ ਵਾਸਨਾ ਜਗਤ ਹਲਕਾਈਆ । ਪਾਰਬ੍ਰਹਮ ਬ੍ਰਹਮ ਢੋਲਾ ਗਾਏ ਕੋਇ ਨਾ ਗੀਤ, ਕੂੜੀ ਕਿਰਿਆ ਰਸਨ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਸਮਝਾਈਆ । ਸਾਚਾ ਸਮਾਂ ਸ੍ਰੀ ਭਗਵਾਨ ਆਦਿ ਜੁਗਾਦਿ ਆਪ ਜਣਾਇੰਦਾ । ਲੇਖਾ ਜਾਣੇ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਨਿਰਗੁਣ ਸਰਗੁਣ ਦੇ ਦੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌ ਸੌ ਚੁਰਾਨਵੇ ਚੌਕੜੀ ਕਰੇ ਖੇਲ ਮਹਾਨ, ਖ਼ਾਲਕ ਖ਼ਲਕ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰ ਕਰ ਪਰਧਾਨ, ਸਚ ਪਰਧਾਨਗੀ ਨਾਮ ਜਣਾਇੰਦਾ । ਬੋਧ ਅਗਾਧਾ ਦੇ ਗਿਆਨ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਦੀਪਕ ਦੀਆ ਜਗੇ ਮਹਾਨ, ਜੋਤ ਨਿਰੰਜਣ ਡਗਮਗਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਕੂੜੀ ਤ੍ਰਿਸਨਾ ਤ੍ਰਿਖਾ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਉਪਾਇੰਦਾ । ਸਾਚਾ ਸਮਾਂ ਰੱਖਣਾ ਯਾਦ, ਯਾਦਦਾਸ਼ਤ ਇਕ ਜਣਾਈਆ । ਜੁਗ ਚੌਕੜੀ ਸੁਣੇ ਫ਼ਰਿਆਦ, ਨਿਰਗੁਣ ਸਰਗੁਣ ਵੇਸ ਵਟਾਈਆ । ਮੇਟ ਮਿਟਾਏ ਵਾਦ ਵਿਵਾਦ, ਕੂੜੀ ਕਿਰਿਆ ਦਏ ਖਪਾਈਆ । ਹੋਏ ਸਹਾਈ ਸੰਤ ਸਾਧ, ਹਰਿ ਸੱਜਣ ਲਏ ਮਿਲਾਈਆ । ਸ਼ਬਦ ਨਿਸ਼ਾਨਾ ਦੇਵੇ ਗਾਡ, ਦੋ ਜਹਾਨਾਂ ਆਪ ਵਖਾਈਆ । ਪਰਮ ਪੁਰਖ ਪ੍ਰਭ ਬਣ ਬਣ ਸਾਕ, ਹਰਿਜਨ ਸਾਚੇ ਵੇਖਣ ਆਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਬਜਰ ਕਪਾਟੀ ਤੋੜ ਤੁੜਾਈਆ । ਚੌਦਾਂ ਲੋਕ ਵਖਾਏ ਹਾਟ, ਤ੍ਰੈਗੁਣ ਅਤੀਤਾ ਬੇਪਰਵਾਹੀਆ । ਸ਼ਬਦ ਅਗੰਮ ਸੁਣਾਏ ਬਾਤ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜੋਤੀ ਨੂਰ ਜਗੇ ਲਲਾਟ, ਅੰਧ ਅੰਧੇਰ ਦਏ ਮਿਟਾਈਆ । ਨਿਤ ਨਵਿਤ ਵੇਖਣਹਾਰਾ ਵਾਟ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਚਾਰੇ ਜੁਗ ਪਤਣ ਬੈਠਾ ਘਾਟ, ਹਰਿ ਦਾਤਾ ਵਡ ਮਲਾਹੀਆ । ਲੇਖਾ ਲਿਖਿਆ ਨਾਲ ਕਲਮ ਦਵਾਤ, ਸ਼ਾਹੀ ਸਹੀ ਰਹੀ ਪਾਈਆ । ਵੇਖਣਹਾਰਾ ਖੇਲ ਤਮਾਸ਼, ਪਰਵਰਦਿਗਾਰ ਨੂਰ ਇਲਾਹੀਆ । ਮੁਕਾਮੇ ਹੱਕ ਕਰ ਨਿਵਾਸ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਸਚਖੰਡ ਨਿਵਾਸੀ ਸ਼ਾਹੋ ਸ਼ਾਬਾਸ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਪੂਰੀ ਕਰਨਹਾਰਾ ਆਸ, ਤ੍ਰਿਸਨਾ ਮੇਟੇ ਥਾਉਂ ਥਾਈਂਆ । ਲਹਿਣਾ ਦੇਣਾ ਜਾਣੇ ਪ੍ਰਿਥਮੀ ਆਕਾਸ, ਗਗਨ ਗਗਨੰਤਰ ਖੋਜ ਖੁਜਾਈਆ । ਲੱਖ ਚੁਰਾਸੀ ਹਰ ਘਟ ਅੰਦਰ ਰੱਖੇ ਵਾਸ, ਵਾਸਤਾ ਆਪਣੇ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮੇਂ ਸਮੇਂ ਏਕਾ ਹੁਕਮ ਵਰਤਾਈਆ ।

ਚਾਰ ਜੁਗ ਦਾ ਸਮਾਂ ਨਿਰਾਲਾ, ਨਿਰਗੁਣ ਸਰਗੁਣ ਆਪ ਜਣਾਇੰਦਾ । ਵਸਣਹਾਰਾ ਧਾਮ ਅਪਾਰਾ, ਬੇਪਰਵਾਹ ਖੇਲ ਕਰਾਇੰਦਾ । ਲੇਖਾ ਜਾਣੇ ਧੁਰਦਰਬਾਰਾ, ਦਰਗਹਿ ਸਾਚੀ ਸੋਭਾ ਪਾਇੰਦਾ । ਸ਼ਬਦੀ ਸੁਤ ਇਕ ਦੁਲਾਰਾ, ਥਿਰ ਘਰ ਸਾਚੇ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਉਪਾਇੰਦਾ । ਸਾਚਾ ਸਮਾਂ ਸੁਆਮੀ ਏਕ, ਹਰਿ ਕਰਤਾ ਆਪ ਜਣਾਈਆ । ਸੁੱਤ ਦੁਲਾਰੇ ਸਾਚੀ ਟੇਕ, ਥਿਰ ਘਰ ਵੱਜੇ ਇਕ ਵਧਾਈਆ । ਵਿਸ਼ਨੂੰ ਉਠ ਨੇਤਰ ਪੇਖ, ਪਾਰਬ੍ਰਹਮ ਰਿਹਾ ਸਮਝਾਈਆ । ਬ੍ਰਹਮੇ ਵੇਖ ਆਪਣਾ ਲੇਖ, ਪਾਰਬ੍ਰਹਮ ਕਰੇ ਪੜ੍ਹਾਈਆ । ਸ਼ੰਕਰ ਵੇਖ ਆਪਣੀ ਖੇਡ, ਹੱਥ ਤ੍ਰਿਸੂਲ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਇਕ ਦ੍ਰਿੜਾਈਆ । ਸਾਚਾ ਸਮਾਂ ਵੇਖੇ ਤ੍ਰੈਗੁਣ ਮਾਇਆ, ਸੋ ਸਾਹਿਬ ਆਪ ਵਖਾਈਆ । ਪੰਜ ਤਤ ਰਿਹਾ ਕੁਰਲਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਦਏ ਦੁਹਾਈਆ । ਤੇਈ ਅਵਤਾਰਾਂ ਹੁਕਮ ਸੁਣਾਇਆ, ਧੁਰ ਸੰਦੇਸਾ ਬੇਪਰਵਾਹੀਆ । ਭਗਤ ਅਠਾਰਾਂ ਭੇਵ ਚੁਕਾਇਆ, ਪੜਦਾ ਉਹਲਾ ਆਪ ਉਠਾਈਆ । ਮੂਸਾ ਈਸਾ ਮੁਹੰਮਦ ਪੜ੍ਹਾਇਆ, ਕਲਮਾ ਇਕੋ ਹੱਕ ਜਣਾਈਆ । ਨਾਨਕ ਨਿਰਗੁਣ ਮੇਲ ਮਿਲਾਇਆ, ਸਚਖੰਡ ਸਾਚੇ ਵੱਜੇ ਵਧਾਈਆ । ਗੋਬਿੰਦ ਸੂਰਾ ਸੁੱਤ ਉਪਜਾਇਆ, ਸੀਸ ਜਗਦੀਸ ਹੱਥ ਟਿਕਾਈਆ । ਚਾਰ ਜੁਗ ਦਾ ਭੇਵ ਖੁਲਾਇਆ, ਬੋਧ ਅਗਾਧ ਕਰੇ ਪੜ੍ਹਾਈਆ । ਚਾਰ ਵਰਨਾਂ ਮੇਲ ਮਿਲਾਇਆ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਏਕਾ ਰੰਗ ਵਖਾਈਆ । ਬਰਨ ਅਠਾਰਾਂ ਡੇਰਾ ਢਾਹਿਆ, ਭਾਂਡਾ ਭਰਮ ਭੌ ਭੰਨਾਈਆ । ਅਨਬੋਲਤ ਰਾਗ ਇਕ ਸੁਣਾਇਆ, ਲਿਖਣ ਪੜ੍ਹਨ ਵਿਚ ਨਾ ਆਈਆ । ਮੋਹ ਮੁਹੱਬਤ ਇਕ ਬਣਾਇਆ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਨੂਰ ਸਮਾਈਆ । ਕੁਦਰਤ ਕਾਦਰ ਵੇਖ ਵਖਾਇਆ, ਕਰਤਾ ਕਰੀਮ ਬੇਨਜ਼ੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਪਰਗਟਾਈਆ । ਸਾਚਾ ਸਮਾਂ ਆਏ ਜਗ, ਜੁਗ ਚੌਕੜੀ ਧਿਆਨ ਲਗਾਈਆ । ਨੌਂ ਖੰਡ ਪ੍ਰਿਥਮੀ ਲੱਗੇ ਅੱਗ, ਅਗਨੀ ਤਤ ਰੂਪ ਵਟਾਈਆ । ਕਲਜੁਗ ਜੀਵ ਹੋਏ ਕੱਗ, ਹੰਸ ਰੂਪ ਨਾ ਕੋਏ ਵਖਾਈਆ । ਕੂੜੀ ਕਿਰਿਆ ਪੀਵਣ ਮਧ, ਅੰਮ੍ਰਿਤ ਰਸ ਰਸਨਾ ਕੋਈ ਨਾ ਲਾਈਆ । ਨੌਂ ਦੁਆਰੇ ਪਾਰ ਨਾ ਕਰੇ ਕੋਈ ਹੱਦ, ਦਸਵੇਂ ਘਰ ਬੂਝ ਕੋਇ ਨਾ ਪਾਈਆ । ਅਨਹਦ ਸੁਣੇ ਨਾ ਕੋਈ ਛੰਦ, ਅੰਤਰ ਆਤਮ ਧੁਨ ਨਾ ਕੋਇ ਉਪਜਾਈਆ । ਮਨ ਵਾਸਨਾ ਕੋਈ ਨਾ ਦੇਵੇ ਕੱਢ, ਕੂੜੀ ਮਮਤਾ ਰਹੀ ਕੁਰਲਾਈਆ । ਬਿਨ ਹਰਿ ਨਾਮੇ ਖਾਲੀ ਦਿਸਣ ਹੱਡ, ਪੰਜ ਤਤ ਬ੍ਰਹਮ ਮਤ ਸਾਖਿਆਤ ਰੂਪ ਨਾ ਕੋਇ ਦ੍ਰਿੜਾਈਆ । ਗੁਰ ਕਾ ਮਾਰਗ ਗਏ ਛੱਡ, ਨਾਨਕ ਗੋਬਿੰਦ ਗਏ ਭੁਲਾਈਆ । ਸਤਿਗੁਰ ਨਾਲੋ ਹੋਏ ਅੱਡ, ਕਲ ਬੈਠੇ ਮੁਖ ਭਵਾਈਆ । ਕਰੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਥਾਈਂਆ । ਸਾਚਾ ਖੇਲ ਕਰੇ ਕਰਤਾਰ, ਕਰਨੀ ਆਪਣੇ ਹੱਥ ਰਖਾਇੰਦਾ । ਲਿਖ ਲਿਖ ਲੇਖਾ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰਾਂ ਬੂਝ ਬੁਝਾਇੰਦਾ । ਸ਼ਾਸਤਰ ਸਿਮਰਤ ਕਰਨ ਪੁਕਾਰ, ਵੇਦ ਵਿਆਸ ਉਚੀ ਕੂਕ ਕੂਕ ਸੁਣਾਇੰਦਾ । ਪੂਤ ਸਪੂਤਾ ਬ੍ਰਾਹਮਣ ਗੌੜਾ ਸਾਚੇ ਟਿੱਲੇ ਪਰਬਤ ਉਤਰੇ ਆਪਣੀ ਧਾਰ, ਮਾਤ ਪਿਤ ਨਜ਼ਰ ਕੋਇ ਨਾ ਆਇੰਦਾ । ਜੋਧਾ ਸੂਰਬੀਰ ਬਣ ਬਲਕਾਰ, ਬਲ ਆਪਣਾ ਆਪ ਪਰਗਟਾਇੰਦਾ । ਕਲ ਕਲਕੀ ਲੈ ਅਵਤਾਰ, ਕਲ ਆਪਣੀ ਆਪ ਵਖਾਇੰਦਾ । ਮੂਸਾ ਲਿਖੇ ਨਾਲ ਪਿਆਰ, ਮੇਰਾ ਪਿਤਾ

ਸਿਰ ਮੇਰੇ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਉਪਾਇੰਦਾ । ਸਚ ਸਮਾਂ ਮੁਹੰਮਦ ਧਾਰ, ਨੂਰ ਇਲਾਹੀ ਨੂਰ ਜਣਾਈਆ । ਵਡ ਅਮਾਮ ਆਏ ਪਰਵਰਦਿਗਾਰ, ਵੇਖੇ ਥਾਉਂ ਥਾਈਆ । ਨਾਨਕ ਨਿਰਗੁਣ ਲਿਖ ਕੇ ਗਿਆ ਲਿਖਾਰ, ਨਿਹਕਲੰਕ ਏਕਾ ਡੰਕ ਵਜਾਈਆ । ਗੁਰ ਗੋਬਿੰਦ ਉਚੀ ਕੂਕ ਗਿਆ ਪੁਕਾਰ, ਕਲ ਕਲਕੀ ਵੇਸ ਵਟਾਈਆ । ਸੰਬਲ ਵਸੇ ਧਾਮ ਨਿਆਰ, ਸੇਜ ਸੁਹੰਜਣੀ ਸੋਭਾ ਪਾਈਆ । ਜੋਤੀ ਜਾਤਾ ਪੁਰਖ ਕਰਤਾਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਸ਼ਬਦੀ ਦਾਤਾ ਸਿਰਜਣਹਾਰ, ਸ਼ਬਦ ਭੰਡਾਰਾ ਇਕ ਵਰਤਾਈਆ । ਕਲਜੁਗ ਅੰਤਮ ਪਾਵੇ ਸਾਰ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖ ਵਖਾਈਆ । ਨੌ ਖੰਡ ਪ੍ਰਿਥਮੀ ਹੋਏ ਵਿਭਚਾਰ, ਸਾਚੀ ਨਾਰ ਕੰਤ ਨਾ ਕੋਇ ਹੰਡਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਨਾ ਕੋਈ ਬੋਲੇ ਧਰਮ ਜੈਕਾਰ, ਜਗਤ ਸਿਆਸਤ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਇਕੋ ਇਕ ਸਮਝਾਈਆ । ਕਲਜੁਗ ਅੰਤ ਸਮਾਂ ਬਲਵਾਨ, ਬਲਧਾਰੀ ਆਪ ਜਣਾਈਆ । ਕਰੇ ਖੇਲ ਨੌਜਵਾਨ, ਪ੍ਰਭ ਨੌਬਤ ਨਾਮ ਵਜਾਈਆ । ਵਿਸ਼ਨ ਬ੍ਰਹਮਾ ਸ਼ਿਵ ਉਠਾਏ ਆਣ, ਕਰੋੜ ਤੇਤੀਸਾ ਸੁਰਪਤ ਇੰਦ ਸੋਇਆ ਰਹਿਣ ਨਾ ਪਾਈਆ । ਗੁਰ ਅਵਤਾਰ ਕਰਨ ਧਿਆਨ, ਪੀਰ ਪੈਗ਼ੰਬਰ ਨੈਣ ਉਠਾਈਆ । ਸ਼ਾਸਤਰ ਸਿਮਰਤ ਵੇਦ ਹੋਣ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਕਲਜੁਗ ਕੂੜੀ ਕਿਰਿਆ ਵੇਖੇ ਸ਼ੈਤਾਨ, ਸ਼ਰਅ ਘਰ ਘਰ ਕਰੇ ਲੜਾਈਆ । ਰਾਜਾ ਪਰਜਾ ਦੋਵੇ ਹੋਏ ਬੇਈਮਾਨ, ਸਾਬਤ ਨਜ਼ਰ ਕੋਇ ਨਾ ਆਈਆ । ਸਿਦਕ ਸਬੂਰੀ ਨਾ ਕੋਇ ਈਮਾਨ, ਸਦਕੇ ਪੀਰ ਨਾ ਘੋਲ ਘੁਮਾਈਆ । ਸਚ ਨਾ ਦਿਸੇ ਕੋਈ ਨਿਸ਼ਾਨ, ਕੂੜ ਨਿਸ਼ਾਨਾ ਰਹੇ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਵੇਖੇ ਚਾਈਂ ਚਾਈਂਆ । ਸਮਾਂ ਕਹੇ ਮੈਂ ਆਇਆ ਨੇੜੇ, ਕਲਜੁਗ ਅੰਤਮ ਪੰਧ ਮੁਕਾਈਆ । ਦੀਨ ਮਜ਼੍ਹਬ ਦੇ ਚੁਕਣੇ ਝੇੜੇ, ਜ਼ਾਤ ਪਾਤ ਨਾ ਕੋਇ ਲੜਾਈਆ । ਚਾਰ ਵਰਨਾਂ ਕੂੜੇ ਡੁਬਣੇ ਬੇੜੇ, ਸਚ ਮਲਾਹ ਇਕੋ ਫੇਰਾ ਪਾਈਆ । ਕਾਮ ਕਰੋਧ ਹੰਕਾਰੀ ਉਜੜਨੇ ਖੇੜੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਖੇਲ ਆਪ ਕਰਾਈਆ । ਸਾਚਾ ਸਮਾਂ ਤੱਕੇ ਰਾਹ, ਨੇਤਰ ਨੈਣ ਨੈਣ ਉਠਾਈਆ । ਚਾਰ ਜੁਗ ਦੇ ਗੁਰ ਅਵਤਾਰ ਗਏ ਲਿਖਾ, ਪੀਰ ਪੈਗ਼ੰਬਰ ਸ਼ਹਾਦਤ ਦੇਣ ਗਵਾਹੀਆ । ਕਲਜੁਗ ਅੰਤਮ ਆਵੇ ਸੱਚਾ ਸ਼ਹਿਨਸ਼ਾਹ, ਨਿਰਗੁਣ ਨਿਰਵੈਰ ਫੇਰਾ ਪਾਈਆ । ਸਚ ਅਦਾਲਤ ਲਏ ਲਗਾ, ਜਗਤ ਵਕੀਲ ਨਾ ਕੋਇ ਵਡਿਆਈਆ । ਧੁਰ ਸੰਦੇਸਾ ਨਰ ਨਰੇਸਾ ਏਕੰਕਾਰਾ ਏਕਾ ਵਾਰ ਦਏ ਸੁਣਾ, ਦੂਜਾ ਮੇਟੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਇਕੋ ਹੱਥ ਰਖਾਈਆ । ਸਮਾਂ ਕਹੇ ਮੈਂ ਹਰਿ ਕੇ ਹੱਥ, ਮੇਰੀ ਚਲੇ ਨਾ ਕੋਇ ਚਤੁਰਾਈਆ । ਜਿਉਂ ਭਾਵੇ ਤਿਉਂ ਮਾਰਗ ਦੇਵੇ ਦੱਸ, ਜੁਗ ਜੁਗ ਮੇਰੀ ਸੇਵ ਲਗਾਈਆ । ਮੈਂ ਚਾਕਰ ਬਣਾਂ ਹੱਸ ਹੱਸ, ਨਿਉਂ ਨਿਉਂ ਚਰਨਾਂ ਸੀਸ ਝੁਕਾਈਆ । ਕਲਜੁਗ ਅੰਤਮ ਖੇੜਾ ਹੋਣਾ ਭੱਠ, ਕੂੜੀ ਕਿਰਿਆ ਰਹਿਣ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾ ਸ਼ਬਦ ਅਗੰਮੀ ਵੱਜੇ ਸੱਟ, ਮਾਰਨਹਾਰਾ ਨਜ਼ਰ ਨਾ ਆਈਆ । ਲੇਖਾ ਚੁਕਣਾ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਸਮਝਾਈਆ । ਸਾਚਾ ਸਮਾਂ ਸੁਣੇ ਲਾ ਕੰਨ, ਸੋ ਸਾਹਿਬ ਆਪ ਸਮਝਾਈਆ । ਜੋ ਘੜਿਆ ਸੋ ਦੇਵੇ ਭੰਨ, ਘੜਨ ਭੰਨਣਹਾਰ ਬੇਪਰਵਾਹੀਆ । ਮਨਮੁਖ ਜੀਵਾਂ

ਦੇਵੇ ਡੰਨ, ਜੋ ਬੈਠੇ ਹਰਿ ਭੁਲਾਈਆ । ਗੁਰਮੁਖ ਉਪਜਾਏ ਸਾਚੇ ਚੰਨ, ਨਿਰਗੁਣ ਜੋਤ ਕਰ ਰੁਸ਼ਨਾਈਆ । ਵਸਤ ਅਮੋਲਕ ਦੇਵੇ ਧਨ, ਸਚ ਖ਼ਜ਼ੀਨਾ ਝੋਲੀ ਪਾਈਆ । ਜਗ ਵਡਿਆਈ ਜਨਨੀ ਜਨ, ਧੰਨ ਧੰਨ ਜਣੇਂਦੀ ਮਾਈਆ । ਕਰੇ ਨਿਵਾਸ ਬਿਨ ਛੱਪਰੀ ਛੰਨ, ਚਾਰ ਦੀਵਾਰ ਨਾ ਵੰਡ ਵੰਡਾਈਆ । ਡੁਬਦਾ ਬੇੜਾ ਦੇਵੇ ਬੰਨ੍ਹ, ਪਾਹਨ ਪਾਥਰ ਆਪ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣਾ ਹੁਕਮ ਵਰਤਾਈਆ । ਹਰਿ ਕਾ ਹੁਕਮ ਧੁਰ ਸੰਦੇਸ, ਸੱਦਾ ਨਾਮ ਜਣਾਈਆ । ਕਲਜੁਗ ਅੰਤਮ ਮਿਟੇ ਰੇਖ, ਕੂੜ ਕੁੜਿਆਰਾ ਰਹਿਣ ਨਾ ਪਾਈਆ । ਉਠ ਕੇ ਜਾਏ ਆਪਣੇ ਦੇਸ, ਖਾਲੀ ਧਰਤ ਧਵਲ ਕਰਾਈਆ । ਵੇਖਣਹਾਰਾ ਗੁਰ ਦਸਮੇਸ਼, ਦਹਿ ਦਿਸ਼ਾ ਨੈਣ ਉਠਾਈਆ । ਨੇਤਰ ਰੋਵਣ ਵਿਸ਼ਨ ਬ੍ਰਹਮ ਮਹੇਸ਼, ਸ਼ੰਕਰ ਰੋਵੇ ਮਾਰੇ ਧਾਹੀਆ । ਵਿਸ਼ਨੂੰ ਭੁੱਲੇ ਬਾਸ਼ਕ ਸੇਜ, ਸਾਂਗੋ ਪਾਂਗ ਨਾ ਕੋਇ ਹੰਡਾਈਆ । ਪੁਰਖ ਅਕਾਲ ਦੀਨ ਦਿਆਲ ਸਚ ਸੁਆਮੀ ਇਕ ਆਦੇਸ, ਸਜਦਾ ਸੀਸ ਜਗਦੀਸ ਝੁਕਾਈਆ । ਕਲਜੁਗ ਸਮਾਂ ਲੈਣਾਂ ਵੇਖ, ਦੂਰ ਦੁਰਾਡਾ ਨੇੜੇ ਆਈਆ । ਕੂੜ ਕੁੜਿਆਰਾ ਮਿਟਣਾ ਭੇਖ, ਭੇਖੀ ਕੋਈ ਰਹਿਣ ਨਾ ਪਾਈਆ । ਸ੍ਰੀ ਭਗਵਾਨ ਇਕੋ ਸਭ ਨੇ ਰੱਖਣੀ ਟੇਕ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਸਾਗਰ ਰੂਪ ਜਣਾਈਆ । ਕਲਜੁਗ ਸਮਾਂ ਡੂੰਘਾ ਸਾਗਰ, ਗਹਿਰ ਗੰਭੀਰ ਰਖਾਇੰਦਾ । ਕੋਈ ਨਾ ਜਾਣੇ ਸਾਢੇ ਤਿੰਨ ਹੱਥ ਕਾਇਆ ਗਾਗਰ, ਅੰਦਰ ਵੜ ਭੇਵ ਕੋਇ ਨਾ ਪਾਇੰਦਾ । ਜਗਤ ਹੱਟ ਬਣੇ ਸੌਦਾਗਰ, ਕਾਇਆ ਪੜਦਾ ਨਾ ਕੋਇ ਉਠਾਇੰਦਾ । ਕਰਤਾ ਮਿਲੇ ਨਾ ਕਰੀਮ ਕਾਦਰ, ਮਿਹਰ ਨਜ਼ਰ ਨਾ ਕੋਇ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਵਖਾਇੰਦਾ । ਕਲਜੁਗ ਸਮਾਂ ਰਿਹਾ ਰੋ, ਨੇਤਰ ਨੀਰ ਵਹਾਈਆ । ਸਚ ਪਰਕਾਸ਼ ਨਾ ਦਿਸੇ ਲੋ, ਜਗਤ, ਅੰਧੇਰਾ ਛਾਈਆ । ਭਾਈ ਭਾਈਆਂ ਰਹੇ ਕੋਹ, ਭੈਣ ਭਈਆ ਸੰਗ ਨਾ ਕੋਇ ਨਿਭਾਈਆ । ਮਾਤ ਪੁਤ ਨਾ ਕੋਇ ਮੋਹ, ਮੁਹੱਬਤ ਸਚ ਨਾ ਕੋਇ ਕਮਾਈਆ । ਆਤਮ ਪਰਮਾਤਮ ਜਾਏ ਨਾ ਛੋਹ, ਨਿਰਗੁਣ ਸਰਗੁਣ ਹੋਏ ਨਾ ਕੋਇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਸਮਾਂ ਦਏ ਬਦਲਾਈਆ । ਕਲਜੁਗ ਸਮਾਂ ਬਦਲਣ ਆਇਆ, ਹਰਿ ਬਦਲੇ ਬੇਪਰਵਾਹ । ਸਾਚਾ ਅਦਲ ਕਮਾਵਣ ਆਇਆ, ਨਿਰਗੁਣ ਦਾਤਾ ਸ਼ਹਿਨਸ਼ਾਹ । ਸੰਤ ਸੁਹੇਲੇ ਲਏ ਉਠਾਇਆ, ਗੁਰ ਚੇਲੇ ਭੇਵ ਚੁਕਾ । ਭਗਤ ਭਗਵੰਤ ਜੋੜ ਜੁੜਾਇਆ, ਘਰ ਮੰਦਰ ਵੇਖ ਵਖਾ । ਜਨਮ ਕਰਮ ਦਾ ਰੋਗ ਮਿਟਾਇਆ, ਪੂਰਬ ਲਹਿਣਾ ਲੇਖੇ ਪਾ । ਦਰਸ ਅਮੋਘ ਇਕ ਕਰਾਇਆ, ਪੜਦਾ ਵਿਚੋਂ ਚੁਕਾ । ਧੁਰ ਸੰਜੋਗ ਮੇਲ ਮਿਲਾਇਆ, ਕਾਗੋਂ ਹੰਸ ਬਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸਮੇਂ ਰੰਗ ਰੰਗਾਇਆ, ਰੰਗ ਇਕੋ ਰਿਹਾ ਜਣਾ । ਸਮਾਂ ਕਹੇ ਮੇਰਾ ਰੰਗ ਅਨੋਖਾ, ਕਲਜੁਗ ਅੰਤ ਚੜ੍ਹਾਈਆ । ਸਦੀ ਵੀਹਵੀਂ ਸਭ ਨਾਲ ਹੋਣਾ ਧੋਖਾ, ਹਰਿ ਕਾ ਭੇਵ ਕੋਇ ਨਾ ਪਾਈਆ । ਏਕੰਕਾਰਾ ਏਕਾ ਦੇਵੇ ਮਿਲਣ ਦਾ ਮੌਕਾ, ਲੱਖ ਚੁਰਾਸੀ ਵਿਚੋਂ ਮਾਣਸ ਜਨਮ ਉਪਜਾਈਆ । ਕਲਜੁਗ ਜੀਵ ਸੁੱਤੇ ਲਾ ਕੇ ਢੌਂਕਾ, ਨੇਤਰ ਖੋਲ੍ਹ ਲਏ ਨਾ ਕੋਇ ਅੰਗੜਾਈਆ । ਹਰਿ ਕਾ ਨਾਮ ਨਾ ਜਪਿਆ ਰਸਨਾ ਜਿਹਵਾ ਹੋਟਾ, ਅੰਤਰ ਆਤਮ ਮੇਲ ਨਾ ਕੋਇ ਮਿਲਾਈਆ । ਘਰ ਪਰਕਾਸ਼ ਨਾ ਹੋਇਆ ਕਾਇਆ ਕੋਠਾ, ਸਾਢੇ ਤਿੰਨ ਹੱਥ ਮਿਲੇ ਨਾ ਕੋਇ ਵਡਿਆਈਆ । ਪੜ੍ਹ ਪੜ੍ਹ ਥੱਕਿਆ

ਜਗਤ ਪੋਥਾ, ਆਤਮ ਤਾਕੀ ਕੁੰਡਾ ਕੋਇ ਨਾ ਲਾਹੀਆ । ਚੌਥਾ ਜੁਗ ਕਹੇ ਮੈਂ ਪ੍ਰਭ ਦਾ ਪੁੱਤ ਛੋਟਾ, ਚਾਰੋ ਕੁੰਟ ਫੇਰਾ ਪਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਦਿਤਾ ਹੋਕਾ, ਉਚੀ ਕੂਕ ਕੂਕ ਸੁਣਾਈਆ । ਮੇਰਾ ਖੇਲ ਕਿਸੇ ਨਾ ਰੋਕਾ, ਗੁਰ ਅਵਤਾਰ ਪੀਰ ਪੈਗ਼ੰਬਰ ਗਏ ਫੇਰੀਆਂ ਪਾਈਆ । ਅੰਤਮ ਰੱਖਦੇ ਗਏ ਪ੍ਰਭ ਦੀ ਓਟਾ, ਸਮਾਂ ਸਾਚਾ ਨਾਲ ਮਿਲਾਈਆ । ਸਦੀ ਵੀਹਵੀਂ ਪਰਖੇ ਖਰਾ ਖੋਟਾ, ਲੱਖ ਚੁਰਾਸੀ ਵੇਖ ਵਖਾਈਆ । ਜਿਸ ਦਾ ਨਾਮ ਧਿਆ ਕੇ ਉਤਰਿਆ ਪਾਰ ਤੋਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਇਕੋ ਇਕ ਜਣਾਈਆ । ਕਲਜੁਗ ਸਮਾਂ ਰਿਹਾ ਦੱਸ, ਨੇਤਰ ਨੈਣਾਂ ਨਾਲ ਵਖਾਈਆ । ਜਤ ਧੀਰਜ ਰਿਹਾ ਨਾ ਕੋਈ ਹਠ, ਸਤਿ ਰੂਪ ਨਾ ਕੋਇ ਵਖਾਈਆ । ਸਾਧ ਸੰਤ ਕਾਮ ਵਾਸਨਾ ਰਹੇ ਨੱਠ, ਸਚ ਤਮਾਸ਼ਾ ਨਾ ਕੋਇ ਲਾਈਆ । ਹਰਿ ਕਾ ਦਰਸਨ ਨਾ ਪਾਇਆ ਤਨ ਘਟ, ਘਾਟਾ ਪੂਰ ਨਾ ਕੋਇ ਕਰਾਈਆ । ਮੰਦਰ ਅੰਦਰ ਕਿਸੇ ਨਾ ਮੁਕੀ ਵਾਟ, ਆਤਮ ਸੇਜਾ ਚੜ੍ਹ ਸੇਜ ਸੁਹੰਜਣੀ ਨਾ ਕੋਇ ਸੁਹਾਈਆ । ਕਲਜੁਗ ਵੇਖ ਅੰਧੇਰੀ ਰਾਤ, ਚਾਰੋ ਕੁੰਟ ਰਹੀ ਕੁਰਲਾਈਆ । ਸਚ ਨਾ ਦਿਸੇ ਕੋਈ ਜਮਾਤ, ਅੱਖਰ ਇਕ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਰਿਹਾ ਖੁਲ੍ਹਾਈਆ । ਕਲਜੁਗ ਸਮਾਂ ਕਹੇ ਮੈਂ ਬੋਲਾਂ ਗੀਤ, ਇਕੋ ਵਾਰ ਸੁਣਾਈਆ । ਮਿਲੇ ਨਾ ਢੋਈ ਵਿਚ ਮਸੀਤ, ਮੁਰਸ਼ਦ ਨਜ਼ਰ ਕੋਇ ਨਾ ਆਈਆ । ਚਾਰ ਵਰਨਾਂ ਉਲਟੀ ਹੋਈ ਨੀਤ, ਨੀਤੀਵਾਨ ਬੈਠੇ ਮੁਖ ਭਵਾਈਆ । ਨਾ ਕੋਈ ਸਹਾਰਾ ਕੀਟਨ ਕੀਟ, ਹਸਤ ਮਸਤ ਦਸਤ ਰਹੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਭੁਗਤਾਈਆ । ਕਲਜੁਗ ਅੰਤਮ ਸਮਾਂ ਆਵੇਗਾ । ਸ੍ਰੀ ਭਗਵਾਨ ਖੇਲ ਖਿਲਾਵੇਗਾ । ਨਿਰਗੁਣ ਨੂਰ ਚੰਨ ਚਮਕਾਵੇਗਾ । ਜਨਨੀ ਜਨ ਵੇਖ ਵਖਾਵੇਗਾ । ਸਾਚਾ ਰਾਗ ਕੰਨ ਸੁਣਾਵੇਗਾ । ਜੋਤ ਪਰਕਾਸ਼ ਤਨ ਕਰਾਵੇਗਾ । ਜਨ ਭਗਤਾਂ ਪੂਰੀ ਕਰੇ ਆਸ, ਆਸਾ ਆਪਣੇ ਨਾਲ ਮਿਲਾਵੇਗਾ । ਕੋਈ ਰਹਿਣ ਨਾ ਦੇਵੇ ਜਗਤ ਬਦਮੁਆਸ਼, ਬਦਮੁਆਸ਼ੀ ਸਭ ਦੀ ਮੇਟ ਮਿਟਾਵੇਗਾ । ਖ਼ਾਲਸ ਖ਼ਾਲਸਾ ਕਰੇ ਖ਼ਾਸ, ਖ਼ਾਹਸ਼ ਆਪਣੀ ਪੂਰ ਕਰਾਵੇਗਾ । ਸੇਵਾ ਕਰੇ ਬਣ ਕੇ ਦਾਸ, ਦਾਸੀ ਦਾਸ ਰੂਪ ਵਟਾਵੇਗਾ । ਸਤਿਜੁਗ ਸਾਚਾ ਚਲੇ ਸਾਥ, ਧਰਤ ਮਾਤ ਗੋਦ ਸੁਹਾਵੇਗਾ । ਹੋਏ ਸਹਾਈ ਅਨਾਥਾਂ ਨਾਥ, ਗ਼ਰੀਬ ਨਿਮਾਣੇ ਗੋਦ ਉਠਾਵੇਗਾ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਤਿਗੁਰ ਨੂਰ ਇਕ ਚਮਕਾਵੇਗਾ । ਪੱਤਣ ਵਖਾਏ ਸਾਚਾ ਘਾਟ, ਸ਼ੌਹ ਦਰਿਆ ਨਾ ਕੋਇ ਰੁੜ੍ਹਾਵੇਗਾ । ਚਾਰ ਵਰਨ ਬਣਾਏ ਇਕ ਜਮਾਤ, ਸਾਚੀ ਵਿਦਿਆ ਆਪ ਸਮਝਾਵੇਗਾ । ਵੇਖਣਹਾਰਾ ਡੂੰਘਾ ਖਾਤ, ਪੜਦਾ ਦੂਈ ਆਪ ਉਠਾਵੇਗਾ । ਸਾਚਾ ਸਮਾਂ ਜਣਾਏ ਇਕ ਪਰਭਾਤ, ਸੰਧਿਆ ਰੂਪ ਨਾ ਕੋਇ ਰਖਾਵੇਗਾ । ਪ੍ਰਭ ਨਜ਼ਰੀ ਆਏ ਇਕ ਇਕਾਂਤ, ਅਕਲ ਕਲਧਾਰੀ ਖੇਲ ਜਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਕਲੇਸ਼ ਆਪ ਮਿਟਾਵੇਗਾ । ਕਲ ਕਲੇਸ਼ ਆਪ ਮਿਟਾਏਗਾ । ਸੋ ਸਾਹਿਬ ਵੇਖ ਵਖਾਏਗਾ । ਦਰ ਦਰਵੇਸ਼ ਅਲਖ ਜਗਾਏਗਾ । ਨਰ ਨਰੇਸ਼ ਫੇਰਾ ਪਾਏਗਾ । ਔਲੀਆ ਪੀਰ ਸ਼ੇਖ਼ ਮੁਸਾਇਕ ਫੜ ਉਠਾਏਗਾ । ਨਿਜ ਨੇਤਰ ਆਪਣੇ ਪੇਖ, ਧੁਰ ਦਾ ਹੁਕਮ ਆਪ ਸੁਣਾਏਗਾ । ਨਵ ਨੌ ਚਾਰ ਮਿਟੇ ਰੇਖ, ਅੰਤ ਕੋਈ ਰਹਿਣ ਨਾ ਪਾਏਗਾ । ਜੋਧਾ ਸੂਰਬੀਰ ਦਸ ਦਸਮੇਸ, ਦਹਿ ਦਿਸ਼ਾ ਡੰਕ ਵਜਾਏਗਾ । ਗੁਰ ਸ਼ਬਦੀ ਰਹੇ ਹਮੇਸ਼, ਜਨਮ ਮਰਨ ਖੇਲ ਨਾ ਕੋਇ ਕਰਾਏਗਾ । ਸੋ ਸਮਾਂ ਲੈਣਾਂ ਵੇਖ, ਸ੍ਰੀ ਭਗਵਾਨ ਜੋ ਵਰਤਾਏਗਾ । ਬਿਨ ਹਰਿ ਸਤਿਗੁਰ ਝੂਠਾ ਦਿਸਣਾ

ਹੇਤ, ਭੈਣ ਭਾਈ ਵੇਲੇ ਅੰਤ ਨਾ ਕੋਇ ਛੁਡਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਮਾਂ ਆਪਣੇ ਨਾਲ ਮਿਲਾਏਗਾ । ਸਮਾਂ ਮਿਲਾਏ ਹਰਿ ਜੂ ਮੀਤ, ਆਪਣਾ ਬੰਧਨ ਪਾਈਆ । ਸਤਿਜੁਗ ਸਾਚੀ ਚਲੇ ਰੀਤ, ਬੀਸ ਇਕੀਸ ਵੱਜੇ ਵਧਾਈਆ । ਗੁਰਮੁਖ ਗੁਰਸਿਖ ਮਨ ਵਾਸਨਾ ਲੈਣ ਜੀਤ, ਕੂੜੀ ਕਿਰਿਆ ਨਾ ਹੋਏ ਹਲਕਾਈਆ । ਗੁਰ ਕਾ ਸ਼ਬਦ ਗਾਓ ਗੀਤ, ਨਾਨਕ ਨਿਰਗੁਣ ਗਿਆ ਸਮਝਾਈਆ । ਘਰ ਮਿਲੇ ਸੁਆਮੀ ਜੋ ਸੁੱਤਾ ਦੇ ਕਰ ਪੀਠ, ਆਪਣੀ ਕਰਵਟ ਲਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਸਭ ਨੂੰ ਰਿਹਾ ਭੁਲਾਈਆ । ਸਮਾਂ ਭੁਲਾਏ ਜਗ ਸੰਸਾਰ, ਨੇਤਰ ਜਾਗ ਨਾ ਕੋਇ ਖੁਲ੍ਹਾਇੰਦਾ । ਜਗਤ ਵਾਸਨਾ ਭਰਿਆ ਹੰਕਾਰ, ਨਿਵਣ-ਸੋ-ਅੱਖਰ ਨਾ ਕੋਇ ਪੜ੍ਹਾਇੰਦਾ । ਮਾਇਆ ਮਮਤਾ ਮਾਰੇ ਮਾਰ, ਹਉਮੈਂ ਹੰਗਤਾ ਗੜ੍ਹ ਬਣਾਇੰਦਾ । ਸਾਚੀ ਸੰਗਤ ਨਾ ਕੋਇ ਪਿਆਰ, ਘਰ ਘਰ ਮੰਗਤ ਫੇਰਾ ਪਾਇੰਦਾ । ਭੁੱਖਾ ਨੰਗਤਾ ਰੋਵੇ ਜ਼ਾਰੋ ਜ਼ਾਰ, ਸੀਸ ਦੋਸ਼ਾਲਾ ਓਢਣ ਪੜਦਾ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਸਰਬ ਜਣਾਇੰਦਾ । ਸਾਚੇ ਸਮੇਂ ਦਾ ਜਿਨ੍ਹਾਂ ਚਾ, ਚਾਉ ਘਨੇਰਾ ਦਏ ਸਮਝਾਈਆ । ਗੁਰ ਸ਼ਬਦ ਵੇਖੋ ਇਕ ਮਲਾਹ, ਜੋ ਬੇੜਾ ਪਾਰ ਕਰਾਈਆ । ਝੂਠਿਆਂ ਨਾਲ ਨਾ ਕਰੋ ਸਲਾਹ, ਕੂੜਾ ਸੰਗ ਰਹਿਣ ਨਾ ਪਾਈਆ । ਗੁਰਮੁਖ ਸੱਜਣ ਭੇਵ ਜਣਾ, ਆਪ ਆਪਣਾ ਪੰਧ ਮੁਕਾਈਆ । ਗਲਵਕੜੀ ਪਾ ਕੇ ਮਿਲੋ ਬਾਂਹ, ਦਸਤ ਦਸਤ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਸਮਾਂ ਸਭ ਨੂੰ ਰਿਹਾ ਭੁਲਾਈਆ । ਸਮੇਂ ਅੰਦਰ ਗਏ ਡੋਲ, ਧੀਰਜ ਧੀਰ ਨਾ ਕੋਇ ਰਖਾਇੰਦਾ । ਮਾਤ ਗਰਭ ਜੋ ਕੀਤਾ ਕੌਲ, ਲੱਖ ਚੁਰਾਸੀ ਜੀਵ ਭੁਲਾਇੰਦਾ । ਮਨ ਹੰਕਾਰੀ ਉਪਰ ਧੌਲ, ਧਰਨੀ ਕੂੜਾ ਭਾਰ ਚੁਕਾਇੰਦਾ । ਰਸਨਾ ਜਿਹਵਾ ਬੋਲੇ ਬੋਲ ਕਬੋਲ, ਕਾਗ ਕਾਗ ਵਾਂਗ ਕੁਰਲਾਇੰਦਾ । ਸਚ ਦੁਆਰਾ ਕੋਈ ਨਾ ਸਕੇ ਖੋਲ੍ਹ, ਪੜਦਾ ਅੰਤਰ ਕੋਇ ਨਾ ਉਠਾਇੰਦਾ । ਸੁਰਤੀ ਸ਼ਬਦ ਨਾ ਜਾਏ ਮੌਲ, ਸ਼ਬਦ ਸੁਰਤ ਨਾ ਕੋਇ ਪਰਨਾਇੰਦਾ । ਕਲਜੁਗ ਸਾਰੇ ਕੀਤੇ ਅਨਭੋਲ, ਸਮੇਂ ਸਿਰ ਸਿਰ ਆਪਣਾ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਮਾਂ ਸਭ ਨਾਲ ਕਰੇ ਮਖੌਲ, ਮਖ਼ਲੂਕ ਸਲੂਕ ਨਾ ਕੋਇ ਰਖਾਇੰਦਾ । ਸਮਾਂ ਕਹੇ ਮੇਰੀ ਵਡ ਵਡਿਆਈ, ਕਲਜੁਗ ਖ਼ੁਸ਼ੀ ਮਨਾਈਆ । ਘਰ ਘਰ ਕਰਾਵਾਂ ਨਿਤ ਲੜਾਈ, ਮਨ ਵਾਸਨਾ ਨਾਲ ਮਿਲਾਈਆ । ਆਤਮ ਪਰਮਾਤਮ ਕਰੀ ਜੁਦਾਈ, ਪਾਰਬ੍ਰਹਮ ਬ੍ਰਹਮ ਅੰਗ ਨਾ ਕੋਇ ਲਗਾਈਆ । ਨਾਤਾ ਜੁੜਿਆ ਧੀ ਜਵਾਈ, ਘਰ ਸਗਨ ਸੱਚਾ ਕੋਈ ਨਾ ਪਾਈਆ । ਭਰਮੇ ਭੁੱਲੀ ਸਰਬ ਲੋਕਾਈ, ਲੁਕਿਆ ਨੂਰ ਨਜ਼ਰ ਕਿਸੇ ਨਾ ਆਈਆ । ਗ਼ਫ਼ਲਤ ਵਿਚ ਹੋਈ ਸ਼ੌਦਾਈ, ਭੱਜੇ ਵਾਹੋ ਦਾਹੀਆ । ਸਚ ਨਾ ਮਿਲੇ ਕੋਈ ਸਰਨਾਈ, ਸਰਨਗਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਮਾਂ ਅੰਤ ਚਾਰੋ ਕੁੰਟ ਦਏ ਸਤਾਈਆ । ਕਲਜੁਗ ਸਮਾਂ ਕਹੇ ਮੈਂ ਮਾਰਾਂ ਮਾਰ, ਜੀਵ ਜੰਤ ਸਰਬ ਕੁਰਲਾਈਆ । ਜਿਨ੍ਹਾਂ ਭੁੱਲਿਆ ਹਰਿ ਕਰਤਾਰ, ਧਰਨੀ ਉਪਰ ਰਹਿਣ ਨਾ ਪਾਈਆ । ਧ੍ਰਿਗ ਜੀਵਣ ਸੰਸਾਰ, ਮਾਣਸ ਜਨਮ ਮਨੁਖ ਮਾਨਵ ਨਾ ਕੋਇ ਵਡਿਆਈਆ । ਵੇਲੇ ਅੰਤ ਆਵੇ ਹਾਰ, ਹਰਿਮੰਦਰ ਵੜਨ ਕੋਇ ਨਾ ਪਾਈਆ । ਨਵ ਨੌ ਦਿਸੇ ਧੂੰਆਂਧਾਰ, ਚਾਰ ਚਾਰ ਨਾ ਕੋਇ ਰੁਸ਼ਨਾਈਆ । ਗੁਰਮੁਖ ਵਿਰਲਾ ਸਮਾਂ ਰਿਹਾ ਵਿਚਾਰ, ਜਿਸ ਸਤਿਗੁਰ ਸਮਝ ਪਾਈਆ । ਬਾਕੀ ਸਮਾਂ ਸਾਰੇ

ਜਾਵਣ ਹਾਰ, ਭਾਂਡਾ ਭਰਮ ਨਾ ਕੋਇ ਭੰਨਾਈਆ । ਰੈਣ ਵਸੇਰਾ ਕੱਟ ਕੇ ਜਾਵਣ ਦਿਨ ਚਾਰ, ਲੋਕਮਾਤ ਖ਼ਾਕੀ ਤਨ ਹੰਡਾਈਆ । ਸੋ ਸਮਾਂ ਸਦਾ ਪਰਵਾਨ, ਜੋ ਗੁਰਮੁਖ ਪਰਵਾਨੇ ਰਿਹਾ ਬਣਾਈਆ । ਪੜ੍ਹਿਆਂ ਸੁਣਿਆਂ ਗਾਇਆਂ ਸਮਾਂ ਕੋਈ ਨਾ ਕਰੇ ਪਾਰ, ਜਿੰਨਾਂ ਚਿਰ ਸਾਹਿਬ ਸਤਿਗੁਰ ਦੇਵੇ ਨਾ ਸਚ ਸਰਨਾਈਆ । ਉਠੋ ਜੀਵੋ ਹੋਵੋ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਕਲਜੁਗ ਅੰਤ ਕਾਇਆ ਨਈਆ ਡੁੱਬਦੀ ਲਵੋ ਤਾਰ, ਪਾਰ ਕਿਨਾਰਾ ਇਕੋ ਨਜ਼ਰੀ ਆਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਕਹਿੰਦੇ ਗਏ ਸਾਂਝਾ ਯਾਰ, ਸੋ ਯਾਰੀ ਸਚ ਨਿਭਾਈਆ । ਨੇਤਰ ਖੋਲ੍ਹ ਕਰੋ ਦੀਦਾਰ, ਦੀਦ ਈਦ ਚੰਦ ਚੜ੍ਹਾਈਆ । ਸਮਾਂ ਜੁਗ ਜੁਗ ਜਨ ਭਗਤਾਂ ਪਿਛੇ ਫਿਰੇ ਬਣ ਭਿਖਾਰ, ਆਪਣੀ ਝੋਲੀ ਅੱਗੇ ਡਾਹੀਆ । ਕਰ ਕਿਰਪਾ ਦਿਓ ਤਾਰ, ਸਾਚੇ ਸੰਤੋ ਤੁਹਾਡੇ ਹੱਥ ਵਡਿਆਈਆ । ਤੁਹਾਡੇ ਨਾਲ ਮਿਲਿਆ ਹਰਿ ਕਰਤਾਰ, ਜਿਸ ਕਰਤੇ ਖੇਲ ਰਚਾਈਆ । ਮੈਂ ਉਹਦਾ ਬਰਖ਼ੁਰਦਾਰ, ਬਰਖ਼ਲਾਫ਼ ਧਾਰ ਨਾ ਕੋਇ ਰਖਾਈਆ । ਡਰਦਾ ਡਰਦਾ ਫਿਰਾਂ ਵਿਚ ਸੰਸਾਰ, ਭੱਜਾਂ ਵਾਹੋ ਦਾਹੀਆ । ਹੁਕਮੇ ਅੰਦਰ ਨਾ ਹੋਏ ਖਲਹਾਰ, ਹੁਕਮੀ ਹੁਕਮ ਹੁਕਮ ਵਰਤਾਈਆ । ਸਾਚੇ ਸਮੇਂ ਗੁਰ ਅਵਤਾਰ ਪੀਰ ਪੈਗ਼ੰਬਰ ਕੀਤੇ ਖ਼ਵਾਰ, ਪੰਜ ਤਤ ਕਾਇਆ ਨਾਲ ਲੜਾਈਆ । ਸਮੇਂ ਅੰਦਰ ਗੋਬਿੰਦ ਬਾਲੇ ਨੀਹਾਂ ਹੇਠ ਗਿਆ ਸੁਆਲ, ਹਰਖ਼ ਸੋਗ ਨਾ ਕੋਇ ਜਣਾਈਆ । ਸਮੇਂ ਅੰਦਰ ਸਤਿਗੁਰ ਅਰਜਨ ਤੱਤੀ ਅਗਨੀ ਹੇਠਾਂ ਗਿਆ ਬਾਲ, ਸਚ ਸਮਾਧੀ ਉਪਰ ਲਾਈਆ । ਸਮੇਂ ਅੰਦਰ ਤੇਗ਼ ਬਹਾਦਰ ਤੇਗ਼ ਗਿਆ ਸੰਭਾਲ, ਸੀਸ ਧੜ ਵੰਡ ਵੰਡਾਈਆ । ਸਮੇਂ ਅੰਦਰ ਸ਼ਮਸ ਤਬਰੇਜ਼ ਲੁਹਾਈ ਖਾਲ, ਖਲੜੀ ਰੰਗ ਨਾ ਕੋਇ ਰੰਗਾਈਆ । ਸਮੇਂ ਅੰਦਰ ਐਨਲਹਕ ਲਗਾਈ ਆਵਾਜ਼, ਹੱਕ ਹਕੀਕਤ ਬੂਝ ਬੁਝਾਈਆ । ੨੪੭
ਸਮੇਂ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਚਲਣ ਨਾਲ ਨਾਲ, ਬਣ ਸੇਵਕ ਸੇਵ ਕਮਾਈਆ । ਸਮੇਂ ਅੰਦਰ ਸਤਿਗੁਰ ਪੂਰਾ ਹੋਏ ਦਿਆਲ, ਪਾਰਬ੍ਰਹਮ ਬੇਪਰਵਾਹੀਆ । ਸਮੇਂ ਅੰਦਰ ਲੇਖਾ ਚੁਕਾਏ ਕਾਲ ਮਹਾਂਕਾਲ, ਮਹਾਂਬਲੀ ਵਡ ਵਡਿਆਈਆ । ਸਮੇਂ ਅੰਦਰ ਪੁਰਖ ਅਬਿਨਾਸ਼ੀ ਲਓ ਭਾਲ, ਘਰ ਘਰ ਬੈਠਾ ਆਸਣ ਲਾਈਆ । ਸਮੇਂ ਅੰਦਰ ਗੁਰ ਸ਼ਬਦ ਬਣੇ ਦਲਾਲ, ਜਗਤ ਦਲਾਲੀ ਆਪ ਕਮਾਈਆ । ਸਮੇਂ ਅੰਦਰ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਜਣਾਈਆ । ਸਮੇਂ ਅੰਦਰ ਗੁਰਮੁਖ ਵੇਖੇ ਸੁਚੇ ਲਾਲ, ਸੁਚੱਜੇ ਆਪਣੀ ਝੋਲੀ ਪਾਈਆ । ਸਮੇਂ ਅੰਦਰ ਪਤ ਡਾਲ੍ਹੀ ਖ਼ਾਲੀ ਕਰੇ ਜਹਾਨ, ਸਿਮਲ ਰੂਪ ਸਭ ਨਜ਼ਰੀ ਆਈਆ । ਸਮੇਂ ਅੰਦਰ ਚਲੇ ਅਵਲੜੀ ਚਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਈਆ । ਸਮੇਂ ਅੰਦਰ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਸਮਾਂ ਦਏ ਬਦਲਾਈਆ । ਕਲਜੁਗ ਅੰਤਮ ਸਮਾਂ ਬਦਲੇ, ਬਦਲੀ ਹਰਿ ਭਗਵਾਨ ਕਰਾਇੰਦਾ । ਧੁਰਦਰਗਾਹੀ ਕਰੇ ਅਦਲੇ, ਅਦਾਲਤ ਇਕੋ ਇਕ ਜਣਾਇੰਦਾ । ਭਗਤ ਭਗਵਾਨ ਜਾਏ ਸਦਕੇ, ਸੱਦਾ ਆਪਣਾ ਨਾਮ ਸੁਣਾਇੰਦਾ । ਜਿਹੜੇ ਉਡੀਕਦੇ ਜੁਗ ਜਨਮ ਜਦ ਕਦ ਦੇ, ਤਿਨ੍ਹਾਂ ਆਪਣਾ ਮੇਲ ਮਿਲਾਇੰਦਾ । ਕਾਇਆ ਮੰਦਰ ਸਾਚੇ ਲੰਘ ਕੇ, ਸਚ ਸਿੰਘਾਸਣ ਸੋਭਾ ਪਾਇੰਦਾ । ਪ੍ਰੇਮ ਪ੍ਰੀਤੀ ਨਾਤਾ ਬੰਨ੍ਹ ਕੇ, ਆਤਮ ਪਰਮਾਤਮ ਜੋੜ ਜੁੜਾਇੰਦਾ । ਪੰਚ ਵਿਕਾਰਾ ਕੂੜਾ ਡੰਨ ਕੇ, ਡੰਕਾ ਇਕੋ ਨਾਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸਮਾਂ ਆਪ ਉਲਟਾਇੰਦਾ । ਸਾਚਾ ਸਮਾਂ ਜਾਏ ਬੀਤ, ਸੰਮਤ ਬੀਸ ਬੀਸ ਵਡਿਆਈਆ । ਸਤਿਜੁਗ ਸਾਚੀ ਚਲੇ ਰੀਤ, ਰੀਤੀਵਾਨ ਨੀਂਹ

ਰਖਾਈਆ । ਸਭ ਨੇ ਗਾਉਣਾ ਇਕੋ ਗੀਤ, ਮਿਲ ਸਖੀਆਂ ਰਾਗ ਅਲਾਈਆ । ਪਰਮ ਪੁਰਖ ਪ੍ਰਭ ਦੇਵੇ ਪ੍ਰੀਤ, ਸਾਚੀ ਡੋਰੀ ਤੰਦ ਬੰਧਾਈਆ । ਸਾਚੇ ਸਮੇਂ ਸਾਚੀ ਸਿਖਿਆ ਗੁਰਮੁਖ ਲੈਣ ਸੀਖ, ਗੁਰਮਤ ਇਕੋ ਇਕ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਆਪਣੇ ਹੱਥ ਵਖਾਈਆ । ਸਮੇਂ ਹੱਥ ਪ੍ਰਭ ਰੱਖੀ ਡੋਰ, ਤੰਦੀ ਤੰਦ ਤੰਦ ਬੰਧਾਇੰਦਾ । ਕਲਜੁਗ ਮਾਰੇ ਠੱਗ ਚੋਰ, ਜੂਠ ਝੂਠ ਮੇਟ ਮਿਟਾਇੰਦਾ । ਜਗਤ ਵਿਕਾਰਾ ਦੇਵੇ ਹੋੜ, ਸੱਸੇ ਉਪਰ ਹੋੜਾ ਇਕ ਵਖਾਇੰਦਾ । ਹੰ ਬ੍ਰਹਮ ਪ੍ਰਭ ਜਾਏ ਬੌਹੜ, ਹਾਹਾ ਹਰਿ ਕਾ ਰੂਪ ਸਮਾਇੰਦਾ । ਵੇਖ ਵਖਾਏ ਮਿੱਠਾ ਕੌੜ, ਰਸ ਅਨਰਸ ਆਪ ਜਣਾਇੰਦਾ । ਗੁਰਮੁਖ ਗੁਰ ਗੁਰ ਨਾਤਾ ਜੋੜ, ਜੋੜੀ ਦੋ ਜਹਾਨ ਬਣਾਇੰਦਾ । ਸ਼ਬਦ ਅਗੰਮ ਚੜ੍ਹਾਏ ਘੋੜ, ਸ਼ਾਹ ਸਵਾਰਾ ਅਸਵ ਇਕੋ ਇਕ ਰਖਾਇੰਦਾ । ਪਾਰ ਕਰਾਏ ਅੰਧੇਰਾ ਘੋਰ, ਡੂੰਘੀ ਭਵਰ ਨਾ ਕੋਇ ਭਵਾਇੰਦਾ । ਤਿਸ ਅੱਗੇ ਚਲੇ ਨਾ ਕੋਈ ਜ਼ੋਰ, ਜੋਰੂ ਜ਼ਰ ਵੇਖ ਵਖਾਇੰਦਾ । ਸਮੇਂ ਸਿਰ ਪ੍ਰਭੂ ਜਾਏ ਬੌਹੜ, ਜਨ ਭਗਤਾਂ ਦਇਆ ਕਮਾਇੰਦਾ । ਜਨਮ ਜਨਮ ਦੀ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਬੂੰਦ ਬਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਪਰਗਟਾਇੰਦਾ । ਸਾਚਾ ਸਮਾਂ ਹੋਵੇ ਪਰਗਟ, ਹਰਿ ਪਰਭਾਤੀ ਰੂਪ ਵਖਾਈਆ । ਸਚ ਦੁਆਰਾ ਨਜ਼ਰੀ ਆਏ ਇਕੋ ਹੱਟ, ਪੁਰਖ ਅਕਾਲ ਚਰਨ ਸਰਨਾਈਆ । ਦੂਈ ਦਵੈਤੀ ਸ਼ਰਅ ਸ਼ਰਾਇਤੀ ਹਉਮੇਂ ਹੰਗਤਾ ਮਿਟੇ ਵੱਟ, ਹੱਦ ਨਜ਼ਰ ਕੋਇ ਨਾ ਆਈਆ । ਸਾਚਾ ਮਾਰਗ ਸਾਹਿਬ ਸੁਲਤਾਨ ਹੋ ਮਿਹਰਵਾਨ ਦੇਵੇ ਦੱਸ, ਦਹਿ ਦਿਸ਼ਾ ਵੱਜੇ ਸ਼ਨਵਾਈਆ । ਗੁਰਮੁਖ ਪੀਣਾ ਅੰਮ੍ਰਿਤ ਰਸ, ਹਿਰਦੇ ਜੋਤ ਕਰੇ ਪਰਕਾਸ਼, ਨਵ ਨੌ ਲੈਣਾ ਮੂਲ ਚੁਕਾਈਆ । ਲੇਖੇ ਲੱਗੇ ਪਵਣ ਸਵਾਸ, ਸਮੇਂ ਦੀ ਪੂਰੀ ਹੋਏ ਆਸ, ਸਮਾਪਤ ਸਮਾਂ ਦਏ ਕਰਾਈਆ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਵਸਣ ਹਰਿਜੂ ਪਾਸ, ਤਿਨ੍ਹਾਂ ਸਮਾਂ ਬਿਨ ਖ਼ੁਸ਼ੀ ਗ਼ਮਾਂ ਇਕੋ ਰੰਗ ਵਖਾਈਆ । ਜਿਨ੍ਹਾਂ ਅੰਤਰ ਕੂੜੀ ਤਮਅ, ਸੋ ਸਵਾਨ ਕੂਕਰ ਭੱਜਣ ਵਾਹੋ ਦਾਹੀਆ । ਕਲਜੁਗ ਅੰਤਮ ਬੁਝਣੀ ਸ਼ਮਅ, ਸਤਿਜੁਗ ਸਤਿਗੁਰ ਨਿਰਗੁਣ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਸ਼ਬਦ ਬ੍ਰਹਿਮਾਦ ਏਕਾ ਏਕ ਵਜਾਏ ਨਾਦ, ਧੁਨ ਆਤਮਕ ਅਗੰਮੀ ਰਾਗ ਸੁਣਾਈਆ ।

## ✪ ੭ ਭਾਦਰੋ ੨੦੨੦ ਬਿਕ੍ਰਮੀ ਪਿੰਡ ਬਲ ਅਮਰਾਉ ਸਿੰਘ ਦੇ ਗ੍ਰਹਿ ✪

ਸਤਿਗੁਰ ਸਮਾਂ ਸਭ ਤੋ ਚੰਗਾ, ਸਚ ਮਿਲੇ ਵਡਿਆਈਆ । ਲੱਭਦਾ ਗਿਆ ਸਿੰਘ ਰੰਗਾ, ਤਨ ਕਾਇਆ ਰੰਗ ਰੰਗਾਈਆ । ਬੁਧ ਸਿੰਘ ਭੁੱਖਾ ਨੰਗਾ, ਹੋ ਕੇ ਸੇਵ ਕਮਾਈਆ । ਬਹੋਲ ਸਿੰਘ ਬਣ ਪਤੰਗਾ, ਮਸਤ ਮਸਤਾਨਾ ਫਿਰੇ ਵਾਹੋ ਦਾਹੀਆ । ਗੁਰਮੁਖ ਸਿੰਘ ਚਰਨ ਕਵਲ ਪਾ ਕੇ ਢੰਗਾ, ਅਸਵ ਭੱਜੇ ਚਾਈਂ ਚਾਈਂਆ । ਤੇਜਾ ਸਿੰਘ ਸੂਰਾ ਸਰਬੰਗਾ, ਜ਼ੋਰੋ ਜ਼ੋਰ ਰਿਹਾ ਵਖਾਈਆ । ਬਿਨ ਬੰਦਗੀਉਂ ਦਰ ਆਇਆ ਕੀਤਾ ਬੰਦਾ, ਬੰਧਨ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਰਿਹਾ ਵਡਿਆਈਆ । ਸਾਚਾ ਸਮਾਂ ਸਿੰਘ ਮਨੀ, ਮਨ ਮਨਸਾ ਨਾਲ ਬਣਾਈਆ । ਸਾਚਾ ਸਮਾਂ ਸਤਿਗੁਰ ਧਨੀ, ਸਚ ਖ਼ਜ਼ਾਨਾ ਆਪ ਵਰਤਾਈਆ । ਸਾਚਾ ਸਮਾਂ ਸਤਿਗੁਰ

ਨਾਲ ਬਣੀ, ਨਾਤਾ ਤੁਟੇ ਜਗਤ ਲੋਕਾਈਆ । ਸਾਚਾ ਸਮਾਂ ਸਚ ਵਸੇਰਾ ਦਿਸੇ ਛੱਪਰ ਛੰਨੀ, ਛਹਿਬਰ ਅੰਮ੍ਰਿਤ ਗੁਰ ਗੁਰ ਲਾਈਆ । ਸਾਚਾ ਸਮਾਂ ਜੁਗ ਚੌਕੜੀ ਸਭ ਨੂੰ ਫਿਰਦਾ ਭੰਨੀ, ਅੜਿਆ ਕੋਇ ਰਹਿਣ ਨਾ ਪਾਈਆ । ਧੁਰ ਦਾ ਸਮਾਂ ਲੱਖ ਚੁਰਾਸੀ ਕਰੇ ਅੰਨ੍ਹੀ, ਪੁਰਖ ਅਕਾਲ ਨਜ਼ਰ ਕਿਸੇ ਨਾ ਆਈਆ । ਸਾਚਾ ਸਮਾਂ ਮਨਮੁਖਾਂ ਰਿਹਾ ਡੰਨੀ, ਡੰਕਾ ਆਪਣਾ ਨਾਮ ਵਜਾਈਆ । ਸਾਚਾ ਸਮਾਂ ਸਭ ਦੀ ਖ਼ਾਲੀ ਕਰੇ ਕੰਨੀ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਸਾਚਾ ਸਮਾਂ ਸਾਚਾ ਤਨੀ, ਘਰ ਘਰ ਵਿਚ ਮੇਲ ਮਿਲਾਈਆ । ਸਾਚਾ ਸਮਾਂ ਹਰਿ ਹਰਿ ਹਰਿ ਸੰਗ ਨਾਲ ਬਣੀ, ਬਨ ਬਨਵਾਲੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਰਿਹਾ ਸੁਹਾਈਆ । ਸਾਚਾ ਸਮਾਂ ਸਾਚਾ ਮਿੱਤਰ, ਮੀਤਨ ਮੀਤ ਅਖਵਾਇੰਦਾ । ਸਾਚਾ ਸਮਾਂ ਖੇਲ ਖੇਲਿਆ ਬਾਜ਼ ਤਿਤਰ, ਤ੍ਰੈਗੁਣ ਭੇਵ ਕੋਇ ਨਾ ਪਾਇੰਦਾ । ਸਾਚਾ ਸਮਾਂ ਨਿਰਗੁਣ ਨਿਰਵੈਰ ਸ਼ਬਦੀ ਧਾਰ ਆਏ ਨਿਤਰ, ਪੜਦਾ ਤਤ ਨਾ ਕੋਇ ਵਖਾਇੰਦਾ । ਸਾਚਾ ਸਮਾਂ ਸਤਿਗੁਰ ਵੇਖੇ ਚੜ੍ਹ ਕੇ ਚੋਟੀ ਸਿਖਰ, ਸਿਖਿਆ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਵਿਚੋ ਗੁਰਮੁਖ ਉਜਲ ਜਾਏ ਨਿਖ਼ਰ, ਕੂੜ ਕੁਕਰਮ ਪੜਦਾ ਆਪੇ ਲਾਇੰਦਾ । ਸਾਚਾ ਸਮਾਂ ਚਾਰ ਜੁਗ ਦੀ ਮੇਟੇ ਭਿਟੜ, ਆਤਮ ਪਰਮਾਤਮ ਭਿਟਿਆ ਕਦੇ ਨਾ ਜਾਇੰਦਾ । ਸਾਚਾ ਸਮਾਂ ਜਨ ਭਗਤਾਂ ਉਤੋ ਲਾਹੇ ਪੂਰਬ ਚਿਕੜ, ਫੜ ਹੱਥੀਂ ਮੈਲ ਧਵਾਈਆ । ਸਾਚਾ ਸਮਾਂ ਸਤਿਗੁਰ ਮਿਲਿਆਂ ਮਿਲ ਕੇ ਫੇਰ ਨਾ ਜਾਏ ਵਿਛੜ, ਅੱਗੇ ਮੇਲਾ ਸਦ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚਾ ਸਮਾਂ ਸੋਭਾਵੰਤ, ਘਰ ਵੱਜੇ ਨਾਮ ਵਧਾਈਆ । ਵੈਰਾਗਣ ਪਾਇਆ ਹਰਿਜੂ ਕੰਤ, ਸੁਹਾਗਣ ਖ਼ੁਸ਼ੀ ਮਨਾਈਆ । ਸਚ ਚੋਲੀ ਚੜ੍ਹੇ ਰੰਗ ਬਸੰਤ, ਤਨ ਮਾਟੀ ਸੋਭਾ ਪਾਈਆ । ਘਰ ਉਪਜੇ ਮਣੀਆ ਮੰਤ, ਰਸ ਜਿਹਵਾ ਸਿਫ਼ਤ ਸਾਲਾਹੀਆ । ਗੜ੍ਹ ਤੁੱਟੇ ਹਉਮੇਂ ਹੰਗਤ, ਹਰਿ ਚਰਨ ਮਿਲੇ ਸਰਨਾਈਆ । ਗੁਰਮੁਖ ਬਣਦੇ ਰਹੇ ਮੰਗਤ, ਦਰ ਬੈਠੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਵਰਤਾਈਆ । ਸਾਚਾ ਸਮਾਂ ਸੁਹਾਵਣਾ, ਸੋਭਾਵੰਤ ਸੁਹਾਏ । ਪੁਰਖ ਅਕਾਲ ਸਭ ਨੇ ਗਾਵਣਾ, ਗਾ ਗਾ ਖ਼ੁਸ਼ੀ ਮਨਾਏ । ਇਸ਼ਟ ਗੁਰਦੇਵ ਇਕੋ ਨਜ਼ਰੀ ਆਵਣਾ, ਹਰਿਜਨ ਸਾਚਾ ਸੇਵ ਕਮਾਏ । ਦਰ ਦੁਆਰਾ ਇਕ ਖੁਲਾਵਣਾ, ਧੁਰ ਦਰਬਾਰੀ ਆਸਣ ਲਾਏ । ਸਾਚਾ ਮੰਦਰ ਇਕ ਵਡਿਆਵਣਾ, ਭਗਤ ਵਛਲ ਬੇਪਰਵਾਹੇ । ਸਾਚੇ ਅੰਦਰ ਸੋਭਾ ਪਾਵਣਾ, ਦੀਪਕ ਦੀਆ ਇਕ ਜਗਾਏ । ਸਾਚਾ ਹੁਕਮ ਇਕ ਵਰਤਾਵਣਾ, ਦੋ ਜਹਾਨਾਂ ਆਪ ਸੁਣਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਸਮਾਂ ਆਪ ਉਪਾਏ । ਸਾਚਾ ਸਮਾਂ ਦੇਵੇ ਸਮਝ, ਭੇਵ ਅਭੇਦ ਖੁਲਾਈਆ । ਹਰਿ ਕਰਤਾ ਮਾਰੇ ਇਕੋ ਰਮਜ਼, ਮਹੀਨਾ ਰਮਜ਼ਾਨ ਨਾ ਕੋਇ ਵਡਿਆਈਆ । ਲੇਖਾ ਜਾਣੇ ਸ਼ਾਇਤ ਹਮਜ਼, ਆਸ਼ਕ ਮਾਅਸ਼ੂਕ ਦੋਵੇਂ ਕਾਰ ਕਮਾਈਆ । ਚਾਰ ਜੁਗ ਜੋ ਕਰਦਾ ਰਿਹਾ ਕਫ਼ਾਇਤ, ਕਲਜੁਗ ਅੰਤਮ ਇਕੋ ਵਾਰ ਵਰਤਾਈਆ । ਗੁਰ ਅਵਤਾਰਾਂ ਜੋ ਕਰਦਾ ਰਿਹਾ ਹਦਾਇਤ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਸੋ ਸਾਹਿਬ ਬਣ ਕੇ ਆਇਆ ਆਪ ਮੁਸਾਹਿਬ, ਮੁਸਲਸਲ ਆਪਣੀ ਕਾਰ ਕਮਾਈਆ । ਸਮਾਂ ਕਹੇ ਮੈਂ ਸਦਾ ਮੁਤਫ਼ਿਕ, ਮੁਤਫ਼ਰਕ ਕਾਰ ਨਾ ਕੋਇ ਕਰਾਈਆ । ਮੇਰਾ ਲੇਖਾ ਬਿਨ ਲਿਖਿਉਂ ਦੇਵੇ ਲਿਖ, ਬੇਪਰਵਾਹ ਮੇਰੀ ਤਹਿਰੀਰ ਆਪ ਬਣਾਈਆ । ਦਾਤਾ ਹੋ ਕੇ ਪਾਵੇ ਭਿਖ, ਦਾਨੀ ਝੋਲੀ ਆਪ ਭਰਾਈਆ । ਮੇਰੀ ਕਰਨੀ

ਆਪੇ ਲਏ ਨਜਿਠ, ਸਿਰ ਮੇਰੇ ਹੱਥ ਟਿਕਾਈਆ । ਚਾਰ ਜੁਗ ਮੈਂ ਸਭ ਨੂੰ ਦੇ ਕੇ ਆਇਆ ਪਿਠ, ਮੇਰੀ ਸਮਝ ਕਿਸੇ ਨਾ ਪਾਈਆ । ਅੰਮ੍ਰਿਤ ਰਸ ਕਰਦਾ ਰਿਹਾ ਫਿਕ, ਫਿਕੇ ਕੌੜੇ ਰੂਪ ਵਟਾਈਆ । ਦੀਨ ਮਜ਼੍ਹਬ ਜ਼ਾਤ ਪਾਤ ਆਪਣੇ ਅੰਦਰ ਵੰਡੌਂਦਾ ਰਿਹਾ ਹਿਸ, ਹਿੱਸੇ ਗੁਰ ਅਵਤਾਰਾਂ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਵਰਤਾਏ ਏਕ, ਏਕੰਕਾਰ ਵੱਡੀ ਵਡਿਆਈਆ । ਕਲਜੁਗ ਅੰਤ ਬਖ਼ਸ਼ੇ ਸਾਚੀ ਟੇਕ, ਟਿੱਕਾ ਮਸਤਕ ਨਾਮ ਲਗਾਈਆ । ਕੂੜ ਕੁੜਾਵਾ ਟੁੱਟੇ ਹੇਤ, ਹਰਿ ਚਰਨ ਮਿਲੇ ਸਰਨਾਈਆ । ਗੁਰਸਿਖ ਗੁਰਮੁਖ ਨਿਜ ਨੇਤਰ ਦਰਸਨ ਪੇਖ, ਰਾਤੀਂ ਸੁਤਿਆਂ ਖ਼ੁਸ਼ੀ ਮਨਾਈਆ । ਸਮਾਂ ਸੁਹਾਵਣਾ ਖੇਲੇ ਖੇਡ, ਜਗਤ ਖਿਲਾਰੀ ਰਿਹਾ ਖਿਲਾਈਆ । ਭਗਤ ਭਗਵਾਨ ਮਾਣੇ ਸੇਜ, ਸੇਜ ਸੁਹੰਜਣੀ ਆਸਣ ਲਾਈਆ । ਜੋਤੀ ਧਾਰ ਚਮਕੇ ਤੇਜ, ਤੇਜ ਧਾਰ ਤਲਵਾਰ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਮਾਂ ਗੁਰਮੁਖ ਸਖ਼ੀਆ ਨਾਲ ਸੁਹਾਈਆ ।

## ✪ ੭ ਭਾਦਰੋ ੨੦੨੦ ਬਿਕ੍ਰਮੀ ਪਿੰਡ ਬਲ ਅਜੀਤ ਸਿੰਘ ਦੇ ਗ੍ਰਿਹ ✪



ਸਮਾਂ ਕਹੇ ਮੈਂ ਭਗਤਾਂ ਜੋਗਾ, ਹਰਿ ਜੂ ਸੇਵਾ ਆਪ ਲਗਾਈਆ । ਅੰਤਰ ਦੇਵਾਂ ਅੰਮ੍ਰਿਤ ਚੋਗਾ, ਹੰਸਾਂ ਮਾਣਕ ਮੋਤੀ ਚੁੰਜ ਭਰਾਈਆ । ਬਾਹਰੋ ਸਭ ਨੂੰ ਦੇਵਾਂ ਧੋਖਾ, ਸਾਚੀ ਸਮਝ ਕੋਇ ਨਾ ਪਾਈਆ । ਬਿਨ ਸਤਿਗੁਰ ਪੂਰੇ ਆਦਿ ਜੁਗਾਦਿ ਸਮਾਂ ਔਖਾ, ਭੀੜੀ ਗਲੀ ਔਝੜ ਰਾਹ, ਜਮ ਡੰਡ ਨਾ ਕੋਇ ਬਚਾਈਆ । ਜੁਗ ਜੁਗ ਦੇਵਾਂ ਸਚ ਸਲਾਹ, ਸਰਬ ਜੀਆਂ ਸਮਝਾਈਆ । ਕਰਤਾ ਪੁਰਖ ਲਓ ਮਨਾ, ਕੀਮਤ ਆਪੇ ਪਾਈਆ । ਹਾਜ਼ਰ ਕੋਲੋ ਬਖ਼ਸ਼ਾਓ ਗੁਨਾਹ, ਜੋ ਗਿਆ ਸੋ ਗਿਆ ਪੱਲੂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਸਮਾਂ ਕਹੇ ਮੇਰਾ ਉਲਟ ਸਮਾਜ, ਸਮਝ ਕੋਇ ਨਾ ਪਾਇੰਦਾ । ਜੁਗ ਜੁਗ ਪਲਟਾ ਜਗਤ ਰਾਜ, ਰਾਜਾ ਪਰਜਾ ਦੋਹਾਂ ਵੇਖ ਵਖਾਇੰਦਾ । ਨਿਤ ਨਵਿਤ ਕਰਾਂ ਨਾਚ, ਦਰ ਦਰ ਘਰ ਘਰ ਡੋਰੂ ਵਾਇੰਦਾ । ਖ਼ੁਸ਼ੀ ਨਾਲ ਲਗਾਵਾਂ ਆਂਚ, ਅਗਨ ਅਗਨੀ ਰੂਪ ਵਖਾਇੰਦਾ । ਭੰਨ ਵਖਾਵਾਂ ਕੂੜੀ ਮਾਟੀ ਕਾਂਚ, ਲੱਖ ਚੁਰਾਸੀ ਫੋਲ ਫੁਲਾਇੰਦਾ । ਨਿਤ ਨਿਤ ਜਨ ਭਗਤਾਂ ਹੋ ਕੇ ਰਹਾਂ ਦਾਸ, ਜਿਨ੍ਹਾਂ ਪੁਰਖ ਅਕਾਲ ਦਇਆ ਕਮਾਇੰਦਾ । ਨਿਰਧਨ ਹੋ ਕੇ ਵਸਾਂ ਪਾਸ, ਬਲਹੀਣ ਸੇਵ ਕਮਾਇੰਦਾ । ਵੇਲੇ ਅੰਤਮ ਪਤ ਲਵਾਂ ਰਾਖ, ਪਤਿਪਰਮੇਸ਼ਵਰ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਮਾਂ ਆਪ ਸੁਹਾਇੰਦਾ । ਸਾਚਾ ਸਮਾਂ ਸਦਾ ਸੁਹੰਜਣਾ, ਜਿਸ ਘਰ ਵੱਜੇ ਨਾਮ ਵਧਾਈਆ । ਸਤਿਗੁਰ ਧੂੜੀ ਮਿਲੇ ਮਜਨਾ, ਚਰਨ ਕਵਲ ਸਰਨਾਈਆ । ਜਗਤ ਵਿਕਾਰਾ ਮਿਟੇ ਹੱਦਨਾ, ਗੁਰੂ ਦੁਆਰਾ ਇਕੋ ਨਜ਼ਰੀ ਆਈਆ । ਆਤਮ ਗਾਏ ਪਰਮਾਤਮ ਛੰਦਨਾ, ਬ੍ਰਹਮ ਕਰੇ ਸਚ ਪੜ੍ਹਾਈਆ । ਇਕੋ ਦੁਆਰੇ ਸਾਚੀ ਬੰਦਨਾ, ਬਿਨ ਬੰਦਗੀਉਂ ਲੇਖਾ ਲਏ ਪਾਈਆ । ਸਾਚੀ ਧੂੜੀ ਨਿਰਮਲ ਚੰਦਨਾ, ਚੰਦ ਚਾਂਦਨੀ ਨੂਰ ਰੁਸ਼ਨਾਈਆ । ਸਤਿਗੁਰ ਮੰਦਰ ਇਕੋ ਲੰਘਣਾ, ਦੂਜਾ ਦਰ ਲੰਘਣ ਨਾ ਪਾਈਆ । ਪੁਰਖ ਅਕਾਲ ਇਕੋ ਮੰਗਣਾ, ਦੇਵਣਹਾਰ

ਸਰਬ ਸੁਖਦਾਈਆ । ਲੱਖ ਚੁਰਾਸੀ ਤੁੜਾਉਣਾ ਫੰਦਨਾ, ਫਾਸੀ ਅੰਤ ਕੋਇ ਨਾ ਪਾਈਆ । ਮਿਲੇ ਮੇਲ ਸੂਰਾ ਸਰਬੰਗਨਾ, ਸੂਰਬੀਰ ਹੋਏ ਸਹਾਈਆ । ਸਾਚੀ ਗੋਦੀ ਬਹਿਣਾ ਅੰਗਨਾ, ਅੰਗੀਕਾਰ ਇਕ ਹੋ ਜਾਈਆ । ਤਨ ਮਾਟੀ ਚੋਲਾ ਰੰਗਣਾ, ਸਾਚੀ ਭੱਠੀ ਨਾਮ ਚੜ੍ਹਾਈਆ । ਸਚ ਦੁਆਰਿਉਂ ਕਦੇ ਨਾ ਮੰਗਣਾ, ਸਤਿਗੁਰ ਮਿਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਮਾਂ ਕਹੇ ਮੇਰਾ ਹੱਕ ਹਕੂਕ, ਹਾਕਮ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਮੈਂ ਰਿਹਾ ਮਸਰੂਫ਼, ਜੁਗ ਜੁਗ ਸਾਚੀ ਸੇਵ ਕਮਾਈਆ । ਮੇਰੇ ਅੰਦਰ ਦਰ ਦਰ ਘਰ ਘਰ ਧੁਖਦੇ ਧੂਪ, ਸਚ ਸੁਗੰਧੀ ਕਾਇਆ ਵਿਚੋ ਬਾਹਰ ਨਾ ਕੋਇ ਪਰਗਟਾਈਆ । ਮੇਰੇ ਅੰਦਰ ਕੂੜੀ ਕਿਰਿਆ ਨੱਚਦੀ ਫਿਰੇ ਭੂਖ, ਜੀਵਾਂ ਜੰਤਾਂ ਤ੍ਰਿਪਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਮਾਂ ਸਾਚਾ ਦਏ ਸੁਹਾਈਆ । ਸਮਾਂ ਕਹੇ ਮੈਂ ਲੱਗਾਂ ਸੋਹਣਾ, ਸੋਹਣੀ ਬਣਤ ਬਣਾਈਆ । ਭਗਤ ਭਗਵਾਨ ਇਕੋ ਹੋਣਾ, ਦੂਜਾ ਭੇਖ ਨਾ ਕੋਇ ਵਟਾਈਆ । ਜਿਨ੍ਹਾਂ ਦੀ ਚਰਨੀ ਬਹਿ ਕੇ ਸੌਣਾ, ਸੋਵਤ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਜੀਵ ਰੋਣਾ, ਨੇਤਰ ਨੀਰ ਵਹਾਈਆ । ਖੁਲੜੇ ਕੇਸ ਸਭ ਨੇ ਖੋਹਣਾ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਟਿੱਲੇ ਪਰਬਤ ਸਾਰੇ ਟੋਹਣਾ, ਡੂੰਘੀ ਕਵਰ ਭਵਰ ਵੇਖ ਵਖਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਬਲਧਾਰੀ ਬਲ ਵੇਖ ਵਖਾਉਣਾ, ਵੇਲਾ ਵਕਤ ਸਮਝ ਕੋਇ ਨਾ ਪਾਈਆ । ਗੁਰਮੁਖ ਗੁਰਸਿਖ ਸਚ ਪ੍ਰੀਤੀ ਮੋਹਣਾ, ਮੋਹਣੀ ਰੂਪ ਨਿਰਗੁਣ ਧਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਂ ਸਮਰਥ ਆਪ ਜਣਾਈਆ । ਸਮੇਂ ਨਾਲ ਆਏ ਸਮਰਥ, ਸਮਰਥ ਧਾਰ ਚਲਾਈਆ । ਜੁਗ ਚੌਕੜੀ ਦੇਵੇ ਮਥ, ਮਥਣਹਾਰ ਬੇਪਰਵਾਹੀਆ । ਰਹਿਬਰ ਬਣ ਚਲਾਏ ਰਥ, ਮਾਰਗ ਇਕੋ ਇਕ ਦਰਸਾਈਆ । ਸਚ ਸੰਦੇਸ਼ਾ ਦੇਵੇ ਹੱਸ ਹੱਸ, ਢੋਲਾ ਸੋਹਲਾ ਰਾਗ ਅਲਾਈਆ । ਅੰਮ੍ਰਿਤ ਆਤਮ ਪਰਗਟਾਏ ਰਸ, ਨਿਝਰ ਝਿਰਨਾ ਆਪ ਝਿਰਾਈਆ । ਸਭ ਦਾ ਬਸਤਾ ਬੰਨ੍ਹ ਕੇ ਫੇਰ ਕਰੇ ਨਾ ਬੱਸ, ਬਗ਼ਲਗੀਰ ਕਿਸੇ ਨਾਲ ਨਜ਼ਰ ਨਾ ਆਈਆ । ਜੋ ਅੜਿਆ ਸੋ ਸਮੇਂ ਅੰਦਰ ਜਾਏ ਢੱਠ, ਸਮੇਂ ਦਾ ਮਾਲਕ ਬੇਪਰਵਾਹੀਆ । ਜਿਸ ਦਾ ਲੇਖ ਅਲਖਨਾ ਅਲਖ, ਨਾ ਕੋਈ ਸਕੇ ਮੇਟ ਮਿਟਾਈਆ । ਕਲਜੁਗ ਅੰਤਮ ਹੋ ਪਰਗਟ, ਪ੍ਰਭ ਆਪਣਾ ਹੁਕਮ ਮਨਾਈਆ । ਜਿਸ ਅੱਗੇ ਸਮਾਂ ਜੋੜ ਖਲੋਤਾ ਹੱਥ, ਹੱਥ ਪੈਰ ਦੋ ਦੋ ਚਾਰ ਚਾਰ ਚਾਰ ਚਾਰ ਮੰਗਣ ਸਰਨਾਈਆ ।

### ੭ ਭਾਦਰੋ ੨੦੨੦ ਬਿਕ੍ਰਮੀ ਜਗਤ ਮਾਤਾ ਰਣਜੀਤ ਕੌਰ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ

ਗੋਬਿੰਦ ਸੁਤ ਸ਼ਬਦ ਬਬਾਣ, ਸਚ ਦੁਆਰ ਵਖਾਈਆ । ਅਬਿਨਾਸ਼ੀ ਅਚੁਤ ਖੇਲ ਮਹਾਨ, ਹਰਿ ਕਰਤਾ ਆਪ ਕਰਾਈਆ । ਜਨਮ ਜਨਮ ਜਗ ਦੇਵੇ ਮਾਣ, ਕਰਮ ਕਰਮ ਵੇਖ ਵਖਾਈਆ । ਧੁਰ ਦਾ ਧਰਮ ਇਕ ਨਿਸ਼ਾਨ, ਸਚ ਨਿਸ਼ਾਨਾ ਦਏ ਝੁਲਾਈਆ । ਲੇਖਾ ਜਾਣ ਜੀਵ ਜਹਾਨ, ਲਿਖਤ ਭਵਿਖਤ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਇਕ ਹੋ ਜਾਈਆ । ਗੋਬਿੰਦ ਸੁਤ ਪੂਰਬ ਰੇਖ, ਸਚ ਸੱਚੀ ਪਰਗਟਾਈਆ । ਧਾਮ ਅਵਲੜੇ ਵਸ ਕੇ ਦੇਸ, ਵੇਖਣ ਆਇਆ ਹਰਿ ਰਘੁਰਾਈਆ । ਲਹਿਣਾ ਗੋਬਿੰਦ ਦਸ ਦਸਮੇਸ,

ਦਹਿ ਦਿਸ਼ਾ ਝੋਲੀ ਪਾਈਆ । ਸ਼ਾਹ ਸੁਲਤਾਨਾ ਖੋਲ੍ਹੇ ਭੇਤ, ਪੜਦਾ ਆਪ ਉਠਾਈਆ । ਜਿਨ੍ਹਾਂ ਨਾਲ ਖੇਲੀ ਜਗਤ ਖੇਡ, ਬਣ ਖਿਲਾਰੀ ਫੇਰਾ ਪਾਈਆ । ਸੋ ਸੁਆਮੀ ਸਾਹਿਬ ਸਤਿਗੁਰ ਗੁਰਸਿਖ ਗੁਰ ਗੁਰ ਦਏ ਭੇਜ, ਸਾਚਾ ਹੁਕਮ ਇਕ ਵਰਤਾਈਆ । ਸਤਿ ਧਰਮ ਦੇਵੇ ਜਹੇਜ਼, ਧੀਰਜ ਨਾਲ ਕਰੇ ਕੁੜਮਾਈਆ । ਨਿਜ ਨੇਤਰ ਲਏ ਵੇਖ, ਦੋਏ ਲੋਚਣ ਬੰਦ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਸੁਤ ਸੂਤਰ ਤਾਗਾ, ਤੰਦ ਡੋਰੀ ਰੂਪ ਵਟਾਈਆ । ਨਿਰਗੁਣ ਸਰਗੁਣ ਮਿਲ ਮਿਲ ਕਾਜਾ, ਰਚਨਾ ਰਚ ਰਚ ਵੇਖ ਵਖਾਈਆ । ਮਿਹਰਵਾਨ ਹਰਿ ਫਿਰੇ ਭਾਜਾ, ਦੋ ਜਹਾਨਾਂ ਵੇਖ ਵਖਾਈਆ । ਜਗਤ ਜਵਾਰੀ ਲੇਖਾ ਜਾਣੇ ਸਮਾਜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਤੇਜ ਆਪ ਦਰਸਾਈਆ । ਜੋਤੀ ਧਾਰ ਸ਼ਬਦ ਸੁਤ ਬੂਟਾ, ਪਤ ਡਾਲੀ ਫੁਲ ਮਹਿਕਾਈਆ । ਸਚਖੰਡ ਦਾ ਸਾਚਾ ਹੂਟਾ, ਸੋ ਪੁਰਖ ਨਿਰੰਜਣ ਇਕੋ ਵਾਰ ਦਵਾਈਆ । ਸਰਗੁਣ ਹੋ ਕੇ ਨਿਰਗੁਣ ਵੇਖੇ ਸੂਚਾ, ਸੁਚ ਸੰਜਮ ਸਤਿਗੁਰ ਵਿਚ ਸਮਾਈਆ । ਕਾਇਆ ਅੰਦਰ ਫਿਰ ਕੇ ਵੇਖੇ ਆਪਣਾ ਕੂਚਾ, ਗਲੀ ਬਾਜ਼ਾਰ ਫੇਰਾ ਪਾਈਆ । ਦੀਨ ਦਿਆਲ ਲੱਖ ਚੁਰਾਸੀ ਨਾਲੋ ਵੇਖੇ ਰੁੱਠਾ, ਨੇਤਰ ਅੱਖ ਨਾ ਕੋਇ ਮਿਲਾਈਆ । ਪੁਰਖ ਅਕਾਲ ਪਿਆਰ ਨਾਲ ਕਹੇ ਆ ਗੋਬਿੰਦ ਮੇਰੇ ਪੁੱਤਾ, ਪੂਤ ਸਪੂਤ ਮਿਲੇ ਵਡਿਆਈਆ । ਜਿਸ ਦੀ ਧਾਰੋ ਗੁਰਮੁਖ ਉਠਾ, ਸੋ ਧਾਰ ਚਮਕ ਚਮਕੌਰ ਜਣਾਈਆ । ਮਿਹਰਵਾਨ ਹਰਿ ਇਕੋ ਤੁੱਠਾ, ਅਤੁੱਟ ਦਇਆ ਕਮਾਈਆ । ਉਜਲ ਕਰਨਹਾਰਾ ਮੁਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਸਾਜਣ ਏਕ, ਸਗਲਾ ਸੰਗ ਵਖਾਈਆ । ਅੰਦਰ ਵੜ ਕੇ ਖੋਲ੍ਹੇ ਭੇਤ, ਬਾਹਰ ਮੇਲਾ ਸਹਿਜ ਸੁਭਾਈਆ । ਪ੍ਰੇਮ ਪ੍ਰੀਤੀ ਕਰੇ ਹੇਤ, ਪਰਮ ਪੁਰਖ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਦਾ ਲੇਖਾ ਆਪ ਦ੍ਰਿੜਾਈਆ । ਧੁਰ ਦਾ ਲੇਖਾ ਗੋਬਿੰਦ ਲਾਲ, ਘਰ ਲਾਲਨ ਵੇਖ ਵਖਾਇੰਦਾ । ਧਰਮਦੁਆਰ ਸੱਚੀ ਧਰਮਸਾਲ, ਗੜ੍ਹ ਕੰਚਨ ਬੰਕ ਵਡਿਆਇੰਦਾ । ਦੀਪਕ ਜੋਤੀ ਦੀਆ ਬਾਲ, ਨੂਰ ਨੁਰਾਨਾ ਨੂਰ ਰੁਸ਼ਨਾਇੰਦਾ । ਲੇਖਾ ਜਾਣ ਦੋ ਜਹਾਨ, ਦੋਹਰੀ ਧਾਰ ਠੋਕਰ ਆਪ ਲਗਾਇੰਦਾ । ਕਾਇਆ ਮੰਦਰ ਸਚ ਮਕਾਨ, ਬੇ-ਮੁਕਾਮ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣੀ ਗੰਢ ਪਵਾਇੰਦਾ । ਆਪਣੀ ਗੰਢ ਪਵਾਏ ਪ੍ਰੇਮ, ਡੋਰੀ ਇਕੋ ਤੰਦ ਬੰਧਾਈਆ । ਦਰਗਹਿ ਸਾਚੀ ਚੁੱਕੇ ਆਪਣਾ ਨੇਮ, ਨਿਆਮਤ ਮੁਖ ਨਾ ਕੋਇ ਰਖਾਈਆ । ਲਹਿਣਾ ਚੁਕਿਆ ਉਪਰ ਹੇਮ, ਕੁੰਟ ਕੁੰਟ ਵੱਜੀ ਵਧਾਈਆ । ਅੰਤਮ ਜਾਏ ਸਾਚਾ ਦੇਣ, ਦੇਵਣਹਾਰ ਦਇਆ ਕਮਾਈਆ । ਗੁਰ ਗੁਰ ਸਾਚਾ ਆਵੇ ਲੈਣ, ਮੰਗੇ ਮੰਗ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਜੋਗ ਜੁਗਤ ਜਣਾਈਆ । ਸਾਚਾ ਜੋਗ ਜੁਗਤੀ ਰੰਗ, ਹਰਿ ਰਾਘਵ ਆਪ ਜਣਾਈਆ । ਮਸਤ ਮਤਵਾਲਾ ਵਜਾਏ ਮਰਦੰਗ, ਮਨ ਮਤੀ ਦੂਰ ਕਰਾਈਆ । ਬਣ ਰਖਵਾਲਾ ਵਸੇ ਸੰਗ, ਸਗਲਾ ਸੰਗ ਨਿਭਾਈਆ । ਸ਼ਾਹ ਕੰਗਾਲਾ ਵੰਡਣ ਵੰਡ, ਨਾਮ ਭੰਡਾਰਾ ਝੋਲੀ ਪਾਈਆ । ਕੂੜੀ ਕਿਰਿਆ ਮੇਟੇ ਭੇਖ ਪਖੰਡ, ਦੂਈ ਦਵੈਤੀ ਡੇਰਾ ਢਾਹੀਆ । ਸਾਚਾ ਗਾਵੇ ਇਕੋ ਛੰਦ, ਸੋਹੰ ਰਾਗ ਅਲਾਈਆ । ਪੂਰੀ ਕਰੇ ਧੁਰ ਦੀ ਮੰਗ, ਮਨਸਾ ਮਾਣਸ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਖ਼ੁਸ਼ੀ ਵਖਾਈਆ ।



੨੫੨
੧੫

ਸਾਚੇ ਘਰ ਸੁਖ ਗੁਰਦੇਵ, ਸਤਿਗੁਰੁ ਦੇਵੇ ਵਡਿਆਈਆ । ਮਿਹਰਵਾਨ ਹੋ ਖੋਲ੍ਹੇ ਭੇਵ, ਪਰਦਾ ਦੂਈ ਉਠਾਈਆ । ਸੇਵਾ ਲਾਏ ਰਸਨਾ ਜਿਹਵ, ਹਰਿ ਮੰਤਰ ਨਾਮ ਸਮਝਾਈਆ । ਖੇਲੇ ਖੇਲ ਅਲੱਖ ਅਭੇਵ, ਅਗੋਚਰ ਅਗੰਮ ਸੀਸ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਦੇਵੇ ਥਾਉਂ ਥਾਈਂਆ । ਸਾਚਾ ਲੇਖਾ ਪੂਰਬ ਜਨਮ, ਜਾਨਬ ਆਪਣੀ ਵੇਖ ਵਖਾਇੰਦਾ । ਮਿਹਰਵਾਨ ਹੋ ਬਖ਼ਸ਼ੇ ਕਰਮ, ਕੁਕਰਮ ਅੰਗ ਨਾ ਕੋਇ ਲਗਾਇੰਦਾ । ਸਾਚਾ ਹੇਤ ਸਾਚੇ ਧਰਮ, ਰਣ ਖੇਤ ਭੂਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਾਰ ਧਾਰ ਨਾਲ ਟਕਰਾਇੰਦਾ । ਧਾਰ ਨਾਲ ਲਾਏ ਧਾਰ ਟੱਕਰ, ਟੁਕੜਾ ਨਜ਼ਰ ਕੋਇ ਨਾ ਆਈਆ । ਗੋਬਿੰਦ ਨਾਲ ਗੋਬਿੰਦ ਦਿਸੇ ਨਾ ਕੋਈ ਵੱਖਰ, ਗੋਬਿੰਦ ਸ਼ਾਹ ਕੰਗਾਲ ਰੂਪ ਵਟਾਈਆ । ਗੋਬਿੰਦ ਤੋੜਨਹਾਰਾ ਗੋਬਿੰਦ ਪੱਥਰ, ਪਾਹਨ ਗੋਬਿੰਦ ਪਰੇ ਹਟਾਈਆ । ਗੋਬਿੰਦ ਹੰਢਾਵਣਹਾਰਾ ਗੋਬਿੰਦ ਸੱਥਰ, ਗੋਬਿੰਦ ਸੇਜ ਸੁਹੰਜਣੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਖੀ ਧਾਰ ਆਪ ਵਖਾਈਆ । ਤਿਖੀ ਧਾਰ ਤਰਕਸ਼, ਤੀਰ ਮੁਖੀ ਅਣਿਆਲਾ ਰੂਪ ਜਣਾਈਆ । ਹਰਿ ਕਾ ਖੇਲ ਨਾ ਐਸ਼ੋ ਇਸ਼ਰਤ, ਆਰਾਮਗਾਹ ਡੇਰਾ ਕੋਈ ਨਾ ਲਾਈਆ । ਸੋ ਫੜ ਮੇਲੇ ਜੋ ਗਏ ਵਿਛੜਤ, ਵਿਛੜਿਆਂ ਮੇਲ ਮਿਲਾਈਆ । ਗਲ ਲਗਾਏ ਭਰੀਆਂ ਚਿਕੜ, ਦੁਰਮਤ ਮੈਲ ਧਵਾਈਆ । ਪਿਤਾ ਪੂਤ ਪ੍ਰਭ ਹੋਏ ਮਿੱਤਰ, ਸਾਚੀ ਯਾਰੀ ਤੋੜ ਨਿਭਾਈਆ । ਚੋਟੀ ਚੜ੍ਹ ਕੇ ਵੇਖਣ ਸ਼ਿਖਰ, ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਕੱਟਿਆ ਗੋਬਿੰਦ ਫੱਟਿਆ, ਗੋਬਿੰਦ ਵਾਰ ਧਾਰ ਜਣਾਇੰਦਾ । ਗੋਬਿੰਦ ਲੁਟਿਆ ਗੋਬਿੰਦ ਰੱਖਿਆ, ਗੋਬਿੰਦ ਆਪਣਾ ਰੰਗ ਰੰਗਾਇੰਦਾ । ਗੋਬਿੰਦ ਤੁੱਠਿਆ ਗੋਬਿੰਦ ਪੁੱਛਿਆ, ਹਰਿ ਗੋਬਿੰਦ ਪੰਧ ਮੁਕਾਇੰਦਾ । ਗੋਬਿੰਦ ਲੁਕਿਆ ਗੋਬਿੰਦ ਰੁੱਸਿਆ, ਹਰਿ ਗੋਬਿੰਦ ਆਪ ਮਨਾਇੰਦਾ । ਗੋਬਿੰਦ ਵੇਲਾ ਗੋਬਿੰਦ ਪੁੱਛਿਆ, ਗੋਬਿੰਦ ਗੋਬਿੰਦ ਭੇਵ ਖੁਲ੍ਹਾਇੰਦਾ । ਗੋਬਿੰਦ ਧਾਰ ਪੁਰਖ ਸਮਰੱਥਿਆ, ਸਮਰਥ ਪੁਰਖ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਸੰਗ ਸਚ ਨਿਭਾਇੰਦਾ । ਗੋਬਿੰਦ ਵੇਖੇ ਗੋਬਿੰਦ ਪੇਖੇ, ਹਰਿ ਗੋਬਿੰਦ ਨੈਣ ਖੁਲ੍ਹਾਈਆ । ਗੋਬਿੰਦ ਲੇਖੇ ਗੋਬਿੰਦ ਰੇਖੇ, ਗੋਬਿੰਦ ਵੇਖੇ ਮਸਤਕ ਟਿੱਕਾ ਲਾਈਆ । ਗੋਬਿੰਦ ਭੇਟੇ ਗੋਬਿੰਦ ਖੇਟੇ, ਹਰਿ ਗੋਬਿੰਦ ਖੇਵਟ ਰੂਪ ਜਣਾਈਆ । ਗੋਬਿੰਦ ਜ਼ਾਹਰ ਗੋਬਿੰਦ ਪੇਟੇ, ਗੋਬਿੰਦ ਆਪਣਾ ਪੜਦਾ ਆਪ ਚੁਕਾਈਆ । ਗੋਬਿੰਦ ਅੱਗੇ ਗੋਬਿੰਦ ਬੇਟੇ, ਹਰਿ ਗੋਬਿੰਦ ਦਏ ਵਖਾਈਆ । ਗੋਬਿੰਦ ਪੁੱਤ ਨੀਹਾਂ ਹੇਠ ਲੇਟੇ, ਘਰ ਸਾਚੇ ਖ਼ੁਸ਼ੀ ਮਨਾਈਆ । ਗੋਬਿੰਦ ਅੰਤਰ ਗੋਬਿੰਦ ਵੇਖੇ, ਨੇਤਰ ਨੈਣ ਅੱਖ ਖੁਲ੍ਹਾਈਆ । ਗੋਬਿੰਦ ਜਣਾਏ ਗੋਬਿੰਦ ਚੇਤੇ, ਚੇਤਨ ਭੁੱਲ ਕਦੇ ਨਾ ਜਾਈਆ । ਗੋਬਿੰਦ ਖੇਲ ਗੋਬਿੰਦ ਖੇਡੇ, ਵਡ ਖਿਲਾਰੀ ਇਕ ਅਖਵਾਈਆ । ਗੋਬਿੰਦ ਸੇਜਾ ਗੋਬਿੰਦ ਲੇਟੇ, ਗੋਬਿੰਦ ਬੈਠਾ ਡੇਰਾ ਲਾਈਆ । ਗੋਬਿੰਦ ਪਿਤਾ ਗੋਬਿੰਦ ਬੇਟੇ, ਗੋਬਿੰਦ ਪੂਤ ਸਪੂਤ ਉਠਾਈਆ । ਗੋਬਿੰਦ ਲਹਿਣੇ ਗੋਬਿੰਦ ਲੇਖੇ, ਗੋਬਿੰਦ ਵਸਤ ਅਮੋਲਕ ਆਪ ਵਰਤਾਈਆ । ਗੋਬਿੰਦ ਨਰ ਗੋਬਿੰਦ ਨਰੇਸ਼ੇ, ਨਰ ਨਰਾਇਣ ਗੋਬਿੰਦ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰੂ ਦਏ ਸਮਝਾਈਆ । ਗੋਬਿੰਦ ਗੁਰ ਗੋਬਿੰਦ ਗੁਰਦੇਵ, ਸੁਆਮੀ ਗੁਰੂ ਗੋਬਿੰਦ ਅਖਵਾਇੰਦਾ । ਗੋਬਿੰਦ ਗੀਤ ਗੋਬਿੰਦ ਜਿਹਵ, ਗੋਬਿੰਦ ਰਸਨਾ ਸਿਫ਼ਤ ਸਾਲਾਇੰਦਾ । ਗੋਬਿੰਦ ਵਸਤ ਗੋਬਿੰਦ ਮੇਵ, ਗੋਬਿੰਦ ਫਲ ਗੋਬਿੰਦ ਝੋਲੀ

੨੫੩
੧੫

ਪਾਇੰਦਾ । ਗੋਬਿੰਦ ਖੇਲ੍ਹੇ ਗੋਬਿੰਦ ਭੇਵ, ਗੋਬਿੰਦ ਪੜਦਾ ਨਾ ਕੋਇ ਜਣਾਇੰਦਾ । ਗੋਬਿੰਦ ਦੇਵੀ ਦੇਵਤ ਵਸੇ ਧਾਮ ਸਦਾ ਨਿਹਕੇਵ, ਗੋਬਿੰਦ ਨਿਹਚਲ ਆਪਣਾ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਾਚਾ ਭੇਵ ਚੁਕਾਇੰਦਾ । ਗੋਬਿੰਦ ਸੁਤ ਗੋਬਿੰਦ ਜਾਇਆ, ਜਾਗਰਤ ਜੋਤ ਰੁਸ਼ਨਾਈਆ । ਗੋਬਿੰਦ ਪੜਦਾ ਗੋਬਿੰਦ ਲਾਹਿਆ, ਗੋਬਿੰਦ ਵੇਖੇ ਚਾਈਂ ਚਾਈਂਆ । ਗੋਬਿੰਦ ਬੈਠਾ ਗੋਬਿੰਦ ਦਰ ਸੀਸ ਝੁਕਾਇਆ, ਅਲਖ ਅਲਖ ਇਕੋ ਨਾਮ ਸੁਣਾਈਆ । ਗੋਬਿੰਦ ਤ੍ਰੈਗੁਣ ਮਾਇਆ ਡੇਰਾ ਢਾਹਿਆ, ਗੋਬਿੰਦ ਪੰਜ ਤਤ ਕਰੇ ਕੁੜਮਾਈਆ । ਗੋਬਿੰਦ ਰੰਗ ਮਹੱਲ ਦਏ ਵਖਾਇਆ, ਜਿਸ ਘਰ ਵਸੇ ਬੇਪਰਵਾਹੀਆ । ਗੋਬਿੰਦ ਸੂਰਾ ਸਰਬੰਗ ਨਾਦ ਵਜਾਇਆ, ਬ੍ਰਹਮ ਬ੍ਰਹਿਮਾਦ ਆਪ ਸ਼ਨਵਾਈਆ । ਗੋਬਿੰਦ ਲੱਖ ਚੁਰਾਸੀ ਵਿਚੋ ਬਾਹਰ ਕਢਾਇਆ, ਗੋਬਿੰਦ ਲੇਖਾ ਲੇਖੇ ਆਪਣੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਗੋਬਿੰਦ ਵੇਖੇ ਗੋਬਿੰਦ ਪੁੱਤ ਜਿਸ ਦੀ ਸੋਹੇ ਸੁਹੰਜਣੀ ਰੁੱਤ, ਭਿੰਨੜੀ ਰੈਣ ਰੁੱਤ ਮਹਿਕਾਈਆ । ਭਿੰਨੜੀ ਰੈਣ ਕਹੇ ਸੁਹੇਲੜੀਏ, ਉਠ ਨੇਤਰ ਖੋਲ੍ਹ ਵਿਚਾਰ । ਭਿੰਨੜੀ ਰੈਣ ਕਹੇ ਉਠ ਇਕੇਲੜੀਏ, ਚੌਥੇ ਜੁਗ ਖੋਲ੍ਹ ਇਕ ਕਿਵਾੜ । ਭਿੰਨੀ ਰੈਨੜੀਏ ਉਠ ਨਾਰ ਅਲਬੇਲੜੀਏ, ਹਰਿ ਕੰਤ ਭਗਵੰਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਸੁਤ ਗੋਬਿੰਦ ਜਨਮੇ, ਜਨਮ ਮਰਨ ਕਰਮ ਆਪ ਬਣਾਈਆ । ਗੋਬਿੰਦ ਬ੍ਰਹਮ ਗੋਬਿੰਦ ਬ੍ਰਹਮੇ, ਪਾਰਬ੍ਰਹਮ ਗੋਬਿੰਦ ਆਪ ਅਖਵਾਈਆ । ਗੋਬਿੰਦ ਓਟ ਗੋਬਿੰਦ ਸਰਨੇ, ਸਰਨਗਤ ਗੋਬਿੰਦ ਆਪ ਹੋ ਜਾਈਆ । ਗੋਬਿੰਦ ਅੱਖਰ ਗੋਬਿੰਦ ਪੜ੍ਹਨੇ, ਦੂਜਾ ਕਰੇ ਨਾ ਕੋਇ ਪੜ੍ਹਾਈਆ । ਗੋਬਿੰਦ ਅੰਦਰ ਗੋਬਿੰਦ ਰੂਪ ਵੜਨੇ, ਮੇਲ ਮਿਲਾਵਾ ਸਹਿਜ ਸੁਭਾਈਆ । ਗੋਬਿੰਦ ਮਹੱਲ ਗੋਬਿੰਦ ਸੁਤ ਚੜ੍ਹਨੇ, ਘਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਹੱਥ ਰਖਾਈਆ । ਗੋਬਿੰਦ ਪਿਤਾ ਪੂਤ ਹੋਏ ਪੁੱਤਰ, ਭੇਵ ਅਭੇਦ ਆਪ ਛੁਪਾਈਆ । ਦੁਲਾਰੇ ਵਾਰ ਕਰੇ ਸਚ ਸ਼ੁਕਰ, ਸ਼ੁਕਰੀਆ ਇਕੋ ਵਾਰ ਜਣਾਈਆ । ਤੇਰੀ ਧਾਰੋ ਆਉਣ ਉਤਰ, ਦਰ ਤੇਰੀ ਸੇਵ ਕਮਾਈਆ । ਜੋਤੀ ਮਾਤਾ ਚੁੱਕੇ ਕੁੱਛੜ, ਅੰਮ੍ਰਿਤ ਸੀਰ ਮੁਖ ਚੁਆਈਆ । ਧੁਰ ਦਾ ਪ੍ਰੇਮ ਭਗਤੀ ਦੇਵੇ ਮਿੱਠਾ ਟੁੱਕੜ, ਤ੍ਰਿਸਨਾ ਭੁੱਖ ਗਵਾਈਆ । ਲਹਿਣਾ ਦੇਣਾ ਚੁਕਾਏ ਕਲਜੁਗ ਬੁੱਚੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਆਪਣਾ ਕਰਮ ਕਮਾਈਆ । ਗੋਬਿੰਦ ਰੇਖ ਗੋਬਿੰਦ ਭੇਖ, ਭਵਿਸ਼ ਗੋਬਿੰਦ ਹੱਥ ਵਡਿਆਈਆ । ਗੋਬਿੰਦ ਨੇਤ ਗੋਬਿੰਦ ਖੇਤ, ਰਣ ਭੂਮੀ ਗੋਬਿੰਦ ਕਾਰ ਕਮਾਈਆ । ਗੋਬਿੰਦ ਵੇਸ ਗੋਬਿੰਦ ਖੇਡ, ਗੋਬਿੰਦ ਦੋ ਜਹਾਨਾਂ ਕਰੇ ਪੜ੍ਹਾਈਆ । ਗੋਬਿੰਦ ਨਰ ਗੋਬਿੰਦ ਨਰੇਸ਼, ਗੋਬਿੰਦ ਹੁਕਮ ਆਪ ਵਰਤਾਈਆ । ਗੋਬਿੰਦ ਦੇਵੇ ਗੋਬਿੰਦ ਭੇਤ, ਗੋਬਿੰਦ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਗੋਬਿੰਦ ਖੇਲ ਅਪਰ ਅਪਾਰਾ, ਜਗਤ ਵਾਰਤਾ ਕੋਇ ਨਾ ਗਾਈਆ । ਗੁਰ ਅਵਤਾਰ ਬਣ ਲਿਖਾਰਾ, ਕਾਤਬ ਕਲਮ ਕਾਨੀ ਗਏ ਚਲਾਈਆ । ਰਾਹ ਤੱਕਦੇ ਗਏ ਪਰਵਰਦਿਗਾਰਾ, ਸਾਚੇ ਟਿੱਲੇ ਧਿਆਨ ਲਗਾਈਆ । ਦੋਏ ਜੋੜ ਕਰਦੇ ਰਹੇ ਨਿਮਸਕਾਰਾ, ਸ੍ਰੀ ਭਗਵਾਨ ਤੇਰੀ ਸਰਨਾਈਆ । ਨੇਤਰ ਰੋਂਦੇ ਰਹੇ ਜ਼ਾਰੋ ਜ਼ਾਰਾ, ਛਹਿਬਰ ਇਕੋ ਇਕ ਲਗਾਈਆ । ਜਿਸ ਨੇ ਉਪਾਇਆ ਸੁਤ ਦੁਲਾਰਾ, ਸੋ ਗੋਬਿੰਦ ਹੋਏ ਸਹਾਈਆ । ਕਲਜੁਗ ਨਈਆ ਪਾਰ ਕਿਨਾਰਾ, ਸਈਆ ਸਾਹਿਬ ਦਏ ਸਮਝਾਈਆ । ਕੂੜਾ ਨਾਤਾ ਛੁਟੇ ਸੰਸਾਰਾ,

ਹਰਿਜਨ ਸਾਚਾ ਸੰਗ ਰਖਾਈਆ । ਅੰਦਰ ਬਾਹਰ ਕਰੇ ਪਿਆਰਾ, ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਈਆ । ਕੂੜੀ ਕਿਰਿਆ ਨਾ ਕੋਇ ਅਖਾੜਾ, ਵੇਸਵਾ ਨਾਚ ਨਾ ਕੋਇ ਨਚਾਈਆ । ਨਾ ਕੋਈ ਰੂਪ ਵਖਾਏ ਵਿਭਚਾਰਾ, ਵਿਭਚਾਰੀ ਨਜ਼ਰ ਕੋਇ ਨਾ ਪਾਈਆ । ਧੁਰ ਦਾ ਖੇਲ ਕਰੇ ਕਰਤਾਰਾ, ਕਰਨੀ ਕਰਤਾ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਦ ਵਡਿਆਈ ਸਾਚੇ ਬਾਲ, ਬਾਲ ਸਖਾਈ ਆਪ ਹੋ ਜਾਇੰਦਾ । ਨਾਮ ਵਜਾਏ ਇਕੋ ਤਾਲ, ਤਾਲ ਤਲਵਾੜਾ ਨਜ਼ਰ ਕੋਇ ਨਾ ਆਇੰਦਾ । ਮਾਣਕ ਮੋਤੀ ਦਏ ਉਛਾਲ, ਘਰ ਸਰੋਵਰ ਵੇਖ ਵਖਾਇੰਦਾ । ਸਾਚੀ ਸਿਖਿਆ ਇਕ ਸਿਖਾਲ, ਛੋਟੇ ਵੱਡਿਆਂ ਨਾਲ ਮਿਲਾਇੰਦਾ । ਪੁਰਖ ਅਕਾਲ ਹੋ ਦਿਆਲ, ਦੀਨਨ ਆਪਣੀ ਦਇਆ ਕਮਾਇੰਦਾ । ਸਾਚੀ ਸਚ ਸੇਵਾ ਜੋ ਜਨ ਰਹੇ ਘਾਲ, ਤਿਨ੍ਹਾਂ ਘਾਲੀ ਘਾਲ ਲੇਖੇ ਲਾਇੰਦਾ । ਗੋਬਿੰਦ ਘਰ ਉਪਜੇ ਗੋਬਿੰਦ ਲਾਲ, ਗੋਬਿੰਦ ਲਾਲ ਵਿਚ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਪਰਗਟਾਇੰਦਾ । ਧੁਰ ਦਾ ਲੇਖਾ ਉਘੜੇ ਅੰਤ, ਅੰਤਸ਼ਕਰਨ ਦਏ ਜਣਾਈਆ । ਸਰਬ ਵਿਆਪੀ ਇਕੋ ਮੰਤ, ਗੁਰ ਮੰਤਰ ਦਏ ਪੜ੍ਹਾਈਆ । ਮਿਲੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਹੋਏ ਰੁਸ਼ਨਾਈਆ । ਕੂੜ ਵਿਛੋੜਾ ਚੁੱਕੇ ਸ੍ਰੀ ਭਗਵੰਤ, ਅੱਠੇ ਪਹਿਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਸਤਿਗੁਰ ਅਤੀਤ, ਸਚ ਸਾਚੀ ਕਾਰ ਕਮਾਇੰਦਾ । ਪੂਤ ਸਪੂਤਾ ਬਾਲਾ ਨੱਢਾ ਸਰਜੀਤ, ਜੀਤ ਸਰ ਵਿਚੋ ਪਰਗਟਇੰਦਾ । ਜਿਸ ਵਿਚੋ ਉਪਜੇ ਹਸਤ ਕੀਟ, ਸੋ ਅਸਲ ਆਪਣੀ ਧਾਰ ਵਖਾਇੰਦਾ । ਅਗਲਾ ਪਿਛਲਾ ਖੇਲ ਸਦਾ ਅਨਡੀਠ, ਅਨਡਿਠੜੀ ਕਾਰ ਕਮਾਇੰਦਾ । ਹਰਿ ਸੰਗਤ ਬਣ ਕੇ ਹਰਿ ਜੂ ਮੀਤ, ਮਤਲਬ ਸਭ ਦਾ ਹੱਲ ਕਰਾਇੰਦਾ । ਭਿਖਾਰੀ ਹੋ ਕੇ ਮੰਗੇ ਭੀਖ, ਆਪਣੀ ਵਸਤ ਆਪੇ ਝੋਲੀ ਪਾਇੰਦਾ । ਦੂਰ ਦੁਰਾਡਾ ਚਲ ਆਏ ਨਜ਼ਦੀਕ, ਨਾਜ਼ਕ ਕੋਮਲ ਸੋਹਲ ਮਿਜ਼ਾਜ, ਸੁਹਬਤ ਜਨ ਭਗਤਾਂ ਨਾਲ ਮਿਲ ਕੇ ਪਾਇੰਦਾ । ਲੇਵਣ ਆਇਆ ਅੰਤ ਖ਼ਰਾਜ, ਚਾਰ ਜੁਗ ਦਾ ਲਹਿਣਾ ਵੇਖ ਵਖਾਇੰਦਾ । ਜਿਸ ਦੇ ਗੁਰੂ ਅਵਤਾਰ ਹੋਏ ਮੁਹਤਾਜ, ਸੋ ਮੁਤਲਾ ਸਭ ਨੂੰ ਆਪ ਕਰਾਇੰਦਾ । ਆਓ ਵੇਖੋ ਸਚ ਨਵਾਬ, ਬੇਨਕਾਬ ਫੇਰਾ ਪਾਇੰਦਾ । ਸੀਸ ਹੱਥ ਸਜਦਾ ਦੋਵੇਂ ਕਰਨ ਆਦਾਬ, ਆਦਤ ਪਿਛਲੀ ਆਪ ਬਦਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਮਾਜ ਇਕ ਸਮਝਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਧੁਰ ਦਾ ਰਾਜ, ਦਰਗਹਿ ਸਾਚੀ ਇਕ ਵਖਾਇੰਦਾ ।

## ✪ ੮ ਭਾਦਰੋ ੨੦੨੦ ਬਿਕ੍ਰਮੀ ਗੁਰਬਖ਼ਸ਼ ਸਿੰਘ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ ✪

ਗੁਰ ਅਵਤਾਰ ਸਾਰੇ ਆਖਣ, ਪੀਰ ਪੈਗ਼ੰਬਰ ਸੀਸ ਝੁਕਾਈਆ । ਨਾਥ ਅਨਾਥਾ ਬਣਿਆ ਸਾਥਨ, ਹਰਿ ਸਾਚਾ ਸੰਗ ਨਿਭਾਈਆ । ਚਾਰ ਵਰਨ ਕਰੇ ਦਾਸੀ ਦਾਸਨ, ਸਾਚੀ ਸੇਵ ਸਮਝਾਈਆ । ਲਹਿਣਾ ਚੁਕਾ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਵੇਖ ਵਖਾਈਆ । ਘਰ ਘਰ ਅੰਦਰ ਪਾਵੇ ਰਾਸਨ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਜਨਮ ਜਨਮ ਦੀ ਪੂਰੀ ਕਰੇ ਆਸਨ, ਹਰਿਜਨ ਸਾਚੇ ਵੇਖ ਵਖਾਈਆ । ਜਨਮ ਕਰਮ

ਦਾ ਤੋੜੇ ਫਾਸਨ, ਰਾਏ ਧਰਮ ਨਾ ਕੋਇ ਸਜ਼ਾਈਆ । ਸਚ ਸਰਨਾਈ ਗੁਰਮੁਖ ਲਾਗਣ, ਗੁਰ ਗੁਰ ਦੇ ਬੁਝਾਈਆ । ਲੱਖ ਚੁਰਾਸੀ ਵਿਚੋ ਵਰੋਲੇ ਮਾਖਣ, ਨਾਮ ਮਧਾਣਾ ਇਕੋ ਪਾਈਆ । ਧੁਰ ਸੰਦੇਸੇ ਸਭ ਨੂੰ ਭਾਖਣ, ਭਾਖਿਆ ਭਾਉ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਸਾਰੇ ਕਹਿਣ, ਸਚਖੰਡ ਵੱਜੇ ਵਧਾਈਆ । ਪੀਰ ਪੈਗ਼ੰਬਰ ਵੇਖਣ ਨੈਣ, ਨੇਤਰ ਅੱਖ ਖੁਲ੍ਹਾਈਆ । ਪੁਰਖ ਅਬਿਨਾਸ਼ੀ ਸਾਚਾ ਸੈਣ, ਸੱਜਣ ਇਕੋ ਸੰਗ ਨਿਭਾਈਆ । ਹਰਿਜਨ ਚੁਕਾਏ ਦੇਣ ਲੈਣ, ਨਾਮ ਵਸਤ ਅਮੋਲਕ ਝੋਲੀ ਪਾਈਆ । ਸਚ ਦੁਆਰੇ ਸਾਚੇ ਬਹਿਣ, ਦਰਗਹਿ ਸਚ ਮਿਲੀ ਵਡਿਆਈਆ । ਕੋਈ ਨਾ ਜਾਣੇ ਅੱਖ ਐਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਬੋਲ, ਸਚ ਜੈਕਾਰ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਸਰਗੁਣ ਵਸਿਆ ਕੋਲ, ਭਗਤ ਭਗਵੰਤ ਵੇਖ ਵਖਾਈਆ । ਨਾਮ ਨਿਧਾਨਾ ਨੌਜਵਾਨਾ ਸਚ ਵਜਾਏ ਢੋਲ, ਮਰਦੰਗਾ ਇਕੋ ਹੱਥ ਉਠਾਈਆ । ਧੁਰ ਦਰਬਾਰਾ ਹਰਿ ਨਿਰੰਕਾਰਾ ਸਚ ਕਿਵਾੜਾ ਦੇਵੇ ਖੋਲ੍ਹ, ਬਜਰ ਕਪਾਟੀ ਤੋੜ ਤੁੜਾਈਆ । ਅਨਰਾਗੀ ਅਨਡਿਠ ਅਨਡਿਠੜੇ ਧਾਮ ਪਏ ਬੋਲ, ਸਾਚਾ ਸੋਹਲਾ ਆਪ ਸੁਣਾਈਆ । ਸਚ ਵਸਤ ਸਦ ਮੇਰੇ ਕੋਲ, ਦੇਵਣਹਾਰ ਗੋਸਾਈਂਆ । ਲੱਖ ਚੁਰਾਸੀ ਵਿਚੋ ਟੋਲ, ਸੰਤ ਸੁਹੇਲੇ ਮਾਤ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਸਾਰੇ ਦੱਸਣ, ਦਹਿ ਦਿਸ਼ਾ ਧਿਆਨ ਲਗਾਈਆ । ਭਗਤ ਭਗਵਾਨ ਮਿਲ ਮਿਲ ਹੱਸਣ, ਜਗਤ ਯਾਰੀ ਆਪ ਰਖਾਈਆ । ਖ਼ੁਸ਼ੀਆਂ ਅੰਦਰ ਉਠ ਉਠ ਨੱਠਣ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਰਹੇ ਸੋਚ, ਸੋਚ ਸਮਝ ਸਮਝ ਕੋਇ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਖੇਲ ਕਰੇ ਖ਼ਾਮੋਸ਼, ਅਨਭਵ ਆਪਣੀ ਧਾਰ ਚਲਾਈਆ । ਜਿਸ ਦਰਸ਼ਨ ਨੂੰ ਰਹੇ ਲੋਚ, ਸੋ ਦਰਸ ਦੇਵੇ ਬੇਪਰਵਾਹੀਆ । ਸਾਚਾ ਭੋਗਣ ਰਿਹਾ ਭੋਗ, ਹਰਿਜਨ ਸਾਚਾ ਆਪ ਹੰਢਾਈਆ । ਭਗਤਾਂ ਝੱਲ ਨਾ ਸਕੇ ਵਿਜੋਗ, ਵਿਚਲੀ ਗੱਲ ਸਮਝ ਕਿਸੇ ਨਾ ਆਈਆ । ਜਿਸ ਘਰ ਹੋਵੇ ਧੁਰ ਸੰਜੋਗ, ਸੋ ਘਰ ਘਰ ਵਿਚ ਰਿਹਾ ਛੁਪਾਈਆ । ਖ਼ੁਸ਼ੀਆਂ ਨਾਲ ਗਾ ਕੇ ਸਚ ਸਲੋਕ, ਸਾਚਾ ਢੋਲਾ ਲਏ ਪਰਗਟਾਈਆ । ਹਰਿ ਭਗਤ ਦੁਆਰਾ ਭਗਵਨ ਕੋਟ, ਕੰਚਨ ਗੜ੍ਹ ਇਕੋ ਨਜ਼ਰੀ ਆਈਆ । ਸੋ ਪੁਰਖ ਨਿਰੰਜਣ ਸਦ ਪਰਗਟਾਏ ਬਿਮਲ ਜੋਤ, ਜੋਤੀ ਜੋਤ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲਾ ਸਹਿਜ ਸੁਭਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਧਿਆਨ, ਨੇਤਰ ਇਕੋ ਵਾਰ ਉਠਾਈਆ । ਅਬਿਨਾਸ਼ੀ ਕਰਤਾ ਹੋ ਮਿਹਰਵਾਨ, ਜਨ ਭਗਤਾਂ ਵੇਖ ਵਖਾਈਆ । ਬੁੱਢੇ ਬਾਲੇ ਵੇਖ ਜਵਾਨ, ਜੋਬਨ ਰੱਤਾ ਸੱਚਾ ਮਾਹੀਆ । ਸਚ ਸਚ ਬਣਾਏ ਸਾਚਾ ਕਾਹਨ, ਸਾਚੀ ਸਈਆ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਭੇਵ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਵਿਚਾਰ, ਹਰਿ ਵਿਚਾਰ ਵਿਚ ਕਿਸੇ ਨਾ ਆਈਆ । ਗ਼ਫ਼ਲਤ ਦੇ ਦਿਨ ਰਹਿ ਗਏ ਚਾਰ, ਆਲਸ ਨਿੰਦਰਾ ਦਏ ਮਿਟਾਈਆ । ਮੁਫ਼ਲਸ ਜੀਵ ਨਾ ਹੋਏ ਖ਼ਵਾਰ, ਸਭ ਦੀ ਖ਼ਵਾਰੀ ਦਏ ਗਵਾਈਆ । ਉਲਫ਼ਤ ਜਾਣੇ ਆਪੇ ਨਿਰੰਕਾਰ, ਮੁਸ਼ਕਲ ਮੁਸ਼ਕਲ ਹੱਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੨੫੬ ੧੫

ਆਪਣਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਧੁਰ ਦਾ ਏਕ, ਏਕੰਕਾਰ ਜਣਾਇੰਦਾ । ਸਤਿ ਦੁਆਰੇ ਸਾਚੀ ਟੇਕ, ਮਸਤਕ ਟਿੱਕਾ ਨਾਮ ਲਗਾਇੰਦਾ । ਜਨ ਭਗਤਾਂ ਕਰੇ ਸਾਚਾ ਹੇਤ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜੂ ਹਰਿ ਹਰਿ ਧਾਰ ਵਖਾਇੰਦਾ । ਹਰਿਜੂ ਵਖਾਏ ਹਰਿ ਕੀ ਧਾਰ, ਨਵ ਨੌ ਚਾਰ ਆਪ ਸਮਝਾਈਆ । ਬਿਨ ਸੱਦਿਆਂ ਆਵੇ ਮੀਤ ਮੁਰਾਰ, ਘਰ ਸਾਜਣ ਫੇਰਾ ਪਾਈਆ । ਚਤਰਭੁਜ ਭੇਵ ਨਿਆਰ, ਪਰਦਾ ਗੋਝ ਨਾ ਕੋਇ ਉਠਾਈਆ । ਸਾਚੀ ਸਖ਼ੀਆਂ ਮੰਗਲਚਾਰ, ਗੀਤ ਗੋਬਿੰਦ ਅਲਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਧਾਰ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਸੰਗ ਸਦਾ ਸਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸੋਚ, ਇਕੱਠੇ ਇਕੋ ਧਿਆਨ ਲਗਾਈਆ । ਨੇਤਰ ਖੋਲ੍ਹ ਵੇਖੇ ਚੌਦਾਂ ਲੋਕ, ਚੌਦਾਂ ਲੋਕਾਂ ਨਜ਼ਰ ਕੋਇ ਨਾ ਆਈਆ । ਪੁਰੀ ਲੋਅ ਬ੍ਰਹਿਮੰਡ ਖੰਡ ਲਏ ਘੋਖ, ਢੋਲਾ ਗੀਤ ਨਾ ਕੋਇ ਸੁਣਾਈਆ । ਸਚਖੰਡ ਦੁਆਰੇ ਕੋਈ ਨਾ ਮਾਣੇ ਮੌਜ, ਮੌਜੂਦਾ ਮਿਹਰਵਾਨ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਕਰਾਏ, ਕਰਨਹਾਰ ਕਰਤਾਰਾ । ਧੁਰ ਦੀ ਧਾਰ ਆਪ ਬੰਧਾਏ, ਸਾਚੀ ਕਰਨੀ ਕਰੇ ਅਪਾਰਾ । ਨਾਮ ਗੁਫ਼ਤਾਰ ਆਪ ਸੁਣਾਏ, ਸ਼ਬਦੀ ਸ਼ਬਦ ਬੋਲ ਜੈਕਾਰਾ । ਹਕੀਕਤ ਮਜਲਸ ਏਕਾ ਲਾਏ, ਹੱਕ ਵੇਖੇ ਪਰਵਰਦਿਗਾਰਾ । ਸਚ ਤੌਫ਼ੀਕ ਇਕ ਖ਼ੁਦਾਏ, ਖ਼ੁਦੀ ਕਰੇ ਨਾ ਕੋਇ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਦਰਬਾਰਾ । ਧੁਰ ਦਰਬਾਰ ਲੇਖ ਅਵੱਲਾ, ਸਮਝ ਕੋਇ ਨਾ ਪਾਈਆ । ਪਾਰਬ੍ਰਹਮ ਪ੍ਰਭ ਇਕ ਇਕੱਲਾ, ਹੁਕਮੀ ਹੁਕਮ ਵਰਤਾਈਆ । ਵੇਖਣਹਾਰਾ ਜਲ ਥਲਾ, ਡੂੰਘੀ ਭਵਰੀ ਖੋਜ ਖੁਜਾਈਆ । ਸਚ ਸੁਨੇਹੜਾ ਏਕਾ ਘੱਲਾ, ਆਤਮ ਪਰਮਾਤਮ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਉਠਾਏ ਬੇਨਜ਼ੀਰ, ਤਸਵੀਰ ਰੂਪ ਨਾ ਕੋਇ ਵਖਾਇੰਦਾ । ਕਲਜੁਗ ਅੰਤਮ ਵੇਖ ਅਖ਼ੀਰ, ਪੁਰਖ ਅਕਾਲ ਵੇਸ ਵਟਾਇੰਦਾ । ਸ਼ਰਅ ਸ਼ਰੀਅਤ ਤੋੜ ਜ਼ੰਜੀਰ, ਸਚ ਸੁਚ ਆਪ ਸਮਝਾਇੰਦਾ । ਪੀਰ ਪੈਗ਼ੰਬਰ ਜੋ ਕਰ ਕੇ ਗਏ ਤਹਿਰੀਰ, ਸੋ ਤਹਿਰੀਰ ਤਾਅਰੀਫ਼ ਰੂਪ ਵਖਾਇੰਦਾ । ਰਾਹ ਦੱਸਦੇ ਗਏ ਸ਼ਾਹ ਹਕੀਰ, ਹਾਕਮ ਇਕੋ ਇਕ ਅਖਵਾਇੰਦਾ । ਕਲਜੁਗ ਤੋੜ ਸ਼ਰਅ ਜ਼ੰਜੀਰ, ਸਾਖਿਆਤ ਆਪਣਾ ਹੁਕਮ ਸਮਝਾਇੰਦਾ । ਪਰਗਟ ਹੋ ਵਡ ਪੀਰਨ ਪੀਰ, ਪਾਰਬ੍ਰਹਮ ਪ੍ਰਭ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸ਼ਮਸ਼ੀਰ ਹੱਥ ਉਠਾਇੰਦਾ । ਸਚ ਸ਼ਮਸ਼ੀਰ ਪਕੜੇ ਹੱਥ, ਸ੍ਰੀ ਭਗਵਾਨ ਵੱਡੀ ਵਡਿਆਈਆ । ਕਲਜੁਗ ਅੰਤਮ ਦੇਵੇ ਵੱਥ, ਹਰਿਜਨ ਸਾਚੇ ਨਾਲ ਮਿਲਾਈਆ । ਅੰਦਰ ਵੜ ਕੇ ਖੋਲ੍ਹੇ ਅੱਖ, ਆਪਣਾ ਭੇਵ ਦਏ ਜਣਾਈਆ । ਹਿਰਦੇ ਅੰਤਰ ਜਾਏ ਵਸ, ਪ੍ਰੇਮ ਪ੍ਰੀਤੀ ਬੰਧਨ ਪਾਈਆ । ਭਗਤ ਦੁਆਰ ਇਕ ਇਕੱਠ, ਏਕੰਕਾਰ ਆਪ ਵਖਾਈਆ । ਹਰਿਜਨ ਰੱਖਿਆ ਧੀਰਜ ਹਠ, ਸਚ ਸੁਚਮ ਲੱਭੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਸਾਚਾ ਹੁਕਮ ਸਚ ਸੁਣਾਉਣਾ, ਗੁਰ ਸਤਿਗੁਰ ਆਪ ਜਣਾਈਆ । ਹਰਿ ਸੰਗਤ ਸਾਚਾ ਮਾਣ ਰਖਾਉਣਾ, ਮਨ ਮਨਸਾ ਮੋਹ ਮਿਟਾਈਆ । ਸਤਿ ਧਰਮ ਦਾ ਰੰਗ ਚੜ੍ਹਾਉਣਾ, ਉਤਰ

ਕਦੇ ਨਾ ਜਾਈਆ । ਧਰਮ ਦੁਆਰਾ ਇਕ ਵਖਾਉਣਾ, ਜਿਸ ਘਰ ਵੱਜੇ ਨਾਮ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਮੇਲ ਮਿਲਾਉਣਾ, ਘਰ ਮੇਲਾ ਏਕਾ ਥਾਈਆ । ਅੰਤਮ ਲੇਖਾ ਸਰਬ ਚੁਕਾਉਣਾ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਜਣਾਈਆ । ਸਾਚਾ ਲੇਖਾ ਹਰਿ ਜੂ ਸੰਗਤ, ਸਚਖੰਡ ਨਿਵਾਸੀ ਆਪ ਜਣਾਇੰਦਾ । ਧੁਰ ਦਰਗਾਹੀ ਅਗੰਮੀ ਪੰਡਤ, ਵਿਦਿਆ ਬੋਧ ਅਗਾਧ ਸਮਝਾਇੰਦਾ । ਮਾਣਸ ਜਨਮ ਨਾ ਹੋਏ ਖੰਡਤ, ਖੰਡਾ ਖੜਗ ਆਪ ਚਮਕਾਇੰਦਾ । ਗੁਰਮੁਖ ਹੋਏ ਕਦੇ ਨਾ ਮੰਗਤ, ਸਾਚੀ ਭਿਛਿਆ ਆਪ ਵਰਤਾਇੰਦਾ । ਗੜ੍ਹ ਤੋੜ ਹਉਮੇਂ ਹੰਗਤ, ਨਿਵਣ-ਸੋ-ਅੱਖਰ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਸਾਚੇ ਕਰੇ ਪਾਰ, ਪਾਰ ਉਤਾਰਾ ਸਕੇ ਨਾ ਕੋਇ ਜਣਾਈਆ । ਜਗਤ ਪਿਆਰਾ ਕਰ ਪਿਆਰ, ਪ੍ਰੇਮੀ ਪ੍ਰੇਮਿਕਾ ਵੇਖ ਵਖਾਈਆ । ਪੁਰਖ ਅਕਾਲ ਹੋ ਤਿਆਰ, ਤ੍ਰੈਗੁਣ ਅਤੀਤਾ ਵੇਸ ਵਟਾਈਆ । ਭਗਤ ਭਗਵੰਤ ਲਏ ਉਭਾਰ, ਸਿਰ ਆਪਣਾ ਹੱਥ ਟਿਕਾਈਆ । ਜਿਨ੍ਹਾਂ ਵਿਸਰਿਆ ਘਰ ਬਾਰ, ਜਗ ਦਿਸੇ ਵਸਤ ਪਰਾਈਆ । ਸੋ ਗੁਰਮੁਖ ਸੇਵਾਦਾਰ, ਸਾਚੀ ਸੇਵ ਇਕ ਕਮਾਈਆ । ਜਿਸ ਸੇਵਾ ਦਾ ਫਲ ਰਹੇ ਜੁਗ ਚਾਰ, ਚੌਕੜ ਬੈਠੇ ਸੀਸ ਝੁਕਾਈਆ । ਜਿਸ ਦੀ ਪਿਛੋ ਸਿਫ਼ਤ ਕਰਨ ਅਵਤਾਰ, ਗੁਰ ਗੁਰ ਦੇਣ ਗਵਾਹੀਆ । ਸੋ ਭਗਵਨ ਭਗਤਾਂ ਰਿਹਾ ਤਾਰ, ਭਾਗ ਆਪਣਾ ਝੋਲੀ ਪਾਈਆ । ਦੀਆ ਇਕ ਹੋਏ ਉਜਿਆਰ, ਜੋਤ ਸ਼ਮਅ ਬੁਝ ਕਦੇ ਨਾ ਜਾਈਆ । ਕੂੜੀ ਕਿਰਿਆ ਮੇਟ ਅੰਧਿਆਰ, ਚਾਂਦਨਾ ਚੰਦ ਦਏ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਰਿਹਾ ਵਖਾਈਆ । ਗੁਰ ਅਵਤਾਰ ਵੇਖੋ ਆ, ਆਦਮ ਰਿਹਾ ਜਣਾਈਆ । ਕਰੇ ਖੇਲ ਸਹਿਜ ਸੁਭਾ, ਹੱਵਾ ਹਵਾਸ ਨਾ ਕੋਇ ਰਖਾਈਆ । ਨੂਰ ਨੁਰਾਨਾ ਬੇਪਰਵਾਹ, ਧੁਰ ਦੀ ਧਾਰ ਆਪ ਪਰਗਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਿਆ ਹੰਢਾ, ਤੇਈ ਅਵਤਾਰਾਂ ਵੇਸ ਵਟਾਈਆ । ਸਾਚਾ ਦੱਸਦਾ ਰਿਹਾ ਰਾਹ, ਜੁਗ ਜੁਗ ਆਪਣਾ ਹੁਕਮ ਸੁਣਾਈਆ । ਕਲਜੁਗ ਅੰਤ ਬਣ ਮਲਾਹ, ਨਿਰਗੁਣ ਆਪਣਾ ਫੇਰਾ ਪਾਈਆ । ਸਾਚੇ ਸੰਤ ਲਏ ਉਠਾ, ਗੁਰ ਮੰਤ ਇਕ ਪੜ੍ਹਾਈਆ । ਆਤਮ ਅੰਤਰ ਬੂਝ ਦਏ ਬੁਝਾ, ਜਗਤ ਬਸੰਤਰ ਦਏ ਗਵਾਈਆ । ਸਾਚੀ ਸੂਝ ਦੇਵੇ ਪਾ, ਬਜਰ ਕਪਾਟੀ ਤੋੜ ਤੁੜਾਈਆ । ਮੂਰਖ ਮੂੜ੍ਹੇ ਧੰਦੇ ਲਾ, ਨਾਮ ਭੰਡਾਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਨਿਰਾਲਾ, ਹਰਿ ਕਰਤਾ ਆਪ ਕਰਾਈਆ । ਜਨ ਭਗਤਾਂ ਦੇਵੇ ਨਾਮ ਸੁਖਾਲਾ, ਸੋਹੰ ਢੋਲਾ ਇਕ ਸੁਣਾਈਆ । ਤ੍ਰੈਗੁਣ ਮਾਇਆ ਤੁਟੇ ਜੰਜਾਲਾ, ਪੰਜ ਤਤ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਹੁਕਮ ਵਰਤੇ ਆਪ, ਪ੍ਰਭ ਵੱਡਾ ਵਡ ਵਡਿਆਈਆ । ਸਚ ਦੁਆਰੇ ਬਣੇ ਸਾਚਾ ਜਾਪ, ਜਪ ਜਾਪ ਦਏ ਉਪਜਾਈਆ । ਦੁਰਮਤ ਕਲੇਵਰ ਧੋਵੇ ਪਾਪ, ਮੈਲ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਪੁਰਖ ਅਕਾਲ ਵਸਿਆ ਸਾਥ, ਤਿਨ੍ਹਾਂ ਭੈ ਨਾ ਕੋਇ ਵਖਾਈਆ । ਇਕੋ ਰੱਖ ਕੇ ਬੈਠੇ ਆਸ, ਹਰਿ ਮਿਲੇ ਸਚ ਸਰਨਾਈਆ । ਜਨਮ ਕਰਮ ਦੀ ਬੁਝੇ ਪਿਆਸ, ਪੂਰਬ ਲੇਖਾ ਪੰਧ ਮੁਕਾਈਆ । ਲਹਿਣਾ ਚੁਕੇ ਮਸਤਕ ਮਾਥ, ਰੇਖਾ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ

ਸਾਚੇ ਲਏ ਤਰਾਈਆ । ਹਰਿਜਨ ਸਾਚਾ ਸੇਵਾਦਾਰ, ਸੇਵਕ ਰੂਪ ਵਟਾਈਆ । ਪੁਰਖ ਅਕਾਲ ਬਣੇ ਮਦਦਗਾਰ, ਮੁੱਦਤ ਆਪਣੀ ਨਾਲ ਪਰਗਟਾਈਆ । ਉਦਮ ਕਰੇ ਅਪਰ ਅਪਾਰ, ਉਧੋ ਸੇਵਾ ਇਕ ਸਮਝਾਈਆ । ਸਾਚੀ ਸਖੀਆਂ ਮੰਗਲਾਚਾਰ, ਘਰ ਸਾਚੇ ਨਾਮ ਵੱਜੇ ਵਧਾਈਆ । ਘਰ ਪ੍ਰੀਤਮ ਪਿਆਰਾ ਕਰੇ ਸਚ ਪਿਆਰ, ਸੇਜ ਸੁਹੰਜਣੀ ਇਕ ਸੁਹਾਈਆ । ਸੋ ਗੁਰਮੁਖ ਉਧਰੇ ਪਾਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਪਾਈਆ । ਹਰਿਜਨ ਲੇਖਾ ਗੁਰ ਕਾ ਰੰਗ, ਘਰ ਸਾਚੇ ਆਪ ਰੰਗਾਇੰਦਾ । ਜੁਗ ਚੌਕੜੀ ਮੰਗੇ ਮੰਗ, ਦੇਵਣਹਾਰ ਦਇਆ ਕਮਾਇੰਦਾ । ਜਨ ਭਗਤ ਸੇਵਾ ਹੋਏ ਨਾ ਭੰਗ, ਦਰ ਸਾਚੇ ਜੋ ਕਮਾਇੰਦਾ । ਦੋ ਜਹਾਨ ਮਿਲੇ ਅਨੰਦ, ਅਨੰਦ ਇਕੋ ਨਜ਼ਰੀ ਆਇੰਦਾ । ਪਿਛਲਾ ਭੁੱਲ ਜਾਏ ਗਾਉਣਾ ਛੰਦ, ਆਤਮ ਪਰਮਾਤਮ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰਕੇ ਖ਼ਾਸ, ਖ਼ਾਲਸ ਖ਼ਾਲਸਾ ਲਏ ਬਣਾਈਆ । ਜਿਸ ਦੀ ਗੁਰ ਅਵਤਾਰ ਰੱਖ ਕੇ ਗਏ ਆਸ, ਸੋ ਅਸਲ ਆਪਣਾ ਰੂਪ ਪਰਗਟਾਈਆ । ਘਟ ਘਟ ਵੇਖੇ ਸਰਬ ਸਵਾਸ, ਪਵਣ ਪਵਣਾਂ ਖੋਜ ਖੁਜਾਈਆ । ਲੇਖ ਚੁਕਾਏ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੁਜਾਈਆ । ਜਨ ਭਗਤ ਦੁਆਰੇ ਪਾਵੇ ਰਾਸ, ਸਵਾਂਗੀ ਆਪਣਾ ਸਵਾਂਗ ਵਟਾਈਆ । ਗੁਰਮੁਖਾਂ ਇਕੋ ਵਾਰ ਦੇਵੇ ਸ਼ਾਬਾਸ, ਮਿਹਰ ਨਜ਼ਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਸੰਤ ਸੁਹੇਲੇ, ਕਰ ਕਿਰਪਾ ਹਰਿ ਠਾਕਰ ਮੇਲੇ, ਮਿਲਣੀ ਜਗਦੀਸ ਆਪ ਕਰਾਈਆ । ਮਿਲਣੀ ਜਗਦੀਸ ਕਰੇ ਜਗ ਨਿਤ, ਨਵਿਤ ਫੇਰਾ ਪਾਇੰਦਾ । ਗੁਰਮੁਖ ਗੁਰ ਗੁਰ ਕਰ ਕਰ ਹਿਤ, ਸਾਚੀ ਜੋੜੀ ਜੋੜ ਜੁੜਾਇੰਦਾ । ਸਾਚਾ ਕਰਮ ਦੇਵੇ ਲਿਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਕਿਰਪਾ ਦੇਵੇ ਆਪਣਾ ਦਾਨ, ਗੁਰ ਬਖ਼ਸ਼ਸ਼ ਬਖ਼ਸ਼ੀਸ਼ ਝੋਲੀ ਪਾਇੰਦਾ ।



### ੯ ਭਾਦਰੋ ੨੦੨੦ ਬਿਕ੍ਰਮੀ ਹਰਭਜਨ ਸਿੰਘ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ

ਲੇਖਾ ਜਾਣੇ ਹਰਿ ਜੂ ਸਗਲਾ, ਦੋ ਜਹਾਨਾਂ ਵੇਖ ਵਖਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਭੇਵ ਜਾਣੇ ਆਪਣਾ ਅਗਲਾ, ਰਸਨਾ ਕਹਿ ਨਾ ਕੋਇ ਸਮਝਾਇੰਦਾ । ਕਲਜੁਗ ਕੂੜ ਕੁੜਿਆਰ ਚਾਰ ਕੁੰਟ ਹੋਇਆ ਪਗਲਾ, ਧੀਰਜ ਧੀਰ ਨਾ ਕੋਇ ਵਖਾਇੰਦਾ । ਵਰਨ ਬਰਨ ਹੋਇਆ ਕੰਗਲਾ, ਹਰਿ ਕਾ ਨਾਮ ਦਰ ਨਜ਼ਰ ਕਿਸੇ ਨਾ ਆਇੰਦਾ । ਸਾਧ ਸੰਤ ਭੌਂਦੇ ਜੰਗਲਾਂ, ਕਾਇਆ ਜੂਹ ਖੋਜ ਨਾ ਕੋਇ ਖੁਜਾਇੰਦਾ । ਘਰ ਨਾਦ ਨਾ ਸੁਣਿਆ ਕੋਈ ਮੰਗਲਾ, ਢੋਲਕ ਛੈਣੇ ਸਰਬ ਵਜਾਇੰਦਾ । ਸਚ ਮਹੱਲ ਨਾ ਸੋਹਿਆ ਬੰਗਲਾ, ਜਗਤ ਗੜ੍ਹ ਵਡ ਵਡਿਆਇੰਦਾ । ਨਿਰਗੁਣ ਨਿਰਵੈਰ ਲੱਖ ਚੁਰਾਸੀ ਚੁਕਾਵਣਹਾਰਾ ਬਦਲਾ, ਬਦਲੀ ਤਬਦੀਲੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਕਲਜੁਗ ਕੂੜਾ ਪਾਗਲਪਨ, ਚਾਰੋ ਕੁੰਟ ਰਿਹਾ ਵਖਾਈਆ । ਸ੍ਰਿਸ਼ਟ ਸਬਾਈ ਹੋਈ ਨੇਤਰ ਅੰਨ੍ਹ, ਨਿਜ ਨੇਤਰ ਨਾ

ਕੋਇ ਖੁਲ੍ਹਾਈਆ । ਪੜ੍ਹ ਪੜ੍ਹ ਸੁਣ ਸੁਣ ਕਹਿਣ ਧੰਨ ਧੰਨ, ਘਰ ਦਰਸਨ ਦੀਦਾਰ ਕੋਇ ਨਾ ਪਾਈਆ । ਸਰਵਣ ਥੱਕੇ ਸੁਣ ਸੁਣ ਕੰਨ, ਕਾਨੀ ਤੀਰ ਨਾ ਕੋਇ ਲਗਾਈਆ । ਨੇਤਰ ਥੱਕੇ ਵੇਖ ਵੇਖ ਚੰਨ, ਘਰ ਨਿਰਗੁਣ ਜੋਤ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਖਿਲਾਈਆ । ਪਾਗਲ ਹੋ ਕੇ ਹੋਇਆ ਬਵਰਾ, ਬਾਹਰ ਭੱਜੇ ਵਾਹੋ ਦਾਹੀਆ । ਹਰਿ ਕਾ ਖੇਲ ਗਹਿਰ ਗਵਰਾ, ਸਮਝ ਨਾ ਸਕੇ ਕੋਈ ਰਾਈਆ । ਖੇਲੇ ਖੇਲ ਅਵਰ ਕੀ ਅਵਰਾ, ਭੇਵ ਅਭੇਦਾ ਆਪ ਜਣਾਈਆ । ਮਾਣਸ ਜਨਮ ਗੁਰਮੁਖ ਵਿਰਲੇ ਸਵਰਾ, ਜਿਸ ਸਤਿਗੁਰ ਮਿਲਿਆ ਬੇਪਰਵਾਹੀਆ । ਲੱਖ ਚੁਰਾਸੀ ਸੜੀ ਦੱਬੀ ਮੜੀ ਕਬਰਾ, ਕਬਰਸਤਾਨ ਦੇਣ ਦੁਹਾਈਆ । ਸਾਚਾ ਕਾਰਜ ਕਿਸੇ ਨਾ ਸਵਰਾ, ਸਬਰ ਪਿਆਲਾ ਜਾਮ ਨਾ ਕੋਇ ਪਿਆਈਆ । ਗੁਰਦਰ ਮੰਦਰ ਵਜੌਂਦੇ ਫਿਰਦੇ ਤਬਲਾ, ਤਨ ਰਬਾਬ ਨਾ ਕੋਇ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਵੇਖੇ ਖੇਲ, ਕਲਜੁਗ ਅੰਤਮ ਵੇਸ ਵਟਾਈਆ । ਸੁਰਤ ਸ਼ਬਦ ਨਾ ਕੋਈ ਮੇਲ, ਭਰਮੇ ਭੁੱਲੀ ਸਰਬ ਲੋਕਾਈਆ । ਘਰ ਆਤਮ ਪਰਮਾਤਮ ਚੜ੍ਹਿਆ ਨਾ ਕੋਇ ਤੇਲ, ਸਾਚਾ ਸਗਨ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣਾ ਹੁਕਮ ਵਰਤਾਈਆ । ਕਲਜੁਗ ਪਾਗਲ ਰਿਹਾ ਦੌੜ, ਚਾਰੋ ਕੁੰਟ ਵਾਹੋ ਦਾਹੀਆ । ਲੱਖ ਚੁਰਾਸੀ ਰੀਠਾ ਵੇਖੇ ਕੌੜ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਸਾਧ ਸੰਤ ਬੈਠੇ ਅੰਧ ਘੋਰ, ਨਿਰਗੁਣ ਨੂਰ ਚੰਦ ਨਾ ਕੋਇ ਚਮਕਾਈਆ । ਰਸਨਾ ਜਿਹਵਾ ਕੂਕ ਕੂਕ ਮਚਾਵਣ ਸ਼ੋਰ, ਸ਼ਹਿਨਸ਼ਾਹ ਨਜ਼ਰ ਕਿਸੇ ਨਾ ਆਈਆ । ਦੂਜੇ ਹੱਥ ਫੜਾ ਕੇ ਡੋਰ, ਜਗਤ ਗੁਡੀਆ ਰਹੇ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਕਲਜੁਗ ਪਾਗਲ ਰਿਹਾ ਨੱਠ, ਚਾਰ ਕੁੰਟ ਵਾਹੋ ਦਾਹੀਆ । ਚਾਰ ਵਰਨਾਂ ਵੇਖੇ ਤੁਟਾ ਹਠ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਤਿ ਸਰੂਪ ਨਾ ਕੋਇ ਸਮਾਈਆ । ਫਿਰ ਫਿਰ ਵੇਖੇ ਤੀਰਥ ਤਟ ਅਠਸਠ, ਸਚ ਸੁਚ ਨਜ਼ਰ ਕੋਇ ਨਾ ਆਈਆ । ਸਾਧ ਸੰਤ ਜੀਵ ਜੰਤ ਨਾੜ ਬਹੱਤਰ ਉਬਲੇ ਰੱਤ, ਰਤੀ ਰਤ ਨਾ ਕੋਇ ਸੁਕਾਈਆ । ਅੰਤਰ ਆਤਮ ਮਿਲੇ ਨਾ ਬ੍ਰਹਮ ਮਤ, ਮਨ ਮਤ ਹੋਏ ਹਲਕਾਈਆ । ਲੱਗੀ ਅੱਗ ਪੰਜ ਤੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜਗਤ ਮਾਰਗ ਰਹੇ ਦੱਸ, ਆਪਣਾ ਰਾਹ ਨਜ਼ਰ ਕਿਸੇ ਨਾ ਆਈਆ । ਜਗਤ ਸਮੇਲਨ ਕਰ ਇਕੱਠ, ਉਚੀ ਕੂਕਣ ਢੋਲਾ ਗਾਈਆ । ਨਿਜ ਨੇਤਰ ਨਜ਼ਰ ਨਾ ਆਏ ਪੁਰਖ ਸਮਰਥ, ਘਰ ਸਾਚੇ ਦਰਸ ਦਿਖਾਈਆ । ਸਿਮਰਨ ਪੂਜਾ ਪਾਠ ਜੋਗ ਅਭਿਆਸ ਕਰਦੇ ਤਪ, ਉਚੇ ਟਿੱਲੇ ਪਰਬਤ ਡੂੰਘੀ ਕੰਦਰ ਧਿਆਨ ਲਗਾਈਆ । ਸਾਚੇ ਮੰਦਰ ਸਾਢੇ ਤਿੰਨ ਹੱਥ ਅੰਦਰ ਕੋਈ ਨਾ ਲਏ ਲੱਭ, ਬਾਹਰ ਖੋਜੇ ਸਰਬ ਲੋਕਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਆਤਮ ਸੇਜਾ ਬੈਠਾ ਸਜ, ਸਚ ਸਿੰਘਾਸਣ ਸੋਭਾ ਪਾਈਆ । ਸ਼ਬਦ ਅਗੰਮ ਅਨਾਦ ਨਾਦੀ ਵਜਾਏ ਨਦ, ਅਨਹਦ ਸਾਚੀ ਸੇਵ ਲਗਾਈਆ । ਜਗਤ ਦੁਆਰਾ ਕਰਾਏ ਪਾਰ ਹੱਦ, ਘਰ ਇਕੋ ਇਕ ਵਖਾਈਆ । ਸਾਚਾ ਢੋਲਾ ਸੋਹਲਾ ਗਾਏ ਰਾਗ ਛੰਦ, ਤੂੰ ਮੇਰਾ ਮੈਂ ਤੇਰਾ ਇਕੋ ਨਾਮ ਧਿਆਈਆ । ਲਹਿਣਾ ਚੁਕੇ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਵਡਿਆਈਆ । ਘਰ ਪਰਮੇਸ਼ਵਰ ਦੇਵੇ ਪਰਮਾਨੰਦ, ਨਿਜ ਆਤਮ ਕਰੇ ਰਸਾਈਆ । ਨਾਮ ਭੰਡਾਰਾ ਖੋਲ੍ਹ ਗੰਢ, ਵਸਤ ਅਮੋਲਕ ਘਰ ਵਰਤਾਈਆ । ਨਿਰਗੁਣ ਜੋਤ

੨੬੦
੧੫

੨੬੧
੧੫

ਚਾੜ੍ਹ ਚੰਦ, ਅੰਧ ਅੰਧੇਰ ਗਵਾਈਆ । ਸਚ ਮਹੱਲੇ ਆਪੇ ਲੰਘ, ਉਚ ਅਟੱਲੇ ਵੇਖ ਵਖਾਈਆ । ਸਤਿ ਸਰੂਪੀ ਚਾੜ੍ਹੇ ਰੰਗ, ਉਤਰ ਕਦੇ ਨਾ ਜਾਈਆ । ਜਨ ਭਗਤਾਂ ਪੂਰੀ ਕਰੇ ਮੰਗ, ਪ੍ਰਭ ਦਾਤਾ ਬੇਪਰਵਾਹੀਆ । ਮਾਣਸ ਜਨਮ ਨਾ ਹੋਏ ਭੰਗ, ਲੱਖ ਚੁਰਾਸੀ ਲੇਖ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਕਲਜੁਗ ਪਾਗਲ ਪਾਵੇ ਰੌਲਾ, ਰਸਨਾ ਜਿਹਵਾ ਕੂਕ ਸੁਣਾਈਆ । ਕੋਈ ਨਾ ਕਰੇ ਭਾਰ ਹੌਲਾ, ਸਿਰ ਗਠੜੀ ਪਾਪ ਉਠਾਈਆ । ਪਰਵਰਦਿਗਾਰ ਬੇਪਰਵਾਹ ਨਜ਼ਰ ਨਾ ਆਏ ਮੌਲਾ, ਮੁਸ਼ਕਲ ਹੱਲ ਦਏ ਕਰਾਈਆ । ਨਿਉਂ ਕੇ ਤੱਕੇ ਪੁਰਖ ਅਕਾਲ ਦੀਨ ਦਿਆਲ ਗੋਬਿੰਦ ਨਾਲ ਕਰਕੇ ਗਿਆ ਕੌਲਾ, ਇਕਰਾਰ ਇਕੋ ਘਰ ਜਣਾਈਆ । ਕਲਜੁਗ ਅੰਤ ਨਿਹਕਲੰਕ ਸ੍ਰੀ ਭਗਵੰਤ ਪਰਗਟ ਹੋਏ ਉਪਰ ਧੌਲਾ, ਧਰਨੀ ਧਰਤ ਧਵਲ ਵੇਖ ਵਖਾਈਆ । ਦੋ ਜਹਾਨ ਨੌਜਵਾਨ ਮਰਦ ਮਰਦਾਨ ਸ਼ਾਹ ਸੁਲਤਾਨ ਇਕ ਸੁਣਾਏ ਬੋਲਾ, ਲੋਅ ਪੁਰੀ ਆਕਾਸ਼ ਬ੍ਰਹਿਮੰਡ ਖੰਡ ਦੋ ਜਹਾਨ ਇਕੋ ਹੁਕਮ ਵਰਤਾਈਆ । ਸਤਿ ਧਰਮ ਸਚ ਦੁਆਰ ਏਕੰਕਾਰ ਇਕੋ ਖੋਲ੍ਹਾ, ਖ਼ਾਲਕ ਖ਼ਲਕ ਮਖ਼ਲੂਕ ਦਏ ਸਮਝਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਨਿਰਗੁਣ ਸਰਗੁਣ ਬਣੇ ਤੋਲਾ, ਨਾਮ ਕੰਡਾ ਹੱਥ ਉਠਾਈਆ । ਧੁਰਦਰਗਾਹੀ ਬੇਪਰਵਾਹੀ ਸ਼ਬਦ ਅਗੰਮ ਲੈ ਕੇ ਆਏ ਡੋਲਾ, ਸੰਤ ਸੁਹੇਲੇ ਗੁਰੂ ਗੁਰ ਚੇਲੇ ਸਾਜਣ ਸਾਚੇ ਵਿਚ ਬਹਾਈਆ । ਸਚਖੰਡ ਦੁਆਰਾ ਹਰਿ ਕਰਤਾਰਾ ਏਕਾ ਏਕ ਖੋਲ੍ਹਾ, ਤਾਕ ਬੰਦ ਨਾ ਕੋਇ ਵਖਾਈਆ । ਚਰਨ ਪ੍ਰੀਤੀ ਸਾਚੀ ਰੀਤੀ ਨੀਤੀਵਾਨ ਜੋ ਘੋਲੀ ਘੋਲਾ, ਕੀਤੀ ਘਾਲ ਲੇਖੇ ਲਾਈਆ । ਲਹਿਣਾ ਚੁਕਿਆ ਕਲਾ ਸੋਲਾ, ਕਰੇ ਖੇਲ ਸਾਹਿਬ ਅਨਮੋਲਾ, ਅਨਗਿਣਤ ਆਪਣੀ ਧਾਰ ਚਲਾਈਆ । ਸ਼ਬਦ ਸਰੂਪੀ ਬਣ ਵਿਚੋਲਾ, ਜਨ ਭਗਤਾਂ ਚੁਕਾਏ ਪੜਦਾ ਓਹਲਾ, ਘਰ ਘਰ ਵਿਚ ਮੰਦਰ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਕਲਜੁਗ ਪਾਗਲ ਰਿਹਾ ਕੂਕ, ਕੁਲਾ ਖੰਡ ਦਏ ਦੁਹਾਈਆ । ਚਾਰ ਕੁੰਟ ਮੇਰੀ ਚੁਕੀ ਚੂਕ, ਚਕਨਾਚੂਰ ਮੇਰੀ ਲੋਕਾਈਆ । ਅੰਦਰੋ ਥੋਥੇ ਹੋਏ ਵਾਂਗ ਭੂਕ, ਨਾਮ ਸਤਿ ਨਜ਼ਰ ਕੋਇ ਨਾ ਆਈਆ । ਬਾਹਰੋ ਦਿਸੇ ਪੰਜ ਤਤ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੈਠਾ ਗੰਢ ਪਵਾਈਆ । ਅੰਦਰ ਵੜ ਕੋਈ ਨਾ ਵੇਖੇ ਆਪਣੀ ਕੂਟ, ਜਿਸ ਘਰ ਵਸੇ ਬੇਪਰਵਾਹੀਆ । ਕੂੜੀ ਕਿਰਿਆ ਮਾਰਦੇ ਫਿਰਦੇ ਝੂਠ, ਜੂਠ ਬੈਠੇ ਮੁਖ ਲਗਾਈਆ । ਨਾ ਕੋਈ ਤਾਣਾਂ ਪੇਟਾ ਦਿਸੇ ਸੂਤ, ਸੂਤਰਧਾਰੀ ਆਪਣੀ ਕਾਰ ਰਿਹਾ ਕਮਾਈਆ । ਲੱਖ ਚੁਰਾਸੀ ਵਿਚੋ ਗੁਰਮੁਖ ਵਿਰਲਾ ਉਪਜੇ ਪੂਤ, ਜਿਸ ਪ੍ਰਭ ਆਪਣੇ ਚਰਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਕਲਜੁਗ ਪਾਗਲ ਆਏ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਨੇਤਰ ਰੋ ਰੋ ਕਰੇ ਝੇੜੇ, ਉਚੀ ਕੂਕੇ ਕੂਕ ਕੂਕ ਸੁਣਾਈਆ । ਖ਼ਾਲੀ ਦਿਸਣ ਸਾਧਾਂ ਡੇਰੇ, ਸੰਤ ਸਤਿ ਨਾ ਕੋਇ ਸਮਾਈਆ । ਗੁਰਮੁਖ ਵਿਰਲੇ ਭਗਤ ਤੇਰੇ, ਜਿਨ੍ਹਾਂ ਤੇਰੀ ਓਟ ਤਕਾਈਆ । ਨਾਤਾ ਜੋੜ ਕਹਿੰਦੇ ਮੇਰੇ ਤੇਰੇ, ਤੇਰਾ ਮੇਰਾ ਭੇਵ ਕੋਇ ਨਾ ਆਈਆ । ਕਲਜੁਗ ਵੇਖੇ ਝੂਠੇ ਖੇੜੇ, ਸਾਚਾ ਮੰਦਰ ਨਾ ਕੋਇ ਸੁਹਾਈਆ । ਅੰਤਮ ਅੰਤ ਡੁੱਬਣ ਵਾਲੇ ਬੇੜੇ, ਸ਼ੌਹ ਦਰਿਆ ਪਾਰ ਨਾ ਕੋਇ ਕਰਾਈਆ । ਜੀਵ ਜੰਤ ਲੱਖ ਚੁਰਾਸੀ ਕਲਜੁਗ ਅੰਤਮ ਆਏ ਘੇਰੇ, ਚਾਰ ਦੀਵਾਰ ਫਸੀਲ ਕੰਧ ਪਾਰ ਨਾ ਕੋਇ ਕਰਾਈਆ । ਦੀਨ ਮਜ਼੍ਹਬ ਜ਼ਾਤ ਪਾਤ ਪਏ ਝਗੜੇ ਝੇੜੇ, ਝੰਜਟ ਸਕੇ ਨਾ ਕੋਇ ਮੁਕਾਈਆ । ਭਾਈਆਂ ਨਾਲੋ ਭਾਈ ਬਖੇੜੇ, ਪਿਤਾ ਪੂਤ ਦੇ ਪਾਏ ਝੇੜੇ, ਨਾਰ

ਕੰਤ ਕਰੇ ਲੜਾਈਆ । ਨਵ ਨੌ ਚਾਰ ਜੁਗ ਹਰਿ ਕਰਤਾ ਵੇਂਹਦਾ ਰਿਹਾ ਕਰਕੇ ਜੇਰੇ, ਜ਼ੋਰ ਜ਼ਬਰ ਜਾਬਰ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਪਾਗਲ ਹੋ ਕੇ ਫਿਰੇ ਹਲਕਾ, ਹਾਲਤ ਆਪਣੀ ਰਿਹਾ ਜਣਾਈਆ । ਲੇਖਾ ਕੋਈ ਨਾ ਜਾਣੇ ਕਲ ਕਾ, ਹਰਿ ਕਰਤਾ ਕੀ ਖੇਲ ਵਰਤਾਈਆ । ਨਹੀਂ ਵਿਸਾਹ ਘੜੀ ਪਲ ਕਾ, ਪਲਕ ਪਲਕ ਅੰਦਰ ਪਾਲਕ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਰਿਹਾ ਘੱਲਦਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮ ਸੁਣਾਈਆ । ਕਲਜੁਗ ਅੰਤਮ ਖੇਲ ਕਰੇ ਵਲ ਛਲ ਦਾ, ਅਛਲ ਛਲਧਾਰੀ ਨਜ਼ਰ ਕਿਸੇ ਨਾ ਆਈਆ । ਵਸੇ ਨਿਹਚਲ ਧਾਮ ਕਦੇ ਨਾ ਹਲ ਦਾ, ਸਚਖੰਡ ਸਾਚਾ ਡੇਰਾ ਲਾਈਆ । ਭੇਵ ਖੁਲ੍ਹਾਏ ਜਲ ਥਲ ਦਾ, ਮਹੀਅਲ ਵੇਖੇ ਬੇਪਰਵਾਹੀਆ । ਆਪਣੀ ਜੋਤ ਜੋਤ ਆਪੇ ਰਲਦਾ, ਸ਼ਬਦੀ ਸ਼ਬਦ ਨਾਦ ਆਪ ਸੁਣਾਈਆ । ਅਗੰਮ ਖੇਲ ਸ੍ਰੀ ਭਗਵਨ ਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਖਾਣੀ ਬਾਣੀ ਕੋਈ ਸਮਝ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਈਆ । ਕਲਜੁਗ ਪਾਗਲ ਹੋ ਕੇ ਰਿਹਾ ਕੂਕ, ਇਕੋ ਨਾਅਰਾ ਲਾਈਆ । ਤ੍ਰੈਗੁਣ ਮਾਇਆ ਰਹੀ ਫੂਕ, ਪੰਜ ਤਤ ਅਗਨੀ ਲਾਈਆ । ਕੋਈ ਨਾ ਦਿਸੇ ਸਾਚਾ ਭੂਪ, ਜੋ ਸਗਲਾ ਸੰਗ ਨਿਭਾਈਆ । ਵੇਖ ਕੇ ਆਇਆ ਚਾਰੇ ਕੂਟ, ਦਹਿ ਦਿਸ਼ਾ ਪੜਦਾ ਲਾਹੀਆ । ਘਰ ਘਰ ਵੜਿਆ ਜੂਠ ਝੂਠ, ਸਚ ਸੁਚ ਨਜ਼ਰ ਕਿਤੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਮਿਹਰਵਾਨ ਤੇਰੀ ਸਰਨਾਈਆ । ਉਠ ਪਾਗਲ ਖੋਲ੍ਹ ਸੁਰਤ, ਪੁਰਖ ਅਕਾਲ ਰਿਹਾ ਜਣਾਈਆ । ਸ੍ਰੀ ਭਗਵਾਨ ਮੇਲ ਮਿਲਾਏ ਤੁਰਤ, ਤੇਰਾ ਪੜਦਾ ਦੂਈ ਚੁਕਾਈਆ । ਭਗਤ ਦੁਆਰ ਵੇਖ ਅਕਾਲ ਮੂਰਤ, ਅਕਲ ਕਲ ਪ੍ਰਭ ਬੇਪਰਵਾਹੀਆ । ਜਿਸ ਦਾ ਨਾਦ ਅਗੰਮ ਤੂਰਤ, ਤੁਰੀਆ ਬੈਠੇ ਮੁਖ ਸ਼ਰਮਾਈਆ । ਤਿਸ ਸਾਹਿਬ ਦੀ ਸਾਚੀ ਸੂਰਤ, ਸਾਲਸ ਸਾਬਤ ਹੁਕਮ ਮਨਾਈਆ । ਆਸਾ ਮਨਸਾ ਸਭ ਦੀ ਪੂਰਤ, ਖ਼ਾਹਸ ਕੋਇ ਰਹਿਣ ਨਾ ਪਾਈਆ । ਨਾਤਾ ਤੋੜੇ ਕੂੜੇ ਕੂੜਤ, ਸਾਚੀ ਸਿਖਿਆ ਕਰੇ ਪੜ੍ਹਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਤ, ਜਿਸ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਪਾਗਲ ਹੋ ਨਾ ਬਣ ਮੂਰਖ, ਕਿਉਂ ਬੈਠਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦਏ ਚੁਕਾਈਆ । ਕਲਜੁਗ ਪਾਗਲ ਤੇਰਾ ਲਹਿਣਾ ਚੁੱਕੇ, ਚੁੱਕੇ ਪੀੜ ਪਰਾਈਆ । ਅੰਤਮ ਪੈਂਡਾ ਮਾਤ ਮੁੱਕੇ, ਧਰਤ ਧਵਲ ਰਹਿਣ ਨਾ ਪਾਈਆ । ਸਤਿਜੁਗ ਸਾਚਾ ਸਤਿ ਸਤਿਵਾਦੀ ਉਠੇ, ਉਠ ਆਪਣਾ ਬਲ ਰਖਾਈਆ । ਜਨ ਭਗਤਾਂ ਕੋਲੋ ਜਾ ਕੇ ਪੁੱਛੇ, ਦੋਏ ਜੋੜ ਵਾਸਤਾ ਪਾਈਆ । ਕਵਣ ਦੁਆਰੇ ਸੰਤ ਸੁਹੇਲੇ ਸੁੱਤੇ, ਕਵਣ ਮੰਦਰ ਵੱਜੇ ਵਧਾਈਆ । ਕਰੇ ਖੇਲ ਅਬਿਨਾਸ਼ੀ ਅਚੁਤੇ, ਚੇਤਨ ਧਾਰ ਆਪ ਸਮਝਾਈਆ । ਹਰ ਘਟ ਅੰਦਰ ਘਰ ਵਿਚ ਘਰ ਅਗੰਮੀ ਗੁੱਠੇ, ਹਰਿ ਸਤਿਗੁਰ ਵਸੇ ਸਹਿਜ ਸੁਖਦਾਈਆ । ਹਰਿਜਨ ਮਿਲਾਏ ਜੋ ਜਨਮ ਜਨਮ ਦੇ ਰੁੱਠੇ, ਕਰਮ ਕਾਂਡ ਦਏ ਗਵਾਈਆ । ਕਲਜੁਗ ਵੇਖ ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਮਿਲਣ ਦੇ ਸਾਰੇ ਭੁੱਖੇ, ਦੋਏ ਜੋੜ ਬੈਠੇ ਧਿਆਨ ਲਗਾਈਆ । ਮੂਸਾ ਈਸਾ ਕੋਲੋ ਪੁੱਛੇ, ਈਸਾ ਮੁਹੰਮਦ ਧਿਆਨ ਲਗਾਈਆ । ਸਦੀ ਚੌਧਵੀਂ ਕਬ ਪੈਂਡਾ ਮੁੱਕੇ, ਨਾਤਾ ਤੁੱਟੇ ਖ਼ਲਕ ਖ਼ੁਦਾਈਆ । ਪਰਵਰਦਿਗਾਰ ਬੇਪਰਵਾਹ ਸਾਂਝਾ ਯਾਰ ਇਕੋ ਉਠੇ, ਸਗਲਾ ਸੰਗ ਨਿਭਾਈਆ । ਕੂੜ ਵਿਕਾਰਾ ਫੜ ਕੇ ਕੁੱਠੇ, ਨਾਮ ਖੰਡਾ

ਇਕ ਚਮਕਾਈਆ । ਸ਼ੇਰ ਹੋ ਕੇ ਸਤਿਗੁਰ ਬੁੱਕੇ, ਭਬਕ ਆਪਣਾ ਨਾਮ ਲਗਾਈਆ । ਆਪਣੇ ਨਿਸ਼ਾਨਿਉਂ ਕਦੇ ਨਾ ਉਕੇ, ਤੀਰ ਅਣਿਆਲਾ ਇਕ ਚਲਾਈਆ । ਵੇਖਣਹਾਰਾ ਟਿੱਲੇ ਉਚੇ, ਪਰਬਤ ਫੋਲੇ ਥਾਉਂ ਥਾਈਆ । ਜੋ ਬਾਹਰੋ ਬਣ ਕੇ ਬੈਠੇ ਸੁੱਚੇ, ਤਿਨ੍ਹਾਂ ਅੰਤਰ ਮੈਲ ਦਏ ਵਖਾਈਆ । ਸੂਰਬੀਰ ਹੋ ਕੇ ਜੋਧਾ ਪੁੱਛੇ, ਬਲ ਆਪਣਾ ਆਪ ਪਰਗਟਾਈਆ । ਅੰਤਮ ਵੇਲਾ ਨੇੜੇ ਢੁਕੇ, ਬਣਿਆ ਪਾਂਧੀ ਰਾਹੀਆ । ਗੁਰਮੁਖ ਬੂਟੇ ਕਦੇ ਨਾ ਸੁੱਕੇ, ਸਤਿਗੁਰ ਪੂਰਾ ਅੰਮ੍ਰਿਤ ਸਿੰਚ ਹਰੇ ਕਰਾਈਆ । ਉਜਲ ਕਰੇ ਮਾਤ ਮੁਖੇ, ਮੁਖ ਮੁਖੜਾ ਸਿਫ਼ਤ ਸਾਲਾਹੀਆ । ਭਗਤ ਭਗਵਾਨ ਇਕ ਦੂਜੇ ਨੂੰ ਆਪੇ ਝੁਕੇ, ਅੰਦਰ ਬਾਹਰ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਖ਼ਸ਼ੇ ਸਚ ਸੱਚੀ ਸਰਨਾਈਆ । ਭਗਤ ਭਗਵਾਨ ਇਕ ਦੂਜੇ ਦੇ ਵੜਨ ਅੰਦਰ, ਅੰਤਰ ਆਪਣਾ ਮੇਲ ਮਿਲਾਈਆ । ਸਾਢੇ ਤਿੰਨ ਹੱਥ ਸੁਹਾਉਣ ਸਾਚਾ ਮੰਦਰ, ਛੱਪਰ ਛੰਨ ਨਾ ਕੋਇ ਵਡਿਆਈਆ । ਕਰ ਪਰਕਾਸ਼ ਅੰਧੇਰੀ ਕੰਦਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਮਨ ਮਨੂਆ ਨਾ ਦੌੜੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਲਜੁਗ ਪਾਗਲ ਉਠ ਰੱਖ ਆਸ, ਆਸਾਵੰਦ ਦਇਆ ਕਮਾਇੰਦਾ । ਤੇਰੀ ਅੰਤ ਬੁਝਾਏ ਪਿਆਸ, ਤ੍ਰਿਸਨਾ ਦੁੱਖ ਮਿਟਾਇੰਦਾ । ਨਾਲ ਰਲਾਏ ਤੇਰੇ ਸਾਥ, ਲੱਖ ਚੁਰਾਸੀ ਭਾਰ ਬੰਧਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗਿਆ ਆਖ, ਕਲਜੁਗ ਅੰਤ ਨਿਹਕਲੰਕ ਵੇਸ ਵਟਾਇੰਦਾ । ਮੁਰਸ਼ਦ ਮੁਰੀਦ ਦੇਂਦੇ ਰਹੇ ਭਾਖਿਆ ਭਾਖ, ਭਵਿਖਤ ਲਿਖਤ ਭੇਵ ਚੁਕਾਇੰਦਾ । ਨਿਰਗੁਣ ਨੂਰ ਸਚ ਰਸੂਲ ਪਾਕ, ਪੁਨੀਤ ਆਪਣੀ ਧਾਰ ਚਲਾਇੰਦਾ । ਦੇਵਣਹਾਰਾ ਆਬੇ ਹਯਾਤ, ਹਯਾਤੀ ਸਭ ਦੀ ਆਪ ਬਦਲਾਇੰਦਾ । ਵੇਖਣਹਾਰਾ ਕਾਇਨਾਤ, ਚੌਦਾਂ ਤਬਕਾਂ ਖੋਜ ਖੁਜਾਇੰਦਾ । ਸਾਚੀ ਖੋਲ੍ਹੇ ਅਗੰਮ ਲੁਗ਼ਾਤ, ਅਲਿਫ਼ ਯੇ ਪੱਟੀ ਨਾ ਕੋਇ ਪੜ੍ਹਾਇੰਦਾ । ਜੁਗ ਚੌਕੜੀ ਨਾ ਪਾਏ ਵਫ਼ਾਤ, ਮਕਬਰਾ ਨਜ਼ਰ ਕੋਇ ਨਾ ਆਇੰਦਾ । ਲੇਖਾ ਲਿਖੇ ਬਿਨ ਕਲਮ ਦਵਾਤ, ਕਾਤਬ ਕਾਰ ਨਾ ਕੋਇ ਕਮਾਇੰਦਾ । ਦੋ ਜਹਾਨਾਂ ਵਡ ਨਵਾਬ, ਨੌਬਤ ਆਪਣਾ ਨਾਮ ਵਜਾਇੰਦਾ । ਸਚ ਸੁਣਾਏ ਇਕ ਰਬਾਬ, ਅਹਿਬਾਬ ਆਪਣਾ ਰਾਗ ਅਲਾਇੰਦਾ । ਜਨ ਭਗਤ ਜਣਾਏ ਆਪਣਾ ਮਿਜ਼ਾਜ, ਬਣ ਸੰਗੀ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕੋ ਦਾਨ, ਬਣ ਦਾਤਾ ਆਪ ਵਰਤਾਇੰਦਾ ।

## ੧੦ ਭਾਦਰੋ ੨੦੨੦ ਬਿਕ੍ਰਮੀ ਠਾਕਰ ਸਿੰਘ ਦੇ ਨਵਿਤ ਹਰਿ ਭਗਤ ਦਵਾਰ ਜੇਠੂਵਾਲ

ਜੋਤ ਅਕਾਲਣ ਹੋ ਹੋ ਖ਼ੁਸ਼, ਮੁਖ ਘੁੰਗਟ ਰਹੀ ਉਠਾਈਆ । ਲੋਕਮਾਤ ਕਰੇ ਰੁਖ਼, ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਭੇਵ ਚੁਕਾਏ ਅਬਿਨਾਸ਼ੀ ਅਚੁਤ, ਸਚ ਸੰਦੇਸ ਸੁਣਾਈਆ । ਉਜਲ ਕਰਾਂ ਭਗਤਾਂ ਮੁਖ, ਦੁੱਖੜਾ ਦਰਦ ਮਿਟਾਈਆ । ਸਾਚੀ ਗੋਦੀ ਲਵਾਂ ਚੁੱਕ, ਅੰਗਨ ਇਕ ਸੁਹਾਈਆ । ਵੈਰਾਗਣ ਹੋ ਕੇ ਲਵਾਂ ਪੁੱਛ, ਅੰਤਰ ਆਤਮ ਵੇਖ ਵਖਾਈਆ । ਜਨਮ ਜਨਮ ਦੀ ਮੇਟਾਂ ਭੁੱਖ, ਤ੍ਰਿਸਨਾ ਰੋਗ ਗਵਾਈਆ । ਡੂੰਘੇ ਮੰਦਰ ਵੜਾਂ ਲੁਕ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਨਵ ਨੌ ਚਾਰ ਸੁਖਣਾ ਰਹੀ ਸੁਖ, ਸਚਖੰਡ ਬੈਠੀ ਧਿਆਨ ਲਗਾਈਆ ।

ਕਵਣ ਵੇਲਾ ਪੁਰਖ ਅਕਾਲ ਦੀਨ ਦਿਆਲ ਗੋਬਿੰਦ ਵੇਖੇ ਸੁੱਤ, ਸੁੱਤ ਦੁਲਾਰਾ ਗੋਬਿੰਦ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਜੋਤ ਅਕਾਲਣ ਨੈਣ ਸ਼ਿੰਗਾਰ, ਨੈਨਣ ਨੈਣ ਰਹੀ ਮਟਕਾਈਆ । ਸਚ ਪ੍ਰੀਤੀ ਸਾਚੀ ਧਾਰ, ਕੱਜਲ ਰੂਪ ਵਟਾਈਆ । ਪਲਕ ਪਲਕ ਲਏ ਉਘਾੜ, ਅੱਖ ਪਰਤੱਖ ਰੂਪ ਵਟਾਈਆ । ਦੋ ਜਹਾਨਾਂ ਵੇਖੇ ਵਾਰੋ ਵਾਰ, ਪੁਰੀ ਲੋਅ ਖੋਜ ਖੁਜਾਈਆ । ਦਹਿ ਦਿਸ਼ਾ ਲਏ ਉਘਾੜ, ਚਾਰ ਕੁੰਟ ਪੜਦਾ ਲਾਹੀਆ । ਲੱਖ ਚੁਰਾਸੀ ਖੋਲ੍ਹ ਕਿਵਾੜ, ਘਰ ਘਰ ਆਪਣਾ ਫੇਰਾ ਪਾਈਆ । ਕਲਜੁਗ ਤੇਰੀ ਅੰਤਮ ਵਾਰ, ਬੇਅੰਤ ਦਇਆ ਕਮਾਈਆ । ਸੰਤ ਸੁਹੇਲੇ ਸਾਚੇ ਯਾਰ, ਗੁਰਮੁਖ ਵੇਖੇ ਥਾਉਂ ਥਾਈਂਆ । ਪ੍ਰੇਮ ਕਰੇ ਪਹਿਲੀ ਵਾਰ, ਸਚ ਪ੍ਰੀਤੀ ਆਪ ਲਗਾਈਆ । ਨੇਮ ਕਰੇ ਏਕਾ ਧਾਰ, ਕੀਤਾ ਕੌਲ ਭੁੱਲ ਨਾ ਜਾਈਆ । ਨਾਮ ਬੋਲੇ ਸਚ ਜੈਕਾਰ, ਧੁਰ ਦਾ ਰਾਗ ਅਲਾਈਆ । ਮਹੱਲ ਵਖਾਏ ਇਕ ਮਨਾਰ, ਅਟੱਲ ਕਰੇ ਰੁਸ਼ਨਾਈਆ । ਦੀਵਾ ਬਾਤੀ ਇਕ ਉਜਿਆਰ, ਤੇਲ ਵੱਤੀ ਨਾ ਕੋਇ ਵਖਾਈਆ । ਸਾਚਾ ਪਤੀ ਮਿਲੇ ਅਗੰਮ ਅਪਾਰ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਸਤੀ ਹੋ ਜਾਵਾਂ ਬਲਹਾਰ, ਸਿਦਕ ਸਬੂਰੀ ਇਕ ਨਿਭਾਈਆ । ਰਤੀ ਰਤੀ ਦੇਵਾਂ ਵਾਰ, ਰਤੀ ਰਤ ਰਹਿਣ ਨਾ ਪਾਈਆ । ਨੱਠੀ ਨੱਠੀ ਆਵਾਂ ਵਿਚ ਸੰਸਾਰ, ਦੋ ਜਹਾਨਾਂ ਪੰਧ ਮੁਕਾਈਆ । ਗੁਰਮੁਖ ਵਿਰਲਾ ਲੱਭੇ ਯਾਰ, ਜੋ ਯਾਰੜਾ ਸੱਥਰ ਰਿਹਾ ਹੰਡਾਈਆ । ਇਕੋ ਮੰਗੇ ਦਰਸ ਦੀਦਾਰ, ਪੁਰਖ ਅਕਾਲ ਨੂਰ ਰੁਸ਼ਨਾਈਆ । ਦਰ ਦਰ ਘਰ ਘਰ ਜਾ ਕੇ ਲਵਾਂ ਭਾਲ, ਦੂਰ ਦੁਰਾਡਾ ਪੰਧ ਮੁਕਾਈਆ । ਇਸ਼ਾਰੇ ਨਾਲ ਲਵਾਂ ਉਠਾਲ, ਸੈਨਤ ਨਾਲ ਸਮਝਾਈਆ । ਉਠ ਵੇਖ ਆਪਣੀ ਧਰਮਸਾਲ, ਘਰ ਘਰ ਵਿਚ ਵੱਜੀ ਵਧਾਈਆ । ਦਰਸਨ ਕਰ ਦੀਨ ਦਿਆਲ, ਦਇਆਨਿਧ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਜੋਤ ਅਕਾਲਣ ਗੁੰਦੇ ਸੀਸ, ਮੀਂਢੀ ਇਕੋ ਇਕ ਵਖਾਈਆ । ਸਾਚਾ ਨਾਤਾ ਹਰਿ ਜਗਦੀਸ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਦੇ ਆਦਿ ਜੁਗਾਦਿ ਛਤਰ ਝੁੱਲੇ ਸੀਸ, ਤਖ਼ਤ ਨਿਵਾਸੀ ਬੇਪਰਵਾਹੀਆ । ਜੁਗ ਚੌਕੜੀ ਜਿਸ ਦਾ ਕਲਮਾ ਪੜ੍ਹਨ ਹਦੀਸ, ਗੁਰ ਅਵਤਾਰ ਪੀਰ ਪੈਗੰਬਰ ਬੈਠਣ ਸੀਸ ਝੁਕਾਈਆ । ਜਿਸ ਦਾ ਖੇਲ ਬੀਸ ਇਕੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਜਣਾਈਆ । ਜੋਤ ਅਕਾਲਣ ਚੁਕ ਨਕਾਬ, ਜਲਵਾ ਨੂਰ ਦਰਸਾਈਆ । ਪਰਵਰਦਿਗਾਰ ਸਚ ਆਦਾਬ ਮੁਕਾਮੇ ਹੱਕ ਸ਼ਨਵਾਈਆ । ਸਚ ਮਹੱਲਾ ਇਕ ਮਹਿਰਾਬ, ਮਹਿਬੂਬ ਨਜ਼ਰੀ ਆਈਆ । ਦੇਵਣਹਾਰਾ ਸਾਚੀ ਦਾਦ, ਦੌਲਤ ਇਕੋ ਘਰ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਜਲਵਾ ਨੂਰ ਰੁਸ਼ਨਾਈਆ । ਜਲਵਾ ਨੂਰ ਰੁਸ਼ਨਾਏ ਏਕ, ਏਕੰਕਾਰ ਵੱਡੀ ਵਡਿਆਈਆ । ਦਰਗਹਿ ਸਾਚੀ ਧਾਮ ਸੁਹਾਏ ਏਕ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਲਮਾ ਨਬੀ ਰਸੂਲ ਪੜ੍ਹਾਏ ਏਕ, ਅੱਖਰ ਵੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਚ ਰਿਹਾ ਸਮਝਾਈਆ । ਜੋਤ ਅਕਾਲਣ ਦੱਸੇ ਹਾਲ, ਹਰਿ ਕਾ ਭੇਵ ਖੁਲ੍ਹਾਈਆ । ਨਿਰਗੁਣ ਦੀਆ ਦੀਪਕ ਬਾਲ, ਘਰ ਸਚ ਕਰਾਂ ਰੁਸ਼ਨਾਈਆ । ਆਦਿ ਜੁਗਾਦੀ ਖੇਲ ਕਮਾਲ, ਦੋ ਜਹਾਨ ਵਖਾਈਆ । ਸਰਗੁਣ ਉਪਜਾਵਾਂ ਸਾਚੇ ਲਾਲ, ਨਿਰਗੁਣ ਮੇਲਾ ਸਹਿਜ ਸੁਭਾਈਆ । ਸ਼ਬਦ ਬਣਾਵਾਂ ਧੁਰ ਦਲਾਲ, ਦਰ ਘਰ ਸਾਚੇ ਮੇਲ ਮਿਲਾਈਆ । ਹੁਕਮ ਸੁਣਾਵਾਂ ਕਾਲ ਮਹਾਂਕਾਲ, ਲੱਖ

ਚੁਰਾਸੀ ਡੇਰਾ ਢਾਹੀਆ । ਸਚ ਵਖਾਵਾਂ ਸੱਚੀ ਧਰਮਸਾਲ, ਜਿਸ ਦੁਆਰੇ ਸੇਜ ਸੁਹਾਈਆ । ਨਾਮ ਨਗਾਰਾ ਵਜਾਵਾਂ ਤਾਲ, ਅਨਹਦ ਨਾਦੀ ਰਾਗ ਅਲਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਗੁਰਸਿਖ ਸੱਜਣ ਭਾਲ, ਦਰ ਸਾਚੇ ਮੇਲ ਮਿਲਾਈਆ । ਅੰਦਰ ਬਾਹਰ ਚਲਾਂ ਨਾਲ ਨਾਲ, ਸਾਚਾ ਸੰਗ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜੋਤ ਅਕਾਲਣ ਕਰੇ ਹਾਸਾ, ਹਸਤ ਕੀਟ ਵੇਖ ਵਖਾਈਆ । ਧਾਰੇ ਭੇਖ ਪੁਰਖ ਅਬਿਨਾਸ਼ਾ, ਅਬਿਨਾਸ਼ੀ ਸਾਰ ਕੋਇ ਨਾ ਪਾਈਆ । ਵੇਖਣ ਆਏ ਜਗਤ ਤਮਾਸ਼ਾ, ਜੋਤੀ ਜਾਤਾ ਨੂਰ ਰੁਸ਼ਨਾਈਆ । ਜਨ ਭਗਤਾਂ ਦੇਵੇ ਇਕ ਭਰਵਾਸਾ, ਸਰਨ ਚਰਨ ਕਵਲ ਸਰਨਾਈਆ । ਗੁਰਮੁਖਾਂ ਪੂਰੀ ਕਰੇ ਆਸਾ, ਜਗਤ ਤ੍ਰਿਸਨਾ ਮੇਟ ਮਿਟਾਈਆ । ਗੁਰਸਿਖਾਂ ਦੇਵੇ ਸੱਚਾ ਸਾਥਾ, ਸਗਲਾ ਸੰਗ ਨਿਭਾਈਆ । ਆਪ ਹੋਏ ਨਾਥ ਅਨਾਥਾ, ਦੀਨ ਦਿਆਲ ਦੀਨਨ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਪਰਵਾਹੀ ਧਾਰ ਵਖਾਈਆ । ਜੋਤ ਅਕਾਲਣ ਗੌਂਦੀ ਗੀਤ, ਸੋਹੰ ਰਾਗ ਅਲਾਈਆ । ਕਲਜੁਗ ਅੰਤਮ ਛੱਡ ਮੰਦਰ ਮਸੀਤ, ਜਨ ਭਗਤ ਦੁਆਰੇ ਫੇਰਾ ਪਾਈਆ । ਬਦਲਾਂ ਕੂੜ ਕੁੜਿਆਰੀ ਰੀਤ, ਸਾਚਾ ਮਾਰਗ ਇਕ ਲਗਾਈਆ । ਮਿਲੇ ਮਾਣ ਹਸਤ ਕੀਟ, ਊਚ ਨੀਚ ਨਾ ਕੋਇ ਰਖਾਈਆ । ਹਰ ਘਟ ਅੰਦਰ ਵਸਾਂ ਚੀਤ, ਘਰ ਘਰ ਡੇਰਾ ਲਾਈਆ । ਗੁਰਮੁਖ ਵਿਰਲਾ ਮਿਲੇ ਮੀਤ, ਮਿੱਤਰ ਪਿਆਰਾ ਨਜ਼ਰੀ ਆਈਆ । ਮੇਲ ਮਿਲਾਵਾਂ ਸਾਹਿਬ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਜਿਸ ਦੇ ਛਤਰ ਝੁੱਲੇ ਸੀਸ, ਸੋ ਪੁਰਖ ਨਿਰੰਜਣ ਇਕ ਅਖਵਾਈਆ । ਜੁਗ ਚੌਕੜੀ ਜਿਸ ਦੀ ਮੰਨਦੇ ਰਹੇ ਹਦੀਸ, ਸਜਦਾ ਸੀਸ ਚਰਨ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜੋਤ ਅਕਾਲਣ ਪਾਏ ਰੌਲਾ, ਉਚੀ ਕੂਕ ਕੂਕ ਸੁਣਾਈਆ । ਨਿਰਗੁਣ ਨੂਰ ਵੇਖੇ ਮੌਲਾ, ਹਰ ਘਟ ਰਿਹਾ ਸਮਾਈਆ । ਗੋਬਿੰਦ ਨਾਲ ਪੂਰਾ ਕਰੇ ਕੌਲਾ, ਕੀਤਾ ਇਕਰਾਰ ਭੁੱਲ ਨਾ ਜਾਈਆ । ਜਨ ਭਗਤਾਂ ਭਾਰ ਕਰੇ ਹੌਲਾ, ਕਰਮ ਕਾਂਡ ਦੀ ਗਠੜੀ ਆਪਣੇ ਸੀਸ ਉਠਾਈਆ । ਹਰਿ ਭਗਤ ਤੇਰਾ ਬਾਹੂ ਬਲ ਫਰਕੇ ਡੌਲਾ, ਤਨ ਅੰਤਰ ਆਤਮਾ ਲਏ ਅੰਗੜਾਈਆ । ਸਚ ਪ੍ਰੀਤੀ ਘੋਲ ਘੋਲਾ, ਘੋਲੀ ਘੋਲ ਘੋਲ ਘੁਮਾਈਆ । ਸਤਿਗੁਰ ਚੁੱਕੇ ਪੜਦਾ ਉਹਲਾ, ਦੂਈ ਦਵੈਤ ਮਿਟਾਈਆ । ਸਚ ਸੁਣਾਏ ਇਕੋ ਬੋਲਾ, ਸੋਹੰ ਰਾਗ ਅਲਾਈਆ । ਨਾਮ ਤਰਾਜੂ ਤੋਲੇ ਤੋਲਾ, ਕੰਡਾ ਇਕੋ ਇਕ ਵਖਾਈਆ । ਧਰਮ ਦੁਆਰਾ ਸਾਚਾ ਖੋਲ੍ਹਾ, ਕੂੜੀ ਕਿਰਿਆ ਹੱਟ ਨਾ ਕੋਇ ਵਿਕਾਈਆ । ਉਤਰੇ ਪਾਰ ਭਾਲਾ ਭੋਲਾ, ਜੋ ਚਲ ਆਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਜੋਤ ਅਕਾਲਣ ਕਹੇ ਮੈਂ ਸਖੀ ਸਹੇਲੀ, ਸਾਚਾ ਸੰਗ ਨਿਭਾਈਆ । ਜੁਗ ਜੁਗ ਫਿਰਾਂ ਇਕ ਇਕੇਲੀ, ਦੋ ਜਹਾਨਾਂ ਨੱਸਾਂ ਵਾਹੋ ਦਾਹੀਆ । ਇਕੋ ਕੂਕ ਸੁਣਾਵਾਂ ਭਗਤ ਪਿਆਰਾ ਮੇਲੀਂ, ਜਿਸ ਮਿਲਿਆਂ ਵਿਛੜ ਕਦੇ ਨਾ ਜਾਈਆ । ਦੋ ਜਹਾਨਾਂ ਬਣੇ ਬੇਲੀ, ਗਲਵਕੜੀ ਇਕ ਰਖਾਈਆ । ਲੈ ਕੇ ਜਾਵਾਂ ਧਾਮ ਨਵੇਲੀ, ਮਹੱਲ ਅਟੱਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤ ਅਕਾਲਣ ਬਣ ਮਲੰਗ, ਘਰ ਘਰ ਨਾਚ ਵਖਾਈਆ । ਜਨ ਭਗਤਾਂ ਕੋਲੋਂ ਮੰਗੇ ਮੰਗ, ਖ਼ਾਲੀ ਝੋਲੀ ਅੱਗੇ ਡਾਹੀਆ । ਗੁਰਮੁਖ ਸੱਜਣ ਮੇਰਾ ਦੇਣਾ ਸੰਗ, ਸਚ ਪ੍ਰੀਤ ਲਗਾਈਆ । ਸੇਜ ਸੁਹਾਉਣੀ ਇਕ ਪਲੰਘ, ਪਾਵਾ ਚੂਲ ਨਜ਼ਰ

ਕੋਇ ਆਈਆ । ਮੈਂ ਬਣ ਵੈਰਾਗਣ ਹੋ ਸੁਹਾਗਣ ਵਜਾਵਾਂ ਰਬਾਬ ਤੰਦ, ਸਾਰੰਗ ਸਾਰੰਗੜਾ ਸਾਰ ਕੋਏ ਨਾ ਪਾਈਆ । ਖ਼ੁਸ਼ੀਆਂ ਅੰਦਰ ਪ੍ਰੇਮ ਪ੍ਰੀਤੀ ਗਾਵਾਂ ਛੰਦ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਨਾਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੰਗ ਇਕ ਰਖਾਈਆ । ਜੋਤ ਅਕਾਲਣ ਝੋਲੀ ਅੱਡ, ਉਚੀ ਕੂਕ ਰਹੀ ਸੁਣਾਈਆ । ਗੁਰਮੁਖ ਪਿੱਛਾ ਦੇ ਨਾ ਛੱਡ, ਤੇਰੇ ਪਿੱਛੇ ਛੱਡੀ ਸਰਬ ਲੋਕਾਈਆ । ਲੱਖ ਚੁਰਾਸੀ ਨਾਲੋ ਹੋ ਕੇ ਅੱਡ, ਮੰਗਣੀ ਤੇਰੇ ਨਾਲ ਕਰਾਈਆ । ਸਚਖੰਡ ਦੁਆਰਾ ਤਜ ਆ ਕੇ ਵੇਖੀ ਤੇਰੀ ਹੱਦ, ਕਾਇਆ ਅੰਦਰ ਫੇਰਾ ਪਾਈਆ । ਮਿਹਰ ਨਜ਼ਰ ਕਰ ਕੇ ਦੁਆਰੇ ਆਪਣੇ ਸੱਦ, ਮੈਂ ਆਵਾਂ ਚਾਈਂ ਚਾਈਂਆ । ਖ਼ੁਸ਼ ਹੋਵਾਂ ਕਰ ਕੇ ਤੇਰਾ ਹੱਜ, ਕਾਇਆ ਕਾਅਬਾ ਵੇਖ ਵਖਾਈਆ । ਦਰਸਨ ਕਰਾਂ ਰੱਜ ਰੱਜ, ਚਾਰ ਜੁਗ ਦੀ ਤ੍ਰਿਸਨਾ ਭੁੱਖ ਮਿਟਾਈਆ । ਜੇ ਕੋਈ ਪੁਛੇ ਸਭ ਨੂੰ ਲਾ ਦੇਵਾਂ ਪਜ, ਆਪਣੀ ਸਮਝ ਕਿਸੇ ਨਾ ਪਾਈਆ । ਬਿਨ ਭਗਤਾਂ ਕੋਈ ਨਾ ਸਕੇ ਲੱਭ, ਜੰਗਲ ਜੂਹ ਫਿਰੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੀ ਸੇਵ ਕਮਾਈਆ । ਜੋਤ ਅਕਾਲਣ ਦਰ ਨਿਮਾਣੀ, ਖੁਲ੍ਹੜੇ ਕੇਸ ਰਹੀ ਵਖਾਈਆ । ਗੁਰਮੁਖ ਮਿਲੇ ਸੱਚਾ ਹਾਣੀ, ਘਰ ਸਾਚੇ ਵੱਜੇ ਵਧਾਈਆ । ਅੰਮ੍ਰਿਤ ਪੀਵਾਂ ਠੰਡਾ ਪਾਣੀ, ਨਿਝਰ ਝਿਰਨਾ ਮੁਖ ਖੁਲ੍ਹਾਈਆ । ਸੋਹੰ ਪੜ੍ਹਾਂ ਸਾਚੀ ਬਾਣੀ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕੋ ਮਾਹੀਆ । ਆ ਵੇਖ ਮੇਰੀ ਨਿਸ਼ਾਨੀ, ਧੁਰ ਦੀ ਕਾਨੀ ਤੀਰ ਲਗਾਈਆ । ਸਮਝ ਸਕੇ ਨਾ ਕੋਇ ਵਿਦਵਾਨੀ, ਪੜਦਾ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਰੰਗਾਈਆ । ਜੋਤ ਅਕਾਲਣ ਖੋਲ੍ਹ ਪੜਦਾ, ਮੁਖ ਨੂਰ ਜ਼ਹੂਰ ਵਖਾਈਆ । ਜਨ ਭਗਤ ਉਧਾਰੇ ਕਲਜੁਗ ਸੜਦਾ, ਅਗਨੀ ਤਤ ਮਿਟਾਈਆ । ਭੇਵ ਖੁਲ੍ਹਾਏ ਆਪਣੇ ਘਰ ਦਾ, ਘਰ ਘਰ ਵਿਚ ਮੇਲ ਮਿਲਾਈਆ । ਅਸ਼ਨਾਨ ਕਰਾਏ ਸਾਚੇ ਸਰ ਦਾ, ਸਰੋਵਰ ਇਕੋ ਇਕ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜੋਤ ਅਕਾਲਣ ਰੱਖੇ ਆਸ, ਇਕੋ ਆਸ ਤਕਾਈਆ । ਬਿਨ ਭਗਤ ਨਾ ਬੁਝੇ ਮੇਰੀ ਪਿਆਸ, ਤ੍ਰਿਸਨਾ ਨਜ਼ਰ ਕੋਇ ਨਾ ਆਈਆ । ਦੋ ਜਹਾਨਾਂ ਕੋਈ ਨਾ ਲੱਭੇ ਸਾਥ, ਇਕ ਇਕੱਲੀ ਕੰਮ ਕਿਸੇ ਨਾ ਆਈਆ । ਖ਼ਾਲੀ ਦਿਸਣ ਪਤਣ ਘਾਟ, ਤਟ ਕਿਨਾਰੇ ਦੇਣ ਦੁਹਾਈਆ । ਕੋਝੀ ਕਮਲੀ ਮੁਕਾ ਨਾ ਸਕੇ ਵਾਟ, ਪਾਂਧੀ ਪੰਧ ਪਾਰ ਨਾ ਕੋਇ ਕਰਾਈਆ । ਕਲਜੁਗ ਵੇਖ ਅੰਧੇਰੀ ਰਾਤ, ਨੇਤਰ ਰੋਵਣ ਵਾਹੋ ਦਾਹੀਆ । ਬਿਨ ਭਗਤਾਂ ਬਣੀ ਨਾਰ ਕਮਜ਼ਾਤ, ਕੁਲੱਖਣੀ ਕੰਮ ਕਿਸੇ ਨਾ ਆਈਆ । ਕਵਣ ਵੇਲਾ ਹਰਿ ਸੱਜਣ ਘਰ ਮੇਰੇ ਆਉਣ ਲੈ ਬਰਾਤ, ਦੂਲ੍ਹਾ ਇਕੋ ਨਾਲ ਮਿਲਾਈਆ । ਰਵਦਾਸ ਚੁਮਾਰਾ ਲੈ ਕਲਮ ਦਵਾਤ, ਲੇਖਾ ਲਿਖੇ ਥਾਉਂ ਥਾਈਂਆ । ਲੁਕੀ ਛਿਪੀ ਰਹੇ ਨਾ ਕੋਈ ਬਾਤ, ਜ਼ਾਹਰਾ ਰੂਪ ਕਰੇ ਕੁੜਮਾਈਆ । ਗ਼ੁੱਸਾ ਕਰੇ ਨਾ ਕੋਈ ਮਾਈ ਬਾਪ, ਪ੍ਰਭ ਨੇਤਰ ਵੇਖ ਦਰ ਘਰ ਵਰ੍ਹਿਆ ਬੇਪਰਵਾਹੀਆ । ਜਿਸ ਦੀ ਸਚ ਸੱਚੀ ਜਮਾਤ, ਪੱਟੀ ਇਕੋ ਨਾਮ ਪੜ੍ਹਾਈਆ । ਜਿਸ ਦਾ ਮੰਦਰ ਸੱਚਾ ਖ਼ਾਸ, ਖ਼ਾਹਸ਼ ਸਭ ਦੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਦਏ ਮਿਲਾਈਆ । ਜੋਤ ਅਕਾਲਣ ਪਾਏ ਵੇਲ, ਘਰ ਸਾਚੇ ਖ਼ੁਸ਼ੀ ਮਨਾਈਆ । ਸਾਚੀ ਸਖੀ ਸਚ ਚੜ੍ਹੇ ਤੇਲ, ਸੁਹੰਜਣੀ ਰੁੱਤ ਵਡਿਆਈਆ । ਦਇਆ ਕਰੇ ਪ੍ਰਭ ਸੱਜਣ ਸੁਹੇਲ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਜੁਗ ਜਨਮ ਦੇ ਲਏ ਮੇਲ,

ਵਿਛੜੇ ਆਪਣੇ ਨਾਲ ਮਿਲਾਈਆ । ਅਚਰਜ ਕਰੇ ਅਗੰਮੀ ਖੇਲ, ਸਮਝ ਸਕੇ ਕੋਈ ਨਾ ਰਾਈਆ । ਵਸਣਹਾਰਾ ਧਾਮ ਨਵੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨਾਤਾ ਦਏ ਜੁੜਾਈਆ । ਜੋਤ ਅਕਾਲਣ ਜੁੜੇ ਨਾਤਾ, ਘਰ ਸਾਚੇ ਮੇਲ ਮਿਲਾਈਆ । ਵੇਖੇ ਖੇਲ ਪੁਰਖ ਬਿਧਾਤਾ, ਗ਼ਮੀ ਖ਼ੁਸ਼ੀ ਨਾ ਕੋਇ ਜਣਾਈਆ । ਨਿਰਗੁਣ ਹੋ ਕੇ ਦੇਵੇ ਸਾਥਾ, ਸਰਗੁਣ ਅੰਗ ਲਗਾਈਆ । ਦੋ ਜਹਾਨ ਚਲਾਏ ਰਾਥਾ, ਰਥਵਾਹੀ ਇਕੋ ਨਜ਼ਰੀ ਆਈਆ । ਚਾਰ ਜੁਗ ਦੀ ਪੂਜਾ ਪਾਠਾ, ਮੰਤਰ ਸ਼ਬਦ ਕਰੇ ਪੜ੍ਹਾਈਆ । ਦੋ ਜਹਾਨਾਂ ਖੋਲ੍ਹ ਖ਼ੁਲਾਸਾ, ਭੇਵ ਅਭੇਦਾ ਦਏ ਸਮਝਾਈਆ । ਅੰਤ ਕੰਤ ਭਗਵੰਤ ਪੂਰੀ ਕਰੇ ਆਸਾ, ਨਿਰਾਸਾ ਨਜ਼ਰ ਕੋਇ ਨਾ ਆਈਆ । ਜਿਸ ਦਾ ਸੁਣਦੇ ਸਾਰੇ ਸਾਕਾ, ਸਖਿਆਤ ਵੇਸ ਵਟਾਈਆ । ਘਰ ਮੰਦਰ ਖੋਲ੍ਹ ਤਾਕਾ, ਪੜ੍ਹਦਾ ਦੂਈ ਦਏ ਚੁਕਾਈਆ । ਅੰਦਰ ਵੜ ਕੇ ਕਰੇ ਬਾਤਾਂ, ਬਾਤਨ ਭੇਵ ਦਏ ਸਮਝਾਈਆ । ਜਨ ਭਗਤਾਂ ਮੇਲਾ ਏਕਾ ਘਾਟਾ, ਘਾਟ ਪੱਤਣ ਇਕੋ ਇਕ ਵਖਾਈਆ । ਅਗਲੀ ਪਿਛਲੀ ਮੁੱਕੇ ਵਾਟਾ, ਪਾਂਧੀ ਪੰਧ ਨਾ ਕੋਇ ਭਵਾਈਆ । ਸੋਹੰ ਢੋਲਾ ਗਾਏ ਗਾਥਾ, ਆਤਮ ਪਰਮਾਤਮ ਜੋੜ ਜੁੜਾਈਆ । ਜੋਤ ਅਕਾਲਣ ਤੇਰਾ ਸੋਹੇ ਮਸਤਕ ਮਾਥਾ, ਟਿੱਕਾ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸੁਭਾਈਆ । ਜੋਤ ਅਕਾਲਣ ਹੋਏ ਮਿਲਾਪ, ਜਨ ਭਗਤ ਵੱਜੇ ਵਧਾਈਆ । ਦੋ ਜਹਾਨਾਂ ਬਣੇ ਸਾਕ, ਸੱਜਣ ਇਕੋ ਰੂਪ ਸਮਾਈਆ । ਖੇਲੇ ਖੇਲ ਦੀਨਾਂ ਨਾਥ, ਦੀਨਨ ਲਏ ਉਠਾਈਆ । ਲਹਿਣਾ ਚੁੱਕੇ ਮਸਤਕ ਮਾਥ, ਪੂਰਬ ਝੋਲੀ ਆਪ ਭਰਾਈਆ । ਕਲਜੁਗ ਅੰਤ ਸ੍ਰੀ ਭਗਵੰਤ ਬੇਅੰਤ ਜਣਾਏ ਪੂਜਾ ਪਾਠ, ਸੋਹੰ ਸਚ ਨਾਮ ਪੜ੍ਹਾਈਆ । ਗੁਰਮਖ ਮਿਲੇ ਇਕ ਜਮਾਤ, ਚਾਰ ਵਰਨ ਇਕੋ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜੋਤ ਅਕਾਲਣ ਆਸਾ ਪੁੰਨੀ, ਹਰਿ ਪੂਰਨ ਪੁਰਖ ਪ੍ਰਭ ਪਾਇਆ । ਓਢਣ ਮਿਲਿਆ ਸਿਰ ਤੇ ਚੁੰਨੀ, ਢਾਕਣ-ਕੂ-ਪਤ ਬੇਪਰਵਾਹਿਆ । ਗਾਵੇ ਗੀਤ ਵਡ ਗੁਣ ਗੁਣੀ, ਗੋਬਿੰਦ ਢੋਲਾ ਰਾਗ ਅਲਾਇਆ । ਸਚ ਪੁਕਾਰ ਮੇਰੀ ਸੁਣੀ, ਬੇਪਰਵਾਹ ਹੋਏ ਸਹਾਇਆ । ਗੁਰਮੁਖ ਮੇਲੇ ਆਪਣੀ ਧੁਨੀ, ਧੁਨ ਆਤਮਕ ਰਾਗ ਅਲਾਇਆ । ਲੱਖ ਚੁਰਾਸੀ ਵਿਚੋ ਚੁਣੀ, ਚੁਣ ਚੁਣ ਏਕਾ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਜੋੜ ਜੁੜਾਇਆ । ਘਰ ਸਾਚੇ ਜੋੜੀ ਗਈ ਜੁੜ, ਜੋਬਨ ਇਕੋ ਨੂਰ ਵਖਾਈਆ । ਆਤਮ ਪਰਮਾਤਮ ਪਈ ਲੋੜ, ਪਰਮਾਤਮ ਆਤਮ ਮਿਲੇ ਚਾਈਂ ਚਾਈਂਆ । ਰਵਦਾਸ ਚੁਮਾਰਾ ਢੋਵਣਹਾਰਾ ਢੋਰ, ਪਾਨਹਾਂ ਗੰਢ ਵਕਤ ਲੰਘਾਈਆ । ਤਿਸ ਸਾਹਿਬ ਸੁਆਮੀ ਗਿਆ ਬੌਹੜ, ਬਾਵਰ ਆਪਣੇ ਲੇਖੇ ਪਾਈਆ । ਕਲਜੁਗ ਸਤਿਜੁਗ ਦੋਵੇਂ ਮਾਰਗ ਦੇਵੇ ਤੋਰ, ਲਹਿਣਾ ਦੋਹਾਂ ਨਾਲ ਰਿਹਾ ਚੁਕਾਈਆ । ਵੇਖ ਵਖਾਏ ਅੰਧ ਘੋਰ, ਲੇਖਾ ਜਾਣੇ ਚੰਦ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵਾ ਏਕਾ ਥਾਈਂਆ । ਮੇਲ ਮਿਲਾਵਾ ਏਕ ਥਨੰਤਰ, ਧਾਮ ਸੁਹੰਜਣਾ ਆਪ ਸੁਹਾਇੰਦਾ । ਮਿਲ ਮਿਲ ਗਾਇਆ ਸਾਚਾ ਮੰਤਰ, ਮੰਤਰ ਸੋਹਲਾ ਢੋਲਾ ਸੋਹੰ ਰਾਗ ਅਲਾਇੰਦਾ । ਹਰ ਘਟ ਬਿਧ ਜਾਣੇ ਅੰਤਰ, ਅੰਤਰ ਆਤਮ ਵੇਖ ਵਖਾਇੰਦਾ । ਕਲਜੁਗ ਵਿਚ ਸਤਿਜੁਗ ਬਣਾਏ ਬਣਤਰ, ਗੁਰਮੁਖ ਸਾਚੇ ਆਪ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਜੋਤ ਅਕਾਲਣ, ਅਕਲ ਕਲ ਧਾਰੀ ਆਪ

ਜਣਾਈਆ । ਜਨ ਭਗਤ ਦੁਆਰੇ ਜਾਣਾ ਬਣ ਕੇ ਮਾਲਣ, ਪ੍ਰੇਮ ਫੂਲਣ ਹਾਰ ਤਨ ਪਹਿਨਾਈਆ । ਜਾ ਕੇ ਫੜਨਾ ਗੁਰਮੁਖਾਂ ਦਾਮਨ, ਪੱਲੂ ਆਪਣੇ ਨਾਲ ਗੰਢਾਈਆ । ਮੇਟਣੀ ਰੈਣ ਅੰਧੇਰੀ ਸ਼ਾਮਨ, ਸਤਿਜੁਗ ਸੱਚਾ ਚੰਦ ਰੁਸ਼ਨਾਈਆ । ਦਰਸ ਕਰਨਾ ਆਮ੍ਹਣੇ ਸਾਮ੍ਹਣ, ਸਨਮੁਖ ਦੀਦਾਰਾ ਪਾਈਆ । ਵਿਚੋਲਾ ਕੋਈ ਨਾ ਬਣੇ ਸ਼ੱਤਰੀ ਬ੍ਰਾਹਮਣ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕੋ ਦਾਨ, ਸਾਚਾ ਮੇਲਾ ਵਿਚ ਜਹਾਨ, ਜੀਵਣ ਜੁਗਤ ਜਗ ਦਾਤਾ ਜਾਗਰਤ ਜੋਤ ਦਏ ਸਮਝਾਈਆ ।

✪ ੧੧ ਭਾਦਰੋ ੨੦੨੦ ਬਿਕ੍ਰਮੀ ਹਰਿ ਸੰਗਤ ਦੇ ਨਵਿਤ ਹਰਿ ਭਗਤ ਦੁਆਰ ਜੇਠੂਵਾਲ ✪

੨੯੮ ਸ਼ਾਹੀ ਕਹੇ ਮੇਰੇ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਮੰਗਾਂ ਪਨਾਹ, ਚਰਨ ਕਵਲ ਧਿਆਨ ਲਗਾਈਆ । ਦੋਏ ਜੋੜ ਪਵਾਂ ਸਰਨਾ, ਨਿਉਂ ਨਿਉਂ ਸੀਸ ਝੁਕਾਈਆ । ਸਦ ਮਨਾਂ ਤੇਰੀ ਰਜ਼ਾ, ਤੇਰਾ ਹੁਕਮ ਆਪਣੇ ਸੀਸ ਟਿਕਾਈਆ । ਰਹਿਮਤ ਕਰ ਸਚ ਖ਼ੁਦਾ, ਖ਼ੁਦੀ ਤਕੱਬਰ ਕੋਇ ਰਹਿਣ ਨਾ ਪਾਈਆ । ਤੇਰੇ ਪ੍ਰੇਮ ਵਿਚ ਹੋਈ ਫ਼ਿਦਾ, ਆਪਣਾ ਆਪ ਮਿਟਾਈਆ । ਆਪਣਾ ਆਪ ਦਿਤਾ ਕਟਾ, ਅੰਗ ਅੰਗ ਨਾਲੋ ਜੁਦਾ ਕਰਾਈਆ । ਤੇਰੇ ਮਿਲਣ ਦਾ ਚੜ੍ਹਿਆ ਚਾ, ਤਿੱਖੀ ਕਰਦ ਛੁਰੀ ਚਲਾਈਆ । ਪੁਰਜ਼ਾ ਪੁਰਜ਼ਾ ਅੰਗ ਕਟਾ, ੨੯੮

੧੫ ਆਪਣਾ ਆਪ ਮਿਟਾਈਆ । ਪਤ ਡਾਲੀ ਸ਼ਾਖ਼ ਦਿਤੀ ਤਜਾ, ਤਜ ਆਪਣਾ ਆਪ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਸਚ ਸਰਨਾਈਆ । ਸ਼ਾਹੀ ਕਹੇ ਮੇਰੇ ਸ਼ਹਿਨਸ਼ਾਹ, ਬੇਪਰਵਾਹ ਤੇਰੀ ਵਡਿਆਈਆ । ਦਰ ਦਰਵੇਸ਼ ਮੰਗਾਂ ਰਾਹ, ਇਕ ਧਿਆਨ ਲਗਾਈਆ । ਕਿਰਪਾ ਕਰ ਵਡ ਨਿਗਹਬਾਨ ਮਿਹਰਵਾਂ, ਮਿਹਰ ਨਜ਼ਰ ਉਠਾਈਆ । ਸਾਚੀ ਸੇਵਾ ਲਵਾਂ ਕਮਾ, ਕਮਲੀ ਕੋਝੀ ਆਪਣਾ ਆਪ ਭੇਟ ਚੜ੍ਹਾਈਆ । ਤੇਰਾ ਸਿਫ਼ਤੀ ਢੋਲਾ ਲਵਾਂ ਗਾ, ਗਾ ਗਾ ਖ਼ੁਸ਼ੀ ਮਨਾਈਆ । ਨਾਤਾ ਲਵਾਂ ਜੁੜਾ, ਜੁਗ ਚੌਕੜੀ ਸਕੇ ਨਾ ਕੋਇ ਤੁੜਾਈਆ । ਤੇਰਾ ਮੇਰਾ ਲੇਖਾ ਦੋ ਜਹਾਂ, ਦੋਏ ਦੋਏ ਧਾਰ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸੁਣ ਕੇ ਹਾਲ ਜਗਤ ਸ਼ਾਹੀ, ਕਲਮ ਉਠੀ ਕੁਰਲਾਈਆ । ਮੇਰਾ ਮੈਨੂੰ ਮਿਲੇ ਮਾਹੀ, ਪ੍ਰੇਮ ਮੇਰੇ ਨਾਲ ਬੰਧਾਈਆ । ਮੈਂ ਚਲ ਕੇ ਦੇਵਾਂ ਆਪ ਵਧਾਈ, ਸਚ ਸੁਨੇਹੜਾ ਇਕ ਸੁਣਾਈਆ । ਉਠ ਵੇਖ ਮੇਰੇ ਸਚ ਗੋਸਾਈਂ, ਦਰ ਤੇਰੇ ਅਲਖ ਜਗਾਈਆ । ਬਣ ਕੇ ਆਈ ਪਾਂਧੀ ਰਾਹੀ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨੈਣ ਉਠਾਈਆ । ਸਚ ਪੁਕਾਰ ਕਰੇ ਕਲਮ, ਕਲਮਾ ਇਕੋ ਸੁਣਾਈਆ । ਬੇਪਰਵਾਹ ਮੇਰੇ ਬਲਮ, ਵਡ ਤੇਰੀ ਵਡਿਆਈਆ । ਨਿਹਕਰਮੀ ਵੇਖ ਮੇਰੇ ਕਰਮ, ਕਰਮ ਕਾਂਡ ਨਾ ਕੋਇ ਰਖਾਈਆ । ਤੇਰਾ ਮੇਰਾ ਇਕੋ ਧਰਮ, ਧਰਮ ਦੁਆਰੇ ਗੰਢ ਪਵਾਈਆ । ਦੂਜਾ ਨਾ ਕੋਈ ਦਿਸੇ ਭਰਮ, ਭਾਂਡਾ ਭਰਮ ਭੰਨਾਈਆ । ਮੈਨੂੰ ਆਵੇ ਤੈਥੋਂ ਸ਼ਰਮ, ਨੇਤਰ ਨੈਣ ਨਾ ਕੋਇ ਉਠਾਈਆ । ਸਦ ਵਸਾਂ ਤੇਰੇ ਹਰਮ, ਮਹੱਲ ਇਕੋ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ੧੫

ਕਰ, ਏਕਾ ਦੇ ਵਡਿਆਈਆ । ਕਲਮ ਕਹੇ ਮੈਂ ਤੇਰੀ ਦਾਸੀ, ਦਾਸਨ ਰੂਪ ਵਟਾਈਆ । ਨਿਰਗੁਣ ਰੂਪ ਪੁਰਖ ਅਬਿਨਾਸ਼ੀ, ਤੇਰੀ ਸਮਝ ਕੋਇ ਨਾ ਪਾਈਆ । ਸਚਖੰਡ ਦੁਆਰ ਸਚ ਧਾਰ ਜੋਤ ਪਰਕਾਸੀ, ਪਰਕਾਸ਼ਵਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਕਲਮ ਕਹੇ ਮੈਂ ਮੰਗਣ ਆਈ, ਦਰ ਸਾਚੇ ਸਚ ਸਰਨਾਈਆ । ਤੇਰੀ ਮੇਰੀ ਨਾ ਹੋਏ ਜੁਦਾਈ, ਨਾਤਾ ਸਕੇ ਨਾ ਕੋਇ ਤੁੜਾਈਆ । ਨਿਰਗੁਣ ਹੋ ਕੇ ਕਰ ਕੁੜਮਾਈ, ਸਰਗੁਣ ਲੇਖੇ ਲਾਈਆ । ਤੂੰ ਮੇਰਾ ਬਣ ਸੱਚਾ ਮਾਹੀ, ਮੈਂ ਤੇਰੀ ਨਾਰ ਰੂਪ ਵਟਾਈਆ । ਬੇਸ਼ਕ ਮੇਰਾ ਮੂਲ ਬੂਟਾ ਕਾਹੀ, ਤੇਰੀ ਜੜ੍ਹ ਤੇਰੇ ਨਾਲ ਬੰਧਾਈਆ । ਤੇਰੇ ਨਾਮ ਦੀ ਵਜਾਵਾਂ ਵਧਾਈ, ਸਾਚਾ ਢੋਲਾ ਰਾਗ ਸਮਝਾਈਆ । ਮੇਰੇ ਬਿਨਾਂ ਪ੍ਰਭੂ ਤੇਰੀ ਨਾ ਕੋਈ ਸ਼ਨਵਾਈ, ਨਿਸ਼ਾਨ ਨਜ਼ਰ ਕੋਇ ਨਾ ਆਈਆ । ਮੈਂ ਸ਼ਹਾਦਤ ਦੇਵਾਂ ਤੇਰੀ ਗਵਾਹੀ, ਲਿਖ ਲੇਖਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਕਲਮ ਤੇਰੀ ਸੁਣ ਕੇ ਬਾਤ, ਸ਼ਾਹੀ ਆਪਣੀ ਲਏ ਅੰਗੜਾਈਆ । ਮੇਰੇ ਬਿਨਾਂ ਕੀ ਕਰੇਂ ਖੇਲ ਤਮਾਸ਼, ਤੇਰੀ ਚਲੇ ਨਾ ਕੋਇ ਚਤੁਰਾਈਆ । ਤੇਰਾ ਖ਼ਾਲੀ ਪਿੰਜਰ ਦਿਸੇ ਸਾਸ, ਰੂਪ ਨਜ਼ਰ ਕੋਇ ਨਾ ਆਈਆ । ਮੈਂ ਸਚ ਸੁਨੇਹੜਾ ਦੇਵਾਂ ਆਖ, ਇਕੋ ਵਾਰ ਜਣਾਈਆ । ਜਿੰਨਾਂ ਚਿਰ ਤੇਰਾ ਮੇਰਾ ਜੁੜੇ ਨਾ ਨਾਤ, ਪੁਰਖ ਬਿਧਾਤਾ ਅੰਗ ਨਾ ਕੋਇ ਲਗਾਈਆ । ਸੁਣ ਕੇ ਹਾਲ ਲਾਗੋ ਉਠੀ ਮਿੱਟੀ ਦਵਾਤ, ਮਾਟੀ ਕਾਚੀ ਰਹੀ ਕੁਰਲਾਈਆ । ਮੇਰੇ ਬਿਨਾਂ ਨਾ ਕਿਸੇ ਨਜਾਤ, ਬੰਧਨ ਸਕੇ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ੍ਰੀ ਭਗਵਾਨ ਸੁਣ ਕੇ ਬਾਤ, ਹਰਿ ਬਾਤਨ ਭੇਵ ਜਣਾਇੰਦਾ । ਕਲਮ ਉਠ ਮਾਰ ਝਾਤ, ਹਰਿ ਕਾਲਮ ਵੰਡ ਵੰਡਾਇੰਦਾ । ਸ਼ਾਹੀ ਲੇਖਾ ਵੇਖ ਸਫ਼ਾਤ, ਸਫ਼ਾ ਹਸਤੀ ਰੂਪ ਨਾ ਕੋਇ ਜਣਾਇੰਦਾ । ਭੇਵ ਖੁਲ੍ਹਾਏ ਜਗਤ ਦਵਾਤ, ਦੁਆਰਾ ਆਪਣਾ ਆਪ ਸਮਝਾਇੰਦਾ । ਤਿੰਨਾਂ ਪੁੱਛਣਹਾਰਾ ਵਾਤ, ਸਿਰ ਆਪਣਾ ਹੱਥ ਟਿਕਾਇੰਦਾ । ਨੇਤਰ ਖੋਲ੍ਹ ਵਖਾਏ ਮਾਰ ਝਾਤ, ਪੜਦਾ ਆਪਣਾ ਆਪ ਚੁਕਾਇੰਦਾ । ਸ਼ਬਦ ਗੁਰਦੇਵ ਦੇਵਣਹਾਰਾ ਦਾਤ, ਵਸਤ ਅਮੋਲਕ ਸਚ ਵਰਤਾਇੰਦਾ । ਨਿਰਗੁਨ ਬੰਨ੍ਹੇ ਸਰਗੁਣ ਨਾਤ, ਨਾਤਾ ਇਕੋ ਵਾਰ ਜੁੜਾਇੰਦਾ । ਧੁਰ ਦੀ ਧਾਰ ਵਖਾਏ ਖਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਜਣਾਇੰਦਾ । ਸਾਚੀ ਕਾਰ ਸ਼ਬਦੀ ਤੂਰ, ਹਰਿ ਤੁਰਤ ਆਪ ਜਣਾਈਆ । ਉਠੇ ਸੁੱਤ ਜੋਧਾ ਸੂਰ, ਬਲ ਆਪਣਾ ਆਪ ਪਰਗਟਾਈਆ । ਮੇਰਾ ਖੇਲ ਹੋਣਾ ਜ਼ਰੂਰ, ਨਾ ਕੋਈ ਮੇਟੇ ਮੇਟ ਮਿਟਾਈਆ । ਸਰਬ ਕਲਾਂ ਬਣ ਭਰਪੂਰ, ਭਰਪੂਰ ਰਿਹਾ ਸਰਬ ਠਾਈਆ । ਚਾਰ ਖਾਣੀ ਜਿਸ ਭਰਿਆ ਪੂਰ, ਅੰਡਜ ਜੇਰਜ ਉਤਭੁਜ ਸੇਤਜ ਬੇੜਾ ਰਿਹਾ ਚਲਾਈਆ । ਕਲਮ ਨਾ ਹੋਣਾ ਮਜਬੂਰ, ਦੁੱਖ ਦਰਦ ਰਹਿਣ ਕੋਇ ਨਾ ਪਾਈਆ । ਸ਼ਾਹੀ ਸ਼ਹਿਨਸ਼ਾਹ ਵੇਖ ਹਜ਼ੂਰ, ਹਰਿ ਜੂ ਦਏ ਸਮਝਾਈਆ । ਦਵਾਤ ਕਹੇ ਮੇਰਾ ਪੈਂਡਾ ਨੇੜੇ ਦੂਰ, ਦੋ ਜਹਾਨਾਂ ਗੰਢ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ਼ਬਦ ਸੁਤ ਕਹੇ ਸੁਣ ਕਲਮ ਕਾਨੀ, ਕਾਇਨਾਤ ਹਰਿ ਜਣਾਇੰਦਾ । ਸ਼ਾਹੀ ਸ਼ਹਿਨਸ਼ਾਹ ਖੇਲ ਕਰੇ ਮਹਾਨੀ, ਸ਼ਾਸਤਰ ਸਿਮਰਤ ਵੇਦ ਪੁਰਾਨੀ ਸਿਫ਼ਤੀ ਸਿਫ਼ਤ ਵਡਿਆਇੰਦਾ । ਦਵਾਤ ਕਹੇ ਮੈਂ ਵਡ ਵਿਦਵਾਨੀ, ਘਰ ਭੰਡਾਰਾ ਇਕ ਭਰਾਇੰਦਾ । ਤੇਰੀ ਧਾਰ ਅਗੰਮ ਨੂਰਾਨੀ, ਧੁਨ ਨਜ਼ਰ ਕਿਸੇ ਨਾ ਆਇੰਦਾ । ਬਿਨ ਸਰਗੁਣ

ਤੇਰੀ ਬਣੇ ਨਾ ਕੋਇ ਨਿਸ਼ਾਨੀ, ਤੇਰਾ ਨਾਉਂ ਕੋਇ ਨਾ ਗਾਇੰਦਾ । ਕਿਰਪਾ ਕਰ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰਾ ਹੁਕਮ ਇਕੋ ਭਾਇੰਦਾ । ਕਲਮ ਕਹੇ ਮੈਂ ਲੇਖਾ ਲਿਖਾਂ ਮਹਾਨੀ, ਸ਼ਾਹੀ ਕਹੇ ਮੈਂ ਆਪਣਾ ਰੰਗ ਵਖਾਇੰਦਾ । ਦਵਾਤ ਕਹੇ ਮੇਰਾ ਦਰ ਪਰਵਾਨੀ, ਪਰਵਾਨਾ ਸਭ ਦੇ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਚਲਾਇੰਦਾ । ਕਲਮ ਕਹੇ ਮੇਰੇ ਭਗਵਾਨ, ਮੈਂ ਦੇਵਾਂ ਸਚ ਸੁਣਾਈਆ । ਮੇਰੇ ਬਿਨਾਂ ਨਾ ਤੇਰਾ ਕੋਈ ਨਿਸ਼ਾਨ, ਤੇਰਾ ਨਾਉਂ ਨਾ ਕੋਇ ਸਮਝਾਈਆ । ਤੇਰੀ ਸਿਫ਼ਤ ਨਾ ਕੋਈ ਜਾਣੇ ਜੀਵ ਜਹਾਨ, ਢੋਲਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੀ ਸੇਵ ਕਮਾਈਆ । ਸ਼ਾਹੀ ਕਹੇ ਮੇਰਾ ਸ਼ਾਨ, ਨਿਰਗੁਣ ਸਰਗੁਣ ਦਿਆਂ ਸਮਝਾਈਆ । ਸ੍ਰੀ ਭਗਵਾਨ ਤੇਰਾ ਬਿਆਨ, ਲੇਖਾ ਲਿਖ ਲਿਖ ਦਿਆਂ ਵਖਾਈਆ । ਨਾ ਕੋਈ ਮੇਟੇ ਮੇਟ ਮਿਟਾਨ, ਹਰਫ਼ ਹਰੂਫ਼ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੀ ਸੇਵ ਕਮਾਈਆ । ਦਵਾਤ ਕਹੇ ਮੇਰੀ ਖੇਲ ਨਿਰਾਲੀ, ਜਗਤ ਸ਼ਾਹੀ ਰਹੀ ਸਮਝਾਈਆ । ਮੇਰੇ ਬਿਨਾਂ ਤੇਰਾ ਕੋਈ ਨਾ ਬਣੇ ਪਾਲੀ, ਤੇਰੀ ਧਾਰ ਨਾ ਕੋਇ ਵਖਾਈਆ । ਕਲਮ ਵਿਚਾਰੀ ਰਹੇ ਬੇਹਾਲੀ, ਹਾਲ ਬੇਹਾਲ ਸਕੇ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸੇਵਾ ਦਏ ਲਗਾਈਆ । ਸੁਣ ਕਲਮ ਹਰਿ ਕਰਤਾਰ, ਆਦਿ ਆਦਿ ਜਣਾਈਆ । ਸ਼ਾਹੀ ਨਾਲ ਤੇਰਾ ਪਿਆਰ, ਸ਼ਾਹ ਪਾਤਸ਼ਾਹ ਜੋੜ ਜੁੜਾਈਆ । ਦਵਾਤ ਤੇਰੀ ਚਾਰ ਦੀਵਾਰ, ਚਾਰ ਕੁੰਟ ਵਖਾਈਆ । ਤੇਰਾ ਮੁਖ ਦੇਵੇ ਉਘਾੜ, ਆਪ ਆਪਣਾ ਧਿਆਨ ਲਗਾਈਆ । ਤੇਰੇ ਅੰਤਰ ਉਲਟਾ ਰੁਖ਼ ਦੇਵੇ ਵਾੜ, ਕਲਮ ਆਪਣਾ ਮੁਖ ਛੁਪਾਈਆ । ਦੋਹਾਂ ਮਿਲ ਕੇ ਖੇਲ ਹੋਏ ਅਪਾਰ, ਸ਼ਾਹੀ ਆਪਣਾ ਰੰਗ ਚੜ੍ਹਾਈਆ । ਸਤਿਗੁਰ ਖਿਚ ਕੇ ਲਿਆਏ ਬਾਹਰ, ਆਪ ਆਪਣਾ ਹੁਕਮ ਵਰਤਾਈਆ । ਸਾਚੀ ਸਿਫ਼ਤ ਨਾਮ ਭੰਡਾਰ, ਸੇਵਾ ਇਕੋ ਇਕ ਲਗਾਈਆ । ਲੇਖਾ ਲਿਖਣਾ ਵੇਦ ਚਾਰ, ਸ਼ਾਸਤਰ ਸਿਮਰਤ ਨਾਲ ਰਲਾਈਆ । ਗੀਤਾ ਗਿਆਨ ਦੇ ਆਧਾਰ, ਅੰਜੀਲ ਕੁਰਾਨ ਕਰੀ ਕੁੜਮਾਈਆ । ਖਾਣੀ ਬਾਣੀ ਕਰ ਪਿਆਰ, ਸਾਚੀ ਸਿਖਿਆ ਇਕ ਸਮਝਾਈਆ । ਹਰਿ ਕਾ ਸ਼ਬਦ ਧੁਰ ਜੈਕਾਰ, ਢੋਲਾ ਇਕ ਸੁਣਾਈਆ । ਕਲਮ ਸ਼ਾਹੀ ਮਿਲ ਮਿਲ ਕਰੇ ਪਿਆਰ, ਦਵਾਤ ਦਵੈਤ ਨਾ ਕੋਇ ਜਣਾਈਆ । ਲੇਖਾ ਲਿਖਣ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਲਮ ਕਹੇ ਮੇਰੇ ਭਗਵੰਤ, ਦਰ ਤੇਰੇ ਸੀਸ ਝੁਕਾਈਆ । ਸ਼ਾਹੀ ਕਹੇ ਮੇਰੇ ਸਾਜਣ ਕੰਤ, ਦੋਏ ਜੋੜ ਲਾਗਾਂ ਪਾਈਆ । ਦਵਾਤ ਕਹੇ ਤੇਰੀ ਮਹਿਮਾਂ ਅਗਣਤ, ਸਿਫ਼ਤੀ ਸਿਫ਼ਤ ਤੇਰੀ ਵਡਿਆਈਆ । ਦਰ ਤੇਰੇ ਤੇ ਮੰਗਣ ਮੰਗਤ, ਬੈਠੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਤਿੰਨੇ ਬੋਲਣ ਏਕਾ ਵਾਰ, ਦਰ ਸਾਚੇ ਕੂਕ ਸੁਣਾਈਆ । ਤੇਰਾ ਸਿਫ਼ਤੀ ਲੇਖਾ ਲਿਖੀਏ ਸਦਾ ਜੁਗ ਚਾਰ, ਜੁਗ ਚੌਕੜੀ ਸੇਵ ਕਮਾਈਆ । ਤੇਰਾ ਨਾਮ ਢੋਲਾ ਗਾਈਏ ਵਾਰ, ਵਾਰਤਾਲਾਪ ਇਕ ਜਣਾਈਆ । ਤੇਰੇ ਮੰਦਰ ਅੰਦਰ ਬਹਿ ਬਹਿ ਕਰੀਏ ਪਿਆਰ, ਪ੍ਰੇਮ ਪ੍ਰੀਤੀ ਇਕੋ ਨਜ਼ਰੀ ਆਈਆ । ਤੇਰਾ ਸ਼ਬਦ ਸੁਆਮੀ ਬੋਲ ਜੈਕਾਰ, ਜੈ ਜੈਕਾਰ ਦੋ ਜਹਾਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਸੰਗ ਇਕ ਵਖਾਈਆ । ਸਾਚਾ ਸੰਗ

ਪ੍ਰਭ ਇਕ ਵਖਾਉਣਾ, ਦਰ ਤੇਰੇ ਇਕ ਅਰਜ਼ੋਈਆ । ਸਾਚੇ ਭਗਤਾਂ ਮੇਲ ਮਿਲਾਉਣਾ, ਜੋ ਤੇਰਾ ਢੋਲਾ ਰਹੇ ਗਾਈਆ । ਦੂਜਾ ਕੋਈ ਨਜ਼ਰ ਨਾ ਆਉਣਾ, ਅੰਗੀਕਾਰ ਨਾ ਕੋਇ ਅਖਵਾਈਆ । ਧੁਰ ਦਾ ਲੇਖ ਇਕ ਲਿਖਾਉਣਾ, ਦੂਜੀ ਅਵਰ ਨਾ ਕੋਇ ਲਿਖਾਈਆ । ਬਿਨ ਤੇਰੇ ਤੇਰਾ ਭੇਵ ਨਾ ਕਿਸੇ ਖੁਲ੍ਹਾਉਣਾ, ਅੰਤ ਕਹਿਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਤੇਰੇ ਦਰ ਮੰਗੀਏ ਟੇਕ, ਸਰਨ ਮਿਲੇ ਸਰਨਾਈਆ । ਤੇਰੀ ਸਿਫ਼ਤ ਦਾ ਅਗੰਮੀ ਲੇਖ, ਲਿਖ ਲਿਖ ਜਗਤ ਜੀਵ ਸਮਝਾਈਆ । ਤੇਰਾ ਮੇਲਾ ਤੇਰੇ ਦੇਸ, ਤੇਰੇ ਨਗਰ ਖੇੜੇ ਵੱਜੇ ਇਕ ਵਧਾਈਆ । ਤੇਰਾ ਪ੍ਰੇਮ ਪ੍ਰੀਤਮ ਰਹੇ ਹਮੇਸ਼, ਪਰਮ ਪੁਰਖ ਟੁੱਟ ਨਾ ਜਾਈਆ । ਸਦਾ ਸਦਾ ਨਿਤ ਨਵਿਤ ਤੇਰੇ ਭੇਖ ਦਾ ਲਿਖਦੇ ਰਹੀਏ ਲੇਖ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਮਨਮੁਖ ਕੋਈ ਨਾ ਲਏ ਵੇਖ, ਗੁਰਮੁਖ ਸਦਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਜਨ ਭਗਤਾਂ ਆਪਣਾ ਹੁਕਮ ਵਰਤਾਈਆ । ਸ੍ਰੀ ਭਗਵਾਨ ਸਚ ਸੁਣੈਂਦਾ ਏ । ਧੁਰ ਦਾ ਭੇਵ ਆਪ ਖੁਲ੍ਹੌਂਦਾ ਏ । ਕਲਮ ਇਕੋ ਹੁਕਮ ਵਰਤੌਂਦਾ ਏ । ਸ਼ਾਹੀ ਤੇਰੇ ਨਾਲ ਮਿਲੌਂਦਾ ਏ । ਦਵਾਤ ਕਿਲਾ ਕੋਟ ਬਣੈਂਦਾ ਏ । ਸਚ ਪ੍ਰੇਮ ਦਾ ਇਕੋ ਪਿਆਰ, ਅੰਮ੍ਰਿਤ ਜਲ ਬਰਸੌਂਦਾ ਏ । ਤਿੰਨਾਂ ਮੇਲਾ ਇਕੋ ਧਾਰ, ਰੰਗ ਸਾਚਾ ਇਕ ਰੰਗੌਂਦਾ ਏ । ਸੇਵਾ ਲਾ ਗੁਰੂ ਅਵਤਾਰ, ਧੁਰ ਦਾ ਹੁਕਮ ਇਕ ਸੁਣੈਂਦਾ ਏ । ਹੱਥ ਨਾਲ ਹੱਥ ਕਰੇ ਪਿਆਰ, ਫੜ ਬਾਂਹੋ ਲੇਖ ਲਿਖੌਂਦਾ ਏ । ਜੁਗ ਚੌਕੜੀ ਵਾਰੋ ਵਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡੌਂਦਾ ਏ । ਪੀਰ ਪੈਗ਼ੰਬਰ ਬਰਖ਼ੁਰਦਾਰ, ਸਾਚਾ ਹੁਕਮ ਆਪ ਸਮਝੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਆਪ ਕਮੌਂਦਾ ਏ । ਸਾਚੀ ਕਰਨੀ ਆਪ ਕਮਾਵੇਗਾ । ਪ੍ਰਭ ਜੁਗ ਚੌਕੜੀ ਤੁਹਾਡੀ ਸੇਵਾ ਵੇਖ ਵਖਾਵੇਗਾ । ਧੁਰ ਦਾ ਲੇਖਾ ਲਿਖਿਆ ਨਾ ਕੋਈ ਮਿਟਾਵੇਗਾ । ਲੱਖ ਚੁਰਾਸੀ ਜੀਵ ਜੰਤ ਸਿਫ਼ਤੀ ਢੋਲਾ ਸਾਰੇ ਗਾਵੇਗਾ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਰੂਪ ਧਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਇਕ ਸਮਝਾਵੇਗਾ । ਸਾਚਾ ਲੇਖ ਪ੍ਰਭੂ ਜਣਾਏਗਾ । ਜੁਗ ਚੌਕੜੀ ਪੰਧ ਮੁਕਾਏਗਾ । ਕਲਜੁਗ ਅੰਤਮ ਵੇਖ ਵਖਾਏਗਾ । ਨਿਰਗੁਣ ਹੋ ਕੇ ਫੇਰਾ ਪਾਏਗਾ । ਸਰਗੁਣ ਆਪਣਾ ਮੇਲ ਮਿਲਾਏਗਾ । ਭਗਤ ਭਗਵਾਨ ਸਾਚੇ ਚੁਣ, ਮਾਣਸ ਮਾਨੁਖ ਜਨਮ ਦਵਾਏਗਾ । ਆਪੇ ਜਾਣੇ ਸਚ ਗੁਣ, ਅਵਗੁਣ ਕੂੜੇ ਬਾਹਰ ਕਢਾਏਗਾ । ਲੱਖ ਚੁਰਾਸੀ ਛਾਣ ਪੁਣ, ਗੁਰਮੁਖ ਵਿਰਲੇ ਨਿਰਮਲ ਰੂਪ ਵਟਾਏਗਾ । ਧੁਰ ਦੀ ਧਾਰ ਪੁਕਾਰ ਸੁਣ, ਲੇਖਾ ਤਿੰਨਾਂ ਇਕ ਸਮਝਾਏਗਾ । ਲਹਿਣਾ ਦੇਣਾ ਚੁਕਾਏ ਰਿਖ ਮੁਨ, ਮੁਨੀ ਮੁਨੀਸ਼ਰ ਪੜਦਾ ਲਾਹੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਤੇਰਾ ਨਾਤਾ ਇਕ ਜੁੜਾਏਗਾ । ਜਨ ਭਗਤਾਂ ਨਾਤਾ ਆਪ ਜੁੜਾਵੇਗਾ । ਪੁਰਖ ਬਿਧਾਤਾ ਵੇਖ ਵਖਾਵੇਗਾ । ਕਲਜੁਗ ਅੰਤਮ ਵੇਸ ਵਟਾਵੇਗਾ । ਸ੍ਰੀ ਭਗਵੰਤ ਖੇਲ ਖਲਾਵੇਗਾ । ਗੁਰਮੁਖ ਸਾਚੇ ਸੰਤ ਆਪ ਜਗਾਵੇਗਾ । ਰਵਦਾਸ ਚੁਮਾਰਾ ਸੇਵਾ ਲਾਵੇਗਾ । ਗੁਰਦਾਸ ਨਿਉਂ ਨਿਉਂ ਸੀਸ ਝੁਕਾਵੇਗਾ । ਦੋਹਾਂ ਵਿਚੋਲਾ ਬਣ ਕੇ ਖੇਲ ਰਚਾਵੇਗਾ । ਕਲਮ ਤੇਰੀ ਕਾਤਬ ਬਣ ਕੇ ਵੰਡ ਵੰਡਾਵੇਗਾ । ਸ਼ਾਹੀ ਤੇਰੇ ਮੁਖ ਤੇ ਲਾਹ ਛਾਹੀ, ਸ਼ਹਿਨਸ਼ਾਹ ਨਵਾਂ ਰੰਗ ਵਖਾਵੇਗਾ । ਦਵਾਤ ਤੇਰੀ ਕਾਚੀ ਮਾਟੀ ਕੂੜਾ ਭਾਂਡਾ ਭੰਨ ਕੇ ਕਰ ਤਬਾਹੀ, ਸਾਚਾ ਬਰਤਨ ਇਕ ਪਰਗਟਾਵੇਗਾ ।

੨੭੧
੧੫

ਵੇਖਣ ਆਵੇ ਸੱਚਾ ਮਾਹੀ, ਬੇਪਰਵਾਹ ਫੇਰਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਮੂਲ ਚੁਕਾਵੇਗਾ । ਸਭ ਦਾ ਲਹਿਣਾ ਮੂਲ ਚੁਕਾਏਗਾ । ਨਿਰਗੁਣ ਹੋ ਕੇ ਵੇਖ ਵਖਾਏਗਾ । ਸਰਗੁਣ ਪੜਦਾ ਆਪ ਉਠਾਏਗਾ । ਗੁਰਮੁਖ ਬਰਦਾ ਆਪ ਬਣਾਏਗਾ । ਘਰ ਘਰ ਦਾ ਭੇਵ ਆਪ ਚੁਕਾਏਗਾ । ਡਰਦਾ ਡਰਦਾ ਜਨ ਭਗਤਾਂ ਸੇਵ ਕਮਾਏਗਾ । ਕਲਮ ਸ਼ਾਹੀ ਦਵਾਤ ਤੇਰੇ ਬਿਆਨ ਤੋ ਜੋ ਰਿਹਾ ਅੜਦਾ, ਤਿਸ ਅੰਤਮ ਮੇਟ ਮਿਟਾਏਗਾ । ਬਿਨ ਲੇਖਾ ਲਿਖਿਉਂ ਆਪੇ ਫੜਦਾ, ਆਪਣਾ ਹੁਕਮ ਆਪ ਚਲਾਏਗਾ । ਦੋ ਜਹਾਨਾਂ ਉਚੀ ਮੰਜ਼ਲ ਆਪੇ ਚੜ੍ਹਦਾ, ਬੁਜ਼ਦਿਲ ਰੂਪ ਨਾ ਕੋਇ ਵਟਾਏਗਾ । ਲੱਖ ਚੁਰਾਸੀ ਵਿਚੋ ਸੰਤ ਸੁਹੇਲੇ ਆਪੇ ਖੜਦਾ, ਮਾਰਗ ਇਕੋ ਇਕ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਿੰਨਾਂ ਇਕੋ ਰਾਹ ਵਖਾਏਗਾ । ਤਿੰਨਾਂ ਰਾਹ ਵਖਾਏ ਏਕ, ਏਕੰਕਾਰ ਦਇਆ ਕਮਾਈਆ । ਆਤਮ ਪਰਮਾਤਮ ਬਖ਼ਸ਼ੇ ਸਾਚੀ ਟੇਕ, ਸ਼ਬਦੀ ਸੁਰਤੀ ਜੋੜ ਜੁੜਾਈਆ । ਚਾਰ ਜੁਗ ਦਾ ਪੂਰਾ ਕਰੇ ਲੇਖ, ਪਿਛਲਾ ਲੇਖਾ ਲੇਖੇ ਪਾਈਆ । ਨਿਰਗੁਣ ਹੋ ਕੇ ਧਾਰੇ ਭੇਖ, ਸਰਗੁਣ ਦੇਵੇ ਮਾਣ ਵਡਿਆਈਆ । ਵਸਣਹਾਰਾ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚੇ ਭਗਤਾਂ ਜੋੜ ਜੁੜਾਈਆ । ਸਾਚੇ ਭਗਤਾਂ ਜੋੜ ਜੁੜਨਾ, ਜੋੜੀ ਜਗਦੀਸ ਬਣਾਇੰਦਾ । ਖ਼ਾਲੀ ਹੱਥ ਕਿਸੇ ਨਾ ਮੁੜਨਾ, ਸਚ ਭੰਡਾਰਾ ਆਪ ਵਰਤਾਇੰਦਾ । ਕੂੜੀ ਕਿਰਿਆ ਬੰਦ ਕਰੇ ਫੁਰਨਾ, ਫੁਰੋ ਮੰਤਰ ਨਾਮ ਸਚ ਇਕੋ ਇਕ ਸਮਝਾਇੰਦਾ । ਝੂਠੇ ਵਹਿਣ ਕਿਸੇ ਨਾ ਰੁੜ੍ਹਨਾ, ਡੁਬਦੇ ਪਾਥਰ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਲੇਖੇ ਲਾਇੰਦਾ । ਲੇਖਾ ਲੱਗੇ ਕਲਮ ਸ਼ਾਹੀ ਦਵਾਤ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਤਿੰਨਾਂ ਮੇਲਾ ਇਕ ਜਮਾਤ, ਏਕਾ ਘਰ ਖ਼ੁਸ਼ੀ ਵਖਾਈਆ । ਸਚ ਸੁਆਮੀ ਲਿਖ ਲਿਖ ਗਾਥ, ਸਦਾ ਦੇਵਣਹਾਰ ਵਡਿਆਈਆ । ਪੁਰਖ ਅਕਾਲ ਰੱਖੇ ਆਸ, ਨਿਜ ਨੇਤਰ ਧਿਆਨ ਲਗਾਈਆ । ਦਇਆਵਾਨ ਜੋਤ ਕਰੇ ਪਰਕਾਸ਼, ਅੰਧ ਅੰਧੇਰ ਮਿਟਾਈਆ । ਦਰ ਆਇਆਂ ਲੇਖੇ ਲਾਏ ਸਾਸ ਗਰਾਸ, ਲੇਖਾ ਲੇਖੇ ਨਾਲ ਮਿਲਾਈਆ । ਉਠ ਸਵਾਣੀ ਕਲਮ ਦਵਾਤ, ਸ਼ਾਹੀ ਇਕੋ ਹੁਕਮ ਵਰਤਾਈਆ । ਪਹਿਲੋ ਭਗਤਾਂ ਵੇਖ ਮਾਰ ਝਾਤ, ਘਰ ਸਾਚੇ ਖ਼ੁਸ਼ੀ ਮਨਾਈਆ । ਚਾਰ ਵਰਨ ਬਣੇ ਇਕ ਜਮਾਤ, ਦੂਈ ਦਵੈਤ ਨਾ ਕੋਇ ਰਖਾਈਆ । ਪ੍ਰਭ ਮਿਲਣ ਦੀ ਰੱਖਣ ਖ਼ਾਹਸ਼, ਦੂਜੀ ਆਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਸੇਵਾ ਤੇਰੀ ਲਾਈਆ । ਮੈਂ ਜਨ ਭਗਤਾਂ ਰਾਗ ਅਲਾਵਾਂਗੀ । ਦਾਸੀ ਬਣ ਕੇ ਸੇਵ ਕਮਾਵਾਂਗੀ । ਰਾਖੀ ਕਰ ਕੇ ਪਾਰ ਲੰਘਾਵਾਂਗੀ । ਸਾਖੀ ਬਣ ਕੇ ਜਗਤ ਸੁਣਾਵਾਂਗੀ । ਬਾਣੀ ਬਣ ਕੇ ਹੁਕਮ ਪੁਚਾਵਾਂਗੀ । ਨਾਤੀ ਬਣ ਕੇ ਜੋੜ ਜੁੜਾਵਾਂਗੀ । ਸਾਥੀ ਬਣ ਕੇ ਤੋੜ ਨਿਭਾਵਾਂਗੀ । ਆਖੀ ਮੰਨ ਕੇ ਸੀਸ ਨਿਵਾਵਾਂਗੀ । ਹਾਸੀ ਕਰ ਕਰ ਗੁਰਮੁਖ ਖ਼ੁਸ਼ੀਆਂ ਨਾਲ ਹਸਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਭਗਤਾਂ ਰਾਗ ਅਲਾਵਾਂਗੀ । ਸਾਚੇ ਭਗਤਾਂ ਲੇਖ ਲਿਖਾਵਾਂਗੀ । ਤੇਰੇ ਨਾਮ ਨਾਲ ਮਿਲਾਵਾਂਗੀ । ਹੱਡ ਮਾਸ ਨਾੜੀ ਚਾਮ ਪ੍ਰੇਮ ਰੰਗ ਇਕ ਚੜ੍ਹਾਵਾਂਗੀ । ਨਾਤਾ ਤੋੜ ਲੋਭ ਮੋਹ ਹੰਕਾਰ, ਕਰੋਧ ਕਾਮ ਮੇਟ ਮਿਟਾਵਾਂਗੀ । ਗੁਰਮੁਖ ਕੋਈ ਨਾ ਕਰੇ ਆਰਾਮ, ਹਰਫ਼ ਇਕੋ ਇਕ ਸਮਝਾਵਾਂਗੀ । ਦਰ ਦਰਵੇਸ਼ ਬਣ ਗ਼ੁਲਾਮ, ਘਰ ਘਰ ਅਲਖ ਜਗਾਵਾਂਗੀ । ਸਾਚਾ ਮੇਲਾ

ਸ੍ਰੀ ਭਗਵਾਨ, ਦੂਜਾ ਨਾਤਾ ਤੋੜ ਤੁੜਾਵਾਂਗੀ । ਕਲਜੁਗ ਅੰਤਮ ਲਿਖ ਕੇ ਇਕੋ ਗਿਆਨ, ਚੌਦਾਂ ਵਿਦਿਆ ਪੰਧ ਮੁਕਾਵਾਂਗੀ । ਤੂੰ ਮੇਰਾ ਮੈਂ ਤੇਰੇ ਦਰ ਹੋਈ ਪਰਵਾਨ, ਘਰ ਇਕੋ ਇਕ ਵਖਾਵਾਂਗੀ । ਸਾਚਾ ਝੁਲਦਾ ਰਹੇ ਨਿਸ਼ਾਨ, ਨਿਸ਼ਾਨਾ ਇਕੋ ਇਕ ਚੜ੍ਹਾਵਾਂਗੀ । ਲੋਕਮਾਤ ਗੁਰਮੁਖ ਬਣ ਕੇ ਆਏ ਮਹਿਮਾਨ, ਤਿਨ੍ਹਾਂ ਦਾ ਸਿਫ਼ਤੀ ਰਾਗ ਅਲਾਵਾਂਗੀ । ਜਿਸ ਵੇਲੇ ਮੁੜ ਕੇ ਘਰ ਨੂੰ ਜਾਣ, ਕਰ ਕਰ ਸੇਵਾ ਲਿਖ ਲਿਖ ਲੇਖਾ ਅਗਲਾ ਧਾਮ ਸਾਫ਼ ਕਰਾਵਾਂਗੀ । ਚਾਰ ਜੁਗ ਮੈਂ ਬਣੀ ਰਹੀ ਨਾਦਾਨ, ਅੰਤਮ ਆਪਣੀ ਅੱਖ ਖੁਲ੍ਹਾਵਾਂਗੀ । ਜਿਨ੍ਹਾਂ ਮੈਨੂੰ ਕੀਤਾ ਪਰਵਾਨ, ਤਿਨ੍ਹਾਂ ਪਰਵਾਨਾ ਲਿਖ ਕੇ ਹੱਥ ਫੜਾਵਾਂਗੀ । ਆਦਿ ਜੁਗਾਦਿ ਕਿਸੇ ਨਾ ਮਿਲਿਆ ਵਿਸ਼ਨੂੰ ਭਗਵਾਨ, ਜੁਗ ਵਿਛੜਿਆਂ ਕਾਗ਼ਜ਼ ਉਤੇ ਫੜ ਮਿਲਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਭਗਤਾਂ ਸੰਗ ਨਿਭਾਵਾਂਗੀ । ਮੇਰੇ ਭਗਤ ਸੱਚੇ ਜਨ ਆਉਣਗੇ । ਲੋਕਮਾਤ ਫੇਰਾ ਪਾਉਣਗੇ । ਇਕੋ ਮੇਰਾ ਨਾਂ ਧਿਆਉਣਗੇ । ਦੂਜੀ ਓਟ ਨਾ ਕੋਈ ਰਖਾਉਣਗੇ । ਆਤਮ ਸੇਜਾ ਸਾਚੀ ਸਾਉਣਗੇ । ਉਠਦੇ ਢੋਲਾ ਇਕੋ ਗਾਉਣਗੇ । ਜਗਤ ਵਿਚੋਲਾ ਨਾ ਕੋਈ ਬਣਾਉਣਗੇ । ਕੂੜੇ ਨੇਤਰ ਮਾਤ ਸ਼ਰਮਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸੋਭਾ ਪਾਉਣਗੇ । ਘਰ ਸਾਚੇ ਗੁਰਮੁਖ ਸੋਭਾ ਪਾਉਣਗੇ । ਧੁਰ ਦਾ ਹੁਕਮ ਇਕ ਸੁਣਾਉਣਗੇ । ਕਲਮ ਸ਼ਾਹੀ ਲੇਖ ਬਣਾਉਣਗੇ । ਧਰਨੀ ਧਰਤ ਧਵਲ ਵਡਿਆਉਣਗੇ । ਕਾਗਦ ਆਪਣਾ ਰੰਗ ਚੜ੍ਹਾਉਣਗੇ । ਦੋ ਜਹਾਨਾਂ ਬੈਠ ਸਮਝਾਉਣਗੇ । ਸ੍ਰੀ ਭਗਵਾਨਾ ਸੰਗ ਰਖਾਉਣਗੇ । ਸਾਚਾ ਗਾਨਾ ਹੱਥ ਬਨ੍ਹਾਉਣਗੇ । ਸਗਨ ਇਕੋ ਵਾਰ ਮਨਾਉਣਗੇ । ਧੁਰ ਦਾ ਨਾਤਾ ਜੋੜ ਜੁੜਾਉਣਗੇ । ਪੁਰਖ ਬਿਧਾਤਾ ਕੰਤ ਹੰਡਾਉਣਗੇ । ਕੂੜੀ ਸੇਜਾ ਕਦੀ ਨਾ ਸੌਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਇਕੋ ਇਕ ਸੁਹਾਉਣਗੇ । ਘਰ ਸਾਚਾ ਸਚ ਸੁਹਾਵਣਗੇ । ਪੁਰਖ ਅਕਾਲ ਇਕ ਮਨਾਵਣਗੇ । ਇਸ਼ਟ ਦੇਵ ਇਕ ਬਣਾਵਣਗੇ । ਮਹੱਲ ਅਟੱਲ ਇਕ ਰੁਸ਼ਨਾਵਣਗੇ । ਸਚ ਧਿਆਨ ਇਕ ਲਗਾਵਣਗੇ । ਬਣ ਬਲਵਾਨ ਵੇਸ ਵਟਾਵਣਗੇ । ਫੜ ਨਿਸ਼ਾਨ ਜਗਤ ਝੁਲਾਵਣਗੇ । ਹੋ ਨੌਜਵਾਨ, ਨੌਬਤ ਨਾਮ ਵਜਾਵਣਗੇ । ਸ੍ਰੀ ਭਗਵਾਨ ਉਤੇ ਹੋ ਮਿਹਰਵਾਨ, ਭਗਤ ਆਪਣਾ ਇਹਸਾਨ ਸਿਰ ਚੜ੍ਹਾਵਣਗੇ । ਤੇਰਾ ਬਣਾਉਣ ਆਏ ਨਿਸ਼ਾਨ, ਨਿਸ਼ਾਨਾ ਤੇਰਾ ਨਾਉਂ ਵਖਾਵਣਗੇ । ਸੇਵਾ ਕਰਨ ਬਣ ਅਞਾਣ, ਆਪਣਾ ਮਾਣ ਮਿਟਾਵਣਗੇ । ਇਕੋ ਮੰਗਣ ਦਾਨ, ਦੋਏ ਜੋੜ ਵਾਸਤਾ ਪਾਵਣਗੇ । ਜਿਸ ਘਰ ਵਸੇ ਆਪ ਭਗਵਾਨ, ਓਸੇ ਘਰ ਵਸ ਕੇ ਤੇਰੇ ਤੇਰੇ ਨਾਲ ਜੋੜ ਜੁੜਾਵਣਗੇ । ਆਪਣਾ ਆਪ ਭੇਟ ਕਰ ਹੱਸ ਹੱਸ ਕੇ, ਹਸਤੀ ਸਰਬ ਗਵਾਵਣਗੇ । ਤੇਰੀ ਛਤਰ ਛਾਇਆ ਹੇਠ ਵਸ ਕੇ, ਸ਼ੱਤਰੂ ਕੂੜੇ ਜਗਤ ਮਿਟਾਵਣਗੇ । ਪ੍ਰੇਮ ਪ੍ਰੀਤੀ ਅੰਦਰ ਫਸ ਕੇ, ਪੱਲੂ ਇਕੋ ਵਾਰ ਗੰਢਾਵਣਗੇ । ਰਵਦਾਸ ਚੁਮਾਰਾ ਲੇਖ ਜਾਏ ਲਿਖ ਕੇ, ਲੇਖਾ ਲੇਖੇ ਤੇਰੇ ਅੰਤ ਲਗਾਵਣਗੇ । ਧੁਰ ਦੀ ਧਾਰ ਧੁਰੋ ਆਏ ਸਿਖ ਕੇ, ਅੰਤਮ ਤੇਰੇ ਕੋਲ ਸੁਣਾਵਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੇ ਆਪਣਾ ਘਰ ਬਣਾਵਣਗੇ ।

२੭੪

१५

### ✪ ੧੨ ਭਾਦਰੋ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ ਜੇਠੂਵਾਲ ਲੰਗਰ ਦੀ ਸੇਵਾ ਸਮਾਪਤ ਹੋਣ ਸਮੇਂ ਦਇਆ ਕੀਤੀ ✪

ਧੁਰ ਦਾ ਹੁਕਮ ਧੁਰ ਫ਼ਰਮਾਨ, ਧੁਰ ਦੀ ਧਾਰ ਵਿਚੋ ਪਰਗਟਾਈਆ । ਧੁਰ ਦਾ ਖੇਲ ਸ੍ਰੀ ਭਗਵਾਨ, ਧੁਰਦਰਗਾਹੀ ਆਪ ਕਰਾਈਆ । ਧੁਰ ਦਾ ਦਾਤਾ ਵਡ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਧੁਰ ਦਾ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਧੁਰ ਦਾ ਮੇਲਾ ਵਿਚ ਜਹਾਨ, ਦੋ ਜਹਾਨਾਂ ਵਾਲੀ ਆਪ ਕਰਾਈਆ । ਧੁਰ ਦਾ ਸੰਦੇਸ਼ਾ ਸ਼ਾਹ ਸੁਲਤਾਨ, ਰਾਜ ਭੂਪ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਕਮਾਈਆ । ਧੁਰ ਦੀ ਕਾਰ ਧੁਰ ਦਰਬਾਰ, ਹਰਿ ਕਰਤਾ ਆਪ ਕਰਾਈਆ । ਕਰੇ ਖੇਲ ਅਪਰ ਅਪਾਰ, ਅਗੰਮ ਅਗੋਚਰ ਵਡ ਵਡਿਆਈਆ । ਕਰੇ ਕਰਾਏ ਕਰਨੇਹਾਰ, ਹਰਿ ਕਰਤਾ ਕਾਰ ਕਮਾਈਆ । ਨਿਰਗੁਣ ਸਰਗੁਣ ਕਰ ਪਿਆਰ, ਸਾਚਾ ਸੰਗ ਰਖਾਈਆ । ਜੁਗ ਚੌਕੜੀ ਦੇ ਆਧਾਰ, ਗੁਰ ਅਵਤਾਰ ਹੁਕਮ ਮਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਉਤਰੇ ਪਾਰ, ਚੌਥੀ ਕੁੰਟ ਵੰਡ ਵੰਡਾਈਆ । ਨਵ ਨੌ ਰੋਵੇ ਜ਼ਾਰੋ ਜ਼ਾਰ, ਨੇਤਰ ਨੀਰ ਵਹਾਈਆ । ਗ਼ਰੀਬ ਨਿਮਾਣੇ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਭੁੱਖਿਆਂ ਭੁੱਖ ਨਾ ਉਤਰੇ ਵਿਚ ਸੰਸਾਰ, ਦੁਖੀਆਂ ਦੁੱਖ ਨਾ ਕੋਇ ਗਵਾਈਆ । ਪਾਰਬ੍ਰਹਮ ਬ੍ਰਹਮ ਮਿਲੇ ਨਾ ਕੰਤ ਭਤਾਰ, ਸੁੰਞੀਂ ਸੇਜ ਨਾ ਕੋਇ ਸੁਹਾਈਆ । ਸਚ ਕਟਾਰ ਸਕੇ ਨਾ ਕੋਈ ਉਠਾਲ, ਤ੍ਰੈ ਤ੍ਰੈ ਡੇਰਾ ਦੇਵੇ ਢਾਹੀਆ । ਜੋ ਦੀਸੇ ਸੋ ਹੋਇਆ ਕੰਗਾਲ, ਸਾਚੀ ਵਸਤ ਹੱਥ ਨਾ ਕੋਇ ਰਖਾਈਆ । ਸਰਗੁਣ ਨਿਰਗੁਣ ਅੱਗੇ ਕਰਦੇ ਗਏ ਸਵਾਲ, ਦੋਏ ਜੋੜ ਸੀਸ ਝੁਕਾਈਆ । ਕਿਰਪਾ ਕਰ ਸ੍ਰੀ ਭਗਵਾਨ, ਪ੍ਰਭ ਤੇਰੇ ਹੱਥ ਵਡਿਆਈਆ । ਏਕਾ ਬਖ਼ਸ਼ ਅਗੰਮੀ ਦਾਨ, ਦਿਤਿਆਂ ਤੋਟ ਰਹੇ ਨਾ ਰਾਈਆ । ਬਣ ਬਾਲਕ ਬਾਲ ਨਾਦਾਨ, ਸੇਵਕ ਸੇਵਾ ਗਏ ਕਮਾਈਆ । ਸ੍ਰਿਸ਼ਟ ਸਬਾਈ ਦੇ ਗਿਆਨ, ਜੀਵ ਜੰਤ ਸਰਬ ਸਮਝਾਈਆ । ਕਲਜੁਗ ਅੰਤਮ ਕਰੋ ਧਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਸਾਚਾ ਹੁਕਮ ਸ੍ਰੀ ਭਗਵੰਤ, ਸੋ ਸਾਹਿਬ ਆਪ ਵਰਤਾਈਆ । ਵੇਖਿਆ ਖੇਲ ਜੁਗਾ ਜੁਗੰਤ, ਜੁਗ ਚੌਕੜੀ ਬੇਪਰਵਾਹੀਆ । ਗੁਰ ਅਵਤਾਰ ਲੇਖਾ ਮਣੀਆ ਮੰਤ, ਅੰਤਰ ਮੰਤਰ ਗਏ ਜਣਾਈਆ । ਇਕੋ ਆਸ ਨਰ ਹਰਿ ਕੰਤ, ਬੇਪਰਵਾਹ ਗਏ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਈਆ । ਸਾਚਾ ਖੇਲ ਕਰਤਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਚ ਦੁਆਰਾ ਖੋਲ੍ਹ ਦਰ, ਦਰ ਦਰਵਾਜ਼ਾ ਇਕ ਸਮਝਾਈਆ । ਨਿਰਗੁਣ ਸਰਗੁਣ ਲਾਏ ਜੜ੍ਹ, ਸਰਗੁਣ ਨਿਰਗੁਣ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਸਾਚੀ ਖੇਲ ਰਿਹਾ ਵਖਾਲ, ਪ੍ਰਭ ਵੱਡਾ ਵਡ ਵਡਿਆਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਉਪਜਾਏ ਨੰਨ੍ਹੇ ਬਾਲ, ਬਾਲਕ ਆਪਣੀ ਕਾਰੇ ਲਾਈਆ । ਸਾਚੀ ਸਿਖਿਆ ਜਗਤ ਸਿਖਾਲ, ਜੁਗ ਚੌਕੜੀ ਕਰੀ ਪੜ੍ਹਾਈਆ । ਵਿਸ਼ਨ ਭੰਡਾਰਾ ਦੇਂਦਾ ਰਿਹਾ ਨਾਲ, ਬ੍ਰਹਮਾ ਬ੍ਰਹਮ ਰੂਪ ਸਮਾਈਆ । ਸ਼ੰਕਰ ਘਾਲਦਾ ਰਿਹਾ ਘਾਲ, ਹੱਥ ਤ੍ਰਿਸ਼ੂਲ ਉਠਾਈਆ । ਸੰਗ ਮੰਗਦਾ ਰਿਹਾ ਕਾਲ ਮਹਾਂਕਾਲ, ਮਹਾਂਬਲੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਏਕੰਕਾਰ, ਅਕਲ ਕਲ ਆਪਣੀ ਖੇਲ ਖਿਲਾਈਆ ।

ਨਵ ਨੌ ਚਾਰ ਵੇਖ ਸੰਸਾਰ, ਵਡ ਸੰਸਾਰੀ ਭੇਵ ਚੁਕਾਈਆ । ਕਾਗਦ ਕਲਮ ਲਿਖ ਲਿਖ ਗਏ ਸਦਾ ਜੁਗ ਚਾਰ, ਲੇਖਾ ਸਭ ਦਾ ਫੋਲ ਫੋਲਾਈਆ । ਗੁਰ ਅਵਤਾਰ ਕਰ ਕਰ ਗਏ ਪੁਕਾਰ, ਨਿਉਂ ਨਿਉਂ ਸੀਸ ਸਰਬ ਝੁਕਾਈਆ । ਪੀਰ ਪੈਗੰਬਰ ਨਾਤਾ ਰੱਖਦੇ ਗਏ ਸਾਂਝੇ ਯਾਰ, ਸਾਚੀ ਯਾਰੀ ਇਕ ਵਖਾਈਆ । ਤੋਬਾ ਤੋਬਾ ਕਰਦੇ ਗਏ ਅੰਤਮ ਵਾਰ, ਹੋਕਾ ਹੂ ਹੂ ਨਾਮ ਲਗਾਈਆ । ਤੂੰ ਹੀ ਤੂੰ ਹੀ ਪਰਵਰਦਿਗਾਰ, ਤੇਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਸਰਨਾਈਆ । ਸਚ ਸਰਨਾ ਦੋ ਜਹਾਨ, ਆਦਿ ਜੁਗਾਦੀ ਇਕ ਰਖਾਇੰਦਾ । ਸਤਿ ਭੰਡਾਰਾ ਸ੍ਰੀ ਭਗਵਾਨ, ਥਿਰ ਦਰਬਾਰਾ ਆਪ ਵਰਤਾਇੰਦਾ । ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਬੇਪਰਵਾਹ ਆਪਣੀ ਧਾਰ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਜੁਗ ਚੌਕੜੀ ਦੇਂਦਾ ਰਿਹਾ ਭੰਡਾਰ, ਵਿਸ਼ਨੂੰ ਸੇਵਾ ਸਚ ਲਗਾਈਆ । ਘਰ ਘਰ ਦੇਂਦਾ ਰਿਹਾ ਆਧਾਰ, ਦਰ ਦਰ ਫੇਰਾ ਪਾਈਆ । ਜਿਸ ਖਾਧਿਆਂ ਘਰ ਉਪਜੇ ਹੰਕਾਰ, ਕਾਮ ਕਰੋਧ ਲੋਭ ਆਪਣੀ ਗੰਢ ਪਵਾਈਆ । ਕੂੜੀ ਕਿਰਿਆ ਕਰੇ ਪਿਆਰ, ਆਸਾ ਤ੍ਰਿਸਨਾ ਜੋੜ ਜੁੜਾਈਆ । ਸਾਚਾ ਮੰਤਰ ਨਾ ਕੋਇ ਜੈਕਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਬੰਕ ਦਿਸੇ ਨਾ ਕੋਟ ਦੁਆਰ, ਮੰਤ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਪੰਧ ਮੁਕਾਈਆ । ਜੁਗ ਚੌਕੜੀ ਗਏ ਲੰਘ, ਵਾਰਤਾ ਆਪਣੀ ਆਪ ਲਿਖਾਈਆ । ਵਸਤ ਅਮੋਲਕ ਗਏ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਬੇਪਰਵਾਹ ਤੇਰੀ ਸਰਨਾਈਆ । ਘਰ ਸਾਚੇ ਦੇ ਅਨੰਦ, ਅਨੰਦ ਆਤਮ ਇਕ ਵਖਾਈਆ । ਜਗਤ ਤ੍ਰਿਸਨਾ ਪਾ ਠੰਡ, ਤਪਸ਼ ਕੋਇ ਰਹਿਣ ਨਾ ਪਾਈਆ । ਕਰਵਟ ਬਦਲ ਮੋੜ ਕੰਡ, ਸਨਮੁਖ ਆਪਣਾ ਰੂਪ ਵਖਾਈਆ । ਬੰਦੀਖ਼ਾਨਾ ਤੋੜ ਬੰਦ, ਬੰਦਗੀ ਇਕੋ ਇਕ ਸਮਝਾਈਆ । ਨਿਰਗੁਣ ਨੂਰ ਚਾੜ੍ਹ ਚੰਦ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਸਭ ਦੀ ਪੂਰ ਵਖਾਈਆ । ਸਭ ਦੀ ਆਸਾ ਪੂਰ ਹਰਿ, ਦਰ ਤੇਰੇ ਅਲਖ ਜਗਾਈਆ । ਇਕੋ ਵਾਰ ਦੇ ਵਰ, ਵਡ ਵੱਡੀ ਤੇਰੀ ਵਡਿਆਈਆ । ਸਚ ਭੰਡਾਰਾ ਦੇ ਭਰ, ਭਰਪੂਰ ਰਹੇ ਸਰਬ ਠਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸਚ ਭੰਡਾਰ ਦੇ ਭਗਵਾਨ, ਦਰ ਇਕੋ ਆਸ ਰਖਾਈਆ । ਜੀਵ ਜੰਤ ਮਿਲੇ ਪਕਵਾਨ, ਪੱਕੀ ਤੇਰੇ ਨਾਲ ਪਕਾਈਆ । ਤ੍ਰਿਸਨਾ ਭੁੱਖ ਸਰਬ ਮਿਟ ਜਾਣ, ਦੁੱਖ ਦਰਦ ਰਹੇ ਨਾ ਰਾਈਆ । ਸਾਚਾ ਘਰ ਮਿਲੇ ਮਕਾਨ, ਮੰਦਰ ਇਕੋ ਨਜ਼ਰੀ ਆਈਆ । ਜਿਸ ਘਰ ਵਸੇਂ ਸ੍ਰੀ ਭਗਵਾਨ, ਸਚ ਸਿੰਘਾਸਣ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਦਰਬਾਨ, ਦੂਰ ਦੁਰਾਡੇ ਬੈਠਣ ਸੀਸ ਝੁਕਾਈਆ । ਰਲ ਕੇ ਢੋਲਾ ਤੇਰਾ ਗਾਣ, ਮਿਲ ਕੇ ਗੀਤ ਗੋਬਿੰਦ ਅਲਾਈਆ । ਬਣ ਭਿਖਾਰੀ ਮੰਗਣ ਦਾਨ, ਦਾਤਾ ਤੇਰੀ ਬੇਪਰਵਾਹੀਆ । ਸਾਚਾ ਵੇਲਾ ਵਕਤ ਸੁਜਾਨ, ਰੁੱਤ ਸੁਹੰਜਣੀ ਸੋਭਾ ਪਾਈਆ । ਬਾਢੀ ਬਣ ਸ੍ਰੀ ਭਗਵਾਨ, ਬਿਨ ਤੇਰੇ ਕਾਰਜ ਰਾਸ ਕੋਈ ਨਾ ਆਈਆ । ਸਰਗੁਣ ਹੋ ਕੇ ਕੁਲ ਤਾਰ ਇਕ ਤਰਖਾਣ, ਤਿਖੀ ਆਪਣੀ ਧਾਰ ਰਖਾਈਆ । ਜਿਨ੍ਹਾਂ ਵਿਚੋ ਪੰਚ ਕਰ ਪਰਵਾਨ, ਪੰਚਮ ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸਚ ਤੇਰੀ ਸਰਨਾ ਸੁਆਮੀ, ਤੇਰੇ ਹੱਥ ਪ੍ਰਭੂ

ਵਡਿਆਈਆ । ਆਦਿ ਜੁਗਾਦੀ ਅੰਤਰਜਾਮੀ, ਬੇਅੰਤ ਤੇਰੀ ਬੇਪਰਵਾਹੀਆ । ਜੁਗ ਚੌਕੜੀ ਤੇਰੀ ਸੁਣਦੇ ਰਹੇ ਬਾਣੀ, ਗੁਰ ਅਵਤਾਰ ਢੋਲਾ ਰਾਗ ਅਲਾਈਆ । ਕਹਿੰਦੇ ਰਹੇ ਅਕੱਥ ਕਹਾਣੀ, ਗਾ ਗਾ ਸ਼ੁਕਰ ਮਨਾਈਆ । ਤੇਰੀ ਦੱਸਦੇ ਗਏ ਨਿਸ਼ਾਨੀ, ਸਚ ਨਿਸ਼ਾਨਾ ਤੀਰ ਚਲਾਈਆ । ਕਲ ਪਰਗਟ ਹੋਵੇ ਸੂਰਬੀਰ ਸੁਲਤਾਨੀ, ਜੋਤੀ ਜੋਤ ਜੋਤ ਰੁਸ਼ਨਾਈਆ । ਕਰੇ ਖੇਲ ਦੋ ਜਹਾਨੀ, ਪੁਰੀ ਲੋਅ ਵੇਖ ਵਖਾਈਆ । ਧੁਰ ਦਾ ਲਿਆਏ ਠੰਡਾ ਪਾਣੀ, ਅੰਮ੍ਰਿਤ ਚਰਨ ਕਵਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਕਰੇ ਕਰਤਾਰ, ਹਰਿ ਕਰਨਹਾਰ ਅਖਵਾਇੰਦਾ । ਵਿਸ਼ਨੂੰ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਇੰਦਾ । ਖ਼ਾਲੀ ਦਿਸੇ ਮੇਰਾ ਭੰਡਾਰ, ਸਾਚਾ ਹੱਟ ਨਾ ਕੋਇ ਚਲਾਇੰਦਾ । ਤੇਰੇ ਅੱਗੇ ਮੇਰੀ ਨਿਮਸਕਾਰ, ਦੋਏ ਜੋੜ ਵਾਸਤਾ ਪਾਇੰਦਾ । ਕਰ ਕਿਰਪਾ ਮੇਰੇ ਨਿਰੰਕਾਰ, ਹਉਂ ਬਾਲਕ ਭੁੱਲ ਬਖ਼ਸ਼ਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਧਾਰ ਆਪ ਸਮਝਾਇੰਦਾ । ਧੁਰ ਦੀ ਧਾਰ ਬਿਨ ਮਸਤਕ ਲੇਖ, ਬਿਨ ਕਲਮ ਸ਼ਾਹੀ ਬਿਨ ਅੱਖਰ ਬਣਤ ਬਣਾਈਆ । ਪਾਰਬ੍ਰਹਮ ਪ੍ਰਭ ਅਵਲੜਾ ਭੇਖ, ਜੋਤੀ ਨੂਰ ਜ਼ਹੂਰ ਰੁਸ਼ਨਾਈਆ । ਨਿਰਗੁਣ ਹੋ ਕੇ ਖੇਲੇ ਖੇਡ, ਸਰਗੁਣ ਸਚ ਦਏ ਸਮਝਾਈਆ । ਪੁਰਖ ਅਕਾਲ ਹੋ ਕੇ ਦੱਸੇ ਭੇਤ, ਦੀਨ ਦਿਆਲ ਪੜਦਾ ਲਾਹੀਆ । ਕਲਜੁਗ ਅੰਤਮ ਕਰੇ ਹੇਤ, ਹਿਤਕਾਰੀ ਵਡ ਵਡਿਆਈਆ । ਸੰਤ ਸੁਹੇਲੇ ਸਾਚੇ ਪੇਖ, ਭਗਤ ਭਗਵਾਨ ਖ਼ੁਸ਼ੀ ਮਨਾਈਆ । ਸਚ ਦੁਆਰੇ ਲਾਏ ਮੇਖ, ਭਗਤ ਦੁਆਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਉਠ ਵਿਸ਼ਨੂੰ ਕਰ ਧਿਆਨ, ਹਰਿ ਠੋਕਰ ਨਾਲ ਜਗਾਇੰਦਾ । ਸ੍ਰੀ ਭਗਵਾਨ ਦੇਵਣਹਾਰਾ ਦਾਨ, ਅਨਮੁਲੜੀ ਦਾਤ ਆਪ ਵਰਤਾਇੰਦਾ । ਕਲਜੁਗ ਅੰਤ ਹੋ ਪਰਧਾਨ, ਨਾਮ ਪਰਧਾਨਗੀ ਆਪ ਕਮਾਇੰਦਾ । ਚਾਰ ਵਰਨਾਂ ਦੇ ਗਿਆਨ, ਗੁਰਮੁਖ ਵਿਰਲੇ ਆਪ ਉਠਾਇੰਦਾ । ਮਿਹਰਵਾਨ ਮੇਲੇ ਆਣ, ਜੁਗ ਚੌਕੜੀ ਪੰਧ ਮੁਕਾਇੰਦਾ । ਗੁਰ ਅਵਤਾਰ ਕਰਨ ਪਹਿਚਾਨ, ਹੌਲੀ ਹੌਲੀ ਸਭ ਦਾ ਪੜਦਾ ਲਾਹਿੰਦਾ । ਸਾਰੇ ਇਕੱਠੇ ਕਰੇ ਆਣ, ਪਿਛਲਾ ਲੇਖਾ ਆਪ ਚੁਕਾਇੰਦਾ । ਧਾਰਾ ਬਦਲੇ ਵਿਚ ਜਹਾਨ, ਸਤਾਰਾ ਇਕੋ ਇਕ ਚਮਕਾਇੰਦਾ । ਸਾਚਾ ਪੱਕੇ ਦਰ ਪਕਵਾਨ, ਸੋ ਸਾਹਿਬ ਆਪ ਸਮਝਾਇੰਦਾ । ਸਾਧ ਸੰਤ ਜਿਸ ਦੁਆਰੇ ਦਾ ਕਰਦੇ ਰਹੇ ਧਿਆਨ, ਸੋ ਦੁਆਰਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਾਚੀ ਖੇਲ ਦੱਸੇ ਪ੍ਰਭ ਆਪ, ਆਪਣਾ ਭੇਵ ਚੁਕਾਈਆ । ਜੁਗ ਚੌਕੜੀ ਜਿਸ ਦਾ ਕਰਦੇ ਰਹੇ ਪਾਠ, ਅੰਦਰ ਬਾਹਰ ਧਿਆਨ ਲਗਾਈਆ । ਗੁਰ ਅਵਤਾਰ ਜਿਸ ਦੀ ਰੱਖਦੇ ਗਏ ਆਸ, ਧੁਰ ਨਿਸ਼ਾਨਾ ਸਚ ਜਣਾਈਆ । ਪੁਰਖ ਅਕਾਲ ਜਿਸ ਮੰਦਰ ਵਸੇ ਖ਼ਾਸ, ਸੋ ਖ਼ਾਲਸ ਰੂਪ ਵਟਾਈਆ । ਨਿਰਗੁਣ ਜੋਤ ਹੋਵੇ ਪਰਕਾਸ਼, ਦੀਵਾ ਬਾਤੀ ਨਾ ਕੋਇ ਰਖਾਈਆ । ਦੂਜਾ ਕੋਈ ਨਾ ਦਿਸੇ ਸਾਥ, ਸੰਗੀ ਇਕੋ ਬੇਪਰਵਾਹੀਆ । ਹੋਏ ਸਹਾਈ ਅਨਾਥਾਂ ਨਾਥ, ਗ਼ਰੀਬ ਨਿਮਾਣੇ ਗਲੇ ਲਗਾਈਆ । ਗੁਰ ਅਵਤਾਰ ਜੋ ਗਏ ਆਖ, ਆਖ਼ਰ ਸਭ ਦੀ ਆਸਾ ਪੂਰ ਕਰਾਈਆ । ਪੀਰ ਪੈਗ਼ੰਬਰ ਜੋ ਗਏ ਭਾਖ, ਭਾਖਿਆ ਸਭ ਦੀ ਲੇਖੇ ਲਾਈਆ । ਸਚ ਦੁਆਰਾ ਖੋਲ੍ਹੇ ਤਾਕ, ਦੋ ਜਹਾਨਾਂ ਰਾਹ ਚਲਾਈਆ । ਲੇਖਾ ਕਰ ਭਵਿਖਤ ਵਾਕ, ਪੂਰਬ ਲਹਿਣਾ ਝੋਲੀ ਪਾਈਆ । ਅਗਲਾ ਲੇਖਾ ਲਿਖੇ ਹਰਿ ਜੂ ਸਾਚੀ ਕਲਮ ਦਵਾਤ, ਸ਼ਾਹੀ ਕਾਗ਼ਜ਼ ਜੋੜ ਜੁੜਾਈਆ ।

੨੭੬
੧੫

ਰਵਦਾਸ ਚੁਮਾਰੇ ਤੇਰੀ ਕੋਈ ਨਾ ਲੱਭੇ ਜ਼ਾਤ, ਤੇਰਾ ਵਰਨ ਨਾ ਕੋਇ ਵੰਡਾਈਆ । ਪਾਰਬ੍ਰਹਮ ਤੇਰਾ ਸੱਜਣ ਸਾਕ, ਸ੍ਰੀ ਭਗਵਾਨ ਮੀਤ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਵਰਤਾਈਆ । ਸਾਚਾ ਹੁਕਮ ਸੱਚੀ ਸਰਕਾਰ, ਹਰਿ ਸਾਚਾ ਸਚ ਜਣਾਇੰਦਾ । ਧਰਤੀ ਵੰਡੇ ਆਈ ਵੰਡ ਕਿਰਸਾਣ, ਕਿਸਾਨ ਜੱਟ ਇਕ ਵਖਾਇੰਦਾ । ਘਾੜਤ ਘੜੇ ਬਣ ਤਰਖਾਣ, ਤਿਖੀ ਧਾਰ ਵੇਖ ਵਖਾਇੰਦਾ । ਤੀਜਾ ਚਮਿਆਰ ਰਲਿਆ ਆਣ, ਸੀਸ ਭਾਰ ਇਕ ਉਠਾਇੰਦਾ । ਤਿੰਨਾਂ ਲੋਕਾਂ ਦੇਵੇ ਗਿਆਨ, ਸਚ ਸਲੋਕਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਜੱਟ ਨਾਲ ਮਿਲਿਆ ਚਮਿਆਰ, ਜੋੜੀ ਇਕੋ ਵਾਰ ਬਣਾਈਆ । ਤੀਜਾ ਉਠਿਆ ਵਡ ਤਰਖਾਣ, ਹੱਥ ਕੁਹਾੜਾ ਰਿਹਾ ਚਮਕਾਈਆ । ਸਾਰੇ ਮਿਲ ਕੇ ਖੋਲ੍ਹੀਏ ਇਕ ਦੁਕਾਨ, ਸਚ ਦੁਆਰਾ ਮਾਤ ਪਰਗਟਾਈਆ । ਚਮਿਆਰ ਕਹੇ ਮੈਂ ਨੀਹਾਂ ਪੁਟੂੰ ਆਣ, ਤਿਖੀ ਕਲਮ ਮੁਖ ਚਲਾਈਆ । ਜੱਟ ਕਹੇ ਮੈਂ ਭੂਮੀ ਦੇਵਾਂ ਦਾਨ, ਆਪਣਾ ਆਪ ਭੇਟ ਚੜ੍ਹਾਈਆ । ਤਰਖਾਣ ਕਹੇ ਮੈਂ ਬਣਾਵਾਂ ਸਚ ਮਕਾਨ, ਜਿਸ ਦੀ ਸਮਝ ਕਿਸੇ ਨਾ ਆਈਆ । ਜਗਤ ਝਰੋਖੇ ਕੋਈ ਨਾ ਸਕੇ ਪਹਿਚਾਨ, ਅੰਤਰ ਬਾਰੀ ਨਜ਼ਰ ਕਿਸੇ ਨਾ ਆਈਆ । ਵੀਹ ਸੌ ਦਸ ਬਿਕ੍ਰਮੀ ਜੜ ਰੱਖੀ ਆਣ, ਵੀਹ ਸੌ ਯਾਰਾਂ ਇਕ ਇਕ ਨਾਲ ਗੰਢ ਪਵਾਈਆ । ਵੀਹ ਸੌ ਬਾਰਾਂ ਹੋ ਮਿਹਰਵਾਨ, ਸਾਚੀ ਦਾਤ ਦਿਤੀ ਵਰਤਾਈਆ । ਸਾਰੀ ਸੰਗਤ ਕਰ ਪਰਵਾਨ, ਹੁਕਮ ਇਕੋ ਇਕ ਸੁਣਾਈਆ । ਧੁਰ ਦਾ ਲੰਗਰ ਚਲੇ ਜਹਾਨ, ਊਚ ਨੀਚ ਰਹਿਣ ਕੋਇ ਨਾ ਪਾਈਆ । ਉਨੀ ਹਾੜ ਦਿਵਸ ਮਹਾਨ, ਹਰਿ ਕਰਤਾ ਆਪਣੀ ਸੇਵ ਕਮਾਈਆ । ਲੇਖਾ ਲਿਖ ਲਿਖ ਦੱਸਦਾ ਰਿਹਾ ਫ਼ਰਮਾਨ, ਸਾਚੀ ਸਿਖਿਆ ਇਕ ਸਮਝਾਈਆ । ਸੰਮਤ ਤੇਰਾਂ ਦੇਂਦਾ ਰਿਹਾ ਗਿਆਨ, ਸਾਧਾਂ ਸੰਤਾਂ ਰਾਜ ਰਾਜਾਨਾਂ ਆਪਣੀ ਕਾਰ ਦ੍ਰਿੜਾਈਆ । ਸੰਮਤ ਚੌਦਾਂ ਇਕੀ ਇਕੀ ਸੁਣੌਂਦਾ ਰਿਹਾ ਫ਼ਰਮਾਨ, ਧੁਰ ਸੰਦੇਸਾ ਆਪ ਸੁਣਾਈਆ । ਸੰਮਤ ਪੰਦਰਾਂ ਤੀਰਥ ਤੱਟਾਂ ਵੇਂਹਦਾ ਆਇਆ ਅਸ਼ਨਾਨ, ਦੁਰਮਤ ਮੈਲ ਨਾ ਕੋਇ ਧਵਾਈਆ । ਸੰਮਤ ਸੋਲਾਂ ਦਿਤਾ ਆਪ ਬਿਆਨ, ਸਾਚਾ ਲੇਖਾ ਲੇਖ ਲਿਖਾਈਆ । ਮਸਤੂਆਣਾ ਮਸਤ ਮੁਕਾਮ, ਮਸਤਕ ਟਿੱਕਾ ਇਕੋ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸੰਮਤ ਸੋਲਾਂ ਮਸਤਕ ਧਾਰ, ਮਸਤੂਆਣੇ ਆਪ ਸਮਝਾਈਆ । ਨੌ ਸੌ ਨੜ੍ਹਿਨਵੇ ਰਾਜਨ ਰਾਜ ਕਰੇ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਸਾਚੇ ਦਰ ਆਉਣ ਦੁਆਰ, ਦੋਏ ਜੋੜ ਸੀਸ ਝੁਕਾਈਆ । ਵਸਤ ਮੰਗਣ ਏਕਾ ਵਾਰ, ਖ਼ਾਲੀ ਹੱਥ ਸਰਬ ਵਖਾਈਆ । ਦੇਵਣਹਾਰ ਆਪ ਕਰਤਾਰ, ਹਰਿ ਕਰਨੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸਾ ਰਿਹਾ ਸੁਣਾਈਆ । ਸੰਮਤ ਸੱਤਰਾ ਸਾਚੀ ਧਾਰ, ਸੀਸ ਜਗਦੀਸ ਤਾਜ ਸੁਹਾਈਆ । ਸ਼ਾਹੋ ਭੂਪ ਬਣ ਸਿਕਦਾਰ, ਦੋ ਜਹਾਨਾਂ ਹੁਕਮ ਮਨਾਈਆ । ਕਰੇ ਖੇਲ ਅਪਰ ਅਪਾਰ, ਬੇਅੰਤ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸੰਮਤ ਅਠਾਰਾਂ ਅਚਰਜ ਖੇਲ, ਹਰਿ ਕਰਤਾ ਆਪ ਕਰਾਈਆ । ਸੰਤ ਸਾਜਣ ਸਾਚੇ ਮੇਲ, ਭਗਤ ਭਗਵਾਨ ਜੋੜ ਜੁੜਾਈਆ । ਨਿਰਗੁਣ ਸਰਗੁਣ ਚਾੜ੍ਹ ਤੇਲ, ਦੋ ਜਹਾਨ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਅਠ ਦਸ ਖੇਲ ਜਗਤ, ਜਗਜੀਵਣ ਦਾਤਾ ਆਪ ਕਰਾਇੰਦਾ ।

ਧੁਰ ਦਾ ਲੇਖ ਜਾਣੇ ਆਪਣਾ ਵਕਤ, ਵਾਰ ਥਿਤ ਨਾ ਕੋਇ ਸਮਝਾਇੰਦਾ । ਲੱਖ ਚੁਰਾਸੀ ਵਿਚੋ ਕੱਢ ਭਗਤ, ਸ੍ਰੀ ਭਗਵਾਨ ਵੇਖ ਵਖਾਇੰਦਾ । ਲੇਖੇ ਲਾ ਬੂੰਦ ਰਕਤ, ਰਤੀ ਰਤ ਰੰਗ ਚੜ੍ਹਾਇੰਦਾ । ਵੇਲਾ ਸੁਹਾਏ ਆਦਿ ਸ਼ਕਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਆਪ ਵਡਿਆਇੰਦਾ । ਸਚ ਦੁਆਰਾ ਭਗਤ ਭਗਵਾਨ, ਇਕੋ ਇਕ ਬਣਾਈਆ । ਛੱਤੀ ਛੱਤੀ ਸਚ ਨਿਸ਼ਾਨ, ਨਿਸ਼ਾਨਾ ਦਏ ਵਖਾਈਆ । ਗੁਰਮੁਖ ਸੱਜਣ ਵੇਖੇ ਆਣ, ਭਗਤ ਭਗਵਾਨ ਪੜਦਾ ਲਾਹੀਆ । ਦਰ ਦਰਵੇਸ਼ ਦੇਵੇ ਮਾਣ, ਵਿਸ਼ਨ ਬ੍ਰਹਮਾ ਮਹੇਸ਼ ਸ਼ਿਵ ਨਾਲ ਰਖਾਈਆ । ਗੁਰ ਅਵਤਾਰ ਕਰ ਪਰਵਾਨ, ਪੀਰ ਪੈਗ਼ੰਬਰ ਜੋੜ ਜੁੜਾਈਆ । ਲੇਖਾ ਜਾਣ ਦੋ ਜਹਾਨ, ਇਕ ਨੌ ਕਰੇ ਕੁੜਮਾਈਆ । ਸੰਮਤ ਉਨੀ ਸ਼ਾਹ ਸੁਲਤਾਨ, ਧੁਰ ਦਾ ਹੁਕਮ ਆਪ ਵਰਤਾਈਆ । ਸਾਚੇ ਤਖ਼ਤ ਬੈਠ ਨਿਗਾਹਬਾਨ, ਵੇਖਣਹਾਰਾ ਥਾਉਂ ਥਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੁਛੇ ਆਣ, ਪੂਰਬ ਲੇਖਾ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੰਮਤ ਉਨੀ ਗੁਰ ਅਵਤਾਰ ਮੰਗਾਏ ਦਰ, ਪੀਰ ਪੈਗ਼ੰਬਰ ਨਾਲ ਮਿਲਾਈਆ । ਸਾਰੇ ਕਹਿਣ ਪ੍ਰਭ ਤੇਰਾ ਸੋਹਣਾ ਘਰ, ਜਿਸ ਘਰ ਮਿਲੇ ਵਡਿਆਈਆ । ਅਸੀਂ ਦੂਰ ਦੁਰਾਡੇ ਬੈਠੇ ਡਰ, ਬਿਨ ਹੁਕਮ ਅੰਦਰ ਲੰਘਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਸੋ ਸਾਹਿਬ ਸਚ ਸੁਣਾਇਆ, ਇਕ ਨੌ ਵੱਜੀ ਵਧਾਈਆ । ਭਗਤ ਦੁਆਰ ਇਕ ਸੁਹਾਇਆ, ਦਰ ਮੰਦਰ ਸੋਭਾ ਪਾਈਆ । ਸਚ ਦਰਬਾਰਾ ਇਕ ਲਗਾਇਆ, ਦਰਵਾਜ਼ਾ ਆਪਣਾ ਆਪ ਖੁਲ੍ਹਾਈਆ । ਸੀਸ ਤਾਜ ਜਗਦੀਸ਼ ਟਿਕਾਇਆ, ਸ਼ਾਹ ਪਾਤਸ਼ਾਹ ਰੂਪ ਵਟਾਈਆ । ਨੰਗੀ ਖੜਗ ਹੱਥ ਚਮਕਾਇਆ, ਅੰਦਰ ਬਾਹਰ ਆਵੇ ਜਾਵੇ ਵਾਹੋ ਦਾਹੀਆ । ਸਾਚਾ ਮਾਰਗ ਇਕ ਸਮਝਾਇਆ, ਜਿਸ ਮਾਰਗ ਚਲਦਿਆਂ ਭੁੱਲੇ ਕੋਈ ਨਾ ਰਾਹੀਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆ ਕੇ ਸੀਸ ਝੁਕਾਇਆ, ਧੂੜੀ ਟਿੱਕਾ ਮਸਤਕ ਖ਼ਾਕ ਰਮਾਈਆ । ਸ਼ਾਹ ਪਾਤਸ਼ਾਹ ਤੇਰੀ ਸੱਚੀ ਸ਼ਹਿਨਸ਼ਾਹਿਆ, ਸਚ ਦੁਆਰੇ ਬੈਠਾ ਆਸਣ ਲਾਈਆ । ਮਨਮੁਖ ਕੋਈ ਨਜ਼ਰ ਨਾ ਆਇਆ, ਜੋ ਆਇਆ ਸੋ ਤੇਰਾ ਢੋਲਾ ਗਾਈਆ । ਸਭ ਨੇ ਬੋਲ ਇਕ ਸੁਣਾਇਆ, ਉਚੀ ਕੂਕ ਕੂਕ ਅਲਾਈਆ । ਗਲ ਪੱਲੂ ਮੁਖ ਘਾਹ ਰਖਾਇਆ, ਮਾਣ ਨਾ ਕੋਇ ਵਡਿਆਈਆ । ਪ੍ਰਭੂ ਚਾਰ ਜੁਗ ਗਏ ਸਮਝਾਇਆ, ਚਾਰ ਵਰਨ ਸਮਝ ਸਕੇ ਨਾ ਰਾਈਆ । ਇਕ ਦੁਆਰ ਕੋਈ ਨਜ਼ਰ ਨਾ ਆਇਆ, ਚਾਰ ਕੁੰਟ ਬੈਠੇ ਵੰਡ ਵੰਡਾਈਆ । ਤੇਰਾ ਇਸ਼ਟ ਨਾ ਕਿਸੇ ਮਨਾਇਆ, ਸਚ ਦ੍ਰਿਸ਼ਟ ਨਾ ਕੋਇ ਖੁਲ੍ਹਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਏਕਾ ਗੰਢ ਨਾ ਕੋਈ ਪਵਾਇਆ, ਗਠੜੀ ਆਪੋ ਆਪਣੀ ਰਹੇ ਉਠਾਈਆ । ਸਾਡਾ ਬਲ ਜ਼ੋਰ ਰਿਹਾ ਨਾ ਰਾਇਆ, ਬਲਹੀਣ ਰਹੇ ਕੁਰਲਾਈਆ । ਅੰਤ ਅਖ਼ੀਰ ਤੇਰਾ ਵੇਲਾ ਆਇਆ, ਤੇਰੀ ਇਕੋ ਆਸ ਰਖਾਈਆ । ਸਾਡਾ ਯਕੀਨ ਨਾ ਕਿਸੇ ਧਰਾਇਆ, ਭਰਮੇ ਭੁੱਲੀ ਸਰਬ ਲੋਕਾਈਆ । ਹੁਕਮੇ ਅੰਦਰ ਤਲਕੀਨ ਕਰਾਇਆ, ਤਾਕਤ ਆਪਣੀ ਮਾਤ ਅਜ਼ਮਾਈਆ । ਤੇਰਾ ਦੀਨ ਨਾ ਕਿਸੇ ਮਨਾਇਆ, ਤੇਰਾ ਮਜ਼੍ਹਬ ਸਮਝ ਸਕੇ ਕੋਈ ਨਾ ਰਾਈਆ । ਕੂੜੀ ਕਿਰਿਆ ਫ਼ਰਕ ਰਖਾਇਆ, ਫ਼ਿਰਕਾ ਫ਼ਿਰਕਾ ਕਰੇ ਲੜਾਈਆ । ਤੇਰਾ ਨਿਸਚਾ ਨਾ ਕਿਸੇ ਬੰਧਾਇਆ, ਤੇਰਾ ਦਰਸ ਕੋਇ ਨਾ ਪਾਈਆ । ਤੇਰਾ ਫ਼ਰਿਸ਼ਤਾ ਕੂੜ ਖ਼ੁਦਾਇਆ, ਭੱਜੇ ਵਾਹੋ ਦਾਹੀਆ । ਫਿਰਦਾ ਫਿਰਦਾ ਦੋ ਜਹਾਨਾਂ ਪਾਰ ਕਰਾਇਆ, ਅੰਤਮ ਤੇਰੇ ਡੇਰੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸ੍ਰੀ ਭਗਵਾਨ ਤੇਰੇ ਦੁਆਰੇ ਆਏ ਲੰਘ, ਭਗਤ ਦੁਆਰ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਵੇਖੇ ਚਾਰ ਪਾਵੇ ਦਾ ਡਿਠਾ ਪਲੰਘ, ਗੁਰ ਅਵਤਾਰ ਕਹਿਣ ਪ੍ਰਭ ਤੇਰਾ ਨੂਰ ਇਕੋ ਨਜ਼ਰੀ ਆਈਆ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਝੋਲੀ ਪਾਈਆ । ਸਦੀ ਸਦੀਵੀ ਰਹੀ ਲੰਘ, ਬੀਸ ਬੀਸਾ ਸੋਭਾ ਪਾਈਆ । ਸਾਡੀ ਕੱਟ ਭੁੱਖ ਨੰਗ, ਦੀਨ ਮਜ਼੍ਹਬ ਹਰਸ ਮਿਟਾਈਆ । ਕਰ ਕਿਰਪਾ ਲਾ ਅੰਗ, ਅੰਗੀਕਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਚਾਰ ਜੁਗ ਦੇ ਤੱਕਦੇ ਆਸ, ਇਕ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮੇਟੇ ਪਿਆਸ, ਤ੍ਰਿਸਨਾ ਰਹੇ ਨਾ ਰਾਈਆ । ਭੁਖਿਆਂ ਦੇਵੇ ਆਪਣਾ ਸਾਥ, ਸਾਚਾ ਸੰਗ ਨਿਭਾਈਆ । ਮਸਤਕ ਸੀਸ ਰੱਖੇ ਹਾਥ, ਦੋਵੇਂ ਰੰਗ ਵਖਾਈਆ । ਚਾਰ ਵਰਨ ਸੁਣਾਏ ਗਾਥ, ਕਰੇ ਸਚ ਪੜ੍ਹਾਈਆ । ਵਿਸ਼ਨੂੰ ਬਣ ਕੇ ਆਏ ਦਾਸ, ਭੰਡਾਰੀ ਆਪਣੀ ਸੇਵ ਕਮਾਈਆ । ਨਿਉਂ ਨਿਉਂ ਦੋਏ ਜੋੜ ਰਹੇ ਆਖ, ਇਕੋ ਸੋਹਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਤਕਾਈਆ । ਵਿਸ਼ਨੂੰ ਆਵੇ ਦਰ ਦੁਆਰ, ਗੁਰ ਅਵਤਾਰ ਵੇਖ ਵਖਾਈਆ । ਇਸ਼ਾਰੇ ਮਾਰਨ ਵਾਰੋ ਵਾਰ, ਸੈਨਤ ਨਾਲ ਸਮਝਾਈਆ । ਸਾਡਾ ਵੇਖ ਇਕ ਪਿਆਰ, ਪੀਰ ਪੈਗ਼ੰਬਰ ਬੈਠੇ ਏਕਾ ਥਾਈਂਆ । ਵਸਤ ਇਕੋ ਦੇ ਵਖਾਲ, ਦੂਜੀ ਨਜ਼ਰ ਕੋਇ ਨਾ ਆਈਆ । ਇਕੋ ਬਾਟੇ ਪਾਣੀ ਦੇਣਾ ਪਿਆਲ, ਆਬੇਹਯਾਤ ਅੰਮ੍ਰਿਤ ਇਕੋ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਜਣਾਈਆ । ਸ੍ਰੀ ਭਗਵਾਨ ਪਿਆ ਹੱਸ, ਧੁਰਦਰਗਾਹੀ ਖੇਲ ਖਲਾਇੰਦਾ । ਕਲਜੁਗ ਅੰਤ ਕਿਸੇ ਚਲੇ ਨਾ ਕੋਈ ਵਸ, ਵਾਸਤਾ ਸਭ ਦਾ ਆਪਣੇ ਨਾਲ ਰਖਾਇੰਦਾ । ਜਗਤ ਜਹਾਨ ਕਰੇ ਬਸ, ਬਸਤਾ ਸਰਬ ਦਾ ਅੰਤਮ ਬੰਧਾਇੰਦਾ । ਦੋਵੇਂ ਖਾਲੀ ਵਖਾਓ ਹੱਥ, ਹੱਥ ਹੱਥਾਂ ਨਾਲ ਜੁੜਾਇੰਦਾ । ਰਲ ਮਿਲ ਗਾਓ ਸਾਰੇ ਜਸ, ਸਾਚਾ ਰਾਗ ਆਪ ਸੁਣਾਇੰਦਾ । ਸਭ ਦੀ ਪੂਰੀ ਕਰੇ ਆਸ, ਆਸਾਵੰਦ ਆਪ ਹੋ ਜਾਇੰਦਾ । ਲੋਕਮਾਤ ਕਰ ਪਰਕਾਸ਼, ਨਿਰਗੁਣ ਨੂਰ ਜੋਤ ਜਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਕਰਤਾਰ, ਆਪਣਾ ਆਪ ਵਰਤਾਈਆ । ਭਗਤ ਦੁਆਰਾ ਕਰ ਤਿਆਰ, ਹਰਿ ਭਗਵਨ ਵਿਚ ਬਹਾਈਆ । ਅਗਲੀ ਖੇਲ ਕਰੇ ਕਰਤਾਰ, ਕਰਨੀ ਆਪ ਜਣਾਈਆ । ਜਿਸ ਘਰ ਪਰੌਹਣੇ ਆਵਣ ਚਾਰ, ਸੋ ਸਵਾਣੀ ਭੱਜੇ ਵਾਹੋ ਦਾਹੀਆ । ਕੀ ਇਨ੍ਹਾਂ ਦਿਆਂ ਖਵਾਲ, ਭੇਟਾ ਕੀ ਕੁਛ ਚੜ੍ਹਾਈਆ । ਭਾਵੇਂ ਸ਼ਾਹ ਭਾਵੇਂ ਕੰਗਾਲ, ਸਭ ਦੀ ਆਸਾ ਇਕੋ ਜਿਹੀ ਬਣਾਈਆ । ਜਿਨ੍ਹਾਂ ਉਪਰ ਹੋਏ ਦਿਆਲ, ਤਿਨ੍ਹਾਂ ਭੰਡਾਰ ਅਤੁਟ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਜਣਾਈਆ । ਸ੍ਰੀ ਭਗਵਾਨ ਘਰ ਭਗਤ ਪਰੌਹਣੇ, ਕਲਜੁਗ ਆਏ ਚਾਈਂ ਚਾਈਂਆ । ਪ੍ਰਭ ਜੀ ਸੋਚੇ ਕਿਥੇ ਬਹਾਉਣੇ, ਧਾਮ ਅਵਲੜਾ ਇਕ ਵਖਾਈਆ । ਪਹਿਲੋ ਆਪਣੇ ਨਾਲ ਰਲਾਉਣੇ, ਆਤਮ ਪਰਮਾਤਮ ਜੋੜ ਜੁੜਾਈਆ । ਦੋਹਾਂ ਮਿਲ ਕੇ ਢੋਲੇ ਗਾਉਣੇ, ਸੋਹੰ ਰਾਗ ਅਲਾਈਆ । ਪ੍ਰੇਮ ਪ੍ਰੀਤੀ ਵਿਛਣ ਵਿਛਾਉਣੇ, ਲੇਫ਼ ਤਲਾਈ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਪਰੌਹਣੇ ਆਵਣ ਭਗਤ ਸੁਹੇਲੇ, ਪ੍ਰਭ ਆਪਣਾ ਫ਼ਿਕਰ ਜਣਾਈਆ । ਜਿਨ੍ਹਾਂ ਨਾਲ ਮੇਰੇ ਮੇਲੇ, ਤਿਨ੍ਹਾਂ ਮਿਲਣੀ ਨਜ਼ਰ ਕੋਇ ਨਾ ਆਈਆ । ਭਗਤ ਭਗਵਾਨ

੨੭੯
੧੫

ਇਕ ਦੂਜੇ ਬਿਨਾ ਰਹਿਣ ਵੇਹਲੇ, ਜਗਤ ਕੰਮ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਘਰ ਆਏ ਪਰੌਹਣੇ ਵੇਖ ਭਗਵਾਨ, ਅੰਤਰ ਖ਼ੁਸ਼ੀ ਮਨਾਇੰਦਾ । ਧੰਨਭਾਗ ਘਰ ਵਸਿਆ ਵਿਚ ਜਹਾਨ, ਔਤਰਾ ਬਾਪ ਨਾ ਕੋਇ ਅਖਵਾਇੰਦਾ । ਬਿਨ ਭਗਤਾਂ ਧਰਮ ਨਾ ਝੁੱਲੇ ਕੋਈ ਨਿਸ਼ਾਨ, ਨਿਸ਼ਾਨਾ ਸਚ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਆਏ ਪਰੌਹਣੇ ਸੰਤ ਸੁਹੇਲੇ ਸੱਜਣ, ਘਰ ਵੱਜੀ ਨਾਮ ਵਧਾਈਆ । ਪੁਰਖ ਅਬਿਨਾਸ਼ੀ ਚੜ੍ਹਿਆ ਲੱਭਣ, ਦੋ ਜਹਾਨ ਖੋਜ ਖੁਜਾਈਆ । ਕਿਸ ਬਿਧ ਮੀਤ ਰਹਿਣ ਮਗਨ, ਸੋ ਵਸਤ ਦਿਆਂ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕੋਲੋ ਮੰਗ ਮੰਗਾਈਆ । ਜਨ ਭਗਤੋ ਦੱਸੋ ਸਚ, ਹਰਿ ਸਾਚੀ ਪੁੱਛ ਪੁਛਾਈਆ । ਤੁਸੀਂ ਮੇਰੇ ਅੰਤਰ ਗਏ ਰਚ, ਮੇਰਾ ਅੰਤਰ ਗੁਰਮੁਖ ਨਜ਼ਰੀ ਆਈਆ । ਲੱਖ ਚੁਰਸੀ ਕੋਲੋ ਬਚ, ਸੰਬਲ ਨਗਰੀ ਚਰਨ ਟਿਕਾਈਆ । ਮਿਲ ਕੇ ਮੇਲ ਪੁਰਖ ਸਮਰਥ, ਆਪਣਾ ਘਰ ਵਸਾਈਆ । ਮੇਰੇ ਨਾਲ ਵਟਾਵੇ ਹੱਥ, ਇਕ ਤੁਹਾਡੀ ਓਟ ਰਖਾਈਆ । ਚਾਰ ਵਰਨਾਂ ਮਾਰਗ ਦੇਵਾਂ ਦੱਸ, ਲੋਕਮਾਤ ਸਚ ਪੜ੍ਹਾਈਆ । ਊਚ ਨੀਚ ਕਰੋ ਇਕੱਠ, ਰਾਓ ਰੰਕ ਬਣੋ ਭੈਣਾਂ ਭਾਈਆ । ਸੋਹੰ ਢੋਲਾ ਗਾਓ ਗਥ, ਰਾਗ ਇਕੋ ਇਕ ਸੁਣਾਈਆ । ਕਲਜੁਗ ਕੂੜਾ ਮੰਦਰ ਰਿਹਾ ਢੱਠ, ਸਤਿਜੁਗ ਸਾਚੀ ਨੀਂਹ ਧਰਾਈਆ । ਸੇਵਾ ਕਰੋ ਹੱਸ ਹੱਸ, ਖ਼ੁਸ਼ੀ ਨਾਲ ਖ਼ੁਸ਼ੀ ਮਨਾਈਆ । ਜੁਗ ਚੌਕੜੀ ਤੁਹਾਡਾ ਰਹਿਣਾ ਜਸ, ਗੁਰ ਅਵਤਾਰ ਢੋਲੇ ਗਾਈਆ । ਜਿਨ੍ਹਾਂ ਸ੍ਰੀ ਭਗਵਾਨ ਕੀਤਾ ਵਸ, ਵਾਸਤਾ ਆਪਣੇ ਨਾਲ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਬਣਾਈਆ । ਸਾਚਾ ਮਾਰਗ ਭਗਤ ਦੁਆਰ ਅੰਦਰ, ਹਰਿ ਹਰਿ ਜੂ ਆਪ ਜਣਾਈਆ । ਜਿਸ ਗ੍ਰਿਹਿ ਲੱਗੇ ਇਕੋ ਲੰਗਰ, ਚਾਰ ਵਰਨ ਵਰਤਾਈਆ । ਪਸ਼ੂ ਪਰੇਤ ਪੰਖੀ ਖਾਵਣ ਡੰਗਰ, ਦੇਵਤ ਦੇਵਤ ਦੇਵ ਨਾਲ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਬੇਪਰਵਾਹ ਲੇਖਾ ਅਥਾਹ, ਹਰਿ ਆਪਣਾ ਆਪ ਜਣਾਇੰਦਾ । ਜਨ ਭਗਤ ਭੰਡਾਰਾ ਰਿਹਾ ਵਰਤਾ, ਮਿਹਰਵਾਨ ਦਇਆ ਕਮਾਇੰਦਾ । ਸਰਬ ਸਹਾਰਾ ਰਿਹਾ ਬਣਾ, ਜੀਵ ਜੰਤਾਂ ਆਪ ਜਣਾਇੰਦਾ । ਵੀਹ ਸੌ ਵੀਹ ਕਿਨਾਰਾ ਰਿਹਾ ਆ, ਕੰਢਾ ਨਜ਼ਰ ਕੋਇ ਨਾ ਆਇੰਦਾ । ਜਿਸ ਦਾ ਲੇਖਾ ਦੋ ਜਹਾਂ, ਦੋਏ ਦੋਏ ਆਪਣੀ ਕਲ ਵਰਤਾਇੰਦਾ । ਸਾਚੇ ਸੰਤਾਂ ਪਕੜ ਬਾਂਹ, ਫੜ ਬਾਹੋ ਆਪ ਉਠਾਇੰਦਾ । ਇਕ ਪਕਵਾਨ ਲਏ ਪਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰ ਆਪ ਕਰਾਇੰਦਾ । ਸਚ ਵਿਹਾਰ ਕਰੇ ਬਿਵਹਾਰੀ, ਬਿਧ ਆਪਣੇ ਹੱਥ ਰਖਾਈਆ । ਹਰਿ ਸੰਗਤ ਕਰ ਪਿਆਰੀ, ਸਾਚਾ ਰੰਗ ਚੜ੍ਹਾਈਆ । ਜਿਨ੍ਹਾਂ ਸੇਵਾ ਕੀਤੀ ਬਣ ਬਲਕਾਰੀ, ਬਲ ਆਪਣੇ ਨਾਲ ਮਿਲਾਈਆ । ਤਿਨ੍ਹਾਂ ਲੇਖੇ ਲੱਗੇ ਤੇਸੀ ਕਾਂਡੀ ਤਗਾਰੀ, ਸੀਸ ਪੈਰ ਧੜ ਹੱਥ ਜੋ ਭੱਜਣ ਵਾਹੋ ਦਾਹੀਆ । ਦਰ ਆਈ ਸੰਗਤ ਪ੍ਰਭ ਸਗਲੀ ਤਾਰੀ, ਬਚਿਆ ਕੋਇ ਰਹਿਣ ਨਾ ਪਾਈਆ । ਲੰਗਰ ਨਹੀਂ ਦੁਖੀਆਂ ਭੁਖਿਆਂ ਕਟੇ ਬੀਮਾਰੀ, ਦਰਦੀਆਂ ਦਰਦ ਆਪ ਵੰਡਾਈਆ । ਜਿਨ੍ਹਾਂ ਕਿਤੇ ਨਾ ਮਿਲੇ ਸਹਾਰੀ, ਤਿਨ੍ਹਾਂ ਆਪਣੇ ਘਰ ਦਏ ਵਡਿਆਈਆ । ਲਹਿੰਦੀ ਦਿਸ਼ਾ ਖੇਲ ਨਿਆਰੀ, ਭੱਠੀ ਅਗਨੀ ਲੋਹ ਤਪਾਈਆ । ਚੜ੍ਹਦੀ ਦਿਸ਼ਾ ਧਰਮ ਅਟਾਰੀ, ਸਿੰਘ ਮਨਜੀਤਾ ਅੱਧਵਿਚਕਾਰੇ ਬੈਠਾ ਵੇਖੇ ਚਾਈਂ ਚਾਈਂਆ । ਇਹ ਲਿਖਤ ਜਣਾਈ ਪਹਿਲੀ ਵਾਰੀ, ਜਿਸ ਵੇਲੇ ਵੀਹ ਸੌ ਦਸ

ਬਿਕਰਮੀ ਆਪਣਾ ਲੇਖ ਲਿਖਾਈਆ । ਸੌ ਸੌ ਕਰਮ ਕਦਮ ਕਾਦਰ ਬਣੇ ਅਟਾਰੀ, ਕੁਦਰਤ ਬੰਧਨ ਪਾਈਆ । ਵਿਚ ਵਸੇ ਸ਼ਾਹੋ ਸ਼ਹਿਨਸ਼ਾਹ ਨਿਰੰਕਾਰੀ, ਜਿਸ ਦੀ ਸ਼ਾਨ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਨਾਲ ਲਾਏ ਯਾਰੀ, ਪਿਛਲਾ ਲੇਖਾ ਝੋਲੀ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਬਣਿਆ ਭੰਡਾਰੀ, ਅਨਡਿਠੜੀ ਅਤੁਲ ਵਸਤ ਆਪ ਵਰਤਾਈਆ ।

## ✪ ੧੨ ਭਾਦਰੋ ੨੦੨੦ ਬਿਕਰਮੀ ਗੁਰਦਿਤ ਸਿੰਘ ਦੇ ਗ੍ਰਹਿ ਰਾਮ ਦੀਵਾਲੀ ਜ਼ਿਲਾ ਅੰਮ੍ਰਿਤਸਰ ✪

ਸਚਖੰਡ ਦੁਆਰੇ ਖੇਲ ਅਕੱਥੇ, ਕਥਨੀ ਕਥ ਨਾ ਸਕੇ ਰਾਈਆ । ਗੁਰ ਅਵਤਾਰ ਹੋਏ ਇਕੱਠੇ, ਪੀਰ ਪੈਗ਼ੰਬਰ ਨਾਲ ਮਿਲਾਈਆ । ਸਾਹਿਬ ਸੁਲਤਾਨ ਚਰਨੀ ਢੱਠੇ, ਦੋਏ ਜੋੜ ਕਰਨ ਅਰਜ਼ੋਈਆ । ਚਾਰ ਜੁਗ ਤੇਰੇ ਨਾਮ ਦੇ ਦੇ ਕੇ ਆਏ ਪਤੇ, ਧੁਰ ਸੰਦੇਸ਼ਾ ਰਾਗ ਅਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਲੇਖ ਲਿਖੇ, ਕਲਮ ਸ਼ਾਹੀ ਸਿਫ਼ਤ ਸਾਲਾਹੀਆ । ਸਤਿਜੁਗ ਤ੍ਰੇਤਾ ਦਅਾਪਰ ਕਲਜੁਗ ਚਾਰ ਵਰਨ ਅਠਾਰਾਂ ਬਰਨ ਬਣਾਏ ਹਿੱਸੇ, ਰਾਉ ਰੰਕ ਵੰਡ ਵੰਡਾਈਆ । ਸਤਿ ਧਰਮ ਨਾਮ ਨਿਧਾਨ ਸ਼ਬਦ ਨਿਸ਼ਾਨ ਭਗਤ ਭਗਵਾਨ ਵਿਰਲੇ ਦਿਸੇ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਸਾਚੀ ਸਿਖਿਆ ਲੱਖ ਚੁਰਾਸੀ ਤੇਰੀ ਸਿਖੇ, ਸਾਖਿਆਤ ਕਰੀ ਪੜ੍ਹਾਈਆ । ਅੰਤਮ ਦਸ ਕੇ ਆਏ ਮਿਥਿਆ ਮਿਥੇ, ਥਿਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਲਾਮ, ਸਜਦਾ ਪਰਵਰਦਿਗਾਰ ਝੁਕਾਈਆ । ਬੇਪਰਵਾਹ ਤੇਰਾ ਹੱਕ ਮੁਕਾਮ, ਹਕੀਕਤ ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਵਿਗੜ ਗਿਆ ਨਜ਼ਾਮ, ਨੌਬਤ ਨਾਮ ਨਾ ਕੋਇ ਵਜਾਈਆ । ਸ਼ਰਅ ਸ਼ਰੀਅਤ ਹੋਈ ਗ਼ੁਲਾਮ, ਲਾਸ਼ਰੀਕ ਤੇਰਾ ਹੁਕਮ ਭੁਲਾਈਆ । ਚਾਰੋ ਕੁੰਟ ਹੋਇਆ ਹਰਾਮ, ਧੀਰਜ ਧੀਰ ਨਾ ਕੋਇ ਰਖਾਈਆ । ਰਸਨਾ ਜਿਹਵਾ ਬੱਤੀ ਦੰਦ ਸਾਧ ਸੰਤ ਕਰਨ ਕਲਿਆਣ, ਕਲਮਾ ਹੱਕ ਨਾ ਕੋਇ ਸਮਝਾਈਆ । ਸਚਾ ਦੱਸੇ ਨਾ ਕੋਇ ਈਮਾਨ, ਦੀਨ ਮਜ਼੍ਹਬ ਹੋਏ ਲੜਾਈਆ । ਘਰ ਮੰਦਰ ਨਜ਼ਰ ਨਾ ਆਏ ਮਕਾਨ, ਕਾਇਆ ਕਾਅਬਾ ਫੋਲ ਨਾ ਕੋਇ ਵਖਾਈਆ । ਦੀਪਕ ਦੀਆ ਨਿਰਗੁਣ ਜੋਤ ਨਾ ਜਗੇ ਮਹਾਨ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਅੰਮ੍ਰਿਤ ਆਤਮ ਕਿਸੇ ਨਾ ਮਿਲੇ ਪੀਣ ਖਾਣ, ਲੱਖ ਚੁਰਾਸੀ ਮਰੇ ਅੰਤ ਤਿਹਾਈਆ । ਨੇਤਰ ਨੈਣ ਲੋਚਣ ਦਰਸ ਹੋਏ ਨਾ ਸ੍ਰੀ ਭਗਵਾਨ, ਪੜਦਾ ਦੂਈ ਨਾ ਕੋਇ ਉਠਾਈਆ । ਚਾਰੋ ਕੁੰਟ ਦਿਸੇ ਵੈਰਾਨ, ਦਹਿ ਦਿਸ਼ਾ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭ ਦਰ ਤੇਰੇ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦੁਆਰ, ਇਕੋ ਨਾਅਰਾ ਲਾਈਆ । ਤੇਰੀ ਓਟ ਸਾਂਝੇ ਯਾਰ, ਦੂਜਾ ਨਜ਼ਰ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਵੇਂਹਦੇ ਆਏ ਵਾਰੋ ਵਾਰ, ਨਵ ਨੌ ਪੰਧ ਮੁਕਾਈਆ । ਧੁਰ ਸੰਦੇਸ਼ਾ ਦੱਸਦੇ ਰਹੇ ਗੁਫ਼ਤਾਰ, ਗੁਫ਼ਤ ਸ਼ੁਨੀਦ ਭੇਵ ਖੁਲ੍ਹਾਈਆ । ਉਚੀ ਕੂਕ ਕਰਦੇ ਰਹੇ ਪੁਕਾਰ, ਨਾਅਰਾ ਹੱਕ ਹੱਕ ਸਮਝਾਈਆ । ਮੰਤਰ ਬੋਲ ਨਾਮ ਜੈਕਾਰ, ਸਤਿ ਸਤਿ ਦ੍ਰਿੜਾਈਆ । ਸਰਬ ਜੀਆਂ ਦਾ ਮੀਤ ਏਕਾ ਏਕੰਕਾਰ, ਪੁਰਖ ਅਕਾਲ ਬੇਪਰਵਾਹੀਆ । ਇਸ਼ਟ ਗੁਰਦੇਵ ਸੁਆਮੀ ਧੁਰ ਦਰਬਾਰ,

ਸਚ ਸਿੰਘਾਸਣ ਬੈਠਾ ਸੱਚਾ ਮਾਹੀਆ । ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਕਰਮੀ ਕਰਮ ਕਾਂਡ ਨਾ ਕੋਇ ਰਖਾਈਆ । ਸਚ ਸੰਦੇਸ਼ਾ ਦੇਵੇ
ਅਗੰਮੀ ਬਾਣੀ, ਬੋਧ ਅਗਾਧ ਕਰੇ ਪੜ੍ਹਾਈਆ । ਦੋ ਜਹਾਨ ਸ੍ਰੀ ਭਗਵਾਨ ਲੱਖ ਚੁਰਾਸੀ ਆਤਮ ਪਰਮਾਤਮ ਹੋਵੇ ਅੰਤਰਯਾਮੀ, ਘਟ ਘਟ ਵੇਖੇ
ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਇਕੋ ਆਸ ਰਖਾਈਆ । ਗੁਰ
ਅਵਤਾਰ ਪੀਰ ਪੈਗ਼ੰਬਰ ਕੱਢਣ ਹਾੜਾ, ਦੋਏ ਜੋੜ ਜੋੜ ਸਰਨਾਈਆ । ਪੁਰਖ ਅਕਾਲ ਬੇਪਰਵਾਹ ਕਲਜੁਗ ਅੰਤਮ ਲੱਗਾ ਕੂੜ ਅਖਾੜਾ, ਚਾਰੋ
ਕੁੰਟ ਚਾਰ ਵਰਨ ਡੰਕ ਵਜਾਈਆ । ਸਤਿ ਧਰਮ ਨਾ ਪੁਰਖ ਨਾਰਾ, ਵਿਭਚਾਰ ਕਰੀ ਕੁੜਮਾਈਆ । ਗੁਰ ਕਾ ਸ਼ਬਦ ਨਾ ਕਿਸੇ ਵਿਚਾਰਾ, ਹਿਰਦੇ
ਹਰਿ ਨਾ ਕੋਇ ਧਿਆਈਆ । ਕਾਇਆ ਮੰਦਰ ਨਾ ਹੋਇਆ ਉਜਿਆਰਾ, ਦੀਪਕ ਜੋਤ ਨਾ ਕੋਇ ਰੁਸ਼ਨਾਈਆ । ਸਾਢੇ ਤਿੰਨ ਹੱਥ ਦਿਸੇ ਧੂਆਂਧਾਰਾ,
ਸਚ ਸਮਗਰੀ ਹੱਥ ਨਾ ਕੋਇ ਰਖਾਈਆ । ਕਾਗਦ ਕਲਮ ਨਾ ਲਿਖਣਹਾਰਾ, ਲੇਖਾ ਲਿਖਿਆ ਸਾਰੇ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਸਚਖੰਡ ਨਿਵਾਸੀ ਹੁਕਮ ਸੁਣਾਇੰਦਾ । ਸਾਰੇ
ਸੁਣੋ ਧੁਰ ਫ਼ਰਮਾਨ, ਧੁਰ ਦੀ ਧਾਰ ਆਪ ਜਣਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਖੇਲ ਮਹਾਨ, ਹਰਿ ਕਰਤਾ ਆਪ ਕਰਾਇੰਦਾ । ਨਿਤ
ਨਵਿਤ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਸ਼ਬਦੀ ਸ਼ਬਦ ਸ਼ਬਦ ਬਲਵਾਨ, ਗੁਰ ਗੁਰ ਆਪਣਾ ਹੁਕਮ ਵਰਤਾਇੰਦਾ । ਨੇਤਰ
ਖੋਲ੍ਹ ਵੇਖੋ ਦੋ ਜਹਾਨ, ਦੋ ਜਹਾਨਾਂ ਵਾਲੀ ਆਪ ਵਖਾਇੰਦਾ । ਨਾ ਕੋਈ ਦੀਨ ਮਜ਼੍ਹਬ ਇਸਲਾਮ, ਇਸਮ ਆਜ਼ਮ ਨਜ਼ਰ ਕਿਸੇ ਨਾ ਆਇੰਦਾ ।
ਨਾ ਕੋਈ ਗੁਰਮੁਖ ਗੁਰਸਿਖ ਗੁਰ ਕਰੇ ਪਹਿਚਾਨ, ਨਿਜ ਨੇਤਰ ਨੈਣ ਨਾ ਕੋਇ ਖੁਲ੍ਹਾਇੰਦਾ । ਨਾ ਕੋਈ ਸੰਤ ਸਤਿਗੁਰ ਧਰੇ ਧਿਆਨ, ਆਸਾ
ਤ੍ਰਿਸਨਾ ਮਾਇਆ ਮਮਤਾ ਹਉਮੇ ਹੰਗਤਾ ਨਾ ਕੋਇ ਮਿਟਾਇੰਦਾ । ਨਾ ਕੋਈ ਭਗਤ ਮਿਲੇ ਭਗਵਾਨ, ਭਾਂਡਾ ਭਰਮ ਨਾ ਕੋਇ ਭੰਨਾਇੰਦਾ । ਘਰ
ਘਰ ਵੜਿਆ ਕੂੜ ਸ਼ੈਤਾਨ, ਡੌਰੂ ਡੰਕਾ ਹੱਥ ਰਖਾਇੰਦਾ । ਗਿਆਨੀ ਧਿਆਨੀ ਵਡ ਵਿਦਵਾਨੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਇੰਦਾ ।
ਉਚੀ ਕੂਕਣ ਗਾਵਣ ਗਾਣ, ਧੁੰਨ ਆਤਮਕ ਰਾਗ ਨਾ ਕੋਇ ਸੁਣਾਇੰਦਾ । ਕਾਇਆ ਮੰਦਰ ਦਿਸੇ ਵੈਰਾਨ, ਸ਼ਿਵਦਵਾਲਾ ਮੱਠ ਸੋਭਾ ਕੋਇ ਨਾ
ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਇੰਦਾ । ਤੇਈ ਅਵਤਾਰ ਖੋਲ੍ਹੋ ਅੱਖ, ਹਰਿ ਆਖ਼ਰ
ਆਪ ਜਣਾਈਆ । ਲੱਖ ਚੁਰਾਸੀ ਵੇਖੋ ਪਰਤੱਖ, ਕਲਜੁਗ ਭਰਮੇ ਭਰਮ ਭੁਲਾਈਆ । ਜੁਗ ਚੌਕੜੀ ਜੋ ਮਾਰਗ ਆਏ ਦੱਸ, ਨਿਰਗੁਣ ਸਰਗੁਣ
ਕਰ ਪੜ੍ਹਾਈਆ । ਲੇਖਾ ਲਿਖ ਕੇ ਆਏ ਨਾਲ ਹੱਥ, ਨਾਤਾ ਜੋੜ ਕਲਮ ਸ਼ਾਹੀਆ । ਸ਼ਾਸਤਰ ਸਿਮਰਤ ਵੇਦ ਪੁਰਾਨ ਮਾਰਗ ਲਾਇਆ ਹੱਸ ਹੱਸ,
ਲੋਕਮਾਤ ਖ਼ੁਸ਼ੀ ਮਨਾਈਆ । ਅੰਤਮ ਸਾਰੇ ਆਏ ਛੱਡ, ਪੰਜ ਤਤ ਚੋਲਾ ਜਗਤ ਹੰਡਾਈਆ । ਨਿਰਗੁਣ ਸਰਗੁਣ ਨਾਲੋ ਹੋ ਕੇ ਅੱਡ, ਘਰ ਸਾਚੇ
ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਜਣਾਈਆ । ਉਠੋ ਭਗਤ ਅਠਾਰਾਂ, ਅੱਠ
ਦਸ ਹਰਿ ਜਣਾਇੰਦਾ । ਉਚੀ ਕੂਕੇ ਲਾਓ ਨਾਅਰਾ, ਨਰ ਨਰਾਇਣ ਆਪ ਸੁਣਾਇੰਦਾ । ਚਾਰ ਜੁਗ ਦਾ ਖੇਲ ਨਿਆਰਾ, ਨਿਰਵੈਰ ਪੁਰਖ ਆਪ
ਸਮਝਾਇੰਦਾ । ਭੇਵ ਅਭੇਦਾ ਖੋਲ੍ਹੇ ਧੁਰ ਦਰਬਾਰਾ, ਦਰਗਹਿ ਸਾਚੀ ਪੜਦਾ ਲਾਹਿੰਦਾ । ਮੁਰੀਦ ਮੁਰਸ਼ਦ ਕਰੇ ਪਿਆਰਾ, ਦੀਦ ਈਦ ਚੰਦ ਚਮਕਾਇੰਦਾ ।

ਕਲਜੁਗ ਅੰਤਮ ਇਕ ਕਿਨਾਰਾ, ਨਈਆ ਜਗਤ ਜਹਾਨ ਵਖਾਇੰਦਾ । ਭੁੱਲਿਆ ਇਕੋ ਸਾਂਝਾ ਯਾਰਾ, ਸਾਹਿਬ ਸੁਲਤਾਨ ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਲੈ ਅਵਤਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਭਗਤ ਜਨ ਖੋਲ੍ਹੋ ਤਾਕ, ਬੰਦ ਕਿਵਾੜੀ ਕੁੰਡਾ ਲਾਹੀਆ । ਕੋਈ ਨਾ ਲੱਭੇ ਸਾਚਾ ਸਾਥ, ਸਗਲਾ ਸੰਗ ਨਾ ਕੋਇ ਰਖਾਈਆ । ਆਤਮ ਪਰਮਾਤਮ ਕੋਈ ਨਾ ਗਾਏ ਗਾਥ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਕਾਇਆ ਮੰਦਰ ਅੰਦਰ ਸਾਚੇ ਮੰਡਲ ਕੋਈ ਨਾ ਪਾਏ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਾ ਕੋਇ ਨਚਾਈਆ । ਸਤਿਗੁਰੂ ਦੁਆਰੇ ਕੋਈ ਨਾ ਹੋਵੇ ਦਾਸ, ਹੰਗਤਾ ਗੜ੍ਹ ਨਾ ਕੋਇ ਤੁੜਾਈਆ । ਘਰ ਦੀਪ ਨਾ ਕੋਇ ਪਰਕਾਸ਼, ਅੰਧ ਅੰਧੇਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਿਹਾ ਵਖਾਈਆ । ਮੂਸਾ ਈਸਾ ਮੁਹੰਮਦ ਕਰੋ ਧਿਆਨ, ਧੁਰਦਰਗਾਹੀ ਆਪ ਉਠਾਇੰਦਾ । ਨਾ ਕੋਈ ਕਲਮਾ ਨਬੀ ਰਸੂਲ ਕਲਾਮ, ਕਾਇਨਾਤ ਕਾਦਰ ਨਜ਼ਰ ਕਿਸੇ ਨਾ ਆਇੰਦਾ । ਮੁਰੀਦ ਮੁਰਸ਼ਦ ਕੋਈ ਨਾ ਪਿਆਏ ਆਬੇਹਯਾਤ, ਹਯਾਤੀ ਵਿਚੋ ਹਯਾਤੀ ਨਾ ਕੋਇ ਬਦਲਾਇੰਦਾ । ਸਜਦਾ ਸੀਸ ਨਾ ਕੋਇ ਆਦਾਬ, ਸਚ ਦੁਆ ਨਾ ਕੋਇ ਕਰਾਇੰਦਾ । ਨਜ਼ਰ ਨਾ ਆਏ ਸ਼ਾਹ ਨਵਾਬ, ਸ਼ਹਿਨਸ਼ਾਹ ਮੁਖ ਨਕਾਬ ਪੜਦਾ ਨਾ ਕੋਇ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਵਖਾਇੰਦਾ । ਗੁਰੂ ਦਸ ਕਰੋ ਵਿਚਾਰ, ਦਹਿ ਦਿਸ਼ਾ ਭਰਮ ਭੁਲਾਈਆ । ਸਤਿ ਨਾਮ ਨਾ ਕੋਇ ਪਿਆਰ, ਸਤਿ ਸਰੂਪ ਨਾ ਕੋਇ ਸਮਾਈਆ । ਚਾਰ ਵਰਨ ਨਾ ਕੋਈ ਆਧਾਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਏਕਾ ਰੰਗ ਨਾ ਕੋਇ ਰੰਗਾਈਆ । ਨਿਵਣ-ਸੋ-ਅੱਖਰ ਨਾ ਕੋਈ ਧਾਰ, ਸਾਚੀ ਸਿਖਿਆ ਨਾ ਕੋਇ ਪੜ੍ਹਾਈਆ । ਨਾਮ ਖੰਡਾ ਨਾ ਕੋਈ ਖੜਗ ਕਟਾਰ, ਤਨ ਗਾਤਰੇ ਨਾ ਕੋਇ ਛੁਹਾਈਆ । ਫ਼ਤਿਹ ਡੰਕਾ ਨਾ ਕੋਇ ਜੈਕਾਰ, ਮਨ ਵਾਸਨਾ ਨਾ ਕੋਇ ਮਿਟਾਈਆ । ਹਰਿ ਕਾ ਮੰਦਰ ਨਾ ਦਿਸੇ ਹਰੀ ਦੁਆਰ, ਘਰ ਘਰ ਵਿਚ ਮੇਲ ਨਾ ਕੋਇ ਮਿਲਾਈਆ । ਸੁਰਤ ਸਵਾਣੀ ਸੁੱਤੀ ਨਾ ਸਕੇ ਕੋਇ ਉਠਾਲ, ਸ਼ਬਦ ਹਾਣੀ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਤੁਹਾਡਾ ਮੰਨਣਾ ਪਏ ਸਵਾਲ, ਹਰਿ ਸਾਚਾ ਸਚ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਦੀਨ ਦਿਆਲ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚ ਦੁਆਰੇ ਵਸੇ ਸਚੀ ਧਰਮਸਾਲ, ਛੱਪਰ ਛੰਨ ਨਜ਼ਰ ਕਿਸੇ ਨਾ ਆਈਆ । ਪੁਰਖ ਅਗੰਮ ਅਗੰਮੜਾ ਦੀਪਕ ਲਏ ਬਾਲ, ਤੇਲ ਬਾਤੀ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਆਪ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖੇ ਯਾਦ, ਸੋ ਸਾਹਿਬ ਆਪ ਸੁਣਾਈਆ । ਸੋ ਪੁਰਖ ਨਿਰੰਜਣ ਸੁਣੇ ਫਰਿਆਦ, ਬੇਪਰਵਾਹ ਫੇਰਾ ਪਾਈਆ । ਹਰਿ ਪੁਰਖ ਨਿਰੰਜਣ ਵਜਾਵੇ ਨਾਦ, ਦੋ ਜਹਾਨ ਪੁਰੀ ਲੋਅ ਬ੍ਰਹਿਮੰਡ ਖੰਡ ਸੁਣਾਈਆ । ਏਕੰਕਾਰਾ ਦੇਵੇ ਦਾਦ, ਧੁਰ ਵਸਤ ਆਪ ਵਰਤਾਈਆ । ਆਦਿ ਨਿਰੰਜਣ ਕਰੇ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਅਬਿਨਾਸ਼ੀ ਕਰਤਾ ਹੋਵੇ ਦਾਸ, ਬਣ ਸੇਵਕ ਸੇਵ ਕਮਾਈਆ । ਪਾਰਬ੍ਰਹਮ ਪ੍ਰਭ ਵੇਖੇ ਖੇਲ ਤਮਾਸ਼, ਬ੍ਰਹਮ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਝੋਲੀ ਪਾਈਆ । ਸਭ ਦਾ ਲਹਿਣਾ ਝੋਲੀ ਪਾਉਣਾ, ਨਿਰਗੁਣ ਨਿਰਵੈਰ ਆਪ ਜਣਾਇੰਦਾ । ਪੀਰ ਪੈਗ਼ੰਬਰ


੨੮੩
੧੫

ਮੰਨੋ ਕਹਿਣਾ, ਬਿਨ ਰਸਨਾ ਜਿਹਵਾ ਆਪ ਸਮਝਾਇੰਦਾ । ਕਲਜੁਗ ਅੰਤਮ ਭਾਣਾ ਸਿਰ ਤੇ ਸਹਿਣਾ ਪੈਣਾ, ਦੋ ਜਹਾਨ ਨਾ ਕੋਇ ਮਿਟਾਇੰਦਾ । ਕੂੜ ਕੁੜਿਆਰਾ ਬੁਰਜ ਢਹਿਣਾ, ਉਚਾ ਟਿੱਲਾ ਪਰਬਤ ਰਹਿਣ ਕੋਇ ਨਾ ਪਾਇੰਦਾ । ਲੱਖ ਚੁਰਾਸੀ ਜੀਵ ਜੰਤ ਲੇਖਾ ਚੁਕੇ ਲਹਿਣਾ ਦੇਣਾ, ਕਰਮ ਕਾਂਡ ਦਾ ਲੇਖਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ, ਸਚਖੰਡ ਨਿਵਾਸੀ ਆਪ ਜਣਾਈਆ । ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਜੁਗ ਚੌਕੜੀ ਪਹਿਰੇ ਬਾਣਾ, ਨਿਰਗੁਣ ਸਰਗੁਣ ਰੂਪ ਵਟਾਈਆ । ਧੁਰ ਦੀ ਬਾਣੀ ਗਾਏ ਗਾਣਾ, ਅਲਖ ਨਿਰੰਜਣ ਅਲਖ ਜਗਾਈਆ । ਲੇਖਾ ਜਾਣੇ ਦੋ ਜਹਾਨਾ, ਦੋਏ ਦੋਏ ਆਪਣੀ ਧਾਰ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨਾ, ਨਾਮ ਧੁਨ ਸ਼ਬਦ ਸ਼ਨਵਾਈਆ । ਤ੍ਰੈਗੁਣ ਮਾਇਆ ਬੰਨ੍ਹੇ ਗਾਨਾਂ, ਪੰਜ ਤਤ ਕਰੇ ਕੁੜਮਾਈਆ । ਲੱਖ ਚੁਰਾਸੀ ਖੇਲ ਮਹਾਨਾ, ਮਹਾਂਬਲੀ ਆਪ ਅਖਵਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਖੇਲ ਕਰਦਾ ਰਿਹਾ ਸ੍ਰੀ ਭਗਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਜਣਾਈਆ । ਗੁਰ ਅਵਤਾਰ ਧਿਆਨ ਲਗਾ, ਨੇਤਰ ਨੈਣ ਨੀਰ ਵਹਾਈਆ । ਏਕੰਕਾਰ ਤੇਰੀ ਸਰਨਾ, ਸਰਨਗਤ ਮਿਲੇ ਵਡਿਆਈਆ । ਸਾਚੇ ਰਹਿਬਰ ਤੇਰਾ ਰਾਹ, ਜੁਗ ਚੌਕੜੀ ਵੇਖ ਵਖਾਈਆ । ਤੇਰਾ ਸਿਫ਼ਤੀ ਢੋਲਾ ਆਏ ਗਾ, ਰਸਨਾ ਜਿਹਵਾ ਰਾਗ ਅਲਾਈਆ । ਤੇਰਾ ਹੁਕਮ ਸੰਦੇਸਾ ਆਏ ਸੁਣਾ, ਲੋਕਮਾਤ ਸੇਵ ਕਮਾਈਆ । ਲੇਖਾ ਲਿਖ ਕੇ ਨਾਲ ਕਲਮ ਸ਼ਾਹ, ਕਾਗਦ ਕਰੀ ਜਗਤ ਕੁੜਮਾਈਆ । ਅੰਤਮ ਤੇਰੀ ਓਟ ਤਕਾ, ਤਕਵਾ ਇਕੋ ਇਕ ਜਣਾਈਆ । ਕਲਜੁਗ ਆਵੇ ਬੇਪਰਵਾਹ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨੂਰੀ ਜਲਵਾ ਨੂਰ ਖ਼ੁਦਾ, ਸੂਰਤ ਨਜ਼ਰ ਕਿਸੇ ਨਾ ਆਈਆ । ਚੌਦਾਂ ਤਬਕ ਵੇਖੇ ਪੜਦਾ ਲਾਹ, ਬੇਵਫ਼ਾ ਵੇਖੇ ਸਰਬ ਲੋਕਾਈਆ । ਪੂਤ ਸਪੂਤਾ ਬ੍ਰਾਹਮਣ ਗੌੜਾ ਉਚੇ ਟਿੱਲੇ ਫੇਰਾ ਪਾ, ਪਰਬਤ ਇਕੋ ਕਰੇ ਰੁਸ਼ਨਾਈਆ । ਨਿਹਕਲੰਕ ਨਾਉਂ ਰਖਾ, ਡੰਕਾ ਨਾਮ ਸ਼ਬਦ ਸੁਣਾਈਆ । ਕਲ ਕਲਕੀ ਵੇਸ ਵਟਾ, ਸੰਬਲ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਅਲਾਈਆ । ਸਚ ਸੰਦੇਸਾ ਏਕਾ ਗੀਤ, ਹਰਿ ਸਤਿਗੁਰ ਆਪ ਜਣਾਈਆ । ਚਾਰ ਜੁਗ ਦੀ ਬਦਲੇ ਰੀਤ, ਰੀਤੀਵਾਨ ਵੱਡੀ ਵਡਿਆਈਆ । ਲੱਖ ਚੁਰਾਸੀ ਬਣ ਕੇ ਮੀਤ, ਚਾਰ ਵਰਨ ਕਰੇ ਕੁੜਮਾਈਆ । ਨਾਤਾ ਤੋੜ ਮੰਦਰ ਮਸੀਤ, ਘਰ ਇਕੋ ਇਕ ਦ੍ਰਿਸ਼ਟਾਈਆ । ਖੇਲ ਕਰੇ ਆਪ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਦੀ ਚੌਧਵੀਂ ਜਾਏ ਬੀਤ, ਚੌਦਸ ਚੰਦ ਨਾ ਕੋਇ ਚਮਕਾਈਆ । ਬੀਸ ਬੀਸਾ ਰਿਹਾ ਉਡੀਕ, ਨੇਤਰ ਨੈਣ ਨੈਣ ਉਠਾਈਆ । ਸ਼ਾਹ ਸੁਲਤਾਨਾਂ ਖਾਲੀ ਕਰੇ ਖੀਸ, ਦਰ ਦਰ ਮੰਗਣ ਭਿਖਿਆ ਕੋਇ ਨਾ ਪਾਈਆ । ਸਚ ਧਰਮ ਦੀ ਦੱਸੇ ਹਦੀਸ, ਹਜ਼ਰਤ ਸਾਚੀ ਕਰੇ ਪੜ੍ਹਾਈਆ । ਲੇਖਾ ਜਾਣੇ ਬੀਸ ਇਕੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕੋ ਲਾਈਆ । ਗੁਰ ਅਵਤਾਰਾਂ ਦਏ ਦਿਲਾਸਾ, ਪੁਰਖ ਅਕਾਲ ਵੱਡੀ ਵਡਿਆਈਆ । ਕਲਜੁਗ ਵੇਖੋ ਖੇਲ ਤਮਾਸ਼ਾ, ਹਰਿ ਖ਼ਾਲਕ ਖ਼ਲਕ ਵਖਾਈਆ । ਕੂੜੀ ਕਿਰਿਆ ਉਲਟੇ ਪਾਸਾ, ਸਚ ਸੁਚ ਮਿਲੇ ਵਡਿਆਈਆ । ਜੂਠ ਝੂਠ ਹੋਏ ਨਾਸਾ, ਲੋਕਮਾਤ ਰਹਿਣ ਨਾ ਪਾਈਆ । ਚਾਰ ਵਰਨ ਨਾ ਰਹੇ ਸ਼ਾਖ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ

੨੮੪ ੧੫

ਹੁਕਮ ਆਪ ਵਰਤਾਈਆ । ਸਾਚਾ ਹੁਕਮ ਹਰਿ ਵਰਤਾਉਣਾ, ਸ੍ਰੀ ਭਗਵਾਨ ਸਾਹਿਬ ਜਣਾਇੰਦਾ । ਕੂੜ ਕੁੜਿਆਰਾ ਮੇਟ ਮਿਟਾਉਣਾ, ਭਾਂਡਾ ਭਰਮ ਭੌ ਭੰਨਾਇੰਦਾ । ਸਤਿਜੁਗ ਸਾਚਾ ਮਾਰਗ ਲਾਉਣਾ, ਸਤਿ ਧਰਮ ਆਪ ਪਰਗਟਾਇੰਦਾ । ਧਰਨੀ ਧਰਤ ਧਵਲ ਗੋਦ ਸੁਹਾਉਣਾ, ਸਿਰ ਆਪਣਾ ਹੱਥ ਰਖਾਇੰਦਾ । ਚਿੰਤਾ ਸੋਗ ਨਾ ਕੋਇ ਜਣਾਉਣਾ, ਮਾਇਆ ਮਮਤਾ ਮੋਹ ਮਿਟਾਇੰਦਾ । ਧੁਰ ਸੰਜੋਗ ਆਪ ਮਿਲਾਉਣਾ, ਭਗਤ ਭਗਵਾਨ ਵੇਖ ਵਖਾਇੰਦਾ । ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਉਣਾ, ਆਤਮ ਪਰਮਾਤਮ ਜੋੜ ਜੁੜਾਇੰਦਾ । ਸਾਚਾ ਢੋਲਾ ਇਕ ਸਲੋਕ ਸਣਾਉਣਾ, ਧੁਰ ਸੰਦੇਸਾ ਆਪ ਅਲਾਇੰਦਾ । ਲੋਕ ਪਰਲੋਕ ਦੋ ਜਹਾਨ ਏਕਾ ਨਾਦ ਵਜਾਉਣਾ, ਨੌਬਤ ਇਕੋ ਨਾਮ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਏਕਾ ਘਰ ਬਹਾਉਣਾ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਇੰਦਾ । ਮੁਹੰਮਦ ਲੇਖਾ ਝੋਲੀ ਪਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਆਪ ਕਮਾਇੰਦਾ । ਸਚ ਕਰਨੀ ਆਪ ਕਮਾਵੇਗਾ । ਪ੍ਰਭ ਨਿਰਗੁਣ ਵੇਸ ਵਟਾਵੇਗਾ । ਲੋਕਮਾਤ ਵੇਖ ਵਖਾਵੇਗਾ । ਲੱਖ ਚੁਰਾਸੀ ਦੇਵੇ ਦਾਤ, ਅਨਮੁਲ ਨਾਮ ਵਰਤਾਵੇਗਾ । ਕੂੜੀ ਕਿਰਿਆ ਕੱਢ ਨਾਰ ਕਮਜ਼ਾਤ, ਗੁਰਮਤ ਇਕ ਸਮਝਾਵੇਗਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਣੇ ਇਕ ਜਮਾਤ, ਘਰ ਇਕੋ ਇਕ ਸੁਹਾਵੇਗਾ । ਭਗਤ ਭਗਵਾਨ ਬਣੇ ਦਾਸ, ਸਾਚਾ ਮਾਰਗ ਇਕ ਵਖਾਵੇਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੀ ਕਰੇ ਆਸ, ਨਿਰਾਸਾ ਕੋਈ ਰਹਿਣ ਨਾ ਪਾਵੇਗਾ । ਨਿਰਗੁਣ ਜੋਤ ਕਰ ਪਰਕਾਸ਼, ਸਤਿਜੁਗ ਸਾਚਾ ਚੰਦ ਚਮਕਾਵੇਗਾ । ਸਾਚੇ ਮੰਡਲ ਪਾਵੇ ਰਾਸ, ਨਿਰਗੁਣ ਸਰਗੁਣ ਨਾਚ ਨਚਾਵੇਗਾ । ਲੇਖਾ ਜਾਣ ਪ੍ਰਿਥਮੀ ਅਕਾਸ਼, ਗਗਨ ਗਗਨੰਤਰ ਖੋਜ ਖੁਜਾਵੇਗਾ । ਜਨ ਭਗਤਾਂ ਵਸੇ ਪਾਸ, ਕਰਵਟ ਆਪਣੀ ਆਪ ਬਦਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਦ੍ਰਿੜਾਵੇਗਾ । ਸਾਚਾ ਨਾਮ ਇਕ ਦ੍ਰਿੜਾਏਗਾ । ਸੋ ਪੁਰਖ ਨਿਰੰਜਣ ਖੇਲ ਰਚਾਏਗਾ । ਹਰਿ ਪੁਰਖ ਨਿਰੰਜਣ ਨਾਦ ਵਜਾਏਗਾ । ਏਕੰਕਾਰਾ ਹੁਕਮ ਸੁਣਾਏਗਾ । ਆਦਿ ਨਿਰੰਜਣ ਵੇਖਣ ਆਏਗਾ । ਅਬਿਨਾਸ਼ੀ ਕਰਤਾ ਘਰ ਘਰ ਫੇਰੀ ਪਾਏਗਾ । ਸ੍ਰੀ ਭਗਵਾਨ ਦੂਈ ਦਵੈਤ ਪੜਦਾ ਉਠਾਏਗਾ । ਪਾਰਬ੍ਰਹਮ ਬ੍ਰਹਮ ਆਤਮ ਪਰਮਾਤਮ ਮੇਲ ਮਿਲਾਏਗਾ । ਨਿਹਕਰਮੀ ਕਰੇ ਆਪਣਾ ਕਰਮ, ਕੁਦਰਤ ਕਾਦਰ ਆਪ ਜਣਾਏਗਾ । ਆਤਮ ਜੋਤ ਸਾਚਾ ਵਰਨ, ਜ਼ਾਤ ਪਾਤ ਨਾ ਕੋਇ ਰਖਾਏਗਾ । ਨੇਤਰ ਖੋਲ੍ਹ ਹਰਨ ਫਰਨ, ਗੁਰਮੁਖ ਵਿਰਲੇ ਆਪ ਉਠਾਏਗਾ । ਸਾਚੇ ਪੌੜੇ ਸੱਜਣ ਚੜ੍ਹਨ, ਘਰ ਡੰਡਾ ਇਕੋ ਲਾਏਗਾ । ਦਸਮ ਦੁਆਰੀ ਜਾ ਕੇ ਵੜਨ, ਨੌ ਦੁਆਰੇ ਪੰਧ ਮੁਕਾਏਗਾ । ਟੇਢੀ ਬੰਕ ਮੂਲ ਨਾ ਸੜਨ, ਈੜਾ ਪਿੰਗਲ ਨਾ ਕੋਇ ਅਟਕਾਏਗਾ । ਤੇਰਾ ਮੇਰਾ ਮੇਰਾ ਤੇਰਾ ਜੋ ਸੋਹੰ ਢੋਲਾ ਪੜ੍ਹਨ, ਸੋ ਸਤਿਗੁਰ ਵਿਚ ਸਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਾਹ ਵਖਾਏਗਾ । ਸਤਿਜੁਗ ਸਾਚਾ ਰਾਹ ਵਖਾਵੇਗਾ । ਨਿਰਵੈਰ ਪੁਰਖ ਇਕੋ ਆਵੇਗਾ । ਸਾਚੀ ਸਿਖਿਆ ਸਿਖ ਸਮਝਾਵੇਗਾ । ਦਹਿ ਦਿਸ਼ਾ ਪਾਏ ਭਿਖ, ਅੱਠਾਂ ਤੱਤਾਂ ਜੋੜ ਜੁੜਾਵੇਗਾ । ਮਨ ਮਤ ਬੁਧ ਕਰੇ ਹਿਤ, ਮਨ ਵਾਸਨਾ ਮੇਟ ਮਿਟਾਵੇਗਾ । ਲੱਖ ਚੁਰਾਸੀ ਕੂੜੀ ਕਿਰਿਆ ਜਿਤ, ਡੰਕਾ ਫਤਹਿ ਇਕ ਵਜਾਵੇਗਾ । ਸ੍ਰਿਸ਼ਟ ਸਬਾਈ ਬਣ ਕੇ ਪਿਤ, ਪਤਿਪਰਮੇਸ਼ਵਰ ਨਜ਼ਰੀ ਆਵੇਗਾ । ਜਨ ਭਗਤਾਂ ਕਰੇ ਹਿਤ, ਹਿਤਕਾਰੀ ਵੇਸ ਵਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਲੇਖ ਚੁਕਾਵੇਗਾ । ਕਲਜੁਗ ਅੰਤਮ ਲੇਖ ਚੁਕਾਵੇਗਾ । ਹਰਿ ਜੂ ਕੰਤ

ਵੇਖ ਵਖਾਵੇਗਾ । ਗੁਰਮੁਖ ਸੰਤ ਆਪ ਜਗਾਵੇਗਾ । ਮਹਿੰਮਾ ਅਗਣਤ ਆਪ ਸਮਝਾਵੇਗਾ । ਮਣੀਆ ਮੰਤ ਨਾਮ ਦ੍ਰਿੜਾਵੇਗਾ । ਰੰਗ ਬਸੰਤ ਇਕ ਚੜ੍ਹਾਵੇਗਾ । ਨਾਰ ਕੰਤ ਮੇਲ ਮਿਲਾਵੇਗਾ । ਹਉਮੇਂ ਹੰਗਤ ਗੜ੍ਹ ਤੁੜਾਵੇਗਾ । ਬੋਧ ਅਗਾਧਾ ਬਣ ਕੇ ਪੰਡਤ, ਨਿਸ਼ਅੱਖਰ ਅੱਖਰ ਰੂਪ ਸਮਝਾਵੇਗਾ । ਚਾਰ ਜੁਗ ਕਰ ਖੰਡਤ, ਖੰਡਾ ਖੜਗ ਇਕ ਚਮਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਸਭ ਦੀ ਮੰਨੇ ਮਿਨਤ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਵੇਗਾ । ਮਿਹਰਵਾਨ ਹਰਿ ਮੰਨੇ ਮਿਨਤ, ਆਪਣੀ ਦਇਆ ਕਮਾਈਆ । ਉਠੋ ਵੇਖੋ ਆਪਣੀ ਹਿੰਮਤ, ਲੱਖ ਚੁਰਾਸੀ ਭਰਮੇ ਭੁੱਲੀ ਬਣੀ ਪਾਂਧੀ ਰਾਹੀਆ । ਚਾਰ ਕੁੰਟ ਦਹਿ ਦਿਸ਼ਾ ਸਾਚਾ ਪੋਲ ਨਜ਼ਰ ਨਾ ਆਏ ਸਿੰਮਤ, ਸਾਚਾ ਮਾਰਗ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗੰਬਰ ਸਭ ਦਾ ਲੇਖਾ ਝੋਲੀ ਪਾਈਆ । ਕਵਣ ਵੇਲਾ ਪ੍ਰਭ ਲੇਖਾ ਚੁੱਕੇ, ਬਾਕੀ ਕੋਈ ਰਹਿਣ ਨਾ ਪਾਈਆ । ਲੋਕਮਾਤ ਪੈਂਡਾ ਮੁੱਕੇ, ਆਵਣ ਜਾਵਣ ਪੰਧ ਕਟਾਈਆ । ਸਦਾ ਵੇਖੀਏ ਤੇਰੀ ਰੁੱਤੇ, ਰੁੱਤ ਰੁਤੜੀ ਇਕ ਮਹਿਕਾਈਆ । ਗੋਦੀ ਤੇਰੀ ਰਹੀਏ ਸੁੱਤੇ, ਚਾਰ ਜੁਗ ਨਾ ਕੋਇ ਉਠਾਈਆ । ਅੰਤਮ ਲਹਿਣਾ ਕੋਈ ਨਾ ਪੁੱਛੇ, ਹੁਕਮ ਹੱਕ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਲੇ ਸਚ ਸੱਚੀ ਸਰਨਾਈਆ । ਸਚ ਸਰਨਾਈ ਇਕ ਰਖਾਵੇਗਾ । ਪ੍ਰਭ ਆਪਣਾ ਨੈਣ ਉਠਾਵੇਗਾ । ਗੁਰ ਅਵਤਾਰ ਸੈਣ ਬਣਾਵੇਗਾ । ਜੋ ਦਰ ਦੁਆਰ ਕਹਿਣ, ਸੋ ਪੂਰੀ ਕਰ ਵਖਾਵੇਗਾ । ਆਪ ਚੁਕਾਏ ਲਹਿਣ ਦੇਣ, ਦੇਣਾ ਆਪਣੇ ਹੱਥ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੀ ਵੰਡ ਵੰਡਾਵੇਗਾ । ਸਤਿਜੁਗ ਵੰਡ ਵੰਡੇ ਕਰਤਾਰ, ਹਰਿ ਕਰਨਹਾਰ ਨਿਰੰਕਾਰਾ । ਨਵ ਨੌ ਚਾਰ ਉਤਰੇ ਪਾਰ, ਲੇਖਾ ਚੁੱਕੇ ਵਿਚ ਸੰਸਾਰਾ । ਅੱਲਾ ਰਾਣੀ ਰੋਵੇ ਨੇਤਰ ਧਾਰ, ਚੌਦਾਂ ਤਬਕ ਹਾਹਾਕਾਰਾ । ਚੌਦਾਂ ਲੋਕ ਹੋਣ ਖ਼ਵਾਰ, ਸਾਚਾ ਮਿਲੇ ਨਾ ਮੀਤ ਮੁਰਾਰਾ । ਚੌਦਾਂ ਵਿਦਿਆ ਗਈ ਹਾਰ, ਬਜਰ ਕਪਾਟੀ ਤੋੜੇ ਨਾ ਕੋਈ ਤਾਲਾ । ਚੌਦਸ ਚੰਦ ਨਾ ਕੋਇ ਉਜਿਆਰ, ਚਾਰੋ ਕੁੰਟ ਅੰਧ ਅੰਧਿਆਰਾ । ਕਲਜੁਗ ਕੂੜੀ ਕਿਰਿਆ ਸਰਬ ਸੰਸਾਰ, ਸਾਚਾ ਪੰਧ ਨਾ ਕਿਸੇ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਲੈ ਅਵਤਾਰਾ । ਨਿਰਗੁਣ ਅਵਤਾਰੀ ਹੋਏ ਅੰਤ, ਅੰਤਸ਼ਕਰਨ ਵੇਖ ਵਖਾਈਆ । ਲੱਖ ਚੁਰਾਸੀ ਜੀਵ ਜੰਤ, ਨੌ ਖੰਡ ਪ੍ਰਿਥਮੀ ਫੋਲੇ ਥਾਉਂ ਥਾਈਂਆ । ਗੁਰਮੁਖ ਵਿਰਲੇ ਲੱਭੇ ਸੰਤ, ਜਿਸ ਜਨ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਖੇਲ ਬ੍ਰਹਿਮਾਦ, ਸ਼ਬਦ ਧੁਰ ਨਾਦ ਅਨਾਦੀ ਰਾਗ ਸੁਣਾਈਆ ।

ਆਉਣ ਵਾਲਾ ਸੁਣੋ ਜ਼ਮਾਨਾ, ਜ਼ਮਾਨਤ ਸਭ ਦੀ ਜ਼ਬਤ ਕਰਾਈਆ । ਕਰੇ ਖੇਲ ਸ੍ਰੀ ਭਗਵਾਨਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਦੇਂਦਾ ਰਿਹਾ ਪਰਵਾਨਾ, ਧੁਰ ਸੰਦੇਸਾ ਹੁਕਮ ਸੁਣਾਈਆ । ਕਲਜੁਗ ਅੰਤਮ ਖੇਲ ਕਰੇ ਮਹਾਨਾ, ਸਮਝ ਸਕੇ ਕੋਇ ਨਾ ਰਾਈਆ । ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨਾ, ਬਲਧਾਰੀ ਫੇਰਾ ਪਾਈਆ । ਸੰਬਲ ਵਸੇ ਸਚ ਮਕਾਨਾ, ਆਸਣ ਇਕੋ ਇਕ ਲਗਾਈਆ । ਧਰਮ

ਵਖਾਏ ਇਕ ਨਿਸ਼ਾਨਾ, ਕੂੜੀ ਕਿਰਿਆ ਡੇਰਾ ਢਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਦੇ ਗਏ ਬਿਆਨਾ, ਲੇਖਾ ਲਿਖਤ ਭਵਿਖਤ ਸਮਝਾਈਆ । ਸ੍ਰਿਸ਼ਟ ਸਬਾਈ ਹੋਏ ਵੈਰਾਨਾ, ਘਰ ਘਰ ਵੈਰੀ ਨਜ਼ਰੀ ਆਈਆ । ਕਲਜੁਗ ਕਾਤੀ ਮਾਰੇ ਤੀਰ ਨਿਸ਼ਾਨਾ, ਜੀਵਾਂ ਜੰਤਾਂ ਦੇਵੇ ਡੇਰਾ ਢਾਹੀਆ । ਵੀਹ ਸੌ ਵੀਹ ਬਿਕ੍ਰਮੀ ਲੇਖਾ ਜਾਣੇ ਦੋ ਜਹਾਨਾਂ, ਦੂਆ ਸਿਫ਼ਰਾ ਜ਼ੀਰੋ ਆਪਣਾ ਅੰਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਵਿਖਤ ਲੇਖਾ ਜਾਣੇ ਬੇਪਰਵਾਹੀਆ । ਭਵਿਖਤ ਲੇਖਾ ਆਇਆ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਨੌ ਖੰਡ ਪ੍ਰਿਥਮੀ ਵਸਦੇ ਉਜੜਨੇ ਖੇੜੇ, ਕਲਜੁਗ ਸਕੇ ਨਾ ਕੋਇ ਬਚਾਈਆ । ਦੀਨ ਮਜ਼੍ਹਬ ਦੇ ਚੁੱਕਣੇ ਝੇੜੇ, ਜ਼ਾਤ ਪਾਤ ਨਾ ਕੋਇ ਲੜਾਈਆ । ਧਰਤ ਮਾਤ ਦੇ ਖੁਲ੍ਹੇ ਵੇਹੜੇ, ਮਨਮੁਖ ਕੋਇ ਰਹਿਣ ਨਾ ਪਾਈਆ । ਸ੍ਰੀ ਭਗਵਾਨ ਨੂੰ ਭਗਤ ਥੋੜੇ ਥੋੜੇ ਬਥੇਰੇ, ਜੋ ਹਿਰਦੇ ਹਰਿ ਹਰਿ ਰਹੇ ਧਿਆਈਆ । ਬਾਕੀ ਢਹਿੰਦੇ ਵੇਖੋ ਡੇਰੇ, ਬੀਸ ਇਕੀਸਾ ਰੰਗ ਰੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਬੈਠੇ ਕਰਕੇ ਜੇਰੇ, ਜਿਨ੍ਹਾਂ ਦਾ ਹੁਕਮ ਸਾਰੇ ਗਏ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਖੇਲ ਕਰ, ਕਲਜੁਗ ਲੇਖਾ ਦਏ ਜਣਾਈਆ । ਭਵਿਖਤ ਵਾਕ ਸੁਣੋ ਲਾ ਕੰਨ, ਇਕ ਧਿਆਨ ਜਣਾਈਆ । ਅੰਤਮ ਲੇਖਾ ਚੁੱਕਣਾ ਛੱਪਰੀ ਛੰਨ, ਮਹੱਲ ਅਟੱਲ ਨਾ ਕੋਇ ਰੁਸ਼ਨਾਈਆ । ਜਿਸ ਘੜਿਆ ਸੋ ਰਿਹਾ ਭੰਨ, ਘੜਨ ਭੰਨਣਹਾਰ ਹੱਥ ਵਡਿਆਈਆ । ਕਲਜੁਗ ਜੀਵ ਹੋਏ ਨੇਤਰ ਅੰਨ੍ਹ, ਅੱਖ ਪਰਤੱਖ ਨਾ ਕੋਇ ਖੁਲ੍ਹਾਈਆ । ਸ਼ਾਹ ਸੁਲਤਾਨਾਂ ਲੁੱਟਿਆ ਜਾਣਾ ਧਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰਾਜ ਰਾਜਾਨਾਂ ਖ਼ਾਕ ਮਿਲਾਈਆ । ਸੁਣੋ ਭਵਿਖਤ ਜਗਤ ਜੀਵ, ਜੁਗ ਰਿਹਾ ਕੁਰਲਾਈਆ । ਅੰਤਮ ਲਹਿਣਾ ਸਾਢੇ ਤਿੰਨ ਹੱਥ ਸੀਂਵ, ਬਾਕੀ ਸੰਗ ਕਿਛ ਨਾ ਜਾਈਆ । ਚਾਰ ਕੁੰਟ ਦਹਿ ਦਿਸ਼ਾ ਕੋਈ ਨਾ ਕਰੇ ਸਚ ਪ੍ਰੇਮ, ਪ੍ਰੀਤੀਵਾਨ ਨਜ਼ਰ ਕੋਇ ਨਾ ਆਈਆ । ਜਿਸ ਨੇ ਖੇਲ ਖੇਲਿਆ ਕੁੰਟ ਹੇਮ, ਸੋ ਵੇਖੇ ਬੇਪਰਵਾਹੀਆ । ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਵੜ ਕੇ ਚੁਕਦੇ ਨੇਮ, ਅੰਤ ਅੰਤ ਜਾਣ ਭੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਰਿਹਾ ਚੁਕਾਈਆ । ਭਵਿਖਤ ਵਾਕ ਸੁਣੋ ਗੋਬਿੰਦ, ਪੁਰਖ ਅਕਾਲ ਗਿਆ ਜਣਾਈਆ । ਕਰੇ ਖੇਲ ਗਹਿਰ ਗੰਭੀਰ ਗੁਣੀ ਗਹਿੰਦ, ਵਡ ਦਾਤਾ ਵਡ ਵਡਿਆਈਆ । ਕਲਜੁਗ ਕੂੜੀ ਧਾਰ ਵਹਾਏ ਸਾਗਰ ਸਿੰਧ, ਸ਼ੌਹ ਦਰਿਆ ਆਪ ਰੁੜ੍ਹਾਈਆ । ਗੁਰਮੁਖ ਵਿਰਲਾ ਬਚੇ ਸਾਚੀ ਬਿੰਦ, ਜਿਸ ਮਿਲਿਆ ਬੇਪਰਵਾਹੀਆ । ਜਨਮ ਮਰਨ ਦੀ ਚੁੱਕੇ ਚਿੰਦ, ਚਿੰਤਾ ਚਿਖਾ ਨਾ ਕੋਇ ਸਤਾਈਆ । ਜੋ ਪਾਰਬ੍ਰਹਮ ਦੀ ਕਰਦੇ ਨਿੰਦ, ਤਿਨ੍ਹਾਂ ਦੇਵਣਹਾਰ ਸਜ਼ਾਈਆ । ਬੀਸ ਇਕੀਸਾ ਕੂੜ ਕੁੜਿਆਰ ਸਭ ਦੀ ਭੰਨੇ ਕਿੰਗ, ਕਿੰਗਰੇ ਕਿੰਗਰੇ ਮਰਦੰਗ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਵਿਖਤ ਭਾਵੀ ਰਿਹਾ ਜਣਾਈਆ । ਭਵਿਖਤ ਭਾਵੀ ਹੋਵੇ ਬਲਵਾਨ, ਭਾਣਾ ਆਪਣੇ ਨਾਲ ਮਿਲਾਈਆ । ਜੋਧੇ ਸੂਰਬੀਰ ਵੇਖੇ ਜਵਾਨ, ਕਲਜੁਗ ਜੀਵਾਂ ਨਾਲ ਕਰੇ ਲੜਾਈਆ । ਗੜ੍ਹ ਹੰਕਾਰੀ ਤੋੜੇ ਆਣ, ਚਾਰੋ ਕੁੰਟ ਡੇਰਾ ਢਾਹੀਆ । ਵੇਖੋ ਖੇਲ ਕੀ ਵਰਤੇ ਭਗਵਾਨ, ਨੇਤਰ ਨੈਣਾਂ ਸਰਬ ਦਸਾਈਆ । ਬੀਸ ਇਕੀਸ ਇਕੀਸ ਅੰਤ ਸਰਬ ਪਛਤਾਣ, ਪਸਚਾਤਾਪ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਵਿਖਤ ਭਾਖਿਆ ਗੋਬਿੰਦ ਆਖਿਆ ਨਾ ਕੋਈ ਮੇਟੇ ਮੇਟ ਮਿਟਾਈਆ । ਸਾਚਾ ਦਰਸ਼ਨ ਜੋ ਜਨ ਲੋੜੇ, ਅੰਤਰ ਆਤਮ ਧਿਆਨ

੨੮੭ ੧੫

ਲਗਾਈਆ । ਸਤਿਗੁਰ ਪੂਰਾ ਘਰ ਸੁਤਿਆਂ ਬੌਹੜੇ, ਬਾਂਹੋ ਪਕੜ ਲਏ ਉਠਾਈਆ । ਸੁਰਤੀ ਸ਼ਬਦੀ ਘਰ ਘਰ ਵਿਚ ਜੋੜੇ, ਟੁੱਟੀ ਗੰਢ ਵਖਾਈਆ । ਪੰਚ ਵਿਕਾਰਾ ਦਰ ਤੇ ਹੋੜੇ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਈਆ । ਸਵਛ ਸਰੂਪੀ ਨਜ਼ਰੀ ਆਏ ਮੋਹਰੇ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਕਰ ਪਰਕਾਸ਼ ਅੰਧ ਘੋਰੇ, ਆਪਣਾ ਪੜਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਸ਼ਨ ਦੇਵੇ ਥਾਉਂ ਥਾਈਂਆ । ਜੋ ਜਨ ਸਾਚਾ ਦਰਸ ਮੰਗੇ, ਇਕ ਧਿਆਨ ਲਗਾਈਆ । ਸਤਿਗੁਰ ਪੂਰਾ ਕਾਇਆ ਚੋਲੀ ਰੰਗੇ, ਰੰਗ ਮਜੀਠੀ ਇਕ ਚੜ੍ਹਾਈਆ । ਪੌੜੀ ਚੜ੍ਹਾਏ ਆਪਣੇ ਡੰਡੇ, ਘਰ ਘਰ ਵਿਚ ਦਏ ਵਡਿਆਈਆ । ਪਾਰ ਕਰਾਏ ਡੂੰਘੇ ਸਾਗਰ ਕੰਢੇ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਆਤਮ ਦੇਵੇ ਇਕ ਅਨੰਦੇ, ਪਰਮਾਨੰਦ ਵਖਾਈਆ । ਬਿਨ ਰਸਨਾ ਜਿਹਵਾ ਗਾਏ ਛੰਦੇ, ਅਜੱਪਾ ਜਾਪ ਸਮਝਾਈਆ । ਬੰਦਗੀ ਲਾਏ ਆਪਣੇ ਬੰਦੇ, ਬੰਦੀਖ਼ਾਨਾ ਤੋੜ ਤੁੜਾਈਆ । ਵਿਚੋ ਕੱਢੇ ਵਾਸਨਾ ਗੰਦੇ, ਸਚ ਸੁਗੰਧੀ ਨਾਮ ਭਰਾਈਆ । ਮਾਣਸ ਜਨਮ ਹੋਏ ਨਾ ਭੰਗੇ, ਲੱਖ ਚੁਰਾਸੀ ਦੇਵੇ ਤੰਦ ਤੁੜਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਗੁਰਮੁਖਾਂ ਦੇ ਅੰਦਰ ਲੰਘੇ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਦੇਵੇ ਦਰਸ ਜੀਉ ਪਿੰਡੇ, ਇੰਡ ਬ੍ਰਹਿਮੰਡ ਖੋਜ ਖੁਜਾਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧੇ, ਕਵਲ ਨਾਭ ਨਾਭ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇ ਦਰਸ ਮਨ ਤ੍ਰਿਪਤਾਈਆ । ਜੋ ਜਨ ਦਰਸ ਕਰਨ ਦੀ ਰੱਖੇ ਆਸਾ, ਆਸਾ ਮਨਸਾ ਨਾਲ ਮਿਲਾਈਆ । ਸਾਹਿਬ ਸਤਿਗੁਰ ਦੀਨ ਦਿਆਲ ਤਿਸ ਦਾ ਦਾਸੀ ਦਾਸਾ, ਠਾਕਰ ਬਣ ਕੇ ਠੋਕਰ ਨਾਮ ਲਗਾਈਆ । ਚਰਨ ਕਵਲ ਉਪਰ ਧਵਲ ਦੇਵੇ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਜੋ ਜਨ ਆਏ ਵੇਖਣ ਤਮਾਸ਼ਾ, ਤਿਨ੍ਹਾਂ ਜਗਤ ਤਮਾਸ਼ੇ ਨਾਲ ਰਲਾਈਆ । ਜੋ ਜਨ ਆਏ ਕਰਨ ਹਾਸਾ, ਤਿਨ੍ਹਾਂ ਹੰਸ-ਮੁਖ ਸਾਲਾਹੀਆ । ਜੋ ਜਨ ਆਏ ਪ੍ਰਭ ਵਸੇ ਸਦਾ ਪਾਸਾ, ਤਿਨ੍ਹਾਂ ਅੰਤਰ ਦਰਸ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਦਰਸ ਕਰਨ ਦੀ ਜਿਸ ਲੱਗੀ ਪਿਆਸ, ਆਤਮ ਰਹੀ ਬਿਲਲਾਈਆ । ਤਿਨ੍ਹਾਂ ਨਾਮ ਕਟੋਰਾ ਦਏ ਗਲਾਸ, ਘਾੜਤ ਘੜੀ ਨਜ਼ਰ ਕਿਸੇ ਨਾ ਆਈਆ । ਮਨ ਮਤ ਬੁਧ ਤਿੰਨੇ ਕਰ ਨਾ ਸਕਣ ਉਦਾਸ, ਚੰਚਲ ਰੂਪ ਨਾ ਕੋਇ ਵਟਾਈਆ । ਅੰਦਰ ਵੜ ਕੇ ਜਾਏ ਆਖ, ਉਠ ਗੁਰਸਿਖ ਦਰਸਨ ਕਰ ਚਾਈਂ ਚਾਈਆ । ਘਰ ਮੇਲਾ ਕਮਲਾਪਾਤ, ਕਵਲ ਨੈਣ ਫੇਰਾ ਪਾਈਆ । ਜਨ ਭਗਤਾਂ ਮਿਲ ਇਕ ਜਮਾਤ, ਜਿਥੇ ਇਕੋ ਨਾਮ ਪੜ੍ਹਾਈਆ । ਸਤਿਗੁਰ ਨਜ਼ਰੀ ਆਏ ਸਾਖਿਆਤ, ਪਰਦਾ ਨਜ਼ਰ ਕੋਇ ਨਾ ਆਈਆ । ਸਨਮੁਖ ਹੋਏ ਕਰ ਬਾਤ, ਅੱਗੇ ਪਿੱਛੇ ਮੁਖ ਨਾ ਕੋਇ ਛੁਪਾਈਆ । ਦਰਸ ਕੀਤਿਆਂ ਮਿਲੇ ਨਜਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਾਚਾ ਦਰਸ ਜੋ ਜਨ ਜਾਣੇ, ਅਨਜਾਣਤ ਦਏ ਜਣਾਈਆ । ਗੁਰਸਿਖ ਗੁਰ ਦੋਵੇਂ ਚਲਣ ਇਕ ਦੂਜੇ ਦੇ ਭਾਣੇ, ਭਾਣੇ ਭਾਣੇ ਵਿਚ ਸਮਾਈਆ । ਗੁਰਮੁਖ ਚਤਰ ਸੁਘੜ ਸਿਆਣੇ, ਮੂਰਖ ਮੂੜ੍ਹੇ ਆਪਣਾ ਰੂਪ ਵਟਾਈਆ । ਦਰ ਘਰ ਸਾਚੇ ਹੋਣ ਪਰਵਾਣੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਨਾਮ ਵਰ, ਦਰਸ ਇਕੋ ਘਰ ਜਣਾਈਆ ।

✪ ੧੩ ਭਾਦਰੋ ੨੦੨੦ ਬਿਕ੍ਰਮੀ ਫ਼ੌਜਾ ਸਿੰਘ ਦੇ ਗ੍ਰਿਹ ਰਾਮ ਦੀਵਾਲੀ ਜ਼ਿਲਾ ਅੰਮ੍ਰਿਤਸਰ ✪

ਹਰਿਜਨ ਸਦਾ ਰੱਖੇ ਆਸ, ਜਗਤ ਅਭਿਮਾਨ ਤਜਾਈਆ । ਕੂੜੀ ਕਿਰਿਆ ਹੋਵੇ ਨਾਸ, ਸਚ ਸੁਚ ਮਿਲੇ ਵਡਿਆਈਆ । ਆਤਮ ਪਰਮਾਤਮ ਵਸੇ ਪਾਸ, ਸਾਚਾ ਸੰਗ ਨਿਭਾਈਆ । ਅੱਠੇ ਪਹਿਰ ਰਹੇ ਪਰਭਾਤ, ਸੰਧਿਆ ਰੂਪ ਨਾ ਕੋਇ ਵਟਾਈਆ । ਉਤਮ ਹੋਵੇ ਮਾਣਸ ਜ਼ਾਤ, ਜਨਮ ਜਨਮ ਲੇਖੇ ਲਾਈਆ । ਮਿਟੇ ਰੈਣ ਅੰਧੇਰੀ ਰਾਤ, ਸਤਿਗੁਰ ਸਾਚਾ ਚੰਦ ਚੜ੍ਹਾਈਆ । ਨਾਮ ਵਖਾਏ ਡੂੰਘਾ ਖਾਤ, ਗ੍ਰਿਹ ਮੰਦਰ ਖੋਜ ਖੁਜਾਈਆ । ਏਥੇ ਓਥੇ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਅੰਗ ਲਗਾਈਆ । ਗੁਰਮੁਖ ਰੱਖੇ ਇਕੋ ਓਟ, ਘਰ ਸਚ ਮਿਲੇ ਵਡਿਆਈਆ । ਹੋਏ ਪਰਕਾਸ਼ ਨਿਰਮਲ ਜੋਤ, ਅਗਿਆਨ ਅੰਧੇਰ ਚੁਕਾਈਆ । ਧੁਰ ਦਾ ਨਾਮ ਮਿਲੇ ਸਚ ਸਲੋਕ, ਸਾਚਾ ਢੋਲਾ ਇਕੋ ਗਾਈਆ । ਚਰਨਾਂ ਹੇਠਾਂ ਦੱਬੇ ਮੋਖ, ਮੁਕਤੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੁਰਮੁਖ ਸੱਜਣ ਰਹੇ ਉਡੀਕ, ਨਿਜ ਨੇਤਰ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮਿਲੇ ਠੀਕ, ਠਾਕਰ ਸੁਆਮੀ ਫੇਰਾ ਪਾਈਆ । ਕਾਇਆ ਚਾੜ੍ਹੇ ਰੰਗ ਮਜੀਠ, ਉਤਰ ਕਦੇ ਨਾ ਜਾਈਆ । ਸੋਹੰ ਢੋਲਾ ਸੁਣਾਏ ਗੀਤ, ਆਤਮ ਪਰਮਾਤਮ ਰਾਗ ਅਲਾਈਆ । ਨਾਤਾ ਤੁੱਟੇ ਮੰਦਰ ਮਸੀਤ, ਕਾਇਆ ਕਾਅਬਾ ਸਾਚਾ ਹੁਜਰਾ ਇਕੋ ਨਜ਼ਰੀ ਆਈਆ । ਬੈਠਾ ਦਿਸੇ ਸਾਹਿਬ ਅਤੀਤ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਵੇਖ ਵਖਾਏ ਹਸਤ ਕੀਟ, ਊਚ ਨੀਚ ਰਿਹਾ ਸਮਾਈਆ । ਲੱਖ ਚੁਰਾਸੀ ਜਾਏ ਜੀਤ, ਆਵਣ ਜਾਵਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਨਾਮ ਵਡਿਆਈਆ । ਗੁਰਮੁਖ ਗੁਰਸਿਖ ਰਹੇ ਤੱਕ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਪ੍ਰਭ ਦੇਵੇ ਹੱਕ, ਖ਼ਾਲੀ ਝੋਲੀ ਦਏ ਭਰਾਈਆ । ਜੁਗ ਚੌਕੜੀ ਗਏ ਥੱਕ, ਬਣ ਬਣ ਪਾਂਧੀ ਰਾਹੀਆ । ਅਠਸਠ ਤੀਰਥ ਗਏ ਅੱਕ, ਚਾਰੋ ਕੁੰਟ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਸੱਚੀ ਵਡਿਆਈਆ । ਗੁਰਮੁਖ ਸੱਜਣ ਮੰਗਣ ਭਿਖ, ਭਿਛਿਆ ਇਕੋ ਮੰਗ ਮੰਗਾਈਆ । ਸਾਚਾ ਲੇਖ ਦੇਵੇ ਲਿਖ, ਪਿਛਲਾ ਲੇਖਾ ਦਏ ਗਵਾਈਆ । ਸਤਿਗੁਰ ਹੋ ਕੇ ਕਰੇ ਹਿਤ, ਗੁਰਮੁਖ ਗੁਰ ਗੁਰ ਗੋਦ ਬਹਾਈਆ । ਦੋ ਜਹਾਨਾਂ ਬਣੇ ਪਿਤ, ਮਾਤਾ ਇਕੋ ਨਜ਼ਰੀ ਆਈਆ । ਜਨਮ ਕਰਮ ਦੀ ਲਾਹੇ ਵਿਖ, ਦੁਰਮਤ ਮੈਲ ਧਵਾਈਆ । ਸਾਚੀ ਸਿਖਿਆ ਲਏ ਸਿਖ, ਕਰੇ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰਮੁਖ ਗੁਰਸਿਖ ਤੱਕਣ ਰਾਹ, ਚਾਰੋ ਕੁੰਟ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮਿਲੇ ਮਲਾਹ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਸਾਚੀ ਦੇਵੇ ਇਕ ਸਲਾਹ, ਨਾਮ ਨਿਧਾਨਾ ਢੋਲਾ ਗਾਈਆ । ਭਵ ਸਾਗਰ ਪਾਰ ਦਏ ਕਰਾ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਕਾਗੋ ਹੰਸ ਦਏ ਬਣਾ, ਬੁੱਧੀ ਕਾਗ ਨਾ ਕੋਇ ਕੁਰਲਾਈਆ । ਸਹੰਸਾਂ ਵਿਚੋ ਲਏ ਉਪਜਾ, ਆਪ ਆਪਣਾ ਰੰਗ ਰੰਗਾਈਆ । ਸਾਚਾ ਬੰਸਾ ਲਏ ਬਣਾ, ਗੁਰਮੁਖ ਗੁਰ ਗੁਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਬਖ਼ਸ਼ਣਹਾਰ ਚਰਨ ਸਰਨਾਈਆ । ਗੁਰਮੁਖ ਗੁਰਸਿਖ ਵੇਖਣ ਉਠ, ਦਹਿ ਦਿਸ਼ਾ ਭੇਵ ਚੁਕਾਈਆ । ਕਵਣ ਵੇਲਾ ਪ੍ਰਭ ਜਾਏ ਤੁਠ, ਦੀਨਨ ਹੋਏ

ਸਹਾਈਆ । ਅੰਮ੍ਰਿਤ ਜਾਮ ਪਿਆਏ ਘੁੱਟ, ਰਸ ਇਕੋ ਇਕ ਵਖਾਈਆ । ਆਵਣ ਜਾਵਣ ਲੱਖ ਚੁਰਾਸੀ ਮਾਤ ਗਰਭ ਗੇੜਾ ਜਾਏ ਛੁੱਟ, ਜੂਨ ਅਜੂਨ ਨਾ ਕੋਇ ਭਵਾਈਆ । ਦੇਵੇ ਭੰਡਾਰ ਇਕ ਅਤੁਟ, ਵਸਤੂ ਸਤਿ ਸਤਿ ਵਰਤਾਈਆ । ਆਪਣੀ ਗੋਦੀ ਲਏ ਚੁੱਕ, ਸਿਰ ਆਪਣਾ ਹੱਥ ਟਿਕਾਈਆ । ਉਜਲ ਕਰੇ ਮਾਤ ਮੁਖ, ਦੁਰਮਤ ਮੈਲ ਰਹਿਣ ਨਾ ਪਾਈਆ । ਸਫ਼ਲ ਕਰਾਏ ਜਨਨੀ ਕੁੱਖ, ਧੰਨ ਧੰਨ ਜਣੇਂਦੀ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦਰ ਘਰ ਸਾਚੇ ਮੇਲ ਮਿਲਾਈਆ । ਗੁਰਮੁਖ ਗੁਰਸਿਖ ਮੰਗਣ ਸਚ ਪ੍ਰੀਤ, ਪ੍ਰੀਤੀਵਾਨ ਤੇਰੀ ਵਡਿਆਈਆ । ਤੇਰਾ ਰਾਗ ਗਾਈਏ ਗੀਤ, ਗਹਿਰ ਗੰਭੀਰ ਤੇਰੀ ਸਰਨਾਈਆ । ਨਜ਼ਰੀ ਆਏਂ ਸਦਾ ਅਤੀਤ, ਤ੍ਰੈਗੁਣ ਕੂੜਾ ਡੇਰਾ ਢਾਹੀਆ । ਸਚ ਦੁਆਰਿਉਂ ਮਿਲੇ ਭੀਖ, ਭਿਛਿਆ ਇਕੋ ਨਜ਼ਰੀ ਆਈਆ । ਪੁਰਖ ਅਕਾਲ ਸਾਚਾ ਮੀਤ, ਸੱਜਣ ਦਾਤਾ ਬੇਪਰਵਾਹੀਆ । ਜੁਗ ਚੌਕੜੀ ਚਲਾਏ ਰੀਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲੇ ਥਾਉਂ ਥਾਈਂਆ । ਗੁਰਸਿਖ ਗੁਰਮੁਖ ਮੇਲ ਮਿਲਾਵਾ, ਸੋ ਸਤਿਗੁਰ ਆਪ ਮਿਲਾਇੰਦਾ । ਸਾਚੀ ਦਰਗਹਿ ਸਾਚਾ ਨਾਵਾਂ, ਬਿਨ ਅੱਖਰਾਂ ਆਪ ਲਗਾਇੰਦਾ । ਕਰੇ ਪਿਆਰ ਜਿਉਂ ਪੁੱਤਰਾਂ ਮਾਵਾਂ, ਪਿਤਾ ਪੂਤ ਗੋਦ ਸੁਹਾਇੰਦਾ । ਸਮਰਥ ਸਦਾ ਸਦਾ ਸਦ ਦੇਵੇ ਠੰਡੀਆਂ ਛਾਵਾਂ, ਮਿਹਰ ਨਜ਼ਰ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਘਰ ਵਸਾਇੰਦਾ । ਗੁਰਮੁਖ ਗੁਰਸਿਖ ਪੂਰਨ ਆਸਾ, ਆਸਾ ਆਸਾ ਵਿਚ ਮਿਲਾਈਆ । ਮਾਣਸ ਜਨਮ ਦੇ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਅੰਦਰ ਬਾਹਰ ਦੇਵੇ ਸਾਥਾ, ਗੁਪਤ ਜ਼ਾਹਰ ਸੰਗ ਨਿਭਾਈਆ । ਨਾਮ ਜਣਾਏ ਪੂਜਾ ਪਾਠਾ, ਸੋਹੰ ਅੱਖਰ ਇਕ ਪੜ੍ਹਾਈਆ । ਮਿਲੇ ਮੇਲ ਪੁਰਖ ਬਿਧਾਤਾ, ਪੁਰਖ ਪੁਰਖੋਤਮ ਵਡ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕੋ ਦਾਨ, ਨਾਮ ਨਿਧਾਨ ਝੋਲੀ ਆਪੇ ਪਾਈਆ ।

### ੧੩ ਭਾਦਰੋ ੨੦੨੦ ਬਿਕਰਮੀ ਸਵਰਨ ਸਿੰਘ ਦੇ ਗ੍ਰਿਹ ਰਾਮ ਦੀਵਾਲੀ ਜ਼ਿਲਾ ਅੰਮ੍ਰਿਤਸਰ

ਗੁਰਮੁਖਾਂ ਹਰਿ ਕਰੇ ਰਖਵਾਲੀ, ਰੱਖਕ ਇਕੋ ਇਕ ਅਖਵਾਇੰਦਾ । ਦੋ ਜਹਾਨਾਂ ਫਿਰੇ ਖਾਲੀ, ਖੰਡਾ ਖੜਗ ਨਾਮ ਚਮਕਾਇੰਦਾ । ਨਿਰਗੁਣ ਹੋ ਕੇ ਬਣੇ ਪਾਲੀ, ਘਰ ਘਰ ਵੇਖ ਵਖਾਇੰਦਾ । ਪੂਰਬ ਜਨਮ ਜਿਨ੍ਹਾਂ ਘਾਲ ਘਾਲੀ, ਅੰਤਮ ਲੇਖਾ ਲੇਖੇ ਪਾਇੰਦਾ । ਸਤਿਗੁਰ ਹੋ ਕੇ ਕਰੇ ਦਲਾਲੀ, ਸ਼ਬਦ ਵਿਚੋਲਾ ਮੇਲ ਮਿਲਾਇੰਦਾ । ਲੱਖ ਚੁਰਾਸੀ ਵਿਚੋ ਭਾਲੀ, ਗੁਰਸਿਖ ਗੁਰਮੁਖ ਆਪ ਜਗਾਇੰਦਾ । ਕਲਜੁਗ ਵੇਖ ਅੰਧੇਰੀ ਰੈਣ ਕਾਲੀ, ਕੂੜੀ ਕਿਰਿਆ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਪ੍ਰਿਤਪਾਲਕ ਬਣੇ ਨਿਰੰਕਾਰ, ਸੇਵਾ ਸਚ ਕਮਾਈਆ । ਡੁੱਬਦੇ ਪਾਥਰ ਲਏ ਤਾਰ, ਜਿਸ ਜਨ ਆਪਣਾ ਰੰਗ ਰੰਗਾਈਆ । ਸਾਚਾ ਦੇਵੇ ਨਾਮ ਆਧਾਰ, ਸਾਚੀ ਸਿਖਿਆ ਇਕ ਸਮਝਾਈਆ । ਜਨਮ ਕਰਮ ਦਾ ਰੋਗ ਨਿਵਾਰ, ਆਵਣ ਜਾਵਣ ਦਏ ਕਟਾਈਆ । ਘਰ ਮੇਲਾ ਸਿਰਜਣਹਾਰ, ਦੂਰ ਦੁਰਾਡਾ

ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਤਰਾਈਆ । ਗੁਰਮੁਖ ਤਾਰੇ ਹਰਿ ਨਿਰੰਕਾਰ, ਜੁਗ ਜੁਗ ਵੇਖ ਵਖਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਭੇਵ ਅਭੇਦ ਖੁਲ੍ਹਾਇੰਦਾ । ਸਾਚੇ ਮੰਦਰ ਖੋਲ੍ਹ ਕਿਵਾੜ, ਪੜਦਾ ਦੂਈ ਦਵੈਤ ਚੁਕਾਇੰਦਾ । ਅੱਗ ਨਾ ਲੱਗੇ ਤੱਤੀ ਹਾੜ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਕਰ ਪਰਕਾਸ਼ ਨਾੜ ਨਾੜ, ਸਾਂਤਕ ਸਤਿ ਸਤਿ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਲੋਕਮਾਤ, ਧਰਤ ਧਵਲ ਸੋਭਾ ਪਾਈਆ । ਲਹਿਣਾ ਤੋੜ ਜ਼ਾਤ ਪਾਤ, ਜ਼ੇਰ ਜ਼ਬਰ ਇਕ ਸਮਝਾਈਆ । ਦੇ ਵਡਿਆਈ ਕਾਇਨਾਤ, ਨਾਮ ਕਲਮਾ ਮਕਤਬ ਇਕ ਪੜ੍ਹਾਈਆ । ਧਰਮ ਦੁਆਰੇ ਮਾਰ ਝਾਤ, ਘਰ ਸਾਚਾ ਇਕ ਵਖਾਈਆ । ਫਲ ਫੁਲਵਾੜੀ ਪਤ ਡਾਲੀ ਵੇਖੇ ਆਪ, ਪੰਖੜੀ ਗ਼ੁੰਚਾ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਦੀਨ ਦਿਆਲ, ਆਦਿ ਜੁਗਾਦਿ ਦਇਆ ਕਮਾਇੰਦਾ । ਏਥੇ ਓਥੇ ਚਲੇ ਨਾਲ, ਦੋ ਜਹਾਨਾਂ ਸੰਗ ਰਖਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਚਰਨ ਪ੍ਰੀਤੀ ਇਕ ਸਮਝਾਇੰਦਾ । ਸਾਚਾ ਮੰਦਰ ਜਣਾਏ ਧਰਮਸਾਲ, ਘਰ ਠਾਕਰ ਰੂਪ ਵਟਾਇੰਦਾ । ਗੁਰਮੁਖ ਗੁਰ ਗੁਰ ਸੁਰਤ ਸੰਭਾਲ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਲੇਖਾ ਜਾਣ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਹੋਏ ਸਹਾਈ, ਮਿਹਰ ਨਜ਼ਰ ਉਠਾਇੰਦਾ । ਨਾ ਕੋਈ ਅੰਕੜੇ ਜਾਣੇ ਇਕਾਈ, ਦਹਾਈ ਧਾਰ ਨਾ ਕੋਇ ਜਣਾਇੰਦਾ । ਦਹਿ ਦਿਸ਼ਾ ਸਰਬ ਕੁਰਲਾਈ, ਦਸਮ ਦੁਆਰੀ ਘਰ ਨਾ ਕੋਇ ਵਸਾਇੰਦਾ । ਮਨ ਆਸਾ ਦਏ ਦੁਹਾਈ, ਤ੍ਰਿਸਨਾ ਭੁੱਖ ਨਾ ਕੋਇ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਅੰਗ ਲਗਾਇੰਦਾ । ਹਰਿਜਨ ਸਾਚੇ ਲਾਏ ਅੰਗ, ਅੰਗੀਕਾਰ ਅਖਵਾਈਆ । ਸਤਿਗੁਰ ਪੂਰਾ ਸਦ ਸਰਬੰਗ, ਦੀਨ ਦਿਆਲ ਅਖਵਾਈਆ । ਭਾਂਡਾ ਭਰਮ ਢਾਹੇ ਕੰਧ, ਕੂੜੀ ਕਿਰਿਆ ਸਫ਼ਾ ਉਠਾਈਆ । ਨਾਮ ਨਿਧਾਨ ਵਜਾਏ ਮਰਦੰਗ, ਅਨਹਦ ਨਾਦ ਸੁਣਾਈਆ । ਜਨ ਭਗਤਾਂ ਵਸੇ ਸਦਾ ਸੰਗ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਵੇਖੇ ਬਾਲ ਅਵਾਣ, ਬਾਲੀ ਬੁੱਧ ਸੁੱਧ ਇਕੋ ਘਰ ਵਖਾਈਆ ।

### ✪ ੧੩ ਭਾਦਰੋ ੨੦੨੦ ਬਿਕਰਮੀ ਜਿੰਦਰ ਸਿੰਘ ਦੇ ਗ੍ਰਹਿ ਰਾਮ ਦੀਵਾਲੀ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਪੂਰਾ ਕਰੇ ਕਿਰਪਾ, ਕਿਰਪਾਨਿਧਾਨ ਦਇਆ ਕਮਾਇੰਦਾ । ਜਨਮ ਕਰਮ ਦੀ ਮਿਟੇ ਬਿਪਤਾ, ਦੁੱਖ ਦਰਦ ਗਵਾਇੰਦਾ । ਮਾਣਸ ਜਨਮ ਨਾ ਜਾਏ ਬਿਰਥਾ, ਤਨ ਮਾਟੀ ਲੇਖੇ ਪਾਇੰਦਾ । ਚਾਰ ਕੁੰਟ ਜੋ ਰਿਹਾ ਫਿਰਦਾ, ਦਹਿ ਦਿਸ਼ਾਂ ਡੇਰਾ ਢਾਹਿੰਦਾ । ਸਤਿਗੁਰ ਵਣਜ ਕਰਾਏ ਇਕੋ ਸਿਰ ਦਾ, ਹੱਟ ਸਾਚੇ ਆਪ ਵਕਾਇੰਦਾ । ਆਦਿ ਜੁਗਾਦੀ ਖੇਲ ਅਗੰਮੀ ਪਿਰ ਦਾ, ਪਿਤਾ ਪੂਤ ਵੇਖ ਵਖਾਇੰਦਾ । ਲੇਖਾ ਜਨਮ ਪੂਰਬ ਜਨਮ ਚਿਰ ਦਾ, ਨਿਰਗੁਣ ਸਰਗੁਣ ਵੰਡ ਵੰਡਾਇੰਦਾ । ਭੇਵ ਵਖਾਏ ਘਰ ਥਿਰ ਦਾ, ਥਿਰ ਘਰ ਆਪਣਾ ਘਰ ਜਣਾਇੰਦਾ । ਕੂੜੀ ਕਿਰਿਆ ਗੇੜਾ ਗਿੜਦਾ, ਸਾਚਾ ਮਾਰਗ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੇ ਘਰ ਵਸਾਇੰਦਾ ।

ਜਨਮ ਕਰਮ ਦਾ ਕਟੇ ਰੋਗ, ਹਰਿ ਸਤਿਗੁਰ ਦਇਆ ਕਮਾਈਆ । ਨਾਮ ਭੰਡਾਰਾ ਦੇਵੇ ਚੋਗ, ਰਸਨਾ ਜਿਹਵਾ ਬੱਤੀ ਦੰਦ ਆਪ ਖਵਾਈਆ । ਆਤਮ ਪਰਮਾਤਮ ਹੋਏ ਸੰਜੋਗ, ਧੁਰ ਮਿਲਣੀ ਮੇਲ ਮਿਲਾਈਆ । ਵੱਜੇ ਵਧਾਈ ਚੌਦਾਂ ਲੋਕ, ਪਰਲੋਕ ਰਹੇ ਜਸ ਗਾਈਆ । ਦਰ ਨਿਮਾਣੀ ਫਿਰੇ ਮੋਖ, ਨੇਤਰ ਨੈਣ ਨੈਣ ਸ਼ਰਮਾਈਆ । ਜਿਨ੍ਹਾਂ ਪੁਰਖ ਅਕਾਲ ਮਿਲੀ ਓਟ, ਤਿਨ੍ਹਾਂ ਵੇਲੇ ਅੰਤ ਦੁੱਖ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੁੱਖ ਰੋਗ ਉਤਰੇ ਸੰਤਾਪ, ਪੱਤਤ ਪਾਪੀ ਪਾਰ ਕਰਾਇੰਦਾ । ਬਾਲਕ ਵੇਖੇ ਸਾਚਾ ਬਾਪ, ਪਿਤਾ ਪੂਤ ਗੋਦ ਉਠਾਇੰਦਾ । ਪ੍ਰੇਮ ਪ੍ਰੀਤੀ ਸਾਚਾ ਜਾਪ, ਨਿਰਗੁਣ ਸਰਗੁਣ ਆਪ ਸਮਝਾਇੰਦਾ । ਘਰ ਠਾਕਰ ਮਿਲੇ ਸੱਜਣ ਸਾਕ, ਕੂੜਾ ਨਾਤਾ ਤੋੜ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਵ ਸਾਗਰ ਪਾਰ ਕਰਾਇੰਦਾ । ਜਗਤ ਰੋਗ ਮੇਟੇ ਦੁੱਖ, ਦੁਖੀਆਂ ਦਰਦ ਵੰਡਾਈਆ । ਘਰ ਉਪਜਾਏ ਇਕੋ ਸੁਖ, ਹਰਿ ਵੱਜੇ ਨਾਮ ਵਧਾਈਆ । ਉਜਲ ਕਰੇ ਮਾਤ ਮੁਖ, ਜੋ ਸ੍ਰੀ ਭਗਵਾਨ ਰਹੇ ਜਸ ਗਾਈਆ । ਵੇਖ ਵਖਾਣੇ ਅਪਰਾਧੀ ਸੁਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਲੇਖਾ ਜਾਣੇ ਅੰਦਰ ਬਾਹਰ, ਪੜਦਾ ਸਕੇ ਕੋਈ ਨਾ ਪਾਈਆ । ਕਰਨਹਾਰਾ ਗੁਪਤ ਜ਼ਾਹਰ, ਜ਼ਾਹਰ ਜ਼ਹੂਰ ਖੇਲ ਵਖਾਈਆ । ਡੁੱਬਦੇ ਪਾਥਰ ਜਾਏ ਤਾਰ, ਜਿਸ ਗ੍ਰਿਹਿ ਆਪਣਾ ਚਰਨ ਛੁਹਾਈਆ । ਸਾਚਾ ਬਖ਼ਸ਼ੇ ਇਕ ਪਿਆਰ, ਪ੍ਰੇਮ ਪ੍ਰੀਤੀ ਤੰਦ ਬੰਧਾਈਆ । ਭੂਤ ਪਰੇਤ ਜਿਨ ਖ਼ਬੀਸ ਕੋਇ ਨਾ ਕਰੇ ਖਵਾਰ, ਇਕ ਲੱਖ ਅੱਸੀ ਹਜ਼ਾਰ ਨੇੜ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਡੰਕਾ ਇਕ ਵਜਾਈਆ । ਨਾਮ ਡੰਕਾ ਵੱਜੇ ਘਰ, ਘਰ ਸਾਚੇ ਖ਼ੁਸ਼ੀ ਵਖਾਇੰਦਾ । ਪਿਛਲਾ ਚੁੱਕੇ ਭੌ ਡਰ, ਅੱਗੇ ਇਕੋ ਰਾਹ ਜਣਾਇੰਦਾ । ਸਤਿਗੁਰ ਸੁਆਮੀ ਪੱਲੂ ਫੜ, ਜਗ ਮਾਰਗ ਆਪੇ ਲਾਇੰਦਾ । ਡੂੰਘੀ ਭਵਰੀ ਕਾਇਆ ਵੜ, ਬੰਦ ਤਾਕੀ ਆਪ ਖੁਲ੍ਹਾਇੰਦਾ । ਸਚ ਸੁਹੇਲਾ ਦੇਵੇ ਵਰ, ਗੁਰ ਚੇਲਾ ਵੇਖ ਵਖਾਇੰਦਾ । ਲੇਖਾ ਜਾਣੇ ਨਰਾਇਣ ਨਰ, ਨਰ ਹਰਿ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਘਰ ਸਚ ਇਕੋ ਇਕ ਵਖਾਇੰਦਾ । ਸਚ ਘਰ ਹਰਿ ਸ਼ਬਦ ਸੁਆਮੀ, ਗੁਰ ਮੰਤਰ ਨਾਮ ਵਡਿਆਈਆ । ਸਰਬ ਜੀਆਂ ਘਟ ਅੰਤਰਜਾਮੀ, ਭੇਵ ਅਭੇਦਾ ਦਏ ਖੁਲ੍ਹਾਈਆ । ਅੰਮ੍ਰਿਤ ਬਖ਼ਸ਼ੇ ਆਤਮ ਬਾਣੀ, ਅੰਮਿਉਂ ਰਸ ਜਾਮ ਪਿਆਈਆ । ਆਵਣ ਜਾਵਣ ਚੁੱਕੇ ਜਮ ਕੀ ਕਾਣੀ, ਰਾਏ ਧਰਮ ਨਾ ਦਏ ਸਜਾਈਆ । ਸਾਚਾ ਬਖ਼ਸ਼ੇ ਪਦ ਨਿਰਬਾਣੀ, ਨਿਰਬਾਣ ਪਦ ਇਕੋ ਇਕ ਵਖਾਈਆ । ਤਖ਼ਤ ਨਿਵਾਸੀ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣੀ ਮਿਹਰ ਨਜ਼ਰ ਉਠਾਈਆ । ਤਿਖੀ ਮਾਰੇ ਤੀਰ ਕਾਨੀ, ਦੋ ਜਹਾਨੀ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਉਠਾਈਆ । ਦੁੱਖ ਰੋਗ ਮਿਟੇ ਝੇੜਾ, ਝੰਜਟ ਕੋਇ ਰਹਿਣ ਨਾ ਪਾਈਆ । ਆਪ ਵਸਾਏ ਸਾਚਾ ਖੇੜਾ, ਘਰ ਵੱਜੇ ਨਾਮ ਵਧਾਈਆ । ਏਥੇ ਓਥੇ ਬੰਨ੍ਹੇ ਬੇੜਾ, ਖੇਵਟ ਖੇਟਾ ਬੇਪਰਵਾਹੀਆ । ਅੰਤਮ ਕਰੇ ਹੱਕ ਨਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਪਰਮਾਤਮ ਆਤਮ ਆਦਿ ਜੁਗਾਦਿ ਜੁਗਾ ਜੁਗੰਤਰ ਸੋਹੰ ਮੰਤਰ ਇਕ ਪੜ੍ਹਾਈਆ ।

## ੧੩ ਭਾਦਰੋ ੨੦੨੦ ਬਿਕਰਮੀ ਲੱਖਾ ਸਿੰਘ ਦੇ ਗ੍ਰਿਹ ਰਾਮ ਦੀਵਾਲੀ ਜ਼ਿਲਾ ਅੰਮ੍ਰਿਤਸਰ

ਸਰਬ ਕਲ ਹਰਿ ਸਮਰਾਥਾ, ਪੁਰਖ ਸਮਰਥ ਇਕ ਅਖਵਾਇੰਦਾ । ਲੇਖਾ ਜਾਣੇ ਤਰਲੋਕੀ ਨਾਥਾ, ਲੋਕ ਪਰਲੋਕ ਹੁਕਮ ਮਨਾਇੰਦਾ । ਜੁਗ ਚੌਕੜੀ ਜਣਾਏ ਗਾਥਾ, ਗੁਰ ਅਵਤਾਰ ਆਪ ਪੜ੍ਹਾਇੰਦਾ । ਭਗਤ ਭਗਵਾਨ ਦੇਵੇ ਸਾਥਾ, ਸਗਲਾ ਸੰਗ ਨਿਭਾਇੰਦਾ । ਗੁਰਮੁਖਾਂ ਕਰੇ ਪੂਰਾ ਘਾਟਾ, ਪੂਰਬ ਲਹਿਣਾ ਵੇਖ ਵਖਾਇੰਦਾ । ਚਰਨ ਕਵਲ ਬੰਧਾਏ ਨਾਤਾ, ਸਾਚਾ ਸੱਜਣ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹਰਿ ਹਰਿ ਰੰਗ ਰੰਗਾਇੰਦਾ । ਪੁਰਖ ਸਮਰਥ ਸਾਹਿਬ ਗੁਰਦੇਵ, ਦੇਵਤ ਸੁਰ ਦਏ ਵਡਿਆਈਆ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਧਾਮ ਡੇਰਾ ਲਾਈਆ । ਅਲਖ ਅਗੋਚਰ ਅਗੰਮ ਅਭੇਵ, ਭੇਵ ਅਭੇਦ ਜਣਾਈਆ । ਅੰਮ੍ਰਿਤ ਰਸ ਦੇਵੇ ਮੇਵ, ਫਲ ਇਕੋ ਇਕ ਖਵਾਈਆ । ਲੇਖਾ ਜਾਣੇ ਰਸਨਾ ਜਿਹਵ, ਬੱਤੀ ਦੰਦ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਸਮਰਥ ਪੁਰਖ ਸਾਹਿਬ ਸੁਲਤਾਨ, ਪੁਰਖ ਅਕਾਲ ਇਕ ਅਖਵਾਇੰਦਾ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਇੰਦਾ । ਧਰਮ ਉਠਾਏ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਜੀਵ ਜੰਤ ਸਾਧ ਸੰਤ ਦੇਵੇ ਸ਼ਬਦ ਗਿਆਨ, ਆਤਮ ਪਰਮਾਤਮ ਬੋਧ ਅਗਾਧਾ ਅੱਖਰ ਵੱਖਰ ਆਪ ਪੜ੍ਹਾਇੰਦਾ । ਕਾਇਆ ਮੰਦਰ ਵੇਖ ਮਕਾਨ, ਘਰ ਦੀਆ ਬਾਤੀ, ਕਮਲਾਪਾਤੀ ਨੂਰ ਨੁਰਾਨਾ ਜੋਤ ਡਗਮਗਾਇੰਦਾ । ਅੰਮ੍ਰਿਤ ਜਾਮ ਪਿਆਏ ਬਣ ਕੇ ਸਾਕੀ, ਸਚ ਪਿਆਲਾ ਕਾਇਆ ਕਾਸਾ ਆਪ ਭਰਾਇੰਦਾ । ਲੇਖਾ ਜਾਣੇ ਤਨ ਖ਼ਾਕੀ, ਖ਼ਾਲਕ ਵੇਖ ਵਖਾਇੰਦਾ । ਜਨ ਭਗਤਾਂ ਬੰਦ ਕਿਵਾੜਾ ਖੋਲ੍ਹੇ ਤਾਕੀ, ਏਕਾ ਦੂਜਾ ਦੂਜਾ ਏਕਾ ਪੜਦਾ ਆਪ ਉਠਾਇੰਦਾ । ਅਸਵ ਘੋੜੇ ਚੜ੍ਹੇ ਰਾਕੀ, ਸ਼ਾਹਸਵਾਰਾ ਹਰਿ ਨਿਰੰਕਾਰਾ ਦੂਰ ਦੁਰਾਡਾ ਪੰਧ ਮੁਕਾਇੰਦਾ । ਧੁਰ ਸੰਦੇਸਾ ਲੈ ਕੇ ਆਏ ਪਾਤੀ, ਨਾਮ ਨਿਧਾਨਾ ਆਪ ਸਮਝਾਇੰਦਾ । ਜਨ ਭਗਤਾਂ ਚੁੱਕੇ ਲਹਿਣਾ ਬਾਕੀ, ਦੇਣਾ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਗਲਾ ਸੰਗ ਆਪ ਨਿਭਾਇੰਦਾ । ਸਮਰਥ ਪੁਰਖ ਅਗੰਮ ਅਥਾਹ, ਨਿਰਗੁਣ ਨਿਰਵੈਰ ਵੱਡੀ ਵਡਿਆਈਆ । ਜੁਗ ਚੌਕੜੀ ਮਾਰਗ ਲਾ, ਨਿਤ ਨਵਿਤ ਵੇਖ ਵਖਾਈਆ । ਸ਼ਬਦ ਸਰੂਪੀ ਬਣ ਮਲਾਹ, ਬੇੜਾ ਲੱਖ ਚੁਰਾਸੀ ਆਪ ਚਲਾਈਆ । ਸਾਚੀ ਨਈਆ ਲਏ ਬਹਾ, ਸਈਆ ਬਣੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਲੇਖਾ ਲੇਖੇ ਪਾਈਆ । ਪੁਰਖ ਸਮਰਥ ਸਰਬ ਸੁਖ ਦਾਤਾ, ਲੱਖ ਚੁਰਾਸੀ ਖੋਜ ਖੁਜਾਇੰਦਾ । ਆਦਿ ਜੁਗਾਦਿ ਪਤਿਪਰਮੇਸ਼ਵਰ ਪਾਰਬ੍ਰਹਮ ਪ੍ਰਭ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਇੰਦਾ । ਸੰਤ ਸਾਜਣ ਭਗਤ ਭਗਵਾਨ ਗੁਰਮੁਖ ਗੁਰਸਿਖ ਬੰਨ੍ਹੇ ਨਾਤਾ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਸੋਹੰ ਢੋਲਾ ਬਣ ਵਿਚੋਲਾ ਗਾਏ ਗਾਥਾ, ਤੂੰ ਮੇਰਾ ਮੈਂ ਤੇਰਾ ਦੋਹਾਂ ਇਕੋ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਜਾਣੇ ਧੁਰ ਦਾ ਬੋਲਾ, ਅਨਬੋਲਤ ਆਪਣੀ ਧਾਰ ਵਖਾਇੰਦਾ । ਸਮਰਥ ਸੁਆਮੀ ਖੇਲੇ ਖੇਲ ਡੂੰਘੇ ਸਾਗਰ, ਸਮੁੰਦ ਵਰੋਲੇ ਬੇਪਰਵਾਹੀਆ । ਭੇਵ ਚੁਕਾਏ ਕਾਇਆ ਗਾਗਰ, ਗਗਰੀਆ ਨਿਰਮਲ ਜੋਤ ਜੋਤ ਰੁਸ਼ਨਾਈਆ । ਵਣਜ ਕਰਾਏ ਹੱਟ ਸੌਦਾਗਰ, ਨਾਮ ਇਕੋ ਵਸਤ ਵਿਕਾਈਆ । ਖੇਲੇ ਖੇਲ ਕਰੀਮ ਕਾਦਰ, ਕੁਦਰਤ ਕਰਤਾ ਦਏ ਸਮਝਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਸਮਰਥ ਹੁਕਮ ਧੁਰ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਝੁਕਾਣ, ਨੇਤਰ ਨੈਣ ਅੱਖ ਨਾ ਕੋਇ ਉਠਾਈਆ । ਨਿਵਣ-ਸੋ-ਅੱਖਰ ਢੋਲਾ ਸਾਰੇ ਗਾਣ, ਤੂੰਹੀ ਤੂੰਹੀ ਰਾਗ ਅਲਾਈਆ । ਚਰਨ ਕਵਲ ਸਚ ਪ੍ਰੀਤੀ ਇਕ ਧਿਆਨ, ਧਿਆਨ ਧਿਆਨ ਵਿਚੋ ਪਰਗਟਾਈਆ । ਅੰਤਸ਼ਕਰਨ ਆਤਸ਼ ਮਿਟੇ ਅੰਮ੍ਰਿਤ ਦੇਵੇ ਪੀਣ ਖਾਣ, ਰਸ ਇਕੋ ਇਕ ਭਰਾਈਆ । ਦਾਤਾ ਦਾਨੀ ਸ੍ਰੀ ਭਗਵਾਨ, ਭਗਵਨ ਮੀਤਾ ਸਦਾ ਸਹਾਈਆ । ਜਨਮ ਜਨਮ ਆਵਣ ਜਾਵਣ ਦੁੱਖ ਕਟੇ ਆਣ, ਫਾਸੀ ਜਮ ਨਾ ਕੋਇ ਲਟਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿਜਨ ਸਾਚੇ ਕਰੇ ਪਰਵਾਨ, ਪਾਰ ਕਿਨਾਰਾ ਇਕੋ ਇਕ ਵਖਾਈਆ ।



## ✪ ੨੨ ਭਾਦਰੋ ੨੦੨੦ ਬਿਕਰਮੀ ਦਲੀਪ ਸਿੰਘ ਦੇ ਗ੍ਰਿਹਿ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ✪

ਸਚਖੰਡ ਦੁਆਰੇ ਸਤਿ ਨਿਵਾਸ, ਸਤਿ ਸਤਿਵਾਦੀ ਆਪ ਕਰਾਇੰਦਾ । ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਧਾਰ ਚਲਾਇੰਦਾ । ਨਿਰਮਲ ਨੂਰ ਜੋਤ ਕਰ ਪਰਕਾਸ਼, ਜੋਤੀ ਜਾਤਾ ਡਗਮਗਾਇੰਦਾ । ਨਿਰਗੁਣ ਨਿਰਗੁਣ ਪੂਰੀ ਕਰੇ ਆਸ, ਆਸਾ ਆਸਾ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਵਾਰੇ ਸੋਭਾ ਪਾਇੰਦਾ । ਸਚ ਦੁਆਰਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਹਰਿ ਪੁਰਖ ਨਿਰੰਜਣ ਖੇਲ ਬੇਅੰਤ, ਬੇਪਰਵਾਹ ਆਪ ਰਖਾਈਆ । ਏਕੰਕਾਰ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਆਦਿ ਨਿਰੰਜਣ ਜੋਤੀ ਨੂਰ ਅਨੰਤ, ਅਕਲ ਕਲਧਾਰੀ ਭੇਵ ਚੁਕਾਈਆ । ਅਬਿਨਾਸ਼ੀ ਕਰਤਾ ਖੇਲੇ ਖੇਲ ਜੁਗਾ ਜੁਗੰਤ, ਜੁਗ ਚੌਕੜੀ ਧਾਰ ਬੰਧਾਈਆ । ਸ੍ਰੀ ਭਗਵਾਨ ਸੋਭਾਵੰਤ, ਦੋ ਜਹਾਨਾਂ ਰੁੱਤ ਸੁਹਾਈਆ । ਪਾਰਬ੍ਰਹਮ ਪ੍ਰਭ ਖੇਲੇ ਖੇਲ ਆਦਿ ਅੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਸਚਖੰਡ ਦੁਆਰ, ਹਰਿ ਕਰਤਾ ਆਪ ਕਰਾਇੰਦਾ । ਸੋ ਪੁਰਖ ਨਿਰੰਜਣ ਬੇਐਬ ਪਰਵਰਦਿਗਾਰ, ਨੂਰ ਨੁਰਾਨਾ ਡਗਮਗਾਇੰਦਾ । ਸ਼ਾਹੋ ਭੂਪ ਬਣ ਸਿਕਦਾਰ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨਾ ਸੋਭਾ ਪਾਇੰਦਾ । ਦੀਆ ਬਾਤੀ ਕਮਲਾਪਾਤੀ ਜੋਤੀ ਜੋਤਾ ਪੁਰਖ ਬਿਧਾਤਾ ਕਰ ਉਜਿਆਰ, ਨਿਰਗੁਣ ਧਾਰ ਹਰਿ ਨਿਰੰਕਾਰ ਦੀਨ ਦਿਆਲ ਪੁਰਖ ਅਕਾਲ ਆਪਣੀ ਧਾਰ ਚਲਾਇੰਦਾ । ਅਟੱਲ ਮਹੱਲ ਥਿਰ ਮਨਾਰ, ਖੇਲੇ ਖੇਲ ਪਰਵਰਦਿਗਾਰ, ਨੂਰੀ ਜਲਵਾ ਨੂਰ ਅਪਾਰ, ਮੁਕਾਮੇ ਹੱਕ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਦਰ ਇਕ ਸੁਹਾਇੰਦਾ । ਸਾਚਾ ਮੰਦਰ ਸੋਭਨੀਕ, ਦਰਗਹਿ ਸਾਚੀ ਵੱਜੇ ਵਧਾਈਆ । ਦੂਸਰ ਨਾ ਕੋਈ ਦਿਸੇ ਸ਼ਰੀਕ, ਲਾਸ਼ਰੀਕ ਬੇਪਰਵਾਹੀਆ । ਨਾ ਅੰਧੇਰਾ ਕੋਈ ਤਾਰੀਕ, ਜੋਤੀ ਨੂਰ ਚੰਦ ਰੁਸ਼ਨਾਈਆ । ਲੇਖਾ ਜਾਣੇ ਹਕੀਕਤ ਹਕੀਕ, ਹੱਕ ਹੱਕ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਇਕ ਵਸਾਈਆ । ਸਚ ਦੁਆਰ ਜਾਏ ਵਸ, ਸੋ ਸਾਹਿਬ ਆਪ ਵਸਾਈਆ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਾਹੋ ਭੂਪ ਪੁਰਖ ਅਬਿਨਾਸ਼, ਨਰ ਨਰਾਇਣ ਵੱਡੀ ਵਡਿਆਈਆ । ਦੂਸਰ ਨਾ ਕੋਇ ਵਸੇ ਸਾਥ, ਸੰਗੀ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੇ ਸੋਭਾ ਪਾਈਆ । ਸਚਖੰਡ ਦੁਆਰਾ ਉਚ ਅਟੱਲਾ, ਸੋ ਸਾਹਿਬ ਆਪ ਸੁਹਾਈਆ । ਦੀਆ ਬਾਤੀ ਕਮਲਾਪਾਤੀ ਨਿਰਗੁਣ ਜੋਤ ਏਕਾ ਬਲਾ, ਏਕਾ ਏਕ ਕਰੇ ਰੁਸ਼ਨਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਵਸੇ ਸਦ ਇਕੱਲਾ, ਅਕਲ ਕਲਧਾਰੀ ਖੇਲ ਕਰਾਈਆ । ਨਿਰਵੈਰ ਪੁਰਖ ਆਪਣਾ ਫੜੇ ਆਪੇ ਪੱਲਾ, ਪੱਲੂ ਸਾਚੀ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੱਚਖੰਡ ਸਾਚੇ ਵਡ ਵਡਿਆਈਆ । ਸਚਖੰਡ ਵਡਿਆਈ ਏਕਾ ਏਕ, ਏਕੰਕਾਰ ਆਪ ਜਣਾਇੰਦਾ । ਆਦਿ ਪੁਰਖ ਅਪਰੰਪਰ ਸੁਆਮੀ ਆਪੇ ਜਾਣੇ ਆਪਣਾ ਭੇਖ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇੰਦਾ । ਅਗੰਮ ਅਗੰਮੜਾ ਵਸਣਹਾਰਾ ਅਗੰਮੜੇ ਦੇਸ, ਛੱਪਰ ਛੰਨ ਚਾਰ ਦੀਵਾਰ ਨਾ ਕੋਇ ਬਣਾਇੰਦਾ । ਨਿਰਗੁਣ ਅੰਦਰ ਨਿਰਗੁਣ ਰਹੇ ਅਲੇਪ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰਾ ਏਕੰਕਾਰਾ ਕਰਤਾ ਪੁਰਖ ਆਪ ਵਸਾਇੰਦਾ । ਸਚਖੰਡ ਦੁਆਰ ਵਸੇ ਆਦਿ, ਆਦਿ ਪੁਰਖ ਆਪ ਵਸਾਈਆ । ਏਕਾ ਏਕ ਵਜਾਏ ਆਪਣਾ ਨਾਦ, ਆਪਣੀ ਇਛਿਆ ਆਪ ਪਰਗਟਾਈਆ । ਲੇਖਾ ਜਾਣੇ ਬੋਧ ਅਗਾਧ, ਅਗਾਧ ਬੋਧ ਬੇਪਰਵਾਹੀਆ । ਨਿਰਗੁਣ ਨਿਰਗੁਣ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਪਾਕੀ ਪਾਕ, ਬੇਐਬ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੇ ਵੱਜੇ ਵਧਾਈਆ । ਸਚਖੰਡ ਦੁਆਰੇ ਵੱਜੇ ਵਧਾਈ, ਡੌਰੂ ਡੰਕਾ ਨਜ਼ਰ ਕੋਇ ਨਾ ਆਇੰਦਾ । ਰਾਗ ਨਾਦ ਨਾ ਕੋਇ ਗਾਈ, ਨਾਦੀ ਨਾਦ ਨਾ ਕੋਇ ਅਲਾਇੰਦਾ । ਢੋਲਕ ਛੈਣਾ ਨਾ ਕੋਇ ਵਜਾਈ, ਤਾਲ ਤਲਵਾੜਾ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਾਚਾ ਖੇਲ, ਨਿਰਗੁਣ ਨਿਰਗੁਣ ਸਾਚਾ ਮੇਲ, ਮੇਲ ਮਿਲਾਵਾ ਆਪਣੇ ਹੱਥ ਰਖਾਇੰਦਾ । ਸਾਚਾ ਖੇਲ ਕਰੇ ਕਰਤਾਰ, ਸਚਖੰਡ ਵੱਡੀ ਵਡਿਆਈਆ । ਨਿਰਗੁਣ ਪੁਰਖ ਪੁਰਖ ਕਰਤਾਰ, ਪਰਮ ਪੁਰਖ ਬੇਪਰਵਾਹੀਆ । ਸਾਚੀ ਨਗਰੀ ਕਰ ਤਿਆਰ, ਸਮਗਰੀ ਇਕੋ ਇਕ ਉਪਾਈਆ । ਜੋਤ ਇਕਗਰੀ ਹੋਏ ਉਜਿਆਰ, ਉਜਲ ਮੁਖ ਮੁਖ ਸਾਲਾਹੀਆ । ਰੂਪ ਰੰਗ ਰੇਖ ਤੋ ਵਸੇ ਬਾਹਰ, ਅਜੂਨੀ ਰਹਿਤ ਅਕਲ ਕਲ ਵਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਆਪਣੀ ਕਲ ਧਰਾਈਆ । ਆਦਿ ਆਪਣੀ ਕਲ ਰੱਖ, ਹਰਿ ਕਰਤਾ ਖੇਲ ਕਰਾਇੰਦਾ । ਸੋ ਪੁਰਖ ਨਿਰੰਜਣ ਹੋ ਪਰਤੱਖ, ਹਰਿ ਪੁਰਖ ਨਿਰੰਜਣ ਵੇਸ ਵਟਾਇੰਦਾ । ਏਕੰਕਾਰਾ ਬੋਲ ਅਲੱਖ, ਆਦਿ ਨਿਰੰਜਣ ਹੁਕਮ ਵਰਤਾਇੰਦਾ । ਸ੍ਰੀ ਭਗਵਾਨ ਮਾਰਗ ਦੱਸ, ਅਬਿਨਾਸ਼ੀ ਕਰਤਾ ਰਾਹ ਚਲਾਇੰਦਾ । ਪਾਰਬ੍ਰਹਮ ਪ੍ਰਭ ਨੱਸ ਨੱਸ, ਬਣ ਪਾਂਧੀ ਪੰਧ ਮੁਕਾਇੰਦਾ । ਕਰ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਜਣਾਇੰਦਾ । ਨਿਰਗੁਣ ਧਾਰ ਕਰ ਪਰਗਟ, ਪਰਗਟ ਆਪਣਾ ਖੇਲ ਵਖਾਇੰਦਾ । ਸਚਖੰਡ ਦੁਆਰ ਖੋਲ੍ਹ ਹੱਟ, ਹਟਵਾਣਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਆਪ ਵਿਕਾਇੰਦਾ । ਸਚਖੰਡ ਦੁਆਰਾ ਖੋਲ੍ਹ ਹੱਟ, ਸੋ ਸਾਹਿਬ ਵੇਖ ਵਖਾਈਆ । ਕਰ ਖੇਲ ਪੁਰਖ ਸਮਰਥ, ਸਮਰਥ ਧਾਰ ਜਣਾਈਆ । ਨਿਰਗੁਣ ਨਿਰਗੁਣ ਹੋ ਕੇ ਵਸ, ਨਾਰ ਕੰਤ ਰੂਪ ਵਟਾਈਆ । ਮੇਲ ਮਿਲਾਵਾ ਹੱਸ ਹੱਸ, ਘਰ ਮੰਦਰ ਵੱਜੇ ਵਧਾਈਆ । ਪ੍ਰੇਮ ਪ੍ਰੀਤੀ ਅਗੰਮੀ ਦੱਸ, ਨਜ਼ਰ ਕਿਸੇ ਨਾ ਆਈਆ । ਅੰਤਰ ਅੰਤਰ ਆਪੇ ਵਸ, ਵਾਸਤਾ ਆਪਣੇ ਨਾਲ ਜੁੜਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਕਰਦਾ, ਆਦਿ ਪੁਰਖ ਇਕ ਅਖਵਾਇੰਦਾ । ਨਿਰਗੁਣ ਨਿਰਗੁਣ ਅੰਦਰ ਵੜਦਾ, ਨੇਤਰ ਨਜ਼ਰ ਕਿਸੇ ਨਾ ਆਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਰੱਖੇ ਪੜਦਾ, ਉਹਲਾ ਰੂਪ ਨਾ ਕੋਇ ਵਟਾਇੰਦਾ । ਆਪਣੇ ਪੌੜੇ ਆਪੇ ਚੜ੍ਹਦਾ, ਸਾਚੇ ਮੰਦਰ ਸੋਭਾ ਪਾਇੰਦਾ । ਦਰ ਦਰਵੇਸ ਦਰ ਭਿਖਾਰੀ ਆਪੇ ਬਣਦਾ, ਸ਼ਾਹ ਸੁਲਤਾਨ ਆਪ ਹੋ ਜਾਇੰਦਾ । ਆਪਣੀ ਕਰਨੀ ਆਪੇ ਕਰਦਾ, ਕਰਤਾ ਪੁਰਖ ਕਾਰ ਕਮਾਇੰਦਾ । ਆਪਣਾ ਨਾਉਂ ਆਪਣਾ ਰਾਗ ਢੋਲਾ ਗੀਤ ਆਪੇ ਪੜ੍ਹਦਾ, ਨਾਉਂ ਨਿਰੰਕਾਰ ਆਪ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਹੁਕਮ ਆਪ ਵਰਤਾਇੰਦਾ । ਆਪਣਾ ਹੁਕਮ ਸ਼ਾਹ ਸੁਲਤਾਨ, ਆਦਿ ਆਦਿ ਵਰਤਾਈਆ । ਏਕਾ ਪੁਰਖ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਏਕਾ ਹੁਕਮ ਹੁਕਮਰਾਨ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਏਕਾ ਖੇਲੇ ਖੇਲ ਮਹਾਨ, ਵਡ ਖ਼ਾਲਕ ਨੂਰ ਖ਼ੁਦਾਈਆ । ਏਕਾ ਰਹਿਮਤ ਰਹੀਮ ਕਰੇ ਰਹਿਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਈਆ । ਸਾਚੀ ਖੇਲ ਆਦਿ ਕਰ, ਹਰਿ ਕਰਤਾ ਦਏ ਵਡਿਆਈਆ । ਧੁਰਦਰਗਾਹੀ ਦੇਵਣਹਾਰਾ ਵਰ, ਸਾਚੀ ਵਸਤ ਆਪ ਵਰਤਾਈਆ । ਸੁਤ ਦੁਲਾਰਾ ਆਪੇ ਘੜ, ਘੜਤ ਘਾੜਨ ਵੇਖ ਵਖਾਈਆ । ਲੇਖਾ ਜਾਣੇ ਨਾਰੀ ਨਰ, ਨਰ ਨਰਾਇਣ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਵਾਰੇ ਖੇਲ ਅਪਾਰੇ, ਹਰਿ ਕਰਤਾ ਏਕਾ ਏਕ ਵਾਰ ਕਰਾਈਆ । ਏਕਾ ਖੇਲ ਦੱਸੇ ਭਗਵਾਨ, ਧੁਰਦਰਗਾਹੀ ਆਪ ਜਣਾਇੰਦਾ । ਸ਼ਬਦੀ ਸੁਤ ਉਠੇ ਬਲਵਾਨ, ਬਲਧਾਰੀ ਆਪ ਪਰਗਟਾਇੰਦਾ । ਵਿਸ਼ਨੂੰ ਦੇਵੇ ਏਕਾ ਦਾਨ, ਵਿਸ਼ਵ ਵਸਤ ਆਪ ਵਰਤਾਇੰਦਾ । ਬ੍ਰਹਮ ਪਾਰਬ੍ਰਹਮ ਕਰ ਪਰਵਾਨ, ਆਪਣਾ ਹੁਕਮ ਜਣਾਇੰਦਾ । ਸ਼ੰਕਰ ਦੇਵੇ ਇਕ ਗਿਆਨ, ਸਾਚਾ ਹੁਕਮ ਆਪ ਸੁਣਾਇੰਦਾ । ਤ੍ਰੈਗੁਣ ਮਾਇਆ ਕਰ ਪਰਧਾਨ, ਪੰਚਮ ਨਾਤਾ ਜੋੜ ਜੁੜਾਇੰਦਾ । ਸ਼ਬਦੀ ਸ਼ਬਦ ਬਣਾ ਵਿਧਾਨ, ਸਾਚਾ ਮਾਰਗ ਇਕ ਸਮਝਾਇੰਦਾ । ਲੱਖ ਚੁਰਾਸੀ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਅੰਡਜ ਜੇਰਜ ਉਤਭੁਜ ਸੇਤਜ ਦੇਵੇ ਦਾਨ, ਚਾਰੇ ਖਾਣੀ ਝੋਲੀ ਪਾਇੰਦਾ । ਚਾਰੇ ਬਾਣੀ ਬੋਲ ਬੇਜ਼ਬਾਨ, ਪਰਾ ਪਸੰਤੀ ਮਧਮ ਬੈਖਰੀ ਆਪੇ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਧੁਰ ਸੰਦੇਸਾ ਨਰ ਨਰੇਸ਼ਾ ਇਕ ਇਕੱਲਾ ਆਪ ਜਣਾਇੰਦਾ । ਸਚ ਸੰਦੇਸਾ ਦੱਸੇ ਭਗਵੰਤ, ਆਦਿ ਆਦਿ ਸੁਣਾਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਚੌਕੜੀ ਵੰਡ ਵੰਡਾਈਆ । ਬੋਧ ਅਗਾਧਾ ਨਾਮ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਆਤਮ ਪਰਮਾਤਮ ਖੇਲ ਨਾਰ ਕੰਤ, ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਈਆ । ਸਾਚਾ ਖੇਲ ਰਚੇ ਕਰਤਾਰ, ਹਰਿ ਕਰਤਾ ਦਇਆ ਕਮਾਇੰਦਾ । ਅਨੁਭਵ ਪਰਕਾਸ਼ ਨੂਰ ਉਜਿਆਰ, ਅਜੂਨੀ ਰਹਿਤ ਡਗਮਗਾਇੰਦਾ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਧਾਰ ਆਪ ਵਰਤਾਇੰਦਾ । ਲੱਖ ਚੁਰਾਸੀ ਕਰ ਤਿਆਰ, ਘਟ ਘਟ ਆਪਣਾ ਨੂਰ ਧਰਾਇੰਦਾ । ਸ਼ਬਦ ਨਾਦ ਸੱਚੀ ਧੁਨਕਾਰ, ਅਨਹਦ ਨਾਦੀ ਨਾਦ ਵਜਾਇੰਦਾ । ਅੰਮ੍ਰਿਤ ਆਤਮ ਸੁਹਾਏ ਤਾਲ, ਸਰ ਸਰੋਵਰ ਇਕ ਭਰਾਇੰਦਾ । ਨੌਂ ਦੁਆਰੇ ਖੋਲ੍ਹ ਕਿਵਾੜ, ਮਨ ਵਾਸਨਾ ਮੇਲ ਮਿਲਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ, ਮਾਇਆ ਮਮਤਾ ਹਉਮੇਂ

ਹੰਗਤਾ ਗੜ੍ਹ ਸੁਹਾਇੰਦਾ । ਸ੍ਰਿਸ਼ਟ ਸਬਾਈ ਕਰ ਤਿਆਰ, ਤ੍ਰੈਗੁਣ ਅਤੀਤਾ ਠਾਂਡਾ ਸੀਤਾ ਸਾਚੀ ਰੀਤਾ ਆਪ ਜਣਾਇੰਦਾ । ਕਰੇ ਖੇਲ ਸਾਹਿਬ ਅਨਡੀਠਾ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਅਲਾਇੰਦਾ । ਸਚ ਸੁਨੇਹੜਾ ਦੱਸੇ ਮੀਤ, ਮੁਰਾਰ ਵੱਡਾ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਚਲਾਉਣੀ ਰੀਤ, ਤ੍ਰੈ ਪੰਜ ਕਰ ਕੁੜਮਾਈਆ । ਸ਼ਬਦ ਹਦੀਸ ਸੁਣਾਏ ਗੀਤ, ਮੁਖ ਮੁਖੜਾ ਆਪ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਪਰਗਟਾਈਆ । ਧੁਰ ਦੀ ਧਾਰ ਸ਼ਬਦ ਹਰਿ ਨਾਦ, ਅਨਾਦੀ ਆਪ ਸੁਣਾਇੰਦਾ । ਰਚਨਾ ਰਚ ਕੋਟ ਬ੍ਰਹਿਮਾਦ, ਬ੍ਰਹਿਮਾਂਡ ਆਪਣਾ ਖੇਲ ਕਰਾਇੰਦਾ । ਨਿਰਗੁਣ ਹੋ ਕੇ ਵਰਤੇ ਆਪਣਾ ਸਵਾਂਗ, ਸਵਾਂਗੀ ਆਪਣੀ ਧਾਰ ਚਲਾਇੰਦਾ । ਦਰ ਦੁਆਰ ਲਏ ਮਾਂਗ, ਭਿੱਖਕ ਆਪਣੀ ਝੋਲੀ ਡਾਹਿੰਦਾ । ਨਿਤ ਨਵਿਤ ਰੱਖੇ ਤਾਂਘ, ਆਸਾ ਆਸਾ ਵਿਚੋ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕੋ ਵਾਰ ਜਣਾਇੰਦਾ । ਧੁਰ ਦਾ ਹੁਕਮ ਇਕ ਜਣਾਇਆ, ਨਾ ਕੋਈ ਮੇਟੇ ਮੇਟ ਮਿਟਾਈਆ । ਸ਼ਬਦ ਸੁੱਤ ਪ੍ਰਭ ਆਪ ਵਡਿਆਇਆ, ਸਿਰ ਆਪਣਾ ਹੱਥ ਰਖਾਈਆ । ਬ੍ਰਹਿਮੰਡ ਖੰਡ ਰਚਨ ਰਚਾਇਆ, ਪੁਰੀ ਲੋਅ ਆਕਾਸ਼ ਸੁਹਾਈਆ । ਰਵ ਸਸ ਸੂਰਜ ਚੰਨ ਚਮਕਾਇਆ, ਮੰਡਲ ਮੰਡਪ ਡੇਰਾ ਲਾਈਆ । ਜ਼ਿਮੀਂ ਅਸਮਾਨਾਂ ਬੰਧਨ ਪਾਇਆ, ਲੋਕ ਪਰਲੋਕ ਗੰਢ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਉਠਾਇਆ, ਧੁਰ ਦਾ ਹੁਕਮ ਆਪ ਵਰਤਾਈਆ । ਤ੍ਰੈਗੁਣ ਸਾਚਾ ਮੇਲ ਮਿਲਾਇਆ, ਪੰਜ ਤਤ ਕਰੀ ਕੁੜਮਾਈਆ । ਲੱਖ ਚੁਰਾਸੀ ਵੰਡ ਵੰਡਾਇਆ, ਵੰਡਣਹਾਰ ਇਕ ਹੋ ਜਾਈਆ । ਆਤਮ ਪਰਮਾਤਮ ਭੇਵ ਛੁਪਾਇਆ, ਮਨ ਮਤ ਬੁਧ ਸਮਝ ਸਕੇ ਨਾ ਰਾਈਆ । ਕਾਗਦ ਕਲਮ ਨਾਲ ਰਲਾਇਆ, ਲੇਖ ਲਿਖਾਇਆ ਲੇਖਾ ਸ਼ਾਹੀਆ । ਨਿਰਗੁਣ ਸਰਗੁਣ ਧਾਰ ਬੰਧਾਇਆ, ਬੰਧਨ ਏਕਾ ਦੂਜਾ ਪਾਈਆ । ਬ੍ਰਹਮਾਵੇਤਾ ਆਪ ਪੜ੍ਹਾਇਆ, ਚਾਰੇ ਵੇਦਾਂ ਦਏ ਸਮਝਾਈਆ । ਚਾਰੇ ਜੁਗ ਹੁਕਮ ਵਰਤਾਇਆ, ਚਾਰੇ ਕੁੰਟਾਂ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਹੁਕਮ ਦਏ ਸੁਣਾਈਆ । ਇਕੋ ਹੁਕਮ ਸਚ ਸੰਦੇਸਾ, ਸੋ ਸਾਹਿਬ ਆਪ ਜਣਾਈਆ । ਪੁਰਖ ਅਕਾਲ ਵਡ ਨਰੇਸ਼ਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਕਰੇ ਵੇਸਾ, ਵੇਸ ਅਵਲੱੜਾ ਰੂਪ ਵਟਾਈਆ । ਨਿਰਗੁਣ ਸਰਗੁਣ ਧਾਰੇ ਭੇਸਾ, ਗੁਰ ਅਵਤਾਰ ਨਾਉਂ ਰਖਾਈਆ । ਆਤਮ ਕਰਾਏ ਪਰਮਾਤਮ ਚੇਤਾ, ਸੋਈ ਸੁਰਤੀ ਲਏ ਜਗਾਈਆ । ਭੇਵ ਚੁਕਾਏ ਇਕੋ ਨੇਤਾ, ਨਰ ਨਰਾਇਣ ਦਏ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖੇਲੇ ਖੇਡਾ, ਚਾਰੇ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਧੁਰ ਦਾ ਹੁਕਮ ਇਕ ਸਮਝਾਇਆ, ਨਾ ਕੋਈ ਮੇਟੇ ਮੇਟ ਮਿਟਾਈਆ । ਚਾਰ ਜੁਗ ਦਾ ਗੇੜ ਬਣਾਇਆ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬੰਧਨ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਇਆ, ਨੇਤਰ ਨੈਣ ਨਾ ਕੋਇ ਉਠਾਈਆ । ਦੋਏ ਜੋੜ ਪਏ ਸਰਨਾਇਆ, ਪਾਰਬ੍ਰਹਮ ਤੇਰੀ ਸਰਨਾਈਆ । ਵਿਸ਼ਨ ਬੰਸ ਤੇਰਾ ਇਕ ਸੁਹਾਇਆ, ਸਰਬੰਸ ਤੇਰੀ ਵਡਿਆਈਆ । ਮੰਤਰ ਅੰਤਰ ਇਕ ਧਿਆਇਆ, ਸੋ ਪੁਰਖ ਨਿਰੰਜਣ ਰਾਗ ਅਲਾਈਆ । ਹੰ ਬ੍ਰਹਮ ਵੰਡ ਵੰਡਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਚ

ਸੰਦੇਸਾ ਸੁਣੇ ਕਰ ਧਿਆਨ, ਸੋ ਸਾਹਿਬ ਆਪ ਜਣਾਈਆ । ਅਦਿ ਪੁਰਖ ਦਾ ਇਕ ਗਿਆਨ, ਜੁਗ ਚੌਕੜੀ ਭੁੱਲ ਕੋਇ ਨਾ ਜਾਈਆ । ਸੋ ਸਾਹਿਬ ਪੁਰਖ ਸੁਲਤਾਨ, ਹੰ ਬ੍ਰਹਮ ਸ੍ਰਿਸ਼ਟ ਸਬਾਈ ਲਏ ਪਰਗਟਾਈਆ । ਸੋਹੰ ਰੂਪ ਇਕ ਪਰਵਾਨ, ਧੁਰ ਪਰਵਾਨਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਏਕਾ ਵਾਰ, ਏਕੰਕਾਰਾ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਾਂ ਵਾਰੋ ਵਾਰ, ਜੋਤੀ ਜਾਤਾ ਪੁਰਖ ਬਿਧਾਤਾ ਨਿਰਗੁਣ ਸਰਗੁਣ ਵੇਸ ਵਟਾਇੰਦਾ । ਹੁਕਮੇ ਅੰਦਰ ਘੱਲਾਂ ਤੇਈ ਅਵਤਾਰ, ਤ੍ਰੈ ਤ੍ਰੈ ਧਾਰ ਆਪ ਜਣਾਇੰਦਾ । ਹੁਕਮੇ ਅੰਦਰ ਭਗਤ ਅਠਾਰਾਂ ਕਰ ਉਜਿਆਰ, ਅਠ ਦਸ ਭਾਂਡਾ ਭੇਵ ਚੁਕਾਇੰਦਾ । ਹੁਕਮੇ ਅੰਦਰ ਈਸਾ ਮੂਸਾ ਮੁਹੰਮਦ ਬਣਾਏ ਬਰਖ਼ੁਰਦਾਰ, ਖ਼ਾਲਕ ਖ਼ਲਕ ਆਪ ਸਮਝਾਇੰਦਾ । ਹੁਕਮੇ ਅੰਦਰ ਨਾਨਕ ਗੋਬਿੰਦ ਬੰਨ੍ਹੇ ਧਾਰ, ਧੁਰ ਫ਼ਰਮਾਨਾ ਆਪ ਜਣਾਇੰਦਾ । ਹੁਕਮੇ ਅੰਦਰ ਜੁਗ ਚੌਕੜੀ ਬੀਤੇ ਵਿਚ ਸੰਸਾਰ, ਥਿਰ ਕੋਏ ਰਹਿਣ ਨਾ ਪਾਇੰਦਾ । ਹੁਕਮੇ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ, ਖਾਣੀ ਬਾਣੀ ਆਪਣੀ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਇੰਦਾ । ਧੁਰ ਦਾ ਹੁਕਮ ਇਕ ਵਰਤਾਉਣਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਤ ਪਰਗਟਾਉਣਾ, ਅੰਤ ਕੋਇ ਰਹਿਣ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਕਲਮਾ ਨਬੀ ਰਸੂਲ ਪੜ੍ਹੌਣਾ, ਖਾਣੀ ਬਾਣੀ ਗੁਰ ਗੁਰ ਗਿਆਨ ਦ੍ਰਿੜਾਈਆ । ਆਤਮ ਪਰਮਾਤਮ ਪੜਦਾ ਲੌਹਣਾ, ਪਾਰਬ੍ਰਹਮ ਬ੍ਰਹਮ ਲੇਖਾ ਦਏ ਜਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸ੍ਰੀ ਭਗਵੰਤ ਨਾਰ ਕੰਤ ਅੰਗ ਲਗਾਉਣਾ, ਕੋਟਨ ਕੋਟ ਈਸ਼ ਜੀਵ ਕਰੇ ਕੁੜਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜ਼ਾਤ ਪਾਤ ਦੀਨ ਮਜ਼੍ਹਬ ਰਾਉ ਰੰਕ ਆਪ ਹੰਡਾਉਣਾ, ਬੰਕ ਦੁਆਰੀ ਵੇਖ ਵਖਾਈਆ । ਸਚ ਸੁਚ ਜੂਠ ਝੂਠ ਮਾਇਆ ਮਮਤਾ ਹਉਮੇਂ ਹੰਗਤਾ ਮਾਰਗ ਲਾਉਣਾ, ਦੂਰਨ ਦੂਰ ਨੇਰਨ ਨੇਰ ਪਾਂਧੀ ਆਪਣਾ ਪੰਧ ਵਖਾਈਆ । ਕਾਗ ਹੰਸ ਖੇਲ ਕਰਾਉਣਾ, ਭੇਵ ਅਭੇਦਾ ਭੇਵ ਕੋਇ ਨਾ ਪਾਈਆ । ਧੁਰ ਸੰਦੇਸਾ ਇਕ ਸੁਣਾਉਣਾ, ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਪੜ੍ਹਾਈਆ । ਪੁਰਖ ਅਕਾਲ ਸਰਬ ਮਨਾਉਣਾ, ਪਾਰਬ੍ਰਹਮ ਇਕ ਸਰਨਾਈਆ । ਸਾਂਝਾ ਯਾਰ ਇਕੋ ਨਜ਼ਰੀ ਆਉਣਾ, ਲਾਸ਼ਰੀਕ ਨੂਰ ਇਲਾਹੀਆ । ਜਿਸ ਦਾ ਕਲਮਾ ਨਾ ਕਿਸੇ ਲਿਖਾਉਣਾ, ਕਲਮ ਸ਼ਾਹੀ ਨੇਤਰ ਰੋਵੇ ਮਾਰੇ ਧਾਹੀਂਆ । ਸਿਫ਼ਤ ਸਾਲਾਹੀ ਬੇਪਰਵਾਹੀ ਬੇਵਫ਼ਾਈ ਵਿਚ ਕਦੇ ਨਾ ਆਉਣਾ, ਵਫ਼ਾਦਾਰ ਸਰਬ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਪੁਰਖ ਏਕਾ ਹਰਿ, ਸਚ ਸੁਨੇਹੜਾ ਇਕ ਘਲਾਇੰਦਾ । ਸਚ ਸੁਨੇਹੜਾ ਸ਼ਬਦ ਗੁਰ ਜੁਗ ਚਾਰ, ਹਰਿ ਸਤਿਗੁਰ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ੍ਰਿਸ਼ਟ ਸਬਾਈ ਕਰੋ ਖ਼ਬਰਦਾਰ, ਸੋਇਆ ਕੋਇ ਰਹਿਣ ਨਾ ਪਾਈਆ । ਆਤਮ ਪਰਮਾਤਮ ਦੱਸੋ ਸਚ ਪਿਆਰ, ਪ੍ਰੇਮ ਪ੍ਰੀਤੀ ਇਕ ਜਣਾਈਆ । ਪਾਰਬ੍ਰਹਮ ਬ੍ਰਹਮ ਘਰ ਘਰ ਖੋਲ੍ਹੋ ਬੰਕ ਕਿਵਾੜ, ਬਜਰ ਕਪਾਟੀ ਕੁੰਡਾ ਲਾਹੀਆ । ਦੀਆ ਬਾਤੀ ਨਿਰਗੁਣ ਜੋਤੀ ਦੇਵੋ ਬਾਲ, ਜੋਤ ਨਿਰੰਜਣ ਕਰ ਰੁਸ਼ਨਾਈਆ । ਤ੍ਰੈਗੁਣ ਮਾਇਆ ਤੋੜੋ ਜੰਜਾਲ, ਕੂੜੀ ਕਿਰਿਆ ਰਹਿਣ ਨਾ ਪਾਈਆ । ਸਾਚਾ ਮਾਰਗ ਦਿਓ ਸਿਖਾਲ, ਪਾਂਧੀ ਵੇਖੋ ਸੱਚਾ ਰਾਹੀਆ । ਲੇਖਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਨਾ ਕੋਇ ਰਖਾਈਆ ।

ਗੁਰ ਸ਼ਬਦ ਹੋ ਕੇ ਬਣੇ ਦਲਾਲ, ਕਾਇਆ ਹੱਟ ਸੌਦਾ ਹੱਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਧੁਰ ਦਾ ਹੁਕਮ ਧੁਰ ਫ਼ਰਮਾਣਾ, ਧੁਰਦਰਗਾਹੀ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਮੰਨਣ ਭਾਣਾ, ਹਰਿ ਕਾ ਭਾਣਾ ਨਾ ਕੋਈ ਮੇਟੇ ਮੇਟ ਮਿਟਾਇੰਦਾ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਸ਼ਾਹੋ ਸ਼ਾਬਾਸ਼ੀ ਭੂਪਤ ਭੂਪ ਰਾਜਾ ਰਾਣਾ, ਦੋ ਜਹਾਨਾਂ ਵਡ ਮਿਹਰਵਾਨਾ, ਬ੍ਰਹਿਮੰਡਾਂ ਖੰਡਾਂ ਦੀਪਾਂ ਲੋਆਂ ਵੇਖ ਵਖਾਇੰਦਾ । ਸਚ ਸੰਦੇਸਾ ਨਰ ਨਰੇਸ਼ਾ ਦੇਵਣਹਾਰ ਅਗੰਮੀ ਗਾਣਾ, ਕਲਮਾ ਕਲਾਮ ਵਡ ਅਮਾਮ ਕਾਇਨਾਤ ਆਪ ਸਮਝਾਇੰਦਾ । ਨਬੀ ਰਸੂਲ ਪੀਰ ਪੈਗ਼ੰਬਰ ਮੁੱਲਾਂ ਸ਼ੇਖ਼ ਮੁਸਾਇਕ ਦਏ ਕਲਾਮਾ, ਗੁਰ ਅਵਤਾਰ ਸਾਧ ਸੰਤ ਸ੍ਰੀ ਭਗਵੰਤ ਭੇਵ ਅਭੇਦਾ ਆਪ ਖੁਲਾਇੰਦਾ । ਆਤਮ ਪਰਮਾਤਮ ਮਣੀਆ ਮੰਤ, ਪਾਰਬ੍ਰਹਮ ਬ੍ਰਹਮ ਮੇਲਾ ਹਰਿ ਜੂ ਕੰਤ, ਕੰਤ ਕੰਤੂਹਲ ਸੇਜ ਸੁਹੰਜਣੀ ਦਰ ਘਰ ਸਾਚੇ ਕਾਇਆ ਮੰਦਰ ਅੰਦਰ ਸਾਢੇ ਤਿੰਨ ਹੱਥ ਆਪ ਵਿਛਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਹਰਿ ਨਿਰੰਕਾਰਾ ਕਰਤਾ ਪੁਰਖ ਦੀਨ ਦਿਆਲ ਠਾਕਰ ਸੁਆਮੀ ਇਕੋ ਵਾਰ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣਦੇ ਰਹੇ ਲਾ ਕਰ ਕੰਨ, ਦੋਏ ਨੇਤਰ ਨੇਤਰ ਧਿਆਨ ਲਗਾਈਆ । ਅੰਤਰ ਬਾਹਰ ਗੁਪਤ ਜ਼ਾਹਰ ਰਸਨਾ ਜਿਹਵਾ ਬੱਤੀ ਦੰਦ ਕਹਿੰਦੇ ਰਹੇ ਧੰਨ ਧੰਨ, ਧੰਨ ਪ੍ਰਭੂ ਤੇਰੀ ਵਡਿਆਈਆ । ਵਸਦੇ ਰਹੇ ਕਾਇਆ ਖੇੜਾ ਚਮੜੀ ਚੰਮ, ਕਾਇਆ ਮਾਟੀ ਖੇੜਾ ਛੰਨ ਛੱਪਰੀ ਚਾਰ ਦੀਵਾਰ ਬਣਾਈਆ । ਅੰਦਰ ਡੇਰਾ ਲਾਇਆ ਬੁੱਧ ਮਤ ਮਨ, ਮਨ ਮਨਸਾ ਮਨਸਾ ਵਿਚ ਖਪਾਈਆ । ਜਗਤ ਨੇਤਰ ਹੋਏ ਅੰਨ੍ਹ, ਨਿਜ ਨੇਤਰ ਨੈਣ ਖੁਲ੍ਹਾਈਆ । ਭਾਂਡਾ ਭਰਮ ਭੌ ਦਿਤਾ ਭੰਨ, ਕੂੜੀ ਕਿਰਿਆ ਦਿਤੀ ਤਜਾਈਆ । ਇਕੋ ਧਿਆਨ ਸ੍ਰੀ ਭਗਵਨ, ਚਰਨ ਕਵਲ ਉਪਰ ਧਵਲ ਰੱਖੀ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸ੍ਰਿਸ਼ਟ ਖੋਲ੍ਹੇ ਦ੍ਰਿਸ਼ਟ, ਵਖਾਏ ਇਸ਼ਟ, ਇਸ਼ਟ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖੇ ਯਾਦ, ਯਾਦਦਾਸ਼ਤ ਹਰਿ ਜਣਾਇੰਦਾ । ਜੁਗ ਚੌਕੜੀ ਹੋਏ ਬਰਬਾਦ, ਥਿਰ ਕੋਇ ਰਹਿਣ ਨਾ ਪਾਇੰਦਾ । ਪਾਰਬ੍ਰਹਮ ਪ੍ਰਭ ਇਕੋ ਵਜਾਏ ਨਾਦ, ਦੋ ਜਹਾਨਾਂ ਆਪ ਸੁਣਾਇੰਦਾ । ਜਿਸ ਦਾ ਲੇਖਾ ਬੋਧ ਅਗਾਧ, ਪੜ੍ਹਨ ਲਿਖਣ ਵਿਚ ਕਦੇ ਨਾ ਆਇੰਦਾ । ਜਿਸ ਨੇ ਗਾਇਆ ਤਿਸ ਅੰਤਰ ਲਿਆ ਸਵਾਦ, ਬਾਹਰ ਅਨੰਦ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਜੁਗ ਦੇ ਹੋ ਇਕੱਠੇ, ਦੋਏ ਜੋੜ ਜੋੜ ਸਰਨਾਈਆ । ਸਾਹਿਬ ਸੁਲਤਾਨ ਤੇਰੀ ਸਰਨਾਈ ਢੱਠੇ, ਬੇਪਰਵਾਹ ਇਕ ਓਟ ਤਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੋਕਮਾਤ ਜੀਵਾਂ ਜੰਤਾਂ ਰਾਹ ਮਾਰਗ ਦੱਸੇ, ਲਿਖ ਲਿਖ ਤੇਰਾ ਕਲਮਾ ਨਾਮ ਸੁਣਾਈਆ । ਬੇਪਰਵਾਹੀ ਤੇਰੇ ਦੱਸ ਕੇ ਆਏ ਪਤੇ, ਪਤਾ ਨਿਸ਼ਾਨਾ ਇਕ ਜਣਾਈਆ । ਪੁਰਖ ਅਕਾਲ ਸਮਰਥ ਸੁਆਮੀ ਸਚਖੰਡ ਦੁਆਰੇ ਵਸੇ, ਚੌਦਾਂ ਲੋਕ ਹੱਥ ਕਿਸੇ ਨਾ ਆਈਆ । ਚੌਦਾਂ ਤਬਕ ਫਿਰਨ ਨੱਸੇ, ਚਾਰੋ ਕੁੰਟ ਭੱਜਣ ਵਾਹੋ ਦਾਹੀਆ । ਸ੍ਰਿਸ਼ਟ ਸਬਾਈ ਜੀਵ ਜੰਤ ਬਿਰਹੋ ਅਗਨੀ ਕਲਜੁਗ ਤਪੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸ਼ਿਵਦਵਾਲੇ ਮੱਠ ਗੁਰੂਦੁਆਰ ਮੰਦਰ ਮਸੀਤ ਸਾਰੇ ਹੋਏ ਇਕੱਠੇ, ਨੇਤਰ ਰੋਵਣ ਮਾਰਨ ਧਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਵੇਖ ਆਪਣਾ ਘਰ, ਤੇਰੀ



੨੯੯
੧੫

ਰੋਵੇ ਸਰਬ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸਣ ਹਾਲ, ਚਾਰ ਜੁਗ ਦਾ ਭੇਵ ਖੁਲ੍ਹਾਈਆ । ਪਾਰਬ੍ਰਹਮ ਤੇਰਾ ਹਲ ਨਾ ਹੋਇਆ ਸਾਥੋ ਸਵਾਲ, ਸ੍ਰਿਸ਼ਟ ਸਬਾਈ ਆਏ ਪੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣਦੇ ਰਹੇ ਦਲਾਲ, ਜਗਤ ਦਲਾਲੀ ਮਾਤ ਕਮਾਈਆ । ਅੰਤ ਕੋਈ ਨਾ ਨਿਭਿਆ ਨਾਲ, ਸੰਗੀ ਸਾਥੀ ਬੈਠੇ ਪੱਲੂ ਛੁਡਾਈਆ । ਕੋਈ ਨਾ ਮੰਨੇ ਪੁਰਖ ਅਕਾਲ, ਸਚ ਤੱਕੇ ਨਾ ਕੋਇ ਸਰਨਾਈਆ । ਸਾਚੀ ਦਿਸੇ ਨਾ ਕੋਇ ਧਰਮਸਾਲ, ਧਰਮ ਦੁਆਰਾ ਨਜ਼ਰ ਕੋਇ ਨਾ ਆਈਆ । ਫਲ ਦਿਸੇ ਨਾ ਕਿਸੇ ਡਾਲ, ਸਿਮਲ ਰੁੱਖ ਰਹੇ ਲਹਿਰਾਈਆ । ਚਾਰੋ ਕੁੰਟ ਸਭ ਦੇ ਸਿਰ ਤੇ ਕੂਕੇ ਕਾਲ, ਕਲਜੁਗ ਕਾਲ ਭਾਰ ਵਧਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਕੰਗਾਲ, ਤੇਰਾ ਨਾਮ ਕਿਸੇ ਹੱਟ ਨਜ਼ਰ ਨਾ ਆਈਆ । ਧੁਰਦਰਗਾਹੀ ਸਚ ਅਗੰਮੀ ਮਾਰ ਛਾਲ, ਔਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਦਰ ਤੇਰੇ ਆਸ ਰੱਖ, ਇਕੋ ਓਟ ਤਕਾਈਆ । ਕਲਜੁਗ ਅੰਤਮ ਹੋ ਪਰਗਟ, ਪਾਰਬ੍ਰਹਮ ਤੇਰੀ ਸਰਨਾਈਆ । ਵੇਖ ਖੇਲ ਬਾਜ਼ੀਗਰ ਨਟ, ਸਵਾਂਗੀ ਆਪਣਾ ਸਾਂਗ ਰਚਾਈਆ । ਵੇਦ ਵਿਆਸਾ ਗਿਆ ਦੱਸ, ਪੂਤ ਸਪੂਤਾ ਬ੍ਰਾਹਮਣ ਗੌੜਾ ਉਚੇ ਟਿੱਲੇ ਪਰਬਤ ਆਵੇ ਚਾਈਂ ਚਾਈਂਆ । ਈਸਾ ਤੇਰਾ ਰਾਹ ਤੱਕਦਾ ਗਿਆ ਹੱਸ ਹੱਸ, ਨੇਤਰ ਨੈਣ ਅੱਖ ਪਰਤੱਖ ਪਰਵਰਦਿਗਾਰ ਤੇਰੇ ਨਾਲ ਮਿਲਾਈਆ । ਮੁਹੰਮਦ ਰਸਨਾ ਜਿਹਵਾ ਬੱਤੀ ਦੰਦ ਤੇਰਾ ਕਲਮਾ ਗਿਆ ਰਟ, ਮੇਰਾ ਅਮਾਮ ਆਵੇ ਬੇਪਰਵਾਹੀਆ । ਨਾਨਕ ਕਹਿ ਕੇ ਗਿਆ ਪੁਰਖ ਸਮਰਥ, ਕਲਜੁਗ ਅੰਤਮ ਵੇਸ ਵਟਾਈਆ । ਗੋਬਿੰਦ ਦੱਸਿਆ ਕਲ ਕਲਕੀ ਸੰਬਲ ਨਗਰ ਜਾਏ ਵਸ, ਬੰਕ ਦੁਆਰ ਇਕ ਸੁਹਾਈਆ । ਜੁਗ ਚੌਕੜੀ ਲਹਿਣਾ ਦੇਣਾ ਕਰੇ ਵੱਖ, ਆਪ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਭਗਵਾਨ ਚਾਰ ਜੁਗ ਦੇ ਕਰੇ ਇਕੱਠ, ਸਾਚਾ ਦਰ ਇਕ ਖੁਲ੍ਹਾਈਆ । ਲੇਖਾ ਜਾਣੇ ਤੀਰਥ ਅਠ ਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਵੇਖੇ ਥਾਉਂ ਥਾਈਂਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਹੱਤਰ ਨਾੜ ਉਬਲਦੀ ਵੇਖੇ ਰੱਤ, ਰਤੀ ਰਤ ਫੋਲ ਫੁਲਾਈਆ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਉ ਰੰਕ ਰਾਜ ਰਾਜਨ ਸ਼ਾਹ ਸੁਲਤਾਨ ਦੇਵਣਹਾਰਾ ਬ੍ਰਹਮਮਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਜਿਉਂ ਭਾਵੇ ਤਿਉਂ ਲਏ ਰੱਖ, ਰੱਖਣਹਾਰ ਤੇਰੀ ਸਰਨਾਈਆ । ਸਤਿ ਸੁਆਮੀ ਸਦਾ ਨਿਹਕਰਮੀ ਅੰਤਰਜਾਮੀ ਹੋ ਪਰਗਟ, ਘਰ ਘਰ ਆਪਣਾ ਪੜਦਾ ਲਾਹੀਆ । ਸਤਿਜੁਗ ਸਾਚਾ ਚਲਾ ਰਥ, ਕਲਜੁਗ ਅਗਨੀ ਦੇ ਮਥ, ਨਾਮ ਮਧਾਣਾ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਬੇਅੰਤ ਤੇਰੀ ਸਰਨਾਈਆ । ਬੇਅੰਤ ਤੇਰਾ ਇਕ ਸਹਾਰਾ, ਗੁਰ ਅਵਤਾਰ ਓਟ ਤਕਾਈਆ । ਜੁਗ ਚੌਕੜੀ ਤੇਰਾ ਕਰਦੇ ਰਹੇ ਮੁਜ਼ਾਹਰਾ, ਜੀਵਾਂ ਜੰਤਾਂ ਮਾਤ ਸਮਝਾਈਆ । ਪਾਰਬ੍ਰਹਮ ਪ੍ਰਭ ਖੇਲ ਨਿਆਰਾ, ਹਰਿ ਕਾ ਭੇਵ ਕੋਇ ਨਾ ਪਾਈਆ । ਵਸਣਹਾਰਾ ਮਹੱਲ ਅਟੱਲ ਉਚ ਮਨਾਰਾ, ਸਚਖੰਡ ਵਸੇ ਸੱਚਾ ਮਾਹੀਆ । ਸ਼ਬਦ ਨਾਦ ਸੱਚੀ ਧੁਨਕਾਰਾ, ਅਨਰਾਗੀ ਰਾਗ ਸੁਣਾਈਆ । ਗਾਵਤ ਗਾਵਤ ਗਾਏ ਸਰਬ ਸੰਸਾਰਾ, ਰਸਨਾ ਜਿਹਵਾ ਕਰੇ ਪੜ੍ਹਾਈਆ । ਕਾਗਦ ਕਲਮ ਨਾ ਲਿਖਣਹਾਰਾ, ਬਨਾਸਪਤ ਰੋਵੇ ਮਾਰੇ ਧਾਹੀਂਆ । ਸਮੁੰਦ ਸਾਗਰ ਨਾ ਕੋਇ ਵਿਚਾਰਾ, ਜਲ ਥਲ ਮਹੀਅਲ ਭੇਵ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ

ਜੋੜ ਕਰਨ ਨਿਮਸਕਾਰਾ, ਗਲ ਪੱਲੂ ਰਹੇ ਪਾਈਆ । ਤੇਰੀ ਕੁਦਰਤ ਸਾਂਝੇ ਯਾਰਾ, ਤੇਰੇ ਹੱਥ ਰਖਾਈਆ । ਹਉਂ ਯਾਚਕ ਸੇਵਕ ਬਰਖ਼ੁਰਦਾਰ, ਫ਼ਰਮਾਬਰਦਾਰਾ ਤੇਰੀ ਚਾਕਰੀ ਮਾਤ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਵਾਰੋ ਵਾਰਾ, ਜੁਗ ਚੌਕੜੀ ਫੇਰਾ ਪਾਈਆ । ਆਤਮ ਦੱਸਿਆ ਤੇਰਾ ਇਕ ਕਿਨਾਰਾ, ਨੌਕਾ ਨਈਆ ਤੇਰਾ ਨਾਮ ਜਣਾਈਆ । ਕਲ ਕਲਕੀ ਅੰਤਮ ਲੈ ਮਾਤ ਅਵਤਾਰਾ, ਨਿਹਕਲੰਕ ਰੂਪ ਵਟਾਈਆ । ਦੋ ਜਹਾਨ ਸ੍ਰੀ ਭਗਵਾਨ ਕਰੇ ਖ਼ਬਰਦਾਰਾ, ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਗਣ ਗੰਧਰਬ ਸੋਇਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਜਣਾਈਆ । ਸਚ ਸੰਦੇਸਾ ਲਿਆ ਜਾਣ, ਭੁੱਲ ਰਹੇ ਨਾ ਰਾਈਆ । ਕਲਜੁਗ ਤੇਰਾ ਖੇਲ ਮਹਾਨ, ਸ੍ਰੀ ਭਗਵਾਨ ਬੇਪਰਵਾਹੀਆ । ਪਰਗਟ ਹੋ ਕੇ ਵਾਲੀ ਦੋ ਜਹਾਨ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਦਏ ਗਿਆਨ, ਆਤਮ ਪਰਮਾਤਮ ਇਕ ਪੜ੍ਹਾਈਆ । ਦੀਨ ਮਜ਼੍ਹਬ ਦੀ ਛੁੱਟੇ ਕਾਣ, ਜ਼ਾਤ ਪਾਤ ਨਾ ਕੋਇ ਜਣਾਈਆ । ਰਾਉ ਰੰਕ ਇਕ ਹੋ ਜਾਣ, ਊਚ ਨੀਚ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਤੇਰਾ ਢੋਲਾ ਇਕੋ ਗਾਣ, ਸੋਹੰ ਕਰ ਸਚ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗੰਬਰ ਮੰਨਣ ਤੇਰੀ ਆਣ, ਅੱਗੇ ਆਪਣਾ ਹੁਕਮ ਨਾ ਕੋਇ ਵਰਤਾਈਆ । ਤੇਰੀ ਝੋਲੀ ਪਾਉਣ ਆਪਣਾ ਈਮਾਨ, ਸਿਦਕ ਸਬੂਰੀ ਤੇਰੇ ਚਰਨ ਰਖਾਈਆ । ਦਰ ਕੋਈ ਨਾ ਆਏ ਸ਼ੈਤਾਨ, ਸ਼ਰੀਅਤ ਸ਼ਰਅ ਨਾ ਕੋਇ ਲੜਾਈਆ । ਦਿਸੇ ਕੋਈ ਨਾ ਬੇਈਮਾਨ, ਬੇਵਾ ਰੂਪ ਨਾ ਕੋਇ ਵਟਾਈਆ । ਤੇਰਾ ਨਾਮ ਸਾਰੇ ਧਿਆਣ, ਤੂੰ ਹੀ ਤੂੰ ਹੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋ ਜਹਾਨ ਤੇਰੀ ਸਰਨਾਈਆ । ਦੋ ਜਹਾਨ ਦੇਵਾਂ ਸਰਨਾਗਤ, ਸੋ ਸਤਿਗੁਰ ਆਪ ਜਣਾਇੰਦਾ । ਦੋ ਜਹਾਨਾਂ ਇਕੋ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਵੇਖ ਵਖਾਵਾਂ ਪੰਜ ਤੱਤ, ਕੂੜੀ ਕਿਰਿਆ ਡੇਰਾ ਢਾਹਿੰਦਾ । ਲੇਖੇ ਲਾਵਾਂ ਗੁਰਮੁਖ ਰਤੀ ਰਤ, ਰਤੀ ਰਤ ਨਾਲ ਰੰਗਾਇੰਦਾ । ਸਾਚਾ ਮਾਰਗ ਇਕੋ ਦੱਸ, ਚਾਰ ਵਰਨ ਆਪ ਉਠਾਇੰਦਾ । ਅਠਾਰਾਂ ਬਰਨ ਕਰਾਂ ਵਸ, ਬਚਿਆ ਕੋਇ ਰਹਿਣ ਨਾ ਪਾਇੰਦਾ । ਭਗਤ ਮਿਲਾਵਾਂ ਹੱਸ ਹੱਸ, ਭਗਵਨ ਆਪਣਾ ਪੜਦਾ ਉਠਾਇੰਦਾ । ਨਿਰਗੁਣ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਕਾਇਆ ਮੰਦਰ ਅੰਦਰ ਪਾਵੇ ਰਾਸ, ਗੋਪੀ ਕਾਹਨ ਆਪ ਨਚਾਇੰਦਾ । ਸੀਤਾ ਸੁਰਤੀ ਰਾਮ ਪੁਜਾਏ ਆਸ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਚਤਰਭੁਜ ਵਸੇ ਪਾਸ, ਆਦਿ ਸ਼ਕਤ ਆਪਣੀ ਗੰਢ ਪਵਾਇੰਦਾ । ਨੂਰ ਨੁਰਾਨਾ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਦੋਏ ਜੋੜ ਕਰੋ ਅਰਦਾਸ, ਅਰਦਾਸਾ ਸਭ ਨੂੰ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਾ ਲੇਖਾ ਲਿਖਣਹਾਰਾ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਬੋਲੋ, ਇਕ ਜੈਕਾਰ ਲਗਾਈਆ । ਰਸਨਾ ਜਿਹਵਾ ਬੱਤੀ ਦੰਦ ਬਿਨ ਮੁਖ ਮੁਖੜਾ ਖੋਲ੍ਹੋ, ਪੰਜ ਤਤ ਨਜ਼ਰ ਨਾ ਆਈਆ । ਸਚ ਪ੍ਰੀਤੀ ਆਪ ਆਪਣਾ ਘੋਲੀ ਘੋਲ ਘੋਲੋ, ਘੋਲੀ ਘੋਲ ਲੇਖੇ ਲਾਈਆ । ਵੇਖੋ ਸਾਹਿਬ ਇਕ ਅਡੋਲੋ, ਅਡੋਲ ਡੁਲ ਕਦੇ ਨਾ ਜਾਈਆ । ਚਾਰ ਜੁਗ ਦਾ ਭਾਰ ਹਰਿ ਦੇ ਕੰਡੇ ਤੋਲੋ, ਨਾਮ ਕੰਡਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ

ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਕੁੰਟ ਵੇਖਣ ਮਾਰ ਧਿਆਨ, ਲੋਕਮਾਤ ਅੱਖ ਉਠਾਈਆ । ਕਲਜੁਗ ਅੰਤਮ ਸਾਬਤ ਦਿਸੇ ਨਾ ਕਿਸੇ ਈਮਾਨ, ਧੀਰਜ ਜਤ ਨਜ਼ਰ ਕੋਇ ਨਾ ਆਈਆ । ਗੁਰ ਕਾ ਇਸ਼ਟ ਨਾ ਕੋਇ ਮਨਾਣ, ਦ੍ਰਿਸ਼ਟ ਸਕੇ ਨਾ ਕੋਇ ਖੁਲ੍ਹਾਈਆ । ਅੰਮ੍ਰਿਤ ਮਿਲਿਆ ਨਾ ਪੀਣ ਖਾਣ, ਕੂੜੀ ਕਿਰਿਆ ਤ੍ਰਿਸਨ ਵਧਾਈਆ । ਆਤਮ ਪਰਮਾਤਮ ਪਾਇਆ ਨਾ ਕਿਸੇ ਗਿਆਨ, ਜਗਤ ਵਿਦਿਆ ਕਰਨ ਪੜ੍ਹਾਈਆ । ਜੋ ਲੇਖਾ ਲਿਖ ਲਿਖ ਦੇ ਕੇ ਆਏ ਬਿਆਨ, ਬਿਆਨਾ ਲੋਕਮਾਤ ਧਰਾਈਆ । ਤਿਸ ਨੂੰ ਸਕਿਆ ਨਾ ਕੋਇ ਪਹਿਚਾਨ, ਬੇਪਹਿਚਾਨ ਨਜ਼ਰ ਕਿਸੇ ਨਾ ਆਈਆ । ਦਰੋਹੀ ਖ਼ੁਦਾਏ ਹੋਏ ਹੈਰਾਨ, ਬੀ ਮਿਹਰਬਾਨ ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ, ਤੇਰਾ ਪੜਦਾ ਸਕੇ ਨਾ ਕੋਇ ਉਠਾਈਆ । ਰਾਮ ਰਮਈਆ ਨਜ਼ਰ ਨਾ ਆਇਆ ਘਰ ਘਰ ਫਿਰੇ ਸ਼ੈਤਾਨ, ਕਾਹਨਾ ਬੰਸਰੀ ਨਾਮ ਨਾ ਕੋਇ ਵਜਾਈਆ । ਨਾਨਕ ਮੰਤਰ ਭੁੱਲਿਆ ਸਤਿ ਨਾਮ, ਨਾਮ ਸਤਿ ਤਨ ਮੰਦਰ ਹਟ ਨਾ ਕੋਇ ਵਖਾਈਆ । ਗੋਬਿੰਦ ਦੱਸ ਕੇ ਆਇਆ ਇਕ ਪੁਰਖ ਅਕਾਲ, ਆਦਿ ਜੁਗਾਦਿ ਸਭ ਦਾ ਲੇਖਾ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲਹਿਣਾ ਝੋਲੀ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਨਿਰਾਸ, ਪ੍ਰਭ ਅੱਗੇ ਧਿਆਨ ਲਗਾਈਆ । ਹਰਿ ਜੂ ਤੇਰਾ ਖੇਲ ਤਮਾਸ਼, ਸਮਝ ਸਕੇ ਕੋਈ ਨਾ ਰਾਈਆ । ਸ੍ਰਿਸ਼ਟ ਸਬਾਈ ਗੁਰ ਅਵਤਾਰਾਂ ਉਤੋ ਉਡਿਆ ਵਿਸ਼ਵਾਸ਼, ਧੀਰਜ ਸਚ ਨਾ ਕੋਇ ਰਖਾਈਆ । ਕਾਮ ਕਰੋਧ ਸਭ ਦੇ ਪਾਸ, ਲੋਭ ਮੋਹ ਹੰਕਾਰ ਵੱਜੀ ਵਧਾਈਆ । ਸਾਚਾ ਨਾਮ ਨਾ ਗਾਏ ਕੋਈ ਗਾਥ, ਕੂੜੀ ਕਿਰਿਆ ਢੋਲਾ ਗਾਈਆ । ਸਾਚੀ ਪੜ੍ਹੇ ਨਾ ਕੋਈ ਰਹਿਰਾਸ, ਮਾਣਸ ਜਨਮ ਮਾਣਸ ਮਾਨੁਖ ਮਾਨਵ ਰੰਗ ਨਾ ਕੋਇ ਰੰਗਾਈਆ । ਚਾਰ ਕੁੰਟ ਦਹਿ ਦਿਸ਼ਾ ਘਟ ਘਟ ਵੇਖਿਆ ਭਾਖ, ਸਾਚੀ ਭਾਖਿਆ ਨਾ ਕੋਇ ਸੁਣਾਈਆ । ਏਸੇ ਕਰਕੇ ਸਾਰੇ ਅੰਤਮ ਆਏ ਆਖ, ਲੋਕਮਾਤ ਜਣਾਈਆ । ਪਰਗਟ ਹੋਵੇ ਪੁਰਖ ਸਮਰਾਥ, ਨਿਹਕਲੰਕ ਨਰਾਇਣ ਬੇਪਰਵਾਹੀਆ । ਜਿਸ ਦੀ ਨਾ ਕੋਈ ਜ਼ਾਤ ਨਾ ਕੋਈ ਪਾਤ, ਦੀਨ ਮਜ੍ਹਬ ਨਾ ਕੋਇ ਰਖਾਈਆ । ਨਾ ਕੋਈ ਪਿਤਾ ਨਾ ਕੋਈ ਮਾਤ, ਗੋਦੀ ਗੋਦ ਨਾ ਕੋਇ ਉਠਾਈਆ । ਨਾ ਕੋਈ ਪੱਤਣ ਨਾ ਕੋਈ ਘਾਟ, ਸ਼ਿਵਦੁਆਲੇ ਮੱਠ ਮੰਦਰ ਮਸਜਿਦ ਗੁਰੂਦੁਆਰ ਨਜ਼ਰ ਕਿਸੇ ਨਾ ਆਈਆ । ਨਾ ਕੋਈ ਜਾਣੇ ਦਿਵਸ ਰਾਤ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਨਾ ਕੋਈ ਸੰਧਿਆ ਨਾ ਪਰਭਾਤ, ਦੀਪਕ ਦੀਆ ਨਾ ਕੋਇ ਜਗਾਈਆ । ਆਪਣਾ ਖੇਲ ਕਰੇ ਪ੍ਰਭ ਖ਼ਾਸ, ਖ਼ਾਲਸ ਖ਼ਾਲਸਾ ਲਏ ਪਰਗਟਾਈਆ । ਚੌਂਹ ਵਰਨਾਂ ਵਿਚੋ ਕਰ ਪਰਕਾਸ਼, ਇਕੋ ਜ਼ਾਤ ਦਏ ਸਮਝਾਈਆ । ਸੋ ਜ਼ਾਤ ਸਦਾ ਪਾਕ, ਪਾਕ ਰਸੂਲ ਆਪ ਬਣਾਈਆ । ਜਿਸ ਦਾ ਨੂਰ ਚਮਕੇ ਆਫ਼ਤਾਬ, ਮਹਿਤਾਬ ਕਰੇ ਰੁਸ਼ਨਾਈਆ । ਸੋ ਸਾਹਿਬ ਵਜਾਏ ਇਕ ਰਬਾਬ, ਅਹਿਬਾਬ ਦਏ ਸੁਣਾਈਆ । ਮੁਖ ਪੜਦਾ ਰੱਖੇ ਨਕ਼ਾਬ, ਨੇਤਰ ਅੱਖ ਨਾ ਕਿਸੇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਵੇਖੇ ਥਾਉਂ ਥਾਈਆ । ਜੁਗ ਚੌਕੜੀ ਵੇਖਣਹਾਰਾ, ਇਕ ਇਕੱਲਾ ਆਪ ਅਖਵਾਈਆ । ਕਲਜੁਗ ਅੰਤਮ ਹੋ ਤਿਆਰਾ, ਨਿਰਗੁਣ ਆਪਣਾ ਵੇਸ ਵਟਾਈਆ । ਜੋਤੀ ਨੂਰ ਕਰ ਉਜਿਆਰਾ, ਸ਼ਬਦੀ ਡੰਕ ਡੰਕ ਸੁਣਾਈਆ । ਸਾਚਾ ਧਾਮ ਸੁਹਾਏ ਦੁਆਰਾ, ਬੰਕ ਮਿਲੇ ਮਾਣ ਵਡਿਆਈਆ । ਸ਼ਾਹੋ ਭੂਪ ਬਣ ਸਿਕਦਾਰਾ, ਰਾਜਨ ਰਾਜ ਆਪ ਹੋ ਜਾਈਆ । ਜੋਧਾ ਸੂਰਬੀਰ ਬਲਕਾਰਾ, ਬਲ ਆਪਣਾ ਆਪ ਪਰਗਟਾਈਆ । ਖੜਗ ਖੰਡਾ ਤੇਜ਼ ਕਟਾਰਾ, ਚੰਡ ਪਰਚੰਡ

ਨਾਮ ਚਮਕਾਈਆ । ਵੇਖਣਹਾਰਾ ਲੱਖ ਚੁਰਾਸੀ ਖੋਲ੍ਹ ਕਿਵਾੜਾ, ਨੌਂ ਦੁਆਰੇ ਡੇਰਾ ਢਾਹੀਆ । ਧੁਰਦਰਗਾਹੀ ਬਣ ਕੇ ਲਾੜਾ, ਦਰ ਦਰ ਘਰ ਘਰ ਆਪਣਾ ਫੇਰਾ ਪਾਈਆ । ਮੇਲ ਮਿਲਾਵੇ ਸਾਚੇ ਯਾਰਾਂ, ਯਾਰੀ ਯਾਰਾਂ ਨਾਲ ਬੰਧਾਈਆ । ਭਗਤ ਭਗਵਾਨ ਕਰੇ ਪਿਆਰਾ, ਮੁਰੀਦ ਮੁਰਸ਼ਦ ਗੋਦ ਸੁਹਾਈਆ । ਕਲ ਕਲਕੀ ਲਿਆ ਅਵਤਾਰਾ, ਅਮਾਮ ਅਮਾਮਾਂ ਫੇਰਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਤੱਕਦੇ ਰਹੇ ਸਹਾਰਾ, ਇਕੋ ਓਟ ਰਖਾਈਆ । ਸੋ ਵੇਖਣ ਆਇਆ ਅੰਤ ਕਿਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਪੜਦਾ ਰਿਹਾ ਉਠਾਈਆ । ਸਭ ਦਾ ਪੜਦਾ ਦੇਵੇ ਚੁੱਕ, ਲੁਕਿਆ ਕੋਇ ਰਹਿਣ ਨਾ ਪਾਈਆ । ਸ਼ਬਦ ਅਗੰਮੀ ਧੁਰ ਦਾ ਸ਼ੇਰ ਰਿਹਾ ਬੁੱਕ, ਨਾਮ ਭਬਕ ਇਕੋ ਲਾਈਆ । ਲੱਖ ਚੁਰਾਸੀ ਵੇਖੇ ਉਲਟਾ ਰੁਖ਼, ਮਾਤ ਗਰਭ ਫੋਲ ਫੁਲਾਈਆ । ਧੁਰ ਦਾ ਹੁਕਮ ਸੁਣਾਏ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਰਿਹਾ ਕਰਾਈਆ । ਇਕੋ ਇਕ ਸੁਹਾਉਣੀ ਸੁਹੰਜਣੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਜਨ ਭਗਤ ਉਠਾਏ ਸ੍ਰੀ ਭਗਵਾਨ ਜਿਉਂ ਮਾਂ ਪੁੱਤ, ਪਿਤਾ ਪੂਤ ਲਏ ਜਗਾਈਆ । ਦੋ ਜਹਾਨ ਉਜਲ ਕਰੇ ਮੁਖ, ਦੁਰਮਤ ਮੈਲ ਨਜ਼ਰ ਨਾ ਆਈਆ । ਲੇਖੇ ਲਾਏ ਜਨਨੀ ਕੁੱਖ, ਧੰਨ ਧੰਨ ਜਣੇਂਦੀ ਮਾਈਆ । ਆਵਣ ਜਾਵਣ ਲੱਖ ਚੁਰਾਸੀ ਜਾਏ ਛੁੱਟ, ਜਿਸ ਜਨ ਆਪਣਾ ਦਰਸ ਦਿਖਾਈਆ । ਜਨਮ ਜਨਮ ਦੀ ਕਟੇ ਭੁੱਖ, ਕਰਮ ਕਰਮ ਦੀ ਤ੍ਰਿਸਨਾ ਰਹਿਣ ਨਾ ਪਾਈਆ । ਲੋਕਮਾਤ ਦਾ ਬੂਟਾ ਪੁਟ, ਗੁਰਮੁਖ ਸਚਖੰਡ ਸਾਚੇ ਲਏ ਲਗਾਈਆ । ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰਾ ਸਭ ਕੁਛ, ਆਪਣਾ ਧਨ ਖ਼ਜ਼ਾਨਾ ਦੌਲਤ ਨਾਮ ਜਗਤ ਰਖਾਈਆ । ਰਾਤੀਂ ਸੁਤਿਆਂ ਦਿਨੇ ਜਾਗਦਿਆਂ ਜਨ ਭਗਤਾਂ ਅੰਦਰ ਵੜ ਕੇ ਲਏ ਪੁੱਛ, ਆਤਮ ਪਰਮਾਤਮ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਅੰਤਮ ਫੇਰਾ ਪਾਇਆ, ਗਹਿਰ ਗੰਭੀਰ ਨਜ਼ਰ ਕਿਸੇ ਨਾ ਆਇੰਦਾ । ਗੁਰਮੁਖ ਸਾਚੇ ਲਏ ਜਗਾਇਆ, ਜਾਗਰਤ ਜੋਤ ਇਕ ਵਖਾਇੰਦਾ । ਆਪ ਆਪਣਾ ਰੰਗ ਰੰਗਾਇਆ, ਕੂੜਾ ਰੰਗ ਰਹਿਣ ਕੋਇ ਨਾ ਪਾਇੰਦਾ । ਦੂਈ ਦਵੈਤੀ ਡੇਰਾ ਢਾਹਿਆ, ਮਾਇਆ ਮਮਤਾ ਮੋਹ ਮਿਟਾਇੰਦਾ । ਹਉਮੇਂ ਹੰਗਤਾ ਗੜ੍ਹ ਤੁੜਾਇਆ, ਨਿਵਣ ਸੋ ਅੱਖਰ ਇਕ ਸਮਝਾਇੰਦਾ । ਸਾਚੀ ਸੰਗਤਾ ਮੇਲ ਮਿਲਾਇਆ, ਸ਼ਰਅ ਸੰਗਲ ਨਾ ਕੋਇ ਜਣਾਇੰਦਾ । ਚਾਰ ਵਰਨ ਇਕੋ ਘਰ ਬਹਾਇਆ, ਊਚ ਨੀਚ ਵੰਡ ਨਾ ਕੋਇ ਵੰਡਾਇੰਦਾ । ਆਤਮ ਪਰਮਾਤਮ ਪੜਦਾ ਦਏ ਉਠਾਇਆ, ਬਜਰ ਕਪਾਟੀ ਕੁੰਡਾ ਲਾਹਿੰਦਾ । ਨੌਂ ਦੁਆਰੇ ਪੰਧ ਮੁਕਾਇਆ, ਸੁਖਮਨ ਟੇਢੀ ਬੰਕ ਪਾਰ ਕਰਾਇੰਦਾ । ਅਨਹਦ ਨਾਦੀ ਨਾਦ ਸੁਣਾਇਆ, ਧੁਨ ਆਤਮਕ ਰਾਗ ਸੁਣਾਇੰਦਾ । ਅੰਮ੍ਰਿਤ ਆਤਮ ਜਾਮ ਪਿਆਇਆ, ਤ੍ਰਿਸਨਾ ਭੁੱਖ ਨਾ ਕੋਇ ਵਖਾਇੰਦਾ । ਨਿਰਮਲ ਦੀਆ ਇਕ ਜਗਾਇਆ, ਜੋਤੀ ਨੂਰ ਡਗਮਗਾਇੰਦਾ । ਸਚ ਸਿੰਘਾਸਣ ਇਕ ਵਿਛਾਇਆ, ਆਤਮ ਸੇਜਾ ਸੋਭਾ ਪਾਇੰਦਾ । ਪਲੰਘ ਰੰਗੀਲਾ ਇਕ ਡਾਹਿਆ, ਪਾਵਾ ਚੂਲ ਨਾ ਕੋਇ ਬਣਾਇੰਦਾ । ਸਚ ਸਵਾਣੀ ਲਏ ਜਗਾਇਆ, ਸੁਰਤੀ ਸੁਰਤ ਆਪ ਹਿਲਾਇੰਦਾ । ਸੋਲਾਂ ਇਛਿਆ ਪੂਰ ਕਰਾਇਆ, ਸੋਲਾਂ ਸ਼ੰਗਾਰ ਵਡ ਵਡਿਆਇੰਦਾ । ਨਾਮ ਨੇਤਰ ਕੱਜਲ ਪਾਇਆ, ਧਾਰ ਧਾਰ ਵਿਚੋ ਬੰਨ੍ਹਾਇੰਦਾ । ਸੋਹਣਾ ਪੱਲੂ ਸੀਸ ਟਿਕਾਇਆ, ਸੁਭਰ ਇਕੋ ਇਕ ਵਖਾਇੰਦਾ । ਧੀ ਜਵਾਈ ਇਕੋ ਘਰ ਬਹਾਇਆ, ਮੰਦਰ ਇਕੋ ਇਕ ਵਡਿਆਇੰਦਾ । ਸਾਚਾ ਲਾੜਾ ਬੇਪਰਵਾਇਆ, ਨੂਰ ਨੁਰਾਨਾ ਨਜ਼ਰੀ ਆਇੰਦਾ । ਸਾਚੇ

ਘੋੜੇ ਚਰਨ ਟਿਕਾਇਆ, ਅਸਵ ਇਕੋ ਇਕ ਦੌੜਾਇੰਦਾ । ਸਾਚੀ ਪਾਖਰ ਆਪ ਸੁਹਾਇਆ, ਸੋਲਾਂ ਕਲੀਆਂ ਸੋਭਾ ਪਾਇੰਦਾ । ਕਲਗੀ ਤੋੜਾ ਸੀਸ ਸੁਹਾਇਆ, ਜਗਤ ਜਗਦੀਸ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਢੋਲਾ ਰਹੇ ਜਸ ਗਾਇਆ, ਵੇਦ ਪੁਰਾਨ ਸਿਫ਼ਤ ਸਾਲਾਹਿੰਦਾ । ਜਿਸ ਦਾ ਨੂਰ ਜ਼ਹੂਰ ਬੇਨਜ਼ੀਰ ਖ਼ੁਦਾਇਆ, ਸੋ ਸਚ ਤਸਵੀਰ ਆਪ ਪਰਗਟਾਇੰਦਾ । ਵਡ ਪੀਰਨ ਪੀਰ ਫੇਰਾ ਪਾਇਆ, ਦਸਤਗੀਰ ਦਸਤ ਮਿਲਾਇੰਦਾ । ਕਲਜੁਗ ਅੰਤ ਅਖ਼ੀਰ ਆਇਆ, ਚੌਦਾਂ ਸਦੀਆਂ ਪੰਧ ਮੁਕਾਇੰਦਾ । ਬੀਸ ਬੀਸਾ ਵੇਖ ਵਖਾਇਆ, ਨਾਨਕ ਗੋਬਿੰਦ ਮੇਲ ਮਿਲਾਇੰਦਾ । ਰਾਮ ਕ੍ਰਿਸ਼ਨ ਰੰਗ ਰੰਗਾਇਆ, ਰੰਗ ਇਕੋ ਇਕ ਚੜ੍ਹਾਇੰਦਾ । ਮੁਹੰਮਦ ਮਹਿਬੂਬ ਦਏ ਸਮਝਾਇਆ । ਮੁਹੱਬਤ ਇਕੋ ਘਰ ਬਣਾਇੰਦਾ । ਸਚ ਅਰੂਜ ਅਰਸ਼ ਕੁਰਸ਼ ਮਹਿਰਾਬ ਹੁਜਰਾ ਇਕੋ ਨਜ਼ਰੀ ਆਇਆ, ਅਟੱਲ ਮਨਾਰ ਸਚ ਸਚ ਵਡਿਆਇੰਦਾ । ਪਰਵਰਦਿਗਾਰ ਬੇਪਰਵਾਹ ਡੇਰਾ ਲਾਇਆ, ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਵੇਖ ਵਖਾਇੰਦਾ । ਰੁੱਤ ਰੁਤੜੀ ਦਏ ਸੁਹਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਤ ਸੁਹੇਲੇ ਲਏ ਫੜ, ਗੁਰ ਚੇਲੇ ਲਗਾਏ ਆਪਣੇ ਲੜ, ਪੱਲੂ ਇਕੋ ਨਾਮ ਬੰਧਾਇੰਦਾ । ਪੱਲੂ ਬੰਨ੍ਹੇ ਨਾਮ ਤੰਦ, ਤੰਦ ਨਜ਼ਰ ਕਿਸੇ ਨਾ ਆਇੰਦਾ । ਕਰੇ ਖੇਲ ਸੂਰਾ ਸਰਬੰਗ, ਸੋ ਸਾਹਿਬ ਦਇਆ ਕਮਾਇੰਦਾ । ਜਨਮ ਜਨਮ ਦੀ ਪੂਰੀ ਕਰੇ ਮੰਗ, ਜਨ ਭਗਤਾਂ ਆਪਣਾ ਮੇਲ ਮਿਲਾਇੰਦਾ । ਅੰਤਰ ਅੰਤਰ ਦੇਵੇ ਅਨੰਦ, ਬਾਹਰੋ ਪੰਜ ਤਤ ਕਾਇਆ ਚੋਲਾ ਜਗਤ ਹੰਡਾਇੰਦਾ । ਬਿਨ ਰਸਨਾ ਜਿਹਵਾ ਸੁਣਾ ਕੇ ਜਾਏ ਆਪਣਾ ਛੰਦ, ਬੱਤੀ ਦੰਦ ਨਾ ਕੋਇ ਹਿਲਾਇੰਦਾ । ਬਿਨ ਹੱਥਾਂ ਪੈਰਾਂ ਪਾਂਧੀ ਹੋ ਕੇ ਮੁਕਾ ਕੇ ਜਾਏ ਪੰਧ, ਦੋ ਜਹਾਨਾਂ ਆਪਣਿਆਂ ਚਰਨਾਂ ਹੇਠ ਰਖਾਇੰਦਾ । ਗੁਰਮੁਖ ਸਵਾਣੀ ਸੁਘੜ ਸੁਚੱਜੀ ਜੁਗ ਚੌਕੜੀ ਕਦੇ ਨਾ ਹੋਵੇ ਰੰਡ, ਜਗਤ ਰੰਡੇਪਾ ਆਪ ਕਟਾਇੰਦਾ । ਅੰਤਮ ਲੈ ਕੇ ਜਾਏ ਸਚਖੰਡ, ਸਚ ਦੁਆਰੇ ਆਪ ਬਹਾਇੰਦਾ । ਨਾਤਾ ਤੋੜ ਕੂੜ ਵਰਭੰਡ, ਬ੍ਰਹਿਮੰਡ ਪਾਰ ਕਰਾਇੰਦਾ । ਜਿਥੇ ਪਰਮ ਪੁਰਖ ਦਾ ਇਕੋ ਛੰਦ, ਦੂਜਾ ਰਾਗ ਨਾ ਕੋਇ ਅਲਾਇੰਦਾ । ਤਿਸ ਦੁਆਰੇ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਸੰਤ ਸਾਰੇ ਜੋਦੜੀ ਕਰ ਕੇ ਰਹੇ ਮੰਗ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿਭਗਤ ਗੁਰਮੁਖ ਆਪ ਆਪਣਾ ਮੇਲ ਮਿਲਾਇੰਦਾ । ਗੁਰਸਿਖ ਆਪ ਆਪਣਾ ਮਿਲਾਏ ਮੇਲਾ, ਮਿਲਣੀ ਜਗਦੀਸ ਕਰਾਈਆ । ਇਕੋ ਘਰ ਵਸੇ ਗੁਰੂ ਗੁਰ ਚੇਲਾ, ਚੇਲਾ ਗੁਰੂ ਇਕੋ ਗ੍ਰਿਹਿ ਡੇਰਾ ਲਾਈਆ । ਪਰਮ ਪੁਰਖ ਪ੍ਰਭ ਸੱਜਣ ਸੁਹੇਲਾ, ਸਤਿ ਪੁਰਖ ਨਿਰੰਜਣ ਮਿਲੇ ਚਾਈਂ ਚਾਈਆ । ਕਲਜੁਗ ਅੰਤ ਮਿਲਣ ਦਾ ਇਕੋ ਵੇਲਾ, ਮਾਣਸ ਜਨਮ ਮਿਲੇ ਵਡਿਆਈਆ । ਲੱਖ ਚੁਰਾਸੀ ਵਕਤ ਦੁਹੇਲਾ, ਸਤਿਗੁਰ ਸੰਗ ਨਾ ਕੋਇ ਨਿਭਾਈਆ । ਅੰਤਮ ਧਰਮ ਰਾਏ ਦੀ ਪਏ ਜੇਲ੍ਹਾ, ਜਮ ਕਾ ਫਾਸ ਨਾ ਕੋਇ ਕਟਾਈਆ । ਚਿਤਰ ਗੁਪਤ ਨਾ ਬੈਠੇ ਵੇਹਲਾ, ਸਭ ਦਾ ਲੇਖਾ ਰਿਹਾ ਲਿਖਾਈਆ । ਕਿਸੇ ਕੰਮ ਨਾ ਆਉਣਾ ਪੈਸਾ ਧੇਲਾ, ਬਿਨ ਹਰਿ ਕੇ ਨਾਮ ਸੰਗ ਕੋਈ ਨਾ ਜਾਈਆ । ਮਰਦਿਆਂ ਤੱਕ ਕੋਈ ਨਾ ਹੋਵੇ ਵਿਹਲਾ, ਜੀਂਵਦਿਆਂ ਕੰਮ ਨਾ ਕੋਇ ਮੁਕਾਈਆ । ਜਿਸ ਨੇ ਮਿਲਣਾ ਸਤਿਗੁਰ ਸਾਚੇ ਸੱਜਣ ਸੁਹੇਲਾ, ਕੂੜੇ ਧੰਦੇ ਦਿਓ ਤਜਾਈਆ । ਆਤਮ ਪਰਮਾਤਮ ਵੇਖੋ ਸਭ ਤੋ ਰਹੇ ਨਵੇਲਾ, ਘਰ ਘਰ ਵਿਚ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਇਕੋ ਰਾਹ ਬੁਝਾਈਆ । ਗੁਰਮੁਖ ਕਹਿਣ

ਅਸੀਂ ਆਵਾਂਗੇ । ਪ੍ਰਭ ਤੇਰਾ ਨਾਮ ਧਿਆਵਾਂਗੇ । ਇਕੋ ਓਟ ਰਖਾਵਾਂਗਾ । ਘਰ ਕਾਇਆ ਸ਼ਬਦ ਚੋਟ ਲਗਾਵਾਂਗੇ । ਕੂੜੀ ਕਿਰਿਆ ਖੋਟ ਕਢਾਵਾਂਗੇ । ਆਹਲਣਿਉਂ ਡਿਗੇ ਬੋਟ, ਅੰਤ ਤੇਰੀ ਝੋਲੀ ਬਹਿ ਕੇ ਖ਼ੁਸ਼ੀ ਮਨਾਵਾਂਗੇ । ਤੇਰੇ ਵਿਚੋ ਉਪਜੀ ਤੇਰੀ ਜੋਤ, ਅੰਤ ਤੇਰੇ ਵਿਚ ਮਿਲਾਵਾਂਗੇ । ਤੂੰ ਬੈਠਾ ਰਿਹੋ ਖ਼ਾਮੋਸ਼, ਅੰਦਰ ਵੜ ਕੇ ਤੈਨੂੰ ਬੁਲਾਵਾਂਗੇ । ਜੇ ਸਾਨੂੰ ਦੇਵੇਂ ਦਰਸ ਅਮੋਘ, ਤੇਰੀ ਚਰਨੀ ਸੀਸ ਝੁਕਾਵਾਂਗੇ । ਦੋਏ ਲੋਚਣ ਤੇਰੇ ਦਰਸਨ ਰਹੇ ਲੋਚ, ਕਰ ਦਰਸਨ ਨਿਜ ਨੇਤਰ ਹੋਰ ਖੁਲ੍ਹਾਵਾਂਗੇ । ਪ੍ਰਭੂ ਤੇਰੇ ਮਿਲਣ ਦੀ ਸਾਡੇ ਕੋਲ ਨਹੀਂ ਪਹੁੰਚ, ਤੈਨੂੰ ਆਪਣੇ ਘਰ ਮੰਗਾਵਾਂਗੇ । ਤੂੰ ਸੋਚਿਆਂ ਕਿਸੇ ਨਾ ਆਵੇਂ ਸੋਚ, ਤੇਰੀ ਸੋਚ ਆਪਣੀ ਸੋਚ ਬਣਾਵਾਂਗੇ । ਤੇਰੇ ਪ੍ਰੇਮ ਅੰਦਰ ਹੋਏ ਮਦਹੋਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅੰਤ ਤੇਰਾ ਘਰ ਵਸਾਵੇਂਗਾ । ਜੋ ਪ੍ਰਭ ਨੂੰ ਅੰਤਰ ਧਿਆਏਗਾ । ਸ੍ਰੀ ਭਗਵਾਨ ਵੇਖਣ ਆਏਗਾ । ਬਣ ਦਰਬਾਨ ਫੇਰਾ ਪਾਏਗਾ । ਗੁਰਮੁਖ ਤੇਰਾ ਇਹਸਾਨ, ਤੇਰੀ ਝੋਲੀ ਆਪ ਟਿਕਾਏਗਾ । ਤੇਰੇ ਅੰਦਰ ਵੜੇ ਹੋ ਮਿਹਰਵਾਨ, ਮਿਹਰ ਨਜ਼ਰ ਇਕ ਉਠਾਏਗਾ । ਆਪਣਾ ਵਖਾਏ ਸਚ ਮਕਾਨ, ਘਰ ਘਰ ਵਿਚ ਕੁੰਡਾ ਲਾਹੇਗਾ । ਦੀਵਾ ਜੋਤੀ ਜਗੇ ਮਹਾਨ, ਅੰਧ ਅੰਧੇਰ ਗਵਾਏਗਾ । ਸ਼ਬਦ ਸੁਣਾਏ ਬਿਨ ਕਾਨ, ਸਾਚਾ ਰਾਗ ਅਲਾਏਗਾ । ਆਪਣਾ ਪ੍ਰੇਮ ਪਿਆਏ ਜਾਮ, ਮਧ ਇਕੋ ਇਕ ਵਖਾਏਗਾ । ਸੀਤਾ ਸੁਰਤੀ ਮਿਲੇ ਰਾਮ, ਰਮਈਆ ਆਪਣੀ ਗੋਦ ਉਠਾਏਗਾ । ਘਰ ਘਨਈਆ ਮਿਲੇ ਸ਼ਾਮ, ਬੰਸਰੀ ਇਕੋ ਰਾਗ ਅਲਾਏਗਾ । ਘਰ ਈਸਾ ਮੂਸਾ ਮੁਹੰਮਦ ਦਏ ਪੈਗ਼ਾਮ, ਸਚ ਕਲਾਮ ਆਪ ਪੜ੍ਹਾਏਗਾ । ਨਾਨਕ ਨਿਰਗੁਣ ਜਣਾਏ ਸਤਿ ਨਾਮ, ਗੋਬਿੰਦ ਗੁਰ ਗੁਰ ਵੇਖ ਵਖਾਏਗਾ । ਜੋ ਦਰ ਬਰਦਾ ਬਣੇ ਗੁਲਾਮ, ਤਿਸ ਗੁਰਬਤ ਮੇਟ ਮਿਟਾਏਗਾ । ਗ੍ਰਿਹ ਸਜਦਾ ਇਕ ਸਲਾਮ, ਝੁਕ ਝੁਕ ਸੀਸ ਨਿਵਾਏਗਾ । ਸਾਚੇ ਭਗਤ ਕਰ ਪਰਵਾਨ, ਭਗਤੀ ਮਾਰਗ ਇਕ ਵਖਾਏਗਾ । ਸਾਚੇ ਸੰਤ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਪਰਗਟਾਏਗਾ । ਸਾਚੇ ਗੁਰਮੁਖ ਗੁਰ ਗੁਰ ਢੋਲਾ ਗਾਣ, ਰਾਗ ਨਾਦ ਨਾ ਕੋਇ ਜਣਾਏਗਾ । ਸਾਚੇ ਗੁਰਸਿਖ ਚਰਨ ਕਵਲ ਕਰਨ ਧਿਆਨ, ਧੂੜੀ ਮਸਤਕ ਟਿੱਕਾ ਇਕੋ ਲਾਏਗਾ । ਜਿਨ੍ਹਾਂ ਮਿਲਿਆ ਸ੍ਰੀ ਭਗਵਾਨ, ਤਿਨ੍ਹਾਂ ਗੁਰੂ ਗੁਰ ਵੇਖ ਖ਼ੁਸ਼ੀ ਵਖਾਏਗਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪਰਨਾਮ, ਸੀਸ ਸੀਸ ਸਰਬ ਝੁਕਾਏਗਾ । ਗੁਰਮੁਖ ਤੇਰਾ ਉਚਾ ਨਾਮ, ਪੁਰਖ ਅਕਾਲ ਆਪ ਵਡਿਆਏਗਾ । ਨਿਹਕਰਮੀ ਕਰੇ ਪੂਰਾ ਕਾਮ, ਕਰਮ ਕਾਂਡ ਮੇਟ ਮਿਟਾਏਗਾ । ਸੋਹੰ ਢੋਲਾ ਗਾਉਣਾ ਗਾਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਏਗਾ । ਆਤਮ ਪਰਮਾਤਮ ਇਕ ਈਮਾਨ, ਧਰਮ ਇਕੋ ਇਕ ਵਖਾਏਗਾ । ਸਤਿਜੁਗ ਸਚ ਦੁਆਰਾ ਲੋਕਾਮਤ ਖੋਲ੍ਹੇ ਆਣ, ਅਨਕ ਕਲ ਧਾਰੀ ਆਪਣੀ ਕਲ ਵਰਤਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਵਿਚੋ ਹਰਿ ਭਗਤ ਕਰ ਪਰਧਾਨ, ਪਰਧਾਨਗੀ ਦੋ ਜਹਾਨ ਵਖਾਏਗਾ ।

੨੩ ਭਾਦਰੋ ੨੦੨੦ ਬਿਕ੍ਰਮੀ ਜੰਡਿਆਲਾ ਗੁਰੂ ਤੇਜਾ ਸਿੰਘ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ

ਨਵ ਜੋਬਨ ਉਠੀ ਜੋਤ ਅਕਾਲਣ, ਸਚ ਦੁਆਰ ਖ਼ੁਸ਼ੀ ਮਨਾਈਆ । ਧੁਰਦਰਗਾਹੀ ਬਣ ਕੇ ਮਾਲਣ, ਸਾਚੀ ਖਾਰੀ ਪ੍ਰੇਮ ਉਠਾਈਆ । ਜੁਗ ਚੌਕੜੀ ਬਣ ਦਲਾਲਣ, ਦੋ ਜਹਾਨਾਂ ਵੇਖੇ ਚਾਈਂ ਚਾਈਆ । ਕਲਜੁਗ ਅੰਤਮ ਚੜ੍ਹੀ ਭਾਲਣ, ਲੱਖ ਚੁਰਾਸੀ ਪੜਦਾ ਲਾਹੀਆ । ਭਗਤ ਸੰਤ

ਆਈ ਉਠਾਲਣ, ਕਲਜੁਗ ਸੋਇਆ ਕੋਇ ਰਹਿਣ ਨਾ ਪਾਈਆ । ਸਾਚਾ ਮਾਰਗ ਆਈ ਸਿਖਾਲਣ, ਸਿਖਿਆ ਸਚ ਕਰੇ ਪੜ੍ਹਾਈਆ । ਧੁਰ ਦੀ ਘਾਲ ਆਈ ਘਾਲਣ, ਬਣ ਸੇਵਕ ਸੇਵ ਕਮਾਈਆ । ਜਨ ਭਗਤਾਂ ਕਰੇ ਸੱਚੀ ਪ੍ਰਿਤਪਾਲਣ, ਪ੍ਰਿਤਪਾਲਕ ਰੂਪ ਵਟਾਈਆ । ਸਾਚੀ ਗੋਦ ਆਈ ਸੁਆਲਣ, ਸਿਰ ਆਪਣਾ ਹੱਥ ਟਿਕਾਈਆ । ਘਰ ਮੰਦਰ ਕਰਨ ਆਈ ਚਾਨਣ, ਜਗਤ ਅੰਧੇਰ ਗਵਾਈਆ । ਪੁੱਛਣ ਆਈ ਮੁਰੀਦਾਂ ਹਾਲਣ, ਮੁਰਸ਼ਦ ਆਪਣਾ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਰਤਾਈਆ । ਜੋਤ ਅਕਾਲਣ ਬਣ ਕੇ ਲਾੜੀ, ਦੋ ਜਹਾਨਾਂ ਵੇਖ ਵਖਾਈਆ । ਲੇਖਾ ਜਾਣ ਧੁਰ ਦਰਬਾਰੀ, ਧੁਰ ਸੰਦੇਸਾ ਇਕ ਸੁਣਾਈਆ । ਸੰਤ ਸੁਹੇਲੇ ਉਠੋ ਆਪਣੀ ਵਾਰੀ, ਸ੍ਰੀ ਭਗਵਾਨ ਆਪ ਉਠਾਈਆ । ਜੁਗ ਜਨਮ ਸਤਿਗੁਰ ਸਰਨ ਜਿਨ ਛੁਹਾਈ ਦਾੜ੍ਹੀ, ਤਿਨ੍ਹਾਂ ਲੇਖਾ ਲੇਖੇ ਪਾਈਆ । ਵਿਰਲੇ ਕੰਤ ਬਣੀ ਸਾਚੀ ਨਾਰੀ, ਗੁਰਮੁਖ ਦਰ ਘਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਜੋਤ ਅਕਾਲਣ ਬਣ ਸੁਚੱਜੀ, ਚਾਰੇ ਕੁੰਟ ਭੱਜੇ ਵਾਹੋ ਦਾਹੀਆ । ਨੌ ਖੰਡ ਪ੍ਰਿਥਮੀ ਵਿਚੋ ਗੁਰਮੁਖ ਸੱਜਣ ਰਹੀ ਲੱਭੀ, ਆਪ ਆਪਣਾ ਪੰਧ ਮੁਕਾਈਆ । ਪ੍ਰੇਮ ਪ੍ਰੀਤੀ ਬਣੀ ਲਬੀ, ਦੂਜੀ ਵੰਡ ਨਾ ਕੋਇ ਵੰਡਾਈਆ । ਵੇਖਣਹਾਰੀ ਬੀਸਵੀਂ ਸਦੀ, ਸੱਦਾ ਘਰ ਘਰ ਨਾਮ ਜਣਾਈਆ । ਪੁਰਖ ਅਕਾਲ ਦੀ ਇਕੋ ਰਹਿਣੀ ਗੱਦੀ, ਗਦਾਗਰ ਸਰਬ ਲੋਕਾਈਆ । ਜ਼ਾਤ ਪਾਤ ਮਜ਼੍ਹਬ ਦੀਨ ਕੋਈ ਨਾ ਦਿਸੇ ਹੱਦੀ, ਹੱਕ ਹਦੀਸ ਇਕ ਪੜ੍ਹਾਈਆ । ਕੂੜ ਕੁੜਿਆਰਨ ਜਗਤ ਵਿਚੋ ਕੱਢੀ, ਲੋਕਮਾਤ ਰਹਿਣ ਨਾ ਪਾਈਆ । ਮਿਲੇ ਵਡਿਆਈ ਕਬੀਰ ਜੁਲਾਹੇ ਖੱਡੀ, ਖੱਡੇ ਸੁੱਟੇ ਬੇਵਫ਼ਾਈਆ । ਦੋ ਜਹਾਨ ਗੁਰਮੁਖ ਪਿਆਰ ਬੱਧੀ, ਬੰਦਨਾ ਜੋੜ ਕਰੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਜੋਤ ਅਕਾਲਣ ਕਰ ਸ਼ੰਗਾਰ, ਨੇਤਰ ਨੈਣ ਨੈਣ ਮਟਕਾਈਆ । ਸਚਖੰਡ ਦੁਆਰਿਓਂ ਹੋ ਤਿਆਰ, ਥਿਰ ਘਰ ਆਪਣਾ ਪੜਦਾ ਲਾਹੀਆ । ਸੁੰਨ ਅਗੰਮੇ ਹੋ ਕੇ ਬਾਹਰ, ਰੂਪ ਅਨੂਪ ਲਏ ਵਟਾਈਆ । ਨਵ ਨੌ ਜੋਬਨ ਦਮਕਾਂ ਰਿਹਾ ਮਾਰ, ਨੂਰੋ ਨੂਰ ਨੂਰ ਰੁਸ਼ਨਾਈਆ । ਦੋ ਜਹਾਨਾਂ ਕਰ ਕੇ ਆਰ ਪਾਰ, ਬ੍ਰਹਿਮੰਡ ਖੰਡ ਪੁਰੀ ਲੋਅ ਆਪਣਾ ਪੰਧ ਮੁਕਾਈਆ । ਲੱਖ ਚੁਰਾਸੀ ਕਰ ਵਿਚਾਰ, ਮਾਣਸ ਮਾਨੁਖ ਫੋਲ ਫੁਲਾਈਆ । ਗੁਰਮੁਖ ਵਿਰਲੇ ਕਰ ਪਿਆਰ, ਆਪ ਆਪਣਾ ਬੰਧਨ ਪਾਈਆ । ਮੁਖ ਘੁੰਗਟ ਦਏ ਉਤਾਰ, ਸਚ ਦੀਦਾਰ ਇਕ ਵਖਾਈਆ । ਬਿਨ ਰਸਨਾ ਜਿਹਵਾ ਕਰੇ ਗੁਫ਼ਤਾਰ, ਸਚ ਸਤਾਰ ਆਪ ਹਿਲਾਈਆ । ਅੰਦਰ ਵੜ ਕੇ ਵਾਜਾਂ ਰਹੀ ਮਾਰ, ਧੁਰ ਸੰਦੇਸਾ ਇਕ ਸੁਣਾਈਆ । ਉਠ ਸੱਜਣ ਮੀਤ ਮੁਰਾਰ, ਵੇਲਾ ਵਕਤ ਰਹੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਆਪਣਾ ਭੇਵ ਜਣਾਈਆ । ਜੋਤ ਅਕਾਲਣ ਕਰੇ ਹਾਸਾ, ਹੰਸਮੁਖ ਆਪ ਸੁਹਾਈਆ । ਵੇਖਣ ਆਈ ਜਗਤ ਤਮਾਸਾ, ਬੇਨਜ਼ੀਰ ਰੂਪ ਵਟਾਈਆ । ਪ੍ਰੇਮ ਪਿਆਰ ਦਾ ਫੜ ਕੇ ਕਾਸਾ, ਘਰ ਘਰ ਫਿਰੇ ਵਾਹੋ ਦਾਹੀਆ । ਕਵਣ ਗੁਰਮੁਖ ਸਚ ਪ੍ਰੀਤ ਪਿਆਸਾ, ਬੈਠਾ ਇਕ ਧਿਆਨ ਲਗਾਈਆ । ਜਨਮ ਜਨਮ ਦੀ ਪੂਰੀ ਕਰੇ ਆਸਾ, ਕੂੜੀ ਤ੍ਰਿਸਨਾ ਮੇਟ ਮਿਟਾਈਆ । ਅੰਦਰ ਬਾਹਰ ਦੇਵੇ ਸਾਥਾ, ਸਗਲਾ ਸੰਗ ਨਿਭਾਈਆ । ਇਕ ਜਣਾਏ ਪੂਜਾ ਪਾਠਾ, ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ ।

੩੦੬
੧੫

੩੦੭ ੧੫

ਜੋਤ ਅਕਾਲਣ ਚੜ੍ਹ ਕੇ ਡੋਲੀ, ਦੋ ਜਹਾਨਾਂ ਪੰਧ ਮੁਕਾਈਆ । ਜਨ ਭਗਤ ਦੁਆਰੇ ਹੋਏ ਗੋਲੀ, ਬਣ ਸੇਵਕ ਸੇਵ ਕਮਾਈਆ । ਆਪਣਾ ਭੇਵ ਖੁਲਾਏ ਹੌਲੀ ਹੌਲੀ, ਉਚੀ ਕੂਕ ਨਾ ਕੋਇ ਜਣਾਈਆ । ਪੂਰਾ ਕਰੇ ਇਕਰਾਰ ਕੌਲੀ, ਕੀਤਾ ਇਕਰਾਰ ਭੁਲ ਨਾ ਜਾਈਆ । ਦੇਵੇ ਵਡਿਆਈ ਉਪਰ ਧਵਲੀ, ਧਰਨੀ ਧਰਤ ਸੋਭਾ ਪਾਈਆ । ਲੇਖਾ ਜਾਣੇ ਨੂਰ ਖ਼ੁਦਾਈ ਅਵਲੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਈਆ । ਜੋਤ ਅਕਾਲਣ ਮੁਕਾ ਪੰਧ, ਥੱਕੀ ਮਾਦੀ ਖ਼ੁਸ਼ੀ ਮਨਾਈਆ । ਗੁਰਮੁਖ ਵੇਖ ਚੜ੍ਹਿਆ ਚੰਦ, ਕਰੇ ਸਚ ਰੁਸ਼ਨਾਈਆ । ਮਿਲ ਸੱਜਣ ਆਇਆ ਇਕ ਅਨੰਦ, ਅਨੰਦ ਅਨੰਦ ਵਿਚੋ ਪਰਗਟਾਈਆ । ਦੋਹਾਂ ਮਿਲ ਕੇ ਢੋਲਾ ਗਾਇਆ ਸਾਚਾ ਛੰਦ, ਸੋ ਪੁਰਖ ਨਿਰੰਜਣ ਇਕੋ ਇਕ ਸੱਚਾ ਮਾਹੀਆ । ਆਦਿ ਜੁਗਾਦਿ ਜੁਗ ਚੌਕੜੀ ਜਨਮ ਜਨਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸੁਆਮੀ ਦਾਤਾ ਇਕ ਅਖਵਾਈਆ । ਠਾਕਰ ਹੋ ਬਣੇ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਝੋਲੀ ਪਾਈਆ । ਹਰਿਜਨ ਦੁਆਰਾ ਰਹੀ ਮੰਗ, ਦੋਏ ਜੋੜ ਵਾਸਤਾ ਪਾਈਆ । ਗੁਰਮੁਖ ਉਠ ਰਲ ਮੇਰੇ ਸੰਗ, ਦੂਜਾ ਸੰਗ ਨਜ਼ਰ ਕੋਇ ਨਾ ਆਈਆ । ਤੇਰੀ ਪ੍ਰੀਤੀ ਚੜ੍ਹੇ ਰੰਗ, ਰੰਗ ਮਜੀਠੀ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਜੋਤ ਅਕਾਲਣ ਰਹੀ ਦੌੜ, ਦੂਰ ਦੁਰਾਡਾ ਪੰਧ ਮੁਕਾਈਆ । ਨਿਰਗੁਣ ਸਰਗੁਣ ਅੰਦਰ ਲਾਇਆ ਪੌੜ, ਡੰਡਾ ਆਪਣਾ ਆਪ ਵਖਾਈਆ । ਲੱਖ ਚੁਰਾਸੀ ਵੇਖੇ ਰੀਠਾ ਮਿੱਠਾ ਕੌੜ, ਘਟ ਘਟ ਅੰਦਰ ਫੋਲ ਫੁਲਾਈਆ । ਸਾਚੀ ਧਾਰ ਗੁਰਮੁਖਾਂ ਜਾਏ ਬਹੁੜ, ਬਹੁੜੀ ਬਹੁੜੀ ਕਰੇ ਸਰਬ ਲੋਕਾਈਆ । ਲੱਗੀ ਪ੍ਰੀਤ ਨਿਭਾਏ ਤੋੜ, ਅਧਵਿਚਕਾਰ ਨਾ ਕੋਇ ਤੁੜਾਈਆ । ਸਾਚੀ ਜੋੜੀ ਦੇਵੇ ਜੋੜ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਹਰਿ ਆਪਣੀ ਦਇਆ ਕਮਾਈਆ । ਜੋਤ ਅਕਾਲਣ ਚੜ੍ਹੇ ਚਾ, ਚਾਉ ਘਨੇਰਾ ਇਕ ਰਖਾਈਆ । ਗੁਰਮੁਖ ਸੱਜਣ ਮਿਲਿਆ ਆ, ਮਿਲਣੀ ਇਕੋ ਘਰ ਵਖਾਈਆ । ਸਾਚੇ ਮੰਦਰ ਲਏ ਬਹਾ, ਘਰ ਦੇਵਣਹਾਰ ਵਡਿਆਈਆ । ਆਪਣਾ ਪੜਦਾ ਦਏ ਚੁਕਾ, ਉਹਲਾ ਰਹਿਣ ਕੋਇ ਨਾ ਪਾਈਆ । ਸਾਚੇ ਅੰਗਣ ਲਏ ਬਹਾ, ਮਿਹਰ ਨਜ਼ਰ ਉਠਾਈਆ । ਪਰਮਾਨੰਦੀ ਜਾਏ ਸਮਾ, ਸਮਾਪਤ ਕਰੇ ਖੇਡ ਪਰਾਈਆ । ਏਕਾ ਛੰਦਨ ਦਏ ਸੁਣਾ, ਸੋਹੰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜੁਗ ਆਪਣਾ ਰੰਗ ਰੰਗਾਈਆ । ਜੋਤ ਅਕਾਲਣ ਹੋਈ ਖ਼ੁਸ਼, ਖ਼ੁਸ਼ੀਆਂ ਨਾਲ ਗੀਤ ਇਕੋ ਗਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਜੋ ਬੈਠਾ ਰਿਹਾ ਚੁੱਪ, ਸੋ ਅੰਤਮ ਆਪਣਾ ਫੇਰਾ ਪਾਈਆ । ਕਰ ਪਰਕਾਸ਼ ਅੰਧੇਰੇ ਘੁੱਪ, ਸਾਚਾ ਨੂਰ ਕਰੇ ਰੁਸ਼ਨਾਈਆ । ਨਿਰਗੁਣ ਧਾਰੋ ਨਿਰਗੁਣ ਉਠ, ਸਰਗੁਣ ਦੇਵੇ ਮਾਣ ਵਡਿਆਈਆ । ਜਿਸ ਗੁਰ ਗੋਬਿੰਦ ਬਣਾਇਆ ਸੁੱਤ, ਸੋ ਸਾਹਿਬ ਭੇਵ ਚੁਕਾਈਆ । ਸਚ ਸੁਹੰਜਣੀ ਸੁਹਾਏ ਰੁੱਤ, ਰੁਤੜੀ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਜੋਤ ਅਕਾਲਣ ਚਾਉ ਘਨੇਰਾ, ਘਰ ਇਕੋ ਨਾਮ ਵਧਾਈਆ । ਜਨ ਭਗਤਾਂ ਕਹੇ ਤੂੰ ਮੇਰਾ ਮੈਂ ਤੇਰਾ, ਨੱਢੀ ਬਾਲੀ ਆਪਣਾ ਰੰਗ ਵਖਾਈਆ । ਏਕਾ ਘਰ ਵਸੇ ਗੁਰੂ ਗੁਰ ਚੇਰਾ, ਚੇਲਾ ਗੁਰ ਇਕੋ ਰੂਪ ਵਖਾਈਆ । ਕੂੜੀ ਕਿਰਿਆ ਭਰਮਾਂ ਢਾਹੇ ਡੇਰਾ, ਸੰਝ ਸਵੇਰਾ ਇਕੋ ਰੰਗ ਵਖਾਈਆ । ਸਾਢੇ ਤਿੰਨ ਹੱਥ ਕਾਇਆ ਮੰਦਰ ਹਰਿਜਨ ਤੇਰਾ ਵਸਦਾ ਰਹੇ ਖੇੜਾ, ਖਿੜਕੀ ਸਤਿਗੁਰ

ਆਪ ਖੁਲ੍ਹਾਈਆ । ਅੰਤਮ ਕਰੇ ਹੱਕ ਨਬੇੜਾ, ਸ਼ਾਹੋ ਭੂਪ ਬੇਪਰਵਾਹੀਆ । ਪਾਰ ਲਗਾਏ ਫੜ ਫੜ ਬੇੜਾ, ਮੰਜਧਾਰ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ੇ ਸਚ ਸੱਚੀ ਸਰਨਾਈਆ । ਜੋਤ ਅਕਾਲਣ ਆਈ ਵਿਹੜੇ, ਖੁਲ੍ਹਾ ਵਿਹੜਾ ਇਕ ਵਖਾਈਆ । ਚੌਥੇ ਜੁਗ ਮੁੱਕਣੇ ਝੇੜੇ, ਝਗੜਾ ਕੋਇ ਰਹਿਣ ਨਾ ਪਾਈਆ । ਉਲਟੀ ਲੱਠ ਆਪੇ ਗੇੜੇ, ਗੇੜਾ ਇਕੋ ਵਾਰ ਭਵਾਈਆ । ਕਾਇਆ ਅੰਦਰ ਘਰ ਵਿਚ ਘਰ ਵਸਾਵੇ ਖੇੜੇ, ਖੇੜਾ ਇਕੋ ਸੋਭਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਬੈਠੇ ਕਰ ਕਰ ਜੇਰੇ, ਤਿਨ੍ਹਾਂ ਆਪਣਾ ਰੰਗ ਰੰਗਾਈਆ । ਪੁਰਖ ਅਕਾਲ ਦੀਨ ਦਿਆਲ ਫੜ ਕੇ ਚਾੜ੍ਹੇ ਆਪਣੇ ਬੇੜੇ, ਬੇੜਾ ਇਕੋ ਨਾਮ ਵਖਾਈਆ । ਸਚ ਦੁਆਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੋਤ ਅਕਾਲਣ ਵੇਖੇ ਅੰਤ, ਅੰਤਸ਼ਕਰਨ ਵੇਖ ਵਖਾਈਆ । ਮੇਲ ਮਿਲਾਵਾ ਗੁਰਮੁਖ ਸਾਚੇ ਸੰਤ, ਗੁਰਸਿਖ ਇਕੋ ਘਰ ਵਖਾਈਆ । ਸ਼ਬਦ ਅਨਾਦੀ ਮਹਿਮਾ ਅਗਣਤ, ਸਿਫ਼ਤੀ ਸਿਫ਼ਤ ਰਹੀ ਜਸ ਗਾਈਆ । ਗੜ੍ਹ ਤੋੜ ਹੰਕਾਰੀ ਹਉਮੇਂ ਹੰਗਤ, ਹੰ ਬ੍ਰਹਮ ਰਹੀ ਸਮਝਾਈਆ । ਦਰ ਦਰਵੇਸ਼ ਬਣ ਕੇ ਮੰਗਤ, ਬਣ ਨਿਮਾਣੀ ਝੋਲੀ ਡਾਹੀਆ । ਗੁਰਮੁਖ ਮੈਨੂੰ ਲਾਉਣਾ ਅੰਗਨ, ਅੰਗੀਕਾਰ ਇਕ ਹੋ ਜਾਈਆ । ਰਲ ਮਿਲ ਸਾਚੀ ਬਣੇ ਸੰਗਤ, ਪ੍ਰਭ ਸਗਲਾ ਸੰਗ ਵਖਾਈਆ । ਜਿਸ ਦਾ ਭੇਵ ਨਾ ਜਾਣੇ ਕੋਈ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਹਰਿਜਨ ਪੜਦਾ ਆਪ ਚੁਕਾਈਆ । ਜੋਤ ਅਕਾਲਣ ਲੰਘ ਦਰਵਾਜ਼ਾ, ਘਰ ਆਪਣਾ ਆਸਣ ਲਾਈਆ । ਮੇਲ ਮਿਲਾਏ ਗ਼ਰੀਬ ਨਿਵਾਜ਼ਾ, ਨਿਵਾਜ਼ਸ਼ ਆਪਣੀ ਇਕ ਜਣਾਈਆ । ਸ਼ਬਦ ਅਗੰਮ ਵਜਾਏ ਵਾਜਾ, ਤੁਰੀਆ ਬੈਠੀ ਨੈਣ ਸ਼ਰਮਾਈਆ । ਪ੍ਰੇਮ ਪਿਆਰ ਅੰਦਰ ਮਾਰੇ ਵਾਜਾਂ, ਧੁਰ ਦੀ ਧਾਰ ਆਪ ਪਰਗਟਾਈਆ । ਸਚ ਸਵੰਬਰ ਰਚ ਕੇ ਕਾਜਾ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਹਰਿ ਭਗਤ ਦੁਆਰੇ ਸਾਜਣ ਸਾਜਾ, ਸੱਜਣ ਮੀਤ ਇਕ ਅਖਵਾਈਆ । ਨਾ ਕੋਈ ਦੂਸਰ ਵਜਾਏ ਰਬਾਬਾ, ਤੰਦੀ ਤੰਦ ਸਤਾਰ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਕਰੇ ਇਕ ਕੁੜਮਾਈਆ । ਜੋਤ ਅਕਾਲਣ ਵਰ ਇਕੋ ਪਾ, ਘਰ ਸਾਚੇ ਖ਼ੁਸ਼ੀ ਮਨਾਈਆ । ਗੁਰਮੁਖ ਸੂਰਾ ਮਿਲਿਆ ਆ, ਜਿਸ ਦੀ ਆਦਿ ਜੁਗਾਦਿ ਓਟ ਤਕਾਈਆ । ਕੂੜੀ ਕਿਰਿਆ ਕੂੜਾ ਦਏ ਮਿਟਾ, ਸਚ ਸੁਚ ਸਰਬ ਸਮਝਾਈਆ । ਜੋਤੀ ਨੂਰ ਕਰੇ ਰੁਸ਼ਨਾ, ਪੜਦਾ ਆਪਣਾ ਆਪ ਉਠਾਈਆ । ਸਾਚੀ ਤੂਰਾ ਨਾਦ ਦਏ ਸੁਣਾ, ਅਨਹਦ ਨਾਦੀ ਨਾਦ ਵਜਾਈਆ । ਹਾਜ਼ਰ ਹਜ਼ੂਰਾ ਮਿਲੇ ਬੇਪਰਵਾਹ, ਪਰਦਾਨਸ਼ੀਂ ਆਪਣਾ ਮੁਖ ਵਖਾਈਆ । ਫੜ ਬਾਂਹੋ ਗਲੇ ਲਏ ਲਗਾ, ਸੇਜ ਸੁਹੰਜਣੀ ਸੋਭਾ ਪਾਈਆ । ਆਦਿ ਨਿਰੰਜਣ ਦਇਆ ਕਮਾ, ਜੋਤ ਨਿਰੰਜਣ ਜੋਤ ਮਿਲਾਈਆ । ਦੀਨਾਂ ਨਾਥ ਦਰਦ ਦੁੱਖ ਭੈ ਭੰਜਨ ਭਵ ਸਾਗਰ ਪਾਰ ਦਏ ਕਰਾ, ਅੰਤਮ ਮੇਲਾ ਸਹਿਜ ਸੁਭਾਈਆ । ਭਗਤ ਭਗਵਾਨ ਦੋਹਾਂ ਦਾ ਦਿਸੇ ਇਕੋ ਥਾਂ, ਦੂਜਾ ਧਾਮ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰ ਇਕੋ ਇਕ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਪਕੜੇ ਬਾਂਹ, ਬਾਬਲ ਇਕੋ ਨਜ਼ਰੀ ਆਈਆ ।


੩੦੮
੧੫

## ✪ ੨੩ ਭਾਦਰੋ ੨੦੨੦ ਬਿਕ੍ਰਮੀ ਜੰਡਿਆਲਾ ਸੰਤੋਖ ਸਿੰਘ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ ✪

ਜਨ ਭਗਤਾਂ ਪ੍ਰਭ ਆਸਾ ਪੂਰ, ਆਸਾ ਪੂਰਨ ਆਪ ਕਰਾਇੰਦਾ । ਨਾਤਾ ਤੋੜ ਜਗਤ ਕੂੜ, ਸਾਚਾ ਮਾਰਗ ਇਕ ਵਖਾਇੰਦਾ । ਅੰਤਰ ਆਤਮ ਦੇਵੇ ਨੂਰ, ਅਗਿਆਨ ਅੰਧੇਰ ਮੇਟ ਮਿਟਾਇੰਦਾ । ਸਾਚਾ ਦੇਵੇ ਇਕ ਸਰੂਰ, ਰਸ ਇਕੋ ਇਕ ਵਖਾਇੰਦਾ । ਪਰਗਟ ਹੋਵੇ ਹਾਜ਼ਰ ਹਜ਼ੂਰ, ਘਰ ਮੰਦਰ ਵੇਸ ਵਟਾਇੰਦਾ । ਸਰਬ ਕਲਾ ਆਪੇ ਭਰਪੂਰ, ਖ਼ਾਲੀ ਭਾਂਡੇ ਆਪ ਭਰਾਇੰਦਾ । ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਬਖ਼ਸ਼ਣਹਾਰਾ ਚਰਨ ਧੂੜ, ਮਸਤਕ ਟਿੱਕਾ ਇਕੋ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਆਸਾ ਪੂਰ ਵਖਾਇੰਦਾ । ਸਾਚੀ ਆਸਾ ਪੂਰੇ ਸਤਿਗੁਰ, ਪੁਰਖ ਅਕਾਲ ਬੇਪਰਵਾਹੀਆ । ਲੇਖਾ ਜਾਣੇ ਧੁਰਦਰਗਾਹੀ ਧੁਰ, ਧੁਰ ਮਸਤਕ ਵੇਖ ਵਖਾਈਆ । ਸ਼ਬਦ ਅਗੰਮੀ ਚੜ੍ਹੇ ਘੋੜ, ਸ਼ਾਹਸਵਾਰਾ ਵੇਸ ਵਟਾਈਆ । ਕਲਜੁਗ ਅੰਤ ਭਗਵੰਤ ਨਿਰਗੁਣ ਹੋ ਕੇ ਜਾਏ ਬਹੁੜ, ਭੇਵ ਅਭੇਦਾ ਆਪ ਖੁਲ੍ਹਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਵੇਖੇ ਕਰ ਕੇ ਗ਼ੌਰ, ਗਹਿਰ ਗੰਭੀਰ ਆਪਣੀ ਦਇਆ ਕਮਾਈਆ । ਪੰਚ ਵਿਕਾਰ ਘਰ ਘਰ ਪਾਵੇ ਸ਼ੋਰ, ਕੂੜੀ ਕਿਰਿਆ ਕਰੇ ਲੜਾਈਆ । ਦਿਵਸ ਰੈਣ ਠੱਗੀ ਜਾਵਣ ਪੰਜ ਚੋਰ, ਦਰ ਦਰਬਾਨ ਸਕੇ ਨਾ ਕੋਇ ਹਟਾਈਆ । ਜਨ ਭਗਤਾਂ ਸ੍ਰੀ ਭਗਵਾਨ ਦੀ ਪਈ ਲੋੜ, ਨੇਤਰ ਰੋ ਰੋ ਰਹੇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਘਰ ਮੇਲਾ ਸਹਿਜ ਸੁਭਾਈਆ । ਭਗਤ ਜਨਾਂ ਆਸਾ ਪੁਨੀ, ਇਛਿਆ ਪੂਰ ਆਪ ਹੋ ਜਾਇੰਦਾ । ਪਰਗਟ ਹੋ ਵਡ ਦਾਤਾ ਗੁਣੀ, ਗੁਣਵੰਤਾ ਖੇਲ ਕਰਾਇੰਦਾ । ਸਚ ਪੁਕਾਰ ਇਕੋ ਸੁਣੀ, ਏਕੰਕਾਰ ਵੇਖ ਵਖਾਇੰਦਾ । ਲੱਖ ਚੁਰਾਸੀ ਸ੍ਰਿਸ਼ਟ ਸਬਾਈ ਛਾਣੀ ਪੁਣੀ, ਗੁਰਮੁਖ ਵਿਰਲਾ ਨਜ਼ਰੀ ਆਇੰਦਾ । ਜਿਸ ਜਨ ਸੁਣਾਏ ਆਪਣੀ ਧੁਨੀ, ਧੁਨ ਆਤਮਕ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਪਾਰ ਲੰਘਾਇੰਦਾ । ਆਸਾ ਪੂਰ ਹੋਏ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜੁਗ ਚੌਕੜੀ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਸਿਫ਼ਤੀ ਢੋਲਾ ਗਾਇਣ ਜ਼ਿਮੀਂ ਅਸਮਾਨ, ਲੋਕ ਪਰਲੋਕ ਰਹੇ ਜਸ ਗਾਈਆ । ਜਿਨ੍ਹਾਂ ਬਖ਼ਸ਼ੇ ਚਰਨ ਧਿਆਨ, ਦੇਵਣਹਾਰ ਸੱਚੀ ਸਰਨਾਈਆ । ਤਿਨ੍ਹਾਂ ਚੁਕੇ ਜਮ ਕੀ ਕਾਣ, ਕਾਲ ਨਗਾਰਾ ਡੌਰੂ ਡੰਕਾ ਨਾ ਕੋਇ ਵਜਾਈਆ । ਏਥੇ ਓਥੇ ਦੋ ਜਹਾਨ ਕਰੇ ਪਰਵਾਨ, ਸਗਲਾ ਸੰਗ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤ੍ਰਿਸਨਾ ਦਏ ਬੁਝਾਈਆ । ਗੁਰਮੁਖ ਤ੍ਰਿਸਨਾ ਜਾਏ ਬੁਝ, ਅਗਨੀ ਅੱਗ ਰਹਿਣ ਨਾ ਪਾਈਆ । ਆਪਣਾ ਆਪ ਜਾਏ ਸੁਝ, ਭਾਂਡਾ ਭਰਮ ਭੌ ਭੰਨਾਈਆ । ਭੇਵ ਖੁਲਾਏ ਸਤਿਗੁਰ ਗੁਝ, ਦੂਈ ਦਵੈਤ ਡੇਰਾ ਢਾਹੀਆ । ਸਚ ਪ੍ਰੀਤੀ ਇਕੋ ਲੁਝ, ਇਸ਼ਟ ਗੁਰਦੇਵ ਸੁਆਮੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੰਦਰ ਇਕ ਸੁਹਾਈਆ । ਗੁਰਮੁਖ ਆਸਾ ਸਾਚੇ ਮੰਦਰ, ਹਰਿ ਸਤਿਗੁਰ ਪੂਰ ਕਰਾਇੰਦਾ । ਵੇਖ ਵਖਾਏ ਕਾਇਆ ਡੂੰਘੀ ਕੰਦਰ, ਮਾਟੀ ਭਾਂਡਾ ਫੋਲ ਫੁਲਾਇੰਦਾ । ਬਜਰ ਕਪਾਟੀ ਤੋੜੇ ਜੰਦਰ, ਸਾਚੀ ਹਾਟੀ ਆਪ ਖੁਲ੍ਹਾਇੰਦਾ । ਮਨ ਵਾਸਨਾ ਬੰਨ੍ਹੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਇੰਦਾ । ਭਾਗ ਲਗਾਏ ਅੰਧੇਰੇ ਕੰਦਰ, ਨਿਰਗੁਣ ਜੋਤ ਜੋਤ ਰੁਸ਼ਨਾਇੰਦਾ । ਕਰੇ ਖੇਲ ਸੂਰਾ ਸਰਬੰਗਨ, ਸੂਰਬੀਰ ਆਪਣਾ ਰੰਗ

ਰੰਗਾਇੰਦਾ । ਅੱਠੇ ਪਹਿਰ ਵੱਜੇ ਮਰਦੰਗਨ, ਮਰਦੰਗਾ ਇਕੋ ਨਾਮ ਉਪਾਇੰਦਾ । ਸਾਚੀ ਚੋਲੀ ਚਾੜ੍ਹੇ ਰੰਗਨ, ਰੰਗ ਰੰਗੀਲਾ ਆਪ ਰੰਗਾਇੰਦਾ । ਗੁਰਮੁਖ ਕਿਸੇ ਦੁਆਰੇ ਨਾ ਜਾਏ ਮੰਗਣ, ਸਤਿਗੁਰ ਪੂਰਾ ਨਾਮ ਝੋਲੀ ਆਪ ਭਰਾਇੰਦਾ । ਲੋਕਮਾਤ ਚੜ੍ਹਾਏ ਸਾਚਾ ਚੰਦਨ, ਚੰਦ ਚਾਂਦਨੀ ਨੈਣ ਸ਼ਰਮਾਇੰਦਾ । ਖੇਲੇ ਖੇਲ ਵਿਚ ਬ੍ਰਹਿਮੰਡਨ, ਵਰਭੰਡੀ ਖੋਜ ਖੁਜਾਇੰਦਾ । ਆਵਣ ਜਾਵਣ ਲੱਖ ਚੁਰਾਸੀ ਜਮ ਕਾ ਫਾਸ ਤੋੜੇ ਬੰਧਨ, ਫਾਸੀ ਗਲ ਨਾ ਕੋਇ ਲਟਕਾਇੰਦਾ । ਜੋਤ ਲਲਾਟੀ ਮਸਤਕ ਲਾਏ ਚੰਦਨ, ਤਿਲਕ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਇਛਿਆ ਪੂਰ ਕਰਾਇੰਦਾ । ਗੁਰਮੁਖ ਪੂਰੀ ਕਰੇ ਇਛਿਆ, ਨਿਰਇੱਛਤ ਦਇਆ ਕਮਾਈਆ । ਨਾਮ ਅਮੋਲਕ ਪਾਏ ਭਿਛਿਆ, ਬਿਨ ਦਮਾਂ ਆਪ ਵਰਤਾਈਆ । ਸਾਚੀ ਦੇਵੇ ਧੁਰ ਦੀ ਸਿਖਿਆ, ਆਤਮ ਪਰਮਾਤਮ ਇਕ ਪੜ੍ਹਾਈਆ । ਲੇਖਾ ਲੇਖ ਨਾ ਮਿਟੇ ਲਿਖਿਆ, ਮੇਟਣਹਾਰਾ ਨਜ਼ਰ ਕੋਇ ਨਾ ਆਈਆ । ਗੁਰਮੁਖ ਗੁਰਸਿਖ ਕਦੇ ਨਾ ਜਾਏ ਭਿਟਿਆ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਪੁਰਖ ਅਕਾਲ ਜਿਸ ਘਰ ਸੱਜਣ ਆਪਣਾ ਡਿਠਿਆ, ਤਿਸ ਨਾਤਾ ਤੁੱਟੇ ਜਗਤ ਲੋਕਾਈਆ । ਹਰਿ ਕਾ ਨਾਮ ਰਸ ਜਾਣੇ ਮਿਠਿਆ, ਫਿਕਾ ਰਸ ਸਰਬ ਵਖਾਈਆ । ਸ੍ਰਿਸ਼ਟ ਸਬਾਈ ਅੰਤਮ ਮਿਥਿਆ, ਸਾਚਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਗੁਰਮੁਖ ਆਸਾ ਹੋਏ ਪੂਰੀ, ਨਿਰਧਨ ਸਰਧਨ ਦਏ ਵਡਿਆਈਆ । ਮਨਸਾ ਕੋਇ ਨਾ ਰਹੇ ਅਧੂਰੀ, ਹੱਦ ਹਦੂਦ ਦਏ ਗਵਾਈਆ । ਪੁਰਖ ਅਕਾਲ ਨਾਲ ਮਿਲ ਕੇ ਦੂਜੇ ਘਰ ਦੀ ਲੈਣੀ ਨਾ ਪਏ ਮਨਜ਼ੂਰੀ, ਮੁਸ਼ਕਲ ਸਭ ਦੀ ਹੱਲ ਕਰਾਈਆ । ਜਿਸ ਨੂੰ ਮਿਲਣ ਪਿਛੇ ਸੂਫ਼ੀ ਕੱਟਦੇ ਗਏ ਮਜਬੂਰੀ, ਸੋ ਮਜਬੂਰਨ ਆਪਣਾ ਮੇਲ ਕਰਾਈਆ । ਜਿਸ ਦੀ ਹੱਦ ਹਦੂਦ ਦਿਸੇ ਦੂਰੀ, ਦੂਰ ਦੁਰਾਡਾ ਨੇੜੇ ਆਈਆ । ਸਾਹਿਬ ਸਤਿਗੁਰ ਨਾਲ ਮਿਲ ਕੇ ਸ੍ਰਿਸ਼ਟ ਸਬਾਈ ਦਿਸੇ ਕੂੜੀ, ਕੂੜਾ ਨਾਤਾ ਤੋੜ ਤੁੜਾਈਆ । ਗੁਰਮੁਖ ਵਿਰਲਾ ਲਾਏ ਮਸਤਕ ਧੂੜੀ, ਜਿਸ ਆਪਣੀ ਮਿਹਰ ਨਜ਼ਰ ਉਠਾਈਆ । ਸਰਬ ਕਲਾ ਹਰਿ ਭਰਪੂਰੀ, ਭਰਪੂਰ ਰਿਹਾ ਸਰਬ ਠਾਈਆ । ਜਨ ਭਗਤਾਂ ਮਿਲੇ ਆਦਿ ਜੁਗਾਦਿ ਜ਼ਰੂਰੀ, ਜ਼ਰੂਰਤ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਤ੍ਰਿਸਨਾ ਦਏ ਬੁਝਾਈਆ । ਗੁਰਮੁਖ ਗੁਰਸਿਖ ਮੇਟੇ ਤ੍ਰਿਸਨਾ, ਤ੍ਰਿਖਾ ਨਜ਼ਰ ਕੋਇ ਨਾ ਆਈਆ । ਜਿਸ ਦੇ ਹੁਕਮ ਅੰਦਰ ਸ਼ਿਵ ਬ੍ਰਹਮਾ ਵਿਸ਼ਨਾ, ਦਰ ਬੈਠੇ ਸੀਸ ਝੁਕਾਈਆ । ਤਿਸ ਦਾ ਖੇਲ ਕਿਸੇ ਨਾ ਦਿਸਣਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤ ਦੁਆਰੇ ਗੁਰਮੁਖਾਂ ਦੇਵੇ ਇਕ ਸਿਖਨਾ, ਸਿਖਿਆ ਸਚ ਸਚ ਪੜ੍ਹਾਈਆ । ਧੁਰ ਦਾ ਲੇਖ ਆਪ ਲਿਖਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਵੱਡਾ ਵੱਡਾ ਵਡ ਹੋਏ ਨੀਕ ਨਿਕਨਾ, ਨੀਕਨ ਨੀਕਾ ਆਪਣਾ ਭੇਵ ਛੁਪਾਈਆ । ਲੇਖਾ ਜਾਣੇ ਜੀਵ ਜੀਅ ਕਾ, ਹਰ ਘਟ ਅੰਦਰ ਡੇਰਾ ਲਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਪਣੇ ਮਿਲਣ ਦਾ ਦੱਸੇ ਤਰੀਕਾ, ਤਰਾ ਤਰਾ ਸਮਝਾਈਆ । ਪੁਰਖ ਅਕਾਲ ਭਾਣਾ ਮੰਨੋ ਮੀਠਾ, ਮਿਠਤ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਦੇਵੇ ਇਕੋ ਵਰ, ਆਸਾ ਤ੍ਰਿਸਨਾ ਇਛਿਆ ਭਿਛਿਆ ਸਾਚੀ ਝੋਲੀ ਪਾਈਆ ।

## ✪ ੨੩ ਭਾਦਰੋ ੨੦੨੦ ਬਿਕ੍ਰਮੀ ਜੰਡਿਆਲਾ ਸੁਰੈਣ ਸਿੰਘ ਦੇ ਘਰ ਜ਼ਿਲਾ ਅੰਮ੍ਰਿਤਸਰ ✪

ਸ੍ਰੀ ਭਗਵਾਨ ਸਰਬ ਸੁਆਮੀ, ਏਕੰਕਾਰ ਇਕ ਅਖਵਾਇੰਦਾ । ਨਿਰਗੁਣ ਸਰਗੁਣ ਅੰਤਰਜਾਮੀ, ਹਰਿ ਘਟ ਘਟ ਵੇਖ ਵਖਾਇੰਦਾ । ਬੋਧ ਅਗਾਧ ਅਗੰਮੀ ਬਾਣੀ, ਧੁਰ ਦੀ ਧਾਰ ਆਪ ਉਪਾਇੰਦਾ । ਗੁਰ ਅਵਤਾਰ ਕਥ ਕਹਾਣੀ, ਮਹਿਮਾ ਸਿਫ਼ਤ ਸਿਫ਼ਤ ਸਾਲਾਹਿੰਦਾ । ਪੀਰ ਪੈਗ਼ੰਬਰ ਬਣ ਕੇ ਦਾਨੀ, ਦਾਤਾ ਦਇਆ ਆਪ ਕਮਾਇੰਦਾ । ਖੇਲੇ ਖੇਲ ਦੋ ਜਹਾਨੀ, ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਭੂਪਤ ਭੂਪ ਰਾਜ ਰਾਜਾਨੀ, ਸ਼ਾਹ ਪਾਤਸ਼ਾਹ ਆਪ ਹੋ ਆਇੰਦਾ । ਸਚਖੰਡ ਦੀ ਸਚ ਨਿਸ਼ਾਨੀ, ਲੋਕਮਾਤ ਪਰਗਟਾਇੰਦਾ । ਕਰੇ ਖੇਲ ਇਕ ਲਾਸਾਨੀ, ਲਾਸ਼ਰੀਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਇੰਦਾ । ਜੁਗ ਜੁਗ ਕਾਰ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਨਾਦ ਸ਼ਬਦ ਸ਼ਨਵਾਈਆ । ਨਾਅਰਾ ਬੋਲ ਸਤਿ ਜੈਕਾਰ, ਹੱਕ ਹਕੀਕਤ ਦਏ ਸਮਝਾਈਆ । ਬੰਦ ਤਾਲਾ ਖੋਲ੍ਹ ਕਿਵਾੜ, ਪੜਦਾ ਦੂਈ ਦਵੈਤ ਚੁਕਾਈਆ । ਕਰ ਪਰਕਾਸ਼ ਬਹੱਤਰ ਨਾੜ, ਅੰਧ ਅੰਧੇਰ ਦਏ ਮਿਟਾਈਆ । ਆਤਮ ਪਰਮਾਤਮ ਬਣ ਦਲਾਲ, ਸਾਚਾ ਵਣਜ ਇਕ ਕਰਾਈਆ । ਸੋਈ ਸੁਰਤੀ ਸਤਿ ਉਠਾਲ, ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਪਣਾ ਭੇਵ ਖੁਲ੍ਹਾਈਆ । ਅੰਤਰ ਖੋਲ੍ਹੇ ਆਪਣਾ ਭੇਵ, ਅਭੇਦ ਆਪ ਜਣਾਇੰਦਾ । ਵਸਣਹਾਰਾ ਧਾਮ ਅਟੱਲ ਸਦਾ ਨਿਹਕੇਵ, ਨਿਹਚਲ ਆਪਣਾ ਆਸਣ ਲਾਇੰਦਾ । ਜੁਗ ਚੌਕੜੀ ਨਿਰਗੁਣ ਸਰਗੁਣ ਕਰੇ ਸੇਵ, ਸੇਵਕ ਆਪਣੀ ਕਾਰ ਕਮਾਇੰਦਾ । ਹੰ ਬ੍ਰਹਮ ਪਾਰਬ੍ਰਹਮ ਜਣਾਏ ਸਾਚਾ ਮੇਵ, ਰਸ ਇਕੋ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਆਤਮ ਖੋਜ ਖੋਜਾਇੰਦਾ । ਅੰਤਰ ਆਤਮ ਕਰੇ ਵਿਚਾਰ, ਬੇਸਮਝ ਸਮਝ ਵਿਚ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਵਸੇ ਬਾਹਰ, ਬੇਪਰਵਾਹ ਵੱਡੀ ਵਡਿਆਈਆ । ਗੀਤਾ ਗਿਆਨ ਜਿਸ ਦਾ ਕਰੇ ਧਿਆਨ, ਸੋ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਅੰਜੀਲ ਕੁਰਾਨ ਸਿਫ਼ਤੀ ਸਿਫ਼ਤ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਖਾਣੀ ਬਾਣੀ ਕਰੇ ਨਿਮਸਕਾਰ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਗੁਰ ਅਵਤਾਰ ਜਿਸ ਦਰ ਭਿਖਾਰ, ਦਰ ਮੰਗਣ ਚਾਈਂ ਚਾਈਂਆ । ਸੋ ਸਾਹਿਬ ਸਤਿਗੁਰ ਇਕ ਨਿਰੰਕਾਰ, ਨਿਰਗੁਣ ਵੱਡਾ ਵਡ ਵਡਿਆਈਆ । ਜੁਗ ਚੌਕੜੀ ਦੇਵਣਹਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਈਆ । ਲੇਖਾ ਜਾਣ ਧੁਰ ਦੀ ਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰਚਨਾ ਆਪ ਰਚਾਈਆ । ਸਾਚੀ ਰਚਨਾ ਰਚਣਹਾਰਾ, ਹਰਿ ਹਰਿ ਜੂ ਵੇਖ ਵਖਾਇੰਦਾ । ਆਦਿ ਜੁਗਾਦੀ ਜਗਤ ਕਾਰਾ, ਜੁਗ ਜੁਗ ਵੇਸ ਵਟਾਇੰਦਾ । ਧੁਰ ਫ਼ਰਮਾਣ ਸੱਚੀ ਸਰਕਾਰਾ, ਸਚ ਸੰਦੇਸਾ ਇਕ ਅਲਾਇੰਦਾ । ਲੱਖ ਚੁਰਾਸੀ ਅੰਦਰ ਵਸੇ ਵਸਣਹਾਰਾ, ਰੂਪ ਅਨੂਪਾ ਵੇਸ ਵਟਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਬੇਅੰਤ ਬੇਅੰਤ ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਪੁਕਾਰਾ, ਭੇਵ ਅਭੇਦਾ ਹੱਥ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅਨੁਭਵ ਆਪਣਾ ਖੇਲ ਖਿਲਾਇੰਦਾ । ਅਨੁਭਵ ਖੇਲ ਕਰੇ ਭਗਵਾਨ, ਭਗਵਨ ਨਜ਼ਰ ਕਿਸੇ ਨਾ ਆਈਆ । ਨਿਰਗੁਣ ਸਰਗੁਣ ਦੇਵਣਹਾਰਾ ਦਾਨ, ਵਸਤ ਅਮੋਲਕ ਇਕ ਵਰਤਾਈਆ ।

ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਮਹੱਲੇ ਉਚ ਅਟੱਲੇ ਬੈਠਾ ਇਕੋ ਕਾਹਨ, ਘਨਈਆ ਆਪਣੀ ਧਾਰ ਜਣਾਈਆ । ਰੂਪ ਰੰਗ ਰੇਖ ਤੇ ਵਸੇ ਬਾਹਰ, ਸਾਚਾ ਰਾਮ ਰਹਿਮਤ ਆਪ ਕਮਾਈਆ । ਦੇਵਣਹਾਰ ਸਦਾ ਪੈਗ਼ਾਮ, ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਜੁਗ ਚੌਕੜੀ ਆਦਿ ਜੁਗਾਦਿ ਨਿਤ ਨਵਿਤ ਜਿਸ ਦਾ ਇਕ ਇਸਲਾਮ, ਇਸਮ ਆਜ਼ਮ ਇਕ ਸਮਝਾਈਆ । ਦੋ ਜਹਾਨ ਝੁਲਦਾ ਰਹੇ ਜਿਸ ਨਿਸ਼ਾਨ, ਧਰਮ ਨਿਸ਼ਾਨਾ ਇਕ ਉਠਾਈਆ । ਜਿਸ ਦੀ ਸਿਫ਼ਤ ਸਤਿ ਨਾਮ, ਨਾਮ ਸਤਿ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਵੇਖ ਵਖਾਈਆ । ਸੋ ਪੁਰਖ ਹਰਿ ਪੁਰਖ ਅਗੰਮ, ਅਗੰਮੜੀ ਕਾਰ ਕਮਾਇੰਦਾ । ਮਾਤ ਪਿਤਾ ਕੋਇ ਨਾ ਲਏ ਜੰਮ, ਜਨਨੀ ਜਨ ਗੋਦ ਨਾ ਕੋਇ ਸੁਹਾਇੰਦਾ । ਪੰਜ ਤਤ ਮਾਟੀ ਕਾਇਆ ਖ਼ਾਕੀ ਦਿਸੇ ਨਾ ਕੋਇ ਤਨ, ਤਤਵ ਰੂਪ ਨਾ ਕੋਇ ਵਟਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਨਾ ਕੋਈ ਛੱਪਰ ਨਾ ਕੋਈ ਛੰਨ ਮੰਦਰ ਮਸਜਦ ਮੱਠ ਸ਼ਿਵਦਵਾਲਾ ਗੁਰਦੁਆਰ ਵੰਡ ਨਾ ਕੋਇ ਵੰਡਾਇੰਦਾ । ਨਾ ਕੋਈ ਰਾਗ ਨਾ ਕੋਈ ਕੰਨ, ਨਾ ਕੋਈ ਮਨਸਾ ਨਾ ਕੋਈ ਮਨ, ਰਸਨਾ ਜਿਹਵਾ ਬੱਤੀ ਦੰਦ ਢੋਲਾ ਸੋਹਲਾ ਕੋਈ ਨਾ ਗਾਇੰਦਾ । ਨਾ ਕੋਈ ਦੌਲਤ ਮਾਇਆ ਦਿਸੇ ਧਨ, ਜਗਤ ਖ਼ਜ਼ੀਨਾ ਕੋਲ ਨਾ ਕੋਇ ਰਖਾਇੰਦਾ । ਨਾ ਕੋਈ ਨੇਤਰ ਨੈਣ ਹੋਏ ਅੰਨ੍ਹ, ਅੱਖ ਪਰਤੱਖ ਰੂਪ ਨਾ ਕੋਇ ਜਣਾਇੰਦਾ । ਨਾ ਕੋਈ ਘੜੇ ਨਾ ਕੋਈ ਲਏ ਭੰਨ, ਘਾੜਤ ਘੜਤ ਵਿਚ ਨਾ ਆਇੰਦਾ । ਨਾ ਕੋਈ ਸੂਰੀਆ ਨਾ ਕੋਈ ਚੰਨ, ਰਵ ਸਸ ਨੂਰ ਨਾ ਕੋਈ ਡਗਮਗਾਇੰਦਾ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਕਾਰ ਕਮਾਇੰਦਾ । ਆਦਿ ਬੇੜਾ ਲਿਆ ਬੰਨ੍ਹ, ਜੁਗ ਜੁਗ ਚੱਪੂ ਨਾਮ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਘੱਲ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਤਿਪਰਮੇਸ਼ਵਰ ਵੇਖ ਵਖਾਇੰਦਾ । ਪਤਿਪਰਮੇਸ਼ਵਰ ਪਾਰਬ੍ਰਹਮ, ਬ੍ਰਹਮਵੇਤਾ ਇਕ ਅਖਵਾਈਆ । ਆਦਿ ਜੁਗਾਦਿ ਜਾਣੇ ਆਪਣਾ ਕੰਮ, ਨਿਹਕਰਮੀ ਕਰਮ ਕਮਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਗੁਰਦੇਵ ਸੁਆਮੀ ਦੇਵੇ ਨਾਮ ਧਨ, ਬਣ ਵਣਜਾਰਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਪ੍ਰਭ ਖੇਲ ਕਰਦਾ, ਕਰਨਹਾਰ ਅਖਵਾਇੰਦਾ । ਸਚਖੰਡ ਦੁਆਰੇ ਸਾਚੇ ਚੜ੍ਹਦਾ, ਤਖ਼ਤ ਨਿਵਾਸੀ ਸੋਭਾ ਪਾਇੰਦਾ । ਸੋਹੰ ਰਾਗ ਇਕੋ ਪੜ੍ਹਦਾ, ਨਿਸ਼ਅੱਖਰ ਆਪਣਾ ਰੂਪ ਵਖਾਇੰਦਾ । ਸ਼ਬਦੀ ਧਾਰ ਘਾੜਨ ਘੜਦਾ, ਬਣ ਠਠਿਆਰ ਸੇਵ ਕਮਾਇੰਦਾ । ਥਿਰ ਘਰ ਅੰਦਰ ਆਪੇ ਵੜਦਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਕਰੇ ਖੇਲ ਨਰਾਇਣ ਨਰ ਦਾ, ਨਰ ਹਰਿ ਆਪਣੀ ਕਾਰ ਕਮਾਇੰਦਾ । ਨਾ ਜੀਂਦਾ ਨਾ ਕਦੇ ਮਰਦਾ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਦਰ ਦਰਵੇਸ਼ ਗੋਲਾ ਬਰਦਾ, ਬਣ ਸੇਵਕ ਸੇਵ ਕਮਾਇੰਦਾ । ਜੁਗ ਚੌਕੜੀ ਭਗਤ ਭਗਵਾਨ ਆਪੇ ਫੜਦਾ, ਫੜ ਬਾਂਹੋ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਆਪ ਰੰਗਾਇੰਦਾ । ਸਾਚਾ ਰੰਗ ਰੰਗੇ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਜਗਤ ਨੇਤਰ ਨਜ਼ਰ ਨਾ ਆਏ ਸੰਸਾਰ, ਭਰਮੇ ਭੁੱਲੀ ਸਰਬ ਲੋਕਾਈਆ । ਘਰ ਘਰ ਵੜਿਆ ਕਾਮ ਕਰੋਧ ਲੋਭ ਮੋਹ ਹੰਕਾਰ, ਕੂੜੀ ਕਿਰਿਆ ਅਗਨੀ ਰਹੀ ਲਗਾਈਆ । ਮਿਲੇ ਹਰਿ ਨਾ ਮੀਤ ਮੁਰਾਰ, ਮਿੱਤਰ ਪਿਆਰਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਰ ਆਤਮ ਆਪ ਸਮਝਾਈਆ । ਅੰਤਰ ਆਤਮ ਲੈਣਾ ਜਾਣ,

ਸੋ ਸਤਿਗੁਰ ਆਪ ਜਣਾਈਆ । ਤੇਰਾ ਮੇਰਾ ਇਕ ਗਿਆਨ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੇਰਾ ਮੇਰਾ ਇਕ ਧਿਆਨ, ਧਿਆਨ ਧਿਆਨ ਵਿਚ ਰਖਾਈਆ । ਤੇਰਾ ਮੇਰਾ ਇਕ ਅਸਥਾਨ, ਸਚ ਦੁਆਰੇ ਡੇਰਾ ਲਾਈਆ । ਤੇਰਾ ਮੇਰਾ ਇਕ ਮਕਾਨ, ਕਾਇਆ ਹੱਟ ਵੱਜੇ ਵਧਾਈਆ । ਤੇਰਾ ਮੇਰਾ ਇਕ ਨਿਸ਼ਾਨ, ਨਿਰਗੁਣ ਨਿਰਗੁਣ ਦਏ ਝੁਲਾਈਆ । ਤੇਰਾ ਮੇਰਾ ਇਕ ਦਾਨ, ਵਸਤ ਅਮੋਲਕ ਆਪ ਵਰਤਾਈਆ । ਤੇਰਾ ਮੇਰਾ ਮੇਰਾ ਤੇਰਾ ਇਕੋ ਕਾਹਨ, ਤੂੰ ਮੇਰਾ ਮੈਂ ਤੇਰਾ ਗੋਪੀ ਕਾਹਨ ਇਕੋ ਨਜ਼ਰੀ ਆਈਆ । ਤੂੰ ਮੇਰਾ ਮੈਂ ਤੇਰਾ ਰਾਮ, ਤੇਰਾ ਰਾਮ ਤੇਰੇ ਰੰਗ ਸਮਾਈਆ । ਲੇਖਾ ਜਾਣ ਜੀਵ ਜਹਾਨ, ਜੀਵਣ ਜੁਗਤ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਰ ਆਤਮ ਇਕ ਦਰਸਾਈਆ । ਅੰਤਰ ਆਤਮ ਕਰ ਦਰਸ, ਪਰਮਾਤਮ ਆਪਣੀ ਦਇਆ ਕਮਾਇੰਦਾ । ਪੂਰਬ ਮਿਟੇ ਪਿਛਲੀ ਹਰਸ, ਹਵਸ ਹੋਰ ਨਾ ਕੋਇ ਵਧਾਇੰਦਾ । ਆਪਣੀ ਅੰਸ ਕਰੇ ਤਰਸ, ਮਿਹਰ ਨਜ਼ਰ ਉਠਾਇੰਦਾ । ਜਗ ਸੁੱਤੀ ਉਠ ਕੇ ਕਰ ਪਰਖ, ਪਾਰਖੂ ਆਪਣਾ ਰੰਗ ਚੜ੍ਹਾਇੰਦਾ । ਜਿਸ ਨੂੰ ਲੱਭਦਿਆਂ ਕੋਟਨ ਕੋਟ ਕਾਲ ਬੀਤੇ ਅਸੰਖ ਬਰਸ, ਜੁਗ ਚੌਕੜੀ ਪੰਧ ਮੁਕਾਇੰਦਾ । ਤਿਸ ਦਾ ਮੇਲਾ ਅੰਤ ਨਧੜਕ, ਕਾਮ ਕਰੋਧ ਲੋਭ ਮੋਹ ਹੰਕਾਰ ਮਨ ਮਤ ਬੁਧ ਅਧਵਿਚਕਾਰ ਨਾ ਕੋਇ ਅਟਕਾਇੰਦਾ । ਤਿਸ ਸਾਹਿਬ ਦੀ ਸਚ ਦੁਆਰੇ ਇਕੋ ਚੜ੍ਹਤ, ਚੜ੍ਹਦਾ ਲਹਿੰਦਾ ਇਕੋ ਰੰਗ ਵਖਾਇੰਦਾ । ਜਿਸ ਦੁਆਰੇ ਨਾ ਕੋਈ ਲਿਖਤ ਨਾ ਕੋਈ ਪੜ੍ਹਤ, ਬਿਨ ਲਿਖਿਆਂ ਪੜ੍ਹਿਆ ਲੇਖਾ ਪਾਰ ਕਰਾਇੰਦਾ । ਜਿਸ ਪੁਰਖ ਅਕਾਲ ਦੀ ਨਾਨਕ ਗੋਬਿੰਦ ਲਿਖ ਕੇ ਗਏ ਸ਼ਰਤ, ਸੋ ਸ਼ਹਿਨਸ਼ਾਹ ਆਪਣਾ ਵੇਸ ਵਟਾਇੰਦਾ । ਨਿਰਗੁਣ ਧਾਰ ਹੋ ਕੇ ਆਇਆ ਪਰਤ, ਪਰਤੀਨਿਧ ਆਪਣਾ ਨਾਮ ਵਡਿਆਇੰਦਾ । ਨਾ ਕੋਈ ਸੋਗ਼ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਇੰਦਾ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਉਤੇ ਕਰੇ ਤਰਸ, ਜਗਤ ਭੁੱਲਿਆਂ ਮਾਰਗ ਲਾਇੰਦਾ । ਅੰਮ੍ਰਿਤ ਮੇਘ ਇਕੋ ਬਰਸ, ਜੁਗ ਜਨਮ ਦੀ ਅਗਨੀ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਘਟ ਆਪਣਾ ਡੇਰਾ ਲਾਇੰਦਾ । ਹਰ ਘਟ ਅੰਦਰ ਹਰਿਜੂ ਵੜ, ਨਿਰਗੁਣ ਆਪਣਾ ਆਪ ਛੁਪਾਈਆ । ਸਾਚੇ ਪੌੜੇ ਬੈਠਾ ਚੜ੍ਹ, ਚੜ੍ਹਦਾ ਨਜ਼ਰ ਕਿਸੇ ਨਾ ਆਈਆ । ਸਚ ਮਹੱਲੇ ਬੈਠਾ ਦੜ, ਆਪਣਾ ਅੰਗ ਨਾ ਕੋਇ ਹਿਲਾਈਆ । ਕਰੇ ਖੇਲ ਨਰਾਇਣ ਨਰ, ਨਰ ਹਰਿ ਆਪਣੀ ਧਾਰ ਸਮਝਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਪਰਮ ਪੁਰਖ ਪਤਿਪਰਮੇਸ਼ਵਰ ਲਏ ਵਰ, ਵਰ ਇਕੋ ਇਕ ਜਣਾਈਆ । ਸਰਨ ਸਰਨਾਗਤ ਸੁਆਮੀ ਜਾਏ ਪੜ, ਪੜਦਾ ਉਹਲਾ ਇਕ ਉਠਾਈਆ । ਜੀਂਵਦਿਆਂ ਜਗ ਜਾਏ ਮਰ, ਮਰਨਾ ਜੀਵਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਅੰਦਰ ਰਿਹਾ ਵੜ, ਸਚ ਸਿੰਘਾਸਣ ਸੋਭਾ ਪਾਈਆ । ਸਚ ਸਿੰਘਾਸਣ ਆਤਮ ਪਲੰਘ, ਪਾਵਾ ਚੂਲ ਨਾ ਕੋਇ ਬਣਾਇੰਦਾ । ਉਪਰ ਬੈਠ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਹੁਕਮ ਸੁਣਾਇੰਦਾ । ਅਨਹਦ ਵੱਜੇ ਇਕ ਮਰਦੰਗ, ਨਾਦ ਅਨਾਦੀ ਰਾਗ ਅਲਾਇੰਦਾ । ਅੰਮ੍ਰਿਤ ਜਲ ਮੰਗੇ ਮੰਗ, ਧਾਰ ਧਾਰ ਵਿਚੋ ਆਪ ਪਰਗਟਾਇੰਦਾ । ਵੇਖੇ ਖੇਲ ਹਰਿ ਬ੍ਰਹਿਮੰਡ, ਬ੍ਰਹਿਮਾਂਡ ਆਪਣਾ ਹੁਕਮ ਵਰਤਾਇੰਦਾ । ਨਿਰਗੁਣ ਨੂਰ ਚਾੜ੍ਹ ਚੰਦ, ਚੰਦ ਚਾਂਦਨੀ ਨੈਣ ਸ਼ਰਮਾਇੰਦਾ । ਸੁਰਤ ਸ਼ਬਦ ਮਿਲਾ ਦੋਹਾਂ ਸੁਣਾਏ ਸੋਹੰ ਛੰਦ, ਤੂੰ ਮੇਰਾ ਮੈਂ ਤੇਰਾ ਦੋਹਾਂ ਇਕੋ ਅੰਗਣ ਬਹਾਇੰਦਾ । ਜਨਮ ਜਨਮ ਦੀ ਟੁੱਟੀ ਗੰਢ, ਗੰਢ ਇਕੋ ਹਰਿ ਰਖਾਇੰਦਾ । ਅੰਤਰਜਾਮੀ

੩੧੩ ੧੫

ਪਾਏ ਠੰਡ, ਦੁੱਖੜਾ ਦਰਦੀ ਦਰਦ ਮਿਟਾਇੰਦਾ । ਸਚ ਸਵਾਣੀ ਹੋਏ ਨਾ ਰੰਡ, ਕੰਤ ਕੰਤੂਹਲ ਇਕੋ ਨਜ਼ਰੀ ਆਇੰਦਾ । ਲੇਖਾ ਚੁੱਕੇ ਕੂੜ ਪਖੰਡ, ਸਚ ਮਾਰਗ ਇਕ ਸਮਝਾਇੰਦਾ । ਅੰਤਰ ਦੇਵੇ ਇਕ ਅਨੰਦ, ਨਿਜਾਨੰਦ ਰੂਪ ਵਟਾਇੰਦਾ । ਸਚ ਦੁਆਰੇ ਆਪੇ ਲੰਘ, ਆਪਣਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਰ ਆਤਮ ਮੇਲ ਮਿਲਾਇੰਦਾ । ਅੰਤਰ ਅੰਤਰ ਮੇਲ ਮਿਲਾਪ, ਮਿਲਣੀ ਇਕੋ ਘਰ ਕਰਾਈਆ । ਸਚ ਸੁਨੇਹੜਾ ਅਜੱਪਾ ਜਾਪ, ਜਗਜੀਵਣ ਦਾਤਾ ਦਏ ਦ੍ਰਿੜਾਈਆ । ਨਾਤਾ ਤੁੱਟੇ ਤੀਨੋ ਤਾਪ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਪੰਜ ਪੰਜ ਨਾ ਕੋਇ ਸੰਤਾਪ, ਸੰਸਾ ਰੋਗ ਦਏ ਮੁਕਾਈਆ । ਹੋਏ ਸਹਾਈ ਅਨਾਥਾਂ ਨਾਥ, ਨਾਥ ਅਨਾਥੀ ਵੇਖ ਵਖਾਈਆ । ਆਤਮ ਪਰਮਾਤਮ ਜਣਾਏ ਸਾਚੀ ਗਾਥ, ਗਾਵਤ ਗਾਵਤ ਆਪਣਾ ਰੰਗ ਰੰਗਾਈਆ । ਲਹਿਣਾ ਦੇਣ ਚੁਕਾਏ ਮਸਤਕ ਮਾਥ, ਪੂਰਬ ਲੇਖਾ ਝੋਲੀ ਪਾਈਆ । ਗੁਰਮੁਖ ਤੇਰਾ ਇਕੋ ਪੂਜਾ ਪਾਠ, ਇਸ਼ਟ ਗੁਰਦੇਵ ਸੁਆਮੀ ਇਕੋ ਨਜ਼ਰੀ ਆਈਆ । ਇਕੋ ਸਰੋਵਰ ਤੀਰਥ ਤਾਟ, ਅਠਸਠ ਲੇਖਾ ਰਿਹਾ ਮੁਕਾਈਆ । ਇਕੋ ਪ੍ਰੀਤੀ ਚਰਨ ਨਾਤ, ਹਰਿ ਚਰਨ ਸੱਚੀ ਸਰਨਾਈਆ । ਇਕੋ ਉਤਮ ਤੇਰੀ ਜ਼ਾਤ, ਆਤਮ ਪਰਮਾਤਮ ਦਏ ਸਮਝਾਈਆ । ਮੇਟੇ ਰੈਣ ਅੰਧੇਰੀ ਰਾਤ, ਕੂੜ ਅਮਾਵਸ ਦਏ ਖਪਾਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਬਜਰ ਕਪਾਟੀ ਤੋੜ ਤੁੜਾਈਆ । ਪਾਰ ਉਤਾਰੇ ਆਪਣੇ ਘਾਟ, ਪਤਣ ਬਹਿ ਕੇ ਸੱਚਾ ਮਾਹੀਆ । ਗੋਬਿੰਦ ਪੂਰਾ ਕਰੇ ਭਵਿਖਤ ਵਾਕ, ਸਾਚਾ ਲੇਖੇ ਆਪੇ ਪਾਈਆ । ਜਨ ਭਗਤਾਂ ਬਣ ਕੇ ਸੱਜਣ ਸਾਕ, ਗੁਰਮੁਖ ਸਾਚੇ ਨਾਲ ਰਲਾਈਆ । ਸਚ ਧਰਮ ਦਾ ਖੋਲ੍ਹ ਹਾਟ, ਚਾਰੇ ਵਰਨ ਦਏ ਸਮਝਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਅੰਤਰ ਵੇਖੋ ਆਤਮ ਰਾਮ ਇਕੋ ਜ਼ਾਤ, ਰਾਮ ਰਮਈਆ ਹਰ ਘਟ ਥਾਈਂਆ । ਜਿਸ ਨੇ ਬੇਟਾ ਜਣਿਆ ਪੂਤ ਦਸਰਾਥ, ਦਹਿ ਦਿਸ਼ਾ ਵੇਖੇ ਚਾਈਂ ਚਾਈਂਆ । ਜਿਸ ਦਾ ਘਨਈਆ ਹੋਇਆ ਤ੍ਰਲੋਕੀ ਨਾਥ, ਚੌਦਾਂ ਲੋਕ ਆਪਣੇ ਵਿਚ ਛੁਪਾਈਆ । ਜਿਸ ਦੀ ਮੂਸਾ ਈਸਾ ਦੱਸਦੇ ਗਏ ਇਕ ਆਦਾਤ, ਅਦਾਵਤ ਵਿਚ ਕਦੇ ਨਾ ਆਈਆ । ਜਿਸ ਦੀ ਮੁਹੰਮਦ ਪੜ੍ਹਦਾ ਗਿਆ ਸਫ਼ਾਤ, ਸਫ਼ਰੀ ਆਪਣਾ ਸਫ਼ਰ ਮੁਕਾਈਆ । ਤਿਸ ਦਾ ਖੇਲ ਸਦਾ ਕਾਇਨਾਤ, ਕਲਮਾ ਇਕੋ ਇਕ ਸਮਝਾਈਆ । ਆਦਿ ਜੁਗਾਦਿ ਦੋ ਜਹਾਨ ਕਦੀ ਨਾ ਪਾਏ ਵਫ਼ਾਤ, ਫ਼ਤਵਾ ਸਕੇ ਨਾ ਕੋਇ ਲਗਾਈਆ । ਜਿਸ ਦਾ ਪਿਆਲਾ ਆਬੇਹਯਾਤ, ਹਯਾਤੀ ਹਯਾਤੀ ਵਿਚੋ ਦਏ ਬਦਲਾਈਆ । ਸੋ ਸਾਹਿਬ ਸਤਿਗੁਰ ਸਾਖਿਆਤ, ਸਚ ਸੁਲਤਾਨ ਸਹਿਜ ਸੁਖਦਾਈਆ । ਜਨ ਭਗਤਾਂ ਦੇਵੇ ਨਾਮ ਦਾਤ, ਸਚ ਭੰਡਾਰਾ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਵਖਾਵਣਹਾਰਾ ਇਕ ਘਰ, ਘਰ ਮੰਦਰ ਅੰਦਰ ਡੇਰਾ ਲਾਈਆ ।



## ੨੩ ਭਾਦਰੋ ੨੦੨੦ ਬਿਕ੍ਰਮੀ ਜੰਡਿਆਲਾ ਸਵਰਨ ਸਿੰਘ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ

ਸੁਖ ਦੁਖ ਦੋਵੇਂ ਆਏ, ਘਰ ਬੈਠੇ ਡੇਰਾ ਲਾਈਆ । ਗੁਰਮੁਖ ਸੁਖ ਵਿਚ ਸਮਾਏ, ਮਨ ਸੀਤਲ ਸਤਿ ਕਰਾਈਆ । ਮਨਮੁਖ ਕਰਨ ਹਾਏ ਹਾਏ, ਦੁਖੀ ਦਰਦ ਨਾ ਕੋਇ ਵੰਡਾਈਆ । ਮਾਣਸ ਮਾਨੁਖ ਭੇਵ ਨਾ ਆਏ, ਭਰਮੇ ਭੁੱਲੀ ਸਰਬ ਲੋਕਾਈਆ । ਪੰਜ ਤਤ ਜੋ ਖੇਲ ਰਚਾਏ, ਕਾਇਆ

ਮਾਟੀ ਹੱਟ ਚਲਾਈਆ । ਜਨਮ ਮਰਨ ਆਪਣੇ ਹੱਥ ਰਖਾਏ, ਲੱਖ ਚੁਰਾਸੀ ਗੇੜ ਭਵਾਈਆ । ਦੇਵਣਹਾਰਾ ਇਕ ਰਘੁਰਾਏ, ਦੋ ਜਹਾਨ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਇਕ ਕਮਾਈਆ । ਸੁਖ ਕਹੇ ਮੈਂ ਤੇਰਾ ਸਾਗਰ, ਦਰ ਤੇਰੇ ਓਟ ਤਕਾਈਆ । ਜਨ ਭਗਤਾਂ ਵਸਾਂ ਕਾਇਆ ਗਾਗਰ, ਘਰ ਸਾਚੇ ਸੋਭਾ ਪਾਈਆ । ਸਚ ਦੁਆਰੇ ਮਿਲੇ ਆਦਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੁਗ ਜੁਗ ਮੇਰਾ ਇਕੋ ਵਣਜ ਸੌਦਾਗਰ, ਧੁਰ ਦਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਰੰਗ ਇਕ ਵਖਾਈਆ । ਦੁੱਖ ਕਹੇ ਮੈਂ ਦੁਖਿਆਰ, ਦੁਖੀਆਂ ਨਾਲ ਸੋਭਾ ਪਾਇੰਦਾ । ਮਨ ਹੰਕਾਰੀ ਮੇਰਾ ਯਾਰ, ਸਦ ਮੇਰਾ ਸੰਗ ਨਿਭਾਇੰਦਾ । ਅੰਦਰ ਰੋਵੇ ਧਾਹਾਂ ਮਾਰ, ਬਾਹਰੋ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਦੁਖ ਸੁਖ ਦੋਵੇਂ ਕਹਿਣ, ਪ੍ਰਭ ਅੱਗੇ ਸੀਸ ਝੁਕਾਈਆ । ਇਕ ਦੂਜੇ ਦਾ ਚੁੱਕੇ ਦੇਣ ਲਹਿਣ, ਦੇਣਾ ਕੋਇ ਰਹਿਣ ਨਾ ਪਾਈਆ । ਸਾਕ ਨਹੀਂ ਨਾ ਕੋਈ ਸੈਣ, ਸਗਲਾ ਸੰਗ ਨਾ ਕੋਇ ਬਣਾਈਆ । ਝੂਠਾ ਨਾਤਾ ਮਾਤਾ ਪਿਤਾ ਭਾਈ ਭੈਣ, ਕੂੜੀ ਕਿਰਿਆ ਬੰਧਨ ਪਾਈਆ । ਬਿਨ ਹਰਿ ਵਿਛੋੜੇ ਸਭ ਦੇ ਵੈਹਣ, ਵੈਂਹਦੀ ਧਾਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਰਘੁਰਾਈਆ । ਦੁੱਖ ਕਹੇ ਮੈਂ ਤੇਰਾ ਬਰਦਾ, ਦਰ ਘਰ ਸਾਚੇ ਸੇਵ ਕਮਾਈਆ । ਤੇਰੇ ਕੋਲੋ ਸਾਹਿਬ ਜੋ ਡਰਦਾ, ਦੂਰ ਦੁਰਾਡਾ ਧੱਕਾ ਦੇਵਾਂ ਲਾਈਆ । ਮੇਰਾ ਖੇਲ ਜਿਸ ਅੰਦਰ ਵੜਦਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਮੇਰੀ ਇਛਿਆ ਪੂਰ ਕਰਾਈਆ । ਸੁਖ ਕਹੇ ਪ੍ਰਭ ਪਾਇਆ ਮੀਤ, ਘਰ ਸਤਿਗੁਰ ਨਜ਼ਰੀ ਆਈਆ । ਗੁਰਮੁਖ ਸੁਣਨ ਸਾਚਾ ਗੀਤ, ਅੰਤਰ ਇਕ ਧਿਆਨ ਲਗਾਈਆ । ਮਨਮੁਖ ਰਸਨਾ ਹੋਈ ਪਲੀਤ, ਕੂੜੀ ਕਿਰਿਆ ਨਾਲ ਪਰਨਾਈਆ । ਕਰੇ ਖੇਲ ਇਕ ਅਨਡੀਠ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋਹਾਂ ਮਿਲਾਵਾ ਇਕੋ ਘਰ, ਘਰ ਸਾਚਾ ਇਕ ਸੁਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ, ਜਾਨਣਹਾਰ ਜਗਤ ਜੁਗਤ ਜੀਵਣ ਨਾਲ ਮਿਲਾਈਆ ।



## ੨੩ ਭਾਦਰੋ ੨੦੨੦ ਬਿਕ੍ਰਮੀ ਜੰਡਿਆਲਾ ਨਰਿੰਦਰ ਕੁਮਾਰ ਦੇ ਗ੍ਰਿਹਿ ਜ਼ਿਲਾ ਅੰਮ੍ਰਿਤਸਰ

ਬਿਰਧ ਬਾਲਾਂ ਇਕ ਭਗਵਾਨ, ਘਟ ਘਟ ਰਿਹਾ ਸਮਾਈਆ । ਜਿਸ ਜਨ ਦੇਵੇ ਆਪਣਾ ਗਿਆਨ, ਆਤਮ ਪਰਮਾਤਮ ਬੂਝ ਬੁਝਾਈਆ । ਅੰਤਰ ਬਖ਼ਸ਼ੇ ਸਚ ਧਿਆਨ, ਜਗਤ ਬਸੰਤਰ ਦਏ ਬੁਝਾਈਆ । ਨਜ਼ਰੀ ਆਏ ਇਕ ਨਿਸ਼ਾਨ, ਧਰਮ ਦੁਆਰਾ ਇਕ ਵਖਾਈਆ । ਚਰਨ ਕਵਲ ਇਕ ਧਿਆਨ, ਸਰਨ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਨਾਮ ਨਿਰੰਕਾਰਾ ਝੋਲੀ ਪਾਈਆ । ਨਾਉਂ ਨਿਰੰਕਾਰ ਆਤਮ ਰੰਗ, ਕਾਇਆ ਅੰਦਰ ਆਪ ਵਖਾਇੰਦਾ । ਸਚ ਦੁਆਰੇ ਹਰਿ ਜੂ ਲੰਘ, ਡੂੰਘੀ ਕਵਰੀ ਭਵਰੀ ਫੋਲ ਫੁਲਾਇੰਦਾ । ਸ਼ਬਦ ਨਾਦ ਵਜਾਏ ਮਰਦੰਗ, ਧੁਨ ਆਤਮਕ ਆਪ ਸੁਣਾਇੰਦਾ । ਨਿਰਗੁਣ ਜੋਤ ਚਾੜ੍ਹ ਚੰਦ, ਸਚ ਪਰਕਾਸ਼ ਇਕ ਕਰਾਇੰਦਾ ।

ਸੋਹੰ ਢੋਲਾ ਸੁਣਾਏ ਛੰਦ, ਬੱਤੀ ਦੰਦ ਨਾ ਕੋਇ ਵਡਿਆਇੰਦਾ । ਨਿਜ ਘਰ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚ ਵਖਾਇੰਦਾ । ਕੂੜੀ ਕਿਰਿਆ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਹਰਿਜਨ ਹਰਿ ਹਰਿ ਸਾਚੀ ਡੋਰੀ ਬੰਨ੍ਹੇ ਤੰਦ, ਨਾਮ ਤੰਦੀ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਿਰਧ ਬਾਲਾਂ ਇਕੋ ਨਜ਼ਰੀ ਆਇੰਦਾ । ਬਿਰਧ ਬਾਲ ਵੇਖੇ ਹਰਿ ਬਾਲਕ, ਬਚਪਨ ਸਭ ਦਾ ਲੇਖੇ ਲਾਈਆ । ਸਤਿ ਸਰੂਪੀ ਬਣ ਕੇ ਖ਼ਾਲਕ, ਖ਼ਲਕਤ ਵੇਖੇ ਥਾਉਂ ਥਾਈਆ । ਭਗਤ ਭਗਵਾਨ ਬਣੇ ਸਦਾ ਪ੍ਰਿਤਪਾਲਕ, ਜੁਗ ਜੁਗ ਆਪਣੀ ਸੇਵ ਕਮਾਈਆ । ਮੇਟ ਮਿਟਾਏ ਨਿੰਦਰਾ ਆਲਸ, ਜਗਤ ਦਲਿਦਰੀ ਦਲਿਦਰ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੇ ਮੇਲੇ ਘਰ, ਤਿਸ ਆਤਮ ਵੱਜੇ ਵਧਾਈਆ । ਆਤਮ ਗਾਏ ਪਰਮਾਤਮ ਗੀਤ, ਇਕੋ ਰਾਗ ਅਲਾਈਆ । ਕਾਇਆ ਹੋਵੇ ਠਾਂਡੀ ਸੀਤ, ਤ੍ਰੈਗੁਣ ਅਗਨੀ ਤਤ ਬੁਝਾਈਆ । ਸ਼ਬਦ ਸੁਆਮੀ ਆਵੇ ਚੀਤ, ਜਗਤ ਠਗੌਰੀ ਕੋਇ ਰਹਿਣ ਨਾ ਪਾਈਆ । ਸਤਿ ਸਤਿਵਾਦੀ ਮਿਲੇ ਰੀਤ, ਰੀਤੀ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮੇਲੇ ਆਪਣੇ ਦਰ, ਤਿਸ ਕਾਇਆ ਮੰਦਰ ਅੰਦਰ ਪੜਦਾ ਲਾਹੀਆ । ਕਾਇਆ ਮੰਦਰ ਅੰਦਰ ਚੁੱਕੇ ਪੜਦਾ, ਬਜਰ ਕਪਾਟੀ ਤੋੜ ਤੁੜਾਇੰਦਾ । ਤ੍ਰੈਗੁਣ ਅਗਨੀ ਮਾਇਆ ਸੜਦਾ, ਪੰਜ ਤਤ ਆਪਣੇ ਲੇਖੇ ਪਾਇੰਦਾ । ਭੇਵ ਖੁਲ੍ਹਾਏ ਘਰ ਵਿਚ ਘਰ ਦਾ, ਘਰ ਘਰ ਵਿਚ ਮੇਲ ਮਿਲਾਇੰਦਾ । ਜੁਗ ਜੁਗ ਹਰਿਜਨ ਵਿਰਲਾ ਤਰਦਾ, ਲੱਖ ਚੁਰਾਸੀ ਸ਼ੌਹ ਦਰਿਆਏ ਆਪ ਰੁੜ੍ਹਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਸ੍ਰੀ ਭਗਵਾਨ ਜਿਸ ਜਨ ਮਿਲਦਾ, ਮਿਲ ਮਿਲ ਆਪਣਾ ਰੰਗ ਰੰਗਾਇੰਦਾ । ਨਿਸ਼ਾਨ ਵਖਾਏ ਅਗੰਮੀ ਤਿਲ ਦਾ, ਤਿਲਕ ਲਲਾਟੀ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਿਰਧ ਬਾਲ ਬਾਲ ਅਵਾਣਾ ਆਪ ਬਣਾਏ ਸੁਘੜ ਸਿਆਣਾ, ਜਿਸ ਜਨ ਗੁਰਮਤ ਸਾਚੀ ਸਚ ਸਮਝਾਇੰਦਾ ।

## ✪ ੨੩ ਭਾਦਰੋ ੨੦੨੦ ਬਿਕ੍ਰਮੀ ਜੰਡਿਆਲਾ ਸੁਰੈਣ ਸਿੰਘ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ ✪

ਤਖ਼ਤ ਨਿਵਾਸੀ ਹਰਿ ਸੁਲਤਾਨ, ਸ਼ਹਿਨਸ਼ਾਹ ਇਕੋ ਇਕ ਅਖਵਾਇੰਦਾ । ਜੁਗ ਚੌਕੜੀ ਹੋ ਪਰਧਾਨ, ਸਚ ਪਰਧਾਨਗੀ ਨਾਮ ਜਣਾਇੰਦਾ । ਚਾਰੇ ਜੁਗ ਕਰ ਕਲਿਆਣ, ਚਾਰੋ ਕੁੰਟ ਵੇਖ ਵਖਾਇੰਦਾ । ਚਾਰੇ ਵਰਨਾਂ ਦੇ ਨਿਸ਼ਾਨ, ਸਾਚਾ ਮਾਰਗ ਇਕ ਸਮਝਾਇੰਦਾ । ਚਾਰ ਯਾਰੀ ਕਰ ਪਰਵਾਨ, ਪਰਵਾਨਾ ਇਕੋ ਹੱਥ ਫੜਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਇੰਦਾ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸਾਚਾ ਮੰਦਰ ਵੇਖ ਮਕਾਨ, ਕਾਇਆ ਅੰਦਰ ਡੇਰਾ ਲਾਇੰਦਾ । ਜੋਤੀ ਦੀਪ ਜਗੇ ਮਹਾਨ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦੀ ਰਾਗ ਸੱਚੀ ਧੁਨਕਾਨ, ਘਰ ਸਾਚੇ ਆਪ ਉਪਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਰਸ ਰਸੀਯਾ ਇਕ ਜਣਾਇੰਦਾ । ਆਤਮ ਪਰਮਾਤਮ ਖੇਲ ਮਹਾਨ, ਹਰਿ ਕਰਤਾ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਰ ਹਰਿ ਆਪਣਾ ਖੇਲ ਵਖਾਇੰਦਾ । ਨਰ ਹਰਿ ਖੇਲ ਕਰੇ ਕਰਤਾਰ, ਪਾਰਬ੍ਰਹਮ ਵੱਡੀ ਵਡਿਆਈਆ । ਜੁਗ ਚੌਕੜੀ ਸੇਵਾਦਾਰ, ਵਿਸ਼ਨ ਬ੍ਰਹਮਾ ਸ਼ਿਵ ਹੁਕਮ ਮਨਾਈਆ । ਕਰੋੜ

ਤੇਤੀਸਾ ਦੇ ਆਧਾਰ, ਸੁਰਪਤ ਦੇਵਣਹਾਰ ਵਡਿਆਈਆ । ਧੁਰ ਸੰਦੇਸਾ ਵਾਰੋ ਵਾਰ, ਗੁਰ ਅਵਤਾਰ ਪੀਰ ਪੈਗੰਬਰ ਆਪ ਜਣਾਈਆ । ਲੇਖਾ ਲੇਖ ਲਿਖਤ ਅਗੰਮ ਅਪਾਰ, ਕਲਮ ਸ਼ਾਹੀ ਬੰਧਨ ਇਕ ਬੰਧਾਈਆ । ਸਾਚੀ ਸਿਖਿਆ ਸਰਬ ਸਿਖਾਲ, ਗੁਰ ਮੰਤਰ ਦਏ ਜਣਾਈਆ । ਕਾਇਆ ਮੰਦਰ ਅੰਦਰ ਪੁਰਖ ਅਕਾਲ ਲਓ ਭਾਲ, ਬਾਹਰੋ ਖੋਜਣ ਕੋਇ ਨਾ ਪਾਈਆ । ਸ਼ਬਦੀ ਗੁਰ ਬਣ ਦਲਾਲ, ਸਾਚਾ ਵਣਜ ਹੱਟ ਜਣਾਈਆ । ਚੌਦਾਂ ਲੋਕ ਦਏ ਵਖਾਲ, ਸਚ ਸਲੋਕ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਤਰ ਇਕ ਦ੍ਰਿੜਾਈਆ । ਸਾਚਾ ਮੰਤਰ ਨਾਮ ਨਮੋ ਸਤਿ, ਸਤਿ ਸੁਆਮੀ ਆਪ ਜਣਾਇੰਦਾ । ਸਰਬ ਜੀਵਾਂ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਅੰਤਰ ਆਤਮ ਜਾਣੇ ਮਿਤ ਗਤ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਚ ਜਣਾਏ ਵਾਰ ਥਿਤ, ਘੜੀ ਪਲ ਆਪਣੇ ਹੱਥ ਰਖਾਇੰਦਾ । ਸ੍ਰੀ ਭਗਵਾਨ ਜਨ ਭਗਤਾਂ ਜੁਗ ਜੁਗ ਕਰੇ ਹਿਤ, ਹਿਤਕਾਰੀ ਫੇਰਾ ਪਾਇੰਦਾ । ਵੇਖ ਵਖਾਏ ਨਿਤ ਨਵਿਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਚਾਰ ਵਰਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਪ ਜਣਾਈਆ । ਨੇਤਰ ਖੋਲ੍ਹੇ ਹਰਨ ਫਰਨ, ਜੋ ਜਨ ਹਿਰਦੇ ਹਰਿ ਵਸਾਈਆ । ਕਰਤਾ ਪੁਰਖ ਕਰਨੀ ਕਰਨ, ਕੀਮਤ ਘਰ ਘਰ ਆਪੇ ਪਾਈਆ । ਜਨ ਭਗਤਾਂ ਚੁਕਾਏ ਮਰਨ ਡਰਨ, ਭੈ ਭੌ ਨਾ ਕੋਇ ਰਖਾਈਆ । ਸੰਤ ਸੁਹੇਲੇ ਸਾਚੇ ਪੌੜੇ ਚੜ੍ਹਨ, ਮਹੱਲ ਅਟੱਲ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਢੋਲਾ ਪੜ੍ਹਨ, ਸੋਹੰ ਸਾਚਾ ਰਾਗ ਅਲਾਈਆ । ਮਿਲੇ ਸਰਨਾਈ ਸਤਿਗੁਰ ਚਰਨ, ਚਰਨ ਚਰਨੋਦਕ ਇਕੋ ਮੁਖ ਚੁਆਈਆ । ਨਾਤਾ ਤੁੱਟੇ ਜ਼ਾਤ ਪਾਤ ਵਰਨ ਬਰਨ, ਆਤਮ ਬ੍ਰਹਮ ਹਰ ਘਟ ਨਜ਼ਰੀ ਆਈਆ । ਪੁਰਖ ਅਕਾਲ ਸਾਚੀ ਸਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੱਖ ਚੁਰਾਸੀ ਲਹਿਣਾ ਆਪ ਚੁਕਾਈਆ । ਲੱਖ ਚੁਰਾਸੀ ਵੇਖੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਦੇਵੇ ਜਾਪ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰੇ ਪੜ੍ਹਾਈਆ । ਪੀਰ ਪੈਗੰਬਰਾਂ ਗੁਰ ਅਵਤਾਰਾਂ ਬਣ ਕੇ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਏਥੇ ਓਥੇ ਦੋ ਜਹਾਨ ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਨਿਰਗੁਣ ਸਰਗੁਣ ਬਣ ਕੇ ਸੱਜਣ ਸਾਕ, ਪੰਜ ਤਤ ਕਾਇਆ ਚੋਲਾ ਆਪ ਹੰਡਾਈਆ । ਸਾਚੀ ਸਿਖਿਆ ਜਣਾਏ ਬਿਨ ਜਗਤ ਜਮਾਤ, ਪੱਟੀ ਇਕੋ ਇਕ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸਾਚਾ ਰਹਿਬਰ ਇਕ ਅਖਵਾਈਆ । ਸਾਚਾ ਰਹਿਬਰ ਇਕ ਰਹੀਮ, ਰਹਿਮਤ ਆਪਣੀ ਆਪ ਕਰਾਇੰਦਾ । ਦਾਤਾ ਕਰਤਾ ਬਣ ਕਰੀਮ, ਕੁਦਰਤ ਕਾਦਰ ਖੇਲ ਵਖਾਇੰਦਾ । ਵਸਣਹਾਰਾ ਧਾਮ ਅਜ਼ੀਮ, ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਜੁਗ ਚੌਕੜੀ ਜਨ ਭਗਤਾਂ ਹੋਏ ਅਧੀਨ, ਮੁਰੀਦ ਮੁਰਸ਼ਦ ਵੇਖ ਵਖਾਇੰਦਾ । ਦਰ ਬਰਦਾ ਬਣ ਮਸਕੀਨ, ਦਰ ਬਦਰ ਆਪਣੀ ਅਲਖ ਜਗਾਇੰਦਾ । ਲੇਖਾ ਜਾਣੇ ਲੋਕ ਤੀਨ, ਚੌਦਾਂ ਹੱਟ ਵੇਖ ਵਖਾਇੰਦਾ । ਚੌਦਾਂ ਤਬਕਾਂ ਕਰੇ ਆਪ ਤਰਮੀਮ, ਬਣਤ ਬਨਵਾਰੀ ਆਪਣਾ ਰੰਗ ਰੰਗਾਇੰਦਾ । ਆਪਣੀ ਧਾਰ ਰੱਖੇ ਮਹੀਨ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣਾ

ਹੁਕਮ ਵਰਤਾਇੰਦਾ । ਜੁਗ ਜੁਗ ਹੁਕਮ ਕਰੇ ਦਾਤਾਰ, ਦਾਤਾ ਨਿਰਗੁਣ ਇਕ ਅਖਵਾਈਆ । ਸੇਵਾ ਲਾ ਗੁਰੂ ਅਵਤਾਰ, ਪੀਰ ਪੈਗ਼ੰਬਰ ਦੇਵੇ ਸਿਫ਼ਤ ਸਾਲਾਹੀਆ । ਲੇਖਾ ਜਾਣ ਚੌਕੜੀ ਜੁਗ ਚਾਰ, ਨਵ ਨੌ ਚਾਰ ਵੱਜੇ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਦਾ ਰਿਹਾ ਖ਼ਬਰਦਾਰ, ਸਚ ਸੰਦੇਸਾ ਇਕ ਸੁਣਾਈਆ । ਚਤਰਭੁਜ ਮੀਤ ਮੁਰਾਰ, ਆਦਿ ਸ਼ਕਤ ਆਪਣਾ ਸੰਗ ਨਿਭਾਈਆ । ਸਤਿ ਸਤਿਵਾਦੀ ਖੇਲ ਕਰੇ ਅਪਾਰ, ਅਪਰੰਪਰ ਆਪਣਾ ਵੇਸ ਵਟਾਈਆ । ਭਗਤ ਭਗਵੰਤ ਲਏ ਉਠਾਲ, ਸਾਚੇ ਸੰਤ ਸਤਿਗੁਰ ਆਪ ਜਗਾਈਆ । ਲੇਖਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਰਾਉ ਰੰਕ ਨਾ ਕੋਇ ਵਡਿਆਈਆ । ਜਿਸ ਜਨ ਉਪਰ ਹੋਏ ਆਪ ਦਿਆਲ, ਦੀਨਨ ਆਪਣੀ ਗੋਦ ਬਹਾਈਆ । ਕਾਇਆ ਮੰਦਰ ਅੰਦਰ ਵਖਾਏ ਸੱਚੀ ਧਰਮਸਾਲ, ਦੀਵਾ ਬਾਤੀ ਕਮਲਾਪਾਤੀ ਜੋਤੀ ਜਾਤਾ ਇਕੋ ਇਕ ਜਗਾਈਆ । ਅੰਤ ਨੇੜ ਨਾ ਆਏ ਕਾਲ, ਮਹਾਂਕਾਲ ਬੈਠਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਤਿਸ ਆਪਣਾ ਪੜਦਾ ਦਏ ਉਠਾਈਆ । ਤਿਸ ਜਨ ਪੜਦਾ ਦੇਵੇ ਖੋਲ੍ਹ, ਆਪ ਆਪਣੀ ਦਇਆ ਕਮਾਇੰਦਾ । ਅੰਤਰ ਆਤਮ ਆਪੇ ਬੋਲ, ਧੁਰ ਦਾ ਰਾਗ ਆਪ ਸੁਣਾਇੰਦਾ । ਪਾਰਬ੍ਰਹਮ ਬ੍ਰਹਮ ਵਸੇ ਕੋਲ, ਦੂਰ ਦੁਰਾਡਾ ਪੰਧ ਮੁਕਾਇੰਦਾ । ਸੁਰਤੀ ਸ਼ਬਦੀ ਜਾਏ ਮੌਲ, ਮੌਲਾ ਆਪਣੀ ਕਾਰ ਕਰਾਇੰਦਾ । ਅੰਮ੍ਰਿਤ ਆਤਮ ਪਿਆਏ ਸੱਚੀ ਪੌਹਲ, ਰਸ ਇਕੋ ਇਕ ਵਖਾਇੰਦਾ । ਦੇਵੇ ਵਡਿਆਈ ਉਪਰ ਧੌਲ, ਜਿਸ ਜਨ ਆਪਣੇ ਚਰਨ ਬਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌ ਚਾਰ ਪੂਰਾ ਕਰੇ ਕੀਤਾ ਕੌਲ, ਕੌਲ ਭੁੱਲ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚਖੰਡ ਦੁਆਰੇ ਬੈਠਾ ਰਹੇ ਅਡੋਲ, ਦੋ ਜਹਾਨ ਸ੍ਰੀ ਭਗਵਾਨ ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਚਾਰੇ ਖਾਣੀ ਚਾਰੇ ਬਾਣੀ ਚਾਰ ਕੁੰਟ ਚਾਰ ਵਰਨ ਚਾਰ ਯਾਰੀ ਚੌਥੇ ਪਦ ਮੇਲ ਮਿਲਾਇੰਦਾ । ਜੀਵ ਅੰਦਰ ਜੀਵ ਪਹਿਚਾਣ, ਸਵੱਛ ਸਰੂਪ ਜਣਾਈਆ । ਜੀਵ ਅੰਦਰ ਜੀਵ ਵਸੇ ਭਗਵਾਨ, ਭਗਵਨ ਆਪਣਾ ਡੇਰਾ ਲਾਈਆ । ਜੀਵ ਅੰਦਰ ਜੀਵ ਰੂਪ ਹੋ ਕੇ ਮਿਲੇ ਆਣ, ਆਪ ਆਪਣਾ ਮੇਲ ਮਿਲਾਈਆ । ਸੋ ਜੀਵ ਹੋਏ ਪਰਵਾਨ, ਜਿਨ੍ਹਾਂ ਆਪਣੇ ਕੋਲ ਬਹਾਈਆ । ਬਿਨ ਜੀਵਾਂ ਤੋ ਪਰਗਟ ਹੋਏ ਨਾ ਕਦੇ ਭਗਵਾਨ, ਜੀਵ ਭਗਤ ਢੋਲਾ ਭਗਵਾਨ ਗਾਈਆ । ਦੋਹਾਂ ਦਾ ਇਕੋ ਰਹੇ ਨਿਸ਼ਾਨ, ਜਗਤ ਨਿਸ਼ਾਨਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਮੰਦਰ ਵੜੇ ਆਣ, ਤਿਸ ਕੁੰਡਾ ਖਿੜਕੀ ਦੇਵੇ ਲਾਹੀਆ । ਕੁੰਡਾ ਖਿੜਕੀ ਜਾਏ ਲੱਥ, ਸਤਿਗੁਰ ਪੂਰਾ ਦਇਆ ਕਮਾਈਆ । ਕਰ ਖੇਲ ਪੁਰਖ ਸਮਰਥ, ਸਮਰਥ ਦਏ ਵਡਿਆਈਆ । ਜਿਸ ਹੱਥ ਨਾਲ ਮਿਲਾਏ ਹੱਥ, ਹੱਥਕੜੀ ਜਮ ਕੀ ਦਏ ਤੁੜਾਈਆ । ਜੀਵ ਅੰਦਰ ਜੀਵ ਮਾਰਗ ਰਿਹਾ ਦੱਸ, ਜੀਵਣ ਜੁਗਤ ਜਗਤ ਸਮਝਾਈਆ । ਤੂੰ ਮੇਰਾ ਮੈਂ ਤੇਰੇ ਵਸ, ਦੋਹਾਂ ਵਿਚ ਭੇਤ ਰਹੇ ਨਾ ਰਾਈਆ । ਆਤਮ ਪਰਮਾਤਮ ਮੇਲਾ ਹੱਸ ਹੱਸ, ਕਾਇਆ ਮੰਦਰ ਵੱਜੇ ਵਧਾਈਆ । ਇਕ ਦੂਜੇ ਕੋਲੋ ਦੋਵੇਂ ਨਾ ਜਾਣ ਨੱਸ, ਪਾਰਬ੍ਰਹਮ ਬ੍ਰਹਮ ਵੇਖਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਤਿਸ ਜੀਵ ਵਿਚੋ ਜੀਵ ਬੁਝਾਈਆ । ਜੀਵ ਵਿਚੋ ਜੀਵ ਜਾਏ ਬੁਝ, ਬੁਝਾਰਤ ਆਪਣਾ ਨਾਮ ਰਖਾਇੰਦਾ । ਜਿਸ ਦਾ ਭੇਵ ਖੋਲ੍ਹੇ ਪੜਦਾ ਗੁਝ, ਦੂਈ ਦਵੈਤ ਪਰੇ ਹਟਾਇੰਦਾ । ਤਿਸ ਸਭ ਕੁਛ ਜਾਏ ਸੁਝ, ਬਿਨ ਸਮਝਾਇਆਂ ਸਮਝ ਵਿਚ ਸਮਝ ਪਾਇੰਦਾ । ਸਤਿਗੁਰ

ਪੂਰਾ ਗੁਰਸਿਖਾਂ ਗੁਰਮੁਖਾਂ ਜਨ ਭਗਤਾਂ ਕੋਲੋ ਅੰਦਰ ਵੜ ਕੇ ਰਿਹਾ ਪੁੱਛ, ਹੌਲੀ ਹੌਲੀ ਆਪਣਾ ਹੁਕਮ ਮਨਾਇੰਦਾ । ਜਗ ਮਾਇਆ ਵਿਚ ਕਿਉਂ ਬੈਠੇ ਰੁੱਸ, ਰੁੱਸਿਆਂ ਨਜ਼ਰ ਕਿਸੇ ਨਾ ਆਇੰਦਾ । ਆਪਣੀ ਧਾਰੋ ਆਪੇ ਪਏ ਉਠ, ਜੋਤੀ ਨੂਰ ਨੂਰ ਰੁਸ਼ਨਾਇੰਦਾ । ਜਿਸ ਉਤੇ ਦਿਆਲ ਹੋ ਕੇ ਜਾਏ ਤੁਠ, ਤਿਸ ਜੀਵ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਦਾਨ, ਤਿਸ ਭਗਤਾਂ ਕਰੇ ਸਚ ਪਹਿਚਾਨ, ਬੇਪਹਿਚਾਨ ਪਹਿਚਾਨ ਵਿਚ ਆਪੇ ਨਜ਼ਰੀ ਆਇੰਦਾ ।

ਅੱਗੇ ਯਾਰੀ ਸੀ, ਹੁਣ ਯਾਰਾਨਾ । ਅੱਗੇ ਤੀਰ ਸੀ, ਹੁਣ ਨਿਸ਼ਾਨਾ । ਅੱਗੇ ਸਿੰਘ ਸ਼ੇਰ ਸੀ, ਹੁਣ ਵਿਸ਼ਨੂੰ ਭਗਵਾਨਾ । ਅੱਗੇ ਲੜਨ ਵਾਸਤੇ ਦਲੇਰ ਸੀ, ਹੁਣ ਲੇਖਾ ਜਾਣੇ ਦੋ ਜਹਾਨਾਂ । ਅੱਗੇ ਸੱਜਣਾਂ ਮਿਲਦਾ ਘੇਰ ਘੇਰ ਸੀ, ਹੁਣ ਅੰਤਰ ਆਤਮ ਦੇਵੇ ਗਿਆਨਾ । ਅੱਗੇ ਲੈਂਦਾ ਥੋੜੀ ਡੇਰ ਸੀ, ਹੁਣ ਹੋਇਆ ਮਿਹਰਵਾਨਾ । ਘਵਿੰਡ ਵਿਚ ਬਹਿ ਕੇ ਗੇੜਿਆ ਗੇੜ ਸੀ, ਆਪ ਆਪਣਾ ਮੁਖ ਛੁਪਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਤਾ ਪੁਰਖ ਕਰਨਹਾਰ ਨੌਜਵਾਨਾ ।



✪ ੨੩ ਭਾਦਰੋ ੨੦੨੦ ਬਿਕ੍ਰਮੀ ਏਕਲ ਗੱਡਾ ਬੂਟਾ ਸਿੰਘ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ ✪

ਪੁਰਖ ਅਕਾਲ ਦਰ ਸੋਹੇ ਏਕ, ਸਚਖੰਡ ਸਾਚੇ ਸੋਭਾ ਪਾਈਆ । ਗੁਰ ਅਵਤਾਰ ਮੰਗਣ ਟੇਕ, ਪੀਰ ਪੈਗ਼ੰਬਰ ਧਿਆਨ ਲਗਾਈਆ । ਭਗਤ ਭਗਵਾਨ ਰਹੇ ਵੇਖ, ਨਿਜ ਨੇਤਰ ਖੁਲ੍ਹਾਈਆ । ਜੁਗ ਚੌਕੜੀ ਧਰ ਧਰ ਆਵੇ ਭੇਸ, ਵੇਸ ਅਵਲੜਾ ਰੂਪ ਵਟਾਈਆ । ਸ਼ਾਹੋ ਭੂਪ ਬਣ ਨਰ ਨਰੇਸ਼, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲਿਖਣਹਾਰਾ ਲੇਖ, ਧੁਰ ਦਾ ਲੇਖਾ ਆਪ ਪਰਗਟਾਈਆ । ਆਤਮ ਪਰਮਾਤਮ ਕਰੇ ਹੇਤ, ਬ੍ਰਹਮ ਪਾਰਬ੍ਰਹਮ ਵਡਿਆਈਆ । ਦੋ ਜਹਾਨਾਂ ਵੇਖੇ ਖੇਡ, ਬ੍ਰਹਿਮੰਡ ਖੰਡ ਆਪਣੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਸ ਇਕ ਸੁਹਾਈਆ । ਸਾਚਾ ਦੇਸ ਸੁਹੰਜਣਾ, ਸਚਖੰਡ ਸਤਿ ਸਰੂਪ । ਕਰੇ ਖੇਲ ਆਦਿ ਨਿਰੰਜਣਾ, ਬੇਪਰਵਾਹ ਮਹਿਮਾ ਅਨੂਪ । ਆਦਿ ਜੁਗਾਦੀ ਦਰਦ ਦੁੱਖ ਭੈ ਭੰਜਨਾ, ਵੇਖਣਹਾਰਾ ਚਾਰੇ ਕੂਟ । ਨਿਰਗੁਣ ਸਰਗੁਣ ਸਾਚਾ ਸੱਜਣਾ, ਪੰਜ ਤਤ ਲੇਖਾ ਜਾਣੇ ਜਗਤ ਕਲਬੂਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਹੱਕ ਮਹਿਬੂਬ । ਹੱਕ ਮਹਿਬੂਬ ਪਰਵਰਦਿਗਾਰ, ਬੇਪਰਵਾਹ ਵੱਡੀ ਵਡਿਆਈਆ । ਮੁਕਾਮੇ ਹੱਕ ਖੇਲ ਨਿਆਰ, ਨੂਰੀ ਜਲਵਾ ਨੂਰ ਰੁਸ਼ਨਾਈਆ । ਸਚਖੰਡ ਦੁਆਰੇ ਹੋ ਉਜਿਆਰ, ਜੋਤੀ ਜਾਤਾ ਡਗਮਗਾਈਆ । ਧੁਰ ਦੀ ਬਾਣੀ ਬੋਲ ਜੈਕਾਰ, ਚਾਰੇ ਖਾਣੀ ਦਏ ਸਮਝਾਈਆ । ਚਾਰੋ ਕੁੰਟ ਕਰੇ ਵਿਚਾਰ, ਚਾਰ ਯਾਰੀ ਬੰਧਨ ਪਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਕਰਤਾ ਪੁਰਖ ਮੀਤ ਮੁਰਾਰ, ਸਗਲਾ ਸੰਗ ਇਕ ਹੋ ਜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌ ਸੌ ਚੁਰਾਨਵੇਂ ਚੌਕੜੀ ਜੁਗ ਵੇਖੇ ਵਾਰੋ ਵਾਰ, ਨਿਤ ਨਵਿਤ ਕਰ ਕਰ ਹਿਤ ਆਪਣਾ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਧੁਰ

ਸੰਦੇਸਾ ਆਪ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦੇਵਣਹਾਰ ਸਹਾਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਈਆ । ਸਚ ਦੁਆਰਾ ਸੋਭਾਵੰਤ, ਸਚਖੰਡ ਇਕੋ ਇਕ ਵਡਿਆਇੰਦਾ । ਕਰੇ ਖੇਲ ਸ੍ਰੀ ਭਗਵੰਤ, ਸੋ ਪੁਰਖ ਨਿਰੰਜਣ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਮਹਿਮਾ ਅਗਣਤ, ਸ਼ਾਸਤਰ ਸਿਮਰਤ ਵੇਦ ਸਿਫ਼ਤ ਸਾਲਾਹਿੰਦਾ । ਆਤਮ ਪਰਮਾਤਮ ਏਕਾ ਨਾਮ ਮਣੀਆ ਮੰਤ, ਗੁਰਦੇਵ ਸੁਆਮੀ ਸਾਚਾ ਮਾਰਗ ਇਕ ਵਖਾਇੰਦਾ । ਲੇਖਾ ਜਾਣ ਜੀਵ ਜੰਤ, ਜਾਗਰਤ ਜੋਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਕਰਾਇੰਦਾ । ਧੁਰ ਦਾ ਲੇਖਾ ਧੁਰ ਦਰਬਾਰ, ਦਰਗਹਿ ਸਾਚੀ ਆਪ ਰਖਾਈਆ । ਜੁਗ ਚੌਕੜੀ ਮੇਟਣਹਾਰ, ਥਿਰ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰ ਆਵਣ ਵਾਰੋ ਵਾਰ, ਲੋਕਮਾਤ ਸੇਵ ਕਮਾਈਆ । ਉਚੀ ਕੂਕਣ ਕਰਨ ਪੁਕਾਰ, ਪੁਰਖ ਅਕਾਲ ਢੋਲਾ ਗਾਈਆ । ਰਸਨਾ ਜਿਹਵਾ ਬੋਲ ਜੈਕਾਰ, ਸ੍ਰਿਸ਼ਟ ਸਬਾਈ ਜਾਣ ਸਮਝਾਈਆ । ਖਾਣੀ ਬਾਣੀ ਇਕ ਧਿਆਨ, ਨਾਮ ਨਿਧਾਨ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਰਖਾਈਆ । ਸਾਚਾ ਮਾਰਗ ਆਦਿ ਜੁਗਾਦਿ, ਜੁਗ ਚੌਕੜੀ ਆਪ ਚਲਾਇੰਦਾ । ਸਤਿਜੁਗ ਤ੍ਰੇਤਾ ਦੇਵੇ ਦਾਦ, ਦੁਆਪਰ ਕਲਜੁਗ ਰਾਹ ਵਖਾਇੰਦਾ । ਗੁਰ ਅਵਤਾਰ ਵਜਾਵਣ ਨਾਦ, ਪੀਰ ਪੈਗ਼ੰਬਰ ਰਾਗ ਅਲਾਇੰਦਾ । ਸਵਾਂਗੀ ਹੋ ਕੇ ਵਰਤੇ ਸਾਂਗ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਸਾਚੇ ਹੁਜਰੇ ਉਚ ਮਹੱਲੇ ਸ਼ਬਦ ਅਗੰਮੀ ਦੇਵੇ ਬਾਂਗ, ਦੋ ਜਹਾਨਾਂ ਸ੍ਰੀ ਭਗਵਾਨਾ ਪਰਵਰਦਿਗਾਰ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਇਕ ਉਪਾਇੰਦਾ । ਸਚ ਦੁਆਰਾ ਇਕ ਉਪਾ, ਖੰਡ ਸਚ ਵੱਜੇ ਵਧਾਈਆ । ਬੈਠਾ ਰਹੇ ਬੇਪਰਵਾਹ, ਬੇਨਜ਼ੀਰ ਰੂਪ ਵਟਾਈਆ । ਸਚ ਸੰਦੇਸਾ ਦਏ ਘਲਾ, ਧੁਰ ਕਲਾਮ ਇਕ ਪੜ੍ਹਾਈਆ । ਖਾਣੀ ਬਾਣੀ ਨਾਉਂ ਧਰਾ, ਲੋਕਮਾਤ ਕਰੇ ਸ਼ਨਵਾਈਆ । ਕਾਗ਼ਜ਼ ਕਲਮ ਲਿਖੇ ਸ਼ਾਹ, ਲੇਖਾ ਲਿਖਤ ਰੂਪ ਵਟਾਈਆ । ਅੰਤਮ ਭੇਵ ਸਕੇ ਕੋਇ ਨਾ ਪਾ, ਬੇਅੰਤ ਬੇਅੰਤ ਕਹਿ ਕਹਿ ਪੱਲੂ ਗਏ ਸਰਬ ਛੁਡਾਈਆ । ਦੋਏ ਜੋੜ ਪਏ ਸਰਨਾ, ਸਰਨਗਤ ਇਕ ਰਖਾਈਆ । ਸਾਰੇ ਮੰਗਦੇ ਗਏ ਦੁਆ, ਦੋਏ ਜੋੜ ਵਾਸਤਾ ਪਾਈਆ । ਤੇਈ ਅਵਤਾਰ ਗਏ ਧਿਆ, ਭਗਤ ਅਠਾਰਾਂ ਨੈਣ ਉਠਾਈਆ । ਈਸਾ ਮੂਸਾ ਮੁਹੰਮਦ ਸਜਦਾ ਗਏ ਕਰਾ, ਨਿਉਂ ਨਿਉਂ ਲਾਗਣ ਪਾਈਆ । ਨਾਨਕ ਗੋਬਿੰਦ ਇਕੋ ਇਸ਼ਟ ਗਏ ਮਨਾ, ਪੁਰਖ ਅਕਾਲ ਸੱਚੀ ਸਰਨਾਈਆ । ਕਲਜੁਗ ਅੰਤਮ ਜੋਤੀ ਧਾਰ ਨਿਰਗੁਣ ਵੇਸ ਲਏ ਵਟਾ, ਨਾ ਕੋਈ ਪਿਤਾ ਨਾ ਕੋਈ ਮਾਈਆ । ਸਚ ਮਹੱਲੇ ਉਚ ਅਟੱਲੇ ਸੰਬਲ ਡੇਰਾ ਲਏ ਲਾ, ਛੱਪਰ ਛੰਨ ਚਾਰ ਦੀਵਾਰ ਨਾ ਕੋਇ ਬਣਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਲਏ ਉਠਾ, ਸੋਈ ਸੁਰਤੀ ਆਪ ਜਗਾਈਆ । ਸ਼ਬਦ ਹਾਣੀ ਮੇਲ ਮਿਲਾਏ ਸਹਿਜ ਸੁਭਾ, ਘਰ ਮੇਲਾ ਏਕਾ ਥਾਈਂਆ । ਸਾਚਾ ਮਾਰਗ ਦਏ ਵਖਾ, ਆਤਮ ਪਰਮਾਤਮ ਪਰਮਾਤਮ ਆਤਮ ਜੋੜ ਜੁੜਾਈਆ । ਕਲਜੁਗ ਕੂੜੀ ਕਿਰਿਆ ਦਏ ਮਿਟਾ, ਰੈਣ ਅੰਧੇਰੀ ਰਹਿਣ ਨਾ ਪਾਈਆ । ਜੂਠਾ ਝੂਠਾ ਮੰਦਰ ਦੇਵੇ ਢਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਵੇਸ ਆਪ ਵਟਾਈਆ । ਸਾਚਾ ਵੇਸ ਵਟਾਏ ਅਵੱਲਾ, ਅਵਲ ਆਪਣਾ ਨੂਰ ਰਖਾਈਆ । ਵਸਣਹਾਰਾ


੩੨੦ ੧੫

ਨਿਹਚਲ ਧਾਮ ਅਟੱਲਾ, ਅਟਲ ਪਦਵੀ ਇਕ ਜਣਾਈਆ । ਪਾਵੇ ਸਾਰ ਜਲਾਂ ਥਲਾਂ, ਸਮੁੰਦ ਸਾਗਰ ਵੇਖਣਹਾਰਾ ਡੂੰਘੀ ਖਾਈਆ । ਜੋਤੀ ਸ਼ਬਦੀ ਧਾਰ ਆਪੇ ਰਲਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਚ ਸੰਦੇਸ ਬੋਧ ਅਗਾਧ ਸ਼ਬਦੀ ਹੁਕਮ ਸੁਨੇਹੜਾ ਘੱਲਾ, ਦੋ ਜਹਾਨ ਕਰੇ ਪੜ੍ਹਾਈਆ । ਗੁਰ ਅਵਤਾਰ ਫੜਾਏ ਪੱਲਾ, ਪੱਲੂ ਆਪਣਾ ਨਾਮ ਬੰਧਾਈਆ । ਧਾਰ ਜਣਾਏ ਇਕ ਬਿਸਮਿੱਲਾ, ਬਿਸਮਿਲ ਆਪਣੇ ਨਾਲ ਕਰਾਈਆ । ਚਾਰ ਜੁਗ ਕੱਟਦਾ ਰਿਹਾ ਛਿਲਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਖ਼ਾਲਕ ਖ਼ਲਕ ਵੇਖੇ ਚਾਈਂ ਚਾਈਂਆ । ਖ਼ਾਲਕ ਖ਼ਲਕ ਵੇਖੇ ਮਿਹਰਵਾਨ, ਮਿਹਬਾਨ ਬੀਦੋ ਆਪਣੀ ਦਇਆ ਕਮਾਇੰਦਾ । ਕੂੜੀ ਕਿਰਿਆ ਕਲਜੁਗ ਅੰਤਮ ਮੇਟ ਨਿਸ਼ਾਨ, ਸਾਚਾ ਮਾਰਗ ਇਕ ਲਗਾਇੰਦਾ । ਸ਼ਰਅ ਸ਼ਰੀਅਤ ਵੇਖੇ ਆਣ, ਅਮਾਮ ਅਮਾਮਾ ਵੇਸ ਵਟਾਇੰਦਾ । ਚੌਦਾ ਤਬਕ ਹੋਣ ਹੈਰਾਨ, ਸਾਚਾ ਸਬਕ ਇਕ ਪੜ੍ਹਾਇੰਦਾ । ਚੌਦਾਂ ਲੋਕ ਵੇਖੇ ਦੁਕਾਨ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਸਤਿਜੁਗ ਸਾਚਾ ਦੇਵੇ ਦਾਨ, ਵਸਤ ਅਮੋਲਕ ਇਕ ਵਰਤਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਜੀਵ ਜੰਤ ਭਗਤ ਭਗਵੰਤ ਢੋਲਾ ਇਕੋ ਗਾਣ, ਸਾਚਾ ਨਾਮ ਇਕ ਦ੍ਰਿੜਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਝੁੱਲੇ ਇਕ ਨਿਸ਼ਾਨ, ਸਤਿ ਸਤਿਵਾਦੀ ਬ੍ਰਹਮ ਬ੍ਰਹਮਾਦੀ ਆਦਿ ਜੁਗਾਦੀ ਜੁਗ ਕਰਤਾ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੂੜੀ ਕਿਰਿਆ ਮੇਟ ਮਿਟਾਇੰਦਾ । ਕੂੜੀ ਕਿਰਿਆ ਮੇਟੇ ਜਗ, ਲੋਕਮਾਤ ਰਹਿਣ ਨਾ ਪਾਈਆ । ਤ੍ਰੈਗੁਣ ਬੁਝਾਏ ਲੱਗੀ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਹੰਸ ਬਣਾਏ ਫੜ ਕੇ ਕੱਗ, ਸੋਹੰ ਹੰਸਾ ਜਾਪ ਜਪਾਈਆ । ਬਿਨ ਮਕਿਉਂ ਕਾਅਬਿਉਂ ਕਰਾਏ ਹੱਜ, ਘਰ ਕਾਇਆ ਮੰਦਰ ਅੰਦਰ ਹੁਜਰਾ ਇਕ ਸੁਹਾਈਆ । ਸਚ ਮਹੱਲੇ ਬਹੇ ਸਜ, ਆਤਮ ਸੇਜਾ ਡੇਰਾ ਲਾਈਆ । ਸ਼ਬਦ ਅਗੰਮ ਵਜਾਏ ਨਦ, ਅਨਹਦ ਨਾਦੀ ਨਾਦ ਸੁਣਾਈਆ । ਜਗਤ ਦੁਆਰ ਮੁੱਕੇ ਪੰਧ, ਨੌ ਦੁਆਰੇ ਡੇਰਾ ਢਾਹੀਆ । ਸੁਰਤੀ ਸ਼ਬਦੀ ਮੇਲਾ ਗਾਏ ਇਕੋ ਛੰਦ, ਸੋਹੰ ਰਾਗ ਅਲਾਈਆ । ਘਰ ਘਰ ਵਿਚ ਮਿਲੇ ਅਨੰਦ, ਆਤਮ ਪਰਮਾਤਮ ਜੋੜ ਜੁੜਾਈਆ । ਲੇਖਾ ਚੁੱਕੇ ਭੇਖ ਪਖੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਦਰ, ਦਰ ਦਰਵਾਜ਼ਾ ਇਕ ਵਖਾਈਆ । ਦਰ ਦਰਵਾਜ਼ਾ ਏਕਾ ਖੋਲ੍ਹ, ਹਰਿ ਦਰਦੀ ਦਰਦ ਵੰਡਾਇੰਦਾ । ਅਬਿਨਾਸ਼ੀ ਕਰਤਾ ਬੋਲ ਅਗੰਮੀ ਬੋਲ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਨਾਮ ਕੰਡੇ ਤੋਲੇ ਤੋਲ, ਸਚ ਤਰਾਜ਼ੂ ਇਕ ਉਠਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਦੀਨ ਮਜ਼੍ਹਬ ਜੋ ਕਰਦਾ ਰਿਹਾ ਘੋਲ, ਜ਼ਾਤ ਪਾਤ ਵੰਡ ਵੰਡਾਇੰਦਾ । ਆਪ ਬੈਠਾ ਰਿਹਾ ਅਡੋਲ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਕਲਜੁਗ ਅੰਤ ਪਰਗਟ ਹੋਵੇ ਉਪਰ ਧੋਲ, ਧਰਨੀ ਧਰਤ ਧਵਲ ਚਰਨਾਂ ਹੇਠ ਦਬਾਇੰਦਾ । ਗੋਬਿੰਦ ਨਾਲ ਪੂਰਾ ਕਰੇ ਕੀਤਾ ਕੌਲ, ਕੌਲ ਇਕਰਾਰ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਵੇਸ ਵਟਾਇੰਦਾ । ਨਿਰਗੁਣ ਆਪਣਾ ਵੇਸ ਵਟਾਏ, ਜੋਤੀ ਜੋਤ ਜੋਤ ਰੁਸ਼ਨਾਈਆ । ਸਚਖੰਡ ਦੁਆਰ ਇਕ ਸੁਹਾਏ, ਸਚ ਸਿੰਘਾਸਣ ਡੇਰਾ ਲਾਈਆ । ਭੂਪਤ ਭੂਪ ਰਾਜ ਰਾਜਾਨ ਸ਼ਾਹ ਪਾਤਸ਼ਾਹ ਆਪ ਹੋ ਜਾਏ, ਹੁਕਮਰਾਨ ਇਕ ਅਖਵਾਈਆ । ਧੁਰ ਸੰਦੇਸਾ ਇਕ ਘਲਾਏ, ਸ਼ਬਦੀ ਸ਼ਬਦੀ ਰਾਗ ਅਲਾਈਆ ।

੩੨੧
੧੫

ਦੋ ਜਹਾਨ ਫੜ ਉਠਾਏ, ਸੋਇਆ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰ ਦਰ ਬੁਲਾਏ, ਪੀਰ ਪੈਗੰਬਰ ਨੱਠੇ ਆਵਣ ਵਾਹੋ ਦਾਹੀਆ । ਭਗਤ ਸੰਤ ਸੰਗ ਰਲਾਏ, ਸਾਚਾ ਸੰਗ ਬਣਾਈਆ । ਸਚ ਮਰਦੰਗ ਇਕ ਵਜਾਏ, ਮਰਦ ਮਰਦਾਨਾ ਦਇਆ ਕਮਾਈਆ । ਬ੍ਰਹਿਮੰਡ ਖੰਡ ਖੋਜ ਖੁਜਾਏ, ਪੁਰੀਆਂ ਲੋਆਂ ਪੜਦਾ ਆਪ ਉਠਾਈਆ । ਸਾਚਾ ਚੰਦ ਇਕ ਚਮਕਾਏ, ਜਗਤ ਚੰਦ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਦੁਆਰ ਇਕ ਵਡਿਆਈਆ । ਦਰ ਦੁਆਰਾ ਵੱਡਾ ਸਚਖੰਡ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਘਰ ਬਹਿ ਕੇ ਕਰੇ ਅਗੰਮੀ ਵੰਡ, ਲੇਖਾ ਲਿਖਤ ਨਾ ਕੋਇ ਜਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪਾਏ ਬੰਦ, ਬੰਦੀਖ਼ਾਨਾ ਇਕ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੋਟਨ ਕੋਟ ਨਾਮ ਸੁਣਾਇਆ ਸਾਚਾ ਛੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਗੌਂਦੇ ਆਏ, ਲੋਕਮਾਤ ਵੱਜੀ ਵਧਾਈਆ । ਪੁਰਖ ਅਕਾਲ ਧਿਔਂਦੇ ਆਏ, ਇਕੋ ਓਟ ਤਕਾਈਆ । ਨੇਤਰ ਨੈਣ ਸ਼ਰਮੌਂਦੇ ਆਏ, ਅੱਖ ਪਰਤੱਖ ਨਾ ਕੋਇ ਖੁਲ੍ਹਾਈਆ । ਦੋਏ ਜੋੜ ਵਾਸਤਾ ਪੌਂਦੇ ਆਏ, ਬੇਪਰਵਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਥਾਉਂ ਥਾਈਂ ਲੇਖ ਅਪਾਰਾ, ਸੋ ਸਤਿਗੁਰ ਆਪ ਜਣਾਈਆ । ਕਲਜੁਗ ਅੰਤਮ ਖੇਲ ਨਿਆਰਾ, ਹਰਿ ਕਰਤਾ ਆਪ ਵਖਾਈਆ । ਕਲ ਕਲਕੀ ਲੈ ਅਵਤਾਰਾ, ਕੂੜੀ ਕਿਰਿਆ ਮੇਟ ਮਿਟਾਈਆ । ਭਗਤਾਂ ਕਰੇ ਸਚ ਪਿਆਰਾ, ਭਗਵਨ ਆਪਣਾ ਰੰਗ ਰੰਗਾਈਆ । ਲੇਖਾ ਜਾਣੇ ਅੰਦਰ ਬਾਹਰਾ, ਗੁਪਤ ਜ਼ਾਹਰਾ ਖੋਜ ਖੁਜਾਈਆ । ਸਚ ਸੁਣਾਏ ਇਕੋ ਨਾਅਰਾ, ਜੈ ਜੈਕਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੋਕਮਾਤ ਫੇਰਾ ਪਾਈਆ । ਲੋਕਮਾਤ ਫੇਰਾ ਪਾ, ਹਰਿ ਜੂ ਆਪਣਾ ਖੇਲ ਕਰਾਇੰਦਾ । ਕਲਜੁਗ ਅੰਤ ਬਣੇ ਮਲਾਹ, ਹਰਿਜਨ ਬੇੜਾ ਆਪ ਚਲਾਇੰਦਾ । ਭਗਤ ਭਗਵੰਤ ਲਏ ਜਗਾ, ਜਾਗਰਤ ਜੋਤ ਡਗਮਗਾਇੰਦਾ । ਸੰਤ ਸੁਹੇਲੇ ਲਏ ਉਠਾ, ਗੁਰ ਚੇਲੇ ਰੰਗ ਰੰਗਾਇੰਦਾ । ਗੁਰਮੁਖ ਗੋਦੀ ਲਏ ਬਹਾ, ਸਿਰ ਆਪਣਾ ਹੱਥ ਰਖਾਇੰਦਾ । ਗੁਰਸਿਖ ਪੜਦਾ ਦੇਵੇ ਲਾਹ, ਦੂਈ ਦਵੈਤੀ ਪੜਦਾ ਨਾ ਕੋਇ ਰਖਾਇੰਦਾ । ਸਾਚਾ ਮੰਤਰ ਦਏ ਸਿਖਾ, ਸਿਖਿਆ ਇਕੋ ਇਕ ਸਮਝਾਇੰਦਾ । ਬਿਨ ਅੱਖੀਆਂ ਅੱਖਰ ਦਏ ਪੜ੍ਹਾ, ਨਿਸ਼ਅੱਖਰ ਆਪ ਪਰਗਟਾਇੰਦਾ । ਬਿਨ ਸਖੀਆਂ ਮੰਗਲ ਦੇਵੇ ਗਾ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਬਿਨ ਬੱਤੀਆਂ ਚਾਨਣ ਦਏ ਕਰਾ, ਜੋਤ ਨਿਰੰਜਣ ਡਗਮਗਾਇੰਦਾ । ਬਿਨ ਹੱਟੀਆਂ ਆਪਣਾ ਨਾਮ ਸੌਦਾ ਦਏ ਵਿਕਾ, ਕਰਤਾ ਕੀਮਤ ਕੋਇ ਨਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖੇ ਹਰਿ, ਹਰਿ ਜੂ ਆਪਣੀ ਦਇਆ ਕਮਾਈਆ । ਨੌ ਖੰਡ ਪ੍ਰਿਥਮੀ ਆਵੇ ਡਰ, ਚਾਰ ਕੁੰਟ ਧੀਰਜ ਧੀਰ ਨਾ ਕੋਇ ਧਰਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਰਿਹਾ ਲੜ, ਆਸਾ ਤ੍ਰਿਸਨਾ ਕੂੜੀ ਕਿਰਿਆ ਡੰਕਾ ਰਹੀ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਆਪਣਾ ਫੇਰਾ ਪਾਈਆ । ਕਲਜੁਗ ਫੇਰਾ ਬੇਪਰਵਾਹ, ਨਵ ਨੌ ਵੇਖ ਵਖਾਇੰਦਾ । ਚਾਰੋ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦੁਆਰ

੩੨੨ ੧੫

ਨੇਤਰ ਰੋਵਣ ਮਾਰਨ ਧਾਹ, ਸਾਂਤਕ ਸਤਿ ਨਾ ਕੋਇ ਵਰਤਾਇੰਦਾ । ਮੁੱਲਾਂ ਸ਼ੇਖ਼ ਮਸਾਇਕ ਹੋਏ ਬੇਵਫ਼ਾ, ਫ਼ਰਮਾਂਬਰਦਾਰ ਨਜ਼ਰ ਕੋਇ ਨਾ ਆਇੰਦਾ । ਪੰਡਤ ਪਾਂਧੇ ਕਰਨ ਗੁਨਾਹ, ਸਾਚਾ ਸਿਦਕ ਨਾ ਕੋਇ ਨਿਭਾਇੰਦਾ । ਗ੍ਰੰਥੀ ਪੰਥੀ ਧੀਆਂ ਭੈਣਾਂ ਰਹੇ ਤਕਾ, ਨੇਤਰ ਅੱਖ ਨਾ ਕੋਇ ਸ਼ਰਮਾਇੰਦਾ । ਏਕਾ ਭੁੱਲਿਆ ਗੁਰ ਕਾ ਨਾਂ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਇੰਦਾ । ਨਾਤਾ ਤੁੱਟਾ ਪੁੱਤਰਾਂ ਮਾਂ, ਪਿਤਾ ਪੂਤ ਮੇਲ ਨਾ ਕੋਇ ਮਿਲਾਇੰਦਾ । ਹੰਸ ਬੁਧੀ ਹੋਈ ਕਾਂ, ਕਲਜੁਗ ਜੀਵ ਕਾਗ ਵਾਂਗ ਕੁਰਲਾਇੰਦਾ । ਕੋਈ ਖਾਏ ਸੂਰ ਕੋਈ ਖਾਏ ਗਾਂ, ਅੰਮ੍ਰਿਤ ਰਸ ਹੱਥ ਕਿਸੇ ਨਾ ਆਇੰਦਾ । ਬਿਨ ਸਤਿਗੁਰ ਪੂਰੇ ਕੋਈ ਨਾ ਪਕੜੇ ਅੰਤਮ ਬਾਂਹ, ਲੱਖ ਚੁਰਾਸੀ ਵਿਚੋ ਬਾਹਰ ਨਾ ਕੋਇ ਕਢਾਇੰਦਾ । ਸਦੀ ਚੌਧਵੀਂ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰ ਗਏ ਨਾਂਹ, ਸਿਰ ਹੱਥ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਵੇਸ ਵਟਾਇੰਦਾ । ਕਲਜੁਗ ਰੈਣ ਅੰਧੇਰੀ ਰਾਤ, ਚਾਰੋ ਕੁੰਟ ਨਜ਼ਰੀ ਆਈਆ । ਸਾਚੀ ਦਿਸੇ ਨਾ ਕੋਇ ਜਮਾਤ, ਕੂੜੀ ਕਿਰਿਆ ਕਰਨ ਪੜ੍ਹਾਈਆ । ਲੇਖਾ ਲਿਖੇ ਨਾ ਕੋਈ ਕਲਮ ਦਵਾਤ, ਸ਼ਾਹੀ ਨੇਤਰ ਨੈਣਾਂ ਨੀਰ ਵਹਾਈਆ । ਤੀਸ ਬਤੀਸ ਸ਼ਰਅ ਸ਼ਰੀਅਤ ਭੁੱਲੀ ਸਰਬ ਆਇਤ, ਕਲਮਾ ਨਬੀ ਰਸੂਲ ਹੱਕ ਹਕੀਕਤ ਨਾ ਕੋਇ ਸਮਝਾਈਆ । ਖਾਣੀ ਬਾਣੀ ਬੋਧ ਅਗਾਧ ਆਤਮ ਪਰਮਾਤਮ ਗਾਏ ਨਾ ਕੋਈ ਗਾਥ, ਛੱਤੀ ਰਾਗ ਉਚੀ ਕੂਕਣ ਦੇਣ ਦੁਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਕੋਈ ਨਾ ਦੇਵੇ ਸਾਥ, ਕਲਜੁਗ ਭੁੱਲੇ ਪਾਂਧੀ ਰਾਹੀਆ । ਨੇਤਰ ਰੋਵਣ ਤੀਰਥ ਤਾਟ, ਅਠ ਸਠ ਡੇਰਾ ਰਿਹਾ ਢਾਹੀਆ । ਗੰਗਾ ਜਮਨਾ ਸੁਰਸਤੀ ਗੋਦਾਵਰੀ ਪਤ ਸਕੇ ਨਾ ਕੋਈ ਰਾਖ, ਨੰਗੇ ਪੁਰਸ਼ ਤਾਰੀਆਂ ਰਹੇ ਲਾਈਆ । ਸਾਚਾ ਲੇਖਾ ਮੁੱਕੇ ਨਾ ਕਿਸੇ ਮਾਤ, ਲਹਿਣਾ ਝੋਲੀ ਕੋਇ ਨਾ ਪਾਈਆ । ਗੋਬਿੰਦ ਨਾਨਕ ਅੰਤਮ ਇਕੋ ਗਏ ਆਖ, ਆਖਰ ਆਵੇ ਬੇਪਰਵਾਹੀਆ । ਜਿਸ ਰਚਨਾ ਰਚੀ ਆਦਿ, ਸੋ ਵੇਖੇ ਚਾਈਂ ਚਾਈਂਆ । ਸੰਤ ਸੁਹੇਲੇ ਸੱਜਣ ਲਏ ਲਾਧ, ਲੱਖ ਚੁਰਾਸੀ ਵਿਚੋ ਖੋਜ ਖੁਜਾਈਆ । ਫੜ ਬਾਂਹੋ ਲਏ ਕਾਢ, ਕਲਜੁਗ ਤੱਤੀ ਵਾ ਨਾ ਲਾਗੇ ਰਾਈਆ । ਘਰ ਮੰਦਰ ਸੁਣਾਏ ਨਾਦ, ਅਗੰਮੀ ਰਾਗ ਅਲਾਈਆ । ਬਿਨ ਰਸਨਾ ਦੇਵੇ ਸੁਆਦ, ਰਸ ਆਤਮ ਇਕ ਚਖਾਈਆ । ਸਦੀ ਬੀਸਵੀਂ ਗੁਰਮੁਖ ਵਿਰਲਾ ਜਾਏ ਜਾਗ, ਜਿਸ ਨੇਤਰ ਨੈਣ ਅੱਖ ਖੁਲ੍ਹਾਈਆ । ਨਵ ਨੌ ਕੂੜੀ ਕਿਰਿਆ ਮਾਇਆ ਮਮਤਾ ਲੱਗੀ ਆਗ, ਪੰਜ ਤਤ ਕਾਇਆ ਰਹੀ ਜਲਾਈਆ । ਦੀਪਕ ਜੋਤ ਨਾ ਜਗੇ ਚਰਾਗ਼, ਘਰ ਘਰ ਅੰਧੇਰਾ ਗਿਆ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਨੂਰ ਜ਼ਹੂਰ ਕਰੇ ਰੁਸ਼ਨਾਈਆ । ਨੂਰ ਜ਼ਹੂਰ ਕਰੇ ਰੁਸ਼ਨਾ, ਮਿਹਰਵਾਨ ਵੇਸ ਵਟਾਈਆ । ਸਚ ਮੁਨਾਰਾ ਦਏ ਸੁਹਾ, ਸੋਭਾਵੰਤ ਡੇਰਾ ਲਾਈਆ । ਮੁਰੀਦ ਮੁਰਸ਼ਦ ਲਏ ਉਠਾ, ਮੁਫ਼ਤ ਆਪਣੀ ਸੇਵ ਕਮਾਈਆ । ਪੂਰਬ ਜਨਮ ਬਖ਼ਸ਼ੇ ਸਰਬ ਗੁਨਾਹ, ਮਾਰਗ ਅੱਗੇ ਇਕ ਸਮਝਾਈਆ । ਦੀਨ ਮਜ਼੍ਹਬ ਨਾਤਾ ਦਏ ਤੁੜਾ, ਸਾਚਾ ਸਾਕਾ ਇਕ ਸੁਣਾਈਆ । ਜ਼ਾਤ ਪਾਤ ਦਏ ਖਪਾ, ਊਚ ਨੀਚ ਨਾ ਕੋਇ ਵਡਿਆਈਆ । ਆਤਮ ਪਰਮਾਤਮ ਦਏ ਸਮਝਾ, ਪੜਦਾ ਆਪਣਾ ਆਪ ਚੁਕਾਈਆ । ਘਰ ਘਰ ਵਿਚ ਮੇਲਾ ਲਏ ਮਿਲਾ, ਦੂਰ ਦੁਰਾਡਾ ਪੰਧ ਮੁਕਾਈਆ । ਸੱਜਣ ਸੁਹੇਲਾ ਨਜ਼ਰੀ ਜਾਏ ਆ, ਨਜ਼ਰ ਆਪਣੀ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ

ਅੰਤਮ ਸ੍ਰੀ ਭਗਵਾਨ, ਭਗਵਨ ਆਪਣਾ ਵੇਸ ਵਟਾਈਆ । ਲੇਖਾ ਜਾਣ ਦੋ ਜਹਾਨ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਸਤਿਜੁਗ ਸਾਚਾ ਦੇਵੇ ਦਾਨ, ਵਸਤੂ ਸਤਿ ਸਤਿ ਵਰਤਾਈਆ । ਲੱਖ ਚੁਰਾਸੀ ਨਜ਼ਰੀ ਆਵੇ ਇਕੋ ਕਾਹਨ, ਇਸ਼ਟ ਦੇਵ ਇਕ ਗੋਸਾਈਆ । ਰੂਪ ਜਣਾਏ ਇਕੋ ਰਾਮ, ਰਮਈਆ ਬਣ ਬੇਪਰਵਾਹੀਆ । ਸਚ ਅਮਾਮ ਦਏ ਪੈਗ਼ਾਮ, ਪਰਵਰਦਿਗਾਰ ਸਿਫ਼ਤ ਸਾਲਾਹੀਆ । ਦਾਤਾ ਬਣੇ ਪੁਰਖ ਅਕਾਲ, ਬਿਧਾਤਾ ਆਪਣੀ ਧਾਰ ਚਲਾਈਆ । ਉਤਮ ਜ਼ਾਤਾ ਵਿਚ ਜਹਾਨ, ਸਚ ਜਮਾਤਾ ਲਏ ਬਣਾਈਆ । ਚਾਰੇ ਵਰਨਾਂ ਇਕ ਗਿਆਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਨਾਨਕ ਨਿਰਗੁਣ ਲਿਖਿਆ ਹੋਏ ਪਰਵਾਨ, ਸਚ ਪਰਵਾਨਾ ਦਏ ਵਖਾਈਆ । ਇਸ਼ਟ ਮਨਾਉਣਾ ਇਕ ਭਗਵਾਨ, ਦ੍ਰਿਸ਼ਟ ਸਭ ਦੀ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਅੰਤਰ ਅੰਤਰ ਸਾਚਾ ਮੰਤਰ ਜਗਤ ਬਸੰਤਰ ਆਪ ਬੁਝਾਈਆ । ਸਾਚਾ ਮੰਤਰ ਨਾਮ ਗੁਰਦੇਵ ਸੁਆਮੀ, ਨਮੋ ਸਤਿ ਸਤਿ ਜਣਾਇੰਦਾ । ਜਿਸ ਦੀ ਸਿਫ਼ਤ ਕਰੇ ਚਾਰ ਜੁਗ ਚਾਰ ਬਾਣੀ, ਚਾਰੇ ਖਾਣੀ ਰਾਹ ਵਖਾਇੰਦਾ । ਜਿਸ ਦਾ ਨੂਰ ਦੋ ਜਹਾਨੀ, ਸੋ ਲਾਸਾਨੀ ਵੇਖ ਵਖਾਇੰਦਾ । ਕਲਜੁਗ ਅੰਤ ਲੱਖ ਚੁਰਾਸੀ ਦੱਸੇ ਫਾਨੀ, ਫ਼ੈਸਲਾ ਸਭ ਦਾ ਆਪਣੇ ਹੱਥ ਰਖਾਇੰਦਾ । ਗੋਬਿੰਦ ਗੁਰ ਤੀਰ ਨਿਸ਼ਾਨਾ ਮਾਰੇ ਕਾਨੀ, ਚਿੱਲਾ ਇਕੋ ਇਕ ਉਠਾਇੰਦਾ । ਚੰਡ ਪਰਚੰਡ ਖੜਗ ਖੰਡਾ ਇਕ ਚਮਕਾਨੀ, ਦੋਹਰੀ ਧਾਰ ਆਪ ਵਖਾਇੰਦਾ । ਗੁਰਮੁਖ ਵਿਰਲਾ ਸਤਿਜੁਗ ਤੇਰੀ ਰਹੇ ਨਿਸ਼ਾਨੀ, ਦੂਜਾ ਰਹਿਣ ਕੋਇ ਨਾ ਪਾਇੰਦਾ । ਅਠ ਸਠ ਤੀਰਥ ਸਰੋਵਰ ਵੇਖਣਹਾਰਾ ਪਾਣੀ, ਜਲ ਥਲ ਮਹੀਅਲ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸੁਣਾਏ ਇਕ ਗਿਆਨੀ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਨਾਮ ਸਮਝਾਇੰਦਾ ।


੩੨੪ ੧੫

## ✪ ੨੩ ਭਾਦਰੋ ੨੦੨੦ ਬਿਕ੍ਰਮੀ ਗਿਆਨ ਸਿੰਘ ਦੇ ਗ੍ਰਿਹ ਭੋਰਛੀ ਜ਼ਿਲਾ ਅੰਮ੍ਰਿਤਸਰ ✪

ਸੋ ਪੁਰਖ ਨਿਰੰਜਣ ਸ਼ਾਹ ਪਾਤਸ਼ਾਹ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਹਰਿ ਪੁਰਖ ਨਿਰੰਜਣ ਬੇਪਰਵਾਹ, ਬੇਪਰਵਾਹੀ ਖੇਲ ਖਿਲਾਇੰਦਾ । ਏਕੰਕਾਰਾ ਸਾਚਾ ਹੁਕਮ ਚਲਾ, ਧੁਰ ਫ਼ਰਮਾਨਾ ਆਪ ਅਲਾਇੰਦਾ । ਆਦਿ ਨਿਰੰਜਣ ਕਰ ਰੁਸ਼ਨਾ, ਜੋਤੀ ਜਾਤਾ ਡਗਮਗਾਇੰਦਾ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਵਖਾਇੰਦਾ । ਅਬਿਨਾਸ਼ੀ ਕਰਤਾ ਮਾਰਗ ਦੱਸੇ ਰਾਹ, ਰਹਿਬਰ ਇਕੋ ਇਕ ਵਖਾਇੰਦਾ । ਪਾਰਬ੍ਰਹਮ ਪ੍ਰਭ ਭੇਵ ਰਿਹਾ ਚੁਕਾ, ਪੜਦਾ ਉਹਲਾ ਨਾ ਕੋਇ ਜਣਾਇੰਦਾ । ਸਚਖੰਡ ਦੁਆਰਾ ਇਕ ਸੁਹਾ, ਮਹੱਲ ਅਟੱਲ ਇਕ ਵਡਿਆਇੰਦਾ । ਦਰਗਹਿ ਸਾਚੀ ਸੋਭਾ ਪਾ, ਮੁਕਾਮੇ ਹੱਕ ਨੂਰ ਪਰਗਟਾਇੰਦਾ । ਥਿਰ ਘਰ ਦੁਆਰਾ ਦਏ ਖੁਲ੍ਹਾ, ਘਰ ਘਰ ਵਿਚ ਵੇਖ ਵਖਾਇੰਦਾ । ਏਕਾ ਇਛਿਆ ਆਪ ਪਰਗਟਾ, ਸਾਚੀ ਭਿਛਿਆ ਝੋਲੀ ਪਾਇੰਦਾ । ਨਿਰਗੁਣ ਨਿਰਗੁਣ ਮੇਲ ਮਿਲਾ, ਘਰ ਸਾਚੇ ਰੰਗ ਰੰਗਾਇੰਦਾ । ਨਾਰ ਕੰਤ ਵੇਸ ਵਟਾ, ਸੇਜ ਸੁਹੰਜਣੀ ਸੋਭਾ ਪਾਇੰਦਾ । ਜਨਨੀ ਜਨ ਆਪ ਅਖਵਾ, ਸੁਤ ਦੁਲਾਰਾ, ਏਕਾ ਜਾਇੰਦਾ । ਸੀਸ ਜਗਦੀਸ ਹੱਥ ਟਿਕਾ, ਮਿਹਰ ਨਜ਼ਰ ਆਪ ਉਠਾਇੰਦਾ । ਧੁਰ ਦੀ ਬਾਣੀ ਦਏ ਸਮਝਾ, ਸਾਚੀ ਕਾਰ ਆਪ ਕਰਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲਾ, ਸਗਲਾ ਸੰਗ ਆਪ ਨਿਭਾਇੰਦਾ ।

ਤ੍ਰੈਗੁਣ ਮਾਇਆ ਝੋਲੀ ਪਾ, ਪੰਚਮ ਜੋੜਾ ਜੋੜ ਜੁੜਾਇੰਦਾ । ਲੱਖ ਚੁਰਾਸੀ ਵੰਡ ਵੰਡਾ, ਚਾਰੇ ਖਾਣੀ ਵੇਖ ਵਖਾਇੰਦਾ । ਚਾਰੇ ਬਾਣੀ ਢੋਲਾ ਗਾ, ਚਾਰੋ ਕੁੰਟ ਨਾਦ ਅਲਾਇੰਦਾ । ਚਾਰੇ ਜੁਗ ਅੱਖ ਖੁਲ੍ਹਾ, ਨੇਤਰ ਨੈਣ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਰਤਾ ਕਾਰ ਕਮਾਇੰਦਾ । ਹਰਿ ਕਰਤਾ ਕਰੇ ਅਗੰਮੀ ਕਾਰ, ਲਿਖਣ ਪੜ੍ਹਨ ਵਿਚ ਨਾ ਆਈਆ । ਸਚਖੰਡ ਨਿਵਾਸੀ ਵਸਣਹਾਰ ਸਚ ਦੁਆਰ, ਦਰਗਹਿ ਸਾਚੀ ਸੋਭਾ ਪਾਈਆ । ਦੀਆ ਬਾਤੀ ਕਮਲਾਪਾਤੀ ਏਕਾ ਏਕ ਕਰ ਉਜਿਆਰ, ਨੂਰੋ ਨੂਰ ਨੂਰ ਰੁਸ਼ਨਾਈਆ । ਸਾਚਾ ਮੰਦਰ ਖੋਲ੍ਹ ਕਿਵਾੜ, ਘਰ ਵਸੇ ਬੇਪਰਵਾਹੀਆ । ਧੁਰਦਰਗਾਹੀ ਬਣ ਕੇ ਲਾੜ, ਸ਼ਾਹ ਪਾਤਸ਼ਾਹ ਆਪਣਾ ਵੇਸ ਵਟਾਈਆ । ਰੂਪ ਰੰਗ ਰੇਖ ਤੇ ਵਸਿਆ ਬਾਹਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਇਕ ਇਕੱਲਾ, ਅਕਲ ਕਲਧਾਰੀ ਖੇਲ ਕਰਾਇੰਦਾ । ਵਸਣਹਾਰਾ ਸਚ ਮਹੱਲਾ, ਸਚ ਦੁਆਰੇ ਸੋਭਾ ਪਾਇੰਦਾ । ਜੋਤੀ ਸ਼ਬਦੀ ਧਾਰ ਰਲਾ, ਨਿਰਗੁਣ ਨਿਰਗੁਣ ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪਣੇ ਹੱਥ ਰਖਾਇੰਦਾ । ਸਾਚੀ ਕਾਰ ਕਰੇ ਕਰਤਾਰ, ਕਰਨੀ ਆਪਣੇ ਵਿਚ ਛੁਪਾਈਆ । ਆਦਿ ਪੁਰਖ ਹੋ ਤਿਆਰ, ਅਪਰੰਪਰ ਆਪਣੀ ਰਾਸ ਰਚਾਈਆ । ਗੋਪੀ ਕਾਹਨ ਖੇਲ ਅਪਾਰ, ਮੰਡਲ ਮੰਡਪ ਵੱਜੇ ਵਧਾਈਆ । ਸਾਚਾ ਗਾਏ ਮੰਗਲਾਚਾਰ, ਗੀਤ ਗੋਬਿੰਦ ਆਪ ਅਲਾਈਆ । ਨਾ ਕੋਈ ਲੇਖਾ ਲਿਖਣਹਾਰ, ਲਿਖ ਲਿਖ ਲੇਖ ਨਾ ਕੋਇ ਸਮਝਾਈਆ । ਖੇਲੇ ਖੇਲ ਅਪਰ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਆਪ ਉਠਾਈਆ । ਸਾਚਾ ਪੜਦਾ ਦੇਵੇ ਲਾਹ, ਮੁਖ ਨਕਾਬ ਨਾ ਕੋਇ ਰਖਾਈਆ । ਨੂਰ ਵਿਚੋ ਨੂਰ ਧਰਾ, ਜ਼ਹੂਰ ਇਕੋ ਇਕ ਪਰਗਟਾਈਆ । ਪਰਵਰਦਿਗਾਰ ਸਚ ਖ਼ੁਦਾ, ਰਾਮ ਰਹੀਮ ਇਕ ਹੋ ਜਾਈਆ । ਸ਼ਾਹੋ ਭੂਪ ਬਣ ਸ਼ਹਿਨਸ਼ਾਹ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਰਚਨ ਰਚਾ, ਆਕਾਸ਼ ਪਰਕਾਸ਼ ਕਰੇ ਰੁਸ਼ਨਾਈਆ । ਧਰਤ ਧਵਲ ਆਪ ਸੁਹਾ, ਜਲ ਬਿੰਬ ਦਏ ਵਡਿਆਈਆ । ਲੱਖ ਚੁਰਾਸੀ ਬੰਧਨ ਪਾ, ਆਪ ਆਪਣਾ ਸੰਗ ਵਖਾਈਆ । ਆਤਮ ਪਰਮਾਤਮ ਵੰਡ ਵੰਡਾ, ਘਰ ਘਰ ਬੈਠਾ ਡੇਰਾ ਲਾਈਆ । ਪਾਰਬ੍ਰਹਮ ਬ੍ਰਹਮ ਵੇਸ ਵਟਾ, ਬ੍ਰਹਮਵੇਤਾ ਵੇਖ ਵਖਾਈਆ । ਧੁਰ ਦਾ ਰਾਗ ਇਕ ਸੁਣਾ, ਸ਼ਬਦ ਅਗੰਮੀ ਢੋਲਾ ਗਾਈਆ । ਅੰਮ੍ਰਿਤ ਰਸ ਇਕ ਚੁਆ, ਨਿਝਰ ਝਿਰਨਾ ਧਾਰ ਵਹਾਈਆ । ਸਾਚਾ ਮੰਦਰ ਕਰ ਰੁਸ਼ਨਾ, ਨੂਰੋ ਨੂਰ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਾਤਾ ਭਿਖਾਰੀ ਆਪਣੀ ਕਾਰ ਕਮਾਈਆ । ਨਿਰਗੁਣ ਆਦਿ ਬਣਿਆ ਦਾਤਾ, ਦਾਨੀ ਹਰਿ ਅਖਵਾਇੰਦਾ । ਖੇਲੇ ਖੇਲ ਪੁਰਖ ਬਿਧਾਤਾ, ਬਿਧ ਆਪਣੀ ਆਪ ਸਮਝਾਇੰਦਾ । ਨਿਰਗੁਣ ਨਿਰਗੁਣ ਜੋੜ ਨਾਤਾ, ਸਰਗੁਣ ਆਪਣਾ ਬੰਧਨ ਪਾਇੰਦਾ । ਕਰ ਖੇਲ ਤਮਾਸ਼ਾ, ਕਾਇਆ ਮੰਦਰ ਅੰਦਰ ਵੇਖ ਵਖਾਇੰਦਾ । ਨਾਮ ਨਿਧਾਨ ਗਾਏ ਗਾਥਾ, ਬਿਨ ਰਸਨਾ ਜਿਹਵਾ ਆਪ ਸੁਣਾਇੰਦਾ । ਵੇਖੇ ਵਿਗਸੇ ਪੁਰਖ ਸਮਰਾਥਾ, ਵੇਖਣਹਾਰਾ ਨਜ਼ਰ ਨਾ ਆਇੰਦਾ । ਸੇਵਾ ਕਰੇ ਬਣ ਬਣ ਦਾਸੀ ਦਾਸਾ, ਸੇਵਕ ਸਾਚੀ ਸੇਵ ਕਮਾਇੰਦਾ । ਆਪੇ ਇਛਿਆ ਪੂਰਨ ਆਸਾ, ਆਸਾਵੰਦ ਆਪ ਅਖਵਾਇੰਦਾ । ਆਪੇ ਪ੍ਰੇਮ ਪ੍ਰੀਤੀ ਰਹੇ ਪਿਆਸਾ, ਤ੍ਰਿਖਾ ਆਪ ਬੁਝਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼ਾ, ਗਗਨ ਗਗਨੰਤਰ ਖੋਜ ਖੁਜਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਜੀਵਾਂ ਜੰਤਾਂ ਦੇ ਦਿਲਾਸਾ, ਸਾਚੀ

ਸਿਖਿਆ ਇਕ ਦ੍ਰਿੜਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਆਤਮ ਸੇਜਾ ਭੋਗ ਬਲਾਸਾ, ਸੇਜ ਸੁਹੰਜਣੀ ਆਪ ਵਡਿਆਇੰਦਾ । ਗੋਪੀ ਕਾਹਨ ਬਣ ਬਣ ਪਾਏ ਰਾਸਾ, ਸੀਤਾ ਰਾਮ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਮਾਏ ਕਰਨੇ ਜੋਗ, ਜੁਗਤੀ ਆਪਣੇ ਹੱਥ ਰਖਾਈਆ । ਨਿਰਗੁਣ ਸਰਗੁਣ ਧੁਰ ਸੰਜੋਗ, ਦੋ ਜਹਾਨਾਂ ਮੇਲ ਮਿਲਾਈਆ । ਵੇਖਣਹਾਰਾ ਚੌਦਾਂ ਲੋਕ, ਲੋਕ ਪਰਲੋਕ ਫੇਰਾ ਪਾਈਆ । ਸੁਣਾਵਣਹਾਰਾ ਨਾਮ ਸਲੋਕ, ਸਾਚਾ ਢੋਲਾ ਇਕੋ ਗਾਈਆ । ਬਖ਼ਸ਼ਣਹਾਰਾ ਅੰਤਮ ਓਟ, ਪੁਰਖ ਅਕਾਲ ਚਰਨ ਸਰਨਾਈਆ । ਜਗਾਵਣਹਾਰਾ ਨਿਰਮਲ ਜੋਤ, ਜੋਤੀ ਜੋਤ ਕਰੇ ਰੁਸ਼ਨਾਈਆ । ਵਸਾਵਣਹਾਰਾ ਸਾਚਾ ਕੋਟ, ਕਾਇਆ ਬੰਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਈਆ । ਸਾਚੀ ਕਾਰ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਜੁਗ ਚੌਕੜੀ ਪਾਵੇ ਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਨਿਰਗੁਣ ਸਰਗੁਣ ਕਰੇ ਪਿਆਰ, ਮਿਹਰ ਮੁਹੱਬਤ ਇਕ ਸਮਝਾਇੰਦਾ । ਨਾਤਾ ਜੋੜ ਵਿਚ ਸੰਸਾਰ, ਸਮੁੰਦ ਸਾਗਰ ਖੋਜ ਖੁਜਾਇੰਦਾ । ਭਗਤ ਭਗਵੰਤ ਲਏ ਉਠਾਲ, ਸਾਚੇ ਸੰਤ ਸੰਗ ਨਿਭਾਇੰਦਾ । ਗੁਰਮੁਖ ਲੇਖਾ ਚੁੱਕੇ ਸ਼ਾਹ ਕੰਗਾਲ, ਰਾਉ ਰੰਕ ਨਾ ਕੋਇ ਵਖਾਇੰਦਾ । ਗੁਰਸਿਖਾਂ ਬਣੇ ਆਪ ਦਲਾਲ, ਸ਼ਬਦ ਵਿਚੋਲਾ ਫੇਰਾ ਪਾਇੰਦਾ । ਲੱਖ ਚੁਰਾਸੀ ਵਿਚੋ ਭਾਲ, ਹਰਿਜਨ ਆਪਣਾ ਮੇਲ ਮਿਲਾਇੰਦਾ । ਅੰਦਰ ਬਾਹਰ ਸੁਰਤ ਸੰਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਤਾ ਪੁਰਖ, ਵਡ ਪੁਰਖੋਤਮ ਆਪ ਕਰਾਈਆ । ਨਾ ਕੋਈ ਸੋਗ਼ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਈਆ । ਨਿਰਗੁਣ ਸਰਗੁਣ ਦੇਵੇ ਦਰਸ, ਸਵੱਛ ਸਰੂਪੀ ਰੂਪ ਵਟਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਸਾਚੀ ਧਾਰਾ ਆਪ ਵਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਤਿ ਸਰੂਪ ਆਏ ਪਰਤ, ਪਰਤੀਨਿਧ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਆਪਣੇ ਹੱਥ ਰਖਾਈਆ । ਸਾਚਾ ਲੇਖਾ ਰੱਖੇ ਹੱਥ, ਆਦਿ ਜੁਗਾਦਿ ਭੇਵ ਕੋਇ ਨਾ ਪਾਇੰਦਾ । ਕਰੇ ਖੇਲ ਪੁਰਖ ਸਮਰਥ, ਦੂਜਾ ਸੰਗ ਨਾ ਕੋਇ ਮਿਲਾਇੰਦਾ । ਜੁਗ ਚੌਕੜੀ ਮਾਰਗ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰ ਧੰਦੇ ਲਾਇੰਦਾ । ਨਿਰਗੁਣ ਹੋ ਕੇ ਅੰਤਰ ਵਸ, ਸਰਗੁਣ ਆਪਣਾ ਮੇਲ ਮਿਲਾਇੰਦਾ । ਸਚ ਪ੍ਰੀਤੀ ਦੇਵੇ ਰਸ, ਰਸ ਇਕੋ ਇਕ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਜਣਾਇੰਦਾ । ਧੁਰ ਦਾ ਲੇਖਾ ਦੇਵੇ ਖੋਲ੍ਹ, ਖੋਲ੍ਹਣਹਾਰ ਵੱਡੀ ਵਡਿਆਈਆ । ਜੁਗ ਚੌਕੜੀ ਤੋਲਦਾ ਰਿਹਾ ਤੋਲ, ਨਾਮ ਕੰਡਾ ਹੱਥ ਉਠਾਈਆ । ਜੀਵ ਜੰਤ ਸਾਧ ਸੰਤ ਦੱਸਦਾ ਰਿਹਾ ਅਗੰਮੀ ਬੋਲ, ਪੰਜ ਤਤ ਕਰੇ ਸ਼ਨਵਾਈਆ । ਅਨਹਦ ਨਾਦ ਵਜੌਂਦਾ ਰਿਹਾ ਢੋਲ, ਬ੍ਰਹਿਮੰਡਾਂ ਖੰਡਾਂ ਰਿਹਾ ਸੁਣਾਈਆ । ਆਪ ਬੈਠਾ ਰਿਹਾ ਅਡੋਲ, ਸਚ ਦੁਆਰੇ ਡੇਰਾ ਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਵਰਨ ਬਰਨ ਕਰਦਾ ਰਿਹਾ ਘੋਲ, ਜਗਤ ਅਖਾੜਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਸਮਝਾਈਆ । ਜਗਤ ਅਖਾੜਾ ਵੇਖੇ ਜੁਗ ਚਾਰ, ਚੌਕੜੀ ਆਪਣਾ ਬੰਧਨ ਪਾਈਆ । ਹੁਕਮੇ ਅੰਦਰ ਘੱਲ ਅਵਤਾਰ, ਗੁਰ ਗੁਰ ਆਪਣਾ ਰਾਗ ਜਣਾਈਆ । ਖੇਲ ਕਰੇ ਅਗੰਮ ਅਪਾਰ, ਪੀਰ ਪੈਗ਼ੰਬਰ ਸਿਫ਼ਤ ਸਾਲਾਹੀਆ । ਭਗਤ ਭਗਵਾਨ

੩੨੬
੧੫

ਰਹੇ ਪੁਕਾਰ, ਉਚੀ ਕੂਕਣ ਮਾਰਨ ਧਾਹੀਂਆ । ਸੰਤ ਬੋਲਣ ਸਚ ਜੈਕਾਰ, ਨਾਅਰਾ ਇਕੋ ਇਕ ਸੁਣਾਈਆ । ਗੁਰਮੁਖ ਮੰਗਣ ਦਰਸ ਦੀਦਾਰ, ਨੇਤਰ ਨੈਣ ਨੈਣ ਉਠਾਈਆ । ਗੁਰਸਿਖ ਮੰਗਣ ਚਰਨ ਧੂੜੀ ਛਾਰ, ਮਸਤਕ ਟਿੱਕਾ ਇਕੋ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰ, ਨੇਤਰ ਨੈਣ ਨੈਣ ਉਠਾਈਆ । ਕਰੋੜ ਤੇਤੀਸਾ ਹਾਹਾਕਾਰ, ਸੁਰਪਤ ਬੈਠਾ ਧਿਆਨ ਲਗਾਈਆ । ਸਤਿਜੁਗ ਵੇਖੇ ਆਪਣੀ ਵਾਰ, ਤ੍ਰੇਤਾ ਪੜਦਾ ਰਿਹਾ ਚੁਕਾਈਆ । ਦੁਆਪਰ ਪੁੱਛੇ ਸਾਂਝਾ ਯਾਰ, ਕਲਜੁਗ ਘਰ ਘਰ ਅਲਖ ਜਗਾਈਆ । ਨਾ ਕੋਈ ਮਿਲੇ ਮੀਤ ਮੁਰਾਰ, ਲੱਗੀ ਯਾਰੀ ਨਾ ਤੋੜ ਨਿਭਾਈਆ । ਲੇਖਾ ਲਿਖ ਲਿਖ ਗਏ ਗੁਰੂ ਅਵਤਾਰ, ਪੀਰ ਪੈਗੰਬਰ ਮਾਤ ਜਣਾਈਆ । ਕਲਮਾ ਨਬੀ ਰਸੂਲ ਗਏ ਸਿਖਾਲ, ਕਾਇਨਾਤ ਕਰ ਪੜ੍ਹਾਈਆ । ਏਕਾ ਜਲਵਾ ਨੂਰ ਹੱਕ ਜੁਮਾਲ, ਜ਼ਾਹਰ ਜ਼ਹੂਰ ਇਕ ਰੁਸ਼ਨਾਈਆ । ਕਰੇ ਖੇਲ ਬੇਮਿਸਾਲ, ਜਿਸ ਦੀ ਮਿਸਲ ਸਕੇ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਰੰਗ ਵਖਾਈਆ । ਨਿਰਗੁਣ ਰੰਗ ਵਖਾਏ ਅਗੰਮ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਮਾਤ ਕੁੱਖ ਨਾ ਪਏ ਜੰਮ, ਪਿਤਾ ਗੋਦ ਨਾ ਕੋਇ ਬਹਾਇੰਦਾ । ਪਵਣ ਸਵਾਸ ਨਾ ਲਏ ਦਮ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਹਰਖ਼ ਸੋਗ ਨਾ ਕੋਇ ਗ਼ਮ, ਚਿੰਤਾ ਚਿਖਾ ਨਾ ਕੋਇ ਤਪਾਇੰਦਾ । ਹੱਡ ਮਾਸ ਨਾੜੀ ਨਾ ਕੋਈ ਚੰਮ, ਚੰਮ ਦ੍ਰਿਸ਼ਟੀ ਵੰਡ ਨਾ ਕੋਇ ਵੰਡਾਇੰਦਾ । ਪੰਜ ਤਤ ਨਾ ਦਿਸੇ ਤਨ, ਹੱਡ ਮਾਸ ਨਾੜੀ ਜੋੜ ਨਾ ਕੋਇ ਜੁੜਾਇੰਦਾ । ਨਾ ਕੋਈ ਛੱਪਰੀ ਨਾ ਕੋਈ ਛੰਨ, ਮਸਜਿਦ ਮੰਦਰ ਗੁਰੂਦਵਾਰ ਸ਼ਿਵਦਵਾਲਾ ਮੱਠ ਨਾ ਕੋਇ ਦਸਾਇੰਦਾ । ਹੱਥ ਮੂੰਹ ਨਾ ਕੋਈ ਕੰਨ, ਨੇਤਰ ਅੱਖ ਨਾ ਕੋਇ ਖੁਲ੍ਹਾਇੰਦਾ । ਨਾ ਕੋਈ ਘੜੇ ਨਾ ਲਏ ਭੰਨ, ਘੜਨ ਭੰਨਣਹਾਰ ਆਪਣੀ ਧਾਰ ਆਪ ਚਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਬੇੜਾ ਆਪੇ ਬੰਨ, ਬੰਨਣਹਾਰ ਆਪ ਹੋ ਜਾਇੰਦਾ । ਕਰ ਪਰਕਾਸ਼ ਸੂਰਜ ਚੰਨ, ਧਰਤ ਧਵਲ ਆਪ ਸੁਹਾਇੰਦਾ । ਦੇਵੇ ਗਿਆਨ ਆਤਮ ਅੰਨ, ਪਰਮਾਤਮ ਆਪਣਾ ਪੜਦਾ ਲਾਹਿੰਦਾ । ਲੇਖਾ ਜਾਣੇ ਬੁੱਧ ਮਤ ਮਨ, ਮਨ ਮਨਸਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਅੰਤ ਜੁਗਾ ਜੁਗੰਤ ਜੁਗ ਕਰਤਾ ਆਪਣੀ ਕਾਰ ਕਮਾਇੰਦਾ । ਜੁਗ ਕਰਤਾ ਕਰੇ ਖੇਲ ਕਰਤਾਰ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰ ਲੇਖਾ ਲਿਖ ਲਿਖ ਗਏ ਵਿਚ ਸੰਸਾਰ, ਬੋਧ ਅਗਾਧ ਸ਼ਬਦ ਸ਼ਨਵਾਈਆ । ਸਭ ਦਾ ਇਸ਼ਟ ਇਕ ਨਿਰੰਕਾਰ, ਦ੍ਰਿਸ਼ਟ ਇਕੋ ਵਾਰ ਖੁਲ੍ਹਾਈਆ । ਰਾਮਾ ਵਸ਼ਿਸ਼ਟ ਕਰੇ ਪਿਆਰ, ਗੁਰਦੇਵ ਸੁਆਮੀ ਸਾਚੀ ਸਿਖਿਆ ਇਕ ਦ੍ਰਿੜਾਈਆ । ਦੋਜ਼ਖ਼ ਬਹਿਸ਼ਤ ਨਾ ਦੇਵੇ ਕੋਈ ਸਾੜ, ਅਗਨੀ ਤਤ ਨਾ ਕੋਇ ਜਲਾਈਆ । ਨਰਕ ਸੁਰਗ ਨਾ ਕੋਇ ਪਿਆਰ, ਜਿਸ ਮਿਲਿਆ ਬੇਪਰਵਾਹੀਆ । ਚੌਦਾਂ ਲੋਕ ਨਾ ਕੋਈ ਸਹਾਰ, ਚੌਦਾਂ ਤਬਕ ਨਾ ਕੋਇ ਸਰਨਾਈਆ । ਚੌਦਾਂ ਵਿਦਿਆ ਨਾ ਕੋਈ ਆਧਾਰ, ਚੌਦਸ ਚੰਦ ਨਾ ਕੋਇ ਰੁਸ਼ਨਾਈਆ । ਇਕ ਇਕੱਲਾ ਪੁਰਖ ਅਬਿਨਾਸ਼, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਾਂਝਾ ਯਾਰ, ਸਗਲਾ ਸੰਗ ਆਪ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਕਾਰ ਕਮਾਈਆ । ਧੁਰ ਦੀ ਕਰਨੀ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜਿਸ ਦਾ ਗੁਰ ਅਵਤਾਰ ਦੇ ਕੇ ਗਏ ਬਿਆਨ, ਲੇਖਾ ਲੋਕਮਾਤ ਸਮਝਾਈਆ । ਪੀਰ ਪੈਗ਼ੰਬਰ ਗਾ ਗਾ ਗਏ

ਗਾਨ, ਕਲਮਾ ਨਬੀ ਰਸੂਲ ਇਲਾਹੀਆ । ਭਗਤ ਦੱਸਦੇ ਗਏ ਨਿਸ਼ਾਨ, ਸਚ ਨਿਸ਼ਾਨਾ ਇਕ ਵਖਾਈਆ । ਸੰਤ ਮੰਗਦੇ ਗਏ ਦਾਨ, ਬਣ ਭਿਖਾਰੀ ਅਲਖ ਜਗਾਈਆ । ਸੋ ਸਾਹਿਬ ਵੇਖੇ ਦੋ ਜਹਾਨ, ਦੋ ਜਹਾਨਾਂ ਵਾਲੀ ਵੇਸ ਵਟਾਈਆ । ਜਿਸ ਨੂੰ ਆਦਿ ਜੁਗਾਦਿ ਜੁਗਾ ਜੁਗੰਤਰ ਮੰਨਦੇ ਸੱਚਾ ਕਾਹਨ, ਲੱਖ ਚੁਰਾਸੀ ਆਪ ਹੰਢਾਈਆ । ਜਿਸ ਦਾ ਸਚਖੰਡ ਦੁਆਰ ਸਚ ਮਕਾਨ, ਸਚ ਸਿੰਘਾਸਣ ਡੇਰਾ ਲਾਈਆ । ਸੋ ਕਲਜੁਗ ਅੰਤ ਹੋਏ ਆਪ ਮਿਹਰਵਾਨ, ਮਿਹਬਾਨ ਬੀਦੋ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦਏ ਚੁਕਾਈਆ । ਸਭ ਦਾ ਲੇਖਾ ਸ੍ਰੀ ਭਗਵੰਤ, ਪੁਰਖ ਅਬਿਨਾਸ਼ੀ ਆਪ ਚੁਕਾਈਆ । ਜੁਗ ਚੌਕੜੀ ਕਰਨਹਾਰਾ ਅੰਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਵੇਖਣਹਾਰਾ ਲੱਖ ਚੁਰਾਸੀ ਜੀਵ ਜੰਤ, ਘਰ ਘਰ ਪੜਦਾ ਰਿਹਾ ਉਠਾਈਆ । ਤੋੜਨਹਾਰਾ ਗੜ੍ਹ ਹਉਮੇਂ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਬੋਧ ਅਗਾਧਾ ਹੋ ਕੇ ਪੰਡਤ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਫੇਰਾ ਅੰਤਮ ਧਾਰ, ਧਰਨੀ ਧਰਤ ਧਵਲ ਸੁਹਾਇੰਦਾ । ਲੇਖਾ ਜਾਣ ਤੇਈ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਇੰਦਾ । ਭਗਤ ਅਠਾਰਾਂ ਸੁਣ ਪੁਕਾਰ, ਅਠ ਦਸ ਪੈਂਡਾ ਆਪ ਮੁਕਾਇੰਦਾ । ਈਸਾ ਮੂਸਾ ਮੁਹੰਮਦ ਰੋਵਣ ਜ਼ਾਰੋ ਜ਼ਾਰ, ਅੱਲਾ ਰਾਣੀ ਨੇਤਰ ਨੈਣ ਸ਼ਰਮਾਇੰਦਾ । ਨਾਨਕ ਗੋਬਿੰਦ ਕਰ ਕੇ ਗਏ ਪੁਕਾਰ, ਉਚੀ ਕੂਕ ਕੂਕ ਸਰਬ ਸੁਣਾਇੰਦਾ । ਕਲਜੁਗ ਅੰਤਮ ਪਰਗਟ ਹੋਵੇ ਪੁਰਖ ਅਕਾਲ, ਅਕਲ ਕਲਧਾਰੀ ਆਪਣਾ ਵੇਸ ਵਟਾਇੰਦਾ । ਸਚ ਦੁਆਰਾ ਪਰਗਟ ਕਰੇ ਇਕੋ ਧਰਮਸਾਲ, ਚਾਰ ਵਰਨਾਂ ਮਾਣ ਦਵਾਇੰਦਾ । ਲੇਖਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਰਾਉ ਰੰਕ ਨਜ਼ਰ ਕੋਇ ਨਾ ਆਇੰਦਾ । ਦੀਨਾਂ ਬੰਧਪ ਦੀਨਾਂ ਨਾਥ ਠਾਕਰ ਹੋਏ ਆਪ ਦਿਆਲ, ਠੋਕਰ ਘਰ ਘਰ ਨਾਮ ਲਗਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਗੁਰ ਗੁਰ ਲਏ ਉਠਾਲ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਵੇਸ ਵਟਾਇੰਦਾ । ਅੰਤ ਚਲੇ ਅਵਲੜੀ ਚਾਲ, ਚਾਲ ਨਿਰਾਲੀ ਇਕ ਰਖਾਇੰਦਾ । ਨਿਰਗੁਣ ਹੋ ਕੇ ਬਣੇ ਦਲਾਲ, ਸਰਗੁਣ ਆਪਣੇ ਹੱਟ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣਾ ਖੇਲ ਰਚਾਇੰਦਾ । ਅੰਤਮ ਖੇਲ ਕਰੇ ਭਗਵਾਨਾ, ਭਗਵਨ ਆਪਣੀ ਦਇਆ ਕਮਾਈਆ । ਨਿਹਕਲੰਕ ਹੋ ਪਰਧਾਨਾ, ਨਾਮ ਪਰਧਾਨਗੀ ਇਕ ਵਖਾਈਆ । ਸ਼ਬਦ ਅਗੰਮੀ ਸਚ ਤਰਾਨਾ, ਲੋਆਂ ਪੁਰੀਆਂ ਆਪ ਸੁਣਾਈਆ । ਕਲਜੁਗ ਕੂੜੀ ਕਿਰਿਆ ਤੋੜੇ ਮਾਣਾ, ਅਭਿਮਾਨ ਰਹਿਣ ਕੋਇ ਨਾ ਪਾਈਆ । ਜੂਠਾ ਝੂਠਾ ਮੇਟੇ ਨਿਸ਼ਾਨਾ, ਸਚ ਸੁਚ ਦਏ ਵਡਿਆਈਆ । ਕੂੜੀ ਕਿਰਿਆ ਬੰਨ੍ਹੇ ਗਾਨਾ, ਬੀਸ ਬੀਸਾ ਸਗਨ ਮਨਾਈਆ । ਭਗਤ ਭਗਵਾਨ ਕਰੇ ਪਰਵਾਨਾ, ਘਰ ਸਾਚੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖੇ ਹਾਲ, ਹਾਲਤ ਸਭ ਦੀ ਫੋਲ ਫੁਲਾਈਆ । ਕਲਜੁਗ ਜੀਵ ਹੋਏ ਕੰਗਾਲ, ਨਾਮ ਵਸਤ ਹੱਥ ਕਿਸੇ ਨਾ ਆਈਆ । ਕੂੜੀ ਕਿਰਿਆ ਤ੍ਰੈਗੁਣ ਮਾਇਆ ਪਿਆ ਜੰਜਾਲ, ਪੰਚ ਵਿਕਾਰ ਕਰੀ ਕੁੜਮਾਈਆ । ਆਸਾ ਤ੍ਰਿਸਨਾ ਘਾਲੀ ਘਾਲ, ਮਨ ਵਾਸਨਾ ਖ਼ੁਸ਼ੀ ਮਨਾਈਆ । ਜਗਤ ਸਰੋਵਰ ਨਹੌਂਦੇ ਰਹੇ ਤਾਲ, ਅੰਮ੍ਰਿਤ ਆਤਮ ਅਸ਼ਨਾਨ ਨਾ ਕੋਇ ਕਰਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰੂਦੁਆਰੇ ਰਹੇ ਭਾਲ, ਕਾਇਆ

ਅੰਦਰ ਸਤਿਗੁਰ ਨਜ਼ਰ ਕਿਸੇ ਨਾ ਆਈਆ । ਜਗਤ ਦੀਪਕ ਰਹੇ ਬਾਲ, ਸਾਚੇ ਮੰਦਰ ਦੀਆ ਬਾਤੀ ਨਾ ਕੋਇ ਟਿਕਾਈਆ । ਬਿਨ ਹਰਿ ਨਾਮੇ ਹੋਏ ਕੰਗਾਲ, ਸ਼ਾਹ ਸੁਲਤਾਨ ਦੇਣ ਦੁਹਾਈਆ । ਸਦੀ ਚੌਧਵੀਂ ਆਏ ਜ਼ਵਾਲ, ਜ਼ੇਰ ਜ਼ਬਰ ਸਭ ਦੀ ਦਏ ਮਿਟਾਈਆ । ਅਲਿਫ਼ ਯੇ ਇਕੋ ਸਬਰ ਪਿਆਲਾ ਦਏ ਪਿਆਲ, ਸਿਦਕ ਸਬੂਰੀ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖੇ ਹਾਲ ਮੁਰੀਦ, ਮੁਰਸ਼ਦ ਆਪਣਾ ਫੇਰਾ ਪਾਈਆ । ਜਿਨ੍ਹਾਂ ਗੁਰ ਗੋਬਿੰਦ ਪ੍ਰੇਮ ਪ੍ਰੀਤੀ ਦੇ ਕੇ ਗਿਆ ਰਸੀਦ, ਤਿਨ੍ਹਾਂ ਆਪਣਾ ਰੰਗ ਰੰਗਾਈਆ । ਵੇਲੇ ਅੰਤ ਕਰ ਗਿਆ ਤਾਕੀਦ, ਤਕਵਾ ਇਕੋ ਇਕ ਜਣਾਈਆ । ਜਿਸ ਦੇ ਪਿੱਛੇ ਹੁੰਦੇ ਰਹੇ ਸ਼ਹੀਦ, ਸੋ ਅੰਤ ਸ਼ਹਾਦਤ ਦੇਵੇ ਗਵਾਹੀਆ । ਗੁਰਮੁਖੋ ਗੁਰਸਿਖੋ ਤੁਹਾਡਾ ਬਣੇ ਮੁਰੀਦ, ਮੁਸ਼ਕਲ ਦੇਵੇ ਹੱਲ ਕਰਾਈਆ । ਕਰੇ ਖੇਲ ਆਪ ਅਜੀਬ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖਣ ਆਈਆ । ਕਲਜੁਗ ਅੰਤਮ ਵੇਖਣ ਆਵੇਗਾ । ਪ੍ਰਭ ਆਪਣਾ ਵੇਸ ਵਟਾਵੇਗਾ । ਨਰ ਨਰੇਸ਼ ਜੋਤ ਜਗਾਵੇਗਾ । ਸਾਚਾ ਦੇਸ ਇਕ ਵਸਾਵੇਗਾ । ਧੁਰ ਦਾ ਲੇਖ, ਲੇਖ ਪਰਗਟਾਵੇਗਾ । ਮੁੱਛ ਦਾੜ੍ਹੀ ਨਾ ਕੋਇ ਕੇਸ, ਸੀਸ ਜਗਦੀਸ ਨਾ ਮੁੰਡ ਮੁੰਡਾਵੇਗਾ । ਆਦਿ ਜੁਗਾਦਿ ਰਹੇ ਹਮੇਸ਼, ਜਨਮ ਮਰਨ ਨਾ ਕੋਇ ਵਖਾਵੇਗਾ । ਨਿਰਗੁਣ ਹੋ ਕੇ ਦਏ ਸੰਦੇਸ, ਸਰਗੁਣ ਜੀਵ ਜੰਤ ਸਮਝਾਵੇਗਾ । ਅੰਦਰ ਵੜ ਕੇ ਖੋਲ੍ਹੇ ਭੇਤ, ਬਾਹਰੋ ਪੜਦਾ ਮਾਇਆ ਪਾਵੇਗਾ । ਰੁੱਤ ਸੁਹੰਜਣੀ ਵੇਖੇ ਚੇਤ, ਫੁੱਲ ਫੁਲਵਾੜੀ ਆਪ ਮਹਿਕਾਵੇਗਾ । ਗੁਰਮੁਖ ਸਾਚੇ ਕਰੇ ਹੇਤ, ਭਗਤ ਭਗਵੰਤ ਆਪ ਜਗਾਵੇਗਾ । ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਵੇਗਾ । ਨਿਰਗੁਣ ਹੋ ਕੇ ਖੇਡੇ ਖੇਡ, ਜਗਤ ਖਡਾਰੀ ਵੇਖ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਫੇਰਾ ਪਾਵੇਗਾ । ਕਲਜੁਗ ਅੰਤ ਪ੍ਰਭੂ ਪ੍ਰਭ ਆਏਗਾ । ਦੀਨ ਦਿਆਲ ਵੇਸ ਵਟਾਏਗਾ । ਕਾਲ ਮਹਾਂਕਾਲ ਹੁਕਮ ਸੁਣਾਏਗਾ । ਲਾੜੀ ਮੌਤ ਨਾਲ ਰਲਾਏਗਾ । ਲੱਖ ਚੁਰਾਸੀ ਵੰਡ ਵੰਡਾਏਗਾ । ਰਾਏ ਧਰਮ ਆਪ ਸਮਝਾਏਗਾ । ਚਿਤਰ ਗੁਪਤ ਲੇਖ ਵਖਾਏਗਾ । ਕਲਮ ਸ਼ਾਹੀ ਬੰਦ ਕਰਾਏਗਾ । ਕਾਗ਼ਜ਼ ਰੂਪ ਨਾ ਕੋਇ ਵਟਾਏਗਾ । ਸ਼ਰਅ ਸ਼ਰੀਅਤ ਮੇਟ ਮਿਟਾਏਗਾ । ਸਾਚੀ ਆਇਤ ਇਕ ਪੜ੍ਹਾਏਗਾ । ਜਮਾਤ ਇਕੋ ਇਕ ਰਖਾਏਗਾ । ਵਫ਼ਾਤ ਕਦੇ ਆਪ ਨਾ ਪਾਏਗਾ । ਆਬੇਹਯਾਤ ਸਰਬ ਪਿਆਏਗਾ । ਸਚ ਲੁਗ਼ਾਤ ਇਕ ਵਖਾਏਗਾ । ਅਲਿਫ਼ ਯੇ ਨਾ ਕੋਇ ਜਣਾਏਗਾ । ਸਾਚਾ ਨੇਹ ਇਕ ਲਗਾਏਗਾ । ਅੰਮ੍ਰਿਤ ਮੇਂਹ ਆਪ ਬਰਸਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਰੁਤੜੀ ਵੇਖ ਵਖਾਏਗਾ । ਕਲਜੁਗ ਰੁਤੜੀ ਵੇਖ ਵਖਾਵੇਗਾ । ਚਾਰੋ ਕੁੰਟ ਫੇਰਾ ਪਾਵੇਗਾ । ਨੌ ਖੰਡ ਫੋਲ ਫੁਲਾਵੇਗਾ । ਸੱਤਾਂ ਦੀਪਾਂ ਡੇਰਾ ਢਾਵੇਗਾ । ਲੱਖ ਚੁਰਾਸੀ ਪੜਦਾ ਲਾਹਵੇਗਾ । ਅੰਡਜ ਜੇਰਜ ਉਤਭੁਜ ਸੇਤਜ ਵੇਲਾ ਵਕਤ ਚੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਕਾਤੀ ਵੇਸ ਵਟਾਵੇਗਾ । ਕਲ ਕਾਤੀ ਵੇਸ ਵਟਾਵੇਗਾ । ਧੁਰ ਦਾ ਸਾਥੀ ਬਣ ਕੇ ਆਵੇਗਾ । ਨਾਨਕ ਗੋਬਿੰਦ ਆਖੀ ਪੂਰ ਕਰਾਵੇਗਾ । ਵੇਦ ਵਿਆਸਾ ਲਿਖ ਕੇ ਗਿਆ ਸਾਖੀ, ਪੂਤ ਸਪੂਤਾ ਬ੍ਰਾਹਮਣ ਗੌੜਾ ਉਚੇ ਟਿੱਲੇ ਪਰਬਤ ਡੇਰਾ ਲਾਵੇਗਾ । ਈਸਾ ਮੂਸਾ ਖੋਲ੍ਹ ਕੇ ਗਏ ਤਾਕੀ, ਅੰਤ ਦਰਵਾਜ਼ਾ ਆਪ ਜਣਾਵੇਗਾ । ਮੁਹੰਮਦ ਮੰਗਦਾ ਗਿਆ ਦਾਤੀ ਪੰਜ ਤਤ ਖ਼ਾਕੀ, ਅੰਤਮ ਨੂਰ ਜ਼ਹੂਰ ਜ਼ਾਹਰ ਰੂਪ ਆਪ ਪਰਗਟਾਵੇਗਾ । ਦੋ ਜਹਾਨ ਲਹਿਣਾ

ਦੇਣਾ ਚੁਕਾਏ ਬਾਕੀ, ਕਰਜ਼ਾ ਮਕਰੂਜ਼ ਸਿਰ ਨਾ ਕੋਇ ਧਰਾਵੇਗਾ । ਕਲਜੁਗ ਮੇਟੇ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚੜ੍ਹਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਉਚੀ ਕੂਕ ਇਕੋ ਢੋਲਾ ਸਾਰੇ ਆਖੀ, ਆਖ਼ਰ ਆਪਣੀ ਖੇਲ ਖਿਲਾਵੇਗਾ । ਆਦਿ ਜੁਗਾਦੀ ਕਮਲਾਪਾਤੀ, ਕਵਲ ਨੈਣ ਇਕ ਮਟਕਾਵੇਗਾ । ਚਾਰ ਵਰਨ ਅਠਾਰਾਂ ਬਰਨ ਰਾਉ ਰੰਕ ਪੜ੍ਹਾਏ ਇਕ ਜਮਾਤੀ, ਸੋਹੰ ਢੋਲਾ ਇਕ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਲੇਖਾ ਲੇਖੇ ਲਾਵੇਗਾ । ਕਲਜੁਗ ਲੇਖਾ ਲੇਖੇ ਲਾਏਗਾ । ਕੂੜੀ ਕਿਰਿਆ ਮੇਟ ਮਿਟਾਏਗਾ । ਮੂਰਖ ਮੂੜ੍ਹੇ ਅੰਤ ਖਪਾਏਗਾ । ਗੁਰਮੁਖ ਸੂਰੇ ਆਪ ਜਗਾਏਗਾ । ਨਾਦ ਵਜਾਏ ਅਨਹਦ ਤੂਰੇ, ਤੁਰਤ ਆਪਣਾ ਮੇਲ ਮਿਲਾਏਗਾ । ਸਰਬ ਕਲਾ ਬਣ ਭਰਪੂਰੇ, ਸਚ ਭੰਡਾਰਾ ਇਕ ਵਖਾਏਗਾ । ਲੇਖਾ ਚੁੱਕੇ ਨੇੜ ਦੂਰੇ, ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਏਗਾ । ਜਿਨ੍ਹਾਂ ਦੇਵੇ ਮਸਤਕ ਧੂੜੇ, ਦੁਰਮਤ ਮੈਲ ਪ੍ਰਭੂ ਧਵਾਏਗਾ । ਜੁਗ ਚੌਕੜੀ ਕਰਨਹਾਰਾ ਬਚਨ ਪੂਰੇ, ਭਵਿਖਤ ਵਾਕ ਆਪ ਸਮਝਾਏਗਾ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਤੋੜੇ ਮਾਤ ਗਰੂਰੇ, ਤਖ਼ਤ ਤਾਜ ਨਜ਼ਰ ਕੋਇ ਨਾ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰੀ ਆਸਾ ਪੂਰੇ, ਪੂਰੀ ਆਸਾ ਕਰ ਵਖਾਏਗਾ । ਸਤਿਜੁਗ ਆਸਾ ਇਕੋ ਰੱਖ, ਸੋ ਸਾਹਿਬ ਆਪ ਜਣਾਈਆ । ਭਗਤ ਭਗਵਾਨ ਹੋਏ ਵਸ, ਦੂਜਾ ਇਸ਼ਟ ਨਾ ਕੋਇ ਧਰਾਈਆ । ਆਤਮ ਪਰਮਾਤਮ ਮਾਰਗ ਦੇਵੇ ਦੱਸ, ਬ੍ਰਹਮ ਪਾਰਬ੍ਰਹਮ ਕਰੇ ਕੁੜਮਾਈਆ । ਇਕ ਦੂਜੇ ਦਾ ਢੋਲਾ ਗਾਵਣ ਜਸ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਖੇਲੇ ਖੇਲ ਪੁਰਖ ਸਮਰਥ, ਮਹਿਮਾ ਕੱਥ ਆਪ ਜਣਾਈਆ । ਸੇਵਕ ਬਣ ਕੇ ਚਲਾਏ ਰਥ, ਰਥ ਰਥਵਾਹੀ ਦਇਆ ਕਮਾਈਆ । ਲੇਖਾ ਜਾਣੇ ਤਤ ਅੱਠ, ਨੌ ਦੁਆਰੇ ਫੋਲ ਫੁਲਾਈਆ । ਦਸਮ ਦੁਆਰੀ ਮੇਲਾ ਹੱਸ ਹੱਸ, ਹੰਸ-ਮੁੱਖ ਆਪਣਾ ਭੇਵ ਚੁਕਾਈਆ । ਸਾਚੀ ਸੇਜਾ ਚੜ੍ਹੇ ਭੱਜ, ਆਤਮ ਅੰਤਰ ਡੇਰਾ ਲਾਈਆ । ਇਕ ਸਿੰਘਾਸਣ ਬਹੇ ਸਜ, ਸ੍ਰੀ ਭਗਵਾਨ ਬੇਪਰਵਾਹੀਆ । ਸਾਚਾ ਨਦ ਜਾਏ ਵੱਜ, ਅਨਰੰਗਾ ਨਾਦ ਸੁਣਾਈਆ । ਜਗਤ ਦਵਾਰਾ ਲੰਘੇ ਹੱਦ, ਹਦੂਦ ਆਪਣੀ ਦਏ ਵਖਾਈਆ । ਕਰ ਖੇਲ ਸੂਰਾ ਸਰਬੱਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਜਣ ਏਕਾ ਘਰ ਵਸਾਈਆ । ਸਤਿਜੁਗ ਬੈਠਾ ਰਿਹਾ ਉਡੀਕ, ਨੇਤਰ ਨੈਣ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦੀ ਵੀਹਵੀਂ ਲਿਖ ਕੇ ਗਏ ਤਰੀਕ, ਤਰੀਕਾ ਤਰ੍ਹਾ ਤਰ੍ਹਾ ਸਮਝਾਈਆ । ਪਰਗਟ ਹੋਵੇ ਪਰਵਰਦਿਗਾਰ ਲਾਸ਼ਰੀਕ, ਵਡ ਅਮਾਮ ਫੇਰਾ ਪਾਈਆ । ਪੁਰਖ ਅਕਾਲ ਦੀਨ ਦਿਆਲ ਦੂਰ ਦੁਰਾਡਾ ਆਏ ਨਜ਼ਦੀਕ, ਆਪ ਆਪਣਾ ਪੰਧ ਮੁਕਾਈਆ । ਸੰਬਲ ਖੇੜਾ ਵਸੇ ਠੀਕ, ਕੂੜਾ ਠੀਕਰ ਭੰਨ ਵਖਾਈਆ । ਆਤਮ ਪਰਮਾਤਮ ਲਾਏ ਇਕ ਪ੍ਰੀਤ, ਦੂਜੀ ਰੀਤ ਨਾ ਕੋਇ ਵਖਾਈਆ । ਕਾਇਆਂ ਅੰਦਰ ਮੰਦਰ ਮਸੀਤ, ਗੁਰੂਦੁਆਰ ਦਏ ਪਰਗਟਾਈਆ । ਅੰਮ੍ਰਿਤ ਬਰਸੇ ਠਾਂਡਾ ਸੀਤ, ਨਿਝਰ ਝਿਰਨਾ ਦਏ ਝਿਰਾਈਆ । ਏਕਾ ਰੰਗ ਰੰਗਾਏ ਹਸਤ ਕੀਟ, ਊਚ ਨੀਚ ਆਪ ਸਮਾਈਆ । ਕਰਵਟ ਬਦਲੇ ਜੋ ਸੁਤਾ ਦੇ ਕਰ ਪੀਠ, ਆਪ ਆਪਣਾ ਨੈਣ ਖੁਲ੍ਹਾਈਆ । ਸਾਚਾ ਗਾਏ ਇਕੋ ਗੀਤ, ਸੋਹੰ ਨਾਮ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਲੇਖਾ ਰਿਹਾ ਜਣਾਈਆ । ਸਤਿਜੁਗ ਬੈਠਾ ਤੱਕੇ ਰਾਹ, ਤਕਵਾ ਇਕ ਰਖਾਈਆ । ਪੁਰਖ ਅਕਾਲ ਬਣਨਾ ਅੰਤ ਮਲਾਹ, ਬੇੜਾ ਲੋਕਮਾਤ ਚਲਾਈਆ । ਗੋਬਿੰਦ ਦੇ ਕੇ ਗਿਆ ਸਲਾਹ, ਸਾਚੀ

੩੩੦
੧੫

ਸਿਖਿਆ ਕਰ ਪੜ੍ਹਾਈਆ । ਇਕੋ ਇਸ਼ਟ ਲੈਣਾ ਮਨਾ, ਇਕੋ ਰੂਪ ਨਜ਼ਰੀ ਆਈਆ । ਇਕੋ ਮੰਦਰ ਲੈਣਾ ਸੁਹਾ, ਇਕੋ ਜੋਤ ਨੂਰ ਰੁਸ਼ਨਾਈਆ । ਇਕੋ ਕੰਤ ਲੈਣਾ ਹੰਢਾ, ਕੰਤ ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਇਕੋ ਬੰਸ ਲੈਣਾ ਵਡਿਆ, ਬੰਕ ਦੁਆਰੀ ਵਿਚ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪ ਬਦਲਾਈਆ । ਜੁਗ ਚੌਕੜੀ ਕਰੇ ਪਾਰ, ਪਾਰ ਉਤਾਰਾ ਆਪ ਕਰਾਇੰਦਾ । ਪਰਗਟ ਹੋ ਕੇ ਵੇਂਹਦਾ ਰਿਹਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਅੰਤਮ ਲੇਖਾ ਲਿਖ ਕੇ ਗਿਆ ਵਿਚ ਸੰਸਾਰ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਕਲ ਕਲਕੀ ਆਵੇ ਨਿਰੰਕਾਰ, ਨਿਹਕਲੰਕ ਡੰਕ ਵਜਾਇੰਦਾ । ਸ਼ਾਹ ਸੁਲਤਾਨਾ ਸ਼ਾਹਸਵਾਰ, ਰਾਜ ਰਾਜਾਨਾ ਫੇਰਾ ਪਾਇੰਦਾ । ਅਸਵ ਘੋੜਾ ਇਕ ਅਪਾਰ, ਜੋਤੀ ਸ਼ਬਦੀ ਜੋੜਾ ਜੋੜ ਜੁੜਾਇੰਦਾ । ਪੌੜਾ ਚੁੱਕੇ ਪਹਿਲੀ ਵਾਰ, ਲੋਕਮਾਤ ਆਪ ਟਿਕਾਇੰਦਾ । ਕਲਜੁਗ ਕੂੜੀ ਕਿਰਿਆ ਕਰ ਖ਼ਵਾਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਸਰਬ ਜੀਆਂ ਦਾ ਇਕ ਪਿਆਰ, ਦੂਈ ਦਵੈਤ ਡੇਰਾ ਢਾਹਿੰਦਾ । ਆਤਮ ਪਰਮਾਤਮ ਦੇ ਆਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਵਰਨ ਬਰਨ ਜਣਾਏ ਇਕੋ ਸਰਨ, ਸਰਨਗਤ ਆਪ ਹੋ ਜਾਇੰਦਾ । ਵਰਨ ਬਰਨ ਸਾਚੀ ਟੇਕ, ਜ਼ਾਤ ਪਾਤ ਵਡਿਆਈਆ । ਦੀਨ ਮਜ਼੍ਹਬ ਮੇਟੇ ਭੇਖ, ਸ਼ਰਅ ਸ਼ਰੀਅਤ ਨਾ ਕੋਇ ਲੜਾਈਆ । ਸ੍ਰਿਸ਼ਟ ਸਬਾਈ ਮਾਣਸ ਮਾਣਸ ਕਰੇ ਹੇਤ, ਹਿਤਕਾਰੀ ਆਪਣਾ ਜੋੜ ਜੁੜਾਈਆ । ਨਿਜ ਘਰ ਨਿਜ ਆਤਮ ਨਿਜ ਨੇਤਰ ਨੈਣ ਲਏ ਪੇਖ, ਨਿਜ ਦੁਆਰ ਦੇਵਣਹਾਰ ਵਡਿਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣ ਵਿਚੋਲਾ ਖੋਲ੍ਹੇ ਭੇਤ, ਭੇਵ ਅਭੇਦਾ ਆਪ ਜਣਾਈਆ । ਸਤਿਜੁਗ ਸਾਚੀ ਲੋਕਮਾਤ ਲੱਗੇ ਮੇਖ, ਜੀਵ ਜੰਤ ਸਾਧ ਸੰਤ ਸਕੇ ਨਾ ਕੋਇ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੂੜੀ ਕਿਰਿਆ ਦਏ ਖਪਾਈਆ । ਕੂੜੀ ਕਿਰਿਆ ਜਾਏ ਨੱਠ, ਕਲਜੁਗ ਅੰਤ ਰਹਿਣ ਨਾ ਪਾਈਆ । ਅਗਨੀ ਖੇੜਾ ਹੋਏ ਭੱਠ, ਤ੍ਰੈਗੁਣ ਤਪਤ ਨਾ ਕੋਇ ਰਖਾਈਆ । ਲੇਖਾ ਚੁਕੇ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਨੈਣ ਸ਼ਰਮਾਈਆ । ਇਕੋ ਨਜ਼ਰੀ ਆਏ ਪੁਰਖ ਸਮਰਥ, ਪਾਰਬ੍ਰਹਮ ਸੱਚੀ ਸਰਨਾਈਆ । ਸਾਚਾ ਢੋਲਾ ਈਸ਼ ਜੀਵ ਗਾਉਣਾ ਜਸ, ਸਿਫ਼ਤ ਸਾਲਾਹੀ ਸਾਚੀ ਸਿਫ਼ਤ ਜਣਾਈਆ । ਭਗਤ ਭਗਵਾਨ ਇਕ ਦੂਜੇ ਦੇ ਹੋਣਾ ਵਸ, ਬੰਧਨ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਮਿਲਣਾ ਆਪਣਾ ਹੱਕ, ਹਕੀਕਤ ਇਕੋ ਦਏ ਸਮਝਾਈਆ । ਨਾਮ ਵਰਾਸਤ ਗੁਰਮੁਖਾਂ ਨਾਲ ਕਰ ਦਏ ਫ਼ੱਕ, ਦੂਜਾ ਵੰਡਣ ਕੋਇ ਨਾ ਆਈਆ । ਧੁਰਦਰਗਾਹੀ ਬਣ ਮਲਾਹੀ ਸਾਚਾ ਮਾਰਗ ਦੇਵੇ ਦੱਸ, ਰਹਿਬਰ ਇਕੋ ਇਕ ਆਈਆ । ਪੁਰਖ ਅਕਾਲ ਮਿਲਣਾ ਨੱਠ ਨੱਠ, ਜਗਤ ਵਿਕਾਰਾ ਡੇਰਾ ਢਾਹੀਆ । ਕਾਮ ਕਰੋਧ ਲੋਭ ਮੋਹ ਹੰਕਾਰ ਦੇਣਾ ਛੱਡ, ਮਾਇਆ ਮਮਤਾ ਸੰਗ ਨਾ ਕੋਇ ਰਖਾਈਆ । ਗੁਰਮੁਖ ਮਨਮੁਖਾਂ ਨਾਲੋ ਹੋਣਾ ਅੱਡ, ਆਦਿ ਜਗਾਦਿ ਸ਼ਬਦ ਬ੍ਰਹਿਮਾਦ ਪ੍ਰਭ ਸਾਚਾ ਰਾਹ ਵਖਾਈਆ । ਲਹਿਣਾ ਚੁੱਕੇ ਕਾਇਆ ਅੰਧੇਰੀ ਖੱਡ, ਡੂੰਘੀ ਕੰਦਰ ਡੇਰਾ ਢਾਹੀਆ । ਪਾਰ ਕਿਨਾਰਾ ਹੋਏ ਹੱਦ, ਨੌਂ ਦੁਆਰੇ ਪੰਧ ਮੁਕਾਈਆ । ਦਸਮ ਦੁਆਰੀ ਆਪੇ ਸੱਦ, ਸਤਿਗੁਰ ਸਾਚਾ ਮੇਲ ਮਿਲਾਈਆ । ਰਾਗ ਸੁਣਾਏ ਅਨਹਦ, ਧੁਨ ਆਤਮਕ ਇਕੋ ਧੁਨ ਉਪਜਾਈਆ । ਕਰ ਪਰਕਾਸ਼ ਕੋਟਨ ਰਵ ਸਸ, ਜੋਤੀ ਜੋਤ ਕਰੇ ਰੁਸ਼ਨਾਈਆ । ਸੁਰਤੀ ਸ਼ਬਦੀ ਮੇਲਾ ਹੱਸ ਹੱਸ, ਚਿੰਤਾ ਗ਼ਮ ਨਜ਼ਰ ਕੋਇ

੩੩੧
੧੫

ਨਾ ਆਈਆ । ਨੇਤਰ ਖੋਲ੍ਹ ਅੱਖ ਨਾਲ ਮਿਲਾਏ ਅੱਖ, ਨਿਜ ਨੇਤਰ ਮੇਲ ਮਿਲਾਈਆ । ਸਾਚਾ ਅੰਮ੍ਰਿਤ ਦੇਵੇ ਰਸ, ਰਸ ਰਸਯਾ ਆਪ ਝਿਰਾਈਆ । ਨਿਰਗੁਣ ਹੋ ਕੇ ਹੋਵੇ ਵਸ, ਸਰਗੁਣ ਤੇਰੀ ਓਟ ਤਕਾਈਆ । ਨਾਮ ਖਜ਼ਾਨਾ ਖੋਲ੍ਹ ਵਖਾਏ ਹੱਟ, ਬਣ ਵਣਜਾਰਾ ਆਪ ਲੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਇਕੋ ਗਿਆਨ ਦ੍ਰਿੜਾਈਆ । ਗੁਰਮੁਖ ਗੁਰ ਕਾ ਇਕ ਗਿਆਨ, ਜਗਤ ਵਿਦਿਆ ਭੇਵ ਨਾ ਆਈਆ । ਗੁਰਸਿਖ ਗੁਰ ਕਾ ਇਕ ਬਿਆਨ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰਸਿਖ ਗੁਰ ਕਾ ਇਕ ਧਿਆਨ, ਲਿਵ ਅੰਤਰ ਆਤਮ ਇਕ ਜਣਾਈਆ । ਗੁਰਸਿਖ ਗੁਰ ਕਾ ਇਕ ਇਸ਼ਨਾਨ, ਦੁਰਮਤ ਮੈਲ ਦਏ ਧਵਾਈਆ । ਗੁਰਸਿਖ ਗੁਰ ਕਾ ਇਕ ਨਿਸ਼ਾਨ, ਸਚ ਦੁਆਰੇ ਆਪ ਝੁਲਾਈਆ । ਗੁਰਸਿਖ ਗੁਰ ਕਾ ਇਕ ਮਾਣ, ਨਿਮਾਣਿਆਂ ਗਲੇ ਲਗਾਈਆ । ਗੁਰਸਿਖ ਗੁਰ ਕਾ ਇਕ ਫ਼ਰਮਾਣ, ਨਾਮ ਸੁਨੇਹੜਾ ਰਿਹਾ ਘਲਾਈਆ । ਗੁਰਸਿਖ ਗੁਰ ਕਾ ਇਕ ਦਾਨ, ਖ਼ਾਲੀ ਝੋਲੀ ਦਏ ਭਰਾਈਆ । ਗੁਰਸਿਖ ਗੁਰ ਕਾ ਇਕ ਬਾਣ, ਅਣਿਆਲਾ ਤੀਰ ਚਲਾਈਆ । ਗੁਰਸਿਖ ਗੁਰ ਕਾ ਇਕ ਮਕਾਨ, ਘਰ ਘਰ ਵਿਚ ਦਏ ਵਖਾਈਆ । ਗੁਰਸਿਖ ਗੁਰ ਕਾ ਇਕੋ ਗਾਣ, ਸਾਚਾ ਢੋਲਾ ਛੰਦ ਅਲਾਈਆ । ਗੁਰਸਿਖ ਗੁਰ ਕਾ ਇਕ ਪਰਵਾਨ, ਚਾਰੇ ਖਾਣੀ ਸਮਝ ਸਕੇ ਨਾ ਰਾਈਆ । ਗੁਰਸਿਖ ਗੁਰ ਕਾ ਬਣ ਬਾਲ ਅਵਾਣ, ਆਪਣੀ ਦੱਸ ਨਾ ਕੋਇ ਚਤੁਰਾਈਆ । ਕਰ ਕਿਰਪਾ ਮੇਲੇ ਆਣ, ਕਲਜੁਗ ਅੰਤਮ ਵੇਖ ਵਖਾਈਆ । ਲੱਖ ਚੁਰਾਸੀ ਵਿਚੋ ਕਰ ਪਹਿਚਾਣ, ਬੇਪਹਿਚਾਣ ਬੂਝ ਬੁਝਾਈਆ । ਸ਼ਬਦ ਬਠਾਏ ਸਚ ਬਬਾਣ, ਨਾਮ ਬਬਾਣਾ ਇਕ ਲਿਆਈਆ । ਲੇਖਾ ਚੁਕਾਏ ਦੋ ਜਹਾਨ, ਪੁਰੀ ਲੋਅ ਪੰਧ ਮੁਕਾਈਆ । ਥਿਰ ਘਰ ਮੇਲ ਮਿਲਾਏ ਆਣ, ਕਰੇ ਇਕੋ ਇਕ ਕੁੜਮਾਈਆ । ਸਚਖੰਡ ਦੁਆਰੇ ਲੈ ਕੇ ਜਾਏ ਆਪ ਭਗਵਾਨ, ਜੋਤੀ ਜੋਤ ਜੋਤ ਮਿਲਾਈਆ । ਜਿਸ ਕਿਰਪਾ ਕਰੇ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਗਿਆਨ, ਤਿਸ ਮੰਤਰ ਨਾਮ ਨਾ ਹੋਰ ਪੜ੍ਹਾਈਆ । ਗਿਆਨ ਗੁਰਦੇਵ ਗੁਰ ਸਤਿਗੁਰ ਰੰਗ, ਰੰਗ ਰੰਗੀਲਾ ਆਪ ਰੰਗਾਇੰਦਾ । ਆਤਮ ਸੇਜ ਸੁਹੰਜਣੀ ਵੇਖ ਪਲੰਘ, ਪਾਰਬ੍ਰਹਮ ਪ੍ਰਭ ਆਪਣਾ ਆਸਣ ਲਾਇੰਦਾ । ਗੁਰਮੁਖ ਤੇਰੀ ਪੂਰੀ ਕਰੇ ਮੰਗ, ਜਨਮ ਜਨਮ ਦੀ ਤ੍ਰਿਸਨਾ ਭੁੱਖ ਮਿਟਾਇੰਦਾ । ਅੰਤਰ ਦੇਵੇ ਇਕ ਅਨੰਦ, ਬਸੰਤਰ ਬਾਹਰੋ ਆਪ ਬੁਝਾਇੰਦਾ । ਜਗਤ ਵਿਕਾਰਾ ਕਰੇ ਖੰਡ ਖੰਡ, ਖੰਡਾ ਖੜਗ ਨਾਮ ਚਮਕਾਇੰਦਾ । ਤੇਰੇ ਪਿਛੇ ਕੱਟ ਕੇ ਆਏ ਪੰਧ, ਬਣ ਪਾਂਧੀ ਫੇਰਾ ਪਾਇੰਦਾ । ਸਤਿਗੁਰ ਕੋਲੋ ਮੰਗਦਿਆਂ ਕੋਈ ਨਾ ਜਾਵੇ ਸੰਗ, ਦੇਵਣਹਾਰ ਦਿਆਲ ਸਦਾ ਦਇਆ ਕਮਾਇੰਦਾ । ਜਿਨ੍ਹਾਂ ਲਗਾਇਆ ਆਪਣੇ ਅੰਗ, ਤਿਨ੍ਹਾਂ ਨਾਨਕ ਅੰਗਦ ਰੂਪ ਵਖਾਇੰਦਾ । ਮਾਣਸ ਜਨਮ ਨਾ ਹੋਏ ਭੰਗ, ਮਾਤ ਗਰਭ ਫੰਦ ਕਟਾਇੰਦਾ । ਗੁਰਸਿਖ ਗੁਰਮੁਖ ਸਤਿਗੁਰ ਦਾ ਚੜ੍ਹੇ ਨੂਰੀ ਚੰਦ, ਜਗਤ ਚਾਂਦ ਨੈਣ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਦੇਵੇ ਇਕ ਗਿਆਨ, ਗਿਆਨ ਗੁਰ ਦਾਤਾ ਇਕੋ ਆਪਣਾ ਨਾਮ ਸਮਝਾਇੰਦਾ । ਸਚ ਗਿਆਨ ਗੁਰ ਕਾ ਨਾਮ, ਬਿਨ ਅੱਖਰਾਂ ਬੂਝ ਬੁਝਾਈਆ । ਨਜ਼ਰੀ ਆਏ ਇਕੋ ਰਾਮ, ਰਮਈਆ ਆਪਣਾ ਪੜਦਾ ਲਾਹੀਆ । ਬੰਸਰੀ ਵਜਾਏ ਸਾਚਾ ਸ਼ਾਮ, ਗੀਤ ਸੁਰ ਤਾਲ ਸਾਚਾ ਦਏ ਸਮਝਾਈਆ । ਸਚ ਪੈਗ਼ੰਬਰ ਦਏ ਪੈਗ਼ਾਮ, ਕਲਮਾ ਇਕੋ ਇਕ ਦ੍ਰਿੜਾਈਆ । ਸਚ ਮੰਤਰ ਸੁਣਾਏ ਸਤਿ

ਨਾਮ, ਨਾਮ ਸਤਿ ਇਕ ਵਖਾਈਆ । ਸਾਚਾ ਮੇਲਾ ਸ੍ਰੀ ਭਗਵਾਨ, ਪੁਰਖ ਅਕਾਲ ਸੱਚੀ ਸਰਨਾਈਆ । ਅੰਤ ਵਿਚੋਲਾ ਦੋ ਜਹਾਨ, ਨਿਰਗੁਣ ਸਰਗੁਣ ਪਾਰ ਕਰਾਈਆ । ਹੰ ਬ੍ਰਹਮ ਪ੍ਰਭ ਵੇਖੇ ਆਣ, ਪਾਰਬ੍ਰਹਮ ਫੇਰਾ ਪਾਈਆ । ਸੋਹੰ ਰੂਪ ਲੱਖ ਚੁਰਾਸੀ ਜੀਵ ਜਹਾਨ, ਬਿਨ ਸੋਹੰ ਧਾਰ ਨਿਰਗੁਣ ਸਰਗੁਣ ਨਜ਼ਰ ਕੋਇ ਨਾ ਆਈਆ । ਨਿਰਗੁਣ ਸੋ, ਸੋਹੰ ਹੰ ਨਿਰਗੁਣ ਰੂਪ ਵਖਾਈਆ । ਹੰ ਬ੍ਰਹਮ ਆਪੇ ਹੋ, ਨਿਰਮਲ ਜੋਤ ਜੋਤ ਰੁਸ਼ਨਾਈਆ । ਸੋ ਪੁਰਖ ਨਿਰੰਜਣ ਆਪਣਾ ਪਰਕਾਸ਼ ਦੇ ਲੋ, ਹੰ ਬ੍ਰਹਮ ਕਰੇ ਰੁਸ਼ਨਾਈਆ । ਹੰ ਬ੍ਰਹਮ ਬਿਨ ਪਾਰਬ੍ਰਹਮ ਰਹੀ ਰੋ, ਤੁਧ ਬਿਨ ਸੰਗ ਨਾ ਕੋਇ ਨਿਭਾਈਆ । ਕਰ ਕਿਰਪਾ ਕਿਰਪਾ ਨਿਧਾਨ, ਇਕ ਵਾਰ ਮੇਰੇ ਨਾਲ ਜਾ ਛੋਹ, ਤੇਰੇ ਮਿਲਿਆਂ ਮੇਰਾ ਦੁੱਖ ਰਹੇ ਨਾ ਰਾਈਆ । ਜੁਗ ਚੌਕੜੀ ਮੈਂ ਤੇਰੀ ਰਹੀ ਹੋ, ਤੂੰ ਸੁਆਮੀ ਬੇਪਰਵਾਹੀਆ । ਬਿਨ ਤੇਰੇ ਕੋਈ ਨਾ ਕਰੇ ਸੱਚਾ ਮੋਹ, ਜਗਤ ਪ੍ਰੀਤੀ ਕੂੜੀ ਨਜ਼ਰੀ ਆਈਆ । ਸਾਹਿਬ ਸੁਆਮੀ ਤੁਧ ਬਿਨ ਦੇਵੇ ਨਾ ਕੋਈ ਢੋ, ਚਾਰੋ ਕੁੰਟ ਉਚੀ ਰੋਵਾਂ ਕੂਕਾਂ ਦਿਆਂ ਦੁਹਾਈਆ । ਕਲਜੁਗ ਮੇਰਾ ਸਭ ਕੁਛ ਲਿਆ ਖੋਹ, ਕਾਇਆਂ ਭਾਂਡਾ ਖ਼ਾਲੀ ਰਹੀ ਵਖਾਈਆ । ਦੀਨ ਮਜ਼੍ਹਬ ਵਰਨ ਗੋਤ ਮੇਰੇ ਨਾਲ ਕਰਨ ਧਰੋਹ, ਦਰੋਹੀ ਖ਼ੁਦਾਏ ਤੇਰੀ ਸਾਰ ਕੋਇ ਨਾ ਪਾਈਆ । ਲੋਕ ਪਰਲੋਕ ਤਬਕ ਸਬਕ ਸਿਖਿਆ ਸੰਥਿਆ ਮਕਤਬ ਮਦਰੱਸੇ ਪਾਠਸ਼ਾਲਾ ਮੈਂ ਆਈ ਟੋਹ, ਤੇਰਾ ਦਰ ਨਜ਼ਰ ਕਿਤੇ ਨਾ ਆਈਆ । ਕਰ ਕਿਰਪਾ ਮਿਹਰਵਾਨ ਸ੍ਰੀ ਭਗਵਾਨ ਆਪਣੀ ਸੁਣਾ ਸਾਚੀ ਸੋ, ਜਿਸ ਘਰ ਵਸੇਂ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਸਾਚਾ ਵਰ, ਇਕ ਵਖਾਏ ਅਗੰਮੀ ਘਰ, ਜਿਥੇ ਨਜ਼ਰ ਨਾ ਆਵੇ ਕੋਈ ਡਰ, ਭੈ ਭੌ ਭਿਆਨਕ ਰੂਪ ਨਜ਼ਰ ਕੋਇ ਨਾ ਆਈਆ । ਗੂੜ੍ਹੀ ਨੀਂਦ ਸੇਜੇ ਚੜ੍ਹ ਕੇ ਸੌਂ, ਸੁਤਿਆਂ ਫੇਰ ਨਾ ਕੋਇ ਉਠਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਮੈਂ ਹਉਂ, ਹਉਂ ਮੈਂ ਤੂੰਹੀ ਰਾਗ ਅਲਾਈਆ ।



## ✪ ੨੪ ਭਾਦਰੋ ੨੦੨੦ ਬਿਕਰਮੀ ਭੋਰਛੀ ਜ਼ਿਲਾ ਅੰਮ੍ਰਿਤਸਰ ✪

ਗੁਰਮੁਖ ਸਾਚੇ ਉਠ ਜਾਗ, ਕਲਜੁਗ ਰੈਣ ਅੰਧੇਰੀ ਛਾਈਆ । ਹਰਿ ਸਰਨਾਈ ਸਾਚੀ ਲਾਗ, ਕੂੜੀ ਕਿਰਿਆ ਮੇਟ ਮਿਟਾਈਆ । ਅੰਤਰ ਆਤਮ ਉਪਜੇ ਇਕ ਵੈਰਾਗ, ਸਚ ਵੈਰਾਗੀ ਦਏ ਸਮਝਾਈਆ । ਹਉਮੇ ਹੰਗਤਾ ਦੇ ਤਿਆਗ, ਮਾਇਆ ਮਮਤਾ ਨਾਤਾ ਜਗਤ ਤੁੜਾਈਆ । ਤ੍ਰੈਗੁਣ ਮਾਇਆ ਬੁਝੇ ਆਗ, ਪੰਜ ਤਤ ਅਗਨ ਨਾ ਕੋਇ ਜਲਾਈਆ । ਘਰ ਮੇਲਾ ਵੇਖ ਕੰਤ ਸੁਹਾਗ, ਪ੍ਰਭ ਮਿਲੇ ਚਾਈਂ ਚਾਈਂਆ । ਜਨਮ ਜਨਮ ਦਾ ਦੁਰਮਤ ਮੈਲ ਧੋਵੇ ਦਾਗ਼, ਅੰਮ੍ਰਿਤ ਮੇਘ ਇਕ ਬਰਸਾਈਆ । ਫੜ ਫੜ ਹੰਸ ਬਣਾਵੇ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਸ਼ਬਦ ਅਗੰਮੀ ਤਨ ਬੰਨ੍ਹੇ ਤਾਗ, ਸ਼ਰਅ ਜ਼ੰਜੀਰ ਦਏ ਕਟਾਈਆ । ਅੰਦਰ ਵੜ ਕੇ ਮਾਰੇ ਆਵਾਜ, ਸੋਈ ਸੁਰਤੀ ਆਪ ਉਠਾਈਆ । ਲੱਖ ਚੁਰਾਸੀ ਵਿਚੋ ਲਏ ਕਾਢ, ਆਵਣ ਜਾਵਣ ਗੇੜ ਰਹਿਣ ਨਾ ਪਾਈਆ । ਸੇਜ ਸੁਹੰਜਣੀ ਕਰੇ ਲਾਡ, ਨਵ ਦੁਆਰੇ ਡੇਰਾ ਢਾਹੀਆ । ਲੇਖੇ ਲਾਏ ਕਾਇਆ ਮਾਟੀ ਹਾਡ, ਚੰਮ ਦ੍ਰਿਸ਼ਟੀ ਪੰਧ ਮੁਕਾਈਆ । ਆਤਮ ਪਰਮਾਤਮ ਬਣੇ ਸੱਜਣ ਸਾਕ, ਪਾਰਬ੍ਰਹਮ ਬ੍ਰਹਮ ਸਾਚਾ ਸੰਗ ਨਿਭਾਈਆ । ਬਜਰ

ਕਪਾਟੀ ਖੋਲ੍ਹੇ ਤਾਕ, ਪੜਦਾ ਦੂਈ ਦਵੈਤ ਉਠਾਈਆ । ਗੁਰਮੁਖ ਤੇਰੀ ਵਖਾਏ ਉਤਮ ਜ਼ਾਤ, ਜਗਤ ਅਜ਼ਾਤੀ ਮੇਟ ਮਿਟਾਈਆ । ਅੱਠੇ ਪਹਿਰ ਰੱਖੇ ਪਰਭਾਤ, ਸੰਧਿਆ ਰੂਪ ਨਾ ਕੋਇ ਵਖਾਈਆ । ਨਜ਼ਰੀ ਆਏ ਇਕ ਇਕਾਂਤ, ਘਰ ਘਰ ਵਸੇ ਸੱਚਾ ਮਾਹੀਆ । ਸਾਚੀ ਪੱਟੀ ਪੜ੍ਹਾਏ ਨਾਮ ਜਮਾਤ, ਅੱਖਰ ਵੱਖਰ ਆਪ ਸਮਝਾਈਆ । ਸਚ ਵਖਾਏ ਡੂੰਘਾ ਖਾਤ, ਗਹਿਰ ਗੰਭੀਰ ਭੇਵ ਜਣਾਈਆ । ਮੇਟੇ ਰੈਣ ਅੰਧੇਰੀ ਰਾਤ, ਨਿਰਗੁਣ ਸਾਚਾ ਚੰਦ ਚਮਕਾਈਆ । ਕਲਜੁਗ ਅੰਤਮ ਪੁਛੇ ਵਾਤ, ਬੇਪਰਵਾਹ ਫੇਰਾ ਪਾਈਆ । ਨਾਨਕ ਗੋਬਿੰਦ ਸਚ ਸੰਦੇਸ਼ਾ ਗਿਆ ਆਖ, ਆਖ਼ਰ ਮੇਲਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਜੁਗਾ ਜੁਗੰਤਰ ਹਰਿਜਨ ਸਾਚੇ ਆਪ ਉਠਾਈਆ । ਗੁਰਮੁਖ ਸੱਜਣ ਖੋਲ੍ਹ ਅੱਖ, ਸਤਿਗੁਰ ਪੂਰਾ ਆਪ ਜਗਾਈਆ । ਹਰਿ ਪ੍ਰੀਤਮ ਵੇਖ ਪ੍ਰਤਖ, ਦਰ ਪਰਦਾ ਰਿਹਾ ਉਠਾਈਆ । ਮਿਲੇ ਮੇਲ ਪੁਰਖ ਸਮਰਥ, ਸਮਰਥ ਆਪਣਾ ਰੰਗ ਰੰਗਾਈਆ । ਬੋਧ ਅਗਾਧ ਸ਼ਬਦ ਨਾਦ ਸੁਣਾਏ ਅਕੱਥ, ਸਾਚੀ ਬਾਣੀ ਆਪ ਪੜ੍ਹਾਈਆ । ਕੂੜ ਵਿਕਾਰਾ ਜਗਤ ਹੰਕਾਰਾ ਹਉਮੇ ਬੁਰਜ ਜਾਏ ਢੱਠ, ਨਿਵਣ-ਸੋ-ਅੱਖਰ ਇਕ ਸਮਝਾਈਆ । ਲਹਿਣਾ ਦੇਣਾ ਚੁਕੇ ਤੀਰਥ ਤੱਟ, ਸਚ ਸਰੋਵਰ ਇਕ ਜਣਾਈਆ । ਘਰ ਵਿਚ ਘਰ ਵਖਾਏ ਮੰਦਰ ਮਸਜਿਦ ਮੱਠ, ਸ਼ਿਵਦਵਾਲਾ ਇਕੋ ਨਜ਼ਰੀ ਆਈਆ । ਨਿਰਮਲ ਜੋਤ ਕਰੇ ਪਰਕਾਸ਼, ਜੋਤੀ ਜਾਤਾ ਨੂਰ ਰਖਾਈਆ । ਜਨਮ ਕਰਮ ਦੀ ਪੂਰੀ ਕਰੇ ਆਸ, ਨਿਰਾਸਾ ਰਹਿਣ ਕੋਇ ਨਾ ਪਾਈਆ । ਲੇਖੇ ਲਾਏ ਪਵਣ ਸਵਾਸ, ਪਵਣੀ ਪਵਣ ਰਿਹਾ ਸਮਾਈਆ । ਜਨ ਭਗਤਾਂ ਗੁਰਮੁਖਾਂ ਕਹੇ ਸਦਾ ਸ਼ਾਬਾਸ਼, ਗੁਰਸਿਖ ਤੇਰੀ ਵਡਿਆਈਆ । ਉਠ ਵੇਖ ਆਪਣਾ ਪੱਤਣ ਘਾਟ, ਘਰ ਸਤਿਗੁਰ ਬੈਠਾ ਬਣ ਮਲਾਹੀਆ । ਚੌਥੇ ਜੁਗ ਮੁੱਕੇ ਵਾਟ, ਪਾਂਧੀ ਪੰਧ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਆਪ ਜਗਾਈਆ । ਗੁਰਸਿਖ ਉਠ ਕਰ ਧਿਆਨ, ਨੇਤਰ ਨੈਣ ਨੈਣ ਜਣਾਇੰਦਾ । ਸਾਚਾ ਮੇਲਾ ਸ੍ਰੀ ਭਗਵਾਨ, ਦੂਜਾ ਸੰਗ ਨਾ ਕੋਇ ਨਿਭਾਇੰਦਾ । ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਤਿੰਨ ਪੰਜ ਮੇਲਾ ਮੇਲ ਮਿਲਾਇੰਦਾ । ਨਿਰਗੁਣ ਸਰਗੁਣ ਕਰ ਪਰਧਾਨ, ਸਤਿ ਸਤਿਵਾਦੀ ਹੁਕਮ ਵਰਤਾਇੰਦਾ । ਕਾਇਆ ਮੰਦਰ ਖੋਲ੍ਹ ਦੁਕਾਨ, ਵਸਤ ਅਮੋਲਕ ਹੱਟ ਟਿਕਾਇੰਦਾ । ਵੇਖਣਹਾਰਾ ਮਿਹਰਵਾਨ, ਬੇਨਜ਼ੀਰ ਆਪਣੀ ਨਜ਼ਰ ਉਠਾਇੰਦਾ । ਘਟ ਸੁਆਮੀ ਜਾਣੀ ਜਾਣ, ਘਰ ਘਰ ਖੋਜ ਖੁਜਾਇੰਦਾ । ਏਥੇ ਓਥੇ ਦੋ ਜਹਾਨ ਕਰੇ ਪਰਵਾਨ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਬੁਲਾਇੰਦਾ । ਗੁਰਮੁਖ ਉਠ ਕਰ ਪਰਤੀਤ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਕਲਜੁਗ ਬਦਲਣ ਵਾਲੀ ਰੀਤ, ਸਤਿਜੁਗ ਸਾਚਾ ਰਾਹ ਵਖਾਈਆ । ਲੇਖਾ ਚੁਕੇ ਮੰਦਰ ਮਸੀਤ, ਕਾਇਆ ਕਾਅਬਾ ਇਕ ਰੁਸ਼ਨਾਈਆ । ਆਤਮ ਪਰਮਾਤਮ ਗਾਏ ਗੀਤ, ਸੋਹਲਾ ਢੋਲਾ ਰਾਗ ਸੁਣਾਈਆ । ਜਗਤ ਵਿਕਾਰਾ ਲੈਣਾ ਜੀਤ, ਮਨ ਮਨਸਾ ਵਿਚ ਖਪਾਈਆ । ਤਨ ਹੋਏ ਠਾਂਡਾ ਸੀਤ, ਅਗਨੀ ਤਤ ਨਾ ਕੋਇ ਜਲਾਈਆ । ਲੇਖਾ ਚੁਕੇ ਹਸਤ ਕੀਟ, ਊਚ ਨੀਚ ਨਜ਼ਰ ਨਾ ਆਈਆ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਦਾਤਾ ਸੱਚਾ ਮਾਹੀਆ । ਸਦੀ ਬੀਸਵੀਂ ਰਹੀ ਬੀਤ, ਬੀਤੀ ਕਹਾਣੀ ਸਭ ਦੀ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਲਿਖ ਕੇ

ਗਏ ਠੀਕ, ਠਾਕਰ ਸੁਆਮੀ ਆਵੇ ਵਾਹੋ ਦਾਹੀਆ । ਦੋ ਜਹਾਨਾਂ ਵੇਖੇ ਨੇਰਨ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਆਪਣੀ ਧਾਰ ਰੱਖੇ ਬਾਰੀਕ, ਜਗਤ ਨੇਤਰ ਵੇਖਣ ਕੋਇ ਨਾ ਪਾਈਆ । ਨਾਉਂ ਧਰਾਏ ਲਾਸ਼ਰੀਕ, ਸ਼ਿਰਕਤ ਰੱਖੇ ਨਾ ਬੇਪਰਵਾਹੀਆ । ਗੁਰਮੁਖ ਗੁਰਸਿਖ ਪ੍ਰਭ ਮਿਲਣ ਦੀ ਆਈ ਤਰੀਕ, ਤਾਲਬ ਤੁਲਬਾ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸੱਜਣ ਰਿਹਾ ਜਣਾਈਆ । ਗੁਰਸਿਖ ਉਠ ਕਰ ਨਿਮਸਕਾਰ, ਨਮੋ ਸਤਿ ਸਤਿ ਜਣਾਇੰਦਾ । ਖੇਲੇ ਖੇਲ ਪਰਵਰਦਿਗਾਰ, ਬੇਐਬ ਆਪਣੀ ਧਾਰ ਜਣਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਸਗਲਾ ਸੰਗ ਆਪ ਨਿਭਾਇੰਦਾ । ਕਲਮਾ ਹੱਕ ਦਏ ਉਚਾਰ, ਹਕੀਕਤ ਆਪਣੀ ਆਪ ਸਮਝਾਇੰਦਾ । ਮੇਲ ਮਿਲਾਏ ਸਚ ਦਰਬਾਰ, ਦਰਗਹਿ ਸਾਚੀ ਸੋਭਾ ਪਾਇੰਦਾ । ਲੇਖਾ ਜਾਣੇ ਦੋ ਜਹਾਨ, ਚੌਦਾਂ ਤਬਕਾਂ ਪੜਦਾ ਲਾਹਿੰਦਾ । ਸ਼ਰਅ ਸ਼ਰੀਅਤ ਵੇਖ ਅੰਜੀਲ ਕੁਰਾਨ, ਤੀਸ ਬਤੀਸਾ ਆਪ ਸਮਝਾਇੰਦਾ । ਸਿਦਕ ਸਬੂਰੀ ਸਚ ਈਮਾਨ, ਇਸ਼ਟ ਗੁਰਦੇਵ ਇਕੋ ਨਜ਼ਰੀ ਆਇੰਦਾ । ਸਾਚਾ ਸੱਜਣ ਸਾਹਿਬ ਰਾਮ, ਰਮਈਆ ਆਪਣੀ ਕਾਰ ਕਮਾਇੰਦਾ । ਭਗਤ ਭਗਵਾਨਾ ਵੇਖੇ ਆਣ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਪੜਦਾ ਲਾਹਿੰਦਾ । ਗੁਰਮੁਖ ਪੜਦਾ ਜਾਏ ਲੱਥ, ਉਹਲਾ ਅੰਦਰ ਰਹਿਣ ਨਾ ਪਾਈਆ । ਕਿਰਪਾ ਕਰੇ ਪੁਰਖ ਸਮਰਥ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਨਿਰਗੁਣ ਨੂਰ ਜੋਤ ਕਰ ਪਰਗਟ, ਹਰ ਘਟ ਕਰੇ ਰੁਸ਼ਨਾਈਆ । ਸ਼ਬਦ ਅਨਾਦ ਵਜਾਏ ਅਨਹਦ, ਨਾਦੀ ਨਾਦ ਆਪ ਸੁਣਾਈਆ । ਗ੍ਰਿਹ ਮੰਦਰ ਕਰਾਏ ਸਾਚਾ ਹੱਜ, ਹੁਜਰਾ ਇਕੋ ਇਕ ਸੁਹਾਈਆ । ਆਤਮ ਸੇਜਾ ਚੜ੍ਹੇ ਭੱਜ, ਔਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਸਚ ਸਿੰਘਾਸਣ ਬਹੇ ਸਜ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਕਲਜੁਗ ਅੰਤਮ ਕਰਨੀ ਕਰੇ ਰੱਦ, ਸਾਚਾ ਮਾਰਗ ਅੱਗੇ ਲਾਈਆ । ਦੋ ਜਹਾਨ ਵੇਖਣਹਾਰਾ ਹੱਦ, ਪੁਰੀ ਲੋਅ ਆਕਾਸ਼ ਚਰਨਾਂ ਹੇਠ ਦਬਾਈਆ । ਕਰੇ ਖੇਲ ਸੂਰਾ ਸਰਬੱਗ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਜਨ ਭਗਤ ਦਰਸ ਵਖਾਏ ਉਪਰ ਸ਼ਾਹ ਰਗ, ਸਾਚਾ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਇਕੋ ਘਰ ਸਮਝਾਈਆ । ਗੁਰਮੁਖ ਸਾਚੇ ਉਠ ਉਠ ਵੇਖ, ਚਾਰ ਕੁੰਟ ਆਪ ਜਣਾਈਆ । ਦਹਿ ਦਿਸ਼ਾ ਕੂੜਾ ਦਿਸੇ ਭੇਖ, ਭੇਖਾਧਾਰੀ ਕਰਨ ਲੜਾਈਆ । ਕੋਈ ਨਾ ਵਸੇ ਸਤਿਗੁਰ ਦੇਸ, ਆਪਣੇ ਮੰਦਰ ਸੋਭਾ ਕੋਇ ਨਾ ਪਾਈਆ । ਕੂੜੀ ਕਿਰਿਆ ਰਹੇ ਖੇਡ, ਸਾਚੀ ਬਾਜ਼ੀ ਹੱਥ ਕਿਸੇ ਨਾ ਆਈਆ । ਤਨ ਕਾਇਆ ਮਾਟੀ ਮਾਣੀ ਝੂਠੀ ਸੇਜ, ਅੰਤਰ ਆਤਮ ਸੋਭਾ ਕੋਇ ਨਾ ਪਾਈਆ । ਡੂੰਘੀ ਭਵਰੀ ਕਿਸੇ ਨਾ ਪਾਇਆ ਭੇਤ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਨਜ਼ਰ ਨਾ ਆਇਆ ਨੇਤਨ ਨੇਤ, ਨਿਜ ਨੇਤਰ ਸਕੇ ਨਾ ਕੋਇ ਖੁਲ੍ਹਾਈਆ । ਬਿਨ ਗੁਰਮੁਖ ਹਰਿ ਕਾ ਦਰਸ ਕੋਈ ਨਾ ਸਕੇ ਪੇਖ, ਸਾਖਿਆਤ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੁਰਮੁਖ ਉਠ ਕਰ ਹਰਿ ਯਾਦ, ਯਾਦਦਾਸ਼ਤ ਇਕ ਜਣਾਇੰਦਾ । ਜੁਗ ਚੌਕੜੀ ਸੁਣਨਹਾਰ ਫ਼ਰਿਆਦ, ਕਲਜੁਗ ਅੰਤਮ ਵੇਸ ਵਟਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵਣਹਾਰਾ ਦਾਦ, ਵਸਤ ਅਮੋਲਕ ਜੁਗ ਜੁਗ ਆਪ ਵਰਤਾਇੰਦਾ । ਲੇਖਾ ਜਾਣੇ ਬ੍ਰਹਮ

ਬ੍ਰਹਿਮਾਦ, ਬ੍ਰਹਿਮਾਂਡ ਆਪਣੀ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਦਾਤਾ ਪੁਰਖ ਬਿਧਾਤਾ ਏਕੰਕਾਰ ਇਕ ਇਕੱਲਾ ਆਪ ਜਣਾਇੰਦਾ । ਗੁਰਮੁਖ ਸਾਚਾ ਲਏ ਅੰਗੜਾਈ, ਆਪਣਾ ਆਪ ਬੇਦਾਰ ਕਰਾਈਆ । ਕਿਰਪਾ ਕਰ ਬੇਪਰਵਾਹੀ, ਆਪਣੀ ਧਾਰ ਦਏ ਸਮਝਾਈਆ । ਕਵਣ ਦੁਆਰੇ ਮਿਲੇ ਸੱਚਾ ਮਾਹੀ, ਕਵਣ ਕੂਟੇ ਵੇਖ ਵਖਾਈਆ । ਕਵਣ ਵੇਲਾ ਪਕੜੇ ਬਾਹੀਂ, ਫੜ ਬਾਹੋ ਗਲੇ ਲਗਾਈਆ । ਕਵਣ ਵਕਤ ਧੋਵੇ ਦੁਰਮਤ ਛਾਹੀ, ਮੈਲ ਪਾਪਾਂ ਦਏ ਮਿਟਾਈਆ । ਕਵਣ ਵੇਲਾ ਸਾਚੀ ਗੋਦ ਲਏ ਬਹਾਈ, ਬਾਲੇ ਆਪਣੇ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਵਣ ਵੇਲਾ ਵੱਜੇ ਵਧਾਈਆ । ਗੁਰਮੁਖ ਸੁਣ ਸਚ ਕੰਨ ਲਾ, ਸੋ ਸਤਿਗੁਰ ਆਪ ਜਣਾਈਆ । ਪੁਰਖ ਅਕਾਲ ਸਦਾ ਮਲਾਹ, ਜੁਗ ਜੁਗ ਬੇੜਾ ਰਿਹਾ ਚਲਾਈਆ । ਜੋ ਜਨ ਦੁਆਰੇ ਜਾਏ ਆ, ਤਿਸ ਆਪਣੀ ਗੋਦ ਬਹਾਈਆ । ਫੜ ਬਾਹੋ ਸਤਿਗੁਰ ਲਏ ਉਠਾ, ਆਪ ਆਪਣੀ ਸੇਵ ਕਮਾਈਆ । ਕਾਗਜ਼ ਕਲਮ ਸ਼ਾਹੀ ਭੇਵ ਨਾ ਜਾਣੇ ਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਉਚੀ ਕੂਕਣ ਦੇਣ ਦੁਹਾਈਆ । ਸਚ ਸੁਲਤਾਨ ਹਰਿ ਮਿਹਰਵਾਨ ਜੁਗ ਜੁਗ ਜਿਸ ਜਨ ਮਿਲਿਆ ਆ, ਤਿਸ ਦੂਜਾ ਨਜ਼ਰ ਕੋਇ ਨਾ ਆਈਆ । ਘਰ ਵਖਾਏ ਸੱਚਾ ਥਾਂ, ਥਾਨ ਥਨੰਤਰ ਇਕ ਵਡਿਆਈਆ । ਬਣ ਕੇ ਆਪੇ ਪਿਤਾ ਮਾਂ, ਗੁਰਮੁਖ ਸਾਚੇ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਮਿਲਾਈਆ । ਗੁਰਮੁਖ ਕਹੇ ਪ੍ਰਭੂ ਦਰ ਆਵਾਂਗੇ । ਨਿਜ ਨੇਤਰ ਦਰਸ਼ਨ ਪਾਵਾਂਗੇ । ਜਨਮ ਜਨਮ ਦੀ ਹਰਸ ਮਿਟਾਵਾਂਗੇ । ਅਰਸ਼ ਫਰਸ਼ ਡੇਰਾ ਢਾਹਵਾਂਗੇ । ਸਾਹਿਬ ਕਰਨਾ ਇਕੋ ਤਰਸ, ਸਦ ਤੇਰੇ ਬਣ ਅਖਵਾਵਾਂਗੇ । ਅੱਧਵਿਚਕਾਰ ਕੋਈ ਨਾ ਜਾਏ ਅਟਕ, ਸਚਖੰਡ ਸਾਚੇ ਡੇਰਾ ਲਾਵਾਂਗੇ । ਜਿਸ ਧਾਰੋ ਆਏ ਪਰਤ, ਅੰਤ ਓਸੇ ਧਾਰ ਸਮਾਵਾਂਗੇ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਵਾਂਗੇ । ਨਾ ਕੋਈ ਲਿਖਤ ਨਾ ਕੋਈ ਪੜ੍ਹਤ, ਸਾਚਾ ਲੇਖਾ ਤੇਰੀ ਝੋਲੀ ਪਾਵਾਂਗੇ । ਰਾਏ ਧਰਮ ਮੰਗੇ ਨਾ ਕੋਈ ਧੜਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਾਤਾ ਤੇਰੇ ਨਾਲ ਰਖਾਵਾਂਗੇ । ਜੋ ਦਰ ਪ੍ਰਭ ਦੇ ਆਏਗਾ । ਕਰ ਕਿਰਪਾ ਮੇਲ ਮਿਲਾਏਗਾ । ਜਨਮ ਜਨਮ ਦਾ ਰੋਗ ਗਵਾਏਗਾ । ਧੁਰ ਸੰਜੋਗ ਇਕ ਵਖਾਏਗਾ । ਲੋਕ ਪਰਲੋਕ ਪਾਰ ਕਰਾਏਗਾ । ਮੁਕਤੀ ਮੋਖ ਚਰਨਾਂ ਹੇਠ ਦਬਾਏਗਾ । ਸਚ ਸੁਣਾਏ ਨਾਮ ਸਲੋਕ, ਸਾਚਾ ਢੋਲਾ ਇਕੋ ਗਾਏਗਾ । ਅੰਤਮ ਮੇਲਾ ਨਿਰਮਲ ਜੋਤ, ਜੋਤੀ ਜੋਤ ਆਪ ਰਲਾਏਗਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸ੍ਰੀ ਭਗਵਾਨ ਦੀ ਸਾਚੀ ਗੋਤ, ਦੂਜਾ ਵਰਨ ਨਾ ਕੋਇ ਬਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲਾ ਇਕ ਇਕੇਲਾ ਗੁਰ ਚੇਲਾ ਵੇਖ ਵਖਾਏਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਇਕੋ ਟੇਕ, ਬਿਨ ਰੂਪ ਰੰਗ ਰੇਖ, ਰੇਖ ਸਭ ਦੀ ਵੇਖ ਵਖਾਏਗਾ ।


੩੩੬
੧੫

✪ ੨੪ ਭਾਦਰੋ ੨੦੨੦ ਬਿਕਰਮੀ ਡਾਕਟਰ ਪਾਲ ਸਿੰਘ ਦੇ ਗ੍ਰਿਹ ਭਲਾਈ ਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਵਿਸ਼ਨੂੰ ਉਠ ਉਠ ਤੱਕੇ ਰਾਹ, ਨੈਣ ਮੁੰਦ ਨੈਣ ਉਠਾਈਆ । ਬ੍ਰਹਮਾ ਵਾਸਤਾ ਰਿਹਾ ਪਾ, ਦੋਏ ਜੋੜ ਮੰਗੇ ਸਰਨਾਈਆ । ਸ਼ੰਕਰ ਰੋਵੇ ਮਾਰੇ ਧਾਹ, ਹੱਥ ਤ੍ਰਿਸੂਲ ਸੁਟਾਈਆ । ਤ੍ਰੈਗੁਣ ਵਾਸਤਾ ਰਹੀ ਪਾ, ਆਪਣਾ ਆਪ ਗਵਾਈਆ । ਪੰਜ ਤਤ ਚਰਨੀ ਡਿਗੇ ਆ, ਪਿਛਲੀ ਭੁੱਲ ਬਖ਼ਸ਼ਾਈਆ । ਗੁਰ ਅਵਤਾਰ ਮੰਗਣ ਪਨਾਹ, ਸਿਰ ਸਕੇ ਨਾ ਕੋਇ ਉਠਾਈਆ । ਪੀਰ ਪੈਗ਼ੰਬਰ ਕਹਿਣ ਐ ਖ਼ੁਦਾ, ਖ਼ਾਲਕ ਤੇਰੀ ਇਕ ਸਰਨਾਈਆ । ਭਗਤ ਭਗਵਾਨ ਰਹੇ ਧਿਆ, ਨਿਜ ਨੈਣ ਧਿਆਨ ਲਗਾਈਆ । ਸੰਤ ਸਾਜਣ ਮਸਤਕ ਟਿੱਕਾ ਧੂੜੀ ਲਾਵਣ ਛਾਹ, ਛਾਰ ਇਕੋ ਇਕ ਉਠਾਈਆ । ਗੁਰਮੁਖ ਕਹਿਣ ਪਾਰਬ੍ਰਹਮ ਪ੍ਰਭ ਫੇਰਾ ਪਾ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਗੁਰਸਿਖ ਕਹਿਣ ਬਿਨ ਸਤਿਗੁਰ ਪੂਰੇ ਕੋਈ ਨਾ ਹੋਏ ਸਹਾ, ਸਿਰ ਹੱਥ ਨਾ ਕੋਇ ਟਿਕਾਈਆ । ਦੋ ਜਹਾਨ ਡੇਰਾ ਰਹੇ ਢਾਹ, ਆਪਣਾ ਬਲ ਨਾ ਕੋਇ ਵਖਾਈਆ । ਬ੍ਰਹਿਮੰਡ ਖੰਡ ਆਪਣਾ ਆਪ ਰਹੇ ਗਵਾ, ਸਾਚੀ ਧਾਰ ਨਾ ਕੋਇ ਜਣਾਈਆ । ਪੁਰੀ ਲੋਅ ਪ੍ਰਿਥਮੀ ਆਕਾਸ਼ ਆਪਣਾ ਮੁਖ ਰਹੇ ਛੁਪਾ, ਨੇਤਰ ਨੈਣ ਨਾ ਕੋਇ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਤਿੰਨੇ ਉਠ ਉਠ ਬਣਨ ਗਵਾਹ, ਸਚ ਸ਼ਹਾਦਤ ਦੇਣ ਜਣਾਈਆ । ਕਲਜੁਗ ਅੰਤਮ ਆਪਣੀ ਕੂਕ ਰਿਹਾ ਸੁਣਾ, ਸਚ ਸੰਦੇਸ਼ਾ ਇਕੋ ਮਾਹੀਆ । ਨਵ ਖੰਡ ਪ੍ਰਿਥਮੀ ਸਤ ਦੀਪ ਜੀਵ ਜੰਤ ਸਾਧ ਸੰਤ ਭਰੇ ਗੁਨਾਹ, ਮਾਟੀ ਪਾਕ ਨਜ਼ਰ ਕੋਇ ਨਾ ਆਈਆ । ਸਾਚਾ ਆਫ਼ਤਾਬ ਹੋਏ ਨਾ ਕੋਇ ਰੁਸ਼ਨਾ, ਚੌਧਵੀਂ ਚੰਦ ਨਾ ਕੋਇ ਚਮਕਾਈਆ । ਚੌਦਾਂ ਤਬਕ ਸਕੇ ਨਾ ਕੋਈ ਬਚਾ, ਚੌਦਾਂ ਲੋਕ ਨਾ ਕੋਇ ਵਡਿਆਈਆ । ਚੌਦਾਂ ਵਿਦਿਆ ਕਰੇ ਹਾ ਹਾ, ਹਾਹਾਕਾਰ ਮਚਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਾਚਾ ਲੱਭੇ ਕਿਸੇ ਨਾ ਨਾਂ, ਨਾਉਂ ਨਿਰੰਕਾਰਾ ਹੱਥ ਕਿਸੇ ਨਾ ਆਈਆ । ਮਾਣਸ ਮਾਨੁਖ ਮਾਨਵ ਹੰਸ ਬਣੇ ਕਾਂ, ਬੁੱਧੀ ਕਾਗ ਵਾਂਗ ਕੁਰਲਾਈਆ । ਸਚ ਭੂਮਿਕਾ ਮਿਲੇ ਨਾ ਕੋਈ ਥਾਂ, ਮਹੱਲ ਅਟੱਲ ਨਜ਼ਰ ਕੋਇ ਨਾ ਆਈਆ । ਅੰਤਰ ਆਤਮ ਪਕੜੇ ਕੋਈ ਨਾ ਬਾਂਹ, ਪਰਮਾਤਮ ਮੇਲ ਨਾ ਕੋਇ ਮਿਲਾਈਆ । ਸਤਿ ਪਰਕਾਸ਼ ਸਕੇ ਨਾ ਕੋਇ ਕਰਾ, ਜੋਤ ਨਿਰੰਜਣ ਨੂਰ ਨਾ ਕੋਇ ਰੁਸ਼ਨਾਈਆ । ਅਨਹਦ ਨਾਦੀ ਨਾਦ ਨਾ ਸਕੇ ਕੋਈ ਸੁਣਾ, ਛੱਤੀ ਰਾਗ ਕਰ ਕਰ ਥੱਕੇ ਪੜ੍ਹਾਈਆ । ਬ੍ਰਹਮ ਬ੍ਰਹਿਮਾਦੀ ਭੇਵ ਸਕੇ ਨਾ ਕੋਈ ਖੁਲ੍ਹਾ, ਪੜਦਾ ਦੂਈ ਨਾ ਕੋਇ ਚੁਕਾਈਆ । ਬਜ਼ਰ ਕਪਾਟੀ ਸਕੇ ਨਾ ਕੋਇ ਤੁੜਾ, ਘਰ ਵਿਚ ਘਰ ਮੇਲ ਨਾ ਕੋਇ ਮਿਲਾਈਆ । ਸਾਚਾ ਕੰਤ ਸਕੇ ਨਾ ਕੋਇ ਹੰਢਾ, ਵਿਭਚਾਰ ਕਰੇ ਲੋਕਾਈਆ । ਸਤਿਗੁਰ ਇਸ਼ਟ ਕੋਈ ਨਾ ਸਕੇ ਬਣਾ, ਗੁਰਦੇਵ ਸਵਾਮੀ ਸੰਗ ਨਾ ਕੋਇ ਨਿਭਾਈਆ । ਸਾਚਾ ਮੰਦਰ ਦੀਪਕ ਸਕੇ ਨਾ ਕੋਈ ਜਗਾ, ਜਗਤ ਅੰਧੇਰਾ ਨਾ ਕੋਇ ਮਿਟਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਰੂਪ ਸਕੇ ਨਾ ਕੋਈ ਬਣਾ, ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਵੇਖੇ ਥਾਉਂ ਥਾਈਂਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਵੇਖਣਹਾਰਾ, ਤ੍ਰੈ ਪੰਜ ਪੜਦਾ ਆਪੇ ਲਾਹਿੰਦਾ । ਲੇਖਾ ਜਾਣੇ ਗੁਰੂ ਅਵਤਾਰਾ, ਪੀਰ ਪੈਗ਼ੰਬਰ ਭੇਵ ਚੁਕਾਇੰਦਾ । ਭਗਤ ਭਗਵਾਨ ਖੋਲ੍ਹ ਕਿਵਾੜਾ, ਸੰਤ ਸਾਜਣ ਰੰਗ ਜਣਾਇੰਦਾ । ਗੁਰਮੁਖ ਗੁਰਸਿਖ ਵਖਾਏ ਨਾਮ ਅਖਾੜਾ, ਸਚ ਦੁਆਰੇ ਆਪ ਲਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਣਹਾਰਾ ਵਾਰੋ ਵਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਬੋਧ ਅਗਾਧੀ ਸ਼ਬਦ ਅਨਾਦੀ

ਬ੍ਰਹਮ ਬ੍ਰਹਿਮਾਦੀ ਬਣ ਲਿਖਾਰਾ, ਧੁਰ ਦੀ ਬਾਣੀ ਚਾਰੇ ਖਾਣੀ ਆਪ ਬੁਝਾਇੰਦਾ । ਚਾਰੇ ਵੇਦਾਂ ਦੇ ਸਹਾਰਾ, ਚਾਰੇ ਵਰਨ ਕਰ ਉਜਿਆਰਾ, ਪੁਰਾਨ ਅਠਾਰਾਂ ਇਕ ਅਖਾੜਾ, ਬਰਨ ਅਠਾਰਾਂ ਮਾਰੇ ਮਾਰਾ, ਦਹਿ ਦਿਸ਼ਾ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਲੇਖਾ ਜਾਣੇ ਧੁਰ ਦਰਬਾਰ, ਸਚਖੰਡ ਵਸੇ ਸਚਾ ਮਾਹੀਆ । ਸੋ ਪੁਰਖ ਨਿਰੰਜਣ ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਹਰਿ ਪੁਰਖ ਨਿਰੰਜਣ ਸੇਵਾਦਾਰ, ਏਕੰਕਾਰਾ ਸਿਫ਼ਤ ਸਾਲਾਹੀਆ । ਆਦਿ ਨਿਰੰਜਣ ਕਰ ਉਜਿਆਰ, ਸ੍ਰੀ ਭਗਵਾਨ ਸਗਲਾ ਸੰਗ ਨਿਭਾਈਆ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜ, ਪਾਰਬ੍ਰਹਮ ਪ੍ਰਭ ਪੜਦਾ ਦਏ ਉਠਾਈਆ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨ, ਲੋਕ ਪਰਲੋਕ ਹੁਕਮ ਵਰਤਾਈਆ । ਰਵ ਸਸ ਸੂਰਜ ਚੰਨ ਕਰ ਪਰਧਾਨ, ਕਿਰਨ ਕਿਰਨ ਜੋਤ ਰੁਸ਼ਨਾਈਆ । ਲੱਖ ਚੁਰਾਸੀ ਖੋਲ੍ਹ ਦੁਕਾਨ, ਘਟ ਘਟ ਸਾਚਾ ਵਣਜ ਬਣ ਵਣਜਾਰਾ ਆਪ ਕਰਾਈਆ । ਨਾਮ ਵਸਤ ਇਕ ਮਹਾਨ, ਕਾਇਆ ਮਾਟੀ ਆਪ ਰਖਾਈਆ । ਦੇਵਣਹਾਰ ਸ੍ਰੀ ਭਗਵਾਨ, ਬੇਪਰਵਾਹ ਬੇਪਰਵਾਹੀਆ । ਨਿਰਗੁਣ ਸਰਗੁਣ ਹੋ ਪਰਧਾਨ, ਗੁਰ ਅਵਤਾਰ ਹੁਕਮ ਚਲਾਈਆ । ਧੁਰ ਸੰਦੇਸ਼ਾ ਦੇਵੇ ਆਣ, ਸ਼ਬਦ ਅਗੰਮੀ ਰਾਗ ਅਲਾਈਆ । ਚਾਰੇ ਜੁਗ ਕਰ ਪਹਿਚਾਨ, ਚਾਰ ਕੁੰਟ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਬੇਪਰਵਾਹੀਆ । ਚਾਰ ਜੁਗ ਦਾ ਲੇਖਾ ਲਹਿਣਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਿਸ਼ਨ ਬ੍ਰਹਮਾ ਸ਼ਿਵ ਆਪ



ਚੁਕਾਇੰਦਾ । ਤਖ਼ਤ ਨਿਵਾਸੀ ਸਾਚੇ ਤਖ਼ਤ ਬਹਿਣਾ, ਪੁਰਖ ਅਕਾਲ ਦੀਨ ਦਿਆਲ ਸੂਰਾ ਸਰਬੰਗ ਬਿਨ ਰੂਪ ਰੰਗ ਬੇਪਰਵਾਹ ਆਪਣੀ ਕਾਰ ਕਮਾਇੰਦਾ । ਦੋ ਜਹਾਨ ਆਪ ਵਖਾਏ ਆਪਣਾ ਲਹਿਣਾ, ਨਿਜ ਨੇਤਰ ਇਕ ਖੁਲਾਇੰਦਾ । ਬ੍ਰਹਿਮੰਡ ਖੰਡ ਵਰਭੰਡ ਜੇਰਜ ਅੰਡਜ ਉਤਭੁਜ ਸੇਤਜ ਭਾਣਾ ਸਹਿਣਾ, ਹਰਿ ਕਾ ਭਾਣਾ ਨਾ ਕੋਈ ਮੇਟੇ ਮੇਟ ਮਿਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਕਾਇਆ ਚੋਲਾ ਥਿਰ ਨਾ ਰਹਿਣਾ, ਅੰਤਮ ਖ਼ਾਕੀ ਖ਼ਾਕ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕੋ ਇਕ ਸੁਣਾਇੰਦਾ । ਚਾਰ ਜੁਗ ਦੇ ਸੁਣੋ ਸੰਗੀ, ਨਿਰਗੁਣ ਨਿਰਵੈਰ ਆਪ ਜਣਾਈਆ । ਜੁਗ ਚੌਕੜੀ ਖੇਲ ਬਹੁ ਰੰਗੀ, ਗੁਰ ਅਵਤਾਰ ਪੀਰ ਪੈਗ਼ੰਬਰ ਕਰੀ ਪੜ੍ਹਾਈਆ । ਦੇਂਦਾ ਰਿਹਾ ਵਸਤ ਸਦਾ ਅਨਮੰਗੀ, ਧੁਰ ਦੀ ਧਾਰ ਝੋਲੀ ਪਾਈਆ । ਦੀਨ ਮਜ਼੍ਹਬ ਜ਼ਾਤ ਪਾਤ ਵੰਡਦਾ ਰਿਹਾ ਵੰਡੀ, ਹੱਦ ਹਦੂਦ ਆਪ ਸਮਝਾਈਆ । ਜੀਵ ਜੰਤ ਵਾਸਨਾ ਭਰਦਾ ਰਿਹਾ ਗੰਦੀ, ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਹਉਮੇ ਹੰਗਤਾ ਨਾਲ ਮਿਲਾਈਆ । ਜੋਤ ਪਰਕਾਸ਼ ਕਰਦਾ ਰਿਹਾ ਚੰਦ ਨਵਚੰਦੀ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਪਵਣ ਸਵਾਸ ਦੇਂਦਾ ਰਿਹਾ ਠੰਡੀ, ਸਾਂਤਕ ਸਤਿ ਸਤਿ ਕਰਾਈਆ । ਆਤਮ ਪੰਜ ਤਤ ਕਾਇਆ ਪੌਂਦਾ ਰਿਹਾ ਖ਼ਾਨੇਬੰਦੀ, ਬੰਦੀਖ਼ਾਨਾ ਇਕ ਬਣਾਈਆ । ਢੋਲਾ ਰਾਗ ਸੁਣੌਂਦਾ ਰਿਹਾ ਛੰਦੀ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਨਾਮ ਚਮਕੌਂਦਾ ਰਿਹਾ ਸਾਚੀ ਚੰਡੀ, ਚੰਡ ਪਰਚੰਡ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਰਿਹਾ ਮੁਕਾਈਆ । ਧੁਰ ਦਾ ਲੇਖਾ ਜਾਏ ਮੁੱਕ, ਨਵ ਨੌ ਚਾਰ ਰਹਿਣ ਨਾ

ਪਾਈਆ । ਪੁਰਖ ਅਕਾਲ ਆਏ ਉਠ, ਨਿਰਗੁਣ ਆਪਣਾ ਵੇਸ ਵਟਾਈਆ । ਸ਼ਬਦ ਅਗੰਮੀ ਹੋ ਕੇ ਜਾਏ ਬੁੱਕ, ਭੱਬਕ ਆਪਣਾ ਨਾਮ ਲਗਾਈਆ । ਦੋ ਜਹਾਨ ਇਕੋ ਨਾਮ ਸੁਣਾਏ ਤੁੱਕ, ਸੋਹੰ ਕਰੇ ਸਚ ਪੜ੍ਹਾਈਆ । ਆਵਣ ਜਾਵਣ ਪੈਂਡਾ ਜਾਏ ਮੁੱਕ, ਜੂਨੀ ਜੂਨ ਨਾ ਕੋਇ ਭਵਾਈਆ । ਮਾਤ ਗਰਭ ਨਾ ਉਲਟਾ ਰੁਖ਼, ਦਸ ਦਸ ਮਾਸ ਨਾ ਅਗਨ ਤਪਾਈਆ । ਜਨ ਭਗਤਾਂ ਉਜਲ ਕਰੇ ਮੁਖ, ਮੁਖ ਮੁਖੜਾ ਸਿਫ਼ਤ ਸਾਲਾਹੀਆ । ਜਨਮ ਕਰਮ ਦਾ ਮਿਟੇ ਦੁੱਖ, ਕਰਮ ਕਾਂਡ ਨਾ ਕੋਇ ਦਰਸਾਈਆ । ਆਪਣੀ ਗੋਦੀ ਲਏ ਚੁੱਕ, ਫੜ ਬਾਹੋ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਜਣਾਈਆ । ਸਭ ਦਾ ਲੇਖਾ ਰਿਹਾ ਜਣਾ, ਜਾਣੀ ਜਾਣ ਦਇਆ ਕਮਾਈਆ । ਤੇਈ ਅਵਤਾਰ ਰਿਹਾ ਉਠਾ, ਭਗਤ ਅਠਾਰਾਂ ਨਾਲ ਮਿਲਾਈਆ । ਈਸਾ ਮੂਸਾ ਮੁਹੰਮਦ ਰਿਹਾ ਹਿਲਾ, ਨਾਨਕ ਗੋਬਿੰਦ ਨੈਣ ਖੁਲ੍ਹਾਈਆ । ਸਚ ਸੰਦੇਸਾ ਰਿਹਾ ਸੁਣਾ, ਪੁਰਖ ਅਬਿਨਾਸ਼ੀ ਮਿਲੋ ਚਾਈਂ ਚਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਬਣੇ ਗਵਾਹ, ਸ਼ਹਾਦਤ ਇਕੋ ਇਕ ਰਖਾਈਆ । ਵਰਨ ਬਰਨ ਜ਼ਾਤ ਪਾਤ ਨਾਤਾ ਦਿਓ ਤੁੜਾ, ਦੀਨ ਮਜ਼੍ਹਬ ਨਾ ਕੋਇ ਵਖਾਈਆ । ਇਸ਼ਟ ਦੇਵ ਗੁਰੂ ਸੁਆਮੀ ਪੁਰਖ ਅਕਾਲ ਲਓ ਮਨਾ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਬਦ ਨਿਸ਼ਾਨੀ ਰਿਹਾ ਵਖਾ, ਤੀਰ ਕਾਨੀ ਇਕ ਚਲਾਈਆ । ਗੋਬਿੰਦ ਮੇਲਾ ਸਹਿਜ ਸੁਭਾ, ਪਰਦਾ ਦੂਈ ਦਵੈਤ ਉਠਾਈਆ । ਮੁਲਾਂ ਸ਼ੇਖ਼ ਮਸਾਇਕ ਪੰਡਤ ਪਾਂਧਾ ਸਕੇ ਨਾ ਕੋਇ ਸਮਝਾ, ਗਿਆਨ ਧਿਆਨ ਚਲੇ ਨਾ ਕੋਇ ਚਤੁਰਾਈਆ । ਬਿਨ ਸਤਿਗੁਰ ਪੂਰੇ ਆਦਿ ਅੰਤ ਜੁਗਾ ਜੁਗੰਤ ਸਰਗੁਣ ਤੇਰਾ ਬਣੇ ਨਾ ਕੋਈ ਮਲਾਹ, ਬੇੜਾ ਪਾਰ ਨਾ ਕੋਇ ਕਰਾਈਆ । ਕਲਜੁਗ ਵੇਲਾ ਅੰਤਮ ਰਿਹਾ ਆ, ਚਾਰੋ ਕੁੰਟ ਦਏ ਦੁਹਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਕੂੜੀ ਕਿਰਿਆ ਰਹੇ ਕਮਾ, ਸਚ ਸੁੱਚ ਨਜ਼ਰ ਕੋਇ ਨਾ ਆਈਆ । ਗ਼ਰੀਬ ਨਿਮਾਣਿਆਂ ਕੋਈ ਨਾ ਪਕੜੇ ਬਾਂਹ, ਡੁਬਦੇ ਬਾਹਰ ਨਾ ਕੋਇ ਕਢਾਈਆ । ਹਿਰਦੇ ਹਰਿ ਨਾ ਕੋਈ ਰਿਹਾ ਵਸਾ, ਰਸਨਾ ਜਿਹਵਾ ਗਾ ਗਾ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਲੇਖਾ ਦਏ ਮੁਕਾਈਆ । ਅੰਤਮ ਲੇਖਾ ਹਰਿ ਮੁਕਾਉਣਾ, ਕਲਜੁਗ ਅੰਤ ਰਹਿਣ ਨਾ ਪਾਈਆ । ਨਿਰਗੁਣ ਨਿਰਵੈਰ ਫੇਰਾ ਪਾਉਣਾ, ਕਲ ਕਲਕੀ ਵੇਸ ਵਟਾਈਆ । ਸ਼ਬਦ ਅਗੰਮੀ ਡੰਕ ਵਜਾਉਣਾ, ਢੋਲਕ ਛੈਣਾ ਨਾ ਕੋਇ ਖੜਕਾਈਆ । ਸਚ ਸੰਦੇਸਾ ਇਕ ਸੁਣਾਉਣਾ, ਗੁਰਮੁਖ ਤੇਰਾ ਸਤਿਗੁਰ ਆਪ ਗਾਵੇ ਜਸ, ਗੁਰਮੁਖ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਆਤਮ ਮੰਤਰ ਇਕ ਪੜ੍ਹਾਈਆ । ਆਤਮ ਮੰਤਰ ਸ਼ਬਦ ਸੁਆਮੀ, ਸੋ ਸਤਿਗੁਰ ਆਪ ਜਣਾਈਆ । ਸਰਬ ਜੀਆਂ ਘਟ ਅੰਤਰਜਾਮੀ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਗੌਂਦੇ ਬਾਣੀ, ਸੋਹਲਾ ਢੋਲਾ ਰਾਗ ਅਲਾਈਆ । ਸੋ ਸਾਹਿਬ ਸ਼ਾਹ ਪਾਤਸ਼ਾਹ ਸਚਾ ਸੁਲਤਾਨੀ, ਤਖ਼ਤ ਨਿਵਾਸੀ ਇਕ ਅਖਵਾਈਆ । ਜਿਸ ਦਾ ਦਰ ਦਰਬਾਰ ਉਚ ਮਹੱਲ ਅਟੱਲ ਸਦਾ ਲਾਸਾਨੀ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਥਾਉਂ ਥਾਈਆ । ਲੇਖਾ ਜਾਣੇ ਥਾਨ ਥਨੰਤਰ, ਦੋ ਜਹਾਨਾਂ ਵੇਖ ਵਖਾਇੰਦਾ । ਆਦਿ ਜੁਗਾਦਿ ਜਿਸ ਦਾ ਮੰਤਰ, ਸੋ ਆਪਣਾ ਨਾਮ ਸਮਝਾਇੰਦਾ । ਗੁਰਮੁਖ ਉਠ ਕੇ ਵੇਖ ਅੰਤਰ, ਤੇਰੇ ਕਾਇਆ ਮੰਦਰ ਹਰਿ ਜੀ ਡੇਰਾ ਲਾਇੰਦਾ ।

ਕਰ ਕਿਰਪਾ ਬੁਝਾਏ ਤੇਰੀ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਤੂੰ ਮੇਰਾ ਮੈਂ ਤੇਰਾ ਨਿਤ ਨਵਿਤ ਗਾਏ ਮੰਤਰ, ਦੂਜਾ ਰਾਗ ਨਾ ਕੋਇ ਅਲਾਇੰਦਾ । ਘਰ ਵਿਚ ਘਰ ਵਖਾਏ ਗਗਨ ਗਗਨੰਤਰ, ਮੰਡਲ ਮੰਡਪ ਆਪ ਵਡਿਆਇੰਦਾ । ਮਾਣਸ ਜਨਮ ਬਣਾਏ ਬਣਤਰ, ਲੱਖ ਚੁਰਾਸੀ ਲੇਖ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਹਿਣਾ ਝੋਲੀ ਪਾਇੰਦਾ । ਜੁਗ ਜੁਗ ਲਹਿਣਾ ਝੋਲੀ ਪਾ, ਮਕਰੂਜ਼ ਆਪਣਾ ਕਰਜ਼ ਲਾਹੀਆ । ਜਨ ਭਗਤਾਂ ਬਣੇ ਆਪ ਮਲਾਹ, ਭਗਵਨ ਬੇੜੇ ਨਾਮ ਚੜ੍ਹਾਈਆ । ਸੰਤਾਂ ਦੇਵੇ ਸਚ ਸਲਾਹ, ਸਿਫ਼ਤੀ ਢੋਲਾ ਇਕੋ ਗਾਈਆ । ਗੁਰਮੁਖ ਗੋਦੀ ਲਏ ਉਠਾ, ਫੜ ਬਾਹੋਂ ਆਪ ਬਹਾਈਆ । ਗੁਰਸਿਖ ਚਰਨ ਕਵਲ ਧਰਤ ਧਵਲ ਉਤੇ ਲਏ ਟਿਕਾ, ਮਾਣ ਨਿਮਾਣਿਆਂ ਸਿਰ ਆਪਣਾ ਹੱਥ ਟਿਕਾਈਆ । ਸਾਚਾ ਮਾਰਗ ਦਏ ਸਮਝਾ, ਕੂੜੀ ਕਿਰਿਆ ਨਾਤਾ ਤੋੜ ਤੁੜਾਈਆ । ਮੇਲ ਮਿਲਾਏ ਬੇਪਰਵਾਹ, ਬੇਪਰਵਾਹੀ ਵਿਚ ਰਖਾਈਆ । ਜਿਸ ਨੂੰ ਪੀਰ ਪੈਗ਼ੰਬਰ ਸਜਦਾ ਰਹੇ ਕਰਾ, ਸੋ ਖ਼ੁਦਾਵੰਦ ਆਪਣਾ ਰੰਗ ਰੰਗਾਈਆ । ਜਿਸ ਦਾ ਰਾਮ ਕ੍ਰਿਸ਼ਨ ਇਸ਼ਟ ਰਹੇ ਜਣਾ, ਸੋ ਦ੍ਰਿਸ਼ਟ ਰਿਹਾ ਖੁਲ੍ਹਾਈਆ । ਜਿਸ ਦਾ ਖਾਣੀ ਬਾਣੀ ਗਾਏ ਨਾਂ, ਸੋ ਨਰ ਨਿਰੰਕਾਰਾ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਪੰਜ ਤਤ ਤੇਰਾ ਲਹਿਣਾ ਦਏ ਚੁਕਾ, ਪੀਰ ਪੈਗ਼ੰਬਰ ਬਾਕੀ ਕੋਈ ਰਹਿਣ ਨਾ ਪਾਈਆ । ਅਲਿਫ਼ ਯੇ ਚੌਦਾਂ ਵਿਦਿਆ ਆਪਣੀ ਝੋਲੀ ਲਏ ਪਾ, ਲਾ-ਇਲਮ ਕਰੇ ਪੜ੍ਹਾਈਆ । ਅੰਦਰੇ ਅੰਦਰ ਤਾਰ ਸਿਤਾਰ ਦਏ ਹਿਲਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਅਜਪਾ ਜਾਪ ਦਏ ਸਮਝਾ, ਬੱਤੀ ਦੰਦ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਮੂਲ ਚੁਕਾਈਆ । ਸਭ ਦਾ ਲਹਿਣਾ ਚੁਕੇ ਮੂਲ, ਅਮੁਲ ਆਪ ਚੁਕਾਇੰਦਾ । ਆਦਿ ਪੁਰਖ ਨਾ ਜਾਏ ਭੂਲ, ਅਭੁਲ ਆਪਣੀ ਦਇਆ ਕਮਾਇੰਦਾ । ਸਭ ਨੂੰ ਦੇਵੇ ਜਵਾਬ ਇਕ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਬੰਨ੍ਹਿਆ ਆਪ ਅਸੂਲ, ਅਸਲੀਅਤ ਸਾਚੀ ਸਚ ਸਮਝਾਇੰਦਾ । ਕਲਜੁਗ ਅੰਤਮ ਚੌਥੇ ਜੁਗ ਸਭ ਨੂੰ ਕਰਨਾ ਪਏ ਕਬੂਲ, ਧੁਰ ਫ਼ੁਰਮਾਨਾ ਹੁਕਮ ਜੋ ਸੁਣਾਇੰਦਾ । ਦੋ ਜਹਾਨ ਹੋਏ ਅੰਤ ਮਜ਼ਬੂਰ, ਮਜਬੂਰੀ ਹਰਿ ਜੂ ਵੇਖ ਵਖਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਸਤਿਗੁਰ ਭੁੱਲੀ ਕਰੇ ਕਸੂਰ, ਸਾਚਾ ਮਾਰਗ ਨਜ਼ਰ ਕਿਸੇ ਨਾ ਆਇੰਦਾ । ਘਰ ਵਿਚ ਵਸਦਾ ਨੇੜੇ ਰਹਿੰਦਾ ਸਭ ਨੂੰ ਦਿਸੇ ਦੂਰ, ਕਾਇਆ ਮੰਦਰ ਅੰਦਰ ਦਰਸ ਕੋਇ ਨਾ ਪਾਇੰਦਾ । ਸੋ ਸਾਹਿਬ ਆਪਣਾ ਖੇਲ ਕਰੇ ਜ਼ਰੂਰ, ਖ਼ਾਲਕ ਖ਼ਲਕ ਪੜਦਾ ਲਾਹਿੰਦਾ । ਨਵ ਨੌ ਚਾਰ ਨਿਰਗੁਣ ਹੋ ਕੇ ਬਣਿਆ ਰਿਹਾ ਮਫ਼ਰੂਰ, ਲੋਕਮਾਤ ਹੱਥ ਕਿਸੇ ਨਾ ਆਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਤੋੜੇ ਸਰਬ ਗ਼ਰੂਰ, ਗ਼ੁਰਬਤ ਸਭ ਦੀ ਮੇਟ ਮਿਟਾਇੰਦਾ । ਈਸਾ ਮੂਸਾ ਮੁਹੰਮਦ ਆਸਾ ਤ੍ਰਿਸਨਾ ਪਿਛਲੀ ਮੇਟੇ ਜੋ ਬਹਿਸ਼ਤੀ ਮੰਗਦੇ ਹੂਰ, ਹੁਲੀਆ ਸਭ ਨੂੰ ਇਕ ਸਮਝਾਇੰਦਾ । ਆਦਿ ਜੁਗਾਦਿ ਸਚ ਖ਼ੁਦਾਏ ਇਕੋ ਨੂਰ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਰਹਿਮਤ ਰਹੀਮ ਰਹਿਮਾਨ ਇਕ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਖੜਨ ਹਜ਼ੂਰ, ਹਾਜ਼ਰ ਹਜ਼ਰਤ ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਸਾਰੇ ਕਹਿਣ ਪ੍ਰਭੂ ਅਸੀਂ ਤੇਰੇ ਮਜ਼ਦੂਰ, ਜੁਗ ਜੁਗ ਸਭ ਤੇਰੀ ਸੇਵ ਕਮਾਇੰਦਾ । ਤੂੰ ਸਮਰਥ ਸੁਆਮੀ ਸਰਬ ਕਲਾ ਭਰਪੂਰ, ਤੇਰਾ ਅੰਤ ਕੋਈ ਨਾ ਆਇੰਦਾ । ਤੇਰੇ ਚਰਨ ਮਸਤਕ ਲਾਈਏ ਧੂੜ, ਤਿਲਕ ਲਲਾਟੀ ਇਕੋ ਨਜ਼ਰੀ ਆਇੰਦਾ । ਚਤੁਰ ਸੁਘੜ ਬਣੀਏ ਮੂਰਖ

ਮੂੜ, ਮਾਣ ਅਭਿਮਾਨ ਰਹਿਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪਿਛਲਾ ਲੇਖਾ ਬਾਕੀ ਨਜ਼ਰ ਕੋਇ ਨਾ ਆਇੰਦਾ । ਪਿਛਲਾ ਲੇਖਾ ਰਹੇ ਨਾ ਬਾਕੀ, ਨਿਰਗੁਣ ਅੱਗੇ ਸਰਬ ਸੁਣਾਈਆ । ਪੰਜ ਤਤ ਕਾਇਆ ਚੋਲਾ ਹੰਢਾਇਆ ਖ਼ਾਕੀ, ਜੁਗ ਜੁਗ ਲੋਕਮਾਤ ਵੇਸ ਵਟਾਈਆ । ਤੇਰੇ ਸ਼ਬਦ ਘੋੜੇ ਚੜ੍ਹ ਕੇ ਗਏ ਰਾਕੀ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਤੇਰੇ ਝਰੋਖੇ ਦੀ ਖੋਲ੍ਹ ਕੇ ਆਏ ਤਾਕੀ, ਘਰ ਘਰ ਵਿਚ ਪੜਦਾ ਲਾਹੀਆ । ਜਾਮ ਪਿਆ ਕੇ ਆਏ ਬਣ ਕੇ ਸਾਕੀ, ਅੰਮ੍ਰਿਤ ਪਿਆਲਾ ਆਬੇ ਹਯਾਤ ਹੱਥ ਉਠਾਈਆ । ਤੇਰੀ ਦੱਸ ਕੇ ਆਏ ਖੇਲ ਬਾਂਕੀ, ਤੇਰੀ ਚਾਲ ਨਿਰਾਲੀ ਸਮਝ ਕਿਸੇ ਨਾ ਆਈਆ । ਤੇਰੀ ਖੋਲ੍ਹ ਕੇ ਆਏ ਨਾਮ ਹਾਟੀ, ਗੁਰ ਅਵਤਾਰ ਤੇਰਾ ਹੱਟ ਚਲਾਈਆ । ਤੇਰੇ ਪ੍ਰੇਮ ਪਿਆਰ ਦੀ ਪਿਆ ਕੇ ਆਏ ਬਾਟੀ, ਹੱਥ ਪਿਆਲਾ ਇਕ ਉਠਾਈਆ । ਤੇਰੀ ਦੱਸ ਕੇ ਆਏ ਸਾਚੀ ਸਾਖੀ, ਬਿਨ ਪੁਰਖ ਅਕਾਲ ਵੇਲੇ ਅੰਤ ਨਾ ਕੋਇ ਬਚਾਈਆ । ਤੇਰੀ ਦੇ ਕੇ ਆਏ ਸਾਚੀ ਬਾਣੀ ਧੁਰ ਦੀ ਭਾਖੀ, ਭਾਖਿਆ ਇਕੋ ਇਕ ਜਣਾਈਆ । ਪੜ੍ਹਾ ਕੇ ਆਏ ਤੇਰੇ ਨਾਮ ਦੀ ਇਕ ਜਮਾਤੀ, ਦੂਜੀ ਪੱਟੀ ਨਾ ਕੋਇ ਲਿਖਾਈਆ । ਦੱਸ ਕੇ ਆਏ ਪੂਜਾ ਪਾਠੀ, ਸਤਿਗੁਰ ਸਾਚਾ ਇਕ ਮੰਨਾਈਆ । ਵਖਾ ਕੇ ਆਏ ਤੀਰਥ ਤਾਟੀ, ਅੰਮ੍ਰਿਤ ਸਰੋਵਰ ਆਤਮ ਇਕ ਨੁਹਾਈਆ । ਮੇਟ ਕੇ ਆਏ ਅੰਧੇਰੀ ਰਾਤੀ, ਤੇਰਾ ਨਾਮ ਚੰਦ ਚਮਕਾਈਆ । ਦੇ ਕੇ ਆਏ ਸੁਨੇਹੜਾ ਤੇਰੀ ਪਾਤੀ, ਕਮਲਾਪਾਤੀ ਤੇਰਾ ਹੁਕਮ ਸਮਝਾਈਆ । ਪਿਆ ਕੇ ਆਏ ਅੰਮ੍ਰਿਤ ਬੂੰਦ ਸਵਾਂਤੀ, ਨਿਝਰ ਝਿਰਨਾ ਘਰ ਘਰ ਆਪ ਝਿਰਾਈਆ । ਤੇਰਾ ਧਾਮ ਦੱਸ ਕੇ ਆਏ ਪ੍ਰਭ ਬੈਠਾ ਰਹੇ ਇਕ ਇਕਾਂਤੀ, ਇਕ ਇਕੱਲਾ ਡੇਰਾ ਲਾਈਆ । ਸਤਿਗੁਰ ਸੁਲਤਾਨ ਸਾਹਿਬ ਪੁਰਖ ਸਮਰਾਥੀ, ਦੂਜਾ ਸੰਗ ਨਾ ਕੋਇ ਨਿਭਾਈਆ । ਜਿਸ ਦੀ ਜੁਗ ਚੌਕੜੀ ਸਾਰੇ ਗੌਂਦੇ ਗਾਥੀ, ਗਾ ਗਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼ ਸਾਰੇ ਮੰਗਣ, ਏਕਾ ਚਾੜ੍ਹ ਅਗੰਮੀ ਰੰਗਣ, ਤੇਰਾ ਰੰਗ ਨਜ਼ਰ ਕਿਸੇ ਨਾ ਆਈਆ । ਅੰਤਮ ਲਹਿਣਾ ਦੇਵਾਂ ਅੰਤ, ਅੰਤਸ਼ਕਰਨ ਸਰਬ ਵੇਖ ਵਖਾਇੰਦਾ । ਲੇਖਾ ਜਾਣਾ ਲੱਖ ਚੁਰਾਸੀ ਜੀਵ ਜੰਤ, ਬਚਿਆ ਕੋਈ ਰਹਿਣ ਨਾ ਪਾਇੰਦਾ । ਫੋਲ ਫੁਲਾਵਾਂ ਗੁਰਮੁਖ ਸੱਚਾ ਸੰਤ, ਜੋ ਜਨ ਹਿਰਦੇ ਹਰਿ ਹਰਿ ਇਕ ਧਿਆਇੰਦਾ । ਲੇਖ ਮੁਕਾਵਾਂ ਗੁਰਮੁਖ ਵਡ ਵਡ ਭਗਤ, ਭਗਵੰਤ ਆਪਣੀ ਦਇਆ ਕਮਾਇੰਦਾ । ਸਾਚਾ ਮੰਤਰ ਇਕ ਦ੍ਰਿੜਾਵਾਂ ਮਣੀਆਂ ਮੰਤ, ਮਨ ਵਾਸਨਾ ਮੇਟ ਮਿਟਾਇੰਦਾ । ਲੱਖ ਚੁਰਾਸੀ ਜਣਾਵਾਂ ਇਕੋ ਕੰਤ, ਨਰ ਹਰਿ ਨਰਾਇਣ ਨਜ਼ਰੀ ਆਇੰਦਾ । ਸਾਚੀ ਚੋਲੀ ਚਾੜ੍ਹਾਂ ਰੰਗ ਬਸੰਤ, ਰੰਗ ਬਸੰਤ ਆਪਣਾ ਨਾਮ ਵਖਾਇੰਦਾ । ਗੁਰਮੁਖ ਦੂਜੇ ਦਰ ਨਾ ਜਾਏ ਮੰਗਤ, ਜਿਸ ਹਰਿ ਸਤਿਗੁਰ ਆਪਣਾ ਨਾਮ ਝੋਲੀ ਪਾਇੰਦਾ । ਗੁਰ ਕੀ ਸਿਖਿਆ ਕੋਈ ਨਾ ਦੇਵੇ ਪੰਡਤ, ਮੁੱਲਾ ਸ਼ੇਖ਼ ਹੱਕ ਨਾ ਕੋਇ ਸਮਝਾਇੰਦਾ । ਕਲਜੁਗ ਅੰਤਮ ਸਾਰੇ ਹੋਏ ਖੰਡਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲਹਿਣਾ ਘਰ ਘਰ ਝੋਲੀ ਪਾਇੰਦਾ । ਲਹਿਣਾ ਦੇਵੇ ਜਾ ਕੇ ਘਰ, ਵਸਤੂ ਆਪਣਾ ਨਾਮ ਟਿਕਾਈਆ । ਗੁਰਮੁਖ ਮਿਲੇ ਸਤਿਗੁਰ ਵਰ, ਵਰ ਦਾਤਾ ਬੇਪਰਵਾਹੀਆ । ਸ਼ਬਦ ਵਿਚੋਲਾ ਆਪੇ ਬਣ, ਸੌਹਰੇ ਪੇਈਏ ਆਵੇ ਜਾਵੇ ਚਾਈਂ ਚਾਈਆ । ਮੇਲ ਮਿਲਾਵਾ ਨਾਰੀ ਨਰ, ਸੁਰਤੀ ਸ਼ਬਦ ਕਰੇ ਕੁੜਮਾਈਆ । ਸਚ ਦੁਆਰੇ ਵੇਖੇ ਖੜ, ਪੜਦਾ ਉਹਲਾ ਆਪ ਉਠਾਈਆ । ਇਕੋ ਢੋਲਾ ਲਏ ਪੜ੍ਹ,

੩੪੧
੧੫

ਮੇਰਾ ਤੇਰਾ ਭੇਤ ਰਹਿਣ ਨਾ ਪਾਈਆ । ਸਾਚਾ ਪੱਲੂ ਲੈਣਾ ਫੜ, ਨਿਰਗੁਣ ਸਰਗੁਣ ਗੰਢ ਬੰਧਾਈਆ । ਇਕ ਮਹੱਲੇ ਜਾਣਾ ਚੜ੍ਹ, ਸਤਿਗੁਰ ਬੈਠਾ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਜਨ ਭਗਤਾਂ ਲਹਿਣਾ ਦੇਣਾ ਇਕੋ ਰੰਗ ਵਖਾਈਆ । ਜਨ ਭਗਤ ਲਹਿਣਾ ਦੇਣਾ ਮੰਗਣ, ਝੋਲੀ ਸਤਿਗੁਰ ਅੱਗੇ ਡਾਹੀਆ । ਸ੍ਰੀ ਭਗਵਾਨ ਚਾੜ੍ਹਨਹਾਰਾ ਰੰਗਣ, ਸਚ ਲਲਾਰੀ ਨਾਮ ਰੰਗ ਚੜ੍ਹਾਈਆ । ਅੰਦਰ ਵੜ ਵਜਾਏ ਮਰਦੰਗਨ, ਸਚ ਮਰਦੰਗਾ ਇਕ ਉਠਾਈਆ । ਸਚ ਦੁਆਰੇ ਗੁਰਸਿਖ ਲੰਘਣ, ਗੁਰੂਦੁਆਰ ਇਕੋ ਨਜ਼ਰੀ ਆਈਆ । ਨਾ ਕੋਈ ਸੂਰਜ ਨਾ ਕੋਈ ਚੰਦਨ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਨਾ ਕੋਈ ਗੀਤ ਨਾ ਕੋਈ ਛੰਦਨ, ਢੋਲਾ ਰਾਗ ਨਾ ਕੋਇ ਅਲਾਈਆ । ਸਚ ਦੁਆਰੇ ਨਜ਼ਰੀ ਆਏ ਇਕੋ ਸਾਹਿਬ ਸੂਰਾ ਸਰਬੰਗਨ, ਵਡ ਵੱਡਾ ਵਡ ਵਡਿਆਈਆ । ਸਚ ਦ੍ਰਿੜਾਏ ਇਕ ਅਨੰਦਨ, ਅਨੰਦ ਅਨੰਦ ਵਿਚੋ ਜਣਾਈਆ । ਆਪ ਸਮਾਏ ਪਰਮਾਨੰਦਨ, ਪਰਮ ਪੁਰਖ ਬੇਪਰਵਾਹੀਆ । ਗੁਰਮੁਖ ਤੇਰਾ ਕਲਜੁਗ ਅੰਤ ਮਾਣਸ ਜਨਮ ਨਾ ਹੋਵੇ ਭੰਗਨ, ਜਿਸ ਮਿਲਿਆ ਗੋਬਿੰਦ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਲੇਖਾ ਲੇਖੇ ਰਿਹਾ ਲਗਾਈਆ ।



✪ ੨੪ ਭਾਦਰੋ ੨੦੨੦ ਬਿਕ੍ਰਮੀ ਭਲਾਈ ਪੁਰ ਡੋਗਰਾਂ ਗੁਰਮੁਖ ਸਿੰਘ, ਪਾਲ ਸਿੰਘ ਦੇ ਗ੍ਰਹਿ ਜ਼ਿਲਾ ਅੰਮ੍ਰਿਤਸਰ ✪



ਗੁਰਮੁਖ ਸਦਾ ਰਹੇ ਭਟਕ, ਪ੍ਰਭ ਚਰਨ ਧਿਆਨ ਲਗਾਈਆ । ਮਨਮੁਖ ਰਾਹ ਵਿਚ ਰਹੇ ਅਟਕ, ਪਾਂਧੀ ਪੰਧ ਨਾ ਕੋਇ ਮੁਕਾਈਆ । ਗੁਰਸਿਖ ਦਰ ਤੇ ਆਉਣ ਸਦਾ ਬੇਖਟਕ, ਖਟਕਾ ਕੋਇ ਨਜ਼ਰ ਨਾ ਆਈਆ । ਲੱਖ ਚੁਰਾਸੀ ਵਿਚੋ ਜਿਨ੍ਹਾਂ ਮਾਣਸ ਜਨਮ ਮਿਲਿਆ ਪਰਤ, ਬ੍ਰਹਮ ਪਾਰਬ੍ਰਹਮ ਦਏ ਸਮਝਾਈਆ । ਸਤਿਗੁਰ ਪੂਰਾ ਕੋਈ ਨਾ ਜਾਣੇ ਸੋਗ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਈਆ । ਜਿਸ ਜਨ ਕਰਾਏ ਆਪਣਾ ਦਰਸ, ਤਿਸ ਜਨਮ ਕਰਮ ਦੀ ਮੈਲ ਧਵਾਈਆ । ਅੰਮ੍ਰਿਤ ਮੇਘ ਅੰਤਰ ਬਰਸ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਰਮ ਜਰਮ ਪੂਰਬ ਕੋਈ ਨਾ ਸਕੇ ਜਾਣ, ਭਰਮੇ ਭੁੱਲੀ ਸਰਬ ਲੋਕਾਈਆ । ਜਗਤ ਵਿਦਿਆ ਹੋਈ ਨਾਦਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਪੜ੍ਹ ਪੜ੍ਹ ਸਾਰੇ ਦੱਸਣ ਨਿਸ਼ਾਨ, ਮੰਜ਼ਲ ਚੜ੍ਹ ਕੇ ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਦੇਵਣ ਸਰਬ ਗਿਆਨ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਗੁਰਮੁਖ ਗੁਰਸਿਖ ਕਦੇ ਨਾ ਭੁੱਲੇ ਬਾਲ ਅਵਾਣ, ਅਭੁੱਲ ਆਪਣੀ ਦਇਆ ਕਮਾਈਆ । ਜਨਮ ਜਨਮ ਦਾ ਲੇਖਾ ਚੁੱਕੇ ਆਣ, ਜਿਸ ਜਨ ਮਿਹਰ ਨਜ਼ਰ ਉਠਾਈਆ । ਆਤਮ ਅੰਤਰ ਦੇਵੇ ਦਾਨ, ਬਸੰਤਰ ਕੂੜੀ ਦਏ ਬੁਝਾਈਆ । ਮਨ ਵਾਸਨਾ ਤੋੜ ਅਭਿਮਾਨ, ਨਿਵਣ-ਸੋ-ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਸਦ ਸਦਾ ਹੋਏ ਸਹਾਈਆ । ਜਨਮ ਕਰਮ ਦਾ ਲੇਖਾ ਜਾਣੇ ਆਪ, ਨਿਰਗੁਣ ਸਰਗੁਣ ਭੇਵ ਚੁਕਾਇੰਦਾ । ਆਦਿ ਜੁਗਾਦੀ ਮਾਈ ਬਾਪ, ਜੁਗ ਜੁਗ ਪਿਤਾ ਪੂਤ ਭੇਵ ਚੁਕਾਇੰਦਾ । ਨਿਤ ਨਵਿਤ ਦੇਵੇ ਸਾਚਾ ਸਾਥ, ਸਗਲਾ ਸੰਗ ਨਿਭਾਇੰਦਾ । ਏਥੇ ਓਥੇ ਪਤ ਲਏ ਰਾਖ, ਸਿਰ ਆਪਣਾ

ਹੱਥ ਟਿਕਾਇੰਦਾ । ਕੂੜ ਕੁੜਿਆਰਾ ਕੋਈ ਨਾ ਕਰੇ ਅੰਤਮ ਘਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਸਾਚੀ ਭਟਕਨਾ ਵੇਖ ਵਖਾਇੰਦਾ । ਜਗਤ ਭਟਕਨਾ ਮਨ ਦਾ ਕੰਮ, ਮਨ ਮਨਸਾ ਨਾਲ ਮਿਲਾਈਆ । ਗੁਰਮੁਖ ਭਟਕਨਾ ਪ੍ਰਭ ਦਰਸਨ ਮੰਗੇ ਦਮੋ ਦਮ, ਅੰਤਰ ਇਕ ਧਿਆਨ ਲਗਾਈਆ । ਗੁਰ ਦਾ ਭਟਕਨਾ ਗੁਰਮੁਖਾਂ ਬੇੜਾ ਦੇਵੇ ਬੰਨ੍ਹ, ਜੁਗ ਜੁਗ ਸੇਵ ਕਮਾਈਆ । ਹਰਿ ਦਾ ਭਟਕਨਾ ਜਨ ਭਗਤਾਂ ਆਵੇ ਕੰਮ, ਦੂਜੇ ਸਾਰ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਸਾਚੀ ਭਟਕਨਾ ਦਏ ਸਮਝਾਈਆ । ਸਭ ਤੋ ਪਹਿਲੋ ਭਟਕਿਆ ਆਪ ਭਗਵਾਨ, ਆਪਣੀ ਬਣਤ ਆਪ ਬਣਾਈਆ । ਆਪਣੀ ਭਟਕਨਾ ਅੰਦਰ ਦਿਤਾ ਦਾਨ, ਨਿਰਗੁਣ ਝੋਲੀ ਸਚ ਵਖਾਈਆ । ਭਟਕਨਾ ਅੰਦਰ ਜਨਨੀ ਜਨ ਕੇ ਜੰਮਿਆ ਪੁਤ ਸੁਲਤਾਨ, ਸ਼ਬਦ ਦੁਲਾਰਾ ਨਾਉਂ ਰਖਾਈਆ । ਭਟਕਨਾ ਅੰਦਰ ਬਣਿਆ ਸ਼ਾਹ ਸੁਲਤਾਨ, ਸ਼ਹਿਨਸ਼ਾਹ ਵੱਡੀ ਵਡਿਆਈਆ । ਭਟਕਨਾ ਅੰਦਰ ਸਚਖੰਡ ਬਣਾਇਆ ਮਕਾਨ, ਚਾਰ ਦੀਵਾਰੀ ਨਜ਼ਰ ਕਿਸੇ ਨਾ ਆਈਆ । ਭਟਕਨਾ ਅੰਦਰ ਥਿਰ ਘਰ ਖੋਲ੍ਹ ਆਪ ਦੁਕਾਨ, ਦਰ ਦਰਵਾਜ਼ਾ ਆਪਣੇ ਵਿਚ ਛੁਪਾਈਆ । ਭਟਕਨਾ ਅੰਦਰ ਸ਼ਬਦੀ ਸੁਤ ਦਿਤਾ ਦਾਨ, ਵਿਸ਼ਵ ਵਿਸ਼ਨੂੰ ਜਾਗ ਖੁਲ੍ਹਾਈਆ । ਭਟਕਨਾ ਅੰਦਰ ਪਾਰਬ੍ਰਹਮ ਬ੍ਰਹਮ ਵੰਡੀ ਪਾਏ ਆਣ, ਵੰਡਣਹਾਰਾ ਇਕ ਅਖਵਾਈਆ । ਭਟਕਨਾ ਅੰਦਰ ਸ਼ੰਕਰ ਕਰ ਪਰਵਾਨ, ਹੱਥ ਤ੍ਰਿਸੂਲ ਫੜਾਈਆ । ਭਟਕਨਾ ਅੰਦਰ ਤ੍ਰੈਗੁਣ ਮਾਇਆ ਕਰ ਬਲਵਾਨ, ਸਿਰ ਆਪਣਾ ਹੱਥ ਟਿਕਾਈਆ । ਭਟਕਨਾ ਅੰਦਰ ਪੰਜ ਤਤ ਕਰੇ ਨਿਸ਼ਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪ ਉਪਾਈਆ । ਭਟਕਨਾ ਅੰਦਰ ਖੇਲੇ ਖੇਲ ਜ਼ਿਮੀਂ ਅਸਮਾਨ, ਗਗਨ ਮੰਡਲ ਦਏ ਵਡਿਆਈਆ । ਭਟਕਨਾ ਅੰਦਰ ਨਿਰਗੁਣ ਸਰਗੁਣ ਪਰਗਟ ਹੋਵੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਟਕਨਾ ਆਪ ਬਣਾਈਆ । ਭਟਕਨਾ ਅੰਦਰ ਖੇਲ ਕਰਤਾਰ, ਹਰਿ ਕਰਤਾ ਆਪ ਕਰਾਇੰਦਾ । ਭਟਕਨਾ ਅੰਦਰ ਲੇਖਾ ਲੇਖ ਲਿਖ ਜੁਗ ਚਾਰ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਭਟਕਨਾ ਅੰਦਰ ਬ੍ਰਹਮਵੇਤਾ ਕਰ ਤਿਆਰ, ਬ੍ਰਹਮ ਵਿਦਿਆ ਇਕ ਸਮਝਾਇੰਦਾ । ਭਟਕਨਾ ਅੰਦਰ ਲੱਖ ਚੁਰਾਸੀ ਕਾਰ, ਜੇਰਜ ਅੰਡਜ ਉਤਭੁਜ ਸੇਤਜ ਰੰਗ ਰੰਗਾਇੰਦਾ । ਭਟਕਨਾ ਅੰਦਰ ਆਪਣਾ ਨਾਉਂ ਨਿਰੰਕਾਰਾ ਬੋਲ ਜੈਕਾਰ, ਸਾਚਾ ਨਾਮ ਆਪ ਸਾਲਾਹਿੰਦਾ । ਭਟਕਨਾ ਅੰਦਰ ਖੇਲ ਕਰੇ ਅਗੰਮ ਅਪਾਰ, ਅਲੱਖ ਅਗੋਚਰ ਆਪਣੀ ਕਾਰ ਕਮਾਇੰਦਾ । ਭਟਕਨਾ ਅੰਦਰ ਵਿਸ਼ਨੂੰ ਭਰੇ ਭੰਡਾਰ, ਸਾਚੀ ਵਸਤ ਆਪ ਵਰਤਾਇੰਦਾ । ਭਟਕਨਾ ਅੰਦਰ ਬ੍ਰਹਮੇ ਦਏ ਆਧਾਰ, ਘਟ ਘਟ ਬ੍ਰਹਮ ਜੋਤ ਵਖਾਇੰਦਾ । ਭਟਕਨਾ ਅੰਦਰ ਸ਼ੰਕਰ ਕਰੇ ਹੁਸ਼ਿਆਰ, ਭੋਲੇ ਨਾਥ ਤ੍ਰਿਸੂਲ ਹੱਥ ਵਖਾਇੰਦਾ । ਭਟਕਨਾ ਅੰਦਰ ਰਜੋ ਤਮੋ ਸਤੋ ਕਰੇ ਸ਼ਿੰਗਾਰ, ਨੇਤਰ ਨੈਣ ਨੈਣ ਮਟਕਾਇੰਦਾ । ਭਟਕਨਾ ਅੰਦਰ ਲੇਖਾ ਜਾਣ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਇੰਦਾ । ਭਟਕਨਾ ਅੰਦਰ ਰਚ ਕੇ ਖਾਣੀ ਚਾਰ, ਖ਼ਾਲਸ ਆਪਣਾ ਰੂਪ ਵਖਾਇੰਦਾ । ਭਟਕਨਾ ਅੰਦਰ ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਆਪਣੀ ਧਾਰ ਜਣਾਇੰਦਾ । ਭਟਕਨਾ ਅੰਦਰ ਬੋਲ ਸਚ ਜੈਕਾਰ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਭਟਕਨਾ ਅੰਦਰ ਹੋਏ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਸੁਣਾਇੰਦਾ । ਭਟਕਨਾ ਅੰਦਰ ਬਣ ਕੇ ਸਾਂਝਾ ਯਾਰ, ਸਗਲਾ ਸੰਗ ਆਪ ਨਿਭਾਇੰਦਾ । ਭਟਕਨਾ ਅੰਦਰ ਆਤਮ ਪਰਮਾਤਮ ਕਰੇ ਪਿਆਰ, ਸਚ ਪ੍ਰੀਤੀ ਆਪ ਨਿਭਾਇੰਦਾ । ਭਟਕਨਾ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਚੇ ਵਾਰੋ ਵਾਰ,

੩੪੩ ੧੫

ਸਾਚੀ ਰਚਨਾ ਆਪ ਰਚਾਇੰਦਾ । ਭਟਕਨਾ ਅੰਦਰ ਸਾਚੀ ਸਿਖਿਆ ਦਏ ਸਿਖਾਲ, ਵਿਦਤ ਇਕੋ ਨਾਮ ਪੜ੍ਹਾਇੰਦਾ । ਭਟਕਨਾ ਅੰਦਰ ਹੋਏ ਦੀਨ ਦਿਆਲ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਭਟਕਨਾ ਅੰਦਰ ਦੋ ਜਹਾਨਾਂ ਬਣੇ ਦਲਾਲ, ਸਚ ਦਲਾਲੀ ਆਪ ਕਮਾਇੰਦਾ । ਭਟਕਨਾ ਅੰਦਰ ਵੇਖ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਖੁਲ੍ਹਾਇੰਦਾ । ਭਟਕਨਾ ਅੰਦਰ ਗੁਰੂ ਗੁਰਦੇਵ ਉਪਜਾਏ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਇੰਦਾ । ਭਟਕਨਾ ਅੰਦਰ ਸਭ ਘਟ ਚਲੇ ਨਾਲ, ਵਿਛੋੜਾ ਨਜ਼ਰ ਕੋਇ ਨਾ ਆਇੰਦਾ । ਭਟਕਨਾ ਅੰਦਰ ਆਪਣੀ ਘਾਲਨ ਰਿਹਾ ਘਾਲ, ਬਣ ਸੇਵਕ ਸੇਵ ਕਮਾਇੰਦਾ । ਭਟਕਨਾ ਅੰਦਰ ਬਣੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਵੇਸ ਵਟਾਇੰਦਾ । ਭਟਕਨਾ ਅੰਦਰ ਦੇਵੇ ਨਾਮ ਸੱਚਾ ਧਨ ਮਾਲ, ਸਚ ਖ਼ਜ਼ੀਨਾ ਆਪ ਲੁਟਾਇੰਦਾ । ਭਟਕਨਾ ਅੰਦਰ ਪੀਰ ਪੈਗ਼ੰਬਰ ਲਏ ਉਠਾਲ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਭਟਕਨਾ ਅੰਦਰ ਹੱਕ ਹਕੀਕਤ ਦਏ ਵਖਾਲ, ਲਾਸ਼ਰੀਕ ਪੜਦਾ ਲਾਹਿੰਦਾ । ਭਟਕਨਾ ਅੰਦਰ ਮੁਕਾਮੇ ਹੱਕ ਨੂਰ ਧਰੇ ਜਲਾਲ, ਜਲਵਾ ਇਕੋ ਇਕ ਸਮਝਾਇੰਦਾ । ਭਟਕਨਾ ਅੰਦਰ ਸਾਚਾ ਕਲਮਾ ਬੋਲੇ ਕਲਾਮ, ਕਾਇਨਾਤ ਆਪ ਪੜ੍ਹਾਇੰਦਾ । ਭਟਕਨਾ ਅੰਦਰ ਬਣੇ ਅਮਾਮ, ਆਪ ਆਪਣਾ ਵੇਸ ਧਰਾਇੰਦਾ । ਭਟਕਨਾ ਅੰਦਰ ਪਿਆਏ ਜਾਮ, ਆਬੇ ਹਯਾਤ ਹੱਥ ਰਖਾਇੰਦਾ । ਭਟਕਨਾ ਅੰਦਰ ਕਰੇ ਸਲਾਮ, ਨਿਉਂ ਨਿਉਂ ਸਜਦਾ ਸੀਸ ਝੁਕਾਇੰਦਾ । ਭਟਕਨਾ ਅੰਦਰ ਬਣੇ ਗ਼ੁਲਾਮ, ਦਰ ਬਰਦਾ ਆਪ ਅਖਵਾਇੰਦਾ । ਭਟਕਨਾ ਅੰਦਰ ਦਏ ਪੈਗ਼ਾਮ, ਧੁਰ ਸੰਦੇਸਾ ਆਪ ਸੁਣਾਇੰਦਾ । ਭਟਕਨਾ ਅੰਦਰ ਕਰੇ ਕਾਮ, ਕਰਨੀ ਕਰਤਾ ਆਪ ਕਮਾਇੰਦਾ । ਭਟਕਨਾ ਅੰਦਰ ਬਦਲੇ ਨਜ਼ਾਮ, ਧੁਰ ਦੀ ਨੌਬਤ ਨਾਮ ਵਜਾਇੰਦਾ । ਭਟਕਨਾ ਅੰਦਰ ਦੇ ਗਿਆਨ, ਸਾਚੀ ਸਿਖਿਆ ਇਕ ਸਮਝਾਇੰਦਾ । ਭਟਕਨਾ ਅੰਦਰ ਝੁਲਾਏ ਨਿਸ਼ਾਨ, ਦੋ ਜਹਾਨਾਂ ਆਪ ਵਖਾਇੰਦਾ । ਭਟਕਨਾ ਅੰਦਰ ਬਣੇ ਕਾਹਨ, ਗੋਪੀ ਕਾਹਨ ਰੂਪ ਧਰਾਇੰਦਾ । ਭਟਕਨਾ ਅੰਦਰ ਬਣੇ ਰਾਮ, ਸੀਤਾ ਸੁਰਤੀ ਆਪ ਪਰਨਾਇੰਦਾ । ਭਟਕਨਾ ਅੰਦਰ ਬੋਲੇ ਸਤਿ ਨਾਮ, ਨਾਨਕ ਨਿਰਗੁਣ ਮੰਤਰ ਇਕ ਦ੍ਰਿੜਾਇੰਦਾ । ਭਟਕਨਾ ਅੰਦਰ ਸ੍ਰਿਸ਼ਟ ਸਬਾਈ ਵੇਖੇ ਆਣ, ਆਪ ਆਪਣਾ ਫੇਰਾ ਪਾਇੰਦਾ । ਭਟਕਨਾ ਅੰਦਰ ਗੋਬਿੰਦ ਕਰੇ ਇਕ ਪਰਨਾਮ, ਮਸਤਕ ਧੂੜੀ ਟਿੱਕਾ ਇਕ ਵਖਾਇੰਦਾ । ਭਟਕਨਾ ਅੰਦਰ ਇਕੋ ਖੇਲ ਕਰੇ ਅਕਾਲ, ਅਕਲ ਕਲਧਾਰੀ ਰਾਹ ਚਲਾਇੰਦਾ । ਭਟਕਨਾ ਅੰਦਰ ਜਨ ਭਗਤਾਂ ਉਤੇ ਹੋਏ ਆਪ ਦਿਆਲ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਭਟਕਨਾ ਅੰਦਰ ਸਾਚੇ ਸੰਤ ਲਏ ਸੰਭਾਲ, ਸੰਭਲ ਸੰਬਲ ਆਪਣਾ ਰਾਹ ਜਣਾਇੰਦਾ । ਭਟਕਨਾ ਅੰਦਰ ਗੁਰਮੁਖ ਗੋਦੀ ਲਏ ਬਠਾਲ, ਫੜ ਬਾਂਹੋ ਗਲੇ ਲਗਾਇੰਦਾ । ਭਟਕਨਾ ਅੰਦਰ ਗੁਰਸਿਖਾਂ ਚਲੇ ਨਾਲ ਨਾਲ, ਨਾਮ ਇਸ਼ਾਰਾ ਇਕ ਵਖਾਇੰਦਾ । ਭਟਕਨਾ ਅੰਦਰ ਖੇਲ ਕਰੇ ਜੁਗ ਚਾਰ, ਨੌਂ ਸੌ ਚੁਰਾਨਵੇ ਚੌਕੜੀ ਪੰਧ ਮੁਕਾਇੰਦਾ । ਭਟਕਨਾ ਅੰਦਰ ਖੇਲ ਗੁਰੂ ਅਵਤਾਰ, ਪੀਰ ਪੈਗ਼ੰਬਰ ਭਟਕਨਾ ਵਿਚ ਧੁਰ ਦੀ ਧਾਰ ਇਕ ਜਣਾਇੰਦਾ । ਭਟਕਨਾ ਵਿਚ ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰ, ਗੀਤਾ ਗਿਆਨ ਗਿਆਨ ਦ੍ਰਿੜਾਇੰਦਾ । ਭਟਕਨਾ ਅੰਦਰ ਅੰਜੀਲ ਕੁਰਾਨਾਂ ਦਏ ਆਧਾਰ, ਤੀਸ ਬਤੀਸਾ ਸਿਫ਼ਤ ਸਾਲਾਇੰਦਾ । ਭਟਕਨਾ ਅੰਦਰ ਨਾਨਕ ਨਿਰਗੁਣ ਬੋਲ ਜੈਕਾਰ, ਮੰਤਰ ਇਕੋ ਇਕ ਸਮਝਾਇੰਦਾ । ਭਟਕਨਾ ਅੰਦਰ ਗੁਰੂ ਗ੍ਰੰਥ ਗੁਰਦੇਵ ਕਰ ਪਿਆਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਭਟਕਨਾ ਅੰਦਰ ਕਰੇ ਸਰਬ ਨਿਮਸਕਾਰ, ਨਿਉਂ ਨਿਉਂ ਆਪਣਾ ਰਾਹ ਵਖਾਇੰਦਾ । ਭਟਕਨਾ ਅੰਦਰ ਸਭ ਦੀ ਆਸਾ ਮਨਸਾ ਪੂਰੇ

ਤਾਲ, ਤ੍ਰਿਸਨਾ ਤ੍ਰਿਪਤ ਆਪ ਕਰਾਇੰਦਾ । ਭਟਕਨਾ ਅੰਦਰ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਭਟਕਨਾ ਅੰਦਰ ਰਾਏ ਧਰਮ ਦਏ ਬਿਠਾਲ, ਸਾਚਾ ਹੁਕਮ ਇਕ ਜਣਾਇੰਦਾ । ਭਟਕਨਾ ਅੰਦਰ ਚਿਤਰਗੁਪਤ ਦਏ ਸਿਖਾਲ, ਸਿਖਿਆ ਇਕੋ ਇਕ ਰਖਾਇੰਦਾ । ਭਟਕਨਾ ਅੰਦਰ ਲਾੜੀ ਮੌਤ ਹੋ ਕੇ ਕਰੇ ਭਾਲ, ਬਚਿਆ ਕੋਈ ਰਹਿਣ ਨਾ ਪਾਇੰਦਾ । ਭਟਕਨਾ ਅੰਦਰ ਲੇਖਾ ਜਾਣੇ ਕਾਲ ਮਹਾਂਕਾਲ, ਮਿਹਰਵਾਨ ਆਪਣਾ ਹੁਕਮ ਵਰਤਾਇੰਦਾ । ਭਟਕਨਾ ਅੰਦਰ ਗੋਬਿੰਦ ਸੁਤ ਬਣਾਇਆ ਅਕਾਲ, ਪੂਤ ਸਪੂਤਾ ਦਏ ਵਡਿਆਈਆ । ਭਟਕਨਾ ਅੰਦਰ ਦੁਲਾਰੇ ਨੀਹਾਂ ਹੇਠ ਦਿਤੇ ਸੁਆਲ, ਸਾਚੀ ਸੇਵ ਇਕ ਸਮਝਾਈਆ । ਭਟਕਨਾ ਅੰਦਰ ਖੇਲ ਕਰੇ ਅਪਾਰ, ਅਪਰੰਪਰ ਆਪਣਾ ਰਾਹ ਜਣਾਈਆ । ਪ੍ਰਭ ਕੀ ਭਟਕਨਾ ਕਦੇ ਨਾ ਮੁੱਕੇ ਵਿਚ ਸੰਸਾਰ, ਬਿਨ ਭਟਕਨਾ ਸ੍ਰਿਸ਼ਟੀ ਨਜ਼ਰ ਕੋਇ ਨਾ ਆਈਆ । ਗੁਰਸਿਖ ਤੇਰੀ ਭਟਕਨਾ ਸਦਾ ਖ਼ਬਰਦਾਰ, ਜੋ ਪ੍ਰਭ ਦਾ ਰਾਹ ਰਹੀ ਤਕਾਈਆ । ਦੂਰ ਦੁਰਾਡਾ ਡਿਗਦਾ ਢਹਿੰਦਾ ਗੁਰਮੁਖ ਦੁਆਰੇ ਮਿਲਿਆ ਆਣ, ਘਰ ਸਾਚੇ ਵੱਜੇ ਵਧਾਈਆ । ਜਨਮ ਕਰਮ ਸਾਰੇ ਵੇਖਣ ਆਣ, ਨੇਤਰ ਨੈਣ ਅੱਖ ਖੁਲ੍ਹਾਈਆ । ਨਿਰਗੁਣ ਦਾਤਾ ਨੌਜਵਾਨ, ਪਰਮ ਪੁਰਖ ਪ੍ਰਭ ਵੇਸ ਵਟਾਈਆ । ਜਿਸ ਦਾ ਰੂਪ ਗੋਪੀ ਕਾਹਨ, ਕੋਟਨ ਕੋਟ ਉਪਜਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਕਰਨ ਸਲਾਮ, ਦਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੀ ਭਟਕਨਾ ਇਕ ਜਣਾਈਆ । ਗੁਰਮੁਖ ਭਟਕੇ ਸਤਿਗੁਰ ਰੰਗ, ਰੰਗ ਸਤਿਗੁਰ ਆਪ ਚੜ੍ਹਾਈਆ । ਜਨਮ ਜਨਮ ਦੀ ਪੂਰੀ ਕਰੇ ਮੰਗ, ਹੋਰ ਲੇਖਾ ਰਹਿਣ ਨਾ ਪਾਈਆ । ਅੰਤਰ ਦੇਵੇ ਇਕ ਅਨੰਦ, ਬਾਹਰੋ ਮਨ ਵਾਸਨਾ ਕਰੇ ਲੜਾਈਆ । ਹਰਿਜਨ ਚੜ੍ਹਾਏ ਸਾਚੇ ਚੰਦ, ਗੁਜਰੀ ਚੰਦ ਨੂਰ ਚਮਕਾਈਆ । ਆਦਿ ਜੁਗਾਦਿ ਜੁਗ ਚੌਕੜੀ ਸਾਚਾ ਨਾਮ ਦੇਵੇ ਵੰਡ, ਲੋਕਮਾਤ ਫੇਰਾ ਪਾਈਆ । ਗੁਰਮੁਖ ਸੁਹਾਗਣ ਨਾਰ ਨਾ ਹੋਏ ਰੰਡ, ਕੰਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਸੁਆਮੀ ਦਇਆ ਕਮਾਈਆ । ਗੁਰਮੁਖ ਭਟਕਨਾ ਭਟਕੇ ਆਪ, ਆਪਣੀ ਦਇਆ ਕਮਾਇੰਦਾ । ਗੁਰਮੁਖ ਗੁਰਸਿਖ ਸਾਚਾ ਜਾਪ, ਤੇਰਾ ਮੇਰਾ ਰੂਪ ਧਰਾਇੰਦਾ । ਗੁਰਮੁਖ ਗੁਰਸਿਖ ਪ੍ਰਭ ਮਿਲੇ ਸੱਚਾ ਬਾਪ, ਜਗਤ ਨਾਤਾ ਤੋੜ ਤੁੜਾਇੰਦਾ । ਗੁਰਮੁਖ ਗੁਰਸਿਖ ਦਰਸ ਪਾਏ ਪਾਕੀ ਪਾਕ, ਪਾਕ ਰਸੂਲ ਨਜ਼ਰੀ ਆਇੰਦਾ । ਗੁਰਸਿਖ ਗੁਰਮੁਖ ਭਟਕਨਾ ਦਾ ਨੌ ਸੌ ਚੁਰਾਨਵੇ ਚੌਕੜੀ ਜੁਗ ਪਿੱਛੋ ਮਿਲਿਆ ਇਤਫ਼ਾਕ, ਇਤਫ਼ਾਕੀਆ ਆਪਣਾ ਮੇਲ ਮਿਲਾਇੰਦਾ । ਨਾ ਪਤਣ ਨਾ ਕੋਈ ਘਾਟ, ਕਿਨਾਰਾ ਨਜ਼ਰ ਕਿਸੇ ਨਾ ਆਇੰਦਾ । ਜਿਉਂ ਭਾਵੇਂ ਤਿਉਂ ਰਿਹਾ ਰਾਖ, ਮਿਹਰ ਨਜ਼ਰ ਇਕ ਉਠਾਇੰਦਾ । ਕਿਰਪਾ ਕਰ ਪੁਰਖ ਸਮਰਾਥ, ਸਮਰਥ ਆਪਣੀ ਧਾਰ ਜਣਾਇੰਦਾ । ਪੂਰਬ ਵਸੂਰੇ ਗਏ ਲਾਥ, ਅਗਲਾ ਸੁਖ ਸੁਖ ਆਪ ਜਣਾਇੰਦਾ । ਲਹਿਣਾ ਦੇਣਾ ਦੇਵੇ ਹਾਥ, ਜਗਤ ਉਧਾਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਦਇਆ ਕਮਾਇੰਦਾ । ਸੂਫ਼ੀਆਂ ਦੱਸੀ ਇਕੋ ਕਤਲਗਾਹ, ਕਾਤਲ ਮਕਤੂਲ ਰੂਪ ਸਮਝਾਈਆ । ਜਿਸ ਘਰ ਵਸੇ ਬੇਪਰਵਾਹ, ਬੇਐਬ ਰੂਪ ਵਖਾਈਆ । ਸਚ ਧਿਆਨ ਦਿਤਾ ਲਗਾ, ਨੂਰੀ ਇਸਮ ਇਕ ਸਮਝਾਈਆ । ਪੰਜ ਤਤ ਕਾਇਆ ਕਰੋ ਫ਼ਿਦਾ, ਫ਼ਿਤਰਤ ਆਪਣੀ ਮਾਤ ਮਿਟਾਈਆ । ਬਿਸਮਲ ਹੋ ਕੇ ਪੰਜ ਤਤ ਨਾਲੋ ਹੋਵੇ ਜੁਦਾ, ਜੁਜ਼ ਖ਼ਾਲੀ ਆਪਣਾ ਜੁਜ਼ ਮਿਲਾਈਆ । ਅੰਦਰੋ ਦਿਤਾ ਰਾਹ ਸਿੱਧਾ, ਬਾਹਰੋ ਸਮਝ ਕੋਇ ਨਾ ਪਾਈਆ । ਜਿਨ੍ਹਾਂ ਮਿਲਣ

੩੪੫
੧੫

ਦੀ ਸੁਫ਼ਨੇ ਵਿਚ ਦਿਤੀ ਬਿਧਾ, ਬਿਧ ਆਪਣੀ ਆਪ ਸਮਝਾਈਆ । ਪਰਵਰਦਿਗਾਰ ਖ਼ੁਸ਼ੀਆਂ ਨਾਲ ਪਾਵੇ ਗਿਧਾ, ਮਨਸੂਰ ਸੂਲੀਆਂ ਉਤੇ ਚੜ੍ਹਾਈਆ । ਸ਼ਮਸ ਤਬਰੇਜ਼ ਆਪਣੀ ਨੈਣੀ ਡਿਠਾ, ਪੁਠੜੀ ਖੱਲ ਲੁਹਾਈਆ । ਬਿਨ ਅੱਖੀਆਂ ਪੜ੍ਹਦੇ ਧੁਰ ਦਾ ਚਿੱਠਾ, ਬਿਨ ਨੈਣਾਂ ਦੇਣ ਸੁਣਾਈਆ । ਸਾਂਝੇ ਯਾਰ ਦਾ ਸਾਚਾ ਹਿਤਾ, ਬਿਰਹੋ ਅਗਨੀ ਰਿਹਾ ਜਲਾਈਆ । ਉਨ੍ਹਾਂ ਕਦੇ ਯਾਦ ਨਾ ਆਇਆ ਪਿੱਛਾ, ਜਿਨ੍ਹਾਂ ਅੱਗੇ ਮਿਲਿਆ ਬੇਪਰਵਾਹੀਆ । ਏਥੇ ਓਥੇ ਦਰਗਹਿ ਸਾਚੀ ਸਚਖੰਡ ਦੁਆਰ ਕਰੇ ਰਿਛਾ, ਪ੍ਰਿਤਪਾਲਕ ਇਕ ਗੋਸਾਈਆ । ਸੋ ਸੂਫੀ ਜਿਸ ਜਗਤ ਰਸ ਜਾਤਾ ਫਿਕਾ, ਫਿਕੀ ਵੇਖੀ ਸਰਬ ਲੋਕਾਈਆ । ਹਰਿ ਕਾ ਰੂਪ ਆਪਣੇ ਵਿਚ ਵੇਖਿਆ ਨਿੱਕਾ, ਨਿਕਿਉਂ ਵੱਡੇ ਨਾਲ ਮਿਲਾਈਆ । ਬਿਨ ਪੰਡਤ ਪਾਂਧੇ ਬਿਨ ਮੁੱਲਾ ਸ਼ੇਖ਼ ਲੱਗਾ ਮਿੱਠਾ, ਧੁਰ ਦੀ ਰੇਖ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸੂਫੀ ਸਾਬਤ ਸੂਰਤ ਆਪਣੀ ਦਏ ਸਮਝਾਈਆ । ਭਟਕਨਾ ਅੰਦਰ ਸਾਚਾ ਭਾਉ, ਭਗਤ ਭਗਵਾਨ ਜਣਾਈਆ । ਭਟਕਨਾ ਅੰਦਰ ਰਹੇ ਚਾਉ, ਚਾਉ ਘਨੇਰਾ ਇਕ ਦ੍ਰਿੜਾਈਆ । ਭਟਕਨਾ ਅੰਦਰ ਜਪਾਏ ਨਾਉਂ, ਨਾਉਂ ਨਿਰੰਕਾਰ ਆਪ ਸਮਝਾਈਆ । ਭਟਕਨਾ ਅੰਦਰ ਚਰਨ ਰੂਪ ਬਣਾਏ ਪਾਉਂ, ਸੀਸ ਜਗਦੀਸ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਟਕਨਾ ਭਟਕਨਾ ਵਿਚੋ ਪਰਗਟਾਈਆ । ਭਟਕਨਾ ਅੰਦਰ ਭਟਕੇ ਏਕ, ਅਨੇਕ ਰੂਪ ਵਟਾਈਆ । ਸਾਚੀ ਭਟਕਨਾ ਆਪੇ ਲਏ ਵੇਖ, ਜਨ ਭਗਤਾਂ ਅੰਦਰ ਡੇਰਾ ਲਾਈਆ । ਸੋ ਭਟਕਨਾ ਸਤਿਗੁਰ ਭੇਖ, ਜਿਸ ਭਟਕਨਾ ਅੰਦਰ ਗੁਰਮੁਖ ਗੁਰ ਗੁਰ ਨਾਉਂ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਟਕ ਭਟਕ ਭਾਵਨਾ ਆਪਣੀ ਨਾਲ ਮਿਲਾਈਆ । ਭਟਕਨਾ ਅੰਦਰ ਰੱਖ ਭਾਵਨਾ, ਭਾਂਡਾ ਭਰਮ ਭੰਨਾਇੰਦਾ । ਭਟਕਨਾ ਅੰਦਰ ਪਕੜੇ ਦਾਮਨਾ, ਦਾਮਨਗੀਰ ਆਪ ਅਖਵਾਇੰਦਾ । ਭਟਕਨਾ ਅੰਦਰ ਹੋਏ ਜ਼ਾਮਨਾ, ਧੁਰ ਦੀ ਜ਼ਾਮਨੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਟਕਨਾ ਅੰਦਰ ਆਮ੍ਹੋ ਸਾਮ੍ਹਣਾ ਹੋ ਕੇ ਸਾਮ੍ਹਣੇ ਰੂਪ ਵਖਾਇੰਦਾ । ਜੇ ਭਟਕਨਾ ਹੋਵੇ ਨਾ ਇਕ ਭਗਵਾਨ, ਭਟਕੇ ਮਾਤ ਨਾ ਕੋਇ ਲੋਕਾਈਆ । ਨਵ ਨੌ ਚਾਰ ਦਾ ਦੱਸੇ ਬਿਆਨ, ਭੇਵ ਅਭੇਦਾ ਭੇਵ ਖੁਲ੍ਹਾਈਆ । ਨਵ ਨੌ ਵੇਖ ਜਗਤ ਦੁਕਾਨ, ਨੌ ਖੰਡ ਫੇਰਾ ਆਪੇ ਪਾਈਆ । ਨੌ ਦੁਆਰ ਫਿਰੇ ਸੈਤਾਨ, ਜੁਗ ਜੁਗ ਸ਼ਰਅ ਕਰੇ ਲੜਾਈਆ । ਚਾਰੇ ਕੁੰਟ ਹੋਏ ਪਰਧਾਨ, ਚਾਰੇ ਖਾਣੀ ਰਿਹਾ ਹਿਲਾਈਆ । ਚਾਰੇ ਬਾਣੀ ਦੇ ਗਿਆਨ, ਚਾਰ ਯਾਰੀ ਵੰਡ ਵੰਡਾਈਆ । ਚਾਰ ਵੇਦ ਕਰ ਪਰਧਾਨ, ਜੀਵ ਜੰਤ ਜਗਤ ਸਮਝਾਈਆ । ਨਵ ਨੌ ਚਾਰ ਦਾ ਖੇਲ ਜਹਾਨ, ਆਦਿ ਜੁਗਾਦਿ ਇਕ ਜਣਾਈਆ । ਤਿਨ੍ਹਾਂ ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕੇ ਆਣ, ਜੋ ਚੌਥੇ ਪਦ ਸਤਿਗੁਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਵ ਨੌ ਚਾਰ ਧਾਰ ਬੰਧਾਈਆ । ਕਲਜੁਗ ਅੰਤਮ ਹੋਈ ਰਹਿਮਤ, ਰਹਿਮਾਨ ਦਇਆ ਕਮਾਈਆ । ਪੁਰਖ ਅਕਾਲ ਗੋਬਿੰਦ ਨਾਲ ਹੋਇਆ ਸਹਿਮਤ, ਨਿਰਗੁਣ ਨਿਰਗੁਣ ਜੋੜੀ ਆਪ ਬਣਾਈਆ । ਨਾ ਕੋਈ ਧੋਤੀ ਨਾ ਕੋਈ ਤਹਿਮਤ, ਪਾਜਾਮਾ ਬੰਧਨ ਨਾ ਕੋਇ ਰਖਾਈਆ । ਨਾ ਕੋਈ ਮੂਰਖ ਨਾ ਕੋਈ ਅਹਿਮਕ, ਨਾ ਕੋਈ ਵਿਦਿਆ ਕਰੇ ਪੜ੍ਹਾਈਆ । ਨਾ ਕੋਈ ਇਸ਼ਾਰਾ ਨਾ ਕੋਈ ਸੈਨਤ, ਨਾ ਕੋਈ ਸ਼ਰਅ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਈਆ । ਰਹਿਮਤ ਕਰਕੇ ਆਪ ਰਹੀਮ, ਆਪਣੀ ਦਇਆ ਕਮਾਇੰਦਾ ।

ਆਪਣੇ ਭਾਗ ਕਰ ਤਰਮੀਮ, ਸਾਚਾ ਮਾਰਗ ਆਪ ਜਣਾਇੰਦਾ । ਜਿਸ ਦਾ ਖੇਲ ਸਦਾ ਅਜ਼ੀਮ, ਸ਼ਾਨ ਸ਼ੌਕਤ ਇਕ ਵਖਾਇੰਦਾ । ਜਿਸ ਦਾ ਭੇਵ ਕਿਸੇ ਨਾ ਪਾਇਆ ਕ਼ਦੀਮ, ਕ਼ੁਦਰਤ ਕ਼ਾਦਰ ਨਾਉਂ ਧਰਾਇੰਦਾ । ਸੋ ਕਲਜੁਗ ਅੰਤਮ ਜਨ ਭਗਤ ਵਖਾਏ ਆਪਣਾ ਸੀਨ, ਸਾਖਿਆਤ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਇਕੋ ਇਕ ਵਖਾਇੰਦਾ । ਰਹਿਮ ਕਰੇ ਮਿਹਰ ਨਜ਼ਰ, ਨਜ਼ਰੀਆ ਇਕ ਉਠਾਈਆ । ਜਨ ਭਗਤ ਵਖਾਏ ਇਕੋ ਫ਼ਜ਼ਲ, ਫ਼ਜ਼ਲ ਆਪਣਾ ਆਪ ਕਮਾਈਆ । ਪਿਛਲੀ ਧਾਰਾ ਦੇਵੇ ਬਦਲ, ਬਦਲਾ ਚੁੱਕੇ ਸਰਬ ਲੋਕਾਈਆ । ਤਖ਼ਤ ਨਿਵਾਸੀ ਕਰੇ ਅਦਲ, ਅਦਾਲਤ ਇਕੋ ਇਕ ਜਣਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਮੁਰੀਦ ਸੂਫੀ ਕੋਈ ਨਾ ਕਰੇ ਕਤਲ, ਕਾਤਲਾ ਹੱਥ ਨਾ ਕੋਇ ਉਠਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਜਨ ਭਗਤਾਂ ਕੋਲੋਂ ਕੱਢਣ ਆਇਆ ਆਪਣਾ ਮਤਲਬ, ਮੁਤਲਾ ਸਭ ਨੂੰ ਰਿਹਾ ਕਰਾਈਆ । ਨਿਰਗੁਣ ਸਰਗੁਣ ਕਰਕੇ ਕਰਤਬ, ਨਾਮ ਖੰਡਾ ਖੜਗ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌ ਚਾਰ ਪਿਛੇ ਕੀਤਾ ਰਹਿਮ, ਜਨ ਭਗਤਾਂ ਨਾਲ ਬਣਿਆ ਬਹਿਣ, ਘਰ ਇਕੇ ਬਹਿ ਬਹਿ, ਮੰਦਰ ਇਕੋ ਰਹਿ ਰਹਿ, ਨਾਮ ਇਕੋ ਕਹਿ ਕਹਿ, ਭਾਣਾ ਸਾਚਾ ਸਹਿ ਸਹਿ, ਜਨ ਭਗਤਾਂ ਚਰਨ ਢਹਿ ਢਹਿ, ਮਾਣ ਅਭਿਮਾਨ ਇਕ ਨਿਸ਼ਾਨ ਸ੍ਰੀ ਭਗਵਾਨ ਆਤਮ ਪਰਮਾਤਮ ਸੋਹੰ ਧਾਰ ਰੂਪ ਆਪਣਾ ਲਏ ਪਰਗਟਾਈਆ ।


੩੪੭

## ★ ੨੫ ਭਾਦਰੋ ੨੦੨੦ ਬਿਕ੍ਰਮੀ ਭਲਾਈਪੁਰ ਡੋਗਰਾਂ ਫ਼ੌਜਾ ਸਿੰਘ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ ★

ਸਾਹਿਬ ਸਤਿਗੁਰ ਦੀਨ ਦਿਆਲਾ, ਹਰਿ ਜੁਗ ਜੁਗ ਦਇਆ ਕਮਾਇੰਦਾ । ਸਤਿ ਸਰੂਪੀ ਅੰਮ੍ਰਿਤ ਜਾਮ ਪਿਆਲਾ, ਨਿਰਗੁਣ ਸਰਗੁਣ ਆਪ ਪਿਆਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲਾ, ਧੁਰ ਦਰਬਾਰ ਆਪ ਵਖਾਇੰਦਾ । ਅੰਤਰ ਅੰਤਰ ਅਗੰਮੀ ਮਾਲਾ, ਬਿਨ ਰਸਨਾ ਜਿਹਵਾ ਜਾਪ ਜਪਾਇੰਦਾ । ਸ਼ਬਦ ਸਰੂਪੀ ਬਣ ਦਲਾਲਾ, ਘਰ ਘਰ ਸਾਚੀ ਸੇਵ ਕਮਾਇੰਦਾ । ਜਨ ਭਗਤਾਂ ਮਾਰਗ ਦੱਸੇ ਸੁਖਾਲਾ, ਔਝੜ ਰਾਹ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸਤਿਗੁਰ ਪੂਰਾ ਸੱਚਾ ਠਾਕਰ, ਠੋਕਰ ਇਕੋ ਨਾਮ ਲਗਾਈਆ । ਵੇਖ ਵਖਾਏ ਕਾਇਆ ਗਾਗਰ, ਗਹਿਰ ਗੰਭੀਰ ਖੋਜ ਖੋਜਾਈਆ । ਨਾਮ ਵਣਜਾਰਾ ਬਣ ਸੌਦਾਗਰ, ਸਾਚੀ ਵਸਤ ਹੱਟ ਵਿਕਾਈਆ । ਨਿਰਮਲ ਕਰਮ ਕਰ ਉਜਾਗਰ, ਗੁਰਮੁਖ ਇਕੋ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਦੇਵੇ ਮਾਣ ਵਡਿਆਈਆ । ਸਾਹਿਬ ਸਤਿਗੁਰ ਸਚ ਸੁਆਮੀ, ਏਕੰਕਾਰ ਇਕ ਅਖਵਾਇੰਦਾ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਡੇਰਾ ਲਾਇੰਦਾ । ਬੋਧ ਅਗਾਧ ਅਗੰਮੀ ਬਾਣੀ, ਧੁਰ ਦੀ ਧਾਰ ਆਪ ਸਮਝਾਇੰਦਾ । ਅੰਮ੍ਰਿਤ ਜਲ ਠੰਡਾ ਪਾਣੀ, ਨਿਝਰ ਝਿਰਨਾ ਆਪ ਝਿਰਾਇੰਦਾ । ਸੁਰਤ ਮਿਲਾਵਾ ਸ਼ਬਦੀ ਹਾਣੀ, ਸੇਜ ਸੁਹੰਜਣੀ ਇਕ ਵਡਿਆਇੰਦਾ । ਖੇਲੇ ਖੇਲ ਜੋਤ ਨੂਰਾਨੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਇੰਦਾ । ਬਖ਼ਸ਼ਣਹਾਰਾ ਪਦ ਨਿਰਬਾਣੀ, ਘਰ ਸਾਚਾ ਇਕ ਵਖਾਇੰਦਾ । ਸ਼ਾਹੋ ਭੂਪ ਹਰਿ ਵਡ ਸੁਲਤਾਨੀ, ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਤਿਗੁਰ ਸੱਚਾ ਸਰਬ ਵਿਆਪੀ, ਘਟ ਘਟ ਰਿਹਾ ਸਮਾਈਆ । ਆਦਿ ਜੁਗਾਦੀ ਵਡ ਪਰਤਾਪੀ, ਬੇਪਰਵਾਹ ਨਾਉਂ ਰਖਾਈਆ । ਸਚ ਰਸੂਲ ਪਾਕਨ ਪਾਕੀ, ਪਰਵਰਦਿਗਾਰ ਨੂਰ ਖ਼ੁਦਾਈਆ । ਜਨ ਭਗਤਾਂ ਪੁਸ਼ਤ ਦੇਵੇ ਅਗੰਮੀ ਥਾਪੀ, ਥਾਪਣਾ ਇਕੋ ਇਕ ਵਖਾਈਆ । ਸਚ ਜਪਾਏ ਆਪਣਾ ਜਾਪੀ, ਜੀਵਣ ਜਪਤ ਜੁਗਤ ਜਣਾਈਆ । ਖੋਲ੍ਹ ਵਖਾਏ ਧੁਰ ਦੀ ਹਾਟੀ, ਸਾਚਾ ਕੁੰਡਾ ਮੰਦਰ ਲਾਹੀਆ । ਪਾਰ ਉਤਾਰੇ ਫੜ ਕੇ ਘਾਟੀ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਏਥੇ ਓਥੇ ਦੋ ਜਹਾਨ ਮੁਕਾਏ ਵਾਟੀ, ਪਾਂਧੀ ਆਪਣਾ ਪੰਧ ਮੁਕਾਈਆ । ਧੁਰ ਸੰਦੇਸਾ ਲੈ ਕੇ ਆਵੇ ਪਾਤੀ, ਪਤਣ ਬਹਿ ਬਹਿ ਬੇਪਰਵਾਹੀਆ । ਕਰੇ ਖੇਲ ਨਿਰਵੈਰ ਪੁਰਖ ਜੋਤ ਪਰਕਾਸ਼ੀ, ਪਰਕਾਸ਼ਵਾਨ ਵੇਸ ਵਟਾਈਆ । ਜਨ ਭਗਤਾਂ ਪੂਰਬ ਜਨਮ ਲਾਹੇ ਉਦਾਸੀ, ਚਿੰਤਾ ਰੋਗ ਨਾ ਕੋਇ ਵਖਾਈਆ । ਸਚਖੰਡ ਦੁਆਰ ਦੀ ਨਾਮ ਸੁਣਾਏ ਸਾਖੀ, ਸ਼ਬਦੀ ਰਾਗ ਆਪ ਅਲਾਈਆ । ਸਤਿਗੁਰ ਪੂਰਾ ਦੀਨ ਦਿਆਲ ਜੁਗ ਜੁਗ ਧਰਮ ਦੁਆਰ ਦਾ ਬਣਿਆ ਰਹੇ ਪਾਠੀ, ਪਾਠਸ਼ਾਲਾ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਸਾਹਿਬ ਸਤਿਗੁਰ ਪੁਰਖ ਅਕਾਲ, ਅਕਲ ਕਲਾ ਵਡਿਆਈਆ । ਜੁਗ ਚੌਕੜੀ ਨਿਤ ਨਵਿਤ ਨਿਭੇ ਨਾਲ, ਸਗਲਾ ਸੰਗ ਨਾ ਕੋਇ ਤਜਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਲਏ ਭਾਲ, ਲੱਖ ਚੁਰਾਸੀ ਖੋਜ ਖੁਜਾਈਆ । ਕਾਇਆ ਮੰਦਰ ਅੰਦਰ ਕਰੇ ਪਰਕਾਸ਼ ਸੱਚੀ ਧਰਮਸਾਲ, ਜੋਤ ਨਿਰੰਜਣ ਨੂਰ ਰੁਸ਼ਨਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆਲ, ਸਰ ਸਰੋਵਰ ਇਕ ਨੁਹਾਈਆ । ਕੂੜੀ ਕਿਰਿਆ ਤ੍ਰੈਗੁਣ ਮਾਇਆ ਤੋੜ ਜੰਜਾਲ, ਸਤਿਗੁਰ ਬਖ਼ਸ਼ੇ ਸਚ ਸਰਨਾਈਆ । ਨਾਤਾ ਤੋੜ ਕਾਲ ਮਹਾਂਕਾਲ, ਰਾਏ ਧਰਮ ਦਰ ਦੁਰਕਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਲਾੜੀ ਮੌਤ ਨਾ ਕਰੇ ਕੁੜਮਾਈਆ । ਗੁਰਮੁਖ ਗੁਰਸਿਖ ਅੰਤਮ ਆਪਣੀ ਗੋਦੀ ਲਏ ਉਠਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰਾ ਆਪਣਾ ਵਰ, ਵਰ ਦਾਤਾ ਇਕ ਅਖਵਾਈਆ । ਸਤਿਗੁਰ ਪੂਰਾ ਸਾਹਿਬ ਸੁਲਤਾਨ, ਪ੍ਰਭ ਵੱਡਾ ਵਡ ਵਡਿਆਈਆ । ਤਖ਼ਤ ਨਿਵਾਸੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਦੋ ਜਹਾਨਾਂ ਪਹਿਲਵਾਨ, ਬਲ ਆਪਣਾ ਆਪ ਵਖਾਈਆ । ਧਰਮ ਉਠਾਏ ਇਕ ਨਿਸ਼ਾਨ, ਸਾਚੇ ਮੰਦਰ ਆਪ ਝੁਲਾਈਆ । ਦੇਵਣਹਾਰਾ ਧੁਰ ਫ਼ਰਮਾਨ, ਸ਼ਬਦੀ ਨਾਦ ਵਜਾਈਆ । ਵੇਖਣਹਾਰਾ ਜੀਵ ਜਹਾਨ, ਲੱਖ ਚੁਰਾਸੀ ਜੋਤ ਰੁਸ਼ਨਾਈਆ । ਗਾਵਣਹਾਰਾ ਆਪਣਾ ਗਾਨ, ਸ਼ਬਦੀ ਢੋਲਾ ਰਾਗ ਅਲਾਈਆ । ਦੇਵਣਹਾਰਾ ਧੁਰ ਦਾ ਦਾਨ, ਗੁਰ ਅਵਤਾਰ ਪੀਰ ਪੈਗੰਬਰ ਨਾਮ ਅਮੋਲਕ ਵਸਤ ਝੋਲੀ ਪਾਈਆ । ਬਖ਼ਸ਼ਣਹਾਰਾ ਸਾਚਾ ਮਾਣ, ਚਰਨ ਕਵਲ ਦਏ ਸਰਨਾਈਆ । ਦੇਵਣਹਾਰਾ ਇਕ ਧਿਆਨ, ਅੰਤਰ ਆਤਮ ਪਰਮਾਤਮ ਇਕ ਲਿਵ ਲਾਈਆ । ਮਾਰਨਹਾਰਾ ਅਗੰਮੀ ਬਾਣ, ਤੀਰ ਅਣਿਆਲਾ ਨਾਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਗੁਰ ਗੁਰ ਆਪ ਸਾਲਾਹੀਆ । ਸਤਿਗੁਰ ਪੂਰਾ ਸਾਲਾਹਣ ਯੋਗ, ਬ੍ਰਹਿਮੰਡ ਖੰਡ ਰਾਗ ਅਲਾਇੰਦਾ । ਜਨ ਭਗਤਾਂ ਦੇਵੇ ਇਕੋ ਜੋਗ, ਸਾਚੀ ਸਿਖਿਆ ਸਿਖ ਦ੍ਰਿੜਾਇੰਦਾ । ਅੰਤਰ ਅੰਤਰ ਹੋਏ ਸੰਜੋਗ, ਬਾਹਰ ਬਸੰਤਰ ਨਾ ਕੋਇ ਲਗਾਇੰਦਾ । ਮੰਤਰ ਜਣਾਏ ਕਾਇਆ ਕੋਟ, ਘਰ ਇਕੋ ਇਕੋ ਗਾਇੰਦਾ । ਤਨ ਨਗਾਰ ਲਗਾਏ ਚੋਟ, ਸ਼ਬਦ ਨਗਾਰਾ ਆਪ ਵਜਾਇੰਦਾ । ਸਚ ਸੁਣਾਏ ਧੁਰ ਸਲੋਕ,

ਧੁਰ ਦੀ ਧਾਰ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਸਤਿਗੁਰ ਪੂਰਾ ਸਚ ਦੁਆਰ, ਸਚਖੰਡ ਇਕ ਵਖਾਈਆ । ਜਿਸ ਗ੍ਰਿਹਿ ਵਸੇ ਆਪ ਨਿਰੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਨਾਨਕ ਕਬੀਰ ਕਰੇ ਪਿਆਰ, ਬਿਨਾਂ ਸ਼ਰੀਰ ਖ਼ੁਸ਼ੀ ਮਨਾਈਆ । ਨਾ ਕੋਈ ਸ਼ਰਅ ਨਾ ਜ਼ੰਜੀਰ, ਤਕਬੀਰ ਇਕੋ ਇਕ ਪੜ੍ਹਾਈਆ । ਹਜ਼ਰਤ ਨੂਰ ਇਲਾਹੀ ਤਸਵੀਰ, ਬੇਨਜ਼ੀਰ ਆਪ ਵਖਾਈਆ । ਨਿਗਾਹਬਾਨ ਦਸਤਗੀਰ, ਦਸਤ ਦਸਤ ਨਾਲ ਮਿਲਾਈਆ । ਲੇਖਾ ਤੋੜ ਸ਼ਾਹ ਹਕੀਰ, ਸ਼ਹਿਨਸ਼ਾਹ ਇਕੋ ਰੰਗ ਰੰਗਾਈਆ । ਦਰ ਦਰਵੇਸ਼ ਕਰ ਫ਼ਕੀਰ, ਫ਼ਿਕਰਾ ਸਤਿ ਨਾਮ ਪੜ੍ਹਾਈਆ । ਚਾਰ ਵਰਨਾਂ ਦੇ ਧੀਰ, ਧੀਰਜ ਇਕੋ ਘਰ ਸਮਝਾਈਆ । ਅਠ ਸਠ ਤੀਰਥ ਵੇਖ ਨੀਰ, ਦਰ ਦਰ ਆਪਣਾ ਫੇਰਾ ਪਾਈਆ । ਚਾਰੇ ਕੁੰਟ ਪੰਧ ਚੀਰ, ਉਤਰ ਪੂਰਬ ਪੱਛਮ ਦੱਖਣ ਵੰਡ ਵੰਡਾਈਆ । ਕਲਜੁਗ ਜੀਵਾਂ ਬਦਲ ਜਾ ਤਕਦੀਰ, ਤਸਬੀ ਇਕੋ ਹੱਥ ਫੜਾਈਆ । ਦਹਿ ਦਿਸ਼ਾ ਫਿਰ ਵਡ ਪੀਰਨ ਪੀਰ, ਸ਼ਬਦ ਗੁਰ ਤੇਰੀ ਵਡਿਆਈਆ । ਤੇਰਾ ਲੇਖਾ ਧੁਰ ਲਕੀਰ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰਮੁਖ ਗੁਰਸਿਖ ਅੰਮ੍ਰਿਤ ਜਾਮ ਪਿਆ ਸੀਰ, ਦੁੱਖ ਦਰਦ ਦਰਦ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸੱਚਾ ਹੁਕਮ ਵਰਤਾਈਆ । ਸਤਿਗੁਰ ਸੱਚਾ ਸ਼ਬਦ ਗੁਰਦੇਵ, ਪੰਜ ਤਤ ਕੰਮ ਕਿਸੇ ਨਾ ਆਈਆ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਬੈਠਾ ਡੇਰਾ ਲਾਈਆ । ਜੁਗ ਚੌਕੜੀ ਦੇਵਣਹਾਰਾ ਅੰਮ੍ਰਿਤ ਮੇਵ, ਫਲ ਸਾਚਾ ਇਕ ਖਵਾਈਆ । ਖੋਲ੍ਹਣਹਾਰਾ ਭੇਦ ਅਭੇਵ, ਪੜਦਾ ਉਹਲਾ ਦਏ ਚੁਕਾਈਆ । ਗਾਵਣਹਾਰਾ ਰਸਨਾ ਜਿਹਵ, ਧੁਰ ਦੀ ਧਾਰ ਆਪ ਅਲਾਈਆ । ਕਰਨਹਾਰਾ ਸਾਚੀ ਸੇਵ, ਘਰ ਘਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਵਡ ਵਡਿਆਈਆ । ਸਤਿਗੁਰ ਪੂਰਾ ਸ਼ਬਦ ਗੁਰ ਦਾਤਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਸ਼ਬਦੀ ਸੁਰਤੀ ਬੰਨ੍ਹੇ ਨਾਤਾ, ਕੂੜਾ ਰੰਗ ਨਾ ਕੋਇ ਚੜ੍ਹਾਇੰਦਾ । ਨਾਮ ਨਿਧਾਨ ਸੁਣਾਏ ਗਾਥਾ, ਘਰ ਘਰ ਰਾਗ ਅਲਾਇੰਦਾ । ਪੁਰਖ ਅਕਾਲ ਬਣਾਏ ਪਿਤਾ ਮਾਤਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਪ੍ਰਿਤਪਾਲਕ ਬਣ ਕੇ ਹੋਵੇ ਰਾਖਾ, ਸਾਚੀ ਸੇਵਾ ਆਪ ਕਮਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਲੇਖਾ ਪੂਰਬ ਵੇਖ ਵਖਾਇੰਦਾ । ਨਾਮ ਖ਼ੁਮਾਰੀ ਵੇਖੇ ਖੇਲ ਤਮਾਸ਼ਾ, ਤੂੰ ਹੀ ਤੂੰ ਹੀ ਰਾਗ ਅਲਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸਾ, ਤ੍ਰਿਸਨਾ ਆਸਾ ਮੇਟ ਮਿਟਾਇੰਦਾ । ਸਾਚਾ ਨੂਰ ਕਰ ਪਰਕਾਸ਼ਾ, ਅਗਿਆਨ ਅੰਧੇਰ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲੇਖਾ ਝੋਲੀ ਪਾਇੰਦਾ । ਗੁਰਮੁਖ ਲੇਖਾ ਝੋਲੀ ਪਾਏ, ਪਾਵਣਹਾਰ ਵੱਡੀ ਵਡਿਆਈਆ । ਜਨਮ ਅਜਨਮਾ ਵੇਖ ਵਖਾਏ, ਜੁਗ ਜੁਗ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਕਲਜੁਗ ਅੰਤਮ ਲਏ ਮਿਲਾਏ, ਮਿਲਣੀ ਹਰਿ ਜਗਦੀਸ ਕਰਾਈਆ । ਨਾਨਕ ਗੋਬਿੰਦ ਧਾਰ ਚਲਾਏ, ਅਰਜਣ ਲੇਖਾ ਲੇਖ ਸਮਝਾਈਆ । ਡੂਮ ਮਰਾਸੀ ਲਏ ਜਗਾਏ, ਬਲਵੰਡੇ ਸੱਤੇ ਸਮਝ ਸਮਝਾਈਆ । ਕਰੇ ਖੇਲ ਆਪ ਰਘੁਰਾਏ, ਰਘੁਪਤ ਆਪਣੀ ਧਾਰ ਜਣਾਈਆ । ਆਦਿ ਜੁਗਾਦਿ ਧੁਰ ਦਾ ਲੇਖਾ ਆਪਣੀ ਝੋਲੀ ਪਾਏ, ਜੁਗ ਜੁਗ ਲੋਕਮਾਤ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਹਾਣੀ ਇਕ ਜਣਾਈਆ । ਸਚ ਕਹਾਣੀ ਧੁਰ ਦੀ ਧਾਰ, ਸ਼ਬਦ ਗੁਰੂ ਵਡਿਆਈਆ । ਅਰਜਣ ਗੁਰ ਗੁਰ ਇਕ ਦਰਬਾਰ, ਧੁਰ ਦਰਬਾਰ

੩੪੯
੧੫

ਰਿਹਾ ਸਮਝਾਈਆ । ਸੱਤਾ ਗਾਵੇ ਅਪਣੀ ਵਾਰ, ਵਾਰਤਾ ਇਕ ਇਲਾਹੀਆ । ਹਰਿ ਕਾ ਖੇਲ ਨਾ ਜਾਣੇ ਸਿਰਜਣਹਾਰ, ਬੇਪਰਵਾਹ ਲੇਖਾ ਬੇਪਰਵਾਹੀਆ । ਅੰਤਰ ਵੜਿਆ ਇਕ ਹੰਕਾਰ, ਅਗਨੀ ਇਕ ਲਗਾਈਆ । ਬਿਨ ਮੇਰੇ ਗੁਰੂ ਦਾ ਸੋਹੇ ਨਾ ਕੋਈ ਦੁਆਰ, ਸਚ ਦੁਆਰ ਨਾ ਕੋਇ ਵਡਿਆਈਆ । ਕੂੜੀ ਮਾਇਆ ਕਰੇ ਪਿਆਰ, ਸਤਿਗੁਰ ਪਿਆਰ ਗਿਆ ਭੁਲਾਈਆ । ਜਿਸ ਦੇ ਨਾਲ ਚਲੇ ਵਿਹਾਰ, ਸੋ ਵਿਵਹਾਰੀ ਖੇਲ ਵਖਾਈਆ । ਗਹਿਰ ਗੰਭੀਰ ਜਾਨਣਹਾਰ, ਅੰਤਮ ਬੂਝ ਬੁਝਾਈਆ । ਵਰ ਦਿਤਾ ਇਕੋ ਵਾਰ, ਤੇਰਾ ਤੇਰਾ ਤੇਰੀ ਝੋਲੀ ਪਾਈਆ । ਬਿਨ ਸਤਿਗੁਰ ਪੂਰੇ ਰਾਗ ਰਾਗਨੀ ਗਏ ਹਾਰ, ਸੁਰ ਤਾਲ ਕੰਮ ਕਿਸੇ ਨਾ ਆਈਆ । ਅੰਤਮ ਦੋਏ ਜੋੜ ਕਰੇ ਨਿਮਸਕਾਰ, ਨੇਤਰ ਰੋਵੇ ਮਾਰੇ ਧਾਹੀਂਆ । ਕਿਰਪਾ ਕਰ ਮੇਰੇ ਦਾਤਾਰ, ਤੇਰੇ ਹੱਥ ਮੇਰੀ ਵਡਿਆਈਆ । ਹਉਂ ਬਾਲਕ ਭੁੱਲਣਹਾਰ, ਅਭੁੱਲ ਤੇਰੀ ਸਰਨਾਈਆ । ਬਖ਼ਸ਼ਣਹਾਰ ਹੋ ਤਿਆਰ, ਸਿਰ ਆਪਣਾ ਹੱਥ ਟਿਕਾਈਆ । ਉਠ ਸੱਤੇ ਵੇਖ ਖੋਲ੍ਹ ਕਿਵਾੜ, ਸਤਿਗੁਰ ਪੂਰਾ ਇਕੋ ਨਜ਼ਰੀ ਆਈਆ । ਤੇਰਾ ਲਹਿਣਾ ਦੇਣਾ ਦੇਵਾਂ ਕਰਜ਼ ਉਤਾਰ, ਕਰਜ਼ਾ ਕੋਇ ਰਹਿਣ ਨਾ ਪਾਈਆ । ਮਾਣਸ ਜਨਮ ਵਿਚੋ ਮਾਣਸ ਜਨਮ ਦੇਵਾਂ ਦੂਜੀ ਵਾਰ, ਟੇਢੀ ਜੂਨ ਨਾ ਕੋਇ ਭਵਾਈਆ । ਨਿਰਗੁਣ ਹੋ ਕੇ ਆਵਾਂ ਵਿਚ ਸੰਸਾਰ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਅੰਦਰ ਹੋ ਕੇ ਤੇਰੀ ਕਾਇਆ ਜੋਹ ਕੇ ਰਬਾਬ ਬਣ ਕੇ ਵਜਾਵਾਂ ਸਤਾਰ, ਇਕੋ ਇਕੋ ਰਾਗ ਅਲਾਈਆ । ਜਿੰਨਾਂ ਚਿਰ ਨਾ ਕਹੇਂ ਤੂੰ ਮੇਰਾ ਮੈਂ ਤੇਰਾ ਯਾਰ, ਸੋਹੰ ਢੋਲਾ ਰਸਨਾ ਗਾਈਆ । ਉਸ ਵੇਲੇ ਤੇਰਾ ਕਰਜ਼ਾ ਲਾਹਵਾਂ ਉਧਾਰ, ਮਕਰੂਜ਼ ਆਪਣਾ ਫ਼ਰਜ਼ ਅਦਾ ਕਰਾਈਆ । ਗੁਰਮੁਖ ਬਣਾ ਕਰਾਂ ਪਿਆਰ, ਭਗਤਾਂ ਵਿਚ ਦਿਆਂ ਵਡਿਆਈਆ । ਮੇਰਾ ਨਾਉਂ ਨਰ ਨਿਰੰਕਾਰ, ਨਿਰਵੈਰ ਸਦਾ ਅਖਵਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਦਵੈਤ ਰੂਪ ਨਾ ਕੋਇ ਵਟਾਈਆ । ਫ਼ੌਜਾ ਸਿੰਘ ਨਹੀਂ ਸੱਤਾ ਡੂਮ ਜਿਸ ਦੇ ਅੰਦਰ ਕੀਆ ਪਿਆਰ, ਨਾਮ ਖ਼ੁਮਾਰੀ ਸ਼ਬਦ ਯਾਰੀ ਨਾਲ ਗੰਢਾਈਆ । ਉਚੀ ਕੂਕ ਘਰ ਬਾਹਰ ਕਰਦਾ ਰਿਹਾ ਪੁਕਾਰ, ਕਵਣ ਵੇਲੇ ਪ੍ਰਭ ਮਿਲੇ ਸੱਚਾ ਮਾਹੀਆ । ਦਿਲੀ ਦੁਆਰ ਗਲੀ ਕੂਚੇ ਕੀਤਾ ਹਾਹਾਕਾਰ, ਸਾਧਾਂ ਸੰਤਾਂ ਰਿਹਾ ਡਰਾਈਆ । ਉਠੋ ਵੇਖੋ ਮੇਰਾ ਅਗੰਮੀ ਯਾਰ, ਜਿਸ ਦਾ ਨੂਰ ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਮੇਰੇ ਅੰਦਰ ਉਹਦੀ ਤਸਵੀਰ, ਜਿਸ ਦੇ ਹੱਥ ਨਾਮ ਸ਼ਮਸ਼ੀਰ, ਖੰਡਾ ਖੜਗ ਰਿਹਾ ਚਮਕਾਈਆ । ਉਹ ਸਾਹਿਬ ਪੀਰਾਂ ਦਾ ਪੀਰ, ਮੈਨੂੰ ਵੇਖਿਆ ਵਿਚੋ ਆਣ ਹਕੀਰ, ਹਕੀਕਤ ਆਪਣੀ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਲਹਿਣਾ ਦੇਣਾ ਸਭ ਦਾ ਝੋਲੀ ਪਾਈਆ ।



### ✪ ੨੫ ਭਾਦਰੋ ੨੦੨੦ ਬਿਕ੍ਰਮੀ ਭਲਾਈ ਪੁਰ ਡੋਗਰਾਂ ਮਹਿੰਦਰ ਸਿੰਘ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ ✪

ਦੇਵਣਹਾਰ ਸਰਬ ਵਡਿਆਈ, ਵਡ ਦਾਤਾ ਹਰਿ ਅਖਵਾਇੰਦਾ । ਹਰਿਜਨ ਸਾਚੇ ਲਏ ਤਰਾਈ, ਤਾਰਨਹਾਰ ਦਇਆ ਕਮਾਇੰਦਾ । ਮਿਹਰ ਨਜ਼ਰ ਇਕ ਉਠਾਈ, ਮਿਹਰਵਾਨ ਭੇਵ ਚੁਕਾਇੰਦਾ । ਨੀਚੋ ਊਚ ਰਿਹਾ ਬਣਾਈ, ਜਿਸ ਜਨ ਆਪਣੇ ਘਰ ਵਸਾਇੰਦਾ । ਜਨਮ ਜਨਮ ਦਾ ਲੇਖ ਮਿਟਾਈ, ਸਾਚਾ ਲੇਖਾ ਇਕ ਰਖਾਇੰਦਾ । ਗੁਰਸਿਖ ਮੇਲਾ ਸਹਿਜ ਸੁਭਾਈ, ਘਰ ਸਤਿਗੁਰ ਫੇਰਾ ਪਾਇੰਦਾ । ਭਰਮੇ ਭੁੱਲੇ ਨਾ ਕੋਇ ਰਾਹੀ,

ਪਾਂਧੀ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਨਾਮ ਦਾਨ, ਤਿਸ ਦਾ ਰਹੇ ਜਗਤ ਨਿਸ਼ਾਨ, ਲੋਕਮਾਤ ਨਾ ਕੋਇ ਮਿਟਾਇੰਦਾ ।

## ✪ ੨੫ ਭਾਦਰੋ ੨੦੨੦ ਬਿਕ੍ਰਮੀ ਜਲਾਲਾਬਾਦ ਊਧਮ ਸਿੰਘ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ ✪

ਮਿੱਤਰ ਪਿਆਰਾ ਜਗਤ ਸਚ ਮੀਤ, ਹਰਿ ਸਤਿਗੁਰ ਇਕ ਅਖਵਾਈਆ । ਜਗਤ ਬੰਧਨ ਜਗਤ ਰੀਤ, ਕਾਇਆ ਤਤ ਕੁੜਮਾਈਆ । ਜੁਗ ਚੌਕੜੀ ਖੇਲ ਅਨਡੀਠ, ਅਨਡਿਠੜੀ ਆਪ ਕਰਾਈਆ । ਮਨ ਵਾਸਨਾ ਮਨੂਆ ਸੀਤ, ਆਤਮ ਸਾਂਤ ਨਾ ਕੋਇ ਕਰਾਈਆ । ਖਾ ਪੀ ਗਾਉਣੇ ਗੀਤ, ਜਗਤ ਜੁਗ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਦ੍ਰਿੜਾਈਆ । ਪੰਜ ਤਤ ਕਾਇਆ ਪੁੱਛਣ ਯਾਰੀ, ਯਾਰੀ ਯਾਰਾਂ ਨਾਲ ਹੰਡਾਈਆ । ਖੇਲਾਂ ਖੇਲਦੇ ਰਹੇ ਬਣ ਸੰਸਾਰੀ, ਸੰਸਾਰ ਜੀਵਣ ਝੋਲੀ ਪਾਈਆ । ਬਿਨ ਸਤਿਗੁਰ ਪੂਰੇ ਅੰਤਮ ਤੋੜ ਨਿਭੇ ਕਿਸੇ ਨਾ ਯਾਰੀ, ਹਾਣੀ ਹਾਣੀਆਂ ਗਏ ਤਜਾਈਆ । ਚਾਰੋ ਕੁੰਟ ਦਿਸੇ ਖ਼ਵਾਰੀ, ਸਾਚੀ ਧਾਰ ਨਾ ਕੋਇ ਬੰਧਾਈਆ । ਗੁਰਮੁਖ ਵਿਰਲਾ ਮਿਲੇ ਜੋਤ ਇਕ ਨਿਰੰਕਾਰੀ, ਨਿਰਗੁਣ ਮੇਲਾ ਮੇਲ ਮਿਲਾਈਆ । ਦੋਏ ਜੋੜ ਕਰੇ ਨਿਮਸਕਾਰੀ, ਨਿਮਖ ਨਿਮਖ ਆਪਣਾ ਭੇਟ ਚੜ੍ਹਾਈਆ । ਕਰ ਕਿਰਪਾ ਹਰਿ ਵਡ ਬਨਵਾਰੀ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਲੱਗੀ ਅੰਤਮ ਯਾਰੀ, ਪਿਛਲੀ ਯਾਰੀ ਭੁੱਲ ਨਾ ਜਾਈਆ । ਤੇਰੇ ਯਾਰਾਂ ਦੀ ਆਤਮਾ ਅਜੇ ਕਵਾਰੀ, ਬਿਨ ਹਰਿ ਕੰਤ ਸਕੇ ਨਾ ਕੋਇ ਪਰਨਾਈਆ । ਤੇਰੇ ਪਿੱਛੇ ਓਨ੍ਹਾਂ ਜਾਏ ਤਾਰੀ, ਜਿਨ੍ਹਾਂ ਯਾਰੀ ਤੇਰੇ ਨਾਲ ਲਗਾਈਆ । ਸਵਰਨ ਨਹੀਂ ਸਵਰਨ ਕੰਨਿਆ ਕਵਾਰੀ, ਕਾਇਆ ਸਤਿਗੁਰ ਸਤਿ ਸਰੂਪ ਬਣਾਈਆ । ਜਿਸ ਦਾ ਲੇਖਾ ਜਾਣੇ ਰਵਦਾਸ ਚੁਮਾਰੀ, ਜਿਨ ਧੀਆ ਪੁੱਤਰੀ ਸਪੁੱਤਰੀ ਏਕਾ ਜਾਈਆ । ਕੁਨੀ ਪਾਣੀ ਦਿਤਾ ਅੰਮ੍ਰਿਤ ਬਾਟਾ, ਚੰਮ ਦ੍ਰਿਸ਼ਟੀ ਪਰੇ ਹਟਾਈਆ । ਤਿਸ ਦਾ ਲੇਖਾ ਮੁਕਿਆ ਸਚ ਦਰਬਾਰੀ, ਸ਼ਾਹ ਪਾਤਸ਼ਾਹ ਆਪ ਮੁਕਾਈਆ । ਬਟਵਾਰੇ ਤੇਰੀ ਵੇਖੀ ਯਾਰੀ, ਜੁਗ ਚੌਕੜੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਯਾਰਾਨਾ ਇਕ ਸਮਝਾਈਆ । ਸਚ ਯਾਰਾਨਾ ਲੱਗੇ ਏਕ, ਏਕੰਕਾਰਾ ਆਪ ਜਣਾਇੰਦਾ । ਦੋ ਜਹਾਨ ਲੱਗੇ ਨਾ ਸੇਕ, ਤ੍ਰੈਗੁਣ ਅਗਨ ਨਾ ਕੋਇ ਤਪਾਇੰਦਾ । ਬੁਧੀ ਸਦਾ ਰਹੇ ਬਿਬੇਕ, ਦੁਰਮਤ ਮੈਲ ਰੂਪ ਨਜ਼ਰ ਕੋਇ ਨਾ ਆਇੰਦਾ । ਬਿਨ ਕਰਮਾਂ ਮਿਟੇ ਰੇਖ, ਬਿਨ ਧਰਮਾਂ ਪਾਰ ਕਰਾਇੰਦਾ । ਬਿਨ ਸਾਕੋ ਕਰੇ ਹੇਤ, ਬਿਨ ਸੱਜਣੋ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਜਣ ਘਰ ਵੇਖੇ ਸਾਜਣ, ਸਾਜਣ ਸਾਜਣ ਨਾਲ ਉਠਾਇੰਦਾ । ਵੇਖ ਸੱਜਣ ਪਿਛਲੇ ਯਾਰ, ਬੀਤੀ ਕਹਾਣੀ ਰਿਹਾ ਜਣਾਈਆ । ਜਿਨ੍ਹਾਂ ਨਾਲ ਕਰਦੇ ਰਹੇ ਪਿਆਰ, ਲੱਗੀ ਪ੍ਰੀਤ ਤੋੜ ਨਾ ਕੋਇ ਨਿਭਾਈਆ । ਛੱਡ ਕੇ ਗਏ ਵਿਚ ਸੰਸਾਰ, ਬਣ ਸੰਸਾਰੀ ਫੇਰਾ ਪਾਈਆ । ਦੂਰ ਦੁਰਾਡੇ ਉਚੀ ਕੂਕਣ ਕਰਨ ਪੁਕਾਰ, ਨੇਤਰ ਨੈਣ ਨੈਣ ਉਠਾਈਆ । ਵੇਖੋ ਬਟਵਾਰਾ ਮਿਲ ਗਿਆ ਚੁਮਿਆਰ, ਯਾਰ ਪਿਛਲੀ ਯਾਰੀ ਰਿਹਾ ਭੁਲਾਈਆ । ਤੇਰੇ ਸੱਜਣ ਦੀ ਆਤਮਾ ਦਰ ਬਾਂਦੀ ਆਈ ਦੁਆਰ, ਨੇਤਰ ਰੋਵੇ ਮਾਰੇ ਧਾਹੀਆ । ਵੇਖੇ ਵਿਗਸੇ ਵੇਖਣਹਾਰ,

ਬੇਨਜ਼ੀਰ ਆਪਣੀ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਗਲਾ ਸੰਗ ਰਿਹਾ ਤਰਾਈਆ । ਤੇਰਾ ਸੱਜਣ ਆਇਆ ਦੁਆਰ, ਤੇਰੀ ਓਟ ਤਕਾਈਆ । ਏਸੇ ਕਾਰਨ ਪੁੱਛਿਆ ਸ਼ਬਦ ਵਿਹਾਰ, ਭੇਵ ਅਭੇਦ ਜਣਾਈਆ । ਤੇਰੀ ਬੇਨੰਤੀ ਮਨਜ਼ੂਰ ਕਰੇ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਅਠ ਦਸ ਦਾ ਬੇੜਾ ਪਾਰ, ਸਾਲ ਬਸਾਲ ਲੇਖੇ ਆਪਣੇ ਲਾਈਆ । ਯਾਰਾਂ ਨਾਲ ਮਿਲਾਵੇ ਯਾਰ, ਯਾਦ ਪਿਛਲੀ ਇਕ ਜਣਾਈਆ । ਅੱਖੀਂ ਮੀਟ ਮਾਰ ਪਲਾਕੀ ਇਕ ਦੂਜੇ ਦੇ ਉਤੇ ਚੜ੍ਹਦੇ ਰਹੇ ਹੋ ਅਸਵਾਰ, ਸਾਚੀ ਖੇਲ ਜਗਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਦੀਆਂ ਦਰਦ ਵੰਡਾਈਆ । ਪਿਛਲੀ ਯਾਦ ਆਈ ਚੇਤੇ, ਸੱਜਣ ਮੰਗ ਮੰਗਾਈਆ । ਪਾਰਬ੍ਰਹਮ ਪ੍ਰਭ ਲਾਏ ਲੇਖੇ, ਲੇਖਾ ਆਪਣੀ ਝੋਲੀ ਪਾਈਆ । ਜਿਨ੍ਹਾਂ ਤੇਰਾ ਸੰਗ ਕੀਤਾ ਭਰਮ ਭੁਲੇਖੇ, ਤਿਨ੍ਹਾਂ ਬੇੜਾ ਰਿਹਾ ਤਰਾਈਆ । ਅੰਦਰ ਵੜ ਕੇ ਆਪੇ ਵੇਖੇ, ਬਾਹਰੋ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲਹਿਣਾ ਆਪ ਚੁਕਾਈਆ । ਗੁਰਮੁਖ ਤੇਰੀ ਉਧਰੇ ਕੁਲ, ਸਿੰਘ ਊਧਮ ਵਡ ਵਡਿਆਈਆ । ਕਰਤਾ ਕੀਮਤ ਪਾਏ ਮੁਲ, ਆਪਣੇ ਹੱਟ ਵਿਕਾਈਆ । ਸਚ ਦੁਆਰਾ ਰਿਹਾ ਖ਼ੁਲ੍ਹ, ਕੂੜਾ ਹੱਟ ਨਾ ਕੋਇ ਵਖਾਈਆ । ਗੁਰਮੁਖ ਹੀਰਾ ਜਾਏ ਨਾ ਰੁਲ, ਮਾਣਕ ਮੋਤੀ ਆਪ ਰਖਾਈਆ । ਦਰਗਹਿ ਸਾਚੀ ਦਾ ਸਾਚਾ ਫੁਲ, ਦੋ ਜਹਾਨ ਆਪ ਮਹਿਕਾਈਆ । ਸਾਚੇ ਕੰਡੇ ਤੋਲੇ ਤੋਲ, ਨਾਮ ਤਰਾਜ਼ੂ ਇਕ ਵਖਾਈਆ । ਹਰਿਜਨ ਚਰਨ ਪ੍ਰੀਤੀ ਘੋਲੀ ਘੋਲ, ਘੋਲ ਘੁਮਾਈ ਲੇਖੇ ਪਾਈਆ । ਅੰਤਰ ਆਤਮ ਜਾਏ ਮੌਲ, ਮੌਲਾ ਆਪਣੀ ਦਇਆ ਕਮਾਈਆ । ਅੰਮ੍ਰਿਤ ਰਸ ਭਰੇ ਕਵਲ ਕੌਲ, ਨਾਭੀ ਇਕੋ ਰੰਗ ਰੰਗਾਈਆ । ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਸੁਹਾਈਆ । ਜਨਮ ਕਰਮ ਦਾ ਭਾਰ ਕਰੇ ਹੌਲ, ਵੇਲੇ ਅੰਤ ਨਾ ਕੋਇ ਸਜ਼ਾਈਆ । ਜਾਮਾ ਬਦਲਿਆ ਸਿੰਘ ਬਹੌਲ, ਬਹੁਤੀ ਕੀਤੀ ਜਗਤ ਕਮਾਈਆ । ਸਤਿਗੁਰ ਪੂਰਾ ਕਦੇ ਨਾ ਮਾਰੇ ਰੋਲ, ਸੱਚੇ ਮਾਰਗ ਆਪੇ ਪਾਈਆ । ਮੰਗੀ ਦਾਤ ਵਸਾਂ ਕੋਲ, ਮਾਣਸ ਹੋ ਕੇ ਤੇਰੀ ਸੇਵ ਕਮਾਈਆ । ਤੂੰ ਤਖ਼ਤ ਬਹੇਂ ਅਡੋਲ, ਹਉਂ ਬਾਲਕ ਰੂਪ ਨਜ਼ਰੀ ਆਈਆ । ਪ੍ਰਭੂ ਤੇਰਾ ਭੇਖ ਲਿਖ ਨਾ ਸਕੇ ਕੋਈ ਭਗੋਲ, ਤੇਰੀ ਤਾਰੀਖ ਨਾ ਕਿਸੇ ਬਣਾਈਆ । ਤੇਰੀ ਸਿਫ਼ਤ ਕਰ ਕਰ ਗਏ ਕਲਾ ਸੋਲ, ਰਸਨਾ ਜਿਹਵਾ ਢੋਲੇ ਗਏ ਗਾਈਆ । ਤੂੰ ਪੜਦਾ ਰੱਖਿਆ ਆਪਣਾ ਓਹਲ, ਆਲਮਗੀਰ ਸਮਝ ਕਿਸੇ ਨਾ ਪਾਈਆ । ਜੁਗ ਚੌਕੜੀ ਸਭ ਦੇ ਨਾਲ ਕਰਦਾ ਰਿਹੋ ਮਖੌਲ, ਇਸ਼ਾਰਿਆਂ ਨਾਲ ਨਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਕਰਦਾ ਰਿਹੋ ਕੋਲ, ਇਕਰਾਰ ਆਪਣਾ ਇਕ ਜਣਾਈਆ । ਕਲਜੁਗ ਅੰਤਮ ਪਰਗਟ ਹੋਇਓਂ ਨਿਰਗੁਣ ਧਾਰ ਉਪਰ ਧੌਲ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਸਭ ਦਾ ਲੇਖਾ ਵਖਾਵਾਂ ਫੋਲ, ਵਰਕਾ ਵਰਕਾ ਆਪ ਉਲਟਾਈਆ । ਲੱਖ ਚੁਰਾਸੀ ਵਿਚੋ ਚਾਰ ਜੁਗ ਦੇ ਸੱਜਣ ਲਵਾਂ ਟੋਲ, ਵੇਖਾਂ ਥਾਉਂ ਥਾਈਆ । ਲੱਖ ਚੁਰਾਸੀ ਮਾਇਆ ਮਮਤਾ ਵਿਚ ਦੇਵਾਂ ਵਰੋਲ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਸ੍ਰਿਸ਼ਟ ਸਬਾਈ ਸੁੱਤੀ ਰਹੇ ਅਨਭੋਲ, ਜਗਤ ਜਾਗ ਨਾ ਕੋਇ ਜਗਾਈਆ । ਜਾਗਦਿਆਂ ਕੋਲ ਵਜਾਵਾਂ ਢੋਲ, ਜਾਗਦਿਆਂ ਕੋਲੋ ਸੁੱਤਿਆਂ ਲਵਾਂ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਵਸੀਲਾ ਝੋਲੀ ਪਾਈਆ । ਵਸਤ ਵਸੀਲਾ ਹਰਿ ਜੂ ਆਪ, ਆਪਣੀ ਦਇਆ ਕਮਾਈਆ । ਜਿਸ

ਦਾ ਸੱਚਾ ਇਕੋ ਜਾਪ, ਜਪ ਜੀਵਣ ਜੁਗਤ ਜਣਾਈਆ । ਸਚ ਦੁਆਰੇ ਸੱਚਾ ਪਾਠ, ਕਾਇਆ ਪਾਠਸ਼ਾਲਾ ਪੜ੍ਹਾਈਆ । ਜਿਸ ਦੀ ਪੱਟੀ ਇਕ ਜਮਾਤ, ਅਗਲਾ ਸਬਕ ਨਾ ਕੋਇ ਸਿਖਾਈਆ । ਜਿਸ ਦਾ ਲੇਖਾ ਬਿਨ ਕਲਮ ਦਵਾਤ, ਸ਼ਾਹੀ ਬੈਠੀ ਨੈਣ ਸ਼ਰਮਾਈਆ । ਜਿਸ ਦਾ ਖੇਲ ਦੋ ਜਹਾਨ ਤਮਾਸ਼, ਨਿਰਗੁਣ ਸਰਗੁਣ ਧਾਰ ਚਲਾਈਆ । ਸੋ ਸਾਹਿਬ ਜਨ ਭਗਤਾਂ ਪੂਰੀ ਕਰੇ ਆਸ, ਆਹਿਸਤਾ ਆਹਿਸਤਾ ਆਪਣਾ ਮੇਲ ਮਿਲਾਈਆ । ਜਿਸ ਧਾਰੋ ਉਪਜੀ ਸ਼ਾਖ਼, ਸੋ ਬੂਟਾ ਰਿਹਾ ਲਗਾਈਆ । ਅੰਤ ਵੇਲੇ ਨਿਕਲਣ ਲੱਗੇ ਸਵਾਸ, ਸਵਾ ਸਵਾਸ ਪ੍ਰਭ ਦੀ ਝੋਲੀ ਪਾਈਆ । ਇਕ ਨਾਲ ਤੇਰਾ ਪਰਕਾਸ਼, ਚੌਥਾ ਹਿੱਸਾ ਤੇਰੀ ਰਹਿਮਤ ਨਜ਼ਰੀ ਆਈਆ । ਤੇਰੀ ਕਿਰਪਾ ਮੇਰੀ ਪਿਆਸ, ਮੇਰੀ ਪਿਆਸ ਤੇਰੀ ਅੰਮ੍ਰਿਤ ਧਾਰ ਮੰਗ ਮੰਗਾਈਆ । ਸਰਗੁਣ ਹੋ ਕੇ ਮੰਗਾਂ ਸਾਥ, ਨਿਰਗੁਣ ਤੇਰੀ ਸੇਵ ਕਮਾਈਆ । ਸਤਿਗੁਰ ਪੂਰੇ ਲਿਆ ਝਾਕ, ਬਿਨ ਅੱਖਾਂ ਅੱਖ ਮਿਲਾਈਆ । ਤੇਰਾ ਖੋਲ੍ਹਾਂ ਇਕ ਤਾਕ, ਧੁਰ ਦੀ ਤਾਕਤ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲੰਘਾਏ ਆਪਣੇ ਘਾਟ, ਪਤਣ ਪਾਰ ਸਚ ਮਲਾਹੀਆ ।

ਰਾਤੋ ਆਈ ਦਿਨ, ਦਿਵਸ ਰੂਪ ਵਟਾਈਆ । ਭਾਈਆਂ ਭਰਾਵਾਂ ਦਾ ਲੇਖਾ ਚੁਕਾਇਆ ਗਿਣ ਗਿਣ, ਸਨਮੁਖ ਹੋ ਕੇ ਬੇਪਰਵਾਹੀਆ । ਜਿਸ ਦਾ ਰੂਪ ਰੇਖ ਨਾ ਕੋਇ ਚਿਨ੍ਹ, ਚਿੰਤਾ ਰਿਹਾ ਮਿਟਾਈਆ । ਕਰੇ ਖੇਲ ਅਗੰਮੀ ਛਿਨ, ਲਗ-ਮਾਤਰ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਥਿਤ ਆਪ ਵਟਾਈਆ । ਦਿਨ ਦਿਹਾੜੇ ਦੱਸਿਆ ਹਾਲ, ਸਭਾ ਵਿਚ ਸਮਝਾਈਆ । ਰਾਤਰ ਹੁੰਦੀ ਮਾਇਆ ਨੀਂਦਰ ਪੌਂਦੀ ਜਾਲ, ਸੁਰਤ ਵਿਚ ਕੋਈ ਰਹਿਣ ਨਾ ਪਾਈਆ । ਸਭ ਨੂੰ ਮਾਰਗ ਦਿਤਾ ਸਖਾਲ, ਗੁਰਮੁਖਾਂ ਨਾਲ ਕਰੋ ਪਿਆਰ, ਮੂਰਖ ਮੁਗਧ ਉਤਰੋ ਪਾਰ, ਪੱਲੂ ਫੜ ਕੇ ਚਾਈਂ ਚਾਈਂਆ । ਸ੍ਰੀ ਭਗਵਾਨ ਹੋਇਆ ਦਿਆਲ, ਜਿਸ ਦੇ ਹੱਥ ਕਾਲ ਮਹਾਂਕਾਲ, ਸਵਾਲ ਸਭ ਦੇ ਹਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਹੋਲ ਸਿੰਘ ਦਿਤਾ ਇਕੋ ਦਾਨ, ਦਿਨ ਦਿਹਾੜੇ ਤੈਨੂੰ ਕਰਾਂ ਪਰਵਾਨ, ਤੇਰੇ ਉਤੇ ਰੈਣ ਅੰਧੇਰੀ ਕਦੇ ਨਾ ਛਾਈਆ ।

### ✪ ੨੫ ਭਾਦਰੋ ੨੦੨੦ ਬਿਕਰਮੀ ਬਲਵੰਤ ਸਿੰਘ ਦੇ ਗ੍ਰਿਹ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸੂਰਬੀਰ ਸਰਬੰਗ, ਵਡ ਬਲਕਾਰੀ ਖੇਲ ਕਰਾਇੰਦਾ । ਗੁਰਮੁਖ ਅੰਦਰ ਵੇਖੇ ਲੰਘ, ਗ੍ਰਿਹ ਮੰਦਰ ਸੋਭਾ ਪਾਇੰਦਾ । ਸੇਜ ਸੁਹੰਜਣੀ ਸੁਹਾਏ ਪਲੰਘ, ਆਸਣ ਅਬਿਨਾਸ਼ੀ ਇਕ ਵਖਾਇੰਦਾ । ਨਿਰਮਲ ਜੋਤ ਚਾੜ੍ਹ ਚੰਦ, ਨੂਰੋ ਨੂਰ ਡਗਮਗਾਇੰਦਾ । ਅਨਹਦ ਨਾਦੀ ਸਾਚਾ ਛੰਦ, ਧੁਰ ਦਾ ਰਾਗ ਅਲਾਇੰਦਾ । ਦੂਈ ਦਵੈਤੀ ਢਾਹ ਕੰਧ, ਭਾਂਡਾ ਭਰਮ ਭੌ ਭੰਨਾਇੰਦਾ । ਪੰਚ ਵਿਕਾਰਾ ਖੰਡ ਖੰਡ, ਖੰਡਾ ਖੜਗ ਨਾਮ ਚਮਕਾਇੰਦਾ । ਦੇ ਗਿਆਨ ਅੰਧੇਰ ਅੰਧ, ਅਗਿਆਨ ਰੂਪ ਵਟਾਇੰਦਾ । ਦਿਆਲ ਹੋ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਝੋਲੀ ਪਾਇੰਦਾ । ਜਨਮ ਜਨਮ ਦਾ

੩੫੪

੧੫

ਮੇਟੇ ਪੰਧ, ਕਰਮ ਕਰਮ ਦਾ ਰੋਗ ਗਵਾਇੰਦਾ । ਸਚ ਦੁਆਰ ਵਖਾਏ ਇਕੋ ਹੱਦ, ਸਾਚੀ ਨਗਰੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੰਦਰ ਇਕ ਵਡਿਆਇੰਦਾ । ਗੁਰਮੁਖ ਅੰਦਰ ਸੋਹਣਾ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਅੱਠੇ ਪਹਿਰ ਇਕ ਅਨੰਦ, ਸਦਾ ਸਦਾ ਰਿਹਾ ਸਮਝਾਈਆ । ਵਸਤ ਅਮੋਲਕ ਲੈਣੀ ਮੰਗ, ਦਾਤਾ ਦਾਨੀ ਦਰ ਵਰਤਾਈਆ । ਬਾਲ ਅਵਸਥਾ ਗਈ ਲੰਘ, ਜੋਬਨ ਸਿਰ ਉਤੇ ਡੇਰਾ ਲਾਈਆ । ਮਨ ਵਿਚ ਆਏ ਨਾ ਕਦੇ ਘਮੰਡ, ਤ੍ਰਿਸਨਾ ਅਵਰ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗ੍ਰਿਹ ਸਾਚਾ ਧਾਮ ਸੁਹਾਈਆ । ਗੁਰਮੁਖ ਮੰਦਰ ਸੋਹਣਾ ਉਚਾ, ਅਗੰਮ ਅਥਾਹ ਬਣਾਈਆ । ਤਤ ਵਿਕਾਰੇ ਨਾਲੋ ਸੁੱਚਾ, ਸੂਖਮ ਰੂਪ ਸਮਝਾਈਆ । ਜਿਸ ਅੰਦਰ ਸਾਹਿਬ ਸਤਿਗੁਰ ਵੇਖੇ ਮੁਖਾ, ਘਰ ਘਰ ਵਿਚ ਦਰਸਨ ਪਾਈਆ । ਨਾਤਾ ਤੁਟੇ ਮਾਤ ਗਰਭ ਉਲਟੇ ਰੁਖ਼ਾ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਡੇਰਾ ਇਕ ਵਸਾਈਆ । ਗੁਰਮੁਖ ਮੰਦਰ ਸਚ ਦੀਵਾਰ, ਛੱਪਰ ਛੰਨ ਪ੍ਰਭੁ ਛੁਹਾਈਆ । ਦੀਵਾ ਬਾਤੀ ਇਕ ਉਜਿਆਰ, ਤੇਲ ਵੱਤੀ ਨਾ ਕੋਇ ਰਖਾਈਆ । ਸਾਚੀ ਸਖ਼ੀਆਂ ਮੰਗਲਾਚਾਰ, ਗੀਤ ਗੋਬਿੰਦ ਅਲਾਈਆ । ਇਕੋ ਨਾਦ ਸੱਚੀ ਧੁਨਕਾਰ, ਤਾਲ ਤਲਵਾੜਾ ਨਜ਼ਰ ਕੋਇ ਨਾ ਆਈਆ । ਸਚ ਪ੍ਰੀਤੀ ਇਕ ਪਿਆਰ, ਪਰਮ ਪੁਰਖ ਆਪ ਕਰਾਈਆ । ਮੰਦਰ ਮਸੀਤ ਛੁੱਟੇ ਦੁਆਰ, ਘਰ ਨਜ਼ਰੀ ਆਏ ਮਾਹੀਆ । ਪੰਚ ਤਤ ਨਾ ਹੋਏ ਖੁਆਰ, ਪੰਚਮ ਮੇਲਾ ਸਹਿਜ ਸੁਭਾਈਆ । ਗੁਰ ਚੇਲਾ ਬੈਠ ਇਕ ਦਰਬਾਰ, ਦਰ ਦਰਵਾਜ਼ਾ ਦੇਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਮੰਦਰ ਸੋਭਾ ਪਾਈਆ । ਹਰਿਜਨ ਮੰਦਰ ਸਚ ਮਹੱਲ, ਹਰਿ ਜੂ ਹਰਿ ਹਰਿ ਆਪ ਸੁਹਾਇੰਦਾ । ਆਦਿ ਜੁਗਾਦਿ ਰਹੇ ਅਟੱਲ, ਖੰਡਰ ਥੇਹ ਨਾ ਕੋਇ ਕਰਾਇੰਦਾ । ਜਿਸ ਦੇ ਅੰਦਰ ਨਾਮ ਸੰਦੇਸਾ ਦੇਵੇ ਘੱਲ, ਧੁਰ ਫ਼ਰਮਾਨ ਸੁਣਾਇੰਦਾ । ਦੀਪਕ ਹੋ ਕੇ ਜਾਏ ਬਲ, ਜੋਤੀ ਨੂਰ ਨੂਰ ਰੁਸ਼ਨਾਇੰਦਾ । ਅੰਮ੍ਰਿਤ ਹੋ ਕੇ ਬਰਸੇ ਜਲ, ਜਲਧਾਰਾ ਰੂਪ ਵਟਾਇੰਦਾ । ਨਿੱਕਾ ਹੋ ਕੇ ਜਾਏ ਪਲ, ਅੰਦਰ ਆਪਣਾ ਆਸਣ ਲਾਇੰਦਾ । ਸੁਘੜ ਹੋ ਕੇ ਦੱਸੇ ਵਲ, ਸਾਚਾ ਮਾਰਗ ਇਕ ਸਮਝਾਇੰਦਾ । ਪੁਰਖ ਹੋ ਕੇ ਕਰੇ ਛਲ, ਅਛਲ ਛਲਧਾਰੀ ਭੇਵ ਜਣਾਇੰਦਾ । ਹੰਕਾਰੀ ਹੋ ਕੇ ਸੁੱਟੇ ਡੂੰਘੀ ਡਲ, ਘਰ ਅੰਧੇਰਾ ਇਕ ਵਖਾਇੰਦਾ । ਪ੍ਰੀਤਮ ਹੋ ਕੇ ਸਚ ਸਿੰਘਾਸਣ ਲਏ ਮੱਲ, ਆਤਮ ਸੇਜਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੰਦਰ ਇਕ ਵਖਾਇੰਦਾ । ਗੁਰਮੁਖ ਮੰਦਰ ਵੇਖ ਦਿਆਲ, ਦੀਨਨ ਆਪ ਸਮਝਾਇੰਦਾ । ਵਸਤ ਅਮੋਲਕ ਸਾਚਾ ਲਾਲ, ਅਗੰਮੜੇ ਰੰਗ ਰੰਗਾਇੰਦਾ । ਜੀਵ ਜੰਤ ਵਿਚੋ ਭਾਲ, ਸਾਧ ਸੰਤ ਵਿਚੋ ਉਠਾਇੰਦਾ । ਲੇਖਾ ਜਾਣ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਮੇਲ ਮਿਲਾਇੰਦਾ । ਹਾਲਤ ਵੇਖ ਪਿਛਲਾ ਹਾਲ, ਹਰਿ ਜੂ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਾਇਆ ਮੰਦਰ ਇਕ ਰੁਸ਼ਨਾਇੰਦਾ । ਕਾਇਆ ਮੰਦਰ ਰੋਸ਼ਨ ਮਨਾਰਾ, ਨੂਰ ਨੂਰ ਜਣਾਈਆ । ਗੁਰਮੁਖ ਗੁਰ ਗੁਰ ਲੱਗੇ ਪਿਆਰਾ, ਸਚ ਪ੍ਰੀਤੀ ਇਕ ਲਗਾਈਆ । ਲੱਖ ਚੁਰਾਸੀ ਨਾਲੋ ਕਰ ਕਿਨਾਰਾ, ਹਰਿਜਨ ਆਪਣਾ ਜੋੜ ਜੁੜਾਈਆ । ਨਿਰਗੁਣ ਸਰਗੁਣ ਕਰੇ ਵਿਹਾਰਾ, ਬਿਵਹਾਰੀ ਧਾਰ ਬੰਧਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਬੋਲ ਜੈਕਾਰਾ,

ਜੈ ਜੈਕਾਰ ਸਰਬ ਸੁਣਾਈਆ । ਘਰ ਵਖਾਏ ਠਾਂਡਾ ਦਰਬਾਰਾ, ਅਗਨੀ ਤਤ ਨਾ ਕੋਇ ਤਪਾਈਆ । ਕਾਗਦ ਕਲਮ ਨਾ ਲਿਖਣਹਾਰਾ, ਕਾਤਬ ਪੱਟੀ ਨੈਣ ਸ਼ਰਮਾਈਆ । ਬਾਬਲ ਮਿਲਿਆ ਇਕ ਨਿਰੰਕਾਰਾ, ਘਰ ਸਾਚੇ ਵੱਜੇ ਵਧਾਈਆ । ਮੰਦਰ ਸੋਹੇ ਸਚ ਦਰਬਾਰਾ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਆਦਿ ਅੰਤ ਜਿਸ ਦਾ ਅੰਤ ਨਾ ਪਾਰਾਵਾਰਾ, ਸੋ ਪਾਰਬ੍ਰਹਮ ਮੇਲ ਮਿਲਾਈਆ । ਜਨ ਭਗਤ ਵਖਾਏ ਇਕ ਅਖਾੜਾ, ਬਿਨ ਗੋਪੀ ਕਾਹਨ ਨਾਚ ਨਚਾਈਆ । ਭਾਗ ਲਗਾਏ ਜੰਗਲ ਜੂਹ ਉਜਾੜਾ, ਟਿੱਲੇ ਪਰਬਤ ਵੇਖ ਵਖਾਈਆ । ਵੇਖਣਹਾਰਾ ਕਾਇਆ ਭਵਰੀ ਡੂੰਘੀ ਗ਼ਾਰਾ, ਗ਼ਾਇਬ ਪਰਗਟ ਹੋ ਕੇ ਨਜ਼ਰੀ ਆਈਆ । ਨਿਰਗੁਣ ਹੋ ਕੇ ਸਤਿਗੁਰ ਆਇਆ ਦੁਬਾਰਾ, ਦੋ ਧਾਰ ਖੇਲ ਚਲਾਈਆ । ਬਾਲ ਅਵਸਥਾ ਕੀਤਾ ਪਿਆਰਾ, ਬਾਲੀ ਬੁੱਧ ਸੁੱਧ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਮੰਦਰ ਬਣੇ ਸਹਾਰਾ, ਤਨ ਗ੍ਰਿਹਿ ਕਰੇ ਉਜਿਆਰਾ, ਜਗਤ ਅੰਧਿਆਰਾ ਰਹਿਣ ਕੋਇ ਨਾ ਪਾਈਆ । ਬਲਵੰਤ ਕੰਤ ਭਗਵੰਤ ਮਿਲਿਆ ਵਿਚ ਸੰਸਾਰਾ, ਸੰਸਾਰ ਸਾਗਰ ਕਾਇਆ ਗਾਗਰ ਕਰ ਕਰਮ ਨਿਰਮਲ ਉਜਾਗਰ, ਦੋ ਜਹਾਨਾਂ ਪਾਰ ਕਰਾਈਆ ।

## ✪ ੨੫ ਭਾਦਰੋ ੨੦੨੦ ਬਿਕਰਮੀ ਧਰਮਬੀਰ ਦੇ ਗ੍ਰਿਹਿ ਜਲਾਲਾਬਾਦ ਜ਼ਿਲਾ ਅੰਮ੍ਰਿਤਸਰ ✪



ਜੁਗ ਜੁਗ ਮੇਲਾ ਭਗਤ ਭਗਵਾਨ, ਲੋਕਮਾਤ ਵੱਜੇ ਵਧਾਈਆ । ਧਰਮ ਵਖਾਏ ਇਕ ਨਿਸ਼ਾਨ, ਕੂੜਾ ਨਾਤਾ ਤੋੜ ਤੁੜਾਈਆ । ਅੰਤਰ ਆਤਮ ਦੇਵੇ ਬ੍ਰਹਮ ਗਿਆਨ, ਸਾਚੀ ਵਿਦਿਆ ਕਰੇ ਪੜ੍ਹਾਈਆ । ਅੰਮ੍ਰਿਤ ਸਰੋਵਰ ਸਚ ਕਰਾਏ ਇਸ਼ਨਾਨ, ਦੁਰਮਤ ਮੈਲ ਧਵਾਈਆ । ਘਰ ਮੇਲ ਮਿਲਾਵਾ ਗੋਪੀ ਕਾਹਨ, ਸੁਰਤੀ ਸ਼ਬਦ ਕਰੇ ਕੁੜਮਾਈਆ । ਕਰੇ ਪਰਕਾਸ਼ ਕੋਟਨ ਭਾਨ, ਜੋਤੀ ਨੂਰ ਨੂਰ ਰੁਸ਼ਨਾਈਆ । ਵਸਤ ਅਮੋਲਕ ਦੇਵੇ ਦਾਨ, ਸਚ ਸਮਗਰੀ ਝੋਲੀ ਪਾਈਆ । ਕੂੜਾ ਤੋੜੇ ਮਾਣ ਅਭਿਮਾਨ, ਬਖ਼ਸ਼ੇ ਚਰਨ ਸਾਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਹਿਜ ਸੁਭਾਈਆ । ਭਗਤ ਭਗਵਾਨ ਸਗਲਾ ਸਾਥ, ਦੋ ਜਹਾਨਾਂ ਆਪ ਚਲਾਇੰਦਾ । ਜੁਗ ਚੌਕੜੀ ਚੜ੍ਹਾਏ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਪਾਰ ਉਤਾਰੇ ਆਪਣੇ ਘਾਟ, ਜਗਤ ਮਲਾਹ ਆਪ ਅਖਵਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਸਤਿ ਸਤਿਵਾਦੀ ਸਚ ਚੰਦ ਚਮਕਾਇੰਦਾ । ਲਹਿਣਾ ਦੇਣਾ ਚੁਕਾਏ ਬਿਨ ਲੇਖਾ ਕਲਮ ਦਵਾਤ, ਧੁਰ ਮਸਤਕ ਵੇਖ ਵਖਾਇੰਦਾ । ਜਿਉਂ ਭਾਵੇ ਪਤ ਲਏ ਰਾਖ, ਮਿਹਰ ਨਜ਼ਰ ਆਪ ਉਠਾਇੰਦਾ । ਪੜਦਾ ਜਾਣੇ ਤਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼, ਮਨ ਮੱਤ ਬੁੱਧ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਭਗਤ ਭਗਵਾਨ ਸਦਾ ਸੰਗ, ਜੁਗ ਜੁਗ ਵਿਛੜ ਕਦੇ ਨਾ ਜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਚਾੜ੍ਹੇ ਰੰਗ, ਰੰਗ ਰੰਗੀਲਾ ਇਕ ਰੰਗਾਈਆ । ਆਤਮ ਸੇਜਾ ਬੈਠ ਪਲੰਘ, ਸਾਚੇ ਮੰਦਰ ਖ਼ੁਸ਼ੀ ਵਖਾਈਆ । ਦਿਵਸ ਰੈਣ ਇਕ ਅਨੰਦ, ਖ਼ੁਸ਼ੀ ਗ਼ਮੀ ਨਾ ਕੋਇ ਜਣਾਈਆ । ਸਾਚਾ ਮੇਲਾ ਸੂਰਾ ਸਰਬੰਗ, ਸਾਹਿਬ ਸਤਿਗੁਰ ਆਪ ਕਰਾਈਆ । ਜਗਤ ਦੁਆਰਾ ਵੇਖੇ ਲੰਘ, ਨੌ ਦਰ ਡੇਰਾ ਆਪੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ

ਭਗਤਾਂ ਦਏ ਵਡਿਆਈਆ । ਭਗਤਨ ਮੀਤਾ ਇਕ ਗੋਪਾਲ, ਪਾਰਬ੍ਰਹਮ ਬੇਪਰਵਾਹੀਆ । ਜੁਗ ਜੁਗ ਵੇਖੇ ਆਪਣੇ ਲਾਲ, ਲਾਲਨ ਆਪਣੀ ਗੋਦ ਬਹਾਈਆ । ਕਾਇਆ ਮੰਦਰ ਅੰਦਰ ਵਖਾਏ ਸਾਚੀ ਧਰਮਸਾਲ, ਧਰਮ ਦੁਆਰਾ ਇਕ ਪਰਗਟਾਈਆ । ਦੀਪਕ ਦੀਆ ਜੋਤੀ ਬਾਲ, ਅਗਿਆਨ ਅੰਧੇਰ ਚੁਕਾਈਆ । ਅੰਮ੍ਰਿਤ ਆਤਮ ਜਾਮ ਪਿਆਲ, ਤ੍ਰਿਸਨਾ ਭੁੱਖ ਮਿਟਾਈਆ । ਪੰਜ ਤਤ ਕਾਇਆ ਦਿਸੇ ਕੰਗਾਲ, ਨਾਮ ਖ਼ਜ਼ੀਨਾ ਅੰਦਰ ਇਕ ਰਖਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਜਣਾਈਆ । ਧਰਮ ਦੁਆਰੇ ਧਰਮ ਪਾਲ, ਧਰਮ ਆਤਮਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਮੀਤਾ ਠਾਂਡਾ ਸੀਤਾ, ਆਦਿ ਪੁਰਖ ਇਕ ਰਘੁਰਾਈਆ । ਭਗਤ ਭਗਵਾਨ ਧੁਰ ਸੰਦੇਸ਼, ਧੁਰ ਦੀ ਬਾਣੀ ਆਪ ਜਣਾਈਆ । ਅੰਤਰ ਅੰਤਰ ਹੋ ਪਰਵੇਸ, ਜੋਤੀ ਜੋਤ ਜੋਤ ਸਮਾਈਆ । ਲੇਖਾ ਜਾਣ ਵਿਸ਼ਨ ਬ੍ਰਹਮ ਮਹੇਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਪਰਗਟਾਈਆ । ਭਗਤ ਭਗਵਾਨ ਕਰ ਪਰਗਟ, ਪਰਗਟ ਆਪਣਾ ਖੇਲ ਵਖਾਇੰਦਾ । ਜਗਤ ਵਣਜਾਰਾ ਖੋਲ੍ਹ ਹੱਟ, ਵਸਤ ਅਮੋਲਕ ਇਕ ਵਰਤਾਇੰਦਾ । ਜਨ ਭਗਤਾਂ ਦੇਵੇ ਹੱਥੋ ਹੱਥ, ਗੁਰਮੁਖ ਝੋਲੀ ਆਪ ਭਰਾਇੰਦਾ । ਲੱਖ ਚੁਰਾਸੀ ਜੀਵ ਜੰਤ ਵੇਖਣ ਅੰਧੇਰੀ ਰੈਣ ਮੱਸ, ਸਾਚਾ ਚੰਦ ਨਜ਼ਰ ਕਿਸੇ ਨਾ ਆਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਕੂੜੀ ਵਾਸਨਾ ਅੰਦਰ ਰਹੇ ਨੱਠ, ਚਾਰ ਕੁੰਟ ਦਹਿ ਦਿਸ਼ਾਂ ਉਠ ਉਠ ਸਰਬ ਧਾਇੰਦਾ । ਸ੍ਰੀ ਭਗਵਾਨ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਜਨ ਭਗਤਾਂ ਹੋਇਆ ਸਦਾ ਵਸ, ਵਸੀਕਾਰ ਆਪਣਾ ਖੇਲ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵਾਨ ਸਾਚਾ ਮੀਤਾ ਆਪ ਚਲਾਏ ਆਪਣੀ ਰੀਤਾ, ਸਾਚਾ ਮਾਰਗ ਇਕੋ ਲਾਇੰਦਾ । ਭਗਤ ਭਗਵਾਨ ਮਾਰਗ ਲਾ, ਸ੍ਰਿਸ਼ਟ ਸਬਾਈ ਆਪ ਸਮਝਾਇੰਦਾ । ਪਾਰਬ੍ਰਹਮ ਮਿਲਣ ਦਾ ਰੱਖੋ ਚਾ, ਦੂਜਾ ਸੱਜਣ ਨਾ ਕੋਇ ਬਣਾਇੰਦਾ । ਰਹਿਬਰ ਲੱਭੋ ਇਕ ਖ਼ੁਦਾ, ਬੇਨਜ਼ੀਰ ਨਜ਼ਰ ਬਦਲਾਇੰਦਾ । ਰਹਿਮਤ ਕਰੇ ਬੇਪਰਵਾਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਦੇਵੇ ਦਾਨ, ਮੁਰੀਦ ਮੁਰਸ਼ਦ ਮਿਲੇ ਆਣ, ਮੇਲਾ ਆਪਣੇ ਘਰ ਕਰਾਇੰਦਾ । ਭਗਤ ਭਗਵਾਨ ਸਾਚਾ ਮੇਲਾ, ਕਾਇਆ ਤਤ ਮਿਲੇ ਵਡਿਆਈਆ । ਸਾਚੇ ਘਰ ਵਸੇ ਗੁਰੂ ਗੁਰ ਚੇਲਾ, ਚੇਲਾ ਗੁਰ ਇਕੋ ਰੰਗ ਸਮਾਈਆ । ਆਤਮ ਪਰਮਾਤਮ ਸੱਜਣ ਸੁਹੇਲਾ, ਪਾਰਬ੍ਰਹਮ ਬ੍ਰਹਮ ਮਿਲ ਮਿਲ ਖ਼ੁਸ਼ੀ ਮਨਾਈਆ । ਸੁਹੰਜਣੀ ਰੈਣ ਸੁਹੰਜਣਾ ਵੇਲਾ, ਸੁਹੰਜਣੀ ਥਿਤ ਆਪ ਵਡਿਆਈਆ । ਅਚਰਜ ਖੇਲ ਪਾਰਬ੍ਰਹਮ ਪ੍ਰਭ ਅਬਿਨਾਸ਼ੀ ਕਰਤਾ ਆਦਿ ਜੁਗਾਦਿ ਜੁਗਾ ਜੁਗੰਤਰ ਖੇਲਾ, ਖ਼ਾਲਕ ਖ਼ਲਕ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤ ਭਗਵਾਨ ਵਸਣ ਇਕੋ ਘਰ, ਸਚਖੰਡ ਦੁਆਰ ਵੇਖਣ ਚੜ੍ਹ, ਨਾ ਕੋਈ ਸੀਸ ਨਾ ਕੋਈ ਧੜ, ਨਾ ਕੋਈ ਚੋਟੀ ਨਾ ਕੋਈ ਜੜ੍ਹ, ਨਾ ਕੋਈ ਵਿਦਿਆ ਅੱਖਰ ਲੈਣ ਪੜ੍ਹ, ਨਿਸ਼ਅੱਖਰ ਅੱਖਰ ਵਿਚ ਸਮਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਤਾ ਪੁਰਖ ਆਪਣੀ ਕਰਨੀ ਰਿਹਾ ਕਰ, ਨਿਰਗੁਣ ਨਿਰਵੈਰ ਨਿਰਾਕਾਰ ਹਰਿਜਨ ਆਪਣੇ ਘਰ ਵਸਾਈਆ ।


੩੫੬
੧੫

## ੨੫ ਭਾਦਰੋ ੨੦੨੦ ਬਿਕਰਮੀ ਸੋਹਣ ਸਿੰਘ ਦੇ ਗ੍ਰਹਿ ਰਾਮ ਪੁਰ ਜ਼ਿਲਾ ਅੰਮ੍ਰਿਤਸਰ

ਸਤਿ ਦਰਬਾਰ ਹਰਿ ਕਾ ਵੇਖ, ਦੋ ਜਹਾਨ ਲੈਣ ਅੰਗੜਾਈਆ । ਚਾਰੋ ਕੁੰਟ ਰੋਵਣ ਭੇਖ, ਨੇਤਰ ਨੈਣਾਂ ਨੀਰ ਵਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਦੇਵੇ ਭੇਤ, ਭਰਮੇ ਭੁੱਲੀ ਸਰਬ ਲੋਕਾਈਆ । ਸੰਤ ਸਤਿਗੁਰ ਕੋਇ ਨਾ ਕਰੇ ਹੇਤ, ਸਚ ਪ੍ਰੀਤ ਨਾ ਕੋਇ ਲਗਾਈਆ । ਕੂੜੀ ਕਿਰਿਆ ਖੇਡੀ ਖੇਡ, ਸਾਚੀ ਵਸਤ ਹੱਥ ਨਾ ਆਈਆ । ਅੰਤ ਨਾ ਮੁਕਾਏ ਕੋਈ ਲੇਖ, ਲੇਖਾ ਲੱਗੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹਰਿ ਕਾ ਵੇਖ ਸਚ ਦਰਬਾਰਾ, ਦੋ ਜਹਾਨ ਦੇਣ ਦੁਹਾਈਆ । ਬ੍ਰਹਿਮੰਡ ਖੰਡ ਰੋਵੇ ਜ਼ਾਰੋ ਜ਼ਾਰਾ, ਨੇਤਰ ਨੈਣਾਂ ਨੀਰ ਵਹਾਈਆ । ਜ਼ਿਮੀ ਅਸਮਾਨ ਨਾ ਕੋਇ ਸਹਾਰਾ, ਧਰਤ ਧਵਲ ਦਏ ਦੁਹਾਈਆ । ਗੁਰ ਅਵਤਾਰ ਨਾ ਕੋਈ ਪਿਆਰਾ, ਪੀਰ ਪੈਗ਼ੰਬਰ ਨਜ਼ਰ ਕਿਸੇ ਨਾ ਆਈਆ । ਕਾਗਦ ਕਲਮ ਸ਼ਾਹੀ ਨਾ ਕੋਈ ਵਣਜਾਰਾ, ਸਾਚਾ ਹੱਟ ਨਾ ਕੋਇ ਵਖਾਈਆ । ਚੌਦਾਂ ਲੋਕ ਨਾ ਕੋਈ ਆਧਾਰਾ, ਚੌਦਾਂ ਤਬਕ ਧੀਰ ਨਾ ਕੋਇ ਰਖਾਈਆ । ਚੌਦਾਂ ਵਿਦਿਆ ਡੁੱਬੀ ਡੂੰਘੇ ਸਾਗਰ ਗਾਰਾ, ਗਹਿਰ ਗੰਭੀਰ ਹੱਥ ਕਿਸੇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰਾ, ਖ਼ਾਲੀ ਝੋਲੀ ਰਹੇ ਵਖਾਈਆ । ਦਰ ਦਰਵੇਸ਼ ਮੰਗਣ ਗੁਰ ਅਵਤਾਰਾ, ਪੀਰ ਪੈਗ਼ੰਬਰ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਨਿਉਂ ਨਿਉਂ ਕਰੇ ਨਿਮਸਕਾਰਾ, ਸਜਦਾ ਸੀਸ ਜਗਦੀਸ਼ ਝੁਕਾਈਆ । ਕਲਜੁਗ ਕੱਢੇ ਇਕੋ ਹਾੜਾ, ਬਹੁੜੀ ਬਹੁੜੀ ਦਏ ਦੁਹਾਈਆ । ਸੱਜਣ ਮਿਲੇ ਨਾ ਮੀਤ ਮੁਰਾਰਾ, ਸੰਗ ਸੱਚਾ ਨਾ ਕੋਇ ਨਿਭਾਈਆ । ਚਾਰ ਵਰਨ ਲੱਗਾ ਅਖਾੜਾ, ਜ਼ਾਤ ਪਾਤ ਕਰੇ ਲੜਾਈਆ । ਨੌਂ ਖੰਡ ਪ੍ਰਿਥਮੀ ਧੂੰਆਂਧਾਰਾ, ਸੱਤ ਦੀਪ ਨਾ ਕੋਇ ਰੁਸ਼ਨਾਈਆ । ਸ਼ਿਵਦਵਾਲਾ ਮੰਦਰ ਕੋਈ ਨਾ ਕਰੇ ਹੱਕ ਪਿਆਰਾ, ਹਕੀਕਤ ਦਏ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਸੁਹਾਈਆ । ਸਚ ਦਰਬਾਰ ਵੇਖ ਮਾਤ, ਵਿਸ਼ਨ ਬ੍ਰਹਮਾ ਸ਼ਿਵ ਨੈਣ ਉਠਾਈਆ । ਨੇਤਰ ਖੋਲ੍ਹ ਮਾਰਨ ਝਾਤ, ਨੈਣ ਅੱਖ ਇਕ ਉਘੜਾਈਆ । ਜਿਸ ਦਾ ਲੇਖਾ ਲਿਖਦੇ ਰਹੇ ਨਾਲ ਕਲਮ ਦਵਾਤ, ਬਣ ਬਣ ਕਾਤਬ ਜਗਤ ਰਾਹੀਆ । ਸੋ ਪੁਰਖ ਅਗੰਮਾ ਕਲਜੁਗ ਵੇਖੇ ਖੇਲ ਤਮਾਸ਼, ਨਿਰਗੁਣ ਆਪਣਾ ਫੇਰਾ ਪਾਈਆ । ਦੋ ਜਹਾਨ ਸ੍ਰੀ ਭਗਵਾਨ ਨਿਰਗੁਣ ਸਰਗੁਣ ਵੇਖਣ ਆਏ ਰਾਸ, ਗੋਪੀ ਕਾਹਨ ਨਚਾਈਆ । ਸਚ ਵਸਤ ਨਾ ਕਿਸੇ ਪਾਸ, ਬ੍ਰਹਮਾ ਨੇਤਰ ਨੈਣ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਚ ਦਰਬਾਰ ਹਰਿ ਕਾ ਏਕ, ਏਕੰਕਾਰ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਲਓ ਵੇਖ, ਨਿਜ ਨੇਤਰ ਰਿਹਾ ਜਣਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਵਸਣਹਾਰਾ ਸਚਖੰਡ ਸਾਚੇ ਦੇਸ, ਨਿਰਵੈਰ ਪੁਰਖ ਨਿਰਗੁਣ ਜੋਤ ਕਰੇ ਰੁਸ਼ਨਾਈਆ । ਤਿਸ ਸਾਹਿਬ ਨੂੰ ਕਰੋ ਆਦੇਸ, ਜੋ ਨਾ ਮਰੇ ਨਾ ਜਾਈਆ । ਨੇੜੇ ਹੋ ਕੇ ਸੁਣੋ ਸੰਦੇਸ਼, ਸਾਚਾ ਢੋਲਾ ਰਿਹਾ ਜਣਾਈਆ । ਜਿਸ ਦੇ ਅੱਗੇ ਚਲੇ ਕੋਈ ਨਾ ਪੇਸ਼, ਪੇਸ਼ਤਰ ਆਪਣਾ ਹੁਕਮ ਮਨਾਈਆ । ਜਿਸ ਦੀ ਪੂਜਾ ਵਿਸ਼ਨ ਬ੍ਰਹਮਾ ਕਰੇ ਮਹੇਸ਼, ਇਸ਼ਟ ਦੇਵ ਇਕ ਅਖਵਾਈਆ । ਸੋ ਸਾਹਿਬ ਦਾਤਾ ਨਾ ਦਾੜ੍ਹੀ ਮੁੱਛ ਕੋਈ ਕੇਸ, ਮੂੰਡ ਮੁੰਡਾਇਆ ਰੂਪ ਨਾ ਕੋਇ ਰਖਾਈਆ । ਜਿਨ ਸੁਤ ਬਣਾਇਆ ਗੁਰ ਦਸਮੇਸ਼, ਦਹਿ ਦਿਸ਼ਾ ਦਏ ਵਡਿਆਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੰਕ ਇਕ ਵਡਿਆਈਆ । ਸਚ ਦਰਬਾਰ ਮਾਤਲੋਕ, ਸੋ ਪੁਰਖ ਨਿਰੰਜਣ ਆਪ ਲਗਾਈਆ । ਸਚ ਸੁਣਾਏ ਇਕ ਸਲੋਕ, ਹਰਿ ਪੁਰਖ ਨਿਰੰਜਣ ਏਕਾ ਗਾਈਆ । ਏਕੰਕਾਰਾ ਸੁਹਾਏ ਬੰਕ ਕੋਟ, ਮੰਦਰ ਇਕੋ ਡੇਰਾ ਲਾਈਆ । ਆਦਿ ਨਿਰੰਜਣ ਨਿਰਮਲ ਪਰਕਾਸ਼ ਕਰ ਜੋਤ, ਨੂਰੋ ਨੂਰ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਕੱਢਣਹਾਰਾ ਖੋਟ, ਸਚ ਸਮਗਰੀ ਇਕ ਵਖਾਈਆ । ਸ੍ਰੀ ਭਗਵਾਨ ਸੁਣਾਵਣਹਾਰਾ ਅਗੰਮ ਸਲੋਕ, ਨਾਮ ਨਿਧਾਨ ਇਕ ਜਣਾਈਆ । ਪਾਰਬ੍ਰਹਮ ਬਣਾਵਣਹਾਰਾ ਓਤ ਪੋਤ, ਘਾੜਨ ਘੜਨ ਲਏ ਘੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਸੁਹਾਈਆ । ਸਚ ਦਰਬਾਰ ਸ੍ਰੀ ਭਗਵਾਨ, ਨਿਰਵੈਰ ਪੁਰਖ ਆਪ ਲਗਾਈਆ । ਸਾਚਾ ਝੁੱਲੇ ਇਕ ਨਿਸ਼ਾਨ, ਦੂਜਾ ਨਜ਼ਰ ਕੋਇ ਨਾ ਆਈਆ । ਚਾਰੇ ਵਰਨਾਂ ਦਏ ਗਿਆਨ, ਬਰਨ ਅਠਾਰਾਂ ਕਰੇ ਪੜ੍ਹਾਈਆ । ਸਾਚਾ ਮੰਦਰ ਵਖਾਏ ਮਕਾਨ, ਗੁਰੂਦੁਆਰ ਇਕ ਸਮਝਾਈਆ । ਸਚ ਸਰੋਵਰ ਕਰਾਏ ਅਸ਼ਨਾਨ, ਤੀਰਥ ਤਟ ਇਕ ਵਖਾਈਆ । ਸਾਚਾ ਨਾਮ ਜਪਾਏ ਬਿਨ ਰਸਨਾ ਜਿਹਵਾ ਜ਼ਬਾਨ, ਬੱਤੀ ਦੰਦ ਨਾ ਕੋਇ ਹਿਲਾਈਆ । ਸਾਚਾ ਨਾਦ ਵਜਾਏ ਸੱਚੀ ਧੁਨਕਾਨ, ਅਨਹਦ ਨਾਦੀ ਰਾਗ ਅਲਾਈਆ । ਸਾਚਾ ਅੰਮ੍ਰਿਤ ਦੇਵੇ ਪੀਣ ਖਾਣ, ਤ੍ਰਿਸਨਾ ਭੁੱਖ ਰਹੇ ਨਾ ਰਾਈਆ । ਸਾਚਾ ਬਖ਼ਸ਼ੇ ਚਰਨ ਧਿਆਨ, ਕਵਲ ਚਰਨ ਮਿਲੇ ਵਡਿਆਈਆ । ਸਾਚਾ ਦੇਵੇ ਦਰਗਹਿ ਮਾਣ, ਸਚਖੰਡ ਦੁਆਰੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰਬਾਰ ਆਪ ਪਰਗਟਾਈਆ । ਸਚ ਦਰਬਾਰ ਸਤਿਗੁਰ ਪੂਰਾ, ਹਰਿ ਏਕੋ ਏਕ ਲਗਾਇੰਦਾ । ਕਰ ਪਰਕਾਸ਼ ਜੋਤੀ ਨੂਰਾ, ਦੀਵਾ ਬਾਤੀ ਨਾ ਕੋਇ ਜਗਾਇੰਦਾ । ਕੂੜਾ ਕਿਰਕਟ ਹੂੰਝ ਕੂੜਾ, ਸਾਫ਼ ਮਹੱਲ ਆਪ ਸੁਹਾਇੰਦਾ । ਸ਼ਬਦ ਅਨਾਦ ਅਨਾਦੀ ਤੂਰਾ, ਤੁਰਤ ਆਵਾਜ਼ ਲਗਾਇੰਦਾ । ਸਰਬ ਕਲਾ ਬਣ ਭਰਪੂਰਾ, ਪ੍ਰਭ ਆਪਣਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਆਪ ਸੁਹਾਇੰਦਾ । ਸਚ ਦਰਬਾਰ ਸ੍ਰੀ ਭਗਵੰਤ, ਸਤਿ ਪੁਰਖ ਨਿਰੰਜਣ ਆਪ ਲਗਾਈਆ । ਤਖ਼ਤ ਨਿਵਾਸੀ ਨਰ ਹਰਿ ਨਰਾਇਣ ਕੰਤ, ਕਰਤਾ ਇਕੋ ਡੇਰਾ ਲਾਈਆ । ਆਦਿ ਜੁਗਾਦਿ ਮਹਿਮਾਂ ਅਗਣਤ, ਭੇਵ ਅਭੇਦ ਸਕੇ ਨਾ ਕੋਇ ਖੁਲ੍ਹਾਈਆ । ਰਸਨਾ ਜਿਹਵਾ ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਗਏ ਮੰਤ, ਨਿਜ ਘਰ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਸੁਹਾਈਆ । ਸਚ ਦਰਬਾਰ ਲੱਗਾ ਸੋਹਣਾ, ਹਰਿ ਸੋਹਣੀ ਬਣਤ ਬਣਾਈਆ । ਦੋ ਜਹਾਨਾਂ ਆਪੇ ਮੋਹਣਾ, ਮੋਹਣੀ ਰੂਪ ਵਟਾਈਆ । ਨਾ ਹੱਸਣਾ ਨਾ ਕਦੇ ਰੋਣਾ, ਚਿੰਤਾ ਗ਼ਮ ਨਾ ਕੋਇ ਜਣਾਈਆ । ਨਾ ਜਾਗਣਾ ਨਾ ਕਦੇ ਸੌਣਾ, ਆਲਸ ਨਿੰਦਰਾ ਨਾ ਕੋਇ ਵਡਿਆਈਆ । ਨਾ ਢੋਲਾ ਨਾ ਗੀਤ ਗਾਉਣਾ, ਛੱਪਰ ਛੰਨ ਨਾ ਕੋਇ ਛੁਹਾਈਆ । ਨਾ ਪਿਤਾ ਨਾ ਮਾਤ ਬਣਾਉਣਾ, ਪੂਤ ਗੋਦ ਨਾ ਕੋਇ ਉਠਾਈਆ । ਨਾ ਸੱਜਣ ਨਾ ਸਾਕ ਰਖਾਉਣਾ, ਬੰਧਨ ਬੰਧਪ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਦਏ ਵਡਿਆਈਆ । ਸਚ ਦਰਬਾਰ ਬਣਾ ਨਿਰੰਕਾਰ, ਨਿਰਗੁਣ ਖੇੜਾ ਆਪ ਵਸਾਈਆ । ਲੇਖਾ ਜਾਣ ਧੁਰ ਦਰਬਾਰ, ਧੁਰ ਦੀ ਧਾਰ ਆਪ ਪਰਗਟਾਈਆ । ਜਿਸ ਨੂੰ ਗੌਂਦੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਸਿਫ਼ਤ ਸਾਲਾਹੀਆ । ਜਿਸ ਦਾ ਮੰਗਦੇ ਗਏ ਦਰਸ ਦੀਦਾਰ, ਨਿਤ ਨਵਿਤ ਆਸ ਤਕਾਈਆ । ਜਿਸ ਨੂੰ ਕਹਿੰਦੇ

ਸਾਂਝਾ ਯਾਰ, ਮੁਕਾਮੇ ਹੱਕ ਡੇਰਾ ਲਾਈਆ । ਜਿਸ ਨੂੰ ਕਹਿੰਦੇ ਰਾਮ ਕਰੇ ਪਿਆਰ, ਰਮਿਆ ਹਰ ਘਟ ਥਾਈਆਂ । ਜਿਸ ਨੂੰ ਕਹਿੰਦੇ ਕਾਹਨ ਬਣੇ ਸਰਬ ਸੰਸਾਰ, ਲੱਖ ਚੁਰਾਸੀ ਗੋਪੀ ਰਿਹਾ ਹੰਡਾਈਆ । ਜਿਸ ਨੂੰ ਕਹਿੰਦੇ ਸਾਚਾ ਬੋਲੇ ਨਾਮ ਜੈਕਾਰ, ਜੈ ਜੈਕਾਰ ਸੁਣਾਈਆ । ਜਿਸ ਨੂੰ ਕਹਿੰਦੇ ਪੁਰਖ ਅਕਾਲ, ਅਕਲ ਕਲਾ ਵਡਿਆਈਆ । ਜਿਸ ਨੂੰ ਮੰਨਦੇ ਦੀਨ ਦਿਆਲ, ਠਾਕਰ ਇਕੋ ਬੇਪਰਵਾਹੀਆ । ਜਿਸ ਦਾ ਲਹਿਣਾ ਸ਼ਾਹ ਕੰਗਾਲ, ਉਚਾਂ ਨੀਚਾਂ ਵੇਖ ਵਖਾਈਆ । ਜਿਸ ਦਾ ਤ੍ਰੈਗੁਣ ਵੱਡਾ ਜਾਲ, ਨਾ ਕੋਈ ਤੋੜੇ ਤੋੜ ਤੁੜਾਈਆ । ਜਿਸ ਦੇ ਹੁਕਮੇ ਅੰਦਰ ਕਾਲ ਮਹਾਂਕਾਲ, ਜੁਗ ਜੁਗ ਆਪਣੀ ਸੇਵ ਕਮਾਈਆ । ਜਿਸ ਦਾ ਖੇਲ ਸਦਾ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਜਿਸ ਦਾ ਲੇਖਾ ਹੱਕ ਹਲਾਲ, ਹਕੀਕਤ ਸਭ ਨੂੰ ਰਿਹਾ ਸਮਝਾਈਆ । ਜਿਸ ਦਾ ਨਾਮ ਖ਼ਜ਼ਾਨਾ ਧਨ ਮਾਲ, ਨਿਤ ਨਵਿਤ ਰਿਹਾ ਲੁਟਾਈਆ । ਜਿਸ ਦਾ ਬਾਗ਼ ਬਾਗ਼ੀਚਾ ਫੁੱਲ ਫੁਲਵਾੜੀ ਦੋ ਜਹਾਨ, ਬ੍ਰਹਿਮੰਡ ਖੰਡ ਰਚਨ ਰਚਾਈਆ । ਜਿਸ ਦਾ ਨਾਮ ਧਰਮ ਇਕ ਨਿਸ਼ਾਨ, ਆਦਿ ਜੁਗਾਦਿ ਸਦਾ ਸਹਿਜ ਸੁਖਦਾਈਆ । ਜਿਸ ਦਾ ਮੰਦਰ ਸੱਚਾ ਦੇਵੇ ਬਿਸਰਾਮ, ਵਿਸ਼ਵ ਆਸਣ ਇਕ ਲਗਾਈਆ । ਜਿਸ ਦਾ ਘਰ ਮਿਲੇ ਪੈਗ਼ਾਮ, ਧੁਰ ਸੰਦੇਸਾ ਇਕ ਅਲਾਈਆ । ਜਿਸ ਦਾ ਕਦੀ ਨਾ ਬਦਲੇ ਨਜ਼ਾਮ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਸੋ ਸਾਹਿਬ ਹੋਇਆ ਪਰਧਾਨ, ਕਲਜੁਗ ਅੰਤਮ ਫੇਰਾ ਪਾਈਆ । ਸਚ ਦਰਬਾਰ ਲਗਾਇਆ ਆਣ, ਸਚਖੰਡ ਨਿਵਾਸੀ ਡੇਰਾ ਲਾਈਆ । ਧੁਰ ਸੰਦੇਸਾ ਦੇ ਫ਼ਰਮਾਨ, ਇਕੋ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਰੂਪ ਵੇਖੇ ਆਣ, ਕਲਜੁਗ ਵੱਜੇ ਸਚ ਵਧਾਈਆ । ਭਗਤ ਦੁਆਰੇ ਕਰੋ ਪਹਿਚਾਨ, ਜਿਸ ਦਾ ਬਾਢੀ ਆਪ ਪਾਰਬ੍ਰਹਮ ਅਖਵਾਈਆ । ਤਿਸ ਮੰਦਰ ਬਹਿ ਕੇ ਗਾਓ ਗਾਨ, ਮੇਰਾ ਤੇਰਾ ਧਿਆਨ ਲਗਾਈਆ । ਸਾਚਾ ਚੁੱਕੋ ਇਕ ਈਮਾਨ, ਸਾਚਾ ਧਰਮ ਇਕ ਸਮਝਾਈਆ । ਇਕੋ ਕਲਮਾ ਪੜ੍ਹੋ ਆਣ, ਇਕੋ ਨਾਮ ਦਏ ਸਮਝਾਈਆ । ਇਕੋ ਇਸ਼ਟ ਮੰਨੋ ਭਗਵਾਨ, ਦੂਜਾ ਸੰਗ ਨਾ ਕੋਇ ਨਿਭਾਈਆ । ਉਚੀ ਕੂਕ ਦਿਓ ਬਿਆਨ, ਚਾਰ ਜੁਗ ਦੀ ਕਹਾਣੀ ਦਿਓ ਸੁਣਾਈਆ । ਜਿਸ ਦੇ ਪਿੱਛੇ ਲੈ ਕੇ ਔਂਦੇ ਰਹੇ ਪੈਗ਼ਾਮ, ਸਰਗੁਣ ਹੋ ਕੇ ਸੇਵ ਕਮਾਈਆ । ਸੋ ਸਾਹਿਬ ਵੇਖੋ ਅਮਾਮ, ਸਾਚੇ ਹੁਜਰੇ ਡੇਰਾ ਲਾਈਆ । ਬਣ ਬਰਦੇ ਕਰੋ ਸਲਾਮ, ਬਰਖ਼ੁਰਦਾਰੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਵਖਾਈਆ । ਸਚ ਦਰਬਾਰ ਵੇਖੋ ਲੱਗਾ, ਸਚਖੰਡ ਨਿਵਾਸੀ ਆਪ ਲਗਾਇੰਦਾ । ਦੀਪਕ ਦੀਆ ਇਕੋ ਜਗਾ, ਦੋ ਜਹਾਨ ਡਗਮਗਾਇੰਦਾ । ਪਿਛਲਾ ਕਰੋ ਚੇਤਾ ਫਿਰ ਦੱਸੇ ਹਾਲ ਅੱਗਾ, ਅਗਲਾ ਖੇਲ ਆਪ ਸਮਝਾਈਆ । ਪਰਗਟ ਹੋ ਸੂਰਾ ਸਰਬੱਗਾ, ਸੂਰਬੀਰ ਹੁਕਮ ਵਰਤਾਈਆ । ਨੌਬਤ ਨਗਾਰਾ ਨਾਮ ਨਿਧਾਨ ਵੱਜਾ, ਬ੍ਰਹਿਮੰਡ ਖੰਡ ਕਰੇ ਸ਼ਨਵਾਈਆ । ਬਿਨ ਪੁਰਖ ਅਕਾਲ ਪੜਦਾ ਕਿਸੇ ਨਾ ਕੱਜਾ, ਨੰਗੀ ਫਿਰੇ ਸਰਬ ਲੋਕਾਈਆ । ਕਿਸੇ ਕੰਮ ਨਾ ਆਵੇ ਕੀਤਾ ਹੱਜਾ, ਹਜ਼ਰਤ ਫੜ ਬਾਂਹੋ ਨਾ ਗਲੇ ਲਗਾਈਆ । ਜਗਤ ਸਵਾਨ ਫਿਰੇ ਭੱਜਾ, ਕੂਕਰ ਵਾਹੋ ਦਾਹੀਆ । ਸਚ ਦੁਆਰੇ ਬਹਿ ਨਾ ਸਜਾ, ਸਾਜਣ ਮਿਲਿਆ ਨਾ ਹਰਿ ਨਿਰੰਕਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਵਖਾਈਆ । ਸਚ ਦਰਬਾਰ ਵੇਖੋ ਨਾਲ ਅੱਖ, ਆਖ਼ਰ ਆਪ ਜਣਾਇੰਦਾ । ਜਿਸ ਸਿੰਘਾਸਣ ਸਾਹਿਬ ਪਰਤੱਖ, ਨਿਰਗੁਣ ਜੋਤ ਡਗਮਗਾਇੰਦਾ । ਬਣ ਗ਼ੁਲਾਮ ਜੋੜੇ ਹੱਥ, ਬਰਦੇ ਰੂਪ ਸਰਬ ਸਮਝਾਇੰਦਾ । ਹਰਿ ਸਰਨਾਈ ਜਾਓ

ਢੱਠ, ਤੁਖ਼ਮ ਤਾਸੀਰ ਵੇਖ ਵਖਾਇੰਦਾ। ਜਿਸ ਦੀ ਧਾਰੋ ਹੋਏ ਪਰਗਟ, ਸੋ ਮੇਲਾ ਆਪ ਕਰਾਇੰਦਾ। ਆਪਣਾ ਖੋਲ੍ਹ ਵਖਾਓ ਹੱਟ, ਸੌਦਾ ਕਵਣ ਘਰ ਰਖਾਇੰਦਾ। ਲੋਕਮਾਤ ਕੀ ਕੁਝ ਆਏ ਦੱਸ, ਸਾਚੀ ਸਿਖਿਆ ਕਵਣ ਦ੍ਰਿੜਾਇੰਦਾ। ਕਵਣ ਵੇਖੇ ਤੁਹਾਡੇ ਵਸ, ਕਵਣ ਬੈਠਾ ਮੁਖ ਭਵਾਇੰਦਾ। ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਪਾਰਬ੍ਰਹਮ ਸਾਡੀ ਹੋਈ ਬੱਸ, ਬਿਸਤਰ ਆਪਣਾ ਸਰਬ ਬੰਦ ਕਰਾਇੰਦਾ। ਕਲਜੁਗ ਜੀਵ ਝੂਠਾ ਪੀਂਦੇ ਰਸ, ਤੇਰਾ ਨਾਮ ਨਾ ਕੋਇ ਧਿਆਇੰਦਾ। ਕਾਮ ਕਰੋਧ ਲੋਭ ਹੰਕਾਰ ਦੇ ਹੋਏ ਵਸ, ਵਿਭਚਾਰ ਸਰਬ ਕਮਾਇੰਦਾ। ਰਸਨਾ ਜਿਹਵਾ ਆਤਮ ਪਰਮਾਤਮ ਹਰਿ ਕਾ ਸਿਮਰਨ ਕੋਈ ਨਾ ਲਏ ਰਟ, ਨਿਜ ਨੇਤਰ ਦਰਸ ਕੋਇ ਨਾ ਪਾਇੰਦਾ। ਦੂਈ ਦਵੈਤੀ ਹਉਮੇ ਹੰਗਤਾ ਘਰ ਘਰ ਵੱਜਾ ਫੱਟ, ਧੁਰ ਦਾ ਮੇਲਾ ਮੇਲ ਨਾ ਕੋਇ ਮਿਲਾਇੰਦਾ। ਕੂੜਾ ਰਸ ਰਹੇ ਚੱਟ, ਅੰਮ੍ਰਿਤ ਰਸ ਹੱਥ ਕਿਸੇ ਨਾ ਆਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਦਰਬਾਰ ਤੇਰਾ ਇਕੋ ਨਜ਼ਰੀ ਆਇੰਦਾ। ਸਚ ਦਰਬਾਰਾ ਤੇਰਾ ਸਾਹਿਬ, ਪ੍ਰਭ ਇਕੋ ਇਕ ਵਡਿਆਈਆ। ਜੁਗ ਚੌਕੜੀ ਰਿਹੋ ਗ਼ਾਇਬ, ਤੇਰੀ ਸੂਰਤ ਨਜ਼ਰ ਕਿਸੇ ਨਾ ਆਈਆ। ਕਲਜੁਗ ਅੰਤਮ ਖੇਲ ਕਰੇਂ ਅਜੀਬ ਅਜਾਇਬ, ਅਜਬ ਤੇਰੀ ਵਡਿਆਈਆ। ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਨਾਇਬ, ਧੁਰ ਦਾ ਹੁਕਮ ਗਏ ਸੁਣਾਈਆ। ਸਾਰੇ ਕਹਿ ਕੇ ਗਏ ਅੰਤਮ ਪਰਵਰਦਿਗਾਰ ਪਾਰਬ੍ਰਹਮ ਪਤਿਪਰਮੇਸ਼ਵਰ ਆਵੇ ਵਾਹਦ, ਲਾਸ਼ਰੀਕ ਫੇਰਾ ਪਾਈਆ। ਚਾਰ ਜੁਗ ਦਾ ਵੇਖੇ ਕਾਨੂੰਨ ਕਵਾਇਦ, ਕਾਇਦਾ ਇਕੋ ਇਕ ਸਮਝਾਈਆ। ਸਾਚਾ ਹੁਕਮ ਕਰੇ ਆਇਦ, ਨਾ ਕੋਈ ਮੇਟੇ ਮੇਟ ਮਿਟਾਈਆ। ਦੋ ਜਹਾਨਾਂ ਦੇਵੇ ਹਦਾਇਤ, ਧੁਰ ਫ਼ਰਮਾਨਾ ਇਕ ਸੁਣਾਈਆ। ਕੋਈ ਰਹਿਣ ਨਾ ਦੇਵੇ ਵਿਚ ਗੁੰਜਾਇਸ਼, ਕਮੀ ਨਜ਼ਰ ਕੋਇ ਨਾ ਆਈਆ। ਲੱਖ ਚੁਰਾਸੀ ਘਰ ਘਰ ਕਰ ਪੈਮਾਇਸ਼, ਨਾਮ ਪੈਮਾਨਾ ਦਏ ਵਖਾਈਆ। ਲੱਖ ਚੁਰਾਸੀ ਜੀਵ ਜੰਤ ਤੇਰੀ ਕਰੇ ਨਾ ਕੋਇ ਫ਼ਰਮਾਇਸ਼, ਅੱਗੇ ਹੋ ਨਾ ਕੋਇ ਬਚਾਈਆ। ਕਲਜੁਗ ਪੂਰੀ ਹੋਵੇ ਖ਼ਾਹਿਸ਼, ਖ਼ਾਸਤਗਾਰ ਸਰਬ ਲੋਕਾਈਆ। ਕੁੰਭੀ ਨਰਕ ਕਰੇ ਰਿਹਾਇਸ਼, ਜਿਨ੍ਹਾਂ ਭੁਲਿਆ ਬੇਪਰਵਾਹੀਆ। ਜਨਮ ਜਨਮ ਹੋਵੇ ਪੈਦਾਇਸ਼, ਲੱਖ ਚੁਰਾਸੀ ਵਿਚ ਭਵਾਈਆ। ਸਚਖੰਡ ਦੁਆਰੇ ਬਿਨ ਗੁਰਮੁਖਾਂ ਕਿਸੇ ਨਾ ਮਿਲੇ ਰਿਹਾਇਸ਼, ਬੰਦੀਖ਼ਾਨਾ ਸਭ ਨੂੰ ਨਜ਼ਰੀ ਆਈਆ। ਹੁਕਮੇ ਅੰਦਰ ਨਾ ਕੋਇ ਸ਼ਰਾਇਤ, ਸ਼ਰੀਅਤ ਰੂਪ ਨਾ ਕੋਇ ਵਟਾਈਆ। ਲੱਖ ਚੁਰਾਸੀ ਵਿਚੋ ਗੁਰਸਿਖ ਥੋੜੇ ਰੱਖੇ ਕਰ ਕਫ਼ਾਇਤ, ਆਪ ਆਪਣੀ ਝੋਲੀ ਪਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕੋ ਹੁਕਮ ਵਰਤਾਈਆ। ਸਾਚਾ ਹੁਕਮ ਵਰਤਾ ਪ੍ਰਭ, ਗੁਰ ਅਵਤਾਰ ਦੇਣ ਦੁਹਾਈਆ। ਸੰਤ ਸੁਹੇਲੇ ਸਾਚੇ ਲੱਭ, ਲੱਖ ਚੁਰਾਸੀ ਫੋਲ ਫੁਲਾਈਆ। ਅੰਮ੍ਰਿਤ ਝਿਰਨਾ ਝਿਰਾ ਕਵਲ ਨਭ, ਸਚ ਬੂੰਦ ਬਰਸਾਈਆ। ਜਗਤ ਦੁਆਰੇ ਪਾਰ ਕਰ ਹੱਦ, ਘਰ ਆਪਣਾ ਇਕ ਵਖਾਈਆ। ਸਾਚਾ ਨਾਮ ਸੁਣਾ ਅਨਹਦ, ਅਨਰਾਗੀ ਰਾਗ ਅਲਾਈਆ। ਵਿਸ਼ਵ ਬਣਾ ਸਾਚੀ ਯੱਦ, ਨਾਤਾ ਤੁੱਟੇ ਪਿਤਾ ਮਾਈਆ। ਹੰਸ ਬਣਾ ਫੜ ਕੇ ਕੱਗ, ਸੋਹੰ ਹੰਸਾ ਜਾਪ ਜਪਾਈਆ। ਲੱਖ ਚੁਰਾਸੀ ਵਿਚੋ ਕੱਢ, ਤੇਰੀ ਇਕ ਸਰਨਾਈਆ। ਧਰਮ ਨਿਸ਼ਾਨਾ ਦੇ ਗੱਡ, ਨਾ ਸਕੇ ਕੋਇ ਉਖੜਾਈਆ। ਕੂੜੀ ਕਿਰਿਆ ਨਾਲੋ ਕਰ ਅੱਡ, ਆਪ ਆਪਣਾ ਮੇਲ ਮਿਲਾਈਆ। ਸੀਸ ਦਸਤਾਰ ਬੰਨ੍ਹ ਸਚ ਧਰਮ ਦੀ ਪੱਗ, ਕੂੜੀ ਚੋਟੀ ਦੇ ਮੁੰਡਾਈਆ। ਤੇਰੀ ਸਰਨਾਈ ਜਾਈਏ ਲੱਗ, ਦੂਜਾ ਨਜ਼ਰ ਕੋਇ ਨਾ ਆਈਆ। ਤ੍ਰੈਗੁਣ ਮਾਇਆ ਬੁਝੇ ਅੱਗ, ਪੰਜ ਤਤ ਨਾ

੩੯੦ ੧੫

ਕੋਇ ਲੜਾਈਆ । ਬਿਨ ਮੱਕੇ ਕਾਅਬਿਉਂ ਹੋਵੇ ਹੱਜ, ਤੇਰਾ ਨੂਰ ਇਕੋ ਨਜ਼ਰੀ ਆਈਆ । ਘਰ ਆਪਣੇ ਲੈਣਾ ਸੱਦ, ਛੁੱਟੇ ਵਾਤ ਪਰਾਈਆ । ਸਾਡਾ ਪੜਦਾ ਲੈਣਾ ਕਜ, ਮਿਹਰ ਨਜ਼ਰ ਉਠਾਈਆ । ਕਲਜੁਗ ਸਭ ਦੇ ਪਿੱਛੇ ਰਿਹਾ ਭੱਜ, ਬਿਨ ਤੇਰੀ ਕਿਰਪਾ ਬਚਿਆ ਕੋਈ ਰਹਿਣ ਨਾ ਪਾਈਆ । ਜਗਤ ਵਿਕਾਰਾ ਪੀਤੀ ਮਧ, ਮਦਨ ਮੋਹਨ ਨਜ਼ਰ ਕਿਸੇ ਨਾ ਆਈਆ । ਅੰਤਮ ਡਿਗੇ ਡੂੰਘੀ ਖੱਡ, ਬਾਹਰ ਸਕੇ ਨਾ ਕੋਇ ਕਢਾਈਆ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਲੱਖ ਚੁਰਾਸੀ ਝੂਠਾ ਡੌਰੂ ਡੰਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰਬਾਰ ਵੱਡੀ ਵਡਿਆਈਆ । ਕਰ ਕਿਰਪਾ ਪ੍ਰਭ ਠਾਕਰ ਸਵਾਮੀ, ਚਾਰ ਜੁਗ ਧਿਆਨ ਲਗਾਈਆ । ਉਠ ਵੇਖ ਹਰਿ ਅੰਤਰਜਾਮੀ, ਘਟ ਘਟ ਆਪਣਾ ਫੇਰਾ ਪਾਈਆ । ਕਲਜੁਗ ਜੀਵ ਭੁੱਲੇ ਸਤਿਗੁਰ ਬਾਣੀ, ਹਿਰਦੇ ਹਰਿ ਨਾ ਕੋਇ ਵਸਾਈਆ । ਚਾਰੋ ਕੁੰਟ ਦਿਸੇ ਸ਼ੈਤਾਨੀ, ਸ਼ਰੀਅਤ ਕਰੇ ਇਕ ਲੜਾਈਆ । ਭਰਮੇ ਭੁੱਲੇ ਪੰਡਤ ਪਾਂਧੇ ਵਡ ਵਿਦਵਾਨੀ, ਮੁੱਲਾ ਸ਼ੇਖ਼ ਮੁਸ਼ਾਇਕ ਨਾਇਕ ਨਜ਼ਰ ਕਿਸੇ ਨਾ ਆਈਆ । ਉਚੀ ਕੂਕਣ ਵਾਹਦ ਗਾਵਣ ਦੱਸਣ ਧੁਰ ਨਿਸ਼ਾਨੀ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਅਠਸਠ ਤੀਰਥ ਕਲਜੁਗ ਅਗਨੀ ਉਬਲਿਆ ਪਾਣੀ, ਅੰਮ੍ਰਿਤ ਰੂਪ ਨਾ ਕੋਇ ਵਟਾਈਆ । ਕੂੜੀ ਕਿਰਿਆ ਲੱਗੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸਤਿ ਪੁਰਖ ਨਿਰੰਜਣ ਤੇਰਾ ਸੰਗ ਨਾ ਕੋਇ ਨਿਭਾਈਆ । ਸੁਰਤੀ ਸ਼ਬਦ ਨਾ ਮਿਲਿਆ ਹਾਣੀ, ਸੁਣਾਵੇ ਕੋਈ ਨਾ ਅਕੱਥ ਕਹਾਣੀ, ਗੀਤ ਗੋਬਿੰਦ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਰਬਾਰ ਜਨ ਭਗਤਾਂ ਦੇ ਵਡਿਆਈਆ । ਜਨ ਭਗਤਾਂ ਪ੍ਰਭ ਦੇ ਦਾਨ, ਦਾਤਾਰ ਤੇਰੀ ਸਰਨਾਈਆ । ਬਿਨਾਂ ਪੜ੍ਹਿਆਂ ਦੇ ਗਿਆਨ, ਤੇਰੇ ਨਾਮ ਵਡ ਵਡਿਆਈਆ । ਗ਼ਰੀਬ ਨਿਮਾਣਿਆਂ ਬਖ਼ਸ਼ ਮਾਣ, ਕੋਝੇ ਕਮਲਿਆਂ ਗਲੇ ਲਗਾਈਆ । ਡੁੱਬਦੇ ਪਾਹਨ ਤਾਰ ਆਣ, ਪਾਥਰ ਆਪਣਾ ਚਰਨ ਛੁਹਾਈਆ । ਜਗ ਰੋਦਿਆਂ ਕੁਰਲਾਂਦਿਆਂ ਕਰ ਕਲਿਆਣ, ਜੋ ਤੇਰਾ ਧਿਆਨ ਲਗਾਈਆ । ਲੱਖ ਚੁਰਾਸੀ ਵਿਚੋ ਕਰ ਪਹਿਚਾਨ, ਬੇਪਹਿਚਾਨ ਫੇਰਾ ਪਾਈਆ । ਅੰਦਰ ਵੜ ਕੇ ਦੇ ਗਿਆਨ, ਬਾਹਰੋ ਸਮਝ ਸਕੇ ਕੋਇ ਨਾ ਰਾਈਆ । ਸ੍ਰਿਸ਼ਟ ਸਬਾਈ ਦਿਸੇ ਕੂੜ ਨਿਸ਼ਾਨ, ਕੂੜੇ ਧੰਦੇ ਲੱਗੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲੈ ਜਗਾਈਆ । ਜਨ ਭਗਤ ਜਗਾਏ ਕਿਰਪਾ ਕਰ, ਕਲ ਆਪਣੀ ਬੂਝ ਬੁਝਾਈਆ । ਸ਼ਬਦ ਸਿੰਘਸਣ ਸਾਚੇ ਚੜ੍ਹ, ਧੁਰ ਦਾ ਹੁਕਮ ਮਨਾਈਆ । ਅੰਤਰ ਆਤਮ ਆਂਦੀ ਫੜ, ਸੁਰਤੀ ਸੁਰਤ ਭਵਾਈਆ । ਕਿਲਾ ਤੋੜ ਹੰਕਾਰੀ ਗੜ੍ਹ, ਮਾਇਆ ਮਮਤਾ ਡੇਰਾ ਢਾਹੀਆ । ਵੇਖਣਹਾਰਾ ਚੇਤਨ ਜੜ੍ਹ, ਆਪਣਾ ਭੇਵ ਖੁਲ੍ਹਾਈਆ । ਪਰਗਟ ਹੋ ਨਰਾਇਣ ਨਰ, ਹਰਿਜਨ ਨਾਰੀ ਆਪ ਪਰਨਾਈਆ । ਦਰਸ ਦਿਖਾਏ ਅੱਗੇ ਖੜ, ਮੁਖ ਨਕਾਬ ਨਾ ਕੋਇ ਟਿਕਾਈਆ । ਗ਼ਰੀਬ ਨਿਵਾਜ਼ ਖੋਲ੍ਹ ਦਰ, ਦਰ ਦਰਵਾਜ਼ਾ ਆਪ ਲੰਘਾਈਆ । ਸਾਚੀ ਸੇਜੇ ਬੈਠਾ ਚੜ੍ਹ, ਚਤਰਭੁਜ ਵਡਿਆਈਆ । ਆਪਣਾ ਅੱਖਰ ਰਿਹਾ ਪੜ੍ਹ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਗੁਰਮੁਖ ਸਾਚੇ ਆਪ ਬਹਾਈਆ । ਗੁਰਮੁਖ ਜਗਾਏ ਆਪਣੀ ਅੱਖ, ਭੇਵ ਅਭੇਦ ਜਣਾਇਆ । ਆਤਮ ਪਰਮਾਤਮ ਮਾਰਗ ਦੱਸ, ਬ੍ਰਹਮ ਪਾਰਬ੍ਰਹਮ ਪੜ੍ਹਾਇਆ । ਸੁਰਤੀ ਸ਼ਬਦੀ ਮੇਲਾ ਹੱਸ ਹੱਸ, ਨਾਰੀ ਕੰਤ ਮੇਲ ਮਿਲਾਇਆ । ਕਾਇਆ ਮੰਦਰ ਦੋਵੇਂ ਰਹੇ ਵਸ, ਸੌਹਰੇ ਪੇਈਏ ਇਕੋ ਘਰ ਜਣਾਇਆ । ਇਕ ਦੂਜੇ ਨਾਲ ਕਰ ਇਕੱਠ, ਪਤਿਪਰਮੇਸ਼ਵਰ

ਵੇਖ ਵਖਾਇਆ । ਲੇਖਾ ਜਾਣੇ ਪੁਰਖ ਸਮਰਥ ਸਾਹਿਬ ਸੁਆਮੀ ਆਪਣਾ ਰੰਗ ਰੰਗਾਇਆ । ਜਨ ਭਗਤਾਂ ਲੇਖਾ ਦੇਵੇ ਹੱਕ, ਹੱਕ ਸਭ ਦਾ ਝੋਲੀ ਪਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਲੱਭ ਲੱਭ ਗਏ ਥੱਕ, ਤਿਨ੍ਹਾਂ ਅੰਤਮ ਆਪਣਾ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਹਰਿਜਨ ਸਾਚੇ ਲਏ ਤਰਾਇਆ । ਹਰਿਜਨ ਤਾਰੇ ਸ੍ਰੀ ਭਗਵੰਤ, ਭਗਵਨ ਦਇਆ ਕਮਾਈਆ । ਸਰਬ ਜੀਆਂ ਦਾ ਇਕੋ ਮੰਤ, ਹਰਿ ਮੰਤਰ ਨਾਮ ਦ੍ਰਿੜਾਈਆ । ਕਲਜੁਗ ਅੰਤਮ ਲੇਖਾ ਜਾਣੇ ਜੀਵ ਜੰਤ, ਲੱਖ ਚੁਰਾਸੀ ਖੋਜ ਖੁਜਾਈਆ । ਸੰਤ ਸੁਹੇਲੇ ਕਰ ਕਰ ਮੇਲੇ ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਦ੍ਰਿੜਾਈਆ । ਮੇਲ ਮਿਲਾਵਾ ਸਾਚੀ ਸੰਗਤ, ਹਰਿ ਸੰਗਤ ਵਿਚ ਸਮਾਈਆ । ਸਚ ਭੰਡਾਰ ਧੁਰ ਦੀ ਪੰਗਤ, ਵਿਸ਼ਨੂੰ ਘਰ ਘਰ ਰਿਹਾ ਵਰਤਾਈਆ । ਬ੍ਰਹਮਾ ਦਰ ਦਰਵੇਸ਼ ਮੰਗਤ, ਬੈਠਾ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਠਾਂਡਾ ਸੀਤਾ ਸਚ ਦਰਬਾਰੇ ਹਰਿ ਨਿਰੰਕਾਰੇ ਵਸਤ ਇਕੋ ਇਕ ਵਰਤਾਈਆ । ਭਗਤਨ ਦੇਵੇ ਵਸਤ ਆਪ ਅਪਾਰ, ਅਪਰੰਪਰ ਦਇਆ ਕਮਾਇੰਦਾ । ਧਰਮ ਦੁਆਰੇ ਕਰ ਪਿਆਰ, ਘਰ ਸਾਚਾ ਮੇਲ ਮਿਲਾਇੰਦਾ । ਜਨਮ ਕਰਮ ਤੋ ਕਰ ਕੇ ਬਾਹਰ, ਨਿਹਕਰਮੀ ਆਪਣੇ ਰੰਗ ਰੰਗਾਇੰਦਾ । ਵਰਨ ਬਰਨ ਦਾ ਤੋੜ ਜੰਜਾਲ, ਊਚ ਨੀਚ ਏਕਾ ਘਰ ਵਸਾਇੰਦਾ । ਲੇਖਾ ਜਾਣ ਸ਼ਾਹ ਕੰਗਾਲ, ਗ਼ਰੀਬ ਨਿਮਾਣੇ ਗੋਦ ਉਠਾਇੰਦਾ । ਬਰਨ ਅਠਾਰਾਂ ਵਖਾਏ ਇਕੋ ਧਰਮਸਾਲ, ਦੂਜਾ ਇਸ਼ਟ ਨਾ ਕੋਇ. ਬਣਾਇੰਦਾ । ਸਭ ਦਾ ਪਿਤਾ ਪੁਰਖ ਅਕਾਲ, ਲੱਖ ਚੁਰਾਸੀ ਗੋਦ ਸੁਹਾਇੰਦਾ । ਗੁਰਮੁਖ ਬਣੇ ਸਾਚੇ ਲਾਲ, ਹਰਿ ਲਾਲਨ ਰੰਗ ਰੰਗਾਇੰਦਾ । ਕੂੜੀ ਮਾਇਆ ਤੋੜੇ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਮੁਰੀਦਾਂ ਪੁੱਛੇ ਮੁਰਸ਼ਦ ਹਾਲ, ਬੇਪਰਵਾਹ ਫੇਰਾ ਪਾਇੰਦਾ । ਜਾ ਕੇ ਆਪਣਾ ਕਰੇ ਸਵਾਲ, ਹਲ ਸਵਾਲ ਸਰਬ ਕਰਾਇੰਦਾ । ਸਤਿਗੁਰ ਪੂਰਾ ਲੱਭੇ ਇਕ ਦਲਾਲ, ਦੋ ਜਹਾਨਾਂ ਵਣਜ ਆਪ ਵਖਾਇੰਦਾ । ਨਾਤਾ ਤੋੜੇ ਕਾਲ ਮਹਾਂਕਾਲ, ਰਾਏ ਧਰਮ ਨਾ ਹੁਕਮ ਵਰਤਾਇੰਦਾ । ਸਤਿਗੁਰ ਪੂਰੇ ਚਲੋ ਨਾਲ ਨਾਲ, ਬਣ ਪਾਂਧੀ ਪੰਧ ਮੁਕਾਇੰਦਾ । ਕਾਇਆ ਮੰਦਰ ਅੰਦਰ ਗੁਰਮੁਖ ਵੇਖੋ ਸੱਚੀ ਧਰਮਸਾਲ, ਘਰ ਘਰ ਵਿਚ ਡੇਰਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਵਖਾਇੰਦਾ । ਸਚ ਦਰਬਾਰ ਵੇਖਿਆ ਘਰ, ਗ੍ਰਿਹ ਠਾਕਰ ਆਪ ਵਖਾਈਆ । ਜਿਸ ਦੇ ਬੰਦ ਕੀਤੇ ਨੌਂ ਦਰ, ਰਾਹ ਇਕੋ ਇਕ ਜਣਾਈਆ । ਸੁਖਮਨ ਟੇਢੀ ਬੰਕ ਕੋਈ ਨਾ ਜਾਏ ਅੜ, ਈੜਾ ਪਿੰਗਲ ਨਾ ਕੋਇ ਸਮਝਾਈਆ । ਭਿਆਨਕ ਰੂਪ ਨਾ ਕੋਈ ਡਰ, ਭੈ ਸਿਰ ਨਾ ਕੋਇ ਰਖਾਈਆ । ਸੋਹੰ ਢੋਲਾ ਲੈਣਾ ਪੜ੍ਹ, ਅੱਗੇ ਆਉਣਾ ਵਾਹੋ ਦਾਹੀਆ । ਨਿਰਗੁਣ ਦਾਤਾ ਲਏ ਫੜ, ਨਿਰਵੈਰ ਆਪਣਾ ਮੇਲ ਮਿਲਾਈਆ । ਘਰ ਵਿਚ ਘਰ ਵੇਖੋ ਚੜ੍ਹ, ਨਿਤ ਹੁੰਦੀ ਇਕ ਰੁਸ਼ਨਾਈਆ । ਸਚ ਸਰਨਾਈ ਜਾਵੋ ਪੜ, ਡਿਗਦਿਆਂ ਲਏ ਉਠਾਈਆ । ਗੁਰਮੁਖ ਨਾਰੀ ਲਏ ਵਰ, ਪੈਜ ਸੁਆਰੇ ਪੈਜ ਧਰਾਈਆ । ਪ੍ਰੇਮ ਬੰਧਨ ਬੰਨ੍ਹੇ ਲੜ, ਪੱਲੂ ਇਕੋ ਵਾਰ ਗੰਢਾਈਆ । ਲੇਖਾ ਚੁੱਕੇ ਸੀਸ ਧੜ, ਨਿਰਗੁਣ ਨਿਰਗੁਣ ਖ਼ੁਸ਼ੀ ਵਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਸੰਤ ਆਪਣਾ ਸਤਿਗੁਰ ਅੰਦਰ ਵੇਖੋ ਵੜ, ਅੱਠੇ ਪਹਿਰ ਬੈਠਾ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਦੇਵੇ ਵਰ, ਜੁਗ ਵਿਛੜੇ ਆਪ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਕਿਰਪਾ ਦੇਵੇ ਕਰ, ਤਿਸ ਕਪਟ ਕੋਇ ਰਹਿਣ ਨਾ ਪਾਈਆ ।

## ✪ ੨੬ ਭਾਦਰੋ ੨੦੨੦ ਬਿਕ੍ਰਮੀ ਪਿੰਡ ਕੱਲਾ ਸੁਖਦੇਵ ਰਾਜ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ ✪

ਧਰਮ ਮਜ਼੍ਹਬ ਰੋਵਣ ਦੀਨ, ਦੁਨੀਆ ਨਾਲ ਰਲਾਈਆ । ਹਰਿ ਹਰਿ ਨਾਮ ਨਾ ਰਿਹਾ ਕੋਈ ਚੀਨ, ਭਰਮੇ ਭੁੱਲੀ ਸਰਬ ਲੋਕਾਈਆ । ਨਾਤਾ ਜੁੜਿਆ ਮਾਇਆ ਤੀਨ, ਪੰਜ ਤਤ ਕੂੜੀ ਕੁੜਮਾਈਆ । ਅੰਤਰ ਆਤਮ ਹੋਏ ਨਾ ਕੋਇ ਲੀਨ, ਲਿਵ ਪਰਮਾਤਮ ਕੋਇ ਨਾ ਲਾਈਆ । ਮਾਇਆ ਮਮਤਾ ਹੋਏ ਅਧੀਨ, ਸਾਚਾ ਮਾਰਗ ਨਜ਼ਰ ਕਿਸੇ ਨਾ ਆਈਆ । ਨੇਤਰ ਹੁੰਦਿਆ ਹੋਏ ਨਾਬੀਨ, ਅੱਖ ਪਰਤੱਖ ਨਾ ਕੋਇ ਖੁਲ੍ਹਾਈਆ । ਗੜ੍ਹ ਹੰਕਾਰ ਨਾ ਹੋਏ ਮਸਕੀਨ, ਪ੍ਰੇਮ ਪ੍ਰੀਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਦੀਨ ਮਜ਼੍ਹਬ ਰੋਵੇ ਜ਼ਾਤ, ਵਰਨ ਬਰਨ ਦੁਹਾਈਆ । ਕੂੜੀ ਕਿਰਿਆ ਨਾਰ ਕਮਜ਼ਾਤ, ਕੁਲਖਣੀ ਘਰ ਘਰ ਡੇਰਾ ਲਾਈਆ । ਹਰਿ ਕਾ ਨਾਮ ਨਾ ਕਿਸੇ ਪਾਸ, ਖ਼ਾਲੀ ਦਿਸੇ ਸਰਬ ਲੋਕਾਈਆ । ਜਗਤ ਵਾਸਨਾ ਚਲਣ ਸਵਾਸ, ਸਵਾਸ ਸਵਾਸ ਨਾ ਕੋਇ ਧਿਆਈਆ । ਸਾਚਾ ਜੋਗ ਨਾ ਕੋਇ ਅਭਿਆਸ, ਅੰਤਰ ਆਤਮ ਧਿਆਨ ਨਾ ਕੋਇ ਲਗਾਈਆ । ਪ੍ਰਭ ਮਿਲਣ ਦੀ ਰੱਖੇ ਕੋਇ ਨਾ ਖ਼ਾਹਸ਼, ਕੂੜੀ ਆਸਾ ਰਹੇ ਤਕਾਈਆ । ਸਾਚੇ ਸਤਿਗੁਰ ਕੋਈ ਨਾ ਹੋਵੇ ਦਾਸ, ਨਿਊਂ ਨਿਊਂ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੀਨ ਮਜ਼੍ਹਬ ਪਾਵਣ ਰੌਲਾ, ਉਚੀ ਕੂਕ ਕੂਕ ਸੁਣਾਈਆ । ਕੋਈ ਨਾ ਕਰੇ ਭਾਰ ਹੌਲਾ, ਧਰਨੀ ਧਰਤ ਧਵਲ ਦਏ ਦੁਹਾਈਆ । ਨਜ਼ਰ ਨਾ ਆਏ ਕਿਸੇ ਮੌਲਾ, ਮੂਲ ਸਕੇ ਨਾ ਕੋਇ ਚੁਕਾਈਆ । ਪੂਰਾ ਕਰੇ ਨਾ ਕੋਈ ਕੌਲਾ, ਕੀਤਾ ਕੌਲ ਤੋੜ ਨਾ ਕੋਇ ਨਿਭਾਈਆ । ਜਗਤ ਕਹਾਰ ਚੁੱਕਣ ਡੋਲਾ, ਸਤਿਗੁਰ ਸੇਜ ਨਜ਼ਰ ਕਿਸੇ ਨਾ ਆਈਆ । ਕਲਜੁਗ ਜੀਵ ਅੰਨ੍ਹਾ ਬੋਲਾ, ਹਰਿ ਕਾ ਨਾਉਂ ਸੁਣਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਦੀਨ ਮਜ਼੍ਹਬ ਨੇਤਰ ਰੋਦੇ, ਨੈਣਾਂ ਨੀਰ ਵਹਾਈਆ । ਦਿਵਸ ਰੈਣ ਕਦੇ ਨਾ ਸੌਂਦੇ, ਘੜੀ ਪਲ ਸੁਖ ਚੈਨ ਨਜ਼ਰ ਕੋਇ ਨਾ ਆਈਆ । ਜਗਤ ਵਾਸਨਾ ਖੇਲ ਰਚੌਂਦੇ, ਸਾਚਾ ਮੰਦਰ ਨਾ ਕੋਇ ਸੁਹਾਈਆ । ਸਚ ਪ੍ਰੀਤ ਨਾ ਕੋਈ ਕਮੌਂਦੇ, ਕੂੜੀ ਅਗਨੀ ਰਹੀ ਤਪਾਈਆ । ਸਾਚਾ ਢੋਲਾ ਕੋਈ ਨਾ ਗੌਂਦੇ, ਗੁਰ ਗੁਰ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪ੍ਰਭ ਮਿਲੇ ਸਚ ਸਰਨਾਈਆ । ਦੀਨ ਮਜ਼੍ਹਬ ਦੱਸਣ ਹਾਲ, ਚਾਰ ਜੁਗ ਕਹਾਣੀ ਰਹੇ ਸੁਣਾਈਆ । ਚਾਰੇ ਕੁੰਟ ਹੋਈ ਬੇਹਾਲ, ਸਿਰ ਹੱਥ ਨਾ ਕੋਇ ਟਿਕਾਈਆ । ਆਤਮ ਅੰਤਰ ਚਲੇ ਕੋਈ ਨਾ ਨਾਲ, ਪਰਮਾਤਮ ਮੀਤ ਨਾ ਕੋਇ ਬਣਾਈਆ । ਸਾਧ ਸੰਤ ਹੋਏ ਕੰਗਾਲ, ਸਾਚੀ ਵਸਤ ਹੱਟ ਨਾ ਕੋਇ ਵਿਕਾਈਆ । ਕੂੜੀ ਕਿਰਿਆ ਬਣੀ ਦਲਾਲ, ਘਰ ਘਰ ਵਣਜ ਰਹੀ ਕਰਾਈਆ । ਗੁਰਮੁਖ ਵਿਰਲਾ ਲੱਖ ਚੁਰਾਸੀ ਵਿਚੋ ਬਚੇ ਲਾਲ, ਜਿਸ ਸਤਿਗੁਰ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਦੀਨ ਮਜ਼੍ਹਬ ਮਾਰਨ ਧਾਹ, ਦੋ ਜਹਾਨ ਸੁਣਾਈਆ । ਕਿਰਪਾ ਕਰ ਬੇਪਰਵਾਹ, ਪਰਵਰਦਿਗਾਰ ਤੇਰੀ ਸਰਨਾਈਆ । ਚਾਰੋ ਕੁੰਟ ਅੰਧੇਰਾ ਗਿਆ ਛਾ, ਸਾਚਾ ਚੰਦ ਨਜ਼ਰ ਕਿਸੇ ਨਾ ਆਈਆ । ਕੂੜੀ ਕਿਰਿਆ ਜੀਵ ਜੰਤ ਰਹੇ ਕਮਾ, ਸਚ ਮਿਲੇ ਨਾ ਕੋਇ ਵਡਿਆਈਆ । ਨਾਤਾ ਤੁਟਾ ਪੁੱਤਰਾਂ ਮਾਂ, ਪਿਤਾ ਪੂਤ ਮੇਲ ਨਾ ਕੋਇ ਮਿਲਾਈਆ । ਗ਼ਰੀਬ ਨਿਮਾਣਿਆਂ

ਦੇਵੇ ਨਾ ਕੋਈ ਥਾਂ, ਮਿਹਰ ਨਜ਼ਰ ਨਾ ਕੋਇ ਉਠਾਈਆ । ਲਹਿਣਾ ਦੇਣਾ ਚੁਕੇ ਕਿਸੇ ਨਾ, ਮਕਰੂਜ ਹੋਈ ਅੰਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਲੇਖਾ ਸਭ ਦਾ ਪਾਰ ਕਰਾਈਆ । ਦੀਨ ਮਜ਼੍ਹਬ ਗਏ ਢੱਠ, ਪ੍ਰਭ ਤੇਰੀ ਸਚ ਸਰਨਾਈਆ । ਸਾਡਾ ਟੁੱਟਾ ਅੰਤਮ ਹੱਠ, ਧੀਰਜ ਰਹਿਣ ਕੋਇ ਨਾ ਪਾਈਆ । ਘਰ ਘਰ ਉਬਲੇ ਕੂੜੀ ਰਤ, ਰਤੀ ਰਤ ਰਹੀ ਤਪਾਈਆ । ਅੰਮ੍ਰਿਤ ਮਿਲੇ ਨਾ ਅਠਸਠ, ਤੀਰਥ ਤੱਟ ਦੇਣ ਦੁਹਾਈਆ । ਲੇਖਾ ਵੇਖਿਆ ਮੰਦਰ ਮਸਜਿਦ ਮੱਠ, ਸ਼ਿਵਦੁਆਲੇ ਸਾਰ ਕੋਇ ਨਾ ਪਾਈਆ । ਗੁਰੂਦੁਆਰਾ ਤੇਰਾ ਹਰਿ ਹਰਿ ਨਾਮ ਨਾ ਲਏ ਰਟ, ਜਗਤ ਝਗੜਾ ਇਕ ਵਖਾਈਆ । ਦਰੋਹੀ ਖ਼ੁਦਾਏ ਕਲਜੁਗ ਅੰਤਮ ਵੱਜਾ ਫੱਟ, ਪੱਟੀ ਨਾਮ ਨਾ ਕੋਇ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਲੇ ਅੰਤਮ ਹੋ ਸਹਾਈਆ । ਧਰਮ ਕਹੇ ਨਾ ਕੋਈ ਦਿਸੇ ਧਰਮ ਆਤਮਾ, ਧਰਨਾਪਤ ਨਜ਼ਰ ਕੋਇ ਨਾ ਆਈਆ । ਮੇਲ ਮਿਲਾਏ ਨਾ ਕੋਈ ਪਰਮ ਆਤਮਾ, ਪਰਮਾਤਮ ਤੇਰੀ ਸਾਰ ਕੋਇ ਨਾ ਪਾਈਆ । ਲੇਖਾ ਜਾਣੇ ਨਾ ਕੋਈ ਸਾਹਿਬ ਸਾਚੇ ਨਾਥਨਾ, ਦੀਨਾ ਨਾਥ ਦੇਵੇ ਨਾ ਕੋਇ ਸਰਨਾਈਆ । ਸਾਚੀ ਵਿਦਿਆ ਪੜ੍ਹੇ ਨਾ ਕੋਈ ਗਾਥਨਾ, ਚੌਦਾਂ ਵਿਦਿਆ ਰਹੀ ਕੁਰਲਾਈਆ । ਪਤਣ ਮਿਲੇ ਨਾ ਕੋਈ ਘਾਟਨਾ, ਤੱਟ ਕਿਨਾਰਾ ਨਜ਼ਰ ਕਿਸੇ ਨਾ ਆਈਆ । ਸਾਚਾ ਬਚਨ ਕਿਸੇ ਨਾ ਮਿਲੇ ਆਖਣਾ, ਕੂੜੋ ਕੂੜ ਚਲੇ ਚਤੁਰਾਈਆ । ਤੁਧ ਬਿਨ ਪੜਦਾ ਕਿਸੇ ਨਾ ਢਾਕਣਾ, ਗੁਰ ਪੀਰ ਬੈਠੇ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਮਜ਼੍ਹਬ ਕਹੇ ਨਾ ਕੋਈ ਦਿਸੇ ਈਮਾਨ, ਅਮਲ ਹੱਕ ਨਾ ਕੋਇ ਕਮਾਇੰਦਾ । ਨਾ ਕੋਈ ਸ਼ਰਅ ਦਿਸੇ ਕੁਰਾਨ, ਕਾਅਬਾ ਸਚ ਨਾ ਕੋਇ ਸੁਹਾਇੰਦਾ । ਨੌ ਖੰਡ ਪ੍ਰਿਥਮੀ ਹੋਈ ਬੇਈਮਾਨ, ਬੇਵਾ ਰੂਪ ਸਰਬ ਵਟਾਇੰਦਾ । ਚਾਰੋ ਕੁੰਟ ਫਿਰੇ ਸ਼ੈਤਾਨ, ਘਰ ਘਰ ਆਪਣਾ ਹੁਕਮ ਵਰਤਾਇੰਦਾ । ਜੀਵ ਜੰਤ ਹੋਏ ਨਾਦਾਨ, ਸਾਧ ਸੰਤ ਸੋਈ ਸੁਰਤ ਨਾ ਕੋਇ ਜਗਾਇੰਦਾ । ਜਗਤ ਵਾਸਨਾ ਹੋਈ ਪਰਧਾਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਮਿਲਾਇੰਦਾ । ਕੋਈ ਨਾ ਮਾਰੇ ਅਣਿਆਲਾ ਬਾਣ, ਬਜਰ ਕਪਾਟੀ ਪਾਰ ਨਾ ਕੋਇ ਕਰਾਇੰਦਾ । ਕੂੜ ਕੁੜਿਆਰਾ ਪੀਣ ਖਾਣ, ਅੰਮ੍ਰਿਤ ਰਸ ਹੱਥ ਕਿਸੇ ਨਾ ਆਇੰਦਾ । ਭਰਮੇ ਭੁਲੇ ਜੀਵ ਅਵਾਣ, ਬਾਲੀ ਬੁੱਧ ਨਾ ਕੋਇ ਬਦਲਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਤੇਰੀ ਓਟ ਤਕਾਇੰਦਾ । ਮਜ਼੍ਹਬ ਕਹੇ ਮੇਰੇ ਮਿਹਬਾਨ, ਮਿਹਰਵਾਨ ਤੇਰੀ ਸਰਨਾਈਆ । ਧਰਮ ਨਾ ਦਿਸੇ ਕੋਈ ਨਿਸ਼ਾਨ, ਦੋ ਜਹਾਨ ਦੇਣ ਦੁਹਾਈਆ । ਦੋਹਾਂ ਵਚੋਲਾ ਬਣ ਆਣ, ਵਡ ਦਾਤੇ ਤੇਰੀ ਵਡ ਵਡਿਆਈਆ । ਝਗੜਾ ਮੇਟ ਜ਼ਿਮੀਂ ਅਸਮਾਨ, ਸ਼ਰਅ ਕੋਇ ਰਹਿਣ ਨਾ ਪਾਈਆ । ਇਕੋ ਤੇਰੀ ਸਿਫ਼ਤ ਕਰੇ ਜਹਾਨ, ਤੇਰਾ ਢੋਲਾ ਨਾਮ ਗਾਈਆ । ਜ਼ਾਤ ਪਾਤ ਕੂੜੀ ਮੁਕੇ ਦੁਕਾਨ, ਊਚ ਨੀਚ ਨਜ਼ਰ ਕੋਇ ਨਾ ਆਈਆ । ਸਭ ਦੀ ਰਸਨਾ ਇਕ ਜ਼ਬਾਨ, ਸਾਚਾ ਨਾਮ ਇਕ ਪੜ੍ਹਾਈਆ । ਧੁਰ ਦਾ ਕਲਮਾ ਤੇਰੀ ਕਲਾਮ, ਕਾਇਨਾਤ ਦੇ ਸਮਝਾਈਆ । ਨਜ਼ਰੀ ਆਏ ਇਕ ਈਮਾਨ, ਆਦਤ ਇਕੋ ਦੇ ਪਾਈਆ । ਇਕੋ ਧਰਮ ਹੋਏ ਪਰਵਾਨ, ਪਰਵਾਨਾ ਘਰ ਘਰ ਦੇ ਫੜਾਈਆ । ਤੇਰੇ ਦੁਆਰੇ ਦੋਹਾਂ ਮਿਲੇ ਮਾਣ, ਮਨਸਾ ਹੋਰ ਰਹੇ ਨਾ ਰਾਈਆ । ਆਦਿ ਜੁਗਾਦਿ ਸ੍ਰੀ ਭਗਵਾਨ, ਸਦ ਤੇਰੀ ਇਕ ਸਰਨਾਈਆ । ਕਲਜੁਗ ਅੰਤ ਕਿਰਪਾ ਕਰ ਆਣ, ਕਿਰਪਾਨਿਧ ਆਪਣਾ ਫੇਰਾ ਪਾਈਆ । ਤੇਰਾ ਸੁਣੀਏ ਸਚ ਫ਼ਰਮਾਣ, ਧੁਰ ਸੰਦੇਸ਼ਾ ਇਕੋ ਗਾਈਆ । ਜੋਧਾ ਸੂਰਬੀਰ

ਬਣ ਮਰਦ ਮਰਦਾਨ, ਬਲਕਾਰੀ ਬਲ ਧਰਾਈਆ । ਲੱਖ ਚੁਰਾਸੀ ਪਾ ਇਕੋ ਆਣ, ਨਾ ਕੋਈ ਮੇਟੇ ਮੇਟ ਮਿਟਾਈਆ । ਤੇਰਾ ਨਾਮ ਆਦਿ ਨਿਰੰਜਣ ਸਾਰੇ ਗਾਣ, ਸੋ ਸਾਹਿਬ ਤੇਰੀ ਸਰਨਾਈਆ । ਹੰ ਬ੍ਰਹਮ ਆਪ ਪਹਿਚਾਨ, ਤੇਰੀ ਅੰਸ ਰਹੀ ਕੁਰਲਾਈਆ । ਬੀਸ ਬੀਸੇ ਹਰਿ ਜਗਦੀਸੇ ਨੇਤਰ ਖੋਲ੍ਹ ਮਾਰ ਧਿਆਨ, ਦੋ ਜਹਾਨ ਨੈਣ ਉਠਾਈਆ । ਚੌਦਾਂ ਤਬਕ ਦਿਸੇ ਵੈਰਾਨ, ਸਾਚਾ ਸਬਕ ਨਾ ਕੋਇ ਸੁਣਾਈਆ । ਚੌਦਾਂ ਲੋਕ ਮੰਗਣ ਦਾਨ, ਖ਼ਾਲੀ ਝੋਲੀ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ ਚਰਨ ਸਰਨਾਈਆ । ਦੀਨ ਮਜ਼੍ਹਬ ਦੋਵੇਂ ਕਰਨ ਪੁਕਾਰ, ਨਿਰਧਨ ਸਰਧਨ ਰੂਪ ਵਟਾਈਆ । ਕਰ ਕਿਰਪਾ ਆਪ ਨਿਰੰਕਾਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਪਿਛਲਾ ਲੇਖਾ ਦੇ ਨਿਵਾਰ, ਅੱਗੇ ਝਗੜਾ ਰਹੇ ਨਾ ਰਾਈਆ । ਸਾਚਾ ਮਾਰਗ ਦੇ ਵਖਾਲ, ਰਹਿਬਰ ਇਕੋ ਰਾਹ ਚਲਾਈਆ । ਜੂਠਾ ਝੂਠਾ ਤੁਟੇ ਜੰਜਾਲ, ਜੀਵਣ ਜੁਗਤ ਦੇ ਸਮਝਾਈਆ । ਸ੍ਰਿਸ਼ਟ ਸਬਾਈ ਕਰ ਸੰਭਾਲ, ਤੇਰੇ ਹੱਥ ਤੇਰੀ ਵਡਿਆਈਆ । ਉਠ ਵੇਖ ਸ਼ਾਹ ਕੰਗਾਲ, ਗ਼ਰੀਬ ਨਿਮਾਣੇ ਰੋਵਣ ਮਾਰਨ ਧਾਹੀਆ । ਚਾਰ ਕੁੰਟ ਹੋਏ ਬੇਹਾਲ, ਬਿਹਬਲ ਹੋ ਕੇ ਧਿਆਨ ਲਗਾਈਆ । ਸਾਡਾ ਮੰਨ ਇਕ ਸਵਾਲ, ਬਣ ਸਵਾਲੀ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦੇ ਵਖਾਈਆ । ਦੀਨ ਮਜ਼੍ਹਬ ਰੋਵੇ ਧਰਮ, ਧਰਨੀ ਨਾਲ ਮਿਲਾਈਆ । ਕਲਜੁਗ ਭੁਲਿਆ ਸਾਚਾ ਕਰਮ, ਕਰਮ ਕਾਂਡ ਗਏ ਸਰਬ ਤਜਾਈਆ । ਘਰ ਘਰ ਦਿਸੇ ਇਕੋ ਭਰਮ, ਪ੍ਰਭ ਪੜਦਾ ਰਿਹਾ ਪਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਲੱਥੀ ਸ਼ਰਮ, ਹੱਯਾ ਹਰਿ ਨਾ ਕੋਇ ਰਖਾਈਆ । ਸਾਚਾ ਰਿਹਾ ਨਾ ਕੋਈ ਵਰਨ, ਬਰਨ ਸਤਿ ਨਾ ਕੋਇ ਨਜ਼ਰੀ ਆਈਆ । ੩੬੫ ਰਸਨਾ ਜਿਹਵਾ ਸਾਰੇ ਪੜ੍ਹਨ, ਅੰਤਰ ਆਤਮ ਧਿਆਨ ਨਾ ਕੋਇ ਲਗਾਈਆ । ਮੰਦਰ ਮਸਜਿਦ ਸ਼ਿਵਦਵਾਲੇ ਸਾਰੇ ਖੜਨ, ਸਾਹਿਬ ਸਤਿਗੁਰ ਸਾਚਾ ਸੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਧਰਮ ਰੱਖੇ ਉਡੀਕ, ਹਰਿ ਇਕੋ ਇਕ ਜਣਾਈਆ । ਜੁਗ ਚੌਕੜੀ ਅੰਤਮ ਨੇੜੇ ਆਈ ਤਰੀਕ, ਤਾਰੀਖ਼ ਸਭ ਦੀ ਦਏ ਬਦਲਾਈਆ । ਸਾਚੀ ਧਾਰ ਦੱਸੇ ਬਾਰੀਕ, ਰਹਿਬਰ ਇਕੋ ਰਾਹ ਵਖਾਈਆ । ਦੂਰ ਦੁਰਾਡਾ ਆ ਨਜ਼ਦੀਕ, ਨੇੜਨ ਨੇੜ ਦਏ ਬੁਝਾਈਆ । ਦੀਨ ਮਜ਼੍ਹਬ ਕੋਈ ਨਾ ਰਹੇ ਸ਼ਰੀਕ, ਸ਼ਿਰਕਤ ਸਭ ਦੀ ਦਏ ਗਵਾਈਆ । ਇਕੋ ਨਾਮ ਖ਼ੁਦਾਏ ਰਹੇ ਤੌਫੀਕ, ਤੋਹਫਾ ਘਰ ਘਰ ਆਪ ਪੁਚਾਈਆ । ਸਦੀ ਚੌਧਵੀਂ ਰਹੀ ਬੀਤ, ਬੀਸ ਬੀਸਾ ਵੇਖ ਵਖਾਈਆ । ਅੰਤਮ ਮਾਰਗ ਦੱਸੇ ਠੀਕ, ਸਾਚਾ ਰਾਹ ਇਕ ਚਲਾਈਆ । ਆਤਮ ਪਰਮਾਤਮ ਕਰੇ ਠਾਂਡੀ ਸੀਤ, ਅਗਨੀ ਤਤ ਨਾ ਲਾਗੇ ਰਾਈਆ । ਚਾਰ ਵਰਨ ਇਕੋ ਢੋਲਾ ਗਾਏ ਗੀਤ, ਸੋਹੰ ਸਚ ਕਰੇ ਪੜ੍ਹਾਈਆ । ਪੁਰਖ ਅਕਾਲ ਮਿਲੇ ਮੀਤ, ਪਰਮਾਤਮ ਆਤਮ ਜੋੜ ਜੁੜਾਈਆ । ਸਾਚੀ ਚਲੇ ਧੁਰ ਦੀ ਰੀਤ, ਸਤਿ ਸਤਿਵਾਦੀ ਆਪ ਸਮਝਾਈਆ । ਕਿਸੇ ਦਰ ਕੋਈ ਨਾ ਮੰਗੇ ਭੀਖ, ਬਿਨ ਸਤਿਗੁਰ ਪੂਰੇ ਭਿਛਿਆ ਕੋਈ ਨਾ ਪਾਈਆ । ਚੌਥੇ ਜੁਗ ਮੇਟੇ ਲੀਕ, ਅੱਗੇ ਅੱਖਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਜੁਗ ਚੌਕੜੀ ਕਰੇ ਕਲਿਆਣ, ਦੀਨ ਮਜ਼੍ਹਬ ਧਰਮ ਵੇਖੇ ਈਮਾਨ, ਕਲਮਾ ਕਲਾਮ ਫੋਲ ਫੋਲਾਇਆ ।

## ✪ ੨੯ ਭਾਦਰੋ ੨੦੨੦ ਦਲੀਪ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਗੁਰਸਿਖ ਸਦਾ ਰੱਖੇ ਆਸ, ਸਤਿਗੁਰ ਸਰਨ ਮਿਲੇ ਸਰਨਾਈਆ । ਜਨਮ ਕਰਮ ਦਾ ਕਟੇ ਫਾਸ, ਜਮ ਕੀ ਫਾਸੀ ਦਏ ਤੁੜਾਈਆ । ਮਿਹਰਵਾਨ ਹੋ ਕੇ ਵਸੇ ਪਾਸ, ਅੰਤਰ ਆਤਮ ਡੇਰਾ ਲਾਈਆ । ਕਿਰਪਾ ਨਿਧਾਨ ਹੋ ਕੇ ਦੱਸੇ ਗਾਥ, ਸਾਚਾ ਮੰਤਰ ਨਾਮ ਪੜ੍ਹਾਈਆ । ਰਥਵਾਹੀ ਬਣ ਕੇ ਚੜ੍ਹਾਏ ਸਾਚੇ ਰਾਥ, ਬੇੜਾ ਸ਼ੌਹ ਦਰਿਆ ਪਾਰ ਕਰਾਈਆ । ਮਾਹੀ ਬਣ ਕੇ ਮਿਲੇ ਪੱਤਣ ਘਾਟ, ਦੋ ਜਹਾਨਾਂ ਪੰਧ ਮੁਕਾਈਆ । ਸ੍ਰੀ ਭਗਵਾਨ ਹੋ ਕੇ ਚਰਨ ਕਵਲ ਜੋੜੇ ਨਾਤ, ਕੂੜਾ ਨਾਤਾ ਦਏ ਤੁੜਾਈਆ । ਦਿਆਲ ਹੋ ਕੇ ਖੋਲ੍ਹੇ ਬੰਦ ਤਾਕ, ਬਜਰ ਕਪਾਟੀ ਤੋੜ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਥਾਉਂ ਥਾਈਂਆ । ਗੁਰਸਿਖ ਸਾਚਾ ਰੱਖੇ ਓਟ, ਪ੍ਰਭ ਚਰਨ ਧਿਆਨ ਲਗਾਈਆ । ਸਤਿਗੁਰ ਭਾਗ ਲਗਾਏ ਕਾਇਆ ਕੋਟ, ਘਰ ਘਰ ਵਿਚ ਮੇਲ ਮਿਲਾਈਆ । ਕਰੇ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰ ਰਹਿਣ ਨਾ ਪਾਈਆ । ਨੇੜ ਨਾ ਆਏ ਲਾੜੀ ਮੌਤ, ਰਾਏ ਧਰਮ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਸੱਚਾ ਨਾਮ ਵਰ, ਘਰ ਇਕੋ ਇਕ ਬੁਝਾਈਆ । ਗੁਰਸਿਖ ਸਦਾ ਰਾਹ ਰਿਹਾ ਤੱਕ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲੇ ਮਿਲੇ ਪੁਰਖ ਸਮਰਥ, ਪ੍ਰਭ ਆਪਣੀ ਗੋਦ ਬਹਾਈਆ । ਲੇਖੇ ਲਾਏ ਰਤੀ ਰਤ, ਰਤੀ ਰਤ ਆਪਣੇ ਰੰਗ ਰੰਗਾਈਆ । ਏਕਾ ਦੇਵੇ ਬ੍ਰਹਮਮੱਤ, ਮਨਮਤ ਦਏ ਗਵਾਈਆ । ਲੱਖ ਚੁਰਾਸੀ ਵਿਚੋ ਲਏ ਰੱਖ, ਸਿਰ ਆਪਣਾ ਹੱਥ ਟਿਕਾਈਆ । ਅੰਤਰ ਆਤਮ ਖੋਲ੍ਹੇ ਅੱਖ, ਨਿਜ ਨੇਤਰ ਕਰੇ ਰੁਸ਼ਨਾਈਆ । ਮਾਰਗ ਦੱਸੇ ਇਕੋ ਸਚ, ਕੂੜੀ ਕਿਰਿਆ ਨਾ ਕੋਇ ਪੜ੍ਹਾਈਆ । ਭਾਗ ਲਗਾਏ ਕਾਇਆ ਮਾਟੀ ਕੱਚ, ਕੰਚਨ ਰੂਪ ਦਏ ਬਣਾਈਆ । ਮਨ ਮਨੂਆ ਨਾ ਜਾਏ ਨੱਚ, ਮਨਸਾ ਮਨਸਾ ਵਿਚ ਖਪਾਈਆ । ਲੂੰ ਲੂੰ ਅੰਦਰ ਸਤਿਗੁਰ ਪੂਰਾ ਜਾਏ ਵਸ, ਦੂਜਾ ਨਜ਼ਰ ਕੋਇ ਨਾ ਆਈਆ । ਘਰ ਘਰ ਬਹਿ ਕੇ ਖ਼ੁਸ਼ੀ ਗ਼ਮੀ ਰਲਾ ਕੇ ਪਏ ਹੱਸ, ਦੁੱਖ ਦਰਦ ਕੋਇ ਰਹਿਣ ਨਾ ਪਾਈਆ । ਵੇਲੇ ਅੰਤਮ ਰੱਖੇ ਪੱਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਪੂਰੀ ਆਸ ਕਰਾਈਆ । ਗੁਰਸਿਖ ਸੱਚਾ ਤੱਕੇ ਰਾਹ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਪ੍ਰਭ ਮਿਲੇ ਮਲਾਹ, ਫੜ ਬੇੜਾ ਪਾਰ ਕਰਾਈਆ । ਧਰਮ ਦੇਵੇ ਇਕ ਸਲਾਹ, ਸਾਚਾ ਨਾਮ ਪੜ੍ਹਾਈਆ । ਨਥਾਵਿਆਂ ਦੇਵੇ ਸਾਚਾ ਥਾਂ, ਚਰਨ ਕਵਲ ਸਰਨਾਈਆ । ਬਾਲ ਅਵਾਣੇ ਉਠਾਏ ਜਿਉਂ ਬਾਲਕ ਮਾਂ, ਫੜ ਬਾਹੋ ਗਲੇ ਲਗਾਈਆ । ਬੁੱਧੀ ਹੰਸ ਬਣਾਏ ਕਾਂ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਕਰ ਕਿਰਪਾ ਘਰ ਸੱਜਣ ਮਿਲੇ ਆ, ਜੰਗਲ ਜੂਹ ਉਜਾੜ ਪਹਾੜ ਲੱਭਣ ਕੋਇ ਨਾ ਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਉਪਰ ਦਇਆ ਰਿਹਾ ਕਮਾ, ਕਰਮ ਕਾਂਡ ਸਭ ਦੇ ਆਪਣੀ ਝੋਲੀ ਪਾਈਆ ।



੩੯੬
੧੫

## ✪ ੨੯ ਭਾਦਰੋ ੨੦੨੦ ਬਿਕਰਮੀ ਕੁੰਦਨ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਪੂਰਾ ਸਦਾ ਦਿਆਲ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਜੁਗ ਚੌਕੜੀ ਕਰ ਕਰ ਭਾਲ, ਲੱਖ ਚੁਰਾਸੀ ਵਿਚੋ ਖੋਜ ਖੁਜਾਇੰਦਾ । ਗੋਦੀ ਚੁੱਕ ਅਨਮੁਲੜੇ ਲਾਲ, ਲਾਲਨ ਆਪਣੇ ਘਰ ਵਸਾਇੰਦਾ । ਸਚ ਵਖਾਏ ਸੱਚੀ ਧਰਮਸਾਲ, ਸਚਖੰਡ ਦੁਆਰ ਸੋਭਾ ਪਾਇੰਦਾ । ਦੀਪਕ ਦੀਆ ਇਕੋ ਬਾਲ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਅੰਮ੍ਰਿਤ ਜਾਮ ਦਏ ਪਿਆਲ, ਤ੍ਰਿਸਨਾ ਭੁੱਖ ਸਰਬ ਗਵਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਚਰਨ ਪ੍ਰੀਤੀ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣੇ ਘਰ ਵਸਾਇੰਦਾ । ਸਤਿਗੁਰ ਪੂਰਾ ਸੱਚਾ ਠਾਕਰ, ਹਰਿਜਨ ਸਾਚੇ ਵੇਖ ਵਖਾਈਆ । ਆਪਣਾ ਨਾਮ ਦੇਵੇ ਰਤੀ ਰਤਨਾਗਰ, ਰਤੀ ਰਤ ਆਪਣੇ ਰੰਗ ਰੰਗਾਈਆ । ਭਾਗ ਲਗਾਏ ਕਾਇਆ ਗਾਗਰ, ਸਾਢੇ ਤਿੰਨ ਹੱਥ ਦੇਵੇ ਵਡਿਆਈਆ । ਬਣ ਵਣਜਾਰਾ ਸਚ ਸੌਦਾਗਰ, ਨਾਮ ਹੱਟ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਹੋਏ ਸਦਾ ਸਹਾਈਆ । ਨਾਮ ਅਮੋਲਕ ਵਸਤ ਏਕ, ਏਕੰਕਾਰ ਆਪ ਸਮਝਾਈਆ । ਗੁਰਮੁਖ ਵਿਰਲਾ ਲਏ ਵੇਖ, ਜਿਸ ਅੰਤਰ ਬੂਝ ਬੁਝਾਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਜ ਤਤ ਨਾ ਅਗਨ ਤਪਾਈਆ । ਨਿਜ ਨੇਤਰ ਨਿਜ ਮੰਦਰ ਨਿਜ ਗ੍ਰਿਹਿ ਨਿਜ ਸਤਿਗੁਰ ਲਏ ਵੇਖ, ਘਰ ਸਾਚੇ ਨਜ਼ਰੀ ਆਈਆ । ਕੂੜੀ ਕਿਰਿਆ ਨਾਤਾ ਤੁਟੇ ਭੇਖ, ਵੱਜੇ ਇਕੋ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰਮੁਖਾਂ ਏਕਾ ਘਰ ਬੁਝਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਮਰਨ ਭੈ ਭੌ ਚੁਕਾਏ ਡਰ, ਸਤਿ ਸਤਿ ਸਰੂਪ ਵਿਚ ਸਮਾਈਆ ।



੩੬੭ ੧੫

## ✪ ੨੯ ਭਾਦਰੋ ੨੦੨੦ ਬਿਕਰਮੀ ਅਰੂੜ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਗੁਰਸਿਖ ਮੰਗੇ ਸਾਚੀ ਮੰਗ, ਸਤਿਗੁਰ ਸਚ ਧਿਆਨ ਲਗਾਈਆ । ਪ੍ਰੀਤਮ ਦੇ ਇਕ ਅਨੰਦ, ਅੰਤਰ ਆਤਮ ਰਸ ਚੁਆਈਆ । ਨਿਰਗੁਣ ਜੋਤ ਚਾੜ੍ਹ ਚੰਦ, ਅਗਿਆਨ ਅੰਧੇਰ ਮਿਟਾਈਆ । ਬੰਦੀਖ਼ਾਨਾ ਤੋੜ ਬੰਦ, ਬੰਦ ਖ਼ਲਾਸੀ ਦੇ ਕਰਾਈਆ । ਜਾਪ ਜਪਾ ਬਿਨ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਦੂਈ ਦਵੈਤੀ ਢਾਹ ਕੰਧ, ਸ਼ਰਅ ਸ਼ਰੀਅਤ ਨੇੜ ਕੋਇ ਨਾ ਆਈਆ । ਗੋਬਿੰਦ ਹੋ ਸੁਣਾ ਛੰਦ, ਗੀਤ ਗੋਬਿੰਦ ਅਲਾਈਆ । ਕਾਇਆ ਚੋਲੀ ਇਕੋ ਰੰਗ, ਰੰਗ ਮਜੀਠੀ ਸਚ ਚੜ੍ਹਾਈਆ । ਤ੍ਰੈਗੁਣ ਮਾਇਆ ਪਏ ਠੰਡ, ਪੰਚਮ ਤਤ ਨਾ ਕੋਇ ਜਲਾਈਆ । ਸੁਰਤ ਸਵਾਣੀ ਨਾ ਹੋਏ ਰੰਡ, ਕੰਤ ਸੁਹਾਗੀ ਇਕ ਮਿਲਾਈਆ । ਧਾਰ ਵਹਾ ਜਮਨਾ ਸੁਰਸਤੀ ਸਾਚੀ ਗੰਗ, ਗੋਦਾਵਰੀ ਆਪਣੀ ਦਇਆ ਕਮਾਈਆ । ਨਿਰਗੁਣ ਹੋ ਕੇ ਲਾ ਅੰਗ, ਸਰਗੁਣ ਓਟ ਤਕਾਈਆ । ਲੇਖਾ ਚੁਕੇ ਬ੍ਰਹਮ ਹੰ, ਪਾਰਬ੍ਰਹਮ ਪ੍ਰਭ ਤੇਰਾ ਰੂਪ ਨਜ਼ਰੀ ਆਈਆ । ਜੁਗ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸੁਆਮੀ ਤੇਰੇ ਹੱਥ ਵਡਿਆਈਆ । ਨਾਤਾ ਤੁਟੇ ਭੇਖ ਪਖੰਡ, ਕੂੜੀ ਕਿਰਿਆ ਰਹਿਣ ਨਾ ਪਾਈਆ । ਰਾਏ ਧਰਮ ਨਾ ਦੇਵੇ ਦੰਡ, ਚਿਤਰ ਗੁਪਤ ਲੇਖ ਨਾ ਕੋਇ ਵਖਾਈਆ । ਤੇਰਾ ਦਵਾਰਾ ਵੇਖੀਏ ਲੰਘ, ਜਿਸ ਘਰ ਵਸੇਂ ਬੇਪਰਵਾਹੀਆ । ਜਨਮ ਜਨਮ ਦਾ ਮੁੱਕੇ ਪੰਧ, ਅੱਗੇ ਰਾਹ ਨਾ ਕੋਇ ਵਖਾਈਆ । ਸੀਤਲ ਧਾਰ ਅੰਮ੍ਰਿਤ ਮੇਘ ਬਰਸਾ ਪਾਏ ਠੰਡ, ਨਿਝਰ ਝਿਰਨਾ ਇਕ ਝਿਰਾਈਆ । ਖਹਿੜਾ

ਛੁੱਟੇ ਜੀਉ ਪਿੰਡ, ਬ੍ਰਹਿਮਾਂਡ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰਸਿਖ ਬੈਠਾ ਧਿਆਨ ਲਗਾਈਆ । ਗੁਰਸਿਖ ਮੰਗੇ ਇਕ ਪਿਆਰ, ਚਰਨ ਪ੍ਰੀਤੀ ਮੰਗ ਮੰਗਾਈਆ । ਬਿਨ ਨੈਣਾਂ ਦੇ ਦੀਦਾਰ, ਬਿਨ ਅੱਖਾਂ ਵੇਖ ਵਖਾਈਆ । ਬਿਨ ਗੀਤਾਂ ਮੰਗਲਾਚਾਰ, ਬਿਨ ਤਾਲ ਤਲਵਾੜੇ ਰਾਗ ਅਲਾਈਆ । ਬਿਨ ਸੂਰਜ ਚੰਦ ਕਰ ਉਜਿਆਰ, ਬਿਨ ਤੇਲ ਬਾਤੀ ਹੋਵੇ ਰੁਸ਼ਨਾਈਆ । ਬਿਨ ਸਰੋਵਰ ਦੇ ਨੁਹਾਲ, ਅੰਮ੍ਰਿਤ ਸਰ ਇਕ ਵਖਾਈਆ । ਬਿਨ ਸੱਦਿਆਂ ਬਣ ਦਲਾਲ, ਨਿਰਗੁਣ ਸਾਚੀ ਸੇਵ ਕਮਾਈਆ । ਕਲਜੁਗ ਵਹਿੰਦੀ ਧਾਰ ਡੁੱਬਦੇ ਦੇ ਤਾਰ, ਤਾਰਨਹਾਰ ਤੇਰੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਕਰਦਾ ਰਿਹੋ ਉਧਾਰ, ਸਚ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗੰਬਰ ਬਣੌਂਦਾ ਰਿਹੋ ਮੀਤ ਮੁਰਾਰ, ਸੱਜਣ ਲੋਕਮਾਤ ਵਖਾਈਆ । ਕਰ ਕਿਰਪਾ ਆਪ ਨਿਰੰਕਾਰ, ਸਤਿਗੁਰ ਸ਼ਾਹ ਪਾਤਸ਼ਾਹ ਸਚੇ ਸ਼ਹਿਨਸ਼ਾਹੀਆ । ਦਰ ਭਿਖਾਰੀ ਡਿਗਾ ਆਣ, ਭਿਖਕ ਇਕੋ ਮੰਗ ਮੰਗਾਈਆ । ਤੇਰਾ ਦਿਸੇ ਧਰਮ ਨਿਸ਼ਾਨ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਜਿਸ ਘਰ ਵਸੇਂ ਆਪ ਭਗਵਾਨ, ਸੋ ਮੰਦਰ ਦੇ ਵਖਾਈਆ । ਗੁਰਸਿਖ ਝੋਲੀ ਅੱਡ ਕੇ ਮੰਗੇ ਦਾਨ, ਨੇਤਰ ਨੈਣਾਂ ਨੀਰ ਵਹਾਈਆ । ਹਉਂ ਬਾਲੀ ਬੁੱਧ ਅਵਾਣ, ਤੇਰੀ ਸਮਝ ਕੋਇ ਨਾ ਆਈਆ । ਬਿਨ ਪੜ੍ਹਿਆਂ ਦੇ ਗਿਆਨ, ਸਾਚੀ ਵਿਦਿਆ ਨਾਮ ਪੜ੍ਹਾਈਆ । ਤੇਰਾ ਲੇਖਾ ਦੋ ਜਹਾਨ, ਨਿਰਗੁਣ ਸਰਗੁਣ ਤੇਰੀ ਧਾਰ ਨਜ਼ਰੀ ਆਈਆ । ਤੇਰਾ ਕਲਮਾ ਸਚ ਈਮਾਨ, ਤੇਰਾ ਸਿਫ਼ਤੀ ਨੂਰ ਇਲਾਹੀਆ । ਤੇਰਾ ਡੇਰਾ ਹੱਕ ਮੁਕਾਮ, ਤੇਰੀ ਹਕੀਕਤ ਜੁਗ ਚਾਰ ਵਡਿਆਈਆ । ਤੇਰਾ ਹੁਕਮ ਸੰਦੇਸ਼ਾ ਸਚ ਫ਼ਰਮਾਨ, ਹਉਂ ਫ਼ਰਮਾਬਰਦਾਰ ਸੇਵ ਕਮਾਈਆ । ਕਰ ਕਿਰਪਾ ਮੇਰੇ ਮਿਹਰਵਾਨ, ਮਿਹਬਾਨ ਬੀਦੋ ਤੇਰੀ ਓਟ ਰਖਾਈਆ । ਗੁਰਸਿਖ ਨਿਉਂ ਨਿਉਂ ਸਜਦਾ ਕਰੇ ਸਲਾਮ, ਮੁਰੀਦ ਮੁਰਸ਼ਦ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰਸਿਖ ਬੈਠਾ ਓਟ ਤਕਾਈਆ । ਗੁਰਸਿਖ ਓਟ ਲਈ ਰੱਖ, ਪ੍ਰਭ ਤੇਰੀ ਸਚ ਸਰਨਾਈਆ । ਦਰਸਨ ਦੇ ਹੋ ਪਰਤੱਖ, ਰੂਪ ਅਨੂਪ ਆਪ ਵਟਾਈਆ । ਕਰ ਕਿਰਪਾ ਖੋਲ੍ਹ ਅੱਖ, ਜਿਸ ਅੱਖ ਨਾਲ ਤੇਰਾ ਨੂਰ ਨਜ਼ਰੀ ਆਈਆ । ਹਿਰਦੇ ਅੰਤਰ ਆਤਮ ਪਰਮਾਤਮ ਹੋ ਕੇ ਵਸ, ਵਸਲ ਆਪਣਾ ਦੇ ਕਰਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਵਾਂ ਜਸ, ਦੂਜੀ ਭੁੱਲੇ ਸਰਬ ਪੜ੍ਹਾਈਆ । ਤੇਰਾ ਨਾਉਂ ਪੁਰਖ ਸਮਰਥ, ਸਚਖੰਡ ਤੇਰੀ ਸ਼ਹਿਨਸ਼ਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌ ਚਾਰ ਚਲੇ ਤੇਰਾ ਰਥ, ਗੁਰਮੁਖ ਸਾਚੇ ਲਏਂ ਚੜ੍ਹਾਈਆ । ਕਲਜੁਗ ਅੰਤਮ ਲੱਖ ਚੁਰਾਸੀ ਵਿਚੋ ਰੱਖ, ਦਰ ਤੇਰੇ ਇਕੋ ਆਸ ਰਖਾਈਆ । ਨਿਤ ਨਵਿਤ ਜਨ ਭਗਤਾਂ ਦੇਵੇਂ ਆਪਣਾ ਹੱਕ, ਹਕੀਕਤ ਸਭ ਦੀ ਝੋਲੀ ਪਾਈਆ । ਨਿਰਗੁਣ ਨੂਰ ਹੋ ਪਰਗਟ, ਜੋਤੀ ਜੋਤ ਕਰ ਰੁਸ਼ਨਾਈਆ । ਤੇਰਾ ਇਕੋ ਦਿਸੇ ਹੱਟ, ਚੌਦਾਂ ਲੋਕ ਬੈਠੇ ਧਿਆਨ ਲਗਾਈਆ । ਚੌਦਾਂ ਤਬਕ ਰਹੇ ਨੱਸ, ਭੱਜਣ ਵਾਹੋ ਦਾਹੀਆ । ਗੁਰ ਅਵਤਾਰ ਪੀਰ ਪੈਗੰਬਰ ਤੇਰਾ ਮਾਰਗ ਗਏ ਦੱਸ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਹੁਕਮ ਵਰਤਾਈਆ । ਗੁਰਸਿਖ ਪਿਆਸਾ ਨਾ ਹੋਏ ਨਿਰਾਸਾ, ਕਰ ਪੂਰਨ ਆਸ ਆਸਾ, ਤ੍ਰਿਸਨਾ ਤ੍ਰਿਖਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਖੋਲ੍ਹ ਵੇਖ ਦਰ, ਗੁਰਮੁਖ ਤੇਰੀ ਆਦਿ ਜੁਗਾਦੀ ਸ਼ਾਖ਼ਾ, ਸ਼ਨਾਖ਼ਤ ਤੇਰੇ ਹੱਥ ਵਡਿਆਈਆ ।


੩੬੮
੧੫

## ੨੯ ਭਾਦਰੋ ੨੦੨੦ ਬਿਕਰਮੀ ਹਰੀ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਸਤਿਗੁਰ ਪੂਰਾ ਸਦਾ ਸਹਾਈ, ਜੁਗ ਜੁਗ ਦਇਆ ਕਮਾਇੰਦਾ । ਗੁਰਸਿਖ ਤੇਰੀ ਕਟੇ ਜੁਦਾਈ, ਵਿਛੋੜਾ ਕੋਈ ਰਹਿਣ ਨਾ ਪਾਇੰਦਾ । ਦਰ ਘਰ ਸਾਚੇ ਲਏ ਮਿਲਾਈ, ਘਰ ਇਕੋ ਇਕ ਵਖਾਇੰਦਾ । ਜਿਸ ਗ੍ਰਿਹਿ ਵੱਜੇ ਨਾਮ ਵਧਾਈ, ਸਾਚਾ ਨਾਮ ਢੋਲਾ ਗਾਇੰਦਾ । ਆਤਮ ਪਰਮਾਤਮ ਦਏ ਬੁਝਾਈ, ਸੂਝ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਇੰਦਾ । ਸਤਿਗੁਰ ਪੂਰਾ ਦਇਆ ਕਮਾਏ, ਗੁਰਸਿਖ ਦੇਵੇ ਮਾਣ ਵਡਿਆਈਆ । ਜੁਗ ਜਨਮ ਦੇ ਵਿਛੜੇ ਲਏ ਮਿਲਾਏ, ਘਰ ਸਾਚੇ ਜੋੜ ਜੁੜਾਈਆ । ਕਰਮ ਕਾਂਡ ਦਾ ਲੇਖ ਮੁਕਾਏ, ਦੂਈ ਦਵੈਤ ਰਹਿਣ ਨਾ ਪਾਈਆ । ਸਾਚੀ ਸਿਖਿਆ ਇਕ ਸਮਝਾਏ, ਬ੍ਰਹਮ ਪਾਰਬ੍ਰਹਮ ਕਰੇ ਪੜ੍ਹਾਈਆ । ਮੰਦਰ ਅੰਦਰ ਡੇਰਾ ਲਾਏ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਲਹਿਣਾ ਦੇਣਾ ਮੂਲ ਚੁਕਾਏ, ਬਾਕੀ ਕੋਇ ਰਹਿਣ ਨਾ ਪਾਈਆ । ਅੰਗੀਕਾਰ ਹੋ ਅੰਗ ਲਗਾਏ, ਅੰਗਣ ਆਪਣੇ ਲਏ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਨਾਮ ਵਰਤਾਈਆ । ਸਤਿਗੁਰ ਪੂਰਾ ਦੇਵੇ ਦਾਤ, ਗੁਰਸਿਖ ਮਾਣ ਵਡਿਆਈਆ । ਮੇਟੇ ਰੈਣ ਅੰਧੇਰੀ ਰਾਤ, ਸਾਚਾ ਨੂਰ ਕਰੇ ਰੁਸ਼ਨਾਈਆ । ਮਨਮਤ ਸੁੱਟੇ ਡੂੰਘੇ ਖਾਤ, ਕੂੜੀ ਕਿਰਿਆ ਦਏ ਦਬਾਈਆ । ਸਾਚਾ ਨੂਰ ਕਰੇ ਪਰਕਾਸ਼, ਘਟ ਦੀਪਕ ਇਕ ਜਗਾਈਆ । ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਪਾਰ ਕਰਾਈਆ । ਗੋਪੀ ਕਾਹਨ ਵਖਾਏ ਰਾਸ, ਘਰ ਸਵਾਂਗੀ ਸਵਾਂਗ ਰਚਾਈਆ । ਜੁਗ ਜਨਮ ਦੀ ਪੂਰੀ ਕਰੇ ਆਸ, ਬੇਆਸ ਰਹਿਣ ਕੋਇ ਨਾ ਪਾਈਆ । ਨਿਤ ਨਵਿਤ ਵਸੇ ਪਾਸ, ਘਰ ਸੱਚੇ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚਾ ਰਾਹ ਜਣਾਈਆ । ਗੁਰਸਿਖ ਸਦਾ ਰੱਖ ਚਾਓ, ਚਾਓ ਘਨੇਰਾ ਇਕ ਜਣਾਈਆ । ਸਤਿਗੁਰ ਪੂਰਾ ਪਕੜੇ ਬਾਹੋ, ਵੇਲੇ ਅੰਤ ਲਏ ਤਰਾਈਆ । ਦਰਗਹਿ ਸਾਚੀ ਦੇਵੇ ਥਾਉਂ, ਸਚਖੰਡ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਸਾਚੇ ਲਏ ਉਠਾਈਆ । ਸਤਿਗੁਰ ਪੂਰਾ ਲਏ ਉਠਾ, ਲੋਕਮਾਤ ਫੇਰਾ ਪਾਈਆ । ਚਾਰ ਜੁਗ ਦਾ ਰੁੱਸਾ ਲਏ ਮਨਾ, ਆਪ ਆਪਣਾ ਭੇਵ ਖੁਲ੍ਹਾਈਆ । ਅੰਦਰ ਲੁੱਕਾ ਦਰਸ਼ਨ ਦੇਵੇ ਆ, ਆਪ ਆਪਣਾ ਪੜਦਾ ਲਾਹੀਆ । ਸਾਚਾ ਰੰਗ ਦਏ ਰੰਗਾ, ਰੰਗ ਇਕੋ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੰਦਰ ਦਏ ਵਖਾਈਆ । ਗੁਰਮੁਖ ਸਾਚੇ ਰਹਿਣਾ ਤਿਆਰ, ਤ੍ਰੈਗੁਣ ਅਤੀਤਾ ਆਪ ਜਣਾਇੰਦਾ । ਸਤਿਗੁਰ ਪੂਰਾ ਕਰੇ ਪਿਆਰ, ਪੁਰਖ ਅਕਾਲ ਵੇਖ ਵਖਾਇੰਦਾ । ਅੰਦਰ ਬਾਹਰ ਬਣ ਕੇ ਯਾਰ, ਗੁਪਤ ਜ਼ਾਹਰ ਦਇਆ ਕਮਾਇੰਦਾ । ਸਾਚੀ ਗੋਦੀ ਲਏ ਉਠਾਲ, ਫੜ ਬਾਹੋ ਸੇਵ ਕਮਾਇੰਦਾ । ਆਤਮ ਪਰਮਾਤਮ ਲੈ ਕੇ ਜਾਏ ਨਾਲ, ਅੱਧਵਿਚਕਾਰ ਨਾ ਕੋਇ ਰਖਾਇੰਦਾ । ਸਾਚੇ ਮੰਦਰ ਦਏ ਬਹਾਲ, ਥਿਰ ਘਰ ਡੇਰਾ ਇਕੋ ਲਾਇੰਦਾ । ਸਚਖੰਡ ਦੁਆਰਾ ਖੋਲ੍ਹ ਕਿਵਾੜ, ਆਪ ਆਪਣਾ ਭੇਵ ਚੁਕਾਇੰਦਾ । ਨਜ਼ਰੀ ਆਏ ਇਕੋ ਧਰਮਸਾਲ, ਸ੍ਰੀ ਭਗਵਾਨ ਸੋਭਾ ਪਾਇੰਦਾ । ਜੋਤੀ ਜੋਤ ਜਗੇ ਬੇਮਿਸਾਲ, ਦੀਵਾ ਬਾਤੀ ਨਜ਼ਰ ਕੋਇ ਨਾ ਆਇੰਦਾ । ਦਰ ਦਰਵੇਸ਼ ਨਾ ਕੋਈ ਦਰਬਾਨ, ਹੁਕਮਰਾਨ ਇਕੋ ਸੋਭਾ ਪਾਇੰਦਾ । ਸ਼ਾਹੋ ਭੂਪ ਵਡ ਸੁਲਤਾਨ, ਸ਼ਹਿਨਸ਼ਾਹ ਆਪਣੀ ਦਇਆ ਕਮਾਇੰਦਾ । ਗੁਰਮੁਖ ਜੋਤੀ ਮੇਲੇ ਆਣ, ਜੋਤੀ ਜੋਤ ਜੋਤ ਸਮਾਇੰਦਾ ।

ਆਵਣ ਜਾਵਣ ਦੋ ਜਹਾਨ ਚੁੱਕੇ ਕਾਣ, ਚਾਰੇ ਕੁੰਟਾਂ ਦਹਿ ਦਿਸ਼ਾ ਡੇਰਾ ਢਾਇੰਦਾ । ਜਿਨ੍ਹਾਂ ਉਪਰ ਸਤਿਗੁਰ ਪੂਰਾ ਹੋਏ ਆਪ ਮਿਹਰਵਾਨ, ਮਿਹਰ ਨਜ਼ਰ ਉਠਾਇੰਦਾ । ਸਚਖੰਡ ਦੁਆਰਾ ਦੇਵੇ ਇਕ ਮਕਾਨ, ਦਰਗਹਿ ਸਾਚੀ ਨਾਉਂ ਲਗਾਇੰਦਾ । ਸਚ ਬੇਨੰਤੀ ਕਰੇ ਪਰਵਾਨ, ਬਿਨੇ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਸਾਚੇ ਘਰ ਵਸਾਇੰਦਾ ।

## ✪ ੨੯ ਭਾਦਰੋ ੨੦੨੦ ਬਿਕਰਮੀ ਦਰਸ਼ਨ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਗੁਰਸਿਖ ਕਹੇ ਸਦ ਤੇਰਾ ਸਹਾਰਾ, ਸਤਿਗੁਰ ਤੇਰੀ ਸਰਨਾਈਆ । ਤੁਧ ਬਿਨ ਦਿਸੇ ਨਾ ਕੋਇ ਕਿਨਾਰਾ, ਖੇਵਟ ਰੂਪ ਨਾ ਕੋਇ ਵਖਾਈਆ । ਚਾਰ ਕੁੰਟ ਧੂਆਂਧਾਰਾ, ਸਾਚਾ ਨੂਰ ਨਾ ਕੋਇ ਚਮਕਾਈਆ । ਨਾ ਕੋਈ ਮੀਤ ਮਿੱਤਰ ਪਿਆਰਾ, ਸਗਲਾ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਆਪਣੇ ਮੇਲ ਮਿਲਾਈਆ । ਗੁਰਸਿਖ ਕਹੇ ਬਿਨ ਸਤਿਗੁਰ ਤੇਰੇ, ਮੇਰੀ ਸਾਰ ਕੋਇ ਨਾ ਪਾਇੰਦਾ । ਭਾਂਡਾ ਭਰਮ ਭੌ ਕੋਈ ਨਾ ਢਾਹੇ ਡੇਰੇ, ਕੂੜੀ ਕਿਰਿਆ ਨਾ ਕੋਇ ਮਿਟਾਇੰਦਾ । ਪੰਚ ਵਿਕਾਰ ਲੱਗੇ ਝੇੜੇ, ਝਗੜਾ ਅੰਤ ਨਾ ਕੋਇ ਚੁਕਾਇੰਦਾ । ਵਸਦੇ ਉਜੜਨ ਦਿਸਣ ਖੇੜੇ, ਖੇੜਾ ਬੰਕ ਸੋਭਾ ਕੋਇ ਨਾ ਪਾਇੰਦਾ । ਕੋਈ ਨਾ ਕਰੇ ਹੱਕ ਨਬੇੜੇ, ਹਕੀਕਤ ਸਚ ਨਾ ਕੋਇ ਸਮਝਾਇੰਦਾ । ਸ੍ਰਿਸ਼ਟ ਸਬਾਈ ਛੱਡ ਕੇ ਸਾਹਿਬ ਸਤਿਗੁਰ ਤੇਰੇ ਹੋਏ ਚੇਰੇ, ਚੇਲਾ ਗੁਰੂ ਇਕੋ ਘਰ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਮੋਹੇ ਭਾਇੰਦਾ । ਗੁਰਸਿਖ ਕਹੇ ਮੇਰੇ ਮਹਾਰਾਜ, ਪਾਰਬ੍ਰਹਮ ਤੇਰੀ ਵਡਿਆਈਆ । ਤੇਰੇ ਪ੍ਰੇਮ ਦਾ ਇਕ ਮੁਹਤਾਜ, ਬੈਠਾ ਧਿਆਨ ਲਗਾਈਆ । ਅੰਤਰ ਆਤਮ ਮਾਰ ਆਵਾਜ਼, ਸੁਤਿਆਂ ਮਾਤ ਜਗਾਈਆ । ਨਿਰਗੁਣ ਹੋ ਕੇ ਰਚੇ ਕਾਜ, ਸਰਗੁਣ ਕਰ ਕੁੜਮਾਈਆ । ਜਗਤ ਸੰਸਾਰੀ ਰੱਖ ਲਾਜ, ਵੱਡ ਭੰਡਾਰੀ ਫੇਰਾ ਪਾਈਆ । ਚਰਨ ਧੂੜੀ ਮਜਨ ਕਰੀਏ ਮਾਘ, ਦੁਰਮਤ ਮੈਲ ਰਹਿਣ ਨਾ ਪਾਈਆ । ਡੁਬਦਾ ਬੇੜਾ ਪਾਰ ਕਰ ਜਹਾਜ਼, ਨਈਆ ਨੌਕਾ ਇਕ ਵਖਾਈਆ । ਤੇਰੇ ਸੀਸ ਦਿਸੇ ਪ੍ਰਭ ਤਾਜ, ਧੁਰ ਦਾ ਹੁਕਮ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਧ ਬਿਨ ਬੇਨੰਤੀ ਕੋਇ ਨਾ ਸੁਣਨੇ ਆਈਆ ।

## ✪ ੨੯ ਭਾਦਰੋ ੨੦੨੦ ਬਿਕਰਮੀ ਲਾਲ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਗੁਰਸਿਖ ਸਦਾ ਉਜਲ ਮੁਖ, ਸਦਾ ਸਦਾ ਵਡਿਆਈਆ । ਲੇਖੇ ਲੱਗੇ ਜਨਮ ਮਨੁੱਖ, ਮਾਣਸ ਰੰਗ ਰੰਗਾਈਆ । ਆਵਣ ਜਾਵਣ ਮਿਟੇ ਦੁੱਖ, ਕਰਮ ਕਾਂਡ ਚੁਕਾਈਆ । ਸਫ਼ਲ ਕਰਾਏ ਜਨਨੀ ਕੁੱਖ, ਧੰਨ ਜਣੇਂਦੀ ਮਾਈਆ । ਸਤਿਗੁਰ ਗੋਦੀ ਲਏ ਚੁੱਕ, ਸਿਰ ਆਪਣਾ ਹੱਥ ਰਖਾਈਆ । ਮਾਤ ਗਰਭ ਨਾ ਹੋਵੇ ਉਲਟਾ ਰੁਖ਼, ਜੂਨੀ ਜੂਨ ਨਾ ਕੋਇ ਭਵਾਈਆ । ਵੇਲੇ ਅੰਤਮ ਆ ਕੇ ਲਏ ਪੁਛ, ਆਪਣਾ ਮੇਲਾ ਲਏ ਮਿਲਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਦਾ ਤਰਾਈਆ । ਗੁਰਸਿਖ ਮੇਟੇ ਰੋਗ ਸੰਤਾਪ, ਸਤਿਗੁਰ ਦਇਆ ਕਮਾਈਆ । ਸਚ ਬੁਝਾਏ ਆਪਣਾ ਆਪ, ਆਪ ਆਪਣਾ ਮੇਲ ਮਿਲਾਈਆ । ਆਤਮ ਪਰਮਾਤਮ ਸੋਹੰ ਜਾਪ, ਸਚ ਸਚ ਕਰੇ ਪੜ੍ਹਾਈਆ । ਲੇਖਾ ਚੁਕੇ ਲੋਕਮਾਤ, ਅੱਗੇ ਮਿਲੇ ਇਕ ਸਰਨਾਈਆ । ਉਤਮ ਹੋਵੇ ਹਰਿਜਨ ਤੇਰੀ ਜ਼ਾਤ, ਮਜ਼੍ਹਬ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਗੁਰਮੁਖਾਂ ਸੱਜਣ ਬਣਿਆ ਸਾਕ, ਤਿਨ੍ਹਾਂ ਨਾਤਾ ਇਕੋ ਜੁੜਾਈਆ ।

✪ ੨੬ ਭਾਦਰੋ ੨੦੨੦ ਬਿਕਰਮੀ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਕਿਰਪਾ ਕਰੇ ਗੁਰ ਗੋਪਾਲਾ, ਗਹਿਰ ਗੰਭੀਰ ਦਇਆ ਕਮਾਈਆ । ਗੁਰਮੁਖ ਵੇਖੇ ਸਾਚਾ ਲਾਲਾ, ਅਮੁਲੜਾ ਲਾਲ ਆਪ ਪਰਗਟਾਈਆ । ਮਾਰਗ ਦੱਸੇ ਇਕ ਸੁਖਾਲਾ, ਮੰਤਰ ਨਾਮ ਕਰੇ ਪੜ੍ਹਾਈਆ । ਕੂੜੀ ਕਿਰਿਆ ਤੋੜ ਜੰਜਾਲਾ, ਜੀਵਣ ਜੁਗਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਲਗਾਈਆ । ਸਚ ਪ੍ਰੀਤੀ ਚਰਨ ਜੋੜ, ਗੁਰਮੁਖ ਜੋੜੀ ਜੋੜ ਜੁੜਾਇੰਦਾ । ਅੰਤ ਨਿਭਾਏ ਲੱਗੀ ਤੋੜ, ਕਰ ਕਿਰਪਾ ਦਇਆ ਕਮਾਇੰਦਾ । ਕਰ ਪਰਕਾਸ਼ ਅੰਧੇਰੇ ਘੋਰ, ਸਾਚਾ ਨੂਰ ਇਕ ਚਮਕਾਇੰਦਾ । ਪੰਚ ਵਿਕਾਰ ਨਾ ਕਰੇ ਸ਼ੋਰ, ਸ਼ੋਰਸ਼ ਸਭ ਦੀ ਮੇਟ ਮਿਟਾਇੰਦਾ । ਆਪਣੇ ਹੱਥ ਪਕੜੇ ਡੋਰ, ਚਾਰੇ ਕੁੰਟ ਆਪ ਭੁਆਇੰਦਾ । ਕਿਰਪਾ ਕਰ ਕੇ ਗੁਰਸਿਖਾਂ ਆਪਣੇ ਨਾਲ ਲਏ ਤੋਰ, ਅੱਗੇ ਪਿਛੇ ਆਪਣਾ ਖੇਲ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖਾਂ ਸਦਾ ਰੱਖੇ ਲੋੜ, ਲੋੜ ਗੁਰਮੁਖਾਂ ਪੂਰਨ ਆਪ ਕਰਾਇੰਦਾ ।

✪ ੨੬ ਭਾਦਰੋ ੨੦੨੦ ਬਿਕਰਮੀ ਪਰੀਤਮ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਗੁਰਸਿਖ ਸੋਹੇ ਸਾਚਾ ਬੰਕ, ਭਗਤ ਦੁਆਰ ਵਡਿਆਈਆ । ਲੇਖਾ ਚੁੱਕੇ ਰਾਉ ਰੰਕ, ਰੰਕ ਰਾਜਾਨ ਇਕੋ ਨਜ਼ਰੀ ਆਈਆ । ਸੁਣੇ ਨਾਮ ਸਾਚਾ ਡੰਕ, ਸਚ ਸ਼ਬਦ ਸ਼ਨਵਾਈਆ । ਮਾਣਸ ਜਨਮ ਬਣੇ ਬਣਤ, ਲੇਖਾ ਚੁਕੇ ਲੇਖਾ ਕੋਇ ਰਹਿਣ ਨਾ ਪਾਈਆ । ਅੰਤਮ ਮੇਲਾ ਹਰਿ ਜੂ ਕੰਤ, ਸ੍ਰੀ ਭਗਵੰਤ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਲੇਖੇ ਪਾਈਆ । ਗੁਰਸਿਖ ਲੇਖਾ ਸਦਾ ਏਕ, ਏਕੰਕਾਰ ਮੁਕਾਈਆ । ਪਰਮ ਪੁਰਖ ਦੀ ਸਾਚੀ ਟੇਕ, ਪਰਮਾਤਮ ਆਤਮ ਦਏ ਸਮਝਾਈਆ । ਨਿਰਵੈਰ ਪੁਰਖ ਚੇਤਨ ਚੇਤ, ਨਿਜ ਘਰ ਬੈਠਾ ਡੇਰਾ ਲਾਈਆ । ਨਿਤ ਨਵਿਤ ਕਰੇ ਹੇਤ, ਜੁਗ ਜੁਗ ਵੇਖ ਵਖਾਈਆ । ਜਿਨ੍ਹਾਂ ਲੱਗੀ ਧੁਰ ਮਸਤਕ ਮੇਖ, ਤਿਨ੍ਹਾਂ ਮਿਲੇ ਹਰਿ ਗੋਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਵਸਾਏ ਆਪਣੇ ਦੇਸ, ਸਚ ਦੁਆਰੇ ਦਏ ਬਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਬਖ਼ਸ਼ੇ ਟੇਕ, ਤਿਨ੍ਹਾਂ ਟਿੱਕਾ ਮਸਤਕ ਨਾਮ ਲਗਾਈਆ ।

## ✪ ੨੬ ਭਾਦਰੋ ੨੦੨੦ ਬਿਕਰਮੀ ਪੂਰਨ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਗੁਰਸਿਖ ਕਰੇ ਚਰਨ ਬੰਦਨ, ਬੰਦਗੀ ਇਕ ਪਰਨਾਮ । ਸਤਿਗੁਰ ਪੂਰਾ ਤੋੜੇ ਬੰਧਨ, ਕਾਰਜ ਕਰੇ ਕਾਮ । ਦੇਵੇ ਇਕ ਅਨੰਦਨ, ਆਤਮ ਕਰ ਬਿਸਰਾਮ । ਸੁਣਾਵੇ ਸਾਚਾ ਛੰਦਨ, ਸੋਹੰ ਢੋਲਾ ਅਗੰਮੀ ਗਾਨ, ਤਿਲਕ ਲਲਾਟੀ ਲਾਵੇ ਚੰਦਨ, ਧੂੜੀ ਬਖ਼ਸ਼ੇ ਇਕ ਅਸ਼ਨਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਕਰ ਪਰਵਾਨ । ਗੁਰਸਿਖ ਮੰਗੇ ਧੂੜੀ ਖ਼ਾਕ, ਖ਼ਾਕੀ ਖ਼ਾਕ ਰਮਾਈਆ । ਸਤਿਗੁਰ ਪੂਰਾ ਖੋਲ੍ਹੇ ਤਾਕ, ਬੰਦ ਕਿਵਾੜ ਖੁਲ੍ਹਾਈਆ । ਨਿਰਗੁਣ ਸਰਗੁਣ ਵਚੋਲਾ ਬਣ ਕੇ ਆਪ, ਸਾਚਾ ਮੇਲ ਮਿਲਾਈਆ । ਨਾਮ ਜਣਾਏ ਧੁਰ ਦਾ ਜਾਪ, ਬੋਧ ਕਰੇ ਪੜ੍ਹਾਈਆ । ਸਚ ਪ੍ਰੀਤੀ ਜੋੜੇ ਨਾਤ, ਸੱਜਣ ਸੈਣ ਰੂਪ ਵਟਾਈਆ । ਅੰਤਮ ਰੱਖੇ ਦੇ ਕਰ ਹਾਥ, ਸਮਰਥ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਕਰੇ ਆਪਣੇ ਦਾਸ, ਘਰ ਸਾਚੇ ਸੇਵ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦੇ ਕੱਟ ਪਾਪ, ਪੱਤਤ ਪਾਪੀ ਲਏ ਤਰਾਈਆ ।

## ✪ ੨੬ ਭਾਦਰੋ ੨੦੨੦ ਬਿਕਰਮੀ ਹਰਨਾਮ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪



ਸਤਿਗੁਰ ਪੂਰਾ ਬਖ਼ਸ਼ਣ ਜੋਗ, ਪੁਰਖ ਅਕਾਲ ਵੱਡੀ ਵਡਿਆਈਆ । ਗੁਰਮੁਖਾਂ ਦਰਸ ਦੇਵੇ ਅਮੋਘ, ਨਿਜ ਨੇਤਰ ਨੈਣ ਖੁਲ੍ਹਾਈਆ । ਅੰਮ੍ਰਿਤ ਰਸ ਚੁਗਾਏ ਸਾਚੀ ਚੋਗ, ਤ੍ਰਿਸਨਾ ਭੁੱਖ ਮਿਟਾਈਆ । ਹਉਮੇ ਹੰਗਤਾ ਕਟੇ ਰੋਗ, ਚਿੰਤਾ ਸੋਗ ਦਏ ਗਵਾਈਆ । ਨਾਮ ਸੁਣਾਏ ਇਕ ਸਲੋਕ, ਧੁਰ ਦੀ ਬਾਣੀ ਬਾਣ ਲਗਾਈਆ । ਭਾਗ ਲਗਾਏ ਕਾਇਆ ਕੋਟ, ਸਾਚੇ ਮੰਦਰ ਦਇਆ ਕਮਾਈਆ । ਕਰੇ ਪਰਕਾਸ਼ ਨਿਰਮਲ ਜੋਤ, ਨੂਰੋ ਨੂਰ ਨੂਰ ਰੁਸ਼ਨਾਈਆ । ਸਚ ਲਗਾਏ ਅਗੰਮੀ ਚੋਟ, ਸ਼ਬਦ ਨਗਾਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਮਾਣ ਵਡਿਆਈਆ । ਸਤਿਗੁਰ ਪੂਰਾ ਸੱਚਾ ਸੁਆਮੀ, ਪੁਰਖ ਅਕਾਲ ਇਕ ਅਖਵਾਇੰਦਾ । ਆਦਿ ਜੁਗਾਦਿ ਅੰਤਰਜਾਮੀ, ਜੁਗ ਚੌਕੜੀ ਘਟ ਘਟ ਵੇਖ ਵਖਾਇੰਦਾ । ਧੁਰ ਸੰਦੇਸ ਸੁਣਾਏ ਧੁਰ ਦੀ ਬਾਣੀ, ਬੋਧ ਅਗਾਧਾ ਨਾਉਂ ਪਰਗਟਾਇੰਦਾ । ਦੋ ਜਹਾਨਾਂ ਹੋਵੇ ਜਾਣ ਜਾਣੀ, ਬ੍ਰਹਿਮੰਡ ਖੰਡ ਭੇਵ ਖੁਲ੍ਹਾਇੰਦਾ । ਅੰਮ੍ਰਿਤ ਆਤਮ ਬਖ਼ਸ਼ਣਹਾਰਾ ਠੰਡਾ ਪਾਣੀ, ਸਚ ਸਰੋਵਰ ਇਕ ਜਣਾਇੰਦਾ । ਵਸਤ ਅਮੋਲਕ ਦੇਵਣਹਾਰਾ ਦਾਤ ਦਾਨੀ, ਦਇਆਵਾਨ ਦਇਆ ਕਮਾਇੰਦਾ । ਸਚਖੰਡ ਦੀ ਸਚ ਨਿਸ਼ਾਨੀ, ਆਤਮ ਪਰਮਾਤਮ ਆਪ ਬੁਝਾਇੰਦਾ । ਪਾਰਬ੍ਰਹਮ ਬ੍ਰਹਮ ਕਰ ਵਡ ਵਿਦਵਾਨੀ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਦਰਸ ਕਰਾਏ ਜੋਤ ਨੂਰਾਨੀ, ਅੰਧ ਅੰਧੇਰ ਮੇਟ ਮਿਟਾਇੰਦਾ । ਲੇਖਾ ਚੁਕਾਏ ਚਾਰ ਖਾਣੀ, ਚਾਰੇ ਬਾਣੀ ਪੜਦਾ ਲਾਹਿੰਦਾ । ਦੇਵਣਹਾਰਾ ਪਦ ਨਿਰਬਾਣੀ, ਮਹੱਲ ਅਟੱਲ ਇਕ ਸਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਸਤਿਗੁਰ ਪੂਰਾ ਪੁਰਖ ਸਮਰਥ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਜੁਗ ਚੌਕੜੀ ਹੋ ਪਰਗਟ, ਨਿਰਗੁਣ ਸਰਗੁਣ ਸੇਵ ਕਮਾਈਆ । ਨਾਮ ਖੁਲ੍ਹਾਏ ਧੁਰ ਦਾ ਹੱਟ, ਜਗਤ ਵਣਜਾਰਾ ਰੂਪ ਵਟਾਈਆ । ਗੁਰਮੁਖ ਵਿਰਲੇ ਮਾਰਗ ਦੱਸ, ਸਾਚਾ

ਰਾਹ ਦਏ ਸਮਝਾਈਆ । ਆਤਮ ਸੇਜਾ ਸਾਚੇ ਮੰਦਰ ਚੜ੍ਹੇ ਭੱਜ, ਦੂਰ ਦੁਰਾਡਾ ਪੰਧ ਮੁਕਾਈਆ । ਸਾਚੇ ਕਾਅਬੇ ਕਰਾਏ ਹੱਜ, ਹੁਜਰਾ ਇਕੋ ਇਕ ਵਖਾਈਆ । ਨੌਬਤ ਨਾਮ ਜਾਏ ਵੱਜ, ਧੁਰ ਦਾ ਰਾਗੀ ਅਨਰਾਗੀ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਗੁਰਮੁਖ ਸਤਿਗੁਰ ਆਪਣੇ ਘਰ ਮਿਲਾਈਆ । ਸਤਿਗੁਰ ਪੂਰਾ ਉਚ ਅਗੰਮ, ਬੇਪਰਵਾਹ ਖੇਲ ਕਰਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਡੇਰਾ ਲਾਇੰਦਾ । ਜੁਗ ਚੌਕੜੀ ਕਰੇ ਆਪਣਾ ਕੰਮ, ਹਰਿ ਕਰਤਾ ਕਾਰ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਜਾਣ ਦੋ ਜਹਾਨ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਇੰਦਾ । ਵਸਤ ਅਮੋਲਕ ਦੇਵਣਹਾਰਾ ਨਾਮ ਧਨ, ਸਚ ਖ਼ਜ਼ੀਨਾ ਆਪ ਵਰਤਾਇੰਦਾ । ਗੁਰਸਿਖਾਂ ਬੇੜਾ ਦੇਵੇ ਬੰਨ੍ਹ, ਗੁਰਮੁਖ ਸਾਚੇ ਪਾਰ ਕਰਾਇੰਦਾ । ਧਰਮ ਦੁਆਰੇ ਚਾੜ੍ਹੇ ਚੰਨ, ਚੰਦ ਚਾਂਦਨਾ ਨੂਰ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਤਿਸ ਦੂਜਾ ਦਰ ਨਜ਼ਰ ਕੋਇ ਨਾ ਆਇੰਦਾ । ਸਤਿਗੁਰ ਪੂਰਾ ਕਰਤਾ ਪੁਰਖ, ਪੁਰਖੋਤਮ ਵਡ ਵਡਿਆਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਗੁਰਸਿਖਾਂ ਦੇਵੇ ਆਪਣਾ ਦਰਸ, ਘਰ ਘਰ ਫੇਰਾ ਪਾਈਆ । ਜਨਮ ਜਨਮ ਦੀ ਮੇਟੇ ਹਰਸ, ਹਵਸ ਅਵਰ ਨਾ ਕੋਇ ਵਧਾਈਆ । ਪੂਰਬ ਜਨਮ ਦਾ ਲਾਹਵੇ ਕਰਜ, ਲਹਿਣਾ ਦੇਣਾ ਰਿਹਾ ਚੁਕਾਈਆ । ਕਰੇ ਖੇਲ ਆਪ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਜੋਧਾ ਸੂਰਬੀਰ ਬਣ ਕੇ ਮਰਦ, ਮਰਦ ਮਰਦਾਨਾ ਹੋਏ ਸਹਾਈਆ । ਜਨਮ ਕਰਮ ਦੀ ਵੇਖੇ ਫ਼ਰਦ, ਅੱਖਰ ਅੱਖਰ ਲਏ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਗੁਰਸਿਖ ਹਰਿਜਨ ਲਏ ਤਰਾਈਆ । ਸਤਿਗੁਰ ਪੂਰਾ ਤਾਰਨਹਾਰਾ, ਗਹਿਰ ਗੰਭੀਰ ਇਕ ਅਖਵਾਇੰਦਾ । ਜੁਗ ਜੁਗ ਲੈ ਮਾਤ ਅਵਤਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਸਰਬ ਜੀਆਂ ਦਾ ਬਣ ਕੇ ਸਾਂਝਾ ਯਾਰਾ, ਸਗਲ ਸ੍ਰਿਸ਼ਟੀ ਬੂਝ ਬੁਝਾਇੰਦਾ । ਆਪਣਾ ਨਾਮ ਨਿਧਾਨ ਕਰ ਉਜਿਆਰਾ, ਸਾਚਾ ਸੋਹਲਾ ਰਾਗ ਸੁਣਾਇੰਦਾ । ਕਲਜੁਗ ਅੰਤਮ ਕਰੇ ਖੇਲ ਅਪਾਰਾ, ਅਪਰੰਪਰ ਆਪਣੀ ਧਾਰ ਚਲਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਨਿਰਗੁਣ ਨਿਰਵੈਰ ਫੇਰਾ ਪਾਇੰਦਾ । ਗ਼ਰੀਬ ਨਿਮਾਣਿਆਂ ਦੇਵੇ ਸਹਾਰਾ, ਚਾਰ ਵਰਨਾਂ ਗੋਦ ਬਹਾਇੰਦਾ । ਜ਼ਾਤ ਪਾਤ ਤੇ ਵਸੇ ਬਾਹਰਾ, ਵਰਨ ਬਰਨ ਵੰਡ ਨਾ ਕੋਇ ਵੰਡਾਇੰਦਾ । ਆਤਮ ਪਰਮਾਤਮ ਕਰੇ ਪਿਆਰਾ, ਬ੍ਰਹਮ ਪਾਰਬ੍ਰਹਮ ਮਿਲਾਇੰਦਾ । ਸੁਰਤੀ ਸ਼ਬਦੀ ਦੇ ਸਹਾਰਾ, ਸਾਚਾ ਘਰ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਗੁਰ ਗੁਰ ਦੇਵੇ ਇਕ ਗਿਆਨ, ਆਤਮ ਅੰਤਰ ਇਕ ਭਗਵਾਨ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਤਿਗੁਰ ਪੂਰਾ ਬੇਪਰਵਾਹ, ਬੇਪਰਵਾਹੀ ਖੇਲ ਖਲਾਇੰਦਾ । ਜੁਗ ਜੁਗ ਬਣੇ ਮਾਤ ਮਲਾਹ, ਲੋਕ ਪਰਲੋਕ ਦਇਆ ਕਮਾਇੰਦਾ । ਚੌਦਾਂ ਲੋਕ ਵੇਖੇ ਥਾਉਂ ਥਾਂ, ਚੌਦਾਂ ਤਬਕਾਂ ਫੋਲ ਫੋਲਾਇੰਦਾ । ਕਾਇਆ ਮੰਦਰ ਡੂੰਘੇ ਅੰਦਰ ਪੜਦਾ ਦੇਵੇ ਲਾਹ, ਬਜਰ ਕਪਾਟੀ ਤੋੜ ਤੁੜਾਇੰਦਾ । ਅੰਮ੍ਰਿਤ ਆਤਮ ਸਾਚਾ ਜਾਮ ਦਏ ਪਿਆ, ਸਚ ਪਿਆਲਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਗਰ ਖੇੜਾ ਦਏ ਵਸਾ, ਜਿਸ ਘਰ ਅਪਣਾ ਆਸਣ ਲਾਇੰਦਾ । ਨਗਰ ਖੇੜਾ ਜਾਏ ਵਸ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਸਤਿਗੁਰ ਪੂਰਾ ਦੇਵੇ ਰਸ, ਰਸ ਰਸੀਆ ਇਕੋ ਮਾਹੀਆ । ਮੇਲ ਮਿਲਾਏ

ਹੱਸ ਹੱਸ, ਸੁਰਤ ਸ਼ਬਦ ਕਰੇ ਕੁੜਮਾਈਆ । ਲੇਖਾ ਜਾਣੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਭੇਵ ਦਏ ਜਣਾਈਆ । ਸਤਿ ਸੰਤੋਖ ਧੀਰਜ ਦੇਵੇ ਹੱਠ, ਸਿਰ ਆਪਣਾ ਹੱਥ ਟਿਕਾਈਆ । ਨਜ਼ਰੀ ਆਏ ਘਟ ਘਟ, ਘਰ ਘਰ ਰਿਹਾ ਸਮਾਈਆ । ਗੁਰਮੁਖ ਗੁਰਸਿਖ ਹਰਿ ਸੱਜਣ ਕਰ ਕੇ ਆਪਣੇ ਵਸ, ਵਸੀਕਾਰ ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਖੇਲ ਕਰੇ ਪੁਰਖ ਸਮਰਥ, ਸਮਰਥ ਆਪਣੀ ਦਇਆ ਕਮਾਈਆ ।

## ✪ ੨੬ ਭਾਦਰੋ ੨੦੨੦ ਬਿਕਰਮੀ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਗੁਰਸਿਖ ਮੰਗੇ ਸਾਚੀ ਮਿਹਰਾ, ਦੋਏ ਜੋੜ ਸਰਨਾਈਆ । ਆਵਣ ਜਾਵਣ ਚੁੱਕੇ ਝੇੜਾ, ਝਗੜਾ ਜਨਮ ਮਰਨ ਰਹੇ ਨਾ ਰਾਈਆ । ਲੇਖਾ ਚੁੱਕੇ ਤੇਰਾ ਮੇਰਾ, ਤੂੰ ਮੇਰਾ ਮੈਂ ਤੇਰਾ ਇਕੋ ਲਏ ਦਸਾਈਆ । ਕੂੜੀ ਕਿਰਿਆ ਢਹੇ ਡੇਰਾ, ਭਾਂਡਾ ਭਰਮ ਦੇ ਭੰਨਾਈਆ । ਤੂੰ ਸਤਿਗੁਰ ਮੈਂ ਤੇਰਾ ਚੇਰਾ, ਚੇਲਾ ਗੁਰੂ ਵੱਜੇ ਵਧਾਈਆ । ਵਸਦਾ ਰਹੇ ਸਾਚਾ ਖੇੜਾ, ਕਾਇਆ ਬੰਕ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਪਿਛਲਾ ਦੇ ਮੁਕਾਈਆ । ਸਤਿਗੁਰ ਕਹੇ ਸੁਣ ਗੁਰਸਿਖ ਮੀਤ, ਤੇਰਾ ਮਾਣ ਰਖਾਈਆ । ਸਦਾ ਸਦਾ ਸਦ ਵਸਾਂ ਚੀਤ, ਘਰ ਘਰ ਵਿਚ ਡੇਰਾ ਲਾਈਆ । ਕਾਇਆ ਕਾਅਬਾ ਮੰਦਰ ਮਸੀਤ, ਸਾਚਾ ਮੰਦਰ ਦਿਆਂ ਸੁਹਾਈਆ । ਨਿਤ ਉਠ ਗਾਵਾਂ ਤੇਰਾ ਗੀਤ, ਆਪਣਾ ਨਾਉਂ ਦਿਆਂ ਸਮਝਾਈਆ । ਸਾਚੀ ਸਿਖਿਆ ਲੈਣੀ ਸੀਖ, ਸੁਖਦਾਇਕ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦਏ ਚੁਕਾਈਆ । ਗੁਰਸਿਖ ਕਹੇ ਮੇਰੇ ਗੋਬਿੰਦ, ਪਾਰਬ੍ਰਹਮ ਤੇਰੀ ਸਰਨਾਈਆ । ਜਨਮ ਜਨਮ ਨਾ ਮਿਟੇ ਚਿੰਦ, ਚਿੰਤਾ ਸਕੇ ਨਾ ਕੋਇ ਗਵਾਈਆ । ਗੁਰਮੁਖ ਗੁਰਸਿਖ ਠਾਕਰ ਤੇਰੀ ਬਿੰਦ, ਅੰਤਮ ਲੇਖਾ ਲੈ ਲਗਾਈਆ । ਦਾਤੇ ਦਾਨੀ ਗੁਣੀ ਗਹਿੰਦ, ਤੇਰੇ ਹੱਥ ਦਿਤੀ ਫੜਾਈਆ । ਕਲਜੁਗ ਵਹਿਣ ਡੂੰਘੀ ਧਾਰ ਸਾਗਰ ਸਿੰਧ, ਦਿਸੇ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਬੰਧਨ ਦੇ ਕਟਾਈਆ । ਗੁਰਸਿਖ ਸਾਚੇ ਸੁਣ ਲਾ ਕੰਨ, ਹਰਿ ਕਰਤਾ ਆਪ ਜਣਾਈਆ । ਮਨ ਮਨਸਾ ਮੇਟ ਮਨ, ਮਨ ਕਾ ਮਣਕਾ ਦਏ ਭਵਾਈਆ । ਸਾਚਾ ਗੀਤ ਗਾਓ ਜਨ, ਬਿਨ ਰਬਾਬ ਵਜਾਈਆ । ਰਸਨਾ ਕਹੇ ਧੰਨ ਧੰਨ, ਧੰਨ ਪ੍ਰਭੂ ਸਰਨਾਈਆ । ਹੋਏ ਪਰਕਾਸ਼ ਨੇਤਰ ਅੰਨ, ਸਚ ਗਿਆਨ ਦਏ ਦ੍ਰਿੜਾਈਆ । ਰਾਏ ਧਰਮ ਨਾ ਦੇਵੇ ਡੰਨ, ਚਿਤਰ ਗੁਪਤ ਨਾ ਲੇਖ ਵਖਾਈਆ । ਅੰਤ ਵਸੇਰਾ ਬਿਨ ਛੱਪਰੀ ਛੰਨ, ਸਾਚੇ ਮੰਦਰ ਲਏ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨ ਦਿਆਲ ਸਦਾ ਸਹਾਈਆ । ਗੁਰਸਿਖ ਕਹੇ ਮੇਰੇ ਭਗਵੰਤ, ਭਗਵਨ ਤੇਰੀ ਇਕ ਸਰਨਾਈਆ । ਮੈਂ ਨਾਰੀ ਤੂੰ ਮੇਰਾ ਕੰਤ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਤੇਰੀ ਮਹਿਮਾ ਸਦਾ ਅਗਣਤ, ਜੀਵ ਜੰਤ ਸਕੇ ਨਾ ਕੋਇ ਗਾਈਆ । ਤੇਰਾ ਭੇਵ ਨਾ ਪਾਏ ਕੋਈ ਪੰਡਤ, ਪੰਡਤ ਪਾਂਧੇ ਬੈਠੇ ਧਿਆਨ ਲਗਾਈਆ । ਤੇਰਾ ਧੁਰ ਦਾ ਨਾਮ ਸੱਚਾ ਮੰਤ, ਮੰਤਰ ਇਕੋ ਦੇ ਸਮਝਾਈਆ । ਮਾਨਸ ਜਨਮ ਬਣੇ ਬਣਤ, ਦੂਜੀ ਵਾਰ ਫੇਰਾ ਕੋਈ ਨਾ ਪਾਈਆ । ਦਰ ਤੇਰੇ ਉਤੇ

ਆਏ ਮੰਗਤ, ਮੰਗਣ ਵਸਤ ਚਾਈਂ ਚਾਈਆ । ਸਚ ਪ੍ਰੀਤੀ ਚਾੜ੍ਹ ਰੰਗਤ, ਤਨ ਉਤਰ ਕਦੇ ਨਾ ਜਾਈਆ । ਮੇਲ ਮਿਲਾ ਸਾਚੀ ਸੰਗਤ, ਸਗਲਾ ਸੰਗ ਨਿਭਾਈਆ । ਮਾਣਸ ਜਨਮ ਨਾ ਹੋਏ ਭੰਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਰਿਹਾ ਸਮਝਾਈਆ । ਗੁਰਮੁਖ ਤੇਰਾ ਮੇਲਾ ਸੰਗਤ, ਸੰਗਤ ਹਰਿ ਹਰਿ ਰੂਪ ਵਖਾਈਆ । ਨਾਤਾ ਤੁਟੇ ਦੋਜ਼ਖ਼ ਬਹਿਸ਼ਤ ਜੰਨਤ, ਸਚਖੰਡ ਸਾਚੇ ਵੱਜੇ ਵਧਾਈਆ । ਦੂਜੇ ਦਰ ਨਾ ਜਾਣਾ ਮੰਗਤ, ਅਨਮੰਗਿਆਂ ਦਾਨ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਬੇੜਾ ਇਕ ਵਖਾਈਆ । ਗੁਰਸਿਖ ਸੰਗਤ ਵੇਖ ਬੇੜਾ, ਹਰਿ ਕਰਤਾ ਆਪ ਬੰਧਾਈਆ । ਉਪਰ ਚੜ੍ਹਿਆ ਜਿਹੜਾ ਜਿਹੜਾ, ਸੋ ਬੰਨੇ ਦੇਵੇ ਲਾਈਆ । ਆਪ ਵਸਾਏ ਦੁਆਰਾ ਖੇੜਾ, ਜਿਸ ਘਰ ਵਸੇ ਬੇਪਰਵਾਹੀਆ । ਦੂਰ ਦੁਰਾਡਾ ਪੰਧ ਆਇਆ ਨੇੜਾ, ਨੇਰਨ ਨੇਰਾ ਵੇਖ ਵਖਾਈਆ । ਗੁਰਮੁਖ ਰੱਖੇ ਮਨ ਚਾਓ ਘਨੇਰਾ, ਘਰ ਇਕੋ ਓਟ ਤਕਾਈਆ । ਸਤਿਗੁਰ ਅੰਤਮ ਮਿਲੇ ਮੇਰਾ, ਮੇਰੀ ਝੋਲੀ ਦਏ ਭਰਾਈਆ । ਜਮ ਕਾ ਫਾਸ ਕਟੇ ਜੇੜਾ, ਸਵਾਸ ਸਵਾਸ ਲੇਖੇ ਲਾਈਆ । ਕਰੇ ਕਰਾਏ ਹੱਕ ਨਬੇੜਾ, ਹੱਕੋ ਹੱਕ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਗੁਰਸਿਖ ਹਰਿ ਸੰਗਤ ਵਸਾਇਆ ਸਾਚਾ ਡੇਰਾ, ਜਿਸ ਡੇਰੇ ਅੰਦਰ ਵੜਿਆ ਹਰਿ ਰਘੁਰਾਈਆ ।



## ੨੯ ਭਾਦਰੋ ੨੦੨੦ ਬਿਕਰਮੀ ਸਰਮੁਖ ਸਿੰਘ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ

ਹਰਿ ਸਤਿਗੁਰ ਖੇਲ ਸਦਾ ਅਨੋਖਾ, ਨਵ ਨੌ ਸਮਝ ਕੋਇ ਨਾ ਪਾਈਆ । ਲੇਖਾ ਜਾਣੇ ਲੋਕ ਪਰਲੋਕਾ, ਦੋ ਜਹਾਨਾਂ ਹੁਕਮ ਵਰਤਾਈਆ । ਨਾਮ ਪਰਗਟਾਏ ਸਚ ਸਲੋਕਾ, ਜੁਗ ਚੌਕੜੀ ਕਰੇ ਪੜ੍ਹਾਈਆ । ਨਿਤ ਨਵਿਤ ਜਨ ਭਗਤਾਂ ਮਾਰਗ ਦੱਸੇ ਸੌਖਾ, ਔਝੜ ਰਾਹ ਨਾ ਕੋਇ ਪਾਈਆ । ਨਿਰਗੁਣ ਸਰਗੁਣ ਮਿਲਣ ਦਾ ਦੇਵੇ ਮੌਕਾ, ਮਾਣਸ ਜਨਮ ਮਾਤ ਪਰਗਟਾਈਆ । ਸ਼ਬਦੀ ਸ਼ਬਦ ਉਚੀ ਕੂਕ ਦੇਵੇ ਹੋਕਾ, ਧੁਰ ਦਾ ਨਾਮ ਇਕ ਸੁਣਾਈਆ । ਕਿਸੇ ਨਾਲ ਕਰੇ ਕਦੇ ਨਾ ਧੋਖਾ, ਸਚ ਸੁਚ ਕਰੇ ਪੜ੍ਹਾਈਆ । ਸਾਚੇ ਸੰਤਾਂ ਬਖ਼ਸ਼ੇ ਇਕੋ ਓਟਾ, ਪਾਰਬ੍ਰਹਮ ਸੱਚੀ ਸਰਨਾਈਆ । ਕਰੇ ਪਰਕਾਸ਼ ਨਿਰਮਲ ਜੋਤਾ, ਨੂਰੋ ਨੂਰ ਨੂਰ ਧਰਾਈਆ । ਲਹਿਣਾ ਚੁਕਾਏ ਵਰਨ ਗੋਤਾ, ਜ਼ਾਤ ਪਾਤ ਨਾ ਕੋਇ ਰਖਾਈਆ । ਕਾਇਆ ਮੰਦਰ ਸੁਹਾਏ ਸਾਚਾ ਕੋਠਾ, ਸਾਢੇ ਤਿੰਨ ਹੱਥ ਸੋਭਾ ਪਾਈਆ । ਡੂੰਘੀ ਭਵਰੀ ਮਾਰੇ ਗ਼ੋਤਾ, ਕਾਇਆ ਕਵਰੀ ਖੋਜ ਖੁਜਾਈਆ । ਗੁਰਮੁਖਾਂ ਮੇਟੇ ਜਨਮ ਜਨਮ ਦਾ ਰੋਸਾ, ਸੋਈ ਸੁਰਤੀ ਲਏ ਜਗਾਈਆ । ਪੰਜ ਤਤ ਪਾਣੀ ਕਦੇ ਨਾ ਹੋਵੇ ਕੋਸਾ, ਅੰਮ੍ਰਿਤ ਮੇਘ ਝਿਰਨਾ ਇਕ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਇਕੋ ਦਰ ਸਮਝਾਈਆ । ਸਤਿਗੁਰ ਪੂਰਾ ਉਚ ਅਪਾਰ, ਸਚਖੰਡ ਨਿਵਾਸੀ ਦਇਆ ਕਮਾਈਆ । ਸਾਚੇ ਭਗਤਾਂ ਲਏ ਉਭਾਰ, ਭਗਵਨ ਆਪਣਾ ਪੜਦਾ ਲਾਹੀਆ । ਸਾਚੇ ਸੰਤਾਂ ਦਏ ਦੀਦਾਰ, ਨਿਜ ਨੇਤਰ ਅੱਖ ਖੁਲ੍ਹਾਈਆ । ਸਾਚੇ ਗੁਰਮੁਖ ਲਾਏ ਪਾਰ, ਜੁਗ ਜੁਗ ਬੇੜਾ ਪਾਰ ਕਰਾਈਆ । ਸਾਚੇ ਗੁਰਸਿਖ ਲਏ ਉਠਾਲ, ਗੂੜ੍ਹੀ ਨੀਂਦ ਨਾ

ਕੋਇ ਸੁਆਈਆ । ਨਾਤਾ ਤੋੜ ਕਾਲ ਮਹਾਂਕਾਲ, ਮਹਿਮਾ ਆਪਣੀ ਦਏ ਜਣਾਈਆ । ਅੱਠੇ ਪਹਿਰ ਦਿਵਸ ਰੈਣ ਘੜੀ ਪਲ ਵਸੇ ਨਾਲ, ਜਗਤ ਵਿਛੋੜਾ ਨਾ ਕੋਇ ਜਣਾਈਆ । ਨਿਰਗੁਣ ਸਰਗੁਣ ਘਾਲਣ ਲਏ ਘਾਲ, ਪੁਰਖ ਅਕਾਲ ਬੇਪਰਵਾਹੀਆ । ਆਪ ਉਠਾਏ ਅਵਾਣੇ ਬਾਲ, ਸਾਚੀ ਗੋਦੀ ਆਪ ਬਹਾਈਆ । ਏਥੇ ਓਥੇ ਬਣ ਦਲਾਲ, ਦੋ ਜਹਾਨਾਂ ਪਾਰ ਕਰਾਈਆ । ਸਾਚਾ ਮੰਤਰ ਦਏ ਸਿਖਾਲ, ਕਰੇ ਕਰਾਏ ਇਕ ਪੜ੍ਹਾਈਆ । ਚੌਦਾਂ ਵਿਦਿਆ ਹੋਏ ਬੇਹਾਲ, ਚਾਰੋ ਕੁੰਟ ਕੂਕੇ ਦਏ ਦੁਹਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਪ੍ਰਭ ਜੋਤੀ ਮਿਲਣ ਆਣ, ਅੰਤਮ ਜੋਤੀ ਜੋਤ ਸਮਾਈਆ । ਸਚਖੰਡ ਵਸਣ ਸੱਚੀ ਧਰਮਸਾਲ, ਧਰਮ ਦੁਆਰੇ ਡੇਰਾ ਲਾਈਆ । ਓਥੇ ਨਾ ਕੋਈ ਸ਼ਾਹ ਨਾ ਕੰਗਾਲ, ਊਚ ਨੀਚ ਨਜ਼ਰ ਕੋਇ ਨਾ ਆਈਆ । ਨਾ ਕੋਈ ਭੂਪ ਰਾਜ ਰਾਜਾਨ, ਰੰਗ ਰੂਪ ਨਾ ਕੋਇ ਵਟਾਈਆ । ਤਖ਼ਤ ਨਿਵਾਸੀ ਨੌਜਵਾਨ, ਸ੍ਰੀ ਭਗਵਾਨ ਡੇਰਾ ਲਾਈਆ । ਦੇਵਣਹਾਰਾ ਇਕ ਫ਼ਰਮਾਣ, ਧੁਰ ਸੰਦੇਸ਼ਾ ਸ਼ਬਦ ਸੁਣਾਈਆ । ਜਨ ਭਗਤੋ ਮਿਲੋ ਆਣ, ਘਰ ਦਰਵਾਜ਼ਾ ਰਿਹਾ ਖੁਲ੍ਹਾਈਆ । ਸਾਚੇ ਸੰਤੋ ਕਰੋ ਪਹਿਚਾਨ, ਬੇਪਹਿਚਾਨ ਫੇਰਾ ਪਾਈਆ । ਗੁਰਮੁਖ ਗੁਰ ਕਾ ਕਰੋ ਧਿਆਨ, ਗੋਝ ਭੇਵ ਖੁਲ੍ਹਾਈਆ । ਗੁਰਸਿਖ ਗੁਰ ਚਰਨ ਕਰੋ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਆਤਮ ਮੇਲ ਪਰਮਾਤਮ ਬ੍ਰਹਮ ਪਾਰਬ੍ਰਹਮ ਨਿਹਕਰਮੀ ਬਿਨ ਕਰਮ ਕਾਂਡ ਆਪਣੇ ਨਾਲ ਮਿਲਾਈਆ ।



੩੭੯ ੧੫

## ✪ ੨੯ ਭਾਦਰੋ ੨੦੨੦ ਬਿਕਰਮੀ ਸੁਖਦੇਵ ਰਾਜ ਦੇ ਗ੍ਰਿਹ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਸੋ ਪੁਰਖ ਨਿਰੰਜਣ ਖੇਲ ਵਖਾਉਣਾ, ਪੁਰਖ ਅਕਾਲ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਭੇਵ ਚੁਕਾਉਣਾ, ਪੜਦਾ ਕੋਇ ਰਹਿਣ ਨਾ ਪਾਈਆ । ਏਕੰਕਾਰ ਹੁਕਮ ਵਰਤਾਉਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਆਦਿ ਨਿਰੰਜਣ ਨੂਰ ਚਮਕਾਉਣਾ, ਸਾਚੀ ਜੋਤ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਬੰਕ ਸੁਹਾਉਣਾ, ਘਰ ਸਾਚੇ ਖ਼ੁਸ਼ੀ ਮਨਾਈਆ । ਅਬਿਨਾਸ਼ੀ ਕਰਤੇ ਰਾਗ ਅਲ੍ਹਾਉਣਾ, ਸੋਹਲਾ ਸਾਚਾ ਗੀਤ ਸੁਣਾਈਆ । ਪਾਰਬ੍ਰਹਮ ਪ੍ਰਭ ਰਾਹ ਚਲਾਉਣਾ, ਮਾਰਗ ਇਕੋ ਇਕ ਵਖਾਈਆ । ਮਹੱਲ ਅਟੱਲ ਇਕ ਰੁਸ਼ਨਾਉਣਾ, ਦਰਗਹਿ ਸਾਚੀ ਸੋਭਾ ਪਾਈਆ । ਪਰਵਰਦਿਗਾਰ ਵੇਸ ਵਟਾਉਣਾ, ਮੁਕਾਮੇ ਹੱਕ ਆਪਣੀ ਕਾਰ ਜਣਾਈਆ । ਸਮਰਥ ਆਪਣਾ ਰੰਗ ਵਖਾਉਣਾ, ਰੰਗ ਰੰਗੀਲਾ ਇਕੋ ਨਜ਼ਰੀ ਆਈਆ । ਵਿਸ਼ਨੂੰ ਵਿਸ਼ਵ ਧਾਰ ਸਮਝਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਵਿਸ਼ਨੂੰ ਸਾਚਾ ਹੁਕਮ ਸਮਝਾਉਣਾ, ਸਮਝ ਆਪਣੀ ਦਏ ਜਣਾਈਆ । ਬ੍ਰਹਮੇ ਨੇਤਰ ਨੈਣ ਖੁਲ੍ਹਾਉਣਾ, ਅੱਖ ਪ੍ਰਤੱਖ ਵਖਾਈਆ । ਸ਼ੰਕਰ ਸੰਸਾ ਰੋਗ ਮਿਟਾਉਣਾ, ਧੁਰ ਦੀ ਬਾਣੀ ਬਾਣ ਲਗਾਈਆ । ਤ੍ਰੈਗੁਣ ਮਾਇਆ ਹੁਕਮ ਵਰਤਾਉਣਾ, ਪੰਜ ਤਤ ਨੇਤਰ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰਨੀ ਕਰਤਾ ਆਪ ਕਮਾਈਆ । ਸਾਚੀ ਕਰਨੀ ਹਰਿ ਕਮਾਵੇ, ਆਦਿ ਪੁਰਖ ਵੱਡੀ ਵਡਿਆਈਆ । ਸੁਤ ਦੁਲਾਰਾ ਇਕ ਉਠਾਵੇ, ਧੁਰ ਦੀ ਧਾਰ ਦਏ ਜਣਾਈਆ । ਖਿਰ ਘਰ ਦਰਵਾਜ਼ਾ ਇਕ ਖੁਲ੍ਹਾਵੇ, ਬੰਦ ਕਿਵਾੜਾ ਰਹਿਣ ਕੋਇ ਨਾ ਪਾਈਆ । ਸਾਚੇ ਮਾਰਗ ਆਪੇ ਲਾਵੇ, ਰਹਿਬਰ

ਇਕੋ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਕਮਾਈਆ । ਧੁਰ ਦੀ ਕਾਰ ਕਰੇ ਨਿਰੰਕਾਰ, ਨਿਰਗੁਣ ਆਪਣਾ ਖੇਲ ਖਲਾਇੰਦਾ । ਸਚਖੰਡ ਨਿਵਾਸੀ ਹੋ ਤਿਆਰ, ਤ੍ਰੈਗੁਣ ਅਤੀਤਾ ਕਲ ਵਰਤਾਇੰਦਾ । ਠਾਂਡਾ ਸੀਤਾ ਕਰ ਪਸਾਰ, ਦੋ ਜਹਾਨਾਂ ਵੇਖ ਵਖਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਹੁਕਮ ਸੰਦੇਸ਼ਾ ਇਕ ਘਲਾਇੰਦਾ । ਬ੍ਰਹਿਮੰਡ ਖੰਡ ਲਏ ਉਠਾਲ, ਜ਼ਿਮੀਂ ਅਸਮਾਨ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਦਾ ਲੇਖਾ ਆਪ ਸਮਝਾਇੰਦਾ । ਧੁਰ ਦਾ ਲੇਖਾ ਦੱਸੇ ਬੋਲ, ਅਨਬੋਲਤ ਆਪ ਜਣਾਈਆ । ਸਚ ਵਜਾਵੇ ਇਕੋ ਢੋਲ, ਨਾਉਂ ਨਿਰੰਕਾਰਾ ਆਪ ਸੁਣਾਈਆ । ਧਰਮ ਦੁਆਰ ਦੇਵੇ ਖੋਲ੍ਹ, ਸਚ ਹੱਟ ਪਰਗਟਾਈਆ । ਧੁਰ ਦੀ ਵਸਤ ਲੈ ਕੇ ਆਏ ਕੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸਾ, ਏਕੰਕਾਰ ਇਕੋ ਇਕ ਸੁਣਾਈਆ । ਸਚ ਸੰਦੇਸਾ ਦੇਵੇ ਅਗੰਮ, ਅਗੰਮੜੀ ਕਾਰ ਕਮਾਈਆ । ਜੁਗ ਚੌਕੜੀ ਬੇੜਾ ਬੰਨ੍ਹ, ਨਿਰਗੁਣ ਸਰਗੁਣ ਰਾਹ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦਾ ਆਇਆ ਆਪਣਾ ਕੰਮ, ਨਿਹਕਰਮੀ ਹੁਕਮ ਵਰਤਾਈਆ । ਵਸਦਾ ਆਇਆ ਹੱਡ ਮਾਸ ਨਾੜੀ ਚੰਮ, ਪੰਜ ਤਤ ਕਰ ਕੁੜਮਾਈਆ । ਤ੍ਰੈਗੁਣ ਦੇਂਦਾ ਆਇਆ ਸਾਚਾ ਧਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਾਚੀ ਖੇਲ ਦੱਸੇ ਕਰਤਾਰ, ਹਰਿ ਕਰਤਾ ਬੂਝ ਬੁਝਾਈਆ । ਗੁਰ ਅਵਤਾਰ ਲਏ ਉਠਾਲ, ਪੀਰ ਪੈਗ਼ੰਬਰ ਨਾਲ ਮਿਲਾਈਆ । ਕਰੇ ਖੇਲ ਆਪ ਨਿਰੰਕਾਰ, ਦੂਜਾ ਸੰਗ ਨਾ ਕੋਇ ਰਲਾਈਆ । ਲੇਖਾ ਵੇਖੇ ਸਰਬ ਜੁਗ ਚਾਰ, ਕਲਜੁਗ ਅੰਤਮ ਵੇਲਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰੋ ਵਿਚਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਈਆ । ਧੁਰ ਦੀ ਧਾਰ ਦੱਸੇ ਭਗਵੰਤ, ਭਗਵਨ ਆਪਣਾ ਹੁਕਮ ਵਰਤਾਈਆ । ਲੇਖਾ ਵੇਖੇ ਜੁਗਾ ਜੁਗੰਤ, ਜੁਗ ਚੌਕੜੀ ਰਿਹਾ ਸਮਝਾਈਆ । ਜਿਸ ਬਣਾਈ ਤੁਹਾਡੀ ਬਣਤ, ਸੋ ਪੁੱਛਣਹਾਰਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ ਖਲ੍ਹਾਉਣਾ, ਖ਼ਾਲਕ ਖ਼ਲਕ ਵੇਖ ਵਖਾਈਆ । ਗੁਰ ਅਵਤਾਰ ਇਕ ਉਠਾਉਣਾ, ਨੇਤਰ ਨੈਣ ਅੱਖ ਖੁਲ੍ਹਾਈਆ । ਪੀਰ ਪੈਗ਼ੰਬਰ ਹੁਕਮ ਵਰਤਾਉਣਾ, ਧੁਰ ਸੰਦੇਸ਼ ਸੁਣਾਈਆ । ਭਗਤ ਭਗਵਾਨ ਆਪ ਜਗਾਉਣਾ, ਜਾਗਰਤ ਜੋਤ ਕਰ ਰੁਸ਼ਨਾਈਆ । ਸੰਤ ਸਾਜਣ ਪੜਦਾ ਲਾਹੁਣਾ, ਉਹਲਾ ਰਹਿਣ ਕੋਇ ਨਾ ਪਾਈਆ । ਗੁਰਮੁਖ ਰੰਗ ਇਕ ਵਖਾਉਣਾ, ਦੋ ਜਹਾਨ ਦਏ ਸਮਝਾਈਆ । ਗੁਰਸਿਖ ਸਾਚਾ ਘਰ ਮਿਲਾਉਣਾ, ਆਪ ਆਪਣਾ ਮੇਲ ਮਿਲਾਈਆ । ਧੁਰ ਦਾ ਬੋਲ ਇਕ ਜਣਾਉਣਾ, ਗੀਤ ਗੋਬਿੰਦ ਅਲਾਈਆ । ਸਾਚਾ ਨਗ਼ਮਾ ਆਪ ਅਲਾਉਣਾ, ਕਾਇਨਾਤ ਕਰੇ ਪੜ੍ਹਾਈਆ । ਪੀਰ ਪੈਗ਼ੰਬਰ ਸੀਸ ਝੁਕਾਉਣਾ, ਸਜਦਾ ਸੀਸ ਜਗਦੀਸ ਇਕ ਕਰਾਈਆ । ਸਚ ਹਦੀਸ ਇਕ ਪੜ੍ਹਾਉਣਾ, ਹਜ਼ਰਤ ਇਕੋ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸੁਣਾਈਆ । ਸਚ ਸੁਨੇਹੜਾ ਸੁਣੋ ਮੀਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਚਾਰ ਜੁਗ ਦੀ ਵੇਖੇ ਰੀਤ, ਦੀਨ ਮਜ਼੍ਹਬ ਵੰਡ ਵੰਡਾਈਆ । ਜ਼ਾਤ ਪਾਤ ਬਣਾਈ ਠੀਕ, ਵਰਨ ਗੋਤ ਗੰਢ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਖਿਲਾਈਆ । ਸਾਚੀ ਖੇਲ


੩੭੭
੧੫

ਕਰਦਾ ਆਇਆ, ਨਿਰਗੁਣ ਵੱਡਾ ਵਡ ਵਡਿਆਈਆ । ਜੁਗ ਚੌਕੜੀ ਫੇਰਾ ਪਾਇਆ, ਬੇਪਰਵਾਹ ਵੇਸ ਵਟਾਈਆ । ਧੁਰ ਸੰਦੇਸ਼ਾ ਆਣ ਸੁਣਾਇਆ, ਲੋਕਮਾਤ ਕਰੀ ਪੜ੍ਹਾਈਆ । ਸਾਚਾ ਲੇਖਾ ਲੇਖ ਲਿਖਾਇਆ, ਕਾਤਬ ਆਪਣਾ ਆਪ ਜਣਾਈਆ । ਕਲਮ ਸ਼ਾਹੀ ਸੰਗ ਨਿਭਾਇਆ, ਨਾ ਕੋਈ ਸਕੇ ਮਾਤ ਤੁੜਾਈਆ । ਸਾਚਾ ਛੰਦਨ ਇਕ ਅਲਾਇਆ, ਗੀਤ ਗੋਬਿੰਦ ਸੁਣਾਈਆ । ਬ੍ਰਹਿਮੰਡਾਂ ਖੰਡਾਂ ਹੁਕਮ ਵਰਤਾਇਆ, ਚਾਰ ਕੁੰਟ ਦਹਿ ਦਿਸ਼ਾ ਡੇਰਾ ਲਾਈਆ । ਨਾਮ ਪਰਚੰਡਣ ਹੱਥ ਚਮਕਾਇਆ, ਚੰਡਕਾ ਆਪਣਾ ਰੂਪ ਜਣਾਈਆ । ਆਦਿ ਸ਼ਕਤ ਖੇਲ ਰਚਾਇਆ, ਚਤੁਰਭੁਜ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਜਣਾਈਆ । ਸਾਚਾ ਭੇਵ ਅੰਤ ਖੁਲ੍ਹਾਉਣਾ, ਹਰਿ ਕਰਤਾ ਦਏ ਜਣਾਈਆ । ਸਾਚਾ ਮਾਰਗ ਇਕ ਵਖਾਉਣਾ, ਵਾਸਤਾ ਆਪਣੇ ਨਾਲ ਜੁੜਾਈਆ । ਸਾਚਾ ਢੋਲਾ ਨਾਮ ਪੜ੍ਹਾਉਣਾ, ਧੁਰ ਦਾ ਰਾਗ ਅਲਾਈਆ । ਚਾਰ ਜੁਗ ਦਾ ਲੇਖ ਮੁਕਾਉਣਾ, ਲੇਖਾ ਆਪਣੀ ਝੋਲੀ ਪਾਈਆ । ਸਚ ਨਰੇਸ਼ ਇਕ ਸਮਝਾਉਣਾ, ਸ਼ਾਹ ਪਾਤਸ਼ਾਹ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਆਪ ਜਣਾਈਆ । ਕਰਨੀ ਕਰਤਾ ਦੇਵੇ ਦੱਸ, ਦੋ ਜਹਾਨਾਂ ਵਾਲੀ ਦਇਆ ਕਮਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਜਿਸ ਦਾ ਲੇਖਾ ਗਏ ਲਿਖ, ਲੋਕਮਾਤ ਕਰ ਲਿਖਾਈਆ । ਨਿਰਗੁਣ ਸਰਗੁਣ ਨਾਲ ਕਰਦਾ ਰਿਹਾ ਹਿਤ, ਨਿਤ ਨਵਿਤ ਦਇਆ ਕਮਾਈਆ । ਆਦਿ ਜੁਗਾਦਿ ਬਣਿਆ ਰਿਹਾ ਪਿਤ, ਪਿਤਾ ਪੁਰਖ ਵੱਡੀ ਵਡਿਆਈਆ । ਦੱਸਦਾ ਰਿਹਾ ਅਗੰਮੀ ਥਿਤ, ਕੂਟ ਨਜ਼ਰ ਕਿਸੇ ਨਾ ਆਈਆ । ਸੁੱਤਾ ਰਿਹਾ ਦੇ ਕਰ ਪਿੱਠ, ਕਰਵਟ ਸਕੇ ਨਾ ਕੋਇ ਬਦਲਾਈਆ । ਜੁਗ ਚੌਕੜੀ ਚਾਰ ਵਰਨ ਕੀਤਾ ਮਿਸ, ਮਿਸਲ ਆਪਣੀ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਵੇਖਣਹਾਰਾ ਆਈਆ । ਵੇਖਣਹਾਰਾ ਹੋਇਆ ਆਪ, ਆਪਣੀ ਦਇਆ ਕਮਾਇੰਦਾ । ਚਾਰ ਜੁਗ ਜਿਸ ਦਾ ਜਾਪ, ਗੁਰ ਅਵਤਾਰ ਸਰਬ ਗਾਇੰਦਾ । ਪੀਰ ਪੈਗ਼ੰਬਰ ਜਿਸ ਨੂੰ ਕਹਿੰਦੇ ਪਾਕ, ਸੋ ਸਾਹਿਬ ਵੇਸ ਵਟਾਇੰਦਾ । ਸਚ ਦੁਆਰਾ ਖੋਲ੍ਹ ਤਾਕ, ਮੰਦਰ ਇਕੋ ਇਕ ਸੁਹਾਇੰਦਾ । ਅੰਤਮ ਅੰਤ ਪੂਰਾ ਕਰੇ ਭਵਿਖਤ ਵਾਕ, ਵਾਤਾਵਰਨ ਆਪਣੇ ਵਿਚ ਛੁਪਾਇੰਦਾ । ਦੋ ਜਹਾਨਾਂ ਜਾਣੇ ਸਰਬ ਹਾਲਾਤ, ਆਪਣਾ ਹਾਲ ਨਾ ਕਿਸੇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕੋ ਮਾਰਗ ਆਪ ਦ੍ਰਿੜਾਇੰਦਾ । ਇਕੋ ਮਾਰਗ ਹਰਿ ਲਗਾਉਣਾ, ਦੂਜੀ ਧਾਰ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਨੇ ਸ਼ੁਕਰ ਮਨਾਉਣਾ, ਨਿਉਂ ਨਿਉਂ ਸੀਸ ਜਗਦੀਸ ਝੁਕਾਈਆ । ਰਲ ਮਿਲ ਢੋਲਾ ਇਕੋ ਗਾਉਣਾ, ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਹੋਏ ਨਾ ਕਦੇ ਜੁਦਾਈਆ । ਆਤਮ ਪਰਮਾਤਮ ਸਭ ਨੂੰ ਨਜ਼ਰੀ ਆਉਣਾ, ਨਿਜ ਨੇਤਰ ਇਕ ਖੁਲ੍ਹਾਈਆ । ਅੰਮ੍ਰਿਤ ਸਾਚਾ ਜਾਮ ਪਿਆਉਣਾ, ਨਾਮ ਪਿਆਲਾ ਹੱਥ ਉਠਾਈਆ । ਕਲਜੁਗ ਜੀਵ ਕਾਗੋ ਹੰਸ ਬਣਾਉਣਾ, ਬੁੱਧੀ ਕਾਗ ਰਹਿਣ ਨਾ ਪਾਈਆ । ਘਰ ਘਰ ਵਿਚ ਬੁਝਿਆ ਦੀਪ ਚਰਾਗ਼ ਜਗਾਉਣਾ, ਬੱਤੀ ਇਕੋ ਇਕ ਲਗਾਈਆ । ਸਾਚੀ ਹੱਟੀ ਨਾਮ ਖੁਲ੍ਹਾਉਣਾ, ਪੱਟੀ ਇਕੋ ਦਏ ਪੜ੍ਹਾਈਆ । ਰਤੀ ਰਤ ਲੇਖੇ ਲਾਉਣਾ, ਰੁਤ ਰੁਤੜੀ ਨਾਲ ਮਹਿਕਾਈਆ । ਪੱਕੀ ਕਰ ਕੇ ਇਕੋ ਵਾਰ ਸਮਝਾਉਣਾ, ਗੁਰਮੁਖ ਭੁੱਲ ਕੋਇ ਨਾ ਜਾਈਆ । ਤੱਤੀ ਵਾ ਨੇੜ ਨਾ ਆਉਣਾ, ਅੰਮ੍ਰਿਤ ਮੇਘ ਇਕ ਬਰਸਾਈਆ । ਛੱਤੀ ਜੁਗ ਦਾ ਪੰਧ ਮੁਕਾਉਣਾ, ਨਵ ਨੌ ਚਾਰ ਡੇਰਾ ਢਾਹੀਆ । ਸਰਬ ਭਖੀ ਆਪ

੩੭੮ ੧੫

ਅਖਵਾਉਣਾ, ਆਦਿ ਜੁਗਾਦਿ ਆਪਣਾ ਆਪਣੇ ਵਿਚ ਛੁਪਾਈਆ । ਸਾਚਾ ਖੇਲ ਅੱਖੀਂ ਆਪ ਵਖਾਉਣਾ, ਆਖ਼ਰ ਆਪਣਾ ਹੁਕਮ ਵਰਤਾਈਆ । ਪਿਛਲੀ ਦੱਸੀ ਪੂਰਾ ਅੰਤ ਕਰਾਉਣਾ, ਕਰਤਾ ਆਪਣੀ ਖੇਲ ਜਣਾਈਆ । ਧਰਨੀ ਧਰਤ ਧਵਲ ਸਾਚਾ ਧਰਮ ਇਕ ਟਿਕਾਉਣਾ, ਕੂੜੀ ਜੜ੍ਹ ਦੇਵੇ ਉਖੜਾਈਆ । ਕਲਜੁਗ ਸ਼ੌਹ ਦਰਿਆ ਰੁੜ੍ਹਾਉਣਾ, ਅੰਤ ਸਕੇ ਨਾ ਕੋਇ ਬਚਾਈਆ । ਚਾਰ ਯਾਰੀ ਡੇਰਾ ਢਾਉਣਾ, ਮੁਹੰਮਦ ਕੂਕੇ ਦਏ ਦੁਹਾਈਆ । ਅੱਲਾ ਰਾਣੀ ਨੈਣ ਸ਼ਰਮਾਉਣਾ, ਮੁਖ ਘੁੰਗਟ ਨਜ਼ਰ ਕੋਇ ਨਾ ਆਈਆ । ਚੌਦਾਂ ਤਬਕਾਂ ਹਾਹਾਕਾਰ ਮਚਾਉਣਾ, ਨੇਤਰ ਰੋਵੇ ਜਗਤ ਲੋਕਾਈਆ । ਪਰਵਰਦਿਗਾਰ ਕਿਸੇ ਨਜ਼ਰ ਨਾ ਆਉਣਾ, ਸਾਚਾ ਕਲਮਾ ਗਏ ਭੁਲਾਈਆ । ਆਲਮ ਉਲਮਾ ਕੋਈ ਨਾ ਰਾਹ ਦਖਾਉਣਾ, ਤੁਲਬਾ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਵਰਤਾਵੇ ਏਕ, ਏਕੰਕਾਰ ਵੱਡੀ ਵਡਿਆਈਆ । ਗੁਰ ਅਵਤਾਰ ਮੰਗਣ ਟੇਕ, ਨੇਤਰ ਨੈਣ ਨੈਣ ਉਠਾਈਆ । ਤੇਰਾ ਕੋਈ ਨਾ ਜਾਣੇ ਲੇਖ, ਬੇਅੰਤ ਤੇਰੀ ਵਡਿਆਈਆ । ਕਰ ਕਿਰਪਾ ਮੇਟ ਪਿਛਲਾ ਲੇਖ, ਲੇਖਾ ਲਿਖਤ ਆਪਣੀ ਝੋਲੀ ਪਾਈਆ । ਤੇਰੇ ਹੁਕਮੇ ਅੰਦਰ ਖੇਡਾਂ ਆਏ ਖੇਡ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਢਾਈਆ । ਤੇਰੇ ਨਾਮ ਦੀ ਲਾ ਕੇ ਆਏ ਮੇਖ, ਲੋਕਮਾਤ ਨਿਸ਼ਾਨਾ ਇਕ ਗਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਕੰਨ ਲਾ, ਸਚਖੰਡ ਨਿਵਾਸੀ ਆਪ ਜਣਾਈਆ । ਸਭ ਦਾ ਲਹਿਣਾ ਦਿਆਂ ਚੁਕਾ, ਬਾਕੀ ਕੋਈ ਨਜ਼ਰ ਨਾ ਆਈਆ । ਚਾਰ ਜੁਗ ਹੁਕਮੇ ਅੰਦਰ ਵੰਡਾਂ ਆਏ ਪਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਿੰਦੂ ਮੁਸਲਮ ਸਿਖ ਕਰ ਪੜ੍ਹਾਈਆ । ਮੇਰੇ ਨਾਮ ਦੀਆਂ ਗੰਢਾਂ ਘਰ ਘਰ ਆਏ ਵੰਡਾ, ਬਣ ਬਣ ਪਾਂਧੀ ਰਾਹੀਆ । ਜ਼ਾਤ ਪਾਤ ਦੀਆਂ ਕੰਧਾਂ ਆਏ ਬਣਾ, ਦੀਨ ਮਜ਼੍ਹਬ ਮਹੱਲ ਬਣਾਈਆ । ਕਲਮੀ ਛੰਦਾ ਆਏ ਸੁਣਾ, ਸ਼ਹਿਨਸ਼ਾਹ ਸਾਚਾ ਹੁਕਮ ਵਰਤਾਈਆ । ਬੰਦਗੀ ਬੰਦਾ ਆਏ ਲਾ, ਬੰਧਨ ਨਾਤਾ ਤੋੜ ਤੁੜਾਈਆ । ਪਰਮਾਨੰਦਨ ਆਏ ਸਮਝਾ, ਘਰ ਘਰ ਵਿਚ ਨਜ਼ਰੀ ਆਈਆ । ਚੰਦ ਨਵਚੰਦਾ ਆਏ ਚੜ੍ਹਾ, ਚੰਦ ਚੌਧਵੀਂ ਧਾਰ ਜਣਾਈਆ । ਸਦ ਬਖ਼ਸ਼ੰਦਾ ਆਏ ਸਮਝਾ, ਪੁਰਖ ਅਕਾਲ ਬੇਪਰਵਾਹੀਆ । ਜੋ ਬ੍ਰਹਿਮੰਡਾਂ ਰਿਹਾ ਸਮਾ, ਜੇਰਜ ਅੰਡਾਂ ਉਤਭੁਜ ਸੇਤਜ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸ਼ਾ ਰਿਹਾ ਜਣਾਈਆ । ਸੁਣ ਲਓ ਮੀਤ ਪਿਆਰੇ ਸੱਜਣ, ਹਰਿ ਸਤਿਗੁਰ ਆਪ ਜਣਾਈਆ । ਕਲਜੁਗ ਅੰਤਮ ਆਇਆ ਭੱਜਣ, ਥਿਰ ਰਹਿਣ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਦੀਨ ਮਜ਼੍ਹਬ ਜ਼ਾਤ ਪਾਤ ਪ੍ਰਭ ਆਇਆ ਠੱਗਣ, ਜਗਤ ਠਗੌਰੀ ਏਕਾ ਪਾਈਆ । ਕਿਸੇ ਲਾਉਣ ਨਾ ਦੇਵੇ ਅੱਜਣ ਪੱਜਣ, ਬਚਿਆ ਰਹਿਣ ਕੋਇ ਨਾ ਪਾਈਆ । ਚਾਰ ਕੁੰਟ ਦਹਿ ਦਿਸ਼ਾਂ ਜ਼ਿਮੀ ਅਸਮਾਨ ਗਗਨ ਗਗਨੰਤਰ ਕਿਸੇ ਦੇਵੇ ਨਾ ਭੱਜਣ, ਭੱਜਿਆਂ ਪੰਧ ਨਾ ਕੋਇ ਮੁਕਾਈਆ । ਸ਼ਬਦ ਡੋਰੀ ਨਾਲ ਆਇਆ ਬੰਨ੍ਹਣ, ਧੁਰ ਦਾ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਾਚੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ, ਪ੍ਰਭ ਡਿਗੇ ਇਕ ਸਰਨਾਈਆ । ਪਰਮ ਪੁਰਖ ਪ੍ਰਭ ਤੇਰੀ ਲੋੜ, ਪੁਰਖ ਅਕਾਲ ਤੇਰੀ ਇਕ ਸਰਨਾਈਆ । ਜਿਉਂ ਭਾਵੇ ਤਿਉਂ ਲੈਣਾ ਤੋਰ, ਤੁਰਤ ਆਪਣਾ ਹੁਕਮ ਸੁਣਾਈਆ । ਸਦਾ ਸਦਾ ਹੱਥ ਤੇਰੇ ਡੋਰ, ਦੂਜਾ ਨਜ਼ਰ ਕੋਇ ਨਾ


੩੭੯ ੧੫

ਆਈਆ । ਕਲਜੁਗ ਵੇਖਿਆ ਅੰਧਘੋਰ, ਚਾਰੋ ਕੁੰਟ ਅੰਧੇਰਾ ਛਾਈਆ । ਮਨ ਵਾਸਨਾ ਹੋਈ ਠੱਗ ਚੋਰ, ਲੁੱਟੀ ਜਾਏ ਵਾਹੋ ਦਾਹੀਆ । ਕੂੜੀ ਕਿਰਿਆ ਮੱਚੇ ਸ਼ੋਰ, ਸੰਸਾ ਸਕੇ ਨਾ ਕੋਇ ਮੁਕਾਈਆ । ਪੂਰੇ ਸਤਿਗੁਰ ਦੀ ਕਲਜੁਗ ਜੀਵਾਂ ਭੁੱਲੀ ਲੋੜ, ਏਕਾ ਇਸ਼ਟ ਗਏ ਭੁਲਾਈਆ । ਕਾਮ ਵਾਸਨਾ ਹੋਏ ਹਰਾਮਖੋਰ, ਅੰਤਰ ਆਤਮ ਧਿਆਨ ਨਾ ਕੋਇ ਲਗਾਈਆ । ਮਾਇਆ ਮਮਤਾ ਹਉਮੇ ਹੰਗਤਾ ਗੜ੍ਹ ਸਕੇ ਨਾ ਕੋਈ ਤੋੜ, ਅੰਦਰ ਵੜ ਵੜ ਖ਼ੁਸ਼ੀ ਮਨਾਈਆ । ਕਿਸੇ ਨਾ ਫੁਰੇ ਮੰਤਰ ਤੇਰਾ ਫੁਰਨਾ ਫੋਰ, ਸੁਰਤੀ ਸ਼ਬਦ ਨਾ ਕੋਇ ਕੁੜਮਾਈਆ । ਅਸੀਂ ਮਾਰਗ ਦੱਸ ਕੇ ਆਏ ਹੋਰ, ਜੀਵ ਜੰਤ ਆਪਣਾ ਰਾਹ ਰਹੇ ਚਲਾਈਆ । ਤੇਰੇ ਨਾਲੋ ਹੋਇਆ ਅਜੋੜ, ਸਾਡੀ ਲੋੜ ਨਾ ਕੋਇ ਰਖਾਈਆ । ਪੁਰਖ ਅਕਾਲ ਦੀਨ ਦਿਆਲ ਅਸੀਂ ਸਾਰੇ ਬੈਠੇ ਮੁਖ ਮੋੜ, ਕਿਸੇ ਦਾ ਹੋਏ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਲੇਖਾ ਤੇਰੇ ਹੱਥ ਫੜਾਈਆ । ਪੁਰਖ ਅਕਾਲ ਅੱਗੋ ਬੋਲ, ਇਕੋ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੇ ਆਪਣੇ ਆਪਣੇ ਕੰਡੇ ਲਓ ਤੋਲ, ਤੋਲਾ ਇਕੋ ਗੁਣ ਜਣਾਈਆ । ਸਾਹਿਬ ਸਤਿਗੁਰ ਸਦਾ ਅਡੋਲ, ਅਡੁਲ ਕਦੇ ਨਾ ਜਾਈਆ । ਕਲਜੁਗ ਅੰਤ ਰਹੇ ਨਾ ਕੋਈ ਅਨਭੋਲ, ਭੁਲਿਆਂ ਲਓ ਸਮਝਾਈਆ । ਅਬਿਨਾਸ਼ੀ ਕਰਤਾ ਕਦੇ ਨਾ ਮਾਰੇ ਰੋਲ, ਧੁਰ ਦਾ ਹੁਕਮ ਇਕ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਵਜਾ ਕੇ ਆਏ ਢੋਲ, ਮਰਦੰਗਾ ਹੱਥ ਉਠਾਈਆ । ਉਠ ਕੇ ਵੇਖੋ ਕਵਣ ਵਸੇ ਤੁਹਾਡੇ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਪਾਰਬ੍ਰਹਮ ਪ੍ਰਭ ਕਲਜੁਗ ਜੀਵ ਸਾਰੇ ਕਰਨ ਮਖੌਲ, ਮੁਖ ਸੁਹੰਦਾ ਨਜ਼ਰ ਕੋਇ ਨਾ ਆਈਆ । ਮਾਤ ਗਰਭ ਦਾ ਭੁੱਲ ਗਏ ਸਾਰੇ ਕੌਲ, ਕੀਤਾ ਕੌਲ ਨਾ ਕੋਇ ਨਿਭਾਈਆ । ਸਾਡਾ ਹਿਸਾ ਰਿਹਾ ਨਾ ਰਤੀ ਚੌਲ, ਚਾਰੋ ਕੁੰਟ ਖ਼ਾਲੀ ਨਜ਼ਰੀ ਆਈਆ । ਦੁੱਖਾਂ ਭਰੀ ਰੋਵੇ ਧੌਲ, ਧਰਨੀ ਦੇਵੇ ਇਕ ਦੁਹਾਈਆ । ਕਵਣ ਕਰੇ ਭਾਰ ਹੌਲ, ਮੇਰਾ ਦਰਦੀ ਦਰਦ ਵੰਡਾਈਆ । ਕਲਜੁਗ ਜੀਵ ਮਚਾਇਆ ਘੋਲ, ਕੁਸ਼ਤੀ ਕਾਮ ਕਰੋਧ ਰਿਹਾ ਲਗਾਈਆ । ਮੇਰਾ ਪੜਦਾ ਅੰਦਰ ਵੜ ਕੇ ਦਿਤਾ ਫੋਲ, ਸ਼ਰਮ ਹੱਯਾ ਲਜ ਨਾ ਕੋਇ ਰਖਾਈਆ । ਤੀਰਥ ਤੱਟਾਂ ਅਠਸਠਾਂ ਪਾਣੀ ਦਿਤਾ ਵਿਰੋਲ, ਨਾਰੀ ਪੁਰਸ਼ ਨੰਗੇ ਤਾਰੀਆਂ ਲਾਈਆ । ਸਾਚੇ ਮੰਦਰ ਕੋਈ ਨਾ ਵਸੇ ਆਤਮ ਅੰਤਰ ਮੌਲ, ਮੌਲਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ਬਰ ਸੁਣੋ ਸਚ ਗਿਆਨ, ਹਰਿ ਕਰਤਾ ਆਪ ਜਣਾਈਆ । ਤੁਹਾਡਾ ਮਨਜ਼ੂਰ ਹੋਇਆ ਬਿਆਨ, ਬੇਜ਼ਬਾਨ ਲੇਖੇ ਲਾਈਆ । ਸਾਰੇ ਮੰਨੋ ਇਕ ਈਮਾਨ, ਧਰਮ ਇਕੋ ਨਜ਼ਰੀ ਆਈਆ । ਸਾਰੇ ਸਜਦਾ ਕਰੋ ਸਲਾਮ, ਸਾਰੇ ਨਮੋ ਨਮੋ ਸੀਸ ਝੁਕਾਈਆ । ਸਾਰੇ ਮੰਤਰ ਪੜ੍ਹੋ ਸਤਿਨਾਮ, ਸਾਰੇ ਫ਼ਤਹਿ ਡੰਕਾ ਇਕ ਸੁਣਾਈਆ । ਸਾਰੇ ਭਜੋ ਰਾਮ ਰਾਮ, ਸਾਰੇ ਰਮਈਆ ਵੇਖੋ ਹਰ ਘਟ ਰਿਹਾ ਸਮਾਈਆ । ਸਾਰੇ ਤੱਕੋ ਇਕੋ ਸ਼ਾਮ, ਸ਼ਹਿਨਸ਼ਾਹ ਬੰਸਰੀ ਨਾਮ ਵਜਾਈਆ । ਸਾਰੇ ਸੁਣੋ ਇਕ ਪੈਗ਼ਾਮ, ਸਚ ਪੈਗ਼ੰਬਰ ਰਿਹਾ ਜਣਾਈਆ । ਸਾਰੇ ਪੜ੍ਹੋ ਇਕ ਕਲਾਮ, ਸਾਚਾ ਕਲਮਾ ਇਕ ਦ੍ਰਿੜਾਈਆ । ਸਾਰੇ ਮੰਨੋ ਇਕ ਅਮਾਮ, ਆਦਿ ਜੁਗਾਦਿ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ਼ਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸੀਸ ਨਿਵਾਉਂਦੇ, ਪ੍ਰਭ

ਤੇਰੀ ਸਚ ਸਰਨਾਈਆ । ਤੂੰਹੀ ਤੂੰਹੀ ਢੋਲਾ ਗਾਉਂਦੇ, ਤੇਰਾ ਨਾਮ ਧਿਆਈਆ । ਦੀਨ ਮਜ਼੍ਹਬ ਨਾ ਕੋਇ ਰਖਾਉਂਦੇ, ਨਾ ਕੋਈ ਵੰਡ ਵੰਡਾਈਆ । ਸ਼ਰਅ ਸ਼ਰੀਅਤ ਪੰਧ ਮੁਕਾਉਂਦੇ, ਇਕੋ ਮਾਰਗ ਲਾਈਆ । ਜੀਵ ਜੰਤ ਸਾਧ ਸੰਤ ਤੇਰੇ ਬਰਦੇ ਸਾਰੇ ਨਜ਼ਰੀ ਆਉਂਦੇ, ਤੇਰੇ ਹੁਕਮੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਦੱਸੀਏ ਚਾਈਂ ਚਾਈਂਆ । ਪੁਰਖ ਅਕਾਲ ਦੱਸੇ ਗੀਤ, ਇਕੋ ਨਾਮ ਜਣਾਈਆ । ਪੀਰ ਪੈਗ਼ੰਬਰ ਵੇਖੋ ਜਾ ਮਸੀਤ, ਮਸਲਾ ਹੱਕ ਨਾ ਕੋਇ ਪੜ੍ਹਾਈਆ । ਗੁਰ ਅਵਤਾਰ ਗੁਰਦੁਆਰੇ ਮੰਦਰੀਂ ਜਾ ਕੇ ਤੱਕੋ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਪੰਡਤ ਪਾਂਧੇ ਪੰਥੀ ਗਰੰਥੀ ਧੀਆਂ ਭੈਣਾਂ ਤੱਕਣ ਨੀਤ, ਸਾਬਤ ਸਬਰ ਨਾ ਕੋਇ ਰਖਾਈਆ । ਨਾਨਕ ਗੋਬਿੰਦ ਭੁੱਲੀ ਪ੍ਰੀਤ, ਗੁਰੂ ਗ੍ਰੰਥ ਗੁਰਦੇਵ ਇਸ਼ਟ ਦ੍ਰਿਸ਼ਟ ਨਾ ਕੋਇ ਖੁਲ੍ਹਾਈਆ । ਸਾਚੇ ਰਾਮ ਨਾ ਕੋਈ ਸੇਵ, ਆਤਮ ਰਾਮ ਨਾ ਕੋਇ ਮਨਾਈਆ । ਸਾਚੇ ਕ੍ਰਿਸ਼ਨ ਕੋਈ ਨਾ ਖੇਲ੍ਹੇ ਭੇਵ, ਗੋਪੀ ਕਾਹਨ ਮੰਡਲ ਰਾਸ ਨਾ ਕੋਇ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ, ਦੋ ਜਹਾਨਾਂ ਖੋਜ ਖੋਜਾਈਆ । ਦੋ ਜਹਾਨਾਂ ਵੇਖ ਜਾ, ਪ੍ਰਭ ਤੇਰੀ ਆਸ ਰਖਾਈਆ । ਸਾਡੀ ਅੰਤਮ ਇਕੋ ਹਾਂ, ਤੇਰੀ ਸਰਨ ਸੱਚੀ ਸਰਨਾਈਆ । ਆਪਣਾ ਪੰਧ ਆਏ ਮੁਕਾ, ਲੋਕਮਾਤ ਫੇਰਾ ਪਾਈਆ । ਜੀਵ ਜੰਤ ਆਏ ਸਮਝਾ, ਲਿਖ ਲਿਖ ਲੇਖ ਝੋਲੀ ਪਾਈਆ । ਸ਼ਾਸਤਰ ਸਿਮਰਤ ਰਹੇ ਗਾ, ਤੇਰੇ ਹੱਥ ਤੇਰੀ ਵਡਿਆਈਆ । ਵੇਦ ਵਿਆਸਾ ਆਇਆ ਧਿਆ, ਪੂਤ ਸਪੂਤਾ ਬ੍ਰਾਹਮਣ ਗੌੜਾ ਉਚੇ ਟਿੱਲੇ ਪਰਬਤ ਆਸਣ ਲਾਈਆ । ਈਸਾ ਕਹਿ ਕੇ ਆਇਆ ਮੇਰਾ ਖ਼ੁਦਾ, ਪਿਛੇ ਆਵੇ ਵਾਹੋ ਦਾਹੀਆ । ਮੁਹੰਮਦ ਉਚੀ ਕੂਕ ਗਿਆ ਸੁਣਾ, ਵਡ ਅਮਾਮ ਵੇਸ ਵਟਾਈਆ । ਨਾਨਕ ਨਿਰਗੁਣ ਸਾਚਾ ਢੋਲਾ ਦਿਤਾ ਗਾ, ਨਿਹਕਲੰਕ ਵੱਜੇ ਵਧਾਈਆ । ਗੋਬਿੰਦ ਆਖੇ ਪੁਰਖ ਅਕਾਲ ਫੇਰਾ ਜਾਵੇ ਪਾ, ਕਲ ਕਲਕੀ ਵੇਸ ਵਟਾਈਆ । ਸੰਬਲ ਡੇਰਾ ਲਾਵੇ ਆ, ਨਗਰ ਨਜ਼ਰ ਕਿਸੇ ਨਾ ਆਈਆ । ਮੰਦਰ ਇਕੋ ਲਏ ਬਣਾ, ਜੰਦਰ ਆਪਣਾ ਆਪ ਲਗਾਈਆ । ਉਜੜਿਆ ਖੰਡਰ ਲਏ ਵਸਾ, ਨਿਰਗੁਣ ਜੋਤ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਮਾਰਗ ਆਪੇ ਲਾਈਆ । ਸਾਚਾ ਮਾਰਗ ਲਾ ਭਗਵਾਨ, ਪ੍ਰਭ ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਦੱਸ ਕੇ ਆਏ ਸਰਬ ਨਿਸ਼ਾਨ, ਜੀਵ ਜੰਤ ਸਮਝਾਈਆ । ਨਿਹਕਲੰਕ ਆਏ ਬਲੀ ਬਲਵਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦੋ ਜਹਾਨਾਂ ਬਣੇ ਹੁਕਮਰਾਨ, ਨਿਰਗੁਣ ਸਰਗੁਣ ਲਏ ਸਮਝਾਈਆ । ਲੱਖ ਚੁਰਾਸੀ ਬਣੇ ਕਾਹਨ, ਰਾਮ ਰਮਈਆ ਵੇਸ ਵਟਾਈਆ । ਈਸਾ ਮੂਸਾ ਮੁਹੰਮਦ ਚੁਕਾਏ ਕਾਣ, ਲੇਖਾ ਦੇਵੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਸਾ ਆਪਣਾ ਘਰ, ਲੋਕਮਾਤ ਤੇਰਾ ਰਾਹ ਤਕਾਈਆ । ਲੋਕਮਾਤ ਤੱਕੇ ਰਾਹ, ਨੇਤਰ ਨੈਣ ਨੈਣ ਉਠਾਈਆ । ਨਾਨਕ ਗੋਬਿੰਦ ਗਿਆ ਲਿਖਾ, ਅੰਤਮ ਆਵੇ ਸੱਚਾ ਮਾਹੀਆ । ਕਵਣ ਕੂਟੇ ਡੇਰਾ ਲਏ ਲਾ, ਛੱਪਰ ਛੰਨ ਇਕ ਛੁਹਾਈਆ । ਨਿਰਗੁਣ ਹੋ ਕੇ ਬਣੇ ਮਲਾਹ, ਸਰਗੁਣ ਬੇੜਾ ਪਾਰ ਕਰਾਈਆ । ਨਜ਼ਰੀ ਆਏ ਇਕ ਖ਼ੁਦਾ, ਖ਼ੁਦੀ ਸਭ ਦੀ ਦਏ ਮਿਟਾਈਆ । ਜਿਸ ਨੂੰ ਕਹਿੰਦੇ ਸਦਾ ਜੁਦਾ, ਸੋ ਜੁਜ਼ ਆਪਣੇ ਨਾਲ ਜਣਾਈਆ । ਨੂਰੀ ਜਲਵਾ ਦਏ ਧਰਾ, ਜਾਗਰਤ ਜੋਤ ਕਰੇ ਰੁਸ਼ਨਾਈਆ । ਸਾਚਾ ਹੁਕਮ ਦਏ ਸੁਣਾ, ਨਾ ਕੋਇ ਮੇਟੇ ਮੇਟ ਮਿਟਾਈਆ । ਸਦੀ ਚੌਧਵੀਂ ਪੰਧ ਦਏ ਮੁਕਾ, ਚੌਦਾਂ ਤਬਕ ਕਰੇ ਰੁਸ਼ਨਾਈਆ ।

ਇਕੋ ਸਬਕ ਦਏ ਪੜ੍ਹਾ, ਅਲਿਫ਼ ਯੇ ਸਮਝ ਸਕੇ ਨਾ ਰਾਈਆ । ਮਜ਼੍ਹਬ ਜ਼ਾਤ ਨੁਕਤਾ ਦਏ ਉਡਾ, ਨੂਨ ਗ਼ੁਨਾ ਇਕੋ ਨਜ਼ਰੀ ਆਈਆ । ਹਮਜ਼ਾ ਰਮਜ਼ ਦਏ ਲਗਾ, ਐਨ ਅੱਖ ਪਰਤੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚੇ ਹਰਿ, ਡੋਰ ਤੇਰੇ ਹੱਥ ਫੜਾਈਆ । ਆਪਣੇ ਹੱਥ ਫੜ ਲੈ ਡੋਰ, ਅਨਡੋਲਤ ਤੇਰੀ ਸ੍ਰਿਸ਼ਟੀ ਤੇਰੇ ਹੱਥ ਫੜਾਈਆ । ਨੌ ਖੰਡ ਪ੍ਰਿਥਮੀ ਵੇਖ ਠੱਗ ਚੋਰ, ਘਟ ਘਟ ਆਪਣਾ ਫੇਰਾ ਪਾਈਆ । ਜਗਤ ਵਿਕਾਰਿਉਂ ਅਸੀਂ ਆਏ ਹੋੜ, ਹੋਕਾ ਤੇਰਾ ਨਾਮ ਸੁਣਾਈਆ । ਸਭ ਨੂੰ ਦੱਸ ਕੇ ਆਏ ਸੁਰਤੀ ਸ਼ਬਦ ਲਵੋ ਜੋੜ, ਘਰ ਮੇਲਾ ਮੇਲ ਮਿਲਾਈਆ । ਕਰ ਪਰਕਾਸ਼ ਅੰਧ ਘੋਰ, ਜੋਤ ਨਿਰੰਜਣ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਲੈ ਫੜ, ਜੋ ਤੇਰੇ ਤੈਨੂੰ ਰਹੇ ਗਾਈਆ । ਜੋ ਮੇਰੇ ਮੈਨੂੰ ਧਿਆਵਣਗੇ । ਹਿਰਦੇ ਹਰਿ ਕਾ ਨਾਮ ਵਸਾਵਣਗੇ । ਰਸਨਾ ਜਿਹਵਾ ਗੀਤ ਅਲਾਵਣਗੇ । ਕਾਇਆ ਮੰਦਰ ਮਸੀਤ ਸੋਭਾ ਪਾਵਣਗੇ । ਆਤਮ ਪਰਮਾਤਮ ਵੇਖ ਨਿਸ਼ਾਨਾ ਠੀਕ, ਮਾਰਗ ਆਪਣਾ ਪੰਧ ਮੁਕਾਵਣਗੇ । ਏਥੇ ਓਥੇ ਲੱਗੀ ਪ੍ਰੀਤ, ਵੇਲੇ ਅੰਤ ਤੋੜ ਨਿਭਾਵਣਗੇ । ਮੈਂ ਹਰ ਘਟ ਵਸਾਂ ਚੀਤ, ਚਾਰ ਜੁਗ ਮੁਖ ਸ਼ਰਮਾਵਣਗੇ । ਬੈਠਾ ਰਹਾਂ ਸਦਾ ਅਤੀਤ, ਗੁਰ ਅਵਤਾਰ ਸਰਬ ਫ਼ਰਮਾਵਣਗੇ । ਕਾਲੇ ਉਤੇ ਪਾ ਕੇ ਗਏ ਲੀਕ, ਲਕੀਰ ਸਭ ਦੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਵੇਖ ਵਖਾਵਣਗੇ । ਗੁਰਮੁਖ ਸਾਚੇ ਵੇਖ ਵਖਾਵਾਂਗਾ । ਕਲਜੁਗ ਅੰਤਮ ਪੜਦਾ ਚੁਕਾਵਾਂਗਾ । ਹਰਿਜਨ ਸੜਦਾ ਆਪ ਬਚਾਵਾਂਗਾ । ਧੁਰ ਦਾ ਬਰਦਾ ਇਕ ਬਣਾਵਾਂਗਾ । ਘਰ ਘਰ ਦਰ ਦਰ ਭੇਵ ਖੁਲ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਰਖਾਵਾਂਗਾ । ਸਾਚਾ ਮਾਰਗ ਇਕ ਰਖਾਵਾਂਗਾ । ਜਨ ਭਗਤਾਂ ਆਪ ਜਗਾਵਾਂਗਾ । ਸਾਚੇ ਸੰਤਾਂ ਮੇਲ ਮਿਲਾਵਾਂਗਾ । ਗੁਰਮੁਖਾਂ ਰੰਗ ਰੰਗਾਵਾਂਗਾ । ਗੁਰਸਿਖਾਂ ਮਰਦੰਗ ਵਜਾਵਾਂਗਾ । ਸੇਜ ਪਲੰਘ ਹੰਢਾਵਾਂਗਾ । ਅਨਹਦ ਰਾਗ ਸੁਣਾਵਾਂਗਾ । ਯਦ ਪੁਸ਼ਤ ਆਪ ਬਣਾਵਾਂਗਾ । ਯਕਮੁਸ਼ਤ ਖੇਲ ਕਰਾਵਾਂਗਾ । ਆਸ਼ਕ ਮਾਸ਼ੂਕ ਰੂਪ ਵਟਾਵਾਂਗਾ । ਧੁਰ ਦਾ ਸਚ ਹਕੂਕ, ਜਨ ਭਗਤਾਂ ਝੋਲੀ ਪਾਵਾਂਗਾ । ਬਾਕੀ ਸਭ ਨੂੰ ਕਰਾਂ ਮਨਸੂਖ਼, ਪਿਛਲਾ ਲੇਖਾ ਮੇਟ ਮਿਟਾਵਾਂਗਾ । ਚਾਰ ਵਰਨਾਂ ਬਣੇ ਇਕ ਰਸੂਖ਼, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਘਰ ਬਹਾਵਾਂਗਾ । ਸਭ ਦੀ ਮੇਟਾਂ ਤ੍ਰਿਸਨਾ ਭੁਖ, ਅੰਮ੍ਰਿਤ ਆਤਮ ਜਾਮ ਪਿਆਵਾਂਗਾ । ਜਨਮ ਮਰਨ ਦਾ ਰਹੇ ਨਾ ਦੁਖ, ਜਿਸ ਨੂੰ ਆਪਣੀ ਗੋਦ ਬਹਾਵਾਂਗਾ । ਜਨ ਭਗਤਾਂ ਹਿਤ ਜਾਵਾਂ ਜੂਝ, ਆਪਣਾ ਸੀਸ ਜਗਦੀਸ ਕਟਾਵਾਂਗਾ । ਦੋ ਜਹਾਨਾਂ ਦੀ ਦੇਵਾਂ ਸੂਝ, ਪੜਦਾ ਉਹਲਾ ਆਪ ਚੁਕਾਵਾਂਗਾ । ਲਹਿਣਾ ਚੁਕੇ ਏਕਾ ਦੂਜ, ਭਾਂਡਾ ਭਰਮ ਭੌ ਭੰਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਦਰ ਸਤਿਜੁਗ ਰੂਪ ਵਟਾਵਾਂਗਾ । ਕਲਜੁਗ ਅੰਤਮ ਡੇਰਾ ਢਾਹੇਗਾ । ਪ੍ਰਭ ਆਪਣਾ ਹੁਕਮ ਵਰਤਾਏਗਾ । ਨਾ ਕੋਈ ਮੇਟੇ ਮੇਟ ਮਿਟਾਏਗਾ । ਗੁਰ ਅਵਤਾਰ ਸੀਸ ਝੁਕਾਏਗਾ । ਪੀਰ ਪੈਗ਼ੰਬਰ ਕਲਮਾ ਨਬੀ ਰਸੂਲ ਨਾ ਕੋਇ ਪੜ੍ਹਾਏਗਾ । ਸਾਰੇ ਹੁਕਮ ਕਰਨ ਕਬੂਲ, ਕਾਇਆ ਕਾਅਬਾ ਇਕੋ ਨਜ਼ਰੀ ਆਏਗਾ । ਜਿਨ੍ਹਾਂ ਮਿਲਿਆ ਆਪ ਮਹਿਬੂਬ, ਮੁਹੱਬਤ ਆਪਣੇ ਨਾਲ ਲਗਾਏਗਾ । ਚਾਰ ਜੁਗ ਦਾ ਦੇ ਸਬੂਤ, ਸਬਰ ਪਿਆਲਾ ਜਾਮ ਪਿਆਏਗਾ । ਭਾਗ ਲਗਾ ਕਾਇਆ ਕਲਬੂਤ, ਰੂਹ ਪਾਕ ਆਪ ਕਰਾਏਗਾ । ਕੂੜੀ ਅਗਨੀ ਦੇਵੇ ਫੂਕ, ਜੋਤੀ ਲੰਬੂ ਇਕੋ

੩੮੨ ੧੫

ਲਾਏਗਾ । ਮੁਰੀਦ ਮੁਰਸ਼ਦ ਦੋਹਾਂ ਇਕ ਰਸੂਖ਼, ਰਸਵਾਗਰ ਆਪ ਅਖਵਾਏਗਾ । ਹਰ ਘਟ ਹੋਏ ਸਦਾ ਮੌਜੂਦ, ਖ਼ਾਲੀ ਦਰ ਨਾ ਕੋਇ ਵਖਾਏਗਾ । ਆਦਿ ਜੁਗਾਦਿ ਨਾ ਹੋਏ ਨੇਸਤੋ ਨਾਬੂਦ, ਸਚ ਨਿਸ਼ਾਨ ਇਕ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਏਗਾ । ਪ੍ਰਭ ਭਗਤੀ ਮਾਰਗ ਲਾਵੇਗਾ । ਭਗਤ ਭਗਵਾਨ ਆਪ ਜਗਾਵੇਗਾ । ਧੁਰ ਦਾ ਨਾਮ ਦੇ ਕੇ ਦਾਨ, ਖ਼ਾਲੀ ਝੋਲੀ ਸਰਬ ਭਰਾਵੇਗਾ । ਜੋ ਸੁੱਤੇ ਬਾਲ ਅਵਾਣ, ਫੜ ਬਾਹੋ ਆਪ ਹਿਲਾਵੇਗਾ । ਅਗਲੀ ਪਿਛਲੀ ਚੁਕੇ ਕਾਣ, ਬਿਨ ਕੰਨਾਂ ਰਾਗ ਸੁਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਜੋੜ ਜੁੜਾਵੇਗਾ । ਜਨ ਭਗਤ ਆਪ ਉਠਾਏਗਾ । ਤੁਠ ਆਪਣੀ ਦਇਆ ਕਮਾਏਗਾ । ਕੁਛ ਨਾਮ ਕੋਲੋ ਵਰਤਾਏਗਾ । ਮੁਖ ਉਜਲ ਮਾਤ ਕਰਾਏਗਾ । ਸੁਖ ਸਹਿਜ ਘਰ ਵਸਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰੰਗ ਰੰਗਾਏਗਾ । ਜਨ ਭਗਤਾਂ ਰੰਗ ਰੰਗਾਵੇਗਾ । ਆਤਮ ਸੇਜਾ ਡੇਰਾ ਲਾਵੇਗਾ । ਧੁਰ ਸੰਦੇਸ਼ ਇਕੋ ਭੇਜਾ, ਭਜਨ ਬੰਦਗੀ ਨਾਮ ਪਰਗਟਾਵੇਗਾ । ਨਿਜ ਨੇਤਰ ਆਪੇ ਪੇਖਾ, ਪੇਖਤ ਪੇਖਤ ਖ਼ੁਸ਼ੀ ਮਨਾਵੇਗਾ । ਨਾ ਕੋਈ ਰਹੇ ਔਲੀਆ ਪੀਰ ਸ਼ੇਖ਼ਾ, ਮਸਾਇਕ ਰੂਪ ਨਾ ਕੋਇ ਧਰਾਵੇਗਾ । ਦੀਨ ਮਜ਼੍ਹਬ ਦਾ ਕਰ ਕੇ ਇਕੋ ਏਕਾ, ਆਖਰ ਇਕੋ ਅੱਖਰ ਪੜ੍ਹਾਵੇਗਾ । ਪਾਰਬ੍ਰਹਮ ਪੁਰਖ ਅਕਾਲ ਦੀ ਇਕੋ ਟੇਕਾ, ਖ਼ੁਦਾਵੰਦ ਕਰੀਮ ਇਕੋ ਨਜ਼ਰੀ ਆਵੇਗਾ । ਸਭ ਦੀ ਕਰੇ ਬੁੱਧ ਬਬੇਕਾ, ਮਨ ਮਨਸਾ ਮੇਟ ਮਿਟਾਵੇਗਾ । ਦੀਨ ਮਜ਼੍ਹਬ ਦਾ ਬੋਲੀ ਉਤੇ ਅੱਗੇ ਕੋਈ ਨਾ ਲਏ ਠੇਕਾ, ਠੇਕੇਦਾਰ ਨਜ਼ਰ ਕੋਇ ਨਾ ਆਵੇਗਾ । ਲੋਕਮਾਤ ਸਭ ਦਾ ਇਕੋ ਬਣੇ ਪੁਰਖ ਅਬਿਨਾਸ਼ੀ ਨੇਤਾ, ਨਿਰਗੁਣ ਆਪਣਾ ਹੁਕਮ ਵਰਤਾਵੇਗਾ । ਮਾਤ ਗਰਭ ਦਾ ਸਭ ਕਰਾਏ ਚੇਤਾ, ਲਿਵ ਛੁਟਕੀ ਫੇਰ ਲਗਾਵੇਗਾ । ਸੋਹੰ ਸ਼ਬਦ ਦਾ ਦੱਸੇ ਭੇਤਾ, ਆਤਮ ਪਰਮਾਤਮ ਜੋੜ ਜੁੜਾਵੇਗਾ । ਜੋ ਉਪਰੋ ਆਇਆ ਹੇਠਾਂ, ਹੇਠੋਂ ਫੜ ਕੇ ਉਪਰ ਲੈ ਜਾਵੇਗਾ । ਜਿਸ ਦਾ ਸ਼ਬਦੀ ਪੁੱਤ ਇਕੋ ਜੇਠਾ, ਥਿਰ ਘਰ ਸਾਚੇ ਸੋਭਾ ਪਾਵੇਗਾ । ਸੋ ਭਗਤਾਂ ਕਦੇ ਨਾ ਭੁੱਲੇ ਚੇਤਾ, ਜੁਗ ਚੌਕੜੀ ਵੇਖਣ ਆਵੇਗਾ । ਕਲਜੁਗ ਜੀਵੇ ਉਠੋ ਮੁਕਾਵੇ ਆਪਣਾ ਲੇਖਾ, ਸ੍ਰੀ ਭਗਵਾਨ ਲੇਖ ਚੁਕਾਵੇਗਾ । ਵੇਲਾ ਲੰਘ ਨਾ ਜਾਏ ਵੇਖੀ ਵੇਖਾ, ਵੇਲਾ ਲੰਘਿਆ ਹੱਥ ਨਾ ਆਵੇਗਾ । ਜਿਸ ਦਾ ਰੂਪ ਰੂਪ ਅਨੇਕਾ, ਬਹੁ ਕੂਟ ਫੋਲ ਫੁਲਾਵੇਗਾ । ਜਿਸ ਦਾ ਮੇਲ ਦਸ ਦਸਮੇਸ਼ਾ, ਦਹਿ ਦਿਸ਼ਾ ਖੋਜ ਖੋਜਾਵੇਗਾ । ਜਿਸ ਦੀ ਅੰਸ ਵਿਸ਼ਨ ਬ੍ਰਹਮ ਮਹੇਸ਼ਾ, ਕਰੋੜ ਤਤੀਸਾ ਸੁਰਪਤ ਇੰਦ ਜਿਸ ਧਿਆਵੇਗਾ । ਤਿਸ ਸਾਹਿਬ ਕਰੋ ਆਦੇਸਾ, ਅੰਤਮ ਆਪਣੇ ਦੇਸ ਲੈ ਜਾਵੇਗਾ । ਤਿਸ ਮੁੱਛ ਦਾੜ੍ਹੀ ਨਾ ਕੇਸਾ, ਨਾ ਕੋਈ ਮੂੰਡ ਮੂੰਡਾਵੇਗਾ । ਆਤਮ ਪਰਮਾਤਮ ਕਰੇ ਹੇਤਾ, ਨਿਤ ਨਵਿਤ ਆਪਣੇ ਘਰ ਵਸਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕੋ ਵਰ, ਭਗਤੀ ਡੇਰਾ ਇਕ ਲਗਾਵੇਗਾ । ਜਨ ਭਗਤਾਂ ਪ੍ਰਭ ਹੋਏ ਵਸ, ਆਪਣਾ ਮਾਣ ਗਵਾਈਆ । ਧੁਰਦਰਗਾਹੋ ਆਏ ਨੱਸ, ਜੁਗ ਜੁਗ ਫੇਰਾ ਪਾਈਆ । ਸਾਚਾ ਮਾਰਗ ਦੇਵੇ ਦੱਸ, ਕਰੇ ਅਗੰਮ ਪੜ੍ਹਾਈਆ । ਜੁਗ ਚੌਕੜੀ ਕਿਸੇ ਨਾ ਆਇਆ ਹੱਥ, ਲੱਭ ਲੱਭ ਥੱਕੇ ਸਰਬ ਲੋਕਾਈਆ । ਖੋਜਤ ਖੋਜਤ ਗਏ ਅੱਕ, ਹਰਿ ਕਾ ਨੂਰ ਨਜ਼ਰ ਨਾ ਆਈਆ । ਕੋਟਨ ਬੈਠੇ ਤੀਰਥ ਤੱਟ, ਡੂੰਘੀ ਕੰਦਰ ਧਿਆਨ ਲਗਾਈਆ । ਕੋਟਨ ਅਗਨੀ ਰਹੇ ਤਪ, ਜਲ ਧਾਰ ਕੋਟਨ ਰਹੇ ਵਹਾਈਆ । ਕੋਟਨ ਕਰਨ ਪੂਜਾ ਪਾਠ ਸ਼ਿਵਦਵਾਲੇ ਮੱਠ, ਮੰਦਰ ਮਸੀਤ ਗੁਰੂ ਰਹੇ ਧਿਆਈਆ । ਚਾਰ ਕੁੰਟ ਦਹਿ ਦਿਸ਼ਾ

ਕਿਸੇ ਨਾ ਆਇਆ ਹੱਥ, ਖ਼ਾਲੀ ਹੱਥ ਰਹੇ ਵਖਾਈਆ । ਜਿਨ੍ਹਾਂ ਉਪਰ ਕਿਰਪਾ ਕਰੇ ਪੁਰਖ ਸਮਰਥ, ਸਤਿਗੁਰ ਪੂਰਾ ਦਇਆ ਕਮਾਈਆ । ਰਾਤੀਂ ਸੁਤਿਆਂ ਨਿਜ ਖੋਲ੍ਹੇ ਨੇਤਰ ਅੱਖ, ਦਿਨੇ ਜਾਗਦਿਆਂ ਬਿਨ ਅੱਖਾਂ ਨਜ਼ਰੀ ਆਈਆ । ਸਤਿ ਸਰੂਪ ਹੋ ਪਰਤੱਖ, ਪਰਦਾ ਉਹਲਾ ਦਏ ਉਠਾਈਆ । ਲੱਖ ਚੁਰਾਸੀ ਨਾਲੋ ਕਰ ਕੇ ਵੱਖ, ਆਪਣਾ ਮੇਲ ਮਿਲਾਈਆ । ਤੂੰ ਮੇਰਾ ਮੈਂ ਤੇਰੇ ਵਸ, ਭਗਤ ਭਗਵਾਨ ਇਕ ਦੂਜੇ ਨੂੰ ਰਹੇ ਸੁਣਾਈਆ । ਬਿਨ ਭਗਤ ਭਗਵਾਨ ਦੋਹਾਂ ਦਾ ਖੇੜਾ ਕਦੀ ਨਾ ਸਕੇ ਵਸ, ਦੋ ਜਹਾਨ ਔਂਤਰੇ ਨਜ਼ਰੀ ਆਈਆ । ਭਗਤ ਕਹੇ ਭਗਵਾਨ ਮੇਰੀ ਰੱਖੇ ਪੱਤ, ਸਿਰ ਮੇਰੇ ਹੱਥ ਟਿਕਾਈਆ । ਭਗਵਾਨ ਕਹੇ ਬਿਨ ਭਗਤਾਂ ਮੇਰਾ ਨਾਮ ਕੋਈ ਨਾ ਲਏ ਜਪ, ਲੋਕਮਾਤ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਦੋਹਾਂ ਦਾ ਇਕ ਦੂਜੇ ਬਿਨਾਂ ਚਲੇ ਕੋਈ ਨਾ ਵਸ, ਮਜ਼ਬੂਰ ਹੋ ਕੇ ਇਕ ਦੂਜੇ ਨਾਲ ਬੰਧਨ ਪਾਈਆ । ਧੰਨ ਨਗਰ ਧੰਨ ਖੇੜਾ ਜਿਥੇ ਪਿਤਾ ਪੁੱਤ ਦੋਵੇਂ ਗਾਵਣ ਜਸ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤ ਸਾਲਾਹੀਆ । ਹਰਿ ਸੰਗਤ ਦੁਆਰਾ ਰਿਹਾ ਵਸ, ਸਾਰੀ ਬਸਤੀ ਖ਼ੁਸ਼ੀ ਮਨਾਈਆ । ਕੱਲਿਉਂ ਕਾਲ ਕਲੰਦਰ ਜਾਏ ਨੱਸ, ਜੋ ਜਨ ਦਰ ਤੇ ਆਏ ਦਰਸ਼ਨ ਪਾਈਆ । ਅੰਤਮ ਵੇਲੇ ਦਰਸ਼ਨ ਦੇਵੇ ਹੱਸ ਹੱਸ, ਸੀਸ ਜਗਦੀਸ ਤਾਜ ਟਿਕਾਈਆ । ਗੁਰਮੁਖੇ ਘਰਦਿਆਂ ਦੇਣਾ ਦੱਸ, ਪ੍ਰਭ ਪਿਤਾ ਆਇਆ ਸੱਚਾ ਮਾਹੀਆ । ਜੋ ਹੋਇਆ ਭਗਤਾਂ ਵਸ, ਸੋ ਭਗਤਾਂ ਪਿਛੇ ਫੇਰਾ ਪਾਈਆ । ਆਦਿ ਜੁਗਾਦਿ ਜੁਗ ਚੌਕੜੀ ਪੁਰਖ ਅਕਾਲ ਇਕ ਸਮਰਥ, ਸਤਿਗੁਰ ਪੂਰਾ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਤੇਰੀ ਪ੍ਰੇਮ ਪ੍ਰੀਤੀ ਅੰਦਰ ਜਾਏ ਢੱਠ, ਤੇਰੇ ਮੰਦਰ ਆਪਣਾ ਡੇਰਾ ਲਾਈਆ । ਸਚਖੰਡ ਦਾ ਸਚ ਇਕੱਠ, ਲੋਕਮਾਤ ਵਖਾਈਆ । ਜਿਸ ਘਰ ਨਿਰਗੁਣ ਨਿਰਵੈਰ ਹੋਏ ਪਰਗਟ, ਸੋ ਪਰਗਟ ਵਿਚ ਲੋਕਾਈਆ । ਸਾਰੇ ਰਲ ਮਿਲ ਆਤਮ ਪਰਮਾਤਮ ਇਕ ਦੂਜੇ ਦਾ ਗਾਓ ਜਸ, ਦੂਈ ਦਵੈਤੀ ਕਿਸੇ ਵਿਚ ਰਹਿਣ ਨਾ ਪਾਈਆ । ਜ਼ਾਤ ਪਾਤ ਦੀਨ ਮਜ਼੍ਹਬ ਖਹਿੜਾ ਦਿਓ ਛੱਡ, ਇਕ ਦੂਜੇ ਨੂੰ ਜਾਣੋ ਭਾਈ ਭਾਈਆ । ਨਾਨਕ ਗੋਬਿੰਦ ਸੱਚਾ ਮਾਰਗ ਗਿਆ ਦੱਸ, ਊਚ ਨੀਚ ਰਹਿਣ ਕੋਇ ਨਾ ਪਾਈਆ । ਹਰ ਘਟ ਹਰ ਹਿਰਦੇ ਸਾਚਾ ਰਾਮ ਰਿਹਾ ਵਸ, ਘਰ ਘਰ ਕਾਹਨ ਆਪਣੀ ਬੰਸਰੀ ਨਾਮ ਰਿਹਾ ਵਜਾਈਆ । ਸੀਤਾ ਸੁਰਤੀ ਹੋ ਕੇ ਪ੍ਰੀਤਮ ਆਪਣਾ ਕਰ ਲਓ ਵਸ, ਰਾਧਾ ਹੋ ਕੇ ਕ੍ਰਿਸ਼ਨ ਲਓ ਮਨਾਈਆ । ਤੁਹਾਡੇ ਪਿਛੇ ਤੁਹਾਡਾ ਸਤਿਗੁਰ ਹੋਏ ਬੇਵਸ, ਭੱਜਾ ਫਿਰੇ ਵਾਹੋ ਦਾਹੀਆ । ਛੱਡ ਕੇ ਆਏ ਤੀਰਥ ਤੱਟ, ਮੰਦਰ ਮੱਠ ਸਰਬ ਤਜਾਈਆ । ਜਿਥੇ ਭਗਤ ਸੰਤ ਗੁਰਮੁਖ ਗੁਰਸਿਖ ਹਰਿ ਸੰਗਤ ਹਰਿ ਕਾ ਨਾਮ ਰਹੀ ਰਟ, ਤਿਸ ਬਿਨ ਦੂਜਾ ਦਰ ਅਵਰ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਰਬ ਵਰ, ਗੁਰਮੁਖੋ ਆਪਣਾ ਵੇਖੋ ਆਪ ਘਰ, ਜਿਸ ਘਰ ਵਿਚ ਘਰ ਸਤਿਗੁਰ ਡੇਰਾ ਲਾਈਆ । ਗੁਰਸਿਖ ਅੱਗੋ ਦੇਵੇ ਆਖ, ਉਚੀ ਕੂਕ ਸਣਾਈਆ । ਬਿਨ ਸਤਿਗੁਰ ਮੈਨੂੰ ਕੁਝ ਨਾ ਸਕੇ ਭਾਖ, ਹੋਏ ਨਾ ਕੋਇ ਸੁਣਾਈਆ । ਨੌ ਦੁਆਰੇ ਬੜੇ ਚਾਲਾਕ, ਅੱਠੇ ਪਹਿਰ ਆਪਣਾ ਬਲ ਵਖਾਈਆ । ਪੰਜ ਵਿਕਾਰੇ ਅਗਲਾ ਬੰਦ ਕੀਤਾ ਤਾਕ, ਸਕੇ ਨਾ ਕੋਇ ਖੁਲ੍ਹਾਈਆ । ਜਿੰਨਾਂ ਚਿਰ ਸਤਿਗੁਰ ਪੂਰਾ ਸਿਰ ਆਪਣੇ ਹੱਥ ਨਾ ਲਏ ਰਾਖ, ਰਾਹ ਨਜ਼ਰ ਕੋਇ ਨਾ ਆਈਆ । ਸੁਖਮਨ ਟੇਢੀ ਬੰਕ ਪਾਰ ਨਾ ਹੋਵੇ ਘਾਟ, ਈੜਾ ਪਿੰਗਲ ਪੰਧ ਨਾ ਕੋਇ ਮੁਕਾਈਆ । ਸ਼ਬਦ ਸੁਣੇ ਨਾ ਕੋਈ ਨਾਦ, ਅਨਹਦ ਰਾਗ ਨਾ ਕੋਇ ਸੁਣਾਈਆ । ਅੰਮ੍ਰਿਤ ਆਤਮ ਨਾ ਆਏ ਸੁਆਦ

੩੮੪ ੧੫

ਨੌ ਰਸ ਫਿਕੇ ਰਸਨਾ ਜਿਹਵਾ ਰਹੀ ਖਾਈਆ । ਆਤਮ ਅੰਤਰ ਨਾ ਹੋਏ ਪਰਕਾਸ਼, ਅੰਧ ਅੰਧੇਰ ਨਾ ਕੋਇ ਮਿਟਾਈਆ । ਕਰ ਕਿਰਪਾ ਸਤਿਗੁਰ ਪੂਰਾ ਅੰਦਰ ਵੜ ਕੇ ਸਾਚੇ ਮੰਦਰ ਚੜ੍ਹ ਕੇ ਸੁਰਤੀ ਸ਼ਬਦ ਫੜ ਕੇ ਦਰਸ ਦਿਖਾਏ ਸਾਖਿਆਤ, ਸੱਜਣ ਇਕੋ ਨਜ਼ਰੀ ਆਈਆ । ਗੁਰਮੁਖ ਓਸ ਘਰ ਓਸ ਦਰ ਕਦੀ ਨਾ ਹੋਏ ਵਫ਼ਾਤ, ਜਨਮ ਮਰਨ ਗੇੜ ਰਹਿਣ ਨਾ ਪਾਈਆ । ਲੇਖਾ ਲਿਖ ਦਏ ਬਿਨ ਕਲਮ ਦਵਾਤ, ਕਾਗ਼ਜ਼ ਲੋੜ ਰਹੇ ਨਾ ਰਾਈਆ । ਬਿਨ ਪਿਆਸਿਉਂ ਪਿਆਏ ਆਬੇ ਹਯਾਤ, ਹਯਾਤੀ ਹਯਾਤੀ ਵਿਚੋ ਬਦਲਾਈਆ । ਮੁਖ ਤੋ ਲਾਹ ਕੇ ਪੜਦਾ ਨਕ਼ਾਬ, ਨਕ਼ਾਬਪੋਸ਼ ਆਪਣਾ ਨੂਰ ਦਏ ਚਮਕਾਈਆ । ਜੋ ਹਰ ਘਟ ਅੰਦਰ ਬੈਠਾ ਖ਼ਾਮੋਸ਼, ਸੋ ਗੁਰਮੁਖੋ ਗੁਰਸਿਖੋ ਜਨ ਭਗਤੋ ਤੁਹਾਡੇ ਨਾਲ ਅੰਦਰ ਵੜਿਆ ਗੱਲਾਂ ਕਰੇ ਚਾਈਂ ਚਾਈਆ । ਆਓ ਰਲ ਕੇ ਬਣੋ ਇਕ ਜਮਾਤ, ਕਬੀਰ ਜੁਲਾਹਾ ਉਚੀ ਕੂਕੇ ਦਏ ਦੁਹਾਈਆ । ਨਾਨਕ ਨਿਰਗੁਣ ਸਤਿ ਸਰੂਪ ਸਭ ਨੂੰ ਬਣਾਏ ਪਾਰਜਾਤ, ਜੋ ਪਰਮ ਪੁਰਖ ਪਤਿਪਰਮੇਸ਼ਵਰ ਚਰਨ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦੇਵੇ ਇਕੋ ਵਰ, ਜਮ ਕਾ ਚੁਕਾਓ ਭੈ ਡਰ, ਵੇਲੇ ਅੰਤ ਸ੍ਰੀ ਭਗਵੰਤ ਅੰਤ ਆਪਣੀ ਗੋਦ ਬਹਾਈਆ ।

### ✪ ੨੭ ਭਾਦਰੋ ੨੦੨੦ ਬਿਕ੍ਰਮੀ ਪਿੰਡ ਕੱਲਾ ਪ੍ਰੀਤਮ ਸਿੰਘ ਦੇ ਗ੍ਰਿਹਿ ਜ਼ਿਲਾ ਅੰਮ੍ਰਿਤਸਰ ✪



ਗੁਰਮੁਖ ਮਿਟੇ ਅੰਧੇਰੀ ਰਾਤ, ਜਗਤ ਅੰਧੇਰ ਰਹਿਣ ਨਾ ਪਾਈਆ । ਘਰ ਸਤਿਗੁਰ ਦਰਸ ਪਾਏ ਸਾਖਿਆਤ, ਸ਼ਾਹ ਪਾਤਸ਼ਾਹ ਨਜ਼ਰੀ ਆਈਆ । ਅੰਦਰ ਖੋਲ੍ਹੇ ਆਪਣਾ ਤਾਕ, ਪੜਦਾ ਬਜਰ ਕਪਾਟ ਉਠਾਈਆ । ਪੁਰਖ ਅਕਾਲ ਮਿਲੇ ਸੱਜਣ ਸਾਕ, ਦਰ ਬੈਠਾ ਬੇਪਰਵਾਹੀਆ । ਸਚ ਪ੍ਰੀਤੀ ਬੰਨ੍ਹੇ ਨਾਤ, ਨਾਤਾ ਆਪਣੇ ਨਾਲ ਜੁੜਾਈਆ । ਆਤਮ ਦੇਵੇ ਇਕੋ ਦਾਤ, ਪਰਮਾਤਮ ਮੇਲ ਮਿਲਾਈਆ । ਬਖ਼ਸ਼ੇ ਅੰਮ੍ਰਿਤ ਬੂੰਦ ਸਵਾਂਤ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਇਕ ਗਿਆਨ ਦ੍ਰਿੜਾਈਆ । ਗੁਰਮੁਖ ਦੇਵੇ ਇਕ ਗਿਆਨ, ਸਤਿਗੁਰ ਸਾਚਾ ਦਇਆ ਕਮਾਇੰਦਾ । ਅੰਤਰ ਆਤਮ ਧਰਮ ਨਿਸ਼ਾਨ, ਧਰਮ ਦੁਆਰੇ ਆਪ ਵਖਾਇੰਦਾ । ਕੂੜੀ ਕਿਰਿਆ ਛੁੱਟੇ ਪੀਣ ਖਾਣ, ਅੰਮ੍ਰਿਤ ਰਸ ਆਪ ਚਖਾਇੰਦਾ । ਚਰਨ ਕਵਲ ਕਵਲ ਚਰਨ ਪ੍ਰਭ ਸੁਆਮੀ ਇਕ ਧਿਆਨ, ਇਸ਼ਟ ਦੇਵ ਗੁਰ ਇਕੋ ਨਜ਼ਰੀ ਆਇੰਦਾ । ਸਾਚਾ ਨਾਮ ਸੁਣੇ ਸਚ ਕਾਨ, ਸਰਵਣ ਸਾਚੇ ਲੇਖੇ ਲਾਇੰਦਾ । ਬਾਲੀ ਬੁਧ ਨਾ ਹੋਏ ਅਵਾਣ, ਸੁਰਤੀ ਸਵੱਛ ਸਰੂਪ ਬਣਾਇੰਦਾ । ਘਰ ਮੇਲਾ ਨਿਰਗੁਣ ਕਾਹਨ, ਗ੍ਰਿਹਿ ਮੰਦਰ ਸੋਭਾ ਪਾਇੰਦਾ । ਜਨਮ ਕਰਮ ਰੋਗ ਸਰਬ ਮਿਟ ਜਾਣ, ਸੰਸਾ ਰਹਿਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰ ਗੁਰ ਬੂਝ ਬੁਝਾਇੰਦਾ । ਗੁਰਮੁਖ ਬੂਝੇ ਸਤਿਗੁਰ ਰੰਗ, ਹਰਿ ਸਾਚਾ ਸਚ ਬੁਝਾਈਆ । ਮੰਦਰ ਵੇਖੇ ਅੰਦਰ ਲੰਘ, ਪੜਦਾ ਆਪ ਚੁਕਾਈਆ । ਨਾਮ ਨਿਧਾਨ ਵੱਜੇ ਮਰਦੰਗ, ਤਾਲ ਤਲਵਾੜਾ ਇਕ ਵਖਾਈਆ । ਜਗਤ ਵਿਕਾਰਾ ਖੰਡ ਖੰਡ, ਕੂੜ ਕੁੜਿਆਰ ਨਜ਼ਰ ਕੋਇ ਨਾ ਆਈਆ । ਆਤਮ ਮਿਲੇ ਇਕ ਅਨੰਦ, ਪਰਮਾਨੰਦ ਆਪ ਸਮਾਈਆ । ਸਾਚੀ ਦੇਵੇ ਨਾਮ ਸੁਗੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਏਕਾ ਘਰ ਵਖਾਈਆ । ਗੁਰਮੁਖ ਵੇਖ ਪਹਿਲਾ ਘਰ, ਜਿਸ

ਘਰ ਵਸੇ ਬੇਪਰਵਾਹੀਆ । ਲੋਕਮਾਤ ਕਿਉਂ ਬੈਠਾ ਅੜ, ਮਨਮਤ ਰੰਗ ਰੰਗਾਈਆ । ਕਾਇਆ ਮੰਦਰ ਸਾਚੇ ਪੌੜੇ ਵੇਖ ਚੜ੍ਹ, ਉਚਾ ਟਿੱਲਾ ਨਜ਼ਰੀ ਆਈਆ । ਨੇਤਰ ਲੋਚਣ ਦਰਸਨ ਕਰ, ਨਿਜ ਨੈਣ ਇਕ ਖੁਲ੍ਹਾਈਆ । ਨਜ਼ਰੀ ਆਏ ਨਰਾਇਣ ਨਰ, ਹਰਿ ਕਰਤਾ ਬੇਪਰਵਾਹੀਆ । ਜਨਮ ਜਨਮ ਦਾ ਚੁੱਕੇ ਡਰ, ਆਵਣ ਜਾਵਣ ਰਹਿਣ ਨਾ ਪਾਈਆ । ਬਿਨ ਰਸਨਾ ਜਿਹਵਾ ਸੋਹੰ ਢੋਲਾ ਪੜ੍ਹ, ਅੰਤਰ ਅੰਤਰ ਧਿਆਨ ਲਗਾਈਆ । ਘਰ ਵਿਚ ਉਪਜੇ ਤੇਰਾ ਘਰ, ਘਰ ਘਰ ਵਿਚ ਵੱਜੇ ਵਧਾਈਆ । ਸਾਚੇ ਨਹਾਉਣਾ ਇਕੋ ਸਰ, ਸਰ ਅੰਮ੍ਰਿਤ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰਮੁਖ ਤੇਰੀ ਧੁਰ ਦੀ ਪ੍ਰੀਤ, ਹਰਿ ਸਤਿਗੁਰ ਆਪ ਜਣਾਈਆ । ਜਨਮ ਜਨਮ ਦੀ ਵੇਖੇ ਰੀਤ, ਕਰਮ ਕਰਮ ਦੀ ਧਾਰ ਸਮਝਾਈਆ । ਤੇਰੇ ਅੰਦਰ ਅੰਮ੍ਰਿਤ ਠਾਂਡਾ ਸੀਤ, ਬਿਨ ਕਿਰਪਾ ਹੱਥ ਕਿਸੇ ਨਾ ਆਈਆ । ਅੱਗੇ ਹੋ ਕੇ ਵੇਖ ਨਜ਼ੀਕ, ਦੂਰਨ ਦੂਰ ਪੈਂਡਾ ਰਿਹਾ ਮੁਕਾਈਆ । ਸਦਾ ਸੁਹੇਲਾ ਵਸੇ ਚੀਤ, ਚੇਤਨ ਆਪਣਾ ਹੁਕਮ ਵਰਤਾਈਆ । ਦਰ ਦਰਵੇਸ਼ ਬਣ ਮੰਗ ਨਾਮ ਭੀਖ, ਭਿੱਛਿਆ ਇਕੋ ਝੋਲੀ ਪਾਈਆ । ਮਨ ਆਤਮਾ ਦੋਵੇਂ ਰਹਿਣ ਅਤੀਤ, ਬੁਧ ਮਤ ਨਾਲ ਮਿਲਾਈਆ । ਲੇਖਾ ਚੁੱਕੇ ਹਸਤ ਕੀਟ, ਹਰ ਘਟ ਰਮਿਆ ਰਾਮ ਨਜ਼ਰੀ ਆਈਆ । ਮਾਣਸ ਜਨਮ ਲੈਣਾ ਜੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਾਚੀ ਪ੍ਰੀਤੀ ਲਾਓ ਏਕ, ਪੁਰਖ ਅਕਾਲ ਦਇਆ ਕਮਾਈਆ । ਆਦਿ ਜੁਗਾਦਿ ਜਿਸ ਦਾ ਭੇਖ, ਨਿਰਗੁਣ ਸਰਗੁਣ ਰੂਪ ਧਰਾਈਆ । ਲੱਖ ਚੁਰਾਸੀ ਲਿਖੇ ਲੇਖ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਭਗਤ ਭਗਵਾਨ ਦੇਵਣਹਾਰਾ ਟੇਕ, ਜੁਗ ਜੁਗ ਹੁਕਮ ਵਰਤਾਈਆ । ਨਿਜ ਨੇਤਰ ਨਿਜ ਆਤਮ ਨਿਜ ਗ੍ਰਹਿ ਨਿਜ ਸੁਆਮੀ ਲੈਣਾ ਵੇਖ, ਘਰ ਬੈਠਾ ਬੇਪਰਵਾਹੀਆ । ਸਚ ਪ੍ਰੇਮ ਕਰੋ ਹੇਤ, ਨੇਮ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਦੇਵੇ ਸਦਾ ਵਡਿਆਈਆ । ਸਚ ਪ੍ਰੀਤੀ ਸਤਿਗੁਰ ਚਰਨ, ਮਿਲੇ ਮਾਣ ਵਡਿਆਈਆ । ਨੇਤਰ ਖੁਲ੍ਹੇ ਹਰਨ ਫਰਨ, ਜੋਤੀ ਨੂਰ ਨੂਰ ਰੁਸ਼ਨਾਈਆ । ਲੇਖਾ ਚੁੱਕੇ ਮਰਨ ਡਰਨ, ਜੀਵਣ ਮੁਕਤ ਇਕੋ ਇਕ ਸਮਝਾਈਆ । ਗੁਰਮੁਖ ਵਿਰਲੇ ਤਰਨੀ ਤਰਨ, ਕਲਜੁਗ ਡੁੱਬੀ ਸਰਬ ਲੋਕਾਈਆ । ਸੰਤ ਸੁਹੇਲੇ ਗੁਰੂ ਚੇਲੇ ਆਇਆ ਫੜਨ, ਬਣ ਪਾਂਧੀ ਫੇਰਾ ਪਾਈਆ । ਕਾਇਆ ਮੰਦਰ ਡੂੰਘੀ ਕੰਦਰ ਆਇਆ ਵੜਨ, ਨੌ ਦੁਆਰੇ ਡੇਰਾ ਦੇਵੇ ਢਾਹੀਆ । ਸਚ ਮਹੱਲੇ ਆਇਆ ਚੜ੍ਹਨ, ਦਸਮ ਦੁਆਰੀ ਬਹਿ ਕੇ ਆਇਆ ਪੜ੍ਹਨ, ਸੋਹੰ ਢੋਲਾ ਇਕੋ ਗਾਈਆ । ਲੇਖਾ ਚੁਕਾਵਣ ਆਇਆ ਵਰਨ ਬਰਨ, ਸਮਝਾਵਣ ਆਇਆ ਇਕੋ ਸਰਨ, ਸ੍ਰੀ ਭਗਵਾਨ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਨੇਤਰ ਨੈਣ ਅੱਖ ਖੁਲ੍ਹਾਈਆ । ਗੁਰਮੁਖ ਖੁਲ੍ਹੀ ਅੱਖ ਅਗੰਮ, ਹਰਿ ਹਰਿ ਭੇਵ ਜਣਾਇਆ । ਸੁਣਿਆ ਨਾਉਂ ਏਕਾ ਕੰਨ, ਦੋਏ ਸਰਵਣ ਬੰਦ ਕਰਾਇਆ । ਨਾਮ ਪਾਇਆ ਧੁਰ ਦਾ ਧੰਨ, ਸਚ ਖ਼ਜ਼ੀਨਾ ਨਜ਼ਰੀ ਆਇਆ । ਨਿਰਗੁਣ ਚੜ੍ਹਿਆ ਇਕੋ ਚੰਨ, ਜੋਤ ਨਿਰੰਜਣ ਨੂਰ ਰੁਸ਼ਨਾਇਆ । ਕੂੜੀ ਕਿਰਿਆ ਭਾਂਡਾ ਭੰਨ, ਸਚ ਭੰਡਾਰ ਝੋਲੀ ਪਾਇਆ । ਮੇਟ ਵਾਸਨਾ ਆਪਣਾ ਮਨ, ਮਨ ਮਮਤਾ ਮੋਹ ਚੁਕਾਇਆ । ਕਰ ਪਰਕਾਸ਼ ਸਾਚੇ ਤਨ, ਘਰ ਮੰਦਰ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ੍ਰਹਿ ਗੁਰਮੁਖ ਆਪ ਸੁਹਾਇਆ ।

ਗ੍ਰਹਿ ਗੁਰਮੁਖ ਘਰ ਸੁਹੰਜਣਾ, ਸੋਭਨੀਕ ਵਡਿਆਈਆ । ਘਰ ਦੀਪਕ ਜਗੇ ਨਿਰੰਜਣਾ, ਨਿਰਵੈਰ ਪੁਰਖ ਆਪ ਜਗਾਈਆ । ਹਰਿ ਸਤਿਗੁਰ ਮਿਲੇ ਦਰਦ ਦੁੱਖ ਭੈ ਭੰਜਨਾ, ਸੁਖ ਸਾਗਰ ਰੂਪ ਵਟਾਈਆ । ਨੇਤਰ ਪਾਏ ਨਾਮ ਅੰਜਨਾ, ਅਗਿਆਨ ਅੰਧੇਰ ਮਿਟਾਈਆ । ਚਰਨ ਧੂੜ ਕਰਾਏ ਮਜਨਾ, ਦੁਰਮਤ ਮੈਲ ਧਵਾਈਆ । ਕਾਇਆ ਚੋਲੀ ਚਾੜ੍ਹੇ ਰੰਗਨਾ, ਰੰਗ ਮਜੀਠ ਇਕ ਰਖਾਈਆ । ਸਤਿ ਸੰਤੋਖੀ ਇਕ ਪਹਿਨਾਏ ਅੰਗਨਾ, ਅੰਗੀਕਾਰ ਇਕ ਹੋ ਜਾਈਆ । ਢੋਲਾ ਗੀਤ ਸੁਣਾਏ ਸਾਚਾ ਛੰਦਨਾ, ਤੂੰ ਮੇਰਾ ਮੈਂ ਤੇਰਾ ਕਰੇ ਸਚ ਪੜ੍ਹਾਈਆ । ਗੁਰਸਿਖ ਗੁਰੂ ਗੁਰ ਗੁਰਦੇਵ ਇਕ ਦੂਜੇ ਨੂੰ ਦੇਵੇਂ ਕਰਨ ਬੰਦਨਾ, ਬੰਦਗੀ ਪ੍ਰੇਮ ਪ੍ਰੀਤੀ ਇਕ ਜਣਾਈਆ । ਗੁਰਮੁਖ ਤੇਰਾ ਲੱਖ ਚੁਰਾਸੀ ਕਟੇ ਫੰਦਨਾ, ਫਾਸੀ ਗਲ ਨਾ ਕੋਇ ਲਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਠਾਂਡੀ ਨੀਤੀ ਹਰਿਜਨ ਹਰਿ ਜੂ ਕਾਇਆ ਝੋਲੀ ਆਪ ਟਿਕਾਈਆ ।

### ✪ ੨੭ ਭਾਦਰੋ ੨੦੨੦ ਬਿਕ੍ਰਮੀ ਪਿੰਡ ਕੱਲਾ ਗੁਰਬਖ਼ਸ਼ ਸਿੰਘ ਦੇ ਗ੍ਰਹਿ ਜ਼ਿਲਾ ਅੰਮ੍ਰਿਤਸਰ ✪

ਸਚਖੰਡ ਨਿਵਾਸੀ ਸਚਖੰਡ ਰਹਿੰਦਾ, ਸਤਿਗੁਰ ਪੂਰਾ ਇਕ ਅਖਵਾਇੰਦਾ । ਜਨ ਭਗਤਾਂ ਅੰਦਰ ਨਿਰਗੁਣ ਹੋ ਕੇ ਬਹਿੰਦਾ, ਸਚ ਸਿੰਘਾਸਣ ਸੋਭਾ ਪਾਇੰਦਾ । ਨਿਰਵੈਰ ਹੋ ਕੇ ਢੋਲਾ ਕਹਿੰਦਾ, ਨਾਮ ਨਿਧਾਨ ਜਣਾਇੰਦਾ । ਆਦਿ ਜੁਗਾਦਿ ਭਾਣਾ ਸਹਿੰਦਾ, ਸਿਰ ਆਪਣੇ ਭਾਰ ਉਠਾਇੰਦਾ । ਘਰ ਘਰ ਜਾ ਜਾ ਦੇਣਾ ਦੇਂਦਾ, ਦੇਵਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰਨੀ ਆਪ ਕਮਾਇੰਦਾ । ਸਚਖੰਡ ਨਿਵਾਸੀ ਵਸੇ ਸਚਖੰਡ ਦੁਆਰ, ਸਚ ਸਾਚਾ ਇਕ ਅਖਵਾਈਆ । ਜੁਗ ਜੁਗ ਵੇਖੇ ਵਿਚ ਸੰਸਾਰ, ਨਿਰਗੁਣ ਸਰਗੁਣ ਭੇਵ ਚੁਕਾਈਆ । ਭਗਤ ਕਬੀਲਾ ਇਕ ਪਰਵਾਰ, ਪਾਰਬ੍ਰਹਮ ਪ੍ਰਭ ਬਣਤ ਬਣਾਈਆ । ਨਿਤ ਨਿਤ ਮੇਲੇ ਵਿਛੜੇ ਯਾਰ, ਸਚ ਪ੍ਰੀਤੀ ਇਕ ਲਗਾਈਆ । ਜੁਗ ਜੁਗ ਮਾਰਗ ਦਏ ਸਿਖਾਲ, ਸਾਚੀ ਸਿਖਿਆ ਇਕ ਸਮਝਾਈਆ । ਨਾਮ ਨਿਧਾਨ ਬੁਲਾਏ ਜੈਕਾਰ, ਸਾਚਾ ਰਾਗ ਸੁਣਾਈਆ । ਡੂੰਘੇ ਵਹਿਣ ਕਰੇ ਪਾਰ, ਭਵ ਸਾਗਰ ਲਏ ਤਰਾਈਆ । ਨੇਤਰ ਖੋਲ੍ਹ ਦੇਵੇ ਦੀਦਾਰ, ਲੋਚਣ ਇਕੋ ਨਜ਼ਰੀ ਆਈਆ । ਸੋਚ ਵਿਚ ਨਾ ਆਏ ਸਿਰਜਣਹਾਰ, ਸੋਚ ਸਮਝ ਚਲੇ ਕੋਈ ਨਾ ਰਾਈਆ । ਜਿਸ ਬਖ਼ਸ਼ੇ ਬਖ਼ਸ਼ਣਹਾਰ, ਬਖ਼ਸ਼ਿਸ਼ ਆਪਣੀ ਮਿਹਰ ਵਖਾਈਆ । ਫੜ ਬਾਂਹੋ ਲਏ ਉਠਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਚਖੰਡ ਨਿਵਾਸੀ ਸਾਹਿਬ ਸੁਲਤਾਨ, ਪਾਰਬ੍ਰਹਮ ਇਕ ਅਖਵਾਇੰਦਾ । ਜੁਗ ਜੁਗ ਦੇਵੇ ਜਗਤ ਗਿਆਨ, ਭਗਤ ਭਗਵਾਨ ਆਪ ਸਮਝਾਇੰਦਾ । ਮਾਰਗ ਲਾਏ ਸ੍ਰਿਸ਼ਟ ਆਣ, ਦ੍ਰਿਸ਼ਟ ਇਕੋ ਇਕ ਖੁਲ੍ਹਾਇੰਦਾ । ਸਚ ਬਣਾਏ ਧਰਮ ਵਿਧਾਨ, ਧੁਰ ਦਾ ਹੁਕਮ ਇਕ ਸੁਣਾਇੰਦਾ । ਗੁਰ ਅਵਤਾਰ ਦੇਣ ਬਿਆਨ, ਲੇਖਾ ਲਿਖਤ ਲੇਖ ਪੜ੍ਹਾਇੰਦਾ । ਪਰਗਟ ਹੋ ਵਾਲੀ ਦੋ ਜਹਾਨ, ਦੋਏ ਦੋਏ ਆਪਣੀ ਕਾਰ ਕਮਾਇੰਦਾ । ਨਿਰਗੁਣ ਸਰਗੁਣ ਕਰੇ ਵਿਹਾਰ, ਬਿਵਹਾਰੀ ਆਪਣੀ ਰਚਨ ਰਚਾਇੰਦਾ । ਕਲਜੁਗ ਅੰਤ ਲੈ ਅਵਤਾਰ, ਵਡ ਅਵਤਾਰੀ ਫੇਰਾ ਪਾਇੰਦਾ । ਗੁਰਸਿਖ ਸਾਚੇ ਕਰੇ ਪਿਆਰ, ਪਾਰਬ੍ਰਹਮ ਪ੍ਰਭ

ਆਪਣਾ ਮੇਲ ਮਿਲਾਇੰਦਾ । ਜੀਂਵਦਿਆਂ ਜਗ ਕਰੇ ਉਧਾਰ, ਮਰਿਆਂ ਜਮ ਨੇੜ ਨਾ ਆਇੰਦਾ । ਮਾਣਸ ਜਨਮ ਪੈਜ ਦਏ ਸੁਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਘਟ ਘਟ ਵਾਸੀ, ਹਰਿਜਨ ਸਾਚੇ ਸਾਚੇ ਮੰਦਰ ਸਦ ਸਦਾ ਆਪਣੇ ਵਿਚ ਸਮਾਇੰਦਾ ।

### ✪ ੨੭ ਭਾਦਰੋ ੨੦੨੦ ਬਿਕ੍ਰਮੀ ਕਰਮ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਸਚਖੰਡ ਨਿਵਾਸੀ ਸੁਹਾਏ ਥਾਨ, ਧਰਨੀ ਧਰਤ ਮਿਲੇ ਵਡਿਆਈਆ । ਦੇਵਤ ਸੁਰ ਸਾਰੇ ਗਾਣ, ਗਣ ਗੰਧਰਬ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਨੈਣ ਉਠਾਣ, ਉਠ ਉਠ ਵੇਖਣ ਚਾਈਂ ਚਾਈਆ । ਚਾਰ ਜੁਗ ਖ਼ੁਸ਼ੀ ਮਨਾਣ, ਘਰ ਸਾਚੇ ਵੱਜੇ ਵਧਾਈਆ । ਜੁਗ ਚੌਕੜੀ ਖੇਲ ਮਹਾਨ, ਹਰਿ ਕਰਤਾ ਆਪ ਕਰਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤੀ ਢੋਲੇ ਸਰਬ ਸੁਣਾਨ, ਉਚੀ ਕੂਕ ਕੂਕ ਅਲਾਈਆ । ਵਡ ਵਡਿਆਈ ਗੁਰਮੁਖ ਚਤਰ ਸੁਜਾਨ, ਜਿਸ ਮਿਲੇ ਬੇਪਰਵਾਹੀਆ । ਅਨਮੰਗਿਆ ਦੇਵੇ ਦਾਨ, ਧੁਰ ਦੀ ਦਾਤ ਵਰਤਾਈਆ । ਚਰਨ ਧੂੜ ਬਖ਼ਸ਼ੇ ਅਸ਼ਨਾਨ, ਸਰੋਵਰ ਇਕ ਬਣਾਈਆ । ਮਾਣਸ ਜਨਮ ਦੇਵੇ ਮਾਣ, ਮਾਨੁਖ ਆਪਣੇ ਲੇਖੇ ਲਾਈਆ । ਪਿਛਲਾ ਲੇਖਾ ਚੁੱਕੇ ਜਹਾਨ, ਅੱਗੇ ਇਕੋ ਬੂਝ ਬੁਝਾਈਆ । ਸੋਹੰ ਸ਼ਬਦ ਕਰ ਪਰਵਾਨ, ਪਰਮ ਪੁਰਖ ਕਰੇ ਪੜ੍ਹਾਈਆ । ਅੰਤਰ ਆਤਮ ਉਪਜੇ ਇਕ ਗਿਆਨ, ਇਕ ਅੱਖਰ ਦਏ ਜਣਾਈਆ । ਝੂਠਾ ਦਿਸੇ ਜਗਤ ਮਕਾਨ, ਅੰਤ ਖੇੜਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਪਾਰ ਕਰਾਈਆ । ਸਚਖੰਡ ਨਿਵਾਸੀ ਕਿਰਪਾ ਨਿਧ, ਕਿਰਪਨ ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਕਾਰਜ ਕਰੇ ਸਿਧ, ਸਾਚਾ ਖੇਲ ਆਪ ਵਰਤਾਇੰਦਾ । ਆਪਣੇ ਮਿਲਣ ਦੀ ਆਪੇ ਜਾਣੇ ਬਿਧ, ਦੂਜਾ ਮਾਰਗ ਨਜ਼ਰ ਕਿਸੇ ਨਾ ਆਇੰਦਾ । ਮੇਲ ਮਿਲਾਵੇ ਘਰ ਧਾਮ ਨਿਜ, ਨਿਜ ਘਰ ਆਪਣਾ ਡੇਰਾ ਲਾਇੰਦਾ । ਹਰਿਜਨ ਹਰੀ ਦੁਆਰ ਜਾਏ ਸੁਝ, ਸੁਝ ਬੂਝ ਇਕੋ ਪਾਇੰਦਾ । ਸਤਿਗੁਰ ਪ੍ਰੀਤੀ ਜਾਏ ਲੁਝ, ਦੂਜੀ ਹਰਸ ਨਾ ਕੋਇ ਵਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਆਪੇ ਲਏ ਪੁੱਛ, ਲੱਭਿਆਂ ਹੱਥ ਕਿਸੇ ਨਾ ਆਇੰਦਾ ।

### ✪ ੨੭ ਭਾਦਰੋ ੨੦੨੦ ਬਿਕ੍ਰਮੀ ਪੂਰਨ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਸਚਖੰਡ ਨਿਵਾਸੀ ਵਸਤ ਦੇ, ਹਰਿ ਭਗਤ ਮੰਗ ਮੰਗਾਇੰਦਾ । ਠਾਕਰ ਨਾਲ ਲਗੇ ਨੇਂਹ, ਨਾਤਾ ਇਕੋ ਇਕ ਜੁੜਾਇੰਦਾ । ਅੰਮ੍ਰਿਤ ਬਰਖ ਸਾਚਾ ਮੇਂਹ, ਮੇਘਲਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਤੇਰੇ ਸੀਸ ਝੁਕਾਇੰਦਾ । ਕਿਰਪਾ ਕਰ ਸੱਚੇ ਭਗਵਾਨ, ਹਰਿ ਭਗਤ ਆਸ ਰਖਾਈਆ । ਧੁਰ ਦਾ ਦੇ ਅਗੰਮੀ ਦਾਨ, ਲੋਕਮਾਤ ਹੱਥ ਕਿਸੇ ਨਾ ਆਈਆ । ਲੱਭ ਲੱਭ ਥੱਕਾ

ਜੀਵ ਜਹਾਨ, ਚਾਰੋ ਕੁੰਟ ਫੇਰਾ ਪਾਈਆ । ਪੜ੍ਹ ਪੜ੍ਹ ਥੱਕੇ ਅੰਜੀਲ ਕੁਰਾਨ, ਸ਼ਾਸਤਰ ਸਿਮਰਤ ਵੇਦ ਗਾਈਆ । ਤੇਰਾ ਮਿਲਿਆ ਨਾ ਕੋਈ ਨਿਸ਼ਾਨ, ਨਿਸ਼ਾਨਾ ਹੱਥ ਕਿਸੇ ਨਾ ਆਈਆ । ਨਵ ਨੌ ਚਾਰ ਹੋਇਆ ਹੈਰਾਨ, ਪਰੇਸ਼ਾਨ ਸਰਬ ਲੋਕਾਈਆ । ਖ਼ਾਲੀ ਦਿਸੇ ਜਗਤ ਦੁਕਾਨ, ਵਸਤ ਨਾਮ ਨਾ ਕੋਇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਝੋਲੀ ਪਾਈਆ । ਕਿਰਪਾ ਕਰ ਸਰਬ ਗੁਣਵੰਤ, ਜਨ ਭਗਤ ਇਕੋ ਆਸ ਰਖਾਇੰਦਾ । ਸਾਚਾ ਨਾਮ ਦੇ ਮਣੀਆ ਮੰਤ, ਮਨ ਮਨਸਾ ਪੂਰ ਕਰਾਇੰਦਾ । ਗੜ੍ਹ ਤੁੱਟੇ ਹਉਮੇ ਹੰਗਤ, ਹੰ ਬ੍ਰਹਮ ਭੇਵ ਚੁਕਾਇੰਦਾ । ਲੇਖਾ ਚੁੱਕੇ ਜਗਤ ਪੰਡਤ, ਬੋਧ ਅਗਾਧ ਇਕੋ ਨਜ਼ਰੀ ਆਇੰਦਾ । ਮੇਲ ਮਿਲਾ ਸਾਚੀ ਸੰਗਤ, ਜਿਸ ਸੰਗਤ ਵਿਚ ਸਮਾਇੰਦਾ । ਕਰ ਕਿਰਪਾ ਲਾ ਅੰਗ ਅੰਗਦ, ਅੰਗੀਕਾਰ ਤੇਰਾ ਦਰ ਇਕੋ ਭਾਇੰਦਾ । ਦਰ ਦਰਵੇਸ਼ ਹੋਇਆ ਮੰਗਤ, ਦੋਏ ਜੋੜ ਸੀਸ ਝੁਕਾਇੰਦਾ । ਸਾਹਿਬ ਸਤਿਗੁਰ ਮੰਨ ਇਕੋ ਮਿੰਨਤ, ਨੇਤਰ ਨੈਣਾਂ ਨੀਰ ਵਹਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਭਿੰਨਤ, ਭਿੰਨੜੀ ਘੜੀ ਨਾਲ ਸੁਹਾਇੰਦਾ । ਕੂੜੀ ਰਹੇ ਨਾ ਕੋਈ ਇਲਤ, ਏਕਾ ਤੇਰਾ ਰੂਪ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੱਸ ਧੁਰ ਦੀ ਮਿਲਤ, ਜਿਸ ਗ੍ਰਿਹ ਆਪਣਾ ਮੇਲ ਮਿਲਾਇੰਦਾ । ਸ਼ਾਹ ਪਾਤਸ਼ਾਹ ਸਚ ਸੂਰਬੀਰ, ਤੇਰੀ ਓਟ ਤਕਾਈਆ । ਚੋਟੀ ਚਾੜ੍ਹ ਫੜ ਅਖ਼ੀਰ, ਆਖ਼ਰ ਆਪਣਾ ਦਰਸ ਕਰਾਈਆ । ਚਾਰ ਜੁਗ ਰਹੇ ਦਿਲਗੀਰ, ਤੇਰਾ ਨਾਮ ਧਿਆਈਆ । ਸ਼ਰਅ ਵੱਜਦੇ ਰਹੇ ਜ਼ੰਜੀਰ, ਸ਼ਰੀਅਤ ਕਰਦੀ ਰਹੀ ਲੜਾਈਆ । ਸੂਲੀ ਚੜ੍ਹਦੇ ਰਹੇ ਅਖ਼ੀਰ, ਪੁੱਠੀ ਖੱਲ ਮਾਤ ਲੁਹਾਈਆ । ਤੇਰੇ ਪਿੱਛੇ ਸਾਂਝੇ ਪੀਰ, ਪੈਰ ਜ਼ੰਜੀਰ ਹੱਥ ਹਥਕੜੀ ਲਈ ਬੰਧਾਈਆ । ਡੁੱਬਦੇ ਰਹੇ ਵਿਚ ਨੀਰ, ਟਿੱਲੇ ਪਰਬਤ ਧੱਕਾ ਦੇਵਣ ਲਾਈਆ । ਤੇਰੀ ਲੱਭਦੇ ਰਹੇ ਤਸਵੀਰ, ਜੰਗਲ ਜੂਹ ਉਜਾੜ ਪਹਾੜ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਲ ਆਪਣਾ ਘਰ, ਜਿਸ ਘਰ ਰੁੱਤਬਾ ਨਾ ਕੋਈ ਅਮੀਰ ਹਕੀਰ, ਸਭ ਇਕੋ ਨਜ਼ਰੀ ਆਈਆ । ਜਗਤ ਵਿਛੋੜਾ ਕੱਟ ਭੀੜ, ਬੰਧਨ ਕੋਇ ਰਹਿਣ ਨਾ ਪਾਈਆ । ਬਿਰਹੋ ਲੱਗੀ ਮੇਟ ਪੀੜ, ਦੁਖੀਆਂ ਦਰਦ ਦਰਦ ਵੰਡਾਈਆ । ਬਦਲ ਦੇ ਸਾਡੀ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਤੇਰੇ ਹੱਥ ਨਾਮ ਸ਼ਮਸ਼ੀਰ, ਕੂੜੀ ਕਿਰਿਆ ਸੀਸ ਦੇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਰਹੇ ਧਿਆਈਆ । ਜਨ ਭਗਤ ਕਹਿਣ ਬੋਲ, ਆਪਣਾ ਨਾਅਰਾ ਲਾਈਆ । ਅਬਿਨਾਸ਼ੀ ਕਰਤੇ ਪੜਦਾ ਖੋਲ੍ਹ, ਘਰ ਆਪਣਾ ਦੇ ਸਮਝਾਈਆ । ਸਾਚੇ ਕੰਡੇ ਲੈ ਤੋਲ, ਤੋਲਾ ਬਣ ਕੇ ਇਕੋ ਮਾਹੀਆ । ਲੱਖ ਚੁਰਾਸੀ ਵਿਚੋ ਲੈ ਵਰੋਲ, ਹਰਿਜਨ ਆਪਣੇ ਬਾਹਰ ਕਢਾਈਆ । ਨੇੜੇ ਹੋ ਕੇ ਵਸ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਨਾਮ ਹੋ ਕੇ ਵਜਾ ਢੋਲ, ਢੋਲਾ ਇਕੋ ਰਾਗ ਸੁਣਾਈਆ । ਸ਼ਬਦ ਹੋ ਕੇ ਬਣ ਵਿਚੋਲ, ਵਿਚੋਲਾ ਨਿਰਗੁਣ ਸਰਗੁਣ ਮੇਲ ਮਿਲਾਈਆ । ਮੌਲਾ ਹੋ ਕੇ ਜਾ ਮੌਲ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਸਾਡਾ ਭਾਰ ਕਰ ਹੌਲ, ਸਿਰ ਆਪਣੇ ਗੰਢ ਉਠਾਈਆ । ਲੇਖਾ ਚੁੱਕੇ ਉਪਰ ਧੌਲ, ਧਰਨੀ ਧਰਤ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੇਲ ਸਾਚੇ ਘਰ, ਜਿਸ ਘਰ ਮਿਲਿਆਂ ਵਿਛੜ ਕਦੇ ਨਾ ਜਾਈਆ ।

੩੮੯
੧੫

## ✪ ੨੭ ਭਾਦਰੋ ੨੦੨੦ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਕੱਲਾ ਜ਼ਿਲਾ ਅੰਮ੍ਰਿਤਸਰ ✪

ਹਰਿ ਸਤਿਗੁਰ ਦਇਆ ਕਮਾਇੰਦਾ, ਆਦਿ ਪੁਰਖ ਨਿਰੰਕਾਰ । ਗੁਰ ਗੁਰ ਵੇਸ ਵਟਾਇੰਦਾ, ਸ਼ਬਦ ਜੋਤ ਆਧਾਰ । ਭਗਤ ਭਗਵਾਨ ਵੇਖ ਵਖਾਇੰਦਾ, ਨਿਰਗੁਣ ਸਰਗੁਣ ਕਰ ਪਿਆਰ । ਸੰਤ ਸਾਜਨ ਪੜਦਾ ਲਾਹਿੰਦਾ, ਦੂਈ ਦਵੈਤ ਉਤਾਰ । ਗੁਰਮੁਖ ਗੋਦ ਬਹਾਇੰਦਾ, ਦੇਵੇ ਸਚ ਪਿਆਰ । ਗੁਰਸਿਖ ਵੇਖ ਵਖਾਇੰਦਾ, ਸਦ ਸਦ ਵੇਖਣਹਾਰ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਇੰਦਾ, ਨਿਤ ਨਵਿਤ ਸਾਚੀ ਕਾਰ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਇੰਦਾ, ਦੇਵੇ ਧੁਰ ਫ਼ਰਮਾਨ । ਗੁਰ ਅਵਤਾਰ ਹੁਕਮ ਵਰਤਾਇੰਦਾ, ਲੇਖਾ ਜਾਣ ਦੋ ਜਹਾਨ । ਪੀਰ ਪੈਗ਼ੰਬਰ ਆਪ ਸਮਝਾਇੰਦਾ, ਦੇਵੇ ਬ੍ਰਹਮ ਗਿਆਨ । ਸਭ ਦਾ ਦਾਤਾ ਇਕ ਅਖਵਾਇੰਦਾ, ਆਦਿ ਜੁਗਾਦਿ ਸ੍ਰੀ ਭਗਵਾਨ । ਸਚਖੰਡ ਸਾਚੇ ਸੋਭਾ ਪਾਇੰਦਾ, ਤਖ਼ਤ ਨਿਵਾਸੀ ਨੌਜਵਾਨ । ਸੀਸ ਜਗਦੀਸ ਤਾਜ ਸੁਹਾਇੰਦਾ, ਪੰਚਮ ਪੰਚ ਕਰੇ ਪਰਵਾਨ । ਸਾਚਾ ਧਰਮ ਇਕ ਬਣਾਇੰਦਾ, ਸਾਚੀ ਸ਼ਰਅ ਇਕ ਈਮਾਨ । ਸਾਚਾ ਰਹਿਬਰ ਇਕ ਅਖਵਾਇੰਦਾ, ਸਚ ਪੈਗ਼ੰਬਰ ਹੋ ਪਰਧਾਨ । ਸਚ ਸਵੰਬਰ ਆਪ ਰਚਾਇੰਦਾ, ਲੱਖ ਚੁਰਾਸੀ ਖੇਲ ਮਹਾਨ । ਸਰਬ ਘਟ ਭਰਤੰਬਰ ਦਇਆ ਕਮਾਇੰਦਾ, ਜੁਗ ਚੌਕੜੀ ਵੇਸ ਮਹਾਨ । ਕਲਜੁਗ ਕੂੜਾ ਅਡੰਬਰ ਆਪ ਮਿਟਾਇੰਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ਼ਾਹ ਸੁਲਤਾਨ । ਹਰਿ ਕਾ ਖੇਲ ਹਰਿ ਕਾ ਰੰਗ, ਹਰਿ ਹਰਿ ਜੂ ਆਪ ਜਣਾਈਆ । ਗੁਰ ਕੀ ਧਾਰ ਡੋਰ ਪਤੰਗ, ਨਿਰਗੁਣ ਸਰਗੁਣ ਆਪ ਜਣਾਈਆ । ਭਗਤ ਭਗਵਾਨ ਏਕਾ ਸੇਜਾ ਬਹਿਣ ਪਲੰਘ, ਸੁਹੰਜਣੀ ਰੁੱਤ ਸੁਹਾਈਆ । ਸੰਤ ਸੱਜਣ ਲੈਣ ਅਨੰਦ, ਆਤਮ ਰਸ ਇਕ ਵਖਾਈਆ । ਗੁਰਮੁਖ ਗੁਰੂਦੁਆਰਾ ਵੇਖਣ ਲੰਘ, ਰਾਹ ਵਿਚ ਨਾ ਕੋਇ ਅਟਕਾਈਆ । ਗੁਰਸਿਖ ਸਾਚਾ ਨਾਮ ਵਜਾਵਣ ਮਰਦੰਗ, ਤਾਰ ਸਤਾਰ ਨਾ ਕੋਇ ਹਿਲਾਈਆ । ਸ੍ਰੀ ਭਗਵਾਨ ਸੂਰਾ ਸਰਬੰਗ, ਸ਼ਹਿਨਸ਼ਾਹ ਆਪਣੀ ਖੇਲ ਰਚਾਈਆ । ਕਰ ਪਰਕਾਸ਼ ਸੂਰਜ ਚੰਦ, ਤ੍ਰੈਭਵਨ ਕਰੇ ਰੁਸ਼ਨਾਈਆ । ਲੇਖਾ ਜਾਣ ਜੇਰਜ ਅੰਡ, ਉਤਭੁਜ ਸੇਤਜ ਵੰਡ ਵੰਡਾਈਆ । ਹੁਕਮੇ ਅੰਦਰ ਕੋਟ ਬ੍ਰਹਿਮੰਡ, ਬ੍ਰਹਿਮਾਂਡ ਆਸਣ ਲਾਈਆ । ਨਾਮ ਖੰਡਾ ਚੰਡ ਪਰਚੰਡ, ਦੋ ਧਾਰ ਆਪ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਚ ਦਾਤਾ ਨਿਰਵੈਰ, ਨਿਰਗੁਣ ਇਕ ਅਖਵਾਇੰਦਾ । ਗੁਰ ਕਿਰਪਾ ਕਦੀ ਨਾ ਹੋਵੇ ਕਹਿਰ, ਅਗਨੀ ਤਤ ਨਾ ਕੋਇ ਜਲਾਇੰਦਾ । ਭਗਤ ਮਿਲਣ ਦੀ ਭਗਵਾਨ ਕਦੇ ਨਾ ਕਰੇ ਡੇਰ, ਦੂਰ ਦੁਰਾਡਾ ਨੇੜੇ ਨਜ਼ਰੀ ਆਇੰਦਾ । ਸੰਤਾਂ ਮੇਲਾ ਕਰੇ ਏਕਾ ਵੇਰ, ਏਕਾ ਘਰ ਸੋਭਾ ਪਾਇੰਦਾ । ਗੁਰਮੁਖਾਂ ਲਹਿਣਾ ਦੇਣਾ ਦਏ ਨਬੇੜ, ਲੇਖਾ ਲੇਖੇ ਵਿਚ ਜਣਾਇੰਦਾ । ਗੁਰਸਿਖਾਂ ਦੱਸੇ ਨਾ ਕੋਈ ਹੇਰ ਫੇਰ, ਹੇਰਾ ਫੇਰੀ ਸਰਬ ਚੁਕਾਇੰਦਾ । ਨਜ਼ਰੀ ਆਏ ਸ਼ਬਦ ਸੁਆਮੀ ਸਾਚਾ ਸ਼ੇਰ, ਭਬਕ ਆਪਣੇ ਨਾਮ ਲਗਾਇੰਦਾ । ਲੱਖ ਚੁਰਾਸੀ ਵਿਚੋਂ ਘੇਰ, ਗੁਰਮੁਖ ਥੋੜੇ ਬਾਹਰ ਕਢਾਇੰਦਾ । ਕਲਜੁਗ ਜੀਵ ਕੂੜੀ ਕਿਰਿਆ ਕਰਨ ਭੇੜ, ਮਨਮਤ ਮਨਮਤ ਨਾਲ ਟਕਰਾਇੰਦਾ । ਚਾਰੋ ਕੁੰਟ ਛੇੜਾਂ ਰਹੇ ਛੇੜ, ਛੇੜਖਾਨੀ ਸਭ ਦੇ ਵਿਚ ਵਖਾਇੰਦਾ । ਕੋਈ ਨਾ ਜਾਣੇ ਮੇਰ ਤੇਰ, ਤੇਰਾ ਮੇਰਾ ਭੇਵ ਨਾ ਕੋਇ ਮਿਟਾਇੰਦਾ । ਅੰਤਮ ਵਾੜਾ ਦਿਸੇ ਭੇਡਾਂ ਹੇੜ, ਰਾਏ ਧਰਮ ਹੱਥ ਫੜਾਇੰਦਾ । ਲਹਿਣਾ ਇਕੋ ਵਾਰੀ ਦਏ ਨਬੇੜ, ਝਗੜਾ ਅੱਗੇ ਹੋ ਨਾ ਕੋਈ ਪਾਇੰਦਾ । ਵੇਖਣਹਾਰਾ ਅੰਡਜ ਜੇਰ, ਉਤਭੁਜ ਸੇਤਜ ਫੋਲ

ਫੋਲਾਇੰਦਾ । ਪੁਰਖ ਅਬਿਨਾਸ਼ੀ ਇਕੋ ਕੇਹਰ, ਭੈ ਭੌ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਗੁਰ ਗੁਰ ਆਪ ਜਗਾਇੰਦਾ । ਗੁਰਮੁਖ ਵੇਖ ਪ੍ਰਭੂ ਸੁਆਮੀ, ਹਰਿ ਸਤਿਗੁਰ ਨਜ਼ਰੀ ਆਈਆ । ਹਰ ਘਟ ਬੈਠਾ ਅੰਤਰਜਾਮੀ, ਆਤਮ ਸੇਜਾ ਆਸਣ ਲਾਈਆ । ਬੋਧ ਅਗਾਧ ਸੁਣਾਏ ਸ਼ਬਦੀ ਬਾਣੀ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਸੋਈ ਉਠਾਏ ਸੁਰਤ ਸਵਾਣੀ, ਆਲਸ ਨਿੰਦਰਾ ਦਏ ਮਿਟਾਈਆ । ਫੜ ਬਣਾਏ ਧੁਰ ਦੀ ਰਾਣੀ, ਸ਼ਬਦੀ ਕੰਤ ਮਿਲਾਈਆ । ਸਚ ਸੁਣਾਏ ਅਕੱਥ ਕਹਾਣੀ, ਕਹਿ ਕਹਿ ਖ਼ੁਸ਼ੀ ਮਨਾਈਆ । ਅੰਮ੍ਰਿਤ ਪਿਆਏ ਠੰਡਾ ਪਾਣੀ, ਸਰ ਇਕੋ ਇਕ ਜਣਾਈਆ । ਆਪੇ ਹੋਏ ਜਾਣ ਜਾਣੀ, ਜਾਨਣਹਾਰ ਆਪ ਅਖਵਾਈਆ । ਸਚਖੰਡ ਦੀ ਦਏ ਨਿਸ਼ਾਨੀ, ਨਾਮ ਨਿਸ਼ਾਨਾ ਹੱਥ ਫੜਾਈਆ । ਪਦ ਜਣਾਏ ਇਕ ਨਿਰਬਾਣੀ, ਪਰਮ ਪੁਰਖ ਬੇਪਰਵਾਹੀਆ । ਪ੍ਰਭ ਮਿਲਣ ਦੀ ਕੀਤੀ ਆਸਾਨੀ, ਮਾਰਗ ਸੁਖੱਲਾ ਇਕ ਵਖਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗਾਓ ਜ਼ਬਾਨੀ, ਜ਼ਾਬਰ ਜ਼ਬਰ ਦੂਜਾ ਨੇੜ ਕੋਇ ਨਾ ਆਈਆ । ਅੰਤਮ ਮੇਲਾ ਮੇਲ ਮਿਲੇ ਪੁਰਖ ਜੋਤ ਨੁਰਾਨੀ, ਜੋਤੀ ਜੋਤ ਜੋਤ ਸਮਾਈਆ । ਆਵਣ ਜਾਵਣ ਚੁੱਕੇ ਕਾਨੀ, ਲੱਖ ਚੁਰਾਸੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖਾਂ ਵਖਾਏ ਆਲਮੇ ਜਾਵਦਾਨੀ, ਫ਼ਾਨੀ ਨਜ਼ਰ ਕੋਇ ਨਾ ਆਈਆ ।

## ✪ ੨੭ ਭਾਦਰੋ ੨੦੨੦ ਬਿਕ੍ਰਮੀ ਪਿੰਡ ਕੰਗ ਨਰੈਣ ਸਿੰਘ ਦੇ ਗ੍ਰਹਿ ਜ਼ਿਲਾ ਅੰਮ੍ਰਿਤਸਰ ✪

ਜਗਤ ਮਰਿਆਦਾ ਗੁਰੂ ਗ੍ਰੰਥ, ਗੁਰ ਗੋਬਿੰਦ ਸਿੰਘ ਸਿੰਘ ਸਮਝਾਈਆ । ਚਾਰ ਵਰਨ ਦਾ ਸੱਚਾ ਪੰਥ, ਇਸ਼ਟ ਇਕ ਮਨਾਈਆ । ਨਾਰੀ ਬਣ ਹੰਡਾਵੇ ਕੰਤ, ਬੇਪਰਵਾਹ ਸੱਚੀ ਸਰਨਾਈਆ । ਅੰਤਰ ਆਤਮ ਇਕ ਮੰਤ, ਮੰਤਰ ਨਾਮ ਦ੍ਰਿੜਾਈਆ । ਗੁਰਸਿਖ ਸਾਚਾ ਬਣੇ ਸੰਤ, ਦੂਈ ਦਵੈਤ ਰਹਿਣ ਨਾ ਪਾਈਆ । ਲੱਖ ਚੁਰਾਸੀ ਰੂਪ ਹਰਿ ਕਾ ਵੇਖੇ ਜੀਵ ਜੰਤ, ਦੂਜਾ ਨੈਣ ਨਾ ਕੋਇ ਉਠਾਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਉਤਰ ਕਦੇ ਨਾ ਜਾਈਆ । ਕੂੜੀ ਕਿਰਿਆ ਗੜ੍ਹ ਤੋੜੇ ਹਉਮੇ ਹੰਗਤ, ਚਰਨ ਕਵਲ ਇਕ ਸਰਨਾਈਆ । ਬੋਧ ਅਗਾਧਾ ਗੁਰ ਸ਼ਬਦੀ ਸਾਚਾ ਪੰਡਤ, ਨਿਰਵੈਰ ਕਰੇ ਪੜ੍ਹਾਈਆ । ਜਗਤ ਵਾਸਨਾ ਕਰੇ ਖੰਡਤ, ਖੰਡਾ ਖੜਗ ਨਾਮ ਰਖਾਈਆ । ਲੇਖ ਚੁਕਾਏ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਈਆ । ਦੂਜੇ ਦਰ ਨਾ ਜਾਏ ਮੰਗਤ, ਘਰ ਵਸਤੂ ਇਕ ਵਖਾਈਆ । ਸਾਚਾ ਹੁਕਮ ਸੰਦੇਸਾ ਦਿਤਾ ਸਤਿਗੁਰ ਪੂਰੇ ਸਾਚੀ ਸੰਗਤ, ਸਚ ਸੰਦੇਸਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਰਿਹਾ ਜਣਾਈਆ । ਪੰਜ ਪੈਸੇ ਨਾਲ ਨਲੇਰ, ਸਰਗੁਣ ਨਿਰਗੁਣ ਅੱਗੇ ਚੜ੍ਹਾਈਆ । ਸ਼ਬਦ ਗੁਰੂ ਦਾਤਾ ਕਰੇ ਮਿਹਰ, ਮਿਹਰਵਾਨ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਵਰਨ ਬਰਨ ਨਾ ਕੋਇ ਹੇਰ ਫੇਰ, ਸਾਚੀ ਸਰਨ ਇਕ ਤਕਾਈਆ । ਆਤਮ ਪਰਮਾਤਮ ਲਹਿਣਾ ਦੇਣਾ ਦਏ ਨਬੇੜ, ਹਿਰਦੇ ਹਰਿ ਕਾ ਨਾਮ ਜੋ ਧਿਆਈਆ । ਪੰਚ ਵਿਕਾਰ ਕਰੇ ਨਾ ਕੋਈ ਭੇੜ, ਕਾਮ ਕਰੋਧ ਲੋਭ ਮੋਹ ਹੰਕਾਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਗੁਰ ਗੋਬਿੰਦ, ਏਕਾ ਏਕਾ ਵਾਰ ਜਣਾਈਆ । ਸਰਬ ਜੀਆਂ ਦੀ

ਮੇਟ ਚਿੰਦ, ਸਾਚਾ ਰਾਹ ਵਖਾਈਆ । ਸਤਿਗੁਰ ਪੂਰਾ ਗੁਣੀ ਗਹਿੰਦ, ਗਹਿਰ ਗੰਭੀਰ ਵੱਡੀ ਵਡਿਆਈਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਗੁਰੂ ਗ੍ਰੰਥ ਸ਼ਬਦ ਗੁਰਦੇਵ, ਹਰਿ ਬਾਣੀ ਸਿਫ਼ਤ ਸਾਲਾਹੀਆ । ਭੇਵ ਖੁਲ੍ਹਾਏ ਅਲਖ ਅਭੇਵ, ਅਗੰਮ ਅਥਾਹ ਦਏ ਜਣਾਈਆ । ਵਸਣਹਾਰਾ ਸਦਾ ਧਾਮ ਨਿਹਚਲ ਨਿਹਕੇਵ, ਅਟੱਲ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਗੁਰੂ ਗ੍ਰੰਥ ਗੁਰਦੇਵ ਸੁਆਮੀ, ਪੰਜ ਤਤ ਕਰੇ ਪੜ੍ਹਾਈਆ । ਹੋਈ ਸਿਫ਼ਤ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਲੇਖਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੁਲਾਈਆ । ਅੰਮ੍ਰਿਤ ਆਤਮ ਘਰ ਸਰੋਵਰ ਦੇਵੇ ਠੰਡਾ ਪਾਣੀ, ਨੀਰ ਵਰੋਲੇ ਥਾਉਂ ਥਾਈਂਆ । ਮਹਿਮਾਂ ਅਕਥ ਸੁਣਾਏ ਕਹਾਣੀ, ਬੋਧ ਅਗਾਧ ਪੜ੍ਹਾਈਆ । ਇਕ ਵਖਾਏ ਪਦ ਨਿਰਬਾਣੀ, ਨਿਰਬਾਣ ਪਦ ਸਮਾਈਆ । ਕੋਈ ਨਾ ਭੁੱਲੇ ਜੀਵ ਪਰਾਣੀ, ਪਰਮ ਪੁਰਖ ਗਿਆ ਸਮਝਾਈਆ । ਜਿਸ ਦੀ ਮਹਿਮਾਂ ਦੋ ਜਹਾਨੀ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣੀ ਧਾਰ ਜਣਾਈਆ । ਗੁਰੂ ਗ੍ਰੰਥ ਸ਼ਬਦ ਗੁਰ ਦਾਤਾ, ਗੁਰ ਗੋਬਿੰਦ ਆਪ ਜਣਾਇਆ । ਨਿਰਗੁਣ ਸਰਗੁਣ ਬਣੇ ਰਾਖਾ, ਬਣ ਪ੍ਰਿਤਪਾਲਕ ਸੇਵ ਕਮਾਇਆ । ਪਾਰਬ੍ਰਹਮ ਬ੍ਰਹਮ ਜਣਾਏ ਗਾਥਾ, ਸਾਚਾ ਮੰਤਰ ਨਾਮ ਦ੍ਰਿੜਾਇਆ । ਆਤਮ ਪਰਮਾਤਮ ਪੂਰੀ ਕਰੇ ਆਸਾ, ਜੋ ਜਨ ਹਿਰਦੇ ਹਰਿ ਵਸਾਇਆ । ਭਾਗ ਲਗਾਏ ਸਾਚੇ ਕਾਸਾ, ਅੰਮ੍ਰਿਤ ਬਾਟਾ ਆਪ ਭਰਾਇਆ । ਨਿਰਗੁਣ ਨਿਰਵੈਰ ਪੁਰਖ ਅਕਾਲ ਜੋੜੇ ਨਾਤਾ, ਕੂੜਾ ਬੰਧਨ ਤੋੜ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਰੂ ਇਕ ਸਮਝਾਇਆ । ਸਾਚਾ ਗੁਰੂ ਦੱਸੇ ਗੋਬਿੰਦ, ਏਕਾ ਏਕ ਜਣਾਈਆ । ਜੁਗ ਜੁਗ ਮੇਟਣਹਾਰਾ ਚਿੰਦ, ਚਿੰਤਾ ਚਿਖਾ ਨਾ ਕੋਇ ਜਲਾਈਆ । ਦੋ ਜਹਾਨਾਂ ਗੁਣੀ ਗਹਿੰਦ, ਗਹਿਰ ਗੰਭੀਰ ਅਖਵਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਬਿੰਦ, ਨਿਰਗੁਣ ਨੂਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਸਭ ਦਾ ਦਏ ਉਠਾਈਆ । ਸ਼ਬਦ ਗੁਰੂ ਸਦ ਮਾਨੋ ਏਕ, ਗੁਰੂ ਗ੍ਰੰਥ ਵਡਿਆਇੰਦਾ । ਨਿਤ ਨਵਿਤ ਜਿਸ ਦੀ ਟੇਕ, ਟੇਕ ਏਕ ਰਘਨਾਥ ਸਮਝਾਇੰਦਾ । ਮਨ ਮਤ ਬੁੱਧ ਕਰ ਬਿਬੇਕ, ਦੁਰਮਤ ਮੈਲ ਕੂੜਾ ਕਿਰਕਟ ਪਾਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਦੇਵ ਸੁਆਮੀ ਇਕੋ ਇਕ ਵਖਾਇੰਦਾ । ਸ਼ਬਦ ਗੁਰੂ ਮਾਨੋ ਸਦ ਜਗ, ਗੁਰ ਗੋਬਿੰਦ ਸਿੰਘ ਗਿਆ ਸਮਝਾਈਆ । ਜਿਸ ਦਾ ਮੇਲ ਉਪਰ ਸ਼ਾਹ ਰਗ, ਨੌਂ ਦੁਆਰੇ ਪੰਧ ਮੁਕਾਈਆ । ਨਿਰਮਲ ਜੋਤ ਕਰੇ ਪਰਗਟ, ਅਗਿਆਨ ਅੰਧੇਰ ਮਿਟਾਈਆ । ਸ਼ਬਦ ਅਨਾਦ ਲਗਾਏ ਸੱਟ, ਅਨਹਦ ਠੋਕਰ ਇਕ ਜਣਾਈਆ । ਨਜ਼ਰੀ ਆਏ ਘਟ ਘਟ, ਹਰ ਘਟ ਰਿਹਾ ਸਮਾਈਆ । ਸਾਚੇ ਮੰਦਰ ਬਹੇ ਸਮਰਥ, ਸਮਰਥ ਆਪਣਾ ਆਸਣ ਲਾਈਆ । ਗੁਰੂ ਗ੍ਰੰਥ ਗੁਰ ਬਾਣੀ ਸਭ ਨੂੰ ਮਾਰਗ ਦੱਸ, ਜੀਵ ਜੰਤ ਜਗਤ ਪੜ੍ਹਾਈਆ । ਇਕੋ ਓਟ ਲੈਣੀ ਰੱਖ, ਪੁਰਖ ਅਕਾਲ ਵੱਡੀ ਵਡਿਆਈਆ । ਜਿਸ ਦੇ ਹੁਕਮੇ ਅੰਦਰ ਚੌਦਾਂ ਲੋਕ ਚੌਦਾਂ ਹੱਟ, ਚੌਦਾਂ ਵਿਦਿਆ ਵੱਜੀ ਵਧਾਈਆ । ਜਿਸ ਦਾ ਖੇਲ ਬਾਜ਼ੀਗਰ ਨਟ, ਲੋਕਮਾਤ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਸਮਝਾਈਆ । ਜਿਸ


੩੯੨ ੧੫

ਦੇ ਉਤੇ ਪੰਜ ਪੈਸੇ ਦਿਤੇ ਟਿੱਕਾ, ਟਿਕਾ ਇਕੋ ਇਕ ਲਗਾਈਆ । ਸੋ ਗੁਰੂ ਗੁਰੂਦੁਆਰ ਕਾਇਆ ਮੰਦਰ ਅੰਦਰ ਨਜ਼ਰੀ ਜਾਏ ਆ, ਨਿਸ਼ਅੱਖਰ ਅੱਖਰ ਰੂਪ ਵਟਾਈਆ । ਜਿਸ ਦੀ ਸਿਫ਼ਤ ਸਾਲਾਹੀ ਦੋ ਜਹਾਨ, ਆਦਿ ਜੁਗਾਦਿ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਰੂ ਇਕ ਵਖਾਈਆ । ਸਾਚਾ ਗੁਰੂ ਇਕ ਸੁਆਮੀ, ਆਦਿ ਜੁਗਾਦਿ ਅਖਵਾਇੰਦਾ । ਜੁਗ ਚੌਕੜੀ ਅੰਤਰਜਾਮੀ, ਲੱਖ ਚੁਰਾਸੀ ਫੋਲ ਫੋਲਾਇੰਦਾ । ਬੋਧ ਅਗਾਧ ਸੁਣਾਏ ਬਾਣੀ, ਧੁਰ ਦੀ ਧਾਰ ਸਮਝਾਇੰਦਾ । ਆਤਮ ਪਰਮਾਤਮ ਮੇਲ ਮਿਲਾਏ ਸਾਚੇ ਹਾਣੀ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਸਾਚਾ ਲੇਖਾ ਚਾਰ ਖਾਣੀ, ਚਾਰੋ ਕੁੰਟ ਲੇਖੇ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਵਡਿਆਇੰਦਾ । ਗੁਰੂ ਗ੍ਰੰਥ ਗੁਰ ਦੇਵੇ ਉਪਦੇਸ਼, ਜੀਵ ਜੰਤ ਕਰੇ ਪੜ੍ਹਾਈਆ । ਪਾਰਬ੍ਰਹਮ ਪ੍ਰਭ ਸਚ ਨਰੇਸ਼, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਸਚਖੰਡ ਦੁਆਰੇ ਵਸੇ ਅਗੰਮੀ ਦੇਸ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜਿਸ ਗੁਰ ਅਵਤਾਰ ਪੀਰ ਪੈਗੰਬਰ ਦਿਤੇ ਭੇਜ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਜਿਸ ਦੀ ਗੋਬਿੰਦ ਸੁਤ ਮਾਣੇ ਸਾਚੀ ਸੇਜ, ਗੋਦੀ ਬੈਠੇ ਚਾਈਂ ਚਾਈਂਆ । ਉਸ ਦਾ ਇਕੋ ਸੱਚਾ ਲੇਖ, ਨਾ ਕੋਈ ਮੇਟੇ ਮੇਟ ਮਿਟਾਈਆ । ਬਿਨ ਸ਼ਬਦ ਗੁਰੂ ਬਾਣੀ ਸ੍ਰਿਸ਼ਟ ਸਬਾਈ ਭੇਖ, ਭੇਖਾ ਧਾਰੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰੂ ਇਕੋ ਇਕ ਵਡਿਆਈਆ । ਆਦਿ ਜੁਗਾਦੀ ਇਕੋ ਗੁਰ, ਸਤਿਗੁਰ ਸੱਚਾ ਹਰਿ ਅਖਵਾਇੰਦਾ । ਸਭ ਦਾ ਲੇਖਾ ਜਾਣੇ ਧੁਰ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਜਿਸ ਦੀ ਪੂਜਾ ਕਰਨ ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ, ਕਰੋੜ ਤੇਤੀਸਾ ਸੀਸ ਨਿਵਾਇੰਦਾ । ਓਸ ਸਤਿਗੁਰ ਦੀ ਆਦਿ ਜੁਗਾਦਿ ਜੁਗਾ ਜੁਗੰਤਰ ਲੋੜ, ਗੁਰੂ ਗ੍ਰੰਥ ਸਰਬ ਸਮਝਾਇੰਦਾ । ਜੋ ਆਤਮ ਵਿਛੜੀ ਪਰਮਾਤਮ ਨਾਲ ਦੇਵੇ ਜੋੜ, ਜਗਤ ਵਛੋੜਾ ਪੰਧ ਮੁਕਾਇੰਦਾ । ਜਗਤ ਵਿਕਾਰਾ ਕੂੜ ਕੁੜਿਆਰਾ ਦੇਵੇ ਹੋੜ, ਹਰਿ ਕਾ ਨਾਮ ਇਕ ਸਮਝਾਇੰਦਾ । ਲਹਿਣਾ ਦੇਣਾ ਚੁਕਾਏ ਮੋਰ ਤੋਰ, ਤੁਰਤ ਆਪਣਾ ਖੇਲ ਵਖਾਇੰਦਾ । ਤਿਸ ਅੱਗੇ ਕਿਸੇ ਦਾ ਚਲੇ ਨਾਹੀਂ ਜ਼ੋਰ, ਦੋ ਜਹਾਨਾਂ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਸਮਝਾਇੰਦਾ । ਪੰਜ ਪੈਸੇ ਰੱਖ ਨਰੇਲ ਟੇਕਿਆ ਮੱਥਾ, ਮਸਤਕ ਸ਼ਬਦ ਗੁਰੂ ਨਿਵਾਈਆ । ਤੇਰਾ ਖੇਲ ਪੁਰਖ ਸਮਰਥਾ, ਸਮਰਥ ਤੇਰੀ ਸ਼ਰਨਾਈਆ । ਆਦਿ ਜੁਗਾਦਿ ਜਿਸ ਦਾ ਭੇਵ ਕਿਸੇ ਨਾ ਲਿਖਾ, ਅਲੱਖ ਨਿਰੰਜਣ ਤੇਰੀ ਵਡ ਵਡਿਆਈਆ । ਬਿਨ ਨਾਨਕ ਨਿਰਗੁਣ ਸਰਗੁਣ ਹਾਲ ਕਿਸੇ ਨਾ ਦੱਸਾ, ਸਚਖੰਡ ਦੁਆਰੇ ਫੇਰਾ ਕੋਈ ਨਾ ਪਾਈਆ । ਸੋ ਗੁਰੂ ਗੁਰ ਗੋਬਿੰਦ ਇਕੋ ਰੱਖਾ, ਜਿਸ ਵਿਚ ਬੱਧੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਸ਼ਬਦ ਗੁਰੂ ਗਿਆ ਸਮਝਾਈਆ । ਸ਼ਬਦ ਗੁਰੂ ਮਾਨੇ ਸੰਸਾਰ, ਸਰਬ ਜੀਆਂ ਜਣਾਈਆ । ਪੰਜ ਤਤ ਨਾ ਕੋਇ ਪਿਆਰ, ਕਾਇਆ ਮਾਟੀ ਖੇਹ ਵਖਾਈਆ । ਤ੍ਰੈਗੁਣ ਲੇਖਾ ਚੁੱਕੇ ਅੰਤਮ ਵਾਰ, ਪਰਕਿਰਤੀ ਨਜ਼ਰ ਕੋਇ ਨਾ ਆਈਆ । ਸ਼ਬਦ ਗੁਰੂ ਸਦ ਬੋਲੇ ਜੈਕਾਰ, ਨਾ ਮਰੇ ਨਾ ਜਾਈਆ । ਆਵੇ ਜਾਵੇ ਵਾਰੋ ਵਾਰ, ਲੇਖਾ ਸਕੇ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਗੁਰੂ ਇਕੋ ਇਕ ਰਖਾਈਆ । ਸੱਚਾ ਗੁਰੂ ਸਤਿਗੁਰ ਆਦਿ, ਸੋ ਪੁਰਖ ਨਿਰੰਜਣ ਆਪ ਪਰਗਟਾਇਆ । ਹਰਿ ਪੁਰਖ ਨਿਰੰਜਣ ਵਜਾਏ ਨਾਦ, ਏਕੰਕਾਰ ਰਾਗ ਅਲਾਇਆ । ਆਦਿ ਨਿਰੰਜਣ ਜੋਤ

ਪਰਕਾਸ਼, ਸ੍ਰੀ ਭਗਵਾਨ ਭੇਵ ਖੁਲ੍ਹਾਇਆ । ਅਬਿਨਾਸ਼ੀ ਕਰਤਾ ਦੇਵੇ ਦਾਦ, ਪਾਰਬ੍ਰਹਮ ਪ੍ਰਭ ਪੜਦਾ ਲਾਹਿਆ । ਬ੍ਰਹਮ ਮਾਰੇ ਆਪਣੀ ਇਕ ਆਵਾਜ਼, ਲੱਖ ਚੁਰਾਸੀ ਲਏ ਉਠਾਇਆ । ਦੋ ਜਹਾਨਾਂ ਭੋਗੇ ਰਾਜ, ਸ਼ਾਹ ਸੁਲਤਾਨ ਆਪ ਹੋ ਜਾਇਆ । ਜੁਗ ਚੌਕੜੀ ਰਚੇ ਕਾਜ, ਕਰਨੀ ਕਰਤਾ ਆਪ ਕਮਾਇਆ । ਜਿਸ ਦਾ ਗੁਰ ਅਵਤਾਰ ਪੀਰ ਪੈਗੰਬਰ ਸਮਾਜ, ਨਿਰਗੁਣ ਸਰਗੁਣ ਵੰਡ ਵੰਡਾਇਆ । ਸਾਚੀ ਦੇਵੇ ਧੁਰ ਦੀ ਦਾਦ, ਨਾਮ ਭੰਡਾਰ ਆਪ ਵਰਤਾਇਆ । ਸੋ ਵੇਖਣਹਾਰ ਜੁਗਾਦਿ, ਭੇਵ ਅਭੇਦਾ ਭੇਵ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਗੁਰੂ ਇਕੋ ਪਰਗਟਾਏ ਮਾਤ, ਦੂਜਾ ਗੁਰੂ ਕੰਮ ਕਿਸੇ ਨਾ ਆਇਆ । ਸਤਿਗੁਰ ਸੱਚਾ ਇਕੋ ਬਹੁਤਾ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਜਿਸ ਦਾ ਖੇਲ ਲੋਕ ਪਰਲੋਕਾ, ਦੋ ਜਹਾਨਾਂ ਵੇਖ ਵਖਾਈਆ । ਜਿਸ ਦਾ ਨਾਉਂ ਅਗੰਮ ਸਲੋਕਾ, ਨਿਸ਼ਅੱਖਰ ਅੱਖਰ ਕਰੇ ਪੜ੍ਹਾਈਆ । ਜਿਸ ਦਾ ਭਾਣਾ ਕਿਸੇ ਨਾ ਰੋਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਸੋ ਸਤਿਗੁਰ ਸਦਾ ਹੋਏ ਬੇਦੋਸ਼ਾ, ਦੋਸ਼ ਸਭ ਦੇ ਉਤੇ ਲਗਾਈਆ । ਆਪ ਬੈਠਾ ਰਹੇ ਖ਼ਮੋਸ਼ਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਗੁਰੂ ਇਕ ਪਰਗਟਾਈਆ । ਸਾਚਾ ਗੁਰੂ ਪਰਵਰਦਿਗਾਰ, ਬੇਪਰਵਾਹ ਆਪ ਜਣਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਮੁਕਾਮੇ ਹੱਕ ਡੇਰਾ ਲਾਇੰਦਾ । ਸਚ ਤੌਫ਼ੀਕ ਮਿਹਰਵਾਨ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਇਕ ਧਰਾਇੰਦਾ । ਲੇਖਾ ਜਾਣੇ ਦੋ ਜਹਾਨ, ਬੇਨਿਸ਼ਾਨ ਨਜ਼ਰ ਕਿਸੇ ਨਾ ਆਇੰਦਾ । ਮੁਖ ਨਕਾਬ ਖੇਲ ਮਹਾਨ, ਪਰਦਾਨਸ਼ੀਂ ਪਰਦਾ ਆਪਣਾ ਨਾ ਕੋਇ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਗੁਰੂ ਇਕ ਵਡਿਆਇੰਦਾ । ਸੱਚਾ ਗੁਰੂ ਗੋਬਿੰਦ ਮੀਤਾ, ਚਾਰ ਵਰਨ ਸਮਝਾਈਆ । ਜਿਸ ਦਾ ਖੇਲ ਸਦਾ ਅਨਡੀਠਾ, ਬਿਨ ਗੁਰਮੁਖ ਪੂਰੇ ਸਮਝ ਕਿਸੇ ਨਾ ਆਈਆ । ਅੰਦਰ ਬਾਹਰ ਸਾਚੀ ਰੀਤਾ, ਗੁਪਤ ਆਪਣੀ ਧਾਰ ਚਲਾਈਆ । ਜਿਸ ਨੂੰ ਲੱਭਦੇ ਮੰਦਰ ਮਸੀਤਾਂ, ਗੁਰੂਦੁਆਰ ਠਾਕਰ ਸ਼ਿਵਦੁਆਲੇ ਵੇਖਣ ਚਾਈਂ ਚਾਈਂਆ । ਸੋ ਸਾਹਿਬ ਸਦਾ ਅਤੀਤਾ, ਹਰ ਘਟ ਬੈਠਾ ਡੇਰਾ ਲਾਈਆ । ਗੁਰ ਸ਼ਬਦ ਨਾਲ ਕਰੋ ਪ੍ਰੀਤਾ, ਪ੍ਰੀਤੀ ਇਕੋ ਇਕ ਜਣਾਈਆ । ਦਿਵਸ ਰੈਣ ਅੱਠੇ ਪਹਿਰ ਸਤਿਗੁਰ ਸਦਾ ਵਸੇ ਚੀਤਾ, ਚਿਤਵਿਤ ਠਗੌਰੀ ਕੋਇ ਰਹਿਣ ਨਾ ਪਾਈਆ । ਜਿਸ ਦੀ ਸਿਫ਼ਤ ਸ਼ਾਸਤਰ ਸਿਮਰਤ ਵੇਦ ਪੁਰਾਨ ਅਠਾਰਾਂ ਧਿਆਏ ਕਰੇ ਗੀਤਾ, ਅੰਜੀਲ ਕੁਰਾਨ ਤੀਸ ਬਤੀਸਾ ਰਹੀ ਸਮਝਾਈਆ । ਸੋ ਸਤਿਗੁਰ ਨਾਨਕ ਨਿਰਵੈਰ ਪੁਰਖ ਇਕ ਦ੍ਰਿੜੀਤਾ, ਜਿਸ ਦੀ ਵੱਜੇ ਸਚ ਵਧਾਈਆ । ਤਿਸ ਦਾ ਲੇਖਾ ਗੁਰੂ ਗ੍ਰੰਥ ਅਲੇਖ ਲਿਖੀਤਾ, ਕਾਤਬ ਬਣ ਕੇ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰੂ ਇਕੋ ਇਕ ਵਡਿਆਈਆ । ਆਪੇ ਗੁਰੂ ਗੁਰ ਆਪੇ ਬਾਣੀ, ਸਤਿਗੁਰ ਸ਼ਬਦ ਆਪ ਅਖਵਾਇੰਦਾ । ਆਪੇ ਦਾਤਾ ਆਪੇ ਦਾਨੀ, ਦੇਵਣਹਾਰ ਆਪ ਹੋ ਜਾਇੰਦਾ । ਆਪੇ ਖੇਲੇ ਖੇਲ ਦੋ ਜਹਾਨੀ, ਲੋਕਮਾਤ ਆਪੇ ਆਪਣਾ ਮਾਰਗ ਲਾਇੰਦਾ । ਗੁਰ ਗੋਬਿੰਦ ਅੰਤਮ ਦੇ ਕੇ ਗਿਆ ਬਿਆਨੀ, ਸਚ ਬਿਆਨ ਇਕ ਸਮਝਾਇੰਦਾ । ਪਰਗਟ ਹੋਵੇ ਸ਼ਾਹ ਪਾਤਸ਼ਾਹ ਸੱਚਾ ਸੁਲਤਾਨੀ, ਸ਼ਹਿਨਸ਼ਾਹ ਆਪਣਾ ਰੂਪ ਧਰਾਇੰਦਾ । ਜਿਸ ਦਾ ਖੇਲ ਬੇਮਹਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਗੁਰੂ ਗੋਬਿੰਦ ਸਿੰਘ ਪਿਆਰਾ, ਸਚ ਨਸੀਹਤ ਗਿਆ ਸਮਝਾਈਆ । ਗੁਰ ਸ਼ਬਦ ਇਕੋ ਮੰਨੋ ਜੀਵ ਸੰਸਾਰਾ, ਦੂਜਾ

੩੯੪ ੧੫

ਨਜ਼ਰ ਕੋਇ ਨਾ ਆਈਆ । ਜਿਸ ਦੇ ਮੰਨਿਆਂ ਮਿਲੇ ਪੁਰਖ ਅਕਾਲ ਨਿਰੰਕਾਰਾ, ਨਿਰਗੁਣ ਵੱਡਾ ਵਡ ਵਡਿਆਈਆ । ਸੋ ਸਤਿਗੁਰ ਵਸੇ ਧਾਮ ਨਿਆਰਾ, ਸਚਖੰਡ ਬੈਠਾ ਡੇਰਾ ਲਾਈਆ । ਜਿਸ ਦਾ ਇਕੋ ਸੁਤ ਦੁਲਾਰਾ, ਸ਼ਬਦੀ ਨਾਉਂ ਰਖਾਈਆ । ਥਿਰ ਘਰ ਖੋਲ੍ਹ ਆਪ ਕਿਵਾੜਾ, ਸਾਚੀ ਭੂਮਕਾ ਵੰਡ ਵੰਡਾਈਆ । ਸੁਨ ਅਗੰਮੋ ਵਸੇ ਬਾਹਰਾ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਜਿਸ ਮਹੱਲੇ ਚੜ੍ਹ ਕੇ ਕਬੀਰ ਕੂਕੇ ਵਾਰੋ ਵਾਰਾ, ਉਚੀ ਉਚੀ ਰਿਹਾ ਸੁਣਾਈਆ । ਜਿਸ ਨੇ ਨਾਨਕ ਨਿਰਗੁਣ ਨਾਮ ਸਤਿ ਦਿਤਾ ਕਰ ਪਿਆਰਾ, ਸਾਚਾ ਵਣਜ ਮਾਤ ਵਖਾਈਆ । ਜਿਸ ਗੋਬਿੰਦ ਕੀਤਾ ਸੁਤ ਦੁਲਾਰਾ, ਪੂਤ ਸਪੂਤਾ ਗੋਦ ਬਹਾਈਆ । ਗੁਰ ਗੋਬਿੰਦ ਸਿੰਘ ਸਭ ਨੂੰ ਦੇ ਕੇ ਗਿਆ ਲਾਰਾ, ਸ਼ਬਦ ਇਸ਼ਾਰੇ ਨਾਲ ਸਮਝਾਈਆ । ਕਲਜੁਗ ਅੰਤਮ ਕਲ ਕਲਕੀ ਲਏ ਅਵਤਾਰਾ, ਜਿਸ ਦਾ ਪਿਤਾ ਨਾ ਕੋਈ ਮਾਈਆ । ਸਰਬ ਜੀਆਂ ਦਾ ਸਾਂਝਾ ਯਾਰਾ, ਨਿਰਗੁਣ ਆਵੇ ਫੇਰਾ ਪਾਈਆ । ਸੰਬਲ ਵਸੇ ਧਾਮ ਨਿਆਰਾ, ਬੰਕ ਦੁਆਰਾ ਸਮਝ ਕੋਇ ਨਾ ਪਾਈਆ । ਡੰਕਾ ਵਜਾਏ ਦੋਹਰੀ ਧਾਰਾ, ਸ਼ਬਦੀ ਤਾਲ ਆਪ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਗੁਰ ਗੋਬਿੰਦ ਸਿੰਘ ਦੱਸ ਕੇ ਗਿਆ ਸਚ, ਸਚ ਸਚ ਦ੍ਰਿੜਾਈਆ । ਗੁਰ ਸ਼ਬਦ ਜਿਸ ਹਿਰਦੇ ਜਾਏ ਰਚ, ਲੂੰ ਲੂੰ ਰਾਗ ਅਲਾਈਆ । ਮਨ ਮਨੂਆ ਨਾ ਪਏ ਨੱਚ, ਨੌਂ ਦਵਾਰੇ ਨਾ ਤਾਲ ਵਜਾਈਆ । ਕਾਇਆ ਮਾਟੀ ਕੰਚਨ ਬਣੇ ਕੱਚ, ਕਾਚੀ ਗਗਰੀਆ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਸਮਝਾਈਆ । ਗੁਰੂ ਗ੍ਰੰਥ ਗੁਰ ਸਭ ਦਾ ਸਾਂਝਾ, ਵਰਨ ਬਰਨ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਮਿਲਣ ਦੀ ਰੱਖੇ ਤਾਂਘਾ, ਘਰ ਬੈਠਾ ਆਸਣ ਲਾਈਆ । ਨਾ ਸੋਇਆ ਨਾ ਕਦੇ ਜਾਗਾ, ਆਲਸ ਨਿੰਦਰਾ ਨਾ ਕੋਇ ਰਖਾਈਆ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਮਾਰ ਆਵਾਜ਼ਾਂ, ਧੁਰ ਦਾ ਨਾਦ ਸੁਣਾਈਆ । ਸਾਚੇ ਸੰਤਾਂ ਪਿੱਛੇ ਫਿਰੇ ਭਾਜਾ, ਨਿਰਗੁਣ ਨੱਸੇ ਵਾਹੋ ਦਾਹੀਆ । ਗੁਰਮੁਖਾਂ ਰੱਖੇ ਆਪੇ ਲਾਜਾ, ਸਿਰ ਆਪਣਾ ਹੱਥ ਟਿਕਾਈਆ । ਗੁਰਸਿਖ ਸੱਚੇ ਤੇਰਾ ਸਾਜਣ ਸਾਜਾ, ਸਾਚੀ ਸਿਖਿਆ ਇਕ ਸਮਝਾਈਆ । ਸਤਿਗੁਰ ਮੰਨੋ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਸਚ ਰਸੂਲ ਪਾਕੀ ਪਾਕਾ, ਕਲਮਾ ਨਬੀ ਇਕ ਪੜ੍ਹਾਈਆ । ਬੰਦ ਕਿਵਾੜੀ ਖੋਲ੍ਹੇ ਤਾਕਾ, ਮੱਕਾ ਕਾਅਬਾ ਹੁਜਰਾ ਇਕ ਸੁਹਾਈਆ । ਭੂਪਤ ਭੂਪ ਵਡ ਨਵਾਬਾ, ਸ਼ਹਿਨਸ਼ਾਹ ਹਰਿ ਅਖਵਾਈਆ । ਸੀਸ ਜਗਦੀਸ ਸੋਹੇ ਤਾਜਾ, ਦੋ ਜਹਾਨ ਰਈਅਤ ਲਏ ਬਣਾਈਆ । ਦੋ ਜਹਾਨ ਆਵੇ ਭਾਜਾ, ਤੇਈ ਅਵਤਾਰਾਂ ਮਾਣ ਦਿਵਾਈਆ । ਭਗਤ ਅਠਾਰਾਂ ਸਾਜਣ ਸਾਜਾ, ਸਚ ਸੁਚ ਕਰੇ ਪੜ੍ਹਾਈਆ । ਮੂਸਾ ਈਸਾ ਮੁਹੰਮਦ ਰਚਿਆ ਕਾਜਾ, ਕਲਮਾ ਕਾਇਨਾਤ ਜਣਾਈਆ । ਨਾਨਕ ਗੋਬਿੰਦ ਖੋਲ੍ਹ ਇਕ ਦਰਵਾਜ਼ਾ, ਚਾਰ ਵਰਨ ਅਠਾਰਾਂ ਬਰਨ ਗਿਆ ਸਮਝਾਈਆ । ਇਕੋ ਰਾਮ ਇਕੋ ਸ਼ਾਮ ਇਕੋ ਨੂਰ ਖ਼ੁਦਾਈ ਪੜ੍ਹੋ ਨਿਮਾਜ਼ਾ, ਨਾਮ ਸਤਿ ਵਾਹਿਗੁਰੂ ਫ਼ਤਹਿ ਇਕ ਜਣਾਈਆ । ਗੁਰੂ ਗ੍ਰੰਥ ਗੁਰਦੇਵ ਸਤਿਗੁਰ ਸਭ ਦੀ ਰੱਖੇ ਲਾਜਾ, ਜੋ ਜਨ ਮੰਗੇ ਸਚ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦੱਸਿਆ ਆਪਣਾ ਹਾਲ, ਭੇਵ ਖੋਲਿਆ ਦੀਨ ਦਿਆਲ, ਦਇਆਨਿਧ ਆਪਣੀ ਦਇਆ ਕਮਾਈਆ । ਗੋਬਿੰਦ ਹਾਲ ਦੱਸੇ ਅਕਾਲ, ਅਕਲ ਕਲ ਵਡਿਆਈਆ । ਤੇਰਾ ਮੰਦਰ ਮੇਰੀ ਧਰਮਸਾਲ, ਧਰਮ ਦੁਆਰਾ ਇਕੋ ਨਜ਼ਰੀ ਆਈਆ ।

ਨਿਰਗੁਣ ਹੋ ਕੇ ਮਾਰਾਂ ਛਾਲ, ਸਰਗੁਣ ਵੇਖਾਂ ਚਾਈਂ ਚਾਈਂਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਪੰਜ ਤਤ ਕੂੜਾ ਡੇਰਾ ਢਾਹੀਆ । ਜੋਤੀ ਨੂਰ ਕਰ ਜਲਾਲ, ਜਲਵਾ ਇਕੋ ਇਕ ਦਰਸਾਈਆ । ਜਨ ਭਗਤਾਂ ਲੇਖਾ ਵੇਖਾਂ ਆਣ, ਲਾਸ਼ਰੀਕ ਫੇਰਾ ਪਾਈਆ । ਨਵ ਨੌ ਚਾਰ ਕਰਾਂ ਪਰਵਾਨ, ਬੇਪਰਵਾਹ ਬੇਪਰਵਾਹੀਆ । ਕੂੜੀ ਕਿਰਿਆ ਮੇਟਾਂ ਨਿਸ਼ਾਨ, ਸਚ ਸੁਚ ਦਿਆਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦ ਦਿਤਾ ਇਕੋ ਵਰ, ਲੇਖਾ ਲਿਖਿਆ ਬਿਨ ਕਲਮ ਸ਼ਾਹੀਆ । ਨਾ ਕੋਈ ਸ਼ਾਹੀ ਕਲਮ ਦਵਾਤ, ਕਾਗ਼ਜ਼ ਨਜ਼ਰ ਕੋਇ ਨਾ ਆਈਆ । ਲਿਖਣਹਾਰਾ ਲਿਖੇ ਆਪ, ਬਿਨ ਅੱਖਰਾਂ ਅੱਖਰ ਬਣਾਈਆ । ਸਰਬ ਜੀਆਂ ਦਾ ਇਕੋ ਜਾਪ, ਨਾਨਕ ਗੋਬਿੰਦ ਗਿਆ ਸਮਝਾਈਆ । ਤੂੰ ਮੇਰਾ ਮੈਂ ਤੇਰਾ ਬਾਪ, ਪਿਤਾ ਪੂਤ ਹੋਏ ਕੁੜਮਾਈਆ । ਆਤਮ ਪਰਮਾਤਮ ਪਰਮਾਤਮ ਆਤਮ ਜੁੜੇ ਨਾਤ, ਬ੍ਰਹਮ ਪਾਰਬ੍ਰਹਮ ਮਿਲਾਈਆ । ਸੋਹੰ ਸ਼ਬਦ ਧੁਰ ਦੀ ਗਾਥ, ਸਚ ਸਾਜਣ ਕਰੇ ਪੜ੍ਹਾਈਆ । ਸਤਿਜੁਗ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਹਿਣਾ ਦੇਣਾ ਚੁਕਾਏ ਪੂਰਬ ਮਾਥ, ਮਸਤਕ ਟਿੱਕਾ ਇਕ ਲਗਾਈਆ । ਸਚ ਦਰਬਾਰੇ ਹਰਿ ਨਿਰੰਕਾਰੇ ਇਕ ਬਣਾਏ ਧੁਰ ਜਮਾਤ, ਦੀਨ ਮਜ਼੍ਹਬ ਜ਼ਾਤ ਪਾਤ ਵਰਨ ਗੋਤ ਰਹਿਣ ਕੋਇ ਨਾ ਪਾਈਆ । ਅਲਿਫ਼ ਯੇ ਨਾ ਕੋਈ ਲੁਗਾਤ, ਏਕਾ ਏਕ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੋਬਿੰਦ ਸੱਚਾ ਦਿਤਾ ਵਰ, ਗੁਰ ਸ਼ਬਦੀ ਸਾਚਾ ਇਕ ਮਨਾਓ, ਦੂਜੇ ਦਰ ਨਾ ਮੰਗਣ ਜਾਓ, ਜੁਗ ਜੁਗ ਆਸਾ ਆਪ ਪੁਜਾਈਆ । ਟੇਕ ਮੱਥਾ ਦਿਤੀ ਅਸੀਸ, ਗੁਰ ਗੋਬਿੰਦ ਆਖ ਸੁਣਾਈਆ । ਜੀਵੋ ਜੰਤੋ ਸਾਧੋ ਸੰਤੋ ਗੁਰਬਾਣੀ ਧੁਰ ਦੀ ਇਕ ਹਦੀਸ, ਮਾਣਸ ਮਾਨੁਖ ਨਾ ਕਿਸੇ ਬਣਾਈਆ । ਇਹਦੀ ਕੋਈ ਨਾ ਕਰੇ ਰੀਸ, ਝੂਠੀ ਨਕਲ ਨਾ ਕੋਇ ਲਗਾਈਆ । ਇਸ ਨੂੰ ਵੇਖਣ ਆਏ ਆਪ ਜਗਦੀਸ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਵੇਲਾ ਬੀਸ ਬੀਸ, ਨਿਰਗੁਣ ਸਰਗੁਣ ਬਣ ਕੇ ਦੂਆ ਜ਼ੀਰੋ ਦੱਸੇ ਸਰਬ ਲੋਕਾਈਆ । ਗੁਰੂ ਗ੍ਰੰਥ ਤੇਰੀ ਕੋਈ ਨਾ ਲਵੇ ਫ਼ੀਸ, ਹੱਟੋ ਹੱਟ ਨਾ ਕੋਇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦੀ ਸਿਫ਼ਤ ਗਾਏ ਰਾਗ ਛਤੀਸ, ਬਹੱਤਰ ਨਾੜ ਏਕਾ ਤੰਦ ਸਤਾਰ ਵਜਾਈਆ । ਛੱਤੀ ਰਾਗ ਗੌਂਦੇ ਆਪਣੀ ਧਾਰ, ਧਾਰਨਾ ਨਾਲ ਮਿਲਾਈਆ । ਤੇਈ ਅਵਤਾਰ ਕਰਨ ਪਿਆਰ, ਭਗਤ ਅਠਾਰਾਂ ਖ਼ੁਸ਼ੀ ਮਨਾਈਆ । ਈਸਾ ਮੂਸਾ ਬੋਲਣ ਜੈਕਾਰ, ਮੁਹੰਮਦ ਇਕੋ ਰਾਗ ਜਣਾਈਆ । ਨਾਨਕ ਗੋਬਿੰਦ ਖੇਲ ਅਪਾਰ, ਗੁਰ ਅਰਜਣ ਲੇਖਾ ਸਹਿਜ ਸੁਭਾਈਆ । ਸ਼ਬਦ ਗੁਰੂ ਗੁਰ ਕਰ ਤਿਆਰ, ਸ੍ਰਿਸ਼ਟ ਸਬਾਈ ਦਏ ਵਖਾਈਆ । ਕਲਜੁਗ ਭੁੱਲੇ ਨਾ ਕੋਈ ਜੀਵ ਗਵਾਰ, ਜੀਵਣ ਜੁਗਤ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰ ਗੋਬਿੰਦ ਆਪਣੀ ਸੇਵਾ ਆਪ ਕਮਾਈਆ । ਸੀਸ ਝੁਕਾ ਸਚ ਗੁਰ ਚੇਲਾ, ਸ਼ਬਦ ਕਰੇ ਸ਼ਨਵਾਈਆ । ਪਾਰਬ੍ਰਹਮ ਦਾ ਸਾਚਾ ਮੇਲਾ, ਬ੍ਰਹਮ ਮਿਲਣੀ ਆਪ ਜਣਾਈਆ । ਹਰ ਘਟ ਵਸੇ ਸੱਜਣ ਸੁਹੇਲਾ, ਮਿਲੋ ਚਾਈਂ ਚਾਈਂਆ । ਨਿਰਗੁਣ ਸਦਾ ਰਹੇ ਵਿਹਲਾ, ਗੁਰਮੁਖਾਂ ਰਾਹ ਤਕਾਈਆ । ਕਲਜੁਗ ਅੰਤਮ ਗੁਰਮੁਖ ਵਿਰਲਾ ਸੰਭਲੇ ਸੱਚਾ ਵੇਲਾ, ਬਾਕੀ ਭੁੱਲੇ ਸਰਬ ਲੋਕਾਈਆ । ਗੁਰੂ ਗ੍ਰੰਥ ਗੁਰ ਸ਼ਬਦ ਸਭ ਨੂੰ ਕਰੇ ਫ਼ੇਲਾ, ਪਾਸ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੱਸ ਕੇ ਗਿਆ ਸਾਚਾ ਘਰ, ਘਰ ਵਿਚ ਘਰ ਵਖਾਈਆ । ਚਾਰ

੩੯੭
੧੫

ਵਰਨ ਕਰੋ ਪਿਆਰ, ਏਕਾ ਦੂਜਾ ਭੇਵ ਚੁਕਾਈਆ । ਦੀਨ ਮਜ਼੍ਹਬ ਦਾ ਝਗੜਾ ਛੱਡੋ ਸੰਸਾਰ, ਸਭ ਦਾ ਦਾਤਾ ਇਕੋ ਪਿਤਾ ਮਾਈਆ । ਸਾਚੀ ਸਿਖਿਆ ਸਿਖੇ ਸਿਰਜਣਹਾਰ, ਚਾਰ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਪੜ੍ਹਾਈਆ । ਆਪਣੇ ਇਸ਼ਟ ਕਰੋ ਦੀਦਾਰ, ਦ੍ਰਿਸ਼ਟ ਤਾਕੀ ਬੰਦ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਾਜ ਸਭ ਨੂੰ ਰਿਹਾ ਸਮਝਾਈਆ । ਸਾਰੇ ਬਣ ਜਾਓ ਸੱਜਣ ਮੀਤ, ਦੂਜਾ ਨਜ਼ਰ ਕੋਇ ਨਾ ਆਈਆ । ਰਾਮ ਕ੍ਰਿਸ਼ਨ ਖ਼ੁਦਾ ਵਾਹਿਗੁਰੂ ਗਾਡ ਗਾਵੇ ਗੀਤ, ਮੰਦਰ ਮਸੀਤ ਝਗੜਾ ਕੋਇ ਰਹਿਣ ਨਾ ਪਾਈਆ । ਹੁਕਮਰਾਨਾਂ ਦਾ ਹੁਕਮ ਮੰਨੋ ਠੀਕ, ਤਬਦੀਲੀ ਸ਼ਹਿਨਸ਼ਾਹੀ ਵਿਚ ਕਦੇ ਨਾ ਆਈਆ । ਸਾਰੇ ਘਰ ਘਰ ਆਪਣੀ ਠੀਕ ਰੱਖੋ ਨੀਤ, ਬਾਹਰ ਸਮਝਾਵਣ ਕੋਇ ਨਾ ਜਾਈਆ । ਜਿਸ ਕਰਮ ਵਾਸਤੇ ਗੁਰੂਦੁਆਰ ਮੰਦਰ ਬਣਾਈ ਮਸੀਤ, ਸੋ ਮਸਲੇ ਸਿਖੋ ਚਾਈਂ ਚਾਈਆ । ਹਰ ਘਟ ਰਮਿਆ ਵੇਖੋ ਹਸਤ ਕੀਟ, ਸ੍ਰੀ ਭਗਵਾਨ ਮੰਨੋ ਰਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਹਾਲਤ ਸਭ ਨੂੰ ਰਿਹਾ ਜਣਾਈਆ । ਰਾਉ ਰੰਕ ਸਾਰੇ ਕਰੋ ਵਿਚਾਰ, ਸ਼ਾਹ ਸੁਲਤਾਨਾ ਆਪ ਜਣਾਇੰਦਾ । ਕੂੜੀ ਕਿਰਿਆ ਛੱਡੋ ਵਿਹਾਰ, ਸਚ ਸੁਚ ਇਕ ਵਖਾਇੰਦਾ । ਇਕ ਦਰ ਇਕ ਘਰ ਬਹਿ ਕੇ ਕਰੋ ਪਿਆਰ, ਵੱਡਾ ਛੋਟਾ ਨਜ਼ਰ ਕੋਇ ਨਾ ਆਇੰਦਾ । ਜੇ ਕੋਈ ਭੁੱਲ ਹੋ ਜਾਏ ਆਪਣੀ ਭੁੱਲ ਕਹੋ ਪੁਕਾਰ, ਪੜਦਾ ਉਪਰ ਨਾ ਕੋਇ ਰਖਾਇੰਦਾ । ਮਨਮੁਖ ਹੋ ਨਾ ਬਣੋ ਗਵਾਰ, ਜਗਤ ਖ਼ਵਾਰੀ ਚਾਰੋ ਕੁੰਟ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਸ਼ਾ ਸਭ ਦੀ ਆਪ ਬਦਲਾਇੰਦਾ । ਜੇ ਕੋਈ ਵੇਖੇ ਹਾਲ ਸਮਾਜ਼ਕ, ਸਮਾਜਵਾਦੀ ਦੇਣ ਦੁਹਾਈਆ । ਲੜਨ ਭਿੜਨ ਦੀ ਪੈ ਗਈ ਆਦਤ, ਦਿਵਸ ਰੈਣ ਕਰਨ ਲੜਾਈਆ । ਗੁਰੂਦੁਆਰੇ ਮੰਦਰ ਛੱਡ ਇਬਾਦਤ, ਸਿਆਸਤ ਰਾਣੀ ਬੈਠੇ ਘਰ ਪਰਨਾਈਆ । ਆਪਾ ਚੀਨ ਕੋਈ ਨਾ ਕਰੇ ਸ਼ਨਾਖ਼ਤ, ਆਪਣਾ ਪੜਦਾ ਨਾ ਕੋਇ ਉਠਾਈਆ । ਜਿਧਰ ਵੇਖੋ ਕੂੜੀ ਲਾਅਨਤ, ਕਲਜੁਗ ਡੌਰੂ ਡੰਕ ਰਿਹਾ ਵਜਾਈਆ । ਸਤਿਗੁਰੂ ਸਭ ਨੂੰ ਕਰ ਕੇ ਗਏ ਮਮਾਨਤ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਨਾ ਕਦੇ ਹਲਕਾਈਆ । ਸਤਿਗੁਰ ਭੁਲਿਆਂ ਭਰੇ ਨਾ ਕੋਇ ਜ਼ਮਾਨਤ, ਬਰੀਖ਼ਾਨਾ ਨਜ਼ਰ ਕੋਇ ਨਾ ਆਈਆ । ਠੱਗਾਂ ਚੋਰਾਂ ਯਾਰਾਂ ਫੜਨ ਨੂੰ ਹਰਿ ਬਣਾਈ ਅਦਾਲਤ, ਪੁਲੀਸ ਜਗਦੀਸ ਨਾਲ ਮਿਲਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਇਕ ਦੂਜੇ ਦੀ ਸਾਰੇ ਕਰੋ ਰਫ਼ਾਕਤ, ਵਫ਼ਾਦਾਰ ਬਣੋ ਸਰਬ ਲੋਕਾਈਆ । ਕਿਸੇ ਉਤੇ ਕਦੇ ਨਾ ਆਵੇ ਆਫ਼ਤ, ਜੋ ਗੁਰਮੁਖ ਬਣ ਕੇ ਹਰਿ ਕਾ ਨਾਮ ਧਿਆਈਆ । ਆਪਣੇ ਸੱਜਣਾਂ ਨੂੰ ਘਰ ਘਰ ਜਾ ਕੇ ਕਰੋ ਮੁਖ਼ਾਤਬ, ਸਚ ਸੁਨੇਹੜਾ ਦਿਉ ਸੁਣਾਈਆ । ਆਪਣੇ ਇਸ਼ਟ ਦੇ ਬਣੋ ਤਾਲਬ, ਦ੍ਰਿਸ਼ਟੀ ਆਪਣੀ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਸ੍ਰਿਸ਼ਟ ਸਬਾਈ ਇਕੋ ਇਕ ਜਣਾਈਆ । ਸਚ ਸੰਦੇਸਾ ਦਿਤਾ ਰਾਸ਼ਟਰਪਤ, ਵਾਲੀ ਹਿੰਦ ਆਪ ਸਮਝਾਈਆ । ਨਾੜ ਬਹੱਤਰ ਉਬਲੇ ਕੋਈ ਨਾ ਰਤ, ਜੋ ਰਾਸ਼ਟਰ ਭਵਨ ਡੇਰਾ ਲਾਈਆ । ਚਾਰ ਵਰਨ ਊਚ ਨੀਚ ਰਾਉ ਰੰਕ ਵੇਖ ਇਕੋ ਅੱਖ, ਅੱਖ ਸਕੇ ਨਾ ਕੋਇ ਬਦਲਾਈਆ । ਸਭ ਨੂੰ ਮਿਲਣਾ ਹੱਸ ਹੱਸ, ਕਰੋਧ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਗੁਰਸਿਖਾਂ ਹਰਿਜਨਾਂ ਹਰਿਭਗਤਾਂ ਜੀਵਾਂ ਜੰਤਾਂ ਸਾਧਾਂ ਸੰਤਾਂ ਆਦਿ ਜੁਗਾਦਿ ਜੁਗਾ ਜੁਗੰਤਰ ਕੂਕ ਜਣਾਏ ਸਾਚਾ ਮੰਤਰ, ਸਚ ਸਮਾਜਕ ਜਗਤ ਆਰਥਕ ਇਕ ਪਰਮਾਰਥਕ ਪਾਰਬ੍ਰਹਮ ਬ੍ਰਹਮ ਇਕੋ

ਇਕ ਜਣਾਈਆ । ਸਮਾਜਕ ਵਾਦੀ ਜੇ ਜਾਣ ਸਮਝ, ਝਗੜਾ ਕੋਈ ਰਹਿਣ ਨਾ ਪਾਈਆ । ਸਤਿਗੁਰ ਦੇਵੇ ਇਕ ਰਮਜ਼, ਇਸ਼ਾਰੇ ਨਾਲ ਸਮਝਾਈਆ । ਘਰ ਘਰ ਵੇਖੇ ਹਰਿ ਜੂ ਖ਼ਸਮ, ਆਤਮ ਸੇਜਾ ਬੈਠਾ ਡੇਰਾ ਲਾਈਆ । ਉਸ ਦੇ ਪਿਆਰ ਵਿਚ ਉਸ ਦੇ ਦੀਦਾਰ ਵਿਚ ਹੋ ਜਾਓ ਭਸਮ, ਆਪਣਾ ਆਪ ਗਵਾਈਆ । ਜੋ ਏਥੇ ਆਏ ਖਾ ਕੇ ਜਾਓ ਕਸਮ, ਇਕ ਦੂਜੇ ਨਾਲ ਨਾ ਹੋਏ ਲੜਾਈਆ । ਆਪਣਾ ਹਿਰਦਾ ਕਰੋ ਨਰਮ, ਗਰਮਜੋਸ਼ੀ ਨਾ ਕੋਇ ਵਖਾਈਆ । ਕਾਇਆ ਵੇਖੋ ਵੱਡੀ ਖੁਲ੍ਹੀ ਫ਼ਰਮ, ਜਿਸ ਵਿਚ ਮਨ ਮਤ ਬੁਧ ਅਨੇਕ ਪੁਰਜ਼ੇ ਦਿਤੇ ਟਿਕਾਈਆ । ਜਿਸ ਨਾਲ ਆਪਣਾ ਸੌਰੇ ਜਰਮ, ਸੋ ਗੁਰਮੁਖੋ ਕਰਮ ਕਰੋ ਚਾਈਂ ਚਾਈਂਆ । ਦੂਈ ਦਵੈਤ ਦਾ ਮੇਟੋ ਭਰਮ, ਉਚਾਂ ਨੀਚਾਂ ਸਮਝੋ ਭਾਈ ਭਾਈਆ । ਹੁਣ ਵੇਲਾ ਨਹੀਂ ਕਰਨ ਦਾ ਸ਼ਰਮ, ਪੁਰਖ ਅਕਾਲ ਸਭ ਦਾ ਸ਼ਰਮ ਹੱਯਾ ਰਿਹਾ ਉਡਾਈਆ । ਜੇ ਕੋਈ ਸਮਝੇ ਸਾਚਾ ਧਰਮ, ਪਿਆਰ ਸਭਨਾਂ ਨਾਲ ਇਕੋ ਜਿਹਾ ਰਖਾਈਆ । ਅੰਤਮ ਲੇਖਾ ਚੁੱਕੇ ਮਰਨ ਡਰਨ, ਰਾਏ ਧਰਮ ਨਾ ਦਏ ਸਜ਼ਾਈਆ । ਸਚ ਦੁਆਰੇ ਸੋ ਗੁਰਮੁਖ ਵੜਨ, ਜੋ ਗੁਰ ਕਾ ਸ਼ਬਦ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਮਾਰਗ ਸਰਬ ਦਸਾਈਆ । ਆਰਥਕ ਵਾਦੀ ਜੇ ਕੋਈ ਕੱਢੇ ਅਰਥ, ਅਰਥਾਤ ਆਪਣਾ ਲਏ ਜਣਾਈਆ । ਇਕ ਦੂਜੇ ਦਾ ਕੋਈ ਨਾ ਸਮਝੇ ਫ਼ਰਕ, ਫ਼ਿਕਰਾ ਕੂੜਾ ਬੋਲੇ ਨਾ ਕੋਇ ਲੋਕਾਈਆ । ਕੂੜਾ ਝਗੜਾ ਕਰੇ ਤਰਕ, ਤੁਰਤ ਆਪਣਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਤੇਰੇ ਕੋਲੋਂ ਇਕੋ ਮੰਗੇ ਪ੍ਰੀਤੀ ਮੰਗਤ, ਦੋਏ ਜੋੜ ਜੋੜ ਵਾਸਤਾ ਪਾਈਆ ।



੩੯੮



## ੨੭ ਭਾਦਰੋ ੨੦੨੦ ਬਿਕ੍ਰਮੀ ਗੁਰਨਾਮ ਸਿੰਘ ਦੇ ਗ੍ਰਿਹ ਪਿੰਡ ਕੰਗ ਜ਼ਿਲਾ ਅੰਮ੍ਰਿਤਸਰ

ਸਤਿਗੁਰ ਨਾਮ ਸਦਾ ਸਤਿ, ਆਦਿ ਜੁਗਾਦਿ ਰਖਾਇੰਦਾ । ਜਨ ਭਗਤਾਂ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਆਤਮ ਪਰਮਾਤਮ ਜੋੜੇ ਨੱਤ, ਨਾਤਾ ਬਿਧਾਤਾ ਇਕ ਵਖਾਇੰਦਾ । ਨਾੜ ਬਹੱਤਰ ਨਾ ਉਬਲੇ ਰਤ, ਰਤੀ ਰਤ ਨਾ ਕੋਇ ਤਪਾਇੰਦਾ । ਲੇਖਾ ਚੁੱਕੇ ਪੰਜ ਤੱਤ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਇੰਦਾ । ਸਤਿ ਸੰਤੋਖ ਧੀਰਜ ਦੇਵੇ ਜਤ, ਗੁਰ ਗਿਆਨ ਇਕ ਦ੍ਰਿੜਾਇੰਦਾ । ਮੇਟ ਮਿਟਾਏ ਮਨਮਤ, ਗੁਰਮਤ ਇਕ ਸਮਝਾਇੰਦਾ । ਲੱਖ ਚੁਰਾਸੀ ਵਿਚੋਂ ਲਏ ਰੱਖ, ਸਿਰ ਆਪਣਾ ਹੱਥ ਰਖਾਇੰਦਾ । ਸਾਚਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਪੰਧ ਮੁਕਾਇੰਦਾ । ਅੰਮ੍ਰਿਤ ਦੇਵੇ ਆਤਮ ਰਸ, ਨਿਝਰ ਝਿਰਨਾ ਇਕ ਝਿਰਾਇੰਦਾ । ਜੋਤ ਨਿਰੰਜਣ ਕਰੇ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਲੇਖੇ ਲਾਏ ਪਵਣ ਸਵਾਸ, ਪਵਣ ਪਵਣੀ ਮੇਲ ਮਿਲਾਇੰਦਾ । ਜਨਮ ਕਰਮ ਦੀ ਪੂਰੀ ਕਰੇ ਆਸ, ਨਿਰਾਸਾ ਕੋਈ ਰਹਿਣ ਨਾ ਪਾਇੰਦਾ । ਨਿਰਗੁਣ ਸਰਗੁਣ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਸਚ ਪੜ੍ਹਾਏ ਇਕੋ ਗਾਥ, ਸਾਚਾ ਮੰਤਰ ਇਕ ਸਮਝਾਇੰਦਾ । ਧੁਰ ਦੀ ਦੇਵੇ ਅਗੰਮੀ ਦਾਤ, ਘਰ ਭੰਡਾਰ ਆਪ ਵਰਤਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਸਾਚਾ ਚੰਦ ਇਕ ਚਮਕਾਇੰਦਾ । ਨੇੜੇ ਹੋ ਕੇ ਪੁੱਛੇ ਵਾਤ, ਦੂਰ ਦੁਰਾਡਾ ਪੰਧ ਮੁਕਾਇੰਦਾ । ਪਾਰ ਕਰਾਏ ਆਪਣੇ ਘਾਟ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਲਹਿਣਾ ਚੁੱਕੇ ਤਤ ਆਠ, ਨੌ ਦੁਆਰੇ ਡੇਰਾ

ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸਤਿਗੁਰ ਨਾਮ ਸਮਝਾਇੰਦਾ । ਸਤਿਗੁਰ ਨਾਮ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਸਚ ਜਣਾਏ ਇਕ ਪ੍ਰੀਤ, ਪ੍ਰੀਤੀਵਾਨ ਵੇਖ ਵਖਾਈਆ । ਆਤਮ ਗਾਏ ਸੁਹਾਗੀ ਗੀਤ, ਢੋਲਾ ਧੁਰ ਦਾ ਰਾਗ ਅਲਾਈਆ । ਸਾਹਿਬ ਸਤਿਗੁਰ ਵਸੇ ਚੀਤ, ਘਰ ਮੰਦਰ ਸੋਭਾ ਪਾਈਆ । ਕਾਇਆ ਕਰੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਲੇਖ ਚੁਕਾਏ ਹਸਤ ਕੀਟ, ਊਚ ਨੀਚ ਨਜ਼ਰ ਕੋਇ ਨਾ ਆਈਆ । ਜੀਵਦਿਆਂ ਜਗ ਲਏ ਜੀਤ, ਮੋਇਆਂ ਮਰਨ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਸਮਝਾਈਆ । ਗੁਰ ਕਾ ਨਾਮ ਸਦਾ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਕਰ ਕਰ ਦੇਵੇ ਹਿਤ, ਜੁਗ ਜੁਗ ਆਪਣਾ ਮੇਲ ਮਿਲਾਇੰਦਾ । ਸਾਚੀ ਦਿਸ਼ਾ ਪਏ ਦਿਸ, ਘਰ ਮੰਦਰ ਕੁੰਡਾ ਲਾਹਿੰਦਾ । ਧੁਰ ਦਾ ਲੇਖਾ ਦੇਵੇ ਲਿਖ, ਲਿਖਿਆ ਲੇਖ ਨਾ ਕੋਇ ਮਿਟਾਇੰਦਾ । ਧੰਨ ਵਡਿਆਈ ਸਾਚੇ ਸਿਖ, ਜਿਸ ਸਤਿਗੁਰ ਨਜ਼ਰੀ ਆਇੰਦਾ । ਨੇਤਰ ਲੋਚਣ ਆਪਣੇ ਪੇਖ, ਪੇਖ ਪੇਖ ਖ਼ੁਸ਼ੀ ਮਨਾਇੰਦਾ । ਸਚ ਸੁਹਾਏ ਸੁਹੰਜਣਾ ਦੇਸ, ਘਰ ਘਰ ਵਿਚ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੇ ਨਾਮ ਰੰਗ ਰੰਗਾਇੰਦਾ । ਗੁਰ ਕਾ ਨਾਮ ਰੰਗ ਰੰਗੀਲਾ, ਰੰਗ ਰਤਾ ਆਪ ਰੰਗਾਈਆ । ਜੁਗ ਚੌਕੜੀ ਬਣੇ ਵਸੀਲਾ, ਲੋਕਮਾਤ ਹੋਏ ਸਹਾਈਆ । ਜਨ ਭਗਤ ਬਣਾਏ ਇਕ ਕਬੀਲਾ, ਵਰਨ ਬਰਨ ਨਾ ਕੋਇ ਸਮਝਾਈਆ । ਮੇਲ ਮਿਲਾਏ ਛੈਲ ਛਬੀਲਾ, ਜੋਬਨ ਮਤਾ ਬੇਪਰਵਾਹੀਆ । ਕਿਸੇ ਹੱਥ ਨਾ ਆਏ ਜਗਤ ਦਲੀਲਾ, ਮਨ ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਬਿਨ ਸਤਿਗੁਰ ਪੂਰੇ ਬਣੇ ਨਾ ਕੋਇ ਵਸੀਲਾ, ਵਸਲ ਸਚ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੀ ਬੂਝ ਬੁਝਾਈਆ । ਗੁਰ ਕਾ ਨਾਉਂ ਸਦਾ ਸਹਾਈ, ਆਦਿ ਜੁਗਾਦਿ ਦਇਆ ਕਮਾਇੰਦਾ । ਗੁਰਮੁਖ ਵਿਰਲੇ ਰਹੇ ਧਿਆਈ, ਜਿਸ ਸਿਰ ਆਪਣਾ ਹੱਥ ਟਿਕਾਇੰਦਾ । ਉਚੀ ਕੂਕਣ ਮਾਰਨ ਧਾਹੀਂ, ਨੇਤਰ ਨੀਰ ਸਰਬ ਵਖਾਇੰਦਾ । ਕਵਣ ਵੇਲਾ ਪ੍ਰਭ ਮਿਲੇ ਮਾਹੀ, ਪਾਂਧੀ ਆਪਣਾ ਫੇਰਾ ਪਾਇੰਦਾ । ਬਾਂਹੋ ਪਕੜ ਲਏ ਉਠਾਈ, ਰੁੱਠੜੇ ਆਪ ਮਨਾਇੰਦਾ । ਭੇਵ ਖੁਲ੍ਹਾਏ ਚਾਈਂ ਚਾਈਂ, ਪੜਦਾ ਓਹਲਾ ਆਪ ਚੁਕਾਇੰਦਾ । ਘਰ ਮੰਦਰ ਕਰੇ ਰੁਸ਼ਨਾਈ, ਅਗਿਆਨ ਅੰਧੇਰ ਗਵਾਇੰਦਾ । ਅੰਮ੍ਰਿਤ ਜਾਮ ਦਏ ਪਿਆਈ, ਰਸ ਇਕੋ ਇਕ ਵਖਾਇੰਦਾ । ਅਨਹਦ ਨਾਦ ਦਏ ਸੁਣਾਈ, ਧੁਨ ਆਤਮਕ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਸਮਝਾਇੰਦਾ । ਸਤਿਗੁਰ ਨਾਮ ਸਰਬ ਦਾ ਪਿਆਰਾ, ਪ੍ਰੇਮ ਇਕੋ ਜਿਹਾ ਰਖਾਈਆ । ਗੁਰਮੁਖ ਵਿਰਲਾ ਵੇਖੇ ਹੋ ਕੇ ਨਿਆਰਾ, ਨਾਤਾ ਤੋੜੇ ਜਗਤ ਲੋਕਾਈਆ । ਅੰਦਰੇ ਅੰਦਰ ਮਿਲੇ ਇਸ਼ਾਰਾ, ਬਾਹਰੋ ਸੈਨਤ ਨਾ ਕੋਇ ਲਗਾਈਆ । ਬੰਦ ਕਿਵਾੜੀ ਖੁਲ੍ਹੇ ਤਾਲਾ, ਤਾਕੀ ਖਿੜਕੀ ਬੰਦ ਨਾ ਕੋਇ ਰਖਾਈਆ । ਕਰੇ ਪਰਕਾਸ਼ ਡੂੰਘੀ ਗਾਰਾ, ਕਾਇਆ ਭਵਰੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਨਾਮ ਇਕ ਦ੍ਰਿੜਾਈਆ । ਗੁਰ ਕਾ ਨਾਮ ਸੱਚਾ ਉਪਦੇਸ਼, ਉਪਦੇਸ਼ਕ ਹਰਿ ਅਖਵਾਇੰਦਾ । ਜੁਗ ਜੁਗ ਦੇਵਣਹਾਰ ਸੰਦੇਸ, ਧੁਰ ਦੀ ਬਾਣੀ ਬਾਣ ਲਗਾਇੰਦਾ । ਨਿਤ ਨਿਤ ਵੇਖਣਹਾਰਾ ਲਏ ਵੇਖ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਬੁਝਾਇੰਦਾ ।

ਸਾਚਾ ਨਾਮ ਸ਼ਬਦ ਗਿਆਨ, ਅਗਿਆਨੀਆਂ ਦਏ ਸਮਝਾਈਆ । ਸਾਚਾ ਬਖ਼ਸ਼ੇ ਇਕ ਧਿਆਨ, ਪ੍ਰਭੂ ਮਿਲੇ ਸਚ ਸਰਨਾਈਆ । ਸਾਚਾ ਦੇਵੇ ਅਗੰਮੀ ਦਾਨ, ਈਸ਼ਵਰ ਆਪਣਾ ਨਾਮ ਵਰਤਾਈਆ । ਧੁਰ ਸੰਦੇਸਾ ਦਏ ਪੈਗ਼ਾਮ, ਕਲਮਾ ਇਕੋ ਇਕ ਸੁਣਾਈਆ । ਘਟ ਅੰਦਰ ਮਿਲੇ ਆਣ, ਸੁਆਮੀ ਆਪਣਾ ਫੇਰਾ ਪਾਈਆ । ਜਨ ਭਗਤਾਂ ਦੇਵੇ ਮਾਣ, ਅਭਿਮਾਨ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਸਚ ਇਕ ਸਮਝਾਈਆ । ਗੁਰ ਕਾ ਨਾਮ ਸਦਾ ਸਚ, ਸਤਿਗੁਰ ਸਾਚੇ ਹੱਟ ਵਿਕਾਇੰਦਾ । ਵੇਖਣਹਾਰਾ ਕਾਇਆ ਮਾਟੀ ਕੱਚ, ਪੰਜ ਤਤ ਫੋਲਨ ਆਪ ਫੋਲਾਇੰਦਾ । ਦੋ ਜਹਾਨਾਂ ਵੇਖੇ ਨੱਸ ਨੱਸ, ਬਣ ਪਾਂਧੀ ਪੰਧ ਮੁਕਾਇੰਦਾ । ਸੰਤ ਸੁਹੇਲੇ ਲਏ ਲੱਭ, ਆਪ ਆਪਣਾ ਪੜਦਾ ਲਾਹਿੰਦਾ । ਕਰੇ ਪਰਕਾਸ਼ ਨਿਰਗੁਣ ਝੱਬ, ਝਲਕ ਆਪਣੀ ਆਪ ਜਣਾਇੰਦਾ । ਅੰਮ੍ਰਿਤ ਝਿਰਨਾ ਝਿਰਾਏ ਕਵਲ ਨਭ, ਬੂੰਦ ਸਵਾਂਤੀ ਆਪ ਟਪਕਾਇੰਦਾ । ਜਗਤ ਦੁਆਰਾ ਪਾਰ ਕਰੇ ਹੱਦ, ਘਰ ਸਾਚਾ ਇਕ ਵਖਾਇੰਦਾ । ਸ਼ਬਦ ਅਗੰਮੀ ਵੱਜੇ ਨਦ, ਢੋਲਕ ਛੈਣਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਵਡਿਆਇੰਦਾ । ਸਤਿਗੁਰ ਨਾਮ ਸਦਾ ਸੁਹੇਲਾ, ਜੁਗ ਜੁਗ ਪੈਜ ਰਖਾਈਆ । ਆਵੇ ਜਾਵੇ ਇਕ ਇਕੇਲਾ, ਆਪਣਾ ਫੇਰਾ ਪਾਈਆ । ਜਨ ਭਗਤਾਂ ਕਰੇ ਭਗਤੀ ਮੇਲਾ, ਭਗਵਨ ਆਪਣੇ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਪਰਗਟਾਈਆ । ਸਤਿਗੁਰ ਨਾਮ ਸਦਾ ਸਦਾ ਪਰਗਟ, ਪਰਮ ਪੁਰਖ ਆਪ ਪਰਗਟਾਈਆ । ਆਪ ਟਿਕਾਏ ਲੱਖ ਚੁਰਾਸੀ ਘਟ ਘਟ, ਦਰ ਦਰ ਆਪ ਬਹਾਈਆ । ਆਤਮ ਪਰਮਾਤਮ ਮਾਰਗ ਦੱਸ ਦੱਸ, ਪਾਰਬ੍ਰਹਮ ਬ੍ਰਹਮ ਆਪਣਾ ਰਾਹ ਜਣਾਈਆ । ਸੁਰਤੀ ਸ਼ਬਦੀ ਮੇਲ ਮਿਲਾਵਾ ਹੱਸ ਹੱਸ, ਜਗਤ ਵਿਛੋੜਾ ਰਹੇ ਨਾ ਰਾਈਆ । ਪ੍ਰੇਮ ਪਿਆਲਾ ਜਾਮ ਪਿਆਏ ਰਸ ਰਸ, ਅੰਮ੍ਰਿਤ ਰਸ ਇਕ ਖਵਾਈਆ । ਪੰਧ ਮੁਕਾਏ ਪਾਂਧੀ ਨੱਸ ਨੱਸ, ਨਿਰਗੁਣ ਆਪਣਾ ਫੇਰਾ ਪਾਈਆ । ਦੁਰਮਤ ਮੈਲ ਕੱਟ ਕੱਟ, ਸਵੱਛ ਸਰੂਪੀ ਰੂਪ ਸਮਝਾਈਆ । ਸਾਚਾ ਲਾਹਾ ਖੱਟ ਖੱਟ, ਗੁਰਮੁਖ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਨਾਮ ਇਕੋ ਇਕ ਰਖਾਈਆ । ਗੁਰ ਕਾ ਨਾਮ ਡੂੰਘਾ ਸਾਗਰ, ਬਿਨ ਭਗਤਾਂ ਹੱਥ ਕਿਸੇ ਨਾ ਆਈਆ । ਗੁਰਮੁਖ ਵਿਰਲਾ ਬਣੇ ਸੌਦਾਗਰ, ਕਾਇਆ ਮੰਦਰ ਅੰਦਰ ਲੱਭਣ ਆਈਆ । ਸਤਿਗੁਰ ਪੜਦਾ ਖੋਲ੍ਹ ਵਖਾਏ ਗਾਗਰ, ਕਾਇਆ ਗਗਰੀਆ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਇਕੋ ਇਕ ਰਖਾਈਆ । ਗੁਰ ਕਾ ਨਾਮ ਸਦਾ ਸਦਾ ਜਗ ਇਕ, ਏਕੰਕਾਰ ਆਪ ਦ੍ਰਿੜਾਈਆ । ਸਿਫ਼ਤੀ ਨਾਮ ਕੋਟਨ ਕੋਟ ਲਿਖ, ਜਗ ਜੀਵਣ ਜੁਗਤ ਰਹੇ ਜਣਾਈਆ । ਨਿਤ ਨਵਿਤ ਮੰਗਦੇ ਰਹਿਣ ਭਿਖ, ਬਣ ਭਿਖਾਰੀ ਅਲਖ ਜਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਆਪਣੀ ਝੋਲੀ ਪੌਂਦੇ ਰਹੇ ਹਿੱਸ, ਹਿੱਸਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕੋ ਘਰ ਜਣਾਈਆ । ਸਾਚਾ ਨਾਮ ਸਤਿਗੁਰ ਸਰਨ, ਪ੍ਰਭ ਸਰਨ ਮਿਲੇ ਵਡਿਆਈਆ । ਜਿਸ ਮਿਲਿਆਂ ਖੁਲ੍ਹੇ ਨੇਤਰ ਹਰਨ ਫਰਨ, ਨਿਜ ਨੇਤਰ ਹੋਏ ਰੁਸ਼ਨਾਈਆ । ਆਵਣ ਜਾਵਣ ਗੇੜਾ ਚੁੱਕੇ ਮਰਨ ਡਰਨ, ਲੱਖ ਚੁਰਾਸੀ ਰਹਿਣ ਨਾ ਪਾਈਆ । ਸੋ ਗੁਰਮੁਖ ਸਾਚੀ ਤਰਨੀ ਤਰਨ, ਜਿਨ੍ਹਾਂ ਗੁਰ ਗੁਰ ਨਾਮ ਕਰੇ ਪੜ੍ਹਾਈਆ । ਅਧਵਿਚਕਾਰ ਕਦੇ ਨਾ ਅੜਨ, ਰਾਹ ਵਿਚ ਨਾ ਕੋਇ ਅਟਕਾਈਆ ।


੪੦੦
੧੫

ਕੂੜੀ ਅਗਨੀ ਕਦੇ ਨਾ ਸੜਨ, ਮਾਇਆ ਮਮਤਾ ਨਾ ਕੋਇ ਜਲਾਈਆ । ਜਮ ਕਾ ਦੂਤ ਨਾ ਆਏ ਫੜਨ, ਰਾਏ ਧਰਮ ਨਾ ਦਏ ਸਜ਼ਾਈਆ । ਸਤਿਗੁਰ ਪੌੜੇ ਸਾਚੇ ਚੜ੍ਹਨ, ਨਾਮ ਡੰਡਾ ਇਕੋ ਹੱਥ ਵਖਾਈਆ । ਸਚਖੰਡ ਦੁਆਰੇ ਜਾ ਕੇ ਸਤਿਗੁਰ ਪੂਰੇ ਦਾ ਢੋਲਾ ਇਕੋ ਪੜ੍ਹਨ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਸੋਹੰ ਰੂਪ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸ਼ਬਦ ਗੁਰ ਗੁਰ ਨਾਮ ਦੇਵੇ ਸਦਾ ਸਦਾ ਸਦ ਵਧਾਈਆ ।

## ੨੭ ਭਾਦਰੋ ੨੦੨੦ ਬਿਕ੍ਰਮੀ ਕੁੰਦਨ ਸਿੰਘ ਦੇ ਗ੍ਰਿਹ ਮਾਲ ਚਕ ਜ਼ਿਲਾ ਅੰਮ੍ਰਿਤਸਰ

ਸੋ ਪੁਰਖ ਨਿਰੰਜਣ ਸਚ ਨਰੇਸ਼ਾ, ਧੁਰ ਫ਼ਰਮਾਨ ਇਕ ਜਣਾਈਆ । ਹਰਿ ਪੁਰਖ ਨਿਰੰਜਣ ਦਏ ਸੰਦੇਸਾ, ਧੁਰ ਦੀ ਧਾਰ ਸਮਝਾਈਆ । ਏਕੰਕਾਰ ਧਾਰੇ ਭੇਖਾ, ਬੇਪਰਵਾਹ ਬੇਪਰਵਾਹੀਆ । ਆਦਿ ਨਿਰੰਜਣ ਬਣੇ ਨੇਤਾ, ਰਾਜਨ ਭੂਪ ਵਡ ਵਡਿਆਈਆ । ਅਬਿਨਾਸ਼ੀ ਕਰਤਾ ਜਾਣੇ ਲੇਖਾ, ਇਕ ਇਕੱਲਾ ਸੱਚਾ ਮਾਹੀਆ । ਸ੍ਰੀ ਭਗਵਾਨ ਰੱਖੇ ਚੇਤਾ, ਅਭੁੱਲ ਭੁੱਲ ਕਦੇ ਨਾ ਜਾਈਆ । ਪਾਰਬ੍ਰਹਮ ਕਰੇ ਸਾਚਾ ਹੇਤਾ, ਹਿਤਕਾਰੀ ਇਕੋ ਨਜ਼ਰੀ ਆਈਆ । ਸਚਖੰਡ ਨਿਵਾਸੀ ਪਰਗਟ ਹੋਏ ਆਪ ਅਭੇਤਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਖੇਲੇ ਖੇਲ ਸਾਹਿਬ ਸੁਲਤਾਨ ਹੁਕਮਰਾਨ ਪਕੜ ਉਠਾਏ ਸਾਚਾ ਬੇਟਾ, ਸ਼ਬਦੀ ਸੁਤ ਇਕ ਜਗਾਈਆ । ਦੋ ਜਹਾਨਾਂ ਬਣ ਖੇਵਟ ਖੇਟਾ, ਮਾਰਗ ਇਕੋ ਇਕ ਵਖਾਈਆ । ਵਿਸ਼ਨ ਬ੍ਰਹਮਾ
੪੦੧
ਸ਼ਿਵ ਤੇਰਾ ਛੋਟਾ ਜਿਹਾ ਹਿੱਸਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਤ੍ਰੈ ਪੰਜ ਵੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਸਾਚੇ ਸੁਤ ਉਠ ਦੁਲਾਰੇ ਸੋ ਪੁਰਖ ਨਿਰੰਜਣ ਆਪ ਜਗਾਈਆ । ਦੋ ਜਹਾਨ ਤੇਰੇ ਵਣਜਾਰੇ, ਪੁਰੀ ਲੋਅ ਧਿਆਨ ਲਗਾਈਆ । ਬ੍ਰਹਿਮੰਡ ਖੰਡ ਤੇਰੇ ਪਨਹਾਰੇ, ਦਰ ਸੇਵਕ ਸੇਵ ਕਮਾਈਆ । ਲੋਕ ਪਰਲੋਕ ਤੇਰੇ ਸਹਾਰੇ, ਤੇਰਾ ਅੰਤ ਕੋਇ ਨਾ ਪਾਈਆ । ਗੁਰ ਅਵਤਾਰ ਤੇਰੇ ਪਿਆਰੇ, ਨਿਤ ਬੈਠੇ ਧਿਆਨ ਲਗਾਈਆ । ਤੇਰਾ ਸਚ ਨਾਮ ਜੈਕਾਰੇ, ਪ੍ਰੀਤਮ ਰਹੇ ਸੁਣਾਈਆ । ਭਗਤ ਭਗਤੀ ਤੇਰੇ ਵਣਜਾਰੇ, ਸਾਚਾ ਹੱਟ ਇਕ ਖੁਲ੍ਹਾਈਆ । ਸੰਤਾਂ ਦੇ ਸਾਚੀ ਧਾਰੇ, ਧਾਰ ਧਾਰ ਵਿਚੋ ਪਰਗਟਾਈਆ । ਗੁਰਮੁਖਾਂ ਖੋਲ੍ਹ ਬੰਦ ਕਿਵਾੜੇ, ਬੰਦ ਹਾਟੀ ਕੁੰਡਾ ਲਾਹੀਆ । ਗੁਰਸਿਖਾਂ ਦੇ ਸਚ ਇਸ਼ਾਰੇ, ਸਚ ਇਸ਼ਾਰਾ ਇਕ ਵਖਾਈਆ । ਨਵ ਨੌਂ ਨਈਆ ਵੇਖ ਕਿਨਾਰੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਸ਼ਬਦ ਸੁਤ ਉਠ ਬਲਵਾਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਨਿਰਗੁਣ ਸਰਗੁਣ ਵੇਖ ਸਾਚੇ ਕਾਹਨ, ਲੱਖ ਚੁਰਾਸੀ ਗੋਪੀ ਤੇਰੇ ਅੰਗ ਲਗਾਇੰਦਾ । ਨਵ ਨੌਂ ਚਾਰ ਹੋਇਆ ਵੈਰਾਨ, ਸਾਚੀ ਧਾਰ ਨਾ ਕੋਇ ਸਮਝਾਇੰਦਾ । ਚਾਰ ਜੁਗ ਦਾ ਭੁੱਲਿਆ ਸਰਬ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਮਝ ਕੋਇ ਨਾ ਪਾਇੰਦਾ । ਦਹਿ ਦਿਸ਼ਾ ਚਾਰ ਕੁੰਟ ਕੂੜੀ ਕਿਰਿਆ ਹੋਈ ਪਰਧਾਨ, ਕਲਜੁਗ ਚਾਰੋ ਕੁੰਟ ਡੌਰੂ ਡੰਕ ਵਜਾਇੰਦਾ । ਦਰੋਹੀ ਫਿਰੀ ਜਗਤ ਸ਼ੈਤਾਨ, ਸ਼ਰਅ ਸ਼ਰੀਅਤ ਨਾਲ ਟਕਰਾਇੰਦਾ । ਸਤਿਗੁਰ ਸ਼ਬਦ ਸਾਚਾ ਢੋਲਾ ਕੋਈ ਨਾ ਗਾਣ, ਰਸਨਾ ਜਿਹਵਾ ਕਾਗ ਵਾਂਗ ਜੀਵ ਜੰਤ ਸਰਬ ਕੁਰਲਾਇੰਦਾ । ਆਤਮ ਅੰਤਰ

ਕਿਸੇ ਨਾ ਮਿਲਿਆ ਬ੍ਰਹਮ ਗਿਆਨ, ਪਾਰਬ੍ਰਹਮ ਨਜ਼ਰ ਕਿਸੇ ਨਾ ਆਇੰਦਾ । ਨੌ ਖੰਡ ਪ੍ਰਿਥਮੀ ਝੂਠੀ ਦਿਸੇ ਦੁਕਾਨ, ਸੱਤ ਦੀਪ ਵਣਜ ਵਣਜਾਰਾ ਸਾਚਾ ਹੱਟ ਨਾ ਕੋਈ ਖੁਲ੍ਹਾਇੰਦਾ । ਚੌਦਾਂ ਲੋਕ ਰੋਵਣ ਮਾਰਨ ਨਾਅਰਾ, ਉਚੀ ਕੂਕ ਕੂਕ ਸੁਣਾਇੰਦਾ । ਚੌਦਾਂ ਤਬਕ ਨਾ ਕੋਇ ਸਹਾਰਾ, ਸਾਚਾ ਪੀਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਇੰਦਾ । ਉਠ ਸੁੱਤ ਸ਼ਬਦ ਬਲਵਾਨ, ਤੇਰੇ ਹੱਥ ਵਡਿਆਈਆ । ਸਤਿ ਉਠਾ ਇਕ ਨਿਸ਼ਾਨ, ਦੋ ਜਹਾਨ ਝੁਲਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੇ ਗਿਆਨ, ਅੱਖਰ ਇਕੋ ਇਕ ਪੜ੍ਹਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਝਗੜਾ ਚੁੱਕੇ ਕੂੜੀ ਕਿਰਿਆ ਨਾ ਰਹੇ ਨਿਸ਼ਾਨ, ਸਚ ਸੁਚ ਇਕ ਸਮਝਾਈਆ । ਅੰਮ੍ਰਿਤ ਆਤਮ ਪ੍ਰੇਮ ਪਿਆਲਾ ਬਖ਼ਸ਼ ਦਾਨ, ਆਬੇ ਹਯਾਤ ਮੁਖ ਚੁਆਈਆ । ਏਕਾ ਰਾਗ ਅਨਹਦ ਨਾਦੀ ਸੁਣਾ ਕਾਨ, ਧੁਰ ਦੀ ਧਾਰ ਆਪ ਸਮਝਾਈਆ । ਨਿਰਮਲ ਜੋਤ ਕਰ ਪਰਕਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਜਣਾਈਆ । ਉਠ ਸੁਤ ਬਾਂਕੇ ਨੌਜਵਾਨ, ਸ੍ਰੀ ਭਗਵਾਨ ਸਚ ਜਣਾਇੰਦਾ । ਤੇਰੇ ਹੱਥ ਤੇਰਾ ਖੜਗ ਖੰਡਾ ਕਿਰਪਾਨ, ਤੀਰ ਚਿੱਲਾ ਇਕੋ ਨਜ਼ਰੀ ਆਇੰਦਾ । ਬ੍ਰਹਿਮੰਡ ਖੰਡ ਤੇਰੀ ਮੰਨਣ ਆਣ, ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਇੰਦਾ । ਕਰੋੜ ਤੇਤੀਸਾ ਨੈਣ ਸ਼ਰਮਾਣ, ਸੁਰਪਤ ਅੱਖ ਨਾ ਕੋਇ ਉਠਾਇੰਦਾ । ਚਾਰ ਜੁਗ ਤੇਰੇ ਢੋਲੇ ਗਾਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਓਟ ਤਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਦੱਸ ਕੇ ਗਏ ਪਹਿਚਾਨ, ਲੇਖਾ ਲਿਖ ਲਿਖ ਸਰਬ ਸਮਝਾਇੰਦਾ । ਮੰਦਰ ਮਹੱਲ ਅਟੱਲ ਇਕ ਮਕਾਨ, ਉਚ ਮਨਾਰਾ ਸੋਭਾ ਪਾਇੰਦਾ । ਦੀਵਾ ਜੋਤੀ ਜਗੇ ਇਕ ਨੁਰਾਨ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਤੇਰੀ ਝੋਲੀ ਪਾਇੰਦਾ । ਉਠ ਸੁਤ ਸਚ ਦੁਲਾਰੇ, ਸੋ ਸਾਹਿਬ ਆਪ ਜਣਾਈਆ । ਸ੍ਰਿਸ਼ਟ ਸਬਾਈ ਆਪਾ ਆਪ ਹਾਰੇ, ਆਪਣਾ ਪੜਦਾ ਸਕੇ ਨਾ ਕੋਇ ਉਠਾਈਆ । ਸਾਚੇ ਭਗਤ ਫਿਰਨ ਕੁਆਰੇ, ਤੁਧ ਬਿਨ ਕਰੇ ਨਾ ਕੋਇ ਕੁੜਮਾਈਆ । ਸੁਰਤ ਸਵਾਣੀ ਕਾਇਆ ਡੂੰਘੀ ਕੰਦਰ ਬੈਠੀ ਵਾਜਾਂ ਮਾਰੇ, ਆ ਮਿਲ ਮੇਰੇ ਸੱਚੇ ਮਾਹੀਆ । ਸੰਤ ਸੱਜਣ ਰਾਹ ਤੱਕਣ ਨੇਤਰ ਨੈਣ ਉਘਾੜੇ, ਨਿਜ ਨੇਤਰ ਕਰ ਰੁਸ਼ਨਾਈਆ । ਗੁਰਮੁਖ ਵੇਖਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਜਣਾਈਆ । ਸ਼ਬਦ ਸੁਤ ਕਹੇ ਮੈਂ ਜਾਵਾਂਗਾ । ਥਿਰ ਘਰ ਆਪਣਾ ਕੁੰਡਾ ਲਾਹਵਾਂਗਾ । ਸੁਨ ਅਗੰਮ ਪਾਰ ਕਰਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਜਗਾਵਾਂਗਾ । ਕਰੋੜ ਤੇਤੀਸਾ ਅੱਖ ਖੁਲ੍ਹਾਵਾਂਗਾ । ਲੱਖ ਚੁਰਾਸੀ ਹਿਰਦੇ ਵਸ, ਤ੍ਰੈਗੁਣ ਨਾਤਾ ਤੋੜ ਤੁੜਾਵਾਂਗਾ । ਸਾਚਾ ਮਾਰਗ ਇਕੋ ਦੱਸ, ਰਹਿਬਰ ਦੋ ਜਹਾਨ ਅਖਵਾਵਾਂਗਾ । ਪੰਧ ਮੁਕਾਵਾਂ ਨੱਸ ਨੱਸ, ਬਣ ਪਾਂਧੀ ਆਪਣੀ ਸੇਵ ਕਮਾਵਾਂਗਾ । ਕਰ ਪਰਕਾਸ਼ ਜੋਤ ਘਟ ਘਟ, ਘਰ ਘਰ ਨਾਦ ਸੁਣਾਵਾਗਾ । ਲੇਖੇ ਲਾਵਾਂ ਰੱਤੀ ਰੱਤ, ਰੁੱਤ ਰੁਤੜੀ ਨਾਲ ਮਹਿਕਾਵਾਂਗਾ । ਜੋ ਭਗਤ ਭਗਵਾਨ ਤੇਰਾ ਰਾਹ ਰਹੇ ਤੱਕ, ਓਨ੍ਹਾਂ ਆਪਣੇ ਨਾਲ ਮਿਲਾਵਾਂਗਾ । ਜਿਨ੍ਹਾਂ ਪਿਆ ਪੁਰਖ ਅਕਾਲ ਤੇਰਾ ਸ਼ੱਕ, ਓਨ੍ਹਾਂ ਰਾਏ ਧਰਮ ਹੱਥ ਫੜਾਵਾਂਗਾ । ਨਿਰਗੁਣ ਧਾਰ ਹੋ ਪਰਗਟ, ਸਰਗੁਣ ਆਪਣੀ ਕਾਰ ਕਮਾਵਾਂਗਾ । ਲੇਖਾ ਤੋੜਾਂ ਕੂੜੀ ਮਤ, ਗੁਰਮਤ ਇਕ ਸਮਝਾਵਾਂਗਾ । ਬੀਜ ਬੀਜਾਂ ਅਗੰਮੀ ਵਤ, ਪਤ ਡਾਲ੍ਹੀ ਫੁੱਲ ਆਪ ਮਹਿਕਾਵਾਂਗਾ । ਜੋ ਸੱਥਰ ਬੈਠੇ ਘਤ, ਤਿਨ੍ਹਾਂ ਸਾਚੀ ਸੇਜ ਸੁਹਾਵਾਂਗਾ । ਜੋ ਰੱਖ ਕੇ ਬੈਠੇ ਆਸ, ਤਿਨ੍ਹਾਂ ਆਸਾ ਪੂਰ

ਕਰਾਵਾਂਗਾ । ਜੋ ਤੱਕਣ ਧੁਰ ਦੀ ਰਾਸ, ਤਿਨ੍ਹਾਂ ਗੋਪੀ ਕਾਹਨ ਨਾਚ ਨਚਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਹੁਕਮ ਇਕ ਬਜਾਵਾਂਗਾ । ਤੇਰਾ ਹੁਕਮ ਇਕ ਸੁਣਾਵਾਂਗਾ । ਲੋਕਮਾਤ ਫੇਰਾ ਪਾਵਾਂਗਾ । ਲੱਖ ਚੁਰਾਸੀ ਜੀਵ ਜੰਤ ਉਠਾਵਾਂਗਾ । ਗੁਰਮੁਖ ਸਾਚੇ ਸੰਤ ਸੁਹੇਲੇ, ਫੜ ਬਾਂਹੋ ਬਾਹਰ ਕਢਾਵਾਂਗਾ । ਸੁਰਤੀ ਸ਼ਬਦੀ ਕਰ ਕਰ ਮੇਲੇ, ਅਗਲਾ ਪਿਛਲਾ ਵਿਛੋੜਾ ਪੰਧ ਮੁਕਾਵਾਂਗਾ । ਇਕੋ ਘਰ ਵਸਣ ਗੁਰੂ ਗੁਰ ਚੇਲੇ, ਗੁਰ ਗੋਬਿੰਦ ਗੋਦ ਬਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਅਬਿਨਾਸ਼ੀ ਅਚੁਤ ਤੇਰੀ ਸਾਚੀ ਸੇਵ ਕਮਾਵਾਂਗਾ । ਪ੍ਰਭ ਤੇਰੀ ਸਾਚੀ ਸੇਵ ਕਮਾਵਾਂਗਾ । ਤੇਰੇ ਤੇਰੇ ਨਾਲ ਮਿਲਾਵਾਂਗਾ । ਝੂਠੇ ਝੇੜੇ ਸਰਬ ਮੁਕਾਵਾਂਗਾ । ਕੂੜੇ ਡੇਰੇ ਸਾਰੇ ਢਾਹਵਾਂਗਾ । ਕਰਾਂ ਹੱਕ ਨਬੇੜੇ, ਹਕੀਕਤ ਸਭ ਨੂੰ ਇਕ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਹੁਕਮ ਸੀਸ ਟਿਕਾਵਾਂਗਾ । ਤੇਰਾ ਹੁਕਮ ਇਕ ਜਣਾਵਾਂਗਾ । ਭੁੱਲਿਆਂ ਮਾਰਗ ਲਾਵਾਂਗਾ । ਸਚ ਸੰਦੇਸ ਅਲਾਵਾਂਗਾ । ਨਰ ਨਰੇਸ਼ ਜਣਾਵਾਂਗਾ । ਦਰ ਦਰਵੇਸ਼ ਅਖਵਾਵਾਂਗਾ । ਵਿਸ਼ਨ ਬ੍ਰਹਮ ਮਹੇਸ਼, ਸ਼ਿਵ ਸ਼ੰਕਰ ਤੇਰੀ ਓਟ ਤਕਾਵਾਂਗਾ । ਜਾ ਕੇ ਵਸਾਂ ਤੇਰੇ ਦੇਸ, ਸਾਚਾ ਮੰਦਰ ਇਕ ਪਰਗਟਾਵਾਂਗਾ । ਬ੍ਰਹਿਮੰਡ ਖੰਡ ਕਰਾਂ ਖੇਡ, ਖ਼ਾਲਕ ਖ਼ਲਕ ਤੇਰੇ ਨਾਲ ਮਿਲਾਵਾਂਗਾ । ਚਾਰ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜੋ ਵੰਡਾਂ ਆਏ ਵੰਡ, ਅੰਤਮ ਇਕੋ ਝੋਲੀ ਪਾਵਾਂਗਾ । ਚਾਰ ਵਰਨ ਅਠਾਰਾਂ ਬਰਨ ਨੌਂ ਖੰਡ ਸੁਣਾਵਾਂ ਸਾਚਾ ਛੰਦ, ਸਾਚਾ ਢੋਲਾ ਰਾਗ ਅਲਾਵਾਂਗਾ । ਕੂੜੀ ਕਿਰਿਆ ਭਰਮ ਭੁਲੇਖਾ ਢਾਹਵਾਂ ਕੰਧ, ਪੜਦਾ ਉਹਲਾ ਸਰਬ ਚੁਕਾਵਾਂਗਾ । ਗ਼ਰੀਬ ਨਿਮਾਣੇ ਲੋਕਮਾਤ ਫਿਰਨ ਜੋ ਨੰਗ, ਤਿਨ੍ਹਾਂ ਓਢਣ ਇਕੋ ਸੀਸ ਟਿਕਾਵਾਂਗਾ । ਜਨ ਭਗਤਾਂ ਜੁਗ ਜਨਮ ਦੀ ਟੁੱਟੀ ਗੰਢ, ਗੋਪਾਲ ਸੁਆਮੀ ਤੇਰੀ ਗੋਦ ਬਹਾਵਾਂਗਾ । ਕਾਇਆ ਚੋਲੀ ਚਾੜ੍ਹ ਮਜੀਠੀ ਰੰਗ, ਰੰਗ ਇਕੋ ਇਕ ਵਖਾਵਾਂਗਾ । ਤੇਰੇ ਪ੍ਰੇਮ ਦਾ ਘਰ ਘਰ ਵਜਾਵਾਂ ਮਰਦੰਗ, ਮਰਦੰਗਾ ਇਕੋ ਹੱਥ ਉਠਾਵਾਂਗਾ । ਨੌਂ ਦੁਆਰੇ ਜਾਵਾਂ ਲੰਘ, ਸੁਖਮਨ ਟੇਢੀ ਬੰਕ ਪਾਰ ਕਰਾਵਾਂਗਾ । ਈੜਾ ਪਿੰਗਲ ਜਾਣ ਸੰਗ, ਨੇਤਰ ਨੈਣ ਸਰਬ ਸ਼ਰਮਾਵਾਂਗਾ । ਨਿਜ ਅੰਮ੍ਰਿਤ ਆਤਮ ਦਿਆਂ ਅਨੰਦ, ਰਸ ਇਕੋ ਇਕ ਚੁਆਵਾਂਗਾ । ਸਾਚੀ ਜੋਤ ਪਰਕਾਸ਼ ਕਰ ਚਾੜ੍ਹ ਅਗੰਮੀ ਚੰਦ, ਜੋਤ ਨਿਰੰਜਣ ਡਗਮਗਾਵਾਂਗਾ । ਜਗਤ ਵਿਕਾਰਾ ਕਰ ਖੰਡ ਖੰਡ, ਨਾਮ ਖੰਡਾ ਇਕ ਚਮਕਾਵਾਂਗਾ । ਲੇਖਾ ਜਾਣ ਜੀਉ ਪਿੰਡ, ਬ੍ਰਹਿਮੰਡ ਖੰਡ ਆਪਣੀ ਧਾਰ ਪਰਗਟਾਵਾਂਗਾ । ਵਹਿਣ ਵਹੇ ਸਾਗਰ ਸਿੰਧ, ਸਰੋਵਰ ਇਕੋ ਇਕ ਨੁਹਾਵਾਂਗਾ । ਹਰਿਭਗਤ ਬਣਾਵਾਂ ਤੇਰੀ ਬਿੰਦ, ਸੁਤ ਅਨਾਦੀ ਰੂਪ ਵਟਾਵਾਂਗਾ । ਕਿੰਗਰੇ ਕਿੰਗਰੇ ਵੱਜੇ ਇਕ ਕਿੰਗ, ਨਾਮ ਢੋਲਾ ਸਾਚਾ ਗਾਵਾਂਗਾ । ਤੂੰ ਠਾਕਰ ਸੁਆਮੀ ਸਾਹਿਬ ਸੱਚਾ ਬਖ਼ਸ਼ੰਦ, ਬਖ਼ਸ਼ਣਹਾਰ ਤੇਰੀ ਓਟ ਤਕਾਵਾਂਗਾ । ਗਹਿਰ ਗੰਭੀਰ ਗੁਣੀ ਗਹਿੰਦ, ਤੇਰਾ ਨਾਮ ਸਾਗਰ ਇਕ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੋ ਜਹਾਨਾਂ ਤੇਰੀ ਸੇਵ ਕਮਾਵਾਂਗਾ । ਪ੍ਰਭ ਤੇਰੀ ਸੇਵਾ ਕਰਾਂਗਾ । ਦੋ ਜਹਾਨ ਕਦੇ ਨਾ ਡਰਾਂਗਾ । ਨਾ ਜੀਵਾਂਗਾ ਨਾ ਮਰਾਂਗਾ । ਲੱਖ ਚੁਰਾਸੀ ਅੰਦਰ ਵੜਾਂਗਾ । ਸਾਚੇ ਪੌੜੇ ਆਪੇ ਚੜ੍ਹਾਂਗਾ । ਸਚ ਮਹੱਲੇ ਸਾਚੇ ਖੜਾਂਗਾ । ਇਕੋ ਢੋਲਾ ਤੇਰਾ ਨਾਮ ਪੜ੍ਹਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਕਰਨੀ ਆਪਣੇ ਸੀਸ ਧਰਾਂਗਾ । ਤੇਰੀ ਕਰਨੀ ਸਚ ਕਮਾਵਾਂਗਾ । ਪੁਰਖ ਅਬਿਨਾਸ਼ੀ

ਤੇਰੀ ਧਾਰ ਬੰਧਾਵਾਂਗਾ । ਵਖਾਵਾਂ ਸਾਚਾ ਮੰਡਲ ਰਾਸੀ, ਗੋਪੀ ਕਾਹਨ ਇਕ ਨਚਾਵਾਂਗਾ । ਲੱਖ ਚੁਰਾਸੀ ਕਰ ਕੇ ਦਾਸੀ, ਸੇਵਕ ਸੇਵਾ ਇਕ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਲੋਕਮਾਤ ਮੈਂ ਜਾਵਾਂ ਬਣ ਕੇ ਸਾਂਸੀ, ਗੁਰਮੁਖ ਭਗਤ ਤੇਰੇ ਸਾਚੇ ਜਜਮਾਨ ਆਪ ਬਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸੁਤ ਦੁਲਾਰਾ ਸ਼ਬਦ ਪੱਲੂ ਰਿਹਾ ਫੜ, ਦੋਏ ਜੋੜ ਵਾਸਤਾ ਪਾਵਾਂਗਾ । ਸ਼ਾਹ ਪਾਤਸ਼ਾਹ ਸ੍ਰੀ ਭਗਵਾਨ, ਸੋ ਸਾਹਿਬ ਦਇਆ ਕਮਾਈਆ । ਉਠ ਸੁਤ ਮੇਰੇ ਵਡ ਬਲਵਾਨ, ਤੇਰੇ ਹੱਥ ਦਿਆਂ ਵਡਿਆਈਆ । ਕਲਜੁਗ ਅੰਤਮ ਵੇਖ ਕੂੜੀ ਦੁਕਾਨ, ਚਾਰੋ ਕੁੰਟ ਅੰਧੇਰਾ ਰਿਹਾ ਛਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਹੋਏ ਹੈਰਾਨ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਸਾਬਤ ਰਿਹਾ ਨਾ ਕਿਸੇ ਈਮਾਨ, ਧੀਰਜ ਜਤ ਨਾ ਕੋਇ ਜਣਾਈਆ । ਨੇਤਰ ਅੱਖ ਨਾ ਕੋਇ ਖੁਲਾਣ, ਨਿਜ ਨੇਤਰ ਮਿਲੇ ਨਾ ਕਿਸੇ ਵਡਿਆਈਆ । ਮਾਇਆ ਮਮਤਾ ਹਉਮੇ ਹੰਗਤਾ ਗੜ੍ਹ ਬਣਿਆ ਜੀਵ ਜਹਾਨ, ਨਿਵਣ-ਸੋ-ਅੱਖਰ ਨਾ ਕੋਇ ਪੜ੍ਹਾਈਆ । ਗੁਰ ਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੀਰਥ ਤਟ ਧੀਆਂ ਭੈਣਾਂ ਸਰਬ ਤਕਾਣ, ਸਤਿਗੁਰ ਭੌ ਸਿਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸੁਤ ਸ਼ਬਦ ਜਾਣਾ ਚਾਈਂ ਚਾਈਂਆ । ਪ੍ਰਭੂ ਮੈਂ ਚਾਈਂ ਚਾਈਂ ਜਾਵਾਂਗਾ । ਚਾਰ ਜੁਗ ਦਾ ਲੇਖਾ ਵੇਖ ਵਖਾਵਾਂਗਾ । ਸਭ ਦੇ ਪੜਦੇ ਚੁੱਕ, ਪੜਦਾ ਉਹਲਾ ਆਪ ਹਟਾਵਾਂਗਾ । ਜਿਹੜੇ ਤੈਥੋ ਹੋਏ ਬੇਮੁਖ, ਤਿਨ੍ਹਾਂ ਕਾਲਖ ਟਿੱਕਾ ਇਕ ਲਗਾਵਾਂਗਾ । ਮਾਤ ਗਰਭ ਜੁਗ ਜੁਗ ਉਲਟਾ ਰੁਖ, ਲੱਖ ਚੁਰਾਸੀ ਗੇੜ ਭਵਾਵਾਂਗਾ । ਨਰਕ ਦੋਜ਼ਖ਼ ਮਿਲੇ ਦੁੱਖ, ਹਵਨ ਕੁੰਡ ਅਗਨ ਤਪਾਵਾਂਗਾ । ਜਨਨੀ ਲੇਖੇ ਨਾ ਲੱਗੇ ਕੁੱਖ, ਪੂਤ ਸਪੂਤ ਨਾ ਕੋਇ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਲਹਿਣਾ ਸਰਬ ਚੁਕਾਵਾਂਗਾ । ਉਠ ਸੁਤ ਮੇਰੇ ਵਡ ਬਲਕਾਰ, ਪ੍ਰਭ ਸਚ ਸਚ ਜਣਾਈਆ । ਲੋਕਮਾਤ ਮਾਰ ਇਕ ਲਲਕਾਰ, ਸਾਚੀ ਭਬਕ ਨਾਮ ਜਣਾਈਆ । ਸੋਏ ਜੀਵ ਦੇ ਉਠਾਲ, ਆਲਸ ਨਿੰਦਰਾ ਦੇ ਮਿਟਾਈਆ । ਲੇਖਾ ਜਾਣ ਸ਼ਾਹ ਕੰਗਾਲ, ਰਾਉ ਰੰਕ ਵੇਖ ਵਖਾਈਆ । ਨਿਰਗੁਣ ਹੋ ਕੇ ਬਣ ਦਲਾਲ, ਸਰਗੁਣ ਵਣਜ ਕਰਾਈਆ । ਹਕੀਕਤ ਵੇਖ ਹੱਕ ਹਲਾਲ, ਲਾਸ਼ਰੀਕ ਫੇਰਾ ਪਾਈਆ । ਜਲਵਾ ਦੱਸ ਨੂਰ ਜਲਾਲ, ਜੋਬਨ ਨੂਰ ਜੋਤ ਰੁਸ਼ਨਾਈਆ । ਲੇਖਾ ਜਾਣ ਕਾਲ ਮਹਾਂਕਾਲ, ਧਰਮਸਾਲ ਇਕ ਸੁਹਾਈਆ । ਪੁਰਖ ਅਬਿਨਾਸ਼ੀ ਤੇਰੇ ਨਾਲ, ਸਿਰ ਤੇਰੇ ਹੱਥ ਟਿਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋ ਲੈ ਜਵਾਬ, ਕਿਉਂ ਕਲਜੁਗ ਜੀਵ ਭੁੱਲੇ ਪਾਂਧੀ ਰਾਹੀਆ । ਮੁੱਖ ਪੜਦਾ ਖੋਲ੍ਹ ਨਕ਼ਾਬ, ਨਕ਼ਾਬਪੋਸ਼ ਆਪਣਾ ਮੁੱਖ ਵਖਾਈਆ । ਸਭ ਦਾ ਸਜਦਾ ਵੇਖ ਆਦਾਬ, ਕਵਣ ਸੀਸ ਜਗਦੀਸ ਰਿਹਾ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੁਤ ਇਕ ਦ੍ਰਿੜਾਈਆ । ਸੁਤ ਕਹੇ ਮੈਂ ਵੇਖ ਵਖਾਵਾਂਗਾ । ਪ੍ਰਭ ਤੇਰੀ ਸੇਵ ਕਮਾਵਾਂਗਾ । ਕਲਜੁਗ ਅੰਤਮ ਵੇਖ, ਭੇਖ ਸਰਬ ਮਿਟਾਵਾਂਗਾ । ਸਚ ਸੁਹਾਵਾਂ ਸੁਹੰਜਣਾ ਦੇਸ, ਭੂਮਿਕਾ ਇਕੋ ਇਕ ਵਡਿਆਵਾਂਗਾ । ਜਿਸ ਦਾ ਲੇਖਾ ਰਹੇ ਹਮੇਸ਼, ਸੋ ਕਾਤਬ ਇਕ ਜਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਕਲਜੁਗ ਇਕੋ ਹੁਕਮ ਵਰਤਾਵਾਂਗਾ । ਕਲਜੁਗ ਸਚ ਹੁਕਮ ਵਰਤਾਏਗਾ । ਪ੍ਰਭ ਤੇਰਾ ਸੁਤ ਸੇਵ ਕਮਾਏਗਾ ।

੪੦੫ ੧੫

ਚਾਰ ਕੁੰਟ ਵੇਖ ਵਖਾਏਗਾ । ਦਹਿ ਦਿਸ਼ਾ ਫੇਰੀ ਪਾਏਗਾ । ਬਚਿਆ ਕੋਈ ਨਜ਼ਰ ਨਾ ਆਏਗਾ । ਗੁਰਮੁਖ ਸੱਚਿਆਂ ਆਪ ਜਗਾਏਗਾ । ਕਲਜੁਗ ਜੀਵਾਂ ਭਾਂਡਿਆਂ ਕੱਚਿਆਂ, ਅੰਤਮ ਭੰਨ ਵਖਾਏਗਾ । ਜਿਨ੍ਹਾਂ ਸਤਿਗੁਰ ਮਾਰਗ ਦੱਸਿਆ, ਤਿਨ੍ਹਾਂ ਆਪਣੇ ਨਾਲ ਮਿਲਾਏਗਾ । ਜਿਨ੍ਹਾਂ ਹਿਰਦੇ ਹਰਿ ਜੂ ਵਸਿਆ, ਤਿਨ੍ਹਾਂ ਹਰਿ ਮੰਦਰ ਆਪ ਬਹਾਏਗਾ । ਸੇਵਕ ਬਣ ਕੇ ਫਿਰੇ ਨੱਠਿਆ, ਬਣ ਸੇਵਕ ਆਪਣੀ ਸੇਵ ਕਮਾਏਗਾ । ਕਲਜੁਗ ਮੇਟੇ ਕੂੜੇ ਰੱਟਿਆ, ਰੱਟਾ ਇਕੋ ਵਾਰ ਚੁਕਾਏਗਾ । ਦੀਨ ਮਜ਼੍ਹਬ ਦੇ ਮੇਟੇ ਫੱਟਿਆ, ਪੱਟੀ ਇਕੋ ਨਾਮ ਬੰਧਾਏਗਾ । ਲੇਖ ਚੁਕਾਏ ਧੜੀ ਵਟਿਆਂ, ਤੋਲਾ ਇਕੋ ਇਕ ਅਖਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਮਾਰਗ ਇਕ ਜਣਾਏਗਾ । ਤੇਰਾ ਮਾਰਗ ਇਕ ਜਣਾਵਾਂਗਾ । ਚਾਰ ਵਰਨ ਸਮਝਾਵਾਂਗਾ । ਊਚ ਨੀਚ ਉਠਾਵਾਂਗਾ । ਰਾਓ ਰੰਕ ਅੱਖ ਖੁਲ੍ਹਾਵਾਂਗਾ । ਨਿਰਗੁਣ ਰੂਪ ਪਰਤੱਖ ਇਕ ਦ੍ਰਿੜਾਵਾਂਗਾ । ਨਿਜ ਨੇਤਰ ਨੈਣ ਅੱਖ ਖੁਲ੍ਹਾਵਾਂਗਾ । ਕੂੜੀ ਕਿਰਿਆ ਨਾਲੋ ਕਰ ਕੇ ਵੱਖ, ਸਚ ਵਸਤ ਆਪ ਵਰਤਾਵਾਂਗਾ । ਕਲਜੁਗ ਖੇੜਾ ਹੋਵੇ ਭੱਠ, ਸਤਿਜੁਗ ਸਾਚਾ ਰਾਹ ਚਲਾਵਾਂਗਾ । ਸਚ ਦਵਾਰਾ ਖੋਲ੍ਹ ਹੱਟ, ਤੇਰਾ ਨਾਮ ਇਕ ਵਿਕਾਵਾਂਗਾ । ਮੇਲ ਮਿਲਾ ਕੇ ਕਮਲਾਪਤ, ਕੋਝੀ ਕਮਲੀ ਗਲੇ ਲਗਾਵਾਂਗਾ । ਤੇਰਾ ਨਾਉਂ ਪੁਰਖ ਸਮਰਥ, ਲੋਕਮਾਤ ਜਣਾਵਾਂਗਾ । ਸੌਦਾ ਵਿਕੇ ਹੱਥੋ ਹੱਥ, ਉਧਾਰ ਲੇਖ ਨਾ ਕੋਇ ਰਖਾਵਾਂਗਾ । ਸੰਤ ਸੁਹੇਲੇ ਸਾਚੇ ਸਦ, ਗੁਰਮੁਖ ਆਪਣੇ ਅੰਗ ਲਗਾਵਾਂਗਾ । ਅੰਤਰ ਅੰਤਰ ਵੱਜੇ ਨਦ, ਅਨਹਦ ਨਾਦੀ ਰਾਗ ਸੁਣਾਵਾਂਗਾ । ਨੌ ਦੁਆਰੇ ਚੁੱਕੇ ਹੱਦ, ਦਸਵਾਂ ਦਰ ਇਕ ਖੁਲ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਮੇਰਾ ਗਾਵਾਂ ਛੰਦ, ਦੂਜਾ ਰਾਗ ਨਾ ਕੋਇ ਅਲਾਵਾਂਗਾ । ਤੇਰਾ ਮੇਰਾ ਛੰਦ ਗਾਵਾਂਗਾ । ਸੋਹੰ ਢੋਲਾ ਇਕ ਸੁਣਾਵਾਂਗਾ । ਓਅੰ ਰੂਪ ਆਪ ਸਮਝਾਵਾਂਗਾ । ਨਰ ਨਿਰੰਕਾਰ ਖੇਲ ਖਲਾਵਾਂਗਾ । ਸਚ ਸਰਕਾਰ ਇਕ ਦ੍ਰਿੜਾਵਾਂਗਾ । ਧੁਰ ਫ਼ਰਮਾਨ ਆਪ ਸੁਣਾਵਾਂਗਾ । ਜੋਤੀ ਜਾਤਾ ਹੋ ਉਜਿਆਰ, ਨੂਰੋ ਨੂਰ ਡਗਮਗਾਵਾਂਗਾ । ਕਲ ਕਲਕੀ ਲੈ ਅਵਤਾਰ, ਕਲਾ ਆਪਣੀ ਆਪ ਰਖਾਵਾਂਗਾ । ਕੂੜੀ ਕਿਰਿਆ ਉਤਰੇ ਪਾਰ, ਸ਼ੌਹ ਦਰਿਆ ਆਪ ਰੁੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਨਗਰ ਇਕ ਵਸਾਵਾਂਗਾ । ਤੇਰਾ ਨਗਰ ਖੇੜਾ ਇਕ ਵਸਾਏਗਾ । ਸ਼ਬਦ ਗੁਰੂ ਡੇਰਾ ਲਾਏਗਾ । ਸੰਬਲ ਸਾਚਾ ਸੋਭਾ ਪਾਏਗਾ । ਪੀਰ ਪੈਗ਼ੰਬਰ ਧਿਆਨ ਲਗਾਏਗਾ । ਗੁਰ ਅਵਤਾਰ ਜਸ ਸੁਣਾਏਗਾ । ਵਿਸ਼ਨ ਬ੍ਰਹਮਾ ਸ਼ਿਵ ਹੱਸ ਹੱਸ, ਦਰਸ਼ਨ ਪਾਏਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰੇ ਆਵਣ ਨੱਠ ਨੱਠ, ਦੂਰ ਬੈਠ ਸੀਸ ਸਰਬ ਝੁਕਾਏਗਾ । ਮੂਸਾ ਈਸਾ ਮੁਹੰਮਦ ਦੋਏ ਜੋੜ ਖਲੋਵਣ ਹੱਥ, ਪੱਲੂ ਗਲ ਵਿਚ ਸਰਬ ਵਖਾਏਗਾ । ਅੱਲਾ ਰਾਣੀ ਨੱਕੋ ਲਾਹ ਸੁਹਾਗ ਨੱਥ, ਖੁਲ੍ਹੀ ਮੀਢੀ ਵਾਸਤਾ ਇਕ ਜਣਾਏਗਾ । ਨੇਤਰ ਨੀਰ ਰੋਵੇ ਅੱਖ, ਹੰਝੂਆਂ ਹਾਰ ਆਪ ਵਖਾਏਗਾ । ਦਰੋਹੀ ਖ਼ੁਦਾਏ ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਸਦੀ ਚੌਧਵੀਂ ਹੋਈ ਬਸ, ਅੱਗੇ ਲੇਖਾ ਸਮਝ ਕੋਇ ਨਾ ਪਾਏਗਾ । ਉਚਾ ਮੰਦਰ ਸਾਚਾ ਹੁਜਰਾ ਜਾਣਾ ਢੱਠ, ਮਹਿਰਾਬ ਡੇਰਾ ਕੋਇ ਨਾ ਲਾਏਗਾ । ਸ਼ਰਅ ਸ਼ਰੀਅਤ ਜਾਣਾ ਨੱਠ, ਕਲਮਾ ਨਬੀ ਨਾ ਕੋਇ ਪੜ੍ਹਾਏਗਾ । ਕਾਇਨਾਤ ਤੁੱਟਣਾ ਹਠ, ਸਿਦਕ ਸਬੂਰੀ ਨਾ ਕੋਇ ਹੰਡਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਹੁਕਮ ਦੋ ਜਹਾਨ ਸਰਬ ਵਰਤਾਏਗਾ । ਤੇਰਾ ਹੁਕਮ ਇਕ ਵਰਤਾਏਗਾ ।

ਸਾਚਾ ਦੀਨ ਇਕ ਬਣਾਏਗਾ । ਮਜ਼੍ਹਬ ਇਕੋ ਨਜ਼ਰੀ ਆਏਗਾ । ਵਰਨ ਗੋਤ ਨਾ ਕੋਇ ਰਖਾਏਗਾ । ਨਿਰਮਲ ਜੋਤ ਸਰਬ ਜਗਾਏਗਾ । ਨਾਮ ਸਲੋਕ ਇਕ ਸੁਣਾਏਗਾ । ਸਤਿਗੁਰ ਪੂਰਾ ਨਜ਼ਰੀ ਆਏਗਾ । ਪੁਰਖ ਅਕਾਲ ਵੇਖ ਵਖਾਏਗਾ । ਤੇਈ ਅਵਤਾਰ ਗੰਢ ਪਵਾਏਗਾ । ਭਗਤ ਅਠਾਰਾਂ ਜੋੜ ਜੁੜਾਏਗਾ । ਈਸਾ ਮੂਸਾ ਮੁਹੰਮਦ ਨਾਲ ਮਿਲਾਏਗਾ । ਨਾਨਕ ਗੋਬਿੰਦ ਹੁਕਮ ਵਰਤਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦ ਗੁਰ ਸੂਰਾ ਇਕੋ ਖੇਲ ਰਚਾਏਗਾ । ਸ਼ਬਦ ਗੁਰ ਸੂਰਾ ਹਾਜ਼ਰ ਹਜ਼ੂਰ, ਹਰਿ ਅੱਗੇ ਸੀਸ ਝੁਕਾਈਆ । ਤੇਰਾ ਹੁਕਮ ਮੈਨੂੰ ਮਨਜ਼ੂਰ, ਹਾਕਮ ਤੇਰੀ ਓਟ ਤਕਾਈਆ । ਲੋਕਮਾਤ ਲੱਖ ਚੁਰਾਸੀ ਵੇਖਾਂ ਸਰਬ ਕਸੂਰ, ਘਰ ਘਰ ਫੇਰਾ ਪਾਈਆ । ਜਿਹੜੇ ਕਹਿੰਦੇ ਸਾਹਿਬ ਸਤਿਗੁਰ ਵਸੇ ਦੂਰ, ਤਿਨ੍ਹਾਂ ਘਰ ਘਰ ਵਿਚ ਨੇਰਨ ਨੇਰ ਦਿਆਂ ਵਖਾਈਆ । ਕੂੜੀ ਕਿਰਿਆ ਕਰਾਂ ਦੂਰ, ਸਚ ਸੁਚ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਸੋ ਸਾਹਿਬ ਸਿਰ ਰੱਖੇ ਹੱਥ, ਪੁਸਤ ਥਾਪੀ ਇਕ ਲਗਾਈਆ । ਤੇਰਾ ਮੇਲ ਪੁਰਖ ਸਮਰਥ, ਬੇਪਰਵਾਹ ਤੇਰਾ ਸਹਾਈਆ । ਕਲਜੁਗ ਅੰਤਮ ਵੇਖ ਨੱਠ, ਬਣ ਪਾਂਧੀ ਪੰਧ ਮੁਕਾਈਆ । ਚਾਰ ਕੁੰਟ ਅੰਧੇਰੀ ਛੱਤ, ਸ੍ਰਿਸ਼ਟ ਸਬਾਈ ਰਾਹ ਨਜ਼ਰ ਕੋਇ ਨਾ ਆਈਆ । ਵਰਨ ਬਰਨ ਉਬਲੇ ਰਤ, ਦੀਨ ਮਜ਼੍ਹਬ ਕਰੇ ਲੜਾਈਆ । ਸਾਚਾ ਖੇੜਾ ਹੋਇਆ ਭੱਠ, ਗੁਰ ਕਾ ਸ਼ਬਦ ਨਾ ਕੋਇ ਗਾਈਆ । ਚਾਰੋ ਕੁੰਟ ਦਿਸੇ ਮਨਮਤ, ਗੁਰਮਤ ਗਏ ਭੁਲਾਈਆ । ਚਾਰ ਵਰਨਾਂ ਜਾ ਕੇ ਸੁੱਤਿਆਂ ਮਾਰਗ ਦੱਸ, ਨਾਨਕ ਗੋਬਿੰਦ ਸਾਰੇ ਗਏ ਭੁਲਾਈਆ । ਤੀਰ ਨਿਸ਼ਾਨਾ ਮਾਰ ਕਸ, ਅਣਿਆਲਾ ਇਕ ਚਲਾਈਆ । ਹੰਕਾਰੀ ਬੁਰਜ ਜਾਵੇ ਢੱਠ, ਕੂੜ ਅਡੰਬਰ ਨਜ਼ਰ ਕੋਇ ਨਾ ਆਈਆ । ਸਰਬ ਜੀਆਂ ਜਾਣ ਮਿਤਗਤ, ਗਤਮਿਤ ਤੇਰੇ ਹੱਥ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦੇਵਣਹਾਰ ਵਡਿਆਈਆ । ਸ਼ਬਦ ਕਹੇ ਮੇਰੇ ਪੁਰਖ ਅਕਾਲ, ਵਾਹਵਾ ਤੇਰੀ ਸਚ ਸਰਨਾਈਆ । ਠਾਕਰ ਹੋ ਕੇ ਹੋਇਓਂ ਦਿਆਲ, ਦਿਆਲਤਾ ਇਕੋ ਇਕ ਜਣਾਈਆ । ਕਲਜੁਗ ਜਾ ਕੇ ਵੇਖਾਂ ਹਾਲ, ਦਰ ਦਰ ਫੇਰਾ ਪਾਈਆ । ਤ੍ਰੈਗੁਣ ਮਾਇਆ ਤੋੜਾਂ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਜਾ ਕੇ ਪੁੱਛਾਂ ਮੁਰੀਦਾਂ ਹਾਲ, ਜੋ ਮੁਰਸ਼ਦ ਧਿਆਨ ਲਗਾਈਆ । ਸਾਚੇ ਭਗਤ ਲਵਾਂ ਉਠਾਲ, ਜੋ ਬੈਠੇ ਰਾਹ ਤਕਾਈਆ । ਸਾਚੇ ਸੰਤਾਂ ਚਲਾਂ ਨਾਲ, ਅੰਦਰ ਬਾਹਰ ਪੰਧ ਮੁਕਾਈਆ । ਗੁਰਮੁਖਾਂ ਹਲ ਕਰਾਂ ਸਵਾਲ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਗੁਰਮੁਖ ਵੇਖਾਂ ਸੱਚੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਲੱਖ ਚੁਰਾਸੀ ਵਿਚੋ ਭਾਲ, ਮੇਲ ਮਿਲਾਵਾਂ ਸਹਿਜ ਸੁਭਾਈਆ । ਧਰਮ ਦੁਆਰ ਵਖਾਵਾਂ ਸੱਚੀ ਧਰਮਸਾਲ, ਛੱਪਰ ਛੰਨ ਨਾ ਕੋਇ ਛੁਹਾਈਆ । ਦੀਵਾ ਬਾਤੀ ਇਕੋ ਬਾਲ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਜਿਸ ਘਰ ਵਸਣ ਸ਼ਾਹ ਕੰਗਾਲ, ਊਚ ਨੀਚ ਬੈਠਣ ਡੇਰਾ ਲਾਈਆ । ਸਦਾ ਸੁਆਮੀ ਕਰੇ ਸਦਾ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਤੇਰੇ ਨਾਲ ਮਿਲਾਈਆ । ਜਾ ਕੇ ਦੱਸ ਨਾਮ ਨਿਧਾਨ, ਮੰਤਰ ਇਕ ਦ੍ਰਿੜਾਈਆ । ਸੁਤਿਆਂ ਦੇ ਇਕ ਗਿਆਨ, ਬਿਨ ਰਸਨਾ ਜਿਹਵਾ ਕਰ ਪੜ੍ਹਾਈਆ । ਉਠੋ ਵੇਖੋ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਬਾਲ ਅਵਾਣ, ਜੁਗ ਜੁਗ ਸੇਵ ਕਮਾਈਆ । ਦੇਂਦੇ

ਆਏ ਧੁਰ ਫ਼ਰਮਾਨ, ਸਚ ਸੰਦੇਸਾ ਇਕ ਸੁਣਾਈਆ । ਅੰਤਮ ਜੋਤੀ ਜੋਤ ਮਿਲੇ ਆਣ, ਪੰਜ ਤਤ ਚੋਲਾ ਜਗਤ ਤਜਾਈਆ । ਸਮਰਥ ਪੁਰਖ ਕਰੇ ਖੇਲ ਮਹਾਨ, ਖ਼ਾਲਕ ਖ਼ਲਕ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰੂ ਇਕ ਜਣਾਈਆ । ਸ਼ਬਦ ਗੁਰੂ ਕਹੇ ਮੈਂ ਤੇਰਾ ਸੂਰਾ, ਪ੍ਰਭ ਤੇਰੀ ਓਟ ਤਕਾਇੰਦਾ । ਲੱਖ ਚੁਰਾਸੀ ਕਰਾਂ ਚੂਰਾ, ਬਚਿਆ ਕੋਇ ਰਹਿਣ ਨਾ ਪਾਇੰਦਾ । ਤੇਰਾ ਹੁਕਮ ਕਰਾਂ ਪੂਰਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਾਚੇ ਭਗਤਾਂ ਬਖ਼ਸ਼ਾਂ ਚਰਨ ਧੂੜਾ, ਮਸਤਕ ਟਿੱਕਾ ਇਕ ਲਗਾਇੰਦਾ । ਕਲਜੁਗ ਵੇਖਾਂ ਮੂਰਖ ਮੁਗਧ ਮੂੜ੍ਹਾ, ਜੋ ਪ੍ਰਭ ਤੈਥੋ ਮੁਖ ਭਵਾਇੰਦਾ । ਸਭ ਦਾ ਤੋੜਾਂ ਅੰਤ ਗ਼ਰੂਰਾ, ਖ਼ਾਕੀ ਖ਼ਾਕ ਸਰਬ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਲੇਖਾ ਮੋਹੇ ਭਾਇੰਦਾ । ਤੇਰਾ ਲੇਖਾ ਜਾਏ ਚੁੱਕ, ਕਲ ਅੰਤ ਰਹਿਣ ਨਾ ਪਾਈਆ । ਰਹਿਣ ਨਾ ਦੇ ਕੋਈ ਬੇਮੁਖ, ਮਨਮੁਖਤਾ ਦਏ ਮਿਟਾਈਆ । ਸਚ ਪਰਗਟਾਵੇ ਸੱਚੇ ਗੁਰਮੁਖ, ਮੁਖ ਗੁਰੂ ਗੁਰ ਸਿਫ਼ਤ ਸਾਲਾਹੀਆ । ਜਨਮ ਜਨਮ ਦਾ ਲਾਹਵੇ ਦੁੱਖ, ਸੰਤਾਪ ਕੋਇ ਰਹਿਣ ਨਾ ਪਾਈਆ । ਦਰਸ ਪਿਆਸਿਆਂ ਮੇਟੇ ਭੁੱਖ, ਨਿਜ ਨੇਤਰ ਮੇਲ ਮਿਲਾਈਆ । ਜਨਨੀ ਹੋ ਕੇ ਰੱਖੇ ਕੁੱਖ, ਬਣੇ ਧੰਨ ਜਣੇਂਦੀ ਮਾਈਆ । ਸ੍ਰੀ ਭਗਵਾਨ ਮੈਂ ਤੇਰਾ ਪੁੱਤ, ਸ਼ਬਦ ਦੁਲਾਰਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਘਰ ਦੇਣਾ ਵਖਾਈਆ । ਸੁਣ ਸੁੱਤ ਮੇਰੇ ਸਾਚੇ ਲਾੜੇ, ਤੇਰਾ ਇਕ ਸ਼ੰਗਾਰ ਕਰਾਈਆ । ਭਗਤ ਸੰਤ ਦਰ ਕੁਆਰੇ, ਆਪਣੇ ਨਾਲ ਮਿਲਾਈਆ । ਫੜ ਕੇ ਬਾਂਹੋ ਘੋੜੀ ਚਾੜ੍ਹੇ, ਸਾਚਾ ਘੋੜਾ ਇਕ ਜਣਾਈਆ । ਜਿਸ ਦੀ ਡੋਰੀ ਨਜ਼ਰ ਨਾ ਆਵੇ ਵਿਚ ਸੰਸਾਰੇ, ਵਾਗ ਹੱਥ ਨਾ ਕੋਇ ਰਖਾਈਆ । ਜਿਸ ਨੂੰ ਲੱਭਦੇ ਗਏ ਸਦਾ ਜੁਗ ਚਾਰੇ, ਚਾਰੋ ਕੁੰਟ ਧਿਆਨ ਲਗਾਈਆ । ਸੋ ਖੇਲ ਕਰੇ ਕਰਤਾਰੇ, ਕਰਤਾ ਪੁਰਖ ਬੇਪਰਵਾਹੀਆ । ਡੰਕਾ ਮਾਰ ਇਕ ਨਗਾਰੇ, ਚੋਟ ਨਾਮ ਸ਼ਬਦ ਲਗਾਈਆ । ਗੋਬਿੰਦ ਸੂਰਾ ਇਕ ਲਲਕਾਰੇ, ਦੋ ਜਹਾਨਾਂ ਰਿਹਾ ਜਣਾਈਆ । ਕਲਜੁਗ ਅੰਤਮ ਕਲ ਕਲਕੀ ਲੈ ਅਵਤਾਰੇ, ਸੰਬਲ ਆਪਣਾ ਆਸਣ ਲਾਈਆ । ਵਸਣਹਾਰਾ ਧਾਮ ਨਿਆਰੇ, ਹਰਿ ਮੰਦਰ ਇਕੋ ਇਕ ਵਡਿਆਈਆ । ਸਾਚਾ ਮਾਰਗ ਇਕ ਸਿਖਾਲੇ, ਚਾਰ ਵਰਨ ਦਏ ਜਣਾਈਆ । ਲੇਖਾ ਚੁੱਕੇ ਸ਼ਾਹ ਕੰਗਾਲੇ, ਊਚ ਨੀਚ ਕੋਈ ਰਹਿਣ ਨਾ ਪਾਈਆ । ਆਤਮ ਪਰਮਾਤਮ ਬੋਲ ਜੈਕਾਰੇ, ਜੈ ਜੈਕਾਰ ਦੇ ਸੁਣਾਈਆ । ਤੂੰ ਮੇਰਾ ਮੈਂ ਤੇਰੇ ਦੁਆਰੇ, ਦੂਜਾ ਨਜ਼ਰ ਕੋਇ ਨਾ ਆਈਆ । ਪਿਤਾ ਪੂਤ ਪੈਜ ਸਵਾਰੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੁਤ ਤੇਰੀ ਵੱਜੇ ਵਧਾਈਆ । ਸ਼ਬਦ ਵਧਾਈ ਵੱਜੇ ਜਗ, ਗੁਰ ਅਵਤਾਰ ਢੋਲਾ ਗਾਈਆ । ਪੀਰ ਪੈਗ਼ੰਬਰ ਕਰਨ ਹੱਜ, ਨਿਉਂ ਨਿਉਂ ਸੀਸ ਝੁਕਾਈਆ । ਭਗਤਾਂ ਦਿਸੇ ਉਪਰ ਸ਼ਾਹ ਰਗ, ਨੌਂ ਦੁਆਰੇ ਪੰਧ ਮੁਕਾਈਆ । ਸੰਤ ਸੁਹੇਲੇ ਵੇਖਣ ਆਤਮ ਸੇਜਾ ਭੱਜ, ਸੇਜ ਸੁਹੰਜਣੀ ਬੈਠਾ ਡੇਰਾ ਲਾਈਆ । ਗੁਰਮੁਖ ਨਿਜ ਨੇਤਰ ਦਰਸ ਕਰਨ ਰੱਜ ਰੱਜ, ਜਨਮ ਜਨਮ ਦੀ ਤ੍ਰਿਸਨਾ ਭੁੱਖ ਮਿਟਾਈਆ । ਗੁਰਸਿਖ ਚਰਨੀ ਡਿਗਣ ਢੱਠ, ਚਰਨ ਕਵਲ ਮਿਲੇ ਸਰਨਾਈਆ । ਲਹਿਣਾ ਚੁੱਕੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਸਤਿਗੁਰ ਝੋਲੀ ਪਾਈਆ । ਆਤਮ ਪਰਮਾਤਮ ਅੱਗੇ ਚਲੇ ਨਾ ਕੋਈ ਵਸ, ਵਾਸਤਾ ਆਪਣੇ ਨਾਲ ਰਖਾਈਆ । ਸੁਰਤੀ ਸ਼ਬਦੀ ਮੇਲਾ ਹੱਸ ਹੱਸ, ਸੋਹੰ ਹੰਸਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸ਼ਬਦ ਗੁਰੂ ਇਕ ਵਖਾਈਆ । ਸ਼ਬਦ ਗੁਰੂ ਕਹੇ ਮੇਰਾ ਸਤਿਗੁਰ ਵੱਡਾ, ਪੁਰਖ ਅਕਾਲ ਇਕ ਅਖਵਾਇੰਦਾ । ਪੁਰਖ ਅਕਾਲ ਕਹੇ ਮੇਰਾ ਬਾਲਾ ਨੱਢਾ, ਸ਼ਬਦੀ ਇਕੋ ਨਜ਼ਰੀ ਆਇੰਦਾ । ਸ਼ਬਦ ਕਹੇ ਮੇਰਾ ਸਾਹਿਬ ਸੁਆਮੀ ਮੈਨੂੰ ਦੇਵੇ ਸੱਦਾ, ਜੁਗ ਜੁਗ ਹੁਕਮ ਵਰਤਾਇੰਦਾ । ਪੁਰਖ ਅਕਾਲ ਕਹੇ ਮੇਰਾ ਬਾਲਾ ਨਿੱਕਾ ਫਿਰੇ ਭੱਜਾ, ਦੋ ਜਹਾਨਾਂ ਸੇਵ ਕਮਾਇੰਦਾ । ਸ਼ਬਦ ਕਹੇ ਮੇਰਾ ਸੁਆਮੀ ਸੂਰਾ ਸਰਬੱਗਾ, ਸ਼ਾਹ ਪਾਤਸ਼ਾਹ ਇਕੋ ਨਜ਼ਰੀ ਆਇੰਦਾ । ਪੁਰਖ ਅਕਾਲ ਕਹੇ ਮੇਰਾ ਪੂਤ ਸਪੂਤਾ ਲੱਧਾ, ਚਾਲ ਬਾਂਕੀ ਇਕ ਚਲਾਇੰਦਾ । ਸ਼ਬਦ ਕਹੇ ਮੇਰਾ ਬਾਪ ਪੁਰਖ ਸਮਰਥਾ, ਪਿਤਾ ਇਕੋ ਇਕ ਅਖਵਾਇੰਦਾ । ਸ੍ਰੀ ਭਗਵਾਨ ਕਹੇ ਮੇਰਾ ਸੁਤ ਲੱਖ ਚੁਰਾਸੀ ਅੰਦਰ ਬਹਿ ਬਹਿ ਸਜਾ, ਘਰ ਘਰ ਡੇਰਾ ਲਾਇੰਦਾ । ਸੁੱਤ ਸ਼ਬਦ ਕਹੇ ਮੇਰਾ ਸ੍ਰੀ ਭਗਵਾਨ ਚਲਾਏ ਅੱਗਾ, ਸਾਚਾ ਰਾਹ ਇਕ ਸਮਝਾਇੰਦਾ । ਸ੍ਰੀ ਭਗਵਾਨ ਕਹੇ ਮੇਰਾ ਸੁੱਤ ਮੇਰਾ ਨਾਮ ਨਗਾਰਾ ਹੋ ਕੇ ਵੱਜਾ, ਵਾਹਦ ਸਭ ਨੂੰ ਆਪ ਜਗਾਇੰਦਾ । ਦੋਹਾਂ ਮਿਲ ਕੇ ਦੋ ਜਹਾਨ ਖੇਲ ਰਚਾ, ਰਚ ਰਚਨਾ ਆਪਣੀ ਧਾਰ ਬੰਧਾਇੰਦਾ । ਪੁਰਖ ਅਕਾਲ ਕਹੇ ਮੇਰਾ ਪੁਤ ਸੱਚਾ, ਜੁਗ ਜੁਗ ਸਾਚਾ ਹੁਕਮ ਸੁਣਾਇੰਦਾ । ਸੁੱਤ ਕਹੇ ਮੇਰਾ ਪਿਤਾ ਸਭ ਤੋ ਅੱਛਾ, ਜੋ ਸਾਚੇ ਮਾਰਗ ਮੋਹੇ ਲਾਇੰਦਾ । ਦੋਹਾਂ ਵਿਚੋਲਾ ਬਣ ਕੇ ਆਪਣਾ ਖੇਲ ਖੇਲੇ ਚੰਗਾ, ਜਨ ਭਗਤਾਂ ਚੰਗੀ ਤਰ੍ਹਾ ਸਮਝਾਇੰਦਾ । ਆਓ ਵੇਖੋ ਘਰ ਪਲੰਘ ਰੰਗੀਲਾ ਡਾਹਿਆ ਮੰਜਾ, ਪਾਵਾ ਚੂਲ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰ ਦੇਵੇ ਵਰ, ਦੋ ਜਹਾਨ ਆਦਿ ਜੁਗਾਦਿ ਸ੍ਰੀ ਭਗਵਾਨ, ਸਚ ਫ਼ਰਮਾਨ ਨਰ ਨਰੇਸ਼ ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਬੈਠ ਸਚਖੰਡ ਸੱਚੀ ਧਰਮਸਾਲ, ਲੋਕ ਪਰਲੋਕ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਭਗਤ ਭਗਵਾਨ ਆਪ ਸਮਝਾਇੰਦਾ ।



੪੦੮
੧੫

## ੨੮ ਭਾਦਰੋ ੨੦੨੦ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਬਾਠ ਜ਼ਿਲਾ ਅੰਮ੍ਰਿਤਸਰ

ਸਤਿਗੁਰ ਸੱਚਾ ਸਭ ਤੋ ਨੀਵਾਂ, ਨੀਕਨ ਨੀਕ ਅਖਵਾਇੰਦਾ । ਵਸਣਹਾਰਾ ਧਾਮ ਸਾਢੇ ਤਿੰਨ ਹੱਥ ਸੀਆਂ, ਮਹੱਲ ਅਟੱਲ ਇਕੋ ਰੁਸ਼ਨਾਇੰਦਾ । ਪਾਵੇ ਸਾਰ ਲੱਖ ਚੁਰਾਸੀ ਜੀਵਾਂ, ਜੀਵਣ ਜੁਗਤ ਸਭ ਦੀ ਵੇਖ ਵਖਾਇੰਦਾ । ਪ੍ਰੇਮ ਪ੍ਰੀਤੀ ਅੰਦਰ ਹੋਵੇ ਖੀਵਾ, ਮਸਤ ਖ਼ੁਮਾਰੀ ਇਕ ਜਣਾਇੰਦਾ । ਸਚ ਪਰਕਾਸ਼ ਵੇਖੇ ਜਗਦਾ ਦੀਵਾ, ਬਿਨ ਤੇਲ ਬਾਤੀ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਭੇਵ ਚੁਕਾਇੰਦਾ । ਸਤਿਗੁਰ ਪੂਰਾ ਨੀਕਨ ਨੀਕਾ, ਨਿਵਣ-ਸੋ-ਅੱਖਰ ਕਰੇ ਪੜ੍ਹਾਈਆ । ਜਾਣੇ ਭੇਵ ਸਰਬ ਜਨ ਜੀਅ ਕਾ, ਘਟ ਘਟ ਰਿਹਾ ਸਮਾਈਆ । ਗੁਰਮੁਖ ਰੱਖੇ ਸਦਾ ਉਡੀਕਾ, ਨਿਜ ਨੇਤਰ ਧਿਆਨ ਲਗਾਈਆ । ਮਿਲੇ ਦਰਸ ਪਰਾਣ ਪਤੀ ਕਾ, ਘਰ ਮੇਲੇ ਸੱਚਾ ਮਾਹੀਆ । ਜਨਮ ਜਨਮ ਦੀ ਬਦਲੇ ਰੀਤਾ, ਸਾਚਾ ਮਾਰਗ ਇਕ ਵਖਾਈਆ । ਜਿਸ ਦੀ ਸਿਫ਼ਤ ਕਰੇ ਸ਼ਾਸਤਰ ਸਿਮਰਤ ਵੇਦ ਅਠਾਰਾਂ ਧਿਆਏ ਗੀਤਾ, ਸੋ ਗੋਬਿੰਦ ਹੋਏ ਸਹਾਈਆ । ਅਗਨੀ ਤਤ ਕਰੇ ਠਾਂਡਾ ਸੀਤਾ, ਅੰਮ੍ਰਿਤ ਮੇਘ ਬਰਸਾਈਆ । ਨਾਮ ਖ਼ਜ਼ਾਨਾ ਪਾਵੇ ਖੀਸਾ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਭਗਤਾਂ ਵਿਚੋ ਭਗਤੀ ਦੇਵੇ ਹਿੱਸਾ, ਭਾਵਨਾ ਭਗਤੀ ਨਾਲ ਮਿਲਾਈਆ । ਜੁਗ ਚੌਕੜੀ ਜਗਤ ਰਹਿ ਜਾਏ ਕਿੱਸਾ, ਕਹਾਣੀ ਗਾਵੇ

ਜਗਤ ਲੋਕਾਈਆ । ਜਿਨ੍ਹਾਂ ਸਤਿਗੁਰ ਪੂਰਾ ਡਿੱਠਾ, ਤਿਨ੍ਹਾਂ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖ ਇਕੋ ਵਾਰ ਲਿਖਾ, ਦੂਜੀ ਵਾਰ ਮੇਟਣ ਕੋਇ ਨਾ ਆਈਆ । ਸਤਿਗੁਰ ਪੂਰਾ ਸਭ ਤੇ ਛੋਟਾ, ਨਜ਼ਰ ਕਿਸੇ ਨਾ ਆਈਆ । ਵੇਖਣਹਾਰਾ ਲੋਕ ਪਰਲੋਕਾ, ਭੱਜਾ ਫਿਰੇ ਵਾਹੋ ਦਾਹੀਆ । ਸੁਣਾਵਣਹਾਰਾ ਨਾਮ ਸਲੋਕਾ, ਸ਼ਬਦ ਜੈਕਾਰਾ ਇਕ ਲਗਾਈਆ । ਦੋ ਜਹਾਨਾਂ ਦੇਵੇ ਹੋਕਾ, ਬ੍ਰਹਿਮੰਡ ਖੰਡ ਸਮਝਾਈਆ । ਮਾਣਸ ਜਨਮ ਲੱਖ ਚੁਰਾਸੀ ਵਿਚੋ ਸਭ ਨੂੰ ਦੇਵੇ ਇਕ ਵਾਰ ਮੌਕਾ, ਮੁਕੰਮਲ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਭੇਵ ਚੁਕਾਈਆ । ਸਤਿਗੁਰ ਪੂਰਾ ਨੰਨ੍ਹਾਂ ਬਾਲ, ਘਰ ਘਰ ਖੇਲ ਖਿਲਾਈਆ । ਕਾਇਆ ਮੰਦਰ ਅੰਦਰ ਵੜ ਸੱਚੀ ਧਰਮਸਾਲ, ਧਰਮ ਦੁਆਰੇ ਡੇਰਾ ਲਾਈਆ । ਲੇਖਾ ਤੋੜ ਸ਼ਾਹ ਕੰਗਾਲ, ਊਚ ਨੀਚ ਮੇਲ ਮਿਲਾਏ ਚਾਈਂ ਚਾਈਆ । ਜਾ ਕੇ ਸੁਣੇ ਮੁਰਸ਼ਦ ਹਾਲ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਈਆ । ਸਤਿਗੁਰ ਪੂਰਾ ਬਾਲ ਬਾਲਾ, ਬਾਲਕ ਲੱਖ ਚੁਰਾਸੀ ਵੇਖ ਵਖਾਇੰਦਾ । ਨਿਰਗੁਣ ਹੋ ਕੇ ਬਣ ਦਲਾਲਾ, ਸਰਗੁਣ ਆਪਣਾ ਵਣਜ ਕਰਾਇੰਦਾ । ਮਾਰਗ ਦੱਸੇ ਇਕ ਸੁਖਾਲਾ, ਸਾਚੇ ਰਾਹੇ ਪਾਇੰਦਾ । ਅੰਤਰ ਅੰਤਰ ਆਤਮ ਪਰਮਾਤਮ ਵਖਾਏ ਸਾਚੀ ਮਾਲਾ, ਅਜਪਾ ਜਾਪ ਆਪ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਹਰਿ ਹਰਿ ਆਪਣੇ ਰੰਗ ਰੰਗਾਇੰਦਾ । ਸਤਿਗੁਰ ਪੂਰਾ ਸਦਾ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਗੁਰਮੁਖ ਵਿਰਲੇ ਕਰੇ ਹਿਤ, ਜਿਸ ਜਨ ਆਪਣੀ ਬੂਝ ਬੁਝਾਈਆ । ਨਿਰਵੈਰ ਹੋ ਕੇ ਵਸੇ ਚਿਤ, ਚੇਤਨ ਸੁਰਤੀ ਦਏ ਵਖਾਈਆ । ਕਰਵਟ ਲੈ ਬਦਲੇ ਪਿਠ, ਸਨਮੁਖ ਇਕੋ ਨਜ਼ਰੀ ਆਈਆ । ਬਿਨ ਨੇਤਰ ਬਿਨ ਨੈਣ ਬਿਨ ਅੱਖਾਂ ਪਏ ਦਿਸ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰ ਗੁਰ ਬੂਝ ਬੁਝਾਈਆ । ਸਤਿਗੁਰ ਪੂਰਾ ਸਦਾ ਵਸੇ ਉਹਲੇ, ਕਾਇਆ ਮਾਟੀ ਨਜ਼ਰ ਕਿਸੇ ਨਾ ਆਇੰਦਾ । ਆਸਣ ਲਾਏ ਕਾਇਆ ਚੋਲੇ, ਗ੍ਰਿਹ ਮੰਦਰ ਸੋਭਾ ਪਾਇੰਦਾ । ਬਿਨ ਭਗਤਾਂ ਕਿਸੇ ਨਾਲ ਨਾ ਬੋਲੇ, ਸੁਨ ਸਮਾਧੀ ਵਿਚ ਸਮਾਇੰਦਾ । ਲੱਖ ਚੁਰਾਸੀ ਵੇਖੇ ਲੋਕਮਾਤ ਦੇ ਗੋਲੇ, ਸਾਚਾ ਘਰ ਨਜ਼ਰ ਕਿਸੇ ਨਾ ਆਇੰਦਾ । ਨਿਰਪੱਖ ਹੋ ਕੇ ਤੋਲ ਤੋਲੇ, ਕੰਡਾ ਆਪਣਾ ਨਾਮ ਉਠਾਇੰਦਾ । ਜੋ ਗੁਰਮੁਖ ਗੁਰਸਿਖ ਧਰ ਧਿਆਨ ਹੋਏ ਭਾਲੇ ਭੋਲੇ, ਤਿਨ੍ਹਾਂ ਭਾਉ ਆਪ ਮਿਲਾਇੰਦਾ । ਲੱਖ ਚੁਰਾਸੀ ਵਿਚ ਕਦੇ ਨਾ ਰੋਲੇ, ਜਨਮ ਮਰਨ ਜਮ ਕਾ ਫਾਸ ਕਟਾਇੰਦਾ । ਅੰਤਮ ਚਾੜ੍ਹੇ ਆਪਣੇ ਡੋਲੇ, ਬਣ ਕਹਾਰ ਕੰਧ ਉਠਾਇੰਦਾ । ਸਚਖੰਡ ਦਾ ਕੁੰਡਾ ਖੋਲ੍ਹੇ, ਦਰ ਦਰਵਾਜ਼ਾ ਇਕ ਵਖਾਇੰਦਾ । ਅੰਤ ਭਗਵੰਤ ਸਾਚੇ ਸੰਤ ਬਣ ਕੰਤ ਲੈ ਜਾਏ ਕੋਲੇ, ਗੁਰਮੁਖ ਨਾਰੀ ਕਰ ਪਿਆਰੀ ਸਦ ਆਪਣੇ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੀਕਨ ਨੀਕਾ ਸਚ ਜਣਾਏ ਆਪਣਾ ਤਰੀਕਾ, ਤਰ੍ਹਾ ਤਰ੍ਹਾ ਨਾਲ ਹਰਿਜਨ ਆਪ ਮਿਲਾਇੰਦਾ ।

## ੨੮ ਭਾਦਰੋ ੨੦੨੦ ਬਿਕ੍ਰਮੀ ਮੱਸਾ ਸਿੰਘ ਦੇ ਗ੍ਰਿਹ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ

ਕਿਰਪਾ ਅੰਦਰ ਆਦਿ ਜੁਗਾਦਿ, ਜੁਗ ਚੌਕੜੀ ਰਚਨ ਰਚਾਈਆ । ਕਿਰਪਾ ਅੰਦਰ ਕੋਟ ਬ੍ਰਹਿਮਾਦ, ਖੇਲੇ ਖੇਲ ਬੇਪਰਵਾਹੀਆ । ਕਿਰਪਾ ਅੰਦਰ ਸਚਖੰਡ ਦੁਆਰੇ ਰਹੇ ਵਿਸਮਾਦ, ਕਿਰਪਾ ਅੰਦਰ ਥਿਰ ਘਰ ਸੁਤ ਦੁਲਾਰੇ ਸ਼ਬਦ ਦਏ ਵਡਿਆਈਆ । ਕਿਰਪਾ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਦ, ਵਸਤ ਅਮੋਲਕ ਆਪ ਵਰਤਾਈਆ । ਕਿਰਪਾ ਅੰਦਰ ਨਾਉਂ ਨਿਰੰਕਾਰ ਵਜਾਏ ਨਾਦ, ਨਰ ਨਿਰੰਕਾਰ ਆਪ ਸੁਣਾਈਆ । ਕਿਰਪਾ ਅੰਦਰ ਨਿਰਮਲ ਜੋਤ ਕਰ ਪਰਕਾਸ਼, ਨੂਰੋ ਨੂਰ ਨੂਰ ਰੁਸ਼ਨਾਈਆ । ਕਿਰਪਾ ਅੰਦਰ ਤ੍ਰੈਗੁਣ ਮਾਇਆ ਖੇਲ ਤਮਾਸ਼, ਪੰਜ ਤਤ ਨਾਤਾ ਦਏ ਜੁੜਾਈਆ । ਕਿਰਪਾ ਅੰਦਰ ਲੱਖ ਚੁਰਾਸੀ ਵੇਖੇ ਖੇਲ ਤਮਾਸ਼, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਬੰਧਨ ਪਾਈਆ । ਕਿਰਪਾ ਅੰਦਰ ਦੋ ਜਹਾਨ ਮੰਡਲ ਮੰਡਪ ਪਾਵੇ ਰਾਸ, ਗੋਪੀ ਕਾਹਨ ਨਿਰਗੁਣ ਨਿਰਗੁਣ ਆਪ ਨਚਾਈਆ । ਕਿਰਪਾ ਅੰਦਰ ਰਵ ਸਸ ਸੂਰਜ ਚੰਨ ਬ੍ਰਹਿਮੰਡ ਖੰਡ ਪੂਰੀ ਕਰੇ ਆਸ, ਆਸਾ ਆਪਣੀ ਇਕ ਸਮਝਾਈਆ । ਕਿਰਪਾ ਅੰਦਰ ਘਟ ਘਟ ਅੰਤਰ ਪਵਣ ਪਵਣੀ ਦੇ ਸਵਾਸ, ਸਾਹ ਸਾਹ ਆਪਣੀ ਧਾਰ ਚਲਾਈਆ । ਕਿਰਪਾ ਅੰਦਰ ਬੋਧ ਅਗਾਧ ਪੜ੍ਹਾਏ ਗਾਥ, ਨਾਮ ਨਾਮਾ ਇਕ ਜਣਾਈਆ । ਕਿਰਪਾ ਅੰਦਰ ਖੇਲ ਖਲਾਏ ਦਿਵਸ ਰਾਤ, ਘੜੀ ਪਲ ਵੰਡ ਵੰਡਾਈਆ । ਕਿਰਪਾ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਕਿਰਪਾ ਆਪਣੇ ਹੱਥ ਰਖਾਈਆ । ਕਿਰਪਾ ਅੰਦਰ ਗੁਣ ਨਿਧਾਨ, ਗੁਣਵੰਤਾ ਖੇਲ ਖਲਾਇੰਦਾ । ਕਿਰਪਾ ਅੰਦਰ ਨੌਜਵਾਨ, ਬਲਧਾਰੀ ਬਲ ਪਰਗਟਾਇੰਦਾ । ਕਿਰਪਾ ਅੰਦਰ ਸ਼ਾਹੋ ਭੂਪ ਬਣ ਰਾਜਾਨ, ਤਖ਼ਤ ਨਿਵਾਸੀ ਸਾਚਾ ਤਖ਼ਤ ਸੁਹਾਇੰਦਾ । ਕਿਰਪਾ ਅੰਦਰ ਧਰਮ ਉਠਾਏ ਇਕ ਨਿਸ਼ਾਨ, ਸਚ ਨਿਸ਼ਾਨਾ ਨਾਮ ਪਰਗਟਾਇੰਦਾ । ਕਿਰਪਾ ਅੰਦਰ ਸਚਖੰਡ ਦੁਆਰ ਸੁਹਾਏ ਸਚ ਮਕਾਨ, ਛੱਪਰ ਛੰਨ ਨਾ ਕੋਇ ਛੁਹਾਇੰਦਾ । ਕਿਰਪਾ ਅੰਦਰ ਧੁਰ ਦਾ ਬਣੇ ਹੁਕਮਰਾਨ, ਧੁਰਦਰਗਾਹੀ ਹੁਕਮ ਵਰਤਾਇੰਦਾ । ਕਿਰਪਾ ਅੰਦਰ ਪਰਵਰਦਿਗਾਰ ਹੋਏ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਕਿਰਪਾ ਅੰਦਰ ਧੁਰ ਸੰਦੇਸਾ ਦੇਵੇ ਮਿਹਰਵਾਨ, ਮਿਹਰ ਨਜ਼ਰ ਆਪ ਉਠਾਇੰਦਾ । ਕਿਰਪਾ ਅੰਦਰ ਵਿਸ਼ਨੂੰ ਦੇਵੇ ਦਾਨ, ਵਿਸ਼ਵ ਭੰਡਾਰ ਆਪ ਵਰਤਾਇੰਦਾ । ਕਿਰਪਾ ਅੰਦਰ ਬ੍ਰਹਮੇ ਦੇਵੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਆਪ ਸਮਝਾਇੰਦਾ । ਕਿਰਪਾ ਅੰਦਰ ਸ਼ੰਕਰ ਕਰੇ ਪਹਿਚਾਨ, ਸੰਸਾ ਰੋਗ ਸਰਬ ਮਿਟਾਇੰਦਾ । ਕਿਰਪਾ ਅੰਦਰ ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਇੰਦਾ । ਕਿਰਪਾ ਅੰਦਰ ਪਾਰਬ੍ਰਹਮ ਲੇਖਾ ਜਾਣੇ ਜੀਵ ਜਹਾਨ, ਜਾਗਰਤ ਜੋਤ ਆਪ ਜਗਾਇੰਦਾ । ਕਿਰਪਾ ਅੰਦਰ ਲੇਖਾ ਜਾਣੇ ਪਵਣ ਪਾਣੀ ਮਸਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਕਿਰਪਾ ਅੰਦਰ ਖਾਣੀ ਚਾਰ, ਹਰਿ ਸਤਿਗੁਰ ਵੰਡ ਵੰਡਾਈਆ । ਕਿਰਪਾ ਅੰਦਰ ਬਾਣੀ ਚਾਰ, ਪਰਾ ਪਸੰਤੀ ਮਧਮ ਬੈਖਰੀ ਬੋਲ ਸੁਣਾਈਆ । ਕਿਰਪਾ ਅੰਦਰ ਖੇਲ ਕਰੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਈਆ । ਕਿਰਪਾ ਅੰਦਰ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਮਹੱਲ ਲਏ ਉਸਾਰ, ਮੰਡਲ ਮੰਡਪ ਸੋਭਾ ਪਾਈਆ । ਕਿਰਪਾ ਅੰਦਰ ਧਰਤ ਧਵਲ ਦਏ ਆਧਾਰ, ਜਲ ਬਿੰਬ ਆਪਣੀ ਧਾਰ ਜਣਾਈਆ । ਕਿਰਪਾ ਅੰਦਰ ਸਮੁੰਦ ਸਾਗਰ ਵੇਖੇ ਗਾਰ, ਜਲ ਥਲ ਮਹੀਅਲ ਆਪਣਾ ਰੰਗ ਰੰਗਾਈਆ । ਕਿਰਪਾ ਅੰਦਰ ਲੱਖ ਚੁਰਾਸੀ ਜੀਵ ਜੰਤ ਦਏ ਆਧਾਰ, ਸਾਚੀ ਸਿਖਿਆ ਇਕ

ਦ੍ਰਿੜਾਈਆ । ਕਿਰਪਾ ਅੰਦਰ ਘਟ ਘਟ ਦੀਆ ਬਾਤੀ ਦੀਪਕ ਬਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਕਿਰਪਾ ਅੰਦਰ ਘਰ ਵਿਚ ਘਰ ਉਪਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਰਖਾਈਆ । ਕਿਰਪਾ ਅੰਦਰ ਅੰਮ੍ਰਿਤ ਆਤਮ ਅੰਮ੍ਰਿਤ ਮਾਰੇ ਉਛਾਲ, ਸਰ ਸਰੋਵਰ ਇਕ ਪਰਗਟਾਈਆ । ਕਿਰਪਾ ਅੰਦਰ ਅਨਹਦ ਨਾਦ ਵਜਾਏ ਅਗੰਮੀ ਤਾਲ, ਤਾਲ ਤਲਵਾੜਾ ਇਕ ਰਖਾਈਆ । ਕਿਰਪਾ ਅੰਦਰ ਪ੍ਰਿਤਪਾਲਕ ਹੋ ਕੇ ਕਰੇ ਪ੍ਰਿਤਪਾਲ, ਬਣ ਸੇਵਕ ਸੇਵ ਕਮਾਈਆ । ਕਿਰਪਾ ਅੰਦਰ ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਆਪਣਾ ਰੂਪ ਵਟਾਈਆ । ਕਿਰਪਾ ਅੰਦਰ ਪੰਜ ਤਤ ਕਰੇ ਸ਼ਿੰਗਾਰ, ਕਾਇਆ ਚੋਲਾ ਜਗਤ ਰੰਗਾਈਆ । ਕਿਰਪਾ ਅੰਦਰ ਸਾਚਾ ਨਾਮ ਦਏ ਸਿਖਾਲ, ਸਿਖਿਆ ਇਕੋ ਇਕ ਸਮਝਾਈਆ । ਕਿਰਪਾ ਅੰਦਰ ਹੋਏ ਦਿਆਲ, ਦੀਨਨ ਆਪਣੇ ਗਲੇ ਲਗਾਈਆ । ਕਿਰਪਾ ਅੰਦਰ ਦੇਵੇ ਨਾਮ ਸੱਚਾ ਧੰਨ ਮਾਲ, ਧੁਰ ਖ਼ਜ਼ਾਨਾ ਇਕ ਵਖਾਈਆ । ਕਿਰਪਾ ਅੰਦਰ ਜੁਗ ਜੁਗ ਖੇਲੇ ਖੇਲ ਕਮਾਲ, ਬੇਮਿਸਾਲ, ਆਪਣੀ ਕਾਰ ਕਮਾਈਆ । ਕਿਰਪਾ ਅੰਦਰ ਸਾਚੀ ਘਾਲਨ ਲਏ ਘਾਲ, ਘੋਲੀ ਘੋਲ ਆਪ ਘੁਮਾਈਆ । ਕਿਰਪਾ ਅੰਦਰ ਸ਼ਬਦ ਗੁਰਦੇਵ ਹੋ ਕੇ ਬਣੇ ਦਲਾਲ, ਸੁਆਮੀ ਆਪਣੀ ਧਾਰ ਸਮਝਾਈਆ । ਕਿਰਪਾ ਅੰਦਰ ਵੇਖਣਹਾਰਾ ਪਤ ਡਾਲ੍ਹ, ਜ਼ੱਰਾ ਜ਼ੱਰਾ ਖੋਜ ਖੁਜਾਈਆ । ਕਿਰਪਾ ਅੰਦਰ ਜਨ ਭਗਤ ਲਏ ਉਠਾਲ, ਸੋਈ ਸੁਰਤੀ ਆਪ ਜਗਾਈਆ । ਕਿਰਪਾ ਅੰਦਰ ਸਾਚੇ ਸੰਤਾਂ ਕਰੇ ਨਿਹਾਲ, ਨਿਉਂ ਨਿਉਂ ਆਪਣਾ ਘਰ ਵਖਾਈਆ । ਕਿਰਪਾ ਅੰਦਰ ਗੁਰਮੁਖ ਸਾਚੇ ਪਕੜ ਉਠਾਏ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਕਿਰਪਾ ਅੰਦਰ ਗੁਰਸਿਖ ਸੱਜਣ ਲੱਖ ਚੁਰਾਸੀ ਵਿਚੋ ਭਾਲ, ਭੇਵ ਅਭੇਦਾ ਦਏ ਖੁਲ੍ਹਾਈਆ । ਕਿਰਪਾ ਅੰਦਰ ਮੁਰੀਦ ਮੁਰਸ਼ਦ ਵੇਖੇ ਆਣ, ਬੇਨਜ਼ੀਰ ਆਪਣੀ ਨਜ਼ਰ ਉਠਾਈਆ । ਕਿਰਪਾ ਅੰਦਰ ਨਾਤਾ ਤੋੜੇ ਕਾਲ ਮਹਾਂਕਾਲ, ਸਿਰ ਆਪਣਾ ਹੱਥ ਟਿਕਾਈਆ । ਕਿਰਪਾ ਅੰਦਰ ਲੇਖਾ ਚੁਕਾਏ ਤ੍ਰੈਗੁਣ ਮਾਇਆ ਜਗਤ ਜੰਜਾਲ, ਜੀਵਣ ਜੁਗਤ ਇਕ ਜਣਾਈਆ । ਕਿਰਪਾ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਦਰਸਾਈਆ । ਕਿਰਪਾ ਅੰਦਰ ਖੇਲ ਅਗੰਮ, ਹਰਿ ਕਰਤਾ ਆਪ ਕਰਾਇੰਦਾ । ਕਿਰਪਾ ਅੰਦਰ ਲੋਕ ਪਰਲੋਕ ਬੇੜਾ ਦੇਵੇ ਬੰਨ, ਦੋ ਜਹਾਨ ਪਾਰ ਕਰਾਇੰਦਾ । ਕਿਰਪਾ ਅੰਦਰ ਨਿਰਗੁਣ ਜੋਤ ਚਾੜ੍ਹੇ ਚੰਨ, ਸਚ ਪਰਕਾਸ਼ ਇਕ ਵਖਾਇੰਦਾ । ਕਿਰਪਾ ਅੰਦਰ ਭਗਤ ਭਗਵਾਨ ਵੇਖੇ ਬਣ ਕੇ ਜਨਨੀ ਜਨ, ਧਨ ਜਣੇਂਦੀ ਮਾਉਂ ਆਪ ਹੋ ਜਾਇੰਦਾ । ਕਿਰਪਾ ਅੰਦਰ ਜਗਤ ਵਿਕਾਰੇ ਦੇਵੇ ਡੰਨ, ਕਾਮ ਕਰੋਧ ਲੋਭ ਮੋਹ ਹੰਕਾਰ ਨੇੜ ਨਾ ਆਇੰਦਾ । ਕਿਰਪਾ ਅੰਦਰ ਭਾਗ ਲਗਾਏ ਕਾਇਆ ਮਾਟੀ ਤਨ, ਮਾਇਆ ਮਮਤਾ ਮੋਹ ਚੁਕਾਇੰਦਾ । ਕਿਰਪਾ ਅੰਦਰ ਅੰਦਰ ਵੜ ਕੇ ਸਚ ਦੁਆਰੇ ਲਾਵੇ ਸੰਨ, ਨਾਮ ਸੰਧੇਵਾ ਹੱਥ ਉਠਾਇੰਦਾ । ਕਿਰਪਾ ਅੰਦਰ ਬਜਰ ਕਪਾਟੀ ਦੇਵੇ ਭੰਨ, ਭਾਂਡਾ ਭਰਮ ਭੌ ਭੰਨਾਇੰਦਾ । ਕਿਰਪਾ ਅੰਦਰ ਕਰੇ ਪਰਕਾਸ਼ ਨੇਤਰ ਅੰਨ੍ਹ, ਨਿਜ ਨੇਤਰ ਆਪ ਖੁਲ੍ਹਾਇੰਦਾ । ਕਿਰਪਾ ਅੰਦਰ ਕਰੇ ਵਾਸਨਾ ਬੰਦ ਮਨ, ਮਨ ਮਨਸਾ ਮੇਟ ਮਿਟਾਇੰਦਾ । ਕਿਰਪਾ ਅੰਦਰ ਆਪਣਾ ਰਾਗ ਸੁਣਾਏ ਕੰਨ, ਛੱਤੀ ਰਾਗ ਸਿਫ਼ਤ ਸਾਲਾਹਿੰਦਾ । ਕਿਰਪਾ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਕਿਰਪਾ ਅੰਦਰ ਸਾਚਾ ਖੇਲ, ਹਰਿ ਸਤਿਗੁਰ ਆਪ ਕਰਾਈਆ । ਕਿਰਪਾ ਅੰਦਰ ਲਏ ਮੇਲ, ਜਗਤ ਵਿਛੋੜਾ ਪੰਧ ਮੁਕਾਈਆ । ਕਿਰਪਾ ਅੰਦਰ ਸਾਚਾ ਸਗਨ ਮਨਾ ਚਾੜ੍ਹੇ ਤੇਲ, ਘਰ ਵੱਜੇ ਨਾਮ ਵਧਾਈਆ । ਕਿਰਪਾ ਅੰਦਰ ਧਾਮ ਵਖਾਏ ਇਕ

ਨਵੇਲ, ਨਿਰਗੁਣ ਆਪਣਾ ਪੜਦਾ ਲਾਹੀਆ । ਕਿਰਪਾ ਅੰਦਰ ਵੇਖ ਵਖਾਏ ਗੁਰੂ ਗੁਰ ਚੇਲ, ਚੇਲਾ ਗੁਰ ਇਕੋ ਨੂਰ ਨਜ਼ਰੀ ਆਈਆ । ਕਿਰਪਾ ਅੰਦਰ ਆਵਣ ਜਾਵਣ ਲੱਖ ਚੁਰਾਸੀ ਕਟੇ ਜੇਲ, ਰਾਏ ਧਰਮ ਨਾ ਦਏ ਸਜ਼ਾਈਆ । ਕਿਰਪਾ ਅੰਦਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗ਼ਰੀਬ ਨਿਮਾਣੇ ਗਲੇ ਲਗਾਈਆ । ਕਿਰਪਾ ਅੰਦਰ ਤਾਰੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਕਿਰਪਾ ਅੰਦਰ ਮਾਈ ਬਾਪ, ਪਿਤਾ ਪੂਤ ਵੇਖ ਵਖਾਈਆ । ਕਿਰਪਾ ਅੰਦਰ ਦੇਵੇ ਜਾਪ, ਅਜੱਪਾ ਜਾਪ ਸਮਝਾਈਆ । ਕਿਰਪਾ ਅੰਦਰ ਨਾਤਾ ਤੋੜੇ ਤੀਨੋ ਤਾਪ, ਤ੍ਰੈਗੁਣ ਅਗਨੀ ਰਹੇ ਨਾ ਰਾਈਆ । ਕਿਰਪਾ ਅੰਦਰ ਸੁਰਤ ਸਵਾਣੀ ਕਰੇ ਪਾਕੀ ਪਾਕ, ਪਤਤ ਪੁਨੀਤ ਵੇਖ ਵਖਾਈਆ । ਕਿਰਪਾ ਅੰਦਰ ਬੰਦ ਕਿਵਾੜੀ ਖੋਲ੍ਹੇ ਤਾਕ, ਕੁੰਡਾ ਆਪਣੀ ਹੱਥੀਂ ਲਾਹੀਆ । ਕਿਰਪਾ ਅੰਦਰ ਆਤਮ ਪਰਮਾਤਮ ਬਣਾਵੇ ਸਾਕ, ਸਾਚਾ ਬੰਧਪ ਆਪ ਹੋ ਜਾਈਆ । ਕਿਰਪਾ ਅੰਦਰ ਚੜ੍ਹਾਏ ਸਾਚੇ ਰਾਥ, ਸ਼ਬਦ ਰਥਵਾਹੀ ਫੇਰਾ ਪਾਈਆ । ਕਿਰਪਾ ਅੰਦਰ ਵਖਾਏ ਆਪਣਾ ਘਾਟ, ਪੱਤਣ ਬੈਠਾ ਸੱਚਾ ਮਾਹੀਆ । ਕਿਰਪਾ ਅੰਦਰ ਲਹਿਣਾ ਦੇਣਾ ਚੁਕਾਏ ਜ਼ਾਤ ਪਾਤ, ਵਰਨ ਬਰਨ ਨਜ਼ਰ ਕੋਇ ਨਾ ਆਈਆ । ਕਿਰਪਾ ਅੰਦਰ ਜਨ ਭਗਤਾਂ ਕਰੇ ਆਪਣੀ ਬਾਤ, ਦੂਜੇ ਸਰਵਣ ਸੁਣਨ ਕੋਇ ਨਾ ਪਾਈਆ । ਕਿਰਪਾ ਅੰਦਰ ਦੇਵਣਹਾਰ ਨਜਾਤ, ਏਥੇ ਓਥੇ ਹੋਏ ਸਹਾਈਆ । ਕਿਰਪਾ ਅੰਦਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਇਕੋ ਇਕ ਸਮਝਾਈਆ । ਕਿਰਪਾ ਅੰਦਰ ਵਖਾਏ ਘਰ, ਸਚ ਦਰਵਾਜ਼ਾ ਆਪ ਖੁਲ੍ਹਾਈਆ । ਕਿਰਪਾ ਅੰਦਰ ਚੁੱਕੇ ਡਰ, ਭੈ ਭੌ ਨਾ ਕੋਇ ਜਣਾਈਆ । ਕਿਰਪਾ ਅੰਦਰ ਲਾਏ ਲੜ, ਪੱਲੂ ਆਪਣੇ ਨਾਲ ਬੰਧਾਈਆ । ਕਿਰਪਾ ਅੰਦਰ ਲਏ ਵਰ, ਹਰਿ ਕੰਤ ਸੱਚਾ ਸ਼ਹਿਨਸ਼ਾਹੀਆ । ਕਿਰਪਾ ਅੰਦਰ ਨੁਹਾਏ ਸਾਚੇ ਸਰ, ਦੁਰਮਤ ਮੈਲ ਧਵਾਈਆ । ਕਿਰਪਾ ਅੰਦਰ ਸਚ ਦੁਆਰੇ ਜਾਏ ਖੜ, ਸਚ ਸਰੂਪੀ ਨਜ਼ਰੀ ਆਈਆ । ਕਿਰਪਾ ਅੰਦਰ ਸਾਚਾ ਰਾਗ ਸੁਣਾਏ ਪੜ੍ਹ, ਸੋਹੰ ਢੋਲਾ ਇਕੋ ਗਾਈਆ । ਕਿਰਪਾ ਅੰਦਰ ਤੂੰ ਮੇਰਾ ਮੈਂ ਤੇਰਾ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਜਣਾਈਆ । ਕਿਰਪਾ ਅੰਦਰ ਮਿਲੇ ਜਗਦੀਸ, ਜਗਦੀਸ਼ਰ ਆਪਣੀ ਦਇਆ ਕਮਾਈਆ । ਕਿਰਪਾ ਅੰਦਰ ਦਏ ਹਦੀਸ, ਸਾਚਾ ਕਲਮਾ ਨਬੀ ਪੜ੍ਹਾਈਆ । ਕਿਰਪਾ ਅੰਦਰ ਛਤਰ ਝੁਲਾਏ ਸੀਸ, ਰਾਜ ਰਾਜਾਨ ਸ਼ਾਹ ਸੁਲਤਾਨ ਵੇਖ ਵਖਾਈਆ । ਕਿਰਪਾ ਅੰਦਰ ਭੇਵ ਚੁਕਾਏ ਤੀਸ ਬਤੀਸ, ਰਾਗ ਛੱਤੀਸ ਕਰੇ ਜਣਾਈਆ । ਕਿਰਪਾ ਅੰਦਰ ਖ਼ਾਲੀ ਕਰੇ ਖੀਸ, ਦਰ ਦਰ ਘਰ ਘਰ ਮਾਂਗਤ ਮੰਗਣ ਵਾਹੋ ਦਾਹੀਆ । ਕਿਰਪਾ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਕਿਰਪਾ ਅੰਦਰ ਭਗਤ ਭਗਵਾਨ, ਹਰਿ ਜੂ ਸਾਚਾ ਰੰਗ ਰੰਗਾਈਆ । ਕਿਰਪਾ ਅੰਦਰ ਦੇ ਦੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਕਿਰਪਾ ਅੰਦਰ ਆਤਮ ਪਰਮਾਤਮ ਮੇਲੇ ਆਣ, ਬ੍ਰਹਮ ਪਾਰਬ੍ਰਹਮ ਅੰਗ ਲਗਾਈਆ । ਕਿਰਪਾ ਅੰਦਰ ਕਰੇ ਪਰਕਾਸ਼ ਕੋਟਨ ਭਾਨ, ਕੋਟਨ ਕੋਟ ਰਵ ਸਸ ਨੈਣ ਸ਼ਰਮਾਈਆ । ਕਿਰਪਾ ਅੰਦਰ ਸੁਣਾਏ ਆਪਣਾ ਗਾਨ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਕਿਰਪਾ ਅੰਦਰ ਘਟ ਦਰਸਨ ਦੇਵੇ ਆਣ, ਦਰਸੀ ਆਪਣਾ ਦਰਸ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਮਿਹਰ ਨਜ਼ਰ ਉਠਾਈਆ । ਕਿਰਪਾ ਅੰਦਰ ਹੋਏ ਪਰਤੱਖ, ਪ੍ਰਭ ਆਪਣਾ ਵੇਸ ਵਟਾਈਆ । ਕਿਰਪਾ ਅੰਦਰ ਮਾਰਗ ਦੇਵੇ

ਦੱਸ, ਸਚ ਸਾਚਾ ਬੂਝ ਬੁਝਾਈਆ । ਕਿਰਪਾ ਅੰਦਰ ਅੰਮ੍ਰਿਤ ਆਤਮ ਦੇਵੇ ਰਸ, ਨਿਝਰ ਝਿਰਨਾ ਇਕ ਝਿਰਾਈਆ । ਕਿਰਪਾ ਅੰਦਰ ਸ਼ਬਦ ਨਾਮ ਬੋਲ ਅਲੱਖ, ਸਚ ਜੈਕਾਰਾ ਇਕ ਅਲਾਈਆ । ਕਿਰਪਾ ਅੰਦਰ ਧੀਰਜ ਜਤ ਵਖਾਏ ਹੱਠ, ਸਤਿ ਸੰਤੋਖ ਇਕ ਦ੍ਰਿੜਾਈਆ । ਕਿਰਪਾ ਅੰਦਰ ਬਹੱਤਰ ਨਾੜ ਨਾ ਉਬਲੇ ਰਤ, ਰਤੀ ਰਤ ਦਏ ਸੁਕਾਈਆ । ਕਿਰਪਾ ਅੰਦਰ ਦੇਵੇ ਬ੍ਰਹਮ ਮਤ, ਚੌਦਾਂ ਵਿਦਿਆ ਨਾ ਕੋਇ ਪੜ੍ਹਾਈਆ । ਕਿਰਪਾ ਅੰਦਰ ਮਿਲੇ ਆਣ ਹੱਸ ਹੱਸ, ਹੰਸਮੁਖ ਸੱਚਾ ਸ਼ਹਿਨਸ਼ਾਹੀਆ । ਕਿਰਪਾ ਅੰਦਰ ਜਨ ਭਗਤਾਂ ਹੋਵੇ ਸਦਾ ਵਸ, ਵਾਸਤਾ ਭਗਤਾਂ ਨਾਲ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਿਰਪਾ ਅੰਦਰ ਖੇਲ ਸਮਰਥ, ਸੋ ਕਰਤਾ ਆਪ ਕਰਾਈਆ । ਕਿਰਪਾ ਅੰਦਰ ਜੁਗ ਚੌਕੜੀ ਚਲਾਏ ਰਥ, ਹਰਿ ਪੁਰਖ ਨਿਰੰਜਣ ਬੇਪਰਵਾਹੀਆ । ਕਿਰਪਾ ਅੰਦਰ ਵਸੇ ਘਟ ਘਟ, ਏਕੰਕਾਰ ਨਿਰਗੁਣ ਨੂਰ ਰੂਪ ਧਰਾਈਆ । ਕਿਰਪਾ ਅੰਦਰ ਸਾਚੀ ਜੋਤ ਕਰੇ ਪਰਕਾਸ਼, ਆਦਿ ਨਿਰੰਜਣ ਵੇਸ ਵਟਾਈਆ । ਕਿਰਪਾ ਅੰਦਰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਵੇ ਸਾਥ, ਸ੍ਰੀ ਭਗਵਾਨ ਸਗਲਾ ਸੰਗ ਨਿਭਾਈਆ । ਕਿਰਪਾ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਬਣਾਏ ਗਾਥ, ਅਬਿਨਾਸ਼ੀ ਕਰਤਾ ਇਕੋ ਕਰੇ ਪੜ੍ਹਾਈਆ । ਕਿਰਪਾ ਅੰਦਰ ਆਤਮ ਪਰਮਾਤਮ ਮੰਡਲ ਮੰਡਪ ਗੋਪੀ ਕਾਹਨ ਪਵਾਏ ਰਾਸ, ਪਾਰਬ੍ਰਹਮ ਪ੍ਰਭ ਆਪਣਾ ਨਾਚ ਨਚਾਈਆ । ਕਿਰਪਾ ਅੰਦਰ ਜਨ ਭਗਤਾਂ ਪੂਰੀ ਕਰੇ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਕਿਰਪਾ ਅੰਦਰ ਸਾਚੇ ਸੰਤ ਵੇਖੇ ਅਨਾਥਾਂ ਨਾਥ, ਨਾਥ ਅਨਾਥੀ ਫੇਰਾ ਪਾਈਆ । ਕਿਰਪਾ ਅੰਦਰ ਗੁਰਮੁਖਾਂ ਇਕ ਖੁਲ੍ਹਾਏ ਆਖ, ਨਿਜ ਨੇਤਰ ਕਰ ਰੁਸ਼ਨਾਈਆ । ਹੁਕਮੇ ਅੰਦਰ ਗੁਰਮੁਖ ਸੱਜਣ ਲਏ ਰਾਖ, ਰੱਖਿਆ ਕਰੇ ਥਾਉਂ ਥਾਈਂਆ । ਹੁਕਮੇ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਆਪਣੀ ਕਾਰ ਕਮਾਈਆ । ਕਿਰਪਾ ਅੰਦਰ ਖੇਲ ਸੁਆਮੀ, ਸਰਬ ਗੁਣ ਦਾਤਾ ਆਪ ਕਰਾਇੰਦਾ । ਕਿਰਪਾ ਅੰਦਰ ਅੰਤਰਜਾਮੀ, ਹਰਿ ਘਟ ਘਟ ਵੇਖ ਵਖਾਇੰਦਾ । ਕਿਰਪਾ ਅੰਦਰ ਬੋਧ ਅਗਾਧ ਸੁਣਾਏ ਬਾਣੀ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਜਣਾਇੰਦਾ । ਕਿਰਪਾ ਅੰਦਰ ਜੁਗ ਚੌਕੜੀ ਦੇਂਦਾ ਰਿਹਾ ਨਿਸ਼ਾਨੀ, ਸਾਚਾ ਰਾਹ ਇਕ ਵਖਾਇੰਦਾ । ਕਿਰਪਾ ਅੰਦਰ ਕਰਦਾ ਰਿਹਾ ਖੇਲ ਸੁਲਤਾਨੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਕਿਰਪਾ ਅੰਦਰ ਬਣਦਾ ਰਿਹਾ ਬ੍ਰਹਮ ਗਿਆਨੀ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਇੰਦਾ । ਕਿਰਪਾ ਅੰਦਰ ਆਤਮ ਪਰਮਾਤਮ ਲੇਖ ਚੁਕਾਏ ਦੋ ਜਹਾਨੀ, ਨਿਰਗੁਣ ਸਰਗੁਣ ਆਪਣੇ ਲੇਖੇ ਪਾਇੰਦਾ । ਕਿਰਪਾ ਅੰਦਰ ਜਨ ਭਗਤਾਂ ਬਿਰਹੋ ਮਾਰੇ ਤੀਰ ਕਾਨੀ, ਸਚ ਨਿਸ਼ਾਨਾ ਆਪ ਲਗਾਇੰਦਾ । ਕਿਰਪਾ ਅੰਦਰ ਲੇਖਾ ਜਾਣੇ ਚਾਰ ਖਾਣੀ, ਖ਼ਾਨਾ ਸਭ ਦਾ ਫੋਲ ਫੁਲਾਇੰਦਾ । ਕਿਰਪਾ ਅੰਦਰ ਬਣਿਆ ਰਹੇ ਵੱਡਾ ਵਿਦਵਾਨੀ, ਪੰਡਤ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਸਾਚਾ ਵੇਸ ਵਟਾਇੰਦਾ । ਕਿਰਪਾ ਅੰਦਰ ਹੋਏ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਨਵ ਨੌ ਚਾਰ ਵੇਖੇ ਵਿਚ ਜਹਾਨ, ਜੁਗ ਚੌਕੜੀ ਅੱਖ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਦੇਂਦਾ ਰਿਹਾ ਗਿਆਨ, ਪੀਰ ਪੈਗ਼ੰਬਰ ਕਲਮਾ ਨਬੀ ਪੜ੍ਹਾਈਆ । ਸਜਦਾ ਸੀਸ ਝੁਕਾਉਣਾ ਦੱਸਦਾ ਰਿਹਾ ਸਲਾਮ, ਇਸਮ ਆਜ਼ਮ ਇਕ ਵਖਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਜਪੌਂਦਾ ਰਿਹਾ ਨਾਮ, ਗੁਰੂਦੁਆਰੇ ਗੁਰ ਗੁਰ ਭੇਵ ਜਣਾਈਆ ।

ਕਲਜੁਗ ਅੰਤਮ ਸ੍ਰਿਸ਼ਟ ਸਬਾਈ ਹੋਈ ਬੇਈਮਾਨ, ਬੇਵਾ ਰੂਪ ਨਜ਼ਰੀ ਆਈਆ । ਚਾਰੋ ਕੁੰਟ ਹੋਏ ਹਰਾਮ, ਧੀਰਜ ਜਤ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਪੀਣ ਖਾਣ, ਅੰਮ੍ਰਿਤ ਰਸ ਰਸਨਾ ਜਿਹਵਾ ਨਾ ਕੋਇ ਲਗਾਈਆ । ਨੇਤਰ ਨੈਣ ਜਗਤ ਤਕਾਣ, ਨਿਜ ਅੱਖ ਨਾ ਕੋਇ ਖੁਲ੍ਹਾਈਆ । ਅੰਤਰ ਆਤਮ ਕੋਈ ਨਾ ਵੇਖੇ ਮਾਰ ਧਿਆਨ, ਰਸਨਾ ਜਿਹਵਾ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਅਠਸਠ ਤੀਰਥ ਬਾਹਰੋ ਕਰਨ ਅਸ਼ਨਾਨ, ਦੁਰਮਤ ਮੈਲ ਨਾ ਕੋਇ ਧਵਾਈਆ । ਦਰਸ ਨਾ ਪਾਉਣ ਸ੍ਰੀ ਭਗਵਾਨ, ਘਰ ਮੰਦਰ ਵੇਖਣ ਕੋਇ ਨਾ ਜਾਈਆ । ਦਰੋਹੀ ਫਿਰੇ ਕੂੜ ਸ਼ੈਤਾਨ, ਸ਼ਰਅ ਕਰਦੀ ਫਿਰੇ ਲੜਾਈਆ । ਸਾਚੀ ਦਿਸੇ ਨਾ ਕੋਇ ਦੁਕਾਨ, ਸੌਦਾ ਨਾਮ ਨਾ ਕੋਇ ਵਿਕਾਈਆ । ਸਾਧ ਸੰਤ ਜੀਵਾਂ ਜੰਤਾਂ ਕੋਲੋ ਨਾਮ ਦਾ ਲੈਂਦੇ ਲਗਾਨ, ਮੁਫ਼ਤ ਹਰਿ ਕੀ ਦਾਤ ਝੋਲੀ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਥਾਉਂ ਥਾਈਆ । ਥਾਉਂ ਥਾਈਂ ਵੇਖਣਹਾਰਾ, ਇਕ ਇਕੱਲਾ ਹਰਿ ਅਖਵਾਇੰਦਾ । ਜੁਗ ਚੌਕੜੀ ਪਾਰ ਕਿਨਾਰਾ, ਕਲਜੁਗ ਅੰਤਮ ਵੇਲਾ ਆਇੰਦਾ । ਚਾਰੋ ਕੁੰਟ ਧੁਆਂਧਾਰਾ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਸ੍ਰਿਸ਼ਟ ਸਬਾਈ ਹਾਹਾਕਾਰਾ, ਜੀਵ ਜੰਤ ਸਰਬ ਕੁਰਲਾਇੰਦਾ । ਸਾਚਾ ਇਸ਼ਟ ਨਾ ਕਿਸੇ ਵਿਚਾਰਾ, ਦ੍ਰਿਸ਼ਟੀ ਆਪਣੀ ਨਾ ਕੋਇ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਸ ਆਪ ਧਰਾਇੰਦਾ । ਵੇਸ ਧਰ ਨਰ ਨਿਰੰਕਾਰ, ਨਵ ਨੌ ਚਾਰ ਵੇਖ ਵਖਾਈਆ । ਭਰਮੇ ਭੁੱਲਾ ਸਰਬ ਸੰਸਾਰ, ਵਡ ਸੰਸਾਰੀ ਸਮਝ ਕੋਇ ਨਾ ਪਾਈਆ । ਲੱਭ ਲੱਭ ਥੱਕੇ ਜੀਵ ਗਵਾਰ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਡੇਰਾ ਲਾਈਆ । ਮੱਕੇ ਕਾਅਬੇ ਰੋਵਣ ਜ਼ਾਰੋ ਜ਼ਾਰ, ਹੂ ਹੂ ਨਾਅਰਾ ਰਹੇ ਸੁਣਾਈਆ । ਨਜ਼ਰ ਨਾ ਆਇਆ ਪਰਵਰਦਿਗਾਰ, ਕਾਇਆ ਹੁਜਰਾ ਵੇਖਣ ਕੋਇ ਨਾ ਆਈਆ । ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਲੱਭਣ ਵਿਚ ਸੰਸਾਰ, ਚਾਰੋ ਕੁੰਟ ਭੱਜਣ ਵਾਹੋ ਦਾਹੀਆ । ਅੰਦਰ ਵੜ ਕੇ ਹਰਿ ਮੰਦਰ ਵੇਖਿਆ ਨਾ ਕਿਸੇ ਹਰਿ ਨਿਰੰਕਾਰ, ਨੌ ਦੁਆਰੇ ਪੰਧ ਨਾ ਕੋਇ ਮੁਕਾਈਆ । ਸਤਿਗੁਰ ਸਰਨ ਨਾ ਕੋਈ ਵਿਚਾਰ, ਮਨਮਤ ਰਹੀ ਕੁਰਲਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਕਰੇ ਪਾਰ, ਬੇੜਾ ਬੰਨੇ ਕੋਈ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਪੁਰਖ ਬਿਧਾਤਾ ਵੇਖਣਹਾਰਾ ਖੇਲ ਤਮਾਸ਼ਾ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖੇ ਭਗਵਾਨ, ਸਚਖੰਡ ਨਿਵਾਸੀ ਦਇਆ ਕਮਾਈਆ । ਸਾਚੇ ਭਗਤ ਸਰਬ ਕੁਰਲਾਣ, ਨੇਤਰ ਰੋਵਣ ਮਾਰਨ ਧਾਹੀਂਆ । ਕਰ ਕਿਰਪਾ ਠਾਕਰ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਆ ਕੇ ਮਿਲ ਨੌਜਵਾਨ, ਤੇਰੀ ਇਕੋ ਓਟ ਤਕਾਈਆ । ਕਾਇਆ ਮੰਦਰ ਸੋਹੇ ਮਕਾਨ, ਆਤਮ ਸੇਜਾ ਵੱਜੇ ਵਧਾਈਆ । ਸਾਚੀਆਂ ਸਖੀਆਂ ਮੰਗਲ ਗਾਣ, ਗੀਤ ਗੋਬਿੰਦ ਅਲਾਈਆ । ਨੇਤਰ ਨੈਣ ਦੋਵੇ ਸ਼ਰਮਾਣ, ਇਕੋ ਅੱਖ ਨਜ਼ਰੀ ਆਈਆ । ਬਿਨ ਤੇਰੀ ਕਿਰਪਾ ਕਿਸੇ ਨਾ ਮਿਲੇ ਮਾਣ, ਮਮਤਾ ਭਰੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਆਪਣਾ ਘਰ, ਜਿਸ ਘਰ ਵੱਜੇ ਨਾਮ ਤੇਰੇ ਵਧਾਈਆ । ਕਿਰਪਾ ਕਰੇ ਆਪ ਕਿਰਪਾਲ, ਕਿਰਪਨ ਲਏ ਉਠਾਈਆ । ਸਤਿਗੁਰ ਪੂਰਾ ਦੀਨ ਦਿਆਲ, ਦਇਆਨਿਧ ਅਖਵਾਈਆ । ਭਗਤ ਸੰਤ ਲਏ ਉਠਾਲ, ਆਲਸ ਨਿੰਦਰਾ ਦਏ ਗਵਾਈਆ । ਗੁਰਮੁਖ ਗੁਰਸਿਖ ਚਲਾਏ ਆਪਣੇ ਨਾਲ, ਸਾਚਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ

ਜਨ ਦੇਵੇ ਸਾਚਾ ਵਰ, ਤਿਸ ਆਪਣਾ ਪੜਦਾ ਲਾਹੀਆ । ਕਿਰਪਾ ਅੰਦਰ ਗੁਰਮੁਖ ਜਗਾਏ ਹਰਿ ਜੂ ਆਪਣੇ ਨਾਲ ਮਿਲਾਈਆ । ਹਰਿ ਸੰਗਤ ਸਾਚਾ ਜੋੜ ਜੁੜਾਏ, ਘਰ ਸਾਚੇ ਵੱਜੇ ਵਧਾਈਆ । ਨਿਤ ਉਠ ਵੇਖਣ ਠਾਕਰ ਆਏ, ਨਿਰਗੁਣ ਆਪਣਾ ਫੇਰਾ ਪਾਈਆ । ਕਾਇਆ ਗਾਗਰ ਸੋਭਾ ਪਾਏ, ਘਰ ਬੈਠਾ ਬੇਪਰਵਾਹੀਆ । ਨਿਰਮਲ ਕਰਮ ਉਜਾਗਰ ਆਪ ਕਰਾਏ, ਦੁਰਮਤ ਮੈਲ ਧਵਾਈਆ । ਜੋ ਜਨ ਸੌਦਾਗਰ ਬਣ ਕੇ ਆਏ, ਤਿਸ ਨਾਮ ਵਸਤ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪਣੇ ਸੰਗ ਰਖਾਈਆ । ਕਿਰਪਾ ਅੰਦਰ ਹਰਿ ਕਰਤਾਰ, ਕਰਨੀ ਆਪ ਕਮਾਇੰਦਾ । ਗੁਰਮੁਖਾਂ ਕਰ ਸਚ ਪਿਆਰ, ਪ੍ਰੀਤੀ ਆਪਣੇ ਚਰਨ ਬੰਧਾਇੰਦਾ । ਹਰਿ ਸੰਗਤ ਭੁੱਲਿਆ ਸਰਬ ਸੰਸਾਰ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਜਿਨ੍ਹਾਂ ਦਿਤਾ ਆਪ ਦੀਦਾਰ, ਤਿਨ੍ਹਾਂ ਦੂਜਾ ਚੰਦ ਨਜ਼ਰ ਕੋਇ ਨਾ ਆਇੰਦਾ । ਸਾਚਾ ਮਾਰਗ ਦਿਤਾ ਵਖਾਲ, ਔਝੜ ਰਾਹ ਨਾ ਕੋਈ ਪਾਇੰਦਾ । ਇਕੋ ਵਾਰ ਕਿਹਾ ਗੁਰਸਿਖ ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਇਕੋ ਘਰ ਬਾਰ, ਦੂਜਾ ਮੰਦਰ ਨਾ ਕੋਇ ਸੁਹਾਇੰਦਾ । ਕਿਰਪਾ ਅੰਦਰ ਮੇਲ ਮਿਲਾਇਆ ਮੇਲਣਹਾਰ, ਸਾਚੀ ਮਿਲਣੀ ਆਪ ਕਰਾਇੰਦਾ । ਸੁਰਤ ਸਵਾਣੀ ਬਣਾ ਕੇ ਨਾਰ, ਸਚ ਸ਼ੰਗਾਰ ਇਕ ਜਣਾਇੰਦਾ । ਸ਼ਬਦ ਹਾਣੀ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਇੰਦਾ । ਉਠ ਸੁਹਾਗਣ ਚਲੀਏ ਆਪਣੇ ਘਰ ਬਾਰ, ਹਰਿ ਸਤਿਗੁਰ ਮੰਦਰ ਇਕ ਬਣਾਇੰਦਾ । ਨਾਤਾ ਤੁੱਟੇ ਜਗਤ ਸੰਸਾਰ, ਆਸਾ ਤ੍ਰਿਸਨਾ ਮਗਰ ਨਾ ਕੋਇ ਰਖਾਇੰਦਾ । ਜੋ ਜਨ ਕਿਰਪਾ ਮੰਗੇ ਸਚ ਸੱਚੇ ਦਰਬਾਰ, ਤਿਸ ਕਿਰਪਾਲ ਆਪਣੇ ਰੰਗ ਰੰਗਾਇੰਦਾ । ਜੋ ਵੇਖਣ ਆਏ ਜਗਤ ਵਿਹਾਰ, ਤਿਸ ਜਗਤ ਵਿਹਾਰੀ ਧਾਰ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਆਪ ਆਪ ਉਠਾਇੰਦਾ । ਕਿਰਪਾ ਅੰਦਰ ਸਹਿਜ ਸੁਖ, ਸਚ ਸਾਗਰ ਆਪ ਜਣਾਈਆ । ਕਿਰਪਾ ਅੰਦਰ ਉਜਲ ਮੁੱਖ, ਗੁਰਮੁਖ ਨਾਮ ਵਡਿਆਈਆ । ਕਿਰਪਾ ਅੰਦਰ ਮਿਟੇ ਦੁੱਖ, ਸੋਗ ਰੋਗ ਰਹਿਣ ਨਾ ਪਾਈਆ । ਕਿਰਪਾ ਅੰਦਰ ਪਾਰਬ੍ਰਹਮ ਬ੍ਰਹਮ ਮਿਲੇ ਵਿਚ ਜੂਨ ਮਨੁੱਖ, ਮਾਣਸ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਆਪਣੀ ਗੋਦੀ ਲਏ ਚੁੱਕ, ਦੂਜੇ ਹੱਥ ਨਾ ਕਿਸੇ ਫੜਾਈਆ ।



### ✪ ੨੮ ਭਾਦਰੋ ੨੦੨੦ ਬਿਕ੍ਰਮੀ ਮੱਖਣ ਸਿੰਘ ਦੇ ਗ੍ਰਿਹਿ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ✪

ਸਾਚਾ ਹੁਕਮ ਦੇਵੇ ਹਰਿ ਪ੍ਰਭ, ਪ੍ਰਭ ਜੋਤ ਇਕ ਸਮਝਾਈਆ । ਸਤਿਗੁਰ ਪੂਰਾ ਲੈਣਾ ਲੱਭ, ਚਾਰ ਕੁੰਟ ਦਹਿ ਦਿਸ਼ਾ ਨਾ ਉਠ ਉਠ ਧਾਈਆ । ਅੰਮ੍ਰਿਤ ਝਿਰਨਾ ਝਿਰਾਉਣਾ ਨੱਭ, ਸਰ ਅੰਮ੍ਰਿਤ ਇਕ ਅਸ਼ਨਾਨ ਕਰਾਈਆ । ਜਗਤ ਵਿਕਾਰਾ ਦੇਵੇ ਦੱਬ, ਪੰਜ ਚੋਰ ਨਾ ਕਰੇ ਲੜਾਈਆ । ਨੌ ਦੁਆਰ ਮੁਕਾਏ ਹੱਦ, ਘਰ ਸਾਚਾ ਇਕ ਵਖਾਈਆ । ਗ੍ਰਿਹਿ ਮੰਦਰ ਲਏ ਸੱਦ, ਸਚ ਬੰਕ ਦਏ ਵਡਿਆਈਆ । ਦਰਸ ਦਿਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਪੜਦਾ ਲਾਹੀਆ । ਤ੍ਰੈਗੁਣ ਮਾਇਆ ਬੁਝੇ ਅੱਗ, ਅਗਨੀ ਤਤ ਨਾ ਲਾਗੇ ਰਾਈਆ । ਹੰਸ ਬਣੇ ਕਗ, ਮਾਣਸ ਜਨਮ ਰੂਪ ਵਟਾਈਆ । ਦੀਪਕ ਦੀਆ ਜਾਵੇ ਜਗ, ਬੁਝੀ ਜੋਤ ਕਰੇ ਰੁਸ਼ਨਾਈਆ । ਇਕੋ ਵਸਤ ਇਕੋ ਘਰ ਲੈਣੀ ਲੱਭ, ਦੂਜੇ ਦਰ ਨਾ ਮੰਗਣ

ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਵਸਤ ਲੱਭ ਜਨ ਏਕ, ਏਕੰਕਾਰ ਮਿਲੇ ਵਡਿਆਈਆ । ਏਥੇ ਓਥੇ ਮਿਲੇ ਟੇਕ, ਦੋ ਜਹਾਨ ਹੋਏ ਸਹਾਈਆ । ਜਗਤ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਤਪਾਈਆ । ਫੜ ਕੇ ਬਿਧਨਾ ਲਿਖੀ ਮੇਟੇ ਰੇਖ, ਰੇਖਾ ਰੇਖਾ ਵਿਚੋਂ ਬਦਲਾਈਆ । ਅਗੰਮ ਵਖਾਏ ਆਪਣਾ ਦੇਸ, ਸਚਖੰਡ ਸਚ ਦੁਆਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਮਝ ਇਕ ਸਮਝਾਈਆ । ਗੁਰਮੁਖ ਲੱਭੇ ਇਕ ਸੁਆਮੀ, ਸ਼ਾਹ ਪਾਤਸ਼ਾਹ ਸਦ ਅਖਵਾਇੰਦਾ । ਆਦਿ ਜੁਗਾਦਿ ਅੰਤਰਜਾਮੀ, ਜੁਗ ਜੁਗ ਵੇਖ ਵਖਾਇੰਦਾ । ਨਾਮ ਨਿਧਾਨ ਜਿਸ ਦੀ ਬੋਧ ਅਗਾਧ ਬਾਣੀ, ਰਾਗ ਨਾਦ ਆਪਣਾ ਤਾਲ ਜਣਾਇੰਦਾ । ਅੰਮ੍ਰਿਤ ਦੇਵੇ ਆਤਮ ਠੰਡਾ ਪਾਣੀ, ਤ੍ਰਿਸਨਾ ਤ੍ਰਿਖਾ ਜਗਤ ਬੁਝਾਇੰਦਾ । ਸੁਰਤ ਮਿਲਾਏ ਸ਼ਬਦ ਹਾਣੀ, ਘਰ ਸਾਚਾ ਮੇਲ ਮਿਲਾਇੰਦਾ । ਲੇਖਾ ਚੁੱਕੇ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਲੱਭਣ ਵਾਲੀ ਇਕ ਜਣਾਇੰਦਾ । ਲੱਭੇ ਵਸਤ ਹਰਿ ਕਾ ਨਾਮ, ਸਚ ਵਸਤੂ ਇਕ ਸਮਝਾਈਆ । ਜਿਸ ਮਿਲਿਆਂ ਪ੍ਰਭ ਮਿਲੇ ਰਾਮ, ਰਮਈਆ ਆਪਣਾ ਫੇਰਾ ਪਾਈਆ । ਘਰ ਨਜ਼ਰੀ ਆਏ ਇਕੋ ਸ਼ਾਮ, ਬੰਸਰੀ ਸਾਚੀ ਸਚ ਵਜਾਈਆ । ਭਾਗ ਲਗਾਏ ਕਾਇਆ ਨਗਰ ਖੇੜਾ ਗਰਾਮ, ਭੂਮਿਕਾ ਇਕੋ ਇਕ ਸੁਹਾਈਆ । ਸਚ ਪਿਆਲਾ ਪਿਆਏ ਜਾਮ, ਰਸ ਇਕੋ ਇਕ ਵਹਾਈਆ । ਸਚ ਰਾਗ ਸੁਣਾਏ ਕਾਨ, ਅਨਹਦ ਨਾਦੀ ਧੁਨ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਇਕ ਜਣਾਈਆ । ਸਾਚਾ ਲੱਭੇ ਇਕ ਭਗਵਾਨ, ਜਿਸ ਮਿਲਿਆਂ ਦੁੱਖ ਰਹਿਣ ਨਾ ਪਾਈਆ । ਆਵਣ ਜਾਵਣ ਚੁੱਕੇ ਕਾਣ, ਲੱਖ ਚੁਰਾਸੀ ਫੰਦ ਕਟਾਈਆ । ਅੰਤਰ ਉਪਜੇ ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਹੱਥ ਫੜਾਏ ਸਚ ਨਿਸ਼ਾਨ, ਦੋ ਜਹਾਨ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਇਕ ਲਭਾਈਆ । ਸਾਚੀ ਵਸਤ ਲੱਭੇ ਮੀਤ, ਮੀਤ ਪਿਆਰਾ ਆਪ ਜਣਾਇੰਦਾ । ਜਿਸ ਲੱਭਿਆਂ ਪਿਛਲੀ ਬਦਲ ਜਾਵੇ ਨੀਤ, ਅੱਗੇ ਮਾਰਗ ਇਕੋ ਨਜ਼ਰੀ ਆਇੰਦਾ । ਕਾਇਆ ਹੋਏ ਠੰਡੀ ਸੀਤ, ਸਾਂਤਕ ਸਤਿ ਸਤਿ ਕਰਾਇੰਦਾ । ਆਤਮ ਗਾਏ ਪਰਮਾਤਮ ਗੀਤ, ਸਾਚਾ ਢੋਲਾ ਰਾਗ ਅਲਾਇੰਦਾ । ਨਾਤਾ ਤੁੱਟੇ ਮੰਦਰ ਮਸੀਤ, ਪੁਰਖ ਅਬਿਨਾਸ਼ੀ ਇਕੋ ਨਜ਼ਰੀ ਆਇੰਦਾ । ਬੈਠਾ ਰਹੇ ਸਦਾ ਅਤੀਤ, ਤ੍ਰੈਗੁਣ ਡੇਰਾ ਢਾਹਿੰਦਾ । ਮਾਣਸ ਜਨਮ ਲੈਣਾ ਜੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਚੁਕਾਇੰਦਾ । ਸਾਚੀ ਵਸਤ ਲੱਭੇ ਘਰ, ਘਰ ਸਤਿਗੁਰ ਆਪ ਟਿਕਾਈਆ । ਅੰਦਰ ਵੜ ਕੇ ਖੋਲ੍ਹੇ ਦਰ, ਬੰਦ ਕਿਵਾੜੀ ਕੁੰਡਾ ਲਾਹੀਆ । ਸਾਚੇ ਪੌੜੇ ਵੇਖੇ ਚੜ੍ਹ, ਮਹੱਲ ਅਟੱਲ ਹੋਏ ਰੁਸ਼ਨਾਈਆ । ਸਤਿਗੁਰ ਸੱਚਾ ਲਓ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਾ ਕੋਈ ਸੀਸ ਨਾ ਕੋਈ ਧੜ, ਤਤਵ ਤਤ ਨਾ ਕੋਇ ਰਖਾਈਆ । ਏਕਾ ਅੱਖਰ ਰਿਹਾ ਪੜ੍ਹ, ਨਿਸ਼ਅੱਖਰ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਇਕ ਦ੍ਰਿੜਾਈਆ । ਸਾਚੀ ਲੱਭੇ ਵਸਤ ਅਪਾਰ, ਸੋ ਅਪਰੰਪਰ ਸੁਆਮੀ ਆਪ ਜਣਾਇੰਦਾ । ਜਿਸ ਦਾ ਲੇਖਾ ਰਹੇ ਸਦਾ ਜੁਗ ਚਾਰ, ਚੌਕੜੀ ਮੂਲ ਨਾ ਕੋਇ ਮੁਕਾਇੰਦਾ । ਜਿਸ ਦਾ ਦਰ ਸੱਚਾ ਦਰਬਾਰ, ਸਚਖੰਡ ਸਾਚਾ ਸੋਭਾ ਪਾਇੰਦਾ । ਜਿਸ ਦਾ ਹੁਕਮ ਸਚ ਵਰਤਾਰ, ਦੋ ਜਹਾਨ

ਨਾ ਕੋਈ ਮੇਟੇ ਮੇਟ ਮਿਟਾਇੰਦਾ । ਜਿਸ ਦੀ ਸੇਵਾ ਕਰਨ ਗੁਰੂ ਅਵਤਾਰ, ਪੀਰ ਪੈਗ਼ੰਬਰ ਬਰਖ਼ੁਰਦਾਰ ਅਖਵਾਇੰਦਾ । ਜਿਸ ਦਾ ਨਗ਼ਮਾ ਸਚ ਸੰਸਾਰ, ਬਿਨ ਰਸਨਾ ਜਿਹਵਾ ਰਾਗ ਅਲਾਇੰਦਾ । ਜਿਸ ਦਾ ਨੂਰ ਅਪਾਰ ਜੋਤ ਉਜਿਆਰ, ਬੇਨਜ਼ੀਰ ਨਜ਼ਰ ਕਿਸੇ ਨਾ ਆਇੰਦਾ । ਜਿਸ ਦਾ ਰੁਤਬਾ ਲਾਸਾਨੀ ਦੋ ਜਹਾਨ, ਫ਼ਾਨੀ ਰੂਪ ਨਾ ਕੋਇ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਸਤ ਇਕ ਸਮਝਾਇੰਦਾ । ਸਾਚਾ ਮੀਤ ਲੱਭੇ ਭਾਈ, ਭਾਵੀ ਭਾਵਨਾ ਰਹਿਣ ਨਾ ਪਾਈਆ । ਜਨਮ ਜਨਮ ਦੀ ਮਿਟੇ ਜੁਦਾਈ, ਜੁਜ਼ ਜੁਜ਼ ਨਾਲ ਲਏ ਮਿਲਾਈਆ । ਅਗਲਾ ਲਹਿਣਾ ਦਏ ਚੁਕਾਈ, ਲੇਖਾ ਕੋਈ ਨਜ਼ਰ ਨਾ ਆਈਆ । ਘਰ ਵਿਚ ਘਰ ਕਰੇ ਰੁਸ਼ਨਾਈ, ਅੰਧ ਅੰਧੇਰ ਮਿਟਾਈਆ । ਅੱਠੇ ਪਹਿਰ ਨਾਦ ਸ਼ਬਦ ਧੁਨ ਸ਼ਨਵਾਈ, ਅਨਰਾਗੀ ਰਾਗ ਸੁਣਾਈਆ । ਲੇਖਾ ਕੋਇ ਨਾ ਜਾਣੇ ਕਲਮ ਸ਼ਾਹੀ, ਕਾਗ਼ਜ਼ ਬੈਠੇ ਡੇਰਾ ਢਾਹੀਆ । ਚੌਦਾਂ ਵਿਦਿਆ ਰੋਵੇ ਮਾਰੇ ਧਾਹੀਂ, ਚੌਦਾਂ ਲੋਕ ਦੇਣ ਦੁਹਾਈਆ । ਚੌਦਾਂ ਤਬਕ ਰਹੇ ਕੁਰਲਾਈ, ਹਾਹਾਕਾਰ ਇਕ ਸੁਣਾਈਆ । ਜਿਨ੍ਹਾਂ ਲੱਭਿਆ ਸਤਿਗੁਰ ਪੂਰਾ ਇਕ ਗੋਸਾਈਂ, ਤਿਨ੍ਹਾਂ ਦੂਜੀ ਓਟ ਰਹੀ ਨਾ ਰਾਈਆ । ਪ੍ਰਭ ਲੱਭਣ ਦਾ ਸਿਖੋ ਤਰੀਕਾ, ਹਰਿ ਸਾਖਿਆਤ ਸਮਝਾਇੰਦਾ । ਆਪਣਾ ਮਨੂਆ ਕਰੋ ਨੀਕਾ, ਨੀਕਨ ਨੀਕ ਰੂਪ ਵਖਾਇੰਦਾ । ਭੇਵ ਜਾਣੋ ਆਪਣੇ ਜੀਅ ਕਾ, ਜੀਵਤ ਜੁਗਤ ਸਰਬ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਲੱਭੇ, ਲਬ ਵਿਚ ਕਿਸੇ ਨਾ ਪਾਇੰਦਾ । ਸੱਚੀ ਵਾਸ਼ਨਾ ਸਤਿਗੁਰ ਦਰਸ਼ਨ, ਬਿਨ ਵਾਸ਼ਨਾ ਗੁਰਮੁਖ ਨਜ਼ਰ ਕੋਇ ਨਾ ਆਈਆ । ਸੱਚੀ ਵਾਸ਼ਨਾ ਸਤਿਗੁਰ ਨੇਤਰ ਪਰਸ਼ਨ, ਬਿਨ ਵਾਸ਼ਨਾ ਨੇਤਰ ਨੈਣ ਨਾ ਕੋਇ ਰਖਾਈਆ । ਸੱਚੀ ਵਾਸ਼ਨਾ ਸਤਿਗੁਰ ਹਰਸਨ, ਬਿਨ ਹਰਸ ਬਣੇ ਨਾ ਕੋਈ ਪਾਂਧੀ ਰਾਹੀਆ । ਸੱਚੀ ਵਾਸ਼ਨਾ ਮਿਲ ਸਤਿਗੁਰ ਮੇਟੇ ਧੜਕਨ, ਮਨ ਚਿੰਦਿਆ ਦੁੱਖ ਗਵਾਈਆ । ਸੱਚੀ ਵਾਸ਼ਨਾ ਅੰਦਰੇ ਅੰਦਰ ਮੇਟੇ ਅਟਕਨ, ਰਾਹ ਵਖਾਏ ਸਚ ਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵਾਸ਼ਨਾ ਇਕੋ ਇਕ ਜਣਾਈਆ । ਗੁਰਮੁਖ ਵਾਸ਼ਨਾ ਸਦਾ ਭਰਪੂਰ, ਸਤਿਗੁਰ ਚਰਨ ਧਿਆਨ ਲਗਾਈਆ । ਆ ਸੁਆਮੀ ਨੇੜੇ ਕਿਉਂ ਵਸਿਉਂ ਦੂਰ, ਦੂਰ ਦੁਰਾਡਾ ਪੰਧ ਮੁਕਾਈਆ । ਦਰਸ਼ਨ ਦੇ ਹਾਜ਼ਰ ਹਜ਼ੂਰ, ਹਜਰਤ ਆਪਣਾ ਫੇਰਾ ਪਾਈਆ । ਜਨਮ ਜਨਮ ਦੇ ਬਖ਼ਸ਼ ਕਸੂਰ, ਮਿਹਰ ਨਜ਼ਰ ਇਕ ਉਠਾਈਆ । ਕਰ ਕਿਰਪਾ ਦੇ ਚਰਨ ਧੂੜ, ਮਸਤਕ ਟਿੱਕਾ ਲਾਵਾਂ ਚਾਈਂ ਚਾਈਂਆ । ਚਤਰ ਸੁਘੜ ਬਣਾ ਮੂਰਖ ਮੂੜ੍ਹ, ਮਤ ਮਤ ਵਿਚੋ ਬਦਲਾਈਆ । ਨਾਤਾ ਤੁੱਟੇ ਕੂੜੀ ਕਿਰਿਆ ਕੂੜ, ਸਚ ਸੁਚ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੀ ਵਾਸ਼ਨਾ ਜਨ ਭਗਤਾਂ ਵਿਚ ਸਦਾ ਰਖਾਈਆ । ਸੱਚੀ ਵਾਸ਼ਨਾ ਸਤਿਗੁਰ ਆਸ, ਗੁਰਮੁਖ ਇਕੋ ਆਸ ਰਖਾਇੰਦਾ । ਕਵਣ ਵੇਲਾ ਪ੍ਰਭ ਮੇਟੇ ਪਿਆਸ, ਜਨਮ ਜਨਮ ਦੀ ਤ੍ਰਿਖਾ ਬੁਝਾਇੰਦਾ । ਕਵਣ ਵੇਲਾ ਪ੍ਰਭ ਦੇਵੇ ਸਾਥ, ਸਗਲਾ ਸੰਗ ਨਿਭਾਇੰਦਾ । ਕਵਣ ਵੇਲਾ ਸੁਣਾਏ ਗਾਥ, ਸਾਚਾ ਢੋਲਾ ਰਾਗ ਅਲਾਇੰਦਾ । ਕਵਣ ਵੇਲਾ ਪ੍ਰਭ ਲਹਿਣਾ ਚੁਕਾਏ ਮਸਤਕ ਮਾਥ, ਪੂਰਬ ਲੇਖਾ ਝੋਲੀ ਪਾਇੰਦਾ । ਕਵਣ ਵੇਲਾ ਪ੍ਰਭ ਖੋਲ੍ਹ ਵਖਾਏ ਘਰ ਵਿਚ ਹਾਟ, ਨਾਮ ਖ਼ਜ਼ਾਨਾ ਇਕ ਵਰਤਾਇੰਦਾ । ਕਵਣ ਵੇਲਾ ਪ੍ਰਭ ਦੇਵੇ ਦਾਤ, ਦਾਨੀ ਹੋ ਕੇ ਦਇਆ ਕਮਾਇੰਦਾ । ਕਵਣ ਵੇਲਾ ਪ੍ਰਭ ਮੇਟੇ ਅੰਧੇਰੀ ਰਾਤ, ਅੰਤਰ ਸਾਚਾ ਚੰਦ ਚਮਕਾਇੰਦਾ । ਕਵਣ ਵੇਲਾ ਪ੍ਰਭ ਬਖ਼ਸ਼ੇ ਮੇਰੀ ਜ਼ਾਤ, ਆਪਣੀ ਜ਼ਾਤ ਨਾਲ ਮਿਲਾਇੰਦਾ ।

ਕਵਣ ਵੇਲਾ ਪ੍ਰਭ ਪਰਗਟ ਕਰੇ ਇਕ ਪਰਭਾਤ, ਸੰਧਿਆ ਰੂਪ ਨਜ਼ਰ ਕੋਇ ਨਾ ਆਇੰਦਾ । ਕਵਣ ਵੇਲਾ ਪ੍ਰਭ ਮੇਰੀ ਪੂਰੀ ਕਰੇ ਖ਼ਾਹਸ਼, ਰਾਤੀਂ ਸੁਤਿਆਂ ਦਿਨੇ ਜਾਗਦਿਆਂ ਹਰ ਘਟ ਇਕੋ ਨਜ਼ਰੀ ਆਇੰਦਾ । ਬਿਨ ਵਾਸ਼ਨਾ ਗੁਰਸਿਖ ਗੁਰ ਦੋਹਾਂ ਦਾ ਕੰਮ ਨਾ ਆਵੇ ਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਵਾਸ਼ਨਾ ਇਕ ਉਪਜਾਇੰਦਾ । ਗੁਰਮੁਖ ਵਾਸਨਾ ਸਦਾ ਅਟੱਲ, ਨਾ ਕੋਈ ਮੇਟੇ ਮੇਟ ਮਿਟਾਈਆ । ਕਾਇਆ ਮੰਦਰ ਸੋਹੇ ਸਚ ਮਹੱਲ, ਮਹਿਫਲ ਇਕੋ ਨਾਮ ਲਗਾਈਆ । ਦੀਪਕ ਜੋਤ ਜਾਏ ਬਲ, ਸਚ ਪਰਕਾਸ਼ ਵਖਾਈਆ । ਸ਼ਬਦ ਸੰਦੇਸਾ ਦਏ ਘੱਲ, ਧੁਰ ਦੀ ਕਰੇ ਪੜ੍ਹਾਈਆ । ਨਿਰਗੁਣ ਸਰਗੁਣ ਅੰਦਰ ਜਾਏ ਰਲ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਸਚ ਸਿੰਘਾਸਣ ਬਹੇ ਮੱਲ, ਆਤਮ ਸੇਜਾ ਡੇਰਾ ਲਾਈਆ । ਭਾਗ ਲਗਾਏ ਕਾਇਆ ਮਾਟੀ ਖੱਲ, ਪੰਜ ਤਤ ਮਿਲੇ ਵਡਿਆਈਆ । ਲਹਿਣਾ ਚੁੱਕੇ ਅੰਧੇਰੀ ਡੂੰਘੀ ਡੱਲ, ਟਿੱਲਾ ਪਰਬਤ ਉਚੇ ਉਚ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਵਾਸ਼ਨਾ ਅੰਦਰ ਗੁਰਸਿਖ ਮਾਤ ਘੱਲ, ਗੁਰਸਿਖ ਵਾਸ਼ਨਾ ਆਪਣੇ ਨਾਲ ਮਿਲਾਈਆ । ਗੁਰਸਿਖ ਕਹੇ ਪ੍ਰਭ ਵਾਸ਼ਨਾ ਚੰਗੀ, ਚਾਰ ਕੁੰਟ ਕੁੰਟ ਮਹਿਕਾਈਆ । ਸਤਿਗੁਰ ਕਹੇ ਗੁਰਸਿਖ ਵਾਸ਼ਨਾ ਚੰਗੀ, ਜਿਸ ਵਿਚੋ ਮੇਰਾ ਨਾਮ ਨਜ਼ਰੀ ਆਈਆ । ਗੁਰਸਿਖ ਕਹੇ ਸਤਿਗੁਰ ਵਾਸ਼ਨਾ ਚੰਗੀ, ਜੋ ਦਿਵਸ ਰੈਣ ਅੱਠੇ ਪਹਿਰ ਹੋਏ ਸਹਾਈਆ । ਸਤਿਗੁਰ ਕਹੇ ਗੁਰਸਿਖ ਵਾਸ਼ਨਾ ਚੰਗੀ, ਜੋ ਮੈਨੂੰ ਸੱਦਾ ਦੇਵੇ ਚਾਈਂ ਚਾਈਂਆ । ਬਿਨ ਵਾਸ਼ਨਾ ਸਿਖ ਗੁਰ ਗੁਰਸਿਖ ਇਕ ਦੂਜੇ ਦੇ ਕਦੇ ਨਾ ਬਣਨ ਸੰਗੀ, ਲੋਕਮਾਤ ਸੱਚਾ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੀ ਵਾਸ਼ਨਾ ਆਪਣੀ ਵਾਸ਼ਨਾ ਵਿਚ ਰਖਾਈਆ । ਜੇ ਕੋਈ ਕਹੇ ਵਾਸ਼ਨਾ ਥੋੜੀ, ਥੋੜੀ ਕੰਮ ਕਿਸੇ ਨਾ ਆਈਆ । ਗੁਰਸਿਖ ਵਿਛੋੜੇ ਅੰਦਰ ਕਰੇ ਬੌਹੜੀ ਬੌਹੜੀ, ਉਚੀ ਕੂਕੇ ਮਾਰੇ ਧਾਹੀਂਆ । ਫੇਰ ਸਤਿਗੁਰ ਪੂਰਾ ਆਪਣੇ ਹੱਥ ਵਿਚ ਪਕੜੇ ਡੋਰੀ, ਤੰਦੀ ਤੰਦ ਸਤਾਰ ਹਿਲਾਈਆ । ਗੁਰਸਿਖ ਤੇਰੇ ਅੰਦਰ ਵੜੇ ਚੋਰੀ, ਜਗਤ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਥੋੜੀ ਵਾਸ਼ਨਾ ਬਹੁਤੀ ਕਰ ਵਖਾਈਆ । ਅਗਲੀ ਅਵਸਥਾ ਆਏ ਅੱਗੇ, ਪਿਛਲੀ ਜਗਤ ਝੋਲੀ ਪਾਈਆ । ਜੋ ਗੁਰਮੁਖ ਸਤਿਗੁਰ ਸਰਨਾਈ ਲੱਗੇ, ਤਿਸ ਸਤਿਗੁਰ ਮਾਰਗ ਦਏ ਵਖਾਈਆ । ਆਪ ਫਿਰੇ ਗੁਰਸਿਖ ਅੱਗੇ, ਪਿੱਛੇ ਗੁਰਸਿਖ ਆਪਣੀ ਉਂਗਲੀ ਲਾਈਆ । ਦੋਹਾਂ ਦਾ ਤਾਲ ਇਕੋ ਜਿਹਾ ਵੱਜੇ, ਚੇਲਾ ਗੁਰ ਇਕੋ ਰੂਪ ਵਟਾਈਆ । ਜੇ ਚੇਲਾ ਬਣ ਕੇ ਗੁਰਸਿਖ ਪਿੱਛੇ ਭੱਜੇ, ਸਤਿਗੁਰ ਪਿਛੇ ਮੁੜਨ ਨਾ ਦੇਵੇ ਰਾਈਆ । ਕਿਰਪਾਨਿਧਾਨ ਹੋ ਕੇ ਪੜਦਾ ਕੱਜੇ, ਸਿਰ ਆਪਣਾ ਹੱਥ ਟਿਕਾਈਆ । ਰਾਤੀਂ ਸੁਤਿਆਂ ਅੰਦਰ ਵੜ ਕੇ ਡੂੰਘੀ ਕੰਦਰ ਵਿਚੋ ਲੱਭੇ, ਫੜ ਸੋਈ ਸੁਰਤ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੱਗੇ ਆਪਣੀ ਝੋਲੀ ਪਾਈਆ । ਗੁਰਮੁਖ ਅੱਗਾ ਲਏ ਜਾਣ, ਜਾਣੀਜਾਣ ਆਪ ਜਣਾਇੰਦਾ । ਜੋ ਗੁਰਸਿਖ ਸਤਿਗੁਰ ਮਿਲੇ ਆਣ, ਤਿਸ ਅੱਗੇ ਦੁੱਖ ਨਾ ਕੋਇ ਆਇੰਦਾ । ਸਾਚਾ ਝੁਲਦਾ ਜਾਏ ਨਿਸ਼ਾਨ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਇੰਦਾ । ਧੰਨਭਾਗ ਗੁਰਮੁਖ ਸੱਚਾ ਵਸੇ ਸਚ ਮਕਾਨ, ਜਿਸ ਦੁਆਰੇ ਹਰਿ ਜੂ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਅੱਗੇ ਜਮ ਕਾ ਡਰ ਰਹਿਣ ਕੋਇ ਨਾ ਪਾਇੰਦਾ । ਗੁਰਮੁਖ

ਅੱਗਾ ਜਾਏ ਸੌਰ, ਮਾਣਸ ਜਨਮ ਲੇਖੇ ਲਾਈਆ । ਗਹਿਰ ਗੰਭੀਰ ਸਤਿਗੁਰ ਵੇਖੇ ਕਰ ਕੇ ਗ਼ੌਰ, ਬੇਨਜ਼ੀਰ ਆਪਣੀ ਨਜ਼ਰ ਉਠਾਈਆ । ਚਰਨ ਲਾ ਸਰਨ ਲਗਾ ਲੱਗੀ ਪ੍ਰੀਤੀ ਕਦੇ ਨਾ ਜਾਏ ਤੋੜ, ਤੁੱਟੀ ਗੰਢਣਹਾਰ ਗੋਪਾਲ ਸੁਆਮੀ ਆਪਣੀ ਗੰਢ ਪਵਾਈਆ । ਗੁਰਸਿਖ ਚੋਰੀ ਕਰੇ ਜੇ ਹੋ ਕੇ ਚੋਰ, ਚੋਰ ਠੱਗ ਕੂੜ ਕੁੜਿਆਰ ਸਤਿਗੁਰ ਪੂਰਾ ਪਾਰ ਕਰਾਈਆ । ਜਿਸ ਦਾ ਮੰਤਰ ਇਕੋ ਫੋਰ, ਪਿਛਲੇ ਫੁਰਨੇ ਸਾਰੇ ਦਏ ਮੁਕਾਈਆ । ਫੜ ਬਾਂਹੋ ਲਾ ਉਂਗਲੀ ਅੱਗੇ ਲਏ ਤੋਰ, ਪਿਛੇ ਆਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਤਿਸ ਦਾ ਅੱਗਾ ਅੱਗੇ ਅੱਗੇ ਅਗਲੇ ਘਰ ਵਖਾਈਆ । ਦੋਹਾਂ ਕੋਲੋ ਸੋ ਗੁਰਮੁਖ ਜਾਏ ਬਚ, ਬਚਪਨ ਸਤਿਗੁਰ ਝੋਲੀ ਪਾਈਆ । ਤਿਸ ਹਿਰਦੇ ਵਸੇ ਸਚ, ਕੂੜੀ ਕਿਰਿਆ ਨਜ਼ਰ ਕੋਇ ਨਾ ਆਈਆ । ਸਤਿਗੁਰ ਪੂਰਾ ਸਾਢੇ ਤਿੰਨ ਕਰੋੜ ਅੰਦਰ ਜਾਏ ਰਚ, ਰਚਨਾ ਆਪਣੀ ਦਏ ਸਮਝਾਈਆ । ਭਾਗ ਲਗਾਏ ਕਾਇਆ ਮਾਟੀ ਕੱਚ, ਕੰਚਨ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਗੁਰਸਿਖ ਬੱਚੇ ਬਾਲਕ ਆਪਣੀ ਗੋਦ ਉਠਾਈਆ ।

## ✪ ੨੯ ਭਾਦਰੋ ੨੦੨੦ ਬਿਕ੍ਰਮੀ ਰਾਧਾ ਸੁਆਮੀ ਡੇਰੇ ਤਰਨ ਤਾਰਨ ✪



ਆਦਿ ਜੁਗਾਦਿ ਸਤਿਗੁਰ ਏਕ, ਜੁਗ ਚੌਕੜੀ ਖੇਲ ਖਲਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਦੇਵੇ ਭੇਜ, ਧੁਰ ਦੀ ਧਾਰ ਇਕ ਸਮਝਾਇੰਦਾ । ਨਿਰਗੁਣ ਹੋ ਕੇ ਸਰਗੁਣ ਲਏ ਵੇਖ, ਸਰਗੁਣ ਨਿਰਗੁਣ ਆਪਣਾ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਸੱਚਾ ਇਕੋ ਨਜ਼ਰੀ ਆਇੰਦਾ । ਸਤਿਗੁਰ ਸੱਚਾ ਸਤਿ ਪੁਰਖ ਸਤਿ ਸਤਿਵਾਦ, ਸਤਿ ਦੁਆਰੇ ਇਕੋ ਨਜ਼ਰੀ ਆਈਆ । ਸੋ ਪੁਰਖ ਨਿਰੰਜਣ ਖੇਲ ਖੇਲੇ ਆਦਿ ਜੁਗਾਦਿ, ਹਰਿ ਪੁਰਖ ਨਿਰੰਜਣ ਦਾਤਾ ਬੇਪਰਵਾਹੀਆ । ਏਕੰਕਾਰ ਲੇਖਾ ਜਾਣੇ ਬੋਧ ਅਗਾਧ, ਆਦਿ ਨਿਰੰਜਣ ਜੋਤੀ ਜਾਤਾ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਦੇਵਣਹਾਰਾ ਸਾਚੀ ਦਾਦ, ਵਸਤ ਅਮੋਲਕ ਆਪ ਵਰਤਾਈਆ । ਸ੍ਰੀ ਭਗਵਾਨ ਸ਼ਾਹੋ ਭੂਪ ਬਣ ਰਾਜਨ ਰਾਜ, ਦੋ ਜਹਾਨ ਸ੍ਰੀ ਭਗਵਾਨ ਏਕਾ ਹੁਕਮ ਚਲਾਈਆ । ਪਾਰਬ੍ਰਹਮ ਆਪ ਬਣਾਏ ਆਪਣਾ ਸਚ ਸਮਾਜ, ਸਚਖੰਡ ਨਿਵਾਸੀ ਸਾਚੀ ਦਰਗਾਹ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਸਤਿ ਪੁਰਖ ਸਤਿ ਸਤਿਵਾਦੀ, ਖੇਲੇ ਖੇਲ ਬੇਪਰਵਾਹੀਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦੀ, ਪਾਰਬ੍ਰਹਮ ਬ੍ਰਹਮ ਏਕਾ ਧਾਰ ਜਣਾਈਆ । ਜੁਗ ਜੁਗ ਵੇਖਣਹਾਰਾ ਮੰਡਲ ਰਾਸੀ, ਗੋਪੀ ਕਾਹਨ ਨਾਚ ਨਚਾਈਆ । ਨਿਰਗੁਣ ਸਰਗੁਣ ਬਣਾਏ ਦਾਸੀ, ਸੇਵਾ ਸਚ ਇਕ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਜੋਤ ਨਿਰੰਕਾਰ ਨਿਰਾਕਾਰ ਪਰਕਾਸ਼ੀ, ਘਰ ਸਚ ਸਚ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਇਕ ਅਖਵਾਈਆ । ਸਤਿਗੁਰ ਪੂਰਾ ਆਦਿ ਪੁਰਖ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਨਿਰਵੈਰ ਹੋ ਕੇ ਘਟ ਘਟ ਦੇਵੇ ਦਰਸ, ਲੱਖ ਚੁਰਾਸੀ ਆਸਾ ਤ੍ਰਿਸਨਾ ਦਏ ਬੁਝਾਈਆ । ਅੰਮ੍ਰਿਤ ਮੇਘ ਅੰਤਰ ਆਤਮ ਦਏ ਬਰਸ, ਨਿਝਰ ਝਿਰਨਾ ਇਕ ਝਿਰਾਈਆ । ਨਾ ਕੋਈ ਸੋਗ ਨਾ ਕੋਈ ਹਰਖ,

੪੧੯ ੧੫

ਚਿੰਤਾ ਗ਼ਮ ਨਾ ਕੋਇ ਜਣਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਜੀਵ ਜੰਤ ਸ੍ਰੀ ਭਗਵੰਤ ਸੰਤ ਸਾਜਣ ਲਏ ਪਰਖ, ਨਾਮ ਕਸਵਟੀ ਇਕੋ ਹੱਥ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਪ੍ਰਭ ਦਰਸ਼ਨ ਨੂੰ ਰਹੇ ਤਰਸ, ਨਿਜ ਨੇਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਇਕੋ ਵੱਡਾ ਵਡ ਵਡਿਆਈਆ । ਸਤਿਗੁਰ ਸੱਚਾ ਆਦਿ ਨਿਰੰਜਣ, ਹਰਿ ਵੱਡਾ ਵਡ ਵਡਿਆਈਆ । ਜੁਗ ਚੌਕੜੀ ਦਰਦ ਦੁੱਖ ਭੈ ਭੰਜਨ, ਭਵਸਾਗਰ ਪਾਰ ਕਰਾਈਆ । ਸਚ ਸਰੋਵਰ ਕਰਾਏ ਇਕੋ ਮਜਨ, ਦੁਰਮਤ ਮੈਲ ਧਵਾਈਆ । ਭਾਂਡੇ ਗੜ੍ਹ ਹੰਕਾਰੀ ਭੱਜਣ, ਦੂਈ ਦਵੈਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸਾਚਾ ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਸਿਫ਼ਤ ਸਾਲਾਹੀ ਪਰਵਰਦਗਾਰ, ਨੂਰੋ ਨੂਰ ਨੂਰ ਇਲਾਹੀਆ । ਹੱਕ ਮੁਕਾਮੇ ਸਾਂਝਾ ਯਾਰ, ਲਾਸ਼ਰੀਕ ਡੇਰਾ ਲਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਜਲਵਾ ਜਲਵਾਗਰ ਇਕ ਦਰਸਾਈਆ । ਜੁਗ ਚੌਕੜੀ ਖੇਲ ਅਪਾਰ, ਹਰਿ ਕਰਤਾ ਆਪ ਕਰਾਈਆ । ਕਲਜੁਗ ਵੇਖ ਸਰਬ ਸੰਸਾਰ, ਜੋਤੀ ਨੂਰ ਕਰੇ ਰੁਸ਼ਨਾਈਆ । ਚਾਰ ਕੁੰਟ ਦਹਿ ਦਿਸ਼ਾ ਸਾਧ ਸੰਤ ਉਚੀ ਕੂਕ ਕਰਨ ਪੁਕਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਕਰਨ ਪੜ੍ਹਾਈਆ । ਸਾਚੀ ਮੰਜ਼ਲ ਅੰਦਰ ਵੜ ਕੇ ਮਹੱਲ ਚੜ੍ਹ ਕੇ ਕੋਈ ਨਾ ਕਰੇ ਸਚ ਦੀਦਾਰ, ਸਤਿ ਸੁਆਮੀ ਨਜ਼ਰ ਕਿਸੇ ਨਾ ਆਈਆ । ਜਗਤ ਬਾਣੀ ਕਰ ਪਿਆਰ, ਭਗਤ ਖਾਣੀ ਦੇ ਆਧਾਰ, ਆਤਮ ਰਾਣੀ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸੱਚਾ ਇਕੋ ਇਕ ਨਜ਼ਰੀ ਆਈਆ । ਕਲਜੁਗ ਅੰਤਮ ਖੇਲ ਅਪਾਰਾ, ਸਾਹਿਬ ਸਤਿਗੁਰ ਵੇਖ ਵਖਾਈਆ । ਗਾਵਤ ਗਾਵਤ ਗਾ ਗਾ ਥੱਕਾ ਸਰਬ ਸੰਸਾਰਾ, ਹਰਿ ਕਾ ਭੇਵ ਕੋਇ ਨਾ ਪਾਈਆ । ਰਸਨਾ ਬੋਲਤ ਬੋਲਤ ਬੋਲਣ ਜੈਕਾਰਾ, ਬੱਤੀ ਦੰਦ ਕਰਨ ਪੜ੍ਹਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹਰਿ ਜੂ ਹਰਿ ਮਿਲਿਆ ਨਾ ਕੰਤ ਭਤਾਰਾ, ਨਾਰ ਦੁਹਾਗਣ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸਵਾਮੀ ਸਾਚੀ ਟੇਕ, ਮਿਹਰ ਨਜ਼ਰ ਕਰੇ ਬੁਧ ਬਿਬੇਕ, ਮਨ ਵਾਸਨਾ ਡੇਰਾ ਢਾਹੀਆ । ਮਨ ਵਾਸਨਾ ਜਾਏ ਨੱਠ, ਤਨ ਅੰਤਰ ਰਹਿਣ ਨਾ ਪਾਈਆ । ਜਿਨ੍ਹਾਂ ਸਤਿਗੁਰ ਮਿਲਿਆ ਇਕ ਸਮਰਥ, ਦੂਜੀ ਲੋੜ ਰਹਿਣ ਨਾ ਪਾਈਆ । ਅੰਦਰ ਵੜ ਕੇ ਜਾਵੇ ਦੱਸ, ਸਾਚਾ ਮਾਰਗ ਇਕ ਸਮਝਾਈਆ । ਨੌਂ ਦੁਆਰੇ ਖੇੜਾ ਭੱਠ, ਕੂੜੀ ਤ੍ਰਿਸਨਾ ਮੇਟ ਮਿਟਾਈਆ । ਸੁਖਮਨ ਟੇਢੀ ਬੰਕ ਈੜਾ ਪਿੰਗਲ ਦੋਵੇਂ ਜੋੜਨ ਹੱਥ, ਨਿਉਂ ਨਿਉਂ ਸੀਸ ਝੁਕਾਈਆ । ਸਹੰਸ ਦਲ ਕਵਲ ਚਰਨ ਕਵਲ ਰਿਹਾ ਝੱਸ, ਆਪ ਆਪਣੀ ਸੇਵ ਕਮਾਈਆ । ਅਨਹਦ ਸ਼ਬਦ ਆਪਣਾ ਰਾਗ ਰਿਹਾ ਦੱਸ, ਬਣ ਸੇਵਕ ਸੇਵ ਕਮਾਈਆ । ਅੰਮ੍ਰਿਤ ਝਿਰਨਾ ਰਿਹਾ ਰਸ, ਰਸਕ ਰਸਕ ਆਪਣੀ ਬੂੰਦ ਟਪਕਾਈਆ । ਜੋਤ ਨਿਰੰਜਣ ਕਰ ਪਰਕਾਸ਼, ਅੰਧ ਅੰਧੇਰ ਰਿਹਾ ਗਵਾਈਆ । ਆਤਮ ਸੇਜਾ ਖੇਲ ਤਮਾਸ਼, ਹਰਿਜਨ ਲੇਖਾ ਰਿਹਾ ਚੁਕਾਈਆ । ਸੁਰਤੀ ਸ਼ਬਦੀ ਕਰ ਬੰਦ ਖ਼ਲਾਸ, ਬੰਦੀਖ਼ਾਨਾ ਤੋੜ ਤੁੜਾਈਆ । ਜਗਤ ਗਿਆਨ ਕਰ ਕੇ ਨਾਸ, ਨਿਸ਼ਅੱਖਰ ਅੱਖਰ ਇਕੋ ਇਕ ਬੁਝਾਈਆ । ਜਿਸ ਵਿਚ ਖੇਲ ਕੋਟਨ ਕੋਟ ਬ੍ਰਹਿਮੰਡ ਪੁਰੀ ਲੋਅ ਆਕਾਸ਼, ਧਰਤ ਧਵਲ ਖੇਲ ਰਿਹਾ ਖਲਾਈਆ । ਸੋ ਸਤਿਗੁਰ ਸੁਆਮੀ ਆਦਿ ਜੁਗਾਦਿ ਜੁਗ ਚੌਕੜੀ ਇਕੋ

ਇਕ ਵਸੇ ਹਰ ਘਟ ਪਾਸ, ਬਾਹਰ ਲੱਭਣ ਕੋਇ ਨਾ ਪਾਈਆ । ਸਤਿਗੁਰ ਪੂਰਾ ਅੰਤਰ ਆਤਮ, ਪਰਮਾਤਮ ਆਪਣਾ ਘਰ ਬਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਜਿਸ ਦਾ ਦੱਸਣ ਮਹਾਤਮ, ਸੋ ਮਹਾਂਪੁਰਖ ਪੁਰਖ ਅਬਿਨਾਸ਼ੀ ਘਰ ਮਿਲੇ ਚਾਈਂ ਚਾਈਆ । ਜਗਤ ਅੰਧੇਰਾ ਮੇਟੇ ਰੈਣ ਰਾਤਨ, ਸਾਚਾ ਚੰਦ ਨਿਰਗੁਣ ਨੂਰ ਕਰੇ ਰੁਸ਼ਨਾਈਆ । ਜਿਸ ਨੂੰ ਮਿਲਿਆਂ ਲੇਖਾ ਰਹੇ ਨਾ ਕੋਈ ਪੜ੍ਹਨ ਸੁਣਨ ਗਾਥਨ, ਅੰਦਰ ਵੜ ਕੇ ਧਿਆਨ ਨਾ ਕੋਇ ਲਗਾਈਆ । ਚਾਰੋ ਕੁੰਟ ਦਹਿ ਦਿਸ਼ਾ ਉਤਰ ਪੂਰਬ ਪੱਛਮ ਦੱਖਣ ਅੰਦਰ ਬਾਹਰ ਗੁਪਤ ਜ਼ਾਹਰ ਨਜ਼ਰੀ ਆਏ ਪੁਰਖ ਸਮਰਾਥਨ, ਹਰਿ ਦਾਤਾ ਵਡ ਵਡਿਆਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਜਨਮ ਜਨਮ ਦੀ ਪੂਰੀ ਕਰੇ ਆਸਨ, ਕਰਮ ਕਾਂਡ ਡੇਰਾ ਢਾਹੀਆ । ਆਤਮ ਸੇਜਾ ਸਾਚਾ ਕਰੇ ਭੋਗ ਬਲਾਸਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਏਕੰਕਾਰ, ਆਦਿ ਜੁਗਾਦਿ ਕਰੇ ਪਿਆਰ, ਬ੍ਰਹਮ ਲੇਖਾ ਪਾਰਬ੍ਰਹਮ ਸਮਝਾਈਆ । ਰਸਨਾ ਜਿਹਵਾ ਗੌਂਦੇ ਗੀਤ, ਚਾਰ ਕੁੰਟ ਦਹਿ ਦਿਸ਼ਾ ਲੱਖ ਚੁਰਾਸੀ ਕਰਨ ਪੜ੍ਹਾਈਆ । ਲੱਭਦੇ ਫਿਰਦੇ ਸ਼ਿਵਦਵਾਲੇ ਮੱਠ ਮੰਦਰ ਮਸੀਤ, ਮਸਲਾ ਹੱਕ ਸਮਝ ਕੋਇ ਨਾ ਪਾਈਆ । ਸਤਿਗੁਰ ਪੂਰਾ ਆਦਿ ਜੁਗਾਦਿ ਜੁਗਾ ਜੁਗੰਤਰ ਅਨਡਿਠੜੀ ਰੱਖੇ ਆਪਣੀ ਰੀਤ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸਭ ਦਾ ਸਾਂਝਾ ਵਸਣਹਾਰਾ ਹਸਤ ਕੀਟ, ਊਚ ਨੀਚ ਆਪਣਾ ਡੇਰਾ ਲਾਈਆ । ਜਿਸ ਜਨ ਬਖ਼ਸ਼ੇ ਅੰਤਰ ਇਕ ਪ੍ਰੀਤ, ਪ੍ਰੇਮ ਪ੍ਰੀਤੀ ਇਕ ਜਣਾਈਆ । ਤਿਸ ਪੰਜ ਤਤ ਕਾਇਆ ਕਰੇ ਠੰਡੀ ਸੀਤ, ਤ੍ਰੈਗੁਣ ਅਗਨੀ ਤਤ ਨਾ ਲਾਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਦੀਨ ਦਿਆਲ, ਗੁਰਮੁਖ ਵੇਖੇ ਸਾਚੇ ਲਾਲ, ਲਾਲਨ ਆਪਣੀ ਗੋਦ ਉਠਾਈਆ । ਸਤਿਗੁਰ ਪੂਰਾ ਗੁਰਮੁਖ ਸੱਚੇ ਲਏ ਲੱਭ, ਲੱਖ ਚੁਰਾਸੀ ਫੋਲ ਫੁਲਾਈਆ । ਵੇਖਣਹਾਰਾ ਨੌ ਦੁਆਰੇ ਪਾਰ ਹੱਦ, ਦਸਮ ਦੁਆਰੀ ਆਪਣਾ ਪੜਦਾ ਲਾਹੀਆ । ਸਚ ਸਿੰਘਾਸਣ ਬਹੇ ਸਜ, ਸੋਭਾਵੰਤ ਸੋਭਾ ਪਾਈਆ । ਸੇਵਾ ਲਾਏ ਸ਼ਬਦ ਅਨਹਦ, ਧੁਨੀ ਰਾਗ ਸੁਣਾਈਆ । ਖੇਲੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਨ ਭਗਤਾਂ ਪਿੱਛੇ ਸਚਖੰਡ ਨਿਵਾਸੀ ਲੋਕਮਾਤ ਆਵੇ ਭੱਜ, ਨਿਰਗੁਣ ਸਰਗੁਣ ਵੇਸ ਵਟਾਈਆ । ਬਿਨ ਮੱਕੇ ਕਾਅਬਿਉਂ ਸਾਚੇ ਹੁਜਰੇ ਕਰਾਏ ਆਪਣਾ ਹੱਜ, ਮੁਖ ਨਕਾਬ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸੱਚਾ ਠਾਕਰ, ਭਾਗ ਲਗਾਏ ਕਾਇਆ ਗਾਗਰ, ਨਿਰਮਲ ਕਰਮ ਕਰੇ ਉਜਾਗਰ, ਸਵੱਛ ਸਰੂਪੀ ਸਤਿ ਸਰੂਪੀ ਨਿਰਗੁਣ ਨੂਰ ਏਕਾ ਦਰਸ ਦਿਖਾਇੰਦਾ । ਸਤਿਗੁਰ ਵੱਡਾ ਵਡ ਪਰਤਾਪ, ਆਦਿ ਜੁਗਾਦੀ ਇਕ ਅਖਵਾਈਆ । ਬਿਨ ਰਸਨਾ ਜਿਹਵਾ ਜਪਾਏ ਜਾਪ, ਮਨ ਕਾ ਮਣਕਾ ਆਪ ਭਵਾਈਆ । ਤ੍ਰੈਗੁਣ ਮਾਇਆ ਮੇਟ ਸੰਤਾਪ, ਸੰਸਾ ਰੋਗ ਮਿਟਾਈਆ । ਮੇਟੇ ਰੈਣ ਅੰਧੇਰੀ ਰਾਤ, ਸਚ ਨੂਰ ਇਕ ਰੁਸ਼ਨਾਈਆ । ਗੁਰਮੁਖ ਬਣਾਏ ਆਪਣੀ ਜ਼ਾਤ, ਜ਼ਾਤ ਆਪਣੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਸ੍ਰੀ ਭਗਵਾਨ, ਆਤਮ ਪਰਮਾਤਮ ਦੇਵੇ ਦਾਨ, ਪਾਰਬ੍ਰਹਮ ਬ੍ਰਹਮ ਵੇਖੇ ਆਣ, ਮਨ ਵਾਸਨਾ ਮੇਟੇ ਜਹਾਨ, ਬੁਧੀ ਚਲੇ ਨਾ ਕੋਇ ਚਤੁਰਾਈਆ । ਰਸਨਾ ਗਾ ਗਾ ਖੇਲ ਤਮਾਸ਼ਾ, ਜੀਵਣ ਜੁਗਤ ਜਗਤ ਰਹੇ ਜਣਾਈਆ । ਨਾਨਕ ਕਬੀਰ ਜਿਸ ਘਰ ਵੇਖਿਆ ਜਾ ਪੁਰਖ ਅਬਿਨਾਸ਼ਾ, ਸੋ ਘਰ ਸੱਚਾ ਸੋਭਾ ਪਾਈਆ । ਬਾਕੀ ਸਭ ਬੈਠੇ ਰੱਖ ਕੇ ਆਸਾ, ਬਣ ਬਣ ਪਾਂਧੀ ਰਾਹੀਆ । ਸ਼ਾਹ ਪਾਤਸ਼ਾਹ ਸਤਿਗੁਰ ਪੂਰਾ

ਘਰ ਘਰ ਵੇਖੇ ਮੰਡਲ ਮੰਡਪ ਪੈਂਦੀ ਰਾਸਾ, ਨਿਰਗੁਣ ਸਰਗੁਣ ਅਪਨਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਨਾਮ ਵਰ, ਬਿਨ ਸਤਿਗੁਰ ਪੂਰੇ ਜੀਵ ਜੰਤ ਸਭ ਰਹਿਣ ਅਧੂਰੇ, ਹਰਿ ਕੇ ਪੌੜੇ ਅੰਤ ਨਾ ਕੋਇ ਚੜ੍ਹਾਈਆ । ਸਤਿਗੁਰ ਪੂਰਾ ਹੋਏ ਦਿਆਲ, ਸਦ ਦਇਆਵਾਨ ਅਖਵਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਮਿਹਰਵਾਨ ਆਪਣੇ ਨਾਲ ਮਿਲਾਇੰਦਾ । ਤ੍ਰੈਗੁਣ ਮਾਇਆ ਨਾ ਰਹੇ ਜੰਜਾਲ, ਪੰਜ ਤਤ ਨਾਤਾ ਮੂਲ ਚੁਕਾਇੰਦਾ । ਸਚ ਵਖਾਏ ਇਕ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਨਜ਼ਰੀ ਆਇੰਦਾ । ਜਿਸ ਘਰ ਸ਼ਬਦ ਅਗੰਮੀ ਵੱਜੇ ਤਾਲ, ਢੋਲਕ ਛੈਣਾ ਨਾ ਕੋਇ ਖੜਕਾਇੰਦਾ । ਜਿਸ ਘਰ ਅੰਮ੍ਰਿਤ ਸਰੋਵਰ ਸੋਹੇ ਇਕੋ ਤਾਲ, ਨੀਰ ਸੀਰ ਆਪ ਭਰਾਇੰਦਾ । ਜਿਸ ਮੰਦਰ ਦੀਪਕ ਦੀਆ ਏਕਾ ਰਿਹਾ ਬਾਲ, ਦੀਆ ਬਾਤੀ ਅਵਰ ਨਾ ਕੋਇ ਰਖਾਇੰਦਾ । ਜਿਸ ਘਰ ਵਸੇ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਰੂਪ ਵਟਾਇੰਦਾ । ਸੋ ਸਤਿਗੁਰ ਲੈਣਾ ਭਾਲ, ਜੋ ਘਟ ਘਟ ਅੰਦਰ ਨਿਰਗੁਣ ਹੋ ਕੇ ਡੇਰਾ ਲਾਇੰਦਾ । ਸਰਗੁਣ ਮਾਰਗ ਦਏ ਸਿਖਾਲ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਚ ਕੁਠਾਲੀ ਦੇਵੇ ਢਾਲ, ਕੰਚਨ ਰੂਪ ਆਪ ਵਟਾਇੰਦਾ । ਅੰਦਰ ਵੜਕੇ ਬਣੇ ਦਲਾਲ, ਬਾਹਰੋ ਨਜ਼ਰ ਕਿਸੇ ਨਾ ਆਇੰਦਾ । ਗੁਰਮੁਖ ਲੱਭੇ ਆਪਣੇ ਲਾਲ, ਲੱਖ ਚੁਰਾਸੀ ਫੋਲ ਫੋਲਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਜਨ ਭਗਤਾਂ ਹੱਲ ਕਰੇ ਸਵਾਲ, ਪੱਟੀ ਹੋਰ ਨਾ ਕੋਇ ਪੜ੍ਹਾਇੰਦਾ । ਅੰਦਰ ਵੜ ਕੇ ਕਾਇਆ ਮੰਦਰ ਚੜ੍ਹ ਕੇ ਸਚ ਦਵਾਰੇ ਖੜ ਕੇ ਆਤਮ ਪਰਮਾਤਮ ਢੋਲਾ ਪੜ੍ਹ ਕੇ ਅੰਤਮ ਲੈ ਕੇ ਜਾਏ ਨਾਲ, ਅਧਵਿਚਕਾਰ ਕੋਇ ਰਹਿਣ ਨਾ ਪਾਈਆ । ਥਿਰ ਘਰ ਨਿਵਾਸੀ ਖੇਲ ਤਮਾਸ਼ੀ, ਸਚਖੰਡ ਦੁਆਰਾ ਏਕੰਕਾਰਾ ਦੇ ਸਹਾਰਾ ਗੁਰਮੁਖ ਮੀਤਾ ਠਾਂਡਾ ਸੀਤਾ, ਸਤਿ ਸੁਆਮੀ ਅੰਤਰਜਾਮੀ ਸਦਾ ਨਿਹਕਾਮੀ ਗੁਰਮੁਖ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਏਕੋ ਏਕ, ਦੇਵਣਹਾਰਾ ਸਾਚੀ ਟੇਕ, ਚਰਨ ਕਵਲ ਕਵਲ ਚਰਨ ਦਏ ਸਰਨਾਈਆ । ਸਤਿਗੁਰ ਸੱਚਾ ਸਰਬ ਗੁਣ ਦਾਤਾ, ਇਕ ਇਕੱਲਾ ਵਡ ਵਡਿਆਈਆ । ਦੋ ਜਹਾਨਾਂ ਚੌਦਾਂ ਲੋਕਾਂ ਚੌਦਾਂ ਤਬਕਾਂ ਅਵਣ ਗਵਣ ਤ੍ਰੈਭਵਨ ਹੋਏ ਬ੍ਰਹਮ ਗਿਆਤਾ, ਸਾਚੀ ਵਿਦਿਆ ਕਰੇ ਨਾਮ ਪੜ੍ਹਾਈਆ । ਧੁਰ ਸ਼ਬਦ ਨਾਮ ਸੰਦੇਸ਼ ਸਾਚਾ ਰਾਗ ਸੁਣਾਏ ਤਰਾਨਾ, ਤੁਰੀਆ ਬੈਠੀ ਮੁਖ ਸ਼ਰਮਾਈਆ । ਸਚ ਮੰਦਰ ਮਹੱਲ ਅਟੱਲ ਇਕ ਮਕਾਨਾ, ਬੰਕ ਇਕੋ ਇਕ ਵਡਿਆਈਆ । ਸਾਚਾ ਨੂਰ ਜੋਤ ਪਰਕਾਸ਼ ਕਰੇ ਹੋ ਮਿਹਰਵਾਨਾ, ਮਿਹਰਵਾਨ ਆਪਣੀ ਦਇਆ ਕਮਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਜੀਵਾਂ ਜੰਤਾਂ ਦੇਵੇ ਅਗੰਮੀ ਦਾਨਾ, ਵਸਤ ਅਮੋਲਕ ਕਾਇਆ ਗੋਲਕ ਕਰ ਕਿਰਪਾ ਆਪ ਟਿਕਾਈਆ । ਗੁਰਮੁਖ ਤੇਰਾ ਸਚ ਨਿਸ਼ਾਨਾ, ਸਤਿਗੁਰ ਮਿਲੇ ਨੌਜਵਾਨ ਬਿਰਧ ਬਾਲ ਨਾ ਰੂਪ ਵਟਾਈਆ । ਜਨਮ ਮਰਨ ਵਿਚ ਕਦੇ ਨਾ ਆਨਾ, ਸਚਖੰਡ ਲੈ ਕੇ ਜਾਏ ਸਚ ਟਿਕਾਣਾ, ਸ਼ਬਦ ਚੜ੍ਹਾਏ ਇਕ ਬਬਾਣਾ, ਲੋਆਂ ਪੁਰੀਆਂ ਪਾਰ ਕਰਾਨਾ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਈਆ । ਸਤਿਗੁਰ ਪੂਰੇ ਦਾ ਸੁਣੋ ਵਖਿਆਨਾ, ਜਿਸ ਸੁਣਿਆਂ ਗੁਰਮੁਖ ਹੋਏ ਸਤਿਗੁਰ ਪਿਆਰ ਪਰਵਾਨਾ, ਲੇਖਾ ਚੁਕਾਏ ਦੋ ਜਹਾਨਾਂ ਏਥੇ ਓਥੇ ਓਥੇ ਏਥੇ ਦੋ ਜਹਾਨਾਂ ਬਿਨ ਸਤਿਗੁਰ ਸੱਚੇ ਸਚ ਨਾ ਕੋਇ ਸਰਨਾਈਆ । ਕਿਰਪਾ ਅੰਦਰ ਇਕੋ ਠਾਕਰ, ਸਾਹਿਬ ਸਤਿਗੁਰ ਹਰਿ ਅਖਵਾਇੰਦਾ । ਭਾਗ ਲਗਾਏ ਕਾਇਆ ਗਾਗਰ, ਕਾਚੀ ਗਗਰੀਆ ਵੇਖ ਵਖਾਇੰਦਾ । ਹਰਿਜਨ ਬਣਾਏ ਨਾਮ ਸੌਦਾਗਰ, ਸਾਚਾ ਹਟ

ਆਪ ਵਖਾਇੰਦਾ । ਆਦਿ ਜੁਗਾਦਿ ਨਿਤ ਨਵਿਤ ਸਾਧ ਸੰਤ ਦੇਵੇ ਆਦਰ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸੁਆਮੀ ਸਾਚੀ ਕਰਨੀ ਸਦ ਸਦ ਕਮਾਇੰਦਾ ।

## ✪ ੨੯ ਭਾਦਰੋ ੨੦੨੦ ਬਿਕ੍ਰਮੀ ਇੰਦਰ ਸਿੰਘ ਦੇ ਗ੍ਰਿਹ ਬੰਡਾਲਾ ਜ਼ਿਲਾ ਅੰਮ੍ਰਿਤਸਰ ✪

ਮਿਹਰ ਨਜ਼ਰ ਗੁਰ ਲਏ ਤੱਕ, ਹਰਿ ਸਤਿਗੁਰ ਦਏ ਵਡਿਆਈਆ । ਜਨ ਭਗਤਾਂ ਝੋਲੀ ਪਾਏ ਨਾਮ ਹੱਕ, ਪੂਰਬ ਲੇਖਾ ਦਏ ਮੁਕਾਈਆ । ਨਿਜ ਨੇਤਰ ਖੋਲ੍ਹ ਅੱਖ, ਅੱਖਰ ਆਪਣਾ ਦਏ ਪੜ੍ਹਾਈਆ । ਸਤਿ ਸਰੂਪੀ ਹੋ ਪਰਤੱਖ, ਘਰ ਸੱਚੇ ਦਰਸ ਦਿਖਾਈਆ । ਲੱਖ ਚੁਰਾਸੀ ਵਿਚੋ ਲਏ ਰੱਖ, ਜਨਮ ਮਰਨ ਪੰਧ ਮੁਕਾਈਆ । ਸਾਚਾ ਮਾਰਗ ਦੇਵੇ ਦੱਸ, ਆਤਮ ਪਰਮਾਤਮ ਬੂਝ ਬੁਝਾਈਆ । ਨਿਰਮਲ ਜੋਤ ਕਰੇ ਪਰਕਾਸ਼, ਅੰਧ ਅੰਧੇਰ ਮਿਟਾਈਆ । ਪੰਚ ਵਿਕਾਰਾ ਕਰੇ ਨਾਸ, ਕੂੜੀ ਕਿਰਿਆ ਡੇਰਾ ਢਾਹੀਆ । ਫੜ ਉਤਾਰੇ ਆਪਣੇ ਘਾਟ, ਪਤਣ ਇਕੋ ਇਕ ਵਖਾਈਆ । ਜਨਮ ਜਨਮ ਦੀ ਮਿਟੇ ਵਾਟ, ਪਾਂਧੀ ਨਜ਼ਰ ਕੋਇ ਨਾ ਆਈਆ । ਆਤਮ ਸੇਜ ਸੁਹਾਏ ਸਾਚੀ ਖਾਟ, ਸਾਚੇ ਮੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਕਰੇ ਭਗਵਾਨ, ਜਨ ਭਗਤਾਂ ਦਇਆ ਕਮਾਈਆ । ਆਤਮ ਦੇਵੇ ਬ੍ਰਹਮ ਗਿਆਨ, ਸਾਚੀ ਸਿਖਿਆ ਇਕ ਸਮਝਾਈਆ । ਸਾਚਾ ਰਾਗ ਸੁਣਾਏ ਕਾਨ, ਅਨਹਦ ਨਾਦੀ ਨਾਦ ਅਲਾਈਆ । ਸਾਚਾ ਅੰਮ੍ਰਿਤ ਦੇਵੇ ਪੀਣ ਖਾਣ, ਅੰਮਿਉਂ ਰਸ ਆਪ ਚੁਆਈਆ । ਸਾਚਾ ਨੂਰ ਕਰੇ ਪਰਕਾਸ਼ ਕੋਟਨ ਭਾਨ, ਜੋਤੀ ਜੋਤ ਡਗਮਗਾਈਆ । ਸਚ ਸੁਹੰਜਣਾ ਸੁਹਾਏ ਮਕਾਨ, ਸਾਢੇ ਤਿੰਨ ਹੱਥ ਡੇਰਾ ਲਾਈਆ । ਘਰ ਘਰ ਵਿਚ ਦਰਸ਼ਨ ਦੇਵੇ ਆਣ, ਗ੍ਰਿਹ ਮੰਦਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਉਪਰ ਮਿਹਰ ਨਜ਼ਰ ਉਠਾਈਆ । ਸਤਿਗੁਰ ਪੂਰਾ ਮਿਹਰ ਨਜ਼ਰ ਕਰੇ ਮਿਹਰਵਾਨ, ਦੀਨ ਦਿਆਲ ਦਇਆ ਕਮਾਈਆ । ਸੰਤ ਸੁਹੇਲੇ ਲਏ ਪਹਿਚਾਨ, ਪੜਦਾ ਉਹਲਾ ਜਗਤ ਉਠਾਈਆ । ਅੰਤਰ ਦੇਵੇ ਇਕ ਧਿਆਨ, ਪ੍ਰਭ ਚਰਨ ਸੱਚੀ ਸਰਨਾਈਆ । ਸਾਚਾ ਰਾਗ ਦੱਸੇ ਗਾਨ, ਆਤਮ ਪਰਮਾਤਮ ਖ਼ੁਸ਼ੀ ਮਨਾਈਆ । ਕੂੜੀ ਕਿਰਿਆ ਸ਼ਰਅ ਮੇਟੇ ਸ਼ੈਤਾਨ, ਪੰਜ ਤਤ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਕਰੇ ਭਗਵੰਤ, ਸ੍ਰੀ ਭਗਵਾਨ ਦਇਆ ਕਮਾਇੰਦਾ । ਗੁਰਮੁਖ ਵੇਖੇ ਸਾਚੇ ਸੰਤ, ਹਰਿ ਸੱਜਣ ਆਪ ਜਗਾਇੰਦਾ । ਸ਼ਬਦ ਮਿਲਾਵਾ ਮਣੀਆ ਮੰਤ, ਸੁਰਤੀ ਡੋਰੀ ਬੰਧ ਬੰਧਾਇੰਦਾ । ਨਜ਼ਰੀ ਆਏ ਇਕੋ ਕੰਤ, ਹਰਿ ਸੁਹਾਗੀ ਰੂਪ ਵਟਾਇੰਦਾ । ਚਾੜ੍ਹੇ ਚੋਲੀ ਰੰਗ ਬਸੰਤ, ਰੰਗ ਇਕੋ ਇਕ ਰੰਗਾਇੰਦਾ । ਮਹਿੰਮਾ ਸੁਣਾਏ ਆਪਣੀ ਅਗਣਤ, ਬੋਧ ਅਗਾਧਾ ਹੁਕਮ ਵਰਤਾਇੰਦਾ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਭੇਵ ਚੁਕਾਇੰਦਾ । ਜਿਸ ਜਨ ਮੇਲੇ ਸਾਚੀ ਸੰਗਤ, ਸੋ ਗੁਰਮੁਖ ਗੁਰ ਗੁਰ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮਿਹਰ ਨਜ਼ਰ ਉਠਾਇੰਦਾ । ਮਿਹਰ ਨਜ਼ਰ ਕਰੇ ਬੇਨਜ਼ੀਰ, ਨਜ਼ਰ ਨਜ਼ਰ ਨਾਲ ਮਿਲਾਈਆ । ਮੁਰੀਦ ਮੁਰਸ਼ਦ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਇਕ ਸਮਝਾਈਆ । ਹਕੀਕਤ ਸਚ ਵਖਾਏ ਤਸਵੀਰ,

ਨੂਰ ਜ਼ਹੂਰ ਇਕ ਰੁਸ਼ਨਾਈਆ । ਕੱਟ ਸ਼ਰਅ ਤੋੜ ਜ਼ੰਜੀਰ, ਸਤਿ ਸਰੂਪ ਇਕ ਸਮਝਾਈਆ । ਚੋਟੀ ਚਾੜ੍ਹ ਫੜ ਅਖ਼ੀਰ, ਨੌਬਤ ਆਪਣੇ ਨਾਮ ਸੁਣਾਈਆ । ਨਜ਼ਰੀ ਆਏ ਵਡ ਪੀਰਨ ਪੀਰ, ਦਸਤਗੀਰ ਇਕ ਅਖਵਾਈਆ । ਜਿਸ ਮਿਲਿਆਂ ਦੂਜੀ ਮਿਟੇ ਲਕੀਰ, ਦੂਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਮਿਹਰ ਨਜ਼ਰ ਕਰ ਦੇਵੇ ਤਾਰ, ਸਤਿਗੁਰ ਪੂਰੇ ਵਡ ਵਡਿਆਈਆ । ਭਵ ਸਾਗਰ ਜੁਗ ਕਰੇ ਪਾਰ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਸਾਚਾ ਮੰਦਰ ਦਏ ਵਖਾਲ, ਜਿਸ ਘਰ ਵਸੇ ਸ਼ਹਿਨਸ਼ਾਹੀਆ । ਦੀਪਕ ਦੀਆ ਦੇਵੇ ਬਾਲ, ਘਰ ਇਕੋ ਨੂਰ ਰੁਸ਼ਨਾਈਆ । ਸੁਹੰਜਣੀ ਸੋਹੇ ਸਚ ਧਰਮਸਾਲ, ਧਰਮ ਦੁਆਰੇ ਦਏ ਵਡਿਆਈਆ । ਲੇਖਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਨਜ਼ਰ ਕੋਇ ਨਾ ਆਈਆ । ਸਤਿਗੁਰ ਜਲਵਾ ਇਕ ਜਲਾਲ, ਸਤਿ ਸਤਿਵਾਦੀ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਨਜ਼ਰ ਆਪ ਤਕਾਈਆ । ਮਿਹਰ ਨਜ਼ਰ ਤੱਕੇ ਗੋਬਿੰਦ, ਗਹਿਰ ਗੰਭੀਰ ਦਇਆ ਕਮਾਈਆ । ਗੁਰਮੁਖ ਬਣਾਏ ਧੁਰ ਦੀ ਬਿੰਦ, ਸੁੱਤ ਅਨਾਦੀ ਵਡ ਵਡਿਆਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗਵਰ ਵੇਖ ਵਖਾਈਆ । ਲੋਕਮਾਤ ਬਣ ਬਖ਼ਸ਼ਿੰਦ, ਕੋਟ ਜਨਮ ਦੇ ਪਾਪ ਦਏ ਗਵਾਈਆ । ਲੇਖਾ ਜਾਣ ਜੀਉ ਪਿੰਡ, ਬ੍ਰਹਿਮੰਡ ਵੇਖੇ ਚਾਈਂ ਚਾਈਂਆ । ਅੰਮ੍ਰਿਤ ਧਾਰ ਵਹਾਏ ਸਾਗਰ ਸਿੰਧ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਉਪਰ ਆਪਣੀ ਨਜ਼ਰ ਰਖਾਈਆ । ਮਿਹਰ ਨਜ਼ਰ ਰੱਖੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਡੁੱਬਦੇ ਪਾਥਰ ਲਾਏ ਪਾਰ, ਅਧਵਿਚਕਾਰ ਨਾ ਕੋਇ ਰਖਾਈਆ । ਮਾਣਸ ਜਨਮ ਪੈਜ ਦਏ ਸੁਆਰ, ਜੂਨੀ ਜੂਨ ਨਾ ਕੋਇ ਭਵਾਈਆ । ਕਰ ਕਿਰਪਾ ਮੇਲ ਮਿਲਾਏ ਮੇਲਣਹਾਰ, ਮਿਲਣੀ ਸਾਚੇ ਘਰ ਕਰਾਈਆ । ਸੁਰਤੀ ਸ਼ਬਦੀ ਦਏ ਆਧਾਰ, ਸਿਰ ਆਪਣਾ ਹੱਥ ਟਿਕਾਈਆ । ਸਾਚੀ ਸਖ਼ੀ ਮੰਗਲਾਚਾਰ, ਗੀਤ ਇਕੋ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਸਾਚੀ ਗਾਉਣੀ ਨਾਮ ਵਾਰ, ਵਾਰਤਾ ਇਕੋ ਇਕ ਜਣਾਈਆ । ਸਤਿਗੁਰ ਪੂਰਾ ਜਿਸ ਮਿਹਰ ਨਜ਼ਰ ਕਰ ਦੇਵੇ ਦੀਦਾਰ, ਦੀਦ ਈਦ ਚੰਦ ਚਮਕਾਈਆ । ਸੋ ਗੁਰਮੁਖ ਗੁਰਸਿਖ ਗੁਰ ਪੂਰੇ ਕਰੇ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਦੂਜਾ ਕੋਈ ਨਾ ਪਾਵੇ ਸਾਰ, ਭਰਮੇ ਭੁੱਲੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਤਕਾਈਆ । ਮਿਹਰ ਨਜ਼ਰ ਤਾਰੇ ਪ੍ਰਭ ਆਪ, ਤਾਰਨਹਾਰ ਅਖਵਾਈਆ । ਜਨ ਭਗਤਾਂ ਬਣ ਕੇ ਮਾਈ ਬਾਪ, ਗੁਰਮੁਖ ਸਾਚੀ ਗੋਦ ਬਹਾਈਆ । ਇਕ ਜਣਾਏ ਅਜੱਪਾ ਜਾਪ, ਕਰੇ ਸਚ ਪੜ੍ਹਾਈਆ । ਗ੍ਰਿਹ ਮੰਦਰ ਨੂਰ ਧਰ ਪਰਕਾਸ਼, ਜੋਤ ਨੂਰ ਇਲਾਹੀਆ । ਲੇਖਾ ਜਾਣ ਪਵਣ ਸਵਾਸ, ਸਵਾਸ ਸਵਾਸ ਰਿਹਾ ਸਮਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹਰਿ ਸਤਿਗੁਰ ਜੁਗ ਜੁਗ ਪੂਰੀ ਕਰੇ ਆਸ, ਅੰਤਮ ਲਹਿਣਾ ਦੇਣਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਗੁਰਮੁਖਾਂ ਵਸਿਆ ਸਾਥ, ਤਿਨ੍ਹਾਂ ਅੰਤ ਜਮ ਨੇੜ ਕੋਇ ਨਾ ਆਈਆ ।


੪੨੪ ੧੫

## ੨੯ ਭਾਦਰੋ ੨੦੨੦ ਬਿਕ੍ਰਮੀ ਸ਼ਿਵ ਸਿੰਘ ਦੇ ਗ੍ਰਿਹ ਬੰਡਾਲਾ ਜ਼ਿਲਾ ਅੰਮ੍ਰਿਤਸਰ

ਸਤਿਗੁਰ ਮਿਹਰ ਗੁਰਸਿਖ ਜਾਗਾ, ਜਾਗਰਤ ਜੋਤ ਹੋਏ ਰੁਸ਼ਨਾਈਆ । ਦੁਰਮਤ ਮੈਲ ਧੋਵੇ ਦਾਗ਼ਾ, ਕੋਟ ਜਨਮ ਦੇ ਪਾਪ ਲੁਹਾਈਆ । ਅੰਤਰ ਉਪਜਾਏ ਇਕ ਵੈਰਾਗਾ, ਵੈਰਾਗੀ ਰੂਪ ਬਣਾਈਆ । ਨਾਮ ਸੁਣਾਏ ਸਾਚਾ ਨਾਦਾ, ਧੁਰ ਦੀ ਆਵਾਜ਼ ਅਲਾਈਆ । ਸੁਰਤੀ ਸ਼ਬਦੀ ਰਚੇ ਕਾਜਾ, ਘਰ ਮੰਗਲ ਇਕ ਵਖਾਈਆ । ਖੇਲ ਕਰਾਏ ਭੂਪਤ ਰਾਜਾ, ਸ਼ਹਿਨਸ਼ਾਹ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ, ਅਭਿਮਾਨ ਕੋਇ ਰਹਿਣ ਨਾ ਪਾਈਆ । ਮਿਹਰ ਅੰਦਰ ਦੇਵੇ ਦਾਤ, ਨਾਮ ਵਸਤ ਵਰਤਾਈਆ । ਮਨਮਤ ਮੇਟੇ ਨਾਰ ਕਮਜ਼ਾਤ, ਗੁਰਮਤ ਇਕੋ ਇਕ ਬੁਝਾਈਆ । ਸਾਚੀ ਸਚ ਜਣਾਏ ਗਾਥ, ਅੱਖਰ ਪੱਟੀ ਨਾਮ ਪੜ੍ਹਾਈਆ । ਸਗਲ ਵਸੂਰੇ ਜਾਇਣ ਲਾਥ, ਜੋ ਗੁਰਮੁਖ ਗੁਰ ਗੁਰ ਦਰਸ਼ਨ ਪਾਈਆ । ਪੂਰਬ ਜਨਮ ਪੂਰੀ ਹੋਏ ਆਸ, ਮਾਣਸ ਜਨਮ ਤ੍ਰਿਖਾ ਰਹਿਣ ਨਾ ਪਾਈਆ । ਲੇਖੇ ਲੱਗੇ ਪਵਣ ਸਵਾਸ, ਸਵਾਸ ਸਵਾਸਾਂ ਲੇਖੇ ਲਾਈਆ । ਅੱਗੇ ਕੋਈ ਨਾ ਰਹੇ ਖ਼ਾਹਸ਼, ਹਰਸ ਹਵਸ ਦਏ ਮਿਟਾਈਆ । ਸਤਿਗੁਰ ਪੂਰਾ ਸਦਾ ਵਸੇ ਪਾਸ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਤਕਾਈਆ । ਮਿਹਰ ਨਜ਼ਰ ਕਰੇ ਗੋਪਾਲ, ਗੋਬਿੰਦ ਆਪਣੀ ਦਇਆ ਕਮਾਈਆ । ਗੁਰਮੁਖ ਵੇਖੇ ਸਾਚੇ ਲਾਲ, ਹਰਿ ਸੱਜਣ ਭੇਵ ਮਿਟਾਈਆ । ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਕੂੜੀ ਕਿਰਿਆ ਤੋੜੇ ਜੰਜਾਲ, ਜੂਠ ਝੂਠ ਰਹਿਣ ਨਾ ਪਾਈਆ । ਫਲ ਲਗਾਵੇ ਕਾਇਆ ਡਾਲ, ਪਤ ਡਾਲੀ ਨਾਲ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਸਾਚਾ ਖੇਲ ਵੇਖ ਗੁਰਸਿਖ, ਹਰਿ ਸਤਿਗੁਰ ਆਪ ਜਣਾਈਆ । ਅਗਲਾ ਲੇਖਾ ਦੇਵੇ ਲਿਖ, ਪਿਛਲਾ ਆਪਣੀ ਝੋਲੀ ਪਾਈਆ । ਨਿਰਗੁਣ ਹੋ ਕੇ ਸਰਗੁਣ ਕਰੇ ਹਿਤ, ਸਚ ਪ੍ਰੀਤੀ ਇਕ ਜਣਾਈਆ । ਦੂਰ ਦੁਰਾਡਾ ਨੇੜੇ ਹੋ ਕੇ ਪਏ ਦਿਸ, ਘਰ ਘਰ ਵਿਚ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਸਮਝਾਈਆ । ਮਿਹਰ ਅੰਦਰ ਦੱਸੇ ਰਾਹ, ਮਾਰਗ ਇਕ ਸਮਝਾਈਆ । ਸਤਿਗੁਰ ਹੋ ਕੇ ਬਣੇ ਮਲਾਹ, ਬੇੜਾ ਮਾਤ ਚਲਾਈਆ । ਗੁਰ ਗੁਰ ਹੋ ਕੇ ਪਕੜੇ ਬਾਂਹ, ਫੜ ਬਾਹੋ ਗਲੇ ਲਗਾਈਆ । ਗੁਰਮੁਖ ਕਦੇ ਨਾ ਕਰੇ ਨਾਂਹ, ਨਿਉਂ ਨਿਉਂ ਲਾਗੇ ਪਾਈਂਆ ਦੋਹਾਂ ਮੇਲਾ ਸਹਿਜ ਸੁਭਾ, ਘਰ ਸਾਚੇ ਵੱਜੇ ਵਧਾਈਆ । ਨਾਤਾ ਜੁੜੇ ਪੁੱਤਰ ਮਾਂ, ਪਿਤਾ ਇਕੋ ਨਜ਼ਰੀ ਆਈਆ । ਫੜ ਕੇ ਹੰਸ ਬਣਾਏ ਕਾਂ, ਕਾਗ ਹੰਸ ਰੂਪ ਵਟਾਈਆ । ਸਾਚਾ ਅੱਖਰ ਦਏ ਪੜ੍ਹਾ, ਜਿਸ ਅੱਖਰ ਵਿਚ ਵਸੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦੇਵੇ ਭੂਪ, ਹਰਿ ਸਤਿਗੁਰ ਦਇਆ ਕਮਾਇੰਦਾ । ਗੁਰਮੁਖ ਵੇਖ ਹਰਿ ਕਾ ਰੂਪ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਡੇਰਾ ਲਾਇੰਦਾ । ਨਾਤਾ ਤੋੜੇ ਜੂਠ ਝੂਠ, ਸਚ ਸੁਚ ਇਕ ਸਮਝਾਇੰਦਾ । ਪਕੜ ਉਠਾਏ ਗੁਰਮੁਖ ਪੂਤ, ਸਪੂਤ ਆਪਣੀ ਗੋਦ ਬਹਾਇੰਦਾ । ਆਵਣ ਜਾਵਣ ਚੁਕਾਏ ਚੂਕ, ਚੁੱਕ ਸਚਖੰਡ ਦੁਆਰੇ ਆਪ ਲੈ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਰਨ ਧੂੜੀ

ਦੇਵੇ ਸਚ ਭਬੂਤ, ਮਾਟੀ ਖ਼ਾਕ ਤਨ ਨਾ ਕੋਇ ਰਮਾਇੰਦਾ । ਮਿਹਰ ਅੰਦਰ ਦੇਵੇ ਗੁਰ ਮੰਤ, ਮੰਤਰ ਇਕੋ ਨਾਮ ਪੜ੍ਹਾਈਆ । ਮਿਲੇ ਵਡਿਆਈ ਵਿਚ ਜੀਵ ਜੰਤ, ਜੀਵਣ ਜੁਗਤ ਸਚ ਸਮਝਾਈਆ । ਹੋਏ ਮਿਲਾਵਾ ਨਾਰ ਵਿਛੁੰਨੀ ਕੰਤ, ਆਤਮ ਪਰਮਾਤਮ ਕੰਤ ਸੁਹਾਗ ਵਖਾਈਆ । ਮਾਣਸ ਮਾਣਸ ਬਣੇ ਬਣਤ, ਮਾਨੁਖ ਆਪਣਾ ਅੰਗ ਰਖਾਈਆ । ਭੇਵ ਖੁਲ੍ਹਾਏ ਬੋਧ ਅਗਾਧਾ ਪੰਡਤ, ਸਾਚੋ ਸਚ ਕਰੇ ਪੜ੍ਹਾਈਆ । ਲੇਖਾ ਚੁਕਾਏ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਈਆ । ਹਰਿਜਨ ਮਿਲਾਏ ਧੁਰ ਦੀ ਸੰਗਤ, ਹਰਿ ਸੰਗਤ ਹਰਿ ਜੂ ਆਪਣਾ ਰੂਪ ਵਖਾਈਆ । ਗੁਰਮੁਖ ਕੋਈ ਨਾ ਹੋਵੇ ਮੰਗਤ, ਦਰ ਦਰ ਫੇਰਾ ਕੋਈ ਨਾ ਪਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਜਿਸ ਆਪਣੇ ਲਾਏ ਅੰਗਤ, ਅੰਗੀਕਾਰ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਰੰਡੇਪਾ ਦਏ ਕਟਾਈਆ । ਮਿਹਰਵਾਨ ਹੋ ਵੇਖੇ ਬ੍ਰਹਿਮੰਡ, ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਆਪੇ ਵੰਡ, ਜੁਗ ਜੁਗ ਵੇਸ ਵਟਾਈਆ । ਸਾਚੇ ਸੰਤਾਂ ਸਦਾ ਸੰਗ, ਸਗਲਾ ਸੰਗ ਨਿਭਾਈਆ । ਨਾਮ ਅਮੋਲਾ ਚਾੜ੍ਹੇ ਰੰਗ, ਉਤਰ ਕਦੇ ਨਾ ਜਾਈਆ । ਦਿਵਸ ਰੈਣ ਵੱਜੇ ਮਰਦੰਗ, ਅਨਹਦ ਨਾਦ ਸੁਣਾਈਆ । ਨੌਂ ਦੁਆਰੇ ਵੇਖੇ ਲੰਘ, ਦਸਵੇਂ ਆਪਣਾ ਆਸਣ ਲਾਈਆ । ਭਰਮ ਭੁਲੇਖਾ ਦੂਈ ਦਵੈਤੀ ਢਾਹ ਕੰਧ, ਕੂੜੀ ਕਿਰਿਆ ਮੇਟ ਮਿਟਾਈਆ । ਸੋਹੰ ਢੋਲਾ ਸੁਣਾਵੇ ਛੰਦ, ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਇਕੋ ਖ਼ੁਸ਼ੀ ਮਨਾਈਆ । ਜੁਗ ਜਨਮ ਦੀ ਟੁੱਟੀ ਗੰਢ, ਕਰਮ ਕਾਂਡ ਦਾ ਡੇਰਾ ਢਾਹੀਆ । ਜਿਨ੍ਹਾਂ ਗੁਰਮੁਖਾਂ ਮਿਲਿਆ ਸਤਿਗੁਰ ਸ਼ਬਦ ਸੂਰਾ ਸਰਬੰਗ, ਸਤਿਗੁਰ ਦਾਤਾ ਬੇਪਰਵਾਹੀਆ । ਸੋ ਸਵਾਣੀ ਆਦਿ ਜੁਗਾਦਿ ਕਦੇ ਨਾ ਕਟੇ ਰੰਡ, ਕੰਤ ਕੰਤੂਹਲ ਸਾਚੀ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਗੁਰਮੁਖ ਲਾਏ ਆਪਣੇ ਅੰਗ, ਤਿਨ੍ਹਾਂ ਅੰਤ ਕੰਤ ਭਗਵੰਤ ਬਣਾ ਸਾਚੇ ਸੰਤ ਸਚਖੰਡ ਦੁਆਰੇ ਆਪਣੇ ਚਰਨ ਰਖਾਈਆ ।



## ✪ ੨੯ ਭਾਦਰੋ ੨੦੨੦ ਬਿਕ੍ਰਮੀ ਬੁੱਢਾ ਸਿੰਘ ਦੇ ਗ੍ਰਿਹਿ ਬੰਡਾਲਾ ਜ਼ਿਲਾ ਅੰਮ੍ਰਿਤਸਰ ✪

ਮਿਹਰ ਅੰਦਰ ਤਾਰੇ ਪ੍ਰਭ, ਜਗ ਜੀਵਣ ਜੁਗਤ ਜਗਤ ਜਣਾਈਆ । ਮਿਹਰ ਅੰਦਰ ਸਤਿਗੁਰ ਬੰਨ੍ਹੇ ਸ਼ਬਦ ਤਗ, ਨਾਮ ਡੋਰੀ ਤੰਦ ਰਖਾਈਆ । ਮਿਹਰ ਅੰਦਰ ਕੂੜੀ ਮਾਇਆ ਲੱਗੀ ਬੁਝਾਏ ਅੱਗ, ਅੰਮ੍ਰਿਤ ਮੇਘ ਬਰਸਾਈਆ । ਮਿਹਰ ਅੰਦਰ ਨਵ ਦੁਆਰੇ ਚੁਕਾਏ ਹੱਦ, ਘਰ ਸਾਚਾ ਇਕ ਸਮਝਾਈਆ । ਮਿਹਰ ਅੰਦਰ ਨਾਦ ਧੁਨ ਵੱਜੇ ਅਨਹਦ, ਅਨਰਾਗੀ ਰਾਗ ਗਾਈਆ । ਮਿਹਰ ਅੰਦਰ ਪੜਦਾ ਦੇਵੇ ਕੱਜ, ਸਿਰ ਆਪਣਾ ਹੱਥ ਟਿਕਾਈਆ । ਮਿਹਰ ਅੰਦਰ ਸਚ ਦੁਆਰੇ ਬਹੇ ਗੱਜ, ਉਚੀ ਕੂਕ ਕੂਕ ਸੁਣਾਈਆ । ਮਿਹਰ ਅੰਦਰ ਸਾਚਾ ਕਰਾਏ ਹੱਜ, ਹਜ਼ਰਤ ਇਕੋ ਨਜ਼ਰੀ ਆਈਆ । ਮਿਹਰ ਅੰਦਰ ਨਿਰਮਲ ਜੋਤ ਜਾਏ ਜਗ, ਪਰਕਾਸ਼ਵਾਨ ਪਰਕਾਸ਼ ਰੂਪ ਵਟਾਈਆ । ਮਿਹਰ ਅੰਦਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਏਕਾ ਦਏ ਬੁਝਾਈਆ । ਮਿਹਰ ਅੰਦਰ ਸਤਿਗੁਰ ਸੁਆਮੀ ਦੇਵ, ਦੇਵ ਆਤਮਾ ਵੇਖ ਵਖਾਇੰਦਾ । ਮਿਹਰ ਅੰਦਰ ਰਸ ਦੇਵੇ ਮੇਵ, ਅਨਰਸ ਲੇਖਾ ਆਪ ਚੁਕਾਇੰਦਾ । ਮਿਹਰ ਅੰਦਰ ਕਿਰਪਾ ਕਰੇ ਅਲਖ ਅਭੇਵ, ਅਗੋਚਰ ਆਪਣਾ ਰਾਹ ਜਣਾਇੰਦਾ । ਮਿਹਰ

ਅੰਦਰ ਗੁਰਮੁਖ ਲੱਗੇ ਸੇਵ, ਸਤਿਗੁਰ ਸੇਵਾ ਸਚ ਦ੍ਰਿੜਾਇੰਦਾ । ਮਿਹਰ ਅੰਦਰ ਘਰ ਵਖਾਏ ਇਕ ਨਿਹਕੇਵ, ਨਿਹਚਲ ਆਪਣਾ ਡੇਰਾ ਲਾਇੰਦਾ । ਮਿਹਰ ਅੰਦਰ ਸਿਫ਼ਤ ਕਰਾਏ ਰਸਨਾ ਜਿਹਵ, ਬੱਤੀ ਦੰਦ ਨਾਲ ਮਿਲਾਇੰਦਾ । ਮਿਹਰ ਅੰਦਰ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਪਣਾ ਪੜਦਾ ਆਪ ਉਠਾਇੰਦਾ । ਮਿਹਰ ਅੰਦਰ ਤੋਲ ਤੋਲੇ, ਨਾਮ ਕੰਡਾ ਹੱਥ ਓਠਾਈਆ । ਮਿਹਰ ਅੰਦਰ ਤੂੰ ਹੀ ਤੂੰ ਧਾਰਨ ਬੋਲੇ, ਏਕਾ ਏਕ ਏਕ ਸੁਣਾਈਆ । ਮਿਹਰ ਅੰਦਰ ਵੇਖ ਵਖਾਏ ਕਾਇਆ ਚੋਲੇ, ਚੋਲਾ ਕਾਇਆ ਆਪ ਹੰਢਾਈਆ । ਮਿਹਰ ਅੰਦਰ ਗੁਰਮੁਖ ਵਖਾਏ ਭਾਲੇ ਭੋਲੇ, ਭੋਲੇ ਭਾਓ ਆਪਣਾ ਦਰਸ ਦਿਖਾਈਆ । ਮਿਹਰ ਅੰਦਰ ਨਿਰਗੁਣ ਹੋ ਕੇ ਵਸੇ ਕੋਲੇ, ਸਰਗੁਣ ਦੂਰ ਦੁਰਾਡਾ ਪੰਧ ਮੁਕਾਈਆ । ਮਿਹਰ ਅੰਦਰ ਕਾਇਆ ਤਤ ਆਪ ਵਰੋਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮਿਹਰ ਅੰਦਰ ਗੁਰਸਿਖ ਕਰ ਪਰਗਟ, ਪਰਗਟ ਆਪਣਾ ਨਾਮ ਜਪਾਇੰਦਾ । ਮਿਹਰ ਅੰਦਰ ਖੋਲ੍ਹ ਹੱਟ, ਸਚ ਵਣਜਾਰਾ ਵੇਸ ਵਟਾਇੰਦਾ । ਮਿਹਰ ਅੰਦਰ ਮਾਰਗ ਦੱਸ, ਰਹਿਬਰ ਸਾਚਾ ਰਾਹ ਵਖਾਇੰਦਾ । ਮਿਹਰ ਅੰਦਰ ਮੇਲਾ ਹੱਸ ਹੱਸ, ਖ਼ੁਸ਼ੀ ਗ਼ਮੀ ਨਾ ਕੋਇ ਜਣਾਇੰਦਾ । ਮਿਹਰ ਅੰਦਰ ਹੋਵੇ ਵਸ, ਆਪ ਆਪਣਾ ਮਾਣ ਮਿਟਾਇੰਦਾ । ਮਿਹਰ ਅੰਦਰ ਜਨ ਭਗਤ ਸੇਜ ਚੜ੍ਹੇ ਨੱਸ, ਸਾਚੇ ਤਖ਼ਤ ਡੇਰਾ ਲਾਇੰਦਾ । ਮਿਹਰ ਅੰਦਰ ਲੇਖਾ ਚੁਕਾਏ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨਮਤ ਬੁੱਧ ਡੇਰਾ ਢਾਹਿੰਦਾ । ਮਿਹਰ ਅੰਦਰ ਖੇਲ ਵਖਾਏ ਘਟ ਘਟ, ਲੱਖ ਚੁਰਾਸੀ ਰੂਪ ਧਰਾਇੰਦਾ । ਮਿਹਰ ਅੰਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਗ ਨਾਮ ਅਲਾਇੰਦਾ । ਮਿਹਰ ਅੰਦਰ ਰਾਗ ਨਾਮ, ਧੁਨ ਆਤਮਕ ਆਪ ਜਣਾਈਆ । ਮਿਹਰ ਅੰਦਰ ਪਿਆਏ ਜਾਮ, ਅੰਮ੍ਰਿਤ ਰਸ ਇਕ ਵਖਾਈਆ । ਮਿਹਰ ਅੰਦਰ ਮੇਲੇ ਰਾਮ, ਸੀਤਾ ਸੁਰਤੀ ਲਏ ਪਰਨਾਈਆ । ਮਿਹਰ ਅੰਦਰ ਘਨਈਆ ਸ਼ਾਮ, ਨਾਮ ਬੰਸਰੀ ਇਕ ਸੁਣਾਈਆ । ਮਿਹਰ ਅੰਦਰ ਈਸਾ ਮੂਸਾ ਮੁਹੰਮਦ ਦਏ ਪੈਗ਼ਾਮ, ਕਲਮਾ ਇਕੋ ਇਕ ਜਣਾਈਆ । ਮਿਹਰ ਅੰਦਰ ਨਾਨਕ ਨਿਰਗੁਣ ਸਰਗੁਣ ਬੋਲੇ ਸਤਿਨਾਮ, ਨਾਮ ਸਤਿ ਕਰੇ ਪੜ੍ਹਾਈਆ । ਮਿਹਰ ਅੰਦਰ ਗੋਬਿੰਦ ਗੁਰ ਪੁਰਖ ਅਕਾਲ ਕਰੇ ਪਰਨਾਮ, ਸੀਸ ਜਗਦੀਸ ਇਕ ਝੁਕਾਈਆ । ਮਿਹਰ ਅੰਦਰ ਫ਼ਤਿਹ ਡੰਕਾ ਬੋਲ ਜੈਕਾਰ, ਜੈ ਜੈਕਾਰ ਗਿਆ ਸੁਣਾਈਆ । ਮਿਹਰ ਅੰਦਰ ਨਿਰਗੁਣ ਸਰਗੁਣ ਲੈ ਅਵਤਾਰ, ਜੁਗ ਜੁਗ ਵੇਸ ਵਟਾਈਆ । ਮਿਹਰ ਅੰਦਰ ਗੁਰਮੁਖ ਗੁਰ ਸਤਿਗੁਰ ਜਾਏ ਤਾਰ, ਤਾਰਨਹਾਰਾ ਦਇਆ ਕਮਾਇੰਦਾ । ਮਿਹਰ ਅੰਦਰ ਸਾਚੇ ਸੰਤ ਲਏ ਉਠਾਲ, ਆਲਸ ਨਿੰਦਰਾ ਦਏ ਮਿਟਾਈਆ । ਮਿਹਰ ਅੰਦਰ ਗੁਰਮੁਖ ਕਰੇ ਸਾਚੇ ਭਾਲ, ਘਟ ਘਟ ਅੰਦਰ ਫੋਲ ਫੋਲਾਈਆ । ਮਿਹਰ ਅੰਦਰ ਗੁਰਸਿਖਾਂ ਚਲੇ ਨਾਲ, ਸੱਜਣ ਸੱਚਾ ਮੀਤ ਬਣ ਜਾਈਆ । ਮਿਹਰ ਅੰਦਰ ਸਦਾ ਸਦਾ ਨਿਤ ਨਵਿਤ ਕਰੇ ਪ੍ਰਿਤਪਾਲ, ਹਿਤਕਾਰੀ ਆਪਣੀ ਦਇਆ ਕਮਾਈਆ । ਮਿਹਰ ਅੰਦਰ ਸੁਰਤੀ ਸੁਰਤ ਲਏ ਸੰਭਾਲ, ਮਨ ਵਾਸਨਾ ਭੱਜੇ ਨਾ ਉਠ ਉਠ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਿਸ ਜਨ ਦੇਵੇ ਆਪਣਾ ਦਾਨ, ਤਿਸ ਸੱਚੀ ਮਿਹਰ ਸਮਝੇ ਭਗਵਾਨ, ਕਰ ਮਿਹਰ ਮੁਹੱਬਤ ਆਪਣੇ ਨਾਲ ਰਖਾਈਆ ।

## ✪ ੨੯ ਭਾਦਰੋ ੨੦੨੦ ਬਿਕਰਮੀ ਪਾਲ ਸਿੰਘ ਦੇ ਗ੍ਰਿਹ ਬੰਡਾਲਾ ਜ਼ਿਲਾ ਅੰਮ੍ਰਿਤਸਰ ✪

ਜਨਮ ਕਰਮ ਪ੍ਰਭ ਕਟੇ ਰੋਗ, ਸਤਿਗੁਰ ਪੂਰੇ ਵਡ ਵਡਿਆਈਆ । ਦੁੱਖ ਗਵਾਏ ਹਉਮੇ ਰੋਗ, ਕੂੜੀ ਕਿਰਿਆ ਡੇਰਾ ਢਾਹੀਆ । ਨਾਮ ਚੁਗਾਏ ਸਾਚੀ ਚੋਗ, ਸੋਹੰ ਹੰਸਾ ਮਾਣਕ ਮੋਤੀ ਮੁਖ ਲਗਾਈਆ । ਸਚ ਸੁਣਾਏ ਇਕ ਸਲੋਕ, ਧੁਰ ਦਾ ਨਾਮ ਕਰੇ ਪੜ੍ਹਾਈਆ । ਭਾਗ ਲਗਾਏ ਕਾਇਆ ਕੋਟ, ਸਾਢੇ ਤਿੰਨ ਹੱਥ ਸੋਭਾ ਪਾਈਆ । ਸ਼ਬਦ ਨਗਾਰੇ ਲਾਏ ਚੋਟ, ਧੁਨ ਅਨਾਦੀ ਨਾਦ ਸੁਣਾਈਆ । ਪੂਰਬ ਜਨਮ ਦਾ ਮਿਟੇ ਵਿਜੋਗ, ਵਿਛੋੜਾ ਕੋਇ ਰਹਿਣ ਨਾ ਪਾਈਆ । ਆਤਮ ਪਰਮਾਤਮ ਹੋਵੇ ਧੁਰ ਸੰਜੋਗ, ਘਰ ਮੇਲਾ ਸਹਿਜ ਸੁਭਾਈਆ । ਪੈਜ ਸੁਆਰੇ ਲੋਕ ਪਰਲੋਕ, ਦੋ ਜਹਾਨਾਂ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਦਇਆ ਕਮਾਈਆ । ਰੋਗ ਸੋਗ ਕਟੇ ਸੰਤਾਪ, ਚਿੰਤਾ ਗ਼ਮ ਰਹਿਣ ਨਾ ਪਾਈਆ । ਜਨਮ ਜਨਮ ਦੇ ਉਤਾਰੇ ਪਾਪ, ਪਤਤ ਪੁਨੀਤ ਕਰਾਈਆ । ਆਤਮ ਪਰਮਾਤਮ ਦੇਵੇ ਜਾਪ, ਸਾਚਾ ਸਚ ਪੜ੍ਹਾਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਪੜਦਾ ਆਪ ਉਠਾਈਆ । ਜਿਉਂ ਭਾਵੇ ਤਿਉਂ ਲਵੇ ਰਾਖ, ਮਿਹਰ ਨਜ਼ਰ ਉਠਾਈਆ । ਨਿਜ ਨੇਤਰ ਖੋਲ੍ਹੇ ਇਕੋ ਆਂਖ, ਦੋਏ ਲੋਚਣ ਬੰਦ ਰਖਾਈਆ । ਨਜ਼ਰੀ ਆਏ ਘਰ ਪਰਤੱਖ, ਸਵੱਛ ਸਰੂਪੀ ਰੂਪ ਵਖਾਈਆ । ਬੋਲੇ ਨਾਮ ਸ਼ਬਦ ਅਲੱਖ, ਇਕ ਜੈਕਾਰ ਲਗਾਈਆ । ਲੱਖ ਚੁਰਾਸੀ ਨਾਲੋ ਕਰ ਕੇ ਵੱਖ, ਗੁਰਮੁਖ ਆਪਣੇ ਰੰਗ ਰੰਗਾਈਆ । ਲਹਿਣਾ ਦੇਣਾ ਦੇਵੇ ਹੱਥੋ ਹੱਥ, ਮਾਣਸ ਜਨਮ ਮਿਲੇ ਵਡਿਆਈਆ । ਖੇਲੇ ਖੇਲ ਪੁਰਖ ਸਮਰਥ, ਸਮਰਥ ਆਪਣਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਚੁਕਾਈਆ । ਦੁੱਖ ਰੋਗ ਜਾਏ ਨੱਠ, ਤਨ ਮਾਟੀ ਰਹਿਣ ਨਾ ਪਾਈਆ । ਸਗਲ ਵਿਸੂਰਾ ਜਾਏ ਲੱਥ, ਚਿੰਤਾ ਗ਼ਮ ਨਾ ਕੋਇ ਸਤਾਈਆ । ਕਾਇਆ ਤਪੇ ਨਾ ਅਗਨੀ ਮੱਠ, ਪੰਜ ਤਤ ਲੰਬੂ ਕੋਇ ਨਾ ਲਾਈਆ । ਨਾੜ ਬਹੱਤਰ ਨਾ ਉਬਲੇ ਰਤ, ਅੰਮ੍ਰਿਤ ਮੇਘ ਇਕ ਬਰਸਾਈਆ । ਨਿਝਰ ਝਿਰਨਾ ਦੇਵੇ ਰਸ, ਬੂੰਦ ਸਵਾਂਤੀ ਆਪ ਚੁਆਈਆ । ਮੇਲ ਮਿਲਾਏ ਹਰਿਜਨ ਹੱਸ, ਘਰ ਸਾਚੇ ਖ਼ੁਸ਼ੀ ਵਖਾਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਜਗਤ ਨਿਤਾਣਿਆਂ ਪੂਰੀ ਕਰੇ ਆਸ, ਤ੍ਰਿਸਨਾ ਪਿਛਲੀ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਨਿਰਗੁਣ ਜੋਤ ਕਰ ਪਰਕਾਸ਼, ਪੁਰਖ ਅਕਾਲ ਆਪਣਾ ਡੇਰਾ ਲਾਈਆ । ਸਾਚਾ ਡੇਰਾ ਪੁਰਖ ਅਕਾਲ, ਘਰ ਮੰਦਰ ਆਪ ਸੁਹਾਇੰਦਾ । ਦੀਨਾਂ ਬੰਧਪ ਦੀਨ ਦਿਆਲ, ਦੀਨਨ ਆਪਣੇ ਰੰਗ ਰੰਗਾਇੰਦਾ । ਸਾਚਾ ਮਾਰਗ ਇਕ ਸਿਖਾਲ, ਰਾਹ ਇਕੋ ਇਕ ਸਮਝਾਇੰਦਾ । ਸਚਖੰਡ ਵੇਖ ਸੱਚੀ ਧਰਮਸਾਲ, ਗੁਰਸਿਖ ਤੇਰਾ ਪੜਦਾ ਲਾਹਿੰਦਾ । ਨਿਰਗੁਣ ਦੀਪ ਜਗੇ ਬੇਮਿਸਾਲ, ਨੂਰੋ ਨੂਰ ਨੂਰ ਰੁਸ਼ਨਾਇੰਦਾ । ਜਿਸ ਘਰ ਵਸਣ ਸ਼ਾਹ ਕੰਗਾਲ, ਸੋ ਦਰ ਸਾਹਿਬ ਸਤਿਗੁਰ ਸਾਚੇ ਭਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਕੂੜੀ ਕਿਰਿਆ ਮੇਟ ਮਿਟਾਇੰਦਾ । ਸੰਤ ਸੁਹੇਲੇ ਲਏ ਉਠਾਲ, ਫੜ ਬਾਹੋ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੀ ਬੂਝ ਬੁਝਾਇੰਦਾ । ਹਰਿਜਨ ਰੂਪ ਪੁਰਖ ਨਾਰ, ਸਤਿਗੁਰ ਵੰਡ ਨਾ ਕੋਇ ਵੰਡਾਈਆ । ਦੋਹਾਂ ਰੱਖੇ ਇਕ ਪਿਆਰ, ਦੂਜੀ ਧਾਰ ਨਾ ਕੋਇ ਜਣਾਈਆ । ਸਾਚੇ ਸੁੱਤ ਬਣਾ ਦੁਲਾਰ, ਗੋਦ ਸੁਹੰਜਣੀ ਆਪ ਉਠਾਈਆ । ਆਪਣੇ ਰੰਗ ਰੰਗੇ ਕਰਤਾਰ, ਰੰਗ ਮਜੀਠੀ ਇਕ ਚੜ੍ਹਾਈਆ । ਜਨਮ ਮਰਨ ਦਾ ਦੁੱਖ

ਨਵਾਰ, ਲੱਖ ਚੁਰਾਸੀ ਫੰਦ ਕਟਾਈਆ । ਲੈ ਕੇ ਜਾਏ ਧੁਰ ਦਰਬਾਰ, ਸਚਖੰਡ ਦੁਆਰੇ ਸੱਚਾ ਮਾਹੀਆ । ਅੰਤਮ ਮੇਲਾ ਜੋਤੀ ਨਾਲ, ਜੋਤੀ ਜੋਤ ਜੋਤ ਸਮਾਈਆ । ਗੁਰਸਿਖ ਗੁਰ ਦੋਵੇਂ ਮਿਲ ਕੇ ਬੈਠਣ ਸੱਚੀ ਧਰਮਸਾਲ, ਜਿਸ ਦੁਆਰੇ ਸੂਰਜ ਚੰਦ ਕਰੇ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਲਏ ਵਰ, ਗੁਰਸਿਖ ਗੁਰਮੁਖ ਆਪਣੇ ਘਰ ਵਸਾਈਆ ।

## ✪ ੨੯ ਭਾਦਰੋ ੨੦੨੦ ਬਿਕਰਮੀ ਤਰਲੋਕ ਸਿੰਘ ਅਜਮੇਰ ਕੌਰ ਦੇ ਗ੍ਰਿਹ ਬੰਡਾਲਾ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਪੂਰਾ ਕਿਰਪਾ ਕਰ, ਜਗ ਦੇਵੇ ਨਾਮ ਵਡਿਆਈਆ । ਬੰਦ ਕਿਵਾੜੀ ਖੋਲ੍ਹ ਦਰ, ਘਰ ਪੜਦਾ ਦਏ ਉਠਾਈਆ । ਨਿਰਭੌ ਚੁਕਾਏ ਭੈ ਡਰ, ਪੰਚ ਵਿਕਾਰ ਨਾ ਕਰੇ ਲੜਾਈਆ । ਸਾਚੇ ਮੰਦਰ ਵੇਖੇ ਚੜ੍ਹ, ਘਰ ਘਰ ਵਿਚ ਫੇਰਾ ਪਾਈਆ । ਸੁਰਤੀ ਸ਼ਬਦੀ ਬੰਨ੍ਹੇ ਲੜ, ਇਕੋ ਤੰਦ ਰਖਾਈਆ । ਸਾਚਾ ਢੋਲਾ ਲਏ ਪੜ੍ਹ, ਮੇਰਾ ਤੇਰਾ ਰਾਗ ਅਲਾਈਆ । ਖੇਲੇ ਖੇਲ ਨਰਾਇਣ ਨਰ, ਨਰ ਹਰਿ ਵੱਡਾ ਬੇਪਰਵਾਹੀਆ । ਹਰਿਜਨ ਨੁਹਾਏ ਸਾਚੇ ਸਰ, ਅੰਮ੍ਰਿਤ ਸਰੋਵਰ ਤਾਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਲੇਖਾ ਲੇਖੇ ਪਾਈਆ । ਸਤਿਗੁਰ ਸੱਚਾ ਸਾਚਾ ਦੀਨ, ਇਕੋ ਇਕ ਜਣਾਇੰਦਾ । ਲੇਖਾ ਚੁਕੇ ਲੋਕ ਤੀਨ, ਤ੍ਰੈਗੁਣ ਡੇਰਾ ਢਾਹਿੰਦਾ । ਭੇਵ ਖੁਲ੍ਹਾਏ ਜਿਉਂ ਜਲ ਮੀਨ, ਜਲ ਮਛਲੀ ਰੂਪ ਵਟਾਇੰਦਾ । ਲੱਖ ਚੁਰਾਸੀ ਨਾਲੋ ਵੱਖ ਕੀਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੀ ਬੂਝ ਬੁਝਾਇੰਦਾ । ਸਤਿਗੁਰ ਪੂਰਾ ਧੋਵੇ ਦਾਗ਼, ਦੁਰਮਤ ਮੈਲ ਧਵਾਈਆ । ਘਰ ਦੀਪਕ ਜੋਤ ਜਗੇ ਚਿਰਾਗ਼, ਅਗਿਆਨ ਅੰਧੇਰ ਮਿਟਾਈਆ । ਆਤਮ ਪਰਮਾਤਮ ਉਪਜਾਏ ਇਕ ਵੈਰਾਗ, ਬਿਰਹੋ ਚੋਟ ਲਗਾਈਆ । ਪਾਰਬ੍ਰਹਮ ਬ੍ਰਹਮ ਬਣਾਏ ਸਚਾ ਸਾਕ, ਸੱਜਣ ਇਕੋ ਨਜ਼ਰੀ ਆਈਆ । ਮੇਲ ਮਿਲਾਏ ਅਗੰਮੇ ਘਾਟ, ਪੱਤਣ ਬਹੇ ਸਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣਾ ਨੈਣ ਖੁਲ੍ਹਾਈਆ । ਗੁਰਸਿਖ ਨੈਣ ਖੋਲ੍ਹੇ ਅੱਖ, ਨਿਜ ਨੇਤਰ ਕਰੇ ਰੁਸ਼ਨਾਈਆ । ਨਜ਼ਰੀ ਆਏ ਘਟ ਘਟ, ਘਰ ਘਰ ਬੈਠਾ ਡੇਰਾ ਲਾਈਆ । ਸਵਾਂਗੀ ਹੋ ਕੇ ਸਵਾਂਗ ਲਏ ਪਲਟ, ਨਿਰਗੁਣ ਸਰਗੁਣ ਰੂਪ ਵਟਾਈਆ । ਨਾਮ ਭੰਡਾਰਾ ਖੋਲ੍ਹ ਹੱਟ, ਜਨ ਭਗਤਾਂ ਦਏ ਵਰਤਾਈਆ । ਸਾਚੇ ਸੰਤਾਂ ਦੇਵੇ ਨਿਝਰ ਰਸ, ਘਰ ਅੰਮ੍ਰਿਤ ਮੁਖ ਚੁਆਈਆ । ਗੁਰਮੁਖਾਂ ਮੇਲਾ ਨੱਠ ਨੱਠ, ਦੋ ਜਹਾਨਾਂ ਵਾਲੀ ਦੂਰ ਦੁਰਾਡਾ ਪੰਧ ਮੁਕਾਈਆ । ਗੁਰਸਿਖਾਂ ਏਕਾ ਦੇਵੇ ਨਾਮ ਵੱਥ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮਾਤ ਜਗਾਈਆ । ਹਰਿਜਨ ਸਾਚੇ ਜਗਾਏ ਮਾਤ, ਮਤਾ ਆਪਣੇ ਨਾਲ ਪਕਾਈਆ । ਮੇਟੇ ਰੈਣ ਅੰਧੇਰੀ ਰਾਤ, ਕੂੜ ਅਮਾਵਸ ਦਏ ਗਵਾਈਆ । ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਇਕ ਸਮਝਾਈਆ । ਨਾਮ ਖ਼ਜ਼ਾਨਾ ਘਰ ਵਖਾਏ ਡੂੰਘਾ ਖਾਤ, ਕਾਇਆ ਕਵਰੀ ਭਵਰੀ ਫੋਲ ਫੋਲਾਈਆ । ਬਿਨ ਸਤਿਗੁਰ ਪੂਰੇ ਕਿਸੇ ਨਾ ਆਏ ਹਾਥ, ਲੱਭ ਲੱਭ ਥੱਕੀ ਸਰਬ ਲੋਕਾਈਆ । ਪੂਰਬ ਲਹਿਣਾ ਦੇਵੇ ਮਸਤਕ ਮਾਥ, ਲਲਾਟੀ ਹਿੱਸਾ ਆਪ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਆਪਣੇ ਰੰਗ ਰੰਗਾਈਆ । ਗੁਰਸਿਖ ਰੱਖੇ ਸਤਿਗੁਰ ਸੰਗ, ਸਤਿਜੁਗ ਤ੍ਰੇਤਾ ਦੁਆਪਰ

ਕਲਜੁਗ ਸਾਥ ਨਿਭਾਈਆ । ਅੰਗੀਕਾਰ ਲਾਏ ਅੰਗ, ਆਪ ਆਪਣੇ ਅੰਗਣ ਲਏ ਬਹਾਈਆ । ਪ੍ਰੇਮ ਪ੍ਰੀਤੀ ਨਾਮ ਵਜਾਏ ਸਚ ਮਰਦੰਗ, ਸਚ ਸਿਤਾਰ ਇਕ ਹਿਲਾਈਆ । ਗੁਰਸਿਖ ਗੀਤ ਗਾਉਣ ਦਾ ਲਹਿਣਾ ਚੁੱਕੇ ਬੱਤੀ ਦੰਦ, ਰਸਨਾ ਜਿਹਵਾ ਨਾਲ ਨਾ ਕੋਇ ਮਿਲਾਈਆ । ਅੰਦਰੇ ਅੰਦਰ ਆਵੇ ਪਰਮਾਨੰਦ, ਨਿਜ ਆਤਮ ਕਰੇ ਰਸਾਈਆ । ਜੋ ਜਨ ਗਾਏ ਸੋਹੰ ਢੋਲਾ ਸਾਚਾ ਛੰਦ, ਤਿਸ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ, ਅੰਜੀਲ ਕੁਰਾਨ ਖਾਣੀ ਬਾਣੀ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਮੇਲੇ ਅੰਤ, ਅੰਤਸ਼ਕਰਨ ਆਪਣੇ ਲੇਖੇ ਲਾਈਆ ।

## ✪ ਪਹਿਲੀ ਅੱਸੂ ੨੦੨੦ ਬਿਕਰਮੀ ਜੇਠੂਵਾਲ ਦਰਬਾਰ ਵਿਚ ✪

ਪੁਰਖ ਅਕਾਲ ਅਗੰਮੀ ਨੂਰ, ਪਰਵਰਦਿਗਾਰ ਤੇਰੀ ਵਡਿਆਈਆ । ਸਮਰਥ ਸੁਆਮੀ ਸਰਬ ਕਲ ਭਰਪੂਰ, ਸ਼ਾਹ ਪਾਤਸ਼ਾਹ ਸੱਚੀ ਤੇਰੀ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗ ਚੌਕੜੀ ਹਾਜ਼ਰ ਹਜ਼ੂਰ, ਦੋ ਜਹਾਨ ਤੇਰੀ ਸਰਨਾਈਆ । ਨਿਤ ਨਵਿਤ ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਮਜ਼ਦੂਰ, ਬਣ ਸੇਵਕ ਸੇਵ ਕਮਾਈਆ । ਬੋਧ ਅਗਾਧ ਨਾਮ ਨਿਧਾਨ ਮੰਤਰ ਸਤਿ ਤੇਰੀ ਤੂਰ, ਨਾਦ ਅਨਾਦ ਤੇਰੀ ਸ਼ਨਵਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਚਰਨ ਰੇਣ ਤੇਰੀ ਧੂੜ, ਖ਼ਾਕੀ ਖ਼ਾਕ ਨਜ਼ਰੀ ਆਈਆ । ਸ੍ਰਿਸ਼ਟ ਸਬਾਈ ਚਾਰ ਕੁੰਟ ਦਿਸੇ ਕੂੜ, ਥਿਰ ਕੋਇ ਰਹਿਣ ਨਾ ਪਾਈਆ । ਦੀਨ ਦਿਆਲ ਠਾਕਰ ਸੁਆਮੀ ਤੇਰਾ ਭੇਵ ਦੱਸ ਕੇ ਗਏ ਜ਼ਰੂਰ, ਜ਼ਾਹਰ ਤੇਰਾ ਨਾਉਂ ਜਣਾਈਆ । ਕਲਜੁਗ ਅੰਤ ਆਏ ਭਗਵੰਤ ਭਗਵਨ ਸਾਚੇ ਭਗਤ ਕਰੇ ਮਨਜ਼ੂਰ, ਮਨਜ਼ੂਰੀ ਇਕੋ ਘਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਸਚ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਦੱਸਣ, ਧੁਰ ਸੰਦੇਸਾ ਹਾਲ ਜਣਾਈਆ । ਪ੍ਰਭ ਸਰਨਾਈ ਸਾਰੇ ਵਸਣ, ਸੀਸ ਸਕੇ ਨਾ ਕੋਇ ਉਠਾਈਆ । ਹੁਕਮੇ ਅੰਦਰ ਜੁਗ ਚਾਰ ਨੱਸਣ, ਚੌਕੜੀ ਆਪਣਾ ਪੰਧ ਮੁਕਾਈਆ । ਨਾਮ ਨਿਧਾਨ ਸਤਿਗੁਰ ਸੁਆਮੀ ਨਿਰਵੈਰ ਇਕੋ ਰਟਣ, ਸਚ ਸਚ ਸਚ ਦ੍ਰਿੜ੍ਹਾਈਆ । ਲੋਕ ਪਰਲੋਕ ਵੇਖਣ ਖੋਲ੍ਹ ਹੱਟਣ, ਮਾਤ ਪਾਤਾਲ ਆਕਾਸ਼ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸਚ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਆਖਣ, ਆਖ਼ਰ ਆਪਣਾ ਹੁਕਮ ਜਣਾਈਆ । ਲੋਕਮਾਤ ਸੇਵਾ ਕੀਤੀ ਬਣ ਬਣ ਦਾਸੀ ਦਾਸਨ, ਸ਼ਾਹ ਪਾਤਸ਼ਾਹ ਇਕ ਮਨਾਈਆ । ਮੰਡਲ ਮੰਡਪ ਪਾਈ ਰਾਸਨ, ਗੋਪੀ ਕਾਹਨ ਨਾਚ ਨਚਾਈਆ । ਨਿਰਗੁਣ ਸਰਗੁਣ ਕੀਤਾ ਭੋਗ ਬਿਲਾਸਨ, ਸੇਜ ਸੁਹੰਜਣੀ ਇਕ ਹੰਢਾਈਆ । ਕਰਦੇ ਰਹੇ ਆਪਣੀ ਪੂਰੀ ਆਸਣ, ਆਸਾ ਜਗਤ ਨਾਲ ਮਿਲਾਈਆ । ਵੇਖਿਆ ਖੇਲ ਪ੍ਰਿਥਮੀ ਆਕਾਸਨ, ਗਗਨ ਮੰਡਲ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸਚ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਏ ਬੋਲ, ਏਕਾ ਨਾਅਰਾ ਹੱਕ ਲਗਾਈਆ । ਕੋਈ ਨਾ ਤੁਲੇ ਤੇਰੇ ਤੋਲ, ਕੰਡਾ ਤਰਾਜ਼ੂ ਹੱਥ ਕਿਸੇ ਨਾ ਆਈਆ । ਤੇਰਾ ਨਾਮ ਵਜੌਂਦੇ ਗਏ ਢੋਲ, ਜੁਗ ਜੁਗ ਬਣ ਕੇ ਡੂਮ ਨਾਈਆ । ਮਾਤ ਦਵਾਰ

ਦੱਸਦੇ ਰਹੇ ਖੋਲ੍ਹ, ਜੀਵ ਜੁਗਤ ਜਗਤ ਕਰ ਪੜ੍ਹਾਈਆ । ਤੇਰੇ ਪ੍ਰੇਮ ਅੰਦਰ ਗਏ ਮੌਲ, ਮੌਲਾ ਤੇਰੇ ਵਿਚ ਸਮਾਈਆ । ਅੰਤਮ ਕਰਕੇ ਗਏ ਕੌਲ, ਇਕਰਾਰ ਇਕੋ ਇਕ ਜਣਾਈਆ । ਪਰਗਟ ਹੋਵੇ ਉਪਰ ਧੌਲ, ਸਭ ਦਾ ਦਾਤਾ ਵਡ ਵਡਿਆਈਆ । ਲੱਖ ਚੁਰਾਸੀ ਲਏ ਵਿਰੋਲ, ਲੁਕਿਆ ਕੋਈ ਰਹਿਣ ਨਾ ਪਾਈਆ । ਹਰ ਘਟ ਅੰਦਰ ਸਦ ਵਸੇ ਕੋਲ, ਵਿਛੜ ਕਦੇ ਨਾ ਜਾਈਆ । ਆਪਣਾ ਨਾਮ ਸਮਝਾਏ ਇਕ ਅਨਮੋਲ, ਕਰਤਾ ਕੀਮਤ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਇਕ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਜਪਦੇ, ਅੰਤਰ ਅੰਤਰ ਧਿਆਨ ਲਗਾਈਆ । ਪ੍ਰੇਮ ਪ੍ਰੀਤੀ ਅੰਦਰ ਰਹੇ ਖਪਦੇ, ਨਿਤ ਨਿਤ ਭੱਜਣ ਵਾਹੋ ਦਾਹੀਆ । ਬਿਰਹੋ ਵੈਰਾਗ ਅੰਦਰ ਰਹੇ ਤਪਦੇ, ਤੀਰ ਕਾਨੀ ਇਕ ਲਗਾਈਆ । ਜੀਵ ਜੰਤ ਮਾਰਗ ਰਹੇ ਦੱਸਦੇ, ਪੁਰਖ ਅਕਾਲ ਬੇਪਰਵਾਹੀਆ । ਆਤਮ ਪਰਮਾਤਮ ਨਾਲ ਗਏ ਹੱਸਦੇ, ਘਰ ਘਰ ਵਿਚ ਖ਼ੁਸ਼ੀ ਮਨਾਈਆ । ਕੂੜੀ ਕਿਰਿਆ ਕੋਲੋ ਗਏ ਨੱਸਦੇ, ਆਪਣਾ ਪੱਲੂ ਛੁਡਾਈਆ । ਭਗਤ ਦੁਆਰੇ ਗਏ ਢੱਠਦੇ, ਗੁਰਸਿਖ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਚ ਵਰ, ਸਚ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਨਾਅਰਾ ਇਕੋ ਇਕ ਲਗਾਈਆ । ਕਲਜੁਗ ਅੰਤ ਸ੍ਰੀ ਭਗਵੰਤ ਸਰਬ ਸੁਖਦਾਤਾ ਜਨ ਭਗਤਾਂ ਆਏ ਲੈਣ, ਨਿਰਵੈਰ ਆਪਣਾ ਫੇਰਾ ਪਾਈਆ । ਚਾਰ ਜੁਗ ਦਾ ਚੁਕਾਵੇ ਲਹਿਣ ਦੇਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੁਕਿਆ ਕੋਇ ਰਹਿਣ ਨਾ ਪਾਈਆ । ਅੰਤਰ ਬਾਹਰ ਬਣੇ ਸਾਕ ਸੈਣ, ਸੱਜਣ ਇਕੋ ਨਜ਼ਰੀ ਆਈਆ । ਮੇਟੇ ਕੂੜੀ ਕਿਰਿਆ ਅੰਧੇਰੀ ਰੈਣ, ਸਾਚਾ ਚੰਨ ਇਕ ਚਮਕਾਈਆ । ਲਾੜੀ ਮੌਤ ਨਾ ਖਾਏ ਡੈਣ, ਰਾਏ ਧਰਮ ਨਾ ਦਏ ਸਜ਼ਾਈਆ । ਡੂੰਘੇ ਵਹਿਣ ਨਾ ਰੋੜ੍ਹੇ ਵਹਿਣ, ਫੜ ਬਾਹੋ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਭਾਖ, ਭਾਖਿਆ ਅੰਤਮ ਇਕ ਸੁਣਾਈਆ । ਲਿਖ ਲਿਖ ਲੇਖਾ ਗਏ ਆਖ, ਆਖ਼ਰ ਇਕੋ ਗੱਲ ਜਣਾਈਆ । ਪਰਗਟ ਹੋਵੇ ਸਰਬਗੁਣਤਾਸ, ਦਾਤਾ ਦਾਨੀ ਵੱਡੀ ਵਡਿਆਈਆ । ਲੇਖਾ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੁਜਾਈਆ । ਨਿਰਗੁਣ ਸਰਗੁਣ ਪਾਵੇ ਰਾਸ, ਘਰ ਘਰ ਗੋਪੀ ਕਾਹਨ ਨਚਾਈਆ । ਸਾਚਾ ਨੂਰ ਕਰੇ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਜਨ ਭਗਤਾਂ ਪੂਰੀ ਕਰੇ ਆਸ, ਗੁਰਮੁਖ ਸੱਜਣ ਸੰਗ ਰਖਾਈਆ । ਗੁਰਸਿਖਾਂ ਸੁਣੇ ਦੁਰਾਡੀ ਆਵਾਜ਼, ਨੇਰਨ ਨੇਰਾ ਨਜ਼ਰੀ ਆਈਆ । ਲੇਖਾ ਜਾਣੇ ਗ਼ਰੀਬ ਨਿਵਾਜ਼, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਲੋਕਮਾਤ ਰੱਖੇ ਲਾਜ, ਅੱਗੇ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਇਕੱਠੇ, ਦਰ ਇਕ ਧਿਆਨ ਲਗਾਈਆ । ਚਾਰ ਕੁੰਟ ਕੋਈ ਨਾ ਨੱਠੇ, ਦਹਿ ਦਿਸ਼ਾ ਫੇਰਾ ਕੋਈ ਨਾ ਪਾਈਆ । ਇਕੋ ਵਾਰ ਪਕਾਓ ਸਾਚੇ ਮਤੇ, ਮਤਲਬ ਇਕੋ ਹੱਲ ਕਰਾਈਆ । ਦੀਨ ਮਜ਼੍ਹਬ ਬਣਾਓ ਭਾਈ ਭਾਈ ਸਕੇ, ਜ਼ਾਤ ਪਾਤ ਨਾ ਕੋਇ ਲੜਾਈਆ । ਖਾਨ ਪਾਨ ਅੰਮ੍ਰਿਤ ਰੂਪ ਉਚ ਨੀਚ ਛਕੇ, ਭੇਵ ਅਭੇਦ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਆਤਮ ਪਰਮਾਤਮ ਇਕੋ ਰੰਗ ਰਤੇ, ਦੂਜਾ ਰੂਪ ਨਜ਼ਰ ਕੋਇ ਨਾ ਆਈਆ । ਵੇਖੋ ਖੇਲ ਤਤ ਅੱਠੇ, ਨੌ ਦੁਆਰੇ ਡੇਰਾ ਢਾਹੀਆ । ਦਸਵੇਂ ਮੇਲ ਪੁਰਖ ਸਮਰਥੇ, ਜੋਤੀ ਜੋਤ ਜੋਤ ਰੁਸ਼ਨਾਈਆ । ਕਲਜੁਗ ਜੀਵ

ਰਹਿਣ ਹੱਕੇ ਬੱਕੇ, ਭੇਵ ਅਭੇਦ ਸਕੇ ਕੋਇ ਨਾ ਪਾਈਆ । ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਨਕੇਲ ਪਾਏ ਨੱਕੇ, ਚਾਰੋ ਕੁੰਟ ਭੱਜਣ ਵਾਹੋ ਦਾਹੀਆ । ਵਰਨ ਬਰਨ ਬਿਨ ਪੁਰਖ ਅਕਾਲ ਪਤ ਕੋਈ ਨਾ ਰੱਖੇ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਲਜੁਗ ਜੀਵਾਂ ਕੋਲੋ ਸਾਰੇ ਅੱਕੇ, ਆਪਣਾ ਪੱਲੂ ਰਹੇ ਛੁਡਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਮਿਲਣ ਧੱਕੇ, ਪੰਡਤ ਪਾਂਧੇ ਬੈਠੇ ਮੁਖ ਭਵਾਈਆ । ਹਰਿ ਕੇ ਨਾਮ ਪਿਛੇ ਮੰਗਦੇ ਦਾਣੇ ਫੱਕੇ, ਪੈਸਾ ਪੈਸਾ ਰਹੇ ਉਗਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਲੇ ਸਚ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਭਰਵਾਸਾ, ਇਕੋ ਇਕ ਓਟ ਤਕਾਈਆ । ਤੇਰਾ ਖੇਲ ਪੁਰਖ ਅਬਿਨਾਸ਼ਾ, ਚਾਰ ਜੁਗ ਵੇਖ ਵਖਾਈਆ । ਹੁਕਮੇ ਅੰਦਰ ਹੋ ਕੇ ਦਾਸੀ ਦਾਸਾ, ਬਣ ਸੇਵਕ ਸੇਵ ਕਮਾਈਆ । ਗੋਪੀ ਕਾਹਨ ਰਚਾਈ ਰਾਸਾ, ਸੀਤਾ ਸੁਰਤੀ ਰਾਮ ਪਰਨਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸੁਣਾਈ ਗਾਥਾ, ਅੱਖਰ ਅੱਖਰ ਨਾਲ ਮਿਲਾਈਆ । ਭੇਵ ਚਕੌਂਦੇ ਰਹੇ ਤ੍ਰਲੋਕੀ ਨਾਥਾ, ਨਾਥ ਅਨਾਥਾਂ ਪੜਦਾ ਲਾਹੀਆ । ਖੇਲ ਖਲੌਂਦੇ ਰਹੇ ਕਾਇਆ ਕਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਰਹੇ ਜੋੜ, ਹਰਿ ਚਰਨ ਧਿਆਨ ਲਗਾਈਆ । ਕਲਜੁਗ ਅੰਤਮ ਠਾਕਰ ਬੌਹੜ, ਠੋਕਰ ਲੱਗੇ ਸਰਬ ਲੋਕਾਈਆ । ਲੱਗੀ ਪ੍ਰੀਤ ਨਿਭਾ ਤੋੜ, ਅੱਧਵਿਚਕਾਰ ਨਾ ਕੋਇ ਤੁੜਾਈਆ । ਨੇਤਰ ਖੋਲ੍ਹ ਵੇਖ ਗ਼ੌਰ, ਚਾਰੋ ਕੁੰਟ ਅੰਧੇਰਾ ਛਾਈਆ । ਕੂੜੀ ਕਿਰਿਆ ਪਾਵੇ ਸ਼ੋਰ, ਵਰਨ ਬਰਨ ਕਰੇ ਲੜਾਈਆ । ਦਹਿ ਦਿਸ਼ਾ ਦਿਸੇ ਅੰਧੇਰਾ ਘੋਰ, ਤੇਰਾ ਨੂਰ ਨਜ਼ਰ ਕੋਇ ਨਾ ਆਈਆ । ਲੇਖਾ ਚੁਕੇ ਨਾ ਮੇਰ ਤੇਰ, ਮੈਂ ਮਮਤਾ ਨਾ ਕੋਇ ਗਵਾਈਆ । ਕਾਮ ਕਰੋਧ ਦੇਵੇ ਨਾ ਕੋਈ ਹੋੜ, ਲੋਭ ਮੋਹ ਹੰਕਾਰ ਨਾ ਕੋਇ ਮਿਟਾਈਆ । ਤੇਰਾ ਦਰਸ ਕੋਇ ਨਾ ਪਾਏ ਬੰਦੀ ਛੋੜ, ਲਿਵ ਛੁਟਕੀ ਸਰਬ ਲੋਕਾਈਆ । ਸਾਚੇ ਭਗਤ ਤੇਰੀ ਭਗਤੀ ਕਰਨ ਬਣ ਕੇ ਚੋਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਘਰ ਸਾਚੇ ਵੱਜੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਲਾਹ, ਇਕੋ ਮਤਾ ਪਕਾਈਆ । ਪੁਰਖ ਅਕਾਲ ਦੀਨ ਦਿਆਲ ਦਾ ਵੇਲਾ ਗਿਆ ਆ, ਅੰਤਮ ਲੇਖਾ ਲੇਖੇ ਪਾਈਆ । ਬੀਸ ਬੀਸਾ ਨੈਣ ਰਿਹਾ ਉਠਾ, ਸਦੀ ਚੌਧਵੀਂ ਪੜਦਾ ਆਪ ਚੁਕਾਈਆ । ਚਾਰ ਜੁਗ ਦੇ ਵੇਖਣਹਾਰ ਗਵਾਹ, ਚੌਕੜੀ ਆਪਣੇ ਵਿਚ ਛੁਪਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਜਿਸ ਹੁਕਮੇ ਅੰਦਰ ਲਏ ਚਲਾ, ਸੋ ਚਾਰ ਕੁੰਟ ਆਪਣਾ ਫੇਰਾ ਪਾਈਆ । ਰਹਿਬਰ ਬਣ ਕੇ ਆਏ ਨੂਰੀ ਖ਼ੁਦਾ, ਇਕ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜਾਮਾ ਵੇਸ ਲਏ ਵਟਾ, ਪੰਜ ਤਤ ਖ਼ਾਕ ਨਾ ਕੋਇ ਹੰਢਾਈਆ । ਸ਼ਬਦੀ ਨਾਦ ਦਏ ਸੁਣਾ, ਢੋਲਾ ਇਕੋ ਇਕ ਅਲਾਈਆ । ਧੁਰ ਦਾ ਲੇਖਾ ਦਏ ਜਣਾ, ਬੋਧ ਅਗਾਧਾ ਕਰ ਪੜ੍ਹਾਈਆ । ਭਗਤ ਭਗਵਾਨ ਲਏ ਸਮਝਾ, ਸਾਚੀ ਸਿਖਿਆ ਇਕ ਦਰਸਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਮਾਰਗ ਲਏ ਚਲਾ, ਚਾਲ ਨਿਰਾਲੀ ਇਕ ਜਣਾਈਆ । ਦੋ ਜਹਾਨਾਂ ਪੰਧ ਦਏ ਮੁਕਾ, ਬਣ ਕੇ ਪਾਂਧੀ ਫੇਰਾ ਪਾਈਆ । ਸਾਚਾ ਖੇਲ ਦਏ ਵਰਤਾ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਰਿਆਂ ਨੂੰ ਇਕੋ ਵਾਰ ਬਣਾਏ ਗਵਾਹ, ਸ਼ਹਾਦਤ ਸਾਚੇ ਘਰ ਭੁਗਤਾਈਆ । ਅਗੋ ਕਰ ਸਕੇ ਨਾ ਕੋਈ ਨਾਂਹ, ਭੈ ਸਭ ਦੇ ਸਿਰ ਉਤੇ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ

ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਡਰਦੇ, ਸੀਸ ਸਕੇ ਨਾ ਕੋਇ ਉਠਾਈਆ । ਰਸਨਾ ਕਹਿਣ ਪ੍ਰਭ ਤੇਰੇ ਬਰਦੇ, ਦਰ ਦਰਵੇਸ਼ ਅਲਖ ਜਗਾਈਆ । ਚਾਰ ਜੁਗ ਦੀ ਕੀਤੀ ਹਰਦੇ, ਅੱਗੇ ਤੇਰੇ ਹੱਥ ਫੜਾਈਆ । ਜੀਂਦੇ ਤੇਰੇ ਮਰਦੇ, ਤੇਰੇ ਜੀਵਣ ਮਰਨ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸਦ ਚਲੀਏ ਸਚ ਰਜ਼ਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਡਾਵਾਂ ਡੋਲ, ਧੀਰਜ ਧੀਰ ਨਾ ਕੋਇ ਧਰਾਈਆ । ਲੱਖ ਚੁਰਾਸੀ ਵੇਖੀ ਫੋਲ, ਕ਼ਾਲਬ ਸਿਦਕ ਨਜ਼ਰ ਕੋਏ ਨਾ ਆਈਆ । ਸਾਚੀ ਆਵਾਜ਼ ਕਿਸੇ ਨਾ ਸੁਣੀ ਕਾਨ ਖੋਲ੍ਹ, ਹੰਸ ਰੂਪ ਨਾ ਕੋਇ ਵਟਾਈਆ । ਦੀਨ ਮਜ਼੍ਹਬ ਦੀ ਬੋਲੀ ਰਹੇ ਬੋਲ, ਪੁਰਖ ਅਕਾਲ ਹਿਰਦੇ ਨਾ ਕੋਇ ਵਸਾਈਆ । ਬਣ ਕੇ ਚੋਰ ਡਾਕੂ ਆਪਣੀ ਸੁਰਤ ਸਵਾਣੀ ਘਰ ਕਿਲੀਉਂ ਰਹੇ ਟੋਲ, ਬਾਹਰ ਜੰਗਲ ਜੂਹ ਉਜਾੜ ਪਹਾੜ ਵਿਚ ਧੱਕਾ ਲਾਈਆ । ਉਚੀ ਕੂਕ ਕੂਕ ਰਹੇ ਬੋਲ, ਰਸਨਾ ਜਿਹਵਾ ਦੇਣ ਦੁਹਾਈਆ । ਦਰੋਹੀ ਖ਼ੁਦਾਏ ਸਾਡੇ ਨਹੀਂ ਕੁਛ ਕੋਲ, ਤੇਰਾ ਤੇਰੀ ਝੋਲੀ ਪਾਈਆ । ਕਲਜੁਗ ਜੀਵ ਹੋਏ ਅਨਭੋਲ, ਸੁਤਿਆਂ ਰੈਣ ਰਹੀ ਵਿਹਾਈਆ । ਨਾ ਕੋਈ ਜਾਣੇ ਪੰਡਤ ਪਾਂਧਾ ਰੌਲ, ਮੁਲਾਂ ਸ਼ੇਖ਼ ਮਸਾਇਕ ਕੂੜੀ ਤਸਬੀ ਮਣਕਾ ਰਹੇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸਾਹਿਬ ਆਪਣਾ ਦਰਸ ਦਿਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਡਰਪੋਕ, ਪ੍ਰਭ ਅੱਗੇ ਵਾਸਤਾ ਪਾਈਆ । ਗਿਰਜਿਆਂ ਵਿਚ ਨਜ਼ਰ ਨਾ ਆਏ ਕੋਈ ਪੋਪ, ਮਸਜਿਦ ਅਮਾਮ ਰੂਪ ਨਾ ਕੋਇ ਵਟਾਈਆ । ਸ਼ਿਵਦਵਾਲੇ ਮੱਠ ਪਿਆ ਸੋਗ, ਚਿੰਤਾ ਆਪਣਾ ਰੰਗ ਰੰਗਾਈਆ । ਗੁਰੂਦੁਆਰ ਗੁਰ ਕਾ ਸ਼ਬਦ ਗਾਏ ਨਾ ਕੋਈ ਸਲੋਕ, ਸੋਹਲਾ ਹਰਿ ਨਾ ਕੋਇ ਸਮਝਾਈਆ । ਦੀਨ ਦਿਆਲ ਰੱਖੇ ਨਾ ਕੋਈ ਓਟ, ਕਲਮ ਸ਼ਾਹੀ ਬੈਠੇ ਧਿਆਨ ਲਗਾਈਆ । ਕਿਸੇ ਦਰ ਪਰਗਟ ਦਿਸੇ ਨਾ ਨਿਰਮਲ ਜੋਤ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਆਪਣੀ ਆਪਣੀ ਮਨਸਾ ਚੁਗਦੇ ਚੋਗ, ਸਾਚਾ ਰਸ ਰਸਨ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਨ ਆਹ, ਨਾਅਰਾ ਇਕ ਸੁਣਾਈਆ । ਸਚ ਮਹਿਬੂਬ ਕਿਉਂ ਬੈਠਾ ਮੁਖ ਛੁਪਾ, ਨਕ਼ਾਬ ਪੜਦਾ ਇਕ ਰਖਾਈਆ । ਪਾਰਬ੍ਰਹਮ ਪ੍ਰਭ ਕਿਉਂ ਪੜਦਾ ਰਿਹਾ ਪਾ, ਓਢਣ ਆਪਣਾ ਦੇ ਉਠਾਈਆ । ਸਾਰੇ ਨਿਉਂ ਨਿਉਂ ਤੱਕਣ ਤੇਰਾ ਰਾਹ, ਚਰਨ ਕਵਲ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਆਏ ਇਕ ਮਲਾਹ, ਬੇੜਾ ਸਾਚਾ ਲਏ ਚਲਾਈਆ । ਚਾਰ ਵਰਨਾਂ ਦੇਵੇ ਸਚ ਸਲਾਹ, ਸ਼ਬਦੀ ਢੋਲਾ ਇਕ ਪੜ੍ਹਾਈਆ । ਤੂੰ ਮੇਰਾ ਮੈਂ ਤੇਰਾ ਸਭ ਨੂੰ ਦਏ ਸਮਝਾ, ਬਚਿਆ ਕੋਇ ਰਹਿਣ ਨਾ ਪਾਈਆ । ਰਲ ਮਿਲ ਸਾਰੇ ਬਣੀਏ ਅਸੀਂ ਗਵਾਹ, ਬਿਆਨ ਕਲਮਬੰਦ ਕਰਾਈਆ । ਬਿਨ ਤੇਰੇ ਭਗਤਾਂ ਸਾਡੀ ਮੰਨੀ ਨਾ ਕਿਸੇ ਰਜ਼ਾ, ਹੁਕਮ ਸੀਸ ਨਾ ਕੋਇ ਰਖਾਈਆ । ਪੰਜ ਤਤ ਕਾਇਆ ਭਰੀ ਗੁਨਾਹ, ਪਤਤ ਰੂਪ ਸਰਬ ਵਟਾਈਆ । ਅੰਤਮ ਹੋਏ ਮਾਤ ਫ਼ਨਾਹ, ਨਾ ਸਕੇ ਕੋਇ ਬਚਾਈਆ । ਸਾਚੇ ਗੁਰਮੁਖਾਂ ਜਪਿਆ ਤੇਰਾ ਨਾਂ, ਇਸ਼ਟ ਇਕੋ ਇਕ ਰਖਾਈਆ । ਗੁਰਮੁਖ ਤੇਰਾ ਮੰਗਣ ਚਰਨ ਧਿਆਂ, ਨੇਤਰ ਨੈਣਾਂ ਨੀਰ ਵਹਾਈਆ । ਗੁਰਸਿਖ ਤੈਨੂੰ ਬਣੌਂਦੇ ਪਿਤਾ ਮਾਂ, ਬਣ ਬਾਲਕ ਤੇਰੀ ਗੋਦ ਸੁਹਾਈਆ । ਕਰ ਕਿਰਪਾ ਠਾਕਰ ਸਾਹਿਬ ਸਤਿਗੁਰ ਆ ਪਕੜ ਸਭ ਦੀ ਬਾਂਹ, ਫੜ ਬਾਹੋ ਗਲੇ ਲਗਾਈਆ । ਵੇਲਾ ਛੁਪਣ ਦਾ ਰਿਹਾ ਨਾ, ਬੀਸ ਬੀਸਾ ਰਿਹਾ ਸੁਣਾਈਆ । ਸਦੀ ਚੌਧਵੀਂ ਨੇਤਰ ਨੈਣ ਰਹੀ ਉਠਾ, ਅੱਖ ਅੱਖ ਨਾਲ

ਮਿਲਾਈਆ । ਕਵਣ ਕੂਟੇ ਮੇਰਾ ਪਰਵਰਦਿਗਾਰ ਬੇਨਜ਼ੀਰ ਸਚ ਤਸਵੀਰ ਲਏ ਪਰਗਟਾ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੇ ਦਰ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲ ਅਲੱਖ, ਅਲੱਖ ਅਲੱਖਨਾ ਰਹੇ ਧਿਆਈਆ । ਅਗੰਮ ਅਥਾਹ ਹੋ ਪਰਤੱਖ, ਬੇਪਰਵਾਹ ਰੂਪ ਵਟਾਈਆ । ਸਾਚਾ ਸਾਡਾ ਦੇ ਹੱਕ, ਹਕੀਕਤ ਵੇਖ ਥਾਉਂ ਥਾਈਂਆ । ਭਗਤ ਭਗਵਾਨ ਸਾਚੇ ਰੱਖ, ਜੋ ਤੇਰੇ ਤੈਨੂੰ ਰਹੇ ਧਿਆਈਆ । ਲੱਖ ਚੁਰਾਸੀ ਜੀਵ ਜੰਤ ਰਾਏ ਧਰਮ ਅੱਗੇ ਹੱਕ, ਹੋਕਾ ਇਕੋ ਵਾਰ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ, ਪ੍ਰਭ ਮੈਂ ਸਾਚਾ ਦਇਆ ਕਮਾਵਾਂਗਾ । ਨਿਰਗੁਣ ਹੋ ਕੇ ਸਰਗੁਣ ਮੂਲ ਚੁਕਾਵਾਂਗਾ । ਬੰਨ੍ਹ ਕੇ ਸਚ ਅਸੂਲ, ਪਿਛਲਾ ਮਸੂਲ ਸਰਬ ਮਿਟਾਵਾਂਗਾ । ਨਾਰ ਮਿਲੇ ਹਰਿ ਕੰਤ ਕੰਤੂਹਲ, ਸੁਰਤੀ ਸ਼ਬਦੀ ਜੋੜ ਜੁੜਾਵਾਂਗਾ । ਧੁਰ ਦਾ ਨਾਮ ਇਕ ਮਾਕੂਲ, ਮੁਹੱਬਤਖ਼ਾਨੇ ਵਿਚ ਰਖਾਵਾਂਗਾ । ਜਿਸ ਗ੍ਰਿਹਿ ਮੰਦਰ ਵੜ ਕੇ ਕੋਈ ਨਾ ਜਾਏ ਭੂਲ, ਸੋ ਘਰ ਇਕੋ ਇਕ ਜਣਾਵਾਂਗਾ । ਜਿਥੇ ਬ੍ਰਹਮਾ ਵਿਸ਼ਨ ਸ਼ਿਵ ਧੁਰ ਫ਼ਰਮਾਨਾ ਕਰਨ ਕ਼ਬੂਲ, ਸਾਚਾ ਹੁਕਮ ਇਕ ਵਰਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਕਰ ਵਖਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰੋ ਕਰੋ ਧਿਆਨ, ਪੁਰਖ ਅਕਾਲ ਰਿਹਾ ਜਣਾਈਆ । ਕਲਜੁਗ ਅੰਤ ਸ੍ਰੀ ਭਗਵਾਨ, ਸਾਚਾ ਖੇਲ ਖ਼ਾਲਕ ਖ਼ਲਕ ਕਰਾਈਆ । ਸਦੀ ਬੀਸਵੀਂ ਹੋ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਭਗਤ ਭਗਵੰਤ ਕੱਠੇ ਕਰੇ ਆਣ, ਧੁਰ ਦਾ ਲਹਿਣਾ ਝੋਲੀ ਪਾਈਆ । ਚਾਰ ਵਰਨ ਦੀ ਚੁੱਕੇ ਆਣ, ਅਠਾਰਾਂ ਬਰਨ ਦੀ ਲਹੇ ਮਕਾਣ, ਜ਼ਾਤ ਪਾਤ ਮਕਬਰਿਆਂ ਵਿਚ ਦਬਾਈਆ । ਸਭ ਦਾ ਨਗ਼ਮਾ ਇਕੋ ਦੱਸੇ ਕਲਾਮ, ਸਾਚਾ ਨਾਮ ਸ਼ਬਦ ਬੋਲ ਬੇਜ਼ਬਾਨ, ਜਾਬਰ ਜਬਰ ਏਕਾ ਹੁਕਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਰਚਾਈਆ । ਸਾਚਾ ਖੇਲ ਕਰੇ ਭਗਵਾਨ, ਕਲਜੁਗ ਅੰਤਮ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਤੁਸੀਂ ਦੱਸ ਕੇ ਆਏ ਮੇਰਾ ਨਿੱਕਾ ਜਿਹਾ ਨਿਸ਼ਾਨ, ਅੰਤ ਕੋਈ ਕਹਿਣ ਨਾ ਪਾਈਆ । ਅੰਤਮ ਸਾਰੇ ਛੱਡ ਕੇ ਆਏ ਮੈਦਾਨ, ਚਰਨ ਕਵਲ ਲਈ ਸਰਨਾਈਆ । ਰਸਨਾ ਜਿਹਵਾ ਦੇ ਕੇ ਆਏ ਬਿਆਨ, ਕਲਮ ਸ਼ਾਹੀ ਲਿਖ ਕੇ ਆਏ ਨਿਸ਼ਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਪਰਮ ਪੁਰਖ ਪਤਿਪਰਮੇਸ਼ਵਰ ਪਰਗਟ ਹੋਵੇ ਨਿਹਕਲੰਕ ਬਲੀ ਬਲਵਾਨ, ਬਲਧਾਰੀ ਆਪਣਾ ਫੇਰਾ ਪਾਈਆ । ਜਿਸ ਦੇ ਅੰਦਰ ਹੁਕਮ ਬਾਹਰ ਚਲੇ ਫ਼ਰਮਾਨ, ਫੁਰੇ ਮੰਤਰ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਸਚ ਕਮਾਵਾਂਗਾ । ਸੂਰਾ ਸਰਬੱਗ ਨਾਮ ਅਖਵਾਵਾਂਗਾ । ਦੋ ਜਹਾਨ ਹੋ ਪਰਗਟ, ਪਰਗਟ ਆਪਣੀ ਧਾਰ ਵਖਾਵਾਂਗਾ । ਕਲਜੁਗ ਕੂੜ ਪਸਾਰਾ ਮੇਟ ਹੱਟ, ਸਤਿਜੁਗ ਸਾਚਾ ਰਾਹ ਵਖਾਵਾਂਗਾ । ਜੋ ਲੇਖਾ ਸਾਚੇ ਤਾਜ ਉਤੇ ਦਿਤਾ ਦੱਸ, ਤਿਨ੍ਹਾਂ ਚੌਂਹਾਂ ਮਾਣ ਦਿਵਾਵਾਂਗਾ । ਮਾਝਾ ਮਾਲਵਾ ਦੁਆਬਾ ਜੰਮੂ ਨਹੀਂ ਇਹ ਸ੍ਰੀ ਭਗਵਾਨ ਦਾ ਸੱਚਾ ਇਕੱਠ, ਜਿਸ ਅੰਦਰ ਵੜ ਕੇ ਆਪਣਾ ਖੇਲ ਰਚਾਵਾਂਗਾ । ਇਕੀ ਅੱਸੂ ਪਿਛਲਾ ਲੇਖਾ ਆਵਾਂ ਦੱਸ, ਅਗਲਾ ਹਾਲ ਫੇਰ ਪਰਗਟਾਵਾਂਗਾ । ਪੱਟੇਦਾਰੀ ਦਾ ਸਭ

੪੩੫ ੧੫

ਨੂੰ ਦੇਵਾਂ ਹੱਕ, ਜੋ ਗੁਰਮੁਖ ਆਪਣੀ ਚਰਨੀਂ ਲਾਵਾਂਗਾ । ਕਰ ਕੇ ਕੌਲ ਨਾ ਜਾਵਾਂ ਨੱਠ, ਸੱਚਖੰਡ ਦੁਆਰਿਉਂ ਮੁੜ ਕੇ ਆ ਕੇ ਆਪਣੀ ਧਾਰ ਵਖਾਵਾਂਗਾ । ਜਿਸ ਪੰਦਰਾਂ ਕੱਤਕ ਦਾ ਦੋ ਜਹਾਨ ਰਾਹ ਰਹੇ ਦੱਸ, ਤਿਸ ਪੰਦਰਾਂ ਕੱਤਕ ਨੂੰ ਗੁਰਮੁਖੋ ਤੁਹਾਡੀ ਗੋਦ ਸੁਹਾਵਾਂਗਾ । ਹਰਿ ਕਾ ਭੇਵ ਸਦਾ ਅਕੱਥ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਤੁਹਾਡੇ ਸਾਮ੍ਹਣੇ ਬਿਆਨ ਸਮਝਾਵਾਂਗਾ । ਕੋਈ ਚੁੱਕ ਨਾ ਸਕੇ ਅਗੋ ਅੱਖ, ਆਖ਼ਰ ਆਪਣਾ ਹੁਕਮ ਵਰਤਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲਹਿਣਾ ਆਪ ਮੁਕਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਝੁਕਾਉਂਦੇ, ਬੇਅੰਤ ਤੇਰੀ ਵਡਿਆਈਆ । ਮਸਕੀਨ ਅਧੀਨ ਤੇਰਾ ਢੋਲਾ ਗੌਂਦੇ, ਯਕੀਨ ਤੇਰੇ ਚਰਨ ਰਖਾਈਆ । ਯਾਮੁਬੀਨ ਤੇਰਾ ਮਸਲਾ ਇਕ ਪਕੌਂਦੇ, ਅਭੁੱਲ ਭੁੱਲ ਕਦੇ ਨਾ ਜਾਈਆ । ਦਰ ਦਰਵੇਸ਼ ਤੇਰੀ ਸੇਵ ਕਮੌਂਦੇ, ਹੁਕਮਰਾਨ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਸੀਸ ਨਿਵਾਈਆ । ਸੀਸ ਨਿਵਾਉਣ ਦੀ ਰਹੇ ਨਾ ਬਾਕੀ, ਹਰਿ ਬਕਤਾ ਆਪ ਜਣਾਇੰਦਾ । ਤੁਹਾਡੀ ਮਨਜ਼ੂਰ ਕੀਤੀ ਅੰਤ ਆਖੀ, ਆਖ਼ਰ ਆਪਣੀ ਕਾਰ ਕਰਾਇੰਦਾ । ਪੰਦਰਾਂ ਕੱਤਕ ਨੂੰ ਇਕੋ ਵਾਰ ਮਰਾਵੇ ਝਾਕੀ, ਦੂਜਾ ਦਰ ਗੁਰ ਪੀਰ ਪੈਗ਼ੰਬਰ ਨਜ਼ਰ ਕੋਇ ਨਾ ਆਇੰਦਾ । ਇਕੀ ਅੱਸੂ ਸਾਚਾ ਅਵਸ ਪਾਵੇ ਕਾਠੀ, ਕਠੋਰ ਖੇਲ ਇਕ ਕਰਾਇੰਦਾ । ਜਿਸ ਦੀ ਕਿਸੇ ਨਾ ਲੱਭੀ ਸਾਚੀ ਸਾਖੀ, ਸੋ ਸਾਖਿਆਤ ਵੇਸ ਵਟਾਇੰਦਾ । ਨਿੱਕਾ ਸੁਨੇਹੜਾ ਦੇਂਦਾ ਰਿਹਾ ਖਾਣੀ ਬਾਣੀ ਪਾਤੀ, ਸ਼ਾਸਤਰ ਸਿਮਰਤ ਵੇਦ ਪੁਰਾਨ ਆਪਣੀ ਮਾਤਰ ਨਾਲੋ ਸੰਖ ਅਸੰਖ ਹਿੱਸਾ ਆਪ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਸਭ ਦਾ ਵੇਖ ਵਖਾਇੰਦਾ । ਲੇਖ ਵਖਾਏ ਲਿਖਣਹਾਰਾ, ਲਿਖਤ ਦਏ ਜਣਾਈਆ । ਜਿਸ ਨੇ ਕੀਆ ਆਦਿ ਪਸਾਰਾ, ਸੋ ਅੰਤਮ ਵੇਖੇ ਬੇਪਰਵਾਹੀਆ । ਕਾਗ਼ਜ਼ ਕਲਮ ਸ਼ਾਹੀ ਦਾ ਚੁੱਕੇ ਉਧਾਰਾ, ਉਜਰਤ ਸਭ ਦੀ ਦਏ ਮੁਕਾਈਆ । ਜਾਂਦੀ ਵਾਰ ਨਿਉਂ ਨਿਉਂ ਸਾਰੇ ਕਰਨ ਨਿਮਸਕਾਰਾ, ਸਜਦਾ ਸੀਸ ਇਕੋ ਇਕ ਝੁਕਾਈਆ । ਤੇਰਾ ਖੇਲ ਤੂੰ ਹੀ ਪਰਵਰਦਿਗਾਰਾ, ਤੇਰਾ ਐਬ ਬੇਐਬ ਨਜ਼ਰ ਕਿਸੇ ਨਾ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਲਾਸ਼ਰੀਕ ਸਾਂਝੇ ਯਾਰਾ, ਸਚ ਤੌਫ਼ੀਕ ਤੇਰੇ ਵਿਚ ਸਮਾਈਆ । ਜੁਗ ਚੌਕੜੀ ਸਭ ਨੂੰ ਦੇਂਦਾ ਰਿਹੋ ਲਾਰਾ, ਇਸ਼ਾਰਿਆਂ ਨਾਲ ਹੁਕਮ ਮਨਾਈਆ । ਸਭ ਨੇ ਤੱਕਿਆ ਸਭ ਨੇ ਵੇਖਿਆ ਪਾਰਬ੍ਰਹਮ ਨੌ ਸੌ ਚੁਰਾਨਵੇ ਚੌਕੜੀ ਜੁਗ ਤੂੰ ਬਣਿਆ ਰਿਹੋ ਕੁਆਰਾ, ਆਪਣਾ ਅੰਗ ਨਾ ਕਿਸੇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦਏ ਸਮਝਾਈਆ । ਕੁਆਰਾ ਰਿਹਾ ਮੈਂ ਚਾਰ ਜੁਗ, ਭੇਵ ਕਿਸੇ ਨਾ ਆਇਆ । ਅੰਤਮ ਔਧ ਗਈ ਪੁਗ, ਲੇਖਾ ਲਿਖਤ ਲੇਖ ਜੋ ਸਮਝਾਇਆ । ਸਾਚੀ ਧਾਰੋ ਆਪੇ ਉਠ, ਆਪ ਆਪਣਾ ਵੇਸ ਵਟਾਇਆ । ਪ੍ਰੇਮ ਪ੍ਰੀਤੀ ਅੰਦਰ ਤੁੱਠ, ਗੋਬਿੰਦ ਇਕੋ ਵੇਖ ਵਖਾਇਆ । ਜਿਸ ਨੂੰ ਮਿਹਰਵਾਨ ਹੋ ਬਣਾਇਆ ਪੁੱਤ, ਸੋ ਸਪੂਤ ਗੋਦ ਟਿਕਾਇਆ । ਅੰਤਮ ਉਹਦੇ ਨਾਲੋ ਰੁੱਸ, ਜਗ ਮਾਰਗ ਖੇਲ ਰਚਾਇਆ । ਸਚ ਸੁਹਾਏ ਆਪਣੀ ਰੁੱਤ, ਰੁੱਤ ਰੁਤੜੀ ਆਪ ਮਹਿਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਖੁਲ੍ਹਾਇਆ । ਖੋਲ੍ਹੇ ਭੇਵ ਸ੍ਰੀ ਭਗਵੰਤ, ਗੁਰ ਅਵਤਾਰਾਂ ਦਏ ਜਣਾਈਆ । ਪਿਤਾ ਪੂਤ ਇਕੋ ਮੰਤ, ਸੋਹੰ ਰਾਗ ਰਾਗ ਅਲਾਈਆ । ਅੰਗੀਕਾਰ ਕਰ ਕੇ ਲਾਇਆ ਅੰਗ ਬਣ ਕੇ ਕੰਤ, ਨਾਰ ਇਕੋ ਇਕ ਵਡਿਆਈਆ । ਜਿਸ ਦੀ ਆਪ ਬਣਾਈ ਬਣਤ,

ਮਾਤ ਪਿਤਾ ਨਜ਼ਰ ਕੋਇ ਨਾ ਆਈਆ । ਜਿਸ ਦੀ ਮਹਿਮਾਂ ਕਰ ਕੇ ਗਏ ਸਾਧ ਸੰਤ, ਪੀਰ ਪੈਗ਼ੰਬਰ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਉਠਾਈਆ । ਕੁਆਰਪਨ ਦਿਤਾ ਛੱਡ, ਕਰਿਆ ਖੇਲ ਅਪਾਰ । ਨਿਰਗੁਣ ਹੋ ਕੇ ਨਿਰਗੁਣ ਲਿਆ ਲੱਭ, ਗੋਬਿੰਦ ਮੇਲਾ ਮੀਤ ਮੁਰਾਰ । ਨਾ ਕੋਈ ਮਾਸ ਨਾੜੀ ਹੱਡ, ਨਾ ਕੋਈ ਰਕਤ ਬੂੰਦ ਆਧਾਰ । ਇਕੋ ਨੂਰ ਜੋਤ ਪਰਕਾਸ਼, ਜੋਤੀ ਜੋਤ ਸਚ ਪਿਆਰ । ਅੰਤਮ ਪੁੰਨੀ ਪੂਰੀ ਆਸ, ਆਸਾ ਵਿਚ ਆਪ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚੀ ਸਰਕਾਰ । ਬਣ ਸੁਹਾਗੀ ਹਰਿ ਕਰਤਾਰ, ਆਪਣਾ ਭੇਵ ਜਣਾਈਆ । ਜੋਤੀ ਸ਼ਬਦੀ ਸਚ ਵਿਹਾਰ, ਘਰ ਸਚ ਵੱਜੀ ਵਧਾਈਆ । ਏਕਾ ਮੰਦਰ ਪੁਰਖ ਨਾਰ, ਬੈਠੇ ਸੇਜ ਸੁਹਾਈਆ । ਏਕਾ ਗੀਤ ਰਹੇ ਉਚਾਰ, ਮੰਗਲ ਇਕੋ ਇਕ ਸੁਣਾਈਆ । ਏਕ ਨਾਦ ਧੁਨ ਕਰਨ ਪੁਕਾਰ, ਇਕੋ ਕੂਕ ਆਵਾਜ਼ ਰਹੇ ਲਗਾਈਆ । ਇਕੋ ਮੀਤ ਮਿੱਤਰ ਪਿਆਰ, ਇਕੋ ਸੱਜਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਜੋਗੀ ਖੇਲ ਕਰਾਈਆ । ਧੁਰ ਸੰਜੋਗੀ ਹੋ ਬਣਿਆ ਸੁਹਾਗ, ਹਰਿ ਸੁਹਾਗੀ ਸਰਬ ਸਮਝਾਇੰਦਾ । ਸਭ ਦੇ ਨਾਲੋ ਕੀਤਾ ਆਪ ਤਿਆਗ, ਬਿਨ ਗੋਬਿੰਦ ਦੂਜਾ ਨਜ਼ਰ ਕੋਇ ਨਾ ਆਇੰਦਾ । ਘਰ ਮੰਦਰ ਬਹਿ ਕੇ ਸਾਚਾ ਦੀਪ ਜਗਾਇਆ ਚਿਰਾਗ਼, ਤੇਲ ਬਾਤੀ ਸੰਗ ਨਾ ਕੋਇ ਰਖਾਇੰਦਾ । ਇਕੋ ਕਹਿਣੀ ਗਈ ਭਾਖ, ਤੂੰ ਮੇਰਾ ਮੈਂ ਤੇਰਾ ਦੂਜਾ ਨਾਮ ਨਾ ਕੋਇ ਜਣਾਇੰਦਾ । ਨਾਤਾ ਜੁੜਿਆ ਪਿਤਾ ਪੂਤ ਮਾਤ, ਬਾਲਕ ਬਾਲਾ ਰੂਪ ਵੇਖ ਵਖਾਇੰਦਾ । ਦੂਜੀ ਧਾਰ ਪੁਰਖ ਸਮਰਾਥ, ਨਾਰੀ ਕੰਤ ਰੂਪ ਵਟਾਇੰਦਾ । ਤੀਜੀ ਧਾਰ ਖੇਲ ਤਮਾਸ਼, ਨਿਰਗੁਣ ਸਰਗੁਣ ਆਪ ਸਮਝਾਇੰਦਾ । ਸੰਬਲ ਨਗਰ ਵੇਖੇ ਖ਼ਾਸ, ਖ਼ਾਲਸ ਆਪਣਾ ਨੂਰ ਪਰਗਟਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਸਾਚਾ ਸਤਿ ਚੰਦ ਚਮਕਾਇੰਦਾ । ਪਾਰਬ੍ਰਹਮ ਦੀ ਨਜ਼ਰ ਨਾ ਆਏ ਜ਼ਾਤ, ਵਰਨ ਬਰਨ ਨਾ ਕੋਇ ਸਮਝਾਇੰਦਾ । ਸਚ ਸੁਣਾਏ ਇਕੋ ਗਾਥ, ਸੋਹੰ ਢੋਲਾ ਆਪ ਪੜ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲਹਿਣਾ ਦੇਣਾ ਵੇਖੇ ਮਸਤਕ ਮਾਥ, ਪੂਰਬ ਪੜਦਾ ਆਪ ਚੁਕਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੀ ਕਰੇ ਜਾਚ, ਪੜਤਾਲ ਸਾਚਾ ਹੁਕਮ ਸੁਣਾਇੰਦਾ । ਹਿਰਦੇ ਹਰਿ ਜੂ ਕਵਣ ਰਿਹਾ ਵਾਚ, ਵਾਸਤਾ ਪੁਰਖ ਅਕਾਲ ਨਾਲ ਰਖਾਇੰਦਾ । ਪੀਰ ਪੈਗ਼ੰਬਰ ਗੁਰ ਅਵਤਾਰ ਚਾਰੇ ਕੁੰਟ ਫਿਰ ਫਿਰ ਅੰਤਮ ਦੇਣ ਆਖ, ਆਖ਼ਰ ਸਚ ਸਚ ਸੁਣਾਈਆ । ਪ੍ਰਭੂ ਕਿਸੇ ਦਾ ਖੁਲਿਆ ਨਹੀਂ ਵੇਖਿਆ ਤਾਕ, ਕਲਜੁਗ ਸੰਤ ਦੇਣ ਦੁਹਾਈਆ । ਬਾਹਰੋ ਕਾਇਆ ਮਾਟੀ ਲਏ ਪੋਚ ਪਾਚ, ਅੰਦਰੋ ਨਾਰ ਕਮਜਾਤ ਰੂਪ ਵਟਾਈਆ । ਅੱਠੇ ਪਹਿਰ ਰਹਿਣ ਉਦਾਸ, ਕਾਮ ਵਾਸਨਾ ਹਵਸ ਵਧਾਈਆ । ਅੰਤ ਕਹਿਣ ਸਾਡੇ ਅੰਦਰ ਜੋਤ ਪਰਕਾਸ਼, ਸਤਿ ਪੁਰਖ ਸਾਡੇ ਅੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਘਰ ਘਰ, ਘਰ ਘਰ ਲੇਖਾ ਰਿਹਾ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਹਾਏ, ਹੌਕਾ ਤੇਰਾ ਨਾਮ ਲਗਾਈਆ । ਬੌਹੜੀ ਬੌਹੜੀ ਮਾਰਗ ਗਏ ਭੁਲਾਏ, ਦੁਹਾਈ ਦੁਹਾਈ ਤੇਰੇ ਨਾਮ ਖ਼ੁਦਾਈਆ । ਸਾਚਾ ਨੂਰ ਕਿਸੇ ਨਜ਼ਰ ਨਾ ਆਏ, ਨਿਜ ਮੰਦਰ ਚੜ੍ਹ ਕੇ ਦਰਸ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਗੁਰ ਗੁਰ ਬਾਣੀ ਪੜ੍ਹ ਪੜ੍ਹ ਰਹੇ ਸੁਣਾਏ, ਬਾਣ ਨਿਰਾਲਾ ਤੀਰ ਨਾ ਕੋਇ ਲਗਾਈਆ । ਬਿਨ ਕਰਨੀਉਂ ਬਿਨ ਤਰਨੀਉਂ ਬਿਨ ਪ੍ਰਭ ਦੀ ਸਰਨੀਉਂ ਆਪਣੀ ਜੜ੍ਹ ਰਹੇ ਉਖੜਾਏ, ਬੂਟਾ ਫੇਰ ਕੋਈ ਨਾ ਲਾਈਆ ।

ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੰਤ ਸੁਹੇਲੇ ਇਕੋ ਪੁਰਖ ਅਕਾਲ ਰਹੇ ਮਨਾਏ, ਦੂਜਾ ਨਜ਼ਰ ਕੋਇ ਨਾ ਆਈਆ । ਕਰ ਕਿਰਪਾ ਜਿਨ੍ਹਾਂ ਆਪਣਾ ਭੇਵ ਖੁਲ੍ਹਾਏ, ਪੜਦਾ ਦੂਈ ਦਵੈਤ ਰਹਿਣ ਨਾ ਪਾਈਆ । ਤਿਨ੍ਹਾਂ ਅੱਖਰ ਇਕ ਸਮਝਾਏ, ਨਿੰਮਾਂ ਨਿੰਮਾਂ ਮੇਘ ਬਰਸਾਏ, ਪ੍ਰੇਮ ਪ੍ਰੀਤੀ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲਹਿਣਾ ਆਪ ਮੁਕਾਈਆ । ਸਭ ਦਾ ਲਹਿਣਾ ਮੁੱਕੇ ਮੁੱਕੇ ਕਲੇਸ਼, ਕਲਕਾਤੀ ਰਹਿਣ ਨਾ ਪਾਈਆ । ਸਭ ਦਾ ਦੇਣਾ ਦੇਵੇ ਦਰ ਦਰ ਵੇਖੇ ਦਰਵੇਸ਼, ਘਰ ਘਰ ਅਲਖ ਜਗਾਈਆ । ਨੇਤਰ ਰੋਵੇ ਸਹੰਸਰ ਮੁਖ ਬੋਲੇ ਸ਼ੇਸ਼, ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਤੁਧ ਬਿਨ ਕੋਇ ਨਾ ਮਾਣੇ ਮੇਰੀ ਸੇਜ, ਸੁੰਞੀਂ ਦਿਸੇ ਜਗਤ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾ ਕੋਈ ਨਾ ਦਿਸੇ ਤੇਜ, ਤਿਖੀ ਧਾਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਚ ਵਰ, ਸਚ ਤੇਰੀ ਸਰਨਾਈਆ । ਜਿਸ ਸਰਨਾਈ ਤੱਕੀ ਏਕ, ਏਕੰਕਾਰ ਆਪ ਜਣਾਇੰਦਾ । ਤਿਸ ਦੋ ਜਹਾਨਾਂ ਦੇਵਾਂ ਟੇਕ, ਏਥੇ ਓਥੇ ਆਪ ਬਚਾਇੰਦਾ । ਤ੍ਰੈਗੁਣ ਨਾ ਲਾਵੇ ਸੇਕ, ਅਗਨੀ ਹਵਨ ਨਾ ਕੋਇ ਤਪਾਇੰਦਾ । ਕੂੜਾ ਕਰੇ ਨਾ ਕੋਈ ਭੇਖ, ਮਾਰਗ ਸਚ ਸਚ ਸਮਝਾਇੰਦਾ । ਅੰਤ ਵਖਾਵੇ ਆਪਣਾ ਦੇਸ, ਜਿਸ ਘਰ ਸਾਚਾ ਆਸਣ ਲਾਇੰਦਾ । ਜੁਗ ਚੌਕੜੀ ਸਦਾ ਰਹੇ ਹਮੇਸ਼, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪਣੇ ਹੱਥ ਰਖਾਇੰਦਾ । ਸਾਚਾ ਹੁਕਮ ਰੱਖੇ ਹੱਥ, ਦੂਸਰ ਡੋਰ ਨਾ ਕੋਇ ਫੜਾਈਆ । ਪਰਗਟ ਹੋ ਪੁਰਖ ਸਮਰਥ, ਅਗੰਮੜੀ ਕਾਰ ਕਮਾਈਆ । ਪਿਛਲਾ ਲਹਿਣਾ ਦੇਣਾ ਕਰੇ ਭੱਠ, ਅੱਗੇ ਮਾਰਗ ਇਕ ਸਮਝਾਈਆ । ਕੂੜੀ ਕਿਰਿਆ ਬੁਰਜ ਜਾਵੇ ਢੱਠ, ਮਾਇਆ ਮਮਤਾ ਹਉਮੇਂ ਹੰਗਤਾ ਗੜ੍ਹ ਨਜ਼ਰ ਕੋਇ ਨਾ ਆਈਆ । ਸਤਿ ਸਰੂਪ ਸ਼ਾਹੋ ਭੂਪ ਇਕੋ ਦੇਵੇ ਬ੍ਰਹਮ ਮੱਤ, ਪਾਰਬ੍ਰਹਮ ਕਰੇ ਨਾਮ ਪੜ੍ਹਾਈਆ । ਬੀਜ ਬੀਜੇ ਆਪਣੇ ਵਤ, ਬਣ ਕਿਰਸਾਣਾ ਹੱਲ ਚਲਾਈਆ । ਅੰਤਮ ਵੇਖੇ ਪਤ ਫੁਲ ਡਾਲ੍ਹੀ ਰੰਗੇ ਆਪਣੀ ਰਤ, ਰਤੀ ਰਤ ਨਾਲ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਜਣਾਈਆ । ਸਾਚਾ ਲੇਖਾ ਜਾਣੇ ਬੇਪਰਵਾਹ, ਬੇਪਰਵਾਹੀ ਵਿਚ ਸਮਾਇੰਦਾ । ਸ਼ਾਹ ਭਬੀਖਣ ਲਹਿਣਾ ਦੇਵੇ ਚੁਕਾ, ਪਿਛਲਾ ਮੂਲ ਮੂਲ ਮੁਕਾਇੰਦਾ । ਆਪਣੀ ਹੱਥੀਂ ਆਪਣੀ ਵਸਤ ਦੇਵੇ ਆ, ਨਿਉਂ ਨਿਉਂ ਸੀਸ ਜਗਦੀਸ ਝੁਕਾਇੰਦਾ । ਏਥੇ ਓਥੇ ਦੋ ਜਹਾਨ ਤੇਰਾ ਸੰਦੇਸਾ ਪ੍ਰਭ ਸਤਿਗੁਰ ਦਿਤਾ ਸੁਣਾ, ਬਣ ਸੇਵਕ ਸੇਵ ਕਮਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰੇ ਦਰ ਤੇ ਵੇਖ ਚੜ੍ਹੇ ਚਾ, ਚਾਉ ਘਨੇਰਾ ਇਕ ਜਣਾਇੰਦਾ । ਕਲਜੁਗ ਅੰਤ ਬਨਿਉਂ ਆਪ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਫੋਲ ਫੋਲਾਏ ਥਲ ਅਸਗਾਹ, ਉਚੇ ਟਿੱਲੇ ਪਰਬਤ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਦਾਤ ਪੁਰਖ ਸਮਰਾਥ, ਤੇਰੀ ਭੇਟਾ ਅੰਤ ਚੜ੍ਹਾਇੰਦਾ । ਤੇਰੀ ਭੇਟਾ ਅੰਤ ਚੜ੍ਹਾਵਾਂਗਾ । ਆਪਣਾ ਲੇਖਾ ਤੇਰੇ ਕੋਲੋਂ ਮੁਕਾਵਾਂਗਾ । ਤ੍ਰੇਤਾ ਜੁਗ ਦਾ ਚੇਤਾ ਫੇਰ ਕਰਾਵਾਂਗਾ । ਨੇਤਾ ਇਕੋ ਰਾਮ ਸਮਝਾਵਾਂਗਾ । ਅਗੇਤਾ ਪਛੇਤਾ ਸਭ ਦਾ ਮੇਲ ਮਿਲਾਵਾਂਗਾ । ਜੋ ਨੇਤਰ ਆ ਕੇ ਪੇਖਾ, ਸੋ ਬਿਨ ਰਸਨਾ ਬੋਲ ਸਮਝਾਵਾਂਗਾ । ਪੁਰਖ ਅਕਾਲ ਦੀਨ ਦਿਆਲ ਕਲਜੁਗ ਅੰਤਮ ਸਭ ਤੋ ਖੋਹ ਲਿਆ ਆਪਣਾ ਠੇਕਾ, ਬੋਲੀ ਉਤੇ ਗੁਰਮੁਖ ਕਿਸੇ ਹੱਟ ਨਾ ਕਦੀ ਵਿਕਾਵਾਂਗਾ । ਗੁਰ ਅਵਤਾਰਾਂ

ਪੀਰ ਪੈਗੰਬਰਾਂ ਵਿਸ਼ਨ ਬ੍ਰਹਮਾ ਸ਼ਿਵ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਇਕੋ ਨਜ਼ਰੀ ਆਏ ਨੇਤਾ, ਹੁਕਮ ਇਕੋ ਇਕ ਦ੍ਰਿੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਦ ਵਸੀਏ ਠਾਕਰ ਤੇਰੇ ਘਰ, ਘਰ ਮਿਲੇ ਇਕ ਵਡਿਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦੀ ਕੀਤੀ ਕਰਨੀ ਲਏ ਹਰ, ਅੰਤਮ ਪੂਰਾ ਕਰ ਵਰ, ਪਰਗਟ ਹੋ ਨਰਾਇਣ ਨਰ, ਨਿਰਭੌ ਚੁਕਾ ਭੈ ਡਰ, ਭਾਉ ਇਕੋ ਇਕ ਸਰਬ ਜਣਾਈਆ ।

## ✪ ੨ ਅੱਸੂ ੨੦੨੦ ਬਿਕ੍ਰਮੀ ਹਰਿ ਭਗਤ ਦੁਆਰ ਜੇਠੂਵਾਲ ✪

ਸ੍ਰੀ ਭਗਵਾਨ ਸਚ ਭਗਤ, ਧੁਰ ਸੰਦੇਸ ਜਣਾਈਆ । ਅੰਤਰ ਆਤਮ ਬ੍ਰਹਮਮੱਤ, ਪਾਰਬ੍ਰਹਮ ਇਕ ਪੜ੍ਹਾਈਆ । ਸਚ ਪ੍ਰੀਤੀ ਸਾਚਾ ਨਤ, ਬਿਧਾਤਾ ਆਪ ਬੰਧਾਈਆ । ਲੱਖ ਚੁਰਾਸੀ ਵਿਚੋ ਕਰ ਕੇ ਵੱਖ, ਭੇਵ ਅਭੇਦ ਖੁਲ੍ਹਾਈਆ । ਸੰਤ ਸੁਹੇਲੇ ਖੋਲ੍ਹ ਅੱਖ, ਨਿਜ ਨੇਤਰ ਕਰੇ ਰੁਸ਼ਨਾਈਆ । ਧੀਰਜ ਸੰਤੋਖ ਦੇਵੇ ਜਤ, ਮਿਹਰ ਨਜ਼ਰ ਉਠਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਆਪਣੇ ਰੰਗ ਰੰਗਾਈਆ । ਨਾਮ ਜਣਾਏ ਇਕ ਅਲੱਖ, ਇਕੋ ਨਾਦ ਸੁਣਾਈਆ । ਜੁਗ ਜੁਗ ਦੇਵੇ ਸਭ ਦਾ ਹੱਕ, ਹਰਿ ਹਕੀਕਤ ਵੇਖ ਵਖਾਈਆ । ਪੁਰਖ ਅਗੰਮਾ ਮਾਰਗ ਦੱਸ, ਸਾਚੀ ਸਿਖਿਆ ਕਰੇ ਪੜ੍ਹਾਈਆ । ਪਰਮਾਤਮ ਹੋ ਕੇ ਆਤਮ ਵਸ, ਆਤਮ ਪਰਮਾਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਸ੍ਰੀ ਭਗਵਾਨ ਸਚ ਉਪਦੇਸ਼, ਜਨ ਭਗਤਾਂ ਆਪ ਜਣਾਇੰਦਾ । ਨਿਜ ਘਰ ਵਾਸੀ ਨਿਜ ਗ੍ਰਿਹ ਲਏ ਵੇਖ, ਨਿਜ ਨੇਤਰ ਪੜਦਾ ਲਾਹਿੰਦਾ । ਸਤਿ ਸਰੂਪੀ ਸਚ ਜਣਾਏ ਆਪਣਾ ਭੇਖ, ਭੇਵ ਅਭੇਦ ਖੁਲ੍ਹਾਇੰਦਾ । ਲੇਖਾ ਜਾਣੇ ਪੂਰਬ ਮਸਤਕ ਲੇਖ, ਜਨਮ ਅਜਨਮ ਖੋਜ ਖੋਜਾਇੰਦਾ । ਸਤਿਗੁਰ ਹੋ ਕੇ ਕਰੇ ਹੇਤ, ਸਤਿ ਸੁਆਮੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇੰਦਾ । ਭਗਤ ਭਗਵਾਨ ਸਾਚੀ ਰੀਤ, ਜੁਗ ਚੌਕੜੀ ਆਪ ਚਲਾਈਆ । ਕਰੇ ਖੇਲ ਸਾਹਿਬ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਲੇਖਾ ਤੋੜ ਮੰਦਰ ਮਸੀਤ, ਕਾਇਆ ਕਾਅਬਾ ਇਕ ਸਮਝਾਈਆ । ਜਿਸ ਘਰ ਵਸੇ ਪ੍ਰਭੂ ਅਤੀਤ, ਤ੍ਰੈਗੁਣ ਦੇਵੇ ਡੇਰਾ ਢਾਹੀਆ । ਦਿਵਸ ਰੈਣ ਪਰਖੇ ਨੀਤ, ਨੀਤੀਵਾਨ ਇਕ ਅਖਵਾਈਆ । ਕਰ ਕਿਰਪਾ ਕਾਇਆ ਕਰੇ ਠੰਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਸਦਾ ਸੁਹੇਲਾ ਵਸੇ ਚੀਤ, ਇਕ ਇਕੇਲਾ ਬੇਪਰਵਾਹੀਆ । ਆਤਮ ਪਰਮਾਤਮ ਸਚ ਸੁਣਾਏ ਗੀਤ, ਸੋਹੰ ਢੋਲਾ ਰਾਗ ਅਲਾਈਆ । ਮਾਣਸ ਜਨਮ ਜਾਣਾ ਜੀਤ, ਸਾਚੀ ਸਿਖਿਆ ਕਰੇ ਪੜ੍ਹਾਈਆ । ਅੰਤਮ ਨਿਭੇ ਇਕ ਪ੍ਰੀਤ, ਦੂਜਾ ਸੰਗ ਨਾ ਕੋਇ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਦੇਵੇ ਹਰਿ ਵਡਿਆਈਆ । ਸ੍ਰੀ ਭਗਵਾਨ ਭਗਤਾਂ ਜੋਗ, ਹਰੀ ਹਰਿ ਨਾਮ ਇਕ ਜਣਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਸਾਚੀ ਚੋਗ, ਰਸ ਇਕੋ ਇਕ ਵਖਾਇੰਦਾ । ਸੁਰਤੀ ਸ਼ਬਦੀ ਧੁਰ ਸੰਜੋਗ, ਹਰਿ ਸੰਜੋਗੀ ਮੇਲ ਮਿਲਾਇੰਦਾ । ਜਨਮ ਜਨਮ ਦਾ ਕੱਟ ਰੋਗ, ਦੁਰਮਤ ਮੈਲ ਧਵਾਇੰਦਾ । ਗ੍ਰਿਹਿ ਮੰਦਰ ਦੇਵੇ ਦਰਸ ਅਮੋਘ, ਹਰਿਜਨ ਹਰਸ ਆਪ ਮਿਟਾਇੰਦਾ । ਨਾਮ ਸੁਣਾਏ

ਅਗੰਮ ਸਲੋਕ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਜਿਸ ਦਰਸ਼ਨ ਨੂੰ ਗੁਰਮੁਖ ਰਹੇ ਲੋਚ, ਸੋ ਲੋਚਣ ਆਪ ਖੁਲ੍ਹਾਇੰਦਾ । ਪੁਰਖ ਅਕਾਲ ਬਖ਼ਸ਼ੇ ਇਕੋ ਓਟ, ਚਰਨ ਕਵਲ ਸਮਝਾਇੰਦਾ । ਹਰਿਜਨ ਤੇਰੇ ਅੰਦਰ ਪੁਰਖ ਸੁਆਮੀ ਰੱਖੀ ਜੋਤ, ਨਰ ਨਿਰੰਕਾਰ ਡਗਮਗਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਸਮਝਾਇੰਦਾ । ਬੈਠਾ ਰਹੇ ਸਦਾ ਖ਼ਾਮੋਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਜਨ ਭਗਤਾਂ ਖੇਲ ਦੱਸੇ ਭਗਵਾਨ, ਧੁਰ ਦੀ ਧਾਰ ਆਪ ਸਮਝਾਈਆ । ਨਿਰਗੁਣ ਸਰਗੁਣ ਮੇਲੇ ਆਣ, ਲੋਕਮਾਤ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਕਰ ਪਰਵਾਨ, ਧੁਰ ਦਾ ਲੇਖਾ ਝੋਲੀ ਪਾਈਆ । ਸਚ ਵਖਾਏ ਇਕ ਮਕਾਨ, ਮੰਦਰ ਇਕੋ ਇਕ ਵਡਿਆਈਆ । ਜਿਸ ਗ੍ਰਿਹ ਸਾਚਾ ਨਾਦ ਵੱਜੇ ਸੱਚੀ ਧੁਨਕਾਨ, ਆਤਮਕ ਰਾਗ ਇਕ ਸੁਣਾਈਆ । ਲਿਵ ਛੁਟਕੇ ਨਾ ਦੋ ਜਹਾਨ, ਨੇਤਰ ਲੋਚਣ ਨੈਣ ਇਸ਼ਟ ਗੁਰਦੇਵ ਇਕੋ ਨਜ਼ਰੀ ਆਈਆ । ਤਿਸ ਗੁਰਮੁਖ ਮਿਲੇ ਮਾਣ, ਅਭਿਮਾਨ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਆਪਣਾ ਨਾਮ ਬੁਝਾਈਆ । ਗੁਰਮੁਖ ਭਗਤ ਜਨ ਇਕੋ ਰੰਗ, ਹਰਿ ਕਰਤਾ ਆਪ ਰੰਗਾਇੰਦਾ । ਆਤਮ ਸੇਜ ਸੁਹਾ ਸਚ ਪਲੰਘ, ਸਚ ਸਿੰਘਾਸਣ ਡੇਰਾ ਲਾਇੰਦਾ । ਅਨਹਦ ਨਾਦ ਵਜਾਏ ਅਗੰਮੀ ਮਰਦੰਗ, ਤਾਲ ਤਲਵਾੜਾ ਨਜ਼ਰ ਕਿਸੇ ਨਾ ਆਇੰਦਾ । ਨਿਰਗੁਣ ਜੋਤ ਚਾੜ੍ਹੇ ਚੰਦ, ਸਚ ਪਰਕਾਸ਼ ਇਕ ਵਖਾਇੰਦਾ । ਤੂੰ ਮੇਰਾ ਮੈਂ ਤੇਰਾ ਘਰ ਘਰ ਵਿਚ ਗਾਏ ਛੰਦ, ਸਾਚਾ ਸੋਹਲਾ ਇਕ ਸਮਝਾਇੰਦਾ । ਗੁਰਮੁਖ ਵੇਖ ਅੰਦਰ ਲੰਘ, ਸ੍ਰੀ ਭਗਵਾਨ ਤੇਰਾ ਰਾਹ ਤਕਾਇੰਦਾ । ਸਾਚੇ ਮੰਦਰ ਵੇਖ ਅਨੰਦ, ਅਨੰਦ ਅਨੰਦ ਵਿਚੋ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦਿੜਾਇੰਦਾ । ਗੁਰਮੁਖ ਵੇਖ ਆਤਮ ਰਸ, ਘਰ ਸਾਚੇ ਖ਼ੁਸ਼ੀ ਮਨਾਈਆ । ਪਾਰਬ੍ਰਹਮ ਮੈਂ ਤੇਰੇ ਵਸ, ਪ੍ਰਭ ਤੇਰੀ ਓਟ ਰਖਾਈਆ । ਸਾਚਾ ਮਾਰਗ ਜਗਤ ਦੱਸ, ਜੀਵਣ ਜੁਗਤ ਜਣਾਈਆ । ਲੱਖ ਚੁਰਾਸੀ ਗਏ ਫਸ, ਬੰਦੀ ਛੋੜ ਨਜ਼ਰ ਕੋਇ ਨਾ ਆਈਆ । ਜਨਮ ਜਨਮ ਪੰਧ ਮੁਕਿਆ ਨਾ ਨੱਠ ਨੱਠ, ਬਣੇ ਰਹੇ ਪਾਂਧੀ ਰਾਹੀਆ । ਸਾਚਾ ਮਿਲਿਆ ਨਾ ਕੋਈ ਹੱਟ, ਵਸਤ ਅਮੋਲਕ ਝੋਲੀ ਕੋਇ ਨਾ ਪਾਈਆ । ਦੂਈ ਦਵੈਤੀ ਕੋਈ ਨਾ ਮੇਟੇ ਫੱਟ, ਪੱਟੀ ਨਾਮ ਨਾ ਕੋਇ ਬੰਧਾਈਆ । ਤੇਰਾ ਭੇਵ ਨਾ ਜਾਣੇ ਮਿਤ ਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਖ਼ਸ਼ੇ ਇਕ ਸਰਨਾਈਆ । ਸਾਚੇ ਭਗਤ ਸੁਣ ਕਰ ਧਿਆਨ, ਸੋ ਸਾਹਿਬ ਆਪ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵਣਹਾਰ ਗਿਆਨ, ਬੋਧ ਅਗਾਧ ਅੱਖਰ ਇਕ ਪੜ੍ਹਾਇੰਦਾ । ਵਖਾਵਣਹਾਰਾ ਸਚ ਨਿਸ਼ਾਨ, ਸਚਖੰਡ ਦੁਆਰ ਏਕੰਕਾਰ ਧਰਮ ਨਿਸ਼ਾਨ ਇਕ ਝੁਲਾਇੰਦਾ । ਪਾਵਣਹਾਰਾ ਜਨਮ ਕਰਮ ਦੀ ਸਾਰਾ, ਨਿਹਕਰਮੀ ਆਪਣਾ ਕਰਮ ਕਮਾਇੰਦਾ । ਗੁਰਮੁਖ ਵੇਖੇ ਸਚ ਦੁਲਾਰਾ, ਮਿਹਰ ਨਜ਼ਰ ਨਜ਼ਰ ਉਠਾਇੰਦਾ । ਲੱਖ ਚੁਰਾਸੀ ਵਿਚੋ ਕਰ ਪਿਆਰਾ, ਆਪ ਆਪਣਾ ਭੇਵ ਖੁਲ੍ਹਾਇੰਦਾ । ਘਰ ਦੀਆ ਬਾਤੀ ਕਮਲਾਪਾਤੀ ਕਰ ਉਜਿਆਰਾ, ਮਹੱਲ ਅਟੱਲ ਇਕ ਰੁਸ਼ਨਾਇੰਦਾ । ਅੰਮ੍ਰਿਤ ਆਤਮ ਠੰਡੀ ਠਾਰਾ, ਬੂੰਦ ਸਵਾਂਤੀ ਮੁਖ ਚੁਆਇੰਦਾ । ਸ਼ਬਦ ਅਨਾਦ ਸੱਚੀ ਧੁਨਕਾਰਾ, ਧੁਨ ਆਤਮਕ ਰਾਗ ਅਲਾਇੰਦਾ । ਚਰਨ ਕਵਲ ਦੇਵੇ ਸਹਾਰਾ, ਚਰਨ ਚਰਨੋਦਕ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪਣੇ ਘਰ ਮਿਲਾਇੰਦਾ । ਭਗਤ ਭਗਵਾਨ ਘਰ ਮਿਲਾਪ, ਮੇਲਾ ਹਰਿ ਸਮਝਾਈਆ । ਪੂਰਬ

੪੩੯
੧੫

ਮੇਟ ਰੋਗ ਸੰਤਾਪ, ਅੱਗੇ ਚਿੰਤਾ ਗ਼ਮ ਰਹਿਣ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸੱਚਾ ਜਾਪ, ਸੋਹੰ ਢੋਲਾ ਇਕ ਸੁਣਾਈਆ । ਨਾਤਾ ਜੁੜੇ ਪਿਤਾ ਬਾਪ, ਪੂਤ ਸਪੂਤਾ ਗੋਦ ਉਠਾਈਆ । ਜਿਉਂ ਭਾਵੇ ਤਿਉਂ ਲਏ ਰਾਖ, ਹਰਿ ਬਖ਼ਸ਼ੇ ਚਰਨ ਸਰਨਾਈਆ । ਆਪਣੇ ਵੇਖਣ ਦੀ ਖੋਲ੍ਹੇ ਅੱਖ, ਦੋਏ ਲੋਚਣ ਬੰਦ ਕਰਾਈਆ । ਘਰ ਵਖਾਏ ਹੱਸ ਹੱਸ, ਹਰਿ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਦੇਵੇ ਦੱਸ, ਭਗਤ ਭਗਤਾਂ ਨਾਲ ਮਿਲਾਈਆ । ਸਾਚੇ ਭਗਤ ਤੇਰਾ ਭਗਤ ਪਿਆਰ, ਹਰਿ ਭਗਵਨ ਆਪ ਜਣਾਈਆ । ਹਰ ਘਟ ਵੇਖ ਰੂਪ ਨਿਰਾਕਾਰ, ਨਿਰਗੁਣ ਬੈਠਾ ਆਸਣ ਲਾਈਆ । ਅੱਠੇ ਪਹਿਰ ਦਿਵਸ ਰੈਣ ਘੜੀ ਪਲ ਕਰੇ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਕਵਣ ਵੇਲਾ ਪ੍ਰਭ ਮਿਲੇ ਮੀਤ ਮੁਰਾਰ, ਜਗਤ ਵਿਛੋੜਾ ਦਏ ਕਟਾਈਆ । ਅਬਿਨਾਸ਼ੀ ਕਰਤਾ ਦਏ ਸਹਾਰ, ਸਾਚੀ ਸਿਖਿਆ ਇਕ ਸਮਝਾਈਆ । ਤੇਰਾ ਮੇਲਾ ਵਿਚ ਸੰਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਈਆ । ਆਤਮ ਪਰਮਾਤਮ ਮੇਲ ਅਗੰਮ, ਹਰਿ ਕਰਤਾ ਆਪ ਕਰਾਇੰਦਾ । ਕਰੇ ਕਰਾਏ ਆਪਣਾ ਕੰਮ, ਦੂਜਾ ਸੰਗ ਨਾ ਕੋਇ ਰਖਾਇੰਦਾ । ਜੁਗ ਚੌਕੜੀ ਬੇੜਾ ਬੰਨ੍ਹ, ਜਨ ਭਗਤਾਂ ਮਾਣ ਦਿਵਾਇੰਦਾ । ਵਸਤ ਅਮੋਲਕ ਨਾਮ ਧੰਨ, ਸਚ ਖ਼ਜ਼ੀਨਾ ਝੋਲੀ ਪਾਇੰਦਾ । ਏਕਾ ਰਾਗ ਸੁਣਾਏ ਕੰਨ, ਨਾਮ ਨਿਧਾਨ ਇਕ ਦ੍ਰਿੜਾਇੰਦਾ । ਮਨ ਵਾਸਨਾ ਮੇਟੇ ਮਨ, ਮਨ ਕਾ ਮਣਕਾ ਆਪ ਭਵਾਇੰਦਾ । ਸਾਚਾ ਬੇੜਾ ਦੇਵੇ ਬੰਨ੍ਹ, ਸ਼ੌਹ ਦਰਿਆ ਨਾ ਕੋਇ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਤੀ ਜੋੜ ਜੁੜਾਇੰਦਾ । ਭਗਤ ਭਗਤ ਪ੍ਰਭ ਜੋੜੀ ਜੋੜ, ਜੁਗਤੀ ਜਗਤ ਜਣਾਈਆ । ਪ੍ਰਭ ਬਿਨ ਨਜ਼ਰ ਨਾ ਆਏ ਕੋਈ ਹੋਰ, ਦੂਸਰ ਧਿਆਨ ਨਾ ਕੋਇ ਰਖਾਈਆ । ਜਗਤ ਵਿਕਾਰ ਨਾ ਪਾਵੇ ਸ਼ੋਰ, ਸ਼ਰਅ ਕਰੇ ਨਾ ਕੋਇ ਲੜਾਈਆ । ਪੁਰਖ ਅਕਾਲ ਹੱਥ ਸਭ ਦੀ ਡੋਰ, ਤੰਦੀ ਤੰਦ ਆਪ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਕਰਤਾਰ, ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਜਗਤ ਸੰਸਾਰ, ਵਰਨ ਬਰਨ ਖੋਜ ਖੁਜਾਈਆ । ਰਹਿਬਰ ਬਣ ਗੁਰ ਅਵਤਾਰ, ਪੀਰ ਪੈਗ਼ੰਬਰ ਮਾਰਗ ਗਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਮੁਕਾਈਆ । ਸਭ ਦਾ ਲੇਖਾ ਜਾਣੇ ਜਾਣੀਜਾਣ, ਜਾਨਣਹਾਰਾ ਆਪ ਅਖਵਾਇੰਦਾ । ਕਲਜੁਗ ਅੰਤ ਮਾਰ ਧਿਆਨ, ਦੋ ਜਹਾਨ ਵੇਖ ਵਖਾਇੰਦਾ । ਚਾਰ ਕੁੰਟ ਦਹਿ ਦਿਸ਼ਾ ਖੇਲ ਮਹਾਨ, ਖ਼ਾਲਕ ਖ਼ਲਕ ਰੂਪ ਦਰਸਾਇੰਦਾ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਓ ਰੰਕ ਨੇਤਰ ਨੈਣ ਸਰਬ ਕੁਰਲਾਣ, ਧੀਰਜ ਧੀਰ ਨਾ ਕੋਇ ਧਰਾਇੰਦਾ । ਸ੍ਰੀ ਭਗਵਾਨ ਹੋ ਮਿਹਰਵਾਨ, ਅਬਿਨਾਸ਼ੀ ਕਰਤਾ ਆਪਣੀ ਦਇਆ ਕਮਾਇੰਦਾ । ਸਾਚੀ ਸਿਖਿਆ ਦੇਵੇ ਆਣ, ਚਾਰ ਵਰਨ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਬਾਹਰ ਜਗਤ ਪਿਆਰ, ਸਾਚੀ ਧਾਰ ਵਖਾਇੰਦਾ । ਆਤਮ ਪਰਮਾਤਮ ਅੰਤਰ ਪਿਆਰ, ਘਟ ਘਟ ਆਪ ਜਣਾਈਆ । ਜਗਤ ਲੇਖਾ ਵਿਚ ਸੰਸਾਰ, ਜਗਜੀਵਣ ਦਾਤਾ ਦਏ ਜਣਾਈਆ । ਨਾਰੀ ਪੁਰਖ ਤਤ ਆਧਾਰ, ਪੰਜ ਤਤ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਪੰਜ ਤਤ ਨਾਤਾ ਜਗਤ ਜੋਤ, ਹਰਿ ਸਤਿਗੁਰ ਖੇਲ ਰਚਾਇੰਦਾ । ਲੇਖਾ ਜਾਣ ਕਾਇਆ

ਕੋਟ, ਬੰਕ ਦੁਆਰ ਗੜ੍ਹ ਸੁਹਾਇੰਦਾ । ਸਚ ਜਣਾਈ ਇਕ ਸਲੋਕ, ਸਾਚਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਪਰਗਟਾਇੰਦਾ । ਆਪਣਾ ਭੇਵ ਦੱਸੇ ਭਗਵਾਨ, ਪ੍ਰਭ ਆਪਣੀ ਦਇਆ ਕਮਾਈਆ । ਜੋ ਜਨ ਗੁਰਮੁਖ ਮੇਲੇ ਆਣ, ਤਿਨ੍ਹਾਂ ਆਪਣਾ ਰੰਗ ਰੰਗਾਈਆ । ਦੂਜਾ ਨਾਮ ਦੇ ਗਿਆਨ, ਸਿਖਿਆ ਸਚ ਕਰੇ ਪੜ੍ਹਾਈਆ । ਜੀਵ ਆਤਮ ਆਤਮ ਜੀਵ ਜਗਦੀਸ਼ ਬ੍ਰਹਮ ਪਾਰਬ੍ਰਹਮ ਪ੍ਰਭ ਦੇਵੇ ਇਕ ਨਿਸ਼ਾਨ, ਸਚ ਨਿਸ਼ਾਨਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਤਵ ਤਤ ਕਰੇ ਕੁੜਮਾਈਆ । ਤਤਵ ਤਤ ਕਰ ਕੁੜਮਾਈ, ਜਗ ਰਚਨਾ ਰੂਪ ਜਣਾਇੰਦਾ । ਗੁਰਮੁਖ ਗੁਰਮੁਖ ਮੇਲਾ ਚਾਈਂ ਚਾਈਂ, ਚਾਓ ਘਨੇਰਾ ਇਕ ਸਮਝਾਇੰਦਾ । ਪ੍ਰੇਮ ਪ੍ਰੀਤੀ ਅੰਦਰ ਪਕੜੇ ਬਾਂਹੀਂ, ਗੁਰ ਸ਼ਬਦ ਵਿਚੋਲਾ ਵੇਖ ਵਖਾਇੰਦਾ । ਨਾ ਕੋਈ ਝੀਵਰ ਛੀਂਬਾ ਨਾਈ, ਡੂਮ ਮਰਾਸੀ ਨਜ਼ਰ ਕੋਇ ਨਾ ਆਇੰਦਾ । ਸਚਖੰਡ ਦੁਆਰੇ ਮੇਲ ਮਿਲਾਵਾ ਸਹਿਜ ਸੁਭਾਈ, ਕਰਤਾ ਕੀਮਤ ਕੋਇ ਨਾ ਲਾਇੰਦਾ । ਦੋਹਾਂ ਘਰਾਂ ਵੱਜੇ ਵਧਾਈ, ਘਰ ਸੱਜਣ ਇਕੋ ਨਜ਼ਰੀ ਆਇੰਦਾ । ਮੇਲ ਮਿਲਾਵਾ ਚਾਈਂ ਚਾਈਂ, ਚਾਉ ਘਨੇਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਤ ਨਾਲ ਰਲਾਇੰਦਾ । ਭਗਤ ਭਗਤਾਂ ਕਰ ਪਿਆਰ, ਹਰਿ ਭਗਵਨ ਬੂਝ ਬੁਝਾਈਆ । ਸਚ ਪ੍ਰੀਤੀ ਅੰਦਰ ਸਚ ਸੰਸਾਰ, ਸਾਚੀ ਰੀਤੀ ਇਕ ਦ੍ਰਿੜਾਈਆ । ਜੋੜੀ ਜੋੜ ਅਗੰਮ ਅਪਾਰ, ਕੁਦਰਤ ਕਾਦਰ ਦਏ ਸਮਝਾਈਆ । ਨਾਰ ਕੰਤ ਇਕ ਆਧਾਰ, ਜੀਵ ਜੰਤ ਮਿਲੇ ਵਡਿਆਈਆ । ਗੁਰ ਅਵਤਾਰ ਗਏ ਪੁਕਾਰ, ਸਾਧ ਸੰਤ ਦੇਣ ਦੁਹਾਈਆ । ਜਿਨ੍ਹਾਂ ਮਿਲੇ ਪਹਿਲੋ ਆਪ ਨਿਰੰਕਾਰ, ਸੋ ਸੁਹਾਗਣ ਰੂਪ ਵਟਾਈਆ । ਤਿਸ ਦਾ ਲੇਖਾ ਚੁੱਕੇ ਲਾਂਵ ਚਾਰ, ਜੋ ਗੁਰਮੁਖ ਚੌਥੇ ਪਦ ਸਮਾਈਆ । ਤਿਨ੍ਹਾਂ ਮੇਲਾ ਹਰਿ ਕਰਤਾਰ, ਕਰਤਾ ਆਪਣੇ ਅੰਗ ਲਗਾਈਆ । ਗੁਰਮੁਖ ਸਖੀਆਂ ਮਿਲ ਮਿਲ ਗਾਵਣ ਮੰਗਲਾਚਾਰ, ਗੀਤ ਗੋਬਿੰਦ ਇਕ ਅਲਾਈਆ । ਗੁਰਮੁਖ ਗੁਰਮੁਖ ਜੋੜੀ ਸਦਾ ਰਹੇ ਜੁਗ ਚਾਰ, ਸਤਿਗੁਰ ਆਪਣੇ ਸੰਗ ਰਖਾਈਆ । ਏਥੇ ਓਥੇ ਦੋ ਜਹਾਨਾਂ ਲੱਗੀ ਪ੍ਰੀਤੀ ਨਿਭੇ ਨਾਲ, ਅਧਵਿਚਕਾਰ ਨਾ ਕੋਇ ਤੁੜਾਈਆ । ਸਤਿਗੁਰੂ ਦੁਆਰੇ ਨਾ ਕੋਈ ਸ਼ਾਹ ਨਾ ਕੰਗਾਲ, ਇਕੋ ਰੂਪ ਸਰਬ ਸਮਝਾਈਆ । ਸ਼ਬਦ ਵਿਚੋਲਾ ਬਣ ਦਲਾਲ, ਸੌਹਰੇ ਪੇਈਏ ਸਭ ਦੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਨ੍ਹਾਂ ਗੁਰਮੁਖਾਂ ਉਤੇ ਹੋਏ ਆਪ ਦਿਆਲ, ਜਿਨ੍ਹਾਂ ਆਪਣੇ ਦਰ ਕਰੇ ਕੁੜਮਾਈਆ ।



## ✪ ੩ ਅੱਸੂ ੨੦੨੦ ਬਿਕ੍ਰਮੀ ਫ਼ੌਜਾ ਸਿੰਘ ਦੇ ਗ੍ਰਿਹਿ ਸਿਰਹਾਲੀ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਪੂਰਾ ਸਦਾ ਦਿਆਲ, ਜੁਗ ਜੁਗ ਦਇਆ ਕਮਾਇੰਦਾ । ਸੰਤ ਸੁਹੇਲੇ ਗੁਰਮੁਖ ਲਾਲ, ਗੁਰਸਿਖ ਗੁਰ ਗੁਰ ਗੋਦ ਉਠਾਇੰਦਾ । ਤ੍ਰੈਗੁਣ ਮਾਇਆ ਕੂੜੀ ਕਿਰਿਆ ਤੋੜ ਜੰਜਾਲ, ਜੀਵਣ ਜੁਗਤ ਇਕ ਜਣਾਇੰਦਾ । ਸਾਚਾ ਮੰਦਰ ਕਾਇਆ ਬੰਕ ਸੱਚੀ ਧਰਮਸਾਲ, ਘਰ ਘਰ ਵਿਚ ਪੜਦਾ ਲਾਹਿੰਦਾ । ਦੀਆ ਬਾਤੀ ਕਮਲਾਪਾਤੀ ਜੋਤ ਜਗਾਏ ਬੇਮਿਸਾਲ, ਨੂਰ ਨੁਰਾਨਾ ਡਗਮਗਾਇੰਦਾ । ਸ਼ਬਦ ਸਰੂਪੀ ਬਣ ਦਲਾਲ, ਨਿਰਗੁਣ

ਸਰਗੁਣ ਵੇਖ ਵਖਾਇੰਦਾ । ਲਹਿਣਾ ਦੇਣਾ ਚੁਕਾਏ ਕਾਲ ਮਹਾਂਕਾਲ, ਮਿਹਰਵਾਨ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸਾਹਿਬ ਇਕ ਅਖਵਾਇੰਦਾ । ਸਤਿਗੁਰ ਪੂਰਾ ਹਰਿ ਸੱਚਾ ਠਾਕਰ, ਆਦਿ ਜੁਗਾਦਿ ਵੱਡੀ ਵਡਿਆਈਆ । ਪਾਰ ਕਰਾਏ ਡੂੰਘੇ ਸਾਗਰ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਦਰ ਘਰ ਸਾਚੇ ਦੇਵੇ ਆਦਰ, ਦਰਗਹਿ ਸਾਚੀ ਹੋਏ ਸਹਾਈਆ । ਖੇਲੇ ਖੇਲ ਕਰੀਮ ਕਾਦਰ, ਕਰਨੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਅੰਤਰ ਆਤਮ ਬੂਝ ਬੁਝਾਈਆ । ਅੰਤਰ ਆਤਮ ਖੋਲ੍ਹੇ ਭੇਤ, ਅਨੁਭਵ ਆਪਣੀ ਦਇਆ ਕਮਾਇੰਦਾ । ਆਤਮ ਪਰਮਾਤਮ ਕਰ ਕਰ ਹੇਤ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਚੜ੍ਹਾਇੰਦਾ । ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਨੈਣ ਅੱਖ ਖੁਲ੍ਹਾਇੰਦਾ । ਨਿਰਗੁਣ ਸਰਗੁਣ ਆਪ ਜਣਾਏ ਆਪਣੀ ਖੇਡ, ਬਣ ਖਿਲਾਰੀ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਨਿਤ ਨਵਿਤ ਲੋਕਮਾਤ ਭੇਜ, ਨਾਮ ਸੰਦੇਸਾ ਇਕ ਸੁਣਾਇੰਦਾ । ਹਰ ਘਟ ਅੰਦਰ ਬਣ ਸੁਆਮੀ ਮਾਣੇ ਸੇਜ, ਸਚ ਸਿੰਘਾਸਣ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਗੁਰ ਗੁਰ ਬੂਝ ਬੁਝਾਇੰਦਾ । ਗੁਰਸਿਖ ਮੇਲਾ ਸਚ ਦੁਆਰ, ਦਰ ਘਰ ਸਾਚੇ ਵੱਜੇ ਵਧਾਈਆ । ਕਿਰਪਾ ਕਰੇ ਗੁਰ ਕਰਤਾਰ, ਕਰਤਾ ਕੀਮਤ ਆਪੇ ਪਾਈਆ । ਜਨਮ ਜਨਮ ਦਾ ਲਹਿਣਾ ਪੂਰਬ ਦੇਣਾ ਦੇਵੇ ਵਿਚ ਸੰਸਾਰ, ਲੇਖਾ ਲੇਖੇ ਵਿਚ ਲਗਾਈਆ । ਜਿਉਂ ਭਾਵੇ ਤਿਉਂ ਲਏ ਤਾਰ, ਤਾਰਨਹਾਰ ਵਡ ਵਡਿਆਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਸੋਹਣ ਇਕ ਦੁਆਰ, ਸਚ ਦੁਆਰੇ ਵੱਜੇ ਨਾਮ ਵਧਾਈਆ । ਅੰਤਰ ਬਾਹਰ ਗੁਪਤ ਜ਼ਾਹਰ ਇਕ ਪਿਆਰ, ਦੂਜੀ ਧਾਰ ਨਜ਼ਰ ਕੋਇ ਨਾ ਆਈਆ । ਸਾਹਿਬ ਸਤਿਗੁਰ ਸ਼ਬਦ ਗੁਰਦੇਵ ਆਦਿ ਜੁਗਾਦਿ ਸਾਂਝਾ ਯਾਰ, ਵਰਨ ਗੋਤ ਜ਼ਾਤ ਪਾਤ ਦੀਨ ਮਜ਼੍ਹਬ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸੰਤ ਸੁਹੇਲੇ ਗੁਰ ਚੇਲੇ ਮੇਲ ਮਿਲਾਈਆ । ਸੰਤ ਸੁਹੇਲਾ ਅੰਤਰ ਮੇਲਾ, ਪਰਮ ਪੁਰਖ ਪ੍ਰਭ ਭੇਵ ਚੁਕਾਈਆ । ਘਰ ਠਾਕਰ ਮਿਲੇ ਸੱਜਣ ਸੁਹੇਲਾ, ਗਹਿਰ ਗੰਭੀਰ ਵੱਡੀ ਵਡਿਆਈਆ । ਆਪ ਸੁਹਾਏ ਆਪਣਾ ਵੇਲਾ, ਵਾਰ ਥਿਤ ਘੜੀ ਪਲ ਵੰਡ ਨਾ ਕੋਇ ਵੰਡਾਈਆ । ਵਸਣਹਾਰਾ ਧਾਮ ਨਵੇਲਾ, ਨਿਰਗੁਣ ਸਰਗੁਣ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਗੁਰ ਮੰਤਰ ਬੂਝ ਬੁਝਾਈਆ ।



### ✪ ੩ ਅੱਸੂ ੨੦੨੦ ਬਿਕ੍ਰਮੀ ਗੁਰਬਚਨ ਸਿੰਘ, ਗੁਰਦੀਪ ਸਿੰਘ ਦੇ ਗ੍ਰਿਹ ਸਰਹਾਲੀ ਜ਼ਿਲਾ ਅੰਮ੍ਰਿਤਸਰ ✪

ਨੈਣ ਪਰਾਣ ਦੋਵੇਂ ਹੋਣ ਪਰਵਾਨ, ਪਰਵਾਨਗੀ ਇਕੋ ਘਰ ਵਖਾਈਆ । ਕਾਇਆ ਸੀਤਲ ਵਿਚ ਜਹਾਨ, ਅਗਨੀ ਤਤ ਨਾ ਕੋਇ ਤਪਾਈਆ । ਸਤਿਗੁਰ ਪੂਰਾ ਹੋਵੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਮਨ ਆਤਮਾ ਦੇਵੇ ਇਕ ਗਿਆਨ, ਦੋਹਾਂ ਸਚ ਸਮਝਾਈਆ । ਚਰਨ ਕਵਲ ਰੱਖਣਾ ਹਰਿ ਧਿਆਨ, ਦੂਜੀ ਓਟ ਨਾ ਕੋਇ ਸਰਨਾਈਆ । ਜਨਮ ਮਰਨ ਚੁੱਕੇ ਕਾਣ, ਲੱਖ ਚੁਰਾਸੀ ਫੰਦ ਕਟਾਈਆ । ਦੇਵੇ ਦਰਸ ਅੰਤਮ

ਆਣ, ਅੰਤਰ ਆਤਮਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਨੇਤਰ ਨੈਣ ਨੈਣ ਕਰੇ ਰੁਸ਼ਨਾਈਆ । ਨੇਤਰ ਨੈਣ ਪਰਾਣ ਸਤਿਗੁਰ ਲੇਖੇ, ਪਰਾਣੀ ਵਸਤ ਨਜ਼ਰ ਕੋਇ ਨਾ ਆਈਆ । ਮਾਣਸ ਜਨਮ ਜੋ ਜਨ ਰਹੇ ਭਰਮ ਭੁਲੇਖੇ, ਤਿਨ੍ਹਾਂ ਰਾਏ ਧਰਮ ਦਏ ਸਜ਼ਾਈਆ । ਪੁਰਖ ਅਕਾਲ ਦੀਨ ਦਿਆਲ ਹਰ ਘਟ ਅੰਦਰ ਬੈਠਾ ਵੇਖੇ, ਅਭੁੱਲ ਭੁੱਲ ਕਦੇ ਨਾ ਜਾਈਆ । ਜਿਨ੍ਹਾਂ ਸ੍ਰੀ ਭਗਵਾਨ ਰੱਖਿਆ ਚੇਤੇ, ਤਿਨ੍ਹਾਂ ਸੁਰਤੀ ਚੇਤਨ ਦਏ ਕਰਾਈਆ । ਅੰਤਮ ਕਾਇਆ ਲਾਏ ਆਪਣੇ ਲੇਖੇ, ਪੰਜ ਤਤ ਡੇਰਾ ਝੂਠਾ ਢਾਹੀਆ । ਆਤਮ ਆਪਣਾ ਪਰਮਾਤਮ ਵੇਖੇ, ਬ੍ਰਹਮ ਪਾਰਬ੍ਰਹਮ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਮ ਲਹਿਣਾ ਦਏ ਚੁਕਾਈਆ । ਅੰਤਮ ਲਹਿਣਾ ਚੁੱਕੇ ਮਾਤ, ਜਗਤ ਤਤ ਨਜ਼ਰ ਨਾ ਆਈਆ । ਮੇਲ ਮਿਲਾਏ ਇਕ ਇਕਾਂਤ, ਇਕ ਇਕੱਲਾ ਫੇਰਾ ਪਾਈਆ । ਪਿਛਲੀ ਮੇਟੇ ਅੰਧੇਰੀ ਰਾਤ, ਅੱਗੇ ਨਿਰਗੁਣ ਨੂਰ ਜੋਤ ਚੰਦ ਚਮਕਾਈਆ । ਵਸਤ ਅਮੋਲਕ ਦੇਵੇ ਦਾਤ, ਨਾਮ ਭੰਡਾਰਾ ਝੋਲੀ ਪਾਈਆ । ਚਰਨ ਪ੍ਰੀਤੀ ਬੰਧੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਸੱਜਣ ਸੁਹੇਲਾ ਬਣੇ ਸਾਕ, ਸਾਚਾ ਸੰਗ ਨਿਭਾਈਆ । ਬਜਰ ਕਪਾਟੀ ਖੋਲ੍ਹੇ ਤਾਕ, ਦੂਈ ਦਵੈਤ ਪੜਦਾ ਦਏ ਉਠਾਈਆ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸਾਚੇ ਸੰਤ ਪ੍ਰਭ ਮਿਲਣ ਦੀ ਰੱਖ ਕੇ ਬੈਠੇ ਆਸ, ਤਿਨ੍ਹਾਂ ਸਾਸ ਗਰਾਸ ਨੈਣ ਪਰਾਣ ਕਾਇਆ ਤਤ ਨਿਸ਼ਾਨ ਜੀਵ ਆਤਮ ਪਰਮਾਤਮ ਪਾਰਬ੍ਰਹਮ ਪ੍ਰਭ ਆਪਣੇ ਲੇਖੇ ਲਾਈਆ ।



✪ ੩ ਅੱਸੂ ੨੦੨੦ ਬਿਕ੍ਰਮੀ ਮੱਘਰ ਸਿੰਘ, ਗੁਰਦਾਸ ਸਿੰਘ ਦੇ ਗ੍ਰਹਿ ਪਿੰਡ ਸ਼ਾਹਵਾਲਾ ਜ਼ਿਲਾ ਫਿਰੋਜ਼ਪੁਰ ✪

ਸਤਿਗੁਰ ਕਰਤਾ ਆਦਿ ਜੁਗਾਦਿ, ਜੁਗ ਚੌਕੜੀ ਦਇਆ ਕਮਾਇੰਦਾ । ਸੰਤ ਸੁਹੇਲੇ ਸੱਜਣ ਲਾਧ, ਗੁਰਮੁਖ ਆਪਣਾ ਮੇਲ ਮਿਲਾਇੰਦਾ । ਭੇਵ ਚੁਕਾਏ ਬ੍ਰਹਮ ਬ੍ਰਹਿਮਾਦ, ਬ੍ਰਹਿਮੰਡ ਆਪਣਾ ਰੰਗ ਰੰਗਾਇੰਦਾ । ਸ਼ਬਦ ਅਗੰਮ ਵਜਾਏ ਨਾਦ, ਧੁਨ ਆਤਮਕ ਰਾਗ ਸੁਣਾਇੰਦਾ । ਅੰਤਰ ਬਾਹਰ ਰੱਖੇ ਲਾਜ, ਦੋ ਜਹਾਨਾਂ ਵੇਖ ਵਖਾਇੰਦਾ । ਸੁਰਤੀ ਸ਼ਬਦੀ ਰਚ ਰਚ ਕਾਜ, ਅਨੰਦ ਇਕੋ ਘਰ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਤਿਗੁਰ ਪੂਰਾ ਦੋ ਜਹਾਨ, ਨਿਰਗੁਣ ਸਰਗੁਣ ਦਇਆ ਕਮਾਈਆ । ਆਤਮ ਅੰਤਰ ਦੇਵਣਹਾਰਾ ਬ੍ਰਹਮ ਗਿਆਨ, ਬ੍ਰਹਮ ਵਿਦਿਆ ਕਰੇ ਨਾਮ ਪੜ੍ਹਾਈਆ । ਸਚ ਦੁਆਰੇ ਵਖਾਏ ਇਕ ਨਿਸ਼ਾਨ, ਧਰਮ ਨਿਸ਼ਾਨਾ ਇਕ ਝੁਲਾਈਆ । ਕਾਇਆ ਮੰਦਰ ਅੰਦਰ ਖੇਲ ਕਰੇ ਮਹਾਨ, ਪੰਜ ਤਤ ਦੇਵਣਹਾਰ ਵਡਿਆਈਆ । ਸਚ ਦੁਆਰਾ ਖੋਲ੍ਹ ਦੁਕਾਨ, ਨਾਮ ਵਣਜਾਰਾ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਮੇਲਾ ਸਹਿਜ ਸੁਭਾਈਆ । ਸਤਿਗੁਰ ਪੂਰਾ ਦੀਨ ਦਿਆਲ, ਦਇਆਨਿਧ ਵਡ ਵਡਿਆਈਆ । ਸੰਤ ਸੁਹੇਲੇ ਵੇਖੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਜੋਤੀ ਜਲਵਾ ਨੂਰ ਜਲਾਲ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਅੰਮ੍ਰਿਤ ਆਤਮ ਜਾਮ ਪਿਆਲ, ਤ੍ਰਿਸਨਾ ਭੁੱਖ ਮਿਟਾਈਆ । ਕਰ ਪਰਕਾਸ਼ ਕਾਇਆ ਮਾਟੀ ਖਾਲ, ਅੰਧ ਅੰਧੇਰ ਗਵਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਸਮਝਾਈਆ । ਸਦਾ ਸੁਹੇਲਾ ਵਸੇ ਨਾਲ, ਵਿਛੜ ਕਦੇ ਨਾ ਜਾਈਆ । ਸੁਣਨਹਾਰ ਮੁਰੀਦਾਂ

ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਲੱਖ ਚੁਰਾਸੀ ਵਿਚੋ ਭਾਲ, ਗੁਰਮੁਖ ਗੁਰ ਗੁਰ ਲਏ ਜਗਾਈਆ । ਸ਼ਬਦ ਅਗੰਮ ਵਜਾਏ ਤਾਲ, ਤੰਦੀ ਤੰਦ ਸਤਾਰ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਭੇਵ ਚੁਕਾਈਆ । ਸਤਿਗੁਰ ਪੂਰਾ ਗਹਿਰ ਗੰਭੀਰ, ਭੇਵ ਅਭੇਦਾ ਆਪ ਖੁਲ੍ਹਾਈਆ । ਅੰਮ੍ਰਿਤ ਬਖ਼ਸ਼ੇ ਏਕਾ ਨੀਰ, ਅੰਮ੍ਰਿਤ ਝਿਰਨਾ ਸਚ ਝਿਰਾਈਆ । ਬਜਰ ਕਪਾਟੀ ਦੇਵੇ ਚੀਰ, ਪੜਦਾ ਦੂਈ ਦਵੈਤ ਉਠਾਈਆ । ਬਦਲਣਹਾਰ ਸਦਾ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਤੋੜਨਹਾਰਾ ਸ਼ਰਅ ਜ਼ੰਜੀਰ, ਸ਼ਰੀਅਤ ਇਕੋ ਇਕ ਵਖਾਈਆ । ਕਰੇ ਖੇਲ ਬੇਨਜ਼ੀਰ, ਨਜ਼ਰ ਨਜ਼ਰ ਨਾਲ ਮਿਲਾਈਆ । ਸਤਿ ਸਰੂਪ ਜਣਾਏ ਇਕ ਤਸਵੀਰ, ਨੂਰ ਜ਼ਹੂਰ ਕਰੇ ਰੁਸ਼ਨਾਈਆ । ਹਉਮੇ ਹੰਗਤਾ ਕੱਢੇ ਪੀੜ, ਮਾਇਆ ਮਮਤਾ ਡੇਰਾ ਢਾਹੀਆ । ਚੋਟੀ ਚਾੜ੍ਹੇ ਫੜ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਈਆ । ਸ਼ਾਹੋ ਭੂਪ ਰਾਜ ਰਾਜਾਨ ਵਡ ਪੀਰਨ ਪੀਰ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਗੁਰ ਵੱਡਾ ਵਡ ਵਡਿਆਈਆ । ਸਤਿਗੁਰ ਪੂਰਾ ਸੱਚਾ ਠਾਕਰ, ਹਰਿ ਕਰਤਾ ਆਪਣੀ ਖੇਲ ਕਰਾਇੰਦਾ । ਭਾਗ ਲਗਾਏ ਕਾਇਆ ਗਾਗਰ, ਤਤਵ ਤਤ ਆਪਣਾ ਨੂਰ ਚਮਕਾਇੰਦਾ । ਲੇਖਾ ਜਾਣੇ ਡੂੰਘੇ ਸਾਗਰ, ਗਹਿਰ ਗੰਭੀਰ ਫੋਲ ਫੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਮੰਦਰ ਇਕ ਵਖਾਇੰਦਾ । ਸਤਿਗੁਰ ਪੂਰਾ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨੇਤਰ ਪਾਏ ਨਾਮ ਨਿਧਾਨ ਅੰਜਨ, ਅਗਿਆਨ ਅੰਧੇਰ ਮਿਟਾਈਆ । ਦਾਤਾ ਦਾਨੀ ਨਿਰਵੈਰ ਸ੍ਰਿਸ਼ਟ ਸਬਾਈ ਬਣ ਕੇ ਸੱਜਣ, ਲੱਖ ਚੁਰਾਸੀ ਵੇਖੇ ਥਾਉਂ ਥਾਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਅੰਤਰ ਆਤਮ ਕਰਾਏ ਆਪਣਾ ਮਜਨ, ਦੁਰਮਤ ਮੈਲ ਧਵਾਈਆ । ਕਾਇਆ ਮਾਟੀ ਕਰੇ ਕੰਚਨ, ਸੋਇਨਾ ਆਪਣਾ ਰੰਗ ਚੜ੍ਹਾਈਆ । ਬੋਧ ਅਗਾਧ ਸੁਣਾਏ ਬਚਨ, ਸ਼ਬਦੀ ਸ਼ਬਦ ਰਾਗ ਅਲਾਈਆ । ਹਰ ਘਟ ਵਾਸੀ ਹਰਿਜਨ ਮੰਦਰ ਆਏ ਵਸਣ, ਬੰਕ ਦੁਆਰਾ ਇਕੋ ਸੋਭਾ ਪਾਈਆ । ਸਾਚਾ ਮਾਰਗ ਆਏ ਦੱਸਣ, ਦਹਿ ਦਿਸ਼ਾ ਹੁਕਮ ਵਰਤਾਈਆ । ਆਤਮ ਪਰਮਾਤਮ ਮਿਲ ਕੇ ਆਏ ਹੱਸਣ, ਹੰਸਮੁਖ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਦਾਤਾ ਬੇਪਰਵਾਹੀਆ । ਸਤਿਗੁਰ ਦਾਤਾ ਹਰਿ ਗੋਬਿੰਦ, ਬੇਪਰਵਾਹ ਨਜ਼ਰੀ ਆਇੰਦਾ । ਆਦਿ ਜੁਗਾਦਿ ਨਾ ਕੋਈ ਚਿੰਦ, ਚਿੰਤਾ ਚਿਖਾ ਨਾ ਕੋਇ ਤਪਾਇੰਦਾ । ਵੇਖਣਹਾਰਾ ਸਾਗਰ ਸਿੰਧ, ਦੋ ਜਹਾਨ ਅੰਦਰ ਬਾਹਰ ਭੇਵ ਚੁਕਾਇੰਦਾ । ਹਰਿ ਸੰਤ ਬਣਾਏ ਆਪਣੀ ਬਿੰਦ, ਗੁਰਮੁਖ ਗੁਰ ਗੁਰ ਗੋਦ ਉਠਾਇੰਦਾ । ਦੀਨ ਦਿਆਲ ਬਣ ਬਖ਼ਸ਼ਿੰਦ, ਮਿਹਰ ਨਜ਼ਰ ਨਜ਼ਰ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਨਾਉਂ ਇਕ ਪਰਗਟਾਇੰਦਾ । ਸਤਿਗੁਰ ਪੂਰਾ ਬੋਧ ਅਗਾਧ, ਦੇਵਣਹਾਰ ਨਾਮ ਵਡਿਆਈਆ । ਵਸਣਹਾਰ ਬ੍ਰਹਮ ਬ੍ਰਿਹਿਮਾਦ, ਲੱਖ ਚੁਰਾਸੀ ਰਿਹਾ ਸਮਾਈਆ । ਵਜਾਵਣਹਾਰਾ ਅਗੰਮੀ ਨਾਦ, ਧੁਨੀ ਧੁਨ ਕਰੇ ਸ਼ਨਵਾਈਆ । ਨਿਰਗੁਣ ਸਰਗੁਣ ਰਚ ਰਚ ਕਾਜ, ਜੁਗ ਜੁਗ ਵੇਖੇ ਚਾਈਂ ਚਾਈਆ । ਆਤਮ ਪਰਮਾਤਮ ਇਕ ਸਮਾਜ, ਸਚ ਸ੍ਰਿਸ਼ਟੀ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਤ ਨਵਿਤ ਸਦਾ ਰਹੇ ਵਿਸਮਾਦ, ਬਿਸਮਲ ਆਪਣਾ ਰੂਪ ਵਟਾਈਆ । ਸਤਿਗੁਰ ਪੂਰਾ ਸਰਬ ਗੁਣਵੰਤ, ਹਰਿ ਕਰਤਾ ਇਕ ਅਖਵਾਇੰਦਾ । ਖੇਲੇ ਖੇਲ ਜੁਗਾ ਜਗੰਤ, ਜੁਗ ਚੌਕੜੀ

ਵੇਖ ਵਖਾਇੰਦਾ । ਹਰਿਜਨ ਮੇਲਾ ਨਾਰ ਕੰਤ, ਸੇਜ ਸੁਹੰਜਣੀ ਸੋਭਾ ਪਾਇੰਦਾ । ਨਾਮ ਨਿਰਵੈਰ ਮਣੀਆ ਮੰਤ, ਨਮੋ ਸਤਿ ਆਪ ਸਮਝਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਕੂੜੀ ਕਿਰਿਆ ਮੇਟ ਮਿਟਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਇੰਦਾ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣਾ ਮੇਲ ਮਿਲਾਇੰਦਾ । ਸਤਿਗੁਰ ਪੂਰਾ ਮੇਲੇ ਮੇਲ, ਮਿਲਣੀ ਜਗਦੀਸ ਆਪ ਕਰਾਈਆ । ਦੀਆ ਬਾਤੀ ਡਗਮਗਾਏ ਬਿਨ ਬਾਤੀ ਤੇਲ, ਘਰ ਸਾਚੇ ਕਰੇ ਰੁਸ਼ਨਾਈਆ । ਨਜ਼ਰੀ ਆਏ ਇਕ ਸੁਹੇਲ, ਅਗੰਮ ਅਗੰਮੜਾ ਨੂਰ ਖ਼ੁਦਾਈਆ । ਆਪੇ ਜਾਣੇ ਆਪਣਾ ਸੁਹੰਜਣਾ ਵੇਲ, ਵਾਰ ਥਿਤ ਸਮਝ ਸਕੇ ਕੋਇ ਨਾ ਰਾਈਆ । ਭੇਵ ਚੁਕਾਏ ਗੁਰੂ ਗੁਰ ਚੇਲ, ਚੇਲਾ ਗੁਰ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਵਸਤ ਆਪ ਵਰਤਾਈਆ । ਸਤਿਗੁਰ ਪੂਰਾ ਦੇਵੇ ਦਾਤ, ਨਾਮ ਭੰਡਾਰਾ ਇਕ ਵਰਤਾਇੰਦਾ । ਚਰਨ ਪ੍ਰੀਤੀ ਬੰਧੇ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਅੰਤਰ ਸਾਚਾ ਚੰਦ ਨੂਰ ਚਮਕਾਇੰਦਾ । ਸ਼ਬਦੀ ਸ਼ਬਦ ਸੁਣਾਏ ਗਾਥ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਲਹਿਣਾ ਦੇਣਾ ਚੁਕਾਏ ਪੂਰਬ ਮਸਤਕ ਮਾਥ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਕਰੇ ਖੇਲ ਪੁਰਖ ਸਮਰਾਥ, ਸਮਰਥ ਸੁਆਮੀ ਆਪਣੀ ਕਾਰ ਕਮਾਇੰਦਾ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਆਪਣੇ ਗਲੇ ਲਗਾਇੰਦਾ । ਆਤਮ ਪਰਮਾਤਮ ਸਾਚੀ ਦੱਸੇ ਪੂਜਾ ਪਾਠ, ਸਿਮਰਨ ਇਕੋ ਇਕ ਸਮਝਾਇੰਦਾ । ਬਿਨ ਰਸਨਾ ਜਿਹਵਾ ਸ੍ਰੀ ਭਗਵਾਨ ਲਓ ਰਟ, ਰੱਟਾ ਬੱਤੀ ਦੰਦ ਚੁਕਾਇੰਦਾ । ਹਰਿ ਜੂ ਹਿਰਦੇ ਜਾਏ ਵਸ, ਹਰਿ ਮੰਦਰ ਆਪ ਸੁਹਾਇੰਦਾ । ਕਰੇ ਪਰਕਾਸ਼ ਕੋਟਨ ਰਵ ਸਸ, ਸੂਰਜ ਚੰਦ ਨਜ਼ਰ ਕੋਇ ਨਾ ਆਇੰਦਾ । ਸਾਚਾ ਮਾਰਗ ਇਕੋ ਦੇਵੇ ਦੱਸ, ਰਹਿਬਰ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਤਿਗੁਰ ਪੂਰਾ ਨੇਤਰ ਪੇਖ, ਗੁਰਮੁਖ ਦੇਵਣਹਾਰ ਵਡਿਆਈਆ । ਆਤਮ ਪਰਮਾਤਮ ਕਰੇ ਹੇਤ, ਪ੍ਰੇਮ ਪ੍ਰੀਤੀ ਇਕ ਸਮਝਾਈਆ । ਰੁੱਤ ਸੁਹੰਜਣੀ ਰਹੇ ਸਦਾ ਚੇਤ, ਖ਼ਿਜ਼ਾਂ ਰੂਪ ਨਾ ਕੋਇ ਵਟਾਈਆ । ਸਚ ਸੁਨੇਹੜਾ ਦੇਵੇ ਭੇਜ, ਨਾਉਂ ਨਿਰੰਕਾਰਾ ਆਪ ਸੁਣਾਈਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਮਾਣੇ ਸਾਚੀ ਸੇਜ, ਸੇਜ ਸੁਹੰਜਣੀ ਇਕੋ ਸੋਭਾ ਪਾਈਆ । ਜੋਤੀ ਨੂਰ ਚਮਕੇ ਤੇਜ, ਦਮਕ ਇਕੋ ਇਕ ਰੁਸ਼ਨਾਈਆ । ਸਤਿ ਸਰੂਪੀ ਧਾਰੇ ਭੇਖ, ਭੇਖਾਧਾਰੀ ਵੇਸ ਵਟਾਈਆ । ਰੂਪ ਰੰਗ ਨਾ ਕੋਇ ਰੇਖ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਜਨ ਭਗਤਾਂ ਨਾਲ ਰਿਹਾ ਖੇਡ, ਸਾਚੀ ਖੇਲ ਆਪ ਸਮਝਾਈਆ । ਨਿਝਰ ਝਿਰਨਾ ਅਮਿਉਂ ਰਸ ਬਰਖੇ ਮੇਘ, ਅਗਨੀ ਤਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਪੂਰਾ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਤਿਗੁਰ ਪੂਰਾ ਸ਼ਹਿਨਸ਼ਾਹ, ਦੀਨ ਦਿਆਲ ਹਰਿ ਅਖਵਾਇੰਦਾ । ਭਗਤ ਭਗਵੰਤ ਲਏ ਜਗਾ, ਜਾਗਰਤ ਜੋਤ ਡਗਮਗਾਇੰਦਾ । ਸੰਤ ਸੁਹੇਲੇ ਲਏ ਉਠਾ, ਸ਼ਬਦ ਹੁਲਾਰਾ ਇਕ ਵਖਾਇੰਦਾ । ਗੁਰਮੁਖ ਗੋਝ ਦਏ ਖੁਲ੍ਹਾ, ਦੂਈ ਦਵੈਤੀ ਪੜ੍ਹਦਾ ਲਾਹਿੰਦਾ । ਗੁਰਸਿਖ ਨਾਮ ਨਿਧਾਨ ਝੋਲੀ ਪਾ, ਵਸਤ ਅਮੋਲਕ ਆਪ ਵਰਤਾਇੰਦਾ । ਮੇਲ ਮਿਲਾਵਾ ਸਹਿਜ ਸੁਭਾ, ਔਝੜ ਰਾਹ ਨਾ ਕੋਇ ਵਖਾਇੰਦਾ ।

ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਆਪ ਉਠਾ, ਨਿਜ ਨੇਤਰ ਨੈਣ ਖੁਲਾਇੰਦਾ । ਜਨਮ ਕਰਮ ਦੇ ਵਿਛੜੇ ਲਏ ਮਿਲਾ, ਪੂਰਬ ਲਹਿਣਾ ਝੋਲੀ ਪਾਇੰਦਾ । ਮਾਣਸ ਜਨਮ ਲੇਖੇ ਲਏ ਲਗਾ, ਮਾਨੁਖ ਆਪਣੇ ਰੰਗ ਰੰਗਾਇੰਦਾ । ਰਾਏ ਧਰਮ ਦਾ ਕਟੇ ਫਾਹ, ਚਿਤਰ ਗੁਪਤ ਲੇਖ ਨਾ ਕੋਇ ਜਣਾਇੰਦਾ । ਲਾੜੀ ਮੌਤ ਨਾ ਲਏ ਪਰਨਾ, ਦੋ ਜਹਾਨਾਂ ਪੰਧ ਮੁਕਾਇੰਦਾ । ਅੰਤਮ ਮੇਲਾ ਲਏ ਕਰਾ, ਜੋਤੀ ਜੋਤ ਜੋਤ ਸਮਾਇੰਦਾ । ਸਚਖੰਡ ਦੁਆਰੇ ਲੈ ਕੇ ਜਾਏ ਆ, ਆਪ ਆਪਣਾ ਘਰ ਸੁਹਾਇੰਦਾ । ਭਗਤ ਭਗਵਾਨ ਵਸਣ ਇਕੋ ਥਾਂ, ਥਾਨ ਥਨੰਤਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਬਣੇ ਪਿਤਾ ਮਾਂ, ਆਦਿ ਜੁਗਾਦਿ ਜੁਗ ਚੌਕੜੀ ਹਰਿਜਨ ਹਰਿ ਜੂ ਹਰਿ ਹਰਿ ਆਪਣੀ ਗੋਦ ਉਠਾਇੰਦਾ ।

### ✪ ੩ ਅੱਸੂ ੨੦੨੦ ਬਿਕਰਮੀ ਕਰਨੈਲ ਸਿੰਘ ਨਛੱਤਰ ਸਿੰਘ ਦੇ ਗ੍ਰਿਹਿ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਤਖ਼ਤ ਨਿਵਾਸੀ ਸਚ ਦਰਬਾਰ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਸਚਖੰਡ ਸੋਭੇ ਬੰਕ ਦੁਆਰ, ਦਰਗਹਿ ਸਾਚੀ ਵੱਜੇ ਵਧਾਈਆ । ਸੋ ਪੁਰਖ ਨਿਰੰਜਣ ਖੇਲ ਕਰੇ ਠਾਂਡੇ ਦਰਬਾਰ, ਹਰਿ ਪੁਰਖ ਨਿਰੰਜਣ ਦਾਤਾ ਵਡ ਵਡਿਆਈਆ । ਏਕੰਕਾਰਾ ਖੋਲ੍ਹ ਕਿਵਾੜ, ਆਦਿ ਨਿਰੰਜਣ ਨਿਰਗੁਣ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਪਾਵੇ ਸਾਰ, ਸ੍ਰੀ ਭਗਵਾਨ ਵੇਖੇ ਚਾਈਂ ਚਾਈਆ । ਪਾਰਬ੍ਰਹਮ ਪ੍ਰਭ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਸੁਣਾਈਆ । ਖੇਲੇ ਖੇਲ ਪਰਵਰਦਿਗਾਰ, ਬੇਪਰਵਾਹ ਅਗੰਮ ਅਥਾਹੀਆ । ਮੁਕਾਮੇ ਹੱਕ ਨੂਰ ਉਜਿਆਰ, ਜਲਵਾ ਇਕੋ ਇਕ ਰੁਸ਼ਨਾਈਆ । ਕਰੇ ਕਰਾਏ ਕਰਨੇਹਾਰ, ਹਰਿ ਕਰਤਾ ਵਡ ਵਡਿਆਈਆ । ਜੋਤੀ ਜਾਤਾ ਪੁਰਖ ਬਿਧਾਤਾ ਇਕ ਇਕੱਲਾ ਏਕੰਕਾਰ, ਅਕਲ ਕਲਧਾਰੀ ਆਪਣਾ ਹੁਕਮ ਵਰਤਾਈਆ । ਭੂਪਤ ਭੂਪ ਰਾਜ ਰਾਜਾਨ ਸ਼ਾਹ ਸੁਲਤਾਨ, ਦਰ ਦਰਵੇਸ਼ ਦਰ ਘਰ ਸਾਚੇ ਸੋਭਾ ਪਾਈਆ । ਅਗੰਮ ਅਗੋਚਰ ਅਲੱਖ ਅਥਾਹ ਬੋਲ ਜੈਕਾਰ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਸਾਚਾ ਹੁਕਮ ਧੁਰ ਸੰਦੇਸਾ ਦੇਵੇ ਏਕਾ ਵਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਵਡ ਵਡਿਆਈਆ । ਸਚਖੰਡ ਨਿਵਾਸੀ ਪੁਰਖ ਅਕਾਲ, ਇਕ ਇਕੱਲਾ ਖੇਲ ਖਲਾਇੰਦਾ । ਸ਼ਾਹ ਪਾਤਸ਼ਾਹ ਦੀਨ ਦਿਆਲ, ਦਇਆਨਿਧ ਠਾਕਰ ਸੁਆਮੀ ਨਿਹਕਰਮੀ ਆਪਣਾ ਕਰਮ ਕਮਾਇੰਦਾ । ਜੁਗ ਚੌਕੜੀ ਖੇਲੇ ਖੇਲ ਆਪ ਕਮਾਲ, ਦੋ ਜਹਾਨ ਸ੍ਰੀ ਭਗਵਾਨ ਬ੍ਰਹਿਮੰਡ ਖੰਡ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਇੰਦਾ । ਸਚ ਦੁਆਰਾ ਸੋਭਾਵੰਤ, ਸਚਖੰਡ ਵੱਜੇ ਵਧਾਈਆ । ਪੁਰਖ ਅਬਿਨਾਸ਼ੀ ਮਹਿਮਾ ਅਗਣਤ, ਲੇਖਾ ਲਿਖਤ ਵਿਚ ਨਾ ਆਈਆ । ਕਰੇ ਖੇਲ ਆਦਿ ਅੰਤ ਜੁਗਾ ਜੁਗੰਤ, ਜੁਗ ਚੌਕੜੀ ਆਪਣਾ ਬੰਧਨ ਪਾਈਆ । ਨਾਮ ਨਿਧਾਨ ਮਣੀਆ ਮੰਤ, ਭੇਵ ਅਭੇਦਾ ਆਪ ਖੁਲ੍ਹਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣਾ ਵੇਸ ਵਟਾਈਆ । ਸੇਜ ਹੰਢਾਏ ਨਾਰ ਕੰਤ, ਲੱਖ ਚੁਰਾਸੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਦਰਗਹਿ ਸਾਚੀ ਸੋਭਾ ਪਾਈਆ । ਦਰਗਹਿ ਸਾਚੀ ਸਚ ਅਸਥਾਨ, ਸਤਿ

ਸੁਆਮੀ ਆਪ ਸੁਹਾਇੰਦਾ । ਸੋ ਪੁਰਖ ਨਿਰੰਜਣ ਮਿਹਰਵਾਨ, ਮਿਹਰ ਨਜ਼ਰ ਬੇਨਜ਼ੀਰ ਆਪ ਉਠਾਇੰਦਾ । ਦੇਵਣਹਾਰਾ ਧੁਰ ਫ਼ਰਮਾਣ, ਸਤਿ ਸੰਦੇਸ਼ਾ ਕਲਮਾ ਕਾਇਨਾਤ ਸੁਣਾਇੰਦਾ । ਜੋਧਾ ਸੂਰ ਬਣ ਬਲਵਾਨ, ਹੁਕਮ ਹਾਕਮ ਆਪ ਸਮਝਾਇੰਦਾ । ਧਰਮ ਵਖਾਏ ਇਕ ਨਿਸ਼ਾਨ, ਦੋ ਜਹਾਨਾਂ ਆਪ ਝੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰ ਇਕੋ ਇਕ ਵਡਿਆਇੰਦਾ । ਸਚਖੰਡ ਦੁਆਰ ਸੱਚਾ ਧਾਮ, ਭੂਮਿਕਾ ਨਜ਼ਰ ਕੋਇ ਨਾ ਆਈਆ । ਸਦਾ ਸੁਹੇਲਾ ਵਸੇ ਇਕੋ ਰਾਮ, ਰਮਈਆ ਆਪਣਾ ਆਸਣ ਲਾਈਆ । ਨਿਹਚਲ ਧਾਮ ਕਰੇ ਸਚ ਕਾਮ, ਨਿਹਕਰਮੀ ਆਪਣਾ ਕਰਮ ਕਮਾਈਆ । ਦੇਵੇ ਵਡਿਆਈ ਨਗਰ ਖੇੜਾ ਗਰਾਮ, ਛੱਪਰ ਛੰਨ ਸੂਰਜ ਚੰਨ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੇਵਣਹਾਰ ਵਡਿਆਈਆ । ਸਚਖੰਡ ਦੁਆਰ ਹਰਿ ਕਾ ਦਰ, ਦਰ ਦਰਵਾਜ਼ਾ ਇਕ ਜਣਾਈਆ । ਨਿਰਗੁਣ ਨਿਰਵੈਰ ਦੀਨ ਦਿਆਲ ਅੰਦਰ ਬੈਠਾ ਵੜ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਘਾੜਨ ਘੜ, ਲੱਖ ਚੁਰਾਸੀ ਭਾਂਡੇ ਲਏ ਬਣਾਈਆ । ਬੋਧ ਅਗਾਧ ਨਿਰਗੁਣ ਸਰਗੁਣ ਅੱਖਰ ਲਏ ਪੜ੍ਹ, ਨਿਸ਼ਅੱਖਰ ਕਰੇ ਸਚ ਪੜ੍ਹਾਈਆ । ਤ੍ਰੈਗੁਣ ਮੇਲਾ ਪੰਜ ਤਤ ਚੇਲਾ ਖੇਲੇ ਖੇਲ ਘਰ ਘਰ, ਗ੍ਰਿਹ ਗ੍ਰਿਹ ਆਪਣਾ ਹੁਕਮ ਵਰਤਾਈਆ । ਮਹੱਲ ਅਟੱਲ ਉਚੇ ਮੰਦਰ ਸਚ ਦੁਆਰੇ ਆਪੇ ਖੜ੍ਹ, ਸਵਛ ਸਰੂਪੀ ਰੂਪ ਵਟਾਈਆ । ਕਰ ਪਰਕਾਸ਼ ਬਹੱਤਰ ਨੜ, ਜੋਤੀ ਜਾਤਾ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਆਪਣੀ ਖੇਲ ਰਚਾਈਆ । ਸਚਖੰਡ ਨਿਵਾਸੀ ਖੇਲ ਅਵੱਲਾ, ਆਲਮੀਨ ਆਪ ਰਚਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਦਰਗਹਿ ਸਾਚੀ ਸੋਭਾ ਪਾਇੰਦਾ । ਪਾਵੇ ਸਾਰ ਜਲਾ ਥਲਾ, ਮਹੀਅਲ ਆਪਣਾ ਭੇਵ ਚੁਕਾਇੰਦਾ । ਜੋਤੀ ਸ਼ਬਦੀ ਧਾਰ ਆਪੇ ਰਲਾ, ਨਿਰਵੈਰ ਆਪਣਾ ਖੇਲ ਕਰਾਇੰਦਾ । ਸਚ ਸੰਦੇਸ਼ ਨਰ ਨਰੇਸ਼ ਨਿਰਗੁਣ ਸਰਗੁਣ ਆਪੇ ਘੱਲਾ, ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਪੜ੍ਹਾਇੰਦਾ । ਸ਼ਬਦ ਸਰੂਪੀ ਸ਼ਾਹੋ ਭੂਪੀ ਬਿਨ ਰੰਗ ਰੂਪੀ ਆਪਣਾ ਫੜਾਏ ਪੱਲਾ, ਨਾਮ ਪੱਲਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਧੁਰ ਦੀ ਧਾਰ ਆਪ ਜਣਾਇੰਦਾ । ਧੁਰ ਦੀ ਧਾਰ ਦੱਸੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਵੇਖੇ ਮਾਰ ਧਿਆਨ, ਪੁਰੀ ਲੋਅ ਆਕਾਸ਼ ਪਰਕਾਸ਼ ਇਕੋ ਨੂਰ ਵਖਾਈਆ । ਜੀਵ ਜੰਤ ਸਾਧ ਸੰਤ ਦੇਵਣਹਾਰ ਗਿਆਨ, ਆਤਮ ਪਰਮਾਤਮ ਬੋਧ ਅਗਾਧ ਇਕੋ ਇਕ ਪੜ੍ਹਾਈਆ । ਸਚ ਧਰਮ ਵਖਾਵਣਹਾਰਾ ਸਚ ਨਿਸ਼ਾਨ, ਸਤਿ ਦੁਆਰੇ ਆਪ ਝੁਲਾਈਆ । ਕਾਗਦ ਕਲਮ ਨਾ ਦੇਵੇ ਕੋਈ ਬਿਆਨ, ਕਲਮ ਸ਼ਾਹੀ ਬੈਠੀ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਹਰਿ ਨਿਰੰਕਾਰਾ ਏਕੰਕਾਰਾ ਇਕ ਦਰਬਾਰਾ ਸਚ ਸਚ ਲਗਾਈਆ । ਸਚ ਦਰਬਾਰ ਗਿਆ ਲੱਗ, ਦਰਗਹਿ ਸਾਚੀ ਵੱਜੇ ਵਧਾਈਆ । ਕਰੇ ਖੇਲ ਸੂਰਾ ਸਰਬੱਗ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਸਚ ਸਿੰਘਾਸਣ ਬਹੇ ਸਜ, ਦੂਜਾ ਨਜ਼ਰ ਕੋਇ ਨਾ ਆਈਆ । ਨਾਮ ਨਗਾਰਾ ਜਾਏ ਵੱਜ, ਦੋ ਜਹਾਨਾਂ ਕਰੇ ਸ਼ਨਵਾਈਆ । ਕੂੜੀ ਕਿਰਿਆ ਭਾਂਡਾ ਭਰਮ ਭੌ ਜਾਏ ਭੱਜ, ਮਾਇਆ ਮਮਤਾ ਮੇਟੇ ਥਾਉਂ ਥਾਈਂਆ । ਗੁਰ ਅਵਤਾਰ

ਪੀਰ ਪੈਗ਼ੰਬਰ ਸਚ ਦੁਆਰੇ ਲਏ ਸੱਦ, ਸੱਦਾ ਆਪਣਾ ਨਾਮ ਸੁਣਾਈਆ । ਕੱਟ ਕੇ ਆਓ ਆਪਣਾ ਪੰਧ, ਬਣੋ ਪਾਂਧੀ ਰਾਹੀਆ । ਗੀਤ ਗੋਬਿੰਦ ਗਾਓ ਛੰਦ, ਸੋਹਲਾ ਢੋਲਾ ਇਕ ਜਣਾਈਆ । ਲੇਖਾ ਚੁੱਕੇ ਬੱਤੀ ਦੰਦ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਸਚ ਦੁਆਰੇ ਮਾਣੋ ਇਕ ਅਨੰਦ, ਅਨੰਦ ਅਨੰਦ ਵਿਚੋ ਦਰਸਾਈਆ । ਸ਼ਰਅ ਸ਼ਰੀਅਤ ਰਹੇ ਕੋਇ ਨਾ ਕੰਧ, ਮਜ਼੍ਹਬ ਦੀਨ ਕੋਇ ਰਹਿਣ ਨਾ ਪਾਈਆ । ਸਾਹਿਬ ਸੁਲਤਾਨ ਸ੍ਰੀ ਭਗਵਾਨ ਨਜ਼ਰੀ ਆਏ ਇਕੋ ਅਖੰਡ, ਖੰਡ ਖੰਡ ਨਾ ਕੋਇ ਕਰਾਈਆ । ਫਿਰੀ ਦਰੋਹੀ ਵਿਚ ਵਰਭੰਡ, ਚਾਰ ਕੁੰਟ ਰਹੀ ਕੁਰਲਾਈਆ । ਦਹਿ ਦਿਸ਼ਾ ਹੋਈ ਨੇਤਰ ਅੰਧ, ਨਿਜ ਨੇਤਰ ਨੂਰ ਨਾ ਕੋਇ ਚਮਕਾਈਆ । ਬੰਦੀਖ਼ਾਨਾ ਕੋਈ ਨਾ ਤੋੜੇ ਬੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਬੈਠਾ ਸੱਚਾ ਮਾਹੀਆ । ਸਚਖੰਡ ਬੈਠਾ ਸਚ ਸੁਲਤਾਨ, ਸਤਿ ਸਤਿਵਾਦੀ ਦਇਆ ਕਮਾਇੰਦਾ । ਧੁਰ ਸੰਦੇਸ਼ਾ ਦੇਵੇ ਇਕ ਆਣ, ਭੈ ਭੌ ਸਰਬ ਜਣਾਇੰਦਾ । ਨਿਤ ਨਵਿਤ ਜੁਗ ਚੌਕੜੀ ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵਣਹਾਰਾ ਨਾਮ ਨਿਧਾਨ, ਪੰਜ ਤਤ ਕਾਇਆ ਚੋਲੇ ਸੋਭਾ ਪਾਇੰਦਾ । ਸਤਿ ਸਰੂਪੀ ਇਕ ਗਿਆਨ, ਸ਼ਬਦੀ ਸ਼ਬਦੀ ਢੋਲਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸਾ ਏਕੰਕਾਰਾ ਆਪ ਸੁਣਾਇੰਦਾ । ਸਤਿ ਸੰਦੇਸ਼ਾ ਦੇਵੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਪ੍ਰਭ ਵੇਖੇ ਇਕੋ ਬਾਪ, ਪਿਤਾ ਇਕੋ ਨਜ਼ਰੀ ਆਈਆ । ਆਦਿ ਅੰਤ ਜੁਗਾ ਜੁਗੰਤ ਨਿਤ ਨਵਿਤ ਸਾਧ ਸੰਤ ਜਿਸ ਦਾ ਕਰਦੇ ਜਾਪ, ਸੁਰਤੀ ਸ਼ਬਦੀ ਜੋੜ ਜੁੜਾਈਆ । ਅਨਮੰਗਿਆਂ ਦੇਵੇ ਸਭ ਨੂੰ ਦਾਤ, ਅਨਡਿਠੀ ਵਸਤ ਆਪ ਵਰਤਾਈਆ । ਬੈਠਾ ਰਹੇ ਸਦਾ ਇਕਾਂਤ, ਸਚ ਦੁਆਰ ਸੋਭਾ ਪਾਈਆ । ਨੇਤਰ ਖੋਲ੍ਹੋ ਮਾਰੋ ਝਾਕ, ਝਾਕੀ ਆਪਣੀ ਦਏ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਖੋਲ੍ਹਣਹਾਰਾ ਖਾਤ, ਖਾਤਾ ਸਭ ਦਾ ਵੇਖ ਵਖਾਈਆ । ਸ੍ਰਿਸ਼ਟ ਸਬਾਈ ਦਿਸੇ ਖ਼ਾਲੀ ਹਾਥ, ਨਾਮ ਧੰਨ ਦੌਲਤ ਘਰ ਨਜ਼ਰ ਕਿਸੇ ਨਾ ਆਈਆ । ਪਾਰ ਨਾ ਉਤਰੇ ਕੋਈ ਘਾਟ, ਤੀਰਥ ਤੱਟ ਦੇਣ ਦੁਹਾਈਆ । ਅਠਸਠ ਤੀਰਥ ਬਣੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕੋਈ ਨਾ ਵੇਖੇ ਸਾਚੇ ਮੰਡਲ ਰਾਸ, ਗੋਪੀ ਕਾਹਨ ਨਾਚ ਨਾ ਕੋਇ ਨਚਾਈਆ । ਸੀਤਾ ਸੁਰਤੀ ਵਸੇ ਨਾ ਰਾਮ ਪਾਸ, ਰਾਮ ਰਮਈਆ ਨਿਜ ਘਰ ਫੇਰਾ ਕੋਇ ਨਾ ਪਾਈਆ । ਪੀਰ ਪੈਗ਼ੰਬਰ ਵੇਖੇ ਨਾ ਕੋਈ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਦਰਵਾਜ਼ਾ ਇਕ ਦਰਸਾਈਆ । ਦਰ ਦਰਵਾਜ਼ਾ ਇਕ ਖੋਲ੍ਹ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਕੋਲ, ਦੂਰ ਦੁਰਾਡਾ ਪੰਧ ਮੁਕਾਇੰਦਾ । ਸ਼ਬਦ ਅਗੰਮੀ ਵੱਜੇ ਢੋਲ, ਢੋਲਕ ਛੈਣਾ ਸਾਰੰਗ ਸਰੰਗਾ ਨਾ ਕੋਇ ਸੁਣਾਇੰਦਾ । ਏਕਾ ਕੰਡੇ ਤੋਲੇ ਤੋਲ, ਨਾਮ ਤਰਾਜ਼ੂ ਹੱਥ ਉਠਾਇੰਦਾ । ਬੈਠਾ ਰਹੇ ਸਦਾ ਅਡੋਲ, ਅਡੁਲ ਆਪਣਾ ਹੁਕਮ ਵਰਤਾਇੰਦਾ । ਹਰ ਘਟ ਅੰਦਰ ਰਿਹਾ ਮੌਲ, ਮੌਲਾ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਘਰ ਮੰਦਰ ਇਕ ਸੁਹਾਇੰਦਾ । ਘਰ ਮੰਦਰ ਸੋਹੇ ਬੰਕ, ਬੰਕ ਦੁਆਰੀ ਸੋਭਾ ਪਾਈਆ । ਜਿਸ ਦਾ ਖੇਲ ਆਦਿ ਅੰਤ, ਸੋ ਸਾਹਿਬ ਖ਼ੁਸ਼ੀ ਮਨਾਈਆ । ਜਿਸ ਦਾ ਨਾਮ ਅਗੰਮੀ ਮੰਤ, ਮੰਤਰ ਸਤਿ ਕਰੇ ਪੜ੍ਹਾਈਆ । ਜਿਸ ਦਾ ਰਾਗ

੪੪੮ ੧੫

ਲੱਖ ਚੁਰਸੀ ਜੀਵ ਜੰਤ, ਘਰ ਘਰ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਹਿ ਸਾਚੀ ਇਕ ਸੁਹਾਈਆ । ਦਰਗਹਿ ਸਾਚੀ ਧਾਮ ਅਨਡਿਠ, ਜਗ ਨੇਤਰ ਨਜ਼ਰ ਕਿਸੇ ਨਾਂ ਆਇੰਦਾ । ਪੁਰਖ ਅਕਾਲ ਦੀਨ ਦਿਆਲ ਪਾਰਬ੍ਰਹਮ ਪਰਮੇਸ਼ਵਰ ਸੁੱਤਾ ਦੇ ਕਰ ਪਿਠ, ਆਪਣੀ ਕਰਵਟ ਨਾ ਕੋਇ ਬਦਲਾਇੰਦਾ । ਗੁਰਮੁਖ ਵਿਰਲੇ ਸੰਤ ਸੁਹੇਲੇ ਗੁਰ ਚੇਲੇ ਕਰੇ ਹਿਤ, ਭਗਤ ਭਗਵੰਤ ਆਪਣੇ ਰੰਗ ਰੰਗਾਇੰਦਾ । ਆਵੇ ਜਾਵੇ ਨਿਤ ਨਵਿਤ, ਨਿਰਗੁਣ ਸਰਗੁਣ ਖੇਲ ਖਲਾਇੰਦਾ । ਧੁਰ ਦੀ ਬਾਣੀ ਧੁਰ ਫ਼ਰਮਾਣ ਦੇਵੇ ਲਿਖ, ਲੇਖਾ ਲੇਖ ਨਾ ਕੋਇ ਸੁਣਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਧਾਂ ਸੰਤਾਂ ਪਾਵੇ ਭਿਖ, ਭਿਛਿਆ ਆਪਣੀ ਇਕ ਸਮਝਾਇੰਦਾ । ਚਾਰ ਕੁੰਟ ਦਹਿ ਦਿਸ਼ਾ ਨਿਜ ਨੇਤਰ ਆਏ ਦਿਸ, ਲੋਚਣ ਇਕੋ ਇਕ ਖੁਲ੍ਹਾਇੰਦਾ । ਜਨਮ ਕਰਮ ਦੀ ਲਾਹੇ ਵਿਸ, ਅੰਮ੍ਰਿਤ ਆਤਮ ਜਾਮ ਪਿਆਇੰਦਾ । ਲੇਖਾ ਜਾਣੇ ਹਸਤ ਕੀਟ, ਕੀਟ ਕੀਟਾਂ ਵਿਚ ਸਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌਂ ਸੌ ਚੁਰਾਨਵੇਂ ਚੌਕੜੀ ਚਲਾਵੇ ਆਪਣੀ ਰੀਤ, ਮੰਦਰ ਮਸੀਤ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਬਹਿ ਇਕੋ ਹੁਕਮ ਵਰਤਾਇੰਦਾ । ਸਚਖੰਡ ਦੁਆਰੇ ਸੱਚਾ ਹੁਕਮ, ਸੋ ਸਾਹਿਬ ਆਪ ਜਣਾਈਆ । ਭਗਤ ਭਗਵਾਨ ਕੱਢੇ ਉਤਮ, ਲੱਖ ਚੁਰਾਸੀ ਖੋਜ ਖੋਜਾਈਆ । ਲੇਖਾ ਜਾਣੇ ਧੁਰ ਦੇ ਪੁੱਤਰ, ਪਿਤਾ ਪੂਤ ਦਏ ਵਡਿਆਈਆ । ਸਚਖੰਡ ਦੁਆਰਿਉਂ ਆਏ ਉਤਰ, ਮਾਤ ਪਿਤਾ ਜਨਮੇ ਨਾ ਕੋਈ ਮਾਈਆ । ਬਾਲਕ ਬਣ ਚੜ੍ਹੇ ਨਾ ਕਿਸੇ ਕੁੱਛੜ, ਮੁਖ ਸੀਰ ਮੰਮਾਂ ਨਜ਼ਰ ਕੋਇ ਨਾ ਆਈਆ । ਹਰਖ ਸੋਗ ਨਾ ਕੋਇ ਦੁੱਖੜ, ਚਿੰਤਾ ਗ਼ਮ ਨਾ ਕੋਇ ਜਣਾਈਆ । ਜਨ ਭਗਤਾਂ ਕਰੇ ਮੁਖ ਉਜਲ, ਸਿਫ਼ਤੀ ਸਿਫ਼ਤ ਸਿਫ਼ਤ ਢੋਲਾ ਇਕੋ ਗਾਈਆ । ਕਾਇਆ ਮੰਦਰ ਡੂੰਘੀ ਕੰਦਰ ਆਪਣੀ ਖੋਲ੍ਹੇ ਫੜ ਕੇ ਗੁੰਝਲ, ਟੇਢੀ ਬੰਕ ਮਾਰਗ ਇਕ ਸਮਝਾਈਆ । ਲੱਖ ਚੁਰਾਸੀ ਜੀਵ ਜੰਤ ਜੋ ਨਾਰੀ ਕੰਤ ਕੋਲੋਂ ਹੋਈ ਉਧਲ, ਊਧਾ ਕਵਲ ਕਰ ਝਿਰਨਾ ਦਏ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਥਾਉਂ ਥਾਈਆ । ਲੇਖਾ ਜਾਣੇ ਥਾਨ ਥਨੰਤਰ, ਦੋ ਜਹਾਨਾਂ ਖੋਜ ਖੁਜਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ, ਘਟ ਘਟ ਵੇਖ ਵਖਾਇੰਦਾ । ਨਾਮ ਨਿਧਾਨ ਸਾਹਿਬ ਗੁਰ ਮੰਤਰ, ਨਮੋ ਸਤਿ ਸਤਿ ਸਮਝਾਇੰਦਾ । ਲੱਖ ਚੁਰਾਸੀ ਬਣਾਵਣਹਾਰਾ ਬਣਤਰ, ਘੜਨ ਭੰਨਣਹਾਰ ਸਮਰਥ, ਮਹਿਮਾ ਅਕੱਥ ਇਕ ਸਮਝਾਇੰਦਾ । ਸਦਾ ਸਦਾ ਸਦ ਚਲਾਵਣਹਾਰਾ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਮਾਰਗ ਜਾਏ ਦੱਸ, ਰਹਿਬਰ ਇਕੋ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਗਹਿ ਸਾਚੀ ਸਚ ਮਹਿਬੂਬ ਇਕੋ ਨਜ਼ਰੀ ਆਇੰਦਾ । ਦਰਗਹਿ ਸਾਚੀ ਸਚ ਮਹਿਬੂਬ, ਯਾਮੁਬੀਨ ਇਕੋ ਨੂਰ ਇਲਾਹੀਆ । ਆਦਿ ਜੁਗਾਦਿ ਜਿਸ ਦਾ ਇਕ ਅਰੂਜ, ਅਰਸ਼ ਫ਼ਰਸ਼ ਵੇਖੇ ਥਾਉਂ ਥਾਈਆ । ਤਿਸ ਦਾ ਸਿਫ਼ਤੀ ਦੇਵਣ ਸਰਬ ਸਬੂਤ, ਸਾਖਿਆਤ ਬਿਨ ਮੁਰੀਦ ਮੁਰਸ਼ਦ ਨਜ਼ਰ ਕਿਸੇ ਨਾ ਆਈਆ । ਦੇਵਣਹਾਰਾ ਆਬੇਹਯਾਤ, ਸਚ ਪਿਆਲਾ ਮਧਰ ਰਸ ਇਕ ਵਖਾਈਆ । ਖੇਲਣਹਾਰਾ ਖੇਲ ਕਾਇਨਾਤ, ਕਲਮਾ ਨਬੀ ਰਸੂਲ ਕਰੇ ਪੜ੍ਹਾਈਆ । ਜਿਸ ਦਾ ਨੂਰ ਆਫ਼ਤਾਬ, ਸਚ ਅਹਿਬਾਬ ਇਕੋ ਨਜ਼ਰੀ ਆਈਆ । ਚੌਦਾਂ ਲੋਕ ਜਿਸ ਦੀ ਵੱਜੇ ਰਬਾਬ, ਤਾਰ ਸਤਾਰ ਰਿਹਾ ਹਿਲਾਈਆ । ਸੋ ਸਾਹਿਬ

ਹੱਕ ਜਨਾਬ, ਹਕੀਕਤ ਵੇਖੇ ਥਾਉਂ ਥਾਈਂਆ । ਲੇਖਾ ਜਾਣੇ ਦੋ ਦੋ ਆਬ, ਬੇਪਰਵਾਹ ਬੇਪਰਵਾਹੀਆ । ਜਿਸ ਦਾ ਸਚ ਮਹਿਰਾਬੇ ਵੱਜੇ ਨਾਦ, ਧੁਨ ਇਕੋ ਇਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਹਜ਼ਰਤ ਵੱਡਾ ਵੱਡੀ ਵਡ ਵਡਿਆਈਆ । ਹਜ਼ਰਤ ਹਰਿ ਜੂ ਹਾਜ਼ਰ ਹਜ਼ੂਰ, ਸ਼ਾਹ ਪਾਤਸ਼ਾਹ ਇਕ ਅਖਵਾਈਆ । ਮੁਕਾਮੇ ਹੱਕ ਜਿਸ ਦਾ ਨੂਰ, ਜਲਵਾਗਰ ਜ਼ਹੂਰ ਇਕ ਦਰਸਾਈਆ । ਤਿਸ ਦਾ ਹੁਕਮ ਸਭ ਕਰਨਾ ਪਏ ਮਨਜ਼ੂਰ, ਪੀਰ ਪੈਗ਼ੰਬਰ ਈਸਾ ਮੂਸਾ ਮੁਹੰਮਦ ਬੈਠਣ ਸੀਸ ਝੁਕਾਈਆ । ਅੱਲਾ ਰਾਣੀ ਚਰਨ ਕਵਲ ਧੂੜੀ ਮਸਤਕ ਟਿੱਕਾ ਲਾਏ ਜ਼ਰੂਰ, ਜ਼ਰੂਰਤ ਆਪਣੀ ਪੂਰ ਕਰਾਈਆ । ਚੌਦਾਂ ਸਦੀਆਂ ਮੇਰਾ ਭੰਡਾਰਾ ਭਰਪੂਰ, ਵੇਲਾ ਅੰਤ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਗੁਣ ਨਿਰਵੈਰ ਆਪਣੀ ਧਾਰ ਚਲਾਈਆ । ਨਿਰਗੁਣ ਨਿਰਵੈਰ ਪਰਵਰਦਿਗਾਰ, ਬੇਪਰਵਾਹ ਖੇਲ ਖਲਾਇੰਦਾ । ਮੁਕਾਮੇ ਹੱਕ ਸਾਂਝਾ ਯਾਰ, ਲਾਸ਼ਰੀਕ ਵੇਸ ਵਟਾਇੰਦਾ । ਲੋਕਮਾਤ ਕਰ ਪਿਆਰ, ਧੁਰ ਦੀ ਧਾਰ ਆਪ ਸਮਝਾਇੰਦਾ । ਮੁਰੀਦ ਮੁਰਸ਼ਦ ਕਰ ਦੀਦਾਰ, ਈਦ ਦੀਦ ਚੰਦ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਇਕੋ ਇਕ ਸੁਹਾਇੰਦਾ । ਸਚਖੰਡ ਦੁਆਰੇ ਸਾਚਾ ਕਾਹਨ, ਨਰ ਨਰਾਇਣ ਨਜ਼ਰੀ ਆਈਆ । ਜਿਸ ਦਾ ਖੇਲ ਦੋ ਜਹਾਨ, ਦੋਏ ਦੋਏ ਆਪਣਾ ਰੂਪ ਵਟਾਈਆ । ਜਿਸ ਦਾ ਹੁਕਮ ਇਕ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਸੋ ਸਾਹਿਬ ਸਾਚਾ ਰਾਮ, ਰਹਿਮਤ ਆਪਣੀ ਰਿਹਾ ਕਮਾਈਆ । ਸਚ ਦੁਆਰੇ ਦੇਵਣਹਾਰਾ ਪੈਗ਼ਾਮ, ਸੁਨੇਹੜਾ ਇਕੋ ਇਕ ਘਲਾਈਆ । ਕਲਜੁਗ ਅੰਤਮ ਖੇਲ ਕਰੇ ਮਹਾਨ, ਮਹਾਂਬਲੀ ਆਪਣੀ ਖੇਲ ਰਚਾਈਆ । ਧਰਮ ਵਖਾਵੇ ਇਕ ਨਿਸ਼ਾਨ, ਨਿਸ਼ਾਨਾ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਵੇਖੋ ਆਣ, ਅਣਿਯਾਲਾ ਆਪਣਾ ਰਾਹ ਜਣਾਈਆ । ਦਰ ਦਰਵੇਸ਼ ਬਰਦੇ ਬਣੋ ਗ਼ੁਲਾਮ, ਗ਼ੁਰਬਤ ਕੋਈ ਰਹਿਣ ਨਾ ਪਾਈਆ । ਸਜਦਾ ਸੀਸ ਕਰੋ ਸਲਾਮ, ਸਹੀ ਸਲਾਮਤ ਸਾਖਿਆਤ ਇਕੋ ਨੂਰ ਦਰਸਾਈਆ । ਦੋਏ ਜੋੜ ਕਰੋ ਪਰਨਾਮ, ਬੰਦਨਾ ਡੰਡੋਤ ਸਾਚੀ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਘਰ ਘਰ ਲੇਖਾ ਖੋਜ ਖੁਜਾਈਆ । ਘਰ ਘਰ ਖੇਲੇ ਖੇਲ ਸਮਰਥ, ਸਰਬ ਘਟ ਵਾਸੀ ਆਪਣੀ ਖੇਲ ਰਚਾਇੰਦਾ । ਜੁਗ ਚੌਕੜੀ ਰਿਹਾ ਨੱਠ, ਬਣ ਪਾਂਧੀ ਫੇਰਾ ਪਾਇੰਦਾ । ਭਗਤ ਭਗਵਾਨ ਮਾਰਗ ਦੱਸ, ਸਾਚੇ ਰਾਹ ਆਪ ਚਲਾਇੰਦਾ । ਹਿਰਦੇ ਅੰਤਰ ਆਪੇ ਵਸ, ਵਾਸਤਾ ਆਪਣੇ ਨਾਲ ਜੁੜਾਇੰਦਾ । ਅੰਮ੍ਰਿਤ ਦੇਵੇ ਸੱਚਾ ਰਸ, ਨਿਝਰ ਝਿਰਨਾ ਆਪ ਵਹਾਇੰਦਾ । ਤੀਰ ਅਣਿਯਾਲਾ ਮਾਰੇ ਕਸ, ਤਿੱਖੀ ਮੁਖੀ ਆਪ ਜਣਾਇੰਦਾ । ਸਚ ਦੁਆਰਾ ਖੋਲ੍ਹ ਹੱਟ, ਵਣਜ ਵਣਜਾਰਾ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਆਪ ਪ੍ਰਭ, ਆਪਣੀ ਦਇਆ ਕਮਾਈਆ । ਜੁਗ ਚੌਕੜੀ ਲਏ ਲੱਭ, ਨਿਰਗੁਣ ਸਰਗੁਣ ਹੋਏ ਸਹਾਈਆ । ਜਗਤ ਦੁਆਰਾ ਪਾਰ ਹੱਦ, ਘਰ ਮੰਦਰ ਇਕ ਵਡਿਆਈਆ । ਸ਼ਬਦ ਵਜਾਏ ਸਾਚਾ ਨਦ, ਅਨਹਦ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚਾ ਸੱਜਣ ਇਕ ਅਖਵਾਈਆ । ਸੱਚਾ ਸੱਜਣ ਪਾਰਬ੍ਰਹਮ, ਪਤਿਪਰਮੇਸ਼ਵਰ ਆਪ


੪੫੦ ੧੫

ਅਖਵਾਇੰਦਾ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਡੇਰਾ ਲਾਇੰਦਾ । ਪੰਜ ਤਤ ਨਾ ਕੋਇ ਤਨ, ਮਾਇਆ ਬੰਧਨ ਨਾ ਕੋਇ ਰਖਾਇੰਦਾ । ਹੱਥ ਮੂੰਹ ਨੱਕ ਨਾ ਕੋਇ ਕੰਨ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਖਾਇੰਦਾ । ਨਾ ਛੱਪਰ ਨਾ ਕੋਈ ਛੰਨ, ਮੰਦਰ ਮਸਜਿਦ ਸ਼ਿਵਦਵਾਲਾ ਮੱਠ ਨਾ ਕੋਇ ਬਣਾਇੰਦਾ । ਨਾ ਜਨਨੀ ਕੋਈ ਜਣੇ ਜਨ, ਗੋਦੀ ਗੋਦ ਨਾ ਕੋਇ ਸੁਹਾਇੰਦਾ । ਨਾ ਘੜੇ ਨਾ ਦੇਵੇ ਭੰਨ, ਮਾਟੀ ਖ਼ਾਕ ਨਾ ਕੋਇ ਰਲਾਇੰਦਾ । ਨਾ ਕੋਈ ਅੰਧੇਰ ਹੋਵੇ ਅੰਨ੍ਹ, ਡੂੰਘੀ ਧਾਰ ਨਾ ਕੋਇ ਡੁਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਵਰਤੇ ਮਾਤ, ਸੋ ਸਾਹਿਬ ਆਪ ਵਰਤਾਈਆ । ਸਚਖੰਡ ਨਿਵਾਸੀ ਖੇਲ ਤਮਾਸ਼, ਖ਼ਾਲਕ ਖ਼ਲਕ ਦਏ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਰ ਦਰਵੇਸ਼ ਬਣ ਕੇ ਰੱਖਦੇ ਗਏ ਆਸ, ਪ੍ਰਭ ਚਰਨ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਗਏ ਸਵਾਸ ਸਵਾਸ, ਪਵਣ ਉਣੰਜਾ ਸਿਫ਼ਤ ਸਾਲਾਹੀਆ । ਗੋਪੀ ਕਾਹਨ ਪੌਂਦੇ ਗਏ ਰਾਸ, ਮੰਡਲ ਮੰਡਪ ਨਾਚ ਨਚਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਲੇਖਾ ਲਿਖਦੇ ਗਏ ਖਾਸ, ਕਲਮ ਸ਼ਾਹੀ ਵੰਡ ਵੰਡਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਜੋਤ ਕਰੇ ਪਰਕਾਸ਼, ਨਿਹਕਲੰਕ ਨਾਉਂ ਰਖਾਈਆ । ਸਚਖੰਡ ਦੁਆਰੇ ਜਿਸ ਦਾ ਵਾਸ, ਦੋ ਜਹਾਨਾਂ ਆਪਣਾ ਹੁਕਮ ਵਰਤਾਈਆ । ਬ੍ਰਹਿਮੰਡ ਖੰਡ ਜੇਰਜ ਅੰਡ ਕਰੇ ਨਿਵਾਸ, ਉਤਭੁਜ ਸੇਤਜ ਡੇਰਾ ਲਾਈਆ । ਜਨ ਭਗਤਾਂ ਵਸੇ ਸਦਾ ਸਾਥ, ਭਗਵਨ ਆਪਣਾ ਸੰਗ ਨਿਭਾਈਆ । ਸੰਤਾਂ ਦੇਵੇ ਨਾਮ ਰਾਸ, ਸਾਚੀ ਪੂੰਜੀ ਇਕ ਸਮਝਾਈਆ । ਗੁਰਮੁਖਾਂ ਸਗਲ ਵਿਸੂਰੇ ਜਾਇਣ ਲਾਥ, ਜਿਸ ਜਨ ਆਪਣਾ ਦਰਸ ਵਖਾਈਆ । ਗੁਰਸਿਖ ਮਸਤਕ ਧੂੜੀ ਟਿੱਕਾ ਲਾਏ ਖ਼ਾਕ, ਦੁਰਮਤ ਮੈਲ ਧਵਾਈਆ । ਚਾਰ ਵਰਨ ਬਣਾਏ ਇਕ ਜਮਾਤ, ਚਾਰੋ ਕੁੰਟ ਵੱਜੇ ਵਧਾਈਆ । ਦਹਿ ਦਿਸ਼ਾ ਖੇਲਣਹਾਰਾ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਆਪਣੀ ਧਾਰ ਜਣਾਈਆ । ਸਾਚੀ ਧਾਰ ਦੱਸੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਕਲਜੁਗ ਮਿਟੇ ਕੂੜ ਨਿਸ਼ਾਨ, ਕੂੜੀ ਕਿਰਿਆ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਣ ਹੈਰਾਨ, ਹਰਿ ਕਾ ਭੇਵ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤਮ ਮਿਟੇ ਕੂੜ, ਕੂੜੀ ਕਿਰਿਆ ਰਹਿਣ ਨਾ ਪਾਈਆ । ਜਨ ਭਗਤਾਂ ਮਿਲੇ ਸਾਚੀ ਧੂੜ, ਪਾਰਬ੍ਰਹਮ ਸੱਚੀ ਸਰਨਾਈਆ । ਚਤੁਰ ਸੁਘੜ ਬਣੇ ਮੂਰਖ ਮੂੜ੍ਹ, ਮਨਮਤ ਦਏ ਤਜਾਈਆ । ਅੰਤਰ ਉਪਜੇ ਸਾਚਾ ਨੂਰ, ਅੰਧ ਅੰਧੇਰਾ ਦਏ ਗਵਾਈਆ । ਅੰਮ੍ਰਿਤ ਆਤਮ ਦੇਵੇ ਸਚ ਸਰੂਰ, ਮਧਰਾ ਜਾਮ ਨਾ ਕੋਇ ਪਿਆਈਆ । ਜਨਮ ਜਨਮ ਦਾ ਕਟੇ ਕਸੂਰ, ਪਿਛਲਾ ਲੇਖਾ ਦਏ ਮੁਕਾਈਆ । ਸਰਬ ਕਲਾ ਆਪੇ ਭਰਪੂਰ, ਪੂਰ ਰਿਹਾ ਸਰਬ ਥਾਈਂਆ । ਗੁਰਮੁਖਾਂ ਮਿਲੇ ਆਪ ਜ਼ਰੂਰ, ਹਰਿਜਨ ਸਾਚੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਲਜੁਗ ਮਿਟੇ ਅੰਧੇਰਾ ਅੰਧ, ਰੈਣ ਅੰਧੇਰੀ ਨਜ਼ਰ ਨਾ ਆਈਆ । ਜੁਗ ਜੁਗ ਮੁਕਾਵੇ ਸਭ ਦਾ ਪੰਧ, ਥਿਰ ਨਜ਼ਰ ਕੋਇ ਨਾ ਆਈਆ । ਸਤਿਜੁਗ ਸਾਚੇ ਹੋਏ ਆਪ ਬਖ਼ਸ਼ੰਦ, ਬਖ਼ਸ਼ਿਸ਼ ਆਪਣੀ ਆਪ ਕਮਾਈਆ । ਇਕੋ ਢੋਲਾ ਸੁਣਾਏ ਅਗੰਮੀ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਈ ਨਾ ਆਈਆ । ਆਤਮ ਹੋਏ ਨਾ ਕਿਸੇ ਰੰਡ, ਪਰਮਾਤਮ ਕੰਤ ਲਏ ਪਰਨਾਈਆ ।

ਪੰਚ ਵਿਕਾਰ ਨਾ ਪਾਏ ਡੰਡ, ਨਾਮ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਜੁਗ ਮਿਟੇ ਕੂੜ ਨਿਸ਼ਾਨ, ਚਾਰੇ ਕੁੰਟ ਵੱਜੇ ਵਧਾਈਆ । ਨਜ਼ਰੀ ਆਏ ਇਕ ਭਗਵਾਨ, ਨੂਰੋ ਨੂਰ ਨੂਰ ਖ਼ੁਦਾਈਆ । ਜਿਸ ਦਾ ਸੱਚਾ ਸਚ ਇਸਲਾਮ, ਇਸਮ ਆਜ਼ਮ ਦਏ ਦਰਸਾਈਆ । ਜਿਸ ਦਾ ਕਲਮਾ ਇਕ ਕਲਾਮ, ਕਿਬਲ ਕਰੇ ਇਕ ਪੜ੍ਹਾਈਆ । ਜਿਸ ਦਾ ਸੰਦੇਸਾ ਸਚ ਪੈਗ਼ਾਮ, ਪੀਰ ਪੈਗ਼ੰਬਰ ਧਿਆਨ ਲਗਾਈਆ । ਜਿਸ ਦਾ ਇਕੋ ਇਕ ਈਮਾਨ, ਅਮਲ ਕਰੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਖੇਲ ਰਚਾਈਆ । ਕਲਜੁਗ ਅੰਤਮ ਜਾਏ ਦੌੜ, ਲੋਕਮਾਤ ਰਹਿਣ ਨਾ ਪਾਈਆ । ਫਲ ਨਾ ਦਿਸੇ ਕੋਈ ਕੌੜ, ਰੀਠਾ ਮੀਠਾ ਕਰੇ ਬੇਪਰਵਾਹੀਆ । ਸਚਖੰਡ ਦੁਆਰੇ ਲਾਏ ਇਕੋ ਪੌੜ, ਮਹੱਲ ਅਟੱਲ ਇਕੋ ਇਕ ਸਮਝਾਈਆ । ਜਿਸ ਨੂੰ ਵੇਦ ਵਿਆਸਾ ਕਹਿ ਕੇ ਗਿਆ ਪੂਤ ਸਪੂਤਾ ਪਰਗਟ ਹੋਵੇ ਬ੍ਰਾਹਮਣ ਗੌੜ, ਉਚੇ ਟਿੱਲੇ ਪਰਬਤ ਫੇਰਾ ਪਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਤੱਕਦੇ ਗਏ ਨਾਲ ਗ਼ੌਰ, ਨੇਤਰ ਨੈਣ ਨੈਣ ਉਠਾਈਆ । ਜਿਸ ਨੇ ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਆਪਣੇ ਕੌਰ, ਪਿਤਾ ਪੂਤ ਵੇਖ ਵਖਾਈਆ । ਤਿਸ ਸਾਹਿਬ ਸੁਲਤਾਨ ਸ੍ਰੀ ਭਗਵਾਨ ਸੀਸ ਜਗਦੀਸ ਇਕੋ ਝੁੱਲੇ ਚੌਰ, ਦੋ ਜਹਾਨ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕੂੜਾ ਲੇਖਾ ਦਏ ਮੁਕਾਈਆ । ਕਲਜੁਗ ਕੂੜ ਮਿਟੇ ਕੁੜਿਆਰ, ਕੂੜੀ ਨਈਆ ਦਏ ਡੁਬਾਈਆ । ਜੂਠਾ ਝੂਠਾ ਦਿਸੇ ਨਾ ਕੋਇ ਯਾਰ, ਯਾਰੜਾ ਸੱਥਰ ਇਕ ਵਿਛਾਈਆ । ਮੁਰੀਦ ਮੁਰਸ਼ਦ ਦਏ ਦੀਦਾਰ, ਨੇਤਰ ਖੋਲ੍ਹ ਅੱਖ ਚਮਕਾਈਆ । ਨਜ਼ਰੀ ਆਏ ਇਕ ਦਾਤਾਰ, ਦਾਤਾ ਦਾਨੀ ਵੱਡੀ ਵਡਿਆਈਆ । ਜਨ ਭਗਤਾਂ ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਤੋੜ ਤੁੜਾਈਆ । ਤ੍ਰੈਗੁਣ ਮਾਇਆ ਪੰਜ ਤਤ ਅਗਨੀ ਨਾ ਦੇਵੇ ਸਾੜ, ਅੰਮ੍ਰਿਤ ਮੇਘ ਇਕ ਬਰਸਾਈਆ । ਸੁਰਤੀ ਸ਼ਬਦੀ ਮੇਲਾ ਕੰਤ ਭਤਾਰ, ਘਰ ਮੰਗਲ ਗੀਤ ਗੋਬਿੰਦ ਇਕ ਅਲਾਈਆ । ਆਤਮ ਸੇਜਾ ਪਾਵੇ ਸਾਰ, ਸੇਜ ਸੁਹੰਜਣੀ ਦਏ ਵਡਿਆਈਆ । ਪਾਰਬ੍ਰਹਮ ਬ੍ਰਹਮ ਮੇਲਾ ਇਕ ਦੁਆਰ, ਏਕਾ ਦੂਜਾ ਭੌ ਚੁਕਾਈਆ । ਆਤਮ ਪਰਮਾਤਮ ਹੋਏ ਖ਼ੁਸ਼ਹਾਲ, ਖ਼ੁਸ਼ੀ ਆਪਣੇ ਘਰ ਵਖਾਈਆ । ਸ੍ਰੀ ਭਗਵੰਤ ਹੋਏ ਦਿਆਲ, ਦੀਨ ਦਿਆਲ ਮਿਹਰ ਨਜ਼ਰ ਉਠਾਈਆ । ਗੁਰਮੁਖ ਗੁਰਸਿਖ ਨਾਤਾ ਤੋੜ ਕਾਲ ਮਹਾਕਾਲ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਲਹਿਣਾ ਦਏ ਮੁਕਾਈਆ । ਕਲਜੁਗ ਲਹਿਣਾ ਮੁੱਕੇ ਜੱਗ, ਲੋਕਮਾਤ ਰਹਿਣ ਨਾ ਪਾਈਆ । ਨੌ ਖੰਡ ਪ੍ਰਿਥਮੀ ਲੱਗੇ ਅੱਗ, ਸੱਤ ਦੀਪ ਦੇਣ ਦੁਹਾਈਆ । ਮਨਮੁਖ ਜੀਵਾਂ ਲੇਖਾ ਚੁੱਕੇ ਹੱਕੋ ਹੱਕ, ਸਭ ਦੀ ਝੋਲੀ ਆਪੇ ਪਾਈਆ । ਗੁਰਮੁਖ ਹਰਿਜਨ ਹਰਿਭਗਤ ਜੋ ਪ੍ਰਭ ਦਰਸਨ ਰਹੇ ਤੱਕ, ਤਿਨ੍ਹਾਂ ਤਖ਼ਤਾ ਦਏ ਉਲਟਾਈਆ । ਅੰਦਰ ਵੜ ਕੇ ਆਵੇ ਦੱਸ, ਆਪ ਆਪਣਾ ਭੇਵ ਖੁਲ੍ਹਾਈਆ । ਜਿਸ ਸਾਹਿਬ ਨੂੰ ਰਹੇ ਲੱਭ, ਸੋ ਸਤਿਗੁਰ ਘਰ ਘਰ ਵਿਚ ਡੇਰਾ ਲਾਈਆ । ਗੁਰਸਿਖੋ ਗੁਰਮੁਖੋ ਹਰੀਜਨ ਹਰਿਜਨ ਹਰਿ ਕਾ ਦਰਸ ਕਰੋ ਰੱਜ ਰੱਜ, ਬਿਨ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਦਏ ਕਰਾਈਆ । ਜਿਸ ਦਾ ਲੰਮਾਂ ਉਚਾ ਨਾ ਕੋਈ ਕੱਦ, ਨੌ ਦੁਆਰੀ ਪਾਰ ਕਰ ਕੇ ਬੈਠਾ ਹੱਦ, ਦਸਮ ਦੁਆਰੀ ਜੋਤ ਨਿੱਕੀ ਨਿੱਕੀ ਕਰੇ ਰੁਸ਼ਨਾਈਆ । ਜਿਸ ਦੀ ਲੱਖ ਚੁਰਾਸੀ ਵਿਸ਼ਵ ਯਦ, ਬੰਸ ਸਰਬੰਸ ਇਕ ਵਖਾਈਆ । ਜਿਸ ਨੂੰ ਆਪਣੇ ਨਾਲੋ ਸਮਝਦੇ ਅੱਡ,

੪੫੨ ੧੫

ਸੋ ਪ੍ਰਭ ਤੁਹਾਡੇ ਵਿਚ ਰਿਹਾ ਸਮਾਈਆ । ਕਾਇਆ ਕੋਠਾ ਬਣਾਇਆ ਹੱਡ ਮਾਸ ਨਾੜੀ ਹੱਡ, ਆਪ ਆਪਣਾ ਭੇਵ ਛੁਪਾਈਆ । ਤਿਸ ਸਾਹਿਬ ਸਤਿਗੁਰ ਚਰਨੀ ਜਾਓ ਢੱਠ, ਜੋ ਰੁਠਿਆਂ ਲਏ ਮਿਲਾਈਆ । ਲਹਿਣਾ ਮੁਕਾਏ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਆਪਣੇ ਲੇਖੇ ਲਾਈਆ । ਸੋ ਸਰਬ ਸੁਆਮੀ ਸਮਝਾਏ ਇਕੋ ਮਤ, ਆਤਮ ਪਰਮਾਤਮ ਮਿਲ ਮਿਲ ਖ਼ੁਸ਼ੀ ਮਨਾਈਆ । ਸੇਜ ਸੁਹੰਜਣੀ ਚੜ੍ਹੇ ਨੱਸ ਨੱਸ, ਕੰਤ ਕਤੂਹਲ ਬੈਠਾ ਰਾਹ ਤਕਾਈਆ । ਕੂੜ ਕੁੜਿਆਰਾ ਕਾਮ ਕਰੋਧ ਲੋਭ ਮੋਹ ਹੰਕਾਰਾ ਚਰਨਾਂ ਹੇਠਾਂ ਦਿਓ ਝੱਸ, ਸਿਰ ਸਤਿਗੁਰ ਹੱਥ ਟਿਕਾਈਆ । ਧਰਮ ਦੁਆਰੇ ਕਰੋ ਇਕ ਇਕੱਠ, ਨਜ਼ਰੀ ਆਏ ਇਕੋ ਮਾਹੀਆ । ਜਿਸ ਭੇਜਿਆ ਰਾਮ ਬੇਟਾ ਦਸਰਥ, ਸੋ ਰਾਮ ਹਰ ਘਟ ਰਿਹਾ ਸਮਾਈਆ । ਜਿਸ ਕਾਹਨ ਬਣ ਚਲਾਇਆ ਰਥ, ਸਾਚੇ ਭਗਤ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੀਰ ਪੈਗ਼ੰਬਰ ਗੁਰੂ ਅਵਤਾਰ ਇਕ ਵਖਾਏ ਸਚ ਦਰਬਾਰ, ਜਿਸ ਦੁਆਰੇ ਹਰਿ ਜੂ ਡੇਰਾ ਲਾਈਆ । ਪੀਰ ਅਵਤਾਰ ਪੈਗ਼ੰਬਰ ਗੁਰੂ ਗੁਰਦੇਵ ਸਾਰੇ ਕਹਿਣ, ਵਾਹਵਾ ਪ੍ਰਭੂ ਤੇਰੀ ਵਡਿਆਈਆ । ਤੇਰਾ ਨੂਰ ਨੇਤਰ ਵੇਖਿਆ ਨੈਣ, ਨਾਮ ਨਿਧਾਨ ਵੱਜੇ ਇਕ ਵਧਾਈਆ । ਸਦਾ ਸਦਾ ਸਦ ਸਾਕ ਸੱਜਣ ਸੈਣ, ਸਗਲਾ ਸੰਗ ਨਿਭਾਈਆ । ਕੋਟ ਬ੍ਰਹਿਮੰਡ ਤੇਰੇ ਚਰਨਾਂ ਹੇਠ ਬਹਿਣ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਮਿਲੇ ਚਰਨ ਸਰਨਾਈਆ । ਚਰਨ ਚਰਨੋਦਕ ਮਿਲੇ ਸਚ, ਸਚ ਤੇਰੀ ਵਡਿਆਇਆ । ਲੂੰ ਲੂੰ ਅੰਦਰ ਜਾਣਾ ਰਚ, ਆਪ ਆਪਣਾ ਰੰਗ ਰੰਗਾਇਆ । ਮਾਰਗ ਅਗੰਮ ਅਥਾਹ ਦੇਣਾ ਦੱਸ, ਦਸਤਗੀਰ ਤੇਰੀ ਸਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਉਂ ਬਾਲਕ ਤੇਰੇ ਵਸ, ਤੂੰ ਪਿਤਾ ਸਹਿਜ ਸੁਖਦਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਪੁਰਖ ਸਮਰਥ, ਜਨ ਭਗਤਾਂ ਦੇਵੇ ਸੱਚਾ ਸਾਥ, ਅਧਵਿਚਕਾਰ ਸਕੇ ਨਾ ਕੋਇ ਡੁਬਾਇਆ ।



### ੪ ਅੱਸੂ ੨੦੨੦ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਿਹ ਸ਼ਾਹ ਵਾਲਾ ਜ਼ਿਲਾ ਫ਼ਿਰੋਜ਼ਪੁਰ

ਗੁਰਮੁਖ ਸਦਾ ਰੱਖੇ ਆਸ, ਅੰਤਰ ਇਕ ਧਿਆਨ ਲਗਾਈਆ । ਕਵਣ ਵੇਲਾ ਜਗ ਬੁਝੇ ਪਿਆਸ, ਪ੍ਰਭ ਨੇਤਰ ਦਰਸਨ ਪਾਈਆ । ਲੇਖੇ ਲੱਗੇ ਪਵਣ ਸਵਾਸ, ਸਾਹ ਸਾਹ ਧਿਆਈਆ । ਘਰ ਮੰਡਲ ਵੇਖੇ ਰਾਸ, ਗ੍ਰਿਹ ਵੱਜੇ ਨਾਮ ਵਧਾਈਆ । ਮਿਟੇ ਰੈਣ ਅੰਧੇਰੀ ਰਾਤ, ਰੁਤੜੀ ਚੰਦ ਨੂਰ ਰੁਸ਼ਨਾਈਆ । ਨਾਮ ਜਣਾਏ ਆਪਣੀ ਗਾਥ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਜਨਮ ਕਰਮ ਦੁੱਖ ਦੇਵੇ ਕਾਟ, ਮਰਨ ਡਰਨ ਰਹਿਣ ਨਾ ਪਾਈਆ । ਸਚ ਪ੍ਰੀਤ ਬੰਧਾਏ ਨਾਤ, ਬਖ਼ਸ਼ੇ ਚਰਨ ਸਰਨ ਸਰਨਾਈਆ । ਪੂਰਾ ਕਰੇ ਪਿਛਲਾ ਘਾਟ, ਅੱਗੇ ਝੋਲੀ ਇਕ ਭਰਾਈਆ । ਆਤਮ ਸੇਜ ਸੁਹਾਏ ਖਾਟ, ਸਚ ਸਿੰਘਾਸਣ ਡੇਰਾ ਲਾਈਆ । ਦੂਰ ਦੁਰਾਡੀ ਮਿਟੇ ਵਾਟ, ਪਾਂਧੀ ਨੇਰਨ ਨੇਰਾ ਨਜ਼ਰੀ ਆਈਆ । ਸਗਲ ਵਿਸੂਰੇ ਜਾਇਣ ਲਾਥ, ਦੁੱਖ ਰੋਗ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਚ ਵਰ, ਘਰ

ਸਚ ਮਿਲੇ ਵਡਿਆਈਆ । ਗੁਰਮੁਖ ਸੱਚਾ ਤੱਕੇ ਰਾਹ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਪ੍ਰਭ ਮਿਲੇ ਮਲਾਹ, ਪੱਤਣ ਬੈਠਾ ਸੱਚਾ ਮਾਹੀਆ । ਸ਼ਬਦੀ ਦੇਵੇ ਸਚ ਸਲਾਹ, ਮਾਰਗ ਇਕ ਸਮਝਾਈਆ । ਰਹਿਬਰ ਬਣੇ ਬੇਪਰਵਾਹ, ਸਿਰ ਆਪਣਾ ਹੱਥ ਟਿਕਾਈਆ । ਸਾਚੀ ਸਿਖਿਆ ਦਏ ਦ੍ਰਿੜ੍ਹਾ, ਅੱਖਰ ਵੱਖਰ ਕਰ ਪੜ੍ਹਾਈਆ । ਸ੍ਰਿਸ਼ਟ ਸਬਾਈ ਮਿਥਿਆ ਦਏ ਜਣਾ, ਥਿਰ ਰਹਿਣ ਕੋਇ ਨਾ ਪਾਈਆ । ਬਿਧਨਾ ਲਿਖਿਆ ਦਏ ਮਿਟਾ, ਲੇਖਾ ਲੇਖ ਵਿਚੋ ਪਰਗਟਾਈਆ । ਚਰਨ ਢੱਠਿਆਂ ਲਏ ਉਠਾ, ਫੜ ਬਾਂਹੋ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਮਿਲੇ ਸੱਚੀ ਸਰਨਾਈਆ । ਗੁਰਮੁਖ ਸੱਚਾ ਰਿਹਾ ਉਡੀਕ, ਨਿਜ ਨੇਤਰ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਬਖ਼ਸ਼ੇ ਧਾਰ ਇਕ ਬਾਰੀਕ, ਧਾਰ ਧਾਰ ਵਿਚੋ ਪਰਗਟਾਈਆ । ਨਜ਼ਰੀ ਆਏ ਲਾਸ਼ਰੀਕ, ਸ਼ਹਿਨਸ਼ਾਹ ਆਪਣਾ ਦਰਸ ਵਖਾਈਆ । ਦੂਰ ਦੁਰਾਡਾ ਪੰਧ ਮੁੱਕੇ ਘਰ ਦਿਸੇ ਇਕ ਨਜ਼ਦੀਕ, ਨੇਰਨ ਨੇਰਾ ਪਰਦਾ ਦਏ ਉਠਾਈਆ । ਮੇਲ ਮਿਲਾਏ ਆਪਣਾ ਠੀਕ, ਠੀਕਰ ਕੂੜਾ ਭੰਨ ਵਖਾਈਆ । ਲੱਗੀ ਤੋੜ ਨਿਭੇ ਪ੍ਰੀਤ, ਪ੍ਰੀਤੀਵਾਨ ਖ਼ੁਸ਼ੀ ਵਖਾਈਆ । ਮਾਣਸ ਜਨਮ ਲਏ ਜੀਤ, ਜੀਵਣ ਜੁਗਤ ਮਿਲੇ ਵਡਿਆਈਆ । ਲੇਖਾ ਚੁੱਕੇ ਹਸਤ ਕੀਟ, ਊਚ ਨੀਚ ਭੇਵ ਰਹੇ ਨਾ ਰਾਈਆ । ਸ਼ਾਹ ਸੁਲਤਾਨ ਪਾਏ ਭੀਖ, ਭਿਛਿਆ ਆਪਣੀ ਆਪ ਵਰਤਾਈਆ । ਚਾਰੋ ਕੁੰਟ ਨਜ਼ਰੀ ਆਏ ਮੀਤ, ਮਿੱਤਰ ਪਿਆਰਾ ਦਇਆ ਕਮਾਈਆ । ਢੋਲਾ ਦੱਸੇ ਆਪਣਾ ਗੀਤ, ਸੋਹੰ ਰਾਗ ਅਲਾਈਆ । ਲੇਖਾ ਚੁੱਕੇ ਮੰਦਰ ਮਸੀਤ, ਕਾਇਆ ਕਾਅਬਾ ਹੋਏ ਰੁਸ਼ਨਾਈਆ । ਨਜ਼ਰੀ ਆਏ ਇਕ ਅਤੀਤ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨੈਣ ਉਠਾਈਆ । ਗੁਰਸਿਖ ਸੱਚਾ ਰੱਖੇ ਓਟ, ਓਟ ਇਕ ਅਕਾਲ ਜਣਾਈਆ । ਕਵਣ ਵੇਲਾ ਘਰ ਲੱਗੇ ਚੋਟ, ਨਾਮ ਨਗਾਰਾ ਇਕ ਸ਼ਨਵਾਈਆ । ਪਰਕਾਸ਼ ਹੋਵੇ ਨਿਰਮਲ ਜੋਤ, ਅੰਧ ਅੰਧੇਰ ਗਵਾਈਆ । ਸੰਸਾ ਚੁੱਕੇ ਹਰਖ ਸੋਗ, ਚਿੰਤਾ ਗ਼ਮ ਨਾ ਕੋਇ ਸਤਾਈਆ । ਸਤਿਗੁਰੂ ਦੁਆਰੇ ਮਿਲੇ ਮੌਜ, ਮਜਲਸ ਇਕੋ ਨਜ਼ਰੀ ਆਈਆ । ਦੂਜੀ ਰਹੇ ਨਾ ਕੋਈ ਸੋਚ, ਸਾਚੀ ਸੂਝ ਇਕ ਸਮਝਾਈਆ । ਜਿਸ ਦਰਸਨ ਨੈਣ ਰਹੇ ਲੋਚ, ਸੋ ਲੋਚਾ ਪੂਰ ਕਰਾਈਆ । ਜਿਸ ਮਿਲਿਆਂ ਮਾਣ ਟੁੱਟੇ ਮੁਕਤੀ ਮੋਖ, ਮੁਫ਼ਤ ਆਪਣੇ ਨਾਲ ਲੈ ਜਾਈਆ । ਤਿਸ ਦੁਆਰੇ ਦੂਸਰ ਕੋਈ ਨਾ ਸਕੇ ਪਹੁੰਚ, ਪਾਂਧੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਦਰ ਪੜਦਾ ਦਏ ਉਠਾਈਆ । ਗੁਰਮੁਖ ਸੱਚਾ ਖੋਲ੍ਹੇ ਅੱਖ, ਚਾਰੋ ਕੁੰਟ ਵੇਖ ਵਖਾਈਆ । ਕਵਣ ਕੂਟ ਪ੍ਰਭ ਹੋਏ ਪਰਤੱਖ, ਦਹਿ ਦਿਸ਼ਾ ਫੋਲ ਫੋਲਾਈਆ । ਧਰਮ ਦੁਆਰਾ ਖੋਲ੍ਹੇ ਹੱਟ, ਨਾਮ ਵਸਤ ਵਿਚ ਟਿਕਾਈਆ । ਸੰਤ ਸੁਹੇਲੇ ਸਾਚੇ ਸੱਦ, ਆਪਣਾ ਭੇਵ ਚੁਕਾਈਆ । ਨਾਮ ਸੁਣਾਏ ਇਕੋ ਛੰਦ, ਸੋਹੰ ਢੋਲਾ ਗਾਈਆ । ਬੰਦੀਖ਼ਾਨਾ ਕਟੇ ਬੰਦ, ਜਮ ਕੀ ਫਾਸੀ ਦਏ ਤੁੜਾਈਆ । ਲੇਖੇ ਲਾਏ ਬੱਤੀ ਦੰਦ, ਰਸਨਾ ਜਿਹਵਾ ਆਪਣੇ ਰੰਗ ਰੰਗਾਈਆ । ਦੂਈ ਦਵੈਤੀ ਢਾਹ ਕੰਧ, ਭਾਂਡਾ ਭਰਮ ਭੌ ਭੰਨਾਈਆ । ਮਨ ਹੰਕਾਰ ਨਾ ਕੋਇ ਘਮੰਡ, ਕੂੜੀ ਕਿਰਿਆ ਨਾ ਕੋਇ ਹਲਕਾਈਆ । ਸਚ ਪਰਕਾਸ਼ ਚਾੜ੍ਹੇ ਚੰਦ, ਜਲਵਾ ਨੂਰ ਇਕ ਦਰਸਾਈਆ । ਆਤਮ ਸੇਜਾ ਵੇਖ ਪਲੰਘ, ਸੋਭਾਵੰਤ ਡੇਰਾ ਲਾਈਆ । ਅਨਹਦ ਨਾਦ ਵੱਜੇ ਮਰਦੰਗ, ਧੁਨੀ ਧੁਨ ਨਾਦ ਸ਼ਨਵਾਈਆ । ਗੁਰਮੁਖ ਗੁਰਸਿਖ ਗੁਰ ਪੂਰੀ ਕਰੇ ਮੰਗ, ਦੇਵਣਹਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਜਿਸ ਰੂਪ ਬਣਾਇਆ ਹੰ, ਸੋ ਬ੍ਰਹਮ ਪਾਰਬ੍ਰਹਮ ਆਪਣੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਮੇਟੇ ਤ੍ਰਿਸਨਾ ਤਮ, ਤਾਮਸ ਕੋਇ ਰਹਿਣ ਨਾ ਪਾਈਆ । ਗੁਰਸਿਖ ਸੱਚਾ ਤੱਕੇ ਰਾਹ, ਤੱਕਵਾ ਇਕ ਰਖਾਈਆ । ਕਵਣ ਵੇਲਾ ਪ੍ਰਭ ਪੜਦਾ ਦਏ ਉਠਾ, ਘਰ ਮੰਦਰ ਕਰੇ ਰੁਸ਼ਨਾਈਆ । ਮਾਇਆ ਸੜਦਾ ਲਏ ਬਚਾ, ਅੰਮ੍ਰਿਤ ਮੇਘ ਬਰਸਾਈਆ । ਸਚ ਦੁਆਰੇ ਆ ਕੇ ਖੜਦਾ, ਘਰ ਦਰਸਨ ਦੇਵੇ ਸੱਚਾ ਮਾਹੀਆ । ਪੰਚ ਵਿਕਾਰੇ ਨਾਲ ਲੜਦਾ, ਨਾਮ ਖੰਡਾ ਖੜਗ ਚਮਕਾਈਆ । ਸਚ ਮਹੱਲੇ ਆਪੇ ਚੜ੍ਹਦਾ, ਦਸਮ ਦੁਆਰੀ ਡੇਰਾ ਲਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਇਕੋ ਪੜ੍ਹਦਾ, ਤੇਰਾ ਮੇਰਾ ਭੇਵ ਰਹੇ ਨਾ ਰਾਈਆ । ਧੁਰ ਸੰਦੇਸ ਇਕੋ ਘੱਲਦਾ, ਨਾਮ ਨਿਧਾਨ ਕਰੇ ਸ਼ਨਵਾਈਆ । ਲੇਖਾ ਜਾਣੇ ਧੁਰ ਦਰਬਾਰ ਦਾ, ਦਰਗਹਿ ਸਾਚੀ ਖ਼ੁਸ਼ੀ ਮਨਾਈਆ । ਜੀਂਵਦਿਆਂ ਜਗ ਆਪੇ ਮਰਦਾ, ਮਰਿਆਂ ਜਾਗਰਤ ਜੋਤ ਕਰੇ ਰੁਸ਼ਨਾਈਆ । ਭਗਤ ਦੁਆਰੇ ਸੇਵਾ ਕਰਦਾ, ਜਨ ਭਗਤਾਂ ਹੋਏ ਸਹਾਈਆ । ਗੁਰਮੁਖ ਸੱਜਣ ਆਪੇ ਫੜਦਾ, ਫੜ ਬਾਂਹੋ ਗਲੇ ਲਗਾਈਆ । ਕਿਰਪਾਨਿਧਾਨ ਕਿਰਪਾ ਕਰਦਾ, ਕਰਨੀ ਸਭ ਦੀ ਵੇਖ ਵਖਾਈਆ । ਲੇਖਾ ਜਾਣੇ ਘਰ ਘਰ ਦਾ, ਲੁਕਿਆ ਕੋਇ ਰਹਿਣ ਨਾ ਪਾਈਆ । ਰੂਪ ਵਖਾਏ ਨਰ ਹਰਿ ਨਰਾਇਣ ਨਰ ਦਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਾਹ ਸੁਲਤਾਨ ਇਕੋ ਨਜ਼ਰੀ ਆਈਆ ।



### ✪ ੪ ਅੱਸੂ ੨੦੨੦ ਬਿਕ੍ਰਮੀ ਜਰਨੈਲ ਸਿੰਘ ਦੇ ਗ੍ਰਿਹਿ ਸ਼ਾਹ ਵਾਲਾ ਜ਼ਿਲਾ ਫਿਰੋਜ਼ਪੁਰ ✪

੪੫੫ ੧੫

ਗੁਰਮੁਖ ਸੱਚਾ ਕਰੇ ਖ਼ਿਆਲ, ਘਰ ਘਰ ਵਿਚ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮਿਲੇ ਦਿਆਲ, ਦੀਨਨ ਹੋਏ ਸਹਾਈਆ । ਕੂੜੀ ਕਿਰਿਆ ਮਿਟੇ ਜੰਜਾਲ, ਜੀਵਣ ਜੁਗਤ ਦਏ ਜਣਾਈਆ । ਸਚ ਮੰਦਰ ਵਖਾਏ ਧਰਮਸਾਲ, ਧਰਮ ਦੁਆਰਾ ਇਕ ਪਰਗਟਾਈਆ । ਦੀਪਕ ਦੀਵਾ ਦੇਵੇ ਬਾਲ, ਜੋਤੀ ਨੂਰ ਇਕ ਰੁਸ਼ਨਾਈਆ । ਅੰਮ੍ਰਿਤ ਸੁਹਾਏ ਸੱਚਾ ਤਾਲ, ਸਰੋਵਰ ਇਕੋ ਇਕ ਵਖਾਈਆ । ਫੜ ਬਾਂਹੋ ਦਏ ਨੁਹਾਲ, ਕਾਗ ਹੰਸ ਰੂਪ ਵਟਾਈਆ । ਗੁਰਮੁਖ ਬਣਾਏ ਆਪਣਾ ਲਾਲ, ਗੁਰ ਗੁਰ ਗੋਦੀ ਸਚ ਉਠਾਈਆ । ਅੱਠੇ ਪਹਿਰ ਚਲੇ ਨਾਲ, ਦਿਵਸ ਰੈਣ ਸੰਗ ਨਿਭਾਈਆ । ਦੇਵੇ ਨਾਮ ਸੱਚਾ ਧੰਨ ਮਾਲ, ਸਚ ਖ਼ਜ਼ੀਨਾ ਝੋਲੀ ਪਾਈਆ । ਮਾਣਕ ਮੋਤੀ ਦਏ ਉਛਾਲ, ਨਾਮ ਹੁਲਾਰਾ ਇਕ ਲਗਾਈਆ । ਲੇਖੇ ਲਾਏ ਕੀਤੀ ਘਾਲ, ਪੂਰਬ ਲਹਿਣਾ ਦਏ ਮੁਕਾਈਆ । ਫਲ ਲਗਾਏ ਸਾਚੇ ਡਾਲ, ਪਤ ਟਹਿਣੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮਿਹਰ ਨਜ਼ਰ ਉਠਾਈਆ । ਗੁਰਮੁਖ ਸੱਚਾ ਕਰੇ ਵਿਚਾਰ, ਅੰਤਰ ਅੰਤਰ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਕਰੇ ਪਿਆਰ, ਪ੍ਰੇਮ ਪ੍ਰੀਤੀ ਦਏ ਜਣਾਈਆ । ਜਨਮ ਜਨਮ ਦਾ ਦੁੱਖੜਾ ਦਏ ਨਵਾਰ, ਕਰਮ ਕਾਂਡ ਰਹਿਣ ਨਾ ਪਾਈਆ । ਸਚ ਵਖਾਏ ਇਕ ਦਰਬਾਰ, ਜਿਸ ਘਰ ਵਸੇ ਸੱਚਾ ਮਾਹੀਆ । ਦੀਆ ਜੋਤੀ ਜੋਤ ਜਗੇ ਅਗੰਮ ਅਪਾਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਆਪ ਆਪਣਾ ਰੰਗ ਰੰਗਾਈਆ । ਗੁਰਸਿਖ ਸੱਚਾ ਕਰੇ ਦਲੀਲ, ਅੰਤਰ ਆਤਮ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮਿਲੇ ਵਕੀਲ, ਜਗਤ ਵਿਚੋਲਾ ਬੇਪਰਵਾਹੀਆ । ਨਜ਼ਰੀ ਆਏ ਛੈਲ ਛਬੀਲ, ਸ਼ਹਿਨਸ਼ਾਹ

ਇਕੋ ਦਰਸ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਕੀਤੀ ਅਪੀਲ, ਦੂਜਾ ਨਜ਼ਰ ਕੋਇ ਨਾ ਆਈਆ । ਗੁਰਸਿਖ ਸੱਚਾ ਦੋਏ ਜੋੜ, ਨਮੋ ਨਮੋ ਨਮੋ ਨਿਮਸਕਾਰਿਆ । ਪਾਰਬ੍ਰਹਮ ਪ੍ਰਭ ਘਰ ਸੱਜਣ ਆਏ ਦੌੜ, ਦੂਰ ਦੁਰਾਡਾ ਪੰਧ ਨਿਵਾਰਿਆ । ਮਿੱਠਾ ਕਰੇ ਰੀਠਾ ਕੌੜ, ਅੰਮ੍ਰਿਤ ਫਲ ਇਕ ਵਖਾ ਰਿਹਾ । ਮਾਣਸ ਜਨਮ ਜਾਏ ਸੌਰ, ਲੱਖ ਚੁਰਾਸੀ ਫੰਦ ਕਟਾ ਰਿਹਾ । ਆਪਣੇ ਹੱਥ ਪਕੜੇ ਡੋਰ, ਸ਼ਬਦੀ ਡੋਰੀ ਬੰਧਨ ਪਾ ਰਿਹਾ । ਮੇਟ ਮਿਟਾਏ ਪੰਜ ਚੋਰ, ਕੂੜੀ ਕਿਰਿਆ ਡੇਰਾ ਢਾਹ ਰਿਹਾ । ਤਿਸ ਸਤਿਗੁਰ ਸੱਚੇ ਸਾਹਿਬ ਦੀ ਪਈ ਲੋੜ, ਗੁਰਸਿਖ ਇਕ ਧਿਆਨ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸੁਣਾ ਰਿਹਾ । ਸਚ ਸੁਨੇਹੜਾ ਦੇਵੇ ਭਗਵਾਨ, ਪ੍ਰਭ ਆਪਣੀ ਦਇਆ ਕਮਾਈਆ । ਗੁਰਮੁਖ ਗੁਰਸਿਖ ਕਰ ਧਿਆਨ, ਵਡ ਧਿਆਨੀ ਦਏ ਜਣਾਈਆ । ਪਰਗਟ ਹੋਇਆ ਨੌਜਵਾਨ, ਜੋਧਾ ਸੂਰਬੀਰ ਬਲੀ ਬਲਵਾਨ ਅਖਵਾਈਆ । ਨਾਮ ਖੰਡਾ ਚੰਡ ਪਰਚੰਡ ਤੀਰ ਕਮਾਨ, ਸ਼ਸਤਰਧਾਰੀ ਨਰ ਨਿਰੰਕਾਰੀ ਇਕੋ ਫੇਰਾ ਪਾਈਆ । ਹੱਥ ਉਠਾਏ ਤੇਜ਼ ਕਿਰਪਾਨ, ਕਰਮ ਕਾਂਡ ਡੇਰਾ ਦੇਵੇ ਢਾਹੀਆ । ਸਚ ਵਖਾਏ ਇਕ ਨਿਸ਼ਾਨ, ਨਿਸ਼ਾਨਾ ਦੋ ਜਹਾਨਾਂ ਨਜ਼ਰੀ ਆਈਆ । ਆਤਮ ਪਰਮਾਤਮ ਕਰੇ ਪਰਵਾਨ, ਪਰਮ ਪੁਰਖ ਪ੍ਰਭ ਆਪਣਾ ਮੇਲ ਮਿਲਾਈਆ । ਵਸਤ ਅਮੋਲਕ ਦੇਵੇ ਦਾਨ, ਘਰ ਝੋਲੀ ਇਕ ਭਰਾਈਆ । ਨਜ਼ਰੀ ਆਏ ਇਕੋ ਕਾਹਨ, ਘਨਈਆ ਬੰਸਰੀ ਨਾਮ ਵਜਾਈਆ । ਸਚ ਪੈਗੰਬਰ ਦਏ ਕਲਾਮ, ਕਲਮਾ ਇਕੋ ਇਕ ਪੜ੍ਹਾਈਆ । ਖੇਲੇ ਖੇਲ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਆਸਾ ਪੂਰ ਕਰਾਈਆ । ਗੁਰਸਿਖ ਸੱਜਣ ਸਾਚੇ ਮੀਤ, ਸੋ ਸਾਹਿਬ ਆਪ ਜਣਾਈਆ । ਪ੍ਰਭ ਸੁਆਮੀ ਵੇਖ ਠੀਕ, ਨਿਜ ਨੇਤਰ ਨਜ਼ਰੀ ਆਈਆ । ਕਾਇਆ ਕਰੇ ਠਾਂਡੀ ਸੀਤ, ਅਗਨੀ ਤਤ ਨਾ ਲਾਗੇ ਰਾਈਆ । ਪਿਛਲਾ ਲੇਖਾ ਗਿਆ ਬੀਤ, ਅੱਗੇ ਹੋਏ ਆਪ ਸਹਾਈਆ । ਪ੍ਰੇਮ ਪ੍ਰੀਤੀ ਗੰਢ ਗਈ ਪੀਚ, ਲੋਕਮਾਤ ਸਕੇ ਨਾ ਕੋਇ ਖੁਲ੍ਹਾਈਆ । ਦੂਰ ਦੁਰਾਡਾ ਆਇਆ ਨਜ਼ਦੀਕ, ਨੇਰਨ ਨੇਰਾ ਪੜਦਾ ਦਏ ਉਠਾਈਆ । ਸਾਚਾ ਨਾਮ ਪਾਏ ਭੀਖ, ਭਿਛਿਆ ਇਕੋ ਇਕ ਵਰਤਾਈਆ । ਸਾਚੀ ਸਿਖਿਆ ਲੈਣੀ ਸੀਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਦੇਵੇ ਮਾਣ ਵਡਿਆਈਆ । ਗੁਰਮੁਖ ਗੁਰਸਿਖ ਰੱਖਣਾ ਯਾਦ, ਸੋ ਸਾਹਿਬ ਆਪ ਜਣਾਈਆ । ਅਬਿਨਾਸ਼ੀ ਕਰਤਾ ਸੁਣੇ ਫ਼ਰਿਆਦ, ਪਾਰਬ੍ਰਹਮ ਪ੍ਰਭ ਫੇਰਾ ਪਾਈਆ । ਸਰਨ ਸਰਨਾਈ ਜਾਣਾ ਲਾਗ, ਦਰ ਇਕੋ ਇਕ ਬੁਝਾਈਆ । ਫੜ ਫੜ ਹੰਸ ਬਣਾਏ ਕਾਗ, ਕਾਗੋ ਹੰਸ ਉਡਾਈਆ । ਮਨ ਉਪਜੇ ਇਕ ਵੈਰਾਗ, ਵੈਰਾਗੀ ਰੂਪ ਦਰਸਾਈਆ । ਘਰ ਮੇਲਾ ਕੰਤ ਸੁਹਾਗ, ਸੇਜ ਸੁਹੰਜਣੀ ਸੋਭਾ ਪਾਈਆ । ਸਚ ਪ੍ਰੇਮ ਪ੍ਰੀਤੀ ਮਾਰ ਆਵਾਜ਼, ਅਨਹਦ ਨਾਦੀ ਨਾਦ ਸੁਣਾਈਆ । ਮਿਲ ਸਖ਼ੀਆਂ ਰਚੇ ਕਾਜ, ਘਰ ਸਵੰਬਰ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਕੂੜਾ ਅਡੰਬਰ ਦਏ ਮਿਟਾਈਆ । ਸਾਹਿਬ ਸਤਿਗੁਰ ਠਾਕਰ ਏਕ, ਏਕੰਕਾਰਾ ਦਏ ਵਡਿਆਈਆ । ਗੁਰਮੁਖ ਸਾਚੀ ਰੱਖ ਟੇਕ, ਟਿੱਕਾ ਮਸਤਕ ਦੇਵੇ ਲਾਈਆ । ਕਰੇ ਕਰਾਏ ਬੁੱਧ ਬਿਬੇਕ, ਵਿਵੇਕੀ ਆਪਣੀ ਕਾਰ ਕਮਾਈਆ । ਬਦਲਣਹਾਰਾ ਲਿਖਿਆ ਲੇਖ, ਲੇਖਾ

ਆਪਣਾ ਦਏ ਜਣਾਈਆ । ਆਤਮ ਪਰਮਾਤਮ ਇਕੋ ਹੇਤ, ਹਿਤਕਾਰੀ ਇਕ ਅਖਵਾਈਆ । ਬਿਨ ਹਰਿ ਨਾਮੇ ਸੁੰਞਾਂ ਦਿਸੇ ਖੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਭੇਵ ਅਭੇਦ ਖੁਲਾਈਆ । ਸਤਿਗੁਰ ਪੂਰਾ ਚਾੜ੍ਹੇ ਰੰਗ, ਗੁਰਮੁਖ ਦੇਵਣਹਾਰ ਵਡਿਆਈਆ । ਸੁਰਤੀ ਸ਼ਬਦ ਮੇਲਾ ਡੋਰ ਪਤੰਗ, ਆਕਾਸ਼ ਆਕਾਸ਼ ਰਿਹਾ ਉਡਾਈਆ । ਬਣ ਸੁਹੇਲਾ ਵਸੇ ਸੰਗ, ਸਾਥੀ ਇਕੋ ਇਕ ਨਜ਼ਰੀ ਆਈਆ । ਬਿਨ ਰਸਨਾ ਜਿਹਵਾ ਦੇਵੇ ਇਕ ਅਨੰਦ, ਅਨੰਦ ਅਨੰਦ ਵਿਚੋ ਪਰਗਟਾਈਆ । ਬਿਨ ਸੂਰਜ ਚੰਦ ਚਾੜ੍ਹੇ ਚੰਦ, ਸਾਚਾ ਨੂਰ ਕਰੇ ਰੁਸ਼ਨਾਈਆ । ਬਿਨ ਪੈਰਾਂ ਲੱਤਾਂ ਮੁਕਾਵੇ ਪੰਧ, ਘਰ ਆਵੇ ਵਾਹੋ ਦਾਹੀਆ । ਬਿਨ ਰਸਨਾ ਜਿਹਵਾ ਗਾਏ ਛੰਦ, ਸਾਚਾ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਇਕੋ ਰਾਹ ਵਖਾਈਆ । ਗੁਰਮੁਖ ਸੱਚੇ ਤੇਰਾ ਸਾਚਾ ਜੋਗ, ਸੋ ਸਤਿਗੁਰ ਆਪ ਜਣਾਈਆ । ਆਤਮ ਰਸ ਸਾਚਾ ਭੋਗ, ਮਿਲੇ ਮਾਣ ਵਡਿਆਈਆ । ਕੱਟਣਹਾਰਾ ਹਉਮੇਰੋਗ, ਚਿੰਤਾ ਸੋਗ ਰਿਹਾ ਗਵਾਈਆ । ਮੇਲਣਹਾਰਾ ਧੁਰ ਸੰਜੋਗ, ਸਾਚੇ ਘਰ ਕਰੇ ਕੁੜਮਾਈਆ । ਜਿਸ ਦਰਸ਼ਨ ਲੋਚਣ ਰਹੇ ਲੋਚ, ਸੋ ਆਸਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਮੇਲਾ ਸਹਿਜ ਸੁਭਾਈਆ । ਗੁਰਮੁਖ ਸਾਚੇ ਤੇਰਾ ਪ੍ਰੇਮ, ਪਰਮ ਪੁਰਖ ਆਪ ਨਿਭਾਇੰਦਾ । ਸਤਿਗੁਰ ਹੋ ਕੇ ਚੁੱਕੇ ਨੇਮ, ਸੁਗੰਧ ਆਪਣਾ ਨਾਮ ਪਾਇੰਦਾ । ਲੇਖਾ ਜਾਣ ਕੁੰਟ ਹੇਮ, ਹਰਿ ਕਾ ਪੌੜਾ ਇਕੋ ਇਕ ਵਡਿਆਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਦੇਣਾ ਆਵੇ ਦੇਣ, ਲਹਿਣਾ ਆਪਣੇ ਹੱਥ ਰਖਾਇੰਦਾ । ਸਚ ਸੰਦੇਸਾ ਆਵੇ ਕਹਿਣ, ਧੁਰ ਫ਼ਰਮਾਣਾ ਆਪ ਸੁਣਾਇੰਦਾ । ਗੁਰਮੁਖ ਗੁਰਸਿਖ ਤੇਰੀ ਕਾਇਆ ਕੰਦਰ ਆਵੇ ਰਹਿਣ, ਮੰਦਰ ਇਕੋ ਇਕ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਸੰਗ ਵਖਾਇੰਦਾ । ਗੁਰਮੁਖ ਤੇਰਾ ਖੇਲ ਅਨੋਖਾ, ਗੁਰ ਸਤਿਗੁਰ ਹੱਥ ਵਡਿਆਈਆ । ਮਾਣਸ ਜਨਮ ਲੱਖ ਚੁਰਾਸੀ ਵਿਚੋ ਮੌਕਾ, ਗਿਆ ਵੇਲਾ ਹੱਥ ਫੇਰ ਨਾ ਆਈਆ । ਪੂਰਾ ਸਤਿਗੁਰ ਕਦੇ ਨਾ ਕਰੇ ਧੋਖਾ, ਡੁੱਬਦੇ ਪਾਥਰ ਲਏ ਤਰਾਈਆ । ਸ੍ਰੀ ਭਗਵਾਨ ਰੁੱਸਿਆਂ ਨਾਲ ਨਾ ਕਰੇ ਕਦੇ ਰੋਸਾ, ਰੁਸਿਆਂ ਆਪਣੇ ਗਲੇ ਲਗਾਈਆ । ਠਾਕਰ ਹੋ ਕੇ ਕਦੇ ਨਾ ਬਣੇ ਹੋਛਾ, ਹੋਛਾਪਨ ਨਾ ਕੋਇ ਵਖਾਈਆ । ਫੜ ਕੇ ਮਾਰੇ ਨਾ ਕਦੇ ਬੇਦੋਸ਼ਾ, ਬੇਮੁਖਾਂ ਦਏ ਸਜ਼ਾਈਆ । ਗੁਰਮੁਖ ਉਠ ਵੇਖ ਪ੍ਰਭ ਦਾ ਝਰੋਖਾ, ਜਿਸ ਘਰ ਬੈਠਾ ਤਾੜੀ ਲਾਈਆ । ਜਿਸ ਦੇ ਪਿੱਛੇ ਪੀਰ ਪੈਗੰਬਰ ਰੱਖ ਦੇ ਗਏ ਰੋਜ਼ਾ, ਨਿਮਾਜ਼ ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਸੋ ਸਾਹਿਬ ਬੈਠਾ ਆਪ ਖ਼ਾਮੋਸ਼ਾ, ਉਚੀ ਕੂਕ ਨਾ ਕੋਇ ਜਣਾਈਆ । ਹਰਿਜਨ ਤੇਰੀ ਕਰੇ ਪੂਰੀ ਲੋਚਾ, ਲੋਚਣ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਇਕੋ ਘਰ ਵਸਾਈਆ । ਸਤਿਗੁਰ ਪੂਰਾ ਬੋਲੇ ਬੋਲ, ਸ਼ਬਦੀ ਨਾਦ ਵਜਾਇੰਦਾ । ਗੁਰਮੁਖ ਵੇਖ ਹਰਿ ਸੱਜਣ ਤੇਰੇ ਕੋਲ, ਘਰ ਘਰ ਨਜ਼ਰੀ ਆਇੰਦਾ । ਦਿਵਸ ਰੈਣ ਵਜਾਏ ਢੋਲ, ਨਾਮ ਡੰਕਾ ਇਕ ਲਗਾਇੰਦਾ । ਦਰ ਦਰਵਾਜ਼ਾ ਆਪਣਾ ਖੋਲ੍ਹ, ਸਾਚੀ ਸੇਵਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਰਾਹ ਵਖਾਇੰਦਾ । ਗੁਰਮੁਖ ਖੋਲ੍ਹ ਆਪਣੀ ਖਿੜਕੀ, ਹਰਿ ਸਤਿਗੁਰ ਸਚ ਬੁਝਾਈਆ । ਤੇਰੀ ਪ੍ਰੀਤ ਲੱਗੀ ਚਿਰ ਕੀ, ਜਨਮ ਜਨਮ ਦਾ ਲਹਿਣਾ ਦਏ ਮੁਕਾਈਆ । ਇਹ ਰੀਤ

ਸਾਚੇ ਪਿਰ ਕੀ, ਪੀਆ ਪ੍ਰੀਤਮ ਵੇਖੇ ਚਾਈਂ ਚਾਈਆ । ਜਾਨਣਹਾਰਾ ਅੰਦਰ ਬਾਹਰ ਬਿਰਤੀ, ਸੁਰਤੀ ਸ਼ਬਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਇਕੋ ਘਰ ਸਮਝਾਈਆ । ਗੁਰਮੁਖ ਖੋਲ੍ਹ ਬੰਦ ਕਿਵਾੜ, ਹਰਿ ਕਰਤਾ ਆਪ ਜਣਾਇੰਦਾ । ਘਰ ਵਸੇ ਤੇਰਾ ਮੀਤ ਮੁਰਾਰ, ਸੱਜਣ ਸੱਚਾ ਰਾਹ ਤਕਾਇੰਦਾ । ਕਵਣ ਵੇਲਾ ਮਿਲੇ ਯਾਰ, ਯਾਰੀ ਯਾਰਾਂ ਨਾਲ ਨਿਭਾਇੰਦਾ । ਸੱਜਣ ਸੁਹੇਲਾ ਬਣੇ ਆਪ ਕਰਤਾਰ, ਕਰਤਾ ਆਪਣੀ ਕਾਰ ਕਮਾਇੰਦਾ । ਸੇਵਾ ਕਰੇ ਬਣ ਸੇਵਾਦਾਰ, ਚਾਕਰ ਖ਼ਾਕ ਆਪਣਾ ਰੂਪ ਵਟਾਇੰਦਾ । ਠਾਕਰ ਹੋ ਕੇ ਦਏ ਆਧਾਰ, ਸਾਗਰ ਹੋ ਕੇ ਗਹਿਰ ਗੰਭੀਰ ਆਪਣੀ ਧਾਰ ਚਲਾਇੰਦਾ । ਸੌਦਾਗਰ ਹੋ ਕੇ ਕਰੇ ਵਣਜ ਵਪਾਰ, ਗੁਰਮੁਖ ਆਪਣੇ ਹੱਟ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪਰਦਾ ਆਪ ਚੁਕਾਇੰਦਾ । ਗੁਰਮੁਖ ਸਾਚੇ ਪੜਦਾ ਚੁੱਕ, ਦੂਈ ਦਵੈਤ ਰਹਿਣ ਨਾ ਪਾਈਆ । ਅੰਦਰ ਵੇਖ ਸਤਿਗੁਰ ਮੁਖ, ਜੋਤੀ ਜੋਤ ਨੂਰ ਨੂਰ ਰੁਸ਼ਨਾਈਆ । ਲੇਖਾ ਚੁੱਕੇ ਲੋਕ ਪਰਲੋਕ, ਪਰਮ ਪੁਰਖ ਦਏ ਵਡਿਆਈਆ । ਸਾਚਾ ਗਾ ਇਕ ਸਲੋਕ, ਸੋਹੰ ਰਾਗ ਅਲਾਈਆ । ਮੇਲ ਮਿਲਾਵਾ ਜੋਤੀ ਜੋਤ, ਜੋਤੀ ਜੋਤ ਜੋਤ ਸਮਾਈਆ । ਆਦਿ ਅੰਤ ਭਗਤ ਭਗਵਾਨ ਇਕੋ ਗੋਤ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇਵਣਹਾਰ ਦਰਸ ਅਮੋਘ, ਆਮਦ ਆਪਣੀ ਇਕ ਬੁਝਾਈਆ ।



## ੪ ਅੱਸੂ ੨੦੨੦ ਬਿਕ੍ਰਮੀ ਬਲਵੰਤ ਸਿੰਘ ਦੇ ਗ੍ਰਹਿ ਤਲਵੰਡੀ ਜ਼ਿਲਾ ਫ਼ਿਰੋਜ਼ਪੁਰ

ਸਤਿਗੁਰ ਪੂਰਾ ਸਦਾ ਮਿਹਰਵਾਨ, ਹਰਿ ਮਿਹਰ ਨਜ਼ਰ ਉਠਾਇੰਦਾ । ਜਨ ਭਗਤਾਂ ਦੇਵੇ ਭਗਤੀ ਦਾਨ, ਭਗਵਨ ਆਪਣੀ ਦਇਆ ਕਮਾਇੰਦਾ । ਸੰਤਾਂ ਦੇਵੇ ਚਰਨ ਧੂੜ ਅਸ਼ਨਾਨ, ਸਤਿ ਸਰੋਵਰ ਇਕ ਨੁਹਾਇੰਦਾ । ਗੁਰਮੁਖਾਂ ਬਖ਼ਸ਼ੇ ਚਰਨ ਕਵਲ ਧਿਆਨ, ਅੰਤਰ ਆਤਮ ਬੂਝ ਬੁਝਾਇੰਦਾ । ਗੁਰਸਿਖਾਂ ਏਕਾ ਨਾਮ ਸੁਣਾਏ ਕਾਨ, ਸਾਚਾ ਨਾਦ ਆਪ ਵਜਾਇੰਦਾ । ਜੁਗ ਚੌਕੜੀ ਵੇਖ ਜਹਾਨ, ਲੱਖ ਚੁਰਾਸੀ ਖੋਜ ਖੋਜਾਇੰਦਾ । ਕਰ ਕਿਰਪਾ ਮੇਲੇ ਆਣ, ਨਿਰਗੁਣ ਸਰਗੁਣ ਮੇਲ ਮਿਲਾਇੰਦਾ । ਧਰਮ ਦੁਆਰੇ ਦੇਵੇ ਮਾਣ, ਦਰ ਘਰ ਸਾਚੇ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਗੁਰਮੁਖ ਸੱਚਾ ਕਰੇ ਪੁਕਾਰ, ਦਿਵਸ ਰੈਣ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਦੇਵੇ ਦੀਦਾਰ, ਨਿਜ ਨੇਤਰ ਨੈਣ ਖੁਲ੍ਹਾਈਆ । ਅੰਮ੍ਰਿਤ ਜਾਮ ਦਏ ਪਿਆਲ, ਤ੍ਰਿਸਨਾ ਭੁੱਖ ਮਿਟਾਈਆ । ਮੰਦਰ ਅੰਦਰ ਕਾਇਆ ਵਖਾਏ ਸੱਚੀ ਧਰਮਸਾਲ, ਦੁਆਰਾ ਇਕੋ ਨਜ਼ਰੀ ਆਈਆ । ਦੀਆ ਦੀਪਕ ਜੋਤੀ ਦੇਵੇ ਬਾਲ, ਅਗਿਆਨ ਅੰਧੇਰ ਮਿਟਾਈਆ । ਮਾਰਗ ਦੱਸੇ ਇਕ ਸੁਖਾਲ, ਰਹਿਬਰ ਬਣੇ ਆਪ ਗੋਸਾਈਂਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਜਣਾਈਆ । ਸਾਚੀ ਸੇਜਾ ਦਏ ਬਹਾਲ, ਸੇਜ ਸੁਹੰਜਣੀ ਸੋਭਾ ਪਾਈਆ । ਨਜ਼ਰੀ ਆਏ ਦੀਨ ਦਿਆਲ, ਦੀਨਾਂ ਨਾਥ ਪੜਦਾ ਦਏ ਚੁਕਾਈਆ । ਲੇਖੇ ਲਾਏ ਕੀਤੀ ਘਾਲ, ਘਾਲੀ ਘਾਲ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਮਿਹਰ ਨਜ਼ਰ ਉਠਾਈਆ । ਸਤਿਗੁਰ ਪੂਰਾ ਦੇਵਣਹਾਰਾ ਨਾਮ, ਵਸਤ

ਅਮੋਲਕ ਆਪ ਵਰਤਾਇੰਦਾ । ਪਿਆਵਣਹਾਰਾ ਅੰਮ੍ਰਿਤ ਜਾਮ, ਭਰ ਪਿਆਲਾ ਹੱਥ ਫੜਾਇੰਦਾ । ਝੁਲਾਵਣਹਾਰਾ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਵਖਾਇੰਦਾ । ਦੇਵਣਹਾਰਾ ਇਕ ਗਿਆਨ, ਸੋਹੰ ਢੋਲਾ ਆਪ ਸੁਣਾਇੰਦਾ । ਤੋੜਨਹਾਰਾ ਮਾਣ ਅਭਿਮਾਨ, ਚਰਨ ਪ੍ਰੀਤੀ ਜੋੜ ਜੁੜਾਇੰਦਾ । ਝੋਲੀ ਪਾਵਣਹਾਰਾ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਇੰਦਾ । ਗੁਰਮੁਖ ਸੱਚਾ ਸਚ ਪ੍ਰੀਤ, ਮੰਗੇ ਚਰਨ ਸਰਨ ਸਰਨਾਈਆ । ਭਾਵੇ ਸਾਹਿਬ ਤੇਰੀ ਰੀਤ, ਦੂਜਾ ਮਾਰਗ ਨਜ਼ਰ ਕੋਇ ਨਾ ਆਈਆ । ਅੰਦਰ ਬਾਹਰ ਗਾਵਾਂ ਗੀਤ, ਤੂੰ ਹੀ ਤੂੰ ਹੀ ਰਾਗ ਅਲਾਈਆ । ਕਾਇਆ ਕਾਅਬਾ ਦੱਸੇ ਮੰਦਰ ਮਸੀਤ, ਗੁਰੂਦੁਆਰ ਇਕੋ ਨਜ਼ਰੀ ਆਈਆ । ਜਿਸ ਘਰ ਬੈਠਾ ਸਦਾ ਅਤੀਤ, ਤੈਗੁਣ ਮਾਇਆ ਡੇਰਾ ਢਾਹੀਆ । ਬਣਿਆ ਰਿਹਾ ਸੱਚਾ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਆਦਿ ਜਗਾਦਿ ਜੁਗ ਚੌਕੜੀ ਕਦੇ ਨਾ ਹੋਏ ਪਲੀਤ, ਦੁਰਮਤ ਮੈਲ ਨਾ ਲਾਗੇ ਰਾਈਆ । ਲੇਖਾ ਜਾਣੇ ਹਸਤ ਕੀਟ, ਲੱਖ ਚੁਰਾਸੀ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲੱਖ ਜਗਾਈਆ । ਸਤਿਗੁਰ ਪੂਰਾ ਸਦ ਪਰਤੱਖ, ਪਾਰਬ੍ਰਹਮ ਪ੍ਰਭ ਆਪਣਾ ਰੂਪ ਵਟਾਇੰਦਾ । ਗੁਰਮੁਖ ਗੁਰ ਗੁਰ ਲਏ ਰੱਖ, ਸਤਿਗੁਰ ਆਪਣਾ ਮੇਲ ਮਿਲਾਇੰਦਾ । ਨਿਜ ਨੇਤਰ ਖੋਲ੍ਹਣਹਾਰਾ ਅੱਖ, ਅੱਖਰ ਵੱਖਰ ਆਪ ਪੜ੍ਹਾਇੰਦਾ । ਆਤਮ ਪਰਮਾਤਮ ਮਾਰਗ ਦੱਸ, ਮਸਤੀ ਇਕੋ ਨਾਮ ਚੜ੍ਹਾਇੰਦਾ । ਨਿਝਰ ਝਿਰਨਾ ਦੇਵੇ ਰਸ, ਰਸ ਰਸੀਆ ਮੁਖ ਚੁਆਇੰਦਾ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਹੱਥ ਰਖਾਇੰਦਾ । ਕੂੜੀ ਕਿਰਿਆ ਬੁਰਜ ਜਾਏ ਢੱਠ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਨਿਰਗੁਣ ਜੋਤ ਕਰ ਪਰਗਟ, ਨੂਰੋ ਨੂਰ ਡਗਮਗਾਇੰਦਾ । ਕਰ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਇੰਦਾ । ਗੁਰਮੁਖ ਦੇਵੇ ਇਕੋ ਵੱਥ, ਸਾਚੀ ਵਸਤ ਝੋਲੀ ਪਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਇਕੋ ਜਿਹਾ ਜਸ, ਜਸ ਵੇਦ ਪੁਰਾਨ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਜਣ ਸਾਚੀ ਦਇਆ ਆਪ ਕਮਾਇੰਦਾ । ਗੁਰਸਿਖ ਕਹੇ ਪ੍ਰਭ ਤੇਰੀ ਸਰਨ, ਸਰਨਗਤ ਇਕ ਰਖਾਈਆ । ਨੇਤਰ ਖੋਲ੍ਹ ਹਰਨ ਫਰਨ, ਪੜਦਾ ਕੋਇ ਰਹਿਣ ਨਾ ਪਾਈਆ । ਗੁਰਮੁਖ ਤੇਰੇ ਤੇਰੇ ਪੌੜੇ ਚੜ੍ਹਨ, ਮੰਜ਼ਲ ਮੰਜ਼ਲ ਪੰਧ ਨਾ ਕੋਇ ਵਖਾਈਆ । ਸਚ ਦੁਆਰੇ ਇਕੋ ਖੜਨ, ਅਧਵਿਚਕਾਰ ਨਾ ਕੋਇ ਅਟਕਾਈਆ । ਨਿਤ ਨਵਿਤ ਦਰਸਨ ਤੇਰਾ ਕਰਨ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਰਾਗ ਇਕੋ ਪੜ੍ਹਨ, ਦੂਜੀ ਹੋਰ ਨਾ ਕੋਇ ਪੜ੍ਹਾਈਆ । ਨਿਰਭੌ ਭੈ ਤੇਰਾ ਰੱਖ ਡਰਨ, ਦੂਜਾ ਸਕੇ ਨਾ ਕੋਇ ਡਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦੇਣੀ ਇਕ ਸਰਨਾਈਆ । ਸਤਿਗੁਰ ਪੂਰਾ ਰਿਹਾ ਆਖ, ਆਖ਼ਰ ਇਕੋ ਹੁਕਮ ਸੁਣਾਇੰਦਾ । ਹਰਿਜਨ ਹਰਿ ਹਰਿ ਹੋਣਾ ਦਾਸ, ਦਾਸੀ ਦਾਸ ਰੂਪ ਵਟਾਇੰਦਾ । ਗੁਰ ਗੁਰ ਕਿਰਪਾ ਪੂਰੀ ਕਰੇ ਆਸ, ਆਸਾ ਮਨਸਾ ਪੂਰ ਕਰਾਇੰਦਾ । ਜਗਤ ਤ੍ਰਿਸਨਾ ਮੇਟ ਪਿਆਸ, ਦਰਦੀ ਦਰਦੀਆਂ ਦਰਦ ਵੰਡਾਇੰਦਾ । ਸਫਲ ਕਰਾਏ ਕੁੱਖ ਮਾਤ, ਜਨ ਜਨਨੀ ਵੇਖ ਵਖਾਇੰਦਾ । ਮੇਟਣਹਾਰ ਅੰਧੇਰੀ ਰਾਤ, ਸਾਚਾ ਸਚ ਚੰਦ ਚਮਕਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਖੋਜ ਖੋਜਾਇੰਦਾ । ਗ੍ਰਹਿ ਮੰਦਰ ਪਾਵੇ ਰਾਸ, ਘਰ ਗੋਪੀ ਕਾਹਨ ਨਚਾਇੰਦਾ । ਨਿਜ ਆਤਮ

ਕਰ ਕੇ ਵਾਸ, ਵਸਲ ਆਪਣਾ ਇਕ ਵਖਾਇੰਦਾ । ਲੇਖਾ ਜਾਣੇ ਬਾਤਨ ਬਾਤ, ਬੈਤਲ ਧਾਮ ਇਕ ਸੁਹਾਇੰਦਾ । ਗੁਰਮੁਖ ਦੇਵਣਹਾਰਾ ਨਜਾਤ, ਨਿਜ ਨੇਤਰ ਵੇਖ ਵਖਾਇੰਦਾ । ਅੱਠੇ ਪਹਿਰ ਰਹੇ ਪਰਭਾਤ, ਸੰਧਿਆ ਰੂਪ ਨਾ ਕੋਇ ਵਟਾਇੰਦਾ । ਸੱਚੀ ਦੇਵੇ ਇਕੋ ਦਾਤ, ਅਤੋਟ ਅਤੁਟ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਭੇਵ ਚੁਕਾਇੰਦਾ । ਗੁਰਮੁਖ ਕਹੇ ਪ੍ਰਭ ਮੇਰੇ ਠਾਕਰ, ਸਾਹਿਬ ਤੇਰੇ ਹੱਥ ਵਡਿਆਈਆ । ਹਉਂ ਬਾਲਾ ਨੱਢਾ ਨਾ ਕੋਇ ਚਾਤਰ, ਜੀਵਣ ਜੁਗਤ ਨਜ਼ਰ ਕੋਇ ਨਾ ਆਈਆ । ਮਾਣਸ ਜਨਮ ਪਾਇਆ ਤੇਰੇ ਮਿਲਣ ਦੀ ਖ਼ਾਤਰ, ਤੇਰਾ ਤੇਰੇ ਵਿਚ ਸਮਾਈਆ । ਦਰਸ ਦੇ ਜ਼ਾਹਰ ਬਾਤਨ, ਗੁਪਤ ਤੇਰੀ ਵਡ ਵਡਿਆਈਆ । ਜੁਗ ਚੌਕੜੀ ਕਦੇ ਨਾ ਹੋਵੇ ਮਾਤਮ, ਪਰਮਾਤਮ ਆਤਮ ਤੇਰੀ ਅੰਸ ਅਖਵਾਈਆ । ਤੇਰਾ ਨਾਉਂ ਸਾਚੀ ਗਾਥਨ, ਢੋਲਾ ਗਾਵਾਂ ਚਾਈਂ ਚਾਈਆ । ਤੂੰ ਬਾਪ ਪੁਰਖ ਸਮਰਾਥਨ, ਸਮਰਥ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਖ਼ੁਸ਼ੀ ਮਨਾਈਆ । ਗੁਰਮੁਖ ਸਾਚੇ ਹੋਣਾ ਖ਼ੁਸ਼, ਹਰਿ ਖ਼ੁਸ਼ੀਆਂ ਵਿਚ ਰਖਾਇੰਦਾ । ਮੇਟੇ ਰੈਣ ਅੰਧੇਰਾ ਘੁੱਪ, ਚੰਦ ਚਾਂਦਨਾ ਇਕ ਚਮਕਾਇੰਦਾ । ਜੋ ਬੈਠਾ ਅੰਦਰ ਚੁੱਪ, ਸੋ ਸਾਹਿਬ ਆਪਣਾ ਬੋਲ ਸੁਣਾਇੰਦਾ । ਤੇਰਾ ਦੁੱਖ ਦਰਦ ਲਏ ਪੁੱਛ, ਦੁਖੀਆਂ ਦੁੱਖ ਵੇਖ ਵਖਾਇੰਦਾ । ਜੇ ਤੇਰੀ ਝੋਲੀ ਨਹੀਂ ਕੁਛ, ਖ਼ਾਲੀ ਝੋਲੀ ਆਪ ਭਰਾਇੰਦਾ । ਲੋਕਮਾਤ ਸੁਹਾਏ ਸੁਹੰਜਣੀ ਰੁੱਤ, ਰੁੱਤ ਰੁਤੜੀ ਆਪ ਮਹਿਕਾਇੰਦਾ । ਸਾਚਾ ਲਾਲ ਛੋਟਾ ਪੁੱਤ, ਪਿਤਾ ਪੂਤ ਗੋਦ ਉਠਾਇੰਦਾ । ਕਰਨਹਾਰਾ ਉਜਲ ਮੁਖ, ਮੁਖ ਮੁਖੜਾ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਰ ਦੁਰਾਡਾ ਨੇੜੇ ਵੇਖੇ ਝੁਕ, ਬਣ ਪਾਂਧੀ ਪੰਧ ਮੁਕਾਇੰਦਾ । ਗੁਰਸਿਖ ਕਹੇ ਪ੍ਰਭ ਬੇਪਰਵਾਹ, ਤੇਰਾ ਅੰਤ ਕੋਇ ਨਾ ਪਾਈਆ । ਜੁਗ ਚੌਕੜੀ ਕੋਟਨ ਕੋਟ ਦਿਤੇ ਲੰਘਾ, ਆਪਣਾ ਭੇਵ ਨਾ ਕਿਸੇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਸ਼ਾਰਿਆਂ ਨਾਲ ਦਿਤੇ ਸਮਝਾ, ਸਾਚਾ ਹੁਕਮ ਇਕ ਵਰਤਾਈਆ । ਲੋਕਮਾਤ ਖੰਡ ਬ੍ਰਹਿਮੰਡ ਦਿਤੇ ਤਜਾ, ਬਣ ਨਟੂਆ ਸਾਂਗ ਵਰਤਾਈਆ । ਸਚ ਸੰਦੇਸ਼ੇ ਦਿਤੇ ਘਲਾ, ਢੋਲਾ ਸ਼ਬਦ ਨਾਦ ਸੁਣਾਈਆ । ਮੰਦਰ ਮਸੀਤ ਸ਼ਿਵਦਵਾਲੇ ਮੱਠ ਦਿਤੇ ਬਣਾ, ਜੀਵਣ ਜੁਗਤ ਜਗਤ ਬਣਾਈਆ । ਆਪ ਬੈਠਾ ਰਿਹੋ ਬੇਪਰਵਾਹ, ਪਰਦਾਨਸ਼ੀਂ ਮੁਖ ਨਕਾਬ ਨਾ ਕੋਇ ਉਠਾਈਆ । ਪਾਰਬ੍ਰਹਮ ਪਰਵਰਦਿਗਾਰ ਤੇਰੀ ਮੰਨੀਏ ਸਦਾ ਰਜ਼ਾ, ਬੇ-ਯਕੀਨ ਤੇਰਾ ਯਕੀਨ ਕੋਇ ਨਾ ਆਈਆ । ਮਿਹਰ ਨਜ਼ਰ ਬੇਨਜ਼ੀਰ ਆਪਣੀ ਲੈ ਉਠਾ, ਤਕਦੀਰ ਤਕਬੀਰ ਦੇਣੀ ਬਦਲਾਈਆ । ਰਹਿਮਤ ਕਰ ਇਕ ਖ਼ੁਦਾ, ਖ਼ੁਦਗ਼ਰਜੀ ਦੇ ਗਵਾਈਆ । ਤੇਰੇ ਉਤੇ ਹੋਏ ਫ਼ਿਦਾ, ਫ਼ਿਤਰਤ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਵਰ ਦਾਤੇ ਤੇਰੀ ਵਡਿਆਈਆ । ਸਤਿਗੁਰ ਪੂਰਾ ਗੁਰ ਗੋਪਾਲ, ਗੋਪਾਲਨ ਆਪਣੀ ਦਇਆ ਕਮਾਇੰਦਾ । ਉਠ ਗੁਰਮੁਖ ਮੁਖ ਵੇਖ ਦੀਨ ਦਿਆਲ, ਮੁਖ ਮੁਖੜਾ ਆਪ ਸੁਹਾਇੰਦਾ । ਜਿਸ ਨੀਹਾਂ ਹੇਠਾਂ ਦਿਤੇ ਬਾਲ, ਸੋ ਬਾਲੇ ਬਾਲਿਆਂ ਝੋਲੀ ਪਾਇੰਦਾ । ਆ ਕੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਵੇਸ ਵਟਾਇੰਦਾ । ਨਿਰਗੁਣ ਹੋ ਕੇ ਸਰਗੁਣ ਬਣੇ ਦਲਾਲ, ਸਚ ਦਲਾਲੀ ਇਕ ਕਮਾਇੰਦਾ । ਵੇਖਣਹਾਰਾ ਹੱਕ ਹਲਾਲ, ਹਕੀਕਤ ਘਰ ਘਰ ਖੋਜ ਖੋਜਾਇੰਦਾ । ਭੱਜਾ ਫਿਰੇ ਮਸ਼ਰਕ ਮਗ਼ਰਬ ਜਨੂਬ ਸਮਾਲ, ਸ਼ਮੂਲੀਅਤ ਆਪਣੀ ਨਾ ਕਿਸੇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਇਕ ਸਮਝਾਇੰਦਾ । ਸੱਚਾ ਮਾਰਗ ਪ੍ਰਭ ਸਿਕਦਾਰ, ਤੇਰਾ ਇਕੋ ਇਕ ਨਜ਼ਰੀ ਆਈਆ । ਜਨ ਭਗਤ ਬਣੇ ਰਹੇ ਸਦਾ ਹੱਕਦਾਰ, ਹੱਕ ਆਪਣਾ ਤੇਰੇ ਘਰ ਰਖਾਈਆ । ਤੂੰ ਦੇਵਣਹਾਰ ਦਾਤਾਰ, ਜੁਗ ਜੁਗ ਤੇਰੀ ਸਰਨਾਈਆ । ਆਪਣਾ ਖੋਲ੍ਹ ਬੰਦ ਕਿਵਾੜ, ਬੰਦ ਤਾਕੀ ਕਿਉਂ ਕਰਾਈਆ । ਕਰ ਪਰਕਾਸ਼ ਬਹੱਤਰ ਨਾੜ, ਨਿਜ ਨੂਰ ਮਿਲੇ ਰੁਸ਼ਨਾਈਆ । ਬਿਰਹੋ ਵਿਛੋੜੇ ਤੇਰੇ ਦਿਤਾ ਸਾੜ, ਅਗਨੀ ਅੱਗ ਰਹੀ ਤਪਾਈਆ । ਆ ਸਤਿਗੁਰ ਪ੍ਰਭ ਮੇਰੇ ਕਰ ਪਿਆਰ, ਤੇਰੀ ਪ੍ਰੀਤੀ ਇਕੋ ਭਾਈਆ । ਲਾਰਿਆਂ ਵਿਚ ਲੰਘੇ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੈਠੇ ਪੰਧ ਮੁਕਾਈਆ । ਅੰਤਮ ਵੇਖ ਆਪਣੀ ਧਾਰ, ਧਾਰ ਧਾਰ ਵਿਚੋ ਪਰਗਟਾਈਆ । ਬਖ਼ਸ਼ਣਹਾਰ ਸਾਹਿਬ ਦਾਤਾਰ, ਬਖ਼ਸ਼ੀਸ਼ ਆਪਣੀ ਦੇ ਵਰਤਾਈਆ । ਤੇਰਾ ਨਾਉਂ ਸਦਾ ਨਿਰੰਕਾਰ, ਨਿਰਵੈਰ ਰੂਪ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਦਰਵੇਸ਼ ਮੰਗਣ ਚਾਈਂ ਚਾਈਆ । ਦਰ ਦਰਵੇਸ਼ ਮੰਗੇ ਮੰਗ, ਮਾਂਗਤ ਸਚ ਰੂਪ ਜਣਾਈਆ । ਸ੍ਰੀ ਭਗਵਾਨ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਤਮ ਦੇਵੇ ਇਕ ਅਨੰਦ, ਅਨੰਦ ਆਤਮ ਵਿਚ ਵਖਾਈਆ । ਭੇਵ ਚੁਕਾਏ ਪਰਮਾਨੰਦ, ਪਰਮ ਪੁਰਖ ਹੱਥ ਵਡਿਆਈਆ । ਗੀਤ ਸੁਣਾਏ ਆਪਣਾ ਛੰਦ, ਸੋਹੰ ਢੋਲਾ ਇਕ ਅਲਾਈਆ । ਦੂਈ ਦਵੈਤੀ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਸੁਰਤ ਸਵਾਣੀ ਨਾ ਹੋਵੇ ਰੰਡ, ਸ਼ਬਦੀ ਕੰਤ ਇਕ ਮਿਲਾਈਆ । ਘਰ ਪਰਕਾਸ਼ ਕਰੇ ਚੰਦ, ਜੋਤੀ ਜੋਤ ਨੂਰ ਰੁਸ਼ਨਾਈਆ । ਲੇਖਾ ਚੁੱਕੇ ਬੱਤੀ ਦੰਦ, ਰਸਨਾ ਜਿਹਵਾ ਸਿਫ਼ਤ ਨਾ ਕੋਇ ਸਾਲਾਹੀਆ । ਕਾਇਆ ਚੋਲੀ ਚੜ੍ਹੇ ਰੰਗ, ਰੰਗ ਰੰਗੀਲਾ ਇਕੋ ਰੰਗ ਦਏ ਰੰਗਾਈਆ । ਮਾਣਸ ਜਨਮ ਨਾ ਹੋਵੇ ਭੰਗ, ਲੱਖ ਚੁਰਾਸੀ ਫੰਦ ਕਟਾਈਆ । ਲੇਖਾ ਚੁਕੇ ਵਿਚ ਵਰਭੰਡ, ਬ੍ਰਹਿਮੰਡ ਚਰਨਾਂ ਹੇਠ ਦਬਾਈਆ । ਅੰਤਰ ਅੰਤਮ ਆਤਮ ਪਰਮਾਤਮ ਪਿਤਾ ਪੂਤ ਲੈ ਕੇ ਜਾਏ ਸਚਖੰਡ, ਜਿਸ ਖੰਡ ਵੇਖਣ ਕੋਇ ਨਾ ਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਬਖ਼ਸ਼ੰਦ, ਬਖ਼ਸ਼ਸ਼ ਰਹਿਮਤ ਰਹੀਮ ਰਹਿਮਾਨ ਰਾਮ ਆਪਣੀ ਆਪ ਵਰਤਾਈਆ ।

ਕਸ਼ਟ ਰੋਗ ਨਾ ਰਹੇ ਤਨ, ਕਾਇਆ ਕੱਪੜ ਮਿਲੇ ਵਡਿਆਈਆ । ਮਨ ਵਾਸਨਾ ਪੂਰੀ ਹੋਏ ਮਨ, ਮਮਤਾ ਮਾਂ ਪੁਤ ਜਣਾਈਆ । ਵਸਤ ਅਮੋਲਕ ਮਿਲੇ ਧੰਨ, ਖ਼ਜ਼ਾਨਾ ਇਕ ਵਖਾਈਆ । ਜਗਤ ਵਿਕਾਰ ਦੇਵੇ ਡੰਨ, ਖੰਡਾ ਹੱਥ ਚਮਕਾਈਆ । ਕਰਮ ਕਾਂਡ ਡੇਰਾ ਦੇਵੇ ਭੰਨ, ਧਰਮ ਦੁਆਰਾ ਇਕ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਅੰਧੇਰੇ ਚਾੜ੍ਹੇ ਚੰਦ, ਇਕੋ ਨੂਰ ਤੇਜ ਚਮਕਾਈਆ ।

### ੪ ਅੱਸੂ ੨੦੨੦ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ ਪਿੰਡ ਮਨਾਵਾਂ ਜ਼ਿਲਾ ਫਿਰੋਜ਼ਪੁਰ

ਸੋ ਪੁਰਖ ਨਿਰੰਜਣ ਸਰਬ ਗੁਣਤਾਸ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਹਰਿ ਪੁਰਖ ਨਿਰੰਜਣ ਪ੍ਰਭ ਤੇਰੀ ਇਕੋ ਆਸ, ਬੇਅੰਤ ਬੇਪਰਵਾਹ ਸੱਚੀ ਸਰਨਾਈਆ । ਏਕੰਕਾਰ ਸਚ ਦੁਆਰ ਤੇਰਾ ਖੇਲ ਤਮਾਸ਼, ਬੇਨਜ਼ੀਰ ਨਜ਼ਰੀ ਆਈਆ । ਆਦਿ ਨਿਰੰਜਣ ਤੇਰਾ ਨੂਰ ਜੋਤ ਪਰਕਾਸ਼, ਨਿਰਵੈਰ ਪੁਰਖ ਡਗਮਗਾਈਆ । ਸ੍ਰੀ ਭਗਵਾਨ ਦੋ ਜਹਾਨ ਤੇਰੇ ਦਾਸ, ਸੇਵਕ ਰੂਪ ਵਟਾਈਆ । ਅਬਿਨਾਸ਼ੀ ਕਰਤੇ ਤੇਰਾ ਡੂੰਘਾ ਖਾਤ, ਨੇਤਰ ਨੈਣ ਨਜ਼ਰ

ਕਿਸੇ ਨਾ ਆਈਆ । ਪਾਰਬ੍ਰਹਮ ਤੇਰੀ ਸਾਚੀ ਰਾਸ, ਨਿਰਗੁਣ ਨਿਰਗੁਣ ਗੋਪੀ ਕਾਹਨ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਤੇਰੀ ਓਟ ਸ੍ਰੀ ਭਗਵਾਨ, ਪਾਰਬ੍ਰਹਮ ਸੱਚੀ ਸਰਨਾਈਆ । ਚਰਨ ਕਵਲ ਬਖ਼ਸ਼ ਇਕ ਧਿਆਨ, ਮਿਹਰ ਨਜ਼ਰ ਨੈਣ ਉਠਾਈਆ । ਸਤਿ ਸਤਿਵਾਦੀ ਸਚ ਦੇ ਗਿਆਨ, ਨਿਸ਼ਅੱਖਰ ਕਰ ਪੜ੍ਹਾਈਆ । ਮਹੱਲ ਅਟੱਲ ਸੋਹੇ ਇਕ ਮਕਾਨ, ਸਚਖੰਡ ਵੱਜੇ ਸਚ ਵਧਾਈਆ । ਨਜ਼ਰੀ ਆਏ ਸ਼ਾਹ ਪਾਤਸ਼ਾਹ ਨੌਜਵਾਨ, ਨਰ ਨਿਰੰਕਾਰ ਬੇਪਰਵਾਹੀਆ । ਭੂਪਤ ਭੂਪ ਬਣ ਰਾਜ ਰਾਜਾਨ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਤੇਰੇ ਦਰ ਇਕ ਅਲੱਖ, ਸਾਚਾ ਨਾਅਰਾ ਕੂਕ ਸੁਣਾਈਆ । ਸਚ ਸੁਆਮੀ ਹੋ ਪਰਤੱਖ, ਸਤਿ ਸਤਿਵਾਦੀ ਆਪਣੀ ਧਾਰ ਪਰਗਟਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਮਿਹਰਵਾਨ ਤੇਰੀ ਸਰਨਾਈਆ । ਜੁਗ ਚੌਕੜੀ ਮਾਰਗ ਰਹੇ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰ ਢੋਲਾ ਗਾਈਆ । ਨਿਰਗੁਣ ਸਰਗੁਣ ਆਦਿ ਜੁਗਾਦਿ ਲਏ ਤੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੁਧ ਬਿਨ ਦੂਜਾ ਨਜ਼ਰ ਨਾ ਕੋ, ਦੋ ਜਹਾਨ ਦਿਸ ਕੋਇ ਨਾ ਆਇੰਦਾ । ਸੋ ਪੁਰਖ ਨਿਰੰਜਣ ਸੁਣ ਆਪਣੀ ਸੋ, ਸਤਿ ਸਤਿਵਾਦੀ ਤੇਰੀ ਆਸ ਰਖਾਇੰਦਾ । ਸਚ ਪਰਕਾਸ਼ ਕਰ ਲੋ, ਪੁਰੀ ਲੋਅ ਖੰਡ ਬ੍ਰਹਿਮੰਡ ਤੇਰਾ ਰਾਹ ਤਕਾਇੰਦਾ । ਧੁਰ ਦਾ ਢੋਆ ਮਿਲੇ ਢੋ, ਨਾਮ ਫ਼ਰਮਾਨ ਹਰਿ ਤੇਰਾ ਇਕੋ ਨਜ਼ਰੀ ਆਇੰਦਾ । ਨੇਤਰ ਨੈਣ ਕੋਈ ਨਾ ਸਕੇ ਰੋ, ਹੰਸ-ਮੁਖ ਤੇਰਾ ਰਾਗ ਅਲਾਇੰਦਾ । ਸਾਚਾ ਅੰਮ੍ਰਿਤ ਝਿਰਨਾ ਚੋ, ਨਿਝਰ ਇਕੋ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਸੋਭਾ ਪਾਇੰਦਾ । ਦਰ ਤੇਰਾ ਸੋਭਾਵੰਤ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਅਲੱਖ ਅਗੋਚਰ ਅਗੰਮ ਅਥਾਹ ਤੇਰੀ ਮਹਿਮਾ ਬੇਅੰਤ, ਰਸਨਾ ਜਿਹਵਾ ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਆਦਿ ਜੁਗਾਦਿ ਜੁਗ ਚੌਕੜੀ ਖੇਲ ਕਰੇ ਅਨੰਤ, ਅਕਲ ਕਲਧਾਰੀ ਆਪਣੀ ਕਲ ਪਰਗਟਾਈਆ । ਵੇਸ ਵਟਾਏ ਨਾਰ ਕੰਤ, ਸੇਜ ਸੁਹੰਜਣੀ ਆਪ ਹੰਡਾਈਆ । ਨਾਮ ਨਿਧਾਨ ਮਣੀਆ ਮੰਤ, ਦੋ ਜਹਾਨ ਸ਼ਬਦ ਸ਼ਨਵਾਈਆ । ਬੋਧ ਅਗਾਧਾ ਬਣ ਬਣ ਪੰਡਤ, ਭੇਵ ਅਭੇਦਾ ਦਏ ਖੁਲ੍ਹਾਈਆ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਕਾਰ ਕਮਾਈਆ । ਲੱਖ ਚੁਰਾਸੀ ਜੀਵ ਜੰਤ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੀਨ ਦਿਆਲ ਤੇਰੀ ਸਰਨਾਈਆ । ਦੀਨ ਦਿਆਲ ਸਤਿਗੁਰ ਠਾਕਰ, ਸਾਹਿਬ ਤੇਰੀ ਓਟ ਤਕਾਈਆ । ਗਹਿਰ ਗੰਭੀਰ ਡੂੰਘੇ ਸਾਗਰ, ਭੇਵ ਅਭੇਦ ਦੇ ਜਣਾਈਆ । ਕਰੀਮ ਕਰਤੇ ਰਹੀਮ ਕਾਦਰ, ਬੇਐਬ ਨੂਰ ਖ਼ੁਦਾਈਆ । ਏਕਾ ਹੁਕਮ ਦੇ ਸਾਦਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਉਂ ਨਿਉਂ ਲਾਗਾਂ ਤੇਰੀ ਪਾਈਆ । ਸਾਚਾ ਹੁਕਮ ਪਰਵਰਦਿਗਾਰ, ਏਕਾ ਏਕ ਏਕ ਜਣਾਈਆ । ਮੁਕਾਮੇ ਹੱਕ ਸਾਂਝਾ ਯਾਰ, ਨੂਰ ਨੁਰਾਨਾ ਨਜ਼ਰੀ ਆਈਆ । ਆਦਿ ਜੁਗਾਦੀ ਮਦਦਗਾਰ, ਪੁਸ਼ਤ ਦਰ ਪੁਸ਼ਤ ਆਪਣਾ ਹੱਥ ਟਿਕਾਈਆ । ਲੇਖਾ ਜਾਣੇ ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ,


੪੬੨ ੧੫

ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਦਰ ਤੇਰੇ ਪ੍ਰਭ ਝੁਕੇ ਸੀਸ, ਜਗਦੀਸ ਤੇਰੀ ਸਰਨਾਈਆ । ਤੇਰਾ ਕਲਮਾ ਇਕ ਹਦੀਸ, ਹਜ਼ਰਤ ਤੇਰੀ ਸਚ ਪੜ੍ਹਾਈਆ । ਦੋਏ ਜੋੜ ਕਹੀਏ ਅਸੀਸ, ਸਹੀ ਸਲਾਮਤ ਤੇਰਾ ਨੂਰ ਨਜ਼ਰੀ ਆਈਆ । ਸਚ ਖ਼ੁਦਾਏ ਕਰ ਬਖ਼ਸ਼ੀਸ਼, ਬਖ਼ਸ਼ਸ਼ ਰਹਿਮਤ ਇਕ ਵਰਤਾਈਆ । ਦੂਰ ਦੁਰਾਡੇ ਨਜ਼ਰੀ ਆ ਨਜ਼ਦੀਕ, ਬਣ ਪਾਂਧੀ ਪੰਧ ਮੁਕਾਈਆ । ਤੇਰਾ ਦਿਸੇ ਨਾ ਕੋਇ ਸ਼ਰੀਕ, ਸ਼ਿਰਕਤ ਰੂਪ ਨਾ ਕੋਇ ਵਖਾਈਆ । ਤੇਰੀ ਇਕੋ ਇਕ ਤੌਫ਼ੀਕ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗਣ ਆਈਆ । ਦਰ ਦੁਆਰ ਤੇਰੇ ਪ੍ਰਭ ਮੀਤ, ਭਿੱਖਕ ਆਪਣੀ ਝੋਲੀ ਡਾਹੀਆ । ਸਾਚੀ ਦੱਸ ਸੁਹੰਜਣੀ ਰੀਤ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਤੇਰਾ ਢੋਲਾ ਰਲ ਮਿਲ ਗਾਈਏ ਗੀਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਲਹਿਣਾ ਦੇਣਾ ਚੁੱਕੇ ਠਾਕਰ ਦੁਆਰਾ ਮੰਦਰ ਮਸੀਤ, ਕਾਇਆ ਕਾਅਬਾ ਇਕੋ ਨਜ਼ਰੀ ਆਈਆ । ਆਤਮ ਪਰਮਾਤਮ ਪੜ੍ਹੇ ਸਚ ਹਦੀਸ, ਪਾਰਬ੍ਰਹਮ ਬ੍ਰਹਮ ਵੇਤਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮਿਲੇ ਵਡਿਆਈਆ । ਤੇਰੇ ਦਰ ਮਿਲੇ ਵਡਿਆਈ, ਦੋ ਜਹਾਨ ਦੂਜਾ ਨਜ਼ਰ ਕੋਇ ਨਾ ਆਇੰਦਾ । ਪਾਰਬ੍ਰਹਮ ਬੇਅੰਤ ਸੁਆਮੀ ਤੇਰੀ ਓਟ ਇਕ ਤਕਾਈ, ਤਕ਼ਵਾ ਇਕੋ ਇਕ ਜਣਾਇੰਦਾ । ਘਰ ਘਰ ਵਿਚ ਕਰ ਸੱਚੀ ਕੁੜਮਾਈ, ਸਾਕ ਸੱਜਣ ਆਪਣਾ ਮੇਲ ਮਿਲਾਇੰਦਾ । ਏਕਾ ਮੰਦਰ ਵਸੇ ਧੀ ਜਵਾਈ, ਬੰਕ ਦੁਆਰਾ ਇਕ ਸੁਹਾਇੰਦਾ । ਅੱਠੇ ਪਹਿਰ ਗੀਤ ਗੋਬਿੰਦ ਢੋਲਾ ਗਾਈ, ਰਾਗ ਅਨਾਦੀ ਨਾਦ ਸੁਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਕਹਿਣ ਕੋਇ ਨਾ ਪਾਈ, ਅਨਭਵ ਆਪਣੀ ਖੇਲ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਨਜ਼ਰੀ ਆਇੰਦਾ । ਪਾਰਬ੍ਰਹਮ ਪਰਮ ਪੁਰਖ ਸੁਲਤਾਨ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਸਚਖੰਡ ਨਿਵਾਸੀ ਮਰਦ ਮਰਦਾਨ, ਬਲਧਾਰੀ ਨੌਜਵਾਨ, ਤੇਰੇ ਘਰ ਵੱਜੇ ਵਧਾਈਆ । ਆਦਿ ਜੁਗਾਦਿ ਜੁਗ ਚੌਕੜੀ ਦਾਤਾ ਦਾਨੀ ਦੇਵਣਹਾਰਾ ਦਾਨ, ਵਸਤ ਅਮੋਲਕ ਆਪ ਵਰਤਾਈਆ । ਖੇਲੇ ਖੇਲ ਦੋ ਜਹਾਨ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਬਾਲ ਅਵਾਣ, ਫੜ ਉਂਗਲੀ ਰਿਹਾ ਚਲਾਈਆ । ਦੇਵਣਹਾਰਾ ਧੁਰ ਫ਼ਰਮਾਨ, ਸਚ ਸੰਦੇਸਾ ਨਾਮ ਸੁਣਾਈਆ । ਸਚ ਸੰਦੇਸਾ ਇਕ ਗਿਆਨ, ਨਿਸ਼ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਰਨੀ ਆਪਣੀ ਰਿਹਾ ਸਮਝਾਈਆ । ਸਾਚਾ ਸਾਹਿਬ ਸਤਿਗੁਰ ਦੇਵ, ਦੇਵ ਆਤਮਾ ਇਕ ਵਡਿਆਈਆ । ਪਾਰਬ੍ਰਹਮ ਅਲੱਖ ਅਭੇਦ, ਅਗੰਮ ਅਥਾਹ ਤੇਰੀ ਸਰਨਾਈਆ । ਸਰਗੁਣ ਨਿਰਗੁਣ ਲੋਚੇ ਤੇਰੀ ਸੇਵ, ਸੇਵਾ ਇਕੋ ਇਕ ਸੱਚੀ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਵਖਾਉਣਾ ਸਦਾ ਨਿਹਕੇਵ, ਨਿਹਚਲ ਆਪਣਾ ਧਾਮ ਜਣਾਈਆ । ਨਿਹਚਲ ਧਾਮ ਤੇਰਾ ਅਟੱਲ, ਸਚਖੰਡ ਨਿਵਾਸੀ ਸਚ ਦੁਆਰਾ ਸੋਭਾ ਪਾਇੰਦਾ । ਨਿਰਗੁਣ ਹੋ ਕੇ ਬੈਠੋ ਮੱਲ, ਸਰਗੁਣ ਨਜ਼ਰ ਕਿਸੇ ਨਾ ਆਇੰਦਾ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮੇ ਅੰਦਰ ਦਿਤੇ ਘੱਲ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਪਾਵੇ ਸਾਰ ਜਲ ਥਲ, ਸਮੁੰਦ ਸਾਗਰ ਡੂੰਘੀ ਗਾਰ ਫੋਲ ਫੋਲਾਇੰਦਾ । ਲੱਖ ਚੁਰਾਸੀ ਜੀਵ ਜੰਤ ਅੰਦਰ ਰਲ, ਜੋਤੀ ਸ਼ਬਦੀ ਰੰਗ ਰੰਗਾਇੰਦਾ ।


੪੬੩ ੧੫

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਦੇਵਣਹਾਰਾ ਨਜ਼ਰ ਕੋਇ ਨਾ ਆਇੰਦਾ । ਸ੍ਰੀ ਭਗਵਾਨ ਤੇਰੇ ਅੱਗੇ ਅਰਦਾਸ, ਚਾਰੇ ਜੁਗ ਸੀਸ ਝੁਕਾਈਆ । ਤੇਈ ਅਵਤਾਰ ਰੱਖ ਕੇ ਆਏ ਆਸ, ਆਸਾ ਆਸਾ ਨਾਲ ਮਿਲਾਈਆ । ਭਗਤ ਅਠਾਰਾਂ ਤੇਰੇ ਚਰਨਾਂ ਮੰਗਦੇ ਆਏ ਨਿਵਾਸ, ਕਵਲ ਚਰਨ ਮਿਲੇ ਸਰਨਾਈਆ । ਜੁਗ ਚੌਕੜੀ ਖੇਲਿਆ ਖੇਲ ਖ਼ਲਕ ਤਮਾਸ਼, ਖ਼ਾਲਕ ਆਪਣਾ ਵੇਸ ਵਟਾਈਆ । ਮੰਡਲ ਮੰਡਪ ਪਾਈ ਰਾਸ, ਗੋਪੀ ਕਾਹਨ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਰਚਾਈਆ । ਸਾਚੀ ਖੇਲ ਪਰਵਰਦਿਗਾਰ, ਯਾਮੁਬੀਨ ਰਚਨ ਰਚਾਈਆ । ਮੂਸਾ ਈਸਾ ਮੁਹੰਮਦ ਕਰ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਸਾਚਾ ਕਲਮਾ ਹੱਕ ਹਕੀਕਤ ਬੋਲ ਜੈਕਾਰ, ਨਾਅਰਾ ਇਕੋ ਇਕ ਦ੍ਰਿੜਾਈਆ । ਕਾਇਨਾਤ ਪਾਏ ਸਾਰ, ਤੁਲਬਾ ਕਰੇ ਜਗਤ ਪੜ੍ਹਾਈਆ । ਚੌਦਾਂ ਤਬਕਾਂ ਖੋਲ੍ਹ ਕਿਵਾੜ, ਭੇਵ ਅਭੇਦਾ ਆਪ ਸਮਝਾਈਆ । ਚੌਧਵੀਂ ਚੰਦ ਨੂਰ ਉਜਿਆਰ, ਚੌਦਸ ਆਪਣਾ ਰੰਗ ਵਖਾਈਆ । ਲੇਖਾ ਲਿਖੇ ਕਾਤਬ ਬਣ ਕੇ ਸਾਂਝਾ ਯਾਰ, ਅਲਿਫ਼ ਯੇ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਇਕੋ ਇਕ ਜਣਾਈਆ । ਕਰਨੀ ਕਰੇ ਆਪ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਆਪਣੀ ਬੂਝ ਬੁਝਾਈਆ । ਸ਼ਬਦੀ ਢੋਲਾ ਬੋਲ ਜੈਕਾਰ, ਸ਼ਬਦੀ ਸ਼ਬਦ ਨਾਮ ਸ਼ਨਵਾਈਆ । ਸ਼ਬਦੀ ਗੁਰ ਕਰੇ ਸਚ ਪਿਆਰ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰਦਰਗਾਹੀਆ । ਧੁਰਦਰਗਾਹੀ ਖੇਲ ਅਵੱਲਾ, ਏਕੰਕਾਰਾ ਆਪ ਕਰਾਇੰਦਾ । ਵਸਣਹਾਰਾ ਨਿਹਚਲ ਧਾਮ ਅਟੱਲਾ, ਸਚਖੰਡ ਸਾਚੇ ਸੋਭਾ ਪਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋਤੀ ਸ਼ਬਦੀ ਆਪੇ ਰਲਾ, ਰਲ ਮਿਲ ਆਪਣਾ ਖੇਲ ਰਚਾਇੰਦਾ । ਨਾਮ ਸੰਦੇਸ ਇਕੋ ਘੱਲਾ, ਜੁਗ ਚੌਕੜੀ ਵੰਡ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਆਪਣਾ ਮੇਲ ਮਿਲਾਇੰਦਾ । ਗੁਰ ਗੁਰ ਖੇਲ ਪੁਰਖ ਸਮਰਥ, ਸਤਿਗੁਰ ਆਪਣੀ ਧਾਰ ਚਲਾਈਆ । ਪੰਜ ਤਤ ਕਾਇਆ ਚੋਲੇ ਪਾ ਵੱਥ, ਵਸਤ ਅਮੋਲਕ ਵਿਚ ਟਿਕਾਈਆ । ਆਤਮ ਪਰਮਾਤਮ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਆਪਣਾ ਮਾਰਗ ਆਪੇ ਦੱਸ, ਅੰਤਰ ਆਪਣਾ ਮੇਲ ਮਿਲਾਈਆ । ਆਪਣਾ ਨੂਰ ਕਰ ਪਰਗਟ, ਜੋਤੀ ਜੋਤ ਜੋਤ ਰੁਸ਼ਨਾਈਆ । ਸਚ ਦੁਆਰਾ ਖੋਲ੍ਹ ਹੱਟ, ਬਣ ਵਣਜਾਰਾ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਇਕੋ ਰੰਗ ਵਖਾਈਆ । ਗੁਰ ਗੁਰ ਵਖਾਏ ਸਾਚਾ ਰੰਗ, ਰੰਗ ਰੰਗੀਲਾ ਹਰਿ ਅਖਵਾਇੰਦਾ । ਆਤਮ ਸੇਜਾ ਬੈਠ ਪਲੰਘ, ਸੇਜ ਸੁਹੰਜਣੀ ਸੋਭਾ ਪਾਇੰਦਾ । ਅਨਹਦ ਨਾਦ ਵੱਜੇ ਮਰਦੰਗ, ਧੁਨ ਆਤਮਕ ਰਾਗ ਅਲਾਇੰਦਾ । ਅੰਮ੍ਰਿਤ ਧਾਰਾ ਸਾਚੀ ਗੰਗ, ਨਿਝਰ ਝਿਰਨਾ ਆਪ ਝਿਰਾਇੰਦਾ । ਨਿਰਗੁਣ ਜੋਤ ਚਾੜ੍ਹ ਚੰਦ, ਸੂਰਜ ਚੰਦ ਨਜ਼ਰ ਕੋਇ ਨਾ ਆਇੰਦਾ । ਤੂੰ ਮੇਰਾ ਮੈਂ ਤੇਰਾ ਸਚ ਸੁਣਾਏ ਆਪਣਾ ਛੰਦ, ਸੋਹੰ ਢੋਲਾ ਰਾਗ ਅਲਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਪਰਮਾਨੰਦ, ਨਿਜਾਨੰਦ ਰਸ ਚਖਾਇੰਦਾ । ਕਰਵਟ ਲੈ ਬਦਲੇ ਕੰਡ, ਸਨਮੁਖ ਇਕੋ ਨਜ਼ਰੀ ਆਇੰਦਾ । ਭਾਂਡਾ ਭਰਮ ਭੌ ਕੂੜੀ ਕਿਰਿਆ ਦੇਵੇ ਭੰਨ, ਸਾਖਿਆਤ ਸਤਿ ਸਰੂਪ ਆਪਣਾ ਦਰਸ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਗੁਰ ਇਕੋ ਇਕ ਵਡਿਆਇੰਦਾ । ਗੁਰ ਗੁਰ ਸਤਿਗੁਰ ਵਡ ਸੁਆਮੀ, ਸੋ ਸਾਹਿਬ

ਆਪ ਜਣਾਈਆ । ਸਰਬ ਜੀਆਂ ਘਟ ਅੰਤਰਜਾਮੀ, ਲੱਖ ਚੁਰਾਸੀ ਵੇਖ ਵਖਾਈਆ । ਬੋਧ ਅਗਾਧ ਸੁਣਾਏ ਬਾਣੀ, ਨਾਨਕ ਗੁਰ ਗੁਰੂ ਗੁਰਦੇਵ ਮਿਲੀ ਵਡਿਆਈਆ । ਦੂਸਰ ਕੋਈ ਦਿਸੇ ਨਾ ਸਾਨੀ, ਲਾਸਾਨੀ ਆਪਣਾ ਖੇਲ ਕਰਾਈਆ । ਨਿਰਗੁਣ ਜੋਤ ਨੂਰ ਨੁਰਾਨੀ, ਨਿਰਵੈਰ ਪੁਰਖ ਆਪ ਪਰਗਟਾਈਆ । ਚਾਰ ਜੁਗ ਜਿਸ ਦੀ ਗਾਉਣ ਕਹਾਣੀ, ਸੋ ਕਰਤਾ ਆਪਣਾ ਹੁਕਮ ਵਰਤਾਈਆ । ਦੇਵਣਹਾਰਾ ਪਦ ਨਿਰਬਾਣੀ, ਨਿਰਬਾਣ ਪਦ ਇਕੋ ਇਕ ਜਣਾਈਆ । ਧੁਰ ਵਖਾਏ ਧੁਰ ਨਿਸ਼ਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਨਜ਼ਰੀ ਆਈਆ । ਸਤਿਗੁਰ ਇਕੋ ਸ਼ਬਦ ਗੁਰ ਦਾਤਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਜੁਗ ਚੌਕੜੀ ਵੇਖੇ ਖੇਲ ਤਮਾਸ਼ਾ, ਨਿਰਗੁਣ ਸਰਗੁਣ ਰੂਪ ਵਟਾਇੰਦਾ । ਸਰਬ ਜੀਆਂ ਕਰੇ ਪੂਰੀ ਆਸਾ, ਜੋ ਜਨ ਚਰਨ ਧਿਆਨ ਰਖਾਇੰਦਾ । ਨਿਰਭੈ ਹੋ ਕੇ ਬਣੇ ਰਾਖਾ, ਭੈ ਭੌ ਸਿਰ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਗੁਰੂ ਗੁਰਦੇਵ ਸੁਆਮੀ, ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਕਰਮੀ ਆਪਣੀ ਕਾਰ ਕਮਾਇੰਦਾ । ਨਿਹਕਰਮੀ ਹਰਿ ਬੇਪਰਵਾਹ, ਸਤਿਗੁਰ ਸ਼ਬਦੀ ਧਾਰ ਚਲਾਈਆ । ਬੋਧ ਅਗਾਧਾ ਭੇਵ ਖੁਲ੍ਹਾ, ਬਾਣੀ ਬੋਧ ਬੋਧ ਵਡਿਆਈਆ । ਏਕਾ ਜੋਤੀ ਜੋਤ ਰੁਸ਼ਨਾ, ਦਹਿ ਦਿਸ਼ਾ ਵੇਖ ਵਖਾਈਆ । ਦਸਮ ਦੁਆਰੀ ਕੁੰਡਾ ਲਾਹ, ਪੜਦਾ ਇਕੋ ਵਾਰ ਉਠਾਈਆ । ਸੰਤ ਸੁਹੇਲੇ ਲਏ ਜਗਾ, ਗੁਰ ਚੇਲੇ ਮੇਲ ਮਿਲਾਈਆ । ਭਗਤ ਭਗਵਾਨ ਨੈਣ ਖੁਲ੍ਹਾ, ਨਿਜ ਨੇਤਰ ਕਰੇ ਰੁਸ਼ਨਾਈਆ । ਗੁਰਸਿਖ ਗੁਰ ਗੁਰ ਗੋਦ ਉਠਾ, ਗੁਰ ਗੋਬਿੰਦ ਗੰਢ ਪਵਾਈਆ । ਅੰਮ੍ਰਿਤ ਜਾਮ ਇਕ ਪਿਆ, ਸਚ ਪਿਆਲਾ ਹੱਥ ਵਖਾਈਆ । ਨਾਮ ਖੰਡਾ ਇਕ ਚਮਕਾ, ਚੰਡ ਪਰਚੰਡ ਦਰਸਾਈਆ । ਬ੍ਰਹਿਮੰਡ ਖੰਡ ਖੋਜ ਖੋਜਾ, ਜੇਰਜ ਅੰਡਜ ਉਤਭੁਜ ਸੇਤਜ ਡੇਰਾ ਢਾਹੀਆ । ਨਾਮ ਰੰਗ ਇਕ ਰੰਗਾ, ਦੁਰਮਤ ਮੈਲ ਧਵਾਈਆ । ਜ਼ਾਤ ਪਾਤ ਵਰਨ ਗੋਤ ਕੂੜੀ ਕਿਰਿਆ ਡੇਰਾ ਢਾਹ, ਸਾਚਾ ਮਾਰਗ ਇਕ ਲਗਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾਤਾ ਜੋੜ ਭੈਣ ਭਰਾ, ਪਿਤਾ ਪੂਤ ਇਕੋ ਨਜ਼ਰੀ ਆਈਆ । ਸਚ ਸਰੋਵਰ ਗੁਰ ਚਰਨ ਧੂੜੀ ਦਏ ਨੁਹਾ, ਮਲ ਵਿਖੇਪ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਸੇਵ ਕਮਾਈਆ । ਤੇਰੀ ਸੇਵ ਈਸਾ ਮੂਸਾ ਮੁਹੰਮਦ ਚਾਰ ਯਾਰ, ਯਾਰੀ ਯਾਰਾਂ ਨਾਲ ਨਿਭਾਈਆ । ਅੱਲਾ ਰਾਣੀ ਕੂਕ ਕਰੇ ਪੁਕਾਰ, ਖੁਲ੍ਹੀ ਮੀਂਢੀ ਭੱਜੇ ਵਾਹੋ ਦਾਹੀਆ । ਦਹਿ ਦਿਸ਼ਾ ਵੇਖੇ ਨੈਣ ਉਘਾੜ, ਸਾਚਾ ਮੀਆਂ ਨਜ਼ਰ ਕੋਇ ਨਾ ਆਈਆ । ਨੇਤਰ ਰੋਵੇ ਜ਼ਾਰੋ ਜ਼ਾਰ, ਉਚੀ ਕੂਕ ਕੂਕ ਕੁਰਲਾਈਆ । ਗਲ ਅਲਫ਼ੀ ਦਿਸੇ ਨਾ ਕੋਇ ਸ਼ਿੰਗਾਰ, ਸੂਸੀ ਤਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਇਕ ਧਿਆਨ ਲਗਾਈਆ । ਦਰ ਤੇਰੇ ਲੱਗਾ ਧਿਆਨ, ਦੂਜਾ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਦੇ ਕੇ ਗਏ ਬਿਆਨ, ਰਸਨਾ ਜਿਹਵਾ ਢੋਲਾ ਸਰਬ ਗਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਆਣ, ਜੋਤੀ ਜਾਤਾ ਵੇਸ ਵਟਾਇੰਦਾ । ਜੋਧਾ ਸੂਰ ਬਲੀ ਬਲਵਾਨ, ਬਲਧਾਰੀ ਆਪਣਾ ਖੇਲ ਕਰਾਇੰਦਾ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਕਰੇ ਆਣ, ਚਾਰ ਜੁਗ ਦੇ ਵਿਛੜੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ


੪੬੫ ੧੫

ਸਮਝਾਇੰਦਾ । ਸਾਚੀ ਕਰਨੀ ਸੁਣੋ ਕਰ ਵਿਚਾਰ, ਸੋ ਸਾਹਿਬ ਆਪ ਜਣਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਥਿਰ ਕੋਇ ਰਹਿਣ ਨਾ ਪਾਈਆ । ਸੇਵਾ ਕਰਨ ਗੁਰੂ ਅਵਤਾਰ, ਪੀਰ ਪੈਗ਼ੰਬਰ ਚੱਲਣ ਹੁਕਮ ਰਜ਼ਾਈਆ । ਆਵਣ ਜਾਵਣ ਵਾਰੋ ਵਾਰ, ਨਿਤ ਨਵਿਤ ਫੇਰਾ ਪਾਈਆ । ਢੋਲਾ ਗਾਵਣ ਵਿਚ ਸੰਸਾਰ, ਧੁਰ ਦੀ ਬਾਣੀ ਬੋਲ ਜਣਾਈਆ । ਕਲਮ ਸ਼ਾਹੀ ਕਾਗਦ ਬਣ ਲਿਖਾਰ, ਜਗਤ ਸ਼ਹਾਦਤ ਦਏ ਬਣਾਈਆ । ਮਾਰਗ ਦੱਸ ਜੀਵ ਗਵਾਰ, ਸਚ ਸੁਚ ਕਰੇ ਪੜ੍ਹਾਈਆ । ਮਿਲੇ ਏਕ ਏਕਾ ਏਕੰਕਾਰ, ਜੋ ਆਦਿ ਜੁਗਾਦਿ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦ੍ਰਿੜਾਏ ਏਕ, ਹਰਿ ਸਤਿਗੁਰ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਰੱਖਦੇ ਟੇਕ, ਸੋ ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਜਨ ਭਗਤਾਂ ਕਰੇ ਸਦਾ ਹੇਤ, ਹਿਤਕਾਰੀ ਆਪਣਾ ਫੇਰਾ ਪਾਈਆ । ਅੰਦਰ ਵੜ ਕੇ ਦੱਸੇ ਭੇਤ, ਬਾਹਰੋ ਨਜ਼ਰ ਕਿਸੇ ਨਾ ਆਈਆ । ਬਣ ਪ੍ਰੀਤਮ ਕਰੇ ਹੇਤ, ਸਚ ਪ੍ਰੀਤੀ ਆਪ ਜਣਾਈਆ । ਨਿਰਗੁਣ ਹੋ ਕੇ ਖੇਲੇ ਖੇਡ, ਸਰਗੁਣ ਮਾਰਗ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਧੁਰ ਸੰਦੇਸ਼ਾ ਸੁਣੋ ਕੰਨ ਲਾ, ਹਰਿ ਕਰਤਾ ਆਪ ਜਣਾਇੰਦਾ । ਸੋ ਪੁਰਖ ਨਿਰੰਜਣ ਬੇਪਰਵਾਹ, ਹਰਿ ਪੁਰਖ ਨਿਰੰਜਣ ਖੇਲ ਕਰਾਇੰਦਾ । ਏਕੰਕਾਰਾ ਅਗੰਮ ਅਥਾਹ, ਅਲੱਖ ਅਗੋਚਰ ਨਜ਼ਰ ਕਿਸੇ ਨਾ ਆਇੰਦਾ । ਆਦਿ ਨਿਰੰਜਣ ਕਰੇ ਰੁਸ਼ਨਾ, ਜੋਤ ਨਿਰੰਜਣ ਡਗਮਗਾਇੰਦਾ । ਅਬਿਨਾਸ਼ੀ ਕਰਤਾ ਬਣੇ ਮਲਾਹ, ਖੇਵਟ ਖੇਟਾ ਬੇੜਾ ਆਪਣੇ ਕੰਧ ਉਠਾਇੰਦਾ । ਸ੍ਰੀ ਭਗਵਾਨ ਚੱਪੂ ਦਏ ਲਗਾ, ਨਾਮ ਵੰਞ ਮੁਹਾਣਾ ਇਕ ਬਣਾਇੰਦਾ । ਪਾਰਬ੍ਰਹਮ ਪ੍ਰਭ ਪਤਣ ਮੱਲੇ ਆ, ਮਾਹੀ ਇਕੋ ਇਕ ਨਜ਼ਰੀ ਆਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਲੇਖਾ ਦਏ ਮੁਕਾ, ਲੇਖਾ ਸਭ ਦਾ ਆਪਣੀ ਝੋਲੀ ਪਾਇੰਦਾ । ਪੀਰ ਪੈਗ਼ੰਬਰ ਕਰਦੇ ਗਏ ਦੁਆ, ਸਜਦਾ ਸੀਸ ਸਰਬ ਝੁਕਾਇੰਦਾ । ਗੁਰ ਅਵਤਾਰ ਮੰਗਦੇ ਗਏ ਪਨਾਹ, ਚਰਨ ਕਵਲ ਧਿਆਨ ਸਰਬ ਲਗਾਇੰਦਾ । ਕਲਜੁਗ ਅੰਤਮ ਵੇਲਾ ਪਾਰਬ੍ਰਹਮ ਪ੍ਰਭ ਜਾਏ ਆ, ਅਲਖ ਨਿਰੰਜਣ ਆਪਣਾ ਵੇਸ ਵਟਾਇੰਦਾ । ਪੂਰਬ ਲੇਖਾ ਸਭ ਦਾ ਦਏ ਮੁਕਾ, ਬਚਿਆ ਕੋਈ ਰਹਿਣ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਇਕੋ ਦਰ ਲਏ ਬਹਾ, ਦਰ ਦਰਵਾਜ਼ਾ ਇਕ ਖੁਲਾਇੰਦਾ । ਕਲਜੁਗ ਅੰਤਮ ਨੇਤਰ ਨੈਣ ਸਭ ਨੂੰ ਦਏ ਵਖਾ, ਚਾਰ ਕੁੰਟ ਪੜਦਾ ਲਾਹਿੰਦਾ । ਉਠੋ ਵੇਖੋ ਕਰੋ ਧਿਆਂ, ਹਰਿ ਧਿਆਨੀ ਆਪ ਜਣਾਇੰਦਾ । ਜੀਵ ਜੰਤ ਸਭ ਭੁੱਲੇ ਹਰਿ ਕਾ ਨਾਂ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਹੰਸ ਰੂਪ ਹੋਏ ਕਾਂ, ਸੋਹੰ ਮਾਣਕ ਮੋਤੀ ਚੋਗ ਨਾ ਕੋਇ ਚੁਗਾਇੰਦਾ । ਖਾ ਖਾ ਥੱਕੇ ਸੂਰ ਗਾਂ, ਆਤਮ ਪਰਮਾਤਮ ਰਸ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤ ਕੋਈ ਨਾ ਪਕੜੇ ਬਾਂਹ, ਜੋ ਜਨ ਸਤਿਗੁਰ ਪੂਰੇ ਕੋਲੋ ਮੁਖ ਭਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੇਤਰ ਨੈਣਾਂ ਨਾਲ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਨੇੜੇ, ਪੁਰਖ ਅਕਾਲ ਰਿਹਾ ਜਣਾਈਆ । ਉਠੋ ਵੇਖੋ ਆਪਣੇ ਖੇੜੇ, ਕਲਜੁਗ ਘਰ ਘਰ ਡੌਰੂ ਡੰਕਾ ਰਿਹਾ ਵਜਾਈਆ । ਦੀਨ ਮਜ਼੍ਹਬ ਪਏ ਝੇੜੇ, ਝਗੜਾ ਜ਼ਾਤ ਪਾਤ ਲੜਾਈਆ । ਕੋਟਨ ਕੋਟ ਬਣ ਗਏ ਗੁਰੂ ਗੁਰੂ ਗੁਰ ਚੇਰੇ, ਪੁਰਖ ਅਕਾਲ ਸੱਚਾ ਸਤਿਗੁਰ ਬੈਠੇ ਸਰਬ ਭੁਲਾਈਆ ।

ਚਾਰੇ ਕੁੰਟ ਲੱਗੇ ਡੇਰੇ, ਹਰਿ ਕਾ ਡੇਰਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਖੋਲ੍ਹ ਅੱਖ, ਲੋਕਮਾਤ ਧਿਆਨ ਲਗਾਈਆ । ਚਾਰੋ ਕੁੰਟ ਲੌਂਦੇ ਭੱਖ, ਭਾਖਿਆ ਹਰਿ ਕੀ ਸਮਝ ਕਿਸੇ ਨਾ ਆਈਆ । ਜੋ ਮਾਰਗ ਲੋਕਮਾਤ ਆਏ ਦੱਸ, ਕਲਜੁਗ ਜੀਵ ਗਏ ਭੁਲਾਈਆ । ਸਾਧਾਂ ਸੰਤਾਂ ਰਿਹਾ ਨਾ ਧੀਰਜ ਜਤ, ਸਤਿ ਸੰਤੋਖ ਨਜ਼ਰ ਕੋਇ ਨਾ ਆਈਆ । ਕੂੜੀ ਮਾਇਆ ਸਮਝਣ ਹੱਕ, ਜੂਠ ਝੂਠ ਕਰਨ ਕੁੜਮਾਈਆ । ਧੀਆਂ ਭੈਣਾਂ ਰਹੇ ਤੱਕ, ਮੰਦਰ ਮਸਜਿਦ ਬੈਠੇ ਡੇਰੇ ਲਾਈਆ । ਨਿਜ ਨੇਤਰ ਕੋਈ ਨਾ ਖੋਲ੍ਹੇ ਅੱਖ, ਅੰਤਰ ਆਤਮ ਹਰਿ ਕਾ ਦਰਸ ਕੋਇ ਨਾ ਪਾਈਆ । ਫਲ ਦਿਸੇ ਨਾ ਡਾਲੀ ਪੱਤ, ਸਿੰਮਲ ਰੁਖ ਰਹੇ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਜਣਾਏ ਥਾਉਂ ਥਾਈਂਆ । ਪੀਰ ਪੈਗ਼ੰਬਰ ਹੋਏ ਹੈਰਾਨ, ਪ੍ਰਭੂ ਤੇਰੀ ਵਡ ਵਡਿਆਈਆ । ਸ਼ਰਅ ਦੱਸ ਕੇ ਆਏ ਅੰਜੀਲ ਕੁਰਾਨ, ਕਾਇਆ ਕੁਰ੍ਹਾ ਖੋਜ ਖੁਜਾਈਆ । ਮੱਕਾ ਕਾਅਬਾ ਇਕ ਈਮਾਨ, ਅਮਲ ਇਕੋ ਇਕ ਸਮਝਾਈਆ । ਇਕੋ ਰੋਜ਼ਾ ਹੱਕ ਰਹਿਮਾਨ, ਇਕੋ ਨਮਾਜ਼ ਨਿਉਂ ਨਿਉਂ ਗਏ ਸਮਝਾਈਆ । ਇਕੋ ਮਹਿਬੂਬ ਮਿਲੇ ਆਣ, ਮੁਹੱਬਤ ਇਕੋ ਇਕ ਕਰਾਈਆ । ਇਕੋ ਬਣਿਆ ਰਹੇ ਮਹਿਮਾਨ, ਮਹਿਫ਼ਲਖ਼ਾਨੇ ਡੇਰਾ ਲਾਈਆ । ਇਕੋ ਦੇਵਣਹਾਰ ਪੈਗ਼ਾਮ, ਸਾਚਾ ਕਲਮਾ ਨਬੀ ਕਰੇ ਪੜ੍ਹਾਈਆ । ਸੋ ਸਾਹਿਬ ਸੱਚਾ ਸੁਲਤਾਨ, ਦਰਗਹਿ ਸਾਚੀ ਬੈਠਾ ਆਸਣ ਲਾਈਆ । ਕਲਜੁਗ ਅੰਤਮ ਪਰਗਟ ਹੋਵੇ ਆਣ, ਅਮਾਮ ਅਮਾਮਾਂ ਨਾਉਂ ਰਖਾਈਆ । ਤਿਸ ਦੀ ਮੁਲਾਂ ਸ਼ੇਖ਼ ਮਸਾਇਕ ਗੌਂਸ ਕੁਤਬ ਕੋਈ ਨਾ ਕਰੇ ਪਹਿਚਾਨ, ਰੂਪ ਰੇਖ ਰੰਗ ਨਜ਼ਰ ਕਿਸੇ ਨਾ ਆਈਆ । ਕਲਜੁਗ ਕੂੜੀ ਕਿਰਿਆ ਮੇਟੇ ਦੁਕਾਨ, ਸਤਿਜੁਗ ਸਾਚਾ ਹੱਟ ਖੁਲ੍ਹਾਈਆ । ਮੁਰੀਦ ਮੁਰਸ਼ਦ ਦੇਵੇ ਸੱਚਾ ਦਾਨ, ਦੌਲਤਮੰਦ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਘਰ ਆਪਣਾ ਭੇਵ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਦੱਸਣ, ਨਿਰਗੁਣ ਨਿਰਗੁਣ ਹਾਲ ਸੁਣਾਈਆ । ਕਲਜੁਗ ਅੰਤਮ ਰੈਣ ਅੰਧੇਰੀ ਮੱਸਣ, ਮਸਤ ਸੁੱਤੀ ਜਗਤ ਲੋਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਅੰਦਰ ਵਸਣ, ਸਚ ਦੁਆਰਾ ਨਜ਼ਰ ਕਿਸੇ ਨਾ ਆਈਆ । ਸਾਧਾਂ ਸੰਤਾਂ ਚਰਨ ਉਠ ਉਠ ਢੱਠਣ, ਸਤਿਗੁਰ ਪੂਰੇ ਸੀਸ ਨਾ ਕੋਇ ਝੁਕਾਈਆ । ਸ੍ਰੀ ਭਗਵਾਨ ਲੱਖ ਚੁਰਾਸੀ ਛਾਛ ਵਰੋਲਣਹਾਰਾ ਮੱਖਣ, ਕਲਜੁਗ ਅੰਤਮ ਨਾਮ ਮਧਾਣਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਤਕ, ਦਹਿ ਦਿਸ਼ਾ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਗ ਦੱਸ ਦੱਸ ਗਏ ਥੱਕ, ਧੁਰ ਸੰਦੇਸ਼ਾ ਹੁਕਮ ਸੁਣਾਈਆ । ਕਲਜੁਗ ਕੂੜ ਕੁੜਿਆਰਾ ਚਾਰੋ ਕੁੰਟ ਲਾਏ ਫੱਟ, ਪੱਟੀ ਹੱਕ ਨਾ ਕੋਇ ਬੰਧਾਈਆ । ਕੂੜੀ ਕਿਰਿਆ ਸੱਥਰ ਬੈਠੀ ਘੱਤ, ਸਬਰ ਯਾਰੜਾ ਨਾ ਕੋਇ ਹੰਡਾਈਆ । ਮਾਇਆ ਮਮਤਾ ਹੋਵੇ ਵਸ, ਮਨ ਵਾਸਨਾ ਫਿਰੇ ਹਲਕਾਈਆ । ਮਨਮਤ ਰਹੀ ਨੱਸ, ਗੁਰਮਤ ਬੈਠੀ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਆਪਣਾ ਵਰ, ਪ੍ਰਭ ਤੇਰੇ ਤੇਰੇ ਅੱਗੇ ਵਾਸਤਾ ਪਾਈਆ । ਤੇਰੇ ਅੱਗੇ ਵਾਸਤਾ ਪੌਂਦੇ ਆਂ । ਦੋਏ ਜੋੜ ਸੀਸ ਝੁਕੌਂਦੇ ਆਂ । ਤੇਰਾ ਨਾਮ ਇਕ ਧਿਔਂਦੇ ਆਂ । ਦੂਜੀ ਓਟ ਨਾ ਕੋਈ ਤਕੌਂਦੇ ਆਂ । ਤੇਰੇ ਅੱਗੇ ਸਾਹਿਬ ਸ਼ਰਮੌਂਦੇ ਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਏਕਾ ਦੇਣਾ ਸੱਚਾ ਘਰ, ਜਿਸ ਘਰ ਬਹਿ ਕੇ ਤੇਰਾ ਦਰਸ਼ਨ ਪੌਂਦੇ ਆਂ । ਸਾਚਾ ਘਰ ਇਕ ਵਖਾਵਾਂਗਾ । ਸਚਖੰਡ ਦੁਆਰ ਵਸਾਵਾਂਗਾ । ਕਰ ਪਿਆਰ ਕੋਲ ਬਹਾਵਾਂਗਾ । ਬਹਿ ਅਡੋਲ ਅਡੋਲ ਕਰਾਵਾਂਗਾ । ਜੋ ਦੱਸ ਕੇ ਆਏ ਬੋਲ, ਸੋ ਮਾਤਲੋਕ ਪੂਰ ਕਰਾਵਾਂਗਾ । ਲੱਖ ਚੁਰਾਸੀ ਵੱਜੇ ਇਕੋ ਢੋਲ, ਡੰਕਾ ਨਾਮ ਨਿਧਾਨ ਜਣਾਵਾਂਗਾ । ਸਚ ਦੁਆਰਾ ਸੱਚਾ ਖੋਲ੍ਹ, ਭਗਤ ਦੁਆਰ ਵਡ ਵਡਿਆਵਾਂਗਾ । ਲੇਖਾ ਚੁੱਕੇ ਪੜਦਾ ਓਹਲ, ਦੂਈ ਦਵੈਤ ਮੇਟ ਮਿਟਾਵਾਂਗਾ । ਗੋਬਿੰਦ ਕੀਤਾ ਸੱਚਾ ਕੌਲ, ਇਕਰਾਰ ਅੰਤਮ ਆਪਣੇ ਲੇਖੇ ਪਾਵਾਂਗਾ । ਮਿਲੇ ਵਡਿਆਈ ਧਰਨੀ ਧਰਤ ਧੌਲ, ਧਵਲਾ ਹੌਲਾ ਭਾਰ ਕਰਾਵਾਂਗਾ । ਹਰਿ ਕਾ ਭੇਵ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਵਾਂਗਾ । ਸਾਚੀ ਵਸਤ ਪ੍ਰਭੂ ਵਰਤਾਏਗਾ । ਲੱਖ ਚੁਰਾਸੀ ਬੂਝ ਬੁਝਾਏਗਾ । ਭੇਵ ਅਭੇਦਾ ਗੋਝ ਖੁਲ੍ਹਾਏਗਾ । ਏਕਾ ਦੂਜ ਭੌ ਚੁਕਾਏਗਾ । ਤੀਜਾ ਨੈਣ ਗੁਰਮੁਖਾਂ ਆਪ ਪਰਗਟਾਏਗਾ । ਸਚ ਦੁਆਰੇ ਦੱਸੇ ਬਹਿਣ, ਘਰ ਮੰਦਰ ਇਕ ਸੁਹਾਏਗਾ । ਤੂੰ ਮੇਰਾ ਮੈਂ ਤੇਰਾ ਰਸਨਾ ਜਿਹਵਾ ਸਾਰੇ ਕਹਿਣ, ਸੋਹੰ ਨਾਮ ਇਕ ਜਣਾਏਗਾ । ਕੂੜੀ ਕਿਰਿਆ ਕੋਇ ਨਾ ਵਹੇ ਵਹਿਣ, ਭਵ ਸਾਗਰ ਪਾਰ ਤਰਾਏਗਾ । ਨਾਤਾ ਜੋੜੇ ਭਾਈ ਭੈਣ, ਚਾਰ ਵਰਨ ਇਕੋ ਘਰ ਵਸਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਮ ਦੁਆਰਾ ਇਕ ਪਰਗਟਾਏਗਾ । ਧਰਮ ਦੁਆਰ ਪ੍ਰਭੂ ਪਰਗਟਾਵੇਗਾ । ਨਾਨਕ ਗੋਬਿੰਦ ਧਾਰ ਚਲਾਵੇਗਾ । ਚਾਰ ਵਰਨ ਲੇਖ ਚੁਕਾਵੇਗਾ । ਪੁਰਖ ਅਕਾਲ ਸਰਬ ਸ੍ਰਿਸ਼ਟ ਮਨਾਵੇਗਾ । ਜਨ ਭਗਤਾਂ ਦ੍ਰਿਸ਼ਟ ਅੰਤਰ ਆਪ ਖੁਲ੍ਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਲਗਾਵੇਗਾ । ਸਾਚਾ ਮਾਰਗ ਆਪ ਲਗਾਏਗਾ । ਪ੍ਰਭ ਠਾਕਰ ਦਇਆ ਕਮਾਏਗਾ । ਰਹਿਬਰ ਇਕੋ ਨਜ਼ਰੀ ਆਏਗਾ । ਗੁਰਮੁਖ ਗੁਰਸਿਖ ਸੱਜਣ ਆਪ ਜਗਾਏਗਾ । ਸੰਤ ਸੁਹੇਲੇ ਨਾਲ ਮਿਲਾਏਗਾ । ਗੁਰ ਚੇਲੇ ਅੰਗ ਲਗਾਏਗਾ । ਭਗਤ ਨਵੇਲੇ ਆਪ ਉਠਾਏਗਾ । ਜੋ ਪ੍ਰਭ ਸਿਮਰਨ ਤੋ ਹੋ ਗਏ ਵੇਹਲੇ, ਤਿਨ੍ਹਾਂ ਰਾਏ ਧਰਮ ਹੱਥ ਫੜਾਏਗਾ । ਲੱਖ ਚੁਰਾਸੀ ਘੱਲੇ ਆਪਣੀ ਜੇਲੇ, ਗੇੜਾ ਗੇੜੇ ਵਿਚ ਭਵਾਏਗਾ । ਬਿਨ ਸਤਿਗੁਰ ਪੂਰੇ ਆਤਮ ਪਰਮਾਤਮ ਕੋਈ ਨਾ ਮੇਲੇ, ਸੁਰਤੀ ਸ਼ਬਦ ਨਾ ਕੋਈ ਜੁੜਾਏਗਾ । ਅੰਤਮ ਕਲਜੁਗ ਖੇਲ ਪ੍ਰਭੂ ਕਲ ਖੇਲੇ, ਸਮਝ ਵਿਚ ਕਿਸੇ ਨਾ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਰਲਾਏਗਾ । ਹਰਿਜਨ ਸਾਚੇ ਆਪ ਉਠਾਵੇਗਾ । ਪ੍ਰਭ ਆਪਣੀ ਦਇਆ ਕਮਾਵੇਗਾ । ਅੰਦਰ ਵੜ ਕੇ ਕੁੰਡਾ ਲਾਹਵੇਗਾ । ਸਾਚੇ ਮੰਦਰ ਚੜ੍ਹ ਕੇ ਭੇਵ ਚੁਕਾਵੇਗਾ । ਨਾਮ ਨਿਧਾਨ ਢੋਲਾ ਪੜ੍ਹ ਕੇ, ਅਨਰਾਗੀ ਰਾਗ ਸੁਣਾਵੇਗਾ । ਸਚ ਸਿੰਘਾਸਣ ਆਪੇ ਖੜ ਕੇ, ਖ਼ਾਲਸ ਆਪਣਾ ਰੂਪ ਦਰਸਾਵੇਗਾ । ਗੁਰਮੁਖ ਸਵਾਣੀ ਸਤਿਗੁਰ ਵਰ ਕੇ, ਸ਼ਬਦ ਹਾਣੀ ਜੋੜ ਜੁੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਰੰਗ ਰੰਗਾਵੇਗਾ । ਭਗਤ ਭਗਵਾਨ ਰੰਗ ਰੰਗਾਵੇਗਾ । ਅੰਗੀਕਾਰ ਅੰਗ ਲਗਾਵੇਗਾ । ਸੂਰਾ ਸਰਬੰਗ ਵੇਖ ਵਖਾਵੇਗਾ । ਨਾਮ ਮਰਦੰਗ ਇਕ ਸੁਣਾਵੇਗਾ । ਨਿਰਗੁਣ ਜੋਤ ਚੰਦ ਚਮਕਾਵੇਗਾ । ਨੌ ਦੁਆਰੇ ਪਾਰ ਕਰਾਵੇਗਾ । ਕੂੜੀ ਕਿਰਿਆ ਮੇਟ ਮਿਟਾਵੇਗਾ । ਅੰਮ੍ਰਿਤ ਧਾਰ ਰਸ ਚੁਆਵੇਗਾ । ਸੁਖਮਨ ਟੇਢੀ ਬੰਕ ਈੜਾ ਪਿੰਗਲ, ਨੇਤਰ ਨੈਣ ਸ਼ਰਮਾਵੇਗਾ । ਨਾਮ ਨਿਧਾਨਾ ਅੰਦਰੇ ਅੰਦਰ ਦੇ ਕੇ ਸਿਗਨਲ, ਸਿਧਾ ਰਾਹ ਇਕ ਵਖਾਵੇਗਾ । ਸੋ ਗੁਰਮੁਖ

੪੬੮
੧੫

ਬਜਰ ਕਪਾਟੀ ਪਾੜ ਉਤੇ ਪਰਬਤ ਚੜ੍ਹੇ ਪਿੰਗਲ, ਪਿੰਗਲੇ ਆਪਣੇ ਨਾਲ ਮਿਲਾਵੇਗਾ । ਜਿਸ ਦਾ ਲੇਖਾ ਕਦੇ ਨਾ ਜਾਏ ਬਦਲ, ਸੋ ਬਦਲਾ ਸਰਬ ਚੁਕਾਵੇਗਾ । ਸਚਖੰਡ ਨਿਵਾਸੀ ਸਾਚਾ ਕਰੇ ਅਦਲ, ਅਦਾਲਤ ਇਕੋ ਇਕ ਸਮਝਾਂਵੇਗਾ । ਲੇਖਾ ਚੁਕੇ ਮਕਤੂਲ ਕਾਤਲ, ਕਤਲਗਾਹ ਆਪਣਾ ਡੇਰਾ ਢਾਵੇਗਾ । ਧਾਮ ਵਖਾਏ ਇਕੋ ਬੈਤੁਲ, ਮੁਕੱਦਸ ਇਕੋ ਘਰ ਸੁਹਾਵੇਗਾ । ਗੁਰਮੁਖ ਵਿਰਲਾ ਚੜ੍ਹ ਕੇ ਵੇਖੇ ਆਪਣੀ ਮੰਜ਼ਲ, ਸਤਿਗੁਰ ਪੂਰਾ ਪੈਂਡਾ ਆਪ ਮੁਕਾਵੇਗਾ । ਜੋ ਕਲਜੁਗ ਅੰਤਮ ਬੈਠੇ ਰਹੇ ਬਣ ਕੇ ਬੁਜ਼ਦਿਲ, ਤਿਨ੍ਹਾਂ ਦਰ ਦਰ ਆਪ ਫਿਰਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਿਰਪਾ ਕਰੇ ਸਾਚਾ ਹਰਿ, ਭਗਤ ਭਗਵਾਨ ਜੋਤ ਰੁਸ਼ਨਾਵੇਗਾ । ਜਨ ਭਗਤਾਂ ਜੋਤ ਜਗਾਏਗਾ । ਨਿਰਮਲ ਨੂਰ ਇਕ ਚਮਕਾਏਗਾ । ਕਾਇਆ ਕੋਟ ਆਪ ਵਸਾਏਗਾ । ਸ਼ਬਦ ਚੋਟ ਨਾਮ ਲਗਾਏਗਾ । ਕੂੜੀ ਕਿਰਿਆ ਖੋਟ ਕਢਾਏਗਾ । ਆਹਲਣਿਉਂ ਡਿਗੇ ਬੋਟ ਉਠਾਏਗਾ । ਪੂਰਬ ਜਨਮ ਦੇ ਮੇਟੇ ਰੋਸ, ਰੁੱਸਿਆਂ ਆਪ ਮਨਾਏਗਾ । ਜਨਮ ਜਨਮ ਦੀ ਦੇਵੇ ਹੋਸ਼, ਪੜਦਾ ਮਾਇਆ ਆਪ ਚੁਕਾਏਗਾ । ਜੋ ਅੰਦਰ ਬੈਠਾ ਰਹੇ ਖ਼ਾਮੋਸ਼, ਸੋ ਸਤਿਗੁਰ ਸਚ ਕਹਾਣੀ ਆਪ ਸੁਣਾਏਗਾ । ਭਗਤ ਭਗਵਾਨ ਇਕ ਦੂਜੇ ਦਾ ਦਰਸਨ ਸਦਾ ਰਹੇ ਲੋਚ, ਲੋਚਾ ਇਕੋ ਵਾਰ ਪੂਰ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚਖੰਡ ਦੁਆਰੇ ਹਰਿ ਨਿਰੰਕਾਰੇ ਮਾਣੇ ਇਕੋ ਮੌਜ, ਮੌਜੂਦਾ ਹਾਲ ਅਹਿਵਾਲ ਹਰਿ ਹਰਿ ਜੂ ਵੇਖ ਵਖਾਵੇਗਾ ।



## ✪ ੫ ਅੱਸੂ ੨੦੨੦ ਬਿਕਰਮੀ ਇੰਦਰ ਸਿੰਘ ਦੇ ਗ੍ਰਹਿ ਪਿੰਡ ਖੋਸੇ ਜ਼ਿਲਾ ਫ਼ਿਰੋਜ਼ਪੁਰ ✪

ਚੌਥਾ ਜੁਗ ਰਿਹਾ ਕੂਕ, ਦਹਿ ਦਿਸ਼ਾ ਦਏ ਦੁਹਾਈਆ । ਤ੍ਰੈਗੁਣ ਅਗਨੀ ਰਹੀ ਫੂਕ, ਪੰਜ ਤਤ ਕਰੇ ਲੜਾਈਆ । ਘਰ ਘਰ ਵਸੇ ਜੂਠ ਝੂਠ, ਸਚ ਸੁੱਚ ਨਜ਼ਰ ਕੋਇ ਨਾ ਆਈਆ । ਫਿਰੀ ਦਰੋਹੀ ਚਾਰੇ ਕੂਟ, ਮਨ ਵਾਸਨਾ ਹੋਈ ਹਲਕਾਈਆ । ਸਚ ਬਣੇ ਨਾ ਕੋਇ ਸਪੂਤ, ਪਿਤਾ ਪੁਰਖ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਹਰਿ ਸਰਨ ਸੱਚੀ ਸਰਨਾਈਆ । ਕਲਜੁਗ ਕੂਕ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਈਆ । ਚਾਰੋ ਕੁੰਟ ਹਾਹਾਕਾਰ, ਨਵਖੰਡ ਧੀਰ ਨਾ ਕੋਇ ਧਰਾਈਆ । ਦੀਪ ਸੱਤ ਨਾ ਕੋਇ ਪਿਆਰ, ਬ੍ਰਹਿਮੰਡ ਖੰਡ ਸ਼ਬਦੀ ਨਾਦ ਨਾ ਕੋਇ ਵਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਚੇ ਟਿੱਲੇ ਬੈਠੇ ਕਰਨ ਧਿਆਨ, ਨਿਜ ਨੇਤਰ ਨੈਣ ਉਠਾਈਆ । ਲੱਖ ਚੁਰਾਸੀ ਭੁੱਲੀ ਤਤ ਗਿਆਨ, ਗੁਰਮਤ ਸੰਗ ਨਾ ਕੋਇ ਰਖਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਸ਼ੈਤਾਨ, ਸ਼ਰਅ ਘਰ ਘਰ ਰਿਹਾ ਜਣਾਈਆ । ਸਿਦਕ ਸਬੂਰੀ ਸਾਚਾ ਦਿਸੇ ਨਾ ਕੋਈ ਈਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਘਰ ਸਾਚੇ ਮਿਲੇ ਵਡਿਆਈਆ । ਕਲਜੁਗ ਰੋਵੇ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਗਏ ਛੁਡਾ, ਦਸਤਗੀਰ ਨਜ਼ਰ ਕੋਇ ਨਾ ਆਈਆ । ਰਹਿਮਤ ਕਰ ਸਚ ਖ਼ੁਦਾ, ਬੇਐਬ ਤੇਰੀ ਸਰਨਾਈਆ । ਸ੍ਰੀ ਭਗਵਾਨ ਫੇਰਾ ਪਾ, ਪਾਰਬ੍ਰਹਮ ਪ੍ਰਭ ਤੇਰੀ ਓਟ ਤਕਾਈਆ । ਗੁਰ ਸ਼ਬਦੀ ਡੰਕ ਵਜਾ, ਨਾਉਂ ਨਿਰੰਕਾਰਾ ਇਕ ਦ੍ਰਿੜ੍ਹਾਈਆ । ਸੋਈ ਸੁਰਤੀ ਦੇ ਜਗਾ,

ਪੰਜ ਤਤ ਕਾਇਆ ਫੋਲ ਫੋਲਾਈਆ । ਸਚ ਮੂਰਤੀ ਦੇ ਵਖਾ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਦ ਤੂਰਤੀ ਦੇ ਸੁਣਾ, ਧੁਨ ਆਤਮਕ ਰਾਗ ਅਲਾਈਆ । ਮਨ ਮੂਰਖੀ ਦੇ ਗਵਾ, ਬੁਧ ਬਿਬੇਕ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਕਲਜੁਗ ਰੋਵੇ ਨੇਤਰ ਖੋਲ੍ਹੇ ਅੱਖ, ਦੋ ਜਹਾਨਾਂ ਵੇਖ ਵਖਾਈਆ । ਨਵ ਨੌਂ ਚਾਰ ਹੋਈ ਸਖ, ਸਾਚੀ ਵਸਤ ਨਾ ਕੋਇ ਵਿਕਾਈਆ । ਸਾਹਿਬ ਸਤਿਗੁਰ ਪੁਰਖ ਸੁਆਮੀ ਪਰਗਟ ਦਿਸੇ ਨਾ ਕਿਸੇ ਪਰਤੱਖ, ਭਰਮੇ ਭੁੱਲੀ ਸਰਬ ਲੋਕਾਈਆ । ਵਿਸ਼ਾ ਵਿਕਾਰ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਧੀਰਜ ਧੀਰ ਨਾ ਕੋਇ ਧਰਾਈਆ । ਮੰਦਰ ਮਸਜਿਦ ਸ਼ਿਵਦਵਾਲੇ ਰੋਵਣ ਮੱਠ, ਸਾਚਾ ਨਾਉਂ ਹਰਿ ਹਰਿ ਨਾ ਕੋਇ ਧਿਆਈਆ । ਨਾੜ ਬਹੱਤਰ ਉਬਲੇ ਰਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਕਲਜੁਗ ਉਠ ਕਰੇ ਵਿਚਾਰ, ਆਪ ਆਪਣਾ ਵੇਖ ਵਖਾਈਆ । ਚਾਰੋ ਕੁੰਟ ਦਿਸੇ ਹਾਰ, ਸਾਚਾ ਸੰਗ ਨਾ ਕੋਇ ਨਿਭਾਈਆ । ਨਾਤਾ ਤੁਟਾ ਮੀਤ ਮੁਰਾਰ, ਸੱਜਣ ਸੈਣ ਸਾਕ ਨਾ ਕੋਇ ਪਿਤਾ ਮਾਈਆ । ਅੰਤਰ ਆਤਮ ਕਰੇ ਨਾ ਕੋਇ ਪਿਆਰ, ਪਰਮਾਤਮ ਨਜ਼ਰ ਕਿਸੇ ਨਾ ਆਈਆ । ਬ੍ਰਹਮ ਮੇਲਾ ਪਾਰਬ੍ਰਹਮ ਨਾ ਕੋਇ ਆਧਾਰ, ਗੁਰ ਚੇਲਾ ਰੰਗ ਨਾ ਕੋਇ ਰੰਗਾਈਆ । ਚਾਰ ਵਰਨ ਧੂਆਂਧਾਰ, ਖ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸੰਸਾ ਰੋਗ ਨਾ ਕੋਇ ਚੁਕਾਈਆ । ਅਠਾਰਾਂ ਬਰਨ ਨਾ ਕੋਇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਲੇ ਸਚ ਸਚੀ ਸਰਨਾਈਆ । ਕਲਜੁਗ ਕਹੇ ਪ੍ਰਭ ਬੇਪਰਵਾਹ, ਬੇਅੰਤ ਤੇਰੀ ਸਰਨਾਈਆ । ਨਿਰਗੁਣ ਸਰਗੁਣ ਬਣ ਮਲਾਹ, ਲੋਕਮਾਤ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਧਿਆਨ ਗਏ ਲਗਾ, ਚਰਨ ਕਵਲ ਕਵਲ ਸਰਨਾਈਆ । ਸਚ ਸੰਦੇਸ਼ਾ ਗਏ ਸੁਣਾ, ਧੁਰ ਦੀ ਬਾਣੀ ਰਾਗ ਅਲਾਈਆ । ਕਲਜੁਗ ਅੰਤਮ ਪਰਗਟ ਹੋਵੇ ਨਰ ਨਿਰੰਕਾਰ ਸੱਚਾ ਸ਼ਹਿਨਸ਼ਾਹ, ਕਲ ਕਲਕੀ ਫੇਰਾ ਪਾਈਆ । ਦੋ ਜਹਾਨਾਂ ਦੇਵੇ ਇਕ ਸਲਾਹ, ਵਿਸ਼ਨ ਬ੍ਰਹਮਾ ਸ਼ਿਵ ਕਰੇ ਪੜ੍ਹਾਈਆ । ਤੇਈ ਅਵਤਾਰ ਲਏ ਸਮਝਾ, ਭਗਤ ਅਠਾਰਾਂ ਬੂਝ ਬੁਝਾਈਆ । ਈਸਾ ਮੂਸਾ ਮੁਹੰਮਦ ਦਏ ਪਨਾਹ, ਸਮਰਥ ਸਿਰ ਆਪਣਾ ਹੱਥ ਟਿਕਾਈਆ । ਗੁਰ ਗੁਰ ਧਾਰ ਦਏ ਵਖਾ, ਨਾਨਕ ਗੋਬਿੰਦ ਰੰਗ ਰੰਗਾਈਆ । ਸਾਚਾ ਮੰਤਰ ਇਕ ਦ੍ਰਿੜਾ, ਸ੍ਰਿਸ਼ਟ ਸਬਾਈ ਕਰੇ ਪੜ੍ਹਾਈਆ । ਕੂੜੀ ਕਿਰਿਆ ਦਏ ਗਵਾ, ਜੂਠ ਝੂਠ ਰਹਿਣ ਨਾ ਪਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਲਏ ਉਠਾ, ਬੇਨਜ਼ੀਰ ਆਪਣੀ ਨਜ਼ਰ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਕਲਜੁਗ ਮੰਗੇ ਇਕੋ ਮੰਗ, ਦੋਏ ਜੋੜ ਵਾਸਤਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਚ ਦੁਆਰਾ ਵੇਖ ਲੰਘ, ਕੂੜੇ ਮੰਦਰ ਡੇਰਾ ਢਾਹੀਆ । ਸੁੰਞੀ ਦਿਸੇ ਤੇਰੀ ਸੇਜ ਪਲੰਘ, ਸੁਹੰਜਣੀ ਸੇਜ ਨਾ ਕੋਇ ਸੁਹਾਈਆ । ਕਲਜੁਗ ਜੀਵ ਆਤਮ ਮਾਣੇ ਨਾ ਕੋਇ ਅਨੰਦ, ਨਿਜਾਨੰਦ ਰਸ ਨਾ ਕੋਇ ਚਖਾਈਆ । ਸਾਚਾ ਢੋਲਾ ਗਾਏ ਨਾ ਕੋਈ ਛੰਦ, ਤੇਰਾ ਮੇਰਾ ਭੇਵ ਨਾ ਕੋਇ ਮਿਟਾਈਆ । ਦੂਈ ਢਾਹੇ ਨਾ ਕੋਇ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਸੁਰਤ ਸਵਾਣੀ ਹੋਈ ਰੰਡ, ਸ਼ਬਦੀ ਕੰਤ ਨਾ ਕੋਇ ਹੰਢਾਈਆ । ਹਾਹਾਕਾਰ ਵੇਖ ਵਰਭੰਡ, ਭੰਡੀ ਘਰ ਘਰ ਕੂੜੀ ਕਿਰਿਆ ਪਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਲੋਕਮਾਤ ਨੇਤਰ ਨੈਣ ਨੈਣ ਉਠਾਈਆ । ਕਲਜੁਗ ਕਹੇ ਮੇਰੇ ਸਾਹਿਬ ਸੁਲਤਾਨ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਕਿਰਪਾ ਕਰ ਵਾਲੀ ਦੋ ਜਹਾਨ, ਪੁਰਖ ਅਕਾਲ ਸਮਰਥ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਮੰਗਣ ਦਾਨ, ਸੰਤ ਸੱਜਣ ਬੈਠੇ ਝੋਲੀ ਡਾਹੀਆ । ਗੁਰਮੁਖ ਬਣੇ ਬਾਲ ਅਵਾਣ, ਬਾਲੀ ਬੁੱਧ ਇਕ ਰਖਾਈਆ । ਗੁਰਸਿਖ ਚਰਨ ਧੂੜੀ ਕਰਨ ਅਸ਼ਨਾਨ, ਦੁਰਮਤ ਮੈਲ ਧਵਾਈਆ । ਨਿਗਹਬਾਨ ਹੋ ਨਿਗਹਬਾਨ, ਨਿਰਗੁਣ ਸਰਗੁਣ ਵੇਖ ਵਖਾਈਆ । ਕਾਗਦ ਕਲਮ ਲਿਖ ਲਿਖ ਹੋਏ ਹੈਰਾਨ, ਤੇਰਾ ਅੰਤ ਕਹਿਣ ਕੋਈ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦਏ ਬਿਆਨ, ਸਚ ਸ਼ਹਾਦਤ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਕਲਜੁਗ ਕਹੇ ਮੇਰੇ ਭਗਵੰਤ, ਪ੍ਰਭ ਤੇਰੀ ਓਟ ਤਕਾਈਆ । ਮੇਰਾ ਲੇਖਾ ਚੁੱਕੇ ਅੰਤ, ਲੋਕਮਾਤ ਰਹਿਣ ਨਾ ਪਾਈਆ । ਗੜ੍ਹ ਤੁਟੇ ਹਉਮੇ ਹੰਗਤ, ਹੰ ਬ੍ਰਹਮ ਪਾਰਬ੍ਰਹਮ ਦੇ ਸਮਝਾਈਆ । ਦਰ ਦਰਵੇਸ਼ ਖਲੋਤਾ ਮੰਗਤ, ਭਿਖਕ ਭਿਖਿਆ ਝੋਲੀ ਦੇ ਪਾਈਆ । ਭਰਮੇ ਭੁੱਲਾ ਤੇਰਾ ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਅੰਤਰ ਆਤਮ ਧਿਆਨ ਨਾ ਕੋਇ ਲਗਾਈਆ । ਰਸਨਾ ਜਿਹਵਾ ਬੱਤੀ ਦੰਦ ਗੌਂਦੇ ਮੰਤ, ਮੰਤਰ ਫੁਰਨਾ ਨਾ ਕੋਇ ਵਖਾਈਆ । ਫਿਰੇ ਦੁਹਾਗਣ ਨਾਰ ਬਿਨ ਕੰਤ, ਸੁਹਾਗੀ ਰੂਪ ਨਾ ਕੋਇ ਵਟਾਈਆ । ਕਾਇਆ ਚੋਲੀ ਚੜ੍ਹੇ ਨਾ ਰੰਗ ਬਸੰਤ, ਦੁਰਮਤ ਮੈਲ ਨਾ ਕੋਇ ਧਵਾਈਆ । ਭੇਵ ਨਾ ਪਾਏ ਕੋਈ ਪੰਡਤ, ਬੋਧ ਅਗਾਧ ਤੇਰੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਤੁਧ ਬਿਨ ਸਹਾਇਕ ਕੋਈ ਨਜ਼ਰ ਨਾ ਆਈਆ । ਕਲਜੁਗ ਕਹੇ ਮੇਰੇ ਭਗਵਾਨ, ਤੇਰੇ ਹੱਥ ਮੇਰੀ ਵਡਿਆਈਆ । ਤੇਰੇ ਦਰ ਤੋ ਮਿਲਿਆ ਦਾਨ, ਝੋਲੀ ਖ਼ਾਲੀ ਆਪ ਭਰਾਈਆ । ਅੰਤ ਦਰ ਤੇਰੇ ਡਿਗਾ ਆਣ, ਦੋਏ ਜੋੜ ਵਾਸਤਾ ਪਾਈਆ । ਕੂੜੀ ਕਿਰਿਆ ਮੇਟ ਨਿਸ਼ਾਨ, ਨਿਸ਼ਾਨਾ ਇਕੋ ਇਕ ਵਖਾਈਆ । ਲੇਖਾ ਚੁੱਕੇ ਸ਼ਰਅ ਬੇਈਮਾਨ, ਈਮਾਨ ਇਕੋ ਇਕ ਸਮਝਾਈਆ । ਨਜ਼ਰੀ ਆਏ ਇਕ ਨੌਜਵਾਨ, ਨਰ ਨਿਰੰਕਾਰ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਨਾਮ ਸਦਾ ਪਰਧਾਨ, ਸੋ ਪਰਧਾਨਗੀ ਇਕ ਕਮਾਈਆ । ਸ੍ਰਿਸ਼ਟ ਸਬਾਈ ਆਤਮ ਪਰਮਾਤਮ ਦੇਵੇ ਸਚ ਗਿਆਨ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਨਾਤਾ ਤੁਟੇ ਕੂੜੀ ਕਿਰਿਆ ਜੀਵ ਜੰਤ ਜਹਾਨ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਾਇਆ ਮੰਦਰ ਅੰਦਰ ਨਜ਼ਰੀ ਆਏ ਤੇਰਾ ਨੂਰ ਮਹਾਨ, ਮਹਿਮਾ ਅਕੱਥ ਕਥ ਸੁਣਾਈਆ । ਰਾਗ ਅਨਾਦੀ ਸੁਣੇ ਸਚੀ ਧੁਨਕਾਨ, ਬਿਨ ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਸੋ ਭੂਮਿਕਾ ਸੋਹੇ ਮਕਾਨ, ਘਰ ਘਰ ਵਿਚ ਵੱਜੇ ਵਧਾਈਆ । ਸਤਿਗੁਰ ਸੁਆਮੀ ਦਰਸਨ ਦੇਵੇ ਆਣ, ਆਵਣ ਜਾਵਣ ਚੁਕੇ ਸਰਬ ਜੁਦਾਈਆ । ਭਗਤ ਭਗਵਾਨ ਕਰ ਪਹਿਚਾਨ, ਪੜਦਾ ਦੂਈ ਦਵੈਤ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਈਆ । ਕਲਜੁਗ ਕਹੇ ਮੇਰੇ ਪੁਰਖ ਨਿਰੰਜਣ, ਹਰਿ ਵੱਡੇ ਵਡ ਵਡਿਆਈਆ । ਨੇਤਰ ਦੇ ਨਾਮ ਅੰਜਨ, ਅਗਿਆਨ ਅੰਧੇਰ ਮਿਟਾਈਆ । ਦੀਨਾਂ ਨਾਥਾਂ ਬਣ ਸਾਚਾ ਸੱਜਣ, ਦੁੱਖ ਭੰਜਨ ਤੇਰੀ ਸਰਨਾਈਆ । ਚਰਨ ਧੂੜ ਕਰਾ ਮਜਨ, ਮਾਇਆ ਮਮਤਾ ਦੇ ਗਵਾਈਆ । ਕਾਇਆ ਮਾਟੀ ਕਰ ਕੰਚਨ, ਸੋਨਾ ਆਪਣਾ ਰੰਗ ਵਖਾਈਆ ।

ਧੁਰਦਰਗਾਹੀ ਬੇਪਰਵਾਹੀ ਪੁਰਖ ਅਕਾਲ ਤੇਰਾ ਸ਼ਬਦ ਅਗੰਮੀ ਸੱਚਾ ਬਚਨ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਸਾਚੇ ਮੰਗਣ, ਦੋਏ ਜੋੜ ਵਾਸਤਾ ਪਾਈਆ । ਕਿਰਪਾ ਨਿਧਾਨ ਲੱਖ ਚੁਰਾਸੀ ਤੋੜ ਫੰਦਨ, ਰਾਏ ਧਰਮ ਨਾ ਦਏ ਸਜ਼ਾਈਆ । ਕਲਜੁਗ ਸਚ ਸੁੱਚ ਕੀਤੀ ਨੰਗਨ, ਪੜਦਾ ਸਕੇ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਮਾਰਗ ਦੇ ਸਮਝਾਈਆ । ਕਲਜੁਗ ਕਹੇ ਮੇਰੇ ਪੁਰਖ ਅਬਿਨਾਸ, ਅਬਿਨਾਸ਼ੀ ਤੇਰੀ ਇਕ ਸਰਨਾਈਆ । ਹਉਂ ਬਾਲਕ ਛੋਟਾ ਤੇਰਾ ਦਾਸ, ਬਣ ਸੇਵਕ ਸੇਵ ਕਮਾਈਆ । ਚੌਂਦਾਂ ਸਦੀਆਂ ਮੁਹੰਮਦ ਪੂਰੀ ਕਰੇ ਆਸ, ਆਸਾ ਆਸਾ ਨਾਲ ਮਿਲਾਈਆ । ਬੀਸ ਬੀਸਾ ਖੇਲ ਤਮਾਸ਼, ਜਗਤ ਜਗਦੀਸਾ ਭੇਵ ਚੁਕਾਈਆ । ਮੰਡਲ ਮੰਡਪ ਗੋਪੀ ਕਾਹਨ ਪਾਈ ਰਾਸ, ਨਿਰਗੁਣ ਸਰਗੁਣ ਨਾਚ ਨਚਾਈਆ । ਖੇਲਿਆ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖ ਵਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਜੋ ਰੱਖਣ ਤੇਰੀ ਆਸ, ਨਿਜ ਨੇਤਰ ਧਿਆਨ ਲਗਾਈਆ । ਕਰ ਕਿਰਪਾ ਕਰ ਪਰਕਾਸ਼, ਪਰਕਾਸ਼ਵਾਨ ਤੇਰੀ ਰੁਸ਼ਨਾਈਆ । ਮਨ ਵਾਸਨਾ ਤਨ ਰਹੇ ਨਾ ਬਦਮੁਆਸ਼, ਬੁਧੀ ਬਬੇਕ ਦੇ ਕਰਾਈਆ । ਪਾਰ ਉਤਾਰ ਆਪਣੇ ਘਾਟ, ਪੂਰਬ ਘਾਟਾ ਪੂਰ ਕਰਾਈਆ । ਨਾਮ ਵਸਤ ਦੇ ਦਾਤ, ਅਮੋਲਕ ਆਪ ਵਰਤਾਈਆ । ਉਤਮ ਵਖਾ ਆਪਣੀ ਜ਼ਾਤ, ਵਰਨ ਬਰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰਾ ਤੇਰੇ ਵਿਚ ਸਮਾਈਆ ।



## ✪ ੫ ਅੱਸੂ ੨੦੨੦ ਬਿਕਰਮੀ ਕੇਹਰ ਸਿੰਘ ਦੇ ਗ੍ਰਿਹਿ ਰਜੀਵਾਲਾ ਜ਼ਿਲਾ ਫਿਰੋਜ਼ਪੁਰ ✪



ਸ਼ਾਹ ਪਾਤਸ਼ਾਹ ਗੁਰੂ ਮਹਾਰਾਜ, ਕਰ ਕਿਰਪਾ ਤੇਰੀ ਵਡਿਆਈਆ । ਸੀਸ ਜਗਦੀਸ ਤੇਰੇ ਤਾਜ, ਰਾਜਨ ਰਾਜ ਤੇਰੀ ਸਰਨਾਈਆ । ਦੋ ਜਹਾਨ ਤੇਰਾ ਕਾਜ, ਬ੍ਰਹਿਮੰਡ ਖੰਡ ਤੇਰੀ ਰਚਨ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗੰਬਰ ਤੇਰਾ ਸਮਾਜ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਰਦੇ ਰਹੇ ਆਵਾਜ਼, ਉਚੀ ਕੂਕ ਕੂਕ ਸੁਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬੇੜਾ ਬੰਨ੍ਹ ਚਲੌਂਦੇ ਰਹੇ ਜਹਾਜ਼, ਖੇਵਟ ਖੇਟਾ ਰੂਪ ਵਟਾਈਆ । ਬੋਧ ਅਗਾਧ ਨਾਮ ਨਿਧਾਨਾ ਸੁਣੌਂਦੇ ਰਹੇ ਨਾਦ, ਧੁਨ ਆਤਮਕ ਰਾਗ ਅਲਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਅੰਮ੍ਰਿਤ ਰਸ ਵੇਖਦੇ ਰਹੇ ਸੁਆਦ, ਰਸ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੇ ਮਿਲੇ ਵਡਿਆਈਆ । ਤੇਰੇ ਘਰ ਮਿਲੇ ਵਡਿਆਈ, ਵਡ ਵਡਾ ਨਜ਼ਰੀ ਆਇੰਦਾ । ਆਦਿ ਜੁਗਾਦਿ ਨਾ ਹੋਏ ਜੁਦਾਈ, ਜੁਗ ਚੌਕੜੀ ਵਿਛੋੜਾ ਕੋਇ ਨਾ ਪਾਇੰਦਾ । ਏਕਾ ਮੰਗ ਰਹੇ ਮੰਗਾਈ, ਦੂਜੀ ਆਸ ਨਾ ਕੋਇ ਵਖਾਇੰਦਾ । ਕਿਰਪਾ ਕਰ ਸਚ ਗੋਸਾਈਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਇਕੋ ਸੋਭਾ ਪਾਇੰਦਾ । ਗੁਰੂ ਮਹਾਰਾਜ ਵਡ ਪੀਰਨ ਪੀਰ, ਬੇਐਬ ਨੂਰ ਖ਼ੁਦਾਈਆ । ਤੁਧ ਬਿਨ ਹੋਏ ਸਦਾ ਦਿਲਗੀਰ, ਧੀਰਜ ਧੀਰ ਨਾ ਕੋਇ ਧਰਾਈਆ । ਕਲਜੁਗ ਵੇਖ ਅੰਤ ਅਖੀਰ, ਚਾਰੋ ਕੁੰਟ ਨੈਣ ਉਠਾਈਆ । ਸ਼ਰਅ ਮਜ਼ਬ ਵੱਝਾ ਜ਼ੰਜੀਰ, ਲੋਕਮਾਤ ਸਕੇ ਨਾ ਕੋਇ ਤੁੜਾਈਆ । ਲੱਖ ਚੁਰਾਸੀ ਪਈ ਪੀੜ, ਹੌਲਾ ਭਾਰ ਨਾ ਕੋਇ ਵਖਾਈਆ ।

ਨੇਤਰ ਰੋਵਣ ਹਸਤ ਕੀਟ, ਊਚ ਨੀਚ ਰੋਵਣ ਮਾਰਨ ਧਾਹੀਆ । ਸਾਚੀ ਦਿਸੇ ਨਾ ਕੋਇ ਪ੍ਰੀਤ, ਪ੍ਰੀਤੀਵਾਨ ਨਜ਼ਰ ਕੋਇ ਨਾ ਆਈਆ । ਸਤਿਗੁਰ ਭੁਲੇ ਤੇਰਾ ਗੀਤ, ਹਰਿ ਕਾ ਨਾਮ ਨਾ ਕੋਇ ਦ੍ਰਿੜਾਈਆ । ਫਿਰੀ ਦਰੋਹੀ ਮੰਦਰ ਮਸੀਤ, ਮੁਲਾਂ ਸ਼ੇਖ਼ ਬੈਠੇ ਮੁਖ ਭਵਾਈਆ । ਮਾਣਸ ਜਨਮ ਕੋਈ ਨਾ ਲਏ ਜੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਘਰ ਸਾਚੇ ਵੱਜੇ ਵਧਾਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨ, ਹਰਿ ਤੇਰੀ ਓਟ ਤਕਾਈਆ । ਤਖ਼ਤ ਨਿਵਾਸੀ ਨੌਜਵਾਨ, ਸ੍ਰੀ ਭਗਵਾਨ ਤੇਰੀ ਸਰਨਾਈਆ । ਦਰ ਦਰਵੇਸ਼ ਖੜੇ ਮੰਗਣ ਦਾਨ, ਕਿਰਪਾ ਕਰ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਪੰਜ ਇਕ ਬਾਲ ਅਵਾਣ, ਪੂਰਬ ਲੇਖਾ ਵੇਖ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਚੌਥਾ ਜੁਗ ਦਿਸੇ ਵੈਰਾਨ, ਘਰ ਘਰ ਵੜਿਆ ਕੂੜ ਸ਼ੈਤਾਨ, ਸਾਚੀ ਧਾਰ ਨਜ਼ਰ ਕੋਇ ਨਾ ਆਈਆ । ਨਾਤਾ ਤੁਟਾ ਸ਼ਾਸਤਰ ਸਿਮਰਤ ਵੇਦ ਪੁਰਾਨ, ਸਾਚਾ ਗਿਆਨ ਨਾ ਕੋਇ ਦ੍ਰਿੜਾਈਆ । ਅੰਜੀਲ ਕੁਰਾਨ ਨੈਣ ਸ਼ਰਮਾਣ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਬਾਣੀ ਮਾਰੇ ਨਾ ਕੋਈ ਬਾਣ, ਅਣਿਆਲਾ ਤੀਰ ਨਾ ਕੋਇ ਚਲਾਈਆ । ਸਤਿਗੁਰ ਕਰੇ ਨਾ ਕੋਇ ਧਿਆਨ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਸਾਚਾ ਖੰਡਾ ਨਜ਼ਰ ਨਾ ਆਏ ਵਿਚ ਮਿਆਨ, ਖੜਗ ਰੂਪ ਸਤਿ ਸਰੂਪ ਨਾ ਕੋਇ ਪਰਗਟਾਈਆ । ਲੇਖਾ ਲਿਖ ਲਿਖ ਦੇ ਕੇ ਆਏ ਬਿਆਨ, ਜੀਵ ਜੰਤ ਜਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਘਰ ਤੇਰੇ ਮੰਗਲ ਗਾਈਆ । ਕਿਰਪਾ ਕਰ ਠਾਕਰ ਸੁਆਮੀ, ਸਮਰਥ ਤੇਰੀ ਵਡਿਆਈਆ । ਪਛੋਤਾਵੇ ਤੇਰੀ ਬਾਣੀ ਚਾਰ ਜੁਗ ਦੀ ਰਾਣੀ, ਨੇਤਰ ਨੈਣਾਂ ਨੀਰ ਵਹਾਈਆ । ਪਾਵੇ ਸਾਰ ਨਾ ਕੋਈ ਖਾਣੀ, ਚਾਰੇ ਪੜਦਾ ਸਕੇ ਨਾ ਕੋਇ ਉਠਾਈਆ । ਲੋਕਮਾਤ ਆਈ ਹਾਨੀ, ਨੇਤਰ ਅੱਖ ਅੱਖ ਅੱਖ ਸ਼ਰਮਾਈਆ । ਪਾਰਬ੍ਰਹਮ ਪ੍ਰਭ ਭੁਲੀ ਤੇਰੀ ਸਚ ਕਹਾਣੀ, ਜੂਠੀ ਝੂਠੀ ਜਗਤ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਨਾਮ ਢੋਲਾ ਇਕੋ ਗਾਈਆ । ਚਾਰੇ ਬਾਣੀ ਰੋਵੇ ਮਾਰੇ ਧਾਹ, ਚਾਰ ਕੁੰਟ ਦਏ ਦੁਹਾਈਆ । ਚਾਰ ਵਰਨ ਗਏ ਭੁਲਾ, ਚਾਰ ਯਾਰ ਸਾਰ ਨਾ ਪਾਈਆ । ਚੌਥਾ ਜੁਗ ਹੋਇਆ ਬੇਵਫ਼ਾ, ਸੱਚਾ ਸੰਗ ਨਾ ਕੋਇ ਨਿਭਾਈਆ । ਆ ਵੇਖ ਮੇਰੇ ਖ਼ੁਦਾ, ਅੰਜੀਲ ਕੁਰਾਨ ਵਾਸਤਾ ਪਾਈਆ । ਤੇਰਾ ਨੂਰ ਤੇਰੇ ਨਾਲੋਂ ਹੋਇਆ ਜੁਦਾ, ਜੁਜ਼ ਬੈਠਾ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣਾ ਭੇਵ ਖੁਲ੍ਹਾਈਆ । ਨੇਤਰ ਰੋਵਣ ਵੇਦ ਪੁਰਾਨ ਸ਼ਾਸਤਰ, ਸ਼ਹਿਨਸ਼ਾਹ ਤੇਰੇ ਅੱਗੇ ਅਰਜੋਈਆ । ਸਾਡੀ ਕਿਸੇ ਕੰਮ ਨਾ ਆਏ ਲਗ ਮਾਤਰ, ਮਮਤਾ ਕੂੜੀ ਕਿਰਿਆ ਜਗਤ ਵਧਾਈਆ । ਲੋਕਮਾਤ ਆਏ ਪ੍ਰਭ ਤੇਰਾ ਨਾਉਂ ਗਾਵਣ ਖ਼ਾਤਰ, ਦੂਜੀ ਅਵਰ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੇ ਇਕੋ ਨਾਦ ਸੁਣਾਈਆ । ਬਾਣੀ ਕਹੇ ਸੁਣ ਮੇਰੇ ਭਗਵਾਨ, ਪੁਰਖ ਅਕਾਲ ਤੇਰੀ ਸਰਨਾਈਆ । ਗੁਰੂ ਗੁਰਦੇਵ ਸੁਆਮੀ ਦਿਤਾ ਦਾਨ, ਧੁਰ ਸੰਦੇਸ਼ਾ ਹੁਕਮ ਜਣਾਈਆ । ਚਾਰ ਵਰਨ ਦੇ ਗਿਆਨ, ਸਾਚੀ ਸਰਨ ਇਕ ਸਮਝਾਈਆ । ਲੇਖਾ ਲਿਖਤ ਲੇਖ ਮਹਾਨ, ਅੱਖਰ ਅੱਖਰ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੇ ਬਹਿ ਕੇ ਆਸਣ ਲਾਈਆ । ਚਾਰੇ ਬਾਣੀ ਉਚੀ ਬੋਲ, ਪ੍ਰਭ ਨਾਅਰਾ ਹੱਕ ਜਣਾਈਆ । ਸਾਨੂੰ ਲੈ ਜਾ ਆਪਣੇ ਕੋਲ, ਲੋਕਮਾਤ ਲੋੜ ਰਹੀ ਨਾ ਰਾਈਆ । ਕੂੜੀ

੪੭੩ ੧੫

ਕਿਰਿਆ ਚਾਰੋ ਕੁੰਟ ਵੱਜੇ ਢੋਲ, ਸਾਚਾ ਨਾਮ ਤੇਰਾ ਹਿਰਦੇ ਸਕੇ ਨਾ ਕੋਇ ਵਸਾਈਆ । ਅੰਤਮ ਤੋਲ ਆਪਣੇ ਤੋਲ, ਤੋਲਣਹਾਰੇ ਤੇਰੀ ਮੰਗੀ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਾਣੀ ਕਹੇ ਮੇਰੇ ਭਗਵੰਤ, ਮੈਂ ਸਚ ਦਿਆਂ ਸੁਣਾਈਆ । ਤੇਰਾ ਭੁਲਿਆ ਸਭ ਨੂੰ ਮੰਤ, ਮੰਤਰ ਹਰਿ ਨਾ ਕੋਇ ਦ੍ਰਿੜਾਈਆ । ਮੈਂ ਰੋਵਾਂ ਵਿਛੁੰਨੀ ਹਰਿ ਸਾਚੇ ਕੰਤ, ਬਣ ਵੈਰਾਗਣ ਫਿਰਾਂ ਵਾਹੋ ਦਾਹੀਆ । ਮਿਹਰਵਾਨ ਮੇਰੀ ਮੰਨ ਮਿੰਨਤ, ਨਿਉਂ ਨਿਉਂ ਬੈਠੀ ਸੀਸ ਝੁਕਾਈਆ । ਕਲਜੁਗ ਜੀਵ ਮੇਰੇ ਨਾਲ ਕਰਨ ਇਲਤ, ਪੜਦਾ ਮੇਰਾ ਰਹੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣੇ ਲੇਖੇ ਪਾਈਆ । ਬਾਣੀ ਕਹੇ ਮੇਰੇ ਬੋਧ ਅਗਾਧ, ਬਾਬਲ ਤੇਰੀ ਓਟ ਰਖਾਈਆ । ਅੰਤਮ ਵੇਲਾ ਰੱਖ ਸਾਡੀ ਲਾਜ, ਮਿਹਰਵਾਨ ਫੇਰਾ ਪਾਈਆ । ਚਾਰੇ ਕੁੰਟ ਥੱਕੀ ਭਾਜ, ਭੱਜਿਆਂ ਪੰਧ ਨਾ ਕੋਇ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਦੇ ਕੇ ਗਏ ਤੇਰਾ ਨਾਮ ਦਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਲੈ ਬੁਲਾਈਆ । ਘਰ ਸਾਚੇ ਪ੍ਰਭ ਲੈ ਸੱਦ, ਸੱਦਾ ਇਕੋ ਵਾਰ ਦਿਵਾਈਆ । ਅੰਤਮ ਸਾਡੀ ਮੁੱਕੀ ਹੱਦ, ਹਦੂਦ ਤੇਰਾ ਦੁਆਰਾ ਨਜ਼ਰੀ ਆਈਆ । ਤੇਰਾ ਨੂਰ ਉਪਜੀ ਤੇਰੀ ਯਦ, ਤੇਰਾ ਬੰਸ ਰੂਪ ਅਖਵਾਈਆ । ਕੂੜੀ ਕਿਰਿਆ ਵਿਚੋ ਕੱਢ, ਆਪ ਆਪਣੇ ਘਰ ਬਹਾਈਆ । ਪ੍ਰੇਮ ਪ੍ਰੀਤੀ ਕਰ ਲਡ, ਸਾਚੀ ਰੀਤੀ ਇਕ ਜਣਾਈਆ । ਧਰਮ ਨਿਸ਼ਾਨਾ ਦੇ ਗੱਡ, ਦੋ ਜਹਾਨਾਂ ਆਪ ਝੁਲਾਈਆ । ਸਾਡੇ ਬੁੱਢੇ ਹੋਏ ਹੱਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਤੇਰੇ ਮੰਦਰ ਸੋਭਾ ਪਾਈਆ । ਤੇਰਾ ਮੰਦਰ ਲੱਗੇ ਸੋਹਣਾ ਚੰਗਾ, ਤਖ਼ਤ ਨਿਵਾਸੀ ਇਕੋ ਨਜ਼ਰੀ ਆਈਆ । ਚਾਰ ਜੁਗ ਲੋਕਮਾਤ ਵਜਾਇਆ ਮਰਦੰਗਾ, ਤੇਰਾ ਡੰਕਾ ਨਾਮ ਸੁਣਾਈਆ । ਕਲਜੁਗ ਜੀਵ ਅੰਤਰ ਹੋਇਆ ਅੰਧਾ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜਗਤ ਵਾਸਨਾ ਫਿਰੇ ਮੰਦਾ, ਸਤਿਗੁਰ ਸ਼ਬਦ ਨਾ ਕੋਇ ਕਮਾਈਆ । ਪੰਜ ਤਤ ਅੰਗਿਆਰ ਕੋਈ ਨਾ ਕਰੇ ਠੰਡਾ, ਤ੍ਰੈਗੁਣ ਅਗਨੀ ਰਹੀ ਤਪਾਈਆ । ਆਤਮ ਬਿਨ ਪਰਮਾਤਮ ਹੋਇਆ ਰੰਡਾ, ਜਗਤ ਦੁਹਾਗਣ ਰੂਪ ਵਟਾਈਆ । ਬਿਨ ਓਢਣ ਫਿਰੇ ਨੰਗਾ, ਪੜਦਾ ਉਪਰ ਨਾ ਕੋਇ ਰਖਾਈਆ । ਨੇਤਰ ਰੋਵੇ ਤੀਰਥ ਤੱਟ ਗੰਗਾ, ਗੋਦਾਵਰੀ ਨੈਣਾਂ ਨੀਰ ਵਹਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹੋਏ ਭੰਗਾ, ਭਗਤੀ ਰੂਪ ਕਰਨ ਕੋਇ ਨਾ ਆਈਆ । ਚਾਰ ਕੁੰਟ ਕੂੜੀ ਕਿਰਿਆ ਦਿਸੇ ਦੰਗਾ, ਦਹਿ ਦਿਸ਼ਾ ਹੋਏ ਲੜਾਈਆ । ਕਿਸੇ ਹੱਥ ਨਾ ਆਏ ਪਰਮਾਨੰਦਾ, ਨਿਜਾਨੰਦ ਨਾ ਕੋਇ ਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੈ ਜਾ ਆਪਣੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਰਵਾਜ਼ਾ ਖੋਲ੍ਹ ਪ੍ਰਭ, ਦਰ ਤੇਰੇ ਇਕ ਅਰਜੋਈਆ । ਕਲਜੁਗ ਅੰਤਮ ਸਚ ਦੁਆਰਾ ਜਾਏ ਲੱਭ, ਦੂਜੀ ਆਸ ਨਾ ਕੋਇ ਰਖਾਈਆ । ਤੇਰੇ ਨਾਲੋ ਹੋਈਏ ਨਾ ਫੇਰ ਅਲੱਗ, ਸਦ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਵਡ ਵੱਡੇ ਵਡ ਵਡਿਆਈਆ । ਸੋ ਪੁਰਖ ਦਿਆਲ ਠਾਕਰ, ਏਕੰਕਾਰ ਆਪ ਜਣਾਇੰਦਾ । ਚਾਰੇ ਬਾਣੀ ਨਿੱਕੀ ਬੂੰਦ ਪ੍ਰਭ ਵਖਾਏ ਵੱਡਾ ਸਾਗਰ, ਗਹਿਰ ਗੰਭੀਰ ਭੇਵ ਚੁਕਾਇੰਦਾ । ਕਲਜੁਗ ਅੰਤਮ ਸਭ ਨੂੰ ਦੇਵੇ ਆਦਰ, ਸਿਰ ਆਪਣਾ ਹੱਥ ਟਿਕਾਇੰਦਾ । ਖੇਲੇ ਖੇਲ ਕਰੀਮ ਕਾਦਰ, ਕਰਤਾ ਆਪਣੀ ਕਾਰ ਕਮਾਇੰਦਾ । ਜੋਧਾ ਸੂਰਬੀਰ ਬਹਾਦਰ, ਬਲਧਾਰੀ ਬਲ

ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਵੇਖ ਵਖਾਇੰਦਾ । ਸਭ ਦਾ ਲੇਖਾ ਵੇਖੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਚਾਰ ਜੁਗ ਦਾ ਲੇਖੇ ਲਾਏ ਜਾਪ, ਚਾਰੇ ਬਾਣੀ ਰਿਹਾ ਸਮਝਾਈਆ । ਲੋਕਮਾਤ ਜਿਸ ਬਣਾਇਆ ਤੁਹਾਡਾ ਪਰਤਾਪ, ਸੋ ਪਰਤਾਪੀ ਆਪਣੇ ਵਿਚ ਛੁਪਾਈਆ । ਜਿਸ ਦਾ ਨੂਰ ਇਕੋ ਪਾਕ, ਸੋ ਪਾਕ ਰਸੂਲ ਵੇਖ ਵਖਾਈਆ । ਸਚ ਦੁਆਰੇ ਖੋਲ੍ਹੇ ਤਾਕ, ਨਾਮ ਇਸ਼ਾਰੇ ਨਾਲ ਸਮਝਾਈਆ । ਨੇਤਰ ਖੋਲ੍ਹ ਲਵੋ ਝਾਕ, ਝਾਕੀ ਇਕੋ ਵਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੀਨਾਂ ਨਾਥਾਂ ਹੋਏ ਸਹਾਈਆ । ਦੀਨਾਂ ਨਾਥਾਂ ਦਇਆਵਾਨ, ਪ੍ਰਭ ਆਪਣੀ ਦਇਆ ਕਮਾਇੰਦਾ । ਅੰਤਮ ਲੇਖਾ ਵੇਖੇ ਜਹਾਨ, ਦੋ ਜਹਾਨਾਂ ਵਾਲੀ ਫੇਰਾ ਪਾਇੰਦਾ । ਸਚ ਫ਼ਰਿਯਾਦ ਸੁਣੇ ਆਣ, ਨਿਰਗੁਣ ਨਿਰਗੁਣ ਵੇਸ ਵਟਾਇੰਦਾ । ਆਪਣਾ ਆਪਣਾ ਦੇਣਾ ਬਿਆਨ, ਧੁਰ ਫ਼ਰਮਾਣਾ ਆਪ ਜਣਾਇੰਦਾ । ਚੌਥੇ ਜੁਗ ਖੇਲ ਕਰੇ ਭਗਵਾਨ, ਭਗਵਨ ਆਪਣੀ ਸੇਵਾ ਆਪ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪਣੇ ਲੇਖੇ ਪਾਇੰਦਾ । ਅੰਤਮ ਲੇਖਾ ਲੇਖ ਮੁਕਾਵਾਂਗਾ । ਸਾਚੀ ਸਿਖਿਆ ਸਰਬ ਦ੍ਰਿੜ੍ਹਾਵਾਂਗਾ । ਪਿਛਲਾ ਲੇਖਾ ਝੋਲੀ ਪਾਵਾਂਗਾ । ਜੀਵ ਜਹਾਨ ਵੇਖੋ ਮਿਥਿਆ, ਲੱਖ ਚੁਰਾਸੀ ਭਾਂਡਾ ਭੰਨ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਵਣਹਾਰਾ ਸਾਚੀ ਭਿਛਿਆ, ਝੋਲੀ ਸਭ ਦੀ ਆਪ ਭਰਾਵਾਂਗਾ । ਸਭ ਦੀ ਝੋਲੀ ਆਪ ਭਰਾਵਾਂਗਾ । ਹੌਲੀ ਹੌਲੀ ਵੇਖ ਵਖਾਵਾਂਗਾ । ਜੁਗ ਚੌਕੜੀ ਜੋ ਦੱਸਦਾ ਰਿਹਾ ਬੋਲੀ, ਸੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਮਿਲਾਵਾਂਗਾ । ਰਲ ਮਿਲ ਸਾਰੇ ਚੁੱਕਣ ਡੋਲੀ, ਚੌਥੇ ਜੁਗ ਚਾਰੇ ਕਹਾਰ ਰੂਪ ਵਖਾਵਾਂਗਾ । ਲੋਕਮਾਤ ਜੋ ਪ੍ਰਭ ਦੀ ਬਣ ਕੇ ਰਹੀ ਗੋਲੀ, ਤਿਸ ਅੰਤਮ ਲੇਖੇ ਲਾਵਾਂਗਾ । ਸਾਧਾਂ ਸੰਤਾਂ ਜੋ ਬਣਦੀ ਰਹੀ ਵਿਚੋਲੀ, ਤਿਸ ਆਪਣੇ ਕੋਲ ਬਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਮੰਦਰ ਇਕ ਵਸਾਵਾਂਗਾ । ਘਰ ਮੰਦਰ ਇਕ ਵਸਾਵਾਂਗਾ । ਪਿਛਲਾ ਲੇਖਾ ਪੂਰ ਕਰਾਵਾਂਗਾ । ਚਾਰੇ ਬਾਣੀ ਰੰਗ ਰੰਗਾਵਾਂਗਾ । ਸ਼ਬਦ ਹਾਣੀ ਸੰਗ ਵਖਾਵਾਂਗਾ । ਅਕੱਥ ਕਹਾਣੀ ਇਕ ਦ੍ਰਿੜ੍ਹਾਵਾਂਗਾ । ਧੁਰ ਫ਼ਰਮਾਨ ਹੁਕਮ ਜਣਾਵਾਂਗਾ । ਸਚ ਨਿਸ਼ਾਨ ਲੋਕਮਾਤ ਵਖਾਵਾਂਗਾ । ਲੱਖ ਚੁਰਾਸੀ ਭੇਵ ਚੁਕਾਵਾਂਗਾ । ਵਡ ਦੇਵੀ ਦੇਵ ਰੂਪ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮ ਆਪ ਸੁਣਾਵਾਂਗਾ । ਸਤਿਜੁਗ ਰਚ ਕੇ ਸਚ ਸਵੰਬਰ, ਸਾਚਾ ਕਾਜ ਆਪ ਵਖਾਵਾਂਗਾ । ਸਰਬ ਕਲਾ ਹੋ ਭਰਤੰਬਰ, ਸਚ ਸੁਆਮੀ ਨਾਮ ਧਰਾਵਾਂਗਾ । ਪਿਛਲਾ ਮੇਟ ਸਰਬ ਅਡੰਬਰ, ਆਦਤ ਇਕੋ ਇਕ ਸਮਝਾਵਾਂਗਾ । ਮਨ ਵਾਸਨਾ ਦਹਿ ਦਿਸ਼ਾ ਨਾ ਭਵੇ ਬੰਦਰ, ਮਨ ਕਾ ਮਣਕਾ ਆਪ ਭਵਾਵਾਂਗਾ । ਭਾਗ ਲੱਗੇ ਕਾਇਆ ਡੂੰਘੀ ਕੰਦਰ, ਨਿਰਗੁਣ ਨੂਰ ਜੋਤ ਚਮਕਾਵਾਂਗਾ । ਸਚ ਸੁਣਾਵਾਂ ਇਕੋ ਛੰਦਨ, ਸੋਹੰ ਢੋਲਾ ਰਾਗ ਅਲਾਵਾਂਗਾ । ਤੂੰ ਮੇਰਾ ਮੈਂ ਤੇਰਾ ਭਗਤ ਭਗਵਾਨ ਦੋਹਾਂ ਮੇਟੇ ਬੰਧਨ, ਬੰਦਗੀ ਆਪਣਾ ਨਾਮ ਸਮਝਾਵਾਂਗਾ । ਚਰਨ ਪ੍ਰੀਤੀ ਧੂੜੀ ਮਸਤਕ ਲਾਵਾਂ ਚੰਦਨ, ਟਿੱਕਾ ਇਕੋ ਇਕ ਜਣਾਵਾਂਗਾ । ਵੇਖਾਂ ਖੇਲ ਖੰਡ ਬ੍ਰਹਿਮੰਡਨ, ਬ੍ਰਹਿਮਾਂਡ ਆਪਣਾ ਹੁਕਮ ਵਰਤਾਵਾਂਗਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਇਕੋ ਨਾਮ ਮੰਗਣ, ਦੂਜੀ ਵੰਡ ਨਾ ਕੋਈ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਰਚਾਵਾਂਗਾ । ਸਾਚਾ ਖੇਲ ਆਪ ਰਚਾਵੇਗਾ । ਪ੍ਰਭ ਸਾਜਣ ਵੇਸ ਵਟਾਵੇਗਾ । ਚੜ੍ਹ ਅਸਵ ਤਾਜਨ

ਫੇਰਾ ਪਾਵੇਗਾ । ਗੁਰੂ ਮਹਾਰਾਜਨ ਰਾਗ ਅਲਾਵੇਗਾ । ਬਣ ਸੁਹਾਗੀ, ਸੁਹਾਗਣ ਰੂਪ ਵਖਾਵੇਗਾ । ਬਣ ਵੈਰਾਗੀ, ਵੈਰਾਗ ਇਕ ਉਪਜਾਵੇਗਾ । ਬਣ ਤਿਆਗੀ, ਤਿਆਗ ਇਕ ਸਮਝਾਵੇਗਾ । ਚਾਰੇ ਬਾਣੀ ਹੋਏ ਵਡਭਾਗੀ, ਵਡਭਾਗੀ ਭਾਗਾਂ ਭਰਿਆ ਘਰ ਇਕ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਇਕ ਜਣਾਵੇਗਾ । ਆਪਣਾ ਮਾਰਗ ਇਕ ਲਗਾਏਗਾ । ਪ੍ਰਭ ਸਵਾਮੀ ਦਇਆ ਕਮਾਏਗਾ । ਚਾਰੇ ਖਾਣੀ ਆਪ ਸਮਝਾਏਗਾ । ਸਾਚੀ ਬਾਣੀ ਨਾਮ ਜਣਾਏਗਾ । ਸ਼ਬਦ ਹਾਣੀ ਮੇਲ ਮਿਲਾਏਗਾ । ਤੂੰ ਮੇਰਾ ਮੈਂ ਤੇਰਾ ਬੋਲ ਇਕੋ ਇਕ ਪਰਗਟਾਏਗਾ । ਘਰ ਘਰ ਚੜ੍ਹੇ ਚਾਓ ਘਨੇਰਾ, ਦੁਖੀਆ ਰੂਪ ਨਾ ਕੋਇ ਵਖਾਏਗਾ । ਕਾਇਆ ਮੰਦਰ ਵਸੇ ਖੇੜਾ, ਬੰਦ ਖਿੜਕੀ ਆਪ ਖੁਲ੍ਹਾਏਗਾ । ਨੌ ਦਵਾਰੇ ਢਾਹੇ ਡੇਰਾ, ਦਸਮ ਦੁਆਰੀ ਬੂਝ ਬੁਝਾਏਗਾ । ਚਾਰ ਜੁਗ ਦਾ ਚੁੱਕੇ ਝੇੜਾ, ਛੱਤੀ ਛੱਤੀ ਪੰਧ ਮੁਕਾਏਗਾ । ਸਚ ਦੁਆਰ ਵਖਾਏ ਖੁਲ੍ਹਾ ਵਿਹੜਾ, ਭਗਤ ਭਗਵਾਨ ਪੜਦਾ ਲਾਹੇਗਾ । ਉਚਾ ਟਿੱਲਾ ਪਰਬਤ ਦਿਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਏਗਾ । ਆਵਣ ਜਾਵਣ ਲੱਖ ਚੁਰਾਸੀ ਚੁੱਕੇ ਗੇੜਾ, ਜਮ ਕੀ ਫਾਸੀ ਤੋੜ ਤੁੜਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਚਲਾਏਗਾ । ਸਾਚਾ ਮਾਰਗ ਇਕ ਚਲਾਵੇਗਾ । ਸ੍ਰੀ ਭਗਵਾਨ ਦਇਆ ਕਮਾਵੇਗਾ । ਧਰਮ ਨਿਸ਼ਾਨ ਇਕ ਉਠਾਵੇਗਾ । ਦੋ ਜਹਾਨ ਆਪ ਵਖਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਓਟ ਤਕਾਵੇਗਾ । ਚਾਰੇ ਖਾਣੀ ਬੋਝ ਹੌਲਾ ਭਾਰ ਕਰਾਵੇਗਾ । ਜਿਸ ਦੀ ਕਿਸੇ ਨਾ ਆਈ ਸੋਚ, ਸੋ ਸਾਚੀ ਸਮਝ ਸਮਝਾਵੇਗਾ । ਜਨ ਭਗਤਾਂ ਪੂਰੀ ਕਰੇ ਲੋਚ, ਆਸਾ ਆਪਣੇ ਨਾਲ ਮਿਲਾਵੇਗਾ । ਫੜ ਉਠਾਏ ਆਹਲਣਿਉਂ ਡਿਗੇ ਬੋਟ, ਹਰਿ ਜੂ ਗੋਦੀ ਆਪ ਬਹਾਵੇਗਾ । ਨੌ ਖੰਡ ਪ੍ਰਿਥਮੀ ਨਾਮ ਨਗਾਰਾ ਇਕੋ ਵੱਜੇ ਚੋਟ, ਘਰ ਘਰ ਡੰਕਾ ਆਪ ਸੁਣਾਵੇਗਾ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਕੱਢੇ ਖੋਟ, ਭਾਂਡਾ ਭਰਮ ਭੌ ਭੰਨਾਵੇਗਾ । ਕਰੇ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਮੇਟ ਮਿਟਾਵੇਗਾ । ਆਤਮ ਪਰਮਾਤਮ ਬੂਝ ਬੁਝਾਏ ਇਕੋ ਸੱਚੀ ਗੋਤ, ਦੂਜੀ ਵੰਡ ਨਾ ਕੋਇ ਵੰਡਾਵੇਗਾ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਆਦਿ ਜੁਗਾਦਿ ਸਦਾ ਬਹੁਤ, ਦੂਜਾ ਅੱਖਰ ਨਾ ਕੋਇ ਪੜ੍ਹਾਵੇਗਾ । ਭਗਤ ਭਗਵਾਨ ਰਲ ਕੇ ਦੋਵੇਂ ਮਾਨਣ ਸੱਚੀ ਮੌਜ, ਮਜਲਸ ਆਪਣੇ ਘਰ ਲਗਾਵੇਗਾ । ਜਿਸ ਦੁਆਰੇ ਕੋਈ ਨਾ ਸਕੇ ਪਹੁੰਚ, ਤਿਸ ਮੰਦਰ ਸੋਭਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਸਗਨ ਇਕ ਮਨਾਵੇਗਾ । ਪ੍ਰਭ ਸਾਚਾ ਸਗਨ ਮਨਾਏਗਾ । ਭਗਤ ਭਗਵਾਨ ਅੰਗ ਲਗਾਏਗਾ । ਸੂਰਾ ਸਰਬੰਗ ਵੇਖ ਵਖਾਏਗਾ । ਨਾਮ ਮਰਦੰਗ ਇਕ ਵਜਾਏਗਾ । ਸਚ ਦੁਆਰੇ ਆਪੇ ਲੰਘ, ਮਹੱਲ ਅਟੱਲ ਡੇਰਾ ਲਾਏਗਾ । ਦੂਜੀ ਦਿਸੇ ਨਾ ਕੋਈ ਵੰਡ, ਪਰਮਾਤਮ ਆਤਮ ਆਪ ਸਮਝਾਏਗਾ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਢੋਲਾ ਸੱਚਾ ਛੰਦ, ਨਿਰਗੁਣ ਨਿਰਗੁਣ ਨਿਰਗੁਣ ਨਿਰਗੁਣ ਨਾਮ ਇਕ ਸਮਝਾਏਗਾ । ਸਿਫ਼ਤੀ ਨਾਮ ਮੁੱਕੇ ਪੰਧ, ਸਾਲਾਹਣ ਯੋਗ ਆਪ ਅਖਵਾਏਗਾ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਸ਼ ਰਹਿਮਤ ਆਪ ਕਮਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਨੰਦ ਇਕ ਅਨੇਕ ਘਰ ਵਖਾਏਗਾ ।

✪ ੫ ਅੱਸੂ ੨੦੨੦ ਬਿਕਰਮੀ ਮਲ ਸਿੰਘ ਦੇ ਗ੍ਰਿਹ ਰਜੀ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਨਾਮ ਅੰਦਰ ਬਾਣੀ ਬਣਤ, ਬਾਣੀ ਸ਼ਬਦ ਗੁਰੂ ਵਡਿਆਈਆ । ਮਾਤ ਪਰਗਟਾਏ ਸਤਿਗੁਰ ਸੰਤ, ਹਰਿ ਸੱਜਣ ਦਇਆ ਕਮਾਈਆ । ਮਹਿੰਮਾ ਜਣਾਏ ਸਦਾ ਬੇਅੰਤ, ਬੇਅੰਤ ਬੇਪਰਵਾਹੀਆ । ਦੇਵੇ ਵਡਿਆਈ ਜੀਵ ਜੰਤ, ਜਗਦੀਸ਼ ਹੋਏ ਸਹਾਈਆ । ਕੂੜੀ ਕਿਰਿਆ ਗੜ੍ਹ ਤੋੜੇ ਹੰਗਤ, ਹੰ ਬ੍ਰਹਮ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਗੁਰ ਸ਼ਬਦ ਧਾਰ ਜਗਤ ਬਾਣੀ, ਅੱਖਰ ਅੱਖਰ ਅੱਖਰ ਬੰਧਨ ਪਾਈਆ । ਹਰਿ ਕੀ ਧਾਰ ਬੇਪਹਿਚਾਨੀ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਆਪ ਟਿਕਾਏ ਮਹੱਲ ਅਟੱਲ ਉਚ ਮਕਾਨੀ, ਥਿਰ ਘਰ ਸਾਚੇ ਦੇਵੇ ਵਡਿਆਈਆ । ਜੁਗ ਚੌਕੜੀ ਕਰ ਪਰਧਾਨੀ, ਹੁਕਮੀ ਰੂਪ ਹਾਕਮ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਈਆ । ਸਤਿਗੁਰ ਬੋਲ ਜਗਤ ਬਾਣੀ, ਲੋਕਮਾਤ ਮਿਲੇ ਵਡਿਆਈਆ । ਹਰਿ ਕੀ ਮਹਿਮਾ ਸਿਫ਼ਤ ਕਹਾਣੀ, ਸਾਚੀ ਸਚ ਸਚ ਪੜ੍ਹਾਈਆ । ਦਰ ਦਰਵੇਸ਼ ਭਰੇ ਪਾਣੀ, ਬੀਸ ਬੀਸ ਸੇਵ ਕਮਾਈਆ । ਮੁੱਖੋ ਕਹੇ ਮੈਂ ਬਾਲ ਅਵਾਣੀ, ਪ੍ਰਭ ਤੇਰੀ ਸਮਝ ਕੋਇ ਨਾ ਆਈਆ । ਤੇਰੇ ਹੁਕਮੇ ਅੰਦਰ ਖੇਲਿਆ ਖੇਲ ਦੋ ਜਹਾਨੀ, ਨਿਰਗੁਣ ਸਰਗੁਣ ਤੇਰਾ ਰਾਗ ਅਲਾਈਆ । ਲੇਖਾ ਕੋਈ ਨਾ ਜਾਣੇ ਚਾਰ ਖਾਣੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਤਿਗੁਰ ਨਾਮ ਬਾਣੀ ਢੋਲਾ, ਜੁਗ ਚੌਕੜੀ ਰਾਗ ਅਲਾਈਆ , ਬੇਪਰਵਾਹ ਅਗੰਮ ਅਤੋਲਾ, ਤੋਲ ਵਿਚ ਕਦੇ ਨਾ ਆਈਆ । ਸਚ ਦੁਆਰਾ ਜਿਸ ਨੇ ਖੋਲ੍ਹਾ, ਬਣ ਵਣਜਾਰਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਉਂ ਇਕ ਦਰਸਾਈਆ । ਚਾਰੇ ਬਾਣੀ ਸਿਫ਼ਤੀ ਧਾਰ, ਰਸਨਾ ਜਿਹਵਾ ਨਾਲ ਮਿਲਾਈਆ । ਬੱਤੀ ਦੰਦ ਕਰ ਪਿਆਰ, ਮੁਖਬੰਦ ਛੰਦ ਸੁਣਾਈਆ । ਅੰਤਰ ਕੋਈ ਨਾ ਪਾਵੇ ਸਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਬਾਹਰੋ ਕੂਕ ਕਰੇ ਪੁਕਾਰ, ਰੌਲਾ ਪਾਵੇ ਵਾਹੋ ਦਾਹੀਆ । ਉਠੋ ਵੇਖੋ ਹਰਿ ਕਰਤਾਰ, ਕਰਤਾ ਕੁਦਰਤ ਖੇਲ ਰਚਾਈਆ । ਸਰਬ ਜੀਅ ਦਾ ਸਾਂਝਾ ਯਾਰ, ਸਾਚੇ ਤਖ਼ਤ ਸੋਭਾ ਪਾਈਆ । ਲੇਖਾ ਜਾਣੇ ਧੁਰ ਦਰਬਾਰ, ਦਰਗਹਿ ਸਾਚੀ ਵੇਖ ਵਖਾਈਆ । ਕਾਗਦ ਕਲਮ ਦਏ ਅਧਾਰ, ਸ਼ਹਿਨਸ਼ਾਹ ਸ਼ਾਹੀ ਟਿੱਕਾ ਆਪ ਲਗਾਈਆ । ਜੋ ਸਿਫ਼ਤ ਕਰੇ ਹਰਿ ਮੀਤ ਮੁਰਾਰ, ਸੋ ਬਾਣੀ ਚਾਰੇ ਖਾਣੀ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖ ਦਏ ਜਣਾਈਆ । ਹਰਿ ਕਾ ਨਾਉਂ ਬਾਣੀ ਓਟ, ਨਿਤ ਨਵਿਤ ਦਇਆ ਕਮਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਸ਼ਬਦੀ ਧਾਰ ਵਹਾਇੰਦਾ । ਸ਼ਬਦ ਜੈਕਾਰਾ ਸੁਣਾਏ ਸਾਚੇ ਕੋਟ, ਕਿਲਾ ਬੰਕ ਆਪ ਵਡਿਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪ ਦ੍ਰਿੜਾਇੰਦਾ । ਧੁਰ ਦਾ ਲੇਖਾ ਸਚ ਪੈਗਾਮ, ਗੁਰ ਅਵਤਾਰ ਪੀਰ ਪੈਗੰਬਰ ਕਰੇ ਪੜ੍ਹਾਈਆ । ਹੁਕਮ ਦੇਵੇ ਧੁਰ ਫ਼ਰਮਾਨ, ਧੁਰ ਦਾ ਲੇਖਾ ਆਪ ਜਣਾਈਆ । ਅੰਤਰ ਆਤਮ ਕਰੇ ਪਰਵਾਨ, ਪਰਵਾਨਾ ਇਕੋ ਇਕ ਜਣਾਈਆ । ਨਾਲ ਮਿਲਾਏ ਰਸਨਾ ਜਿਹਵਾ ਜ਼ਬਾਨ, ਸਾਚੀ ਸਿਖਿਆ ਇਕ ਸਿਖਾਈਆ । ਉਚੀ ਕੂਕ ਕਰੇ ਕਲਿਆਣ, ਕਲਮਾ ਨਬੀ ਰੂਪ ਵਟਾਈਆ । ਨਬੀ ਰਸੂਲ ਮੰਨੇ ਈਮਾਨ, ਅਮਲ ਇਕੋ ਇਕ ਸਮਝਾਈਆ । ਅਮਲ ਆਮਲ ਵਿਚ

ਜਹਾਨ, ਕਾਮਲ ਮੁਰਸ਼ਦ ਵੇਖ ਵਖਾਈਆ । ਕਾਤਬ ਲੇਖਾ ਲਿਖੇ ਕਲਾਮ, ਅੱਖਰ ਅੱਖਰ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਏਕਾ ਸ਼ਬਦ ਦਏ ਵਡਿਆਈਆ । ਸ਼ਬਦ ਸੰਦੇਸ਼ਾ ਨਾਮ ਰੰਗ, ਹਰਿ ਕਰਤਾ ਆਪ ਚੜ੍ਹਾਇੰਦਾ । ਧੁਰ ਦੀ ਖੇਲ ਸੂਰਾ ਸਰਬੰਗ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਥਿਰ ਘਰ ਸਾਚੇ ਆਪ ਵਖਾਇੰਦਾ । ਸਚ ਮਰਦੰਗਾ ਵਜਾਏ ਮਰਦੰਗ, ਮਰਦ ਮਰਦਾਨਾ ਆਪਣੀ ਕਾਰ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਚੀ ਸੇਜ ਮਾਣ ਪਲੰਘ, ਸੋਭਾਵੰਤ ਸੋਭਾ ਪਾਇੰਦਾ । ਦੇਵਣਹਾਰ ਇਕ ਅਨੰਦ, ਸਾਚਾ ਰਸ ਆਪ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਮਾਰਗ ਆਪੇ ਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰਗ ਲਾਏ, ਰਾਹ ਇਕੋ ਇਕ ਜਣਾਈਆ । ਸਾਚਾ ਨਾਮ ਇਕ ਸਮਝਾਏ, ਸਿਖਿਆ ਸਚ ਕਰੇ ਪੜ੍ਹਾਈਆ । ਦੋਏ ਜੋੜ ਮੰਗੋ ਇਕ ਸਰਨਾਏ, ਸਰਨਗਤ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰੇ ਸਚ ਪੜ੍ਹਾਈਆ । ਸਚ ਪੜ੍ਹਾਈ ਕਰਾਏ ਆਪ, ਹਰਿ ਆਪਣੀ ਦਇਆ ਕਮਾਇੰਦਾ । ਧੁਰ ਦਾ ਬੋਲ ਸ਼ਬਦੀ ਜਾਪ, ਸਾਚਾ ਢੋਲਾ ਰਾਗ ਅਲਾਇੰਦਾ । ਮਿਲੇ ਵਡਿਆਈ ਲੋਕਮਾਤ, ਨਿਰਗੁਣ ਸਰਗੁਣ ਖੇਲ ਵਖਾਇੰਦਾ । ਵਸਤ ਅਮੋਲਕ ਦੇ ਦਾਤ, ਸਾਚੀ ਸੇਵਾ ਆਪ ਸਮਝਾਇੰਦਾ । ਰਸਨਾ ਜਿਹਵਾ ਗਾਇਣ ਗਾਥ, ਅੰਤਰ ਸੰਦੇਸਾ ਇਕ ਸੁਣਾਇੰਦਾ । ਕਲਮ ਸ਼ਾਹੀ ਲਿਖ ਦਵਾਤ, ਕਾਗ਼ਜ਼ ਕਲਮਬੰਦ ਕਰਾਇੰਦਾ । ਭੇਵ ਨਾ ਜਾਣੇ ਕੋਈ ਅਰਥਾਤ, ਅਥਵਾ ਆਪਣਾ ਹੁਕਮ ਸੁਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੋਕਮਾਤ ਖੋਲ੍ਹ ਜਮਾਤ, ਸਾਚੀ ਪੱਟੀ ਇਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚਾ ਨਾਉਂ ਕਰ ਪਰਕਾਸ਼, ਪਰਕਾਸ਼ਵਾਨ ਸਮਝਾਈਆ । ਰਸਨਾ ਗਾਓ ਸਵਾਸ ਸਵਾਸ, ਗੁਰ ਅਵਤਾਰ ਪੀਰ ਪੈਗ਼ੰਬਰ ਧੰਦੇ ਲਾਈਆ । ਅੰਤਰ ਬਾਹਰ ਰੱਖੋ ਇਕੋ ਆਸ, ਪੁਰਖ ਅਕਾਲ ਮਨਾਈਆ । ਲੇਖਾ ਲਿਖੋ ਵਿਚ ਕਾਇਨਾਤ, ਕਲਮਾ ਨਬੀ ਰਸੂਲ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਫ਼ਤੀ ਢੋਲਾ ਇਕ ਸਮਝਾਈਆ । ਸਾਚੇ ਨਾਮ ਸਾਰੇ ਕਰੋ ਸਿਫ਼ਤ, ਸ਼ਾਹ ਪਾਤਸ਼ਾਹ ਆਪ ਜਣਾਈਆ । ਹੁਕਮੇ ਅੰਦਰ ਹੋਵੋ ਗਰਿਫ਼ਤ, ਬੰਧਨ ਆਪਣਾ ਆਪ ਬੰਧਾਈਆ । ਨਾਮ ਬਾਣੀ ਜਣਾਓ ਦੋਜ਼ਖ਼ ਬਹਿਸ਼ਤ, ਸਵਰਗ ਨਰਕ ਵੰਡ ਵੰਡਾਈਆ । ਹਰਿ ਕਾ ਸਭ ਤੋ ਬਾਹਰ ਇਸ਼ਟ, ਈਸ਼ਵਰ ਆਪਣੀ ਧਾਰ ਸਮਝਾਈਆ । ਜੁਗ ਚੌਕੜੀ ਬਿਨ ਬਾਣੀ ਖੋਲ੍ਹੇ ਭਗਤਾਂ ਦ੍ਰਿਸ਼ਟ, ਦ੍ਰਿਸ਼ਟੀ ਆਪਣੀ ਉਪਰ ਪਾਈਆ । ਆਪਣੇ ਦੁਆਰੇ ਰੱਖੇ ਸਾਚੀ ਫ਼ਰਿਸਤ, ਦੂਜੇ ਹੱਥ ਨਾ ਕਿਸੇ ਫੜਾਈਆ । ਚਾਰ ਜੁਗ ਕੋਈ ਲੱਭ ਨਾ ਸਕੇ ਲਿਸਟ, ਅਗਲਾ ਹੁਕਮ ਨਾ ਕੋਇ ਜਣਾਈਆ । ਜੋ ਕੋਈ ਆਇਆ ਸੋ ਇਸ਼ਾਰਾ ਦੇ ਕੇ ਗਿਆ ਭਵਿਖਤ, ਪਾਰਬ੍ਰਹਮ ਪ੍ਰਭ ਆਪਣੀ ਧਾਰ ਜਣਾਈਆ । ਸ਼ਹਾਦਤ ਦੇਵੇ ਬਾਣੀ ਲਿਖਤ, ਮੁਜਰਮ ਕਰੇ ਸਰਬ ਲੋਕਾਈਆ । ਲੱਖ ਚੁਰਾਸੀ ਕੋਈ ਨਾ ਬਣਿਆ ਜਿਗਰ ਲਖ਼ਤ, ਸਚ ਰੂਪ ਨਾ ਕੋਇ ਸਮਾਈਆ । ਅੰਤਮ ਸਭ ਨੂੰ ਪੈਣਾ ਵਖਤ, ਸਿਰ ਹੱਥ ਨਾ ਕੋਇ ਟਿਕਾਈਆ । ਹਰਿ ਕਾ ਭਾਣਾ ਜੁਗ ਜੁਗ ਸਖ਼ਤ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੋਕਮਾਤ ਪੰਜ ਤਤ ਕਾਇਆ ਦੇਂਦਾ ਰਿਹਾ ਸਜ਼ਾਈਆ । ਧੁਰ ਦਾ ਕੋਈ ਨਾ ਜਾਣੇ ਅੰਤਮ ਵਕ਼ਤ, ਵੇਲਾ ਸਚ ਨਾ ਕੋਇ ਦ੍ਰਿੜਾਈਆ । ਥੋੜਾ ਲੇਖਾ ਗੋਬਿੰਦ ਲਿਖਿਆ ਫ਼ਕਤ, ਫ਼ਿਕਰਾ ਇਕੋ ਨਾਮ ਸਮਝਾਈਆ । ਜਿਸ ਆਦਿ ਉਪਾਇਆ

ਜਗਤ, ਜੁਗਤ ਆਪਣੇ ਹੱਥ ਰਖਾਈਆ । ਸੋ ਤਾਰਨਹਾਰਾ ਭਗਤ, ਜਨ ਭਗਤ ਦੇਵੇ ਵਡਿਆਈਆ । ਤਿਸ ਦੁਆਰੇ ਸਚ ਨਾਮ ਦੀ ਇਕੋ ਬਰਕਤ, ਦੂਜੀ ਵਸਤ ਮੰਗਣ ਕੋਇ ਨਾ ਆਈਆ । ਤਿਸ ਸਾਹਿਬ ਦੀ ਨਜ਼ਰ ਕਿਸੇ ਨਾ ਆਏ ਹਰਕਤ, ਦੋ ਜਹਾਨਾਂ ਖੇਲ ਕਰੇ ਚਾਈਂ ਚਾਈਆ । ਨਿਰਵੈਰ ਪੁਰਖ ਅਜੂਨੀ ਰਹਿਤ ਆਪੇ ਹੋਵੇ ਪਰਗਟ, ਮਾਤ ਪਿਤ ਜਨਨੀ ਜਨ ਕੁੱਖ ਨਾ ਕੋਇ ਰਖਾਈਆ । ਸਚ ਦੁਆਰਾ ਖੋਲ੍ਹੇ ਹੱਟ, ਨਾਮ ਭੰਡਾਰਾ ਇਕ ਵਰਤਾਈਆ । ਬਾਣੀ ਕਹੇ ਮੈਂ ਤੇਰਾ ਗਾਵਾਂ ਜਸ, ਬਣ ਸੇਵਕ ਸੇਵ ਕਮਾਈਆ । ਬਿਨ ਤੇਰੇ ਦੁਆਰਿਉਂ ਪ੍ਰਭ ਮੇਰੀ ਪੂਰੀ ਕਰੇ ਨਾ ਕੋਇ ਆਸ, ਖ਼ਾਲੀ ਝੋਲੀ ਰਹੀ ਵਖਾਈਆ । ਕਲਜੁਗ ਅੰਤ ਮੇਰੇ ਨੱਕ ਨੱਥ ਤੁੱਟਾ ਬਲਾਕ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਸੱਚਾ ਸੱਜਣ ਰਿਹਾ ਨਾ ਕੋਈ ਸਾਕ, ਨਾਤਾ ਤੁਟਾ ਭੈਣ ਭਾਈਆ । ਘਰ ਘਰ ਦਰ ਦਰ ਜਾ ਕੇ ਕਲਜੁਗ ਜੀਵਾਂ ਰਹੀ ਆਖ, ਸੁਤਿਆਂ ਮਾਤ ਜਗਾਈਆ । ਜੋ ਗੋਬਿੰਦ ਗਿਆ ਭਾਖ, ਸੋ ਸਾਹਿਬ ਫੇਰਾ ਪਾਈਆ । ਉਠੋ ਛੇਤੀ ਖੋਲ੍ਹੋ ਆਪਣਾ ਤਾਕ, ਬੰਦ ਕਿਵਾੜੀ ਕੁੰਡਾ ਲਾਹੀਆ । ਨੇਤਰ ਪੇਖੋ ਆਦਿ ਜੁਗਾਦੀ ਸਚਾ ਬਾਪ, ਪਿਤਾ ਪੁਰਖ ਇਕੋ ਨਜ਼ਰੀ ਆਈਆ । ਜਿਸ ਨੇ ਸ਼ਬਦ ਬਾਣੀ ਅੱਖਰ ਦੱਸਿਆ ਜਾਪ, ਸੋ ਬਿਨ ਅੱਖਰਾਂ ਅੱਖ ਰਿਹਾ ਮਿਲਾਈਆ । ਕੋਟ ਜਨਮ ਦੇ ਉਤਾਰੇ ਪਾਪ, ਪੰਜ ਤਤ ਕਰੇ ਸਫਾਈਆ । ਅੰਤ ਕੰਤ ਭਗਵੰਤ ਲਏ ਰਾਖ, ਮਿਹਰ ਨਜ਼ਰ ਇਕ ਉਠਾਈਆ । ਜਿਸ ਦਾ ਸਿਮਰਨ ਪੂਜਾ ਇਕੋ ਪਾਠ, ਆਤਮ ਪਰਮਾਤਮ ਰਾਗ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਸੋਹੰ ਦੇਵਣਹਾਰਾ ਸਾਚੀ ਦਾਤ, ਦਰ ਘਰ ਘਰ ਸਾਚੇ ਝੋਲੀ ਪਾਈਆ ।


੪੧੯


੧੫

### ✪ ੫ ਅੱਸੂ ੨੦੨੦ ਬਿਕਰਮੀ ਸੁਰੈਣ ਸਿੰਘ ਦੇ ਗ੍ਰਿਹਿ ਨਿਧਾਂ ਵਾਲੀ ਜ਼ਿਲਾ ਫ਼ਿਰੋਜ਼ਪੁਰ ✪

ਪੁਰਖ ਅਕਾਲ ਕਿਰਪਾ ਕਰ, ਗੁਰ ਅਵਤਾਰ ਬੈਠੇ ਧਿਆਨ ਲਗਾਈਆ । ਪਰਵਰਦਿਗਾਰ ਦੇ ਵਰ, ਪੀਰ ਪੈਗ਼ੰਬਰ ਵਾਸਤਾ ਪਾਈਆ । ਦਰ ਦਰਵੇਸ਼ ਭਗਤ ਰਹੇ ਖੜ, ਨੇਤਰ ਨੈਣਾਂ ਨੀਰ ਵਹਾਈਆ । ਸੰਤ ਸੁਹੇਲੇ ਤੇਰਾ ਨਾਉਂ ਰਹੇ ਪੜ੍ਹ, ਅੰਤਰ ਆਤਮ ਧਿਆਨ ਲਗਾਈਆ । ਗੁਰਮੁਖ ਤੋੜ ਹੰਕਾਰੀ ਗੜ੍ਹ, ਭਾਂਡਾ ਭਰਮ ਭੌ ਭੰਨਾਈਆ । ਗੁਰਸਿਖ ਚਰਨੀ ਡਿਗਣ ਦੜ, ਧੂੜੀ ਟਿੱਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਫੇਰਾ ਪਾਈਆ । ਨਿਰਗੁਣ ਦਾਤੇ ਵਡ ਮਿਹਰਵਾਨ, ਤੇਰੀ ਓਟ ਇਕ ਤਕਾਈਆ । ਗੁਰ ਅਵਤਾਰ ਮੰਗਣ ਦਾਨ, ਦੋਏ ਜੋੜ ਵਾਸਤਾ ਪਾਈਆ । ਪੀਰ ਪੈਗ਼ੰਬਰ ਕਰਨ ਸਲਾਮ, ਸਜਦਾ ਸੀਸ ਝੁਕਾਈਆ । ਭਗਤ ਭਗਵਾਨ ਮੰਗਣ ਦਾਨ, ਚਰਨ ਚਰਨੋਦਕ ਏਕਾ ਮੁਖ ਚੁਆਈਆ । ਸੰਤ ਸੁਹੇਲੇ ਮੰਨਣ ਆਣ, ਓਟ ਇਕੋ ਇਕ ਤਕਾਈਆ । ਗੁਰਮੁਖ ਤੇਰਾ ਢੋਲਾ ਗਾਣ, ਗੀਤ ਗੋਬਿੰਦ ਅਲਾਈਆ । ਗੁਰਸਿਖ ਚਰਨ ਕਵਲ ਕਵਲ ਚਰਨ ਕਰਨ ਧਿਆਨ, ਨਿਜ ਨੇਤਰ ਨੈਣ ਖੁਲ੍ਹਾਈਆ । ਕਰ ਕਿਰਪਾ ਸ੍ਰੀ ਭਗਵਾਨ, ਪਾਰਬ੍ਰਹਮ ਤੇਰੀ ਸਰਨਾਈਆ । ਸੋ ਪੁਰਖ ਨਿਰੰਜਣ ਹੋ ਪਰਧਾਨ, ਹਰਿ ਪੁਰਖ ਨਿਰੰਜਣ ਆਪਣਾ ਰੂਪ ਪਰਗਟਾਈਆ । ਏਕੰਕਾਰ ਬਣ ਬਲਵਾਨ, ਬਲਧਾਰੀ ਕਿਉਂ ਬੈਠਾ ਮੁਖ ਛੁਪਾਈਆ । ਆਦਿ ਨਿਰੰਜਣ ਜੋਤੀ ਨੂਰ ਖੇਲ ਮਹਾਨ, ਦੋ ਜਹਾਨ ਹੋਵੇ ਰੁਸ਼ਨਾਈਆ । ਅਬਿਨਾਸ਼ੀ ਕਰਤੇ ਖੋਲ੍ਹ ਦੁਕਾਨ, ਚੌਦਾਂ

ਲੋਕ ਹੱਟ ਚਲਾਈਆ । ਸ੍ਰੀ ਭਗਵਾਨ ਸਚ ਜਣਾ ਇਕ ਈਮਾਨ, ਸਿਦਕ ਸਬੂਰੀ ਇਕ ਵਖਾਈਆ । ਪਾਰਬ੍ਰਹਮ ਪ੍ਰਭ ਬੋਧ ਅਗਾਧਾ ਦੇ ਗਿਆਨ, ਅੱਖਰ ਅੱਖਰ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਜਿਸ ਘਰ ਵੱਜੇ ਨਾਮ ਵਧਾਈਆ । ਕਰ ਕਿਰਪਾ ਪ੍ਰਭ ਸਾਚੇ ਠਾਕਰ, ਚਰਨ ਕਵਲ ਤੇਰੇ ਵਡਿਆਈਆ । ਆਦਿ ਜੁਗਾਦੀ ਭੇਵ ਨਿਰਾਲਾ ਡੂੰਘਾ ਸਾਗਰ, ਗਹਿਰ ਗੰਭੀਰ ਸਮਝ ਕੋਇ ਨਾ ਪਾਈਆ । ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਕਰ ਕਰਤੇ ਕਾਦਰ, ਕੁਦਰਤ ਤੇਰਾ ਰਾਹ ਤਕਾਈਆ । ਜੋਧਾ ਸੂਰਬੀਰ ਬਣ ਬਹਾਦਰ, ਬਲ ਆਪਣਾ ਇਕ ਵਖਾਈਆ । ਨਿਰਮਲ ਕਰਮ ਕਰ ਉਜਾਗਰ, ਦੁਰਮਤ ਮੈਲ ਧਵਾਈਆ । ਸਾਚਾ ਵਣਜ ਮਿਲੇ ਹੱਟ ਸੌਦਾਗਰ, ਸੌਦਾ ਇਕੋ ਨਾਮ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾ ਸਾਚਾ ਘਰ, ਜਿਸ ਘਰ ਨੂਰ ਨੂਰ ਰੁਸ਼ਨਾਈਆ । ਕਿਰਪਾ ਕਰ ਸਤਿਗੁਰ ਗੋਪਾਲ, ਪ੍ਰਭ ਤੇਰੀ ਇਕ ਸਰਨਾਈਆ । ਆਦਿ ਜੁਗਾਦੀ ਦੀਨ ਦਿਆਲ, ਜੁਗ ਕਰਤਾ ਵਡ ਵਡਿਆਈਆ । ਨਿਰਧਨ ਸਰਧਨ ਕਰੇ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਕੂੜੀ ਕਿਰਿਆ ਤੋੜ ਜੰਜਾਲ, ਤ੍ਰੈਗੁਣ ਬੰਧਨ ਦੇ ਕਟਾਈਆ । ਦੀਆ ਬਾਤੀ ਦੀਪਕ ਜੋਤੀ ਦੇ ਬਾਲ, ਅਗਿਆਨ ਅੰਧੇਰ ਮਿਟਾਈਆ । ਸਚ ਦੁਆਰ ਵਖਾ ਸਚੀ ਧਰਮਸਾਲ, ਜਿਸ ਘਰ ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਸ਼ਬਦ ਅਗੰਮੀ ਵੱਜੇ ਤਾਲ, ਤਾਲ ਤਲਵਾੜਾ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਜਾਮ ਦੇ ਪਿਆਲ, ਸਾਚਾ ਸੀਰ ਮੁਖ ਚੁਆਈਆ । ਨਾਤਾ ਤੋੜ ਕੂੜੇ ਕਾਲ, ਮਹਾਂਕਾਲ ਮੁਖ ਭਵਾਈਆ । ਅੰਦਰ ਬਾਹਰ ਵਸ ਨਾਲ, ਦੂਰ ਦੁਰਾਡਾ ਪੰਧ ਮੁਕਾਈਆ । ਗੁਰਮੁਖ ਗੁਰਸਿਖ ਤੇਰੇ ਲੱਭਣ ਤੈਨੂੰ ਨਾਦੀ ਲਾਲ, ਨਿਜ ਨੇਤਰ ਨੈਣ ਉਠਾਈਆ । ਲੱਖ ਚੁਰਾਸੀ ਚਾਰ ਕੁੰਟ ਦਹਿ ਦਿਸ਼ਾ ਥੱਕੇ ਭਾਲ, ਸਮੁੰਦ ਸਾਗਰ ਉਚੇ ਟਿੱਲੇ ਪਰਬਤ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾ ਆਪਣਾ ਘਰ, ਜਿਸ ਘਰ ਵੱਜੇ ਨਾਮ ਵਧਾਈਆ । ਗੁਰ ਅਵਤਾਰ ਸਾਰੇ ਗੌਂਦੇ, ਨਾਅਰਾ ਇਕੋ ਇਕ ਜਣਾਈਆ । ਪੀਰ ਪੈਗ਼ੰਬਰ ਕਲਮਾ ਹੱਕ ਸੁਣੌਂਦੇ, ਕਾਇਨਾਤ ਕਰ ਪੜ੍ਹਾਈਆ । ਭਗਤ ਭਗਵੰਤ ਇਕ ਮਨੌਂਦੇ, ਦੂਜਾ ਇਸ਼ਟ ਨਾ ਕੋਇ ਬਣਾਈਆ । ਸੰਤ ਸਰਨ ਸਰਨਾਈ ਢਹਿ ਢਹਿ ਸੀਸ ਨਿਵੌਂਦੇ, ਧੂੜੀ ਟਿੱਕਾ ਮਸਤਕ ਲਾਈਆ । ਗੁਰਮੁਖ ਗੁਰ ਗੁਰ ਮੁਖ ਸਲਾਹੁੰਦੇ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਗੁਰਸਿਖ ਸਾਚੇ ਸੇਵ ਕਮੌਂਦੇ, ਚਾਕਰ ਪਾਖ਼ਾਕ ਰੂਪ ਵਟਾਈਆ । ਦੋਏ ਜੋੜ ਵਾਸਤਾ ਪੌਂਦੇ, ਦਰ ਇਕੋ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਕਲਜੁਗ ਅੰਧੇਰਾ ਰਿਹਾ ਛਾਈਆ । ਕਲਜੁਗ ਅੰਧੇਰਾ ਗਿਆ ਛਾ, ਚਾਰੋਂ ਕੁੰਟ ਸਾਚਾ ਚੰਦ ਨਜ਼ਰ ਨਾ ਆਈਆ । ਰਹਿਬਰ ਦਿਸੇ ਨਾ ਕੋਇ ਮਲਾਹ, ਬੇੜਾ ਨਈਆ ਪਾਰ ਨਾ ਕੋਇ ਕਰਾਈਆ । ਨਾਮ ਦੇਵੇ ਨਾ ਕੋਈ ਸਲਾਹ, ਪੈਗ਼ਾਮ ਸਚ ਨਾ ਕੋਇ ਸੁਣਾਈਆ । ਰਾਮ ਕ੍ਰਿਸ਼ਨ ਗਏ ਭੁਲਾ, ਇਸ਼ਟ ਦੇਵ ਸੀਸ ਜਗਦੀਸ ਨਾ ਕੋਇ ਝੁਕਾਈਆ । ਈਸਾ ਮੂਸਾ ਮੁਹੰਮਦ ਪਕੜੇ ਕੋਈ ਨਾ ਬਾਂਹ, ਪੱਲੂ ਛੱਡਿਆ ਸਰਬ ਲੋਕਾਈਆ । ਚੌਦਾਂ ਲੋਕ ਚੌਦਾਂ ਤਬਕ ਰੋਵਣ ਮਾਰਨ ਧਾਹ, ਸਾਚਾ ਸਬਕ ਨਾ ਕੋਇ ਸਮਝਾਈਆ । ਫਿਰੀ ਦਰੋਹੀ ਥਾਂ ਥਾਂ, ਸਚ ਤਦਬੀਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾ ਸਾਚਾ ਘਰ, ਜਿਸ ਘਰ ਤੇਰਾ ਰੂਪ ਨਜ਼ਰੀ ਆਈਆ । ਗੁਰ ਅਵਤਾਰ ਮੰਗਣ ਮੰਗ,

ਪ੍ਰਭ ਅੱਗੇ ਝੋਲੀ ਡਾਹੀਆ । ਪੀਰ ਪੈਗ਼ੰਬਰ ਬਣ ਮਲੰਗ, ਨਟੂਏ ਨਾਚ ਰਹੇ ਵਖਾਈਆ । ਭਗਤ ਭਗਵਾਨ ਦੇ ਅਨੰਦ, ਅਨੰਦ ਆਤਮ ਇਕ ਜਣਾਈਆ । ਸਾਚੇ ਸੰਤ ਕਹਿਣ ਦੂਈ ਦਵੈਤੀ ਢਾਹ ਕੰਧ, ਭਾਂਡਾ ਭਰਮ ਭੌ ਭੰਨਾਈਆ । ਗੁਰਮੁਖ ਕਹਿਣ ਤੇਰਾ ਨਾਉਂ ਛੰਦ, ਦੂਜਾ ਗੀਤ ਨਾ ਕੋਇ ਅਲਾਈਆ । ਗੁਰਸਿਖ ਕਹਿਣ ਆਵਣ ਜਾਵਣ ਮੁੱਕੇ ਪੰਧ, ਮਿਲੇ ਪ੍ਰਭ ਚਰਨ ਸਚੀ ਸਰਨਾਈਆ । ਜਗਤ ਰੰਡੇਪਾ ਚੁੱਕੇ ਰੰਡ, ਦੁਹਾਗਣ ਰੂਪ ਨਜ਼ਰ ਨਾ ਆਈਆ । ਮਿਲੇ ਠਾਕਰ ਸਾਹਿਬ ਬਖ਼ਸ਼ੰਦ, ਮਿਹਰ ਨਜ਼ਰ ਇਕ ਉਠਾਈਆ । ਘਰ ਪਰਕਾਸ਼ ਕਰੇ ਚੰਦ, ਜੋਤੀ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਦਰ ਤੇਰੇ ਬਹਿ ਬਹਿ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ਬਰ ਬੋਲ ਜੈਕਾਰ, ਜੈ ਜੈਕਾਰ ਸੁਣਾਈਆ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਹਰਿ ਪੁਰਖ ਨਿਰੰਜਣ ਵੇਸ ਵਟਾਈਆ । ਏਕੰਕਾਰ ਕਰ ਸ਼ਿੰਗਾਰ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਆਦਿ ਨਿਰੰਜਣ ਦੇ ਦੀਦਾਰ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤੇ ਖੋਲ੍ਹ ਕਿਵਾੜ, ਬੰਦ ਕਿਵਾੜੀ ਕੁੰਡਾ ਲਾਹੀਆ । ਸ੍ਰੀ ਭਗਵਾਨ ਕਰ ਪਿਆਰ, ਆਪ ਆਪਣਾ ਮੇਲ ਮਿਲਾਈਆ । ਪਾਰਬ੍ਰਹਮ ਪ੍ਰਭ ਦੇ ਆਧਾਰ, ਬ੍ਰਹਮ ਤੇਰੀ ਓਟ ਤਕਾਈਆ । ਭਗਤ ਸੁਹੇਲੇ ਰੋਵਣ ਜ਼ਾਰੋ ਜ਼ਾਰ, ਗੁਰ ਚੇਲੇ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਜਿਸ ਘਰ ਤੂ ਹੀ ਨਜ਼ਰੀ ਆਈਆ । ਪੀਰ ਪੈਗ਼ੰਬਰ ਗੁਰ ਅਵਤਾਰ ਰਹੇ ਉਡੀਕ, ਚਾਰੋ ਕੁੰਟ ਧਿਆਨ ਲਗਾਈਆ । ਕਲਜੁਗ ਵੇਲਾ ਆਇਆ ਅੰਤ ਨਜ਼ੀਕ, ਲਿਖਤ ਭਵਿਖਤ ਰਿਹਾ ਸਮਝਾਈਆ । ਪਰਗਟ ਹੋਵੇ ਲਾਸ਼ਰੀਕ, ਸ਼ਹਿਨਸ਼ਾਹ ਆਪਣਾ ਵੇਸ ਵਟਾਈਆ । ਜੋਤੀ ਜਾਮਾ ਪਾਏ ਠੀਕ, ਮਾਤ ਪਿਤ ਨਾ ਕੋਇ ਬਣਾਈਆ । ਸਚ ਜਣਾਏ ਇਕ ਪ੍ਰੀਤ, ਪ੍ਰੀਤੀਵਾਨ ਵੇਸ ਵਟਾਈਆ । ਆਤਮ ਪਰਮਾਤਮ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਢੋਲਾ ਦੱਸੇ ਇਕੋ ਗੀਤ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਕਾਇਆ ਕਾਅਬਾ ਮੰਦਰ ਮਸੀਤ, ਸ਼ਿਵਦਵਾਲਾ ਮੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਦਰ ਤੇਰੇ ਸੋਭਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਬੋਲ, ਨਾਅਰਾ ਤੇਰਾ ਨਾਮ ਲਗਾਈਆ । ਪਾਰਬ੍ਰਹਮ ਪ੍ਰਭ ਪੜਦਾ ਖੋਲ੍ਹ, ਖ਼ਾਲਕ ਖ਼ਲਕ ਰੂਪ ਜਣਾਈਆ । ਨਿਰਪੱਖ ਹੋ ਕੇ ਤੋਲ ਤੋਲ, ਚਾਰ ਵਰਨ ਰਹੇ ਨਾ ਕੋਇ ਲੜਾਈਆ । ਸਾਚੇ ਭਗਤ ਸੱਦ ਕੋਲ, ਦੂਰ ਦੁਰਾਡਾ ਪੰਧ ਮੁਕਾਈਆ । ਅੰਮ੍ਰਿਤ ਜਾਮ ਪਿਆ ਪੋਹਲ, ਰਸ ਇਕੋ ਇਕ ਵਖਾਈਆ । ਮਿਲੇ ਵਡਿਆਈ ਉਪਰ ਧੌਲ, ਧਰਨੀ ਧਰਤ ਸੋਭਾ ਪਾਈਆ । ਪੂਰਾ ਕਰ ਆਪਣਾ ਕੌਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਜੁਗ ਲੇਖਾ ਗਿਆ ਲਿਖਾਈਆ । ਠਾਕਰ ਹੋ ਕੇ ਸਤਿਗੁਰ ਬੌਹੜ, ਸੁਆਮੀ ਹੋ ਕੇ ਵੇਖ ਵਖਾਈਆ । ਜਨਮ ਕਰਮ ਦੀ ਲੱਗੀ ਔੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਲੱਖ ਚੁਰਾਸੀ ਬੂਟਾ ਹੋਇਆ ਕੌੜ, ਮਿਠਾ ਰੂਪ ਨਾ ਕੋਇ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਮਨ ਵਾਸਨਾ ਸ੍ਰਿਸ਼ਟ ਸਬਾਈ ਰਹੀ ਦੌੜ, ਅੰਤਰ ਆਤਮ ਧਿਆਨ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਜਿਸ ਘਰ ਵਸੇ ਸਚਾ ਮਾਹੀਆ । ਸਾਚਾ ਮਾਹੀ ਏਕੰਕਾਰ, ਦਰਗਹਿ ਸਾਚੀ ਸੋਭਾ ਪਾਇੰਦਾ । ਸਚਖੰਡ ਦੁਆਰਾ ਖੋਲ੍ਹ ਕਿਵਾੜ, ਗ੍ਰਿਹਿ ਮੰਦਰ ਡੇਰਾ ਲਾਇੰਦਾ । ਜੋਤੀ ਦੀਪਕ ਇਕੋ ਬਾਲ, ਨੂਰ ਨੁਰਾਨਾ ਡਗਮਗਾਇੰਦਾ । ਤਖ਼ਤ ਨਿਵਾਸੀ ਸ਼ਾਹ ਪਾਤਸ਼ਾਹ


੪੮੧ ੧੫

ਨੌਜਵਾਨ, ਨਿਰਵੈਰ ਪੁਰਖ ਆਪਣਾ ਖੇਲ ਕਰਾਇੰਦਾ । ਲੇਖਾ ਜਾਣੇ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਖੋਜ ਖੁਜਾਇੰਦਾ । ਝੁਲਾਵਣਹਾਰਾ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਉਠਾਇੰਦਾ । ਦੇਵਣਹਾਰਾ ਸਰਬ ਗਿਆਨ, ਗੁਰ ਅਵਤਾਰ ਪੀਰ ਪੈਗ਼ੰਬਰ ਨਿਸ਼ਅੱਖਰ ਆਪ ਪੜ੍ਹਾਇੰਦਾ । ਥਿਰ ਘਰ ਵਾਸੀ ਖੋਲ੍ਹ ਦੁਕਾਨ, ਸਾਚਾ ਰਹਿਬਰ ਇਕੋ ਹੱਟ ਚਲਾਇੰਦਾ । ਵਿਸ਼ਨ ਬ੍ਰਹਮਾ ਵਿਸ਼ਵ ਕਰ ਪਰਵਾਨ, ਸਚ ਪਰਵਾਨਾ ਇਕ ਫੜਾਇੰਦਾ । ਤ੍ਰੈਗੁਣ ਮਾਇਆ ਦੇ ਦੇ ਦਾਨ, ਧਨ ਦੌਲਤ ਝੋਲੀ ਪਾਇੰਦਾ । ਪੰਜ ਤਤ ਖੇਲ ਮਹਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪਣੀ ਗੰਢ ਵਖਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਘਰ ਘਰ ਨਿਰਮਲ ਜੋਤ ਜਗਾਇੰਦਾ । ਸ਼ਬਦ ਨਾਦ ਸੱਚੀ ਧੁਨਕਾਨ, ਅਨਹਦ ਨਾਦੀ ਨਾਦ ਵਜਾਇੰਦਾ । ਅੰਮ੍ਰਿਤ ਆਤਮ ਪੀਣ ਖਾਣ, ਸਰ ਸਰੋਵਰ ਇਕ ਪਰਗਟਾਇੰਦਾ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਦਾਨ, ਦਾਤਾ ਦਾਨੀ ਆਪ ਹੋ ਜਾਇੰਦਾ । ਸੁਰਤੀ ਸ਼ਬਦੀ ਖੇਲ ਗੋਪੀ ਕਾਹਨ, ਮੰਡਲ ਰਾਸ ਆਪ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਦਰ ਇਕ ਸਮਝਾਇੰਦਾ । ਸਾਚਾ ਮੰਦਰ ਸਚਖੰਡ, ਆਦਿ ਜੁਗਾਦਿ ਵੱਜੇ ਵਧਾਈਆ । ਨਾ ਕੋਈ ਸੂਰਜ ਨਾ ਕੋਈ ਚੰਦ, ਤਾਰਾ ਮੰਡਲ ਨਾ ਕੋਇ ਵਖਾਈਆ । ਨਾ ਕੋਈ ਗੀਤ ਨਾ ਕੋਈ ਛੰਦ, ਸ਼ਬਦੀ ਢੋਲਾ ਰਾਗ ਨਾ ਕੋਇ ਸੁਣਾਈਆ । ਨਾ ਕੋਈ ਰਸਨਾ ਜਿਹਵਾ ਬੱਤੀ ਦੰਦ, ਪੰਜ ਤਤ ਨਾ ਕੋਇ ਵਡਿਆਈਆ । ਨਾ ਕੋਈ ਖੜਗ ਖੰਡਾ ਚੰਡ ਪਰਚੰਡ, ਸ਼ਸਤਰ ਬਸਤਰ ਨਜ਼ਰ ਕੋਇ ਨਾ ਆਈਆ । ਨਾ ਕੋਈ ਅੰਦਰ ਬਾਹਰ ਜਾਏ ਲੰਘ, ਪਲੰਘ ਰੰਗੀਲਾ ਸੇਜ ਨਾ ਕੋਇ ਹੰਢਾਈਆ । ਨਾ ਕੋਈ ਨਾਰ ਕੰਤ ਅਨੰਦ, ਪਿਤਾ ਪੂਤ ਨਾ ਰੂਪ ਵਟਾਈਆ । ਨਾ ਕੋਈ ਰੂਪ ਨਾ ਕੋਈ ਰੰਗ, ਰੇਖ ਨਜ਼ਰ ਕੋਇ ਨਾ ਆਈਆ । ਨਾ ਕੋਈ ਸਾਥੀ ਨਾ ਕੋਈ ਸੰਗ, ਨਾ ਕੋਈ ਬੇੜਾ ਰਿਹਾ ਚਲਾਈਆ । ਨਾ ਕੋਈ ਜੀਉ ਨਾ ਕੋਈ ਪਿੰਡ, ਬ੍ਰਹਿਮੰਡ ਧਾਰ ਨਾ ਕੋਇ ਬੰਧਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰਾ ਇਕ ਸਮਝਾਈਆ । ਸਚਖੰਡ ਸਚ ਦੁਆਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਜਿਸ ਘਰ ਵਸੇ ਸਦਾ ਨਿਰੰਕਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸ਼ਬਦ ਸੁਤ ਕਰ ਤਿਆਰ, ਥਿਰ ਘਰ ਸਾਚੇ ਦਏ ਬਹਾਈਆ । ਹੁਕਮੇ ਅੰਦਰ ਕਰ ਪਿਆਰ, ਧੁਰ ਦੀ ਧਾਰ ਆਪ ਜਣਾਈਆ । ਬ੍ਰਹਿਮੰਡ ਖੰਡ ਰਚ ਸੰਸਾਰ, ਪੁਰੀ ਲੋਅ ਆਕਾਸ਼ ਪਰਕਾਸ਼ ਨਿਰਗੁਣ ਨੂਰ ਚੰਦ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਸੇਵਾਦਾਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੁਗ ਚੌਕੜੀ ਖੋਲ੍ਹ ਕਿਵਾੜ, ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬੰਧਨ ਪਾਈਆ । ਪਰਗਟ ਕਰ ਗੁਰੂ ਅਵਤਾਰ, ਪੀਰ ਪੈਗ਼ੰਬਰ ਨਾਲ ਮਿਲਾਈਆ । ਧੁਰ ਸੰਦੇਸ਼ਾ ਏਕਾ ਵਾਰ, ਇਕ ਇਕੱਲਾ ਆਪ ਜਣਾਈਆ । ਕਰੇ ਖੇਲ ਅਗੰਮ ਅਪਾਰ, ਅਗੋਚਰ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਦਰ ਰਿਹਾ ਸਮਝਾਈਆ । ਸਚ ਦੁਆਰਾ ਇਕੋ ਮੰਦਰ, ਸਚਖੰਡ ਨਿਵਾਸੀ ਆਪ ਜਣਾਇੰਦਾ । ਸ੍ਰੀ ਭਗਵਾਨ ਵਸੇ ਅੰਦਰ, ਨਿਰਗੁਣ ਆਪਣਾ ਨੂਰ ਪਰਗਟਾਇੰਦਾ । ਨਾ ਕੋਈ ਬਾਹਰ ਲਾਏ ਤਾਲਾ ਜੰਦਰ, ਬੰਦ ਕਿਵਾੜੀ ਨਾ ਕੋਇ ਵਖਾਇੰਦਾ । ਨਾ ਕੋਈ ਪਾਏ ਸਾਰ ਡੂੰਘਾ ਖੰਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲ ਇਕ ਸੁਹਾਇੰਦਾ । ਸਚਖੰਡ ਦੁਆਰ

੪੮੨ ੧੫

ਉਚ ਮਹੱਲਾ, ਸੋ ਸਾਹਿਬ ਆਪ ਬਣਾਈਆ । ਜਿਸ ਘਰ ਵਸੇ ਇਕ ਇਕੱਲਾ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਜੁਗ ਸਚ ਸੰਦੇਸ਼ ਲੋਕਮਾਤ ਘੱਲਾ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਕਰੀ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗੰਬਰ ਸਤਿ ਸਰੂਪ ਫੜਾਇਆ ਪੱਲਾ, ਪੱਲੂ ਸ਼ਬਦੀ ਗੰਢ ਪਵਾਈਆ । ਭਗਤ ਭਗਵਾਨ ਜੋਤੀ ਧਾਰ ਆਪੇ ਰਲਾ, ਸ਼ਬਦੀ ਨਾਦ ਧੁਨ ਸ਼ਨਵਾਈਆ । ਸੰਤ ਸੁਹੇਲੇ ਸਚ ਦੁਆਰੇ ਨਿਰਵੈਰ ਹੋ ਕੇ ਖਲਾ, ਰੂਪ ਅਨੂਪ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤ ਅੰਤ ਸਮਝਾਈਆ । ਕਲਜੁਗ ਅੰਤ ਸ੍ਰੀ ਭਗਵਾਨ, ਸਾਹਿਬ ਸਤਿਗੁਰ ਆਪ ਜਣਾਈਆ । ਗੁਰ ਅਵਤਾਰ ਕਰੋ ਧਿਆਨ, ਪੀਰ ਪੈਗੰਬਰ ਅੱਖ ਖੁਲ੍ਹਾਈਆ । ਸਾਚੇ ਭਗਤ ਕਰੋ ਪਹਿਚਾਨ, ਭਗਵਨ ਆਪਣਾ ਪੜਦਾ ਲਾਹੀਆ । ਸੰਤ ਸੁਹੇਲੇ ਮੰਗੋ ਦਾਨ, ਦਰ ਭਿਖਾਰੀ ਵੇਸ ਵਟਾਈਆ । ਗੁਰਮੁਖ ਗੁਰ ਗੁਰ ਦਰਸ਼ਨ ਕਰੋ ਸ੍ਰੀ ਭਗਵਾਨ, ਪੁਰਖ ਅਕਾਲ ਇਕੋ ਨਜ਼ਰੀ ਆਈਆ । ਗੁਰਸਿਖ ਰਸਨਾ ਬੋਲੋ ਸਚ ਜ਼ਬਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦਏ ਜਣਾਈਆ । ਸਾਚਾ ਭੇਵ ਖੋਲ੍ਹੇ ਭਗਵੰਤ, ਧਰਮ ਦੁਆਰਾ ਇਕ ਜਣਾਇੰਦਾ । ਆਦਿ ਜੁਗਾਦਿ ਮਹਿੰਮਾ ਅਗਣਤ, ਸ਼ਾਸਤਰ ਸਿਮਰਤ ਵੇਦ ਭੇਵ ਕੋਇ ਨਾ ਪਾਇੰਦਾ । ਜੁਗ ਚੌਕੜੀ ਸੁਣਾਵਣਹਾਰਾ ਸਾਚਾ ਮੰਤ, ਬੋਧ ਅਗਾਧ ਨਾਮ ਸਮਝਾਇੰਦਾ । ਲੱਖ ਚੁਰਾਸੀ ਬਣ ਬਣ ਕੰਤ, ਘਰ ਸੁਹੰਜਣੀ ਸੇਜ ਹੰਢਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਬਣਾਏ ਬਣਤ, ਘੜਨ ਭੰਨਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸਾ ਇਕ ਅਲਾਇੰਦਾ । ਧੁਰ ਸੰਦੇਸਾ ਸੁਣੋ ਸੱਜਣ, ਸੋ ਸਤਿਗੁਰ ਆਪ ਜਣਾਈਆ । ਕਲਜੁਗ ਅੰਤ ਖੇਲ ਸੂਰਾ ਸਰਬੰਗਨ, ਸ਼ਾਹ ਪਾਤਸ਼ਾਹ ਆਪ ਸਮਝਾਈਆ । ਚਾਰ ਵਰਨ ਕਰਾਏ ਇਕੋ ਮਜਨ, ਸਤਿ ਸਰੋਵਰ ਨਾਮ ਨੁਹਾਈਆ । ਕੂੜੀ ਕਿਰਿਆ ਭਾਂਡੇ ਭੱਜਣ, ਦੂਈ ਦਵੈਤੀ ਡੇਰਾ ਢਾਹੀਆ । ਗੁਰਮੁਖ ਗੁਰਸਿਖ ਹਰਿਜਨ ਸੰਤ ਸੁਹੇਲੇ ਆਵੇ ਸੱਦਣ, ਸੱਦਾ ਇਕੋ ਨਾਮ ਸੁਣਾਈਆ । ਸ਼ਬਦ ਨਗਾਰਾ ਹੋ ਕੇ ਆਏ ਵੱਜਣ, ਦੋ ਜਹਾਨਾਂ ਨਾਦ ਅਲਾਈਆ । ਜਨ ਭਗਤਾਂ ਅੰਦਰ ਵੜ ਕੇ ਵਸਣ ਆਏ ਹੋ ਕੇ ਮਘਨ, ਨਿਰਗੁਣ ਜੋਤ ਕਰ ਰੁਸ਼ਨਾਈਆ । ਤ੍ਰੈਗੁਣ ਬੁਝਾਵਣ ਆਏ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਨੌਂ ਦੁਆਰੇ ਪਾਰ ਕਰੇ ਹੱਦਨ, ਦਸਮ ਦੁਆਰੀ ਡੇਰਾ ਲਾਈਆ । ਸੁਆਮੀ ਠਾਕਰ ਮਿਲੇ ਸੱਜਣ, ਸਹਿਜ ਸੁਭਾਓ ਮੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਦ੍ਰਿੜਾਈਆ । ਸਚ ਦੁਆਰਾ ਕਾਇਆ ਗੜ੍ਹ, ਘਰ ਘਰ ਵਿਚ ਆਪ ਸੁਹਾਇਆ । ਗੁਰਮੁਖ ਵੇਖ ਅੰਦਰ ਵੜ, ਸਤਿਗੁਰ ਪੂਰਾ ਰਿਹਾ ਸਮਝਾਇਆ । ਨੌਂ ਦੁਆਰੇ ਪਾਰ ਕਰ, ਆਸਾ ਤ੍ਰਿਸਨਾ ਮੇਟ ਮਿਟਾਇਆ । ਸੁਖਮਨ ਟੇਢੀ ਬੰਕ ਚੁੱਕੇ ਡਰ, ਈੜਾ ਪਿੰਗਲ ਮੁਖ ਸ਼ਰਮਾਇਆ । ਨਿਰਭੌ ਚੁਕਾਏ ਭੈ ਡਰ, ਭਿਆਨਕ ਨਜ਼ਰ ਕੋਇ ਨਾ ਆਇਆ । ਅੰਮ੍ਰਿਤ ਨੁਹਾਏ ਸਾਚੇ ਸਰ, ਦੁਰਮਤ ਮੈਲ ਧਵਾਇਆ । ਏਕਾ ਅੱਖਰ ਲੈਣਾ ਪੜ੍ਹ, ਢੋਲਾ ਰਾਗ ਜਣਾਇਆ । ਅਨਹਦ ਤਾਲ ਵੱਜੇ ਤੜ ਤੜ, ਕਾਇਆ ਧੜ ਭਾਗ ਵਖਾਇਆ । ਬੰਦ ਕਿਵਾੜੀ ਖੁਲ੍ਹੇ ਤਾਲ, ਬਜਰ ਕਪਾਟੀ ਡੇਰਾ ਢਾਹਿਆ । ਆਤਮ ਸੇਜਾ ਜਾਣਾ ਚੜ੍ਹ, ਸੇਜ ਸੁਹੰਜਣੀ ਸੋਭਾ ਪਾਇਆ । ਇਕੋ ਨਰੇਸ਼ਾ ਦਰ, ਨਰਾਇਣ ਨਜ਼ਰੀ ਆਇਆ । ਤੂੰ ਮੇਰਾ ਮੈਂ ਤੇਰਾ ਦੋਹਾਂ ਪੱਲੂ ਲੈਣਾ ਫੜ, ਫੜਿਆ ਪੱਲੂ ਛੁਟ ਨਾ ਜਾਇਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਇਕ ਦਰਸਾਇਆ । ਸਚ ਦੁਆਰ ਕਾਇਆ ਬੰਕ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਜਿਸ ਵਿਚ ਵਸੇ ਰਾਉ ਰੰਕ, ਸਾਧ ਸੰਤ ਬੈਠੇ ਡੇਰਾ ਲਾਈਆ । ਜਿਸ ਘਰ ਵਸੇ ਸ੍ਰੀ ਭਗਵੰਤ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਿਸ ਘਰ ਖੇਲ ਕਰੇ ਬਣ ਨਾਰੀ ਕੰਤ, ਕੰਤ ਕੰਤੂਹਲ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਬੁਝਾਈਆ । ਸਚ ਦੁਆਰਾ ਕਾਇਆ ਕਾਅਬਾ, ਹੱਡ ਮਾਸ ਨਾੜੀ ਜੋੜ ਜੁੜਾਈਆ । ਅੰਦਰੇ ਅੰਦਰ ਹੱਕ ਮਹਿਰਾਬਾ, ਮਹਿਬੂਬ ਬੈਠਾ ਆਸਣ ਲਾਈਆ । ਨਿਤ ਨਵਿਤ ਵਜਾਏ ਰਬਾਬਾ, ਬਿਨ ਤੰਦੀ ਤੰਦ ਸਿਤਾਰ ਹਿਲਾਈਆ । ਨਜ਼ਰੀ ਆਏ ਇਕੋ ਕਾਅਬਾ, ਕਾਇਨਾਤ ਰਿਹਾ ਸਮਝਾਈਆ । ਜਾਮ ਪਿਆਏ ਹਯਾਤੇ ਆਬਾ, ਰਸ ਇਕੋ ਇਕ ਵਖਾਈਆ । ਨਜ਼ਰੀ ਆਏ ਸ਼ਾਹ ਨਵਾਬਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਬੁਝਾਈਆ । ਸਚ ਦੁਆਰਾ ਸਾਚਾ ਘਰ, ਸੋ ਸਾਹਿਬ ਆਪ ਬਣਾਈਆ । ਜਿਸ ਗ੍ਰਿਹ ਵਸੇ ਨਰਾਇਣ ਨਰ, ਨਿਰਗੁਣ ਬੈਠਾ ਮੁਖ ਛੁਪਾਈਆ । ਗੁਰਮੁਖ ਗੁਰਸਿਖ ਸਚ ਪ੍ਰੀਤੀ ਕਰ, ਪ੍ਰੀਤੀਵਾਨ ਆਪ ਜਣਾਈਆ । ਪਾਰਬ੍ਰਹਮ ਪ੍ਰਭ ਸਰਨੀ ਪੜ, ਦੋਏ ਜੋੜ ਵਾਸਤਾ ਪਾਈਆ । ਕਰ ਕਿਰਪਾ ਲੈ ਜਾ ਆਪਣੇ ਘਰ, ਮੇਰਾ ਘਰ ਤੁਧ ਬਿਨ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਚਾਰੇ ਕੁੰਟ ਵਹਿੰਦਾ ਹੜ, ਮਾਇਆ ਮਮਤਾ ਰਹੀ ਰੁੜ੍ਹਾਈਆ । ਤ੍ਰੈਗੁਣ ਅਗਨੀ ਜੀਵ ਜੰਤ ਗਏ ਸੜ, ਸਚ ਮੇਘ ਨਾ ਕੋਇ ਬਰਸਾਈਆ । ਕੋਟਨ ਕੋਟ ਉਚੇ ਟਿੱਲੇ ਪਰਬਤ ਜੀਵ ਜੰਤ ਤੇਰਾ ਨਾਉਂ ਰਹੇ ਪੜ੍ਹ, ਪੜ੍ਹਿਆਂ ਹੱਥ ਕਿਸੇ ਨਾ ਆਈਆ । ਕੋਟਨ ਕੋਟ ਡੂੰਘੀ ਕੰਦਰ ਬੈਠੇ ਵੜ, ਨੈਣ ਮੂੰਦ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਕੋਟਨ ਕੋਟ ਜਲਧਾਰਾ ਰਹੇ ਠਰ, ਸੀਤਲ ਸਾਂਤਕ ਸਤਿ ਨਾ ਕੋਇ ਵਰਤਾਈਆ । ਕੋਟਨ ਕੋਟ ਅਗਨੀ ਰਹੇ ਸੜ, ਤਨ ਭਬੂਤੀ ਖ਼ਾਕ ਰਮਾਈਆ । ਕੋਟਨ ਕੋਟ ਅਠਸਠ ਤੀਰਥ ਪਾਣੀ ਰਹੇ ਵੜ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਮਿਲੇ ਸਚ ਸਰਨਾਈਆ । ਸਚ ਦੁਆਰਾ ਖੋਲ੍ਹੇ ਏਕ, ਏਕੰਕਾਰ ਦਇਆ ਕਮਾਇੰਦਾ । ਕਲਜੁਗ ਅੰਤਮ ਬਖ਼ਸ਼ੇ ਟੇਕ, ਟੇਕ ਰਘੁਨਾਥ ਇਕ ਸਮਝਾਇੰਦਾ । ਗੁਰ ਸ਼ਬਦੀ ਕਰੇ ਬੁਧ ਬਿਬੇਕ, ਦੁਰਮਤ ਮੈਲ ਧਵਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਅੱਗ ਨਾ ਕੋਇ ਤਪਾਇੰਦਾ । ਮਿੱਠਾ ਕਰਨਹਾਰਾ ਕੌੜਾ ਰੇਠ, ਮਿਹਰ ਨਜ਼ਰ ਇਕ ਰਖਾਇੰਦਾ । ਚਾਰ ਵਰਨ ਰਲ ਮਿਲ ਗਾਓ ਇਕੋ ਗੀਤ, ਸੋਹੰ ਢੋਲਾ ਆਪ ਪੜ੍ਹਾਇੰਦਾ । ਨਾਤਾ ਤੁਟੇ ਮੰਦਰ ਮਸੀਤ, ਘਰ ਮੱਕਾ ਕਾਅਬਾ ਸ਼ਿਵਦਵਾਲਾ ਮੱਠ ਇਕੋ ਨਜ਼ਰੀ ਆਇੰਦਾ । ਜਿਸ ਘਰ ਵਸੇ ਸਾਹਿਬ ਅਤੀਤ, ਤ੍ਰੈਭਵਨ ਧਨੀ ਆਪਣਾ ਆਸਣ ਲਾਇੰਦਾ । ਸਚ ਸੁਆਮੀ ਕਰੋ ਪ੍ਰੀਤ, ਅੰਤਰਜਾਮੀ ਘਟ ਘਟ ਵੇਖ ਵਖਾਇੰਦਾ । ਚਰਨ ਪ੍ਰੀਤੀ ਕਰੇ ਬਖ਼ਸ਼ੀਸ਼, ਬਖ਼ਸ਼ਸ਼ ਇਕੋ ਵਾਰ ਵਰਤਾਇੰਦਾ । ਚੌਥੇ ਜੁਗ ਕੂੜੀ ਕਿਰਆ ਮੇਟੇ ਲੀਕ, ਚੌਥਾ ਬੁਰਜ ਅੰਤਮ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਪਰਗਟਾਇੰਦਾ । ਸਚ ਦੁਆਰਾ ਭਗਤ ਭਗਵਾਨ, ਇਕੋ ਇਕ ਸਮਝਾਈਆ । ਜਿਸ ਘਰ ਵਸੇ ਸ੍ਰੀ ਭਗਵਾਨ, ਸੋ ਮੰਦਰ ਸੋਭਾ ਪਾਈਆ । ਲੱਖ ਚੁਰਾਸੀ ਜੀਵ ਜੰਤ ਕਰੋ ਪਹਿਚਾਨ, ਬੇਪਹਿਚਾਨ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗੰਬਰ ਸਾਰੇ ਵੇਖਣ ਆਣ, ਮੌਕਾ ਸਭ ਨੂੰ ਰਿਹਾ ਵਖਾਈਆ । ਸਚ ਭੂਮਿਕਾ ਸੋਹੇ ਅਸਥਾਨ, ਧਰਨੀ

ਮਿਲੇ ਮਾਣ ਵਡਿਆਈਆ । ਜਿਸ ਗ੍ਰਿਹਿ ਇਕੋ ਉਪਜੇ ਨਾਮ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਨਜ਼ਰੀ ਆਏ ਸੱਚਾ ਰਾਮ, ਘਨਈਆ ਇਕੋ ਨੂਰ ਰੁਸ਼ਨਾਈਆ । ਇਕੋ ਪੀਰ ਦਏ ਪੈਗ਼ਾਮ, ਪੈਗ਼ੰਬਰ ਇਕੋ ਕਰੇ ਪੜ੍ਹਾਈਆ । ਇਕੋ ਬੋਲੇ ਸਤਿਨਾਮ, ਇਕੋ ਡੰਕਾ ਫ਼ਤਿਹ ਵਜਾਈਆ । ਇਕੋ ਬਰਦਾ ਬਣੇ ਗ਼ੁਲਾਮ, ਇਕੋ ਸੇਵਕ ਸੇਵਾ ਸਚ ਕਮਾਈਆ । ਇਕੋ ਸਜਦਾ ਕਰੇ ਸਚ ਸਲਾਮ, ਇਕੋ ਬੰਦਨਾ ਡੰਡੌਤ ਰਿਹਾ ਜਣਾਈਆ । ਇਕੋ ਕਲਮਾ ਦਏ ਕਲਾਮ, ਇਕੋ ਨਾਮ ਦਏ ਦ੍ਰਿੜ੍ਹਾਈਆ । ਇਕੋ ਸੂਰਬੀਰ ਅਮਾਮ, ਇਕੋ ਨਿਹਕਲੰਕ ਕਲ ਕਲਕੀ ਅਖਵਾਈਆ । ਇਕੋ ਦੋ ਜਹਾਨਾਂ ਹੁਕਮਰਾਨ, ਸ਼ਾਹ ਪਾਤਸ਼ਾਹ ਇਕੋ ਨਜ਼ਰੀ ਆਈਆ । ਜਿਸ ਦਾ ਆਦਿ ਜੁਗਾਦਿ ਸਚ ਦੁਆਰ ਸੱਚਾ ਮਕਾਨ, ਛੱਪਰ ਛੰਨ ਨਾ ਕੋਇ ਛੁਹਾਈਆ । ਚਾਰ ਦੀਵਾਰ ਨਾ ਦਿਸੇ ਨਿਸ਼ਾਨ, ਬਾਢੀ ਬਣਤ ਨਾ ਕੋਇ ਬਣਾਈਆ । ਆਪਣੀ ਇਛਿਆ ਪਰਗਟ ਕਰੇ ਸ੍ਰੀ ਭਗਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਆਪ ਦਰਸਾਈਆ । ਮੰਦਰ ਵੇਖੇ ਗੁਰੂ ਅਵਤਾਰ, ਪੀਰ ਪੈਗ਼ੰਬਰ ਨਾਲ ਰਲਾਈਆ । ਸੋਹੇ ਬੰਕ ਇਕ ਦੁਆਰ, ਘਰ ਵੱਜੇ ਨਾਮ ਵਧਾਈਆ । ਸੰਬਲ ਹੋਇਆ ਮਾਤ ਉਜਿਆਰ, ਜਾਗਰਤ ਜੋਤ ਕਰੇ ਰੁਸ਼ਨਾਈਆ । ਡੰਕਾ ਵੱਜੇ ਅਗੰਮ ਅਪਾਰ, ਸਮਝ ਸਕੇ ਕੋਈ ਨਾ ਰਾਈਆ । ਰਸਨਾ ਬੋਲਣ ਸਰਬ ਜੈਕਾਰ, ਤੂੰ ਹੀ ਤੂੰ ਹੀ ਰਾਗ ਅਲਾਈਆ । ਤੇਰਾ ਖੇਲ ਪਰਵਰਦਿਗਾਰ, ਬੇਪਰਵਾਹ ਤੇਰੀ ਵਡਿਆਈਆ । ਸਦੀ ਚੌਧਵੀਂ ਗਏ ਹਾਰ, ਬਲਹੀਣ ਰੂਪ ਵਟਾਈਆ । ਬੀਸ ਬੀਸਾ ਕੋਈ ਨਾ ਦਏ ਆਧਾਰ, ਧੀਰਜ ਧੀਰ ਨਾ ਕੋਇ ਰਖਾਈਆ । ਚਾਰੇ ਕੁੰਟ ਧੂਆਂਧਾਰ, ਦਹਿ ਦਿਸ਼ਾ ਚੰਦ ਨਾ ਕੋਇ ਚਮਕਾਈਆ । ਤੇਰੀ ਓਟ ਕਲਕੀ ਅਵਤਾਰ, ਗੁਰ ਅਵਤਾਰ ਪੀਰ ਪੈਗ਼ੰਬਰ ਗਾਵਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਦਰ ਤੇਰੇ ਸੋਭਾ ਪਾਈਆ । ਸਾਚਾ ਦਰ ਵੇਖੇ ਦਰਬਾਰ, ਧੁਰਦਰਗਾਹੀ ਆਪ ਜਣਾਇੰਦਾ । ਸਚਖੰਡ ਨਿਵਾਸੀ ਖੋਲ੍ਹ ਕਿਵਾੜ, ਹਰਿ ਕਰਤਾ ਭੇਵ ਚੁਕਾਇੰਦਾ । ਦਰ ਖਲੋਤੇ ਗੁਰੂ ਅਵਤਾਰ, ਪੀਰ ਪੈਗ਼ੰਬਰ ਸੀਸ ਝੁਕਾਇੰਦਾ । ਤੇਰਾ ਜਲਵਾ ਨੂਰ ਅਪਾਰ, ਨੇਤਰ ਨੈਣ ਨਾ ਕੋਇ ਟਿਕਾਇੰਦਾ । ਤੇਰਾ ਸਾਹਿਬ ਸਚ ਦੀਦਾਰ, ਸਾਚਾ ਨੂਰ ਚੰਦ ਚਮਕਾਇੰਦਾ । ਸਾਡੀ ਇਕੋ ਸੁਣ ਪੁਕਾਰ, ਨਮੋ ਨਮੋ ਸੀਸ ਸਰਬ ਝੁਕਾਇੰਦਾ । ਕਲਜੁਗ ਅੰਤ ਲੈ ਅਵਤਾਰ, ਕਲ ਕਲਕੀ ਨਾਉਂ ਵਖਾਇੰਦਾ । ਤੇਰਾ ਸੰਬਲ ਧਾਮ ਨਿਆਰ, ਜਗ ਭੇਵ ਕੋਇ ਨਾ ਪਾਇੰਦਾ । ਮਦਨ ਮੂਰਤ ਸਚ ਗੋਪਾਲ, ਗੋਬਿੰਦ ਆਪਣੀ ਖੇਲ ਕਰਾਇੰਦਾ । ਨਾਮ ਖੰਡਾ ਤੇਜ ਕਟਾਰ, ਚੰਡ ਪਰਚੰਡ ਆਪ ਚਮਕਾਇੰਦਾ । ਦੋ ਜਹਾਨਾਂ ਕਰ ਖ਼ਬਰਦਾਰ, ਵਿਸ਼ਨ ਬ੍ਰਹਮਾ ਸ਼ਿਵ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਹੱਲ ਇਕ ਵਡਿਆਇੰਦਾ । ਸਚ ਮਹੱਲ ਸਚਖੰਡ ਦੁਆਰਾ ਉਹ, ਜਿਸ ਘਰ ਜੋਤ ਜੋਤ ਰੁਸ਼ਨਾਈਆ । ਸਤਿ ਸਰੂਪੀ ਸਾਚੀ ਕਰੇ ਲੋਅ, ਦੀਆ ਬਾਤੀ ਨਾ ਕੋਇ ਟਿਕਾਈਆ । ਆਪਣਾ ਨਾਉਂ ਪਰਗਟਾਏ ਨਿਰਗੁਣ ਸੋ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਹੰ ਬ੍ਰਹਮ ਆਪੇ ਹੋ, ਲੱਖ ਚੁਰਾਸੀ ਵੰਡ ਵੰਡਾਈਆ । ਚਾਰੇ ਖਾਣੀ ਨਿਰਗੁਣ ਸਰਗੁਣ ਹੋ ਕੇ ਰਿਹਾ ਛੋਹ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਆਪੇ ਸਭ ਕਿਛ ਲਵੇ ਖੋਹ, ਖ਼ਾਲੀ ਹੱਥ ਸਰਬ ਵਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਅੰਦਰ ਆਪੇ ਹੋ, ਧੁਰ ਦਾ ਮੰਦਰ ਇਕ ਵਖਾਈਆ ।

## ੬ ਅੱਸੂ ੨੦੨੦ ਬਿਕਰਮੀ ਮੇਲਾ ਸਿੰਘ ਦੇ ਗ੍ਰਿਹ ਪਿੰਡ ਡਗਰੂ ਜ਼ਿਲਾ ਫ਼ਿਰੋਜ਼ਪੁਰ

ਹਰਿ ਕਰਤਾ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਲੱਖ ਚੁਰਾਸੀ ਪਾਵੇ ਸਾਰ, ਜੀਵ ਜੰਤ ਭੇਵ ਚੁਕਾਈਆ । ਸਚ ਪ੍ਰੀਤੀ ਦੱਸੇ ਇਕ ਪਿਆਰ, ਆਤਮ ਪਰਮਾਤਮ ਮੇਲ ਮਿਲਾਈਆ । ਚਾਰ ਵਰਨ ਦਏ ਅਧਾਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਚੀ ਸਰਨਾਈਆ । ਅੰਮ੍ਰਿਤ ਜਾਮ ਦਏ ਪਿਆਲ, ਰਸ ਇਕੋ ਇਕ ਵਖਾਈਆ । ਨਿਰਮਲ ਦੀਆ ਦੇਵੇ ਬਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਸਚ ਵਖਾਏ ਸੱਚੀ ਧਰਮਸਾਲ, ਕਾਇਆ ਬੰਕ ਇਕ ਪਰਗਟਾਈਆ । ਦੀਨਾਂ ਬੰਧਪ ਹੋ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਰਤਾ ਪੁਰਖ ਹਰਿ ਨਿਰੰਕਾਰਾ, ਨਿਰਗੁਣ ਸਰਗੁਣ ਭੇਵ ਚੁਕਾਇੰਦਾ । ਕਲਜੁਗ ਮੇਟੇ ਅੰਧ ਅੰਧਿਆਰਾ, ਸਤਿਜੁਗ ਸਾਚਾ ਨੂਰ ਚਮਕਾਇੰਦਾ । ਸ਼ਬਦ ਅਗੰਮ ਬੋਲ ਜੈਕਾਰ, ਸਾਚਾ ਢੋਲਾ ਰਾਗ ਸੁਣਾਇੰਦਾ । ਤੇਰਾ ਮੇਰਾ ਇਕ ਕਿਨਾਰਾ, ਨਈਆ ਨੌਕਾ ਨਾਮ ਚੜ੍ਹਾਇੰਦਾ । ਪਾਵੇ ਸਾਰ ਧੁਰ ਦਰਬਾਰਾ, ਦਰਗਹਿ ਸਾਚੀ ਵੇਖ ਵਖਾਇੰਦਾ । ਕਲਜੁਗ ਅੰਤਮ ਲੈ ਅਵਤਾਰਾ, ਵਡ ਅਵਤਾਰੀ ਫੇਰਾ ਪਾਇੰਦਾ । ਭਗਤ ਵਛਲ ਬਣ ਗਿਰਧਾਰਾ, ਗਿਰਵਰ ਆਪਣੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਹਰਿ ਕਰਤਾ ਖੇਲ ਕਰੇ ਗੋਬਿੰਦ, ਮਹਿੰਮਾ ਅਕਥ ਕਥੀ ਨਾ ਜਾਈਆ । ਵੇਖਣਹਾਰਾ ਸੰਸਾਰ ਸਾਗਰ ਡੂੰਘਾ ਸਿੰਧ, ਗਹਿਰ ਗੰਭੀਰ ਖੋਜ ਖੁਜਾਈਆ । ਲੱਖ ਚੁਰਾਸੀ ਜੀਵ ਜੰਤ ਕਲਜੁਗ ਅੰਤਮ ਲੱਗੀ ਚਿੰਦ, ਚਿੰਤਾ ਸਕੇ ਨਾ ਕੋਇ ਮਿਟਾਈਆ । ਨਗਰ ਖੇੜਾ ਕੋਈ ਨਾ ਵਸੇ ਪਿੰਡ, ਸੁੰਞੀਂ ਨਗਰੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਆਪ ਜਣਾਈਆ । ਹਰਿ ਕਰਤਾ ਕਰਨੇਹਾਰਾ, ਇਕ ਇਕੱਲਾ ਖੇਲ ਖਲਾਇੰਦਾ । ਕਲ ਕਲਕੀ ਲੈ ਅਵਤਾਰਾ, ਨਿਰਗੁਣ ਨਿਰਵੈਰ ਜੋਤ ਧਰਾਇੰਦਾ । ਦੋ ਜਹਾਨਾਂ ਪਾਵੇ ਸਾਰਾ, ਲੱਖ ਚੁਰਾਸੀ ਖੋਜ ਖੋਜਾਇੰਦਾ । ਜੀਵ ਜੰਤ ਦਏ ਅਧਾਰਾ, ਸਾਧ ਸੰਤ ਆਪ ਸਮਝਾਇੰਦਾ । ਅੰਤਰ ਆਤਮ ਕਰ ਪਿਆਰਾ, ਪਰਮਾਤਮ ਆਪਣਾ ਬੰਧਨ ਪਾਇੰਦਾ । ਸਚ ਖੋਲ੍ਹ ਇਕ ਦੁਆਰਾ, ਦਰ ਦਰਵਾਜ਼ਾ ਕੁੰਡਾ ਲਾਹਿੰਦਾ । ਨਜ਼ਰੀ ਆਏ ਏਕੰਕਾਰਾ, ਅਕਲ ਕਲਧਾਰੀ ਵੇਸ ਵਟਾਇੰਦਾ । ਮਹੱਲ ਅਟੱਲ ਉਚ ਮਨਾਰਾ, ਊਚੋ ਊਚ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਹਰਿ ਕਰਤਾ ਪੁਰਖ ਸੁਲਤਾਨ, ਸਾਹਿਬ ਸਤਿਗੁਰ ਵਡ ਵਡਿਆਈਆ । ਜੁਗ ਚੌਕੜੀ ਦੇਵਣਹਾਰਾ ਦਾਨ, ਵਸਤ ਅਮੋਲਕ ਦਾਤ ਵਰਤਾਈਆ । ਖੇਲੇ ਖੇਲ ਦੋ ਜਹਾਨ, ਬ੍ਰਹਿਮੰਡ ਖੰਡ ਵਰਭੰਡ ਆਪਣਾ ਹੁਕਮ ਵਰਤਾਈਆ । ਸੰਤ ਸੁਹੇਲੇ ਕਰੇ ਪਹਿਚਾਨ, ਭਗਤ ਭਗਵਾਨ ਭੇਵ ਚੁਕਾਈਆ । ਗੁਰਮੁਖ ਗੁਰ ਗੁਰ ਮੇਲੇ ਆਣ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਹਰ ਘਟ ਥਾਈਂਆ । ਕਰਤਾ ਪੁਰਖ ਪ੍ਰਭ ਸਤਿਗੁਰ ਮੀਤ, ਆਦਿ ਜੁਗਾਦੀ ਦਇਆ ਕਮਾਇੰਦਾ । ਕਲਜੁਗ ਸਤਿਜੁਗ ਧਾਰਾ ਜਾਣੇ ਆਪਣੀ ਰੀਤ, ਰੀਤੀਵਾਨ ਵੇਖ ਵਖਾਇੰਦਾ । ਵਸਣਹਾਰ ਮੰਦਰ ਮਸੀਤ, ਸ਼ਿਵਦਵਾਲੇ ਮੱਠ ਖੋਜ ਖੋਜਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗਾਵਣਹਾਰਾ ਗੀਤ, ਸੋਹਲਾ ਢੋਲਾ ਸਾਚਾ ਰਾਗ ਅਲਾਇੰਦਾ । ਲੱਖ ਚੁਰਾਸੀ ਪਰਖਣਹਾਰਾ ਨੀਤ, ਘਰ ਘਰ ਆਪਣਾ ਆਸਣ ਲਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲਾਇੰਦਾ । ਸ੍ਰੀ ਭਗਵਾਨ ਚਾਰ ਜੁਗ ਮੀਤਾ,
ਮਿਤਰ ਪਿਆਰਾ ਇਕ ਅਖਵਾਈਆ । ਆਦਿ ਜੁਗਾਦੀ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਰਖਾਈਆ । ਖੇਲੇ ਖੇਲ ਸਦਾ ਅਨਡੀਠਾ, ਜਗ
ਨੇਤਰ ਨਜ਼ਰ ਕਿਸੇ ਨਾ ਆਈਆ । ਭਗਤ ਭਗਵਾਨ ਜਣਾਏ ਸਾਚੀ ਰੀਤਾ, ਕਾਇਆ ਮੰਦਰ ਅੰਦਰ ਆਪਣਾ ਪੜਦਾ ਲਾਹੀਆ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੱਜਣ ਆਪ ਜਗਾਈਆ । ਹਰਿ ਸੱਜਣ ਸਾਚਾ ਖੋਲ੍ਹੇ ਜਾਗ, ਨਿਜ
ਨੇਤਰ ਕਰ ਰੁਸ਼ਨਾਈਆ । ਹੰਸ ਬਣਾਏ ਫੜ ਫੜ ਕਾਗ, ਬੁੱਧੀ ਕਾਗ ਨਾ ਕੋਇ ਕੁਰਲਾਈਆ । ਤ੍ਰੈਗੁਣ ਮੇਟੇ ਲੱਗੀ ਆਗ, ਅਗਨੀ ਤਤ
ਨਾ ਕੋਇ ਜਲਾਈਆ । ਦੁਰਮਤ ਮੈਲ ਧੋਵੇ ਦਾਗ, ਸਵਛ ਸਰੂਪੀ ਰੂਪ ਧਰਾਈਆ । ਮੇਲ ਮਿਲਾਏ ਕੰਤ ਸੁਹਾਗ, ਹਰਿ ਸ਼ਬਦੀ ਸ਼ਬਦ ਕੁੜਮਾਈਆ ।
ਧੁਰਦਰਗਾਹੀ ਮਾਰ ਅਵਾਜ਼, ਏਕਾ ਨਾਮ ਜਣਾਈਆ । ਕਰਤਾ ਪੁਰਖ ਰਚ ਰਚ ਕਾਜ, ਕਰਨੀ ਕਰਤਾਰ ਦਏ ਸਮਝਾਈਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਸ ਵਟਾਈਆ । ਕਲਜੁਗ ਅੰਤਮ ਵੇਸ ਅਪਾਰਾ, ਸੋ ਪੁਰਖ
ਨਿਰੰਜਣ ਆਪ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਪਾਵੇ ਸਾਰਾ, ਨਵ ਸਤ ਫੋਲ ਫੋਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਮੰਗੇ
ਵਾਰੋ ਵਾਰਾ, ਪੂਰਬ ਲਹਿਣਾ ਫੋਲ ਫੋਲਾਈਆ । ਤਖ਼ਤ ਨਿਵਾਸੀ ਸਾਚੇ ਤਖ਼ਤ ਬੈਠ ਸੱਚੀ ਸਰਕਾਰਾ, ਸ਼ਾਹ ਪਾਤਸ਼ਾਹ ਹੁਕਮ ਮਨਾਈਆ । ਕੂੜ
ਕੁੜਿਆਰ ਝਗੜਾ ਚੁੱਕੇ ਜੀਵ ਸੰਸਾਰਾ, ਜੂਠ ਝੂਠ ਰਹਿਣ ਕੋਇ ਨਾ ਪਾਈਆ । ਰਸਨਾ ਜਿਹਵਾ ਬੋਲੇ ਇਕੋ ਇਕ ਜੈਕਾਰਾ, ਪਾਰਬ੍ਰਹਮ ਬ੍ਰਹਮ
ਕਰੇ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਈਆ ।
ਸਾਚੀ ਕਰਨੀ ਕਰੇ ਅੰਤ, ਅੰਤਸ਼ਕਰਨ ਵੇਖ ਵਖਾਇੰਦਾ । ਚਾਰ ਵਰਨਾਂ ਦੇਵੇ ਇਕੋ ਮੰਤ, ਸੋਹੰ ਢੋਲਾ ਰਾਗ ਸੁਣਾਇੰਦਾ । ਸੁਰਤੀ ਸ਼ਬਦੀ ਮੇਲ
ਮਿਲਾਏ ਨਾਰ ਕੰਤ, ਰੁਤ ਸੁਹੰਜਣੀ ਆਪ ਵਡਿਆਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਰੰਗ ਰੰਗੀਲਾ ਇਕ ਅਖਵਾਇੰਦਾ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਚਾਰ ਵਰਨ, ਬਰਨ ਅਠਾਰਾਂ ਖੋਜ ਖੋਜਾਈਆ ।
ਸਚ ਪ੍ਰੀਤੀ ਦੇਵੇ ਸਰਨ, ਸਰਨਗਤ ਇਕ ਸਮਝਾਈਆ । ਨੇਤਰ ਖੋਲ੍ਹ ਹਰਨ ਫਰਨ, ਨਿਜ ਨੈਣ ਕਰੇ ਰੁਸ਼ਨਾਈਆ । ਲੇਖਾ ਚੁੱਕੇ ਮਰਨ ਡਰਨ,
ਲੱਖ ਚੁਰਾਸੀ ਪੰਧ ਮੁਕਾਈਆ । ਗੁਰਮੁਖ ਸਾਚੇ ਪੌੜੇ ਚੜ੍ਹਨ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਧਰਮ ਦੁਆਰੇ ਆ ਕੇ ਖੜਨ, ਅਬਿਨਾਸ਼ੀ
ਕਰਤਾ ਦਰਸਨ ਪਾਈਆ । ਸੋਹੰ ਢੋਲਾ ਸਾਰੇ ਪੜ੍ਹਨ, ਧੁਰ ਦਾ ਰਾਗੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ੇ ਇਕ ਸੱਚੀ ਸਰਨਾਈਆ । ਸਚ ਸਰਨਾਈ ਸਾਹਿਬ ਸਤਿਗੁਰ, ਗੁਰਮਤੀ ਆਪ ਜਣਾਇੰਦਾ । ਲੇਖਾ ਲੇਖੇ
ਲਾਏ ਲਿਖਿਆ ਧੁਰ, ਧੁਰ ਲੇਖਾ ਮਸਤਕ ਵੇਖ ਵਖਾਇੰਦਾ । ਸਚ ਪ੍ਰੀਤੀ ਗੁਰਮੁਖ ਵਿਰਲੇ ਜਾਏ ਜੁੜ, ਮਨਮੁੱਖ ਨੇੜ ਕੋਇ ਨਾ ਆਇੰਦਾ । ਜੋਤੀ
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਰਨ ਬਰਨ ਸਰਨ ਇਕ ਰਖਾਇੰਦਾ । ਸਾਚੀ ਸਰਨ ਸੁਆਮੀ ਏਕ,
ਏਕੰਕਾਰ ਆਪ ਜਣਾਈਆ । ਕਲਜੁਗ ਅੰਤਮ ਬਖ਼ਸ਼ੇ ਟੇਕ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੂਰ ਦੁਰਾਡਾ ਨੇਰਨ ਨੇਰਾ ਨਿਜ ਘਰ ਬੈਠਾ

ਲਏ ਵੇਖ, ਅੰਤਰ ਆਤਮ ਭੇਵ ਚੁਕਾਈਆ । ਜਨਮ ਕਰਮ ਦੀ ਮੇਟੇ ਰੇਖ, ਲੇਖਾ ਕੋਇ ਰਹਿਣ ਨਾ ਪਾਈਆ । ਜਿਨ੍ਹਾਂ ਅੰਤਰ ਵੜ ਕੇ ਦੱਸੇ ਆਪਣਾ ਭੇਤ, ਸੋਹੰ ਮੰਤਰ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਕਰੇ ਸਾਚਾ ਹੇਤ, ਹਿਤਕਾਰੀ ਆਪਣਾ ਰੰਗ ਰੰਗਾਈਆ । ਸਾਚਾ ਰੰਗ ਚਾੜ੍ਹੇ ਮਜੀਠ, ਸਤਿਗੁਰ ਪੂਰਾ ਦਇਆ ਕਮਾਈਆ । ਮਿਠਾ ਕਰੇ ਕੌੜਾ ਰੀਠ, ਰਸ ਇਕੋ ਨਾਮ ਭਰਾਈਆ । ਨਾਮ ਸੁਣਾਏ ਸਾਚਾ ਗੀਤ, ਤੂੰ ਮੇਰਾ ਮੈਂ ਤੇਰਾ ਸੱਚਾ ਮਾਹੀਆ । ਕਲਜੁਗ ਬਦਲੇ ਸਤਿਜੁਗ ਰੀਤ, ਸਾਚੀ ਸਿਖਿਆ ਇਕ ਸਮਝਾਈਆ । ਨਜ਼ਰੀ ਆਏ ਪ੍ਰਭ ਅਤੀਤ, ਤ੍ਰੈਗੁਣ ਦੇਵੇ ਡੇਰਾ ਢਾਹੀਆ । ਵੇਖ ਵਖਾਏ ਹਸਤ ਕੀਟ, ਊਚ ਨੀਚ ਇਕ ਸਰਨਾਈਆ । ਸੱਜਣ ਬਣੇ ਸਾਚਾ ਮੀਤ, ਸਾਕ ਸੈਣ ਆਪ ਹੋ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਇਕੋ ਦਾਨ ਧਾਮ ਅਨਡੀਠ, ਅਨਡਿਠੜਾ ਮੇਲ ਕਰਾਈਆ ।



## ✪ ੬ ਅੱਸੂ ੨੦੨੦ ਬਿਕਰਮੀ ਧੰਨਾ ਸਿੰਘ ਦੇ ਗ੍ਰਹਿ ਡਗਰੂ ਜ਼ਿਲਾ ਫ਼ਿਰੋਜ਼ਪੁਰ ✪

ਸਰਬ ਜੀਆਂ ਪ੍ਰਭ ਏਕਾ ਰਾਮ, ਘਟ ਨਿਵਾਸੀ ਡੇਰਾ ਲਾਈਆ । ਸਰਬ ਜੀਆਂ ਪ੍ਰਭ ਏਕਾ ਨਾਮ, ਨਾਉਂ ਨਿਰੰਕਾਰ ਇਕ ਦ੍ਰਿੜਾਈਆ । ਸਰਬ ਜੀਆਂ ਪ੍ਰਭ ਏਕਾ ਭਾਨ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਰਬ ਜੀਆਂ ਪ੍ਰਭ ਏਕਾ ਮਾਣ, ਦਰ ਘਰ ਸਾਚੇ ਦੇਵੇ ਵਡਿਆਈਆ । ਸਰਬ ਜੀਆਂ ਪ੍ਰਭ ਏਕਾ ਗਾਨ, ਆਤਮ ਪਰਮਾਤਮ ਭੇਵ ਚੁਕਾਈਆ । ਸਰਬ ਜੀਆਂ ਪ੍ਰਭ ਇਕ ਗਿਆਨ, ਧੁਰ ਸੰਦੇਸਾ ਦਏ ਸੁਣਾਈਆ । ਸਰਬ ਜੀਆਂ ਪ੍ਰਭ ਇਕ ਨਿਸ਼ਾਨ, ਧਰਮ ਨਿਸ਼ਾਨਾ ਦਏ ਵਖਾਈਆ । ਸਰਬ ਜੀਆਂ ਪ੍ਰਭ ਇਕ ਧਿਆਨ, ਬਖ਼ਸ਼ੇ ਚਰਨ ਕਵਲ ਸਰਨਾਈਆ । ਸਰਬ ਜੀਆਂ ਪ੍ਰਭ ਇਕ ਧੁਨਕਾਨ, ਅਨਹਦ ਨਾਦੀ ਨਾਦ ਸੁਣਾਈਆ । ਸਰਬ ਜੀਆਂ ਪ੍ਰਭ ਇਕ ਮਕਾਨ, ਕਾਇਆ ਮੰਦਰ ਦਏ ਵਖਾਈਆ । ਸਰਬ ਜੀਆਂ ਪ੍ਰਭ ਇਕ ਭਗਵਾਨ, ਆਦਿ ਜੁਗਾਦਿ ਸਹਿਜ ਸੁਖਦਾਈਆ । ਸਰਬ ਜੀਆਂ ਪ੍ਰਭ ਵੇਖੇ ਆਣ, ਜਗ ਕਰਤਾ ਫੇਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਰਮ ਆਪ ਕਮਾਈਆ । ਸਰਬ ਜੀਆ ਪ੍ਰਭ ਇਕੋ ਦਾਤਾ, ਦਇਆਵਾਨ ਹਰਿ ਅਖਵਾਇੰਦਾ । ਸਰਬ ਜੀਆਂ ਪ੍ਰਭ ਇਕੋ ਗ਼ਾਤਾ, ਬ੍ਰਹਮ ਪਾਰਬ੍ਰਹਮ ਸਮਝਾਇੰਦਾ । ਸਰਬ ਜੀਆਂ ਪ੍ਰਭ ਇਕੋ ਸਾਕਾ, ਆਤਮ ਪਰਮਾਤਮ ਮੇਲ ਮਿਲਾਇੰਦਾ । ਸਰਬ ਜੀਆਂ ਪ੍ਰਭ ਇਕੋ ਨਾਤਾ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਸਰਬ ਜੀਆਂ ਪ੍ਰਭ ਇਕੋ ਗਾਥਾ, ਸੋਹੰ ਢੋਲਾ ਰਾਗ ਅਲਾਇੰਦਾ । ਸਰਬ ਜੀਆਂ ਪ੍ਰਭ ਵੇਖੇ ਖੇਲ ਤਮਾਸ਼ਾ, ਘਰ ਗੋਪੀ ਕਾਹਨ ਨਚਾਇੰਦਾ । ਸਰਬ ਜੀਆਂ ਪ੍ਰਭ ਪੂਰੀ ਕਰੇ ਆਸਾ, ਜੋ ਜਨ ਏਕਾ ਓਟ ਰਖਾਇੰਦਾ । ਸਰਬ ਜੀਆਂ ਦੇਵੇ ਭਰਵਾਸਾ, ਸਚ ਦੁਆਰ ਇਕ ਸਮਝਾਇੰਦਾ । ਸਰਬ ਜੀਆਂ ਜੋਤ ਪਰਕਾਸ਼ਾ, ਘਟ ਘਟ ਅੰਦਰ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਕਰਨੀ ਆਪ ਕਮਾਇੰਦਾ । ਸਰਬ ਜੀਆਂ ਏਕੋ ਦਾਤਾਰ, ਦਇਆਵਾਨ ਆਪ ਅਖਵਾਈਆ । ਸਰਬ ਜੀਆ

ਇਕ ਪਿਆਰ, ਪ੍ਰੇਮ ਪ੍ਰੀਤੀ ਤੋੜ ਨਿਭਾਈਆ । ਸਰਬ ਜੀਆਂ ਇਕ ਵਿਹਾਰ, ਬ੍ਰਹਮ ਪਾਰਬ੍ਰਹਮ ਸਮਝਾਈਆ । ਸਰਬ ਜੀਆਂ ਇਕ ਗੁਫ਼ਤਾਰ, ਅੰਤਰ ਆਤਮ ਬੂਝ ਬੁਝਾਈਆ । ਸਰਬ ਜੀਆਂ ਪ੍ਰਭ ਸਾਂਝਾ ਯਾਰ, ਆਦਿ ਜੁਗਾਦਿ ਸਗਲਾ ਸੰਗ ਨਿਭਾਈਆ । ਸਰਬ ਜੀਆਂ ਪ੍ਰਭ ਖੋਲ੍ਹਣਹਾਰਾ ਕਿਵਾੜ, ਬਜਰ ਕਪਾਟੀ ਤੋੜ ਤੜਾਈਆ । ਸਰਬ ਜੀਆਂ ਪ੍ਰਭ ਨਿਰਗੁਣ ਜੋਤ ਕਰੇ ਉਜਿਆਰ, ਜੋਤੀ ਜਾਤਾ ਨੂਰ ਧਰਾਈਆ । ਸਰਬ ਜੀਆਂ ਪ੍ਰਭ ਵੇਖੇ ਵਿਗਸੇ ਵੇਖਣਹਾਰ, ਵੇਖਣਹਾਰਾ ਨਜ਼ਰ ਕਿਸੇ ਨਾ ਆਈਆ । ਸਰਬ ਜੀਆਂ ਪ੍ਰਭ ਸੁਣੇ ਪੁਕਾਰ, ਸਚਖੰਡ ਬੈਠਾ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਰਬ ਜੀਆਂ ਏਕ ਵਸਤ, ਸੋ ਸਤਿਗੁਰ ਆਪ ਵਰਤਾਈਆ । ਸਰਬ ਜੀਆਂ ਰੱਖੇ ਮਸਤ, ਨਾਮ ਖ਼ੁਮਾਰੀ ਸਚ ਚੜ੍ਹਾਈਆ । ਸਰਬ ਜੀਆਂ ਭੇਵ ਚੁਕਾਏ ਕੀਟ ਹਸਤ, ਊਚ ਨੀਚ ਏਕਾ ਘਰ ਬਹਾਈਆ । ਸਰਬ ਜੀਆਂ ਦੇਵੇ ਦਰਸ, ਜੋ ਜਨ ਬੈਠੇ ਧਿਆਨ ਲਗਾਈਆ । ਸਰਬ ਜੀਆਂ ਮੇਟੇ ਹਰਸ, ਹਵਸ ਕੋਈ ਰਹਿਣ ਨਾ ਪਾਈਆ । ਸਰਬ ਜੀਆਂ ਕਰੇ ਤਰਸ, ਦਇਆਵਾਨ ਬੇਪਰਵਾਹੀਆ । ਸਰਬ ਜੀਆਂ ਪੂਰਬ ਲਹਿਣਾ ਵੇਖੇ ਕਰਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਧੁਰਦਰਗਾਹੀਆ । ਸਰਬ ਜੀਆਂ ਪ੍ਰਭ ਕਰੇ ਬੋਧ, ਨਾਮ ਮੰਤਰ ਇਕ ਦ੍ਰਿੜਾਇੰਦਾ । ਸਰਬ ਜੀਆਂ ਪ੍ਰਭ ਹਿਰਦਾ ਸੋਧ, ਹਿਰਦੇ ਹਰਿ ਹਰਿ ਰੂਪ ਧਰਾਇੰਦਾ । ਸਰਬ ਜੀਆਂ ਪ੍ਰਭ ਭਾਗ ਲਗਾਏ ਕਾਇਆ ਕੋਟ, ਬੰਕ ਦੁਆਰ ਇਕ ਸੁਹਾਇੰਦਾ । ਸਰਬ ਜੀਆਂ ਲੇਖਾ ਚੁਕਾਏ ਵਰਨ ਗੋਤ, ਜ਼ਾਤ ਪਾਤ ਬੰਧਨ ਨਜ਼ਰ ਕੋਇ ਨਾ ਆਇੰਦਾ । ਸਰਬ ਜੀਆਂ ਪ੍ਰਭ ਨਿਰਮਲ ਰੱਖੇ ਜੋਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਸਰਬ ਜੀਆਂ ਘਰ ਸ਼ਬਦ ਧੁਨਕਾਰ, ਅਨਰਾਗੀ ਰਾਗ ਸੁਣਾਈਆ । ਸਰਬ ਜੀਆਂ ਘਰ ਬੋਲੇ ਜੈਕਾਰ, ਉਚੀ ਕੂਕ ਕੂਕ ਅਲਾਈਆ । ਸਰਬ ਜੀਆਂ ਪ੍ਰਭ ਕਰੇ ਖ਼ਬਰਦਾਰ, ਸੋਈ ਸੁਰਤੀ ਆਪ ਉਠਾਈਆ । ਸਰਬ ਜੀਆਂ ਪ੍ਰਭ ਦੇਵੇ ਪੈਜ ਸੁਆਰ, ਜੋ ਮੰਗਣ ਚਰਨ ਸਰਨ ਸੱਚੀ ਸਰਨਾਈਆ । ਸਰਬ ਜੀਆਂ ਪ੍ਰਭ ਭਵ ਸਾਗਰ ਲਾਏ ਪਾਰ, ਮੰਝਧਾਰ ਬੇੜਾ ਨਾ ਕੋਇ ਰੁੜ੍ਹਾਈਆ । ਸਰਬ ਜੀਆਂ ਲੇਖਾ ਜਾਣੇ ਵਾਰੋ ਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪ ਉਠਾਈਆ । ਸਰਬ ਜੀਆਂ ਭੇਵ ਖੋਲ੍ਹੇ ਗੁੱਝ, ਪੜਦਾ ਦੂਈ ਦਵੈਤ ਉਠਾਇੰਦਾ । ਸਰਬ ਜੀਆਂ ਨਿਰਮਲ ਕਰੇ ਬੁੱਧ, ਵਿਵੇਕੀ ਅਪਣੀ ਧਾਰ ਸਮਝਾਇੰਦਾ । ਸਰਬ ਜੀਆਂ ਉਜਲ ਕਰੇ ਮੁਖ, ਮੁਖ ਦੁਰਮਤ ਮੈਲ ਧਵਾਇੰਦਾ । ਸਰਬ ਜੀਆਂ ਆਵਣ ਜਾਵਣ ਮੇਟੇ ਤ੍ਰਿਸਨਾ ਭੁੱਖ, ਸਾਂਤਕ ਸਤਿ ਸਤਿ ਵਰਤਾਇੰਦਾ । ਸਰਬ ਜੀਆਂ ਜਨਮ ਕਰਮ ਗਵਾਏ ਦੁੱਖ, ਰੋਗ ਸੰਤਾਪ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਮੇਲ ਮਿਲਾਇੰਦਾ । ਸਰਬ ਜੀਆਂ ਤੋਲੇ ਤੋਲ, ਤੋਲਣਹਾਰ ਵਡ ਵਡਿਆਈਆ । ਨਾਮ ਕੰਡਾ ਰੱਖੇ ਕੋਲ, ਦੋ ਜਹਾਨਾਂ ਫੇਰਾ ਪਾਈਆ । ਸੰਤ ਸੁਹੇਲੇ ਲੱਖ ਚੁਰਾਸੀ ਵਿਚੋ ਵਰੋਲ, ਆਦਿ ਜੁਗਾਦਿ ਬਾਹਰ ਕਢਾਈਆ । ਸਚ ਸੁਣਾਏ ਅਗੰਮੀ ਢੋਲ, ਰਾਗ ਨਾਦ ਕਰੇ ਸ਼ਨਵਾਈਆ । ਬਜਰ ਕਪਾਟੀ ਪੜਦਾ ਖੋਲ੍ਹ, ਭੇਵ ਅਭੇਦਾ ਦਏ ਸਮਝਾਈਆ । ਸੁਰਤੀ ਸ਼ਬਦੀ ਜਾਏ ਮੌਲ, ਮੌਲਾ ਆਪਣਾ ਰੰਗ ਰੰਗਾਈਆ । ਜਨਮ ਜਨਮ ਦਾ ਪੂਰਾ ਕਰੇ ਕੌਲ, ਕੀਤਾ ਕੌਲ ਭੁਲ ਨਾ ਜਾਈਆ । ਜਨ ਭਗਤਾਂ ਦੇਵੇ ਵਡਿਆਈ ਉਪਰ ਧੌਲ, ਧਰਨੀ ਧਰਤ ਖ਼ੁਸ਼ੀ ਮਨਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਦਾਨੀ ਸਦ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ ।

## ✪ ੬ ਅੱਸੂ ੨੦੨੦ ਬਿਕਰਮੀ ਸੀਤਲ ਸਿੰਘ ਦੇ ਗ੍ਰਿਹਿ ਡਗਰੂ ਜ਼ਿਲਾ ਫ਼ਿਰੋਜ਼ਪੁਰ ✪

ਪਾਰਬ੍ਰਹਮ ਪ੍ਰਭ ਬੇਪਰਵਾਹ, ਹਰਿ ਬੇਅੰਤ ਤੇਰੀ ਵਡਿਆਈਆ । ਸੋ ਪੁਰਖ ਨਿਰੰਜਣ ਸੱਚੇ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਤੇਰੀ ਸ਼ਹਿਨਸ਼ਾਹੀਆ । ਹਰਿ ਪੁਰਖ ਨਿਰੰਜਣ ਬਣ ਮਲਾਹ, ਨਿਰਗੁਣ ਆਪਣਾ ਵੇਸ ਵਟਾਈਆ । ਏਕੰਕਾਰ ਦੇ ਸਲਾਹ, ਸਾਚੀ ਸਿਖਿਆ ਸਿਖ ਦ੍ਰਿੜਾਈਆ । ਆਦਿ ਨਿਰੰਜਣ ਕਰ ਰੁਸ਼ਨਾ, ਜੋਤੀ ਨੂਰ ਡਗਮਗਾਈਆ । ਸ੍ਰੀ ਭਗਵਾਨ ਦੇ ਸਮਝਾ, ਸਾਚੀ ਸਮਝ ਇਕ ਸਮਝਾਈਆ । ਅਬਿਨਾਸ਼ੀ ਕਰਤੇ ਪੜਦਾ ਦੇ ਉਠਾ, ਦੂਈ ਦਵੈਤ ਰਹਿਣ ਨਾ ਪਾਈਆ । ਪਾਰਬ੍ਰਹਮ ਬ੍ਰਹਮ ਆਪਣਾ ਲੈ ਮਿਲਾ, ਭਗਤ ਵਿਛੋੜਾ ਨਜ਼ਰ ਨਾ ਆਈਆ । ਲੇਖਾ ਜਾਣ ਦੋ ਜਹਾਂ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਬ੍ਰਹਿਮੰਡ ਖੰਡ ਰੋਵਨ ਮਾਰਨ ਧਾਹ, ਜ਼ਿਮੀਂ ਅਸਮਾਨ ਰਹੇ ਕੁਰਲਾਈਆ । ਰਵ ਸਸ ਸੂਰਜ ਚੰਨ ਸੀਸ ਰਹੇ ਝੁਕਾ, ਦੋਏ ਜੋੜ ਵਾਸਤਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਧੂੜੀ ਟਿੱਕਾ ਮਸਤਕ ਲਏ ਲਾ, ਖ਼ਾਕੀ ਖ਼ਾਕ ਰੂਪ ਵਟਾਈਆ । ਬੇਐਬ ਖ਼ੁਦਾਈ ਬੇਐਬ ਪਰਵਰਦਿਗਾਰ ਖ਼ੁਦਾ, ਮੁਕਾਮੇ ਹੱਕ ਹੱਕ ਹਕੀਕਤ ਦੇ ਜਣਾਈਆ । ਲਾਸ਼ਰੀਕ ਇਕ ਖ਼ੁਦਾ, ਖ਼ੁਦੀ ਸਭ ਦੀ ਦੇ ਮਿਟਾਈਆ । ਮਾਰਗ ਦੱਸ ਇਕ ਸਿੱਧਾ, ਲੱਖ ਚੁਰਾਸੀ ਜੀਵ ਜੰਤ ਪੜ੍ਹਾਈਆ । ਆਪਣੇ ਮਿਲਣ ਦੀ ਦੇ ਇਕੋ ਬਿਧਾ, ਦੂਜਾ ਰਾਹ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਸ਼ਾਹ ਪਾਤਸ਼ਾਹ ਸਾਹਿਬ ਸੁਲਤਾਨ, ਦਰ ਤੇਰੇ ਇਕ ਅਰਜੋਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਨ, ਝੋਲੀ ਖ਼ਾਲੀ ਰਹੇ ਵਖਾਈਆ । ਜੁਗ ਚੌਕੜੀ ਤੇਰਾ ਗੌਂਦੇ ਰਹੇ ਨਾਮ, ਨਿਧਾਨ ਰਸਨਾ ਜਿਹਵਾ ਢੋਲਾ ਸਿਫ਼ਤ ਸਾਲਾਹੀਆ । ਵਸਦੇ ਰਹੇ ਕਾਇਆ ਸਾਢੇ ਤਿੰਨ ਹੱਥ ਅੰਦਰ ਮਕਾਨ, ਪੰਜ ਤਤ ਚੋਲਾ ਜਗਤ ਹੰਢਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਦੇਂਦੇ ਰਹੇ ਬਿਆਨ, ਧੁਰ ਦੀ ਬਾਣੀ ਨਾਮ ਜਣਾਈਆ । ਅੰਤਮ ਕਹਿ ਕੇ ਆਏ ਸਰਬ ਜੀਆਂ ਦਾ ਦਾਤਾ ਇਕ ਭਗਵਾਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚਖੰਡ ਵਸੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਠਾਂਡਾ ਇਕ ਵਖਾਈਆ । ਦਰ ਠਾਂਡਾ ਖੋਲ੍ਹ ਦਰਬਾਰ, ਧੁਰ ਦਰਬਾਰੀ ਤੇਰੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਰ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਦਹਿ ਦਿਸ਼ਾ ਸੁਣੇ ਨਾ ਕੋਇ ਪੁਕਾਰ, ਚਾਰ ਕੁੰਟ ਧੀਰ ਨਾ ਕੋਇ ਧਰਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹਾਹਾਕਾਰ, ਗੁਰਦੁਆਰ ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੀਰਥ ਤੱਟ ਹੋਏ ਖਵਾਰ, ਅਠਸਠ ਬੈਠੇ ਡੇਰਾ ਢਾਹੀਆ । ਦੀਨ ਮਜ਼੍ਹਬ ਨਾ ਕੋਇ ਪਿਆਰ, ਜ਼ਾਤ ਪਾਤ ਕਰੇ ਲੜਾਈਆ । ਸਾਹਿਬ ਸਤਿਗੁਰ ਮਿਲੇ ਨਾ ਦੀਨ ਦਿਆਲ, ਸਿਰ ਹੱਥ ਨਾ ਕੋਇ ਟਿਕਾਈਆ । ਬਿਨ ਹਰਿ ਨਾਮੇ ਸਾਰੇ ਹੋਏ ਕੰਗਾਲ, ਖ਼ਾਲੀ ਹੱਟ ਰਹੇ ਵਖਾਈਆ । ਧੁਰ ਦਰਬਾਰੀ ਮਿਲੇ ਨਾ ਕੋਇ ਦਲਾਲ,

ਸਾਚਾ ਵਣਜ ਨਾ ਕੋਇ ਕਰਾਈਆ । ਹਕੀਕਤ ਦੱਸੇ ਨਾ ਕੋਇ ਹਲਾਲ, ਹੱਕ ਦੇਵੇ ਨਾ ਥਾਉਂ ਥਾਈਆਂ । ਤ੍ਰੈਗੁਣ ਮਾਇਆ ਪਿਆ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਆ ਕੇ ਸੁਣੇ ਨਾ ਕੋਈ ਮੁਰੀਦਾਂ ਹਾਲ, ਮੁਰਸ਼ਦ ਫੇਰਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਸ੍ਰੀ ਭਗਵਾਨ ਤੇਰੀ ਸਰਨਾਈਆ । ਸ੍ਰੀ ਭਗਵਾਨ ਤੇਰੀ ਓਟ, ਚਾਰ ਵਰਨ ਧਿਆਨ ਲਗਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਭਰਿਆ ਖੋਟ, ਬੁੱਧ ਬਿਬੇਕ ਨਾ ਕੋਇ ਵਖਾਈਆ । ਨਿਰਮਲ ਨਜ਼ਰ ਨਾ ਆਏ ਜੋਤ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਈਆ । ਸੁਰਤੀ ਸ਼ਬਦ ਨਾ ਕੋਇ ਸੋਤ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਨਾਦ ਧੁਨ ਸ਼ਬਦ ਨਗਾਰੇ ਲਾਏ ਨਾ ਕੋਇ ਚੋਟ, ਅਨਰਾਗੀ ਰਾਗ ਨਾ ਕੋਇ ਸੁਣਾਈਆ । ਤੇਰਾ ਨਾਉਂ ਕਿਸੇ ਨਾ ਆਵੇ ਸੋਚ, ਸੋਚ ਸੋਚ ਥੱਕੀ ਸਰਬ ਲੋਕਾਈਆ । ਜਗਤ ਵਿਭਚਾਰ ਮਾਣੇ ਮੌਜ, ਆਤਮ ਰਸ ਹੱਥ ਕਿਸੇ ਨਾ ਆਈਆ । ਗੁਰਮੁਖ ਵਿਰਲਾ ਕੋਟਨ ਵਿਚੋ ਕਰੇ ਤੇਰੀ ਖੋਜ, ਖੋਜਤ ਖੋਜਤ ਆਪਣਾ ਮਾਣ ਗਵਾਈਆ । ਨਿਜ ਨੇਤਰ ਨਿਜ ਲੋਚਣ ਨਿਜ ਮੰਦਰ ਤੇਰਾ ਦਰਸ ਰਹੇ ਲੋਚ, ਆਸਾ ਤ੍ਰਿਸਨਾ ਅਵਰ ਨਾ ਕੋਇ ਵਧਾਈਆ । ਠਾਕਰ ਸੁਆਮੀ ਪਤਿਪਰਮੇਸ਼ਵਰ ਅੰਤਮ ਪਹੁੰਚ, ਬੇਪਰਵਾਹ ਤੇਰੇ ਅੱਗੇ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਮਿਲੇ ਸਚ ਵਡਿਆਈਆ । ਸਤਿਗੁਰ ਸੁਆਮੀ ਵੇਖ ਠਾਕਰ, ਚਾਰੋ ਕੁੰਟ ਅੰਧੇਰਾ ਛਾਈਆ । ਕਲਜੁਗ ਦਿਸੇ ਡੂੰਘਾ ਸਾਗਰ, ਭਵਰੀ ਪਾਰ ਨਾ ਕੋਇ ਕਰਾਈਆ । ਸਾਚੇ ਮੰਦਰ ਦੇਵੇ ਨਾ ਕੋਈ ਆਦਰ, ਆਦਰਸ਼ ਸਚ ਨਾ ਕੋਇ ਵਖਾਈਆ । ਭੁੱਲਾ ਇਕ ਕਰੀਮ ਕਾਦਰ, ਕਰਤਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਲੱਖ ਚੁਰਾਸੀ ਕੂਕ ਸੁਣਾਈਆ । ਲੱਖ ਚੁਰਾਸੀ ਮਾਰੇ ਕੂਕ, ਜੀਵ ਜੰਤ ਰਿਹਾ ਕੁਰਲਾਈਆ । ਤ੍ਰੈਗੁਣ ਮਾਇਆ ਰਹੀ ਫੂਕ, ਸਾਂਤਕ ਸਤਿ ਨਾ ਕੋਇ ਕਰਾਈਆ । ਨੌ ਖੰਡ ਪ੍ਰਿਥਮੀ ਦਿਸੇ ਝੂਠ, ਸੱਤ ਦੀਪ ਡੰਕਾ ਕੂੜ ਵਜਾਈਆ । ਨਜ਼ਰ ਨਾ ਆਏ ਕੋਈ ਪੂਤ, ਸਪੂਤ ਰੂਪ ਨਾ ਕੋਇ ਵਟਾਈਆ । ਖ਼ਾਲੀ ਦਿਸੇ ਪੰਜ ਤਤ ਕਾਇਆ ਭੂਤ, ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਲੜਾਈਆ । ਨਾਤਾ ਤੁਟਾ ਤਾਣਾ ਪੇਟਾ ਸੂਤ, ਸੂਤਰਧਾਰੀ ਬੈਠਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਖ਼ਾਲੀ ਵੇਖ ਜਗਤ ਕਲਬੂਤ, ਸਾਚਾ ਹੁਜਰਾ ਹੱਕ ਨਾ ਕੋਇ ਸੁਹਾਈਆ । ਸਾਚੇ ਹੁਜਰੇ ਨਾ ਦਿਸੇ ਮਹਿਬੂਬ, ਖ਼ਾਲਕ ਨਜ਼ਰ ਕਿਸੇ ਨਾ ਆਇੰਦਾ । ਖ਼ਾਲੀ ਦਿਸੇ ਜਗਤ ਅਰੂਜ, ਅਰਸ਼ ਫ਼ਰਸ਼ ਨੇਤਰ ਨੈਣਾਂ ਨੀਰ ਵਹਾਇੰਦਾ । ਖ਼ਾਲੀ ਦਿਸੇ ਸਾਰਾ ਕੂਟ, ਜੋਤੀ ਨੂਰ ਨਾ ਕੋਇ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਨਜ਼ਰੀ ਆਇੰਦਾ । ਪੀਰ ਪੈਗ਼ੰਬਰ ਤੱਕਣ ਆਸ, ਆਸਾ ਇਕੋ ਇਕ ਰਖਾਈਆ । ਪਰਵਰਦਿਗਾਰ ਤੇਰਾ ਖੇਲ ਤਮਾਸ਼, ਖ਼ਾਲਕ ਖ਼ਲਕ ਤੇਰੀ ਝੋਲੀ ਪਾਈਆ । ਚੌਦਾਂ ਤਬਕ ਹੋਏ ਨਿਰਾਸ, ਨਬੀ ਰਸੂਲ ਦੇਣ ਦੁਹਾਈਆ । ਸਾਚਾ ਸਬਕ ਨਾ ਕਿਸੇ ਪਾਸ, ਅਲਿਫ਼ ਯੇ ਨਾ ਕੋਇ ਕੁੜਮਾਈਆ । ਕਲਮਿਉਂ ਆਕੀ ਹੋਏ ਗੁਸਤਾਖ਼, ਕਲਾਮ ਇਲਾਹੀ ਢੋਲਾ ਕੋਈ ਨਾ ਗਾਈਆ । ਸਦੀ ਚੌਧਵੀਂ ਕੋਈ ਨਾ ਕਰੇ ਮੁਆਫ਼, ਪਰਵਰਦਿਗਾਰ ਦੇਵਣਹਾਰ ਸਜ਼ਾਈਆ । ਮੂਸਾ ਈਸਾ ਮੁਹੰਮਦ ਏਕਾ ਕਲਮਾ ਗਏ ਆਖ, ਆਖ਼ਰ ਆਵੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਜਿਸ ਦੀ ਕੋਈ ਨਾ ਬੁੱਝੇ ਜ਼ਾਤ, ਅਜ਼ਾਤੀ

੪੯੧ ੧੫

ਆਪਣੀ ਖੇਲ ਕਰਾਈਆ । ਸਾਚਾ ਖੇਲ ਕਰ ਸਮਰਥ, ਸਮਰਥ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਤੇਰਾ ਮਾਰਗ ਗਏ ਦੱਸ, ਉਚੀ ਕੂਕ ਕੂਕ ਸੁਣਾਈਆ । ਨੌ ਖੰਡ ਪ੍ਰਿਥਮੀ ਲੱਗੀ ਅੱਗ, ਸੱਤ ਦੀਪ ਮੱਠ ਦਿਤਾ ਤਪਾਈਆ । ਅੰਮ੍ਰਿਤ ਮਿਲੇ ਨਾ ਕਿਸੇ ਰਸ, ਰਸਨਾ ਜਿਹਵਾ ਹੋਈ ਹਲਕਾਈਆ । ਲੱਖ ਚੁਰਾਸੀ ਕਾਮਨਾ ਵਸ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਸਭ ਦਾ ਤੁਟਾ ਧੀਰਜ ਜਤ, ਸਤਿ ਸੰਤੋਖ ਨਜ਼ਰ ਕੋਇ ਨਾ ਆਈਆ । ਨਾੜ ਬਹੱਤਰ ਉਬਲੇ ਰਤ, ਤਿੰਨ ਸੌ ਸੱਠ ਹਾਡੀ ਦਏ ਦੁਹਾਈਆ । ਨੇਤਰ ਰੋਵਣ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁੱਧ ਮਾਰੇ ਧਾਹੀਂਆ । ਵਸਤ ਅਮੋਲਕ ਕਿਸੇ ਨਾ ਦਿਸੇ ਪਾਸ, ਕਾਇਆ ਗੋਲਕ ਖ਼ਾਲੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੀ ਮਿਲੇ ਸਚ ਸਰਨਾਈਆ । ਸਚ ਸਰਨਾਈ ਦੇ ਖ਼ਾਲਕ, ਬੇਪਰਵਾਹ ਦਇਆ ਕਮਾਈਆ । ਆਦਿ ਜੁਗਾਦੀ ਬਣ ਬਣ ਪਾਲਕ, ਜੁਗ ਜੁਗ ਸੇਵ ਕਮਾਈਆ । ਤੇਰਾ ਕੋਈ ਨਾ ਨਿੰਦਰਾ ਆਲਸ, ਚਿੰਤਾ ਗ਼ਮ ਨਾ ਕੋਇ ਵਖਾਈਆ । ਤੇਰਾ ਰੂਪ ਸੱਚਾ ਖ਼ਾਲਸ, ਖ਼ਾਲਸ ਰੂਪ ਦੇ ਪਰਗਟਾਈਆ । ਨਿਰਗੁਣ ਹੋ ਕੇ ਬਣ ਸਾਲਸ, ਸਰਗੁਣ ਸਚ ਸਚ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਜਿਸ ਘਰ ਵੱਜੇ ਤੇਰੇ ਨਾਮ ਵਧਾਈਆ । ਕਰ ਕਿਰਪਾ ਏਕੰਕਾਰ, ਅਕਲ ਕਲ ਤੇਰੀ ਸਰਨਾਈਆ । ਸੋ ਪੁਰਖ ਨਿਰੰਜਣ ਲੈ ਅਵਤਾਰ, ਵਡ ਅਵਤਾਰੀ ਫੇਰਾ ਪਾਈਆ । ਹਰਿ ਪੁਰਖ ਨਿਰੰਜਣ ਖੋਲ੍ਹ ਕਿਵਾੜ, ਦਰ ਦਰਵਾਜ਼ਾ ਦੇ ਸਮਝਾਈਆ । ਆਦਿ ਨਿਰੰਜਣ ਦੀਪਕ ਬਾਲ, ਇਕੋ ਜੋਤ ਹੋਏ ਰੁਸ਼ਨਾਈਆ । ਸ੍ਰੀ ਭਗਵਾਨ ਪਰਗਟ ਕਰ ਸੱਚੀ ਧਰਮਸਾਲ, ਚਾਰ ਵਰਨ ਮਿਲੇ ਸਰਨਾਈਆ । ਅਬਿਨਾਸ਼ੀ ਕਰਤੇ ਹੋ ਦਿਆਲ, ਦੀਨਨ ਆਪਣੀ ਗੋਦ ਬਹਾਈਆ । ਪਾਰਬ੍ਰਹਮ ਆਪਣਾ ਜਲਵਾ ਦੇ ਜਲਾਲ, ਬ੍ਰਹਮ ਪੜਦਾ ਦੇ ਉਠਾਈਆ । ਸ਼ਬਦ ਗੁਰ ਵਜਾ ਤਾਲ, ਅਨਾਦੀ ਨਾਦ ਸੁਣਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਤੇਰਾ ਰਾਹ ਤਕਾਈਆ । ਫਲ ਦਿਸੇ ਨਾ ਕਿਸੇ ਡਾਲ੍ਹ, ਖ਼ਾਲੀ ਪੱਤ ਰਹੇ ਲਹਿਰਾਈਆ । ਅੰਮ੍ਰਿਤ ਭਰ ਸਰੋਵਰ ਤਾਲ, ਅੰਮ੍ਰਿਤ ਮੇਘ ਇਕ ਬਰਸਾਈਆ । ਨਾਤਾ ਤੋੜ ਕਾਲ ਮਹਾਂਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਨਿਰਗੁਣ ਸਰਗੁਣ ਸਾਰੇ ਰਹੇ ਧਿਆਈਆ । ਵਿਸ਼ਨੂੰ ਕਹੇ ਪ੍ਰਭ ਆ ਮਿਹਰਵਾਨ, ਤੇਰੀ ਓਟ ਤਕਾਈਆ । ਬ੍ਰਹਮਾ ਕਹੇ ਦੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਸ਼ੰਕਰ ਕਹੇ ਕਰ ਪਰਵਾਨ, ਬੇਨੰਤੀ ਤੇਰੇ ਅੱਗੇ ਅਰਜੋਈਆ । ਤ੍ਰੈਗੁਣ ਮਾਇਆ ਕਹੇ ਮੇਰਾ ਤੁਟਾ ਮਾਣ, ਅਭਿਮਾਨ ਨਜ਼ਰ ਕੋਇ ਨਾ ਆਈਆ । ਪੰਜ ਤਤ ਕਹੇ ਮੈਂ ਤੇਰਾ ਦਰਬਾਨ, ਦਰ ਘਰ ਸਾਚੇ ਅਲਖ ਜਗਾਈਆ । ਨੇਤਰ ਰੋਵੇ ਪੰਜ ਸ਼ੈਤਾਨ, ਉਚੀ ਕੂਕੇ ਵਾਹੋ ਦਾਹੀਆ । ਮਨ ਮਤ ਬੁਧ ਹੋਈ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਲੱਖ ਚੁਰਾਸੀ ਨਾਤਾ ਤੁਟੇ ਬੇਈਮਾਨ, ਕੂੜੀ ਸ਼ਰਅ ਨਾ ਕੋਇ ਵਖਾਈਆ । ਸਰਬ ਜੀਆਂ ਦੇ ਇਕ ਗਿਆਨ, ਬੋਧ ਅਗਾਧ ਕਰ ਪੜ੍ਹਾਈਆ । ਆਤਮ ਪਰਮਾਤਮ ਸਾਰੇ ਲੈਣ ਪਹਿਚਾਣ, ਘਰ ਘਰ ਵਿਚ ਵੇਖ ਵਖਾਈਆ । ਨਜ਼ਰੀ ਆਏ ਤੇਰਾ ਨੂਰ ਮਹਾਨ, ਜੋਤੀ ਜੋਤ ਡਗਮਗਾਈਆ । ਕਾਇਆ ਤਤ ਸੋਹੇ ਮਕਾਨ, ਅਠਸਠ ਤੀਰਥ ਇਕੋ ਸਰੋਵਰ ਰੂਪ ਵਖਾਈਆ । ਕਿਰਪਾ ਕਰ ਸ੍ਰੀ ਭਗਵਾਨ, ਭਗਵਨ ਆਪਣਾ ਫੇਰਾ ਪਾਈਆ । ਕਲਜੁਗ ਅੰਤਮ ਵੇਲਾ ਪਹੁੰਚਿਆ ਆਣ, ਤੇਈ ਅਵਤਾਰ ਭਗਤ ਅਠਾਰਾਂ ਗੁਰ ਦਸ ਈਸਾ ਮੂਸਾ ਮੁਹੰਮਦ ਲੇਖਾ ਲਿਖਤ

ਗਏ ਲਿਖਾਈਆ । ਬੇਪਰਵਾਹ ਬੇਐਬ ਪਰਵਰਦਿਗਾਰ ਨੂਰ ਇਲਾਹੀ ਤੇਰਾ ਨੂਰ ਸਕੇ ਨਾ ਕੋਇ ਪਹਿਚਾਨ, ਬੇਪਹਿਚਾਨ ਤੇਰੀ ਸਰਨਾਈਆ । ਲਾਸ਼ਰੀਕ ਤੇਰੇ ਤੌਫ਼ੀਕ ਮਿਹਬਾਨ ਬੀਦੋ ਨੌਜਵਾਨ, ਰਹਿਮਤ ਆਪਣੀ ਆਪ ਜਣਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸ੍ਰੀ ਭਗਵਾਨ, ਭਗਤ ਤੇਰੀ ਓਟ ਤਕਾਈਆ । ਨੌ ਖੰਡ ਪ੍ਰਿਥਮੀ ਮਿਟੇ ਰੈਣ ਅੰਧੇਰੀ ਰਾਤ, ਕਲਜੁਗ ਅਮਾਵਸ ਲੋਕਮਾਤ ਨਜ਼ਰ ਨਾ ਆਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਨਾਮ ਸੁਗੰਧੀ ਦੇ ਦਾਤ, ਵਸਤ ਅਨਮੰਗੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰਾ ਇਕੋ ਨਜ਼ਰੀ ਆਈਆ । ਕਿਰਪਾ ਕਰ ਸਚ ਭਗਵੰਤ, ਭਗਵਨ ਤੇਰੇ ਹੱਥ ਵਡਿਆਈਆ । ਨੇਤਰ ਰੋਵਣ ਗੁਰਮੁਖ ਸੰਤ, ਅੰਤਰ ਆਤਮ ਧਿਆਨ ਲਗਾਈਆ । ਹੋਇਆ ਵਿਛੋੜਾ ਨਾਰ ਕੰਤ, ਸੁਰਤ ਸਵਾਣੀ ਭੱਜੇ ਵਾਹੋ ਦਾਹੀਆ । ਕਾਇਆ ਚੋਲੀ ਚੜ੍ਹੇ ਨਾ ਰੰਗ ਬਸੰਤ, ਦੁਰਮਤ ਮੈਲ ਨਾ ਕੋਇ ਧਵਾਈਆ । ਮਿਲੇ ਨਾਮ ਨਾ ਮਣੀਆ ਮੰਤ, ਮਨ ਕਾ ਮਣਕਾ ਨਾ ਕੋਇ ਭਵਾਈਆ । ਤੇਰਾ ਭੇਵ ਨਾ ਜਾਣੇ ਕੋਈ ਪੰਡਤ, ਚੌਦਾਂ ਵਿਦਿਆ ਹੋਈ ਹਲਕਾਈਆ । ਦਰ ਦਰਵੇਸ਼ ਕੋਟਨ ਕੋਟ ਗੁਰ ਅਵਤਾਰ ਬੈਠੇ ਮੰਗਤ, ਪੀਰ ਪੈਗ਼ੰਬਰ ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਮੰਨ ਮਿੰਨਤ, ਦਰ ਤੇਰੇ ਇਕ ਅਰਜੋਈਆ । ਦਰ ਤੇਰੇ ਇਕ ਅਰਦਾਸ, ਦੋਏ ਜੋੜ ਸਰਬ ਨਿਮਸਕਾਰਿਆ । ਠਾਕਰ ਸੁਆਮੀ ਵਸ ਪਾਸ, ਜਗਤ ਵਿਛੋੜਾ ਪੰਧ ਨਿਵਾਰਿਆ । ਘਰ ਨੂਰ ਕਰ ਪਰਕਾਸ਼, ਦੀਵਾ ਬਾਤੀ ਇਕ ਉਜਿਆਰਿਆ । ਜਨਮ ਜਨਮ ਦੀ ਪੂਰੀ ਕਰ ਆਸ, ਸੋਹੇ ਭਗਤ ਸਚ ਦਲਾਰਿਆ । ਲੇਖਾ ਚੁੱਕੇ ਮਾਤ ਗਰਭ ਦਸ ਦਸ ਮਾਸ, ਉਲਟਾ ਰੁਖ ਨਾ ਦੂਜੀ ਵਾਰਿਆ । ਲੇਖਾ ਚੁੱਕੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਡੇਰਾ ਢਾਹ ਰਿਹਾ । ਤੇਰੇ ਮੰਦਰ ਵੇਖਾਂ ਰਾਸ, ਗੋਪੀ ਕਾਹਨ ਨਾਚ ਨਚਾ ਰਿਹਾ । ਤੇਰਾ ਸੋਹਲਾ ਸਾਸ ਸਾਸ, ਤੇਰਾ ਢੋਲਾ ਰਾਗ ਅਲਾ ਰਿਹਾ । ਤੇਰਾ ਸੇਵਕ ਬਣ ਕੇ ਦਾਸ, ਸਚ ਸਾਚੀ ਸੇਵ ਕਮਾ ਰਿਹਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਚਰਨ ਕਰੇ ਨਿਵਾਸ, ਦੂਜੀ ਭੂਮਿਕਾ ਭਾਗ ਨਾ ਕੋਇ ਲਗਾ ਰਿਹਾ । ਕਲਜੁਗ ਅੰਤਮ ਮਾਲਕ ਆਪ ਆਇਆ ਖ਼ਾਸ, ਖ਼ਾਹਸ਼ ਸਭ ਦੀ ਮੇਟ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਘਲਾ ਰਿਹਾ । ਸਚ ਸੁਨੇਹੜਾ ਘੱਲੇ ਸੱਜਣ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਕਲਜੁਗ ਅੰਤ ਕਰਾ ਇਕੋ ਮਜਨ, ਹਰਿ ਪੁਰਖ ਨਿਰੰਜਣ ਵੇਸ ਵਟਾਈਆ । ਸੰਤ ਸੁਹੇਲੇ ਗੁਰੂ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਆਏ ਸੱਦਣ, ਏਕੰਕਾਰ ਸੱਦਾ ਨਾਮ ਦਿਵਾਈਆ । ਸਚ ਪਰਕਾਸ਼ ਨਿਰਮਲ ਜੋਤ ਚਾੜ੍ਹੇ ਸਾਚਾ ਚੰਦਨ, ਆਦਿ ਨਿਰੰਜਣ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਤੋੜੇ ਬੰਧਨ, ਬੰਦਗੀ ਇਕੋ ਇਕ ਸਮਝਾਈਆ । ਸ੍ਰੀ ਭਗਵਾਨ ਦੇਵੇ ਪਰਮਾਨੰਦਨ, ਨਿਜ ਆਤਮ ਰਸ ਵਖਾਈਆ । ਪਾਰਬ੍ਰਹਮ ਬ੍ਰਹਮ ਚਾੜ੍ਹੇ ਆਪਣੀ ਰੰਗਣ, ਰੰਗ ਇਕੋ ਇਕ ਵਖਾਈਆ । ਘਰ ਸਾਚੇ ਵੱਜੇ ਮਰਦੰਗਨ, ਨਾਮ ਨਗਾਰਾ ਇਕ ਸੁਣਾਈਆ । ਦੂਜੇ ਘਰ ਨਾ ਜਾਏ ਮੰਗਣ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਬੀਸ ਬੀਸਾ ਹਰਿ ਜਗਦੀਸਾ ਧੁਰ ਦੀ ਦਾਤ ਆਏ ਵੰਡਣ, ਨਾਮ ਨਿਧਾਨਾ ਝੋਲੀ ਪਾਈਆ । ਕਲਜੁਗ ਕੂੜੀ ਕਿਰਿਆ ਕਰੇ ਖੰਡਣ, ਖੰਡਾ ਖੜਗ ਨਾਮ ਚਮਕਾਈਆ । ਬਲ ਧਾਰੇ ਜੋਧਾ ਸੂਰਬੀਰ ਸਰਬੰਗਨ, ਨਿਰਗੁਣ ਨਿਰਵੈਰ ਆਪਣਾ ਫੇਰਾ ਪਾਈਆ । ਨੌ ਦੁਆਰੇ ਆਵੇ ਪਾਰ ਲੰਘਣ, ਗੁਰਮੁਖ ਤੇਰਾ ਘਰ ਇਕ ਸੁਹਾਈਆ ।

੪੯੩ ੧੫

ਦਸਮ ਦੁਆਰੀ ਵੜ ਕੇ ਉਚੇ ਟਿੱਲੇ ਚੜ੍ਹ ਕੇ ਮਸਤਕ ਟਿੱਕਾ ਲਾਏ ਚੰਦਨ, ਜੋਤ ਲਲਾਟੀ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦੀ ਆਸਾ ਪੂਰ ਕਰਾਈਆ । ਸਭ ਦੀ ਆਸਾ ਕਰੇ ਪੂਰ, ਪ੍ਰਭ ਵੱਡਾ ਵਡ ਵਡਿਆਈਆ । ਪਰਗਟ ਹੋ ਕੇ ਵੇਸ ਵਟਾਏ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਈਆ । ਜੋਤੀ ਨਾਲ ਮਿਲਾ ਕੇ ਜੋਤੀ ਨੂਰ, ਜੋਤੀ ਜੋਤ ਜੋਤ ਰੁਸ਼ਨਾਈਆ । ਕੋਟਨ ਕੋਟ ਜਨਮ ਦੇ ਬਖ਼ਸ਼ੇ ਆਪ ਕਸੂਰ, ਮਿਹਰ ਨਜ਼ਰ ਬੇਨਜ਼ੀਰ ਆਪ ਉਠਾਈਆ । ਪੰਧ ਮੁਕਾਏ ਦੂਰਨ ਦੂਰ, ਨੇਰਨ ਨੇਰ ਆਪਣਾ ਡੇਰਾ ਲਾਈਆ । ਨਾਤਾ ਤੋੜ ਕੂੜੋ ਕੂੜ, ਸਚ ਸੁੱਚ ਬੂਝ ਬੁਝਾਈਆ । ਜਿਸ ਘਰ ਵਿਚੋ ਹੋਇਆ ਰਿਹਾ ਮਫ਼ਰੂਰ, ਅੰਤਮ ਓਸੇ ਘਰ ਵਿਚ ਫੇਰਾ ਪਾਈਆ । ਜਨ ਭਗਤਾਂ ਮੇਲਾ ਮੇਲੇ ਅੰਤ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਸਰਬ ਕਲਾ ਸੁਆਮੀ ਭਰਪੂਰ, ਖ਼ਾਲੀ ਭਾਂਡੇ ਦਏ ਭਰਾਈਆ । ਜਿਸ ਜਨ ਮਸਤਕ ਟਿੱਕਾ ਬਖ਼ਸ਼ੇ ਧੂੜ, ਨੂਰੀ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਸਭ ਦਾ ਦਏ ਮੁਕਾਈਆ । ਸਭ ਦਾ ਲੇਖਾ ਲਾਏ ਲੇਖੇ, ਲਿਖਣਹਾਰ ਗੋਪਾਲ ਵੱਡੀ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕੋਈ ਨਾ ਰਹੇ ਭੁਲੇਖੇ, ਭਾਂਡਾ ਭਰਮ ਸਰਬ ਭੰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੇ ਰੱਖੇ ਚੇਤੇ, ਚੇਤਨ ਸੁਰਤੀ ਆਪ ਜਣਾਈਆ । ਜਨ ਭਗਤਾਂ ਕਰੇ ਸਾਚਾ ਹੇਤੇ, ਹਿਤਕਾਰੀ ਵੇਸ ਵਟਾਈਆ । ਨਿਰਗੁਣ ਹੋ ਕੇ ਸਰਗੁਣ ਨਾਲ ਖੇਡੇ, ਜਗਤ ਖਿਲਾਰੀ ਖੇਡ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਦਰ ਵੜ ਕੇ ਦੇਵੇ ਭੇਤੇ, ਬਾਹਰੋ ਨਜ਼ਰ ਕਿਸੇ ਨਾ ਆਈਆ । ਬਾਹਰੋ ਨਜ਼ਰ ਨਾ ਆਏ ਮੀਤ, ਕਲਜੁਗ ਲੱਭੇ ਸਰਬ ਲੋਕਾਈਆ । ਰਸਨਾ ਜਿਹਵਾ ਢੋਲਾ ਗੌਂਦੇ ਗੀਤ, ਮਨ ਕਾ ਮਣਕਾ ਨਾ ਕੋਇ ਭਵਾਈਆ । ਫਿਰ ਫਿਰ ਥੱਕੇ ਮੰਦਰ ਮਸੀਤ, ਸ਼ਿਵਦਵਾਲੇ ਨੈਣ ਉਠਾਈਆ । ਸਾਹਿਬ ਸਤਿਗੁਰ ਕਾਇਆ ਮੰਦਰ ਅੰਦਰ ਵਸੇ ਧਾਮ ਅਨਡੀਠ, ਘਰ ਘਰ ਵਿਚ ਬੈਠਾ ਆਸਣ ਲਾਈਆ । ਆਤਮ ਪਰਮਾਤਮ ਜੋ ਜਨ ਕਮਾਏ ਸਚ ਪ੍ਰੀਤ, ਤਿਸ ਮੇਲਾ ਲਏ ਮਿਲਾਈਆ । ਕਰੇ ਕਰਾਏ ਕਾਇਆ ਠਾਂਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਤ੍ਰਿਸਨਾ ਦਏ ਮਿਟਾਈਆ । ਆਸ ਤ੍ਰਿਸਨਾ ਮੇਟੇ ਸਭ, ਜੋ ਜਨ ਬੈਠੇ ਧਿਆਨ ਲਗਾਈਆ । ਲੱਖ ਚੁਰਾਸੀ ਵਿਚੋ ਲੱਭ, ਚਾਰ ਕੁੰਟ ਮੇਲ ਮਿਲਾਈਆ । ਅੰਮ੍ਰਿਤ ਝਿਰਨਾ ਝਿਰਾਏ ਕਵਲ ਨਭ, ਉਲਟਾ ਮੁਖ ਆਪ ਭਵਾਈਆ । ਕੂੜੀ ਕਿਰਿਆ ਪਾਰ ਕਰਾਏ ਹੱਦ, ਮੰਦਰ ਸਾਚਾ ਇਕ ਵਖਾਈਆ । ਸੰਤ ਸੁਹੇਲੇ ਸੱਜਣ ਸੱਦ, ਚਰਨ ਕਵਲ ਦਏ ਸਰਨਾਈਆ । ਲੱਖ ਚੁਰਾਸੀ ਨਾਲੋ ਕਰ ਕੇ ਅੱਡ, ਮਾਰਗ ਇਕੋ ਇਕ ਵਖਾਈਆ । ਵਿਸ਼ਵ ਬਣਾਏ ਸਾਚੀ ਯਦ, ਵਿਸ਼ਨ ਬ੍ਰਹਮਾ ਸ਼ਿਵ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਇਕੋ ਨਾਮ ਦ੍ਰਿੜਾਈਆ । ਅੰਤ ਦ੍ਰਿੜਾਏ ਨਾਮ ਏਕ, ਏਕੰਕਾਰ ਦਇਆ ਕਮਾਇੰਦਾ । ਆਦਿ ਜੁਗਾਦਿ ਜਿਸ ਦੀ ਟੇਕ, ਜੁਗ ਚੌਕੜੀ ਭੇਵ ਖੁਲਾਇੰਦਾ । ਸੋ ਸਾਹਿਬ ਸਤਿਗੁਰ ਧਾਰੇ ਭੇਖ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਇੰਦਾ । ਘਟ ਘਟ ਅੰਦਰ ਰਿਹਾ ਵੇਖ, ਲੱਖ ਚੁਰਾਸੀ ਡੇਰਾ ਲਾਇੰਦਾ । ਕਲਜੁਗ ਅੰਤਮ ਕੂੜੀ ਕਿਰਿਆ ਅਗਨੀ ਤਪੇ ਰੇਤ, ਬਾਲੂ ਰੂਪ ਸਰਬ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਨਿਰਗੁਣ ਖੇਲ ਕਰੇ ਕਰਤਾਰ, ਹਰਿ ਕਰਤਾ ਵਡ

ਵਡਿਆਈਆ । ਸਭ ਦਾ ਲਹਿਣਾ ਦੇਣਾ ਕਰਜ਼ ਦਏ ਉਤਾਰ, ਮਕਰੂਜ਼ ਆਪਣਾ ਫ਼ਰਜ਼ ਅਦਾ ਕਰਾਈਆ । ਅੱਗੇ ਮਾਰਗ ਦੱਸੇ ਸਚ ਸੰਸਾਰ, ਸ੍ਰਿਸ਼ਟ ਸਬਾਈ ਕਰੇ ਪੜ੍ਹਾਈਆ । ਜ਼ਾਤ ਪਾਤ ਵਰਨ ਬਰਨ ਊਚ ਨੀਚ ਝਗੜਾ ਦਏ ਨਵਾਰ, ਝੰਜਟ ਕੋਇ ਰਹਿਣ ਨਾ ਪਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪੁਰਖ ਅਕਾਲ ਦਏ ਸਮਝਾਈਆ । ਰਸਨਾ ਗਾਵੇ ਮੀਤ ਮੁਰਾਰ, ਬੱਤੀ ਦੰਦ ਸਿਫ਼ਤ ਸਾਲਾਹੀਆ । ਆਤਮ ਕਰੇ ਪਰਮਾਤਮ ਪਿਆਰ, ਬ੍ਰਹਮ ਮੇਲਾ ਸਹਿਜ ਸੁਭਾਈਆ । ਗੁਰ ਚੇਲਾ ਸੋਹੇ ਇਕ ਦੁਆਰ, ਨਾਨਕ ਗੋਬਿੰਦ ਇਕ ਪੜ੍ਹਾਈਆ । ਘਰ ਮੰਦਰ ਖੋਲ੍ਹ ਦੁਕਾਨ, ਸੌਦਾ ਹੱਟ ਦਏ ਵਿਕਾਈਆ । ਧਰਮ ਝੁਲਾਏ ਇਕ ਨਿਸ਼ਾਨ, ਦੋ ਜਹਾਨਾ ਹੱਥ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸਾਰੇ ਗਾਣ, ਇਕੋ ਰਾਗ ਨਾਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦੇਵੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਲੱਖ ਚੁਰਾਸੀ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਸਤਿਜੁਗ ਤੇਰਾ ਸੱਚਾ ਜਾਪ, ਆਤਮ ਪਰਮਾਤਮ ਕਰੇ ਕੁੜਮਾਈਆ । ਪਾਰਬ੍ਰਹਮ ਬ੍ਰਹਮ ਦੱਸੇ ਪੂਜਾ ਪਾਠ, ਸਿਮਰਨ ਇਕੋ ਇਕ ਸਮਝਾਈਆ । ਸਚ ਸਰੋਵਰ ਦੱਸੇ ਤੀਰਥ ਤਾਟ, ਤਟ ਕਿਨਾਰਾ ਇਕੋ ਦਏ ਵਖਾਈਆ । ਇਸ਼ਟ ਗੁਰਦੇਵ ਸੁਆਮੀ ਨਜ਼ਰੀ ਆਏ ਪੁਰਖ ਸਮਰਥ, ਸਾਖਿਆਤ ਸਾਬਤ ਸੂਰਤ ਦਏ ਪਰਗਟਾਈਆ । ਲਹਿਣਾ ਦੇਣਾ ਜੀਵ ਜੰਤ ਸਾਧ ਸੰਤ ਚੁਕਾਏ ਹੱਥੋ ਹੱਥ, ਲੇਖਾ ਸਭ ਦਾ ਪੂਰ ਕਰਾਈਆ । ਕੂੜ ਕੁੜਿਆਰਾ ਦੇਵੇ ਮਥ, ਨਾਮ ਮਧਾਣਾ ਅੰਤਮ ਪਾਈਆ । ਜਨ ਭਗਤਾਂ ਹਿਰਦੇ ਅੰਦਰ ਵਸ, ਵਸਲ ਆਪਣਾ ਇਕ ਕਰਾਈਆ । ਸਚ ਪ੍ਰੀਤੀ ਦੇਵੇ ਰਸ, ਨਿਝਰ ਝਿਰਨਾ ਨਾਮ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਹੋ ਨਿਰਪੱਖ, ਸਰਗੁਣ ਮਾਰਗ ਦੇਵੇ ਦੱਸ, ਸਾਚੀ ਸਿਖਿਆ ਇਕੋ ਨਾਮ ਸਮਝਾਈਆ । ਸਾਚਾ ਨਾਉਂ ਹਰਿ ਕਾ ਰੂਪ, ਸਤਿਗੁਰ ਸੁਆਮੀ ਸ਼ਬਦ ਜਣਾਇੰਦਾ । ਸਦ ਵਸੇ ਚਾਰੇ ਕੂਟ, ਦਹਿ ਦਿਸ਼ਾ ਆਸਣ ਲਾਇੰਦਾ । ਜਗ ਤੋੜੇ ਨਾਤਾ ਜੂਠ ਝੂਠ, ਸਚ ਸੁੱਚ ਇਕ ਦ੍ਰਿੜਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਦਾ ਸਾਰੇ ਦੇਣ ਸਬੂਤ, ਸ਼ਹਾਦਤ ਇਕੋ ਵਾਰ ਭੁਗਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਇਕ ਲਗਾਇੰਦਾ । ਸਾਚਾ ਮਾਰਗ ਲੱਗੇ ਜੱਗ, ਜਗ ਜੀਵਣ ਦਾਤਾ ਆਪ ਲਗਾਈਆ । ਸ੍ਰਿਸ਼ਟ ਸਬਾਈ ਤ੍ਰੈਗੁਣ ਲੱਗੀ ਬੁਝਾਏ ਅੱਗ, ਅਗਨੀ ਤਤ ਨਾ ਕੋਇ ਵਖਾਈਆ । ਕਿਰਪਾ ਕਰੇ ਸੂਰਾ ਸਰਬੱਗ, ਗੁਰਮੁਖ ਗੁਰ ਗੁਰ ਲਏ ਜਗਾਈਆ । ਦਰਸ ਦਿਖਾਏ ਉਪਰ ਸ਼ਾਹ ਰਗ, ਨੌਂ ਦੁਆਰੇ ਡੇਰਾ ਢਾਹੀਆ । ਹੰਸ ਬਣਾਏ ਫੜ ਕੇ ਕੱਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਅਨਹਦ ਨਾਦ ਜਾਏ ਵੱਜ, ਧੁਨ ਰਾਗ ਕਰੇ ਸ਼ਨਵਾਈਆ । ਬਜਰ ਕਪਾਟੀ ਡੇਰਾ ਜਾਏ ਢੱਠ, ਪੜਦਾ ਰਹਿਣ ਕੋਇ ਨਾ ਪਾਈਆ । ਆਤਮ ਸੇਜਾ ਚੜ੍ਹੇ ਭੱਜ, ਬਣ ਪਾਂਧੀ ਪੰਧ ਮੁਕਾਈਆ । ਗੁਰਮੁਖ ਆਤਮ ਪਰਮਾਤਮ ਲਏ ਸੱਦ, ਆਪ ਆਪਣਾ ਹੁਕਮ ਮਨਾਈਆ । ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਇਕੋ ਯਦ, ਹੰ ਬ੍ਰਹਮ ਪਾਰਬ੍ਰਹਮ ਦਏ ਸਮਝਾਈਆ । ਦੋ ਜਹਾਨ ਢੋਲਾ ਇਕੋ ਛੰਦ, ਸੰਸਾ ਕੋਈ ਨਜ਼ਰ ਨਾ ਆਈਆ । ਨਾ ਕੋਈ ਬੰਦੀਖ਼ਾਨਾ ਬੰਦ, ਬੰਧਨ ਸਕੇ ਨਾ ਕੋਇ ਪਾਈਆ । ਜੋਤੀ ਜੋਤ ਸਰੂਪ ਹਰਿ,

੪੯੫
੧੫

ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਤਰ ਇਕ ਉਪਾਈਆ । ਸਾਚਾ ਮੰਤਰ ਅਗੰਮਾ ਜਾਪ, ਸੋ ਸਤਿਗੁਰ ਆਪ ਉਪਾਈਆ । ਸਤਿਜੁਗ ਦੇਵੇ ਸਾਚੀ ਦਾਤ, ਵਸਤ ਅਮੋਲਕ ਆਪ ਵਰਤਾਈਆ । ਚਾਰ ਵਰਨ ਬਣਾਏ ਸੱਜਣ ਸਾਕ, ਨਾਤਾ ਭੈਣ ਭਾਈ ਜੁੜਾਈਆ । ਅੰਦਰ ਬਾਹਰ ਰੱਖੇ ਇਤਫ਼ਾਕ, ਦੂਈ ਦਵੈਤ ਨਾ ਕੋਇ ਰਖਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਜਲਵਾ ਨੂਰ ਕਰੇ ਰੁਸ਼ਨਾਈਆ । ਲੇਖਾ ਚੁੱਕੇ ਜਗਤ ਆਫ਼ਤਾਬ, ਨੂਰ ਜ਼ਹੂਰ ਇਕ ਰੁਸ਼ਨਾਈਆ । ਮੁਖ ਪੜ੍ਹਦਾ ਲਾਹੇ ਨਕ਼ਾਬ, ਮਹਿਬੂਬ ਆਪਣੀ ਦਇਆ ਕਮਾਈਆ । ਸਾਚੇ ਤਖ਼ਤ ਬਹੇ ਹੱਕ ਜਨਾਬ, ਜਗਤ ਸ਼ਰੀਅਤ ਦਏ ਮਿਟਾਈਆ । ਪੀਰ ਪੈਗ਼ੰਬਰ ਦਰ ਸਾਰੇ ਕਰਨ ਆਦਾਬ, ਨਿਉਂ ਨਿਉਂ ਲਾਗਣ ਪਾਈਆ । ਤੇਰਾ ਕੋਈ ਨਾ ਜਾਣੇ ਭਵਿਖਤ ਵਾਕ, ਇਸ਼ਾਰਾ ਇਸ਼ਾਰੇ ਨਾਲ ਸਮਝਾਈਆ । ਕਲਜੁਗ ਅੰਤਮ ਵੇਖ ਆਪ ਹਾਲਾਤ, ਹਾਲਤ ਸਭ ਦੀ ਦਏ ਬਦਲਾਈਆ । ਸੁਰਤ ਸਵਾਣੀ ਪੰਜ ਤਤ ਕਾਇਆ ਅੰਦਰ ਗਰਿਫ਼ਤ ਹੋਈ ਹਵਾਲਾਤ, ਬੰਦੀਖ਼ਾਨਾ ਦੇ ਤੁੜਾਈਆ । ਤੇਰੇ ਭਗਤਾਂ ਦਿਸੇ ਇਕ ਜਮਾਤ, ਪੱਟੀ ਇਕੋ ਨਾਮ ਪੜ੍ਹਾਈਆ । ਲੱਖ ਚੁਰਾਸੀ ਤੇਰਾ ਬਾਗ਼ੀਚਾ ਵਡ ਬਾਗ਼ਾਤ, ਮਾਲੀ ਬਣ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਤੇਰੇ ਅੱਗੇ ਸਰਬ ਲਾਜਵਾਬ, ਬੋਲ ਸਕੇ ਕੋਈ ਨਾ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਗੁਣ ਨਿਰਵੈਰ ਪੁਰਖ ਅਕਾਲ ਸਚਖੰਡ ਦੁਆਰੇ ਤੇਰਾ ਖ਼ਤਾਬ, ਖ਼ਤਾ ਸਭ ਦੀ ਮੁਆਫ਼ ਕਰਾਈਆ ।



੪੯੬ ੧੫

## ✪ ੬ ਅੱਸੂ ੨੦੨੦ ਬਿਕਰਮੀ ਗੁਰਬਚਨ ਸਿੰਘ ਦੇ ਗ੍ਰਿਹ ਪਿੰਡ ਸੱਦੇ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸੱਚ ਦਰਬਾਰ ਇਕੋ ਲੱਗਾ, ਸਚਖੰਡ ਵੱਜੇ ਵਧਾਈਆ । ਤਖ਼ਤ ਨਿਵਾਸੀ ਸੂਰਾ ਸਰਬੱਗਾ, ਸ਼ਾਹ ਪਾਤਸ਼ਾਹ ਆਸਣ ਲਾਈਆ । ਜੋਤੀ ਨੂਰ ਦੀਪਕ ਜਗਾ, ਨਿਰਗੁਣ ਨਿਰਵੈਰ ਕਰੇ ਰੁਸ਼ਨਾਈਆ । ਨਾਮ ਡੰਕਾ ਹੋ ਕੇ ਵੱਜਾ, ਦੋ ਜਹਾਨ ਕਰੇ ਰੁਸ਼ਨਾਈਆ । ਵਿਸ਼ਨੂੰ ਉਠ ਕੇ ਫਿਰੇ ਭੱਜਾ, ਚਾਰੋ ਕੁੰਟ ਵਾਹੋ ਦਾਹੀਆ । ਬ੍ਰਹਮਾ ਕਹੇ ਪ੍ਰਭ ਮੇਰਾ ਵੇਖ ਅੱਗਾ, ਦੋਏ ਜੋੜ ਜੋੜ ਸਰਨਾਈਆ । ਸ਼ੰਕਰ ਦੋਏ ਜੋੜ ਹੱਥ ਬੱਧਾ, ਨੇਤਰ ਨੈਣਾਂ ਨੀਰ ਵਹਾਈਆ । ਤ੍ਰੈਗੁਣ ਮਾਇਆ ਕਹੇ ਮੈਂ ਛੱਡਾਂ ਅੱਡਾ, ਲੋਕਮਾਤ ਰਹਿਣ ਨਾ ਪਾਈਆ । ਪੰਜ ਤਤ ਕਹੇ ਮੇਰੇ ਖ਼ਾਲੀ ਹੱਡਾ, ਵਸਤ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਕਹੇ ਹਉਂ ਬਾਲਕ ਨੱਢਾ, ਬਲਧਾਰੀ ਤੇਰੀ ਵਡਿਆਈਆ । ਪੀਰ ਪੈਗ਼ੰਬਰ ਕਹੇ ਤੇਰਾ ਕਰਦੇ ਰਹੇ ਸਜਦਾ, ਨਿਉਂ ਨਿਉਂ ਸੀਸ ਝੁਕਾਈਆ । ਭਗਤ ਕਹੇ ਮੈਂ ਤੇਰਾ ਬਰਦਾ, ਭਗਵਨ ਤੇਰੀ ਓਟ ਰਖਾਈਆ । ਸੰਤ ਕਹੇ ਮੈਂ ਤੈਥੋਂ ਡਰਦਾ, ਨਿਰਭੈ ਤੇਰੀ ਇਕ ਸਰਨਾਈਆ । ਗੁਰਮੁਖ ਕਹੇ ਮੈਂ ਤੇਰਾ ਨਾਉਂ ਪੜ੍ਹਦਾ, ਨਿਤ ਨਵਿਤ ਧਿਆਨ ਲਗਾਈਆ । ਗੁਰਸਿਖ ਕਹੇ ਮੈਂ ਸਰਨ ਸਰਨਾਈ ਡਿਗਦਾ, ਮਾਣ ਅਭਿਮਾਨ ਨਜ਼ਰ ਕੋਇ ਨਾ ਆਈਆ । ਸਤਿਜੁਗ ਕਹੇ ਮੈਂ ਰਾਹ ਤੱਕਾਂ ਚਿਰਦਾ, ਨੇਤਰ ਨੈਣ ਨੈਣ ਉਠਾਈਆ । ਤ੍ਰੇਤਾ ਕਹੇ ਮੈਂ ਵੇਖਾਂ ਖੇਲ ਸਾਚੇ ਪਿਰ ਦਾ, ਹਰਿ ਪ੍ਰੀਤਮ ਵੇਸ ਵਟਾਈਆ । ਦੁਆਪਰ ਕਹੇ ਮੈਂ ਪ੍ਰੇਮ ਪ੍ਰੀਤੀ ਅੰਦਰ ਖਿੜਦਾ, ਸਾਚੀ ਪੰਖੜੀ ਮੁਖ ਖੁਲ੍ਹਾਈਆ । ਕਲਜੁਗ ਕਹੇ ਮੈਂ ਤੇਰੇ ਨਾਉਂ ਤੋ ਚਿੜਦਾ, ਦੁਖੀ ਹੋ ਕੇ ਦਿਆਂ ਦੁਹਾਈਆ । ਚੌਦਾਂ ਲੋਕ ਕਹੇ ਮੇਰੇ ਘਰ ਕੋਈ ਨਾ ਫਿਰਦਾ, ਸਾਹਿਬ ਸੁਲਤਾਨ ਨਜ਼ਰ ਕੋਇ

ਨਾ ਆਈਆ । ਚੌਦਾਂ ਤਬਕ ਕਹੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕ ਰਖਾਈਆ । ਸਚ ਦਰਬਾਰ ਸਚਖੰਡ ਨਿਵਾਸੀ, ਏਕੰਕਾਰਾ ਆਪ ਲਗਾਈਆ । ਉਪਰ ਬੈਠ ਪੁਰਖ ਅਬਿਨਾਸ਼ੀ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਦੋ ਜਹਾਨਾਂ ਮੰਡਲ ਰਾਸੀ, ਗੋਪੀ ਕਾਹਨ ਨਾਚ ਨਚਾਈਆ । ਸ਼ਬਦ ਸੁਤ ਦੁਲਾਰੇ ਦੇਵੇ ਹੁਲਾਸੀ, ਸਿਰ ਆਪਣਾ ਹੱਥ ਟਿਕਾਈਆ । ਵਿਸ਼ਨੂੰ ਤੇਰੀ ਲਾਹੇ ਉਦਾਸੀ, ਬ੍ਰਹਮਾ ਧੀਰਜ ਆਪ ਧਰਾਈਆ । ਸ਼ੰਕਰ ਤੇਰੀ ਕਰੇ ਬੰਦ ਖ਼ਲਾਸੀ, ਬੰਦਨਾ ਇਕੋ ਇਕ ਸਮਝਾਈਆ । ਤ੍ਰੈਗੁਣ ਕਟੇ ਤੇਰੀ ਫਾਸੀ, ਪੰਜ ਤਤ ਡੇਰਾ ਦੇਵੇ ਢਾਹੀਆ । ਗੁਰ ਅਵਤਾਰ ਬਣਾਏ ਦਾਸੀ, ਪੀਰ ਪੈਗ਼ੰਬਰ ਸੇਵ ਲਗਾਈਆ । ਜੁਗ ਚੌਕੜੀ ਪੂਰੀ ਕਰੇ ਆਸੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੇ ਤਖ਼ਤ ਹਰਿ ਜੂ ਚੜ੍ਹਿਆ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਮਹੱਲ ਅਟੱਲ ਆਪੇ ਖੜ੍ਹਿਆ, ਜੋਤੀ ਨੂਰ ਨੂਰ ਰੁਸ਼ਨਾਈਆ । ਨਾਉਂ ਨਿਰੰਕਾਰਾ ਏਕਾ ਪੜ੍ਹਿਆ, ਦੋ ਜਹਾਨ ਕਰੇ ਸ਼ਨਵਾਈਆ । ਲੱਖ ਚੁਰਾਸੀ ਘਾੜਨ ਘੜਿਆ, ਘੜ ਭਾਂਡੇ ਵੇਖ ਵਖਾਈਆ । ਨਿਰਗੁਣ ਨੂਰ ਹਰ ਘਟ ਧਰਿਆ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਅੰਮ੍ਰਿਤ ਸਰੋਵਰ ਘਰ ਘਰ ਭਰਿਆ, ਕਵਲ ਨਾਭੀ ਮੁਖ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਤਖ਼ਤ ਨਿਵਾਸੀ ਤੇਰਾ ਤੱਕਣ ਰਾਹ, ਨੇਤਰ ਨੈਣ ਨੈਣ ਉਠਾਈਆ । ਕਵਣ ਵੇਲਾ ਪ੍ਰਭ ਮਿਲੇ ਮਲਾਹ, ਬੇਪਰਵਾਹ ਫੇਰਾ ਪਾਈਆ । ਪਰਗਟ ਹੋਵੇ ਸਚ ਖ਼ੁਦਾ, ਦਸਤਗੀਰ ਪੱਲੂ ਦਏ ਫੜਾਈਆ । ਲੇਖਾ ਜਾਣੇ ਦੋ ਜਹਾਂ, ਬ੍ਰਹਿਮੰਡ ਖੋਜ ਖੋਜਾਈਆ । ਜੁਗ ਚੌਕੜੀ ਲਹਿਣਾ ਦੇਣਾ ਦਏ ਚੁਕਾ, ਲੇਖਾ ਸਭ ਦਾ ਆਪ ਮੁਕਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੁਗ ਵਿਛੜਿਆਂ ਲਏ ਮਿਲਾ, ਸੱਦਾ ਇਕੋ ਨਾਮ ਸੁਣਾਈਆ । ਦਰ ਘਰ ਸਾਚੇ ਕੱਠੇ ਹੋਵੇ ਆ, ਹਰਿ ਮੰਦਰ ਵੱਜੇ ਵਧਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚੌਥਾ ਜੁਗ ਰਿਹਾ ਵਿਹਾ, ਅੰਤਮ ਵੇਲਾ ਨੇੜੇ ਆਈਆ । ਜਿਸ ਸਾਹਿਬ ਦਾ ਗੀਤ ਗੋਬਿੰਦ ਗਏ ਗਾ, ਢੋਲਾ ਰਾਗ ਨਾਦ ਸੁਣਾਈਆ । ਸ਼ਾਸਤਰ ਸਿਮਰਤ ਵੇਦ ਗਏ ਬਣਾ, ਲੇਖਾ ਜਾਣ ਕਾਗ਼ਜ਼ ਕਲਮ ਸ਼ਾਹੀਆ । ਅਲਿਫ਼ ਯੇ ਨੁਕਤਾ ਨੂਨ ਗਏ ਸਮਝਾ, ਤੀਸ ਬਤੀਸਾ ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਕਲਮਾ ਨਬੀ ਰਸੂਲ ਗਏ ਪੜ੍ਹਾ, ਕਾਇਨਾਤ ਕਰ ਸ਼ਨਵਾਈਆ । ਨਾਮ ਸਤਿ ਗਏ ਦ੍ਰਿੜ੍ਹਾ, ਡੰਕਾ ਇਕੋ ਨਾਮ ਵਜਾਈਆ । ਪੁਰਖ ਅਕਾਲ ਗਏ ਮਨਾ, ਇਸ਼ਟ ਦੇਵ ਸਵਾਮੀ ਬੇਪਰਵਾਹੀਆ । ਵਾਕ ਭਵਿਖਤ ਗਏ ਜਣਾ, ਭੇਵ ਅਭੇਦਾ ਖੋਲ੍ਹ ਜਣਾਈਆ । ਸੋ ਸਾਹਿਬ ਸੁਲਤਾਨ ਤਖ਼ਤ ਨਿਵਾਸੀ ਸ਼ਾਹ ਪਾਤਸ਼ਾਹ ਪਤਿਪਰਮੇਸ਼ਵਰ ਫੇਰਾ ਪਾਏ ਆ, ਪਰਵਰਦਿਗਾਰ ਜਲਵਾ ਨੂਰ ਇਲਾਹੀਆ । ਸਚਖੰਡ ਦੁਆਰਾ ਹਰਿ ਨਿਰੰਕਾਰਾ ਏਕੰਕਾਰਾ ਨਿਰਵੈਰ ਪੁਰਖ ਰਿਹਾ ਵਸਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਨਿਰਗੁਣ ਨੂਰ ਸਾਚਾ ਨੂਰ ਰਿਹਾ ਚਮਕਾ, ਸੂਰਜ ਚੰਦ ਨਾ ਕੋਇ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਦਰ ਬੈਠੇ ਸੀਸ ਝੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਇਕੋ ਹੁਕਮ ਸਮਝਾਈਆ । ਸਚ ਦਰਬਾਰ ਸਚ ਸੁਲਤਾਨਾ, ਸੋ ਪੁਰਖ ਨਿਰੰਜਣ ਸੋਭਾ ਪਾਈਆ । ਹਰਿ ਪੁਰਖ ਨਿਰੰਜਣ ਨੌਜਵਾਨਾ, ਮਰਦ ਮਰਦਾਨਾ ਭੇਵ ਖੁਲ੍ਹਾਈਆ । ਏਕੰਕਾਰਾ ਵਡ ਬਲਵਾਨਾ, ਬਲਧਾਰੀ ਹੁਕਮ ਵਰਤਾਈਆ । ਆਦਿ ਨਿਰੰਜਣ

ਨੂਰ ਮਹਾਨਾ, ਜੋਤੀ ਜਾਤਾ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬੰਨ੍ਹੇ ਗਾਨਾ, ਘਰ ਸਾਚਾ ਸਗਨ ਮਨਾਈਆ । ਸ੍ਰੀ ਭਗਵਾਨ ਝੁਲਾਏ ਨਿਸ਼ਾਨਾ, ਧਰਮ ਨਿਸ਼ਾਨਾ ਇਕ ਉਠਾਈਆ । ਪਾਰਬ੍ਰਹਮ ਪ੍ਰਭ ਕਰੇ ਪਰਵਾਨਾ, ਸਚ ਪਰਵਾਨਗੀ ਇਕ ਰਖਾਈਆ । ਪਰਵਰਦਿਗਾਰ ਵਸਣਹਾਰਾ ਸਾਚੇ ਧਾਮ ਹੱਕ ਮੁਕਾਮਾ, ਮੁਕਾਮੇ ਹੱਕ ਡੇਰਾ ਲਾਈਆ । ਆਦਿ ਜੁਗਾਦੀ ਇਕ ਅਮਾਮਾ, ਬੇਐਬ ਨੂਰ ਖ਼ੁਦਾਈਆ । ਪੀਰ ਪੈਗ਼ੰਬਰ ਸਜਦਾ ਕਰੇ ਸਲਾਮਾ, ਚਰਨ ਕਵਲ ਮੰਗੇ ਸਰਨਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨਾ, ਵਸਤ ਅਮੋਲਕ ਆਪ ਵਰਤਾਈਆ । ਸ਼ਬਦੀ ਧਾਰ ਬਣੇ ਕਾਹਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਇਕ ਵਡਿਆਈਆ । ਸਚ ਦਰਬਾਰਾ ਸਚਖੰਡ, ਸਤਿ ਸਤਿਵਾਦੀ ਆਪ ਲਗਾਇੰਦਾ । ਥਿਰ ਘਰ ਵੰਡੇ ਆਪਣੀ ਵੰਡ, ਸੁੰਨ ਅਗੰਮ ਭੇਵ ਚੁਕਾਇੰਦਾ । ਲੱਖ ਚੁਰਾਸੀ ਬੰਦੀਖ਼ਾਨਾ ਬੰਦ, ਅੰਡਜ ਜੇਰਜ ਉਤਭੁਜ ਸੇਤਜ ਆਪਣਾ ਹੁਕਮ ਵਰਤਾਇੰਦਾ । ਨਿਰਗੁਣ ਸਰਗੁਣ ਗੀਤ ਸੁਣਾਏ ਛੰਦ, ਸਾਚਾ ਢੋਲਾ ਰਾਗ ਅਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਕੱਟ ਕੇ ਗਏ ਪੰਧ, ਪਾਂਧੀ ਰੂਪ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਹਰਿ ਨਿਰੰਕਾਰਾ ਨਿਰਗੁਣ ਧਾਰਾ ਆਪ ਜਣਾਇੰਦਾ । ਸਚ ਸੰਦੇਸਾ ਦੇਵੇ ਭਗਵਾਨ, ਹਰਿ ਭਗਵਨ ਦਇਆ ਕਮਾਈਆ । ਸਚਖੰਡ ਨਿਵਾਸੀ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਵਿਸ਼ਨੂੰ ਤੇਰਾ ਵਿਸ਼ਵ ਭੰਡਾਰਾ ਵੇਖੇ ਆਣ, ਨਿਰਵੈਰ ਪੁਰਖ ਫੇਰਾ ਪਾਈਆ । ਬ੍ਰਹਮੇ ਤੇਰਾ ਬ੍ਰਹਮ ਕਰੇ ਪਹਿਚਾਨ, ਲੱਖ ਚੁਰਾਸੀ ਖੋਜ ਖੋਜਾਈਆ । ਸ਼ੰਕਰ ਤੇਰਾ ਬਲ ਵੇਖੇ ਵਿਚ ਜਹਾਨ, ਤ੍ਰਿਸੂਲ ਤੇਰੀ ਭੇਵ ਚੁਕਾਈਆ । ਤ੍ਰੈਗੁਣ ਮਾਇਆ ਤੇਰਾ ਤੋੜੇ ਮਾਣ, ਅਭਿਮਾਨ ਰਹਿਣ ਕੋਇ ਨਾ ਪਾਈਆ । ਪੰਜ ਤਤ ਤੇਰੀ ਕਰੇ ਕਲਿਆਣ, ਹਰਿ ਕਰਤਾ ਵਡ ਵਡਿਆਈਆ । ਗੁਰ ਅਵਤਾਰ ਵੇਖੇ ਮਾਰ ਧਿਆਨ, ਪੀਰ ਪੈਗ਼ੰਬਰ ਪੜਦਾ ਆਪ ਚੁਕਾਈਆ । ਸ਼ਾਸਤਰ ਸਿਮਰਤ ਵੇਖੇ ਪੁਰਾਨ, ਗੀਤਾ ਗਿਆਨ ਭੇਵ ਖੁਲ੍ਹਾਈਆ । ਪੜਦਾ ਲਾਹ ਅੰਜੀਲ ਕੁਰਾਨ, ਖਾਣੀ ਬਾਣੀ ਹੁਕਮ ਵਰਤਾਈਆ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਆਪਣਾ ਵੇਸ ਵਟਾਈਆ । ਫਿਰੇ ਦਰੋਹੀ ਜ਼ਿਮੀਂ ਅਸਮਾਨ, ਗਗਨ ਗਗਨੰਤਰ ਹਾਹਾਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣਾ ਸਭ ਦਾ ਝੋਲੀ ਪਾਈਆ । ਸਚਖੰਡ ਦੁਆਰੇ ਹਰਿ ਦਰਬਾਰਾ, ਆਦਿ ਜੁਗਾਦੀ ਇਕ ਲਗਾਇੰਦਾ । ਜੁਗ ਚੌਕੜੀ ਕਰੇ ਸਚ ਵਿਹਾਰਾ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰਾ, ਲੱਖ ਚੁਰਾਸੀ ਜੀਵ ਜੰਤ ਸਮਝਾਇੰਦਾ । ਸ਼ਬਦ ਅਨਾਦੀ ਬੋਧ ਅਗਾਧੀ ਬੋਲ ਜੈਕਾਰਾ, ਨਾਉਂ ਨਿਰੰਕਾਰਾ ਆਪ ਦ੍ਰਿੜਾਇੰਦਾ । ਕਾਗ਼ਜ਼ ਕਲਮ ਸ਼ਾਹੀ ਕਾਤਬ ਬਣ ਲਿਖਾਰਾ, ਸਰਗੁਣ ਨਿਰਗੁਣ ਆਪਣੀ ਧਾਰ ਵਖਾਇੰਦਾ । ਰਸਨਾ ਜਿਹਵਾ ਬੱਤੀ ਦੰਦ ਬੋਲ ਨਾਅਰਾ, ਹੱਕ ਹਕੀਕਤ ਪੜਦਾ ਲਾਹਿੰਦਾ । ਮਾਰਗ ਦੱਸੇ ਸਰਬ ਸੰਸਾਰਾ, ਸੰਸਾਰ ਸਾਗਰ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਭੇਵ ਅਭੇਦਾ ਖੋਲ੍ਹੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਜੁਗ ਚੌਕੜੀ ਸੱਜਣ ਸਾਕ, ਪਤਿਪਰਮੇਸ਼ਵਰ ਇਕ ਅਖਵਾਈਆ । ਕਲਜੁਗ ਅੰਤਮ ਪੂਰਾ ਕਰੇ ਭਵਿਖਤ ਵਾਕ, ਵਾਕਿਆ ਵੇਖੇ ਚਾਈਂ ਚਾਈਆ । ਸਚ ਦੁਆਰੇ ਖੋਲ੍ਹ ਤਾਕ, ਪੜਦਾ ਦੂਈ ਦਏ ਉਠਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਵਿਸ਼ਨ ਬ੍ਰਹਮਾ ਸ਼ਿਵ

ਗੁਰ ਅਵਤਾਰ ਪੀਰ ਪੈਗ਼ੰਬਰ ਸਭ ਨੂੰ ਦੇਵੇ ਆਖ, ਆਖ਼ਰ ਆਪਣਾ ਹੁਕਮ ਵਰਤਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣਾ ਹੁਕਮ ਵਰਤਾਈਆ । ਜੋ ਉਪਜੇ ਸੋ ਹੋਵੇ ਨਾਸ, ਥਿਰ ਕੋਇ ਰਹਿਣ ਨਾ ਪਾਈਆ । ਮਾਇਆ ਮਮਤਾ ਨਾਤਾ ਤੁਟੇ ਕੂੜੀ ਰਾਸ, ਕਲਜੁਗ ਪੂੰਜੀ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਸੁੱਟੇ ਡੂੰਘੇ ਖਾਤ, ਸ਼ੌਹ ਦਰਿਆ ਆਪ ਰੁੜ੍ਹਾਈਆ । ਲਹਿਣਾ ਦੇਣਾ ਚੁਕਾਏ ਜ਼ਾਤ ਪਾਤ, ਦੀਨ ਮਜ਼੍ਹਬ ਝਗੜਾ ਰਹਿਣ ਕੋਇ ਨਾ ਪਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਣਾਏ ਇਕ ਜਮਾਤ, ਇਕੋ ਅੱਖਰ ਕਰੇ ਪੜ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆ ਕੇ ਵੇਖਣ ਜਗਤ ਹਾਲਾਤ, ਨਿਰਗੁਣ ਨਿਰਗੁਣ ਆਪਣੇ ਨਾਲ ਲਿਆਈਆ । ਬਿਨ ਪੁਰਖ ਅਕਾਲ ਕਿਸੇ ਕੋਈ ਨਾ ਪੁਛੇ ਵਾਤ, ਚਾਰ ਵਰਨ ਰੋਵਣ ਮਾਰਨ ਧਾਹੀਆ । ਕਲਜੁਗ ਚੋਲਾ ਅੰਤਮ ਜਾਣਾ ਪਾਟ, ਕਾਲਾ ਸੂਸਾ ਤਨ ਰਹਿਣ ਨਾ ਪਾਈਆ । ਬੀਸ ਬੀਸਾ ਉਤਾਰੇ ਆਪਣੇ ਘਾਟ, ਸਦੀ ਚੌਧਵੀਂ ਲੇਖਾ ਲੇਖੇ ਲਾਈਆ । ਈਸਾ ਮੂਸਾ ਮੁਹੰਮਦ ਤੋਬਾ ਤੋਬਾ ਕਹਿ ਸੁਣਾਵਣ ਗਾਥ, ਨੇਤਰ ਰੋ ਰੋ ਨੈਣਾਂ ਨੀਰ ਵਹਾਈਆ । ਉਮਤ ਉਮਤੀ ਅਸੀਂ ਗਏ ਆਖ, ਆਖ਼ਰ ਇਕੋ ਹੁਕਮ ਜਣਾਈਆ । ਕਲਜੁਗ ਅੰਤਮ ਸਾਂਝਾ ਪੀਰ ਪਰਗਟ ਹੋਵੇ ਸਾਖਿਆਤ, ਵਡ ਅਮਾਮ ਆਪਣਾ ਫੇਰਾ ਪਾਈਆ । ਲੇਖਾ ਜਾਣੇ ਸ੍ਰਿਸ਼ਟ ਸਬਾਈ ਕਾਇਨਾਤ, ਕਲਮਾ ਇਕੋ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਲੇਖੇ ਪਾਈਆ । ਵਿਸ਼ਨੂੰ ਲੇਖਾ ਲੇਖੇ ਜਾਏ ਲੱਗ, ਲਗਾਵਣਹਾਰ ਆਪ ਲਗਾਈਆ । ਬ੍ਰਹਮੇ ਨੇਤਰ ਨੈਣ ਤੱਕ, ਦਰ ਮੰਦਰ ਦਏ ਖੁਲ੍ਹਾਈਆ । ਸ਼ੰਕਰ ਵੇਖ ਖ਼ਾਲੀ ਹੱਥ, ਤ੍ਰਿਸੂਲ ਨਜ਼ਰ ਕੋਇ ਨਾ ਆਈਆ । ਭੋਲੇ ਨਾਥ ਉਠ ਨੱਠ, ਬਾਸ਼ਕ ਤਸ਼ਕਾ ਗਲੋ ਲਾਹੀਆ । ਰਜੋ ਤਮੋ ਸਤੋ ਨੇਤਰ ਨੀਰ ਨੈਣਾਂ ਘੱਤ, ਉਚੀ ਕੂਕੇ ਦਏ ਦੁਹਾਈਆ । ਪੰਜ ਤਤ ਕੋਈ ਨਾ ਮੇਟੇ ਫੱਟ, ਪੱਟੀ ਨਾਮ ਨਾ ਕੋਇ ਬੰਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਨਮੁਖਾਂ ਕੋਲੋ ਪਿਛੇ ਗਏ ਹਟ, ਸਿਰ ਹੱਥ ਨਾ ਕੋਇ ਟਿਕਾਈਆ । ਦੂਰ ਦੁਰਾਡੇ ਗਏ ਨੱਠ, ਪੱਲੂ ਆਪਣਾ ਮਾਤ ਛੁਡਾਈਆ । ਜਿਨ੍ਹਾਂ ਭੁੱਲੀ ਗੁਰ ਕੀ ਮਤ, ਮਨ ਮਤ ਬੈਠੇ ਜਗਤ ਪਰਨਾਈਆ । ਸੋ ਖ਼ਾਲੀ ਦਿਸਣ ਹੱਥ, ਸਾਚੀ ਵਸਤ ਨਜ਼ਰ ਕੋਇ ਨਾ ਆਈਆ । ਨਾੜ ਬਹੱਤਰ ਉਬਲੇ ਰਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਅੰਤਮ ਖੇੜਾ ਹੋਣਾ ਭੱਠ, ਕਲਜੁਗ ਭਠਿਆਲਾ ਅਗਨੀ ਰਿਹਾ ਤਪਾਈਆ । ਜੋ ਗੁਰਮੁਖ ਗੁਰਸਿਖ ਹਰਿਸੰਤ ਅੰਤਰ ਆਤਮ ਰਹੇ ਰਟ, ਪ੍ਰਭ ਚਰਨ ਧਿਆਨ ਲਗਾਈਆ । ਤਿਨ੍ਹਾਂ ਵੇਖੇ ਪੁਰਖ ਸਮਰਥ, ਨਿਰਗੁਣ ਸਰਗੁਣ ਫੋਲ ਫੋਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜੋਤੀ ਜਾਤਾ ਹੋ ਪਰਗਟ, ਪੁਰਖ ਬਿਧਾਤਾ ਦਏ ਵਡਿਆਈਆ । ਚਰਨ ਕਵਲ ਬੰਧਾਏ ਨਤ, ਕੂੜੀ ਕਿਰਿਆ ਡੇਰਾ ਢਾਹੀਆ । ਲੱਖ ਚੁਰਾਸੀ ਵਿਚੋ ਲਏ ਰੱਖ, ਰੱਖਿਆ ਕਰੇ ਸਭਨੀਂ ਥਾਈਂਆ । ਆਪਣੇ ਵੇਖਣ ਦੀ ਖੋਲ੍ਹੇ ਤੀਜੀ ਅੱਖ, ਦੋਏ ਲੋਚਣ ਬੰਦ ਕਰਾਈਆ । ਸਾਚਾ ਮਾਰਗ ਦੇਵੇ ਦੱਸ, ਆਤਮ ਪਰਮਾਤਮ ਬੂਝ ਬੁਝਾਈਆ । ਪਾਰਬ੍ਰਹਮ ਬ੍ਰਹਮ ਦੇਵੇ ਆਪਣਾ ਰਸ, ਰਸ ਰਸੀਆ ਮੁਖ ਚੁਆਈਆ । ਕਰੇ ਪਰਕਾਸ਼ ਕੋਟਨ ਰਵ ਸਸ, ਜੋਤੀ ਨੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਸਭ ਦਾ ਲੇਖੇ ਪਾਈਆ । ਵਿਸ਼ਨੂੰ ਉਠ ਕਰ ਧਿਆਨ, ਸੋ ਸਤਿਗੁਰ ਆਪ ਜਣਾਈਆ । ਕਲਜੁਗ ਵੇਖ ਜੀਵ ਜਹਾਨ, ਗ਼ਰੀਬ ਨਿਮਾਣੇ ਰੋਵਣ ਮਾਰਨ ਧਾਹੀਆ । ਸਾਚਾ ਮਿਲੇ ਨਾ ਕਿਸੇ ਪਕਵਾਨ, ਅੰਮ੍ਰਿਤ

ਰਸ ਨਾ ਕੋਇ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਮੰਗੇ ਥਾਉਂ ਥਾਈਆ । ਉਠ ਬ੍ਰਹਮੇ ਬ੍ਰਹਮ ਵਿਚਾਰ, ਪਾਰਬ੍ਰਹਮ ਸਮਝਾਇੰਦਾ । ਭਰਮੇ ਭੁੱਲਾ ਸਰਬ ਸੰਸਾਰ, ਤੇਰਾ ਨੂਰ ਨਜ਼ਰ ਕਿਸੇ ਨਾ ਆਇੰਦਾ । ਕੂੜੀ ਕਿਰਿਆ ਕੀਤਾ ਪਸਾਰ, ਸਾਚਾ ਨਾਦ ਨਾਮ ਨਾ ਕੋਇ ਸੁਣਾਇੰਦਾ । ਘਰ ਮੰਦਰ ਹੋਇਆ ਅੰਧਿਆਰ, ਪਰਕਾਸ਼ ਰੂਪ ਨਾ ਕੋਇ ਵਟਾਇੰਦਾ । ਸ੍ਰਿਸ਼ਟ ਸਬਾਈ ਧੂਆਂਧਾਰ, ਜੋਤੀ ਚੰਦ ਨਾ ਕੋਇ ਚਮਕਾਇੰਦਾ । ਲੇਖਾ ਦੇ ਸਚ ਦਰਬਾਰ, ਸ੍ਰੀ ਭਗਵਾਨ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਅਲਾਇੰਦਾ । ਸ਼ੰਕਰ ਉਠ ਵੇਖ ਤ੍ਰਿਸੂਲ, ਤ੍ਰੈਗੁਣ ਅਤੀਤਾ ਆਪ ਜਣਾਈਆ । ਤੇਰਾ ਚੁਕਿਆ ਅੰਤਮ ਮੂਲ, ਕੀਮਤ ਕਰਤਾ ਦੇਵੇ ਪਾਈਆ । ਅੱਗੇ ਬਦਲਣਹਾਰ ਅਸੂਲ, ਅਸਲੀਅਤ ਸਭ ਦੀ ਵੇਖ ਵਖਾਈਆ । ਧੁਰ ਦਾ ਲੇਖਾ ਕਰਨਾ ਪਏ ਕ਼ਬੂਲ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਰਚਾਈਆ । ਤ੍ਰੈਗੁਣ ਮਾਇਆ ਖੋਲ੍ਹ ਅੱਖ, ਹਰਿ ਆਖ਼ਰ ਆਪ ਜਣਾਇੰਦਾ । ਤੇਰਾ ਖੇੜਾ ਦਿਸੇ ਭੱਠ, ਮਹੱਲ ਅਟੱਲ ਨਜ਼ਰ ਕੋਇ ਨਾ ਆਇੰਦਾ । ਕਲਜੁਗ ਅੰਤਮ ਪੰਜ ਤਤ ਖੁਲ੍ਹੇ ਨਾ ਕੋਈ ਹੱਟ, ਹਟਵਾਣਾ ਰੂਪ ਨਾ ਕੋਇ ਵਟਾਇੰਦਾ । ਘਰ ਘਰ ਲੱਗੀ ਦਿਸੇ ਅੱਗ, ਸਾਂਤਕ ਸਤਿ ਰੂਪ ਨਾ ਕੋਇ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਸਮਝਾਇੰਦਾ । ਉਠੋ ਵੇਖੋ ਤੇਈ ਅਵਤਾਰ, ਹਰਿ ਤਰ੍ਹਾ ਤਰ੍ਹਾ ਸਮਝਾਈਆ । ਕਲਜੁਗ ਜੀਵ ਹੋਏ ਗਵਾਰ, ਮੂਰਖ ਮੁਗਧ ਹਰਿ ਕਾ ਭੇਵ ਕੋਇ ਨਾ ਪਾਈਆ । ਘਰ ਘਰ ਵੜਿਆ ਜਗਤ ਵਿਭਚਾਰ, ਕੂੜੀ ਸੇਜਾ ਰਹੇ ਹੰਢਾਈਆ । ਕਾਮ ਕਰੋਧ ਲੋਭ ਮੋਹ ਹੰਕਾਰ, ਤਨ ਮਾਟੀ ਨਾਚ ਨਚਾਈਆ । ਆਸਾ ਤ੍ਰਿਸਨਾ ਕਰੇ ਪਿਆਰ, ਹਉਮੇ ਹੰਗਤਾ ਖ਼ੁਸ਼ੀ ਮਨਾਈਆ । ਸੱਜਣ ਮਿਲਿਆ ਨਾ ਮੀਤ ਮੁਰਾਰ, ਘਰ ਕੰਤ ਨਾ ਕੋਇ ਹੰਢਾਈਆ । ਸੁਰਤ ਸਵਾਣੀ ਰੋਵੇ ਜ਼ਾਰੋ ਜ਼ਾਰ, ਸ਼ਬਦ ਹਾਣੀ ਨਜ਼ਰ ਕੋਇ ਨਾ ਆਈਆ । ਆਤਮ ਸੇਜਾ ਸੁੰਞੀ ਦਿਸੇ ਬਿਨ ਮੀਤ ਮੁਰਾਰ, ਮਿੱਤਰ ਪਿਆਰਾ ਸੋਭਾ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਸਭ ਦਾ ਰਿਹਾ ਉਠਾਈਆ । ਪੀਰ ਪੈਗ਼ੰਬਰ ਮੁਖ ਲਾਹੋ ਨਕ਼ਾਬ, ਪੜਦਾ ਆਪ ਚੁਕਾਈਆ । ਚਾਰੇ ਕੁੰਟ ਸਾਚੀ ਕਰੇ ਨਾ ਕੋਈ ਆਦਾਬ, ਸਚ ਇਸਲਾਮ ਸੀਸ ਨਾ ਕੋਇ ਝੁਕਾਈਆ । ਮਨ ਮਨੂਆ ਬਣ ਨਵਾਬ, ਹੁਕਮ ਆਪਣਾ ਰਿਹਾ ਵਰਤਾਈਆ । ਉਮਤ ਉਮਤੀ ਕੂੜਾ ਦਿਸੇ ਖਵਾਬ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਰਿਹਾ ਸਮਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੱਕੋ ਆਪਣਾ ਰਾਹ, ਹਰਿ ਰਹਿਬਰ ਰਿਹਾ ਜਣਾਈਆ । ਪੜ੍ਹ ਪੜ੍ਹ ਜੀਵ ਜੰਤ ਸਾਰੇ ਗਏ ਭੁਲਾ, ਭੁਲਿਆਂ ਮਾਰਗ ਕੋਇ ਨਾ ਪਾਈਆ । ਹਿਰਦੇ ਹਰਿ ਸਕੇ ਨਾ ਕੋਇ ਵਸਾ, ਹਰਿਮੰਦਰ ਵੜ ਕੇ ਦਰਸ ਕੋਇ ਨਾ ਪਾਈਆ । ਨਿਜ ਨੇਤਰ ਪੜਦਾ ਸਕੇ ਨਾ ਕੋਇ ਉਠਾ, ਦੋਏ ਲੋਚਣ ਨੈਣ ਸ਼ਰਮਾਈਆ । ਧੁਨ ਆਤਮਕ ਰਾਗ ਕੋਈ ਨਾ ਸਕੇ ਗਾ, ਰਸਨਾ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਅੰਮ੍ਰਿਤ ਆਤਮ ਜਾਮ ਸਕੇ ਨਾ ਕੋਈ ਪਿਆ, ਰਸ ਅਨਰਸ ਭੇਵ ਨਾ ਕੋਇ ਮਿਟਾਈਆ । ਦੀਪਕ ਦੀਆ ਜੋਤ ਸਕੇ ਨਾ ਕੋਇ ਜਗਾ, ਘਰ ਘਰ ਦੀਵਾ ਬੱਤੀ ਕਰਨ ਰੁਸ਼ਨਾਈਆ । ਆਤਮ ਪਰਮਾਤਮ ਸਕੇ ਨਾ ਕੋਈ ਮਿਲਾ, ਮਿਲਣੀ ਜਗਦੀਸ ਨਾ ਕੋਇ ਕਰਾਈਆ । ਆਵਣ ਜਾਵਣ ਪੰਧ ਸਕੇ ਨਾ ਕੋਇ ਮੁਕਾ,

ਲੱਖ ਚੁਰਾਸੀ ਫੰਦ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਰਿਹਾ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਕਰ ਇਕੱਠ, ਦੋਏ ਜੋੜ ਪਏ ਸਰਨਾਈਆ । ਸ੍ਰੀ ਭਗਵਾਨ ਸਾਡੇ ਨਹੀਂ ਕਿਛ ਵਸ, ਤੇਰੀ ਕੀਤੀ ਕਰਨੀ ਤੋਹੇ ਭਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਰੱਖਿਆ ਕਰੇਂ ਬੇਪਰਵਾਹੀਆ । ਗੁਰ ਅਵਤਾਰ ਚਰਨ ਡਿਗੇ ਢੱਠ, ਆਪਣਾ ਆਪ ਮਿਟਾਈਆ । ਜੋ ਕੁਛ ਸਾਡਾ ਸੋ ਤੇਰੇ ਹੱਥ, ਡੋਰੀ ਤੇਰੇ ਹੱਥ ਫੜਾਈਆ । ਤੇਰਾ ਲੇਖਾ ਲਿਖ ਲਿਖ ਆਏ ਦੱਸ, ਕਾਗ਼ਜ਼ ਕਲਮ ਸ਼ਾਹੀ ਨਾਲ ਰਲਾਈਆ । ਅੰਤਮ ਹੋ ਕੇ ਤੇਰੇ ਵਸ, ਲੋਕਮਾਤ ਨਾਤਾ ਦਿਤਾ ਤੁੜਾਈਆ । ਪੀਰ ਪੈਗ਼ੰਬਰ ਕੋਈ ਨਾ ਪੁੱਟੇ ਅੱਖ, ਨੇਤਰ ਨੈਣਾਂ ਨੀਰ ਵਹਾਈਆ । ਪਰਵਰਦਿਗਾਰ ਬੇਪਰਵਾਹ ਸਾਡੀ ਨੱਥ ਤੇਰੇ ਹੱਥ, ਨੱਕ ਨਕੇਲ ਤੇਰੀ ਡੋਰੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਮੰਨੀਏ ਇਕ ਰਜ਼ਾਈਆ । ਸਾਰੇ ਉਠੋ ਵੇਖੋ ਏਕ, ਏਕੰਕਾਰਾ ਆਪ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਨੇ ਦਿਤੀ ਟੇਕ, ਸੋ ਟਿੱਕਾ ਮਸਤੱਕ ਸਭ ਦੇ ਲਾਈਆ । ਪਾਰਬ੍ਰਹਮ ਪ੍ਰਭ ਠਾਕਰ ਸੁਆਮੀ ਖੋਲਣਹਾਰ ਆਪਣਾ ਭੇਤ, ਅਭੇਵ ਦਏ ਜਣਾਈਆ । ਲੱਖ ਚੁਰਾਸੀ ਨਾਲੋ ਸਭ ਦਾ ਛੁੱਟਾ ਹੇਤ, ਗੁਰੂ ਪੀਰ ਅਵਤਾਰ ਲੋਕਮਾਤ ਹੋਏ ਨਾ ਕੋਇ ਸਹਾਈਆ । ਕਲਜੁਗ ਅੰਤਮ ਲੱਖ ਚੁਰਾਸੀ ਸੁੰਞਾ ਹੋਇਆ ਖੇਤ, ਰਾਖੇ ਬੈਠੇ ਮੁਖ ਛੁਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਰਬ ਸੁਆਮੀ ਖੇਲੇ ਆਪਣੀ ਖੇਡ, ਨਿਰਗੁਣ ਆਪਣਾ ਵੇਸ ਵਟਾਈਆ । ਅਗਨੀ ਤਪਦੀ ਵੇਖੇ ਮਹੀਨਾ ਜੇਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲੇਖਾ ਲੇਖ ਮੁਕਾਈਆ । ਉਠੋ ਵੇਖੋ ਪੀਰ ਪੈਗ਼ੰਬਰ, ਪਾਰਬ੍ਰਹਮ ਪ੍ਰਭ ਆਪ ਜਣਾਇੰਦਾ । ਕਲਜੁਗ ਰਚਿਆ ਇਕ ਸਵੰਬਰ, ਸਾਹਿਬ ਸੁਲਤਾਨ ਵੰਡ ਵੰਡਾਇੰਦਾ । ਪਰਗਟ ਹੋ ਸਰਬ ਕਲਾ ਭਰਤੰਬਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਕੂੜੀ ਕਿਰਿਆ ਮੇਟੇ ਅਡੰਬਰ, ਜੂਠਾ ਝੂਠਾ ਡੇਰਾ ਢਾਹਿੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਧਰਮ ਦੁਆਰ ਇਕੋ ਦੱਸੇ ਮੰਦਰ, ਕਾਇਆ ਕਾਅਬਾ ਪੜਦਾ ਆਪ ਚੁਕਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਹਰ ਘਟ ਵਸੇ ਅੰਦਰ, ਨਿਰਗੁਣ ਆਪਣਾ ਡੇਰਾ ਲਾਇੰਦਾ । ਭਾਗ ਲਗਾਏ ਡੂੰਘੇ ਖੰਡਰ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਇਕ ਦੂਜੇ ਦਾ ਪਿਆਰ ਸਾਂਝਾ ਮੰਗਣ, ਭਗਤ ਭਗਵਾਨ ਆਪਣਾ ਰੰਗ ਵਖਾਇੰਦਾ । ਸੰਤ ਸੁਹੇਲੇ ਗੁਰੂ ਗੁਰ ਚੇਲੇ ਆਪੇ ਰੱਖੇ ਆਪਣੇ ਅੰਗਣ, ਅੰਗੀਕਾਰ ਆਪ ਹੋ ਜਾਇੰਦਾ । ਦੂਜੇ ਦਰ ਕੋਈ ਨਾ ਜਾਏ ਮੰਗਣ, ਦੇਵਣਹਾਰਾ ਦਾਤਾ ਪੁਰਖ ਅਕਾਲ ਇਕੋ ਦਇਆ ਕਮਾਇੰਦਾ । ਨਾਮ ਨਿਧਾਨ ਸ੍ਰੀ ਭਗਵਾਨ ਸੂਰਾ ਸਰਬੰਗ ਵਜਾਏ ਮਰਦੰਗਨ, ਡੰਕਾ ਇਕੋ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਰਬ ਵਰਭੰਡਨ, ਕਲਜੁਗ ਭੰਡੀ ਆਪ ਮੁਕਾਇੰਦਾ । ਕਲਜੁਗ ਭੰਡੀ ਵੇਖੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਸ੍ਰਿਸ਼ਟ ਸਬਾਈ ਦੇਵੇ ਇਕੋ ਜਾਪ, ਸਿਖਿਆ ਸਚ ਸਚ ਪੜ੍ਹਾਈਆ । ਆਤਮ ਪਰਮਾਤਮ ਵਡ ਪਰਤਾਪ, ਘਰ ਸਾਚੇ ਖ਼ੁਸ਼ੀ ਵਖਾਈਆ । ਮੇਲ ਮਿਲਾਵਾ ਰਸੂਲ ਪਾਕ, ਪਾਕੀਜ਼ਾ ਆਪਣਾ ਰਾਹ ਜਣਾਈਆ । ਲੇਖਾ ਚੁੱਕੇ ਤਨ ਮਾਟੀ ਕੂੜੀ ਖ਼ਾਕ, ਖ਼ਾਕਸਾਰ ਲਏ ਉਠਾਈਆ । ਜਨ ਭਗਤਾਂ ਖੋਲ੍ਹੇ ਅੰਤਰ ਤਾਕ, ਬੰਦ ਕਿਵਾੜੀ ਕੁੰਡਾ ਲਾਹੀਆ । ਮੇਟੇ ਰੈਣ ਅੰਧੇਰੀ ਰਾਤ, ਸਾਚਾ ਚੰਦ ਨੂਰ ਚਮਕਾਈਆ । ਤੂੰ ਮੇਰਾ ਮੈਂ ਤੇਰਾ ਸੁਣਾਵੇ ਗਾਥ, ਸੋਹੰ ਢੋਲਾ ਇਕ

੫੦੧
੧੫

ਪੜ੍ਹਾਈਆ । ਵਰਨ ਬਰਨ ਮੇਟ ਬਣਾਏ ਸਚ ਜਮਾਤ, ਚਾਰ ਵਰਨ ਹਰਿ ਸਰਨਾਈਆ । ਨਜ਼ਰੀ ਆਏ ਇਕ ਇਕਾਂਤ, ਇਕ ਇਕੱਲਾ ਸੱਚਾ ਮਾਹੀਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਰੱਖਣ ਆਸ, ਭਗਤ ਸੰਤ ਬੈਠੇ ਧਿਆਨ ਲਗਾਈਆ । ਗੁਰਮੁਖ ਗੁਰਸਿਖ ਮਿਲ ਬੁਝਾਵਣ ਤ੍ਰਿਸਨਾ ਪਿਆਸ, ਭੁੱਖ ਕੋਇ ਰਹਿਣ ਨਾ ਪਾਈਆ । ਸੋ ਸਾਹਿਬ ਨਿਰਗੁਣ ਜੋਤ ਕਰੇ ਪਰਕਾਸ਼, ਪਰਕਾਸ਼ਵਾਨ ਹਰ ਘਟ ਥਾਈਆ । ਸਤਿਜੁਗ ਸਾਚੇ ਤੇਰਾ ਖੋਲ੍ਹੇ ਭੇਵ ਖ਼ੁਲਾਸ, ਖ਼ੁਲਾਸਾ ਇਕੋ ਵਾਰ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਤਮ ਪਰਮਾਤਮ ਦੇਵਣਹਾਰ ਗਿਆਨ, ਬੋਧ ਅਗਾਧਾ ਬਣ ਕੇ ਪੰਡਤ, ਬ੍ਰਹਮ ਵਿਦਿਆ ਪਾਰਬ੍ਰਹਮ ਜਣਾਈਆ ।

## ✪ ੭ ਅੱਸੂ ੨੦੨੦ ਬਿਕਰਮੀ ਜ਼ੋਰਾ ਸਿੰਘ ਦੇ ਗ੍ਰਿਹ ਸਦੇ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸਾਚਾ ਨਾਮ ਧੁਰ ਸਲੋਕ, ਧਰਮ ਦੁਆਰ ਦਏ ਵਖਾਈਆ । ਲੇਖਾ ਚੁੱਕੇ ਹਰਖ ਸੋਗ, ਚਿੰਤਾ ਗ਼ਮ ਨਾ ਕੋਇ ਜਣਾਈਆ । ਨਾਤਾ ਤੁੱਟੇ ਲੋਕ ਪਰਲੋਕ, ਦੋ ਜਹਾਨ ਪੰਧ ਮੁਕਾਈਆ । ਮਾਣ ਗਵਾ ਕੇ ਮੁਕਤੀ ਮੋਖ, ਮਿਹਰਵਾਨ ਨਜ਼ਰ ਉਠਾਈਆ । ਲੋੜ ਰਹੇ ਨਾ ਕੋਈ ਸੋਚ, ਸੋਚ ਸਮਝ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਦਏ ਪੜ੍ਹਾਈਆ । ਹਰਿ ਕਾ ਨਾਮ ਸਤਿਗੁਰ ਜਾਮ, ਮਸਤ ਪਿਆਲਾ ਇਕ ਪਿਆਇੰਦਾ । ਅੰਤਰ ਆਤਮ ਦਿਸੇ ਇਕੋ ਰਾਮ, ਦੂਜਾ ਨੂਰ ਨਾ ਕੋਇ ਵਖਾਇੰਦਾ । ਜਨਮ ਜਨਮ ਦਾ ਪੂਰਾ ਕਰੇ ਕਾਮ, ਪੂਰਨ ਇਛਿਆ ਆਪ ਵਖਾਇੰਦਾ । ਭਾਗ ਲਗਾਏ ਨਗਰ ਖੇੜਾ ਗਰਾਮ, ਜੀਉ ਪਿੰਡ ਵੇਖ ਵਖਾਇੰਦਾ । ਕਰ ਪਰਕਾਸ਼ ਆਪਣੇ ਭਾਣ, ਜੋਤੀ ਜੋਤ ਜੋਤ ਜਗਾਇੰਦਾ । ਸਾਚਾ ਚਰਨ ਧੂੜ ਅਸ਼ਨਾਨ, ਦੁਰਮਤ ਮੈਲ ਮੈਲ ਧਵਾਇੰਦਾ । ਘਰ ਨਜ਼ਰੀ ਆਏ ਗੋਪੀ ਕਾਹਨ, ਇਸ਼ਟ ਗੁਰਦੇਵ ਸੁਆਮੀ ਠਾਕਰ ਆਪਣਾ ਪੜਦਾ ਲਾਹਿੰਦਾ । ਬੋਧ ਅਗਾਧ ਸ਼ਬਦ ਧੁਨ ਨਾਦ ਸੁਣਾਏ ਬਾਣੀ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਇੰਦਾ । ਲਹਿਣਾ ਦੇਣ ਚੁਕਾਏ ਚਾਰ ਖਾਣੀ, ਖ਼ਾਲਸ ਆਪਣਾ ਮੇਲ ਮਿਲਾਇੰਦਾ । ਸਚ ਸਰੋਵਰ ਦੇਵੇ ਅੰਮ੍ਰਿਤ ਪਾਣੀ, ਠੰਡਾ ਜਲ ਧਾਰ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸਤਿਗੁਰ ਨਾਉਂ ਸ਼ਬਦ ਵਿਚੋਲਾ, ਦੋ ਜਹਾਨਾਂ ਹੋਏ ਸਹਾਈਆ । ਨਿਰਗੁਣ ਸਰਗੁਣ ਬਣ ਕੇ ਤੋਲਾ, ਨਾਮ ਕੰਡੇ ਤੋਲ ਤੁਲਾਈਆ । ਆਤਮ ਪਰਮਾਤਮ ਸਚ ਸੁਣਾਏ ਬੋਲਾ, ਸੋਹੰ ਢੋਲਾ ਇਕ ਪੜ੍ਹਾਈਆ । ਜਨਮ ਜਨਮ ਦਾ ਭਾਰ ਕਰੇ ਹੌਲਾ, ਕੂੜੀ ਗਠੜੀ ਸੀਸ ਨਾ ਕੋਇ ਟਿਕਾਈਆ । ਉਲਟਾ ਕਰੇ ਨਾਭ ਕੌਲਾ, ਧਾਰ ਅੰਮ੍ਰਿਤ ਮੁਖ ਚੁਆਈਆ । ਦੇਵੇ ਵਡਿਆਈ ਉਪਰ ਧੌਲਾ, ਧਰਨੀ ਧਰਤ ਸੋਭਾ ਪਾਈਆ । ਨੂਰ ਵਖਾਏ ਇਕੋ ਅਵਲਾ, ਜੋਤੀ ਜੋਤ ਕਰ ਰੁਸ਼ਨਾਈਆ । ਰੰਗ ਜਣਾਏ ਸਾਵਲ ਸਵਲਾ, ਸੁੰਦਰ ਮੁਖ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਏ ਸੰਦੇਸਾ ਪਵਣ ਪਵਣਾ, ਨਾਮ ਹੁਲਾਰਾ ਇਕ ਲਗਾਈਆ । ਹਰਿ ਕਾ ਨਾਉਂ ਸਤਿਗੁਰ ਮੀਤ, ਪ੍ਰਭ ਠਾਕਰ ਇਕ ਸੁਣਾਈਆ । ਸ਼ਬਦ ਅਨਾਦੀ ਧੁਰ ਦਾ ਗੀਤ, ਗੁਰ

ਅਵਤਾਰ ਪੀਰ ਪੈਗੰਬਰ ਰਾਗ ਅਲਾਈਆ । ਘਟ ਸੁਆਮੀ ਵਸੇ ਚੀਤ, ਚੇਤਨ ਆਪਣਾ ਭੇਵ ਖੁਲ੍ਹਾਈਆ । ਸਾਚਾ ਚਾੜ੍ਹੇ ਰੰਗ ਮਜੀਠ, ਚੋਲੀ ਕੱਪੜ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਨਾਮ ਦਏ ਵਡਿਆਈਆ । ਨਾਮ ਅਗੰਮਾ ਡੂੰਘਾ ਸਾਗਰ, ਗਹਿਰ ਗੰਭੀਰ ਇਕੋ ਇਕ ਵਖਾਇੰਦਾ । ਆਪ ਟਿਕਾਏ ਕਾਇਆ ਗਾਗਰ, ਪੰਜ ਤਤ ਅੰਦਰ ਡੇਰਾ ਸਚ ਕਰਾਇੰਦਾ । ਲੱਖ ਚੁਰਾਸੀ ਵਿਚੋ ਗੁਰਮੁਖ ਵਿਰਲਾ ਬਣੇ ਸੌਦਾਗਰ, ਸੌਦਾ ਆਪਣੇ ਹੱਟ ਘਰ ਘਰ ਵਿਚ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਤਿਗੁਰ ਨਾਮ ਸ਼ਬਦ ਸੁਆਮੀ, ਸੋਭਾਵੰਤ ਵੱਡੀ ਵਡਿਆਈਆ । ਨਿਰਗੁਣ ਸਰਗੁਣ ਅੰਤਰਜਾਮੀ ਅੰਤਰ ਆਤਮ ਬੂਝ ਬੁਝਾਈਆ । ਸਚਖੰਡ ਦੀ ਸਾਚੀ ਬਾਣੀ, ਸਤਿ ਸਤਿਵਾਦੀ ਆਪ ਸੁਣਾਈਆ । ਦੋ ਜਹਾਨਾਂ ਖੇਲ ਮਹਾਨੀ, ਮਹਾਂਬਲੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਇਕ ਦ੍ਰਿੜਾਈਆ । ਸ਼ਬਦ ਗੁਰਦੇਵ ਪਾਰਬ੍ਰਹਮ, ਪਤਿਪਰਮੇਸ਼ਵਰ ਖੇਲ ਕਰਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਸਾਚਾ ਧਰਮ, ਧਰਮ ਆਤਮਾ ਆਪ ਜਣਾਇੰਦਾ । ਨਿਹਕਰਮੀ ਰੱਖੇ ਨਾ ਕੋਇ ਕਰਮ, ਕਰਮ ਕਾਂਡ ਨਜ਼ਰ ਕੋਇ ਨਾ ਆਇੰਦਾ । ਜ਼ਾਤ ਪਾਤ ਨਾ ਕੋਇ ਵਰਨ, ਬਰਨ ਵੰਡ ਨਾ ਕੋਇ ਵੰਡਾਇੰਦਾ । ਸਚ ਜਣਾਏ ਇਕੋ ਸਰਨ, ਸਰਨਗਤ ਘਰ ਸਾਚੇ ਇਕ ਸਮਝਾਇੰਦਾ । ਗੁਰਮੁਖ ਵਿਰਲੇ ਸਚ ਦੁਆਰੇ ਵੜਨ, ਘਰ ਮੰਦਰ ਇਕੋ ਨਜ਼ਰੀ ਆਇੰਦਾ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਇਕੋ ਪੜ੍ਹਨ, ਦੂਜਾ ਰਾਗ ਨਾ ਕੋਇ ਅਲਾਇੰਦਾ । ਨਾ ਜੀਵਣ ਨਾ ਜੀਵਤ ਮਰਨ, ਮਰਨ ਜਨਮ ਦੋਹਾਂ ਤੇ ਪਾਰ ਕਰਾਇੰਦਾ । ਅੰਤਮ ਲੈ ਕੇ ਜਾਏ ਆਪਣੀ ਸਰਨ, ਘਰ ਸਾਚੇ ਸਚ ਬਹਾਇੰਦਾ । ਨਿਤ ਨਵਿਤ ਬਿਨ ਅੱਖਾਂ ਦਰਸਨ ਕਰਨ, ਜੋਤੀ ਨੂਰ ਨੂਰ ਰੁਸ਼ਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣਾ ਨਾਮ ਬੁਝਾਇੰਦਾ । ਨਾਮ ਸਤਿਗੁਰ ਸ਼ਬਦ ਬਾਣੀ, ਗੁਰ ਗੋਝ ਗਿਆਨ ਦਿਵਾਈਆ । ਅੱਖਰ ਅੱਖਰ ਜਗਤ ਕਹਾਣੀ, ਸਿਫ਼ਤੀ ਸਿਫ਼ਤ ਸਮਝਾਈਆ । ਰਸਨਾ ਜਿਹਵਾ ਬੋਲੇ ਚਾਰੇ ਖਾਣੀ, ਉਚੀ ਕੂਕ ਕੂਕ ਸੁਣਾਈਆ । ਗੁਰਮੁਖ ਵਿਰਲਾ ਪਾਏ ਪਦ ਨਿਰਬਾਣੀ, ਜਿਸ ਆਪਣਾ ਨਿਰਬਾਣ ਪਦ ਸਮਝਾਈਆ । ਲੈ ਕੇ ਜਾਏ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਹੁਕਮ ਮਨਾਈਆ । ਮੰਦਰ ਵਖਾਏ ਇਕ ਸੁਲਤਾਨੀ, ਸੂਰਜ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਨਾਮ ਸ਼ਬਦ ਗੀਤ ਗੋਬਿੰਦ, ਸਹਿਜ ਸੁਖ ਦਾਤਾ ਇਕੋ ਇਕ ਸਮਝਾਈਆ । ਮੇਟ ਮਿਟਾਏ ਸਗਲੀ ਚਿੰਦ, ਚਿੰਤਾ ਚਿਖਾ ਨਾ ਕੋਇ ਜਲਾਈਆ । ਠਾਕਰ ਹੋ ਬਣੇ ਬਖ਼ਸ਼ਿੰਦ, ਸਾਗਰ ਹੋ ਅੰਮ੍ਰਿਤ ਮੇਘ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਇਕ ਅੱਖਰ ਬੂਝ ਬੁਝਾਈਆ । ਇਕੋ ਅੱਖਰ ਇਕੋ ਘਰ, ਏਕੰਕਾਰ ਇਕ ਜਣਾਇੰਦਾ । ਇਕੋ ਪੱਥਰ ਤੋੜੇ ਗੜ੍ਹ, ਇਕੋ ਨਾਮ ਚੋਟ ਨਗਾਰੇ ਲਾਇੰਦਾ । ਇਕੋ ਮੰਦਰ ਇਕੋ ਦੁਆਰ ਵੇਖਣਾ ਚੜ੍ਹ, ਇਕ ਮਹੱਲ ਸੋਭਾ ਪਾਇੰਦਾ । ਇਕੋ ਨਾਰ ਇਕੋ ਕੰਤ ਲੈਣਾ ਵਰ, ਇਕੋ ਸੀਸ ਹੱਥ ਟਿਕਾਇੰਦਾ । ਇਕੋ ਸਰਨ ਸਰਨਾਈ ਜਾਣਾ ਪੜ, ਇਕੋ ਚਰਨ ਕਵਲ ਧਿਆਨ ਜਣਾਇੰਦਾ । ਇਕੋ ਪੱਲੂ ਲੈਣਾ ਫੜ, ਇਕੋ ਆਪਣੇ ਨਾਲ ਗੰਢ ਪਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੰਤਰ

ਇਕ ਸਮਝਾਇੰਦਾ । ਇਕੋ ਮੰਤਰ ਨਾਮ ਆਦਿ, ਸੋ ਪੁਰਖ ਨਿਰੰਜਣ ਆਪ ਜਣਾਈਆ । ਇਕੋ ਰੂਪ ਹੰ ਬ੍ਰਹਿਮਾਦ, ਬ੍ਰਹਿਮਾਂਡ ਕਰੇ ਰੁਸ਼ਨਾਈਆ । ਦੋਹਾਂ ਮਿਲ ਕੇ ਵੱਜੇ ਨਾਦ, ਘਰ ਸਚ ਖ਼ੁਸ਼ੀ ਵਖਾਈਆ । ਬਿਨ ਪਰਮਾਤਮ ਆਤਮ ਕੋਈ ਨਾ ਆਏ ਸਵਾਦ, ਰਸ ਰੂਪ ਨਾ ਕੋਇ ਵਟਾਈਆ । ਬਿਨ ਆਤਮ ਪਰਮਾਤਮ ਕੋਈ ਕਰੇ ਨਾ ਰਾਜ, ਰਈਅਤ ਰੂਪ ਨਾ ਕੋਇ ਵਖਾਈਆ । ਬਿਨ ਪਰਮਾਤਮ ਆਤਮ ਪੂਰਾ ਕਰੇ ਨਾ ਕੋਈ ਕਾਜ, ਮਿਹਰ ਨਜ਼ਰ ਨਾ ਕੋਇ ਉਠਾਈਆ । ਬਿਨ ਆਤਮ ਪਰਮਾਤਮ ਸਾਜਣ ਕੋਈ ਨਾ ਲਏ ਸਾਜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਨਾਮ ਆਪੇ ਆਪ ਜਣਾਈਆ । ਸੋਹੰ ਹਰਿ ਕਾ ਨਾਉਂ, ਆਦਿ ਜੁਗਾਦਿ ਇਕ ਰੁਸ਼ਨਾਈਆ । ਸੋਹੰ ਹਰਿ ਕਾ ਗਾਉਂ, ਘਰ ਵਸੇ ਬੇਪਰਵਾਹੀਆ । ਸੋਹੰ ਹਰਿ ਕਾ ਥਾਉਂ, ਥਾਨ ਥਨੰਤਰ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਦਿ ਪੁਰਖ ਅਪਰੰਪਰ ਸੁਆਮੀ ਸ਼ਬਦ ਗੁਰਦੇਵ ਸਦਾ ਨਿਹਕਾਮੀ, ਅਨੁਭਵ ਪਰਕਾਸ਼ ਅੰਤਰਜਾਮੀ, ਅੰਤਰ ਆਤਮ ਪਰਮਾਤਮ ਇਕੋ ਘਰ ਸਮਝਾਈਆ ।

## ੭ ਅੱਸੂ ੨੦੨੦ ਬਿਕਰਮੀ ਸੱਦੇ ਵਾਲਾ ਜ਼ਿਲਾ ਫਿਰੋਜਪੁਰ



ਸ਼ਬਦ ਨਾਮ ਸਤਿਗੁਰ ਕਿਰਪਾ, ਪਾਰਬ੍ਰਹਮ ਦਏ ਵਡਿਆਈਆ । ਬਾਕੀ ਜੀਵ ਕੱਟਦੇ ਬਿਪਤਾ, ਲੱਖ ਚੁਰਾਸੀ ਗੇੜ ਵਖਾਈਆ । ਬਿਨ ਸ੍ਰੀ ਭਗਵਾਨ ਜਨਮ ਜਾਏ ਬਿਰਥਾ, ਲੇਖਾ ਲੱਗੇ ਕੋਈ ਨਾ ਰਾਈਆ । ਗੁਰਮੁਖ ਜਾਣੇ ਭੇਵ ਪਿਰ ਕਾ, ਪ੍ਰੀਤੀ ਪ੍ਰੀਤਮ ਇਕ ਜਣਾਈਆ । ਮੇਲ ਮਿਲਾਏ ਹਰਿ ਸਤਿਗੁਰ ਜਨਮ ਜਨਮ ਚਿਰ ਕਾ, ਵਿਛੜੇ ਆਪਣੇ ਨਾਲ ਜੁੜਾਈਆ । ਵਿਰਲਾ ਪੜਦਾ ਲਾਹੇ ਘਰ ਥਿਰ ਕਾ, ਧੁਰ ਦਰਬਾਰ ਦਏ ਵਖਾਈਆ । ਦੀਨ ਮਜ਼੍ਹਬ ਕੋਈ ਨਾ ਰਹੇ ਫ਼ਿਰਕਾ, ਜ਼ਾਤ ਪਾਤ ਡੇਰਾ ਢਾਹੀਆ । ਦੁਰਮਤ ਧੋ ਸਾਫ਼ ਕਰਾਏ ਹਿਰਦਾ, ਸਵਛ ਸਰੂਪ ਆਪ ਸਮਝਾਈਆ । ਜਨਮ ਜਨਮ ਜੀਵ ਭੌਂਦਾ ਰਹੇ ਫਿਰਦਾ, ਬਿਨ ਸਤਿਗੁਰ ਪੂਰੇ ਪੰਧ ਨਾ ਕੋਇ ਮੁਕਾਈਆ । ਆਵਣ ਜਾਵਣ ਗੇੜਾ ਰਹੇ ਗਿੜਦਾ, ਹਰਿ ਕਰਤਾ ਆਪ ਗਿੜਾਈਆ । ਗ਼ੁੰਚਾ ਫੁੱਲ ਰਹੇ ਖਿੜਦਾ, ਪੰਖੜੀ ਪਤ ਡਾਲੀ ਮਹਿਕਾਈਆ । ਬਿਨ ਨਿਰੰਕਾਰ ਲੇਖਾ ਨਾ ਮੁਕਾਏ ਕੋਈ ਸਿਰ ਧੜ ਦਾ, ਪੰਜ ਤਤ ਚੋਲੀ ਕੋਇ ਨਾ ਪਾਈਆ । ਵੇਖਣਹਾਰਾ ਖੇਲ ਚੋਟੀ ਜੜ੍ਹਦਾ, ਮਧ ਆਪਣੀ ਧਾਰ ਵਹਾਈਆ । ਆਦਿ ਜੁਗਾਦਿ ਜੁਗ ਚੌਕੜੀ ਸਾਹਿਬ ਸਤਿਗੁਰ ਅੱਗੇ ਕੋਈ ਨਾ ਅੜਦਾ, ਜੋ ਅੜਿਆ ਭੰਨ ਵਖਾਈਆ । ਗੁਰਮੁਖ ਵਿਰਲਾ ਸਾਚੇ ਪੌੜੇ ਚੜ੍ਹਦਾ, ਜਿਸ ਆਪਣਾ ਭੇਵ ਚੁਕਾਈਆ । ਤੂੰ ਮੇਰਾ ਮੈਂ ਤੇਰਾ ਢੋਲਾ ਇਕੋ ਨਾਮ ਪੜ੍ਹਦਾ, ਦੂਜਾ ਅੱਖਰ ਨਾ ਕੋਇ ਸੁਣਾਈਆ । ਰੂਪ ਨਜ਼ਰੀ ਆਏ ਹਰੀ ਹਰਿ ਹਰਿ ਦਾ, ਹਰਿ ਮੰਦਰ ਇਕੋ ਸੋਭਾ ਪਾਈਆ । ਪੜਦਾ ਚੁੱਕੇ ਆਪਣੇ ਘਰ ਦਾ, ਘਰ ਘਰ ਵਿਚ ਹੋਏ ਰੁਸ਼ਨਾਈਆ । ਜਿਸ ਮਨ ਕੋਲੋ ਸਦ ਰਿਹਾ ਡਰਦਾ, ਸੋ ਮਨ ਡੇਰਾ ਬਹੇ ਢਾਹੀਆ । ਦੋਏ ਜੋੜ ਨਿਮਖ ਨਿਮਖ ਵਾਸਤਾ ਕਰਦਾ, ਮਾਣ ਅਭਿਮਾਣ ਦਏ ਮਿਟਾਈਆ । ਸਤਿਗੁਰ ਸਰਨਾਈ ਸਚ ਦੁਆਰੇ ਪੜਦਾ, ਸਾਚੇ ਘਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਤਰ ਇਕੋ ਇਕ ਸਮਝਾਈਆ । ਨਾਮ ਸ਼ਬਦ ਕਹੇ ਮੋਹੇ ਹਰਿ

੫੦੪ ੧੫

ਕੀ ਓਟ, ਆਸਾ ਇਕੋ ਇਕ ਰਖਾਈਆ । ਜੁਗ ਚੌਕੜੀ ਲਾਏ ਚੋਟ, ਸਚ ਨਗਾਰਾ ਨੌਬਤ ਇਕ ਵਜਾਈਆ । ਲੋਕਮਾਤ ਭੇਜੇ ਨਾਲ ਸ਼ੌਕ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਭਗਤ ਸੰਤ ਕੋਈ ਨਾ ਜਾਏ ਔਂਤ, ਸਾਚਾ ਬੰਧਨ ਦਏ ਬੰਧਾਈਆ । ਗੁਰਮੁਖ ਨਾਰੀ ਰੰਡੀ ਰਹੇ ਨਾ ਬਿਨਾ ਖੌਂਤ, ਗੁਰ ਸ਼ਬਦ ਲਏ ਪਰਨਾਈਆ । ਗੁਰਸਿਖ ਗੁਰੂਦੁਆਰ ਆਪੇ ਜਾਏ ਪਹੁੰਚ, ਘਰ ਮੰਦਰ ਇਕੋ ਨਜ਼ਰੀ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਕੇ ਗਏ ਧੁਰ ਦੀ ਰੌਂਸ, ਰਹਿਬਰ ਬਣ ਕੇ ਰਾਹ ਵਖਾਈਆ । ਪੀਰ ਪੈਗ਼ੰਬਰ ਕਹਿੰਦੇ ਗਏ ਪਰਵਰਦਿਗਾਰ ਸਾਚਾ ਗੌਂਸ, ਕੁਤਬ ਵੇਖੇ ਥਾਉਂ ਥਾਈਂਆ । ਦੋ ਜਹਾਨ ਮੰਨਣ ਜਿਸ ਦੀ ਧੌਂਸ, ਭੈ ਭੌ ਸਰਬ ਜਣਾਈਆ । ਸੋ ਸਾਹਿਬ ਸਰਬ ਸੁਆਮੀ ਇਕੋ ਦਿਸੇ ਖੌਂਤ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਇਕ ਦ੍ਰਿੜਾਈਆ । ਨਾਮ ਸ਼ਬਦ ਕਹੇ ਪ੍ਰਭ ਤੇਰੀ ਸਰਨ, ਤੁਧ ਬਿਨ ਸਾਰ ਕੋਇ ਨਾ ਪਾਈਆ । ਬਿਨ ਤੇਰੀ ਕਿਰਪਾ ਅੰਦਰ ਕੋਈ ਨਾ ਦੇਵੇ ਵੜਨ, ਬਾਹਰੋ ਕੁੰਡੇ ਸਾਰੇ ਬੈਠੇ ਲਾਈਆ । ਮੇਰੇ ਕੋਲੋ ਕਲਜੁਗ ਜੀਵ ਡਰਨ, ਦੂਰ ਦੁਰਾਡੇ ਨੱਠਣ ਵਾਹੋ ਦਾਹੀਆ । ਕੂੜੀ ਕਿਰਿਆ ਢੋਲੇ ਪੜ੍ਹਨ, ਤੇਰਾ ਨਾਉਂ ਨਾ ਕੋਇ ਧਿਆਈਆ । ਮਾਇਆ ਮਮਤਾ ਅਗਨੀ ਸੜਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨੇਤਰ ਖੋਲ੍ਹੇ ਨਾ ਕੋਈ ਹਰਨ ਫਰਨ, ਦੋਵੇਂ ਅੱਖਾਂ ਵੇਖਣ ਜਗਤ ਲੋਕਾਈਆ । ਸਤਿਗੁਰ ਮਿਲੇ ਨਾ ਸੱਚੀ ਸਰਨ, ਸੋਚ ਸਮਝ ਕਿਸੇ ਨਾ ਆਈਆ । ਆਪਣੇ ਪੌੜ੍ਹੇ ਮੂਲ ਨਾ ਚੜ੍ਹਨ, ਗੁਰਦਰ ਮੰਦਰ ਮਸਜਿਦ ਲੱਭਣ ਥਾਉਂ ਥਾਈਂਆ । ਮਨ ਵਾਸਨਾ ਸਾਰੇ ਅੜਨ, ਮਨਸਾ ਪੂਰ ਨਾ ਕੋਇ ਕਰਾਈਆ । ਕੱਚੇ ਬਿਰਹੋ ਅੰਤਮ ਝੜਨ, ਫਲ ਨਜ਼ਰ ਕੋਇ ਨਾ ਆਈਆ । ਗੇੜਾ ਬਣਿਆ ਜਨਮ ਮਰਨ, ਲੱਖ ਚੁਰਾਸੀ ਭੌਂਣ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਬੇਪਰਵਾਹੀਆ । ਨਾਮ ਸ਼ਬਦ ਕਹੇ ਪ੍ਰਭ ਸਚ ਸੁਆਮੀ, ਸਤਿਗੁਰ ਤੇਰੀ ਇਕ ਸਰਨਾਈਆ । ਤੇਰੀ ਸਿਫ਼ਤ ਅਗੰਮੀ ਬਾਣੀ, ਸਾਡਾ ਨਾਉਂ ਤੇਰੀ ਵਡਿਆਈਆ । ਤੇਰਾ ਹੁਕਮ ਅਕੱਥ ਕਹਾਣੀ, ਹਉਂ ਚਾਕਰ ਸੇਵਕ ਸੇਵ ਕਮਾਈਆ । ਤੇਰਾ ਖੇਲ ਸਦਾ ਲਾਸਾਨੀ, ਲਾਸ਼ਰੀਕ ਨਜ਼ਰ ਨਾ ਆਈਆ । ਤੋਹੇ ਤੌਫ਼ੀਕ ਇਕ ਦੋ ਜਹਾਨੀ, ਨਿਰਗੁਣ ਸਰਗੁਣ ਆਪਣੀ ਧਾਰ ਚਲਾਈਆ । ਕਲਜੁਗ ਅੰਤਮ ਨਾਮ ਸ਼ਬਦ ਕਹੇ ਸਾਨੂੰ ਹੋਈ ਹੈਰਾਨੀ, ਹਰਿ ਜੂ ਤੇਰਾ ਭੇਵ ਕੋਇ ਨਾ ਆਈਆ । ਚਾਰੋ ਕੁੰਟ ਘਰ ਘਰ ਵੜੀ ਸ਼ੈਤਾਨੀ, ਸ਼ਰਅ ਸ਼ਰੀਅਤ ਕਰੇ ਲੜਾਈਆ । ਭਰਮੇ ਭੁੱਲੇ ਵਡ ਵਿਦਵਾਨੀ, ਗਿਆਨੀ ਧਿਆਨੀ ਧਿਆਨ ਨਾ ਕੋਇ ਲਗਾਈਆ । ਸਾਚਾ ਮਿਲੇ ਨਾ ਕੋਇ ਅਸ਼ਨਾਨੀ, ਦੁਰਮਤ ਮੈਲ ਨਾ ਕੋਇ ਧਵਾਈਆ । ਰਸਨਾ ਜਿਹਵਾ ਪੜ੍ਹਦੇ ਅੱਖਰ ਬਾਣੀ, ਹਿਰਦੇ ਹਰਿ ਨਾ ਕੋਇ ਵਸਾਈਆ । ਭਰਮੇ ਭੁਲੀ ਚਾਰੇ ਖਾਣੀ, ਚਾਰੋ ਕੁੰਟ ਰਹੀ ਕੁਰਲਾਈਆ । ਸੁਰਤ ਸਵਾਣੀ ਬਣੀ ਨਾ ਸਾਚੀ ਰਾਣੀ, ਨੰਦ ਨਜ਼ਰ ਕੋਇ ਨਾ ਆਈਆ । ਜੰਗਲ ਜੂਹ ਉਜਾੜ ਪਹਾੜ ਫਿਰੇ ਬਣ ਅਵਾਣੀ, ਬਾਲੀ ਬੁੱਧ ਸਮਝ ਕੋਇ ਨਾ ਪਾਈਆ । ਅਠਸਠ ਤੀਰਥ ਲੱਭਦੀ ਫਿਰੇ ਠੰਡਾ ਪਾਣੀ, ਬਿਨ ਸਤਿਗੁਰ ਪੂਰੇ ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਕਿਰਪਾ ਕਰ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਗੁਰਮੁਖਾਂ ਗੁਰਸਿਖਾਂ ਸਾਚੀ ਦੱਸ ਨਾਮ ਨਿਸ਼ਾਨੀ, ਨਿਸ਼ਾਨਾ ਇਕੋ ਇਕ ਲਗਾਈਆ । ਕੂੜੀ ਭੁੱਲੇ ਜਗਤ ਕਹਾਣੀ, ਤੇਰਾ ਨਾਮ ਇਕ ਧਿਆਈਆ । ਚਰਨ ਕਵਲ ਕਰਨ ਧਿਆਨੀ, ਨੇਤਰ ਨੈਣ ਨੈਣ ਸ਼ਰਮਾਈਆ ।

ਬਖ਼ਸ਼ ਦਰ ਇਕੋ ਪਦ ਨਿਰਬਾਣੀ, ਦੂਜੀ ਮੰਜ਼ਲ ਰਹਿਣ ਕੋਇ ਨਾ ਪਾਈਆ । ਸ੍ਰਿਸ਼ਟ ਸਬਾਈ ਦਿਸੇ ਫ਼ਾਨੀ, ਅੰਤ ਰਹਿਣ ਕੋਇ ਨਾ ਪਾਈਆ । ਤੇਰਾ ਨੂਰ ਤੇਰੀ ਜੋਤ ਨੁਰਾਨੀ, ਤੇਰੀ ਅੰਸ ਤੇਰਾ ਬੰਸ, ਭਗਤ ਭਗਵਾਨ ਸਦਾ ਅਖਵਾਈਆ । ਸਾਚੇ ਸੰਤਾਂ ਦਰ ਸਾਚੇ ਦੇ ਮਾਣੀ, ਸੀਸ ਜਗਦੀਸ ਹੱਥ ਟਿਕਾਈਆ । ਗੁਰਮੁਖਾਂ ਦੱਸ ਸਚ ਕਹਾਣੀ, ਭਰਮ ਭੁਲੇਖਾ ਦੇ ਗਵਾਈਆ । ਗੁਰਸਿਖ ਜਾਇਣ ਤੈਥੋਂ ਕੁਰਬਾਨੀ, ਮਨ ਵਾਸਨਾ ਭੇਟ ਚੜ੍ਹਾਈਆ । ਤੂੰ ਮੇਰਾ ਮੈਂ ਤੇਰਾ ਸਚ ਪ੍ਰੀਤ ਇਕ ਲਗਾਨੀ, ਲੱਗੀ ਪ੍ਰੀਤੀ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਆਪਣਾ ਵਰ, ਵਰ ਸੱਚਾ ਨਾਮ ਵਰਤਾਈਆ । ਸ਼ਬਦ ਕਹੇ ਮੈਂ ਦੱਸਾਂ ਤੇਰਾ ਨਾਮ, ਨਾਮ ਤੇਰਾ ਸਤਿ ਵਡਿਆਈਆ । ਸਤਿ ਕਹੇ ਮੈਂ ਕਰਾਂ ਸਲਾਮ, ਸੀਸ ਜਗਦੀਸ ਝੁਕਾਈਆ । ਜਗਦੀਸ਼ ਕਹੇ ਮੈਂ ਤੇਰਾ ਕਾਮ, ਬਣ ਕਰਤਾ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਦੇਵੇ ਇਕੋ ਵਰ, ਆਤਮ ਪਰਮਾਤਮ ਪਰਮਾਤਮ ਆਤਮ ਆਦਿ ਜੁਗਾਦੀ ਦੋ ਜਹਾਨਾਂ ਖੇਲ, ਨਿਰਗੁਣ ਨਿਰਗੁਣ ਅੰਤਮ ਮੇਲ, ਦੋ ਜਹਾਨਾਂ ਸੱਜਣ ਸੁਹੇਲ, ਸੋਹੰ ਰੂਪ ਸਤਿ ਸਰੂਪ ਮਹਿਮਾ ਅਨੂਪ ਵਸੇ ਚਾਰ ਕੂਟ, ਨਾਤਾ ਤੁਟੇ ਜੂਠ ਝੂਠ, ਸਚ ਸੁਚ ਇਕੋ ਇਕ ਹਰਿ ਕਾ ਨਾਮ ਜਣਾਈਆ ।



## ✪ ੭ ਅੱਸੂ ੨੦੨੦ ਬਿਕਰਮੀ ਹਾਕਮ ਸਿੰਘ ਦੇ ਗ੍ਰਿਹ ਭਾਈ ਕੀ ਡਰੋਲੀ ਜ਼ਿਲਾ ਫਿਰੋਜ਼ ਪੁਰ ✪

ਸ਼ਾਹ ਪਾਤਸ਼ਾਹ ਸਚ ਸੁਲਤਾਨ, ਸ਼ਹਿਨਸ਼ਾਹ ਵੱਡੀ ਵਡਿਆਈਆ । ਤਖ਼ਤ ਨਿਵਾਸੀ ਨੌਜਵਾਨ, ਬਲਧਾਰੀ ਬੇਪਰਵਾਹੀਆ । ਸਚਖੰਡ ਦੁਆਰ ਖੇਲ ਮਹਾਨ, ਸੋ ਪੁਰਖ ਨਿਰੰਜਣ ਆਪ ਕਰਾਈਆ । ਹਰਿ ਪੁਰਖ ਨਿਰੰਜਣ ਬਣ ਪਰਧਾਨ, ਏਕੰਕਾਰ ਹੁਕਮ ਜਣਾਈਆ । ਆਦਿ ਨਿਰੰਜਣ ਜੋਤ ਮਹਾਨ, ਜੋਤੀ ਜਾਤਾ ਪੁਰਖ ਬਿਧਾਤਾ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਦੇਵਣਹਾਰਾ ਦਾਨ, ਭੇਵ ਅਭੇਦਾ ਆਪ ਖੁਲ੍ਹਾਈਆ । ਸ੍ਰੀ ਭਗਵਾਨ ਹੁਕਮਰਾਨ, ਸਚ ਸੰਦੇਸ਼ਾ ਇਕ ਸਮਝਾਈਆ । ਪਾਰਬ੍ਰਹਮ ਪ੍ਰਭ ਵੇਖੇ ਮਾਰ ਧਿਆਨ, ਨਿਰਗੁਣ ਨਿਰਗੁਣ ਆਪਣੀ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਸਚਖੰਡ ਦਵਾਰਾ ਸਚ ਮਕਾਨ, ਸੋ ਸਾਹਿਬ ਆਪ ਸੁਹਾਇੰਦਾ । ਦੀਵਾ ਬਾਤੀ ਕਮਲਾਪਾਤੀ ਇਕ ਜਗਾਏ ਮਹਾਨ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਭੂਪਤ ਭੂਪ ਬਣ ਰਾਜ ਰਾਜਾਨ, ਸ਼ਾਹ ਪਾਤਸ਼ਾਹ ਆਪਣੀ ਕਾਰ ਕਮਾਇੰਦਾ । ਧੁਰ ਸੰਦੇਸ਼ਾ ਸੁਣੇ ਫ਼ਰਮਾਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਹਰਿ ਨਿਰੰਕਾਰ, ਨਿਰਗੁਣ ਦਾਤਾ ਆਪ ਜਣਾਈਆ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਧੁਰ ਫ਼ਰਮਾਨਾ ਇਕ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਰਹਿਣਾ ਖ਼ਬਰਦਾਰ, ਨੈਤਰ ਨੈਣ ਅੱਖ ਖੁਲ੍ਹਾਈਆ । ਤ੍ਰੈਗੁਣ ਮਾਇਆ ਪੰਜ ਤਤ ਨੇਤਰ ਖੋਲ੍ਹ ਉਘਾੜ, ਸੋ ਸਾਹਿਬ ਪੜਦਾ ਦੇਣਾ ਖੁਲ੍ਹਾਈਆ । ਗੁਰ ਅਵਤਾਰ ਆਉਣਾ ਦਰ ਦਰਬਾਰ, ਦਰ ਦਰਵਾਜਾ ਰਿਹਾ ਜਣਾਈਆ । ਪੀਰ ਪੈਗ਼ੰਬਰ ਸਜਦਾ ਕਰਨ ਪਰਵਰਦਿਗਾਰ, ਸੀਸ

ਜਗਦੀਸ਼ ਇਕ ਸਮਝਾਈਆ । ਭਗਤ ਭਗਵਾਨ ਲਏ ਉਠਾਲ, ਜਾਗਰਤ ਜੋਤ ਇਕ ਜਗਾਈਆ । ਸੰਤ ਸੱਜਣ ਮੇਲੇ ਨਾਲ, ਗੁਰ ਚੇਲੇ ਰੰਗ ਰੰਗਾਈਆ । ਗੁਰਮੁਖ ਖੋਲ੍ਹੇ ਬੰਦ ਕਿਵਾੜ, ਪੜਦਾ ਉਹਲਾ ਆਪ ਚੁਕਾਈਆ । ਗੁਰਸਿਖ ਕਰੇ ਪਰਕਾਸ਼ ਬਹੱਤਰ ਨਾੜ, ਅਗਿਆਨ ਅੰਧੇਰ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਜੀਵ ਜੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਦੇਵੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਸਚਖੰਡ ਨਿਵਾਸੀ ਹੋ ਮਿਹਰਵਾਨ, ਥਿਰ ਘਰ ਸ਼ਬਦੀ ਸੁਤ ਉਠਾਇੰਦਾ । ਉਠ ਦੁਲਾਰੇ ਨੌਜਵਾਨ, ਤੇਰੀ ਨੌਬਤ ਨਾਮ ਵਜਾਇੰਦਾ । ਦੋ ਜਹਾਨਾਂ ਮਾਰ ਧਿਆਨ, ਪੁਰੀ ਲੋਅ ਬ੍ਰਹਿਮੰਡ ਖੰਡ ਤੇਰਾ ਰਾਹ ਤਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬਾਲ ਅਵਾਣ, ਸਿਖਿਆ ਤੇਰੀ ਵਡ ਵਡਿਆਇੰਦਾ । ਗੁਰ ਅਵਤਾਰ ਕਰ ਕਲਿਆਣ, ਪੀਰ ਪੈਗ਼ਬਰ ਰਾਹ ਜਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਦੇਂਦਾ ਰਿਹਾ ਪੈਗ਼ਾਮ, ਨਵ ਨੌ ਚਾਰ ਹੁਕਮ ਵਰਤਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਮਾਤ ਨਿਸ਼ਾਨ, ਅੱਖਰ ਅੱਖਰ ਬੰਧਨ ਪਾਇੰਦਾ । ਨਿਸ਼ਅੱਖਰ ਸਕੇ ਨਾ ਕੋਇ ਪਹਿਚਾਨ, ਲੇਖਾ ਜਾਣੇ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਹਿ ਸਾਚੀ ਸੋਭਾ ਪਾਇੰਦਾ । ਦਰਗਹਿ ਸਾਚੀ ਪਰਵਰਦਿਗਾਰ, ਨੂਰ ਨੁਰਾਨਾ ਨੂਰ ਇਲਾਹੀਆ । ਕਰੇ ਖੇਲ ਅਗੰਮ ਅਪਾਰ, ਅਲਖ ਅਗੋਚਰ ਵਡ ਵਡਿਆਈਆ । ਸਾਚੇ ਤਖ਼ਤ ਬੈਠ ਆਪ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਹੁਕਮ ਦੇਵੇ ਏਕਾ ਵਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਚੌਦਾਂ ਲੋਕ ਵੇਖੇ ਵਾਰੋ ਵਾਰ, ਚੌਦਾਂ ਤਬਕਾਂ ਕੁੰਡਾ ਲਾਹੀਆ । ਲੱਖ ਚੁਰਾਸੀ ਜੀਵ ਜੰਤ ਨੇਤਰ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਈਆ । ਹਰਿ ਕਾ ਸ਼ਬਦ ਸ੍ਰਿਸ਼ਟ ਸਬਾਈ ਗਈ ਵਿਸਾਰ, ਗੁਰ ਮੰਤਰ ਪੜ੍ਹੇ ਨਾ ਕੋਇ ਲੋਕਾਈਆ । ਰਸਨਾ ਜਿਹਵਾ ਬੱਤੀ ਦੰਦ ਕਰੇ ਪੁਕਾਰ, ਪਰਮਾਤਮ ਆਤਮ ਮੇਲ ਨਾ ਕੋਇ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਹਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਅੰਤਮ ਦੋਏ ਜੋੜ ਮੰਗਦੇ ਰਹੇ ਬਣ ਭਿਖਾਰ, ਪੁਰਖ ਅਕਾਲ ਅੱਗੇ ਝੋਲੀ ਡਾਹੀਆ । ਤੂੰ ਦਾਤਾ ਦਾਨੀ ਵਡ ਵੱਡਾ ਸਿਰਜਣਹਾਰ, ਬੇਅੰਤ ਤੇਰੀ ਵਡਿਆਈਆ । ਹਉਂ ਬਾਲਕ ਬਾਲ ਅੰਞਾਣ, ਤੇਰੀ ਸਮਝ ਕੋਇ ਨਾ ਪਾਈਆ । ਤੇਰਾ ਨਾਮ ਸ਼ਬਦ ਸੁਨੇਹੜਾ ਦੋ ਜਹਾਨ, ਇਕੋ ਧਾਰ ਵਖਾਈਆ । ਕਾਗਦ ਕਲਮ ਲਿਖ ਲਿਖ ਥੱਕੇ ਤੇਰਾ ਅੰਤ ਨਾ ਪਾਰਾਵਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਜਣਾਈਆ । ਸਾਚਾ ਲੇਖਾ ਦੱਸੇ ਆਪ ਕਰਤਾਰ, ਹਰਿ ਕਰਤਾ ਆਪ ਜਣਾਈਆ । ਸਚ ਦੁਆਰੇ ਬੈਠ ਸੱਚੀ ਸਰਕਾਰ, ਸਤਿ ਸਤਿਵਾਦੀ ਹੁਕਮ ਵਰਤਾਈਆ । ਆਦਿ ਜੁਗਾਦਿ ਜੁਗ ਚੌਕੜੀ ਵੇਖਣਹਾਰ, ਨਿਰਗੁਣ ਵੱਡਾ ਵਡ ਵਡਿਆਈਆ । ਸਰਗੁਣ ਦੇਵਣਹਾਰ ਸ਼ਬਦ ਆਧਾਰ, ਨਾਮ ਨਿਧਾਨ ਝੋਲੀ ਪਾਈਆ । ਸੇਵਾ ਲਾ ਗੁਰੂ ਅਵਤਾਰ, ਪੀਰ ਪੈਗ਼ੰਬਰ ਹੁਕਮ ਮਨਾਈਆ । ਜਨ ਭਗਤਾਂ ਜੁਗ ਜੁਗ ਪੈਜ ਸੁਆਰ, ਸੰਤਨ ਇਕੋ ਨਾਮ ਸਮਝਾਈਆ । ਗੁਰਮੁਖ ਰੰਗ ਚਾੜ੍ਹ ਅਪਾਰ, ਗੁਰਸਿਖ ਪੜਦਾ ਦੂਈ ਉਠਾਈਆ । ਖੇਲੇ ਖੇਲ ਅਗੰਮ ਅਪਾਰ, ਖ਼ਾਲਕ ਖ਼ਲਕ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਸੁਹਾਈਆ । ਸਚ

ਦਰਬਾਰ ਲਾ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਕਲਜੁਗ ਵੇਖੇ ਸਾਰੇ ਅੰਤ, ਚਾਰ ਕੁੰਟ ਅੰਧੇਰਾ ਛਾਈਆ । ਘਰ ਘਰ ਗੜ੍ਹ ਹਉਮੇ ਹੰਗਤ, ਕੂੜੀ ਕਿਰਿਆ ਵੱਜੇ ਵਧਾਈਆ । ਕੋਈ ਨਾ ਬਣੇ ਸਾਚੀ ਸੰਗਤ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਭੇਵ ਅਭੇਦਾ ਖੋਲ੍ਹੇ ਕੋਈ ਨਾ ਪੰਡਤ, ਚੌਂਦਾਂ ਵਿਦਿਆ ਹੋਈ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਧੁਰ ਸੰਦੇਸਾ ਗੁਰ ਅਵਤਾਰ, ਸੋ ਪੁਰਖ ਨਿਰੰਜਣ ਆਪ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤੇ ਅੰਤਮ ਵਾਰ, ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਨੇਤਰ ਵੇਖੇ ਕਰੋ ਦੀਦਾਰ, ਜਲਵਾਗਰ ਜ਼ਾਹਰ ਜ਼ਹੂਰ ਵੇਸ ਵਟਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਹੱਕ ਮੁਕਾਮ ਇਕੋ ਇਕ ਸਮਝਾਈਆ । ਲਾਸ਼ਰੀਕ ਸਾਂਝਾ ਯਾਰ, ਸਚ ਤੌਫ਼ੀਕ ਇਕ ਕਰਤਾਰ, ਦੋ ਜਹਾਨਾਂ ਪੜਦਾ ਰਿਹਾ ਉਠਾਈਆ । ਏਥੇ ਓਥੇ ਦੋ ਜਹਾਨਾਂ ਮਦਦਗਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਜਿਸ ਦੀ ਕਰਦੇ ਗਏ ਪੁਕਾਰ, ਉਚੀ ਕੂਕ ਵਾਜ ਮਾਰ, ਢੋਲਾ ਸਿਫ਼ਤ ਸਾਲਾਹੀ ਨਾਮ ਗਾਈਆ । ਸੋ ਕਰਤਾ ਕੁਦਰਤ ਕਾਦਰ ਵੇਖਣਹਾਰ, ਨਿਰਗੁਣ ਨਿਰਵੈਰ ਪੁਰਖ ਅਕਾਲ, ਜੋਤੀ ਜਾਤਾ ਪੁਰਖ ਬਿਧਾਤਾ ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ ਵੇਸ ਵਟਾਈਆ । ਸਤਿ ਸਤਿਵਾਦੀ ਬਣੇ ਸਚ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਮਾਰਗ ਇਕੋ ਦੇਵੇ ਲਾ, ਰਹਿਬਰ ਇਕੋ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਸਮਝਾਈਆ । ਸਚ ਦਰਬਾਰ ਵੇਖੇ ਹਰਿ, ਨਰ ਹਰਿ ਨਰਾਇਣ ਆਪ ਲਗਾਇੰਦਾ । ਜਿਸ ਦਾ ਖੁਲ੍ਹਾ ਰਹੇ ਦਰ, ਦਰਵਾਜਾ ਬੰਦ ਨਾ ਕੋਇ ਕਰਾਇੰਦਾ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਸਰਬ ਗਵਾਇੰਦਾ । ਭਗਤ ਭਗਵਾਨ ਲਏ ਫੜ, ਅੰਤਰ ਅੰਤਰ ਮੇਲ ਮਿਲਾਇੰਦਾ । ਸਾਚੇ ਸੰਤਾਂ ਮੰਦਰ ਜਾਏ ਚੜ੍ਹ, ਸਾਚਾ ਪੌੜਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਜਣਾਇੰਦਾ । ਭੇਵ ਅਭੇਦਾ ਖੋਲ੍ਹੇ ਮਾਤ, ਹਰਿ ਕਰਤਾ ਵਡ ਵਡਿਆਈਆ । ਕਲਜੁਗ ਅੰਤਮ ਪਰਗਟ ਹੋਇਆ ਪੁਰਖ ਅਬਿਨਾਸ਼, ਨਿਰਗੁਣ ਨਰ ਹਰਿ ਆਪਣਾ ਵੇਸ ਧਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਇਕ ਜਮਾਤ, ਸਾਚੀ ਪੱਟੀ ਇਕ ਸਮਝਾਈਆ । ਪੂਰਬ ਲਹਿਣਾ ਚਾਰ ਜੁਗ ਦਾ ਵੇਖੇ ਆਪ ਹਾਲਾਤ, ਪਰਦਾ ਸਭ ਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਪੁਰਖ ਅਕਾਲ, ਅਕਲ-ਕਲ-ਧਾਰੀ ਵਡ ਵਡਿਆਈਆ । ਜੁਗ ਜੁਗ ਹੋਏ ਸਦਾ ਦਿਆਲ, ਨਿਤ ਨਵਿਤ ਆਪਣੀ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਚੇ ਲਾਲ, ਸੁਤ ਦੁਲਾਰੇ ਮਾਤ ਘਲਾਈਆ । ਸ਼ਬਦੀ ਸ਼ਬਦ ਬਣ ਦਲਾਲ, ਸਚ ਦਲਾਲੀ ਇਕ ਵਖਾਈਆ । ਹਕੀਕਤ ਵੇਖੇ ਹੱਕ ਹਲਾਲ, ਲਾਸ਼ਰੀਕ ਪੜਦਾ ਲਾਹੀਆ । ਭਗਤ ਭਗਵੰਤ ਲਏ ਭਾਲ, ਸਾਚੇ ਸੰਤ ਸੰਤ ਜਗਾਈਆ । ਸੁਰਤ ਸਵਾਣੀ ਸ਼ਬਦੀ ਕੰਤ ਮਿਲੇ ਆਣ, ਆਵਣ ਜਾਵਣ ਗੇੜਾ ਦਏ ਚੁਕਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਦਾਤਾ ਬੇਪਰਵਾਹੀਆ । ਨੌ ਖੰਡ ਪ੍ਰਿਥਮੀ ਸਤ ਦੀਪ ਧਰਮ ਦੁਆਰ ਵਖਾਏ ਇਕੋ ਸੱਚੀ ਧਰਮਸਾਲ, ਜਿਸ ਘਰ ਵੱਜੇ ਨਾਮ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਨੈਣਾਂ ਨਾਲ ਕਰਨ ਵਸਾਲ, ਵਸਲ ਆਪਣਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰ ਇਕੋ ਇਕ

੫੦੮
੧੫

ਸੁਹਾਈਆ । ਸਚ ਦਰਬਾਰ ਸੋਭਾਵੰਤ, ਸਚਖੰਡ ਮਿਲੇ ਵਡਿਆਈਆ । ਕਰੇ ਖੇਲ ਪ੍ਰਭ ਜੁਗਾ ਜੁਗੰਤ, ਜੁਗ ਜੁਗ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਨਾਮ ਮਹਿੰਮਾ ਅਗਣਤ, ਸਿਫ਼ਤੀ ਸਿਫ਼ਤ ਰਾਗ ਸੁਣਾਈਆ । ਗੁਰ ਅਵਤਾਰ ਧਾਰ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਪਾਵੇ ਸਾਰ ਜੇਰਜ ਅੰਡਜ, ਉਤਭੁਜ ਸੇਤਜ ਆਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਲੇਖਾ ਜਾਣੇ ਥਾਨ ਥਨੰਤਰ, ਦੋ ਜਹਾਨਾਂ ਖੋਜ ਖੁਜਾਇੰਦਾ । ਆਦਿ ਜੁਗਾਦਿ ਬਣਾਏ ਬਣਤਰ, ਘਾੜਤ ਘੜਤ ਵੇਖ ਵਖਾਇੰਦਾ । ਨਾਮ ਸੁਣਾਏ ਇਕੋ ਮੰਤਰ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਸਤਿਗੁਰ ਸਤਿ, ਸਤਿ ਸਤਿਵਾਦੀ ਆਪ ਜਣਾਈਆ । ਕਲਜੁਗ ਅੰਤਮ ਛੱਡੋ ਮਨਮਤ, ਮਨਮਤ ਅੰਤ ਰਹਿਣ ਨਾ ਪਾਈਆ । ਚਾਰ ਵਰਨ ਬੁਝਾਏ ਇਕੋ ਤੱਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਮਝਾਈਆ । ਨਿਰਗੁਣ ਜੋਤ ਘਰ ਘਰ ਕਰ ਪਰਗਟ, ਅਗਿਆਨ ਅੰਧੇਰ ਦਏ ਮਿਟਾਈਆ । ਕਾਇਆ ਅੰਦਰ ਖੋਲ੍ਹ ਹੱਟ, ਸਾਚਾ ਵਣਜ ਨਾਮ ਵਿਕਾਈਆ । ਨਾੜ ਬਹੱਤਰ ਨਾ ਉਬਲੇ ਰਤ, ਅਗਨੀ ਤਤ ਨਾ ਕੋਇ ਜਲਾਈਆ । ਨਜ਼ਰੀ ਆਏ ਪੁਰਖ ਸਮਰਥ, ਵਡ ਦਾਤਾ ਬੇਪਰਵਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਚਲੌਂਦਾ ਰਿਹਾ ਰਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣ ਰਥਵਾਹੀਆ । ਸੋ ਮਾਰਗ ਇਕੋ ਦੇਵੇ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਰਲਾਈਆ । ਪਿਛਲਾ ਲੇਖਾ ਹੋਵੇ ਬਸ, ਬਸਤੇ ਸਭ ਦੇ ਬੰਨ੍ਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਜਣਾਈਆ । ਧੁਰ ਦੀ ਧਾਰ ਦੱਸੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦੀ ਇਕੋ ਜਾਪ, ਦੋ ਜਹਾਨਾਂ ਸਰਬ ਸਮਝਾਇੰਦਾ । ਪਿਤਾ ਪੁਰਖ ਮਾਈ ਬਾਪ, ਪੁਰਖ ਅਕਾਲ ਇਕੋ ਨਜ਼ਰੀ ਆਇੰਦਾ । ਨਿਰਗੁਣ ਸਰਗੁਣ ਦੇਵੇ ਦਾਤ, ਦਾਤਾ ਦਾਨੀ ਝੋਲੀ ਆਪ ਭਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤਮ ਸਾਰੇ ਗਏ ਆਖ, ਉਚੀ ਕੂਕ ਢੋਲਾ ਰਾਗ ਸੁਣਾਇੰਦਾ । ਕਲਜੁਗ ਅੰਤਮ ਪਰਗਟ ਹੋਵੇ ਪਰਮ ਪੁਰਖ ਆਪ ਸਮਰਾਥ, ਸਰਬ ਕਲਧਾਰੀ ਵੇਸ ਵਟਾਇੰਦਾ । ਹੋਏ ਸਹਾਈ ਦੀਨਾਂ ਨਾਥ, ਅਨਾਥ ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਨਾਨਕ ਗੋਬਿੰਦ ਪੂਰਾ ਕਰੇ ਭਵਿਖਤ ਵਾਕ, ਵਾਕਿਆ ਵੇਖੇ ਚਾਈਂ ਚਾਈਂਆ । ਗੋਬਿੰਦ ਬੰਨ੍ਹੇ ਸਾਚਾ ਨਾਤ, ਨਾਤਾ ਬਿਧਾਤਾ ਵੇਖ ਵਖਾਈਆ । ਲੇਖਾ ਚੁਕਾਏ ਜ਼ਾਤ ਪਾਤ, ਵਰਨ ਗੋਤ ਰਹਿਣ ਕੋਇ ਨਾ ਪਾਈਆ । ਸਾਚਾ ਮੰਤਰ ਪੂਜਾ ਪਾਠ, ਸ਼ਬਦ ਗੁਰ ਇਸ਼ਟ ਦੇਵ ਸੁਆਮੀ ਇਕੋ ਇਕ ਨਜ਼ਰੀ ਆਈਆ । ਲੇਖਾ ਜਾਣੇ ਤੀਰਥ ਤਾਟ, ਸਰ ਸਰੋਵਰ ਅੰਮ੍ਰਿਤ ਆਤਮ ਸਚ ਅਸ਼ਨਾਨ ਕਰਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਕਰੇ ਘਾਤ, ਨਾਮ ਖੰਡਾ ਇਕ ਚਮਕਾਈਆ । ਜੋਧਾ ਸੂਰ ਮਹਾਂਬਲੀ ਉਤਰੇ ਆਪਣੇ ਘਾਟ, ਪਤਣ ਨਜ਼ਰ ਕਿਸੇ ਨਾ ਆਈਆ । ਗੁਰਮੁਖਾਂ ਗੁਰਸਿਖਾਂ ਪੁਛੇ ਆਪੇ ਵਾਤ, ਵਾਤਾਵਰਨ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਦਏ ਜਣਾਈਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਸੋ ਪੁਰਖ ਨਿਰੰਜਣ ਇਕ ਅਖਵਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖੇਲ ਅਪਾਰ, ਹਰਿ ਕਰਤਾ ਕਾਰ ਕਮਾਇੰਦਾ । ਸ਼ਬਦੀ ਜੋਧਾ ਸੂਰਬੀਰ ਬਲਕਾਰ, ਸਤਿਗੁਰ ਇਕੋ ਇਕ ਫੇਰਾ ਪਾਇੰਦਾ । ਦੂਜਾ ਨਾ ਕੋਇ ਮੀਤ ਮੁਰਾਰ, ਸੰਗੀ ਸਾਥੀ ਸੰਗ ਨਾ ਕੋਇ ਨਿਭਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋ ਆਕਾਸ਼



੫੦੯
੧੫

ਪਾਤਾਲ ਜ਼ਿਮੀਂ ਅਸਮਾਨ ਪੜਦਾ ਦੇਵੇ ਪਾੜ, ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਫੋਲ ਫੋਲਾਇੰਦਾ । ਲੇਖਾ ਜਾਣੇ ਤੇਈ ਅਵਤਾਰ, ਭੇਵ ਅਭੇਦ ਆਪ ਖੁਲਾਇੰਦਾ । ਭਗਤ ਅਠਾਰਾਂ ਨੇਤਰ ਨੈਣਾਂ ਦਏ ਵਖਾਲ, ਸ਼ਬਦ ਇਸ਼ਾਰੇ ਨਾਲ ਜਣਾਇੰਦਾ । ਈਸਾ ਮੂਸਾ ਮੁਹੰਮਦ ਜਲਵਾ ਵਖਾਏ ਆਪ ਜਲਾਲ, ਜ਼ਾਹਰ ਜ਼ਹੂਰ ਬੇਨਜ਼ੀਰ ਲਾਸ਼ਰੀਕ ਸਚ ਤਸਵੀਰ ਆਪ ਪਰਗਟਾਇੰਦਾ । ਨਾਨਕ ਗੋਬਿੰਦ ਮੇਲਾ ਦੀਨ ਦਿਆਲ, ਪੁਰਖ ਅਕਾਲ ਇਕੋ ਮੰਦਰ ਸਚ ਸੁਹਾਇੰਦਾ । ਜਿਸ ਗ੍ਰਹਿ ਨੇੜ ਨਾ ਆਏ ਕਾਲ ਮਹਾਂਕਾਲ, ਤ੍ਰੈਗੁਣ ਤੁਟੇ ਕੂੜ ਜੰਜਾਲ, ਪੰਜ ਤਤ ਮਾਰਗ ਦਏ ਸਿਖਾਲ, ਆਤਮ ਪਰਮਾਤਮ ਬੋਧ ਅਗਾਧ ਇਕੋ ਨਾਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰ ਸਰਬ ਬੁਲਾਇੰਦਾ । ਸਚ ਦੁਆਰ ਸਚ ਨਿਰੰਕਾਰ, ਸਚ ਹੁਕਮ ਸੁਣਾਈਆ । ਵਿਸ਼ਨੂੰ ਰਹਿਣਾ ਖ਼ਬਰਦਾਰ, ਖ਼ਬਰ ਨਾਮ ਇਕ ਜਣਾਈਆ । ਬ੍ਰਹਮੇ ਉਠ ਨੈਣ ਉਘਾੜ, ਸ਼ੰਕਰ ਭੋਲਾ ਭਾਉ ਗਵਾਈਆ । ਤ੍ਰੈਗੁਣ ਮਾਇਆ ਪੈਣੀ ਮਾਰ, ਪੰਜ ਤਤ ਨੱਠੇ ਵਾਹੋ ਦਾਹੀਆ । ਬ੍ਰਹਮੇ ਸੁੱਤ ਹੋ ਉਜਿਆਰ, ਧੁਰ ਦੀ ਧਾਰ ਆਪ ਜਣਾਈਆ । ਯਗੈ ਪੁਰਸ਼ ਹੋ ਬੇਦਾਰ, ਬਰਾਹ ਆਪਣਾ ਪੜਦਾ ਲਾਹੀਆ । ਹਾਵ ਗ਼ਰੀਵ ਖੇਲ ਵੇਖ ਕਰਤਾਰ, ਨਰ ਨਰਾਇਣ ਰਿਹਾ ਜਣਾਈਆ । ਕਪਲਮੁਨ ਹੋ ਹੁਸ਼ਿਆਰ, ਦੱਤਾ ਤ੍ਰੈ ਸਮਝ ਸਮਝਾਈਆ । ਰਿਖਪ ਦੇਵ ਵੇਖ ਆਰ ਪਾਰ, ਪਿਰਥੂ ਭੱਜਣਾ ਵਾਹੋ ਦਾਹੀਆ । ਮਤਸ ਤੇਰੀ ਪਾਵੇ ਸਾਰ, ਕਛਪ ਹੌਲਾ ਭਾਰ ਕਰਾਈਆ । ਧਨੰਤਰ ਤੇਰਾ ਲਹਿਣਾ ਦਏ ਨਵਾਰ, ਮੋਹਨ ਮੋਹਣੀ ਰੂਪ ਵਟਾਈਆ । ਬਾਵਨ ਵੇਖ ਸੱਚਾ ਦਰਬਾਰ, ਬਲਧਾਰੀ ਆਪ ਲਗਾਈਆ । ਹੰਸਾ ਮੋਤੀ ਚੋਗ ਚੁਗ ਅਪਾਰ, ਸੋਹੰ ਸਤਿ ਸਰੂਪ ਜਣਾਈਆ । ਨਰ ਸਿੰਘ ਆਪਣਾ ਪੜਦਾ ਵੇਖ ਉਤਾਰ, ਪਾਰਬ੍ਰਹਮ ਪ੍ਰਭ ਭੇਵ ਅਭੇਦ ਖੁਲ੍ਹਾਈਆ । ਨਰ ਨਰਾਇਣ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਹਰੀ ਹਰਿ ਕਰ ਵਿਚਾਰ, ਹਰਿ ਕਰਤਾ ਵੇਖਣਹਾਰਾ ਥਾਉਂ ਥਾਈਂਆ । ਬ੍ਰਾਹਮਣ ਬ੍ਰਹਮ ਭੇਵ ਚੁਕਾਏ ਆਪ ਨਿਰੰਕਾਰ, ਪਾਰਸ ਪਰਸ ਨਜ਼ਰ ਨਾ ਆਈਆ । ਰਾਮ ਰਾਮੇ ਦਸਰਥ ਬੇਟੇ ਅਜੁਧਿਆ ਨਗਰੀ ਪੁਰਖ ਅਬਿਨਾਸ਼ੀ, ਧੁਰ ਦੀ ਧਾਰ ਇਕੋ ਇਕ ਜਣਾਈਆ । ਵੇਦ ਵਿਆਸਾ ਵੇਖ ਤਮਾਸ਼ਾ ਪੁਰਾਨ ਅਠਾਰਾਂ ਤੇਰਾ ਰਿਹਾ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਕਾਹਨ ਘਨਈਆ ਵੇਖ ਨਈਆ ਸਾਚਾ ਸਈਆ ਬੰਸਰੀ ਇਕੋ ਨਾਮ ਨਿਧਾਨ ਰਿਹਾ ਵਜਾਈਆ । ਮੂਸਾ ਵੇਖ ਨੈਣ ਉਘਾੜ, ਜਲਵਾਗਰ ਕਰੇ ਪਿਆਰ, ਕੋਹਤੂਰ ਨੂਰ ਜ਼ਹੂਰ ਲੇਖਾ ਰਿਹਾ ਚੁਕਾਈਆ । ਮੂਸੇ ਸਜਦਾ ਕਰ ਪਰਵਰਦਿਗਾਰ, ਈਸਾ ਹੋਵੇ ਖ਼ਬਰਦਾਰ, ਪਿਤਾ ਪੂਤ ਕਰੇ ਪਿਆਰ, ਬਰਖ਼ੁਰਦਾਰ ਤੇਰਾ ਲਹਿਣਾ ਝੋਲੀ ਪਾਈਆ । ਮੁਹੰਮਦ ਮੰਗੇ ਮਦਦ, ਮਦਦ ਕਰੇ ਮਦਦਗਾਰ, ਪਰਗਟ ਹੋਏ ਵਡ ਅਮਾਮ ਸਾਂਝਾ ਯਾਰ, ਸਹੀ ਸਲਾਮਤ ਸਾਖਿਆਤ ਆਪਣਾ ਖੇਲ ਵਖਾਈਆ । ਨਿਰਗੁਣ ਨਾਨਕ ਸਚਖੰਡ ਵਸੇ ਏਕੰਕਾਰ, ਜੋਤੀ ਜੋਤ ਜਗੇ ਅਪਾਰ, ਮਿਲਿਆ ਮੇਲ ਪੁਰਖ ਅਕਾਲ, ਦੂਜਾ ਨਜ਼ਰ ਕੋਇ ਨਾ ਆਈਆ । ਗੋਬਿੰਦ ਸੂਰਾ ਸੁੱਤ ਦੁਲਾਰ, ਮਿਲਿਆ ਮੇਲ ਸੱਚੀ ਸਰਕਾਰ, ਜੋਧਾ ਸੂਰ ਬਲੀ ਬਲਕਾਰ, ਨਾਮ ਖੰਡਾ ਤੇਜ ਕਟਾਰ, ਚੰਡ ਪਰਚੰਡ ਇਕ ਚਮਕਾਈਆ । ਸ਼ਬਦੀ ਰੂਪ ਅਗੰਮ ਅਪਾਰ, ਦੋ ਜਹਾਨਾਂ ਪਾਵੇ ਸਾਰ, ਬ੍ਰਹਿਮੰਡ ਖੰਡ ਕਰੇ ਖ਼ਬਰਦਾਰ, ਜੇਰਜ ਅੰਡਜ ਉਤਭੁਜ ਸੇਤਜ ਰਿਹਾ ਸਮਾਈਆ । ਸਾਰੇ ਇਕੱਠੇ ਆਓ ਸੱਚੇ ਦਰਬਾਰ, ਸੋ ਸਾਹਿਬ ਪੁਰਖ ਅਕਾਲ ਆਪ ਜਣਾਈਆ । ਲੇਖਾ ਸਭ ਦਾ ਚੁੱਕੇ ਇਕੋ ਵਾਰ, ਬਾਕੀ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਧੁਰ ਸੰਦੇਸਾ ਇਕ ਸੁਣਾਈਆ । ਸਾਰੇ ਕਹਿਣ ਅਸੀਂ ਆਵਾਂਗੇ । ਪ੍ਰਭ ਤੇਰਾ ਦਰਸਨ ਪਾਵਾਂਗੇ । ਸਚਖੰਡ ਦੁਆਰ ਤੇਰੇ ਚਰਨੀ ਸੀਸ ਝੁਕਾਵਾਂਗੇ । ਦੋਏ ਜੋੜ ਵਾਸਤਾ ਪਾਵਾਂਗੇ । ਤੇਰੀ ਪ੍ਰੇਮ ਪ੍ਰੀਤ ਦੀ ਬੱਝੀ ਡੋਰ, ਪਤੰਗ ਤੇਰੇ ਨਾਮ ਉਡਾਵਾਂਗੇ । ਲੋਕਮਾਤ ਆਏ ਜੋੜ, ਅੱਗਾ ਪਿੱਛਾ ਤੇਰੀ ਝੋਲੀ ਪਾਵਾਂਗੇ । ਤੂੰ ਵੇਖ ਕਰ ਕੇ ਗੌਰ, ਗਹਿਰ ਗੰਭੀਰ ਤੇਰੇ ਸਦਾ ਅਖਵਾਵਾਂਗੇ । ਨਾਤਾ ਰਿਹਾ ਨਾ ਪੰਜ ਤਤ ਸਰੀਰ, ਸ਼ਰੀਕਤ ਵਿਚ ਕਦੇ ਨਾ ਆਵਾਂਗੇ । ਤੇਰੀ ਧਾਰੋ ਉਪਜੇ ਗੁਰੂ ਅਵਤਾਰ ਪੈਗ਼ੰਬਰ ਪੀਰ, ਪਾਰਬ੍ਰਹਮ ਤੇਰਾ ਬੰਸ ਇਕ ਸੁਹਾਵਾਂਗੇ । ਤੂੰ ਆਪੇ ਪਾਏ ਸ਼ਰਅ ਜ਼ੰਜੀਰ, ਅੰਤਮ ਤੇਰੇ ਕੋਲੋ ਕਟਾਵਾਂਗੇ । ਨਾਨਕ ਖਿਚ ਕੇ ਆਇਆ ਲਕੀਰ, ਚਾਰ ਵਰਨ ਲੇਖਾ ਸਰਬ ਮੁਕਾਵਾਂਗੇ । ਗੋਬਿੰਦ ਬਣ ਕੇ ਆਇਆ ਫ਼ਕੀਰ, ਪਿਤਾ ਪੂਤ ਮਾਤ ਸੰਗ ਨਾ ਕੋਈ ਲਿਆਵਾਂਗੇ । ਅੰਤਮ ਤੇਰਾ ਮੇਲਾ ਮਿਲੇ ਅਖ਼ੀਰ, ਦੂਜੀ ਓਟ ਨਾ ਕੋਈ ਰਖਾਵਾਂਗੇ । ਕਲਜੁਗ ਸਭ ਦੀ ਮਿਟੇ ਪੀੜ, ਕੂੜੀ ਕਿਰਿਆ ਸ਼ੌਹ ਦਰਿਆ ਰੁੜ੍ਹਾਵਾਂਗੇ । ਤੇਰੇ ਨਾਲ ਮਿਲ ਕੇ ਸਭ ਦੀ ਬਦਲ ਜਾਏ ਤਕਦੀਰ, ਤਦਬੀਰ ਸਭ ਨੂੰ ਇਕ ਸਮਝਾਵਾਂਗੇ । ਜਿਸ ਦੀ ਨਜ਼ਰ ਨਾ ਆਏ ਤਸਵੀਰ, ਲਾਸ਼ਰੀਕ ਇਕੋ ਨੂਰ ਜਣਾਵਾਂਗੇ । ਸ਼ਾਹ ਪਾਤਸ਼ਾਹ ਬੇਨਜ਼ੀਰ, ਤਖ਼ਤ ਨਿਵਾਸੀ ਰਾਜਨ ਰਾਜ ਇਕ ਵਡਿਆਵਾਂਗੇ । ਜਿਸ ਦਾ ਲੇਖਾ ਸ਼ਾਹ ਹਕੀਰ, ਊਚ ਨੀਚ ਨਾ ਕੋਇ ਰਖਾਵਾਂਗੇ । ਤਿਸ ਸਾਹਿਬ ਪੁਰਖ ਅਕਾਲ ਦੀ ਇਕੋ ਨਾਮ ਸਚ ਹਦੀਸ, ਕਲਮਾ ਇਕੋ ਇਕ ਵਖਾਵਾਂਗੇ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਹੁਕਮੇ ਅੰਦਰ ਪੀਸਣ ਲਿਆ ਪੀਸ, ਬਣ ਚਾਕਰ ਯਾਚਕ ਸੇਵਾ ਸੇਵ ਵਖਾਵਾਂਗੇ । ਤੇਰਾ ਖੇਲ ਬੀਸ ਬੀਸ, ਬੇਪਰਵਾਹ ਇਕੋ ਦਰ ਜਣਾਵਾਂਗੇ । ਸ੍ਰੀ ਭਗਵਾਨ ਸਚ ਸੁਆਮੀ ਸਿਰ ਛਤਰ ਝੁੱਲੇ ਸੀਸ, ਰਾਜ ਰਾਜਾਨਾਂ ਖ਼ਾਕ ਮਿਲਾਵਾਂਗੇ । ਨੌਂ ਸੌ ਚੁਰਾਨਵੇਂ ਚੌਕੜੀ ਜੁਗ ਤੇਰੀ ਰੱਖਦੇ ਗਏ ਉਡੀਕ, ਨਿਤ ਤੇਰਾ ਰਾਹ ਤਕਾਵਾਂਗੇ । ਤੁਧ ਬਿਨ ਦੂਜੀ ਕੋਈ ਨਾ ਰਹੇ ਪ੍ਰੀਤ, ਪ੍ਰੀਤਮ ਇਕੋ ਇਕ ਮਨਾਵਾਂਗੇ । ਤੇਰੇ ਮਿਲਿਆਂ ਹੋਏ ਠਾਂਡੇ ਸੀਤ, ਅਗਨੀ ਤਤ ਸਰਬ ਬੁਝਾਵਾਂਗੇ । ਸਤਿਜੁਗ ਤੇਰੇ ਨਾਮ ਦੀ ਚਲੇ ਰੀਤ, ਤੇਰਾ ਨਾਉਂ ਇਕੋ ਇਕ ਧਿਆਵਾਂਗੇ । ਹਰ ਘਟ ਵਸੇਂ ਠਾਕਰ ਠਾਕਰਦੁਆਰੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਤੇਰਾ ਨਾਦ ਸੁਣਾਵਾਂਗੇ । ਤੇਰਾ ਖੇਲ ਸਦਾ ਅਨਡੀਠ, ਨੇਤਰ ਪੇਖ ਖ਼ੁਸ਼ੀ ਮਨਾਵਾਂਗੇ । ਸਦੀ ਚੌਧਵੀ ਜਾਏ ਬੀਤ, ਬੀਤੀ ਕਹਾਣੀ ਨਾ ਕੋਇ ਸੁਣਾਵੇਂਗੇ । ਅੰਤਮ ਵੇਲਾ ਸਦ ਵਸੀਏ ਤੇਰੇ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਵੇਂਗੇ । ਤੇਰੇ ਦਰ ਤੋ ਮੰਗੀਏ ਭੀਖ, ਭਿਛਿਆ ਇਕੋ ਝੋਲੀ ਨਾਮ ਭਰਾਵਾਂਗੇ । ਤੇਰੀ ਕੋਈ ਨਾ ਜਾਣੇ ਰੀਤ, ਰੀਤੀਵਾਨ ਤੇਰੇ ਹੁਕਮੇ ਅੰਦਰ ਸੀਸ ਨਿਵਾਵੇਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਵੇਂਗੇ । ਸ੍ਰੀ ਭਗਵਾਨ ਦਇਆ ਕਮਾਏਗਾ । ਪਾਰਬ੍ਰਹਮ ਪ੍ਰਭ ਵੇਖ ਵਖਾਏਗਾ । ਅਬਿਨਾਸ਼ੀ ਕਰਤਾ ਕਰਮ ਕਮਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਮੇਲ ਮਿਲਾਏਗਾ । ਸਚ ਸਵੰਬਰ ਇਕ ਰਚਾਏਗਾ । ਕੂੜਾ ਅਡੰਬਰ ਜਗਤ ਮਿਟਾਏਗਾ । ਸਰਬ ਕਲਾ ਬਣ ਭਰਤੰਬਰ, ਭਰਮ ਭੁਲੇਖਾ ਦੂਰ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਇਕੋ ਇਕ ਲਗਾਏਗਾ । ਤੇਰਾ ਮਾਰਗ ਇਕ ਪਰਨਾਵਾਂਗੇ । ਦੋਏ ਜੋੜ ਸੀਸ ਨਿਵਾਵਾਂਗੇ । ਪੁਰਖ ਅਕਾਲ ਇਕ ਮਨਾਵਾਂਗੇ । ਧਰਮ ਦੁਆਰਾ ਇਕ ਸਮਝਾਵਾਂਗੇ । ਨਾਮ ਢੋਲਾ ਇਕੋ ਇਕ ਗਾਵਾਂਗੇ । ਸ਼ਬਦ ਵਿਚੋਲਾ ਮਾਤ ਬਣਾਵਾਂਗੇ । ਪੰਜ ਤਤ ਪੜਦਾ ਓਹਲਾ ਅੰਤ ਚੁਕਾਵਾਂਗੇ । ਲੱਖ ਚੁਰਾਸੀ ਪਿਆ ਰੌਲਾ, ਭਰਮ ਭੁਲੇਖਾ ਸਰਬ ਮਿਟਾਵਾਂਗੇ । ਗੋਬਿੰਦ ਕਰ

ਕੇ ਆਇਆ ਕੌਲਾ, ਕੀਤਾ ਕੌਲ ਤੋੜ ਨਿਭਾਵਾਂਗੇ । ਧਰਨੀ ਹੋਵੇ ਭਾਰ ਹੌਲਾ, ਧਰਤ ਧਵਲ ਸਾਚਾ ਸੰਗ ਨਿਭਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਇਕੋ ਰਾਗ ਅਲਾਵਾਂਗੇ । ਪ੍ਰਭ ਇਕੋ ਰਾਗ ਅਲਾਏਗਾ । ਕੰਤ ਸੁਹਾਗ ਮੇਲ ਮਿਲਾਏਗਾ । ਸਾਚੇ ਸੰਤ ਆਪ ਜਗਾਏਗਾ । ਕਾਇਆ ਚੋਲੀ ਰੰਗ ਬਸੰਤ ਚੜ੍ਹਾਏਗਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਭੇਵ ਚੁਕਾਏਗਾ । ਚਾਰ ਵਰਨ ਅਠਾਰਾਂ ਬਰਨ ਬਣਾਏ ਇਕੋ ਸੰਗਤ, ਸਾਚਾ ਸੰਗ ਆਪ ਰਖਾਏਗਾ । ਦੂਜੇ ਦਰ ਕੋਈ ਨਾ ਜਾਏ ਮੰਗਤ, ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਭ ਦਾ ਦਾਤਾ ਇਕੋ ਨਜ਼ਰੀ ਆਏਗਾ । ਜੀਵ ਜੰਤ ਲੱਖ ਚੁਰਾਸੀ ਫੰਦ ਕਟਾਏਗਾ । ਲਹਿਣਾ ਦੇਣਾ ਚੁੱਕੇ ਜੇਰਜ ਅੰਡਜ, ਉਤਭੁਜ ਸੇਤਜ ਆਪਣੇ ਲੇਖੇ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਇਕੋ ਨਾਮ ਦਵਾਵੇਗਾ । ਸਤਿਜੁਗ ਦਿਵਾਏ ਇਕੋ ਨਾਮ, ਏਕੰਕਾਰ ਦਇਆ ਕਮਾਈਆ । ਸਰਬ ਜੀਆਂ ਘਟ ਵਸੇ ਰਾਮ, ਰਾਮ ਰਮਈਆ ਬੇਪਰਵਾਹੀਆ । ਨਜ਼ਰੀ ਆਏ ਸਾਚਾ ਸ਼ਾਮ, ਘਨਈਆ ਬੰਸਰੀ ਸਚ ਵਜਾਈਆ । ਸਚ ਪੈਗ਼ੰਬਰ ਦਏ ਪੈਗ਼ਾਮ, ਕਲਮਾ ਕਾਇਨਾਤ ਪੜ੍ਹਾਈਆ । ਸਾਚਾ ਇਸ਼ਟ ਇਕ ਈਮਾਨ, ਇਸਮ ਆਜ਼ਮ ਇਕ ਦਰਸਾਈਆ । ਮੰਤਰ ਸੱਚਾ ਸਤਿ ਨਾਮ, ਨਾਮ ਸਤਿ ਸਤਿ ਜਣਾਈਆ । ਫ਼ਤਿਹ ਡੰਕਾ ਸ਼ਬਦ ਦੋ ਜਹਾਨ, ਜੁਗ ਚੌਕੜੀ ਆਪ ਵਜਾਈਆ । ਗੋਬਿੰਦ ਗੁਰ ਕਰੇ ਪਰਵਾਨ, ਪਰਵਾਨਾ ਸਭ ਨੂੰ ਦਏ ਵਖਾਈਆ । ਜੋਧਾ ਸੂਰਬੀਰ ਬਲਵਾਨ, ਮਹਾਂਬਲੀ ਵੇਖ ਵਖਾਈਆ । ਕੂੜੀ ਕਿਰਿਆ ਮੇਟ ਨਿਸ਼ਾਨ, ਸਚ ਸੁੱਚ ਕਰੇ ਰੁਸ਼ਨਾਈਆ । ਸਤਿਜੁਗ ਬਣੇ ਇਕ ਵਿਧਾਨ, ਸਾਚਾ ਮਾਰਗ ਆਪੇ ਲਾਈਆ । ਪੰਚਮ ਮੀਤਾ ਬਣ ਪਰਧਾਨ, ਪੰਚਮ ਦੇਵੇ ਮਾਣ ਵਡਿਆਈਆ । ਪੰਚੇ ਸੋਹਣ ਇਕ ਦਰ ਦਰਬਾਨ, ਦਰਗਹਿ ਸਾਚੀ ਲੋਕਮਾਤ ਖ਼ੁਸ਼ੀ ਵਖਾਈਆ । ਕਰੇ ਖੇਲ ਆਪ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਦੋ ਜਹਾਨ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸ ਸੁਰਪਤ ਇੰਦ ਗਣ ਗੰਧਰਬ ਸਭ ਨੂੰ ਮੰਨਣੀ ਪਏ ਆਣ, ਸੀਸ ਸਕੇ ਨਾ ਕੋਇ ਉਠਾਈਆ । ਲੱਖ ਚੁਰਾਸੀ ਜੀਵ ਜੰਤ ਸਾਰੇ ਕਰਨ ਪਰਵਾਨ, ਬੇਵਫ਼ਾ ਰੂਪ ਨਾ ਕੋਇ ਵਟਾਈਆ । ਪਰਮ ਪੁਰਖ ਪਤਿਪਰਮੇਸ਼ਵਰ ਚਰਨ ਕਵਲ ਲੱਗੇ ਸਰਬ ਧਿਆਨ, ਧਿਆਨੀ ਇਕੋ ਧਿਆਨ ਜਣਾਈਆ । ਆਤਮ ਪਰਮਾਤਮ ਦੇਵੇ ਨਾਮ ਗਿਆਨ, ਸ਼ਬਦ ਨਿਧਾਨ ਦਏ ਸਮਝਾਈਆ । ਤੂੰ ਮੇਰਾ ਮੈਂ ਤੇਰਾ ਸਾਰੇ ਮੰਨਣ ਜੀਵ ਜਹਾਨ, ਮੁਖ ਸਕੇ ਨਾ ਕੋਇ ਭਵਾਈਆ । ਸਤਿਜੁਗ ਸਾਚੇ ਚਲੇ ਸਤਿ ਦੁਕਾਨ, ਕੂੜਾ ਹੱਟ ਰਹਿਣ ਨਾ ਪਾਈਆ । ਭਗਤ ਭਗਵੰਤ ਵੇਖੇ ਆਣ, ਨਿਰਗੁਣ ਵੱਖਰੀ ਧਾਰ ਚਲਾਈਆ । ਸਾਚੇ ਸੰਤਾਂ ਦੇਵੇ ਦਾਨ, ਦਰਦੀ ਦਰਦੀਆਂ ਦਰਦ ਵੰਡਾਈਆ । ਗੁਰਮੁਖਾਂ ਵਖਾਏ ਧਰਮ ਨਿਸ਼ਾਨ, ਕਾਇਆ ਅੰਦਰ ਆਪ ਉਠਾਈਆ । ਗੁਰਸਿਖਾਂ ਧੂੜੀ ਚਰਨ ਕਰਾਏ ਅਸ਼ਨਾਨ, ਦੁਰਮਤ ਮੈਲ ਧਵਾਈਆ । ਚਾਰ ਵਰਨਾਂ ਇਕ ਵਖਾਏ ਮਕਾਨ, ਸਚ ਦੁਆਰਾ ਆਪ ਪਰਗਟਾਈਆ । ਛੱਪਰ ਛੰਨ ਨਾ ਕੋਈ ਸਕੇ ਪਹਿਚਾਨ, ਚਾਰ ਦੀਵਾਰ ਨਜ਼ਰ ਕੋਇ ਨਾ ਆਈਆ । ਸੂਰਜ ਚੰਦ ਨਾ ਕੋਇ ਭਾਨ, ਚੰਦ ਚਾਂਦਨਾ ਨਾ ਕੋਇ ਚਮਕਾਈਆ । ਮੰਡਲ ਮੰਡਪ ਨਾ ਕੋਇ ਨਿਸ਼ਾਨ, ਖੇਲੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਾਚਾ ਮੰਤਰ ਇਕ ਸੁਣਾਈਆ । ਸਾਚਾ ਮੰਤਰ ਨਾਮ ਗੋਬਿੰਦ, ਗੀਤ ਇਕੋ ਇਕ ਸਮਝਾਇੰਦਾ । ਅੰਤਰ ਬਾਹਰ ਮਿਟੇ ਚਿੰਦ, ਚਿੰਤਾ ਰੋਗ ਨਾ ਕੋਇ ਵਖਾਇੰਦਾ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਦਇਆ

ਕਮਾਇੰਦਾ । ਜਨ ਭਗਤ ਬਣਾਏ ਨਾਦੀ ਬਿੰਦ, ਸੁੱਤ ਦੁਲਾਰੇ ਆਪ ਉਠਾਇੰਦਾ । ਘਰ ਮਰਦੰਗ ਵਜਾਏ ਕਿੰਗ, ਧੁਨ ਆਤਮਕ ਰਾਗ ਸੁਣਾਇੰਦਾ । ਅੰਮ੍ਰਿਤ ਧਾਰ ਵਹਾਏ ਸਿੰਧ, ਕੂੜੀ ਕਿਰਿਆ ਆਪ ਰੁੜ੍ਹਾਇੰਦਾ । ਵਾਸਾ ਕਰੇ ਆਤਮ ਨਿਜ, ਨਿਜ ਆਤਮ ਵੇਖ ਵਖਾਇੰਦਾ । ਆਪਣੀ ਮਿਲਣ ਦੀ ਦੱਸੇ ਬਿਧ, ਮਕਤਬ ਇਕੋ ਇਕ ਖੁਲ੍ਹਾਇੰਦਾ । ਡੇਰਾ ਢਾਹੇ ਅਠਾਰਾਂ ਸਿਧ ਨੌ ਨਿਧ, ਨੌ ਅਠਾਰਾਂ ਮੂਲ ਚੁਕਾਇੰਦਾ । ਭੇਵ ਚੁਕਾਏ ਕਾਇਆ ਪਿੰਡ ਜੀਉ ਇੰਡ, ਬ੍ਰਹਿਮੰਡ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸ਼ਬਦ ਗਿਆਨ, ਚਾਰ ਵਰਨਾਂ ਇਕ ਨਿਸ਼ਾਨ, ਸਚ ਦੁਆਰੇ ਆਪ ਜਣਾਇੰਦਾ । ਸਚ ਦੁਆਰਾ ਸਤਿਗੁਰ ਘਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਗ੍ਰਿਹਿ ਮਿਲੇ ਇਕੋ ਜਿਹਾ ਵਰ, ਵੰਡਣ ਵੰਡ ਨਾ ਕੋਇ ਵੰਡਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਰ ਦਰਵੇਸ਼ ਖੜੇ ਦਰ, ਨੇਤਰ ਨੈਣਾਂ ਨੀਰ ਵਹਾਈਆ । ਮਿਹਰਵਾਨ ਪ੍ਰਭ ਕਿਰਪਾ ਕਰ, ਕਿਰਪਾਨਿਧ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਕਲਜੁਗ ਸੁਣ ਬਾਤ ਅਖ਼ੀਰ, ਸੋ ਸਾਹਿਬ ਆਪ ਜਣਾਈਆ । ਤੇਰਾ ਲੇਖਾ ਲਿਖ ਗਏ ਗੁਰ ਅਵਤਾਰ ਪੀਰ, ਪੈਗ਼ੰਬਰ ਸ਼ਹਾਦਤ ਨਾਲ ਰਲਾਈਆ । ਕਲਜੁਗ ਅੰਤ ਤੁਟੇ ਸ਼ਰਅ ਜ਼ੰਜੀਰ, ਸ਼ਰੀਅਤ ਮਾਤ ਰਹਿਣ ਨਾ ਪਾਈਆ । ਹਉਮੇ ਹੰਗਤਾ ਨਿਕਲੇ ਪੀੜ, ਕੂੜੀ ਕਿਰਿਆ ਡੇਰਾ ਢਾਹੀਆ । ਅਠਸਠ ਤੀਰਥ ਵਰੋਲੇ ਨੀਰ, ਸਰੋਵਰ ਇਕੋ ਨਜ਼ਰੀ ਆਈਆ । ਭਗਤ ਕੋਈ ਨਾ ਰਹੇ ਦਿਲਗੀਰ, ਭਗਵਨ



ਮੇਲੇ ਚਾਈਂ ਚਾਈਆ । ਆਪਣੇ ਨੱਕ ਨਾਲ ਕੱਢ ਲਕੀਰ, ਦੋਏ ਜੋੜ ਵਾਸਤਾ ਪਾਈਆ । ਪ੍ਰਭ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਲੇਖਾ ਚੁੱਕੇ ਹਸਤ ਕੀੜ, ਕੀਟ ਕੀਟਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਰਿਹਾ ਜਣਾਈਆ । ਕਲਜੁਗ ਰੋਵੇ ਮਾਰੇ ਧਾਹ, ਉਚੀ ਕੂਕ ਕੂਕ ਸੁਣਾਈਆ । ਦਰੋਹੀ ਦਰੋਹੀ ਮੇਰੇ ਖ਼ੁਦਾ, ਖ਼ੁਦੀ ਮੇਰੀ ਨਾ ਮੇਰੀ ਮਿਟਾਈਆ । ਉਠ ਵੇਖ ਮੈਂ ਤੇਰੇ ਤੇਰੇ ਨਾਲੋ ਕੀਤੇ ਜੁਦਾ, ਆਪਣੀ ਪੱਟੀ ਇਕ ਪੜ੍ਹਾਈਆ । ਗੁਰ ਕਾ ਸ਼ਬਦ ਸਾਰੇ ਗਏ ਭੁਲਾ, ਹਿਰਦੇ ਹਰਿ ਨਾ ਕੋਇ ਵਸਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਮਨਮਤੀ ਦਿਤੀ ਚਲਾ, ਚਲਾਏਵਾਨ ਸਰਬ ਲੋਕਾਈਆ । ਧੀਆਂ ਭੈਣਾਂ ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਰਹੇ ਤਕਾ, ਨੇਤਰ ਨੈਣ ਨੈਣ ਉਠਾਈਆ । ਮੁਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧੇ ਹੋਏ ਬੇਵਫ਼ਾ, ਤੇਰਾ ਸੰਗੀ ਨਜ਼ਰ ਕੋਈ ਨਾ ਆਈਆ । ਰਸਨਾ ਜਿਹਵਾ ਪੜ੍ਹ ਪੜ੍ਹ ਤੈਨੂੰ ਬਾਹਰੋ ਰਹੇ ਗਾ, ਅੰਤਰ ਧੁਨ ਤੇਰਾ ਨਾਦ ਨਾ ਕੋਇ ਵਜਾਈਆ । ਕਿਰਪਾ ਕਰ ਬੇਪਰਵਾਹ, ਮੇਰਾ ਵੇਲਾ ਅੰਤ ਮੇਰੇ ਨਾਲ ਰਖਾਈਆ । ਨੌ ਖੰਡ ਪ੍ਰਿਥਮੀ ਮੈਂ ਭੱਜਾਂ ਵਾਹੋ ਦਾਹ, ਦਿਵਸ ਰੈਣ ਸੇਵ ਕਮਾਈਆ । ਗਿਆਨੀ ਧਿਆਨੀ ਵਡ ਵਿਦਵਾਨੀ ਧਰਮ ਕਰਮ ਤੇ ਦਿਤੇ ਡੁਲਾ, ਧੀਰਜ ਜਤ ਸਤਿ ਸੰਤੋਖ ਰਹਿਣ ਕਿਸੇ ਨਾ ਪਾਈਆ । ਉਠ ਵੇਖ ਮੁਹੰਮਦ ਮੇਰਾ ਬਣਿਆ ਗਵਾਹ, ਜਿਸ ਸ਼ਰੀਅਤ ਮੇਰੇ ਨਾਲ ਰਲਾਈਆ । ਪੁਰਖ ਅਕਾਲ ਕਹੇ ਤੈਨੂੰ ਦੇਵਾਂ ਸਚ ਸੁਣਾ, ਸਚ ਸਚ ਦ੍ਰਿੜਾਈਆ । ਤੇਰੀ ਗੁਰ ਗੋਬਿੰਦ ਜੜ੍ਹ ਦਿਤੀ ਉਖੜਾ, ਨਾ ਕੋਈ ਸਕੇ ਮਾਤ ਲਗਾਈਆ । ਚਾਰ ਲੱਖ ਬੱਤੀ ਹਜ਼ਾਰ ਦਾ ਲੇਖਾ ਰਹੇ ਕੋਈ ਨਾ, ਚੰਦ ਪੂਰਬ ਲੇਖਾ ਰਿਹਾ ਮੁਕਾਈਆ । ਤੇਈ ਅਵਤਾਰ ਬਣੇ ਗਵਾਹ, ਭੱਜੇ ਆਵਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਕਲਜੁਗ ਰੋਵੇ ਨੇਤਰ ਨੀਰ, ਦੋਏ ਜੋੜ

ਵਾਸਤਾ ਪਾਈਆ । ਮੇਰੀ ਪ੍ਰਭੂ ਵੇਖ ਅੰਤ ਅਖ਼ੀਰ, ਆਖ਼ਰ ਤੇਰਾ ਹੁਕਮ ਸੀਸ ਟਿਕਾਈਆ । ਲੱਖ ਚੁਰਾਸੀ ਪਾਵਾਂ ਭੀੜ, ਇਕ ਇਸ਼ਾਰਾ ਦਿਆਂ ਜਣਾਈਆ । ਸ਼ਾਹ ਸੁਲਤਾਨਾਂ ਕਰਾਂ ਫ਼ਕੀਰ, ਰਾਜ ਰਾਜਾਨਾਂ ਦਰ ਦਰ ਘਰ ਘਰ ਭਿਖਿਆ ਜਗਤ ਮੰਗਾਈਆ । ਚਾਰੋ ਕੁੰਟ ਪਏ ਵਹੀਰ, ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਅੰਤ ਤੇਰੀ ਓਟ ਰਖਾਈਆ । ਕਲਜੁਗ ਸੁਣ ਛੋਟੇ ਪੁੱਤ, ਚੌਥੇ ਜੁਗ ਦਿਆਂ ਸਮਝਾਈਆ । ਤੇਰੀ ਵੇਖਾਂ ਅੰਤਮ ਰੁੱਤ, ਰੁੱਤ ਰੁਤੜੀ ਜਗਤ ਮਹਿਕਾਈਆ । ਪਰਗਟ ਹੋ ਅਬਿਨਾਸ਼ੀ ਅਚੁਤ, ਤੇਰੀ ਸਾਰ ਆਪੇ ਪਾਈਆ । ਨਿਰਗੁਣ ਧਾਰੋ ਨਿਰਵੈਰ ਪੁਰਖ ਉਠ, ਜੋਤੀ ਜਾਮਾ ਵੇਸ ਵਟਾਈਆ । ਸ਼ਬਦੀ ਨਾਲ ਰਲਾ ਮਾਤ ਸੁਤ, ਗੋਬਿੰਦ ਨਜ਼ਰ ਕਿਸੇ ਨਾ ਆਈਆ । ਹੁਣ ਗੋਬਿੰਦ ਕੋਲੋ ਪੁੱਛ, ਤੇਰਾ ਲੇਖਾ ਕਿਵੇਂ ਮੁਕਾਈਆ । ਜੇ ਤੇਰੇ ਉਤੇ ਜਾਵੇ ਤੁਠ, ਰਹਿਮਤ ਇਕੋ ਇਕ ਦਰਸਾਈਆ । ਤੇਰੀ ਬਚੀ ਰਹਿਣ ਦੇਵੇ ਭਗਤਾਂ ਵਾਲੀ ਗੁੱਠ, ਦੂਜਾ ਨਜ਼ਰ ਕੋਈ ਨਾ ਆਈਆ । ਜਿਨ੍ਹਾਂ ਅੰਮ੍ਰਿਤ ਜਾਮ ਪੀਤਾ ਘੁੱਟ, ਤਿਨ੍ਹਾਂ ਦੇਵੇ ਮਾਣ ਵਡਿਆਈਆ । ਨਿਰਗੁਣ ਹੋ ਕੇ ਸਰਗੁਣ ਵਲ ਬਦਲੇ ਆਪਣਾ ਰੁਖ਼, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਗੁਰਸਿਖ ਗੁਰਮੁਖ ਸੰਤ ਸੁਹੇਲੇ ਗੁਰ ਗੋਬਿੰਦ ਗੋਦੀ ਲਏ ਚੁੱਕ, ਬੰਸ ਸਰਬੰਸ ਆਪਣਾ ਲਏ ਸੁਹਾਈਆ । ਮਾਤ ਗਰਭ ਨਾਤਾ ਤੋੜੇ ਉਲਟਾ ਰੁਖ਼, ਕੂੜੀ ਕਿਰਿਆ ਫੰਦ ਕਟਾਈਆ । ਅੱਗੇ ਹੋ ਕੇ ਵੇਖੇ ਤੈਨੂੰ ਢੁਕ, ਦੂਰ ਦੁਰਾਡਾ ਪੰਧ ਮੁਕਾਈਆ । ਤੂੰ ਸੀਸ ਨਵਾਉਣਾ ਝੁਕ, ਕਲਜੁਗ ਪੈਣਾ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਕਲਜੁਗ ਕੂੜਾ ਕਰੇ ਮਨਜ਼ੂਰ, ਪ੍ਰਭ ਤੇਰੀ ਵਡ ਵਡਿਆਈਆ । ਸਾਚੀ ਸਿਖਿਆ ਦਏ ਹਜ਼ੂਰ, ਹਜ਼ਰਤ ਇਕ ਪੜ੍ਹਾਈਆ । ਗੋਬਿੰਦ ਖੇੜੇ ਦੇ ਕਿਹੜੇ ਨੇੜੇ ਦੂਰ, ਦੂਰ ਦੁਰਾਡਾ ਪੰਧ ਕਵਣ ਮੁਕਾਈਆ । ਕਿਰਪਾ ਕਰ ਸਰਬ ਕਲਾ ਭਰਪੂਰ, ਬੇਪਰਵਾਹ ਰਹਿਮਤ ਇਕ ਕਮਾਈਆ । ਪੁਰਖ ਅਕਾਲ ਕਹੇ ਗੋਬਿੰਦ ਤੈਨੂੰ ਮਿਲੇ ਜ਼ਰੂਰ, ਤੇਰੀ ਜ਼ਰੂਰਤ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦਏ ਜਣਾਈਆ । ਸਾਚਾ ਮੰਦਰ ਗੋਬਿੰਦ ਖੇੜਾ, ਪੁਰਖ ਅਕਾਲ ਆਪ ਜਣਾਈਆ । ਜਿਸ ਦਾ ਖੁਲ੍ਹਾ ਰਹੇ ਵਿਹੜਾ, ਭੇਵ ਕੋਇ ਨਾ ਪਾਈਆ । ਓਥੇ ਸ਼ਬਦੀ ਗੁਰ ਦਾ ਵਸੇ ਡੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਹੋਵੇ ਹੱਕ ਨਬੇੜਾ, ਹਕੀਕਤ ਸਭ ਦੀ ਵੇਖ ਵਖਾਈਆ । ਕਲਜੁਗ ਜਾ ਕੇ ਵੇਖ ਸੰਬਲ ਖੇੜਾ, ਜਿਸ ਘਰ ਵਸੇ ਸੱਚਾ ਮਾਹੀਆ । ਮਿਹਰਵਾਨ ਕਰੇ ਆਪਣੀ ਮਿਹਰਾ, ਮਿਹਰ ਨਜ਼ਰ ਇਕ ਉਠਾਈਆ । ਤੇਰਾ ਚਾਹੇ ਤਾਰੇ ਚਾਹੇ ਡੋਬੇ ਬੇੜਾ, ਉਸ ਦੇ ਹੱਥ ਵਡੀ ਵਡਿਆਈਆ । ਅੰਤਮ ਵੇਲਾ ਆਇਆ ਨੇੜਾ, ਮੰਜ਼ਲ ਮੰਜ਼ਲ ਬੈਠਾ ਪੰਧ ਮੁਕਾਈਆ । ਜਿਸ ਦੁਆਰੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਾਚੇ ਭਗਤਾਂ ਪਾਇਆ ਘੇਰਾ, ਚਾਰੋ ਕੁੰਟ ਬਹਿ ਬਹਿ ਖ਼ੁਸ਼ੀ ਮਨਾਈਆ । ਰਸਨਾ ਬੋਲਣ ਸਾਚਾ ਤੋਲ ਤੋਲਣ ਇਕੋ ਕਹਿਣ ਤੂੰ ਮੇਰਾ ਮੈਂ ਤੇਰਾ, ਦੂਜਾ ਨਾਮ ਨਾ ਕੋਇ ਜਣਾਈਆ । ਸੋ ਸਾਹਿਬ ਸੀਤਗੁਰ ਪੁਰਖ ਅਕਾਲ ਦੀਨ ਦਿਆਲ ਗੋਬਿੰਦ ਨਾਲ ਮਿਲ ਕੇ ਚੌਥੇ ਜੁਗ ਪਾਇਆ ਫੇਰਾ, ਹੇਰਾ ਫੇਰੀ ਸਭ ਦੀ ਰਿਹਾ ਮੁਕਾਈਆ । ਇਕੋ ਵਾਰ ਦੇਵੇ ਆਪਣਾ ਗੇੜਾ, ਲੱਠ ਗੇੜੇ ਜਗਤ ਲੋਕਾਈਆ । ਮਨਮੁਖ ਗੁਰਮੁਖ ਦੋਵੇਂ ਕਰੇ ਨਖੇੜਾ, ਸਾਚੀ ਧਾਰ ਵਿਚ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਿਖਾਈਆ ।

ਸਾਚੀ ਸਿਖਿਆ ਸੁਣ ਕਰਤਾਰ, ਕਲਜੁਗ ਲਏ ਅੰਤ ਅੰਗੜਾਈਆ । ਕਵਣ ਮਿਲੇ ਮੇਰਾ ਗੋਬਿੰਦ ਯਾਰ, ਯਾਰੀ ਯਾਰ ਨਾਲ ਨਿਭਾਈਆ । ਜਿਸ ਸੱਥਰ ਹੰਢਾਇਆ ਨਾਲ ਪਿਆਰ, ਸੂਲਾਂ ਸੇਜ ਸੋਭਾ ਪਾਈਆ । ਸੋ ਸਤਿਗੁਰ ਕਦੇ ਨਾ ਹੋਏ ਦੁਖੀਆਂ ਵਿਚ ਦੁਖਿਆਰ, ਦੁੱਖ ਦਰਦੀਆਂ ਦਰਦ ਲਏ ਵੰਡਾਈਆ । ਮੈਂ ਦਰ ਜਾ ਕੇ ਕਰਾਂ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਮੈਨੂੰ ਬਖ਼ਸ਼ ਬਖ਼ਸ਼ਣਹਾਰ, ਬਖ਼ਸ਼ਿਸ਼ ਤੇਰੇ ਹੱਥ ਫੜਾਈਆ । ਤੂੰ ਸਾਹਿਬ ਅਭੁੱਲ ਗੁਰੂ ਕਰਤਾਰ, ਮੈਂ ਭੁਲਣਹਾਰ ਤੇਰਾ ਸੇਵਕ ਨਜ਼ਰੀ ਆਈਆ । ਗੁਣ ਅਵਗੁਣ ਨਾ ਕੋਇ ਵਿਚਾਰ, ਅਵਗੁਣ ਭਰੀ ਮੇਰੀ ਲੋਕਾਈਆ । ਔਹ ਵੇਖ ਅੱਲਾ ਰਾਣੀ ਨੇਤਰ ਨੈਣਾਂ ਨੀਰ ਵਹਾਏ ਅਗੰਮੀ ਧਾਰ, ਖੁਲ੍ਹੜੇ ਕੇਸ ਭੱਜੀ ਫਿਰੇ ਵਾਹੋ ਦਾਹੀਆ । ਅੱਲਾ ਮੀਆਂ ਮਿਲਿਆ ਨਾ ਸਾਚਾ ਯਾਰ, ਸਾਚਾ ਖੌਂਤ ਨਜ਼ਰ ਕੋਇ ਨਾ ਆਈਆ । ਲਾਲ ਮੈਂਹਦੀ ਕਰ ਬੈਠੀ ਸ਼ਿੰਗਾਰ, ਹੱਥੀਂ ਰੰਗ ਇਕ ਚੜ੍ਹਾਈਆ । ਚੌਦਾਂ ਤਬਕਾਂ ਫਿਰ ਆਈ ਮੁਟਿਆਰ, ਜੋਬਨ ਘਰ ਘਰ ਰਹੀ ਵਖਾਈਆ । ਪ੍ਰੀਤਮ ਮਿਲੇ ਨਾ ਏਕੰਕਾਰ, ਪਰਵਰਦਿਗਾਰ ਦੇਵੇ ਨਾ ਕੋਇ ਸਰਨਾਈਆ । ਬਿਨ ਗੋਬਿੰਦ ਤੇਰਾ ਵਿਚੋਲਾ ਬਣੇ ਨਾ ਕੋਈ ਸੰਸਾਰ, ਸਾਚਾ ਮੇਲ ਨਾ ਕੋਇ ਮਿਲਾਈਆ । ਤੂੰ ਅੰਤਮ ਢੋਲਾ ਗਾਇਆ ਸੋਹੰ ਰੂਪ ਆਪ ਕਰਤਾਰ, ਤੀਰ ਭੱਥਾ ਕਮਾਨ ਸ਼ਸਤਰ ਬਸਤਰ ਅਸਤਰ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਸਭ ਦਾ ਲਹਿਣਾ ਦੇਣਾ ਪੂਰਬ ਕਰਜ਼ ਰਿਹਾ ਉਤਾਰ, ਮਕਰੂਜ਼ ਆਪਣਾ ਹੌਲਾ ਭਾਰ ਕਰਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਕੇ ਦੱਸੇ ਆਤਮ ਪਰਮਾਤਮ ਸਚ ਪਿਆਰ, ਬ੍ਰਹਮ ਪਾਰਬ੍ਰਹਮ ਮੇਲਾ ਸਹਿਜ ਸੁਭਾਈਆ । ਕੂੜੀ ਕਿਰਿਆ ਨਾਤਾ ਤੋੜੇ ਸਰਬ ਸੰਸਾਰ, ਮਾਇਆ ਮਮਤਾ ਹਉਮੇ ਹੰਗਤਾ ਕਾਮ ਕ੍ਰੋਧ ਲੋਭ ਮੋਹ ਹੰਕਾਰ ਰਹਿਣ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਸਾਚੀ ਸੰਗਤ ਇਕੋ ਇਸ਼ਟ ਮਨਾਓ ਪੁਰਖ ਅਕਾਲ, ਦਾਤਾ ਦ੍ਰਿਸ਼ਟ ਦਏ ਖੁਲ੍ਹਾਈਆ । ਸਰਬ ਜੀਆਂ ਦਾ ਸਗਲਾ ਯਾਰ, ਹਰ ਘਟ ਬੈਠਾ ਡੇਰਾ ਲਾਈਆ । ਅੰਦਰ ਵੜ ਕੇ ਕਾਇਆ ਮੰਦਰ ਚੜ੍ਹ ਕੇ ਸ਼ਬਦੀ ਡੋਰੀ ਫੜ ਕੇ ਆਤਮ ਸੇਜਾ ਖੜ੍ਹ ਕੇ ਨਿਰਗੁਣ ਸਰੂਪ ਕਰੋ ਦੀਦਾਰ, ਦੀਦ ਈਦ ਚੰਦ ਇਕੋ ਇਕ ਰੁਸ਼ਨਾਈਆ । ਜਿਸ ਮਿਲਿਆਂ ਵਿਸਰ ਜਾਏ ਸੰਸਾਰ, ਨਜ਼ਰੀ ਆਏ ਨਾਨਕ ਗੋਬਿੰਦ ਗੋਬਿੰਦ ਨਾਨਕ ਇਕ ਨਿਰੰਕਾਰ, ਦੂਜਾ ਰੂਪ ਪੇਖ ਕੋਈ ਨਾ ਪਾਈਆ । ਤਿਸ ਸਾਹਿਬ ਦਾ ਹੁਕਮ ਚਲੇ ਜੁਗ ਚਾਰ, ਚੌਕੜੀ ਬੈਠੀ ਸੀਸ ਨਿਵਾਈਆ । ਜਿਸ ਕਲਜੁਗ ਮਾਤ ਦਿਤਾ ਅਵਤਾਰ, ਸੋ ਅੰਤਮ ਆਪਣੇ ਲੇਖੇ ਲਾਈਆ । ਸਤਿਜੁਗ ਸੋਇਆ ਲਏ ਉਠਾਲ, ਆਲਸ ਨਿੰਦਰਾ ਦਏ ਗਵਾਈਆ । ਉਠ ਦੁਲਾਰੇ ਸਾਚੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਲੋਕਮਾਤ ਨੌ ਖੰਡ ਪ੍ਰਿਥਮੀ ਸਤ ਦੀਪ ਚਾਰ ਕੁੰਟ ਦਹਿ ਦਿਸ਼ਾ ਧਰਮ ਬਣਾ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਜਿਸ ਦੁਆਰੇ ਮਿਲੇ ਵਡਿਆਈ ਸ਼ਾਹ ਕੰਗਾਲ, ਊਚ ਨੀਚ ਰਹਿਣ ਕੋਇ ਨਾ ਪਾਈਆ । ਸਭ ਦਾ ਸ਼ਬਦ ਗੁਰੂ ਦਲਾਲ, ਪੰਜ ਤਤ ਆਵੇ ਜਾਵੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੇਖਾ ਜਾਣੇ ਦੋ ਜਹਾਨ, ਸਰਬ ਸ੍ਰਿਸ਼ਟ ਦੇਵਣਹਾਰ ਇਕ ਗਿਆਨ, ਆਤਮ ਪਰਮਾਤਮ ਪਰਮਾਤਮ ਆਤਮ ਸੋਹੰ ਰੂਪ ਸਤਿ ਸਰੂਪ ਸਤਿ ਸਤਿਵਾਦੀ ਆਪ ਸਮਝਾਈਆ ।

## ✪ ੭ ਅੱਸੂ ੨੦੨੦ ਬਿਕਰਮੀ ਸੰਪੂਰਨ ਸਿੰਘ ਦੇ ਗ੍ਰਿਹਿ ਫ਼ਿਰੋਜ਼ ਸ਼ਾਹ ਜ਼ਿਲਾ ਫਿਰੋਜ਼ਪੁਰ ✪

ਸਾਚਾ ਰਾਮ ਸਰਬ ਸੇ ਨਿਆਰਾ, ਨਿਰਗੁਣ ਨਿਰਵੈਰ ਬੇਪਰਵਾਹੀਆ । ਆਦਿ ਜੁਗਾਦਿ ਵਸੇ ਸਚਖੰਡ ਸਚ ਦੁਆਰਾ, ਦਰਗਹਿ ਸਾਚੀ ਧਾਮ ਸੁਹਾਈਆ । ਜੋਤੀ ਜੋਤ ਜੋਤ ਉਜਿਆਰਾ, ਨੂਰ ਨੁਰਾਨਾ ਡਗਮਗਾਈਆ । ਸੋ ਪੁਰਖ ਨਿਰੰਜਣ ਵਸੇ ਠਾਂਡੇ ਦਰਬਾਰਾ, ਹਰਿ ਪੁਰਖ ਨਿਰੰਜਣ ਆਪਣਾ ਰੂਪ ਧਰਾਈਆ । ਏਕੰਕਾਰ ਖੇਲ ਅਪਾਰਾ, ਆਦਿ ਨਿਰੰਜਣ ਵੇਸ ਵਟਾਈਆ । ਅਬਿਨਾਸ਼ੀ ਕਰਤਾ ਖੋਲ੍ਹ ਕਿਵਾੜਾ, ਸ੍ਰੀ ਭਗਵਾਨ ਧਾਰ ਚਲਾਈਆ । ਪਾਰਬ੍ਰਹਮ ਪ੍ਰਭ ਕਰ ਪਸਾਰਾ, ਲੇਖਾ ਜਾਣੇ ਥਾਉਂ ਥਾਈਂਆ । ਵਿਸ਼ਨ ਬ੍ਰਹਮਾ ਸ਼ਿਵ ਦੇ ਇਸ਼ਾਰਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਤ੍ਰੈਗੁਣ ਮਾਇਆ ਭਰ ਭੰਡਾਰਾ, ਪੰਜ ਤਤ ਕਰੇ ਕੁੜਮਾਈਆ । ਕਰੇ ਖੇਲ ਰਾਮ ਪਿਆਰਾ, ਅਪਰੰਪਰ ਆਪਣੀ ਕਾਰ ਕਮਾਈਆ । ਘਟ ਘਟ ਅੰਦਰ ਕਰ ਪਸਾਰਾ, ਸਚ ਸਿੰਘਾਸਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਖੁਲ੍ਹਾਈਆ । ਸਾਚਾ ਰਾਮ ਹਰ ਘਟ ਵਾਸਿਆ, ਵਸਣਹਾਰ ਵੱਡੀ ਵਡਿਆਈਆ । ਨਿਰਗੁਣ ਨੂਰ ਜੋਤ ਪਰਕਾਸਿਆ, ਪਰਕਾਸ਼ਵਾਨ ਬੇਪਰਵਾਹੀਆ । ਲੱਖ ਚੁਰਾਸੀ ਵੇਖੇ ਖੇਲ ਤਮਾਸ਼ਿਆ, ਅੰਡਜ ਜੇਰਜ ਉਤਭੁਜ ਸੇਤਜ ਡੇਰਾ ਲਾਈਆ । ਨਿਰਗੁਣ ਸਰਗੁਣ ਬਣ ਕੇ ਦਾਸੀ ਦਾਸਿਆ, ਸਾਚੀ ਸੇਵ ਕਮਾਈਆ । ਆਤਮ ਪਰਮਾਤਮ ਪਰਮਾਤਮ ਆਤਮ ਦੇਵਣਹਾਰਾ ਧੁਰ ਭਰਵਾਸਿਆ, ਸਾਚਾ ਸਬਕ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਾਚਾ ਰਾਮ ਰਾਮ ਬੇਟਾ, ਰਾਮ ਰਾਮ ਘਰ ਡੇਰਾ ਲਾਈਆ । ਨਿਰਗੁਣ ਰਾਮ ਰਾਮ ਘਰ ਲੇਟਾ, ਨੇਤਰ ਨੈਣ ਜਗ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਬਣ ਬਣ ਖੇਵਟ ਖੇਟਾ, ਦੋ ਜਹਾਨ ਬੇੜਾ ਆਪ ਚਲਾਈਆ । ਸਤਿ ਸਰੂਪੀ ਨਜ਼ਰੀ ਆਏ ਇਕੋ ਨੇਤਾ, ਨਰ ਨਿਰੰਕਾਰ ਵੱਡੀ ਵਡਿਆਈਆ । ਸਦਾ ਸਦਾ ਸਦ ਕਰੇ ਹੇਤਾ, ਹਿਤਕਾਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਸਮਝਾਈਆ । ਸਾਚਾ ਖੇਲ ਆਦਿ ਪੁਰਖ, ਪ੍ਰਭ ਏਕੰਕਾਰ ਆਪ ਜਣਾਈਆ । ਜਿਸ ਰਾਮ ਦਾ ਮਨਾਵੇ ਨਾ ਕੋਈ ਪੁਰਬ, ਜਨਮ ਮਰਨ ਸਮਝ ਕਿਸੇ ਨਾ ਆਈਆ । ਸੋ ਰਾਮ ਵਸੇ ਸਰਬ, ਘਟ ਘਟ ਡੇਰਾ ਲਾਈਆ । ਤਿਸ ਲੇਖਾ ਕੋਈ ਨਾ ਅਰਬ ਖਰਬ, ਗਣਤੀ ਗਣਤ ਨਾ ਕੋਇ ਗਿਣਾਈਆ । ਨਾ ਉਹ ਨਾਰੀ ਨਾ ਉਹ ਮਰਦ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਦੁੱਖ ਦਰਦ ਨਾ ਕੋਈ ਮਰਜ਼, ਰੋਗ ਸੋਗ ਨਾ ਕੋਇ ਸਤਾਈਆ । ਰਾਜ ਜੋਗ ਨਾ ਕੋਇ ਹਰਜ, ਜੁਗ ਚੌਕੜੀ ਬੰਧਨ ਕੋਇ ਨਾ ਪਾਈਆ । ਕਰੇ ਖੇਲ ਆਪ ਅਸਚਰਜ, ਅਚਰਜ ਲੀਲਾ ਆਪਣੀ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਾਮ ਰਾਮ ਦਏ ਬੁਝਾਈਆ । ਰਾਮ ਬੁਝਾਏ ਸਾਚਾ ਰਾਮ, ਰਮਿਆ ਰਾਮ ਰਾਮ ਦ੍ਰਿੜਾਈਆ । ਰਾਮ ਪਰਗਟਾਏ ਰਾਮ ਨਾਮ, ਰਾਮ ਨਾਮ ਸ਼ਬਦ ਸ਼ਨਵਾਈਆ । ਰਾਮ ਨਾਮ ਸੁਣਾਏ ਸਚ ਪੈਗ਼ਾਮ, ਧੁਰ ਦੀ ਬਾਣੀ ਆਪ ਅਲਾਈਆ । ਰਾਮ ਕਰੇ ਸਾਚਾ ਕਾਮ, ਕਰਨੀ ਕਰਤਾ ਆਪ ਕਮਾਈਆ । ਵਸੇ ਨਗਰ ਖੇੜੇ ਸਚ ਗਰਾਮ, ਛੱਪਰ ਛੰਨ ਨਾ ਕੋਇ ਛੁਹਾਈਆ । ਚਾਰ ਦੀਵਾਰ ਨਾ ਕੋਇ ਨਿਸ਼ਾਨ, ਸੂਰਜ ਚੰਦ ਨਾ ਕੋਇ ਚਮਕਾਈਆ । ਪਿਤਾ ਪੂਤ ਨਾ ਕੋਇ ਆਧਾਰ, ਮਾਤਾ ਗੋਦ ਨਾ ਕੋਇ ਬਿਠਾਈਆ । ਸਖੀਆਂ ਮਿਲ ਨਾ ਮੰਗਲਾਚਾਰ, ਰਸਨਾ ਜਿਹਵਾ ਬੱਤੀ ਦੰਦ ਢੋਲਾ ਰਾਗ ਨਾ ਕੋਇ ਸੁਣਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਾਚਾ ਰਾਮ ਏਕੋ ਏਕ, ਆਦਿ ਜੁਗਾਦਿ ਵੱਡੀ ਵਡਿਆਈਆ । ਦੂਜਾ ਰਾਮ ਦੇਵੇ ਟੇਕ, ਮਿਹਰ ਨਜ਼ਰ ਉਠਾਈਆ । ਤੀਜਾ ਰਾਮ ਹਰ ਘਟ ਰਿਹਾ ਵੇਖ, ਨਿਰਗੁਣ ਆਪਣਾ ਆਸਣ ਲਾਈਆ । ਚੌਥੇ ਰਾਮ ਦਾ ਦੱਸੇ ਭੇਤ, ਵਡ ਵੱਡਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਦਏ ਜਣਾਈਆ । ਸਾਚੇ ਰਾਮ ਬਣਾਇਆ ਇਕੋ ਰਾਮ, ਸ਼ਬਦੀ ਪੂਤ ਪੂਤ ਉਪਜਾਈਆ । ਸ਼ਬਦੀ ਪੂਤ ਕਰਾਏ ਕਾਮ, ਵਿਸ਼ਨ ਬ੍ਰਹਮਾ ਸ਼ਿਵ ਪਰਗਟਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਦਾਨ, ਤ੍ਰੈਗੁਣ ਮਾਇਆ ਝੋਲੀ ਪਾਈਆ । ਤ੍ਰੈਗੁਣ ਮਾਇਆ ਕਰ ਪਰਧਾਨ, ਪੰਜ ਤਤ ਕਰੇ ਕੁੜਮਾਈਆ । ਪੰਜ ਤਤ ਖੇਲ ਮਹਾਨ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਈਆ । ਅੰਡਜ ਜੇਰਜ ਉਤਭੁਜ ਸੇਤਜ ਦੇਵੇ ਮਾਣ, ਚਾਰੇ ਖਾਣੀ ਵੇਖ ਵਖਾਈਆ । ਚਾਰੇ ਖਾਣੀ ਦੇਵੇ ਗਿਆਨ, ਧੁਰ ਦੀ ਬਾਣ ਜਣਾਈਆ । ਪਰਾ ਪਸੰਤੀ ਮਧਮ ਬੈਖਰੀ ਕਰ ਵਖਿਆਨ, ਭੇਵ ਅਭੇਦਾ ਆਪ ਖੁਲ੍ਹਾਈਆ । ਬ੍ਰਹਮਾ ਸੁੱਤ ਕਰ ਪਰਵਾਨ, ਸੰਤ ਕੁਮਾਰ ਦਏ ਵਡਿਆਈਆ । ਸੰਤ ਕੁਮਾਰ ਦੇ ਆਧਾਰ, ਬਰਾਹ ਰੂਪ ਆਪ ਪਰਗਟਾਈਆ । ਬਰਾਹ ਰੂਪ ਕਰ ਪਸਾਰ, ਯਗੈ ਪੁਰਸ਼ ਖੇਲ ਖਲਾਈਆ । ਯਗੈ ਪੁਰਸ ਖੋਲ੍ਹ ਕਿਵਾੜ, ਹਾਵ ਗ਼ਰੀਵ ਪੜਦਾ ਲਾਹੀਆ । ਹਾਵ ਗ਼ਰੀਬ ਦੇ ਸਹਾਰ, ਨਰ ਨਰਾਇਣ ਨੂਰ ਧਰਾਈਆ । ਨਰ ਨਰਾਇਣ ਖੇਲ ਕਰਤਾਰ, ਕਪਲ ਮੁਨ ਸੋਭਾ ਪਾਈਆ । ਕਪਲ ਮੁਨ ਕਰ ਪਿਆਰ, ਦੱਤਾ ਤ੍ਰੈ ਲਏ ਉਠਾਈਆ । ਦਤਾ ਤ੍ਰੈ ਕਰ ਵਿਚਾਰ, ਰਿਖਪ ਦੇਵ ਆਪ ਸਮਝਾਈਆ । ਪਿਰਥੂ ਖੇਲ ਕਰੇ ਸੰਸਾਰ, ਹੰਸ ਜਲ ਜਲ ਧਾਰ ਵਖਾਈਆ । ਕਛਪ ਭਾਰ ਚੁੱਕੇ ਅਪਾਰ, ਪਿੱਠ ਆਪਣੀ ਹੇਠਾਂ ਡਾਹੀਆ । ਧਨੰਤਰ ਵੈਦ ਦੇ ਸਿਖਿਆ ਅਪਰ ਅਪਾਰ, ਬੋਧ ਅਗਾਧ ਕਰੇ ਪੜ੍ਹਾਈਆ । ਹੰਸਾ ਬੋਲ ਇਕ ਜੈਕਾਰ, ਸੋਹੰ ਢੋਲਾ ਰਾਗ ਸੁਣਾਈਆ । ਬਾਵਨ ਲੇਖਾ ਵਿਚ ਸੰਸਾਰ, ਬਲਕਾਰੀ ਆਪ ਵਖਾਈਆ । ਨਰ ਸਿੰਘ ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਧਾਰ ਮਾਤ ਪਰਗਟਾਈਆ । ਨਰਾਇਣ ਨਰ ਖੇਲ ਅਪਾਰ, ਹਰੀ ਹਰਿ ਆਪਣੀ ਕਾਰ ਕਮਾਈਆ । ਸਤਿਜੁਗ ਕਰਦਾ ਰਿਹਾ ਪਿਆਰ, ਨਿਤ ਨਵਿਤ ਆਪਣਾ ਵੇਸ ਵਟਾਈਆ । ਸਤਿਜੁਗ ਅੰਤਮ ਉਤਰਿਆ ਪਾਰ, ਦੁਆਪਰ ਏਕਾ ਰੰਗ ਰੰਗਾਈਆ । ਦੁਆਪਰ ਖੇਲ ਕਰੇ ਕਰਤਾਰ, ਤ੍ਰੇਤਾ ਫੜ ਕੇ ਉਂਗਲੀ ਲਏ ਲਗਾਈਆ । ਲੋਕਮਾਤ ਕਰੇ ਪਸਾਰ, ਪਸਰ ਪਸਾਰੀ ਵਡ ਵਡਿਆਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰ ਵਿਚਾਰ, ਪਰਵਰਦਿਗਾਰ ਭੇਵ ਖੁਲ੍ਹਾਈਆ । ਪਰਸ ਰਾਮ ਦੇ ਆਧਾਰ, ਚਾਰੋ ਕੁੰਟ ਆਪ ਦ੍ਰਿੜਾਈਆ । ਸਾਚਾ ਰਾਮ ਰਾਮ ਕਰੇ ਪਿਆਰ, ਰਾਮ ਰਾਮ ਲਏ ਉਠਾਈਆ । ਉਠ ਰਾਮ ਵੇਖ ਸੰਸਾਰ, ਤ੍ਰੈਗੁਣ ਮੇਲਾ ਪੰਜ ਤਤ ਚੇਲਾ ਚਾਰੋ ਕੁੰਟ ਡੇਰਾ ਲਾਈਆ । ਸੱਜਣ ਸੁਹੇਲਾ ਖੇਲ ਕਰਤਾਰ, ਇਕ ਇਕੱਲਾ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਮ ਰਾਮ ਵਿਚੋ ਪਰਗਟਾਈਆ । ਰਾਮ ਵਿਚੋ ਰਾਮ ਹੋਇਆ ਪਰਗਟ, ਪ੍ਰਭ ਨੂਰੀ ਨੂਰ ਧਰਾਇਆ । ਤਿਸ ਰਾਮ ਨੂੰ ਕਹਿੰਦੇ ਬੇਟਾ ਦਸਰਥ, ਮਾਤਾ ਕੁਸ਼ੱਲਿਆ ਜਾਇਆ । ਜਿਸ ਦਾ ਨਜ਼ਰ ਆਏ ਨੱਕ ਮੂੰਹ ਸਿਰ ਹੱਥ, ਕੰਨ ਸਰਵਣ ਪੰਜ ਤਤ ਚੋਲਾ ਜਗਤ ਪਾਇਆ । ਤਿਸ ਰਾਮ ਅੰਦਰ ਰਾਮ ਆਪਣਾ ਰੂਪ ਰੱਖ, ਰਾਮ ਰਾਮ ਰਾਮ ਪਰਗਟਾਇਆ । ਤਿਸ ਰਾਮ ਕੋਲ ਰਾਮ ਅੱਖ, ਨਿਜ ਨੇਤਰ ਪੜਦਾ ਲਾਹਿਆ । ਤਿਸ ਰਾਮ ਮਾਰਗ ਰਾਮ ਦੱਸ, ਲੋਕਮਾਤ ਹੁਕਮ ਵਰਤਾਇਆ । ਰਾਮ ਅੰਦਰ ਰਾਮ ਹੋਇਆ

ਵਸ, ਵਾਸਤਾ ਰਾਮ ਨਾਲ ਜੁੜਾਇਆ । ਸਚ ਰਾਮ ਦੀ ਪ੍ਰੀਤੀ ਅੰਦਰ ਫਸ, ਲੋਕਮਾਤ ਵੇਖੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਰਾਮ ਰੂਪ ਹੋਏ ਰਾਮ, ਰਾਮ ਰੂਪ ਚੰਦ ਲੋਕਮਾਤ ਚਮਕਾਇਆ । ਹਰਿ ਕਾ ਨਾਮ ਸਚਾ ਪਰਤਾਪ, ਚਾਰ ਜੁਗ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਏ ਆਖ, ਆਖ਼ਰ ਧੁਰ ਸੰਦੇਸ਼ ਸੁਣਾਈਆ । ਹਿਰਦੇ ਹਰਿ ਹਰਿ ਲੈਣਾ ਜਾਪ, ਅਜੱਪਾ ਜਾਪ ਇਕ ਸਮਝਾਈਆ । ਤ੍ਰੈਗੁਣ ਮਾਇਆ ਮਿਟੇ ਸੰਤਾਪ, ਕੂੜੀ ਕਿਰਿਆ ਡੇਰਾ ਢਾਹੀਆ । ਕੋਟ ਜਨਮ ਦਾ ਮਿਟੇ ਪਾਪ, ਪੂਰਬ ਲੇਖਾ ਰਹੇ ਨਾ ਰਾਈਆ । ਘਰ ਪਰਗਟ ਸੁਆਮੀ ਹੋਵੇ ਆਪ, ਦੂਈ ਦਵੈਤੀ ਪੜਦਾ ਲਾਹੀਆ । ਨਿਰਗੁਣ ਜੋਤ ਕਰੇ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਘਰ ਸੱਜਣ ਮਿਲੇ ਸਾਕ, ਪਰਮ ਪੁਰਖ ਪ੍ਰਭ ਆਪਣਾ ਮੇਲ ਮਿਲਾਈਆ । ਬਜਰ ਕਪਾਟੀ ਖੋਲ੍ਹੇ ਤਾਕ, ਜੋ ਜਨ ਹਰਿ ਹਰਿ ਨਾਮ ਧਿਆਈਆ । ਸ਼ਬਦ ਘੋੜੇ ਚੜ੍ਹਾਏ ਰਾਕ, ਵਾਗ ਆਪਣੇ ਹੱਥ ਰਖਾਈਆ । ਲਹਿਣਾ ਚੁੱਕੇ ਤਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਲੇਖਾ ਦਏ ਚੁਕਾਈਆ । ਅੰਦਰ ਬਾਹਰ ਗੁਪਤ ਜ਼ਾਹਰ ਮਿਟੇ ਅੰਧੇਰੀ ਰਾਤ, ਸਾਚਾ ਨੂਰ ਕਰੇ ਰੁਸ਼ਨਾਈਆ । ਸੁਰਤ ਸਵਾਣੀ ਸ਼ਬਦ ਹਾਣੀ ਪੁਛੇ ਵਾਤ, ਘਰ ਘਰ ਵਿਚ ਖੋਜ ਖੋਜਾਈਆ । ਸਤਿਗੁਰ ਨਾਮ ਸਦਾ ਸਾਥ, ਏਥੇ ਓਥੇ ਵਿਛੜ ਕਦੇ ਨਾ ਜਾਈਆ । ਢੋਲਾ ਗਾਓ ਗਹਿਰ ਗੰਭੀਰ ਗੋਬਿੰਦ ਤੂੰ ਮੇਰਾ ਮੈਂ ਤੇਰਾ ਨਿਰਗੁਣ ਨਾਲ ਨਿਰਗੁਣ ਜੁੜਿਆ ਨਾਤ, ਸਰਗੁਣ ਅੰਤਮ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਨਾਮ ਵਡ ਪਰਤਾਪ ਦਏ ਜਣਾਈਆ । ਵਡ ਪਰਤਾਪ ਹਰਿ ਕਾ ਨਾਉਂ, ਦੋ ਜਹਾਨ ਦਏ ਵਡਿਆਈਆ । ਜਨ ਭਗਤਾਂ ਪਕੜੇ ਆਪੇ ਬਾਹੋਂ, ਸੋਏ ਮਾਤ ਲਏ ਜਗਾਈਆ । ਮਿਹਰਵਾਨ ਹੋ ਕੇ ਸਿਰ ਰੱਖੇ ਠੰਡੀ ਛਾਉਂ, ਅਗਨੀ ਤਤ ਨਾ ਲਾਗੇ ਰਾਈਆ । ਫੜ ਕੇ ਹੰਸ ਬਣਾਏ ਕਾਉਂ, ਕਾਗੋ ਹੰਸ ਰੂਪ ਵਟਾਈਆ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਪਿਤਾ ਪੂਤ ਗੋਦ ਸੁਹਾਈਆ । ਤਿਸ ਸਾਹਿਬ ਦਾ ਸਿਮਰੋ ਨਾਉਂ, ਆਦਿ ਜੁਗਾਦਿ ਜੁਗ ਚੌਕੜੀ ਜੋ ਸਚਖੰਡ ਸਾਚੇ ਬੈਠਾ ਆਸਣ ਲਾਈਆ । ਏਥੇ ਓਥੇ ਦੋ ਜਹਾਨ ਕਰੇ ਹੱਕ ਨਿਆਉਂ, ਹਕੀਕਤ ਸਾਚੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਇਕ ਦ੍ਰਿੜਾਈਆ । ਵਡ ਪਰਤਾਪੀ ਨਾਮ ਅਗੰਮ, ਗੁਰ ਸਤਿਗੁਰ ਆਪ ਜਣਾਇੰਦਾ । ਗੁਰਮੁਖ ਗੁਰਸਿਖ ਸਤਿਗੁਰੂ ਦੁਆਰੇ ਪੈਣਾ ਜੰਮ, ਲੇਖਾ ਜਨਮ ਜਨਮ ਵਿਚੋ ਬਦਲਾਇੰਦਾ । ਨਿਹਕਰਮੀ ਕਮਾਏ ਆਪਣਾ ਕਰਮ, ਕਰਮ ਕਾਂਡ ਡੇਰਾ ਢਾਹਿੰਦਾ । ਲਹਿਣਾ ਦੇਣਾ ਮੁਕੇ ਜ਼ਾਤ ਪਾਤ ਵਰਨ, ਗੋਤ ਦੀਨ ਮਜ਼੍ਹਬ ਨਜ਼ਰ ਕੋਇ ਨਾ ਆਇੰਦਾ । ਸਾਚਾ ਨਾਮ ਸਦਾ ਸਦਾ ਤਰਨੀ ਤਰਨ, ਤਾਰਨਹਾਰ ਇਕ ਅਖਵਾਇੰਦਾ । ਗੁਰਮੁਖਾਂ ਖੋਲ੍ਹੇ ਨੇਤਰ ਹਰਨ ਫਰਨ, ਨਿਜ ਨੇਤਰ ਦਇਆ ਕਮਾਇੰਦਾ । ਸੰਤ ਸੁਹੇਲੇ ਵਿਰਲੇ ਲੋਕਮਾਤ ਪੜ੍ਹਨ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਇੰਦਾ । ਸਾਚੇ ਮਾਰਗ ਘਰ ਸਾਚੇ ਜਾ ਕੇ ਵੜਨ, ਸੁਖਮਨ ਟੇਢੀ ਬੰਕ ਈੜਾ ਪਿੰਗਲ ਤਤ ਵਿਕਾਰ ਰਾਹ ਵਿਚ ਨਾ ਕੋਇ ਅਟਕਾਇੰਦਾ । ਸਚ ਸੁਆਮੀ ਸਰਨੀ ਪੜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਕਾ ਨਾਮ ਵਡ ਪਰਤਾਪ, ਆਦਿ ਜੁਗਾਦੀ ਸਾਚਾ ਜਾਪ, ਜੁਗ ਜੁਗ ਸੰਗ ਨਿਭਾਇੰਦਾ । ਸੋ ਨਾਮ ਕਹੇ ਜੋ ਸਤਿਗੁਰ ਦੀਨਾ, ਤਿਸ ਵਿਚ ਵੱਡੀ ਵਡਿਆਈਆ । ਸਾਚਾ ਨਾਮ ਗੁਰਮੁਖ ਚੀਨਾ, ਗੁਰ ਗੁਰ ਇਕੋ ਬੂਝ ਬੁਝਾਈਆ । ਲੇਖਾ ਚੁੱਕੇ ਗ਼ਰੀਬ ਦੀਨਾ, ਦੀਨ

ਦੁਨੀ ਇਕੋ ਰੰਗ ਵਖਾਈਆ । ਮਨ ਹੰਕਾਰੀ ਤੋੜੇ ਬੀਨਾ, ਸਚ ਸੁਚ ਇਕ ਸਮਝਾਈਆ । ਅੰਮ੍ਰਿਤ ਰਸ ਨਿਜ ਘਰ ਸਚ ਸਰੋਵਰ ਵਿਚੋ ਪੀਣਾ, ਸਾਢੇ ਤਿੰਨ ਹੱਥ ਅੰਦਰ ਦਿਤਾ ਟਿਕਾਈਆ । ਸੁਰਤੀ ਸ਼ਬਦ ਵਿਛੋੜਾ ਚੁੱਕੇ ਜਲ ਮੀਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਭੀਨਾ ਇਕੋ ਇਕ ਵਖਾਈਆ । ਸਚ ਪਰਤਾਪ ਨਾਮ ਪ੍ਰਭ ਏਕ, ਦੂਜੀ ਅਵਰ ਨਾ ਕੋਇ ਚਤੁਰਾਈਆ । ਸਦਾ ਸਦਾ ਜਨ ਰਾਖੇ ਟੇਕ, ਨਿਉਂ ਨਿਉਂ ਸੀਸ ਝੁਕਾਈਆ । ਪੁਰਖ ਅਕਾਲ ਹਰ ਘਟ ਵਾਸੀ ਲੱਖ ਚੁਰਾਸੀ ਰਿਹਾ ਵੇਖ, ਬਚਿਆ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਕਿਰਪਾ ਕਰ ਕੇ ਦੱਸੇ ਆਪਣਾ ਭੇਤ, ਭੇਵ ਅਭੇਦਾ ਆਪ ਖੁਲ੍ਹਾਈਆ । ਨਿਰਗੁਣ ਹੋ ਕੇ ਸਰਗੁਣ ਨਾਲ ਕਰੇ ਹੇਤ, ਸਰਗੁਣ ਅੰਦਰ ਨਿਰਗੁਣ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਦਸਾਏ ਨੇਤਨ ਨੇਤ, ਦੂਰ ਦੁਰਾਡਾ ਪੰਧ ਨਾ ਕੋਇ ਜਣਾਈਆ । ਨਾਮ ਪਰਤਾਪੀ ਜੀਵ ਜਪ, ਜਗ ਜੀਵਣ ਦਾਤਾ ਇਕ ਸਮਝਾਈਆ । ਲੇਖਾ ਚੁੱਕੇ ਕੂੜੀ ਮੱਤ, ਮਨ ਮਤ ਡੇਰਾ ਦੇਵੇ ਢਾਹੀਆ । ਅੰਤਮ ਪਤ ਲਏ ਰੱਖ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਦਾ ਲੇਖਾ ਸਖ, ਲਾੜੀ ਮੌਤ ਖੌਤ ਨਾ ਕੋਇ ਪਰਨਾਈਆ । ਸਾਚਾ ਨਾਉਂ ਰੱਖੇ ਸਿਰ ਦੇ ਕਰ ਹੱਥ, ਸਮਰਥ ਪੁਰਖ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਬਿਨ ਅੱਖਾਂ ਅੱਖ ਦਏ ਵਖਾਈਆ ।



## ੭ ਅੱਸੂ ੨੦੨੦ ਬਿਕਰਮੀ ਸੁੰਦਰ ਸਿੰਘ ਦੇ ਗ੍ਰਿਹਿ ਫੇਰੂ ਸ਼ਹਿਰ ਜ਼ਿਲਾ ਫਿਰੋਜ਼ਪੁਰ



ਸਤਿਗੁਰ ਮਿਲਿਆਂ ਸਚ ਸੁਖ, ਕਾਇਆ ਰੋਗ ਰਹਿਣ ਨਾ ਪਾਈਆ । ਉਜਲ ਕਰੇ ਮਾਤ ਮੁਖ, ਮਾਣਸ ਜਨਮ ਦੇਵੇ ਵਡਿਆਈਆ । ਜਨਮ ਕਰਮ ਦੀ ਮੇਟੇ ਭੁੱਖ, ਤ੍ਰਿਸ਼ਨਾ ਤ੍ਰਿਖਾ ਬੁਝਾਈਆ । ਸਫਲ ਕਰਾਏ ਮਾਤ ਕੁੱਖ, ਜਨ ਜਨਨੀ ਵੇਖ ਵਖਾਈਆ । ਉਲਟਾ ਹੋਵੇ ਨਾ ਮਾਤ ਰੁਖ, ਆਵਣ ਜਾਵਣ ਪੰਧ ਮੁਕਾਈਆ । ਸਤਿਗੁਰ ਗੋਦੀ ਲਏ ਚੁੱਕ, ਬਾਲ ਅੰਞਾਣੇ ਆਪ ਉਠਾਈਆ । ਸਭ ਦੀ ਅੰਤਰ ਰਿਹਾ ਬੁਝ, ਘਟ ਘਟ ਵੇਖ ਵਖਾਈਆ । ਜੋ ਚਰਨ ਪ੍ਰੀਤੀ ਰਹੇ ਲੁਝ, ਤਿਨ੍ਹਾਂ ਲਹਿਣਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਦੀ ਦਰਦੀਆਂ ਦਰਦ ਵੰਡਾਈਆ । ਸਤਿਗੁਰ ਪੂਰਾ ਦੇਵੇ ਰੰਗ, ਰੰਗਣ ਨਾਮ ਇਕ ਰੰਗਾਈਆ । ਕੂੜੀ ਕਟੇ ਭੁੱਖ ਨੰਗ, ਆਸਾ ਮਨਸਾ ਪੂਰ ਕਰਾਈਆ । ਜਨਮ ਕਰਮ ਦੀ ਟੁੱਟੀ ਦੇਵੇ ਗੰਢ, ਗੰਢਣਹਾਰ ਦਇਆ ਕਮਾਈਆ । ਭਾਂਡਾ ਭਰਮ ਢਾਹੇ ਦਵੈਤੀ ਕੰਧ, ਸਾਚਾ ਮੰਦਰ ਇਕ ਵਖਾਈਆ । ਅੰਤਰ ਦੇਵੇ ਨਿਜਾਨੰਦ, ਸਾਚਾ ਰਸ ਦਏ ਵਖਾਈਆ । ਸੋਹੰ ਢੋਲਾ ਧੁਰ ਦਾ ਛੰਦ, ਆਤਮ ਪਰਮਾਤਮ ਬੁਝ ਬੁਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਾਂ ਗਏ ਮੰਗ, ਜੁਗ ਜੁਗ ਆਪਣੀ ਝੋਲੀ ਡਾਹੀਆ । ਕਲਜੁਗ ਅੰਤਮ ਖੇਲ ਕਰੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗ਼ਰੀਬ ਨਿਮਾਣਿਆਂ ਦੁੱਖੜਾ ਕਟੇ ਭੁੱਖ ਨੰਗ, ਰੋਗੀਆਂ ਰੋਗ ਦਏ ਗਵਾਈਆ । ਜੋ ਹਿਰਦੇ ਧਿਆਏ ਤਿਸ ਰਹੇ ਤਾਪ ਨਾ ਖੰਘ, ਦਰਦ ਜੋੜ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਬੇਪਰਵਾਹੀਆ । ਦੁੱਖੀ

ਜੀਵ ਰਹੇ ਕੁਰਲਾ, ਚਾਰੋ ਕੁੰਟ ਪਈ ਦੁਹਾਈਆ । ਮਿਲੇ ਸਚ ਨਾ ਕੋਈ ਮਲਾਹ, ਬੇੜਾ ਡੁੱਬਦਾ ਪਾਰ ਕਰਾਈਆ । ਕੂੜੀ ਕਿਰਿਆ ਰਹੀ ਸਤਾ, ਸਤਿ ਸਤਿਵਾਦੀ ਰੂਪ ਨਾ ਕੋਇ ਦਸਾਈਆ । ਤਿੰਨ ਸੌ ਸੱਠ ਹਾਡੀ ਬਹੱਤਰ ਨਾੜੀ ਅਗਨੀ ਰਹੀ ਲਗਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨੇਤਰ ਰੋਵਣ ਮਾਰਨ ਧਾਹ, ਧੀਰਜ ਧੀਰ ਨਾ ਕੋਇ ਧਰਾਈਆ । ਰੋਗੀਆਂ ਰੋਗ ਰਿਹਾ ਸਤਾ, ਦੁੱਖੀਆਂ ਦੁੱਖ ਨਾ ਕੋਇ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਮੇਟ ਮਿਟਾਏ ਦੁੱਖ ਦਲਿਦਰ, ਕਾਇਆ ਕੰਚਨ ਗੜ੍ਹ ਵੇਖ ਵਖਾਇੰਦਾ । ਲਹਿਣਾ ਚੁੱਕੇ ਟੂਣਾ ਜਾਦੂ ਛਿਦਰ, ਛਲ ਰੂਪ ਨਜ਼ਰ ਨਾ ਆਇੰਦਾ । ਰੱਖੇ ਲਾਜ ਜਿਉਂ ਭਗਤ ਸੁਦਾਮੇ ਬਿਦਰ, ਬਿਧ ਆਪਣੀ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਰੱਖੇ ਫਿਕਰ, ਨਿਤ ਨਵਿਤ ਧਿਆਨ ਲਗਾਇੰਦਾ । ਰੋਗ ਸੋਗ ਚਿੰਤਾ ਲੱਗਾ ਸੰਤਾਪ, ਦੁੱਖੀਆਂ ਦੁੱਖ ਰਿਹਾ ਤਪਾਈਆ । ਕਿਸੇ ਨਾ ਸੁਝੇ ਆਪਾ ਆਪ, ਆਪਣਾ ਪੜਦਾ ਸਕੇ ਨਾ ਕੋਇ ਉਠਾਈਆ । ਨਾਤਾ ਤੁਟਾ ਮਾਂ ਬਾਪ, ਪਿਤਾ ਪੂਤ ਪਿਆਰ ਨਾ ਕੋਇ ਜਣਾਈਆ । ਚਾਰੋ ਕੁੰਟ ਦਿਸੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਕਿਨਾਰਾ ਪਾਰ ਨਾ ਕਰਾਏ ਕੋਈ ਘਾਟ, ਮੰਝਧਾਰ ਰੁੜ੍ਹਦੀ ਦਿਸੇ ਲੋਕਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਪੁਛੇ ਵਾਤ, ਲਹਿਣਾ ਦੇਣਾ ਝੋਲੀ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਆਇਆਂ ਦੁੱਖੀਆਂ ਦੁੱਖ ਰਿਹਾ ਵੰਡਾਈਆ । ਜੋ ਜਨ ਆਏ ਚਲ ਦੁਆਰ, ਤਿਨ੍ਹਾਂ ਦੇਵੇ ਮਾਣ ਵਡਿਆਈਆ । ਦੁੱਖੀਆਂ ਦੁੱਖ ਦਏ ਨਵਾਰ, ਸੁਖੀਆਂ ਸੁਖ ਨਾਮ ਉਪਜਾਈਆ । ਜੋ ਜਨ ਮੰਗਣ ਦਰਸ ਦੀਦਾਰ, ਤਿਨ੍ਹਾਂ ਰਾਤੀਂ ਸੁਤਿਆਂ ਨਜ਼ਰੀ ਆਈਆ । ਜੋ ਜਨ ਮੰਗਣ ਚਰਨ ਧੂੜੀ ਛਾਰ, ਤਿਨ੍ਹਾਂ ਮਸਤਕ ਟਿੱਕਾ ਇਕ ਲਗਾਈਆ । ਜੋ ਜਨ ਮੰਗਣ ਜਨਮ ਮਰਨ ਗੇੜ ਦੇ ਨਿਵਾਰ, ਤਿਨ੍ਹਾਂ ਲੱਖ ਚੁਰਾਸੀ ਫੰਦ ਕਟਾਈਆ । ਜੋ ਜਨ ਮੰਗਣ ਕਰ ਕਿਰਪਾ ਆਪ ਨਿਰੰਕਾਰ, ਨਿਰਗੁਣ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਇਆਂ ਲੇਖੇ ਲਾਈਆ । ਜੋ ਜਨ ਆਏ ਦਰ ਦਰਵਾਜ਼ੇ, ਆਪਣਾ ਪੰਧ ਮੁਕਾਈਆ । ਤਿਨ੍ਹਾਂ ਵੇਖੇ ਗ਼ਰੀਬ ਨਿਵਾਜ਼ੇ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅੰਤਮ ਪੂਰੇ ਕਰੇ ਕਾਜੇ, ਕਰਤਾ ਕਰਨੀ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਆਈ ਸੰਗਤ ਆਸਾ ਸਭ ਦੀ ਪੂਰ ਕਰੇ ਜੋ ਹਿਰਦਿਉਂ ਹੋਏ ਮੰਗਤ, ਵਸਤ ਅਮੋਲਕ ਏਕੋ ਝੋਲੀ ਪਾਈਆ । ਦੁੱਖ ਰੋਗ ਸਭ ਦੇ ਕਰੇ ਖੰਡਤ, ਖੰਡਾ ਖੜਗ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨਾਂ ਬੇਨੰਤੀ ਸਭ ਦੀ ਸੁਣੇ ਮਿੰਨਤ, ਜੀਵ ਦੁੱਖੀਆ ਰਿਹਾ ਕੁਰਲਾਈਆ ।

## ✪ ੭ ਅੱਸੂ ੨੦੨੦ ਬਿਕਰਮੀ ਅਰਜਣ ਸਿੰਘ ਮਹਿੰਦਰ ਸਿੰਘ ਦੇ ਗ੍ਰਿਹ ਬਸਤੀ ਖਲੀਲ ਜ਼ਿਲਾ ਫ਼ਿਰੋਜ਼ਪੁਰ ✪

ਸੱਚਖੰਡ ਵੇਖ ਸੱਚਾ ਦਰਬਾਰ, ਗੁਰ ਅਵਤਾਰ ਮੰਗ ਮੰਗਾਈਆ । ਚਾਰੇ ਜੁਗ ਬਣੇ ਭਿਖਾਰ, ਚਾਰ ਕੁੰਟ ਸੀਸ ਨਿਵਾਈਆ । ਚਾਰੇ ਖਾਣੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਚਾਰੇ ਬਾਣੀ ਉਚੀ ਕੂਕ ਗਾਏ ਹਰਿ ਨਿਰੰਕਾਰ, ਬੇਅੰਤ ਤੇਰੀ ਸਰਨਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰ ਭਗਵਾਨ, ਬੇਅੰਤ ਤੇਰੀ ਸਰਨਾਈਆ । ਗੁਰ ਅਵਤਾਰ ਮੰਗਣ ਦਾਨ, ਪੀਰ ਪੈਗ਼ੰਬਰ ਝੋਲੀ ਡਾਹੀਆ । ਵਾਸਤਾ ਪਾਏ ਅੰਜੀਲ ਕੁਰਾਨ, ਸਜਦਾ ਸੀਸ ਸਰਬ ਝੁਕਾਈਆ । ਪਰਾ ਪਸੰਤੀ ਮਧਮ ਬੈਖਰੀ ਦੋਏ ਜੋੜ ਕਰੇ ਪਰਨਾਮ, ਨਿਉਂ ਨਿਉਂ ਲਾਗੇ ਪਾਈਆ । ਤੇਰਾ ਲੇਖਾ ਜਾਣੇ ਕੋਈ ਨਾ ਦੋ ਜਹਾਨ, ਨਿਰਗੁਣ ਸਰਗੁਣ ਭੇਵ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਓਟ ਰਖਾਈਆ । ਸਚਖੰਡ ਨਿਵਾਸੀ ਤੇਰਾ ਖੇਲ ਅਕੱਥ, ਗੁਰ ਅਵਤਾਰ ਭੇਵ ਕੋਇ ਨਾ ਪਾਈਆ । ਚਾਰੇ ਬਾਣੀ ਕਹੇ ਸਾਡੀ ਹੋਈ ਬੱਸ, ਬਸਤੇ ਸਾਰੇ ਬੰਨ੍ਹ ਵਖਾਈਆ । ਕਲਜੁਗ ਅੰਤਮ ਖ਼ਾਲੀ ਹੋਏ ਹੱਥ, ਸਾਚੀ ਵਸਤ ਸੰਗ ਨਾ ਕੋਇ ਰਖਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਕੂੜ ਕੁੜਿਆਰਾ ਘਰ ਘਰ ਗਿਆ ਵਸ, ਸਤਿਗੁਰ ਸ਼ਬਦ ਨਾ ਕੋਇ ਕਮਾਈਆ । ਨਿਰਮਲ ਜੋਤ ਕਰੇ ਨਾ ਕੋਈ ਪਰਕਾਸ਼, ਅੰਧ ਅੰਧੇਰ ਨਾ ਕੋਇ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਿਸੇ ਨਾ ਦਿਸੇ ਸਾਥ, ਸਗਲਾ ਸੰਗ ਗਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਮਿਲੇ ਇਕ ਸਰਨਾਈਆ । ਚਾਰੇ ਬਾਣੀ ਮਾਰੇ ਧਾਹ, ਸਾਚਾ ਨਾਅਰਾ ਇਕ ਲਗਾਈਆ । ਪੁਰਖ ਅਬਿਨਾਸ਼ੀ ਵੇਖੇ ਆ, ਨਿਰਗੁਣ ਆਪਣਾ ਫੇਰਾ ਪਾਈਆ । ਕਲਜੁਗ ਜੀਵ ਤੈਨੂੰ ਗਏ ਭੁਲਾ, ਤੇਰਾ ਗੀਤ ਨਾ ਕੋਇ ਗਾਈਆ । ਵਰਨ ਬਰਨ ਮੇਲ ਸਕੇ ਨਾ ਕੋਇ ਮਿਲਾ, ਜ਼ਾਤ ਪਾਤ ਪਈ ਲੜਾਈਆ । ਦੂਈ ਦਵੈਤੀ ਪੜਦਾ ਸਕੇ ਨਾ ਕੋਈ ਉਠਾ, ਅੰਤਰ ਆਤਮ ਬੂਝ ਨਾ ਕੋਇ ਬੁਝਾਈਆ । ਕਾਗ਼ਜ਼ ਕਲਮ ਸ਼ਾਹੀ ਉਚੀ ਕੂਕ ਰਹੀ ਜਣਾ, ਅੱਖਰ ਅੱਖਰ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਮਾਰਗ ਇਕ ਸਮਝਾਈਆ । ਚਾਰੇ ਬਾਣੀ ਕਹੇ ਨਿਰੰਕਾਰ, ਪ੍ਰਭ ਤੇਰੀ ਓਟ ਤਕਾਈਆ । ਸੇਵਾ ਕਰੀ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਹੁਕਮ ਸੁਣਾਈਆ । ਲੇਖਾ ਲਿਖ ਕੇ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਸਿਫ਼ਤ ਸਾਲਾਹੀਆ । ਹੋਕਾ ਦੇਂਦੀ ਰਹੀ ਵਿਚ ਸੰਸਾਰ, ਰਸਨਾ ਜਿਹਵਾ ਬੱਤੀ ਦੰਦ ਢੋਲਾ ਗਾਈਆ । ਸਾਚਾ ਕਰੋ ਇਕ ਪਿਆਰ, ਪਰਮ ਪੁਰਖ ਇਕ ਮਨਾਈਆ । ਹਰ ਘਟ ਵਸੇ ਵਸਣਹਾਰ, ਲੱਖ ਚੁਰਾਸੀ ਰਿਹਾ ਸਮਾਈਆ । ਲੇਖਾ ਜਾਣੇ ਧੁਰ ਦਰਬਾਰ, ਧੁਰ ਦੀ ਕਾਰ ਆਪ ਕਮਾਈਆ । ਨੇਤਰ ਲੋਚਣ ਨੈਣ ਦਰਸ ਕਰੋ ਦੀਦਾਰ, ਈਦ ਦੀਦ ਚੰਦ ਚਮਕਾਈਆ । ਦੋਏ ਜੋੜ ਕਰੋ ਨਿਮਸਕਾਰ, ਮਾਇਆ ਮਮਤਾ ਮੋਹ ਹੰਕਾਰ ਮਿਟਾਈਆ । ਕਾਇਆ ਮੰਦਰ ਅੰਦਰ ਵੇਖੋ ਸਚ ਮਨਾਰ, ਮਹੱਲ ਅਟੱਲ ਇਕੋ ਰਿਹਾ ਸੁਹਾਈਆ । ਜੋਤੀ ਜਲਵਾ ਨੂਰ ਉਜਿਆਰ, ਜੋਤੀ ਜਾਤਾ ਡਗਮਗਾਈਆ । ਸ਼ਬਦੀ ਨਾਦ ਸੱਚੀ ਧੁਨਕਾਰ, ਆਤਮਕ ਰਾਗ ਸੁਣਾਈਆ । ਅੰਮ੍ਰਿਤ ਆਤਮ ਦਏ ਪਿਆਲ, ਠੰਡਾ ਸੀਰ ਇਕ ਵਖਾਈਆ । ਤ੍ਰੈਗੁਣ ਮਾਇਆ ਤੋੜੇ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਆਪ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਬਿਨ ਹਰਿ ਨਾਮੇ ਕੋਈ ਨਾ ਰਹੇ ਕੰਗਾਲ, ਜੀਵਾਂ ਜੰਤਾਂ ਰਹੀ ਜਣਾਈਆ । ਕਲਜੁਗ ਅੰਤਮ ਵੇਖ ਅਸਾਡਾ ਹਾਲ, ਸਾਡੀ ਚਲੇ ਨਾ ਕੋਇ ਵਡਿਆਈਆ । ਚਾਰੇ ਖਾਣੀ ਪ੍ਰਭ ਨੇਤਰ ਖੋਲ੍ਹ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਡਾ ਸੁਣੇ ਨਾ ਕੋਈ ਬੋਲ, ਬਹਿਰੀ ਹੋਈ ਸਰਬ ਲੋਕਾਈਆ । ਨਿਰਗੁਣ ਹੋ ਕੇ ਸਰਗੁਣ ਕੰਡੇ ਤੋਲ, ਸਚ ਤਰਾਜੂ ਹੱਥ ਉਠਾਈਆ । ਤੇਰੇ ਭਗਤਾਂ ਸੰਤਾਂ ਕਲਜੁਗ

ਜੀਵ ਕਰਨ ਮਖ਼ੌਲ, ਮੁਖ ਸਿਫ਼ਤ ਨਾ ਕੋਇ ਸਾਲਾਹੀਆ । ਉਠ ਵੇਖ ਪ੍ਰਭ ਨੇਤਰ ਰੋਵੇ ਧਰਨੀ ਧੌਲ, ਖੁਲੜੇ ਕੇਸ ਰਹੀ ਵਖਾਈਆ । ਮੇਰਾ ਕੋਈ ਨਾ ਕਰੇ ਭਾਰ ਹੌਲ, ਪਾਪਾਂ ਦੱਬੀ ਦਏ ਦੁਹਾਈਆ । ਕੂੜ ਕੁੜਿਆਰਾ ਵੱਜੇ ਢੋਲ, ਮਰਦੰਗਾ ਨਾਮ ਨਾ ਕੋਇ ਸੁਣਾਈਆ । ਕਾਮ ਕਰੋਧ ਰਚਿਆ ਘੋਲ, ਲੱਖ ਚੁਰਾਸੀ ਖ਼ਲਕ ਅਖਾੜੇ ਆਈਆ । ਸਾਚਾ ਨੂਰ ਦਿਸੇ ਨਾ ਕੋਇ ਨਿਰੋਲ, ਚਾਰੋ ਕੁੰਟ ਅੰਧੇਰਾ ਛਾਈਆ । ਲੱਖ ਚੁਰਾਸੀ ਗਠੜੀ ਵੇਖ ਫੋਲ, ਪੰਜ ਤਤ ਪੜਦਾ ਆਪ ਉਠਾਈਆ । ਅੰਦਰ ਸਭ ਦੇ ਖੋਟਾ ਪੋਲ, ਪਾਰਬ੍ਰਹਮ ਬ੍ਰਹਮ ਰੂਪ ਨਾ ਕੋਇ ਪਰਗਟਾਈਆ । ਮਾਤ ਗਰਭ ਦਾ ਭੁੱਲੇ ਸਾਰੇ ਕੌਲ, ਕੀਤੀ ਤੇਰੀ ਯਾਦ ਕਿਸੇ ਨਾ ਆਈਆ । ਪੰਡਤ ਪਾਂਧੇ ਮੁਲਾਂ ਸ਼ੇਖ਼ ਗਰੰਥੀ ਮੇਰੇ ਨਾਲ ਮਾਰਨ ਰੋਲ, ਸਚ ਸੁਚ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾ ਆਪਣਾ ਘਰ, ਜਿਸ ਘਰ ਵਿਚੋ ਦਿਤਾ ਆਪ ਪਰਗਟਾਈਆ । ਚਾਰੇ ਬਾਣੀ ਕਹੇ ਮੇਰੇ ਗੋਬਿੰਦ, ਹਰਿ ਗੋਬਿੰਦ ਤੇਰੀ ਸਰਨਾਈਆ । ਤੁਧ ਬਿਨ ਮੇਟੇ ਕੋਈ ਨਾ ਚਿੰਦ, ਚਿੰਤਾ ਚਿਖਾ ਨਾ ਕੋਇ ਗਵਾਈਆ । ਸਾਹਿਬ ਸੁਲਤਾਨ ਗੁਣੀ ਗਹੀਰ ਗਹਿਰ ਗਹਿੰਦ, ਬੇਪਰਵਾਹ ਤੇਰੀ ਵਡਿਆਈਆ । ਜਿਧਰ ਵੇਖਾਂ ਤੇਰੀ ਕਰਨ ਨਿੰਦ, ਮੁਖ ਨਿੰਦਕ ਖ਼ੁਸ਼ੀ ਰਖਾਈਆ । ਗੁਰਮੁਖ ਵਿਰਲਾ ਦਿਸੇ ਤੇਰੀ ਬਿੰਦ, ਸੁਤ ਅਨਾਦੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਆਪਣਾ ਵਰ, ਦਰ ਘਰ ਸਾਚੇ ਲੈ ਮਿਲਾਈਆ । ਚਾਰੇ ਬਾਣੀ ਕਹੇ ਮੇਰੇ ਭਗਵੰਤ, ਬੇਪਰਵਾਹ ਤੇਰੀ ਸਰਨਾਈਆ । ਮੈਂ ਹੋਈ ਦੁਹਾਗਣ ਬਿਨ ਪੁਰਖ ਅਕਾਲ ਕੰਤ, ਲੋਕਮਾਤ ਸਕੇ ਨਾ ਕੋਇ ਪਰਨਾਈਆ । ਚਾਰੋ ਕੁੰਟ ਗੜ੍ਹ ਬਣਿਆ ਹਉਮੇ ਹੰਗਤ, ਸਾਚਾ ਘਰ ਨਜ਼ਰ ਕੋਇ ਨਾ ਆਈਆ । ਬੋਧ ਅਗਾਧਾ ਦਿਸੇ ਨਾ ਕੋਈ ਪੰਡਤ, ਚੌਦਾਂ ਵਿਦਿਆ ਕਰਨ ਪੜ੍ਹਾਈਆ । ਤੇਰਾ ਨਾਮ ਜਾਣੇ ਨਾ ਕੋਈ ਮੰਤ, ਮੰਤਵ ਆਪਣਾ ਹੱਲ ਕਰਾਈਆ । ਭਰਮੇ ਭੁੱਲੇ ਕਲਜੁਗ ਸੰਤ, ਸੱਚੀ ਸਾਧਨਾ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾ ਆਪਣਾ ਦਰ, ਜਿਸ ਦਰ ਮਿਲੇ ਵਡਿਆਈਆ । ਚਾਰੇ ਬਾਣੀ ਕਹੇ ਮੇਰੇ ਮਿਹਰਵਾਨ, ਮਿਹਬਾਨ ਬੀਦੋ ਤੇਰੀ ਸਚ ਸਰਨਾਈਆ । ਪਰਵਰਦਿਗਾਰ ਵੇਖ ਮਾਰ ਧਿਆਨ ਲਾਸ਼ਰੀਕ, ਤੇਰੀ ਸਰਨ ਨਜ਼ਰ ਕਿਸੇ ਨਾ ਆਈਆ । ਤੇਰੇ ਵਿਚ ਇਕ ਤੌਫ਼ੀਕ, ਬੇਅੰਤ ਤੇਰੀ ਵਡਿਆਈਆ । ਵੇਲਾ ਅੰਤ ਵੇਖ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਮੈਂ ਲਿਖ ਲਿਖ ਲੇਖਾ ਦੱਸਿਆ ਸਭ ਨੂੰ ਠੀਕ, ਜੋ ਗੁਰ ਅਵਤਾਰ ਪੀਰ ਪੈਗ਼ੰਬਰ ਗਏ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਾਰਬ੍ਰਹਮ ਪਤਿਪਰਮੇਸ਼ਵਰ ਜੋਤੀ ਧਾਰੋ ਪਰਗਟ ਹੋਵੇ ਆਪ ਬਾਰੀਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਤਮ ਪਰਮਾਤਮ ਭਗਤ ਭਗਵਾਨ ਸਾਚੀ ਦੱਸੇ ਇਕ ਪ੍ਰੀਤ, ਪ੍ਰੀਤੀਵਾਨ ਦਇਆ ਕਮਾਈਆ । ਰਲ ਮਿਲ ਸਾਰੇ ਢੋਲਾ ਗਾਓ ਗੀਤ, ਰਾਗ ਇਕੋ ਇਕ ਜਣਾਈਆ । ਕਾਇਆ ਮੰਦਰ ਅੰਦਰ ਵੇਖੋ ਕਾਅਬਾ ਸਚ ਮਸੀਤ, ਸ਼ਿਵਦਵਾਲਾ ਮੱਠ ਇਕੋ ਨਜ਼ਰੀ ਆਈਆ । ਜਿਸ ਗ੍ਰਿਹਿ ਵਸੇ ਸਾਹਿਬ ਅਤੀਤ, ਤ੍ਰੈਗੁਣ ਦੇਵੇ ਡੇਰਾ ਢਾਹੀਆ । ਸੋ ਧਾਮ ਸਦਾ ਅਨਡੀਠ, ਬਿਨ ਸਤਿਗੁਰ ਪੂਰੇ ਨਜ਼ਰ ਕਿਸੇ ਨਾ ਆਈਆ । ਮੈਂ ਬਾਲੀ ਬੁੱਧੀ ਜੁਗ ਜੁਗ ਗਾਵਾਂ ਉਹਦੇ ਗੀਤ, ਜਿਸ ਮੇਰੀ ਬਣਤ ਬਣਾਈਆ । ਦਰ ਦਰਵੇਸ਼ ਬਣ ਕੇ ਮੰਗਾਂ ਭੀਖ, ਭਿਖਕ ਝੋਲੀ ਦਏ ਭਰਾਈਆ । ਹੱਥ ਰੱਖੇ ਮੇਰੇ ਸੀਸ, ਜਗਦੀਸ ਹੋਏ ਸਹਾਈਆ । ਮੇਰੀ ਸਿਫ਼ਤ ਕਰਦੇ ਰਾਗ ਛਤੀਸ, ਦਿਵਸ ਰੈਣ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ

ਦੇਣਾ ਆਪਣਾ ਵਰ, ਤੇਰੇ ਨਾਮ ਮਿਲੇ ਵਡਿਆਈਆ । ਚਾਰੇ ਬਾਣੀ ਕਹੇ ਮੇਰੇ ਦੀਨ ਦਿਆਲ, ਦਇਆਨਿਧ ਵੇਖ ਵਖਾਈਆ । ਜੁਗ ਚੌਕੜੀ ਘਾਲੀ ਘਾਲ, ਬਣ ਸੇਵਕ ਸੇਵ ਕਮਾਈਆ । ਲੇਖਾ ਲਿਖਿਆ ਤੇਰਾ ਨਾਉਂ ਸ਼ਬਦ ਬਣ ਦਲਾਲ, ਜਗਤ ਵਿਚੋਲਾ ਰੂਪ ਵਟਾਈਆ । ਸਚ ਦੁਆਰਾ ਦੱਸਦੀ ਰਹੀ ਇਕੋ ਇਕ ਧਰਮਸਾਲ, ਪੁਰਖ ਅਕਾਲ ਸੱਚੀ ਸਰਨਾਈਆ । ਦੋ ਜਹਾਨਾਂ ਸੁਣੌਂਦੀ ਰਹੀ ਹਾਲ, ਦੇ ਬਿਆਨ ਜਗਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇ ਸਾਚਾ ਵਰ, ਤੇਰਾ ਵਿਛੋੜਾ ਰਹਿਣ ਕੋਇ ਨਾ ਪਾਈਆ । ਕਿਰਪਾ ਕਰ ਗਹਿਰ ਗੰਭੀਰ, ਬੇਅੰਤ ਬੇਪਰਵਾਹਿਆ । ਕਲਜੁਗ ਅੰਤਮ ਮੇਰੇ ਲੱਥੇ ਚੀਰ, ਓਢਨ ਸੀਸ ਨਜ਼ਰ ਕੋਇ ਨਾ ਆਇਆ । ਚੌਥਾ ਜੁਗ ਹੋਏ ਦਿਲਗੀਰ, ਚਾਰੋਂ ਕੁੰਟ ਅੰਧੇਰਾ ਛਾਇਆ । ਨਾਤਾ ਛੱਡ ਗਏ ਪੀਰ ਫ਼ਕੀਰ, ਈਸਾ ਮੂਸਾ ਮੁਹੰਮਦ ਸੰਗ ਨਜ਼ਰ ਕੋਇ ਨਾ ਆਇਆ । ਗੁਰ ਅਵਤਾਰ ਘੱਤ ਕੇ ਗਏ ਵਹੀਰ, ਲੋਕਮਾਤ ਪੰਧ ਮੁਕਾਇਆ । ਸਾਰੇ ਲੇਖਾ ਲਿਖ ਕੇ ਗਏ ਅਖ਼ੀਰ, ਆਖ਼ਰ ਤੇਰੀ ਓਟ ਤਕਾਇਆ । ਕਰ ਕਿਰਪਾ ਮੇਰੇ ਤੋੜ ਸ਼ਰਅ ਜ਼ੰਜੀਰ, ਜ਼ਰਾ ਜ਼ਰਾ ਆਪਣੀ ਮਿਹਰ ਨਜ਼ਰ ਉਠਾਇਆ । ਤੁਧ ਬਿਨ ਮੇਰਾ ਦਿਸੇ ਨਾ ਕੋਈ ਪੀਰ, ਪਾਰਬ੍ਰਹਮ ਤੇਰੀ ਇਕੋ ਓਟ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚਾ ਲੇਖਾ ਲੇਖੇ ਲਏ ਲਗਾਇਆ । ਚਾਰੇ ਬਾਣੀ ਰਹੀ ਕੂਕ, ਨੇਤਰ ਰੋਵੇ ਦਏ ਦੁਹਾਈਆ । ਕਲਜੁਗ ਮਾਇਆ ਕਲਜੁਗ ਜੀਵਾਂ ਰਹੀ ਫੂਕ, ਕੂੜੀ ਕਿਰਿਆ ਇਕ ਫੁੰਕਾਰਾ ਲਾਈਆ । ਫਿਰੀ ਦਰੋਹੀ ਚਾਰੇ ਕੂਟ, ਦਹਿ ਦਿਸ਼ਾ ਹੋਈ ਹਲਕਾਈਆ । ਜਿਧਰ ਵੇਖਾਂ ਜੂਠ ਝੂਠ, ਤੇਰਾ ਨਾਉਂ ਨਾ ਕੋਇ ਪੜ੍ਹਾਈਆ । ਕੂੜੀ ਕਿਰਿਆ ਕੀਤੇ ਕਪੂਤ, ਸਾਚਾ ਪੂਤ ਨਜ਼ਰ ਕੋਇ ਨਾ ਆਈਆ । ਪੰਜ ਤਤ ਕਾਇਆ ਚੋਲਾ ਦਿਸੇ ਖ਼ਾਲੀ ਭੂਤ, ਭਵਿਖਤ ਸਮਝੇ ਕੋਇ ਨਾ ਰਾਈਆ । ਨਾਨਕ ਗੋਬਿੰਦ ਈਸਾ ਮੂਸਾ ਮੁਹੰਮਦ ਪੁਰਖ ਅਕਾਲ ਦਾ ਦੇ ਕੇ ਗਏ ਸਬੂਤ, ਸ਼ਹਾਦਤ ਮੇਰੀ ਲਿਖਤ ਨਾਲ ਪਾਈਆ । ਕਲਜੁਗ ਅੰਤਮ ਪਰਗਟ ਹੋਵੇ ਨਿਹਕਲੰਕ ਬਿਨ ਕਾਇਆ ਕੱਚ ਕਲਬੂਤ, ਮਹਾਂਬਲੀ ਆਪਣਾ ਫੇਰਾ ਪਾਈਆ । ਜਿਸ ਦਾ ਉਚ ਦੁਆਰਾ ਸਚ ਅਰੂਜ, ਅਰਸ਼ ਫਰਸ਼ ਵੇਖੇ ਥਾਉਂ ਥਾਈਂਆ । ਜਿਸ ਨੂੰ ਈਸਾ ਮੂਸਾ ਮੁਹੰਮਦ ਮੰਨਦੇ ਗਏ ਸਚ ਮਹਿਬੂਬ, ਸੋ ਮੁਹੱਬਤ ਕਰੇ ਬੇਪਰਵਾਹੀਆ । ਤਿਸ ਦਾ ਡੰਕਾ ਵੱਜੇ ਚਾਰ ਕੂਟ, ਦੋ ਜਹਾਨਾਂ ਕਰੇ ਨਾਮ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਚਾਰੇ ਬਾਣੀ ਬੋਲੇ ਅਲੱਖ, ਅਲੱਖ ਅਲੱਖਣੇ ਤੇਰੀ ਸਰਨਾਈਆ । ਨਿਰਗੁਣ ਰੂਪ ਹੋ ਪਰਤੱਖ, ਸਰਗੁਣ ਬੈਠਾ ਪੰਧ ਮੁਕਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗੁਰੂ ਗਰੰਥ ਲਿਖ ਲਿਖ ਲੇਖਾ ਮੈਂ ਗਈ ਥੱਕ, ਬਲਹੀਣ ਰਹੀ ਕੁਰਲਾਈਆ । ਕਲਜੁਗ ਜੀਵ ਕੂੜੀ ਕਿਰਿਆ ਘਰ ਆਪਣੇ ਲਈ ਘੱਤ, ਡੇਰਾ ਜੂਠ ਝੂਠ ਲਗਾਈਆ । ਏਸੇ ਕਰ ਕੇ ਪਾਰਬ੍ਰਹਮ ਪ੍ਰਭ ਮੈਂ ਸਭ ਦਾ ਖਹਿੜਾ ਦਿਤਾ ਛੱਡ, ਇਕੋ ਤੇਰੀ ਓਟ ਰਖਾਈਆ । ਕਲਜੁਗ ਜੀਵਾਂ ਖ਼ਾਲੀ ਦਿਸਣ ਹੱਡ, ਹਿਰਦੇ ਹਰਿ ਨਾ ਕੋਇ ਵਸਾਈਆ । ਕਿਰਪਾ ਕਰ ਆਪਣੇ ਭਗਤ ਕਰ ਵਿਚੋ ਅੱਡ, ਆਪ ਆਪਣਾ ਹੁਕਮ ਵਰਤਾਈਆ । ਮੈਂ ਉਨ੍ਹਾਂ ਦੀ ਜਾ ਕੇ ਵੇਖਾਂ ਹੱਦ, ਜਿਨ੍ਹਾਂ ਅੰਦਰ ਵਸੇ ਆਪ ਗੁਸਾਈਆ । ਤੇਰੇ ਨਾਮ ਦਾ ਸੁਣਾਵਾਂ ਸਾਚਾ ਛੰਦ, ਸੋਹੰ ਢੋਲਾ ਰਾਗ ਅਲਾਈਆ । ਨਿਰਗੁਣ ਨਿਰਗੁਣ ਲਾਉਣਾ ਅੰਗ, ਅੰਗੀਕਾਰ ਆਪ ਹੋ ਜਾਈਆ । ਤੇਰਾ ਮੰਦਰ


੫੨੩
੧੫

ਵੇਖਾਂ ਲੰਘ, ਜਿਸ ਦੁਆਰੇ ਸੋਭਾ ਪਾਈਆ । ਮੈਨੂੰ ਆਵੇ ਇਕ ਅਨੰਦ, ਰਸ ਇਕੋ ਇਕ ਚਖਾਈਆ । ਮੇਰਾ ਖ਼ੁਸ਼ੀ ਹੋਏ ਬੰਦ ਬੰਦ, ਬੰਦਨਾ ਕਰਾਂ ਦੋਏ ਜੋੜ ਸਰਨਾਈਆ । ਚਾਰ ਜੁਗ ਦੀ ਵਿਛੜੀ ਪਵੇ ਠੰਡ, ਸੀਤਲ ਤੇਰੀ ਧਾਰ ਮੁਖ ਚੁਆਈਆ । ਮੇਰੀ ਟੁੱਟੀ ਲੈਣੀ ਗੰਢ, ਗੰਢਣਹਾਰ ਦਰ ਤੇਰੇ ਮੰਗ ਮੰਗਾਈਆ । ਕਲਜੁਗ ਮੇਟ ਭੇਖ ਪਖੰਡ, ਜੂਠ ਝੂਠ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਜਿਸ ਘਰ ਇਕੋ ਨੂਰ ਰੁਸ਼ਨਾਈਆ । ਚਾਰੇ ਬਾਣੀ ਕਹੇ ਪ੍ਰਭ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਕਲਜੁਗ ਵੇਖ ਮੇਰਾ ਹਾਲ, ਬਿਹਬਲ ਹੋ ਕੇ ਦਿਆਂ ਦੁਹਾਈਆ । ਜਗਤ ਅਖਾੜਾ ਬਣਿਆ ਧਰਮਸਾਲ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਹੋਏ ਲੜਾਈਆ । ਧੀਰਜ ਜਤ ਦਿਸੇ ਨਾ ਕਿਸੇ ਦੁਆਰ, ਨੇਤਰ ਨੈਣਾਂ ਧੀਆਂ ਭੈਣਾਂ ਸਰਬ ਤਕਾਈਆ । ਗੁਰ ਕਾ ਸ਼ਬਦ ਸਕੇ ਨਾ ਕੋਇ ਵਿਚਾਰ, ਤੇਰਾ ਨਾਉਂ ਖੋਜਣ ਕੋਇ ਨਾ ਆਈਆ । ਚਾਰੇ ਕੁੰਟ ਜੀਵ ਜੰਤ ਭਰਿਆ ਹੰਕਾਰ, ਹਉਮੇ ਗੜ੍ਹ ਨਾ ਕੋਇ ਤੁੜਾਈਆ । ਸਾਰੀ ਸ੍ਰਿਸ਼ਟ ਕਰੇ ਵਿਭਚਾਰ, ਨਰ ਹਰਿ ਨਰਾਇਣ ਕੰਤ ਨਾ ਕੋਇ ਹੰਢਾਈਆ । ਮੇਰੀ ਸੁਣੇ ਨਾ ਕੋਈ ਪੁਕਾਰ, ਉਚੀ ਕੂਕਾਂ ਦਿਆਂ ਦੁਹਾਈਆ । ਚਾਰੇ ਕੁੰਟ ਆਈ ਹਾਰ, ਚੌਥੇ ਜੁਗ ਮੁਖ ਛੁਪਾਈਆ । ਨਾ ਕੋਈ ਸੱਜਣ ਮੀਤ ਮੁਰਾਰ, ਸਾਚਾ ਸੰਗ ਨਾ ਕੋਇ ਰਖਾਈਆ । ਨੇਤਰ ਰੋਵਾਂ ਤੇਰੇ ਦਰਬਾਰ, ਸਚਖੰਡ ਨਿਵਾਸੀ ਤੇਰੀ ਇਕ ਸਰਨਾਈਆ । ਮੇਰਾ ਦੁੱਖੜਾ ਦੇ ਨਿਵਾਰ, ਜੁਗ ਜੁਗ ਦਰਦੀਆਂ ਦਰਦ ਵੰਡਾਈਆ । ਜੀਵਾਂ ਖ਼ਾਤਰ ਨਿਰਗੁਣ ਸਰਗੁਣ ਲੈਂਦਾ ਰਿਹੋ ਅਵਤਾਰ, ਪੰਜ ਤਤ ਚੋਲਾ ਜਗਤ ਹੰਢਾਈਆ । ਮੈਂ ਤੇਰੀ ਧਾਰ ਸ਼ਬਦ ਬਾਣੀ ਕਰਾਂ ਪੁਕਾਰ, ਨਾਅਰਾ ਇਕੋ ਇਕ ਜਣਾਈਆ । ਨਿਰਗੁਣ ਨਿਰਗੁਣ ਹੋ ਕੇ ਪਾ ਮੇਰੀ ਸਾਰ, ਸਰਗੁਣ ਸਮਝ ਕੋਇ ਨਾ ਆਈਆ । ਤੇਰਾ ਦਰ ਮਿਲੇ ਦਰਬਾਰ, ਦਰਗਹਿ ਸਾਚੀ ਖ਼ੁਸ਼ੀ ਮਨਾਈਆ । ਨਿਰਗੁਣ ਨੂਰ ਹੋਏ ਉਜਿਆਰ, ਅੰਧੇਰਾ ਰਹਿਣ ਕੋਇ ਨਾ ਪਾਈਆ । ਨਿਤ ਕਰਾਂ ਤੇਰਾ ਦੀਦਾਰ, ਨੇਤਰ ਨੈਣ ਅੱਖ ਖੁਲ੍ਹਾਈਆ । ਦੋਏ ਜੋੜ ਕਰਾਂ ਨਿਮਸਕਾਰ, ਪ੍ਰਭ ਚਰਨ ਸੀਸ ਝੁਕਾਈਆ । ਮੈਂ ਸੇਵਾ ਕੀਤੀ ਜੁਗ ਚਾਰ, ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਈਆ । ਅੰਤਮ ਸੋਹਾਂ ਤੇਰੇ ਬੰਕ ਦੁਆਰ, ਦਰ ਦਰਵਾਜ਼ਾ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦੇ ਵਡਿਆਈਆ । ਮਿਹਰਵਾਨ ਹਰਿ ਸਤਿਗੁਰ ਪੂਰਾ, ਸ਼ਾਹ ਪਾਤਸ਼ਾਹ ਸਚ ਜਣਾਈਆ । ਤੇਰਾ ਲੇਖਾ ਜਾਣੇ ਹੋ ਕੇ ਹਾਜ਼ਰ ਹਜ਼ੂਰਾ, ਹਜ਼ਰਤ ਆਪਣਾ ਵੇਸ ਵਟਾਈਆ । ਮਸਤਕ ਟਿੱਕਾ ਲਾਵੇ ਸਾਚੀ ਧੂੜਾ, ਚਰਨ ਚਰਨੋਦਕ ਇਕ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਚਾਰੇ ਬਾਣੀ ਸਚ ਜਣਾਵਾਂਗਾ । ਨਿਰਗੁਣ ਹੋ ਕੇ ਵੇਸ ਵਟਾਵਾਂਗਾ । ਕਲ ਕਲਕੀ ਨਾਉਂ ਰਖਾਵਾਂਗਾ । ਡੁਬਦੀ ਡੁਬਦੀ ਫੇਰ ਤਰਾਵਾਂਗਾ । ਮਰਦੀ ਮਰਦੀ ਆਪ ਜਵਾਵਾਂਗਾ । ਰੁੜ੍ਹਦੀ ਰੁੜ੍ਹਦੀ ਫੜ ਬਚਾਵਾਂਗਾ । ਸੜਦੀ ਸੜਦੀ ਆਪ ਠਰਾਵਾਂਗਾ । ਹਾੜੇ ਕੱਢਦੀ ਆਪਣੇ ਚਰਨ ਲਗਾਵਾਂਗਾ । ਸਾਚੇ ਘਰ ਦੀ ਬਣੇ ਬਰਦੀ, ਬੰਦੀਖ਼ਾਨਾ ਤੋੜ ਤੁੜਾਵਾਂਗਾ । ਵੇਖ ਖੇਲ ਨਰਾਇਣ ਨਰ ਦੀ, ਨਾਮ ਇਕੋ ਇਕ ਸੁਣਾਵਾਂਗਾ । ਜੁਗ ਚੌਕੜੀ ਜਿਸ ਦਾ ਪਾਣੀ ਭਰਦੀ, ਗੁਰ ਅਵਤਾਰ ਪੀਰ ਪੈਗ਼ੰਬਰ ਸਰਬ ਉਠਾਵਾਂਗਾ । ਨਿਰਗੁਣ ਹੋ ਕੇ ਬਣਾਂ ਦਰਦੀ, ਦਰਦਵੰਦ ਆਪ ਅਖਵਾਵਾਂਗਾ । ਤੂੰ ਪੂਰਾ ਕੀਤਾ ਆਪਣਾ ਫ਼ਰਜ਼ੀ, ਫ਼ਰਜ਼ ਤੇਰਾ ਤੇਰੀ ਝੋਲੀ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੫੨੪
੧੫

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਟਿਕਾਵਾਂਗਾ। ਮਿਹਰ ਨਜ਼ਰ ਇਕ ਟਿਕਾਵਾਂਗਾ। ਤੇਰੇ ਸੁਤੜੇ ਭਾਗ ਉਠਾਵਾਂਗਾ। ਤੇਰੇ ਰੁਠੜੇ ਵੀਰ ਮਨਾਵਾਂਗਾ। ਗੁਰਮੁਖ ਗੁਰਸਿਖ ਤੇਰੇ ਨਾਲ ਰਲਾਵਾਂਗਾ। ਉਹ ਵੇਖਣ ਤੇਰਾ ਦੁੱਖ, ਦੁੱਖ ਉਨ੍ਹਾਂ ਦਾ ਤੇਰੀ ਝੋਲੀ ਪਾਵਾਂਗਾ। ਦੋਹਾਂ ਉਪਜੇ ਇਕੋ ਸੁਖ, ਸੁਖਸਾਗਰ ਰੂਪ ਜਣਾਵਾਂਗਾ। ਨਿਰਗੁਣ ਹੋ ਕੇ ਲਵਾਂ ਪੁੱਛ, ਜਗ ਨੇਤਰ ਨਜ਼ਰ ਕਿਸੇ ਨਾ ਆਵਾਂਗਾ। ਦੋਹਾਂ ਰੱਖਾਂ ਆਪਣੀ ਕੁੱਖ, ਬਣ ਜਨਨੀ ਰੂਪ ਵਟਾਵਾਂਗਾ। ਮੇਰੀ ਧਾਰ ਸ਼ਬਦ ਸਾਚਾ ਸੁੱਤ, ਤੇਰੇ ਨਾਲ ਅੰਤ ਮਿਲਾਵਾਂਗਾ। ਖੁੱਲੀ ਮੀਂਢੀ ਰਹੇ ਨਾ ਗੁੱਤ, ਸੱਚਾ ਕੰਤ ਸੁਹਾਗੀ ਇਕ ਜਣਾਵਾਂਗਾ। ਸਤਿਜੁਗ ਤੇਰੀ ਮੌਲੇ ਰੁੱਤ, ਕਲਜੁਗ ਖ਼ਿਜ਼ਾ ਰੂਪ ਗਵਾਵਾਂਗਾ। ਤੇਰੇ ਨਾਲ ਰਲਾਵਾਂ ਸਚ ਸੁੱਚ, ਕੂੜੀ ਕਿਰਿਆ ਡੇਰਾ ਢਾਹਵਾਂਗਾ। ਜੋ ਤੇਰੇ ਨਾਲੋ ਗਏ ਰੁੱਠ, ਅੰਦਰ ਵੜ ਕੇ ਉਨ੍ਹਾਂ ਮਨਾਵਾਂਗਾ। ਅੰਮ੍ਰਿਤ ਜਾਮ ਪਿਆਵਾਂ ਘੁੱਟ, ਪੜਦਾ ਦੂਈ ਦਵੈਤ ਚੁਕਾਵਾਂਗਾ। ਕਰ ਪਰਕਾਸ਼ ਨਿਰਮਲ ਜੋਤ, ਨੂਰ ਨੁਰਾਨਾ ਨੂਰ ਵਖਾਵਾਂਗਾ। ਜਿਨ੍ਹਾਂ ਤੇਰੇ ਨਾਲ ਮਿਲ ਕੇ ਤੇਰੇ ਪੜ੍ਹਨ ਦਾ ਹੋਵੇ ਸ਼ੌਕ, ਤਿਨ੍ਹਾਂ ਆਪਣੀ ਸ਼ਕਲ ਸਮਝਾਵਾਂਗਾ। ਜੋ ਮੈਨੂੰ ਭੁਲੇ ਤਿਨ੍ਹਾਂ ਧਰਮ ਰਾਏ ਪਾਏ ਮੁਫ਼ਤ ਤੌਕ, ਲੱਖ ਚੁਰਾਸੀ ਜੂਨ ਫੇਰ ਫਿਰਾਵਾਂਗਾ। ਆਹਲਣਿਉਂ ਡਿਗੇ ਕੋਈ ਨਾ ਚੁੱਕੇ ਬੋਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਲੇਖਾ ਵੇਖਣ ਆਵਾਂਗਾ। ਤੇਰਾ ਲੇਖਾ ਵੇਖ ਵਖਾਵਾਂਗਾ। ਕਲਜੁਗ ਅੰਤਮ ਫੇਰਾ ਪਾਵਾਂਗਾ। ਨਿਹਕਲੰਕ ਨਾਮ ਧਰਾਵਾਂਗਾ। ਨਾਮ ਡੰਕ ਇਕ ਵਜਾਵਾਂਗਾ। ਰਾਉ ਰੰਕ ਆਪ ਸਮਝਾਵਾਂਗਾ। ਸ਼ਾਹ ਸੁਲਤਾਨਾ ਹੁਕਮ ਮਨਾਵਾਂਗਾ। ਬੇਈਮਾਨਾਂ ਅੰਤ ਮਿਟਾਵਾਂਗਾ। ਸਚ ਨਿਸ਼ਾਨਾ ਇਕ ਲਗਾਵਾਂਗਾ। ਦੋ ਜਹਾਨਾਂ ਪਾਰ ਕਰਾਵਾਂਗਾ। ਨਾਮ ਨਿਧਾਨਾ ਇਕ ਸਮਝਾਵਾਂਗਾ। ਸ੍ਰੀ ਭਗਵਾਨਾ ਹੋ ਕੇ ਦਰਸ ਦਿਖਾਵਾਂਗਾ। ਤੇਰਾ ਤੁੱਟਿਆ ਮਾਣ ਫੇਰ ਵਧਾਵਾਂਗਾ। ਘਰ ਸਾਚਾ ਸਚ ਝੁੱਲੇ ਨਿਸ਼ਾਨ, ਸਤ ਰੰਗ ਤੇਰਾ ਰੂਪ ਰੰਗਾਵਾਂਗਾ। ਤੂੰ ਭਗਤਾਂ ਘਰ ਆਵੀਂ ਬਣ ਕੇ ਅੰਤ ਮਹਿਮਾਨ, ਪ੍ਰੇਮ ਪ੍ਰੀਤੀ ਮਹਿਮਾਨੀ ਤੈਨੂੰ ਇਕ ਖਵਾਵਾਂਗਾ। ਭਗਤ ਦੁਆਰਿਉਂ ਲੈ ਕੇ ਜਾਵੀਂ ਦਾਨ, ਤੇਰੀ ਝੋਲੀ ਫੇਰ ਭਰਾਵਾਂਗਾ। ਤੈਨੂੰ ਨਜ਼ਰੀ ਆਏ ਤੇਰਾ ਕਾਹਨ, ਗੋਪੀ ਸਖ਼ੀ ਰੂਪ ਵਟਾਵਾਂਗਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਚੁਕਾਵਾਂਗਾ। ਪ੍ਰਭ ਮੈਂ ਦਰ ਤੇਰੇ ਤੇ ਆਵਾਂਗੀ। ਨਿਉਂ ਨਿਉਂ ਕੇ ਸੀਸ ਝੁਕਾਵਾਂਗੀ। ਦੋਏ ਜੋੜ ਵਾਸਤਾ ਪਾਵਾਂਗੀ। ਤੇਰੇ ਭਗਤਾਂ ਰਾਹ ਤਕਾਵਾਂਗੀ। ਚਾਰੇ ਕੂਟਾਂ ਵੇਖ ਵਖਾਵਾਂਗੀ। ਨੇਤਰ ਨੈਣ ਇਕ ਖੁਲ੍ਹਾਵਾਂਗੀ। ਜੋ ਦਰ ਤੇਰੇ ਤੇ ਕਹਿਣ, ਸੋ ਢੋਲਾ ਮੈਂ ਪਕਾਵਾਂਗੀ। ਕਰਾਂ ਸੇਵਾ ਬਣ ਕੇ ਨਾਇਣ, ਲਾਗੀ ਆਪਣਾ ਰੂਪ ਵਖਾਵਾਂਗੀ। ਤੂੰ ਮੇਰਾ ਦੇਣਾ ਦੇਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਾਚਾ ਘਰ, ਜਿਸ ਘਰ ਬਹਿ ਕੇ ਤੇਰਾ ਸ਼ੁਕਰ ਮਨਾਵਾਂਗੀ। ਘਰ ਸਾਚਾ ਤੈਨੂੰ ਸਮਝਾਵਾਂਗਾ। ਧੁਰ ਸੰਦੇਸ਼ ਇਕ ਸੁਣਾਵਾਂਗਾ। ਨਰ ਨਰੇਸ਼ ਹੋ ਕੇ ਆਸਣ ਲਾਵਾਂਗਾ। ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਚਰਨਾਂ ਵਿਚ ਬਹਾਵਾਂਗਾ। ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਰੂਪ ਧਰ ਕੇ ਭੇਖ, ਜੋਤੀ ਜੋਤ ਜੋਤ ਰੁਸ਼ਨਾਵਾਂਗਾ। ਚਰਨ ਕਵਲ ਦੇਵਾਂ ਟੇਕ, ਟਿੱਕਾ ਮਸਤਕ ਇਕ ਲਗਾਵਾਂਗਾ। ਤੂੰ ਪ੍ਰੇਮ ਪ੍ਰੀਤੀ ਨਾਲ ਗਾਉਣਾ ਲਾ ਕੇ ਹੇਕ, ਸੋਹੰ ਢੋਲਾ ਤੈਨੂੰ ਸਮਝਾਵਾਂਗਾ। ਜਿਸ ਦੇ ਅੱਗੇ ਕਿਸੇ ਦੀ ਚਲੇ ਕੋਈ ਨਾ ਪੇਸ਼, ਸੋ ਤੇਰੀ ਪੁਸ਼ਤ ਆਪੇ ਆਪਣਾ ਹੱਥ ਰਖਾਵਾਂਗਾ। ਜੇ ਭੁੱਲਣ ਲੱਗੋ ਤੈਨੂੰ ਇਸ਼ਾਰਾ ਦੇਵੇ ਗੁਰੂ ਦਸਮੇਸ, ਦਹਿ ਦਿਸ਼ਾ ਤੇਰਾ ਰਾਹ ਵਖਾਵਾਂਗਾ। ਮੇਰੀ ਮਹਿੰਮਾ ਕਰੀਂ

ਹਮੇਸ਼, ਸਦਾ ਸਦਾ ਸਦ ਤੇਰਾ ਰੰਗ ਰੰਗਾਵਾਂਗਾ । ਉਠ ਵੇਖ ਮੇਰੇ ਭਗਤਾਂ ਦਾ ਸੱਚਾ ਦੇਸ, ਜਿਸ ਘਰ ਆਪਣਾ ਆਸਣ ਲਾਵਾਂਗਾ । ਸਭ ਨੂੰ ਰੱਖਾਂ ਸਾਇਆ ਹੇਠ, ਅਗਨੀ ਤਤ ਨਾ ਕੋਇ ਤਪਾਵਾਂਗਾ । ਓਨ੍ਹਾਂ ਕੋਲੋ ਪੁੱਛ ਪ੍ਰਭੂ ਦਾ ਭੇਤ, ਜਿਨ੍ਹਾਂ ਅੰਦਰ ਵੜ ਕੇ ਆਪਣਾ ਹਾਲ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਇਕੋ ਇਕ ਜਣਾਵਾਂਗਾ । ਮੈਂ ਦਰ ਤੇਰੇ ਤੇ ਆਵਾਂਗੀ । ਪ੍ਰਭ ਬੰਦਨਾ ਕਰ ਕੇ ਸੀਸ ਝੁਕਾਵਾਂਗੀ । ਧੂੜੀ ਚੰਦਨਾ ਟਿੱਕਾ ਇਕ ਲਗਾਵਾਂਗੀ । ਜੋ ਕੁੱਛ ਮੰਗਣਾ ਸੋ ਤੇਰੇ ਅੱਗੇ ਹਾਲ ਸੁਣਾਵਾਂਗੀ । ਮੈਨੂੰ ਚਾੜ੍ਹ ਅਗੰਮੀ ਰੰਗਣਾ, ਰੰਗ ਇਕੋ ਇਕ ਝੋਲੀ ਪਾਵਾਂਗੀ । ਸਦ ਵਸਾਂ ਤੇਰੇ ਅੰਗਨਾ, ਦੂਜੇ ਦਰ ਕਦੀ ਨਾ ਜਾਵਾਂਗੀ । ਭਗਤਾਂ ਕੋਲੋ ਕਦੀ ਨਹੀਂ ਸੰਗਣਾ, ਮੁਖ ਤੋ ਪੜਦਾ ਆਪ ਉਠਾਵਾਂਗੀ । ਜਿਨ੍ਹਾਂ ਆਦਿ ਜੁਗਾਦਿ ਜੁਗ ਚੌਕੜੀ ਤੇਰੇ ਨਾਲ ਹੰਢਣਾ, ਤਿਨ੍ਹਾਂ ਨਾਲ ਨਾਤਾ ਆਪ ਜੁੜਾਵਾਂਗੀ । ਲੇਖਾ ਚੁੱਕੇ ਜੇਰਜ ਅੰਡਨਾ, ਉਤਭੁਜ ਸੇਤਜ ਮੂਲ ਮੁਕਾਵਾਂਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਮੰਗ ਕੇ ਖ਼ੁਸ਼ੀ ਮਨਾਵਾਂਗੀ । ਜੋ ਦਰ ਮੇਰੇ ਮੰਗਣ ਆਏਗਾ । ਪ੍ਰਭ ਝੋਲੀ ਇਕ ਭਰਾਏਗਾ । ਹੌਲੀ ਹੌਲੀ ਭੇਵ ਖੁਲ੍ਹਾਏਗਾ । ਬੋਲੀ ਇਕੋ ਅਗੰਮ ਸੁਣਾਏਗਾ । ਚਾਰ ਜੁਗ ਭੇਵ ਨਾ ਆਏਗਾ । ਗੁਰ ਅਵਤਾਰ ਧਿਆਨ ਲਗਾਏਗਾ । ਪੀਰ ਪੈਗ਼ੰਬਰ ਨੈਣ ਉਠਾਏਗਾ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਵਾਸਤਾ ਪਾਏਗਾ । ਕਰੋੜ ਤੇਤੀਸਾ ਨੇਤਰ ਨੈਣਾਂ ਨੀਰ ਵਹਾਏਗਾ । ਸ੍ਰੀ ਭਗਵਾਨ ਹੋ ਮਿਹਰਵਾਨ, ਜਨ ਭਗਤਾਂ ਆਪਣਾ ਭੇਵ ਚੁਕਾਏਗਾ । ਅੰਦਰ ਵੜ ਕੇ ਦਏ ਗਿਆਨ, ਬਾਹਰੋ ਅੱਖਰ ਨਾ ਕੋਇ ਸਮਝਾਏਗਾ । ਜਿਧਰ ਤੱਕਣ ਓਧਰ ਨਜ਼ਰੀ ਆਏ ਸ੍ਰੀ ਭਗਵਾਨ, ਵਿਸ਼ਨੂੰ ਰੂਪ ਸੇਵ ਕਮਾਏਗਾ । ਸੋ ਪੁਰਖ ਨਿਰੰਜਣ ਮਿਲੇ ਆਣ, ਹੰ ਬ੍ਰਹਮ ਆਪਣੇ ਅੰਗ ਲਗਾਏਗਾ । ਮਹਾਰਾਜ ਬਣ ਸੂਰਬੀਰ ਬਲਵਾਨ, ਸ਼ੇਰ ਇਕੋ ਭੱਬਕ ਸੁਣਾਏਗਾ । ਸਿੰਘ ਬੁੱਕੇ ਦੋ ਜਹਾਨ, ਨੌਬਤ ਨਾਮ ਇਕ ਵਜਾਏਗਾ । ਵਿਸ਼ਨੂੰ ਕਰੇ ਸਰਬ ਪਰਵਾਨ, ਦੋਏ ਜੋੜ ਵਾਸਤਾ ਪਾਏਗਾ । ਸ੍ਰੀ ਭਗਵਾਨ ਤੇਰਾ ਸਚ ਮਕਾਨ, ਜੈ ਜੈਕਾਰ ਇਕੋ ਇਕ ਸੁਣਾਏਗਾ । ਚਾਰੇ ਬਾਣੀ ਕਰ ਧਿਆਨ, ਹਰਿ ਜੂ ਬਾਣ ਨਿਰਾਲਾ ਤੀਰ ਚਲਾਏਗਾ । ਲੱਖ ਚੁਰਾਸੀ ਵਿਚੋ ਭਗਤ ਭਗਵੰਤ ਲਏ ਪਹਿਚਾਨ, ਭੇਵ ਅਭੇਦਾ ਆਪ ਖੁਲ੍ਹਾਏਗਾ । ਸਾਚੇ ਸੰਤਾਂ ਦੇ ਗਿਆਨ, ਅਗਿਆਨ ਅੰਧੇਰ ਮਿਟਾਏਗਾ । ਗੁਰਮੁਖ ਦੀਪਕ ਜੋਤ ਜਗਾਏ ਮਹਾਨ, ਨੂਰੋ ਨੂਰ ਡਗਮਗਾਏਗਾ । ਗੁਰਸਿਖਾਂ ਘਰ ਘਰ ਮਿਲੇ ਆਣ, ਕਾਇਆ ਮੰਦਰ ਅੰਦਰ ਸੋਭਾ ਪਾਏਗਾ । ਤੇਰੀ ਸੇਵਾ ਲਾਏ ਵਾਲੀ ਦੋ ਜਹਾਨ, ਦੋ ਅੱਖਰ ਇਕ ਸਮਝਾਏਗਾ । ਤੂੰ ਮੇਰਾ ਮੈਂ ਤੇਰਾ ਨੌ ਖੰਡ ਪ੍ਰਿਥਮੀ ਸਤ ਦੀਪ ਲੱਖ ਚੁਰਾਸੀ ਜੀਵ ਜੰਤ ਅੰਡਜ ਜੇਰਜ ਉਤਭੁਜ ਸੇਤਜ ਸਾਰੇ ਗਾਣ, ਸੋਹੰ ਢੋਲਾ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਇਕੋ ਏਕ ਹੁਕਮ ਵਰਤਾਈਆ ।



### ✪ ੮ ਅੱਸੂ ੨੦੨੦ ਬਿਕਰਮੀ ਹਰੀ ਸਿੰਘ ਦੇ ਗ੍ਰਿਹਿ ਬਸਤੀ ਖ਼ਲੀਲ ਜ਼ਿਲਾ ਫ਼ਿਰੋਜ਼ਪੁਰ ✪

ਸਾਹਿਬ ਸਤਿਗੁਰ ਚਰਨ ਪ੍ਰੀਤ, ਭਗਵਨ ਤੇਰੀ ਸਰਨ ਸਰਨਾਈਆ । ਮੇਰੀ ਸੇਵਾ ਤੇਰਾ ਗਾਉਣਾ ਗੀਤ, ਦੂਜੀ ਕਾਰ ਨਾ ਕੋਇ ਕਮਾਈਆ ।

ਲੱਖ ਚੁਰਾਸੀ ਜੀਵ ਜੰਤ ਸਮਝਾਉਣਾ ਹਸਤ ਕੀਟ, ਨਾਮ ਨਿਧਾਨ ਇਕ ਪੜ੍ਹਾਈਆ । ਜੁਗ ਚੌਕੜੀ ਬਦਲਣੀ ਮਾਤ ਰੀਤ, ਸਭ ਦੀ ਨੀਤੀ ਵੇਖ ਵਖਾਈਆ । ਪੁਰਖ ਅਕਾਲ ਦੱਸਣਾ ਸਚਾ ਮੀਤ, ਸਤਿ ਸਤਿਵਾਦੀ ਇਕੋ ਇਕ ਦਰਸਾਈਆ । ਭੇਵ ਖਲਾਉਣਾ ਧਾਮ ਅਨਡੀਠ, ਅਨਡਿਠੜਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਦ ਲਾਗਾਂ ਤੇਰੇ ਪਾਈਂਆ । ਮੇਰੀ ਸੇਵਾ ਠਾਕਰ ਬੋਲ, ਅਨਬੋਲਤ ਤੇਰਾ ਰਾਗ ਅਲਾਈਆ । ਤੇਰੀ ਵਡਿਆਈ ਤੋਲੇਂ ਤੋਲ, ਸਾਚਾ ਕੰਡਾ ਹੱਥ ਉਠਾਈਆ । ਜੁਗ ਚੌਕੜੀ ਦਰ ਦਰਵਾਜ਼ਾ ਮੇਰਾ ਖੋਲ੍ਹ, ਲੋਕਮਾਤ ਹੁਕਮ ਵਰਤਾਈਆ । ਨਿਤ ਨਵਿਤ ਵਸਾਂ ਤੇਰੇ ਕੋਲ, ਧੂੜੀ ਟਿੱਕਾ ਮਸਤਕ ਲਾਈਆ । ਤੇਰਾ ਪ੍ਰੇਮ ਸਦਾ ਅਨਮੋਲ, ਕੀਮਤ ਕਰਤੇ ਕੋਇ ਨਾ ਪਾਈਆ । ਕਲਜੁਗ ਅੰਤਮ ਮੈਂ ਹੋਈ ਡਾਵਾਂ ਡੋਲ, ਧੀਰਜ ਨਜ਼ਰ ਕੋਇ ਨਾ ਆਈਆ । ਸਤਿ ਧਰਮ ਦਿਸੇ ਨਾ ਕਿਸੇ ਕੋਲ, ਸਚ ਸੁੱਚ ਨਜ਼ਰ ਕੋਇ ਨਾ ਆਈਆ । ਚਾਰੋ ਕੁੰਟ ਰੋਵੇ ਧੌਲ, ਧਰਨੀ ਦਏ ਦੁਹਾਈਆ । ਜਿਨ੍ਹਾਂ ਲਈ ਅੰਮ੍ਰਿਤ ਪੌਹਲ, ਸੋ ਭੁੱਲੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਸਾਚਾ ਵਰ, ਦਰ ਤੇਰੇ ਮਿਲੇ ਵਡਿਆਈਆ । ਮੇਰੀ ਕਾਰ ਤੇਰੀ ਸੇਵਾ, ਜੁਗ ਚੌਕੜੀ ਮਾਤ ਕਮਾਈਆ । ਤੇਰਾ ਪਿਆਰ ਦੇਣਾ ਮੇਵਾ, ਅੰਮ੍ਰਿਤ ਰੂਪ ਦਰਸਾਈਆ । ਠਾਕਰ ਮੇਰੇ ਤੂੰ ਸਾਹਿਬ ਵੱਡ ਦੇਵੀ ਦੇਵਾ, ਦੇਵ ਆਤਮ ਤੇਰੀ ਸਰਨਾਈਆ । ਅਲੱਖ ਨਿਰੰਜਣ ਅਲਖ ਅਭੇਵਾ, ਬੇਅੰਤ ਵੱਡੀ ਵਡਿਆਈਆ । ਰਸਨਾ ਗਾਵੇ ਤੈਨੂੰ ਜਿਹਵਾ, ਬੱਤੀ ਦੰਦ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਮੇਰੀ ਸੇਵਾ ਤੇਰਾ ਨਾਉਂ ਗਾਉਣਾ, ਅੰਦਰ ਬਾਹਰ ਗੁਪਤ ਜ਼ਾਹਰ ਪੜ੍ਹਾਈਆ । ਤੇਰਾ ਵਿਹਾਰ ਮੈਨੂੰ ਲੋਕਮਾਤ ਵਸਾਉਣਾ, ਸਿਰ ਆਪਣਾ ਹੱਥ ਟਿਕਾਈਆ । ਮੇਰਾ ਪਿਆਰ ਤੇਰਾ ਰਾਗ ਅਲਾਉਣਾ, ਨਾਦ ਧੁਨ ਸ਼ਨਵਾਈਆ । ਤੇਰਾ ਵਿਚਾਰ ਧੁਰ ਦਾ ਹੁਕਮ ਸੁਣਾਉਣਾ, ਸੰਦੇਸਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਈਆ । ਸਾਚਾ ਵਰ ਸ੍ਰੀ ਭਗਵਾਨ, ਸੋ ਸਾਹਿਬ ਸਤਿਗੁਰ ਆਪ ਸੁਣਾਈਆ । ਜੁਗ ਚੌਕੜੀ ਦੇ ਗਿਆਨ, ਸ੍ਰਿਸ਼ਟ ਸਬਾਈ ਬੋਧ ਕਰਾਈਆ । ਮੇਰਾ ਦੱਸ ਇਕ ਨਿਸ਼ਾਨ, ਧਰਮ ਨਿਸ਼ਾਨਾ ਇਕ ਵਡਿਆਈਆ । ਹੁਕਮੇ ਅੰਦਰ ਦੇ ਫ਼ਰਮਾਨ, ਧੁਰ ਫ਼ਰਮਾਨਾ ਆਪ ਜਣਾਈਆ । ਰਸਨਾ ਜਿਹਵਾ ਬੋਲ ਜ਼ਬਾਨ, ਬਾਹਰੋ ਕਰ ਪੜ੍ਹਾਈਆ । ਕੰਠ ਵੇਖ ਮਾਰ ਧਿਆਨ, ਅੰਤਰ ਅੰਤਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਰਸਨਾ ਬੋਲੇ ਬੋਲ ਜੈਕਾਰ, ਤੇਰਾ ਨਾਮ ਸੁਣਾਈਆ । ਕੋਟਨ ਕੋਟ ਸਿਫ਼ਤੀ ਨਾਅਰਾ ਲਏ ਮਾਰ, ਤੇਰੀ ਸਿਫ਼ਤ ਸਿਫ਼ਤੀ ਦੱਸਣ ਵਿਚ ਕਦੇ ਨਾ ਆਈਆ । ਚਾਰੋ ਕੁੰਟ ਦਹਿ ਦਿਸ਼ਾ ਵੇਖ ਵਿਚਾਰ, ਨਵ ਨੌ ਫੇਰਾ ਪਾਈਆ । ਮੈਂ ਕੂਕ ਕੂਕ ਥੱਕੀ ਹਾਰ, ਅੰਤਮ ਬੈਠੀ ਪੰਧ ਮੁਕਾਈਆ । ਸੱਜਣ ਬਣੇ ਨਾ ਕੋਇ ਯਾਰ, ਯਾਰੀ ਲਾ ਕੇ ਸਾਰੇ ਦਗਾ ਕਮਾਈਆ । ਘਰ ਘਰ ਵਿਸਰਿਆ ਕਰਤਾਰ, ਕਰਤਾ ਨਜ਼ਰ ਕਿਸੇ ਨਾ ਆਈਆ । ਦੁੱਖਾਂ ਭਰੀ ਤੇਰੇ ਅੱਗੇ ਕਰਾਂ ਫ਼ਰਿਆਦ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਤੂੰ ਮੇਰੀ ਰਚਨਾ ਰਚੀ ਆਦਿ, ਆਦਿ ਪੁਰਖ ਵੱਡੀ ਵਡਿਆਈਆ । ਮੈਂ ਵਜੌਦੀ ਰਹੀ ਤੇਰਾ ਨਾਦ, ਨਾਮ ਸੰਦੇਸਾ ਇਕ ਸੁਣਾਈਆ । ਅੰਤਮ ਮੇਰਾ ਖੇੜਾ ਹੁੰਦਾ ਦਿਸੇ ਬਰਬਾਦ, ਮਾਲੀ ਬੂਟਾ



੫੨੭ ੧੫

ਸਚ ਨਾ ਕੋਇ ਲਗਾਈਆ । ਜੁਗ ਚੌਕੜੀ ਮੈਂ ਕਰਦੀ ਰਹੀ ਰਾਜ, ਸਿਰ ਤੇਰਾ ਤਾਜ ਟਿਕਾਈਆ । ਵੇਲੇ ਅੰਤ ਰੱਖ ਲਾਜ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਮਿਲੇ ਵਡਿਆਈਆ । ਮੇਰੀ ਸੇਵਾ ਤੇਰਾ ਨਾਉਂ ਨਿਧਾਨ, ਨਿਸ਼ਅੱਖਰ ਅੱਖਰ ਰੂਪ ਬਣਾਈਆ । ਜੁਗ ਚੌਕੜੀ ਦੇ ਗਿਆਨ, ਜੀਵ ਜੰਤ ਸਾਧ ਸੰਤ ਸਮਝਾਈਆ । ਘਰ ਘਰ ਸੁਣਾਇਆ ਸਚ ਫ਼ਰਮਾਨ, ਫ਼ਰਮਾਬਰਦਾਰ ਹੋ ਕੇ ਸੇਵ ਕਮਾਈਆ । ਗੁਰਮੁਖ ਗੁਰਸਿਖ ਸੁੱਤੇ ਜਗਾਏ ਆਣ, ਨੇਤਰ ਨੈਣ ਅੱਖ ਖੁਲ੍ਹਾਈਆ । ਉਠੋ ਦਰਸ ਕਰੋ ਸ੍ਰੀ ਭਗਵਾਨ, ਭਗਵਨ ਮੇਲਾ ਸਹਿਜ ਸੁਭਾਈਆ । ਆਵਣ ਜਾਵਣ ਚੁੱਕੇ ਕਾਣ, ਜਮ ਕਾ ਫਾਸ ਰਹਿਣ ਨਾ ਪਾਈਆ । ਭਾਗ ਲੱਗੇ ਕਾਇਆ ਸਚ ਮਕਾਨ, ਮੰਦਰ ਇਕੋ ਇਕ ਸੁਹਾਈਆ । ਕਿਰਪਾ ਕਰੇ ਆਪ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਘਰ ਘਰ ਫਿਰਦੀ ਰਹੀ ਬਣ ਰਕਾਨ, ਦਰ ਦਰ ਤੇਰਾ ਢੋਲਾ ਗਾਈਆ । ਗੁਰਮੁਖ ਵਿਰਲਾ ਸੂਰਾ ਉਠੇ ਜਵਾਨ, ਬਲ ਆਪਣਾ ਆਪ ਧਰਾਈਆ । ਬਾਕੀ ਲੇਖਾ ਵੇਖੇ ਸ਼ਰਅ ਸ਼ੈਤਾਨ, ਸ਼ਿਰਕਤ ਬੈਠੀ ਕਰੇ ਲੜਾਈਆ । ਤੇਰਾ ਭੁਲਿਆ ਨਾਉਂ ਸ੍ਰੀ ਭਗਵਾਨ, ਤੇਰੀ ਓਟ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੋਭਾ ਪਾਈਆ । ਮੇਰੀ ਸੇਵਾ ਤੇਰਾ ਰੰਗ, ਸਚ ਰੰਗ ਇਕ ਰੰਗਾਈਆ । ਏਥੇ ਓਥੇ ਨਿਭੇ ਸੰਗ, ਨਾਤਾ ਬਿਧਾਤਾ ਨਾ ਕੋਇ ਤੁੜਾਈਆ । ਢੋਲਾ ਗਾਵਾਂ ਵਜਾਵਾਂ ਤੇਰਾ ਮਰਦੰਗ, ਨਾਉਂ ਨਿਰੰਕਾਰਾ ਇਕ ਸਮਝਾਈਆ । ਦੋ ਜਹਾਨਾਂ ਆਰ ਪਾਰ ਵੇਖਾਂ ਲੰਘ, ਮਧ ਆਪਣੀ ਕਾਰ ਕਮਾਈਆ । ਸਰਬ ਸਮਝਾਵਾਂ ਸ੍ਰਿਸ਼ਟ ਸਬਾਈ ਰੂਪ ਹੰ, ਬ੍ਰਹਮ ਅੰਸ ਅੰਸ ਵਟਾਈਆ । ਪਾਰਬ੍ਰਹਮ ਸੂਰਾ ਸਰਬੰਗ, ਸਰਬ ਜੀਆਂ ਪਿਤਾ ਮਾਈਆ । ਨਾਮ ਸੁਣੋ ਓਸ ਦਾ ਕੰਨ, ਸਰਵਣ ਆਪਣੇ ਧਿਆਨ ਲਗਾਈਆ । ਡੁਬਦਾ ਬੇੜਾ ਲਓ ਬੰਨ੍ਹ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਜਗਦੀਸ਼ ਤੇਰੀ ਸਰਨਾਈਆ । ਕਿਰਪਾ ਕਰ ਪ੍ਰਭੂ ਜਗਦੀਸ, ਜਗਦੀਸਰ ਤੇਰੇ ਚਰਨ ਧਿਆਨ ਲਗਾਇਆ । ਰੱਖ ਹੱਥ ਮੇਰੇ ਸੀਸ, ਜਗਤ ਰੰਡੇਪਾ ਦੂਰ ਕਰਾਇਆ । ਵੇਖ ਵੇਲਾ ਬੀਸ ਬੀਸ, ਵਾਸਤਾ ਤੇਰੇ ਅੱਗੇ ਪਾਇਆ । ਮੇਰੀ ਮੁੱਕਦੀ ਦਿਸੇ ਹਦੀਸ, ਹਾਸਲ ਨਜ਼ਰ ਕੋਇ ਨਾ ਆਇਆ । ਖ਼ਾਲੀ ਦਿਸੇ ਕਾਇਆ ਬੁੱਤ ਖੀਸ, ਨਾਮ ਖ਼ਜ਼ਾਨਾ ਵਿਚ ਨਾ ਕਿਸੇ ਟਿਕਾਇਆ । ਗਰੰਥੀ ਪੰਥੀ ਮੁਲਾ ਸ਼ੇਖ਼ ਪੰਡਤ ਪਾਂਧੇ ਗੁਰੂਦੁਆਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੇਰੇ ਨਾਮ ਦੀ ਮੰਗਦੇ ਫ਼ੀਸ, ਸਾਚਾ ਨਾਉਂ ਝੋਲੀ ਸਚ ਨਾ ਕੋਇ ਭਰਾਇਆ । ਪਾਰਬ੍ਰਹਮ ਤੇਰਾ ਬ੍ਰਹਮ ਸਰੂਪ ਕੂੜੀ ਕਿਰਿਆ ਮਨ ਵਾਸਨਾ ਕੀਤਾ ਨੀਚ, ਨੀਚੋ ਨੀਚ ਕਲਜੁਗ ਜੀਵ ਕੁਕਰਮ ਕਮਾਇਆ । ਮੇਰੇ ਉਤੇ ਜਾਏ ਨਾ ਕੋਇ ਪਤੀਜ, ਤੈਨੂੰ ਮਿਲਣ ਕੋਇ ਨਾ ਆਇਆ । ਮੈਂ ਖਲੋਤੀ ਸਦਾ ਤੇਰੀ ਦਹਿਲੀਜ਼, ਬਣ ਦਰਵੇਸ਼ ਦਰਬਾਨ ਸੇਵ ਕਮਾਇਆ । ਜੀਵ ਜੰਤ ਦਿਸੇ ਮਰੀਜ਼, ਤੇਰਾ ਨਾਮ ਦਾਰੂ ਹੱਥ ਕਿਸੇ ਨਾ ਆਇਆ । ਸਾਚੀ ਕਰੇ ਨਾ ਕੋਈ ਦੀਦ, ਦਾਅਵਾ ਝੂਠਾ ਰਹੇ ਬੰਧਾਇਆ । ਕੂੜੀ ਕਿਰਿਆ ਬੀਜ ਰਹੇ ਬੀਜ, ਸਾਚਾ ਬੂਟਾ ਨਾਮ ਨਾ ਕਿਸੇ ਲਗਾਇਆ । ਮਾਇਆ ਰਾਣੀ ਮੰਗਦੇ ਭੀਖ, ਸਤਿਗੁਰ ਚਰਨ ਧੂੜੀ ਵਸਤ ਅਮੋਲਕ ਝੋਲੀ ਕੋਇ ਨਾ ਪਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਲੱਗੀ ਪ੍ਰੀਤ, ਪਾਰਬ੍ਰਹਮ ਤੇਰਾ ਪਿਆਰ ਨਜ਼ਰ ਕਿਸੇ ਨਾ ਆਇਆ । ਜਗਤ ਵਿਕਾਰਾ ਕੂੜੀ ਰੀਝ, ਅੰਤਰ ਆਤਮ ਸਚ ਸ਼ਿੰਗਾਰ ਨਾ ਕੋਇ ਕਰਾਇਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਸਦ ਤੇਰਾ ਰਾਗ ਅਲਾਇਆ । ਮੇਰੀ ਸੇਵਾ ਕਰ ਮਨਜ਼ੂਰ, ਮੁਸ਼ਕਲ ਅੰਤਮ ਹੱਲ ਕਰਾਈਆ । ਬਿਰਹੋ ਵਿਛੁੰਨੀ ਹੋਈ ਮਜਬੂਰ, ਮਜਬੂਰੀ ਆਪਣੀ ਰਹੀ ਸੁਣਾਈਆ । ਤੁਧ ਬਿਨ ਬਖ਼ਸ਼ੇ ਨਾ ਕੋਈ ਕਸੂਰ, ਮੁਆਫ਼ੀ ਦੇ ਨਾ ਕੋਇ ਸਮਝਾਈਆ । ਆਦਿ ਜੁਗਾਦਿ ਤੇਰਾ ਖੇਲ ਸੱਚਾ ਦਸਤੂਰ, ਦੋ ਜਹਾਨ ਹੁਕਮ ਵਰਤਾਈਆ । ਕਲਜੁਗ ਬੇੜਾ ਵੇਖ ਭਰਿਆ ਪੂਰ, ਰੁੜ੍ਹਦੀ ਜਾਏ ਲੋਕਾਈਆ । ਜੀਵ ਜੰਤ ਹੋਏ ਮੂਰਖ ਮੂੜ, ਮੁਗਧ ਅਗਿਆਨ ਭੇਵ ਕੋਇ ਨਾ ਪਾਈਆ । ਸ੍ਰੀ ਭਗਵਾਨ ਆਪਣੇ ਭਗਤ ਏਨ੍ਹਾਂ ਵਿਚੋ ਲੱਭ ਜ਼ਰੂਰ, ਜ਼ਰੂਰਤ ਮੇਰੀ ਪੂਰ ਕਰਾਈਆ । ਮੈਂ ਦਰਸ਼ਨ ਵੇਖਾਂ ਤੇਰੇ ਹਜ਼ੂਰ, ਹਰਿ ਜੂ ਹਰੀ ਦੁਆਰ ਸੋਭਾ ਪਾਈਆ । ਤੂੰ ਦਾਤਾ ਸਰਬ ਕਲਾ ਭਰਪੂਰ, ਤੇਰੇ ਹੱਥ ਪ੍ਰਭੂ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ ਚਰਨ ਧੂੜ, ਧੂੜ ਲੁੜੀਂਦੜੀ ਘਰ ਆਵਾਂ ਜਾਵਾਂ ਚਾਈਂ ਚਾਈਂਆ ।

## ✪ ੮ ਅੱਸੂ ੨੦੨੦ ਬਿਕਰਮੀ ਰੱਖਾ ਸਿੰਘ ਦੇ ਗ੍ਰਿਹ ਫ਼ਿਰੋਜ਼ਪੁਰ ✪

ਸਚਖੰਡ ਸੋਹੇ ਸਚ ਦਰਬਾਰਾ, ਸਤਿ ਸਤਿਵਾਦੀ ਆਪ ਸੁਹਾਇੰਦਾ । ਨਿਰਵੈਰ ਪੁਰਖ ਏਕੰਕਾਰਾ, ਸ਼ਾਹ ਸੁਲਤਾਨ ਡੇਰਾ ਲਾਇੰਦਾ । ਤਖ਼ਤ ਨਿਵਾਸੀ ਹੁਕਮਰਾਨਾ, ਧੁਰ ਫ਼ਰਮਾਨਾ ਇਕ ਜਣਾਇੰਦਾ । ਨਿਰਗੁਣ ਰੂਪ ਨੌਜਵਾਨਾ, ਰੇਖ ਰੰਗ ਨਜ਼ਰ ਕਿਸੇ ਨਾ ਆਇੰਦਾ । ਭੂਪਤ ਭੂਪ ਰਾਜ ਰਾਜਾਨਾ, ਸੀਸ ਜਗਦੀਸ ਤਾਜ ਸੁਹਾਇੰਦਾ । ਜੋਤੀ ਜੋਤ ਜੋਤ ਮਰਦਾਨਾ, ਨੂਰੋ ਨੂਰ ਨੂਰ ਧਰਾਇੰਦਾ । ਪਰਵਰਦਿਗਾਰ ਸਦ ਮਿਹਰਵਾਨਾ, ਮਿਹਰਵਾਨ ਇਕ ਅਖਵਾਇੰਦਾ । ਮੁਕਾਮੇ ਹੱਕ ਸਚ ਮਕਾਨਾ, ਲਾਸ਼ਰੀਕ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦਰ ਘਰ ਸਾਚਾ ਇਕ ਵਡਿਆਇੰਦਾ । ਸਚਖੰਡ ਦੁਆਰਾ ਸੋਹੇ ਸਚ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਖੇਲੇ ਖੇਲ ਹਰਿ ਸਮਰਥ, ਹਰਿ ਪੁਰਖ ਨਿਰੰਜਣ ਵਡ ਵਡਿਆਈਆ । ਨਿਰਗੁਣ ਨਿਰਵੈਰ ਨਿਰਾਕਾਰ ਚਲਾਏ ਰਥ, ਏਕੰਕਾਰ ਸੇਵਾ ਸਚ ਕਮਾਈਆ । ਜੋਤੀ ਧਾਰ ਕਰ ਪਰਕਾਸ਼, ਆਦਿ ਨਿਰੰਜਣ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਬਣ ਕੇ ਦਾਸੀ ਦਾਸ, ਅਬਿਨਾਸ਼ੀ ਕਰਤਾ ਆਪਣੀ ਧਾਰ ਜਣਾਈਆ । ਪਾਰਬ੍ਰਹਮ ਪ੍ਰਭ ਖੇਲ ਤਮਾਸ਼, ਪਤਿਪਰਮੇਸ਼ਵਰ ਵੇਖ ਵਖਾਈਆ । ਆਪਣੇ ਮੰਡਲ ਆਪੇ ਪਾਵੇ ਰਾਸ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਸਾਚੇ ਰੰਗ ਰੰਗਾਈਆ । ਸਚਖੰਡ ਦੁਆਰ ਸਚ ਮਹੱਲਾ, ਸੋ ਸਾਹਿਬ ਆਪ ਬਣਾਈਆ । ਪਾਰਬ੍ਰਹਮ ਪ੍ਰਭ ਇਕ ਇਕੱਲਾ, ਅਬਿਨਾਸ਼ੀ ਕਰਤਾ ਡੇਰਾ ਲਾਈਆ । ਸ੍ਰੀ ਭਗਵਾਨ ਜੋਤੀ ਸ਼ਬਦੀ ਧਾਰ ਆਪੇ ਰਲਾ, ਆਦਿ ਨਿਰੰਜਣ ਏਕਾ ਨੂਰੋ ਨੂਰ ਨੂਰ ਰੁਸ਼ਨਾਈਆ । ਏਕੰਕਾਰ ਅਕਲ ਕਲਧਾਰੀ ਪਕੜੇ ਆਪਣਾ ਪੱਲਾ, ਹਰਿ ਪੁਰਖ ਨਿਰੰਜਣ ਮੇਲਾ ਸਹਿਜ ਸੁਭਾਈਆ । ਸੋ ਪੁਰਖ ਨਿਰੰਜਣ ਧਾਮ ਵਸਾਏ ਨਿਹਚਲ ਇਕ ਅਟੱਲਾ, ਅਟੱਲ ਆਪਣਾ ਆਪ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਪੁਰਖ ਅਬਿਨਾਸ਼, ਏਕੰਕਾਰ ਆਪ ਜਣਾਇੰਦਾ । ਵੇਖਣਹਾਰਾ ਆਪਣਾ ਨੂਰ ਜੋਤ ਪਰਕਾਸ਼, ਨੂਰ ਨੁਰਾਨਾ ਆਪਣੇ ਵਿਚੋ ਆਪ ਪਰਗਟਾਇੰਦਾ ।

ਦੂਸਰ ਨਾ ਕੋਈ ਦਿਸੇ ਸਾਥ, ਸੰਗੀ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰ ਸਚ ਦਰਬਾਰ ਇਕ ਸੁਹਾਇੰਦਾ । ਸਚ ਦਰਬਾਰ ਲਗਾਏ ਏਕ, ਏਕੰਕਾਰ ਵੱਡੀ ਵਡਿਆਈਆ । ਸੁੱਤ ਦੁਲਾਰੇ ਸ਼ਬਦੀ ਟੇਕ, ਸ੍ਰੀ ਭਗਵਾਨ ਸਚ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਲੈਣਾ ਵੇਖ, ਨੇਤਰ ਨੈਣ ਨੈਣ ਖੁਲ੍ਹਾਈਆ । ਤ੍ਰੈਗੁਣ ਮਾਇਆ ਚੁੱਕੇ ਭੇਤ, ਪੰਜ ਤਤ ਪੜਦਾ ਦਏ ਉਠਾਈਆ । ਗੁਰ ਅਵਤਾਰਾਂ ਕਰਨੇਹਾਰਾ ਹੇਤ, ਪੀਰ ਪੈਗ਼ੰਬਰਾਂ ਰੰਗ ਰੰਗਾਈਆ । ਜੁਗ ਚੌਕੜੀ ਖੇਲਣਹਾਰਾ ਖੇਡ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਸ ਵਟਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬਣਾਵਣਹਾਰਾ ਲੇਖ, ਕਾਤਬ ਇਕੋ ਨਜ਼ਰੀ ਆਈਆ । ਨਿਰਗੁਣ ਸਰਗੁਣ ਆਦਿ ਜੁਗਾਦਿ ਜੁਗਾ ਜੁਗੰਤਰ ਸ਼ਬਦ ਸੁਆਮੀ ਕਰੇ ਹੇਤ, ਪਾਰਬ੍ਰਹਮ ਬ੍ਰਹਮ ਵੇਖੇ ਥਾਉਂ ਥਾਈਂਆ । ਪਰਮਾਤਮ ਆਤਮ ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਦੋ ਜਹਾਨਾਂ ਖੇਵਟ ਖੇਟ, ਪੁਰੀ ਲੋਅ ਬ੍ਰਹਿਮੰਡ ਖੰਡ ਪਾਰ ਕਰਾਈਆ । ਭਗਤ ਭਗਵਾਨ ਪਿਤਾ ਪੂਤ ਸਾਚਾ ਬੇਟ, ਸਾਚਾ ਬੰਧਨ ਇਕ ਵਖਾਈਆ । ਸਾਚੇ ਸੰਤਨ ਨਿਜ ਨੇਤਰ ਲਏ ਪੇਖ, ਸਤਿ ਸਰੂਪੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਬੈਠਾ ਡੇਰਾ ਲਾਈਆ । ਸਚਖੰਡ ਬੈਠਾ ਬੇਪਰਵਾਹ, ਜਗ ਨੇਤਰ ਨਜ਼ਰ ਕਿਸੇ ਨਾ ਆਇੰਦਾ । ਧੁਰਦਰਗਾਹੀ ਇਕ ਮਲਾਹ, ਆਦਿ ਜੁਗਾਦਿ ਬੇੜਾ ਆਪ ਚਲਾਇੰਦਾ । ਸ਼ਬਦੀ ਸ਼ਬਦ ਦੇਵਣਹਾਰ ਸਲਾਹ, ਸਲਾਹਗੀਰ ਆਪ ਹੋ ਆਇੰਦਾ । ਵਿਸ਼ਨੂੰ ਵਿਸ਼ਵ ਧਾਰ ਦਏ ਸਮਝਾ, ਵਾਸਤਾ ਆਪਣੇ ਨਾਲ ਰਖਾਇੰਦਾ । ਪਾਰਬ੍ਰਹਮ ਬ੍ਰਹਮ ਮਾਰਗ ਦਏ ਲਗਾ, ਲੱਖ ਚੁਰਾਸੀ ਵੰਡ ਵੰਡਾਇੰਦਾ । ਸ਼ੰਕਰ ਸੰਸਾ ਰੋਗ ਚੁਕਾ, ਸਚ ਤ੍ਰਿਸੂਲ ਹੱਥ ਚਮਕਾਇੰਦਾ । ਤ੍ਰੈਗੁਣ ਮਾਇਆ ਬਣਤ ਬਣਾ, ਸਾਚੀ ਖੇਲ ਆਪ ਵਖਾਇੰਦਾ । ਪੰਜ ਤਤ ਕਾਇਆ ਖੇਲ ਖਿਲਾ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸਾਚਾ ਮੰਦਰ ਇਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਆਪਣਾ ਆਸਣ ਲਾਇੰਦਾ । ਸਚਖੰਡ ਦੁਆਰੇ ਆਸਣ ਜਾਏ ਲੱਗ, ਸੋ ਸਾਹਿਬ ਆਪ ਲਗਾਈਆ । ਕਰੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਦਿ ਜੁਗਾਦਿ ਖੇਲ ਕਰੇ ਅਲੱਗ, ਅਗਲਾ ਪਿਛਲਾ ਲੇਖਾ ਆਪਣੇ ਵਿਚ ਰਖਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਰਗ ਦੱਸ, ਸਾਚੀ ਕਰੇ ਸਚ ਪੜ੍ਹਾਈਆ । ਪਰਗਟ ਹੋ ਪੁਰਖ ਸਮਰਥ, ਸਮਰਥ ਆਪਣੀ ਧਾਰ ਜਣਾਈਆ । ਨਾਮ ਨਿਧਾਨ ਮਹਿੰਮਾ ਅਕੱਥ, ਬੋਧ ਅਗਾਧ ਦਏ ਸਮਝਾਈਆ । ਅੰਤਰ ਆਤਮ ਦੇਵੇ ਵੱਥ, ਵਸਤ ਅਮੋਲਕ ਇਕ ਵਰਤਾਈਆ । ਆਪੇ ਜਾਣੇ ਮਿਤ ਗਤ, ਗਤ ਮਿਤ ਆਪਣੇ ਹੱਥ ਰਖਾਈਆ । ਵਸਣਹਾਰਾ ਘਟ ਘਟ, ਘਟ ਮੰਤਰ ਰਿਹਾ ਦ੍ਰਿੜਾਈਆ । ਨਿਰਗੁਣ ਨੂਰ ਜੋਤ ਪਰਕਾਸ਼, ਜੋਤ ਨਿਰੰਜਣ ਸੇਵਾ ਲਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਇਛਿਆ ਪੂਰੀ ਕਰੇ ਆਪਣੀ ਆਸ, ਆਸਾ ਆਸਾ ਵਿਚ ਮਿਲਾਈਆ । ਸਾਚੀ ਆਸ ਪੁਰਖ ਅਕਾਲ, ਅਕਲ ਕਲਧਾਰੀ ਇਕ ਉਪਾਇੰਦਾ । ਸਚਖੰਡ ਨਿਵਾਸੀ ਹੋ ਦਿਆਲ, ਦੀਨ ਦਿਆਲ ਦਇਆ ਕਮਾਇੰਦਾ । ਘਰ ਵਿਚ ਘਰ ਖੇਲ ਕਰੇ ਕਮਾਲ, ਸਚਖੰਡ ਅੰਦਰ ਸਚ ਦਵਾਰਾ ਇਕ ਪਰਗਟਾਇੰਦਾ । ਧਰਮ ਦੁਆਰਾ ਖੋਲ੍ਹ ਦੁਆਰ, ਥਿਰ ਘਰ ਨਾਉਂ ਆਪ ਵਡਿਆਇੰਦਾ । ਸ਼ਬਦੀ ਸੁੱਤ ਦਏ ਬਿਠਾਲ, ਸਿਰ

ਆਪਣਾ ਹੱਥ ਟਿਕਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਨਵ ਨੌ ਚਾਰ ਚਲੇ ਨਾਲ, ਸਦਾ ਸੁਹੇਲਾ ਆਪਣਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਇੰਦਾ । ਸਚਖੰਡ ਦੁਆਰ ਸਚ ਸੁਲਤਾਨ, ਸ੍ਰੀ ਭਗਵਾਨ ਇਕ ਅਖਵਾਈਆ । ਜੁਗ ਚੌਕੜੀ ਵੇਖੇ ਮਾਰ ਧਿਆਨ, ਨਿਰਗੁਣ ਆਪਣੀ ਅੱਖ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਗਿਆਨ, ਨਿਸ਼ਅੱਖਰ ਅੱਖਰ ਬਾਣੀ ਰੂਪ ਪਰਗਟਾਈਆ । ਲੋਕਮਾਤ ਕਰ ਪਰਧਾਨ, ਨੌ ਖੰਡ ਪ੍ਰਿਥਮੀ ਸਤ ਦੀਪ ਕਰੇ ਰੁਸ਼ਨਾਈਆ । ਜੀਵ ਆਤਮ ਦਏ ਮਾਣ, ਪਰਮਾਤਮ ਆਪਣਾ ਭੇਵ ਚੁਕਾਈਆ । ਬ੍ਰਹਮ ਦੇਵੇ ਪਾਰਬ੍ਰਹਮ ਪਹਿਚਾਨ, ਨਿਜ ਨੇਤਰ ਨੈਣ ਖੁਲ੍ਹਾਈਆ । ਮਨ ਵਾਸਨਾ ਖੋਲ੍ਹੇ ਦੁਕਾਨ, ਨੌ ਦੁਆਰੇ ਵੰਡ ਵੰਡਾਈਆ । ਮਤ ਮਤਵਾਲੀ ਫਿਰੇ ਬਾਲ ਅਵਾਣ, ਚਾਰੋ ਕੁੰਟ ਵਾਹੋ ਦਾਹੀਆ । ਬੁੱਧੀ ਵੇਖੇ ਖੇਲ ਮਹਾਨ, ਘਰ ਆਪਣਾ ਡੇਰਾ ਲਾਈਆ । ਪੰਜ ਤਤ ਤੱਤ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਸੰਗ ਨਿਭਾਈਆ । ਆਸਾ ਤ੍ਰਿਸਨਾ ਵਡ ਬਲਵਾਨ, ਮਮਤਾ ਮੋਹ ਗੜ੍ਹ ਵਖਾਈਆ । ਕਿਰਪਾ ਕਰ ਆਪ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਘਰ ਘਰ ਵਿਚ ਖੇਲ ਕਰੇ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਮੰਦਰ ਅੰਦਰ ਸੋਹਣਾ ਸਚ ਮਕਾਨ, ਸਤਿ ਸਤਿਵਾਦੀ ਆਪ ਸੁਹਾਈਆ । ਨਿਰਮਲ ਦੀਆ ਦੀਪਕ ਜੋਤੀ ਬਾਲ, ਨੂਰੋ ਨੂਰ ਕਰੇ ਰੁਸ਼ਨਾਈਆ । ਨਾਮ ਨਿਧਾਨ ਸੱਚੀ ਧੁਨਕਾਨ, ਸ਼ਬਦ ਅਨਾਦੀ ਨਾਦ ਸੁਣਾਈਆ । ਅੰਮ੍ਰਿਤ ਸਰੋਵਰ ਪੀਣ ਖਾਣ, ਘਰ ਝਿਰਨਾ ਦਏ ਝਿਰਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸੇਜ ਸੁਹੰਜਣੀ ਮਿਲੇ ਆਣ, ਸੋਭਾਵੰਤ ਵੱਡੀ ਵਡਿਆਈਆ । ਸਤਿਗੁਰ ਨੂਰ ਸ਼ਬਦ ਗਿਆਨ, ਸ਼ਾਹੋ ਭੂਪ ਹੋ ਪਰਧਾਨ, ਜੁਗ ਚੌਕੜੀ ਭੇਵ ਖੁਲ੍ਹਾਈਆ । ਤੇਈ ਅਵਤਾਰ ਵਿਚ ਜਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਏਕਾ ਢੋਲਾ ਨਾਮ ਸੁਣਾਈਆ । ਭਗਤ ਅਠਾਰਾਂ ਦੇਣ ਬਿਆਨ, ਉਚੀ ਕੂਕ ਕੂਕ ਸੁਣਾਈਆ । ਈਸਾ ਮੂਸਾ ਮੁਹੰਮਦ ਲੇਖਾ ਲਿਖ ਕੇ ਗਏ ਅੰਜੀਲ ਕੁਰਾਨ, ਕਾਇਆ ਕੁਰ੍ਹਾ ਸਰਬ ਸਮਝਾਈਆ । ਮੱਕਾ ਕਾਅਬਾ ਦੋ ਦੋ ਆਬਾ ਮੇਲ ਸਚ ਪੀਰ ਸ਼ਾਹ ਸੁਲਤਾਨ, ਪਰਵਰਦਿਗਾਰ ਇਕੋ ਨੂਰ ਜ਼ਹੂਰ ਨਜ਼ਰੀ ਆਈਆ । ਸਾਚੇ ਹੁਜਰੇ ਕਾਇਆ ਮੰਦਰ ਵੇਖੋ ਆਣ, ਹੱਕ ਮਹਿਬੂਬ ਬੈਠਾ ਡੇਰਾ ਲਾਈਆ । ਜਿਸ ਨੂੰ ਝੁਕਦੇ ਜ਼ਿਮੀਂ ਅਸਮਾਨ, ਚੌਦਾਂ ਤਬਕ ਸੀਸ ਝੁਕਾਈਆ । ਤਿਸ ਦਾ ਕਲਮਾ ਇਕ ਈਮਾਨ, ਨਬੀ ਰਸੂਲ ਰਹੇ ਜਸ ਗਾਈਆ । ਸੋ ਸਾਹਿਬ ਸਤਿਗੁਰ ਦਾਤਾ ਦਾਨੀ ਸ੍ਰੀ ਭਗਵਾਨ, ਭਗਵਨ ਇਕੋ ਇਕ ਨਜ਼ਰੀ ਆਈਆ । ਹਰ ਘਟ ਵਸਿਆ ਵੇਖੋ ਰਾਮ, ਸੱਚੇ ਤਖ਼ਤ ਆਸਣ ਲਾਈਆ । ਘਨਈਆ ਕਾਹਨਾ ਵੇਖੋ ਸ਼ਾਮ, ਨਿਰਗੁਣ ਬੰਸਰੀ ਨਾਮ ਵਜਾਈਆ । ਚਾਰ ਜੁਗ ਦੇ ਦੇ ਗਏ ਗਿਆਨ, ਅੱਖਰ ਅੱਖਰ ਨਾਲ ਮਿਲਾਈਆ । ਸ਼ਾਸਤਰ ਸਿਮਰਤ ਲਿਖ ਲਿਖ ਵੇਦ ਪੁਰਾਨ, ਗੀਤਾ ਗਿਆਨ ਅੱਠ ਦਸ ਕਰ ਪੜ੍ਹਾਈਆ । ਈਸਾ ਮੂਸਾ ਮੁਹੰਮਦ ਸ਼ਰਅ ਦੱਸ ਕੇ ਗਏ ਕੁਰਾਨ, ਅੰਜੀਲ ਆਇਤ ਸ਼ਰਾਇਤ ਨਾਲ ਮਿਲਾਈਆ । ਗੁਰੂ ਦਸ ਖੋਲ੍ਹ ਦੁਕਾਨ, ਨਾਨਕ ਗੋਬਿੰਦ ਰਾਹ ਗਏ ਵਖਾਈਆ । ਸਰਬ ਜੀਆਂ ਦਾ ਇਕ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਅੰਤਰ ਆਤਮ ਵੇਖੋ ਸਾਰੇ ਮਾਰ ਧਿਆਨ, ਘਰ ਬੈਠਾ ਬੇਪਰਵਾਹੀਆ । ਅੱਠੇ ਪਹਿਰ ਰਾਹ ਤੱਕੇ ਕਵਣ ਵੇਲਾ ਗੁਰਮੁਖ ਮਿਲੇ ਆਣ, ਭਗਤ ਭਗਵਾਨ ਆਪਣੇ ਅੰਗ ਲਗਾਈਆ । ਰਸਨਾ ਜਿਹਵਾ ਬੱਤੀ ਦੰਦ ਜੀਵ ਜੰਤ ਸਾਰੇ ਗਾਣ, ਅੰਦਰ ਵੜ ਕੇ ਦਰਸ ਕੋਇ ਨਾ ਪਾਈਆ । ਲੱਭਦੇ ਫਿਰਦੇ ਚਾਰੋ ਕੁੰਟ ਦਹਿ ਦਿਸ਼ਾ ਜੰਗਲ

ਜੂਹ ਉਜਾੜ ਪਹਾੜ ਬੀਆਬਾਨ, ਉਚੇ ਟਿੱਲੇ ਪਰਬਤ ਸਮੁੰਦ ਸਾਗਰ ਡੂੰਘੀ ਖਾਈ ਡੇਰਾ ਲਾਈਆ । ਸਾਹਿਬ ਸਤਿਗੁਰ ਦੀਨ ਦਿਆਲ ਠਾਕਰ ਸੁਆਮੀ ਨਜ਼ਰ ਕਿਸੇ ਨਾ ਆਏ ਕਾਇਆ ਸਾਢੇ ਤਿੰਨ ਹੱਥ ਮਕਾਨ, ਮਕਬਰਾ ਬੈਠੇ ਤਨ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਇਕੋ ਇਕ ਸਮਝਾਈਆ । ਸਚਖੰਡ ਦੁਆਰਾ ਹਰਿ ਕਾ ਸਤਿ, ਆਦਿ ਜੁਗਾਦਿ ਬਣਾਇੰਦਾ । ਜੁਗ ਚੌਕੜੀ ਖੇਲ ਤਮਾਸ਼, ਨਿਰਗੁਣ ਸਰਗੁਣ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋਤੀ ਜੋਤ ਕਰ ਪਰਕਾਸ਼, ਸ਼ਬਦੀ ਸ਼ਬਦ ਨਾਦ ਵਜਾਇੰਦਾ । ਸ੍ਰਿਸ਼ਟ ਸਬਾਈ ਬਣ ਕੇ ਦਾਸ, ਬਣ ਸੇਵਕ ਸੇਵ ਕਮਾਇੰਦਾ । ਜਨ ਭਗਤਾਂ ਪੂਰੀ ਕਰੇ ਆਸ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਨਿਜ ਘਰ ਸਾਚੇ ਕਰੇ ਵਾਸ, ਦੂਈ ਦਵੈਤੀ ਪੜਦਾ ਆਪ ਉਠਾਇੰਦਾ । ਅੰਦਰ ਵੜ ਕੇ ਸਾਚੇ ਪੌੜੇ ਚੜ੍ਹ ਕੇ ਕਰੇ ਪਾਠ, ਗੁਰਸਿਖ ਕਾਇਆ ਪਾਠਸ਼ਾਲਾ ਇਕ ਬਣਾਇੰਦਾ । ਘਰ ਤੀਰਥ ਸਰੋਵਰ ਮਾਰੇ ਠਾਠ, ਅੰਮ੍ਰਿਤ ਇਕੋ ਇਕ ਦ੍ਰਿੜਾਇੰਦਾ । ਲਹਿਣਾ ਚੁੱਕੇ ਤਤ ਆਠ, ਮਨ ਮਤ ਬੁਧ ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਡੇਰਾ ਢਾਹਿੰਦਾ । ਸਚ ਦੁਆਰ ਵਖਾਏ ਹਾਟ, ਚੌਦਾਂ ਲੋਕ ਕੁੰਡਾ ਲਾਹਿੰਦਾ । ਨਿਰਗੁਣ ਜੋਤ ਕਰੇ ਪਰਕਾਸ਼, ਅਗਿਆਨ ਅੰਧੇਰ ਗਵਾਇੰਦਾ । ਗੁਰਮੁਖ ਹਰਿਜਨ ਹਰਿਭਗਤ ਜਿਧਰ ਵੇਖੇ ਹਰਿ ਜੂ ਵਸੇ ਪਾਸ, ਖ਼ਾਲੀ ਦੁਆਰਾ ਨਜ਼ਰ ਕੋਇ ਨਾ ਆਇੰਦਾ । ਸੁਰਤੀ ਸ਼ਬਦ ਮਿਲ ਕੇ ਪਾਏ ਰਾਸ, ਗੋਪੀ ਕਾਹਨ ਰੂਪ ਵਟਾਇੰਦਾ । ਸਾਚਾ ਰਾਮ ਦੇਵੇ ਸਾਥ, ਸੀਤਾ ਸਈਆ ਆਪਣੇ ਅੰਗ ਲਗਾਇੰਦਾ । ਤਿਸ ਸਾਹਿਬ ਦਾ ਇਕੋ ਪੂਜਾ ਪਾਠ, ਸਿਮਰਨ ਆਪਣਾ ਨਾਮ ਸਮਝਾਇੰਦਾ । ਪੀਰ ਪੈਗ਼ੰਬਰ ਸਾਰੇ ਉਸ ਦੀ ਗੌਂਦੇ ਗਾਥ, ਸੋਹਲਾ ਢੋਲਾ ਇਕੋ ਇਕ ਦ੍ਰਿੜਾਇੰਦਾ । ਜੁਗ ਚੌਕੜੀ ਵੇਖਣਹਾਰਾ ਲੱਖ ਚੁਰਾਸੀ ਆਪਣੀ ਰਾਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਇਕ ਬੁਝਾਇੰਦਾ । ਸਚ ਦੁਆਰਾ ਦੱਸੇ ਏਕ, ਏਕੰਕਾਰ ਵੱਡੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਏ ਅਨੇਕ, ਨਿਤ ਨਵਿਤ ਆਪਣਾ ਵੇਸ ਵਟਾਈਆ । ਪੰਜ ਤਤ ਕਾਇਆ ਚੋਲਾ ਧਰਦੇ ਰਹੇ ਭੇਖ, ਨਿਰਗੁਣ ਸਰਗੁਣ ਕਾਰ ਕਮਾਈਆ । ਪਰਮ ਪੁਰਖ ਪਰਮਾਤਮਾ ਨਾਲ ਕਰਦੇ ਗਏ ਹੇਤ, ਜੀਵਾਂ ਜੰਤਾਂ ਸਰਬ ਸਮਝਾਈਆ । ਨਿਜ ਘਰ ਨਿਜ ਗ੍ਰਿਹਿ ਨਿਜ ਆਤਮ ਪਰਮਾਤਮ ਲੈਣਾ ਵੇਖ, ਬਾਹਰੋਂ ਲੱਭਣ ਕੋਇ ਨਾ ਜਾਈਆ । ਤੁਹਾਡੇ ਅੰਦਰ ਵੜ ਕੇ ਰਿਹਾ ਖੇਡ, ਲੁਕਣ ਮੀਚੀ ਖੇਲ ਸਮਝ ਕਿਸੇ ਨਾ ਪਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਦੇਵੇ ਭੇਤ, ਸੁਖਮਨ ਟੇਢੀ ਬੰਕ ਨੌ ਦੁਆਰੇ ਪਾਰ ਨਾ ਕੋਇ ਕਰਾਈਆ । ਰਸਨਾ ਜਿਹਵਾ ਗਾ ਗਾ ਸਾਰੇ ਦੱਸਣ ਚਾਰੇ ਵੇਦ, ਪੁਰਾਨ ਅਠਾਰਾਂ ਕਰਨ ਪੜ੍ਹਾਈਆ । ਛੇ ਸ਼ਾਸਤਰ ਦੱਸਣ ਨੇਤਨ ਨੇਤ, ਨੇਰਨ ਨੇਰ ਸਰਬ ਸਮਝਾਈਆ । ਗੀਤਾ ਗਿਆਨ ਕਰਾਏ ਹੇਤ, ਸਾਚੀ ਸਿਖਿਆ ਇਕ ਦਰਸਾਈਆ । ਅੰਜੀਲ ਕੁਰਾਨ ਕਹਿਣ ਲਓ ਪੇਖ, ਸਾਚਾ ਪੀਰ ਬੇਪਰਵਾਹੀਆ । ਸਾਚੀ ਬਾਣੀ ਗੁਰੂ ਗੁਰ ਕਹੇ ਮਿਟਾਓ ਆਪਣੀ ਰੇਖ, ਪਿਛਲਾ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਸਾਚੀ ਦਇਆ ਆਪ ਕਮਾਈਆ । ਸਚਖੰਡ ਦੁਆਰੇ ਸਾਚੇ ਤਖ਼ਤ ਚੜ੍ਹ, ਸੋ ਸਤਿਗੁਰ ਸੋਭਾ ਪਾਈਆ । ਜੁਗ ਚੌਕੜੀ ਘਾੜਨ ਘੜ, ਲੱਖ ਚੁਰਾਸੀ ਵੰਡ ਵੰਡਾਈਆ । ਸਰਗੁਣ ਅੰਦਰ ਨਿਰਗੁਣ ਵੜ, ਨਿਤ ਨਿਤ ਵੇਖੇ ਥਾਉਂ ਥਾਈਂਆ । ਆਦਿ ਜੁਗਾਦੀ ਖੇਲ ਕਰ, ਹਰਿ ਕਰਤਾ ਖ਼ਾਲਕ ਖ਼ਲਕ ਰੂਪ ਵਟਾਈਆ । ਨਿਰਭੌ ਭੈ ਚੁਕਾਏ ਸਰਬ

ਡਰ, ਭਿਆਨਕ ਆਪਣਾ ਖੇਲ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤਰ ਨਾਮ ਰਹੇ ਪੜ੍ਹ, ਬਾਹਰ ਸ੍ਰਿਸ਼ਟ ਸਬਾਈ ਗਏ ਜਣਾਈਆ । ਸਰਬ ਜੀਆਂ ਦਾ ਇਕੋ ਘਰ, ਦੂਜਾ ਮੰਦਰ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਭੇਵ ਅਭੇਦਾ ਖੋਲ੍ਹੇ ਸ੍ਰਿਸ਼ਟ, ਸਾਹਿਬ ਸਤਿਗੁਰ ਹੱਥ ਵਡਿਆਈਆ । ਨੌਂ ਖੰਡ ਪ੍ਰਿਥਮੀ ਦੱਸੇ ਇਕੋ ਇਸ਼ਟ, ਈਸ਼ ਜੀਵ ਬੂਝ ਬੁਝਾਈਆ । ਕਿਰਪਾ ਨਿਧਾਨ ਠਾਕਰ ਸਤਿਗੁਰ ਖੋਲ੍ਹੇ ਸਭ ਦੀ ਦ੍ਰਿਸ਼ਟ, ਦਿਸ਼ਾ ਕੂਟ ਇਕੋ ਨਜ਼ਰੀ ਆਈਆ । ਮਨ ਵਾਸਨਾ ਦੂਰ ਕਰੇ ਭਰਿਸ਼ਟ, ਭਰਿਸ਼ਟਾਚਾਰ ਕੋਇ ਰਹਿਣ ਨਾ ਪਾਈਆ । ਲੱਖ ਚੁਰਾਸੀ ਵਿਚੋਂ ਜਨ ਭਗਤਾਂ ਦੀ ਆਪਣੇ ਹੱਥ ਵਿਚ ਰੱਖੇ ਲਿਸਟ, ਬਾਕੀ ਲੇਖਾ ਲੇਖੇ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕ ਸੁਣਾਈਆ । ਸਚ ਸੰਦੇਸ਼ਾ ਸੁਣੋ ਮੀਤ, ਸੋ ਸਾਹਿਬ ਆਪ ਸੁਣਾਈਆ । ਜੁਗ ਚੌਕੜੀ ਗਏ ਬੀਤ, ਕੋਟਨ ਕੋਟ ਕਾਲ ਵਿਹਾਈਆ । ਕਲਜੁਗ ਸਾਰੇ ਵੇਖੋ ਰੀਤ, ਗੁਰੂ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਗੁਰੂਦੁਆਰੇ ਸ਼ਿਵਦਵਾਲੇ ਮੱਠ ਫਿਰੀ ਦਰੋਹੀ ਮੰਦਰ ਮਸੀਤ, ਸਾਚਾ ਧਰਮ ਨਜ਼ਰ ਕਿਤੇ ਨਾ ਆਈਆ । ਪੰਡਤ ਪਾਂਧੇ ਗਰੰਥੀ ਪੰਥੀ ਮੁਲਾਂ ਸ਼ੇਖ਼ ਮਸਾਇਕ ਬਦਲੀ ਨੀਤ, ਹਰਿ ਮੰਦਰ ਬੈਠੇ ਧੀਆਂ ਭੈਣਾਂ ਰਹੇ ਤਕਾਈਆ । ਕਾਇਆ ਕਿਸੇ ਨਾ ਦਿਸੇ ਠੰਡੀ ਸੀਤ, ਤ੍ਰੈਗੁਣ ਅਗਨੀ ਅੱਗ ਰਹੀ ਮਚਾਈਆ । ਲੇਖਾ ਚੁਕਿਆ ਨਾ ਹਸਤ ਕੀਟ, ਊਚ ਨੀਚ ਡੇਰਾ ਕੋਇ ਨਾ ਢਾਹੀਆ । ਆਤਮ ਕਰੇ ਨਾ ਕੋਈ ਪਰਮਾਤਮ ਪ੍ਰੀਤ, ਕੂੜੀ ਯਾਰੀ ਸਰਬ ਲਗਾਈਆ । ਸਾਚੀ ਸਿਖਿਆ ਕੋਈ ਨਾ ਲਏ ਸੀਖ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਬੈਠੀ ਗੁਰ ਕਾ ਸ਼ਬਦ ਭੁਲਾਈਆ । ਸਾਹਿਬ ਸਤਿਗੁਰ ਕਿਸੇ ਨਾ ਵਸੇ ਚੀਤ, ਚਤੁਰਭੁਜ ਨਜ਼ਰ ਕਿਸੇ ਨਾ ਆਈਆ । ਰਾਮਾ ਕ੍ਰਿਸ਼ਨਾ ਸਾਰੇ ਗੌਂਦੇ ਗੀਤ, ਅੱਗੇ ਹੋ ਕੇ ਚਰਨੀ ਸੀਸ ਨਾ ਕੋਇ ਝੁਕਾਈਆ । ਨਜ਼ਰ ਨਾ ਆਏ ਕਿਸੇ ਧਾਮ ਅਨਡੀਠ, ਨਿਰਗੁਣ ਨੂਰ ਨੂਰ ਨਾ ਕੋਇ ਰੁਸ਼ਨਾਈਆ । ਅੰਤਮ ਸਭ ਦੀ ਨੰਗੀ ਹੋਈ ਪੀਠ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਜੀਵ ਕੌੜੇ ਰੀਠ, ਅੰਮ੍ਰਿਤ ਰਸ ਨਜ਼ਰ ਕੋਇ ਨਾ ਆਈਆ । ਸਦੀ ਬੀਸਵੀਂ ਰਹੀ ਬੀਤ, ਬੀਤੀ ਕਹਾਣੀ ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਵੇਖਣ ਚਾਈਂ ਚਾਈਂਆ । ਚਾਰੋ ਕੁੰਟ ਸਾਚਾ ਕਲਮਾ ਪੜ੍ਹੇ ਨਾ ਕੋਇ ਹਦੀਸ, ਹਿਰਦੇ ਰਾਮ ਨਾ ਕੋਇ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨੇਤਰ ਨੈਣਾਂ ਸਰਬ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੈਣਾਂ ਵੇਖ, ਦੋਏ ਨੈਣ ਰਹੇ ਸ਼ਰਮਾਈਆ । ਕਲਜੁਗ ਕੂੜਾ ਚਾਰੋ ਕੁੰਟ ਦਿਸੇ ਭੇਖ, ਹਰਿ ਕਾ ਭੇਤ ਕੋਇ ਨਾ ਪਾਈਆ । ਮਾਇਆ ਮਮਤਾ ਖੇਲਾਂ ਰਿਹਾ ਖੇਡ, ਸਾਚਾ ਖੇਲ ਸਮਝ ਕਿਸੇ ਨਾ ਆਈਆ । ਰੁੱਤ ਸੁਹੰਜਣੀ ਰਹੇ ਨਾ ਕੋਈ ਚੇਤ, ਖ਼ਿਜ਼ਾਂ ਚਾਰੋ ਤਰਫ਼ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਪ੍ਰਭ ਤੇਰੇ ਅੱਗੇ ਚਲੇ ਨਾ ਕੋਇ ਚਤੁਰਾਈਆ । ਸ੍ਰੀ ਭਗਵਾਨ ਦੱਸੇ ਆਪ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਵਖਾਈਆ । ਉਠ ਕੇ ਵੇਖੋ ਕੋਈ ਨਾ ਜਪੇ ਅੰਤਰ ਜਾਪ, ਤੁੱਟੀ ਲਿਵ ਨਾ ਕੋਇ ਲਗਾਈਆ । ਦਿਨੇ ਰਾਤੀ ਕਰਨ ਪਾਪ, ਅੰਮ੍ਰਿਤ ਵੇਲੇ ਉਠ ਕੇ ਰਸਨਾ ਜਿਹਵਾ ਪ੍ਰਭ ਨੂੰ ਸ਼ਰਮਿੰਦਾ ਰਹੇ ਕਰਾਈਆ । ਰਸਨਾ ਕਹਿਣ ਤੂੰ ਪਾਕੀ ਪਾਕ, ਅੰਦਰੋ ਪਲੀਤੀ ਬਾਹਰ ਨਾ ਕੋਇ ਕਢਾਈਆ ।

ਬਾਹਰੋ ਗੁਰੂ ਦੇ ਬਣਦੇ ਸਾਰੇ ਸਾਕ, ਅੰਦਰੋ ਠੱਗੀ ਰਹੇ ਕਮਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਅੰਦਰ ਵੜ ਕੇ ਸਭ ਨੂੰ ਰਿਹਾ ਝਾਕ, ਘਰ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚੌਥੇ ਜੁਗ ਲੇਖਾ ਰਿਹਾ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਇਕੱਠੇ, ਪ੍ਰਭ ਅੱਗੇ ਸੀਸ ਝੁਕਾਈਆ । ਤੇਰੀ ਸਰਨਾਈ ਸਾਹਿਬ ਢੱਠੇ, ਧੂੜੀ ਟਿੱਕਾ ਮਸਤਕ ਲਾਈਆ । ਸਾਚੇ ਨਾਮ ਜੀਵ ਕੋਈ ਨਾ ਰਤੇ, ਰਤੀ ਰਤ ਨਾ ਕੋਇ ਸੁਕਾਈਆ । ਸਦੀ ਵੀਹਵੀਂ ਅਸੀਂ ਵੇਖ ਕੇ ਰਹਿ ਗਏ ਹੱਕੇ ਬੱਕੇ, ਹਰਿ ਕਾ ਮੰਦਰ ਸੋਭਾ ਕੋਇ ਨਾ ਪਾਈਆ । ਲਿਖ ਲਿਖ ਲੇਖ ਦੇ ਕੇ ਆਏ ਸੱਚੇ ਪਤੇ, ਪਤਿਪਰਮੇਸ਼ਵਰ ਮਿਲੋ ਇਕੋ ਮਾਹੀਆ । ਜੋ ਵੇਲੇ ਅੰਤਮ ਪੜਦਾ ਢਕੇ, ਸਿਰ ਆਪਣਾ ਹੱਥ ਰਖਾਈਆ । ਲੱਖ ਚੁਰਾਸੀ ਵਿਚੋ ਫੜ ਕੇ ਰੱਖੇ, ਜੂਨੀ ਜੂਨ ਨਾ ਕੋਇ ਭਵਾਈਆ । ਰਾਏ ਧਰਮ ਨਾ ਮਾਰੇ ਧੱਕੇ, ਚਿਤਰ ਗੁਪਤ ਨਾ ਲੇਖ ਵਖਾਈਆ । ਲਾੜੀ ਮੌਤ ਕੋਲ ਨਾ ਰੱਖੇ, ਦੁਹਾਗਣ ਨਾਰ ਨਾ ਕੋਇ ਪਰਨਾਈਆ । ਅੰਤਮ ਆਪਣੀ ਗੋਦੀ ਸੱਟੇ, ਦੂਜੇ ਹੱਥ ਨਾ ਕਿਸੇ ਫੜਾਈਆ । ਆਵਣ ਜਾਵਣ ਪੈਂਡੇ ਮੁੱਕੇ, ਪਾਂਧੀ ਰੂਪ ਨਾ ਕੋਇ ਵਟਾਈਆ । ਪ੍ਰਭ ਸਰਨਾਈ ਫੇਰ ਕੋਈ ਨਾ ਪੁੱਛੇ, ਅੰਤਮ ਜੋਤੀ ਜੋਤ ਮੇਲ ਮਿਲਾਈਆ । ਜੋ ਸਾਹਿਬ ਸਤਿਗੁਰ ਕੋਲੋ ਬੈਠੇ ਰੁੱਸੇ, ਤਿਨ੍ਹਾਂ ਦੇਵੇ ਅੰਤ ਸਜ਼ਾਈਆ । ਓਸ ਪਰੀਤਮ ਨਾਲ ਕਾਹਦੇ ਗ਼ੁੱਸੇ, ਜੋ ਸਭ ਦਾ ਪਿਤਾ ਮਾਈਆ । ਸੌਂਦਿਆਂ ਜਾਗਦਿਆਂ ਉਠਦਿਆਂ ਬਹਿੰਦਿਆਂ ਮਾਤਾ ਗਰਭ ਅੰਦਰ ਪੁੱਛੇ, ਨਿਰਗੁਣ ਹੋ ਕੇ ਨਿਰਗੁਣ ਵੇਖ ਵਖਾਈਆ । ਚੌਕੀਦਾਰ ਹੋ ਕੇ ਪੰਚ ਵਿਕਾਰ ਤੁਹਾਡੇ ਮੋੜੇ ਕੁੱਤੇ, ਬਣ ਸੇਵਕ ਸੇਵ ਕਮਾਈਆ । ਦੀਨ ਦਿਆਲ ਹੋ ਕੇ ਆਪਣੀ ਗੋਦੀ ਚੁੱਕੇ, ਫੜ ਬਾਹੋ ਗਲੇ ਲਗਾਈਆ । ਦਸ ਦਸ ਮਾਸ ਫੇਰ ਨਾ ਤਪੇ ਪੁੱਠੇ, ਹਵਨ ਕੁੰਡ ਨਾ ਕੋਇ ਤਪਾਈਆ । ਉਹ ਸਤਿਗੁਰ ਤੁਹਾਡੇ ਅੰਦਰ ਬੈਠਾ ਛੁਪੇ, ਚੁਪ ਚੁਪੀਤਾ ਬੈਠਾ ਡੇਰਾ ਲਾਈਆ । ਜੇ ਕੋਈ ਗੁਰਮੁਖ ਨੀਵਾਂ ਹੋ ਕੇ ਉਸ ਨੂੰ ਪੁਛੇ, ਅੰਦਰੇ ਅੰਦਰ ਦਏ ਸਮਝਾਈਆ । ਆ ਲਾਡਲੇ ਮੇਰੇ ਪੁਤੇ, ਪਿਤਾ ਪੂਤ ਮੇਲ ਮਿਲਾਈਆ । ਉਤੋ ਆ ਕੇ ਨੇੜੇ ਹੋ ਕੇ ਚੁੱਕੇ, ਚੁੱਕ ਕੇ ਉਪਰ ਆਪ ਲੈ ਜਾਈਆ । ਉਜਲ ਕਰੇ ਮਾਤ ਮੁਖੇ, ਦੁਰਮਤ ਮੈਲ ਧਵਾਈਆ । ਜੋ ਜੀਵ ਸਤਿਗੁਰ ਮਿਲਣ ਨਿਸ਼ਾਨਿਉਂ ਉਕੇ, ਤਿਨ੍ਹਾਂ ਦੇਵੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਰਬ ਜੀਆਂ ਰਿਹਾ ਜਣਾਈਆ । ਸਰਬ ਜੀਆਂ ਪ੍ਰਭ ਦੇਵੇ ਨਾਮ ਨਿਧਾਨ, ਨਿਰਗੁਣ ਸਰਗੁਣ ਬੂਝ ਬੁਝਾਇੰਦਾ । ਸ਼ਬਦ ਗੁਰਦੇਵ ਸੁਆਮੀ ਸਦਾ ਮਿਹਰਵਾਨ, ਨਮੋ ਨਮੋ ਨਿਮਸਕਾਰ ਸੀਸ ਜਗਦੀਸ ਇਕ ਝੁਕਾਇੰਦਾ । ਬੋਧ ਅਗਾਧ ਬਣ ਕੇ ਪੰਡਤ ਦੇਵੇ ਧੁਰ ਫ਼ਰਮਾਨ, ਸਾਚੀ ਸਿਖਿਆ ਸਾਖਿਆਤ ਸਮਝਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੁਕਿਆ ਵਿਚ ਜਹਾਨ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਉਠ ਕੇ ਦੇਣ ਇਕ ਬਿਆਨ, ਬਿਆਨਾ ਸਭ ਦੇ ਕੋਲੋ ਆਪਣਾ ਨਾਮ ਰਖਾਇੰਦਾ । ਚਾਰੋ ਕੁੰਟ ਸ੍ਰਿਸ਼ਟ ਸਬਾਈ ਸਚ ਦਿਸੇ ਨਾ ਕੋਇ ਨਿਸ਼ਾਨ, ਧਰਮ ਨਿਸ਼ਾਨਾ ਹੱਥ ਨਾ ਕੋਇ ਝੁਲਾਇੰਦਾ । ਸਾਬਤ ਰਿਹਾ ਨਾ ਕਿਸੇ ਈਮਾਨ, ਸਿਦਕ ਸਬੂਰੀ ਤੋੜ ਨਾ ਕੋਇ ਨਿਭਾਇੰਦਾ । ਬਗ਼ਲੇ ਮਾਰ ਅੰਜੀਲ ਕੁਰਾਨ, ਮਸਲਾ ਹੱਕ ਨਾ ਕੋਇ ਸਮਝਾਇੰਦਾ । ਬਿਸਮਲ ਰੂਪ ਨਾ ਕੋਇ ਦਿਸੇ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਆਪਣੇ ਹੱਥ ਰਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਭਗਵਾਨ, ਪ੍ਰਭੂ ਤੇਰੇ ਹੱਥ ਵਡਿਆਈਆ ।

ਕਲਜੁਗ ਜੀਵ ਭੁੱਲੇ ਤੇਰਾ ਸਚ ਨਿਸ਼ਾਨ, ਨੂਰ ਨਜ਼ਰ ਕਿਸੇ ਨਾ ਆਈਆ । ਸਾਡਾ ਚਲੇ ਨਾ ਕੋਈ ਗਿਆਨ, ਅਗਿਆਨ ਬੈਠਾ ਡੇਰਾ ਲਾਈਆ । ਘਰ ਘਰ ਵੜਿਆ ਇਕ ਅਭਿਆਨ, ਹੰਕਾਰੀ ਗੜ੍ਹ ਰਹੇ ਬਣਾਈਆ । ਅੰਦਰ ਵੜ ਕੇ ਨੱਚੇ ਸ਼ੈਤਾਨ, ਕੂੜੀ ਕਿਰਿਆ ਡੌਰੂ ਡੰਕ ਵਜਾਈਆ । ਚਾਰੋ ਕੁੰਟ ਦਿਸੇ ਬੇਈਮਾਨ, ਬੈਵਾ ਰੂਪ ਸਰਬ ਖ਼ੁਦਾਈਆ । ਆ ਕੇ ਵੇਖ ਆਪਣਾ ਜਹਾਨ, ਜੀਵ ਜੰਤ ਸਾਧ ਸੰਤ ਕਰਨ ਲੜਾਈਆ । ਸ਼ਰਅ ਮਜ਼੍ਹਬ ਦੀਨ ਇਸਲਾਮ ਹੋਏ ਹੈਰਾਨ, ਹਰਿ ਜੂ ਹਰਿ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਤੇਰੇ ਦਰ ਇਕ ਸਲਾਮ, ਦੋਏ ਜੋੜ ਸੀਸ ਝੁਕਾਈਆ । ਸ੍ਰੀ ਭਗਵਾਨ ਕਹੇ ਮੈਂ ਆਵਾਂਗਾ । ਨਿਰਗੁਣ ਨੂਰ ਜੋਤ ਪਰਗਟਾਵਾਂਗਾ । ਲੋਕਮਾਤ ਵੇਖ ਵਖਾਵਾਂਗਾ । ਚਾਰ ਕੁੰਟ ਦਹਿ ਦਿਸ਼ਾ ਫੋਲ ਫੋਲਾਵਾਂਗਾ । ਨੌ ਖੰਡ ਪ੍ਰਿਥਮੀ ਪੜਦਾ ਲਾਹਵਾਂਗਾ । ਸਤ ਦੀਪ ਭੇਵ ਚੁਕਾਵਾਂਗਾ । ਕਲਜੁਗ ਕੂੜੀ ਰੀਤ ਮੇਟ ਮਿਟਾਵਾਂਗਾ । ਸ਼ਿਵਦਵਾਲਾ ਮਠ ਮੰਦਰ ਮਸੀਤ ਵੇਖ ਵਖਾਵਾਂਗਾ । ਲੱਖ ਚੁਰਾਸੀ ਪਰਖਾਂ ਨੀਤ, ਨੀਤੀਵਾਨ ਵਿਚੋ ਬਾਹਰ ਕਢਾਵਾਂਗਾ । ਜੋ ਪ੍ਰਭ ਦਾ ਗੌਂਦੇ ਗੀਤ, ਤਿਨ੍ਹਾਂ ਆਪਣੇ ਨਾਲ ਮਿਲਾਵਾਂਗਾ । ਵਖਾਵਾਂ ਖੇਲ ਇਕ ਅਨਡੀਠ, ਅਨਡਿਠੜੀ ਕਾਰ ਕਮਾਵਾਂਗਾ । ਲੇਖਾ ਚੁੱਕੇ ਹਸਤ ਕੀਟ, ਊਚ ਨੀਚ ਇਕੋ ਰੰਗ ਰੰਗਾਵਾਂਗਾ । ਆਤਮ ਨਾਲ ਕਰਾਂ ਸਚ ਪ੍ਰੀਤ, ਪਰਮਾਤਮ ਆਪਣਾ ਰੂਪ ਵਖਾਵਾਂਗਾ । ਕਰ ਕਾਇਆ ਠੰਡੀ ਸੀਤ, ਅੰਮ੍ਰਿਤ ਮੇਘ ਬਰਸਾਵਾਂਗਾ । ਨਿਰਗੁਣ ਹੋ ਕੇ ਵਸਾਂ ਚੀਤ, ਮਨ ਚਿੰਦਿਆ ਫਲ ਖਵਾਵਾਂਗਾ । ਤਾਜ ਰੱਖ ਕੇ ਸਾਚਾ ਸੀਸ, ਦੋ ਜਹਾਨਾਂ ਰਾਜ ਕਮਾਵਾਂਗਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੇਵਾਂ ਇਕੋ ਨਾਮ ਹਦੀਸ, ਕਲਮਾ ਰਾਗ ਨਾਮ ਪੜ੍ਹਾਵਾਂਗਾ । ਮਾਇਆ ਰਾਣੀ ਖ਼ਾਲੀ ਕਰਾਂ ਖੀਸ, ਸ਼ਾਹ ਸੁਲਤਾਨਾਂ ਰਾਜ ਰਾਜਾਨਾਂ ਤਖ਼ਤੋ ਅੰਤਮ ਲਾਹਵਾਂਗਾ । ਲੱਖ ਚੁਰਾਸੀ ਲਵਾਂ ਜੀਤ, ਜਿਤ ਆਪਣੇ ਹੱਥ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਸਚ ਦੁਆਰਾ ਇਕ ਵਡਿਆਵਾਂਗਾ । ਸਚ ਦੁਆਰਾ ਇਕ ਬਣਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਜਨ ਭਗਤਾਂ ਮੇਲ ਮਿਲਾਏਗਾ । ਸਾਚੇ ਸੰਤਾਂ ਅੰਗ ਲਗਾਏਗਾ । ਗੁਰਮੁਖ ਗੁਰ ਗੁਰ ਗੋਦ ਬਹਾਏਗਾ । ਗੁਰਸਿਖ ਧੁਰ ਸੰਜੋਗ ਮਿਲਾਏਗਾ । ਲੇਖਾ ਜਾਣੇ ਮਾਣਸ ਮਨੁੱਖ, ਮਨੁਸ਼ ਆਪਣਾ ਰੰਗ ਚੜ੍ਹਾਏਗਾ । ਸੰਤ ਸੁਹੇਲੇ ਜਨਨੀ ਬਣ ਕੇ ਰੱਖੇ ਕੁੱਖ, ਧੰਨ ਜਣੇਂਦੀ ਬਣ ਕੇ ਮਾਊਂ ਏਕਾ ਸੇਵ ਕਮਾਏਗਾ । ਜਨਮ ਕਰਮ ਦਾ ਮੇਟੇ ਦੁੱਖ, ਕਰਮ ਕਾਂਡ ਨੇੜ ਕੋਇ ਨਾ ਆਏਗਾ । ਆਤਮ ਪਰਮਾਤਮ ਦੇਵੇ ਇਕੋ ਸੁਖ, ਸੁਖ ਸਾਗਰ ਰੂਪ ਜਣਾਏਗਾ । ਕੂੜੀ ਕਿਰਿਆ ਅੰਦਰੋ ਬੂਟਾ ਦੇਵੇ ਪੁਟ, ਸਚ ਸੁੱਚ ਇਕੋ ਰਾਹ ਵਖਾਏਗਾ । ਕਾਮ ਕਰੋਧ ਲੋਭ ਮੋਹ ਹੰਕਾਰ ਗੁਰਮੁਖ ਤੇਰਾ ਘਰ ਲੈਣ ਨਾ ਲੁੱਟ, ਫੜ ਕੇ ਡੰਡਾ ਸ਼ਬਦ ਬਾਹਰ ਕਢਾਏਗਾ । ਤੇਰੇ ਅੰਦਰੋ ਇਕੋ ਆਵਾਜ਼ ਆਵੇ ਸ਼ਬਦ ਨਾਦ ਨਾਮ ਨਿਧਾਨ ਲੈਣਾ ਪੁੱਛ, ਦੂਜਾ ਰਾਗ ਨਾ ਕੋਇ ਅਲਾਏਗਾ । ਬਿਨ ਪੜ੍ਹਿਆਂ ਬਿਨ ਪਾਣੀ ਠਰਿਆਂ ਬਿਨ ਅਗਨੀ ਸੜਿਆਂ ਤੈਨੂੰ ਆਪਣਾ ਆਪ ਜਾਏ ਬੁਝ, ਜਿਸ ਵੇਲੇ ਸਤਿਗੁਰ ਪੂਰਾ ਦਇਆ ਕਮਾਏਗਾ । ਸੁਰਤ ਸਵਾਣੀ ਨਿੱਕੀ ਬਾਲੀ ਨੱਢੀ ਆਏ ਸੁਝ, ਘਰ ਪੜਦਾ ਆਪ ਉਠਾਏਗਾ । ਸਾਚੀ ਸੇਜਾ ਬਹੇ ਕੁੱਦ, ਪਲੰਘ ਰੰਗੀਲਾ ਇਕ ਵਿਛਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਏਗਾ । ਸਾਚੀ ਸਿਖਿਆ ਚਾਰ ਵਰਨ, ਚਾਰੇ ਖਾਣੀ ਚਾਰੇ ਬਾਣੀ ਆਪ ਜਣਾਈਆ । ਨੇਤਰ ਖੋਲ੍ਹੇ ਹਰਨ ਫਰਨ, ਨਿਜ ਨੇਤਰ ਪੜਦਾ

ਲਾਹੀਆ । ਲਹਿਣਾ ਚੁੱਕੇ ਰਸਨਾ ਪੜ੍ਹਨ, ਅਜੱਪਾ ਜਾਪ ਇਕ ਜਪਾਈਆ । ਲੇਖਾ ਚੁੱਕੇ ਜਨਮ ਮਰਨ, ਆਵਣ ਜਾਵਣ ਰਹਿਣ ਨਾ ਪਾਈਆ । ਕਿਰਪਾ ਕਰੇ ਕਰਨੀ ਕਰਨ, ਕਰਤਾ ਪੁਰਖ ਵੱਡੀ ਵਡਿਆਈਆ । ਪੰਜ ਵਿਕਾਰ ਮੂਲ ਨਾ ਲੜਨ, ਸਾਚੀ ਸਿਖਿਆ ਇਕ ਦ੍ਰਿੜਾਈਆ । ਸ਼ਬਦ ਗੁਰੂ ਕੋਲੋਂ ਸਾਰੇ ਡਰਨ, ਸਿਰ ਸਕੇ ਨਾ ਕੋਇ ਉਠਾਈਆ । ਸਰਨ ਸਰਨਾਈ ਨਿਉਂ ਨਿਉਂ ਪੜਨ, ਦੋਏ ਜੋੜ ਵਾਸਤਾ ਪਾਈਆ । ਪ੍ਰਭ ਮਿਲਿਆਂ ਲੇਖਾ ਚੁੱਕੇ ਵਰਨ ਬਰਨ, ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਮਿਲੇ ਸੱਚੀ ਸਰਨ, ਸਰਨਗਤ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖੇ ਆਪ, ਪ੍ਰਭ ਆਪਣਾ ਫੇਰਾ ਪਾਈਆ । ਪੁਰਖ ਅਬਿਨਾਸ਼ੀ ਵਡ ਪਰਤਾਪ, ਚਾਰੋ ਕੁੰਟ ਭੇਵ ਚੁਕਾਈਆ । ਜਨ ਭਗਤਾਂ ਦੇਵੇ ਅਗੰਮੀ ਜਾਪ, ਧੁਨ ਅਨਾਦੀ ਰਾਗ ਸੁਣਾਈਆ । ਲੇਖਾ ਜਾਣੇ ਪੰਜ ਤਤ ਮਾਟੀ ਖ਼ਾਕ, ਬੰਦ ਤਾਕੀ ਖੋਲ੍ਹ ਵਖਾਈਆ । ਅੰਦਰ ਵੜ ਕੇ ਮਾਰੇ ਝਾਤ, ਨੇਤਰ ਨੈਣ ਨੈਣ ਨਾਲ ਮਿਲਾਈਆ । ਸੈਨਤ ਨਾਲ ਗੁਰਮੁਖਾਂ ਜਾਏ ਆਖ, ਇਕੋ ਨਾਮ ਜਪੇ ਪ੍ਰਭ ਸੱਚੇ ਸਚ ਗੋਸਾਈਆ । ਤ੍ਰੈਗੁਣ ਮਾਇਆ ਮਿਟੇ ਤਾਪ, ਤੀਨੇ ਤਾਪ ਦਏ ਮਿਟਾਈਆ । ਕੋਟ ਜਨਮ ਉਤਾਰੇ ਪਾਪ, ਪਤਤ ਪੁਨੀਤ ਆਪ ਕਰਾਈਆ । ਘਰ ਸੱਜਣ ਮਿਲੇ ਆਪ, ਪਤਿਪਰਮੇਸ਼ਵਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਇਕ ਜਣਾਈਆ । ਸਚ ਦੁਆਰਾ ਕਾਇਆ ਮਠ, ਹਰਿ ਮੰਦਰ ਆਪ ਸੁਹਾਇਆ । ਅੰਦਰ ਵੜ ਪੁਰਖ ਸਮਰਥ, ਨਿਰਗੁਣ ਸਾਚਾ ਡੇਰਾ ਲਾਇਆ । ਦੇਵਣਹਾਰਾ ਸਾਚੀ ਵਥ, ਵਸਤ ਅਮੋਲਕ ਨਾਮ ਵਰਤਾਇਆ । ਗੁਰਮੁਖ ਸੱਜਣ ਸੰਤ ਸੁਹੇਲੇ ਭਗਤ ਭਗਵਾਨ ਲਏ ਰੱਖ, ਲੱਖ ਚੁਰਾਸੀ ਵਿਚੋ ਬਾਹਰ ਕਢਾਇਆ । ਤੀਜੀ ਖੋਲ੍ਹੇ ਆਪਣੀ ਅੱਖ, ਦੋਏ ਲੋਚਣ ਬੰਦ ਕਰਾਇਆ । ਸਾਚਾ ਨਾਮ ਜਣਾਏ ਛੰਦ, ਸੋਹੰ ਢੋਲਾ ਰਾਗ ਅਲਾਇਆ । ਜੁਗ ਜਨਮ ਦੀ ਟੁੱਟੀ ਗੰਢ, ਪ੍ਰਭੂ ਆਪਣਾ ਬੰਧਨ ਪਾਇਆ । ਨਾਰ ਦੁਹਾਗਣ ਹੋਏ ਨਾ ਰੰਡ, ਹਰਿ ਕੰਤ ਸੁਹਾਗੀ ਇਕ ਮਿਲਾਇਆ । ਭਰਮ ਭੁਲੇਖਾ ਢਾਹ ਕੰਧ, ਸਾਚਾ ਮੰਦਰ ਇਕ ਰੁਸ਼ਨਾਇਆ । ਸਤਿ ਸੁਆਮੀ ਵੇਖੇ ਅੰਦਰ ਲੰਘ, ਅੰਤਰਜਾਮੀ ਆਪਣਾ ਫੇਰਾ ਪਾਇਆ । ਇਕੋ ਦੇਵੇ ਨਾਮ ਅਨੰਦ, ਅਨੰਦ ਅਨੰਦ ਵਿਚੋ ਪਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਦਾਤਾ ਪੁਰਖ ਬਿਧਾਤਾ ਬਿਧ ਆਪਣੀ ਦਏ ਸਮਝਾਇਆ । ਸਾਚੀ ਬਿਧ ਦੱਸੇ ਭਗਵਾਨ, ਜਨ ਭਗਤਾਂ ਕਰੇ ਜਣਾਈਆ । ਨਿਰਗੁਣ ਨੂਰ ਜੋਤ ਮਹਾਨ, ਸਤਿ ਸਰੂਪ ਦਏ ਵਖਾਈਆ । ਸ਼ਬਦ ਨਾਦ ਸੱਚੀ ਧੁਨਕਾਨ, ਧੁਨ ਆਤਮਕ ਰਾਗ ਸੁਣਾਈਆ । ਅੰਮ੍ਰਿਤ ਬਖ਼ਸ਼ੇ ਪੀਣ ਖਾਣ, ਮੇਘ ਇਕੋ ਵਾਰ ਬਰਸਾਈਆ । ਰਾਤੀਂ ਸੁਤਿਆਂ ਮਿਲੇ ਆਣ, ਦਿਨੇ ਜਾਗਦਿਆਂ ਆਪਣਾ ਰੰਗ ਰੰਗਾਈਆ । ਜੇ ਕੋਈ ਗੁਰਮੁਖ ਕੋਲੋ ਪੁਛੇ ਰਸਨੀ ਦੇ ਸਕੇ ਨਾ ਕੋਈ ਬਿਆਨ, ਹਰਿ ਕਾ ਭੇਵ ਸਮਝਾ ਸਕੇ ਨਾ ਕੋਈ ਰਾਈਆ । ਬਾਹਰੋ ਦੱਸਦੇ ਸਰਬ ਨਿਸ਼ਾਨ, ਰਸਨਾ ਜਿਹਵਾ ਨਾਲ ਰਲਾਈਆ । ਜਿੰਨਾਂ ਚਿਰ ਕਿਰਪਾ ਕਰੇ ਨਾ ਆਪ ਮਿਹਰਵਾਨ, ਮਿਹਰ ਨਜ਼ਰ ਨੈਣ ਉਠਾਈਆ । ਓਨਾਂ ਚਿਰ ਸੰਸਾ ਕਦੇ ਨਾ ਚੁੱਕੇ ਵਿਚ ਜਹਾਨ, ਸਤਿਗੁਰ ਪੂਰਾ ਸਾਖਿਆਤ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਲੋਕਮਾਤ ਧਰਤ ਧਵਲ ਉਤੇ ਔਂਦੇ ਸਰਬ ਮਿਹਮਾਨ, ਆਵਣ ਜਾਵਣ ਫੇਰੀਆਂ ਪਾਈਆ । ਜਿਸ ਜਨ ਸਾਹਿਬ ਸਤਿਗੁਰ

ਸੱਚਾ ਸਾਕ ਸੈਣ ਮਿਲੇ ਆਣ, ਫੜ ਬਾਹੋ ਆਪਣੇ ਘਰ ਲੈ ਜਾਈਆ । ਜਾ ਕੇ ਬਿਠਾਏ ਓਸ ਮਕਾਨ, ਜਿਸ ਮਕਾਨ ਵਿਚੋ ਦਿਤਾ ਘਲਾਈਆ । ਦਰਸ ਦਿਖਾਏ ਇਕੋ ਇਕ ਸਾਹਿਬ ਸੁਲਤਾਨ, ਸਤਿ ਸਰੂਪ ਨਜ਼ਰੀ ਆਈਆ । ਭਗਤ ਭਗਵਾਨ ਵੇਖ ਹੋਏ ਹੈਰਾਨ, ਚਾਰੋ ਕੁੰਟ ਦਹਿ ਦਿਸ਼ਾ ਬਿਨ ਨਿਰਮਲ ਜੋਤ ਦੂਜਾ ਰੂਪ ਕੋਈ ਨਜ਼ਰ ਨਾ ਆਈਆ । ਓਸ ਵੇਲੇ ਭਗਤ ਭਗਵਾਨ ਦੋਵੇਂ ਕਹਿਣ, ਤੂੰ ਮੈਨੂੰ ਮਿਲਿਆ ਆਣ, ਤੂੰ ਮੇਰਾ ਮੈਂ ਤੇਰਾ ਮੈਂ ਤੇਰਾ ਤੂੰ ਮੇਰਾ ਸੋਹੰ ਰੂਪ ਸਮਾਈਆ । ਸਤਿਜੁਗ ਸੱਚੇ ਇਕ ਏਹੋ ਬਣੇ ਵਿਧਾਨ, ਪੁਰਖ ਬਿਧਾਤਾ ਆਪ ਬਣਾਈਆ । ਸ੍ਰਿਸ਼ਟ ਸਬਾਈ ਕਰ ਸ਼ਬਦ ਕੁੜਮਾਈ ਦੇਵੇ ਨਾਮ ਗਿਆਨ, ਆਤਮ ਪਰਮਾਤਮ ਬੂਝ ਬੁਝਾਈਆ । ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਦਾਤਾ ਵਿਸ਼ਨੂੰ ਭਗਵਾਨ, ਗੁਰ ਸ਼ਬਦ ਸ਼ਬਦ ਗੁਰ ਦੋ ਜਹਾਨ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਹੌਲੀ ਹੌਲੀ ਕਰੇ ਆਪਣਾ ਕਾਮ, ਕਿਸੇ ਕੋਲੋ ਸਿਖਿਆ ਲੈਣ ਕਦੀ ਨਾ ਜਾਈਆ ।

### ✪ ੮ ਅੱਸੂ ੨੦੨੦ ਬਿਕਰਮੀ ਰਾਮ ਸਿੰਘ ਦੇ ਗ੍ਰਿਹ ਫਿਰੋਜ਼ਪੁਰ ਛਾਉਣੀ ✪

ਸੋ ਸਾਹਿਬ ਪੁਰਖ ਸੁਲਤਾਨਾ, ਸਤਿ ਸਤਿਵਾਦੀ ਖੇਲ ਕਰਾਇੰਦਾ । ਸਚਖੰਡ ਨਿਵਾਸੀ ਨੌਜਵਾਨਾ, ਬਲ ਆਪਣਾ ਆਪ ਪਰਗਟਾਇੰਦਾ । ਜੋਧਾ ਸੂਰਬੀਰ ਮਰਦ ਮਰਦਾਨਾ, ਨਿਰਵੈਰ ਆਪਣਾ ਭੇਵ ਚੁਕਾਇੰਦਾ । ਵਸਣਹਾਰਾ ਨਿਹਚਲ ਧਾਮ ਸਚ ਮਕਾਨਾ, ਦਰਗਹਿ ਸਾਚੀ ਸੋਭਾ ਪਾਇੰਦਾ । ਜੋਤੀ ਜੋਤ ਨੂਰ ਮਹਾਨਾ, ਆਦਿ ਨਿਰੰਜਣ ਡਗਮਗਾਇੰਦਾ । ਦੇਵਣਹਾਰਾ ਧੁਰ ਫ਼ਰਮਾਨਾ, ਸਚ ਸੰਦੇਸ਼ਾ ਇਕ ਸੁਣਾਇੰਦਾ । ਭੂਪਤ ਭੂਪ ਰਾਜ ਰਾਜਾਨਾ, ਸ਼ਾਹ ਸੁਲਤਾਨਾ ਆਪਣਾ ਹੁਕਮ ਵਰਤਾਇੰਦਾ । ਖੇਲੇ ਖੇਲ ਸ੍ਰੀ ਭਗਵਾਨਾ, ਪੁਰਖ ਅਕਾਲ ਨਜ਼ਰ ਕਿਸੇ ਨਾ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨਾ, ਬੋਧ ਅਗਾਧਾ ਮੰਤਰ ਇਕ ਪੜ੍ਹਾਇੰਦਾ । ਤ੍ਰੈਗੁਣ ਮਾਇਆ ਲੇਖਾ ਜਾਣੇ ਜਾਣੀ ਜਾਣਾ, ਅੰਤਰਜਾਮੀ ਭੇਵ ਚੁਕਾਇੰਦਾ । ਪੰਜ ਤਤ ਵੇਖਣਹਾਰ ਦੁਕਾਨਾ, ਨਵ ਨੌ ਚਾਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸਾਹਿਬ ਸਤਿਗੁਰ, ਆਦਿ ਜੁਗਾਦੀ ਆਪ ਕਰਾਈਆ । ਲੇਖਾ ਜਾਣੇ ਧੁਰਦਰਗਾਹੀ ਧੁਰ, ਪਰਵਰਦਿਗਾਰ ਵੱਡੀ ਵਡਿਆਈਆ । ਸਚ ਦੁਆਰੇ ਨਿਰਗੁਣ ਧਾਰੇ ਨਿਰਵੈਰ ਨਿਰਾਕਰਾ ਨਿਰੰਕਾਰ ਆਪੇ ਜਾਏ ਬੌਹੜ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਹਰਿ ਖੇਲ ਅਗੰਮ, ਅਲੱਖ ਅਗੋਚਰ ਭੇਵ ਕੋਇ ਨਾ ਆਇੰਦਾ । ਸੋ ਪੁਰਖ ਨਿਰੰਜਣ ਕਰੇ ਆਪਣਾ ਕੰਮ, ਹਰਿ ਕਰਤਾ ਕਾਰ ਕਮਾਇੰਦਾ । ਹਰਿ ਪੁਰਖ ਨਿਰੰਜਣ ਸੁੱਤ ਦੁਲਾਰਾ ਏਕਾ ਜੰਮ, ਜਨ ਜਨਨੀ ਰੂਪ ਵਟਾਇੰਦਾ । ਏਕੰਕਾਰਾ ਬੇੜਾ ਬੰਨ੍ਹ, ਖੇਵਟ ਖੇਟਾ ਆਪ ਅਖਵਾਇੰਦਾ । ਆਦਿ ਨਿਰੰਜਣ ਚਾੜ੍ਹੇ ਚੰਨ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਸ੍ਰੀ ਭਗਵਾਨ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਅਬਿਨਾਸ਼ੀ ਕਰਤਾ ਬਣ ਕੇ ਕਾਹਨ, ਰੂਪ ਅਨੂਪ ਆਪ ਪਰਗਟਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਲੇਖਾ ਜਾਣੇ ਸਚ ਦੁਆਰੇ ਗੁਣ ਨਿਧਾਨ, ਗੁਣਵੰਤਾ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੫੩੭
੧੫

ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸਾਹਿਬ ਸੁਆਮੀ, ਏਕੰਕਾਰ ਆਪ ਜਣਾਈਆ । ਇਕ ਇਕੱਲਾ ਅੰਤਰਜਾਮੀ, ਦਰਗਹਿ ਸਾਚੀ ਸੋਭਾ ਪਾਈਆ । ਨਿਰਵੈਰ ਪੁਰਖ ਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਵਡ ਵਡਿਆਈਆ । ਬੋਧ ਅਗਾਧ ਸ਼ਬਦ ਅਨਾਦ ਜਾਣੇ ਜਣਾਏ ਆਪਣੀ ਕਹਾਣੀ, ਧੁਰ ਫ਼ਰਮਾਨਾ ਇਕ ਸੁਣਾਈਆ । ਵੇਖੇ ਵਿਗਸੇ ਦੋ ਜਹਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਵਖਾਈਆ । ਸਾਚਾ ਖੇਲ ਕਰੇ ਕਰਤਾਰ, ਹਰਿ ਕਰਤਾ ਭੇਵ ਚੁਕਾਇੰਦਾ । ਸਚਖੰਡ ਨਿਵਾਸੀ ਹੋ ਤਿਆਰ, ਨਿਰਗੁਣ ਆਪਣਾ ਵੇਸ ਵਟਾਇੰਦਾ । ਜੁਗ ਚੌਕੜੀ ਵੇਖਣਹਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਲੱਖ ਚੁਰਾਸੀ ਖੋਲ੍ਹ ਕਿਵਾੜ, ਘਰ ਘਰ ਗ੍ਰਿਹ ਗ੍ਰਿਹ ਮੰਦਰ ਅੰਦਰ ਫੇਰਾ ਪਾਇੰਦਾ । ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ, ਸਮੁੰਦ ਸਾਗਰ ਖੋਜ ਖੋਜਾਇੰਦਾ । ਲੇਖਾ ਜਾਣ ਸੱਚੀ ਸਰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਜਣਾਇੰਦਾ । ਸਾਚਾ ਖੇਲ ਕਰੇ ਭਗਵਾਨ, ਭਗਵਨ ਹੱਥ ਵੱਡੀ ਵਡਿਆਈਆ । ਜੋਧਾ ਸੂਰਬੀਰ ਬਣ ਬਲਵਾਨ, ਬਲ ਆਪਣਾ ਰਿਹਾ ਜਣਾਈਆ । ਸਚਖੰਡ ਦੁਆਰੇ ਸਾਚੀ ਖੇਲ ਕਰੇ ਮਹਾਨ, ਲੇਖਾ ਲੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਆਪ ਬੰਧਾਈਆ । ਧੁਰ ਦੀ ਧਾਰ ਬੰਨ੍ਹੇ ਭਗਵੰਤ, ਮਿਹਰਵਾਨ ਵਡ ਅਖਵਾਇੰਦਾ । ਆਦਿ ਜੁਗਾਦੀ ਖੇਲ ਅਗਣਤ, ਬੇਅੰਤ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਮਣੀਆ ਮੰਤ, ਮੰਤਰ ਸ਼ਬਦ ਨਾਮ ਸਮਝਾਇੰਦਾ । ਲੱਖ ਚੁਰਾਸੀ ਬਣ ਬਣ ਕੰਤ, ਨਰ ਹਰਿ ਨਰਾਇਣ ਸਾਚੀ ਸੇਜ ਸੁਹਾਇੰਦਾ । ਬੋਧ ਅਗਾਧਾ ਬਣ ਬਣ ਪੰਡਤ, ਧੁਰ ਦੀ ਬਾਣੀ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਵਖਾਇੰਦਾ । ਸਾਚਾ ਲੇਖਾ ਦਏ ਵਖਾਲ, ਪ੍ਰਭ ਦਾਤਾ ਬੇਪਰਵਾਹੀਆ । ਪਰਗਟ ਹੋ ਦੀਨ ਦਿਆਲ, ਦਇਆਨਿਧ ਦਇਆ ਕਮਾਈਆ । ਸਚਖੰਡ ਦੁਆਰਾ ਸਚ ਸੱਚੀ ਧਰਮਸਾਲ, ਦਰਗਹਿ ਸਾਚੀ ਇਕ ਵਖਾਈਆ । ਜੁਗ ਚੌਕੜੀ ਹੁਕਮੇ ਅੰਦਰ ਖੇਲ ਕਰੇ ਕਰਤਾਰ, ਕਰਤਾ ਆਪਣੀ ਕਰਨੀ ਕਾਰ ਕਮਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਸ਼ਬਦੀ ਧਾਰ ਜਣਾਈਆ । ਸਾਚਾ ਕਲਮਾ ਬੋਲ ਜੈਕਾਰ, ਪੀਰ ਪੈਗ਼ੰਬਰ ਦਏ ਵਡਿਆਈਆ । ਨਾਮ ਨਿਧਾਨਾ ਇਕ ਆਧਾਰ, ਭਗਤ ਭਗਵਾਨ ਕਰੇ ਪੜ੍ਹਾਈਆ । ਸਾਚੇ ਸੰਤਾਂ ਦਰਸ ਦੀਦਾਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਗੁਰਮੁਖਾਂ ਖੋਲ੍ਹ ਬੰਦ ਕਿਵਾੜ, ਘਰ ਮੰਦਰ ਦਏ ਵਖਾਈਆ । ਗੁਰਸਿਖਾਂ ਮਸਤਕ ਟਿੱਕਾ ਧੂੜੀ ਲਾਏ ਛਾਰ, ਦੁਰਮਤ ਮੈਲ ਗਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵਾਰੋ ਵਾਰ, ਨਵ ਨੌ ਚਾਰ ਆਪਣਾ ਪੰਧ ਮੁਕਾਈਆ । ਧੁਰ ਸੰਦੇਸ਼ਾ ਦੇ ਵਿਚ ਸੰਸਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰੇ ਪੜ੍ਹਾਈਆ । ਗੀਤਾ ਗਿਆਨ ਕਰ ਪਿਆਰ, ਭਗਤ ਭਗਵਾਨ ਮੀਤਾ ਇਕੋ ਬੂਝ ਬੁਝਾਈਆ । ਹੱਕ ਹਕੀਕਤ ਬੋਲ ਨਾਅਰ, ਲਾਸ਼ਰੀਕ ਕਲਮਾ ਕਾਇਨਾਤ ਸਮਝਾਈਆ । ਬਾਣੀ ਬਾਣ ਨਿਰਾਲਾ ਦੇਵੇ ਮਾਰ, ਗੁਰ ਅਣਿਆਲਾ ਤੀਰ ਚਲਾਈਆ । ਪੰਜ ਤਤ ਕਾਇਆ ਕਰ ਪਿਆਰ, ਵੇਖ ਵਖਾਏ ਥਾਉਂ ਥਾਈਂਆ । ਬ੍ਰਹਮ ਮਤ ਸੱਚੀ ਸਰਕਾਰ, ਸਾਚੀ ਵਿਦਿਆ ਕਰੇ ਪੜ੍ਹਾਈਆ । ਚੌਦਾਂ ਵਿਦਿਆ ਜਗਤ ਵਿਹਾਰ, ਚਾਰੋ ਕੁੰਟ ਨਾਤਾ ਜੋੜ ਜੁੜਾਈਆ । ਚੌਦਾਂ ਲੋਕ ਖੇਲ ਕਰੇ ਕਰਤਾਰ, ਚੌਦਸ ਚੰਦ ਨੂਰ ਰੁਸ਼ਨਾਈਆ । ਚੌਦਾਂ ਤਬਕਾਂ ਦਏ ਦੀਦਾਰ, ਮੁਖ ਨਕ਼ਾਬ ਪੜਦਾ ਆਪ ਉਠਾਈਆ । ਲੇਖਾ ਜਾਣ ਧੁਰ

੫੩੮
੧੫

ਦਰਬਾਰ, ਧੁਰ ਦਾ ਲੇਖਾ ਦਏ ਸਮਝਾਈਆ । ਅਲਖ ਅਗੋਚਰ ਅਗੰਮ ਅਥਾਹ ਬੇਪਰਵਾਹ ਪਰਵਰਦਿਗਾਰ, ਸਾਂਝਾ ਯਾਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸਾ ਨਰ ਨਰੇਸਾ ਏਕੰਕਾਰਾ ਹਰਿ ਕਰਤਾਰਾ ਕਲਜੁਗ ਅੰਤਮ ਵਾਰਾ ਦੋ ਜਹਾਨ ਰਿਹਾ ਸੁਣਾਈਆ । ਦੋ ਜਹਾਨ ਰਹਿਣਾ ਖ਼ਬਰਦਾਰ, ਬੇਖ਼ਬਰ ਖ਼ਬਰ ਜਣਾਇੰਦਾ । ਪੁਰੀ ਲੋਅ ਬ੍ਰਹਿਮੰਡ ਖੰਡ ਪੜਦਾ ਦਏ ਉਤਾਰ, ਭੇਵ ਅਭੇਦਾ ਆਪ ਜਣਾਇੰਦਾ । ਧਰਨੀ ਧਰਤ ਧਵਲ ਪਾਵੇ ਸਾਰ, ਆਕਾਸ਼ ਪਰਕਾਸ਼ ਖੋਜ ਖੋਜਾਇੰਦਾ । ਰਵ ਸਸ ਸੂਰਜ ਚੰਨ ਮੰਡਲ ਮੰਡਪ ਨੇਤਰ ਨੈਣ ਦਏ ਉਘਾੜ, ਸੋਇਆ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗੂੜ੍ਹੀ ਨੀਂਦ ਸੁੱਤੇ ਦਏ ਉਠਾਲ, ਸ਼ਬਦ ਇਸ਼ਾਰੇ ਨਾਲ ਜਗਾਇੰਦਾ । ਜਨ ਭਗਤਾਂ. ਮੇਲ ਮਿਲਾਏ ਨਿਰਗੁਣ ਸਰਗੁਣ ਆਪ ਦਲਾਲ, ਸਚ ਦਲਾਲੀ ਆਪ ਕਮਾਇੰਦਾ । ਸੂਫ਼ੀਆਂ ਦੇਵੇ ਜਲਵਾ ਨੂਰ ਜਲਾਲ, ਸੰਤਾਂ ਸਾਚੀ ਬੂਝ ਬੁਝਾਇੰਦਾ । ਗੁਰਮੁਖਾਂ ਨਾਤਾ ਤੋੜ ਕਾਲ ਮਹਾਕਾਲ, ਮਹਿਬੂਬ ਆਪਣਾ ਦਰਸ ਦਿਖਾਇੰਦਾ । ਗੁਰਸਿਖਾਂ ਚਰਨ ਪ੍ਰੀਤ ਨਿਭਾਏ ਨਾਲ, ਅੱਧਵਿਚਕਾਰ ਨਾ ਕੋਇ ਤੁੜਾਇੰਦਾ । ਚਾਰੇ ਵੇਦ ਕਰਾਏ ਧਿਆਨ, ਚਾਰੋ ਕੁੰਟ ਅੱਖ ਖੁਲ੍ਹਾਇੰਦਾ । ਪੁਰਾਨ ਅਠਾਰਾਂ ਲਏ ਸੰਭਾਲ, ਪੁਰਾਣ ਪਰਾਣੀ ਬੂਝ ਬੁਝਾਇੰਦਾ । ਸ਼ਾਸਤਰ ਛੇ ਵੇਖਣਹਾਰ ਵੇਖੇ ਆਪ ਭਗਵਾਨ, ਸ੍ਰੀ ਭਗਵਾਨ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਇਕ ਵਡਿਆਇੰਦਾ । ਸਚ ਦੁਆਰੇ ਚੜ੍ਹੇ ਸਤਿ ਸਤਿਵਾਦ, ਸਤਿ ਪੁਰਖ ਨਿਰੰਜਣ ਵੱਡੀ ਵਡਿਆਈਆ । ਵੇਖ ਵਖਾਏ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਖੋਜ ਖੋਜਾਈਆ । ਜਿਸ ਰਚਨਾ ਰਚੀ ਆਦਿ, ਸੋ ਅੰਤਮ ਵੇਖੇ ਬੇਪਰਵਾਹੀਆ । ਜਿਸ ਦਾ ਸ਼ਬਦ ਅਗੰਮ ਧੁਨ ਨਾਦ, ਰਾਗ ਰਾਗਨੀ ਢੋਲਾ ਗਾਈਆ । ਜਿਸ ਦਾ ਰੂਪ ਸਦਾ ਵਿਸਮਾਦ, ਬਿਸਮਲ ਆਪਣੀ ਧਾਰ ਜਣਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਸਚ ਸਮਾਜ, ਸਾਚੀ ਸਿਖਿਆ ਇਕ ਦ੍ਰਿੜਾਈਆ । ਜਿਸ ਦਾ ਦੋ ਜਹਾਨ ਕਾਜ, ਪੁਰੀ ਲੋਅ ਬ੍ਰਹਿਮੰਡ ਖੰਡ ਆਪਣਾ ਬੰਧਨ ਪਾਈਆ । ਜਿਸ ਦੀ ਧੁਰ ਦੀ ਇਕੋ ਆਵਾਜ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਜੋ ਘਟ ਘਟ ਅੰਦਰ ਕਰੇ ਨਿਵਾਸ, ਲੱਖ ਚੁਰਾਸੀ ਰਿਹਾ ਸਮਾਈਆ । ਜਿਸ ਦਾ ਨੂਰ ਸਰਬ ਪਰਕਾਸ਼, ਜੀਵ ਜੰਤ ਦੀਪਕ ਦੀਆ ਡਗਮਗਾਈਆ । ਜਿਸ ਦਾ ਲਹਿਣਾ ਦੇਣਾ ਪਵਣ ਸਵਾਸ, ਪਵਣ ਪਵਣਾਂ ਮੇਲ ਮਿਲਾਈਆ । ਜਿਸ ਦਾ ਪੰਜ ਤਤ ਬਣਿਆ ਸਾਥ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਜਿਸ ਦੀ ਤ੍ਰੈਗੁਣ ਮਾਇਆ ਦਾਸ, ਰਜੋ ਤਮੋ ਸਤੋ ਬੈਠੀ ਸੀਸ ਝੁਕਾਈਆ । ਜਿਸ ਦੀ ਵਿਸ਼ਨ ਬ੍ਰਹਮਾ ਸ਼ਿਵ ਰੱਖਦੇ ਆਸ, ਨੇਤਰ ਨੈਣ ਨੈਣ ਉਠਾਈਆ । ਜਿਸ ਦਾ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਵੇਖੇ ਚਾਈਂ ਚਾਈਂਆ । ਜਿਸ ਦਾ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲੇ ਰਾਥ, ਬਣ ਰਥਵਾਹੀ ਸੇਵ ਕਮਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਕਰਦੇ ਗਏ ਪੂਜਾ ਪਾਠ, ਸਿਮਰਨ ਰਾਮ ਨਾਮ ਢੋਲਾ ਗਾਈਆ । ਜਿਸ ਦੀ ਸੇਵਾ ਕਰਨ ਦਿਵਸ ਰਾਤ, ਸੂਰਜ ਚੰਦ ਭੱਜਣ ਵਾਹੋ ਦਾਹੀਆ । ਜਿਸ ਦਾ ਖੇਲ ਦੋ ਜਹਾਨ, ਨਿਰਗੁਣ ਸਰਗੁਣ ਗੋਪੀ ਕਾਹਨ ਰਿਹਾ ਨਚਾਈਆ । ਜਿਸ ਦੀ ਪੀਰ ਪੈਗ਼ੰਬਰ ਪੜ੍ਹਨ ਨਿਮਾਜ਼, ਸਜਦਾ ਪਰਵਰਦਿਗਾਰ ਸੀਸ ਝੁਕਾਈਆ । ਜਿਸ ਦਾ ਦਰਗਹਿ ਸਾਚੀ ਸੱਚਾ ਰਾਜ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਈਆ । ਜਿਸ ਦਾ ਕੋਈ ਨਾ ਜਾਣੇ ਵੱਡਾ ਭਾਗ, ਨਿੱਕਾ ਨਿੱਕਾ ਭਾਗ ਸਭ ਨੂੰ ਰਿਹਾ ਵਖਾਈਆ । ਸੋ ਸਾਹਿਬ ਪੁਰਖ ਸਮਰਾਥ,

੫੩੯
੧੫

ਨਿਰਗੁਣ ਇਕੋ ਇਕ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੇਂਦਾ ਰਿਹਾ ਦਾਤ, ਨਾਮ ਭੰਡਾਰ ਆਪ ਵਰਤਾਈਆ । ਆਤਮ ਮੇਲ ਪਰਮਾਤਮ ਖੇਲ ਦੱਸਦਾ ਰਿਹਾ ਕਰਾਮਾਤ, ਸਾਚੀ ਕਰਨੀ ਆਪ ਜਣਾਈਆ । ਪਰਗਟੌਂਦਾ ਰਿਹਾ ਲੋਕਮਾਤ ਆਪਣੀ ਸ਼ਾਖ਼, ਸ਼ਖ਼ਸੀਅਤ ਵਿਚ ਸਾਖਿਆਤ ਆਪਣਾ ਨੂਰ ਧਰਾਈਆ । ਲੇਖਾ ਲਿਖਦਾ ਰਿਹਾ ਨਾਲ ਕਲਮ ਸ਼ਾਹੀ ਦਵਾਤ, ਕਾਗ਼ਜ਼ ਦੇਵਣਹਾਰ ਵਡਿਆਈਆ । ਭੇਵ ਖੁਲੌਂਦਾ ਰਿਹਾ ਦੱਸ ਕੇ ਆਪ, ਹਾਲਾਤ ਹਾਲਤ ਆਪਣੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਹੁਕਮ ਵਰਤਾਈਆ । ਸੋ ਸਾਹਿਬ ਸਚ ਸੁਲਤਾਨ, ਹਰਿ ਵੱਡਾ ਵੱਡ ਵਡਿਆਈਆ । ਸ਼ਬਦ ਸੁੱਤ ਵਡ ਬਲਵਾਨ, ਪੂਤ ਸਪੂਤਾ ਆਪ ਉਠਾਈਆ । ਵਿਸ਼ਨੂੰ ਵਿਸ਼ਵ ਕਰੇ ਪਰਵਾਨ, ਵਾਸਤਾ ਇਕੋ ਨਾਲ ਰਖਾਈਆ । ਬ੍ਰਹਮਾ ਬ੍ਰਹਮ ਕਰੇ ਪਰਧਾਨ, ਬ੍ਰਹਮ ਵਿਦਿਆ ਇਕ ਪੜ੍ਹਾਈਆ । ਸ਼ੰਕਰ ਹੱਥ ਤ੍ਰਿਸੂਲ ਨਿਸ਼ਾਨ, ਧੂਆਂਧਾਰ ਲਏ ਉਠਾਈਆ । ਬਾਸ਼ਕ ਤਸ਼ਕਾ ਕਰ ਪਹਿਚਾਨ, ਕੰਠ ਮਾਲਾ ਸੋਭਾ ਪਾਈਆ । ਏਕਾ ਜੋਤ ਬਣ ਬਲਵਾਨ, ਸੀਸ ਜਗਦੀਸ ਇਕ ਨਿਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਕਰਨ ਸਲਾਮ, ਨਮੋ ਨਮੋ ਨਮੋ ਆਖ ਸੁਣਾਈਆ । ਤੇਰੇ ਬਰਦੇ ਰਹੇ ਗ਼ੁਲਾਮ, ਚਾਕਰ ਪਾਖ਼ਾਕ ਰੂਪ ਵਟਾਈਆ । ਤੇਰਾ ਮੰਨਦੇ ਰਹੇ ਈਮਾਨ, ਧਰਮ ਦੁਆਰੇ ਤੇਰਾ ਧਰਮ ਕਮਾਈਆ । ਤੇਰਾ ਸੁਣੌਂਦੇ ਰਹੇ ਪੈਗ਼ਾਮ, ਤੇਰੇ ਨਾਮ ਕਰੀ ਸ਼ਨਵਾਈਆ । ਤੇਰਾ ਰੂਪ ਦੱਸਦੇ ਰਹੇ ਸ੍ਰੀ ਭਗਵਾਨ, ਭਗਵਨ ਤੇਰੀ ਸਿਫ਼ਤ ਸਿਫ਼ਤ ਸਾਲਾਹੀਆ । ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਕੇ ਦੇ ਕੇ ਆਏ ਬਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹੱਲ ਕਰੇ ਰੁਸ਼ਨਾਈਆ । ਸਚ ਮਹੱਲ ਰੁਸ਼ਨਾਈ ਰੋਸ਼ਨ ਜ਼ਮੀਰ, ਜ਼ਾਹਰ ਜ਼ਹੂਰ ਖੇਲ ਕਰਾਇੰਦਾ । ਜਿਸ ਦੀ ਨਜ਼ਰ ਨਾ ਆਏ ਕਿਸੇ ਤਸਵੀਰ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸੋ ਦਾਤਾ ਗਹਿਰ ਗੰਭੀਰ, ਗੁਣਵੰਤਾ ਆਪਣੀ ਕਾਰ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਨਹਾਰ ਅੰਤ ਅਖ਼ੀਰ, ਆਖ਼ਰ ਆਪਣਾ ਹੁਕਮ ਵਰਤਾਇੰਦਾ । ਸ਼ਬਦੀ ਡੋਰੀ ਪਾ ਜ਼ੰਜੀਰ, ਲੱਖ ਚੁਰਾਸੀ ਬੰਧਨ ਇਕ ਰਖਾਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਰਾਜ ਰਾਜਾਨਾਂ ਵੇਖ ਵਖਾਇੰਦਾ । ਬਦਲਣਹਾਰ ਸਰਬ ਤਕਦੀਰ, ਤਦਬੀਰ ਆਪਣੀ ਆਪ ਬਣਾਇੰਦਾ । ਕੱਟਣਹਾਰਾ ਕੂੜੀ ਕਿਰਿਆ ਭੀੜ, ਰੋਗ ਸੋਗ ਚਿੰਤਾ ਆਪ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਇਕ ਸੁਹਾਇੰਦਾ । ਸਚ ਦੁਆਰੇ ਸਾਹਿਬ ਸਮਰਥ, ਸ੍ਰੀ ਭਗਵਾਨ ਦਇਆ ਕਮਾਈਆ । ਨਿਰਗੁਣ ਨੂਰ ਜੋਤ ਕਰ ਪਰਗਟ, ਪਰਗਟ ਆਪਣੀ ਖੇਲ ਵਖਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਦੇਵੇ ਆਪਣੇ ਹੱਥ, ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਸਰਨਾਈ ਸਾਰੇ ਆਓ ਨੱਠ, ਦੂਰ ਦੁਰਾਡੇ ਪੰਧ ਮੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬਣ ਵਣਜਾਰੇ ਜੋ ਖੋਲ੍ਹਿਆ ਹੱਟ, ਸੋ ਸਾਹਿਬ ਸਤਿਗੁਰ ਵੇਖਿਆ ਥਾਉਂ ਥਾਈਂਆ । ਨੌ ਖੰਡ ਪ੍ਰਿਥਮੀ ਸਤ ਦੀਪ ਚਾਰ ਕੁੰਟ ਦਹਿ ਦਿਸ਼ਾ ਘਰ ਘਰ ਮਾਇਆ ਰਹੀ ਨੱਚ, ਹਰਿ ਕਾ ਰੂਪ ਨਜ਼ਰ ਕਿਤੇ ਨਾ ਆਈਆ । ਹੱਥ ਨਾ ਆਇਆ ਕੋਈ ਸਚ, ਕੂੜ ਕੁੜਿਆਰਾ ਡੰਕਾ ਰਿਹਾ ਵਜਾਈਆ । ਲੱਖ ਚੁਰਾਸੀ ਵਿਚੋ ਗੁਰਮੁਖ ਵਿਰਲਾ ਰਿਹਾ ਬਚ, ਜਿਸ ਪ੍ਰਭ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ਾ ਇਕ ਅਲਾਈਆ । ਧੁਰ ਸੰਦੇਸ਼ਾ ਸੁਣੋ


੫੪੦ ੧੫

ਕੰਨ, ਸੋ ਸਾਹਿਬ ਆਪ ਜਣਾਇੰਦਾ । ਆਦਿ ਜੁਗਾਦਿ ਜੋ ਬੇੜਾ ਰਿਹਾ ਬੰਨ੍ਹ, ਦੋ ਜਹਾਨਾਂ ਨਿਰਗੁਣ ਸਰਗੁਣ ਆਪ ਚਲਾਇੰਦਾ । ਤਿਸ ਦਾ ਕਹਿਣਾ ਲੈਣਾ ਮੰਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚੋਲਾ ਛੱਡ ਕੇ ਗਏ ਪੰਜ ਤਤ ਤਨ, ਕਾਇਆ ਰੂਪ ਨਜ਼ਰ ਕੋਇ ਨਾ ਆਇੰਦਾ । ਕੂੜਾ ਠੀਕਰ ਗਏ ਭੰਨ, ਠੋਕਰ ਨਾਮ ਇਕ ਲਗਾਇੰਦਾ । ਕਲਜੁਗ ਜੀਵ ਨੇਤਰ ਅੰਨ੍ਹ, ਗਿਆਨ ਨੇਤਰ ਨਾ ਕੋਇ ਖੁਲ੍ਹਾਇੰਦਾ । ਪੰਜ ਚੋਰ ਘਰ ਘਰ ਲਾਉਣ ਸੰਨ੍ਹ, ਸੋਇਆਂ ਅੱਖ ਨਾ ਕੋਇ ਖੁਲ੍ਹਾਇੰਦਾ । ਜਗਤ ਵਿਕਾਰਾ ਦੇਵੇ ਡੰਨ, ਅੱਗੇ ਹੋ ਨਾ ਕੋਇ ਬਚਾਇੰਦਾ । ਫਿਰੀ ਦਰੋਹੀ ਵਾਸਨਾ ਮਨ, ਮਨ ਕਾ ਮਣਕਾ ਨਾ ਕੋਇ ਭਵਾਇੰਦਾ । ਹਰਿ ਕਾ ਨਾਮ ਨਾ ਸੱਚਾ ਧਨ, ਕੂੜੀ ਮਾਇਆ ਭਾਰ ਸਰਬ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਵਰਤਾਇੰਦਾ । ਸਾਚਾ ਹੁਕਮ ਦੇਵੇ ਸੰਦੇਸ਼, ਸੋ ਪੁਰਖ ਨਿਰੰਜਣ ਆਪ ਜਣਾਈਆ । ਸਾਰੇ ਉਠ ਕੇ ਵੇਖੋ ਇਕ ਨਰੇਸ਼, ਨਰ ਨਿਰੰਕਾਰ ਨਜ਼ਰੀ ਆਈਆ । ਦਰ ਖਲੋਤੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਮੈਖਾਸੁਰ ਬੈਠਾ ਸੀਸ ਝੁਕਾਈਆ । ਤੇਈ ਅਵਤਾਰ ਬਦਲ ਕੇ ਭੇਸ, ਭੇਵ ਸਾਚਾ ਗਏ ਜਣਾਈਆ । ਭਗਤ ਅਠਾਰਾਂ ਕਰ ਕਰ ਗਏ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਈਸਾ ਮੂਸਾ ਮੁਹੰਮਦ ਦੱਸ ਕੇ ਗਏ ਭੇਤ, ਪਰਵਰਦਿਗਾਰ ਬੇਪਰਵਾਹੀਆ । ਨਾਨਕ ਗੋਬਿੰਦ ਲਿਖ ਕੇ ਗਿਆ ਲੇਖ, ਧੁਰ ਦਾ ਲੇਖਾ ਇਕ ਸਮਝਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ੍ਰੀ ਭਗਵਾਨ ਨਿਤ ਨਵਿਤ ਮੇਟੇ ਰੇਖ, ਥਿਰ ਰਹਿਣ ਕੋਇ ਨਾ ਪਾਈਆ । ਕਲਜੁਗ ਅੰਤਮ ਪਰਗਟ ਹੋਵੇ , ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਹਰਿ ਨਰੇਸ਼ਾ ਨਿਰਗੁਣ ਧਾਰਾ ਏਕੰਕਾਰਾ ਸ੍ਰਿਸ਼ਟ ਸਬਾਈ ਆਪ ਜਣਾਈਆ । ਸ੍ਰਿਸ਼ਟ ਸਬਾਈ ਜਾਣਾ ਜਾਗ, ਜਗਜੀਵਣ ਦਾਤਾ ਆਪ ਜਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਨ ਵੈਰਾਗ, ਨੇਤਰ ਨੈਣਾਂ ਨੀਰ ਵਹਾਇੰਦਾ । ਦਰੋਹੀ ਖ਼ੁਦਾਏ ਚਾਰੋ ਕੁੰਟ ਦਹਿ ਦਿਸ਼ਾ ਕੂੜੀ ਲੱਗੀ ਆਗ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਜੀਵ ਜੰਤ ਨਾਰ ਦੁਹਾਗਣ ਹਰਿ ਕੰਤ ਨਾ ਮਿਲੇ ਕਿਸੇ ਸੁਹਾਗ, ਸੁਹੰਜਣੀ ਸੇਜ ਡੇਰਾ ਕੋਈ ਨਾ ਲਾਇੰਦਾ । ਕਾਇਆ ਮੰਦਰ ਅੰਦਰ ਦੀਪਕ ਜੋਤ ਜਗੇ ਨਾ ਕਿਸੇ ਚਿਰਾਗ, ਘਰ ਘਰ ਦੀਵਾ ਬਾਤੀ ਜੀਵ ਜਗਤ ਜਹਾਨ ਸਰਬ ਟਿਕਾਇੰਦਾ । ਕੱਖਾਂ ਕੁਲੀ ਲੱਗੇ ਕਿਸੇ ਨਾ ਭਾਗ, ਅਨਮੁਲੀ ਦੌਲਤ ਨਾਮ ਨਾ ਕੋਇ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਕਲਜੁਗ ਅੰਤਮ ਪਾਵੇ ਸਾਰ, ਬੇਅੰਤ ਬੇਪਰਵਾਹੀਆ । ਸਚਖੰਡ ਦੁਆਰਾ ਖੋਲ੍ਹ ਕਿਵਾੜ, ਸਾਚਾ ਮੰਦਰ ਦਏ ਸੁਹਾਈਆ । ਜਨ ਭਗਤਾਂ ਕਰੇ ਇਕ ਪਿਆਰ, ਪ੍ਰੀਤਮ ਸਚ ਪ੍ਰੀਤੀ ਦਏ ਜਣਾਈਆ । ਨੇਤਰ ਲੋਚਣ ਆਪਣੀ ਅੱਖ ਦਏ ਉਘਾੜ, ਪੜਦਾ ਦੂਈ ਦਵੈਤ ਲਾਹੀਆ । ਸੋਈ ਸੁਰਤੀ ਦਏ ਉਠਾਲ, ਸ਼ਬਦ ਹੁਲਾਰਾ ਇਕ ਲਗਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆਲ, ਨਿਝਰ ਝਿਰਨਾ ਇਕ ਝਿਰਾਈਆ । ਠਾਕਰ ਦੁਆਰਾ ਮੰਦਰ ਵਖਾਏ ਸੱਚੀ ਧਰਮਸਾਲ, ਗੁਰਦੁਆਰ ਕਾਇਆ ਅੰਦਰ ਇਕੋ ਨਜ਼ਰੀ ਆਈਆ । ਜਿਸ ਗ੍ਰਿਹ ਵਸੇ ਦੀਨ ਦਿਆਲ, ਪੁਰਖ ਅਬਿਨਾਸ਼ੀ ਡੇਰਾ ਲਾਈਆ । ਦਿਵਸ ਰੈਣ ਦਏ ਜਲਾਲ, ਜਲਵਾ ਜ਼ਾਹਰ ਜ਼ਹੂਰ ਵਖਾਈਆ । ਨਾਤਾ ਤੋੜ ਕਾਲ ਮਹਾਂਕਾਲ, ਮਿਹਰਵਾਨ ਆਪਣੀ ਗੋਦ ਉਠਾਈਆ । ਸਾਚਾ ਮਾਰਗ ਦਏ ਸਿਖਾਲ, ਸਿਖਿਆ

ਇਕੋ ਇਕ ਸਮਝਾਈਆ । ਲੇਖਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲੇਖਾ ਆਪ ਜਣਾਈਆ । ਸਾਚਾ ਲੇਖਾ ਜਾਣੇ ਭਗਵਾਨ, ਲਿਖਤ ਵਿਚ ਕਦੇ ਨਾ ਆਇੰਦਾ । ਕਲਜੁਗ ਅੰਤ ਹੋ ਪਰਧਾਨ, ਨਾਮ ਪਰਧਾਨਗੀ ਇਕ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਹੋਣ ਹੈਰਾਨ, ਹਰਿ ਕਾ ਖੇਲ ਸਮਝ ਕੋਇ ਨਾ ਪਾਇੰਦਾ । ਜੁਗ ਚੌਕੜੀ ਦੇਂਦੇ ਆਏ ਗਿਆਨ, ਕੋਟਨ ਕੋਟ ਨਾਮ ਸਿਫ਼ਤ ਸਾਲਾਹਿੰਦਾ । ਦੀਨ ਮਜ਼੍ਹਬ ਖੋਲ੍ਹ ਕੇ ਆਏ ਦੁਕਾਨ, ਜਗਤ ਵਣਜਾਰਾ ਹਟ ਚਲਾਇੰਦਾ । ਝਗੜਾ ਪਾਏ ਦੀਨ ਇਸਲਾਮ, ਇਸਮ ਆਅਜ਼ਮ ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਕਲਮਾ ਨਬੀ ਰਸੂਲ ਕਰ ਕੇ ਆਏ ਕਲਾਮ, ਰਸਨਾ ਜਿਹਵਾ ਨਾਅਰਾ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਲੇਖਾ ਵੇਖ ਵਖਾਇੰਦਾ । ਅੰਤਮ ਲੇਖਾ ਵੇਖੇ ਆਪ, ਪ੍ਰਭ ਵੱਡਾ ਵਡ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦਾ ਕਰਦੇ ਜਾਪ, ਦਿਵਸ ਰੈਣ ਧਿਆਨ ਲਗਾਈਆ । ਸ਼ਾਸਤਰ ਸਿਮਰਤ ਜਿਸ ਦਾ ਕਰਦੇ ਪਾਠ, ਵੇਦ ਪੁਰਾਨ ਜਿਸ ਦਾ ਢੋਲਾ ਗਾਈਆ । ਅੰਜੀਲ ਕੁਰਾਨ ਜਿਸ ਦਾ ਮੰਗਣ ਸਾਥ, ਤੀਸ ਬਤੀਸ ਪਏ ਸਰਨਾਈਆ । ਨਾਨਕ ਗੋਬਿਦ ਜਿਸ ਦੀ ਪਾਈ ਰਾਸ, ਭੇਵ ਅਭੇਦਾ ਮਾਤ ਖੁਲ੍ਹਾਈਆ । ਸੋ ਸਾਹਿਬ ਪੁਰਖ ਸਮਰਾਥ, ਲਿਖਣ ਪੜ੍ਹਨ ਵਿਚ ਕਦੇ ਨਾ ਆਈਆ । ਜਿਸ ਦਾ ਖੇਲ ਕੋਈ ਨਾ ਸਮਝੇ ਕੋਟਨ ਕੋਟ ਆਕਾਸ਼ਾਂ ਆਕਾਸ਼, ਮੰਡਲ ਮੰਡਪ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਨਿਰੰਕਾਰ ਕਲਾ ਧਾਰ ਆਪਣਾ ਨੂਰ ਕਰੇ ਰੁਸ਼ਨਾਈਆ । ਆਪਣਾ ਨੂਰ ਕਰੇ ਰੁਸ਼ਨਾ, ਬੇਪਰਵਾਹ ਖੇਲ ਖਿਲਾਈਆ । ਪਰਵਰਦਿਗਾਰ ਵੇਸ ਵਟਾ, ਸਚ ਅਮਾਮ ਫੇਰਾ ਪਾਈਆ । ਪੀਰ ਪੈਗ਼ੰਬਰ ਚਾਰ ਯਾਰੀ ਵੇਖੇ ਥਾਉਂ ਥਾਂ, ਕਾਇਨਾਤ ਖੋਜ ਖੋਜਾਈਆ । ਨਿਰਗੁਣ ਨਿਰਗੁਣ ਨਾਲੋ ਹੋਇਆ ਜੁਦਾ, ਸਰਗੁਣ ਅੰਦਰ ਬੈਠਾ ਮੁਖ ਛੁਪਾਈਆ । ਸਚ ਇਸ਼ਾਰੇ ਨਾਲ ਲਏ ਹਿਲਾ, ਤਾਰ ਸਿਤਾਰ ਆਪ ਹਿਲਾਈਆ । ਮਹੱਲ ਅਟੱਲ ਦਏ ਵਸਾ, ਘਰ ਮਹਿਫ਼ਲ ਇਕ ਵਖਾਈਆ । ਊਚੀ ਬੋਲ ਦਏ ਜਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਸ ਵਟਾਈਆ । ਕਲਜੁਗ ਅੰਤਮ ਵੇਸ ਨਿਰੰਕਾਰ, ਜੋਤੀ ਜਾਮਾ ਰੂਪ ਰੰਗ ਨਾ ਕੋਇ ਰਖਾਈਆ । ਨਿਰਗੁਣ ਸਰਗੁਣ ਪਾਵੇ ਸਾਰ, ਲੱਖ ਚੁਰਾਸੀ ਖੋਜ ਖੋਜਾਈਆ । ਨਵ ਨੌਂ ਵੇਖੇ ਵੇਖਣਹਾਰ, ਭੱਜਾ ਫਿਰੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕੋ ਇਕ ਦ੍ਰਿੜਾਈਆ । ਸਚ ਸੁਨੇਹੜਾ ਦੇਵੇ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਕਲਜੁਗ ਲੇਖਾ ਚੁੱਕੇ ਜੀਵ ਜੰਤ, ਪਾਂਧੀ ਆਪਣਾ ਪੰਧ ਮੁਕਾਈਆ । ਸਤਿਜੁਗ ਸਾਚਾ ਬਣਾਏ ਬਣਤ, ਸਾਚੀ ਸਿਖਿਆ ਇਕ ਸਮਝਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਈਆ । ਚਾਰ ਵਰਨ ਬਣਾਏ ਸੰਗਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਮੇਲ ਮਿਲਾਈਆ । ਸਰਬ ਜੀਆਂ ਪ੍ਰਭ ਇਕੋ ਬਣ ਪੰਡਤ, ਬ੍ਰਹਮ ਵਿਦਿਆ ਦਏ ਸਮਝਾਈਆ । ਵੇਖ ਵਖਾਏ ਜੇਰਜ ਅੰਡਜ, ਉਤਭੁਜ ਸੇਤਜ ਫੋਲ ਫੋਲਾਈਆ । ਨਾਮ ਅਗੰਮੀ ਚਾੜ੍ਹੇ ਰੰਗਤ, ਰੰਗ ਰੰਗੀਲਾ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਹਿਬਰ ਇਕੋ ਨਜ਼ਰੀ ਆਈਆ । ਸਾਚਾ ਰਹਿਬਰ ਬਣੇ ਪਰਵਰਦਿਗਾਰ,

ਬੇਵਫ਼ਾਈ ਰੂਪ ਨਾ ਕੋਇ ਵਖਾਇੰਦਾ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਦਰ ਦਰ ਘਰ ਘਰ ਨਰ ਹਰਿ ਆਪਣਾ ਮੇਲ ਮਿਲਾਇੰਦਾ । ਪਰਦਾ ਖੋਲ੍ਹ ਬੰਦ ਕਿਵਾੜ, ਬਜਰ ਕਪਾਟੀ ਕੁੰਡਾ ਲਾਹਿੰਦਾ । ਸਾਚਾ ਮੰਦਰ ਦਏ ਵਖਾਲ, ਸ਼ਿਵਦਵਾਲਾ ਮੱਠ ਮੰਦਰ ਮਸਜਿਦ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਮਾਰਗ ਆਪ ਲਗਾਇੰਦਾ । ਸਤਿਜੁਗ ਮਾਰਗ ਲਾਏ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਕਲਜੁਗ ਅਗਨੀ ਮੇਟੇ ਅੱਗ, ਤੱਤੀ ਵਾ ਰਹਿਣ ਨਾ ਪਾਈਆ । ਕੂੜੀ ਕਿਰਿਆ ਭਾਂਡਾ ਜਾਏ ਭੱਜ, ਸ਼ੌਹ ਦਰਿਆਏ ਦਏ ਰੁੜ੍ਹਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਪੜਦਾ ਲਏ ਕੱਜ, ਹੰਕਾਰੀਆਂ ਗੜ੍ਹ ਦਏ ਤੁੜਾਈਆ । ਭਗਤ ਭਗਵਾਨ ਮੇਲੇ ਭੱਜ ਭੱਜ, ਕਾਇਆ ਮੰਦਰ ਅੰਦਰ ਵੇਖ ਵਖਾਈਆ । ਸਾਚੀ ਸੇਜਾ ਬਹੇ ਸਜ, ਸੁਹੰਜਣੀ ਰੁੱਤ ਆਪ ਮਹਿਕਾਈਆ । ਦਰਸ ਦਿਖਾਏ ਰੱਜ ਰੱਜ, ਪੜਦਾ ਉਹਲਾ ਨਜ਼ਰ ਕੋਇ ਨਾ ਆਈਆ । ਉਚੀ ਕੂਕ ਬੋਲੇ ਗੱਜ, ਨਾਅਰਾ ਇਕੋ ਇਕ ਸੁਣਾਈਆ । ਆਤਮ ਪਰਮਾਤਮ ਮੇਲਾ ਸਚ, ਕਾਇਆ ਕਚ ਭਾਗ ਲਗਾਈਆ । ਲੂੰ ਲੂੰ ਅੰਦਰ ਜਾਏ ਰਚ, ਸਾਢੇ ਤਿੰਨ ਕਰੋੜ ਵੱਜੇ ਵਧਾਈਆ । ਅੰਮ੍ਰਿਤ ਝਿਰਨਾ ਦੇਵੇ ਰਸ, ਰਸਕ ਬੂੰਦ ਇਕ ਟਪਕਾਈਆ । ਪ੍ਰੇਮ ਪ੍ਰੀਤੀ ਅੰਦਰ ਹੋ ਕੇ ਵਸ, ਜਨ ਭਗਤਾਂ ਸੇਵਾ ਆਪ ਕਮਾਈਆ । ਸਾਚਾ ਨੂਰ ਕਰ ਪਰਕਾਸ਼, ਅੰਧ ਅੰਧੇਰ ਦਏ ਗਵਾਈਆ । ਆਪਣਾ ਘਰ ਵਖਾਏ ਖ਼ਾਸ, ਖ਼ਾਹਸ਼ ਗੁਰਮੁਖਾਂ ਪੂਰ ਕਰਾਈਆ । ਜੁਗ ਜਨਮ ਜੋ ਰੱਖ ਕੇ ਬੈਠੇ ਆਸ, ਤਿਨ੍ਹਾਂ ਆਪਣਾ ਰੰਗ ਰੰਗਾਈਆ । ਭਗਤ ਭਗਵਾਨ ਦੋਵੇਂ ਕਦੀ ਨਾ ਹੋਣ ਨਿਰਾਸ, ਵਿਛੋੜਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚੇ ਭਗਤੀ ਮਾਰਗ ਇਕ ਲਗਾਈਆ । ਸਤਿਜੁਗ ਸਾਚੇ ਤੇਰਾ ਮਾਰਗ ਭਗਤ, ਸ੍ਰੀ ਭਗਵਾਨ ਆਪ ਜਣਾਈਆ । ਮਿਲੇ ਵਡਿਆਈ ਵਿਚ ਜਗਤ, ਜਾਗਰਤ ਜੋਤ ਹੋਏ ਰੁਸ਼ਨਾਈਆ । ਨਿਰਵੈਰ ਪੁਰਖ ਨਿਰਗੁਣ ਧਾਰ ਪੁਰਖ ਅਕਾਲ ਆਇਆ ਪਰਤ, ਜਿਸ ਦਾ ਪਿਤਾ ਨਾ ਕੋਇ ਮਾਈਆ । ਵੇਦ ਵਿਆਸ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਲਾ ਕੇ ਗਏ ਸ਼ਰਤ, ਧੁਰ ਸੰਦੇਸ਼ਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵਾਨ ਹੋਵੇ ਪਰਗਟ, ਜੋਤੀ ਜੋਤ ਜੋਤ ਰੁਸ਼ਨਾਈਆ । ਨਾਮ ਭੰਡਾਰਾ ਖੋਲ੍ਹੇ ਹੱਟ, ਦੋ ਜਹਾਨ ਦਏ ਵਰਤਾਈਆ । ਚਾਰ ਵਰਨਾਂ ਦੇਵੇ ਇਕੋ ਮੱਤ, ਊਚ ਨੀਚ ਨਜ਼ਰ ਕੋਇ ਨਾ ਆਈਆ । ਵੇਖਣਹਾਰਾ ਘਟ ਘਟ, ਲੱਖ ਚੁਰਾਸੀ ਖੋਜ ਖੋਜਾਈਆ । ਨਾੜ ਬਹੱਤਰ ਨਾ ਉਬਲੇ ਰਤ, ਜਿਸ ਆਪਣਾ ਅੰਮ੍ਰਿਤ ਜਾਮ ਪਿਆਈਆ । ਕਾਇਆ ਖੇੜਾ ਨਾ ਹੋਵੇ ਭੱਠ, ਭਠ ਖੇੜਾ ਖੇੜਿਆਂ ਆਪ ਵਸਾਈਆ । ਅੰਤਰ ਮੇਲਾ ਨੱਠ ਨੱਠ, ਦੂਰ ਦੁਰਾਡਾ ਪੰਧ ਮੁਕਾਈਆ । ਜੋਤ ਜਗਾਏ ਲਟ ਲਟ, ਜਗਤ ਦੀਵਾਲੀ ਨੈਣ ਸ਼ਰਮਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਆਪਣੇ ਹੱਥ ਰੱਖੇ ਵਡਿਆਈਆ । ਜਨ ਭਗਤਾਂ ਜੁਗ ਜੁਗ ਕਰਦਾ ਪੱਖ, ਸਦਾ ਸੁਹੇਲਾ ਸੱਚਾ ਮਾਹੀਆ । ਅੰਦਰ ਵੇਖਣ ਦੀ ਖੋਲ੍ਹੇ ਅੱਖ, ਦੋਏ ਲੋਚਣ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਸਤਿਜੁਗ ਤੇਰਾ ਸੱਜਣ ਸੰਤ, ਸਤਿ ਸਤਿਵਾਦੀ ਆਪ ਬਣਾਇੰਦਾ । ਜਿਸ ਦੀ ਮਹਿੰਮਾ ਸਦਾ ਅਗਣਤ, ਲੇਖਾ ਲਿਖਤ ਵਿਚ ਨਾ ਆਇੰਦਾ । ਜਿਸ ਦਾ ਆਦਿ ਜੁਗਾਦੀ ਇਕੋ ਕੰਤ, ਬਣ ਨਾਰੀ ਸੇਵ ਕਮਾਇੰਦਾ । ਜਿਸ ਦਾ ਜੁਗ ਚੌਕੜੀ ਸਾਚਾ ਮੰਤ, ਮੰਤਰ ਸੱਚਾ ਨਾਮ ਆਪ ਦ੍ਰਿੜ੍ਹਾਇੰਦਾ । ਜਿਸ ਦਾ ਨਿਤ ਨਵਿਤ ਇਕੋ ਰੰਗ ਬਸੰਤ, ਦੂਜਾ

ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਖੇਲ ਕਰਾਇੰਦਾ । ਨਰ ਹਰਿ ਖੇਲ ਕਰੇ ਵੱਡ ਖ਼ਾਲਕ, ਖ਼ਲਕ ਖ਼ੁਦਾਈ ਦਏ ਜਣਾਈਆ । ਪੁਰਖ ਅਬਿਨਾਸ਼ੀ ਬਣ ਕੇ ਆਵੇ ਸਾਲਸ, ਦੋ ਜਹਾਨਾਂ ਵੇਖ ਵਖਾਈਆ । ਲੱਖ ਚੁਰਾਸੀ ਵਿਚੋ ਭਗਤ ਭਗਵਾਨ ਕੱਢੇ ਖ਼ਾਲਸ, ਖ਼ਾਲਸ ਆਪਣਾ ਰੂਪ ਸਮਝਾਈਆ । ਕੂੜੀ ਕਿਰਿਆ ਰਹਿਣ ਨਾ ਦੇਵੇ ਨਿੰਦਰਾ ਆਲਸ, ਮਾਇਆ ਮਮਤਾ ਮੋਹ ਨਾ ਕੋਇ ਵਧਾਈਆ । ਜੂਠ ਝੂਠ ਰਹੇ ਨਾ ਲਾਲਚ, ਸਾਂਤਕ ਸਤਿ ਦਏ ਵਰਤਾਈਆ । ਗੁਰਮੁਖ ਗੁਰਸਿਖ ਵੇਖੇ ਨਿੱਕੇ ਨੱਢੇ ਬਾਲਕ, ਬਾਲੀ ਬੁੱਧ ਦਏ ਸਮਝਾਈਆ । ਦਿਵਸ ਰੈਣ ਰੈਣ ਦਿਵਸ ਘੜੀ ਪਲ ਰਹੇ ਪ੍ਰਿਤਪਾਲਕ, ਬਣ ਸੇਵਕ ਸੇਵ ਕਮਾਈਆ । ਸਾਚੀ ਕਰੇ ਇਕ ਅਦਾਲਤ, ਹੁਕਮ ਸਾਚਾ ਇਕ ਸੁਣਾਈਆ । ਜਿਸ ਦੀ ਕੋਈ ਨਾ ਕਰੇ ਦੋ ਜਹਾਨ ਮੁਖ਼ਾਲਫ਼ਤ, ਮੁਖ਼ਬਰ ਨਜ਼ਰ ਕੋਇ ਨਾ ਆਈਆ । ਅਵਤਾਰ ਗੁਰ ਪੀਰ ਪੈਗ਼ੰਬਰ ਸਾਰੇ ਕਰਨ ਸਫ਼ਾਰਸ਼, ਨਿਉਂ ਨਿਉਂ ਸੀਸ ਜਗਦੀਸ ਝੁਕਾਈਆ । ਤੇਰਾ ਕਰਦੇ ਆਏ ਤੁਆਰਫ਼, ਤਰਫ਼ ਚਾਰ ਕੁੰਟ ਜਣਾਈਆ । ਤੇਰੀ ਲਿਖ ਕੇ ਆਏ ਇਬਾਰਤ, ਕਲਮ ਦਵਾਤ ਕਾਗ਼ਜ਼ ਸ਼ਾਹੀਆ । ਤੇਰਾ ਹੁਕਮ ਸੁਣਾਇਆ ਤੇਰੀ ਮਾਰਫ਼ਤ, ਮਹਿਬੂਬ ਤੇਰੀ ਇਕ ਸਰਨਾਈਆ । ਕਲਜੁਗ ਦਿਸੇ ਨਾ ਕੋਈ ਆਰਫ਼, ਉਲਮਾ ਕਰੇ ਨਾ ਕੋਇ ਪੜ੍ਹਾਈਆ । ਨੌ ਖੰਡ ਪ੍ਰਿਥਮੀ ਕਲਜੁਗ ਅੰਤ ਭਾਗ ਲੱਗੇ ਵਿਚ ਭਾਰਤ, ਭਾਂਡਾ ਭਰਮ ਸਰਬ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਿਰਗੁਣ ਦਾਤਾ ਅਗੰਮ ਅਥਾਹ, ਅਲੱਖ ਅਗੋਚਰ ਇਕ ਅਖਵਾਇੰਦਾ । ਅੰਤਮ ਵੇਲਾ ਗਿਆ ਆ, ਵੇਲਾ ਵਕਤ ਵਾਰ ਥਿਤ ਘੜੀ ਪਲ ਸਮਝ ਕੋਇ ਨਾ ਪਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪੜ੍ਹ ਪੜ੍ਹ ਰਹੇ ਸੁਣਾ, ਅੰਦਰ ਵੜ ਕੇ ਮੇਲ ਨਾ ਕੋਇ ਮਿਲਾਇੰਦਾ । ਵਾਕ ਭਵਿਖਤ ਗੁਰ ਕੀ ਲਿਖਤ ਸਕੇ ਨਾ ਕੋਇ ਜਣਾ, ਭੇਵ ਅਭੇਦ ਖੋਲ੍ਹ ਨਾ ਕੋਇ ਵਖਾਇੰਦਾ । ਕੋਈ ਕਹੇ ਬ੍ਰਾਹਮਣ ਗੌੜਾ ਉਚੇ ਟਿੱਲੇ ਪਰਬਤ ਜਾਣਾ ਆ, ਪੂਤ ਸਪੂਤਾ ਰੂਪ ਵਟਾਇੰਦਾ । ਕੋਈ ਕਹੇ ਈਸਾ ਕਹਿ ਕੇ ਗਿਆ ਮੇਰਾ ਆਏ ਖ਼ੁਦਾ, ਮੇਰੇ ਪਿਛੇ ਪਿਛੇ ਫੇਰਾ ਪਾਇੰਦਾ । ਕੋਈ ਕਹੇ ਮੁਹੰਮਦ ਗਿਆ ਗਾ, ਵਡ ਅਮਾਮ ਮੈਂਹਦੀ ਵੇਸ ਵਟਾਇੰਦਾ । ਕੋਈ ਕਹੇ ਨਾਨਕ ਗਿਆ ਲਿਖਾ, ਕਲ ਕਲਕੀ ਫੇਰਾ ਪਾਇੰਦਾ । ਕੋਈ ਕਹੇ ਗੁਰੂ ਗ੍ਰੰਥ ਬਣੇ ਗਵਾਹ, ਸ਼ਾਸਤਰ ਸਿਮਰਤ ਵੇਦ ਪੁਰਾਨ ਨਾਲ ਰਲਾਇੰਦਾ । ਸ੍ਰੀ ਭਗਵਾਨ ਕਹੇ ਮੇਰਾ ਭੇਵ ਸਕੇ ਕੋਈ ਨਾ ਪਾ, ਆਦਿ ਅੰਤ ਨਜ਼ਰ ਕਿਸੇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਿੱਕਾ ਜਿਹਾ ਇਸ਼ਾਰਾ ਗਏ ਲਗਾ, ਆਸ਼ਕ ਹੋ ਮਾਸ਼ੂਕ ਰਾਹ ਨੇਤਰ ਨੈਣ ਨੈਣ ਤਕਾਇੰਦਾ । ਆਪਣੀ ਖੇਲ ਕਰੇ ਪੁਰਖ ਅਗੰਮ ਨੂਰ ਖ਼ੁਦਾ, ਖ਼ੁਦੀ ਸਭ ਦੀ ਮੇਟ ਮਿਟਾਇੰਦਾ । ਚਾਰ ਵਰਨ ਨਵ ਖੰਡ ਆਤਮ ਪਰਮਾਤਮ ਰਾਹ ਦੱਸੇ ਇਕ ਸਿੱਧਾ, ਸਿਧਾਂਤ ਇਕੋ ਇਕ ਜਣਾਇੰਦਾ । ਪ੍ਰਭ ਮਿਲਣ ਦੀ ਨਿਕੀ ਜਿਹੀ ਬਿਧਾ, ਪੜਦਾ ਵਿਚੋ ਦਵੈਤ ਚੁਕਾਇੰਦਾ । ਸੁਰਤੀ ਸ਼ਬਦੀ ਮਿਲ ਕੇ ਖ਼ੁਸ਼ੀ ਮਨਾਵਣ ਪਾਵਣ ਗਿੱਧਾ, ਢੋਲਕ ਛੈਣਾ ਤਾਲ ਨਾ ਕੋਇ ਵਜਾਇੰਦਾ । ਸਚ ਪ੍ਰੀਤੀ ਅੰਦਰ ਸ੍ਰੀ ਭਗਵਾਨ ਭਿੱਜਾ, ਭਗਤਾਂ ਇਕੋ ਭੇਵ ਖੁਲਾਇੰਦਾ । ਲੋਕਮਾਤ ਤੁਹਾਡੇ ਪਿਛੇ ਆਵੇ ਭੱਜਾ, ਸ਼ਰਮ ਹੱਯਾ ਨਾ ਕੋਇ ਰਖਾਇੰਦਾ । ਲਾਹ ਕੇ ਜਾਏ ਲੋਕ ਲੱਜਾ, ਲਾਅਨਤ ਤਬਕ ਗਲ ਨਜ਼ਰ ਨਾ ਆਇੰਦਾ । ਜਿਸ ਦੁਆਰੇ ਸਾਹਿਬ ਸਤਿਗੁਰ ਆ ਕੇ ਸਜਾ,

ਸੋ ਸੱਜਣ ਗੁਰਮੁਖ ਹਰਿ ਕੇ ਰੰਗ ਸਮਾਇੰਦਾ । ਪੁਰਖ ਪੁਰਖੋਤਮ ਅੰਤਮ ਪੜਦਾ ਕੱਜਾ, ਮਿਹਰਵਾਨ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਸਾਚੀ ਧਾਰ, ਲੇਖਾ ਲਿਖੇ ਆਪ ਨਿਰੰਕਾਰ, ਲੋਕਮਾਤ ਤੇਰਾ ਰਾਹ ਵਖਾਇੰਦਾ । ਲੋਕਮਾਤ ਤੇਰਾ ਰਾਹ, ਸੋ ਸਤਿਗੁਰ ਆਪ ਜਣਾਈਆ । ਸ਼ਬਦ ਗੁਰੂ ਸੁਆਮੀ ਬਣ ਮਲਾਹ, ਬੇੜਾ ਸਾਚਾ ਸਚ ਚਲਾਈਆ । ਲੇਖਾ ਜਾਣੇ ਅੰਤਰਜਾਮੀ ਥਾਂ ਥਾਂ, ਘਟ ਘਟ ਵੇਖੇ ਚਾਈਂ ਚਾਈਂਆ । ਜੋ ਜਨ ਹਰਿ ਹਰਿ ਜਪਦੇ ਨਾਂ, ਤਿਨ੍ਹਾਂ ਸਾਚੇ ਬੇੜੇ ਲਏ ਚੜ੍ਹਾਈਆ । ਜੋ ਮਨਮੁਖ ਜੀਵ ਹੰਸ ਹੋਏ ਕਾਂ, ਕਾਗ ਵਾਂਗ ਰਹੇ ਕੁਰਲਾਈਆ । ਤਿਨ੍ਹਾਂ ਏਥੇ ਓਥੇ ਮਿਲੇ ਕੋਈ ਨਾ ਥਾਂ, ਗੁਰ ਅਵਤਾਰ ਪੀਰ ਪੈਗ਼ੰਬਰ ਦਿਸੇ ਨਾ ਕੋਇ ਸਹਾਈਆ । ਅੰਤਮ ਨਾਤਾ ਤੁਟੇ ਪਿਤਾ ਮਾਂ, ਭਾਈ ਭੈਣ ਸਾਕ ਸੱਜਣ ਸੈਣ ਨਾਰ ਕੰਤ ਸੰਗ ਕੋਇ ਨਾ ਜਾਈਆ । ਬਿਨ ਸਤਿਗੁਰ ਪੂਰੇ ਪਕੜੇ ਕੋਈ ਨਾ ਬਾਂਹ, ਮੰਝਧਾਰ ਪਾਰ ਨਾ ਕੋਇ ਕਰਾਈਆ । ਰਾਏ ਧਰਮ ਕੋਲੋ ਸਕੇ ਨਾ ਕੋਇ ਛੁਡਾ, ਕੁੰਭੀ ਨਰਕ ਲੇਖ ਨਾ ਕੋਇ ਮੁਕਾਈਆ । ਚਿਤਰ ਗੁਪਤ ਲਹਿਣਾ ਸਕੇ ਨਾ ਕੋਇ ਮੁਕਾ, ਲਿਖਿਆ ਲੇਖ ਨਾ ਕੋਇ ਮਿਟਾਈਆ । ਲਾੜੀ ਮੌਤ ਕੋਲੋ ਸਕੇ ਨਾ ਕੋਈ ਛੁਡਾ, ਅੱਗੇ ਹੋ ਨਾ ਕੋਇ ਬਚਾਈਆ । ਕਾਲ ਸਭ ਨੂੰ ਜਾਏ ਚਬਾ, ਦਾੜ੍ਹਾਂ ਆਪਣੀਆਂ ਹੇਠ ਰਖਾਈਆ । ਮਹਾਂਕਾਲ ਰੋਵੇ ਮਾਰੇ ਧਾਹ, ਉਚੀ ਕੂਕ ਕੂਕ ਸੁਣਾਈਆ । ਲੱਖ ਚੁਰਾਸੀ ਜੀਵ ਜੰਤ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਇਕੋ ਲਓ ਮਨਾ, ਜਿਸ ਮਿਲਿਆਂ ਦੁੱਖ ਕੋਇ ਰਹਿਣ ਨਾ ਪਾਈਆ । ਕੋਟ ਜਨਮ ਦੇ ਬਖ਼ਸ਼ਣਹਾਰ ਗੁਨਾਹ, ਪਤਤ ਪਾਪੀ ਲਏ ਤਰਾਈਆ । ਡੁੱਬਦੇ ਪਾਥਰ ਪਾਰ ਦਏ ਕਰਾ, ਪਾਹਨ ਆਪਣਾ ਚਰਨ ਛੁਹਾਈਆ । ਤਿਸ ਦੀ ਮੰਨੋ ਸਦਾ ਰਜ਼ਾ, ਸੋ ਰਹੀਮ ਰਹਿਮਾਨ ਰਹਿਮਤ ਦਏ ਕਮਾਈਆ । ਸਾਚਾ ਰਾਮ ਨਜ਼ਰੀ ਜਾਵੇ ਆ, ਕਾਹਨਾ ਇਕੋ ਬੰਸਰੀ ਨਾਮ ਸੁਣਾਈਆ । ਮੋਰ ਮੁਕਟ ਸੀਸ ਜਗਦੀਸ ਲਏ ਟਿਕਾ, ਕਵਲ ਨੈਣ ਨੈਣ ਮਟਕਾਈਆ । ਸੁਰਤੀ ਸ਼ਬਦੀ ਮੇਲਾ ਲਏ ਮਿਲਾ, ਜੋੜੀ ਜੋੜੇ ਏਕਾ ਥਾਈਂਆ । ਪਾਰਬ੍ਰਹਮ ਬ੍ਰਹਮ ਲਹਿਣਾ ਦੇਣਾ ਦਏ ਚੁਕਾ, ਬਾਕੀ ਰਹਿਣ ਕਿਛ ਨਾ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਇਕ ਦੂਜੇ ਵਿਚ ਜਾਏ ਸਮਾ, ਜੋਤੀ ਜੋਤ ਜੋਤ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਮਾਰਗ ਇਕ ਜਣਾਈਆ । ਸਤਿਜੁਗ ਮਾਰਗ ਲੱਗੇ ਮਾਤ, ਮਾਤਰ ਭੂਮੀ ਮਿਲੇ ਵਡਿਆਈਆ । ਚਾਰ ਵਰਨ ਬਣੇ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਖ਼ੁਸ਼ੀ ਮਨਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਸਾਚਾ ਨੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਦੇਵੇ ਆਪਣੀ ਦਾਤ, ਨਾਮ ਨਿਧਾਨ ਝੋਲੀ ਪਾਈਆ । ਨੇਤਰ ਖੋਲ੍ਹ ਕੇ ਵੇਖੋ ਆਂਖ, ਆਖ਼ਰ ਆਪਣਾ ਪੜਦਾ ਲਾਹੀਆ । ਨਜ਼ਰੀ ਆਏ ਘਰ ਪਰਤੱਖ, ਸਵਛ ਸਰੂਪੀ ਰੂਪ ਵਟਾਈਆ । ਭਗਤ ਭਗਵਾਨ ਮੇਲ ਮਿਲਾ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਸਾਚਾ ਵਰ, ਚਾਰ ਵਰਨ ਇਕੋ ਸਰਨ, ਲੇਖਾ ਚੁੱਕੇ ਮਰਨ ਡਰਨ, ਭੈ ਭਿਆਨਕ ਕੂੜਾ ਭੌ ਨਾ ਕੋਇ ਵਖਾਈਆ । ਕੂੜਾ ਭੌ ਜਾਏ ਚੁਕ, ਸਤਿਗੁਰ ਪੂਰਾ ਦਇਆ ਕਮਾਈਆ । ਆਵਣ ਜਾਵਣ ਪੈਂਡਾ ਜਾਏ ਮੁਕ, ਲੱਖ ਚੁਰਾਸੀ ਫੰਦ ਕਟਾਈਆ । ਹਰਿ ਕਾ ਬੂਟਾ ਕਦੇ ਨਾ ਜਾਏ ਸੁੱਕ, ਅੰਮ੍ਰਿਤ ਸਿੰਚ ਹਰਾ ਕਰਾਈਆ । ਮਾਤ ਗਰਭ ਹੋਏ ਨਾ ਉਲਟਾ ਰੁਖ਼, ਦਸ ਦਸ ਮਾਸ ਨਾ ਅਗਨ ਤਪਾਈਆ । ਜਨਮ ਕਰਮ ਦੀ ਲਾਹੇ ਤ੍ਰਿਸਨਾ ਭੁੱਖ,

ਅੰਮ੍ਰਿਤ ਆਤਮ ਜਾਮ ਪਿਆਈਆ । ਮਿਹਰਵਾਨ ਹੋ ਕੇ ਆਪਣੀ ਗੋਦੀ ਲਏ ਚੁਕ, ਬਾਲ ਅਞਾਣਾ ਆਪ ਉਠਾਈਆ । ਪਾਰਬ੍ਰਹਮ ਕਹੇ ਬ੍ਰਹਮ ਆ ਮੇਰੇ ਸਾਚੇ ਸੁੱਤ, ਮਿਲ ਮਿਲ ਆਪਣੀ ਖ਼ੁਸ਼ੀ ਮਨਾਈਆ । ਸਚ ਦੁਆਰੇ ਸੋਹੇ ਸਾਚੀ ਰੁੱਤ, ਰੁੱਤ ਰੁਤੜੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਆਪ ਪ੍ਰਭ, ਮਿਹਰਵਾਨ ਦਇਆ ਕਮਾਇੰਦਾ । ਸੰਤ ਸੁਹੇਲੇ ਸਾਚੇ ਲੱਭ, ਦਰ ਘਰ ਸਾਚੇ ਆਪ ਬਹਾਇੰਦਾ । ਇਕ ਵਖਾਏ ਵਿਸ਼ਵ ਯਦ, ਵਿਸ਼ਨੂੰ ਸੱਚੀ ਸੇਵ ਕਮਾਇੰਦਾ । ਜਗਤ ਦੁਆਰਾ ਪਾਰ ਹੱਦ, ਗ੍ਰਿਹਿ ਮੰਦਰ ਇਕ ਸੁਹਾਇੰਦਾ । ਸ਼ਬਦ ਅਗੰਮੀ ਨਾਦ ਰਿਹਾ ਵੱਜ, ਅਨਹਦ ਰਾਗੀ ਰਾਗ ਸੁਣਾਇੰਦਾ । ਬਿਨ ਮੱਕੇ ਕਾਅਬਿਉਂ ਕਰਾਏ ਸਾਚਾ ਹੱਜ, ਹਜ਼ਰਤ ਹੁਜਰਾ ਇਕੋ ਇਕ ਸੁਹਾਇੰਦਾ । ਅੰਮ੍ਰਿਤ ਜਾਮ ਪਿਆਏ ਮਧ, ਮਧੁਰ ਰਸ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਆਪਣੇ ਘਰ ਸੱਦ, ਸਦਕੇ ਵਾਰੀ ਘੋਲੀ ਘੋਲ ਘੁਮਾਇੰਦਾ । ਘੋਲੀ ਘੋਲ ਘੁਮਾਈ ਜਾਏ ਘੁਲ, ਪ੍ਰਭ ਆਪਣਾ ਆਪ ਲੈਣਾ ਮਨਾਈਆ । ਭਗਤ ਭਗਵਾਨ ਪਰਗਟਾਏ ਸਚ ਫੁੱਲ, ਪਤ ਡਾਲ੍ਹੀ ਪੰਖੜੀ ਆਪ ਮਹਿਕਾਈਆ । ਲੱਖ ਚੁਰਾਸੀ ਵਿਚੋ ਉਤਮ ਕੁੱਲ, ਹਰਿਜਨ ਸਾਚੇ ਲਏ ਬਣਾਈਆ । ਕਰਤਾ ਕੀਮਤ ਪਾਵੇ ਮੁਲ, ਦੂਜੇ ਹੱਟ ਨਾ ਕੋਇ ਵਿਕਾਈਆ । ਸਾਚੇ ਕੰਡੇ ਜਾਇਣ ਤੁਲ, ਤੋਲਾ ਇਕੋ ਨਜ਼ਰੀ ਆਈਆ । ਮਾਣਸ ਜੂਏ ਨਾ ਜਾਵਣ ਹੁੱਲ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਪਿਛਲੇ ਜਨਮ ਜੋ ਰਹੇ ਭੁੱਲ, ਕਲਜੁਗ ਅੰਤਮ ਆਪਣਾ ਰੰਗ ਰੰਗਾਈਆ । ਸਚ ਦੁਆਰ ਗਿਆ ਖੁਲ੍ਹ, ਖ਼ਾਲਕ ਖ਼ਲਕ ਦਏ ਸਮਝਾਈਆ । ਕਲਜੁਗ ਜੀਵ ਮਾਇਆ ਕੂੜੀ ਵਿਚ ਨਾ ਰੁਲ, ਅਨਮੁਲੜਾ ਲਾਲ ਮਾਟੀ ਖ਼ਾਕ ਨਾ ਦੇ ਰੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ੍ਰੀ ਭਗਵਾਨ ਸਦਾ ਸੁਲ੍ਹਾਕੁਲ, ਗ਼ੁੱਸਾ ਗਿਲਾ ਕਦੇ ਨਾ ਕਿਸੇ ਰਖਾਈਆ । ਗ਼ੁੱਸਾ ਗਿਲਾ ਕੋਇ ਨਾ ਰੋਸਾ, ਹੋਛਾ ਰੂਪ ਨਾ ਹਰਿ ਰਖਾਇੰਦਾ । ਸੋਚਿਆਂ ਕਿਸੇ ਵਿਚ ਨਾ ਆਵੇ ਸੋਚਾ, ਸੋਚ ਸਮਝ ਤੋ ਬਾਹਰ ਡੇਰਾ ਲਾਇੰਦਾ । ਜੁਗ ਚੌਕੜੀ ਗੁਰ ਅਵਤਾਰ ਬਣ ਕੇ ਮਾਣਸ ਜਨਮ ਦੇਵੇ ਸਭ ਨੂੰ ਮੌਕਾ, ਮੁਕੰਮਲ ਆਪਣਾ ਹਾਲ ਸੁਣਾਇੰਦਾ । ਸਤਿਗੁਰ ਪੂਰਾ ਕਿਸੇ ਨਾ ਦੇਵੇ ਕਦੇ ਧੋਖਾ, ਜਗਤ ਫ਼ਰੇਬ ਨਾ ਕੋਇ ਜਣਾਇੰਦਾ । ਪ੍ਰੇਮ ਪ੍ਰੀਤੀ ਅੰਦਰ ਰਾਹ ਮਾਰਗ ਦੱਸੇ ਸੌਖਾ, ਘਾਟ ਇਕੋ ਇਕ ਜਣਾਇੰਦਾ । ਜੋ ਜਨ ਕੂੜੀ ਨੀਂਦ ਗੂੜ੍ਹੀ ਸੁਤੇ ਬੇਮੁਖ ਹੋ ਕੇ ਲਾਵਣ ਢੌਂਕਾ, ਤਿਨ੍ਹਾਂ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਇੰਦਾ । ਸੋ ਪਰਾਣੀ ਜਾਏ ਅੰਤਮ ਔਤਾ, ਪੁੱਤ ਪੋਤਰਾ ਸੰਗ ਨਾ ਕੋਇ ਨਿਭਾਇੰਦਾ । ਸ੍ਰੀ ਭਗਵਾਨ ਵਡ ਮਿਹਰਵਾਨ ਸਦਾ ਨਿਗਾਹਬਾਨ ਜਿਸ ਰਾਵਿਆ ਨਾਲ ਸ਼ੌਕਾ, ਤਿਨ੍ਹਾਂ ਸਾਖਿਆਤ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਸੰਤ ਸੁਹੇਲੇ ਸਾਚੇ ਫੜ, ਜਨ ਭਗਤਾਂ ਅੰਦਰ ਆਪੇ ਵੜ, ਸਾਚੇ ਮੰਦਰ ਸਤਿਗੁਰ ਖੜ, ਨਾਮ ਨਿਧਾਨਾ ਇਕੋ ਪੜ੍ਹ, ਸਾਚਾ ਢੋਲਾ ਸੁਣਾਏ ਰਾਗ, ਆਤਮ ਪਰਮਾਤਮ ਖੋਲ੍ਹੇ ਜਾਗ, ਇਕ ਉਪਜਾਏ ਸਚ ਵੈਰਾਗ, ਮੇਲ ਮਿਲਾਵੇ ਕੰਤ ਸੁਹਾਗ, ਘਰ ਵਡਿਆਈ ਵੱਡਾ ਭਾਗ, ਵਿਛੜਿਆਂ ਮਿਲਿਆ ਪ੍ਰਭ ਗ਼ਰੀਬ ਨਿਵਾਜ਼, ਏਥੇ ਓਥੇ ਰੱਖੇ ਲਾਜ, ਦੋ ਜਹਾਨਾਂ ਦੁੱਖ ਨਜ਼ਰ ਕੋਇ ਨਾ ਆਈਆ ।


੫੪੬
੧੫

## ✪ ੯ ਅੱਸੂ ੨੦੨੦ ਬਿਕਰਮੀ ਆਗਿਆ ਸਿੰਘ ਦੇ ਗ੍ਰਿਹਿ ਫ਼ਿਰੋਜ਼ਪੁਰ ✪

ਸਤਿਗੁਰ ਮੇਲਾ ਸੁਫਲ ਜਨਮ, ਕਰਮ ਕਾਂਡ ਦੁੱਖ ਰੋਗ ਰਹਿਣ ਨਾ ਪਾਇੰਦਾ । ਮਾਣਸ ਦੇਹੀ ਮਿਟੇ ਭਰਮ, ਭਾਂਡਾ ਭਰਮ ਭੌ ਭੰਨਾਇੰਦਾ । ਨਿਰਗੁਣ ਨੂਰ ਜੋਤ ਦੇਵੇ ਅਗੰਮੀ ਕਿਰਨ, ਅਗਿਆਨ ਅੰਧੇਰਾ ਅੰਧ ਮਿਟਾਇੰਦਾ । ਸਚ ਸਰਨਾਈ ਦੇਵੇ ਸਰਨ, ਸਰਨਗਤ ਇਕ ਸਮਝਾਇੰਦਾ । ਭੈ ਚੁਕਾਏ ਮਰਨ ਡਰਨ, ਭੌ ਆਪਣਾ ਇਕ ਵਖਾਇੰਦਾ । ਲੇਖਾ ਚੁਕਾਏ ਵਰਨ ਬਰਨ, ਆਤਮ ਬ੍ਰਹਮ ਸਰਬ ਵਖਾਇੰਦਾ । ਦੇਵੇ ਵਡਿਆਈ ਉਪਰ ਧਰਨ, ਧਰਨੀ ਧਰਤ ਧਵਲ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਪਣੇ ਰੰਗ ਰੰਗਾਇੰਦਾ । ਸਤਿਗੁਰ ਮਿਲਿਆਂ ਸਤਿ ਸੰਤੋਖ, ਚਿੰਤਾ ਗ਼ਮ ਰਹਿਣ ਨਾ ਪਾਇੰਦਾ । ਜਨਮ ਕਰਮ ਦਾ ਮਿਟੇ ਵਿਜੋਗ, ਦੂਈ ਦਵੈਤ ਡੇਰਾ ਢਾਹਿੰਦਾ । ਮੇਲ ਮਿਲਾਏ ਧੁਰ ਸੰਜੋਗ, ਕੂੜ ਵਿਛੋੜਾ ਪੰਧ ਮੁਕਾਇੰਦਾ । ਹਉਮੇ ਹੰਗਤਾ ਕਟੇ ਰੋਗ, ਹੰ ਬ੍ਰਹਮ ਇਕ ਸਮਝਾਇੰਦਾ । ਤਨ ਨਗਾਰੇ ਲਾਏ ਚੋਟ, ਅਨਹਦ ਨਾਦੀ ਨਾਦ ਸੁਣਾਇੰਦਾ । ਕਰ ਪਰਕਾਸ਼ ਨਿਰਮਲ ਜੋਤ, ਘਰ ਘਰ ਵਿਚ ਦੀਵਾ ਬਾਤੀ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਭੇਵ ਅਭੇਦ ਖੁਲ੍ਹਾਇੰਦਾ । ਸਤਿਗੁਰ ਮਿਲਿਆਂ ਆਤਮ ਸੁਖ, ਘਰ ਵੱਜੇ ਨਾਮ ਵਧਾਈਆ । ਜਗਤ ਤ੍ਰਿਸਨਾ ਮਿਟੇ ਭੁੱਖ, ਆਸਾ ਮਨਸਾ ਪੂਰ ਕਰਾਈਆ । ਮਾਤ ਗਰਭ ਦਾ ਲੇਖਾ ਚੁੱਕੇ ਉਲਟਾ ਰੁਖ, ਆਵਣ ਜਾਵਣ ਫੰਦ ਦਏ ਕਟਾਈਆ । ਸਾਚੀ ਗੋਦੀ ਦੀਨ ਦਿਆਲ ਚੁੱਕ, ਘਰ ਸਾਚੇ ਦਏ ਬਹਾਈਆ । ਲੱਖ ਚੁਰਾਸੀ ਵਿਚੋ ਉਜਲ ਮੁਖ, ਦੁਰਮਤ ਮੈਲ ਮੈਲ ਧਵਾਈਆ । ਲੋਕਮਾਤ ਦਾ ਬੂਟਾ ਪੁਟ, ਸਚਖੰਡ ਦਵਾਰੇ ਦਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਏਥੇ ਓਥੇ ਹੋਏ ਸਹਾਈਆ । ਸਤਿਗੁਰ ਮਿਲਿਆਂ ਮਿਟੇ ਸੰਤਾਪ, ਚਿੰਤਾ ਗ਼ਮ ਨਾ ਕੋਇ ਜਣਾਈਆ । ਨਜ਼ਰੀ ਆਏ ਆਪਾ ਆਪ, ਆਪ ਆਪਣਾ ਵੇਖ ਵਖਾਈਆ । ਗੀਤ ਗੋਬਿੰਦ ਜਣਾਏ ਸੱਚਾ ਜਾਪ, ਸੋਹਲਾ ਢੋਲਾ ਰਾਗ ਅਲਾਈਆ । ਮੇਟ ਮਿਟਾਏ ਤੀਨੋ ਤਾਪ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਨਜ਼ਰੀ ਆਏ ਸਾਖਿਆਤ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਅੰਤਰ ਆਤਮ ਪਰਮਾਤਮ ਪੂਰੀ ਕਰੇ ਖ਼ਾਹਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਅੰਤਰ ਆਤਮ ਵੇਖ ਵਖਾਈਆ । ਸਤਿਗੁਰ ਮਿਲਿਆਂ ਮਿਲੇ ਸਾਂਤ, ਅਗਨੀ ਤਤ ਰਹਿਣ ਨਾ ਪਾਈਆ । ਨਜ਼ਰੀ ਆਏ ਇਕ ਇਕਾਂਤ, ਅਕਲ ਕਲਧਾਰੀ ਬੇਪਰਵਾਹੀਆ । ਅੰਦਰ ਵੜ ਕੇ ਕਾਇਆ ਮੰਦਰ ਪੌੜੇ ਚੜ੍ਹ ਸੁਣਾਏ ਬਾਤ, ਸ਼ਬਦ ਅਨਾਦੀ ਧੁਨ ਸ਼ਨਵਾਈਆ । ਕੂੜੀ ਕਿਰਿਆ ਮੇਟ ਮਿਟਾਏ ਅੰਧੇਰੀ ਰਾਤ, ਨਿਰਗੁਣ ਨੂਰ ਦੀਪਕ ਜੋਤ ਸਾਚਾ ਚੰਦ ਕਰੇ ਰੁਸ਼ਨਾਈਆ । ਪਾਰ ਉਤਾਰੇ ਆਪਣੇ ਘਾਟ, ਪੱਤਣ ਬੈਠਾ ਬੇਪਰਵਾਹ ਇਕੋ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਨਾਮ ਵਰ, ਹਰਿਜਨ ਲੇਖਾ ਆਪ ਜਣਾਈਆ । ਸਤਿਗੁਰ ਮਿਲਿਆਂ ਸੱਚਾ ਮੀਤ, ਮਿੱਤਰ ਪਿਆਰਾ ਦਏ ਵਡਿਆਈਆ । ਘਰ ਸੁਆਮੀ ਆਏ ਠੀਕ, ਠਾਕਰ ਠੋਕਰ ਨਾਮ ਲਗਾਈਆ । ਮਨ ਵਾਸਨਾ ਲਏ ਜੀਤ, ਮਤ ਬੁਧ ਨਾ ਕੋਇ ਚਤੁਰਾਈਆ । ਕਾਇਆ ਕਰੇ ਠੰਢੀ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਚਰਨ ਪ੍ਰੀਤੀ ਦੇਵੇ ਸਚ ਪ੍ਰੀਤ, ਪਰਮ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਮਿਲ ਗੁਰਮੁਖ ਗੁਰ ਗੁਰ ਖ਼ੁਸ਼ੀ ਮਨਾਈਆ । ਸਤਿਗੁਰ ਮਿਲਿਆਂ ਆਤਮ ਰੰਗ, ਰੰਗ ਰੰਗੀਲਾ ਇਕ ਚੜ੍ਹਾਈਆ । ਦਿਵਸ ਰੈਣ ਅੱਠੇ ਪਹਿਰ ਵੱਜੇ ਮਰਦੰਗ, ਨਾਦ ਅਨਾਦੀ ਆਪ ਸੁਣਾਈਆ । ਨੌ ਦੁਆਰੇ ਵੇਖੇ ਲੰਘ, ਘਰ ਦਸਵੇਂ ਬੂਝ ਬੁਝਾਈਆ । ਹੋਏ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜੋਤ ਡਗਮਗਾਈਆ । ਨਿਜ ਆਤਮ ਆਵੇ ਇਕ ਅਨੰਦ, ਸੁਖ ਸਾਗਰ ਰੂਪ ਸਮਾਈਆ । ਗੀਤ ਸੁਹਾਗੀ ਗਾਏ ਛੰਦ, ਸੋਹੰ ਰਾਗ ਅਲਾਈਆ । ਸੇਜ ਸੁਹੰਜਣੀ ਸੁਹਾਏ ਪਲੰਘ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਮੇਲ ਮਿਲਾਏ ਸੂਰਾ ਸਰਬੰਗ, ਸਤਿਗੁਰ ਦਾਤਾ ਬੇਪਰਵਾਹੀਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹਰਿ ਸੁਆਮੀ ਲਾਏ ਅੰਗ, ਅੰਗੀਕਾਰ ਆਪ ਅਖਵਾਈਆ । ਜਨਮ ਕਰਮ ਦੀ ਟੁੱਟੀ ਦੇਵੇ ਗੰਢ, ਬੰਧਨ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਜਗਾਈਆ । ਸਤਿਗੁਰ ਮਿਲਿਆਂ ਖੁਲ੍ਹੇ ਸੁਰਤੀ, ਆਲਸ ਨਿੰਦਰਾ ਦਏ ਮਿਟਾਈਆ । ਨਜ਼ਰ ਆਏ ਅਕਾਲ ਮੂਰਤੀ, ਮੂਰਤ ਅਕਾਲ ਆਪ ਦਰਸਾਈਆ । ਨਾਮ ਨਿਧਾਨ ਵੱਜੇ ਨਾਦ ਤੂਰਤੀ, ਤੁਰੀਆ ਸੇਵਾ ਲਾਈਆ । ਸਦਾ ਸਦਾ ਸਦ ਆਸਾ ਪੂਰਤੀ, ਆਸਾ ਪੂਰਨ ਹਰਿ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲੇਖਾ ਲੇਖੇ ਲਾਈਆ । ਸਤਿਗੁਰ ਮਿਲਿਆਂ ਅੰਤਰ ਠੰਢ, ਬਾਹਰ ਅਗਨ ਨਾ ਕੋਇ ਤਪਾਈਆ । ਭਰਮ ਭੁਲੇਖਾ ਦੂਈ ਦਵੈਤੀ ਢਾਹੇ ਕੰਧ, ਘਰ ਇਕੋ ਨਜ਼ਰੀ ਆਈਆ । ਸਤਿ ਸਰੂਪੀ ਰੰਗੇ ਰੰਗ, ਜੋਤੀ ਜਲਵਾ ਨੂਰ ਰੁਸ਼ਨਾਈਆ । ਧੁਰਦਰਗਾਹੀ ਵੱਜੇ ਮਰਦੰਗ, ਤੰਦੀ ਤੰਦ ਸਤਾਰ ਨਜ਼ਰ ਕੋਇ ਨਾ ਆਈਆ । ਆਤਮ ਮੰਗੇ ਇਕੋ ਮੰਗ, ਪਰਮਾਤਮ ਮੇਲ ਮਿਲਾਈਆ । ਪਰਮਾਤਮ ਸੁਣਾਵੇ ਆਪਣਾ ਛੰਦ, ਸਾਚਾ ਭੇਵ ਚੁਕਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਨਾਉਂ ਇਕ ਅਨੰਦ, ਅਨੰਦ ਅਨੰਦ ਵਿਚੋ ਪਰਗਟਾਈਆ । ਮਾਣਸ ਜਨਮ ਨਾ ਹੋਵੇ ਭੰਗ, ਅੰਤਮ ਆਪਣੇ ਲੇਖੇ ਪਾਈਆ । ਧਰਮ ਦੁਆਰ ਗੁਰਮੁਖ ਵੇਖਣਾ ਲੰਘ, ਗ੍ਰਿਹ ਮੰਦਰ ਡੇਰਾ ਲਾਈਆ । ਨਜ਼ਰੀ ਆਏ ਸਾਹਿਬ ਸਰਬੰਗ, ਭੂਪਤ ਭੂਪ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਜੁਗ ਜਨਮ ਦੇ ਵਿਛੜੇ ਮੇਲੇ ਆਣ, ਵਿਛੋੜਾ ਆਪਣੀ ਝੋਲੀ ਪਾਈਆ ।



## ੯ ਅੱਸੂ ੨੦੨੦ ਬਿਕਰਮੀ ਧਰਮ ਸਿੰਘ ਦੇ ਗ੍ਰਿਹ ਬਸਤੀ ਹਬੀਬ ਜ਼ਿਲਾ ਫਿਰੋਜ਼ਪੁਰ

ਸਤਿਗੁਰ ਸਰਨਾਈ ਜੋ ਜਨ ਲੱਗਾ, ਹਰਿ ਸਤਿਗੁਰ ਤੋੜ ਨਿਭਾਇੰਦਾ । ਮਾਨਸ ਜਨਮ ਸੌਰੇ ਪਿਛਾ ਅੱਗਾ, ਦੋ ਜਹਾਨਾਂ ਦਇਆ ਕਮਾਇੰਦਾ । ਧਰਮ ਦੁਆਰੇ ਨਾਦ ਇਕੋ ਵੱਜਾ, ਸਤਿ ਸਤਿਵਾਦੀ ਆਪ ਸੁਣਾਇੰਦਾ । ਸ੍ਰੀ ਭਗਵਾਨ ਫਿਰੇ ਭੱਜਾ, ਸੰਤ ਸੁਹੇਲੇ ਵੇਖ ਵਖਾਇੰਦਾ । ਨਿਰਗੁਣ ਹੋ ਕੇ ਰੱਖੇ ਲੱਜਾ, ਸਰਗੁਣ ਮਿਹਰ ਨਜ਼ਰ ਉਠਾਇੰਦਾ । ਅੰਦਰ ਵੜ ਕੇ ਦੇਵੇ ਨਾਮ ਸੱਦਾ, ਬਾਹਰੋ ਆਵਾਜ਼ ਨਾ ਕੋਇ ਲਗਾਇੰਦਾ । ਸਚ ਕਰਾਏ ਇਕੋ ਹੱਜਾ, ਮੱਕਾ ਕਾਅਬਾ ਭੇਵ ਚੁਕਾਇੰਦਾ । ਪੰਜ ਤਤ ਕਾਇਆ ਚੋਲਾ ਪੜਦਾ ਕੱਜਾ, ਸਿਰ ਆਪਣਾ ਹੱਥ ਟਿਕਾਇੰਦਾ । ਜਗਤ ਦੁਆਰ ਪਾਰ ਕਰਾਏ ਹੱਦਾ, ਕੂੜੀ ਕਿਰਿਆ ਡੇਰਾ ਢਾਹਿੰਦਾ । ਨਾਮ ਚੜ੍ਹਾਏ ਇਕੋ ਰੰਗਾ, ਰੰਗ ਚਲੂਲ ਇਕ ਵਖਾਇੰਦਾ । ਪੰਜ ਵਿਕਾਰ ਨਾ ਕਰੇ ਜੰਗਾ,

ਮਰਦੰਗਾ ਆਪਣਾ ਨਾਮ ਸੁਣਾਇੰਦਾ । ਲੇਖਾ ਜਾਣੇ ਹੰ ਬ੍ਰਹਮਾ, ਪਾਰਬ੍ਰਹਮ ਪ੍ਰਭ ਆਪਣਾ ਪੜਦਾ ਲਾਹਿੰਦਾ । ਚਾਰ ਵਰਨ ਸਚ ਜਣਾਏ ਧਰਮਾ, ਊਚ ਨੀਚ ਰਾਉ ਰੰਕ ਭੇਵ ਮਿਟਾਇੰਦਾ । ਨਿਹਕਰਮੀ ਕਰੇ ਆਪਣਾ ਕਰਮਾ, ਕਰਮ ਕਾਂਡ ਸਰਬ ਗਵਾਇੰਦਾ । ਭਾਂਡਾ ਭਰਮ ਭੌ ਭੰਨਾਏ ਭਰਮਾ, ਜੂਠਾ ਝੂਠਾ ਡੇਰਾ ਢਾਹਿੰਦਾ । ਲੋਕ ਲਾਜ ਨਾ ਕੋਈ ਸ਼ਰਮਾ, ਜਿਸ ਸਤਿਗੁਰ ਪੂਰਾ ਨਜ਼ਰੀ ਆਇੰਦਾ । ਲਹਿਣਾ ਦੇਣਾ ਚੁਕਾਏ ਮਰਨਾ ਡਰਨਾ, ਜੀਵਣ ਮੁਕਤ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਨਾਮ ਵਰ, ਵਸਤ ਅਮੋਲਕ ਆਪ ਵਰਤਾਇੰਦਾ । ਸਤਿਗੁਰ ਚਰਨ ਜੋ ਰੱਖੇ ਓਟ, ਨੇਤਰ ਨੈਣ ਧਿਆਨ ਲਗਾਈਆ । ਸਤਿਗੁਰ ਪੂਰਾ ਪੰਜ ਤਤ ਕਾਇਆ ਕੱਢੇ ਖੋਟ, ਅਗਿਆਨ ਅੰਧੇਰ ਦਏ ਚੁਕਾਈਆ । ਕਰ ਪਰਕਾਸ਼ ਨਿਰਮਲ ਜੋਤ, ਸਾਚਾ ਨੂਰ ਕਰੇ ਰੁਸ਼ਨਾਈਆ । ਆਸਾ ਪੂਰੀ ਕਰੇ ਲੋਚਣ ਲੋਚ, ਤ੍ਰਿਸਨਾ ਤ੍ਰਿਖਾ ਦਏ ਗਵਾਈਆ । ਲੇਖਾ ਚੁੱਕੇ ਹਰਖ ਸੋਗ, ਚਿੰਤਾ ਗ਼ਮ ਨਾ ਕੋਇ ਜਣਾਈਆ । ਆਤਮ ਪਰਮਾਤਮ ਦੇ ਇਕੋ ਜੋਗ, ਸਾਚੀ ਸਿਖਿਆ ਸਿਖ ਸਮਝਾਈਆ । ਆਤਮ ਰਸ ਲੈਣਾ ਭੋਗ, ਹਰਿ ਭੋਗੀ ਆਪਣਾ ਭੇਵ ਚੁਕਾਈਆ । ਜਨਮ ਕਰਮ ਦਾ ਚੁਕਾਏ ਵਿਜੋਗ, ਬਣ ਸੰਜੋਗੀ ਮੇਲ ਮਿਲਾਈਆ । ਭਾਗ ਲਗਾਏ ਕਾਇਆ ਕੋਟ, ਸਾਢੇ ਤਿੰਨ ਹੱਥ ਸੋਭਾ ਪਾਈਆ । ਨਾਮ ਨਿਧਾਨਾ ਵੱਜੇ ਚੋਟ, ਸਚ ਨਗਾਰਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਨਾਮ ਵਰਤਾਈਆ । ਸਤਿਗੁਰ ਸਰਨ ਜੋ ਕਰੇ ਧਿਆਨ, ਨਿਜ ਨੇਤਰ ਨੈਣ ਧਿਆਨ ਲਗਾਈਆ । ਸਾਹਿਬ ਸਤਿਗੁਰ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਧੁਰ ਦਾ ਮੰਤਰ ਦੇਵੇ ਇਕ ਗਿਆਨ, ਸਾਚਾ ਨਾਮ ਕਰੇ ਪੜ੍ਹਾਈਆ । ਅੰਤਰ ਆਤਮ ਸਚ ਅਸ਼ਨਾਨ, ਸਚ ਸਰੋਵਰ ਇਕ ਨੁਹਾਈਆ । ਕਾਗ ਹੰਸ ਰੂਪ ਬਣ ਜਾਣ, ਬੁੱਧ ਬਬੇਕ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਵੇਖੇ ਥਾਉਂ ਥਾਈਆ । ਸਤਿਗੁਰ ਚਰਨ ਸਚ ਸਹਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਵਡਿਆਈਆ । ਤੱਕਦੇ ਰਹੇ ਗੁਰੂ ਅਵਤਾਰਾ, ਪੀਰ ਪੈਗ਼ੰਬਰ ਧਿਆਨ ਲਗਾਈਆ । ਭਗਤ ਮੰਗਦੇ ਰਹੇ ਸਦਾ ਦੁਆਰਾ, ਨਿਤ ਨਿਤ ਖ਼ਾਲੀ ਝੋਲੀ ਰਹੇ ਵਖਾਈਆ । ਸੰਤ ਸੱਜਣ ਕਰਦੇ ਰਹੇ ਪੁਕਾਰਾ, ਉਚੀ ਕੂਕ ਕੂਕ ਸੁਣਾਈਆ । ਗੁਰਮੁਖ ਦੋਏ ਦੋਏ ਜੋੜ ਕਰਦੇ ਰਹੇ ਨਿਮਸਕਾਰਾ, ਚਰਨ ਕਵਲ ਸੀਸ ਝੁਕਾਈਆ । ਗੁਰਸਿਖ ਧੂੜੀ ਟਿੱਕਾ ਮਸਤਕ ਲੌਂਦੇ ਰਹੇ ਛਾਰਾ, ਸਾਚੀ ਖ਼ਾਕ ਖ਼ਾਕ ਰਮਾਈਆ । ਨੇਤਰ ਰੋਂਦੇ ਰਹੇ ਜ਼ਾਰੋ ਜ਼ਾਰਾ, ਨੈਣਾਂ ਨੈਣਾਂ ਨੀਰ ਵਹਾਈਆ । ਕਿਰਪਾ ਕਰ ਬੇਐਬ ਪਰਵਰਦਿਗਾਰਾ, ਪਾਰਬ੍ਰਹਮ ਤੇਰੀ ਸਰਨਾਈਆ । ਤੁਧ ਬਿਨ ਨਜ਼ਰ ਨਾ ਆਏ ਕੋਈ ਕਿਨਾਰਾ, ਨਈਆ ਡੋਲੇ ਜਗਤ ਲੋਕਾਈਆ । ਡੂੰਘਾ ਸਾਗਰ ਵਹਿੰਦੀ ਧਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਲੇਖਾ ਲਏ ਮੁਕਾਈਆ । ਸਤਿਗੁਰ ਚਰਨ ਸਚ ਪ੍ਰੀਤ, ਬਿਨ ਸਤਿਗੁਰ ਸਤਿ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦੀ ਧੁਰ ਦੀ ਰੀਤ, ਭਗਤ ਭਗਵਾਨ ਦਏ ਵਰਤਾਈਆ । ਆਤਮ ਪਰਮਾਤਮ ਸੁਣਾਵੇ ਸਾਚਾ ਗੀਤ, ਸਤਿ ਸਤਿਵਾਦੀ ਆਪਣੀ ਬੂਝ ਬੁਝਾਈਆ । ਕਾਇਆ ਕਾਅਬਾ ਸ਼ਿਵਦਵਾਲਾ ਮੱਠ ਵਖਾਏ ਮਸੀਤ, ਗੁਰੂਦੁਆਰਾ ਇਕੋ ਨਜ਼ਰੀ ਆਈਆ । ਜਿਸ ਘਰ ਨਿਰਗੁਣ ਰੂਪ ਹਰਿ ਵਸੇ ਆਪ ਅਨਡੀਠ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਸੋ ਸਤਿਗੁਰ ਪੂਰਾ ਮਨ ਵਾਸਨਾ ਲਏ ਜੀਤ, ਬੁੱਧ ਬਿਬੇਕ ਇਕ ਕਰਾਈਆ ।

੫੪੯
੧੫

ਗੁਰਮੁਖਾਂ ਚਲਾਏ ਆਪਣੀ ਰੀਤ, ਸਾਚਾ ਮਾਰਗ ਇਕ ਸਮਝਾਈਆ । ਗੁਰਮੁਖ ਗੁਰਸਿਖ ਢੋਲੇ ਗਾਓ ਹਰਿ ਗੋਬਿੰਦ ਗੀਤ, ਲੋਕ ਲੱਜਿਆ ਕੰਮ ਕਿਸੇ ਨਾ ਆਈਆ । ਧੁਰ ਦਰਬਾਰ ਦੀ ਮਿਲੇ ਸਾਚੀ ਭੀਖ, ਭਿਛਿਆ ਹਰਿ ਜੂ ਆਪ ਵਰਤਾਈਆ । ਕਰੇ ਖੇਲ ਬੈਠ ਅਤੀਤ, ਤ੍ਰੈਗੁਣ ਡੇਰਾ ਰਿਹਾ ਢਾਹੀਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਸਾਚੀ ਵਸਤ ਝੋਲੀ ਪਾਈਆ । ਸਤਿਗੁਰ ਸਰਨ ਚਰਨ ਗੁਰਦੇਵ, ਦੋ ਜਹਾਨ ਮਿਲੇ ਵਡਿਆਈਆ । ਧਾਮ ਵਖਾਏ ਇਕ ਨਿਹਕੇਵ, ਨਿਹਚਲ ਆਪਣਾ ਪੜਦਾ ਲਾਹੀਆ । ਅੰਮ੍ਰਿਤ ਆਤਮ ਦੇਵੇ ਮੇਵ, ਰਸ ਸੱਚਾ ਇਕ ਚਖਾਈਆ । ਰਸਨਾ ਜਿਹਵਾ ਆਤਮ ਪਰਮਾਤਮ ਢੋਲਾ ਗਾਏ ਜਿਹਵ, ਬੱਤੀ ਦੰਦ ਨਾਲ ਰਲਾਈਆ । ਸਤਿਗੁਰ ਪੂਰਾ ਲੇਖੇ ਲਾਏ ਗੁਰਮੁਖ ਕੀਤੀ ਸੇਵ, ਸੇਵਕ ਸੇਵਾ ਵਿਚ ਸਮਾਈਆ । ਅੰਦਰ ਵੜ ਕੇ ਦੱਸੇ ਭੇਵ, ਸਚ ਪ੍ਰੀਤੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਸਚ ਸੰਦੇਸਾ ਇਕ ਸੁਣਾਈਆ । ਸਤਿਗੁਰ ਚਰਨ ਸਾਚੀ ਧੂੜ, ਦੁਰਮਤ ਮੈਲ ਧਵਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਮਾਇਆ ਮਮਤਾ ਮੋਹ ਚੁਕਾਈਆ । ਨਾਤਾ ਤੋੜੇ ਕੂੜੋ ਕੂੜ, ਸਾਚੀ ਸਿਖਿਆ ਇਕ ਸਮਝਾਈਆ । ਹਉਮੇ ਹੰਗਤਾ ਗੜ੍ਹ ਤੋੜੇ ਗ਼ਰੂਰ, ਨਿਵਣ-ਸੋ-ਅੱਖਰ ਇਕ ਪੜ੍ਹਾਈਆ । ਅੰਮ੍ਰਿਤ ਆਤਮ ਦੇਵੇ ਸਤਿ ਸਰੂਰ, ਸਾਚੀ ਮਧ ਨਾਮ ਜਾਮ ਪਿਆਈਆ । ਪੰਚ ਵਿਕਾਰਾ ਕਰੇ ਚੂਰ, ਖੰਡਾ ਖੜਗ ਖੜਗ ਚਮਕਾਈਆ । ਨਜ਼ਰੀ ਆਏ ਹਾਜ਼ਰ ਹਜ਼ੂਰ, ਹਰਿ ਜੂ ਆਪਣਾ ਵੇਸ ਵਟਾਈਆ । ਪੂਰਬ ਜਨਮ ਸਤਿਗੁਰ ਲਹਿਣਾ ਦਏ ਜ਼ਰੂਰ, ਲੇਖਾ ਸਭ ਦਾ ਰਿਹਾ ਚੁਕਾਈਆ । ਕਲਜੁਗ ਜੀਵਾਂ ਨਹੀਂ ਕਸੂਰ, ਸ੍ਰੀ ਭਗਵਾਨ ਨੇਤਰ ਨਜ਼ਰ ਕਿਸੇ ਨਾ ਆਈਆ । ਜਨ ਭਗਤਾਂ ਆਸਾ ਮਨਸਾ ਕਰੇ ਪੂਰ, ਜਨਮ ਜਨਮ ਦੀ ਤ੍ਰਿਸਨਾ ਮੇਟ ਮਿਟਾਈਆ । ਪੰਧ ਮੁਕਾ ਕੇ ਨੇੜਾ ਦੂਰ, ਬ੍ਰਹਿਮੰਡ ਖੰਡ ਜੇਰਜ ਅੰਡ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਗੁਰ ਸਰਨਾਈ ਵਡ ਪਰਤਾਪ, ਨਿਰਗੁਣ ਸਰਗੁਣ ਆਪ ਜਣਾਇੰਦਾ । ਪਰਮ ਪੁਰਖ ਪ੍ਰਭ ਸਾਚਾ ਬਾਪ, ਭਗਤ ਭਗਵਾਨ ਵੇਖ ਵਖਾਇੰਦਾ । ਆਤਮ ਪਰਮਾਤਮ ਦੱਸੇ ਸੱਚਾ ਜਾਪ, ਨਿਰਗੁਣ ਸਰਗੁਣ ਆਪ ਪੜ੍ਹਾਇੰਦਾ । ਕੋਟ ਜਨਮ ਉਤਾਰੇ ਪਾਪ, ਦੁਰਮਤ ਮੈਲ ਧਵਾਇੰਦਾ । ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਚਾਰ ਵਰਨ ਬਣਾਏ ਇਕ ਜਮਾਤ, ਸਾਚੀ ਪੱਟੀ ਨਾਮ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਸਨਾ ਜਿਹਵਾ ਬੋਲ ਗਏ ਆਖ, ਆਖ਼ਰ ਆਪਣਾ ਭੇਵ ਖੁਲ੍ਹਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਪਰਗਟ ਹੋ ਕੇ ਸਾਖਿਆਤ, ਗੁਰਮੁਖ ਸੱਜਣ ਆਪ ਜਗਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਘਰ ਸਾਚਾ ਨੂਰ ਚੰਦ ਚਮਕਾਇੰਦਾ । ਦਿਵਸ ਰੈਣ ਪੁਛੇ ਵਾਤ, ਆਲਸ ਨਿੰਦਰਾ ਡੇਰਾ ਢਾਹਿੰਦਾ; । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਤਿਸ ਆਪਣਾ ਰੰਗ ਰੰਗਾਇੰਦਾ । ਸਤਿਗੁਰ ਚਰਨ ਮਿਲੇ ਗੋਬਿੰਦ, ਠਾਕਰ ਇਕੋ ਨਜ਼ਰੀ ਆਈਆ । ਗੁਰਸਿਖ ਮਿਟੇ ਕੂੜੀ ਚਿੰਦ, ਚਿੰਤਾ ਚਿਖਾ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਧਾਰ ਵਹੇ ਸਾਗਰ ਸਿੰਧ, ਹਰਿਜਨ ਸੱਜਣ ਤਾਰੀਆਂ ਲਾਈਆ । ਆਦਿ ਜੁਗਾਦਿ ਜੁਗ ਚੌਕੜੀ ਮਨਮੁਖ ਕਰਦੇ ਸਦਾ ਨਿੰਦ, ਨਿੰਦਿਆ ਨਿੰਦਕ ਝੋਲੀ ਪਾਈਆ । ਜੋਤੀ ਜੋਤ

੫੫੦
੧੫

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਸਤਿਗੁਰ ਸੱਜਣ, ਹਰਿ ਕਰਤਾ ਆਪ ਜਣਾਈਆ । ਚਰਨ ਧੂੜੀ ਪ੍ਰਭ ਕਰੋ ਮਜਨ, ਦੁਰਮਤ ਮੈਲ ਰਹਿਣ ਨਾ ਪਾਈਆ । ਦੂਜੇ ਦਰ ਨਾ ਜਾਓ ਲੱਭਣ, ਘਰ ਘਰ ਵਿਚ ਵਸੇ ਬੇਪਰਵਾਹੀਆ । ਨਿਤ ਨਵਿਤ ਜਨ ਭਗਤਾਂ ਆਵੇ ਸੱਦਣ, ਅੰਦਰ ਵੜ ਕੇ ਹੋਕਾ ਦੇਵੇ ਵਾਹੋ ਦਾਹੀਆ । ਰੂਪ ਧਰਾਏ ਅਕਾਲ ਮੂਰਤੀ ਮਦਨ, ਮੋਹਣ ਮਾਧਵ ਆਪਣੀ ਖੇਲ ਕਰਾਈਆ । ਦੀਪਕ ਜੋਤੀ ਨਿਰਗੁਣ ਜਗਣ, ਨੂਰੋ ਨੂਰ ਕਰੇ ਰੁਸ਼ਨਾਈਆ । ਅਨਹਦ ਅਨਾਦੀ ਨਾਦ ਤਾਲ ਵੱਜਣ, ਸ਼ਬਦ ਧੁਨ ਸੱਚੀ ਸ਼ਨਵਾਈਆ । ਗੁਰਮੁਖ ਅੰਮ੍ਰਿਤ ਪੀ ਪੀ ਰੱਜਣ, ਸਤਿਗੁਰ ਨਾਮ ਪਿਆਲਾ ਹੱਥ ਫੜਾਈਆ । ਕੂੜੀ ਕਿਰਿਆ ਕੂੜ ਕੁੜਿਆਰੇ ਮੱਚਣ, ਤ੍ਰੈਗੁਣ ਅਗਨੀ ਇਕ ਲਗਾਈਆ । ਪੰਚ ਵਿਕਾਰੇ ਅੰਦਰ ਨੱਚਣ, ਡੌਰੂ ਡੰਕਾ ਜੂਠ ਝੂਠ ਵਜਾਈਆ । ਮਾਇਆ ਮਮਤਾ ਨਾਲ ਹੱਸਣ, ਆਸਾ ਤ੍ਰਿਸ਼ਨਾ ਨਾਲ ਰਖਾਈਆ । ਗੁਰਮੁਖ ਵਿਰਲੇ ਪ੍ਰਭ ਸਰਨਾਈ ਸਾਚੀ ਵਸਣ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਸਚ ਦੁਆਰੇ ਉਠ ਉਠ ਨੱਠਣ, ਭੱਜਣ ਵਾਹੋ ਦਾਹੀਆ । ਲੱਖ ਚੁਰਾਸੀ ਵਿਚੋ ਸਤਿਗੁਰ ਛਾਛ ਵਰੋਲੇ ਮੱਖਣ, ਨਾਮ ਮਧਾਣਾ ਇਕੋ ਪਾਈਆ । ਮਿਹਰਵਾਨ ਹੋ ਕੇ ਜਗਤ ਕਿਨਾਰਾ ਵੇਖੇ ਪੱਤਣ, ਦਰਿਆ ਕੰਢਾ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬਖ਼ਸ਼ਣਹਾਰ ਸੱਚੀ ਸਰਨਾਈਆ । ਮੰਝਧਾਰ ਨਾ ਕੋਈ ਦਰਿਆ, ਪਾਣੀ ਜਲ ਨਾ ਕੋਇ ਰੁੜ੍ਹਾਇੰਦਾ । ਅਗਨੀ ਤਤ ਨਾ ਕੋਇ ਤਪਾ, ਮਾਇਆ ਮੋਹ ਨਾ ਕੋਇ ਵਖਾਇੰਦਾ । ਹਉਮੇ ਹੰਗਤਾ ਗੜ੍ਹ ਨਾ ਕੋਇ ਸੁਹਾ, ਬੰਕ ਦੁਆਰਾ ਨਜ਼ਰ ਕੋਇ ਨਾ ਆਇੰਦਾ । ਸਾਹਿਬ ਸਤਿਗੁਰ ਸ਼ਬਦ ਸੁਆਮੀ ਜਿਸ ਆਤਮ ਪਰਮਾਤਮ ਮਿਲਿਆ ਆ, ਤਿਸ ਮਾਤਮ ਰੂਪ ਨਾ ਕੋਇ ਵਟਾਇੰਦਾ । ਡੁਬਦੇ ਪਾਹਨ ਲਏ ਤਰਾ, ਪਾਥਰ ਆਪਣਾ ਚਰਨ ਛੁਹਾਇੰਦਾ । ਉਚੇ ਟਿੱਲੇ ਪਰਬਤ ਵੇਖ ਵਖਾ, ਡੂੰਘੀ ਕੰਦਰ ਖੋਜ ਖੋਜਾਇੰਦਾ । ਸਾਚੇ ਬੇੜੇ ਲਏ ਚੜ੍ਹਾ, ਨਈਆ ਇਕੋ ਨਾਮ ਵਖਾਇੰਦਾ । ਚੱਪੂ ਅਗੰਮੀ ਦਏ ਲਗਾ, ਸਚ ਸਹਾਰਾ ਇਕ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਸਾਚੇ ਵੇਖੇ ਨੇਤਰ ਖੋਲ੍ਹ, ਖ਼ਾਲਕ ਖ਼ਲਕ ਵਿਚ ਸਮਾਈਆ । ਤੋਲਣਹਾਰਾ ਸਾਚਾ ਤੋਲ, ਨਾਮ ਤਰਾਜ਼ੂ ਕੰਡਾ ਹੱਥ ਉਠਾਈਆ । ਆਤਮ ਪਰਮਾਤਮ ਸਭ ਦੀ ਲਏ ਫੋਲ, ਪਾਰਬ੍ਰਹਮ ਬ੍ਰਹਮ ਪੜਦਾ ਭੇਵ ਉਠਾਈਆ । ਸਾਚੇ ਭਗਤਾਂ ਵਸੇ ਸਦਾ ਕੋਲ, ਅੰਦਰ ਵੜ ਕੇ ਬੈਠਾ ਡੇਰਾ ਲਾਈਆ । ਸਾਚਾ ਨਾਮ ਸੁਣਾਏ ਬੋਲ, ਨਾਉਂ ਨਿਰੰਕਾਰਾ ਇਕ ਜਣਾਈਆ । ਲੱਖ ਚੁਰਾਸੀ ਜੀਵ ਜੰਤ ਰਹੇ ਅਨਭੋਲ, ਬਿਨ ਹਰਿਜਨ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ੇ ਸਰਨ ਇਕ ਸਰਨਾਈਆ । ਸਚ ਸਰਨਾਈ ਸਤਿਗੁਰ ਦੇਵ ਸੁਆਮੀ, ਪੁਰਖ ਅਕਾਲ ਵੱਡੀ ਵਡਿਆਈਆ । ਬੇਪਰਵਾਹ ਅਗੰਮ ਅਥਾਹ ਦੀਨ ਦਿਆਲ ਅੰਤਰਜਾਮੀ, ਹਰ ਘਟ ਵੇਖੇ ਥਾਉਂ ਥਾਈਂਆ । ਬੋਧ ਅਗਾਧ ਸ਼ਬਦ ਨਾਦ ਧੁਨ ਆਤਮਕ ਸੁਣਾਏ ਸੱਚੀ ਬਾਣੀ, ਸੋਹੰ ਢੋਲਾ ਰਾਗ ਅਲਾਈਆ । ਲੇਖਾ ਜਾਣੇ ਚਾਰ ਖਾਣੀ, ਚਾਰੋ ਕੁੰਟ ਭੇਵ ਚੁਕਾਈਆ । ਚਾਰ ਜੁਗ ਦੀ ਸਾਚੀ ਰਾਣੀ, ਪਰਾ ਪਸੰਤੀ ਮਧਮ ਬੈਖਰੀ ਹੁਕਮੇ ਅੰਦਰ ਆਪ ਫਿਰਾਈਆ । ਅਠਸਠ ਵੇਖੇ ਤੀਰਥ ਪਾਣੀ, ਜਲ ਸਰੋਵਰ ਫੋਲ ਫੁਲਾਈਆ । ਲੇਖਾ ਜਾਣੇ ਸ਼ਾਸਤਰ ਸਿਮਰਤ ਵੇਦ ਪੁਰਾਨੀ, ਅੰਜੀਲ ਕੁਰਾਨੀ ਲੇਖਾ ਰਿਹਾ ਚੁਕਾਈਆ । ਬੋਧ ਅਗਾਧਾ


੫੫੧ ੧੫

ਸ਼ਬਦ ਅਨਾਦਾ ਬ੍ਰਹਮ ਬ੍ਰਹਿਮਾਦਾ ਸਤਿਗੁਰ ਪੂਰਾ ਪੰਡਤ ਵਡ ਵਿਦਵਾਨੀ, ਚੌਦਾਂ ਵਿਦਿਆ ਲੇਖਾ ਰਿਹਾ ਚੁਕਾਈਆ । ਧੁਰ ਸੰਦੇਸ਼ਾ ਨਰ ਨਰੇਸ਼ਾ ਨਰ ਨਿਰੰਕਾਰ ਸੁਣਾਏ ਆਪਣੀ ਅਕੱਥ ਕਹਾਣੀ, ਰਸਨਾ ਜਿਹਵਾ ਕੋਈ ਕਹਿ ਸਕੇ ਨਾ ਰਾਈਆ । ਧਰਮ ਦਵਾਰ ਹਰਿ ਕਰਤਾਰ ਜੋਤ ਉਜਿਆਰ ਦੇਵੇ ਇਕ ਨਿਸ਼ਾਨੀ, ਸਚ ਨਿਸ਼ਾਨਾ ਧਰਮ ਵਖਾਈਆ । ਚਰਨ ਕਵਲ ਉਪਰ ਧਵਲ ਦੇਵਣਹਾਰਾ ਪਦ ਨਿਰਬਾਣੀ, ਘਰ ਮੰਦਰ ਇਕੋ ਇਕ ਵਖਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਗੁਰ ਸਤਿਗੁਰ ਸਦ ਵਿਟੂਹ ਕੁਰਬਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਗਹਿ ਸਾਚੀ ਧਾਮ ਸੁਹਾਈਆ । ਡੂੰਘਾ ਸਾਗਰ ਨਦੀ ਨਾਲਾ, ਦਰਿਆ ਘਾਟ ਵੇਖ ਵਖਾਇੰਦਾ । ਆਦਿ ਜੁਗਾਦੀ ਹਰਿ ਪ੍ਰਿਤਪਾਲਾ, ਪ੍ਰਿਤਪਾਲਕ ਆਪਣੀ ਸੇਵ ਕਮਾਇੰਦਾ । ਜਨ ਭਗਤਾਂ ਅੰਤਰ ਆਤਮ ਸਾਚੀ ਪਾਏ ਅਗੰਮੀ ਮਾਲਾ, ਮਨ ਕਾ ਮਣਕਾ ਆਪ ਭਵਾਇੰਦਾ । ਬਜਰ ਕਪਾਟੀ ਖੋਲ੍ਹੇ ਤਾਲਾ, ਦੂਈ ਦਵੈਤ ਮੇਟ ਮਿਟਾਇੰਦਾ । ਮੇਟੇ ਰੈਣ ਅੰਧੇਰਾ ਕਾਲਾ, ਜੋਤੀ ਚੰਦ ਨੂਰ ਚਮਕਾਇੰਦਾ । ਸਾਚਾ ਮਾਰਗ ਦੱਸ ਸੁਖਾਲਾ, ਫੜ ਰਾਹੇ ਆਪੇ ਪਾਇੰਦਾ । ਅੰਦਰ ਵੜ ਕੇ ਚਲੇ ਨਾਲਾ, ਡੂੰਘੀ ਭਵਰੀ ਪਾਰ ਕਰਾਇੰਦਾ । ਘਰ ਵਿਚ ਘਰ ਵਖਾਏ ਸੱਚੀ ਧਰਮਸਾਲਾ, ਦਸਮ ਦੁਆਰੀ ਆਸਣ ਲਾਇੰਦਾ । ਓਥੇ ਲੇਖਾ ਚੁੱਕੇ ਸ਼ਾਹ ਕੰਗਾਲਾ, ਊਚ ਨੀਚ ਨਜ਼ਰ ਕੋਇ ਨਾ ਆਇੰਦਾ । ਮੁਰੀਦ ਮੁਰਸ਼ਦ ਪੁਛੇ ਹਾਲਾ, ਮੁਰਸ਼ਦ ਮੁਰੀਦ ਦਇਆ ਕਮਾਇੰਦਾ । ਕਰੇ ਖੇਲ ਹਰਿ ਗੋਪਾਲਾ, ਗੋਬਿੰਦ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੇੜਾ ਪਾਰ ਕਰਾਇੰਦਾ । ਸਤਿਗੁਰ ਸਰਨਾਈ ਡੁੱਬੇ ਨਾ ਬੇੜਾ, ਮੰਝਧਾਰ ਨਜ਼ਰ ਕੋਇ ਨਾ ਆਈਆ । ਸਦ ਵਸਦਾ ਰਹੇ ਮੰਦਰ ਖੇੜਾ, ਘਰ ਵੱਜੇ ਨਾਮ ਵਧਾਈਆ । ਜਨ ਭਗਤਾਂ ਚੁੱਕੇ ਜਗਤ ਝੇੜਾ, ਝੂਠੀ ਕਰੇ ਨਾ ਕੋਇ ਲੜਾਈਆ । ਇਕੋ ਢੋਲਾ ਗਾਏ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਪੁਰਖ ਅਬਿਨਾਸ਼ੀ ਕਰੇ ਮਿਹਰਾ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨੈਣ ਉਠਾਈਆ । ਹਕੀਕਤ ਕਰੇ ਹੱਕ ਨਬੇੜਾ, ਲਾਸ਼ਰੀਕ ਨੂਰ ਖ਼ੁਦਾਈਆ । ਸੀਸ ਜਗਦੀਸ਼ ਬੰਨ੍ਹੇ ਸੇਹਰਾ, ਸਾਚਾ ਸਗਨ ਇਕ ਮਨਾਈਆ । ਅੰਤਮ ਲੈ ਕੇ ਜਾਏ ਆਪਣੇ ਵਿਹੜਾ, ਸਚਖੰਡ ਸਾਚੇ ਦਏ ਬਹਾਈਆ । ਜਨਮ ਕਰਮ ਆਵਣ ਜਾਵਣ ਲੱਖ ਚੁਰਾਸੀ ਜਮ ਕੀ ਫਾਸੀ ਚੁੱਕੇ ਝੇੜਾ, ਮਾਤ ਗਰਭ ਲੇਖਾ ਰਹਿਣ ਕੋਇ ਨਾ ਪਾਈਆ । ਪ੍ਰਭ ਚਰਨ ਸਰਨ ਲੱਗੇ ਸੱਚਾ ਡੇਰਾ, ਘਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦਾ ਸਦਾ ਹੋਏ ਸਹਾਈਆ । ਚਰਨ ਪ੍ਰੀਤੀ ਲੱਗੇ ਜਨ, ਜਨ ਜਨਨੀ ਮਿਲੇ ਵਡਿਆਈਆ । ਲੇਖੇ ਲੱਗੇ ਪੰਜ ਤਤ ਤਨ, ਤਨ ਮਾਟੀ ਅਗਨੀ ਖ਼ਾਕ ਨਾ ਕੋਇ ਰਲਾਈਆ । ਸਾਚਾ ਰਾਗ ਸੁਣੇ ਕੰਨ, ਸੋ ਸਤਿਗੁਰ ਆਪ ਸੁਣਾਈਆ । ਮਨ ਕਾ ਮਣਕਾ ਫੇਰੇ ਮਨ, ਮਨ ਵਾਸਨਾ ਦਏ ਖਪਾਈਆ । ਘਰ ਪਰਕਾਸ਼ ਚਾੜ੍ਹੇ ਚੰਨ, ਚੰਦ ਨੂਰ ਰੁਸ਼ਨਾਈਆ । ਭੇਵ ਖੁਲ੍ਹਾਏ ਨੇਤਰ ਅੰਨ੍ਹ, ਅਗਿਆਨ ਅੰਧੇਰ ਮਿਟਾਈਆ । ਪੰਚ ਵਿਕਾਰਾ ਦੇਵੇ ਡੰਨ, ਡੰਕਾ ਇਕੋ ਨਾਮ ਸੁਣਾਈਆ । ਕਰ ਕਿਰਪਾ ਠਾਕਰ ਗੁਰਮੁਖ ਪਾਏ ਠੰਢ, ਠੋਕਰ ਆਪਣਾ ਨਾਮ ਲਗਾਈਆ । ਲੇਖਾ ਚੁਕਾਏ ਸ੍ਰਿਸ਼ਟ ਸਬਾਈ ਕੋਟ ਬ੍ਰਹਿਮੰਡ, ਪਾਰਬ੍ਰਹਮ ਪ੍ਰਭ ਬਖ਼ਸ਼ੇ ਇਕ ਸਰਨਾਈਆ । ਨਿਜ ਆਤਮ ਪਰਮਾਤਮ ਗੁਰਮੁਖ ਲੈਣਾ ਅਨੰਦ, ਦੂਜੀ ਵਾਸ਼ਨਾ ਨੇੜ ਕੋਇ ਨਾ ਆਈਆ । ਜਗਤ ਦਰਿਯਾ ਪਾਰ ਕਿਨਾਰਾ ਜਾਣਾ ਲੰਘ, ਅੱਧਵਿਚਕਾਰ ਨਾ ਕੋਇ ਅਟਕਾਈਆ । ਸਤਿਗੁਰ ਪੂਰਾ ਜਿਸ


੫੫੨ ੧੫

ਦੇ ਸੰਗ, ਤਿਸ ਨਈਆ ਸਕੇ ਨਾ ਕੋਇ ਡੁਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਾਰਗ ਇਕ ਦ੍ਰਿੜਾਈਆ । ਚਰਨ ਗੁਰੂ ਗੁਰ ਸਾਚਾ ਬੰਧਨ, ਹਰਿ ਬੰਦਗੀ ਨਾਮ ਜਣਾਇੰਦਾ । ਮਸਤਕ ਟਿੱਕਾ ਲਾਏ ਚੰਦਨ, ਦੁਰਮਤ ਮੈਲ ਧਵਾਇੰਦਾ । ਕੂੜੀ ਕਿਰਿਆ ਕਰੇ ਖੰਡਨ, ਖੰਡਾ ਨਾਮ ਉਠਾਇੰਦਾ । ਸੁਰਤ ਸਵਾਣੀ ਨਾ ਹੋਏ ਰੰਡਨ, ਸ਼ਬਦ ਸੁਆਮੀ ਕੰਤ ਮਿਲਾਇੰਦਾ । ਦੇਵੇ ਓਢਨ ਹੋਏ ਨਾ ਨੰਗਨ, ਨਾਮ ਦੋਸ਼ਾਲਾ ਹੱਥ ਉਠਾਇੰਦਾ । ਗੁਰਮੁਖ ਗੁਰਸਿਖ ਭਗਤ ਆਦਿ ਜੁਗਾਦਿ ਕਦੇ ਨਾ ਸੰਗਣ, ਲੋਕ ਲੱਜਿਆ ਵਿਚ ਕਦੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖਾਂ ਗੁਰ ਗੁਰ ਇਕ ਬੁਝਾਇੰਦਾ । ਗੁਰਮੁਖ ਸਾਚੀ ਸਿਖਿਆ ਸਚ ਵਿਚਾਰ, ਸ੍ਰੀ ਭਗਵਾਨ ਆਪ ਜਣਾਈਆ । ਸਾਂਝਾ ਸਭ ਨਾਲ ਕਰੋ ਪਿਆਰ, ਦੂਈ ਦਵੈਤ ਨਾ ਕੋਇ ਰਖਾਈਆ । ਹਿਰਦਾ ਸੀਤਲ ਸਤਿ ਸ਼ਾਂਤ ਕਰੋ ਵਸਾਲ, ਗਹਿਰ ਗੰਭੀਰ ਰੂਪ ਵਟਾਈਆ । ਜੇ ਕੋਈ ਚੰਗਾ ਮੰਦਾ ਬੋਲੇ ਕੱਢੇ ਗਾਲ, ਤਿਸ ਆਖੋ ਵਾਹਵਾ ਮੇਰੇ ਭਾਈਆ । ਤੇਰੇ ਉਪਰ ਜਿਸ ਵੇਲੇ ਮੇਰਾ ਸਾਹਿਬ ਹੋਏ ਦਿਆਲ, ਤੇਰੀ ਹੋਛੀ ਮੱਤ ਦਏ ਗਵਾਈਆ । ਉਠ ਕੇ ਵੇਖ ਆਪਣੀ ਕਾਇਆ ਮੰਦਰ ਅੰਦਰ ਧਰਮਸਾਲ, ਤੇਰਾ ਸਤਿਗੁਰ ਤੈਥੋਂ ਬੈਠਾ ਮੁਖ ਛੁਪਾਈਆ । ਕੂੜੀ ਕਿਰਿਆ ਹੋਇਓਂ ਕਿਉਂ ਬੇਹਾਲ, ਬਿਹਬਲ ਹੋ ਕੇ ਮਾਰੇਂ ਧਾਹੀਆ । ਪਾਰਬ੍ਰਹਮ ਦਾ ਬ੍ਰਹਮ ਸਰੂਪ ਤੂੰ ਨਿੱਕਾ ਛੋਟਾ ਲਾਲ, ਮੂਰਖ ਤੈਨੂੰ ਆਪਣੀ ਸੁਰਤ ਸਮਝ ਨਾ ਆਈਆ । ਮਨ ਵਾਸਨਾ ਪਾਇਆ ਜਾਲ, ਤ੍ਰੈਗੁਣ ਘੇਰਾ ਰਹੀ ਪਾਈਆ । ਉਠ ਵੇਖ ਸਭ ਦੇ ਸਿਰ ਤੇ ਕੂਕੇ ਕਾਲ, ਜਿਸ ਪਿਓ ਦਾਦਾ ਰਹਿਣ ਦਿਤਾ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖਾਂ ਸਾਚੀ ਸਿਖਿਆ ਇਕ ਸਮਝਾਈਆ । ਚਰਨ ਕਵਲ ਪ੍ਰਭ ਸਾਚਾ ਰੰਗ, ਰੰਗ ਰਾਤਾ ਆਪ ਰੰਗਾਈਆ । ਆਤਮ ਸੇਜਾ ਦਏ ਪਲੰਘ, ਬਸੰਤੀ ਰੁੱਤ ਸੁਹਾਈਆ । ਉਠ ਸਖ਼ੀ ਗੁਰਮੁਖ ਗਾ ਛੰਦ, ਤੇਰਾ ਪ੍ਰੀਤਮ ਵੇਖਣ ਆਈਆ । ਜਗਤ ਰੰਡੇਪਾ ਚੁੱਕੇ ਰੰਡ, ਕੰਤ ਸੁਹਾਗੀ ਸੁਹਾਗਣ ਰੂਪ ਵਖਾਈਆ । ਨਿਜ ਆਤਮ ਵੇਖ ਅਨੰਦ, ਜਗ ਰਸਨਾ ਰਸ ਦੇ ਤਜਾਈਆ । ਤੇਰੇ ਅੰਦਰ ਸਚਖੰਡ, ਸਤਿਗੁਰ ਬੈਠਾ ਸੋਭਾ ਪਾਈਆ । ਉਚੀ ਕੂਕ ਪਾ ਡੰਡ, ਪ੍ਰਭ ਮਿਲਿਆ ਬੇਪਰਵਾਹੀਆ । ਪਿਛਲੀ ਭਰਮ ਭੁਲੇਖੇ ਗਈ ਹੰਢ, ਅਗਲੀ ਲੇਖੇ ਆਪਣੀ ਲਾਈਆ । ਰਸਨਾ ਜਿਹਵਾ ਕੂੜੀ ਕਿਰਿਆ ਤਜ ਗੰਦ, ਸਚ ਸੁਗੰਧੀ ਤੇਰੇ ਵਿਚ ਦਏ ਭਰਾਈਆ । ਘਰ ਸੱਜਣ ਮਿਲ ਕੇ ਗਾਉਣਾ ਛੰਦ, ਬਾਹਰੋ ਕਰੇ ਨਾ ਕੋਇ ਪੜ੍ਹਾਈਆ । ਕਿਰਪਾ ਕਰੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋ ਕੰਢਾ ਕੰਢੀ ਦਰ ਦਰਿਆ ਅੰਦਰ ਆਇਆ ਲੰਘ, ਸੋ ਮਲਾਹ ਬੇੜਾ ਖੇੜਾ ਪਾਰ ਕਰਾਈਆ । ਖ਼ੁਸ਼ੀਆਂ ਨਾਲ ਮਾਣੇ ਅਨੰਦ, ਅਨੰਦ ਸਤਿਗੁਰ ਚਰਨ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਸ੍ਰਿਸ਼ਟ ਸਬਾਈ ਰਿਹਾ ਜਣਾਈਆ ।

✪ ੯ ਅੱਸੂ ੨੦੨੦ ਬਿਕਰਮੀ ਸੁਰਜਣ ਸਿੰਘ ਦੇ ਗ੍ਰਹਿ ਫ਼ਿਰੋਜ਼ਪੁਰ ✪

ਸੋ ਪੁਰਖ ਨਿਰੰਜਣ ਕਹੇ ਸੁਣ ਸ਼ਬਦ ਸੁੱਤ ਦੁਲਾਰ, ਬੇਪਰਵਾਹ ਹੁਕਮ ਜਣਾਇੰਦਾ । ਹਰਿ ਪੁਰਖ ਨਿਰੰਜਣ ਕਹੇ ਮੇਰੇ ਲਾਡਲੇ ਲਾਲ, ਤੇਰਾ

ਖੇਲ ਇਕ ਵਖਾਇੰਦਾ । ਏਕੰਕਾਰ ਕਰ ਸਚ ਪਿਆਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਆਦਿ ਨਿਰੰਜਣ ਕਰ ਉਜਿਆਰ, ਸਚ ਪਰਕਾਸ਼ ਇਕ ਵਖਾਇੰਦਾ । ਸ੍ਰੀ ਭਗਵਾਨ ਕਰ ਖ਼ਬਰਦਾਰ, ਸਚ ਸੰਦੇਸ਼ਾ ਇਕ ਸੁਣਾਇੰਦਾ । ਅਬਿਨਾਸ਼ੀ ਕਰਤਾ ਹੋ ਮਿਹਰਵਾਨ, ਮਿਹਰ ਨਜ਼ਰ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਕਰ ਧਿਆਨ, ਸਚ ਧਿਆਨ ਇਕ ਬੁਝਾਇੰਦਾ । ਸਚਖੰਡ ਨਿਵਾਸੀ ਖੇਲ ਕਰੇ ਮਹਾਨ, ਮਹਿੰਮਾ ਅਕਥ ਕਥ ਜਣਾਇੰਦਾ । ਥਿਰ ਘਰ ਮੰਦਰ ਖੋਲ੍ਹ ਦੁਕਾਨ, ਸਚ ਦਰਵਾਜ਼ਾ ਆਪ ਜਣਾਇੰਦਾ । ਉਠ ਨੱਢੇ ਨੌਜਵਾਨ, ਬਲ ਤੇਰਾ ਤੇਰੇ ਵਿਚ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਸੁੱਤ ਸ਼ਬਦ ਹੁਕਮ ਸੁਣਾਇੰਦਾ । ਸ਼ਬਦ ਸੁੱਤ ਕਹੇ ਮੇਰੇ ਭਗਵਾਨ, ਪ੍ਰਭ ਤੇਰੀ ਓਟ ਤਕਾਈਆ । ਹਉਂ ਬਾਲਕ ਬਾਲੀ ਬੁੱਧ ਅੰਜਾਣ, ਤੇਰਾ ਭੇਵ ਕੋਈ ਨਾ ਆਈਆ । ਤੇਰੇ ਚਰਨ ਕਵਲ ਰੱਖਾਂ ਇਕ ਧਿਆਨ, ਮੰਗਾਂ ਸੱਚੀ ਸਰਨਾਈਆ । ਸਦਾ ਸਦਾ ਸਦ ਰਹਿਣਾ ਨਿਗਾਹਬਾਨ, ਮਿਹਰ ਨਜ਼ਰ ਉਠਾਈਆ । ਦੇਵਣਹਾਰੇ ਧੁਰ ਫ਼ਰਮਾਨ, ਤੇਰਾ ਹੁਕਮ ਮੋਹੇ ਭਾਈਆ । ਸੇਵਾ ਕਰਾਂ ਸਚ ਮਹਾਨ, ਬਣ ਸੇਵਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸ਼ਬਦ ਦੁਲਾਰੇ ਸਾਚਾ ਸੁੱਤ, ਸੋ ਸਾਹਿਬ ਆਪ ਜਣਾਈਆ । ਵੇਖੇ ਖੇਲ ਅਬਿਨਾਸ਼ੀ ਅਚੁਤ, ਤੇਰੀ ਧਾਰ ਧਾਰ ਪਰਗਟਾਈਆ । ਸਚ ਸੁਹੰਜਣੀ ਸੁਹਾਏ ਰੁੱਤ, ਰੁਤੜੀ ਆਪਣੇ ਨਾਲ ਮਹਿਕਾਈਆ । ਥਿਰ ਘਰ ਦੁਆਰਿਉਂ ਪੈਣਾ ਉਠ, ਸਾਚਾ ਮੰਦਰ ਇਕ ਸੁਹਾਈਆ । ਠਾਕਰ ਦਿਆਲ ਸੁਆਮੀ ਰਿਹਾ ਤੁਠ, ਸਿਰ ਤੇਰੇ ਹੱਥ ਰਖਾਈਆ । ਸਤਿ ਦੁਆਰੇ ਨਾ ਬਹਿਣਾ ਲੁਕ, ਪਰਗਟ ਹੋ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸੁੱਤ ਦੁਲਾਰਾ ਕਰੇ ਨਿਮਸਕਾਰ, ਪ੍ਰਭ ਅੱਗੇ ਸੀਸ ਝੁਕਾਈਆ । ਹਉਂ ਬਾਲਾ ਤੇਰਾ ਬਰਖ਼ੁਰਦਾਰ, ਸਦ ਸਾਚੀ ਸੇਵ ਕਮਾਈਆ । ਹੁਕਮ ਕਰ ਏਕਾ ਵਾਰ, ਏਕੰਕਾਰ ਤੇਰੀ ਸਰਨਾਈਆ । ਸ਼ਾਹ ਪਾਤਸ਼ਾਹ ਸੱਚੀ ਸਰਕਾਰ, ਰਾਜ ਰਾਜਾਨ ਤੇਰੀ ਵਡ ਵਡਿਆਈਆ । ਮੈਂ ਹੋਵਾਂ ਖ਼ਬਰਦਾਰ, ਆਲਸ ਨਿੰਦਰਾ ਨਜ਼ਰ ਕੋਇ ਨਾ ਆਈਆ । ਨੇਤਰ ਨੈਣ ਲਵਾਂ ਉਘਾੜ, ਅੱਖ ਪਰਤੱਖ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਰਖਾਈਆ । ਸ੍ਰੀ ਭਗਵਾਨ ਕਹੇ ਸੁਣ ਸਾਚੇ ਬਾਲ, ਸੋ ਸਤਿਗੁਰ ਆਪ ਜਣਾਈਆ । ਨੇਤਰ ਖੋਲ੍ਹ ਮਾਰ ਧਿਆਨ, ਦੋ ਜਹਾਨ ਰਿਹਾ ਵਖਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਕਰ ਪਹਿਚਾਨ, ਆਪ ਆਪਣਾ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇ ਗਿਆਨ, ਧੁਰ ਸੰਦੇਸਾ ਇਕ ਸੁਣਾਈਆ । ਤ੍ਰੈਗੁਣ ਮਾਇਆ ਹੋਈ ਨਾਦਾਨ, ਫੜ ਬਾਹੋ ਦੇ ਹਿਲਾਈਆ । ਪੰਜ ਤਤ ਹੋਇਆ ਸ਼ੈਤਾਨ, ਸ਼ਰਅ ਕਰੇ ਜਗਤ ਲੜਾਈਆ । ਲੱਖ ਚੁਰਾਸੀ ਕੂੜੀ ਕਿਰਿਆ ਹੋਈ ਦੁਕਾਨ, ਸਾਚਾ ਹੱਟ ਨਾ ਕੋਇ ਖੁਲ੍ਹਾਈਆ । ਤੇਈ ਅਵਤਾਰ ਮੰਗਣ ਦਾਨ, ਖ਼ਾਲੀ ਝੋਲੀ ਰਹੇ ਵਖਾਈਆ । ਭਗਤ ਅਠਾਰਾਂ ਸਰਬ ਕੁਰਲਾਣ, ਉਚੀ ਕੂਕਣ ਮਾਰਨ ਧਾਹੀਂਆ । ਈਸਾ ਮੂਸਾ ਮੁਹੰਮਦ ਹੋਏ ਹੈਰਾਨ, ਧੀਰਜ ਧੀਰ ਨਜ਼ਰ ਕੋਇ ਨਾ ਆਈਆ । ਨਾਨਕ ਗੋਬਿੰਦ ਦੋਏ ਜੋੜ ਕਰੇ ਪਰਨਾਮ, ਸੀਸ ਜਗਦੀਸ ਇਕ ਝੁਕਾਈਆ । ਜੀਵ ਜੰਤ ਭਰਮੇ ਭੁੱਲਾ ਸਰਬ ਜਹਾਨ, ਨੌਂ ਖੰਡ ਪਈ ਦੁਹਾਈਆ । ਸਤ ਦੀਪ ਫਿਰੇ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਈਆ । ਮਾਣ ਤੁਟਾ ਸ਼ਾਸਤਰ ਸਿਮਰਤ ਵੇਦ ਪੁਰਾਨ, ਸਾਚਾ ਭੈ ਸਿਰ ਨਾ

ਕੋਇ ਰਖਾਈਆ । ਗੀਤਾ ਗਿਆਨ ਸਕੇ ਨਾ ਕੋਇ ਪਹਿਚਾਨ, ਅੱਠ ਦਸ ਪੜਦਾ ਕੋਇ ਨਾ ਲਾਹੀਆ । ਅੰਜੀਲ ਕੁਰਾਨ ਨੈਣ ਸ਼ਰਮਾਣ, ਕਲਮਾ ਹੱਕ ਨਾ ਕੋਇ ਪੜ੍ਹਾਈਆ । ਖਾਣੀ ਬਾਣੀ ਚਾਰੋ ਕੁੰਟ ਦਹਿ ਦਿਸ਼ਾ ਵੇਖੇ ਮਾਰ ਧਿਆਨ, ਸਾਂਝਾ ਯਾਰ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਜ਼ਾਤ ਪਾਤ ਚਾਰ ਵਰਨ ਹੁੰਦੇ ਦਿਸਣ ਵੈਰਾਨ, ਵੈਰੀ ਘਰ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸੁਣਾਈਆ । ਸੁਤ ਦੁਲਾਰਾ ਦੋਏ ਜੋੜ, ਪ੍ਰਭ ਚਰਨ ਸੀਸ ਝੁਕਾਇੰਦਾ । ਸਾਹਿਬ ਸੁਆਮੀ ਤੇਰੀ ਲੋੜ, ਦੂਜੀ ਓਟ ਨਾ ਕੋਇ ਰਖਾਇੰਦਾ । ਸਾਚੇ ਚੜ੍ਹਾਂ ਅਗੰਮੀ ਘੋੜ, ਵਾਗਾਂ ਆਪਣੇ ਹੱਥ ਰਖਾਇੰਦਾ । ਦੋ ਜਹਾਨ ਵੇਖਾਂ ਦੌੜ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ, ਜ਼ਿਮੀਂ ਅਸਮਾਨ ਖੋਜ ਖੋਜਾਇੰਦਾ । ਲੱਖ ਚੁਰਾਸੀ ਰੀਠਾ ਵੇਖਾਂ ਮਿੱਠਾ ਕੌੜ, ਘਰ ਘਰ ਅੰਦਰ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਇੰਦਾ । ਸ਼ਬਦ ਸੁੱਤ ਉਠ ਬਲ ਧਾਰ, ਪ੍ਰਭ ਅਬਿਨਾਸ਼ੀ ਆਪ ਜਣਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਵੇਲਾ ਆਈਆ । ਨੌ ਖੰਡ ਪ੍ਰਿਥਮੀ ਧੂੰਆਂਧਾਰ, ਸਤ ਸਤਿ ਕਰੇ ਨਾ ਕੋਇ ਰੁਸ਼ਨਾਈਆ । ਜੂਠ ਝੂਠ ਚਾਰ ਕੁੰਟ ਭਰੇ ਭੰਡਾਰ, ਸਚ ਸੁਚ ਵਸਤ ਨਜ਼ਰ ਕੋਇ ਨਾ ਆਈਆ । ਜੀਵ ਜੰਤ ਸਾਧ ਸੰਤ ਘਰ ਘਰ ਕਰਨ ਵਿਭਚਾਰ, ਧੀਰਜ ਜਤ ਨਾ ਕੋਇ ਰਖਾਈਆ । ਗੁਰ ਕਾ ਸ਼ਬਦ ਸਕੇ ਨਾ ਕੋਇ ਵਿਚਾਰ, ਹਿਰਦੇ ਹਰਿ ਨਾ ਕੋਇ ਧਿਆਈਆ । ਆਦਿ ਅੰਤ ਨੂਰ ਨਾ ਕੋਇ ਉਜਿਆਰ, ਚਤੁਰਭੁਜ ਸੀਸ ਨਾ ਕੋਇ ਝੁਕਾਈਆ । ਰਾਮ ਕਰੇ ਨਾ ਕੋਇ ਪਿਆਰ, ਸਾਚੀ ਬੰਸਰੀ ਨਾਮ ਨਾ ਕੋਇ ਵਜਾਈਆ । ਕਾਹਨਾ ਨਜ਼ਰ ਨਾ ਆਏ ਵਿਚ ਸੰਸਾਰ, ਮੋਰ ਮੁਕਟ ਨੇਤਰ ਨੈਣ ਪੇਖ ਕੋਇ ਨਾ ਪਾਈਆ । ਮੂਸਾ ਕਰੇ ਨਾ ਕੋਈ ਗੁਫ਼ਤਾਰ, ਗੁਫ਼ਤ ਸ਼ੁਨੀਦ ਭੇਵ ਨਾ ਕੋਇ ਚੁਕਾਈਆ । ਈਸਾ ਕਹੇ ਨਾ ਕੋਈ ਪੁਕਾਰ, ਜਲਵਾ ਨੂਰ ਨਾ ਕੋਇ ਖ਼ੁਦਾਈਆ । ਮੁਹੰਮਦ ਰੋਵੇ ਧਾਹਾਂ ਮਾਰ, ਚਾਰ ਯਾਰੀ ਪੱਲੂ ਗਈ ਛੁਡਾਈਆ । ਨਾਨਕ ਨਿਰਗੁਣ ਕਰੇ ਪੁਕਾਰ, ਸੋਹਲਾ ਢੋਲਾ ਰਾਗ ਸੁਣਾਈਆ । ਗੋਬਿੰਦ ਮੰਗ ਕੇ ਗਿਆ ਮੰਗ ਇਕੋ ਵਾਰ, ਪ੍ਰਭ ਅੱਗੇ ਸੀਸ ਝੁਕਾਈਆ । ਚਾਰ ਲੱਖ ਲਹਿਣਾ ਚੁੱਕਣਾ ਬੱਤੀ ਹਜ਼ਾਰ, ਕਰਮ ਕਾਂਡ ਗੇੜਾ ਦੇਣਾ ਗਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਕੋਈ ਨਾ ਪਾਵੇ ਸਾਰ, ਮਹਾਂਸਾਰਥੀ ਨਜ਼ਰ ਕੋਇ ਨਾ ਆਈਆ । ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਧੂਆਂਧਾਰ, ਨਿਰਗੁਣ ਨੂਰ ਜੋਤ ਨਾ ਕੋਇ ਰੁਸ਼ਨਾਈਆ । ਅਠਸਠ ਤੀਰਥ ਸੋਹੇ ਨਾ ਕੋਇ ਤਾਲ, ਅੰਮ੍ਰਿਤ ਰਸ ਨਜ਼ਰ ਕੋਇ ਨਾ ਆਈਆ । ਤ੍ਰੈਗੁਣ ਮਾਇਆ ਤੋੜ ਨਾ ਸਕੇ ਕੋਈ ਜੰਜਾਲ, ਪੰਜ ਤਤ ਕਰੇ ਨਾ ਕੋਇ ਰੁਸ਼ਨਾਈਆ । ਸ੍ਰਿਸ਼ਟ ਸਬਾਈ ਹੋਈ ਅੰਤ ਬੇਹਾਲ, ਸਾਚਾ ਰੂਪ ਨਜ਼ਰ ਕੋਇ ਨਾ ਆਈਆ । ਸਭ ਨੂੰ ਭੁਲਿਆ ਦੀਨ ਦਿਆਲ, ਦੀਨਾਂ ਨਾਥ ਸਾਚਾ ਸੰਗ ਨਾ ਕੋਇ ਰਖਾਈਆ । ਉਠ ਜਵਾਨ ਵੇਖ ਕਲੂ ਕਾਲ, ਕਲਕਾਤੀ ਰੂਪ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਇਕ ਜਣਾਈਆ । ਸ਼ਬਦ ਸੁੱਤ ਝੁਕਾਏ ਸੀਸ, ਪ੍ਰਭੂ ਤੇਰੀ ਇਕ ਸਰਨਾਈਆ । ਕਿਰਪਾ ਕਰ ਸੱਚੇ ਜਗਦੀਸ, ਜਗਦੀਸਰ ਤੇਰੀ ਓਟ ਰਖਾਈਆ । ਤੇਰੇ ਛਤਰ ਸੋਹੇ ਸੀਸ, ਦੋ ਜਹਾਨ ਵੱਜੇ ਵਧਾਈਆ । ਮੈਂ ਵੇਖਾਂ ਜਾ ਕੇ ਕਲਜੁਗ ਰੀਤ, ਦੋ ਜਹਾਨਾਂ ਫੇਰਾ ਪਾਈਆ । ਚਾਰੋ ਕੁੰਟ ਫੋਲ ਫੋਲਾਵਾਂ ਸਚ ਹਦੀਸ, ਕਲਮਾ ਨਬੀ ਰਸੂਲ ਕਵਣ ਪੜ੍ਹਾਈਆ ।


੫੫੫ ੧੫

ਲੱਖ ਚੁਰਾਸੀ ਪਰਖਾਂ ਜਾ ਕੇ ਨੀਤ, ਘਟ ਘਟ ਅੰਦਰ ਆਪਣਾ ਡੇਰਾ ਲਾਈਆ । ਭੇਵ ਚੁਕਾਵਾਂ ਠਾਕਰਦਵਾਰਾ ਮੰਦਰ ਮਸੀਤ, ਗੁਰੂਦੁਆਰ ਬਚਿਆ ਰਹਿਣ ਕੋਇ ਨਾ ਪਾਈਆ । ਜਿਸ ਘਰ ਜਿਸ ਗ੍ਰਿਹਿ ਜਿਸ ਮੰਦਰ ਦਿਸੇ ਪਲੀਤ, ਤਿਸ ਪਾਕੀ ਪਾਕ ਰੂਪ ਵਟਾਈਆ । ਸੇਵਾ ਕਰਾਂ ਜਾ ਕੇ ਠੀਕ, ਠਾਕਰ ਤੇਰੇ ਨਾਮ ਦਿਆਂ ਦੁਹਾਈਆ । ਤੇਰੇ ਹੁਕਮ ਅੰਦਰ ਕਲਜੁਗ ਅੰਤਮ ਭੁਗਤਣ ਜਾਵਾਂ ਇਕ ਤਰੀਕ, ਸਚ ਅਦਾਲਤ ਇਕ ਲਗਾਈਆ । ਕੂੜੀ ਕਿਰਿਆ ਰਹਿਣ ਨਾ ਦੇਵਾਂ ਤੇਰਾ ਕੋਈ ਸ਼ਰੀਕ, ਜੂਠਾ ਝੂਠਾ ਡੇਰਾ ਦੇਵਾਂ ਢਾਹੀਆ । ਮੇਰੀ ਧਾਰ ਨਜ਼ਰ ਨਾ ਆਏ ਕਿਸੇ ਬਾਰੀਕ, ਜਗਤ ਨੇਤਰ ਪੇਖਣ ਕੋਇ ਨਾ ਪਾਈਆ । ਸਾਚੀ ਦੱਸਾਂ ਇਕ ਪ੍ਰੀਤ, ਪਰੀਤਮ ਇਕੋ ਇਕ ਸਮਝਾਈਆ । ਤੇਰਾ ਨਾਉਂ ਸੁਣਾਵਾਂ ਢੋਲਾ ਗੀਤ, ਗੋਬਿੰਦ ਤੇਰੀ ਸਿਫ਼ਤ ਸਾਲਾਹੀਆ । ਤੇਰੇ ਦਰ ਤੇ ਲੈ ਕੇ ਜਾਵਾਂ ਭੀਖ, ਸਾਚੀ ਭਿਛਿਆ ਝੋਲੀ ਆਪ ਭਰਾਈਆ । ਤੂੰ ਬੈਠਾ ਵੇਖੇਂ ਅਤੀਤ, ਤ੍ਰੈਗੁਣ ਤੇਰੀ ਤੇਰੀ ਰਚਨ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਉਠ ਸੁੱਤ ਛੇਤੀ ਜਾ, ਸੋ ਸਾਹਿਬ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਪੱਲੂ ਰਹੇ ਛੁਡਾ, ਸੰਗੀ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵ ਹਰਿ ਕਾ ਨਾਉਂ ਚਾਰ ਵਰਨ ਗਏ ਭੁਲਾ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਈਆ । ਜਲਵਾ ਨੂਰ ਜ਼ਹੂਰ ਹਜ਼ੂਰ ਦਏ ਨਾ ਕੋਇ ਦਰਸਾ, ਪੜਦਾ ਚੁੱਕ ਮੁਖ ਨਕ਼ਾਬ, ਸਾਬਤ ਸੂਰਤ ਸਚ ਨਾ ਕੋਇ ਜਣਾਈਆ । ਸਾਚਾ ਸਜਦਾ ਸੀਸ ਜਗਦੀਸ ਕਰੇ ਨਾ ਕੋਇ ਆਦਾਬ, ਪਰਵਰਦਿਗਾਰ ਸਚ ਸਲਾਮ ਨਾ ਕੋਇ ਬੁਲਾਈਆ । ਖ਼ਾਲੀ ਦਿਸੇ ਮੱਕਾ ਕਾਅਬ, ਹੁਜਰਾ ਹੱਕ ਨਾ ਕੋਇ ਸਮਝਾਈਆ । ਕੂੜੀ ਕਿਰਿਆ ਦਿਸੇ ਰਾਜ, ਰਾਜ ਭੂਪ ਸ਼ਾਹ ਸੁਲਤਾਨ ਦੇਵੇ ਨਾ ਕੋਇ ਵਡਿਆਈਆ । ਲੱਖ ਚੁਰਾਸੀ ਵਿਗੜਿਆ ਸਮਾਜ, ਸਾਚੀ ਸਮਗਰੀ ਹੱਥ ਨਾ ਕੋਇ ਰਖਾਈਆ । ਧੁਰ ਦੀ ਬਾਣੀ ਭੁੱਲੇ ਸਚ ਆਵਾਜ਼, ਸ੍ਰੀ ਭਗਵਾਨ ਭੈ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪਹਿਲਾਂ ਮੇਰੀ ਮੰਗ ਕਰ ਮਨਜ਼ੂਰ, ਸ਼ਬਦ ਸੁੱਤ ਸਚ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਦ ਹਜ਼ੂਰ, ਹਰਿ ਜੂ ਦਰ ਤੇਰੇ ਵੇਖਣ ਪਾਇੰਦਾ । ਸਾਰੇ ਕਹਿਣ ਸ਼ਬਦ ਗੁਰੂ ਗੁਰਦੇਵ ਜਾ ਜ਼ਰੂਰ, ਜ਼ਰੂਰਤ ਸਭ ਦੀ ਤੋਹੇ ਪੂਰ ਕਰਾਇੰਦਾ । ਮੈਂ ਪਰਗਟ ਹੋਵਾਂ ਜਾ ਕੇ ਤੇਰਾ ਨੂਰ, ਮਾਤ ਪਿਤ ਨਾ ਕੋਇ ਬਣਾਇੰਦਾ । ਦੋ ਜਹਾਨਾਂ ਜਣਾਵਾਂ ਇਕ ਦਸਤੂਰ, ਧੁਰ ਫ਼ਰਮਾਣਾ ਹੁਕਮ ਸੁਣਾਇੰਦਾ । ਲੱਖ ਚੁਰਾਸੀ ਕਰਾਂ ਮਜਬੂਰ, ਮੁਜਰਮ ਸਭ ਨੂੰ ਆਪ ਬਣਾਇੰਦਾ । ਜਿਨ੍ਹਾਂ ਤੇਰਾ ਨਾਮ ਭੁਲਾਇਆ ਤਿਨ੍ਹਾਂ ਉਤੇ ਲਾਵਾਂ ਇਕੋ ਕਸੂਰ, ਫ਼ਤਵਾ ਸਾਦਰ ਇਕ ਕਰਾਇੰਦਾ । ਨੌਂ ਖੰਡ ਪ੍ਰਿਥਮੀ ਸਤ ਦੀਪ ਕੂੜੀ ਕਿਰਿਆ ਉਡਦੀ ਵੇਖਾਂ ਧੂੜ, ਦਹਿ ਦਿਸ਼ਾ ਫੇਰੀ ਪਾਇੰਦਾ । ਜੀਵ ਜੰਤ ਪੜਦਾ ਲਾਹਵਾਂ ਮੂਰਖ ਮੁਗਧ ਮੂੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰਾ ਇਕੋ ਨਜ਼ਰੀ ਆਇੰਦਾ । ਸੁੱਤ ਦੁਲਾਰੇ ਉਠ ਬਲਵਾਨ, ਪ੍ਰਭ ਦੇਵਣਹਾਰ ਵਡਿਆਈਆ । ਤੇਰੇ ਹੱਥ ਫੜਾਏ ਧਰਮ ਨਿਸ਼ਾਨ, ਦੋ ਜਹਾਨਾਂ ਦੇ ਝੁਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪਰਵਾਨ, ਸੀਸ ਸਕੇ ਨਾ ਕੋਇ ਉਠਾਈਆ । ਕਰੋੜ ਤੇਤੀਸ ਕਰੇ ਪਰਨਾਮ, ਦੇਵਤ ਸੁਰ ਖ਼ੁਸ਼ੀ ਮਨਾਈਆ । ਗਣ ਗੰਧਰਬ ਰਾਗ ਗਾਣ, ਗਾਵਤ ਗਾਵਤ ਰਾਗ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਮਾਰ ਧਿਆਨ, ਨਿਜ ਨੇਤਰ ਨੈਣ ਖੁਲ੍ਹਾਈਆ । ਲੱਖ ਚੁਰਾਸੀ ਵੇਖ


੫੫੬
੧੫

ਜੀਵ ਜੰਤ ਜਹਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਕਲਜੁਗ ਕੂੜ ਕੁੜਿਆਰੀ ਰੈਣ ਅੰਧੇਰੀ ਮਿਟੇ ਮਿਟੀ ਘੱਟਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਇਕ ਸਮਝਾਈਆ । ਸ਼ਬਦ ਸੁੱਤ ਕਹੇ ਮੈਂ ਜਾਵਾਂਗਾ । ਪ੍ਰਭ ਤੇਰਾ ਹੁਕਮ ਸੀਸ ਟਿਕਾਵਾਂਗਾ । ਨਿਰਗੁਣ ਸਰਗੁਣ ਵੇਖ ਵਖਾਵਾਂਗਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਉਠਾਵਾਂਗਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਸਮਝਾਵਾਂਗਾ । ਚਾਰ ਵਰਨਾਂ ਬਣ ਕੇ ਸਾਚਾ ਪੰਡਤ, ਬੋਧ ਅਗਾਧ ਇਕ ਦ੍ਰਿੜਾਵਾਂਗਾ । ਦੂਜੇ ਦਰ ਕਦੀ ਨਾ ਜਾਵਾਂ ਮੰਗਤ, ਤੇਰੀ ਭਿਛਿਆ ਇਕੋ ਇਕ ਵਰਤਾਵਾਂਗਾ । ਕਾਇਆ ਚੋਲੀ ਚਾੜ੍ਹ ਕੇ ਰੰਗਤ, ਰੰਗ ਰੰਗੀਲਾ ਮੋਹਣ ਮਾਧਵ ਇਕੋ ਇਕ ਵਖਾਵਾਂਗਾ । ਮੇਲ ਮਿਲਾ ਕੇ ਸ਼ਬਦੀ ਸੰਗਤ, ਗੁਰ ਸ਼ਬਦੀ ਧਾਰ ਬੰਧਾਵਾਂਗਾ । ਨਾਤਾ ਤੋੜ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੀ ਸੇਵਾ ਸਚ ਕਮਾਵਾਂਗਾ । ਸ਼ਬਦ ਸੁੱਤ ਤੂੰ ਜਾਏਗਾ । ਪ੍ਰਭ ਸਾਚਾ ਵੇਖ ਵਖਾਏਗਾ । ਮਿਹਰਵਾਨ ਮਿਹਰ ਨਜ਼ਰ ਟਿਕਾਏਗਾ । ਤੇਰਾ ਲਹਿਣਾ ਤੇਰੀ ਝੋਲੀ ਪਾਏਗਾ । ਤੇਰੇ ਨੈਣਾਂ ਸਰਬ ਵਖਾਏਗਾ । ਕੋਟ ਕੂੜੀ ਕਿਰਿਆ ਬੁਰਜ ਢਹਿਣਾ, ਧੱਕਾ ਤੇਰੇ ਕੋਲੋ ਲਵਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਚੋਲਾ ਲੋਕਮਾਤ ਥਿਰ ਨਹੀਂ ਰਹਿਣਾ, ਜੋ ਆਇਆ ਸੋ ਉਠ ਉਠ ਜਾਏਗਾ । ਸ਼ਬਦੀ ਨਾਦ ਨਾਦ ਗੁਰਦੇਵ ਸਚ ਸੁਆਮੀ ਆਦਿ ਜੁਗਾਦਿ ਥਿਰ ਘਰ ਸਾਚੇ ਬਹਿਣਾ, ਨਾ ਕੋਈ ਮੇਟੇ ਮੇਟ ਮਿਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਜਣਾਏਗਾ । ਸਚ ਸੁਨੇਹੜਾ ਲੈ ਕੇ ਜਾਵਾਂਗਾ । ਪ੍ਰਭ ਤੇਰਾ ਖੇਲ ਰਚਾਵਾਂਗਾ । ਦੋ ਜਹਾਨਾਂ ਵੇਖ ਵਖਾਵਾਂਗਾ । ਸ਼ਬਦ ਨਿਸ਼ਾਨਾ ਇਕ ਝੁਲਾਵਾਂਗਾ । ਰਾਓ ਰੰਕ ਆਪ ਉਠਾਵਾਂਗਾ । ਦੁਆਰ ਬੰਕ ਵਡ ਵਡਿਆਵਾਂਗਾ । ਲੱਖ ਚੁਰਾਸੀ ਫੋਲ ਫੋਲਾਵਾਂਗਾ । ਜਨ ਭਗਤ ਸੁਹੇਲੇ ਵਿਚੋ ਕੱਢ ਵਰੋਲ, ਆਪਣੀ ਝੋਲੀ ਪਾਵਾਂਗਾ । ਅੰਦਰ ਵੜ ਕੇ ਦੱਸਾਂ ਆਪਣਾ ਬੋਲ, ਸਾਚਾ ਰਾਗ ਇਕ ਸਮਝਾਵਾਂਗਾ । ਬੰਦ ਖਿੜਕੀ ਕੁੰਡਾ ਖੋਲ੍ਹ, ਬਜਰ ਕਪਾਟੀ ਤੋੜ ਤੁੜਾਵਾਂਗਾ । ਅੰਮ੍ਰਿਤ ਆਤਮ ਦੇ ਕੇ ਪੌਹਲ, ਸਾਚਾ ਜਾਮ ਆਪ ਪਿਆਵਾਂਗਾ । ਇਕ ਇਕੱਲਾ ਨਿਰਗੁਣ ਹੋ ਕੇ ਵਸਾਂ ਕੋਲ, ਸਰਗੁਣ ਆਪਣਾ ਮੇਲ ਮਿਲਾਵਾਂਗਾ । ਅਨਹਦ ਨਾਦੀ ਵੱਜੇ ਢੋਲ, ਸੋਈ ਸੁਰਤੀ ਆਪ ਉਠਾਵਾਂਗਾ । ਸਾਚੇ ਕੰਡੇ ਦੇਵਾਂ ਤੋਲ, ਤਰਾਜੂ ਇਕੋ ਤੇਰਾ ਨਾਮ ਧਰਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਤੇਰੇ ਨਾਲ ਕਰ ਕੇ ਆਏ ਕੌਲ, ਤਿਨ੍ਹਾਂ ਅੰਤਮ ਪੂਰ ਕਰਾਵਾਂਗਾ । ਧਰਤੀ ਕਰੇ ਭਾਰ ਹੌਲ, ਹੌਲੀ ਹੌਲੀ ਆਪਣਾ ਹੁਕਮ ਵਰਤਾਵਾਂਗਾ । ਸਚ ਦੁਆਰਾ ਦੇਵਾਂ ਖੋਲ੍ਹ, ਖ਼ਾਲਕ ਖ਼ਲਕ ਆਪ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਡੰਕਾ ਨਾਮ ਸੁਣਾਵਾਂਗਾ । ਸ੍ਰੀ ਭਗਵਾਨ ਕਰ ਕੇ ਮਿਹਰ, ਮਿਹਰਵਾਨ ਖ਼ੁਸ਼ੀ ਮਨਾਈਆ । ਉਠ ਲਾਡਲੇ ਬਣ ਦਲੇਰ, ਤੇਰੀ ਦਲੇਰੀ ਮੋਹੇ ਭਾਈਆ । ਸ਼ਬਦੀ ਸੁੱਤ ਤੇਰਾ ਦੋ ਜਹਾਨਾਂ ਰੱਖਾਂ ਨਾਉਂ ਸ਼ੇਰ, ਸਿੰਘ ਤੇਰੀ ਭਬਕ ਬ੍ਰਹਿਮੰਡ ਖੰਡ ਪੁਰੀ ਲੋਅ ਦਏ ਹਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਜ਼ੇਰ, ਜ਼ੇਰ ਜ਼ਬਰ ਰੂਪ ਸਮਝਾਈਆ । ਤੂੰ ਜਾਣਾ ਬਣ ਕੇ ਵੱਡਾ ਕੇਹਰ, ਬਲਧਾਰੀ ਆਪਣਾ ਨਾਉਂ ਧਰਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦਾ ਰਿਹੋ ਹੱਕ ਨਬੇੜ, ਨਬੇੜਾ ਇਕੋ ਇਕ ਜਣਾਈਆ । ਦੀਨ ਮਜ਼੍ਹਬ ਦਾ ਝਗੜਾ ਰਹੇ ਨਾ ਕੋਈ ਝੇੜ, ਝੰਜਟ ਅਵਰ ਨਾ ਕੋਇ ਪਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਧਾਰ ਆਪ ਜਣਾਈਆ । ਸੁਤ ਦੁਲਾਰਾ ਕਹੇ ਪ੍ਰਭ ਠਾਕਰ, ਹਰਿ ਜੂ ਤੇਰੀ ਵਡ ਵਡਿਆਈਆ । ਨਿਮਸਕਾਰ ਕਰਾਂ ਪ੍ਰਭ ਕਰਤੇ ਕਾਦਰ, ਤੇਰੀ ਕੁਦਰਤ ਵੇਖਾਂ ਚਾਈਂ ਚਾਈਂਆ । ਲੋਕਮਾਤ ਭਵਰੀ ਵੇਖਾਂ ਡੂੰਘਾ ਸਾਗਰ, ਗਹਿਰ ਗੰਭੀਰ ਖੋਜ ਖੋਜਾਈਆ । ਲੱਖ ਚੁਰਾਸੀ ਵਿਚੋ ਗੁਰਮੁਖ ਵਿਰਲੇ ਦੇਵਾਂ ਆਦਰ, ਆਦਰਸ਼ ਆਪਣਾ ਇਕ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਨਾਮ ਵੱਜੇ ਵਧਾਈਆ । ਉਠ ਦੁਲਾਰੇ ਸਾਚੇ ਲਾਲ, ਸਿਰ ਤੇਰੇ ਹੱਥ ਟਿਕਾਈਆ । ਕਲਜੁਗ ਅੰਤਮ ਬਣ ਦਲਾਲ, ਧਰਮ ਦਲਾਲੀ ਇਕ ਕਰਾਈਆ । ਹਕੀਕਤ ਦੱਸ ਹੱਕ ਹਲਾਲ, ਹਜ਼ਰਤ ਰੂਪ ਵਖਾਈਆ । ਸਚ ਦਵਾਰ ਖੋਲ੍ਹ ਧਰਮਸਾਲ, ਧਰਮ ਆਤਮਾ ਇਕ ਸਮਝਾਈਆ । ਦੇ ਵਡਿਆਈ ਸ਼ਾਹ ਕੰਗਾਲ, ਊਚ ਨੀਚ ਵੰਡ ਨਾ ਕੋਇ ਰਖਾਈਆ । ਮੁਰੀਦਾਂ ਜਾ ਕੇ ਪੁਛ ਹਾਲ, ਮੁਰਸ਼ਦ ਆਪਣਾ ਰੂਪ ਵਟਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਚਾਰੇ ਕੁੰਟ ਡੌਰੂ ਡੰਕ ਸੁਣਾਈਆ । ਸੁਰਤੀ ਕਰੇ ਨਾ ਕੋਇ ਸੰਭਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਟਿਕਾਈਆ । ਸੁੱਤ ਕਹੇ ਮੇਰੇ ਸਾਹਿਬ ਸੁਲਤਾਨ, ਚਰਨ ਸਰਨ ਤੇਰੀ ਸਰਨਾਈਆ । ਮੈਂ ਬਣ ਕੇ ਜਾਵਾਂ ਸਾਚਾ ਕਾਹਨ, ਵਾਲੀ ਦੋ ਜਹਾਨ ਅਖਵਾਈਆ । ਨਜ਼ਰੀ ਆਵਾਂ ਇਕੋ ਰਾਮ, ਹਰ ਘਟ ਰਮਿਆ ਰੂਪ ਵਟਾਈਆ । ਦੇਵਾਂ ਸੰਦੇਸ਼ਾ ਸਚ ਪੈਗ਼ਾਮ, ਸਾਚਾ ਪੀਰ ਨੂਰ ਰੁਸ਼ਨਾਈਆ । ਪਰਵਰਦਿਗਾਰ ਹੋ ਕੇ ਪੜ੍ਹਾਂ ਕਲਾਮ, ਕਲਮਾ ਕਾਇਨਾਤ ਜਣਾਈਆ । ਨਜ਼ਰੀ ਆਵਾਂ ਇਕ ਅਮਾਮ, ਨੌਬਤ ਤੇਰੇ ਨਾਮ ਸੁਣਾਈਆ । ਪੀਰ ਪੈਗ਼ੰਬਰ ਬਰਦੇ ਕਰਾਂ ਗ਼ੁਲਾਮ, ਸਾਚੀ ਡੋਰੀ ਤੰਦ ਬੰਧਾਈਆ । ਲੇਖਾ ਜਾਣਾਂ ਸਤਿ ਇਸਲਾਮ, ਇਸਮ ਆਅਜ਼ਮ ਇਕ ਦਰਸਾਈਆ । ਵੇਖ ਵਖਾਵਾਂ ਸਤਿ ਨਾਮ, ਨਾਮ ਸਤਿ ਭੇਵ ਚੁਕਾਈਆ । ਨਾਨਕ ਗੋਬਿੰਦ ਦੇ ਕੇ ਗਏ ਗਿਆਨ, ਚਾਰ ਵਰਨ ਇਕ ਪੜ੍ਹਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵਸਣ ਇਕ ਮਕਾਨ, ਦੂਜਾ ਮਕਬਰਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਭਗਤ ਭਗਵੰਤ ਇਕੋ ਇਕ ਸ੍ਰੀ ਭਗਵਾਨ, ਦੂਜਾ ਇਸ਼ਟ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਨਾਮ ਵਰ, ਤੇਰੀ ਸਾਚੀ ਸੇਵ ਕਮਾਈਆ । ਸਚ ਦੁਲਾਰੇ ਤੇਰੀ ਵਡਿਆਈ, ਪ੍ਰਭ ਤੇਰੇ ਹੱਥ ਫੜਾਇੰਦਾ । ਲੋਕਮਾਤ ਕਰ ਰੁਸ਼ਨਾਈ, ਕਲਜੁਗ ਅੰਧ ਅੰਧੇਰਾ ਛਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਲੈ ਜਗਾਈ, ਨਾਮ ਡੰਕਾ ਤੇਰੇ ਹੱਥ ਫੜਾਇੰਦਾ । ਜਨਮ ਕਰਮ ਦੀ ਮੇਟ ਜੁਦਾਈ, ਧੁਰ ਸੰਜੋਗ ਤੇਰੇ ਨਾਲ ਕਰਾਇੰਦਾ । ਨਿਰਮਲ ਨੂਰ ਕਰ ਰੁਸ਼ਨਾਈ, ਅੰਧ ਅੰਧੇਰ ਸਰਬ ਗਵਾਇੰਦਾ । ਅੰਮ੍ਰਿਤ ਆਤਮ ਜਾਮ ਪਿਆਈ, ਸਚ ਪਿਆਲਾ ਤੇਰੇ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਆਪ ਜਣਾਇੰਦਾ । ਪ੍ਰਭ ਠਾਕਰ ਮੇਰੇ ਨਿਰੰਕਾਰ, ਮੈਂ ਨਿਰਗੁਣ ਹੋ ਕੇ ਜਾਂਦਾ । ਸਰਗੁਣ ਪਾਵਾਂ ਸਾਰ, ਸਚ ਸੁਨੇਹੜਾ ਜਾ ਸੁਣਾਂਦਾ । ਕਲਜੁਗ ਜੀਵੋ ਹੋਵੋ ਖ਼ਬਰਦਾਰ, ਸੋਇਆਂ ਅੱਖ ਇਕ ਖੁਲ੍ਹਾਂਦਾ । ਪਰਗਟ ਹੋਵੇ ਪਾਰਬ੍ਰਹਮ ਬੇਅੰਤ ਬੇਐਬ ਪਰਵਰਦਿਗਾਰ, ਤੇਰਾ ਹੁਕਮ ਇਕ ਜਣਾਂਦਾ । ਚਾਰੇ ਕੁੰਟ ਪਾਵੇ ਸਾਰ, ਦਹਿ ਦਿਤਾ ਭੇਵ ਚੁਕਾਂਦਾ । ਤੇਰਾ ਬਰਦਾ ਬਣ ਕੇ ਬਰਖ਼ੁਰਦਾਰ, ਸਾਚੀ ਸੇਵਾ ਸਚ ਕਮਾਂਦਾ । ਜੋ ਜਨ ਗ਼ਾਫ਼ਲ ਰਿਹਾ ਅੰਤਮ ਵਾਰ, ਤਿਨ੍ਹਾਂ ਰਾਏ ਧਰਮ ਹੱਥ ਫੜਾਂਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਂਦਾ । ਸੁੱਤ ਦੁਲਾਰੇ ਜਾ ਕੇ ਕਹਿਣਾ, ਲੋਕਮਾਤ ਨਾਦ ਧੁਨ ਵਜਾਈਆ । ਸਭ ਨੇ ਭਾਣਾ ਸਿਰ ਤੇ ਸਹਿਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਬਿਨ ਪਰਮਾਤਮ ਆਦਿ ਅੰਤ ਕਿਸੇ ਨਾ ਰਹਿਣਾ, ਜੋ ਘੜਿਆ ਭੰਨ ਵਖਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਸੱਜਣ ਸੈਣਾ, ਸਗਲਾ ਸੰਗ ਨਾ ਕੋਇ ਨਿਭਾਈਆ । ਕੂੜੀ ਕਿਰਿਆ ਬੁਰਜ ਢਹਿਣਾ, ਢਾਹ ਢਾਹ ਖ਼ਾਕੀ ਖ਼ਾਕ ਮਿਲਾਈਆ । ਜੂਠ ਝੂਠ ਆਪਣੇ ਵਹਿਣ ਵਹਿਣਾ, ਸ਼ੌਹ ਦਰਿਆ ਦਏ ਰੁੜ੍ਹਾਈਆ । ਸਾਚੇ ਤਖ਼ਤ ਬੈਠ ਪਲੰਘ ਰੰਗੀਲ ਕਿਸੇ ਨਾ ਸਾਉਣਾ, ਸੇਜ ਸੁਹੰਜਣੀ ਨਜ਼ਰ ਕੋਇ ਨਾ ਆਈਆ । ਬਿਨ ਹਰਿ ਨਾਮੇ ਅੰਤਮ ਸਭ ਨੇ ਰੋਣਾ, ਨੇਤਰ ਰੋਵਣ ਮਾਰਨ ਧਾਹੀਂਆ । ਵੇਲਾ ਗਿਆ ਹੱਥ ਨਹੀਂ ਆਉਣਾ, ਭਰਮੇ ਭੁਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਬੁਝਾਈਆ । ਸ਼ਬਦ ਗੁਰ ਸੱਚਾ ਵਜਾਏ ਢੋਲ, ਲੋਕਮਾਤ ਕਰੇ ਸ਼ਨਵਾਈਆ । ਕਲਜੁਗ ਜੀਵ ਪੜਦਾ ਖੋਲ੍ਹ, ਕਿਉਂ ਬੈਠਾ ਮੁਖ ਭਵਾਈਆ । ਆਤਮ ਪਰਮਾਤਮ ਵਸੇ ਤੇਰੇ ਕੋਲ, ਨਿਜ ਘਰ ਬੈਠਾ ਤਾੜੀ ਲਾਈਆ । ਦਿਵਸ ਰੈਣ ਅੱਠੇ ਪਹਿਰ ਰਿਹਾ ਬੋਲ, ਅੰਤਰ ਆਤਮ ਧੁਨ ਆਤਮਕ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਾਚੇ ਭਗਤਾਂ ਲਵਾਂ ਉਠਾਈਆ । ਸ੍ਰੀ ਭਗਵਾਨ ਮੈਂ ਸੇਵ ਕਮਾਵਾਂਗਾ । ਕਲ ਲੋਕਮਾਤ ਵੇਖ ਵਖਾਵਾਂਗਾ । ਨੇਤਰ ਪੇਖ ਖ਼ੁਸ਼ੀ ਮਨਾਵਾਂਗਾ । ਕਰ ਕੇ ਸਾਚਾ ਹੇਤ, ਹਰਿਜਨ ਸਾਚੇ ਆਪ ਜਗਾਵਾਂਗਾ । ਭਗਤਾਂ ਰੱਖਾਂ ਸਾਇਆ ਹੇਠ, ਅਗਨੀ ਤਤ ਨਾ ਕੋਇ ਤਪਾਵਾਂਗਾ । ਡੂੰਘੀ ਕੰਦਰ ਕਾਇਆ ਮੰਦਰ ਚੜ੍ਹ ਕੇ ਦੱਸਾਂ ਭੇਤ, ਆਪਣਾ ਭੇਵ ਆਪ ਜਣਾਵਾਂਗਾ । ਪੂਰਬ ਜਨਮ ਦੀ ਮੇਟ ਕੇ ਰੇਖ, ਰੇਖਾ ਆਪਣੇ ਵਿਚ ਮਿਲਾਵਾਂਗਾ । ਸੇਜ ਸੁਹੰਜਣੀ ਮਾਣੇ ਗੁਰਮੁਖ ਵਿਰਲਾ ਜਿਸ ਜਨ ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਨੈਣ ਖੁਲ੍ਹਾਵਾਂਗਾ । ਜਿਨ੍ਹਾਂ ਤੇਰੇ ਉਤੇ ਰੱਖੀ ਟੇਕ, ਪ੍ਰਭ ਤੇਰੇ ਨਾਲ ਮਿਲਾਵਾਂਗਾ । ਜੋ ਧਰ ਕੇ ਬੈਠੇ ਕੂੜਾ ਭੇਖ, ਤਿਨ੍ਹਾਂ ਕੂੜੀ ਖ਼ਾਕ ਰਲਾਵਾਂਗਾ । ਕਲਜੁਗ ਉਜੜੇ ਅੰਤਮ ਖੇਤ, ਸੁੰਞਾ ਜਗਤ ਜਹਾਨ ਕਰਾਵਾਂਗਾ । ਨੌ ਖੰਡ ਪ੍ਰਿਥਮੀ ਤਪੇ ਬਾਲੂ ਰੇਤ, ਅਗਨੀ ਜੋਤ ਇਕ ਲਗਾਵਾਂਗਾ । ਭੇਵ ਪਾਏ ਨਾ ਕੋਈ ਮੁਲਾਂ ਸ਼ੇਖ਼, ਪੰਡਤ ਪਾਂਧੇ ਅੰਤ ਨਾ ਕਿਸੇ ਵਖਾਵਾਂਗਾ । ਜਨ ਭਗਤਾਂ ਕਰ ਕੇ ਸਾਚਾ ਹੇਤ, ਹਿਤਕਾਰੀ ਬਣ ਕੇ ਆਪਣੇ ਘਰ ਵਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਤੇਰਾ ਹੁਕਮ ਸੀਸ ਰਖਾਵਾਂਗਾ । ਸਚ ਦੁਲਾਰੇ ਤੇਰਾ ਬਲ, ਤੇਰੇ ਉਤੇ ਵਡਿਆਈਆ । ਕਲਜੁਗ ਅੰਤਮ ਬਿਨ ਪੰਜ ਤਤ ਚੋਲੇ ਤੈਨੂੰ ਰਿਹਾ ਘੱਲ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਉਂ ਨਾ ਕੋਇ ਰਖਾਈਆ । ਤੂੰ ਮੇਰਾ ਮੈਂ ਤੇਰੇ ਵਲ, ਪਿਤਾ ਪੂਤ ਨਾਤਾ ਜੁੜਿਆ ਸਹਿਜ ਸੁਖਦਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌ ਚਾਰ ਮੈਂ ਕਰਦਾ ਰਿਹਾ ਵਲ ਛਲ, ਵਲ ਛਲ ਧਾਰੀ ਬਣ ਕੇ ਆਪਣੀ ਖੇਲ ਰਚਾਈਆ । ਦੂਈ ਦਵੈਤੀ ਜ਼ਾਤ ਮਜ਼੍ਹਬ ਦੀਨ ਲਾ ਕੇ ਸਲ, ਲੋਕਮਾਤ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਾ ਰੂਪ ਇਕ ਦਰਸਾਈਆ । ਸ਼ਬਦ ਕਹੇ ਮੈਂ ਕਰਾਂ ਪਰਵਾਨ, ਤੇਰਾ ਪਰਵਾਨਾ ਮੋਹੇ ਭਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਿਆ ਮਾਰ ਧਿਆਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਾਚੀ ਕਾਰ ਕਮਾਈਆ । ਕਲਜੁਗ ਅੰਤਮ ਪਰਗਟ ਹੋਏ ਵਿਚ ਜਹਾਨ, ਸ੍ਰਿਸ਼ਟ ਸਬਾਈ ਦਿਆਂ ਜਣਾਈਆ । ਸਤਿ ਸਤਿਵਾਦੀ ਇਕੋ

੫੫੯
੧੫

ਕਾਹਨ, ਰਾਮ ਰਮਈਆ ਇਕ ਅਖਵਾਈਆ । ਇਕ ਪੈਗ਼ੰਬਰ ਕਰੋ ਸਲਾਮ, ਇਕੋ ਮੰਤਰ ਨਾਮ ਪੜ੍ਹਾਈਆ । ਇਕੋ ਡੰਕਾ ਵੱਜੇ ਜਹਾਨ, ਦੋ ਜਹਾਨਾਂ ਵਾਲੀ ਆਪ ਸੁਣਾਈਆ । ਸੰਤ ਸੁਹੇਲੇ ਸੁਣੋ ਲਾ ਕਰ ਕਾਨ, ਗੁਰ ਚੇਲੇ ਨੇਤਰ ਨੈਣ ਅੱਖ ਖੁਲ੍ਹਾਈਆ । ਗੁਰਮੁਖ ਦਰ ਦਰਵੇਸ਼ ਹੋ ਕੇ ਮੰਗੋ ਦਾਨ, ਦਰ ਭਿਖਾਰੀ ਝੋਲੀ ਵਸਤ ਨਾਮ ਭਰਾਈਆ । ਗੁਰਸਿਖ ਸਚ ਸਰਨਾਈ ਮੰਗੋ ਆਣ, ਅਨਡਿਠੀ ਦੌਲਤ ਰਿਹਾ ਵਰਤਾਈਆ । ਦੇਵਣਹਾਰਾ ਸਚ ਫ਼ਰਮਾਣ, ਧੁਰ ਸੰਦੇਸ਼ਾ ਇਕ ਸੁਣਾਈਆ । ਕਲਜੁਗ ਕੂੜਾ ਮੇਟਾਂ ਅੰਤ ਨਿਸ਼ਾਨ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਧਰਮ ਹੋਵੇ ਬਲਵਾਨ, ਬਲਧਾਰੀ ਆਪ ਪਰਗਟਾਈਆ । ਚਾਰ ਵਰਨਾਂ ਮਿਲੇ ਆਣ, ਊਚ ਨੀਚ ਰਾਉ ਰੰਕ ਸਾਰੇ ਢੋਲਾ ਇਕੋ ਗਾਣ, ਸੋਹੰ ਰਾਗ ਸ਼ਬਦ ਸ਼ਨਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਨਣ ਆਣ, ਸਿਰ ਸਕੇ ਨਾ ਕੋਇ ਉਠਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਚ ਬਣਾਏ ਇਕ ਵਿਧਾਨ, ਵਾਧਾ ਆਪਣੇ ਨਾਮ ਕਰਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਸਾਰੇ ਤਖ਼ਤੋ ਡਿਗਣ ਆਣ, ਤਖ਼ਤ ਨਿਵਾਸੀ ਨਜ਼ਰ ਕੋਇ ਨਾ ਆਈਆ । ਫਿਰੇ ਦਰੋਹੀ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਬੀਆਬਾਨ, ਮੰਡਲ ਮੰਡਪ ਦੇਣ ਦੁਹਾਈਆ । ਰਵਸਸ ਸੂਰਜ ਚੰਨ ਵੇਖ ਵੇਖ ਸਰਬ ਕੁਰਲਾਣ, ਹਾਏ ਹਾਏ ਖ਼ਲਕ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਤੇਰਾ ਇਕੋ ਹੁਕਮ ਵਰਤਾਈਆ । ਸ਼ਬਦ ਸੁੱਤ ਕਹੇ ਮੈਂ ਚਰਨ ਬਲਹਾਰ, ਸਦ ਘੋਲੀ ਘੋਲ ਘੁਮਾਈਆ । ਕਿਰਪਾ ਕਰ ਮੇਰੇ ਨਿਰੰਕਾਰ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਮੈਂ ਤੇਰਾ ਫ਼ਰਮਬਰਦਾਰ, ਸੇਵਕ ਸਾਚੀ ਸੇਵ ਕਮਾਈਆ । ਸਾਚਾ ਹੁਕਮ ਕਰ ਅਗੰਮ ਅਪਾਰ, ਅਲਖ ਅਗੋਚਰ ਆਪਣੀ ਧਾਰ ਚਲਾਈਆ । ਇਕੱਠੇ ਕਰ ਗੁਰ ਅਵਤਾਰ, ਪੀਰ ਪੈਗ਼ੰਬਰ ਕੋਲ ਮੰਗਾਈਆ । ਸਭ ਤੋ ਲੇਖਾ ਮੰਗ ਲੈ ਆਪਣੇ ਸੱਚੇ ਦਰਬਾਰ, ਸ਼ਹਾਦਤ ਆਪਣੀ ਇਕੋ ਪਾਈਆ । ਰਸਨਾ ਬੋਲ ਸਾਰੇ ਕਹਿਣ ਅਸਾਂ ਖਹਿੜਾ ਛੱਡਿਆ ਜੀਵ ਜਗਤ ਸੰਸਾਰ, ਲੋਕਮਾਤ ਸੰਗ ਨਾ ਕੋਇ ਨਿਭਾਈਆ । ਤੇਈ ਅਵਤਾਰ ਤੇਰੇ ਦਰ ਕਰਨ ਪੁਕਾਰ, ਦੋਏ ਜੋੜ ਵਾਸਤਾ ਪਾਈਆ । ਭਗਤ ਅਠਾਰਾਂ ਬਣਨ ਭਿਖਾਰ, ਭਿਛਿਆ ਮੰਗਣ ਵਾਹੋ ਦਾਹੀਆ । ਈਸਾ ਮੂਸਾ ਮੁਹੰਮਦ ਨੇਤਰ ਨੀਰ ਵਹਾਵਣ ਜ਼ਾਰੋ ਜ਼ਾਰ, ਮਾਣ ਅਭਿਮਾਨ ਰਹਿਣ ਕੋਇ ਨਾ ਪਾਈਆ । ਨਾਨਕ ਗੋਬਿੰਦ ਮਿਲੇ ਤੇਰੀ ਧਾਰ, ਆਪਣਾ ਹੁਕਮ ਨਾ ਕੋਇ ਵਰਤਾਈਆ । ਸਾਰੇ ਕਹਿਣ ਤੂੰ ਕਰਤਾ ਪੁਰਖ ਕਰਤਾਰ, ਅੱਗੇ ਤੇਰੀ ਵਡ ਵਡਿਆਈਆ । ਵੀਹਵੀਂ ਸਦੀ ਸਾਡਾ ਸਭ ਦਾ ਮੁਕਿਆ ਕਰਜ਼ ਉਧਾਰ, ਲਹਿਣਾ ਲੈਣਾ ਕੋਈ ਨਜ਼ਰ ਨਾ ਆਈਆ । ਅਸੀਂ ਛੱਡ ਕੇ ਆਏ ਤੇਰਾ ਸੰਸਾਰ, ਪ੍ਰਭ ਤੇਰੀ ਝੋਲੀ ਪਾਈਆ । ਜਿਉਂ ਭਾਵੇ ਤਿਉਂ ਕਰ ਵਿਚਾਰ, ਤੇਰੀ ਸਮਝ ਸਾਡੀ ਸਮਝ ਸਮਝ ਸਕੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸੁੱਤ ਸ਼ਬਦ ਦੋਏ ਜੋੜ ਚਰਨ ਧੂੜੀ ਟਿੱਕਾ ਲਾਈਆ । ਸੁੱਤ ਸ਼ਬਦ ਤੇਰੀ ਵਡਿਆਈ ਵਾਹ, ਵਾਹਵਾ ਗੁਰੂ ਗੁਰੂ ਜਣਾਇੰਦਾ । ਚੌਥੇ ਜੁਗ ਸਭ ਦਾ ਲੇਖਾ ਦਿਆਂ ਮੁਕਾ, ਲੇਖਾ ਆਪਣੀ ਝੋਲੀ ਪਾਇੰਦਾ । ਸਚ ਸੁਨੇਹੜਾ ਦਿਆਂ ਘਲਾ, ਸੰਦੇਸਾ ਇਕੋ ਇਕ ਸਮਝਾਇੰਦਾ । ਸਾਚੀ ਥਿਤ ਦਿਆਂ ਸਮਝਾ, ਸਾਚਾ ਵਕ਼ਤ ਵੰਡ ਵੰਡਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਉਣਾ ਵਾਹੋ ਦਾਹ, ਰਹਿਬਰ ਇਕੋ ਰਾਹ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨਾਲ ਲਿਆਉਣਾ ਉਠਾ, ਸੋਇਆ ਰਹਿਣ ਕੋਇ ਨਾ ਪਾਇੰਦਾ । ਪੁਰਖ ਅਬਿਨਾਸ਼ੀ ਪਾਰਬ੍ਰਹਮ ਕਰੇ

੫੬੦
੧੫

ਸਚ ਨਿਆਂ, ਸ਼ਾਹ ਪਾਤਸ਼ਾਹ ਆਪਨਾ ਹੁਕਮ ਵਰਤਾਇੰਦਾ । ਸੁਣੋ ਸੰਦੇਸ਼ਾ ਭੁਲੇ ਕੋਈ ਨਾ, ਅਭੁੱਲ ਆਪ ਜਣਾਇੰਦਾ । ਵੀਹ ਸੌ ਵੀਹ ਬਿਕਰਮੀ ਪੰਦਰਾਂ ਕੱਤਕ ਸਾਢੇ ਦਸ ਵਕਤ ਦਏ ਸੁਹਾ, ਥਿਤ ਵਾਰ ਆਪਨੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੈਣ ਭਿੰਨੜੀ ਦੇਵੇ ਰੰਗ ਰੰਗਾ, ਰੰਗ ਰਤੜਾ ਆਪਣੀ ਦਇਆ ਕਮਾਇੰਦਾ । ਸੁੱਤ ਸ਼ਬਦ ਕਹੇ ਪ੍ਰਭ ਤੇਰਾ ਲੇਖਾ ਲਿਖ ਬਿਨ ਕਲਮ ਦਵਾਤ, ਕਾਗ਼ਜ਼ ਸ਼ਾਹੀ ਤੇਰੇ ਕੰਮ ਕਿਸੇ ਨਾ ਆਈਆ । ਸਤਿ ਸਰੂਪੀ ਸਭ ਦਾ ਵੇਖ ਹਾਲਾਤ, ਅੰਦਰ ਵੜ ਕੇ ਫੋਲ ਫੋਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਝਗੜਾ ਪਿਆ ਕਾਇਨਾਤ, ਤੇਰਾ ਨੂਰ ਤੇਰਾ ਜ਼ਹੂਰ ਤੇਰਾ ਰੂਪ ਸਤਿ ਸਰੂਪ ਨਜ਼ਰ ਕਿਸੇ ਨਾ ਆਈਆ । ਪਹਿਲੋ ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦੁਆਰੇ ਬਣਾ ਇਕ ਜਮਾਤ, ਸਾਚਾ ਹੁਕਮ ਆਪ ਮਨਾਈਆ । ਫਿਰ ਲੋਕਮਾਤ ਸਭ ਦਾ ਬਦਲੇ ਹਾਲਾਤ, ਬਚਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸੁੱਤ ਦੁਲਾਰੇ ਮੈਂ ਆਪਣੀ ਦਇਆ ਕਮਾਵਾਂਗਾ । ਸਾਚੀ ਰੁੱਤੜੀ ਰੁੱਤ ਸੁਹਾਵਾਂਗਾ । ਪੰਦਰਾਂ ਕੱਤਕ ਕੰਤ ਇਕ ਅਖਵਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਨ ਆ ਕੇ ਮਿੰਨਤ, ਮਿਹਰ ਨਜ਼ਰ ਆਪ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਵਾਂਗਾ । ਸਾਚੀ ਸਿਖਿਆ ਇਕ ਦ੍ਰਿੜਾਵਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਆਪ ਸਮਝਾਵਾਂਗਾ । ਨਿਰਗੁਣ ਨਿਰਵੈਰ ਪੁਰਖ ਅਕਾਲ ਜੋਤੀ ਨੂਰ ਬੇਮਿਸਾਲ, ਪਰਵਰਦਿਗਾਰ ਮੁਕਾਮੇ ਹੱਕ ਡੇਰਾ ਲਾਵਾਂਗਾ । ਜਲਵਾ ਨੂਰ ਇਕ ਜਲਾਲ, ਜੋਤੀ ਜੋਤ ਦੀਪਕ ਬਾਲ, ਬਿਨ ਤੇਲ ਬਾਤੀ ਡਗਮਗਾਵਾਂਗਾ । ਸਾਚੀ ਸਿਖਿਆ ਇਕ ਸਿਖਾਲ, ਸਾਖਿਆਤ ਆਪਣਾ ਹੁਕਮ ਮਨਾਵਾਂਗਾ । ਕਲਜੁਗ ਅੰਤਮ ਚੌਥੇ ਜੁਗ ਕਰੇ ਖੇਲ ਦੀਨ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਚੁਕਾਵਾਂਗਾ । ਸਾਚਾ ਭੇਵ ਪ੍ਰਭੂ ਚੁਕਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਸਮਝਾਏਗਾ । ਸਚ ਸਵੰਬਰ ਇਕ ਰਚਾਏਗਾ । ਦੀਨ ਮਜ਼੍ਹਬ ਦਾ ਪਿਛਲਾ ਅਡੰਬਰ, ਮੇਟ ਮਿਟਾਏਗਾ । ਸਰਬਕਲਾ ਬਣ ਭਰਤੰਬਰ, ਭਰਮ ਭੁਲੇਖਾ ਦੂਰ ਕਰਾਏਗਾ । ਸਚ ਵਖਾਏ ਸਚਖੰਡ ਮੰਦਰ, ਜਿਸ ਘਰ ਆਪਣਾ ਆਸਣ ਲਾਏਗਾ । ਜੋ ਨਿਰਗੁਣ ਨਾਨਕ ਵੇਖਿਆ ਵੜ ਕੇ ਅੰਦਰ, ਸੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਏਕਾ ਨੂਰ ਚਮਕਾਏਗਾ । ਕਰ ਪਰਕਾਸ਼ ਸਾਚੇ ਖੰਡਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਏਗਾ । ਮਿਹਰ ਨਜ਼ਰ ਆਪ ਉਠਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਰੰਗ ਰੰਗਾਵੇਗਾ । ਨਿਰਗੁਣ ਨਿਰਗੁਣ ਹੋ ਕੇ ਸੰਗ, ਸਗਲਾ ਸੰਗ ਨਿਭਾਵੇਗਾ । ਇਕੋ ਸੇਜ ਇਕ ਪਲੰਘ, ਇਕੋ ਸਾਹਿਬ ਸੁਆਮੀ ਆਸਣ ਲਾਵੇਗਾ । ਇਕੋ ਨਾਮ ਇਕ ਮਰਦੰਗ, ਇਕੋ ਰਾਗ ਨਾਦ ਸੁਣਾਵੇਗਾ । ਇਕੋ ਸੂਰਬੀਰ ਸਰਬੰਗ, ਸ਼ਹਿਨਸ਼ਾਹ ਇਕੋ ਇਕ ਅਖਵਾਵੇਗਾ । ਇਕੋ ਦੂਈ ਦਵੈਤੀ ਬਣਾਵਣਹਾਰਾ ਕੰਧ, ਇਕੋ ਏਕ ਅੰਤਮ ਢਾਹਵੇਗਾ । ਇਕੋ ਇਕ ਸਿਫ਼ਤੀ ਸਿਫ਼ਤ ਕੋਟਨ ਕੋਟ ਨਾਮ ਸੁਣਾਏ ਛੰਦ, ਇਕੋ ਦੀਨ ਮਜ਼੍ਹਬ ਇਸਲਾਮ ਜ਼ਾਤ ਪਾਤ ਵੰਡ ਵੰਡਾਵੇਗਾ । ਇਕੋ ਅੱਗੇ ਸਭ ਦਾ ਲੇਖਾ ਕਰੇ ਬੰਦ, ਬਿਨ ਕਲਮ ਦਵਾਤ ਆਪਣਾ ਹੁਕਮ ਨਾਮ ਵਰਤਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਰਲ ਮਿਲ ਸਾਰੇ ਢੋਲਾ ਗਾਵਣ ਛੰਦ, ਤੂੰ ਮੇਰਾ ਮੈਂ ਤੇਰਾ ਸੋਹੰ ਰੂਪ ਸਰਬ ਸਮਝਾਵੇਗਾ । ਨਾਤਾ ਛੁਟਿਆ ਵਿਚ ਵਰਭੰਡ, ਭੰਡੀ ਅੰਤ ਕੋਇ ਨਾ

ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਵੇਗਾ । ਗੁਰ ਅਵਤਾਰ ਢੋਲਾ ਇਕੋ ਗਾਉਣਗੇ । ਪੁਰਖ ਅਕਾਲ ਪਰਵਰਦਿਗਾਰ ਸਚ ਮਨਾਉਣਗੇ । ਰਲ ਮਿਲ ਸਖ਼ੀਆਂ ਰੂਪ ਬਣ ਕੇ ਕੰਤ ਸੁਹਾਗ ਹੰਡਾਉਣਗੇ । ਸੱਚੇ ਪ੍ਰੀਤਮ ਨਾਲ ਲਾ ਕੇ ਅੱਖੀਆਂ, ਲੱਗੀ ਅੱਖ ਨਾ ਫੇਰ ਭਵਾਉਣਗੇ । ਜਿਨ੍ਹਾਂ ਭਾਣਾ ਮੰਨਿਆ ਰੇਤਾਂ ਤੱਤੀਆਂ, ਲੋਹਾਂ ਤੱਤੀਆਂ ਸੀਤ ਕਰਾਉਣਗੇ । ਜਿਨ੍ਹਾਂ ਖੱਲ ਲੁਹਾਈ ਨਾਲ ਪੱਤੀਆਂ, ਸੋ ਪਤਿਪਰਮੇਸ਼ਵਰ ਇਕੋ ਇਕ ਧਿਆਉਣਗੇ । ਜਿਨ੍ਹਾਂ ਮੁਲ ਪਵਾਇਆ ਅੱਟੀਆਂ, ਸੋ ਸਾਚਾ ਹੱਟ ਵੇਖਣ ਆਉਣਗੇ । ਜਿਨ੍ਹਾਂ ਖ਼ੂਨ ਡੁਲਾਇਆ ਰਤ ਰਤੀਆਂ, ਪੁੱਤ ਨੀਹਾਂ ਹੇਠ ਦਬਾਉਣਗੇ । ਤਿਨ੍ਹਾਂ ਸ੍ਰੀ ਭਗਵਾਨ ਦੇ ਕੇ ਘੱਲੇ ਸੰਦੇਸ਼ੇ ਪੱਤੀਆਂ, ਚਿਠੀਆਂ ਘਰ ਘਰ ਆਪ ਪੁਚਾਉਣਗੇ । ਕਲਜੁਗ ਅੰਤਮ ਪ੍ਰਭ ਦੀ ਕੋਈ ਨਾ ਮੇਟੇ ਲਿਖੀਆਂ, ਲੇਖਾ ਲੇਖ ਸਰਬ ਵਖਾਉਣਗੇ । ਮਾਣ ਟੁੱਟੇ ਮੁਨ ਰਿਖੀਆਂ, ਲੇਖਾ ਲੇਖੇ ਵਿਚ ਜਣਾਉਣਗੇ । ਜਿਨ੍ਹਾਂ ਭਗਤਾਂ ਗੁਰਮੁਖਾਂ ਸਾਚੇ ਸੰਤਾਂ ਪ੍ਰਭੂ ਨਾਲ ਪ੍ਰੀਤਾਂ ਲੱਗੀਆਂ ਸਿਧੀਆਂ, ਤਿਨ੍ਹਾਂ ਵੇਖ ਖ਼ੁਸ਼ੀ ਮਨਾਉਣਗੇ । ਕਿਸੇ ਕੰਮ ਨਹੀਂ ਐਣੀਆਂ ਰਿਧੀਆਂ ਸਿਧੀਆਂ, ਮੰਤਰ ਜੰਤਰ ਸਾਰੇ ਖ਼ਾਕ ਵਿਚ ਆਪਣਾ ਆਪ ਗਵਾਉਣਗੇ । ਬਿਨ ਪੁਰਖ ਅਕਾਲ ਸਤਿਗੁਰ ਪੂਰੇ ਲੱਖ ਚੁਰਾਸੀ ਰੂਹਾਂ ਫਿਰਨ ਰੰਡੀਆਂ, ਹਰਿ ਘਰ ਕੰਤ ਨਾ ਕੋਈ ਮਨਾਉਣਗੇ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੀਨ ਮਜ਼੍ਹਬ ਜੋ ਪਾਈਆਂ ਡੰਡੀਆਂ, ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਦੇ ਨਾਲ ਮਿਲ ਕੇ ਅੰਤਮ ਸਾਰੇ ਢਾਉਣਗੇ । ਜੋ ਬੈਠੇ ਸਚ ਕਿਨਾਰੇ ਕੰਢੀਆਂ, ਤਿਨ੍ਹਾਂ ਬੇੜੇ ਨਾਮ ਚੜ੍ਹਾਉਣਗੇ । ਅੱਗੇ ਕੋਈ ਨਾ ਪਾਵੇ ਵੰਡੀਆਂ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਪ੍ਰਭ ਚਰਨ ਦੁਆਰੇ ਸਾਰੇ ਇਕੋ ਤਾਰੀ ਲਾਉਣਗੇ । ਜਗਤ ਦੁਹਾਗਣ ਨਾਰਾਂ ਸਤਿਗੁਰ ਦੁਆਰੇ ਕਦੇ ਫਿਰਨ ਨਾ ਨੰਗੀਆਂ, ਪੜਦਾ ਓਢਣ ਨਾਮ ਦੁਸ਼ਾਲਾ ਇਕੋ ਤਨ ਰਖਾਉਣਗੇ । ਕਿਸੇ ਕੰਮ ਨਹੀਂ ਆਉਣੀਆਂ ਵਾਹੀਆਂ ਪੱਟੀਆਂ ਕੰਘੀਆਂ, ਜਿੰਨਾਂ ਚਿਰ ਸ੍ਰੀ ਭਗਵਾਨ ਆਤਮ ਸੇਜ ਨਾ ਆਪ ਬਹਾਉਣਗੇ । ਕਰ ਕਿਰਪਾ ਲੇਖੇ ਲਾਏ ਚੰਗੀਆਂ ਮੰਦੀਆਂ, ਜੋ ਦਰ ਦੁਆਰੇ ਸੀਸ ਝੁਕਾਉਣਗੇ । ਪਿਛੇ ਸਭ ਦੀਆਂ ਮਨਮਤ ਨਾਲ ਹੰਢੀਆਂ, ਅੱਗੇ ਗੁਰਮੁਖ ਗੁਰ ਨਾਲ ਪ੍ਰੀਤ ਨਿਭਾਉਣਗੇ । ਸ਼ਬਦ ਗੁਰ ਸਾਚਾ ਗਾਨਾ ਬੰਨ੍ਹ ਚੜ੍ਹਾਏ ਵੰਗੀਆਂ, ਦਰਗਹਿ ਸਾਚੀ ਸਾਚੇ ਸਗਨ ਮਨਾਉਣਗੇ । ਪ੍ਰੇਮ ਪ੍ਰੀਤੀ ਪਾਏ ਅੰਗੀਆਂ, ਅੰਗੀਕਾਰ ਪੁਰਖ ਅਕਾਲ ਕਰਾਉਣਗੇ । ਜਿਨ੍ਹਾਂ ਜਗਤ ਚੁਬਾਰੇ ਡਾਹੀਆਂ ਮੰਜੀਆਂ, ਸੋ ਅੰਤਮ ਖ਼ਾਕ ਵਿਚ ਸਮਾਉਣਗੇ । ਜਿਨ੍ਹਾਂ ਸਤਿਗੁਰ ਸਰਨਾਈਆਂ ਮੰਗੀਆਂ, ਦਰਗਹਿ ਸਾਚੀ ਸਚਖੰਡ ਦੁਆਰੇ ਸੋਭਾ ਪਾਉਣਗੇ । ਸ਼ਬਦ ਗੁਰੂ ਗੁਰਦੇਵ ਸਤਿਗੁਰ ਪੂਰੀਆਂ ਕਰੇ ਮੰਗਾਂ ਮੰਗੀਆਂ, ਮਾਂਗਤ ਭਿਖਕ ਸਤਿਗੁਰ ਦੁਆਰੇ ਸਾਰੇ ਖ਼ੁਸ਼ੀ ਮਨਾਉਣਗੇ । ਜਨ ਭਗਤਾਂ ਤੁਟਣ ਅੰਤਮ ਬੰਦੀਆਂ, ਬੰਦੀਖ਼ਾਨੇ ਵਿਚ ਕਦੇ ਨਾ ਆਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਗੁਰ ਤੇਰਾ ਬਣੇ ਸਾਚਾ ਸੰਗੀਆ, ਦੋ ਜਹਾਨ ਵੇਖ ਪੇਖ ਪ੍ਰਭ ਸਾਰੇ ਖ਼ੁਸ਼ੀ ਮਨਾਉਣਗੇ । ਆਪਣੀ ਮਰਜ਼ੀ ਕੋਈ ਨਾ ਆਏ, ਹੁਕਮੇ ਅੰਦਰ ਸਰਬ ਭੁਆਈਆ । ਪੁਰਖ ਅਕਾਲ ਖੇਲ ਰਚਾਏ, ਜੂਨੀ ਜੂਨ ਵੰਡ ਵੰਡਾਈਆ । ਅੰਡਜ ਜੇਰਜ ਉਤਭੁਜ ਸੇਤਜ ਰਚਨ ਰਚਾਏ, ਲੱਖ ਚੁਰਾਸੀ ਰੰਗ ਰੰਗਾਈਆ । ਲੱਖ ਚੁਰਾਸੀ ਵਿਚੋ ਮਾਣਸ ਮਨੁੱਖ ਵਡਿਆਏ, ਮਾਨਵ ਭੇਵ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੀ ਸੇਵਾ ਲਾਏ, ਤ੍ਰੈ ਪੰਜ ਕਰੀ ਕੁੜਮਾਈਆ । ਆਸਾ ਤ੍ਰਿਸਨਾ ਹਉਮੇ ਹੰਗਤਾ ਗੜ੍ਹ ਬਣਾਏ, ਮਾਇਆ ਮਮਤਾ ਨਾਲ ਰਲਾਈਆ । ਨੌ ਦੁਆਰੇ ਦਰ ਖੁਲ੍ਹਾਏ, ਨੌ ਰਸ ਜਗਤ ਭਰਾਈਆ । ਸੁਖਮਨ

ਟੇਢੀ ਬੰਕ ਲਗਾਏ, ਈੜਾ ਪਿੰਗਲ ਸੇਵਾਦਾਰ ਬਣਾਈਆ । ਅੰਮ੍ਰਿਤ ਆਤਮ ਜਲ ਭਰਾਏ, ਸਰੋਵਰ ਇਕੋ ਇਕ ਪਰਗਟਾਈਆ । ਨਾਦ ਧੁਨ ਰਾਗ ਸੁਣਾਏ, ਸ਼ਬਦੀ ਤਾਲ ਵਜਾਈਆ । ਬਜਰ ਕਪਾਟੀ ਕੁੰਡਾ ਲਾਹੇ, ਆਪਣਾ ਪੜਦਾ ਲਾਹੀਆ । ਆਪ ਆਪਣੀ ਵੰਡ ਵੰਡਾਏ, ਪਾਰਬ੍ਰਹਮ ਬ੍ਰਹਮ ਅੰਸ ਰੂਪ ਵਟਾਈਆ । ਬੁੱਧ ਬਬੇਕੀ ਵਿਚ ਧਰਾਏ, ਮਤ ਮਤਵਾਲੀ ਕਰ ਕੁੜਮਾਈਆ । ਮਨ ਵਾਸਨਾ ਖੇਲ ਰਚਾਏ, ਹੁਕਮੀ ਹੁਕਮ ਸਮਝਾਈਆ । ਪਰਮਾਤਮ ਪਰਮ ਪੁਰਖ ਆਪਣਾ ਖੇਲ ਰਚਾਏ, ਆਤਮ ਆਪਣਾ ਦਰ ਖੁਲ੍ਹਾਈਆ । ਦਸਮ ਦੁਆਰੀ ਰੰਗ ਵਖਾਏ, ਘਰ ਘਰ ਵਿਚ ਸੋਭਾ ਪਾਈਆ । ਦੀਵਾ ਬਾਤੀ ਕਮਲਾਪਾਤੀ ਇਕ ਰੁਸ਼ਨਾਏ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਸਤਿਗੁਰ ਪੂਰਾ ਵੇਖ ਵਖਾਏ, ਵੇਖਣਹਾਰਾ ਨਜ਼ਰ ਕਿਸੇ ਨਾ ਆਈਆ । ਜਿਸ ਗੁਰਮੁਖ ਦਿਤਾ ਤਨ ਸੋ ਸਤਿਗੁਰ ਤੇਰੇ ਪਿਛੇ ਵੇਖਣ ਆਏ, ਤੇਰਾ ਤਨ ਪੁਸ਼ਤ ਪਨਾਹ ਆਪਣਾ ਹੱਥ ਟਿਕਾਈਆ । ਗੁਰਮੁਖ ਕਰੇ ਨਾ ਕੋਈ ਗੁਨਾਹ, ਕੂੜੀ ਕਿਰਿਆ ਹੂੰਝ ਵਖਾਈਆ । ਅੱਠੇ ਪਹਿਰ ਬਣਿਆ ਰਹੇ ਮਲਾਹ, ਫੜ ਉਂਗਲੀ ਰਿਹਾ ਚਲਾਈਆ । ਅੰਦਰੋ ਦੇਵੇ ਆਤਮ ਸਲਾਹ, ਬਾਹਰੋ ਮਨ ਦਏ ਸਮਝਾ, ਸਮਝ ਸਮਝ ਵਿਚ ਰਖਾਈਆ । ਇਸ਼ਾਰਿਉਂ ਰਮਜ਼ ਦਏ ਲਗਾ, ਰਹਿਮਤ ਆਪਣੀ ਆਪ ਕਮਾਈਆ । ਮਾਤਲੋਕ ਦਿਤਾ ਪਰਗਟਾ, ਪੰਜ ਤਤ ਕਾਇਆ ਜਗਤ ਵਖਾਈਆ । ਜਗਤ ਨਾਤਾ ਦਿਤਾ ਜੁੜਾ, ਨਾਰ ਕੰਤ ਰੂਪ ਵਟਾਈਆ । ਦੋਹਾਂ ਮੇਲਾ ਮਿਲਿਆ ਸਹਿਜ ਸੁਭਾ, ਸਾਚੀ ਜੋੜੀ ਇਕ ਬਣਾਈਆ । ਦੁਆਪਰ ਤੇਰੀ ਔਰਤ ਬਣੀ ਬੇਵਫ਼ਾ, ਤੇਰੇ ਨਾਲ ਧਰੋਹ ਕਮਾਈਆ । ਕ੍ਰਿਸ਼ਨ ਦੁਆਰੇ ਸੀਸ ਦਿਤਾ ਝੁਕਾ, ਦੁਆਰਕਾ ਵੱਜੀ ਵਧਾਈਆ । ਪਤਿਪਰਮੇਸ਼ਵਰ ਬਖ਼ਸ਼ ਗੁਨਾਹ, ਤੇਰੀ ਇਕ ਸਰਨਾਈਆ । ਸਹਿਜ ਸੁਭਾ ਮੁਕੰਦ ਮਨੋਹਰ ਹੁਕਮ ਦਿਤਾ ਸੁਣਾ, ਤੇਰਾ ਲੇਖਾ ਲੇਖਾ ਲੇਖੇ ਪਾਈਆ । ਨਿਰਗੁਣ ਨਿਰਵੈਰ ਨਿਰੰਕਾਰ ਤੇਰਾ ਲਹਿਣਾ ਦਏ ਚੁਕਾ, ਕਲਜੁਗ ਅੰਤਮ ਹੋਏ ਸਹਾਈਆ । ਉਸ ਦੇ ਅੱਗੇ ਕਰੀਂ ਦੁਆ, ਦੋਏ ਜੋੜ ਵਾਸਤਾ ਪਾਈਆ । ਤੇਰੇ ਪਿਛੇ ਪਿਛੇ ਏਸੇ ਕਾਰਨ ਧੱਕਾ ਰਿਹਾ ਲਗਾ, ਗੁਰਮੁਖ ਭੁੱਲ ਕਦੇ ਨਾ ਜਾਈਆ । ਜਿਸ ਵੇਲੇ ਸਤਿਗੁਰ ਪੂਰਾ ਮਿਲੇ ਮਲਾਹ, ਸਾਚੇ ਬੇੜੇ ਲਏ ਚੜ੍ਹਾਈਆ । ਨਾਮ ਚੱਪੂ ਦਏ ਲਗਾ, ਡੂੰਘੇ ਸਾਗਰ ਪਾਰ ਕਰਾਈਆ । ਲੋਕ ਦੇਵੇ ਮਾਣ ਵਡਿਆ, ਸਿਰ ਆਪਣਾ ਹੱਥ ਟਿਕਾਈਆ । ਆਪਣਾ ਸੁੱਤ ਆਪ ਬਣਾ, ਪਿਤਾ ਪੂਤ ਵੇਖ ਵਖਾਈਆ । ਜਨਨੀ ਜਨ ਗੋਦ ਸੁਹਾ, ਲਹਿਣਾ ਲੈਣਾ ਝੋਲੀ ਪਾਈਆ । ਪਰਲੋਕ ਸੁਹੇਲਾ ਬਣੇ ਆ, ਗੁਰ ਚੇਲਾ ਆਪਣੀ ਗੋਦ ਬਿਠਾਈਆ । ਸ਼ਬਦ ਵਿਚੋਲਾ ਬੇਪਰਵਾਹ, ਭੁੱਲ ਕਦੇ ਨਾ ਜਾਈਆ । ਸੁਲ੍ਹਾਕੁਲ੍ਹ ਸਦਾ ਖ਼ੁਦਾ, ਪਾਰਬ੍ਰਹਮ ਬਖ਼ਸ਼ਣਹਾਰ ਸਚ ਸਰਨਾਈਆ । ਜਿਸ ਦੇ ਨਾਲੋ ਹੋਏ ਰਹੇ ਜੁਦਾ, ਅੰਤਮ ਓਸੇ ਨਾਲ ਮਿਲਾਈਆ । ਆਸਾ ਮਨਸਾ ਪੂਰੀ ਦਏ ਕਰਾ, ਕਿਰਪਾ ਕਰ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਲੋਕ ਪਰਲੋਕ ਪਰਲੋਕ ਲੋਕ ਦੋਹਾਂ ਬਣੇ ਮਲਾਹ, ਖੇਵਟ ਖੇਟਾ ਆਪਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੂਰਬ ਲੇਖਾ ਲਹਿਣਾ ਦਏ ਮੁਕਾਈਆ ।

## ੧੦ ਅੱਸੂ ੨੦੨੦ ਬਿਕਰਮੀ ਤਾਰਾ ਸਿੰਘ ਦੇ ਗ੍ਰਿਹਿ ਫ਼ਿਰੋਜ਼ਪੁਰ

ਸਤਿਗੁਰ ਸ਼ਬਦ ਸਹਿਜ ਸੁਖਦਾਈ, ਬਣ ਸੱਜਣ ਦਇਆ ਕਮਾਇੰਦਾ । ਭਗਤ ਭਗਵਾਨ ਸਹਿਜੇ ਲਏ ਜਗਾਈ, ਨਿਜ ਨੇਤਰ ਨੈਣ ਖੁਲ੍ਹਾਇੰਦਾ ।

ਸੰਤ ਕੰਤ ਦਰ ਲਏ ਮਿਲਾਈ, ਜਗਤ ਵਿਛੋੜਾ ਪੰਧ ਮੁਕਾਇੰਦਾ । ਗੁਰਮੁਖ ਸਾਚੇ ਭੇਵ ਖੁਲਾਈ, ਅਨਭਵ ਆਪਣੀ ਧਾਰ ਜਣਾਇੰਦਾ । ਗੁਰਸਿਖ ਵੇਖੇ ਥਾਉਂ ਥਾਈਂ, ਚਾਰ ਕੁੰਟ ਦਹਿ ਦਿਸ਼ਾ ਫੋਲ ਫੋਲਾਇੰਦਾ । ਨਿਰਗੁਣ ਹੋ ਕੇ ਫਿਰੇ ਵਾਹੋ ਦਾਹੀ, ਸਰਗੁਣ ਨਜ਼ਰ ਕਿਸੇ ਨਾ ਆਇੰਦਾ । ਸੇਵਾ ਕਰੇ ਬਣ ਬਣ ਬੇਪਰਵਾਹੀ, ਬੇਪਰਵਾਹ ਆਪਣਾ ਖੇਲ ਖਲਾਇੰਦਾ । ਸਚ ਸੰਦੇਸਾ ਰਿਹਾ ਸੁਣਾਈ, ਨਾਮ ਨਿਧਾਨ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਤੇਰੇ ਸੇਵ ਇਕ ਵਖਾਇੰਦਾ । ਸਾਚੇ ਸੁੱਤ ਸਰਬ ਜਗ ਮੀਤ, ਮਿਤਰ ਪਿਆਰੇ ਤੇਰੀ ਵਡ ਵਡਿਆਈਆ । ਤੇਰਾ ਨਾਉਂ ਅਗੰਮਾ ਸਾਚਾ ਗੀਤ, ਜੁਗ ਜੁਗ ਰਹੇ ਜਸ ਗਾਈਆ । ਖਾਣੀ ਬਾਣੀ ਤੇਰੀ ਦੱਸੇ ਹਦੀਸ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਮ ਪੜ੍ਹਾਈਆ । ਦੋ ਜਹਾਨ ਸਿਰ ਤੇਰੇ ਝੁੱਲੇ ਛਤਰ ਸੀਸ, ਜਗਦੀਸ ਦੇਵਣਹਾਰ ਵਡਿਆਈਆ । ਤੇਰੀ ਸਿਫ਼ਤ ਕਰੇ ਰਾਗ ਛਤੀਸ, ਤੀਸ ਬਤੀਸ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਜਣਾਈਆ । ਸਾਚੇ ਭਗਤਾਂ ਖੋਲ੍ਹਾਂ ਅੱਖ, ਪ੍ਰਭ ਮੇਰੇ ਵਿਚ ਵਡਿਆਈਆ । ਸਾਚੇ ਸੰਤਾਂ ਨਜ਼ਰ ਆਵਾਂ ਪਰਤੱਖ, ਸਾਖਿਆਤ ਵੇਸ ਵਟਾਈਆ । ਸਾਚੇ ਗੁਰਮੁਖਾਂ ਮਾਰਗ ਦੇਵਾਂ ਦੱਸ, ਦਹਿ ਦਿਸ਼ਾ ਨਜ਼ਰੀ ਆਈਆ । ਸਾਚੇ ਗੁਰਸਿਖਾਂ ਅੰਮ੍ਰਿਤ ਆਤਮ ਦੇਵਾਂ ਰਸ, ਨਿਝਰ ਝਿਰਨਾ ਇਕ ਝਿਰਾਈਆ । ਹਿਰਦੇ ਅੰਦਰ ਜਾਵਾਂ ਵਸ, ਘਰ ਘਰ ਆਪਣਾ ਡੇਰਾ ਲਾਈਆ । ਸਾਚਾ ਨਾਦ ਸੁਣਾਵਾਂ ਨਦ, ਅਨਹਦ ਅਨਾਦੀ ਨਾਦ ਵਜਾਈਆ । ਨਿਰਮਲ ਜੋਤ ਕਰਾਂ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਮੰਡਲ ਪਾਵਾਂ ਰਾਸ, ਗੋਪੀ ਕਾਹਨ ਨਚਾਈਆ । ਵੇਖਾਂ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਸੋਭਾ ਪਾਈਆ । ਫੜ ਫੜ ਤੇਰੇ ਕਰਾਂ ਦਾਸ, ਬਣ ਵਿਚੋਲਾ ਸੇਵ ਕਮਾਈਆ । ਤੂੰ ਸਾਹਿਬ ਸਹਾਈ ਅਨਾਥਾਂ ਨਾਥ, ਦੀਨਨ ਦੇਵਣਹਾਰ ਵਡਿਆਈਆ । ਮੈਂ ਚਲਾਵਾਂ ਤੇਰਾ ਮਾਤ ਜਹਾਜ਼, ਖੇਵਟ ਖੇਟਾ ਰੂਪ ਵਟਾਈਆ । ਸਾਚੇ ਸੱਜਣ ਲੈ ਕੇ ਸਾਥ, ਸਾਚਾ ਬੇੜਾ ਦੇਵਾਂ ਬੰਧਾਈਆ । ਇਕੋ ਤੇਰਾ ਨਾਮ ਸੰਦੇਸ਼ਾ ਦੇਵਾਂ ਆਖ, ਸਾਚੀ ਸਿਖਿਆ ਇਕ ਦ੍ਰਿੜਾਈਆ । ਲਹਿਣਾ ਦੇਣਾ ਸਭ ਦਾ ਚੁੱਕੇ ਪੂਰਬ ਮਾਥ, ਮਸਤਕ ਰੇਖਾ ਰੇਖ ਨਾਲ ਬਦਲਾਈਆ । ਆਤਮ ਪਰਮਾਤਮ ਪਰਮਾਤਮ ਆਤਮ ਗਾਓ ਸਾਰੇ ਗਾਥ, ਗਹਿਰ ਗੰਭੀਰ ਦਇਆ ਕਮਾਈਆ । ਕੂੜੀ ਮਿਟੇ ਅੰਧੇਰੀ ਰਾਤ, ਸਾਚਾ ਚੰਦ ਦਿਆਂ ਚਮਕਾਈਆ । ਮਾਣਸ ਮਨੁੱਖ ਮਾਨੁਸ਼ ਇਕੋ ਨਜ਼ਰ ਆਏ ਜਮਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਤੇਰਾ ਨਾਉਂ ਸੱਚਾ ਸੱਚਾ ਅਖੰਡ ਪਾਠ, ਕੀਰਤਨ ਤੇਰਾ ਰਹੇ ਜਸ ਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪ੍ਰਭੂ ਤੇਰਾ ਜਾਪ, ਤੇਰੀ ਸਿਫ਼ਤ ਰਹੇ ਸੁਣਾਈਆ । ਮੈਂ ਸੇਵਕ ਤੇਰਾ ਵੇਖਾਂ ਵਡ ਪਰਤਾਪ, ਸ਼ਬਦੀ ਗੁਰ ਸੀਸ ਝੁਕਾਈਆ । ਦੋ ਜਹਾਨ ਤੇਰਾ ਖੇਲ ਤਮਾਸ਼, ਬ੍ਰਹਿਮੰਡ ਤੇਰੀ ਵਡਿਆਈਆ । ਜੁਗਾ ਜੁਗੰਤਰ ਜਨ ਭਗਤਾਂ ਮਿਲੇ ਪ੍ਰਭੂ ਆਪ, ਨਿਰਗੁਣ ਸਰਗੁਣ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੋਭਾ ਪਾਈਆ । ਭਗਤ ਭਗਵਾਨ ਏਕਾ ਰੰਗ, ਸੋ ਸਤਿਗੁਰ ਆਪ ਸੁਣਾਈਆ । ਸ਼ਬਦ ਵਿਚੋਲੇ ਤੇਰੀ ਮੰਗ, ਜੁਗ ਚੌਕੜੀ ਪੂਰ ਕਰਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਵਾਂ ਲੰਘ, ਰਾਹ ਵਿਚ ਨਾ ਕੋਇ ਅਟਕਾਈਆ । ਕਰਾਂ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਨਿਸ਼ਾਨ ਇਕ

ਵਖਾਈਆ । ਸਚ ਨਿਸ਼ਾਨ ਸ੍ਰੀ ਭਗਵਾਨ, ਇਸ਼ਟ ਦੇਵ ਗੁਰ ਇਕੋ ਇਕ ਸਮਝਾਇੰਦਾ । ਭਗਤ ਸੁਹੇਲਾ ਭਗਤਾਂ ਮਿਲੇ ਆਣ, ਮਿਲਣੀ ਜਗਦੀਸ ਆਪ ਕਰਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਬਾਤਨ ਦੇਵਣਹਾਰ ਜਮਾਲ, ਜਲਵਾ ਨੂਰ ਜ਼ਹੂਰ ਦਰਸਾਇੰਦਾ । ਸ਼ਬਦ ਸਰੂਪੀ ਸ਼ਾਹੋ ਭੂਪੀ ਸਤਿ ਸਤਿਵਾਦੀ ਬਣ ਦਲਾਲ, ਸਚ ਦਲਾਲੀ ਇਕ ਕਮਾਇੰਦਾ । ਹਰਿ ਨਾਲੋ ਵਿਛੜੇ ਹਰਿਜਨ ਮੇਲੇ ਲਾਲ, ਮੇਲ ਮਿਲਾਵਾ ਇਕੋ ਘਰ ਜਣਾਇੰਦਾ । ਕਾਇਆ ਮੰਦਰ ਅੰਦਰ ਸਾਚਾ ਖੋਲ੍ਹ ਹੱਟ ਦੁਕਾਨ, ਚੌਦਾਂ ਲੋਕ ਸਚ ਸਲੋਕ ਸਾਚਾ ਸੋਹਲਾ ਇਕ ਸੁਣਾਇੰਦਾ । ਨਿਰਗੁਣ ਰੂਪ ਸ੍ਰੀ ਭਗਵਾਨ, ਜਨ ਭਗਤ ਦੁਆਰੇ ਹੋਏ ਪਰਗਟ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਪੜਦਾ ਆਪ ਉਠਾਇੰਦਾ । ਕਿਰਪਾ ਕਰੇ ਆਪ ਸਮਰਥ, ਦੇਵੇ ਨਾਮ ਅਗੰਮੀ ਵੱਥ, ਵਸਤ ਅਮੋਲਕ ਕਾਇਆ ਗੋਲਕ ਘਰ ਮੰਦਰ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਵੇਖੇ ਪਾਰਬ੍ਰਹਮ, ਪ੍ਰਭ ਵੱਡਾ ਵਡ ਵਡਿਆਈਆ । ਨਿਹਕਰਮੀ ਜਾਣੇ ਆਪਣਾ ਕਰਮ, ਕਰਮ ਕਾਂਡ ਰਹਿਣ ਕੋਇ ਨਾ ਪਾਈਆ । ਜਿਸ ਬਖ਼ਸ਼ੇ ਆਪਣੀ ਸਾਚੀ ਸਰਨ, ਤਿਸ ਮਿਲੇ ਮਾਣ ਵਡਿਆਈਆ । ਭੈ ਚੁਕਾਏ ਮਰਨ ਡਰਨ, ਭੌ ਅਵਰ ਨਾ ਕੋਇ ਵਖਾਈਆ । ਕਰਤਾ ਪੁਰਖ ਕਰਨੀ ਕਰਨ, ਹਰਿ ਕੀਮਤ ਆਪੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਈਆ । ਹਰਿਜਨ ਰੰਗ ਚੜ੍ਹੇ ਚਲੂਲ, ਸਤਿਗੁਰ ਪੂਰਾ ਆਪ ਚੜ੍ਹਾਈਆ । ਦੂਰ ਦੁਰਾਡਾ ਨੇਰਨ ਨੇਰਾ ਆਦਿ ਜੁਗਾਦਿ ਨਾ ਜਾਏ ਭੂਲ, ਜੁਗ ਚੌਕੜੀ ਵੇਖ ਵਖਾਈਆ । ਸਦਾ ਸੁਹੇਲਾ ਕੰਤ ਕਤੂਹਲ, ਰੰਗ ਨਵੇਲਾ ਇਕੋ ਘਰ ਵੇਖੇ ਚਾਈਂ ਚਾਈਂਆ । ਲੇਖਾ ਜਾਣੇ ਗੁਰੂ ਗੁਰ ਚੇਲਾ, ਸੱਜਣ ਸੁਹੇਲਾ ਫੇਰਾ ਪਾਈਆ । ਆਤਮ ਵਿਛੜੀ ਕਰੇ ਮੇਲਾ, ਬੰਧਨ ਡੋਰੀ ਤੰਦ ਬੰਧਾਈਆ । ਆਪ ਸੁਹਾਏ ਸੱਚਾ ਵੇਲਾ, ਜਿਸ ਵੇਲੇ ਗੁਰਮੁਖ ਆਪਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਪੜਦਾ ਦਏ ਉਠਾਈਆ । ਜਿਸ ਵੇਲੇ ਕਿਰਪਾ ਕਰੇ ਸਤਿਗੁਰ, ਗੁਰ ਦੀਨਨ ਦਇਆ ਕਮਾਇੰਦਾ । ਲੇਖਾ ਜਾਣੇ ਲਿਖਿਆ ਧੁਰ, ਧੁਰ ਮਸਤਕ ਵੇਖ ਵਖਾਇੰਦਾ । ਸਚ ਪ੍ਰੀਤੀ ਜਾਏ ਜੁੜ, ਜੋੜੀ ਸੁਰਤ ਸ਼ਬਦ ਬਣਾਇੰਦਾ । ਕਾਇਆ ਮੰਦਰ ਅੰਦਰ ਵੇਖੇ ਦੌੜ, ਦਹਿ ਦਿਸ਼ਾ ਫੋਲ ਫੋਲਾਇੰਦਾ । ਕੂੜੀ ਕਿਰਿਆ ਕੱਢੇ ਕੌੜ, ਰਸ ਅੰਮ੍ਰਿਤ ਮਿੱਠਾ ਇਕ ਭਰਾਇੰਦਾ । ਭਾਗ ਲਗਾਏ ਡੂੰਘੀ ਭਵਰੀ ਗੋਰ, ਸਚ ਪਰਕਾਸ਼ ਇਕ ਕਰਾਇੰਦਾ । ਕੂੜੀ ਕਿਰਿਆ ਭਾਂਡਾ ਦੇਵੇ ਫੋੜ, ਨਾਮ ਖੰਡਾ ਇਕ ਖੜਕਾਇੰਦਾ । ਆਤਮ ਪਰਮਾਤਮ ਸਚ ਦਰਵਾਜ਼ਾ ਦੇਵੇ ਖੋਲ੍ਹ, ਦਸਮ ਦੁਆਰੀ ਖੇਲ ਰਚਾਇੰਦਾ । ਗੁਰਮੁਖ ਆਤਮ ਸੱਦੇ ਕੋਲ, ਸਚ ਸੁਨੇਹੜਾ ਇਕ ਸੁਣਾਇੰਦਾ । ਆ ਸਖ਼ੀ ਵੇਖ ਸਾਚਾ ਢੋਲ, ਮਾਹੀ ਇਕੋ ਨਜ਼ਰੀ ਆਇੰਦਾ । ਜਿਸ ਦਾ ਬਿਨ ਰਸਨਾ ਜਿਹਵਾ ਸੱਚਾ ਬੋਲ, ਅਨਬੋਲਤ ਰਾਗ ਸੁਣਾਇੰਦਾ । ਧਰਮ ਦੁਆਰੇ ਤੋਲੇ ਤੋਲ, ਸੱਚਾ ਕੰਡਾ ਨਾਮ ਤਰਾਜ਼ੂ ਨਾਮ ਉਠਾਇੰਦਾ । ਓਥੇ ਕੋਈ ਨਾ ਵੱਜੇ ਰੋਲ, ਸਚ ਸੁੱਚ ਆਪ ਸਮਝਾਇੰਦਾ । ਉਠ ਨੇਤਰ ਨੈਣ ਅੱਖ ਖੋਲ੍ਹ, ਨਿਜ ਨੇਤਰ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰ ਗੁਰ ਵੇਖ ਵਖਾਇੰਦਾ । ਗੁਰਮੁਖ ਉਠ ਉਠ ਉਠ ਵੇਖ, ਹਰਿ ਸਤਿਗੁਰ ਆਪ ਜਣਾਈਆ । ਸਾਹਿਬ ਸੁਆਮੀ ਧਾਰੇ ਭੇਖ, ਭੇਖਾਧਾਰੀ ਰੂਪ ਵਟਾਈਆ । ਆਦਿ ਜੁਗਾਦਿ ਜੋ ਲਿਖਣਹਾਰਾ ਲੇਖ, ਲੇਖਾ ਸਭ ਦਾ ਰਿਹਾ ਚੁਕਾਈਆ । ਜਿਨ੍ਹਾਂ ਅੰਦਰ

ਵੜ ਕੇ ਦੱਸੇ ਭੇਤ, ਤਿਨ੍ਹਾਂ ਜਗਤ ਠਗੌਰੀ ਕੋਇ ਨਾ ਪਾਈਆ । ਪਾਰਬ੍ਰਹਮ ਪ੍ਰਭ ਖੇਲੇ ਆਪਣੀ ਖੇਡ, ਖੇਲਣਹਾਰਾ ਨਜ਼ਰ ਕਿਸੇ ਨਾ ਆਈਆ । ਸਦ ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਕਰ ਰੁਸ਼ਨਾਈਆ । ਪ੍ਰੀਤਮ ਬਣ ਕੇ ਕਰੇ ਹੇਤ, ਪਰਮ ਪੁਰਖ ਫੇਰਾ ਪਾਈਆ । ਰਲ ਮਿਲ ਆਤਮ ਪਰਮਾਤਮ ਸੋਹੰ ਢੋਲਾ ਗਾਉਣਾ ਗੀਤ, ਲੇਖਾ ਚੁੱਕੇ ਮੰਦਰ ਮਸੀਤ, ਘਰ ਕਾਇਆ ਕਾਅਬਾ ਠਾਕਰ ਇਕੋ ਨੂਰ ਨਜ਼ਰੀ ਆਈਆ । ਸਤਿ ਸਤਿਵਾਦੀ ਦੱਸੇ ਸਾਚੀ ਰੀਤ, ਰੀਤੀਵਾਨ ਦਇਆ ਕਮਾਈਆ । ਮਿਲੇ ਮਾਣ ਹਸਤ ਕੀਟ, ਊਚ ਨੀਚ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਹਰਿਜਨ ਮਿਲਿਆਂ ਚਾਓ ਘਨੇਰਾ, ਵੱਜੇ ਨਾਮ ਵਧਾਈਆ । ਨਜ਼ਰੀ ਆਏ ਇਕੋ ਰੰਗ ਸੰਝ ਸਵੇਰਾ, ਸੰਧਿਆ ਰੂਪ ਨਾ ਕੋਇ ਵਟਾਈਆ । ਲੇਖਾ ਚੁੱਕੇ ਤੇਰਾ ਮੇਰਾ, ਮੇਰਾ ਤੇਰਾ ਇਕੋ ਨੂਰ ਰੁਸ਼ਨਾਈਆ । ਕੂੜੀ ਕਿਰਿਆ ਢਹੇ ਢੇਰਾ, ਢਾਹ ਢਾਹ ਖ਼ਾਕ ਮਿਲਾਈਆ । ਕਾਇਆ ਮੰਦਰ ਵਸੇ ਸੱਚਾ ਖੇੜਾ, ਸ਼ਬਦ ਗੁਰ ਖਿੜਕੀ ਬੰਦ ਖੁਲ੍ਹਾਈਆ । ਮਿਹਰਵਾਨ ਹੋ ਕਰੇ ਮਿਹਰਾ, ਮਿਹਰ ਨਜ਼ਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਗੁਰ ਗੁਰ ਨਾਲ ਮਿਲਾਈਆ । ਗੁਰਸਿਖ ਕਹੇ ਮੇਰੇ ਸਤਿਗੁਰ ਸੁਆਮੀ, ਤੇਰੇ ਚਰਨ ਮਿਲੇ ਸਰਨਾਈਆ । ਤੂੰ ਆਦਿ ਜੁਗਾਦਿ ਅੰਤਰਜਾਮੀ, ਬੇਅੰਤ ਤੇਰੀ ਵਡਿਆਈਆ । ਸ਼ਾਸਤਰ ਸਿਮਰਤ ਤੇਰੀ ਅਕੱਥ ਕਹਾਣੀ, ਜੁਗ ਜੁਗ ਰਾਗ ਰਾਗਨੀ ਗਏ ਗਾਈਆ । ਗੁਰਸਿਖ ਕਹੇ ਪ੍ਰਭ ਮੈਂ ਤੇਰੀ ਧੁਨ ਆਤਮਕ ਸੁਣਨੀ ਬਾਣੀ, ਅਨਹਦ ਨਾਦ ਵੱਜੇ ਬੇਪਰਵਾਹੀਆ । ਅੰਮ੍ਰਿਤ ਆਤਮ ਬਣਿਆ ਸਰੋਵਰ ਠੰਡਾ ਪਾਣੀ, ਸਾਂਤਕ ਸਤਿ ਸਤਿ ਕਰਾਈਆ । ਆਤਮ ਮਿਲੇ ਪਰਮਾਤਮ ਹਾਣੀ, ਮਿਲ ਆਪਣਾ ਆਪ ਤਜਾਈਆ । ਮਹੱਲ ਅਟੱਲ ਮਿਲੇ ਪਦ ਨਿਰਬਾਣੀ, ਨਿਰਬਾਣ ਪਦ ਇਕੋ ਰੰਗ ਰੰਗਾਈਆ । ਤੂੰ ਮੇਰਾ ਮੈਂ ਤੇਰਾ ਮੈਨੂੰ ਦੇ ਇਕ ਨਿਸ਼ਾਨੀ, ਸਚ ਨਿਸ਼ਾਨ ਝੋਲੀ ਪਾਈਆ । ਏਥੇ ਓਥੇ ਦੋ ਜਹਾਨ ਤੇਰੀ ਗਾਵਾਂ ਅਕੱਥ ਕਹਾਣੀ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਕਿਰਪਾ ਕਰ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰੀ ਸਰਨ ਤਕਾਈਆ । ਸਤਿਗੁਰ ਪੂਰਾ ਸਦਾ ਕਰੇ ਮਿਹਰਵਾਨੀ, ਮਿਹਰ ਨਜ਼ਰ ਨੈਣ ਉਠਾਈਆ । ਉਠ ਗੁਰਮੁਖ ਗੁਰਸਿਖ ਬਣ ਸਚ ਦੁਆਰ ਦੀ ਸਾਚੀ ਰਾਣੀ, ਹਰਿ ਕੰਤ ਬੇਅੰਤ ਬੇਪਰਵਾਹ ਬਿਨ ਕੀਮਤ ਕਰਤਾ ਆਪੇ ਲਏ ਪਰਨਾਈਆ ।

## ✪ ੧੦ ਅੱਸੂ ੨੦੨੦ ਬਿਕਰਮੀ ਹਰਜੀਤ ਸਿੰਘ ਦੇ ਗ੍ਰਿਹਿ ਬਸਤੀ ਤੇਗਾ ਸਿੰਘ ਜ਼ਿਲਾ ਫ਼ਿਰੋਜ਼ਪੁਰ ✪

ਹਰਿ ਸ਼ਬਦ ਜੋਧਾ ਸੂਰਬੀਰ ਬਲਕਾਰ, ਦੋ ਜਹਾਨਾਂ ਹੁਕਮ ਵਰਤਾਇੰਦਾ । ਨਿਰਗੁਣ ਸਰਗੁਣ ਪਾਵੇ ਸਾਰ, ਨਿਰਵੈਰ ਆਪਣੀ ਕਾਰ ਕਮਾਇੰਦਾ । ਜੁਗ ਚੌਕੜੀ ਵੇਖੇ ਵਾਰੋ ਵਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰਾ ਪਾਇੰਦਾ । ਨਾਮ ਸੰਦੇਸ਼ਾ ਦੇਵੇ ਗੁਰ ਅਵਤਾਰ, ਪੀਰ ਪੈਗ਼ੰਬਰ ਢੋਲਾ ਰਾਗ ਜਣਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਅ ਖੋਲ੍ਹ ਕਿਵਾੜ, ਰਹਿਬਰ ਸਾਚਾ ਰਾਹ ਸਮਝਾਇੰਦਾ । ਲੱਖ ਚੁਰਾਸੀ ਦੇਵਣਹਾਰਾ ਆਤਮ ਪਰਮਾਤਮ ਜੋਤ ਆਧਾਰ, ਘਰ ਘਰ ਦੀਪਕ ਨੂਰ ਟਿਕਾਇੰਦਾ । ਜੀਵ ਜੰਤ ਸਾਧ ਸੰਤ ਕਰੇ ਪਿਆਰ, ਗੁਰਮੁਖ ਆਪਣਾ ਭੇਵ ਚੁਕਾਇੰਦਾ । ਸਾਚੇ ਭਗਤਾਂ ਦਏ ਦੀਦਾਰ, ਨੇਤਰ ਲੋਚਣ ਨੈਣ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿਗੁਰ

ਸ਼ਬਦ ਇਕੋ ਇਕ ਵਡਿਆਇੰਦਾ । ਸਤਿਗੁਰ ਸ਼ਬਦ ਵਡ ਬਲਵਾਨ, ਬਲਧਾਰੀ ਆਪ ਪਰਗਟਾਈਆ । ਜੁਗ ਚੌਕੜੀ ਮੰਗਦੇ ਗਏ ਦਾਨ, ਪ੍ਰਭ ਅੱਗੇ ਝੋਲੀ ਡਾਹੀਆ । ਕਿਰਪਾ ਕਰ ਸ੍ਰੀ ਭਗਵਾਨ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਪੁਰਖ ਅਕਾਲ ਤੇਰਾ ਨਿਸ਼ਾਨ, ਤੁਧ ਬਿਨ ਸਕੇ ਨਾ ਕੋਇ ਝੁਲਾਈਆ । ਬਾਲਕ ਬਾਲੀ ਬੁੱਧ ਨਾਦਾਨ, ਤੇਰਾ ਅੰਤ ਕੋਇ ਕਹਿਣ ਨਾ ਪਾਈਆ । ਸੇਵਾ ਕਰੀਏ ਵਿਚ ਜਹਾਨ, ਬਣ ਸੇਵਕ ਰੂਪ ਵਟਾਈਆ । ਸ਼ਾਸਤਰ ਸਿਮਰਤ ਲੇਖਾ ਲਿਖ ਲਿਖ ਵੇਦ ਪੁਰਾਨ, ਗੀਤਾ ਗਿਆਨ ਬੋਧ ਅਗਾਧ ਕਰੇ ਪੜ੍ਹਾਈਆ । ਹਕੀਕਤ ਹੱਕ ਮਸਲਾ ਲਿਖ ਅੰਜੀਲ ਕੁਰਾਨ, ਤੀਸ ਬਤੀਸ ਸਮਝਾਈਆ । ਚਾਰੇ ਬਾਣੀ ਬੋਲ ਜ਼ਬਾਨ, ਚਾਰੇ ਖਾਣੀ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਹੱਥ ਵੱਡੀ ਵਡਿਆਈਆ । ਸ਼ਬਦ ਗੁਰੂ ਵਡ ਜੋਧਾ ਸੂਰ, ਸੂਰਬੀਰ ਅਖਵਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਆਸਾ ਮਨਸਾ ਸਭ ਦੀ ਪੂਰ, ਤ੍ਰਿਸਨਾ ਭੁੱਖ ਮੇਟ ਮਿਟਾਇੰਦਾ । ਮੇਟਣਹਾਰਾ ਨਾਤਾ ਕੂੜੋ ਕੂੜ, ਸਚ ਸੁਚ ਮਾਰਗ ਇਕ ਲਗਾਇੰਦਾ । ਕਲਜੁਗ ਨੌਂ ਖੰਡ ਸਤ ਦੀਪ ਦਹਿ ਦਿਸ਼ਾ ਵੇਖਣਹਾਰ ਜ਼ਰੂਰ, ਜੀਵ ਜੰਤ ਸਾਢੇ ਤਿੰਨ ਹੱਥ ਕਾਇਆ ਬੰਕ ਫੋਲ ਫੋਲਾਇੰਦਾ । ਮਾਇਆ ਮਮਤਾ ਹਉਮੇ ਹੰਗਤਾ ਜੂਠ ਝੂਠ ਭਰਿਆ ਤਨ ਗ਼ਰੂਰ, ਗ਼ੁਰਬਤ ਡੇਰਾ ਘਰ ਘਰ ਨਜ਼ਰੀ ਆਇੰਦਾ । ਸਤਿਗੁਰ ਸ਼ਬਦ ਸੁਆਮੀ ਕੋਲੋ ਹੋਏ ਦੂਰ, ਘਰ ਠਾਕਰ ਨੇਤਰ ਨੈਣ ਨਜ਼ਰ ਕਿਸੇ ਨਾ ਆਇੰਦਾ । ਸਚ ਪ੍ਰੀਤੀ ਮਸਤਕ ਟਿੱਕਾ ਨਾਮ ਨਾ ਲਾਏ ਕੋਈ ਧੂੜ, ਦੁਰਮਤ ਮੈਲ ਨਾ ਕੋਇ ਧਵਾਇੰਦਾ । ਮਨ ਵਾਸਨਾ ਮੂਰਖ ਮੁਗਧ ਹੋਏ ਮੂੜ੍ਹ, ਬੁਧ ਬਿਬੇਕ ਨਾ ਕੋਇ ਕਰਾਇੰਦਾ । ਸਾਚਾ ਨਜ਼ਰ ਨਾ ਆਏ ਨੂਰ, ਘਰ ਘਰ ਵਿਚ ਪੜਦਾ ਦਵੈਤ ਨਾ ਕੋਇ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰੂ ਇਕ ਪਰਗਟਾਇੰਦਾ । ਸ਼ਬਦ ਗੁਰੂ ਹਰਿ ਸਚ ਸੁਆਮੀ, ਸਾਹਿਬ ਸੁਲਤਾਨ ਆਪ ਪਰਗਟਾਈਆ । ਦੋ ਜਹਾਨਾਂ ਅੰਤਰਜਾਮੀ, ਬ੍ਰਹਿਮੰਡ ਖੰਡ ਪੁਰੀ ਲੋਅ ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਅੰਤਰ ਆਤਮ ਵੇਖ ਵਖਾਈਆ । ਸ਼ਬਦ ਸੁਣਾਏ ਬੋਧ ਅਗਾਧ ਅਗੰਮੀ ਬਾਣੀ, ਕਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਅੰਮ੍ਰਿਤ ਆਤਮ ਸਤਿ ਦੁਆਰ ਦੇਵੇ ਠੰਡਾ ਪਾਣੀ, ਅਠਸਠ ਤੀਰਥ ਡੇਰਾ ਢਾਹੀਆ । ਨਿਰਮਲ ਜੋਤ ਜੋਤ ਜਗਾਏ ਮਹਾਨੀ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਧੁਰ ਦੀ ਦੇਵੇ ਇਕ ਨਿਸ਼ਾਨੀ, ਧਰਮ ਦੁਆਰਾ ਸਚ ਵਖਾਈਆ । ਬੋਧ ਅਗਾਧਾ ਪੰਡਤ ਬਣ ਗਿਆਨੀ, ਸਾਚਾ ਕਲਮਾ ਨਬੀ ਰਸੂਲ ਪੜ੍ਹਾਈਆ । ਲੇਖਾ ਜਾਣੇ ਦੋ ਜਹਾਨੀ, ਦੋਏ ਦੋਏ ਧਾਰ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਗੁਰ ਇਕੋ ਇਕ ਪਰਗਟਾਈਆ । ਸ਼ਬਦ ਗੁਰੂ ਗੁਰ ਪਰਗਟਾਏ ਏਕ, ਏਕੰਕਾਰਾ ਆਪ ਪਰਗਟਾਇੰਦਾ । ਕਲਜੁਗ ਕੂੜੀ ਕਿਰਿਆ ਲੱਖ ਚੁਰਾਸੀ ਲਏ ਵੇਖ, ਸਤ ਦੀਪ ਨੌਂ ਖੰਡ ਘਰ ਘਰ ਫੋਲ ਫੋਲਾਇੰਦਾ । ਚਾਰ ਵਰਨ ਅਠਾਰਾਂ ਬਰਨ ਦਹਿ ਦਿਸ਼ਾ ਹੋਇਆ ਭੇਖ, ਸਤਿ ਸਰੂਪ ਸਚ ਨਾ ਕੋਇ ਸਮਾਇੰਦਾ । ਫਿਰੀ ਦਰੋਹੀ ਚਾਰੇ ਕੂਟ, ਕਲਜੁਗ ਡੰਕਾ ਕੂੜਾ ਇਕ ਵਜਾਇੰਦਾ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਅੰਦਰ ਵੜ ਕੇ ਸਾਰੇ ਬੋਲਣ ਝੂਠ, ਹਰਿ ਕਾ ਭੈ ਸਿਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰੂ ਗੁਰਦੇਵ ਇਕ ਸਮਝਾਇੰਦਾ । ਸ਼ਬਦ ਗੁਰੂ ਗੁਰ ਸਚ ਮਲਾਹ, ਆਦਿ ਜੁਗਾਦਿ ਵੇਸ ਵਟਾਈਆ । ਜੁਗ ਚੌਕੜੀ ਦੇਵੇ ਪੰਧ

ਮੁਕਾ, ਥਿਰ ਕੋਇ ਰਹਿਣ ਨਾ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਮ ਨਿਧਾਨ ਦੇਵੇ ਇਕ ਸਲਾਹ, ਸਾਚੀ ਸਿਖਿਆ ਕਰੇ ਪੜ੍ਹਾਈਆ । ਵਾਕ ਭਵਿਖਤ ਧੁਰ ਦਾ ਲੇਖਾ ਦਏ ਜਣਾ, ਭੇਵ ਅਭੇਦਾ ਇਕ ਖੁਲ੍ਹਾਈਆ । ਤੇਈ ਅਵਤਾਰ ਨੇਤਰ ਨੈਣ ਗਏ ਉਠਾ, ਭਗਤ ਅਠਾਰਾਂ ਚਰਨ ਕਵਲ ਕਵਲ ਸਰਨਾਈਆ । ਈਸਾ ਮੂਸਾ ਮੁਹੰਮਦ ਉਚੀ ਕੂਕ ਕਹਿ ਕੇ ਗਏ ਸਚ ਖ਼ੁਦਾ, ਲਾਸ਼ਰੀਕ ਪਰਵਰਦਿਗਾਰ ਨੂਰ ਇਲਾਹੀਆ । ਨਾਨਕ ਗੋਬਿੰਦ ਧੁਰ ਦਾ ਲੇਖਾ ਲਿਖ ਲਿਖ ਗਏ ਵਖਾ, ਪੁਰਖ ਅਕਾਲ ਵੱਡੀ ਵਡਿਆਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਵੈਰ ਪੁਰਖ ਜੋਤੀ ਜੋਤ ਕਰੇ ਰੁਸ਼ਨਾ, ਨਿਹਕਲੰਕ ਨਾਉਂ ਰਖਾਈਆ । ਨਾਮ ਡੰਕਾ ਦਏ ਵਜਾ, ਦੋ ਜਹਾਨ ਕਰੇ ਸ਼ਨਵਾਈਆ । ਚਾਰ ਕੁੰਟ ਕੂੜਾ ਬੁਰਜ ਦੇਵੇ ਢਾਹ, ਉਚਾ ਟਿੱਲਾ ਪਰਬਤ ਰਹਿਣ ਕੋਇ ਨਾ ਪਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇਵੇ ਖ਼ਾਕ ਮਿਲਾ, ਸੀਸ ਤਾਜ ਨਾ ਕੋਇ ਟਿਕਾਈਆ । ਵਰਨ ਬਰਨ ਜ਼ਾਤ ਪਾਤ ਊਚ ਨੀਚ ਰਾਉ ਰੰਕ ਏਕਾ ਘਰ ਦਏ ਬਹਾ, ਦੀਨ ਮਜ਼੍ਹਬ ਕਰੇ ਨਾ ਕੋਇ ਲੜਾਈਆ । ਸਾਚਾ ਕਲਮਾ ਨਬੀ ਰਸੂਲ ਰਾਮ ਰਹੀਮ ਦਏ ਪੜ੍ਹਾ, ਸ੍ਰੀ ਭਗਵਾਨ ਇਕੋ ਨਾਮ ਦਏ ਵਡਿਆਈਆ । ਸਾਚਾ ਢੋਲਾ ਧੁਰ ਦਾ ਦਏ ਸੁਣਾ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਭੇਵ ਖੁਲ੍ਹਾਈਆ । ਅਨਡਿਠੜਾ ਮਾਰਗ ਦਏ ਲਗਾ, ਜਗ ਨੇਤਰ ਲੋਚਣ ਨਜ਼ਰ ਕਿਸੇ ਨਾ ਆਈਆ । ਭਗਤ ਭਗਵਾਨ ਗੁਰਮੁਖ ਵਿਰਲਾ ਲੱਖ ਚੁਰਾਸੀ ਵਿਚੋਂ ਲਏ ਜਗਾ, ਜਿਸ ਅੰਤਰ ਆਤਮ ਆਪਣੀ ਬੂਝ ਬੁਝਾਈਆ । ਨਾਮ ਨਿਸ਼ਾਨਾ ਤੀਰ ਅਣਿਆਲਾ ਦਏ ਲਗਾ, ਬਜਰ ਕਪਾਟੀ ਤੋੜ ਤੁੜਾਈਆ । ਸਾਚੀ ਹਾਟੀ ਕਾਇਆ ਮੰਦਰ ਦਏ ਖੁਲ੍ਹਾ, ਦਸਮ ਦੁਆਰੀ ਪੜਦਾ ਆਪ ਉਠਾਈਆ । ਸੇਜ ਸੁਹੰਜਣੀ ਦਏ ਸੁਹਾ, ਆਤਮ ਸੇਜਾ ਡੇਰਾ ਲਾਈਆ । ਆਦਿ ਨਿਰੰਜਣ ਜੋਤ ਨਿਰੰਜਣ ਦਏ ਜਗਾ, ਦੀਆ ਬਾਤੀ ਕਮਲਪਾਤੀ ਇਕੋ ਇਕ ਪਰਗਟਾਈਆ । ਧੁਰ ਦੀ ਗਾਥੀ ਸ਼ਬਦ ਨਿਧਾਨਾ ਦਏ ਸੁਣਾ, ਸੁਰਤੀ ਸ਼ਬਦੀ ਇਕੋ ਰਾਗ ਅਲਾਈਆ । ਗ੍ਰਹਿ ਮੰਦਰ ਘਰ ਘਰ ਵਿਚ ਮੇਲਾ ਦਏ ਮਿਲਾ, ਸਚ ਦੁਆਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰੂ ਗੁਰ ਇਕ ਨਜ਼ਰੀ ਆਈਆ । ਸ਼ਬਦ ਗੁਰੂ ਹਰ ਘਟ ਵਾਸਾ, ਗ੍ਰਹਿ ਗ੍ਰਹਿ ਖੋਜ ਖੋਜਾਈਆ । ਲੇਖਾ ਜਾਣ ਪ੍ਰਿਥਮੀ ਆਕਾਸਾ, ਗਗਨ ਮੰਡਲ ਚਰਨਾਂ ਹੇਠ ਦਬਾਈਆ । ਗੋਪੀ ਕਾਹਨ ਪਾਵੇ ਰਾਸਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਨਾਚ ਨਚਾਈਆ । ਜਨ ਭਗਤਾਂ ਜੁਗ ਜੁਗ ਪੂਰੀ ਕਰੇ ਆਸਾ, ਆਸਾ ਤ੍ਰਿਸਨਾ ਮੇਟ ਮਿਟਾਈਆ । ਸੇਵਾ ਕਰੇ ਬਣ ਬਣ ਦਾਸੀ ਦਾਸਾ, ਸੇਵਕ ਸਾਚੀ ਕਾਰ ਕਮਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਜੋਤ ਸਤਿ ਸਰੂਪ ਕਰੇ ਪਰਕਾਸ਼ਾ, ਕਲ ਕਲਕੀ ਵੇਸ ਵਟਾਈਆ । ਨਾਨਕ ਗੋਬਿੰਦ ਪਾਰਬ੍ਰਹਮ ਪਤਿਪਰਮੇਸ਼ਵਰ ਸਚ ਸੁਆਮੀ ਦੇ ਕੇ ਗਿਆ ਭਰਵਾਸਾ, ਭਾਂਡਾ ਭਰਮ ਭੌ ਭੰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਅਜੂਨੀ ਰਹਿਤ ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਆਪਣੀ ਕਲ ਵਰਤੇ ਭਗਵਾਨ, ਭੇਵ ਅਭੇਦਾ ਆਪ ਜਣਾਈਆ । ਸ਼ਬਦ ਸੁੱਤ ਸੂਰਾ ਬਲਵਾਨ, ਦੋ ਜਹਾਨਾਂ ਹੁਕਮ ਮਨਾਈਆ । ਕਲਜੁਗ ਮੇਟੇ ਕੂੜ ਨਿਸ਼ਾਨ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਲਾਏ ਹੋ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਸਾਚਾ ਮੰਦਰ ਇਕ ਮਕਾਨ, ਹਰੀ ਦੁਆਰ ਇਕ ਵਖਾਈਆ । ਪਰਗਟ ਹੋਵੇ ਇਕੋ ਰਾਮ, ਇਕੋ ਕਾਹਨ ਰੂਪ ਧਰਾਈਆ । ਇਕੋ

੫੬੮
੧੫

ਪੈਗ਼ੰਬਰ ਕਰੇ ਬਿਆਨ, ਇਕੋ ਕਲਮਾ ਰਿਹਾ ਜਣਾਈਆ । ਇਕੋ ਬੋਲੇ ਸਤਿਨਾਮ, ਇਕੋ ਵਾਹਿਗੁਰੂ ਫ਼ਤਹਿ ਸੁਣਾਈਆ । ਇਕੋ ਬਦਲੇ ਕੂੜ ਨਜ਼ਾਮ, ਇਕੋ ਸਚ ਸੁਚ ਕਰੇ ਜਣਾਈਆ । ਇਕੋ ਲੇਖਾ ਜਾਣੇ ਦੋ ਜਹਾਨ, ਜੀਵ ਜੰਤ ਵੇਖੇ ਥਾਉਂ ਥਾਈਆ । ਇਕੋ ਸਤਿਜੁਗ ਸਚ ਕਰੇ ਪਰਧਾਨ, ਧਰਤ ਮਾਤ ਮਿਲੇ ਵਡਿਆਈਆ । ਇਕੋ ਸ਼ਬਦ ਦੇਵੇ ਗਿਆਨ, ਆਤਮ ਪਰਮਾਤਮ ਕਰੇ ਪੜ੍ਹਾਈਆ । ਇਕ ਝੁਲਾਏ ਧੁਰ ਨਿਸ਼ਾਨ, ਸਚ ਨਿਸ਼ਾਨਾ ਇਕ ਵਖਾਈਆ । ਇਕੋ ਰਾਗ ਸੁਣਾਏ ਕਾਨ, ਧੁਨ ਆਤਮਕ ਨਾਦ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਇਕੋ ਨਜ਼ਰੀ ਆਈਆ । ਸਤਿਗੁਰ ਨਜ਼ਰੀ ਆਏ ਆਦਿ, ਆਦਿ ਵੱਡੀ ਵਡਿਆਈਆ । ਸਤਿਗੁਰ ਖੇਲ ਸਦਾ ਬ੍ਰਿਹਿਮਾਦ, ਬ੍ਰਿਹਿਮਾਂਡ ਆਪ ਉਪਾਈਆ । ਸਤਿਗੁਰ ਨਾਉਂ ਅਗੰਮੀ ਨਾਦ, ਦੋ ਜਹਾਨਾਂ ਆਪ ਸੁਣਾਈਆ । ਸਤਿਗੁਰ ਸੱਜਣ ਸੱਚਾ ਸਾਕ, ਸੈਣ ਇਕੋ ਇਕ ਅਖਵਾਈਆ । ਸਤਿਗੁਰ ਸਾਹਿਬ ਪਾਕੀ ਪਾਕ, ਪਤਤ ਪੁਨੀਤ ਰੂਪ ਵਖਾਈਆ । ਸਤਿਗੁਰ ਸਾਹਿਬ ਉਤਮ ਜ਼ਾਤ, ਵਰਨ ਬਰਨ ਗੋਤ ਵਿਚ ਕਦੇ ਨਾ ਆਈਆ । ਸਤਿਗੁਰ ਸਿਫ਼ਤ ਲਿਖ ਸਕੇ ਨਾ ਕੋਈ ਕਲਮ ਦਵਾਤ, ਕਾਗ਼ਜ਼ ਸ਼ਾਹੀ ਸਾਰ ਕੋਇ ਨਾ ਪਾਈਆ । ਸਤਿਗੁਰ ਸੱਚੀ ਆਤਮ ਪਰਮਾਤਮ ਬਣਾਏ ਇਕ ਜਮਾਤ, ਦੂਜੀ ਵੰਡ ਨਾ ਕੋਇ ਵੰਡਾਈਆ । ਸਤਿਗੁਰ ਪਾਰਬ੍ਰਹਮ ਬ੍ਰਹਮ ਬੰਨ੍ਹੇ ਸੱਚਾ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਸਤਿਗੁਰ ਸੱਚਾ ਮੇਟ ਮਿਟਾਏ ਅੰਧੇਰੀ ਰਾਤ, ਕੂੜ ਅਮਾਵਸ ਰਹਿਣ ਨਾ ਪਾਈਆ । ਸਤਿਗੁਰ ਸੱਚਾ ਜਨ ਭਗਤਾਂ ਪੂਰੀ ਕਰੇ ਖ਼ਾਹਸ਼, ਜੋ ਜਨ ਬੈਠੇ ਧਿਆਨ ਲਗਾਈਆ । ਸਤਿਗੁਰ ਸੱਚਾ ਸਦ ਸੰਤਾਂ ਵਸੇ ਪਾਸ, ਸਤਿ ਸਤਿਵਾਦੀ ਆਪਣੀ ਦਇਆ ਕਮਾਈਆ । ਸਤਿਗੁਰ ਸੱਚਾ ਗੁਰਮੁਖਾਂ ਕਰੇ ਬੰਦ ਖ਼ਲਾਸ, ਬੰਦੀਖ਼ਾਨਾ ਕੋਇ ਰਹਿਣ ਨਾ ਪਾਈਆ । ਸਤਿਗੁਰ ਸੱਚਾ ਗੁਰਸਿਖਾਂ ਚਰਨ ਕਵਲ ਦੇਵੇ ਨਿਵਾਸ, ਬਖ਼ਸ਼ੇ ਇਕੋ ਇਕ ਸਰਨਾਈਆ । ਸਤਿਗੁਰ ਸੱਚਾ ਸਰਬ ਗੁਣਾਂ ਗੁਣਤਾਸ, ਵੱਡਾ ਵਡ ਵਡਿਆਈਆ । ਸਤਿਗੁਰ ਸੱਚਾ ਜੁਗ ਚੌਕੜੀ ਕਰਨਹਾਰਾ ਨਾਸ, ਕਲਜੁਗ ਅੰਤਮ ਲੇਖਾ ਦਏ ਮੁਕਾਈਆ । ਸਤਿਗੁਰ ਸੱਚਾ ਵੇਖਣਹਾਰਾ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਵਡ ਪਰਭਾਸ, ਸਮੁੰਦ ਸਾਗਰ ਵੇਖ ਵਖਾਈਆ । ਸਤਿਗੁਰ ਸਾਚਾ ਲਹਿਣਾ ਦੇਣਾ ਚੁਕਾਏ ਪ੍ਰਿਥਮੀ ਆਕਾਸ, ਗਗਨ ਮੰਡਲ ਖੋਜੇ ਥਾਉਂ ਥਾਈਆ । ਸਤਿਗੁਰ ਸੱਚਾ ਸੁਰਪਤ ਇੰਦ ਕਰੋੜ ਤੇਤੀਸਾ ਕਰੇ ਦਾਸੀ ਦਾਸ, ਧੁਰ ਫ਼ਰਮਾਣਾ ਹੁਕਮ ਜਣਾਈਆ । ਸਤਿਗੁਰ ਸੱਚਾ ਵਿਸ਼ਨ ਬ੍ਰਹਮਾ ਸ਼ਿਵ ਬਖ਼ਸ਼ੇ ਇਕੋ ਇਕ ਨਿਵਾਸ, ਨਿਜ ਘਰ ਭੂਮਿਕਾ ਇਕ ਜਣਾਈਆ । ਸਤਿਗੁਰ ਸੱਚਾ ਦੋ ਜਹਾਨਾਂ ਇਕੋ ਜੋਤ ਕਰੇ ਪਰਕਾਸ਼, ਦੂਜਾ ਦੀਵਾ ਬੱਤੀ ਨਜ਼ਰ ਕੋਇ ਨਾ ਆਈਆ । ਸਤਿਗੁਰ ਸੱਚਾ ਸਚਖੰਡ ਦੁਆਰੇ ਕਰੇ ਖੇਲ ਤਮਾਸ਼, ਖ਼ਾਲਕ ਖ਼ਲਕ ਆਪਣਾ ਰਾਹ ਜਣਾਈਆ । ਸਤਿਗੁਰ ਸੱਚਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਸ਼ਬਦ ਗੁਰੂ ਸਤਿਗੁਰੂ ਇਕ ਉਪਾਈਆ । ਸਤਿਗੁਰੂ ਸੱਚਾ ਸ਼ਬਦ ਗੁਰਮੀਤ, ਗੁਰ ਦਾਤਾ ਇਕ ਅਖਵਾਇੰਦਾ । ਕਲਜੁਗ ਅੰਤਮ ਬਦਲੇ ਰੀਤ, ਰੀਤੀਵਾਨ ਵੇਸ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਲੇਖਾ ਲਿਖ ਕੇ ਗਏ ਠੀਕ, ਸੋ ਅੰਤਮ ਪੂਰ ਕਰਾਇੰਦਾ । ਭੇਵ ਚੁਕਾਏ ਬੀਸ ਬੀਸ, ਸਚ ਹਦੀਸ ਇਕ ਪੜ੍ਹਾਇੰਦਾ । ਲੇਖਾ ਜਾਣੇ ਰਾਗ ਛਤੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਨਿਰਗੁਣ ਸਰਗੁਣ


੫੬੯
੧੫

ਸਰਗੁਣ ਨਿਰਗੁਣ ਸਰਬ ਜੀਆਂ ਦਾ ਸਾਂਝਾ ਯਾਰ, ਹਰ ਘਟ ਬੈਠਾ ਆਸਣ ਲਾਈਆ । ਮੁਰੀਦ ਮੁਰਸ਼ਦ ਦੇਵੇ ਦਰਸ ਦੀਦਾਰ, ਨਿਜ ਨੇਤਰ ਲੋਚਣ ਨੈਣ ਕਰੇ ਰੁਸ਼ਨਾਈਆ । ਗ੍ਰਿਹ ਮੰਦਰ ਸਚ ਦੁਆਰਾ ਦਏ ਵਖਾਲ, ਗੁਰੂਦੁਆਰਾ ਇਕੋ ਨਜ਼ਰੀ ਆਈਆ । ਸਾਚਾ ਹੁਜਰਾ ਬਣਾਏ ਸੱਚੀ ਧਰਮਸਾਲ, ਧਰਮ ਜੈਕਾਰਾ ਇਕ ਲਗਾਈਆ । ਕਲਜੁਗ ਕੂੜਾ ਨਾਤਾ ਤੁਟੇ ਵਿਚ ਸੰਸਾਰ, ਮਾਇਆ ਮਮਤਾ ਹਉਮੇ ਹੰਗਤਾ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰੂ ਸਚ ਸਿਖਿਆ ਇਕ ਦ੍ਰਿੜਾਈਆ । ਸ਼ਬਦ ਗੁਰੂ ਗੁਰ ਦੇਵੇ ਸਿਖਿਆ, ਸਾਖਿਆਤ ਇਕੋ ਨਾਮ ਜਣਾਇੰਦਾ । ਧੁਰਦਰਗਾਹੀ ਨਾਮ ਭਿਛਿਆ, ਘਰ ਘਰ ਆਪ ਵਰਤਾਇੰਦਾ । ਨਾ ਕੋਈ ਮੇਟੇ ਹਰਿ ਕਾ ਲਿਖਿਆ, ਗੁਰ ਅਵਤਾਰ ਪੀਰ ਪੈਗ਼ੰਬਰ ਸ਼ਹਾਦਤ ਸਭ ਦੀ ਇਕੋ ਵਾਰ ਭੁਗਤਾਇੰਦਾ । ਬਿਨ ਸਤਿਗੁਰ ਸ਼ਬਦ ਨਿਰਵੈਰ ਪੁਰਖ ਕਿਸੇ ਨਾ ਦਿਸਿਆ, ਜਗਤ ਅੰਧੇਰਾ ਚਾਰੋ ਕੁੰਟ ਛਾਇੰਦਾ । ਭਗਤ ਭਗਵਾਨ ਲੋਕਮਾਤ ਪੇਖਿਆ, ਪੇਖ ਪੇਖ ਆਪਣੀ ਖ਼ੁਸ਼ੀ ਮਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸਾਚੀ ਦਇਆ ਕਮਾਇੰਦਾ । ਸਤਿਗੁਰ ਦਇਆਵਾਨ ਦਇਆਨਿਧ ਠਾਕਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਵੇਖਣਹਾਰਾ ਗਹਿਰ ਗੰਭੀਰ ਡੂੰਘਾ ਸਾਗਰ, ਲੱਖ ਚੁਰਾਸੀ ਭਵਰੀ ਫੋਲ ਫੋਲਾਈਆ । ਸ਼ਬਦ ਵਿਚੋਲਾ ਬਣ ਦਲਾਲ ਹੋਕਾ ਦੇਵੇ ਇਕ ਸੌਦਾਗਰ, ਵਣਜ ਵਣਜਾਰਾ ਵੇਸ ਵਟਾਈਆ । ਭੇਵ ਚੁਕਾਏ ਕਰੀਮ ਕਰਤਾ ਕਾਦਰ, ਕੁਦਰਤ ਕਾਦਰ ਕਾਇਨਾਤ ਵੇਖੇ ਥਾਉਂ ਥਾਈਂਆ । ਆਤਮ ਪਰਮਾਤਮ ਮਨ ਮਤ ਬੁਧ ਬ੍ਰਹਮ ਪਾਰਬ੍ਰਹਮ ਈਸ਼ ਜੀਵ ਜਾਣੇ ਸਰਬ ਹਾਲਾਤ, ਹਾਲਤ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖਣ ਆਈਆ । ਕਲਜੁਗ ਅੰਤਮ ਵੇਖਣ ਆਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਜਿਸ ਨੂੰ ਈਸਾ ਮੂਸਾ ਕਹਿ ਕੇ ਗਿਆ ਬਾਪ, ਪਿਤਾ ਇਕੋ ਨੂਰ ਖ਼ੁਦਾਈਆ । ਜਿਸ ਦੀ ਮੁਹੰਮਦ ਉਪਜਿਆ ਸ਼ਾਖ਼, ਨੂਰ ਨੂਰ ਵਿਚੋ ਧਰਾਈਆ । ਜਿਸ ਦਾ ਨਾਨਕ ਨਿਰਗੁਣ ਕਰੇ ਜਾਪ, ਸੋਹੰ ਢੋਲਾ ਗਿਆ ਗਾਈਆ । ਜਿਸ ਨੂੰ ਗੋਬਿੰਦ ਪੁਰਖ ਅਬਿਨਾਸ਼ੀ ਗਿਆ ਆਖ, ਅਕਲ ਕਲਧਾਰੀ ਬੇਪਰਵਾਹੀਆ । ਸੋ ਸਾਹਿਬ ਸੁਲਤਾਨਾ ਕਲਜੁਗ ਅੰਤਮ ਵੇਖੇ ਖੇਲ ਤਮਾਸ਼, ਜੋਤੀ ਜਾਮਾ ਵੇਸ ਵਟਾਈਆ । ਸਚ ਸਮਗਰੀ ਸਾਚੀ ਨਗਰੀ ਸਤਿ ਸਤਿਵਾਦੀ ਥਾਪਣ ਥਾਪ, ਸੰਬਲ ਸਾਚਾ ਡੇਰਾ ਲਾਈਆ । ਸਾਚੇ ਅਸਵ ਘੋੜੇ ਰਾਕੀ ਚੜ੍ਹੇ ਤਾਜ, ਦੋ ਜਹਾਨਾਂ ਆਪ ਦੌੜਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਵੇਖਣਹਾਰਾ ਰਚ ਰਚ ਕਾਜ, ਕਰਨੀ ਕਰਤਾ ਆਪਣੇ ਹੱਥ ਰਖਾਈਆ । ਕਲਜੁਗ ਅੰਤ ਗੁਰਮੁਖ ਵਿਰਲੇ ਸਾਚੇ ਸੰਤ ਮਾਰੇ ਸ਼ਬਦ ਆਵਾਜ਼, ਸੋਈ ਸੁਰਤੀ ਅਕਾਲ ਮੂਰਤ ਆਪ ਜਗਾਈਆ । ਲੇਖ ਚੁਕਾਏ ਕਲਮਾ ਨਬੀ ਰਸੂਲ ਵੇਲਾ ਪੰਜ ਸਜਦਾ ਨਿਮਾਜ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਗੁਰੂ ਇਕੋ ਫੇਰਾ ਪਾਈਆ । ਸ਼ਬਦ ਗੁਰੂ ਗੁਰ ਆਏ ਜਗ, ਜਾਗਰਤ ਜੋਤ ਕਰੇ ਰੁਸ਼ਨਾਈਆ । ਜਨ ਭਗਤਾਂ ਮਾਰਗ ਦੇਵੇ ਦੱਸ, ਸਾਚੀ ਸਿਖਿਆ ਇਕ ਸਮਝਾਈਆ । ਦਰਸ ਦਿਖਾਏ ਉਪਰ ਸ਼ਾਹ ਰਗ, ਨੌਂ ਦੁਆਰੇ ਪੰਧ ਮੁਕਾਈਆ । ਫੜ ਫੜ ਹੰਸ ਬਣਾਏ ਕਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਸਚ ਨਗਾਰਾ ਜਾਵੇ ਵੱਜ, ਨੌਬਤ ਇਕੋ ਨਾਮ ਸੁਣਾਈਆ । ਧਰਮ ਦੁਆਰੇ ਕਰਾਏ ਹੱਜ, ਮੱਕਾ ਕਾਅਬਾ ਡੇਰਾ ਢਾਹੀਆ । ਸਚ ਮਹੱਲੇ ਆਪੇ ਸੱਦ,

੫੭੦ ੧੫

ਮਹਿਫ਼ਲ ਆਪਣੇ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹਰਿ ਸੁਲਤਾਨਾ, ਸਤਿ ਸਤਿਵਾਦੀ ਇਕ ਅਖਵਾਇੰਦਾ । ਕਲਜੁਗ ਅੰਤਮ ਪਰਗਟੇ ਜੋਧਾ ਸੂਰਬੀਰ ਮਰਦ ਮਰਦਾਨਾ, ਮਰਦ ਮਰਦਨ ਇਕ ਜਣਾਇੰਦਾ । ਸਤਿ ਸਰੂਪੀ ਸ਼ਾਹੋ ਭੂਪੀ ਬੰਨ੍ਹੇ ਇਕੋ ਗਾਨਾ, ਦਰਗਹਿ ਸਾਚੀ ਸਗਨ ਮਨਾਇੰਦਾ । ਨਾਮ ਖੰਡਾ ਸ਼ਬਦੀ ਚਿਲਾ ਤੀਰ ਕਮਾਨਾ, ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਸ਼ਬਦ ਗੁਰੂ ਗੁਰਦੇਵ ਗੋਬਿੰਦ ਰੂਪ ਨੌਜਵਾਨਾ, ਬਿਰਧ ਬਾਲ ਨਜ਼ਰ ਕਿਸੇ ਨਾ ਆਇੰਦਾ । ਲੇਖਾ ਜਾਣੇ ਦੋ ਜਹਾਨਾਂ, ਦੋਹਰੀ ਧਾਰ ਤਾਲ ਵਜਾਇੰਦਾ । ਕਲਜੁਗ ਉਠ ਉਠ ਵੇਖੇ ਹੋਏ ਹੈਰਾਨਾ, ਹਰਿ ਜੂ ਕੀ ਖੇਲ ਵਰਤਾਇੰਦਾ । ਚਾਰੋ ਕੁੰਟ ਦਿਸੇ ਬੀਆਬਾਨਾ, ਸਾਚਾ ਮੰਦਰ ਸੋਭਾ ਕੋਇ ਨਾ ਪਾਇੰਦਾ । ਪੀਰ ਪੈਗ਼ੰਬਰ ਨਜ਼ਰ ਨਾ ਆਏ ਕੋਈ ਸੁਲਤਾਨਾ, ਚਾਰੋ ਕੁੰਟ ਅੰਧੇਰਾ ਛਾਇੰਦਾ । ਪਰਗਟ ਹੋਏ ਇਕ ਅਮਾਮਾ, ਬੇਐਬ ਖ਼ੁਦਾਈ ਆਪਣਾ ਡੇਰਾ ਲਾਇੰਦਾ । ਸਾਚਾ ਦੇਵੇ ਧੁਰ ਫ਼ਰਮਾਨਾ, ਧੁਰ ਦੀ ਧਾਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਆਪਣਾ ਵੇਸ ਵਟਾਇੰਦਾ । ਵੇਸ ਵਟਾਏ ਸ਼ਬਦ ਗੁਰ ਸੂਰਾ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜੀ ਕਿਰਿਆ ਹੂੰਝੇ ਕੂੜਾ, ਸ਼ੌਹ ਦਰਿਆਏ ਦਏ ਸੁਟਾਈਆ । ਆਦਿ ਜੁਗਾਦਿ ਜੁਗ ਚੌਕੜੀ ਕੌਲ ਇਕਰਾਰ ਕੀਤਾ ਕਰੇ ਪੂਰਾ, ਬੇਮੁਖ ਹੋ ਨਾ ਮੁਖ ਭਵਾਈਆ । ਸਰਬ ਕਲਾ ਆਪੇ ਭਰਪੂਰਾ, ਭਰਪੂਰ ਰਿਹਾ ਸਰਬ ਠਾਈਆ ਲੇਖਾ ਜਾਣੇ ਨੇਰ ਦੂਰਾ, ਦੂਰ ਦੁਰਾਡਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਇਕੋ ਨਾਮ ਦ੍ਰਿੜਾਈਆ । ਜਨ ਭਗਤ ਸੰਦੇਸ਼ਾ ਇਕੋ ਨਾਮ, ਹਰਿ ਨਾਮ ਮਿਲੇ ਵਡਿਆਈਆ । ਅੰਮ੍ਰਿਤ ਆਤਮ ਪੀਣਾ ਜਾਮ, ਚਾਰ ਕੁੰਟ ਨਾ ਦਹਿ ਦਿਸ਼ ਉਠ ਉਠ ਧਾਈਆ । ਅੰਦਰ ਮੰਦਰ ਮਿਲੇ ਭਗਵਾਨ, ਕਾਇਆ ਬੰਕ ਵੇਖੇ ਚਾਈਂ ਚਾਈਆ । ਕਲਜੁਗ ਮਿਟੇ ਰੈਣ ਅੰਧੇਰੀ ਸ਼ਾਮ, ਸਾਚਾ ਨੂਰ ਭਾਨ ਚੰਦ ਚਮਕਾਈਆ । ਪਰਗਟ ਹੋਵੇ ਅਗੰਮੀ ਰਾਮ, ਘਨਈਆ ਬੰਸਰੀ ਨਾਮ ਵਜਾਈਆ । ਸਚ ਪੈਗ਼ੰਬਰ ਦੇ ਪੈਗ਼ਾਮ, ਚਾਰੇ ਬਾਣੀ ਦਏ ਸਮਝਾਈਆ । ਪਰਾ ਪਸੰਤੀ ਮਧਮ ਬੈਖਰੀ ਰਲ ਮਿਲ ਕਰਨ ਕਲਿਆਣ, ਕਲਮਾ ਇਕੋ ਢੋਲਾ ਗਾਈਆ । ਗੁਰੂ ਗੁਰਦੇਵ ਦੇਣ ਬਿਆਨ, ਪ੍ਰਭ ਵੱਡਾ ਵਡ ਵਡਿਆਈਆ । ਜਿਸ ਦੀ ਸਿਫ਼ਤ ਕਰੇ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਜਗਤ ਸਮਝਾਈਆ । ਜਿਸ ਦਾ ਲੇਖਾ ਦੋ ਜਹਾਨ, ਪੀਰ ਪੈਗ਼ੰਬਰ ਸੀਸ ਝੁਕਾਈਆ । ਜਿਸ ਦੀ ਨਾਨਕ ਗੋਬਿੰਦ ਮੰਨੇ ਆਣ, ਦੋਏ ਦੋਏ ਬੈਠਾ ਧਿਆਨ ਲਗਾਈਆ । ਸੋ ਸਾਹਿਬ ਸੱਚਾ ਸੁਲਤਾਨ, ਸਚਖੰਡ ਨਿਵਾਸੀ ਆਪ ਅਖਵਾਈਆ । ਕਲਜੁਗ ਅੰਤਮ ਉਸ ਦਾ ਧੁਰ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਮੇਟੇ ਝੂਠ ਨਿਸ਼ਾਨ, ਸਤਿਜੁਗ ਸਾਚਾ ਮਾਰਗ ਲਾਈਆ । ਧਰਨੀ ਧਰਤ ਧਵਲ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਈਆ । ਭਗਤ ਖ਼ੁਸ਼ੀਆਂ ਮੰਗਲ ਇਕੋ ਗਾਣ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਨਾਦ ਸੁਣਾਈਆ । ਸਾਚੇ ਸੰਤ ਕਰਨ ਪਰਨਾਮ, ਪੁਨਹ ਪੁਨਹ ਸੀਸ ਝੁਕਾਈਆ । ਗੁਰਮੁਖ ਗੋਦੀ ਬਹਿਣ ਆਣ, ਪਿਤਾ ਪੂਤ ਲਏ ਉਠਾਈਆ । ਗੁਰਸਿਖ ਤੋੜ ਮਾਣ ਅਭਿਮਾਣ, ਚਰਨ ਧੂੜੀ ਟਿੱਕਾ ਮਸਤਕ ਲਾਈਆ । ਕਿਰਪਾ ਕਰ ਸ੍ਰੀ ਭਗਵਾਨ, ਤੇਰੀ ਸਰਨ ਇਕ ਤਕਾਈਆ । ਸਤਿਗੁਰ ਪੂਰਾ ਸਦਾ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਗੁਰਸਿਖ ਦੇਵੇ ਸਚ ਗਿਆਨ, ਅਗਿਆਨ ਅੰਧੇਰ

੫੭੨
੧੫

ਚੁਕਾਈਆ । ਨੌ ਦਰ ਪੈਂਡਾ ਮੁਕੇ ਵਿਚ ਜਹਾਨ, ਸੁਖਮਨ ਟੇਢੀ ਬੰਕ ਈੜਾ ਪਿੰਗਲ ਬਜਰ ਕਪਾਟੀ ਤੋੜ ਤੁੜਾਈਆ । ਸ਼ਬਦ ਨਾਦ ਸੱਚੀ ਧੁਨਕਾਨ, ਅੰਮ੍ਰਿਤ ਆਤਮ ਪੀਣ ਖਾਣ, ਨਾਮ ਸਰੋਤਾ ਸੁਰਤ ਸਵਾਣੀ ਲਏ ਜਗਾਈਆ । ਆਤਮ ਸੇਜਾ ਕਰ ਪਰਵਾਨ, ਕਿਰਪਾ ਕਰੇ ਸ੍ਰੀ ਭਗਵਾਨ, ਦੀਵਾ ਦੀਪਕ ਜੋਤ ਜਗਾਏ ਮਹਾਨ, ਕਮਲਾਪਾਤੀ ਵੇਖੇ ਆਣ, ਘਰ ਮੰਦਰ ਅੰਦਰ ਸੋਭਾ ਪਾਈਆ । ਉਠ ਗੁਰਮੁਖ ਨੌਜਵਾਨ, ਤੇਰਾ ਰੱਖੇ ਹੋਰ ਨਿਸ਼ਾਨ, ਸੁੰਨ ਅਗੰਮ ਖੇਲ ਮਹਾਨ, ਅਲਖ ਅਗੋਚਰ ਇਕ ਮਕਾਨ, ਸਤਿ ਸਤਿਵਾਦੀ ਸਾਚੀ ਬੂਝ ਬੁਝਾਈਆ । ਸਚਖੰਡ ਦੁਆਰ ਹਰਿ ਨਿਰੰਕਾਰ ਤਖ਼ਤ ਨਿਵਾਸੀ ਸਾਚੇ ਤਖ਼ਤ ਬੈਠਾ ਇਕ ਸੁਲਤਾਨ, ਧੁਰ ਦੀ ਧਾਰ ਹੁਕਮ ਵਰਤਾਈਆ । ਥਿਰ ਘਰ ਜਾ ਵੇਖ ਬੇਪਰਵਾਹ ਸ਼ਬਦੀ ਗੁਰ ਦੇਵੇ ਸਲਾਹ, ਦੋਏ ਜੋੜ ਕਰ ਪਰਨਾਮ, ਸੀਸ ਜਗਦੀਸ ਬਿਨ ਪੰਜ ਤਤ ਬ੍ਰਹਮ ਪਾਰਬ੍ਰਹਮ ਨਿਵਾਈਆ । ਜਨ ਭਗਤਾਂ ਮੁਕਤੀ ਹੋਏ ਦਾਸੀ, ਦਰ ਆ ਕੇ ਸੇਵ ਕਮਾਈਆ । ਜਿਨ੍ਹਾਂ ਸਤਿਗੁਰ ਮਿਲਿਆ ਪੂਰਾ ਸਾਥੀ, ਫੜ ਬੇੜਾ ਪਾਰ ਕਰਾਈਆ । ਮਨ ਹੰਕਾਰੀ ਢਾਹਵੇ ਹਾਥੀ, ਨਾਮ ਨੇਜ਼ਾ ਇਕ ਰਖਾਈਆ । ਅੰਦਰ ਵੜ ਕੇ ਕਰੇ ਰਾਖੀ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਈਆ । ਮੇਟੇ ਰੈਣ ਅੰਧੇਰੀ ਰਾਤੀ, ਘਰ ਦੀਪ ਜੋਤ ਰੁਸ਼ਨਾਈਆ । ਸ਼ਬਦ ਸੁਣਾਏ ਸੱਚੀ ਸਾਖੀ, ਇਕੋ ਨਾਮ ਪੜ੍ਹਾਈਆ । ਸਾਚਾ ਘੋੜਾ ਨਾਮ ਜਣਾਏ ਵੱਡਾ ਰਾਕੀ, ਸੋਲਾਂ ਕਲੀਆਂ ਆਸਣ ਪਾਈਆ । ਗੁਰਮੁਖ ਮਾਰੇ ਇਕ ਪਲਾਕੀ, ਸ਼ਾਹ ਸਵਾਰਾ ਰੂਪ ਵਟਾਈਆ । ਵਾਹੋ ਦਾਹੀ ਭੱਜੇ ਕਿਸੇ ਨਜ਼ਰ ਨਾ ਆਏ ਦੋ ਜਹਾਨ ਨਿੱਕੀ ਤਾਕੀ, ਸਤਿਗੁਰ ਦਰ ਦਰਵਾਜ਼ਾ ਇਕ ਖੁਲ੍ਹਾਈਆ । ਜਨ ਭਗਤ ਤੇਰੇ ਅੱਗੇ ਮੁਕਤੀ ਜੁਗਤੀ ਭੁਗਤੀ ਕੋਈ ਰਹੇ ਨਾ ਆਕੀ, ਜਿਸ ਜਨ ਸੁਰਤੀ ਸ਼ਬਦ ਮਿਲਾਈਆ । ਸਤਿਗੁਰ ਪੂਰਾ ਸਚਖੰਡ ਦੁਆਰੇ ਬਿਨ ਜਨਮ ਮਰਨ ਤੋ ਦੇਵੇ ਤੰਦਰੁਸਤੀ, ਜੋਤੀ ਜੋਤ ਨਾਲ ਮਿਲਾਈਆ । ਜੋ ਮੌਕਾ ਵੇਖ ਬੇਨੰਤੀ ਕਰ ਲਏ ਨਾਲ ਚੁਸਤੀ, ਤਿਸ ਚਾਰ ਕੁੰਟ ਭੈ ਨਾ ਕੋਇ ਆਈਆ । ਹਰਿ ਕੀ ਕਿਰਪਾ ਸਦਾ ਮੁਫ਼ਤੋ ਮੁਫ਼ਤੀ, ਸੌਦਾ ਦਮਾਂ ਚਮਾਂ ਨਾਲ ਨਾ ਕੋਇ ਵਿਕਾਈਆ । ਇਹੋ ਖੇਲ ਸੱਚੇ ਗੁਰ ਕੀ, ਗੁਰਮੁਖ ਗੁਰਸਿਖ ਮੂਰਖ ਮੂੜ੍ਹੇ ਦਏ ਬਣਾਈਆ । ਦੇਵੇ ਦਾਤ ਧੁਰ ਕੀ, ਧੁਰ ਵਸਤ ਝੋਲੀ ਪਾਈਆ । ਬਿਨ ਪੈਸਿਉਂ ਬਿਨ ਧੇਲਿਉਂ ਬਿਨ ਪੂਜਾ ਬਿਨ ਪਾਠ ਬਿਨ ਸਿਮਰਨ ਬਿਨ ਜੋਗ ਬਿਨ ਅਭਿਆਸ ਬਿਨ ਤਪ ਬਿਨ ਜਪ ਬਿਨ ਹਠ ਕਰ ਕਿਰਪਾ ਮਿਹਰ ਨਜ਼ਰ ਨਾਲ ਤੇਰੇ ਚਰਨਾਂ ਹੇਠ ਰਖਾਏ ਮੁਕਤੀ, ਮੁਫ਼ਤ ਆਪਣੇ ਨਾਲ ਮਿਲਾਈਆ ।

## ੧੦ ਅੱਸੂ ੨੦੨੦ ਬਿਕਰਮੀ ਦਿਲਬਾਗ਼ ਸਿੰਘ ਦੇ ਗ੍ਰਹਿ ਅਟਾਰੀ ਜ਼ਿਲਾ ਫਿਰੋਜ਼ਪੁਰ

ਸਚਖੰਡ ਦੁਆਰੇ ਇਕ ਇਕੱਠ, ਗੁਰ ਅਵਤਾਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਦੋਏ ਦੋਏ ਜੋੜ ਹੱਥ, ਨਿਉਂ ਨਿਉਂ ਸੀਸ ਰਹੇ ਝੁਕਾਈਆ । ਪੁਰਖ ਅਬਿਨਾਸ਼ੀ ਸਾਚਾ ਮਾਰਗ ਦੱਸ, ਬੇਪਰਵਾਹ ਤੇਰੀ ਸਰਨਾਈਆ । ਕਲਜੁਗ ਅੰਤਮ ਸਾਡਾ ਚਲੇ ਕੋਈ ਨਾ ਵਸ, ਦੋ ਜਹਾਨ ਰਹੇ ਕੁਰਲਾਈਆ । ਸ੍ਰਿਸ਼ਟ ਸਬਾਈ ਖੇੜਾ ਹੁੰਦਾ ਦਿਸੇ ਭੱਠ, ਚਾਰੋ ਕੁੰਟ ਅਗਨੀ ਅਗ ਤਪਾਈਆ । ਕਿਰਪਾ ਕਰ ਪੁਰਖ ਸਮਰਥ, ਬੇਪਰਵਾਹ ਤੇਰੀ ਸਰਨਾਈਆ । ਜੀਵ ਜੰਤ ਹਰਿ ਕੇ ਨਾਮ ਬਿਨਾਂ ਖ਼ਾਲੀ ਕਰ ਕੇ ਬੈਠੇ ਹੱਥ, ਭਰਮੇ ਭੁਲੀ ਸਰਬ ਲੋਕਾਈਆ । ਕਾਮ

ਕਰੋਧ ਲੋਭ ਮੋਹ ਹੰਕਾਰ ਸਾਧਾਂ ਸੰਤਾਂ ਪਾਈ ਨੱਥ, ਬਚਿਆ ਕੋਇ ਨਜ਼ਰ ਨਾ ਆਈਆ । ਮਨ ਵਾਸਨਾ ਭੱਜੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਬੁੱਧ ਮਤ ਨਾ ਕੋਇ ਚਤੁਰਾਈਆ । ਨਾੜ ਬਹੱਤਰ ਉਬਲੇ ਰੱਤ, ਸਾਂਤਕ ਸਤਿ ਨਾ ਕੋਇ ਵਖਾਈਆ । ਤੇਰੀ ਜਾਣੇ ਨਾ ਕੋਈ ਗਤ ਮਿਤ ਮਿਤ ਗਤ, ਤੇਰੀ ਸਮਝ ਕਿਸੇ ਨਾ ਆਈਆ । ਨੌ ਖੰਡ ਪ੍ਰਿਥਮੀ ਦਹਿ ਦਿਸ਼ਾ ਧੀਰਜ ਦਿਸੇ ਨਾ ਕਿਸੇ ਹਠ, ਸਤਿ ਸੰਤੋਖ ਰੂਪ ਨਾ ਕੋਇ ਵਟਾਈਆ । ਕੂੜ ਕੁੜਿਆਰ ਕਲਜੁਗ ਤੇਰੀ ਚੁੱਕੇ ਮਤ, ਮਤ ਨਵ ਨੌ ਚਾਰ ਰਹੀ ਚਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਕੋਇ ਨਾ ਸਕੇ ਰੱਖ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਅੰਜੀਲ ਕੁਰਾਨ ਤੀਸ ਬਤੀਸ ਨੇਤਰ ਨੈਣ ਰੋਵੇ ਅੱਖ, ਹੰਝੂ ਹਾਰ ਰਹੀ ਬਣਾਈਆ । ਚਾਰੇ ਬਾਣੀ ਬੰਦ ਕਰ ਕੇ ਬੈਠੀ ਹੱਟ, ਵਣਜਾਰਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਭ ਮੰਗਣ ਵਾਹੋ ਦਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦੁਆਰ, ਨਿਰਗੁਣ ਨਿਰਗੁਣ ਅੱਗੇ ਸੀਸ ਝੁਕਾਈਆ । ਕਿਰਪਾ ਕਰ ਪ੍ਰਭ ਸਿਰਜਣਹਾਰ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਦਰ ਦਰਵੇਸ਼ ਖੜੇ ਭਿਖਾਰ, ਭਿਛਿਆ ਝੋਲੀ ਦੇ ਪਾਈਆ । ਚਾਰ ਜੁਗ ਦੀ ਸਿਖਿਆ ਕਲਜੁਗ ਜੀਵ ਸਕੇ ਨਾ ਕੋਇ ਵਿਚਾਰ, ਗੁਰ ਕਾ ਸ਼ਬਦ ਸਮਝ ਕੋਇ ਨਾ ਪਾਈਆ । ਹਿਰਦੇ ਹਰਿ ਕਰੇ ਨਾ ਕੋਇ ਪਿਆਰ, ਪ੍ਰੇਮ ਪ੍ਰੀਤੀ ਨਜ਼ਰ ਕਿਸੇ ਨਾ ਆਈਆ । ਘਰ ਘਰ ਦਿਸੇ ਭੇਖ ਪਖੰਡ ਕੂੜ ਵਿਭਚਾਰ, ਸਾਚੀ ਨਾਰ ਹਰਿ ਕੰਤ ਨਾ ਕੋਇ ਹੰਢਾਈਆ । ਸ੍ਰਿਸ਼ਟ ਦ੍ਰਿਸ਼ਟ ਇਸ਼ਟ ਹੋਇਆ ਧੂੰਆਂਧਾਰ, ਸਾਚਾ ਨੂਰ ਚੰਦ ਨਾ ਕੋਇ ਚਮਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ ਰੋਵਣ ਜ਼ਾਰੋ ਜ਼ਾਰ, ਉਚੀ ਕੂਕਣ ਦੇਣ ਦੁਹਾਈਆ । ਸਾਡੀ ਕੋਈ ਨਾ ਪਾਵੇ ਸਾਰ, ਕਲਜੁਗ ਜੀਵ ਤੇਰਾ ਨਾਉਂ ਗਏ ਭੁਲਾਈਆ । ਕਰ ਕਿਰਪਾ ਗਿਰਵਰ ਗਿਰਧਾਰ, ਮਿਹਰਵਾਨ ਲਾਸ਼ਰੀਕ ਸਚ ਤੌਫ਼ੀਕ ਤੋਹੇ ਇਕ ਖ਼ੁਦਾਈਆ । ਸਤਿਜੁਗ ਤ੍ਰੇਤਾ ਦੁਆਪਰ ਤੇਰੀ ਕਲਜੁਗ ਅੰਤਮ ਰੱਖਦੇ ਗਏ ਉਡੀਕ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਪੰਧ ਮੁਕਾਈਆ । ਸੋ ਵੇਲਾ ਵਕਤ ਆਇਆ ਤੇਰਾ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਲੇਖਾ ਲਿਖ ਕੇ ਆਏ ਠੀਕ, ਸ਼ਹਾਦਤ ਆਪਣੀ ਆਪ ਪਾਈਆ । ਕਲਜੁਗ ਅੰਤਮ ਪਰਗਟ ਹੋਵੇ ਲਾਸ਼ਰੀਕ, ਬੇਪਰਵਾਹ ਨੂਰ ਇਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵੇਖ ਆਪਣਾ ਘਰ, ਦੋ ਜਹਾਨ ਦਏ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਿਲ ਕੇ ਮੰਗਣ, ਪ੍ਰਭ ਸੀਸ ਜਗਦੀਸ ਝੁਕਾਈਆ । ਸਾਹਿਬ ਸੁਲਤਾਨ ਚਾੜ੍ਹ ਸਾਚੀ ਰੰਗਣ, ਰੰਗ ਇਕੋ ਇਕ ਵਖਾਈਆ । ਤੇਰੇ ਦਰ ਖਲੋਤੇ ਸਾਰੇ ਮੰਗਣ, ਨੇਤਰ ਨੈਣ ਨੈਣ ਸ਼ਰਮਾਈਆ । ਕਲਜੁਗ ਅੰਤਮ ਖੇੜਾ ਹੁੰਦਾ ਦਿਸੇ ਭੰਗਣ, ਅੱਗੇ ਹੋ ਨਾ ਕੋਇ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿ ਤੇਰੀ ਸਚ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਸੋਚ, ਹਰਿ ਸਰਨ ਧਿਆਨ ਲਗਾਈਆ । ਅਬਿਨਾਸ਼ੀ ਕਰਤੇ ਤੇਰੀ ਕੋਈ ਨਾ ਕਰੇ ਸੋਚ, ਸੋਚ ਸਮਝ ਸਮਝ ਨਾ ਸਕੇ ਰਾਈਆ । ਚਾਰ ਜੁਗ ਤੇਰਾ ਕੱਢਦੇ ਗਏ ਖੋਜ, ਖੋਜਤ ਖੋਜਤ ਤੇਰਾ ਅੰਤ ਕੋਇ ਨਾ ਪਾਈਆ । ਤੇਰਾ ਨਾਮ ਨਿਧਾਨਾ ਇਕੋ ਬੋਧ, ਨਿਤ ਨਵਿਤ ਕਰੇ ਪੜ੍ਹਾਈਆ । ਤੇਰਾ ਭੇਵ ਨਾ ਜਾਣੇ ਕੋਈ ਗੋਝ, ਡੂੰਘਾ ਸਾਗਰ ਤਰਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਵੇਖ ਆਪਣਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਸ੍ਰੀ

੫੭੪
੧੫

ਭਗਵਾਨ ਖੋਲ੍ਹ ਦਰਵਾਜ਼ਾ, ਲਾਸ਼ਰੀਕ ਤੇਰੀ ਸਰਨਾਈਆ । ਕਲਜੁਗ ਚਾਰ ਕੁੰਟ ਕੂੜੀ ਕਿਰਿਆ ਵੱਜੇ ਵਾਜਾ, ਸਾਚਾ ਨਾਦ ਸ਼ਬਦ ਧੁਨ ਰਾਗ ਨਾ ਕੋਇ ਸੁਣਾਈਆ । ਆਤਮ ਪਰਮਾਤਮ ਰਚੇ ਨਾ ਕੋਈ ਕਾਜਾ, ਲੱਖ ਚੁਰਾਸੀ ਘਰ ਘਰ ਹੋਵੇ ਕੁੜਮਾਈਆ । ਪਾਰਬ੍ਰਹਮ ਬ੍ਰਹਮ ਮਾਰੇ ਨਾ ਕੋਇ ਆਵਾਜ਼ਾ, ਮਾਤ ਪਿਤ ਪਿਤਾ ਪੂਤ ਸੋਏ ਸਰਬ ਜਗਾਈਆ । ਤੇਰੇ ਚਰਨ ਜੋੜੇ ਨਾ ਕੋਇ ਨਾਤਾ, ਸਾਕ ਸੱਜਣ ਕੋਟਨ ਕੋਟ ਰੂਪ ਵਟਾਈਆ । ਅੰਤਰ ਆਤਮ ਤੇਰੀ ਕੋਈ ਨਾ ਗਾਏ ਗਾਥਾ, ਰਸਨਾ ਜਿਹਵਾ ਬੱਤੀ ਦੰਦ ਕਰਨ ਪੜ੍ਹਾਈਆ । ਚਰਨ ਸਰਨ ਸਰਨਾਈ ਸਚ ਕੋਈ ਨਾ ਟੇਕੇ ਆਪਣਾ ਮਾਥਾ, ਮਸਤਕ ਟਿੱਕਾ ਧੂੜ ਨਾ ਕੋਇ ਲਗਾਈਆ । ਸ੍ਰੀ ਭਗਵਾਨ ਤੇਰੇ ਭਗਤਾਂ ਕਰਨ ਹਾਸਾ, ਤੇਰੀ ਭਗਤੀ ਮਨਮੁਖ ਜੀਵ ਕੋਇ ਨਾ ਭਾਈਆ । ਅੰਤਮ ਵੇਖ ਆਪ ਤਮਾਸ਼ਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਨੂਰ ਕਰ ਰੁਸ਼ਨਾਈਆ । ਉਚੇ ਮੰਡਲ ਵੇਖ ਪੈਂਦੀ ਰਾਸਾ, ਕੂੜ ਕੁੜਿਆਰ ਕਰੇ ਨਾਚ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸਾ ਸੁਣੋ ਪੈਗ਼ੰਬਰ ਗੁਰੂ ਪੀਰ ਅਵਤਾਰ, ਸ੍ਰੀ ਭਗਵਾਨ ਆਪ ਜਣਾਈਆ । ਚਾਰ ਜੁਗ ਦਾ ਲੇਖਾ ਅੰਤਮ ਦਿਆਂ ਨਿਵਾਰ, ਬਲਧਾਰੀ ਰੂਪ ਵਟਾਈਆ । ਦੋਏ ਜੋੜ ਸਰਨ ਸਰਨਾਈ ਸਾਰੇ ਕਰੋ ਨਿਮਸਕਾਰ, ਗਲ ਪੱਲੂ ਵਾਸਤਾ ਪਾਈਆ । ਪ੍ਰਭ ਸੁਆਮੀ ਸਾਡੀ ਕਰਨੀ ਗਈ ਹਾਰ, ਕਰਤੇ ਤੇਰੀ ਓਟ ਤਕਾਈਆ । ਅਸੀਂ ਕਰ ਕੇ ਆਏ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਬਿਨ ਪੁਰਖ ਅਕਾਲ ਅੰਤਮ ਕੋਈ ਨਾ ਪਾਵੇ ਸਾਰ, ਮਹਾਂਸਾਰਥੀ ਇਕੋ ਫੇਰਾ ਪਾਈਆ । ਕਲ ਕਲਕੀ ਲੈ ਅਵਤਾਰ, ਨਿਹਕਲੰਕ ਨਿਰਗੁਣ ਨੂਰ ਜੋਤ ਰੁਸ਼ਨਾਈਆ । ਡੰਕਾ ਵੱਜੇ ਅਗੰਮ ਅਪਾਰ, ਦੋ ਜਹਾਨ ਕਰੇ ਸ਼ਨਵਾਈਆ । ਕੂੜੀ ਕਿਰਿਆ ਮਿਟੇ ਅੰਧ ਅੰਧਿਆਰ, ਚੰਦ ਚਾਂਦਨਾ ਇਕ ਰੁਸ਼ਨਾਈਆ । ਤੂੰ ਸਾਹਿਬ ਦਿਆਲ ਠਾਕਰ ਬਖ਼ਸ਼ਣਹਾਰ, ਬੇਅੰਤ ਬੇਪਰਵਾਹ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ, ਸਜਦਾ ਸੀਸ ਜਗਦੀਸ ਝੁਕਾਈਆ । ਸਦੀ ਚੌਧਵੀਂ ਤੇਰੀ ਲੋੜ, ਬੀਸ ਬੀਸਾ ਨੈਣ ਉਠਾਈਆ । ਕਲਜੁਗ ਹੰਕਾਰੀ ਪਾਵੇ ਸ਼ੋਰ, ਡੰਕਾ ਆਪਣਾ ਨਾਮ ਲਗਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਾਰੇ ਦਿਤੇ ਹੋੜ, ਹੋਕਾ ਆਪਣਾ ਇਕ ਸੁਣਾਈਆ । ਮੁਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧੇ ਆਪਣੇ ਅੱਗੇ ਲਏ ਤੋਰ, ਗਰੰਥੀ ਪੰਥੀ ਬਚਿਆ ਨਜ਼ਰ ਕੋਈ ਨਾ ਆਈਆ । ਸਭ ਦੇ ਅੰਦਰ ਵੜਿਆ ਕਾਮ ਕਰੋਧ ਲੋਭ ਮੋਹ ਹੰਕਾਰ ਝੂਠਾ ਚੋਰ, ਸ਼ਬਦ ਡੋਰੀ ਤੰਦ ਨਾ ਕੋਇ ਬੰਧਾਈਆ । ਹਰਿਮੰਦਰ ਬਹਿ ਕੇ ਕੋਈ ਨਾ ਚੁਕਾਏ ਮੋਰ ਤੋਰ, ਤੇਰਾ ਮੇਰਾ ਭੇਵ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਨਿਰਗੁਣ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਦਿਓ ਬਿਆਨ, ਪੁਰਖ ਅਬਿਨਾਸ਼ੀ ਆਪ ਜਣਾਈਆ । ਕਲਜੁਗ ਅੰਤਮ ਅਸੀਂ ਸਾਰੇ ਹੋਏ ਹੈਰਾਨ, ਕੂੜੀ ਕਿਰਿਆ ਵੇਖ ਵਖਾਈਆ । ਸਿਦਕ ਸਬੂਰੀ ਦਿਸੇ ਨਾ ਕੋਇ ਈਮਾਨ, ਕਲਮਾ ਹੱਕ ਨਾ ਕੋਇ ਸੁਣਾਈਆ । ਮੰਤਰ ਸਤਿ ਨਾ ਕੋਇ ਨਾਮ, ਡੰਕਾ ਫ਼ਤਹਿ ਨਾ ਕੋਇ ਵਜਾਈਆ । ਨਜ਼ਰੀ ਆਏ ਨਾ ਕਿਸੇ ਰਾਮ, ਕਾਹਨਾ ਰੂਪ ਨਾ ਕੋਇ ਵਟਾਈਆ । ਈਸਾ ਮੂਸਾ ਦਏ ਨਾ ਕੋਈ ਪੈਗ਼ਾਮ, ਮੁਹੰਮਦ ਆਇਤ ਸ਼ਰਾਇਤ ਨਾ ਕੋਇ ਸਮਝਾਈਆ । ਕਾਇਨਾਤ ਦਿਸੇ ਵੈਰਾਨ, ਚੌਦਾਂ ਤਬਕ ਰਹੇ ਕੁਰਲਾਈਆ । ਚੌਦਾਂ ਲੋਕ ਕਰਨ ਧਿਆਨ, ਨੇਤਰ

ਨੈਣ ਨੈਣ ਉਠਾਈਆ । ਰਲ ਮਿਲ ਮੰਗੋ ਇਕ ਦਾਨ, ਦੋਏ ਜੋੜ ਜੋੜ ਸਰਨਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਕਲਜੁਗ ਅੰਤਮ ਲੇਖਾ ਲਹਿਣੇ ਲਏ ਪਾਈਆ । ਪਰਗਟ ਹੋਵੇ ਵਾਲੀ ਦੋ ਜਹਾਨ, ਦੋ ਜਹਾਨਾਂ ਵਾਲੀ ਆਪਣਾ ਵੇਸ ਵਟਾਈਆ । ਹੁਕਮ ਦੇਵੇ ਹੁਕਮਰਾਨ, ਧੁਰ ਸੰਦੇਸਾ ਆਪ ਸੁਣਾਈਆ । ਸ਼ਬਦ ਗੁਰੂ ਵਡ ਬਲਵਾਨ, ਲੋਕਮਾਤ ਸੇਵ ਲਗਾਈਆ । ਸ੍ਰਿਸ਼ਟ ਸਬਾਈ ਕਰੇ ਪਹਿਚਾਨ, ਲੁਕਿਆ ਕੋਇ ਰਹਿਣ ਨਾ ਪਾਈਆ । ਫੜ ਫੜ ਮੇਟੇ ਜੀਵ ਸ਼ੈਤਾਨ, ਬੇਈਮਾਨ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਸਚ ਸੁਨੇਹੜਾ ਇਕ ਸਮਝਾਈਆ । ਸਚ ਸੁਨੇਹੜਾ ਸੁਣ ਲਓ ਬਾਤ, ਹਰਿ ਬਾਤਨ ਜ਼ਾਹਰ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕਾਵਨ ਬਾਵਨ ਬਣੇ ਇਕ ਜਮਾਤ, ਸਾਚੀ ਪੱਟੀ ਇਕ ਪੜ੍ਹਾਇੰਦਾ । ਲੇਖਾ ਲਿਖੇ ਬਿਨ ਕਲਮ ਦਵਾਤ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇੰਦਾ । ਨੇਤਰ ਖੋਲ੍ਹ ਲੋਕਮਾਤ ਮਾਰੇ ਝਾਤ, ਝਾਕੀ ਸਭ ਨੂੰ ਆਪ ਜਣਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਕੋਈ ਕਰੇ ਨਾ ਸੱਚੀ ਬਾਤ, ਸਚ ਸੁਨੇਹੜਾ ਹਾਲ ਨਾ ਕੋਇ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਚ ਇਕ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਮੰਨ, ਮਨਸਾ ਆਪਣੀ ਦੇਣ ਜਣਾਈਆ । ਤੇਰਾ ਹੁਕਮ ਸ੍ਰੀ ਭਗਵਾਨ ਮੰਨੀਏ ਕਰ ਕੇ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਤੇਰਾ ਚੰਨ, ਜੋਤੀ ਕਿਰਨ ਕਿਰਨ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਹੁਕਮੇ ਅੰਦਰ ਬੇੜਾ ਬੰਨ੍ਹ, ਨਿਰਗੁਣ ਸਰਗੁਣ ਆਏ ਚਲਾਈਆ । ਕਲਜੁਗ ਅੰਤਮ ਜੀਵ ਜਹਾਨ ਨੇਤਰ ਹੋਏ ਅੰਨ੍ਹ, ਲੋਚਣ ਸਕੇ ਨਾ ਕੋਇ ਖੁਲ੍ਹਾਈਆ । ਮਨ ਵਾਸਨਾ ਹਲਕਾਈ ਹੋਈ ਮਨ, ਮਨਮੰਤਰ ਬੂਝ ਨਾ ਕੋਇ ਬੁਝਾਈਆ । ਪੰਚ ਵਿਕਾਰਾ ਦੇਵੇ ਡੰਨ, ਡੌਰੂ ਡੰਕਾ ਇਕ ਵਖਾਈਆ । ਘਰ ਸਵਾਣੀ ਹੋਈ ਰੰਡ, ਕੰਤ ਸੁਹਾਗੀ ਨਜ਼ਰ ਕੋਇ ਨਾ ਆਈਆ । ਚਾਰੋ ਕੁੰਟ ਭੇਖ ਪਖੰਡ, ਸਤਿ ਸਰੂਪ ਨਾ ਕੋਇ ਦਰਸਾਈਆ । ਆਤਮ ਮਿਲੇ ਨਾ ਕਿਸੇ ਅਨੰਦ, ਪਰਮਾਨੰਦ ਨਾ ਕੋਇ ਸਮਾਈਆ । ਸਾਚਾ ਢੋਲਾ ਗਾਏ ਨਾ ਕੋਈ ਛੰਦ, ਰਸਨਾ ਜਿਹਵਾ ਸਾਰੇ ਰਹੇ ਕੁਰਲਾਈਆ । ਨਾਤਾ ਤੋੜੇ ਨਾ ਕੋਈ ਖ਼ਾਨਾਬੰਦੀ ਬੰਦ, ਬੰਦੀ ਛੋੜ ਨਜ਼ਰ ਕੋਇ ਨਾ ਆਈਆ । ਸਚ ਦੁਆਰਿਉਂ ਇਕੋ ਮੰਗ ਰਹੇ ਮੰਗ, ਪ੍ਰਭ ਤੇਰੇ ਅੱਗੇ ਝੋਲੀ ਡਾਹੀਆ । ਸਾਡੀ ਪਿਛਲੀ ਕੀਤੀ ਅੰਤਮ ਗਈ ਹੰਢ, ਬੀਸ ਬੀਸਾ ਰਾਹ ਤਕਾਈਆ । ਤੇਰੀ ਓਟ ਸੂਰੇ ਸਰਬੰਗ, ਅੱਗੇ ਇਕੋ ਇਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਲੋਕਮਾਤ ਵੇਖ ਆਪਣਾ ਫੇਰਾ ਪਾਈਆ । ਸ੍ਰੀ ਭਗਵਾਨ ਸਚ ਸਮਝੌਂਦਾ ਏ । ਗੁਰ ਅਵਤਾਰਾਂ ਭੇਵ ਚੁਕੌਂਦਾ ਏ । ਪੀਰ ਪੈਗ਼ੰਬਰਾਂ ਆਖ ਸੁਣੌਂਦਾ ਏ । ਨੇਤਰ ਲੋਚਣ ਸਰਬ ਖੁਲੌਂਦਾ ਏ । ਸ਼ਬਦ ਇਸ਼ਾਰੇ ਨਾਲ ਜਣੌਂਦਾ ਏ । ਲੋਕਮਾਤ ਧਾਰ ਵਖੌਂਦਾ ਏ । ਕਲਜੁਗ ਭੁੱਲੇ ਜੀਵ ਗਵਾਰ, ਮਾਇਆ ਮਮਤਾ ਪੜਦਾ ਲੌਂਦਾ ਏ । ਨੇਤਰ ਵੇਖੋ ਕਰੋ ਦੀਦਾਰ, ਗੁਰ ਕਾ ਸ਼ਬਦ ਨਾ ਕੋਇ ਕਮੌਂਦਾ ਏ । ਕਲਮਾ ਨਬੀ ਨਾ ਕੋਇ ਸਹਾਰ, ਰੋਜ਼ਾ ਨਿਮਾਜ਼ ਸਚ ਸੁਚ ਵਿਚ ਨਾ ਕੋਇ ਸਮੌਂਦਾ ਏ । ਸਾਚੀ ਕਰੇ ਨਾ ਕੋਈ ਗੁਫ਼ਤਾਰ, ਆਸ਼ਕ ਮਾਸ਼ੂਕ ਮਿਸਲ ਸਚ ਨਾ ਕੋਇ ਬਣੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਵੇਖ ਰੋਵਣ ਜ਼ਾਰੋ ਜ਼ਾਰ, ਦਰੋਹੀ ਸਾਡੀ ਕੀਤੀ ਕਲਜੁਗ ਜੀਵ ਅੰਤ ਭੁਲੌਂਦਾ ਏ । ਅਸੀਂ ਦੱਸਦੇ ਆਏ ਜੁਗ ਚਾਰ, ਚਾਰੋ ਕੁੰਟ ਕੂੜੀ ਕਿਰਿਆ ਡੰਕ ਵਜੌਂਦਾ ਏ । ਪ੍ਰਭ ਕਿਰਪਾ ਕਰੇ ਕਰਤਾਰ,

੫੭੬
੧੫

ਕਰਤਾ ਆਪਣੀ ਮਿਹਰ ਨਜ਼ਰ ਉਠੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੇਤਰ ਨੈਣਾਂ ਸਰਬ ਵਖੌਂਦਾ ਏ । ਨੇਤਰ ਵੇਖ ਨੈਣਾਂ ਹਾਲ, ਗੁਰ ਅਵਤਾਰ ਪੀਰ ਪੈਗ਼ੰਬਰ ਪਏ ਸਰਨਾਈਆ । ਸਾਚੀ ਕੋਈ ਨਾ ਘਾਲੇ ਘਾਲ, ਸੇਵਾ ਸਚ ਨਾ ਕੋਇ ਕਮਾਈਆ । ਨਜ਼ਰ ਨਾ ਆਏ ਕੋਈ ਪੂਤ ਸਪੂਤਾ ਲਾਲ, ਮੁਰਸ਼ਦ ਮੁਰੀਦ ਧਿਆਨ ਨਾ ਕੋਇ ਲਗਾਈਆ । ਹਕੀਕਤ ਮਿਲੇ ਨਾ ਹੱਕ ਹਲਾਲ, ਸਚ ਸੁਚ ਨਾ ਕੋਇ ਦਰਸਾਈਆ । ਚਾਰੋ ਕੁੰਟ ਵੱਜੇ ਤਾਲ, ਡੌਰੂ ਡੰਕਾ ਕਲਜੁਗ ਹੱਥ ਉਠਾਈਆ । ਨਾ ਕੋਈ ਸੁਣੇ ਮੁਰੀਦਾਂ ਹਾਲ, ਮੁਰਸ਼ਦ ਸੰਗ ਨਾ ਕੋਇ ਨਿਭਾਈਆ । ਅਸੀਂ ਵੇਖ ਹੋਏ ਬੇਹਾਲ, ਬਿਹਬਲ ਹੋ ਕੇ ਰਹੇ ਸੁਣਾਈਆ । ਬਿਨ ਸਾਹਿਬ ਸਤਿਗੁਰ ਦੀਨ ਦਿਆਲ ਕਰੇ ਨਾ ਕੋਈ ਸੰਭਾਲ, ਸੁਬਹ ਸ਼ਾਮ ਭੇਵ ਨਾ ਕੋਇ ਚੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਅੰਜੀਲ ਕੁਰਾਨ ਗੁਰੂ ਗਰੰਥ ਪੜ੍ਹ ਪੜ੍ਹ ਹੋਏ ਕੰਗਾਲ, ਹਰਿ ਕਾ ਨਾਉਂ ਕਾਇਆ ਝੋਲੀ ਨਾ ਕੋਇ ਭਰਾਈਆ । ਸਾਚੇ ਮੰਦਰ ਅੰਦਰ ਦੀਪਕ ਲਏ ਨਾ ਕੋਈ ਬਾਲ, ਜੋਤ ਨਿਰੰਜਣ ਨਾ ਕੋਇ ਰੁਸ਼ਨਾਈਆ । ਅੰਤਰ ਆਤਮ ਜਾਮ ਸਕੇ ਨਾ ਕੋਇ ਪਿਆਲ, ਝਿਰਨਾ ਰਸ ਨਾ ਕੋਇ ਝਿਰਾਈਆ । ਸਾਢੇ ਤਿੰਨ ਹੱਥ ਅੰਦਰ ਘਰ ਵਿਚ ਘਰ ਵਖਾਏ ਨਾ ਕੋਈ ਸੱਚੀ ਧਰਮਸਾਲ, ਸ਼ਿਵਦਵਾਲੇ ਮੱਠ ਮੰਦਰ ਮਸਜਿਦ ਸਾਰੇ ਫੇਰੀਆਂ ਪਾਈਆ । ਅਨਹਦ ਸ਼ਬਦ ਵਜਾਏ ਨਾ ਕੋਈ ਤਾਲ, ਸਾਧ ਸੰਤ ਜੀਵ ਜੰਤ ਢੋਲਕ ਛੈਣੇ ਰਹੇ ਖੜਕਾਈਆ । ਸੋਈ ਸੁਰਤੀ ਲਏ ਨਾ ਕੋਈ ਉਠਾਲ, ਸ਼ਬਦੀ ਮੇਲ ਨਾ ਕੋਇ ਮਿਲਾਈਆ । ਤ੍ਰੈਗੁਣ ਤੋੜੇ ਨਾ ਕੋਇ ਜੰਜਾਲ, ਜਾਗਰਤ ਜੋਤ ਨਾ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਹੋ ਮਿਹਰਵਾਨ ਆਪਣੀ ਸ੍ਰਿਸ਼ਟੀ ਵੇਖ ਜਾ ਕੇ ਹਾਲ, ਅੰਧ ਅੰਧੇਰਾ ਰਿਹਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੀ ਆਸ ਰਖਾਈਆ । ਸ੍ਰੀ ਭਗਵਾਨ ਕਹੇ ਮੈਂ ਜਾਵਾਂਗਾ । ਨਿਰਗੁਣ ਜੋਤੀ ਜੋਤ ਰੂਪ ਵਟਾਵਾਂਗਾ । ਮਾਤ ਪਿਤਾ ਨਾ ਕੋਇ ਬਣਾਵਾਂਗਾ । ਲੋਕ ਪਰਲੋਕ ਵੇਖ ਵਖਾਵਾਂਗਾ । ਸਚ ਸਲੋਕ ਇਕ ਸੁਣਾਵਾਂਗਾ । ਜੋ ਰੱਖ ਕੇ ਬੈਠੇ ਓਟ, ਤਿਨ੍ਹਾਂ ਆਪਣਾ ਮੇਲ ਮਿਲਾਵਾਂਗਾ । ਨਾਮ ਨਗਾਰੇ ਲਾਵਾਂ ਚੋਟ, ਸਾਚਾ ਡੰਕਾ ਹੱਥ ਉਠਾਵਾਂਗਾ । ਲੱਖ ਚੁਰਾਸੀ ਕੱਢਾਂ ਖੋਟ, ਸਾਚੀ ਸਿਖਿਆ ਇਕ ਦ੍ਰਿੜ੍ਹਾਵਾਂਗਾ । ਲਹਿਣਾ ਦੇਣਾ ਚੁੱਕੇ ਵਰਨ ਗੋਤ, ਦੀਨ ਮਜ਼੍ਹਬ ਜ਼ਾਤ ਪਾਤ ਮੇਟ ਮਿਟਾਵਾਂਗਾ । ਪੁਰਖ ਅਕਾਲ ਸਚ ਪ੍ਰੀਤੀ ਨਾਤਾ ਜੁੜੇ ਨਾਤ, ਸਰਨ ਸਰਨਾਈ ਇਕੋ ਇਕ ਵਖਾਵਾਂਗਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਣਾਵਾਂ ਇਕ ਜਮਾਤ, ਕਲਮਾ ਨਬੀ ਰਸੂਲ ਨਾਮ ਸਤਿ ਸਤਿ ਸਮਝਾਵਾਂਗਾ । ਵੇਖਾਂ ਸਭ ਦਾ ਜਾ ਕੇ ਹਾਲਾਤ, ਹਾਲਤ ਵੇਖ ਰਹਿਮ ਕਮਾਵਾਂਗਾ । ਜੋ ਗੁਰਮੁਖ ਗੁਰਸਿਖ ਕਲਜੁਗ ਵਿਚ ਬੈਠੇ ਬੰਦ ਹਵਾਲਾਤ, ਤਿਨ੍ਹਾਂ ਬੰਦੀਖ਼ਾਨਾ ਤੋੜ ਤੁੜਾਵਾਂਗਾ । ਲਹਿਣਾ ਦੇਣਾ ਚੁਕਾਵਾਂ ਪ੍ਰਿਥਮੀ ਆਕਾਸ਼, ਗਗਨ ਮੰਡਲ ਡੇਰਾ ਢਾਹਵਾਂਗਾ । ਨਿਰਵੈਰ ਹੋ ਕੇ ਦੇਵਾਂ ਸਾਥ, ਨਿਰਗੁਣ ਆਪਣਾ ਰਾਹ ਚਲਾਵਾਂਗਾ । ਚਾਰ ਜੁਗ ਦਾ ਵੇਖਾਂ ਪੂਜਾ ਪਾਠ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਫੋਲ ਫੋਲਾਵਾਂਗਾ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਵਾਂਗਾ । ਦੋ ਜਹਾਨਾਂ ਮੰਡਲ ਰਾਸ, ਗੋਪੀ ਕਾਹਨ ਆਪ ਨਚਾਵਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੀ ਕਰਾਂ ਆਸ, ਆਸਾ ਤ੍ਰਿਸਨਾ ਨਾਲ ਰਲਾਵਾਂਗਾ । ਨਿਹਕਲੰਕ ਨਿਰਗੁਣ ਨੂਰ ਜੋਤ ਕਰ ਪਰਕਾਸ਼, ਪਰਕਾਸ਼ਵਾਨ ਇਕੋ ਇਕ ਅਖਵਾਵਾਂਗਾ । ਜਨ ਭਗਤਾਂ ਲੇਖੇ ਲਾਵਾਂ ਸਵਾਸ ਸਵਾਸ, ਪਵਣ ਉਣੰਜਾ ਖੋਜ ਖੁਜਾਵਾਂਗਾ ।

ਸਾਚੇ ਸੰਤਾਂ ਵਸਾਂ ਪਾਸ, ਕਾਇਆ ਮੰਦਰ ਅੰਦਰ ਉਚੇ ਧੌੜੇ ਚੜ੍ਹ ਕੇ ਆਪਣਾ ਡੇਰਾ ਲਾਵਾਂਗਾ । ਗੁਰਮੁਖਾਂ ਸੁਣਾਵਾਂ ਆਪਣੀ ਗਾਥ, ਆਤਮ ਪਰਮਾਤਮ ਰਾਗ ਅਲਾਵਾਂਗਾ । ਗੁਰਸਿਖਾਂ ਚਰਨ ਪ੍ਰੀਤੀ ਜੋੜ ਨਾਤ, ਕੂੜਾ ਨਾਤਾ ਤੋੜ ਤੁੜਾਵਾਂਗਾ । ਸਚਖੰਡ ਦੁਆਰ ਖੇਲ ਕਰਤਾਰ, ਕਰਤਾ ਪੁਰਖ ਹੋ ਕੇ ਹੁਕਮ ਮਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਲਹਿਣਾ ਦੇਣਾ ਸਭ ਦੀ ਝੋਲੀ ਪਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀ ਨਾਲ ਕਰਨ ਨਿਮਸਕਾਰ, ਵਾਹਵਾ ਤੇਰੀ ਵਡ ਵਡਿਆਈਆ । ਆਦਿ ਜੁਗਾਦੀ ਤੇਰੀ ਧਾਰ, ਧੁਰ ਦੀ ਧਾਰ ਸਮਝ ਕਿਸੇ ਨਾ ਆਈਆ । ਹਉਂ ਬਾਲਕ ਬਾਲੇ ਬਾਲ ਅਵਾਣ, ਪਿਤਾ ਪੂਤ ਤੇਰੀ ਓਟ ਤਕਾਈਆ । ਤੇਰਾ ਚਰਨ ਕਵਲ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਹੋ ਬਣ ਦਲਾਲ, ਸਚ ਦਲਾਲੀ ਨਾਮ ਕਮਾਈਆ । ਤੇਰੀ ਦੇ ਕੇ ਆਏ ਅੱਖਰਾਂ ਨਾਲ ਮਿਸਾਲ, ਤੇਰੀ ਮਿਸਲ ਸਕੇ ਨਾ ਕੋਇ ਬਣਾਈਆ । ਤੇਰੀ ਕਿਰਪਾ ਅੰਦਰ ਰਹੀਏ ਖ਼ੁਸ਼ਹਾਲ, ਖ਼ੁਸ਼ੀ ਖ਼ੁਸ਼ੀ ਤੇਰਾ ਢੋਲਾ ਨਾਉਂ ਗਾਈਆ । ਤੂੰ ਠਾਕਰ ਦਾਤਾ ਸਦਾ ਦਿਆਲ, ਦਇਆਨਿਧ ਤੇਰੀ ਸਰਨਾਈਆ । ਜੁਗ ਚੌਕੜੀ ਚਲੇਂ ਅਵਲੜੀ ਚਾਲ, ਚਾਲ ਨਿਰਾਲੀ ਆਪਣੇ ਹੱਥ ਰਖਾਈਆ । ਹੁਕਮੇ ਅੰਦਰ ਲੋਕਮਾਤ ਤੇਰੀ ਘਾਲਣ ਆਏ ਘਾਲ, ਕੀਤੀ ਘਾਲ ਲੇਖੇ ਪਾਈਆ । ਤੇਰੇ ਅੱਗੇ ਸਾਡਾ ਪ੍ਰਭੂ ਇਕ ਸਵਾਲ, ਹਰਿਜਨ ਹਰਿ ਭਗਤ ਗੁਰਮੁਖ ਗੁਰਸਿਖ ਲੱਖ ਚੁਰਾਸੀ ਵਿਚੋਂ ਲੈਣੇ ਉਠਾਈਆ । ਸਾਚਾ ਮਾਰਗ ਦੇਣਾ ਸਿਖਾਲ, ਏਕਾ ਪੱਟੀ ਨਾਮ ਪੜ੍ਹਾਈਆ । ਨੇੜ ਨਾ ਆਏ ਕਾਲ ਮਹਾਂਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਲਾੜੀ ਮੌਤ ਨਾ ਅੰਤ ਪਰਨਾਈਆ । ਆਪਣੀ ਗੋਦੀ ਲੈਣਾ ਉਠਾਲ, ਫੜ ਬਾਹੋਂ ਗਲੇ ਲਗਾਈਆ । ਰਸਨਾ ਕਹਿਣਾ ਉਠ ਮੇਰੇ ਲਾਡਲੇ ਲਾਲ, ਲਾਲਨ ਤੇਰਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦੁਆਰ ਤੇਰੀ ਸਰਨਾਈਆ । ਮੈਂ ਨਿਰਗੁਣ ਹੋ ਕੇ ਜਾਵਾਂਗਾ । ਪੁਰਖ ਅਕਾਲ ਰੂਪ ਵਟਾਵਾਂਗਾ । ਦੀਨ ਦਿਆਲ ਨਾਮ ਧਰਾਵਾਂਗਾ । ਭਗਤ ਭਗਵਾਨ ਬਣ ਉਠਾਵਾਂਗਾ । ਸੰਤ ਨਿਸ਼ਾਨ ਇਕ ਝੁਲਾਵਾਂਗਾ । ਗੁਰਮੁਖ ਗੁਰ ਮਾਣ ਦਿਵਾਵਾਂਗਾ । ਗੁਰਸਿਖ ਮਿਲੇ ਆਣ, ਬਣ ਪਾਂਧੀ ਪੰਧ ਮੁਕਾਵਾਂਗਾ । ਸਚ ਸੰਦੇਸ਼ਾ ਦੇ ਫ਼ਰਮਾਨ, ਧੁਰ ਦਾ ਲੇਖਾ ਆਪ ਸਮਝਾਵਾਂਗਾ । ਏਥੇ ਓਥੇ ਮਿਲੇ ਮਾਣ, ਦੋ ਜਹਾਨਾਂ ਸੰਗ ਨਿਭਾਵਾਂਗਾ । ਅੰਤ ਵਖਾਵਾਂ ਤੁਹਾਨੂੰ ਆਣ, ਅੰਤ ਤੁਹਾਡੇ ਨਾਲ ਮਿਲਾਵਾਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚੇਲਾ ਗੁਰੂ ਇਕੋ ਘਰ ਵਸਾਵਾਂਗਾ । ਚੇਲਾ ਗੁਰ ਇਕੋ ਘਰ ਵਸੇਗਾ । ਗੁਰ ਗੋਬਿੰਦ ਸੂਰਾ ਹੱਸੇਗਾ । ਸਾਚਾ ਮਾਰਗ ਇਕੋ ਦੱਸੇਗਾ । ਸ਼ਾਹ ਸਵਾਰ ਹੋ ਕੇ ਨੱਸੇਗਾ । ਤੀਰ ਨਿਰਾਲਾ ਇਕੋ ਕਸੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਪਿਛੇ ਕਦੇ ਨਾ ਹਟੇਗਾ । ਮਿਹਰਵਾਨ ਦਇਆ ਕਮਾਏਗਾ । ਨਿਰਗੁਣ ਨਿਰਵੈਰ ਧਾਰ ਚਲਾਏਗਾ । ਸਚ ਸੁਚ ਮਾਤ ਪਰਗਟਾਏਗਾ । ਵਸਤ ਅਮੋਲਕ ਦੇਵੇ ਝੁਕ, ਜਨ ਭਗਤਾਂ ਝੋਲੀ ਪਾਏਗਾ । ਕਲਜੁਗ ਪੈਂਡਾ ਜਾਏ ਮੁੱਕ, ਸਤਿਜੁਗ ਰਾਹੀ ਉਠ ਕੇ ਆਏਗਾ । ਕਿਰਪਾ ਕਰੇ ਜੋ ਬੈਠਾ ਲੁਕ, ਅਬਿਨਾਸ਼ੀ ਕਰਤਾ ਪੜਦਾ ਲਾਹੇਗਾ । ਜਨ ਭਗਤਾਂ ਉਜਲ ਕਰੇ ਮੁਖ, ਮੁਖ ਦੁਰਮਤ ਮੈਲ ਧਵਾਏਗਾ । ਜਿਸ ਦੀ ਜੁਗ ਚੌਕੜੀ ਸੁਖਣਾ ਰਹੇ ਸੁਖ, ਸੋ ਪੁਰਖ ਨਿਰੰਜਣ ਵੇਖ ਵਖਾਏਗਾ ।

੫੭੭
੧੫

ਹਰਿ ਪੁਰਖ ਨਿਰੰਜਣ ਨਾ ਮਾਣਸ ਨਾ ਦਿਸੇ ਮਨੁਖ, ਨਿਰਗੁਣ ਨੂਰ ਜੋਤ ਰੁਸ਼ਨਾਏਗਾ । ਸੰਤ ਸੁਹੇਲੇ ਗੋਦੀ ਚੁੱਕ, ਘਰ ਆਪਣੇ ਖ਼ੁਸ਼ੀ ਮਨਾਏਗਾ । ਸ਼ਬਦ ਅਗੰਮੀ ਧਾਰੋ ਉਠ, ਧੁਰ ਫ਼ਰਮਾਣਾ ਹੁਕਮ ਸੁਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਏਗਾ । ਮਿਹਰਵਾਨ ਪ੍ਰਭ ਆਵੇਗਾ । ਦੀਨਨ ਸਾਚੀ ਦਇਆ ਕਮਾਵੇਗਾ । ਗੁਰਮੁਖ ਸੋਏ ਆਪ ਜਗਾਵੇਗਾ । ਫੜ ਮਾਰਗ ਇਕ ਵਖਾਵੇਗਾ । ਨਾਦ ਧੁਨ ਆਪ ਸੁਣਾਵੇਗਾ । ਰਿਖ ਮੁਨ ਭੇਵ ਚੁਕਾਵੇਗਾ । ਲੱਖ ਚੁਰਾਸੀ ਵਿਚੋ ਚੁਣ, ਚੁਣ ਆਪਣਾ ਰੰਗ ਚੜ੍ਹਾਵੇਗਾ । ਆਪੇ ਦੱਸੇ ਆਪਣੇ ਗੁਣ, ਗੁਣਵੰਤਾ ਆਪਣਾ ਖੇਲ ਸਮਝਾਵੇਗਾ । ਗੁਰ ਅਵਤਾਰੋ ਪੀਰ ਪੈਗ਼ੰਬਰੋ ਤੁਹਾਡੀ ਪੁਕਾਰ ਲਏ ਸੁਣ, ਸੁਣ ਆਪਣੇ ਵਿਚ ਰਖਾਵੇਗਾ । ਲੱਖ ਚੁਰਾਸੀ ਛਾਣ ਪੁਣ, ਨਾਮ ਨਿਧਾਨਾ ਇਕ ਟਿਕਾਵੇਗਾ । ਜਨ ਭਗਤਾਂ ਲਾਏ ਆਤਮ ਤੁਨ, ਤੰਦੀ ਤੰਦ ਸਿਤਾਰ ਹਲਾਵੇਗਾ । ਹਰਿ ਕਾ ਭੇਵ ਜਾਣੇ ਕੌਣ, ਲੇਖਾ ਲਿਖਤ ਵਿਚ ਨਾ ਆਵੇਗਾ । ਬਿਰਹੋ ਵਿਛੋੜੇ ਅੰਦਰ ਜੋ ਸੰਤ ਸੁਹੇਲੇ ਰੋਣ, ਤਿਨ੍ਹਾਂ ਧੀਰਜ ਆਪ ਧਰਾਵੇਗਾ । ਬਿਰਹੋ ਵੈਰਾਗੀ ਹੋ ਜੋ ਰਾਤ ਦਿਨ ਨਾ ਸੌਣ, ਤਿਨ੍ਹਾਂ ਸਾਚੀ ਗੋਦ ਬਹਾ ਕੇ ਗੂੜ੍ਹੀ ਨੀਂਦ ਸੁਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਸਾਚਾ ਮੰਤਰ ਨਾਮ ਇਕੋ ਦ੍ਰਿੜਾਵੇਗਾ । ਪ੍ਰਭ ਮੰਤਰ ਨਾਮ ਆਪ ਦ੍ਰਿੜਾਵੇਗਾ । ਗਗਨ ਗਗਨੰਤਰ ਖੋਜ ਖੋਜਾਵੇਗਾ । ਕਲਜੁਗ ਲੱਗੀ ਬਸੰਤਰ ਆਪ ਬੁਝਾਵੇਗਾ । ਲੱਖ ਚੁਰਾਸੀ ਉਚ ਮਹੱਲਾ, ਸਾਚਾ ਮੰਦਰ ਇਕ ਵਖਾਵੇਗਾ । ਜਿਸ ਘਰ ਵਸੇ ਇਕ ਇਕੱਲਾ, ਸੋ ਧਾਮ ਭੂਮਿਕਾ ਆਪ ਸੁਹਾਵੇਗਾ । ਜੋ ਨਿਰਗੁਣ ਸ਼ਬਦੀ ਧਾਰ ਰਲਾ, ਰੂਪ ਰੰਗ ਰੇਖ ਨਾ ਕੋਇ ਰਖਾਵੇਗਾ । ਸਚ ਸੰਦੇਸ਼ਾ ਇਕੋ ਘੱਲਾ, ਧੁਰ ਦਾ ਨਾਦ ਆਪ ਵਜਾਵੇਗਾ । ਨਿਰਵੈਰ ਹੋ ਫੜਾਵੇ ਪੱਲਾ, ਸ਼ਬਦੀ ਆਪਣੀ ਗੰਢ ਪੁਆਵੇਗਾ । ਪ੍ਰਭ ਕਲਜੁਗ ਅੰਤਮ ਵੇਖ ਵਖਾਵੇਗਾ । ਸਰਬ ਜੀਵ ਆਪ ਸਮਝਾਵੇਗਾ । ਅੰਤਰੀਵ ਭੇਵ ਖੁਲ੍ਹਾਵੇਗਾ । ਸਾਢੇ ਤਿੰਨ ਹੱਥ ਸੀਂ ਆਪ ਸੁਹਾਵੇਗਾ । ਈਸ਼ ਜੀਵ ਆਪ ਜਗਾਵੇਗਾ । ਸਚ ਪ੍ਰੀਤ ਇਕ ਲਗਾਵੇਗਾ । ਆਤਮ ਪਰਮਾਤਮ ਠਾਂਡਾ ਸੀਤ, ਸੀਤਲ ਧਾਰ ਇਕ ਬਰਸਾਵੇਗਾ । ਪਾਰਬ੍ਰਹਮ ਬ੍ਰਹਮ ਨਜ਼ਰੀ ਆਏ ਅਤੀਤ, ਤ੍ਰੈਗੁਣ ਡੇਰਾ ਆਪੇ ਢਾਹਵੇਗਾ । ਹਰ ਘਟ ਵਸਿਆ ਹਸਤ ਕੀਟ, ਇਕੋ ਨੂਰ ਜ਼ਹੂਰ ਚਮਕਾਵੇਗਾ । ਕਲਜੁਗ ਮਿਠਾ ਕਰੇ ਕੌੜਾ ਰੀਠ, ਅੰਮ੍ਰਿਤ ਰਸ ਇਕ ਭਰਾਵੇਗਾ । ਲੱਖ ਚੁਰਾਸੀ ਲਏ ਜੀਤ, ਜਿਤ ਆਪਣੇ ਹੱਥ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੀਸਣ ਬੀਸ, ਬਿਸਮਲ ਆਪਣੀ ਖੇਲ ਵਖਾਵੇਗਾ । ਸਾਚਾ ਖੇਲ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਆਸਾ ਮਨਸਾ ਪੂਰੀ ਕਰੇ ਵਿਚ ਸੰਸਾਰ, ਮਮਤਾ ਰੋਗ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਨੈਣਾਂ ਦਏ ਵਖਾਲ, ਸਚ ਵਸਾਲ ਆਪ ਕਰਾਈਆ । ਆਪਣਾ ਅੱਖੀਂ ਵੇਖੋ ਦੀਨ ਮਜ਼੍ਹਬ ਦਾ ਹਾਲ, ਹਾਲਤ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੂਰਾ ਸਭ ਦਾ ਕਰੇ ਹੱਲ ਸਵਾਲ, ਅੰਕੜਾ ਅੰਕ ਬਚਿਆ ਕੋਇ ਰਹਿਣ ਨਾ ਪਾਈਆ । ਨਾ ਕੋਈ ਹੋਏ ਅੰਕ ਅਗਣਤ, ਗਿਣਨ ਵਿਚ ਸਰਬ ਰਖਾਇੰਦਾ । ਜਿਸ ਦੇ ਅੱਗੇ ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਮਿੰਨਤ, ਸੋ ਮਿਹਰਵਾਨ ਆਪਣੀ ਖੇਲ ਰਚਾਇੰਦਾ । ਜਿਨ ਆਦਿ ਜੁਗਾਦਿ ਜੁਗ ਚੌਕੜੀ ਬੋਦੀ ਟਿੱਕਾ ਧਾਰ ਚਲਾਈ ਸੁੰਨਤ, ਸੀਸ ਜਗਦੀਸ ਵੇਖ ਵਖਾਇੰਦਾ । ਸੋ ਲੇਖਾ ਜਾਣੇ ਪੰਡਤ ਪਾਂਧੇ ਸ਼ੱਤਰੀ ਬ੍ਰਾਹਮਣ

ਸ਼ੂਦਰ ਵੈਸ਼ ਦੀਨ ਇਸਲਾਮ ਉਮਤ, ਉਮਤ ਉਮਤੀ ਫੇਰਾ ਪਾਇੰਦਾ । ਸਰਬ ਗੁਣ ਭਰਪੂਰ ਸੁਆਮੀ ਸਦਾ ਸਦਾ ਪਰਫੁੱਲਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਚੁਕਾਇੰਦਾ । ਸਾਚਾ ਲੇਖਾ ਚੁੱਕੇ ਕਲਜੁਗ, ਕਲ ਕਾਤੀ ਮੇਟ ਮਿਟਾਈਆ । ਧਰਮ ਦੁਆਰ ਵੇਖੇ ਸਤਿਜੁਗ, ਸਤਿ ਸਤਿਵਾਦੀ ਦਇਆ ਕਮਾਈਆ । ਨਿਤ ਨਿਤ ਸਭ ਦਾ ਪੈਂਡਾ ਜਾਏ ਮੁੱਕ, ਥਿਰ ਕੋਇ ਰਹਿਣ ਨਾ ਪਾਈਆ । ਪ੍ਰਭੂ ਦੀ ਧਾਰੋਂ ਸਤਿਜੁਗ ਧਾਰ ਪਏ ਉਠ, ਉਠ ਉਠ ਲਏ ਅੰਗੜਾਈਆ । ਲੋਕਮਾਤ ਵਿਚੋ ਪ੍ਰਭ ਦੀ ਧਾਰ ਵਿਚ ਕਲਜੁਗ ਜਾਏ ਲੁਕ, ਆਪ ਆਪਣਾ ਮੁਖ ਛੁਪਾਈਆ । ਦੋਹਾਂ ਵਿਚੋ ਸਭ ਨੂੰ ਦੇਵੇ ਆਤਮ ਸੁਖ, ਸੁਖ ਆਤਮ ਇਕ ਵਖਾਈਆ । ਲੱਖ ਚੁਰਾਸੀ ਵਿਚੋ ਜੋ ਮਾਣਸ ਬਣੇ ਮਨੁੱਖ, ਤਿਨ੍ਹਾਂ ਮੋਹ ਮੁਹੱਬਤ ਇਕ ਵਖਾਈਆ । ਜਨ ਭਗਤ ਕਰ ਤਿਆਰ ਕਰੇ ਪਿਆਰ ਜਿਉਂ ਮਾਵਾਂ ਪੁੱਤ, ਪਿਤਾ ਪੂਤ ਗੋਦ ਉਠਾਈਆ । ਵੇਖ ਵਖਾਵੇ ਸੁਹੰਜਣੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਕੋਲੋ ਸਾਰੇ ਰਹੇ ਪੁੱਛ, ਸਾਹਿਬ ਸਤਿਗੁਰ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸੱਚਾ ਹਰਿ, ਨਵ ਨੌ ਚਾਰ ਲੇਖਾ ਦਏ ਮੁਕਾਈਆ ।

## ✪ ੧੦ ਅਸੂ ੨੦੨੦ ਬਿਕਰਮੀ ਸੁਲਖਣ ਸਿੰਘ ਦੇ ਗ੍ਰਹਿ ਰੁਕਨਾ ਮੂੰਗਲਾ ਜ਼ਿਲਾ ਫ਼ਿਰੋਜ਼ਪੁਰ ✪



ਸ਼ਾਹ ਪਾਤਸ਼ਾਹ ਤੇਰਾ ਖੇਲ ਮਹਾਨਾ, ਸਚ ਸੁਲਤਾਨ ਤੇਰੀ ਵਡਿਆਈਆ । ਗੁਰ ਅਵਤਾਰ ਮੰਨਣ ਤੇਰਾ ਭਾਣਾ, ਜੁਗ ਚੌਕੜੀ ਸਕੇ ਨਾ ਕੋਇ ਉਲਟਾਈਆ । ਪੀਰ ਪੈਗ਼ੰਬਰ ਦਰ ਦਰਵੇਸ਼ ਗਾਇਣ ਗਾਣਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਨਿਰਵੈਰ ਪੁਰਖ ਤੇਰਾ ਖੇਲ ਦੋ ਜਹਾਨਾਂ, ਸ੍ਰੀ ਭਗਵਾਨ ਸਮਝ ਸਕੇ ਕੋਈ ਨਾ ਰਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨਾ, ਨਿਸ਼ਅੱਖਰ ਇਕ ਪੜ੍ਹਾਈਆ । ਨਿਰਗੁਣ ਸਰਗੁਣ ਪਹਿਰੇਂ ਬਾਣਾ, ਵੇਸ ਅਨੇਕਾ ਰੂਪ ਵਟਾਈਆ । ਸ਼ਬਦ ਅਨਾਦੀ ਗਾਏ ਤਰਾਨਾ, ਧੁਰਦਰਗਾਹੀ ਆਪ ਸੁਣਾਈਆ । ਲੱਖ ਚੁਰਾਸੀ ਅੰਦਰ ਵੜ ਕੇ ਕਰੇਂ ਖੇਲ ਮਹਾਨਾ, ਖ਼ਾਲਕ ਖ਼ਲਕ ਤੇਰੀ ਵਡਿਆਈਆ । ਤੇਰਾ ਨਾਉਂ ਜੋਧਾ ਸੂਰਬੀਰ ਮਰਦ ਮਰਦਾਨਾ, ਵਡ ਮਰਦਾਨਗੀ ਇਕ ਕਮਾਈਆ । ਦੋ ਜਹਾਨਾਂ ਬਣਿਆ ਹੁਕਮਰਾਨਾ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਮੰਗਣ ਸਾਰੇ ਆਈਆ । ਸੋ ਪੁਰਖ ਨਿਰੰਜਣ ਤੇਰਾ ਜ਼ੋਰ, ਜਾਬਰ ਜਬਰ ਤੇਰੀ ਸਰਨਾਈਆ । ਦੂਜਾ ਦਿਸੇ ਨਾ ਕੋਈ ਹੋਰ, ਨਵ ਨੌ ਵੇਖਿਆ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇਂ ਤੋਰ, ਸਚ ਸੰਦੇਸ਼ਾ ਇਕ ਸੁਣਾਈਆ । ਆਪਣੇ ਹੱਥ ਰੱਖੇਂ ਅਗੰਮੀ ਡੋਰ, ਸ਼ਬਦ ਸ਼ਬਦੀ ਤੰਦ ਬੰਧਾਈਆ । ਨਾਮ ਨਿਧਾਨ ਮਚਾਏਂ ਸ਼ੋਰ, ਡੰਕਾ ਇਕੋ ਇਕ ਲਗਾਈਆ । ਕਰ ਪਰਕਾਸ਼ ਅੰਧੇਰੇ ਘੋਰ, ਸਾਚਾ ਚੰਦ ਨੂਰ ਚਮਕਾਈਆ । ਚੜ੍ਹ ਕੇ ਵੇਖੇਂ ਆਪਣੇ ਘੋੜ, ਅਸਵ ਨਜ਼ਰ ਕਿਸੇ ਨਾ ਆਈਆ । ਏਕੰਕਾਰ ਮਾਰੇਂ ਧੁਰ ਦਾ ਪੌੜ, ਜ਼ਿਮੀਂ ਅਸਮਾਨ ਦਏਂ ਹਿਲਾਈਆ । ਨੇਤਰ ਖੋਲ੍ਹ ਵੇਖੇ ਧਰਨੀ ਧੌਲ, ਧਰਤ ਬੈਠੀ ਧਿਆਨ ਲਗਾਈਆ । ਆਦਿ ਜੁਗਾਦਿ ਪੂਰਾ ਕਰੇਂ ਕੌਲ, ਕੀਤਾ ਕੌਲ ਭੁਲ ਨਾ ਜਾਈਆ । ਸਚ ਸੁਣਾਵੇਂ ਆਪਣਾ ਬੋਲ, ਅਨਬੋਲਤ ਰਾਗ ਅਲਾਈਆ । ਵਡ ਭੰਡਾਰ ਦੇਵੇਂ ਖੋਲ੍ਹ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਸਾਚੇ ਕੰਡੇ ਤੋਲੇਂ ਤੋਲ,

ਨਾਮ ਤਰਾਜ਼ੂ ਹੱਥ ਉਠਾਈਆ । ਆਪ ਬੈਠਾ ਰਹੇਂ ਅਡੋਲ, ਲੱਖ ਚੁਰਾਸੀ ਰਹੀ ਡੁਲਾਈਆ । ਤ੍ਰੈਗੁਣ ਮਾਇਆ ਪੰਜ ਤਤ ਘਰ ਘਰ ਕਰੇ ਘੋਲ, ਚਾਰ ਕੁੰਟ ਦਹਿ ਦਿਸ਼ਾ ਪਈ ਲੜਾਈਆ । ਆਤਮ ਪਰਮਾਤਮ ਕਰੇ ਨਾ ਕੋਈ ਚੋਹਲ, ਸਚ ਪ੍ਰੀਤੀ ਤੋੜ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦੋ ਜਹਾਨ ਤੇਰੀ ਸਰਨਾਈਆ । ਸ਼ਾਹ ਪਾਤਸ਼ਾਹ ਵਡ ਸਚ ਭੂਪ, ਰਾਜਨ ਰਾਜ ਤੇਰੀ ਓਟ ਤਕਾਈਆ । ਆਦਿ ਜੁਗਾਦੀ ਸਤਿ ਸਰੂਪ, ਸਤਿ ਸਤਿਵਾਦੀ ਤੇਰੀ ਸੱਚੀ ਇਕ ਸਰਨਾਈਆ । ਤੇਰਾ ਲੇਖਾ ਚਾਰੇ ਕੂਟ, ਦੋ ਜਹਾਨ ਤੇਰਾ ਹੁਕਮ ਇਕੋ ਨਜ਼ਰੀ ਆਈਆ । ਕਲਜੁਗ ਅੰਤਮ ਵੇਖ ਜੂਠ ਝੂਠ, ਜਗਤ ਅੰਧੇਰਾ ਗਿਆ ਛਾਈਆ । ਸਾਚਾ ਦਿਸੇ ਨਾ ਕੋਇ ਪੂਤ, ਬੇਮੁਖ ਹੋਈ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਪ੍ਰਭ ਤੇਰੇ ਜਿਹਾ ਦੂਜਾ ਨਜ਼ਰ ਕੋਇ ਨਾ ਆਈਆ । ਸਾਹਿਬ ਸੱਜਣ ਬੇਪਰਵਾਹ, ਦੋ ਜਹਾਨ ਵਾਲੀ ਇਕ ਅਖਵਾਈਆ । ਨਿਰਗੁਣ ਹੋ ਕੇ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਚਰਨ ਕਵਲ ਮੰਗਣ ਪਨਾਹ, ਦੋਏ ਜੋੜ ਸੀਸ ਝੁਕਾਈਆ । ਸਾਡਾ ਲੇਖਾ ਅੰਤ ਮੁਕਾ, ਅੱਗੇ ਬਾਕੀ ਰਹਿਣ ਕੋਇ ਨਾ ਪਾਈਆ । ਪੂਰਬ ਲੇਖਾ ਝੋਲੀ ਪਾ, ਖ਼ਾਲੀ ਝੋਲੀ ਦੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਸਚ ਵਰ, ਵਰ ਇਕੋ ਮੰਗ ਮੰਗਾਈਆ । ਸ਼ਾਹ ਪਾਤਸ਼ਾਹ ਸਾਚਾ ਰਾਣਾ, ਆਦਿ ਜੁਗਾਦੀ ਇਕ ਅਖਵਾਇੰਦਾ । ਜੁਗ ਚੌਕੜੀ ਤੇਰਾ ਭਾਣਾ, ਸ੍ਰੀ ਭਗਵਾਨ ਨਾ ਕੋਈ ਮੇਟੇ ਮੇਟ ਮਿਟਾਇੰਦਾ । ਕਲਜੁਗ ਅੰਤਮ ਖੇਲ ਕਰੇਂ ਮਹਾਨਾ, ਮਹਿੰਮਾ ਕਥ ਨਾ ਕੋਇ ਸੁਣਾਇੰਦਾ । ਤਖ਼ਤੋ ਲਾਹੇਂ ਰਾਜਾ ਰਾਣਾ, ਰਈਅਤ ਲੱਖ ਚੁਰਾਸੀ ਵੇਖ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਸੁਰਪਤ ਇੰਦ ਦਰ ਭਿਖਾਰੀ ਮੰਗੇ ਦਾਨਾ, ਦੋਏ ਜੋੜ ਵਾਸਤਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਇਕੋ ਆਸ ਤਕਾਇੰਦਾ । ਦਰ ਆਸ ਇਕੋ ਰਹੇ ਤੱਕ, ਚਰਨ ਕਵਲ ਮੰਗਣ ਸਰਨਾਈਆ । ਅਗਲਾ ਪਿਛਲਾ ਦੇ ਹੱਕ, ਪ੍ਰਭ ਵੱਡੇ ਤੇਰੀ ਵਡ ਵਡਿਆਈਆ । ਜੁਗ ਚੌਕੜੀ ਦੇ ਸੰਦੇਸ਼ਾ ਗਏ ਥੱਕ, ਨਰ ਨਰੇਸ਼ਾ ਨਜ਼ਰ ਕਿਸੇ ਨਾ ਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਿਮਲ ਰੁੱਖ ਹੱਲੇ ਪਤ, ਸਾਚਾ ਫਲ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਸਾਚਾ ਵਰ, ਤੇਰੇ ਤੇਰਾ ਧਿਆਨ ਲਗਾਈਆ । ਤੇਰੇ ਲਗਾਵਣ ਤੇਰਾ ਧਿਆਨ, ਦੂਜੀ ਓਟ ਨਾ ਕੋਇ ਰਖਾਈਆ । ਸਾਚਾ ਦੇਣਾ ਸ਼ਬਦ ਗਿਆਨ, ਨਾਮ ਨਿਧਾਨ ਬੂਝ ਬੁਝਾਈਆ । ਰਾਗ ਸੁਣਾਉਣਾ ਇਕੋ ਕਾਨ, ਧੁਨ ਆਤਮਕ ਆਪ ਉਪਜਾਈਆ । ਮੰਦਰ ਵਖਾਉਣਾ ਸਚ ਮਕਾਨ, ਸਚ ਦੁਆਰਾ ਸੋਭਾ ਪਾਈਆ । ਦੀਵਾ ਜੋਤੀ ਜਗੇ ਮਹਾਨ, ਬਾਤੀ ਤੇਲ ਨਜ਼ਰ ਕੋਇ ਨਾ ਆਈਆ । ਅੰਮ੍ਰਿਤ ਸਰੋਵਰ ਪੀਣ ਖਾਣ, ਜਗ ਤ੍ਰਿਸਨਾ ਭੁੱਖ ਰਹੇ ਨਾ ਰਾਈਆ । ਸਚ ਪ੍ਰੀਤੀ ਮਿਲੇ ਬਬਾਣ, ਦੋ ਜਹਾਨਾਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਆਪਣਾ ਘਰ, ਘਰ ਸਾਚਾ ਸੋਭਾ ਪਾਈਆ । ਸਾਚਾ ਘਰ ਖੋਲ੍ਹ ਦੁਆਰ, ਖ਼ਾਲਕ ਖ਼ਲਕ ਤੇਰੇ ਹੱਥ ਵਡਿਆਈਆ । ਮਾਂਗਤ ਭਿਖਕ ਮੰਗਣ ਵਾਰੋ ਵਾਰ, ਦਰ ਦਰਵੇਸ਼ ਬੈਠੇ ਅਲਖ ਜਗਾਈਆ । ਜੁਗ ਚੌਕੜੀ ਗਈ ਹਾਰ, ਚਾਰ ਕੁੰਟ ਅੰਧੇਰਾ ਛਾਈਆ । ਨਾਤਾ ਤੋੜ ਗੁਰੂ ਅਵਤਾਰ, ਪੀਰ ਪੈਗ਼ੰਬਰ ਪੱਲੂ ਗਏ ਛੁਡਾਈਆ । ਚਾਰੋ ਕੁੰਟ

ਹਾਹਾਕਾਰ, ਹਰਿ ਕਾ ਨਾਮ ਨਾ ਕੋਇ ਬੁਝਾਈਆ । ਨੇਤਰ ਖੋਲ੍ਹ ਕਰੇ ਨਾ ਕੋਈ ਦੀਦਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਚੇ ਵੱਜੇ ਵਧਾਈਆ । ਵੱਜੇ ਵਧਾਈ ਤੇਰੇ ਘਰ, ਦੂਜਾ ਮੰਦਰ ਨਜ਼ਰ ਕੋਇ ਨਾ ਆਈਆ । ਸਾਹਿਬ ਸੁਲਤਾਨ ਕਿਰਪਾ ਕਰ, ਪਾਰਬ੍ਰਹਮ ਹੱਥ ਤੇਰੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਹੁਕਮ ਕੋਲੋਂ ਰਹੇ ਡਰ, ਅੱਗੇ ਸੀਸ ਨਾ ਕੋਇ ਉਠਾਈਆ । ਚਰਨ ਕਵਲ ਬੈਠੇ ਦੜ, ਨੇਤਰ ਨੈਣਾਂ ਨੀਰ ਨੀਰ ਵਹਾਈਆ । ਕਲਜੁਗ ਅੰਤਮ ਚਾਰ ਕੁੰਟ ਦਹਿ ਦਿਸ਼ਾ ਨਾ ਕੋਈ ਸਰ, ਸਰੋਵਰ ਰੂਪ ਨਾ ਕੋਇ ਵਟਾਈਆ । ਲੱਖ ਚੁਰਾਸੀ ਜੀਵ ਜੰਤ ਤ੍ਰੈਗੁਣ ਅਗਨੀ ਰਹੇ ਸੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਪੰਜ ਤਤ ਵਿਕਾਰਾ ਰਿਹਾ ਲੜ, ਖੰਡਾ ਖੜਗ ਨਾਮ ਨਾ ਕੋਇ ਚਮਕਾਈਆ । ਸੁਰਤ ਸ਼ਬਦੀ ਕੋਈ ਨਾ ਸਕੇ ਫੜ, ਭਰਮੇ ਭੁੱਲੇ ਪਾਂਧੀ ਰਾਹੀਆ । ਤੋੜ ਨਾ ਸਕੇ ਕੋਈ ਹੰਕਾਰੀ ਗੜ੍ਹ, ਕੂੜੀ ਕਿਰਿਆ ਡੇਰਾ ਕੋਇ ਨਾ ਢਾਹੀਆ । ਸਾਚੇ ਮੰਦਰ ਕੋਈ ਨਾ ਸਕੇ ਚੜ੍ਹ, ਜਗਤ ਦੁਆਰੇ ਪਾਰ ਕਰਾਈਆ । ਜੀਂਵਦਿਆਂ ਕੋਈ ਨਾ ਸਕੇ ਮਰ, ਮਰਨਾ ਸਮਝ ਕਿਸੇ ਨਾ ਆਈਆ । ਤੇਰਾ ਮਿਲੇ ਨਾ ਸਾਚਾ ਦਰ, ਨੌਂ ਦਰ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਉਂ ਬੈਠਾ ਮੁਖ ਛੁਪਾਈਆ । ਪੁਰਖ ਅਕਾਲ ਕਿਉਂ ਬੈਠਾ ਛੁਪ, ਆਪ ਆਪਣਾ ਭੇਵ ਛੁਪਾਈਆ । ਨੌਂ ਸੌ ਚੁਰਾਨਵੇਂ ਚੌਕੜੀ ਰਿਹੋ ਲੁਕ, ਨਿਰਗੁਣ ਤੇਰਾ ਪੜਦਾ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਕਿਉਂ ਬੁੱਕ, ਨਾਮ ਸੰਦੇਸਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਸਚਖੰਡ ਦੁਆਰ ਖੋਲ੍ਹ ਇਕੋ ਕੋਟ, ਕੋਟਨ ਕੋਟੀ ਬੈਠੇ ਧਿਆਨ ਲਗਾਈਆ । ਆਦਿ ਜੁਗਾਦਿ ਤੇਰਾ ਲੇਖਾ ਕਿਸੇ ਨਾ ਆਵੇ ਸੋਚ, ਸੋਚ ਸਮਝ ਸਕੇ ਨਾ ਕੋਈ ਰਾਈਆ । ਤੇਰੇ ਦਰਸ਼ਨ ਹਰਿਜਨ ਸਾਚੇ ਰਹੇ ਲੋਚ, ਲੋਚਣ ਲੋਚਨ ਨੈਣ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਰਹਿਮਤ ਆਪਣੀ ਆਪ ਕਮਾਈਆ । ਰਹਿਮਤ ਕਰ ਵਡ ਮਿਹਰਵਾਨ, ਦਰ ਤੇਰੇ ਅਲਖ ਜਗਾਈਆ । ਕਲਜੁਗ ਅੰਤਮ ਮਾਰ ਧਿਆਨ, ਧਿਆਨ ਧਿਆਨ ਵਿਚੋ ਪਰਗਟਾਈਆ । ਸ੍ਰਿਸ਼ਟ ਸਬਾਈ ਭੁੱਲਾ ਤੇਰਾ ਆਤਮ ਪਰਮਾਤਮ ਗਿਆਨ, ਪਾਰਬ੍ਰਹਮ ਬ੍ਰਹਮ ਨਜ਼ਰ ਕਿਸੇ ਨਾ ਆਈਆ । ਈਸ਼ ਜੀਵ ਨਾ ਕੋਈ ਕਲਿਆਣ, ਜਗਦੀਸ਼ ਲੇਖਾ ਸਕੇ ਨਾ ਕੋਇ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣੇ ਨਾ ਕੋਇ ਕਾਨ, ਧੁਨ ਅਨਾਦੀ ਰਾਗ ਨਾ ਕੋਇ ਅਲਾਈਆ । ਸ਼ਬਦ ਨਿਰਾਲਾ ਤੀਰ ਮਾਰੇ ਨਾ ਕੋਇ ਬਾਣ, ਤਿਖੀ ਮੁਖੀ ਧਾਰ ਨਾ ਕੋਇ ਜਣਾਈਆ । ਰਸਨਾ ਜਿਹਵਾ ਬੱਤੀ ਦੰਦ ਚਾਰੋ ਕੁੰਟ ਕਰਨ ਕਲਿਆਣ, ਕਲਮਾ ਹੱਕ ਨਾ ਕੋਇ ਦ੍ਰਿੜਾਈਆ । ਤੇਰਾ ਦਿਸੇ ਨਾ ਸਚ ਨਿਸ਼ਾਨ, ਜਗਤ ਨਿਸ਼ਾਨੇ ਰਹੇ ਝੁਲਾਈਆ । ਪਰਗਟ ਹੋ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਕਾਗ਼ਜ਼ ਕਲਮ ਸ਼ਾਹੀ ਕੂਕਣ ਉਚੀ ਕੂਕ ਕਰਨ ਪੁਕਾਰ, ਨੇਤਰ ਰੋਵਣ ਜ਼ਾਰੋ ਜ਼ਾਰ, ਹੋਕਾ ਦੇਵਣ ਵਾਹੋ ਦਾਹੀਆ । ਤੁਧ ਬਿਨ ਕੋਈ ਨਾ ਸੁਣੇ ਪੁਕਾਰ, ਨਾਤਾ ਛੁਟਾ ਜੀਵ ਸੰਸਾਰ, ਮਿਲੇ ਕੋਈ ਨਾ ਮੀਤ ਮੁਰਾਰ, ਸੱਜਣ ਸੰਗ ਨਾ ਕੋਇ ਨਿਭਾਈਆ । ਚਾਰੋ ਕੁੰਟ ਧੁਆਂਧਾਰ, ਦਹਿ ਦਿਸ਼ਾ ਨਾ ਕੋਈ ਉਜਿਆਰ, ਜ਼ਿਮੀਂ ਅਸਮਾਨ ਗਏ ਹਾਰ, ਹਰਿ ਕਾ ਰੂਪ ਨਜ਼ਰ ਕੋਇ ਨਾ ਆਈਆ । ਧਰਤ ਧਵਲ ਨਾ ਚੁੱਕੇ ਭਾਰ, ਅੰਮ੍ਰਿਤ ਕਵਲ ਖਿਲੇ ਨਾ ਕੋਈ ਗੁਲਜ਼ਾਰ, ਸਾਵਲ ਸਵਲ ਮਿਲੇ ਨਾ ਮੀਤ ਮੁਰਾਰ, ਨੈਣ ਮੁੰਦ ਨੈਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ ।

੫੮੧
੧੫

ਰਾਮ ਰੂਪ ਨਜ਼ਰ ਨਾ ਆਵੇ ਤੇਰਾ ਕਰਤਾਰ, ਸਾਚਾ ਦੀਆ ਕਰੇ ਨਾ ਕੋਇ ਉਜਿਆਰ, ਦਹਿ ਦਿਸ਼ਾ ਦਿਸੇ ਆਈ ਹਾਰ, ਜਿਤ ਰੂਪ ਨਾ ਕੋਇ ਵਟਾਈਆ । ਲੇਖਾ ਛੱਡ ਕੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਤੇਰੇ ਦਰਬਾਰ, ਇਕੋ ਬੋਲਣ ਇਕ ਜੈਕਾਰ, ਤੇਰਾ ਢੋਲਾ ਸੋਹਲਾ ਰਾਗ ਅਲਾਈਆ । ਤੂੰ ਸਾਹਿਬ ਪਰਵਰਦਿਗਾਰ, ਆਦਿ ਜੁਗਾਦੀ ਸਾਂਝਾ ਯਾਰ, ਮੁਰੀਦ ਮੁਰਸ਼ਦ ਵੇਖੇਂ ਆਪਣੀ ਵਾਰ, ਸਾਚੀ ਧਾਰ ਮਾਤ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਵੇਖ ਆਪਣਾ ਘਰ, ਜਿਸ ਘਰ ਵਸੇ ਜਗਤ ਲੋਕਾਈਆ । ਉਠ ਪ੍ਰਭ ਵੇਖ ਆਪਣਾ ਜਗਤ, ਨੇਤਰ ਜਾਗ ਆਪ ਖੁਲ੍ਹਾਈਆ । ਲੱਖ ਚੁਰਾਸੀ ਉਬਲੇ ਰਕਤ, ਬੂੰਦ ਬੂੰਦ ਰਹੀ ਤਪਾਈਆ । ਆਸਾ ਤ੍ਰਿਸਨਾ ਮਨ ਵਾਸਨਾ ਰਹੇ ਭਟਕ, ਭਟਕਨਾ ਇਕੋ ਨਜ਼ਰੀ ਆਈਆ । ਪੰਚ ਵਿਕਾਰਾ ਚੜ੍ਹਿਆ ਕਟਕ, ਬਲ ਆਪਣਾ ਆਪ ਪਰਗਟਾਈਆ । ਅੰਦਰ ਵੜ ਕੇ ਕੋਈ. ਨਾ ਸਕੇ ਪਿਛੇ ਹਟਕ, ਭੈ ਨਾਲ ਨਾ ਕੋਇ ਡਰਾਈਆ । ਕਲਜੁਗ ਸਾਧ ਸੰਤ ਡੂੰਘੀ ਭਵਰੀ ਰਹੇ ਲਟਕ, ਬਣ ਪਾਂਧੀ ਪੰਧ ਨਾ ਕੋਇ ਮੁਕਾਈਆ । ਤੇਰੇ ਆਉਣ ਦਾ ਇਕੋ ਵਕ਼ਤ, ਨਾਨਕ ਗੋਬਿੰਦ ਗਿਆ ਸਮਝਾਈਆ । ਖੇਲੇ ਖੇਲ ਪ੍ਰਭ ਆਦਿ ਸ਼ਕਤ, ਸ਼ਕਤ ਭਵਾਨੀ ਲੇਖੇ ਲਾਈਆ । ਨਿਰਵੈਰ ਹੋ ਕੇ ਆਵੇ ਪਰਤ, ਪੁਰਖ ਅਕਾਲ ਬੇਪਰਵਾਹੀਆ । ਖੇਲੇ ਖੇਲ ਅਰਸ਼ ਫ਼ਰਸ਼, ਕੁਰਸ਼ ਵੇਖੇ ਥਾਉਂ ਥਾਈਂਆ । ਮੇਟ ਮਿਟਾਏ ਸਭ ਦੀ ਹਰਸ, ਹਵਸ ਸਭ ਦੀ ਆਪਣੀ ਝੋਲੀ ਪਾਈਆ । ਜਨ ਭਗਤਾਂ ਉਤੇ ਕਰੇ ਤਰਸ, ਮਿਹਰ ਨਜ਼ਰ ਨੈਣ ਉਠਾਈਆ । ਅੰਮ੍ਰਿਤ ਮੇਘ ਇਕੋ ਬਰਸ, ਸ੍ਰਿਸ਼ਟ ਸਬਾਈ ਅਗਨੀ ਤਤ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਆ ਠਾਕਰ ਪ੍ਰਭ ਸਚ ਸੁਆਮੀ, ਦੋ ਜਹਾਨ ਰਹੇ ਕੁਰਲਾਈਆ । ਵਾਸਤਾ ਪਾਏ ਚਾਰੇ ਬਾਣੀ, ਪਰਾ ਪਸੰਤੀ ਮਧਮ ਬੈਖਰੀ ਨੇਤਰ ਨੈਣਾਂ ਨੀਰ ਵਹਾਈਆ । ਦੋਏ ਜੋੜੇ ਹੱਥ ਚਾਰੇ ਖਾਣੀ, ਸਜਦਾ ਸੀਸ ਜਗਦੀਸ਼ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨੀ, ਧਿਆਨ ਧਿਆਨ ਵਿਚ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰੀ ਆਈ ਅੰਤ ਨਿਸ਼ਾਨੀ, ਨਿਸ਼ਾਨਾ ਆਪਣਾ ਦੇ ਲਗਾਈਆ । ਚਾਰ ਜੁਗ ਤੇਰੀ ਗਾਈ ਕਹਾਣੀ, ਅੱਖਰ ਅੱਖਰ ਜੋੜ ਜੁੜਾਈਆ । ਅਠਸਠ ਤੇਰਾ ਖੇਲ ਰਚਾਇਆ ਪਾਣੀ, ਬੋਧ ਅਗਾਧ ਬਾਣੀ ਨਾਲ ਰਲਾਈਆ । ਸੁਰਤੀ ਸ਼ਬਦ ਜਣਾਇਆ ਹਾਣੀ, ਘਰ ਸਾਚੇ ਭੇਵ ਚੁਕਾਈਆ । ਕਿਰਪਾ ਕਰ ਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਕਲਜੁਗ ਬੀਤੀ ਬਾਲ ਅਵਸਥਾ ਔਧ ਜਵਾਨੀ, ਬੁੜੇਪਾ ਅੰਤਮ ਗਿਆ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਾਰੇ ਕੁੰਟ ਆਵੇ ਹਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਅਪਣਾ ਵੇਸ ਵਟਾਈਆ । ਨਿਰਗੁਣ ਉਠ ਸ਼ਾਹ ਸੁਲਤਾਨ, ਕਿਉਂ ਬੈਠਾ ਮੁਖ ਛੁਪਾਈਆ । ਤੇਰਾ ਤੇਰੇ ਅੱਗੇ ਮੰਗੇ ਦਾਨ, ਤੇਰੀ ਇਕੋ ਓਟ ਤਕਾਈਆ । ਸ਼ਬਦ ਸੁੱਤ ਤੇਰਾ ਬਲਵਾਲ, ਬਲਧਾਰੀ ਇਕ ਅਖਵਾਈਆ । ਆਦਿ ਜੁਗਾਦੀ ਬਣ ਗੁਰੂ ਮਿਹਰਵਾਨ, ਸਤਿਗੁਰ ਆਪਣਾ ਰੂਪ ਸਮਝਾਈਆ । ਦੋ ਜਹਾਨ ਲੇਖ ਚੁਕਾਏ ਆਣ, ਚੌਦਾਂ ਲੋਕ ਚੌਦਾਂ ਤਬਕ ਪੜਦਾ ਦਏ ਉਠਾਈਆ । ਲੇਖਾ ਜਾਣ ਜ਼ਿਮੀਂ ਅਸਮਾਨ, ਜ਼ੇਰ ਜ਼ਬਰ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸੱਚਾ ਘਰ, ਜਿਸ ਘਰ ਬੈਠਾ ਰਹੇਂ ਬੇਪਰਵਾਹੀਆ । ਬੇਪਰਵਾਹ ਪ੍ਰਭ ਸੱਚਾ ਕਹਿੰਦਾ, ਧੁਰ ਫ਼ਰਮਾਨ ਜਣਾਈਆ । ਸਚਖੰਡ ਦੁਆਰ ਹਰਿ ਨਿਰੰਕਾਰ ਇਕੋ ਰਹਿੰਦਾ, ਮਹੱਲ ਅਟੱਲ ਡੇਰਾ ਲਾਈਆ ।



੫੮੨ ੧੫

ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਵਸਤ ਅਮੋਲਕ ਨਾਮ ਦੇਂਦਾ, ਦਾਤਾ ਦਾਨੀ ਬਣ ਵਰਤਾਈਆ । ਦੋ ਜਹਾਨ ਨਿਰਗੁਣ ਹੋ ਕੇ ਸਦਾ ਵੇਂਹਦਾ, ਵੇਖਣਹਾਰਾ ਨਜ਼ਰ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਵੇਂਤੇ ਵੇਂਤਾਂ, ਸਚ ਪੈਮਾਨਾ ਆਪਣੇ ਹੱਥ ਉਠਾਈਆ । ਆਦਿ ਜੁਗਾਦਿ ਕਿਸੇ ਨਾ ਦੇਵੇ ਭੇਤਾ, ਗਹਿਰ ਗੰਭੀਰ ਆਪਣੇ ਹੱਥ ਰੱਖੇ ਵਡਿਆਈਆ । ਲੱਖ ਚੁਰਾਸੀ ਜਾਨਣਹਾਰਾ ਸਾਚਾ ਲੇਖਾ, ਲੇਖਾ ਲਿਖਤ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੀ ਹੁਕਮ ਇਕ ਵਰਤਾਈਆ । ਸਾਚਾ ਹੁਕਮ ਕਰ ਨਿਰੰਕਾਰ, ਕਿਉਂ ਸੁੰਨ ਸਮਾਧ ਲਗਾਈਆ । ਕਲਜੁਗ ਚਾਰੋ ਕੁੰਟ ਜੀਵ ਜੰਤ ਹੋਇਆ ਦੁਖਿਆਰ, ਦੁੱਖਾਂ ਭਰੀ ਰੋਵੇ ਸਰਬ ਲੋਕਾਈਆ । ਨਾਤਾ ਤੁਟਾ ਪਿਤਾ ਪੂਤ ਪਿਆਰ, ਮਾਤ ਸਾਚੀ ਗੋਦ ਨਾ ਕੋਇ ਸੁਹਾਈਆ । ਨਾਰ ਕੰਤ ਕਰੇ ਵਿਭਚਾਰ, ਬਸੰਤ ਰੂਪ ਰੰਗ ਨਾ ਕੋਇ ਰੰਗਾਈਆ । ਚਾਰੋ ਕੁੰਟ ਧੂੰਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਕਿਉਂ ਛੁਪਿਉਂ ਪਰਵਰਦਿਗਾਰ, ਬੇਐਬ ਐਬ ਵੇਖ ਕੇ ਖ਼ੁਸ਼ੀ ਮਨਾਈਆ । ਵੇਲਾ ਨਹੀਂ ਹੋਣ ਦਾ ਗ਼ਾਇਬ, ਜ਼ਾਹਰ ਜ਼ਹੂਰ ਰੂਪ ਵਟਾਈਆ । ਜਨ ਭਗਤਾਂ ਉਤੇ ਕਰ ਅਨਾਇਤ, ਮਿਹਰ ਨਜ਼ਰ ਉਠਾਈਆ । ਅੱਗੇ ਕਰਨ ਨਹੀਂ ਦੇਣੀ ਤੈਨੂੰ ਕੋਈ ਕਫ਼ਾਇਤ, ਬੇਪਰਵਾਹ ਤੇਰੀ ਆਸ ਰਖਾਈਆ । ਪਿਛਲੀ ਛੱਡ ਸ਼ਰਅ ਸ਼ਰਾਇਤ, ਸ਼ਰੀਅਤ ਰਹਿਣ ਕੋਇ ਨਾ ਪਾਈਆ । ਉਠ ਕੇ ਸਤਿਗੁਰ ਦੇ ਇਕ ਹਦਾਇਤ, ਹੱਦ ਹਦੂਦ ਦੇ ਤੁੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਦ ਤੇਰੇ ਮਾਤਹਿਤ, ਤੂੰ ਸਭ ਦਾ ਆਕਾ ਇਕੋ ਨਜ਼ਰੀ ਆਈਆ । ਤੇਰੇ ਹੁਕਮੇ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਲਿਖ ਕੇ ਗਏ ਸ਼ਰਾਇਤ, ਸ਼ਰਤ ਇਕੋ ਤੇਰੇ ਨਾਮ ਪਾਈਆ । ਅੰਤਮ ਆ ਕੇ ਸਭ ਦੀ ਕਰ ਹਮਾਇਤ, ਹਮਲਾ ਕਰੇ ਨਾ ਕੂੜੀ ਕਿਰਿਆ ਜਗਤ ਲੋਕਾਈਆ । ਤੇਰੇ ਅੱਗੇ ਇਕੋ ਇਕ ਸਚ ਵਜ਼ਾਹਤ, ਵਾਜ਼ਿਹ ਕੀਤਾ ਬੇਪਰਵਾਹੀਆ । ਆਪਣਾ ਸੋਚ ਨਾ ਕੋਈ ਮੁਫ਼ਾਇਦ, ਮੁਫ਼ਲਸ ਰੋਵਣ ਮਾਰਨ ਧਾਹੀਆ । ਆਪਣਾ ਬਦਲ ਪ੍ਰਭੂ ਕਵਾਇਦ, ਕ਼ਾਨੂੰਨ ਕਾਇਦਾ ਅੱਗੇ ਇਕ ਬਣਾਈਆ । ਸਾਚਾ ਹੁਕਮ ਕਰ ਆਇਦ, ਅਦਾਲਤ ਇਕੋ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਫੇਰਾ ਪਾਈਆ । ਮਿਹਰਵਾਨ ਪ੍ਰਭ ਛੇਤੀ ਆ, ਸਰਗੁਣ ਨਿਰਗੁਣ ਤੇਰਾ ਧਿਆਨ ਲਗਾਈਆ । ਤੁਧ ਬਿਨ ਦਿਸੇ ਨਾ ਕੋਈ ਮਲਾਹ, ਦੋ ਜਹਾਨ ਬੇੜਾ ਪਾਰ ਕਰਾਈਆ । ਗੁਰ ਅਵਤਾਰ ਦੇ ਕੇ ਗਏ ਸਲਾਹ, ਪੁਰਖ ਅਕਾਲ ਇਕੋ ਮੰਨੋ ਦਾਤਾ ਵਡ ਵਡਿਆਈਆ । ਜਿਸ ਦੇ ਨਾਲੋ ਹੋਏ ਜੁਦਾ, ਅੰਤਮ ਆਪਣੇ ਵਿਚ ਮਿਲਾਈਆ । ਉਸ ਦੇ ਕਦਮਾਂ ਉਤੋ ਹੋ ਫ਼ਿਦਾ, ਚਰਨ ਕਵਲ ਧੂੜੀ ਟਿੱਕਾ ਮਸਤਕ ਲਾਈਆ । ਕਰ ਕਿਰਪਾ ਮਾਰਗ ਦੱਸੇ ਇਕੋ ਸਿਧਾ, ਚਾਰ ਵਰਨ ਰਹੇ ਨਾ ਕੋਇ ਲੜਾਈਆ । ਮਿਲ ਸਖ਼ੀਆਂ ਪਾਏ ਗਿਧਾ, ਗੀਤ ਗੋਬਿੰਦ ਇਕ ਸੁਣਾਈਆ । ਤਨ ਮਨ ਜਾਏ ਵਿਧਾ, ਤੀਰ ਨਿਸ਼ਾਨਾ ਇਕ ਚਲਾਈਆ । ਆਪਣੇ ਮਿਲਣ ਦੀ ਦੱਸੇ ਨਿੱਕੀ ਬਿਧਾ, ਬਹੁਤੀ ਕਰੇ ਨਾ ਕੋਇ ਪੜ੍ਹਾਈਆ । ਪੁਰਖ ਅਕਾਲ ਦੀਨ ਦਿਆਲ ਸ੍ਰੀ ਭਗਵਾਨ ਸਭ ਦਾ ਪਿਤਾ, ਲੱਖ ਚੁਰਾਸੀ ਆਪਣੀ ਗੋਦ ਉਠਾਈਆ । ਜੋ ਗੁਰਮੁਖ ਲੱਖ ਚੁਰਾਸੀ ਵਿਚੋ ਕਰਦੇ ਸਾਚਾ ਹਿਤਾ, ਤਿਨ੍ਹਾਂ ਆਪਣੀ ਉਂਗਲੀ ਲਏ ਲਗਾਈਆ । ਨਾ ਵੇਖੇ ਕੋਈ ਵੱਡਾ ਨਿੱਕਾ, ਬਾਲ ਅੰਵਾਣੇ ਸੁਘੜ ਸਿਆਣੇ ਦਏ ਬਣਾਈਆ । ਹਰ ਘਟ ਅੰਦਰ ਵੜ ਕੇ ਕਰੇ ਪ੍ਰੇਮੀ ਹਿਤਾ, ਹਿਤਕਾਰੀ ਰੂਪ ਵਟਾਈਆ । ਖੇਲੇ ਖੇਲ ਨਿਤ ਨਵਿਤਾ, ਜੁਗ ਚੌਕੜੀ ਫੇਰਾ ਪਾਈਆ । ਨਾਮ ਨਿਧਾਨ ਚਲਾਏ ਆਪਣਾ ਸਿਕਾ, ਮੋਹਰ ਇਕੋ ਇਕ ਲਗਾਈਆ ।


੫੮੩
੧੫

ਦੂਜੇ ਹੱਟ ਕਦੀ ਨਾ ਵਿਕਾ, ਕੀਮਤ ਸਕੇ ਨਾ ਕੋਇ ਚੁਕਾਈਆ । ਰਸ ਦੇਵੇ ਕਦੇ ਨਾ ਫਿਕਾ, ਅੰਮ੍ਰਿਤ ਧਾਰ ਇਕ ਵਹਾਈਆ । ਘਰ ਵਖਾਏ ਆਪਣਾ ਅਣਡਿਠਾ, ਨਿਜ ਨੈਤਰ ਨੈਣ ਖੁਲ੍ਹਾਈਆ । ਚਾਰ ਜੁਗ ਜਿਸ ਦਾ ਗੌਂਦੇ ਸਾਰੇ ਕਹਾਣੀ ਕਿੱਸਾ, ਸੋ ਕਿਸਮਤ ਸਭ ਦੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਆ ਕੇ ਸਾਚਾ ਘਰ, ਨੌ ਖੰਡ ਪ੍ਰਿਥਮੀ ਰਹੀ ਕੁਰਲਾਈਆ । ਪਾਰਬ੍ਰਹਮ ਪ੍ਰਭ ਆ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਚਾਰ ਜੁਗ ਦੇ ਪਏ ਝੇੜੇ, ਅੰਤਮ ਲੇਖੇ ਲਾਈਆ । ਸੁੰਞੇਂ ਹੋਏ ਬਿਨ ਤੇਰੇ ਖੇੜੇ, ਦੀਆ ਬਾਤੀ ਨਜ਼ਰ ਕੋਇ ਨਾ ਆਈਆ । ਚਾਰੋ ਕੁੰਟ ਨਜ਼ਰ ਨਾ ਆਉਣ ਧੁਰ ਦੇ ਡੇਰੇ, ਡੰਕਾ ਨਾਮ ਨਾ ਕੋਇ ਵਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾ ਕੇ ਗਏ ਫੇਰੇ, ਆਪ ਆਪਣਾ ਵੇਲਾ ਵਕਤ ਲੰਘਾਈਆ । ਅੰਤਮ ਕਹਿ ਕੇ ਗਏ ਸ੍ਰੀ ਭਗਵਾਨ ਸਭ ਦਾ ਦਾਤਾ ਕਰੇ ਮਿਹਰੇ, ਮਿਹਰ ਨਜ਼ਰ ਇਕ ਉਠਾਈਆ । ਸਾਹਿਬ ਸਤਿਗੁਰ ਕਲਜੁਗ ਅੰਤ ਆਏ ਕੂੜੀ ਕਿਰਿਆ ਘੇਰੇ, ਗੜ੍ਹ ਸਕੇ ਨਾ ਕੋਇ ਤੁੜਾਈਆ । ਬਿਨ ਤੇਰੇ ਪੁਰਖ ਅਕਾਲ ਦੀਨ ਦਿਆਲ ਸੁਰਤ ਸਵਾਣੀ ਨਾਲ ਚੌਥੀ ਲਾਂਵ ਕੋਈ ਨਾ ਲਵੇ ਫੇਰੇ, ਕੂੜੇ ਕੰਤ ਘਰ ਘਰ ਬੈਠੇ ਕਰ ਕੁੜਮਾਈਆ । ਆ ਪ੍ਰਭੂ ਪ੍ਰਭ ਮੇਰੇ ਵੜ ਜਾ ਵਿਹੜੇ, ਆਪਣਾ ਚਰਨ ਕਵਲ ਟਿਕਾਈਆ । ਚਾਰ ਜੁਗ ਬੈਠੇ ਰਹੇ ਕਰ ਕੇ ਜੇਰੇ, ਇਕ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਵੇਖ ਧੁਰ ਦਾ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਪਾਰਬ੍ਰਹਮ ਪ੍ਰਭ ਖੋਲ੍ਹ ਦਰਵਾਜ਼ਾ, ਬੰਦ ਤਾਕੀ ਕੁੰਡਾ ਲਾਹੀਆ । ਕਿਰਪਾ ਕਰ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਮੰਗ ਮੰਗਾਈਆ । ਅੰਤ ਕੰਤ ਭਗਵੰਤ ਰੱਖ ਲਾਜਾ, ਲਾਜਾਵੰਤ ਤੇਰੀ ਸਰਨਾਈਆ ।



ਤੇਰਾ ਧਾਮ ਸੰਬਲ ਕਿਸੇ ਨਾ ਲੱਭਾ ਦੇਸ ਮਾਝਾ, ਮਜਲਸ ਘਰ ਘਰ ਕਰੇ ਲੋਕਾਈਆ । ਰਾਤੀਂ ਸੁਤਿਆਂ ਲੈਣ ਖ਼ੁਆਬਾ, ਖ਼ਾਲਕ ਖ਼ਲਕ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਆਪਣੇ ਫੇਰਾ ਪਾਈਆ । ਘਰ ਆਪਣੇ ਫੇਰਾ ਪਾਵਾਂਗਾ । ਮਹੱਲ ਅਟੱਲ ਇਕ ਰੁਸ਼ਨਾਵਾਂਗਾ । ਨਿਹਚਲ ਧਾਮ ਬਣਾਵਾਂਗਾ । ਸਾਚਾ ਰਾਮ ਰੂਪ ਪਰਗਟਾਵਾਂਗਾ । ਕਾਹਨ ਬਣ ਕੇ ਇਕੋ ਆਵਾਂਗਾ । ਸਚ ਅਮਾਮ ਇਕ ਅਖਵਾਵਾਂਗਾ । ਪੁਰਖ ਅਕਾਲ ਨਾਮ ਧਰਾਵਾਂਗਾ । ਨਿਹਕਲੰਕ ਨਿਸ਼ਾਨ ਝੁਲਾਵਾਂਗਾ । ਕਲ ਕਲਕੀ ਵੇਸ ਵਟਾਵਾਂਗਾ । ਧੁਰ ਦੀ ਵੰਨਗੀ ਨਾਮ ਲਿਆਵਾਂਗਾ । ਸ੍ਰਿਸ਼ਟ ਸਬਾਈ ਮਰਦੀ ਮਰਦੀ ਆਪ ਬਚਾਵਾਂਗਾ । ਤ੍ਰੈਗੁਣ ਮਾਇਆ ਸੜਦੀ ਸੜਦੀ, ਸੀਤਲ ਧਾਰ ਮੇਘ ਬਰਸਾਵਾਂਗਾ । ਮਾਣਸ ਜਨਮ ਮਰਦੀ ਮਰਦੀ, ਹਰਿ ਕੇ ਪੌੜੇ ਆਪ ਚੜ੍ਹਾਵਾਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਵਾਂਗਾ । ਮਿਹਰ ਨਜ਼ਰ ਇਕ ਉਠਾਏਗਾ । ਪੁਰਖ ਅਬਿਨਾਸ਼ੀ ਦਇਆ ਕਮਾਏਗਾ । ਨਿਰਗੁਣ ਨਿਰਵੈਰ ਧਾਰ ਚਲਾਏਗਾ । ਕਲਜੁਗ ਕੂੜੀ ਕਿਰਿਆ ਕਹਿਰ ਮਿਟਾਏਗਾ । ਭਗਤ ਦੁਆਰ ਇਕ ਸੁਹਾਏਗਾ । ਚਾਰ ਵਰਨ ਰੰਗ ਰੰਗਾਏਗਾ । ਸਾਚੀ ਸਰਨ ਇਕ ਰਖਾਏਗਾ । ਦੂਜਾ ਵੜਨ ਕੋਇ ਨਾ ਪਾਏਗਾ । ਐਰ ਗ਼ੈਰ ਮੁਖ ਭਵਾਏਗਾ । ਗੁਰਮੁਖ ਗੁਰਸਿਖ ਹਰਿਮੰਦਰ ਵੜ ਕੇ ਕਰਨ ਸੈਰ, ਸੈਰਗਾਹ ਇਕ ਬਣਾਏਗਾ । ਸਚਖੰਡ ਦੁਆਰਾ ਵਸੇ ਸੱਚਾ ਸ਼ਹਿਰ, ਛੱਪਰ ਛੰਨ ਨਾ ਕੋਇ ਛੁਹਾਏਗਾ । ਜ਼ਾਤ ਪਾਤ ਦੀਨ ਮਜ਼੍ਹਬ ਪੰਜ ਤਤ ਕੋਈ ਨਾ ਕਰੇ ਵੈਰ, ਕਾਇਆ ਰੂਪ ਨਜ਼ਰ ਕੋਇ ਨਾ ਆਏਗਾ । ਖੇਲੇ ਖੇਲ ਗੰਭੀਰ ਗਹਿਰ, ਗਹਿਰ ਗਵਰਾ ਏਕਾ ਰੰਗ ਰੰਗਾਏਗਾ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਹੱਕ ਨਬੇੜਾ ਦਏ ਨਬੇੜ, ਹਕੀਕਤ ਸਭ ਦੀ ਵੇਖ ਵਖਾਏਗਾ । ਪ੍ਰਭ ਹੱਕ ਹਕੀਕਤ ਵੇਖ ਵਖਾਏਗਾ । ਜਗਤ ਸ਼ਰੀਕਤ ਨਾ ਕੋਇ ਰਖਾਏਗਾ । ਸਚ ਤੌਫ਼ੀਕ ਇਕ ਜਣਾਏਗਾ । ਚਾਰ ਵਰਨ ਰਫ਼ੀਕ ਬਣਾਏਗਾ । ਅਹਿਬਾਬ ਨਾਮ ਰਬਾਬ ਸੁਣਾਏਗਾ । ਪੁੰਨ ਸਵਾਬ ਨਾ ਕੋਇ ਜਣਾਏਗਾ । ਕਾਇਆ ਕਾਅਬਾ ਇਕੋ ਘਰ ਵਖਾਏਗਾ । ਆਬੇ ਹਯਾਤਾ ਜਾਮ ਪਿਆਏਗਾ । ਸਾਖਿਆਤ ਨਜ਼ਰੀ ਆਏਗਾ । ਕਾਇਨਾਤ ਵੇਖ ਵਖਾਏਗਾ । ਵਡ ਅਮਾਮ ਫੇਰਾ ਪਾਏਗਾ । ਸਚ ਸਲਾਮ ਇਕ ਸਮਝਾਏਗਾ । ਕਲਮਾ ਨਜ਼ਾਮ ਇਕ ਬਣਾਏਗਾ । ਪਿਛਲਾ ਲੇਖਾ ਮੇਟ ਤਮਾਮ, ਤਮਾਂ ਸਭ ਦੀ ਝੋਲੀ ਪਾਏਗਾ । ਅੱਗੇ ਕਰੇ ਨਾ ਕੋਈ ਹਰਾਮ, ਹਰਾਮਜ਼ਾਦਾ ਨਜ਼ਰ ਕੋਇ ਨਾ ਆਏਗਾ । ਸਾਰੇ ਗਾਇਣ ਸਚ ਖ਼ੁਦਾਏ ਤੇਰਾ ਪੈਗ਼ਾਮ, ਹਜ਼ਾਰਾ ਦਰੂਦ ਨਾ ਕੋਇ ਪੜ੍ਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਇਕ ਦਰਸਾਏਗਾ । ਸਾਚਾ ਨੂਰ ਦਏ ਦਰਸਾ, ਮੁਖ ਨਕਾਬ ਪੜਦਾ ਲਾਹੀਆ । ਪਾਰਬ੍ਰਹਮ ਪ੍ਰਭ ਭੇਵ ਚੁਕਾ, ਚਾਰੇ ਕੁੰਟ ਕਰੇ ਰੁਸ਼ਨਾਈਆ । ਦੋ ਜਹਾਨਾਂ ਵੇਖੇ ਥਾਉਂ ਥਾਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਈਆ । ਸੰਤ ਸੁਹੇਲੇ ਲਏ ਜਗਾ, ਜਾਗਰਤ ਜੋਤ ਜੋਤ ਰੁਸ਼ਨਾਈਆ । ਭਗਤ ਭਗਵਾਨ ਲਏ ਮਨਾ, ਮਿਹਰ ਨਜ਼ਰ ਨੈਣ ਉਠਾਈਆ । ਗੁਰਮੁਖ ਗੋਦੀ ਲਏ ਬਹਾ, ਗੁਰਸਿਖ ਉਂਗਲੀ ਲਾ ਫਿਰਾਈਆ । ਬਣ ਵਿਚੋਲਾ ਸਚ ਮਲਾਹ, ਨੌਕਾ ਨਈਆ ਬੇੜਾ ਪਾਰ ਕਰਾਈਆ । ਸਾਚੀ ਦੇਵੇ ਸਚ ਸਲਾਹ, ਕਰੇ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਇਕੋ ਇਕ ਅਖਵਾਈਆ । ਨਰ ਹਰਿ ਨਰਾਇਣ ਸਚ ਪ੍ਰਭ ਏਕ, ਏਕੰਕਾਰਾ ਹਰਿ ਅਖਵਾਇੰਦਾ । ਆਦਿ ਜੁਗਾਦੀ ਜਿਸ ਦੀ ਟੇਕ, ਦੋ ਜਹਾਨ ਸੀਸ ਨਿਵਾਇੰਦਾ । ਨਿਤ ਨਵਿਤ ਲਏ ਵੇਖ, ਨੇਤਰ ਲੋਚਣ ਨੈਣ ਨਾ ਕੋਇ ਖੁਲ੍ਹਾਇੰਦਾ । ਜੁਗ ਚੌਕੜੀ ਵਟਾਏ ਭੇਸ, ਵੇਸ ਅਵੱਲਾ ਆਪ ਕਰਾਇੰਦਾ । ਜਨ ਭਗਤਾਂ ਕਰੇ ਸਾਚਾ ਹੇਤ, ਪ੍ਰੇਮ ਪ੍ਰੀਤੀ ਇਕ ਲਗਾਇੰਦਾ । ਸੰਤ ਸੁਹੇਲੇ ਦੱਸੇ ਆਪਣੀ ਖੇਡ, ਬਣ ਖਲਾਰੀ ਖੇਲ ਸਮਝਾਇੰਦਾ । ਗੁਰਮੁਖ ਦੇਵੇ ਅੰਤਰ ਆਤਮ ਭੇਤ, ਅਨਭਵ ਆਪਣਾ ਆਪ ਜਣਾਇੰਦਾ । ਗੁਰਸਿਖ ਸੁਰਤੀ ਸ਼ਬਦੀ ਕਰੇ ਚੇਤਨ ਚੇਤ, ਮਨ ਚਿਤ ਠਗੌਰੀ ਕੋਇ ਨਾ ਪਾਇੰਦਾ । ਧੁਰ ਦਾ ਲਿਖੇ ਮਸਤਕ ਲੇਖ, ਪੂਰਬ ਲਹਿਣਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਅਪਣੇ ਅੰਗ ਲਗਾਇੰਦਾ । ਹਰਿਜਨ ਸਾਚੇ ਲਾਏ ਅੰਗ, ਅੰਗੀਕਾਰ ਇਕ ਅਖਵਾਈਆ । ਕਿਰਪਾ ਕਰੇ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਨਾਮ ਨਿਧਾਨ ਵਜਾਏ ਮਰਦੰਗ, ਤਨ ਨਗਾਰੇ ਚੋਟ ਲਗਾਈਆ । ਭੇਵ ਖੁਲ੍ਹਾਏ ਹੰ ਬ੍ਰਹਮ, ਪਾਰਬ੍ਰਹਮ ਦਏ ਸਮਝਾਈਆ । ਆਤਮ ਪਰਮਾਤਮ ਨਾਲ ਜਾਏ ਮੰਨ, ਮਨ ਮਨਸਾ ਰਹਿਣ ਕੋਇ ਨਾ ਪਾਈਆ । ਭਾਗ ਲੱਗੇ ਸਾਚੇ ਤਨ, ਤਤਵ ਤਤ ਕਰੇ ਕੁੜਮਾਈਆ । ਸਾਚਾ ਨੂਰ ਚੜ੍ਹੇ ਚੰਨ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਕੂੜੀ ਕਿਰਿਆ ਭਾਂਡਾ ਭਰਮ ਦੇਵੇ ਭੰਨ, ਠੋਕਰ ਇਕੋ ਨਾਮ ਲਗਾਈਆ । ਭੇਵ ਖੁਲ੍ਹਾਏ ਚਾਰ ਵਰਨ, ਅਠਾਰਾਂ ਬਰਨ ਦਏ ਸਰਨਾਈਆ । ਕਲਜੁਗ ਅੰਤਮ ਤਰਨੀ ਤਰਨ, ਤਾਰਨਹਾਰਾ ਇਕੋ ਫੇਰਾ ਪਾਈਆ । ਦੋ ਜਹਾਨ ਜਿਸ ਦਾ ਢੋਲਾ ਪੜ੍ਹਨ, ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੁਆਰੇ ਖੜ੍ਹਨ, ਬਣ ਬਰਦੇ ਗ਼ੁਲਾਮ ਰੂਪ ਦਰਸਾਈਆ ।

ਸੋ ਸਾਹਿਬ ਸਤਿਗੁਰ ਕਰਤਾ ਪੁਰਖ ਕਰਨੀ ਕਰਨ, ਕੁਦਰਤ ਕਾਦਰ ਵੇਖ ਵਖਾਈਆ । ਤਿਸ ਸੁਆਮੀ ਪਕੜੋ ਚਰਨ, ਚਰਨ ਕਵਲ ਮਿਲੇ ਵਡਿਆਈਆ । ਆਵਣ ਜਾਵਣ ਚੁੱਕੇ ਮਰਨ ਡਰਨ, ਲੱਖ ਚੁਰਾਸੀ ਰਹਿਣ ਨਾ ਪਾਈਆ । ਜਿਸ ਮੰਦਰ ਚੜ੍ਹ ਕੇ ਜਿਸ ਘਰ ਵੜ ਕੇ ਜਿਸ ਦਰਸ਼ਨ ਕਰ ਕੇ ਗੁਰ ਅਵਤਾਰ ਪੀਰ ਪੈਗੰਬਰ ਭਗਤ ਸੰਤ ਗੁਰਮੁਖ ਗੁਰਸਿਖ ਇਕੋ ਨਾਉਂ ਪੜ੍ਹਨ, ਤੂੰ ਮੇਰਾ ਮੈਂ ਤੇਰਾ ਸੋਹੰ ਸਤਿ ਸਰੂਪ ਤੇਰਾ ਰੂਪ ਨਜ਼ਰੀ ਆਈਆ ।

ਤੇਰਾ ਰੂਪ ਸੋ ਭਗਵਾਨ, ਭਗਵਨ ਤੇਰੇ ਵਿਚ ਸਮਾਈਆ । ਹੰ ਬ੍ਰਹਮ ਤੇਰਾ ਨਿਸ਼ਾਨ, ਲੋਕਮਾਤ ਕਰੇ ਰੁਸ਼ਨਾਈਆ । ਬਿਨ ਹੰ ਤੇਰਾ ਕੋਈ ਨਾ ਕਰੇ ਮਾਣ, ਤੇਰਾ ਨਾਮ ਨਾ ਕੋਈ ਗਾਈਆ । ਸਚ ਬੋਲ ਕਹੇ ਭਗਵਾਨ, ਵਾਹਵਾ ਬ੍ਰਹਮ ਤੇਰੀ ਚਤੁਰਾਈਆ । ਤੇਰੇ ਬਿਨਾਂ ਮੇਰਾ ਸੁੰਞਾ ਰਹੇ ਜਹਾਨ, ਲੱਖ ਚੁਰਾਸੀ ਬਣਤ ਨਾ ਕੋਇ ਬਣਾਈਆ । ਬਿਨ ਤੇਰੇ ਮੈਂ ਕਿਸ ਦਾ ਬਣਾਂ ਕਾਹਨ, ਗੋਪੀ ਕਵਣ ਕਵਣ ਪਰਨਾਈਆ । ਹੰ ਕਹੇ ਪ੍ਰਭ ਮੈਂ ਤੇਰੇ ਚਰਨ ਕਵਲ ਕੁਰਬਾਨ, ਤੂੰ ਆਪਣਾ ਅੰਸ ਬੰਸ ਦਿਤਾ ਬਣਾਈਆ । ਨਿਤ ਨਵਿਤ ਆਪਣਾ ਨਾਮ ਸੰਦੇਸਾ ਦੇਵੇਂ ਧੁਰ ਫ਼ਰਮਾਣ, ਨਾਉਂ ਨਿਰੰਕਾਰਾ ਇਕ ਦ੍ਰਿੜਾਈਆ । ਮੈਂ ਡੂਮ ਹੋ ਕੇ ਕਰਦਾ ਰਹਾਂ ਕਲਿਆਣ, ਚਾਰ ਜੁਗ ਤੇਰਾ ਹੋਕਾ ਦੇ ਸੁਣਾਈਆ । ਅੰਤ ਦੱਸਾਂ ਔਹ ਵੇਖੋ ਭਗਵਾਨ, ਸ੍ਰੀ ਭਗਵਾਨ ਹਰ ਘਟ ਬੈਠਾ ਡੇਰਾ ਲਾਈਆ । ਜਿਸ ਦਾ ਉਚਾ ਉਚ ਮਕਾਨ, ਊਚੋ ਊਚ ਬੇਪਰਵਾਹੀਆ । ਜਿਸ ਭਗਤ ਮਿਲਣਾ ਆਣ, ਤਿਸ ਮਿਲਣ ਦੀ ਬਿਧ ਦਿਆਂ ਸਮਝਾਈਆ । ਚਰਨ ਕਵਲ ਕਰੋ ਪਰਨਾਮ, ਸਚ ਪ੍ਰੀਤੀ ਇਕ ਰਖਾਈਆ । ਪੂਰਾ ਸਤਿਗੁਰ ਪੁਰਖ ਅਕਾਲ ਮਿਲੇ ਆਣ, ਰਹਿਮ ਆਪਣਾ ਆਪ ਕਮਾਈਆ । ਕਲਜੁਗ ਜੀਵ ਨਾ ਭੁੱਲ ਅਨਜਾਣ, ਬਾਲੀ ਬੁੱਧ ਨਾ ਵਕਤ ਗਵਾਈਆ । ਬੀਸ ਬੀਸਾ ਖੇਲ ਮਹਾਨ, ਹਰਿ ਜਗਦੀਸਾ ਰਿਹਾ ਕਰਾਈਆ । ਸਦੀ ਚੌਧਵੀਂ ਹੋਏ ਹੈਰਾਨ, ਚੌਦਾਂ ਤਬਕ ਦੇਣ ਦੁਹਾਈਆ । ਤੇਈ ਅਵਤਾਰ ਕਰਨ ਧਿਆਨ, ਨੇਤਰ ਨੈਣ ਨੈਣ ਉਠਾਈਆ । ਭਗਤ ਅਠਾਰਾਂ ਚਰਨੀ ਡਿਗਣ ਆਣ, ਚਰਨ ਕਵਲ ਕਵਲ ਸਰਨਾਈਆ । ਈਸਾ ਮੂਸਾ ਮੁਹੰਮਦ ਅੰਤ ਕਹਿਣ ਸਚ ਤੌਫ਼ੀਕ ਤੈਨੂੰ ਮਿਹਰਵਾਨ, ਤਾਰੀਫ਼ ਤੇਰੀ ਕਰ ਕਰ ਜਸ ਗਾਈਆ । ਨਾਨਕ ਗੋਬਿੰਦ ਉਚੀ ਕੂਕ ਕਹੇ ਪੁਰਖ ਅਕਾਲ, ਅਕਲ ਕਲਧਾਰੀ ਵੇਸ ਵਟਾਈਆ । ਜਿਸ ਜੀਵ ਤੈਨੂੰ ਦਿਤਾ ਜੀਆਂ ਦਾਨ, ਕਿਉਂ ਬੈਠਾ ਪ੍ਰਭੂ ਭੁਲਾਈਆ । ਅੰਦਰ ਵੜ ਕੇ ਆਪਣੇ ਮੰਦਰ ਮਾਰ ਧਿਆਨ, ਬਜਰ ਕਪਾਟੀ ਪੜਦਾ ਲਾਹੀਆ । ਅੱਗੇ ਦਿਸੇ ਤੇਰਾ ਮਹਿਮਾਨ, ਜੋ ਚੋਰੀ ਚੋਰੀ ਅੰਦਰ ਵੜ ਕੇ ਤੇਰੀ ਸੇਜ ਹੰਢਾਈਆ । ਜੇ ਬ੍ਰਹਮ ਤੂੰ ਆਪਣਾ ਆਪ ਲਏਂ ਪਛਾਣ, ਪਾਰਬ੍ਰਹਮ ਤੇਰੇ ਕੋਲ ਭੱਜਾ ਆਵੇ ਵਾਹੋ ਦਾਹੀਆ । ਫੇਰ ਦੋਹਾਂ ਨੂੰ ਇਕੋ ਜਿਹਾ ਮਾਣ, ਤੂੰ ਕਹੀਂ ਤੂੰ ਮੇਰਾ, ਉਹ ਕਹੇ ਤੂੰ ਮੇਰਾ ਰੂਪ ਬਣ ਜਾਏ ਗੁਰੂ ਚੇਲਾ, ਸਾਚੇ ਘਰ ਹੋਏ ਮੇਲਾ, ਮਿਲੇ ਕੰਤ ਸੱਜਣ ਸੁਹੇਲਾ, ਨਾਰੀ ਚੁੱਕੇ ਤੇਰਾ ਵਕਤ ਦੁਹੇਲਾ, ਅਚਰਜ ਖੇਲ ਪ੍ਰਭੂ ਪ੍ਰਭ ਖੇਲਾ, ਖ਼ਾਲਕ ਖ਼ਲਕ ਸਤਿ ਸਰੂਪ ਸੋ ਪੁਰਖ ਨਿਰੰਜਣ ਵੇਖਣਹਾਰਾ ਦਹਿ ਦਿਸ਼ਾ ਚਾਰ ਕੂਟ, ਨਵ ਨੌ ਆਪਣਾ ਫੇਰਾ ਪਾਈਆ । ਹੰ ਬ੍ਰਹਮ ਪ੍ਰਭ ਦਾ ਦਏ ਸਬੂਤ, ਪਰੱਤਖ ਪਾਰਬ੍ਰਹਮ ਜਣਾਈਆ । ਵੜਿਆ ਰਹੇ ਪੰਜ ਤਤ ਕਾਇਆ ਕਲਬੂਤ, ਸਾਢੇ ਤਿੰਨ ਹੱਥ ਆਪਣਾ ਬੰਕ ਸੁਹਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਆ ਕੇ ਮਿਲੇ ਮਹਿਬੂਬ, ਮੁਹੱਬਤ ਆਪਣੇ ਨਾਲ ਰਖਾਈਆ ।

## ੧੧ ਅੱਸੂ ੨੦੨੦ ਬਿਕਰਮੀ ਜਾਗੀਰ ਸਿੰਘ ਦੇ ਗ੍ਰਹਿ ਪਿੰਡ ਤੂਤ ਜ਼ਿਲਾ ਫ਼ਿਰੋਜ਼ਪੁਰ

ਸਚਖੰਡ ਨਿਵਾਸੀ ਸ਼ਾਹ ਸੁਲਤਾਨ, ਮਿਹਰਵਾਨ ਤੇਰੀ ਸਰਨਾਈਆ । ਪੁਰਖ ਅਬਿਨਾਸ਼ੀ ਨੌਜਵਾਨ, ਬੇਅੰਤ ਤੇਰੀ ਵਡਿਆਈਆ । ਸੋ ਪੁਰਖ ਨਿਰੰਜਣ ਗੁਣ ਨਿਧਾਨ, ਗਹਿਰ ਗੰਭੀਰ ਤੇਰਾ ਭੇਵ ਕੋਇ ਨਾ ਆਈਆ । ਹਰਿ ਪੁਰਖ ਨਿਰੰਜਣ ਰਾਜ ਰਾਜਾਨ, ਭੂਪਤ ਭੂਪ ਨਾਉਂ ਧਰਾਈਆ । ਏਕੰਕਾਰ ਖੇਲ ਮਹਾਨ, ਨਿਰਗੁਣ ਸਰਗੁਣ ਧਾਰ ਬੰਧਾਈਆ । ਆਦਿ ਨਿਰੰਜਣ ਤੇਰਾ ਦੀਪ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤੇ ਤੇਰਾ ਵੇਸ ਦੋ ਜਹਾਨ, ਨਿਰਵੈਰ ਦਾਤੇ ਬੇਪਰਵਾਹੀਆ । ਸ੍ਰੀ ਭਗਵਾਨ ਤੇਰਾ ਸਚ ਨਿਸ਼ਾਨ, ਬ੍ਰਹਿਮੰਡ ਖੰਡ ਇਕੋ ਨਜ਼ਰੀ ਆਈਆ । ਪਾਰਬ੍ਰਹਮ ਤੇਰਾ ਨਾਮ ਪਰਧਾਨ, ਨਾਉਂ ਨਿਰੰਕਾਰਾ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮਿਲੇ ਵਡਿਆਈਆ । ਸ਼ਾਹ ਪਾਤਸ਼ਾਹ ਸ੍ਰੀ ਭਗਵੰਤ, ਬੇਐਬ ਨੂਰ ਖ਼ੁਦਾਇਆ । ਆਦਿ ਜੁਗਾਦਿ ਤੇਰੀ ਮਹਿਮਾ ਅਗਣਤ, ਭੇਵ ਭੇਤ ਕਿਸੇ ਨਾ ਪਾਇਆ । ਖੇਲੇਂ ਖੇਲ ਜੁਗਾ ਜੁਗੰਤ, ਜੁਗ ਚੌਕੜੀ ਰਾਹ ਚਲਾਇਆ । ਸ਼ਬਤ ਅਨਾਦੀ ਸਾਚਾ ਮੰਤ, ਮੰਤਰ ਇਕੋ ਇਕ ਦ੍ਰਿੜਾਇਆ । ਲੱਖ ਚੁਰਾਸੀ ਬਣ ਬਣ ਕੰਤ, ਸੇਜ ਸੁਹੰਜਣੀ ਆਪ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਇਆ । ਦਰ ਤੇਰੇ ਅਲਖ ਸ੍ਰੀ ਭਗਵਾਨ, ਨਾਅਰਾ ਇਕੋ ਇਕ ਲਗਾਈਆ । ਤਖ਼ਤ ਨਿਵਾਸੀ ਨੌਜਵਾਨ, ਮਰਦ ਮਰਦਾਨੇ ਤੇਰੀ ਵਡ ਵਡਿਆਈਆ । ਸਦਾ ਸਦਾ ਸਦ ਤੇਰਾ ਫ਼ਰਮਾਨ, ਧੁਰ ਫ਼ਰਮਾਨਾ ਇਕੋ ਨਜ਼ਰੀ ਆਈਆ । ਦਏਂ ਸੰਦੇਸ਼ਾ ਦੋ ਜਹਾਨ, ਰਸਨਾ ਜਿਹਵਾ ਹੁਕਮ ਮਨਾਈਆ । ਜੇਰਜ ਅੰਡਜ ਉਤਭੁਜ ਸੇਤਜ ਚਾਰੇ ਖਾਣੀ ਕਰ ਪਰਵਾਨ, ਚਾਰੇ ਬਾਣੀ ਦਏਂ ਜਣਾਈਆ । ਚਾਰੇ ਕੁੰਟ ਹੋ ਪਰਧਾਨ, ਚਾਰੇ ਜੁਗ ਵੇਖ ਵਖਾਈਆ । ਚਾਰ ਯਾਰੀ ਖੇਲ ਮਹਾਨ, ਖ਼ਾਲਕ ਖ਼ਲਕ ਦਏਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਵਾਸਤਾ ਪਾਈਆ । ਦਰ ਤੇਰੇ ਵਾਸਤਾ ਰਹੇ ਪਾ, ਹਰਿ ਬੇਅੰਤ ਬੇਪਰਵਾਹਿਆ । ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਝੁਕਾ, ਸਜਦਾ ਇਕੋ ਇਕ ਰਖਾਇਆ । ਨਿਰਗੁਣ ਨਿਰਗੁਣ ਮੇਰੇ ਖ਼ੁਦਾ, ਬੀ ਮਿਹਰਬਾਨ ਮਿਹਬਾਨ ਬੀਦੋ ਨੂਰੀ ਨੂਰ ਨੂਰ ਰੁਸ਼ਨਾਇਆ । ਸਤਿ ਸਤਿਵਾਦੀ ਹੋ ਨਿਗਾਹਬਾਨ, ਮਿਹਰਵਾਨ ਮਿਹਰ ਨਜ਼ਰ ਉਠਾਇਆ । ਸਚਖੰਡ ਦੁਆਰੇ ਹਰਿ ਨਿਰੰਕਾਰੇ ਤੇਰੇ ਚਰਨ ਕਵਲ ਧਿਆਨ, ਦੂਜਾ ਇਸ਼ਟ ਹੋਰ ਨਾ ਕੋਇ ਮਨਾਇਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਕਰੇਂ ਸਚ ਨਿਆਂ, ਸੱਜਣ ਤੇਰੀ ਓਟ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਸਾਚੇ ਮੰਗਣ ਆਇਆ । ਸਾਚੇ ਘਰ ਆਏ ਮੰਗਣ, ਗੁਰ ਅਵਤਾਰ ਸੀਸ ਨਿਵਾਈਆ । ਸਾਚੀ ਚੋਲੀ ਚਾੜ੍ਹ ਰੰਗਣ, ਪੀਰ ਪੈਗ਼ੰਬਰ ਵਾਸਤਾ ਦੋਏ ਜੋੜ ਪਾਈਆ । ਤੇਰਾ ਨਾਮ ਨਿਧਾਨ ਵੱਜੇ ਇਕ ਮਰਦੰਗਨ, ਕਾਇਨਾਤ ਕਲਮਾ ਇਕ ਸ਼ਨਵਾਈਆ । ਕਿਰਪਾ ਕਰ ਰੱਖ ਆਪਣੇ ਅੰਗਨ, ਅੰਗੀਕਾਰ ਇਕ ਹੋ ਜਾਈਆ । ਤੇਰਾ ਖੇਲ ਸੂਰੇ ਸਰਬੰਗਨ, ਸਮਝ ਕੋਇ ਨਾ ਪਾਈਆ । ਸੇਵਾ ਕਰੇ ਸੂਰਜ ਚੰਦਨ, ਭੱਜਾ ਫਿਰੇ ਵਾਹੋ ਦਾਹੀਆ । ਨੇਤਰ ਰੋਵੇ ਖੰਡ ਬ੍ਰਹਿਮੰਡ ਵਰਭੰਡਨ, ਜੇਰਜ ਅੰਡ ਰਿਹਾ ਕੁਰਲਾਈਆ । ਸਚ ਮਿਲੇ ਨਾ ਕਿਸੇ ਪਰਮਾਨੰਦਨ, ਨਿਜਾਨੰਦ ਰਸ ਨਾ ਕੋਇ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਦੂਈ ਦਵੈਤੀ ਕੋਈ ਨਾ ਢਾਹੇ ਕੰਧਨ, ਭਾਂਡਾ

ਭਰਮ ਨਾ ਕੋਇ ਭੰਨਾਈਆ । ਨਾਮ ਟਿੱਕਾ ਕੋਈ ਨਾ ਲਾਏ ਚੰਦਨ, ਜੋਤ ਲਲਾਟ ਨਾ ਕੋਇ ਰੁਸ਼ਨਾਈਆ । ਕੂੜੀ ਕਿਰਿਆ ਕੋਈ ਨਾ ਕਰੇ ਖੰਡਨ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਗਵਾਈਆ । ਗ਼ਰੀਬ ਨਿਮਾਣਿਆਂ ਘਰ ਕੋਈ ਨਾ ਚੱਬੇ ਤੰਦਨ, ਭਗਵਨ ਰੂਪ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਕੋਈ ਨਾ ਕਟੇ ਫੰਦਨ, ਫਾਸੀ ਗਲੋ ਨਾ ਕੋਇ ਲੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਏ ਘਰ, ਪ੍ਰਭ ਚਰਨ ਤੇਰੇ ਵਡਿਆਈਆ । ਨਿਰਭੌ ਚੁਕਾ ਭੈ ਡਰ, ਭਿਆਨਕ ਰੂਪ ਨਾ ਕੋਇ ਵਖਾਈਆ । ਦਰ ਦਰਵੇਸ਼ ਖਲੋਤੇ ਖੜ, ਪੱਲੂ ਗਲ ਵਿਚ ਰਹੇ ਪਾਈਆ । ਸ੍ਰੀ ਭਗਵਾਨ ਨਰਾਇਣ ਨਰ, ਸ਼ਾਹ ਪਾਤਸ਼ਾਹ ਨੇਤਰ ਨੈਣ ਅੱਖ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਕੋਲੋ ਲੈ ਕੇ ਗਏ ਵਰ, ਵਰ ਤੇਰੀ ਦਾਤ ਝੋਲੀ ਪਾਈਆ । ਲੋਕਮਾਤ ਤੇਰਾ ਸੰਦੇਸ਼ਾ ਲਿਖ ਲਿਖ ਆਏ ਧਰ, ਧੁਰ ਦੀ ਧਾਰ ਜਣਾਈਆ । ਹੋਕਾ ਦਿਤਾ ਨਾਰੀ ਨਰ, ਰਸਨਾ ਜਿਹਵਾ ਬੱਤੀ ਦੰਦ ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਘਰ ਆਪਣਾ ਵੇਖ ਵਖਾਈਆ । ਵੇਖ ਪ੍ਰਭੂ ਪ੍ਰਭ ਖੋਲ੍ਹ ਅੱਖ, ਆਖ਼ਰ ਤੇਰੇ ਅੱਗੇ ਅਰਜੋਈਆ । ਸਚ ਕਹਾਣੀ ਤੈਨੂੰ ਰਹੇ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸੁਣਾਈਆ । ਕਲਜੁਗ ਅੰਤਮ ਸਾਡੀ ਹੋਈ ਬੱਸ, ਬਸਤਾ ਸਾਰੇ ਬੰਨ੍ਹ ਵਖਾਈਆ । ਲੱਖ ਚੁਰਾਸੀ ਜੀਵ ਜੰਤ ਲਿਖ ਲਿਖ ਲੇਖਾ ਆਏ ਦੱਸ, ਤੇਰਾ ਸੰਦੇਸਾ ਨਾਮ ਸੁਣਾਈਆ । ਕਲਜੁਗ ਅੰਤਮ ਪਾਰਬ੍ਰਹਮ ਪਤਿਪਰਮੇਸ਼ਵਰ ਹੋਏ ਪਰਗਟ, ਨਿਰਗੁਣ ਜੋਤ ਜੋਤ ਰੁਸ਼ਨਾਈਆ । ਧਰਮ ਦੁਆਰ ਖੋਲ੍ਹੇ ਇਕੋ ਹੱਟ, ਸਚ ਸਮਗਰੀ ਵਿਚ ਟਿਕਾਈਆ । ਖੇਲੇ ਖੇਲ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਈਆ । ਲਹਿਣਾ ਦੇਣਾ ਚੁਕਾਏ ਤੀਰਥ ਤਟ, ਅਠਸਠ ਗੰਗਾ ਗੋਦਾਵਰੀ ਜਮਨਾ ਸੁਰਸਤੀ ਆਪਣੀ ਝੋਲੀ ਪਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸਰਬ ਜੀਵਾਂ ਦੇਵੇ ਇਕੋ ਮੱਤ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਲੇਖਾ ਜਾਣੇ ਪੰਜ ਤੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੋਜ ਖੋਜਾਈਆ । ਨਿਝਰ ਝਿਰਨਾ ਦੇਵੇ ਰਸ, ਅੰਮ੍ਰਿਤ ਜਾਮ ਇਕ ਪਿਆਈਆ । ਸਾਚੀ ਜੋਤ ਕਰੇ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਘਰ ਗੋਪੀ ਕਾਹਨ ਪਵਾਏ ਰਾਸ, ਸੁਰਤੀ ਸ਼ਬਦੀ ਨਾਚ ਨਚਾਈਆ । ਲੇਖਾ ਜਾਣੇ ਪਵਣ ਸਵਾਸ, ਪਵਣ ਪਵਣਾਂ ਸੋਭਾ ਪਾਈਆ । ਜੁਗ ਚੌਕੜੀ ਵਿਛੜੇ ਜਨ ਭਗਤਾਂ ਪੂਰੀ ਕਰੇ ਆਸ, ਭਗਵਨ ਆਪਣਾ ਭੇਵ ਖੁਲ੍ਹਾਈਆ । ਸਚ ਪ੍ਰੀਤੀ ਪੁਰਖ ਅਕਾਲ ਦੱਸੇ ਇਕੋ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਚਾਰ ਵਰਨ ਅਠਾਰਾਂ ਬਰਨ ਧਰਮ ਬਣਾਏ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਜ਼ਰ ਕੋਇ ਨਾ ਆਈਆ । ਨਾਨਕ ਗੋਬਿੰਦ ਲੇਖਾ ਲਿਖਿਆ ਨਾਲ ਕਲਮ ਦਵਾਤ, ਸ਼ਾਹੀ ਕਾਗ਼ਜ਼ ਸ਼ਹਾਦਤ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਸਾਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਿਹਰਵਾਨ ਪ੍ਰਭ ਪਾਰਬ੍ਰਹਮ, ਦਰ ਤੇਰੀ ਓਟ ਰਖਾਈਆ । ਨਿਹਕਰਮੀ ਕਰ ਆਪਣਾ ਕਰਮ, ਕਰਮ ਕਾਂਡ ਦੇ ਮਿਟਾਈਆ । ਕਲਜੁਗ ਨਈਆ ਡੋਲੇ ਧਰਮ, ਸਚ ਸੁਚ ਨਜ਼ਰ ਕੋਇ ਨਾ ਆਈਆ । ਨੇਤਰ ਰੋਵੇ ਵਰਨ ਬਰਨ, ਧੀਰਜ ਧੀਰ ਨਾ ਕੋਇ ਧਰਾਈਆ । ਨੇਤਰ ਖੁਲ੍ਹੇ ਕਿਸੇ ਨਾ ਹਰਨ ਫਰਨ, ਸਾਧ ਸੰਤ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਡੂੰਘੀ ਕੰਦਰ, ਬੈਠੇ ਧਿਆਨ ਲਗਾਈਆ । ਆਪਣੇ ਮੰਦਰ ਮੂਲ ਨਾ ਚੜ੍ਹਨ, ਦਰ ਦਰ ਘਰ ਘਰ ਭੱਜਣ

ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇ ਸਾਚਾ ਵਰ, ਰਾਹ ਤੱਕੇ ਤੇਰਾ ਸਰਬ ਲੋਕਾਈਆ । ਜਗਤ ਲੋਕਾਈ ਤੱਕੇ ਰਾਹ, ਨੇਤਰ ਨੈਣ ਨੈਣ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬਣੇ ਗਵਾਹ, ਸਚ ਸ਼ਹਾਦਤ ਇਕ ਰਖਾਈਆ । ਵੇਦ ਵਿਆਸ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਗਏ ਸੁਣਾ, ਧੁਰ ਦਾ ਲੇਖਾ ਲੇਖ ਜਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਬੇਪਰਵਾਹ, ਜਿਸ ਦਾ ਨਾ ਕੋਈ ਪਿਤਾ ਨਾ ਕੋਈ ਮਾਈਆ । ਸਾਚਾ ਮੰਦਰ ਦਏ ਸੁਹਾ, ਸੰਬਲ ਆਪਣਾ ਡੇਰਾ ਲਾਈਆ । ਗੋਬਿੰਦ ਸੂਰਾ ਲਏ ਜਗਾ, ਜਾਗਰਤ ਜੋਤ ਜੋਤ ਰੁਸ਼ਨਾਈਆ । ਨਾਮ ਖੰਡਾ ਖੜਗ ਲਏ ਚਮਕਾ, ਚੰਡ ਪਰਚੰਡ ਰੂਪ ਵਟਾਈਆ । ਬ੍ਰਹਿਮੰਡ ਖੰਡ ਦੋ ਜਹਾਨ ਵੇਖੇ ਥਾਉਂ ਥਾਂ, ਵਿਸ਼ਨ ਬ੍ਰਹਮਾ ਸ਼ਿਵ ਸੋਇਆ ਕੋਇ ਰਹਿਣ ਨਾ ਪਾਈਆ । ਸਚ ਸੰਦੇਸ਼ਾ ਨਿਰਗੁਣ ਨਿਰਵੈਰ ਪੁਰਖ ਅਕਾਲ ਦੇਵੇ ਆ, ਦੋ ਜਹਾਨਾਂ ਇਕੋ ਵਾਰ ਸੁਣਾਈਆ । ਪਾਰਬ੍ਰਹਮ ਪ੍ਰਭ ਸਭ ਦਾ ਸਚ ਮਲਾਹ, ਪਰਵਰਦਿਗਾਰ ਬੇੜਾ ਇਕ ਵਖਾਈਆ । ਰਾਮ ਰਮਈਆ ਹਰ ਘਟ ਨਜ਼ਰੀ ਜਾਏ ਆ, ਸਾਚਾ ਕਾਹਨ ਬਣੇ ਸ਼ਹਿਨਸ਼ਾਹੀਆ । ਇਕੋ ਨੌਬਤ ਨਾਮ ਦਏ ਵਜਾ, ਡੰਕਾ ਆਪਣੇ ਹੱਥ ਰਖਾਈਆ । ਕੂੜੀ ਕਿਰਿਆ ਚਾਰ ਕੁੰਟ ਦਹਿ ਦਿਸ਼ਾ ਜੂਠ ਝੂਠ ਡੇਰਾ ਦੇਵੇ ਢਾਹ, ਮਾਇਆ ਮਮਤਾ ਹਉਮੇ ਹੰਗਤਾ ਮੇਟ ਮਿਟਾਈਆ । ਸਾਚਾ ਮੰਤਰ ਇਕੋ ਇਕ ਦਏ ਦ੍ਰਿੜਾ, ਸਾਚਾ ਸੋਹਲਾ ਰਾਗ ਸੁਣਾਈਆ । ਬਣੇ ਵਿਚੋਲਾ ਆਪ ਖ਼ੁਦਾ, ਖ਼ੁਦਗ਼ਰਜ਼ੀ ਸਭ ਦੀ ਦਏ ਗਵਾਈਆ । ਮਾਰਗ ਦੱਸੇ ਇਕੋ ਸਿਧਾ, ਕਲਮਾ ਇਕੋ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਸਚ ਸੰਦੇਸ਼ ਦੇਵੇ ਭਗਵਾਨ, ਸ਼ਬਦੀ ਸ਼ਬਦੀ ਢੋਲਾ ਗਾਇੰਦਾ । ਪਤਿਪਰਮੇਸ਼ਵਰ ਹੋ ਮਿਹਰਵਾਨ, ਮਿਹਰ ਨਜ਼ਰ ਨੈਣ ਉਠਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰੱਖੇ ਇਕ ਧਿਆਨ, ਵਡ ਧਿਆਨੀ ਆਪ ਜਣਾਇੰਦਾ । ਪਰਗਟ ਹੋਵੇ ਨੌਜਵਾਨ, ਜੋਧਾ ਸੂਰਬੀਰ ਬਲ ਆਪਣਾ ਆਪ ਰਖਾਇੰਦਾ । ਜੋਤੀ ਜੋਤ ਜੋਤ ਜਗੇ ਮਹਾਨ, ਪੰਜ ਤਤ ਨਜ਼ਰ ਕੋਇ ਨਾ ਆਇੰਦਾ । ਮਨ ਮਤ ਬੁਧ ਸਕੇ ਨਾ ਕੋਇ ਪਹਿਚਾਨ, ਅਨਭਵ ਆਪਣਾ ਖੇਲ ਖਲਾਇੰਦਾ । ਸ਼ਾਹੋ ਭੂਪ ਬਣ ਰਾਜਾਨ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਸਚ ਦੁਆਰ ਖੋਲ੍ਹ ਦੁਕਾਨ, ਚੌਦਾਂ ਹੱਟ ਫੋਲ ਫੋਲਾਇੰਦਾ । ਚੌਦਾਂ ਤਬਕਾਂ ਵੇਖੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਕਰਨ ਅਰਦਾਸ, ਅਰਦਾਸਾ ਇਕੋ ਇਕ ਸੁਧਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਤੇਰੀ ਓਟ ਰਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕੀਤਾ ਨਾਸ, ਥਿਰ ਕੋਇ ਰਹਿਣ ਨਾ ਪਾਈਆ । ਜੁਗ ਚੌਕੜੀ ਤੇਰਾ ਕੰਮ ਇਕੋ ਖ਼ਾਸ, ਖ਼ਾਹਸ਼ ਆਪਣੀ ਪੂਰ ਕਰਾਈਆ । ਕਲਜੁਗ ਅੰਤਮ ਸਭ ਦਾ ਦੇ ਸਾਥ, ਇਕਾਵਨ ਬਾਵਨ ਤੇਰੀ ਓਟ ਰਖਾਈਆ । ਸੱਤਰ ਮੰਗਣ ਦੋਏ ਦੋਏ ਜੋੜ ਹਾਥ, ਬਹੱਤਰ ਤੇਰੀ ਓਟ ਤਕਾਈਆ । ਚੁਹੱਤਰ ਕਹਿਣ ਦੀਨਾਂ ਨਾਥ, ਅਨਾਥਾਂ ਤੇਰੀ ਸਚ ਸਰਨਾਈਆ । ਚਾਰ ਚਾਰ ਕਹਿਣ ਪਰਗਟ ਹੋ ਪੁਰਖ ਸਮਰਾਥ, ਸਮਰਥ ਦਾਤੇ ਬੇਪਰਵਾਹੀਆ । ਪੰਜ ਪੰਜ ਕਹਿਣ ਤੇਰਾ ਵੇਖੀਏ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਆਪਣਾ ਵਰ, ਦੂਜੇ ਦਰ ਮੰਗਣ ਨਾ ਜਾਈਆ । ਦੇਵਣਹਾਰਾ ਏਕੋ ਏਕ, ਏਕੰਕਾਰਾ ਆਪ ਜਣਾਇੰਦਾ । ਨਿਰਗੁਣ ਰੱਖੇ ਨਿਰਗੁਣ ਟੇਕ, ਸਰਗੁਣ ਸਰਗੁਣ ਵੇਖ ਵਖਾਇੰਦਾ ।

ਜੋਤੀ ਜਾਮਾ ਧਰੇ ਭੇਖ, ਸਾਚਾ ਰਾਮਾ, ਰੂਪ ਰੰਗ ਰੇਖ ਨਾ ਕੋਇ ਬਣਾਇੰਦਾ । ਨਿਰਵੈਰ ਹੋ ਕੇ ਪਹਿਰੇ ਜਾਮਾ, ਨਿਰਾਕਾਰ ਆਪਣੀ ਕਾਰ ਕਮਾਇੰਦਾ । ਸੇਵਾਦਾਰ ਹੋ ਕੇ ਬਣੇ ਕਾਮਾ, ਸੇਵਕ ਆਪਣਾ ਰੂਪ ਵਟਾਇੰਦਾ । ਸਰਬ ਜੀਆਂ ਹੋਵੇ ਅੰਤਰਜਾਮਾ, ਘਟ ਘਟ ਵੇਖ ਵਖਾਇੰਦਾ । ਲੱਖ ਚੁਰਾਸੀ ਦੇਵਣਹਾਰਾ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਧਰਮ ਵਖਾਏ ਇਕ ਨਿਸ਼ਾਨਾ, ਦੋ ਜਹਾਨਾਂ ਆਪ ਝੁਲਾਇੰਦਾ । ਕਲਜੁਗ ਕੂੜਾ ਮਿਟੇ ਜਹਾਨਾ, ਲੋਕਮਾਤ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਸਮਝਾਏ ਪੁਰਖ ਸਮਰਥ, ਬੇਪਰਵਾਹ ਆਪ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌ ਚਾਰ ਚਲਾਵਣਹਾਰਾ ਰਥ, ਮਹਾਂਸਾਰਥੀ ਫੇਰਾ ਪਾਈਆ । ਬੋਧ ਅਗਾਧ ਸ਼ਬਦ ਨਾਦ ਬਾਣੀ ਗੁਰੂ ਸੁਣਾਏ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਲਹਿਣਾ ਦੇਣਾ ਚੁਕਾਏ ਹੱਥੋ ਹੱਥ, ਅੰਤ ਉਧਾਰ ਨਾ ਕੋਇ ਜਣਾਈਆ । ਕਲਜੁਗ ਕੂੜੀ ਕਿਰਿਆ ਜੂਠ ਝੂਠ ਮਾਇਆ ਮਮਤਾ ਹਉਮੇ ਹੰਗਤਾ ਆਪਣੇ ਖਾਤੇ ਲਏ ਘੱਤ, ਜਿਸ ਖਾਤਿਉਂ ਬਾਹਰ ਕਢਾਈਆ । ਸਭ ਦੀ ਮੇਟੇ ਮਨ ਮਤ, ਮਨ ਕਾ ਮਣਕਾ ਆਪ ਭਵਾਈਆ । ਇਕ ਜਣਾਏ ਸੱਚੀ ਗੁਰਮਤ, ਗੁਰ ਸ਼ਬਦੀ ਬੂਝ ਬੁਝਾਈਆ । ਬਿਨ ਸਤਿਗੁਰ ਸ਼ਬਦ ਦੂਜਾ ਨਹੀਂ ਕੋਈ ਸਮਰਥ, ਪੰਜ ਤਤ ਕੰਮ ਕਿਸੇ ਨਾ ਆਈਆ । ਪੁਰਖ ਅਕਾਲ ਦੀਨ ਦਿਆਲ ਅੱਗੇ ਜੋੜੇ ਹੱਥ, ਦਾਤਾ ਦਾਨੀ ਇਕੋ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਜਿਸ ਦਾ ਨਾਮ ਚਲੌਂਦੇ ਹੱਟ, ਬਣ ਵਣਜਾਰੇ ਸੇਵ ਕਮਾਈਆ । ਅੰਤਮ ਸਾਰੇ ਉਚੀ ਕੂਕ ਪੁਕਾਰ ਗਏ ਦੱਸ, ਸੋਹਲਾ ਢੋਲਾ ਰਾਗ ਸੁਣਾਈਆ । ਹਉਂ ਬਾਲਕ ਸਾਰੇ ਨਿਰਗੁਣ ਸਰਗੁਣ ਦੇ ਵਸ, ਉਹ ਸਾਹਿਬ ਸਚਾ ਪਿਤਾ ਮਾਈਆ । ਜਿਉਂ ਭਾਵੇ ਤਿਉਂ ਲਏ ਰੱਖ, ਸਦ ਭਾਣੇ ਵਿਚ ਸਮਾਈਆ । ਜਨ ਭਗਤਾਂ ਨੇਤਰ ਖੋਲ੍ਹ ਦੇਵੇ ਅੱਖ, ਪੜਦਾ ਦੂਈ ਦਵੈਤ ਉਠਾਈਆ । ਨਿਰਗੁਣ ਪਰਗਟ ਹੋਵੇ ਪਰਤੱਖ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਸਭ ਦੀ ਲੱਜਿਆ ਲਏ ਰੱਖ, ਜੋ ਜਨ ਬੈਠਣ ਧਿਆਨ ਲਗਾਈਆ । ਵਸਣਹਾਰਾ ਘਟ ਘਟ, ਅੰਤਰਜਾਮੀ ਫੇਰਾ ਪਾਈਆ । ਸਾਚਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਹੁਕਮ ਵਰਤਾਈਆ । ਕਲਜੁਗ ਕੂੜਾ ਖੇੜਾ ਕਰੇ ਭੱਠ, ਅਗਨੀ ਜੋਤ ਲੰਬੂ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਆਪ ਜਣਾਈਆ । ਧੁਰ ਦਾ ਲੇਖਾ ਦੱਸੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਅੰਤਮ ਵੇਖੇ ਸ੍ਰਿਸ਼ਟ ਸਬਾਈ ਪਾਪ, ਦੋ ਜਹਾਨਾਂ ਪੜਦਾ ਲਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਰਸਨਾ ਜਿਹਵਾ ਗਏ ਆਖ, ਆਖਰ ਲੇਖਾ ਸਭ ਦਾ ਦਏ ਮੁਕਾਈਆ । ਦੋ ਜਹਾਨ ਸ੍ਰੀ ਭਗਵਾਨ ਬੰਦ ਕਿਵਾੜੀ ਖੋਲ੍ਹ ਤਾਕ, ਸਚਖੰਡ ਨਿਵਾਸੀ ਥਿਰ ਘਰ ਦੁਆਰੇ ਹਰਿ ਨਿਰੰਕਾਰੇ ਸ਼ਬਦੀ ਸੁੱਤ ਅਬਿਨਾਸ਼ੀ ਅਚੁਤ ਆਪਣਾ ਦੀਪਕ ਲਏ ਜਗਾਈਆ । ਉਠ ਲਾਡਲੇ ਮੇਰੇ ਪੁੱਤ, ਤੇਰਾ ਵੇਲਾ ਵਕਤ ਗਿਆ ਆਈਆ । ਜਾ ਕੇ ਵੇਖ ਸੁਹੰਜਣੀ ਰੁੱਤ, ਚਾਰੋ ਕੁੰਟ ਕਰ ਰੁਸ਼ਨਾਈਆ । ਜੋ ਤੇਰੇ ਨਾਲੋ ਗਏ ਰੁੱਠ, ਤਿਨ੍ਹਾਂ ਰੁਸਿਆਂ ਲੈ ਮਨਾਈਆ । ਬਚਿਆ ਰਹੇ ਨਾ ਕੋਈ ਕਿਸੇ ਗੁੱਠ, ਨੌ ਖੰਡ ਪ੍ਰਿਥਮੀ ਸਤ ਦੀਪ ਨਾਮ ਸੁਨੇਹੜਾ ਦੇਣਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਸਮਝਾਈਆ । ਸਾਚਾ ਹੁਕਮ ਸੁਣ ਗੀਤ, ਸ਼ਬਦ ਦੁਲਾਰੇ ਹਰਿ ਜਣਾਇੰਦਾ । ਜਾ ਕੇ ਦੱਸ ਮੰਦਰ ਮਸੀਤ, ਸ਼ਿਵਦਵਾਲੇ ਮੱਠ

ਤੇਰੀ ਸੇਵ ਲਗਾਇੰਦਾ । ਕਲਜੁਗ ਜੀਵੋ ਬਦਲੋ ਆਪਣੀ ਨੀਤ, ਸਾਹਿਬ ਸੁਆਮੀ ਦੂਰ ਦੁਰਾਡਾ ਵੇਖ ਵਖਾਇੰਦਾ । ਵੁਜ਼ੂ ਕਰ ਕਰ ਕਿਉਂ ਹੋਏ ਪਲੀਤ, ਪਾਕ ਰਸੂਲ ਨਜ਼ਰ ਕਿਉਂ ਨਹੀਂ ਆਇੰਦਾ । ਪਰਵਰਦਿਗਾਰ ਸਦਾ ਅਤੀਤ, ਤ੍ਰੈਗੁਣ ਵਿਚ ਨ ਕਦੇ ਸਮਾਇੰਦਾ । ਸਦੀ ਚੌਧਵੀਂ ਰਹੀ ਬੀਤ, ਵੇਲਾ ਗਿਆ ਹੱਥ ਨਾ ਆਇੰਦਾ । ਈਸਾ ਮੂਸਾ ਮੁਹੰਮਦ ਨੇਤਰ ਰੋਵਣ ਖੜੇ ਨਜ਼ਦੀਕ, ਉਮਤ ਉਮਤੀ ਸਾਰ ਕੋਇ ਨਾ ਪਾਇੰਦਾ । ਅੱਲਾ ਰਾਣੀ ਕਹੇ ਮੇਰੇ ਚਾਰ ਯਾਰ ਸ਼ਰੀਕ, ਸ਼ਿਰਕਤ ਮਾਤ ਨਾ ਕੋਇ ਗਵਾਇੰਦਾ । ਚਾਰੋ ਕੁੰਟ ਅੰਧੇਰਾ ਤਾਰੀਕ, ਨੂਰੀ ਚੰਦ ਨਜ਼ਰ ਕੋਇ ਨਾ ਆਇੰਦਾ । ਸਚ ਮਹਿਬੂਬ ਕਰੇ ਨਾ ਕੋਇ ਪ੍ਰੀਤ, ਕਲਮਾ ਨਬੀ ਨਾ ਕੋਇ ਪੜ੍ਹਾਇੰਦਾ । ਤੇਰਾ ਮਿਲੇ ਨਾ ਕੋਇ ਸਬੂਤ, ਸਾਬਤ ਸੂਰਤ ਨੇਤਰ ਨੈਣ ਨਾ ਕੋਇ ਵਖਾਇੰਦਾ । ਬਿਨ ਤੇਰੇ ਕਲਮੇ ਪੰਜ ਤਤ ਖ਼ਾਲੀ ਦਿਸੇ ਕਲਬੂਤ, ਮੱਕਾ ਕਾਅਬਾ ਸਾਚਾ ਹੁਜਰਾ ਉਚ ਮਹਿਰਾਬ ਡੇਰਾ ਕੋਈ ਨਾ ਲਾਇੰਦਾ । ਬਿਨ ਤੇਰੇ ਕੋਈ ਨਾ ਕਰੇ ਮਹਿਫੂਜ਼, ਝੂਠੀ ਮਜਲਸ ਮੁਲਾਂ ਸ਼ੇਖ਼ ਸਰਬ ਵਖਾਇੰਦਾ । ਪ੍ਰਭ ਜੀ ਤੇਰਾ ਸ਼ਬਦ ਇਕ ਜਾਸੂਸ, ਦੋ ਜਹਾਨਾਂ ਘਰ ਘਰ ਵੇਖ ਵਖਾਇੰਦਾ । ਕਲਜੁਗ ਅੰਤ ਸੱਚੇ ਕਿਰਪਾਨਿਧਾਨ ਨਾ ਬਣੀਂ ਕੰਜੂਸ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਕੋਲੋ ਇਕੋ ਮੰਗ ਮੰਗਾਇੰਦਾ । ਕੂੜੀ ਕਿਰਿਆ ਕਰ ਮਾਕੂਫ਼, ਧੁਰ ਦਾ ਹੁਕਮ ਤੇਰਾ ਇਕੋ ਨਜ਼ਰੀ ਆਇੰਦਾ । ਤੇਰੇ ਧਿਆਨ ਅੰਦਰ ਸਰਬ ਮਸਰੂਫ਼, ਨੇਤਰ ਨੈਣ ਸਰਬ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਭੇਜ ਦੇਣਾ ਦੂਤ, ਦੂਤੀ ਦੁਸ਼ਟ ਸਰਬ ਮੁਕਾਇੰਦਾ । ਸ੍ਰੀ ਭਗਵਾਨ ਪਿਆ ਹੱਸ, ਸਚਖੰਡ ਨਿਵਾਸੀ ਖ਼ੁਸ਼ੀ ਮਨਾਈਆ । ਸਾਰੇ ਕਹੋ ਸਾਡੀ ਹੋਈ ਬੱਸ, ਪ੍ਰਭ ਤੇਰੀ ਓਟ ਤਕਾਈਆ । ਮੈਂ ਸੰਦੇਸ਼ਾ ਦੇਵਾਂ ਇਕੋ ਸਚ, ਸਚ ਸੁਨੇਹੜਾ ਦਿਆਂ ਜਣਾਈਆ । ਲੋਕਮਾਤ ਨਿਰਗੁਣ ਧਾਰ ਵੇਖਾਂ ਜਾ ਕੇ ਨੱਠ, ਬਣ ਪਾਂਧੀ ਪੰਧ ਮੁਕਾਈਆ । ਸ੍ਰਿਸ਼ਟ ਸਬਾਈ ਤਪਦਾ ਖੇੜਾ ਠੰਡਾ ਹੋਏ ਭੱਠ, ਅਗਨੀ ਅੱਗ ਰੂਪ ਰਹਿਣ ਨਾ ਪਾਈਆ । ਚਾਰ ਵਰਨਾਂ ਦੇਵਾਂ ਇਕੋ ਮਤ, ਦੀਨ ਮਜ਼੍ਹਬ ਲਾਈਨ ਰਹਿਣ ਕੋਇ ਨਾ ਪਾਈਆ । ਦੁਆਰ ਖੋਲ੍ਹਾਂ ਇਕੋ ਹੱਟ, ਸਾਚਾ ਸੌਦਾ ਨਾਮ ਵਿਕਾਈਆ । ਚਾਰੋ ਕੁੰਟ ਨਜ਼ਰੀ ਆਏ ਇਕ ਪੁਰਖ ਸਮਰਥ, ਇਸ਼ਟ ਦੇਵ ਸੁਆਮੀ ਦ੍ਰਿਸ਼ਟ ਸਭ ਦੀ ਆਪ ਖੁਲ੍ਹਾਈਆ । ਬੀਸ ਬੀਸਾ ਹੋ ਪਰਤੱਖ, ਪਰਤੱਖ ਆਪਣਾ ਰਾਹ ਚਲਾਈਆ । ਜਨ ਭਗਤਾਂ ਖੋਲ੍ਹ ਅੰਤਰ ਅੱਖ, ਆਤਮ ਪਰਮਾਤਮ ਦੇ ਬੁਝਾਈਆ । ਸ਼ਬਦ ਨਾਅਰਾ ਬੋਲ ਅਲੱਖ, ਸਚ ਜੈਕਾਰਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਲੇਖਾ ਦਏ ਚੁਕਾਈਆ । ਕਲਜੁਗ ਲੇਖਾ ਜਾਏ ਚੁੱਕ, ਲੋਕਮਾਤ ਰਹਿਣ ਨਾ ਪਾਈਆ । ਕੂੜੀ ਕਿਰਿਆ ਪੈਂਡਾ ਜਾਏ ਮੁੱਕ, ਪਾਂਧੀ ਰੂਪ ਨਾ ਕੋਇ ਵਟਾਈਆ । ਪੁਰਖ ਅਕਾਲ ਜਾਏ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਜੁਗ ਸਾਚਾ ਪਏ ਉਠ, ਗੂੜ੍ਹੀ ਨੀਂਦ ਪੜਦਾ ਲਾਹੀਆ । ਤਿੰਨ ਜੁਗ ਜੋ ਬੈਠਾ ਰਿਹਾ ਚੁੱਪ, ਅੰਤ ਆਪਣੀ ਲਏ ਅੰਗੜਾਈਆ । ਉਚੀ ਕੂਕ ਕਹੇ ਮੁਖ, ਪ੍ਰਭੂ ਤੇਰੀ ਇਕ ਸਰਨਾਈਆ । ਮੈਨੂੰ ਕੋਈ ਨਾ ਆਵੇ ਦੁੱਖ, ਦਰਦ ਲੱਗੇ ਕੋਈ ਨਾ ਰਾਈਆ । ਮੈਂ ਸੀਸ ਨਿਵਾਵਾਂ ਝੁਕ, ਹੰਕਾਰ ਵਿਕਾਰ ਮੇਰੇ ਵਿਚ ਨਾ ਕੋਇ ਦਸਾਈਆ । ਮੈਂ ਤੇਰਾ ਲਾਡਲਾ ਪੁੱਤ, ਤੂੰ ਮੇਰਾ ਪਿਤਾ ਮਾਈਆ । ਸਚ ਸੁਹਾਉਣੀ ਸੱਚੀ ਰੁੱਤ, ਰਤ ਆਪਣੇ ਨਾਮ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੀਸ ਜਗਦੀਸ ਅਸੀਸ ਇਕ ਰਖਾਈਆ । ਉਠ ਸੁੱਤ ਪਿਆਰੇ ਲਾਲ, ਸ੍ਰੀ ਭਗਵਾਨ ਦਇਆ ਕਮਾਇੰਦਾ । ਸਾਚਾ

ਮਾਰਗ ਦਏ ਸਿਖਾਲ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਇਕੋ ਇਸ਼ਟ ਜਣਾਉਣਾ ਪੁਰਖ ਅਕਾਲ, ਦੂਜਾ ਦੇਵ ਨਜ਼ਰ ਕੋਇ ਨਾ ਆਇੰਦਾ । ਲੋਕਮਾਤ ਸਚ ਬਣਾਉਣੀ ਧਰਮਸਾਲ, ਭਗਤ ਭਗਵਾਨ ਮੇਲ ਮਿਲਾਇੰਦਾ । ਜਾ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣਾ ਹੁਕਮ ਸੁਣਾਇੰਦਾ । ਜੋ ਪਾਰਬ੍ਰਹਮ ਦੀ ਘਾਲਣ ਰਹੇ ਘਾਲ, ਤਿਨ੍ਹਾਂ ਤੇਰੇ ਨਾਲ ਰਲਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਵਖਾਇੰਦਾ । ਲੇਖਾ ਮੁਕਾ ਸ਼ਾਹ ਕੰਗਾਲ, ਚਾਰ ਵਰਨ ਇਕੋ ਘਰ ਬਹਾਇੰਦਾ । ਸ਼ਬਦ ਗੁਰੂ ਗੁਰਦੇਵ ਬਣ ਦਲਾਲ, ਸਤਿਗੁਰ ਸਾਚੀ ਸੇਵ ਕਮਾਇੰਦਾ । ਦੀਪਕ ਦੀਆ ਇਕੋ ਬਾਲ, ਜੋਤੀ ਜਾਤਾ ਡਗਮਗਾਇੰਦਾ । ਅੰਮ੍ਰਿਤ ਆਤਮ ਜਾਮ ਦਏ ਪਿਆਲ, ਨਿਝਰ ਝਿਰਨਾ ਆਪ ਝਿਰਾਇੰਦਾ । ਸਾਚਾ ਮੰਦਰ ਦਏ ਵਖਾਲ, ਧਰਮ ਦੁਆਰੇ ਕੁੰਡਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਆਪ ਸਮਝਾਇੰਦਾ । ਸਤਿਜੁਗ ਸਾਚੇ ਜਾਣਾ ਉਠ, ਸੋ ਸਾਹਿਬ ਆਪ ਜਣਾਈਆ । ਪੁਰਖ ਅਕਾਲ ਗਿਆ ਤੁਠ, ਮਿਹਰ ਨਜ਼ਰ ਉਠਾਈਆ । ਤੇਰੀ ਸੁਹਾਏ ਸੁਹੰਜਣੀ ਰੁੱਤ, ਰੁੱਤ ਆਪਣੇ ਨਾਲ ਮਹਿਕਾਈਆ । ਤੇਰਾ ਮਾਲਕ ਅਬਿਨਾਸ਼ੀ ਅਚੁਤ, ਦੂਜਾ ਨਜ਼ਰ ਕੋਈ ਨਾ ਆਈਆ । ਤੇਰਾ ਖ਼ਾਲਕ ਤੇਰੀ ਖ਼ਲਕ ਵੇਖੇ ਅੰਦਰ ਬਾਹਰ ਮੁਖ, ਮੁਖ ਮੁਖੜਾ ਆਪ ਧਵਾਈਆ । ਲੋਕਮਾਤ ਨਾ ਬਹਿਣਾ ਚੁੱਪ, ਜਾ ਕੇ ਹੋਕਾ ਦੇ ਵਾਹੋ ਦਾਹੀਆ । ਸ੍ਰੀ ਭਗਵਾਨ ਜੋ ਸਭ ਦੇ ਅੰਦਰ ਬੈਠਾ ਛੁਪ, ਸੋ ਪੁਰਖ ਨਿਰੰਜਣ ਨਿਰਗੁਣ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸਤਿ ਧਰਮ, ਧਰਮ ਆਤਮਾ ਆਪ ਜਣਾਇੰਦਾ । ਸਤਿਜੁਗ ਤੇਰਾ ਇਕੋ ਕਰਮ, ਹਰਿਜਨ ਸਾਚੇ ਮੇਲ ਮਿਲਾਇੰਦਾ । ਸਤਿਜੁਗ ਤੇਰਾ ਇਕੋ ਵਰਨ, ਵਰਨ ਆਤਮ ਨਜ਼ਰ ਕੋਇ ਨਾ ਆਇੰਦਾ । ਸਤਿਜੁਗ ਤੇਰਾ ਇਕੋ ਅੱਖਰ ਪੜ੍ਹਨ, ਢੋਲਾ ਇਕੋ ਇਕ ਸੁਣਾਇੰਦਾ । ਸਤਿਜੁਗ ਤੇਰਾ ਇਕੋ ਮਾਰਗ ਸਾਰੇ ਚੜ੍ਹਨ, ਰਹਿਬਰ ਇਕੋ ਇਕ ਸਮਝਾਇੰਦਾ । ਸਤਿਜੁਗ ਤੇਰਾ ਦੁਆਰਾ ਇਕੋ ਮੰਗਣ ਸਰਨ, ਸਰਨਗਤ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਸਾਚੀ ਕਾਰ ਕਮਾਇੰਦਾ । ਸਤਿਜੁਗ ਮਿਲਦਾ ਵੇਖ ਵਰ, ਕਲਜੁਗ ਨੈਣ ਉਠਾਈਆ । ਦੋਏ ਜੋੜ ਡਿਗਾ ਸਰਨਾਈ ਦਰ, ਪ੍ਰਭ ਅੱਗੇ ਸੀਸ ਝੁਕਾਈਆ । ਕਿਰਪਾ ਨਿਧਾਨ ਕੀ ਰਿਹਾ ਕਰ, ਤੇਰਾ ਭੇਵ ਕੋਇ ਨਾ ਆਈਆ । ਮੈਂ ਤੇਰੀ ਸੇਵਾ ਕੀਤੀ ਘਰ ਘਰ, ਧੁਰ ਦਾ ਹੁਕਮ ਸੀਸ ਝੁਕਾਈਆ । ਤੇਰਾ ਭੌ ਚੁਕਾਇਆ ਸਭ ਤੇ ਡਰ, ਭਰਮ ਭੁਲਾਈ ਸਰਬ ਲੋਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਬਣਾਇਆ ਗੜ੍ਹ, ਕੂੜੀ ਕਿਰਿਆ ਨਾਲ ਰਲਾਈਆ । ਤ੍ਰੈਗੁਣ ਅਗਨੀ ਵੇਖ ਸ੍ਰਿਸ਼ਟੀ ਰਹੀ ਸੜ, ਅੱਗੇ ਹੋ ਨਾ ਕੋਇ ਬਚਾਈਆ । ਤੇਰੇ ਦੁਆਰੇ ਕੋਈ ਨਾ ਸਕੇ ਵੜ, ਨੌ ਦੁਆਰੇ ਪੰਧ ਨਾ ਕੋਇ ਮੁਕਾਈਆ । ਸੁਰਤੀ ਸ਼ਬਦੀ ਫੜੇ ਨਾ ਕੋਈ ਲੜ, ਸਭ ਦੇ ਪੱਲੂ ਦਿਤੇ ਛੁਡਾਈਆ । ਕਰੇ ਵਿਭਚਾਰੀ ਨਾਰੀ ਨਰ, ਹਰਿ ਕੰਤ ਨਜ਼ਰ ਕਿਸੇ ਨਾ ਆਈਆ । ਕੱਚੇ ਬਿਰਹੋ ਰਹੇ ਝੜ, ਬੇਪਰਵਾਹ ਤੇਰਾ ਹੁਕਮ ਸਮਝ ਕੋਇ ਨਾ ਪਾਈਆ । ਕਿਰਪਾ ਕਰ ਮੇਰੇ ਮਿਹਰਵਾਨ, ਮੈਂ ਇਕੋ ਮੰਗਾ ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਮੇਰਾ ਲੇਖਾ ਪੂਰ ਕਰਾਈਆ । ਕਲਜੁਗ ਕਹੇ ਮੇਰਾ ਪੂਰਾ ਲੇਖਾ, ਪ੍ਰਭ ਅੰਤ ਅੰਤ ਕਰਾਈਆ । ਕਿਸੇ ਨਾ ਰਹੇ ਕੋਈ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ ।

ਬਚਿਆ ਰਹੇ ਨਾ ਕੋਈ ਮੁੱਲਾ ਸ਼ੇਖ਼ਾ, ਮੁਸਾਇਕ ਨਜ਼ਰ ਕੋਇ ਨਾ ਆਈਆ । ਪੰਡਤ ਪਾਂਧਾ ਕੋਈ ਨਾ ਜਾਣੇ ਲੇਖਾ, ਰੇਖਾ ਸਭ ਦੀ ਦੇ ਸਮਝਾਈਆ । ਚਾਰ ਕੁੰਟ ਦਹਿ ਦਿਸ਼ਾ ਸ਼ਾਹ ਪਾਤਸ਼ਾਹ ਨਜ਼ਰ ਕੋਈ ਨਾ ਆਵੇ ਨੇਤਾ, ਰਾਜ ਰਾਜਾਨਾਂ ਖ਼ਾਕ ਦੇ ਮਿਲਾਈਆ । ਫਿਰੇ ਦਰੋਹੀ ਦੇਸ ਪਰਦੇਸਾ, ਨਵ ਨੌ ਰੋਵੇ ਮਾਰੇ ਧਾਹੀਆ । ਪਿਤਾ ਪੁਤ ਰਹੇ ਨਾ ਹੇਤਾ, ਮਾਤ ਗੋਦ ਨਾ ਕੋਇ ਸੁਹਾਈਆ । ਪ੍ਰਭ ਓਸ ਵੇਲੇ ਦਾ ਕਰ ਲੈ ਚੇਤਾ, ਜਿਸ ਵੇਲੇ ਲੋਕਮਾਤ ਮੇਰਾ ਜਨਮ ਦਿਵਾਈਆ । ਤੇਰੇ ਹੁਕਮ ਅੰਦਰ ਖੇਡੀ ਆਣ ਕੇ ਖੇਡਾ, ਕੂੜਾ ਨਾਤਾ ਜੋੜਿਆ ਭੈਣ ਭਾਈਆ । ਸਾਚਾ ਰਿਹਾ ਨਾ ਕਿਸੇ ਹੇਤਾ, ਸੱਜਣ ਸੱਜਣ ਠੱਗੀਆਂ ਰਹੇ ਕਮਾਈਆ । ਬਿਨ ਹਰਿ ਨਾਮੇ ਕਲਜੁਗ ਸੁੰਞਾ ਦਿਸੇ ਖੇਤਾ, ਗੁਰ ਅਵਤਾਰ ਪੀਰ ਪੈਗ਼ੰਬਰ ਰਾਖਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੈਂ ਤੇਰਾ ਛੋਟਾ ਬਾਲਾ ਨਿੱਕਾ, ਚੌਥਾ ਜੁਗ ਸੀਸ ਝੁਕਾਈਆ । ਛੋਟੇ ਬਾਲੇ ਸੁਣ ਬਾਤ, ਸੋ ਸਾਹਿਬ ਆਪ ਜਣਾਈਆ । ਕਲਜੁਗ ਤੇਰਾ ਲੇਖਾ ਲਿਖਿਆ ਕਲਮ ਦਵਾਤ, ਸ਼ਾਹੀ ਕਾਗ਼ਜ਼ ਨਜ਼ਰ ਕੋਇ ਨਾ ਆਈਆ । ਤੇਰਾ ਖੇਲ ਵੇਖਿਆ ਖ਼ੂਬ ਤਮਾਸ਼, ਨਵ ਨੌ ਤੇਰਾ ਰੰਗ ਨਜ਼ਰੀ ਆਈਆ । ਕੂੜੀ ਕਿਰਿਆ ਘਰ ਘਰ ਪਾਈ ਖ਼ਾਹਸ਼, ਖ਼ਾਲਸ ਕੋਈ ਨਾ ਹੱਟ ਵਖਾਈਆ । ਚਾਰ ਵਰਨ ਅਠਾਰਾਂ ਬਰਨ ਕੀਤੇ ਫ਼ਾਸ਼ ਫ਼ਾਸ਼, ਤਿਰਛਾ ਤੀਰ ਇਕ ਚਲਾਈਆ । ਸੰਗੀ ਸਾਥੀ ਕੋਈ ਨਾ ਦੇਵੇ ਸਾਥ, ਗੁਰਮੁਖ ਗੁਰ ਗੁਰ ਤੋੜ ਨਾ ਕੋਇ ਨਿਭਾਈਆ । ਰਸਨਾ ਜਿਹਵਾ ਬੱਤੀ ਦੰਦ ਦਿਵਸ ਰੈਣ ਕਰਦੇ ਸਾਰੇ ਪਾਠ, ਅੰਤਰ ਆਤਮ ਹਿਰਦੇ ਹਰਿ ਨਾ ਕੋਇ ਵਸਾਈਆ । ਚਰਨ ਪ੍ਰੀਤੀ ਕੋਈ ਨਾ ਬੰਨ੍ਹੇ ਨਾਤ, ਸਾਚਾ ਜੋੜ ਜੋੜ ਨਾ ਕੋਇ ਵਖਾਈਆ । ਚਾਰੋ ਕੁੰਟ ਅੰਧੇਰੀ ਰਾਤ, ਵਾਹਵਾ ਤੇਰੀ ਵੱਡੀ ਵਡਿਆਈਆ । ਤੇਰਾ ਨਾਤਾ ਜੁੜਿਆ ਇਕੋ ਇਕ ਪੁਰਖ ਸਮਰਾਥ, ਸਮਰਥ ਪੁਰਖ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭਰਮ ਰਿਹਾ ਚੁਕਾਈਆ । ਕਲਜੁਗ ਵੇਖ ਮਾਰ ਧਿਆਨ, ਧੁਰ ਦੀ ਧਾਰ ਆਪ ਜਣਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਕਾਰ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੰਗਣ ਦਾਨ, ਦਰ ਬੈਠੇ ਸੀਸ ਝੁਕਾਈਆ । ਗੋਬਿੰਦ ਸੂਰਾ ਨੌਜਵਾਨ, ਕਲਗੀ ਤੋੜਾ ਸੀਸ ਟਿਕਾਈਆ । ਜੋਧਾ ਸੂਰਬੀਰ ਬਲਵਾਨ, ਖੜਗ ਖੰਡਾ ਇਕ ਚਮਕਾਈਆ । ਕਿਰਪਾ ਕਰ ਸ੍ਰੀ ਭਗਵਾਨ, ਤੇਰੇ ਅੱਗੇ ਇਕ ਅਰਜੋਈਆ । ਜਿਸ ਛੋਟੇ ਬਾਲ ਨੀਂਹਾਂ ਥੱਲੇ ਦੱਬੇ ਅਵਾਣ, ਤਿਸ ਦਾ ਲੇਖਾ ਦਿਆਂ ਮੁਕਾਈਆ । ਬਿਨ ਚਾਰ ਲੱਖ ਬੱਤੀ ਹਜ਼ਾਰ ਤੇਰੀ ਜੜ ਉਖੜੇ ਜਹਾਨ, ਸਤਿਗੁਰ ਗੋਬਿੰਦ ਰਿਹਾ ਉਖੜਾਈਆ । ਉਹਦਾ ਖੰਡਾ ਮੁੜ ਕੇ ਕਦੀ ਨਾ ਆਵੇ ਵਿਚ ਮਿਆਨ, ਫ਼ੈਸਲਾ ਹੱਕ ਹੱਕ ਕਰਾਈਆ । ਉਸ ਦੇ ਅੱਗੇ ਜਾ ਕੇ ਦੇ ਬਿਆਨ, ਆਪ ਆਪਣਾ ਹਾਲ ਸੁਣਾਈਆ । ਕਰ ਰਹਿਮ ਜੇ ਤੇਰੀ ਕਰੇ ਕਲਿਆਣ, ਕਾਇਰ ਤੇਰਾ ਲੇਖਾ ਦਏ ਮੁਕਾਈਆ । ਕਲਜੁਗ ਰੋਵੇ ਨੈਤਰ ਨੀਰ ਵਹਾਏ ਨੈਣ ਬਾਲੀ ਬੁੱਧ ਅਵਾਣ, ਮੇਰੀ ਸਮਝ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਦਏ ਸਮਝਾਈਆ । ਕਲਜੁਗ ਉਠ ਵੇਖ ਗੋਬਿੰਦ, ਸੂਰਾ ਸਤਿਗੁਰ ਇਕੋ ਨਜ਼ਰੀ ਆਈਆ । ਪੁਰਖ ਅਕਾਲ ਦੀ ਬਣਿਆ ਬਿੰਦ, ਅੰਤ ਗੁਰਦੇਵ ਇਕ ਮਨਾਈਆ । ਤੇਰੀ ਮੇਟੇ ਓਹੋ ਚਿੰਦ, ਦੂਜਾ ਨਜ਼ਰ ਕੋਇ ਨਾ ਆਈਆ । ਗਹਿਰ ਗੰਭੀਰ ਸਾਗਰ ਸਿੰਧ, ਦਇਅਵਾਨ ਦਇਆਵਾਨ ਦਇਆਵਾਨ ਅਖਵਾਈਆ । ਜੇ ਬਖ਼ਸ਼ੇ ਤੇਰੀ ਜਿੰਦ, ਜ਼ਿੰਦਗੀ

ਤੇਰੀ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਕਲਜੁਗ ਕਹੇ ਮੈਨੂੰ ਆਵੇ ਡਰ, ਭੈ ਭਿਆਨਕ ਨਜ਼ਰੀ ਆਈਆ । ਕਿਸ ਬਿਧ ਗੋਬਿੰਦ ਖੇੜੇ ਜਾਵਾਂ ਵੜ, ਮੇਰਾ ਨੇਤਰ ਨੈਣ ਸ਼ਰਮਾਈਆ । ਸੂਰਬੀਰ ਕਿਸ ਬਿਧ ਮੇਰੀ ਕਰਨੀ ਲਏ ਫੜ, ਫੜ ਕੇ ਦਏ ਸਜ਼ਾਈਆ । ਮੇਰੀ ਅੰਤ ਉਖੜੇ ਜੜ੍ਹ, ਬੂਟਾ ਫੇਰ ਨਾ ਕੋਇ ਲਗਾਈਆ । ਮੇਰੇ ਪਿਛੇ ਮੇਰੀ ਖ਼ਾਹਸ਼ ਜਾਏ ਮਰ, ਜੂਠ ਝੂਠ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕੋ ਇਕ ਸਮਝਾਈਆ । ਸਾਚੀ ਸਿਖਿਆ ਦੇਵੇ ਭਗਵਾਨ, ਦੋ ਜਹਾਨਾਂ ਵਾਲੀ ਆਪ ਜਣਾਇੰਦਾ । ਚਰਨ ਕਵਲ ਕਰ ਧਿਆਨ, ਨਿਵਣ ਸੋ ਅੱਖਰ ਇਕ ਸਮਝਾਇੰਦਾ । ਦੋਏ ਜੋੜ ਕਰ ਪਰਨਾਮ, ਸਜਦਾ ਇਕੋ ਇਕ ਵਖਾਇੰਦਾ । ਮੂੰਹੋ ਬੋਲ ਕਹਿਣਾ ਮੈਂ ਬਰਦਾ ਗ਼ੁਲਾਮ, ਗ਼ੁਰਬਤ ਰੂਪ ਨਾ ਕੋਇ ਵਟਾਇੰਦਾ । ਤੂੰ ਸਾਹਿਬ ਸਤਿਗੁਰ ਮਿਹਰਵਾਨ, ਤੇਰੀ ਸਰਨ ਸਰਨਾਈ ਇਕ ਤਕਾਇੰਦਾ । ਹਉਂ ਭੁੱਲਾ ਬਾਲੀ ਬੁੱਧ ਅਵਾਣ, ਦਰ ਤੇਰੇ ਅਲਖ ਜਗਾਇੰਦਾ । ਤੂੰ ਜੋਧਾ ਸੂਰਬੀਰ ਨੌਜਵਾਨ, ਤੇਰਾ ਭੈ ਭੌ ਮੈਥੋ ਝੱਲਿਆ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਸਾਚਾ ਪੜਦਾ ਆਪ ਉਠਾਇੰਦਾ । ਕਲਜੁਗ ਦੂਰ ਦੁਰਾਡਾ ਜਾਏ ਡਰਦਾ, ਨੇਤਰ ਨੈਣਾਂ ਨੀਰ ਵਹਾਈਆ । ਗੋਬਿੰਦ ਗੋਬਿੰਦ ਗੋਬਿੰਦ ਪੜ੍ਹਦਾ, ਅੰਤਰ ਆਤਮ ਇਕ ਆਵਾਜ਼ ਸੁਣਾਈਆ । ਦਰੋਹੀ ਦਰੋਹੀ ਮੈਂ ਤੇਰਾ ਬਰਦਾ, ਤੂੰਹੀ ਤੂੰਹੀ ਨਜ਼ਰੀ ਆਈਆ । ਬਿਨ ਤੇਰੇ ਮੇਰਾ ਲੜ ਕੋਈ ਨਾ ਫੜਦਾ, ਰੁੜ੍ਹਦੀ ਜਾਏ ਜਗਤ ਲੋਕਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਸਭ ਤੈਨੂੰ ਵੇਖ ਪਿਛੇ ਹਟਦਾ, ਤੇਰਾ ਤੇਜ ਝੱਲਿਆ ਨਾ ਜਾਈਆ । ਦੋ ਜਹਾਨ ਤੇਰਾ ਇਕੋ ਝਟਕਾ, ਤੇਰਾ ਵਾਰ ਝੱਲੇ ਨਾ ਕੋਈ ਤੇਰਾ ਖੰਡਾ ਸਕੇ ਨਾ ਅਟਕਾਈਆ । ਮੈਨੂੰ ਇਕੋ ਦਿਸੇ ਖਟਕਾ, ਤੂੰ ਮੇਰੀ ਜੜ੍ਹ ਦੇਣੀ ਉਖੜਾਈਆ । ਤੂੰ ਆਪਣੇ ਕਮਰਕਸੇ ਬੱਧਾ ਆਪਣਾ ਪਟਕਾ, ਸਾਢੇ ਤਿੰਨ ਹੱਥ ਵੰਡ ਵੰਡਾਈਆ । ਤੇਰਾ ਮੇਲ ਪੁਰਖ ਕਰਤਾ, ਕਰਤਾ ਪੁਰਖ ਤੇਰਾ ਪਿਤਾ ਅਖਵਾਈਆ । ਮੈਂ ਜੀਂਵਦਿਆਂ ਜੀਂਵਦਿਆਂ ਤੇਰੇ ਅੱਗੇ ਮਰਦਾ, ਮਰਦ ਮਰਦਾਨੇ ਤੇਰੀ ਸਚ ਸਰਨਾਈਆ । ਦੋਏ ਜੋੜ ਵਾਸਤਾ ਕਰਦਾ, ਨਿਉਂ ਨਿਉਂ ਲਾਗਾਂ ਪਾਈਆ । ਇਕੋ ਮੰਗ ਹੋ ਮੰਗਤਾ ਮੰਗਦਾ, ਮੰਗਣ ਆਇਆ ਬਣ ਕੇ ਪਾਂਧੀ ਰਾਹੀਆ । ਤੇਰੇ ਚਰਨ ਕਵਲ ਕਦੇ ਨਾ ਸੰਗਦਾ, ਸ਼ਰਮ ਹਯਾ ਦਿਤੀ ਗਵਾਈਆ । ਤੇਰਾ ਦੁਆਰ ਤੇਰੀ ਮਿਹਰ ਨਜ਼ਰ ਨਾਲ ਲੰਘਦਾ, ਕਦਮ ਕਦਮ ਤੇਰੇ ਕਦਮਾਂ ਉਤੇ ਟਿਕਾਈਆ । ਤੂੰ ਵੇਖ ਹਾਲ ਮੇਰੇ ਗ਼ਰੀਬ ਘਰ ਦਾ, ਚਾਰ ਕੁੰਟ ਦਹਿ ਦਿਸ਼ਾ ਚਾਰ ਵਰਨ ਅਠਾਰਾਂ ਬਰਨ ਸਾਰੇ ਤੈਥੋ ਦਿਤੇ ਭੁਲਾਈਆ । ਤੇਰੇ ਹੁਕਮੇ ਅੰਦਰ ਮੈਂ ਖੇਲ ਕਰਦਾ, ਨਾਲ ਮੁਹੰਮਦ ਦਏ ਗਵਾਹੀਆ । ਅੱਲਾ ਰਾਣੀ ਖੁੱਲੀ ਮੀਂਢੀ ਕੋਈ ਨਾ ਵਰਦਾ, ਬਣ ਰਕਾਨ ਨੇਤਰ ਨੈਣ ਰੋਵੇ ਮਾਰੇ ਧਾਹੀਆ । ਸਦੀ ਵੀਹਵੀਂ ਮੈਂ ਪੱਲੂ ਤੇਰਾ ਫੜਦਾ, ਲੇਖਾ ਛੁਟੇ ਸਰਬ ਲੋਕਾਈਆ । ਗੋਬਿੰਦ ਸੂਰਾ ਇਸ਼ਾਰਾ ਇਕੋ ਕਰਦਾ, ਸ਼ਬਦ ਇਸ਼ਾਰੇ ਨਾਲ ਸਮਝਾਈਆ । ਪਾਰਬ੍ਰਹਮ ਪਰਮੇਸ਼ਵਰ ਮੈਨੂੰ ਮਰਦ ਬਣਾਇਆ ਵਿਚੋ ਮਰਦਾਂ, ਮਰਦ ਮਰਦਾਨਗੀ ਮੇਰੇ ਹੱਥ ਰਖਾਈਆ । ਅੱਗੇ ਫੇਰ ਦੱਸੂੰ ਖੇਲ ਤੇਰੇ ਘਰ ਦਾ, ਪੰਦਰਾਂ ਕੱਤਕ ਰੁੱਤ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਨਰਾਇਣ ਇਕੋ ਜਾਤਾ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰ ਚਲਾਈਆ ।

## ✪ ੧੧ ਅੱਸੂ ੨੦੨੦ ਬਿਕਰਮੀ ਗੁਰਦੀਪ ਸਿੰਘ ਦੇ ਗ੍ਰਿਹ ਪਿੰਡ ਤੂਤ ਜ਼ਿਲਾ ਫ਼ਿਰੋਜ਼ਪੁਰ ✪

ਸਤਿਗੁਰ ਪੂਰਾ ਦਇਆ ਕਮਾਇੰਦਾ । ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਗਿਆਨਵੰਤ ਸਾਚਾ ਗਿਆਨ, ਨਾਮ ਨਿਧਾਨ ਬੂਝ ਬੁਝਾਇੰਦਾ । ਜੋਬਨਵੰਤਾ ਨੌਜਵਾਨ, ਨੌਬਤ ਇਕੋ ਨਾਮ ਸੁਣਾਇੰਦਾ । ਘਰ ਮੰਦਰ ਕਰ ਪਹਿਚਾਨ, ਗ੍ਰਿਹ ਆਪਣਾ ਆਸਣ ਲਾਇੰਦਾ । ਗੁਰਮੁਖ ਸੱਜਣ ਸੁਹੇਲੇ ਚਤੁਰ ਸੁਘੜ ਸੁਜਾਨ, ਸੋਝੀ ਆਤਮ ਪਰਮਾਤਮ ਆਪ ਸਮਝਾਇੰਦਾ । ਕੂੜੀ ਕਿਰਿਆ ਮੇਟ ਨਿਸ਼ਾਨ, ਨਿਸ਼ਾਨਾ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਮੇਲ ਮਿਲਾਇੰਦਾ । ਹਰਿਜਨ ਮੇਲਾ ਗੋਬਿੰਦ ਧਾਰ, ਹਰਿ ਕਰਤਾ ਆਪ ਕਰਾਇੰਦਾ । ਜੁਗ ਚੌਕੜੀ ਵੇਖ ਵਿਚਾਰ, ਜੀਵ ਜਹਾਨੀ ਖੋਜ ਖੋਜਾਇੰਦਾ । ਸੰਤ ਸੁਹੇਲੇ ਸਤਿ ਉਠਾਲ, ਆਪ ਆਪਣਾ ਭੇਵ ਚੁਕਾਇੰਦਾ । ਜਨਮ ਜਨਮ ਦੀ ਵੇਖੇ ਕੀਤੀ ਘਾਲ, ਕੀਤੀ ਘਾਲ ਲੇਖੇ ਲਾਇੰਦਾ । ਸਤਿਗੁਰ ਹੋ ਕੇ ਬਣੇ ਦਲਾਲ, ਸਚ ਦਲਾਲੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲਾਇੰਦਾ । ਖੋਲ੍ਹੇ ਭੇਵ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਵਡ ਵਡਿਆਈਆ । ਹਰਿਜਨ ਹਰਿਜਨ ਪੂਰੀ ਕਰੇ ਆਸ, ਆਸਾ ਮਨਸਾ ਮੇਲ ਮਿਲਾਈਆ । ਲੇਖਾ ਜਾਣੇ ਸਰਬ ਗੁਣਤਾਸ, ਗੁਣਵੰਤਾ ਵਡ ਵਡਿਆਈਆ । ਜਨ ਭਗਤਾਂ ਖ਼ਾਤਰ ਆਏ ਖ਼ਾਸ, ਖ਼ਾਲਸ ਆਪਣਾ ਨਾਮ ਜਪਾਈਆ । ਸਾਢੇ ਤਿੰਨ ਹੱਥ ਵੇਖੇ ਜੰਗਲ ਜੂਹ ਪਰਭਾਸ, ਡੂੰਘੀ ਭਵਰੀ ਫੋਲ ਫੋਲਾਈਆ । ਲੇਖ ਚੁਕਾਏ ਪਵਣ ਸਵਾਸ, ਸਵਾਸ ਸਵਾਸਾਂ ਨਾਲ ਰਲਾਈਆ । ਅੰਦਰ ਬਾਹਰ ਬਾਹਰ ਅੰਦਰ ਦੇਵੇ ਸਾਥ, ਸੱਚਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਦੇਵੇ ਆਪਣਾ ਗਿਆਨ, ਧਿਆਨ ਇਕੋ ਚਰਨ ਰਖਾਈਆ ।

## ✪ ੧੧ ਅੱਸੂ ੨੦੨੦ ਬਿਕਰਮੀ ਗੁਰਦੇਵ ਕੌਰ ਦੇ ਗ੍ਰਿਹ ਪਿੰਡ ਗੋਲੇ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸਤਿਜੁਗ ਕਹੇ ਪੁਰਖ ਅਬਿਨਾਸ਼, ਪ੍ਰਭ ਤੇਰੀ ਓਟ ਤਕਾਈਆ । ਵਸਤ ਅਮੋਲਕ ਦੇ ਦਾਤ, ਸਚ ਖ਼ਜ਼ੀਨਾ ਝੋਲੀ ਪਾਈਆ । ਚਰਨ ਕਵਲ ਬਖ਼ਸ਼ ਸਾਚਾ ਨਾਤ, ਚਰਨੋਦਕ ਇਕੋ ਮੁਖ ਚੁਆਈਆ । ਸ਼ਬਦ ਅਨਾਦ ਸੁਣਾ ਗਾਥ, ਢੋਲਾ ਸੋਹਲਾ ਇਕ ਪੜ੍ਹਾਈਆ । ਅੰਦਰ ਬਾਹਰ ਰਹਿਣਾ ਸਾਥ, ਵਿਛੜ ਕਦੇ ਨਾ ਜਾਈਆ । ਮੰਡਲ ਮੰਡਪ ਪਾਉਣੀ ਰਾਸ, ਗੋਪੀ ਕਾਹਨ ਨਾਚ ਨਚਾਈਆ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜੋਤ ਜੋਤ ਰੁਸ਼ਨਾਈਆ । ਲੇਖਾ ਜਾਣ ਪਵਣ ਸਵਾਸ, ਘਟ ਘਟ ਮੇਲ ਮਿਲਾਈਆ । ਕੀਤਾ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਫੇਰਾ ਪਾਈਆ । ਮੇਰੀ ਠਾਕਰ ਪੂਰੀ ਕਰਨੀ ਆਸ, ਮਿਹਰ ਨਜ਼ਰ ਇਕ ਉਠਾਈਆ । ਦਾਤੇ ਦਾਨੀ ਵਡ ਗੁਣਤਾਸ, ਗਹਿਰ ਗੰਭੀਰ ਤੇਰੀ ਸਰਨਾਈਆ । ਸਾਚੀ ਕਰਨੀ ਪੂਰੀ ਖਾਹਸ਼, ਖ਼ਾਹਸ਼ ਇਕੋ ਇਕ ਰਖਾਈਆ । ਮੈਂ ਰਹਾਂ ਤੇਰਾ ਦਾਸ, ਬਣ ਸੇਵਕ ਸੇਵ ਕਮਾਈਆ । ਮੈਨੂੰ ਦੱਸਣਾ ਇਕੋ ਗੁਰੂ ਮਹਾਰਾਜ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਜੋ ਜੁਗ ਚੌਕੜੀ ਕਰੇ ਕਾਜ, ਕਰਤਾ ਆਪਣੀ ਕਾਰ ਕਮਾਈਆ । ਜਿਸ ਦਾ ਦੋ ਜਹਾਨ

ਸਾਜਣ ਸਾਜ, ਪੁਰੀ ਲੋਅ ਬ੍ਰਹਿਮੰਡ ਖੰਡ ਰਚਨ ਰਚਾਈਆ । ਜਿਸ ਦੀ ਨਾਦ ਸ਼ਬਦ ਧੁਨ ਸੱਚੀ ਆਵਾਜ਼, ਦਰਗਾਹ ਸਾਚਾ ਰਾਗ ਅਲਾਈਆ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰੱਖਦਾ ਲਾਜ, ਸਿਰ ਆਪਣਾ ਹੱਥ ਟਿਕਾਈਆ । ਜੋ ਭਗਤਾਂ ਦੇਵੇ ਸੱਚੀ ਦਾਤ, ਨਾਮ ਅਮੋਲਕ ਆਪ ਵਰਤਾਈਆ । ਜੋ ਸੰਤਾਂ ਮੇਟੇ ਅੰਧੇਰੀ ਰਾਤ, ਅੰਧ ਅੰਧੇਰਾ ਦਏ ਗਵਾਈਆ । ਜੋ ਗੁਰਮੁਖਾਂ ਕਰੇ ਉਤਮ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਜੋ ਗੁਰਸਿਖਾਂ ਉਪਜਾਏ ਆਪਣੀ ਸ਼ਾਖ਼, ਸ਼ਨਾਖ਼ਤ ਆਪਣੀ ਦਏ ਜਣਾਈਆ । ਸੋ ਸਤਿਗੁਰ ਮੇਰੇ ਵਸੇ ਪਾਸ, ਸਤਿ ਸਤਿ ਮੇਰਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਸਤਿਜੁਗ ਕਹੇ ਪ੍ਰਭ ਮੇਰੇ ਦੀਨ ਦਿਆਲ, ਤੇਰੀ ਇਕੋ ਓਟ ਤਕਾਈਆ । ਮੈਂ ਛੋਟਾ ਸੱਚਾ ਤੇਰਾ ਲਾਲ, ਬਾਲੀ ਬੁੱਧ ਰਿਹਾ ਕੁਰਲਾਈਆ । ਕਰਿਆ ਖੇਲ ਵਡ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਮੈਂ ਇਕੋ ਵੇਖਾਂ ਸੱਚਾ ਕਾਹਨ, ਦੂਜਾ ਨਜ਼ਰ ਕੋਇ ਨਾ ਆਈਆ । ਚਾਰ ਕੁੰਟ ਦਿਸੇ ਨੂਰੀ ਜਲਵਾ ਸਾਚੇ ਰਾਮ, ਹਰ ਘਟ ਰਮਿਆ ਬੇਪਰਵਾਹੀਆ । ਨੇਤਰ ਖੋਲ੍ਹ ਤਾਕ ਸੁਨੇਹੜਾ ਦੇਵੇ ਸਚ ਪੈਗ਼ੰਬਰ ਆਪ ਪੈਗ਼ਾਮ, ਕਲਮਾ ਇਕੋ ਇਕ ਸੁਣਾਈਆ । ਮੰਤਰ ਜਣਾਏ ਧੁਰ ਦਾ ਸਤਿਨਾਮ, ਨਾਮ ਸਤਿ ਇਕੋ ਰਾਗ ਅਲਾਈਆ । ਜਿਸ ਦਾ ਡੰਕਾ ਫ਼ਤਹਿ ਵੱਜੇ ਦੋ ਜਹਾਨ, ਜੁਗ ਚੌਕੜੀ ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਦਾ ਨਿਤ ਨਵਿਤ ਸੱਚਾ ਇਕ ਇਸਲਾਮ, ਇਸਮ ਆਜ਼ਮ ਦਏ ਵਖਾਈਆ । ਜਿਸ ਨੂੰ ਮਿਹਬਾਨ ਬੀਦੋ ਯਾ ਇਲਾਹੀ ਬੀ ਖ਼ੈਰ ਯਾ ਅੱਲਾ ਕਹਿ ਕਹਿ ਕਰਦੇ ਸਲਾਮ, ਸਜਦਾ ਸੀਸ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਝੋਲੀ ਡਾਹੀਆ । ਸਤਿਜੁਗ ਕਹੇ ਪ੍ਰਭ ਮੇਰੇ ਮੀਤ, ਵਡ ਵੱਡੇ ਤੇਰੀ ਸਰਨਾਈਆ । ਆਦਿ ਜੁਗਾਦਿ ਬੈਠਾ ਰਹੇਂ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਆਪਣੀ ਦੱਸ ਸਾਚੀ ਰੀਤ, ਰੀਤੀਵਾਨ ਤੇਰੀ ਵਡਿਆਈਆ । ਮੈਂ ਤੇਰਾ ਗਾਵਾਂ ਇਕੋ ਗੀਤ, ਧਿਆਨ ਇਕੋ ਇਕ ਰਖਾਈਆ । ਜਿਧਰ ਵੇਖਾਂ ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸਤ ਦੀਪ ਨਜ਼ਰੀ ਆਏ ਸ਼ਿਵਦਵਾਲਾ ਮੱਠ ਮਸੀਤ, ਗੁਰੂਦੁਆਰਾ ਇਕੋ ਆਪ ਦਰਸਾਈਆ । ਜਿਸ ਘਰ ਵਸੇ ਹਸਤ ਕੀਟ, ਊਚ ਨੀਚ ਬੈਠਣ ਡੇਰਾ ਲਾਈਆ । ਜਿਸ ਮੰਦਰ ਤੇਰੀ ਦਿਸੇ ਪ੍ਰੀਤ, ਦੂਜਾ ਸਾਕ ਸੈਣ ਨਜ਼ਰ ਕੋਇ ਨਾ ਆਈਆ । ਇਕੋ ਛਤਰ ਝੁੱਲੇ ਸੀਸ, ਜਗਦੀਸ ਸਾਚੇ ਤਖ਼ਤ ਸੋਭਾ ਪਾਈਆ । ਮੈਂ ਬਾਲਾ ਨਿੱਕਾ ਵਡ ਪਾਪੀ ਨੀਚਨ ਨੀਚ, ਬਿਨ ਤੇਰੇ ਤਰ ਨਾ ਸਕਾਂ ਰਾਈਆ । ਮੇਰੀ ਕਾਇਆ ਰੱਖਣੀ ਠਾਂਡੀ ਸੀਤ, ਅੰਮ੍ਰਿਤ ਮੇਘ ਇਕ ਬਰਸਾਈਆ । ਦਿਵਸ ਰੈਣ ਵਸਣਾ ਚੀਤ, ਦੂਜੀ ਠਗੌਰੀ ਕੋਈ ਨਾ ਪਾਈਆ । ਕਰਵਟ ਦੇ ਨਾ ਦੇਣੀ ਪੀਠ, ਸਨਮੁਖ ਆਪਣਾ ਮੁਖ ਵਖਾਈਆ । ਸਾਚੀ ਕਿਰਪਾ ਕਰ ਬਖ਼ਸ਼ੀਸ਼, ਬਖ਼ਸ਼ਸ਼ ਰਹਿਮਤ ਤੇਰੇ ਹੱਥ ਨਜ਼ਰੀ ਆਈਆ । ਸਾਚਾ ਕਲਮਾ ਦੱਸ ਹਦੀਸ, ਹਜ਼ਰਤ ਇਕੋ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਬੈਠਾ ਝੋਲੀ ਡਾਹੀਆ । ਸਤਿਜੁਗ ਝੋਲੀ ਬੈਠਾ ਡਾਹ, ਦੋਏ ਜੋੜ ਧਿਆਨ ਲਗਾਈਆ । ਕਿਰਪਾ ਕਰ ਬੇਪਰਵਾਹ, ਬੇਅੰਤ ਤੇਰੀ ਸਰਨਾਈਆ । ਤੇਰੇ ਦੁਆਰੇ ਤੇਰਾ ਸੱਦਿਆ ਗਿਆ ਆ, ਦਰ ਬੈਠਾ ਅਲਖ ਜਗਾਈਆ । ਪਰਵਰਦਿਗਾਰ ਰਹਿਮਤ ਕਰ ਸਚ ਖ਼ੁਦਾ, ਬੇਨਜ਼ੀਰ ਤੇਰੀ ਮਿਲੀ ਸਚ ਸਰਨਾਈਆ । ਸਚ ਤਾਸੀਰ ਦੇ ਸਮਝਾ, ਅਕਸੀਰ ਆਪਣੇ ਹੱਥ ਰਖਾਈਆ । ਸਾਚੀ

ਤਕਦੀਰ ਤਕਬੀਰ ਦੇ ਪੜ੍ਹਾ, ਤਾਲੀਮ ਤੇਰੀ ਇਕੋ ਭਾਈਆ । ਸ਼ਰਅ ਜ਼ੰਜੀਰ ਦੇ ਕਟਾ, ਸ਼ਰੀਅਤ ਰੂਪ ਨਜ਼ਰ ਕੋਇ ਨਾ ਆਈਆ । ਅਸਲੀਅਤ ਆਪਣੀ ਦੇ ਸਮਝਾ, ਵਸਲ ਇਕੋ ਸੱਚੇ ਮਾਹੀਆ । ਰਹਿਮਤ ਰਹਿਮਾਨ ਦੇ ਕਮਾ, ਸਿਰ ਆਪਣਾ ਹੱਥ ਟਿਕਾਈਆ । ਹਉਂ ਬਰਦਾ ਤੇਰਾ ਗ਼ੁਲਾਮ, ਬਣ ਦਰਵੇਸ਼ ਸੇਵ ਕਮਾਈਆ । ਤੂੰ ਸਾਹਿਬ ਵਡ ਅਮਾਮ, ਸ਼ਾਹ ਪਾਤਸ਼ਾਹ ਤੇਰੀ ਸ਼ਹਿਨਸ਼ਾਹੀਆ । ਆਦਿ ਜੁਗਾਦੀ ਭੂਪਤ ਭੂਪ ਰਾਜ ਰਾਜਾਨ, ਪਾਰਬ੍ਰਹਮ ਵੱਡੀ ਵਡਿਆਈਆ । ਸੋ ਪੁਰਖ ਨਿਰੰਜਨ ਦੇ ਦਾਨ, ਹਰਿ ਪੁਰਖ ਨਿਰੰਜਣ ਤੇਰੇ ਅੱਗੇ ਇਕੋ ਮੰਗ ਮੰਗਾਈਆ । ਏਕੰਕਾਰ ਕਰ ਕਲਿਆਣ, ਆਦਿ ਨਿਰੰਜਣ ਨਿਰਗੁਣ ਨੂਰੀ ਜੋਤ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਕਰ ਪਰਵਾਨ, ਧੁਰ ਫ਼ਰਮਾਨਾ ਦੇ ਸੁਣਾਈਆ । ਅਬਿਨਾਸ਼ੀ ਕਰਤੇ ਤੇਰੇ ਚਰਨ ਕਵਲ ਲੱਗਾ ਧਿਆਨ, ਨੈਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਪਾਰਬ੍ਰਹਮ ਪ੍ਰਭ ਸਚ ਪਰਧਾਨ, ਤੇਰੀ ਪਰਧਾਨਗੀ ਮੋਹੇ ਭਾਈਆ । ਸਚਖੰਡ ਨਿਵਾਸੀ ਨੌਜਵਾਨ, ਤੇਰਾ ਭੈ ਰਿਹਾ ਡਰਾਈਆ । ਥਿਰ ਘਰ ਤੇਰੇ ਖੇਲ ਮਹਾਨ, ਤੇਰਾ ਸੁੱਤ ਦੁਲਾਰਾ ਸ਼ਬਦ ਭੱਜਾ ਫਿਰੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਤਿਜੁਗ ਬੈਠਾ ਧਿਆਨ ਲਗਾਈਆ । ਸਤਿਜੁਗ ਕਹੇ ਦੋਵੇਂ ਹੱਥ ਜੋੜ, ਚਰਨ ਕਵਲ ਤੇਰੀ ਸਰਨਾਈਆ । ਸਾਹਿਬ ਸੁਆਮੀ ਸਤਿਗੁਰ ਸੱਚੇ ਮੋਹੇ ਇਕੋ ਤੇਰੀ ਲੋੜ, ਦੂਜਾ ਸੰਗ ਨਾ ਕੋਇ ਰਖਾਈਆ । ਸ਼ਾਹ ਸਵਾਰੇ ਚੜ੍ਹ ਕੇ ਵੇਖਣਾ ਅਗੰਮੀ ਘੋੜ, ਅਸਵ ਇਕੋ ਇਕ ਦੌੜਾਈਆ । ਏਥੇ ਓਥੇ ਦੋ ਜਹਾਨਾਂ ਲਾਉਣਾ ਸੱਚਾ ਪੌੜ, ਨਾਮ ਡੰਡਾ ਹੱਥ ਰਖਾਈਆ । ਚੱਕਰ ਲਾਉਣਾ ਵਿਚ ਅੰਧ ਘੋਰ, ਅੰਧ ਅੰਧੇਰਾ ਡੇਰਾ ਢਾਹੀਆ । ਬੇਪਰਵਾਹ ਹੋ ਕੇ ਜਾਣਾ ਬੌਹੜ, ਬੌਹੜੀ ਕੂਕਾਂ ਦਿਆਂ ਦੁਹਾਈਆ । ਤੁਧ ਬਿਨ ਮੀਤ ਨਹੀਂ ਕੋਈ ਔਰ, ਅਵਰਾ ਸੰਗ ਨਾ ਕੋਇ ਰਖਾਈਆ । ਨੇਤਰ ਖੋਲ੍ਹ ਵੇਖ ਕਰ ਕੇ ਗ਼ੌਰ, ਗਹਿਰ ਗੰਭੀਰ ਆਪਣੀ ਅੱਖ ਬਦਲਾਈਆ । ਮੇਰੀ ਤੇਰੇ ਹੱਥ ਡੋਰ, ਜਿਉਂ ਭਾਵੇਂ ਤਿਉਂ ਚੜ੍ਹਾਈਆ । ਵੇਖੀਂ ਦਰ ਤੋ ਦੇਵੀਂ ਨਾ ਹੋੜ, ਦਰ ਠਾਂਡੇ ਬੈਠਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਸਤਿਜੁਗ ਕਹੇ ਮੇਰੇ ਦਾਤਾਰ, ਦੀਨਾਂ ਨਾਥ ਤੇਰੀ ਸਰਨਾਈਆ । ਪ੍ਰੇਮ ਪ੍ਰੀਤੀ ਦੱਸ ਪਿਆਰ, ਸਾਚੀ ਸਿਖਿਆ ਇਕ ਸਮਝਾਈਆ । ਮੈਂ ਸੇਵਾ ਕਰਾਂ ਵਿਚ ਸੰਸਾਰ, ਲੋਕਮਾਤ ਫੇਰਾ ਪਾਈਆ । ਧਰਨੀ ਧਰਤ ਧਵਲ ਉਤੇ ਦੇਣਾ ਬਹਾਲ, ਮਿਹਰ ਨਜ਼ਰ ਨੈਣ ਉਠਾਈਆ । ਸਾਚੇ ਭਗਤਾਂ ਦੇਣਾ ਨਾਲ, ਭਗਤੀ ਮਾਰਗ ਇਕ ਸਮਝਾਈਆ । ਸਤਿਗੁਰ ਹੋ ਕੇ ਬਣੀਂ ਦਲਾਲ, ਨਿਰਗੁਣ ਸਰਗੁਣ ਮੇਲ ਮਿਲਾਈਆ । ਹਕੀਕਤ ਵੇਖੇਂ ਹੱਕ ਹਲਾਲ, ਹਾਲਤ ਸਭ ਦੀ ਫੋਲ ਫੋਲਾਈਆ । ਮੈਂ ਤੇਰਾ ਨਿੱਕਾ ਬਾਲ, ਸਚ ਸਚੀ ਮੰਗ ਮੰਗਾਈਆ । ਤੇਰੀ ਚਲੇ ਅਵਲੜੀ ਚਾਲ, ਦੋ ਜਹਾਨ ਸਮਝ ਕੋਇ ਨਾ ਪਾਈਆ । ਮੈਂ ਦਿਵਸ ਰੈਣ ਤੇਰੇ ਹੁਕਮ ਕਰਾਂ ਪ੍ਰਿਤਪਾਲ, ਧੁਰ ਦਾ ਹੁਕਮ ਇਕੋ ਨਜ਼ਰੀ ਆਈਆ । ਸਚ ਦੁਆਰੇ ਘਾਲਣ ਲਵਾਂ ਘਾਲ, ਕੀਤੀ ਘਾਲ ਤੇਰੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਹਰਿ ਨਿਰੰਕਾਰਾ ਕਰਤਾ ਪੁਰਖ ਨਾ ਕੋਈ ਸੋਗ ਨਾ ਕੋਈ ਹਰਖ, ਸਚ ਸੁਚ ਅਬਿਨਾਸ਼ੀ ਅਚੁਤ ਇਕੋ ਇਕ ਜਣਾਈਆ । ਸੁਣ ਸਤਿਜੁਗ ਮੇਰੇ ਸੱਚੇ ਲਾਲ, ਸੋ ਸਾਹਿਬ ਆਪ ਜਣਾਈਆ । ਸਤਿ ਦੁਆਰਾ ਤੇਰਾ ਸੱਚੀ ਧਰਮਸਾਲ, ਸਚਖੰਡ ਨਿਵਾਸੀ ਦਏ ਬਣਾਈਆ । ਸੋ ਪੁਰਖ ਨਿਰੰਜਣ ਚਲੇ ਤੇਰੇ ਨਾਲ, ਹਰਿ ਪੁਰਖ ਨਿਰੰਜਣ ਰਾਹ

੫੯੭
੧੫

ਵਖਾਈਆ । ਏਕੰਕਾਰ ਕਰੇ ਤੇਰੀ ਪ੍ਰਿਤਪਾਲ, ਆਦਿ ਨਿਰੰਜਣ ਜੋਤੀ ਨੂਰ ਕਰੇ ਰੁਸ਼ਨਾਈਆ । ਸ੍ਰੀ ਭਗਵਾਨ ਤੇਰਾ ਬਣੇ ਦਲਾਲ, ਅਬਿਨਾਸ਼ੀ ਕਰਤਾ ਵਿਛੜੇ ਮੇਲ ਮਿਲਾਈਆ । ਪਾਰਬ੍ਰਹਮ ਪ੍ਰਭ ਖੇਲੇ ਖੇਲ ਕਮਾਲ, ਖ਼ਾਲਕ ਖ਼ਲਕ ਦਏ ਸਮਝਾਈਆ । ਸਤਿ ਧਰਮ ਦੀ ਚਲੇ ਅਵਲੜੀ ਚਾਲ, ਬ੍ਰਹਮ ਮੱਤ ਇਕ ਦ੍ਰਿੜਾਈਆ । ਬੁੱਧ ਮਤ ਲਏ ਸੰਭਾਲ, ਮਨ ਵਾਸਨਾ ਡੇਰਾ ਢਾਹੀਆ । ਨੌ ਖੰਡ ਪ੍ਰਿਥਮੀ ਸਤ ਦੀਪ ਸਾਚਾ ਵੱਜੇ ਇਕੋ ਤਾਲ, ਧੁਨ ਆਤਮਕ ਰਾਗ ਸੁਣਾਈਆ । ਅੰਮ੍ਰਿਤ ਰਸ ਪਿਆਲਾ ਦਏ ਪਿਆਲ, ਨਿਝਰ ਝਿਰਨਾ ਆਪ ਝਿਰਾਈਆ । ਘਰ ਵਖਾਏ ਇਕੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁਰਤੀ ਸਭ ਦੀ ਲਏ ਸੰਭਾਲ, ਸੰਬਲ ਆਪਣਾ ਚਰਨ ਟਿਕਾਈਆ । ਸਤਿਜੁਗ ਸੁਣ ਦੱਸੇ ਭਗਵੰਤ, ਪ੍ਰਭ ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਸਤਿਗੁਰ ਸੱਚਾ ਇਕੋ ਕੰਤ, ਨਰ ਨਰਾਇਣ ਹਰਿ ਅਖਵਾਈਆ । ਦੋ ਜਹਾਨਾਂ ਦੇਵੇ ਮਣੀਆ ਮੰਤ, ਮੰਤਰ ਨਾਮ ਸਤਿ ਪੜ੍ਹਾਈਆ । ਵੇਸ ਵਟਾਏ ਜੁਗਾ ਜੁਗੰਤ, ਜੁਗ ਚੌਕੜੀ ਫੇਰਾ ਪਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦਏ ਵਡਿਆਈਆ । ਬੋਧ ਅਗਾਧਾ ਬਣ ਕੇ ਪੰਡਤ, ਜੀਵ ਆਤਮ ਪਰਮਾਤਮ ਦਏ ਸਮਝਾਈਆ । ਮੇਲ ਮਿਲਾਵਾ ਸਾਚੀ ਸੰਗਤ, ਗੁਰ ਅਵਤਾਰ ਪੀਰ ਪੈਗ਼ੰਬਰ ਇਕ ਜਮਾਤ ਜਣਾਈਆ । ਦੂਜੇ ਦਰ ਕਦੇ ਨਾ ਜਾਏ ਮੰਗਤ, ਦੇਵਣਹਾਰ ਸਰਬ ਅਖਵਾਈਆ । ਸੋ ਸਤਿਗੁਰ ਸੂਰਾ ਸਦਾ ਸਦਾ ਸੂਰਾ ਸਰਬੰਗਤ, ਹਰ ਘਟ ਰਮਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸੱਚਾ ਇਕ ਸਮਝਾਈਆ । ਸਤਿਗੁਰ ਸੱਚਾ ਸੋ ਪੁਰਖ ਨਿਰੰਜਣ, ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦਿ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਨੇਤਰ ਨਾਮ ਨਿਧਾਨ ਪਾਏ ਅੰਜਨ, ਨਿਜ ਨੇਤਰ ਕਰੇ ਰੁਸ਼ਨਾਈਆ । ਚਰਨ ਧੂੜ ਕਰਾਏ ਸਾਚਾ ਮਜਨ, ਦੁਰਮਤ ਮੈਲ ਧਵਾਈਆ । ਘਰ ਪਰਕਾਸ਼ ਦੀਪਕ ਜਗਣ, ਅਗਿਆਨ ਅੰਧੇਰ ਮਿਟਾਈਆ । ਸੁਰਤੀ ਸ਼ਬਦ ਲਗਾਏ ਇਕੋ ਲਗਨ, ਦੂਜੀ ਤ੍ਰਿਖਾ ਨਾ ਕੋਇ ਰਖਾਈਆ । ਤ੍ਰੈਗੁਣ ਲੱਗੀ ਬੁਝਾਏ ਅਗਨ, ਅੰਮ੍ਰਿਤ ਮੇਘ ਇਕ ਬਰਸਾਈਆ । ਨਜ਼ਰੀ ਆਏ ਮੂਰਤ ਅਕਾਲ ਮਦਨ, ਮੋਹਣੀ ਆਪਣੀ ਧਾਰ ਰਖਾਈਆ । ਧੁਨ ਅਨਾਦੀ ਨਾਦ ਸਾਚੇ ਵੱਜਣ, ਅਨਹਦ ਨਾਦੀ ਰਾਗ ਅਲਾਈਆ । ਈੜਾ ਪਿੰਗਲ ਦੋਏ ਜੋੜ ਦਰ ਤੇ ਮੰਗਣ, ਸੁਖਮਨ ਟੇਢੀ ਬੰਕ ਨੈਣ ਸ਼ਰਮਾਈਆ । ਨੌ ਦੁਆਰੇ ਦੂਰ ਦੁਰਾਡੇ ਸੰਗਣ, ਆਪ ਆਪਣਾ ਮੁਖ ਭਵਾਈਆ । ਸੋ ਸਤਿਗੁਰ ਪੂਰਾ ਇਕੋ ਸਤਿਜੁਗ ਤੇਰੀ ਚਾੜ੍ਹੇ ਰੰਗਣ, ਰੰਗ ਆਪਣਾ ਆਪ ਜਣਾਈਆ । ਖੇਲੇ ਖੇਲ ਵਿਚ ਵਰਭੰਡਣ, ਬ੍ਰਹਿਮੰਡੀ ਖ਼ੁਸ਼ੀ ਕਰਾਈਆ । ਜਨ ਭਗਤਾਂ ਪਾਏ ਆਪਣਾ ਸਗਨ, ਨਾਤਾ ਬਿਧਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਇਕੋ ਰੂਪ ਸਮਝਾਈਆ । ਸਤਿਗੁਰ ਪੂਰਾ ਹਰਿ ਪੁਰਖ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਜੀਵ ਜੰਤ ਸਾਧ ਸੰਤ ਕੋਈ ਨਾ ਸਕੇ ਪਰਖ, ਸਾਰੇ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਰਸ, ਨੇਤਰ ਨੈਣ ਨੈਣ ਉਠਾਈਆ । ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਮੇਟ ਹਰਸ, ਹਵਸ ਸਭ ਦੀ ਪੂਰ ਕਰਾਈਆ । ਕਰੇ ਖੇਲ ਅਰਸ਼ ਫ਼ਰਸ਼, ਕੁਰਸ਼ ਆਪਣਾ ਰੰਗ ਰੰਗਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਸਾਚੀ ਧਾਰਾ ਇਕ ਪਰਗਟਾਈਆ । ਸਾਚਾ ਦੱਸੇ ਨੇਮ ਆਤਮ ਪਰਮਾਤਮ ਇਕੋ ਬਰਤ, ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਇਕ ਅਖਵਾਈਆ । ਸਤਿਗੁਰ ਸੱਚਾ ਏਕੰਕਾਰ, ਏਕੋ ਏਕ ਵੱਡੀ ਵਡਿਆਈਆ । ਅਲੱਖ ਅਗੋਚਰ ਅਗੰਮ ਅਥਾਹ ਬੇਐਬ ਪਰਵਰਦਿਗਾਰ, ਮੁਕਾਮੇ ਹੱਕ ਸੋਭਾ ਪਾਈਆ । ਸਚਖੰਡ ਸੁਹਾਏ ਸਚ ਦੁਆਰ, ਨਿਰਗੁਣ ਨਿਰਵੈਰ ਜੋਤੀ ਜੋਤ ਕਰ ਰੁਸ਼ਨਾਈਆ । ਸ਼ਬਦੀ ਸੁੱਤ ਉਠਾਏ ਇਕ ਦੁਲਾਰ, ਪਿਤਾ ਪੂਤ ਦਏ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਤਿਆਰ, ਸਾਚੀ ਸੇਵਾ ਇਕ ਸਮਝਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤਤ ਕਰੇ ਕੁੜਮਾਈਆ । ਸਾਚੀ ਵਸਤ ਖੋਲ੍ਹ ਭੰਡਾਰ, ਅਤੋਟ ਅਤੁਟ ਆਪ ਵਰਤਾਈਆ । ਕਰੇ ਖੇਲ ਸਿਰਜਣਹਾਰ, ਸਤਿ ਸਤਿਵਾਦੀ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਤਿਜੁਗ ਵਰ, ਸਤਿਗੁਰ ਸੱਚਾ ਸਚ ਸਮਝਾਈਆ । ਸਤਿਗੁਰ ਸੱਚਾ ਆਦਿ ਨਿਰੰਜਣ ਜੋਤ, ਜੋਤੀ ਜੋਤ ਡਗਮਗਾਈਆ । ਵਸਣਹਾਰ ਅਗੰਮੀ ਕੋਟ, ਛੱਪਰ ਛੰਨ ਨਾ ਕੋਇ ਛੁਹਾਈਆ । ਜਿਸ ਦੀ ਕੋਈ ਨਾ ਸੋਚੇ ਸੋਚ, ਸੋਚ ਵਿਚ ਕਦੇ ਨਾ ਆਈਆ । ਜਿਸ ਦਰਸ਼ਨ ਨੂੰ ਸਾਰੇ ਰਹੇ ਲੋਚ, ਲੋਚਾ ਸਭ ਦੀ ਪੂਰ ਕਰਾਈਆ । ਨਿਰਗੁਣ ਹੋ ਕੇ ਬੈਠਾ ਰਹੇ ਖ਼ਾਮੋਸ਼, ਰਸਨਾ ਜਿਹਵਾ ਨਾ ਕੋਇ ਹਿਲਾਈਆ । ਜਿਸ ਦੇ ਮੰਦਰ ਕੋਈ ਨਾ ਸਕੇ ਪਹੁੰਚ, ਪਾਂਧੀ ਭੁੱਲੇ ਭੁੱਲੇ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਤਿਗੁਰ ਇਕੋ ਇਕ ਦ੍ਰਿੜਾਈਆ । ਸਤਿਗੁਰ ਸੱਚਾ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਖੇਲ ਕਰਾਇੰਦਾ । ਖੇਲੇ ਖੇਲ ਸਰਬ ਗੁਣਤਾਸ, ਗੁਣਵੰਤਾ ਕਾਰ ਕਮਾਇੰਦਾ । ਆਦਿ ਜੁਗਾਦਿ ਦੋ ਜਹਾਨ ਜਿਸ ਦਾ ਪਰਕਾਸ਼, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨਾ ਕੋਈ ਪਵਣ ਨਾ ਸਵਾਸ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਨਾ ਕੋਈ ਹੱਡ ਨਾੜੀ ਦਿਸੇ ਮਾਸ, ਪੰਜ ਤਤ ਰੂਪ ਨਾ ਕੋਇ ਜਣਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼, ਧਰਨੀ ਧਰਤ ਧਵਲ ਸੋਭਾ ਪਾਇੰਦਾ । ਜਲ ਥਲ ਮਹੀਅਲ ਪੂਰੀ ਕਰੇ ਆਸ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਜੋ ਆਦਿ ਅੰਤ ਸਭ ਨੂੰ ਕਹੇ ਸ਼ਾਬਾਸ਼, ਮਿਹਰ ਨਜ਼ਰ ਇਕ ਉਠਾਇੰਦਾ । ਸੋ ਸਾਹਿਬ ਮਾਹੀ ਸਾਚੇ ਪੱਤਣ ਮਿਲੇ ਘਾਟ, ਨਈਆ ਨੌਕਾ ਨਾਮ ਚਲਾਇੰਦਾ । ਜਿਸ ਦੇ ਹੁਕਮੇ ਅੰਦਰ ਦਿਵਸ ਰਾਤ, ਸੂਰਜ ਚੰਦ ਵਾਹੋ ਦਾਹੀ ਪੰਧ ਮੁਕਾਇੰਦਾ । ਜਿਸ ਦੀ ਬ੍ਰਹਮਾ ਵਿਸ਼ਨ ਸ਼ਿਵ ਗੌਂਦੇ ਗਾਥ, ਗੁਰ ਅਵਤਾਰ ਪੀਰ ਪੈਗ਼ੰਬਰ ਸਿਫ਼ਤ ਸਾਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਇਕੋ ਇਕ ਦ੍ਰਿੜਾਇੰਦਾ । ਸਤਿਗੁਰ ਸੱਚਾ ਸ੍ਰੀ ਭਗਵਾਨ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਵਸਣਹਾਰਾ ਸਚਖੰਡ ਸੱਚੇ ਮਕਾਨ, ਸਾਚੇ ਤਖ਼ਤ ਸੋਭਾ ਪਾਈਆ । ਭੂਪਤ ਭੁਪ ਰਾਜ ਰਾਜਾਨ, ਸੀਸ ਜਗਦੀਸ ਤਾਜ ਟਿਕਾਈਆ । ਨਿਰਗੁਣ ਨਿਰਵੈਰ ਹੁਕਮਰਾਨ, ਅਜੂਨੀ ਰਹਿਤ ਆਪਣੀ ਕਾਰ ਕਮਾਈਆ । ਅਨੁਭਵ ਪਰਕਾਸ਼ ਖੇਲ ਕਰੇ ਮਹਾਨ, ਮਹਿੰਮਾ ਅਕੱਥ ਕਥ ਸਮਝਾਈਆ । ਨਿਰਗੁਣ ਸਰਗੁਣ ਵੇਖੇ ਆਣ, ਅਕਲ ਕਲਧਾਰੀ ਵੇਸ ਵਟਾਈਆ । ਨਿਤ ਨਵਿਤ ਦੇਵਣਹਾਰਾ ਦਾਨ, ਦਾਤਾ ਦਾਨੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸੱਚਾ ਦਏ ਬੁਝਾਈਆ । ਸਤਿਗੁਰ ਸੱਚਾ ਪਾਰਬ੍ਰਹਮ, ਪ੍ਰਭ ਵੱਡਾ ਵਡ ਵਡਿਆਈਆ । ਨਾ ਮਰੇ ਨਾ ਪਏ ਜੰਮ, ਜਨਨੀ ਕੁੱਖ ਨਾ ਕੋਇ ਸੁਹਾਈਆ । ਪੰਜ ਤਤ ਨਾ ਕੋਇ ਤਨ, ਤ੍ਰੈਗੁਣ ਬੰਧਨ ਨਾ ਕੋਇ ਰਖਾਈਆ । ਬੁੱਧ ਮਤ ਨਾ ਕੋਇ ਮਨ, ਆਸਾ ਤ੍ਰਿਸਨਾ ਨਾ ਕੋਇ ਵਧਾਈਆ । ਪਰਕਾਸ਼ ਨੂਰ ਨਾ ਕੋਈ ਸੂਰਜ ਚੰਨ, ਕਿਰਨ ਕਿਰਨ ਨਾ ਕੋਇ ਚਮਕਾਈਆ ।

੬੦੦ ੧੫

ਜ਼ਿਮੀਂ ਅਸਮਾਨ ਨਾ ਕੋਈ ਥੰਮ, ਗਗਨ ਮੰਡਲ ਰੂਪ ਨਾ ਕੋਇ ਵਖਾਈਆ । ਸਭ ਦਾ ਬੇੜਾ ਆਪੇ ਬੰਨ੍ਹ, ਸਤਿ ਸਤਿਵਾਦੀ ਆਪ ਚਲਾਈਆ । ਜਿਸ ਨੂੰ ਕਹਿੰਦੇ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਸੋ ਸਤਿਗੁਰੂ ਪੂਰਾ ਸਦ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਸਤਿਜੁਗ ਸੁਣ ਲਾ ਕਰ ਕੰਨ, ਹਰਿ ਇਕ ਇਕੱਲਾ ਆਪ ਜਣਾਈਆ । ਜਿਸ ਕਲਜੁਗ ਅੰਤਮ ਦਿਤਾ ਡੰਨ, ਸੋ ਤੇਰਾ ਡੰਕਾ ਦਏ ਵਜਾਈਆ । ਜਿਸ ਕੂੜੀ ਕਿਰਿਆ ਠੀਕਰ ਦਿਤਾ ਭੰਨ, ਸੋ ਤੇਰਾ ਮਾਰਗ ਦਏ ਵਖਾਈਆ । ਜਿਸ ਦਾ ਖੇਲ ਲੱਖ ਚੁਰਾਸੀ ਹੰ ਬ੍ਰਹਮ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਜਿਸ ਦਾ ਨਾਮ ਨਿਧਾਨ ਦੋ ਜਹਾਨ, ਲੋਕ ਪਰਲੋਕ ਰਹੇ ਜਸ ਗਾਈਆ । ਜਿਸ ਨੂੰ ਚੌਦਾਂ ਲੋਕ ਕਹਿਣ ਸ੍ਰੀ ਭਗਵਨ, ਬੇਅੰਤ ਬੇਪਰਵਾਹੀਆ । ਜਿਸ ਨੂੰ ਚੌਦਾਂ ਤਬਕ ਕਹਿਣ ਕਰੇ ਪਰਕਾਸ਼ ਅਗੰਮੀ ਚੰਨ, ਰੁਤੜੀ ਰੁਤ ਆਪਣੇ ਨਾਲ ਰਲਾਈਆ । ਸੋ ਸਤਿਗੁਰ ਸੱਚਾ ਦੀਨ ਦਿਆਲ ਇਕੋ ਲੈਣਾ ਮੰਨ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸੱਚਾ ਇਕ ਵਖਾਈਆ । ਸਤਿਗੁਰ ਸੱਚਾ ਸਾਚਾ ਸੁੱਤ, ਲੋਕਮਾਤ ਦਏ ਜਣਾਈਆ । ਜਿਸ ਨੂੰ ਕੁੱਖ ਉਠਾਏ ਅਬਿਨਾਸ਼ੀ ਅਚੁਤ, ਆਪ ਆਪਣੀ ਗੋਦ ਸੁਹਾਈਆ । ਸ਼ਬਦ ਦੁਲਾਰਾ ਬਣੇ ਪੁੱਤ, ਪਾਰਬ੍ਰਹਮ ਪ੍ਰਭ ਧਨ ਜਣੇਂਦੀ ਮਾਈਆ । ਆਪਣੇ ਕੁੱਛੜ ਵੇਖੇ ਚੁੱਕ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਉਠ ਲਾਡਲੇ ਲਾਲ ਕਿਉਂ ਬੈਠਾਂ ਲੁਕ, ਤੇਰਾ ਵੇਲਾ ਗਿਆ ਆਈਆ । ਕਲਜੁਗ ਅੰਤ ਛੁਪਾਵੇਂ ਮੁਖ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਆਏ ਪੱਲੂ ਛੁਡਾਈਆ । ਤੇਰੇ ਉਤੇ ਰੱਖ ਕੇ ਓਟ, ਰਸਨਾ ਜਿਹਵਾ ਢੋਲਾ ਗਏ ਸੁਣਾਈਆ । ਰਾਹ ਤੱਕੇ ਤੇਰਾ ਲੋਕ ਪਰਲੋਕ, ਨੇਤਰ ਨੈਣ ਅੱਖ ਖੁਲ੍ਹਾਈਆ । ਕਵਣ ਵੇਲਾ ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਦੋ ਜਹਾਨ ਸੁਣਾਏ ਇਕ ਸਲੋਕ, ਸਾਚਾ ਸੋਹਲਾ ਦਏ ਸਮਝਾਈਆ । ਜਿਸ ਨੂੰ ਪੜ੍ਹਿਆਂ ਜਿਸ ਨੂੰ ਸੁਣਿਆਂ ਜਿਸ ਨੂੰ ਗਾਇਆਂ ਚਰਨਾਂ ਹੇਠਾਂ ਦੱਬੀ ਹੋਵੇ ਮੁਕਤੀ ਮੋਖ, ਨੇਤਰ ਨੈਣ ਨਾ ਸਕੇ ਉਠਾਈਆ । ਘਰ ਠਾਕਰ ਨਜ਼ਰੀ ਆਏ ਜਿਸ ਦੀ ਲੋਚਾ ਰਹੇ ਲੋਚ, ਨਿਜ ਲੋਚਣ ਦਏ ਖੁਲ੍ਹਾਈਆ । ਨਿਤ ਉਠ ਦਰਸ਼ਨ ਕਰੀਏ ਰੋਜ਼, ਚਾਰੋ ਕੁੰਟ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਸ਼ਿਵਦਵਾਲੇ ਮੱਠ ਮੰਦਰ ਮਸੀਤ ਲੱਭਣ ਕੋਇ ਨਾ ਜਾਈਆ । ਸੋ ਸਤਿਗੁਰ ਪੂਰਾ ਆਪੇ ਕਰੇ ਆਪਣੀ ਖੋਜ, ਭੇਵ ਅਭੇਦਾ ਦਏ ਜਣਾਈਆ । ਸਤਿਗੁਰ ਨਾਲ ਮਿਲ ਕੇ ਮਾਣੀਏ ਅਗੰਮੀ ਮੌਜ, ਮਜਲਸ ਇਕੋ ਘਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸੱਚਾ ਇਕੋ ਇਕ ਫੇਰਾ ਪਾਈਆ । ਸਤਿਜੁਗ ਸਤਿਗੁਰ ਇਕੋ ਆਵੇਗਾ । ਪੁਰਖ ਅਕਾਲ ਵੇਸ ਵਟਾਵੇਗਾ । ਨਰ ਨਰੇਸ਼ ਨੂਰ ਧਰਾਵੇਗਾ । ਸਚ ਸੰਦੇਸ਼ਾ ਇਕ ਸੁਣਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਜਗਾਵੇਗਾ । ਚੌਥੇ ਜੁਗ ਦਾ ਮੇਟ ਕੇ ਲੇਖ, ਨਵ ਨੌ ਚਾਰ ਪੰਧ ਮੁਕਾਵੇਗਾ । ਸਤਿ ਸਤਿਵਾਦੀ ਕਰੇ ਸਾਚਾ ਹੇਤ, ਸਚ ਮਾਰਗ ਇਕ ਰਖਾਵੇਗਾ । ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਵੇਗਾ । ਬਣ ਖੇਵਟ ਸੱਚਾ ਖੇਟ, ਬੇੜਾ ਦੋ ਜਹਾਨ ਚਲਾਵੇਗਾ । ਸਤਿਗੁਰ ਪੂਰਾ ਵੇਖੇ ਸੱਚਾ ਬੇਟ, ਪਿਤਾ ਪੂਤ ਗੋਦ ਸੁਹਾਵੇਗਾ । ਲੇਖਾ ਚੁੱਕੇ ਔਲੀਆ ਪੀਰ ਸ਼ੇਖ਼, ਪੈਗ਼ੰਬਰ ਨਜ਼ਰ ਕੋਇ ਨਾ ਆਵੇਗਾ । ਪਿਛਲੀ ਲੇਖਾ ਮੁੱਕੇ ਰੇਖ, ਅਗਲਾ ਦੇਸ ਆਪ ਵਸਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਸੱਚਾ ਪੁਰਖ ਅਕਾਲ ਇਕ ਬਣਾਵੇਗਾ । ਪੁਰਖ ਅਕਾਲ ਪ੍ਰਭ ਇਕ ਆਏਗਾ । ਨਿਰਗੁਣ ਜੋਤੀ ਜੋਤ ਰੁਸ਼ਨਾਏਗਾ ।

ਕਿਲਾ ਕੋਟ ਬੰਕ ਸੁਹਾਏਗਾ । ਲੋਕ ਪਰਲੋਕ ਡੰਕ ਵਜਾਏਗਾ । ਜੀਵ ਜੰਤ ਸਰਬ ਉਠਾਏਗਾ । ਨਾਰ ਕੰਤ ਵੇਖ ਵਖਾਏਗਾ । ਸਾਚਾ ਮੰਤ ਇਕ ਦ੍ਰਿੜਾਏਗਾ । ਗੜ੍ਹ ਹਉਮੇ ਤੋੜ ਹੰਗਤ, ਹੰ ਬ੍ਰਹਮ ਇਕ ਸਮਝਾਏਗਾ । ਚਾਰ ਵਰਨ ਬਣਾਏ ਸਾਚੀ ਸੰਗਤ, ਸ਼ੱਤਰੀ ਬ੍ਰਾਹਮਣ ਸ਼ੁਦਰ ਵੈਸ਼ ਇਕੋ ਘਰ ਬਹਾਏਗਾ । ਨਾਮ ਮਜੀਠੀ ਚਾੜ੍ਹ ਰੰਗਤ, ਦੁਰਮਤ ਮੈਲ ਧਵਾਏਗਾ । ਸਤਿਜੁਗ ਤੇਰੀ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਸਮਰਥ ਸੁਆਮੀ ਆਪਣਾ ਖੇਲ ਰਚਾਏਗਾ । ਗੁਰਮੁਖ ਉਪਜਣ ਸਾਚੇ ਸੰਤ, ਸ੍ਰੀ ਭਗਵੰਤ ਭਗਵਨ ਭਗਤ ਆਪ ਪਰਗਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਵਖਾਏਗਾ । ਸਤਿਗੁਰ ਸੱਚਾ ਆਵੇ ਸੋ, ਸੋ ਸਾਹਿਬ ਵੱਡੀ ਵਡਿਆਈਆ । ਆਤਮ ਬ੍ਰਹਮ ਕਰ ਲੋ, ਪਰਕਾਸ਼ ਪਰਕਾਸ਼ ਨਾਲ ਮਿਲਾਈਆ । ਜਨਮ ਕਰਮ ਦੀ ਮੈਲ ਦੇਵੇ ਧੋ, ਅੰਮ੍ਰਿਤ ਮੇਘ ਨੀਰ ਸੀਰ ਬਰਸਾਈਆ । ਸਾਚਾ ਢੋਆ ਧੁਰ ਦਾ ਦੇਵੇ ਢੋ, ਵਸਤ ਅਮੋਲਕ ਆਪ ਵਰਤਾਈਆ । ਲੱਖ ਚੁਰਾਸੀ ਅੰਦਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਆਤਮ ਸੇਜਾ ਖੜ ਕੇ ਸਭ ਨੂੰ ਲਵੇ ਟੋਹ, ਬਚਿਆ ਕੋਈ ਰਹਿਣ ਨਾ ਪਾਈਆ । ਜੋ ਕਹੇ ਪ੍ਰਭ ਅਸੀਂ ਤੇਰੇ ਗਏ ਹੋ, ਦੂਜਾ ਨਜ਼ਰ ਕੋਈ ਨਾ ਆਈਆ । ਤਿਨ੍ਹਾਂ ਸਤਿਗੁਰ ਸੱਚਾ ਨਾਮ ਦੱਸੇ ਸੋਹੰ ਸੋ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਭੇਵ ਰਿਹਾ ਨਾ ਰਾਈਆ । ਬਾਕੀ ਵਸਤ ਸਭ ਤੋ ਲਵੇ ਖੋਹ, ਸਾਧ ਸੰਤ ਨੇਤਰ ਰੋਵਣ ਉਚੀ ਕੂਕਣ ਮਾਰਨ ਧਾਹੀਆ । ਅੰਮ੍ਰਿਤ ਝਿਰਨਾ ਕਿਸੇ ਘਰ ਨਾ ਜਾਵੇ ਚੋ, ਕਵਲ ਨਾਭੀ ਮੁਖ ਬੰਦ ਕਰਾਈਆ । ਜਿੰਨਾਂ ਚਿਰ ਜੀਵ ਪਰਾਣੀ ਪੁਰਖ ਅਕਾਲ ਸ਼ਬਦ ਧਾਰ ਨਿਰਗੁਣ ਜੋਤ ਨਾ ਜਾਵੇ ਛੋਹ, ਛੋਹਰਾ ਬਾਂਕਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸੱਚੇ ਤੇਰਾ ਮਾਰਗ ਰਹਿਬਰ ਰਾਹ ਇਕ ਵਖਾਈਆ । ਸਤਿਜੁਗ ਸੱਚੇ ਤੇਰਾ ਰਾਹ, ਹਰਿ ਇਕੋ ਇਕ ਜਣਾਈਆ । ਸਤਿਜੁਗ ਸੱਚੇ ਤੇਰਾ ਮਲਾਹ, ਹਰਿ ਇਕੋ ਇਕ ਅਖਵਾਈਆ । ਸਤਿਜੁਗ ਸੱਚੇ ਤੇਰਾ ਸੱਚਾ ਨਾਂ, ਹਰਿ ਨਿਰੰਕਾਰਾ ਆਪ ਪੜ੍ਹਾਈਆ । ਸਤਿਜੁਗ ਸੱਚੇ ਤੇਰਾ ਸਾਚਾ ਥਾਂ, ਧਰਮ ਦੁਆਰਾ ਆਪ ਸੁਹਾਈਆ । ਸਤਿਜੁਗ ਸੱਚੇ ਤੇਰਾ ਸੱਚਾ ਪਿਤਾ ਮਾਂ, ਪੁਰਖ ਅਕਾਲ ਇਕ ਅਖਵਾਈਆ । ਸਤਿਜੁਗ ਸੱਚੇ ਤੇਰੀ ਨਿਰਗੁਣ ਹੋ ਕੇ ਪਕੜੇ ਬਾਂਹ, ਫੜ ਬਾਹੋ ਗਲੇ ਲਗਾਈਆ । ਸਤਿਜੁਗ ਸੱਚੇ ਤੇਰਾ ਕਰੇ ਸਚ ਨਿਆਂ, ਸਚ ਅਦਾਲਤ ਇਕੋ ਇਕ ਵਖਾਈਆ । ਸਤਿਜੁਗ ਸੱਚੇ ਤੇਰਾ ਇਕ ਮਕਾਂ, ਇਸ਼ਟ ਗੁਰਦੇਵ ਸੁਆਮੀ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਈਆ । ਸਤਿਜੁਗ ਸੱਚੇ ਤੇਰਾ ਇਕੋ ਨਾਅਰਾ, ਹਰਿ ਮੰਤਰ ਨਾਮ ਦ੍ਰਿੜਾਈਆ । ਸਤਿਜੁਗ ਸੱਚੇ ਤੇਰਾ ਇਕੋ ਜੈਕਾਰਾ, ਜੈ ਜੈਕਾਰ ਕਰੇ ਲੋਕਾਈਆ । ਸਤਿਜੁਗ ਸੱਚੇ ਤੇਰਾ ਇਕੋ ਪਿਆਰਾ, ਪਰਮ ਪੁਰਖ ਪ੍ਰੀਤਮ ਪ੍ਰਭ ਦਾਤਾ ਬੇਪਰਵਾਹੀਆ । ਸਤਿਜੁਗ ਸੱਚੇ ਤੇਰਾ ਇਕੋ ਕਿਨਾਰਾ, ਘਾਟ ਪੱਤਣ ਵੰਡ ਨਾ ਕੋਇ ਵੰਡਾਈਆ । ਸਤਿਜੁਗ ਸੱਚੇ ਤੇਰਾ ਇਕੋ ਅਖਾੜਾ, ਸੁਰਤੀ ਸ਼ਬਦੀ ਗੋਪੀ ਕਾਹਨ ਨਾਚ ਨਚਾਈਆ । ਸਤਿਜੁਗ ਸੱਚੇ ਤੇਰਾ ਇਕੋ ਰਾਮ ਪਸਾਰਾ, ਹਰ ਘਟ ਰਮਿਆ ਬੇਪਰਵਾਹੀਆ । ਸਤਿਜੁਗ ਸੱਚੇ ਤੇਰਾ ਇਕੋ ਪਰਵਰਦਿਗਾਰਾ, ਬੇਐਬ ਨੂਰ ਖ਼ੁਦਾਈਆ । ਸਤਿਜੁਗ ਸੱਚੇ ਤੇਰਾ ਇਕ ਆਧਾਰਾ, ਨਾਨਕ ਗੋਬਿੰਦ ਗੋਬਿੰਦ ਨਾਨਕ ਤੇਰੀ ਧਾਰ ਬੰਧਾਈਆ । ਸਤਿਜੁਗ ਸੱਚੇ ਤੇਰਾ ਇਕੋ ਮਿੱਤਰ ਹੋਏ ਉਜਿਆਰਾ, ਨਿਰਗੁਣ ਨਿਰਵੈਰ ਰੂਪ ਵਟਾਈਆ । ਸਤਿਜੁਗ ਸੱਚੇ ਤੇਰਾ ਖੇਲ ਕਰੇ ਨਿਹਕਲੰਕ ਨਰਾਇਣ ਨਰ ਅਵਤਾਰਾ, ਖ਼ਾਲਕ

ਖ਼ਲਕ ਦਏ ਸਮਝਾਈਆ । ਸਤਿਜੁਗ ਸੱਚੇ ਤੇਰਾ ਸੰਬਲ ਵਸੇ ਧਾਮ ਅਪਾਰਾ, ਜਿਸ ਘਰ ਬੈਠੇ ਡੇਰਾ ਲਾਈਆ । ਸਤਿਜੁਗ ਸੱਚੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਤਿਜੁਗ ਸੱਚੇ ਤੇਰਾ ਸਾਚਾ ਜੋਗ, ਹਰਿ ਜੋਗੀਸ਼ਰ ਰੂਪ ਜਣਾਇੰਦਾ । ਸਤਿਜੁਗ ਸੱਚੇ ਤੇਰਾ ਸਚ ਸੰਜੋਗ, ਧੁਰ ਕਰਤਾ ਮੇਲ ਮਿਲਾਇੰਦਾ । ਸਤਿਜੁਗ ਸੱਚੇ ਤੇਰਾ ਸਚ ਦਰਸ ਅਮੋਘ, ਨਿਰਾਕਾਰ ਨਿਰਵੈਰ ਆਪ ਕਰਾਇੰਦਾ । ਸਤਿਜੁਗ ਸੱਚੇ ਤੇਰਾ ਵਸੇ ਸੱਚਾ ਲੋਕ, ਜਿਸ ਗ੍ਰਿਹਿ ਪਾਰਬ੍ਰਹਮ ਪ੍ਰਭ ਆਪਣਾ ਚਰਨ ਛੁਹਾਇੰਦਾ । ਸਤਿਜੁਗ ਸੱਚੇ ਤੇਰਾ ਸਚ ਸਲੋਕ, ਸੋਹੰ ਢੋਲਾ ਇਕੋ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਬੂਝ ਆਪ ਬੁਝਾਇੰਦਾ । ਸਤਿਜੁਗ ਸੱਚੇ ਤੇਰਾ ਸੱਚਾ ਧਰਮ, ਧਰਮ ਆਤਮ ਦਏ ਜਣਾਈਆ । ਸਤਿਜੁਗ ਸੱਚੇ ਤੇਰਾ ਸੱਚਾ ਕਰਮ, ਨੇਹਕਰਮੀ ਵੇਖ ਵਖਾਈਆ । ਸਤਿਜੁਗ ਸੱਚੇ ਤੇਰਾ ਸੱਚਾ ਵਰਨ, ਆਤਮ ਜੋਤ ਬੂਝ ਬੁਝਾਈਆ । ਸਤਿਜੁਗ ਸੱਚੇ ਤੇਰਾ ਸੱਚਾ ਬਰਨ, ਪਾਰਬ੍ਰਹਮ ਇਕ ਸਰਨਾਈਆ । ਸਤਿਜੁਗ ਸੱਚੇ ਤੇਰਾ ਸੱਚਾ ਪੜ੍ਹਨ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰਾਗ ਅਲਾਈਆ । ਸਤਿਜੁਗ ਸੱਚੇ ਤੇਰਾ ਸੱਚਾ ਖੜਨ, ਪ੍ਰਭ ਸਰਨ ਮਿਲੇ ਸਰਨਾਈਆ । ਸਤਿਜੁਗ ਸੱਚੇ ਤੇਰਾ ਘਾੜਨ ਘੜਨ, ਗੁਰਮੁਖ ਗੁਰਸਿਖ ਘਾੜਤ ਲਏ ਬਣਾਈਆ । ਸਤਿਜੁਗ ਸੱਚੇ ਤੇਰਾ ਨੇਤਰ ਇਕੋ ਹਰਨ ਫਰਨ, ਨਿਜ ਨੇਤਰ ਨੂਰ ਰੁਸ਼ਨਾਈਆ । ਸਤਿਜੁਗ ਸੱਚੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਲਾਏ ਮਲਾਹ, ਦੇਵਣਹਾਰਾ ਸਚ ਸਲਾਹ, ਸਿਫ਼ਤੀ ਸਿਫ਼ਤ ਸਿਫ਼ਤ ਸਮਝਾਈਆ । ਸਤਿਜੁਗ ਸੱਚੇ ਤੇਰੀ ਏਕਾ ਓਟ, ਓਟ ਪੁਰਖ ਅਕਾਲ ਰਖਾਈਆ । ਸਤਿਜੁਗ ਸੱਚੇ ਤੇਰੀ ਇਕੋ ਚੋਟ, ਸਤਿਗੁਰ ਸ਼ਬਦ ਨਗਾਰਾ ਨਾਮ ਵਜਾਈਆ । ਸਤਿਜੁਗ ਸੱਚੇ ਤੇਰੀ ਪ੍ਰੀਤੀ ਕੂੜੀ ਕਿਰਿਆ ਕੱਢੇ ਖੋਟ, ਸਾਚਾ ਪਤਣ ਦਏ ਜਣਾਈਆ । ਸਤਿਜੁਗ ਸੱਚੇ ਤੇਰੀ ਧਾਰ ਆਹਲਣਿਉਂ ਡਿਗੇ ਉਠਾਏ ਬੋਟ, ਜੋ ਗੁਰਮੁਖ ਮੇਰਾ ਨਾਮ ਧਿਆਈਆ । ਸਤਿਜੁਗ ਸੱਚੇ ਤੇਰਾ ਇਸ਼ਟ ਪੁਰਖ ਅਕਾਲ ਨਿਰਮਲ ਜੋਤ, ਦੂਜਾ ਰੂਪ ਨਾ ਕੋਇ ਦਰਸਾਈਆ । ਸਤਿਜੁਗ ਸੱਚੇ ਤੇਰਾ ਇਕੋ ਢੋਲਾ ਰਾਗ ਸਲੋਕ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਆਪ ਉਠਾਈਆ । ਸਤਿਜੁਗ ਸੱਚੇ ਤੇਰਾ ਇਕ ਦਰਵਾਜ਼ਾ, ਹਰਿ ਦਰਦੀ ਆਪ ਖੁਲ੍ਹਾਇੰਦਾ । ਕਿਰਪਾ ਕਰੇ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਵੇਖ ਵਖਾਇੰਦਾ । ਅਸਵ ਘੋੜੇ ਚੜ੍ਹ ਕੇ ਤਾਜਾ, ਲੋਕਮਾਤ ਫੇਰਾ ਪਾਇੰਦਾ । ਸਤਿਗੁਰ ਹੋ ਕੇ ਮਾਰੇ ਵਾਜਾਂ, ਸ਼ਬਦੀ ਨਾਅਰਾ ਇਕ ਸੁਣਾਇੰਦਾ । ਨੇਤਰ ਖੋਲ੍ਹੋ ਅੰਤਰ ਆਤਮ ਬੋਲੋ ਦਰਸ਼ਨ ਪਾਓ ਵਡ ਰਾਜਨ ਰਾਜਾ, ਸ਼ਾਹੋ ਭੂਪ ਸਤਿ ਸਰੂਪ ਸਚ ਸਾਚੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕੋ ਇਕ ਸੁਣਾਇੰਦਾ । ਸਚ ਸੰਦੇਸਾ ਸੁਣ ਕੇ ਏਕ, ਸਤਿਜੁਗ ਢਹਿ ਪਿਆ ਸਰਨਾਈਆ । ਸ੍ਰੀ ਭਗਵਾਨ ਤੇਰੀ ਸੱਚੀ ਟੇਕ, ਇਕ ਓਟ ਓਟ ਰਖਾਈਆ । ਨਿਤ ਨਵਿਤ ਕਰਨਾ ਹੇਤ, ਹਿਤਕਾਰੀ ਫੇਰਾ ਪਾਈਆ । ਫੁਲ ਫੁਲਵਾੜੀ ਰੁੱਤ ਮੌਲੇ ਬਸੰਤੀ ਚੇਤ, ਗੁਲਸ਼ਨ ਸਚ ਇਕ ਮਹਿਕਾਈਆ । ਨਿਜ ਨੇਤਰ ਨਿਜ ਨੈਣ ਨਿਜ ਕਿਵਾੜੀ ਖੋਲ੍ਹ ਲੈਣਾ ਵੇਖ, ਸਚ ਤਾਕੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦਿਤਾ ਸਚ ਵਰ, ਸੱਚੇ ਸਚ ਤੇਰੀ ਵਡਿਆਈਆ । ਸਤਿਜੁਗ ਕਹੇ ਮੋਹੇ ਭਰਵਾਸਾ,

ਪ੍ਰਭ ਸਰਨ ਤੇਰੀ ਸਰਨਾਈਆ । ਪਹਿਲੋ ਦਿਤਾ ਇਕ ਦਿਲਾਸਾ, ਮੇਰੀ ਧੀਰਜ ਧੀਰ ਧਰਾਈਆ । ਮੈਂ ਲੋਕਮਾਤ ਤੇਰੇ ਹੁਕਮ ਅੰਦਰ ਜਾ ਕੇ ਕਰਾਂ ਵਾਸਾ, ਬੀਸ ਬੀਸਾ ਰਾਹ ਤਕਾਈਆ । ਗਹਿਰ ਗੰਭੀਰ ਵਡ ਸੂਰਬੀਰ ਗੁਰ ਗੋਬਿੰਦ ਲਿਖ ਕੇ ਆਇਆ ਖ਼ੁਲਾਸਾ, ਖ਼ਾਲਕ ਖ਼ਲਕ ਸਰਬ ਸਮਝਾਈਆ । ਕਲ ਕਲਕੀ ਪਰਗਟ ਹੋਵੇ ਨਿਰਗੁਣ ਨੂਰ ਜੋਤ ਪਰਕਾਸ਼ਾ, ਪਰਕਾਸ਼ਵਾਨ ਇਕ ਅਖਵਾਈਆ । ਜਿਸ ਦੀ ਨੌਂ ਸੌ ਚੁਰਾਨਵੇ ਚੌਕੜੀ ਜੁਗ ਸਾਰੇ ਰੱਖਦੇ ਗਏ ਆਸਾ, ਨੇਤਰ ਨੈਣ ਨੈਣ ਉਠਾਈਆ । ਸੋ ਸਾਹਿਬ ਸਤਿਗੁਰ ਦੀਨ ਦਿਆਲ ਸਤਿਜੁਗ ਕਲਜੁਗ ਦੋਹਾਂ ਦੀ ਪੂਰੀ ਕਰੇ ਖ਼ਾਹਸ਼ਾ, ਖ਼ਾਲਸ ਆਪਣਾ ਰੂਪ ਜਣਾਈਆ । ਕਲਜੁਗ ਰੋਵੇ ਸਤਿਜੁਗ ਕਰੇ ਹਾਸਾ, ਦੋਹਾਂ ਵੇਖ ਪ੍ਰਭ ਖ਼ੁਸ਼ੀ ਗ਼ਮੀ ਦੇਵੇ ਰਲਾਈਆ । ਮਨਮੁਖ ਗੁਰਮੁਖ ਦੋਹਾਂ ਦਾ ਇਹੋ ਤਮਾਸ਼ਾ, ਮਨਮੁਖਾਂ ਰਾਏ ਧਰਮ ਪਕੜੇ ਗੁਰਮੁਖ ਸਤਿਗੁਰ ਪੌੜੀ ਚੜ੍ਹ ਕੇ ਦੋਵੇਂ ਆਪਣਾ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਧਾਰ ਆਪਣੇ ਹੱਥ ਰਖਾਈਆ । ਸਤਿਜੁਗ ਕਹੇ ਪ੍ਰਭ ਦੇਵੀਂ ਨਾ ਕੋਈ ਲਾਲਚ, ਬਿਨ ਤੇਰੇ ਨਾਮ ਲਲਚਾ ਕੋਇ ਮੋਹੇ ਨਾ ਭਾਈਆ । ਮੈਂ ਤੇਰੇ ਭਗਤ ਸੰਤ ਵੇਖਾਂ ਤੇਰੇ ਖ਼ਾਲਸ, ਖ਼ਾਲਸ ਤੇਰਾ ਰੂਪ ਨਜ਼ਰੀ ਆਈਆ । ਕੋਈ ਨਾ ਦਿਸੇ ਨਿੰਦਰਾ ਆਲਸ, ਕੂੜੀ ਕਿਰਿਆ ਸੰਗ ਨਾ ਕੋਇ ਨਿਭਾਈਆ । ਨਿਰਵੈਰ ਪੁਰਖ ਸਤਿਗੁਰ ਪੂਰੇ ਬਣਨਾ ਆਪ ਸਾਲਸ, ਸਤਿ ਸਤਿਵਾਦੀ ਆਪਣਾ ਫੇਰਾ ਪਾਈਆ । ਮੇਰੇ ਵਿਚ ਕਲਜੁਗ ਦੀ ਵੜ ਨਾ ਜਾਏ ਆਦਤ, ਦੂਰ ਦੁਰਾਡਾ ਧੱਕਾ ਦੇਣਾ ਲਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦੀ ਇਕ ਇਬਾਦਤ, ਨਾਮ ਇਕੋ ਇਕ ਗਾਈਆ । ਮੈਂ ਤੇਰੇ ਭਗਤਾਂ ਕਰਾਂ ਤੁਆਰਫ਼, ਤੂੰ ਮੇਰੀ ਸਫ਼ਾਰਸ਼ ਕਰ ਕੇ ਆਪਣੇ ਭਗਤਾਂ ਨਾਲ ਮਿਲਾਈਆ । ਮੈਂ ਤੇਰੇ ਚਰਨਾਂ ਢਾਰਸ ਬੈਠਾ ਬੰਨ੍ਹ ਕੇ, ਇਕੋ ਓਟ ਧਿਆਨ ਰਖਾਈਆ । ਭਗਤ ਦਵਾਰ ਕਰ ਪਿਆਰ ਆਪਣੇ ਗੁਰਮੁਖਾਂ ਨਾਲ ਰਲਾਈਂ ਫੜ ਕੇ, ਸ਼ਬਦ ਡੋਰੀ ਤੰਦ ਬੰਧਾਈਆ । ਮੈਂ ਵੇਖਾਂ ਤੇਰਾ ਉਚ ਦੁਆਰਾ ਮੰਦਰ ਵੜ ਕੇ, ਜਿਸ ਘਰ ਬਹਿ ਕੇ ਕਰੇਂ ਸਚ ਨਿਆਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚ ਵਰ, ਦੂਜੀ ਲੋੜ ਰਹੇ ਨਾ ਰਾਈਆ । ਸਤਿਜੁਗ ਤੈਨੂੰ ਭਗਤਾਂ ਨਾਲ ਮਿਲਾਵਾਂਗਾ । ਸਾਚੇ ਸੰਤਾਂ ਨਾਲ ਰਲਾਵਾਂਗਾ । ਗੁਰਮੁਖਾਂ ਰੰਗ ਚੜ੍ਹਾਵਾਂਗਾ । ਗਰਸਿਖਾਂ ਅੰਗ ਵਖਾਵਾਂਗਾ । ਏਨ੍ਹਾਂ ਅੰਦਰ ਵੜ ਕੇ, ਚਾਰ ਖਾਣੀ ਚਾਰ ਬਾਣੀ ਦਾ ਇਕ ਮਰਦੰਗ ਵਜਾਵਾਂਗਾ । ਧਰਮ ਦੁਆਰੇ ਖੜ ਕੇ, ਉਚੀ ਕੂਕ ਕੂਕ ਸੁਣਾਵਾਂਗਾ । ਸਾਚਾ ਢੋਲਾ ਧੁਰਦਰਗਾਹੀ ਪੜ੍ਹ ਕੇ, ਤੇਰਾ ਰਾਗ ਬਣਾਵਾਂਗਾ । ਇਹ ਖੇਲ ਖ਼ਾਲਕ ਆਪ ਕਰ ਕੇ, ਕਰਨੀ ਕਰਤਾ ਰੂਪ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇਵਣਹਾਰਾ ਸਾਚਾ ਵਰ, ਸਚ ਸੁਲਤਾਨ ਇਕੋ ਨਜ਼ਰੀ ਆਵਾਂਗਾ । ਸਚ ਸੁਲਤਾਨ ਨਜ਼ਰੀ ਆਏ ਇਕ ਮਹਿਬੂਬ, ਮੁਹੱਬਤ ਭਗਤਾਂ ਨਾਲ ਰਖਾਈਆ । ਆਲਮ ਉਲਮਾ ਵੇਖੇ ਉਚ ਅਰੂਜ, ਕੋਟਨ ਕੋਟ ਅਰਸ਼ ਬੈਠੇ ਸੀਸ ਨਿਵਾਈਆ । ਜਿਸ ਦਾ ਪੀਰ ਪੈਗ਼ੰਬਰ ਇਸ਼ਾਰਿਆਂ ਨਾਲ ਦੇਂਦੇ ਗਏ ਸਬੂਤ, ਸੁਲ੍ਹਾਕੁਲ ਸਰਬ ਸਮਝਾਈਆ । ਸੋ ਸਤਿਗੁਰ ਸਚ ਸੁਆਮੀ ਤੇਰਾ ਭਗਤਾਂ ਨਾਲ ਕਰਾਏ ਸਲੂਕ, ਮੇਲ ਮਿਲਾਏ ਸਹਿਜ ਸੁਭਾਈਆ । ਜਿਨ੍ਹਾਂ ਤੋ ਮਾਰਗ ਲਏ ਮਖ਼ਲੂਕ, ਸ੍ਰਿਸ਼ਟ ਸਬਾਈ ਪਿਛੇ ਭੱਜੇ ਵਾਹੋ ਦਾਹੀਆ । ਏਨ੍ਹਾਂ ਦਾ ਪਾਰਬ੍ਰਹਮ ਪ੍ਰਭ ਦਏ ਆਪ ਸਬੂਤ, ਲੇਖਾ ਲਿਖਤ ਵਿਚ ਰਖਾਈਆ । ਬੇਸ਼ਕ ਪੰਜ ਤਤ ਕਿਸੇ ਨਾ ਰਹੇ ਕਲਬੂਤ, ਭਗਤ ਭਗਵਾਨ ਦੋਹਾਂ ਦਾ ਨਾਮ

ਮਿਟ ਕਦੇ ਨਾ ਜਾਈਆ । ਆਦਿ ਜੁਗਾਦਿ ਜੁਗ ਚੌਕੜੀ ਦੋਵੇਂ ਸਦਾ ਮੌਜੂਦ, ਜਿਨ੍ਹਾਂ ਦੇ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪਿਛੋ ਢੋਲੇ ਪੜ੍ਹ ਪੜ੍ਹ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਸਾਚਾ ਮੰਤਰ ਆਤਮ ਪਰਮਾਤਮ ਪਰਮਾਤਮ ਆਤਮ ਨਿਸ਼ਅੱਖਰ ਅੱਖਰਾਂ ਨਾਲ ਪੜ੍ਹਾਈਆ ।

## ੧੨ ਅੱਸੂ ੨੦੨੦ ਬਿਕਰਮੀ ਬੀਬੀ ਨਿਹਾਲ ਕੌਰ ਦੇ ਗ੍ਰਿਹਿ ਗੋਲੇ ਵਾਲਾ ਜ਼ਿਲਾ ਫ਼ਿਰੋਜ਼ਪੁਰ

ਸਤਿ ਧਰਮ ਸਚ ਵਿਹਾਰ, ਸਤਿ ਸਤਿਵਾਦੀ ਬੂਝ ਬੁਝਾਇੰਦਾ । ਸਤਿ ਕਰਮ ਸਤਿ ਆਧਾਰ, ਸਤਿ ਸਤਿਵਾਦੀ ਰਾਹ ਚਲਾਇੰਦਾ । ਸਤਿ ਪੁਰਖ ਸਤਿ ਕਰਤਾਰ, ਹਰਿ ਕਰਤਾ ਖੇਲ ਵਖਾਇੰਦਾ । ਸਤਿਗੁਰ ਸੱਚਾ ਹੋ ਉਜਿਆਰ, ਨਿਰਗੁਣ ਨਿਰਵੈਰ ਵੇਸ ਵਟਾਇੰਦਾ । ਸਤਿਜੁਗ ਬਖ਼ਸ਼ੇ ਸਚ ਪਿਆਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚਾ ਲੇਖਾ ਪੁਰਖ ਨਾਰ, ਨਾਰੀ ਨਰ ਵੰਡ ਨਾ ਕੋਇ ਵੰਡਾਇੰਦਾ । ਸਾਚਾ ਸ਼ਬਦ ਸਚ ਜੈਕਾਰ, ਸਾਚਾ ਨਾਅਰਾ ਇਕ ਸੁਣਾਇੰਦਾ । ਸਾਚਾ ਗੁਰੂ ਸਚ ਅਵਤਾਰ, ਸਾਚਾ ਗੀਤ ਇਕ ਸਮਝਾਇੰਦਾ । ਸਾਚਾ ਮੰਦਰ ਕਰ ਉਜਿਆਰ, ਸਚਖੰਡ ਸੋਭਾ ਪਾਇੰਦਾ । ਸਾਚਾ ਦੀਪਕ ਅਗੰਮ ਅਪਾਰ, ਸਾਚਾ ਨੂਰ ਜੋਤ ਡਗਮਗਾਇੰਦਾ । ਸਾਚਾ ਅੰਮ੍ਰਿਤ ਠੰਡਾ ਠਾਰ, ਸਚ ਸੁਆਮੀ ਆਪ ਪਿਆਇੰਦਾ । ਸਚ ਸ਼ਬਦ ਨਾਦ ਧੁਨਕਾਰ, ਸਚ ਰਾਗੀ ਰਾਗ ਸੁਣਾਇੰਦਾ । ਸਚ ਵੇਖੇ ਵਿਗਸੇ ਵੇਖਣਹਾਰ, ਸਚ ਆਪਣਾ ਹੁਕਮ ਵਰਤਾਇੰਦਾ । ਸਚ ਬਣਾ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਕਾਜ ਰਚਾਇੰਦਾ । ਸਚ ਧਰਮ ਉਠਾਏ ਨਿਸ਼ਾਨ, ਸਚ ਸਾਚਾ ਰੰਗ ਰੰਗਾਇੰਦਾ । ਸਚ ਵੇਖੇ ਖੇਲ ਜ਼ਿਮੀ ਅਸਮਾਨ, ਸਮੁੰਦ ਸਾਗਰ ਸਚ ਆਪਣੀ ਰਚਨ ਵਖਾਇੰਦਾ । ਸਚ ਲੇਖਾ ਸ੍ਰੀ ਭਗਵਾਨ, ਜੁਗ ਚੌਕੜੀ ਸਮਝ ਕੋਇ ਨਾ ਪਾਇੰਦਾ । ਸਚ ਦੇਵਣਹਾਰਾ ਨਾਮ ਗਿਆਨ, ਜਨ ਭਗਤਾਂ ਅੰਤਰ ਆਤਮ ਬੂਝ ਬੁਝਾਇੰਦਾ । ਸਚ ਸਾਚੇ ਸੰਤਾਂ ਕਰੇ ਪਹਿਚਾਨ, ਸਾਚਾ ਭੇਵ ਆਪ ਖੁਲ੍ਹਾਇੰਦਾ । ਸਾਚੇ ਗੁਰਮੁਖ ਕਰ ਪਰਵਾਨ, ਧੁਰ ਫ਼ਰਮਾਨਾ ਆਪ ਜਣਾਇੰਦਾ । ਸਾਚੇ ਗੁਰਸਿਖ ਰਾਗ ਸੁਣਾਏ ਕਾਨ, ਸਾਚਾ ਨਾਦ ਆਪ ਵਜਾਇੰਦਾ । ਸਾਚਾ ਖੇਲ ਵਿਚ ਜਹਾਨ, ਲੋਕਮਾਤ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਿਰ ਤੇਰੇ ਹੱਥ ਟਿਕਾਇੰਦਾ । ਸਾਚੀ ਧਾਰ ਸਾਚਾ ਗੋਬਿੰਦ, ਗੁਰ ਸਤਿਗੁਰ ਆਪ ਜਣਾਈਆ । ਸਾਚਾ ਅੰਮ੍ਰਿਤ ਗਹਿਰ ਗੰਭੀਰ ਸਾਗਰ ਸਿੰਧ, ਡੂੰਘੀ ਧਾਰ ਆਪ ਵਖਾਈਆ । ਸਾਚਾ ਦਾਤਾ ਗੁਣੀ ਗਹਿੰਦ, ਵਡ ਵੱਡਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸੱਚਾ ਸਤਿਗੁਰ ਸੱਚਾ ਮੀਤ, ਮਿੱਤਰ ਪਿਆਰਾ ਸਚ ਅਖਵਾਇੰਦਾ । ਸੱਚਾ ਨਾਮ ਸੱਚਾ ਗੀਤ, ਸਤਿਗੁਰ ਸੱਚਾ ਆਪ ਸੁਣਾਇੰਦਾ । ਸੱਚਾ ਮਾਰਗ ਸਾਚੀ ਰੀਤ, ਸਾਚਾ ਰਾਹ ਆਪ ਵਖਾਇੰਦਾ । ਸਾਚਾ ਖੇਲ ਹਸਤ ਕੀਟ, ਸਾਚਾ ਇਸ਼ਟ ਊਚ ਨੀਚ ਆਪ ਬੁਝਾਇੰਦਾ । ਸੱਚਾ ਧਾਮ ਇਕ ਅਨਡੀਠ, ਸੱਚੀ ਕਾਇਆ ਮੰਦਰ ਅੰਦਰ ਸੋਭਾ ਪਾਇੰਦਾ । ਸੱਚਾ ਕਰੇ ਸਚ ਪ੍ਰੀਤ, ਸਾਚਾ ਮੇਲਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰੇ ਕਰਤਾਰ, ਸਚ ਕੁਦਰਤ ਰੂਪ ਵਖਾਈਆ । ਸਚ ਮੇਲ

ਸਿਰਜਣਹਾਰ, ਨਿਰਗੁਣ ਸਰਗੁਣ ਬੰਧਨ ਪਾਈਆ । ਸਚ ਰੰਗ ਅਪਰ ਅਪਾਰ, ਲਾਲ ਗੁਲਾਲਾ ਦਏ ਚੜ੍ਹਾਈਆ । ਸਚ ਕਪੜ ਕਰੇ ਤਨ ਸ਼ਿੰਗਾਰ, ਸਚ ਚੋਲੀ ਇਕ ਹੰਢਾਈਆ । ਸਚ ਮੰਦਰ ਖੋਲ੍ਹ ਕਿਵਾੜ, ਸਚ ਪੜਦਾ ਦਏ ਉਠਾਈਆ । ਸਚ ਮੇਲਾ ਪੁਰਖ ਨਾਰ, ਘਰ ਸਾਚੇ ਵੱਜੇ ਵਧਾਈਆ । ਸਚ ਬਣੇ ਵਿਚੋਲਾ ਸਿਰਜਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਈਆ । ਸਾਚਾ ਰੰਗ ਸ੍ਰੀ ਭਗਵੰਤ, ਘਰ ਸਾਚੇ ਆਪ ਚੜ੍ਹਾਇੰਦਾ । ਸਾਚਾ ਨਾਮ ਸਤਿਗੁਰ ਮੰਤ, ਸਤਿ ਸਤਿਵਾਦੀ ਸਚ ਸਮਝਾਇੰਦਾ । ਸਾਚਾ ਮੀਤਾ ਨਰ ਹਰਿ ਕੰਤ, ਸਚ ਦੁਆਰੇ ਸੋਭਾ ਪਾਇੰਦਾ । ਸਾਚਾ ਜੋੜਾ ਹਰਿ ਹਰਿ ਸੰਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਾਹ ਇਕ ਰਖਾਇੰਦਾ । ਸਾਚਾ ਨਾਮ ਸ਼ਬਦ ਗਿਆਨ । ਸਾਚਾ ਕਰਮ ਧਰਮ ਨਿਸ਼ਾਨ । ਸਾਚਾ ਜਨਮ ਕਰਮ ਪਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸਾਚਾ ਖੇਲ ਸ੍ਰੀ ਭਗਵਾਨਾ । ਸਾਚਾ ਮੇਲ ਪੁਰਖ ਸੁਲਤਾਨਾ । ਸਾਚਾ ਸੁਹੇਲ ਨੌਜਵਾਨਾ । ਸਾਚਾ ਚੇਲ ਬਾਲ ਅਵਾਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਧੁਰ ਫ਼ਰਮਾਨਾ । ਸਾਚਾ ਹੁਕਮ ਧੁਰ ਫ਼ਰਮਾਨ । ਸਾਚਾ ਤੁਖ਼ਮ ਭਗਤ ਭਗਵਾਨ । ਸਾਚਾ ਸੁਖ ਗੁਰ ਚਰਨ ਧਿਆਨ । ਸਾਚਾ ਮੁਖ ਗੋਬਿੰਦ ਗਾਏ ਗਾਨ । ਸਾਚੀ ਕੁੱਖ ਗੁਰਮੁਖ ਜੰਮੇ ਨੌਜਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਦੱਸੇ ਸ੍ਰੀ ਭਗਵਾਨ । ਸਾਚਾ ਮਾਰਗ ਪੁਰਖ ਅਕਾਲ । ਸਾਚਾ ਸਾਲਸ ਦੀਨ ਦਿਆਲ । ਸਾਚਾ ਖ਼ਾਲਸ ਗੁਰ ਗੋਪਾਲ । ਸਾਚਾ ਬਾਲਕ ਗੁਰਸਿਖ ਲਾਲ । ਸਾਚਾ ਖ਼ਾਲਕ ਵਡ ਮਿਹਰਵਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦੀ ਵਡ ਮਿਹਰਵਾਨ । ਸਾਚਾ ਨਾਉਂ ਆਦਿ ਜੁਗਾਦਿ । ਸਾਚਾ ਥਾਉਂ ਬ੍ਰਹਮ ਬ੍ਰਹਿਮਾਦ । ਸਾਚਾ ਗਾਉਂ ਸਾਢੇ ਤਿੰਨ ਤਿੰਨ ਹਾਥ । ਸਾਚਾ ਪੀਣ ਖਾਣ ਅੰਮ੍ਰਿਤ ਰਾਸ । ਸਾਚਾ ਪਿਤਾ ਪੂਤ ਮਾਉਂ ਪੁਰਖ ਅਬਿਨਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਣਹਾਰ ਸਦ ਪਾਸ । ਸੱਚਾ ਸਤਿਗੁਰ ਸਾਚੀ ਟੇਕ । ਸਾਚਾ ਗੁਰਮੁਖ ਬੁੱਧ ਬਬੇਕ । ਸੱਚਾ ਸਤਿਗੁਰ ਮੇਟੇ ਰੇਖ । ਸੱਚਾ ਗੁਰਮੁਖ ਨੇਤਰ ਲਏ ਪੇਖ । ਸੱਚਾ ਸਤਿਗੁਰ ਕਰੇ ਹੇਤ । ਸੱਚਾ ਗੁਰਮੁਖ ਦਰਸ਼ਨ ਪਾਏ ਨਿਜ ਨੇਤਰ ਨੇਤ ਨੇਤ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਹਿਬ ਸਚ ਏਕ । ਸੱਚਾ ਗੁਰ ਸਚ ਦੀਬਾਣ । ਸੱਚਾ ਗੁਰਮੁਖ ਕਰੇ ਪਹਿਚਾਨ । ਸੱਚਾ ਸਤਿਗੁਰ ਦੇਵੇ ਮਾਣ । ਸੱਚਾ ਗੁਰਮੁਖ ਕਰੇ ਧਿਆਨ । ਸੱਚਾ ਸਤਿਗੁਰ ਹੋ ਮਿਹਰਵਾਨ । ਸੱਚਾ ਗੁਰਮੁਖ ਚਰਨ ਧੂੜੀ ਮਸਤਕ ਟਿੱਕਾ ਲਾਏ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨ । ਸੱਚਾ ਖੇਲ ਸ੍ਰੀ ਭਗਵਾਨ, ਹਰਿ ਸੱਜਣ ਸਚ ਕਰਾਈਆ । ਸਾਚਾ ਮੇਲ ਦੋ ਜਹਾਨ, ਨਿਰਗੁਣ ਸਰਗੁਣ ਗੰਢ ਪਵਾਈਆ । ਸਾਚਾ ਹੁਕਮ ਧੁਰ ਫ਼ਰਮਾਨ, ਧੁਰ ਸੰਦੇਸਾ ਨਾਮ ਸਮਝਾਈਆ । ਸੱਚਾ ਲੇਖਾ ਵਿਚ ਜਹਾਨ, ਭਗਤ ਭਗਵਾਨ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦੇਵੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਸਤਿਜੁਗ ਤੇਰਾ ਸੱਚਾ ਜਾਪ, ਦੋਏ ਅੱਖਰ ਰੂਪ ਵਟਾਈਆ । ਸੋਹੰ ਰੂਪ ਵਡ ਪਰਤਾਪ, ਕਰਨੀ ਕਰਤਾ ਦਏ ਸਮਝਾਈਆ । ਜੋਤੀ ਜੋਤ ਸਰੂਪ

੬੦੫ ੧੫

ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਕਰ ਕਿਰਪਾ ਲਏ ਰਾਖ, ਰੱਖਿਆ ਕਰੇ ਥਾਉਂ ਥਾਈਂਆ ।

✪ ੧੨ ਅੱਸੂ ੨੦੨੦ ਬਿਕਰਮੀ ਕਿਰਪਾਲ ਸਿੰਘ ਦੇ ਗ੍ਰਿਹ ਗੋਲੇ ਵਾਲਾ ਜ਼ਿਲਾ ਫਿਰੋਜ਼ਪੁਰ ✪

ਸਤਿਜੁਗ ਤੇਰੇ ਸੱਚੇ ਭਗਤ, ਸੋ ਸਤਿਗੁਰ ਆਪ ਪਰਗਟਾਈਆ । ਲੱਖ ਚੁਰਾਸੀ ਵਿਚੋਂ ਵੇਖੇ ਜਗਤ, ਨਿਰਗੁਣ ਸਰਗੁਣ ਭੇਵ ਚੁਕਾਈਆ । ਨਿਰਵੈਰ ਹੋ ਕੇ ਆਇਆ ਪਰਤ, ਬੇਪਰਵਾਹ ਫੇਰਾ ਪਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਸੱਜਣ ਸਾਚੇ ਲਏ ਪਰਖ, ਨਾਮ ਕਸਵਟੀ ਉਪਰ ਲਾਈਆ । ਅੰਦਰ ਵੜ ਕੇ ਦੇਵੇ ਦਰਸ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਨਾਮ ਧਨ ਪੱਲੇ ਬੰਨ੍ਹੇ ਖਰਚ, ਦੁੱਖ ਭੁੱਖ ਦਏ ਗਵਾਈਆ । ਅੱਗੇ ਹੋਣ ਨਾ ਦੇਵੇ ਹਰਜ਼, ਪੂਰਬ ਲੇਖਾ ਝੋਲੀ ਪਾਈਆ । ਜਨਮ ਮਰਨ ਦੀ ਰਹਿਣ ਨਾ ਦੇਵੇ ਮਰਜ਼, ਲੱਖ ਚੁਰਾਸੀ ਪੰਧ ਮੁਕਾਈਆ । ਸ਼ਬਦ ਤਾਲ ਸੁਣਾਏ ਤਰਜ਼, ਰਾਗ ਇਕੋ ਇਕ ਗਾਈਆ । ਕਰੇ ਖੇਲ ਆਪ ਅਸਚਰਜ, ਅਚਰਜ ਲੀਲਾ ਆਪ ਵਰਤਾਈਆ । ਬਣ ਕੇ ਆਇਆ ਜੋਧਾ ਮਰਦ, ਸਚ ਮਰਦਾਨਗੀ ਰਿਹਾ ਕਮਾਈਆ । ਗ਼ਰੀਬ ਨਿਮਾਣਿਆਂ ਵੰਡੇ ਦਰਦ, ਦਰਦ ਦੁੱਖ ਭੈ ਭੰਜਨ ਇਕ ਅਖਵਾਈਆ । ਨਾਮ ਖੰਡਾ ਤਿੱਖੀ ਕਰਦ, ਛੁਰੀ ਫੜੇ ਜਗਤ ਕਸਾਈਆ । ਕੂੜੀ ਕਿਰਿਆ ਦੇਵੇ ਝਟਕ, ਝਟਕਾ ਇਕੋ ਨਾਮ ਲਗਾਈਆ । ਸਤਿਗੁਰ ਪੂਰਾ ਕਰੇ ਆਪਣਾ ਫ਼ਰਜ਼, ਫ਼ਰਜ਼ੀ ਕਾਰ ਨਾ ਕੋਇ ਕਮਾਈਆ । ਜੀਵ ਜੰਤ ਸਾਧ ਸੰਤ ਸਭ ਦੀ ਵੇਖੇ ਫੋਲ ਕੇ ਫ਼ਰਦ, ਪੜਦਾ ਸਕੇ ਨਾ ਕੋਇ ਪਾਈਆ । ਪ੍ਰਭ ਦਾ ਲਾਹੇ ਕੋਈ ਨਾ ਕਰਜ਼, ਸਵਾਸ ਸਵਾਸ ਨਾ ਕੋਇ ਧਿਆਈਆ । ਅੰਤਮ ਪੁਠੀ ਦਿਸੇ ਨਰਦ, ਨਟੀਖ਼ਾਨੇ ਦਏ ਦੁਹਾਈਆ । ਚਾਰ ਕੁੰਟ ਇਕੋ ਸ਼ੇਰ ਰਿਹਾ ਕੜਕ, ਗੂੰਜ ਇਕੋ ਰਿਹਾ ਸੁਣਾਈਆ । ਸਭ ਦੀ ਭੰਨੇ ਆਕੜ ਮਟਕ, ਸਿਰ ਸਕੇ ਨਾ ਕੋਇ ਉਠਾਈਆ । ਸ਼ਬਦ ਖੰਡੇ ਦੇਵੇ ਝਟਕ, ਸੀਸ ਧੜ ਲੇਖ ਮੁਕਾਈਆ । ਕਰੇ ਖੇਲ ਇਕੋ ਫ਼ਕਤ, ਫ਼ਿਕਰਾ ਹੱਕ ਰਿਹਾ ਸੁਣਾਈਆ । ਨਾ ਕੋਈ ਨੇਮ ਨਾ ਕੋਈ ਬਰਤ, ਸੰਧਿਆ ਪੂਜਾ ਪਾਠ ਨਾ ਕੋਇ ਕਰਾਈਆ । ਤੂੰ ਮੇਰਾ ਮੈਂ ਤੇਰਾ ਇਕੋ ਨਾਮ ਪੜ੍ਹਨ ਦੀ ਰੱਖੀ ਸ਼ਰਤ, ਦੂਜੀ ਸ਼ਰਅ ਨਾ ਕੋਇ ਜਣਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਬਰਖਾ ਆਪਣੇ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਭਗਤ ਲਏ ਉਠਾਈਆ । ਸਤਿਜੁਗ ਤੇਰੇ ਥੋੜੇ ਸੰਤ, ਸੋ ਸਾਹਿਬ ਆਪ ਬਣਾਈਆ । ਨਾਰੀ ਮੇਲਾ ਵਿਛੜੇ ਕੰਤ, ਘਰ ਸੱਜਣ ਨਜ਼ਰੀ ਆਈਆ । ਕਾਇਆ ਚਾੜ੍ਹ ਰੰਗ ਬਸੰਤ, ਧੂੜੀ ਮਸਤਕ ਟਿੱਕਾ ਲਾਈਆ । ਮਹਿੰਮਾ ਸੁਣਾ ਆਪ ਅਗਣਤ, ਭੇਵ ਅਭੇਦਾ ਆਪ ਖੁਲ੍ਹਾਈਆ । ਮਾਣਸ ਦੇਹ ਬਣਾ ਬਣਤ, ਪੰਜ ਤਤ ਵੇਖੇ ਚਾਈਂ ਚਾਈਂਆ । ਤੋੜ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਇਕ ਦਰਸਾਈਆ । ਮੇਲ ਮਿਲਾਵਾ ਸਾਚੀ ਸੰਗਤ, ਸੰਗ ਆਪਣਾ ਆਪ ਰਖਾਈਆ । ਕੋਈ ਭੇਵ ਨਾ ਪਾਵੇ ਪੰਡਤ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਅੰਤਮ ਸਾਰੇ ਕਰੇ ਖੰਡਤ, ਖੰਡਾ ਖੜਗ ਨਾਮ ਚਮਕਾਈਆ । ਲੱਖ ਚੁਰਾਸੀ ਦਿਸੇ ਰੰਡਤ, ਰੰਡੇਪਾ ਘਰ ਘਰ ਨਜ਼ਰੀ ਆਈਆ । ਦਹਿ ਦਿਸ਼ਾ ਹੋਏ ਮੰਗਤ, ਖ਼ਾਲੀ ਝੋਲੀ ਇਕ

ਉਠਾਈਆ । ਮਿਲੇ ਕਿਸੇ ਨਾ ਬਹਿਸ਼ਤ ਜਨਤ, ਸਵਰਗ ਧਾਰ ਨਾ ਕੋਇ ਜਣਾਈਆ । ਨਰਕ ਸੁਰਗ ਖੇਲ ਜਾਣੇ ਨਾ ਕੋਈ ਜਨਤ, ਦੋਜ਼ਖ਼ ਬਹਿਸ਼ਤ ਵੰਡ ਨਾ ਕੋਇ ਵੰਡਾਈਆ । ਲੱਖ ਚੁਰਾਸੀ ਜੀਵ ਜੰਤ ਸਾਰੇ ਬੈਠੇ ਵਿਚ ਸ਼ੰਕਤ, ਸੰਸਾ ਰੋਗ ਨਾ ਕੋਇ ਗਵਾਈਆ । ਹਰਿ ਕਾ ਲੇਖ ਕਰੇ ਨਾ ਕੋਈ ਅੰਕਤ, ਅੰਕੜਾ ਸਕੇ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਵਰਤਾਈਆ । ਸਤਿਜੁਗ ਤੇਰੇ ਉਜਲ ਗੁਰਮੁਖ, ਹਰਿ ਸਤਿਗੁਰ ਦਏ ਵਡਿਆਈਆ । ਜਨਮ ਕਰਮ ਦਾ ਮੇਟੇ ਦੁੱਖ, ਦੀਨਾਂ ਅਨਾਥਾਂ ਦਰਦ ਵੰਡਾਈਆ । ਘਰ ਆਤਮ ਦੇਵੇ ਸੱਚਾ ਸੁਖ, ਪਰਮਾਤਮ ਖ਼ੁਸ਼ੀ ਵਖਾਈਆ । ਸਾਚਾ ਗੋਦੀ ਲਏ ਚੁੱਕ, ਗੋਦ ਸੁਹੰਜਣੀ ਇਕ ਸਹਾਈਆ । ਕਰ ਪਰਕਾਸ਼ ਨਿਰਮਲ ਜੋਤ, ਨੂਰ ਨੁਰਾਨਾ ਨੂਰ ਚਮਕਾਈਆ । ਪਿਛਲਾ ਕੱਢੇ ਅੰਦਰ ਖੋਟ, ਮਨਮਤ ਦਏ ਬਦਲਾਈਆ । ਟਿਕਾਣੇ ਲਿਆਏ ਫੜ ਕੇ ਹੋਸ਼, ਹੋਛਾਪਨ ਦਏ ਗਵਾਈਆ । ਨੇਤਰ ਖੋਲ੍ਹੇਏਕਾ ਲੋਚ, ਲੋਚਣ ਆਪਣੇ ਨਾਲ ਮਿਲਾਈਆ । ਸਾਚੀ ਦੱਸੇ ਸੱਜਣ ਸੋਚ, ਪ੍ਰਭ ਸਰਨ ਸੱਚੀ ਸਰਨਾਈਆ । ਆਦਿ ਜੁਗਾਦੀ ਵਖਾਵਣਹਾਰਾ ਕੌਤਕ ਕੌਤ, ਕਰਨੀ ਆਪਣੀ ਰਿਹਾ ਕਮਾਈਆ । ਗੁਰਮੁਖ ਕੋਈ ਨਾ ਜਾਏ ਔਂਤ, ਔਂਤਰਾ ਜਗਤ ਨਜ਼ਰੀ ਆਈਆ । ਲਾੜੀ ਮੌਤ ਨਾ ਮਾਰੇ ਮੌਤ, ਮਲਕਉਲ ਦੇਵੇ ਨਾ ਕੋਇ ਸਜਾਈਆ । ਜਿਨ੍ਹਾਂ ਆਪ ਉਠਾਏ ਆਪਣੇ ਸ਼ੌਕ, ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਸਚ ਜਣਾਏ ਧੁਰ ਦੀ ਓਟ, ਸਿਰ ਆਪਣਾ ਹੱਥ ਟਿਕਾਈਆ । ਧਰਮ ਦੁਆਰਾ ਵਸਾਏ ਕਿਲਾ ਕੋਟ, ਬੰਕ ਇਕੋ ਇਕ ਸੁਹਾਈਆ । ਵੇਲੇ ਅੰਤ ਨਾ ਹੋਵੇ ਫ਼ੌਤ, ਫ਼ਤਵਾ ਸਾਦਰ ਨਾ ਕੋਇ ਕਰਾਈਆ । ਭੇਵ ਨਾ ਜਾਣੇ ਕੋਈ ਪੀਰ ਕੁਤਬ ਗੌਂਸ, ਗਹਿਰ ਗੰਭੀਰ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਸੰਗ ਰਖਾਈਆ । ਸਤਿਜੁਗ ਤੇਰੇ ਸਾਚੇ ਸਿਖ, ਸਚ ਸੁਆਮੀ ਆਪ ਬਣਾਇੰਦਾ । ਧੁਰ ਦਰਬਾਰੀ ਲੇਖਾ ਲਿਖ, ਨਰ ਨਿਰੰਕਾਰੀ ਵੇਖ ਵਖਾਇੰਦਾ । ਆਤਮ ਪਿਆਰੀ ਕਰੇ ਹਿਤ, ਪਰਮਾਤਮ ਸਾਚਾ ਮੇਲ ਮਿਲਾਇੰਦਾ । ਨਿਰਗੁਣ ਹੋ ਕੇ ਵਸੇ ਚਿਤ, ਚੇਤਨ ਆਪਣਾ ਖੇਲ ਸਮਝਾਇੰਦਾ । ਨਾੜ ਬਹੱਤਰ ਨਾ ਉਬਲੇ ਰਿਤ, ਰਤ ਆਪਣੇ ਰੰਗ ਰੰਗਾਇੰਦਾ । ਸਤਿਗੁਰ ਸੱਚਾ ਬਣ ਕੇ ਪਿਤ, ਘਰ ਪਰਮੇਸ਼ਵਰ ਫੇਰਾ ਪਾਇੰਦਾ । ਆਪਣੇ ਮਿਲਣ ਦੀ ਸਾਚੀ ਬਿਧ, ਬਿਧ ਨਾਤਾ ਜੋੜ ਜੁੜਾਇੰਦਾ । ਕਰੇ ਵਸੇਰਾ ਘਰ ਨਿਜ, ਨਿਜ ਮਹੱਲ ਡੇਰਾ ਲਾਇੰਦਾ । ਰੂਪ ਧਾਰੇ ਅਗੰਮ ਨਿੱਕ, ਵੱਡਾ ਘਰ ਆਪ ਸੁਹਾਇੰਦਾ । ਬਿਨ ਕਿਰਪਾ ਕਿਸੇ ਨਾ ਪਏ ਦਿਸ, ਜਗ ਨੇਤਰ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਸਦਾ ਅਨਡਿਠ, ਅਨਡਿਠੜੀ ਕਾਰ ਆਪ ਕਮਾਇੰਦਾ । ਸਤਿਜੁਗ ਤੇਰੀ ਸਾਚੀ ਸਿਖੀ, ਸਾਖਿਆਤ ਸਾਹਿਬ ਪਰਗਟਾਈਆ । ਦੋ ਜਹਾਨਾਂ ਬਣੇ ਨਿੱਕੀ, ਨਿੱਕੀ ਨਿੱਕੀ ਕਰੇ ਪੜ੍ਹਾਈਆ । ਸਾਚੀ ਧਾਰ ਰੱਖੇ ਤਿਖੀ, ਦੋ ਧਾਰਾ ਖੰਡਾ ਬੈਠਾ ਮੁਖ ਭਵਾਈਆ । ਕੋਈ ਭੇਵ ਨਾ ਜਾਣੇ ਮੁਨੀ ਰਿਖੀ, ਵਡ ਮੁਨੀਸ਼ਰ ਨੈਣ ਸ਼ਰਮਾਈਆ । ਸ੍ਰਿਸ਼ਟ ਸਬਾਈ ਜਿਨ੍ਹਾਂ ਜਿਤੀ, ਲੱਖ ਚੁਰਾਸੀ ਡੇਰਾ ਢਾਹੀਆ । ਜੋਤ ਅਕਾਲਣ ਇਕੋ ਡਿਠੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਨੇਤਰ ਲੋਚਣ ਆਪਣੇ ਪੇਖੀ, ਦੂਜੇ ਕੋਲੋ ਪੁਛਣ ਕੋਇ ਨਾ ਜਾਈਆ । ਆਤਮ ਪਰਮਾਤਮ ਕਰ ਕੇ ਵੇਖੀ ਹੇਤੀ, ਹਿਤਕਾਰੀ ਆਪਣੀ ਦਇਆ ਕਮਾਈਆ । ਜਨਮ ਮਰਨ ਦੀ ਰਹੀ ਨਾ ਕੇਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨੇਤਰ ਆਪ ਜਣਾਈਆ । ਸਤਿਜੁਗ ਤੇਰਾ ਸਚ ਅਸੂਲ, ਹਰਿ ਅਸਲੀਅਤ ਵਿਚ ਸਮਝਾਇੰਦਾ । ਧੁਰ ਦਾ ਹੁਕਮ ਕਰਨਾ ਕ਼ਬੂਲ, ਕਾਮਲ ਪੁਰਖ ਆਪ ਸਮਝਾਇੰਦਾ । ਭੇਵ ਕੋਈ ਨਾ ਜਾਣੇ ਕਾਤਲ ਮਕਤੂਲ, ਕਤਲਗਾਹ ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕੋ ਲਾਇੰਦਾ । ਸਤਿਜੁਗ ਤੇਰਾ ਸਚ ਸੁਆਮੀ, ਸਾਹਿਬ ਸਤਿਗੁਰ ਆਪ ਜਣਾਈਆ । ਘਟ ਘਟ ਵੇਖੇ ਅੰਤਰਜਾਮੀ, ਅੰਤਰਗਤ ਫੋਲ ਫੋਲਾਈਆ । ਨਿਹਕਰਮੀ ਦਾਤਾ ਵਡ ਨਿਹਕਾਮੀ, ਕਰਮ ਕਾਂਡ ਭੇਵ ਚੁਕਾਈਆ । ਸਤਿਜੁਗ ਸੱਚੀ ਚਲੇ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਰਸਨਾ ਬੋਲੇ ਚਾਰੇ ਖਾਣੀ, ਚਾਰੇ ਬਾਣੀ ਸਿਫ਼ਤ ਸਾਲਾਹੀਆ । ਸ਼ਬਦ ਗੁਰੂ ਗੁਰ ਮਿਲਿਆ ਹਾਣੀ, ਹੌਕਾ ਭਰੇ ਇਕ ਲੋਕਾਈਆ । ਘਰ ਅੰਮ੍ਰਿਤ ਪਿਆਏ ਠੰਡਾ ਪਾਣੀ, ਸਰ ਸਰੋਵਰ ਇਕ ਨੁਹਾਈਆ । ਆਵਣ ਜਾਵਣ ਚੁੱਕੇ ਕਾਣੀ, ਜਗਤ ਗੇੜਾ ਦਏ ਮੁਕਾਈਆ । ਸਚ ਬਣਾਏ ਧੁਰ ਦੀ ਰਾਣੀ, ਨਾਮ ਮਸਤਕ ਟਿੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਹਿਬਰ ਰਿਹਾ ਸਮਝਾਈਆ । ਸਤਿਜੁਗ ਤੇਰਾ ਸੁਹਾਵੇ ਪਲੰਘ, ਸੇਜ ਇਕੋ ਇਕ ਵਡਿਆਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਸਣ ਲਾਈਆ । ਦੋ ਜਹਾਨਾਂ ਦਏ ਅਨੰਦ, ਅਨੰਦ ਅਨੰਦ ਵਿਚੋ ਪਰਗਟਾਈਆ । ਲੱਖ ਚੁਰਾਸੀ ਸੁਣਾਏ ਛੰਦ, ਸੋਹੰ ਸਾਚਾ ਨਾਮ ਅਲਾਈਆ । ਨਿਰਗੁਣ ਸਰਗੁਣ ਢਾਹੇ ਕੰਧ, ਭਾਂਡਾ ਭਰਮ ਭੌ ਭੰਨਾਈਆ । ਕੂੜੀ ਕਿਰਿਆ ਦੇਵੇ ਦੰਡ, ਡੰਕਾ ਇਕੋ ਨਾਮ ਸੁਣਾਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਡੇਰਾ ਢਾਹੀਆ । ਕੂੜੀ ਕਿਰਿਆ ਕਲਜੁਗ ਮੇਟੇ ਪੰਧ, ਸਤਿਜੁਗ ਭੱਜੇ ਵਾਹੋ ਦਾਹੀਆ । ਕਰੇ ਖੇਲ ਸੂਰਾ ਸਰਬੰਗ, ਦੂਜਾ ਸਮਝ ਸਕੇ ਕੋਇ ਨਾ ਰਾਈਆ । ਕੂੜੀ ਕਿਰਿਆ ਮੂਰਖ ਮੁਗਧ ਕਲ ਅੰਞਾਣ ਪਾਵਣ ਡੰਡ, ਰਸਨਾ ਜਿਹਵਾ ਬੱਤੀ ਦੰਦ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਘਰ ਵਸਾਈਆ । ਸਤਿਜੁਗ ਤੇਰਾ ਵਸੇ ਖੇੜਾ, ਹਰਿ ਸਾਚਾ ਆਪ ਵਸਾਇੰਦਾ । ਦੂਰ ਦੁਰਾਡਾ ਨਜ਼ਰੀ ਆਏ ਨੇਰਨ ਨੇਰਾ, ਨੇਰਨ ਨੇਰਾ ਹੋ ਵਖਾਇੰਦਾ । ਭੇਵ ਖੁਲ੍ਹਾਏ ਮੇਰਾ ਤੇਰਾ, ਸੋਹੰ ਸਾਚਾ ਨਾਉਂ ਦ੍ਰਿੜਾਇੰਦਾ । ਇਕੋ ਦਰ ਵਸੇ ਗੁਰੂ ਗੁਰ ਚੇਰਾ, ਚੇਲਾ ਗੁਰ ਇਕੋ ਘਰ ਸੋਭਾ ਪਾਇੰਦਾ । ਕੂੜੀ ਕਿਰਿਆ ਕਰੇ ਨਖੇੜਾ, ਦੋ ਧਾਰਾ ਖੰਡਾ ਆਪ ਚਮਕਾਇੰਦਾ । ਧਰਤ ਮਾਤ ਦਾ ਖੁਲ੍ਹਾ ਵਿਹੜਾ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਸੰਤ ਸੁਹੇਲੇ ਭਗਤ ਭਗਵਾਨ ਕਰੇ ਮਿਹਰਾ, ਮਿਹਰ ਨਜ਼ਰ ਨੈਣ ਉਠਾਇੰਦਾ । ਗੁਰਮੁਖ ਗੁਰਸਿਖ ਹੱਕ ਕਰਾਏ ਨਬੇੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਾਹ ਇਕ ਵਖਾਇੰਦਾ । ਸਤਿਜੁਗ ਵੇਖ ਸਚ ਮਕਾਨ, ਹਰਿ ਸਾਚਾ ਸਚ ਜਣਾਈਆ । ਜਿਸ ਘਰ ਭਗਤ ਭਗਵਾਨ ਇਕੱਠੇ ਹੋਏ ਆਣ, ਵੱਜੇ ਇਕ ਵਧਾਈਆ । ਜਿਸ ਦੁਆਰੇ ਸੰਤ ਸੱਜਣ ਨਿਉਂ ਨਿਉਂ ਮੰਗਣ ਦਾਨ, ਬੈਠੇ ਸੀਸ ਝੁਕਾਈਆ । ਜਿਸ ਗ੍ਰਿਹਿ ਗੁਰਮੁਖ ਗੁਰ ਗੁਰ ਕਰਨ ਪਹਿਚਾਨ, ਪੜਦਾ ਦੂਈ ਦਵੈਤ ਮਿਟਾਈਆ । ਜਿਸ ਮਹੱਲ ਗੁਰਸਿਖ ਚਰਨੀ ਡਿਗਣ ਆਣ, ਧੂੜੀ ਮਸਤਕ ਟਿੱਕਾ ਲਾਈਆ । ਜਿਸ ਮੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਬਹਿ ਕੇ ਗਾਣ, ਵਾਹਵਾ ਕਹਿਣ ਤੇਰੀ ਵਡਿਆਈਆ । ਜਿਸ ਦੁਆਰੇ ਵਿਸ਼ਨ ਬ੍ਰਹਮਾ ਸ਼ਿਵ ਕਰਨ ਕਲਿਆਣ, ਬਣ ਬਣ ਬੈਠੇ ਡੂਮ ਮਰਾਸੀ ਨਾਈਆ । ਜਿਸ ਚੁਬਾਰੇ ਸੋਹੇ ਸੱਚਾ ਭਗਵਾਨ, ਨਿਰਗੁਣ

ਜੋਤ ਜੋਤ ਰੁਸ਼ਨਾਈਆ । ਸੋ ਘਰ ਹੋਵੇ ਪਰਵਾਨ, ਪ੍ਰਭ ਦਾਤਾ ਵੇਖੇ ਚਾਈਂ ਚਾਈਆ । ਕਲਜੁਗ ਅੰਤਮ ਖੇਲ ਕਰੇ ਮਹਾਨ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਭਗਤ ਦਵਾਰਾ ਖੋਲ੍ਹ ਦੁਕਾਨ, ਸਾਚਾ ਰਾਹ ਦਏ ਵਖਾਈਆ । ਹੱਟ ਖੋਲ੍ਹੇ ਇਕ ਮਹਾਨ, ਸੌਦਾ ਸਚ ਸਚ ਵਿਕਾਈਆ । ਜਿਸ ਦੀ ਇਕੋ ਸ਼ਰਅ ਇਕ ਈਮਾਨ, ਧਰਮ ਇਕੋ ਇਕ ਸਮਝਾਈਆ । ਇਕੋ ਜ਼ਾਤ ਇਕੋ ਪਾਤ ਇਕੋ ਦੀਨ ਮਜ਼੍ਹਬ ਇਸਲਾਮ, ਇਕੋ ਪੈਗ਼ੰਬਰ ਨਜ਼ਰੀ ਆਈਆ । ਜਿਸ ਦਾ ਇਕੋ ਕਲਮਾ ਇਕ ਕਲਾਮ, ਇਕੋ ਮੰਤਰ ਸਤਿਨਾਮ, ਇਕੋ ਡੰਕਾ ਫ਼ਤਹਿ ਵਜਾਈਆ । ਜਿਸ ਦਾ ਇਕੋ ਰੂਪ ਰਾਮ, ਇਕੋ ਨੂਰ ਕਾਹਨ, ਇਕੋ ਸੂਰਬੀਰ ਉਠਾਏ ਨਿਸ਼ਾਨ, ਸ਼ਬਦੀ ਜੋਧਾ ਵਡ ਬਲਵਾਨ, ਸੋ ਪੁਰਖ ਨਿਰੰਜਣ ਕਿਰਪਾ ਕਰੇ ਮਹਾਨ, ਸਚ ਦੁਆਰ ਖੋਲ੍ਹੇ ਵਿਚ ਜਹਾਨ, ਜਹਾਲਤ ਪਿਛਲੀ ਦਏ ਗਵਾਈਆ । ਖ਼ਾਲਸ ਖ਼ਾਲਸਾ ਕਰੇ ਪਰਵਾਨ, ਚਾਰ ਵਰਨਾਂ ਇਕ ਗਿਆਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਖ਼ੁਸ਼ੀ ਮਨਾਣ, ਹਰਖ ਸੋਗ ਚਿੰਤਾ ਗ਼ਮ ਜਨਮ ਮਰਨ ਭੈ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਮਹੱਲਾ ਉਚ ਅਟੱਲਾ ਇਕੋ ਇਕ ਸਮਝਾਈਆ । ਸਤਿਜੁਗ ਤੇਰਾ ਸਚ ਮਕਾਨ, ਸ੍ਰੀ ਭਗਵਾਨ ਆਪ ਬਣਾਈਆ । ਜਿਸ ਘਰ ਕਦੀ ਨਾ ਆਵੇ ਤੂਫ਼ਾਨ, ਵਰਖਾ ਦੇਵੇ ਨਾ ਕੋਇ ਲਾਈਆ । ਜਿਸ ਦਾ ਮੇਟੇ ਨਾ ਕੋਈ ਨਿਸ਼ਾਨ, ਮਾਟੀ ਖ਼ਾਕ ਨਾ ਕੋਇ ਮਿਲਾਈਆ । ਜਿਸ ਦਾ ਹੋਏ ਨਾ ਕੋਈ ਲਾਸਾਨ, ਸਾਨੀ ਨਜ਼ਰ ਕੋਇ ਨਾ ਆਈਆ । ਜਿਸ ਦੇ ਅੰਦਰ ਥੋੜੇ ਭਗਤ ਰਹਿਣ ਮਹਿਮਾਨ, ਦੂਜਾ ਵੜਨ ਕੋਈ ਨਾ ਪਾਈਆ । ਜਿਸ ਘਰ ਅੰਮ੍ਰਿਤ ਪੀਣ ਖਾਣ, ਦੂਜੀ ਵਸਤ ਨਾ ਕੋਇ ਵਰਤਾਈਆ । ਜਿਸ ਦਰ ਸਤਿਗੁਰ ਮਿਲੇ ਆਣ, ਪੁਰਖ ਅਬਿਨਾਸ਼ੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਾਹ ਰਿਹਾ ਜਣਾਈਆ । ਸਤਿਜੁਗ ਤੇਰਾ ਸੋਹਣਾ ਮਹੱਲਾ, ਸ੍ਰੀ ਭਗਵਾਨ ਸਚ ਬਣਾਇਆ । ਜਿਥੇ ਵਸੇ ਇਕ ਇਕੱਲਾ, ਸਚ ਦੁਆਰਾ ਰਿਹਾ ਸੁਹਾਇਆ । ਨਿਰਗੁਣ ਹੋ ਫੜਾਇਆ ਪੱਲਾ, ਸਰਗੁਣ ਆਪਣਾ ਜੋੜ ਜੁੜਾਇਆ । ਸਚ ਸੱਦੇਸ਼ਾ ਇਕੋ ਘੱਲਾ, ਸੋਹੰ ਨਾਮ ਜਪਾਇਆ । ਜੋਤੀ ਸ਼ਬਦੀ ਧਾਰ ਰਲਾ, ਰੂਪ ਰੰਗ ਰੇਖ ਨਾ ਕੋਇ ਰਖਾਇਆ । ਵੇਖਣਹਾਰਾ ਰਾਣੀ ਅੱਲਾ, ਆਲਮੀਨ ਵੇਸ ਵਟਾਇਆ । ਲੱਖ ਚੁਰਾਸੀ ਦਿਸੇ ਝੱਲਾ, ਝਲਕ ਆਪਣੀ ਨਾ ਕਿਸੇ ਜਣਾਇਆ । ਸਚ ਮੰਦਰ ਬਹਿ ਕੇ ਬੋਲੇ ਇਕੋ ਹੱਲਾ, ਹਾਲਤ ਸਭ ਦੀ ਦਏ ਬਦਲਾਇਆ । ਪੰਜ ਤਤ ਕਾਇਆ ਮਾਟੀ ਵੇਖੇ ਖੱਲਾ, ਖ਼ਾਲਕ ਖ਼ਲਕ ਵੇਖ ਵਖਾਇਆ । ਹੱਥ ਉਠਾਏ ਤਿੱਖਾ ਭੱਲਾ, ਨਾਮ ਨਿਸ਼ਾਨਾ ਤੀਰ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਦਏ ਦ੍ਰਿੜਾਇਆ । ਸਤਿਜੁਗ ਤੇਰਾ ਸਚ ਮਨਾਰਾ, ਮੁਨੀ ਰਿਖੀ ਨਜ਼ਰ ਕਿਸੇ ਨਾ ਆਈਆ । ਝੁਕਦੇ ਰਹਿਣ ਗੁਰੂ ਅਵਤਾਰਾ, ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਮੰਗਦੇ ਰਹਿਣ ਦਰ ਭਿਖਾਰਾ, ਭਗਤ ਆਪਣੀ ਝੋਲੀ ਡਾਹੀਆ । ਬੋਲਦੇ ਰਹਿਣ ਇਕ ਜੈਕਾਰਾ, ਜੈ ਜੈਕਾਰ ਰਾਗ ਅਲਾਈਆ । ਗੌਂਦੇ ਰਹਿਣ ਜੁਗ ਜੁਗ ਵਾਰਾ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਕਾਗਦ ਕਲਮ ਬਣਦੇ ਰਹੇ ਲਿਖਾਰਾ, ਬਣ ਕਾਤਬ ਲੇਖਾ ਲਿਖਿਆ ਨਾਲ ਸ਼ਾਹੀਆ । ਨਿਰਗੁਣ ਸਰਗੁਣ ਬਣਦੇ ਰਹੇ ਵਣਜਾਰਾ, ਲੋਕਮਾਤ ਹੱਟ ਚਲਾਈਆ । ਜੀਵ ਜੰਤਾਂ ਦੇਂਦੇ ਰਹੇ ਸਹਾਰਾ, ਸਾਚੀ ਸਿਖਿਆ ਧੁਰ ਸਮਝਾਈਆ । ਅੰਤਮ ਗਏ ਆਪਣੀ ਧਾਰਾ, ਜਿਸ ਧਾਰ ਵਿਚੋ ਨੂਰ ਪਰਗਟਾਈਆ । ਸੋ ਨੂਰੀ ਸ਼ਹਿਨਸ਼ਾਹ ਇਕੋ ਏਕੰਕਾਰਾ, ਅਕਲ ਕਲਾ ਅਖਵਾਈਆ । ਆਦਿ

ਜੁਗਾਦਿ ਜੁਗ ਚੌਕੜੀ ਜਿਸ ਦਾ ਦਿਸੇ ਪਸਾਰਾ, ਪਸਰ ਪਸਾਰੀ ਇਕੋ ਨਜ਼ਰੀ ਆਈਆ । ਸੋ ਸਤਿਜੁਗ ਤੇਰਾ ਖੋਲ੍ਹੇ ਇਕ ਦੁਆਰਾ, ਕੋਟਨ ਕੋਟ ਦੁਆਰਕਾ ਬੈਠੀ ਸੀਸ ਝੁਕਾਈਆ । ਕੋਟਨ ਰਾਮ ਕਰੇ ਨਿਮਸਕਾਰਾ, ਕੋਟਨ ਗੁਰ ਅਵਤਾਰ ਦਰ ਦਰਵੇਸ਼ ਸੇਵ ਕਮਾਈਆ । ਕੋਟਨ ਵਿਸ਼ਨ ਬ੍ਰਹਮਾ ਸ਼ਿਵ ਧੂੜੀ ਮਸਤਕ ਲਾਵਣ ਛਾਰਾ, ਟਿੱਕਾ ਇਕੋ ਇਕ ਰਖਾਈਆ । ਕੋਟਨ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫਿਰ ਫਿਰ ਥੱਕੇ ਵਾਰੋ ਵਾਰਾ, ਬਣ ਪਾਂਧੀ ਪੰਧ ਮੁਕਾਈਆ । ਤਿਸ ਸਾਹਿਬ ਦਾ ਅੰਤ ਨਾ ਪਾਰਾਵਾਰਾ, ਜਿਸ ਆਪਣੀ ਖੇਲ ਰਚਾਈਆ । ਸੋ ਕਲਜੁਗ ਅੰਤਮ ਨਿਰਗੁਣ ਨਿਰਵੈਰ ਲੈ ਅਵਤਾਰਾ, ਵਡ ਅਵਤਾਰੀ ਫੇਰਾ ਪਾਈਆ । ਜਿਸ ਦਾ ਦੋ ਜਹਾਨਾਂ ਮੰਨਣਾ ਪਏ ਜੈਕਾਰਾ, ਨਾ ਕੋਈ ਮੇਟੇ ਮੇਟ ਮਿਟਾਈਆ । ਉਹਦਾ ਇਕੋ ਸਚ ਇਸ਼ਾਰਾ, ਕੂੜੀ ਐਸ਼ੋ ਇਸ਼ਰਤ ਦਏ ਗਵਾਈਆ । ਨਵ ਨੌ ਚਾਰ ਹਾਹਾਕਾਰਾ, ਹਕੀਰ ਫ਼ਕੀਰ ਦਏ ਰੁਲਾਈਆ । ਕਰੇ ਖੇਲ ਆਪ ਨਿਆਰਾ, ਮਜ਼੍ਹਬ ਸ਼ਰਅ ਦੀਨ ਦਏ ਤੁੜਾਈਆ । ਵੇਖੇ ਵਿਗਸੇ ਪਰਵਰਦਿਗਾਰਾ, ਬੇਪਰਵਾਹ ਫੇਰਾ ਪਾਈਆ । ਨਈਆ ਡੋਬੇ ਵਿਚ ਮੰਝਧਾਰਾ, ਕੂੜਾ ਲੇਖਾ ਦਏ ਮੁਕਾਈਆ । ਨਿਰਵੈਰ ਹੋਏ ਸਾਂਝਾ ਯਾਰਾ, ਅਗਲਾ ਖੇਲ ਦਏ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਸੰਤ ਸੁਜਾਨ ਗੁਰਮੁਖ ਜਵਾਨ ਗੁਰਸਿਖ ਅਵਾਣ ਸਾਰੇ ਮਿਲ ਕੇ ਪੁਰਖ ਅਕਾਲ ਦੀਨ ਦਿਆਲ ਦਰ ਵੇਖੋ ਇਕ ਅਪਾਰਾ, ਜਿਸ ਘਰ ਇਕੋ ਸ਼ਹਿਨਸ਼ਾਹ ਨਜ਼ਰੀ ਆਈਆ । ਝੁਕ ਝੁਕ ਉਠ ਉਠ ਕਰੋ ਕਰੋ ਕਰੋ ਨਿਮਸਕਾਰਾ, ਨਿਮਖ ਨਿਮਖ ਨਿਮਖ ਆਪਣਾ ਆਪ ਕਟਾਈਆ । ਕੋਈ ਨਾ ਦਿਸੇ ਹੁਕਮੇ ਬਾਹਰਾ, ਹੁਕਮੇ ਅੰਦਰ ਖੇਲ ਰਚਾਈਆ । ਸਾਚਾ ਤੁਖ਼ਮ ਹਰਿ ਸ਼ਬਦ ਪੂਤ ਸਪੂਤ ਦੁਲਾਰਾ, ਤਾਸੀਰ ਭਗਤਾਂ ਵਿਚ ਰਖਾਈਆ । ਮੇਲ ਮਿਲਾਏ ਇਕ ਦੁਆਰਾ, ਸਚ ਦਰਬਾਰ ਵੱਜੇ ਵਧਾਈਆ । ਸਾਚੀ ਸਖ਼ੀਆਂ ਮੰਗਲਾਚਾਰਾ, ਗੀਤ ਇਕੋ ਇਕ ਸੁਣਾਈਆ । ਘਰ ਮਿਲੇ ਪ੍ਰੀਤਮ ਪਿਆਰਾ, ਪੀਆ ਵਿਛੜ ਕਦੇ ਨਾ ਜਾਈਆ । ਜਿਸ ਦਾ ਆਦਿ ਜੁਗਾਦਿ ਪਸਾਰਾ, ਸੋ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਸੰਤਾਂ ਗੁਰਮੁਖਾਂ ਗੁਰਸਿਖਾਂ ਕਰੇ ਪਾਰ ਕਿਨਾਰਾ, ਨਈਆ ਆਪਣੇ ਪੱਤਣ ਲਾਈਆ । ਫੜ ਬਾਹੋ ਲੈ ਕੇ ਜਾਏ ਸਚ ਦਰਬਾਰਾ, ਜਿਸ ਘਰ ਬੈਠਾ ਆਸਣ ਲਾਈਆ । ਜੋਤੀ ਜਲਵਾ ਜੋਤ ਉਜਿਆਰਾ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਓਸ ਮੰਦਰ ਵੜ ਕੇ ਪੁਰਖ ਅਬਿਨਾਸ਼ੀ ਦਰਸਨ ਕਰ ਕੇ ਭਗਤ ਸੰਤ ਗੁਰਮੁਖ ਗੁਰਸਿਖ ਕੋਈ ਨਾ ਕਹੇ ਮੈਂ ਏਥੋ ਜਾਵਾਂ ਬਾਹਰਾ, ਸਾਰੇ ਮੰਗਣ ਇਕੋ ਤੇਰਾ ਨੂਰ ਤੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਥੇ ਓਥੇ ਦੋ ਜਹਾਨ ਕਰੇ ਸੱਚਾ ਸਚ ਪਿਆਰਾ, ਝੂਠੀ ਯਾਰੀ ਨਾ ਕਦੇ ਲਗਾਈਆ ।

✪ ੧੨ ਅੱਸੂ ੨੦੨੦ ਬਿਕਰਮੀ ਗੋਲੇਵਾਲਾ ✪

ਰਸਨਾ ਜਿਹਵਾ ਬੱਤੀ ਦੰਦ ਬੋਲ ਕੀਤੀ ਕਲਿਆਣ, ਸ਼ਾਸਤਰ ਵੇਦ ਸਿਮਰਤ ਗਿਆਨ ਪਾਠ ਪੂਰਬ ਜਣਾਈਆ । ਬੋਧ ਅਗਾਧ ਸ਼ਬਦ ਅਨਾਦ ਧੁਨ ਦੱਸੀ ਨਾ ਵੱਜੇ ਕਿਸ ਮਕਾਨ, ਤਾਰ ਸੁਰ ਤਾਲ ਕਵਣ ਰਖਾਈਆ । ਕਵਣ ਕੂਟ ਕਵਣ ਦੁਆਰ ਮਿਲੇ ਪਤਿਪਰਮੇਸ਼ਵਰ ਸ੍ਰੀ ਭਗਵਾਨ, ਬੇਪਰਵਾਹ ਵੱਡੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਗੌਂਦੇ ਗਏ ਗਾਨ, ਸਿਫ਼ਤੀ ਸਿਫ਼ਤ ਸਾਲਾਹੀਆ । ਤਿਸ ਸਾਹਿਬ ਦੀ ਨਿਰਗੁਣ ਰੂਪ ਦੱਸੋ ਪਹਿਚਾਨ, ਨਿਰਵੈਰ ਕਵਣ ਕੂਟੇ ਆਸਣ ਲਾਈਆ । ਕਵਣ ਸੰਦੇਸਾ ਤੁਹਾਨੂੰ ਦੇਵੇ ਆਣ, ਅੰਤਰ ਆਤਮ

੬੧੦
੧੫

ਬੂਝ ਬੁਝਾਈਆ । ਬ੍ਰਹਮ ਕਵਣ ਕਰੇ ਪਹਿਚਾਣ, ਬ੍ਰਹਮ ਪਾਰਬ੍ਰਹਮ ਪੜਦਾ ਆਪ ਉਠਾਈਆ । ਕਵਣ ਸ਼ਬਦ ਵੱਜੇ ਧੁਨਕਾਨ, ਤੁਰੀਆ ਬੈਠੀ ਨੈਣ ਸ਼ਰਮਾਈਆ । ਕਵਣ ਮੰਦਰ ਜੋਤ ਜਗੇ ਮਹਾਨ, ਦੀਵਾ ਬਾਤੀ ਕਿਸ ਬਿਧ ਰਿਹਾ ਟਿਕਾਈਆ । ਆਪਣਾ ਲੇਖਾ ਖੋਲ੍ਹ ਕਰੋ ਬਿਆਨ, ਸਾਢੇ ਤਿੰਨ ਹੱਥ ਕਾਇਆ ਬੰਕ ਕਵਣ ਘਰ ਹੋਏ ਰੁਸ਼ਨਾਈਆ । ਨੌ ਦੁਆਰੇ ਕੂੜੀ ਕਿਰਿਆ ਸਾਰੇ ਕਹਿਣ ਪਰਧਾਨ, ਸੁਖਮਨ ਟੇਢੀ ਬੰਕ ਫਿਰ ਫਿਰ ਥੱਕਣ ਵਾਹੋ ਦਾਹੀਆ । ਈੜਾ ਪਿੰਗਲ ਰੱਖਣ ਮਾਣ, ਸਹੰਸ ਦਲ ਦੇਣ ਜਣਾਈਆ । ਸਚ ਦੱਸੋ ਕਿਸ ਰੂਪ ਅੰਮ੍ਰਿਤ ਆਤਮ ਕੀਤਾ ਪਾਨ, ਨਿਝਰ ਝਿਰਨਾ ਉਲਟਾ ਕਵਲ ਉਲਟਾਈਆ । ਕਿਸ ਘਰ ਕਿਸ ਮੰਦਰ ਕਿਸ ਗ੍ਰਿਹਿ ਸੁਆਮੀ ਸਚ ਸਤਿਗੁਰ ਮਿਲੇ ਆਣ, ਸਤਿ ਸਤਿਵਾਦੀ ਆਪਣਾ ਪੰਧ ਮੁਕਾਈਆ । ਸੋਈ ਸੁਰਤੀ ਅਕਾਲ ਮੂਰਤੀ ਨਾਦ ਤੂਰਤੀ ਆਸਾ ਪੂਰਤੀ ਸ਼ਬਦ ਗੁਰਦੇਵ ਲਏ ਉਠਾਲ, ਸ਼ਬਦ ਇਸ਼ਾਰੇ ਨਾਲ ਬੁਲਾਈਆ । ਉਸ ਦਾ ਨੂਰ ਕਵਣ ਕਰੇ ਜੁਮਾਲ, ਬੇਨਜ਼ੀਰ ਨਜ਼ਰ ਨਜ਼ਰ ਵਖਾਈਆ । ਪਰਵਰਦਿਗਾਰ ਬੇਪਰਵਾਹ ਸਤਿ ਸਰੂਪ ਸ਼ਾਹੋ ਭੂਪ ਸ੍ਰੀ ਭਗਵਾਨ ਕਰੋ ਬਿਆਨ, ਬੇਜ਼ਬਾਨ ਜੋ ਸਭ ਨੂੰ ਰਿਹਾ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਚਾਰ ਜੁਗ ਚਾਰ ਵਰਨ ਜਿਸ ਦੀ ਮੰਨਣ ਆਣ, ਬੈਠੇ ਦਰ ਦਰਵੇਸ਼ ਸੀਸ ਝੁਕਾਈਆ । ਉਸ ਪ੍ਰਭੂ ਦਾ ਭੇਵ ਦੱਸੋ ਆਣ, ਅਨਡਿਠੜੀ ਬੂਝ ਬੁਝਾਈਆ । ਜਿਸ ਦਰਸ਼ਨ ਨੂੰ ਦਰਸ ਮੰਗਣ ਵਿਚ ਜਹਾਨ, ਤ੍ਰਿਸਨਾ ਇਕੋ ਭੁੱਖ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰਾ ਘਰ ਵਿਚ ਘਰ, ਕਵਣ ਕੂਟੇ ਬੈਠਾ ਡੇਰਾ ਲਾਈਆ । ਚਾਰ ਜੁਗ ਦਾ ਚੁੱਕੇ ਝੇੜਾ, ਪਿਛਲੀ ਕਥਾ ਸਾਰੇ ਰਹੇ ਸੁਣਾਈਆ । ਆਪਣਾ ਦੱਸੋ ਕਿਸ ਬਿਧ ਵਸਿਆ ਖੇੜਾ, ਮਿਲੀ ਮਾਣ ਤਨ ਵਡਿਆਈਆ । ਮਨ ਮੰਦਰ ਕਿਸ ਦੁਆਰੇ ਢਾਹਿਆ ਡੇਰਾ, ਮਨਸਾ ਮਨਸਾ ਵਿਚ ਖਪਾਈਆ । ਬੁੱਧੀ ਵੇਖਿਆ ਕਿਹੜਾ ਵਿਹੜਾ, ਘਰ ਆਪਣੇ ਫੇਰਾ ਪਾਈਆ । ਕਿਸ ਮੰਜ਼ਲ ਹੋਵੇ ਹੱਕ ਨਬੇੜਾ, ਹਕੀਕਤ ਲੇਖਾ ਦਏ ਚੁਕਾਈਆ । ਸਾਹਿਬ ਸਤਿਗੁਰ ਹਰਿ ਸੁਲਤਾਨ ਦੂਰ ਦੁਰਾਡਾ ਨਜ਼ਰੀ ਆਏ ਨੇਰਨ ਨੇਰਾ, ਘਰ ਮਿਲੇ ਸੱਚਾ ਮਾਹੀਆ । ਸਾਚੇ ਸੰਤ ਬਣਾਓ ਬਣਤ, ਮਿਲਾਓ ਕੰਤ, ਲੇਖਾ ਚੁੱਕੇ ਜੀਵ ਜੰਤ, ਸਾਧਨਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਸਾਚਾ ਘਰ, ਘਰ ਆਪਣਾ ਦਿਓ ਸਮਝਾਈਆ । ਆਪਣਾ ਘਰ ਦੱਸੋ ਬੋਲ, ਅਨਬੋਲਤ ਆਪ ਜਣਾਇੰਦਾ । ਜਿਸ ਘਰ ਅੰਦਰ ਇਕ ਵੱਜੇ ਢੋਲ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਇੰਦਾ । ਸਾਚੀ ਵਸਤ ਕਿਸ ਗ੍ਰਿਹਿ ਰੱਖੀ ਕੋਲ, ਖੋਲ੍ਹ ਅੱਖ ਕਿਉਂ ਮੁਖ ਛੁਪਾਇੰਦਾ । ਪੂਰੇ ਕੰਡੇ ਤੋਲੋ ਤੋਲ, ਤੋਲਣਹਾਰਾ ਬੂਝ ਬੁਝਾਇੰਦਾ । ਮਾਰਨ ਨਹੀਂ ਦੇਣਾ ਕੋਈ ਰੋਲ, ਉਹਲਾ ਪੜਦਾ ਸਰਬ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਇਕੋ ਘਰ, ਜਿਸ ਘਰ ਹਰਿ ਹਰਿ ਨਜ਼ਰੀ ਆਇੰਦਾ । ਹਰਿ ਕਾ ਦੱਸੋ ਸਚ ਦੁਆਰ, ਦੁਆਰਕਾ ਮਿਲੇ ਨਾ ਵਡਿਆਈਆ । ਜਿਸ ਘਰ ਵਸੇ ਇਕੋ ਨਿਰੰਕਾਰ, ਏਕੰਕਾਰ ਬੈਠਾ ਆਸਣ ਲਾਈਆ । ਨਿਰਮਲ ਦੀਆ ਬਾਤੀ ਜਗੇ ਅਗੰਮ ਅਪਾਰ, ਨੂਰੋ ਨੂਰ ਨੂਰ ਰੁਸ਼ਨਾਈਆ । ਓਥੇ ਸ਼ਾਸਤਰ ਸਿਮਰਤ ਵੇਦ ਪੁਰਾਨ ਕੋਈ ਨਾ ਕਰੇ ਵਿਚਾਰ, ਗੀਤਾ ਗਿਆਨ ਨਾ ਕੋਇ ਦ੍ਰਿੜਾਈਆ । ਨਾ ਕੋਈ ਜਨਕ ਦਿਸੇ ਦਰਬਾਰ, ਨਾ ਕੋਈ ਅਸ਼ਟਾਬਕਰ ਬੂਝ ਰਿਹਾ ਬੁਝਾਈਆ । ਸੋ ਸਾਹਿਬ ਖੇਲ ਕਰੇ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਜੁਗ ਜੁਗ ਜਨ ਭਗਤਾਂ ਖੋਲ੍ਹੇ

੬੧੧
੧੫

ਬੰਦ ਕਿਵਾੜ, ਬਜਰ ਕਪਾਟੀ ਤੋੜ ਤੁੜਾਈਆ । ਸਾਚਾ ਦਰਸ ਦੇਵੇ ਇਕ ਵਸਾਲ, ਵਸਲ ਆਪਣੇ ਨਾਲ ਕਰਾਈਆ । ਸ਼ਾਸਤਰ ਸਿਮਰਤ ਜਿਸ ਦਾ ਦੱਸਣ ਹਾਲ, ਸੋ ਹਾਲਤ ਸਭ ਦੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਸਾਚਾ ਘਰ, ਜਿਸ ਘਰ ਮਿਲੇ ਇਕੋ ਦਰਸ, ਅਗਲੀ ਪਿਛਲੀ ਰਹੇ ਨਾ ਕੋਈ ਹਰਸ, ਹਵਸ ਨਜ਼ਰ ਕੋਇ ਨਾ ਆਈਆ । ਕਿਰਪਾ ਕਰੇ ਜਗਤ ਠਾਕਰ, ਹਰਿ ਠਾਕਰ ਮੰਗ ਮੰਗਾਇੰਦਾ । ਗਹਿਰ ਗੰਭੀਰ ਡੂੰਘਾ ਸਾਗਰ, ਕਾਇਆ ਕਵਰੀ ਫੋਲ ਫੋਲਾਇੰਦਾ । ਜਿਸ ਅੰਦਰ ਜਗਤ ਵਾਸਨਾ ਮਨ ਸੌਦਾਗਰ, ਆਤਮਾ ਪਰਮਾਤਮਾ ਭੇਵ ਨਾ ਕੋਇ ਖੁਲ੍ਹਾਇੰਦਾ । ਸ੍ਰਿਸ਼ਟ ਸਬਾਈ ਸਤਿਗੁਰ ਸੱਚਾ ਨਿਰਮਲ ਕਰਮ ਕਰੇ ਉਜਾਗਰ, ਜਿਸ ਉਪਰ ਆਪਣੀ ਮਿਹਰ ਨਜ਼ਰ ਉਠਾਇੰਦਾ । ਦਰ ਆਇਆਂ ਘਰ ਆਇਆਂ ਏਥੇ ਓਥੇ ਦੋ ਜਹਾਨਾਂ ਦੇਵੇ ਆਦਰ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣੇ ਨਾਲ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਮੰਗੇ ਸੱਚਾ ਦਰਸ, ਜਿਸ ਦਰਸ ਕੀਤਿਆਂ ਦਰਦ ਨਾ ਕੋਇ ਰਖਾਇੰਦਾ । ਸਾਚਾ ਦਰਸ ਦਿਓ ਦੀਦਾਰ, ਆਤਮ ਅੰਤਰ ਬੂਝ ਬੁਝਾਈਆ । ਜਿਸ ਦੀ ਸਮਝ ਨਾ ਸਕੇ ਕੋਇ ਵਿਚਾਰ, ਵਿਚਾਰ ਵਿਚ ਕਦੇ ਨਾ ਆਈਆ । ਜਿਸ ਦੀ ਨਾਦ ਸ਼ਬਦ ਧੁਨਕਾਰ, ਧੁਨ ਆਤਮਕ ਰਾਗ ਸੁਣਾਈਆ । ਜਿਸ ਦਾ ਮੇਲਾ ਸਚ ਦਰਬਾਰ, ਜਿਥੇ ਦੂਜਾ ਨਜ਼ਰ ਕੋਇ ਨਾ ਆਈਆ । ਓਸ ਪ੍ਰੀਤਮ ਦਾ ਪਿਆਰ ਦੱਸੋ ਕਰ ਪਿਆਰ, ਪਿਆਰ ਨਾਲ ਪਿਆਰ ਲੈਣਾ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਮੰਗੇ ਸਚ ਦਰਸ, ਜਿਸ ਨਾਲ ਲੇਖਾ ਚੁਕੇ ਅਰਸ਼ ਫ਼ਰਸ਼, ਕਾਇਆ ਕਾਅਬਾ ਦੋ ਦੋ ਆਬਾ ਸੱਚਾ ਹੁਜਰਾ ਇਕੋ ਨਜ਼ਰੀ ਆਈਆ । ਨੂਰ ਨੁਰਾਨਾ ਨੌਜਵਾਨਾ ਮਰਦ ਮਰਦਾਨਾ ਸ਼ਬਦ ਤਰਾਨਾ ਰਾਗ ਨਾਦ ਬ੍ਰਹਮ ਬ੍ਰਹਿਮਾਦ ਸ਼ਬਦ ਘੋਰੀ, ਆਦਿ ਗੁਰਦੇਵ ਸੁਆਮੀ ਇਕੋ ਨਜ਼ਰੀ ਆਈਆ । ਤਨ ਕਾਇਆ ਮਾਟੀ ਉਤੇ ਬੋਰੀ, ਤੱਪੜ ਜਗਤ ਜੁਗਤ ਵਖਾਈਆ । ਬਾਹਰ ਅੰਦਰ ਬਿਨ ਸਤਿਗੁਰ ਪੂਰੇ ਸਮਝ ਨਾ ਸਕੇ ਕੋਈ ਚੋਰੀ, ਚੋਰੀ ਯਾਰੀ ਠੱਗੀ ਬਿਨ ਸਾਚੇ ਸੰਤ ਨਜ਼ਰ ਕਿਸੇ ਨਾ ਆਈਆ । ਅੰਦਰ ਵਸਤ ਜਿਹੜੀ ਲੋੜੀ, ਸੋ ਲੋਹੜਾ ਪੈਣੀ ਹੱਥ ਅਜੇ ਨਾ ਆਈਆ । ਪੜ੍ਹ ਪੜ੍ਹ ਵਿਦਿਆ ਚੌਦਾਂ ਕਰਨ ਬੌਹੜੀ ਬੌਹੜੀ, ਚੌਦਾਂ ਲੋਕ ਦੇਣ ਦੁਹਾਈਆ । ਚੌਦਾਂ ਤਬਕ ਉਤੇ ਕਾਗ਼ਜ਼ ਲਿਖਤ ਦਿਸੀ ਕੋਰੀ, ਨਿਸ਼ਅੱਖਰ ਅੱਖਰ ਰੂਪ ਨਾ ਕੋਇ ਵਟਾਈਆ । ਪ੍ਰਭ ਮਿਲਣ ਨੂੰ ਜਨ ਭਗਤਾਂ ਵਿਦਿਆ ਮੰਗੀ ਥੋੜੀ, ਥੋੜੀਉਂ ਬਹੁਤੀ ਦੇਵੇ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਸਾਚਾ ਦਰ, ਸਰਬ ਸਾਧ ਸੰਗਤ ਅੱਗੇ ਇਕੋ ਵਾਰ ਸੁਣਾਈਆ । ਤਨ ਕਹੇ ਮੇਰੇ ਉਤੇ ਤੱਪੜ, ਜਗਤ ਓਢਣ ਨਜ਼ਰੀ ਆਈਆ । ਪਤਾ ਨਹੀਂ ਓਸ ਥਾਂ ਕਿਹੜੇ ਵੇਲੇ ਜਾਏ ਅੱਪੜ, ਭੱਜੇ ਫਿਰਦੇ ਵਾਹੋ ਦਾਹੀਆ । ਜਿਸ ਵੇਲੇ ਪਾਰਬ੍ਰਹਮ ਦਾ ਨਜ਼ਰੀ ਆਏ ਛੱਪਰ, ਚਾਰ ਦੀਵਾਰ ਰਹਿਣ ਕੋਇ ਨਾ ਪਾਈਆ । ਓਥੇ ਜਾ ਕੇ ਆਸਾ ਤ੍ਰਿਸਨਾ ਹਉਮੇ ਹੰਗਤਾ ਮਾਇਆ ਮਮਤਾ ਜੂਠ ਝੂਠ ਜਗਤ ਨਾਤਾ ਤੁਟੇ ਇਕੋ ਆਵੇ ਸਬਰ, ਸਬਰ ਸਬੂਰੀ ਸਾਚੇ ਨਾਲ ਹੰਢਾਈਆ । ਹੋਏ ਪਰਕਾਸ਼ ਮਿਲੇ ਅਬਿਨਾਸ਼ੀ ਨਾਤਾ ਚੁੱਕੇ ਕਾਇਆ ਕਬਰ, ਗਹਿਰ ਗੰਭੀਰ ਦੇਵੇ ਮਾਣ ਵਡਿਆਈਆ । ਆਤਮ ਪਰਮਾਤਮ ਤਖ਼ਤ ਨਿਵਾਸੀ ਸੱਚਾ ਸ਼ਹਿਨਸ਼ਾਹ ਇਕੋ ਕਰੇ ਅਦਲ, ਅਦਾਲਤ ਇਕੋ ਘਰ ਵਖਾਈਆ । ਜਿਸ ਵੇਲੇ ਅੰਦਰੋ ਅੰਦਰੇ ਅੰਦਰ ਜਨ ਭਗਤਾਂ ਆਦਤ ਦੇਵੇ ਬਦਲ, ਬਾਹਰੋ ਰੂਪ ਨਾ ਕੋਇ ਵਖਾਈਆ । ਹਰਿਭਗਤ ਬਿਨ ਕਤਲੋ ਹੋਏ ਕਤਲ, ਕਾਤਲ ਮਕਤੂਲ

੬੧੨ ੧੫

ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਸੰਤਾਂ ਕੋਲੋ ਮੰਗੇ ਇਕੋ ਮੰਗ, ਜਿਸ ਮਿਲਿਆਂ ਦੋ ਜਹਾਨ ਸ੍ਰੀ ਭਗਵਾਨ ਇਕੋ ਰੂਪ ਨਜ਼ਰੀ ਆਈਆ ।



## ੧੨ ਅੱਸੂ ੨੦੨੦ ਬਿਕਰਮੀ ਇੰਦਰ ਕੌਰ ਦੇ ਗ੍ਰਿਹਿ ਕੋਟ ਕਪੂਰਾ ਜ਼ਿਲਾ ਫ਼ਿਰੋਜ਼ਪੁਰ

ਸਤਿਜੁਗ ਤੇਰਾ ਸੱਚਾ ਨਾਮ, ਸੋ ਪੁਰਖ ਨਿਰੰਜਣ ਇਕ ਪਰਗਟਾਈਆ । ਅੰਮ੍ਰਿਤ ਆਤਮ ਲੱਖ ਚੁਰਾਸੀ ਦੇਵੇ ਜਾਮ, ਨਿਝਰ ਝਿਰਨਾ ਇਕ ਝਿਰਾਈਆ । ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਮੇਟੇ ਕਾਮ, ਜੂਠ ਝੂਠ ਰਹਿਣ ਨਾ ਪਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੇਵੇ ਦਾਨ, ਵਸਤ ਅਮੋਲਕ ਨਜ਼ਰੀ ਆਈਆ । ਪਾਰਬ੍ਰਹਮ ਬ੍ਰਹਮ ਦੇਵੇ ਸੱਚਾ ਮਾਣ, ਅਭਿਮਾਨ ਰੂਪ ਨਾ ਕੋਇ ਵਟਾਈਆ । ਗ੍ਰਿਹਿ ਮੰਦਰ ਅੰਦਰ ਘਰ ਨਜ਼ਰੀ ਆਏ ਇਕੋ ਕਾਹਨ, ਸਾਚੀ ਬੰਸਰੀ ਰਾਗ ਸੁਣਾਈਆ । ਸਚ ਪੈਗ਼ੰਬਰ ਦੇਵੇ ਇਕ ਪੈਗ਼ਾਮ, ਨਾਅਰਾ ਹੱਕ ਹਕੀਕਤ ਦਏ ਜਣਾਈਆ । ਲਾਸ਼ਰੀਕ ਵਾਲੀ ਦੋ ਜਹਾਨ, ਸਚ ਤੌਫ਼ੀਕ ਇਕੋ ਇਕ ਖ਼ੁਦਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਪ੍ਰਭ ਰੱਖਣ ਚਰਨ ਧਿਆਨ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਨਾ ਕੋਈ ਦਿਸੇ ਦੀਨ ਮਜ਼੍ਹਬ ਇਸਲਾਮ, ਸਹੀ ਸਲਾਮਤ ਸਾਬਤ ਸੂਰਤ ਇਕੋ ਇਕ ਬੁਝਾਈਆ । ਨਵ ਨੌ ਸੱਤ ਜੋ ਕਰੇ ਸਲਾਮ, ਇਕੋ ਕਲਮਾ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਤੇਰਾ ਢੋਲਾ ਗਾਣ, ਗਣ ਗੰਧਰਬ ਇਕੋ ਰਾਗ ਅਲਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਤੂੰਹੀ ਤੂੰਹੀ ਕਰਨ ਉਚੀ ਉਚੀ ਇਕ ਗਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸੱਚੇ ਤੇਰਾ ਮਾਰਗ ਇਕ ਸਮਝਾਈਆ । ਸਤਿਜੁਗ ਸੱਚੇ ਤੇਰਾ ਸੱਚਾ ਗੀਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਵਸਣਹਾਰਾ ਘਰ ਠਾਂਡੇ ਸੀਤ, ਏਕੰਕਾਰ ਦਏ ਸਮਝਾਈਆ । ਆਦਿ ਨਿਰੰਜਣ ਜੋਤ ਨਿਰੰਜਣ ਜਣਾਏ ਸਾਚੀ ਰੀਤ, ਅਬਿਨਾਸ਼ੀ ਕਰਤਾ ਇਕੋ ਬੂਝ ਬੁਝਾਈਆ । ਸ੍ਰੀ ਭਗਵਾਨ ਵਸਣਹਾਰਾ ਧਾਮ ਅਨਡੀਠ, ਮਹੱਲ ਅਟੱਲ ਇਕੋ ਇਕ ਸੁਹਾਈਆ । ਪਾਰਬ੍ਰਹਮ ਬ੍ਰਹਮ ਜਣਾਏ ਸਚ ਪ੍ਰੀਤ, ਪ੍ਰੀਤੀਵਾਨ ਆਪਣੀ ਦਇਆ ਕਮਾਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਰਾਉ ਰੰਕ ਵੇਖ ਵਖਾਈਆ । ਲਹਿਣਾ ਦੇਣਾ ਚੁਕਾਏ ਮੰਦਰ ਮਸੀਤ, ਕਾਇਆ ਕਾਅਬਾ ਸਚ ਮਹਿਰਾਬ ਇਕੋ ਇਕ ਸੁਹਾਈਆ । ਸ਼ਾਹੋ ਭੂਪ ਵਡ ਰਾਜਨ ਰਾਜ ਸ਼ਹਿਨਸ਼ਾਹ ਸ਼ਾਹ ਪਾਤਸ਼ਾਹ ਹੱਕ ਤੌਫ਼ੀਕ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਸਤਿ ਸਤਿਵਾਦੀ ਸਤਿ ਪੁਰਖ ਨਿਰੰਜਣ ਤੇਰੀ ਕਰੇ ਆਪ ਤਸਦੀਕ, ਦੂਜਾ ਸਾਨੀ ਨਜ਼ਰ ਕੋਇ ਨਾ ਆਈਆ । ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਏ ਨਜ਼ੀਕ, ਬਣ ਪਾਂਧੀ ਪੰਧ ਮੁਕਾਈਆ । ਸਦੀ ਵੀਹਵੀਂ ਰਹੀ ਬੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਇਕ ਇਕੱਲਾ ਧੁਦਰਗਾਹੀ ਦਏ ਸਮਝਾਈਆ । ਸਤਿਜੁਗ ਸੱਚੇ ਤੇਰਾ ਸੱਚਾ ਸੰਗ, ਸੋ ਸਤਿਗੁਰ ਆਪ ਬਣਾਈਆ । ਜੁਗ ਚੌਕੜੀ ਚਾੜ੍ਹੇ ਰੰਗ, ਰੰਗ ਮਜੀਠੀ ਇਕ ਰੰਗਾਈਆ । ਸ਼ਬਦ ਨਾਦ ਵਜਾਏ ਮਰਦੰਗ, ਅਨਹਦ ਰਾਗੀ ਰਾਗ ਸੁਣਾਈਆ । ਆਤਮ ਅੰਤਰ ਸਚ ਮਹੱਲੇ ਵੇਖੇ ਲੰਘ, ਬਜਰ ਕਪਾਟੀ ਤੋੜ ਤੁੜਾਈਆ ।

ਸੇਜ ਸੁਹੰਜਣੀ ਸੁਹਾਏ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਕਲਜੁਗ ਕੂੜੀ ਕਿਰਿਆ ਕਾਮ ਕਰੋਧ ਲੋਭ ਮੋਹ ਹੰਕਾਰ ਕਰੇ ਖੰਡ ਖੰਡ, ਖੜਗ ਇਕ ਚਮਕਾਈਆ । ਸੁਰਤ ਸਵਾਣੀ ਬਿਨ ਸ਼ਬਦ ਹਾਣੀ ਰਹੇ ਨਾ ਰੰਡ, ਕੰਤ ਮਿਲਾਵਾ ਸਹਿਜ ਸੁਭਾਈਆ । ਵੇਖ ਵਖਾਏ ਸ੍ਰਿਸ਼ਟ ਸਬਾਈ ਨੌ ਖੰਡ, ਸਤ ਦੀਪ ਆਪਣਾ ਪੜਦਾ ਲਾਹੀਆ । ਕਰੇ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਜੋਤ ਜੋਤ ਰੁਸ਼ਨਾਈਆ । ਅੰਮ੍ਰਿਤ ਧਾਰ ਵਹਾਏ ਗਹਿਰ ਗੰਭੀਰ ਸਾਗਰ ਸਿੰਧ ਬਿਨ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਬੈਠੀ ਨੈਣ ਸ਼ਰਮਾਈਆ । ਸਾਹਿਬ ਸਤਿਗੁਰ ਪੂਰਾ ਸੂਰਾ ਸਰਬੰਗ, ਕਲਜੁਗ ਅੰਤ ਸਾਚੀ ਸਿਖਿਆ ਇਕ ਦ੍ਰਿੜਾਈਆ । ਜਨਮ ਕਰਮ ਰੋਗ ਸੋਗ ਚਿੰਤਾ ਦੁੱਖ ਭਰਮ ਭੌ ਲੇਖਾ ਚੁਕਾਏ ਭੁੱਖ ਨੰਗ, ਵਸਤ ਅਮੋਲਕ ਨਾਮ ਦਾਨ ਸ੍ਰੀ ਭਗਵਾਨ ਹੋ ਮਿਹਰਵਾਨ ਇਕੋ ਝੋਲੀ ਪਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਗੁਰਸਿਖ ਅੰਗੀਕਾਰ ਲਾਏ ਅੰਗ, ਆਪ ਆਪਣੀ ਗੋਦ ਬਹਾਈਆ । ਏਥੇ ਓਥੇ ਦੋ ਜਹਾਨ ਨਿਰਵੈਰ ਪੁਰਖ ਨਿਰਾਕਾਰ ਦੇਵੇ ਸੱਚਾ ਸੰਗ, ਮੰਝਧਾਰ ਨਾ ਕੋਇ ਰੁੜ੍ਹਾਈਆ । ਨਾਤਾ ਤੋੜ ਜੇਰਜ ਅੰਡ, ਉਤਭੁਜ ਸੇਤਜ ਲੱਖ ਚੁਰਾਸੀ ਜਮ ਕੀ ਫਾਸੀ ਆਵਣ ਜਾਵਣ ਦੇਵੇ ਪੰਧ ਮੁਕਾਈਆ । ਵੇਖੇ ਖੇਲ ਦੋ ਜਹਾਨ, ਮੰਡਲ ਰਾਸੀ ਗੋਪੀ ਕਾਹਨ, ਸੁਰਤੀ ਸ਼ਬਦੀ ਇਕ ਧਿਆਨ, ਸਾਚਾ ਮੇਲਾ ਮੇਲ ਮਿਲਾਈਆ । ਕਲਜੁਗ ਤੇਰਾ ਹੁਕਮ ਹੋਵੇ ਪਰਵਾਨ, ਅੰਤਮ ਲੇਖਾ ਚੁੱਕੇ ਵਿਚ ਜਹਾਨ, ਸਤਿਜੁਗ ਉਠੇ ਨੌਜਵਾਨ, ਲੋਕਮਾਤ ਲਏ ਅੰਗੜਾਈਆ । ਸਤਿਜੁਗ ਸਾਚੇ ਤੇਰਾ ਖੇਲ ਭਗਵੰਤ, ਨਿਰਗੁਣ ਨਿਰਵੈਰ ਆਪ ਕਰਾਈਆ । ਲੱਖ ਚੁਰਾਸੀ ਵਿਚੋ ਗੁਰਮੁਖ ਉਠਾਏ ਸਾਚੇ ਸੰਤ, ਸਤਿ ਸਤਿਵਾਦੀ ਇਕੋ ਬੂਝ ਬੁਝਾਈਆ । ਆਤਮ ਪਰਮਾਤਮ ਬੋਧ ਗਿਆਨ ਦੇਵੇ ਬਣ ਕੇ ਅਗੰਮੀ ਪੰਡਤ, ਪੰਜ ਤਤ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਆਪਣੀ ਮਹਿੰਮਾ ਜਣਾਏ ਬੇਅੰਤ, ਲੇਖਾ ਲਿਖ ਸਕੇ ਨਾ ਕੋਇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਸਤਿਜੁਗ ਤੇਰੀ ਵਸਤ ਅਪਾਰ, ਸੋ ਕਰਤਾ ਆਪ ਜਣਾਈਆ । ਘਰ ਮੰਦਰ ਖੋਲ੍ਹ ਕਿਵਾੜ, ਗ੍ਰਹਿ ਵੱਜੇ ਨਾਮ ਵਧਾਈਆ । ਸਾਚੀ ਸਖ਼ੀਆਂ ਮੰਗਲਾਚਾਰ, ਗੀਤ ਗੋਬਿੰਦ ਇਕ ਅਲਾਈਆ । ਮਹੱਲ ਅਟੱਲ ਉਚ ਮਨਾਰ, ਸੋਭਾ ਸਾਚੇ ਘਰ ਵਖਾਈਆ । ਦੀਆ ਬਾਤੀ ਕਮਲਾਪਾਤੀ ਇਕੋ ਕਰ ਉਜਿਆਰ, ਜੋਤ ਨਿਰੰਜਣ ਕਰੇ ਰੁਸ਼ਨਾਈਆ । ਬੂੰਦ ਸਵਾਂਤੀ ਇਕ ਇਕਾਂਤੀ ਠੰਡੀ ਠਾਰ, ਬਹੁਭਾਂਤੀ ਦਏ ਪਿਲਾਈਆ । ਮੇਟੇ ਕਲਜੁਗ ਰੈਣ ਅੰਧੇਰੀ ਰਾਤੀ, ਸਤਿਜੁਗ ਤੇਰੀ ਖੋਲ੍ਹੇ ਤਾਕੀ, ਸਭ ਦਾ ਲਹਿਣਾ ਦੇਣਾ ਚੁੱਕੇ ਬਾਕੀ, ਬਾਕੀਨਵੀਸ ਆਪਣਾ ਫੇਰਾ ਆਪੇ ਪਾਈਆ । ਵੇਖ ਵਖਾਏ ਲੱਖ ਚੁਰਾਸੀ ਪੰਜ ਤਤ ਖ਼ਾਕੀ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਪੜਦਾ ਦੇਵੇ ਪਾਈਆ । ਸੱਚੇ ਘੋੜੇ ਅਸਵ ਚੜ੍ਹੇ ਰਾਕੀ, ਸ਼ਾਹ ਸਵਾਰਾ ਹਰਿ ਨਿਰੰਕਾਰਾ ਦੋ ਜਹਾਨਾਂ ਭੱਜਾ ਫਿਰੇ ਵਾਹੋ ਦਾਹੀਆ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਗੋਚਰ ਸੁਣਾਏ ਜੈਕਾਰਾ, ਸ਼ਹਿਨਸ਼ਾਹ ਸੱਚੀ ਸਰਕਾਰਾ, ਸ਼ਾਹ ਸੁਲਤਾਨ ਵਡ ਮਿਹਰਵਾਨ, ਮਿਹਰ ਨਜ਼ਰ ਇਕੋ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਦੇਵੇ ਮਾਣ ਵਡਿਆਈਆ । ਸਤਿਜੁਗ ਸਾਚੇ ਤੇਰਾ ਮੇਲਾ ਗੋਬਿੰਦ, ਗੁਰ ਗੁਰ ਸ਼ਬਦੀ ਮੇਲ ਮਿਲਾਈਆ । ਪੂਰਬ ਪੂਰਬ ਮੇਟੇ ਚਿੰਦ, ਚਿੰਤਾ ਦੁੱਖ ਨਜ਼ਰ ਕੋਇ ਨਾ ਆਈਆ । ਦੀਨ ਦਿਆਲ ਬਣ ਬਖ਼ਸ਼ਿੰਦ, ਬਖ਼ਸ਼ਿਸ਼ ਰਹਿਮਤ ਆਪਣੀ ਦਏ ਵਰਤਾਈਆ । ਧਾਰ ਵਖਾਏ ਘਰ ਅੰਤਰ ਨਿਜ, ਨਿਜ ਆਤਮ ਬੂਝ ਬੁਝਾਈਆ ।

੬੧੪
੧੫

ਕਾਇਆ ਚੋਲੀ ਦੇਵੇ ਸਿੰਜ, ਸਿੰਚ ਹਰੀ ਆਪ ਕਰਾਈਆ । ਆਪਣੇ ਮਿਲਣ ਦੀ ਜਨ ਭਗਤਾਂ ਦੱਸੇ ਬਿਧ, ਅੰਤਰ ਆਤਮ ਪਰਮਾਤਮ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਲੇਖਾ ਆਪਣੇ ਹੱਥ ਰਖਾਈਆ । ਸਤਿਜੁਗ ਸਾਚੇ ਜਾਣਾ ਉਠ, ਸੋ ਸੁਆਮੀ ਆਪ ਉਠਾਇੰਦਾ । ਪੁਰਖ ਅਕਾਲ ਗਿਆ ਤੁਠ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਤਿੰਨ ਜੁਗ ਸੁੱਤਾ ਰਿਹਾ ਚੁੱਪ, ਨੇਤਰ ਅੱਖ ਨਾ ਕੋਇ ਖੁਲ੍ਹਾਇੰਦਾ । ਉਠ ਵੇਖ ਕਲਜੁਗ ਅੰਧੇਰਾ ਘੁੱਪ, ਚਾਰੋ ਕੁੰਟ ਸਾਚਾ ਚੰਦ ਨਾ ਕੋਇ ਚਮਕਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੈਂਡਾ ਗਿਆ ਮੁੱਕ, ਪਾਂਧੀ ਨਜ਼ਰ ਕੋਇ ਨਾ ਆਇੰਦਾ । ਸਚਖੰਡ ਦੁਆਰੇ ਸਾਚੇ ਬੈਠੇ ਲੁਕ, ਲੋਕਮਾਤ ਰੂਪ ਅਨੂਪ ਨਾ ਕੋਇ ਵਟਾਇੰਦਾ । ਸਾਰੇ ਸੁਖਣਾ ਰਹੇ ਸੁਖ, ਦੋਏ ਜੋੜ ਧਿਆਨ ਲਗਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਦੀਨ ਦਿਆਲ ਗੋਬਿੰਦ ਬਣਾਇਆ ਇਕ ਸੁੱਤ, ਸੁਤ ਸ਼ਬਦੀ ਨਾਉਂ ਧਰਾਇੰਦਾ । ਜੋ ਲੋਕਮਾਤ ਕਲਜੁਗ ਅੰਤ ਕਰੇ ਆਪਣਾ ਰੁਖ਼, ਚਰਨ ਚਰਨ ਆਪ ਉਠਾਇੰਦਾ । ਸੋ ਵੇਲਾ ਵਕਤ ਸਦੀ ਵੀਹਵੀਂ ਰਿਹਾ ਢੁਕ, ਦੋ ਜਹਾਨ ਨੇਤਰ ਨੈਣ ਉਠਾਇੰਦਾ । ਚਾਰ ਵਰਨ ਅਠਾਰਾਂ ਬਰਨ ਸ੍ਰਿਸ਼ਟ ਸਬਾਈ ਅੰਤਰ ਆਤਮ ਨਾਮ ਨਿਧਾਨ ਵਸਤ ਦਿਸੇ ਨਾ ਕੋਲ ਕੁੱਛ, ਖ਼ਾਲੀ ਝੋਲੀ ਸਾਰੇ ਰਹੇ ਵਖਾਈਆ । ਧੁਰ ਦਾ ਬੂਟਾ ਬਿਨ ਸਤਿਗੁਰ ਪੂਰੇ ਰਿਹਾ ਸੁੱਕ, ਸਾਚਾ ਮਾਲੀ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜ ਕੁੜਿਆਰ ਜੜ੍ਹ ਰਿਹਾ ਪੁੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਨਿਰਗੁਣ ਦਾਤਾ ਪੁਰਖ ਬਿਧਾਤਾ ਪਰਮ ਪੁਰਖ ਪ੍ਰੀਤਮ ਪਾਰਬ੍ਰਹਮ ਪਤਿਪਰਮੇਸ਼ਵਰ ਇਕੋ ਇਕ ਜਣਾਈਆ । ਸਤਿਜੁਗ ਸੱਚੇ ਮੇਰੇ ਲਾਲ, ਸੋ ਸਾਹਿਬ ਦਏ ਸਮਝਾਈਆ । ਤੇਰੇ ਨਾਲ ਨਿਰਗੁਣ ਰੂਪ ਬਣੇ ਦਲਾਲ, ਸ਼ਬਦੀ ਰੂਪ ਇਕ ਵਟਾਈਆ । ਜਾ ਕੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਤ੍ਰੈਗੁਣ ਮਾਇਆ ਤੋੜੇ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਪੰਜ ਤਤ ਤੱਤ ਮਾਰਗ ਦਏ ਸਿਖਾਲ, ਬ੍ਰਹਮ ਮਤ ਇਕ ਪੜ੍ਹਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵਖਾਏ ਇਕੋ ਧਰਮਸਾਲ, ਧਰਮ ਦੁਆਰ ਸੱਚਾ ਨਜ਼ਰੀ ਆਈਆ । ਜਿਸ ਦੁਆਰੇ ਪੋਹ ਨਾ ਸਕੇ ਕਾਲ, ਰਾਏ ਧਰਮ ਨਾ ਦਏ ਸਜਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਲਾੜੀ ਮੌਤ ਅੰਤ ਨਾ ਲਏ ਪਰਨਾਈਆ । ਸੋ ਮੰਦਰ ਸੋਹੇ ਸਚ ਦੁਆਰ, ਜਿਸ ਗ੍ਰਿਹਿ ਵਸੇ ਪੁਰਖ ਅਕਾਲ, ਅਕਲ ਕਲਧਾਰੀ ਬੈਠਾ ਡੇਰਾ ਲਾਈਆ । ਜਲਵਾ ਨੂਰ ਇਕ ਜਲਾਲ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਬੇਵਫ਼ਾਈ ਸਾਂਝਾ ਯਾਰ, ਲਾਸ਼ਰੀਕ ਸ਼ਿਰਕਤ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਤਿਜੁਗ ਸੱਚਾ ਸੁਣ ਸੰਦੇਸ਼, ਪ੍ਰਭ ਚਰਨ ਧਿਆਨ ਲਗਾਈਆ । ਕਿਰਪਾ ਕਰੀ ਵਡ ਨਰੇਸ਼, ਮਿਹਰਵਾਨ ਤੇਰੀ ਵਡਿਆਈਆ । ਮੈਂ ਬਾਲਕ ਬਣ ਕੇ ਖੇਡਾਂ ਖੇਡ, ਲੋਕਮਾਤ ਖੇਲ ਰਚਾਈਆ । ਤੇਰੇ ਭਗਤਾਂ ਦੇਵਾਂ ਭੇਤ, ਅੰਦਰ ਵੜ ਕੇ ਭੇਵ ਸਮਝਾਈਆ । ਸਤਿਗੁਰ ਪੂਰਾ ਨਿਜ ਨੇਤਰ ਲੈਣਾ ਪੇਖ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਜਨਮ ਕਰਮ ਦੀ ਬਦਲੇ ਰੇਖ, ਲੇਖਾ ਆਪਣੇ ਘਰ ਵਖਾਈਆ । ਆਤਮ ਪਰਮਾਤਮ ਕਰੇ ਹੇਤ, ਹਿਤਕਾਰੀ ਵੱਡੀ ਵਡ ਵਡਿਆਈਆ । ਰੁੱਤ ਸੁਹੰਜਣੀ ਮੌਲੇ ਚੇਤ, ਪਤ ਡਾਲ੍ਹੀ ਫੁਲ ਫੁਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਦ

ਤੇਰੀ ਮਿਲੇ ਸਰਨਾਈਆ । ਸਤਿਜੁਗ ਸੱਚਾ ਚੜ੍ਹਿਆ ਚਾਅ, ਚਾਉ ਘਨੇਰਾ ਇਕ ਰਖਾਈਆ । ਵਡਭਾਗੀ ਪ੍ਰਭ ਮਿਲਿਆ ਮਲਾਹ, ਬੇੜਾ ਲੋਕਮਾਤ ਚਲਾਈਆ । ਸ਼ਬਦੀ ਸ਼ਬਦ ਦੇਵੇ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਸੋਹੰ ਢੋਲਾ ਲੈਣਾ ਗਾ, ਤੂੰ ਮੇਰਾ ਮੈਂ ਤੇਰਾ ਤੇਰੀ ਮੇਰੀ ਹੋਏ ਨਾ ਕਦੇ ਜੁਦਾਈਆ । ਸਾਚਾ ਖੇੜਾ ਦੇਣਾ ਵਸਾ, ਲੋਕਮਾਤ ਵੱਜੇ ਵਧਾਈਆ । ਝੂਠਾ ਝੇੜਾ ਦੇਣਾ ਮੁਕਾ, ਝਗੜਾ ਆਤਮ ਪਰਮਾਤਮ ਕੋਇ ਰਹਿਣ ਨਾ ਪਾਈਆ । ਪਾਰਬ੍ਰਹਮ ਬ੍ਰਹਮ ਨਜ਼ਰੀ ਜਾਏ ਆ, ਨੇਤਰ ਲੋਚਣ ਨੈਣ ਇਕ ਖੁਲ੍ਹਾਈਆ । ਗੀਤ ਗੋਬਿੰਦ ਡੂੰਘਾ ਸਾਗਰ ਗੰਭੀਰ ਗਹਿਰ ਇਕੋ ਲੈਣਾ ਗਾ, ਦੂਜਾ ਰਾਗ ਨਾ ਕੋਇ ਅਲਾਈਆ । ਹਰਿ ਰੁਠੜਾ ਕੰਤ ਲੈਣਾ ਮਨਾ, ਘਰ ਘਰ ਵਿਚ ਵਾਸਤਾ ਪਾਈਆ । ਮਿਹਰਵਾਨ ਮਿਹਰ ਨਜ਼ਰ ਲਏ ਉਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਚ ਸਚ ਦ੍ਰਿੜ੍ਹਾਈਆ । ਸਤਿਜੁਗ ਮਿਲਦੀ ਵੇਖੇ ਦਾਤ, ਕਲਜੁਗ ਰੋਵੇ ਮਾਰੇ ਧਾਹੀਂਆ । ਉਚੀ ਕੂਕ ਕਰੇ ਫ਼ਰਿਆਦ, ਪ੍ਰਭ ਅੱਗੇ ਰਿਹਾ ਸੁਣਾਈਆ । ਪਾਰਬ੍ਰਹਮ ਪ੍ਰਭ ਚੌਦਾਂ ਸਦੀਆਂ ਦਿਤੀ ਦਾਦ, ਮੁਹੰਮਦ ਇਸ਼ਾਰੇ ਨਾਲ ਜਣਾਈਆ । ਬੀਸਵੀਂ ਸਦੀ ਮਾਰੇ ਆਵਾਜ਼, ਬੀਸ ਬੀਸਾ ਨਾਉਂ ਧਰਾਈਆ । ਮੇਰਾ ਅਜੇ ਪੂਰਾ ਨਹੀਂ ਹੋਇਆ ਕਾਜ, ਕਰਤੇ ਮੇਰੀ ਇਕ ਅਰਜੋਈਆ । ਮੈਂ ਲੱਖ ਚੁਰਾਸੀ ਘਰ ਘਰ ਵੇਖਣਾ ਨਾਚ, ਕੂੜੀ ਕਿਰਿਆ ਨਾਲ ਰਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਝਗੜਾ ਕਰਨ ਦੀ ਦੱਸੀ ਜਾਚ, ਜੀਵਾਂ ਜੰਤਾਂ ਸਾਧਾਂ ਸੰਤਾਂ ਮਾਇਆ ਮਮਤਾ ਹਉਮੇ ਹੰਗਤਾ ਗੜ੍ਹ ਬਣਾਈਆ । ਤੇਰਾ ਨੂਰ ਨਜ਼ਰ ਨਹੀਂ ਆਉਣਾ ਰਸੂਲ ਪਾਕ, ਪਾਕੀਜ਼ਾ ਰੂਪ ਨਾ ਕੋਇ ਵਟਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸਤ ਦੀਪ ਕੋਈ ਗੋਪੀ ਕਾਹਨ ਨਾ ਪਾਏ ਰਾਸ, ਸਾਚਾ ਨਾਚ ਨਾ ਕੋਇ ਨਚਾਈਆ । ਸਤਿਗੁਰ ਪੂਰਾ ਹਾਜ਼ਰ ਹਜ਼ੂਰਾ ਨਾਨਕ ਗੋਬਿੰਦ ਕਿਸੇ ਵਸੇ ਨਾ ਪਾਸ, ਮਨ ਵਾਸਨਾ ਚਾਰੋ ਕੁੰਟ ਹੋਏ ਹਲਕਾਈਆ । ਫਿਰੇ ਦਰੋਹੀ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਨੇਤਰ ਨੈਣਾਂ ਨੀਰ ਵਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਡੇ ਕੁਛ ਨਹੀਂ ਪਾਸ, ਖ਼ਾਲੀ ਹੱਥ ਦੇਣ ਵਖਾਈਆ । ਤੇਰੇ ਭਗਤ ਹੋਣ ਉਦਾਸ, ਸਾਂਤਕ ਸਤਿ ਨਾ ਕੋਇ ਵਰਤਾਈਆ । ਪਾਰਬ੍ਰਹਮ ਪ੍ਰਭ ਮੇਰੇ ਸਤਿਗੁਰ ਓਸ ਵੇਲੇ ਮੈਨੂੰ ਕਹੀਂ ਸ਼ਾਬਾਸ਼, ਕਲਜੁਗ ਮੇਰੇ ਛੋਟੇ ਪੁੱਤ ਵਾਹਵਾ ਤੇਰੀ ਵੱਡੀ ਵਡਿਆਈਆ । ਤੇਰੀ ਲੱਖ ਚੁਰਾਸੀ ਕਰਮਾਂ ਨਾਲ ਕਰਾਂ ਨਾਸ, ਕਰਮਾਂ ਲੇਖਾ ਲੇਖੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਮੰਨ ਮੇਰੀ ਅਰਦਾਸ, ਦਰ ਤੇਰੇ ਸੀਸ ਝੁਕਾਈਆ । ਪ੍ਰਭ ਮੇਰੀ ਅਰਜ਼ ਕਰ ਮਨਜ਼ੂਰ, ਦਰ ਇਕੋ ਮੰਗ ਮੰਗਾਇੰਦਾ । ਤੂੰ ਸਭ ਦੀ ਆਸਾ ਮਨਸਾ ਕਰੇਂ ਪੂਰ, ਪੂਰਨ ਇਛਿਆ ਤੇਰੇ ਕੋਲ ਕਰਾਇੰਦਾ । ਮੈਂ ਚਾਰ ਕੁੰਟ ਮਚਾਉਣਾ ਫ਼ਤੂਰ, ਫ਼ਤਵੇ ਸਭ ਦੇ ਉਤੇ ਲਾਇੰਦਾ । ਸੰਤਾਂ ਸਾਧਾਂ ਅੰਦਰ ਵਾੜਨਾ ਕੂੜੇ ਕੂੜ, ਪੀਰ ਪੈਗ਼ੰਬਰ ਬਚਿਆ ਕੋਇ ਰਹਿਣ ਨਾ ਪਾਇੰਦਾ । ਇਕੋ ਮਾਰ ਸ਼ਰਅ ਜ਼ੰਜ਼ੀਰ, ਕੁੰਜੀ ਆਪਣੇ ਹੱਥ ਰਖਾਇੰਦਾ । ਬਦਲ ਸਕੇ ਨਾ ਕੋਇ ਤਕਦੀਰ, ਤੇਰੀ ਤਦਬੀਰ ਹੱਥ ਨਾ ਕਿਸੇ ਫੜਾਇੰਦਾ । ਤੂੰ ਮੇਰਾ ਵੇਖ ਅੰਤ ਅਖ਼ੀਰ, ਘਰ ਘਰ ਸ੍ਰਿਸ਼ਟ ਸਬਾਈ ਨੇਤਰ ਨੈਣਾਂ ਨੀਰ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦੀਨ ਦਿਆਲ ਠਾਕਰ ਮੇਰੇ ਮਿਹਰਵਾਨ ਤੁਧ ਬਿਨ ਨਜ਼ਰ ਕੋਇ ਨਾ ਆਇੰਦਾ । ਪੁਰਖ ਅਬਿਨਾਸ਼ੀ ਬੋਲੇ ਸਚ, ਸਤਿ ਸਤਿਵਾਦੀ ਆਪ ਜਣਾਇੰਦਾ । ਕਲਜੁਗ ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ ਅੰਦਰ ਰਿਹਾ ਨੱਚ, ਮੁਖ ਘੁੰਗਟ ਨਜ਼ਰ ਕੋਇ ਨਾ ਆਇੰਦਾ । ਅੰਤਮ ਭਾਂਡਾ ਭੱਜਣਾ ਕੂੜੀ

ਕੱਚ, ਕਾਇਆ ਗਗਰੀਆ ਡੇਰਾ ਢਾਹਿੰਦਾ । ਪਰਗਟ ਹੋਇਆ ਪੁਰਖ ਸਮਰਥ, ਮਹਿਮਾ ਅਕੱਥ ਆਪ ਸੁਣਾਇੰਦਾ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਜੋ ਕਲਜੁਗ ਚਲਾਏ ਤੇਰਾ ਰਥ, ਬਣ ਰਥਵਾਹੀ ਵੇਸ ਵਟਾਇੰਦਾ । ਅੰਤਮ ਮਾਰਗ ਇਕੋ ਦੇਵੇ ਦੱਸ, ਸਚ ਸੁਨੇਹੜਾ ਇਕ ਸਮਝਾਇੰਦਾ । ਤੇਰਾ ਖੇੜਾ ਹੋਣਾ ਭੱਠ, ਤ੍ਰੈਗੁਣ ਅਗਨੀ ਅੱਗ ਲਗਾਇੰਦਾ । ਬਿਨ ਗੁਰਮੁਖ ਸੱਚੇ ਕੋਈ ਨਾ ਸਕੇ ਬਚ, ਗੁਰ ਅਵਤਾਰ ਪੀਰ ਪੈਗ਼ੰਬਰ ਅੱਗੇ ਹੋ ਨਾ ਕੋਇ ਛੁਡਾਇੰਦਾ । ਨੇਤਰ ਖੋਲ੍ਹ ਉਠ ਵੇਖ ਨੱਠ, ਪਾਰਬ੍ਰਹਮ ਪਤਿਪਰਮੇਸ਼ਵਰ ਸ਼ਬਦ ਹਲਕਾਰਾ ਇਕੋ ਇਕ ਦੌੜਾਇੰਦਾ । ਨੌ ਖੰਡ ਪ੍ਰਿਥਮੀ ਸਤ ਦੀਪ ਵੇਖ ਵਖਾਏ ਚੌਦਾਂ ਲੋਕ ਹੱਟ, ਚੌਦਾਂ ਤਬਕ ਪੜਦਾ ਆਪ ਚੁਕਾਇੰਦਾ । ਸਤਿਜੁਗ ਸੱਚਾ ਧਰਤ ਮਾਤ ਦੀ ਗੋਦੀ ਜਾਏ ਵਸ, ਸ੍ਰੀ ਭਗਵਾਨ ਵਾਸਤਾ ਆਪਣੇ ਨਾਲ ਰਖਾਇੰਦਾ । ਕਰੇ ਖੇਲ ਆਪ ਅਕੱਥ, ਕਥਨੀ ਕਥ ਨਾ ਕੋਇ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗ ਚੌਕੜੀ ਚਾਰ ਜੁਗ ਪਾਂਧੀ ਸਭ ਦਾ ਪੰਧ ਮੁਕਾਇੰਦਾ ।

## ੧੨ ਅੱਸੂ ੨੦੨੦ ਬਿਕਰਮੀ ਤੇਜਾ ਸਿੰਘ ਦੇ ਗ੍ਰਹਿ ਪਿੰਡ ਸਾਦਕ ਜ਼ਿਲਾ ਫ਼ਿਰੋਜ਼ਪੁਰ

ਸਤਿਜੁਗ ਸੱਚੇ ਤੇਰਾ ਸੱਚਾ ਨਾਮ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਹੰ ਬ੍ਰਹਮ ਸਚ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਸ਼ਬਦ ਗੁਰ ਬਣ ਕੇ ਆਵੇ ਸੱਚਾ ਰਾਮ, ਹਰ ਘਟ ਰਮਿਆ ਬੇਪਰਵਾਹੀਆ । ਸਤਿ ਸਤਿਵਾਦੀ ਵੇਸ ਵਟਾਏ ਅਗੰਮੀ ਕਾਹਨ, ਗੋਪੀ ਕਾਹਨ ਰਾਸ ਰਚਾਈਆ । ਬੇਪਰਵਾਹ ਖੇਲੇ ਖੇਲ ਵਾਲੀ ਦੋ ਜਹਾਨ, ਨਿਰਗੁਣ ਸਰਗੁਣ ਧਾਰ ਸਮਝਾਈਆ । ਪਰਵਰਦਿਗਾਰ ਹੋਏ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਲਾਸ਼ਰੀਕ ਉਠਾਏ ਸਚ ਨਿਸ਼ਾਨ, ਸ਼ਿਰਕਤ ਕੋਇ ਨਜ਼ਰ ਨਾ ਆਈਆ । ਸਚ ਪੈਗ਼ੰਬਰ ਦੇਵੇ ਇਕ ਪੈਗ਼ਾਮ, ਕਲਮਾ ਇਕੋ ਇਕ ਸੁਣਾਈਆ । ਲੱਖ ਚੁਰਾਸੀ ਬਖ਼ਸ਼ੇ ਇਕ ਧਿਆਨ, ਪੁਰਖ ਅਕਾਲ ਸਰਨ ਸਰਨਾਈਆ । ਬੋਧ ਅਗਾਧਾ ਦਏ ਗਿਆਨ, ਨਿਸ਼ਅੱਖਰ ਅੱਖਰ ਰੂਪ ਵਟਾਈਆ । ਆਤਮ ਅੰਤਰ ਨਿਰਮਲ ਜੋਤ ਜਗਾਏ ਮਹਾਨ, ਜੋਤੀ ਜੋਤ ਜੋਤ ਰੁਸ਼ਨਾਈਆ । ਸਚ ਦੁਆਰਾ ਖੋਲ੍ਹ ਦੁਕਾਨ, ਚੌਦਾਂ ਲੋਕ ਦਏ ਸਮਝਾਈਆ । ਸਰਬ ਜੀਆਂ ਦਾ ਇਕ ਭਗਵਾਨ, ਪਾਰਬ੍ਰਹਮ ਬ੍ਰਹਮ ਪੜਦਾ ਦਏ ਉਠਾਈਆ । ਈਸ਼ ਜੀਵ ਕਰੇ ਪਹਿਚਾਨ, ਜਗਦੀਸ਼ ਭੇਵ ਚੁਕਾਈਆ । ਸਾਚਾ ਮੰਦਰ ਵਖਾਏ ਮਕਾਨ, ਮਹੱਲ ਅਟੱਲ ਇਕ ਰੁਸ਼ਨਾਈਆ । ਸਚਖੰਡ ਨਿਵਾਸੀ ਵਸੇ ਨੌਜਵਾਨ, ਪੁਰਖ ਅਬਿਨਾਸ਼ੀ ਨਾ ਮਰੇ ਨਾ ਜਾਈਆ । ਸਚ ਸੰਦੇਸਾ ਦੇਵੇ ਧੁਰ ਫ਼ਰਮਾਨ, ਧੁਰ ਦੀ ਬਾਣੀ ਬਾਣ ਲਗਾਈਆ । ਵਿਸ਼ਨ ਬ੍ਰਹਮਾ ਸ਼ਿਵ ਚਰਨ ਕਵਲ ਸੀਸ ਝੁਕਾਣ, ਦਰ ਬੈਠੇ ਅਲਖ ਜਗਾਈਆ । ਤੇਰਾ ਖੇਲ ਵਡ ਮਿਹਬਾਨ, ਬੀ ਖ਼ੈਰ ਯਾ ਅੱਲਾ ਸਕੇ ਨਾ ਕੋਇ ਸਮਝਾਈਆ । ਸਚ ਤੌਫ਼ੀਕ ਦੇ ਵਡ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸੱਚੇ ਰਿਹਾ ਦ੍ਰਿੜਾਈਆ । ਸਤਿਜੁਗ ਸੱਚੇ ਵੇਖ ਲਾਲ, ਸੋ ਸਾਹਿਬ ਸਚ ਜਣਾਈਆ । ਸਚ ਦੁਆਰ ਖੋਲ੍ਹੇ ਤੇਰੀ ਧਰਮਸਾਲ, ਧਰਮ ਵੰਡ ਨਾ ਕੋਇ ਵਖਾਈਆ । ਠਾਕਰ ਸੁਆਮੀ ਹੋਏ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਸਾਚਾ ਮਾਰਗ ਦਏ ਸਿਖਾਲ, ਸਤਿ ਸਤਿਵਾਦੀ ਕਰੇ ਪੜ੍ਹਾਈਆ । ਚਾਰ ਵਰਨ

ਦੇਵੇ ਇਕ ਗਿਆਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੂਈ ਦਵੈਤੀ ਰਹਿਣ ਕੋਇ ਨਾ ਪਾਈਆ । ਬੋਧ ਅਗਾਧਾ ਨਾਮ ਜੈਕਾਰਾ ਸੁਣਾਏ ਆਪ ਭਗਵਾਨ, ਭਗਵਨ ਆਪਣਾ ਭੇਵ ਖੁਲ੍ਹਾਈਆ । ਤੂੰ ਮੇਰਾ ਮੈਂ ਤੇਰਾ ਨਾਤਾ ਜੁੜੇ ਵਿਚ ਜਹਾਨ, ਆਤਮ ਪਰਮਾਤਮ ਬੰਧਨ ਇਕ ਵਖਾਈਆ । ਜੀਵ ਜੰਤ ਸ੍ਰਿਸ਼ਟ ਸਬਾਈ ਲੱਖ ਚੁਰਾਸੀ ਚਾਰੇ ਖਾਣੀ ਬਾਣੀ ਸਾਰੇ ਗਾਣ, ਗਾ ਗਾ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦਏ ਸਮਝਾਈਆ । ਸਤਿਜੁਗ ਸੱਚੇ ਤੇਰਾ ਰਾਹ, ਸੋ ਸੁਆਮੀ ਆਪ ਜਣਾਇੰਦਾ । ਨਿਰਵੈਰ ਪੁਰਖ ਨਿਰਾਕਾਰ ਨਿਰੰਕਾਰ ਬਣੇ ਮਲਾਹ, ਖੇਵਟ ਖੇਟਾ ਆਪਣੀ ਸੇਵ ਕਮਾਇੰਦਾ । ਸਾਚਾ ਨਾਉਂ ਨਰ ਨਿਰੰਕਾਰਾ ਇਕੋ ਦਏ ਸਲਾਹ, ਸਲਾਹਗੀਰ ਨਜ਼ਰ ਕਿਸੇ ਨਾ ਆਇੰਦਾ । ਨਵ ਨੌ ਚਾਰ ਸੁਹਾਏ ਥਾਂ, ਥਾਨ ਥਨੰਤਰ ਸੋਭਾ ਪਾਇੰਦਾ । ਜੀਵ ਜੰਤ ਹੰਸ ਬਣਾਏ ਕਾਂ, ਕਾਗੋ ਹੰਸ ਰੂਪ ਵਟਾਇੰਦਾ । ਨਿਰਧਨ ਸਰਧਨ ਪਕੜੇ ਬਾਂਹ, ਫੜ ਬਾਹੋ ਗਲੇ ਲਗਾਇੰਦਾ । ਘਟ ਸੁਆਮੀ ਬਹਿ ਕੇ ਕਰੇ ਨਿਆਂ, ਸਚ ਅਦਾਲਤ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਰਾਹ ਵਖਾਇੰਦਾ । ਸਤਿਜੁਗ ਤੇਰਾ ਖੁਲ੍ਹਾ ਵੇਹੜਾ, ਹਰਿ ਕਰਤਾ ਆਪ ਕਰਾਈਆ । ਦੀਨ ਮਜ਼੍ਹਬ ਦਾ ਚੁੱਕੇ ਝੇੜਾ, ਜ਼ਾਤ ਪਾਤ ਨਜ਼ਰ ਨਾ ਆਈਆ । ਕੂੜੀ ਕਿਰਿਆ ਢਾਹੇ ਡੇਰਾ, ਢਾਹ ਢਾਹ ਖ਼ਾਕ ਮਿਲਾਈਆ । ਇਕੋ ਰੰਗ ਰੰਗਾਏ ਸੰਝ ਸਵੇਰਾ, ਸਾਚਾ ਚੰਦ ਨੂਰ ਕਰ ਰੁਸ਼ਨਾਈਆ । ਧਰਤ ਧਵਲ ਦਾ ਵਸੇ ਖੇੜਾ, ਜ਼ਿਮੀਂ ਅਸਮਾਨ ਖ਼ੁਸ਼ੀ ਮਨਾਈਆ । ਪਾਰਬ੍ਰਹਮ ਪ੍ਰਭ ਕਰੇ ਆਪਣੀ ਮਿਹਰਾ, ਮਿਹਰ ਨਜ਼ਰ ਬੇਨਜ਼ੀਰ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਸਤਿਜੁਗ ਕਹੇ ਮੇਰੇ ਨਿਰੰਕਾਰ, ਤੇਰੇ ਹੱਥ ਵੱਡੀ ਵਡਿਆਈਆ । ਤੂੰ ਆਦਿ ਜੁਗਾਦੀ ਦਾਤਾ ਸਿਰਜਣਹਾਰ, ਦੇਵਣਹਾਰ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰੇ ਜੁਗ ਤੇਰੇ ਭਿਖਾਰ, ਬੈਠੇ ਦਰ ਅਲਖ ਜਗਾਈਆ । ਨਿਉਂ ਨਿਉਂ ਸਜਦਾ ਸੀਸ ਕਰਨ ਨਿਮਸਕਾਰ, ਜਗਦੀਸ ਤੇਰੀ ਓਟ ਤਕਾਈਆ । ਕਰ ਕਿਰਪਾ ਸਿਰਜਣਹਾਰ, ਚਰਨ ਕਵਲ ਦੇ ਸਮਝਾਈਆ । ਮੈਂ ਸੇਵਕ ਬਣਾਂ ਬਰਖ਼ੁਰਦਾਰ, ਮਾਣ ਅਭਿਮਾਣ ਨਜ਼ਰ ਕੋਇ ਨਾ ਆਈਆ । ਤੇਰਾ ਹੁਕਮ ਮੰਨਾਂ ਸਰਕਾਰ, ਸ਼ਰਅ ਸਕੇ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਦਰ ਤੇਰੇ ਪ੍ਰਭ ਮੰਗਾਂ ਮੰਗ, ਖ਼ਾਲੀ ਝੋਲੀ ਆਪਣੀ ਡਾਹੀਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਸੁਲਤਾਨ ਤੇਰੀ ਸਰਨਾਈਆ । ਇਕੋ ਦੇ ਸਚ ਅਨੰਦ, ਕੂੜੀ ਕਿਰਿਆ ਰਹਿਣ ਨਾ ਪਾਈਆ । ਲੇਖਾ ਚੁੱਕੇ ਭੇਖ ਪਖੰਡ, ਸਚ ਸੁੱਚ ਦੇ ਸਮਝਾਈਆ । ਮੇਰਾ ਪ੍ਰੇਮ ਨਾ ਹੋਵੇ ਰੰਡ, ਪ੍ਰੀਤੀ ਪ੍ਰੀਤੀਵਾਨ ਤੇਰੇ ਨਾਲ ਲਗਾਈਆ । ਦੂਈ ਦਵੈਤੀ ਢਾਹ ਕੰਧ, ਭਾਂਡਾ ਭਰਮ ਭੌ ਭੰਨਾਈਆ । ਦਿਆਲ ਹੋ ਕੇ ਸੁਣਾ ਛੰਦ, ਢੋਲਾ ਇਕੋ ਰਾਗ ਅਲਾਈਆ । ਖ਼ੁਸ਼ੀ ਕਰਾ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਈਆ । ਸਾਚਾ ਚਾੜ੍ਹ ਨਿਰਗੁਣ ਚੰਦ, ਸੂਰਜ ਚੰਦ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਧੁਰ ਦੀ ਵਸਤ ਝੋਲੀ ਪਾਈਆ । ਸਤਿਜੁਗ ਕਹੇ ਮੇਰੇ ਭਗਵਾਨ, ਭਗਵਨ ਤੇਰੀ ਇਕ ਸਰਨਾਈਆ । ਧੁਰ ਦਾ ਦੇ ਇਕ ਨਿਸ਼ਾਨ, ਸਚ ਨਿਸ਼ਾਨਾ ਹੱਥ ਫੜਾਈਆ । ਨਾਮ ਸ਼ਬਦ ਦੇ ਗਿਆਨ, ਚੌਦਾਂ ਵਿਦਿਆ ਨਾ ਕੋਇ ਪੜ੍ਹਾਈਆ । ਚੌਦਾਂ ਲੋਕ ਸੁੰਞ ਮਸਾਣ, ਬਿਨ ਤੇਰੇ ਸੋਭਾ ਕੋਇ ਨਾ


੬੧੮
੧੫

ਪਾਈਆ । ਚੌਦਾਂ ਤਬਕ ਨਾ ਕੋਇ ਕਲਿਆਣ, ਕਲਮਾ ਨਬੀ ਰਸੂਲ ਨਾ ਕੋਇ ਸਮਝਾਈਆ । ਕਿਰਪਾ ਕਰ ਨੌਜਵਾਨ, ਨੌਬਤ ਆਪਣੇ ਨਾਮ ਵਜਾਈਆ । ਆਦਿ ਜੁਗਾਦਿ ਹੁਕਮਰਾਨ, ਤੇਰਾ ਹੁਕਮ ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੇ ਰਿਹਾ ਸਮਝਾਈਆ । ਸਤਿਜੁਗ ਸਾਚੇ ਸੁਣ ਬਾਲ ਨਿਧਾਨ, ਸੋ ਸਤਿਗੁਰ ਆਪ ਜਣਾਈਆ । ਕਲਜੁਗ ਕੂੜੀ ਮਿਟੇ ਦੁਕਾਨ, ਲੋਕਮਾਤ ਰਹਿਣ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਜਾਰੀ ਕਰਨ ਫ਼ਰਮਾਨ, ਧੁਰ ਸੰਦੇਸਾ ਦੇਣ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਕੋਈ ਨਾ ਕਰੇ ਕਲਿਆਣ, ਸਿਰ ਹੱਥ ਨਾ ਕੋਇ ਟਿਕਾਈਆ । ਸਿਦਕ ਸਬੂਰੀ ਸਾਬਤ ਰਿਹਾ ਨਾ ਕੋਇ ਈਮਾਨ, ਸਤਿ ਸੰਤੋਖ ਧੀਰਜ ਜਤ ਨਜ਼ਰ ਕੋਇ ਨਾ ਆਈਆ । ਰਸਨਾ ਜਿਹਵਾ ਜੀਵ ਜੰਤ ਸਾਧ ਸੰਤ ਕਰਨ ਕਲਿਆਣ, ਅੰਤਰ ਆਤਮ ਗੁਰ ਕਾ ਸ਼ਬਦ ਨਾ ਕੋਇ ਵਸਾਈਆ । ਬਾਹਰੋ ਰਸਨਾ ਜਿਹਵਾ ਬੱਤੀ ਦੰਦ ਬੋਲਣ ਜ਼ਬਾਨ, ਪ੍ਰੇਮ ਪ੍ਰੀਤੀ ਪਰਮ ਪੁਰਖ ਨਾ ਕੋਇ ਨਿਭਾਈਆ । ਦੂਰ ਦੁਰਾਡੇ ਵੇਖਣ ਦੀਨ ਮਜ਼੍ਹਬ ਈਮਾਨ, ਸਾਚਾ ਇਸਮ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਦੇਵੇ ਮਾਣ ਵਡਿਆਈਆ । ਸਤਿਜੁਗ ਅੱਗੋ ਪਿਆ ਹੱਸ, ਪ੍ਰਭ ਤੇਰੇ ਚਰਨ ਮਿਲੇ ਸਰਨਾਈਆ । ਠਾਕਰ ਸੁਆਮੀ ਮਾਰਗ ਆਪਣਾ ਦੱਸ, ਮੈਂ ਪਾਂਧੀ ਚਲਾਂ ਵਾਹੋ ਦਾਹੀਆ । ਸਾਚਾ ਨੂਰ ਕਰ ਪਰਕਾਸ਼, ਮੋਹੇ ਮਾਰਗ ਦੇਣਾ ਲਾਈਆ । ਮੈਨੂੰ ਇਕੋ ਤੇਰੀ ਆਸ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਮੇਰਾ ਮੈਂ ਤੇਰਾ ਸਦਾ ਵਸਾਂ ਤੇਰੇ ਪਾਸ, ਦਰ ਤੇਰੇ ਅਲਖ ਜਗਾਈਆ । ਤੇਰਾ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਤੇਰਾ ਨੂਰ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਪਰਕਾਸ਼, ਦੋ ਜਹਾਨ ਤੇਰਾ ਨੂਰ ਡਗਮਗਾਈਆ । ਮੇਰੀ ਪੂਰੀ ਕਰਨੀ ਆਸ, ਨਿਰਾਸਾ ਰੂਪ ਨਾ ਕੋਇ ਵਖਾਈਆ । ਮੈਨੂੰ ਇਕੋ ਸੱਚੀ ਖ਼ਾਹਸ਼, ਤੇਰਾ ਨਾਮ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਚੇ ਖ਼ੁਸ਼ੀ ਮਨਾਈਆ । ਸਤਿਗੁਰ ਸੱਚਾ ਪੁਰਖ ਅਕਾਲ, ਪ੍ਰਭ ਅਬਿਨਾਸ਼ੀ ਆਪ ਜਣਾਇੰਦਾ । ਕਿਰਪਾ ਕਰੇ ਦੀਨ ਦਿਆਲ, ਦੀਨਨ ਤੇਰਾ ਰੰਗ ਰੰਗਾਇੰਦਾ । ਧਰਮ ਬਣਾਏ ਤੇਰੀ ਸੱਚੀ ਧਰਮਸਾਲ, ਨੌ ਖੰਡ ਪ੍ਰਿਥਮੀ ਇਕੋ ਘਰ ਵਖਾਇੰਦਾ । ਦੀਪਕ ਜੋਤੀ ਦੀਆ ਦੇਵੇ ਬਾਲ, ਤੇਲ ਬਾਤੀ ਨਾ ਕੋਇ ਟਿਕਾਇੰਦਾ । ਸ਼ਬਦ ਅਗੰਮੀ ਵੱਜੇ ਤਾਲ, ਅਨਹਦ ਨਾਦੀ ਨਾਦ ਸੁਣਾਇੰਦਾ । ਅੰਮ੍ਰਿਤ ਜਾਮ ਦਏ ਪਿਆਲ, ਰਸ ਇਕੋ ਇਕ ਵਖਾਇੰਦਾ । ਮਾਰਗ ਦੱਸੇ ਇਕ ਸੁਖਾਲ, ਰਹਿਬਰ ਆਪਣਾ ਰੂਪ ਵਟਾਇੰਦਾ । ਨਿਰਗੁਣ ਹੋ ਕੇ ਬਣੇ ਦਲਾਲ, ਸਰਗੁਣ ਸਾਚਾ ਵਣਜ ਕਰਾਇੰਦਾ । ਕਰੇ ਖੇਲ ਆਪ ਭਗਵਾਨ, ਭਗਵਨ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਦੇਵੇ ਦਾਨ, ਦਾਤਾ ਦਾਨੀ ਝੋਲੀ ਸਚ ਭਰਾਇੰਦਾ । ਇਕੋ ਨਾਮ ਕਰੇ ਪਰਧਾਨ, ਦੋ ਜਹਾਨਾਂ ਹੁਕਮ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਖ਼ੁਸ਼ੀ ਮਨਾਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਖੁਲਾਇੰਦਾ । ਸਤਿਜੁਗ ਕਹੇ ਪ੍ਰਭ ਕਰ ਮਿਹਰ, ਮਿਹਰਵਾਨ ਤੇਰੀ ਸਰਨਾਈਆ । ਦੂਰ ਦੁਰਾਡੇ ਨਜ਼ਰੀ ਆਉਣਾ ਨੇਰਨ ਨੇਰ, ਸਤਿ ਪੁਰਖ ਨਿਰੰਜਣ ਬਣ ਕੇ ਪਾਂਧੀ ਰਾਹੀਆ । ਪਤਿਪਰਮੇਸ਼ਵਰ ਨਾ ਲਾਈਂ ਦੇਰ, ਤੇਰੇ ਦਰ ਮੇਰੀ ਅਰਜੋਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ

ਇਕ ਉਠਾਈਆ । ਸਤਿਜੁਗ ਸੱਚੇ ਤੇਰੀ ਇਕ ਉਡੀਕ, ਉਤਰ ਪੂਰਬ ਪੱਛਮ ਦੱਖਣ ਚਾਰੋ ਦਿਸ਼ਾ ਧਿਆਨ ਲਗਾਈਆ । ਸਾਹਿਬ ਸਤਿਗੁਰ ਪੁਰਖ ਅਕਾਲ ਮਹਾਂਬਲੀ ਆਏ ਆਪਣੀ ਤਰੀਕ, ਤਾਰੀਖ ਸਕੇ ਨਾ ਕੋਇ ਬਦਲਾਈਆ । ਦੂਰ ਦੁਰਾਡਾ ਵਸੇ ਸਦਾ ਨਜ਼ਦੀਕ, ਨੇਰਨ ਨੇਰਾ ਹੋਏ ਸਹਾਈਆ । ਸਾਚਾ ਮਾਰਗ ਲਾਏ ਠੀਕ, ਕੂੜਾ ਠੀਕਰ ਭੰਨ ਵਖਾਈਆ । ਰਾਹ ਦੱਸੇ ਇਕ ਬਾਰੀਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਸਾਚੀ ਮਾਰੇ ਨਾਮ ਲੀਕ, ਕਲਮ ਸ਼ਾਹੀ ਹੱਥ ਨਾ ਕੋਇ ਉਠਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਰੇ ਆਪ ਤਸਦੀਕ, ਦੂਜੇ ਹੱਥ ਨਾ ਕੋਇ ਫੜਾਈਆ । ਸ੍ਰੀ ਭਗਵਾਨ ਬਦਲੇ ਆਪਣੀ ਪੀਠ, ਕਰਵਟ ਲੈ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਤੇਰਾ ਦਏ ਸੁਹਾਈਆ । ਤੇਰਾ ਦਰ ਹੋਏ ਸੁਹੰਜਣਾ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਕਰੇ ਖੇਲ ਆਦਿ ਨਿਰੰਜਣਾ, ਨਰ ਨਰਾਇਣ ਬੇਪਰਵਾਹੀਆ । ਵੇਖੇ ਵਿਗਸੇ ਦਰਦ ਦੁੱਖ ਭੈ ਭੰਜਨਾ, ਭਵ ਸਾਗਰ ਡੂੰਘੀ ਕੰਦਰ ਫੋਲ ਫੋਲਾਈਆ । ਸਾਚਾ ਮਾਰਗ ਇਕੋ ਦੱਸਣਾ, ਦਹਿ ਦਿਸ਼ਾ ਦਏ ਸਮਝਾਈਆ । ਹਿਰਦੇ ਨਿਰਗੁਣ ਹੋ ਕੇ ਵਸਣਾ, ਸਰਗੁਣ ਸੁਰਤੀ ਸ਼ਬਦ ਕਰੇ ਕੁੜਮਾਈਆ । ਪੰਜ ਤਤ ਕਾਇਆ ਖੇੜਾ ਨਾ ਹੋਵੇ ਭੱਠਣਾ, ਤ੍ਰੈਗੁਣ ਅਗਨੀ ਬੰਦ ਕਰਾਈਆ । ਸਾਚੀ ਜੋਤ ਕਰੇ ਪਰਕਾਸ਼ਾ, ਪਰਕਾਸ਼ਵਾਨ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਆਪ ਜਣਾਈਆ । ਧੁਰ ਦਾ ਲੇਖਾ ਅਗੰਮੀ ਜਾਪ, ਸ੍ਰੀ ਭਗਵਾਨ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਥਾਪਣ ਦਿਤਾ ਥਾਪ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵਾ ਲਾਈਆ । ਅੰਤਮ ਲੈ ਕੇ ਗਿਆ ਆਪਣੇ ਘਾਟ, ਸਾਚੇ ਮੰਦਰ ਦਿਤੇ ਬਿਠਾਈਆ । ਲੋਕਮਾਤ ਆਵਣ ਜਾਵਣ ਮੁਕੀ ਵਾਟ, ਪਿਛਲਾ ਲੇਖਾ ਕੋਈ ਰਹਿਣ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਲਿਖ ਕੇ ਗਏ ਕਲਮ ਦਵਾਤ, ਧੁਰ ਦੀ ਧਾਰ ਆਪ ਸਮਝਾਈਆ । ਰਸਨਾ ਜਿਹਵਾ ਬੱਤੀ ਦੰਦ ਉਚੀ ਕੂਕ ਗਏ ਆਖ, ਸਚ ਸੰਦੇਸਾ ਇਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਪਤਿਪਰਮੇਸ਼ਵਰ ਪਰਵਰਦਿਗਾਰ ਸਭ ਦਾ ਮਾਈ ਬਾਪ, ਲੱਖ ਚੁਰਾਸੀ ਭਗਵੰਤ ਆਪਣੀ ਗੋਦ ਉਠਾਈਆ । ਸੋ ਸਾਹਿਬ ਦਾ ਕਰੋ ਪਾਠ, ਜਿਸ ਦੀ ਸਿਫ਼ਤ ਕਰੇ ਸਰਬ ਲੋਕਾਈਆ । ਚਰਨ ਕਵਲ ਕਵਲ ਚਰਨ ਬੰਧਾਏ ਇਕੋ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਰਲ ਮਿਲ ਸਾਰੇ ਪੱਟੀ ਪੜ੍ਹੋ ਇਕ ਜਮਾਤ, ਸਾਚੀ ਸਿਖਿਆ ਦਏ ਦ੍ਰਿੜਾਈਆ । ਜਿਸ ਦਾ ਕਲਮਾ ਆਦਿ ਜੁਗਾਦੀ ਚਲੇ ਕਾਇਨਾਤ, ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਸੋ ਸਾਹਿਬ ਸਤਿਗੁਰ ਕਦੇ ਨਾ ਪਾਏ ਵਫ਼ਾਤ, ਮਰਘਟ ਵਿਚ ਕਦੇ ਨਾ ਜਾਈਆ । ਨਿਤ ਨਵਿਤ ਦੇਵਣਹਾਰਾ ਦਾਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਦੀ ਝੋਲੀ ਆਪ ਭਰਾਈਆ । ਕਲਜੁਗ ਅੰਤਮ ਮਿਟੇ ਅੰਧੇਰੀ ਰਾਤ, ਕੂੜੀ ਰੈਣ ਅਮਾਵਸ ਰਹਿਣ ਨਾ ਪਾਈਆ । ਚਾਰ ਜੁਗ ਦੇ ਗੁਰ ਅਵਤਾਰ ਸਾਰੇ ਗਏ ਆਖ, ਆਖ਼ਰ ਪਰਗਟੇ ਬੇਪਰਵਾਹੀਆ । ਜਿਸ ਦੀ ਭਾਖਿਆ ਕੋਈ ਨਾ ਸਕੇ ਭਾਖ, ਭੇਖ ਰੇਖ ਅਵਲੜਾ ਸਮਝ ਕਿਸੇ ਨਾ ਆਈਆ । ਜਿਸ ਦਾ ਲੇਖਾ ਜਾਣੇ ਇਕੋ ਗੁਰ ਦਸਮੇਸ, ਦੂਜਾ ਸਮਝ ਕੋਇ ਨਾ ਪਾਈਆ । ਸਚ ਸਪੂਤਾ ਕਰੇ ਹੇਤ, ਸਾਚਾ ਨੇਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸਾਚਾ ਬੰਧਨ ਇਕੋ ਨਾਮ ਰਖਾਈਆ । ਸਚ ਪ੍ਰਭ ਨਾਮ ਦੱਸ

ਉਹ, ਜਿਸ ਵਿਚ ਤੇਰੀ ਵਡਿਆਈਆ । ਜਿਸ ਮਿਲਿਆਂ ਤੇਰੇ ਜਿਹਾ ਜਾਏ ਹੋ, ਫ਼ਰਕ ਕੋਈ ਰਹਿਣ ਨਾ ਪਾਈਆ । ਜਿਸ ਨਾਲ ਪ੍ਰੇਮ ਪ੍ਰੀਤੀ ਕਰ ਕੇ ਜਾਏ ਛੋਹ, ਛੁਰੀ ਕਰਦ ਖੜਗ ਖੰਡਾ ਤਲਵਾਰ ਚਮਕਾਈਆ । ਕੂੜੀ ਕਿਰਿਆ ਜਗਤ ਵਿਕਾਰਾ ਦੇਵੇ ਕੋਹ, ਕਾਤਲ ਮਕਤੂਲ ਰੂਪ ਵਟਾਈਆ । ਮਿਹਰਵਾਨ ਹੋ ਕੇ ਦੇਵੇ ਸੱਚੀ ਲੋ, ਪਰਕਾਸ਼ ਇਕੋ ਇਕ ਵਖਾਈਆ । ਆਪਣਾ ਨਾਮ ਰਖਾਏ ਸੋ, ਹੰ ਬ੍ਰਹਮ ਲੱਖ ਚੁਰਾਸੀ ਜੀਵ ਆਤਮ ਆਪਣੇ ਨਾਲ ਮਿਲਾਈਆ । ਦੁਰਮਤ ਮੈਲ ਕਲੇਵਰ ਦੇਵੇ ਧੋ, ਪਤਤ ਪੁਨੀਤ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਨਾਮ ਵਰ, ਜਿਸ ਦਾ ਲੇਖਾ ਤੇਰੇ ਵਿਚ ਸਮਾਈਆ । ਸੋ ਪੁਰਖ ਕਹੇ ਮੇਰਾ ਆਦੀ ਜਾਪ, ਜਗਜੀਵਣ ਦਾਤਾ ਆਪ ਜਣਾਈਆ । ਨਾਤਾ ਜੁੜਿਆ ਪੁੱਤ ਬਾਪ, ਪਿਤਾ ਪੂਤ ਮੇਲ ਮਿਲਾਈਆ । ਸਚਖੰਡ ਦੁਆਰੇ ਬਹਿ ਕੇ ਥਿਰ ਘਰ ਦਿਤੀ ਦਾਤ, ਸ਼ਬਦੀ ਸਾਚੀ ਵੰਡ ਵੰਡਾਈਆ । ਨਿਰਗੁਣ ਹੋ ਕੇ ਨਿਰਗੁਣ ਬੱਧਾ ਨਾਤ, ਨਾਤਾ ਮਿਲਿਆ ਬੇਪਰਵਾਹੀਆ । ਬੇਪਰਵਾਹ ਹੋ ਕੇ ਦੱਸ ਗਾਥ, ਸਾਚੀ ਸਿਖਿਆ ਇਕ ਪੜ੍ਹਾਈਆ । ਭੇਵ ਖੁਲ੍ਹਾਇਆ ਬਣ ਪੁਰਖ ਸਮਰਾਥ, ਸਮਰਥ ਆਪਣੀ ਕਾਰ ਕਮਾਈਆ । ਮਿਹਰਵਾਨ ਹੋ ਕੇ ਪਾਈ ਨੱਥ, ਡੋਰੀ ਤੰਦ ਹੱਥ ਉਠਾਈਆ । ਬੇਨਜ਼ੀਰ ਹੋ ਕੇ ਦੱਸੀ ਗਾਥ, ਨਰ ਨਿਰੰਕਾਰ ਕਰੀ ਪੜ੍ਹਾਈਆ । ਸ਼ਬਦ ਸੁੱਤ ਥਿਰ ਘਰ ਦੁਆਰੇ ਉਚੀ ਕੂਕ ਦਿਤਾ ਆਖ, ਤੂੰ ਮੇਰਾ ਮੈਂ ਤੇਰਾ ਸੋਹੰ ਰੂਪ ਪ੍ਰਭ ਤੇਰਾ ਨੂਰ ਨੂਰ ਰੁਸ਼ਨਾਈਆ । ਸਤਿਜੁਗ ਸੱਚੇ ਤੇਰਾ ਰੂਪ ਸੋਹੰ ਸੋ, ਸੁਆਮੀ ਆਪ ਜਣਾਇੰਦਾ । ਹੰ ਬ੍ਰਹਮ ਕਰ ਨਿਰਮੋਹ, ਕੂੜੀ ਮੁਹੱਬਤ ਨਾਤਾ ਤੋੜ ਤੁੜਾਇੰਦਾ । ਧੁਰ ਦਾ ਢੋਆ ਦੇਣਾ ਢੋ, ਅੰਤਰ ਆਤਮ ਅਨਹਦ ਨਾਦੀ ਨਾਦ ਸੁਣਾਇੰਦਾ । ਸੁਰਤ ਸਵਾਣੀ ਸ਼ਬਦ ਹਾਣੀ ਮਿਲ ਕੇ ਖ਼ੁਸ਼ੀ ਜਾਏ ਹੋ, ਚਿੰਤਾ ਗ਼ਮ ਰਹਿਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸੱਚਾ ਇਕੋ ਨਾਮ ਸਮਝਾਇੰਦਾ । ਸਤਿਜੁਗ ਤੇਰਾ ਨਾਮ ਸਚ, ਸੋਹੰ ਰੂਪ ਸਚ ਸਮਾਈਆ । ਕਰੇ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਜਣਾਈਆ । ਮਹਿੰਮਾ ਸੁਣਾਏ ਆਪ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਨਿਰਵੈਰ ਹੋ ਚਲਾਏ ਰਥ, ਬਣ ਰਥਵਾਹੀ ਸੇਵ ਕਮਾਈਆ । ਹਰ ਘਟ ਹਿਰਦੇ ਜਾਏ ਵਸ, ਕਾਇਆ ਮੰਦਰ ਅੰਦਰ ਡੇਰਾ ਲਾਈਆ । ਅੰਮ੍ਰਿਤ ਆਤਮ ਝਿਰਨਾ ਨਿਝਰ ਦੇਵੇ ਰਸ, ਕਵਲ ਕਵਲਾ ਦਏ ਉਲਟਾਈਆ । ਸਾਚਾ ਨੂਰ ਕਰ ਪਰਕਾਸ਼, ਅਗਿਆਨ ਅੰਧੇਰ ਦਏ ਮਿਟਾਈਆ । ਅੰਦਰ ਬਾਹਰ ਗੁਪਤ ਜ਼ਾਹਰ ਸਦ ਵਸਣਹਾਰਾ ਸਾਥ, ਸਗਲਾ ਸੰਗ ਨਿਭਾਈਆ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਆਪਣੇ ਗਲੇ ਲਗਾਈਆ । ਫੜ ਉਤਾਰੇ ਆਪਣੇ ਘਾਟ, ਪਤਣ ਬੈਠਾ ਬੇਪਰਵਾਹੀਆ । ਜਨਮ ਜਨਮ ਦੀ ਮੇਟੇ ਵਾਟ, ਪਾਂਧੀ ਨਜ਼ਰ ਕੋਇ ਨਾ ਆਈਆ । ਪ੍ਰਭ ਮਿਲਣ ਦੀ ਦੱਸੇ ਜਾਚ, ਔਝੜ ਰਾਹ ਕੋਇ ਨਾ ਪਾਈਆ । ਜੋ ਨਿਰਗੁਣ ਢੋਲਾ ਨਿਰਗੁਣ ਹੋ ਕੇ ਜਾਏ ਆਖ, ਸੋ ਸਰਗੁਣ ਸੋਹੰ ਰੂਪ ਸਮਾਈਆ । ਨੇੜ ਨਾ ਆਏ ਤੀਨੋ ਤਾਪ, ਤ੍ਰੈਗੁਣ ਬੰਧਨ ਦਏ ਕਟਾਈਆ । ਕਲਜੁਗ ਕਿਰਿਆ ਮੇਟੇ ਸੰਤਾਪ, ਸੰਸਾ ਰੋਗ ਦਏ ਚੁਕਾਈਆ । ਨਜ਼ਰੀ ਆਏ ਇਕੋ ਬਾਪ, ਜਿਸ ਨੂੰ ਮੂਸਾ ਰਿਹਾ ਜਣਾਈਆ । ਜਿਸ ਨੂੰ ਈਸਾ ਕਿਹਾ ਪਾਕ, ਸੋ ਪਰਵਰਦਿਗਾਰ ਕਰੇ ਰੁਸ਼ਨਾਈਆ । ਜਿਸ ਤੋ ਮੁਹੰਮਦ ਮੰਗੀ ਦਾਤ, ਦੋਏ ਜੋੜ ਵਾਸਤਾ ਪਾਈਆ । ਜਿਸ ਨੂੰ ਗੁਰ ਅਵਤਾਰ ਸਾਰੇ ਕਹਿੰਦੇ ਸਭ ਦਾ ਮਾਲਕ ਪੁਰਖ ਅਬਿਨਾਸ਼, ਖ਼ਾਲਕ ਖ਼ਲਕ ਵਿਚ ਸਮਾਈਆ । ਸੋ ਸਾਹਿਬ ਜਾਣੇ ਆਪਣੀ ਰਾਸ, ਗੋਪੀ ਕਾਹਨ ਰਿਹਾ ਨਚਾਈਆ । ਜਿਸ

ਦੇ ਨਾਮਾਂ ਵਿਚੋ ਕੋਟਨ ਨਾਮ ਉਪਜਣ ਸ਼ਾਖ਼, ਸਿਫ਼ਤੀ ਸਿਫ਼ਤ ਰੂਪ ਵਟਾਈਆ । ਸ਼ਬਦ ਗੁਰੂ ਗੁਰ ਕਹੇ ਆਦਿ ਜੁਗਾਦੀ ਸੋਹੰ ਸਤਿ ਸਰੂਪੀ ਇਕੋ ਜਾਪ, ਆਤਮ ਪਰਮਾਤਮ ਪਰਮਾਤਮ ਆਤਮ ਨਾਤਾ ਜੋੜ ਜੁੜਾਈਆ । ਸਾਚੀ ਪੂਜਾ ਸਾਚਾ ਪਾਠ, ਸਾਚਾ ਸਿਮਰਨ ਇਕ ਰਖਾਈਆ । ਸਾਚਾ ਤੀਰਥ ਸਾਚਾ ਘਾਟ, ਸਾਚਾ ਪਤਣ ਇਕ ਸਮਝਾਈਆ । ਸਾਚਾ ਮੰਦਰ ਮਸਜਿਦ ਸ਼ਿਵਦਵਾਲਾ ਮਾਠ, ਸਚ ਮਸੀਤ ਸਾਚਾ ਹੁਜਰਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਤਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਖੋਜ ਖੋਜਾਈਆ । ਸਤਿਜੁਗ ਤੇਰਾ ਸਚ ਸਲੋਕ, ਸੋ ਪੁਰਖ ਨਿਰੰਜਣ ਆਪ ਜਣਾਈਆ । ਜਿਸ ਨੂੰ ਕੋਈ ਨਾ ਸਕੇ ਰੋਕ, ਦੋ ਜਹਾਨ ਰਹੇ ਜਸ ਗਾਈਆ । ਵਿਸ਼ਨ ਬ੍ਰਹਮਾ ਸ਼ਿਵ ਰੱਖਣ ਓਟ, ਨੇਤਰ ਨੈਣ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਢੋਲਾ ਗਾਉਣ ਲੋਕ ਪਰਲੋਕ, ਦੋ ਜਹਾਨਾਂ ਰਾਗ ਸੁਣਾਈਆ । ਜਿਸ ਦਾ ਬੰਸ ਸਰਬੰਸ ਹੰ ਬ੍ਰਹਮ ਓਤ ਪੋਤ, ਸੋ ਪੁਰਖ ਪੁਰਖੋਤਮ ਵੇਖ ਵਖਾਈਆ । ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਰਖਾਈਆ । ਨਾ ਕੋਈ ਦੀਨ ਮਜ਼੍ਹਬ ਲਾਏ ਚੋਟ, ਡੌਰੂ ਡੰਕ ਨਾ ਕੋਇ ਵਜਾਈਆ । ਇਕੋ ਧਾਰ ਨਿਰਮਲ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿਗੁਰ ਸੱਚਾ ਇਕੋ ਬਹੁਤ, ਜਿਸ ਹੱਥ ਵੱਡੀ ਵਡਿਆਈਆ । ਜਿਸ ਦਾ ਮੰਦਰ ਸਚਖੰਡ ਦੁਆਰਾ ਕਿਲਾ ਕੋਟ, ਅਨਭਵ ਪਰਕਾਸ਼ ਕਰੇ ਰੁਸ਼ਨਾਈਆ । ਜਿਸ ਨੂੰ ਭਗਤ ਭਗਵਾਨ ਕਹਿੰਦੇ ਗਏ ਰਹੇ ਅਲੋਪ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਸੱਚਾ ਨਾਮ, ਆਪ ਪਰਗਟਾਏ ਅਗੰਮੀ ਰਾਮ, ਰਾਮ ਰਾਮਾ ਝੋਲੀ ਪਾਈਆ । ਸਤਿਜੁਗ ਕਹੇ ਮੈਨੂੰ ਮਿਲਿਆ ਮੀਤ, ਪ੍ਰਭ ਤੇਰੇ ਸ਼ਬਦ ਵੱਜੇ ਵਧਾਈਆ । ਮੈਂ ਘਰ ਘਰ ਸੁਣਾਵਾਂ ਸੱਚਾ ਗੀਤ, ਦਰ ਦਰ ਫੇਰਾ ਪਾਈਆ । ਚਾਰ ਵਰਨ ਅਠਾਰਾਂ ਬਰਨ ਪ੍ਰਭ ਦੀ ਵੇਖੋ ਸੱਚੀ ਰੀਤ, ਆਤਮ ਪਰਮਾਤਮ ਜੋੜ ਜੁੜਾਈਆ । ਪਾਰਬ੍ਰਹਮ ਬ੍ਰਹਮ ਦੇਵੇ ਇਕ ਪ੍ਰੀਤ, ਪ੍ਰੀਤੀਵਾਨ ਵੇਖ ਵਖਾਈਆ । ਏਕਾ ਰੰਗ ਰੰਗੇ ਹਸਤ ਕੀਟ, ਊਚ ਨੀਚ ਨਜ਼ਰ ਕੋਏ ਨਾ ਆਈਆ । ਜਿਸ ਮਿਲਿਆਂ ਮਾਣਸ ਜਨਮ ਲਵੇ ਜੀਤ, ਲੱਖ ਚੁਰਾਸੀ ਬੰਧਨ ਦਏ ਕਟਾਈਆ । ਸੋ ਸਾਹਿਬ ਕੋਲੋ ਮੰਗੋ ਭੀਖ, ਜੋ ਆਦਿ ਜੁਗਾਦਿ ਜੁਗਾ ਜੁਗੰਤਰ ਦੇਵਣਹਾਰ ਇਕ ਵਡਿਆਈਆ । ਜਿਸ ਦਾ ਨਿਸ਼ਾਨਾ ਸਾਰੇ ਦੱਸ ਕੇ ਗਏ ਠੀਕ, ਉਸ ਦੀ ਮੰਜ਼ਲ ਚੜ੍ਹ ਕੇ ਵੇਖੋ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਨਾਮ ਦਏ ਵਡਿਆਈਆ । ਇਕੋ ਨਾਮ ਸ਼ਬਦ ਗਿਆਨ, ਏਕੰਕਾਰਾ ਆਪ ਜਣਾਇੰਦਾ । ਇਕ ਮਹੱਲ ਅਟੱਲ ਮਕਾਨ, ਇਕ ਇਕੱਲਾ ਸੋਭਾ ਪਾਇੰਦਾ । ਏਕਾ ਨੂਰੀ ਜੋਤ ਮਹਾਨ, ਆਦਿ ਨਿਰੰਜਣ ਨੂਰ ਰੁਸ਼ਨਾਇੰਦਾ । ਏਕਾ ਹੁਕਮ ਧੁਰ ਫ਼ਰਮਾਨ, ਅਬਿਨਾਸ਼ੀ ਕਰਤਾ ਆਪ ਸੁਣਾਇੰਦਾ । ਏਕਾ ਦੋ ਜਹਾਨਾਂ ਵੇਖੇ ਮਾਰ ਧਿਆਨ, ਸ੍ਰੀ ਭਗਵਾਨ ਪੜਦਾ ਲਾਹਿੰਦਾ । ਏਕਾ ਦੇਵਣਹਾਰਾ ਬ੍ਰਹਮ ਗਿਆਨ, ਪਾਰਬ੍ਰਹਮ ਬ੍ਰਹਮ ਆਪ ਪੜ੍ਹਾਇੰਦਾ । ਏਕਾ ਜੁਗ ਚੌਕੜੀ ਕਰਨਹਾਰਾ ਕਲਿਆਣ, ਜੁਗ ਜੁਗ ਆਪਣਾ ਖੇਲ ਕਰਾਇੰਦਾ । ਏਕਾ ਕਲਜੁਗ ਮੇਟੇ ਕੂੜ ਨਿਸ਼ਾਨ, ਜੂਠ ਝੂਠ ਜੜ ਉਖੜਾਇੰਦਾ । ਏਕਾ ਸਤਿਜੁਗ ਸਚ ਕਰੇ ਪਰਧਾਨ, ਨਾਮ ਪਰਧਾਨਗੀ ਹੱਥ ਫੜਾਇੰਦਾ । ਇਕੋ ਸਰਬ ਜੀਆਂ ਦਾ ਸਾਂਝਾ ਭਗਵਾਨ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਇਕੋ ਨਜ਼ਰੀਂ ਆਏ ਕਾਹਨ, ਸਾਚੀ ਬੰਸਰੀ ਨਾਮ ਸੁਣਾਇੰਦਾ । ਇਕੋ ਪਰਗਟੇ ਰਮਈਆ ਰਾਮ, ਸਤਿਜੁਗ

ਸੱਚਾ ਰਾਹ ਵਖਾਇੰਦਾ । ਇਕੋ ਕਲਮਾ ਦੇ ਕਲਾਮ, ਇਕੋ ਆਪਣਾ ਹੁਕਮ ਵਰਤਾਇੰਦਾ । ਇਕੋ ਬੋਲੇ ਸਤਿਨਾਮ, ਨਾਨਕ ਨਿਰਗੁਣ ਸਰਗੁਣ ਖੇਲ ਕਰਾਇੰਦਾ । ਇਕੋ ਫ਼ਤਹਿ ਡੰਕਾ ਬੋਲ ਜੈਕਾਰ, ਜੈਕਾਰ ਦੋ ਜਹਾਨ ਸੁਣਾਇੰਦਾ । ਇਕੋ ਮੰਗੇ ਮੰਗ ਵਾਰੋ ਵਾਰ, ਜੁਗ ਜੁਗ ਆਪਣੀ ਝੋਲੀ ਡਾਹਿੰਦਾ । ਇਕੋ ਦਾਤਾ ਦੇਵਣਹਾਰ, ਨਿਤ ਨਵਿਤ ਆਪਣੀ ਵਸਤ ਵਰਤਾਇੰਦਾ । ਇਕੋ ਵੇਖੇ ਵਿਗਸੇ ਵੇਖਣਹਾਰ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਇਕੋ ਜੁਗ ਚੌਕੜੀ ਲੈ ਅਵਤਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮਾਤ ਹੰਡਾਇੰਦਾ । ਏਕਾ ਉਚੀ ਕੂਕ ਕਰੇ ਪੁਕਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਰਸਨਾ ਜਿਹਵਾ ਤੀਸ ਬਤੀਸਾ ਰਾਗ ਸੁਣਾਇੰਦਾ । ਏਕਾ ਏਕ ਕਲ ਕਲਕੀ ਲੈ ਅਵਤਾਰ, ਅਕਲ ਕਲਧਾਰੀ ਆਪਣੀ ਖੇਲ ਕਰਾਇੰਦਾ । ਏਕਾ ਡੰਕਾ ਵਜਾਏ ਵਿਚ ਸੰਸਾਰ, ਨਾਮ ਡੰਕਾ ਹੱਥ ਉਠਾਇੰਦਾ । ਏਕਾ ਖੰਡਾ ਚਮਕੇ ਵਿਚ ਬ੍ਰਹਿਮੰਡਾਂ ਸ਼ਬਦ ਸਾਰ, ਸਾਰ ਸ਼ਬਦ ਭੇਵ ਕੋਇ ਨਾ ਪਾਇੰਦਾ । ਪਾਰਬ੍ਰਹਮ ਪ੍ਰਭ ਕਲਜੁਗ ਅੰਤਮ ਸਭ ਕੁਛ ਆਪਣੇ ਲੈ ਇਖ਼ਤਿਆਰ, ਦੂਜਾ ਰਾਜ ਰਾਜਾਨ ਸ਼ਾਹ ਸੁਲਤਾਨ ਨਜ਼ਰ ਕੋਇ ਨਾ ਆਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਦੁਆਰੇ ਦੇਣ ਬਿਆਨ, ਕਲਮਬੰਦ ਸਰਬ ਬਿਆਨ ਕਰਾਇੰਦਾ । ਪਾਰਬ੍ਰਹਮ ਪ੍ਰਭ ਸਾਡਾ ਖਹਿੜਾ ਛੁਟਿਆ ਜੀਵ ਜਹਾਨ, ਲੱਖ ਚੁਰਾਸੀ ਨਾਤਾ ਨਜ਼ਰ ਕੋਇ ਨਾ ਆਇੰਦਾ । ਅੰਤਮ ਤੇਰਾ ਦੱਸ ਕੇ ਆਏ ਨਿਸ਼ਾਨ, ਸੋ ਨਿਸ਼ਾਨਾ ਤੇਰੇ ਹੱਥ ਸੋਭਾ ਪਾਇੰਦਾ । ਜਿਉਂ ਭਾਵੇ ਤਿਉਂ ਕਰ ਕਲਿਆਣ, ਕਰਤੇ ਤੇਰੀ ਕੀਮਤ ਹੱਟ ਨਾ ਕੋਇ ਵਿਕਾਇੰਦਾ । ਹਉਂ ਬਾਲੇ ਨੱਢੇ ਤੇਰੇ ਅਵਾਣ, ਤੂੰ ਪਿਤਾ ਪੂਤ ਸਭ ਦੀ ਲਾਜ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਮਾਰਗ ਇਕ ਲਗਾਇੰਦਾ । ਸਤਿਜੁਗ ਮਾਰਗ ਦਏ ਲਾ । ਰਹਿਮਤ ਕਰ ਆਪ ਖ਼ੁਦਾ । ਭੇਵ ਅਭੇਦਾ ਦਏ ਖੁਲ੍ਹਾ । ਚਾਰ ਵਰਨ ਸੁਲ੍ਹਾ ਦਏ ਕਰਾ । ਅਠਾਰਾਂ ਬਰਨ ਪੰਧ ਦਏ ਮੁਕਾ । ਆਤਮ ਪਰਮਾਤਮ ਢੋਲਾ ਦਏ ਸੁਣਾ । ਸ਼ਬਦ ਵਿਚੋਲਾ ਸਤਿਗੁਰ ਇਕੋ ਦਏ ਬਣਾ । ਨਿਰਵੈਰ ਪੁਰਖ ਪੜਦਾ ਉਹਲਾ ਦਏ ਉਠਾ । ਸਚ ਘਰ ਸਾਚੇ ਮੰਦਰ ਪ੍ਰੇਮ ਪਿਆਰ ਦਾ ਹੋਲਾ ਇਕੋ ਰੰਗਣ ਦਏ ਰੰਗਾ । ਕਾਇਆ ਚੋਲਾ ਬਦਲੇ ਚੋਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਢੋਲਾ ਇਕੋ ਦਏ ਸਮਝਾ । ਸਾਚਾ ਢੋਲਾ ਗਾਉਣਾ ਗੋਬਿੰਦ, ਗਹਿਰ ਗੰਭੀਰ ਵੱਡੀ ਵਡਿਆਈਆ । ਸਰਬ ਜੀਆਂ ਦੀ ਮੇਟੇ ਚਿੰਦ, ਚਿੰਤਾ ਚਿਖਾ ਨਾ ਕੋਇ ਸਤਾਈਆ । ਪੁਰਖ ਅਕਾਲ ਦੀ ਸਾਰੇ ਬਿੰਦ, ਲੱਖ ਚੁਰਾਸੀ ਜੀਵ ਜੰਤ ਦਰਸਾਈਆ । ਓਸ ਸਾਹਿਬ ਦੀ ਰਸਨਾ ਜਿਹਵਾ ਕੋਈ ਨਾ ਕਰੇ ਨਿੰਦ, ਨਿੰਦਿਆ ਸਾਹਿਬ ਸਤਿਗੁਰ ਕਦੇ ਨਾ ਭਾਈਆ । ਪ੍ਰਭ ਠਾਕਰ ਦੀਨ ਦਿਆਲ ਸਦਾ ਬਖ਼ਸ਼ਿੰਦ, ਬਖ਼ਸ਼ਿਸ਼ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਸਤਿਜੁਗ ਸਤਿਜੁਗ ਕਲਜੁਗ ਦੋਹਾਂ ਲਹਿਣਾ ਦੇਣਾ ਦੇਵੇ ਥਾਉਂ ਥਾਈਆ ।

✪ ੧੩ ਅੱਸੂ ੨੦੨੦ ਬਿਕਰਮੀ ਅਜੈਬ ਸਿੰਘ ਰਾਜ ਸਿੰਘ ਦੇ ਗ੍ਰਹਿ ਫ਼ਰੀਦਕੋਟ ਜ਼ਿਲਾ ਫ਼ਿਰੋਜ਼ਪੁਰ ✪

ਸਤਿਜੁਗ ਸਾਚੇ ਰੱਖਣਾ ਚਿੱਤ, ਸੋ ਸਾਹਿਬ ਆਪ ਜਣਾਈਆ । ਭਗਤ ਭਗਵਾਨ ਸੱਚਾ ਮਿੱਤ, ਜੁਗ ਚੌਕੜੀ ਵੇਖ ਵਖਾਈਆ । ਗ਼ਰੀਬ

ਨਿਮਾਣੇ ਵੇਖੇ ਨਿੱਤ, ਨਵਿਤ ਆਪਣਾ ਫੇਰਾ ਪਾਈਆ । ਆਤਮ ਪ੍ਰੀਤੀ ਕਰੇ ਹਿੱਤ, ਪਾਰਬ੍ਰਹਮ ਬੇਪਰਵਾਹੀਆ । ਧੁਰ ਦਾ ਲੇਖਾ ਦੇਵੇ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਸਾਚੀ ਵਸਤ ਪਾਏ ਭਿਖ, ਭਿਛਿਆ ਆਪਣਾ ਨਾਮ ਵਰਤਾਈਆ । ਘਰ ਮੰਦਰ ਆਵੇ ਦਿਸ, ਗ੍ਰਿਹ ਨੂਰ ਜੋਤ ਰੁਸ਼ਨਾਈਆ । ਸੁਰਤੀ ਸ਼ਬਦ ਲਾਏ ਖਿਚ, ਦੂਈ ਦਵੈਤੀ ਡੇਰਾ ਢਾਹੀਆ । ਖੇਲ ਖਲਾਏ ਘਰ ਘਰ ਵਿਚ, ਵੱਜੇ ਇਕੋ ਨਾਮ ਵਧਾਈਆ । ਸ਼ਬਦ ਪੜ੍ਹਾਏ ਅੱਖਰ ਨਿਸ਼, ਨਿਸ਼ਅੱਖਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਤੋਹੇ ਵਡਿਆਈਆ । ਭਗਤ ਭਗਵਾਨ ਸੱਚਾ ਸੰਗ, ਸਤਿਜੁਗ ਸਾਚੇ ਸਚ ਜਣਾਈਆ । ਦੀਨ ਦਿਆਲ ਲਾਏ ਅੰਗ, ਅੰਗੀਕਾਰ ਇਕ ਅਖਵਾਈਆ । ਆਤਮ ਦੇਵੇ ਸਚ ਅਨੰਦ, ਸੀਤਲ ਧਾਰ ਅੰਮ੍ਰਿਤ ਮੇਘ ਬਰਸਾਈਆ । ਕੂੜੀ ਕਿਰਿਆ ਕਰੇ ਖੰਡ, ਖੰਡਾ ਖੜਗ ਨਾਮ ਚਮਕਾਈਆ । ਗੀਤ ਸੁਣਾਏ ਅਗੰਮੀ ਛੰਦ, ਧੁਨ ਆਤਮਕ ਰਾਗ ਅਲਾਈਆ । ਖ਼ੁਸ਼ੀ ਕਰਾਏ ਬੰਦ ਬੰਦ, ਜਿਸ ਜਨ ਆਪਣੀ ਬੂਝ ਬੁਝਾਈਆ । ਕਾਇਆ ਚੋਲੀ ਦੇਵੇ ਰੰਗ, ਸਾਚੀ ਰੰਗਣ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਦਏ ਦ੍ਰਿੜਾਈਆ । ਭਗਤ ਭਗਵਾਨ ਸਗਲਾ ਸਾਥ, ਆਦਿ ਜੁਗਾਦੀ ਆਪ ਨਿਭਾਇੰਦਾ । ਨਿਰਗੁਣ ਸਰਗੁਣ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਪਾਰਬ੍ਰਹਮ ਬ੍ਰਹਮ ਦੇਵੇ ਆਪਣੀ ਗਾਥ, ਮੰਤਰ ਢੋਲਾ ਇਕੋ ਰਾਗ ਸੁਣਾਇੰਦਾ । ਚਰਨ ਕਵਲ ਉਪਰ ਧਵਲ ਸਚ ਪ੍ਰੀਤੀ ਬੰਨ੍ਹੇ ਨਾਤ, ਨਾਤਾ ਆਪਣੇ ਨਾਲ ਜੁੜਾਇੰਦਾ । ਕੂੜੀ ਕਿਰਿਆ ਰੈਣ ਅੰਧੇਰੀ ਮੇਟੇ ਰਾਤ, ਨਿਰਗੁਣ ਜੋਤੀ ਚੰਦ ਇਕ ਚਮਕਾਇੰਦਾ । ਉਤਮ ਕਰੇ ਹਰਿਜਨ ਜ਼ਾਤ, ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਇੰਦਾ । ਸੱਜਣ ਸੁਹੇਲਾ ਬਣੇ ਸਾਕ, ਸਗਲਾ ਸੰਗੀ ਆਪ ਅਖਵਾਇੰਦਾ । ਬੰਦ ਕਿਵਾੜੀ ਖੋਲ੍ਹ ਤਾਕ, ਘਰ ਏਕਾ ਦਰਸ ਕਰਾਇੰਦਾ । ਕਰੇ ਪਿਆਰ ਜਿਉਂ ਪਿਤਾ ਪੂਤ ਬਾਪ, ਜਨ ਜਨਨੀ ਗੋਦ ਸੁਹਾਇੰਦਾ । ਸਚ ਸੁਨੇਹੜਾ ਜਾਏ ਆਖ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਇੰਦਾ । ਪਤਣ ਲਾਏ ਆਪਣੇ ਘਾਟ, ਕਿਨਾਰਾ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਸਤਿਜੁਗ ਸੁਣ ਖੋਲ੍ਹ ਅੱਖ, ਸਤਿਗੁਰ ਸੱਚਾ ਸਚ ਜਣਾਈਆ । ਨਿਰਗੁਣ ਸਰਗੁਣ ਦਰਸ ਦਿਖਾਏ ਹੋ ਪਰਤੱਖ, ਪਾਰਬ੍ਰਹਮ ਪ੍ਰਭ ਆਪਣਾ ਵੇਸ ਵਟਾਈਆ । ਸੰਤ ਸੁਹੇਲੇ ਲੱਖ ਚੁਰਾਸੀ ਵਿਚੋ ਲਏ ਰੱਖ, ਰੱਖਿਆ ਕਰੇ ਥਾਉਂ ਥਾਈਆ । ਮਿਹਰਵਾਨ ਪੁਰਖ ਸਮਰਥ, ਮਿਹਰ ਨਜ਼ਰ ਇਕ ਉਠਾਈਆ । ਲੇਖਾ ਜਾਣੇ ਤਤ ਅੱਠ, ਨੌਂ ਦੁਆਰ ਖੋਜ ਖੋਜਾਈਆ । ਦਸਮ ਦੁਆਰੀ ਆਪੇ ਵਸ, ਆਪ ਆਪਣਾ ਭੇਵ ਚੁਕਾਈਆ । ਨਿਰਮਲ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਸਾਚੀ ਸੇਜਾ ਭੋਗ ਬਲਾਸ, ਰਸ ਇਕੋ ਇਕ ਵਖਾਈਆ । ਜਨਮ ਜਨਮ ਦੀ ਮੇਟੇ ਆਪ ਪਿਆਸ, ਤ੍ਰਿਸਨਾ ਭੁੱਖ ਰਹਿਣ ਨਾ ਪਾਈਆ । ਲੇਖਾ ਲਾਏ ਪਵਣ ਸਵਾਸ, ਜੋ ਜਨ ਰਸਨਾ ਜਿਹਵਾ ਗਾਈਆ । ਮਾਣਸ ਜਨਮ ਪੂਰੀ ਕਰੇ ਆਸ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਚੇ ਮੰਡਲ ਵਖਾਏ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਅੰਦਰ ਵੜ ਕੇ ਸਾਚੇ ਮੰਦਰ ਚੜ੍ਹ ਕੇ ਆਪੇ ਲਏ ਝਾਕ, ਤਾਕੀ ਖਿੜਕੀ ਕੁੰਡਾ ਆਪੇ ਲਾਹੀਆ । ਮਨ ਮਨੂਆ ਨਾ ਰਹੇ ਆਕ, ਮਤ ਬੁਧ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਸਿਫ਼ਤ ਸਾਲਾਹੀਆ । ਨੇਤਨ ਨੇਤਾ ਏਕੰਕਾਰ, ਇਕ

੬੨੪ ੧੫

ਇਕੱਲਾ ਦਇਆ ਕਮਾਇੰਦਾ । ਜੁਗ ਚੌਕੜੀ ਵੇਖਣਹਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਇੰਦਾ । ਦੇਵਣਹਾਰਾ ਸ਼ਬਦ ਭੰਡਾਰ, ਨਾਮ ਖ਼ਜ਼ਾਨਾ ਆਪ ਵਰਤਾਇੰਦਾ । ਬਖ਼ਸ਼ਣਹਾਰਾ ਚਰਨ ਆਧਾਰ, ਚਰਨ ਚਰਨੋਧਕ ਮੁਖ ਚੁਆਇੰਦਾ । ਦੇਵਣਹਾਰਾ ਜੋਤ ਉਜਿਆਰ, ਸਾਚਾ ਨੂਰ ਚੰਦ ਚਮਕਾਇੰਦਾ । ਵੇਖਣਹਾਰਾ ਸਚ ਦਰਬਾਰ, ਮਹੱਲ ਅਟੱਲ ਸੋਭਾ ਪਾਇੰਦਾ । ਰੱਖਣਹਾਰਾ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਝੁਲਾਵਣਹਾਰਾ ਸਚ ਨਿਸ਼ਾਨ, ਧਰਮ ਨਿਸ਼ਾਨਾ ਇਕ ਝੁਲਾਇੰਦਾ । ਗਾਵਣਹਾਰਾ ਸੱਚਾ ਨਾਮ, ਸਚ ਸਚ ਜਣਾਇੰਦਾ । ਕਰਨੇਹਾਰਾ ਆਪਣਾ ਕਾਮ, ਕਰਤਾ ਪੁਰਖ ਨਾਮ ਧਰਾਇੰਦਾ । ਸੁਣਾਵਣਹਾਰਾ ਸਚ ਪੈਗ਼ਾਮ, ਸਾਚਾ ਕਲਮਾ ਆਪ ਪੜ੍ਹਾਇੰਦਾ । ਵਸਾਵਣਹਾਰਾ ਹੱਕ ਮੁਕਾਮ, ਪਰਵਰਦਿਗਾਰ ਡੇਰਾ ਲਾਇੰਦਾ । ਬਣਾਵਣਹਾਰਾ ਸਚ ਨਜ਼ਾਮ, ਕੂੜੀ ਕਿਰਿਆ ਮੇਟ ਮਿਟਾਇੰਦਾ । ਮਾਰਨਹਾਰਾ ਅਣਿਆਲਾ ਬਾਣ, ਤਿਖੀ ਮੁਖੀ ਧਾਰ ਵਖਾਇੰਦਾ । ਖੇਲਣਹਾਰ ਸ੍ਰੀ ਭਗਵਾਨ, ਖ਼ਾਲਕ ਖ਼ਲਕ ਵੇਖ ਵਖਾਇੰਦਾ । ਆਵਣ ਜਾਵਣ ਰੱਖੇ ਦੋ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਭਗਤ ਭਗਵਾਨ ਪ੍ਰੇਮ ਅਤੁੱਟ, ਤਰੁਟੀ ਨਜ਼ਰ ਕੋਇ ਨਾ ਆਈਆ । ਲੱਗੀ ਪ੍ਰੀਤ ਨਾ ਜਾਏ ਛੁਟ, ਡੋਰੀ ਤੰਦ ਨਾ ਕੋਇ ਕਟਾਈਆ । ਬਣ ਵਿਚੋਲਾ ਕੋਈ ਨਾ ਪਾਏ ਫੁੱਟ, ਦੂਈ ਦਵੈਤ ਨੇੜ ਨਾ ਆਈਆ । ਜਗਤ ਵਿਹਾਰ ਨਾ ਜਾਏ ਰੁਸ, ਭਗਤ ਪਿਆਰ ਮਿਲੇ ਵਡਿਆਈਆ । ਅੰਦਰ ਵੜ ਕੇ ਲਏ ਪੁੱਛ, ਸੋਈ ਸੁਰਤੀ ਆਪ ਉਠਾਈਆ । ਉਜਲ ਵਖਾਏ ਆਪਣਾ ਮੁਖ, ਜੋਤੀ ਨੂਰ ਨੂਰ ਰੁਸ਼ਨਾਈਆ । ਜਨਮ ਕਰਮ ਦਾ ਮੇਟ ਦੁੱਖ, ਸੁਖ ਆਤਮ ਘਰ ਪੁਚਾਈਆ । ਮਾਤ ਗਰਭ ਨਾ ਉਲਟਾ ਰੁਖ, ਦਸ ਦਸ ਮਾਸ ਨਾ ਅਗਨ ਤਪਾਈਆ । ਸਾਚੀ ਗੋਦੀ ਲਏ ਚੁੱਕ, ਹੁਲਾਰਾ ਦੋ ਜਹਾਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਦੇਵਣਹਾਰਾ ਵਡਿਆਈ ਸਾਹਿਬ ਸਤਿਗੁਰ ਅਜੀਬ, ਅਚਰਜ ਲੀਲਾ ਆਪ ਰਚਾਇੰਦਾ । ਦੂਰ ਦੁਰਾਡਾ ਵਸੇ ਸਦਾ ਕ਼ਰੀਬ, ਨੇਰਨ ਨੇਰਾ ਨਜ਼ਰੀ ਆਇੰਦਾ । ਸਾਚੀ ਵਸਤ ਅਮੋਲਕ ਪਾਵੇ ਭੀਖ, ਭਿਛਿਆ ਇਕੋ ਇਕ ਵਰਤਾਇੰਦਾ । ਬਦਲਣਹਾਰਾ ਕੂੜੀ ਨੀਤ, ਸਾਚਾ ਮਾਰਗ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣਾ ਦੇਣਾ ਧੁਰ ਦਾ ਝੋਲੀ ਪਾਇੰਦਾ । ਸਤਿਜੁਗ ਕਹੇ ਮੇਰੇ ਮਹਿਬੂਬ, ਵਾਹਵਾ ਵਡ ਤੇਰੀ ਵਡਿਆਈਆ । ਕਿਸ ਬਿਧ ਆਏ ਮੋਹੇ ਸਬੂਤ, ਤੂੰ ਭਗਤਾਂ ਮੀਤਾ ਸਹਿਜ ਸੁਖਦਾਈਆ । ਅਬਿਨਾਸ਼ੀ ਕਰਤੇ ਉਠ ਵੇਖ ਪੰਜ ਤਤ ਕਲਬੂਤ, ਕਲਜੁਗ ਅੰਤਮ ਦਿਆਂ ਵਖਾਈਆ । ਸਤਿਜੁਗ ਕਹੇ ਮੈਨੂੰ ਨਜ਼ਰ ਨਾ ਆਏ ਕੋਈ ਅਰੂਜ, ਅਰਸ਼ ਕੁਰਸ਼ ਬੈਠਾ ਡੇਰਾ ਢਾਹੀਆ । ਪੁਰਖ ਅਕਾਲ ਕਹੇ ਮੈਂ ਰੱਖਿਆ ਆਪ ਮਹਿਫੂਜ਼, ਹਿਫ਼ਾਜ਼ਤ ਕਰਾਂ ਥਾਉਂ ਥਾਈਂਆ । ਸਤਿਜੁਗ ਕਹੇ ਮੈਨੂੰ ਘਰ ਘਰ ਦਿਸੇ ਦੂਜ, ਏਕਾ ਰੰਗ ਨਾ ਕੋਇ ਰੰਗਾਈਆ । ਸ੍ਰੀ ਭਗਵਾਨ ਕਹੇ ਮੈਂ ਪਿਛਲਾ ਲੇਖਾ ਸਭ ਦਾ ਕੀਤਾ ਮੌਕੂਫ਼, ਅੱਗੇ ਆਪਣਾ ਹੁਕਮ ਵਰਤਾਈਆ । ਸ਼ਬਦ ਸੂਰਾ ਭੇਜ ਦੂਤ, ਧੁਰ ਦਾ ਹੁਕਮ ਇਕ ਸੁਣਾਈਆ । ਸੋ ਭਗਤ ਮੇਰੇ ਜੋ ਇਕੋ ਕਰਨ ਮੇਰੀ ਪੂਜ, ਦੂਜਾ ਇਸ਼ਟ ਨਾ ਕੋਇ ਮਨਾਈਆ । ਤਿਨ੍ਹਾਂ ਅੰਤਰ ਆਤਮ ਦਿਤੀ ਸੂਝ, ਮਨ ਵਾਸਨਾ ਰਹਿਣ ਕੋਇ ਨਾ ਪਾਈਆ । ਭੇਵ ਖੁਲਾਇਆ ਬਿਨ ਪੜ੍ਹਿਆਂ ਗੂੜ੍ਹ, ਗੁਰਦੇਵ ਸੁਆਮੀ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ

ਰਿਹਾ ਦ੍ਰਿੜਾਈਆ । ਸਤਿਜੁਗ ਕਹੇ ਪ੍ਰਭ ਦੱਸ ਉਹ ਧਾਮ, ਜਿਸ ਘਰ ਵੱਜੇ ਵਧਾਈਆ । ਜਿਸ ਮੰਦਰ ਇਕੋ ਨਜ਼ਰੀ ਆਏ ਰਾਮ, ਦੂਜਾ ਰੂਪ ਨਾ ਕੋਇ ਧਰਾਈਆ । ਜਿਸ ਗ੍ਰਿਹ ਇਕੋ ਵਸੇ ਸ਼ਾਮ, ਬੰਸਰੀ ਆਪਣਾ ਨਾਮ ਸੁਣਾਈਆ । ਜਿਸ ਦਰ ਇਕੋ ਪੈਗ਼ੰਬਰ ਦਏ ਪੈਗ਼ਾਮ, ਕਲਮਾ ਹੱਕ ਹਕੀਕਤ ਕਰੇ ਪੜ੍ਹਾਈਆ । ਜਿਸ ਦੁਆਰੇ ਇਕੋ ਮੰਤਰ ਸਤਿਨਾਮ, ਸਤਿ ਸਤਿਵਾਦੀ ਦਏ ਸਮਝਾਈਆ । ਜਿਸ ਮਹੱਲ ਅਟੱਲ ਉਚ ਮਨਾਰੇ ਇਕੋ ਫ਼ਤਹਿ ਡੰਕ ਜੈਕਾਰ, ਜੈ ਜੈਕਾਰ ਰਿਹਾ ਜਣਾਈਆ । ਜਿਸ ਗ੍ਰਿਹ ਵਸੇ ਆਪ ਨਿਰੰਕਾਰ, ਨਿਰਗੁਣ ਆਪਣਾ ਆਸਣ ਲਾਈਆ । ਸੋ ਪੁਰਖ ਅਬਿਨਾਸ਼ੀ ਮੈਨੂੰ ਮੰਦਰ ਦੇ ਵਖਾਲ, ਮੈਂ ਵੇਖਾਂ ਚਾਈਂ ਚਾਈਂਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਰੇ ਕਰਦੇ ਗਏ ਸਵਾਲ, ਦੋਏ ਜੋੜ ਜੋੜ ਵਾਸਤਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਰਿਹਾ ਸਮਝਾਈਆ । ਉਠ ਸਤਿਜੁਗ ਵੇਖ ਸੱਚੀ ਧਰਮਸਾਲ, ਸ੍ਰੀ ਭਗਵਾਨ ਧਰਮ ਦੁਆਰਾ ਇਕ ਜਣਾਇੰਦਾ । ਜਿਸ ਗ੍ਰਿਹ ਸਿਮਰਨ ਇਕੋ ਨਾਮ, ਨਾਉਂ ਨਿਰੰਕਾਰਾ ਆਪ ਵਖਾਇੰਦਾ । ਸੋ ਦਰ ਹੋਏ ਪਰਵਾਨ, ਸੋ ਘਰ ਸੋਭਾ ਪਾਇੰਦਾ । ਸੋ ਮੰਦਰ ਸਚ ਨਿਸ਼ਾਨ, ਸੋ ਸ਼ਿਵਦਵਾਲਾ ਰੰਗ ਰੰਗਾਇੰਦਾ । ਸੋ ਗੁਰਦੁਆਰ ਕਰੇ ਪਰਨਾਮ, ਨਿਉਂ ਨਿਉਂ ਸੀਸ ਝੁਕਾਇੰਦਾ । ਜਿਸ ਅੰਦਰ ਵਸੇ ਸ੍ਰੀ ਭਗਵਾਨ, ਸੋ ਤਨ ਮੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਆਪ ਚੁਕਾਇੰਦਾ । ਸਤਿਜੁਗ ਵੇਖ ਭਗਵਾਨ ਭਗਤ, ਸ੍ਰੀ ਭਗਵਨ ਰਿਹਾ ਜਣਾਈਆ । ਜਿਸ ਦੀ ਚਾਲ ਨਿਰਾਲੀ ਸਦਾ ਜਗਤ, ਜੁਗ ਚੌਕੜੀ ਸਮਝ ਕੋਇ ਨਾ ਪਾਈਆ । ਕੋਈ ਨਾ ਜਾਣੇ ਵੇਲਾ ਵਕ਼ਤ, ਥਿਤ ਵਾਰ ਸਕੇ ਨਾ ਕੋਇ ਸਮਝਾਈਆ । ਭਗਤਾਂ ਵਿਚ ਸਭ ਨਾਲੋ ਇਕੋ ਫ਼ਰਕ, ਸਾਚੇ ਭਗਤ ਪੁਰਖ ਅਕਾਲ ਇਕੋ ਓਟ ਰਖਾਈਆ । ਸ੍ਰਿਸ਼ਟ ਸਬਾਈ ਬਾਕੀ ਪਿਛੇ ਲੱਗੀ ਲਿਖਤ ਪੜ੍ਹਤ, ਕਾਗ਼ਜ਼ ਕਲਮ ਸ਼ਾਹੀ ਵੇਖ ਵੇਖ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੁੜ ਕੇ ਕੋਈ ਨਾ ਆਵੇ ਪਰਤ, ਪਰਤੀਨਿਧ ਇਕੋ ਇਕ ਅਖਵਾਈਆ । ਜਿਸ ਨੂੰ ਭੇਜੇ ਆਪ ਉਤੇ ਧਰਤ, ਸੋ ਧਰਨ ਧਰਤ ਧਵਲ ਸੇਵਾ ਜਾਏ ਕਮਾਈਆ । ਅੰਤਮ ਸਾਰੇ ਲਾ ਕੇ ਜਾਵਣ ਸ਼ਰਤ, ਪੁਰਖ ਅਕਾਲ ਦੀਨ ਦਿਆਲ ਸਾਹਿਬ ਸੁਲਤਾਨ ਮੰਨੋ ਸ੍ਰਿਸ਼ਟ ਸਬਾਈਆ । ਜਿਸ ਦਰ ਨਾ ਕੋਈ ਸੋਗ ਰੋਗ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਨਿਹਚਲ ਧਾਮ ਬੈਠਾ ਰਹੇ ਬੇਧੜਕ, ਖ਼ਤਰਾ ਖ਼ੌਫ਼ ਸਰਬ ਜਣਾਈਆ । ਸੋ ਸਾਹਿਬ ਸਤਿਗੁਰ ਕਲਜੁਗ ਅੰਤਮ ਆਵੇ ਪਰਤ, ਨਿਰਗੁਣ ਨਿਰਗੁਣ ਫੇਰਾ ਪਾਈਆ । ਨਿਰਵੈਰ ਪੁਰਖ ਨਿਰਾਕਾਰ ਆਦਿ ਨਿਰੰਜਣ ਜੋਤ ਸਰੂਪ ਦੇਵੇ ਦਰਸ, ਪੰਜ ਤਤ ਵੰਡ ਨਾ ਕੋਇ ਵੰਡਾਈਆ । ਅੰਮ੍ਰਿਤ ਮੇਘ ਅੰਤਰ ਆਤਮ ਦੇਵੇ ਬਰਸ, ਅਗਨੀ ਤਤ ਦਏ ਬੁਝਾਈਆ । ਸੋ ਵੇਖਣਹਾਰਾ ਸਾਚੇ ਭਗਤ, ਭਗਤਾਂ ਅੰਦਰ ਆਪਣਾ ਡੇਰਾ ਲਾਈਆ । ਲੇਖਾ ਜਾਣੇ ਬੂੰਦ ਰਕਤ, ਰਤੀ ਰਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਪੜਦਾ ਆਪ ਉਠਾਈਆ । ਸਤਿਜੁਗ ਕਹੇ ਪ੍ਰਭ ਕੀ ਭਗਤਾਂ ਰੀਤ, ਮੋਹੇ ਸਾਚੀ ਦੇ ਸਮਝਾਈਆ । ਕਵਣ ਢੋਲਾ ਗਾਵਣ ਗੀਤ, ਜੁਗ ਜੁਗ ਮੰਤਰ ਨਾਮ ਧਿਆਈਆ । ਕਵਣ ਬਿਧ ਰੱਖਣ ਉਡੀਕ, ਨਿਤ ਨੇਤਰ ਨੈਣ ਉਠਾਈਆ । ਕਵਣ ਵੇਲਾ ਆਏਂ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਈਆ । ਕਵਣ ਦੁਆਰ ਕਰੇਂ ਪ੍ਰੀਤ, ਸਚ ਪ੍ਰੀਤੀ ਤੋੜ ਨਿਭਾਈਆ । ਕਵਣ ਭੰਡਾਰਾ ਪਾਏਂ ਭੀਖ, ਭਿਛਿਆ

ਇਕ ਵਰਤਾਈਆ । ਕਵਣ ਜੈਕਾਰਾ ਸੁਣਾਏਂ ਸਾਚੀ ਸਿਖਿਆ ਸੀਖ, ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸਤਿਜੁਗ ਸੁਣ ਧੁਰ ਦੀ ਬਾਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਜੁਗ ਚੌਕੜੀ ਜਨ ਭਗਤਾਂ ਪੁੱਛਾਂ ਵਾਤ, ਨਿਰਗੁਣ ਸਰਗੁਣ ਵੇਸ ਵਟਾਈਆ । ਨਾਮ ਅਗੰਮੀ ਦੇਵਾਂ ਦਾਤ, ਵਸਤ ਅਮੋਲਕ ਝੋਲੀ ਪਾਈਆ । ਅੰਦਰ ਵੜ ਸੁਣਾਵਾਂ ਗਾਥ, ਸੋਹੰ ਢੋਲਾ ਰਾਗ ਅਲਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਜੁੜਿਆ ਸੱਚਾ ਨਾਤ, ਨਾਤਾ ਸਕੇ ਨਾ ਕੋਇ ਤੁੜਾਈਆ । ਆਤਮ ਪਰਮਾਤਮ ਮਿਲ ਕੇ ਬਣੇ ਸੱਚੀ ਜਮਾਤ, ਪੱਟੀ ਇਕੋ ਅੱਖਰ ਦਏ ਪੜ੍ਹਾਈਆ । ਨਜ਼ਰੀ ਆਏ ਸਾਖਿਆਤ, ਸ਼ਾਹ ਪਾਤਸ਼ਾਹ ਸਚ ਸਰੂਪ ਰੂਪ ਵਟਾਈਆ । ਨਾਮ ਪਿਆਲਾ ਦੇਵੇ ਆਬੇਹਯਾਤ, ਹਯਾਤੀ ਹਯਾਤੀ ਵਿਚੋ ਬਦਲਾਈਆ । ਪਿਛਲੀ ਖ਼ਤਾ ਕਰੇ ਮੁਆਫ਼, ਖ਼ਤਾਬ ਆਪਣਾ ਦਏ ਜਣਾਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਦਏ ਸੁਆਦ, ਅਨਰਸ ਰਸ ਆਪਣਾ ਰਸ ਵਖਾਈਆ । ਲੱਖ ਚੁਰਾਸੀ ਵਿਚੋ ਕਾਢ, ਨਿਰਗੁਣ ਆਪਣਾ ਮੇਲ ਮਿਲਾਈਆ । ਸਤਿ ਸਤਿਵਾਦੀ ਮਾਰ ਆਵਾਜ਼, ਧੁਰ ਦੀ ਬਾਣੀ ਬਾਣ ਲਗਾਈਆ । ਜਨਮ ਕਰਮ ਦਾ ਮੇਟ ਪਾਪ, ਦੁਰਮਤ ਮੈਲ ਧਵਾਈਆ । ਸਾਚਾ ਮੰਤਰ ਦੱਸੇ ਜਾਪ, ਸੋਹੰ ਸੋ ਸਚ ਪੜ੍ਹਾਈਆ । ਸਤਿਜੁਗ ਸਾਚਾ ਥਾਪਣ ਜਾਏ ਥਾਪ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਦੂਰ ਦੁਰਾਡਾ ਚਲ ਕੇ ਜਨ ਭਗਤਾਂ ਮਿਲੇ ਆਪ, ਭਗਤ ਜਨ ਲੱਭਣ ਕਿਸੇ ਦੁਆਰ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਤੇਰੀ ਆਸਾ ਕਰੇ ਪੂਰ, ਸ੍ਰੀ ਭਗਵਾਨ ਸਚ ਸਮਝਾਇੰਦਾ । ਭਗਤਾਂ ਦਿਸੇ ਸਦਾ ਹਜ਼ੂਰ, ਹਰਿ ਜੂ ਆਪਣਾ ਰੂਪ ਵਖਾਇੰਦਾ । ਪੰਧ ਨਾ ਰੱਖੇ ਨੇੜਾ ਦੂਰ, ਦੂਰ ਦੁਰਾਡਾ ਨੇਰਨ ਨੇਰਾ ਆਪਣਾ ਘਰ ਵਖਾਇੰਦਾ । ਜਨਮ ਕਰਮ ਦਾ ਕੱਟ ਕਸੂਰ, ਸਾਚੀ ਸੂਰਤ ਸਚ ਦ੍ਰਿੜਾਇੰਦਾ । ਨਾਮ ਭੰਡਾਰਾ ਦੇ ਭਰਪੂਰ, ਨਵ ਸੱਤ ਅੰਤ ਵਖਾਇੰਦਾ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਸਾਚੇ ਧੰਦੇ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿਜਨ ਭਗਤ ਖੇਲ ਅਗੰਮ, ਬੇਪਰਵਾਹ ਦਏ ਜਣਾਈਆ । ਅੰਤਰ ਆਤਮ ਬਿਨ ਦਮਾਂ ਦਮ, ਨਿਤ ਬੈਠਾ ਧਿਆਨ ਲਗਾਈਆ । ਪਿਆਰ ਕੋਈ ਨਾ ਮਾਟੀ ਚੰਮ, ਜਗਤ ਸ਼ਿੰਗਾਰ ਨਾ ਕੋਇ ਵਡਿਆਈਆ । ਨਿਜ ਨੇਤਰ ਰੋਵੇ ਛੰਮ ਛੰਮ, ਦੋਏ ਲੋਚਣ ਸਮਝ ਸਕੇ ਨਾ ਰਾਈਆ । ਹਰਖ਼ ਸੋਗ ਨਾ ਤ੍ਰਿਸਨਾ ਗ਼ਮ, ਚਿੰਤਾ ਦੁੱਖ ਨਾ ਕੋਇ ਵਖਾਈਆ । ਇਕ ਧਿਆਨ ਸ੍ਰੀ ਭਗਵਨ, ਦੂਜੀ ਸਰਨ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਭਗਤ ਦਏ ਵਡਿਆਈਆ । ਸੋ ਪ੍ਰਭੂ ਉਹ ਭਗਤ ਕਿਹੜਾ, ਜਿਸ ਦੇਵੇਂ ਮਾਣ ਵਡਿਆਈਆ । ਸ੍ਰੀ ਭਗਵਾਨ ਕਹੇ ਵੇਖ ਵਸਦਾ ਖੇੜਾ, ਸਤਿਜੁਗ ਆਪਣਾ ਨੈਣ ਉਠਾਈਆ । ਜਿਨ੍ਹਾਂ ਘਰ ਪ੍ਰਭ ਦਾ ਡੇਰਾ, ਸੋ ਘਰ ਸਾਚੇ ਵੱਜੇ ਵਧਾਈਆ । ਸ੍ਰਿਸ਼ਟ ਸਬਾਈ ਵਿਚੋ ਕਰ ਨਖੇੜਾ, ਖੇੜਾ ਇਕੋ ਦਿਤਾ ਵਖਾਈਆ । ਜੋ ਰਸਨਾ ਜਿਹਵਾ ਅੰਦਰ ਬਾਹਰ ਗੁਪਤ ਜ਼ਾਹਰ ਕਹੇ ਤੂੰ ਮੇਰਾ ਮੈਂ ਤੇਰਾ, ਸੋਹੰ ਢੋਲਾ ਰਹੇ ਗਾਈਆ । ਤਿਨ੍ਹਾਂ ਏਥੇ ਓਥੇ ਦੋ ਜਹਾਨ ਖੁਲ੍ਹਾ ਰਹੇ ਵੇਹੜਾ, ਚਾਰੇ ਜੁਗ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਦਏ ਸਮਝਾਈਆ । ਸਤਿਜੁਗ ਕਹੇ ਵਾਹਵਾ ਵੱਡੇ ਭਗਵਾਨ, ਵੱਡੀ ਤੇਰੀ ਵਡਿਆਈਆ । ਗ਼ਰੀਬ ਨਿਮਾਣਿਆਂ ਦੇਵੇਂ ਦਾਨ, ਕੋਝੇ ਕਮਲੇ ਗਲੇ ਲਗਾਈਆ । ਜਗ

੬੨੭
੧੫

ਰੁਲਿਆਂ ਦੇਵੇਂ ਮਾਣ, ਮਿਹਰ ਨਜ਼ਰ ਉਠਾਈਆ । ਜੁਗ ਜਨਮ ਦੇ ਵਿਛੜੇ ਮੇਲੇਂ ਆਣ, ਮਿਲਣੀ ਆਪਣੇ ਨਾਲ ਕਰਾਈਆ । ਇਕੋ ਦੇ ਕੇ ਸੋਹੰ ਦਾਨ, ਦੋ ਜਹਾਨਾਂ ਪੰਧ ਮੁਕਾਈਆ । ਨਾ ਕੋਈ ਸੰਧਿਆ ਪੂਜਾ ਨਾ ਅੰਮ੍ਰਿਤ ਅਸ਼ਨਾਨ, ਅੰਮ੍ਰਿਤ ਆਤਮ ਸਰ ਸਰੋਵਰ ਇਕੋ ਵਾਰ ਨੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਸਤਿਜੁਗ, ਜੋ ਜਨ ਮੇਰਾ ਨਾਉਂ ਧਿਔਂਦੇ, ਪ੍ਰਭ ਇਕੋ ਓਟ ਤਕਾਈਆ । ਸੋ ਭਗਤ ਭਗਵਾਨ ਰਲ ਮਿਲ ਖ਼ੁਸ਼ੀ ਮਨੌਂਦੇ, ਘਰ ਸਾਚੇ ਵੱਜੇ ਵਧਾਈਆ । ਸਾਚਾ ਮੰਦਰ ਇਕ ਸੁਹੌਂਦੇ, ਜਿਸ ਘਰ ਦੂਜਾ ਲੰਘ ਕੋਇ ਨਾ ਪਾਈਆ । ਨਿਰਗੁਣ ਹੋ ਕੇ ਨਿਰਗੁਣ ਦਰਸ਼ਨ ਪੌਂਦੇ, ਸਰਗੁਣ ਖਹਿੜਾ ਦਿਤਾ ਤਜਾਈਆ । ਗੋਪੀ ਕਾਹਨ ਬਣ ਕੇ ਢੋਲਾ ਗੌਂਦੇ, ਸੋਹੰ ਰਾਗ ਅਲਾਈਆ । ਲੋਕ ਲੱਜਿਆ ਤੋ ਨਾ ਕਦੇ ਸ਼ਰਮੌਂਦੇ, ਜਿਨ੍ਹਾਂ ਪ੍ਰਭ ਮਿਲਿਆ ਬੇਪਰਵਾਹੀਆ । ਗਲੀ ਕੂਚੇ ਆਪ ਜਣੌਂਦੇ, ਰਸਨਾ ਜਿਹਵਾ ਕਰਨ ਹਾਲ ਦੁਹਾਈਆ । ਜਿਸ ਪਿਛੇ ਜੀਵ ਜੰਤ ਸਾਧ ਸੰਤ ਘਰ ਬਾਰ ਤਜੌਂਦੇ, ਜੰਗਲ ਜੂਹ ਪਹਾੜ ਉਚੇ ਟਿੱਲੇ ਪਰਬਤ ਡੂੰਘੀ ਗਾਰ ਸਮੁੰਦ ਸਾਗਰ ਖਾਈ ਬੈਠੇ ਧਿਆਨ ਲਗਾਈਆ । ਸੋ ਭਗਤ ਸੱਚਾ ਭਗਵਾਨ ਘਰ ਆਪਣੇ ਅੰਦਰ ਪੌਂਦੇ, ਗ੍ਰਹਿ ਵੱਜੇ ਇਕ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭਰਮ ਦਏ ਮਿਟਾਈਆ । ਸਾਚਾ ਭਰਮ ਨਾ ਰਿਹਾ ਭੁਲੇਖਾ, ਸਤਿ ਸਤਿਜੁਗ ਆਖ ਸੁਣਾਇਆ । ਤੇਰੇ ਹੱਥ ਪ੍ਰਭ ਸਭ ਦਾ ਲੇਖਾ, ਜਿਉਂ ਭਾਵੇਂ ਲਏਂ ਚਲਾਇਆ । ਕਰ ਕਿਰਪਾ ਜਿਸ ਨਾਲ ਕਰੇਂ ਹੇਤਾ, ਤਿਸ ਆਪਣੀ ਬੂਝ ਬੁਝਾਇਆ । ਤੂੰ ਸੁਆਮੀ ਸਾਹਿਬ ਸਤਿਗੁਰ ਸੱਚਾ ਨੇਤਾ, ਦੋ ਜਹਾਨ ਤੇਰਾ ਹੁਕਮ ਸੀਸ ਟਿਕਾਇਆ । ਮਿਹਰਵਾਨ ਹੋ ਕੇ ਦੱਸੇਂ ਆਪਣਾ ਭੇਤਾ, ਅੰਦਰ ਵੜ ਕੇ ਆਪਣਾ ਹਾਲ ਜਣਾਇਆ । ਨਿਰਗੁਣ ਹੋ ਕੇ ਖੇਲੇਂ ਖੇਡਾਂ, ਸਰਗੁਣ ਆਪਣੇ ਧੰਦੇ ਲਾਇਆ । ਤੁਧ ਬਿਨ ਦੂਜਾ ਕੋਈ ਨਾ ਵੇਖਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦਿਤਾ ਇਕ ਵਰ, ਮੇਰੀ ਝੋਲੀ ਅੰਤ ਭਰਾਇਆ । ਸਤਿਜੁਗ ਕਹੇ ਮੇਰੀ ਬਦਲੀ ਦਲੀਲ, ਦੁਰਮਤ ਵਿਚ ਰਹੀ ਨਾ ਰਾਈਆ । ਜਿਨ੍ਹਾਂ ਸਾਹਿਬ ਸਤਿਗੁਰ ਪੁਰਖ ਅਕਾਲ ਮਿਲੇ ਛੈਲ ਛਬੀਲ, ਸ਼ਹਿਨਸ਼ਾਹ ਆਪਣਾ ਘਰ ਵਖਾਈਆ । ਤਿਨ੍ਹਾਂ ਸ਼ਾਸਤਰ ਸਿਮਰਤ ਵੇਦ ਪੁਰਾਨ ਕੋਈ ਗਰੰਥ ਬਣਾਉਣਾ ਨਾ ਪਏ ਵਕੀਲ, ਸ਼ਹਾਦਤ ਗਵਾਹ ਨਜ਼ਰ ਕੋਇ ਨਾ ਆਈਆ । ਸੋ ਗੁਰਮੁਖ ਜਗਤ ਸਮਾਜ ਤੋੜ ਫ਼ਸੀਲ, ਫ਼ੈਸਲਾ ਪੰਧ ਆਪਣਾ ਲੈਣ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਵੇਖੇ ਥਾਉਂ ਥਾਈਂਆ । ਭਗਤ ਕਹੇ ਪ੍ਰਭ ਮੇਰੇ ਭਗਵਾਨ, ਤੇਰਾ ਤੇਰੀ ਓਟ ਤਕਾਈਆ । ਦਰਸਨ ਦੇਣਾ ਦਰ ਘਰ ਆਣ, ਦਰ ਦਰਵੇਸ਼ ਅਲਖ ਜਗਾਈਆ । ਹਉਂ ਬਾਲਕ ਬਾਲੀ ਬੁੱਧ ਮੰਗਾਂ ਮੰਗ ਅਵਾਣ, ਖ਼ਾਲੀ ਝੋਲੀ ਅੱਗੇ ਡਾਹੀਆ । ਸਮਰਥ ਸੁਆਮੀ ਕਿਰਪਾ ਕਰ ਮਹਾਨ, ਮਿਹਰ ਨਜ਼ਰ ਨੈਣ ਉਠਾਈਆ । ਲੋਕਮਾਤ ਦੇਣਾ ਮਾਣ, ਅਭਿਮਾਣ ਰਹਿਣ ਕੋਇ ਨਾ ਪਾਈਆ । ਅੱਗੇ ਬਖ਼ਸ਼ੇਂ ਚਰਨ ਧਿਆਨ, ਸਚ ਮਿਲੇ ਸਰਨ ਸਰਨਾਈਆ । ਕੂੜੀ ਕਿਰਿਆ ਦਿਸੇ ਨਾ ਕੋਇ ਨਿਸ਼ਾਨ, ਸਚ ਦੁਆਰਾ ਤੇਰਾ ਇਕੋ ਨਜ਼ਰੀ ਆਈਆ । ਮੈਂ ਦਰਸਨ ਕਰਾਂ ਆਣ, ਤੂੰ ਆਪਣਾ ਦੀਦਾਰ ਦੇਣਾ ਵਖਾਈਆ । ਸੰਸਾ ਕੋਈ ਨਾ ਰਹੇ ਜਹਾਨ, ਸ਼ਕ ਸ਼ਕੂਕ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਦੇਣਾ ਮੋਹੇ ਹਕੂਕ, ਮੇਰੀ ਵਸਤ ਮੇਰੀ ਝੋਲੀ ਪਾਈਆ । ਭਗਵਾਨ ਕਹੇ ਭਗਤ ਸੁੱਤ,

ਪ੍ਰਭ ਦੇਵਣਹਾਰ ਵਡਿਆਈਆ । ਜੁਗ ਚੌਕੜੀ ਵੇਖੇ ਰੁੱਤ, ਰੁਤ ਸੁਹੰਜਣੀ ਸੋਭਾ ਪਾਈਆ । ਅਗੰਮੀ ਧਾਰੋ ਆਪੇ ਉਠ, ਨਿਰਗੁਣ ਆਪਣਾ ਵੇਸ ਵਟਾਈਆ । ਸਚ ਪਿਆਰੋ ਪਏ ਤੁਠ, ਪ੍ਰੇਮ ਪ੍ਰੀਤੀ ਆਪ ਲਗਾਈਆ । ਉਜਲ ਕਰ ਮਾਤ ਮੁਖ, ਮੁਖ ਮੁਖੜਾ ਸਿਫ਼ਤ ਸਾਲਾਹੀਆ । ਜਨਮ ਕਰਮ ਦਾ ਮੇਟ ਦੁੱਖ, ਦੁਖੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਝੋਲੀ ਪਾਈਆ । ਸਤਿਜੁਗ ਭਗਤ ਸੰਤ ਭਗਵਾਨ, ਰਲ ਮਿਲ ਖ਼ੁਸ਼ੀ ਮਨਾਈਆ । ਤ੍ਰੈਗੁਣ ਮਾਇਆ ਰੋਵੇ ਬਣ ਨਾਦਾਨ, ਨੇਤਰ ਨੈਣਾਂ ਨੀਰ ਵਹਾਈਆ । ਤ੍ਰੈਲੋਕ ਹੋਏ ਹੈਰਾਨ, ਹਰਿ ਜੂ ਕੀ ਖੇਲ ਵਰਤਾਈਆ । ਤ੍ਰਿਕੁਟੀ ਸਕੇ ਨਾ ਕੋਇ ਪਹਿਚਾਨ, ਸਾਧ ਸੰਤ ਬੈਠੇ ਨੈਣ ਉਠਾਈਆ । ਤ੍ਰੈ ਧਾਤੂ ਕੁਫ਼ਲ ਕੋਈ ਨਾ ਖੋਲ੍ਹੇ ਆਣ, ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਵੇਖਣ ਦੂਰ ਦੁਰਾਡੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਭਗਤ ਭਗਵਾਨ ਸਤਿਜੁਗ ਮਿਲ ਕੇ ਹੱਸਣ, ਘਰ ਸਾਚੇ ਵੱਜੇ ਵਧਾਈਆ । ਇਕੋ ਘਰ ਇਕੱਠੇ ਵਸਣ, ਦੂਜਾ ਸ਼ਰੀਕ ਨਾ ਕੋਇ ਬਣਾਈਆ । ਪ੍ਰੇਮ ਪ੍ਰੀਤੀ ਦੇ ਗੀਤ ਦੱਸਣ, ਖ਼ੁਸ਼ੀਆਂ ਨਾਲ ਖ਼ੁਸ਼ੀ ਖ਼ੁਸ਼ੀ ਮਨਾਈਆ । ਚਾਰੋ ਕੁੰਟ ਉਠ ਉਠ ਨੱਠਣ, ਭੱਜਣ ਵਾਹੋ ਦਾਹੀਆ । ਭਗਤ ਕਹੇ ਪ੍ਰਭ ਮਿਲਿਆ ਪੁਰਖ ਸਮਰਥਨ, ਸਚ ਸੁਆਮੀ ਬੇਪਰਵਾਹੀਆ । ਸਤਿਜੁਗ ਕਹੇ ਮੈਨੂੰ ਸਾਚੀ ਸਿਖਿਆ ਆਇਆ ਦੱਸਣ, ਇਕੋ ਕਰੇ ਸਚ ਪੜ੍ਹਾਈਆ । ਭਗਵਾਨ ਕਹੇ ਮੈਂ ਭਗਤਾਂ ਆਇਆ ਰੱਖਣ, ਬਣ ਰਖਵਾਲਾ ਸੇਵ ਕਮਾਈਆ । ਤਿੰਨੇ ਇਕ ਦੂਜੇ ਤੋ ਨੀਵੇਂ ਹੋ ਕੇ ਨੱਚਣ, ਉਚਾ ਸੀਸ ਨਾ ਕੋਇ ਰਖਾਈਆ । ਸਤਿਜੁਗ ਕਹੇ ਪ੍ਰਭ ਕਲਜੁਗ ਪੈਂਡਾ ਆਇਆ ਮੁੱਕਣ, ਭਗਤ ਕਹੇ ਹਾਂ ਹਾਂ ਸ੍ਰੀ ਭਗਵਾਨ ਰਿਹਾ ਮੁਕਾਈਆ । ਭਗਵਾਨ ਕਹੇ ਮੈਂ ਗੁਰਮੁਖਾਂ ਗੋਦੀ ਆਇਆ ਚੁੱਕਣ, ਨਿਰਵੈਰ ਹੋ ਕੇ ਵੇਸ ਵਟਾਈਆ । ਸਤਿਜੁਗ ਕਹੇ ਸ੍ਰੀ ਭਗਵਾਨ ਕੂੜੀ ਕਿਰਿਆ ਆਇਆ ਲੁੱਟਣ, ਚੋਰੀ ਚੋਰੀ ਲੋਕਮਾਤ ਫਿਰੇ ਵਾਹੋ ਦਾਹੀਆ । ਭਗਤ ਕਹੇ ਭਗਵਾਨ ਗ਼ਰੀਬ ਨਿਮਾਣਿਆਂ ਆਇਆ ਪੁੱਛਣ, ਦੁਖੀਆਂ ਦਰਦ ਦਰਦ ਵੰਡਾਈਆ । ਸ੍ਰੀ ਭਗਵਾਨ ਕਹੇ ਮੈਂ ਉਜਲ ਕਰਨ ਆਇਆ ਮੁਖਨ, ਜੋ ਜਨ ਇਕੋ ਮੇਰਾ ਨਾਮ ਧਿਆਈਆ । ਦਰ ਆ ਕੇ ਫੇਰ ਕਦੇ ਨਾ ਰੁੱਸਣ, ਜਿਨ੍ਹਾਂ ਰੁਸਿਆਂ ਲਵਾਂ ਮਨਾਈਆ । ਸ਼ੇਰ ਹੋ ਕੇ ਗੁਰਮੁਖ ਬੁੱਕਣ, ਸ਼ੇਰ ਸ਼ੇਰ ਭਬਕ ਜਣਾਈਆ । ਆਪਣੇ ਨਿਸ਼ਾਨਿਉਂ ਕਦੇ ਨਾ ਉਕਣ, ਜਿਨ੍ਹਾਂ ਹੱਥ ਸੋਹੰ ਚਿਲਾ ਤੀਰ ਕਮਾਨ ਉਠਾਈਆ । ਜੋੜੀ ਜੋੜ ਜੁੜ ਕਦੇ ਨਾ ਟੁੱਟਣ, ਸੁਰਤੀ ਸ਼ਬਦੀ ਗੰਢ ਪਵਾਈਆ । ਪ੍ਰੇਮ ਪ੍ਰੀਤੀ ਪਿਆਰ ਅੰਦਰ ਬਲ ਧਾਰ ਉਠਣ, ਨਿਰਬਲ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਇਕੋ ਝੁਕਣ, ਦੂਜਾ ਸੀਸ ਨਾ ਕਿਸੇ ਨਿਵਾਈਆ । ਸਤਿਜੁਗ ਸੱਚੇ ਤੇਰਾ ਸਾਰੇ ਕਰਨ ਸ਼ੁਕਰ, ਦੁਖੀਏ ਜੀਵ ਖ਼ੁਸ਼ੀ ਮਨਾਈਆ । ਜਨ ਭਗਤਾਂ ਕੋਲੋ ਉਹ ਮਾਰਗ ਪੁੱਛਣ, ਕਿਸ ਬਿਧ ਮਿਲੇ ਸੱਚਾ ਗੋਸਾਈਆ । ਭਗਤ ਕਹਿਣ ਸਚ ਦੁਆਰੇ ਪਈ ਲੁੱਟਣ, ਉਠੋ ਲੁੱਟੋ ਰਲ ਮਿਲ ਮੇਰੇ ਭਾਈਆ । ਪਾਰਬ੍ਰਹਮ ਦਾ ਭੰਡਾਰ ਕਦੇ ਨਾ ਆਇਆ ਉਤੇ ਮੁੱਕਣ, ਕੋਟਨ ਕੋਟ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਭਰ ਝੋਲੀਆਂ ਲੋਕਮਾਤ ਗਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਅਬਿਨਾਸ਼ੀ ਅਚੁਤਨ, ਚੇਤਨ ਆਪਣੀ ਧਾਰ ਰਖਾਈਆ ।

## ੧੩ ਅੱਸੂ ੨੦੨੦ ਬਿਕਰਮੀ ਬੂੜ ਸਿੰਘ ਦੇ ਗ੍ਰਿਹ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਮਰਦ ਮਰਦਾਨਾ, ਸੂਰਬੀਰ ਬੇਪਰਵਾਹੀਆ । ਏਕੰਕਾਰਾ ਨੌਜਵਾਨਾ, ਬਿਰਧ ਬਾਲ ਨਾ ਰੂਪ ਵਟਾਈਆ । ਆਦਿ ਨਿਰੰਜਣ ਨੂਰ ਮਹਾਨਾ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸਾਚਾ ਖੇਲ ਕਰੇ ਮਹੱਲ ਅਟੱਲ ਉਚ ਮਕਾਨਾ, ਮਹੱਲ ਇਕੋ ਇਕ ਰੁਸ਼ਨਾਈਆ । ਸ੍ਰੀ ਭਗਵਾਨ ਝੁਲਾਏ ਧੁਰ ਨਿਸ਼ਾਨਾ, ਬੇਪਹਿਚਾਨ ਨਜ਼ਰ ਕਿਸੇ ਨਾ ਆਈਆ । ਪਾਰਬ੍ਰਹਮ ਪ੍ਰਭ ਖੇਲ ਵਖਾਨਾ, ਖੇਲੇ ਖੇਲ ਅਗੰਮ ਅਥਾਹੀਆ । ਸਾਚਾ ਮੰਦਰ ਕਰ ਪਰਧਾਨਾ, ਸਚਖੰਡ ਦੇਵੇ ਮਾਣ ਵਡਿਆਈਆ । ਭੂਪਤ ਭੂਪ ਰਾਜ ਰਾਜਾਨਾ, ਨਿਰਗੁਣ ਨਿਰਵੈਰ ਨਿਰੰਕਾਰ ਆਸਣ ਲਾਈਆ । ਸ਼ਬਦ ਅਗੰਮ ਇਕ ਤਰਾਨਾ, ਬਿਨ ਸੁਰ ਤਾਲ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਥਾਉਂ ਥਾਈਆ । ਸਚਖੰਡ ਨਿਵਾਸੀ ਬੇਪਰਵਾਹ, ਇਕ ਇਕੱਲਾ ਖੇਲ ਖਲਾਇੰਦਾ । ਭਗਤ ਭਗਵਾਨ ਨੌਜਵਾਨ, ਮਰਦ ਮਰਦਾਨ ਹੁਕਮ ਮਨਾਇੰਦਾ । ਨੂਰ ਖ਼ੁਦਾਈ ਮਿਹਰਵਾਨ, ਮਿਹਰ ਨਜ਼ਰ ਬੇਨਜ਼ੀਰ ਇਕ ਉਠਾਇੰਦਾ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਆਪਣੀ ਕਾਰ ਕਮਾਇੰਦਾ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ, ਪਰਦਾਨਸ਼ੀਂ ਮੁਖ ਨਕ਼ਾਬ ਨਾ ਕੋਇ ਜਣਾਇੰਦਾ । ਧੁਰ ਦਾ ਲੇਖਾ ਦਏ ਸਮਝਾ, ਨਿਰਾਕਾਰ ਨਿਰਵੈਰ ਆਪਣਾ ਹੁਕਮ ਵਰਤਾਇੰਦਾ । ਸਤਿ ਦੁਆਰਾ ਬੰਕ ਖੁਲ੍ਹਾ, ਨਾਮ ਹੁਲਾਰਾ ਇਕ ਲਗਾਇੰਦਾ । ਥਿਰ ਘਰ ਪੜਦਾ ਦਏ ਉਠਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦਰਗਹਿ ਸਾਚੀ ਸੋਭਾ ਪਾਇੰਦਾ । ਦਰਗਹਿ ਸਾਚੀ ਸੋਭਨੀਕ, ਨਿਰਵੈਰ ਪੁਰਖ ਵੱਡੀ ਵਡਿਆਈਆ । ਆਦਿ ਜੁਗਾਦੀ ਲਾਸ਼ਰੀਕ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦੋ ਜਹਾਨਾਂ ਪਾਵੇ ਸਾਰ ਠੀਕ, ਦਰਗਹਿ ਸਾਚੀ ਦਏ ਵਡਿਆਈਆ । ਮੁਕਾਮੇ ਹੱਕ ਬੈਠਾ ਰਹੇ ਅਤੀਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੁਆਰਾ ਇਕ ਸੁਹਾਈਆ । ਸਚ ਦੁਆਰ ਸੋ ਪੁਰਖ ਨਿਰੰਜਣ, ਸਤਿ ਸਤਿਵਾਦੀ ਆਪ ਸੁਹਾਇੰਦਾ । ਦਾਤਾ ਦਾਨੀ ਦਰਦ ਦੁੱਖ ਭੈ ਭੰਜਨ, ਬੇਅੰਤ ਬੇਪਰਵਾਹ ਨਿਰਗੁਣ ਆਪਣਾ ਆਸਣ ਲਾਇੰਦਾ । ਜੁਗ ਚੌਕੜੀ ਬਣਨਹਾਰਾ ਸਾਚਾ ਸੱਜਣ, ਦੋ ਜਹਾਨਾਂ ਵਾਲੀ ਸਗਲਾ ਸੰਗ ਆਪ ਬਣਾਇੰਦਾ । ਸਦਾ ਸਦਾ ਨਿਤ ਨਵਿਤ ਨੇਤਰ ਨੈਣ ਪਾਵਣਹਾਰਾ ਅੰਜਨ, ਨਾਮ ਨਿਰੰਕਾਰਾ ਇਕੋ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸਾ ਨਰ ਨਰੇਸ਼ਾ ਏਕੰਕਾਰਾ ਹਰਿ ਕਰਤਾਰਾ ਕਰਤਾ ਪੁਰਖ ਦੀਨ ਦਿਆਲ ਦੋ ਜਹਾਨਾਂ ਆਪ ਸੁਣਾਇੰਦਾ । ਦੋ ਜਹਾਨ ਖੋਲ੍ਹੇ ਅੱਖ, ਸੋ ਸਾਹਿਬ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖੇ ਪਰਤੱਖ, ਪਾਰਬ੍ਰਹਮ ਪ੍ਰਭ ਆਪਣੀ ਖੇਲ ਸਮਝਾਈਆ । ਗੁਰ ਅਵਤਾਰ ਦੂਰ ਦਰਾਡੇ ਆਓ ਨੱਠ, ਹਰਿ ਸੱਦਾ ਨਾਮ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਖੋਲ੍ਹੋ ਗਠੜੀ ਗੱਠ, ਪੜਦਾ ਉਹਲਾ ਰਿਹਾ ਉਠਾਈਆ । ਦੂਰ ਦੁਰਾਡੇ ਨੇਰਨ ਨੇਰੇ ਸਰ ਸਰੋਵਰ ਵੇਖਣਹਾਰਾ ਤੀਰਥ ਅਠਸਠ, ਜਲ ਥਲ ਮਹੀਅਲ ਆਪਣਾ ਹੁਕਮ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰੇ ਖਾਣੀ ਅੰਡਜ ਜੇਰਜ ਉਤਭੁਜ ਸੇਤਜ ਚਾਰੇ ਬਾਣੀ ਪਰਾ ਪਸੰਤੀ ਮਧਮ ਬੈਖਰੀ ਰਸਨਾ ਲੈਣਾ ਰਟ, ਰੱਟਾ ਵੇਖੇ ਬੇਪਰਵਾਹੀਆ । ਸਤਿ ਸੁਆਮੀ

ਅੰਤਰਜਾਮੀ ਹਰ ਘਟ ਵਾਸੀ ਪੁਰਖ ਅਬਿਨਾਸ਼ੀ ਪਰਗਟ ਹੋਇਆ ਨਟ, ਬ੍ਰਹਿਮੰਡ ਖੰਡ ਪੁਰੀ ਲੋਅ ਅਕਾਸ਼ ਪਰਕਾਸ਼ ਇਕੋ ਜੋਤ ਨੂਰ ਕਰੇ ਰੁਸ਼ਨਾਈਆ । ਭਗਤ ਭਗਵਾਨ ਸੰਤ ਸੁਜਾਨ ਗੁਰਮੁਖ ਸੱਜਣ ਪੂਰੀ ਕਰੇ ਆਸ, ਨਿਰਾਸਾ ਰੂਪ ਰਹਿਣ ਕੋਇ ਨਾ ਪਾਈਆ । ਗੁਰਸਿਖ ਗੁਰਸਿਖ ਦੇਵਣਹਾਰ ਸਚ ਭਰਵਾਸ, ਸ਼ਬਦ ਅਨਾਦ ਰਿਹਾ ਸੁਣਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਬ੍ਰਹਿਮੰਡ ਖੰਡ ਖੋਜ ਖੋਜਾਈਆ । ਗੋਪੀ ਕਾਹਨ ਪਾਵਣਹਾਰਾ ਰਾਸ, ਸਾਚਾ ਨਾਚ ਦੋ ਜਹਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੋ ਜਹਾਨਾਂ ਰਿਹਾ ਸਮਝਾਈਆ । ਦੋ ਜਹਾਨ ਜਾਣਾ ਜਾਗ, ਨਿਰਗੁਣ ਸਰਗੁਣ ਭੇਵ ਚੁਕਾਇੰਦਾ । ਆਦਿ ਜੁਗਾਦਿ ਬ੍ਰਹਮ ਬ੍ਰਹਿਮਾਦ ਸ਼ਬਦ ਅਨਾਦ ਪਕੜਨਹਾਰ ਆਪਣੇ ਹੱਥ ਵਾਗ, ਦੂਜਾ ਸੰਗ ਨਾ ਕੋਇ ਬਣਾਇੰਦਾ । ਲੱਖ ਚੁਰਾਸੀ ਘਟ ਘਟ ਮੰਦਰ ਜਗਾਵਣਹਾਰਾ ਦੀਪ ਚਿਰਾਗ਼, ਜੋਤੀ ਜਾਤਾ ਪੁਰਖ ਬਿਧਾਤਾ ਜੋਤੀ ਜਲਵਾ ਨੂਰ ਜਗਾਇੰਦਾ । ਮੇਟਣਹਾਰ ਅੰਧੇਰੀ ਰਾਤਾ, ਦੇਵਣਹਾਰ ਅਗੰਮੀ ਦਾਤਾ, ਨਾਮ ਅਮੋਲਕ ਕਾਇਆ ਗੋਲਕ ਹਰ ਘਟ ਅੰਦਰ ਆਪ ਟਿਕਾਇੰਦਾ । ਖੇਲੇ ਖੇਲ ਪੁਰਖ ਅਬਿਨਾਸ਼ਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਜਣਾਇੰਦਾ । ਸਾਚੀ ਕਰਨੀ ਸ੍ਰੀ ਭਗਵਾਨ, ਹਰਿ ਕਰਤਾ ਆਪ ਜਣਾਈਆ । ਦੋ ਜਹਾਨ ਦੇਵੇ ਗਿਆਨ, ਬ੍ਰਹਿਮੰਡ ਖੰਡ ਕਰੇ ਪੜ੍ਹਾਈਆ । ਚਾਰ ਜੁਗ ਬਣਨ ਨਾਦਾਨ, ਚਾਰੋ ਕੁੰਟ ਨੈਣ ਖੁਲ੍ਹਾਈਆ । ਚਾਰੇ ਖਾਣੀ ਕਰੇ ਪਰਵਾਨ, ਚਾਰੇ ਬਾਣੀ ਬੂਝ ਬੁਝਾਈਆ । ਚਾਰੇ ਯਾਰੀ ਕਰੇ ਕਲਿਆਣ, ਚੌਥਾ ਪਦ ਇਕ ਵਖਾਈਆ । ਜਿਸ ਘਰ ਵਸੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜਿਸ ਦੇ ਗੀਤ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਾਣ, ਸਰਗੁਣ ਨਿਰਗੁਣ ਅੱਗੇ ਸੀਸ ਝੁਕਾਈਆ । ਸੋ ਸਾਹਿਬ ਸੱਚਾ ਸੁਲਤਾਨ, ਦੋ ਜਹਾਨਾਂ ਵਾਲੀ ਇਕੋ ਹੁਕਮ ਵਰਤਾਈਆ । ਕਲਜੁਗ ਮੇਟੇ ਅੰਤ ਕੂੜਾ ਨਿਸ਼ਾਨ, ਨੌਂ ਖੰਡ ਪ੍ਰਿਥਮੀ ਸਤ ਦੀਪ ਕੂੜੀ ਕਿਰਿਆ ਰਹਿਣ ਨਾ ਪਾਈਆ । ਮਾਇਆ ਮਮਤਾ ਗੜ੍ਹ ਹੰਕਾਰੀ ਤੋੜੇ ਆਣ, ਸ਼ਬਦ ਖੰਡਾ ਤੇਜ਼ ਪਰਚੰਡਾ ਚੰਡਕਾ ਰੂਪ ਆਪ ਵਖਾਈਆ । ਜੋਧਾ ਸੂਰ ਬਲੀ ਬਲਵਾਨ, ਬਲਧਾਰੀ ਇਕੋ ਫੇਰਾ ਪਾਈਆ । ਚਾਰੋ ਕੁੰਟ ਵੇਖੇ ਮਾਰ ਧਿਆਨ, ਨੇਤਰ ਨੈਣ ਅੱਖ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਰੋਵਣ ਉਚੀ ਕੂਕ ਕੂਕ ਕੁਰਲਾਣ, ਦੋਏ ਜੋੜ ਦੇਣ ਦੁਹਾਈਆ । ਕਰੋੜ ਤੇਤੀਸਾ ਹੋਏ ਹੈਰਾਨ, ਸੁਰਪਤ ਇੰਦ ਸਾਰ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਜਦਾ ਨਿਉਂ ਨਿਉਂ ਸੀਸ ਝੁਕਾਣ, ਵਾਹਵਾ ਪ੍ਰਭ ਤੇਰੀ ਵਡ ਵਡਿਆਈਆ । ਜੁਗ ਚੌਕੜੀ ਅਸੀਂ ਮੰਗਦੇ ਆਏ ਦਾਨ, ਦਰ ਤੇਰੇ ਅਲਖ ਜਗਾਈਆ । ਧੁਰ ਦਾ ਲੇਖਾ ਲਿਖਦੇ ਆਏ ਮਹਾਨ, ਸ਼ਹਾਦਤ ਤੇਰਾ ਨਾਮ ਰਖਾਈਆ । ਸਰਬ ਜੀਆਂ ਦਾ ਇਕ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਅੰਤਮ ਪਰਗਟੇ ਵਾਲੀ ਦੋ ਜਹਾਨ, ਮਹਾਂਬਲੀ ਨਿਰਵੈਰ ਪੁਰਖ ਆਪਣਾ ਫੇਰਾ ਪਾਈਆ । ਅਸੀਂ ਤੇਰਾ ਦੱਸ ਕੇ ਆਏ ਨਿੱਕਾ ਨਿੱਕਾ ਨਿਸ਼ਾਨ, ਤੇਰੀ ਮਹਿਮਾ ਅਕਥ ਦਸ ਸਕੇ ਨਾ ਕੋਇ ਰਾਈਆ । ਬੇਐਬ ਖ਼ੁਦਾਈ ਨੂਰ ਮਹਾਨ, ਜਲਵਾਗਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਦਰ ਤੇਰੇ ਇਕੋ ਮੰਗ, ਦੋ ਜਹਾਨ ਖ਼ਾਲੀ ਝੋਲੀ ਰਹੇ ਵਖਾਈਆ । ਬ੍ਰਹਿਮੰਡ ਖੰਡ ਹੋਇਆ ਨੰਗ, ਲੋਕਮਾਤ ਲੱਖ ਚੁਰਾਸੀ ਹਰਿ ਕਾ ਨਾਉਂ ਗਈ ਭੁਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਤਮ ਪਰਮਾਤਮ ਸਭ ਨੂੰ ਦੱਸ ਕੇ ਆਏ ਅਨੰਦ, ਸੱਚਾ

ਰਸ ਇਕ ਚਖਾਈਆ । ਚਾਰ ਕੁੰਟ ਦਹਿ ਦਿਸ਼ਾ ਕੂੜੀ ਕਿਰਿਆ ਹੋਇਆ ਭੇਖ ਪਖੰਡ, ਭਾਂਡਾ ਭਰਮ ਭੌ ਨਾ ਕੋਇ ਭੰਨਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੇਰਾ ਗਾਏ ਨਾ ਕੋਈ ਛੰਦ, ਗੀਤ ਗੋਬਿੰਦ ਨਾ ਕੋਇ ਅਲਾਈਆ । ਸੁਰਤ ਸਵਾਣੀ ਬਿਨ ਸ਼ਬਦ ਹਾਣੀ ਹੋਈ ਰੰਡ, ਹਰਿ ਕੰਤ ਨਜ਼ਰ ਕਿਸੇ ਨਾ ਆਈਆ । ਰਸਨਾ ਜਿਹਵਾ ਬਾਹਰੋ ਗੌਂਦੇ ਦੰਦ, ਅੰਦਰ ਵੜ ਕੇ ਸਤਿਗੁਰ ਪੂਰੇ ਦਰਸ ਕੋਇ ਨਾ ਪਾਈਆ । ਨਿਰਗੁਣ ਜੋਤ ਕਿਸੇ ਘਰ ਨਾ ਦਿਸੇ ਚੰਦ, ਜਗਤ ਅੰਧੇਰਾ ਇਕੋ ਛਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਕਲਜੁਗ ਅੰਤ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਭਾਗਾਂ ਮੰਦ, ਮੰਦ ਵਾਸਨਾ ਸਰਬ ਲੋਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਬ੍ਰਹਮ ਪਾਰਬ੍ਰਹਮ ਕੋਈ ਨਾ ਦੂਈ ਦਵੈਤੀ ਢਾਹੇ ਕੰਧ, ਸਾਚਾ ਰੰਗ ਨਾ ਕੋਇ ਰੰਗਾਈਆ । ਅੰਮ੍ਰਿਤ ਆਤਮ ਸਚ ਸਰੋਵਰ ਕੋਈ ਨਾ ਨਹਾਏ ਸਾਚੀ ਗੰਗ, ਗੰਗਾ ਗੋਦਾਵਰੀ ਜਮਨਾ ਸੁਰਸਤੀ ਭੱਜੇ ਫਿਰਨ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦੋ ਜਹਾਨ ਦੋਏ ਜੋੜ ਵਾਸਤਾ ਪਾਈਆ । ਦੋ ਜਹਾਨ ਮੰਗਣ ਦਰ ਦਰਵੇਸ਼, ਪ੍ਰਭ ਸਾਚੇ ਘਰ ਤੇਰੇ ਅਲਖ ਜਗਾਈਆ । ਨਿਰਵੈਰ ਪੁਰਖ ਅੰਤਮ ਲੈਣਾ ਵੇਖ, ਬੇਪਰਵਾਹ ਫੇਰਾ ਪਾਈਆ । ਸਚ ਧਰਮ ਦੀ ਮਿਟੀ ਰੇਖ, ਧੀਰਜ ਜਤ ਸਤਿ ਸੰਤੋਖ ਨਜ਼ਰ ਕੋਈ ਨਾ ਆਈਆ । ਤੇਰੀ ਉਡੀਕ ਲਾਸ਼ਰੀਕ ਕਰ ਕੇ ਗਿਆ ਗੁਰ ਦਸਮੇਸ਼, ਦਹਿ ਦਿਸ਼ਾ ਗਿਆ ਜਣਾਈਆ । ਮੇਰਾ ਪਿਤਾ ਪੁਰਖ ਅਕਾਲ ਆਦਿ ਜੁਗਾਦਿ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਜਿਸ ਦੀ ਸੇਵਾ ਕੋਟਨ ਕੋਟ ਬ੍ਰਹਮਾ ਵਿਸ਼ਨ ਮਹੇਸ਼, ਗਣਪਤ ਗਣੇਸ਼ ਬੈਠੇ ਸੀਸ ਝੁਕਾਈਆ । ਸੋ ਸਾਹਿਬ ਸੁਆਮੀ ਵਸੇ ਸਚਖੰਡ ਸਾਚੇ ਦੇਸ, ਸਚ ਸਿੰਘਾਸਣ ਸੋਭਾ ਪਾਈਆ । ਸ਼ਾਹ ਪਾਤਸ਼ਾਹ ਪ੍ਰਭ ਇਕੋ ਨਰ ਨਰੇਸ਼, ਦੋ ਜਹਾਨ ਆਪਣਾ ਹੁਕਮ ਵਰਤਾਈਆ । ਜਿਸ ਦਰ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਨ ਆਦੇਸ, ਨਿਉਂ ਨਿਉਂ ਸੀਸ ਝੁਕਾਈਆ । ਸੋ ਜੁਗ ਚੌਕੜੀ ਦੇਵਣਹਾਰਾ ਨਾਮ ਸੰਦੇਸ, ਸਾਚੀ ਸਿਖਿਆ ਕਰੇ ਪੜ੍ਹਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸ, ਨਾ ਕੋਈ ਮੂੰਡ ਮੁੰਡਾਈਆ । ਰੂਪ ਰੰਗ ਨਾ ਕੋਈ ਰੇਖ, ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਦਾ ਸਦਾ ਸਦ ਵਸੇ ਨੇਤਨ ਨੇਤ, ਦੂਰਨ ਦੂਰ ਆਪਣਾ ਘਰ ਜਣਾਈਆ । ਜੋ ਜਨ ਕਰੇ ਸਾਚਾ ਹੇਤ, ਤਿਸ ਅੰਤਰ ਆਤਮ ਆਪਣਾ ਮੇਲ ਮਿਲਾਈਆ । ਸੋ ਸਾਹਿਬ ਸੁਲਤਾਨ ਵਾਲੀ ਦੋ ਜਹਾਨ ਖੇਲੇ ਖੇਡ, ਖ਼ਾਲਕ ਖ਼ਲਕ ਦਏ ਸਮਝਾਈਆ । ਬਿਨ ਭਗਤ ਆਪਣਾ ਕਿਸੇ ਨਾ ਦੇਵੇ ਭੇਤ, ਭਰਮੇ ਭੁਲੇ ਸਰਬ ਲੋਕਾਈਆ । ਘਟ ਸੁਆਮੀ ਨਿਰਗੁਣ ਨਿਰਵੈਰ ਹੋ ਕੇ ਲਏ ਵੇਖ, ਵੇਖਣਹਾਰਾ ਬੇਪਰਵਾਹੀਆ । ਦੋ ਜਹਾਨ ਤੇਰਾ ਜਾਣੇ ਧੁਰ ਦਾ ਲੇਖ, ਲੇਖਾ ਲੇਖੇ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਇਕੋ ਇਕ ਜਣਾਈਆ । ਦੋ ਜਹਾਨ ਸੁਣ ਲੈ ਮੀਤ, ਸੋ ਸਾਹਿਬ ਆਪ ਜਣਾਈਆ । ਸੋ ਪੁਰਖ ਨਿਰੰਜਣ ਬਦਲੇ ਤੇਰੀ ਰੀਤ, ਰੀਤੀਵਾਨ ਇਕ ਅਖਵਾਈਆ । ਚੌਦਾਂ ਲੋਕ ਜਿਸ ਦੀ ਕਰਨ ਉਡੀਕ, ਨੇਤਰ ਨੈਣ ਨੈਣ ਉਠਾਈਆ । ਚੌਦਾਂ ਤਬਕ ਭਿਖਿਆ ਮੰਗਣ ਭੀਖ, ਖ਼ਾਲੀ ਝੋਲੀ ਅੱਗੇ ਡਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਚਿੱਟੇ ਉਤੇ ਪਾ ਕੇ ਗਏ ਲੀਕ, ਲਕੀਰ ਸਕੇ ਨਾ ਕੋਇ ਮਿਟਾਈਆ । ਕਲਜੁਗ ਅੰਤ ਸ੍ਰੀ ਭਗਵੰਤ ਮਿਹਰਵਾਨ ਬੇਪਰਵਾਹ ਦੂਰ ਦੁਰਾਡਾ ਆਏ ਨਜ਼ਦੀਕ, ਲੋਕਮਾਤ ਵੇਸ ਵਟਾਈਆ । ਖੇਲੇ ਖੇਲ ਲਾਸ਼ਰੀਕ, ਸ਼ਿਰਕਤ ਸਭ ਦੀ ਦਏ ਗਵਾਈਆ । ਆਪਣੇ ਹੱਥ ਰੱਖੇ ਇਕ ਤੌਫ਼ੀਕ,

੬੩੨
੧੫

ਤੋਹਫ਼ਾ ਘਰ ਘਰ ਦਏ ਪੁਚਾਈਆ । ਸਦੀ ਚੌਦਵੀਂ ਜਾਏ ਬੀਤ, ਬੀਤੀ ਕਹਾਣੀ ਸਮਝ ਕੋਇ ਨਾ ਪਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਲੀ ਕਰੇ ਖੀਸ, ਦਰ ਦਰ ਭਿਛਿਆ ਦਏ ਮੰਗਾਈਆ । ਮੁਰੀਦ ਮੁਰਸ਼ਦ ਮਿਠੇ ਕਰੇ ਕੌੜੇ ਰੀਠ, ਆਬੇਹਯਾਤ ਮੁਖ ਚੁਆਈਆ । ਜੋ ਕਲਮਿਉਂ ਹੋਏ ਪਲੀਤ, ਤਿਨ੍ਹਾਂ ਪਾਕ ਰਸੂਲ ਅਸਲ ਅਸੂਲ ਦਏ ਸਮਝਾਈਆ । ਪਰਵਰਦਿਗਾਰ ਬੇਪਰਵਾਹ ਕਰੇ ਖੇਲ ਆਪ ਅਨਡੀਠ, ਸ੍ਰੀ ਭਗਵਾਨ ਅਨਡਿਠੜੀ ਕਾਰ ਕਮਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਧੁਰ ਦਾ ਢੋਲਾ ਸੁਣਾਏ ਗੀਤ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਈ ਨਾ ਆਈਆ । ਝਗੜਾ ਚੁੱਕੇ ਮੰਦਰ ਮਸੀਤ, ਸ਼ਿਵਦਵਾਲਾ ਮੱਠ ਗੁਰੂਦੁਆਰਾ ਇਕੋ ਨਜ਼ਰੀ ਆਈਆ । ਸਭ ਦੀ ਬਦਲ ਦੇਵੇ ਪ੍ਰਭ ਨੀਤ, ਮਨ ਵਾਸਨਾ ਦਏ ਗਵਾਈਆ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਪੜਦਾ ਲਾਹੀਆ । ਸ੍ਰਿਸ਼ਟ ਸਬਾਈ ਆਪੇ ਜੀਤ, ਹਾਰ ਸਭ ਦੀ ਝੋਲੀ ਪਾਈਆ । ਕੂੜੀ ਕਿਰਿਆ ਮੇਟੇ ਅੰਧੇਰਾ ਤਾਰੀਕ, ਸਾਚਾ ਨੂਰ ਕਰੇ ਰੁਸ਼ਨਾਈਆ । ਨਾਮ ਨਿਧਾਨ ਸ੍ਰੀ ਭਗਵਾਨ ਇਕੋ ਇਕ ਕਰੇ ਬਖ਼ਸ਼ੀਸ਼, ਬਖ਼ਸ਼ਸ਼ ਸਭ ਦੀ ਝੋਲੀ ਪਾਈਆ । ਜੇ ਕੋ ਪਰੀਖਿਆ ਕਰੇ ਪਰੀਖ, ਪਾਰਬ੍ਰਹਮ ਪ੍ਰਭ ਪਰੀਖਿਆ ਵਿਚ ਕਦੇ ਨਾ ਆਈਆ । ਸਾਚੀ ਸਿਖਿਆ ਦੇਵੇ ਸੀਖ, ਵਿਦਿਆ ਅੱਖਰ ਇਕ ਪੜ੍ਹਾਈਆ । ਚੌਦਾਂ ਵਿਦਿਆ ਮਾਰੇ ਚੀਕ, ਨੇਤਰ ਰੋਵੇ ਦਏ ਦੁਹਾਈਆ । ਪਾਰਬ੍ਰਹਮ ਪ੍ਰਭ ਤੁਧ ਬਿਨ ਝੂਠੀ ਸਰਬ ਪ੍ਰੀਤ, ਅੰਤ ਸੰਗ ਕੋਇ ਨਾ ਜਾਈਆ । ਮੈਂ ਬਣ ਨਿਮਾਣੀ ਦਰ ਤੇ ਕੋਝੀ ਕਮਲੀ ਮੰਗਾਂ ਭੀਖ, ਦਰਵੇਸ਼ ਆਪਣਾ ਰੂਪ ਵਟਾਈਆ । ਚਰਨ ਕਵਲ ਉਪਰ ਧਵਲ ਦਰ ਤੇਰੇ ਝੁਕੇ ਸੀਸ, ਜਗਦੀਸ ਤੇਰੀ ਇਕ ਸਰਨਾਈਆ । ਸਾਚਾ ਕਲਮਾ ਦੇ ਹਦੀਸ, ਕਾਇਨਾਤ ਸਚ ਪੜ੍ਹਾਈਆ । ਤੂੰ ਨਜ਼ਰੀ ਆਏਂ ਇਕ ਅਤੀਤ, ਤ੍ਰੈਗੁਣ ਡੇਰਾ ਬੈਠਾ ਢਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਦੋ ਜਹਾਨਾਂ ਬਣੇਂ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਹਉਂ ਬਾਲੀ ਬੁੱਧ ਬਾਲ ਅਵਾਣੀ ਨੀਚਨ ਨੀਚ, ਊਚੋ ਊਚ ਤੇਰੀ ਵਡਿਆਈਆ । ਮੈਂ ਦਰ ਖਲੋਤੀ ਤੇਰੀ ਦਹਿਲੀਜ਼, ਬਿਨ ਕਿਰਪਾ ਅੱਗੇ ਲੰਘਣ ਨਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਦੋ ਜਹਾਨ ਰੱਖਣਾ ਯਾਦ, ਸਤਿਗੁਰ ਸੱਚਾ ਆਪ ਜਣਾਈਆ । ਜੁਗ ਚੌਕੜੀ ਸੁਣਾਂ ਫ਼ਰਿਆਦ, ਅਭੁੱਲ ਭੁੱਲ ਕਦੇ ਨਾ ਜਾਈਆ । ਨਿਤ ਨਵਿਤ ਦੇਵਾਂ ਦਾਦ, ਵਸਤ ਅਮੋਲਕ ਨਾਮ ਵਰਤਾਈਆ । ਨਾਮ ਜੈਕਾਰਾ ਬੋਧ ਅਗਾਧ, ਸ਼ਬਦੀ ਰਾਗ ਅਲਾਈਆ । ਭੇਵ ਖੁਲ੍ਹਾਵਾਂ ਬ੍ਰਹਮ ਬ੍ਰਹਿਮਾਦ, ਨਾਦ ਧੁਨ ਸ਼ਨਵਾਈਆ । ਨਿਰਗੁਣ ਜੋਤ ਕਰ ਪਰਕਾਸ਼, ਲੱਖ ਚੁਰਾਸੀ ਦੀਪ ਰੁਸ਼ਨਾਈਆ । ਲੇਖਾ ਜਾਣਾਂ ਧੁਰ ਦਾ ਖ਼ਾਸ, ਖ਼ਾਲਸ ਆਪਣਾ ਭੇਵ ਖੁਲ੍ਹਾਈਆ । ਸਭ ਦੀ ਪੂਰੀ ਕਰਾਂ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਵੇਖੇ ਖੇਲ ਸਰਬ ਗੁਣਤਾਸ, ਗੁਣਵੰਤਾ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਸ਼ਾਖ਼, ਬਾਂਕੇ ਛੋਹਰੇ ਆਪਣੀ ਸੇਵਾ ਲਾਈਆ । ਲੋਕਮਾਤ ਹੋਏ ਨਾ ਕੋਇ ਗੁਸਤਾਖ਼, ਸਾਰੇ ਬੈਠਣ ਸੀਸ ਝੁਕਾਈਆ । ਅੰਤਮ ਲੇਖਾ ਲਿਖ ਕੇ ਗਏ ਆਖ, ਆਖ਼ਰ ਇਕ ਸੰਦੇਸ਼ ਸੁਣਾਈਆ । ਜੀਵੋ ਜੰਤੋ ਸਾਧੋ ਸੰਤੋ ਕਲਜੁਗ ਅੰਤਮ ਪਰਗਟ ਹੋਵੇ ਇਕ ਪੁਰਖ ਅਬਿਨਾਸ਼, ਜਿਸ ਦਾ ਨਾ ਕੋਇ ਪਿਤਾ ਨਾ ਕੋਇ ਮਾਈਆ । ਹਰ ਘਟ ਅੰਦਰ ਰੱਖਣਹਾਰਾ ਵਾਸ, ਵਸਲ ਆਪਣਾ ਦਏ ਕਰਾਈਆ । ਲੋਕਮਾਤ ਰਹਿਣ ਨਾ ਦੇਵੇ ਕੋਈ ਬਦਮੁਆਸ਼, ਬਦਮੁਆਸ਼ੀ ਸਭ ਦੀ ਦਏ ਮਿਟਾਈਆ । ਚਾਰ ਵਰਨ ਅਠਾਰਾਂ ਬਰਨ ਇਕ ਬਣਾਏ ਜਮਾਤ, ਨਾਨਕ ਨਿਰਗੁਣ ਸਰਗੁਣ ਗਿਆ ਸਮਝਾਈਆ ।

੬੩੩
੧੫

ਗੋਬਿੰਦ ਲੇਖਾ ਲਿਖਿਆ ਨਾਲ ਕਲਮ ਦਵਾਤ, ਊਚ ਨੀਚ ਕੋਈ ਰਹਿਣ ਨਾ ਪਾਈਆ । ਸਭ ਦਾ ਵੇਖੇ ਆਪ ਹਾਲਾਤ, ਕਲਜੁਗ ਹਾਲਤ ਦਏ ਬਦਲਾਈਆ । ਸਤਿਜੁਗ ਪੂਰੀ ਕਰੇ ਖ਼ਾਹਸ਼, ਸੋਏ ਸੰਤ ਆਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਭੇਵ ਆਪ ਜਣਾਈਆ । ਦੋ ਜਹਾਨ ਸੁਣ ਕੇ ਬੋਲ, ਘਰ ਆਪਣੇ ਖ਼ੁਸ਼ੀ ਮਨਾਇੰਦਾ । ਧੰਨਭਾਗ ਪ੍ਰਭ ਤੋਲੇਂ ਤੋਲ, ਸਚ ਤਰਾਜ਼ੂ ਕੰਡਾ ਨਾਮ ਹੱਥ ਉਠਾਇੰਦਾ । ਮੈਂ ਤੇਰੀ ਧਾਰਨ ਬੋਲਾਂ ਬੋਲ, ਉਚੀ ਕੂਕ ਮਾਰਾਂ ਧੌਲ, ਸੋਇਆ ਕੋਇ ਰਹਿਣ ਨਾ ਪਾਇੰਦਾ । ਮੇਰੇ ਸੁਆਮੀ ਜਿਸ ਵੇਲੇ ਮੇਰੇ ਆਵੇਂ ਕੋਲ, ਕਰ ਦਰਸ਼ਨ ਆਪਣਾ ਆਪ ਬਿਗਸਾਇੰਦਾ । ਆਪਣਾ ਦੁੱਖੜਾ ਤੇਰੇ ਅੱਗੇ ਦੇਵਾਂ ਫੋਲ, ਸਚ ਕਹਾਣੀ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੀ ਓਟ ਤਕਾਇੰਦਾ । ਸ੍ਰੀ ਭਗਵਾਨ ਪ੍ਰਭ ਮੋਹੇ ਤੇਰੀ ਆਸ, ਅਮਕਾ ਰੂਪ ਨਜ਼ਰ ਕੋਇ ਨਾ ਆਈਆ । ਨਿਤ ਨਵਿਤ ਵਸੇਂ ਪਾਸ, ਕਰਵਟ ਆਪਣੀ ਨਾ ਕਦੇ ਬਦਲਾਈਆ । ਤੇਰਾ ਪ੍ਰੇਮ ਪਿਆਰ ਮੇਰਾ ਸਚ ਧਰਵਾਸ, ਧੀਰਜ ਇਕੋ ਨਜ਼ਰੀ ਆਈਆ । ਤੇਰਾ ਖੇਲ ਮੇਰਾ ਤਮਾਸ਼, ਮੈਂ ਵੇਖਾਂ ਚਾਈਂ ਚਾਈਆ । ਤੇਰੀ ਸੋਹੇ ਮੰਡਲ ਰਾਸ, ਗੋਪੀ ਕਾਹਨ ਬਣ ਨਟੂਆ ਨਾਚ ਨਚਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼, ਗਗਨ ਮੰਡਲ ਤੇਰਾ ਵੇਖ ਪਰਕਾਸ਼, ਨੂਰੋ ਨੂਰ ਖ਼ੁਸ਼ੀ ਮਨਾਈਆ । ਲੱਖ ਚੁਰਾਸੀ ਤੇਰੀ ਆਤਮ ਜ਼ਾਤ, ਚਾਰੇ ਖਾਣੀ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਆਪਣਾ ਨਾਮ ਦੇਣਾ ਜਣਾਈਆ । ਸਾਚਾ ਨਾਮ ਦੱਸ ਭਗਵਾਨ, ਭਗਵਨ ਤੇਰੀ ਆਸ ਤਕਾਈਆ । ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਗਾਣ, ਗਾ ਗਾ ਸ਼ੁਕਰ ਮਨਾਈਆ । ਜਿਸ ਦੇ ਵਿਚੋਂ ਸਾਚੀ ਬਾਣੀ ਨਿਕਲੇ ਬਿਨਾਂ ਜ਼ਬਾਨ, ਨਿਸ਼ਅੱਖਰ ਵਿਚੋਂ ਅੱਖਰ ਰੂਪ ਵਟਾਈਆ । ਜਿਸ ਵਿਚੋਂ ਪਰਗਟ ਹੋਵੇ ਸਾਚਾ ਹੁਕਮ ਕਲਾਮ, ਕਲਮਾ ਹੱਕ ਦਏ ਜਣਾਈਆ । ਸੋ ਸੁਆਮੀ ਦੇ ਪੈਗ਼ਾਮ, ਜਿਸ ਨਾਲ ਵਿਛੜੇ ਮਿਲਣ ਆਣ, ਵਿਛੋੜਾ ਕੋਈ ਰਹਿਣ ਨਾ ਪਾਈਆ । ਕਲਜੁਗ ਅੰਤ ਸਾਰੇ ਭੁੱਲੇ ਪਿਛਲਾ ਰਾਮ, ਨਜ਼ਰ ਨਾ ਆਏ ਕੋਇ ਕਾਹਨ, ਈਸਾ ਮੂਸਾ ਮੁਹੰਮਦ ਨਾ ਕੋਇ ਧਿਆਨ, ਨਾਨਕ ਗੋਬਿੰਦ ਸ਼ਬਦ ਕੋਈ ਨਾ ਕਰੇ ਪਰਵਾਨ, ਮਾਇਆ ਮਮਤਾ ਹਉਮੇ ਹੰਗਤਾ ਘਰ ਘਰ ਡੇਰਾ ਲਾਈਆ । ਗੁਰਦਰ ਮੰਦਰ ਮੱਠ ਸ਼ਿਵਦਵਾਲੇ ਸਾਰੇ ਕੁਰਲਾਣ, ਇਸ਼ਟ ਦੇਵ ਸਾਚਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਲੱਖ ਚੁਰਾਸੀ ਇਕੋ ਤੇਰੇ ਨਾਮ ਵੱਜੇ ਵਧਾਈਆ । ਦੋ ਜਹਾਨਾਂ ਤੈਨੂੰ ਸਮਝਾਵਾਂਗਾ । ਨਿਰਗੁਣ ਨਿਰਵੈਰ ਹੋ ਕੇ ਆਵਾਂਗਾ । ਮਿਹਰਵਾਨ ਹੋ ਕੇ ਵੇਖ ਵਖਾਵਾਂਗਾ । ਨੌਜਵਾਨ ਨੌਬਤ ਨਾਮ ਵਜਾਵਾਂਗਾ । ਧਰਮ ਨਿਸ਼ਾਨ ਇਕ ਉਠਾਵਾਂਗਾ । ਹੁਕਮਰਾਨ ਫ਼ਰਮਾਨ ਅਲਾਵਾਂਗਾ । ਬ੍ਰਹਿਮੰਡ ਖੰਡ ਵੇਖ ਵਖਾਵਾਂਗਾ । ਪੁਰੀ ਲੋਅ ਰੰਗ ਰੰਗਾਵਾਂਗਾ । ਨਿਰਗੁਣ ਹੋ ਕੇ ਸਰਗੁਣ ਵਸਾਂ ਸੰਗ, ਸਗਲਾ ਸੰਗ ਨਿਭਾਵਾਂਗਾ । ਸ਼ਬਦ ਅਗੰਮੀ ਦੌੜੇ ਤੁਰੰਗ, ਅਸਵ ਇਕੋ ਇਕ ਭਜਾਵਾਂਗਾ । ਪੁਰੀ ਲੋਅ ਬ੍ਰਹਿਮੰਡ ਖੰਡ ਲੰਘ, ਲੋਕਮਾਤ ਵੇਖ ਵਖਾਵਾਂਗਾ । ਕਲਜੁਗ ਮੇਟਾਂ ਕੂੜਾ ਝੂਠ ਪਖੰਡ, ਸਤਿਜੁਗ ਸਾਚਾ ਨਾਮ ਨਿਸ਼ਾਨ ਝੁਲਾਵਾਂਗਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਇਕੋ ਗਾਵਣ ਛੰਦ, ਸੱਚਾ ਨਾਮ ਇਕ ਦ੍ਰਿੜਾਵਾਂਗਾ । ਦੂਈ ਦਵੈਤੀ ਢਾਹ ਕੇ ਕੰਧ, ਸਾਫ਼ ਮੈਦਾਨ ਇਕ ਬਣਾਵਾਂਗਾ । ਨਾਮ ਜੈਕਾਰਾ ਸਚ ਮਰਦੰਗ, ਮਰਦ ਮਰਦਾਨਾ ਹੋ ਸੁਣਾਵਾਂਗਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚੀ ਸਿਖਿਆ ਇਕ ਸਮਝਾਵਾਂਗਾ । ਸਾਚੀ ਸਿਖਿਆ ਇਕ ਸਮਝਾਵਾਂਗਾ । ਪਿਛਲਾ ਲੇਖਾ ਮੇਟ ਮਿਟਾਵਾਂਗਾ । ਅਗਲੀ ਭਿਛਿਆ ਝੋਲੀ ਪਾਵਾਂਗਾ । ਦਹਿ ਦਿਸ਼ਿਆ ਵੇਖ ਵਖਾਵਾਂਗਾ । ਬਣ ਮਿਤਿਆ ਹਿਤ ਕਮਾਵਾਂਗਾ । ਅਨਡਿਠਿਆ ਖੇਲ ਰਚਾਵਾਂਗਾ । ਜਗ ਜਿਤਿਆ ਆਪਣਾ ਹੁਕਮ ਵਰਤਾਵਾਂਗਾ । ਸਰਬ ਜੀਆਂ ਦਾ ਬਣ ਕੇ ਮਾਈ ਪਿਤਿਆ, ਪਿਤਾ ਪੂਤ ਗੋਦ ਉਠਾਵਾਂਗਾ । ਸ੍ਰਿਸ਼ਟ ਸਬਾਈ ਦੱਸ ਕੇ ਮਿਥਿਆ, ਲੱਖ ਚੁਰਾਸੀ ਖ਼ਾਕ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਹਿਬਰ ਇਕ ਅਖਵਾਵਾਂਗਾ । ਸਾਚਾ ਰਹਿਬਰ ਇਕ ਅਖਵਾਏਗਾ । ਪੀਰ ਪੈਗ਼ੰਬਰ ਨਾਲ ਮਿਲਾਏਗਾ । ਗੁਰ ਅਵਤਾਰ ਅੰਗ ਲਗਾਏਗਾ । ਸਚ ਸਰਕਾਰ ਇਕ ਬਣਾਏਗਾ । ਸਚ ਜੈਕਾਰ ਆਪ ਸੁਣਾਏਗਾ । ਪੰਚ ਪਿਆਰ ਮੇਲ ਮਿਲਾਏਗਾ । ਸ਼ਬਦੀ ਧਾਰ ਵੰਡ ਵੰਡਾਏਗਾ । ਅੰਮ੍ਰਿਤ ਜਾਮ ਇਕ ਪਿਆਏਗਾ । ਪੂਰਾ ਰਾਮ ਖੇਲ ਕਰਾਏਗਾ । ਸਾਚਾ ਕਾਹਨ ਵੇਸ ਵਟਾਏਗਾ । ਸ਼ਬਦ ਨਿਸ਼ਾਨ ਇਕ ਝੁਲਾਏਗਾ । ਦੋ ਜਹਾਨ ਵੇਖ ਵਖਾਏਗਾ । ਚੌਦਾਂ ਲੋਕ ਕੁੰਡਾ ਲਾਹੇਗਾ । ਚੌਦਾਂ ਤਬਕ ਪੜਦਾ ਉਠਾਏਗਾ । ਸੱਚਾ ਸਬਕ ਇਕ ਪੜ੍ਹਾਏਗਾ । ਧੁਰ ਦਾ ਲੇਖ ਆਪ ਦ੍ਰਿੜ੍ਹਾਏਗਾ । ਸਾਚੀ ਮਸਤਕ ਮੇਖ ਟਿਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਰਖਾਏਗਾ । ਸਾਚਾ ਮਾਰਗ ਇਕ ਰਖਾਵੇਗਾ । ਪੁਰਖ ਅਬਿਨਾਸ਼ੀ ਦਇਆ ਕਮਾਵੇਗਾ । ਸ੍ਰਿਸ਼ਟ ਸਬਾਈ ਆਪ ਸਮਝਾਵੇਗਾ । ਦ੍ਰਿਸ਼ਟੀ ਸਭ ਦੀ ਖੋਲ੍ਹ ਵਖਾਵੇਗਾ । ਇਸ਼ਟੀ ਇਕੋ ਨਜ਼ਰੀ ਆਵੇਗਾ । ਦੋਜ਼ਖ਼ ਬਹਿਸ਼ਤੀ ਵੇਖ ਵਖਾਵੇਗਾ । ਨਰਕ ਸੁਰਗ ਡੇਰਾ ਢਾਹਵੇਗਾ । ਪਿਛਲੀ ਕੀਤੀ ਕਰੇ ਤਰਕ, ਅੱਗੇ ਤੁਰਤ ਹੁਕਮ ਮਨਾਵੇਗਾ । ਚਾਰ ਜੁਗ ਜੋ ਰਿਹਾ ਫ਼ਰਕ, ਪਿਛਲਾ ਲੇਖਾ ਪੂਰ ਕਰਾਵੇਗਾ । ਨਾਮ ਫੜ ਕੇ ਸੱਚੀ ਖੜਗ, ਖੰਡਾ ਇਕੋ ਇਕ ਚਮਕਾਵੇਗਾ । ਮੇਟਣਹਾਰਾ ਲਿਖਤ ਪੜ੍ਹਤ, ਸਾਚਾ ਹੁਕਮ ਆਪ ਵਰਤਾਵੇਗਾ । ਨਿਰਵੈਰ ਹੋ ਕੇ ਪੁਰਖ ਅਕਾਲ ਆਇਆ ਪਰਤ, ਪਰਤੀਨਿਧ ਇਕੋ ਇਕ ਅਖਵਾਵੇਗਾ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਵੇਗਾ । ਜਨ ਭਗਤਾਂ ਦੇਵੇ ਅੰਤਰ ਦਰਸ, ਆਤਮ ਤਾਕੀ ਕੁੰਡਾ ਲਾਹਵੇਗਾ । ਲੱਖ ਚੁਰਾਸੀ ਰਹੀ ਭਟਕ, ਅੰਮ੍ਰਿਤ ਮੇਘ ਹੱਥ ਕਿਸੇ ਨਾ ਆਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਗੁਰ ਬਾਣੀ ਸ਼ਬਦ ਲਾ ਕੇ ਗਏ ਸ਼ਰਤ, ਸਾਖਿਆਤ ਪੁਰਖ ਅਕਾਲ ਆਪਣਾ ਵੇਸ ਵਟਾਵੇਗਾ । ਉਸ ਨੂੰ ਕੋਈ ਨਾ ਸਕੇ ਹਟਕ, ਸਭ ਦਾ ਲੇਖਾ ਪੂਰ ਕਰਾਵੇਗਾ । ਉਹਦੀ ਚਾਲ ਅਗੰਮੀ ਮਟਕ, ਦੋ ਜਹਾਨਾਂ ਚਰਨਾਂ ਹੇਠ ਦਬਾਵੇਗਾ । ਏਥੇ ਓਥੇ ਰੱਖੇ ਸਿਧੀ ਸੜਕ, ਮਾਰਗ ਸਿਧਾ ਇਕ ਸਮਾਝਾਵੇਗਾ । ਅੰਮ੍ਰਿਤ ਮੇਘ ਅਗੰਮੀ ਬਰਸ, ਕਲਜੁਗ ਅਗਨੀ ਅੱਗ ਬੁਝਾਵੇਗਾ । ਗ਼ਰੀਬ ਨਿਮਾਣਿਆਂ ਉਪਰ ਕਰ ਕੇ ਤਰਸ, ਤ੍ਰਿਸਨਾ ਤਾਮਸ ਮੇਟ ਮਿਟਾਵੇਗਾ । ਭਗਤ ਸੁਹੇਲੇ ਸਾਚੇ ਪਰਖ, ਨਾਮ ਕਸਵੱਟੀ ਰਗੜ ਲਗਾਵੇਗਾ । ਪੁੱਠੀ ਕਰਨਹਾਰਾ ਨਰਦ, ਨਰਦ ਸਿਧੀ ਨੱਟੀ ਆਪ ਰਖਾਵੇਗਾ । ਬਣ ਕਸਾਈ ਫੜਨਹਾਰਾ ਕਰਦ, ਤਿੱਖੀ ਧਾਰ ਆਪ ਜਣਾਵੇਗਾ । ਮਿਹਰਵਾਨ ਹੋ ਕੇ ਵੰਡਣਹਾਰਾ ਦਰਦ, ਦੁੱਖੀਆਂ ਦਰਦ ਝੋਲੀ ਪਾਵੇਗਾ । ਅੰਤਮ ਆਪਣਾ ਪੂਰ ਕਰੇ ਫ਼ਰਜ਼, ਬਣ ਸੇਵਕ ਸੇਵ ਕਮਾਵੇਗਾ । ਕਿਸੇ ਦਾ ਹੋਣ ਨਾ ਦੇਵੇ ਹਰਜ, ਗੁਰਮੁਖ ਬਹਾਏ ਸਚਖੰਡ ਮਨਮੁਖ ਸ਼ੌਹ ਦਰਿਆ ਰੁੜ੍ਹਾਵੇਗਾ । ਪ੍ਰਭ ਕਾ ਖੇਲ ਏਹੋ ਅਚਰਜ, ਕਲਜੁਗ ਜੀਵ ਸਮਝ ਕੋਇ ਨਾ ਪਾਵੇਗਾ । ਜਿਸ ਦੇ ਕੋਲ ਆਦਿ ਜੁਗਾਦੀ ਫ਼ਰਦ,

ਸੋ ਫ਼ਰਦ ਜ਼ੁਲਮ ਸਭ ਦੇ ਉਤੇ ਲਗਾਵੇਗਾ । ਰਾਜ ਰਾਜਾਨ ਸ਼ਾਹ ਸੁਲਤਾਨ ਕੋਈ ਕਰ ਨਾ ਸਕੇ ਅਰਜ਼, ਅਰਜ਼ੋਈ ਸੁਣਨ ਕੋਇ ਨਾ ਆਵੇਗਾ । ਜਿਨ੍ਹਾਂ ਨੂੰ ਪ੍ਰਭ ਵਿਛੋੜੇ ਦੀ ਲੱਗੀ ਮਰਜ਼, ਤਿਨ੍ਹਾਂ ਤਬੀਬ ਨਾ ਕੋਇ ਬਚਾਵੇਗਾ । ਮਾਤ ਗਰਭ ਦਾ ਲੱਥੇ ਸਿਰੋ ਨਾ ਕਰਜ਼, ਅਗਲਾ ਪੰਧ ਨਾ ਕੋਇ ਚੁਕਾਵੇਗਾ । ਜੂਨੀ ਜੂਨ ਭਵਾਏ ਗਰਭ, ਲੱਖ ਚੁਰਾਸੀ ਵੰਡ ਵੰਡਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਖੇਲ ਆਪ ਰਚਾਵੇਗਾ । ਹਰਿ ਸਾਚਾ ਖੇਲ ਰਚਾਵੇਗਾ । ਨਿਰਵੈਰ ਹੋ ਕੇ ਵੇਖ ਵਖਾਵੇਗਾ । ਕਲਜੁਗ ਕੂੜਾ ਕੂੜ ਕੁੜਿਆਰ ਡੁਬਾਵੇਗਾ । ਸਤਿਜੁਗ ਬਖ਼ਸ਼ ਚਰਨ ਧੂੜਾ, ਮਸਤਕ ਟਿੱਕਾ ਇਕ ਲਗਾਵੇਗਾ । ਦੋ ਜਹਾਨਾਂ ਕਰ ਕੇ ਬਚਨ ਪੂਰਾ, ਪੂਰੀ ਸਿਖਿਆ ਇਕ ਸਮਝਾਵੇਗਾ । ਬ੍ਰਹਿਮੰਡ ਖੰਡ ਨਾਦ ਵਜਾਏ ਅਨਾਦੀ ਤੂਰਾ, ਸੁਰ ਤਾਲ ਆਪਣੇ ਹੱਥ ਰਖਾਵੇਗਾ । ਲੱਖ ਚੁਰਾਸੀ ਤੋੜ ਮਾਣ ਗ਼ਰੂਰਾ, ਗ਼ੁਰਬਤ ਸਭ ਦੀ ਮੇਟ ਮਿਟਾਵੇਗਾ । ਨਿਰਗੁਣ ਸਰਗੁਣ ਦਿਸੇ ਹਾਜ਼ਰ ਹਜ਼ੂਰਾ, ਹਜ਼ਰਤ ਆਪਣਾ ਵੇਸ ਵਟਾਵੇਗਾ । ਜਨ ਭਗਤਾਂ ਕਰੇ ਸਦਾ ਮਸ਼ਕੂਰਾ, ਸ਼ੁਕਰੀਆ ਅਦਾ ਆਖ ਸੁਣਾਵੇਗਾ । ਜਿਸ ਦੇ ਪਿਛੇ ਸੂਲੀ ਚੜ੍ਹਿਆ ਮਨਸੂਰਾ, ਸੋ ਮੁਫ਼ਤ ਜਨ ਭਗਤਾਂ ਸੇਵ ਕਮਾਵੇਗਾ । ਜਿਸ ਦੇ ਪਿਛੇ ਐਨਲਹੱਕ ਬੋਲਿਆ ਅਗੰਮੀ ਤੂਰਾ, ਸੋ ਤੁਰਤ ਆਪਣਾ ਮੇਲ ਮਿਲਾਵੇਗਾ । ਜਿਸ ਦੇ ਪਿਛੇ ਲੋਹਾਂ ਤੱਤੀਆਂ ਉਤੇ ਤਪੇ ਵਾਂਗ ਤੰਦੂਰਾ, ਸੋ ਹਿਰਦੇ ਤਪਦੇ ਸ਼ਾਂਤ ਕਰਾਵੇਗਾ । ਜਿਸ ਦੇ ਪਿਛੇ ਸੀਸ ਕਟਾ ਕੇ ਮਿਲਿਆ ਜੋਤੀ ਨੂਰਾ, ਸੋ ਜੋਤੀ ਜੋਤ ਡਗਮਗਾਵੇਗਾ । ਜਿਸ ਦੇ ਪਿਛੇ ਗੋਬਿੰਦ ਬਣਿਆ ਸੂਰਾ, ਸੂਰਬੀਰ ਹੁਕਮ ਵਰਤਾਵੇਗਾ । ਜਿਸ ਦੇ ਪਿਛੇ ਛੋਟੇ ਬਾਲੇ ਨੀਹਾਂ ਹੇਠਾਂ ਕੀਤੇ ਚੂਰਾ, ਸੋ ਕਲਜੁਗ ਅੰਤਮ ਜੜ੍ਹ ਉਖੜਾਵੇਗਾ । ਜਿਸ ਨੇ ਤਿੱਖੀ ਧਾਰ ਨਾਲ ਬਚਨ ਕੀਤਾ ਪੂਰਾ, ਸੋ ਪੂਰੀ ਅਨੰਦ ਅਨੰਦ ਘਰ ਘਰ ਆਪ ਵਖਾਵੇਗਾ । ਕਲਜੁਗ ਕੂੜੀ ਕਿਰਿਆ ਹੂੰਝ ਕੇ ਕੂੜਾ, ਸਤਿਜੁਗ ਸਾਚਾ ਇਕ ਲਗਾਵੇਗਾ । ਮੂਰਖ ਮੁਗਧ ਅਵਾਣ ਚਤੁਰ ਸੁਘੜ ਬਣਾਏ ਮੂੜ੍ਹਾ, ਸਚ ਉਪਦੇਸ਼ ਇਕ ਸੁਣਾਵੇਗਾ । ਕਿਰਪਾ ਨਿਧਾਨ ਹੋ ਕੇ ਮਸਤਕ ਦੇਵੇ ਚਰਨ ਧੂੜਾ, ਟਿੱਕਾ ਜੋਤ ਲਲਾਟ ਇਕ ਚਮਕਾਵੇਗਾ । ਦੋ ਜਹਾਨ ਤੇਰੇ ਅੰਦਰ ਮਚਾਏ ਫ਼ਤੂਰਾ, ਫ਼ਾਤਿਹਾ ਸਭ ਦਾ ਅੰਤ ਪੜ੍ਹਾਏਗਾ । ਹੁਕਮੇ ਅੰਦਰ ਸਭ ਨੂੰ ਹੋਣਾ ਪਏ ਮਜ਼ਬੂਰਾ, ਪ੍ਰਭ ਕਾ ਹੁਕਮ ਨਾ ਕੋਈ ਉਲਟਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਜੁਗ ਸਾਰੇ ਉਸ ਨੂੰ ਕਹਿੰਦੇ ਜੀ ਹਜ਼ੂਰਾ, ਦੋਏ ਜੋੜ ਸਰਬ ਵਾਸਤਾ ਪਾਏਗਾ । ਸਰਬ ਕਲਾ ਪ੍ਰਭ ਇਕੋ ਭਰਪੂਰਾ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਏਕੰਕਾਰ ਆਪ ਅਖਵਾਏਗਾ । ਜਨ ਭਗਤਾਂ ਚਾੜ੍ਹੇ ਰੰਗ ਗੂੜ੍ਹਾ, ਲਾਲ ਗੁਲਾਲਾ ਉਤਰ ਕਦੇ ਨਾ ਜਾਏਗਾ । ਗੁਰਮੁਖ ਨਾਰ ਸਵਾਣੀ ਬਣਾਏ ਚਾੜ੍ਹੇ ਅਗੰਮੀ ਚੂੜ੍ਹਾ, ਥਿਰ ਘਰ ਸਾਚਾ ਸਗਨ ਮਨਾਏਗਾ । ਅੰਦਰ ਵੜ੍ਹ ਕੇ ਮਹੱਲੇ ਚੜ੍ਹ ਕੇ ਅਨਹਦ ਨਾਦ ਸੁਣਾਏ ਸਾਚੀ ਤੂਰਾ, ਤੁਰੀਆ ਰਾਗ ਆਪ ਅਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਕਰਨੇ ਯੋਗ, ਹਰਿ ਕਰਤਾ ਪੁਰਖ ਜਣਾਈਆ । ਜਿਸ ਦੇ ਹੱਥ ਸੰਜੋਗ ਵਿਜੋਗ, ਦੋਵੇਂ ਰਾਹ ਵਖਾਈਆ । ਕਲਜੁਗ ਅੰਤਮ ਕੱਟ ਕੇ ਹਉਮੇ ਰੋਗ, ਚਿੰਤਾ ਸੋਗ ਦਏ ਮਿਟਾਈਆ । ਸਤਿਜੁਗ ਸਾਚਾ ਦੇਵੇ ਜੋਗ, ਸਾਚੀ ਸਿਖਿਆ ਇਕ ਸਮਝਾਈਆ । ਕਲਜੁਗ ਤੇਰੀ ਰਹਿਣ ਨਾ ਦੇਵੇ ਝੂਠੀ ਸੋਚ, ਸੋਚ ਸਮਝ ਦਏ ਮਿਟਾਈਆ । ਸਤਿਜੁਗ ਜਿਸ ਦਰਸ਼ਨ ਨੂੰ ਰਿਹਾ ਲੋਚ, ਤੇਰੀ ਲੋਚਾ ਪੂਰ ਕਰਾਈਆ । ਦੋਹਾਂ ਦੇਵੇ ਆਪਣੀ ਓਟ, ਸਿਰ ਸਮਰਥ ਹੱਥ ਟਿਕਾਈਆ । ਸਤਿਜੁਗ ਕਲਜੁਗ ਦੋਵੇਂ ਮੇਰੀ ਨਿਰਮਲ


੬੩੬
੧੫

ਜੋਤ, ਮੇਰੇ ਹੁਕਮੇ ਅੰਦਰ ਸੇਵ ਕਮਾਈਆ । ਨੇਤਰ ਖੋਲ੍ਹ ਕਰੋ ਹੋਸ਼, ਹੁਸ਼ਿਆਰੀ ਨਾਲ ਰਿਹਾ ਸਮਝਾਈਆ । ਕਿਸੇ ਨੂੰ ਕੋਈ ਨਾ ਦੇਣਾ ਦੋਸ਼,
ਦੋਸ਼ੀ ਇਕੋ ਪਾਰਬ੍ਰਹਮ ਅਖਵਾਈਆ । ਜੋ ਸਭ ਦੇ ਅੰਦਰ ਬੈਠਾ ਰਹੇ ਖ਼ਾਮੋਸ਼, ਆਪਣਾ ਭੇਵ ਨਾ ਕਿਸੇ ਸੁਣਾਈਆ । ਜੋਤੀ ਜੋਤ ਸਰੂਪ ਹਰਿ,
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਜੁਗਾ ਜੁਗੰਤਰ ਅਦਲਾ ਬਦਲੀ ਕਰੇ ਸਚ ਅਦਾਲਤ, ਨਾ ਕੋਈ ਦੂਜਾ
ਕਰੇ ਵਕਾਲਤ, ਸਹੀ ਸਲਾਮਤ ਆਪਣਾ ਹੁਕਮ ਵਰਤਾਈਆ । ਆਪਣਾ ਹੁਕਮ ਦੇਵੇ ਹੱਕ, ਹਕੀਕਤ ਸਭ ਦੀ ਵੇਖ ਵਖਾਇੰਦਾ । ਕਲਜੁਗ ਤੇਰਾ
ਪਿਛਲਾ ਕਰੇ ਰਹਿਣ ਫ਼ੱਕ, ਫ਼ਿਕਰ ਸਭ ਦਾ ਆਪ ਮਿਟਾਇੰਦਾ । ਸਤਿਜੁਗ ਨੇਤਰ ਖੋਲ੍ਹ ਰਾਹ ਰਿਹਾ ਤੱਕ, ਕਵਣ ਵੇਲਾ ਪ੍ਰਭ ਸਾਚਾ ਹੁਕਮ ਸੁਣਾਇੰਦਾ ।
ਮੈਂ ਲੋਕਮਾਤ ਜਾਵਾਂ ਨੱਠ, ਬਣ ਸੇਵਕ ਸੇਵ ਕਮਾਇੰਦਾ । ਪੁਰਖ ਅਕਾਲ ਦੀ ਚਰਨੀ ਜਾਵਾਂ ਢੱਠ, ਧੂੜੀ ਮਸਤਕ ਟਿੱਕਾ ਲਾਇੰਦਾ । ਪ੍ਰਭ ਮੇਰਾ
ਮੈਨੂੰ ਮਿਲੇ ਹੱਸ, ਮੇਰੀ ਖ਼ੁਸ਼ੀ ਖ਼ੁਸ਼ੀ ਨਾਲ ਮਿਲਾਇੰਦਾ । ਮੈਂ ਉਸ ਦੇ ਹੁਕਮੇ ਅੰਦਰ ਜਾਵਾਂ ਵਸ, ਵਾਸਤਾ ਇਕੋ ਇਕ ਪਾਇੰਦਾ । ਜੋ ਮਾਰਗ
ਦੇਵੇ ਦੱਸ, ਉਸ ਮਾਰਗ ਉਤੇ ਸੇਵ ਕਮਾਇੰਦਾ । ਜੋ ਖੋਲ੍ਹੇ ਮੇਰਾ ਹੱਟ, ਸੌਦਾ ਉਸ ਦਾ ਨਾਮ ਵਿਕਾਇੰਦਾ । ਜੇ ਮੰਗੇ ਮੇਰੀ ਰਤ, ਮੈਂ ਘੋਲੀ
ਘੋਲ ਘੁਮਾਇੰਦਾ । ਜੇ ਪੁਛੇ ਸਾਚੀ ਮੱਤ, ਗੁਰਮਤ ਇਕੋ ਇਕ ਦ੍ਰਿੜਾਇੰਦਾ । ਸਚ ਕਹਾਂ ਤੂੰ ਮੇਰਾ ਮੈਂ ਤੇਰੇ ਵਸ, ਸੋਹੰ ਤੇਰਾ ਰਾਗ ਅਲਾਇੰਦਾ ।
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਤਾ ਪੁਰਖ ਆਪਣੀ ਕਾਰ ਕਮਾਇੰਦਾ । ਕਰਤਾ ਪੁਰਖ ਕਰੇ
ਕਾਰ, ਕੁਦਰਤ ਕਾਦਰ ਵੇਖ ਵਖਾਈਆ । ਨਵ ਨੌ ਚਾਰ ਉਤਰੇ ਪਾਰ, ਜੁਗ ਚੌਕੜੀ ਲੇਖਾ ਰਿਹਾ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ
ਵੇਖਣ ਖ਼ੁਸ਼ੀਆਂ ਨਾਲ, ਦਰ ਘਰ ਸਾਚੇ ਮੰਗਲ ਗਾਈਆ । ਭਗਤ ਗਾਉਣ ਵਾਹ ਵਾ ਪਰਵਰਦਿਗਾਰ, ਬੇਪਰਵਾਹ ਤੇਰੀ ਵਡਿਆਈਆ । ਖ਼ਾਲਕ
ਖ਼ਲਕ ਤੂੰ ਸਭ ਦਾ ਸਾਂਝਾ ਯਾਰ, ਲਾਸ਼ਰੀਕ ਤੇਰੇ ਵਿਚ ਸ਼ਿਰਕਤ ਨਜ਼ਰ ਕੋਇ ਨਾ ਆਈਆ । ਸਚ ਪ੍ਰੀਤੀ ਸਚ ਦਰਬਾਰ, ਪਾਰਬ੍ਰਹਮ ਬ੍ਰਹਮ ਆਪਣੇ
ਨਾਲ ਮਿਲਾਈਆ । ਕਲਜੁਗ ਕੂੜੀ ਕਿਰਿਆ ਦੇ ਨਿਵਾਰ, ਸਤਿਜੁਗ ਸਾਚਾ ਪੰਧ ਵਖਾਈਆ । ਚਾਰ ਵਰਨਾਂ ਇਕ ਪਿਆਰ, ਸ਼ੱਤਰੀ ਬ੍ਰਾਹਮਣ
ਸ਼ੂਦਰ ਵੈਸ਼ ਗੰਢ ਪਵਾਈਆ । ਦੀਨ ਮਜ਼੍ਹਬ ਜ਼ਾਤ ਪਾਤ ਕੋਈ ਨਾ ਮਾਰੇ ਧਾੜ, ਧਾੜਵੀ ਨਜ਼ਰ ਕੋਇ ਨਾ ਆਈਆ । ਨਾ ਕੋਈ ਦਿਸੇ ਠੱਗ
ਚੋਰ ਯਾਰ, ਠਗੌਰੀ ਜਗਤ ਕੋਇ ਨਾ ਪਾਈਆ । ਨਾਮ ਸੰਦੇਸੇ ਕਰਦੇ ਸਭ ਨੂੰ ਖ਼ਬਰਦਾਰ, ਬੇਖ਼ਬਰ ਖ਼ਬਰ ਸੁਣਾਈਆ । ਕਲਜੁਗ ਜੀਵ ਉਠੋ
ਨੇਤਰ ਅੱਖ ਲਓ ਉਘਾੜ, ਗੂੜ੍ਹੀ ਨੀਂਦ ਰਹਿਣ ਕੋਇ ਨਾ ਪਾਈਆ । ਜਿਸ ਨੂੰ ਉਚੇ ਟਿੱਲੇ ਪਰਬਤ ਲੱਭਦੇ ਜੰਗਲ ਜੂਹ ਉਜਾੜ ਪਹਾੜ, ਸੋ ਸਤਿਗੁਰ
ਤੁਹਾਡੇ ਅੰਦਰ ਬੈਠਾ ਡੇਰਾ ਲਾਈਆ । ਸਤਿਗੁਰ ਪੂਰਾ ਕਰ ਕਿਰਪਾ ਦਏ ਵਖਾਲ, ਬਿਨ ਅੱਖਾਂ ਅੱਖ ਖੁਲ੍ਹਾਈਆ । ਸ਼ਬਦ ਗੁਰੂ ਬਣਾਓ ਦਲਾਲ,
ਸਚ ਦਲਾਲੀ ਲਏ ਕਮਾਈਆ । ਹੱਥ ਵਿਚ ਫੜ ਕੇ ਜੋਤ ਅਗੰਮੀ ਮਸਾਲ, ਕਾਇਆ ਮੰਦਰ ਅੰਦਰ ਡੂੰਘੀ ਕੰਦਰ ਸੁਖਮਨ ਟੇਢੀ ਬੰਕ ਅੰਧੇਰੀ
ਕੰਦਰ ਪਾਰ ਕਰਾਈਆ । ਅੱਗੇ ਪਿਛੇ ਕਰਨ ਜੋਗਾ ਰਹੇ ਨਾ ਕੋਈ ਸਵਾਲ, ਸਭ ਦਾ ਲੇਖਾ ਹੱਲ ਦਏ ਕਰਾਈਆ । ਨਾਤਾ ਤੋੜ ਕਾਲ ਮਹਾਂਕਾਲ,
ਸੁਰਤ ਸ਼ਬਦ ਨਾਲ ਮਿਲਾਈਆ । ਲੇਖਾ ਚੁੱਕੇ ਜਗਤ ਜੰਜਾਲ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਸ਼ਬਦ ਅਨਾਦ ਵਜਾਏ ਤਾਲ, ਡੰਕਾ ਇਕੋ ਇਕ
ਸੁਣਾਈਆ । ਆਤਮ ਸੇਜਾ ਦਏ ਬਹਾਲ, ਪਲੰਘ ਰੰਗੀਲਾ ਇਕ ਵਡਿਆਈਆ । ਭਾਗ ਲਗਾਏ ਸਚ ਸੱਚੀ ਧਰਮਸਾਲ, ਹਰਿਮੰਦਰ ਆਪਣੀ

ਖ਼ੁਸ਼ੀ ਵਖਾਈਆ । ਓਥੇ ਨਾ ਕੋਈ ਸ਼ਾਹ ਨਾ ਕੰਗਾਲ, ਸਤਿਗੁਰ ਮੀਤਾ ਠਾਂਡਾ ਸੀਤਾ ਤ੍ਰੈਗੁਣ ਅਤੀਤਾ ਇਕੋ ਦੇਵਣਹਾਰ ਵਡਿਆਈਆ । ਆ ਕੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਵੱਡਾ ਬੇਪਰਵਾਹੀਆ । ਨਾਲ ਇਸ਼ਾਰੇ ਲੈ ਜਾਏ ਨਾਲ, ਸੁੰਨ ਅਗੰਮ ਡੇਰਾ ਢਾਹੀਆ । ਥਿਰ ਘਰ ਸਾਚਾ ਦਏ ਵਖਾਲ, ਜਿਸ ਘਰ ਇਕੋ ਨਾਮ ਸਾਲਾਹੀਆ । ਕਿਰਪਾ ਕਰੇ ਹੋ ਕਿਰਪਾਲ, ਕਿਰਪਾਨਿਧ ਮਿਹਰ ਨਜ਼ਰ ਉਠਾਈਆ । ਥਿਰ ਘਰ ਵਿਚੋ ਲੈ ਜਾਏ ਆਪਣੇ ਨਾਲ, ਜੋਤੀ ਜੋਤ ਜੋਤ ਰੂਪ ਵਖਾਈਆ । ਸਚਖੰਡ ਦੁਆਰੇ ਦਏ ਸੁਆਲ, ਜਿਥੇ ਪੁਰਖ ਅਕਾਲ ਆਪਣਾ ਚਰਨ ਟਿਕਾਈਆ । ਨੇਤਰ ਪੇਖੇ ਚਾਰ ਕੁੰਟ ਦਹਿ ਦਿਸ਼ਾ ਇਕੋ ਜਲਵਾ ਜੋਤ ਨੂਰ ਜਲਾਲ, ਤਤ ਤਤਵ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਰੂਪ ਸਾਰੇ ਕਰਨ ਅਰਦਾਸ, ਨਾਨਾ ਪਰਕਾਰ ਸੀਸ ਝੁਕਾਈਆ । ਨਾ ਕੋਈ ਪਵਣ ਨਾ ਸਵਾਸ, ਬੱਤੀ ਦੰਦ ਢੋਲਾ ਕੋਈ ਨਾ ਗਾਈਆ । ਇਕੋ ਨਾਦ ਇਕੋ ਰਾਗ ਇਕੋ ਸਵਾਦ ਇਕੋ ਕੰਤ ਸੁਹਾਗ, ਜਿਸ ਵਿਚ ਸਾਰੇ ਹੋਏ ਵਿਸਮਾਦ, ਬਿਸਮਲ ਰੂਪ ਵਟਾਈਆ । ਜਿਸ ਰਚਨਾ ਰਚੀ ਆਦਿ, ਮਧ ਦੇਵਣਹਾਰਾ ਦਾਦ, ਜੁਗਾਦਿ ਆਪਣੇ ਵਿਚ ਛੁਪਾਈਆ । ਸੋ ਸਾਹਿਬ ਕਰਤਾ ਕਰਤਾ ਪੁਰਖ ਆਪਣਾ ਖੇਲ ਕਰੇ ਤਮਾਸ਼, ਜੁਗ ਚੌਕੜੀ ਪੂਰੀ ਕਰਨਹਾਰਾ ਆਸ, ਦੋ ਜਹਾਨ ਪਾਵਣਹਾਰਾ ਰਾਸ, ਲੱਖ ਚੁਰਾਸੀ ਬਣਨਹਾਰਾ ਦਾਸ, ਦਸਤ ਬਦਸਤ ਦਸਤਗੀਰ ਆਪਣਾ ਦਾਮਨ ਰਿਹਾ ਫੜਾਈਆ । ਸਚ ਦੁਆਰ ਭਗਤ ਪਿਆਰ ਸੰਤ ਹੁਦਾਰ ਗੁਰਮੁਖ ਵਿਚਾਰ ਗੁਰਸਿਖ ਪੈਜ ਸੁਆਰ, ਮਿਹਰਵਾਨ ਮਿਹਰ ਨਜ਼ਰ ਏਕੰਕਾਰ ਇਕ ਇਕੱਲਾ ਇਕੋ ਵਾਰ ਉਠਾਈਆ । ਸੋ ਸਾਹਿਬ ਸਤਿਗੁਰ ਕਲਜੁਗ ਅੰਤ ਸ੍ਰੀ ਭਗਵੰਤ ਪਿਛਲਾ ਲੇਖਾ ਦਏ ਨਿਵਾਰ, ਸਤਿਜੁਗ ਸਾਚੇ ਬੰਨ੍ਹੇ ਤੇਰੀ ਧਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਕੋਈ ਨਾ ਪਾਵੇ ਸਾਰ, ਅਗੰਮ ਅਥਾਹ ਬੇਪਰਵਾਹ ਅਕਥ ਕਹਾਣੀ ਬੇਮੁਹਾਣੀ ਜੋਤ ਨੁਰਾਨੀ ਸ਼ਾਹ ਸੁਲਤਾਨੀ ਦੋ ਜਹਾਨ ਇਕੋ ਇਕ ਏਕ ਹੁਕਮ ਵਰਤਾਈਆ ।

## ੧੪ ਅੱਸੂ ੨੦੨੦ ਬਿਕਰਮੀ ਸੌਦਾਗਰ ਸਿੰਘ ਦੇ ਗ੍ਰਿਹਿ ਨਾਥੇਵਾਲ ਜ਼ਿਲਾ ਫ਼ਿਰੋਜ਼ਪੁਰ

ਦੋ ਜਹਾਨ ਪ੍ਰਭੂ ਮੈਨੂੰ ਕਿਉਂ ਕਹਿੰਦੇ, ਚਾਰ ਜੁਗ ਭੇਵ ਨਾ ਕਿਸੇ ਜਣਾਇਆ । ਕਵਣ ਧਾਮ ਮੇਰੇ ਰਹਿੰਦੇ, ਘਰ ਸਾਚੇ ਡੇਰਾ ਲਾਇਆ । ਕਵਣ ਵਸਤ ਪੀਂਦੇ ਖਾਂਦੇ, ਕਵਣ ਧਰਵਾਸ ਜਣਾਇਆ । ਕਵਣ ਗੀਤ ਢੋਲਾ ਗਾਂਦੇ, ਕਵਣ ਰਾਗ ਅਲਾਇਆ । ਕਵਣ ਸੇਜ ਸੁਹੰਜਣੀ ਹੰਢਾਂਦੇ, ਕਵਣ ਆਸਣ ਸੋਭਾ ਪਾਇਆ । ਕਵਣ ਰੰਗ ਰੰਗੀਲ ਚੜ੍ਹਾਂਦੇ, ਕਵਣ ਨੂਰ ਨੂਰ ਰੁਸ਼ਨਾਇਆ । ਕਵਣ ਤ੍ਰਿਸਨਾ ਆਸ ਤਕਾਂਦੇ, ਕਵਣ ਬੈਠੇ ਧਿਆਨ ਧਰਾਇਆ । ਕਵਣ ਵੇਖ ਵੇਖ ਬਿਗਸਾਂਦੇ, ਕਵਣ ਖ਼ੁਸ਼ੀ ਖ਼ੁਸ਼ੀਆਂ ਨਾਲ ਰਲਾਇਆ । ਕਵਣ ਬੈਠੇ ਥੱਕੇ ਮਾਂਦੇ, ਬਣ ਪਾਂਧੀ ਫੇਰਾ ਪਾਇਆ । ਕਵਣ ਵੇਖਣ ਦਰਬਾਰ ਠਾਂਡੇ, ਸੀਤਲ ਧਾਰਾ ਇਕ ਵਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸਾਚਾ ਵਰ, ਮੇਰਾ ਭੇਵ ਦਏ ਖੁਲ੍ਹਾਇਆ । ਮੈਨੂੰ ਦੋ ਜਹਾਨ ਕਿਉਂ ਕਹਿਣ, ਕੀ ਮੇਰੀ ਵਡਿਆਈਆ । ਮੈਂ ਵੇਖਾਂ ਆਪਣੇ ਨੈਣ, ਸਾਹਿਬ ਸਤਿਗੁਰ ਦੇ ਵਖਾਈਆ । ਕਵਣ ਮੇਰਾ ਸਾਕ ਸੱਜਣ ਸੈਣ, ਬੰਧਪ ਕਵਣ ਨਜ਼ਰੀ ਆਈਆ । ਕਵਣ ਬੰਸ ਸਰਬੰਸ ਸੱਚਾ ਹੈਨ, ਕਵਣ ਖੇੜਾ ਰਿਹਾ ਵਸਾਈਆ । ਕਵਣ

ਆਏ ਘਰ ਸਾਚੇ ਲੈਣ, ਕਵਣ ਮੇਲਾ ਲਏ ਮਿਲਾਈਆ । ਕਵਣ ਰੂਪ ਦਿਵਸ ਰੈਣ, ਕਵਣ ਚੰਦ ਸੂਰਜ ਰੁਸ਼ਨਾਈਆ । ਕਵਣ ਅੱਖਰ ਅਲਿਫ਼ ਯੇ ਐਨ ਗ਼ੈਨ, ਨੁਕ਼ਤਾ ਨੂਨ ਕਵਣ ਮਿਟਾਈਆ । ਕਵਣ ਨਾਤਾ ਜਗਤ ਭਰਾਤਾ, ਭਾਈ ਭੈਣ ਪਿਤਾ ਪੂਤ ਕਵਣ ਅਖਵਾਈਆ । ਕਵਣ ਖੇਲੇ ਖੇਲ ਤਮਾਸ਼ਾ, ਕਵਣ ਵੇਖਣ ਦਰ ਘਰ ਆਈਆ । ਕਵਣ ਕਰੇ ਹਾਸ ਬਲਾਸਾ, ਕਵਣ ਰੋਗ ਸੋਗ ਸਮਝਾਈਆ । ਕਵਣ ਨੂਰ ਜੋਤ ਪਰਕਾਸ਼ਾ, ਕਵਣ ਅੰਧ ਅੰਧੇਰ ਵਖਾਈਆ । ਕਵਣ ਪ੍ਰਿਥਮੀ ਕਵਣ ਆਕਾਸ਼ਾ, ਕਵਣ ਗਗਨ ਮੰਡਲ ਰੁਸ਼ਨਾਈਆ । ਕਵਣ ਸੱਜਣ ਦੇਵੇ ਸਾਥਾ, ਕਵਣ ਸੰਗ ਨਿਭਾਈਆ । ਕਵਣ ਪੂਜਾ ਕਵਣ ਪਾਠਾ, ਕਵਣ ਮੰਤਰ ਨਾਮ ਦ੍ਰਿੜਾਈਆ । ਕਵਣ ਤੀਰਥ ਕਵਣ ਤਾਟਾ, ਕਵਣ ਸਰੋਵਰ ਦਏ ਨੁਹਾਈਆ । ਕਵਣ ਵਣਜਾਰਾ ਕਵਣ ਹਾਟਾ, ਕਵਣ ਪੜਦਾ ਦਏ ਉਠਾਈਆ । ਕਵਣ ਰੱਖੇ ਉਤਮ ਜ਼ਾਤਾ, ਆਪ ਆਪਣਾ ਰੂਪ ਵਟਾਈਆ । ਕਵਣ ਦੋ ਜਹਾਨ ਬਣਾਏ ਗਾਏ ਗਾਥਾ, ਕਰੇ ਸਚ ਪੜ੍ਹਾਈਆ । ਕਵਣ ਚਲਾਏ ਮੇਰਾ ਰਾਥਾ, ਬਣ ਰਥਵਾਹੀ ਫੇਰਾ ਪਾਈਆ । ਕਵਣ ਹੋਏ ਨਾਥ ਅਨਾਥਾ, ਦੀਨਨ ਵੇਖੇ ਥਾਉਂ ਥਾਈਂਆ । ਕਵਣ ਭਰੇ ਵਸਤ ਅਮੋਲਕ ਸਾਚੇ ਕਾਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੇਰਾ ਲੇਖਾ ਦੇ ਜਣਾਈਆ । ਮੇਰਾ ਲੇਖਾ ਦੱਸ ਭਗਵਾਨ, ਪ੍ਰਭ ਤੇਰੇ ਅੱਗੇ ਅਰਜੋਈਆ । ਆਦਿ ਜੁਗਾਦਿ ਜੁਗ ਚੌਕੜੀ ਸਾਰੇ ਗਾਣ, ਦੋ ਜਹਾਨਾਂ ਮੇਰਾ ਨਾਮ ਸੁਣਾਈਆ । ਅੰਦਰ ਵੜ ਕੇ ਪੌੜੇ ਚੜ੍ਹ ਕੇ ਕੋਈ ਨਾ ਆਇਆ ਸਮਝਾਣ, ਪੜਦਾ ਸਕੇ ਨਾ ਕੋਇ ਉਠਾਈਆ । ਸਾਚੀ ਸਿਖਿਆ ਦੇ ਮਿਹਰਵਾਨ, ਇਕੋ ਅੱਖਰ ਦੇ ਸਮਝਾਈਆ । ਜਿਸ ਵਿਚ ਨਜ਼ਰੀ ਆਏ ਮੈਨੂੰ ਮੇਰਾ ਮਕਾਨ, ਹੱਦ ਹਦੂਦ ਸਮਝ ਮੇਰੀ ਵਿਚ ਪਾਈਆ । ਮੈਂ ਉਠ ਉਠ ਵੇਖਾਂ ਚਾਰੋ ਕੁੰਟ ਕਵਣ ਝੁਲੇ ਨਿਸ਼ਾਨ, ਨਿਸ਼ਾਨਾ ਕਵਣ ਰਿਹਾ ਉਠਾਈਆ । ਮੇਰੀ ਬਾਲੀ ਬੁੱਧ ਅਵਾਣ, ਤੁਧ ਬਿਨ ਸਮਝ ਕੋਇ ਨਾ ਆਈਆ । ਕਿਰਪਾ ਕਰ ਮੇਰੇ ਭਗਵਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਮੰਗੀ ਇਕ ਸਰਨਾਈਆ । ਮੇਰੇ ਵਿਚ ਪ੍ਰਭੂ ਕੀ ਗੁਣ, ਗੁਣਵੰਤੇ ਦੇ ਸਮਝਾਈਆ । ਮੈਂ ਆਪਣਾ ਨਾਮ ਗੁਰ ਅਵਤਾਰਾਂ ਕੋਲੋ ਲੈਣਾ ਸੁਣ, ਮੈਨੂੰ ਆਪਣੀ ਸਮਝ ਕੋਈ ਨਾ ਆਈਆ । ਸਾਰੇ ਮੇਰੇ ਨਾਮ ਦੀ ਵਜੌਂਦੇ ਗਏ ਧੁਨ, ਰਾਗ ਰਾਗਨੀ ਨਾਲ ਮਿਲਾਈਆ । ਮੇਰਾ ਭੇਵ ਨਾ ਚੁਕਾਇਆ ਫੁਨ, ਫੁਰਨਾ ਮੇਰਾ ਪੂਰ ਨਾ ਕੋਇ ਕਰਾਈਆ । ਕਰ ਕਿਰਪਾ ਪ੍ਰਭ ਆਇਉਂ ਹੁਣ, ਹੁਨਰ ਆਪਣਾ ਦੇ ਸਮਝਾਈਆ । ਜਿਸ ਹੁਨਰ ਨਾਲ ਮੇਰੀ ਨੀਂਹ ਦਿਤੀ ਚੁਣ, ਮੇਰੀ ਰਚਨਾ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੇਰਾ ਲੇਖਾ ਦੇ ਜਣਾਈਆ । ਸੁਣ ਸੁਣ ਥੱਕੇ ਮੇਰੇ ਕੰਨ, ਨੇਤਰ ਨੈਣ ਨੈਣ ਉਠਾਈਆ । ਭਾਂਡਾ ਭਰਮ ਕੋਈ ਨਾ ਸਕਿਆ ਭੰਨ, ਭੁਲੇਖਾ ਨਿਕਲਿਆ ਮੂਲ ਨਾ ਰਾਈਆ । ਜੁਗ ਚੌਕੜੀ ਮੈਂ ਬਣਿਆ ਰਿਹਾ ਅੰਨ੍ਹ, ਸਾਚਾ ਰੋਸ਼ਨ ਨਾ ਕੋਇ ਜਣਾਈਆ । ਕਿਰਪਾ ਕਰ ਮੇਰੇ ਭਗਵਨ, ਪ੍ਰਭ ਤੇਰੀ ਓਟ ਤਕਾਈਆ । ਮਿਹਰਵਾਨ ਹੋ ਕੇ ਦੇ ਦਾਨ, ਸਾਚੀ ਭਿਛਿਆ ਝੋਲੀ ਪਾਈਆ । ਮੈਂ ਆਪਣਾ ਆਪ ਲਵਾਂ ਪਛਾਣ, ਮੇਰੀ ਸਮਝ ਨਾਲ ਮਿਲਾਈਆ । ਮੈਂ ਨਹੀਂ ਜਾਣਾਂ ਮੈਂ ਬੇਈਮਾਨ ਕਿ ਸ਼ੈਤਾਨ, ਕੀ ਮੇਰੇ ਵਿਚ ਵਡਿਆਈਆ । ਜਿੰਨਾਂ ਚਿਰ ਨਾ ਦੇਵੇਂ ਆਪਣਾ ਇਕ ਗਿਆਨ, ਭੇਵ ਅਭੇਦ ਖੁਲ੍ਹਾਈਆ । ਓਨਾਂ ਚਿਰ ਮੈਂ ਬਣਿਆ ਰਹਾਂ ਬਾਲ ਅਵਾਣ, ਬੁੱਧ ਸੁਧ ਨਜ਼ਰ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਇਕ ਦੇ ਸਾਚਾ ਵਰ, ਜਿਸ ਮਿਲਿਆਂ ਲੇਖਾ ਰਹਿਣ ਨਾ ਪਾਈਆ । ਸੁਣ ਬਾਲੇ ਦੋ ਜਹਾਂ, ਦੂਜਾ ਤੈਨੂੰ ਦਏ ਜਣਾਈਆ । ਤੇਰਾ ਨਾਉਂ ਰੱਖ ਵਡ ਮਿਹਰਵਾਂ, ਮਿਹਰ ਨਜ਼ਰ ਉਠਾਈਆ । ਦੋ ਜਹਾਂ ਵਸਣ ਤਿਸ ਕਰੇ ਇਕ ਨਿਆਂ, ਨਿਆਂਕਾਰੀ ਹਰਿ ਦ੍ਰਿੜਾਈਆ । ਨਿਰਗੁਣ ਸਰਗੁਣ ਮੇਰਾ ਖੇਲ ਮਹਾਂ, ਭੇਵ ਅਭੇਦ ਦਿਆਂ ਜਣਾਈਆ । ਸਚਖੰਡ ਰੂਪ ਰੰਗ ਰੇਖ ਕੋਈ ਨਾ, ਲੋਕਮਾਤ ਸਰਗੁਣ ਸਤਿ ਸਰੂਪ ਵਖਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋ ਜਹਾਨ ਆਪਣੇ ਚਰਨ ਰਿਹਾ ਵਖਾ, ਜਿਸ ਚਰਨਾਂ ਵਿਚ ਕੋਟਨ ਕੋਟ ਬ੍ਰਹਿਮੰਡ ਰਿਹਾ ਛੁਪਾਈਆ । ਆਪਣੀ ਧਾਰ ਤੇਰਾ ਨਾਉਂ ਦਏ ਵਖਾ, ਸਾਰ ਸ਼ਬਦ ਤੇਰੀ ਚਾਰ ਦੀਵਾਰ ਬਣਾਈਆ । ਨਿਰਮਲ ਜੋਤ ਤੇਰੇ ਵਿਚ ਟਿਕਾ, ਹਰ ਘਟ ਕਰੇ ਰੁਸ਼ਨਾਈਆ । ਏਥੇ ਓਥੇ ਜੋ ਮੈਨੂੰ ਸਮਝੇ ਪਿਤਾ ਮਾਂ, ਸੋ ਦੋ ਜਹਾਨਾਂ ਬੂਝ ਬੁਝਾਈਆ । ਮੇਰਾ ਖੇਲ ਤੇਰਾ ਨਾਂ, ਦੂਜੀ ਹੱਦ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਬਿਨ ਭਗਤਾਂ ਕਿਸੇ ਵੇਖਿਆ ਨਾ, ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ ਢੋਲੇ ਗਾਈਆ । ਕਰ ਕਿਰਪਾ ਜਿਸ ਆਪਣੇ ਨਾਲ ਲਏ ਮਿਲਾ, ਸੋ ਤੇਰਾ ਰੂਪ ਹਰ ਘਟ ਨਜ਼ਰੀ ਆਈਆ । ਉਠ ਵੇਖ ਪਾਰਬ੍ਰਹਮ ਵਖਾਵੇ ਤੈਨੂੰ ਤੇਰਾ ਥਾਂ, ਸਚਖੰਡ ਛੱਡ ਬ੍ਰਹਿਮੰਡ ਲੋਕਮਾਤ ਇਕੋ ਨੂਰ ਰੁਸ਼ਨਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਬਣਿਆ ਬੇਪਰਵਾਹ, ਬੇਪਰਵਾਹੀ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਕੱਢ ਕੇ ਭਰਮ ਭੁਲੇਖਾ, ਸਾਚਾ ਨੇਤਾ ਨਿਰਵੈਰ ਦਏ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਦਿ ਜੁਗਾਦੀ ਏਕੋ ਏਕਾ, ਬਿਨ ਏਕਿਉਂ ਆਪਣਾ ਅੰਕਮ ਦਏ ਜਣਾਈਆ ।



੬੪੦



੧੫

### ✪ ੧੪ ਅੱਸੂ ੨੦੨੦ ਬਿਕਰਮੀ ਜਸਵੰਤ ਸਿੰਘ ਦੇ ਗ੍ਰਹਿ ਪਿੰਡ ਰਾਜੇਆਣਾ ਜ਼ਿਲਾ ਫਿਰੋਜ਼ਪੁਰ ✪

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਸੱਚਖੰਡ ਨਿਵਾਸੀ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਜੋਧਾ ਸੂਰਬੀਰ ਬਲਵਾਨਾ, ਬੇਪਰਵਾਹ ਆਪਣੀ ਧਾਰ ਸਮਝਾਇੰਦਾ । ਏਕੰਕਾਰ ਭੂਪਤ ਭੂਪ ਨੌਜਵਾਨਾ, ਧੁਰ ਸੰਦੇਸਾ ਇਕ ਅਲਾਇੰਦਾ । ਆਦਿ ਨਿਰੰਜਣ ਜੋਤੀ ਨੂਰ ਨੂਰ ਮਹਾਨਾ, ਅੰਧ ਅੰਧੇਰਾ ਸਰਬ ਗਵਾਇੰਦਾ । ਪਾਰਬ੍ਰਹਮ ਪ੍ਰਭ ਹੋ ਪਰਧਾਨਾ, ਅਬਿਨਾਸ਼ੀ ਕਰਤਾ ਖੇਲ ਵਖਾਇੰਦਾ । ਸ੍ਰੀ ਭਗਵਾਨ ਝੁਲਾਏ ਧਰਮ ਨਿਸ਼ਾਨਾ, ਦੋ ਜਹਾਨਾਂ ਆਪ ਉਠਾਇੰਦਾ । ਪਾਰਬ੍ਰਹਮ ਪ੍ਰਭ ਦੇਵੇ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਸਰਬ ਪੜ੍ਹਾਇੰਦਾ । ਸਚਖੰਡ ਸੁਹਾਏ ਸਚ ਮਕਾਨਾ, ਦਰ ਘਰ ਸਾਚੇ ਸੋਭਾ ਪਾਇੰਦਾ । ਆਪਣੀ ਇਛਿਆ ਕਰ ਪਰਵਾਨਾ, ਸਾਚੀ ਭਿਛਿਆ ਝੋਲੀ ਪਾਇੰਦਾ । ਥਿਰ ਘਰ ਵੇਖੇ ਮਾਰ ਧਿਆਨਾ, ਸ਼ਬਦੀ ਸੁੱਤ ਆਪ ਜਗਾਇੰਦਾ । ਉਠ ਪੂਤ ਨੌਜਵਾਨਾ, ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣ ਨੈਣ ਖੁਲਾਨਾ, ਅੱਖ ਪਰਤੱਖ ਆਪ ਦ੍ਰਿੜਾਇੰਦਾ । ਪੁਰੀ ਲੋਅ ਬ੍ਰਹਿਮੰਡ ਖੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਲੇਖਾ ਜਾਣ ਧੁਰ ਦਰਬਾਰ, ਧੁਰ ਦੀ ਧਾਰ ਆਪ ਸਮਝਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਖ਼ਾਲਕ ਖ਼ਲਕ ਖੇਲ ਕਰੇ ਅਪਾਰ, ਭੇਵ ਅਭੇਦ ਆਪਣੇ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਭਰਮ ਭੁਲੇਖਾ ਭੇਵ ਜਣਾਈਆ । ਭਰਮ ਭੁਲੇਖਾ ਕਰੇ ਦੂਰ, ਹਰਿ ਸਤਿਗੁਰ ਵਡ ਵਡਿਆਈਆ । ਆਦਿ ਜੁਗਾਦੀ ਸਭ ਦੀ ਆਸਾ ਮਨਸਾ ਪੂਰ, ਭਰਪੂਰ ਰਿਹਾ ਸਰਬ ਠਾਈਆ । ਵਸਣਹਾਰਾ ਨੇੜੇ ਦੂਰ, ਹਰ ਘਟ ਬੈਠਾ ਡੇਰਾ ਲਾਈਆ । ਅਰਜ਼ ਆਰਜ਼ੂ ਕਰੇ ਮਨਜ਼ੂਰ, ਜੋ ਜਨ ਅੰਤਰ ਆਤਮ ਧਿਆਨ ਲਗਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਵੈਰ ਹੋ ਕੇ ਵੇਖੇ ਆਪ ਜ਼ਰੂਰ, ਨਿਰਭੌ ਭੈ ਸਰਬ ਜਣਾਈਆ । ਨਾਤਾ ਤੋੜ ਕੂੜੇ ਕੂੜ, ਸਚ ਸੁਚ ਦਏ ਸਮਝਾਈਆ । ਚਤੁਰ ਸੁਘੜ ਬਣਾਏ ਮੂੜ, ਸ਼ਬਦ ਬਾਣੀ ਇਕ ਦ੍ਰਿੜਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਕਰੇ ਚੂਰੋ ਚੂਰ, ਨਾਮ ਖੰਡਾ ਚੰਡ ਪਰਚੰਡ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਵੱਲਾ, ਆਦਿ ਜੁਗਾਦੀ ਆਪ ਕਰਾਇੰਦਾ । ਵਸਣਹਾਰਾ ਸਚਖੰਡ ਮਹੱਲਾ, ਦਰ ਘਰ ਸਾਚਾ ਸੋਭਾ ਪਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਨਿਰਗੁਣ ਸਰਗੁਣ ਫੜਾਏ ਪੱਲਾ, ਪੱਲੂ ਇਕੋ ਗੰਢ ਪਵਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਿਤ ਨਵਿਤ ਮਾਤ ਘੱਲਾ, ਧੁਰ ਸੰਦੇਸ਼ਾ ਆਪ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜੁਗ ਚੌਕੜੀ ਖੇਲਿਆ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਢਾਈਆ । ਸ਼ਬਦ ਸੰਦੇਸਾ ਦਿਤਾ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਜਗਤ ਸਮਝਾਈਆ । ਈਸਾ ਮੂਸਾ ਮੁਹੰਮਦ ਪੀਰ ਪੈਗ਼ੰਬਰ ਕਰ ਕੇ ਹੁਕਮਰਾਨ, ਲੋਕਮਾਤ ਇਕੋ ਧਾਰ ਜਣਾਈਆ । ਸਾਚਾ ਕਲਮਾ ਨਬੀ ਰਸੂਲ ਦੇ ਪੈਗ਼ਾਮ, ਕਾਇਨਾਤ ਕਰੀ ਪੜ੍ਹਾਈਆ । ਭੇਵ ਖੁਲਾਇਆ ਦੀਨ ਇਸਲਾਮ, ਇਸਮ ਆਅਜ਼ਮ ਇਕ ਸਮਝਾਈਆ । ਪਰਵਰਦਿਗਾਰ ਲਾਸ਼ਰੀਕ ਵੇਖਣਹਾਰਾ ਮਾਰ ਧਿਆਨ, ਸਚ ਤੌਫ਼ੀਕ ਆਪਣੇ ਹੱਥ ਰਖਾਈਆ । ਨਾਨਕ ਨਿਰਗੁਣ ਕਰ ਪਰਧਾਨ, ਲੋਕਮਾਤ ਦਏ ਵਡਿਆਈਆ । ਨਾਮ ਸਤਿ ਅਗੰਮੀ ਦਾਨ, ਸ਼ਬਦ ਅਨਾਦੀ ਝੋਲੀ ਪਾਈਆ । ਸ੍ਰਿਸ਼ਟ ਸਬਾਈ ਦੇ ਗਿਆਨ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਮਝਾਈਆ । ਆਤਮ ਅੰਤਰ ਕਰ ਪਹਿਚਾਨ, ਜਗਤ ਬਸੰਤਰ ਦਏ ਬੁਝਾਈਆ । ਅੰਮ੍ਰਿਤ ਆਤਮ ਦੇ ਪੀਣ ਖਾਣ, ਨਿਝਰ ਝਿਰਨਾ ਇਕ ਝਿਰਾਈਆ । ਘਰ ਵਿਚ ਘਰ ਵਖਾਉਣਾ ਸਚ ਮਕਾਨ, ਜਿਸ ਘਰ ਵਸੇ ਬੇਪਰਵਾਹੀਆ । ਇਕੋ ਵੱਜੇ ਸ਼ਬਦ ਨਾਦ ਸੱਚੀ ਧੁਨਕਾਨ, ਅਨਹਦ ਨਾਦੀ ਨਾਦ ਅਲਾਈਆ । ਜਿਸ ਦੀ ਖਾਣੀ ਬਾਣੀ ਸਿਫ਼ਤ ਕਰੇ ਦੋ ਜਹਾਨ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਸਾਰੇ ਬੈਠੇ ਧਿਆਨ ਲਗਾਈਆ । ਓਸ ਸਾਹਿਬ ਦਾ ਇਕ ਅਨੰਦ, ਸਦ ਅਨੰਦ ਚਿਤ ਵਖਾਈਆ । ਕਰੇ ਪਰਕਾਸ਼ ਨਿਰਗੁਣ ਚੰਦ, ਜੋਤ ਨਿਰੰਜਣ ਕਰ ਰੁਸ਼ਨਾਈਆ । ਲੱਖ ਚੁਰਾਸੀ ਜੀਵ ਆਤਮ ਨਾਤਾ ਲੈਣਾ ਗੰਢ, ਨਾ ਕੋਈ ਤੋੜੇ ਤੋੜ ਤੁੜਾਈਆ । ਢੋਲਾ ਗਾਉਣਾ ਇਕੋ ਛੰਦ, ਸਾਹਿਬ ਸੁਆਮੀ ਦਏ ਸਮਝਾਈਆ । ਖ਼ੁਸ਼ੀ ਕਰਾਉਣਾ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਈਆ । ਕਾਇਆ ਚੋਲੀ ਚਾੜ੍ਹੇ ਰੰਗ, ਰੰਗ ਮਜੀਠੀ ਇਕ ਵਖਾਈਆ । ਭਾਂਡਾ ਭਰਮ ਦੂਈ ਦਵੈਤ ਹਉਮੇ ਹੰਗਤਾ ਢਾਹੇ ਕੰਧ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਸ਼ਬਦ ਗਿਆਨ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਨਿਰਗੁਣ ਸਰਗੁਣ ਗਿਆ ਸਮਝਾਈਆ । ਨਿਰਗੁਣ ਦਾਤਾ ਪੁਰਖ ਅਕਾਲ , ਅਕਲ ਕਲਧਾਰੀ ਖੇਲ ਖਲਾਇੰਦਾ । ਗੋਬਿੰਦ ਸੂਰਾ ਇਕੋ ਲਾਲ,

ਦੋ ਜਹਾਨਾਂ ਵਾਲੀ ਆਪ ਪਰਗਟਾਇੰਦਾ । ਸਾਚੀ ਸਿਖਿਆ ਦਿਤੀ ਸਿਖਾਲ, ਅੰਮ੍ਰਿਤ ਜਾਮ ਹੱਥ ਫੜਾਇੰਦਾ । ਚਾਰ ਵਰਨਾਂ ਕਰੇ ਪਿਆਰ, ਊਚ ਨੀਚ ਭੇਵ ਮਿਟਾਇੰਦਾ । ਆਪੇ ਵੇਖੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਮਾਰਗ ਦੱਸ ਸੁਖਾਲ, ਗੁਰਮੁਖ ਆਪਣੇ ਰਾਹੇ ਪਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਰਾਏ ਧਰਮ ਭੈ ਚੁਕਾਇੰਦਾ । ਚਿਤਰ ਗੁਪਤ ਲੇਖਾ ਨਾ ਸਕੇ ਵਖਾਲ, ਲਾੜੀ ਮੌਤ ਡੇਰਾ ਢਾਹਿੰਦਾ । ਉਚੀ ਕੂਕ ਕਰ ਕੇ ਗਿਆ ਪੁਕਾਰ, ਜੀਵ ਜੰਤ ਸਾਧ ਸੰਤ ਸਰਬ ਸਮਝਾਇੰਦਾ । ਕਲਜੁਗ ਰੈਣ ਅੰਧੇਰੀ ਆਵੇ ਰਾਤ, ਚਾਰੋ ਕੁੰਟ ਅੰਧੇਰਾ ਛਾਇੰਦਾ । ਪ੍ਰਭ ਦੀ ਭੁੱਲਣ ਸਾਰੇ ਗਾਥ, ਹਿਰਦੇ ਹਰਿ ਨਾ ਕੋਇ ਵਸਾਇੰਦਾ । ਝਗੜਾ ਪਵੇ ਦੀਨ ਮਜ਼੍ਹਬ ਜ਼ਾਤ ਪਾਤ, ਆਤਮ ਪਰਮਾਤਮ ਭੇਵ ਨਾ ਕੋਇ ਜਣਾਇੰਦਾ । ਫਿਰੇ ਦਰੋਹੀ ਪ੍ਰਿਥਮੀ ਆਕਾਸ਼, ਚੌਦਾਂ ਲੋਕ ਚੌਦਾਂ ਤਬਕ ਸਰਬ ਕੁਰਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਸਾਰੇ ਛੱਡ ਜਾਣ ਸਾਥ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਕਿਸੇ ਨਜ਼ਰ ਨਾ ਆਏ ਤਰਲੋਕੀ ਨਾਥ, ਰਮਿਆ ਰੂਪ ਰਾਮ ਨਾ ਕੋਇ ਜਣਾਇੰਦਾ । ਈਸਾ ਮੂਸਾ ਮੁਹੰਮਦ ਕੋਈ ਨਾ ਚੜ੍ਹਾਵੇ ਰਾਥ, ਰਥ ਰਥਵਾਹੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਗਿਆਨ ਆਪ ਜਣਾਇੰਦਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਜੁਗ ਚੌਕੜੀ ਵੇਖਣਹਾਰਾ, ਦੋ ਜਹਾਨਾਂ ਨਿਰਗੁਣ ਸਰਗੁਣ ਆਪਣੀ ਸੇਵ ਲਗਾਈਆ । ਧੁਰ ਸੰਦੇਸਾ ਦੇਂਦਾ ਰਿਹਾ ਗੁਰ ਅਵਤਾਰਾਂ, ਪੀਰ ਪੈਗ਼ੰਬਰਾਂ ਰਾਜ ਰਾਜਾਨਾਂ ਇਕੋ ਹੁਕਮ ਸਮਝਾਈਆ । ਨੌਂ ਖੰਡ ਸਤ ਦੀਪ ਸਦੀ ਵੀਹਵੀਂ ਸਾਚਾ ਦਿਸੇ ਨਾ ਕੋਈ ਮੰਦਰ ਮਕਾਨਾ, ਸ਼ਿਵਦਵਾਲੇ ਮੱਠ ਮਸੀਤ ਗੁਰੂਦੁਆਰੇ ਸਾਰੇ ਦੇਣ ਦੁਹਾਈਆ । ਸਾਚਾ ਨਜ਼ਰ ਨਾ ਆਏ ਨਿਸ਼ਾਨਾ, ਜਗਤ ਸਿਆਸਤ ਕਰੇ ਲੜਾਈਆ । ਗੁਰ ਕਾ ਸ਼ਬਦ ਨਾ ਕਿਸੇ ਸੁਹਾਨਾ, ਨਾਨਕ ਗੋਬਿੰਦ ਸੀਸ ਨਾ ਕੋਇ ਝੁਕਾਈਆ । ਕਰੇ ਖੇਲ ਮਰਦ ਮਰਦਾਨਾ, ਸਚ ਮਰਦਾਨਗੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਗਿਆ ਜਣਾਈਆ । ਕਲਜੁਗ ਅੰਤਮ ਆਵੇ ਮਾਤ, ਨੌਂ ਖੰਡ ਪਏ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਲਿਖ ਕੇ ਗਏ ਕਲਮ ਦਵਾਤ, ਕਾਗ਼ਜ਼ ਸ਼ਾਹੀ ਨਾਲ ਮਿਲਾਈਆ । ਨਾ ਕੋਈ ਰਹੇ ਸੱਜਣ ਸਾਕ, ਸਗਲਾ ਬੰਧਪ ਸੰਗ ਨਾ ਕੋਇ ਨਿਭਾਈਆ । ਆਤਮ ਨਜ਼ਰ ਨਾ ਆਏ ਪਾਕ, ਪਵਿਤ ਰੂਪ ਨਾ ਕੋਇ ਵਟਾਈਆ । ਕੂੜੀ ਕਿਰਿਆ ਘਰ ਘਰ ਉਡੇ ਖ਼ਾਕ, ਜਗਤ ਵਿਭਚਾਰ ਰੂਪ ਵਟਾਈਆ । ਸਾਧ ਸੰਤ ਬੰਦ ਕਿਵਾੜੀ ਕੋਇ ਨਾ ਖੋਲ੍ਹੇ ਤਾਕ, ਬਜਰ ਕਪਾਟੀ ਕੁੰਡਾ ਕੋਇ ਨਾ ਲਾਹੀਆ । ਸਾਚਾ ਨਾਮ ਮਿਲੇ ਨਾ ਕਿਸੇ ਹਾਟ, ਸ਼ਾਸਤਰ ਸਿਮਰਤ ਵੇਦ ਪੁਰਾਨ ਨੇਤਰ ਨੈਣ ਰੋਵਣ ਮਾਰਨ ਧਾਹੀਂਆ । ਪ੍ਰਭ ਕੀ ਕੋਈ ਨਾ ਬੁੱਝੇ ਜ਼ਾਤ, ਮੰਦਰ ਅੰਦਰ ਵੜ ਵੇਖਣ ਕੋਇ ਨਾ ਜਾਈਆ । ਕਲਜੁਗ ਜੀਵ ਬਣੇ ਨਾਰ ਕਮਜ਼ਾਤ, ਹਰਿ ਕੰਤ ਸਚ ਨਾ ਕੋਇ ਹੰਢਾਈਆ । ਆਤਮ ਸੇਜਾ ਸੁਹੰਜਣੀ ਮਿਲੇ ਕਿਸੇ ਨਾ ਖਾਟ, ਭੋਗ ਬਲਾਸ ਭਰਮੇ ਸਰਬ ਲੋਕਾਈਆ । ਚਾਰ ਵਰਨ ਦਹਿ ਦਿਸ਼ਾ ਅਠਾਰਾਂ ਬਰਨ ਕੋਈ ਨਾ ਬੰਨ੍ਹੇ ਨਾਤ, ਨਾਤਾ ਬਿਧਾਤਾ ਜੋੜ ਨਾ ਕੋਇ ਜੁੜਾਈਆ । ਸ੍ਰਿਸ਼ਟ ਸਬਾਈ ਡੁੱਬੇ ਡੂੰਘੇ ਖਾਤ, ਖਾਤਾ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਜੁਗ ਚੌਕੜੀ ਵਰਤੇ ਹੁਕਮ ਜਗ, ਜਗਜੀਵਣ ਦਾਤਾ ਆਪ ਵਰਤਾਇੰਦਾ । ਕਲਜੁਗ ਅੰਤ ਸਦੀ ਵੀਹਵੀਂ ਨਵ ਨੌ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ

ਬਰਸਾਇੰਦਾ । ਕਲਜੁਗ ਜੀਵ ਹੰਸ ਬਣੇ ਕਗ, ਕਾਗ ਰੂਪ ਸਰਬ ਕੁਰਲਾਇੰਦਾ । ਪ੍ਰਭ ਕਾ ਦਰਸ਼ਨ ਕੋਈ ਨਾ ਕਰੇ ਉਪਰ ਸ਼ਾਹ ਰਗ, ਸੱਚਾ ਸ਼ਹਿਨਸ਼ਾਹ ਨਜ਼ਰ ਕਿਸੇ ਨਾ ਆਇੰਦਾ । ਮੱਕਾ ਕਾਅਬਾ ਕਰਦੇ ਫਿਰਦੇ ਹੱਜ, ਸਚ ਮਹਿਰਾਬ ਅੰਦਰ ਵੜ ਇਕ ਮਹਿਬੂਬ ਦਰਸ ਕੋਇ ਨਾ ਪਾਇੰਦਾ । ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਡੂੰਘੇ ਸਾਗਰ ਗਹਿਰੀ ਕੰਦਰ ਰਹੇ ਲੱਭ, ਸਾਢੇ ਤਿੰਨ ਹੱਥ ਅੰਦਰ ਫੇਰਾ ਕੋਈ ਨਾ ਪਾਇੰਦਾ । ਰਾਜ ਰਾਜਾਨ ਸ਼ਾਹ ਸੁਲਤਾਨ ਜਗਤ ਜਾਗੀਰ ਵੰਡਦੇ ਫਿਰਦੇ ਅੱਧ, ਆਪਣੀ ਹਦੂਦ ਸਮਝ ਕੋਇ ਨਾ ਪਾਇੰਦਾ । ਕੂੜ ਖ਼ੁਮਾਰੀ ਸ਼ਰਅ ਸ਼ਰੀਅਤੀ ਪੀਤੀ ਮਧ, ਆਤਮ ਰਸ ਹੱਥ ਕਿਸੇ ਨਾ ਆਇੰਦਾ । ਸ੍ਰੀ ਭਗਵਾਨ ਨਾਲੋ ਹੋ ਗਏ ਅੱਡ, ਸਾਚਾ ਨਾਤਾ ਜੋੜ ਨਾ ਕੋਇ ਜੁੜਾਇੰਦਾ । ਬਿਨ ਹਰਿ ਨਾਮੇ ਖ਼ਾਲੀ ਦਿਸਣ ਹੱਡ, ਸਾਂਤਕ ਸਤਿ ਧੀਰ ਨਾ ਕੋਇ ਧਰਾਇੰਦਾ । ਆਪਣੀ ਕਰਨੀ ਕਰਮੀ ਡਿਘੇ ਡੂੰਘੀ ਖੱਡ, ਬਿਨ ਸਤਿਗੁਰ ਪੂਰੇ ਬਾਹਰ ਨਾ ਕੋਇ ਕਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਕਰਤਾ ਵੇਖ ਵਖਾਇੰਦਾ । ਜੁਗ ਕਰਤਾ ਵੇਖੇ ਅੰਤਮ ਕਲ, ਕਲਕਾਤੀ ਫੇਰਾ ਪਾਈਆ । ਜਗਤ ਅੰਧੇਰਾ ਰਿਹਾ ਚਲ, ਕੂੜੀ ਆਂਧੀ ਦਏ ਵਗਾਈਆ । ਭੂਪਤ ਭੂਪ ਦੂਈ ਦਵੈਤੀ ਲੱਗਾ ਸਲ, ਸੀਤਲ ਧਾਰ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਆਮੀ ਅੰਤਰਜਾਮੀ ਘਟ ਘਟ ਵਾਸੀ ਪੁਰਖ ਅਬਿਨਾਸ਼ੀ ਨਿਰਗੁਣ ਨਿਰਵੈਰ ਨਿਰਾਕਾਰ ਏਕੰਕਾਰ ਇਕ ਇਕੱਲਾ ਆਪਣਾ ਹੁਕਮ ਵਰਤਾਈਆ । ਸਾਚਾ ਹੁਕਮ ਵਰਤੇ ਭਗਵੰਤ, ਸਾਹਿਬ ਸਤਿਗੁਰ ਦਇਆ ਕਮਾਈਆ । ਵੇਖਣਹਾਰਾ ਜੁਗਾ ਜੁਗੰਤ, ਜੁਗ ਚੌਕੜੀ ਪੰਧ ਮੁਕਾਈਆ । ਕਲਜੁਗ ਅੰਤਮ ਆਏ ਆਪ ਮਹਿਮਾ ਜਣਾਏ ਅਗਣਤ, ਬੋਧ ਅਗਾਧ ਕਰੇ ਪੜ੍ਹਾਈਆ । ਨੇਤਰ ਖੋਲ੍ਹੇ ਸਾਚੇ ਸੰਤ, ਸਤਿ ਸਤਿਵਾਦੀ ਆਪ ਸਮਝਾਈਆ । ਅੰਤਰ ਆਤਮ ਨਾਮ ਗਾਓ ਇਕੋ ਮੰਤ, ਮਨ ਵਾਸਨਾ ਦਏ ਗਵਾਈਆ । ਅੰਦਰੋ ਬਾਹਰੋ ਰੋਵੇ ਜੀਵ ਜੰਤ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਲੱਖ ਚੁਰਾਸੀ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਜ਼ਰ ਕਿਸੇ ਨਾ ਆਈਆ । ਚਾਰ ਵਰਨ ਮਿਲ ਕੇ ਬਣੀ ਨਾ ਕੋਈ ਪੰਗਤ, ਪੰਡਤ ਪਾਂਧੇ ਮੁਲਾਂ ਸ਼ੇਖ਼ ਮਸਾਇਕ ਉਚੀ ਕੂਕਣ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਇਕ ਅਖੰਡਤ, ਖ਼ਾਲਸ ਆਪਣੀ ਧਾਰ ਜਣਾਈਆ । ਸਾਚੀ ਧਾਰ ਜਣਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਕਲਜੁਗ ਵੇਖੇ ਸ੍ਰਿਸ਼ਟ ਸਬਾਈ ਲੱਗਾ ਸੰਤਾਪ, ਦੁੱਖ ਰੋਗ ਸਕੇ ਨਾ ਕੋਇ ਮਿਟਾਈਆ । ਜਗਤ ਭੁੱਖ ਰੋਗ ਲੱਗਾ ਨਾਤਾ ਤੁਟਾ ਮਾਈ ਬਾਪ, ਪਿਤਾ ਪੂਤ ਗੋਦ ਨਾ ਕੋਇ ਬਹਾਈਆ । ਸਾਚੀ ਸਚ ਕਹਾਣੀ ਕੋਈ ਨਾ ਕਹੇ ਆਖ, ਜੂਠ ਝੂਠ ਮਿਲੇ ਵਡਿਆਈਆ । ਚਾਰੋ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰ ਸ਼ਬਦ ਦੀ ਕੋਈ ਨਾ ਗਾਵੇ ਗਾਥ, ਮਜਲਸ ਕੂੜੀ ਰਹੇ ਲਗਾਈਆ । ਜਿਸ ਘਰ ਗੁਰੂ ਗ੍ਰੰਥ ਦਾ ਹੋਵੇ ਪਾਠ, ਉਹ ਗੁਰਸਿਖ ਮਧ ਪਿਆਲੇ ਮੁਖ ਲਗਾਈਆ । ਵੇਖਣਹਾਰਾ ਪੁਰਖ ਅਬਿਨਾਸ਼, ਕਲਜੁਗ ਬਦਮੁਆਸ਼ੀ ਘਰ ਘਰ ਬੈਠੀ ਡੇਰਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਪ੍ਰਭ ਸਾਡੀ ਪੂਰੀ ਕਰ ਆਸ, ਤੇਰੇ ਅੱਗੇ ਵਾਸਤਾ ਪਾਈਆ । ਜੋ ਤੈਨੂੰ ਭੁੱਲੇ ਸਾਰੇ ਕਰਦੇ ਨਾਸ, ਸਾਚੇ ਭਗਤਾਂ ਲੈ ਉਠਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਆ । ਕਲਜੁਗ ਜੀਵ

੬੪੩ ੧੫

ਲੱਗਾ ਦੁੱਖ ਰੋਗ, ਕਰਮ ਕਾਂਡ ਰਹੇ ਸਤਾਈਆ । ਬਿਨ ਪਾਰਬ੍ਰਹਮ ਬ੍ਰਹਮ ਹੋਇਆ ਇਕ ਵਿਜੋਗ, ਸੰਸਾ ਸਕੇ ਨਾ ਕੋਇ ਮਿਟਾਈਆ । ਨਾਮ ਨਗਾਰੇ ਲੱਗੀ ਨਾ ਤਨ ਚੋਟ, ਸੋਈ ਸੁਰਤ ਨਾ ਕੋਇ ਜਗਾਈਆ । ਬਿਨ ਸਤਿਗੁਰ ਸ਼ਬਦ ਆਲਣਿਉਂ ਡਿਗੇ ਬੋਟ, ਫੜ ਬਾਹੋ ਨਾ ਕੋਇ ਉਠਾਈਆ । ਜੀਵ ਜੰਤ ਕਰੋ ਅੰਤਮ ਹੋਸ਼, ਮਨਮਤ ਦਿਓ ਤਜਾਈਆ । ਪ੍ਰਭ ਮਿਲਣ ਦੀ ਸੋਚੋ ਸੋਚ, ਜਿਸ ਮਿਲਿਆਂ ਦੁੱਖ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਸਾ ਸਾਰਾ ਦਏ ਗਵਾਈਆ । ਰੋਗ ਸੋਗ ਨਾ ਰਹੇ ਭੁੱਖ, ਤ੍ਰਿਸਨਾ ਵਾਸਨਾ ਮੇਟ ਮਿਟਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜਨ ਭਗਤਾਂ ਗੋਦੀ ਲਏ ਚੁੱਕ, ਦੋ ਜਹਾਨਾਂ ਖ਼ੁਸ਼ੀ ਮਨਾਈਆ । ਨੇਤਰ ਖੋਲ੍ਹ ਦਰਸ ਦਿਖਾਏ ਉਠ, ਸਵਛ ਸਰੂਪੀ ਰੂਪ ਵਟਾਈਆ । ਨਾਮ ਨਿਧਾਨ ਲਓ ਲੁੱਟ, ਸਾਚਾ ਵਣਜ ਇਕ ਵਖਾਈਆ । ਕਲਜੁਗ ਵਿਚ ਸਤਿਜੁਗ ਸੋਹੇ ਰੁੱਤ, ਜਿਸ ਮਿਲਿਆ ਬੇਪਰਵਾਹੀਆ । ਕਾਇਆ ਅੰਦਰ ਵੜ ਕੇ ਆਪਣੇ ਸਾਹਿਬ ਕੋਲੋਂ ਲਓ ਪੁੱਛ, ਕਿਉਂ ਰੁਸ ਕੇ ਬੈਠਾ ਮੁਖ ਭਵਾਈਆ । ਜੇ ਦੀਨ ਦਿਆਲ ਤੁਹਾਡੇ ਉਤੇ ਜਾਵੇ ਤੁਠ, ਜਗਤ ਸੰਤਾਪ ਰਹਿਣ ਕੋਇ ਨਾ ਪਾਈਆ । ਜੇ ਹਰਿ ਕੇ ਨਾਮ ਤੇ ਲੁਕ ਕੇ ਬੈਠੇ ਰਹੇ ਗੁਠ, ਫੇਰ ਬੰਧਨ ਸਕੇ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ੍ਰਿਸ਼ਟ ਸਬਾਈ ਸ਼ਬਦ ਗਿਆਨ, ਆਤਮ ਪਰਮਾਤਮ ਇਕ ਧਿਆਨ, ਬੋਧ ਅਗਾਧਾ ਬਣ ਕੇ ਪੰਡਤ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਲੈਣੀ ਜਾਣ, ਅਨਜਾਣਤ ਆਪ ਜਣਾਇੰਦਾ । ਸੰਸੇ ਰੋਗ ਸਰਬ ਮਿਟ ਜਾਣ, ਸ਼ਾਹ ਸੁਲਤਾਨ ਭੈ ਭੌ ਨਾ ਕੋਇ ਜਣਾਇੰਦਾ । ਮਨ ਵਾਸਨਾ ਹੋਏ ਨਾ ਬੇਈਮਾਨ, ਪੰਜ ਸ਼ੈਤਾਨ ਨਾ ਸੰਗ ਰਖਾਇੰਦਾ । ਸਾਬਤ ਕਰੇ ਆਪ ਈਮਾਨ, ਸਿਦਕ ਸਬੂਰੀ ਇਕ ਜਣਾਇੰਦਾ । ਨਜ਼ਰੀ ਆਏ ਸਾਹਿਬ ਭਗਵਾਨ, ਭਗਵਨ ਮੇਲਾ ਆਪ ਕਰਾਇੰਦਾ । ਕਾਇਆ ਮੰਦਰ ਵਸੇ ਮਕਾਨ, ਭਗਤ ਦੁਆਰਾ ਇਕ ਸੁਹਾਇੰਦਾ । ਰਾਜਾ ਪਰਜਾ ਪਰਜਾ ਰਾਜਾ ਦੋਹਾਂ ਦਾ ਇਕੋ ਜਿਹਾ ਨਿਗਾਹਬਾਨ, ਮਿਹਰ ਨਜ਼ਰ ਇਕ ਉਠਾਇੰਦਾ । ਕਲਜੁਗ ਅੰਤਮ ਕੂੜ ਕੁੜਿਆਰਾ ਬਦਲ ਦੇਵੇ ਵਿਧਾਨ, ਸਾਚਾ ਮਾਰਗ ਇਕ ਵਖਾਇੰਦਾ । ਵੀਹ ਸੌ ਵੀਹ ਬਿਕਰਮੀ ਕਰ ਪਰਵਾਨ, ਸਚ ਪਰਵਾਨਾ ਹੱਥ ਫੜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪੰਦਰਾਂ ਕੱਤਕ ਸਾਰੇ ਇਕੱਠੇ ਹੋਣ ਆਣ, ਭਗਤ ਦੁਆਰੇ ਸੋਭਾ ਪਾਇੰਦਾ । ਸ਼ਬਦ ਸੰਦੇਸਾ ਦੇਵੇ ਇਕ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਜਾ ਕੇ ਹੁਕਮ ਦੇਵੇ ਜੀਵ ਜਹਾਨ, ਲੱਖ ਚੁਰਾਸੀ ਆਪ ਜਣਾਇੰਦਾ । ਕੋਈ ਨਾ ਰਹੇ ਬਾਲ ਅਵਾਣ, ਬੋਧ ਅਗਾਧ ਸਰਬ ਦ੍ਰਿੜਾਇੰਦਾ । ਅੰਤਮ ਭਾਣਾ ਵਰਤੇ ਨੌਜਵਾਨ, ਨਵ ਨੌ ਆਪਣੀ ਖੇਲ ਕਰਾਇੰਦਾ । ਗੋਬਿੰਦ ਜੋਧਾ ਸੂਰ ਵਡ ਬਲਵਾਨ, ਸ਼ਬਦ ਖੰਡਾ ਤੀਰ ਚਿਲਾ ਹੱਥ ਉਠਾਇੰਦਾ । ਲੇਖਾ ਜਾਣੇ ਜ਼ਿਮੀਂ ਅਸਮਾਨ, ਜ਼ਾਲਮ ਜ਼ੁਲਮ ਮੇਟ ਮਿਟਾਇੰਦਾ । ਸਭ ਨੂੰ ਦੇਵੇ ਸਚ ਗਿਆਨ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਕ ਮਿਲਾਏ ਆਣ, ਸੀਸ ਤਾਜ ਨਾ ਕੋਇ ਟਿਕਾਇੰਦਾ । ਅੱਗੇ ਲੇਖਾ ਕਰੇ ਪਰਧਾਨ, ਭਰਮ ਭੁਲੇਖਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜਗਤ ਦੁੱਖ ਰੋਗ ਦਲਿਦਰ ਦੀਨਾਂ ਨਾਥ ਆਪ ਮਿਟਾਇੰਦਾ । ਕਲਜੁਗ ਦੁੱਖੜਾ ਜਾਵੇ ਨੱਠ, ਲੋਕਮਾਤ ਰਹਿਣ ਨਾ ਪਾਈਆ । ਤ੍ਰੈਗੁਣ ਅਗਨੀ ਲੱਗੀ ਬੁੱਝੇ ਮੱਠ, ਕਾਇਆ ਤਨ ਨਾ ਕੋਇ ਤਪਾਈਆ । ਬਹੱਤਰ ਨਾੜ ਨਾ ਉਬਲੇ ਰਤ, ਰਤੀ ਰਤ ਵੇਖ ਵਖਾਈਆ । ਸਰਬ ਜੀਆਂ ਪ੍ਰਭ ਜਾਣੇ ਮਿਤ ਗਤ, ਘਟ ਘਟ ਬੈਠਾ

ਬੇਪਰਵਾਹੀਆ । ਜਿਉਂ ਭਾਵੇ ਤਿਉਂ ਲਏ ਰੱਖ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪਿਛਲੀ ਧਾਰ ਦੇਵੇ ਪਲਟ, ਪਰਗਟ ਆਪਣੀ ਕਾਰ ਕਮਾਈਆ । ਸਤਿਜੁਗ ਸਰੋਵਰ ਖੋਲ੍ਹ ਹੱਟ, ਹੱਟ ਹਟਵਾਣਾ ਇਕੋ ਨਜ਼ਰੀ ਆਈਆ । ਦੁੱਖ ਦਰਦ ਜ਼ੁਲਮ ਜ਼ਾਲਮ ਕੋਈ ਨਾ ਮਾਰੇ ਸੱਟ, ਠੋਕਰ ਸਕੇ ਨਾ ਕੋਇ ਲਗਾਈਆ । ਸਭ ਨੂੰ ਦੇਵੇ ਇਕੋ ਜਿਹਾ ਹੱਕ, ਊਚ ਨੀਚ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੁਖੀਆਂ ਦੀਨਾਂ ਨਾਥ ਅਨਾਥਾਂ ਬਣ ਕੇ ਦਰਦੀ ਸਭ ਦਾ ਦਰਦ ਵੰਡਾਈਆ । ਗ਼ਰੀਬ ਨਿਮਾਣੇ ਨਾ ਮਾਰੋ ਧਾਹ, ਸੋ ਸਾਹਿਬ ਸਚ ਜਣਾਈਆ । ਪੁਰਖ ਅਬਿਨਾਸ਼ੀ ਅੰਤਮ ਆਏ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜਗਤ ਹੰਕਾਰੀਆਂ ਦੇਵੇ ਖ਼ਾਕ ਮਿਲਾ, ਗੜ੍ਹ ਹੰਕਾਰੀ ਤੋੜ ਤੁੜਾਈਆ । ਕੋਝੇ ਕਮਲੇ ਗਲੇ ਲਏ ਲਗਾ, ਫੜ ਬਾਹੋ ਨਾਲ ਮਿਲਾਈਆ । ਸਾਚੇ ਤਖ਼ਤ ਦਏ ਬਹਾ, ਤਖ਼ਤ ਨਿਵਾਸੀ ਜਿਸ ਘਰ ਵਸੇ ਬੇਪਰਵਾਹੀਆ । ਇਕੋ ਹੁਕਮ ਸਖ਼ਤ ਦਏ ਸਮਝਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਨੇ ਜਿਗਰੇ ਲਖ਼ਤ ਨੀਹਾਂ ਹੇਠਾਂ ਦਿਤੇ ਦਬਾ, ਸੋ ਕਲਜੁਗ ਕੂੜੀ ਕਿਰਿਆ ਜੜ੍ਹ ਦਏ ਉਖੜਾਈਆ । ਅੱਠੇ ਪਹਿਰ ਗੁਰਮੁਖੇ ਓਨੂੰ ਲਓ ਧਿਆ, ਚਰਨ ਕਵਲ ਧਿਆਨ ਲਗਾਈਆ । ਸਭ ਦਾ ਸਾਂਝਾ ਇਕ ਖ਼ੁਦਾ, ਖ਼ੁਦੀ ਤਕੱਬਰ ਦਏ ਮਿਟਾਈਆ । ਸਾਚੀ ਬਖ਼ਸ਼ੇ ਚਰਨ ਪਨਾਹ, ਸਿਰ ਸਮਰਥ ਹੱਥ ਰਖਾਈਆ । ਕਲਜੁਗ ਰਹਿਣ ਨਾ ਦੇਵੇ ਅੰਤ ਗੁਨਾਹ, ਫ਼ਨਾਹ ਸਭ ਨੂੰ ਦਏ ਕਰਾਈਆ । ਦੀਨਾਂ ਮਜ਼ਲੂਮਾਂ ਜ਼ੁਲਮ ਬੰਧਨ ਦਏ ਕਟਾ, ਬੰਦਸ਼ ਕੋਇ ਨਜ਼ਰ ਨਾ ਆਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਦੇਵੇ ਪਾ, ਪੁਰਖ ਅਕਾਲ ਦੀਨ ਦਿਆਲ ਸਭ ਦਾ ਪਿਤਾ ਮਾਈਆ । ਛੇਤੀ ਛੇਤੀ ਲਹਿਣਾ ਦੇਣਾ ਰਿਹਾ ਮੁਕਾ, ਹਿਸਾਬ ਕਿਤਾਬ ਸਭ ਦਾ ਝੋਲੀ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਬਣਨ ਗਵਾਹ, ਸਚ ਅਦਾਲਤ ਸ਼ਹਾਦਤ ਇਕੋ ਦਿਨ ਏਕੰਕਾਰ ਏਕੋ ਏਕ ਭੁਗਤਾਈਆ । ਜਿਸ ਘੜਿਆ ਸੋ ਦਏ ਭਨਾ, ਘੜਨ ਭੰਨਣਹਾਰ ਪੁਰਖ ਸਮਰਥ ਇਕ ਅਖਵਾਈਆ । ਕਲਜੁਗ ਬਦਲੇ ਸਤਿਜੁਗ ਦੇਵੇ ਲਾ, ਲਾਅ ਕਾਨੂੰਨ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਕੂੜਾ ਜ਼ੁਲਮ ਨਾਲ ਜ਼ਾਲਮਾਂ ਦਏ ਖਪਾਈਆ । ਸਤਿਗੁਰ ਸੱਚਾ ਏਕੰਕਾਰ, ਆਦਿ ਜੁਗਾਦਿ ਦਇਆ ਕਮਾਇੰਦਾ । ਗੁਰ ਅਵਤਾਰ ਕਰਦੇ ਗਏ ਨਿਮਸਕਾਰ, ਪੀਰ ਪੈਗ਼ੰਬਰ ਸਜਦਾ ਸੀਸ ਝੁਕਾਇੰਦਾ । ਧੁਰ ਸੰਦੇਸਾ ਦੇਵੇ ਵਾਰੋ ਵਾਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਸ਼ਬਦ ਨਿਧਾਨਾ ਬੋਲ ਜੈਕਾਰ, ਖਾਣੀ ਬਾਣੀ ਰਾਹ ਵਖਾਇੰਦਾ । ਹੁਕਮੇ ਅੰਦਰ ਜੁਗ ਚੌਕੜੀ ਚਾਰ, ਬੰਧਨ ਇਕੋ ਇਕ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਬੰਨ ਧਾਰ, ਦੇਵਤ ਸੁਰ ਨਾਲ ਰਲਾਇੰਦਾ । ਲੱਖ ਚੁਰਾਸੀ ਕਰ ਤਿਆਰ, ਤ੍ਰੈ ਪੰਜ ਮੇਲਾ ਮੇਲ ਮਿਲਾਇੰਦਾ । ਅੱਠ ਤਤ ਦੇ ਆਧਾਰ, ਨੌ ਦਰ ਸਾਚੇ ਖੋਲ੍ਹ ਖੁਲ੍ਹਾਇੰਦਾ । ਮੰਦਰ ਅਗੰਮ ਕਰ ਤਿਆਰ, ਪਵਣ ਦਮ ਨਾਲ ਰਲਾਇੰਦਾ । ਰਕਤ ਬੂੰਦ ਕਰ ਗਾਰ, ਹੱਡ ਮਾਸ ਨਾੜੀ ਜੋੜ ਜੁੜਾਇੰਦਾ । ਘਰ ਵਿਚ ਘਰ ਮਹੱਲ ਉਸਾਰ, ਬੰਕ ਇਕੋ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਅਲਾਇੰਦਾ । ਸਚ ਸੰਦੇਸਾ ਸ੍ਰੀ ਭਗਵਾਨ, ਇਕੋ ਇਕ ਸਮਝਾਈਆ । ਲੱਖ ਚੁਰਾਸੀ ਜੀਵ ਜੰਤ ਜਹਾਨ, ਚਾਰੇ ਖਾਣੀ ਵੰਡ ਵੰਡਾਈਆ । ਚਾਰੇ ਬਾਣੀ ਬੋਲੇ ਬੇਜ਼ਬਾਨ, ਜ਼ਬਾਨ ਸਮਝ ਨਾਲ ਸਮਝਾਈਆ । ਅੰਤਰ ਆਤਮ ਪਰਮਾਤਮ ਦੇਵੇ ਇਕ ਗਿਆਨ, ਨਿਸ਼ਅੱਖਰ ਅੱਖਰ ਰੂਪ ਸਮਝਾਈਆ । ਅਨਾਦੀ

ਨਾਦ ਸੁਣਾਏ ਸੱਚੀ ਧੁਨਕਾਨ, ਤੰਦੀ ਤੰਦ ਸਤਾਰ ਨਜ਼ਰ ਕਿਸੇ ਨਾ ਆਈਆ । ਉਚੀ ਕੂਕ ਕਰੇ ਪੁਕਾਰ, ਦੇਵਣਹਾਰ ਸਰਬ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰ ਜੁਗ ਚਾਰ ਵਰਨ ਅਠਾਰਾਂ ਬਰਨ ਜਿਸ ਦਾ ਚਰਨ ਧਿਆਨ, ਸੋ ਧਰਨੀ ਧਰਤ ਧਵਲ ਆਕਾਸ਼ ਪਾਤਾਲ ਇਕੋ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਇਸ਼ਟ ਇਕ ਸਮਝਾਈਆ । ਆਦਿ ਜੁਗਾਦੀ ਸਾਚਾ ਇਸ਼ਟ, ਨਿਰਗੁਣ ਨਿਰਵੈਰ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੇ ਰੱਖੇ ਆਪਣੀ ਲਿਸਟ, ਲੇਖਾ ਆਪਣਾ ਆਪ ਸਮਝਾਇੰਦਾ । ਸੋ ਸਾਹਿਬ ਸਤਿਗੁਰ ਸੁਆਮੀ ਘਟ ਅੰਦਰ ਖੋਲ੍ਹਣਹਾਰਾ ਦ੍ਰਿਸ਼ਟ, ਦ੍ਰਿਸ਼ਟਵੇਤਾ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸਮਝਾਇੰਦਾ । ਸਚ ਸੁਨੇਹੜਾ ਲੈਣਾ ਬੁੱਝ, ਸੋ ਸਤਿਗੁਰ ਆਪ ਜਣਾਈਆ । ਸਚ ਪ੍ਰੀਤੀ ਜਾਣਾ ਲੁਝ, ਬ੍ਰਹਮ ਪਾਰਬ੍ਰਹਮ ਮਿਲਾਈਆ । ਸਤਿਗੁਰ ਸਰਨਾਈ ਜਾਣਾ ਝੂਝ, ਆਪ ਆਪਣਾ ਮੇਟ ਮਿਟਾਈਆ । ਲੇਖਾ ਚੁਕਾਉਣਾ ਏਕੋ ਦੂਜ, ਵਰਨ ਬਰਨ ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਕਵਲ ਉਲਟਾਉਣਾ ਆਪਣਾ ਮੂੰਧ, ਨਾਭੀ ਭੇਵ ਆਪ ਚੁਕਾਈਆ । ਆਪਣਾ ਆਪ ਜਾਏ ਸੂਝ, ਬਜਰ ਕਪਾਟੀ ਪੜਦਾ ਲੈਣਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਜੀਆਂ ਇਕੋ ਕਰੇ ਪੜ੍ਹਾਈਆ । ਸਰਬ ਜੀਆਂ ਘਟ ਅੰਤਰ ਰਾਮ, ਨਿਰਗੁਣ ਬੈਠਾ ਆਸਣ ਲਾਈਆ । ਸਰਬ ਜੀਆਂ ਘਟ ਏਕਾ ਸ਼ਾਮ, ਘਨਈਆ ਬੰਸਰੀ ਨਾਮ ਸੁਣਾਈਆ । ਸਰਬ ਜੀਆਂ ਘਟ ਇਕ ਪੈਗ਼ਾਮ, ਵਡ ਪੈਗ਼ੰਬਰ ਆਪ ਸੁਣਾਈਆ । ਸਰਬ ਜੀਆਂ ਘਟ ਇਕੋ ਮੰਤਰ ਸਤਿਨਾਮ, ਨਾਨਕ ਨਿਰਗੁਣ ਸਰਗੁਣ ਗਿਆ ਪੜ੍ਹਾਈਆ । ਸਰਬ ਜੀਆਂ ਘਟ ਇਕ ਨਿਸ਼ਾਨ, ਗੋਬਿੰਦ ਸੂਰਾ ਗਿਆ ਵਖਾਈਆ । ਸਰਬ ਜੀਆਂ ਘਟ ਇਕ ਮਕਾਨ, ਕਾਇਆ ਮੰਦਰ ਅੰਦਰ ਦਏ ਵਡਿਆਈਆ । ਸਰਬ ਜੀਆਂ ਘਟ ਇਕੋ ਹਰੀ ਨਾਮ, ਮੰਤਰ ਰਾਮ ਨਾਮ ਦ੍ਰਿੜਾਈਆ । ਸਰਬ ਜੀਆਂ ਘਟ ਇਕ ਭਗਵਾਨ, ਭਰਮੇ ਭੁੱਲੇ ਨਾ ਕੋਇ ਰਾਈਆ । ਸਰਬ ਜੀਆਂ ਘਟ ਇਕੋ ਦਾਨ, ਦਾਨੀ ਦਾਤਾ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਇਕੋ ਇਕ ਸਮਝਾਈਆ । ਸਾਚਾ ਨਾਮ ਆਦਿ ਜੁਗਾਦਿ, ਜੁਗ ਚੌਕੜੀ ਖੇਲ ਕਰਾਇੰਦਾ । ਸਾਚਾ ਨਾਮ ਬ੍ਰਹਮ ਬ੍ਰਹਿਮਾਦ, ਪੁਰੀ ਲੋਅ ਬ੍ਰਹਿਮੰਡ ਖੰਡ ਆਸਣ ਲਾਇੰਦਾ । ਸਾਚਾ ਨਾਮ ਧੁਰ ਦੀ ਆਵਾਜ਼, ਨਾਦ ਧੁਨ ਭੇਵ ਕੋਇ ਨਾ ਪਾਇੰਦਾ । ਸਾਚਾ ਨਾਮ ਦੋ ਜਹਾਨਾਂ ਰਾਜ, ਲੱਖ ਚੁਰਾਸੀ ਰਈਅਤ ਵੇਖ ਵਖਾਇੰਦਾ । ਸਾਚਾ ਨਾਮ ਸਾਚਾ ਕਾਜ, ਕਰਨੀ ਕਰਤਾ ਆਪ ਕਰਾਇੰਦਾ । ਸਾਚਾ ਨਾਮ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਦੇਵੇ ਦਾਤ, ਵਸਤ ਅਮੋਲਕ ਆਪ ਵਰਤਾਇੰਦਾ । ਸਾਚਾ ਨਾਮ ਇਕ ਜਮਾਤ, ਦੂਜੀ ਵੰਡ ਨਾ ਕੋਇ ਵੰਡਾਇੰਦਾ । ਸਾਚਾ ਨਾਮ ਬਿਨ ਸਤਿਗੁਰ ਪੂਰੇ ਕਿਸੇ ਨਾ ਸਕੇ ਭਾਖ, ਜੋ ਗਾਏ ਸੋ ਸਿਫ਼ਤੀ ਨਾਮ ਵਡਿਆਇੰਦਾ । ਸੱਚਾ ਨਾਮ ਅਲੱਖਣਾ ਅਲਾਖ, ਅਲਖ ਅਗੋਚਰ ਭੇਵ ਕੋਇ ਨਾ ਆਇੰਦਾ । ਸੱਚਾ ਨਾਮ ਸਭ ਦੀ ਪਤ ਲਏ ਰਾਖ, ਜੋ ਜਨ ਸਾਚੀ ਓਟ ਤਕਾਇੰਦਾ । ਸੱਚਾ ਨਾਮ ਗੁਰ ਅਵਤਾਰ ਪੀਰ ਪੈਗ਼ੰਬਰ ਰਲ ਮਿਲ ਲੋਕਮਾਤ ਬਣ ਜਮਾਤ ਨਿਤ ਨਵਿਤ ਜੁਗ ਚੌਕੜੀ ਸਾਰੇ ਗਏ ਆਖ, ਹਰਿ ਕੀ ਸਿਫ਼ਤ ਨਾਮ ਨਾਮਾ ਨਾਉਂ ਸਮਝਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਵਿਚ ਕੋਈ ਕਰ ਨਾ ਸਕੇ ਗਰਿਫ਼ਤ, ਗਰਿਫ਼ਤਾਰੀ ਵਿਚ ਬੰਦੀਖ਼ਾਨਾ ਨਾ ਕੋਇ ਜਣਾਇੰਦਾ ।

ਸਾਚਾ ਨਾਮ ਜਨ ਭਗਤੋ ਸਾਚੇ ਸੰਤੋ ਗੁਰਮੁਖੋ ਗੁਰਸਿਖੋ ਤੁਹਾਡੇ ਚਰਨਾਂ ਹੇਠ ਰਖਾਏ ਸਵਰਗ ਬਹਿਸ਼ਤ, ਉਪਰ ਆਪਣਾ ਘਰ ਵਖਾਇੰਦਾ । ਜਿਸ ਗੁਰਮੁਖ ਦਾ ਪੁਰਖ ਅਕਾਲ ਇਕੋ ਇਸ਼ਟ, ਤਿਸ ਆਸਾ ਮਨਸਾ ਆਪਣੇ ਵਿਚ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਵਖਾਏ ਇਕੋ ਘਰ, ਚਾਰ ਵਰਨ ਖੁਲ੍ਹਾਏ ਇਕੋ ਦਰ, ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ ਆਤਮ ਪਰਮਾਤਮ ਪਰਮਾਤਮ ਆਤਮ ਬ੍ਰਹਮ ਪਾਰਬ੍ਰਹਮ ਈਸ਼ ਜੀਵ ਜਗਦੀਸ ਜਾਗਰਤ ਜੋਤ ਬਿਨ ਵਰਨ ਗੋਤ ਸਚਖੰਡ ਦੁਆਰੇ ਸਾਚੇ ਕੋਟ, ਬੰਕ ਦੁਆਰੀ ਆਪਣੇ ਚਰਨ ਰਖਾਇੰਦਾ ।

## ✪ ੧੪ ਅੱਸੂ ੨੦੨੦ ਬਿਕਰਮੀ ਪਿੰਡ ਕੋਟਲਾ ਜ਼ਿਲਾ ਫ਼ਿਰੋਜ਼ਪੁਰ ✪

ਸਾਚਾ ਖੇਲ ਕਰੇ ਨਿਰੰਕਾਰ, ਸਚਖੰਡ ਨਿਵਾਸੀ ਆਪਣੀ ਦਇਆ ਕਮਾਇੰਦਾ । ਤਖ਼ਤ ਨਿਵਾਸੀ ਹੋ ਤਿਆਰ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਇੰਦਾ । ਧੁਰ ਫ਼ਰਮਾਨਾ ਦੇਵੇ ਏਕਾ ਵਾਰ, ਦੋ ਜਹਾਨਾਂ ਵਾਲੀ ਆਪ ਸੁਣਾਇੰਦਾ । ਜੁਗ ਚੌਕੜੀ ਲੋਕਮਾਤ ਬੀਤੇ ਵਿਚ ਸੰਸਾਰ, ਕਲਜੁਗ ਅੰਤ ਅੰਧੇਰਾ ਛਾਇੰਦਾ । ਕੱਠੇ ਕਰੇ ਗੁਰੂ ਅਵਤਾਰ, ਪੀਰ ਪੈਗ਼ੰਬਰ ਸਾਚੇ ਦਰ ਬੁਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰ, ਆਲਸ ਨਿੰਦਰਾ ਸਰਬ ਚੁਕਾਇੰਦਾ । ਦਰ ਦੁਆਰੇ ਆਉਣਾ ਸਚਖੰਡ ਸੱਚੇ ਦਰਬਾਰ, ਧੁਰ ਦਰਬਾਰੀ ਆਪ ਸਮਝਾਇੰਦਾ । ਨੇਤਰ ਖੋਲ੍ਹ ਵੇਖੋ ਹੋਵੇ ਖ਼ਬਰਦਾਰ, ਬੇਖ਼ਬਰ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਥਿਤ ਇਕ ਵਡਿਆਇੰਦਾ । ਸਾਚੀ ਥਿਤ ਸ੍ਰੀ ਭਗਵਾਨ, ਆਦਿ ਜੁਗਾਦੀ ਦਏ ਜਣਾਈਆ । ਲੇਖਾ ਜਾਣ ਦੋ ਜਹਾਨ, ਬ੍ਰਹਿਮੰਡ ਖੰਡ ਵੇਖ ਵਖਾਈਆ । ਕਲਜੁਗ ਅੰਤਮ ਕੂੜ ਨਿਸ਼ਾਨ, ਰਾਜ ਰਾਜਾਨ ਰਹੇ ਝੁਲਾਈਆ । ਸਤਿ ਦਿਸੇ ਨਾ ਧਰਮ ਈਮਾਨ, ਸਿਦਕ ਸਬੂਰੀ ਨਜ਼ਰ ਕੋਇ ਨਾ ਆਈਆ । ਸਤਿਗੁਰ ਸ਼ਬਦ ਸਕੇ ਨਾ ਕੋਇ ਪਹਿਚਾਨ, ਰਸਨਾ ਜਿਹਵਾ ਬੱਤੀ ਦੰਦ ਸਾਚਾ ਰਾਗ ਨਾ ਕੋਇ ਅਲਾਈਆ । ਘਰ ਘਰ ਨੱਚਦਾ ਫਿਰੇ ਸ਼ੈਤਾਨ, ਕਲਜੁਗ ਕੂੜੀ ਕਿਰਿਆ ਕਰੇ ਲੜਾਈਆ । ਸਤਿਗੁਰ ਪੂਰਾ ਸਤਿ ਸੁਆਮੀ ਪਾਰਬ੍ਰਹਮ ਪੁਰਖ ਅਕਾਲ ਵੇਖੇ ਮਾਰ ਧਿਆਨ, ਲੋਕਮਾਤ ਨੈਣ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਾਰ ਜੁਗ ਜੋ ਨਿਰਗੁਣ ਸਰਗੁਣ ਦੇਂਦੇ ਰਹੇ ਗਿਆਨ, ਸੋ ਗਿਆਨ ਨਜ਼ਰ ਕਿਸੇ ਦਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਆਪ ਸਮਝਾਈਆ । ਧੁਰ ਦਾ ਲੇਖਾ ਦੱਸੇ ਕਰਤਾਰ, ਹਰਿ ਕਰਤਾ ਵੇਖ ਵਖਾਈਆ । ਦਰ ਆਓ ਵੇਖੋ ਗੁਰੂ ਅਵਤਾਰ, ਪੀਰ ਪੈਗ਼ੰਬਰ ਆਪਣੇ ਨਾਲ ਮਿਲਾਈਆ । ਕਲਜੁਗ ਜੀਵ ਜੰਤ ਸਾਧ ਸੰਤ ਆਪਣੀ ਕਰਨੀ ਗਏ ਹਾਰ, ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਬੈਠਾ ਡੇਰਾ ਲਾਈਆ । ਭਗਤ ਭਗਵਾਨ ਪ੍ਰਭ ਅੱਗੇ ਦੋਏ ਜੋੜ ਕਰਨ ਨਿਮਸਕਾਰ, ਨਿਜ ਨੇਤਰ ਨੈਣਾਂ ਨੀਰ ਵਹਾਈਆ । ਕਰ ਕਿਰਪਾ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਇਕ ਸਰਨਾਈਆ । ਕਲਜੁਗ ਕੂੜੀ ਕਿਰਿਆ ਦੇ ਨਿਵਾਰ, ਚਾਰੋ ਕੁੰਟ ਵਿਭਚਾਰ ਬੈਠਾ ਡੇਰਾ ਲਾਈਆ । ਸਾਚਾ ਕਰੇ ਨਾ ਕੋਇ ਪਿਆਰ, ਫਿਰੀ ਦਰੋਹੀ ਸਰਬ ਲੋਕਾਈਆ । ਧੀਆਂ ਭੈਣਾਂ ਤੱਕੇ ਜੀਵ ਜੰਤ ਨੇਤਰ ਅੱਖ ਰਹੇ ਉਠਾਲ, ਸ਼ਰਮ ਹਯਾ ਨਾ ਕੋਇ ਰਖਾਈਆ । ਬਿਨ ਤੇਰੇ ਨਾਮ ਸਾਰੇ ਹੋਏ ਕੰਗਾਲ, ਕੰਗਾਲੀ ਘਰ ਘਰ ਬੈਠੀ ਅਲਖ ਜਗਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਪੰਦਰਾਂ ਕੱਤਕ ਸ੍ਰੀ ਭਗਵਾਨ ਦਇਆ ਕਮਾਵੇਗਾ । ਸਚਖੰਡ ਇਕ ਦਰਬਾਰ ਲਗਾਵੇਗਾ । ਸ਼ਾਹੋ ਭੂਪ ਰਾਜ ਰਾਜਾਨ, ਸਚ ਸਿੰਘਸਣ ਸੋਭਾ ਪਾਵੇਗਾ । ਦੋ ਜਹਾਨ ਵਾਲੀ ਹੋ ਮਿਹਰਵਾਨ, ਮਿਹਰ ਨਜ਼ਰ ਉਠਾਵੇਗਾ । ਧੁਰ ਸੰਦੇਸ਼ਾ ਇਕ ਫ਼ਰਮਾਨ, ਸ਼ਬਦ ਅਗੰਮੀ ਆਪ ਅਲਾਵੇਗਾ । ਗੁਰ ਅਵਤਾਰ ਇਕੱਠੇ ਹੋ ਆਣ, ਪੀਰ ਪੈਗ਼ੰਬਰ ਪੰਧ ਮੁਕਾਵੇਕਾ । ਚਾਰ ਜੁਗ ਜੋ ਕਲਮਾ ਦੇਂਦੇ ਰਹੇ ਬਿਆਨ, ਰਾਮ ਨਾਮ ਸਭ ਨੂੰ ਆਪ ਵਖਾਵੇਗਾ । ਸ੍ਰਿਸ਼ਟ ਸਬਾਈ ਭੁੱਲੀ ਬਣ ਨਾਦਾਨ, ਮਨਮਤ ਹਰ ਘਟ ਰੂਪ ਜਣਾਵੇਗਾ । ਅੰਤ ਕਿਸੇ ਦਿਸੇ ਨਾ ਸ੍ਰੀ ਭਗਵਾਨ, ਪਾਰਬ੍ਰਹਮ ਬ੍ਰਹਮ ਲੇਖਾ ਆਪ ਚੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਦ੍ਰਿੜਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਆਵਣਗੇ । ਪੁਰਖ ਅਬਿਨਾਸ਼ੀ ਸੀਸ ਝੁਕਾਵਣਗੇ । ਦੋਏ ਜੋੜ ਵਾਸਤਾ ਪਾਵਣਗੇ । ਸਾਚੀ ਬੋਲ ਅਲੱਖ, ਅਲਖ ਜੈਕਾਰਾ ਇਕ ਸੁਣਾਵਣਗੇ । ਤੇਰੇ ਨਾਲੋ ਹੋ ਕੇ ਵੱਖ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰਾ ਅੰਕ ਬਣਾਵੇਂਗੇ । ਜੋ ਮਾਰਗ ਦਿਤਾ ਦੱਸ, ਸੋ ਲੋਕਮਾਤ ਸਮਝਾਵੇਂਗੇ । ਕਲਜੁਗ ਅੰਤਮ ਸਾਰੇ ਆਏ ਆਖ, ਉਚੀ ਕੂਕ ਕੂਕ ਜਣਾਵੇਂਗੇ । ਪਾਰਬ੍ਰਹਮ ਪਤਿਪਰਮੇਸ਼ਵਰ ਅਬਿਨਾਸ਼ੀ ਕਰਤਾ ਹੋਏ ਪਰਤੱਖ, ਜੋ ਨਿਰਗੁਣ ਨੂਰ ਨੂਰ ਰੁਸ਼ਨਾਵੇਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰਾ ਦਰਸ਼ਨ ਪਾਵਾਂਗੇ । ਗੁਰ ਅਵਤਾਰ ਪੀਰ ਪੈਗ਼ੰਬਰੋ, ਜਿਸ ਵੇਲੇ ਦਰ ਤੇ ਆਓਗੇ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਰਚਾਏ ਇਕ ਸਵੰਬਰ, ਸਚ ਸਵੰਬਰ ਵੇਖ ਵਖਾਓਗੇ । ਕਲਜੁਗ ਕੂੜਾ ਮਿਟੇ ਅਡੰਬਰ, ਸਾਚਾ ਮਾਰਗ ਇਕ ਜਣਾਓਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਸਾਚੇ ਸੋਭਾ ਪਾਓਗੇ । ਪ੍ਰਭ ਸਚਖੰਡ ਸਾਚਾ ਆਪ ਸੁਹਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਦਾ ਲੇਖਾ ਮੰਗ ਮੰਗਾਏਗਾ । ਚਾਰ ਜੁਗ ਦਾ ਪਿਛਲਾ ਅਨੁਭਵ ਪਰਕਾਸ਼ ਚੇਤਾ ਆਪ ਕਰਾਏਗਾ । ਲੱਖ ਚੁਰਾਸੀ ਵੇਖੇ ਆਪਣਾ ਖੇਤਾ, ਨੇਤਰ ਨੈਣਾਂ ਨਾਲ ਦਰਸਾਏਗਾ । ਕੋਈ ਨਜ਼ਰ ਨਾ ਆਵੇ ਖੇਵਟ ਖੇਟਾ, ਮਲਾਹ ਰੂਪ ਨਾ ਕੋਇ ਵਟਾਏਗਾ । ਗੋਬਿੰਦ ਇਕੋ ਪੁਰਖ ਅਕਾਲ ਬਣਾਇਆ ਬੇਟਾ, ਜਿਸ ਬਿਨ ਬੇੜਾ ਪਾਰ ਨਾ ਕੋਇ ਕਰਾਏਗਾ । ਸਚਖੰਡ ਦੁਆਰ ਏਕੰਕਾਰ ਇਕੋ ਬਣੇ ਸਭ ਦਾ ਨੇਤਾ, ਰਾਜ ਰਾਜਾਨ ਕੋਇ ਰਹਿਣ ਨਾ ਪਾਵੇਗਾ । ਆਪਣੀ ਹੱਥੀਂ ਖੇਲ੍ਹ ਵਖਾਓ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਾਲਾ ਲੇਖਾ, ਲਿਖਿਆ ਲੇਖ ਨਾ ਕੋਇ ਮਿਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕੋ ਇਕ ਸੁਣਾਵੇਗਾ । ਪਾਰਬ੍ਰਹਮ ਦਰ ਤੇਰੇ ਉਤੇ ਆਵਾਂਗੇ । ਤੇਰਾ ਲੱਖ ਲੱਖ ਸ਼ੁਕਰ ਮਨਾਵਾਂਗੇ । ਦਰ ਠਾਂਡੇ ਸੀਸ ਝੁਕਾਵਾਂਗੇ । ਥੱਕੇ ਮਾਂਦੇ ਸੁਖ ਪਾਵਾਂਗੇ । ਤੇਰੀ ਨਿਰਮਲ ਜੋਤ ਜੋਤ ਵਿਚ ਰਲ ਜਾਵਾਂਗੇ । ਤੇਰਾ ਵੇਖ ਸਚਖੰਡ ਸਾਚਾ ਕਿਲਾ ਕੋਟ, ਘਰ ਸਾਚੇ ਆਸਣ ਲਾਵਾਂਗੇ । ਲੋਕਮਾਤ ਜੋ ਬਣਾ ਕੇ ਆਏ ਵਰਨ ਗੋਤ, ਜ਼ਾਤ ਪਾਤ ਸਭ ਤੇਰੀ ਝੋਲੀ ਪਾਵਾਂਗੇ । ਜੋ ਦੱਸੇਂ ਸਚ ਸਲੋਕ, ਸੋ ਤੇਰਾ ਰਾਗ ਅਲਾਵਾਂਗੇ । ਤੇਰਾ ਖੇਲ ਵੇਖੇ ਚੌਦਾਂ ਲੋਕ, ਚੌਦਾਂ ਤਬਕ ਤੇਰਾ ਹੁਕਮ ਵਰਤਾਵਾਂਗੇ । ਵਿਸ਼ਨ ਬ੍ਰਹਮਾ ਸ਼ਿਵ ਕੋਈ ਬੈਠਾ ਰਹੇ ਨਾ ਖ਼ਾਮੋਸ਼, ਸੁਰਤੀ ਸਭ ਦੀ ਅੰਤ ਹਿਲਾਵਾਂਗੇ । ਸਾਡੇ ਉਤੇ ਕੋਈ ਨਾ ਦੇਣਾ ਦੋਸ਼, ਪਿਛਲਾ ਲੇਖਾ ਆਪ ਜਣਾਵਾਂਗੇ । ਤੇਰੇ ਦਰਸ਼ਨ ਨੂੰ ਭਗਤ ਭਗਵਾਨ ਸੰਤ ਗੁਰਮੁਖ ਸੱਜਣ ਸ੍ਰੀ ਭਗਵਾਨ ਨੇਤਰ

ਲੋਚਣ ਰਹੇ ਲੋਚ, ਸੋ ਲੋਚਾ ਤੇਰੇ ਕੋਲੋ ਪੂਰ ਕਰਾਵਾਂਗੇ । ਤੇਰੀ ਖੇਲ ਪਾਰਬ੍ਰਹਮ ਪ੍ਰਭ ਕੋਈ ਨਾ ਸਕੇ ਸੋਚ, ਬਿਨ ਸੋਚ ਸਮਝ ਤੇਰੇ ਅੱਗੇ ਝੋਲੀ ਡਾਹਵਾਂਗੇ । ਜੁਗ ਚੌਕੜੀ ਤੇਰੇ ਨਾਮ ਦਾ ਦੱਸ ਕੇ ਆਏ ਖੋਜ, ਖੋਜਤ ਖੋਜਤ ਤੇਰਾ ਘਰ ਵਖਾਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚਾ ਇਕ ਸੁਹਾਵਾਂਗੇ । ਗੁਰ ਅਵਤਾਰ ਦਰ ਆਉਣਗੇ । ਧੁਰ ਫ਼ਰਮਾਨਾ ਹੁਕਮ ਝੋਲੀ ਪਾਉਣਗੇ । ਕਲਜੁਗ ਅੰਤਮ ਆਪਣਾ ਲੇਖਾ ਆਪ ਮੁਕਾਉਣਗੇ । ਧੁਰ ਦਾ ਭੇਤਾ ਧੁਰਦਰਗਾਹੀ ਕੋਲੋ ਮੰਗ ਮੰਗਾਉਣਗੇ । ਸਾਰੇ ਮੰਨਣ ਤੂੰ ਪੁਰਖ ਅਕਾਲ ਇਕੋ ਨੇਤਾ, ਨਿਜ ਨੇਤਰ ਦਰਸ਼ਨ ਪਾਉਣਗੇ । ਪੰਦਰਾਂ ਕੱਤਕ ਸਚਖੰਡ ਦੁਆਰੇ ਸਭ ਦਾ ਹੋਏ ਲੇਖਾ, ਜੀਵ ਜੰਤ ਸਮਝ ਸਮਝ ਕੋਈ ਨਾ ਪਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਏਕੰਕਾਰੇ ਗੁਰ ਅਵਤਾਰ ਪੀਰ ਪੈਗ਼ੰਬਰ ਰਲ ਮਿਲ ਸਾਰੇ ਸਾਚਾ ਮਤਾ ਇਕ ਪਕਾਉਣਗੇ । ਗੁਰ ਅਵਤਾਰ ਪੀਰ ਪੈਗ਼ੰਬਰ ਪਕਾਵਣ ਮਤਾ, ਸਚਖੰਡ ਵੱਜੇ ਵਧਾਈਆ । ਕਰੇ ਖੇਲ ਪੁਰਖ ਸਮਰਥਾ, ਸਮਰਥ ਪੁਰਖ ਬੇਪਰਵਾਹੀਆ । ਪਰਵਰਦਿਗਾਰ ਜੁਗ ਚੌਕੜੀ ਚਲਾਵਣਹਾਰਾ ਰਥਾ, ਕਲਜੁਗ ਅੰਤਮ ਆਪੇ ਵੇਖੇ ਚਾਈਂ ਚਾਈਂਆ । ਲੱਖ ਚੁਰਾਸੀ ਚਾਰੇ ਖਾਣੀ ਪਾਏ ਨੱਥਾ, ਨਾਮ ਡੋਰੀ ਤੰਦ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੱਤਕ ਪੰਦਰਾਂ ਲੇਖਾ ਜਾਣੇ ਮਹੱਲ ਅਟੱਲ ਉਚੇ ਮੰਦਰਾਂ, ਮਹਿਫ਼ਲ ਇਕੋ ਇਕ ਲਗਾਈਆ । ਗੁਰਮੁਖ ਰਹੇ ਸਦਾ ਨਿਹਾਲ, ਜਿਸ ਅੰਦਰ ਸਤਿਗੁਰ ਦਇਆ ਕਮਾਈਆ । ਗੁਰਸਿਖ ਰਹੇ ਸਦਾ ਨਿਹਾਲ, ਜਿਸ ਗੁਰ ਪੂਰਾ ਸੂਰਾ ਮਿਲਿਆ ਬੇਪਰਵਾਹੀਆ । ਸੰਤ ਸੱਜਣ ਸਦਾ ਰਹੇ ਨਿਹਾਲ, ਜਿਸ ਆਤਮ ਅੰਤਰ ਨਿਰਮਲ ਜੋਤ ਜਗੇ ਰੁਸ਼ਨਾਈਆ । ਭਗਤ ਦਰ ਘਰ ਸਾਚੇ ਸਦਾ ਰਹੇ ਨਿਹਾਲ, ਜਿਸ ਭਗਵਨ ਆਪਣਾ ਰੰਗ ਦਏ ਚੜ੍ਹਾਈਆ । ਹਰਿ ਸੰਗਤ ਰਹੇ ਸਦਾ ਨਿਹਾਲ, ਜੋ ਬੈਠੀ ਸਚ ਸੱਚੀ ਧਰਮਸਾਲ, ਸਤਿਗੁਰ ਘਰ ਮੰਦਰ ਅੰਦਰ ਇਕੋ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਸੋ ਜਨ ਗ਼ਮੀ ਚਿੰਤਾ ਰੋਗ ਸੋਗ ਵਿਚ ਕਦੇ ਨਾ ਆਈਆ । ਗੁਰਮੁਖ ਨਿਹਾਲ ਸਦਾ ਸਤਿ ਸੰਗ, ਗੁਰ ਸ਼ਬਦੀ ਰਾਗ ਅਲਾਈਆ । ਘਰ ਨਾਮ ਵੱਜੇ ਮਰਦੰਗ, ਅਨਹਦ ਨਾਦੀ ਤਾਲ ਸੁਣਾਈਆ । ਅੰਮ੍ਰਿਤ ਧਾਰਾ ਵਹੇ ਗੰਗ, ਨਿਝਰ ਝਿਰਨਾ ਦਏ ਝਿਰਾਈਆ । ਜਗਤ ਦੁਆਰਾ ਵੇਖੇ ਲੰਘ, ਨੌ ਦੁਆਰੇ ਪੰਧ ਚੁਕਾਈਆ । ਬਜਰ ਕਪਾਟੀ ਤੋੜੇ ਜੰਦ, ਦੂਈ ਦਵੈਤੀ ਡੇਰਾ ਢਾਹੀਆ । ਦਸਮ ਦੁਆਰੀ ਵੇਖੇ ਸਾਹਿਬ ਸਤਿਗੁਰ ਦਾ ਇਕ ਪਲੰਘ, ਬਿਨ ਪਾਵਾ ਚੂਲ ਟਿਕਾਈਆ । ਉਤੇ ਬਹੇ ਸੂਰਾ ਸਰਬੰਗ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸੁਰਤੀ ਸ਼ਬਦ ਦੇਵਣਹਾਰਾ ਅਨੰਦ, ਅਨੰਦ ਅਨੰਦ ਵਿਚੋ ਪਰਗਟਾਈਆ । ਸਾਚਾ ਨੂਰ ਚੜ੍ਹਾਏ ਚੰਦ, ਸੂਰਜ ਚੰਦ ਨੈਣ ਸ਼ਰਮਾਈਆ । ਜਿਨ੍ਹਾਂ ਉਪਰ ਸਤਿਗੁਰ ਪੂਰਾ ਹੋਏ ਆਪ ਬਖ਼ਸ਼ੰਦ, ਸੋ ਗੁਰਮੁਖ ਸਦਾ ਨਿਹਾਲ, ਓਨ੍ਹਾਂ ਪੋਹ ਨਾ ਸਕੇ ਕਾਲ, ਗੁਰ ਸ਼ਬਦੀ ਬਣੇ ਦਲਾਲ, ਏਥੇ ਓਥੇ ਦੋ ਜਹਾਨ ਇਕੋ ਰੰਗ ਵਖਾਈਆ । ਹੋਏ ਨਿਹਾਲ ਸਤਿਗੁਰ ਪਾਇਆ, ਮਨ ਮਨਸਾ ਮੇਟ ਮਿਟਾਈਆ । ਦੀਨ ਦਿਆਲ ਦਇਆ ਕਮਾਇਆ, ਘਰ ਠਾਕਰ ਵੇਖਣ ਆਈਆ । ਭੇਵ ਅਭੇਦਾ ਦਏ ਜਣਾਇਆ, ਅਨੁਭਵ ਪਰਕਾਸ਼ ਕਰਾਈਆ । ਜਨਮ ਕਰਮ ਦਾ ਲੇਖਾ ਦਏ ਚੁਕਾਇਆ, ਪੂਰਬ ਲਹਿਣਾ ਝੋਲੀ ਪਾਈਆ । ਸਾਚੀ ਸਰਨ ਦਏ ਸਮਝਾਇਆ, ਪੁਰਖ ਅਕਾਲ ਇਕੋ ਸਰਨਾਈਆ । ਜਿਸ ਮਿਲਿਆਂ ਦੁੱਖ ਰਹੇ ਨਾ ਰਾਇਆ, ਜਮ

ਕੀ ਫਾਸੀ ਫੰਦ ਕਟਾਈਆ । ਗੁਰਮੁਖ ਸਦਾ ਓਸ ਪਾਰਬ੍ਰਹਮ ਨਿਹਾਲ ਕਰਾਇਆ, ਜੋ ਨਾ ਜਨਮੇ ਨਾ ਮਰੇ ਮਾਤ ਗਰਭ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੱਖੇ ਨਿਹਾਲ, ਨਾਤਾ ਤੋੜ ਕਾਲ ਮਹਾਂਕਾਲ, ਇਕੋ ਸ਼ਬਦ ਗੁਰੂ ਬਣ ਦਲਾਲ, ਦਲਾਲੀ ਸੱਚੋ ਸਚ ਕਮਾਈਆ । ਨਿਹਾਲ ਰਹੇ ਸਦਾ ਗੁਰ ਸੰਗਤ, ਹਰਿ ਸਤਿਗੁਰ ਵਿਚ ਸਮਾਈਆ । ਨਾਤਾ ਤੁਟੇ ਜੇਰਜ ਅੰਡਤ, ਉਤਭੁਜ ਸੇਤਜ ਪੰਧ ਮੁਕਾਈਆ । ਮਾਨਸ ਜਨਮ ਨਾ ਹੋਵੇ ਭੰਗਤ, ਲੱਖ ਚੁਰਾਸੀ ਡੇਰਾ ਢਾਹੀਆ । ਜਿਨ੍ਹਾਂ ਸੁਆਮੀ ਠਾਕਰ ਚਾੜ੍ਹੇ ਆਪਣੀ ਰੰਗਤ, ਦੁਰਮਤ ਮੈਲ ਦਏ ਧਵਾਈਆ । ਸੋ ਗੁਰਸਿਖ ਕਿਸੇ ਦਰ ਨਾ ਜਾਏ ਮੰਗਤ, ਜਿਸ ਗੁਰ ਗੋਬਿੰਦ ਮਿਲਿਆ ਸੱਚਾ ਮਾਹੀਆ । ਸਤਿਗੁਰ ਭੇਵ ਕੋਈ ਨਾ ਜਾਣੇ ਪੰਡਤ, ਲੇਖਾ ਲਿਖਣ ਪੜ੍ਹਨ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਨਾਮ ਵਰ, ਬੰਕ ਦੁਆਰੀ ਖੋਲ੍ਹ ਦਰ, ਦਰ ਸੱਚਾ ਇਕ ਵਖਾਈਆ । ਐਸੇ ਪੰਦਰਾਂ ਕੱਤਕ ਗੱਲ ਹੋਵੇ ਉਹ, ਓੜਕ ਅੰਤ ਜਿਸ ਦਾ ਕਹਿਣ ਕੋਇ ਨਾ ਪਾਈਆ । ਜਿਸ ਦੁਆਰੇ ਕੋਈ ਨਾ ਸਕੇ ਪੋਹ, ਨੇਤਰ ਨੈਣ ਵੇਖਣ ਕੋਈ ਨਾ ਪਾਈਆ । ਜੋ ਨਿਰਗੁਣ ਧਾਰ ਗੁਰੂ ਅਵਤਾਰ ਨਿਰਗੁਣ ਸਰਗੁਣ ਗਈ ਹੋ, ਉਹ ਆਪਣੀ ਧਾਰ ਵਹਾਈਆ । ਜਿਸ ਦਾ ਬਲ ਆਦਿ ਜੁਗਾਦਿ ਜੁਗ ਚੌਕੜੀ ਕੋਈ ਨਾ ਸਕਿਆ ਟੋਹ, ਹੁਕਮੇ ਅੰਦਰ ਦੋ ਜਹਾਨ ਗੇੜ ਰਹੇ ਗਿੜਾਈਆ । ਉਸ ਦੀ ਉਸ ਦਾ ਸ਼ਬਦ ਸੁਣਾਵੇ ਸੋ, ਮਨਮਤ ਬੁਧ ਸਮਝ ਕੋਇ ਨਾ ਪਾਈਆ । ਕਰ ਕਿਰਪਾ ਜਿਸ ਨੂੰ ਦੇਵੇ ਆਪਣੀ ਲੋ, ਸੋ ਥੋੜਾ ਥੋੜਾ ਲੇਖਾ ਦਏ ਜਣਾਈਆ । ਆਪਣੇ ਜਿਹਾ ਉਹ ਆਪੇ ਹੋ, ਆਪਣੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬੇਅੰਤ ਬੇਪਰਵਾਹ ਜਲਵਾ ਨੂਰ ਨੁਰਾਨਾ ਖ਼ੁਦਾ, ਸਚਖੰਡ ਵਸੇ ਇਕ ਮਕਾਨ, ਬੇਪਹਿਚਾਨ ਮਿਹਰਵਾਨ ਆਪਣਾ ਹੁਕਮ ਆਪ ਵਰਤਾਈਆ ।



## ੧੪ ਅੱਸੂ ੨੦੨੦ ਬਿਕਰਮੀ ਕਪੂਰ ਸਿੰਘ ਦੇ ਗ੍ਰਿਹ ਚਨੂੰ ਵਾਲਾ ਜ਼ਿਲਾ ਫਿਰੋਜ਼ਪੁਰ

ਸੱਚ ਦਰਬਾਰ ਲੱਗਾ ਸਚਖੰਡ, ਸਚ ਦਵਾਰ ਵੱਜੇ ਵਧਾਈਆ । ਤਖ਼ਤ ਨਿਵਾਸੀ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਸਣ ਲਾਈਆ । ਨਿਰਗੁਣ ਜੋਤ ਚੜ੍ਹੇ ਚੰਦ, ਨੂਰੋ ਨੂਰ ਨੂਰ ਰੁਸ਼ਨਾਈਆ । ਹੁਕਮ ਸੰਦੇਸ਼ਾ ਦੇਵੇ ਸੂਰਾ ਸਰਬੰਗ, ਧੁਰ ਫ਼ਰਮਾਨਾ ਇਕੋ ਨਾਮ ਜਣਾਈਆ । ਜੁਗ ਚੌਕੜੀ ਰਹੀ ਲੰਘ, ਕਲਜੁਗ ਵੇਲਾ ਅੰਤਮ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦਵਾਰੇ ਆਓ ਲੰਘ, ਸ੍ਰੀ ਭਗਵਾਨ ਰਿਹਾ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਦੋਏ ਜੋੜ ਮੰਗਣ ਮੰਗ, ਨੇਤਰ ਨੈਣ ਨੈਣ ਝੁਕਾਈਆ । ਤ੍ਰੈਗੁਣ ਮਾਇਆ ਕਹੇ ਮੈਂ ਹੋਈ ਰੰਡ, ਜਗਤ ਅੰਧੇਰ ਇਕੋ ਛਾਈਆ । ਪੰਜ ਤਤ ਕਹੇ ਮੇਰਾ ਦੁਖੇ ਬੰਦ ਬੰਦ, ਬੰਦੀਖ਼ਾਨਾ ਤੋੜ ਨਾ ਕੋਇ ਤੁੜਾਈਆ । ਲੱਖ ਚੁਰਾਸੀ ਹੋਈ ਆਤਮ ਅੰਧ, ਅਗਿਆਨ ਅੰਧੇਰ ਨਾ ਕੋਇ ਮਿਟਾਈਆ । ਦੂਈ ਦਵੈਤੀ ਢਾਹੇ ਕੋਈ ਨਾ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਨੌ ਖੰਡ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਭੇਖ ਪਖੰਡ, ਕਲਜੁਗ ਆਪਣਾ ਵੇਸ ਵਟਾਈਆ । ਰਸਨਾ ਜਿਹਵਾ ਬੱਤੀ ਦੰਦ ਕੂਕ ਪੁਕਾਰਨ ਪਾਵਣ ਡੰਡ, ਸਾਚੀ ਡੰਡੌਤ ਨਾ ਕੋਇ ਸਮਝਾਈਆ । ਧੁਰ ਦਾ ਸੋਹਲਾ ਸਾਚਾ ਢੋਲਾ ਸ਼ਬਦ ਵਿਚੋਲਾ ਕੋਈ ਨਾ ਗਾਏ ਛੰਦ, ਆਤਮ ਪਰਮਾਤਮ ਨਾਦ ਨਾ ਕੋਇ ਸੁਣਾਈਆ । ਕਾਇਆ ਚੋਲੀ ਚੜ੍ਹਿਆ ਦਿਸੇ ਕੋਈ

ਨਾ ਰੰਗ, ਦੁਰਮਤ ਮੈਲ ਨਾ ਕੋਇ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਸਚ ਦਰਬਾਰ ਇਕੋ ਲਾ, ਦਰਗਹਿ ਸਾਚੀ ਧਾਮ ਸੁਹਾਇੰਦਾ । ਗੁਰ ਅਵਤਾਰ ਗਏ ਆ, ਪੀਰ ਪੈਗ਼ੰਬਰ ਸੀਸ ਝੁਕਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾ, ਨੇਤਰ ਨੈਣ ਨਾ ਕੋਇ ਉਠਾਇੰਦਾ । ਤ੍ਰੈ ਪੰਜ ਰੋਵੇ ਮਾਰੇ ਧਾਹ, ਧੀਰਜ ਧੀਰ ਨਾ ਕੋਇ ਵਖਾਇੰਦਾ । ਭਗਤ ਭਗਵਾਨ ਰਹੇ ਸੁਣਾ, ਉਚੀ ਕੂਕ ਸਰਬ ਅਲਾਇੰਦਾ । ਚਾਰੋ ਕੁੰਟ ਅੰਧੇਰਾ ਗਿਆ ਛਾ, ਤੇਰਾ ਨੂਰ ਨਜ਼ਰ ਕੋਇ ਨਾ ਆਇੰਦਾ । ਸ੍ਰਿਸ਼ਟ ਸਬਾਈ ਗਈ ਭੁਲਾ, ਬੇਪਰਵਾਹ ਤੇਰਾ ਭੇਵ ਕੋਇ ਨਾ ਪਾਇੰਦਾ । ਮੁਰੀਦ ਮੁਰਸ਼ਦ ਨਾਲੋ ਹੋਏ ਬੇਵਫ਼ਾ, ਸਾਚਾ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਇੰਦਾ । ਗੁਰ ਅਵਤਾਰ ਆਓ ਨੇੜੇ, ਸੋ ਸਾਹਿਬ ਆਪ ਜਣਾਈਆ । ਲੋਕਮਾਤ ਕਿਉਂ ਪਏ ਝੇੜੇ, ਝਗੜਾ ਕਰੇ ਕਿਉਂ ਲੋਕਾਈਆ । ਕੂੜੀ ਕਿਰਿਆ ਕਿਉਂ ਲਾਏ ਡੇਰੇ, ਘਰ ਘਰ ਬੈਠੀ ਆਸਣ ਲਾਈਆ । ਜੂਠ ਝੂਠ ਕਿਉਂ ਵੜ੍ਹਿਆ ਖੇੜੇ, ਆਪ ਆਪਣਾ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਈ ਅਵਤਾਰ ਭਗਤ ਅਠਾਰਾਂ ਈਸਾ ਮੂਸਾ ਮੁਹੰਮਦ ਗੁਰੂ ਦਸ ਪਾ ਕੇ ਆਏ ਫੇਰੇ, ਨਿਤ ਨਵਿਤ ਆਪਣਾ ਵੇਸ ਵਟਾਈਆ । ਪਾਰਬ੍ਰਹਮ ਪੁਰਖ ਅਕਾਲ ਦੇ ਬਣ ਕੇ ਆਏ ਚੇਰੇ, ਚੇਲਾ ਗੁਰੂ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਸਾਚਾ ਹਰਿ, ਹਾਲਤ ਸਭ ਦੀ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਿਨ ਰਸਨਾ ਜਿਹਵਾ ਬੋਲ ਦਿਓ ਬਿਆਨ, ਬੇਪਰਵਾਹ ਹੁਕਮ ਵਰਤਾਈਆ । ਨੇਤਰ ਖੋਲ੍ਹੋ ਵੇਖੋ ਦੋ ਜਹਾਨ, ਲੋਕ ਪਰਲੋਕ ਰਿਹਾ ਕੁਰਲਾਈਆ । ਬ੍ਰਹਿਮੰਡ ਖੰਡ ਧਰਮ ਦਿਸੇ ਨਾ ਕੋਇ ਨਿਸ਼ਾਨ, ਪੁਰੀ ਲੋਅ ਸਾਚਾ ਰੰਗ ਨਾ ਕੋਇ ਰੰਗਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਸਕੇ ਨਾ ਕੋਇ ਪਹਿਚਾਨ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਅੰਜੀਲ ਕੁਰਾਨ ਸਾਚਾ ਦਿਸੇ ਨਾ ਕੋਇ ਈਮਾਨ, ਹਜ਼ਰਤ ਹਾਜ਼ਰ ਹਜ਼ੂਰ ਫੇਰਾ ਕੋਈ ਨਾ ਪਾਈਆ । ਨਾਨਕ ਗੋਬਿੰਦ ਸਾਰ ਸ਼ਬਦ ਅਗੰਮੀ ਧਾਰ ਕੋਈ ਨਾ ਸਕੇ ਪਹਿਚਾਨ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਤੀਰਥ ਅਠਸਠ ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਾਰੇ ਜਾਣ, ਦੁਰਮਤ ਮੈਲ ਨਾ ਕਿਸੇ ਧਵਾਈਆ । ਕਾਇਆ ਮੰਦਰ ਦਿਸੇ ਸੁੰਞ ਵੈਰਾਨ, ਹਰਿ ਮੰਦਰ ਕੁੰਡਾ ਕੋਇ ਨਾ ਲਾਹੀਆ । ਅੰਤਰ ਆਤਮ ਕੋਈ ਨਾ ਸਕੇ ਪਹਿਚਾਨ, ਪਾਰਬ੍ਰਹਮ ਬ੍ਰਹਮ ਲੇਖਾ ਨਾ ਕੋਇ ਮੁਕਾਈਆ । ਦੀਆ ਦੀਪਕ ਜੋਤੀ ਕੋਈ ਨਾ ਲਏ ਬਾਲ, ਘਰ ਘਰ ਨਾ ਕੋਇ ਰੁਸ਼ਨਾਈਆ । ਸਾਚਾ ਸ਼ਬਦ ਅਨਾਦ ਸੁਣੇ ਨਾ ਕੋਈ ਧੁਨਕਾਨ, ਅਨਹਦ ਰਾਗੀ ਰਾਗ ਨਾ ਕੋਇ ਅਲਾਈਆ । ਅੰਮ੍ਰਿਤ ਆਤਮ ਕਿਸੇ ਨਾ ਮਿਲੇ ਪੀਣ ਖਾਣ, ਨਿਝਰ ਝਿਰਨਾ ਸਕੇ ਨਾ ਕੋਇ ਝਿਰਾਈਆ । ਘਰ ਘਰ ਨੱਚੇ ਕਾਮ ਕਰੋਧ ਲੋਭ ਮੋਹ ਹੰਕਾਰ ਪੰਜ ਸ਼ੈਤਾਨ, ਆਸਾ ਤ੍ਰਿਸਨਾ ਮੁਖ ਘੁੰਗਟ ਰਹੀ ਉਠਾਈਆ । ਧੁਰ ਦਾ ਲੇਖਾ ਦੱਸੋ ਅਹਿਵਾਲ, ਹਾਲਤ ਸਭ ਦੀ ਵੇਖ ਵਖਾਈਆ । ਸਭ ਦੇ ਸਿਰ ਉਤੇ ਕੂਕੇ ਕਾਲ, ਚਾਰੋ ਕੁੰਟ ਡੌਰੂ ਡੰਕ ਵਜਾਈਆ । ਕਵਣ ਮਿਲੇ ਅੰਤ ਦਲਾਲ, ਸਚ ਦਲਾਲੀ ਨਾਮ ਵਖਾਈਆ । ਪੁਛਣਹਾਰਾ ਇਕ ਅਕਾਲ, ਧੁਰ ਫ਼ਰਮਾਨਾ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ, ਪ੍ਰਭ ਚਰਨ ਕਵਲ ਧਿਆਨ ਲਗਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਚਾਰ ਜੁਗ ਅਸੀਂ ਆਏ

ਹੋੜ, ਚਾਰੇ ਖਾਣੀ ਚਾਰੇ ਬਾਣੀ ਢੋਲਾ ਰਾਗ ਸੁਣਾਈਆ । ਸੁਰਤੀ ਸ਼ਬਦੀ ਅੰਤਰ ਆਤਮ ਆਏ ਜੋੜ, ਭੇਵ ਅਭੇਦਾ ਆਪ ਖੁਲ੍ਹਾਈਆ । ਆਤਮ ਪਰਮਾਤਮ ਬੰਨ੍ਹ ਕੇ ਆਏ ਡੋਰ, ਬੰਧਨ ਇਕੋ ਇਕ ਵਖਾਈਆ । ਲੇਖਾ ਚੁਕਾ ਕੇ ਆਏ ਪੰਜ ਚੋਰ, ਤੇਰਾ ਨਾਮ ਦੱਸ ਵਡਿਆਈਆ । ਹੋਕਾ ਦੇ ਕੇ ਆਏ ਹੋੜ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਭੀਖ, ਪ੍ਰਭ ਅੱਗੇ ਸੀਸ ਝੁਕਾਈਆ । ਸਾਹਿਬ ਸੁਲਤਾਨ ਮਿਹਰਵਾਨ ਨਿਰਗੁਣ ਨਿਰਵੈਰ ਤੇਰੀ ਇਕ ਉਡੀਕ, ਚਾਰੇ ਜੁਗ ਬੈਠੇ ਧਿਆਨ ਲਗਾਈਆ । ਪੀਰ ਪੈਗ਼ੰਬਰ ਆਪਣੀ ਵੇਖਣ ਨੇੜੇ ਆਈ ਤਰੀਕ, ਕਵਣ ਤਾਰੀਖ਼ ਦਏ ਬਦਲਾਈਆ । ਜਿਸ ਦੇ ਹੱਥ ਆਦਿ ਜੁਗਾਦੀ ਜੀਤ, ਜਿਤਣਹਾਰਾ ਸਰਬ ਲੋਕਾਈਆ । ਸਦ ਵਸਣਹਾਰਾ ਧਾਮ ਅਨਡੀਠ, ਸਚਖੰਡ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਸਾਚੇ ਮੰਗ ਮੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਰੋਵਨ ਮਾਰਨ ਧਾਹ, ਅੰਤ ਲੇਖਾ ਦੇਣ ਜਣਾਈਆ । ਤੇਰਾ ਲੇਖਾ ਬੇਪਰਵਾਹ, ਰਸਨਾ ਜਿਹਵਾ ਕਹਿਣ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣੇ ਗਵਾਹ, ਧੁਰ ਦਾ ਭੇਵ ਦੇਣ ਖੁਲ੍ਹਾਈਆ । ਵਿਸ਼ਨੂੰ ਕਹੇ ਮੈਂ ਇਕੋ ਦੋਏ ਜੋੜ ਮੰਗਾਂ ਸਰਨਾ, ਸਰਨਗਤ ਇਕ ਹੋ ਜਾਈਆ । ਬ੍ਰਹਮਾ ਕਹੇ ਮੈਂ ਸੀਸ ਰਿਹਾ ਝੁਕਾ, ਤੇਰਾ ਹੁਕਮ ਬੇਪਰਵਾਹੀਆ । ਸ਼ੰਕਰ ਕਹੇ ਮੈਂ ਹੱਥ ਤ੍ਰਿਸੂਲ ਦੇਵਾਂ ਸੁਟਾ, ਮਾਣ ਅਭਿਮਾਨ ਕੋਇ ਰਹਿਣ ਨਾ ਪਾਈਆ । ਧੁਰ ਦਾ ਲੇਖਾ ਦੇ ਜਣਾ, ਜਾਗਰਤ ਜੋਤ ਕਰ ਰੁਸ਼ਨਾਈਆ । ਤੁਧ ਬਿਨ ਦਿਸੇ ਨਾ ਕੋਈ ਮਲਾਹ, ਬੇੜਾ ਪਾਰ ਨਾ ਕੋਇ ਲੰਘਾਈਆ । ਚੌਥਾ ਜੁਗ ਵੇਲਾ ਅੰਤਮ ਗਿਆ ਆ, ਆਗਿਆਕਾਰ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਲੇਖਾ ਵੇਖ ਥਾਉਂ ਥਾਈਂਆ । ਲੇਖਾ ਵੇਖ ਪ੍ਰਭੂ ਪ੍ਰਭ ਠਾਕਰ, ਤੇਰੇ ਹੱਥ ਵੱਡੀ ਵਡਿਆਈਆ । ਕਲਜੁਗ ਦਿਸੇ ਡੂੰਘਾ ਸਾਗਰ, ਭਵ ਪਾਰ ਨਾ ਕੋਇ ਕਰਾਈਆ । ਸਾਚਾ ਬਣੇ ਨਾ ਕੋਈ ਸੌਦਾਗਰ, ਸੌਦਾ ਹੱਟ ਨਾ ਕੋਇ ਵਿਕਾਈਆ । ਨਜ਼ਰ ਨਾ ਆਏ ਕਰਤਾ ਕਾਦਰ, ਮਿਹਰ ਨਜ਼ਰ ਨਾ ਕੋਇ ਉਠਾਈਆ । ਨਿਰਮਲ ਕਰਮ ਨਾ ਕਰੇ ਕੋਇ ਉਜਾਗਰ, ਕੂੜੀ ਕਿਰਿਆ ਦਏ ਦੁਹਾਈਆ । ਬਿਨ ਤੇਰੇ ਦੂਜਾ ਬਣੇ ਨਾ ਕੋਇ ਬਹਾਦਰ, ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੁਧ ਬਿਨ ਦੂਜਾ ਨਜ਼ਰ ਨਾ ਆਏ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਦੋ ਜਹਾਨ ਬੈਠੇ ਤੇਰਾ ਧਿਆਨ ਲਗਾਏ, ਨਿਜ ਨੇਤਰ ਨੈਣ ਉਠਾਈਆ । ਬ੍ਰਹਿਮੰਡ ਖੰਡ ਰਹੇ ਜਸ ਗਾਏ, ਢੋਲਾ ਇਕੋ ਨਾਮ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਸੁਣਾਏ, ਧੁਰ ਸੰਦੇਸਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਫੇਰਾ ਪਾਏ, ਕਲ ਕਲਕੀ ਨਾਉਂ ਧਰਾਈਆ । ਸਾਚੇ ਨਗਰ ਡੇਰਾ ਲਾਏ, ਸੰਬਲ ਆਪਣੀ ਰੁੱਤ ਸੁਹਾਈਆ । ਹੱਕ ਨਬੇੜਾ ਦਏ ਕਰਾਏ, ਹਕੀਕਤ ਵੇਖੇ ਥਾਉਂ ਥਾਈਂਆ । ਪੀਰ ਪੈਗ਼ੰਬਰ ਲਏ ਜਗਾਏ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਤ, ਪੁਰਖ ਅਕਾਲ ਅੱਗੇ ਅਰਜ਼ੋਈਆ । ਕਿਰਪਾ ਕਰ ਪੁਰਖ ਅਬਿਨਾਸ਼, ਬੇਪਰਵਾਹ ਦੇ ਢੋਈਆ । ਨੇਤਰ

ਰੋਵੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਨੈਣਾਂ ਨੀਰ ਵਹਾਈਆ । ਕਲਜੁਗ ਅੰਤਮ ਕੋਈ ਨਾ ਦੇਵੇ ਸਾਥ, ਸਗਲਾ ਸੰਗ ਨਾ ਕੋਇ ਨਿਭਾਈਆ । ਵਰਨ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਕਰ ਕਰ ਥੱਕੇ ਪੂਜਾ ਪਾਠ, ਹਿਰਦੇ ਹਰਿ ਨਾ ਕੋਇ ਵਸਾਈਆ । ਚਾਰੋ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਨਾ ਕੋਈ ਹੋਏ ਸਹਾਈ ਅਨਾਥਾਂ ਨਾਥ, ਦੀਨਨ ਦੀਨ ਗਲੇ ਨਾ ਕੋਇ ਲਗਾਈਆ । ਗ਼ਰੀਬ ਨਿਮਾਣਿਆਂ ਪਤ ਸਕੇ ਨਾ ਕੋਈ ਰਾਖ, ਸਿਰ ਹੱਥ ਨਾ ਕੋਇ ਟਿਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਗਟ ਹੋ ਸਾਖਿਆਤ, ਸਾਹਿਬ ਸੁਲਤਾਨ ਫੇਰਾ ਪਾਈਆ । ਲੱਖ ਚੁਰਾਸੀ ਵੇਖ ਹਾਲਾਤ, ਹਾਲਤ ਸਭ ਦੀ ਦੇ ਬਦਲਾਈਆ । ਧੁਰ ਦਾ ਲੇਖਾ ਲਿਖ ਬਿਨ ਕਲਮ ਦਵਾਤ, ਕਾਗ਼ਜ਼ ਸ਼ਾਹੀ ਕੰਮ ਕਿਸੇ ਨਾ ਆਈਆ । ਨੌ ਖੰਡ ਪ੍ਰਿਥਮੀ ਸਤ ਦੀਪ ਇਕ ਬਣਾ ਜਮਾਤ, ਇਕੋ ਅੱਖਰ ਦੇ ਪੜ੍ਹਾਈਆ । ਤੇਰਾ ਕਲਮਾ ਪੜ੍ਹੇ ਕਾਇਨਾਤ, ਸੋਹਲਾ ਢੋਲਾ ਇਕੋ ਗਾਈਆ । ਗੁਰ ਅਵਤਾਰ ਸਾਰੇ ਗਏ ਆਖ, ਆਖ਼ਰ ਆਵੇ ਬੇਪਰਵਾਹੀਆ । ਖੇਲ ਕਰੇ ਬਹੁ ਬਿਧ ਭਾਂਤ, ਅਨਕ ਕਲਧਾਰੀ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਓਟ ਰਖਾਈਆ । ਤੇਰੀ ਓਟ ਰੱਖੀ ਪ੍ਰਭ ਏਕ, ਏਕੰਕਾਰ ਤੇਰੀ ਸਰਨਾਈਆ । ਕਲਜੁਗ ਅੰਤਮ ਸਾਚੀ ਟੇਕ, ਬਿਨ ਪੁਰਖ ਅਕਾਲ ਨਜ਼ਰ ਕੋਇ ਨਾ ਆਈਆ । ਕਿਰਪਾ ਨਿਧਾਨ ਆ ਕੇ ਕਰ ਬੁੱਧ ਬਿਬੇਕ, ਸ੍ਰਿਸ਼ਟ ਸਬਾਈ ਦੇ ਸਮਝਾਈਆ । ਕੂੜੇ ਕਰਮ ਲੇਖਾ ਦੇ ਮੇਟ, ਸੱਚਾ ਮਾਰਗ ਇਕ ਦਰਸਾਈਆ । ਆਤਮ ਪਰਮਾਤਮ ਦੱਸ ਹੇਤ, ਬ੍ਰਹਮ ਪਾਰਬ੍ਰਹਮ ਮਿਲਾਈਆ । ਉਜੜਿਆ ਵਸੇ ਸੁੰਞਾ ਖੇਤ, ਪਤ ਡਾਲੀ ਫੁਲ ਮਹਿਕਾਈਆ । ਰੁੱਤ ਮੌਲੇ ਬਸੰਤੀ ਚੇਤ, ਚੇਤਨ ਸੁਰਤੀ ਦੇ ਕਰਾਈਆ । ਨਜ਼ਰੀ ਆਵੇਂ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਨਿਰਵੈਰ ਪੁਰਖ ਧਾਰ ਆਪਣਾ ਭੇਖ, ਕਲਜੁਗ ਭੇਖ ਦੇ ਗਵਾਈਆ । ਨੇਤਰ ਰੋਵੇ ਵਿਸ਼ਨੂੰ ਬੈਠਾ ਬਾਸ਼ਕ ਸ਼ੇਸ਼, ਸੀਸ ਜਗਦੀਸ ਰਿਹਾ ਝੁਕਾਈਆ । ਬ੍ਰਹਮਾ ਕਹੇ ਮੇਰਾ ਕੋਈ ਨਾ ਕਰੇ ਹੇਤ, ਬ੍ਰਹਮ ਵਿਦਿਆ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਭ ਦੀ ਆਸਾ ਮਨਸਾ ਪੂਰ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਮੈਂ ਨਿਰਗੁਣ ਹੋ ਕੇ ਆਵਾਂਗਾ । ਨਿਰਵੈਰ ਪੁਰਖ ਅਖਵਾਵਾਂਗਾ । ਲੋਕਮਾਤ ਵੇਸ ਵਟਾਵਾਂਗਾ । ਸਚ ਸਲੋਕ ਇਕ ਦ੍ਰਿੜ੍ਹਾਵਾਂਗਾ । ਓਟ ਇਕੋ ਇਕ ਜਣਾਵਾਂਗਾ । ਲੋਕ ਪਰਲੋਕ ਵੇਖ ਵਖਾਵਾਂਗਾ । ਕਿਲਾ ਬੰਕ ਕੋਟ, ਫੋਲ ਫੋਲਾਵਾਂਗਾ । ਸ਼ਬਦ ਨਗਾਰੇ ਲਾ ਕੇ ਚੋਟ, ਦੋ ਜਹਾਨ ਆਪ ਉਠਾਵਾਂਗਾ । ਲੱਖ ਚੁਰਾਸੀ ਅੰਦਰੋ ਕੱਢ ਕੇ ਖੋਟ, ਸਚ ਸੁੱਚ ਵਸਤ ਵਰਤਾਵਾਂਗਾ । ਕਰ ਪਰਕਾਸ਼ ਨਿਰਮਲ ਜੋਤ, ਅਗਿਆਨ ਅੰਧੇਰ ਮਿਟਾਵਾਂਗਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਬਣਾ ਕੇ ਗੋਤ, ਇਸ਼ਟ ਇਕੋ ਇਕ ਵਖਾਵਾਂਗਾ । ਰਸਨਾ ਜਿਹਵਾ ਪੁਰਖ ਅਕਾਲ ਸਭ ਗਾਏ ਰਸਨਾ ਹੋਂਟ, ਸਾਚਾ ਨਾਮ ਇਕ ਦ੍ਰਿੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਰਚਾਵਾਂਗਾ । ਸਾਚਾ ਖੇਲ ਆਪ ਰਚਾਵਾਂਗਾ । ਕਲ ਅੰਤਮ ਵੇਸ ਵਟਾਵਾਂਗਾ । ਨਿਹਕਲੰਕ ਨਾਉਂ ਧਰਾਵਾਂਗਾ । ਕਲ ਕਲਕੀ ਫੇਰਾ ਪਾਵਾਂਗਾ । ਧੁਰ ਦੀ ਵੰਨਗੀ ਇਕ ਲਿਆਵਾਂਗਾ । ਸ੍ਰਿਸ਼ਟ ਸਬਾਈ ਮਰਦੀ ਮਰਦੀ ਫੇਰ ਬਚਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜ੍ਹਾਵਾਂਗਾ । ਸਾਚੀ ਸਿਖਿਆ ਇਕ ਪ੍ਰਭ ਦ੍ਰਿੜ੍ਹਾਏਗਾ । ਧੁਰ ਦਾ ਲੇਖਾ ਆਪ

ਸਮਝਾਏਗਾ । ਦਹਿ ਦਿਸ਼ਾ ਪਾਏ ਭਿਛਿਆ, ਚਾਰ ਕੁੰਟ ਨਾਮ ਵਰਤਾਏਗਾ । ਆਤਮ ਪਰਮਾਤਮ ਕਦੇ ਨਾ ਜਾਏ ਭਿਟਿਆ, ਛੂਤ ਛਾਤ ਝਗੜਾ ਆਪ ਚੁਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਇਕ ਲਗਾਏਗਾ । ਸਚ ਮਾਰਗ ਇਕ ਲਗਾਵੇਗਾ । ਚਾਰ ਵਰਨ ਗੰਢ ਪਵਾਵੇਗਾ । ਬਰਨ ਅਠਾਰਾਂ ਠੰਡ ਪਾਵੇਗਾ । ਨਾਰ ਦੁਹਾਗਣ ਰੰਡ, ਸੁਰਤ ਸ਼ਬਦ ਮਿਲਾਵੇਗਾ । ਭਰਮਾਂ ਢਾਹ ਕੇ ਦਵੈਤੀ ਕੰਧ, ਘਰ ਇਕੋ ਇਕ ਵਖਾਵੇਗਾ । ਨਿਜ ਆਤਮ ਦੇ ਅਨੰਦ, ਪਰਮਾਨੰਦ ਸਮਾਵੇਗਾ । ਸਾਚਾ ਢੋਲਾ ਗਾਏ ਛੰਦ, ਸੰਸਾ ਰੋਗ ਚੁਕਾਵੇਗਾ । ਬੰਦੀਖ਼ਾਨਾ ਤੋੜ ਕੇ ਬੰਦ, ਬੰਦਗੀ ਇਕੋ ਇਕ ਦਰਸਾਵੇਗਾ । ਕੂੜੀ ਕਿਰਿਆ ਕੱਢ ਕੇ ਗੰਦ, ਸਚ ਸੁਚ ਆਪਣਾ ਨਾਮ ਵਿਚ ਟਿਕਾਵੇਗਾ । ਭੇਵ ਖੁਲ੍ਹਾਏ ਬ੍ਰਹਮ ਹੰ, ਹੰ ਬ੍ਰਹਮ ਆਪਣਾ ਆਪ ਜਣਾਵੇਗਾ । ਸੋ ਸੂਰਾ ਬਣ ਸਰਬੰਗ, ਸੋਹੰ ਸ਼ਬਦ ਇਕ ਪਰਗਟਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਨਕ ਗੋਬਿੰਦ ਅੰਤਮ ਮੰਗ ਕੇ ਗਏ ਮੰਗ, ਸਭ ਦਾ ਲੇਖਾ ਲੇਖੇ ਵਿਚ ਲਗਾਵੇਗਾ । ਨਿਰਗੁਣ ਨਿਰਵੈਰ ਪੁਰਖ ਅਕਾਲ ਨੂਰ ਇਲਾਹੀ ਚੜ੍ਹੇ ਚੰਦ, ਚੰਦ ਨੂਰ ਇਕ ਚਮਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਆਸਾ ਪੂਰ ਕਰਾਵੇਗਾ । ਸਭ ਦੀ ਆਸਾ ਪੂਰ ਕਰਾਵੇਗਾ । ਕਲਜੁਗ ਲੇਖਾ ਲੇਖ ਮੁਕਾਵੇਗਾ । ਭਰਮ ਭੁਲੇਖਾ ਆਪ ਕਢਾਵੇਗਾ । ਦੇਸ ਪਰਦੇਸਾਂ ਸੋਭਾ ਪਾਵੇਗਾ । ਨਰ ਨਰੇਸ਼ ਭੇਵ ਚੁਕਾਵੇਗਾ । ਵਿਸ਼ਨ ਬ੍ਰਹਮਾ ਸ਼ਿਵ ਸੁਰਤ ਖੁਲਾਵੇਗਾ । ਅਕਾਲ ਮੂਰਤ ਨਜ਼ਰੀ ਆਵੇਗਾ । ਨਾਦ ਤੂਰਤ ਇਕ ਸੁਣਾਵੇਗਾ । ਮੂਰਖ ਮੂੜਤ ਆਪ ਸਮਝਾਵੇਗਾ । ਰੰਗ ਗੂੜ੍ਹਤ ਇਕ ਚੜ੍ਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਚ ਸਚ ਵਰਤਾਵੇਗਾ । ਸਤਿਜੁਗ ਸਾਚਾ ਪ੍ਰਭੂ ਲਗਾਏਗਾ । ਮਿਹਰਵਾਨ ਮਿਹਰ ਨਜ਼ਰ ਉਠਾਏਗਾ । ਚਾਰ ਵਰਨ ਇਕੋ ਸਰਨ ਰਖਾਏਗਾ । ਨੇਤਰ ਹਰਨ ਫਰਨ ਖੁਲ੍ਹਾਏਗਾ । ਸ੍ਰੀ ਭਗਵਾਨ ਭੇਵ ਚੁਕਾਏਗਾ । ਕਾਇਆ ਮੰਦਰ ਅੰਦਰ ਵੜਨ, ਆਪ ਸਮਝਾਏਗਾ । ਸਾਚੇ ਪੌੜੇ ਚੜ੍ਹਨ, ਗੁਰਮੁਖ ਇਸ਼ਾਰਾ ਇਕ ਰਖਾਏਗਾ । ਸਾਹਿਬ ਸਤਿਗੁਰ ਦਰਸ਼ਨ ਕਰਨ, ਘਰ ਸੁਆਮੀ ਨਜ਼ਰੀ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਵਰਤਾਏਗਾ । ਸਾਚਾ ਖੇਲ ਹਰਿ ਜੂ ਵਰਤਾਵੇਗਾ । ਸੋ ਪੁਰਖ ਨਿਰੰਜਣ ਹੁਕਮ ਚਲਾਵੇਗਾ । ਹਰਿ ਪੁਰਖ ਨਿਰੰਜਣ ਵੇਖ ਵਖਾਵੇਗਾ । ਏਕੰਕਾਰ ਤਾਲ ਵਜਾਵੇਗਾ । ਆਦਿ ਨਿਰੰਜਣ ਜੋਤ ਰੁਸ਼ਨਾਵੇਗਾ । ਸ੍ਰੀ ਭਗਵਾਨ ਸਰਬ ਸਮਝਾਵੇਗਾ । ਅਬਿਨਾਸ਼ੀ ਕਰਤਾ ਬੋਲ ਅਲਾਵੇਗਾ । ਪਾਰਬ੍ਰਹਮ ਬ੍ਰਹਮ ਪੜਦਾ ਆਪ ਚੁਕਾਵੇਗਾ । ਨਿਹਕਰਮੀ ਕਰਮ ਕਾਂਡ ਪੰਧ ਮੁਕਾਵੇਗਾ । ਸਾਚੀ ਸਰਨੀ ਸਰਨਗਤ ਇਕ ਦਰਸਾਵੇਗਾ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਕਰੇ ਕਰਨੀ, ਕਰਤਾ ਪੁਰਖ ਕਾਰ ਕਮਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਸਤਿਜੁਗ ਧਾਰਾ ਆਪ ਬਦਲਾਵੇਗਾ । ਪੰਜ ਸਾਲ ਨਾਤਾ ਪੰਜ ਤੱਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਖਲਾਈਆ । ਹੱਡ ਮਾਸ ਨਾੜੀ ਤਪੇ ਰਤ, ਅਗਨੀ ਅੱਗ ਨਾ ਕੋਇ ਬੁਝਾਈਆ । ਪੂਰਬ ਜਨਮਾਂ ਲੱਗੀ ਸੱਟ, ਦੁੱਖੀਆਂ ਦਰਦ ਨਾ ਕੋਇ ਵੰਡਾਈਆ । ਕੋਇ ਤਬੀਬ ਕੋਇ ਹਕੀਮ ਕੋਇ ਨਾ ਸਕੇ ਰੱਖ, ਨਾੜ ਬਹੱਤਰ ਭੇਵ ਕਿਸੇ ਨਾ ਆਈਆ । ਜਿਸ ਮਨ ਮਤ ਬੁਧ ਆਤਮ ਅੰਦਰ ਦਿਤੀ ਰੱਖ, ਸੋ ਪਰਮਾਤਮ ਵੇਖ ਵਖਾਈਆ । ਪੂਰਬ ਲੇਖਾ ਜੇ ਉਸ ਦਾ ਦੇਈਏ ਦੱਸ, ਜਗਤ ਸ਼ਰਮ ਹਯਾ ਸੰਗ ਵਿਚ ਰਹਿਣ

ਨਾ ਦੇਵੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਨਰਾਇਣ ਨਰ, ਲਹਿਣਾ ਦੇਣਾ ਸਭ ਦਾ ਰਿਹਾ ਭੁਗਤਾਈਆ । ਪੂਰਬ ਜਨਮ ਲਹਿਣਾ ਦੇਣਾ ਜਰਮਾਂ, ਜਨਮ ਅਜਨਮ ਵਿਚ ਭਵਾਈਆ । ਪੰਜ ਤਤ ਭੁਗਤੇ ਕਾਇਆ ਕਰਮਾਂ, ਬਿਨ ਸਤਿਗੁਰ ਸਕੇ ਨਾ ਕੋਇ ਬਚਾਈਆ । ਜੋ ਜਨ ਮਾਂਗੇ ਸਾਚੀ ਸਰਨਾ, ਤਿਸ ਦੇਵੇ ਮਾਣ ਵਡਿਆਈਆ । ਜਨਮ ਨਾਲੋ ਪਹਿਲੋ ਦੇਵੇ ਮਰਨਾ, ਮਰ ਕੇ ਜਨਮ ਦਏ ਸਮਝਾਈਆ । ਆਪਣਾ ਲੇਖ ਕਿਸੇ ਨਾ ਪੜ੍ਹਨਾ, ਦੋਸ਼ ਦੂਜਿਆਂ ਉਤੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਰਿਹਾ ਜਣਾਈਆ । ਧੁਰ ਦਾ ਲੇਖਾ ਹੱਥ ਕਰਤਾਰ, ਮੇਟਣਹਾਰ ਨਜ਼ਰ ਕੋਈ ਨਾ ਆਈਆ । ਤੀਜੇ ਜਾਮੇ ਦੀ ਸਜ਼ਾ ਮਿਲੇ ਵਿਚ ਸੰਸਾਰ, ਪਰਾਣੀ ਕਿਉਂ ਰੋਵੇਂ ਮਾਰੇਂ ਧਾਹੀਂਆ । ਅੰਦਰ ਵੜ ਕੇ ਵੇਖ ਕਰ ਵਿਚਾਰ, ਵਿਭਚਾਰ ਪਿਛਲਾ ਨਜ਼ਰ ਨਜ਼ਰ ਵਿਚ ਆਈਆ । ਜਿਸ ਗੁਰੂ ਘਰ ਖਾ ਕੇ ਕਸਮ ਕਿਹਾ ਨੌ ਵਾਰ, ਨੌ ਦਰ ਦਿਤਾ ਮਾਣ ਤਜਾਈਆ । ਜੇ ਤੇਰੇ ਦਰ ਤੇ ਜਾਵਾਂ ਹਾਰ, ਮੈਨੂੰ ਦੇਣੀ ਮਾਤ ਸਜਾਈਆ । ਸਾਚਾ ਸੰਤ ਬੋਲੇ ਇਕ ਜ਼ਬਾਨ, ਉਚੀ ਕੂਕ ਕੂਕ ਸੁਣਾਈਆ । ਗੁਰੂਦੁਆਰ ਬਣਨਾ ਨਾ ਕਦੇ ਸ਼ੈਤਾਨ, ਠੱਗੀ ਚੋਰੀ ਸਤਿਗੁਰ ਕਦੇ ਨਾ ਭਾਈਆ । ਅੰਦਰ ਵੜ ਨਾ ਕਰਨਾ ਹਰਾਮ, ਨੀਤ ਅਨੀਤ ਨਾ ਕੋਇ ਬਦਲਾਈਆ । ਸੰਤ ਕਰਮ ਸਿੰਘ ਦਾ ਲੱਗਾ ਬਾਣ, ਸੋ ਬਾਣ ਲੱਗਾ ਬਿਰਥਾ ਕਦੇ ਨਾ ਜਾਈਆ । ਜੇ ਰਸਨਾ ਜਿਹਵਾ ਜਪੇ ਸਾਢੇ ਤਿੰਨ ਮਹੀਨੇ ਇਕ ਭਗਵਾਨ, ਦੋਏ ਜੋੜ ਘਰ ਸਾਚੇ ਵਾਸਤਾ ਪਾਈਆ । ਕਿਰਪਾ ਕਰੇ ਪ੍ਰਭ ਫੇਰ ਆਣ, ਦੁੱਖੀਆਂ ਦੁੱਖ ਦਏ ਗਵਾਈਆ । ਕਾਇਆ ਗਠੜੀ ਫੇਰ ਦਏ ਉਠਾਲ, ਸੁਰਤੀ ਸੁਰਤ ਨਾਲ ਜਗਾਈਆ । ਜਗਤ ਦਾਰੂ ਕਿਸੇ ਨਾ ਮਿਲੇ ਸ਼ਾਹ ਕੰਗਾਲ, ਬਿਨ ਸਤਿਗੁਰ ਸਾਚਾ ਖ਼ੈਰ ਝੋਲੀ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਲੇਖਾ ਲਹਿਣਾ ਦੇਣਾ ਪੂਰ ਕਰਾਈਆ । ਚਰਨ ਕਵਲ ਮਿਲੇ ਸਰਨਾਈ, ਸਤਿਗੁਰ ਪੂਰਾ ਦਇਆ ਕਮਾਇੰਦਾ । ਚਰਨ ਕਵਲ ਮਿਲੇ ਵਡਿਆਈ, ਹਰਿ ਦਾਤਾ ਵੇਖ ਵਖਾਇੰਦਾ । ਚਰਨ ਕਵਲ ਵੱਜੇ ਵਧਾਈ, ਆਤਮ ਪਰਮਾਤਮ ਰਾਗ ਸੁਣਾਇੰਦਾ । ਚਰਨ ਕਵਲ ਹੋਏ ਕੁੜਮਾਈ, ਭਗਤ ਭਗਵਾਨ ਮੇਲ ਮਿਲਾਇੰਦਾ । ਚਰਨ ਕਵਲ ਗੁਰਮੁਖ ਮਿਲੇ ਚਾਈਂ ਚਾਈਂ, ਚਾਓ ਘਨੇਰਾ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕੋ ਚਰਨ ਪਤਿਪਰਮੇਸ਼ਵਰ ਸਰਬ ਸਮਝਾਇੰਦਾ । ਚਰਨ ਕਵਲ ਨਾਤਾ ਅਗੰਮ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਸਤਿਗੁਰ ਚਰਨ ਹੱਡ ਮਾਸ ਨਾੜੀ ਨਾ ਕੋਇ ਚੰਮ, ਤਤ ਰੂਪ ਨਾ ਕੋਇ ਵਟਾਈਆ । ਸੋ ਚਰਨ ਦੋ ਜਹਾਨਾਂ ਬੇੜਾ ਦੇਵਣ ਬੰਨ੍ਹ, ਫੜ ਕੇ ਬੇੜਾ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਠਾਂਡੀ ਸੀਤੀ ਤ੍ਰੈਗੁਣ ਅਤੀਤੀ ਹਰਿ ਬਖ਼ਸ਼ੇ ਇਕ ਸਰਨਾਈਆ । ਸਤਿਗੁਰ ਚਰਨ ਠਾਂਡਾ ਦਰਬਾਰ, ਘਰ ਇਕੋ ਨਜ਼ਰੀ ਆਇੰਦਾ । ਗੁਰਸਿਖ ਵਿਰਲਾ ਕਰੇ ਪਿਆਰ, ਜਿਸ ਆਪਣੀ ਬੂਝ ਬੁਝਾਇੰਦਾ । ਗੁਰਮੁਖ ਸੱਚਾ ਕਰੇ ਦੀਦਾਰ, ਨਿਜ ਨੇਤਰ ਲੋਚਣ ਖੁਲ੍ਹਾਇੰਦਾ । ਸਾਚਾ ਸੰਤ ਪਾਵੇ ਸਾਰ, ਜਿਸ ਭਾਂਡਾ ਭਰਮ ਭੌ ਭੰਨਾਇੰਦਾ । ਸਾਚਾ ਭਗਤ ਵੇਖੇ ਆ ਕੇ ਧੁਰ ਦਰਬਾਰ, ਜਿਸ ਮੰਦਰ ਅੰਦਰ ਸਤਿਗੁਰ ਆਪਣੇ ਚਰਨ ਰਖਾਇੰਦਾ । ਸੋ ਮਹੱਲਾ ਅਪਰ ਅਪਾਰ, ਸੂਰਜ ਚੰਦ ਨਜ਼ਰ ਕੋਇ ਨਾ ਆਇੰਦਾ । ਛੱਪਰ ਛੰਨ ਨਾ ਕੋਇ ਦੀਵਾਰ, ਨਾ ਕੋਈ ਬਾਢੀ


੬੫੫
੧੫

ਬਣਤ ਬਣਾਇੰਦਾ । ਕਰ ਕਿਰਪਾ ਹਰਿ ਕਰਤਾਰ, ਪ੍ਰੇਮ ਪ੍ਰੀਤੀ ਆਪਣੇ ਨਾਲ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਚਰਨ ਕਵਲ ਵਡਿਆਈ ਦੇਵੇ ਉਪਰ ਧਵਲ, ਮਾਣਸ ਮਾਨੁਖ ਮਾਨੁਸ਼ ਆਪਣੇ ਲੇਖੇ ਲਾਇੰਦਾ । ਸਤਿਗੁਰ ਚਰਨ ਬੁਝਾਏ ਅੱਗ, ਅਗਨੀ ਤਤ ਨਾ ਕੋਇ ਜਲਾਈਆ । ਸਤਿਗੁਰ ਚਰਨ ਹੰਸ ਬਣਾਏ ਕੱਗ, ਕਾਗ ਹੰਸ ਰੂਪ ਵਟਾਈਆ । ਸਤਿਗੁਰ ਚਰਨ ਨਜ਼ਰੀ ਆਇਣ ਉਪਰ ਸ਼ਾਹ ਰਗ, ਨੌ ਦੁਆਰੇ ਸਾਰ ਕੋਇ ਨਾ ਪਾਈਆ । ਸਤਿਗੁਰ ਚਰਨ ਦੋ ਜਹਾਨਾਂ ਸੱਚਾ ਹੱਜ, ਕਾਇਆ ਕਾਅਬਾ ਇਕ ਸੁਹਾਈਆ । ਸਤਿਗੁਰ ਚਰਨ ਸਾਚੇ ਮੰਦਰ ਲੈਣ ਸੱਦ, ਸੱਦਾ ਇਕੋ ਨਾਮ ਸੁਣਾਈਆ । ਸਤਿਗੁਰ ਚਰਨ ਆਵਣ ਜਾਵਣ ਮੁਕਾਵਣ ਹੱਦ, ਲੇਖਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਰਨ ਚਰਨੋਦਕ ਜਿਸ ਜਨ ਅੰਮ੍ਰਿਤ ਜਾਮ ਮੁਖ ਚੁਆਈਆ ।

### ੧੪ ਅੱਸੂ ੨੦੨੦ ਬਿਕਰਮੀ ਭਾਗ ਸਿੰਘ ਨਾਜ਼ਰ ਸਿੰਘ ਜਾਗੀਰ ਸਿੰਘ ਦੇ ਗ੍ਰਿਹਿ ਮਾੜੀ ਮੁਸਤਫ਼ਾ ਜ਼ਿਲਾ ਫ਼ਿਰੋਜ਼ਪੁਰ

ਧੁਰ ਦੀ ਧਾਰ ਜੋਤ ਨਿਰੰਕਾਰੀ, ਸ਼ਬਦ ਸੰਦੇਸਾ ਨਾਮ ਸੁਣਾਈਆ । ਸਚਖੰਡ ਦੁਆਰ ਬੈਠਾ ਏਕੰਕਾਰੀ, ਇਕ ਇਕੱਲਾ ਹੁਕਮ ਵਰਤਾਈਆ । ਸ਼ਾਹੋ ਭੂਪ ਹਰਿ ਵਡ ਬਲਕਾਰੀ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਠਾਂਡਾ ਖੋਲ੍ਹ ਸੱਚ ਦਰਬਾਰੀ, ਦਰਗਹਿ ਸਾਚੀ ਸੋਭਾ ਪਾਈਆ । ਦੀਪ ਜਗੇ ਅਗੰਮ ਅਪਾਰੀ, ਨੂਰ ਨੁਰਾਨਾ ਡਗਮਗਾਈਆ । ਜੁਗ ਚੌਕੜੀ ਖੇਲ ਕਰੇ ਨਿਆਰੀ, ਹਰਿ ਕਰਤਾ ਕਰਨੀ ਆਪ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਉਤਾਰੀ, ਕਲਜੁਗ ਅੰਤਮ ਵੇਖ ਵਖਾਈਆ । ਦੋ ਜਹਾਨਾਂ ਪਾਵੇ ਸਾਰੀ, ਪਰਦਾ ਉਹਲਾ ਆਪ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰੀ, ਧੁਰ ਸੰਦੇਸਾ ਇਕ ਸੁਣਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਵੇਖੇ ਨਾਲ ਹੋਸ਼ਿਆਰੀ, ਸ੍ਰੀ ਭਗਵਾਨ ਦਏ ਜਣਾਈਆ । ਤ੍ਰੈਗੁਣ ਮਾਇਆ ਉਠ ਸਵਾਣੀ ਵਿਭਚਾਰਨ ਨਾਰੀ, ਨਰ ਨਰਾਇਣ ਰਿਹਾ ਜਗਾਈਆ । ਪੰਜ ਤਤ ਨੇਤਰ ਖੋਲ੍ਹ ਲਾਓ ਤਾੜੀ, ਸਚ ਧਿਆਨ ਇਕ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਘਰ ਆਓ ਵਾਰੀ ਵਾਰੀ, ਦੂਰ ਦੁਰਾਡਾ ਪੰਧ ਮੁਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰੋ ਪੁਕਾਰੀ, ਉਚੀ ਕੂਕ ਕੂਕ ਸੁਣਾਈਆ । ਅੰਜੀਲ ਕੁਰਾਨ ਦੱਸੋ ਆਪਣੀ ਯਾਰੀ, ਚਾਰ ਯਾਰੀ ਨਾਲ ਮਿਲਾਈਆ । ਖਾਣੀ ਬਾਣੀ ਵੇਖੋ ਆਪਣੀ ਪੂਜ ਪੁਜਾਰੀ, ਪੂੰਜੀ ਸਭ ਦੀ ਵੇਖ ਵਖਾਈਆ । ਕਾਤਬ ਚਲ ਕੇ ਆਓ ਲਿਖਾਰੀ, ਕੁਤਬ ਸਾਹਿਬ ਸਤਿਗੁਰ ਰਿਹਾ ਵਖਾਈਆ । ਲੱਖ ਚੁਰਾਸੀ ਨੈਣ ਖੋਲ੍ਹੋ ਅੱਖ ਅਪਾਰੀ, ਪੁਰਖ ਅਕਾਲ ਰਿਹਾ ਖੁਲ੍ਹਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਆਪਣਾ ਆਪ ਰਹੀ ਹਾਰੀ, ਹਾਰ ਜਿਤ ਕੋਈ ਸਮਝ ਸਕੇ ਨਾ ਰਾਈਆ । ਲੱਖ ਚੁਰਾਸੀ ਜੀਵ ਜੰਤ ਹੋਏ ਖ਼ਵਾਰੀ, ਧੀਰਜ ਧੀਰ ਨਾ ਕੋਇ ਧਰਾਈਆ । ਕੂੜੀ ਰਸ ਸਭ ਨੂੰ ਲੱਗੇ ਪਿਆਰੀ, ਸੱਚਾ ਨਾਮ ਨਾ ਕੋਇ ਧਿਆਈਆ । ਵੇਖਣਹਾਰਾ ਪਾਰਬ੍ਰਹਮ ਪਤਿਪਰਮੇਸ਼ਵਰ ਸੱਚਖੰਡ ਬੈਠਾ ਸਰਦਾਰੀ, ਨਿਰਵੈਰ ਪੁਰਖ ਬੇਪਰਵਾਹੀਆ । ਕਰੇ ਖੇਲ ਅਕਲ ਕਲਧਾਰੀ, ਕਲ ਆਪਣੀ ਆਪ ਪਰਗਟਾਈਆ । ਸੰਦੇਸ਼ਾ ਦੇਵੇ ਵਡ ਸੰਸਾਰੀ, ਸੰਸਾਰ ਸਾਗਰ ਦਏ ਸਮਝਾਈਆ । ਲੇਖਾ ਸਭ ਦਾ ਚੁੱਕੇ ਆਪਣੀ ਵਾਰੀ, ਬਚਿਆ ਕੋਇ ਰਹਿਣ ਨਾ ਪਾਈਆ । ਪੁਰਖ ਅਕਾਲ ਦੀਨ ਦਿਆਲ ਸੱਚਾ ਨਾਮ ਸੁਣਾਏ ਇਕ ਜੈਕਾਰੀ, ਜੈ ਜੈਕਾਰ ਕਰੇ ਲੋਕਾਈਆ । ਕਰੇ ਪਰਕਾਸ਼ ਬਹੱਤਰ

ਨਾੜੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਲੇਖਾ ਜਾਣੇ ਜਿਨ੍ਹਾਂ ਚਰਨ ਛੁਹਾਈ ਦਾੜ੍ਹੀ, ਸਚ ਪ੍ਰੀਤੀ ਵੇਖੇ ਥਾਉਂ ਥਾਈਂਆ । ਨਿਰਵੈਰ ਹੋ ਕੇ ਬਣਿਆ ਮਾਤ ਵਪਾਰੀ, ਵਣਜ ਇਕੋ ਇਕ ਸਮਝਾਈਆ । ਖੋਲ੍ਹੇ ਹੱਟ ਵਡ ਭੰਡਾਰੀ, ਨਾਮ ਭੰਡਾਰ ਵਿਚ ਰਖਾਈਆ । ਹੋਕਾ ਦੇਵੇ ਚਾਰ ਕੁੰਟ ਦਹਿ ਦਿਸ਼ਾ ਰਸਨਾ ਬੋਲੇ ਆਪਣੀ ਧਾਰੀ, ਧਾਰ ਧਾਰ ਵਿਚੋ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਵੇਖ ਵਖਾਈਆ । ਸਭ ਦਾ ਲੇਖਾ ਵੇਖਣ ਆਏ, ਪਾਰਬ੍ਰਹਮ ਵੱਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਆਪਣਾ ਹਾਲ ਸੁਣਾਏ, ਹਾਲਤ ਸਭ ਦੀ ਵੇਖੇ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਣ ਦੁਹਾਏ, ਉਚੀ ਕੂਕ ਕੂਕ ਅਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਨੇਤਰ ਨੈਣਾਂ ਨੀਰ ਵਹਾਏ, ਧੀਰਜ ਧੀਰ ਨਾ ਕੋਇ ਰਖਾਈਆ । ਚਾਰੇ ਖਾਣੀ ਵਾਸਤਾ ਪਾਏ, ਦੋਏ ਜੋੜ ਸੀਸ ਝੁਕਾਈਆ । ਚਾਰੇ ਬਾਣੀ ਕਹੇ ਮੇਰੇ ਬੇਪਰਵਾਹੇ, ਤੁਧ ਬਿਨ ਮੇਰੀ ਸਾਰ ਕੋਇ ਨਾ ਪਾਈਆ । ਚਾਰੋ ਕੁੰਟ ਅੰਧੇਰਾ ਛਾਏ, ਸਾਚਾ ਚੰਦ ਨਾ ਕੋਇ ਚਮਕਾਈਆ । ਰਸਨਾ ਜਿਹਵਾ ਮੈਨੂੰ ਸਾਰੇ ਰਹੇ ਗਾਏ, ਅੰਤਰ ਆਤਮ ਮੇਲ ਨਾ ਕੋਇ ਮਿਲਾਈਆ । ਢੋਲਕ ਛੈਣੇ ਰਹੇ ਵਜਾਏ, ਅਨਹਦ ਨਾਦੀ ਰਾਗ ਨਾ ਕੋਇ ਸੁਣਾਈਆ । ਕਾਇਆ ਗੋਲਕ ਰਹੇ ਭਰਾਏ, ਮਾਇਆ ਮਮਤਾ ਨਾਲ ਮਿਲਾਈਆ । ਤੇਰਾ ਨਾਮ ਅਮੋਲਕ ਸਾਚੀ ਵਸਤ ਦਸਤ ਹੱਥ ਨਾ ਕੋਇ ਫੜਾਏ, ਖ਼ਾਲੀ ਹੱਥ ਵੇਖੀ ਸਰਬ ਲੋਕਾਈਆ । ਮਹਿੰਮਾ ਤੇਰੀ ਅਕੱਥ ਪੁਰਖ ਸਮਰਥ ਸਚ ਭਗਵਾਨ ਨਾ ਕੋਇ ਦ੍ਰਿੜਾਏ, ਭਗਵਨ ਰੂਪ ਨਾ ਕੋਇ ਵਖਾਈਆ । ਨੌ ਖੰਡ ਪ੍ਰਿਥਮੀ ਦਏ ਦੁਹਾਏ, ਸੱਤ ਦੀਪ ਰਹੇ ਕੁਰਲਾਈਆ । ਚੌਦਾਂ ਲੋਕ ਕੋਈ ਨਾ ਪਕੜੇ ਬਾਹੇਂ, ਬੌਹੜੀ ਬੌਹੜੀ ਰਹੇ ਸੁਣਾਈਆ । ਚੌਦਾਂ ਤਬਕ ਨਾ ਕੋਇ ਸਹਾਏ, ਦਸਤਗੀਰ ਨਜ਼ਰ ਕੋਇ ਨਾ ਆਈਆ । ਅੰਤਮ ਲੇਖਾ ਸਕੇ ਨਾ ਕੋਇ ਮੁਕਾਏ, ਸਿਰ ਹੱਥ ਨਾ ਕੋਇ ਟਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਏ ਗਾਏ, ਗਾ ਗਾ ਆਪਣਾ ਸ਼ੁਕਰ ਮਨਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਪੁਰਖ ਅਕਾਲ ਦੀਨ ਦਿਆਲ ਨਿਹਕਲੰਕ ਇਕੋ ਪ੍ਰਭ ਆਏ, ਦੂਜਾ ਸੰਗ ਨਾ ਕੋਇ ਰਖਾਈਆ । ਨਾਮ ਨਿਧਾਨਾ ਦੋ ਜਹਾਨਾਂ ਸ਼ਬਦ ਅਗੰਮੀ ਡੰਕ ਵਜਾਏ, ਸੋਈ ਸ੍ਰਿਸ਼ਟ ਲਏ ਉਠਾਈਆ । ਧਰਮ ਦੁਆਰਾ ਏਕੰਕਾਰਾ ਇਕੋ ਬੰਕ ਸੁਹਾਏ, ਜਿਸ ਮੰਦਰ ਅੰਦਰ ਆਪਣਾ ਆਸਣ ਲਾਈਆ । ਰਾਓ ਰੰਕ ਦਏ ਹਿਲਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਈਆ । ਆਪਣਾ ਖੇਲ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਵਿਸ਼ਨੂੰ ਸੱਦੇ ਇਕ ਦਰਬਾਰ, ਪੜਦਾ ਉਹਲਾ ਪਰੇ ਹਟਾਈਆ । ਆ ਦੱਸ ਮੇਰੇ ਸੱਚੇ ਯਾਰ, ਸਚ ਕਹਾਣੀ ਦੇ ਸੁਣਾਈਆ । ਤੇਰੇ ਹੱਥ ਦਿਤਾ ਭੰਡਾਰ, ਵਸਤ ਅਮੋਲਕ ਝੋਲੀ ਪਾਈਆ । ਕਲਜੁਗ ਅੰਤਮ ਵੇਖ ਗ਼ਰੀਬ ਨਿਮਾਣੇ ਰੋਵਣ ਜ਼ਾਰੋ ਜ਼ਾਰ, ਭੁੱਖਿਆਂ ਭੁੱਖ ਨਾ ਕੋਇ ਗਵਾਈਆ । ਉਚੀ ਕੂਕਣ ਸਾਰੇ ਕਰਨ ਪੁਕਾਰ, ਪ੍ਰਭ ਸਾਚੇ ਹੋ ਸਹਾਈਆ । ਮੇਰਾ ਖੇਲ ਸਦਾ ਨਿਰਗੁਣ ਧਾਰ, ਸਰਗੁਣ ਦੇਵਣਹਾਰ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੈ ਅਵਤਾਰ, ਨਿਰਗੁਣ ਸਰਗੁਣ ਸਾਚੀ ਬੂਝ ਬੁਝਾਈਆ । ਕਾਗਦ ਕਲਮ ਸ਼ਾਹੀ ਬਣ ਲਿਖਾਰ, ਕਾਤਬ ਇਕੋ ਲੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਸਾਚਾ ਘਰ, ਧੁਰ ਦਾ ਹੁਕਮ ਸੁਣਾਈਆ । ਵਿਸ਼ਨੂੰ ਕਹੇ ਮੇਰੇ ਭਗਵਾਨ, ਪ੍ਰਭ ਤੇਰੀ ਵਡ ਵਡਿਆਈਆ । ਤੂੰ ਦਾਤੇ ਦਿਤਾ ਸੱਚਾ ਦਾਨ, ਹਉਂ ਸੇਵਕ ਰੂਪ ਅਖਵਾਈਆ । ਮੈਂ ਲੱਖ ਚੁਰਾਸੀ ਕਰਾਂ ਪਹਿਚਾਣ,

੬੫੮ ੧੫

ਵੇਖਾਂ ਥਾਉਂ ਥਾਈਆ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਰਸਨਾ ਜਿਹਵਾ ਤੈਨੂੰ ਗਾਣ, ਤਿਨ੍ਹਾਂ ਲੇਖਾ ਦੇਵਾਂ ਥਾਉਂ ਥਾਈਆ । ਪੂਰਬ ਜਨਮ ਦਾ ਲਹਿਣਾ ਝੋਲੀ ਪਾਵਾਂ ਆਣ, ਸਚ ਭੰਡਾਰਾ ਇਕ ਵਖਾਈਆ । ਤਿਨ੍ਹਾਂ ਸਿਦਕ ਸਬੂਰੀ ਦੇਵਾਂ ਸਚ ਈਮਾਨ, ਮਨ ਡੋਲੇ ਨਾ ਅਡੁਲ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਬ੍ਰਹਮੇ ਆ ਜਾ ਲੰਘ ਕੇ ਅੰਦਰ ਖੇੜੇ, ਹਰਿ ਖਿੜਕੀ ਆਪ ਖੁਲ੍ਹਾਈਆ । ਚਾਰੋ ਕੁੰਟ ਸ੍ਰਿਸ਼ਟ ਸਬਾਈ ਵੇਖ ਤੇਰਾ ਬ੍ਰਹਮ ਲੱਗੇ ਕੋਈ ਨਾ ਨੇੜੇ, ਦੂਰ ਦੁਰਾਡਾ ਬੈਠਾ ਪੱਲੂ ਛੁਡਾਈਆ । ਘਰ ਘਰ ਮਨ ਵਾਸਨਾ ਕੂੜੀ ਕਿਰਿਆ ਪਾਏ ਝੇੜੇ, ਝਗੜਾ ਸਕੇ ਨਾ ਕੋਇ ਮਿਟਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਘਰ ਘਰ ਅੰਦਰ ਲਾਏ ਡੇਰੇ, ਬਾਹਰ ਸਕੇ ਨਾ ਕੋਇ ਕਢਾਈਆ । ਮੈਂ ਵੇਂਹਦਾ ਰਿਹਾ ਕਰ ਕੇ ਵੱਡੇ ਜੇਰੇ, ਸਚਖੰਡ ਬਹਿ ਕੇ ਧਿਆਨ ਲਗਾਈਆ । ਕਵਣ ਕਰੇ ਹੱਕ ਨਿਬੇੜੇ, ਸਚ ਹਕੀਕਤ ਦਏ ਸਮਝਾਈਆ । ਮੇਰੇ ਨਾਲੋ ਵਿਛੜੇ ਤੇਰੇ, ਤੇਰੇ ਤੇਰੇ ਨਾਲ ਸੰਗ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਬੇਪਰਵਾਹੀਆ । ਬ੍ਰਹਮਾ ਨੇਤਰ ਰੋ ਕਰੇ ਅਰਦਾਸ, ਦੋਏ ਜੋੜ ਵਾਸਤਾ ਪਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਮੇਰੇ ਸ਼ਾਬਾਸ, ਬੇਪਰਵਾਹ ਤੇਰੀ ਸਰਨਾਈਆ । ਮੈਂ ਲੱਖ ਚੁਰਾਸੀ ਘਟ ਘਟ ਅੰਦਰ ਆਤਮ ਜੋਤ ਦਿਤਾ ਪਰਕਾਸ਼, ਜੋਤ ਨਿਰੰਜਣ ਡਗਮਗਾਈਆ । ਪਵਣ ਸੁਆਮੀ ਨਾਲ ਚਲਾਇਆ ਸਵਾਸ, ਸਾਹ ਸਾਹ ਇਕੋ ਹੁਕਮ ਸੁਣਾਈਆ । ਪਰਮ ਪੁਰਖ ਦੇ ਸਾਰੇ ਰਹੇ ਦਾਸ, ਮਾਤ ਗਰਭ ਸਿਖਿਆ ਇਕ ਸਮਝਾਈਆ । ਜਿਸ ਦੇ ਵਿਚੋ ਉਪਜੀ ਤੁਹਾਡੀ ਸ਼ਾਖ਼, ਸੋ ਸ਼ਹਿਨਸ਼ਾਹ ਭੁੱਲ ਕਦੇ ਨਾ ਜਾਈਆ । ਅਗਨੀ ਹਵਨ ਕੁੰਡ ਅੰਦਰ ਮਾਤ ਗਰਭ ਸਾਰੇ ਆਏ ਆਖ, ਬਿਨ ਰਸਨਾ ਜਿਹਵਾ ਕੂਕ ਸੁਣਾਈਆ । ਪਾਰਬ੍ਰਹਮ ਦੇ ਵਸੀਏ ਸਦਾ ਸਾਥ, ਵਿਛੜ ਕਦੇ ਨਾ ਜਾਈਆ । ਬਾਹਰ ਆ ਕੇ ਭੁੱਲੀ ਤੇਰੀ ਗਾਥ, ਪ੍ਰਭੂ ਮੈਂ ਕੀ ਜਾਣਾਂ ਤੇਰੀ ਵਡਿਆਈਆ । ਤ੍ਰੈਗੁਣ ਮਾਇਆ ਤੇਰੀ ਪਾਏ ਰਾਸ, ਆਪ ਆਪਣਾ ਰੂਪ ਵਖਾਈਆ । ਪੰਜ ਤਤ ਜਿਸ ਦੀ ਰੱਖਦੇ ਆਸ, ਸੋ ਆਸਾ ਆਸਾ ਨਾਲ ਮਿਲਾਈਆ । ਰਲ ਕੇ ਕੂੜੀ ਕਿਰਿਆ ਕਰਦੇ ਭੋਗ ਬਲਾਸ, ਆਤਮ ਸੇਜ ਨਾ ਕੋਇ ਹੰਢਾਈਆ । ਸਾਚੇ ਮੰਦਰ ਕਿਸੇ ਨਾ ਦਿਸੇ ਪਰਕਾਸ਼, ਏਕਾ ਨੂਰ ਜੋਤ ਕਰੇ ਨਾ ਕੋਇ ਰੁਸ਼ਨਾਈਆ । ਕਲਜੁਗ ਅੰਤਮ ਸਦੀ ਵੀਹਵੀਂ ਮੈਂ ਵੀ ਹੋਇਆ ਨਿਰਾਸ, ਨਿਰਾਸਾ ਹੋ ਕੇ ਤੇਰੇ ਅੱਗੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਦ ਮਿਲੇ ਤੇਰੀ ਵਡਿਆਈਆ । ਸ਼ੰਕਰ ਅੰਦਰ ਆਉਣਾ ਲੰਘ, ਭੋਲੇ ਨਾਥ ਪ੍ਰਭੂ ਜਣਾਈਆ । ਜਟਾ ਜੂਟ ਤੇਰਾ ਵੱਜੇ ਨਾ ਕੋਇ ਮਰਦੰਗ, ਵਡ ਅਵਧੂਤ ਤੇਰਾ ਨਾਦ ਨਾ ਕੋਇ ਸੁਣਾਈਆ । ਕਵਣ ਦੁਆਰੇ ਤ੍ਰਿਸੂਲ ਦਿਤੀ ਟੰਗ, ਤ੍ਰੈਗੁਣ ਪੰਧ ਸਕੇ ਨਾ ਕੋਇ ਮੁਕਾਈਆ । ਢੋਲਾ ਕੋਈ ਨਾ ਗਾਏ ਸੱਚਾ ਛੰਦ, ਸਾਚਾ ਰਾਗ ਨਾ ਕੋਇ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸਿਖਿਆ ਇਕ ਜਣਾਈਆ । ਭੋਲਾ ਨਾਥ ਤਨ ਭਬੂਤ, ਖ਼ਾਕੀ ਖ਼ਾਕ ਰਮਾਈਆ । ਪਾਰਬ੍ਰਹਮ ਮੈਂ ਵੇਖਾਂ ਚਾਰੇ ਕੂਟ, ਦਹਿ ਦਿਸ਼ਾ ਨੈਣ ਉਠਾਈਆ । ਸ੍ਰਿਸ਼ਟ ਸਬਾਈ ਜੂਠ ਝੂਠ, ਤੇਰਾ ਮੇਰਾ ਭੈ ਨਾ ਕੋਇ ਰਖਾਈਆ । ਸਚ ਦਿਸੇ ਨਾ ਕੋਇ ਕਲਬੂਤ, ਕਲਮਾ ਨਬੀ ਨਾ ਕੋਇ ਅਲਾਈਆ । ਨਜ਼ਰ ਨਾ ਆਏ ਹੱਕ ਮਹਿਬੂਬ, ਮੁਹੱਬਤ ਕਰੇ ਨਾ ਕੋਇ ਬੇਪਰਵਾਹੀਆ । ਮਿਲੇ ਮਾਣ ਨਾ ਕਿਸੇ ਅਰੂਜ, ਮਹਿਫੂਜ਼ ਵੇਖ ਕੋਇ ਨਾ ਪਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਬਿਨ ਤੇਰੀ ਕਿਰਪਾ ਮੇਰੀ ਤ੍ਰਿਸੂਲ ਕੰਮ ਕਿਸੇ ਨਾ ਆਈਆ। ਮੇਰੀ ਤ੍ਰਿਸੂਲ ਦਾ ਕੋਈ ਨਾ ਡਰ, ਕਲਜੁਗ ਅੰਤਮ ਬਲ ਵਧਾਈਆ। ਘਰ ਘਰ ਅੰਦਰ ਗਿਆ ਵੜ, ਆਪਣਾ ਰਾਹ ਵਖਾਈਆ। ਕਾਮ ਕਰੋਧ ਲੋਭ ਮੋਹ ਹੰਕਾਰ ਬਣਾਏ ਗੜ੍ਹ, ਪੰਜ ਤਤ ਕਾਇਆ ਡੇਰਾ ਬੈਠਾ ਲਾਈਆ। ਆਸਾ ਤ੍ਰਿਸਨਾ ਮਾਇਆ ਮਮਤਾ ਇਕੋ ਰਾਗ ਰਿਹਾ ਪੜ੍ਹ, ਤੇਰਾ ਨਾਉਂ ਸਕੇ ਨਾ ਕੋਇ ਧਿਆਈਆ। ਅਬਿਨਾਸ਼ੀ ਕਰਤੇ ਤੇਰੇ ਕੋਲੋਂ ਲੈ ਕੇ ਵਰ, ਤੇਰਾ ਹੁਕਮ ਸੀਸ ਟਿਕਾਈਆ। ਖੇਲੇ ਖੇਲ ਵਿਚ ਨਾਰੀ ਨਰ, ਬਚਿਆ ਕੋਈ ਰਹਿਣ ਨਾ ਪਾਈਆ। ਅਗਨੀ ਲੰਬੂ ਸਾਰੇ ਰਹੇ ਸੜ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਲੇਖਾ ਬਿਨ ਤੇਰੇ ਪੂਰ ਨਾ ਕੋਇ ਕਰਾਈਆ। ਗੁਰ ਅਵਤਾਰ ਪੀਰ ਪੈਗ਼ੰਬਰ ਅੰਦਰ ਆਓ ਲੈਣਾ ਵੇਖ, ਸੋ ਪੁਰਖ ਨਿਰੰਜਣ ਆਪ ਜਣਾਈਆ। ਲੋਕਮਾਤ ਵੇਖੋ ਕੂੜਾ ਭੇਖ, ਨਾਉਂ ਸਤਿ ਰਿਹਾ ਕੁਰਲਾਈਆ। ਕੋਈ ਨਾ ਵਸੇ ਸੱਚਾ ਦੇਸ, ਸੁਹੰਜਣੀ ਰੁੱਤ ਨਜ਼ਰ ਨਾ ਆਈਆ। ਭਰਮੇ ਭੁੱਲਾ ਮੁਸਾਇਕ ਮੁਲਾਂ ਸ਼ੇਖ਼, ਕੁਤਬ ਗੌਂਸ ਧੀਰ ਨਾ ਕੋਇ ਧਰਾਈਆ। ਪੰਡਤ ਪਾਂਧਾ ਕੂੜੀ ਮਾਇਆ ਕਰੇ ਹੇਤ, ਬ੍ਰਹਮ ਵਿਦਿਆ ਦਏ ਨਾ ਕੋਇ ਸਮਝਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣਾਂ ਨਾਲ ਵਖਾਈਆ। ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਪੇਖ, ਪ੍ਰਭ ਸਾਚੇ ਅੱਗੇ ਦੇਣ ਸੁਣਾਈਆ। ਪੁਰਖ ਅਕਾਲ ਅਸੀਂ ਸਾਰੇ ਤੇਰੀ ਦੱਸ ਕੇ ਆਏ ਟੇਕ, ਧੁਰ ਦਾ ਹੁਕਮ ਮਾਤ ਜਣਾਈਆ। ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਚਾਰੇ ਖਾਣੀ ਬਾਣੀ ਲਿਖ ਕੇ ਆਏ ਲੇਖ, ਲਿਖਿਆ ਲੇਖ ਨਾ ਕੋਇ ਮਿਟਾਈਆ। ਆਤਮ ਪਰਮਾਤਮ ਪਰਮਾਤਮ ਆਤਮ ਕਾਇਆ ਮੰਦਰ ਅੰਦਰ ਸਾਚਾ ਕਰਨਾ ਹੇਤ, ਹਿਤਕਾਰੀ ਇਕੋ ਇਕ ਸਮਝਾਈਆ। ਨਿਝ ਨੇਤਰ ਲੋਚਣ ਨੈਣ ਪਾਰਬ੍ਰਹਮ ਪਤਿਪਰਮੇਸ਼ਵਰ ਹਰਿ ਸੰਤ ਸੁਆਮੀ ਲੈਣਾ ਵੇਖ, ਆਤਮ ਸੇਜਾ ਸੋਭਾਵੰਤ ਬੈਠਾ ਡੇਰਾ ਲਾਈਆ। ਨਾਮ ਨਿਧਾਨ ਸ੍ਰੀ ਭਗਵਾਨ ਤੇਰਾ ਧੁਰ ਦੀ ਮਸਤਕ ਲਾਈ ਮੇਖ, ਜੋਤ ਲਲਾਟੀ ਨੂਰ ਕਰ ਰੁਸ਼ਨਾਈਆ। ਸ਼ਬਦੀ ਸੁਰਤੀ ਦੱਸ ਕੇ ਆਏ ਅਗੰਮੀ ਖੇਡ, ਹਾਣੀ ਹਾਣੀਆਂ ਨਾਲ ਮਿਲਾਈਆ। ਜੁਗ ਚੌਕੜੀ ਸਾਹਿਬ ਸੁਆਮੀ ਤੂੰ ਆਪਣੇ ਹੁਕਮੇ ਅੰਦਰ ਦਿਤਾ ਭੇਜ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਹੁਕਮ ਵਰਤਾਈਆ। ਤੇਰਾ ਜੋਤੀ ਨੂਰ ਜਲਵਾ ਦੱਸ ਕੇ ਆਏ ਤੇਜ, ਨੂਰ ਨੁਰਾਨਾ ਇਕੋ ਬੇਪਰਵਾਹੀਆ। ਜੋ ਆਦਿ ਜੁਗਾਦਿ ਜੁਗ ਚੌਕੜੀ ਲੱਖ ਚੁਰਾਸੀ ਅੰਦਰ ਵੜ ਕੇ ਮਾਣੇ ਸੇਜ, ਸਚ ਸਿੰਘਾਸਣ ਆਸਣ ਲਾਈਆ। ਉਸ ਦਾ ਦੇ ਕੇ ਆਏ ਆਪ ਸੰਦੇਸ਼, ਧੁਰ ਸੁਨੇਹੜਾ ਇਕ ਸੁਣਾਈਆ। ਜਿਸ ਦੇ ਹੁਕਮੇ ਅੰਦਰ ਵਿਸ਼ਨ ਬ੍ਰਹਮਾ ਮਹੇਸ਼, ਸ਼ਿਵ ਸ਼ੰਕਰ ਬਣ ਸੇਵਕ ਸੇਵ ਕਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਇਕੋ ਓਟ ਤਕਾਈਆ। ਤ੍ਰੈਗੁਣ ਮਾਇਆ ਵੇਖ ਝਾਕੀ, ਨੇਤਰ ਨੈਣ ਅੱਖ ਖੁਲ੍ਹਾਈਆ। ਲਹਿਣਾ ਦੇਣਾ ਪ੍ਰਭ ਜੋ ਬਾਕੀ ਬਾਕੀ-ਨਵੀਸ, ਵਹੀ ਖਾਤਾ ਰਿਹਾ ਵਖਾਈਆ। ਤੇਰੀ ਅੰਤਮ ਨੇੜੇ ਆਈ ਤਰੀਕ, ਤਹਿਕੀਕਾਤ ਕਰੇ ਨੂਰ ਖ਼ੁਦਾਈਆ। ਕਵਣ ਦੁਆਰੇ ਲੱਗੀ ਤੇਰੀ ਪ੍ਰੀਤ, ਦਰ ਆ ਕੇ ਸਚ ਦੇ ਸਮਝਾਈਆ। ਤ੍ਰੈਗੁਣ ਮਾਇਆ ਨੇਤਰ ਰੋ ਕਹੇ ਪ੍ਰਭੂ ਮੈਂ ਦੱਸਾਂ ਠੀਕ, ਸਚ ਸਚ ਜਣਾਈਆ। ਕੂੜੀ ਕਿਰਿਆ ਨਾਲ ਰਲ ਕੇ ਮੈਂ ਸਭ ਨੂੰ ਲਿਆ ਜੀਤ, ਹਾਰ ਸਭ ਦੀ ਝੋਲੀ ਪਾਈਆ। ਮੁਲਾਂ ਸ਼ੇਖ਼ ਮੁਸਾਇਕ ਕੀਤੇ ਪਲੀਤ, ਪਤਤ ਬੈਠੇ ਰੂਪ ਵਟਾਈਆ।

੬੫੯
੧੫

ਅੰਦਰ ਵੜ ਕੇ ਬਦਲੀ ਨੀਤ, ਸਾਬਤ ਸੂਰਤ ਨਜ਼ਰ ਕੋਇ ਨਾ ਆਈਆ । ਕਾਮ ਕਰੋਧ ਦੀ ਪਾਈ ਭੀਖ, ਆਸਾ ਤ੍ਰਿਸਨਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਪੰਜ ਤਤ ਅੰਦਰ ਆਓ ਲੰਘ, ਸੋ ਸਤਿਗੁਰ ਆਪ ਲੰਘਾਈਆ । ਪਾਰਬ੍ਰਹਮ ਕੋਲੋ ਨਾ ਜਾਣਾ ਸੰਗ, ਜਿਸ ਤੁਹਾਡੀ ਬਣਤ ਬਣਾਈਆ । ਰਕਤ ਬੂੰਦ ਹੱਡ ਮਾਸ ਨਾੜੀ ਬਣਾਇਆ ਅੰਗ, ਨਵ ਦੁਆਰ ਖੋਲ੍ਹ ਵਖਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਕੀਤਾ ਖੇਲ ਸੂਰੇ ਸਰਬੰਗ, ਧੁਰ ਦੀ ਧਾਰ ਆਪ ਬੰਧਾਈਆ । ਨਿਰਗੁਣ ਨੂਰ ਅੰਦਰ ਚਾੜ੍ਹਿਆ ਚੰਦ, ਜੋਤੀ ਜੋਤ ਕਰ ਰੁਸ਼ਨਾਈਆ । ਆਤਮ ਸੇਜ ਸੁਹਾਇਆ ਸਚ ਪਲੰਘ, ਪਾਵਾ ਚੂਲ ਨਾ ਕੋਇ ਬਣਾਈਆ । ਅੰਮ੍ਰਿਤ ਧਾਰ ਵਹਾ ਕੇ ਪਾਈ ਠੰਡ, ਸਚ ਸਰੋਵਰ ਤਾਲ ਸੁਹਾਈਆ । ਇਕ ਸੁਣਾਇਆ ਆਤਮ ਪਰਮਾਤਮ ਸੋਹੰ ਸੱਚਾ ਛੰਦ, ਜਿਸ ਵੇਲੇ ਪੰਜ ਤਤ ਤੇਰੀ ਬਣਤ ਬਣਾਈਆ । ਪਾਰਬ੍ਰਹਮ ਬ੍ਰਹਮ ਦਿਤਾ ਇਕ ਅਨੰਦ, ਅਨੰਦ ਅਨੰਦ ਵਿਚ ਰਖਾਈਆ । ਖੇਲ ਵੇਖਣ ਦੇ ਕਾਰਨ ਵਿਚ ਰਖਾਈ ਅਗੰਮੀ ਕੰਧ, ਪੜਦਾ ਨਜ਼ਰ ਕਿਸੇ ਨਾ ਆਈਆ । ਆ ਕੇ ਹਾਲ ਦੱਸ ਮੇਰੇ ਲਾਡਲੇ ਚੰਦ, ਕਿਉਂ ਬੈਠਾ ਪ੍ਰਭੂ ਭੁਲਾਈਆ । ਕੀ ਤੇਰੇ ਵੰਡੇ ਸਤਿ ਧਰਮ ਨਾ ਆਈ ਵੰਡ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਮੰਗ ਮੰਗਾਈਆ । ਪੰਜ ਤਤ ਅੱਗੋ ਕਰ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਵਾਹ ਵਾ ਦਾਤੇ ਮੇਰੇ ਸਿਰਜਣਹਾਰ, ਸਚ ਸੁਲਤਾਨ ਤੇਰੀ ਵੱਡੀ ਵਡਿਆਈਆ । ਤੇਰੇ ਹੁਕਮੇ ਅੰਦਰ ਕੀਤਾ ਆਕਾਰ, ਨਿਰਾਕਾਰ ਸਾਕਾਰ ਰੂਪ ਵਖਾਈਆ । ਮਿਲ ਕੇ ਪੰਜਾਂ ਬੱਧੀ ਤੇਰੀ ਧਾਰ, ਜੋੜੀ ਜੋੜ ਜੋੜ ਜੋੜਾਈਆ । ਦੋਏ ਜੋੜ ਕੀਤੀ ਨਿਮਸਕਾਰ, ਦਰ ਤੇਰੇ ਵਾਸਤਾ ਪਾਈਆ । ਕਿਰਪਾ ਕਰ ਸੱਚੀ ਸਰਕਾਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਹਉਂ ਸੇਵਕ ਬਰਖ਼ੁਰਦਾਰ, ਸਾਚੀ ਸੇਵ ਕਮਾਈਆ । ਸਾਨੂੰ ਦੱਸ ਜਗਤ ਵਿਹਾਰ, ਕਿਸ ਬਿਧ ਤੇਰਾ ਰਾਹ ਚਲਾਈਆ । ਤੂੰ ਕਿਰਪਾ ਕਰ ਨਿਰੰਕਾਰ, ਨੌ ਦੁਆਰੇ ਦਰ ਖੁਲ੍ਹਾਈਆ । ਆਸਾ ਤ੍ਰਿਸਨਾ ਅੰਦਰ ਡਾਲ, ਮਾਇਆ ਮਮਤਾ ਗੰਢ ਪੁਆਈਆ । ਕਾਮ ਕਰੋਧ ਲੋਭ ਮਾਹ ਹੰਕਾਰ ਸਾਡੇ ਅੰਦਰ ਦਿਤਾ ਸੁਆਲ, ਉਪਰ ਆਪਣੀ ਥਪਕੀ ਲਾਈਆ । ਰਸਨਾ ਜਿਹਵਾ ਬੱਤੀ ਦੰਦ ਜਗਤ ਹਰਸ ਹਵਸ ਦਿਤਾ ਸਵਾਦ, ਸਾਧਨਾ ਆਪਣੀ ਨਾਲ ਮਿਲਾਈਆ । ਕਰ ਕੇ ਚੋਰੀ ਅੰਧ ਘੋਰੀ, ਕਾਇਆ ਅੰਦਰ ਪੜਦੇ ਨਿੱਕੀ ਮੋਰੀ ਆਪਣੇ ਹੱਥ ਰਖਾਈਆ । ਕੋਈ ਨਾ ਜਾਣੇ ਖੇਲ ਤੋਰੀ ਮੇਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਹੁਕਮੇ ਅੰਦਰ ਜੁਗ ਜੁਗ ਸੇਵ ਕਮਾਈਆ । ਪੰਜ ਤਤ ਸੁਣ ਕਰ ਖਿਆਲ, ਖ਼ਾਲਕ ਖ਼ਲਕ ਵਾਸੀ ਆਪ ਜਣਾਈਆ । ਤੇਰੇ ਅੰਦਰ ਰੱਖਿਆ ਇਕ ਦਲਾਲ, ਵਡ ਦਾਤਾ ਬੇਪਰਵਾਹੀਆ । ਪੜਦੇ ਅੰਦਰ ਦਿਤਾ ਬਿਠਾਲ, ਬੰਦ ਦਰਵਾਜ਼ਾ ਆਪ ਕਰਾਈਆ । ਸਾਚਾ ਹੁਕਮ ਦਿਤਾ ਇਕੋ ਨਾਲ, ਧੁਰ ਸੰਦੇਸ਼ਾ ਆਪ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਰਿਹਾ ਵਖਾਈਆ । ਪੰਜ ਤਤ ਕਹਿਣ ਮਿਹਰਵਾਨ, ਪ੍ਰਭ ਤੇਰੀ ਵੱਡੀ ਵਡਿਆਈਆ । ਤੇਰਾ ਸੁਣਦੇ ਰਹੇ ਫ਼ਰਮਾਨ, ਘਰ ਬੈਠੇ ਤਾੜੀ ਲਾਈਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਕੋਟਨ ਕੋਟ ਨਾਲ ਲੰਘਾਈਆ । ਸਾਡੀ ਕਿਸੇ ਨਾ ਕੀਤੀ ਪੜਤਾਲ, ਪੜਤਾਲੀ ਫੇਰਾ ਕੋਇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਮੰਤਰ ਗਏ ਸਿਖਾਲ, ਸੋ ਰਸਨਾ ਜਿਹਵਾ ਦਿਤੀ

੬੬੦
੧੫

ਸਮਝਾਈਆ । ਬੇਪਰਵਾਹ ਤੇਰੀ ਸਮਝ ਨਾ ਆਈ ਚਾਲ, ਚਾਲ ਨਿਰਾਲੀ ਇਕ ਰਖਾਈਆ । ਕਲਜੁਗ ਅੰਤਮ ਲੇਖਾ ਮੰਗੇ ਹੱਕ ਹਲਾਲ, ਹਕੀਕਤ ਵੇਖੇ ਥਾਉਂ ਥਾਈਂਆ । ਹਉਂ ਬਾਲਕ ਬਾਲ ਅਵਾਣ, ਢਹਿ ਪਏ ਤੇਰੀ ਸਰਨਾਈਆ । ਤੂੰ ਸਭ ਦਾ ਸ੍ਰੀ ਭਗਵਾਨ, ਬੇਅੰਤ ਤੇਰੀ ਵਡਿਆਈਆ । ਤੇਰੇ ਹੁਕਮੇ ਅੰਦਰ ਖੇਲ ਕੀਤਾ ਮਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰੂਪ ਵਟਾਈਆ । ਧੰਨ ਭਾਗ ਪਰਮਾਤਮ ਆਪਣੀ ਆਤਮ ਮਿਲੇਂ ਆਣ, ਸਾਡਾ ਖਹਿੜਾ ਦਏਂ ਛੁਡਾਈਆ । ਜਨ ਭਗਤ ਕਰੇਂ ਪਰਵਾਨ, ਸਾਚੇ ਸੰਤਾਂ ਆਪਣੀ ਗੋਦ ਬਿਠਾਈਆ । ਅੰਤਮ ਜੋਤੀ ਮੇਲੇਂ ਆਣ, ਸਾਡਾ ਪੰਜ ਤਤ ਚੋਲਾ ਆਪਣੇ ਚਰਨਾਂ ਵਿਚ ਰਖਾਈਆ । ਮੁੜ ਕੇ ਫਿਰ ਨਾਤਾ ਜੁੜੇ ਨਾ ਵਿਚ ਜਹਾਨ, ਕੂੜਾ ਬੰਧਨ ਨਾ ਕੋਇ ਰਖਾਈਆ । ਤੇਰੇ ਹੁਕਮੇ ਅੰਦਰ ਬਣੇ ਮਾਤ ਮਹਿਮਾਨ, ਜਗਤ ਮਹਿਮਾਨੀ ਗਏ ਖਾਈਆ । ਅੱਗੇ ਵਾਸਤੇ ਸਾਡਾ ਖਾਣਾ ਪੀਣਾ ਕਰ ਦੇ ਹਰਾਮ, ਇਕੋ ਆਪਣਾ ਅੰਮ੍ਰਿਤ ਨਾਮ ਜਾਮ ਪਿਆਈਆ । ਪ੍ਰਭ ਤੇਰੇ ਵਿਚ ਮਿਲੀਏ ਆਣ, ਸਾਡਾ ਨਿਸ਼ਾਨ ਕੋਈ ਨਜ਼ਰ ਨਾ ਆਈਆ । ਤੂੰ ਦਾਤਾ ਸੱਚਾ ਰਾਮ, ਰਹਿਮਤ ਰਹੀਮ ਰਿਹਾ ਕਮਾਈਆ । ਤੇਰਾ ਕਲਮਾ ਪੜ੍ਹਦੇ ਰਹੇ ਕਲਾਮ, ਇਕੋ ਆਸ ਬੈਠੇ ਰਾਹ ਤਕਾਈਆ । ਕਲਜੁਗ ਅੰਤਮ ਮਿਲਿਉਂ ਆਪ ਅਮਾਮ, ਪਰਵਰਦਿਗਾਰ ਫੇਰਾ ਪਾਈਆ । ਤੇਰੇ ਲੇਖੇ ਲੱਗੇ ਹੱਡ ਮਾਸ ਨਾੜੀ ਚਾਮ, ਰਕਤ ਬੂੰਦ ਤੇਰੀ ਝੋਲੀ ਪਾਈਆ । ਸਾਡੀ ਸੇਵਾ ਲਾ ਲੇਖੇ ਨਿਸ਼ਕਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਪੰਜ ਤਤ ਮੈਂ ਦਇਆ ਕਮਾਵਾਂਗਾ । ਤੇਰਾ ਲਹਿਣਾ ਮੂਲ ਚੁਕਾਵਾਂਗਾ । ਸਾਚਾ ਹੁਕਮ ਇਕ ਵਰਤਾਵਾਂਗਾ । ਗੁਰਮੁਖ ਗੁਰਸਿਖ ਆਪ ਉਠਾਵਾਂਗਾ । ਸੰਤ ਸੁਹੇਲਾ ਮੇਲ ਮਿਲਾਵਾਂਗਾ । ਗੁਰ ਚੇਲਾ ਰੰਗ ਰੰਗਾਵਾਂਗਾ । ਭਗਤ ਭਗਵਾਨ ਗੋਦ ਬਹਾਵਾਂਗਾ । ਧਰਮ ਨਿਸ਼ਾਨ ਇਕ ਝੁਲਾਵਾਂਗਾ । ਮਿਹਰਵਾਨ ਦਇਆ ਕਮਾਵਾਂਗਾ । ਤੇਰਾ ਲੇਖਾ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਦੇਣਾ ਆਪਣੇ ਹੱਥ ਵਖਾਵਾਂਗਾ । ਪੰਜ ਤਤ ਤੇਰਾ ਲੇਖਾ ਅੰਤ ਮੁਕਾਏਗਾ । ਪ੍ਰਭੂ ਹੋ ਮਿਹਰਵਾਨ ਦਇਆ ਕਮਾਏਗਾ । ਸਾਚੀ ਸਿਖਿਆ ਇਕ ਦ੍ਰਿੜਾਏਗਾ । ਭਰਮ ਭੁਲੇਖਾ ਦੂਰ ਕਰਾਏਗਾ । ਪਿਛਲਾ ਲੇਖਾ ਲੇਖੇ ਲਾਏਗਾ । ਅੱਗੇ ਸਾਚਾ ਦੇਸ ਇਕ ਵਖਾਏਗਾ । ਜਿਸ ਘਰ ਰਹਿਣਾ ਸਦਾ ਹਮੇਸ਼, ਆਵਣ ਜਾਵਣ ਪੰਧ ਮੁਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਏਗਾ । ਸਾਚੀ ਸਿਖਿਆ ਇਕ ਦ੍ਰਿੜਾਵੇਗਾ । ਪੰਜ ਤਤ ਤੈਨੂੰ ਸਮਝਾਵੇਗਾ । ਬ੍ਰਹਮ ਮੱਤ ਇਕੋ ਰਖਾਵੇਗਾ । ਚਰਨ ਕਵਲ ਨਤ ਆਪ ਬੰਧਾਵੇਗਾ । ਆਪ ਆਪਾ ਕਰ ਕੇ ਵਸ, ਵਸੀਕਾਰ ਆਪ ਅਖਵਾਵੇਗਾ । ਤੇਰੇ ਅੰਦਰ ਦੇ ਕੇ ਰਸ, ਰਸ ਆਪਣਾ ਆਪ ਪਰਗਟਾਵੇਗਾ । ਸਾਚਾ ਮਾਰਗ ਦੇਵੇ ਦੱਸ, ਦਹਿ ਦਿਸ਼ਾ ਹੁਕਮ ਵਰਤਾਵੇਗਾ । ਕਰ ਖੇਲ ਪੁਰਖ ਸਮਰਥ, ਲੇਖਾ ਹੱਥੋ ਹੱਥੀਂ ਚੁਕਾਵੇਗਾ । ਜੋ ਤੇਰੇ ਅੰਦਰ ਵੜ ਕੇ ਮੇਰੀ ਆਤਮਾ ਸੋਹੰ ਢੋਲਾ ਗਾਏ ਜਸ, ਤਿਸ ਦਾ ਪੰਜ ਤਤ ਆਪਣੀ ਝੋਲੀ ਪਾਵਾਂਗਾ । ਵੇਲੇ ਅੰਤ ਪਤ ਲਏ ਰੱਖ, ਰੱਖਿਆ ਕਰ ਕੇ ਆਪ ਵਖਾਵਾਂਗਾ । ਸਾਚੇ ਪੜਦੇ ਅੰਦਰ ਲਵਾਂ ਢਕ, ਆਪਣੇ ਹੁਕਮ ਵਿਚ ਸਮਾਵਾਂਗਾ । ਸਭ ਦਾ ਲਹਿਣਾ ਦੇਣਾ ਦੇਵਾਂ ਹੱਕ, ਠੱਗੀ ਨਾਲ ਨਾ ਕਿਸੇ ਕਮਾਵਾਂਗਾ । ਜੋ ਮੇਰਾ ਨਾਮ ਲੈਣ ਤੋ ਗਏ ਅੱਕ, ਤਿਨ੍ਹਾਂ ਜੁਗ ਜੁਗ ਤੇਰੇ ਅੰਦਰ ਜੂਨ ਭਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਸਾਚਾ ਲੇਖਾ ਵੇਖ ਵਖਾਵਾਂਗਾ । ਪੰਜ ਤਤ ਕਹੇ ਮੈਂ ਰੌਲਾ ਪਾਵਾਂਗਾ । ਉਚੀ ਕੂਕ ਕੂਕ ਸੁਣਾਵਾਂਗਾ । ਨੌ ਦੁਆਰੇ ਆਪਣੇ ਬੰਦ ਕਰਾਵਾਂਗਾ । ਆਸਾ ਤ੍ਰਿਸਨਾ ਮੇਟ ਮਿਟਾਵਾਂਗਾ । ਹਉਮੇ ਹੰਗਤਾ ਬੁਰਜ ਢਾਹਵਾਂਗਾ । ਭੁੱਖਾ ਨੰਗਾ ਹੋ ਕੇ ਇਕੋ ਸੇਵ ਕਮਾਵਾਂਗਾ । ਦਰ ਤੇਰੇ ਬਹਿ ਕੇ ਮੰਗਾਂ, ਝੋਲੀ ਖ਼ਾਲੀ ਆਪ ਭਰਾਵਾਂਗਾ । ਦੋਏ ਜੋੜ ਕਹਾਂ ਤੂੰ ਵਜਾ ਅਗੰਮ ਮਰਦੰਗਾ, ਧੁਨ ਰਾਗ ਇਕ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਵਾਂਗਾ । ਦਰ ਤੇਰੇ ਮੰਗ ਮੰਗਾਂਗਾ । ਪ੍ਰਭ ਸਾਚੇ ਕਦੇ ਨਾ ਸੰਗਾਗਾਂ । ਪ੍ਰੇਮ ਪ੍ਰੀਤੀ ਆਪਣੀ ਚੋਲੀ ਰੰਗਾਂਗਾ । ਨੀਵਾਂ ਹੋ ਕੇ ਦਰ ਤੇਰੇ ਤੇ ਮੰਗਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਦ ਤੇਰੇ ਚਰਨਾਂ ਹੇਠਾਂ ਰਹਿ ਕੇ ਵਸਾਂਗਾ । ਜੋ ਮੇਰੇ ਚਰਨ ਧਿਆਨ ਲਗਾਏਗਾ । ਨੇਤਰ ਨੈਣ ਨਿਜ ਖੁਲ੍ਹਾਏਗਾ । ਜਗਤ ਅੰਧੇਰ ਮਿਟਾਏਗਾ । ਸੰਝ ਸਵੇਰ ਇਕੋ ਨਜ਼ਰੀ ਆਏਗਾ । ਕੂੜੀ ਕਿਰਿਆ ਹੋਵੇ ਢੇਰ, ਭਾਂਡਾ ਭਰਮ ਭੌ ਭੰਨਾਏਗਾ । ਸੁਤ ਗੋਬਿੰਦ ਨਜ਼ਰੀ ਆਏ ਸ਼ੇਰ, ਭਬਕ ਦੋ ਜਹਾਨ ਸੁਣਾਏਗਾ । ਮਿਹਰਵਾਨ ਕਰ ਕੇ ਮਿਹਰ, ਮਿਹਰ ਨਜ਼ਰ ਇਕ ਉਠਾਏਗਾ । ਤੇਰਾ ਕੱਟ ਚੁਰਾਸੀ ਗੇੜ, ਝੇੜਾ ਅਗਲਾ ਪਿਛਲਾ ਆਪਣੀ ਝੋਲੀ ਪਾਏਗਾ । ਨਜ਼ਰੀ ਆਏ ਨੇਰਨ ਨੇਰ, ਦੂਰ ਦੁਰਾਡਾ ਪੰਧ ਮੁਕਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਇਕ ਸੁਣਾਏਗਾ । ਸਾਚਾ ਨਾਮ ਇਕ ਸੁਣਾਵੇਗਾ । ਸੋ ਪੁਰਖ ਨਿਰੰਜਣ ਦਇਆ ਕਮਾਵੇਗਾ । ਹੰ ਬ੍ਰਹਮ ਭੇਵ ਖੁਲਾਵੇਗਾ । ਨਿਰਗੁਣ ਨਿਰਗੁਣ ਵੇਖ ਵਖਾਵੇਗਾ । ਸੋਹੰ ਆਪਣਾ ਰੂਪ ਜਣਾਵੇਗਾ । ਸ਼ਾਹੋ ਭੂਪ ਹੁਕਮ ਮਨਾਵੇਗਾ । ਚਾਰੇ ਕੂਟ ਵੇਖ ਵਖਾਵੇਗਾ । ਖ਼ਾਲੀ ਠੂਠ ਭੰਨ ਵਖਾਵੇਗਾ । ਜਨ ਭਗਤਾਂ ਅੰਤਰ ਤੁਠ, ਮਿਹਰ ਨਜ਼ਰ ਨੈਣ ਤਕਾਵੇਗਾ । ਅੰਮ੍ਰਿਤ ਜਾਮ ਪਿਆਏ ਘੁੱਟ, ਅੰਮਿਉਂ ਰਸ ਇਕੋ ਰਸ ਚਖਾਵੇਗਾ । ਨਿਰਗੁਣ ਪਰਕਾਸ਼ ਕਰ ਜੋਤ, ਜੋਤੀ ਜੋਤ ਡਗਮਗਾਵੇਗਾ । ਨਾਮ ਸੁਣਾ ਅਗੰਮੀ ਸਲੋਕ, ਸਾਚਾ ਨਾਦ ਧੁਨ ਉਪਜਾਵੇਗਾ । ਅੰਤਮ ਢਾਹ ਕੇ ਕਾਇਆ ਬੁਰਜ, ਸਚਖੰਡ ਦੁਆਰੇ ਆਪ ਬਹਾਵੇਗਾ । ਓਥੇ ਦੇਵੇ ਸਾਚੀ ਮੌਜ, ਮੌਜੂਦ ਹੋ ਕੇ ਆਪਣਾ ਦਰਸ ਦਖਾਵੇਗਾ । ਬੇਸ਼ਕ ਪੰਜ ਤਤ ਤੈਨੂੰ ਜਗਤ ਸਨਬੰਧੀ ਸਾਰੇ ਕਰ ਦੇਣ ਫ਼ੌਤ, ਅਗਨੀ ਭੇਟ ਫੜ ਚੜ੍ਹਾਵੇਗਾ । ਤੇਰਾ ਸਾਹਿਬ ਪੁਰਖ ਅਕਾਲ ਦੀਨ ਦਿਆਲ ਬਣ ਕੇ ਧੁਰ ਦਾ ਖੌਤ, ਤੇਰੇ ਅੰਦਰੋ ਤੇਰੇ ਮੰਦਰੋ ਆਪਣੀ ਨਾਰ ਕੰਤ ਭਗਵੰਤ ਪਰਨਾਵੇਗਾ । ਸਚਖੰਡ ਲੈ ਕੇ ਜਾਏ ਨਾਲ ਸ਼ੌਕ, ਵਿਸ਼ਨ ਬ੍ਰਹਮਾ ਸ਼ਿਵ ਰਾਹ ਵਿਚ ਬੈਠਾ ਸੀਸ ਝੁਕਾਵੇਗਾ । ਓਥੇ ਕੋਈ ਨਾ ਸਕੇ ਪਹੁੰਚ, ਜਿਸ ਘਰ ਭਗਵਨ ਆਸਣ ਲਾਵੇਗਾ । ਇਹ ਭਗਤਾਂ ਚਲਾਈ ਰੌਂਸ, ਰਹਿਬਰ ਇਕੋ ਇਕ ਅਖਵਾਵੇਗਾ । ਪੁਰਖ ਅਕਾਲ ਸਭ ਦਾ ਦਾਤਾ ਇਕੋ ਬਹੁਤ, ਦੇਂਦਿਆਂ ਥੱਕ ਕਦੇ ਨਾ ਜਾਵੇਗਾ । ਤੇਰੀ ਆਸਾ ਮਨਸਾ ਪੂਰੀ ਕਰੇ ਲੋਚ, ਤ੍ਰਿਸਨਾ ਤ੍ਰਿਖਾ ਮੇਟ ਮਿਟਾਵੇਗਾ । ਅੱਗੇ ਰਹਿਣ ਨਾ ਦੇਵੇ ਕੋਈ ਸੋਚ, ਸੋਚ ਆਪਣੀ ਇਕ ਸਮਝਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਹੋ ਮਿਹਰਵਾਨ, ਪੰਜ ਤਤ ਕਰ ਕਲਿਆਣ, ਕਰਮ ਕਾਂਡ ਡੇਰਾ ਅੰਤਮ ਢਾਹਵੇਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਸਦਾ ਮਿਹਰਵਾਨ, ਲੇਖਾ ਜਾਣੇ ਦੋ ਜਹਾਨ, ਜੀਵ ਜੰਤ ਲੱਖ ਚੁਰਾਸੀ ਜੂਨ ਅਜੂਨ ਚਾਰੇ ਖਾਣੀ ਲੇਖਾ ਪੂਰ ਕਰਾਵੇਗਾ ।

## ✪ ੧੫ ਅੱਸੂ ੨੦੨੦ ਬਿਕਰਮੀ ਰਾਮੂ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸ੍ਰੀ ਭਗਵਾਨ ਕਿਰਪਾ ਕਰੇ ਪ੍ਰਭ ਆਪ, ਜੁਗ ਜੁਗ ਆਪਣੀ ਦਇਆ ਕਮਾਇੰਦਾ । ਜਨ ਭਗਤਾਂ ਬਣੇ ਮਾਈ ਬਾਪ, ਪਿਤਾ ਪੂਤ ਗੋਦ ਉਠਾਇੰਦਾ । ਧੁਰ ਦਾ ਦੇਵੇ ਸੱਚਾ ਜਾਪ, ਨਾਮ ਅਨਮੁਲਾ ਝੋਲੀ ਪਾਇੰਦਾ । ਸਚ ਪ੍ਰੀਤੀ ਬੰਨ੍ਹੇ ਨਾਤ, ਆਤਮ ਪਰਮਾਤਮ ਜੋੜ ਜੁੜਾਇੰਦਾ । ਧੁਰ ਦੀ ਬਾਣੀ ਸੁਣਾਏ ਗਾਥ, ਅੱਖਰ ਵੱਖਰ ਆਪ ਦ੍ਰਿੜਾਇੰਦਾ । ਸਾਚੇ ਸ਼ਬਦ ਚੜ੍ਹਾਏ ਰਾਥ, ਬਣ ਰਥਵਾਹੀ ਸੇਵ ਕਮਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਨੂਰੀ ਸਾਚਾ ਚੰਦ ਚਮਕਾਇੰਦਾ । ਸਾਚੇ ਘਰ ਬੈਠਾ ਰਹੇ ਇਕ ਇਕਾਂਤ, ਅਕਲ ਕਲਧਾਰੀ ਪੜਦਾ ਲਾਹਿੰਦਾ । ਨਾਤਾ ਤੋੜ ਜ਼ਾਤ ਪਾਤ, ਆਤਮ ਬ੍ਰਹਮ ਇਕ ਸਮਝਾਇੰਦਾ । ਸਾਚੀ ਸਿਖਿਆ ਦੇਵੇ ਸੱਚੋ ਸਾਚ, ਕੂੜੀ ਕਿਰਿਆ ਡੇਰਾ ਢਾਹਿੰਦਾ । ਭਾਗ ਲਗਾਏ ਕਾਇਆ ਮਾਟੀ ਪੰਜ ਤਤ ਕਾਚ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਸੋਭਾ ਪਾਇੰਦਾ । ਸਦਾ ਸਹਾਈ ਹੋਏ ਅਨਾਥਾਂ ਨਾਥ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਭਗਤਨ ਮੀਤਾ ਏਕੰਕਾਰ, ਹਰਿ ਕਰਤਾ ਵਡ ਵਡਿਆਈਆ । ਜੁਗ ਚੌਕੜੀ ਵੇਖੇ ਚਾਰ, ਚਾਰੋਂ ਕੁੰਟ ਫੋਲ ਫੋਲਾਈਆ । ਚਾਰੇ ਦਿਸ਼ਾ ਖੋਲ੍ਹ ਕਿਵਾੜ, ਚੌਥੇ ਪਦ ਦਏ ਮਿਲਾਈਆ । ਚਾਰੇ ਬਾਣੀ ਬੋਲ ਜੈਕਾਰ, ਚਾਰੇ ਖਾਣੀ ਡੇਰਾ ਢਾਹੀਆ । ਚਾਰ ਯਾਰੀ ਕਰ ਪਿਆਰ, ਪ੍ਰੀਤਮ ਪ੍ਰੀਤ ਇਕ ਨਿਭਾਈਆ । ਦੇਵਣਹਾਰ ਸ਼ਬਦ ਆਧਾਰ, ਨਾਮ ਸਤਿ ਆਪ ਵਰਤਾਈਆ । ਮੇਟ ਮਿਟਾਏ ਅੰਧ ਅੰਧਿਆਰ, ਕੂੜ ਕੁੜਿਆਰ ਰਹਿਣ ਨਾ ਪਾਈਆ । ਘਰ ਦੀਪਕ ਕਰ ਉਜਿਆਰ, ਜੋਤੀ ਜੋਤ ਕਰੇ ਰੁਸ਼ਨਾਈਆ । ਧੁਰ ਦੀ ਬਾਣੀ ਸੁਣਾਏ ਅਗੰਮੀ ਧਾਰ, ਅਨਹਦ ਨਾਦੀ ਨਾਦ ਰਾਗ ਅਲਾਈਆ । ਅੰਮਿਉਂ ਰਸ ਅੰਮ੍ਰਿਤ ਆਤਮ ਦਏ ਪਿਆਲ, ਨਿਝਰ ਝਿਰਨਾ ਇਕ ਝਿਰਾਈਆ । ਭਾਗ ਲਗਾਏ ਕਾਇਆ ਮੰਦਰ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖੇ ਚਾਈਂ ਚਾਈਆ । ਭਗਤ ਜਨਾਂ ਪ੍ਰਭ ਸੱਚਾ ਠਾਕਰ, ਹਰਿ ਕਰਤਾ ਆਪ ਅਖਵਾਇੰਦਾ । ਭਾਗ ਲਗਾਏ ਕਾਇਆ ਗਾਗਰ, ਗਹਿਰ ਗੰਭੀਰ ਡੂੰਘਾ ਸਾਗਰ ਫੋਲ ਫੋਲਾਇੰਦਾ । ਨਾਮ ਅਪਾਰ ਕਰਾਏ ਵਣਜ ਇਕ ਸੌਦਾਗਰ, ਸੌਦਾ ਸਾਚੇ ਹੱਟ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਹਰਿਜਨ ਆਪ ਉਠਾਇੰਦਾ । ਭਗਤ ਜਨਾਂ ਹਰਿ ਬਣ ਕੇ ਮੀਤਾ, ਮਿੱਤਰ ਪਿਆਰਾ ਆਪ ਅਖਵਾਈਆ । ਆਪਣੇ ਮਿਲਣ ਦੀ ਦੱਸੇ ਰੀਤਾ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਨਿਰਗੁਣ ਹੋ ਕੇ ਵਸੇ ਚੀਤਾ, ਸਰਗੁਣ ਬੂਝ ਦਏ ਬੁਝਾਈਆ । ਮਿੱਠਾ ਕਰ ਕੇ ਕੌੜਾ ਰੀਠਾ, ਰਸ ਅੰਮ੍ਰਿਤ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਲੇਖਾ ਦਏ ਮੁਕਾਈਆ । ਭਗਤ ਜਨਾਂ ਪ੍ਰਭ ਸਾਚਾ ਸੰਗ, ਹਰਿ ਕਰਤਾ ਆਪ ਰਖਾਇੰਦਾ । ਅੰਦਰ ਵੜ ਵਜਾਏ ਮਰਦੰਗ, ਤੰਦ ਸਿਤਾਰ ਆਪ ਹਿਲਾਇੰਦਾ । ਕਾਇਆ ਚੋਲੀ ਚਾੜ੍ਹ ਰੰਗ, ਦੁਰਮਤ ਕੂੜੀ ਮੈਲ ਧਵਾਇੰਦਾ । ਗੀਤ ਸੁਣਾ ਸੁਹਾਗੀ ਛੰਦ, ਆਤਮ ਪਰਮਾਤਮ ਰਾਗ ਅਲਾਇੰਦਾ । ਭਰਮ ਭੁਲੇਖਾ ਦੂਈ ਦਵੈਤੀ ਢਾਹ ਕੰਧ, ਸਾਚਾ ਮੰਦਰ ਇਕ ਸੁਹਾਇੰਦਾ । ਕਰ ਪਰਕਾਸ਼ ਬਿਨ ਸੂਰਜ ਚੰਦ, ਜੋਤੀ ਨੂਰ ਡਗਮਗਾਇੰਦਾ । ਪੜਦਾ ਲਾਹ ਹੰ ਬ੍ਰਹਮ, ਪਾਰਬ੍ਰਹਮ ਆਪਣਾ ਰਾਹ ਵਖਾਇੰਦਾ । ਜਿਸ ਧਾਰੋਂ ਆਤਮ ਪਏ ਜੰਮ, ਸੋ ਪਰਮਾਤਮ ਆਪਣਾ ਭੇਵ ਚੁਕਾਇੰਦਾ । ਨਿਰਗੁਣ

ਹੋ ਕੇ ਨਿਰਗੁਣ ਬੇੜਾ ਦੇਵੇ ਬੰਨ੍ਹ, ਸਰਗੁਣ ਸਗਲਾ ਭਾਰ ਉਠਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਮਿਲ ਕੇ ਕਹੇ ਧੰਨ ਧੰਨ, ਦੂਜਾ ਸ਼ਬਦ ਨਾ ਕੋਇ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪੈਜ ਰਖਾਇੰਦਾ । ਜਨ ਭਗਤਾਂ ਮੇਲਾ ਕਰੇ ਮਿਲਾਪ, ਸੁਰਤੀ ਸ਼ਬਦੀ ਜੋੜ ਜੁੜਾਈਆ । ਜਨਮ ਕਰਮ ਦਾ ਮੇਟੇ ਸੰਤਾਪ, ਰੋਗ ਸੋਗ ਚਿੰਤਾ ਹਰਖ ਦਏ ਗਵਾਈਆ । ਸਤਿ ਸਤਿਵਾਦੀ ਦੱਸ ਆਪਣਾ ਜਾਪ, ਰਸਨਾ ਜਿਹਵਾ ਬੱਤੀ ਦੰਦ ਸੇਵਾ ਲਾਈਆ । ਕਾਇਆ ਮੰਦਰ ਅੰਦਰ ਦਿਵਸ ਰੈਣ ਰਹੇ ਪਾਠ, ਅੱਠੇ ਪਹਿਰ ਢੋਲਾ ਸੋਹਲਾ ਰਿਹਾ ਗਾਈਆ । ਕੋਟ ਜਨਮ ਦੇ ਉਤਾਰ ਪਾਪ, ਪਤਤ ਪੁਨੀਤ ਦਏ ਵਖਾਈਆ । ਪਰਗਟ ਹੋਏ ਸਾਖਿਆਤ, ਨਿਰਵੈਰ ਪੁਰਖ ਆਪਣਾ ਦਰਸ ਦਿਖਾਈਆ । ਬੰਦ ਕਿਵਾੜੀ ਖੋਲ੍ਹ ਤਾਕ, ਪੜਦਾ ਦੂਈ ਦਏ ਚੁਕਾਈਆ । ਅੰਦਰ ਵੜ ਕੇ ਜਾਏ ਆਖ, ਉਠ ਭਗਤ ਸ੍ਰੀ ਭਗਵਾਨ ਮੇਲਾ ਰਿਹਾ ਮਿਲਾਈਆ । ਆਦਿ ਤੇਰੀ ਮੇਰੀ ਇਕ ਜ਼ਾਤ, ਮਧ ਰੰਗ ਰਿਹਾ ਚੜ੍ਹਾਈਆ । ਅੰਤਮ ਦੇਵੇ ਸਾਚਾ ਸਾਥ, ਹਰਿ ਸਤਿਗੁਰ ਵਡ ਵਡਿਆਈਆ । ਇਕੋ ਢੋਲਾ ਰਸਨਾ ਜਿਹਵਾ ਬੋਲ ਆਖ, ਤੂੰ ਮੇਰਾ ਮੈਂ ਤੇਰਾ ਦੂਜਾ ਅਵਰ ਨਾ ਕੋਇ ਗੋਸਾਈਆਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਵਡਿਆਈਆ । ਜਨ ਭਗਤਾਂ ਮੀਤਾ ਮਿੱਤਰ ਸੁਆਮੀ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਆਦਿ ਜੁਗਾਦਿ ਜੁਗ ਚੌਕੜੀ ਅੰਤਰਜਾਮੀ, ਲੱਖ ਚੁਰਾਸੀ ਘਟ ਘਟ ਅੰਦਰ ਵੇਖ ਵਖਾਈਆ । ਬੋਧ ਅਗਾਧ ਸ਼ਬਦ ਧੁਨ ਨਾਦ ਸੁਣਾਏ ਬਾਣੀ, ਅਣਿਆਲਾ ਤੀਰ ਇਕ ਲਗਾਈਆ । ਸਰ ਸਰੋਵਰ ਅੰਮ੍ਰਿਤ ਆਤਮ ਠੰਡਾ ਪਾਣੀ, ਸਰ ਇਕੋ ਇਕ ਵਖਾਈਆ । ਲਹਿਣਾ ਦੇਣਾ ਚੁਕਾਏ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਨਾਤਾ ਦਏ ਤੁੜਾਈਆ । ਸ਼ਬਦ ਮਿਲਾਵਾ ਸਾਚਾ ਹਾਣੀ, ਘਰ ਸੁਰਤੀ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਦੇਵੇ ਪਦ ਨਿਰਬਾਣੀ, ਨਿਰਬਾਣ ਪਦ ਇਕ ਵਖਾਈਆ । ਪਾਰਬ੍ਰਹਮ ਬ੍ਰਹਮ ਮਿਲ ਕੇ ਗਾਏ ਸਚ ਕਹਾਣੀ, ਰਸਨਾ ਜਿਹਵਾ ਕਥਨੀ ਕਥ ਨਾ ਸਕੇ ਰਾਈਆ । ਭਗਤ ਭਗਵਾਨ ਦੋਹਾਂ ਮਿਲ ਕੇ ਦੋ ਜਹਾਨ ਦਿਸੇ ਇਕ ਨਿਸ਼ਾਨੀ, ਦੂਜੀ ਰੰਗਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲੇਖਾ ਦਏ ਚੁਕਾਈਆ । ਭਗਤ ਜਨਾਂ ਪ੍ਰਭ ਸੱਜਣ ਏਕ, ਸੋ ਪੁਰਖ ਨਿਰੰਜਣ ਆਪ ਅਖਵਾਇੰਦਾ । ਏਥੇ ਓਥੇ ਦੋ ਜਹਾਨਾਂ ਦੇਵੇ ਟੇਕ, ਸਿਰ ਆਪਣਾ ਹੱਥ ਟਿਕਾਇੰਦਾ । ਕਰ ਕਿਰਪਾ ਕਰੇ ਬੁੱਧ ਬਿਬੇਕ, ਵਿਵੇਕੀ ਆਪਣੇ ਨਾਲ ਰਲਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਤੱਤ ਨਾ ਕੋਇ ਜਲਾਇੰਦਾ । ਕੂੜੀ ਕਿਰਿਆ ਮੇਟੇ ਰੇਖ, ਰੇਖਾ ਆਪਣੀ ਆਪ ਸਮਝਾਇੰਦਾ । ਅੰਦਰ ਵੜ ਕੇ ਦੇਵੇ ਭੇਤ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਧੁਰ ਮਸਤਕ ਲਾਏ ਮੇਖ, ਨਾਮ ਨਿਧਾਨਾ ਸਚ ਨਿਸ਼ਾਨਾ ਇਕ ਜਣਾਇੰਦਾ । ਆਤਮ ਪਰਮਾਤਮ ਕਰ ਕੇ ਹੇਤ, ਸਚ ਪ੍ਰੀਤੀ ਆਪ ਲਗਾਇੰਦਾ । ਨਿਜ ਨੇਤਰ ਲਏ ਪੇਖ, ਦੋਏ ਲੋਚਨ ਬੰਦ ਵਖਾਇੰਦਾ । ਬਿਨ ਕਲਮ ਸ਼ਾਹੀ ਲਿਖ ਕੇ ਲੇਖ, ਲੇਖਾ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦ ਵਡਿਆਇੰਦਾ । ਜਨ ਭਗਤ ਵਡਿਆਈ ਚਾਰ ਜੁਗ, ਜੁਗ ਚੌਕੜੀ ਰਹੇ ਜਸ ਗਾਈਆ । ਜਿਨ੍ਹਾਂ ਸੁਹਾਏ ਪ੍ਰਭ ਆਪ ਰੁੱਤ, ਰੁੱਤ ਰੁਤੜੀ ਨਾਲ ਮਹਿਕਾਈਆ । ਕਰ ਕਿਰਪਾ ਬਣਾਵੇ ਆਪਣੇ ਸੁੱਤ, ਪਿਤਾ ਪੂਤ ਗੋਦ ਉਠਾਈਆ । ਦੋ ਜਹਾਨ ਏਥੇ ਓਥੇ ਅੱਧਵਿਚਕਾਰ ਕੋਈ ਨਾ ਲਏ ਪੁੱਛ, ਵਿਸ਼ਨ ਬ੍ਰਹਮਾ ਸ਼ਿਵ

ਸਾਰੇ ਬੈਠਣ ਸੀਸ ਨਿਵਾਈਆ । ਸਤਿਕਾਰ ਵਾਸਤੇ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਜਾਣ ਉਠ, ਉਠ ਉਠ ਆਪਣੀ ਖ਼ੁਸ਼ੀ ਮਨਾਈਆ । ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਸ਼ਾਹ ਸੁਲਤਾਨ ਏਕਾ ਜਾਏ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਲੋਕਮਾਤ ਦਾ ਬੂਟਾ ਪੁਟ, ਸਚਖੰਡ ਦੁਆਰੇ ਪਤ ਡਾਲੀ ਫੁਲ ਮਹਿਕਾਈਆ । ਨਿਤ ਨਵਿਤ ਕਦੇ ਨਾ ਜਾਏ ਸੁੱਕ, ਖ਼ਿਜ਼ਾਂ ਰੂਪ ਨਾ ਕੋਇ ਵਖਾਈਆ । ਪ੍ਰੇਮ ਪ੍ਰੀਤੀ ਸਚ ਪਿਆਰ ਨਾਲ ਜਾਏ ਝੁਕ, ਆਪਣਾ ਸੀਸ ਨਾ ਕੋਇ ਰਖਾਈਆ । ਪ੍ਰਭ ਸਰਨਾਈ ਚਰਨ ਕਵਲ ਹੇਠਾਂ ਜਾਏ ਲੁਕ, ਨਿਵਣ-ਸੋ-ਅੱਖਰ ਆਪਣੀ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਵਡਿਆਈ ਅੰਤਮ ਕਲਜੁਗ, ਹਰਿ ਕਰਤਾ ਆਪ ਜਣਾਇੰਦਾ । ਲੱਖ ਚੁਰਾਸੀ ਵਿਚੋਂ ਥੋੜੇ ਭਗਤ ਚੁਗ, ਨਿਰਗੁਣ ਨਿਰਵੈਰ ਆਪਣਾ ਮੇਲ ਮਿਲਾਇੰਦਾ । ਨਿਰਮਲ ਕਰ ਕੇ ਸਾਚੀ ਬੁੱਧ, ਸੂਝ ਬੂਝ ਇਕ ਸਮਝਾਇੰਦਾ । ਮਾਣਸ ਜਨਮ ਲੱਖ ਚੁਰਾਸੀ ਵਿਚੋਂ ਨਿੱਕਾ ਹਿੱਸਾ ਮਿਲਿਆ ਤੁਛ, ਬਿਨ ਸ੍ਰੀ ਭਗਵਾਨ ਅੰਤਮ ਕੰਮ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਆਪਣੀ ਸੁਧ, ਸਿਧਾ ਰਾਹ ਇਕ ਵਖਾਇੰਦਾ । ਸਿਧਾ ਰਾਹ ਦੇਵੇ ਦੱਸ, ਸੋ ਸਤਿਗੁਰ ਦਇਆ ਕਮਾਈਆ । ਹਿਰਦੇ ਅੰਦਰ ਆਪ ਵਸ, ਹਰ ਹਰਿ ਕਾ ਰੂਪ ਜਣਾਈਆ । ਸਚ ਸੁੱਚ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਜਨਮ ਕਰਮ ਦੀ ਪੂਰੀ ਕਰ ਆਸ, ਆਸਾ ਮਨਸਾ ਲੇਖੇ ਲਾਈਆ । ਨਿਰਗੁਣ ਹੋ ਕੇ ਆਵੇ ਪਾਸ, ਸਰਗੁਣ ਸੋਇਆ ਲਏ ਉਠਾਈਆ । ਭਗਤ ਭਗਵਾਨ ਰਲ ਮਿਲ ਇਕੋ ਮੰਡਲ ਪਾਵਣ ਰਾਸ, ਗੋਪੀ ਕਾਹਨ ਰੂਪ ਵਟਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਗਾਵਣ ਖ਼ਾਸ, ਖ਼ਾਹਸ਼ ਅਵਰ ਨਾ ਕੋਇ ਰਖਾਈਆ । ਸਾਚਾ ਪੜ੍ਹਨ ਇਕੋ ਜਾਪ, ਜਗ ਜੀਵਣ ਦਾਤਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੇਲਾ ਸਹਿਜ ਸੁਭਾਈਆ । ਕਲਜੁਗ ਅੰਤਮ ਭਗਤਨ ਮੇਲਾ, ਨਿਰਗੁਣ ਨਿਰਵੈਰ ਨਰ ਹਰਿ ਨਰਾਇਣ ਆਪ ਕਰਾਇੰਦਾ । ਏਕਾ ਧਾਮ ਸੁਹਾਏ ਗੁਰੂ ਗੁਰ ਚੇਲਾ, ਚੇਲਾ ਗੁਰ ਆਪਣੇ ਰੰਗ ਰੰਗਾਇੰਦਾ । ਪਰਮ ਪੁਰਖ ਹਰਿ ਕਰਤਾ ਬਣ ਕੇ ਸੱਜਣ ਸੁਹੇਲਾ, ਸਤਿਗੁਰ ਸਾਚਾ ਸੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਮੀਤਾ ਇਕੋ ਨਜ਼ਰੀ ਆਇੰਦਾ । ਭਗਤਨ ਮੀਤਾ ਇਕ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਵਸਣਹਾਰਾ ਦਰਬਾਰ ਠਾਂਡੇ ਸੀਤ, ਸਚਖੰਡ ਬੈਠਾ ਆਸਣ ਲਾਈਆ । ਨਿਤ ਨਵਿਤ ਸੁਣਾਏ ਆਪਣਾ ਗੀਤ, ਸੋਹਲਾ ਸੱਚਾ ਰਾਗ ਜਣਾਈਆ । ਲੇਖਾ ਜਾਣ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਜਿਸ ਜਨ ਬਖ਼ਸ਼ੇ ਚਰਨ ਕਵਲ ਸਚ ਪ੍ਰੀਤ, ਪ੍ਰੀਤੀਵਾਨ ਦਇਆ ਕਮਾਈਆ । ਤਿਸ ਭਗਤ ਭਗਵਾਨ ਮਿਲੇ ਠੀਕ, ਠਾਕਰ ਆਪਣਾ ਫੇਰਾ ਪਾਈਆ । ਪ੍ਰਭ ਮਿਲਿਆਂ ਨਾਤਾ ਛੁੱਟੇ ਮੰਦਰ ਮਸੀਤ, ਘਰ ਅੰਦਰ ਕਾਇਆ ਮੰਦਰ ਪੁਰਖ ਅਕਾਲ ਨਿਰਗੁਣ ਨੂਰ ਜੋਤ ਨਜ਼ਰੀ ਆਈਆ । ਜਨਮ ਕਰਮ ਦੀ ਪੂਰੀ ਹੋਏ ਘਾਲ, ਕੀਤੀ ਘਾਲ ਲੇਖੇ ਪਾਈਆ । ਪੜ੍ਹਨ ਲਿਖਣ ਦਾ ਕੋਈ ਨਾ ਰਹੇ ਸਵਾਲ, ਜਿਸ ਪਾਰਬ੍ਰਹਮ ਪ੍ਰਭ ਮਿਲਿਆ ਬੇਪਰਵਾਹੀਆ । ਦੋ ਜਹਾਨਾਂ ਬਣੇ ਦਲਾਲ, ਏਥੇ ਓਥੇ ਹੋਏ ਸਹਾਈਆ । ਨੇੜ ਨਾ ਆਏ ਅੰਤਮ ਕਾਲ, ਰਾਏ ਧਰਮ ਨਾ ਦਏ ਸਜ਼ਾਈਆ । ਸਾਚੇ ਮੰਦਰ ਦਰਗਹਿ ਸਾਚੀ ਦਏ ਬਹਾਲ, ਥਾਨ ਥਨੰਤਰ ਇਕ ਵਖਾਈਆ । ਅੰਤ ਕੰਤ ਭਗਵੰਤ ਜੋਤੀ ਜੋਤ

ਮਿਲਾਏ ਆਣ, ਆਪ ਆਪਣੇ ਵਿਚ ਸਮਾਈਆ । ਭਗਤ ਭਗਵਾਨ ਦੋਵੇਂ ਵਸਣ ਇਕ ਮਕਾਨ, ਸਚਖੰਡ ਸਾਚੇ ਸਾਚੀ ਵੱਜੀ ਵਧਾਈਆ । ਕਲਜੁਗ ਅੰਤ ਜਿਨ੍ਹਾਂ ਪ੍ਰਭ ਕੀਤਾ ਆਪ ਪਰਵਾਨ, ਤਿਨ੍ਹਾਂ ਪਰਮਗਤ ਮਿਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਤਾਰਨਹਾਰਾ ਥਾਉਂ ਥਾਈਂਆ ।



✪ ੧੫ ਅੱਸੂ ੨੦੨੦ ਬਿਕਰਮੀ ਸੁਹਾਵਾ ਸਿੰਘ ਮੁਖ਼ਤਾਰ ਸਿੰਘ ਸ਼ੇਰ ਸਿੰਘ ਦੇ ਗ੍ਰਹਿ ਪੰਜ ਗਰਾਈਂ ਜ਼ਿਲਾ ਫ਼ਿਰੋਜ਼ਪੁਰ ✪

ਸਤਿਗੁਰ ਪੂਰਾ ਸਦਾ ਮਿਹਰਵਾਨ, ਪੁਰਖ ਅਕਾਲ ਵੱਡੀ ਵਡਿਆਈਆ । ਆਦਿ ਜੁਗਾਦੀ ਸਾਚਾ ਕਾਹਨ, ਦੋ ਜਹਾਨਾਂ ਹੋਏ ਸਹਾਈਆ । ਦੇਵਣਹਾਰਾ ਨਾਮ ਨਿਧਾਨ, ਵਸਤ ਅਮੋਲਕ ਝੋਲੀ ਪਾਈਆ । ਸ਼ਬਦ ਅਗੰਮੀ ਧੁਰ ਫ਼ਰਮਾਨ, ਸਚ ਸੰਦੇਸ਼ਾ ਇਕ ਸੁਣਾਈਆ । ਆਤਮ ਅੰਤਰ ਦੇਵੇ ਬ੍ਰਹਮ ਗਿਆਨ, ਸਾਚਾ ਕਰੇ ਨਾਦ ਧੁਨ ਸ਼ਨਵਾਈਆ । ਕੂੜੀ ਕਿਰਿਆ ਮੇਟੇ ਕੂੜ ਨਿਸ਼ਾਨ, ਧਰਮ ਨਿਸ਼ਾਨਾ ਦਏ ਵਖਾਈਆ । ਭਾਗ ਲਗਾਏ ਕਾਇਆ ਮੰਦਰ ਸਚ ਮਕਾਨ, ਘਰ ਘਰ ਵਿਚ ਸੋਭਾ ਪਾਈਆ । ਅੰਮ੍ਰਿਤ ਆਤਮ ਬਖ਼ਸ਼ੇ ਪੀਣ ਖਾਣ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਕੂੜੀ ਕਿਰਿਆ ਮੇਟੇ ਪੰਜ ਸ਼ੈਤਾਨ, ਸ਼ਰਅ ਕਰੇ ਨਾ ਕੋਇ ਲੜਾਈਆ । ਦੀਪਕ ਜੋਤ ਜਗਾਏ ਮਹਾਨ, ਅੰਧ ਅੰਧੇਰਾ ਦਏ ਗਵਾਈਆ । ਆਤਮ ਸੇਜਾ ਕਰ ਪਰਵਾਨ, ਸੇਜ ਸੁਹੰਜਣੀ ਸੋਭਾ ਪਾਈਆ । ਤਖ਼ਤ ਨਿਵਾਸੀ ਨੌਜਵਾਨ, ਨਰ ਹਰਿ ਨਰਾਇਣ ਆਪਣਾ ਭੇਖ ਵਟਾਈਆ । ਦਰਸ ਦੇਵੇ ਨਿਜ ਘਰ ਆਣ, ਆਪ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਈਆ । ਸਤਿਗੁਰ ਪੂਰਾ ਦੀਨ ਦਿਆਲ, ਦਇਆਨਿਧ ਅਖਵਾਇੰਦਾ । ਜੁਗ ਚੌਕੜੀ ਕਰੇ ਸਦਾ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਇੰਦਾ । ਗੁਰਮੁਖ ਉਠਾਏ ਆਪਣੇ ਲਾਲ, ਨਿਰਗੁਣ ਸਰਗੁਣ ਆਪਣਾ ਰੰਗ ਚੜ੍ਹਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਮਿਹਰਵਾਨ ਆਪਣੀ ਨਜ਼ਰ ਟਿਕਾਇੰਦਾ । ਫਲ ਲਗਾ ਸਾਚੇ ਡਾਲ, ਪਤ ਡਾਲੀ ਫੁਲ ਫਲ ਆਪ ਮਹਿਕਾਇੰਦਾ । ਦੇਵਣਹਾਰਾ ਜਨਮ ਕਰਮ ਪੂਰਬ ਦੀ ਘਾਲੀ ਘਾਲ, ਲਹਿਣਾ ਦੇਣਾ ਝੋਲੀ ਪਾਇੰਦਾ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਗ ਜੀਵਣ ਦਾਤਾ ਆਪਣੀ ਬੂਝ ਬੁਝਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਪ ਜਣਾਏ ਸਚ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਇਕ ਵਡਿਆਇੰਦਾ । ਜਿਸ ਗ੍ਰਹਿ ਮੰਦਰ ਵਸੇ ਏਕੰਕਾਰ, ਇਕ ਇਕੱਲਾ ਸੋਭਾ ਪਾਇੰਦਾ । ਸੋ ਸਾਹਿਬ ਸਤਿਗੁਰ ਸੱਜਣ ਮੀਤ ਮੁਰਾਰ, ਨਿਰਗੁਣ ਸਰਗੁਣ ਵਿਛੜ ਕਦੇ ਨਾ ਜਾਇੰਦਾ । ਮਾਣਸ ਜਨਮ ਪੈਜ ਦਏ ਸੁਆਰ, ਮਾਨਵ ਮਾਨੁਖ ਆਪਣੇ ਲੇਖੇ ਲਾਇੰਦਾ । ਸਚ ਪ੍ਰੀਤੀ ਦਏ ਚਰਨ ਪਿਆਰ, ਚਰਨ ਚਰਨੋਦਕ ਅੰਮ੍ਰਿਤ ਆਤਮ ਜਾਮ ਮੁਖ ਚੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸਤਿਗੁਰ ਪੂਰਾ ਗਹਿਰ ਗੰਭੀਰ ਵਡ ਗੁਣ ਸਾਗਰ, ਬੇਅੰਤ ਭੇਵ ਕੋਇ ਨਾ ਪਾਈਆ । ਜਨ ਭਗਤਾਂ ਨਿਰਮਲ ਕਰਮ ਕਰੇ ਉਜਾਗਰ, ਦੁਰਮਤ ਮੈਲ ਦੇਵੇ ਲਾਹੀਆ । ਸਾਚਾ ਵਣਜ ਕਰਾਏ ਨਾਮ ਸੌਦਾਗਰ,

ਹੱਟ ਇਕੋ ਇਕ ਖੁਲ੍ਹਾਈਆ । ਮਿਹਰਵਾਨ ਹਰਿ ਕਰਤਾ ਕਾਦਰ, ਕਰੀਮ ਰਹਿਮਤ ਆਪਣੀ ਆਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਦਰ ਘਰ ਸਾਚੇ ਆਦਰ, ਆਦਰਸ਼ ਆਪਣਾ ਇਕੋ ਇਕ ਰਖਾਈਆ । ਸਤਿਗੁਰ ਪੂਰਾ ਸਾਹਿਬ ਸੁਆਮੀ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ । ਸਰਬ ਜੀਆਂ ਘਟ ਅੰਤਰਜਾਮੀ, ਲੱਖ ਚੁਰਾਸੀ ਵੇਖ ਵਖਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਬੋਧ ਅਗਾਧ ਸ਼ਬਦ ਅਗੰਮ ਸੁਣਾਏ ਬਾਣੀ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਅੰਮ੍ਰਿਤ ਠਾਂਡਾ ਘਰ ਦੇਵੇ ਇਕੋ ਪਾਣੀ, ਸਰ ਸਰੋਵਰ ਇਕੋ ਇਕ ਵਖਾਇੰਦਾ । ਸੁਰਤੀ ਸ਼ਬਦੀ ਮੇਲ ਮਿਲਾਵਾ ਸਾਚੇ ਹਾਣੀ, ਗ੍ਰਿਹ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬ੍ਰਹਮ ਵੇਤਾ ਠਾਂਡਾ ਸੀਤਾ, ਤ੍ਰੈਗੁਣ ਅਤੀਤਾ ਅਗਨੀ ਤਤ ਲੋਕਮਾਤ ਬੁਝਾਇੰਦਾ । ਸਤਿਗੁਰ ਪੂਰਾ ਪਾਰਬ੍ਰਹਮ, ਪ੍ਰਭ ਵੱਡਾ ਵਡ ਵਡਿਆਈਆ । ਜੁਗ ਚੌਕੜੀ ਨਿਹਕਰਮੀ ਕਰੇ ਆਪਣਾ ਕਰਮ, ਗੁਰਮੁਖਾਂ ਕਰਮ ਕਾਂਡ ਡੇਰਾ ਢਾਹੀਆ । ਸਚ ਸੁੱਚ ਸਚ ਵੇਖਣਹਾਰਾ ਧਰਮ, ਧੁਰ ਦੀ ਧਾਰ ਜਣਾਈਆ । ਜਿਸ ਜਨ ਬਖ਼ਸ਼ੇ ਆਪਣੀ ਸਰਨ, ਤਿਸ ਜਮ ਪੋਹ ਨਾ ਸਕੇ ਰਾਈਆ । ਲੇਖ ਚੁਕਾਏ ਮਰਨ ਡਰਨ, ਡਰਨ ਮਰਨ ਆਪਣੀ ਝੋਲੀ ਪਾਈਆ । ਕਰਤਾ ਪੁਰਖ ਕਰਤਾਰ ਹਰਿ ਕਰਨੀ ਕਰਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਲੇਖੇ ਪਾਈਆ । ਸਤਿਗੁਰ ਪੂਰਾ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣਾ ਖੇਲ ਕਰਾਇੰਦਾ । ਜੁਗ ਚੌਕੜੀ ਜਨ ਭਗਤਾਂ ਹੋਏ ਦਾਸ, ਬਣ ਸੇਵਕ ਸੇਵ ਕਮਾਇੰਦਾ । ਆਦਿ ਅੰਤ ਸ੍ਰੀ ਭਗਵੰਤ ਕੱਟਣਹਾਰਾ ਜਮ ਕਾ ਫਾਸ, ਫਾਸੀ ਜਮ ਤੋੜ ਤੁੜਾਇੰਦਾ । ਨਿਰਧਨ ਸਰਧਨ ਪੂਰੀ ਕਰਨਹਾਰਾ ਆਸ, ਆਸਾ ਤ੍ਰਿਸਨਾ ਆਪਣੇ ਲੇਖੇ ਲਾਇੰਦਾ । ਜੋ ਜਨ ਰਸਨਾ ਗੌਂਦੇ ਸਵਾਸ ਸਵਾਸ, ਬੱਤੀ ਦੰਦ ਢੋਲਾ ਰਾਗ ਅਲਾਇੰਦਾ । ਤਿਨ੍ਹਾਂ ਸਾਹਿਬ ਸਤਿਗੁਰ ਸਦਾ ਸਦਾ ਸਦ ਵਸੇ ਪਾਸ, ਪੁਰਖ ਅਕਾਲ ਦੀਨ ਦਿਆਲ ਵਿਛੜ ਕਦੇ ਨਾ ਜਾਇੰਦਾ । ਵੇਖ ਵਖਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਪੁਰੀ ਲੋਅ ਅਕਾਸ਼ ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਰਬ ਗੁਣ ਤਾਸ, ਗੁਣਵੰਤ ਸ੍ਰੀ ਭਗਵੰਤ ਹਰਿਜਨ ਸਾਚੇ ਦਇਆ ਕਮਾਇੰਦਾ । ਸਤਿਗੁਰ ਪੂਰਾ ਚਾਕਰ ਖ਼ਾਕ, ਵਡ ਸੇਵਕ ਰੂਪ ਵਟਾਈਆ । ਜਨ ਭਗਤਾਂ ਦੇਵੇ ਸਦਾ ਸਾਥ, ਸਗਲਾ ਸੰਗ ਆਪ ਨਿਭਾਈਆ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਆਪਣੇ ਗਲੇ ਲਗਾਈਆ । ਸਚ ਚੜ੍ਹਾਏ ਅਗੰਮੀ ਰਾਥ, ਬਣ ਰਥਵਾਹੀ ਆਪ ਚਲਾਈਆ । ਆਤਮ ਪਰਮਾਤਮ ਤੂੰ ਮੇਰਾ ਮੈਂ ਤੇਰਾ ਜਿਨ੍ਹਾਂ ਸੋਹੰ ਜਣਾਏ ਗਾਥ, ਤਿਨ੍ਹਾਂ ਏਕਾ ਰੰਗ ਦਏ ਰੰਗਾਈਆ । ਪੂਰਬ ਲਹਿਣਾ ਦੇਣਾ ਚੁਕੇ ਮਸਤਕ ਮਾਥ, ਅਗਲਾ ਲੇਖਾ ਸਤਿਗੁਰ ਸਾਹਿਬ ਸੁਲਤਾਨ ਦਏ ਸਮਝਾਈਆ । ਪ੍ਰਭ ਸਰਨਾਈ ਇਕੋ ਘਾਟ, ਸ਼ੌਹ ਦਰਿਆ ਸਕੇ ਨਾ ਕੋਇ ਰੁੜ੍ਹਾਈਆ । ਅੰਤਮ ਵੇਲੇ ਰੱਖੇ ਪਾਤ, ਪਤਿਪਰਮੇਸ਼ਵਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸੱਚਾ ਸਦਾ ਸੁਹੇਲਾ ਜਨ ਭਗਤਾਂ ਰੱਖੇ ਆਪਣਾ ਮੇਲਾ, ਦੂਸਰ ਨਜ਼ਰ ਕਿਸੇ ਨਾ ਆਈਆ । ਸਤਿਗੁਰ ਪੂਰਾ ਗਹਿਰ ਗੰਭੀਰ, ਗੁਣ ਸਾਗਰ ਖੇਲ ਖਲਾਇੰਦਾ । ਆਦਿ ਜੁਗਾਦੀ ਵਡ ਪੀਰਨ ਪੀਰ, ਬੇਨਜ਼ੀਰ ਨਜ਼ਰ ਆਪ ਉਠਾਇੰਦਾ । ਬਦਲਣਹਾਰ ਜਗਤ ਤਕਦੀਰ, ਤਦਬੀਰ ਆਪਣੀ ਆਪ ਸਮਝਾਇੰਦਾ । ਕੱਟਣਹਾਰਾ ਸ਼ਰਅ ਜ਼ੰਜੀਰ, ਨਾਮ ਸ਼ਮਸ਼ੀਰ ਹੱਥ ਉਠਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਹੋਣ ਨਾ

ਦਏ ਦਿਲਗੀਰ, ਨਾਮ ਦਲਾਸਾ ਇਕ ਰਖਾਇੰਦਾ । ਕੂੜੀ ਕਿਰਿਆ ਕਟੇ ਭੀੜ, ਰੋਗ ਸੋਗ ਚਿੰਤਾ ਦੁੱਖ ਗਵਾਇੰਦਾ । ਸਚ ਅੰਮ੍ਰਿਤ ਪਿਆਏ ਆਪਣਾ ਸੀਰ, ਸੀਤਲ ਧਾਰਾ ਇਕ ਵਹਾਇੰਦਾ । ਵੇਖਣਹਾਰਾ ਸ਼ਾਹ ਹਕੀਰ, ਰਾਜ ਰਾਜਾਨ ਸ਼ਾਹ ਸੁਲਤਾਨ ਆਪਣੇ ਹੁਕਮ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਆਪਣੇ ਹੱਥ ਰੱਖੇ ਅਖ਼ੀਰ, ਦੂਸਰ ਹੱਥ ਨਾ ਕਿਸੇ ਫੜਾਇੰਦਾ । ਸਤਿਗੁਰ ਪੂਰਾ ਸ੍ਰੀ ਭਗਵੰਤ, ਭਗਵਨ ਇਕੋ ਇਕ ਅਖਵਾਈਆ । ਲੱਖ ਚੁਰਾਸੀ ਜੀਵ ਜੰਤ, ਚਾਰੇ ਖਾਣੀ ਫੋਲ ਫੋਲਾਈਆ । ਲੱਖ ਚੁਰਾਸੀ ਬਣ ਸੁਹਾਗੀ ਕੰਤ, ਨਿਰਵੈਰ ਪੁਰਖ ਇਕ ਇਕੱਲਾ ਹਰ ਘਟ ਸੇਜ ਰਿਹਾ ਹੰਢਾਈਆ । ਪੰਜ ਤਤ ਕਾਇਆ ਤ੍ਰੈਗੁਣ ਮੇਲਾ ਬਣਾਏ ਬਣਤ, ਘਾੜਤ ਘੜੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਵੇਖੇ ਵੇਖਣਹਾਰਾ ਬੇਪਰਵਾਹੀਆ । ਸਤਿਗੁਰ ਪੂਰਾ ਸ੍ਰੀ ਭਗਵਾਨ, ਭਗਵਨ ਇਕੋ ਇਕ ਅਖਵਾਈਆ । ਹੋਏ ਸਹਾਈ ਜਗਤ ਜਹਾਨ, ਜਾਗਰਤ ਜੋਤ ਕਰ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਏਕਾ ਨਾਮ ਕਰੇ ਪਰਧਾਨ, ਸਚ ਪਰਧਾਨਗੀ ਆਪ ਸਮਝਾਈਆ । ਸਰਬ ਜੀਆਂ ਦਾ ਬਣ ਕੇ ਕਾਹਨ, ਲੋਕਮਾਤ ਮੰਡਲ ਮੰਡਪ ਆਪਣੀ ਰਾਸ ਰਚਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਦੇਵੇ ਇਕ ਗਿਆਨ, ਅਨਰਾਗੀ ਆਪਣਾ ਰਾਗ ਸੁਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਵਖਾਏ ਇਕ ਨਿਸ਼ਾਨ, ਘਰ ਘਰ ਵਿਚ ਰਿਹਾ ਉਠਾਈਆ । ਸਚ ਸਰੋਵਰ ਅੰਮ੍ਰਿਤ ਦੇਵੇ ਪੀਣ ਖਾਣ, ਤ੍ਰਿਸਨਾ ਭੁੱਖ ਜਗਤ ਰਹੇ ਨਾ ਰਾਈਆ । ਗ਼ਰੀਬ ਨਿਮਾਣਿਆਂ ਕੋਝਿਆਂ ਕਮਲਿਆਂ ਦਰ ਘਰ ਸਾਚੇ ਦੇਵੇ ਮਾਣ, ਡੁੱਬਦੇ ਪਾਥਰ ਲਏ ਤਰਾਈਆ । ਸਚ ਸੰਦੇਸ਼ਾ ਨਰ ਨਰੇਸ਼ਾ ਸਤਿਗੁਰ ਪੂਰਾ ਦੇਵੇ ਆਣ, ਧੁਰ ਦਾ ਕਲਮਾ ਇਕੋ ਹੁਕਮ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਵੱਡਾ ਵਡ ਵਡਿਆਈਆ । ਸਤਿਗੁਰ ਵੱਡਾ ਵਡ ਵਡਿਆਈ, ਸ਼ਾਸਤਰ ਸਿਮਰਤ ਵੇਦ ਪੁਰਾਨ ਜੁਗ ਚੌਕੜੀ ਧਿਆਨ ਲਗਾਇੰਦਾ । ਨਿਤ ਨਵਿਤ ਗੁਰ ਅਵਤਾਰ ਪੀਰ ਪੈਗ਼ੰਬਰ ਸਾਧ ਸੰਤ ਭਗਤ ਭਗਵੰਤ ਕਰੇ ਕੁੜਮਾਈ, ਘਰ ਸਾਚੇ ਸਗਨ ਮਨਾਇੰਦਾ । ਕਾਇਆ ਮੰਦਰ ਅੰਦਰ ਇਕੋ ਘਰ ਵਖਾਏ ਧੀ ਜਵਾਈ, ਸੁਰਤੀ ਸ਼ਬਦੀ ਆਪਣੀ ਗੰਢ ਪਵਾਇੰਦਾ । ਕਰੇ ਖੇਲ ਵਡ ਦਾਤਾ ਬੇਪਰਵਾਹੀ, ਬੇਅੰਤ ਅਥਾਹ ਆਪਣਾ ਹੁਕਮ ਵਰਤਾਇੰਦਾ । ਹਰਿਜਨ ਬਖ਼ਸ਼ੇ ਇਕ ਸਰਨਾਈ, ਸਰਨਗਤ ਇਕੋ ਇਕ ਦ੍ਰਿੜਾਇੰਦਾ । ਦਰਸ ਵਖਾਵੇ ਨਿਰਗੁਣ ਨੂਰ ਜੋਤ ਕਰ ਰੁਸ਼ਨਾਈ, ਸਵਛ ਸਰੂਪੀ ਰੂਪ ਵਟਾਇੰਦਾ । ਪਕੜ ਉਠਾਏ ਫੜ ਫੜ ਬਾਂਹੀਂ, ਫੜ ਬਾਹੋਂ ਗਲੇ ਲਗਾਇੰਦਾ । ਦੇਵਣਹਾਰਾ ਠੰਡੀ ਛਾਈਂ, ਸਮਰਥ ਪੁਰਖ ਸਿਰ ਆਪਣਾ ਹੱਥ ਟਿਕਾਇੰਦਾ । ਸਤਿਗੁਰ ਪੂਰੇ ਸਦ ਬਲ ਬਲ ਜਾਈਂ, ਜੋ ਦੋ ਜਹਾਨ ਆਪਣਾ ਹੁਕਮ ਇਕ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਇੰਦਾ । ਸਤਿਗੁਰ ਪੂਰਾ ਸੱਚਾ ਸੱਜਣ, ਠਾਕਰ ਇਕੋ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਕਰਾਈਆ । ਜਨ ਭਗਤਾਂ ਨੇਤਰ ਨਾਮ ਨਿਧਾਨ ਪਾਏ ਅੰਜਨ, ਅਗਿਆਨ ਅੰਧੇਰ ਮਿਟਾਈਆ । ਚਰਨ ਧੂੜ ਕਰਾਏ ਸਾਚਾ ਮਜਨ, ਪੰਜ ਤਤ ਦੁਰਮਤ ਮੈਲ ਰਹਿਣ ਨਾ ਪਾਈਆ । ਸ਼ਬਦ ਅਨਾਦੀ ਤਾਲ ਅਨਹਦ ਵੱਜਣ, ਘਰ ਘਰ ਵਿਚ ਰਾਗ ਅਲਾਈਆ । ਨਿਰਗੁਣ ਨੂਰ ਦੀਪਕ ਜੋਤੀ ਜਗਣ, ਦੀਵਾ ਬਾਤੀ ਤੇਲ ਨਾ ਕੋਇ ਰਖਾਈਆ ।

ਨਜ਼ਰੀ ਆਏ ਪੁਰਖ ਅਕਾਲ ਮੂਰਤ ਮਦਨ, ਮਧ ਸੂਦਨ ਆਪਣਾ ਭੇਵ ਚੁਕਾਈਆ । ਆਤਮ ਪਰਮਾਤਮ ਸਚ ਪ੍ਰੀਤੀ ਲਾਏ ਇਕੋ ਲਗਨ, ਲੱਗੀ ਪ੍ਰੀਤੀ ਤੋੜੇ ਕੋਇ ਨਾ ਰਾਈਆ । ਕਲਜੁਗ ਕੂੜੀ ਆਪ ਮਿਟਾਏ ਅਗਨ, ਤ੍ਰੈਗੁਣ ਮਾਇਆ ਡੇਰਾ ਢਾਹੀਆ । ਜਿਨ੍ਹਾਂ ਕਰ ਕਿਰਪਾ ਮੁਖ ਸੋਹੰ ਲਗਾਇਆ ਸਗਨ, ਸਾਚਾ ਨਾਤਾ ਲਿਆ ਜੁੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤਰ ਆਤਮ ਏਹੋ ਕਰਦੇ ਰਹੇ ਭਜਨ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਕਾਇਆ ਭਾਂਡੇ ਠੀਕਰ ਸਭ ਦੇ ਭੱਜਣ, ਥਿਰ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਸਾਚੇ ਸੰਤਾਂ ਸ੍ਰੀ ਭਗਵਾਨ ਅੰਤਮ ਆਪੇ ਆਵੇ ਸੱਦਣ, ਸ਼ਬਦ ਬਬਾਣਾ ਨਾਲ ਲਿਆਈਆ । ਲੱਖ ਚੁਰਾਸੀ ਵਿਚੋਂ ਆਵੇ ਕੱਢਣ, ਅਗਲਾ ਪਿਛਲਾ ਠੇਕਾ ਦਏ ਮੁਕਾਈਆ । ਦਰਗਹਿ ਸਾਚੀ ਆਵੇ ਛੱਡਣ, ਖਹਿੜਾ ਛੁੱਟੇ ਸਰਬ ਲੋਕਾਈਆ । ਧੁਰ ਦਾ ਬੇੜਾ ਆਵੇ ਬੰਧਨ, ਬੰਦੀਖ਼ਾਨਾ ਤੋੜ ਤੋੜਾਈਆ । ਮਸਤਕ ਟਿੱਕਾ ਲਾਏ ਚਰਨ ਧੂੜੀ ਚੰਦਨ, ਜੋਤ ਲਲਾਟ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਸਾਚਾ ਹਰਿ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਸਤਿਗੁਰ ਆਪ, ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਬਣੇ ਮਾਈ ਬਾਪ, ਪਿਤਾ ਪੂਤ ਗੋਦ ਉਠਾਈਆ । ਚਰਨ ਕਵਲ ਉਪਰ ਧਵਲ ਇਕ ਜਣਾਏ ਸੱਚਾ ਨਾਤ, ਨਾਤਾ ਆਪਣੇ ਨਾਲ ਰਖਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਅਗੰਮੀ ਜਾਪ, ਬਿਨ ਆਤਮ ਪਰਮਾਤਮ ਦੂਜਾ ਸੰਗ ਨਾ ਕੋਇ ਵਖਾਈਆ । ਮੇਟ ਮਿਟਾਏ ਤੀਨੋਂ ਤਾਪ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਮੇਟ ਮਿਟਾਏ ਜਗਤ ਸੰਤਾਪ, ਸੰਸਾ ਰੋਗ ਦਏ ਗਵਾਈਆ । ਸਦਾ ਸੁਹੇਲਾ ਦੇਵੇ ਸੱਚਾ ਸਾਥ, ਸਤਿਗੁਰ ਸ਼ਬਦ ਵੱਡੀ ਵਡਿਆਈਆ । ਬਿਨ ਸਤਿਗੁਰ ਸ਼ਬਦ ਕੋਇ ਨਾ ਮੇਟੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜਨ ਭਗਤਾਂ ਦੇਵੇ ਇਕੋ ਵਰ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੰਗ ਸਮਾਈਆ । ਦੁਨੀਆ ਦਾ ਮਾਲਕ ਦੀਨ ਦਿਆਲ, ਲੱਖ ਚੁਰਾਸੀ ਗੇੜਾ ਲਿਆ ਭਵਾਈਆ । ਜੁਗ ਚੌਕੜੀ ਖੇਲ ਕਰੇ ਕਮਾਲ, ਕਰਤੇ ਕੀਮਤ ਕਿਸੇ ਨਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਭੇਜੇ ਬਣਾ ਸਚ ਸਚੀ ਧਰਮਸਾਲ, ਜੀਵ ਜੰਤ ਕਰਨ ਪੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਬੋਲ ਜੈਕਾਰ, ਧੁਰ ਦਾ ਨਾਅਰਾ ਗਏ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਪਾਰਬ੍ਰਹਮ ਪਤਿਪਰਮੇਸ਼ਵਰ ਨੂਰ ਇਲਾਹੀ ਕਰੋ ਇਕ ਪਿਆਰ, ਸਾਚੀ ਸਿਖਿਆ ਸਿਖ ਸਮਝਾਈਆ । ਮਨ ਵਾਸਨਾ ਜਗਤ ਤ੍ਰਿਸਨਾ ਹਉਮੇ ਹੰਗਤਾ ਕੂੜੀ ਕਿਰਿਆ ਦਿਓ ਨਿਵਾਰ, ਬੁੱਧ ਬਿਬੇਕੀ ਰੂਪ ਵਟਾਈਆ । ਦਿਵਸ ਰੈਣ ਅੱਠੇ ਪਹਿਰ ਘੜੀ ਪਲ ਸਾਹਿਬ ਸਤਿਗੁਰ ਚਰਨ ਕਵਲ ਕਵਲ ਚਰਨ ਧਰੋ ਧਿਆਨ, ਅੰਤਰ ਆਤਮ ਇਕ ਲਿਵ ਲਾਈਆ । ਲੱਖ ਚੁਰਾਸੀ ਵਿਚੋਂ ਜੋ ਗੁਰਮੁਖ ਆਪਣਾ ਆਪ ਲਏ ਸੁਆਰ, ਤਿਸ ਸਾਰੀ ਸ੍ਰਿਸ਼ਟੀ ਇਕੋ ਰੂਪ ਨਜ਼ਰੀ ਆਈਆ । ਕੋਈ ਗੁੰਜਾਇਸ਼ ਨਾ ਰਹੇ ਅੱਗੇ ਪੁੱਛਣ ਦਾ ਕੋਈ ਸਵਾਲ, ਮਸਲਾ ਹਲ ਘਰ ਵਿਚ ਦਏ ਕਰਾਈਆ । ਜੋ ਉਪਜਿਆ ਜੋ ਜਨਮਿਆ ਤਿਸ ਦੇ ਸਿਰ ਤੇ ਕੂਕੇ ਕਾਲ, ਬਿਨ ਗੁਰਮੁਖਾਂ ਰਹਿਤ ਨਜ਼ਰ ਕੋਇ ਨਾ ਆਈਆ । ਓਸ ਸਤਿਗੁਰ ਨੂੰ ਲਓ ਭਾਲ, ਜਿਸ ਗੁਰਮੁਖੋ ਤੁਹਾਡੀ ਬਣਤ ਬਣਾਈਆ । ਰੋਗ ਸੋਗ ਚਿੰਤਾ ਸਰਬ ਮਿਟ ਜਾਣ, ਦੁੱਖ ਪੋਹ ਨਾ ਸਕੇ ਰਾਈਆ । ਲੇਖਾ ਜਗਤ ਜਾਣੇ ਸ਼ਾਹ ਕੰਗਾਲ, ਊਚ ਨੀਚ ਜ਼ਾਤ ਪਾਤ ਝਗੜਾ ਨਜ਼ਰ ਕੋਇ ਨਾ

ਆਈਆ । ਪੁਰਖ ਪੁਰਖੋਤਮ ਸਾਹਿਬ ਸੁਆਮੀ ਤੁਹਾਡੀ ਕਰੇ ਆਪ ਪ੍ਰਿਤਪਾਲ, ਕਲਜੁਗ ਅੰਤਮ ਤੱਤੀ ਵਾ ਨਾ ਲੱਗੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਥੋੜਿਆਂ ਅੱਖਰਾਂ ਵਿਚ ਬਹੁਤਾ ਮਾਣ ਰਖਾਈਆ । ਦੁਨੀਆ ਦਾ ਮਾਲਕ ਦੁਨੀਦਾਰ, ਹਰਿ ਸਾਚਾ ਇਕ ਅਖਵਾਈਆ । ਸੋ ਸਾਹਿਬ ਸਭ ਦਾ ਸਾਂਝਾ ਯਾਰ, ਸਗਲਾ ਸੰਗ ਨਿਭਾਈਆ । ਸਚਖੰਡ ਨਿਵਾਸੀ ਏਕੰਕਾਰ, ਅਕਲ ਕਲਧਾਰੀ ਆਪਣੀ ਖੇਲ ਰਚਾਈਆ । ਵਿਸ਼ਨ ਬ੍ਰਹਮਾ ਸ਼ਿਵ ਜੁਗ ਚੌਕੜੀ ਔਂਦੇ ਰਹੇ ਗੁਰ ਅਵਤਾਰ, ਪੀਰ ਪੈਗ਼ੰਬਰ ਆਪਣਾ ਰਾਹ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤੇ ਵਿਚ ਸੰਸਾਰ, ਕੋਟੀ ਕੋਟ ਜੀਵ ਜੰਤ ਸਾਧ ਸੰਤ ਗਏ ਫੇਰਾ ਪਾਈਆ । ਬਿਨ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕਿਸੇ ਪਾਈ ਨਾ ਹਰਿ ਕੀ ਸਾਰ, ਸਤਿ ਸਚ ਸੰਗ ਨਾ ਕੋਇ ਰਖਾਈਆ । ਕਲਜੁਗ ਅੰਤ ਸਭ ਨੂੰ ਦਿਸੇ ਅੰਧੇਰੀ ਰਾਤ, ਚਾਰ ਕੁੰਟ ਦਹਿ ਦਿਸ਼ਾ ਅੰਧੇਰਾ ਛਾਈਆ । ਦੋਏ ਜੋੜ ਪ੍ਰਭ ਅੱਗੇ ਕਰੋ ਨਿਮਸਕਾਰ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਕਿਰਪਾਨਿਧ ਤੁਹਾਡੇ ਅੰਦਰ ਕਰ ਕਿਰਪਾ ਦੇਵੇ ਦੀਦਾਰ, ਬਜਰ ਕਪਾਟੀ ਖੋਲ੍ਹ ਵਖਾਈਆ । ਤਿਸ ਵੇਲੇ ਦੁੱਖ ਕੋਈ ਨਾ ਰਹੇ ਵਿਚ ਸੰਸਾਰ, ਸੁਖ ਆਤਮ ਆਤਮ ਵਿਚੋਂ ਦਏ ਦਰਸਾਈਆ । ਮਨ ਵਾਸਨਾ ਢਹਿ ਢੇਰੀ ਹੋਵੇ ਖ਼ਾਕ, ਅੰਦਰ ਸ਼ੈਤਾਨ ਕਰੇ ਨਾ ਕੋਇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਸਦਾ ਇਕੋ ਰੰਗ ਰੰਗਾਈਆ । ਭਗਤਾਂ ਰੰਗ ਚਾੜ੍ਹੇ ਗੂੜ੍ਹ, ਉਤਰ ਕਦੇ ਨਾ ਜਾਈਆ । ਜਿਸ ਜਨ ਬਖ਼ਸ਼ੇ ਆਪਣੀ ਧੂੜ, ਦੁੱਖ ਦਰਦ ਸੰਸਾ ਰੋਗ ਦਏ ਚੁਕਾਈਆ । ਚਤੁਰ ਸੁਘੜ ਬਣਾ ਮੂਰਖ ਮੂੜ੍ਹ, ਆਪਣੇ ਧੰਦੇ ਲਾਈਆ । ਅੰਤਰ ਦੇ ਜੋਤੀ ਨੂਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਅਨਾਦ ਸੁਣਾ ਤੂਰ, ਤੁਰੀਆ ਮਾਣ ਮਿਟਾਈਆ । ਨਜ਼ਰੀ ਆਵੇ ਹਾਜ਼ਰ ਹਜ਼ੂਰ, ਹਰਿ ਮੰਦਰ ਬੈਠਾ ਬੇਪਰਵਾਹੀਆ । ਕੋਟ ਜਨਮ ਦੇ ਬਖ਼ਸ਼ਣਹਾਰ ਕਸੂਰ, ਕਸਰ ਇਸ਼ਾਰੀਏ ਵਿਚ ਸਭ ਕੁਛ ਦਏ ਉਡਾਈਆ । ਜੋ ਹਿਰਦਿਉਂ ਹਰਿ ਦੇ ਅੱਗੇ ਕਰੇ ਬੇਨੰਤੀ ਸੋ ਆਦਿ ਜੁਗਾਦਿ ਹੋਏ ਮਨਜ਼ੂਰ, ਬਿਰਥੀ ਅਰਦਾਸ ਗੁਰਮੁਖ ਕਦੇ ਨਾ ਜਾਈਆ । ਸਾਹਿਬ ਸਤਿਗੁਰ ਸਰਬ ਕਲਾ ਭਰਪੂਰ, ਸਮਰਥ ਦਾਤਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਵਿਚ ਘਰ ਵੇਖੋ ਨਿਜ ਨੇਤਰ ਨੈਣ ਦਏ ਖੁਲ੍ਹਾਈਆ ।

### ✪ ੧੫ ਅੱਸੂ ੨੦੨੦ ਬਿਕਰਮੀ ਗੁਲਜ਼ਾਰ ਸਿੰਘ ਦੇ ਗ੍ਰਿਹ ਪਿੰਡ ਸ਼ਾਹੋ ਜ਼ਿਲਾ ਫ਼ਿਰੋਜ਼ਪੁਰ ✪

ਸ੍ਰੀ ਭਗਵਾਨ ਕਿਰਪਾ ਕਰ, ਗੁਰ ਅਵਤਾਰ ਮੰਗ ਮੰਗਾਈਆ । ਪਰਵਰਦਿਗਾਰ ਦੇ ਵਰ, ਪੀਰ ਪੈਗ਼ੰਬਰ ਸੀਸ ਝੁਕਾਈਆ । ਕੂੜੀ ਕਿਰਿਆ ਉਖੇੜ ਜੜ੍ਹ, ਲੋਕਮਾਤ ਰਹਿਣ ਨਾ ਪਾਈਆ । ਤ੍ਰੈਗੁਣ ਅਗਨੀ ਰਹੀ ਸੜ, ਜੀਵ ਜੰਤ ਜਗਤ ਕੁਰਲਾਈਆ । ਕੋਟਨ ਕੋਟ ਸਿਫ਼ਤੀ ਨਾਉਂ ਤੇਰਾ ਰਹੇ ਪੜ੍ਹ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਜ਼ਾਤ ਪਾਤ ਊਚ ਨੀਚ ਕੋਈ ਨਾ ਸਕੇ ਹਰ, ਹਰਿ ਕਾ ਭੇਵ ਕੋਇ ਨਾ ਪਾਈਆ । ਰਾਉ ਰੰਕ ਚੁਕੇ ਕੋਇ ਨਾ ਡਰ, ਭੈ ਸਕੇ ਨਾ ਕੋਇ ਮਿਟਾਈਆ । ਭਰਮੇ ਭੁਲੇ ਨਾਰੀ ਨਰ, ਹਰਿ ਨਰਾਇਣ ਨਜ਼ਰ ਕਿਸੇ ਨਾ ਆਈਆ । ਬਿਨ

ਹਰਿ ਨਾਮੇ ਖ਼ਾਲੀ ਦਿਸਣ ਸੀਸ ਧੜ, ਸਾਚੀ ਵਸਤ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਸਤ ਦੀਪ ਲੱਖ ਚੁਰਾਸੀ ਵੇਖਿਆ ਘਰ ਘਰ, ਸੁੰਞੇ ਮੰਦਰ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਤੇਰੀ ਸਰਨਾਈਆ । ਸਾਹਿਬ ਸਤਿਗੁਰ ਹਰਿ ਸੁਆਮੀ, ਵਡ ਵੱਡੇ ਤੇਰੀ ਵਡ ਵਡਿਆਈਆ । ਆਦਿ ਜੁਗਾਦੀ ਨਿਰਗੁਣ ਨਿਰਵੈਰ ਅੰਤਰਜਾਮੀ, ਬੇਪਰਵਾਹ ਤੇਰੀ ਸਰਨਾਈਆ । ਜੁਗ ਚੌਕੜ ਦੀ ਸ਼ਾਸਤਰ ਸਿਮਰਤ ਗੌਂਦੇ ਤੇਰੀ ਕਹਾਣੀ, ਗੁਰ ਅਵਤਾਰ ਤੇਰਾ ਨਾਉਂ ਧਿਆਈਆ । ਪੀਰ ਪੈਗ਼ੰਬਰ ਤੇਰਾ ਰਸ ਮੰਗਦੇ ਅੰਮ੍ਰਿਤ ਪਾਣੀ, ਖ਼ਾਲੀ ਝੋਲੀ ਅੱਗੇ ਡਾਹੀਆ । ਤੇਰਾ ਨਾਉਂ ਨਿਰੰਕਾਰਾ ਸਾਰੇ ਕਹਿੰਦੇ ਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਇਕੋ ਇਕ ਅਖਵਾਈਆ । ਤੇਰਾ ਹੁਕਮ ਆਦਿ ਜੁਗਾਦਿ ਦੋ ਜਹਾਨੀ, ਬ੍ਰਹਿਮੰਡ ਖੰਡ ਇਕੋ ਕਾਰ ਜਣਾਈਆ । ਰੂਪ ਰੰਗ ਰੇਖ ਤੇਰੀ ਨਜ਼ਰ ਨਾ ਆਏ ਕੋਇ ਨਿਸ਼ਾਨੀ, ਜਗਤ ਨੇਤਰ ਦਰਸ ਕੋਇ ਨਾ ਪਾਈਆ । ਕਲਜੁਗ ਅੰਤਮ ਭਰਮੇ ਭੁਲੀ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਸਾਚਾ ਭੇਵ ਨਾ ਕੋਇ ਜਣਾਈਆ । ਸਾਰ ਨਾ ਪਾਏ ਚਾਰੇ ਬਾਣੀ, ਚਾਰੋਂ ਕੁੰਟ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਵਰ ਦਾਤੇ ਤੇਰੀ ਵਡਿਆਈਆ । ਗੁਰ ਅਵਤਾਰ ਕਹਿਣ ਬੋਲ, ਉਚੀ ਕੂਕ ਕੂਕ ਸੁਣਾਈਆ । ਪੀਰ ਪੈਗ਼ੰਬਰ ਆਪਣਾ ਪੜਦਾ ਰਹੇ ਫੋਲ, ਸਚ ਸੰਦੇਸ਼ਾ ਇਕ ਜਣਾਈਆ । ਚਾਰ ਕੁੰਟ ਦਹਿ ਦਿਸ਼ਾ ਕਲ ਅੰਤ ਹੋਈ ਅਨਭੋਲ, ਤੇਰੀ ਸਾਰ ਕੋਇ ਨਾ ਪਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਪਿਆ ਘੋਲ, ਲੋਕਮਾਤ ਝਗੜਾ ਸਕੇ ਨਾ ਕੋਇ ਚੁਕਾਈਆ । ਭੇਖ ਪਖੰਡ ਹਉਮੇ ਹੰਗਤਾ ਮਾਇਆ ਮਮਤਾ ਵੱਜੇ ਢੋਲ, ਚਾਰੋਂ ਕੁੰਟ ਕਰੇ ਸ਼ਨਵਾਈਆ । ਸਾਹਿਬ ਸਤਿਗੁਰ ਸ਼ਾਹ ਪਾਤਸ਼ਾਹ ਸਤਿ ਦੁਆਰਾ ਇਕੋ ਖੋਲ੍ਹ, ਦਰ ਦਰਵਾਜ਼ਾ ਦੇ ਲਾਹੀਆ । ਸਾਚੇ ਕੰਡੇ ਤੋਲ ਅਗੰਮੀ ਤੋਲ, ਧਾਰਨ ਆਪਣੀ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਤੇਰੇ ਦਰ ਸੱਚੀ ਅਰਜੋਈਆ । ਸਾਚੀ ਅਰਜ਼ ਤੇਰੇ ਦਰਬਾਰ, ਦਰਗਹਿ ਸਾਚੀ ਸਚ ਜਣਾਈਆ । ਸਚ ਦਰਵਾਜ਼ਾ ਖੋਲ੍ਹ ਵਿਚ ਸੰਸਾਰ, ਮਹਾਂਸਾਰਥੀ ਆਪਣਾ ਫੇਰਾ ਪਾਈਆ । ਸਾਚਾ ਮੰਦਰ ਚਾਰ ਵਰਨ ਦੇ ਵਖਾਲ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਘਰ ਇਕੋ ਨਜ਼ਰੀ ਆਈਆ । ਪਰਗਟ ਕਰ ਧੁਰ ਦੀ ਧਰਮ ਸੱਚੀ ਧਰਮਸਾਲ, ਦੀਪਕ ਦੀਆ ਨਿਰਗੁਣ ਜੋਤ ਕਰ ਰੁਸ਼ਨਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਨੇਤਰ ਰੋਵਣ ਗ਼ਰੀਬ ਨਿਮਾਣੇ ਜਗਤ ਕੰਗਾਲ, ਅੰਦਰੇ ਅੰਦਰ ਮਾਰਨ ਧਾਹੀਆ । ਹਲ ਹੋਵੇ ਨਾ ਕਿਸੇ ਸਵਾਲ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਕਲਜੁਗ ਕੂੜਾ ਡੌਰੂ ਡੰਕਾ ਵੱਜੇ ਤਾਲ, ਨਵ ਨੌ ਨਾਚ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸੱਚਾ ਵਰ, ਕਲ ਕਾਲਖ ਦੇ ਮਿਟਾਈਆ । ਸਾਹਿਬ ਸਤਿਗੁਰ ਹੋ ਦਿਆਲ, ਦੋਏ ਜੋੜ ਚਰਨ ਨਿਮਸਕਾਰਿਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਹਉਂ ਤੇਰੇ ਬਾਲ, ਤੇਰਾ ਭੇਵ ਕੋਇ ਨਾ ਆ ਰਿਹਾ । ਜੁਗ ਚੌਕੜੀ ਸੇਵਾ ਕਰ ਕੇ ਆਏ ਵਿਚ ਜਹਾਨ, ਬਣ ਸੇਵਕ ਰੂਪ ਵਟਾ ਲਿਆ । ਧੁਰ ਸੰਦੇਸ਼ਾ ਤੇਰਾ ਦੇਂਦੇ ਰਹੇ ਸ੍ਰੀ ਭਗਵਾਨ, ਸ਼ਬਦੀ ਢੋਲਾ ਰਾਗ ਸੁਣਾ ਲਿਆ । ਨਿਰਵੈਰ ਨਿਰੰਕਾਰ ਨਿਰਾਕਾਰ ਲਓ ਪਛਾਣ, ਹਰ ਘਟ ਅੰਦਰ ਸੋਭਾ ਪਾ ਰਿਹਾ । ਕਾਇਆ ਮੰਦਰ ਅੰਦਰ ਵੜ ਕੇ ਸਾਚੇ ਪੌੜੇ ਚੜ੍ਹ ਕੇ ਵੇਖੋ ਆਪ ਮਹਾਨ, ਬੰਦ ਕਿਵਾੜ ਕੁੰਡਾ ਲਾਹ ਰਿਹਾ । ਦੀਆ ਨਿਰਮਲ ਜੋਤੀ

ਜੋਤ ਜਗੇ ਮਹਾਨ, ਮਹੱਲ ਅਟੱਲ ਇਕ ਰੁਸ਼ਨਾ ਰਿਹਾ । ਸਾਚੀ ਸੇਜਾ ਆਤਮ ਅੰਤਰ ਤਖ਼ਤ ਨਿਵਾਸੀ ਨਜ਼ਰੀ ਆਏ ਇਕ ਭਗਵਾਨ, ਭਗਵਨ ਆਪਣਾ ਭੇਵ ਚੁਕਾ ਰਿਹਾ । ਸਤਿਗੁਰ ਸੱਚਾ ਬਣੇ ਇਕੋ ਕਾਹਨ, ਬੰਸਰੀ ਸਾਚੀ ਨਾਮ ਸੁਣਾ ਰਿਹਾ । ਦੇਵਣਹਾਰ ਇਲਾਹੀ ਪੈਗ਼ਾਮ, ਸਾਚਾ ਕਲਮਾ ਆਪ ਪੜ੍ਹਾ ਰਿਹਾ । ਜਣਾਵਣਹਾਰਾ ਧੁਰ ਇਸਲਾਮ, ਇਸਮ ਆਅਜ਼ਮ ਇਕ ਜਣਾ ਰਿਹਾ । ਬਣਾਵਣਹਾਰਾ ਸਰਬ ਗ਼ੁਲਾਮ, ਧੁਰ ਦਾ ਹੁਕਮ ਇਕ ਵਰਤਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆ ਰਿਹਾ । ਕਿਰਪਾ ਕਰ ਸਚ ਭਗਵੰਤ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਨੇਤਰ ਰੋਵਣ ਕਲਜੁਗ ਸੰਤ, ਭਗਤ ਬੈਠੇ ਰਾਹ ਤਕਾਈਆ । ਤ੍ਰੈਗੁਣ ਮਾਇਆ ਪਈ ਬੇਅੰਤ, ਪੜਦਾ ਸਕੇ ਨਾ ਕੋਇ ਉਠਾਈਆ । ਚਾਰੋਂ ਕੁੰਟ ਗੜ੍ਹ ਬਣਿਆ ਹਉਮੇ ਹੰਗਤ, ਹੰ ਬ੍ਰਹਮ ਨਾ ਕੋਇ ਸਮਝਾਈਆ । ਤੇਰਾ ਭੇਵ ਨਾ ਪਾਵੇ ਕੋਈ ਪੰਡਤ, ਬੋਧ ਅਗਾਧ ਸਮਝ ਕਿਸੇ ਨਾ ਆਈਆ । ਕੱਟ ਵਿਛੋੜਾ ਨਾਰ ਕੰਤ, ਸੁਰਤ ਸਵਾਣੀ ਸ਼ਬਦ ਹਾਣੀ ਮਿਲੇ ਚਾਈਂ ਚਾਈਂਆ । ਕਾਇਆ ਚੋਲੀ ਚਾੜ੍ਹ ਰੰਗ ਬਸੰਤ, ਪ੍ਰਭ ਆਪਣੀ ਦਇਆ ਕਮਾਈਆ । ਸਾਚਾ ਦੱਸ ਇਕੋ ਮੰਤ, ਮੰਤਵ ਆਪਣਾ ਦੇ ਸਮਝਾਈਆ । ਚਾਰ ਵਰਨ ਬਣਾ ਇਕੋ ਬਣਤ, ਊਚ ਨੀਚ ਜ਼ਾਤ ਪਾਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਪਿਛਲਾ ਲੇਖਾ ਦੇ ਮੁਕਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰੋ ਧਿਆਨ, ਦੋ ਜਹਾਨਾਂ ਵਾਲੀ ਆਪ ਸਮਝਾਇੰਦਾ । ਕਲਜੁਗ ਅੰਤਮ ਪਰਗਟ ਹੋਇਆ ਆਣ, ਨਿਹਕਲੰਕ ਕਲ ਕਲਕੀ ਫੇਰਾ ਪਾਇੰਦਾ । ਜਿਸ ਦਾ ਸ਼ਬਦ ਨਿਸ਼ਾਨਾ ਝੁੱਲੇ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਰਕਾਸ਼ ਆਪ ਸੁਹਾਇੰਦਾ । ਤਿਸ ਦਾ ਸਚ ਸੰਦੇਸ਼ਾ ਇਕ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਫਿਰੇ ਦਰੋਹੀ ਜ਼ਿਮੀਂ ਅਸਮਾਨ, ਜ਼ਾਬਰ ਜ਼ਬਰ ਆਪਣਾ ਜ਼ੋਰ ਜਣਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰੇ ਖਾਣੀ ਵੇਖੇ ਆਣ, ਚਾਰੇ ਬਾਣੀ ਭੇਵ ਚੁਕਾਇੰਦਾ । ਸੰਤ ਸੁਹੇਲੇ ਗੁਰਮੁਖ ਗੁਰਸਿਖ ਲਏ ਪਹਿਚਾਨ, ਬੇਪਹਿਚਾਨ ਆਪਣਾ ਕਰਮ ਕਮਾਇੰਦਾ । ਕਰ ਕਿਰਪਾ ਦੇਵੇ ਸਾਚਾ ਨਾਮ ਪੈਗ਼ਾਮ, ਧੁਰ ਸੰਦੇਸ਼ਾ ਇਕ ਸੁਣਾਇੰਦਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਵੇਖੇ ਹਰ ਘਟ ਰਾਮ, ਨਿਰਗੁਣ ਨਿਰਗੁਣ ਖੇਲ ਖਲਾਇੰਦਾ । ਨਾਮ ਅਗੰਮੀ ਬੰਸਰੀ ਸ਼ਬਦ ਸੁਣਾਏ ਸੱਚਾ ਕਾਹਨ, ਸੁਰ ਤਾਲ ਇਕੋ ਇਕ ਸਮਝਾਇੰਦਾ । ਸਚ ਪੈਗ਼ੰਬਰ ਧੁਰ ਪੈਗ਼ਾਮ ਦੇਵੇ ਆਣ, ਕਲਮਾ ਕਾਇਨਾਤ ਦ੍ਰਿੜ੍ਹਾਇੰਦਾ । ਸਾਚਾ ਸਤਿਗੁਰ ਮੰਤਰ ਦੇਵਣਹਾਰਾ ਸਤਿ ਨਾਮ, ਸਤਿ ਸਤਿਵਾਦੀ ਆਪ ਸਮਝਾਇੰਦਾ । ਕਲਜੁਗ ਅੰਤਮ ਕੂੜੀ ਕਿਰਿਆ ਮੇਟੇ ਨਿਸ਼ਾਨ, ਹਉਮੇ ਹੰਗਤਾ ਬੁਰਜ ਢਾਹਿੰਦਾ । ਸਤਿਜੁਗ ਸੱਚਾ ਮਾਰਗ ਦੱਸੇ ਆਣ, ਚਾਰ ਵਰਨਾਂ ਇਕੋ ਰਾਹ ਵਖਾਇੰਦਾ । ਆਤਮ ਦੇਵੇ ਇਕ ਗਿਆਨ, ਬ੍ਰਹਮ ਵਿਦਿਆ ਆਪ ਪੜ੍ਹਾਇੰਦਾ । ਊਚ ਨੀਚ ਰਾਉ ਰੰਕ ਹਰਿ ਕਾ ਨਾਉਂ ਅੰਦਰ ਬਾਹਰ ਸਾਰੇ ਗਾਣ, ਗਹਿਰ ਗੰਭੀਰ ਆਪਣਾ ਭੇਵ ਖੁਲ੍ਹਾਇੰਦਾ । ਭਾਗ ਲਗਾਏ ਕਾਇਆ ਸਾਢੇ ਤਿੰਨ ਹੱਥ ਮਕਾਨ, ਮੰਦਰ ਇਕੋ ਇਕ ਵਡਿਆਇੰਦਾ । ਜਿਸ ਘਰ ਘਰ ਵਿਚ ਵਸੇ ਭਗਵਾਨ, ਸੋ ਭਗਤਾਂ ਪੜਦਾ ਆਪ ਉਠਾਇੰਦਾ । ਕਿਰਪਾ ਕਰ ਵਡ ਮਿਹਰਵਾਨ, ਮਿਹਰ ਨਜ਼ਰ ਆਪ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਅੰਤ ਮੁਕਾਇੰਦਾ । ਪਿਛਲਾ ਲੇਖਾ ਜਾਏ ਮੁੱਕ, ਲੋਕਮਾਤ ਰਹਿਣ ਨਾ ਪਾਈਆ ।



੬੭੨ ੧੫

ਕਲਜੁਗ ਝੂਠਾ ਬੂਟਾ ਜਾਏ ਸੁੱਕ, ਅੰਮ੍ਰਿਤ ਸਿੰਚ ਹਰਾ ਨਾ ਕੋਇ ਕਰਾਈਆ । ਕੂੜੀ ਕਿਰਿਆ ਸ਼ੌਹ ਦਰਿਯਾਏ ਦੇਵੇ ਸੁੱਟ, ਅੱਗੇ ਹੋ ਨਾ ਕੋਇ ਬਚਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਜੜ੍ਹ ਦੇਵੇ ਪੁੱਟ, ਬਲਧਾਰੀ ਆਪਣਾ ਬਲ ਪਰਗਟਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਬਣਾਏ ਮੁੱਠ, ਚਾਰ ਵਰਨ ਨਾਤਾ ਜੋੜੇ ਭੈਣਾਂ ਭਾਈਆ । ਸਤਿਜੁਗ ਸੁਹਾਏ ਸਾਚੀ ਰੁੱਤ, ਅਬਿਨਾਸ਼ੀ ਅਚੁਤ ਖ਼ੁਸ਼ੀ ਮਨਾਈਆ । ਕਰੇ ਪਰਕਾਸ਼ ਜੋ ਨਿਰਗੁਣ ਧਾਰ ਬੈਠਾ ਲੁਕ, ਨਿਰਵੈਰ ਆਪਣਾ ਦਰਸ ਕਰਾਈਆ । ਭਗਤ ਭਗਵਾਨ ਬਣਾਏ ਸਾਚੇ ਪੁੱਤ, ਪਿਤਾ ਪੂਤ ਖ਼ੁਸ਼ੀ ਵਖਾਈਆ । ਸਾਚੀ ਗੋਦੀ ਲਏ ਚੁੱਕ, ਸ਼ਬਦ ਹੁਲਾਰਾ ਇਕ ਲਗਾਈਆ । ਮਿਹਰਵਾਨ ਹੋ ਕੇ ਜਾਏ ਤੁਠ, ਅੰਮ੍ਰਿਤ ਆਤਮ ਜਾਮ ਮੁਖ ਚੁਆਈਆ । ਦੂਰ ਦੁਰਾਡਾ ਨੇਰਨ ਨੇਰਾ ਆ ਕੇ ਲਏ ਪੁੱਛ, ਮੁਰੀਦ ਮੁਰਸ਼ਦ ਵੇਖੇ ਚਾਈਂ ਚਾਈਆ । ਜਨਮ ਕਰਮ ਦਾ ਮਿਟੇ ਦੁੱਖ, ਦੁਖੀਆਂ ਦਰਦ ਲਏ ਵੰਡਾਈਆ । ਸਫਲ ਕਰਾਏ ਧਰਤ ਮਾਤ ਦੀ ਕੁੱਖ, ਮਨਮੁਖ ਜੀਵਾਂ ਦਏ ਸਜ਼ਾਈਆ । ਗੁਰ ਅਵਤਾਰ ਪੀਰ ਪੈਗੰਬਰ ਸਾਰੇ ਸੁਖਣਾ ਰਹੇ ਸੁਖ, ਕਵਣ ਵੇਲਾ ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਆਪਣਾ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਹਰਿ ਕਰਤਾਰ, ਆਪਣੇ ਹੱਥ ਰੱਖੇ ਵਡਿਆਈਆ । ਊਚ ਨੀਚ ਝਗੜਾ ਦਏ ਨਿਵਾਰ, ਦੀਨ ਮਜ਼੍ਹਬ ਲੋਕਮਾਤ ਰਹਿਣ ਕੋਇ ਨਾ ਪਾਈਆ । ਮਾਣਸ ਮਾਣਸ ਕਰੇ ਪਿਆਰ, ਮਾਨੁੱਖ ਮਾਨੁੱਖ ਆਪਣੀ ਗੰਢ ਪਵਾਈਆ । ਮਾਨੁਸ਼ ਮਾਨੁਸ਼ ਦਏ ਅਧਾਰ, ਮਨੁਖਤਾ ਇਕੋ ਰੂਪ ਵਖਾਈਆ । ਸਾਚੀ ਸਿਖਿਆ ਦੇਵੇ ਏਕਾ ਵਾਰ, ਏਕੰਕਾਰ ਕਰੇ ਪੜ੍ਹਾਈਆ । ਨੌ ਖੰਡ ਪ੍ਰਿਥਮੀ ਸਤ ਦੀਪ ਹਰਿ ਕਾ ਢੋਲਾ ਸ਼ਬਦ ਗਾਓ ਜੈਕਾਰ, ਸਚ ਜੈਕਾਰਾ ਇਕੋ ਇਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਬਣਿਆ ਸਚ ਪਿਆਰ, ਬਣ ਪਿਆਰ ਸੋਹੰ ਰੂਪ ਸਮਾਈਆ । ਤੇਰਾ ਸ਼ਬਦ ਅਗੰਮੀ ਧਾਰ, ਮੇਰੀ ਖ਼ਾਹਸ਼ ਰੋਵੇ ਜ਼ਾਰੋ ਜ਼ਾਰ, ਬਿਨ ਮਿਲਿਆਂ ਚੈਨ ਕੋਇ ਨਾ ਆਈਆ । ਜਗਤ ਵਿਛੋੜਾ ਕੱਟ ਸਿਰਜਣਹਾਰ, ਸੁਰਤੀ ਰੋਵੇ ਬਾਂਹ ਹੁਲਾਰ, ਸਾਚਾ ਕੰਤ ਇਕੋ ਇਕ ਨਜ਼ਰੀ ਆਈਆ । ਚਾਰ ਵਰਨ ਅਠਾਰਾਂ ਬਰਨ ਖੋਲ੍ਹ ਦੇਵੇ ਕਿਵਾੜ, ਨਾਤਾ ਤੋੜ ਕੂੜੀ ਕਿਰਿਆ ਪੰਚਮ ਧਾੜ, ਸਚ ਸੁਚ ਹਰਿ ਕਾ ਨਾਮ ਆਪ ਸਮਝਾਈਆ । ਸਚ ਦੁਆਰੇ ਦੇਵੇ ਵਾੜ, ਕਰ ਪਰਕਾਸ਼ ਬਹੱਤਰ ਨਾੜ, ਤ੍ਰੈਗੁਣ ਮਾਇਆ ਦੇਵੇ ਸਾੜ, ਅੰਮ੍ਰਿਤ ਮੇਘ ਇਕ ਬਰਸਾਈਆ । ਸਾਚਾ ਮਾਰਗ ਦਏ ਵਖਾਲ, ਨਜ਼ਰੀ ਆਏ ਦੀਨ ਦਿਆਲ, ਨਾਤਾ ਤੁਟੇ ਕਾਲ ਮਹਾਂਕਾਲ, ਭੈ ਭਿਆਨਕ ਰੂਪ ਨਜ਼ਰ ਕੋਇ ਨਾ ਆਈਆ । ਸਚ ਵਖਾਏ ਸੱਚੀ ਧਰਮਸਾਲ, ਜਿਸ ਗ੍ਰਿਹਿ ਵਸੇ ਹਰਿ ਗੋਪਾਲ, ਜੋਤੀ ਜਲਵਾ ਨੂਰ ਜਲਾਲ, ਨਿਰਗੁਣ ਨੂਰੋ ਨੂਰ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਲੇਖੇ ਲਏ ਲਾਈਆ । ਚਾਰ ਵਰਨ ਤੇਰਾ ਲੱਗੇ ਲੇਖਾ, ਸੋ ਸਾਹਿਬ ਆਪ ਲਗਾਈਆ । ਸਦੀ ਵੀਹਵੀਂ ਸਭ ਦਾ ਨਿਕਲੇ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਪਾਰਬ੍ਰਹਮ ਬ੍ਰਹਮ ਜਣਾਏ ਲੱਖ ਚੁਰਾਸੀ ਜੀਵ ਜੰਤ ਸਭ ਦਾ ਇਕੋ ਨੇਤਾ, ਘਰ ਘਰ ਬੈਠਾ ਹੁਕਮ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੀਨ ਮਜ਼੍ਹਬ ਜਿਸ ਖੇਡੀ ਖੇਡਾ, ਅੰਤਮ ਆਪਣੀ ਢੇਰੀ ਦੇਵੇ ਢਾਹੀਆ । ਸਰਬ ਜੀਆਂ ਪ੍ਰਭ ਇਕੋ ਜਿਹਾ ਕਰੇ ਹੇਤਾ, ਵੱਡਾ ਛੋਟਾ ਨਜ਼ਰ ਕੋਇ ਨਾ ਆਈਆ । ਜਨ ਭਗਤ ਕਹੇ ਮੇਰਾ ਪੁੱਤ ਜੇਠਾ, ਜੋ ਮੇਰਾ ਇਕੋ ਇਕ ਇਸ਼ਟ ਮਨਾਈਆ । ਸਰਬ ਜੀਆਂ ਤੋਂ ਉਤਮ ਓਹੋ

ਦੇਵਤਾ, ਜਿਸ ਦੀ ਕਰੋੜ ਤਤੀਸਾ ਲਾਗੇ ਪਾਈਆ । ਜਿਸ ਦੀ ਸਿਫ਼ਤ ਕਰੇ ਰਾਗ ਛਤੀਸਾ, ਅੱਖਰ ਅੱਖਰ ਨਾਲ ਮਿਲਾਈਆ । ਜਿਸ ਦੀ ਮਹਿਮਾ ਗਾਏ ਦੰਦ ਬਤੀਸਾ, ਉਚੀ ਕੂਕ ਕੂਕ ਸੁਣਾਈਆ । ਜਿਸ ਆਦਿ ਜੁਗਾਦਿ ਧੁਰ ਦੀ ਧਾਰ ਇਕ ਹਦੀਸਾ, ਹਜ਼ਰਤ ਸਚ ਸਚ ਸਮਝਾਈਆ । ਸੋ ਪੁਰਖ ਅਬਿਨਾਸ਼ੀ ਸ਼ਾਹ ਸੁਲਤਾਨ ਵਡ ਜਗਦੀਸ਼ਾ, ਜਗਦੀਸ਼ਰ ਆਪਣਾ ਹੁਕਮ ਵਰਤਾਈਆ । ਸਾਚਾ ਛਤਰ ਝੁਲੇ ਪ੍ਰਭ ਦੇ ਸੀਸਾ, ਦੋ ਜਹਾਨ ਦਰ ਬੈਠੇ ਅਲਖ ਜਗਾਈਆ । ਉਹ ਕਿਰਪਾ ਨਿਧਾਨ ਜਨ ਭਗਤਾਂ ਦੱਸਣਹਾਰਾ ਇਕ ਪ੍ਰੀਤਾ, ਪ੍ਰੀਤੀਵਾਨ ਪ੍ਰੀਤੀ ਆਪਣੇ ਨਾਲ ਲਗਾਈਆ । ਲੱਖ ਚੁਰਾਸੀ ਬਦਲਣਹਾਰਾ ਨੀਤਾ, ਨੀਤੀਵਾਨ ਆਪੇ ਵੇਖ ਵਖਾਈਆ । ਪਾਵੇ ਸਾਰ ਹਸਤ ਕੀਟਾ, ਊਚਾਂ ਨੀਚਾਂ ਥਾਉਂ ਥਾਈਂਆ । ਕਲਜੁਗ ਅੰਤਮ ਖੇਲ ਕਰੇ ਅਨਡੀਠਾ, ਅਨਡਿਠੜੀ ਕਾਰ ਕਮਾਈਆ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਲੀ ਕਰੇ ਖ਼ੀਸਾ, ਖ਼ਲਕ ਖ਼ੁਦਾਈ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਊਚ ਨੀਚ ਜ਼ਾਤ ਪਾਤ ਲੇਖਾ ਦਏ ਮੁਕਾਈਆ । ਜ਼ਾਤ ਪਾਤ ਊਚ ਨੀਚ ਨਾਤਾ ਜਾਏ ਤੁਟ, ਅੰਤਮ ਅੰਤ ਰਹਿਣ ਨਾ ਪਾਈਆ । ਕੂੜੀ ਕਿਰਿਆ ਪੱਲੂ ਜਾਏ ਛੁੱਟ, ਅੱਗੇ ਸੰਗ ਨਾ ਕੋਇ ਰਖਾਈਆ । ਸਤਿਜੁਗ ਮੌਲੇ ਇਕੋ ਰੁੱਤ, ਹਰਿ ਰੁਤੜੀ ਨਾਲ ਮਿਲਾਈਆ । ਸ੍ਰੀ ਭਗਵਾਨ ਸਾਹਿਬ ਸਤਿਗੁਰ ਪਏ ਉਠ, ਉਠ ਉਠ ਆਪਣਾ ਹੁਕਮ ਸੁਣਾਈਆ । ਚਾਰ ਵਰਨ ਅਠਾਰਾਂ ਬਰਨ ਏਕਾ ਤਾਗਾ ਏਕਾ ਸੂਤ, ਤਾਣਾ ਪੇਟਾ ਆਪਣਾ ਨਾਮ ਰਖਾਈਆ । ਆਤਮ ਬ੍ਰਹਮ ਸਭ ਦੇ ਵਸੇ ਪੰਜ ਤਤ ਕਲਬੂਤ, ਕਾਇਆ ਅੰਦਰ ਮੰਦਰ ਡੇਰਾ ਲਾਈਆ । ਸਭ ਦਾ ਨਾਤਾ ਜੁੜਿਆ ਪੰਜ ਭੂਤ, ਤ੍ਰੈਗੁਣ ਬੈਠੀ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਾਰ ਵਰਨ ਇਕੋ ਸਰਨ ਦਏ ਸਮਝਾਈਆ । ਚਾਰ ਵਰਨ ਜਣਾਏ ਇਕੋ ਸਰਨ, ਸਰਨਗਤ ਇਕ ਸਮਝਾਇੰਦਾ । ਕਰਤਾ ਪੁਰਖ ਕਰਨੀ ਕਰਨ, ਹਰਿ ਕਾਦਰ ਖੇਲ ਕਰਾਇੰਦਾ । ਨਿਰਭੌ ਭੈ ਚੁਕਾਏ ਮਰਨ ਡਰਨ, ਜੀਵਣ ਜੁਗਤ ਆਪ ਜਣਾਇੰਦਾ । ਕਲਜੁਗ ਅੰਤ ਪਰਗਟ ਹੋਇਆ ਹਰਿ ਨਿਰੰਕਾਰਾ ਉਪਰ ਧਰਨ, ਧਰਨੀ ਧਰਤ ਧਵਲ ਸੋਭਾ ਆਪ ਪਾਇੰਦਾ । ਜਨ ਭਗਤਾਂ ਨੇਤਰ ਖੋਲ੍ਹ ਹਰਨ ਫਰਨ, ਨਿਜ ਨੇਤਰ ਦਰਸ ਇਕ ਕਰਾਇੰਦਾ । ਪੁਰਖ ਅਕਾਲ ਸ੍ਰਿਸ਼ਟ ਸਬਾਈ ਇਸ਼ਟ ਦੇਵੇ ਇਕੋ ਚਰਨ, ਦੂਜਾ ਘਰ ਨਜ਼ਰ ਕੋਇ ਨਾ ਆਇੰਦਾ । ਸਚ ਦੁਆਰੇ ਗੁਰਮੁਖ ਵਿਰਲੇ ਵੜਨ, ਕਰ ਕਿਰਪਾ ਜਿਨ੍ਹਾਂ ਆਪਣਾ ਮੇਲ ਮਿਲਾਇੰਦਾ । ਅੰਦਰ ਵੜ ਕੇ ਸਾਚਾ ਨਾਮ ਇਕੋ ਪੜ੍ਹਨ, ਸੋਹੰ ਢੋਲਾ ਇਕ ਸਮਝਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਨੇੜੇ ਹੋ ਕੇ ਪੱਲੂ ਫੜਨ, ਫੜਿਆ ਪੱਲੂ ਨਾ ਕੋਇ ਛੁਡਾਇੰਦਾ । ਦਰਗਹਿ ਸਾਚੀ ਸਚਖੰਡ ਦੁਆਰ ਸਭ ਦਾ ਲੇਖਾ ਚੁੱਕੇ ਵਰਨ ਬਰਨ, ਜ਼ਾਤ ਪਾਤ ਰਾਉ ਰੰਕ ਨਜ਼ਰ ਕੋਇ ਨਾ ਆਇੰਦਾ । ਸੋ ਪੁਰਖ ਅਕਾਲ ਦੀਨ ਦਿਆਲ ਲੋਕਮਾਤ ਆਇਆ ਤਰਨੀ ਤਰਨ, ਤਾਰਨਹਾਰਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੰਤ ਸੁਹੇਲੇ ਭਗਤ ਭਗਵਾਨ, ਗੁਰਸਿਖ ਚੇਲੇ ਗੁਰਮੁਖ ਕਰ ਪਰਵਾਨ, ਸਚ ਪਰਵਾਨਾ ਧੁਰ ਫ਼ਰਮਾਨਾ ਨਾਮ ਸੰਦੇਸ਼ਾ ਨਰ ਨਰੇਸ਼ਾ ਸ੍ਰਿਸ਼ਟ ਸਬਾਈ ਇਕੋ ਵਾਰ ਇਕ ਵਾਰਾ ਇਕ ਨਿਰੰਕਾਰ ਝੋਲੀ ਆਪ ਭਰਾਇੰਦਾ ।

## ✪ ੧੬ ਅੱਸੂ ੨੦੨੦ ਬਿਕ੍ਰਮੀ ਸਾਹੋ ਜ਼ਿਲਾ ਫ਼ਿਰੋਜ਼ਪੁਰ ✪

ਆਪਣੀ ਰੱਖਿਆ ਕਿਵੇਂ ਲੈਣੀ ਰੱਖ, ਰੱਖਿਆ ਕਰੇ ਕਵਣ ਥਾਈਆ । ਠੱਗ ਚੋਰ ਯਾਰ ਅੰਦਰ ਵੇਖਣ ਦੀ ਕਿਹੜੀ ਖੁੱਲ੍ਹੀ ਅੱਖ, ਅੱਠੇ ਪਹਿਰ ਧਿਆਨ ਲਗਾਈਆ । ਕਵਣ ਕੂੜੀ ਕਿਰਿਆ ਨਾਲੋਂ ਕਰੇ ਵੱਖ, ਘਰ ਵਿਚ ਵੱਖਰਾ ਧਾਮ ਵਖਾਈਆ । ਪ੍ਰੇਮ ਪਿਆਰ ਪਾ ਕੇ ਸਦ ਵਸੇ ਸਾਥ, ਤੇਰਾ ਸੰਗ ਨਿਭਾਈਆ । ਭੈ ਭੌ ਚੁਕਾਉਣ ਦੀ ਦੱਸੇ ਜਾਚ, ਸਾਚੀ ਸਿਖਿਆ ਇਕ ਸਮਝਾਈਆ । ਅੰਦਰ ਬਾਹਰ ਦੋਵੇਂ ਫੁਰਨੇ ਲਏ ਵਾਚ, ਵਾਚਕ ਮਿਲਿਆ ਬੇਪਰਵਾਹੀਆ । ਦੂਰ ਦੁਰਾਡਾ ਨੇੜਨ ਨੇੜਾ ਰਖਵਾਲਾ ਵੇਖੇ ਮਾਰ ਝਾਤ, ਕਵਣ ਬੰਦ ਤਾਕੀ ਕੁੰਡਾ ਲਾਹੀਆ । ਅੰਤਰ ਵੜ ਕੇ ਕਾਇਆ ਪੌੜੇ ਚੜ੍ਹ ਕੇ ਆਤਮ ਸੇਜਾ ਖੜ ਕੇ ਕਿਹੜੀ ਗੱਲ ਜਾਏ ਆਖ, ਜਿਸ ਨਾਲ ਬਚਿਆ ਰਹਿਣਾ ਜਗਤ ਲੋਕਾਈਆ । ਕਵਣ ਪੂੰਜੀ ਰਾਖੀ ਕਰ ਕੇ ਮਿਲੇ ਰਾਸ, ਵਸਤ ਝੋਲੀ ਕਵਣ ਭਰਾਈਆ । ਰਾਖੀ ਕਰੇਂ ਕਿਹੜੀ ਰੱਖ ਕੇ ਆਸ, ਆਸਾ ਕਵਣ ਧਿਆਨ ਮਿਲਾਈਆ । ਕਲਜੁਗ ਚਾਰ ਕੁੰਟ ਜੀਵ ਜੰਤ ਸਾਰੇ ਦਿਸਣ ਨਿਰਾਸ, ਖ਼ਾਲੀ ਹੱਥ ਰਹੇ ਵਖਾਈਆ । ਨਾਮ ਪੂੰਜੀ ਕਿਸੇ ਨਾ ਪਾਸ, ਰਸਨਾ ਜਿਹਵਾ ਹੋਈ ਹਲਕਾਈਆ । ਬਿਨ ਸਤਿਗੁਰ ਪੂਰੇ ਰਾਖਾ ਬਣ ਕੇ ਕੋਈ ਨਾ ਪਾਰ ਲੰਘਾਏ ਕਲਜੁਗ ਘਾਟ, ਡੂੰਘੀ ਧਾਰ ਵੈਂਹਦੀ ਦਿਸੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਇਕੋ ਗੱਲ, ਰਾਖਾ ਕਿਸ ਘਰ ਹੋ ਕੇ ਵੇਖ ਵਖਾਈਆ । ਕੀ ਰਾਖਾ ਬਣ ਕੇ ਉਡਾਏਂ ਤੋਤੇ ਕਾਂ, ਚਿੜੀਆਂ ਹਾਕਰ ਰਿਹਾ ਲਗਾਈਆ । ਕੀ ਰਾਖਾ ਬਣ ਕੇ ਅੰਦਰ ਮਾਰੇਂ ਧਿਆਨ, ਮੇਰੀ ਲੁੱਟੀ ਨਾ ਜਾਏ ਵਸਤ ਪਰਾਈਆ । ਕੀ ਰਾਖਾ ਬਣ ਕੇ ਲੋਕਾਂ ਰੌਲਾ ਰਿਹਾ ਸੁਣਾ, ਉਚੀ ਕੂਕ ਕੂਕ ਅਲਾਈਆ । ਕੀ ਰਾਖਾ ਬਣ ਕੇ ਪੁਰਖ ਅਬਿਨਾਸ਼ੀ ਮੰਗੇਂ ਇਕ ਸਰਨਾ, ਮਿਲੇ ਸਚ ਸਰਨ ਸਰਨਾਈਆ । ਸਾਚਾ ਰਾਖਾ ਦੋਹਾਂ ਵੇਖੇ ਥਾਉਂ ਥਾਂ, ਮਨ ਬ੍ਰਹਮ ਕਵਣ ਸੇਵ ਕਮਾਈਆ । ਜੀਵ ਬ੍ਰਹਮ ਦੀ ਹੋਏ ਨਾ ਲਖਤਾ, ਕੋਟਨ ਕੋਟ ਬੈਠੇ ਧਿਆਨ ਲਗਾਈਆ । ਰਸਨਾ ਜਿਹਵਾ ਬਣੇ ਵਡ ਵਡ ਬਕਤਾ, ਸ਼ਾਸਤਰ ਸਿਮਰਤ ਵੇਦ ਪੁਰਾਨ ਰਹੇ ਸੁਣਾਈਆ । ਬਿਨ ਸਤਿਗੁਰ ਪੂਰੇ ਕੋਈ ਭੇਵ ਨਾ ਪਾਏ ਹਰਿ ਦਾ, ਹਰਿ ਮੰਦਰ ਪੜਦਾ ਸਕੇ ਨਾ ਕੋਇ ਉਠਾਈਆ । ਇਕੋ ਖੇਲ ਨਰਾਇਣ ਨਰ ਦਾ, ਜਨ ਭਗਤਾਂ ਆਪਣੀ ਬੂਝ ਬੁਝਾਈਆ । ਬ੍ਰਹਮ ਬ੍ਰਹਮ ਬ੍ਰਹਮ ਕਹਿ ਕਹਿ ਸਾਰਾ ਜਹਾਨ ਫਿਰਦਾ, ਬ੍ਰਹਮ ਪਾਰਬ੍ਰਹਮ ਮੇਲ ਨਾ ਕੋਇ ਮਿਲਾਈਆ । ਆਪਣੀ ਇਛਿਆ ਅੰਦਰ ਹਰਿ ਕੋਈ ਅੜਦਾ, ਸਾਚੇ ਪੌੜੇ ਫੜ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਘਰ ਘਰ ਦਾ, ਵੇਖਣਹਾਰਾ ਥਾਉਂ ਥਾਈਆ । ਪੂਰੀ ਲਖਤਾ ਦੀ ਜੇ ਲੋੜ, ਲੋੜ ਪੂਰੀ ਦਏ ਕਰਾਈਆ । ਅੰਦਰ ਸੁਰਤੀ ਦਏ ਜੋੜ, ਸ਼ਬਦੀ ਤੰਦ ਬੰਧਾਈਆ । ਜਗਤ ਵਾਸਨਾ ਦੇਵੇ ਹੋੜ, ਰਸ ਇਕੋ ਇਕ ਵਖਾਈਆ । ਲੇਖਾ ਚੁਕਾ ਤੋਰ ਮੋਰ, ਮੁਹੱਬਤ ਇਕੋ ਨਾਲ ਬੰਧਾਈਆ । ਪੰਚ ਵਿਕਾਰ ਨਾ ਪਾਵੇ ਸ਼ੋਰ, ਸ਼ੋਰਸ਼ ਸਭ ਦੀ ਦਏ ਗਵਾਈਆ । ਜੋ ਜਨ ਮੰਗੇ ਦੋ ਕਰ ਬੇਨੰਤੀ ਦੋਏ ਜੋੜ, ਨਿਰਗੁਣ ਸਰਗੁਣ ਦੋਹਾਂ ਮੇਲਾ ਦਏ ਮਿਲਾਈਆ । ਕਰ ਪਰਕਾਸ਼ ਅੰਧ ਘੋਰ, ਕਾਇਆ ਮੰਦਰ ਦੀਪਕ ਜੋਤ ਕਰੇ ਰੁਸ਼ਨਾਈਆ । ਅੱਗੇ ਆਪਣੇ ਲਏ ਤੋਰ, ਤੁਰਤ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰ ਆਇਆਂ ਲੇਖਾ ਲੇਖੇ ਵਿਚ ਰਖਾਈਆ । ਦਰ ਆਇਆਂ ਲੇਖਾ ਜਾਏ ਲੱਗ, ਸੱਚੀ ਲਗਨ ਲਗਾਈਆ ।

ਅੰਦਰ ਬੁਝਾਏ ਕੂੜੀ ਅੱਗ, ਅੰਮ੍ਰਿਤ ਮੇਘ ਬਰਸਾਈਆ। ਲੇਖੇ ਲਾਏ ਬੁੱਢੇ ਹੱਡ, ਨੱਢਾ ਰੂਪ ਵਟਾਈਆ। ਜਿਸ ਘਰ ਨੂੰ ਸਾਰੇ ਆਏ ਛੱਡ, ਓਸ ਘਰ ਵਿਚ ਦਏ ਮਿਲਾਈਆ। ਜਿਸ ਦੀ ਕਿਸੇ ਨਾ ਪਾਈ ਹੱਦ, ਬੇਅੰਤ ਬੇਪਰਵਾਹ ਅਖਵਾਈਆ। ਸੋ ਕਰ ਕਿਰਪਾ ਆਪਣੇ ਦਰ ਲਏ ਸੱਦ, ਸੱਦਾ ਇਕੋ ਨਾਮ ਸੁਣਾਈਆ। ਬਿਨ ਮਕਿਉਂ ਕਾਅਬਿਉਂ ਕਾਇਆ ਹੁਜਰੇ ਅੰਦਰ ਕਰਾਏ ਹੱਜ, ਸਚ ਮਹਿਰਾਬੇ ਮਹਿਬੂਬ ਇਕੋ ਨਜ਼ਰੀ ਆਈਆ। ਧੁਨ ਆਤਮਕ ਨਾਦ ਅਗੰਮੀ ਜਾਏ ਵੱਜ, ਤੰਦ ਸਤਾਰ ਨਾ ਕੋਇ ਹਿਲਾਈਆ। ਦਰਸ਼ਨ ਦੇਵੇ ਉਪਰ ਸ਼ਾਹ ਰਗ, ਨੌ ਦੁਆਰੇ ਡੇਰਾ ਢਾਹੀਆ। ਫੜ ਕੇ ਹੰਸ ਬਣਾਏ ਕਗ, ਕਾਗ ਹੰਸ ਰੂਪ ਵਟਾਈਆ। ਨੇਤਰ ਦਰਸ ਕਰਾਏ ਰੱਜ, ਅੰਤਰ ਆਤਮ ਜੋਤ ਰੁਸ਼ਨਾਈਆ। ਕੂੜੀ ਕਿਰਿਆ ਭਾਂਡਾ ਭਰਮ ਜਾਏ ਭੱਜ, ਸਾਚੀ ਸਿਖਿਆ ਇਕ ਸਮਝਾਈਆ। ਹਰਿ ਸਤਿਗੁਰ ਸਰਨਾਈ ਬਹਿਣਾ ਸਜ, ਮਜਲਸ ਦੂਜੀ ਨਾ ਕੋਇ ਵਖਾਈਆ। ਅੰਤ ਕੰਤ ਭਗਵੰਤ ਦੋ ਜਹਾਨ ਪੜਦਾ ਦੇਵੇ ਕੱਜ, ਨਾਮ ਦੋਸ਼ਾਲਾ ਇਕੋ ਉਪਰ ਰਖਾਈਆ। ਆਏ ਦੁਆਰ ਕਰ ਕੇ ਜਾਣਾ ਸੱਚਾ ਹੱਜ, ਬਿਨ ਹਾਜੀਉਂ ਹਾਜੀ ਰੂਪ ਵਟਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਨ ਮਨਸਾ ਮਨਸਾ ਵਿਚ ਖਪਾਈਆ।

## ✪ ੧੬ ਅੱਸੂ ੨੦੨੦ ਬਿਕਰਮੀ ਬੁਗਰ ਸਿੰਘ ਦੇ ਗ੍ਰਿਹਿ ਬਰਗਾੜੀ ✪



ਹਰਿ ਕਾ ਨਾਮ ਚਲੇ ਸਚ ਏਕ, ਦੋ ਜਹਾਨ ਢੋਲਾ ਜਸ ਗਾਈਆ। ਹਰਿ ਕਾ ਮਕਾਨ ਵਸੇ ਸਚ ਏਕ, ਨਿਰਗੁਣ ਸਰਗੁਣ ਸੋਭਾ ਪਾਈਆ। ਹਰਿ ਕਾ ਨਿਸ਼ਾਨ ਝੁੱਲੇ ਸਚ ਏਕ, ਬ੍ਰਹਿਮੰਡ ਖੰਡ ਸੀਸ ਨਿਵਾਈਆ। ਹਰਿ ਕਾ ਨਾਮ ਚਲੇ ਸਚ ਏਕ, ਲੱਖ ਚੁਰਾਸੀ ਜੀਵ ਜੰਤ ਸਰਬ ਪੜ੍ਹਾਈਆ। ਹਰਿ ਕਾ ਨਾਮ ਬਾਣ ਚਲੇ ਸਚ ਏਕ, ਜਨ ਭਗਤਾਂ ਬਜਰ ਕਪਾਟੀ ਚੀਰ ਵਖਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ। ਹਰਿ ਕਾ ਨਾਮ ਚਲੇ ਪ੍ਰਭ ਦਾਤ, ਦੇਵਣਹਾਰ ਵੱਡੀ ਵਡਿਆਈਆ। ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਸਾਚਾ ਨੂਰ ਕਰੇ ਰੁਸ਼ਨਾਈਆ। ਆਤਮ ਪਰਮਾਤਮ ਸੁਣਾਏ ਸਾਚੀ ਗਾਥ, ਸਤਿਜੁਗ ਢੋਲਾ ਰਾਗ ਅਲਾਈਆ। ਅੰਦਰ ਬਾਹਰ ਦੇਵੇ ਸਾਥ, ਸਗਲਾ ਸੰਗ ਨਿਭਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ। ਹਰਿ ਕਾ ਨਾਮ ਚਲੇ ਜੁਗ ਚਾਰ, ਚੌਕੜ ਆਪਣਾ ਬੰਧਨ ਪਾਈਆ। ਹਰਿ ਕਾ ਨਾਮ ਸਿਮਰਨ ਸਿਮਰਤ ਗੁਰ ਅਵਤਾਰ, ਪੀਰ ਪੈਗ਼ੰਬਰ ਰਹੇ ਜਸ ਗਾਈਆ। ਹਰਿ ਕਾ ਨਾਮ ਦੋ ਜਹਾਨ ਕਰੇ ਜੈਕਾਰ, ਵਿਸ਼ਨ ਬ੍ਰਹਮਾ ਸ਼ਿਵ ਦਏ ਉਠਾਈਆ। ਹਰਿ ਕਾ ਨਾਮ ਬ੍ਰਹਿਮੰਡ ਖੰਡ ਪਾਵੇ ਸਾਰ, ਪੁਰੀ ਲੋਅ ਭੇਵ ਚੁਕਾਈਆ। ਹਰਿ ਕਾ ਨਾਮ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਾਸਤਰ ਸਿਮਰਤ ਗੌਂਦੇ ਰਹੇ ਵਾਰ, ਰਾਗ ਰਾਗਨੀ ਨਾਲ ਰਲਾਈਆ। ਹਰਿ ਕਾ ਨਾਮ ਲੱਖ ਚੁਰਾਸੀ ਹਰ ਘਟ ਅੰਦਰ ਕਰੇ ਪਸਾਰ, ਘਰ ਘਰ ਬੈਠਾ ਡੇਰਾ ਲਾਈਆ। ਹਰਿ ਕਾ ਨਾਮ ਸ਼ਬਦ ਅਗੰਮ ਸੱਚੀ ਧੁਨਕਾਰ, ਅਨਹਦ ਨਾਦੀ ਰਾਗ ਸੁਣਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ। ਹਰਿ ਕਾ ਨਾਮ ਸਚ ਸੁਹੇਲਾ, ਆਦਿ ਜੁਗਾਦਿ ਦਇਆ ਕਮਾਇੰਦਾ। ਨਿਰਗੁਣ ਸਰਗੁਣ ਕਰਾਏ ਮੇਲਾ, ਘਰ ਮਿਲਣੀ ਮੇਲ ਮਿਲਾਇੰਦਾ। ਵੇਸ ਵਟਾਏ ਗੁਰੂ ਗੁਰ ਚੇਲਾ, ਚੇਲਾ ਗੁਰ ਗੰਢ ਪਵਾਇੰਦਾ।

ਨਿਤ ਨਵਿਤ ਜਾਣੇ ਸੱਚਾ ਵੇਲਾ, ਵਾਰ ਥਿਤ ਆਪਣੇ ਹੱਥ ਰਖਾਇੰਦਾ । ਜੁਗ ਚੌਕੜੀ ਅਚਰਜ ਖੇਲ ਪਾਰਬ੍ਰਹਮ ਪ੍ਰਭ ਖੇਲਾ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਤਰ ਇਕ ਸਮਝਾਇੰਦਾ । ਸਾਚਾ ਮੰਤਰ ਨਾਮ ਸਤਿ, ਸਤਿ ਨਾਮ ਵੱਡੀ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰਾ ਬ੍ਰਹਮ ਮਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਨਾੜ ਬਹੱਤਰ ਨਾ ਉਬਲੇ ਰਤ, ਰਤੀ ਰੱਤ ਦਏ ਸੁਕਾਈਆ । ਡੇਰਾ ਢਾਹੇ ਮਨਮਤ, ਗੁਰਮਤ ਇਕੋ ਇਕ ਜਣਾਈਆ । ਅਨਹਦ ਨਾਦ ਧੁਨ ਸੁਣਾਏ ਅਨਹਦ, ਧੁਰ ਦੀ ਬਾਣੀ ਬਾਣ ਅਲਾਈਆ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜੋਤ ਕਰੇ ਰੁਸ਼ਨਾਈਆ । ਸੋਵਤ ਜਾਗਤ ਮਾਰ ਆਵਾਜ਼, ਸੋਈ ਸੁਰਤੀ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਇਕੋ ਨਾਮ ਵਰਤਾਈਆ । ਆਦਿ ਜੁਗਾਦਿ ਨਾਮ ਇਕ, ਏਕੰਕਾਰਾ ਆਪ ਪਰਗਟਾਇੰਦਾ । ਜਿਸ ਦੀ ਮਹਿਮਾ ਸ਼ਾਸਤਰ ਸਿਮਰਤ ਵੇਦ ਪੁਰਾਨ ਗਏ ਲਿਖ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਜਿਸ ਦੁਆਰ ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਭਿਖ, ਪੰਜ ਤਤ ਦੋਏ ਜੋੜ ਵਾਸਤਾ ਪਾਇੰਦਾ । ਜਿਸ ਦਾ ਰਾਹ ਤੱਕਣ ਮੁਨ ਰਿਖ, ਨੇਤਰ ਨੈਣ ਸਰਬ ਉਠਾਇੰਦਾ । ਸੋ ਨਾਮ ਨਿਰੰਕਾਰ ਜਗ ਨੇਤਰ ਕਿਸੇ ਨਾ ਆਏ ਦਿਸ, ਅੱਖਰ ਰੂਪ ਨਾ ਕੋਇ ਵਟਾਇੰਦਾ । ਵਸੇ ਧਾਮ ਸਦਾ ਅਨਡਿਠ, ਅਨਡਿਠੜੀ ਕਾਰ ਕਮਾਇੰਦਾ । ਨਿਤ ਨਵਿਤ ਕਰ ਕੇ ਹਿਤ, ਸ੍ਰੀ ਭਗਵਾਨ ਆਪਣੀ ਵਸਤ ਆਪ ਵਰਤਾਇੰਦਾ । ਜਨ ਭਗਤ ਬਣਾਏ ਮਿਤ, ਮਿੱਤਰ ਪਿਆਰਾ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਪਰਗਟਾਇੰਦਾ । ਸਾਚਾ ਨਾਮ ਅਲੱਖ ਅਗੰਮ, ਬੇਅੰਤ ਵਡ ਵਡਿਆਈਆ । ਨਾ ਮਰੇ ਨਾ ਪਏ ਜੰਮ, ਹੱਟੋ ਹੱਟ ਨਾ ਕਿਸੇ ਵਿਕਾਈਆ । ਪਵਣ ਸਵਾਸ ਨਾ ਕੋਇ ਦਮ, ਰਸਨਾ ਜਿਹਵਾ ਨਾ ਸਿਫ਼ਤ ਸਾਲਾਹੀਆ । ਨਿਰਵੈਰ ਹੋ ਕੇ ਕਰੇ ਆਪਣਾ ਕੰਮ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਨਾ ਘੜੇ ਨਾ ਦੇਵੇ ਭੰਨ, ਭੰਨਣਹਾਰਾ ਨਜ਼ਰ ਕੋਇ ਨਾ ਆਈਆ । ਨਾ ਸੂਰਜ ਨਾ ਕੋਈ ਚੰਨ, ਮੰਡਲ ਮੰਡਪ ਰੂਪ ਨਾ ਕੋਇ ਵਟਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਕਹਿਣ ਧੰਨ ਧੰਨ, ਧੰਨ ਧੰਨ ਤੇਰੀ ਵਡਿਆਈਆ । ਸੱਚਾ ਨਾਮ ਪੁਰਖ ਅਕਾਲ ਦੀਨ ਦਿਆਲ ਥਿਰ ਘਰ ਸਾਚੇ ਆਪੇ ਲਿਆ ਜਣ, ਬਣ ਕੇ ਧੰਨ ਜਣੇਂਦੀ ਮਾਈਆ । ਨਾ ਕੋਈ ਦਿਸੇ ਪੰਜ ਤਤ ਤਨ, ਕਾਇਆ ਕਪੜ ਨਜ਼ਰ ਕੋਇ ਨਾ ਆਈਆ । ਨਿਰਵੈਰ ਨਿਰੰਕਾਰ ਆਪਣਾ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕੋ ਨਾਮ ਸਿਫ਼ਤ ਸਾਲਾਹੀਆ । ਇਕੋ ਨਾਮ ਦੱਸੇ ਸੋ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ । ਇਕੋ ਨਾਮ ਦੇਵੇ ਲੋ, ਸਚ ਪਰਕਾਸ਼ ਕਰੇ ਰੁਸ਼ਨਾਈਆ । ਇਕੋ ਨਾਮ ਦੁਰਮਤ ਮੈਲ ਦੇਵੇ ਧੋ, ਪਤਤ ਪੁਨੀਤ ਪਵਿਤ ਦਏ ਕਰਾਈਆ । ਇਕੋ ਨਾਮ ਵਖਾਏ ਸਾਚਾ ਢੋਆ ਢੋ, ਵਸਤ ਅਮੋਲਕ ਇਕ ਜਣਾਈਆ । ਇਕੋ ਨਾਮ ਜੋਤੀ, ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੋ ਜਹਾਨਾਂ ਰਿਹਾ ਜਣਾਈਆ । ਏਕਾ ਨਾਮ ਪ੍ਰਭ ਦੀ ਧਾਰ, ਧਾਰ ਧਾਰ ਵਿਚੋਂ ਪਰਗਟਾਈਆ । ਏਕਾ ਨਾਮ ਸ਼ਬਦ ਸਾਰ, ਸਾਰ ਸਭ ਦੀ ਰਿਹਾ ਪਾਈਆ । ਏਕਾ ਨਾਮ ਹਰਿ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਏਕਾ ਨਾਮ ਰਹੇ ਜੁਗ ਚਾਰ, ਜੁਗ ਚੌਕੜੀ ਹੁਕਮ ਵਰਤਾਈਆ । ਏਕਾ ਨਾਮ ਗੁਰ ਅਵਤਾਰ, ਪੀਰ ਪੈਗ਼ੰਬਰ ਢੋਲਾ ਗਾਈਆ । ਏਕਾ ਨਾਮ ਭਗਤ ਭੰਡਾਰ, ਅਬਿਨਾਸ਼ੀ ਕਰਤਾ ਆਪ ਵਰਤਾਈਆ ।

ਏਕਾ ਨਾਮ ਸੰਤ ਭਿਖਾਰ, ਦਰ ਦਰਵੇਸ਼ ਬੈਠੇ ਅਲਖ ਜਗਾਈਆ । ਏਕਾ ਨਾਮ ਭਗਤਾਂ ਦੇਵੇ ਪੈਜ ਸੁਆਰ, ਮਿਹਰ ਮਿਹਰ ਨਜ਼ਰ ਉਠਾਈਆ । ਏਕਾ ਨਾਮ ਗੁਰਮੁਖਾਂ ਬੇੜਾ ਦੇਵੇ ਤਾਰ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਏਕਾ ਨਾਮ ਗੁਰਸਿਖਾਂ ਅੰਤਰ ਆਤਮ ਕਰੇ ਪਿਆਰ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਏਕਾ ਨਾਮ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰੇ ਵਰਨਾਂ ਦਏ ਆਧਾਰ, ਬਰਨ ਅਠਾਰਾਂ ਇਕੋ ਰੰਗ ਰੰਗਾਈਆਉ । ਏਕਾ ਨਾਮ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗਾਵਣ ਵਾਰੋ ਵਾਰ, ਗੀਤ ਗੋਬਿੰਦ ਇਕ ਅਲਾਈਆ । ਏਕਾ ਨਾਮ ਸ਼ਬਦ ਜੈਕਾਰ, ਜੈ ਜੈਕਾਰ ਕਰੇ ਲੋਕਾਈਆ । ਏਕਾ ਨਾਮ ਸਭ ਦਾ ਸਾਂਝਾ ਯਾਰ, ਦੂਈ ਦਵੈਤ ਵੰਡ ਨਾ ਕੋਇ ਵੰਡਾਈਆ । ਏਕਾ ਨਾਮ ਸੁਰਤੀ ਕਰੇ ਸਚ ਪਿਆਰ, ਆਤਮ ਪਰਮਾਤਮ ਦੇ ਆਧਾਰ, ਬ੍ਰਹਮ ਪਾਰਬ੍ਰਹਮ ਮਿਲਾਈਆ । ਏਕਾ ਨਾਮ ਕਾਇਆ ਮੰਦਰ ਵਸੇ ਸੱਚੇ ਦਰਬਾਰ, ਸਾਢੇ ਤਿੰਨ ਹੱਥ ਅੰਦਰ ਬੈਠਾ ਡੇਰਾ ਲਾਈਆ । ਏਕਾ ਨਾਮ ਲੁਕਿਆ ਰਹੇ ਡੂੰਘੀ ਗਾਰ, ਕਾਇਆ ਕਵਰੀ ਡੂੰਘੀ ਭਵਰੀ ਨਜ਼ਰ ਕਿਸੇ ਨਾ ਆਈਆ । ਏਕਾ ਨਾਮ ਸਤਿਗੁਰ ਪੂਰਾ ਕਰ ਕਿਰਪਾ ਦਏ ਵਖਾਲ, ਨਿਜ ਨੇਤਰ ਨੈਣ ਖੁਲ੍ਹਾਈਆ । ਏਕਾ ਨਾਮ ਦੇਵੇ ਜਲਵਾ ਨੂਰ ਜਲਾਲ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਏਕਾ ਨਾਮ ਦੋ ਜਹਾਨਾਂ ਬਣੇ ਦਲਾਲ, ਸਚ ਦਲਾਲੀ ਇਕ ਕਮਾਈਆ । ਏਕਾ ਨਾਮ ਹਕੀਕਤ ਵੇਖੇ ਹੱਕ ਹਲਾਲ, ਲਾਸ਼ਰੀਕ ਹੁਕਮ ਵਰਤਾਈਆ । ਏਕਾ ਨਾਮ ਸਚਖੰਡ ਦੁਆਰ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਇਕ ਪਰਗਟਾਈਆ । ਏਕਾ ਨਾਮ ਲੇਖਾ ਚੁਕਾਏ ਸ਼ਾਹ ਕੰਗਾਲ, ਉਚਾਂ ਨੀਚਾਂ ਰਾਉ ਰੰਕਾਂ ਇਕੋ ਮਾਣ ਦਿਵਾਈਆ । ਏਕਾ ਨਾਮ ਲਹਿਣਾ ਦੇਣਾ ਤੋੜੇ ਕਾਲ ਮਹਾਂਕਾਲ, ਰਾਏ ਧਰਮ ਲੇਖਾ ਦਏ ਗਵਾਈਆ । ਏਕਾ ਨਾਮ ਦਰਗਹਿ ਸਾਚੀ ਸਚਖੰਡ ਪ੍ਰਭ ਚਰਨ ਦੁਆਰ ਦਏ ਬਹਾਲ, ਆਵਣ ਜਾਵਣ ਤੋੜੇ ਜਮ ਕੀ ਫਾਹੀਆ । ਏਕਾ ਨਾਮ ਨਿਤ ਨਵਿਤ ਚਲੇ ਨਾਲ, ਅੰਦਰ ਬਾਹਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚਾ ਨਾਮ ਇਕੋ ਇਕ ਸਮਝਾਈਆ । ਏਕਾ ਨਾਮ ਸੱਚਾ ਗੀਤ, ਹਰਿ ਕਰਤਾ ਆਪ ਜਣਾਇੰਦਾ । ਕਿਸੇ ਹੱਥ ਨਾ ਆਏ ਮੰਦਰ ਮਸੀਤ, ਸ਼ਿਵਦਵਾਲੇ ਮੱਠ ਨੇਤਰ ਨੈਣ ਨੀਰ ਸਰਬ ਵਹਾਇੰਦਾ । ਆਦਿ ਜੁਗਾਦੀ ਜਨ ਭਗਤਾਂ ਦੇਵੇ ਠਾਂਡਾ ਸੀਤ, ਸਾਹਿਬ ਸਤਿਗੁਰ ਝੋਲੀ ਆਪੇ ਪਾਇੰਦਾ । ਚਰਨ ਕਵਲ ਦੱਸੇ ਇਕ ਪ੍ਰੀਤ, ਪ੍ਰੀਤੀਵਾਨ ਭੇਵ ਚੁਕਾਇੰਦਾ । ਲਹਿਣਾ ਦੇਣਾ ਮੁੱਕੇ ਹਸਤ ਕੀਟ, ਰਾਉ ਰੰਕ ਵੇਖ ਵਖਾਇੰਦਾ । ਲੱਖ ਚੁਰਾਸੀ ਪਰਖਣਹਾਰਾ ਨੀਤ, ਨੀਤੀਵਾਨ ਮਿਹਰ ਨਜ਼ਰ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਇਕ ਉਪਾਇੰਦਾ । ਸਾਚਾ ਨਾਮ ਉਪਮਾ ਯੋਗ, ਯੋਗ ਜੁਗੀਸ਼ਰ ਰਹੇ ਗਾਈਆ । ਸਾਚਾ ਨਾਮ ਕਰੇ ਧੁਰ ਸੰਜੋਗ, ਧੁਰ ਦਾ ਮੇਲਾ ਦਏ ਮਿਲਾਈਆ । ਸਾਚਾ ਨਾਮ ਸਚਖੰਡ ਦੁਆਰ ਬਖ਼ਸ਼ੇ ਸੱਚੀ ਓਟ, ਓਟ ਇਕ ਅਕਾਲ ਰਖਾਈਆ । ਸਾਚਾ ਨਾਮ ਕਰੇ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦਏ ਗਵਾਈਆ । ਸਾਚਾ ਨਾਮ ਜਪਿਆ ਜਾਏ ਬਿਨ ਰਸਨਾ ਜਿਹਵਾ ਹੋਂਟ, ਬੱਤੀ ਦੰਦ ਨਾ ਕੋਇ ਵਡਿਆਈਆ । ਸਾਚਾ ਨਾਮ ਬਿਨ ਸਤਿਗੁਰ ਪੂਰੇ ਕੋਈ ਨਾ ਸਕੇ ਖੋਜ, ਖੋਜ ਖੋਜ ਥੱਕੀ ਸਰਬ ਲੋਕਾਈਆ । ਸਾਚਾ ਨਾਮ ਕਿਸੇ ਨਾ ਆਵੇ ਸੋਚ, ਸੋਚ ਸਮਝ ਸਮਝ ਕੋਇ ਨਾ ਪਾਈਆ । ਸਾਚਾ ਨਾਮ ਬੈਠਾ ਰਹੇ ਖ਼ਾਮੋਸ਼, ਘਰ ਘਰ ਵਿਚ ਡੇਰਾ ਲਾਈਆ । ਸਾਚਾ ਨਾਮ ਆਦਿ ਜੁਗਾਦਿ ਜੁਗ ਚੌਕੜੀ ਭੰਡਾਰਾ ਰਹੇ ਅਤੋਟ, ਨਿਖੁਟ ਰੂਪ ਨਾ ਕੋਇ ਵਟਾਈਆ । ਸਾਚਾ ਨਾਮ ਦੀਨ ਦੁਨੀ

ਦੋ ਜਹਾਨ ਕੱਢੇ ਹਉਮੇ ਰੋਗ, ਚਿੰਤਾ ਸੋਗ ਦਏ ਗਵਾਈਆ । ਸਾਚਾ ਨਾਮ ਵਰਤੇ ਚੌਦਾਂ ਲੋਕ, ਚੌਦਾਂ ਤਬਕ ਬੈਠੇ ਧਿਆਨ ਲਗਾਈਆ । ਸਾਚਾ ਨਾਮ ਨਿਤ ਨਵਿਤ ਦੇਵੇ ਸਾਚੀ ਮੋਖ, ਮੁਕਤ ਦੁਆਰਾ ਇਕ ਵਖਾਈਆ । ਸਾਚਾ ਨਾਮ ਧੁਰ ਦਾ ਇਕ ਸਲੋਕ, ਸੋ ਪੁਰਖ ਨਿਰੰਜਣ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਾਮ ਸੱਚਾ ਸਚ ਸਚ ਸਮਝਾਈਆ । ਨਾਮ ਸੱਚਾ ਸਤਿਗੁਰ ਉਪਦੇਸ਼, ਸਤਿਗੁਰ ਪੂਰਾ ਪੁਰਖ ਅਕਾਲ ਇਕ ਜਣਾਈਆ । ਜਿਸ ਦੇ ਹੁਕਮੇ ਅੰਦਰ ਕੋਟਨ ਕੋਟ ਬ੍ਰਹਮਾ ਵਿਸ਼ਨ ਮਹੇਸ਼ ਗਣਪਤ ਗਣੇਸ਼, ਬੈਠੇ ਸੀਸ ਝੁਕਾਈਆ । ਜਿਸ ਦੇ ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਨਿਤ ਨਵਿਤ ਜੁਗ ਜੁਗ ਬਦਲ ਕੇ ਭੇਖ, ਨਿਰਗੁਣ ਸਰਗੁਣ ਫੇਰਾ ਪਾਈਆ । ਜਿਸ ਦੇ ਹੁਕਮ ਅੰਦਰ ਆਤਮ ਪਰਮਾਤਮ ਕਰੇ ਸੱਚਾ ਹੇਤ, ਘਰ ਘਰ ਵਿਚ ਮੇਲ ਮਿਲਾਵਾ ਸਹਿਜ ਸੁਭਾਈਆ । ਸੋ ਸਾਹਿਬ ਸਤਿਗੁਰ ਸਾਚਾ ਨਾਮ ਜਣਾਏ ਨੇਤਨ ਨੇਤ, ਨਿਜ ਘਰ ਵਸਤੂ ਦਏ ਵਖਾਈਆ । ਗੁਰਮੁਖ ਵਿਰਲਾ ਸੰਤ ਸੁਹੇਲਾ ਹਰਿ ਸਰਨਾਈ ਲੱਗ ਕੇ ਲਏ ਪੇਖ, ਪੇਖਤ ਪੇਖਤ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਨਾਮ ਹਰਿਜਨ ਸਾਚੇ ਦਏ ਜਣਾਈਆ । ਏਕਾ ਨਾਮ ਜਨ ਭਗਤ ਪਿਆਰ, ਸਚ ਪ੍ਰੀਤੀ ਆਪ ਜਣਾਇੰਦਾ । ਏਕਾ ਨਾਮ ਸੰਤ ਆਧਾਰ, ਸਿਰ ਆਪਣਾ ਹੱਥ ਟਿਕਾਇੰਦਾ । ਏਕਾ ਨਾਮ ਗੁਰਮੁਖ ਸ਼ਿੰਗਾਰ, ਸੀਸ ਜਗਦੀਸ਼ ਆਪ ਸੁਹਾਇੰਦਾ । ਏਕਾ ਨਾਮ ਗੁਰਸਿਖ ਬੇੜਾ ਲਾਵੇ ਪਾਰ, ਫੜ ਬਾਹੋਂ ਪਾਰ ਕਰਾਇੰਦਾ । ਏਕਾ ਨਾਮ ਪਰਗਟ ਕਰੇ ਆਪ ਨਿਰੰਕਾਰ, ਨਿਰਗੁਣ ਆਪਣਾ ਹੁਕਮ ਵਰਤਾਇੰਦਾ । ਕਲਜੁਗ ਅੰਤ ਲੈ ਅਵਤਾਰ, ਨਿਰਵੈਰ ਆਪਣੀ ਖੇਲ ਸਮਝਾਇੰਦਾ । ਆਤਮ ਬ੍ਰਹਮ ਖੋਲ੍ਹ ਕਿਵਾੜ, ਪੜਦਾ ਦੂਈ ਦਵੈਤ ਉਠਾਇੰਦਾ । ਸਰਬ ਜੀਆਂ ਦਾ ਸਾਂਝਾ ਯਾਰ, ਸਗਲਾ ਸੰਗ ਨਿਭਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਉਠਾਲ, ਧੁਰ ਦਾ ਲੇਖਾ ਸਚ ਜਣਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਹੋਏ ਖ਼ਵਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਕਰੇ ਹਾਹਾਕਾਰ, ਹਿੰਦੂ ਮੁਸਲਮ ਸਿਖ ਈਸਾਈ ਆਪਣਾ ਡੰਕ ਵਜਾਇੰਦਾ । ਪੁਰਖ ਅਕਾਲ ਦੀਨ ਦਿਆਲ ਸਾਚਾ ਕਰੇ ਇਕ ਪਿਆਰ, ਧੁਰ ਪ੍ਰੀਤੀ ਇਕ ਜਣਾਇੰਦਾ । ਰਲ ਮਿਲ ਸਾਰੇ ਏਕਾ ਨਾਉਂ ਲਾਓ ਜੈਕਾਰ, ਇਕਾਵਨ ਬਾਵਨ ਆਪਣੀ ਗੰਢ ਪਵਾਇੰਦਾ । ਲੱਖ ਚੁਰਾਸੀ ਅੰਦਰ ਨਿਰਗੁਣ ਨੂਰ ਨਿਰਗੁਣ ਧਾਰ, ਹੰ ਬ੍ਰਹਮ ਸਰਬ ਸਮਝਾਇੰਦਾ । ਸੋ ਪੁਰਖ ਨਿਰੰਜਣ ਸਭ ਦਾ ਸ਼ਾਹ ਸੁਲਤਾਨ, ਸ਼ਹਿਨਸ਼ਾਹ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਪਰਮਾਤਮ ਇਕੋ ਘਰ ਵਖਾਇੰਦਾ । ਆਤਮ ਪਰਮਾਤਮ ਨਾਮ ਏਕ, ਏਕੰਕਾਰ ਦਏ ਜਣਾਈਆ । ਤੂੰ ਮੇਰਾ ਮੈਂ ਤੇਰਾ ਭੇਖ, ਦੂਜਾ ਨਜ਼ਰ ਕੋਇ ਨਾ ਆਈਆ । ਇਕ ਦੂਜੇ ਨੂੰ ਲਈਏ ਵੇਖ, ਪੜਦਾ ਉਹਲਾ ਵਿਚੋਂ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਸੋ ਕਹੇ ਮੇਰਾ ਨਾਮ ਅਪਾਰ, ਅਪਰੰਪਰ ਆਪ ਜਣਾਈਆ । ਹੰ ਕਹੇ ਮੇਰਾ ਪ੍ਰੇਮ ਅਪਾਰ, ਸਚ ਪ੍ਰੀਤੀ ਇਕ ਲਗਾਈਆ । ਸੋ ਕਹੇ ਮੈਂ ਸਿਰਜਣਹਾਰ, ਸਾਹਿਬ ਸਤਿਗੁਰ ਨਾਉਂ ਧਰਾਈਆ । ਹੰ ਕਹੇ ਮੈਂ ਬਾਲਕ ਨੱਢਾ ਸੇਵਾਦਾਰ, ਸਾਚੀ ਸੇਵ ਕਮਾਈਆ । ਸੋ ਕਹੇ ਮੇਰਾ ਠਾਂਡਾ ਦਰਬਾਰ, ਸਚਖੰਡ ਸਾਚੇ ਵੱਜੇ ਵਧਾਈਆ । ਹੰ ਕਹੇ ਮੈਂ ਤੇਰਾ ਨੂਰ ਪਸਾਰ, ਲੱਖ ਚੁਰਾਸੀ ਰਿਹਾ ਸਮਾਈਆ । ਸੋ ਕਹੇ ਮੇਰਾ ਇਕ ਜੈਕਾਰ, ਹੰ ਕਹੇ ਮੈਂ ਢੋਲਾ

ਗਾਵਾਂ ਚਾਈਂ ਚਾਈਂਆ । ਦੋਹਾਂ ਮਿਲ ਕੇ ਪਰਮ ਪੁਰਖ ਦੀ ਸੱਚੀ ਬਣੇ ਧਾਰ, ਧਾਰ ਧਾਰ ਨਾਲ ਮਿਲਾਈਆ । ਸੋਹੰ ਨਾਮ ਸ਼ਬਦ ਜੈਕਾਰ, ਸਚ ਮੰਤਰ ਇਕ ਦ੍ਰਿੜਾਈਆ । ਜਿਸ ਬਿਨ ਪ੍ਰਭ ਦਾ ਚਲੇ ਨਾ ਕੋਈ ਵਿਹਾਰ, ਦੋ ਜਹਾਨ ਦੇਣ ਦੁਹਾਈਆ । ਸੋਹੰ ਰੂਪ ਸਰਬ ਸੰਸਾਰ, ਵਿਸ਼ਨ ਬ੍ਰਹਮਾ ਸ਼ਿਵ ਸੋਹੰ ਧਾਰ ਅਖਵਾਈਆ । ਸੋਹੰ ਧਾਰ ਗੁਰ ਅਵਤਾਰ, ਪੀਰ ਪੈਗੰਬਰ ਸੋਹੰ ਰੂਪ ਵਟਾਈਆ । ਸੋਹੰ ਰੂਪ ਪ੍ਰਭ ਨਿਰੰਕਾਰ, ਨਿਰਗੁਣ ਨਿਰਗੁਣ ਵੇਖ ਵਖਾਈਆ । ਆਦਿ ਜੁਗਾਦਿ ਜਿਸ ਦਾ ਮੰਤਰ ਫੁਰਨਾ ਰਹੇ ਸੱਚੇ ਦਰਬਾਰ, ਦੋ ਜਹਾਨਾਂ ਵੱਜੇ ਵਧਾਈਆ । ਸੋ ਕਰਤਾ ਕਾਦਰ ਕੁਦਰਤ ਦਏ ਸਿਖਾਲ, ਸਾਚੀ ਸਿਖਿਆ ਕਰੇ ਪੜ੍ਹਾਈਆ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਆਤਮ ਪਰਮਾਤਮ ਬੈਠਾ ਡੇਰਾ ਲਾਈਆ । ਦੋਹਾਂ ਮਿਲ ਕੇ ਹੋਏ ਸਚ ਵਸਾਲ, ਵਸਲ ਇਕੋ ਨਜ਼ਰੀ ਆਈਆ । ਪਰਮ ਪੁਰਖ ਦਾ ਸੱਚਾ ਨਾਮ ਇਕੋ ਅਸਲ ਦਏ ਵਖਾਲ, ਬਿਨ ਅੱਖਰਾਂ ਢੋਲਾ ਗਾਈਆ । ਜਿਸ ਵਿਚ ਦਖ਼ਲ ਦੇਵੇ ਨਾ ਕੋਈ ਦੂਜੀ ਸਰਕਾਰ, ਬਿਨ ਪਰਮਾਤਮ ਆਤਮ ਰੱਯਤ ਰਾਉ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੋ ਜਹਾਨ ਦੇਵੇ ਵਰ, ਨਾਮ ਇਕੋ ਘਰ ਵਖਾਈਆ ।

## ✪ ੧੬ ਅੱਸੂ ੨੦੨੦ ਬਿਕ੍ਰਮੀ ਭਾਗ ਸਿੰਘ ਦੇ ਗ੍ਰਿਹ ਦਬੜੀ ਖ਼ਾਨਾ ਜ਼ਿਲਾ ਬਠਿੰਡਾ ✪



ਸ਼ਾਹ ਪਾਤਸ਼ਾਹ ਸਚ ਸੁਲਤਾਨ, ਦਰ ਤੇਰੇ ਇਕ ਅਰਜ਼ੋਈਆ । ਗੁਰ ਅਵਤਾਰ ਮੰਗਣ ਦਾਨ, ਦੋਏ ਜੋੜ ਵਾਸਤਾ ਪਾਈਆ । ਪੀਰ ਪੈਗੰਬਰ ਚਰਨ ਕਵਲ ਕਰਨ ਧਿਆਨ, ਨੇਤਰ ਨੈਣ ਨੈਣ ਸ਼ਰਮਾਈਆ । ਕਿਰਪਾ ਕਰ ਸ੍ਰੀ ਭਗਵਾਨ, ਬੇਅੰਤ ਤੇਰੀ ਸਰਨਾਈਆ । ਦੋ ਜਹਾਨ ਨੇਤਰ ਨੀਰ ਵਹਾਣ, ਧੀਰਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਮਿਹਰਵਾਨ ਆਪਣਾ ਫੇਰਾ ਪਾਈਆ । ਦੋ ਜਹਾਨ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਈਆ । ਵਿਸ਼ਨੂੰ ਵਿਸ਼ਵ ਵੇਖੇ ਕਰ ਵਿਚਾਰ, ਅਨਦ੍ਰਿਸ਼ਟੀ ਆਪਣੀ ਦ੍ਰਿਸ਼ਟ ਖੁਲ੍ਹਾਈਆ । ਬ੍ਰਹਮਾ ਬ੍ਰਹਮ-ਵੇਤਾ ਚਾਰੇ ਕੁੰਟ ਰਿਹਾ ਨੈਣ ਉਘਾੜ, ਆਪਣੀ ਅੱਖ ਖੁਲ੍ਹਾਈਆ । ਸ਼ੰਕਰ ਪਾਵਣਹਾਰਾ ਸਾਰ, ਧੂੰਆਂਧਾਰ ਸੁਨ ਅਗੰਮ ਖੋਜੇ ਥਾਉਂ ਥਾਈਂਆ । ਮੀਤ ਨਜ਼ਰ ਨਾ ਆਏ ਕੋਈ ਮੁਰਾਰ, ਸੱਜਣ ਰੂਪ ਨਾ ਕੋਇ ਵਖਾਈਆ । ਕਰ ਕਿਰਪਾ ਪ੍ਰਭ ਸਿਰਜਣਹਾਰ, ਨਿਰਗੁਣ ਨਿਰਵੈਰ ਪੁਰਖ ਅਕਾਲ ਤੇਰੀ ਵਡਿਆਈਆ । ਹਉਂ ਠਾਕਰ ਸੇਵਕ ਮੰਗਾਂ ਧੂੜੀ ਛਾਰ, ਤੇਰੇ ਚਰਨ ਓਟ ਤਕਾਈਆ । ਤੂੰ ਕਰਨੀ ਕਰਤਾ ਕਰਨੇਹਾਰ, ਤੁਧ ਬਿਨ ਕੀਮਤ ਕੋਇ ਨਾ ਪਾਈਆ । ਇਕੋ ਦਰ ਤੇਰਾ ਠਾਂਡਾ ਦਰਬਾਰ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਨਿਰਗੁਣ ਨਿਰਗੁਣ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗੰਬਰ ਦੋਏ ਜੋੜ, ਦਰ ਘਰ ਸਾਚੇ ਵਾਸਤਾ ਪਾਈਆ । ਸ੍ਰੀ ਭਗਵਾਨ ਪਤਿਪਰਮੇਸ਼ਵਰ ਪੁਰਖ ਅਕਾਲ ਤੇਰੀ ਲੋੜ, ਨਿਰਵੈਰ ਤੇਰੀ ਇਕੋ ਓਟ ਰਖਾਈਆ । ਧੁਰਦਰਗਾਹੀ ਬੇਪਰਵਾਹੀ ਸ਼ਬਦ ਅਗੰਮੀ ਚੜ੍ਹ ਘੋੜ, ਦੋ ਜਹਾਨਾਂ ਵੇਖ ਵਖਾਈਆ । ਲੋਕ ਪਰਲੋਕ ਰਸ ਦਿਸੇ ਮਿੱਠਾ ਕੌੜ, ਅੰਮ੍ਰਿਤ ਮੇਘ ਦੇ ਬਰਸਾਈਆ । ਚਾਰੇ ਕੁੰਟ ਅੰਧੇਰਾ ਘੋਰ, ਨੌ ਖੰਡ ਸਾਚਾ ਚੰਦ ਨਾ ਕੋਇ ਚਮਕਾਈਆ । ਪੰਚ ਵਿਕਾਰਾ ਦੇਵੇ ਕੋਈ ਨਾ ਹੋੜ, ਸ਼ਾਸਤਰ ਸਿਮਰਤ ਵੇਦ ਪੁਰਾਨ

ਉਚੀ ਕੂਕਣ ਦੇਣ ਦੁਹਾਈਆ । ਗੀਤਾ ਗਿਆਨ ਚਲੇ ਕੋਈ ਨਾ ਜ਼ੋਰ, ਬਾਰਾਂ ਅਕਸ਼ਰ ਸਿਫ਼ਤ ਨਾ ਕੋਈ ਸਾਲਾਹੀਆ । ਅੰਜੀਲ ਕੁਰਾਨ ਨੇਤਰ ਰੋਵਣ ਜ਼ਾਰੋ ਜ਼ਾਰ, ਹੰਝੂਆਂ ਹਾਰ ਇਕ ਪਰੋਈਆ । ਪੀਰ ਪੈਗੰਬਰ ਵਾਜਾਂ ਰਹੇ ਮਾਰ, ਦਰੋਹੀ ਤੇਰੇ ਨਾਮ ਖ਼ੁਦਾਈਆ । ਚਾਰੇ ਖਾਣੀ ਰੋਵੇ ਧਾਹਾਂ ਮਾਰ, ਧਰਨੀ ਧਰਤ ਧਵਲ ਰਹੀ ਕੁਰਲਾਈਆ । ਚਾਰੇ ਬਾਣੀ ਗਈ ਹਾਰ, ਪਰਾ ਪਸੰਤੀ ਮਧਮ ਬੈਖਰੀ ਬੈਠੀ ਮੁਖ ਛੁਪਾਈਆ । ਤ੍ਰੈਗੁਣ ਮਾਇਆ ਨਾਰ ਹੋਈ ਮੁਟਿਆਰ, ਕਲਜੁਗ ਆਪਣਾ ਜੋਬਨ ਰਹੀ ਵਖਾਈਆ । ਪੰਜ ਤਤ ਲਾੜਾ ਕਰੇ ਖ਼ਬਰਦਾਰ, ਸਚ ਸੰਦੇਸਾ ਇਕ ਸੁਣਾਈਆ । ਦਹਿ ਦਿਸ਼ਾ ਫਿਰੇ ਵਾਰੋ ਵਾਰ, ਚਾਰੋ ਕੁੰਟ ਆਪਣਾ ਫੇਰਾ ਪਾਈਆ । ਸਾਧ ਸੰਤ ਜੀਵ ਜੰਤ ਆਤਮ ਪਰਮਾਤਮ ਕਰੇ ਨਾ ਕੋਇ ਪਿਆਰ, ਸਾਚਾ ਰੰਗ ਤਨ ਨਾ ਕੋਇ ਰੰਗਾਈਆ । ਜੂਠ ਝੂਠ ਦਹਿ ਦਿਸ਼ਾ ਸਰਬ ਕਰੇ ਖ਼ਵਾਰ, ਡੌਰੂ ਆਪਣਾ ਡੰਕ ਵਜਾਈਆ । ਕਰ ਕਿਰਪਾ ਸਿਰਜਣਹਾਰ, ਬੇਅੰਤ ਬੇਪਰਵਾਹ ਦਰ ਤੇਰੇ ਅਲੱਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਏਕੰਕਾਰ ਇਕੋ ਇਕ ਜਣਾਈਆ । ਸਚ ਸੰਦੇਸਾ ਦਏ ਪੈਗ਼ਾਮ, ਗੁਰ ਅਵਤਾਰਾਂ ਪੀਰ ਪੈਗੰਬਰਾਂ ਆਪ ਜਣਾਇੰਦਾ । ਲੇਖਾ ਜਾਣੇ ਨੌਜਵਾਨ, ਬੇਪਰਵਾਹ ਆਪਣੀ ਧਾਰ ਸਮਝਾਇੰਦਾ । ਸਰਬ ਜੀਆਂ ਪ੍ਰਭ ਦੇਵਣਹਾਰ ਗਿਆਨ, ਬੋਧ ਅਗਾਧਾ ਆਤਮ ਭੇਵ ਖੁਲ੍ਹਾਇੰਦਾ । ਬ੍ਰਹਿਮੰਡ ਖੰਡ ਇਕੋ ਰਾਗ ਸੁਣਾਨ, ਕੂੜੀ ਕਿਰਿਆ ਕਰਨਹਾਰ ਖੰਡਤ, ਨਾਮ ਖੰਡਾ ਤੇਜ਼ ਚੰਡ ਪਰਚੰਡ ਇਕ ਚਮਕਾਇੰਦਾ । ਗੜ੍ਹ ਤੋੜੇ ਹਉਮੇਂ ਹੰਗਤ, ਹੰ ਬ੍ਰਹਮ ਆਪਣਾ ਭੇਵ ਖੁਲਾਇੰਦਾ । ਚਾਰ ਵਰਨ ਬਣਾ ਇਕੋ ਸੰਗਤ, ਆਤਮ ਪੰਗਤ ਆਪ ਵਖਾਇੰਦਾ । ਲੇਖਾ ਤੋੜ ਕੂੜੀ ਧਾਰ ਜੇਰਜ ਅੰਡਜ, ਉਤਭੁਜ ਸੇਤਜ ਆਪਣੇ ਲੇਖੇ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕੋ ਵਾਰ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਨਿਮਸਕਾਰ, ਸਚ ਧਿਆਨ ਇਕ ਲਗਾਈਆ । ਤੇਰੀ ਕਿਰਪਾ ਸਿਰਜਣਹਾਰ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਜੁਗ ਚੌਕੜੀ ਤੇਰੀ ਧਾਰ, ਨਿਰਗੁਣ ਸਰਗੁਣ ਖੇਲ ਕਰਾਈਆ । ਤੇਰਾ ਨਾਮ ਸ਼ਬਦ ਜੈਕਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਹੇ ਜਸ ਗਾਈਆ । ਹਉਂ ਬਾਲਕ ਬਾਲੀ ਬੁਧ ਨਾਦਾਨ, ਤੇਰਾ ਅੰਤ ਕੋਇ ਨਾ ਪਾਈਆ । ਨਿਤ ਨਵਿਤ ਤੇਰਾ ਸੁਣਦੇ ਰਹੇ ਧੁਰ ਫ਼ਰਮਾਨ, ਸਚ ਸੰਦੇਸਾ ਇਕੋ ਇਕ ਅਲਾਈਆ । ਸੇਵਾ ਕਰਦੇ ਵਿਚ ਜਹਾਨ, ਲੱਖ ਚੁਰਾਸੀ ਜੀਵ ਜੰਤ ਸਮਝਾਈਆ । ਤੇਰਾ ਲੇਖਾ ਲਿਖਤ ਦੇ ਕੇ ਆਏ ਮਹਾਨ, ਮਹਿਮਾ ਅਕਥਨਾ ਕਥ ਸੁਣਾਈਆ । ਆਤਮ ਪਰਮਾਤਮ ਦੇ ਕੇ ਆਏ ਗਿਆਨ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਖੁਲ੍ਹਾਈਆ । ਕਾਇਆ ਮੰਦਰ ਵਸਦੇ ਰਹੇ ਸਚ ਮਕਾਨ, ਮੱਕਾ ਕਾਅਬਾ ਸ਼ਿਵਦਵਾਲਾ ਮੱਠ ਮੰਦਰ ਇਕੋ ਇਕ ਸੁਹਾਈਆ । ਘਰ ਘਰ ਵਿਚ ਵਸੇ ਭਗਵਾਨ, ਬਾਹਰ ਲੱਭਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਵਿਛੋੜਾ ਰਹੇ ਨਾ ਰਾਈਆ । ਸ੍ਰੀ ਭਗਵਾਨ ਦੱਸੇ ਮੀਤ, ਮਿੱਤਰ ਪਿਆਰਾ ਆਪ ਜਣਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਪਰਮ ਪੁਰਖ ਦਾ ਇਕੋ ਗੀਤ, ਸਾਚਾ ਸੋਹਲਾ ਨਾਮ ਸੁਣਾਇੰਦਾ । ਜਿਸ ਦੀ ਮਹਿਮਾ ਕਰਨ ਬਹਿ ਬਹਿ ਮੰਦਰ ਮਸੀਤ, ਗੁਰੁਦੁਆਰ ਗੁਰ ਗੁਰ ਭੇਵ ਖੁਲ੍ਹਾਇੰਦਾ । ਸੋ ਸਾਹਿਬ ਸਤਿਗੁਰ ਸ਼ਬਦ ਸੁਆਮੀ ਵਸੇ ਧਾਮ ਅਨਡੀਠ, ਘਰ ਸਾਚੇ ਆਪਣਾ ਆਸਣ ਇਕ ਲਗਾਇੰਦਾ । ਜੋ ਸਰਗੁਣ ਨਿਰਗੁਣ ਕਰੇ ਸਚ ਪ੍ਰੀਤ, ਤਿਸ ਪ੍ਰੀਤੀਵਾਨ ਆਪਣੀ ਦਇਆ ਕਮਾਇੰਦਾ । ਕਾਇਆ

੬੮੧
੧੫

ਮੰਦਰ ਅੰਦਰ ਬੰਦ ਕਿਵਾੜੀ ਖੋਲ੍ਹੇ ਛੋਟੀ ਝੀਤ, ਪੜਦਾ ਓਹਲਾ ਆਪ ਚੁਕਾਇੰਦਾ । ਸਾਚਾ ਦਰਸ ਅਗੰਮੀ ਅਤੀਤ, ਮਾਰਗ ਆਪਣਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰੂ ਗੁਰਦੇਵ ਸੁਆਮੀ ਸਰਬ ਜੀਆਂ ਘਟ ਅੰਤਰਜਾਮੀ, ਆਤਮ ਆਤਮ ਪੜਦਾ ਆਪ ਉਠਾਇੰਦਾ । ਸਰਬ ਜੀਆਂ ਦਾਤਾ ਪ੍ਰਭ ਏਕ, ਏਕੰਕਾਰ ਦਏ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਰੱਖਦੇ ਟੇਕ, ਮਿਹਰਵਾਨ ਸਿਰ ਸਭ ਦੇ ਹੱਥ ਟਿਕਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਬਣਿਆ ਲੇਖ, ਮਹਿਮਾ ਕਥ ਕਥ ਜਣਾਈਆ । ਜੁਗ ਚੌਕੜੀ ਨਿਰਗੁਣ ਸਰਗੁਣ ਧਾਰਨਹਾਰਾ ਭੇਖ, ਲੋਕਮਾਤ ਆਵੇ ਜਾਵੇ ਵਾਹੋ ਦਾਹੀਆ । ਕੂੜੀ ਕਿਰਿਆ ਸਦਾ ਸੁਹੇਲਾ ਮੇਟੇ ਅੰਧੇਰੀ ਰਾਤ, ਸਾਚਾ ਸਤਿ ਚੰਦ ਕਰੇ ਰੁਸ਼ਨਾਈਆ । ਲੱਖ ਚੁਰਾਸੀ ਵਿਚੋ ਜਨ ਭਗਤਾਂ ਕਰੇ ਸਾਚਾ ਹੇਤ, ਹਿਤਕਾਰੀ ਆਪਣਾ ਪੜਦਾ ਦਏ ਚੁਕਾਈਆ । ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਲੋਚਣ ਦਏ ਖੁਲ੍ਹਾਈਆ । ਆਤਮ ਪਰਮਾਤਮ ਸਾਚੀ ਦੱਸੇ ਅਗੰਮੀ ਖੇਡ, ਗੋਪੀ ਕਾਹਨ ਸੁਰਤੀ ਸ਼ਬਦੀ ਘਰ ਨਾਚ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਇੰਦਾ । ਮੁਕਾਮੇ ਹੱਕ ਵਸ ਸਾਂਝਾ ਯਾਰ, ਸਚ ਤੌਫ਼ੀਕ ਇਕ ਬਣਾਇੰਦਾ । ਨੂਰ ਇਲਾਹੀ ਪਰਵਰਦਿਗਾਰ, ਜਲਵਾਗਰ ਇਕੋ ਨੂਰ ਡਗਮਗਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਧਾਮ ਨਿਆਰ, ਸਚਖੰਡ ਦੁਆਰ ਸੋਭਾ ਪਾਇੰਦਾ । ਥਿਰ ਘਰ ਬੰਦ ਕਿਵਾੜ, ਸ਼ਬਦੀ ਸੁੱਤ ਸੁੱਤ ਦੁਲਾਰਾ ਨਾਲ ਮਿਲਾਇੰਦਾ । ਲੇਖਾ ਜਾਣੇ ਦੋ ਜਹਾਨ, ਜੋਧਾ ਸੂਰਬੀਰ ਬਲੀ ਬਲਵਾਨ, ਸਚ ਉਠਾਏ ਇਕ ਨਿਸ਼ਾਨ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਇਕੋ ਨਜ਼ਰੀ ਆਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਇਕੋ ਚਰਨ ਧਿਆਨ, ਸਮਰਥ ਪੁਰਖ ਵਡ ਦਾਤਾ ਲੇਖਾ ਜਾਣੇ ਜੀਵ ਜਹਾਨ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਗ੍ਰਿਹਿ ਮੰਦਰ ਅੰਦਰ ਘਰ ਘਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗੰਬਰ ਲੋਕਮਾਤ ਸਾਚੀ ਸੇਵਾ ਆਪ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਆਖ, ਉਚੀ ਕੂਕ ਕੂਕ ਸੁਣਾਈਆ । ਪਾਰਬ੍ਰਹਮ ਪ੍ਰਭ ਦਾਤਾ ਦਾਨੀ ਸਰਬ ਗੁਣ ਤਾਸ, ਵਡ ਵੱਡਾ ਵਡ ਵਡਿਆਈਆ । ਜੁਗ ਚੌਕੜੀ ਸਭ ਦੀ ਪੂਰੀ ਕਰੇ ਆਸ, ਆਸਾ ਆਪਣੇ ਨਾਲ ਮਿਲਾਈਆ । ਘਟ ਨਿਵਾਸੀ ਨਿਰਗੁਣ ਜੋਤ ਕਰ ਪਰਕਾਸ਼, ਨੂਰ ਨੁਰਾਨਾ ਬੈਠਾ ਡੇਰਾ ਲਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਸਤਿਗੁਰ ਪੂਰਾ ਬਣ ਕੇ ਦਾਸੀ ਦਾਸ, ਬ੍ਰਹਮਵੇਤਾ ਧੁਰ ਦਾ ਨੇਤਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਭੇਵ ਚੁਕਾਈਆ । ਮਾਤ ਗਰਭ ਦਾ ਸਭ ਨੂੰ ਕਰਾਏ ਚੇਤਾ, ਜੋ ਭੁੱਲੇ ਜੀਵ ਪਰਾਣੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਧਾਰ ਆਪ ਸਮਝਾਈਆ । ਧੁਰ ਦੀ ਧਾਰ ਕਰਤਾ ਪੁਰਖ, ਸੋ ਸਾਹਿਬ ਆਪ ਜਣਾਈਆ । ਪੁਰਖ ਅਕਾਲ ਸੱਚਾ ਦਰਸ, ਦੀਦ ਇਕੋ ਇਕ ਰੁਸ਼ਨਾਈਆ । ਜਨਮ ਜਨਮ ਦੀ ਮੇਟੇ ਹਰਸ, ਕਰਮ ਕਰਮ ਦਾ ਰੋਗ ਚੁਕਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਨਿਝਰ ਝਿਰਨਾ ਇਕ ਝਿਰਾਈਆ । ਤ੍ਰੈਗੁਣ ਅਗਨੀ ਬੁਝੇ ਤੜਪ, ਸਾਂਤਕ ਸਤਿ ਸਤਿ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗੰਬਰ ਇਕੋ ਮਾਰਗ ਦਏ ਜਣਾਈਆ । ਇਕੋ ਮਾਰਗ ਲੈਣਾ ਸਿਖ,

੬੮੨
੧੫

ਸੋ ਸੱਜਣ ਆਪ ਜਣਾਈਆ । ਬਿਨ ਕਲਮ ਸ਼ਾਹੀ ਦਰਗਹਿ ਸਾਚੀ ਲੇਖਾ ਦਏ ਲਿਖ, ਕਾਗ਼ਜ਼ ਦਵਾਤ ਨਜ਼ਰ ਕੋਇ ਨਾ ਆਈਆ । ਦੋ ਜਹਾਨ ਨੌਜਵਾਨ ਸ੍ਰੀ ਭਗਵਾਨ ਸਾਚਾ ਕਰਨਾ ਦੱਸੇ ਹਿਤ, ਹਿਤਕਾਰੀ ਆਪਣੀ ਬੂਝ ਬੁਝਾਈਆ । ਆਉਣਾ ਜਾਣਾ ਖੇਲ ਨਿਤ ਨਵਿਤ, ਜੁਗ ਚੌਕੜੀ ਬੰਧਨ ਪਾਈਆ । ਸਚ ਭੰਡਾਰ ਪਾਵੇ ਭਿਖ, ਵਸਤ ਅਮੋਲਕ ਆਪ ਵਰਤਾਈਆ । ਨਿਰਗੁਣ ਸਰਗੁਣ ਨਿਰਵੈਰ ਹੋ ਕੇ ਆਏ ਦਿਸ, ਦੂਜੀ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਕਾਇਆ ਗੋਲਕ ਘਰ ਘਰ ਵਿਚ ਆਪ ਰਖਾਈਆ । ਗੁਰ ਅਵਤਾਰ ਕਰਨ ਅਰਦਾਸ, ਪ੍ਰਭ ਤੇਰੇ ਚਰਨ ਮਿਲੇ ਵਡਿਆਈਆ । ਲੋਕਮਾਤ ਰਹਿਣਾ ਸਦਾ ਪਾਸ, ਬੇਪਰਵਾਹ ਵਿਛੜ ਕਦੇ ਨਾ ਜਾਈਆ । ਤੇਰਾ ਮੰਡਲ ਤੇਰਾ ਮੰਡਪ ਤੇਰੀ ਪਾਈਏ ਰਾਸ, ਤੇਰਾ ਨੂਰ ਤੇਰਾ ਰੂਪ ਗੋਪੀ ਕਾਹਨ ਨਜ਼ਰੀ ਆਈਆ । ਤੇਰਾ ਵੇਖੀਏ ਖੇਲ ਤਮਾਸ਼, ਸੀਤਾ ਸੁਰਤੀ ਤੇਰੇ ਨਾਲ ਪਰਨਾਈਆ । ਤੇਰਾ ਨਾਮ ਜਣਾਈਏ ਬੋਧ ਅਗਾਧ, ਨਿਸ਼ਅੱਖਰ ਅੱਖਰ ਤੇਰੀ ਪੜ੍ਹਾਈਆ । ਤੇਰਾ ਲੇਖਾ ਵਿਚ ਸਦਾ ਵਿਸਮਾਦ, ਬਿਸਮਲ ਤੇਰੀ ਧਾਰ ਨਜ਼ਰੀ ਆਈਆ । ਮਿਹਰਵਾਨ ਹੋ ਕੇ ਦੇ ਆਪਣੀ ਦਾਦ, ਮਿਹਰ ਨਜ਼ਰ ਇਕ ਉਠਾਈਆ । ਸੇਵਾ ਕਰੀਏ ਵਿਚ ਬ੍ਰਹਿਮਾਦ, ਬ੍ਰਹਿਮੰਡ ਤੇਰਾ ਹੁਕਮ ਸੁਣਾਈਆ । ਨਾਤਾ ਜੋੜੀਏ ਜੇਰਜ ਅੰਡ, ਉਤਭੁਜ ਸੇਤਜ ਬੰਧਨ ਪਾਈਆ । ਨਿਰਗੁਣ ਸਰਗੁਣ ਦੇਦੇ ਗੰਢ, ਤੇਰੀ ਗੰਢ ਤੁਧ ਬਿਨ ਖੋਲ੍ਹ ਸਕੇ ਨਾ ਕੋਈ ਰਾਈਆ । ਤੇਰੇ ਪ੍ਰੇਮ ਪਿਆਰ ਅੰਦਰ ਪਈ ਸੱਚੀ ਠੰਡ, ਸੀਤਲ ਸਾਂਤਕ ਸਤਿ ਰੂਪ ਵਟਾਈਆ । ਤੇਰਾ ਨੂਰ ਤੇਰਾ ਚੰਦ, ਤੇਰਾ ਸੂਰੀਆ ਤੇਰੇ ਚਰਨ ਕਰੇ ਰੁਸ਼ਨਾਈਆ । ਹਉਂ ਸੇਵਕ ਦਾਸ ਭਿਖਾਰੀ ਰਹੇ ਮੰਗ, ਦਰ ਦਰਵੇਸ਼ ਅਲੱਖ ਜਗਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਮਿਹਰ ਨਜ਼ਰ ਉਠਾਈਆ । ਅੰਗੀਕਾਰ ਲਾਉਣਾ ਅੰਗ, ਅੰਗ ਆਪਣੇ ਨਾਲ ਮਿਲਾਈਆ । ਤੇਰਾ ਨਾਮ ਵਜਾਈਏ ਮਰਦੰਗ, ਅਨਹਦ ਅਨਾਦੀ ਸੁਰ ਤਾਲ ਰਖਾਈਆ । ਲੱਖ ਚੁਰਾਸੀ ਅੰਦਰ ਵੇਖੀਏ ਲੰਘ, ਸੁਖਮਨ ਟੇਢੀ ਬੰਕ ਈੜਾ ਪਿੰਗਲ ਰਾਹ ਵਿਚ ਸਕੇ ਨਾ ਕੋਇ ਅਟਕਾਈਆ । ਤੇਰੇ ਮੰਦਰ ਵੜ ਕੇ ਸਾਚੇ ਪੌੜੇ ਚੜ੍ਹ ਕੇ ਆਤਮ ਸੇਜਾ ਖੜ ਕੇ ਪ੍ਰਭੂ ਤੇਰਾ ਗਾਈਏ ਛੰਦ, ਤੂੰ ਮੇਰਾ ਮੈਂ ਤੇਰਾ, ਸੋਹੰ ਸਤਿ ਸਰੂਪ ਸਮਾਈਆ । ਓਥੇ ਪਿਛਲਾ ਕੋਈ ਰਹੇ ਨਾ ਝੇੜਾ, ਖੁਲ੍ਹਾ ਦਿਸੇ ਇਕੋ ਵਿਹੜਾ, ਜਿਥੇ ਭਗਤਾਂ ਲੱਗਾ ਡੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਨਾ ਕੋਈ ਦਿਸੇ ਚੁਰਾਸੀ ਗੇੜਾ, ਨਾ ਕੋਈ ਕਹੇ ਪਿਤਾ ਪੁਤ ਮੇਰਾ, ਨਾ ਕੋਈ ਨਾਰੀ ਕੰਤ ਪਾਵੇ ਘੇਰਾ, ਭੈਣ ਭਾਈ ਸੰਗ ਨਾ ਕੋਇ ਬਣਾਈਆ । ਕੂੜੀ ਕਿਰਿਆ ਮਿਟੇ ਝੇੜਾ, ਮਾਇਆ ਮਮਤਾ ਹਉਮੇਂ ਹੰਗਤਾ ਉਜੜੇ ਖੇੜਾ, ਇਕੋ ਰੂਪ ਤੇਰਾ ਨਜ਼ਰੀ ਆਏ ਨਾ ਕੋਈ ਸੰਝ ਨਾ ਸਵੇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਂਣਾ ਸਾਚਾ ਘਰ, ਜਿਸ ਘਰ ਤੇਰੇ ਨਾਮ ਵੱਜੇ ਵਧਾਈਆ । ਪੁਰਖ ਅਕਾਲ ਆਖ ਸੁਣੌਂਦਾ ਏ । ਧੁਰ ਦਾ ਭੇਵ ਖੁਲੌਂਦਾ ਏ । ਸਚਖੰਡ ਨਿਵਾਸੀ ਆਪਣਾ ਪੜਦਾ ਲੌਂਹਦਾ ਏ । ਮੁਖ ਨਕਾਬ ਨਾ ਕੋਇ ਰਖੌਂਦਾ ਏ । ਜਲਵਾ ਇਕੋ ਨੂਰ ਰਸ਼ਨੌਂਦਾ ਏ । ਜੋਤੀ ਜੋਤ ਡਗਮਗੌਂਦਾ ਏ । ਸਾਚੇ ਮੰਦਰ ਸੋਭਾ ਪੌਂਦਾ ਏ । ਛੱਪਰ ਛੰਨ ਨਾ ਕੋਇ ਛੁਹੌਂਦਾ ਏ । ਚਾਰ ਦੀਵਾਰ ਨਾ ਕੋਇ ਬਣੌਂਦਾ ਏ । ਬਾਢੀ ਸੰਗ ਨਾ ਕੋਇ ਰਖੌਂਦਾ ਏ । ਸੂਰਜ ਚੰਦ ਨਾ ਕੋਇ ਚਮਕੌਂਦਾ ਏ । ਮੰਡਲ ਮੰਡਪ ਨਾ ਕੋਇ ਵਖੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਨਜ਼ਰ ਕੋਇ ਨਾ ਔਂਦਾ ਏ । ਪੁਰਖ ਅਕਾਲ ਦੀਨ ਦਿਆਲ ਸਚ ਦੁਆਰੇ ਇਕੋ ਸੋਭਾ ਪੌਂਦਾ ਏ । ਆਦਿ ਜੁਗਾਦੀ

ਨੌਜਵਾਨ, ਬਿਰਧ ਬਾਲ ਨਾ ਰੂਪ ਵਟੌਂਦਾ ਏ । ਜਿਧਰ ਵੇਖੇ ਮਾਰ ਧਿਆਨ, ਆਪਣਾ ਆਪ ਆਪੇ ਨਜ਼ਰੀ ਔਂਦਾ ਏ । ਆਪੇ ਖੇਲ ਕਰੇ ਮਹਾਨ, ਆਪਣੀ ਬਣਤ ਆਪ ਬਣੌਂਦਾ ਏ । ਆਪਣੀ ਇਛਿਆ ਕਰ ਪਰਧਾਨ, ਆਪਣੇ ਵਿਚੋ ਪਰਗਟੌਂਦਾ ਏ । ਆਪੇ ਰਾਜਾ ਬਣ ਰਾਜਾਨ, ਸ਼ਹਿਨਸ਼ਾਹ ਆਪਣਾ ਨਾਉਂ ਧਰੌਂਦਾ ਏ । ਆਪੇ ਬਣੇ ਹੁਕਮਰਾਨ, ਧੁਰ ਫ਼ਰਮਾਨਾ ਆਪ ਸੁਣੌਂਦਾ ਏ । ਆਪੇ ਬਣ ਕੇ ਦਰ ਦਰਬਾਨ, ਦਰਵੇਸ਼ ਆਪਣੀ ਸੇਵ ਕਮੌਂਦਾ ਏ । ਆਪੇ ਖੇਲ ਕਰੇ ਮਹਾਨ, ਨਾਰੀ ਕੰਤ ਰੂਪ ਵਟੌਂਦਾ ਏ । ਆਪੇ ਸੇਜੇ ਚੜ੍ਹੇ ਆਣ, ਰੰਗ ਰਲੀ ਆਪ ਮਨੌਂਦਾ ਏ । ਆਪੇ ਬਣ ਨਾਰ ਰਕਾਨ, ਜੋਬਨ ਨੂਰ ਵਿਚੋ ਪਰਗਟੌਂਦਾ ਏ । ਆਪੇ ਵੇਖੇ ਮਾਰ ਧਿਆਨ, ਬਿਨ ਅੱਖਾਂ ਵੇਖ ਵਖੌਂਦਾ ਏ । ਆਪੇ ਖੇਲ ਕਰੇ ਭਗਵਾਨ, ਭਗਵਨ ਆਪਣੀ ਕਾਰ ਕਮੌਂਦਾ ਏ । ਆਪੇ ਹੋਏ ਮਿਹਰਵਾਨ, ਮਿਹਰ ਮੁਹੱਬਤ ਆਪਣੀ ਆਪ ਸਮਝੌਂਦਾ ਏ । ਆਪੇ ਜਨਨੀ ਜਨ ਬਣ ਕੇ ਜਨਮੇ ਬਾਲ ਨਿਧਾਨ, ਬੱਚਾ ਸ਼ਬਦ ਇਕ ਪਰਗਟੌਂਦਾ ਏ । ਸਾਚਾ ਸੁੱਤ ਕਰ ਪਰਧਾਨ, ਧੁਰ ਸੰਦੇਸਾ ਇਕ ਸੁਣੌਂਦਾ ਏ । ਉਠ ਲਾਡਲੇ ਮੇਰੇ ਨੌਜਵਾਨ, ਤੇਰੇ ਜਿਹਾ ਦੂਜਾ ਨਜ਼ਰ ਕੋਇ ਨਾ ਔਂਦਾ ਏ । ਤੇਰੀ ਸੇਵਾ ਲਾਵਾਂ ਮਹਾਨ, ਥਿਰ ਘਰ ਤੇਰੇ ਲੀਏ ਬਣੌਂਦਾ ਏ । ਤੇਰਾ ਹੁਕਮ ਬਣਾਏ ਹੁਕਮਰਾਨ, ਸਿਰ ਤੇਰੇ ਹੱਥ ਟਿਕੌਂਦਾ ਏ । ਤੇਰਾ ਬੰਸ ਜਣਾਏ ਮਹਾਨ, ਵਿਸ਼ਨ ਬ੍ਰਹਮਾ ਸ਼ਿਵ ਤੇਰੀ ਗੋਦ ਬਹੌਂਦਾ ਏ । ਤੇਰਾ ਖੇਲ ਕਰੇ ਗੁਣ ਨਿਧਾਨ, ਗੁਣਵੰਤਾ ਆਪਣਾ ਗੁਣ ਤੇਰੇ ਵਿਚੋ ਬਾਹਰ ਕਢੌਂਦਾ ਏ । ਤ੍ਰੈਗੁਣ ਮਾਇਆ ਪੰਜ ਤਤ ਤੇਰਾ ਅੰਗ ਕਟੌਂਦਾ ਏ । ਚਾਰੇ ਖਾਣੀ ਕਰ ਪਰਵਾਨ, ਅੰਡਜ ਜੇਰਜ ਉਤਭੁਜ ਸੇਤਜ ਲੱਖ ਚੁਰਾਸੀ ਤੇਰਾ ਬੰਧਨ ਪੌਂਦਾ ਏ । ਚਾਰੇ ਬਾਣੀ ਦੇ ਗਿਆਨ, ਪਰਾ ਪਸੰਤੀ ਮਧਮ ਬੈਖਰੀ ਤੇਰੇ ਵਿਚੋ ਪਰਗਟੌਂਦਾ ਏ । ਵਿਸ਼ਨੂੰ ਮੰਗੇ ਤੈਥੋ ਪਕਵਾਨ, ਬ੍ਰਹਮਾ ਬ੍ਰਹਮ ਤੇਰਾ ਰੂਪ ਮੰਗ ਮੰਗੌਂਦਾ ਏ । ਸ਼ੰਕਰ ਤੇਰਾ ਮੰਗੇ ਬਲ ਮਹਾਨ, ਤ੍ਰੈਗੁਣ ਮਾਇਆ ਮੇਟ ਮਿਟੌਂਦਾ ਏ । ਕਰ ਕਿਰਪਾ ਪੁੱਤ ਸੁਜਾਨ, ਸ੍ਰੀ ਭਗਵਾਨ ਸਭ ਕੁਛ ਤੇਰੇ ਹੱਥ ਫੜੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਪੁਰਖ ਆਪਣੀ ਰਚਨਾ ਰਚ ਸ਼ਬਦੀ ਮਾਰਗ ਇਕ ਚਲੌਂਦਾ ਏ । ਸ਼ਬਦ ਕਹੇ ਪ੍ਰਭ ਮੇਰੇ ਮੀਤ, ਸਾਹਿਬ ਸਤਿਗੁਰ ਤੇਰੀ ਸਰਨਾਈਆ । ਮੈਂ ਬਾਲਾ ਨਿੱਕਾ ਕੀਟਨ ਕੀਟ, ਤੇਰਾ ਭੇਵ ਕੋਇ ਨਾ ਆਈਆ । ਮੈਂ ਨੀਕਨ ਨੀਕ ਨੀਚੋ ਨੀਚ, ਬੇਅੰਤ ਤੇਰੀ ਸੋਭਾ ਕਹਿਣ ਨਾ ਪਾਈਆ । ਕਿਰਪਾ ਕਰ ਮੋਹੇ ਬਖ਼ਸ਼ ਇਕ ਪ੍ਰੀਤ, ਦਰ ਤੇਰੇ ਮੰਗ ਮੰਗਾਈਆ । ਮੈਂ ਸਦਾ ਪ੍ਰਭੂ ਤੇਰੇ ਵਸਾਂ ਚਰਨ ਨਜ਼ਦੀਕ, ਦੂਜਾ ਘਰ ਨਜ਼ਰ ਕੋਇ ਨਾ ਆਈਆ । ਤੂੰ ਆਦਿ ਜੁਗਾਦੀ ਰਹਿਣਹਾਰਾ ਅਤੀਤ, ਸਚਖੰਡ ਬੈਠਾ ਡੇਰਾ ਲਾਈਆ । ਖ਼ਾਲੀ ਝੋਲੀ ਤੈਥੋ ਮੰਗਾਂ ਭੀਖ, ਦਾਤ ਅਨਮੁਲੜੀ ਦੇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦੂਜੇ ਦਰ ਮੰਗਣ ਕਦੇ ਨਾ ਜਾਈਆ । ਸ੍ਰੀ ਭਗਵਾਨ ਸਚ ਸਮਝੌਂਦਾ ਏ । ਸਿਰ ਆਪਣਾ ਹੱਥ ਟਿਕੌਂਦਾ ਏ । ਸ਼ਬਦ ਸੁਤ ਆਪ ਜਗੌਂਦਾ ਏ । ਅਬਿਨਾਸ਼ੀ ਅਚੁੱਤ ਤੇਰੀ ਆਸਾ ਪੂਰ ਕਰੌਂਦਾ ਏ । ਥਿਰ ਘਰ ਸੋਹੇ ਤੇਰੀ ਰੁੱਤ, ਕੋਟਨ ਕੋਟ ਬ੍ਰਹਿਮੰਡ ਤੇਰਾ ਨੂਰ ਪਰਗਟੌਂਦਾ ਏ । ਤੇਰੀ ਕਿਰਨ ਕਿਰਨ ਵਿਚੋ ਵੰਡ ਕੇ ਵੰਡ, ਸੂਰਜ ਚੰਦ ਨੂਰ ਚਮਕੌਂਦਾ ਏ । ਤੇਰੀ ਇਛਿਆ ਅੰਦਰ ਖੇਲ ਕਰੇ ਬ੍ਰਹਿਮੰਡ, ਬ੍ਰਹਿਮਾਦ ਤੇਰੀ ਧਾਰ ਦਰਸੌਂਦਾ ਏ । ਤ੍ਰੈਗੁਣ ਮਾਇਆ ਪੰਜ ਤਤ ਤੇਰਾ ਬੰਧਨ ਪਾਏ ਬੰਧ, ਡੋਰੀ ਤੇਰੇ ਹੱਥ ਫੜੌਂਦਾ ਏ । ਲੱਖ ਚੁਰਾਸੀ ਖੇਲ ਕਰੇ ਸੂਰਾ ਸਰਬੰਗ, ਸੁਰ ਤਾਲ ਤੇਰੇ ਵਿਚ ਰਲੌਂਦਾ ਏ । ਨੌ ਦੁਆਰੇ ਵੰਡੇ ਵੰਡ, ਦਸਮ ਦੁਆਰੀ

ਤੇਰਾ ਘਰ ਸੁਹੌਂਦਾ ਏ । ਘਟ ਘਟ ਅੰਦਰ ਤੇਰਾ ਆਪ ਵਛਾਏ ਪਲੰਘ, ਪਾਵਾ ਚੂਲ ਨਜ਼ਰ ਕਿਸੇ ਨਾ ਔਂਦਾ ਏ । ਸਾਚਾ ਨੂਰ ਜੋਤ ਨਿਰੰਜਣ ਚਾੜ੍ਹੇ ਚੰਦ, ਸੂਰਜ ਚੰਦ ਸਰਬ ਸ਼ਰਮੌਂਦਾ ਏ । ਆਦਿ ਜੁਗਾਦਿ ਤੇਰਾ ਰੱਖੇ ਸੰਗ, ਜਗਤ ਵਛੋੜਾ ਨਜ਼ਰ ਕੋਇ ਨਾ ਔਂਦਾ ਏ । ਤੇਰਾ ਚਾੜ੍ਹ ਅਗੰਮੀ ਰੰਗ, ਪੰਜ ਤਤ ਚੋਲਾ ਆਪ ਸੁਹੌਂਦਾ ਏ । ਸ੍ਰਿਸ਼ਟ ਸਬਾਈ ਦੇਵਣਹਾਰ ਅਨੰਦ, ਅਨੰਦ ਤੇਰੇ ਵਿਚੋ ਪਰਗਟੌਂਦਾ ਏ । ਆਪਣਾ ਨਾਮ ਸਿਫ਼ਤੀ ਦੱਸ ਛੰਦ, ਸ਼ਾਹ ਪਾਤਸ਼ਾਹ ਹੁਕਮ ਵਰਤੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਰੂਪ ਅਨੂਪ ਇਕ ਪਰਗਟੌਂਦਾ ਏ । ਤੇਰਾ ਰੂਪ ਅਨੂਪ ਇਕ ਪਰਗਟਾਵਾਂਗਾ । ਲੱਖ ਚੁਰਾਸੀ ਵਿਚੋਂ ਤੈਨੂੰ ਫੇਰ ਆਪ ਉਠਾਵਾਂਗਾ । ਕਰ ਕੇ ਆਪਣੀ ਸਾਚੀ ਮਿਹਰ, ਮਿਹਰ ਨਜ਼ਰ ਇਕ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੇਲਾ ਮੇਲ ਮਿਲਾਵਾਂਗਾ । ਸਾਚਾ ਮੇਲ ਇਕ ਮਿਲਾਵਾਂਗਾ । ਤੇਰਾ ਨਾਮ ਮਾਤ ਪਰਗਟਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿ ਸਰੂਪ ਨਜ਼ਰੀ ਆਵਾਂਗਾ । ਚਾਰੇ ਕੂਟ ਵੇਖ ਵਖਾਵਾਂਗਾ । ਜੂਠ ਝੂਠ ਮੇਟ ਮਿਟਾਵਾਂਗਾ । ਕਾਇਆ ਕਲਬੂਤ ਪੜਦਾ ਲਾਹਵਾਂਗਾ । ਸਚ ਮਹਿਬੂਬ ਇਕੋ ਨਜ਼ਰੀ ਆਵਾਂਗਾ । ਧੁਰ ਦਾ ਦੇਵਾਂ ਆਣ ਸਬੂਤ, ਸਿਦਕ ਭਰੋਸਾ ਨਾਲ ਨਿਭਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੈਨੂੰ ਸ਼ਬਦ ਗੁਰੂ ਸਭ ਦਾ ਸਰਤਾਜ ਬਣਾਵਾਂਗਾ । ਸ਼ਬਦ ਸੁੱਤ ਦੇਵੇ ਵਡਿਆਈ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਹਰਿ ਪੁਰਖ ਨਿਰੰਜਣ ਮਿਹਰ ਨਜ਼ਰ ਉਠਾਈ, ਮਿਹਰਵਾਨ ਵੇਖ ਵਖਾਇੰਦਾ । ਏਕੰਕਾਰ ਕਹੇ ਤੇਰੀ ਮੇਰੀ ਹੋਏ ਨਾ ਕਦੇ ਜੁਦਾਈ, ਜੁੜਿਆ ਜੋੜ ਨਾ ਕੋਇ ਤੁੜਾਇੰਦਾ । ਆਦਿ ਨਿਰੰਜਣ ਕਹੇ ਮੈਂ ਤੈਨੂੰ ਦੇਵਾਂ ਰੁਸ਼ਨਾਈ, ਆਪਣਾ ਨੂਰ ਸ਼ਬਦੀ ਸਚ ਅਲਾਇੰਦਾ । ਅਬਿਨਾਸ਼ੀ ਕਰਤਾ ਕਹੇ ਮੈਂ ਤੇਰਾ ਢੋਲਾ ਦੇਵਾਂ ਗਾਈ, ਬਿਨ ਰਸਨਾ ਜਿਹਵਾ ਰਾਗ ਅਲਾਇੰਦਾ । ਸ੍ਰੀ ਭਗਵਾਨ ਕਹੇ ਮੈਂ ਤੇਰਾ ਨਿਸ਼ਾਨ ਦਿਆਂ ਝੁਲਾਈ, ਦੋ ਜਹਾਨਾਂ ਹੱਥ ਉਠਾਇੰਦਾ । ਪਾਰਬ੍ਰਹਮ ਕਹੇ ਮੈਂ ਤੇਰਾ ਲੇਖਾ ਵੇਖਾਂ ਥਾਉਂ ਥਾਈਂ, ਥਾਨ ਥਨੰਤਰ ਖੋਜ ਖੋਜਾਇੰਦਾ । ਸ਼ਬਦ ਸੁਤ ਮੇਰੇ ਸਚ ਦੁਲਾਰੇ ਤੁਧ ਬਿਨ ਦੂਜਾ ਦਿਸੇ ਕੋਈ ਨਾਹੀਂ, ਜੋ ਆਦਿ ਜੁਗਾਦਿ ਜੁਗ ਜੁਗ ਮਾਰਗ ਲਾਇੰਦਾ । ਤੇਰੀ ਧਾਰ ਪੰਜ ਤਤ ਅੰਦਰ ਦਿਆਂ ਟਿਕਾਈ, ਤਿਸ ਟਿੱਕਾ ਆਪਣਾ ਨਾਮ ਮਸਤਕ ਇਕ ਵਖਾਇੰਦਾ । ਸੋ ਉਚੀ ਕੂਕ ਪੁਕਾਰੇ ਦੋਵੇਂ ਬਾਂਹੀਂ, ਪੁਰਖ ਅਕਾਲ ਆਦਿ ਪੁਰਖ ਕਰਤਾ ਆਪਣੀ ਖੇਲ ਰਚਾਇੰਦਾ । ਲੱਖ ਚੁਰਾਸੀ ਜੀਵ ਜੰਤ ਜਿਸ ਬਣਤ ਬਣਾਈ, ਸੋ ਘੜਨਹਾਰ ਪੁਰਖ ਸਮਰਥ ਸਚਖੰਡ ਦੁਆਰੇ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁੱਤ ਦੁਲਾਰੇ ਤੇਰੀ ਸੇਵਾ ਇਕ ਵਖਾਇੰਦਾ । ਸੁੱਤ ਸ਼ਬਦ ਸੇਵਾ ਜੁਗ ਚਾਰ, ਸੋ ਪੁਰਖ ਨਿਰੰਜਣ ਆਪ ਲਗਾਈਆ । ਸੁੱਤ ਸ਼ਬਦ ਤੇਰਾ ਰੂਪ ਗੁਰ ਅਵਤਾਰ, ਬੋਧ ਅਗਾਧ ਤੇਰੀ ਪੜ੍ਹਾਈਆ । ਸੁੱਤ ਸ਼ਬਦ ਪੁਰੀ ਲੋਅ ਬ੍ਰਹਿਮੰਡ ਖੰਡ ਤੇਰਾ ਪਸਾਰ, ਦੋ ਜਹਾਨ ਤੇਰੀ ਸਰਨਾਈਆ । ਸੁੱਤ ਸ਼ਬਦ ਚੌਦਾਂ ਲੋਕ ਤੇਰਾ ਆਧਾਰ, ਚੌਦਾਂ ਤਬਕ ਤੇਰੇ ਅੱਗੇ ਵਾਸਤਾ ਪਾਈਆ । ਸੁੱਤ ਸ਼ਬਦ ਨੌਂ ਖੰਡ ਪ੍ਰਿਥਮੀ ਸੱਤ ਦੀਪ ਤੇਰੀ ਗੁਲਜ਼ਾਰ, ਚਾਰੇ ਖਾਣੀ ਫੁਲ ਫੁਲਵਾੜੀ ਤੇਰੀ ਮਹਿਕਾਈਆ । ਸੁੱਤ ਸ਼ਬਦ ਤੇਰੀ ਆਦਿ ਅੰਤ ਰਹੇ ਬਹਾਰ, ਖ਼ਿਜ਼ਾਂ ਰੁੱਤ ਰੂਪ ਨਾ ਕੋਇ ਵਟਾਈਆ । ਸੁੱਤ ਸ਼ਬਦ ਤੇਰਾ ਬਣਿਆ ਰਹੇ ਪਿਆਰ, ਆਤਮ ਪਰਮਾਤਮ ਤੇਰਾ ਨਾਤਾ ਜੋੜ ਜੁੜਾਈਆ । ਸੁੱਤ ਸ਼ਬਦ ਤੇਰਾ ਵਸਦਾ ਰਹੇ ਘਰ ਬਾਰ, ਸਾਚੇ ਭਗਤਾਂ ਅੰਦਰ ਤੇਰਾ

ਮਹੱਲ ਵਸਾਈਆ । ਸੁੱਤ ਸ਼ਬਦ ਤੇਰਾ ਹੁੰਦਾ ਰਹੇ ਜੈਕਾਰ, ਸਾਚੇ ਸੰਤ ਤੇਰਾ ਨਾਉਂ ਢੋਲਾ ਗਾਈਆ । ਸੁੱਤ ਸ਼ਬਦ ਤੇਰਾ ਹੁੰਦਾ ਰਹੇ ਵਣਜਾਰ, ਗੁਰਮੁਖ ਤੇਰਾ ਹੱਟ ਲੈਣ ਚਲਾਈਆ । ਸੁੱਤ ਸ਼ਬਦ ਤੇਰਾ ਵਸਦਾ ਰਹੇ ਸੰਸਾਰ, ਗੁਰਸਿਖ ਬੈਠੇ ਤੇਰਾ ਰਾਹ ਤਕਾਈਆ । ਬਿਨ ਸਤਿਗੁਰ ਸ਼ਬਦ ਆਦਿ ਜੁਗਾਦਿ ਕਿਸੇ ਦਾ ਬੇੜਾ ਨਾ ਉਤਰੇ ਪਾਰ, ਮੰਝਧਾਰ ਪਾਰ ਨਾ ਕੋਇ ਕਰਾਈਆ । ਸਤਿਗੁਰ ਸੱਚਾ ਇਕੋ ਬਹੁਤਾ ਵਿਚ ਸੰਸਾਰ, ਬਹੁਤੇ ਗੁਰੂ ਕੰਮ ਕਿਸੇ ਨਾ ਆਈਆ । ਜੋ ਜਨਮ ਕਰਮ ਦੇ ਵਿਛੜੇ ਮੇਲੇ ਆਣ, ਅਗਲਾ ਪਿਛਲਾ ਵਛੋੜਾ ਦਏ ਮੁਕਾਈਆ । ਜੋ ਕਾਇਆ ਮੰਦਰ ਅੰਦਰ ਵਖਾਏ ਸ੍ਰੀ ਭਗਵਾਨ, ਜੰਗਲ ਜੂਹ ਉਜਾੜ ਪਹਾੜ ਖੋਜਣ ਕੋਇ ਨਾ ਜਾਈਆ । ਜੋ ਘਰ ਸੁਰਤੀ ਮੇਲਾ ਕਰੇ ਸਾਚੇ ਰਾਮ, ਜੋ ਰਾਮ ਹਰ ਘਟ ਬੈਠਾ ਡੇਰਾ ਲਾਈਆ । ਜੋ ਸਾਚੀ ਸਖ਼ੀ ਮੇਲੇ ਕਾਹਨ, ਅੱਠੇ ਪਹਿਰ ਬੰਸਰੀ ਨਾਮ ਰਿਹਾ ਵਜਾਈਆ । ਜੋ ਸੱਚੇ ਪੈਗ਼ੰਬਰ ਮੇਲੇ ਆਣ, ਜੋ ਘੜੀ ਪਲ ਸਚ ਪੈਗ਼ਾਮ ਰਿਹਾ ਸੁਣਾਈਆ । ਸੋ ਸਤਿਗੁਰ ਸੱਚਾ ਆਦਿ ਜੁਗਾਦਿ ਸਦਾ ਬਲਵਾਨ, ਬਲਧਾਰੀ ਇਕ ਅਖਵਾਈਆ । ਮਰੇ ਨਾ ਜੰਮੇ ਵਿਚ ਜਹਾਨ, ਮਾਤ ਗਰਭ ਨਾ ਡੇਰਾ ਲਾਈਆ । ਪੋਹ ਸਕੇ ਕਦੀ ਨਾ ਕਾਲ, ਮਹਾਂਕਾਲ ਨਾ ਭੈ ਡਰਾਈਆ । ਲਾੜੀ ਮੌਤ ਆਪਣੀ ਗੋਦ ਨਾ ਸਕੇ ਸੁਆਲ, ਜੂਨੀ ਜੂਨ ਨਾ ਕੋਇ ਭਵਾਈਆ । ਉਹ ਸਤਿਗੁਰ ਸੱਚਾ ਸਭ ਦੀ ਕਰੇ ਪ੍ਰਿਤਪਾਲ, ਲੱਖ ਚੁਰਾਸੀ ਆਪਣੇ ਵਿਚੋ ਪਰਗਟਾਈਆ । ਸੋ ਦਾਤਾ ਇਕੋ ਇਕ ਪੁਰਖ ਅਕਾਲ, ਸ਼ਬਦੀ ਸੁੱਤ ਤੇਰਾ ਪਿਤਾ ਪੁਰਖ ਅਖਵਾਈਆ । ਲੇਖਾ ਜਾਣ ਦੋ ਜਹਾਨ, ਨਿਰਗੁਣ ਸਰਗੁਣ ਦੋਵੇ ਧਾਰ ਵਖਾਈਆ । ਜੁਗ ਚੌਕੜੀ ਵੇਖੇ ਆਣ, ਮਿਹਰਵਾਨ ਆਪਣਾ ਫੇਰਾ ਪਾਈਆ । ਸਾਚਾ ਕਲਮਾ ਬੋਲ ਕਲਾਮ, ਚਾਰੋ ਕੁੰਟ ਦਏ ਸਮਝਾਈਆ । ਇਸਮ ਆਜ਼ਮ ਇਕ ਮਿਹਰਵਾਨ, ਬੇਐਬ ਨੂਰ ਖ਼ੁਦਾਈਆ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ, ਬਿਸਮਲ ਸਭ ਨੂੰ ਦਏ ਜਣਾਈਆ । ਸਚ ਤੌਫ਼ੀਕ ਇਕ ਰਫ਼ੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਗੁਰ ਸੱਚਾ ਏਕੋ ਏਕ, ਆਦਿ ਜੁਗਾਦਿ ਸਭ ਦੀ ਟੇਕ, ਜੁਗ ਚੌਕੜੀ ਕਰੇ ਬੁਧ ਬਿਬੇਕ, ਜੋ ਜਨ ਬੈਠੇ ਧਿਆਨ ਲਗਾਈਆ । ਸਤਿਗੁਰ ਸੱਚਾ ਮਾਨੋ ਜਗ, ਜਗਜੀਵਣ ਦਾਤਾ ਇਕ ਅਖਵਾਇੰਦਾ । ਜੋ ਸਦਾ ਨਿਤ ਨਵਿਤ ਵਸੇ ਉਪਰ ਸ਼ਾਹ ਰਗ, ਨੌ ਦੁਆਰੇ ਹੱਥ ਕਿਸੇ ਨਾ ਆਇੰਦਾ । ਫੜ ਫੜ ਅੰਦਰ ਵੜ ਵੜ ਲੇਖਾ ਚੁਕਾ ਸੀਸ ਧੜ ਧੜ ਹੰਸ ਬਣਾ ਕੱਗ, ਕਾਗੋ ਹੰਸ ਰੂਪ ਵਖਾਇੰਦਾ । ਬਿਨ ਸੱਦੇ ਪੈਗ਼ੰਬਰ ਸ਼ਬਦ ਸੰਦੇਸ਼ੇ ਨਾਲ ਸੱਦ, ਸੱਦਾ ਭਗਤ ਭਗਵੰਤ ਸ਼ਬਦ ਇਕ ਸੁਣਾਇੰਦਾ । ਆਪਣੀ ਮਹਿਮਾ ਦੱਸੇ ਬੋਧ ਅਗਾਧ ਅਕੱਥ, ਰਸਨਾ ਜਿਹਵਾ ਕਥਨੀ ਕਥ ਅੰਤ ਕੋਇ ਨਾ ਪਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਫੜ ਕੇ ਚਾੜ੍ਹੇ ਨਾਮ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਕਰ ਕਿਰਪਾ ਕਿਰਪਾਨਿਧਾਨ ਠਾਕਰ ਸੁਆਮੀ ਕਾਇਆ ਮੰਦਰ ਅੰਦਰ ਖੋਲ੍ਹ ਵਖਾਏ ਹੱਟ, ਨਾਮ ਹੀਰਾ ਰਤਨ ਅਮੋਲਕ ਘਰ ਘਰ ਵਿਚੋ ਝੋਲੀ ਪਾਇੰਦਾ । ਇਹੋ ਖੇਲ ਪੁਰਖ ਸਮਰਥ, ਜਨ ਭਗਤਾਂ ਏਕਾ ਰਾਹ ਦੇਵੇ ਦੱਸ, ਔਝੜ ਰਾਹ ਕੋਇ ਨਾ ਪਾਇੰਦਾ । ਸ਼ਬਦ ਗੁਰ ਗੁਰਮੁਖਾਂ ਦੇਵੇ ਗੁਰਮਤ, ਮਨਮਤ ਡੇਰਾ ਢਾਹਿੰਦਾ । ਲੇਖਾ ਚੁੱਕੇ ਤਤ ਅੱਠ, ਨੌ ਦਰ ਪੰਧ ਕੋਈ ਰਹਿਣ ਨਾ ਪਾਇੰਦਾ । ਸਤਿਗੁਰ ਨਾਨਕ ਮਾਰਗ ਇਕੋ ਗਿਆ ਦੱਸ, ਜ਼ਾਤ ਪਾਤ ਵਰਨ ਗੋਤ ਨਾ ਕੋਇ ਜਣਾਇੰਦਾ । ਗੋਬਿੰਦ ਗੁਰ ਅੰਮ੍ਰਿਤ ਆਤਮ ਦਿਤਾ ਇਕੋ ਰਸ, ਦੂਜਾ ਪਿਆਲਾ ਹੱਥ ਨਾ ਕੋਇ ਫੜਾਇੰਦਾ । ਕਰ ਪਰਕਾਸ਼ ਕੋਟਨ ਰਵ ਸਸ, ਅਗਿਆਨ ਅੰਧੇਰ ਚੁਕਾਇੰਦਾ ।

੬੮੬
੧੫

ਅੰਤਮ ਕਹਿ ਕੇ ਗਿਆ ਗੁਰਸਿਖ ਤੂੰ ਮੇਰਾ ਮੈਂ ਤੇਰੇ ਵਸ, ਵਾਸਤਾ ਤੇਰੇ ਨਾਲ ਰਖਾਇੰਦਾ । ਗੁਰ ਕਾ ਸ਼ਬਦ ਇਕੋ ਲਓ ਰਸ, ਦੂਜਾ ਪਾਰ ਨਾ ਕੋਇ ਲਗਾਇੰਦਾ । ਪੰਜ ਤਤ ਵੇਖ ਕਿਸੇ ਦੇ ਚਰਨੀ ਨਾ ਜਾਣਾ ਢੱਠ, ਸਤਿਗੁਰ ਸ਼ਬਦ ਸ਼ਬਦ ਦਿਆਲ ਗੁਰ ਗੁਰਦੇਵ ਸੁਆਮੀ ਆਦਿ ਜੁਗਾਦਿ ਨਮੋ ਨਮੋ ਤਿਸ ਨੂੰ ਸਰਬ ਸੀਸ ਝੁਕਾਇੰਦਾ । ਗੁਰਮੁਖੋ ਤੁਸੀਂ ਓਸ ਪੁਰਖ ਅਕਾਲ ਦੀ ਯੱਦ, ਜਿਸ ਵਿਚ ਮਿਲ ਕੇ ਫੇਰ ਮੁੜ ਕੋਈ ਨਾ ਆਇੰਦਾ ।

ਸ਼ਬਦ ਘੋੜੇ ਉਪਰ ਸ਼ਾਹ ਸਵਾਰਾ, ਅਸਵ ਆਪਣਾ ਆਪ ਦੌੜਾਈਆ । ਫਿਰਨਹਾਰਾ ਜੰਗਲ ਜੂਹ ਉਜਾੜ ਪਹਾੜਾ, ਸਮੁੰਦ ਸਾਗਰ ਵੇਖ ਵਖਾਈਆ । ਚਿੱਟੀ ਚਾਦਰ ਵੇਖਣਹਾਰਾ, ਗੁਰਮੁਖ ਸਦਾ ਚਿੱਟੀ ਧਾਰ ਦਸਮ ਦੁਆਰੀ ਵਿਚ ਸਮਾਈਆ । ਥੱਲੇ ਆਸਣ ਸਿੰਘਾਸਣ ਉਹ ਨਿਆਰਾ, ਜੋ ਸਮਝ ਕੋਇ ਨਾ ਪਾਈਆ । ਜੋ ਗੁਰਮੁਖ ਚਰਨ ਕਵਲ ਗੁਰੂ ਕਰੇ ਪਿਆਰਾ, ਤਿਸ ਥੱਲੇ ਉਤੇ ਇਕੋ ਧਿਆਨ ਵਖਾਈਆ । ਉਹ ਮੋਘਾ ਪਾਣੀ ਜਲ ਠੰਡਾ ਠਾਰਾ, ਗੁਰਮੁਖਾਂ ਅੰਦਰ ਰਿਹਾ ਵਹਾਈਆ । ਜਿਸ ਅੰਮ੍ਰਿਤ ਨੂੰ ਲੱਭਦਾ ਫਿਰੇ ਸੰਸਾਰਾ, ਗੁਰਸਿਖ ਅੰਦਰ ਸਰੋਵਰ ਇਕੋ ਵਾਰ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘੋੜੇ ਚੜ੍ਹੇ ਸ਼ਬਦ ਅਸਵਾਰਾ, ਰੂਪ ਅਨੂਪ ਵਟਾਈਆ । ਸ਼ਬਦ ਗੁਰ ਦਾ ਰੂਪ ਅਨੇਕ, ਅਕਲ ਕਲਧਾਰੀ ਖੇਲ ਖਲਾਈਆ । ਜੇਹੀ ਵਾਸਨਾ ਤੇਹਾ ਧਾਰੇ ਭੇਖ, ਭੇਖੀ ਆਪਣਾ ਰੂਪ ਵਟਾਈਆ । ਜੇ ਕੋਈ ਲੱਭੇ ਕਿਸੇ ਹੱਥ ਨਾ ਆਏ ਰੂਪ ਰੇਖ, ਦੇ ਦਰਸ ਆਪਣਾ ਆਪ ਬੁਝਾਈਆ । ਜੇ ਕਿਰਪਾ ਕਰ ਕੇ ਦੇ ਜਾਵੇ ਇਕ ਸੰਦੇਸ਼, ਉਠ ਗੁਰਸਿਖ ਵੇਖ ਤੇਰਾ ਆਇਆ ਸੱਚਾ ਮਾਹੀਆ । ਇਹ ਭਾਈ ਕਾ ਵਾੜਾ, ਜਿਥੇ ਤਿੰਨ ਸਾਲ ਪਹਿਲੇ ਦਿਤਾ ਵਰ, ਜਿਥੇ ਫਿਰੇ ਗੁਰ ਦਸਮੇਸ਼, ਦਹਿ ਦਿਸ਼ਾ ਆਪਣਾ ਚੱਕਰ ਲਗਾਈਆ । ਚਾਰ ਕੁੰਟ ਨੌ ਖੰਡ ਪ੍ਰਿਥਮੀ ਸੱਤ ਦੀਪ ਸਭ ਨਾਲ ਕਰੇ ਹੇਤ, ਜੋ ਬੈਠਾ ਧਿਆਨ ਲਗਾਈਆ । ਸਨਮੁਖ ਸਾਮ੍ਹਣੇ ਆਪਣੇ ਨੇਤਰ ਲਏ ਪੇਖ, ਜਿਸ ਉਤੇ ਮਿਹਰ ਨਜ਼ਰ ਉਠਾਈਆ । ਗੁਰਮੁਖੋ ਗੁਰੂ ਨਾਲ ਜੋੜੋ ਹੇਤ, ਦੂਜਾ ਸਾਕ ਸੱਜਣ ਸੈਣ ਕੰਮ ਕੋਇ ਨਾ ਆਈਆ । ਮਾਣਸ ਜਨਮ ਲੱਖ ਚੁਰਾਸੀ ਵਿਚੋ ਉਤਮ ਮਿਲੀ ਖੇਡ, ਮਿਲ ਸਤਿਗੁਰ ਆਪਣੀ ਹੋਲੀ ਲਓ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਧ ਸੰਗਤ ਤੇਰਾ ਨਾਤਾ ਸਦਾ ਸਤਿਗੁਰ ਨਾਲ ਜੁੜਾਈਆ । ਗੁਰਸਿਖ ਨਿਮਾਣਾ ਸਭ ਤੋ ਉਚਾ, ਊਚ ਅਗੰਮ ਅਥਾਹ ਜਿਸ ਦਏ ਵਡਿਆਈਆ । ਹੀਰਾ ਨਗ ਸਭ ਤੋ ਸੁੱਚਾ, ਜਿਸ ਦੀ ਕੀਮਤ ਬਿਨ ਸਤਿਗੁਰ ਕਿਸੇ ਨਾ ਪਾਈਆ । ਸਤਿਗੁਰੂ ਸਦਾ ਗੁਰਸਿਖ ਤੇਰੇ ਪਿਆਰ ਦਾ ਭੁੱਖਾ, ਦੂਜੀ ਆਸ ਨਾ ਕੋਇ ਰਖਾਈਆ । ਤੂੰ ਆਪਣਾ ਪ੍ਰੇਮ ਪ੍ਰੀਤੀ ਭੋਜਨ ਰੱਖ ਅੱਗੇ ਰੁੱਖਾ, ਨਾਲ ਖ਼ੁਸ਼ੀਆਂ ਲਵੇ ਖਾਈਆ । ਗੁਰਸਿਖ ਕਹੇ ਮੇਰਾ ਸਤਿਗੁਰ ਮੇਰੇ ਉਤੇ ਤੁੱਠਾ, ਜਿਸ ਆਪਣੀ ਬੂਝ ਬੁਝਾਈਆ । ਮੈਂ ਲੋਕਮਾਤ ਡੂੰਘੀ ਕਵਰੀ ਵਿਚੋ ਬਾਹਰ ਆਇਆ ਗੁੱਠਾ, ਆਪਣਾ ਪੜਦਾ ਦਿਤਾ ਚੁਕਾਈਆ । ਮੈਂ ਨਹੀਂ ਜਾਣਦਾ ਕੀ ਕੋਟ ਜਨਮ ਰਿਹਾ ਰੁੱਸਾ, ਆਪਣੀ ਆਪ ਸਾਰ ਕੋਇ ਨਾ ਪਾਈਆ । ਕਰ ਕਿਰਪਾ ਸ਼ਬਦ ਗੁਰ ਕਿਹਾ ਆ ਮੇਰੇ ਲਾਡਲਿਆ ਪੁੱਤਾ, ਤੈਨੂੰ ਆਪਣੀ ਗੋਦ ਲਵਾਂ ਬਿਠਾਈਆ । ਤੂੰ ਓਸ ਲੜੀ ਦਾ ਵੱਡਾ ਗੁੱਛਾ, ਜਿਸ ਵਿਚ ਪੁਰਖ ਅਕਾਲ ਭਗਤਾਂ ਡੋਰੀ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਦਾ ਵਰ, ਬਿਨ ਗੁਰਸਿਖਾਂ ਗੁਰੂ ਕੰਮ ਕਿਸੇ ਨਾ ਆਈਆ ।


੬੮੭
੧੫

## ੧੭ ਅੱਸੂ ੨੦੨੦ ਬਿਕ੍ਰਮੀ ਹਰਚੰਦ ਸਿੰਘ ਦੇ ਗ੍ਰਿਹਿ ਹਰਰਾਏ ਪੁਰ ਜ਼ਿਲਾ ਬਠਿੰਡਾ

ਕਿਰਪਾ ਕਰ ਹਰਿ ਨਿਰੰਕਾਰ, ਭੇਵ ਅਭੇਦਾ ਆਪ ਖੁਲ੍ਹਾਈਆ । ਸੁੱਤ ਸ਼ਬਦ ਤੇਰਾ ਲੇਖ ਰਹੇ ਜੁਗ ਚਾਰ, ਜੁਗ ਚੌਕੜੀ ਮੇਟ ਨਾ ਕੋਇ ਮਿਟਾਈਆ । ਪੰਜ ਤਤ ਤੇਰਾ ਖੇਲ ਅਪਾਰ, ਦੇਵਣਹਾਰ ਬੇਪਰਵਾਹੀਆ । ਤੇਰਾ ਰੂਪ ਗੁਰੂ ਅਵਤਾਰ, ਪੀਰ ਪੈਗੰਬਰ ਵੇਸ ਵਟਾਈਆ । ਤੇਰਾ ਨਾਮ ਸਚ ਜੈਕਾਰ, ਦੋ ਜਹਾਨ ਢੋਲਾ ਗਾਈਆ । ਲੱਖ ਚੁਰਾਸੀ ਤੇਰਾ ਭੰਡਾਰ, ਘਰ ਘਰ ਵਸਤ ਅਮੋਲਕ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸੁੱਤ ਦੁਲਾਰਾ ਝੁਕਾ ਸੀਸ, ਪ੍ਰਭ ਅੱਗੇ ਅਰਦਾਸ ਸੁਣਾਈਆ । ਠਾਕਰ ਸੁਆਮੀ ਮੇਰੇ ਜਗਦੀਸ, ਬੇਅੰਤ ਤੇਰੀ ਸਰਨਾਈਆ । ਤੇਰਾ ਫ਼ਰਮਾਨ ਮੇਰੀ ਹਦੀਸ, ਤੇਰਾ ਕਲਮਾ ਮੇਰੀ ਪੜ੍ਹਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੱਖ ਚੁਰਾਸੀ ਪੜ੍ਹਾਵਾਂ ਠੀਕ, ਨਾਮ ਸੰਦੇਸਾ ਇਕ ਸੁਣਾਈਆ । ਮਾਰਗ ਦੱਸਾਂ ਦੋ ਜਹਾਨ ਬਾਰੀਕ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਅੰਤਮ ਪ੍ਰਭੂ ਦੱਸ ਆਪਣੀ ਇਕ ਤਰੀਕ, ਜਿਸ ਵੇਲੇ ਨਿਰਗੁਣ ਨਿਰਗੁਣ ਮੇਲ ਮਿਲਾਈਆ । ਦੂਜਾ ਦਿਸੇ ਨਾ ਕੋਈ ਸ਼ਰੀਕ, ਲਾਸ਼ਰੀਕ ਸ਼ਿਰਕਤ ਕਰੇ ਨਾ ਕੋਇ ਨੂਰ ਖ਼ੁਦਾਈਆ । ਸਦ ਵੇਖਾਂ ਤੇਰਾ ਨਾਮ ਅਨਡੀਠ, ਸਚਖੰਡ ਦੁਆਰੇ ਇਕ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਸੁੱਤ ਦੁਲਾਰੇ ਛੋਟੇ ਬਾਲ, ਸੋ ਸਤਿਗੁਰ ਆਪ ਜਣਾਈਆ । ਹਰਿ ਪੁਰਖ ਨਿਰੰਜਣ ਤੇਰੇ ਨਾਲ, ਏਕੰਕਾਰ ਆਪਣੀ ਗੰਢ ਪਵਾਈਆ । ਆਦਿ ਨਿਰੰਜਣ ਨਿਰਵੈਰ ਦੀਪਕ ਸੱਚਾ ਦੇਵੇ ਬਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਤੇਰੀ ਸੁਹਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਬਣਾਈਆ । ਸ੍ਰੀ ਭਗਵਾਨ ਸਤਿ ਝੁਲਾਏ ਨਿਸ਼ਾਨ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਪਾਰਬ੍ਰਹਮ ਪ੍ਰਭ ਦੇਵਣਹਾਰਾ ਮਾਣ, ਮਿਹਰ ਨਜ਼ਰ ਇਕ ਉਠਾਈਆ । ਬ੍ਰਹਮ ਪਾਰਬ੍ਰਹਮ ਆਤਮ ਪਰਮਾਤਮ ਦੇਵੇ ਸਚ ਗਿਆਨ, ਤੇਰਾ ਭੇਵ ਅਭੇਦਾ ਦਏ ਖੁਲ੍ਹਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਚਾਰ ਖਾਣੀ ਚਾਰ ਬਾਣੀ ਵਸਤ ਅਮੋਲਕ ਦੇਵੇ ਦਾਨ, ਦਾਤਾ ਦਾਨੀ ਆਪ ਵਰਤਾਈਆ । ਤੇਰਾ ਰੂਪ ਪਰਗਟਾਏ ਸਤਿ ਸਰੂਪੀ ਸੱਚਾ ਕਾਹਨ, ਰਾਮ ਰਮਈਆ ਤੇਰੀ ਧਾਰ ਜਣਾਈਆ । ਤੇਰਾ ਨੂਰ ਉਪਜਾਏ ਸਚ ਪੈਗ਼ੰਬਰ ਇਕੋ ਨਿਸ਼ਾਨ, ਸ਼ਹਿਨਸ਼ਾਹ ਆਪਣਾ ਖੇਲ ਵਖਾਈਆ । ਤੇਰਾ ਵੇਸ ਵਟਾਏ ਗੁਰ ਗੁਰ ਰੂਪ ਨੌਜਵਾਨ, ਬਿਰਧ ਬਾਲ ਨਜ਼ਰ ਕੋਇ ਨਾ ਆਈਆ । ਤੇਰਾ ਨਾਮ ਸੁਣਾਏ ਧੁਰ ਫ਼ਰਮਾਨ, ਸ਼ਬਦੀ ਸ਼ਬਦ ਰਾਗ ਅਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਤੇਰੀ ਚਲਾਏ ਦੁਕਾਨ, ਦੋ ਜਹਾਨਾਂ ਹੱਟ ਖੁਲ੍ਹਾਈਆ । ਚੌਦਾਂ ਲੋਕ ਤੇਰੀ ਕਰਨ ਕਲਿਆਣ, ਚੌਦਾਂ ਤਬਕ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚੌਦਾਂ ਵਿਦਿਆ ਤੇਰੀ ਸਿਫ਼ਤੀ ਸਿਫ਼ਤ ਲਗਾਈਆ । ਸ਼ਬਦ ਕਹੇ ਪ੍ਰਭ ਸੱਚੇ ਸੱਜਣ, ਤੇਰੀ ਇਕੋ ਓਟ ਤਕਾਈਆ । ਆਦਿ ਜੁਗਾਦਿ ਜੁਗ ਚੌਕੜੀ ਦੇਣਾ ਮਜਨ, ਧੂੜੀ ਟਿੱਕਾ ਮਸਤਕ ਲਾਈਆ । ਦੋ ਜਹਾਨ ਤੇਰੇ ਹੁਕਮੇ ਅੰਦਰ ਨਾਦ ਅਗੰਮੀ ਵੱਜਣ, ਸੁਰ ਤਾਲ ਆਪਣੇ ਹੱਥ ਰਖਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਰੱਖਣੇ ਮਗਨ, ਆਪ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ



੬੮੮ ੧੫

ਵਰ, ਘਰ ਮਿਲੇ ਸੱਚੇ ਢੋਈ ਆ । ਠਾਕਰ ਸੁਆਮੀ ਹੋ ਦਿਆਲ, ਸ਼ਬਦੀ ਸ਼ਬਦ ਸ਼ਬਦ ਜਣਾਇੰਦਾ । ਨਿਤ ਨਵਿਤ ਬਣਾਂ ਤੇਰਾ ਦਲਾਲ, ਬਣ ਸੇਵਕ ਸੇਵ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖਾਂ ਤੇਰੇ ਨਾਲ, ਸਗਲਾ ਸੰਗ ਨਿਭਾਇੰਦਾ । ਧੁਰ ਸੰਦੇਸਾ ਸਾਚਾ ਮੰਤਰ ਇਕੋ ਵਾਰ ਦਿਆਂ ਸਿਖਾਲ, ਸਾਚੀ ਸਿਖਿਆ ਇਕ ਸਮਝਾਇੰਦਾ । ਦੀਆ ਬਾਤੀ ਕਮਲਾਪਾਤੀ ਜੋਤੀ ਨੂਰ ਦੇਵਾਂ ਬਾਲ, ਤੇਲ ਬਾਤੀ ਨਜ਼ਰ ਕੋਇ ਨਾ ਆਇੰਦਾ । ਕਾਇਆ ਮੰਦਰ ਅੰਦਰ ਵਖਾ ਸੱਚੀ ਧਰਮਸਾਲ, ਸਚ ਦਵਾਰਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਮੰਦਰ ਇਕ ਸੁਹਾਇੰਦਾ । ਸ਼ਬਦ ਸੁੱਤ ਤੇਰਾ ਮੰਦਰ ਅਨਡਿਠ, ਲੱਖ ਚੁਰਾਸੀ ਅੰਦਰ ਘਰ ਘਰ ਵਿਚ ਆਪ ਬਣਾਈਆ । ਨਿਰਵੈਰ ਹੋ ਕੇ ਕਰੇ ਹਿਤ, ਪੁਰਖ ਅਕਾਲ ਬੇਪਰਵਾਹੀਆ । ਚਾਰ ਕੁੰਟ ਦਹਿ ਦਿਸ਼ਾ ਅਨਭਵ ਪਰਕਾਸ਼ ਪਏ ਦਿਸ, ਨੂਰੀ ਜਲਵਾ ਇਕ ਰੁਸ਼ਨਾਈਆ । ਸਾਚਾ ਲੇਖਾ ਬਿਨ ਕਲਮ ਦਵਾਤ ਦੇਵੇ ਲਿਖ, ਕਲਮ ਸ਼ਾਹੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਖੇੜਾ ਦਏ ਵਸਾਈਆ । ਸਚ ਖੇੜਾ ਦੱਸ ਭਗਵਾਨ, ਜਿਸ ਘਰ ਦੇਵੇਂ ਵਡਿਆਈਆ । ਘਰ ਮੇਲ ਮਿਲਾਏਂ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਨਜ਼ਰੀ ਆਏਂ ਨੌਜਵਾਨ, ਬਲਧਾਰੀ ਬਖ਼ਸ਼ੇਂ ਇਕ ਸਰਨਾਈਆ । ਸਾਚਾ ਮੰਦਰ ਸੋਹੇ ਮਕਾਨ, ਮਹਿਫ਼ਲ ਜਿਸ ਘਰ ਆਪਣੀ ਲਾਈਆ । ਸੰਦੇਸਾ ਦੇਵੇ ਧੁਰ ਫ਼ਰਮਾਨ, ਸਾਚਾ ਰਾਗ ਨਾਦ ਅਲਾਈਆ । ਵਿਸ਼ਨ ਬ੍ਰਹਮਾ ਮਹੇਸ਼ ਚਰਨੀ ਡਿਗਣ ਆਣ, ਸੁਰਪਤ ਸੀਸ ਨਾ ਕੋਇ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਜਿਸ ਦਾ ਢੋਲਾ ਗਾਣ, ਸੋ ਨਿਸ਼ਅੱਖਰ ਅੱਖਰ ਦੇਣਾ ਸਮਝਾਈਆ । ਜਿਸ ਦੀ ਆਸ ਗੁਰ ਅਵਤਾਰ ਪੀਰ ਪੈਗ਼ੰਬਰ ਆਦਿ ਜੁਗਾਦਿ ਨਿਤ ਨਵਿਤ ਸਦਾ ਤਕਾਣ, ਨਿਜ ਨੇਤਰ ਬੈਠੇ ਨੈਣ ਉਠਾਈਆ । ਜਿਸ ਦਾ ਸ਼ਬਦ ਤਾਲ ਰਾਗ ਨਾਦ ਅਨਹਦ ਧੁਨ ਗਾਇਣ ਗਾਨ, ਗਣ ਗੰਧਰਬ ਆਪਣਾ ਤਾਲ ਵਜਾਈਆ । ਸੋ ਖੇਲ ਦੱਸ ਪੁਰਖ ਸਮਰਥ ਮਿਹਰਵਾਨ, ਬੇਨਜ਼ੀਰ ਨਜ਼ਰ ਆਪਣੀ ਇਕ ਉਠਾਈਆ । ਜੁਗ ਚੌਕੜੀ ਥਿਰ ਰਹੇ ਨਾ ਕੋਈ ਵਿਚ ਜਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਟੁੱਟੇ ਮਾਣ, ਅਭਿਮਾਨ ਰੂਪ ਨਾ ਕੋਇ ਵਟਾਈਆ । ਕੋਟਨ ਕੋਟ ਰਾਜ ਰਾਜਾਨ ਸ਼ਾਹ ਸੁਲਤਾਨ ਝੁਲੌਂਦੇ ਗਏ ਨਿਸ਼ਾਨ, ਅੰਤ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਕੋਟਨ ਕੋਟ ਤੇਰੇ ਹੱਕ ਮੁਕਾਮ ਦੱਸਦੇ ਰਹੇ ਗਿਆਨ, ਅੰਤਰ ਆਤਮ ਅਗਿਆਨ ਅੰਧੇਰ ਨਾ ਕੋਇ ਮਿਟਾਈਆ । ਰਸਨਾ ਜਿਹਵਾ ਬੱਤੀ ਦੰਦ ਕਰਦੇ ਰਹੇ ਵਖਿਆਨ, ਵਿਆਖਿਆ ਤੇਰੀ ਕੋਈ ਨਾ ਸਕਿਆ ਸਮਝਾਈਆ । ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਡੂੰਘੀ ਕੰਦਰ ਤੇਰੀ ਕਰਦੇ ਰਹੇ ਪਛਾਣ, ਬੇਪਹਿਚਾਨ ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਤੇਰੀ ਕਰਦੇ ਰਹੇ ਭਾਲ, ਜੀਵ ਜੰਤ ਸਾਧ ਸੰਤ ਭੱਜਣ ਵਾਹੋ ਦਾਹੀਆ । ਬਿਨ ਸਤਿਗੁਰ ਪੂਰੇ ਤੇਰਾ ਦਰਸ ਕੋਇ ਨਾ ਪਾਣ, ਗ੍ਰਿਹ ਮੰਦਰ ਚੜ੍ਹ ਕੇ ਦਰਸ ਕੋਇ ਨਾ ਪਾਈਆ । ਕਿਰਪਾ ਕਰ ਸ੍ਰੀ ਭਗਵਾਨ, ਇਕੋ ਦੇਣਾ ਸਾਚਾ ਸੱਚਾ ਦਾਨ, ਦੇਵਣਹਾਰ ਤੇਰੀ ਸਰਨਾਈਆ । ਲੱਖ ਚੁਰਾਸੀ ਆਤਮ ਪਰਮਾਤਮ ਜਗਤ ਵਛੋੜਾ ਮਿਟੇ ਜਹਾਨ, ਦੂਈ ਦਵੈਤੀ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦ ਸੁੱਤ ਮੰਗ ਮੰਗਾਈਆ । ਸੁੱਤ ਸ਼ਬਦ ਸੁਣ ਮੇਰੇ ਦੁਲਾਰੇ, ਪ੍ਰਭ ਅਬਿਨਾਸ਼ੀ ਆਪ ਜਣਾਈਆ । ਦੋ ਜਹਾਨ ਖੇਲ ਨਿਆਰੇ,

ਬ੍ਰਹਿਮੰਡ ਖੰਡ ਆਪਣੀ ਕਾਰ ਕਮਾਈਆ । ਰਵ ਸਸ ਬਣੇ ਪਨਹਾਰੇ, ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲਣ ਸਚ ਜੈਕਾਰੇ, ਧੁਰ ਦਾ ਨਾਦੀ ਨਾਦ ਸੁਣਾਈਆ । ਕਾਤਬ ਬਣ ਕੇ ਗਏ ਲਿਖਾਰੇ, ਲਿਖ ਲੇਖਾ ਜਗਤ ਸਮਝਾਈਆ । ਚਾਰੇ ਖਾਣੀ ਬਣ ਵਣਜਾਰੇ, ਚਾਰੇ ਬਾਣੀ ਭੇਵ ਚੁਕਾਈਆ । ਚਾਰੇ ਜੁਗ ਦੇ ਹੁਲਾਰੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਏ ਹੰਡਾਈਆ । ਚਾਰੇ ਪਦ ਪਾਵਣ ਸਾਰੇ, ਪਦ ਨਿਰਬਾਣ ਇਕ ਦਰਸਾਈਆ । ਅੰਤਮ ਸਾਰੇ ਗਏ ਹਾਰੇ, ਉਚੀ ਕੂਕ ਕੂਕ ਸੁਣਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਪੁਰਖ ਅਕਾਲ ਇਕ ਕਰਤਾਰੇ, ਕੁਦਰਤ ਕਾਦਰ ਖੇਲ ਰਚਾਈਆ । ਕਲਜੁਗ ਅੰਤਮ ਹੋਵੇ ਰੈਣ ਅੰਧਿਆਰੇ, ਨੌ ਸੱਤ ਚੰਦ ਨਜ਼ਰ ਕੋਇ ਨਾ ਆਈਆ । ਹਰਿ ਕਾ ਨਾਮ ਕਰੇ ਨਾ ਕੋਇ ਪਿਆਰੇ, ਗੁਰ ਕਾ ਸ਼ਬਦ ਨਾ ਕੋਇ ਕਮਾਈਆ । ਸ੍ਰਿਸ਼ਟ ਸਬਾਈ ਹੋਏ ਵਿਭਚਾਰੇ, ਸਾਚਾ ਕੰਤ ਨਾਰ ਨਾ ਕੋਇ ਹੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੂਰ ਦੁਰਾਡੇ ਵੇਖਣ ਸਾਰੇ, ਅੱਗੇ ਹੋ ਸਾਰ ਕੋਇ ਨਾ ਪਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਨੇਤਰ ਰੋਵਣ ਜ਼ਾਰੋ ਜ਼ਾਰੇ, ਧੀਰਜ ਧੀਰ ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਸ਼ਬਦ ਸੁੱਤ ਸੁਣ ਸਾਚੇ ਲਾਲ, ਸੋ ਸਤਿਗੁਰ ਆਪ ਜਣਾਈਆ । ਜੁਗ ਚੌਕੜੀ ਬੀਤੇ ਕਾਲ, ਥਿਰ ਕੋਇ ਰਹਿਣ ਨਾ ਪਾਈਆ । ਕਰੇ ਖੇਲ ਸ੍ਰੀ ਭਗਵਾਨ, ਹਰਿ ਕਰਤਾ ਆਪਣੀ ਕਾਰ ਕਮਾਈਆ । ਦਰ ਦਰਵੇਸ਼ ਨਰ ਨਰੇਸ਼ ਸਾਰੇ ਮੰਗਣ ਦਾਨ, ਖ਼ਾਲੀ ਝੋਲੀ ਰਹੇ ਵਖਾਈਆ । ਕਲਜੁਗ ਅੰਤ ਕੂੜ ਹੋਏ ਪਰਧਾਨ, ਚਾਰੋ ਕੁੰਟ ਡੰਕ ਵਜਾਈਆ । ਘਰ ਘਰ ਸ਼ਰਅ ਫਿਰੇ ਸ਼ੈਤਾਨ, ਸ਼ਰੀਅਤ ਕਰੇ ਜਗਤ ਲੜਾਈਆ । ਸਚ ਦਿਸੇ ਨਾ ਕੋਇ ਨਿਸ਼ਾਨ, ਧਰਮ ਨਿਸ਼ਾਨਾ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਚਾਰੋ ਕੁੰਟ ਦਿਸੇ ਵੈਰਾਨ, ਬਿਨ ਹਰਿ ਨਾਮੇ ਖ਼ਾਲੀ ਦਿਸੇ ਲੋਕਾਈਆ । ਗੁਰਮੁਖ ਵਿਰਲੇ ਸੰਤ ਸੁਹੇਲੇ ਅੰਦਰ ਵੜ ਕੇ ਰਾਹ ਤਕਾਣ, ਬਾਹਰੋ ਨਜ਼ਰ ਕੋਇ ਨਾ ਆਈਆ । ਦੋਏ ਜੋੜ ਕਹਿਣ ਕਿਰਪਾ ਕਰ ਸ੍ਰੀ ਭਗਵਾਨ, ਪੁਰਖ ਅਬਿਨਾਸ਼ੀ ਤੇਰੀ ਓਟ ਤਕਾਈਆ । ਅੰਮ੍ਰਿਤ ਆਤਮ ਦੇ ਪੀਣ ਖਾਣ, ਰਸ ਇਕੋ ਇਕ ਵਖਾਈਆ । ਸ਼ਬਦ ਅਨਾਦ ਅੰਤਰ ਵੱਜੇ ਸ਼ਬਦੀ ਧੁਨਕਾਨ, ਅਨਹਦ ਨਾਦੀ ਢੋਲਾ ਗਾਈਆ । ਦੀਪਕ ਜੋਤ ਜਗੇ ਮਹਾਨ, ਘਰ ਘਰ ਵਿਚ ਹੋਏ ਰੁਸ਼ਨਾਈਆ । ਸੁਰਤੀ ਸ਼ਬਦੀ ਮਿਲੇ ਆਣ, ਦੂਈ ਦਵੈਤੀ ਡੇਰਾ ਢਾਹੀਆ । ਸਾਚਾ ਮੰਦਰ ਸੋਹੇ ਮਕਾਨ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਨਜ਼ਰੀ ਆਏ ਭੂਪਤ ਭੂਪ ਨੌਜਵਾਨ, ਸ਼ਾਹ ਪਾਤਸ਼ਾਹ ਇਕ ਵਡਿਆਈਆ । ਲੇਖਾ ਚੁੱਕੇ ਜਗਤ ਜਹਾਨ, ਲੱਖ ਚੁਰਾਸੀ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਸਾਚਾ ਵਰ, ਤੇਰੇ ਸ਼ਬਦ ਨਾਮ ਮਿਲੇ ਵਡਿਆਈਆ । ਪੁਰਖ ਅਕਾਲ ਦੀਨ ਦਿਆਲ, ਦਇਆਨਿਧ ਆਪ ਜਣਾਇੰਦਾ । ਕਲਜੁਗ ਮੇਟੇ ਕੂੜਾ ਕਾਲ, ਚਾਰੋ ਕੁੰਟ ਵੇਖ ਵਖਾਇੰਦਾ । ਨੌ ਖੰਡ ਪ੍ਰਿਥਮੀ ਬਣਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਜਣਾਇੰਦਾ । ਲੇਖਾ ਚੁੱਕੇ ਸ਼ਾਹ ਕੰਗਾਲ, ਊਚ ਨੀਚ ਰਹਿਣ ਕੋਇ ਨਾ ਪਾਇੰਦਾ । ਸਤਿਗੁਰ ਸ਼ਬਦ ਬਣੇ ਦਲਾਲ, ਸਚ ਦਲਾਲੀ ਆਪ ਕਮਾਇੰਦਾ । ਵੇਖ ਵਖਾਏ ਹਕੀਕਤ ਹੱਕ ਹਲਾਲ, ਨਵ ਨੌ ਚਾਰ ਖੋਜ ਖੋਜਾਇੰਦਾ । ਜਨ ਭਗਤਾਂ ਦੇਵੇ ਨਾਮ ਸੱਚਾ ਧੰਨ ਮਾਲ, ਠੱਗ ਚੋਰ ਯਾਰ ਲੁੱਟ ਕੋਇ ਨਾ ਜਾਇੰਦਾ । ਆਤਮ ਪਰਮਾਤਮ ਵਸੇ ਸਦਾ ਨਾਲ, ਜਗਤ ਵਿਛੋੜਾ ਪੰਧ

੬੯੦
੧੫

ਮੁਕਾਇੰਦਾ । ਦੀਆ ਦੀਪਕ ਜੋਤੀ ਜੋਤ ਦੇਵੇ ਬਾਲ, ਨੂਰੀ ਨੂਰ ਨੂਰ ਧਰਾਇੰਦਾ । ਅੰਮ੍ਰਿਤ ਆਤਮ ਠਾਂਡਾ ਸੀਤ ਜਾਮ ਦਏ ਪਿਆਲ, ਸਚ ਪਿਆਲਾ ਕਾਸਾ ਹੱਥ ਫੜਾਇੰਦਾ । ਸ਼ਬਦ ਅਨਾਦ ਸੱਚੀ ਧੁਨ ਵੱਜੇ ਨਾਦ ਮਹਾਨ, ਅਨਹਦ ਅਨਰਾਗੀ ਰਾਗ ਸੁਣਾਇੰਦਾ । ਸਾਹਿਬ ਸਤਿਗੁਰ ਮਿੱਤਰ ਪਿਆਰਾ ਘਰ ਸੱਜਣ ਮਿਲੇ ਆਣ, ਸੁਰਤੀ ਸ਼ਬਦੀ ਜੋੜ ਜੁੜਾਇੰਦਾ । ਮਹੱਲ ਅਟੱਲ ਉਚ ਮਨਾਰ ਨਜ਼ਰੀ ਆਏ ਇਕੋ ਕਾਹਨ, ਸਾਚੀ ਬੰਸਰੀ ਰਾਗ ਸੁਣਾਇੰਦਾ । ਲੇਖ ਚੁਕਾਏ ਦੋ ਜਹਾਨ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਮੇਲ ਮਿਲਾਇੰਦਾ । ਏਥੇ ਓਥੇ ਦੋ ਜਹਨਾਂ ਦੇਵੇ ਮਾਣ, ਮਿਹਰਵਾਨ ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਭਗਵਾਨ ਰਲ ਕੇ ਢੋਲਾ ਇਕੋ ਗਾਣ, ਤੂੰ ਮੇਰਾ ਮੈਂ ਤੇਰਾ ਦੂਜਾ ਸੰਗ ਨਾ ਕੋਇ ਰਖਾਇੰਦਾ । ਤੇਰਾ ਮੇਰਾ ਇਕ ਨਿਸ਼ਾਨ, ਆਤਮ ਪਰਮਾਤਮ ਭੇਵ ਚੁਕਾਇੰਦਾ । ਪਾਰਬ੍ਰਹਮ ਬ੍ਰਹਮ ਤੇਰਾ ਕਰੇ ਧਿਆਨ, ਨਿਤ ਨਵਿਤ ਆਪਣਾ ਨੈਣ ਉਠਾਇੰਦਾ । ਈਸ਼ ਜੀਵ ਕਰ ਪਰਵਾਨ, ਜਗਦੀਸ਼ਰ ਤੇਰੀ ਆਸ ਰਖਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਤੇਰਾ ਨਾਮ ਬਲੀ ਬਲਵਾਨ, ਬਲਧਾਰੀ ਇਕ ਅਖਵਾਇੰਦਾ । ਦੋ ਜਹਾਨ ਤੇਰਾ ਨਿਸ਼ਾਨ, ਸਤਿ ਸਰੂਪ ਇਕੋ ਨਜ਼ਰੀ ਆਇੰਦਾ । ਤੇਰਾ ਸ਼ਬਦ ਰੂਪ ਮਹਾਨ, ਨਿਰਗੁਣ ਨਜ਼ਰ ਕਿਸੇ ਨਾ ਆਇੰਦਾ । ਸੋ ਪੁਰਖ ਨਿਰੰਜਣ ਖੇਲ ਕਰੇਂ ਮਹਾਨ, ਮਹਿਮਾ ਅਕੱਥ ਕਥ ਸਮਝਾਇੰਦਾ । ਸੋਹੰ ਆਦਿ ਜੁਗਾਦਿ ਜੁਗ ਚੌਕੜੀ ਆਤਮ ਪਰਮਾਤਮ ਚਲਾਏ ਦੁਕਾਨ, ਦੋ ਜਹਾਨਾਂ ਹੱਟ ਆਪ ਖੁਲ੍ਹਾਇੰਦਾ । ਸਾਚਾ ਮੰਤਰ ਦੇਵਣਹਾਰ ਸ੍ਰੀ ਭਗਵਾਨ, ਭਗਵਨ ਮੀਤਾ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਅਗੰਮ ਵਰ, ਬੋਧ ਅਗਾਧ ਅਗਾਧ ਬੋਧ ਆਤਮ ਬੋਧ ਆਪ ਕਰਾਇੰਦਾ ।



### ੧੭ ਅੱਸੂ ੨੦੨੦ ਬਿਕ੍ਰਮੀ ਜਾਗੀਰ ਦਾਸ ਦੇ ਗ੍ਰਹਿ ਖ਼ਿਆਲੀ ਵਾਲਾ ਜ਼ਿਲ੍ਹਾ ਬਠਿੰਡਾ

ਪੁਰਖ ਅਕਾਲ ਵਡ ਪਾਲਕ, ਮਿਹਰਵਾਨ ਹੁਕਮ ਜਣਾਈਆ । ਸ਼ਬਦ ਦੁਲਾਰੇ ਸਾਚੇ ਬਾਲਕ, ਨਿਰਗੁਣ ਤੇਰੀ ਸੇਵ ਸਮਝਾਈਆ । ਰੂਪ ਧਰ ਸ੍ਰਿਸ਼ਟ ਸਬਾਈ ਖ਼ਾਲਕ, ਮਖ਼ਲੂਕ ਤੇਰੀ ਸਰਨਾਈਆ । ਆਦਿ ਜੁਗਾਦਿ ਜੁਗ ਚੌਕੜੀ ਨਾ ਕੋਈ ਨਿੰਦਰਾ ਨਾ ਕੋਈ ਆਲਸ, ਦਲਿਦਰ ਰੂਪ ਨਾ ਕੋਇ ਵਟਾਈਆ । ਦੋ ਜਹਾਨਾਂ ਬਣ ਸਾਲਸ, ਸਚ ਸਾਲਸੀ ਮਾਤ ਕਮਾਈਆ । ਆਤਮ ਪਰਮਾਤਮ ਭੇਵ ਖੁਲਾਉਣਾ ਖ਼ਾਲਸ, ਖ਼ਾਹਸ਼ ਆਪਣੀ ਮੇਰੇ ਨਾਲ ਰਲਾਈਆ । ਗੁਰ ਅਵਤਾਰ ਤੇਰੀ ਅਮਾਨਤ, ਪੀਰ ਪੈਗ਼ੰਬਰ ਤੇਰੀ ਝੋਲੀ ਪਾਈਆ । ਤੂੰ ਬਣਨਾ ਸਾਹਿਬ ਸਦਾ ਸਲਾਮਤ, ਦੋ ਜਹਾਨ ਵੱਜੇ ਤੇਰੀ ਵਧਾਈਆ । ਤੇਰੇ ਨਾਮ ਕਦੇ ਨਾ ਆਏ ਕੋਈ ਅਲਾਮਤ, ਰੂਪ ਰੰਗ ਨਾ ਕੋਇ ਚੜ੍ਹਾਈਆ । ਲੱਖ ਚੁਰਾਸੀ ਜੀਵ ਜੰਤ ਕੂੜੀ ਕਿਰਿਆ ਕਰਨੀ ਇਕ ਮਮਾਨਤ, ਧੁਰ ਸੰਦੇਸਾ ਇਕ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖ ਚੁਕਾਉਣਾ ਰੂਪ ਭਿਆਨਕ, ਭੈ ਭੌ ਦੇਣਾ ਗਵਾਈਆ । ਤੇਰਾ ਖੇਲ ਸਮਝ ਨਾ ਸਕੇ ਕੋਈ ਅਚਾਨਕ, ਅਚਨਚੇਤ ਤੇਰੀ ਸਾਰ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਸਾਹਿਬ ਗੁਣਵੰਤ, ਹਰਿ ਕਰਤਾ ਆਪ ਜਣਾਇੰਦਾ । ਆਦਿ ਜੁਗਾਦਿ ਤੇਰੀ ਮਹਿਮਾ ਅਗਣਤ, ਸਿਫ਼ਤੀ ਢੋਲਾ ਤੇਰਾ ਨਾਦ ਵਜਾਇੰਦਾ । ਨਿਤ ਨਵਿਤ ਤੇਰਾ ਮੰਤ, ਨਿਰਅੱਖਰ ਅੱਖਰ ਸਮਝਾਇੰਦਾ । ਨਾਲ ਲਾਏ ਗੁਰ ਅਵਤਾਰ ਪੀਰ ਪੈਗ਼ੰਬਰ

ਸਾਚੇ ਭਗਤ, ਸਾਚੇ ਸੰਤ ਤੇਰਾ ਸੰਗ ਰਖਾਇੰਦਾ । ਗੁਰਮੁਖ ਗੁਰਸਿਖ ਦਰ ਬਣਨ ਮੰਗਤ, ਘਰ ਸਾਚਾ ਇਕੋ ਇਕ ਜਣਾਇੰਦਾ । ਤੇਰਾ ਨੂਰ ਅਗੰਮੀ ਚੜ੍ਹੇ ਰੰਗਤ, ਸੋ ਸਾਹਿਬ ਆਪ ਚੜ੍ਹਾਇੰਦਾ । ਤੇਰਾ ਭੇਵ ਕੋਈ ਨਾ ਪਾਏ ਪੰਡਤ, ਲੇਖਾ ਲਿਖ ਨਾ ਕੋਏ ਸਮਝਾਇੰਦਾ । ਤੇਰਾ ਵਾਸ ਨਿਵਾਸਾ ਜੇਰਜ ਅੰਡਜ, ਤੇਰਾ ਪਰਕਾਸ਼ ਉਤਭੁਜ ਸੇਤਜ ਆਪ ਜਣਾਇੰਦਾ । ਤੇਰਾ ਭਰਵਾਸਾ ਸਰਬ ਬ੍ਰਹਿਮੰਡਪ, ਪੁਰੀ ਲੋਅ ਆਕਾਸ਼ ਤੇਰਾ ਧਿਆਨ ਲਗਾਇੰਦਾ । ਨਵ ਨੌ ਚਾਰ ਤੇਰੇ ਦੁਆਰੇ ਮੰਗਤ, ਭਿਖਾਰੀ ਰੂਪ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਧਾਰ ਆਪ ਸਮਝਾਇੰਦਾ । ਸ਼ਬਦ ਗੁਰੂ ਦਰ ਹੋ ਅਧੀਨ, ਦੋਏ ਜੋੜ ਵਾਸਤਾ ਪਾਈਆ । ਹਉਂ ਬਾਲਕ ਬਾਲਾ ਦਰ ਮਸਕੀਨ, ਮੁਸ਼ਕਲ ਮੇਰੀ ਹਲ ਕਰਾਈਆ । ਪਰਵਰਦਿਗਾਰ ਤੇਰੇ ਉਤੇ ਮੋਹੇ ਇਕ ਯਕੀਨ, ਯਕਲਖ਼ਤ ਆਪਣਾ ਹੁਕਮ ਦੇ ਸਮਝਾਈਆ । ਸਾਚੀ ਕਰ ਤਲਕੀਨ, ਤਾਕਤ ਆਪਣੀ ਦੇ ਸਮਝਾਈਆ । ਮੈਂ ਦੋ ਜਹਾਨ ਜਾ ਕੇ ਕਰਾਂ ਤਾਅਮੀਲ, ਘਰ ਘਰ ਸੰਦੇਸਾ ਇਕ ਸੁਣਾਈਆ । ਸਭ ਦੀ ਬਦਲ ਦੇਵਾਂ ਦਲੀਲ, ਨਿਰਗੁਣ ਨਿਰਗੁਣ ਤੇਰਾ ਭੇਵ ਚੁਕਾਈਆ । ਕੂੜੀ ਕਿਰਿਆ ਮੰਨਾਂ ਨਾ ਕੋਈ ਅਪੀਲ, ਖ਼ਾਰਜ ਸਭ ਦਾ ਲੇਖਾ ਦਿਆਂ ਮੁਕਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਸੱਤ ਦੀਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਨਾਮ ਦਿਆਂ ਸੁਣਾਈਆ । ਸਾਚਾ ਨਾਮ ਜਾ ਕੇ ਦੱਸ, ਆਦਿ ਜੁਗਾਦੀ ਤੇਰੀ ਸੇਵਾ ਲਾਈਆ । ਬ੍ਰਹਿਮੰਡ ਖੰਡ ਵੇਖ ਨੱਠ, ਬਣ ਪਾਂਧੀ ਪੰਧ ਮੁਕਾਈਆ । ਲੱਖ ਚੁਰਾਸੀ ਜੀਵ ਜੰਤ ਅੰਤਰ ਦੇ ਰਸ, ਰਸ ਇਕੋ ਇਕ ਵਖਾਈਆ । ਆਤਮ ਪਰਮਾਤਮ ਕਰ ਵਸ, ਬ੍ਰਹਮ ਪਾਰਬ੍ਰਹਮ ਪੜਦਾ ਦੇ ਉਠਾਈਆ । ਸਚ ਪ੍ਰੀਤੀ ਡੋਰੀ ਪਾ ਨੱਥ, ਫੰਦਨ ਇਕੋ ਇਕ ਰਖਾਈਆ । ਢੋਲਾ ਅਗੰਮ ਸੁਣਾ ਗਾਥ, ਸਾਚੀ ਸਚ ਸਚ ਪੜ੍ਹਾਈਆ । ਦੋ ਜਹਾਨ ਗਾ ਜਸ, ਗਾ ਗਾ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸ਼ਬਦ ਸੁੱਤ ਉਠ ਨੌਜਵਾਨ, ਨਿਰਗੁਣ ਨਿਰਗੁਣ ਲੈ ਅੰਗੜਾਈਆ । ਧਰਮ ਉਠਾ ਇਕ ਨਿਸ਼ਾਨ, ਦੋ ਜਹਾਨ ਦੇ ਵਖਾਈਆ । ਚਾਰ ਵਰਨ ਦੇ ਗਿਆਨ, ਆਤਮ ਬੋਧ ਪੜ੍ਹਾਈਆ । ਸਚ ਵਖਾ ਮੰਦਰ ਮਕਾਨ, ਕਾਇਆ ਕਾਅਬਾ ਖੋਲ੍ਹ ਖੁਲ੍ਹਾਈਆ । ਨਾਮ ਸੁਣਾ ਸੱਚੀ ਧੁਨਕਾਨ, ਅਨਹਦ ਨਾਦੀ ਨਾਦ ਅਲਾਈਆ । ਅੰਮ੍ਰਿਤ ਦੇ ਪੀਣ ਖਾਣ, ਨਿਝਰ ਧਾਰਾ ਇਕ ਵਹਾਈਆ । ਸਾਚਾ ਦੱਸ ਧੁਰ ਦਾ ਗਾਨ, ਸੋ ਪੁਰਖ ਨਿਰੰਜਣ ਰਿਹਾ ਸਮਝਾਈਆ । ਹੰ ਬ੍ਰਹਮ ਮਿਲੇ ਆਣ, ਦੂਈ ਦਵੈਤੀ ਡੇਰਾ ਢਾਹੀਆ । ਸੋਹੰ ਨਾਮ ਹੋਏ ਪਰਧਾਨ, ਦੋ ਜਹਾਨਾਂ ਵੱਜੇ ਵਧਾਈਆ । ਗੁਰਮੁਖ ਗੁਰਸਿਖ ਸਾਰੇ ਗਾਣ, ਸੰਤ ਸੁਹੇਲੇ ਧਿਆਨ ਲਗਾਈਆ । ਭਗਤ ਭਗਵਾਨ ਕਰਨ ਪਰਵਾਨ, ਪਰਮਾਨੰਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਇਕ ਜਣਾਈਆ । ਸ਼ਬਦ ਸੁਤ ਕਹੇ ਮੈਂ ਸੇਵ ਕਮਾਵਾਂਗਾ । ਸਾਚਾ ਮੰਤਰ ਇਕ ਦ੍ਰਿੜਾਵਾਂਗਾ । ਅੰਤਰ ਆਤਮ ਬੂਝ ਬੁਝਾਵਾਂਗਾ । ਜਗਤ ਬਸੰਤਰ ਮੇਟ ਮਿਟਾਵਾਂਗਾ । ਗਗਨ ਗਗਨੰਤਰ ਵੇਖ ਵਖਾਵਾਂਗਾ । ਸਾਚਾ ਮੰਤਰ ਇਕ ਦ੍ਰਿੜਾਵਾਂਗਾ । ਸੋ ਪੁਰਖ ਨਿਰੰਜਣ ਤੇਰਾ ਰਾਹ ਵਖਾਵਾਂਗਾ । ਹੰ ਬ੍ਰਹਮ ਬਣਾ ਕੇ ਸੱਜਣ, ਸਗਲਾ ਸੰਗ ਇਕ ਦਰਸਾਵਾਂਗਾ । ਆਤਮ ਪਰਮਾਤਮ ਕਰਾ ਮਜਨ, ਦੁਬਧਾ ਦੁਰਮਤ ਮੈਲ ਧਵਾਵਾਂਗਾ । ਸੋਹੰ ਸਤਿ

ਸਰੂਪ ਦੱਸ ਕੇ ਭਜਨ, ਭਾਂਡਾ ਭਰਮ ਭੌ ਭੰਨਾਵਾਂਗਾ । ਤੇਰੇ ਤੇਰੇ ਨਾਲ ਹੋਵਣ ਮਗਨ, ਦੂਜਾ ਇਸ਼ਟ ਨਾ ਕੋਇ ਵਖਾਵਾਂਗਾ । ਨਿਰਗੁਣ ਹੋ ਕੇ ਨਿਰਗੁਣ ਮੁਖ ਲਗਾਵਾਂ ਸਗਨ, ਸਾਚਾ ਰਸ ਇਕ ਚੁਆਵਾਂਗਾ । ਜੁਗ ਚੌਕੜੀ ਜਿਸ ਦੇ ਮਿਲਣ ਨੂੰ ਕਰਦੇ ਰਹੇ ਯਤਨ, ਸੋ ਯਥਾ ਯੋਗ ਜਨ ਭਗਤਾਂ ਸੇਵਾ ਆਪ ਕਮਾਵਾਂਗਾ । ਜੋ ਛੱਡ ਕੇ ਆਏ ਆਪਣਾ ਪਿਛਲਾ ਵਤਨ, ਤਿਨ੍ਹਾਂ ਓਸੇ ਘਰ ਮੋੜ ਲੈ ਜਾਵਾਂਗਾ । ਇਕੋ ਸੰਦੇਸਾ ਲੋਕਮਾਤ ਆਵਾਂ ਆਖਣ, ਬਿਨ ਰਸਨਾ ਜਿਹਵਾ ਬੋਲ ਸੁਣਾਵਾਂਗਾ । ਲੱਖ ਚੁਰਾਸੀ ਵਰੋਲ ਮਾਖਣ, ਸੰਤ ਸੁਹੇਲੇ ਬਾਹਰ ਕਢਾਵਾਂਗਾ । ਸੇਵਾ ਕਰਾਂ ਬਣ ਕੇ ਦਾਸੀ ਦਾਸਨ, ਸੇਵਕ ਆਪਣਾ ਨਾਮ ਜਣਾਵਾਂਗਾ । ਤੇਰਾ ਮੇਲਾ ਪੁਰਖ ਅਬਿਨਾਸ਼ਨ, ਅਬਿਨਾਸ਼ੀ ਤੇਰਾ ਘਰ ਵਖਾਵਾਂਗਾ । ਨਿਰਵੈਰ ਹੋ ਕੇ ਬਣਨਾ ਸਾਥਨ, ਸਗਲਾ ਸੰਗ ਇਕ ਜਣਾਵਾਂਗਾ । ਉਚੀ ਕੂਕ ਤੇਰਾ ਨਾਮ ਜੈਕਾਰਾ ਸੋਹੰ ਸਾਰੇ ਆਖਣ, ਤੂੰ ਮੇਰਾ ਮੈਂ ਤੇਰਾ ਦੂਜਾ ਬੰਧਨ ਸਰਬ ਕਟਾਵਾਂਗਾ । ਅੰਤਮ ਉਤਰਨ ਆਪਣੇ ਘਾਟਨ, ਘਾਟਾ ਸਭ ਦਾ ਪੂਰ ਕਰਾਵਾਂਗਾ । ਜਨਮ ਮਰਨ ਦੀ ਚੁੱਕੇ ਵਾਟਨ, ਲੱਖ ਚੁਰਾਸੀ ਪੰਧ ਮੁਕਾਵਾਂਗਾ । ਜਿਸ ਘਰ ਪੁਰਖ ਅਕਾਲ ਤੇਰਾ ਆਸਣ, ਤੇਰੇ ਭਗਤ ਓਸੇ ਘਰ ਬਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸ਼ਬਦ ਸੁੱਤ ਮੰਗੇ ਵਰ, ਤੇਰਾ ਰੂਪ ਤੇਰੇ ਵਿਚ ਮਿਲਾਵਾਂਗਾ ।



੬੯੩
੧੫

## ੧੭ ਅੱਸੂ ੨੦੨੦ ਬਿਕ੍ਰਮੀ ਬਖ਼ਤਾਰ ਸਿੰਘ ਦੇ ਗ੍ਰਹਿ ਖ਼ਿਆਲੀ ਵਾਲਾ ਜ਼ਿਲਾ ਬਠਿੰਡਾ

ਗੁਰ ਅਵਤਾਰ ਪੀਰ ਪੈਗ਼ੰਬਰ ਰਾਹ ਤੱਕਣ ਲੋਕ ਪਰਲੋਕਾ, ਪੁਰਖ ਅਕਾਲ ਦੀਨ ਦਿਆਲ ਇਕੋ ਓਟ ਤਕਾਈਆ । ਦੋ ਜਹਾਨ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਮਾਰਗ ਦਿਸੇ ਨਾ ਕੋਇ ਸੌਖਾ, ਰਹਿਬਰ ਨਜ਼ਰ ਕੋਇ ਨਾ ਆਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਵਰਨ ਅਠਾਰਾਂ ਬਰਨ ਲੱਖ ਚੁਰਾਸੀ ਕਰੇ ਧੋਖਾ, ਸਾਚੀ ਸਚ ਨਾ ਕੋਇ ਪੜ੍ਹਾਈਆ । ਮਨ ਵਾਸਨਾ ਜੀਵ ਜੰਤ ਸਾਧ ਸੰਤ ਕਲ ਹੋਇਆ ਹੋਛਾ, ਸਤਿ ਸੰਤੋਖ ਨਜ਼ਰ ਕੋਇ ਨਾ ਆਈਆ । ਬਿਨ ਹਰਿ ਨਾਮ ਸ੍ਰੀ ਭਗਵਾਨ ਕਾਇਆ ਮੰਦਰ ਖ਼ਾਲੀ ਦਿਸੇ ਕੋਠਾ, ਵਸਤ ਅਮੋਲਕ ਹੱਥ ਕਿਸੇ ਨਾ ਆਈਆ । ਆਤਮ ਪਰਮਾਤਮ ਜਗਤ ਵਿਛੋੜੇ ਹੋਇਆ ਬੋਥਾ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਧੁਰ ਦੀ ਬਾਣੀ ਸ਼ਬਦ ਅਗੰਮ ਸਚ ਸੁਣਾਏ ਨਾ ਕੋਇ ਸਲੋਕਾ, ਰਸਨਾ ਜਿਹਵਾ ਬੱਤੀ ਦੰਦ ਰਹੇ ਕੁਰਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਦੇਵੇ ਹੋਕਾ, ਅੰਜੀਲ ਕੁਰਾਨ ਨਾਅਰਾ ਰਹੀ ਲਗਾਈਆ । ਚਾਰ ਕੁੰਟ ਦਹਿ ਦਿਸ਼ਾ ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਵੇਖ ਅੱਖਾਂ ਮੌਕਾ, ਨਿਰਗੁਣ ਨਿਰਵੈਰ ਆਪਣਾ ਫੇਰਾ ਪਾਈਆ । ਕਲਜੁਗ ਤੇਰਾ ਰਾਹ ਤੱਕੇ ਪੁੱਤ ਛੋਟਾ, ਸੁੱਤ ਗੋਬਿੰਦ ਨਾਲ ਮਿਲਾਈਆ । ਬੇਪਰਵਾਹ ਬੇਐਬ ਪਰਵਰਦਿਗਾਰ ਨੂਰ ਇਲਾਹੀ ਕਿਉਂ ਮੇਰੇ ਨਾਲ ਕਰੇਂ ਰੋਸਾ, ਕਰਵਟ ਆਪਣੀ ਲੈ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਆ ਕੇ ਆਪਣਾ ਘਰ, ਬ੍ਰਹਿਮੰਡ ਖੰਡ ਬੈਠਾ ਨੈਣ ਉਠਾਈਆ । ਗੁਰ ਅਵਤਾਰ ਮੰਗਣ ਮੰਗ, ਪ੍ਰਭ ਅੱਗੇ ਸੀਸ ਝੁਕਾਈਆ । ਪੀਰ ਪੈਗ਼ੰਬਰ ਕਹਿਣ ਪ੍ਰਭ ਹੋ ਸੰਗ, ਪਰਵਰਦਿਗਾਰ ਤੇਰੀ ਸਰਨਾਈਆ । ਲੋਕ ਪਰਲੋਕ ਤੇਰਾ ਮੰਗਣ ਇਕ ਅਨੰਦ, ਅਨੰਦ ਅਨੰਦ ਵਿਚੋ ਪਰਗਟਾਈਆ । ਰਾਹ ਤੱਕਣ ਸੂਰਜ ਚੰਦ, ਕਿਰਨ ਕਿਰਨ

੬੯੪
੧੫

ਕਰ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਸਚ ਦੁਆਰ ਵੇਖਣ ਲੰਘ, ਦੂਰ ਦੁਰਾਡਾ ਪੰਧ ਮੁਕਾਈਆ । ਨੇਤਰ ਰੋਵੇ ਜੇਰਜ ਅੰਡ, ਉਤਭੁਜ ਸੇਤਜ ਰਹੀ ਕੁਰਲਾਈਆ । ਤ੍ਰੈਗੁਣ ਮਾਇਆ ਭੇਖ ਪਖੰਡ, ਦਰ ਦਰ ਘਰ ਘਰ ਨੱਚੇ ਵਾਹੋ ਦਾਹੀਆ । ਪੰਜ ਤਤ ਤੱਤਵ ਕੋਈ ਨਾ ਗਾਏ ਛੰਦ, ਸਾਚਾ ਰਾਗ ਨਾਦ ਕੋਇ ਨਾ ਗਾਈਆ । ਨਵ ਨੌ ਚਾਰ ਲੱਗੀ ਅੱਗ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਨਾ ਕੋਈ ਮੱਕਾ ਕਾਅਬਾ ਦਿਸੇ ਹੱਜ, ਹੁਜਰਾ ਹੱਕ ਨਜ਼ਰ ਕੋਇ ਨਾ ਆਈਆ । ਮੰਦਰ ਮਸਜਦ ਸ਼ਿਵਦਵਾਲੇ ਨੀਰ ਵਹਾਵਣ ਮੱਠ, ਮਸਤਕ ਰੇਖ ਸਾਰੇ ਬੈਠੇ ਢਾਹੀਆ । ਖਾਣੀ ਬਾਣੀ ਝੋਲੀ ਖ਼ਾਲੀ ਰਹੀ ਅੱਡ, ਦੋਏ ਜੋੜ ਵਾਸਤਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤੁਧ ਬਿਨ ਖ਼ਾਲੀ ਦਿਸਣ ਹੱਡ, ਹਰਿ ਕਾ ਨਾਮ ਨਜ਼ਰ ਕੋਇ ਨਾ ਆਈਆ । ਦਰੋਹੀ ਖ਼ੁਦਾਏ ਬੀ ਮਿਹਰਵਾਨ ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਚੌਦਾਂ ਤਬਕ ਕਿਉਂ ਗਿਉਂ ਪਿੱਛੇ ਛੱਡ, ਖਹਿੜਾ ਆਪਣਾ ਗਿਉਂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਮੰਗ ਨਾ ਕੋਇ ਮੰਗਾਈਆ । ਚੌਦਾਂ ਲੋਕ ਮਾਰਨ ਧਾਹ, ਚੌਦਾਂ ਤਬਕ ਰਹੇ ਕੁਰਲਾਈਆ । ਚੌਦਾ ਵਿਦਿਆ ਭੇਵ ਕੋਈ ਨਾ ਆ, ਖ਼ਾਲੀ ਹੱਥ ਰਹੀ ਵਖਾਈਆ । ਚੌਦਸ ਚੰਦ ਨਾ ਸਕੇ ਕੋਇ ਚਮਕਾ, ਕਲਜੁਗ ਅੰਧੇਰਾ ਛਾਈਆ । ਸਾਚਾ ਮਾਰਗ ਦਿਸੇ ਨਾ ਰਾਹ, ਭਰਮੇ ਭੁੱਲੀ ਸਰਬ ਲੋਕਾਈਆ । ਚਾਰ ਕੁੰਟ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਦਹਿ ਦਿਸ਼ਾ ਕੂੜ ਤੂਫ਼ਾਨ, ਜੀਵ ਜੰਤ ਰਿਹਾ ਰੁੜ੍ਹਾਈਆ । ਕਾਮ ਕਰੋਧ ਹੋਇਆ ਬਲਵਾਨ, ਘਰ ਘਰ ਆਪਣਾ ਜ਼ੋਰ ਵਧਾਈਆ । ਮਾਇਆ ਮਮਤਾ ਮੋਹ ਸਕੇ ਨਾ ਕੋਇ ਮਿਟਾ, ਮਿਟੀ ਖ਼ਾਕ ਦਿਸੇ ਸਰਬ ਲੋਕਾਈਆ । ਮਨ ਵਾਸਨਾ ਸਕੇ ਨਾ ਕੋਈ ਗਵਾ, ਮਨਮਤ ਫਿਰੇ ਹਲਕਾਈਆ । ਗੁਰ ਕਾ ਸ਼ਬਦ ਸਕੇ ਨਾ ਕੋਈ ਕਮਾ, ਰਸਨਾ ਜਿਹਵਾ ਹੋਈ ਹਲਕਾਈਆ । ਅੰਮ੍ਰਿਤ ਆਤਮ ਜਾਮ ਸਕੇ ਨਾ ਕੋਇ ਪਿਆ, ਅਠਸਠ ਤੀਰਥ ਫਿਰ ਫਿਰ ਥੱਕੇ ਪਾਂਧੀ ਰਹੀਆ । ਸਾਚਾ ਮੰਦਰ ਕੋਈ ਨਾ ਸਕੇ ਸੁਹਾ, ਦੀਵਾ ਬਾਤੀ ਬਿਨ ਕਮਲਾਪਾਤੀ ਜੋਤ ਨਿਰੰਜਣ ਕਰੇ ਨਾ ਕੋਇ ਰੁਸ਼ਨਾਈਆ । ਸਚ ਸੰਦੇਸਾ ਦੇਵੇ ਨਾ ਕੋਇ ਸੁਣਾ, ਅਨਹਦ ਅਨਾਦੀ ਰਾਗ ਅਲਾਈਆ । ਬਜਰ ਕਪਾਟੀ ਪੜਦਾ ਸਕੇ ਨਾ ਕੋਇ ਤੁੜਾ, ਘਰ ਘਰ ਵਿਚ ਮੇਲ ਨਾ ਕੋਇ ਮਿਲਾਈਆ । ਸਾਧ ਸੰਤ ਕਲਜੁਗ ਅੰਤ ਸ੍ਰੀ ਭਗਵੰਤ ਕੰਤ ਸਕੇ ਨਾ ਕੋਇ ਹੰਡਾ, ਨਾਰ ਦੁਹਾਗਣ ਭੱਜੀ ਫਿਰੇ ਵਾਹੋ ਦਾਹੀਆ । ਸਾਚੇ ਘਰ ਸੁਹਾਗਣ ਰੂਪ ਨਾ ਸਕੇ ਵਟਾ, ਲਾਲ ਗੁਲਾਲਾ ਰੰਗ ਨਾ ਕੋਇ ਚੜ੍ਹਾਈਆ । ਮਿਹਰਵਾਨ ਪ੍ਰਭ ਠਾਕਰ ਸੁਆਮੀ ਮਿਹਰ ਨਜ਼ਰ ਇਕ ਉਠਾ, ਦੋ ਜਹਾਨ ਤੇਰੀ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਜਦਾ ਕਰ ਬੈਠੇ ਸੀਸ ਝੁਕਾ, ਦੋਏ ਜੋੜ ਵਾਸਤਾ ਪਾਈਆ । ਪਰਗਟ ਹੋ ਨੂਰੀ ਖ਼ੁਦਾ, ਇਸਮ ਇਕੋ ਇਕ ਦੇ ਸਮਝਾਈਆ । ਮੂਸਾ ਈਸਾ ਮੁਹੰਮਦ ਤੇਰੀ ਕਸਮ ਖਾ ਕੇ ਗਏ ਸੁਣਾ, ਅੰਤਮ ਆਵੇ ਬੇਪਰਵਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਚੱਲੇ ਆਪਣੀ ਸਦਾ ਰਜ਼ਾ, ਰਾਜ਼ਕ ਰਿਜ਼ਕ ਰਹੀਮ ਇਕ ਅਖਵਾਈਆ । ਦੋ ਜਹਾਨਾਂ ਵੇਖੇ ਥਾਉਂ ਥਾਂ, ਲੋਕ ਪਰਲੋਕ ਪੜਦਾ ਦਏ ਉਠਾਈਆ । ਚੌਦਾਂ ਤਬਕ ਸਾਚਾ ਸਬਕ ਦੇ ਸੁਣਾ, ਕਲਮਾ ਕਾਇਨਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਬੈਠੇ ਅਲਖ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਉਡੀਕ, ਪ੍ਰਭ ਤੇਰਾ ਧਿਆਨ ਲਗਾਈਆ । ਮਿਹਰਵਾਨ ਬੇਨਜ਼ੀਰ ਦਰ ਪਾ ਭੀਖ, ਭਿੱਖਕ ਸਵਾਲੀ ਬੈਠੇ ਅਲਖ ਜਗਾਈਆ । ਵਿਸ਼ਨ ਬ੍ਰਹਮਾ

ਸ਼ਿਵ ਤੇਰੇ ਚਰਨ ਕਵਲ ਮੰਗਣ ਪ੍ਰੀਤ, ਦੋਏ ਜੋੜ ਵਾਸਤਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੀ ਕਾਲੀ ਧਾਰ ਵੇਖਣ ਚਿੱਟੇ ਉਤੇ ਲੀਕ, ਲਕੀਰ ਬੇਨਜ਼ੀਰ ਤੇਰੀ ਸਮਝ ਕਿਸੇ ਨਾ ਆਈਆ । ਤੇਰਾ ਨਿਸ਼ਾਨਾ ਕੋਈ ਨਾ ਜਾਣੇ ਠੀਕ, ਕਾਇਆ ਠੀਕਰ ਭੰਨ ਨਾ ਕੋਇ ਤੇਰਾ ਨੂਰ ਨਜ਼ਰੀ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌ ਚਾਰ ਤੇਰੀ ਰਖਦੇ ਗਏ ਉਡੀਕ, ਅੰਤਮ ਵੇਲਾ ਗਿਆ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਆਸਾ ਇਕ ਰਖਾਈਆ । ਪੀਰ ਪੈਗ਼ੰਬਰ ਕਰ ਕਰ ਸਜਦਾ, ਸੀਸ ਜਗਦੀਸ ਰਹੇ ਝੁਕਾਈਆ । ਤੂੰ ਸਾਹਿਬ ਠਾਕਰ ਹਉਂ ਤੇਰਾ ਬਰਦਾ, ਮਹਿਬੂਬ ਤੇਰੀ ਇਕ ਸਰਨਾਈਆ । ਦੋ ਜਹਾਨ ਤੈਥੋਂ ਡਰਦਾ, ਭੈ ਭੌ ਇਕੋ ਨਜ਼ਰੀ ਆਈਆ । ਚਾਰ ਜੁਗ ਤੇਰਾ ਕਲਮਾ ਪੜ੍ਹਦਾ, ਬਿਨ ਕਲਮਿਉਂ ਕਾਮ ਰੂਪ ਵਟਾਈਆ । ਤੂੰ ਵੇਖ ਖੇਲ ਸਾਚੇ ਘਰ ਦਾ, ਘਰ ਘਰ ਵਿਚ ਪੜਦਾ ਲਾਹੀਆ । ਦੀਨ ਇਸਲਾਮ ਉਮਤ ਨਬੀ ਰਸੂਲ ਪੱਲੂ ਕੋਈ ਨਾ ਫੜਦਾ, ਚਾਰੇ ਕੰਨੀਆਂ ਖ਼ਾਲੀ ਰਹੇ ਵਖਾਈਆ । ਮੁਹਮੰਦ ਤੇਰੇ ਵਲ ਇਸ਼ਾਰਾ ਕਰਦਾ, ਸੈਨਤ ਨਾਲ ਰਿਹਾ ਸਮਝਾਈਆ । ਮੈਂ ਸਦੀ ਚੌਧਵੀਂ ਉਹਦੇ ਕੋਲੋ ਡਰਦਾ, ਜਿਸ ਮੇਰੀ ਬਣਤ ਬਣਾਈਆ । ਉਹ ਆਦਿ ਜੁਗਾਦਿ ਜੁਗਾ ਜੁਗੰਤਰ ਸਭ ਦਾ ਘਾੜਨ ਘੜਦਾ, ਘਾੜਤ ਘੜੇ ਬੇਪਰਵਾਹੀਆ । ਉਹਦੇ ਅੱਗੇ ਕੋਈ ਨਾ ਅੜਦਾ, ਜੋ ਘੜਿਆ ਭੰਨ ਵਖਾਈਆ । ਬਿਨ ਪੌੜੀ ਡੰਡੇ ਦੋ ਜਹਾਨ ਬ੍ਰਹਿਮੰਡ ਖੰਡ ਸਭ ਦੇ ਉਪਰ ਚੜ੍ਹਦਾ, ਔਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਅਗਨੀ ਹਵਨ ਕਦੇ ਨਾ ਸੜਦਾ, ਸ਼ਬਦ ਧਾਰ ਕਦੇ ਨਾ ਖਰਦਾ, ਡੂੰਘੀ ਭਵਰੀ ਸਮੁੰਦ ਸਾਗਰ ਸਕੇ ਨਾ ਕੋਇ ਰੁੜ੍ਹਾਈਆ । ਜੋ ਕਰਨਾ ਸੋ ਆਪੇ ਕਰਦਾ, ਨਾ ਜੀਉਂਦਾ ਨਾ ਦਿਸੇ ਮਰਦਾ,
੬੯੫ ਮਰਦ ਮਰਦਾਨਗੀ ਆਪਣੇ ਹੱਥ ਵਖਾਈਆ । ਹਉਂ ਸੇਵਕ ਹੋ ਕੇ ਹਾੜੇ ਕੱਢਦਾ, ਵੇਖਾਂ ਖੇਲ ਨਰਾਇਣ ਨਰ ਦਾ, ਨਰ ਹਰਿ ਆਪਣੀ ਦਇਆ ੬੯੫
੧੫ ਆਪ ਕਮਾਈਆ । ਕਲਜੁਗ ਅੰਤਮ ਭਾਣਾ ਜਰਦਾ, ਤੂੰ ਹੀ ਤੂੰ ਹੀ ਰਾਗ ਪੜ੍ਹਦਾ, ਮੈਂ ਮੇਰਾ ਨਜ਼ਰ ਕੁਛ ਨਾ ਆਈਆ । ਜੋਤੀ ਜੋਤ ਸਰੂਪ ੧੫
ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਭੀਖ ਮੰਗਣ ਆਈਆ । ਗੁਰ ਅਵਤਾਰ ਪੀਰ ਪੈਗੰਬਰ ਗਏ ਝੁਕ, ਝੁਕ ਝੁਕ ਸੀਸ ਨਿਵਾਇਆ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਦੀਨ ਦਿਆਲ ਸਾਡਾ ਪੈਂਡਾ ਗਿਆ ਮੁੱਕ, ਕਲਜੁਗ ਵੇਲਾ ਅੰਤ ਰਿਹਾ ਸਮਝਾਇਆ । ਸਚਖੰਡ ਦੁਆਰੇ ਹਰਿ ਨਿਰੰਕਾਰੇ ਤੇਰੇ ਚਰਨ ਬਲਹਾਰੇ ਤੇਰੀ ਸ਼ਰਨਾਈ ਬੈਠੇ ਲੁਕ, ਦੂਜਾ ਧਾਮ ਨਜ਼ਰ ਕੋਇ ਨਾ ਆਇਆ । ਕਿਰਪਾਨਿਧਾਨ ਨੌਜਵਾਨ ਵਡ ਮਿਹਰਵਾਨ ਲੱਖ ਚੁਰਾਸੀ ਜੀਵ ਜੰਤ ਜਾ ਕੇ ਪੁੱਛ, ਕਿਉਂ ਬੈਠੇ ਤੇਰਾ ਨਾਮ ਭੁਲਾਇਆ । ਨਿਰਭੈ ਨਿਰਵੈਰ ਨਿਰਾਕਾਰ ਇਕੋ ਸ਼ੇਰ ਹੋ ਕੇ ਬੁੱਕ, ਭਬਕ ਦੋ ਜਹਾਨ ਸੁਣਾਇਆ । ਲੱਖ ਚੁਰਾਸੀ ਆਤਮ ਸੁੱਤੀ ਜਾਏ ਉਠ, ਸ਼ਬਦ ਹਲੂਣਾ ਇਕ ਲਗਾਇਆ । ਜਨ ਭਗਤਾਂ ਦੇ ਇਕੋ ਸੁਖ, ਸੁਖ ਆਤਮ ਘਰ ਵਖਾਇਆ । ਉਜਲ ਕਰ ਮਾਤ ਮੁਖ, ਮੁਖੜਾ ਆਪਣੇ ਰੰਗ ਰੰਗਾਇਆ । ਆਪਣੀ ਗੋਦੀ ਲੈ ਚੁੱਕ, ਨਿਰਗੁਣ ਸਰਗੁਣ ਸੇਵ ਕਮਾਇਆ । ਬਿਰਹੋ ਵੈਰਾਗਣ ਹੋ ਕੇ ਜਾ ਕੇ ਪੁੱਛ, ਦਰ ਦਰ ਘਰ ਘਰ ਫੇਰੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਵੇਖ ਆਪਣਾ ਘਰ, ਜਿਸ ਘਰ ਵਿਚ ਕੋਟਨ ਕੋਟ ਬ੍ਰਹਿਮੰਡ ਖੰਡ ਵਸਾਇਆ । ਵੇਖ ਪ੍ਰਭੂ ਜੱਗ ਆ ਕੇ ਹਾਲ, ਤੇਰੇ ਅੱਗੇ ਇਕ ਅਰਜ਼ੋਈਆ । ਚਾਰੋ ਕੁੰਟ ਹੋਈ ਬੇਹਾਲ, ਦਹਿ ਦਿਸ਼ਾ ਸਾਰ ਕੋਇ ਨਾ ਪਾਈਆ । ਗ਼ਰੀਬ ਨਿਮਾਣੇ ਰੋਵਣ ਕੰਗਾਲ, ਨੇਤਰ ਨੈਣਾਂ ਨੀਰ ਵਹਾਈਆ ।

ਸਾਚਾ ਦਿਸੇ ਨਾ ਕੋਇ ਦਲਾਲ, ਸੌਦਾ ਹੱਟ ਨਾ ਕੋਇ ਵਿਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਾਰੇ ਥੱਕੇ ਭਾਲ, ਲੱਭਿਆਂ ਹੱਥ ਕਿਸੇ ਨਾ ਆਈਆ । ਕਰ ਕਿਰਪਾ ਮੰਨ ਇਕ ਸਵਾਲ, ਸਤਿ ਸਤਿਵਾਦੀ ਆਪਣਾ ਵੇਸ ਵਟਾਈਆ । ਲੱਖ ਚੁਰਾਸੀ ਬਿਨ ਪਤ ਫੁਲ ਫੁਲਵਾੜੀ ਦਿਸੇ ਡਾਲ, ਖ਼ਿਜ਼ਾਂ ਰੂਪ ਰੁੱਤ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਬੇਪਰਵਾਹ ਆਖ ਸਮਝੌਂਦਾ ਏ । ਸਚਖੰਡ ਨਿਵਾਸੀ ਨੈਣ ਉਠੌਂਦਾ ਏ । ਪੁਰਖ ਅਬਿਨਾਸ਼ੀ ਪੜਦਾ ਲੌਂਹਦਾ ਏ । ਗੁਰ ਅਵਤਾਰ ਪੀਰ ਪੈਗੰਬਰ ਆਖ ਸੁਣੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਨਾਲ ਰਲੌਂਦਾ ਏ । ਆਸਾ ਸਭ ਦੀ ਪੂਰ ਕਰੌਂਦਾ ਏ । ਸ਼ਬਦੀ ਆਪਣੀ ਧਾਰ ਚਲੌਂਦਾ ਏ । ਬੋਧ ਅਗਾਧ ਮਰਦੰਗ ਅਲੌਂਦਾ ਏ । ਦੋ ਜਹਾਨਾਂ ਖ਼ਬਰ ਸੁਣੌਂਦਾ ਏ । ਬ੍ਰਹਿਮੰਡ ਖੰਡ ਉਠੌਂਦਾ ਏ । ਪੁਰੀ ਲੋਅ ਹਿਲੌਂਦਾ ਏ । ਤ੍ਰੈਗੁਣ ਮਾਇਆ ਡੇਰਾ ਢੌਂਦਾ ਏ । ਪੰਜ ਤਤ ਖੇੜਾ ਵੇਖ ਵਖੌਂਦਾ ਏ । ਨੌ ਦਰ ਆਪਣਾ ਰੰਗ ਚੜੌਂਦਾ ਏ । ਦਸਮ ਦੁਆਰੀ ਕੁੰਡਾ ਲੌਂਹਦਾ ਏ । ਆਤਮ ਸੇਜਾ ਸੋਭਾ ਪੌਂਦਾ ਏ । ਸ਼ਬਦ ਸੁਹਾਗੀ ਗੀਤ ਅਲੌਂਦਾ ਏ । ਬਣ ਵੈਰਾਗੀ ਰਾਗ ਸੁਣੌਂਦਾ ਏ । ਸਚ ਤਿਆਗੀ ਰੂਪ ਵਟੌਂਦਾ ਏ । ਕੰਤ ਸੁਹਾਗੀ ਮੇਲ ਮਿਲੌਂਦਾ ਏ । ਬਣ ਸਵਾਂਗੀ ਵੇਸ ਵਟੌਂਦਾ ਏ । ਕਲਜੁਗ ਕੂੜੀ ਕਿਰਿਆ ਆਂਧੀ ਡੇਰਾ ਢੌਂਦਾ ਏ । ਸਚ ਸੁਣਾਏ ਸ਼ਬਦ ਛਾਂਦੀ, ਸ਼ਹਿਨਸ਼ਾਹ ਆਪਣਾ ਨਾਮ ਦ੍ਰਿੜੌਂਦਾ ਏ । ਚਾਰ ਜੁਗ ਦੀ ਥੱਕੀ ਮਾਂਦੀ, ਸੁਰਤ ਸਵਾਣੀ ਆਪਣੀ ਗੋਦ ਬਹੌਂਦਾ ਏ । ਤੂੰ ਹੀ ਤੂੰ ਢੋਲਾ ਗਾਂਦੀ, ਸਾਚਾ ਰਾਗ ਸਮਝੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਸਾ ਮਨਸਾ ਸਭ ਦੀ ਲੇਖੇ ਲੌਂਦਾ ਏ । ਆਸਾ ਮਨਸਾ ਪੂਰ ਕਰਾਵਾਂਗਾ । ਨਿਰਵੈਰ ਹੋ ਕੇ ਰੂਪ ਵਟਾਵਾਂਗਾ । ਦੋ ਜਹਾਨ ਵੇਖ ਵਖਾਵਾਂਗਾ । ਲੱਖ ਚੁਰਾਸੀ ਫੋਲ ਫੋਲਾਵਾਂਗਾ । ਜਮ ਕੀ ਫਾਸੀ ਆਪ ਤੁੜਾਵਾਂਗਾ । ਜਨ ਭਗਤ ਬਣਾ ਕੇ ਸਾਥੀ, ਸਗਲਾ ਸੰਗ ਨਿਭਾਵਾਂਗਾ । ਆਤਮ ਪਰਮਾਤਮ ਬਣਾ ਕੇ ਪਾਠੀ, ਪੂਜਾ ਪਾਠ ਇਕ ਦਰਸਾਵਾਂਗਾ । ਕਲਜੁਗ ਮੇਟ ਅੰਧੇਰੀ ਰਾਤੀ, ਸਤਿਜੁਗ ਸੱਚਾ ਚੰਦ ਚਮਕਾਵਾਂਗਾ । ਨਾ ਕੋਈ ਦਿਸੇ ਮੁੱਲਾਂ ਕਾਜ਼ੀ, ਪੰਡਤ ਪਾਂਧਾ ਖ਼ਾਕ ਰਲਾਵਾਂਗਾ । ਨਾ ਕੋਈ ਦਿਸੇ ਸ਼ਾਹ ਨਵਾਬ ਗ਼ਾਜ਼ੀ, ਰਾਜ ਰਾਜਾਨਾਂ ਖ਼ਾਕ ਮਿਲਾਵਾਂਗਾ । ਚੜ੍ਹ ਕੇ ਸ਼ਬਦ ਘੋੜੇ ਸੱਚੇ ਰਾਕੀ, ਰਕਬਾ ਦੋ ਜਹਾਨ ਚਰਨਾਂ ਹੇਠ ਰਖਾਵਾਂਗਾ । ਆਦਿ ਪੁਰਖ ਜਿਸ ਸਾਜਣ ਸਾਜੀ, ਸੋ ਅੰਤਮ ਵੇਖਣ ਆਵਾਂਗਾ । ਸੋਹੰ ਸ਼ਬਦ ਧੁਰ ਦੀ ਦਾਤ ਸਤਿਜੁਗ ਦੇਵਾਂ ਇਕੋ ਭਾਜੀ, ਵਸਤ ਅਮੋਲਕ ਆਪ ਵਰਤਾਵਾਂਗਾ । ਨਿਰਗੁਣ ਨਿਰਵੈਰ ਹੋ ਕੇ ਜਨ ਭਗਤਾਂ ਅੰਦਰ ਕਰਾਂ ਹੱਜ ਬਣ ਕੇ ਹਾਜੀ, ਹਜ਼ਰਤ ਆਪਣੀ ਧਾਰ ਵਖਾਵਾਂਗਾ । ਬਰਦਾ ਗ਼ੁਲਾਮ ਹੋ ਕੇ ਬਣਾਂ ਨਿਮਾਜ਼ੀ, ਸਚ ਮੁਸੱਲਾ ਇਕ ਵਛਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਲੇਖਾ ਆਪਣੇ ਹੱਥ ਰਖਾਵਾਂਗਾ । ਧੁਰ ਦਾ ਲੇਖਾ ਹੱਥ ਰਖਾਵਾਂਗਾ । ਸਮਰਥ ਹੋ ਕੇ ਆਵਾਂਗਾ । ਮਹਿਮਾ ਅਕੱਥ ਜਣਾਵਾਂਗਾ । ਧੁਰ ਦਾ ਰਥ ਆਪ ਚਲਾਵਾਂਗਾ । ਲੱਖ ਚੁਰਾਸੀ ਜੀਵ ਜੰਤ ਇਕੋ ਮਾਰਗ ਦੱਸ, ਚਾਰ ਵਰਨ ਰਹਿਬਰ ਇਕ ਅਖਵਾਵਾਂਗਾ । ਸਭ ਦਾ ਵੇਖ ਧੀਰਜ ਜਤ ਸਤਿ ਤਪ ਹਠ, ਤਪ ਤਪੀਸ਼ਰ ਪੜਦਾ ਆਪ ਉਠਾਵਾਂਗਾ । ਸੰਤ ਸੁਹੇਲੇ ਵਿਚੋ ਰੱਖ, ਆਪਣਾ ਰੰਗ ਰੰਗਾਵਾਂਗਾ । ਭਗਤਾਂ ਦਰਸ ਦਿਆਂ ਪਰਤੱਖ, ਸਨਮੁਖ ਆਪਣਾ ਮੁਖ ਵਖਾਵਾਂਗਾ । ਗੁਰਮੁਖਾਂ ਬੁਝਾਵਾਂ ਅਗਨੀ ਅੱਗ, ਅੰਮ੍ਰਿਤ

੬੯੬ ੧੫

ਮੇਘ ਇਕ ਬਰਸਾਵਾਂਗਾ । ਗੁਰਸਿਖਾਂ ਸ਼ਬਦੀ ਬੰਨ੍ਹ ਤਗ, ਸਾਚਾ ਸਗਨ ਇਕ ਮਨਾਵਾਂਗਾ । ਹਿਰਦੇ ਅੰਤਰ ਆਤਮ ਰਚ, ਸਾਢੇ ਤਿੰਨ ਕਰੋੜ ਲੂੰ ਲੂੰ ਆਪਣਾ ਨਾਮ ਜਪਾਵਾਂਗਾ । ਇਕੋ ਧਾਰ ਵਖਾਵਾਂ ਸਚ, ਕੂੜ ਕੁੜਿਆਰਾ ਡੇਰਾ ਢਾਹਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਅਗੰਮੀ ਬੋਲ ਅਲੱਖ, ਨਾਅਰਾ ਇਕੋ ਇਕ ਸੁਣਾਵਾਂਗਾ । ਨਾਅਰਾ ਇਕੋ ਇਕ ਸੁਣਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਕਲਜੁਗ ਪਿਛਲਾ ਪੰਧ ਮੁਕਾਏਗਾ । ਸਤਿਜੁਗ ਸੱਚਾ ਧਰਤ ਮਾਤ ਗੋਦ ਟਿਕਾਏਗਾ । ਨਾਤਾ ਜੋੜੇ ਜਨ ਭਗਤਾਂ ਨਾਲ ਪੱਕਾ, ਸਗਲਾ ਸੰਗ ਇਕ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਵੇਖ ਵਖਾਏਗਾ । ਪ੍ਰਭ ਲੇਖਾ ਵੇਖਣ ਆਵੇਗਾ । ਜੋਤੀ ਨੂਰ ਨੂਰ ਪਰਗਟਾਵੇਗਾ । ਜ਼ਾਹਰ ਜ਼ਹੂਰ ਵੇਸ ਵਟਾਵੇਗਾ । ਸ਼ਬਦ ਨਾਦ ਤੂਰ ਸੁਣਾਵੇਗਾ । ਸਰਬ ਕਲਾ ਭਰਪੂਰ, ਭਰਪੂਰ ਆਪਣੀ ਕਲ ਵਰਤਾਵੇਗਾ । ਪੰਧ ਮੁਕਾ ਨੇੜ ਦੂਰ, ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਵੇਗਾ । ਕਲਜੁਗ ਕੂੜੀ ਕਿਰਿਆ ਨਾਤਾ ਤੋੜੇ ਕੂੜ, ਸਚ ਸੁਚ ਇਕ ਸਮਝਾਵੇਗਾ । ਨੌ ਖੰਡ ਪ੍ਰਿਥਮੀ ਵੇਖੇ ਭਰਿਆ ਪੂਰ, ਸ਼ੌਹ ਦਰਿਆ ਆਪ ਰੁੜ੍ਹਾਵੇਗਾ । ਗੁਰਮੁਖ ਵਿਰਲਾ ਹੋਏ ਮਨਜ਼ੂਰ, ਜਿਸ ਆਪਣਾ ਭੇਵ ਚੁਕਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਲੇਖੇ ਲਾਵੇਗਾ । ਗੁਰ ਅਵਤਾਰ ਸੁਣ ਕੇ ਪਏ ਹੱਸ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਪੀਰ ਪੈਗ਼ੰਬਰ ਕਹਿਣ ਪ੍ਰਭੂ ਤੇਰੇ ਸਭ ਵਸ, ਬੇਅੰਤ ਤੇਰੀ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਅਸੀਂ ਮਾਰਗ ਆਏ ਦੱਸ, ਲੋਕਮਾਤ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਲੇਖਾ ਲਿਖ ਸਮਝਾਈਆ । ਤੇਰਾ ਨਾਮ ਨਿਧਾਨ ਅੰਮ੍ਰਿਤ ਆਤਮ ਦੇ ਕੇ ਆਏ ਰਸ, ਰਸ ਇਕੋ ਇਕ ਸਮਝਾਈਆ । ਤੇਰਾ ਨੂਰ ਨਿਰਗੁਣ ਜੋਤ ਕਰ ਕੇ ਆਏ ਪਰਕਾਸ਼, ਦੀਵਾ ਬਾਤੀ ਕਮਲਾਪਾਤੀ ਇਕ ਵਖਾਈਆ । ਤੇਰੇ ਮਿਲਣ ਦੀ ਦਸ ਕੇ ਆਏ ਆਸ, ਸਾਚੀ ਸਿਖਿਆ ਕਰ ਪੜ੍ਹਾਈਆ । ਆਦਿ ਜੁਗਾਦਿ ਜੁਗ ਚੌਕੜੀ ਸਭ ਦਾ ਦਾਤਾ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਇਕ ਅਖਵਾਈਆ । ਜੁਗ ਚੌਕੜੀ ਪੁਰੀ ਲੋਅ ਮੰਡਲ ਮੰਡਪ ਜੋ ਪੌਂਦਾ ਰਹੇ ਰਾਸ, ਗੋਪੀ ਕਾਹਨ ਰੂਪ ਵਟਾਈਆ । ਨਿਤ ਨਵਿਤ ਦੇਵੇ ਸਾਥ, ਸਗਲਾ ਸੰਗ ਆਪ ਹੋ ਜਾਈਆ । ਅਸੀਂ ਸਾਰੇ ਗੁਰ ਅਵਤਾਰ ਪੀਰ ਪੈਗ਼ੰਬਰ ਓਸੇ ਨਾਮ ਦਾ ਕਰਦੇ ਪਾਠ, ਪੂਜਾ ਜਗਤ ਜੁਗਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਵੇਖ ਪ੍ਰਭ ਸੱਚਾ ਘਰ, ਜਿਸ ਘਰ ਤੇਰੇ ਨਾਮ ਵੱਜੇ ਵਧਾਈਆ । ਸ੍ਰੀ ਭਗਵਾਨ ਹੋ ਦਿਆਲ, ਦੋ ਜਹਾਨਾਂ ਵਾਲੀ ਆਪ ਜਣਾਇੰਦਾ । ਭਗਤ ਸੁਹੇਲੇ ਮੇਰੇ ਲਾਲ, ਗੁਰ ਚੇਲੇ ਵੇਖ ਵਖਾਇੰਦਾ । ਨੌ ਖੰਡ ਪ੍ਰਿਥਮੀ ਵਿਚੋ ਲਵਾਂ ਭਾਲ, ਲੱਖ ਚੁਰਾਸੀ ਖੋਜ ਖੋਜਾਇੰਦਾ । ਕਾਇਆ ਪੜਦਾ ਲਾਹ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਸੋਭਾ ਪਾਇੰਦਾ । ਦੀਵਾ ਬਾਤੀ ਨਿਰਗੁਣ ਜੋਤ ਦੇਵਾਂ ਬਾਲ, ਅਗਿਆਨ ਅੰਧੇਰੇ ਮਿਟਾਇੰਦਾ । ਅਨਹਦ ਰਾਗ ਸੁਣਾਵਾਂ ਅਗੰਮੀ ਤਾਲ, ਢੋਲਕ ਛੈਣਾ ਨਾ ਕੋਇ ਵਜਾਇੰਦਾ । ਅੰਮ੍ਰਿਤ ਆਤਮ ਪਿਆਵਾਂ ਜਲ ਸੁਹਾਵਾਂ ਠੰਡਾ ਤਾਲ, ਘਰ ਸਰੋਵਰ ਇਕ ਪਰਗਟਾਇੰਦਾ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਨਾਤਾ ਤੋੜ ਕਾਲ ਮਹਾਂਕਾਲ, ਪੁਰਖ ਅਕਾਲ ਗੰਢ ਪਵਾਇੰਦਾ । ਸਾਚਾ ਮਾਰਗ ਦਿਆਂ ਸਿਖਾਲ, ਸੋਹੰ ਅੱਖਰ ਇਕ ਸਮਝਾਇੰਦਾ । ਏਥੇ ਓਥੇ ਦੋ ਜਹਾਨਾਂ ਬਣੇ ਦਲਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੬੯੭
੧੫

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਾਰਗ ਇਕੋ ਇਕ ਦਰਸਾਇੰਦਾ । ਮਾਰਗ ਇਕੋ ਇਕ ਲਗਾਵਾਂਗਾ । ਦੋ ਜਹਾਨ ਅੰਤ ਸਮਝਾਵਾਂਗਾ । ਸਤਿਜੁਗ ਬਣਾ ਕੇ ਬਣਤ, ਘੜਨ ਭੰਨਣਹਾਰ ਖੇਲ ਖਲਾਵਾਂਗਾ । ਗੁਰਮੁਖ ਸੱਜਣ ਮੇਲ ਸੰਤ, ਸਤਿਗੁਰ ਆਪਣਾ ਰੂਪ ਵਟਾਵਾਂਗਾ । ਵਿਛੋੜਾ ਨਾਰ ਰਹੇ ਨਾ ਕੰਤ, ਸੁਰਤੀ ਸ਼ਬਦੀ ਜੋੜ ਜੁੜਾਵਾਂਗਾ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਇਕ ਸਮਝਾਵਾਂਗਾ । ਦੂਜਾ ਦਰ ਕੋਈ ਨਾ ਜਾਏ ਮੰਗਤ, ਭਿਛਿਆ ਇਕੋ ਘਰੋ ਵਰਤਾਵਾਂਗਾ । ਚਾਰ ਵਰਨਾਂ ਨਜ਼ਰੀ ਆਏ ਸੱਚਾ ਪੰਡਤ, ਬੋਧ ਅਗਾਧਾ ਰਾਗ ਸੁਣਾਵਾਂਗਾ । ਚੌਦਾਂ ਵਿਦਿਆ ਕਰ ਕੇ ਖੰਡਤ, ਖ਼ਾਲਸ ਇਕੋ ਨਾਮ ਸਮਝਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਿਖਾਵਾਂਗਾ । ਸਾਚੀ ਸਿਖਿਆ ਪ੍ਰਭੂ ਸਿਖਾਏਗਾ । ਜੀਵ ਜੰਤ ਆਪ ਸਮਝਾਏਗਾ । ਸਾਧ ਸੰਤ ਫੜ ਉਠਾਏਗਾ । ਤ੍ਰੈਗੁਣ ਮਾਇਆ ਡੇਰਾ ਢਾਹੇਗਾ । ਉਲਟਾ ਗੇੜਾ ਪੰਧ ਮੁਕਾਏਗਾ । ਪੰਚਮ ਝੇੜਾ ਰਹਿਣ ਨਾ ਪਾਏਗਾ । ਕਾਇਆ ਖੇੜਾ ਆਪ ਵਸਾਏਗਾ । ਮੇਰਾ ਤੇਰਾ ਰੰਗ ਰੰਗਾਏਗਾ । ਨੇਰਨ ਨੇਰਾ ਨਜ਼ਰੀ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਰੁਤੜੀ ਆਪ ਮਹਿਕਾਏਗਾ । ਸਾਚੀ ਰੁਤੜੀ ਆਪ ਮਹਿਕਾਵੇਗਾ । ਫੁਲ ਫੁਲਵਾੜੀ ਵੇਖ ਵਖਾਵੇਗਾ । ਸਚ ਬਾਗ਼ੀਚਾ ਇਕ ਪਰਗਟਾਵੇਗਾ । ਨੀਚਾਂ ਊਚਾਂ ਇਕੋ ਰੰਗ ਰੰਗਾਵੇਗਾ । ਸਚ ਦੁਆਰਾ ਸਭ ਨੂੰ ਸੱਚਾ ਸੂਝਾ, ਸੂਝ ਆਤਮ ਪਰਮਾਤਮ ਆਪ ਬੁਝਾਵੇਗਾ । ਅਗਲਾ ਭੇਵ ਖੁਲ੍ਹਾਏ ਗੂਝਾ, ਪੜਦਾ ਦੂਈ ਦਵੈਤ ਚੁਕਾਵੇਗਾ । ਲੇਖਾ ਰਹੇ ਨਾ ਏਕਾ ਦੂਜਾ, ਦੂਜਾ ਏਕਾ ਇਕੋ ਘਰ ਵਸਾਵੇਗਾ । ਨੇਤਰ ਖੋਲ੍ਹ ਇਕੋ ਤੀਜਾ, ਤ੍ਰੈਭਵਣ ਪੰਧ ਮੁਕਾਵੇਗਾ । ਚੌਥੇ ਘਰ ਆਪ ਪਤੀਜਾ, ਪਰਮ ਪ੍ਰੀਤੀ ਇਕ ਸਿਖਾਵੇਗਾ । ਪੰਚਮ ਖੇਲ ਕਰੇ ਅਨਡੀਠਾ, ਘਰ ਘਰ ਵਿਚ ਰਾਗ ਅਲਾਵੇਗਾ । ਛੇਵੇਂ ਛੱਪਰ ਛੰਨ ਵਸੇ ਨਾ ਸੱਜਣ ਮੀਤਾ, ਮਹੱਲ ਅਟੱਲ ਇਕ ਰੁਸ਼ਨਾਵੇਗਾ । ਸੱਤਵੇਂ ਸਤਿ ਸਤਿਵਾਦੀ ਬੈਠਾ ਰਹੇ ਅਤੀਤਾ, ਤ੍ਰੈਗੁਣ ਡੇਰਾ ਢਾਹਵੇਗਾ । ਅੱਠਵੇਂ ਅੱਠਾਂ ਤੱਤਾਂ ਨਾ ਤਪੇ ਅੰਗੀਠਾ, ਕੂੜੀ ਅਗਨੀ ਆਪ ਬੁਝਾਵੇਗਾ । ਨੌ ਦਰ ਰਹੇ ਨਾ ਕੋਈ ਪਲੀਤਾ, ਪਤਤ ਪਾਪੀ ਪੁਨੀਤ ਰੂਪ ਵਟਾਵੇਗਾ । ਦਸਮ ਦੁਆਰੀ ਕਰੇ ਆਪ ਬਖ਼ਸ਼ੀਸ਼ਾ, ਬਖ਼ਸ਼ਸ਼ ਇਕੋ ਇਕ ਵਖਾਵੇਗਾ । ਜਨਮ ਕਰਮ ਦਾ ਸਾਮ੍ਹਣੇ ਰੱਖੇ ਸ਼ੀਸ਼ਾ, ਪੂਰਬ ਲੇਖਾ ਨਾਲ ਰਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਸਮਝਾਵੇਗਾ । ਸਾਚਾ ਖੇਲ ਪ੍ਰਭੂ ਕਰਾਵੇਗਾ । ਕਲਜੁਗ ਲੇਖਾ ਅੰਤ ਮੁਕਾਵੇਗਾ । ਸਤਿਜੁਗ ਸਾਚੀ ਧਾਰ ਬੰਧਾਏਗਾ । ਚਾਰ ਵਰਨ ਇਕੋ ਘਰ ਵਸਾਏਗਾ । ਅਠਾਰਾਂ ਬਰਨ ਰਹਿਣ ਨਾ ਪਾਏਗਾ । ਤਰਨੀ ਤਰਨ ਤਾਰਨਹਾਰ ਦਇਆ ਕਮਾਏਗਾ । ਸਾਚੀ ਸਰਨ ਇਕ ਰਖਾਏਗਾ । ਮਰਨੀ ਡਰਨੀ ਭੌ ਮਿਟਾਏਗਾ । ਸਾਚੀ ਪੌੜੀ ਚੜ੍ਹਨਾ ਆਪ ਸਮਝਾਏਗਾ । ਸੁਰਤ ਸ਼ਬਦ ਫੜਨੀ, ਫੜ ਪੱਲੂ ਗੰਢ ਬੰਨ੍ਹਾਏਗਾ । ਪੁਰਖ ਅਕਾਲ ਆਪਣੀ ਕਰਨੀ ਕਰਨੀ, ਕਰਤਾ ਆਪਣਾ ਖੇਲ ਰਚਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਸਭ ਦੀ ਆਸਾ ਪੂਰ ਕਰਾਏਗਾ । ਪ੍ਰਭੂ ਆਸਾ ਪੂਰ ਕਰਾਵੇਗਾ । ਮਨਸਾ ਮਨਸਾ ਵਿਚ ਮਿਲਾਵੇਗਾ । ਕੂੜਾ ਸੰਸਾ ਰੋਗ ਚੁਕਾਵੇਗਾ । ਸਤਿਜੁਗ ਸਾਚਾ ਬੰਸ ਇਕ ਉਪਜਾਵੇਗਾ । ਸੋਹੰ ਹੰਸਾ ਰੂਪ ਵਟਾਵੇਗਾ । ਦਹਿ ਦਿਸ਼ਾ ਰਾਗ ਅਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਵੇਗਾ ।

੬੯੮
੧੫

ਕਰਨੀ ਸਾਚੀ ਪ੍ਰਭੂ ਕਰਾਏਗਾ । ਮਿਹਰਵਾਨ ਵੇਖ ਵਖਾਏਗਾ । ਗੁਰ ਅਵਤਾਰ ਨਾਲ ਰਲਾਏਗਾ । ਪੀਰ ਪੈਗ਼ੰਬਰ ਦਰ ਬੁਲਾਏਗਾ । ਭਗਤ ਅਠਾਰਾਂ ਆਪ ਉਠਾਏਗਾ । ਈਸਾ ਮੂਸਾ ਮੁਹੰਮਦ ਨੇਤਰ ਨੈਣ ਅੱਖ ਖੁਲ੍ਹਾਏਗਾ । ਨਾਨਕ ਗੋਬਿੰਦ ਧਾਰ ਜਣਾਏਗਾ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਏਗਾ । ਦਰਵੇਸ਼ ਬਣਾ ਸੂਰਜ ਚੰਦ, ਸਾਚੀ ਸਿਖਿਆ ਇਕ ਦ੍ਰਿੜਾਏਗਾ । ਚੌਥੇ ਜੁਗ ਮੁਕਿਆ ਪੰਧ, ਸਫ਼ਰਨਾਮਾ ਸਭ ਦਾ ਵੇਖ ਵਖਾਏਗਾ । ਉਠ ਕੇ ਵੇਖੋ ਲੱਖ ਚੁਰਾਸੀ ਅੰਦਰ ਦਿਸੇ ਨਾ ਕੋਈ ਅਨੰਦ, ਸਾਚਾ ਚੰਦ ਨਾ ਕੋਇ ਚਮਕਾਏਗਾ । ਸਭ ਦੀ ਖ਼ਾਲੀ ਕੰਨੀ ਖੁਲ੍ਹੀ ਦਿਸੇ ਗੰਢ, ਪੱਲੂ ਬੰਧ ਨਾ ਕੋਇ ਵਖਾਏਗਾ । ਬਿਨ ਹਰਿ ਨਾਮੇ ਜਗਤ ਸਵਾਣੀ ਹੋਈ ਰੰਡ, ਜਗਤ ਰੰਡੇਪਾ ਕੰਮ ਕਿਸੇ ਨਾ ਆਏਗਾ । ਸਿਰ ਚੁੱਕੀ ਕੂੜੀ ਕਿਰਿਆ ਝੂਠੀ ਪੰਡ, ਕਿਸੇ ਭਾਰ ਨਾ ਕੋਇ ਵੰਡਾਏਗਾ । ਭਾਂਡਾ ਭਰਮ ਭੌ ਦੂਈ ਦਵੈਤ ਨਾ ਢਾਹੀ ਕੰਧ, ਖੁਲ੍ਹਾ ਵਿਹੜਾ ਨਜ਼ਰ ਕੋਇ ਨਾ ਆਏਗਾ । ਆਤਮ ਪਰਮਾਤਮ ਨਾਲ ਮਿਲ ਕੇ ਗਾਇਆ ਨਾ ਇਕੋ ਛੰਦ, ਜਿਸ ਗਾਇਆਂ ਪ੍ਰਭ ਵਿਛੜ ਕਦੇ ਨਾ ਜਾਏਗਾ । ਕਿਸੇ ਕੰਮ ਨਹੀਂ ਆਉਣੇ ਬੱਤੀ ਦੰਦ, ਰਸਨਾ ਜਿਹਵਾ ਲੇਖਾ ਲੇਖੇ ਕੋਈ ਨਾ ਪਾਏਗਾ । ਜਿਨ੍ਹਾਂ ਨਾਲ ਕੂੜੀ ਕਿਰਿਆ ਖਾਦਾ ਗੰਦ, ਸੋ ਗੰਦਗੀ ਵਿਸ਼ਟਾ ਕੀੜਾ ਰੂਪ ਵਟਾਏਗਾ । ਬਿਨ ਸਤਿਗੁਰ ਦੁਆਰੇ ਗੁਰਮੁਖ ਤੇਰਾ ਨੂਰ ਨਾ ਚਮਕੇ ਚੰਦ, ਤੇਰਾ ਜ਼ਹੂਰ ਨਜ਼ਰ ਕਿਸੇ ਨਾ ਆਏਗਾ । ਬਿਨ ਪੁਰਖ ਅਕਾਲ ਦੀਨ ਦਿਆਲ ਦਿਸੇ ਨਾ ਕੋਇ ਬਖ਼ਸ਼ੰਦ, ਬਖ਼ਸ਼ਸ਼ ਹੱਥ ਨਾ ਕੋਇ ਫੜਾਏਗਾ । ਸਚ ਦੁਆਰਾ ਇਕੋ ਇਕ ਜਨ ਭਗਤੋ ਲੈਣਾ ਮੰਗ, ਪੁਰਖ ਅਕਾਲ ਸਾਚੀ ਭਿਛਿਆ ਝੋਲੀ ਪਾਏਗਾ । ਨਾਮ ਚਾੜ੍ਹੇ ਸਾਚਾ ਰੰਗ, ਅਨਡਿਠੜੀ ਚੋਲੀ ਆਪ ਰੰਗਾਏਗਾ । ਨਾਤਾ ਤੋੜੇ ਜੇਰਜ ਅੰਡ, ਉਤਭੁਜ ਸੇਤਜ ਚਾਰੇ ਖਾਣੀ ਪੰਧ ਮੁਕਾਏਗਾ । ਦੇਵੇ ਇਕੋ ਨਿਜਾਨੰਦ, ਨਿਜ ਅੰਮ੍ਰਿਤ ਰਸ ਚਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਦਏ ਗਿਆਨ, ਗੁਰ ਅਵਤਾਰ ਧਰੇ ਧਿਆਨ, ਪੀਰ ਪੈਗ਼ੰਬਰ ਸਚ ਨਿਸ਼ਾਨ ਇਕ ਵਖਾਏਗਾ । ਪਾਰਬ੍ਰਹਮ ਤੇਰੀ ਧੰਨ ਵਡਿਆਈ, ਪੁਰਖ ਅਕਾਲ ਤੇਰਾ ਅੰਤ ਕੋਇ ਨਾ ਪਾਈਆ । ਗੁਰ ਅਵਤਾਰ ਰਹੇ ਜਸ ਗਾਈ, ਪੀਰ ਪੈਗ਼ੰਬਰ ਢੋਲਾ ਰਹੇ ਸੁਣਾਈਆ । ਲੋਕ ਪਰਲੋਕ ਤੇਰੇ ਨਾਮ ਵੱਜੇ ਵਧਾਈ, ਬ੍ਰਹਿਮੰਡ ਖੰਡ ਤੇਰੀ ਸ਼ਨਵਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰਾ ਰਾਗ ਰਹੇ ਅਲਾਈ, ਗਣ ਗੰਧਰਬ ਆਪਣਾ ਨਾਦ ਜਣਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਤੇਰੀ ਸਿੱਖਣ ਸਚ ਪੜ੍ਹਾਈ, ਸਾਚਾ ਅਕਸ਼ਰ ਇਕੋ ਦੇ ਜਣਾਈਆ । ਆਵਣ ਜਾਵਣ ਜਨਮ ਮਰਨ ਚੁੱਕੇ ਜਗਤ ਜੁਦਾਈ, ਲੇਖਾ ਲੇਖ ਕੋਇ ਰਹਿਣ ਨਾ ਪਾਈਆ । ਆਤਮ ਪਰਮਾਤਮ ਕਰ ਇਕ ਕੁੜਮਾਈ, ਘਰ ਮੇਲਾ ਗੁਰੂ ਚੇਲਾ ਰੂਪ ਵਟਾਏ ਧੀ ਜਵਾਈਆ । ਤੂੰ ਸਾਹਿਬ ਸਤਿਗੁਰ ਸੱਜਣ ਸੁਹੇਲਾ, ਕਲਜੁਗ ਅੰਤਮ ਦਿਸੇ ਵੇਲਾ, ਚਾਰੋ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਵਸਤ ਅਮੋਲਕ ਝੋਲੀ ਪਾਈਆ । ਦੇਵੇ ਵਰ ਹਰਿ ਨਿਰੰਕਾਰ, ਨਿਰਵੈਰ ਦਇਆ ਕਮਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਬੇਪਰਵਾਹ ਇਕ ਅਖਵਾਈਆ । ਧੁਰ ਦਾ ਲੇਖਾ ਜਾਣ ਗੁਰੂ ਅਵਤਾਰ, ਪੀਰ ਪੈਗ਼ੰਬਰ ਰਿਹਾ ਜਣਾਈਆ । ਸਾਰੇ ਰਲ ਮਿਲ ਬੋਲੋ ਇਕ ਜੈਕਾਰ, ਧੁਰ ਦਾ ਢੋਲਾ ਰਾਗ ਸੁਣਾਈਆ । ਆਪਸ ਵਿਚ ਕਰੋ ਪਿਆਰ, ਦੀਨ ਮਜ਼੍ਹਬ ਜ਼ਾਤ ਪਾਤ ਨਜ਼ਰ ਕੋਇ ਨਾ ਆਈਆ । ਇਕੋ ਵਸੋ ਸਚ ਮਕਾਨ, ਸਚਖੰਡ ਦੁਆਰਾ ਰਿਹਾ ਵਖਾਈਆ । ਇਕੋ ਚਰਨ ਕਰੋ ਨਿਮਸਕਾਰ, ਪ੍ਰਭ ਸਰਨ ਮਿਲੇ ਸਰਨਾਈਆ । ਇਕੋ ਨਾਅਰਾ

ਦੇਵੋ ਮਾਰ, ਦੋ ਜਹਾਨ ਸ਼ਨਵਾਈਆ । ਇਕੋ ਅੱਖਰ ਕਰੋ ਦਰਕਾਰ, ਅਲਿਫ਼ ਯੇ ਨਾ ਕੋਇ ਪੜ੍ਹਾਈਆ । ਸਾਰੇ ਹਲਫ਼ ਚੁੱਕੋ ਦਰ ਘਰ ਸੱਚੇ ਦਰਬਾਰ, ਗਲ ਪੱਲੂ ਵਾਸਤਾ ਪਾਈਆ । ਪਿਛਲਾ ਖਹਿੜਾ ਛੱਡਿਆ ਸਰਬ ਸੰਸਾਰ, ਨਾਤਾ ਛੱਡਿਆ ਜਗਤ ਲੋਕਾਈਆ । ਕਿਰਪਾ ਕਰ ਇਕ ਨਿਰੰਕਾਰ, ਨਿਰਗੁਣ ਤੇਰੀ ਓਟ ਰਖਾਈਆ । ਜੁਗ ਜੁਗ ਬਣ ਕੇ ਆਏ ਸੇਵਾਦਾਰ, ਸੇਵਕ ਚਾਕਰ ਰੂਪ ਵਟਾਈਆ । ਪੰਜ ਤਤ ਨਾਤਾ ਛੁੱਟਿਆ ਅੰਤਮ ਵਾਰ, ਤਨ ਮਾਟੀ ਖੇਹ ਕੰਮ ਕਿਸੇ ਨਾ ਆਈਆ । ਕਿਸੇ ਖ਼ਾਕ ਦੱਬੀ ਕਿਸੇ ਕੀਤਾ ਸਸਕਾਰ, ਸਾਚੀ ਸਾਰ ਸਮਝ ਕੋਇ ਨਾ ਪਾਈਆ । ਪ੍ਰਭ ਤੇਰੀ ਜੋਤ ਤੇਰੇ ਨਾਲ ਮਿਲੀ ਆਣ, ਬੇਪਹਿਚਾਨ ਤੇਰੇ ਵਿਚ ਸਮਾਈਆ । ਤੇਰੇ ਅੱਗੇ ਦੋਏ ਜੋੜ ਵਾਸਤਾ ਸਾਰੇ ਪਾਣ, ਨੇਤਰ ਨੈਣ ਨੈਣ ਸ਼ਰਮਾਈਆ । ਕਰ ਕਿਰਪਾ ਸ੍ਰੀ ਭਗਵਾਨ, ਭਗਵਨ ਤੇਰੇ ਹੱਥ ਵਡਿਆਈਆ । ਲੋਕਮਾਤ ਜਾ ਕੇ ਵੇਖ ਵਡ ਸੂਰਬੀਰ ਬਲਵਾਨ, ਬਲ ਆਪਣਾ ਆਪ ਪਰਗਟਾਈਆ । ਜੋਧੇ ਸੂਰਬੀਰ ਮਰਦ ਮਰਦਾਨ, ਸਚ ਮਰਦਾਨਗੀ ਦੇ ਵਖਾਈਆ । ਤੇਰਾ ਝੁੱਲੇ ਇਕ ਨਿਸ਼ਾਨ, ਨਾਮ ਨਿਸ਼ਾਨਾ ਦੇ ਵਖਾਈਆ । ਤੇਰਾ ਨਾਉਂ ਗਾਏ ਦੋ ਜਹਾਨ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਅਗੰਮੀ ਵਰ, ਜਿਸ ਦਾ ਭੇਵ ਕੋਇ ਨਾ ਆਈਆ । ਦੇ ਵਰ ਸੱਚੇ ਭਗਵੰਤ, ਪ੍ਰਭ ਤੇਰੇ ਹੱਥ ਵਡਿਆਈਆ । ਕਲਜੁਗ ਵੇਖ ਜਾ ਕੇ ਜੀਵ ਜੰਤ, ਸਾਧ ਸੰਤ ਰਿਹਾ ਕੁਰਲਾਈਆ । ਕੂੜੀ ਕਿਰਿਆ ਗੜ੍ਹ ਬਣਿਆ ਹਉਮੇ ਹੰਗਤ, ਕਾਮ ਕਰੋਧ ਲੋਭ ਮੋਹ ਹੰਕਾਰ ਪਈ ਲੜਾਈਆ । ਚਾਰ ਵਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕੋਈ ਨਾ ਬਣੇ ਸੰਗਤ, ਦੀਨ ਮਜ਼੍ਹਬ ਪੜਦਾ ਨਾ ਕੋਇ ਚੁਕਾਈਆ । ਖਾਣ ਪੀਣ ਪ੍ਰੇਮ ਰਸ ਕੋਈ ਨਾ ਜਾਣੇ ਪੰਗਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਕਲਜੁਗ ਲੇਖਾ ਦੇ ਮੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਅੱਕ, ਆਖ਼ਰ ਤੈਨੂੰ ਰਹੇ ਸੁਣਾਈਆ । ਮਾਰਗ ਦੱਸ ਦੱਸ ਗਏ ਥੱਕ, ਲੋਕਮਾਤ ਬਣ ਬਣ ਪਾਂਧੀ ਫੇਰਾ ਪਾਈਆ । ਤੇਰੇ ਨਾਮ ਦਾ ਖੋਲ੍ਹ ਕੇ ਆਏ ਹੱਟ, ਬਣ ਵਣਜਾਰੇ ਸੇਵ ਕਮਾਈਆ । ਤੇਰੇ ਸਰੋਵਰ ਦੱਸ ਕੇ ਆਏ ਤਟ, ਕਿਨਾਰਾ ਇਕੋ ਇਕ ਦਰਸਾਈਆ । ਪਾਂਧੀ ਬਣ ਕੇ ਫਿਰ ਫਿਰ ਆਏ ਨੱਠ ਨੱਠ, ਕਦਮ ਕਦਮ ਤੇਰੇ ਲੇਖੇ ਲਾਈਆ । ਨਾਤਾ ਤੋੜ ਆਏ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਢੇਰੀ ਖ਼ਾਕ ਮਿਲਾਈਆ । ਤੇਰੀ ਵਸਤ ਤੇਰੇ ਖਾਤੇ ਦਿਤੀ ਘੱਤ, ਆਪਣੇ ਖ਼ਾਲੀ ਹੱਥ ਰਖਾਈਆ । ਮਿਹਰਵਾਨ ਉਠ ਵੇਖ ਖੋਲ੍ਹ ਅੱਖ, ਚਾਰੋ ਕੁੰਟ ਅੰਧੇਰਾ ਛਾਈਆ । ਪਿਤਾ ਪੂਤ ਧੀਆਂ ਭੈਣਾਂ ਰਿਹਾ ਤੱਕ, ਲੋਕ ਲੱਜਿਆ ਸ਼ਰਮ ਹੱਯਾ ਨਾ ਕੋਇ ਰਖਾਈਆ । ਚਾਰ ਕੁੰਟ ਦਹਿ ਦਿਸ਼ਾ ਨਬੇੜਾ ਕਰੇ ਨਾ ਕੋਈ ਹੱਕ, ਹਕੀਕਤ ਨਜ਼ਰ ਕੋਇ ਨਾ ਆਈਆ । ਧਰਮ ਸਤਿ ਬੁਰਜ ਗਿਆ ਢੱਠ, ਦੀਵਾਰ ਰਹਿਣ ਕੋਇ ਨਾ ਪਾਈਆ । ਕੂੜੀ ਕਿਰਿਆ ਸਭ ਨੂੰ ਮਾਰੇ ਸੱਟ, ਸਿਰ ਸਕੇ ਨਾ ਕੋਇ ਉਠਾਈਆ । ਗੁਰਮੁਖ ਵਿਰਲੇ ਦੋਏ ਜੋੜ ਵਾਸਤਾ ਰਹੇ ਘੱਤ, ਚਰਨ ਕਵਲ ਧਿਆਨ ਲਗਾਈਆ । ਭਗਤ ਕਹਿਣ ਭਗਵਨ ਪੂਰੀ ਕਰ ਆਸ, ਬੈਠੇ ਨਿਰਾਸ ਜਗਤ ਕੁਰਲਾਈਆ । ਸੰਤ ਕਹਿਣ ਸਾਡਾ ਕੋਈ ਨਾ ਦੇਵੇ ਸਾਥ, ਸੰਗੀ ਨਜ਼ਰ ਕੋਇ ਨਾ ਆਈਆ । ਗੁਰਸਿਖ ਕਹਿਣ ਸਾਨੂੰ ਲੱਭੇ ਕੋਇ ਨਾ ਘਾਟ, ਪਤਣ ਨਜ਼ਰ ਨਾ ਆਵੇ ਮਾਹੀਆ । ਚਾਰ ਕੁੰਟ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਪੁਰਖ ਅਕਾਲ ਆ ਕੇ ਪੁੱਛ ਵਾਤ, ਕਿਉਂ ਬੈਠਾ ਮੁਖ ਛੁਪਾਈਆ । ਨੇਤਰ ਖੋਲ੍ਹ ਮਾਰ ਝਾਤ, ਝਾਕੀ ਆਪਣੀ ਦੇ ਜਣਾਈਆ । ਤੇਰੀ ਪਿਛਲੀ ਮੁੱਕੀ ਵਾਟ, ਅੱਗਾ


੭੦੦
੧੫

ਨੇੜੇ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਲੇਖਾ ਲਿਖ ਕੇ ਗਏ ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਕਲਮ ਦਵਾਤ, ਕਲਮਾ ਸ਼ਹਾਦਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿਜਨ ਸਾਚੇ ਲੈ ਮਿਲਾਈਆ । ਹਰਿਜਨ ਸਾਚੇ ਮੇਲ ਪ੍ਰਭ, ਹੱਥ ਤੇਰੇ ਵਡਿਆਈਆ । ਲੱਖ ਚੁਰਾਸੀ ਵਿਚੋ ਲੱਭ, ਨਿਰਗੁਣ ਆਪਣਾ ਫੇਰਾ ਪਾਈਆ । ਦੂਰ ਕਰਾ ਕੂੜੀ ਹੱਦ, ਘਰ ਆਪਣਾ ਦੇ ਵਖਾਈਆ । ਨਾਮ ਵਜਾ ਸਾਚਾ ਨਦ, ਦੂਜਾ ਰਾਗ ਸੁਣਨ ਕੋਈ ਨਾ ਪਾਈਆ । ਦਰਸ ਕਰਾ ਆਪਣਾ ਹੱਜ, ਹਾਜਤ ਹੋਰ ਰਹੇ ਨਾ ਰਾਈਆ । ਢੋਲਾ ਸੁਣਾ ਧੁਰ ਦਾ ਛੰਦ, ਸਚ ਸੰਦੇਸਾ ਇਕ ਅਲਾਈਆ । ਧਾਮ ਦੇ ਨਿਰਬਾਣ ਪਦ, ਘਰ ਸਾਚੇ ਵੱਜੇ ਵਧਾਈਆ । ਮਿਟੇ ਵਿਛੋੜਾ ਤੇਰਾ ਅੱਡ, ਸਾਚਾ ਸੰਗ ਲੈ ਨਿਭਾਈਆ । ਪਰਮ ਪੁਰਖ ਪਰਮਾਤਮ ਪਾਰਬ੍ਰਹਮ ਬ੍ਰਹਮ ਤੇਰੀ ਯਦ, ਕਿਉਂ ਬੈਠਾ ਮੁਖ ਭਵਾਈਆ । ਕਿਰਪਾ ਕਰ ਕੇ ਘਰ ਆਪਣੇ ਸੱਦ, ਸੱਦਾ ਇਕੋ ਨਾਮ ਸੁਣਾਈਆ । ਮੈਂ ਤੇਰੇ ਚਰਨ ਕਵਲ ਡਿਗਾਂ ਭੱਜ, ਪਿਛਲਾ ਪੰਧ ਮੁਕਾਈਆ । ਤੂੰ ਕਰੀਂ ਆਪਣਾ ਲਾਡ, ਸਚ ਗੋਦੀ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਨ ਭਗਤਾਂ ਰੰਗ ਰੰਗਾਈਆ । ਜਨ ਭਗਤਾਂ ਰੰਗ ਚਾੜ੍ਹ ਗੂੜ੍ਹ, ਵਡ ਲਲਾਰੀ ਤੁਧ ਬਿਨ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਬਖ਼ਸ਼ ਸਾਚੀ ਧੂੜ, ਧੂੜੀ ਟਿੱਕਾ ਮਸਤਕ ਇਕੋ ਲਾਈਆ । ਚਤਰ ਸੁਘੜ ਬਣਾ ਮੂਰਖ ਮੂੜ੍ਹ, ਬੰਦੇ ਬੰਦੀਖ਼ਾਨਾ ਦੇ ਤੁੜਾਈਆ । ਨਿਰਗੁਣ ਬਖ਼ਸ਼ ਆਪਣਾ ਨੂਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਮੇਰਾ ਹੋ ਕੇ ਕਿਉਂ ਬੈਠਾ ਦੂਰ, ਭਗਤ ਭਗਵਾਨ ਤੇਰਾ ਰਾਹ ਤਕਾਈਆ । ਤੈਨੂੰ ਮਿਲਣਾ ਅੰਤ ਜ਼ਰੂਰ, ਜ਼ਰੂਰਤ ਹੋਰ ਨਾ ਕੋਇ ਰਖਾਈਆ । ਘਰ ਆ ਹਾਜ਼ਰ ਹਜ਼ੂਰ, ਆਪਣਾ ਫੇਰਾ ਪਾਈਆ । ਸੁਆਮੀ ਸਰਬ ਕਲਾ ਭਰਪੂਰ, ਭਰਪੂਰ ਰਿਹਾ ਸਭ ਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਨ ਭਗਤਾਂ ਸੰਗ ਰਖਾਈਆ । ਪਾਰਬ੍ਰਹਮ ਪ੍ਰਭ ਹੋ ਭਗਤਾਂ ਸੰਗ, ਸਗਲਾ ਸੰਗ ਇਕ ਰਖਾਈਆ । ਤੇਰੇ ਨਾਮ ਵਜਾਵਣ ਮਰਦੰਗ, ਮਰਦੰਗਾ ਇਕੋ ਹੱਥ ਉਠਾਈਆ । ਤੇਰਾ ਮਾਨਣ ਸਚ ਅਨੰਦ, ਅਨੰਦ ਅਨੰਦ ਵਿਚੋ ਪਰਗਟਾਈਆ । ਤੇਰਾ ਗਾਵਣ ਧੁਰ ਦਾ ਛੰਦ, ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਨ ਭਗਤਾਂ ਪੂਰੀ ਆਸ ਕਰਾਈਆ । ਜਨ ਭਗਤਾਂ ਪੂਰੀ ਆਸ ਕਰਾਵਾਂਗਾ । ਆਤਮ ਪਰਮਾਤਮ ਮੇਲ ਮਿਲਾਵਾਂਗਾ । ਸਾਚਾ ਮਾਰਗ ਇਕ ਰਖਾਵਾਂਗਾ । ਨਿਰਗੁਣ ਸਰਗੁਣ ਕਾਰਜ ਆਪ ਰਚਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਜਗਤ ਵਿਛੋੜਾ ਪੰਧ ਕਟਾਵਾਂਗਾ । ਹਰਿਜਨ ਜਗ ਵਿਛੋੜਾ ਚੁਕੇਗਾ । ਕਲਜੁਗ ਅੰਤਮ ਵੇਲਾ ਮੁਕੇਗਾ । ਪ੍ਰਭ ਨੇਰਨ ਨੇਰਾ ਢੁਕੇਗਾ । ਗ਼ਰੀਬ ਨਿਮਾਣਿਆਂ ਆ ਕੇ ਪੁਛੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਕੋਲੋ ਕਦੇ ਨਾ ਲੁਕੇਗਾ । ਜਨ ਭਗਤਾਂ ਪੜਦਾ ਲਾਹਵੇਗਾ । ਆਪਣਾ ਦਰਸ ਦਿਖਾਵੇਗਾ । ਸਾਚਾ ਮੇਲ ਮਿਲਾਵੇਗਾ । ਆਤਮ ਪਰਮਾਤਮ ਜੋੜ ਜੁੜਾਵੇਗਾ । ਸੋਹੰ ਰੂਪ ਇਕ ਸਮਝਾਵੇਗਾ । ਮਹਾਰਾਜ ਵੇਖ ਵਖਾਵੇਗਾ । ਸ਼ੇਰ ਭਬਕ ਇਕ ਲਗਾਵੇਗਾ । ਸਿੰਘ ਆਪਣਾ ਭੌ ਰਖਾਵੇਗਾ । ਵਿਸ਼ਨੂੰ ਹੋ ਕੇ ਸੇਵ ਕਮਾਵੇਗਾ । ਭਗਵਾਨ ਹੋ ਕੇ ਗੋਦ ਉਠਾਵੇਗਾ । ਦੋ ਜਹਾਨ

ਜੈ ਜੈਕਾਰ ਕਰਾਵੇਗਾ । ਸਤਿਜੁਗ ਸਾਚਾ ਰਾਹ ਵਖਾਵੇਗਾ । ਮੂਲ ਮੰਤਰ ਇਕ ਦ੍ਰਿੜਾਵੇਗਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਲੋਕ ਪਰਲੋਕ ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਬਿਨ ਰਸਨਾ ਜਿਹਵਾ ਸਰਬ ਜਸ ਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਨਰ ਨਿਰੰਕਾਰ ਇਕੋ ਇਕ ਆਪਣਾ ਹੁਕਮ ਵਰਤਾਵੇਗਾ ।

### ✪ ੧੮ ਅੱਸੂ ੨੦੨੦ ਬਿਕ੍ਰਮੀ ਹਰਨਾਮ ਕੌਰ ਦੇ ਗ੍ਰਿਹਿ ਖ਼ਿਆਲੀ ਵਾਲਾ ਜ਼ਿਲਾ ਬਠਿੰਡਾ ✪

ਹਰਿ ਕਿਰਪਾ ਜਨ ਵਸੇ ਖੇੜਾ, ਕਾਇਆ ਨਗਰ ਮਿਲੇ ਵਡਿਆਈਆ । ਸਤਿਗੁਰ ਕਿਰਪਾ ਚੁੱਕੇ ਝੇੜਾ, ਤਤਵ ਤਤ ਨਾ ਕੋਇ ਲੜਾਈਆ । ਗੁਰ ਕਿਰਪਾ ਦਿਸੇ ਸੰਝ ਸਵੇਰਾ, ਮਿਲੇ ਸਚ ਸੱਚੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਲੇਖਾ ਰਿਹਾ ਲਿਖਾਈਆ । ਹਰਿ ਕਿਰਪਾ ਮਿਲੇ ਬ੍ਰਹਮ ਗਿਆਨ, ਭੇਵ ਅਭੇਦ ਜਣਾਈਆ । ਸਤਿਗੁਰ ਕਿਰਪਾ ਮਿਲੇ ਧੁਰ ਦਾ ਦਾਨ, ਨਾਮ ਅਮੋਲਕ ਝੋਲੀ ਪਾਈਆ । ਗੁਰ ਕਿਰਪਾ ਅੰਤਰ ਆਤਮ ਹੋਏ ਧਿਆਨ, ਲਿਵ ਇਕੋ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਹਰਿ ਕਿਰਪਾ ਪ੍ਰਭ ਪਾਏ ਏਕ, ਏਕੰਕਾਰ ਨਜ਼ਰੀ ਆਈਆ । ਸਤਿਗੁਰ ਕਿਰਪਾ ਬਖ਼ਸ਼ੇ ਸਾਚੀ ਟੇਕ, ਦੂਜੀ ਅਵਰ ਨਾ ਕੋਇ ਸਰਨਾਈਆ । ਗੁਰ ਕਿਰਪਾ ਹੋਏ ਬੁਧ ਬਿਬੇਕ, ਨਿਰਮਲ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਦਏ ਸਮਝਾਈਆ । ਹਰਿ ਕਿਰਪਾ ਮਿਲੇ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਸਤਿਗੁਰ ਕਿਰਪਾ ਜਪੇ ਜਾਪ ਬਿਨ ਰਸਨਾ ਜਿਹਵਾ ਮੰਤ, ਅਜੱਪਾ ਜਾਪ ਇਕ ਸਮਝਾਇੰਦਾ । ਗੁਰ ਕਿਰਪਾ ਮਿਲੇ ਵਿਛੋੜਾ ਨਾਰ ਕੰਤ, ਸੁਰਤੀ ਸ਼ਬਦੀ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਇੰਦਾ । ਹਰਿ ਕਿਰਪਾ ਪਾਏ ਗਹਿਰ ਗੰਭੀਰ, ਗੁਣਵੰਤ ਵੱਡੀ ਵਡਿਆਈਆ । ਸਤਿਗੁਰ ਕਿਰਪਾ ਅੰਮ੍ਰਿਤ ਆਤਮ ਮਿਲੇ ਠਾਂਡਾ ਸੀਰ, ਝਿਰਨਾ ਇਕੋ ਇਕ ਝਿਰਾਈਆ । ਗੁਰ ਕਿਰਪਾ ਸਾਂਤਕ ਸਤਿ ਹੋਏ ਸਰੀਰ, ਅਗਨੀ ਤਤ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦ ਵਡਿਆਈਆ । ਗੁਰ ਕਿਰਪਾ ਲੱਭੇ ਰਾਹ, ਪਾਂਧੀ ਆਪਣੇ ਪੰਧ ਲਗਾਈਆ । ਸਤਿਗੁਰ ਕਿਰਪਾ ਮਿਲੇ ਇਕ ਮਲਾਹ, ਬੇੜਾ ਸ਼ੌਹ ਦਰਿਆ ਪਾਰ ਲੰਘਾਈਆ । ਹਰਿ ਕਿਰਪਾ ਮਿਲੇ ਸੱਚਾ ਥਾਂ, ਦਰਗਹਿ ਸਾਚੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ੇ ਏਕ ਟੇਕ ਸਰਨਾਈਆ । ਗੁਰ ਕਿਰਪਾ ਬਦਲੇ ਨੀਤ, ਨੀਤੀਵਾਨ ਦਏ ਬਦਲਾਈਆ । ਸਤਿਗੁਰ ਕਿਰਪਾ ਹੋਏ ਅਤੀਤ, ਤ੍ਰੈਗੁਣ ਡੇਰਾ ਦੇਵੇ ਢਾਹੀਆ । ਹਰਿ ਕਿਰਪਾ ਸਚਖੰਡ ਵਸੇ ਧਾਮ ਅਨਡੀਠ, ਮਹੱਲ ਅਟੱਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬੂਝ ਇਕ ਬੁਝਾਈਆ । ਗੁਰ ਕਿਰਪਾ ਆਏ ਜਗਤ ਜਹਾਨ, ਮਿਲੇ ਨਾਮ ਵਡਿਆਈਆ । ਸਤਿਗੁਰ ਕਿਰਪਾ ਘਰ ਦੀਪਕ ਜੋਤ ਜਗੇ ਮਹਾਨ, ਨਿਰਮਲ ਨੂਰ ਕਰੇ ਰੁਸ਼ਨਾਈਆ । ਹਰਿ ਕਿਰਪਾ ਮਿਲੇ ਮੇਲ ਸ੍ਰੀ ਭਗਵਾਨ, ਭਗਵਨ ਆਪਣੇ ਘਰ ਵਸਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਗੁਰ ਕਿਰਪਾ ਭੇਵ ਜਾਏ ਖੁਲ੍ਹ, ਪੜਦਾ ਰਹਿਣ ਕੋਇ ਨਾ ਪਾਈਆ । ਸਤਿਗੁਰ ਕਿਰਪਾ ਅੰਮ੍ਰਿਤ ਆਤਮ ਜਾਏ ਨਾ ਡੁਲ੍ਹ, ਘਰ ਸਰੋਵਰ ਦਏ ਵਖਾਈਆ । ਹਰਿ ਕਿਰਪਾ ਸਚਖੰਡ ਦੁਆਰਾ ਜਾਏ ਖੁਲ੍ਹ, ਆਵਣ ਜਾਵਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦ ਆਪ ਜਣਾਈਆ । ਗੁਰ ਕਿਰਪਾ ਖੁਲ੍ਹੇ ਅੱਖ, ਨਿਜ ਨੇਤਰ ਦਏ ਖੁਲ੍ਹਾਈਆ । ਸਤਿਗੁਰ ਕਿਰਪਾ ਲੱਖ ਚੁਰਾਸੀ ਨਾਲੋ ਹੋਵੇ ਵੱਖ, ਨਿਰਗੁਣ ਸਰਗੁਣ ਆਪਣਾ ਮੂਲ ਜਣਾਈਆ । ਹਰਿ ਕਿਰਪਾ ਸਚਖੰਡ ਦੁਆਰ ਪਰਮ ਪੁਰਖ ਦਰਸ ਹੋਏ ਪਰਤੱਖ, ਸਵੱਛ ਸਰੂਪੀ ਰੂਪ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਸੰਗ ਰਖਾਈਆ । ਹਰਿ ਕਿਰਪਾ ਮਿਲੇ ਹਰਿ ਜੂ ਆਪ, ਆਪ ਆਪਣੇ ਰੰਗ ਰੰਗਾਇੰਦਾ । ਸਤਿਗੁਰ ਕਿਰਪਾ ਸਤਿ ਸਤਿਵਾਦੀ ਮਿਲੇ ਜਾਪ, ਬਿਨ ਰਸਨਾ ਜਿਹਵਾ ਆਪ ਸੁਣਾਇੰਦਾ । ਗੁਰ ਕਿਰਪਾ ਕੋਟ ਜਨਮ ਦੇ ਮਿਟਣ ਪਾਪ, ਦੁਰਮਤ ਮੈਲ ਸਰਬ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਗੁਰ ਕਿਰਪਾ ਖੁਲ੍ਹੇ ਤਾਕ, ਬੰਦ ਕਿਵਾੜੀ ਦਏ ਖੁਲ੍ਹਾਈਆ । ਸਤਿਗੁਰ ਕਿਰਪਾ ਆਤਮ ਪਰਮਾਤਮ ਬੱਝੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਹਰਿ ਕਿਰਪਾ ਸਚਖੰਡ ਦੁਆਰ ਹੋਏ ਨਿਵਾਸ, ਅਧਵਿਚਕਾਰ ਨਾ ਕੋਇ ਅਟਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਇਕ ਦ੍ਰਿੜਾਈਆ । ਹਰਿ ਕਿਰਪਾ ਹਰਿ ਚਾੜ੍ਹੇ ਰੰਗ, ਰੰਗ ਰੰਗੀਲਾ ਆਪ ਰੰਗਾਈਆ । ਸਤਿਗੁਰ ਕਿਰਪਾ ਦੋ ਜਹਾਨ ਡੂੰਘੀ ਭਵਰ ਜਾਏ ਲੰਘ, ਦੂਰ ਦੁਰਾਡਾ ਪੰਧ ਮੁਕਾਈਆ । ਗੁਰ ਕਿਰਪਾ ਨਾਮ ਵਜਾਏ ਇਕ ਮਰਦੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲਹਿਣਾ ਦਏ ਚੁਕਾਈਆ । ਸਾਚਾ ਲਹਿਣਾ ਦੇਵੇ ਆਪ, ਹਰਿ ਸਤਿਗੁਰ ਰੂਪ ਵਟਾਈਆ । ਗੁਰ ਸਤਿਗੁਰ ਸੱਜਣ ਥਾਪਣ ਥਾਪ, ਵੇਖ ਵਖਾਏ ਚਾਈਂ ਚਾਈਆ । ਜੁਗ ਚੌਕੜੀ ਬਣ ਕੇ ਪਿਤਾ ਬਾਪ, ਪੂਤ ਸਪੂਤ ਗੋਦ ਉਠਾਈਆ । ਜਨ ਭਗਤਾਂ ਦੱਸੇ ਇਕੋ ਨਾਤ, ਸੰਤ ਸਾਜਣ ਲਏ ਜਗਾਈਆ । ਗੁਰਮੁਖਾਂ ਇਕੋ ਨਾਮ ਨਿਧਾਨ ਜਾਏ ਆਖ, ਅੰਦਰ ਵੜ ਕੇ ਦਏ ਸਮਝਾਈਆ । ਗੁਰਸਿਖ ਗੁਰ ਮਿਲਣ ਦੀ ਦੱਸੇ ਜਾਚ, ਸਿਧ ਮਾਰਗ ਇਕ ਜਣਾਈਆ । ਮਨ ਮਨੂਆ ਨਾ ਕਰੇ ਨਾਚ, ਉਠ ਉਠ ਦਹਿ ਦਿਸ਼ਾ ਨਾ ਧਾਈਆ । ਭਾਗ ਲਗਾਏ ਕਾਇਆ ਮਾਟੀ ਕਾਚ, ਕਚ ਕੰਚਨ ਰੂਪ ਵਟਾਈਆ । ਨਿਰਗੁਣ ਜੋਤ ਕਰ ਪਰਕਾਸ਼, ਅੰਧ ਅੰਧੇਰਾ ਦਏ ਗਵਾਈਆ । ਘਰ ਮੰਦਰ ਕਰ ਨਿਵਾਸ, ਆਸਣ ਸਿੰਘਾਸਣ ਸੋਭਾ ਪਾਈਆ । ਸ਼ਬਦ ਸਰੂਪੀ ਪਾਏ ਰਾਸ, ਅਗੰਮੀ ਗੋਪੀ ਕਾਹਨ ਨਚਾਈਆ । ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਜਿਸ ਕੀਤੇ ਨਾਸ, ਕਲਜੁਗ ਅੰਤਮ ਵੇਖੇ ਬੇਪਰਵਾਹੀਆ । ਜਿਸ ਦਾ ਲਹਿਣਾ ਦੇਣਾ ਕੋਟਨ ਕੋਟ ਪ੍ਰਿਥਮੀ ਆਕਾਸ਼, ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਜਿਸ ਦਾ ਸੰਦੇਸਾ ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਲਿਖ ਲਿਖ ਗਏ ਲਿਖਾਸ, ਲੋਕਮਾਤ ਫੇਰਾ ਪਾਈਆ । ਜਿਸ ਦਾ ਭੇਵ ਕੋਟਨ ਕੋਟ ਸਾਧ ਸੰਤ ਕੋਈ ਗਾ ਨਾ ਸਕੇ ਵਿਚ ਗਾਥ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਵਡਿਆਈਆ । ਸੋ ਸਾਹਿਬ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਪਰਗਟ ਹੋ ਪੁਰਖ ਸਮਰਾਥ, ਸਮਰਥ

ਆਪਣੀ ਧਾਰ ਜਣਾਈਆ । ਮਹਿੰਮਾ ਸੁਣਾਏ ਅਕਥਨੀ ਕਾਥ, ਬੋਧ ਅਗਾਧ ਕਰੇ ਪੜ੍ਹਾਈਆ । ਹੋ ਸਹਾਈ ਅਨਾਥਾਂ ਨਾਥ, ਦੀਨਨ ਆਪਣੀ ਦਇਆ ਕਮਾਈਆ । ਆਤਮ ਪਰਮਾਤਮ ਦੱਸੇ ਇਕੋ ਪਾਠ, ਪੂਜਾ ਸਿਮਰਨ ਇਕ ਸਮਝਾਈਆ । ਇਕੋ ਤੀਰਥ ਇਕੋ ਤਾਟ, ਘਰ ਘਰ ਸਰੋਵਰ ਦਏ ਨੁਹਾਈਆ । ਇਕੋ ਨੂਰ ਇਕੋ ਜ਼ਾਤ, ਇਕੋ ਮਜ਼੍ਹਬ ਦਏ ਸਮਝਾਈਆ । ਇਕੋ ਨਾਮ ਇਕੋ ਗਾਥ, ਇਕੋ ਰਾਗ ਧੁਨ ਸ਼ਨਵਾਈਆ । ਇਕੋ ਮੰਦਰ ਇਕੋ ਹਾਟ, ਇਕੋ ਵਣਜ ਰਿਹਾ ਕਰਾਈਆ । ਇਕੋ ਪੱਤਣ ਇਕੋ ਘਾਟ, ਇਕੋ ਬੈਠਾ ਸੱਚਾ ਮਾਹੀਆ । ਇਕੋ ਚਰਨ ਇਕੋ ਨਾਤ, ਇਕੋ ਬਿਧਾਤਾ ਨਜ਼ਰੀ ਆਈਆ । ਇਕੋ ਸੱਜਣ ਇਕੋ ਸਾਕ, ਸਗਲਾ ਸੰਗ ਇਕ ਨਿਭਾਈਆ । ਇਕੋ ਪੜਦਾ ਇਕੋ ਤਾਕ, ਇਕੋ ਦੂਈ ਦਵੈਤੀ ਦਏ ਮਿਟਾਈਆ । ਇਕੋ ਸੱਜਣ ਇਕੋ ਸਾਕ, ਸੈਣ ਇਕੋ ਇਕ ਅਖਵਾਈਆ । ਇਕੋ ਖੇਲ ਇਕ ਤਮਾਸ਼, ਖੇਲਣਹਾਰ ਇਕ ਹੋ ਜਾਈਆ । ਇਕੋ ਵਸਤ ਇਕੋ ਦਾਤ, ਦੇਵਣਹਾਰ ਬੇਪਰਵਾਹੀਆ । ਇਕੋ ਅੱਖਰ ਇਕ ਜਮਾਤ, ਇਕੋ ਪੱਟੀ ਦਏ ਪੜ੍ਹਾਈਆ । ਇਕੋ ਹਰਿ ਪੁਰਖ ਅਬਿਨਾਸ਼, ਇਕੋ ਸਤਿਗੁਰ ਰੂਪ ਸਮਾਈਆ । ਇਕੋ ਥਾਪਣ ਲਏ ਥਾਪ, ਇਕੋ ਗੁਰ ਗੁਰ ਬੂਝ ਬੁਝਾਈਆ । ਇਕੋ ਆਦਿ ਜੁਗਾਦਿ ਜੁਗ ਚੌਕੜੀ ਪਤ ਲਏ ਰਾਖ, ਸਿਰ ਆਪਣਾ ਹੱਥ ਟਿਕਾਈਆ । ਸੋ ਸਾਹਿਬ ਦਾ ਸਾਚਾ ਕਰੋ ਜਾਪ, ਜਿਸ ਜਪਿਆਂ ਦੁੱਖ ਰਹੇ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਥਾਪਣ ਦਿਤਾ ਥਾਪ, ਦੇਵਣਹਾਰ ਤਤ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇੜਾ ਗੁਰਮੁਖ ਲੈਣਾ ਵਸਾਈਆ । ਸਾਚਾ ਖੇੜਾ ਵਸੇ ਲੋਕਮਾਤ, ਸਾਢੇ ਤਿੰਨ ਹੱਥ ਮਿਲੇ ਵਡਿਆਈਆ । ਘਰ ਸੱਜਣ ਮਿਲੇ ਮਾਹੀ ਸਾਕ,
੭੦੪ ੧੫
ਪ੍ਰਭ ਮਿੱਤਰ ਪਿਆਰਾ ਫੇਰਾ ਪਾਈਆ । ਚਰਨ ਪ੍ਰੀਤੀ ਬੰਨ੍ਹੇ ਨਾਤ, ਨਾਤਾ ਜੋੜੇ ਸਹਿਜ ਸੁਭਾਈਆ । ਮਿਹਰਵਾਨ ਹੋ ਕੇ ਦੇਵੇ ਦਾਤ, ਵਸਤ ਅਮੁਲੜੀ ਝੋਲੀ ਪਾਈਆ । ਨਾਮ ਨਿਧਾਨ ਧੁਰ ਸੋਗ਼ਾਤ, ਬਿਨ ਕੀਮਤ ਦਏ ਚੁਕਾਈਆ । ਮੇਟੇ ਰੈਣ ਅੰਧੇਰੀ ਰਾਤ, ਸਾਚਾ ਨੂਰ ਚੰਦ ਸ਼ਬਦ ਚਮਕਾਈਆ । ਪੱਤਣ ਪਾਰ ਉਤਾਰੇ ਘਾਟ, ਘਾਟਾ ਸਭ ਦਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਇੱਛਾ ਪੂਰ ਕਰਾਈਆ । ਜਨ ਭਗਤਾਂ ਇੱਛਿਆ ਕਰੇ ਪੂਰ, ਆਪ ਆਪਣੀ ਦਇਆ ਕਮਾਈਆ । ਬਖ਼ਸ਼ਣਹਾਰਾ ਸਾਚਾ ਨੂਰ, ਨਿਰਗੁਣ ਨੂਰ ਦਏ ਰੁਸ਼ਨਾਈਆ । ਵਜਾਵਣਹਾਰਾ ਸਾਚੀ ਤੂਰ, ਅਨਹਦ ਰਾਗੀ ਰਾਗ ਅਲਾਈਆ । ਤੋੜਨਹਾਰਾ ਨਾਤਾ ਕੂੜ, ਜੂਠ ਝੂਠ ਦਏ ਮਿਟਾਈਆ । ਭਰਨਹਾਰਾ ਭਾਂਡੇ ਭਰਪੂਰ, ਖ਼ਾਲੀ ਦਏ ਭਰਾਈਆ । ਗੁਰ ਕਾ ਸ਼ਬਦ ਜੋ ਗੁਰਮੁਖ ਕਰੇ ਮਨਜ਼ੂਰ, ਤਿਨ੍ਹਾਂ ਬਿਰਥੀ ਆਸ ਕੋਇ ਨਾ ਜਾਈਆ । ਦੇਵਣਹਾਰ ਸਦਾ ਹਾਜ਼ਰ ਹਜ਼ੂਰ, ਘਰ ਬੈਠਾ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਖ਼ੁਸ਼ੀ ਮਨਾਈਆ । ਘਰ ਸਾਚੇ ਖ਼ੁਸ਼ੀ ਮਨਾਵੇ ਗੀਤ, ਗੀਤ ਗੋਬਿੰਦ ਸੁਣਾਇੰਦਾ । ਭਗਤ ਭਗਵਾਨ ਧੁਰ ਦੀ ਰੀਤ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਾਹਿਬ ਸਤਿਗੁਰ ਕਾਇਆ ਮੰਦਰ ਵਖਾਏ ਵਖਾਏ ਮੱਕਾ ਕਾਅਬਾ ਮਸੀਤ, ਸ਼ਿਵਦਵਾਲਾ ਮੱਠ ਗੁਰੂਦੁਆਰ ਇਕੋ ਘਰ ਜਣਾਇੰਦਾ । ਜਿਸ ਘਰ ਵਸੇ ਪਤਤ ਪੁਨੀਤ, ਪਤਤ ਪਾਵਨ ਭੇਵ ਚੁਕਾਇੰਦਾ । ਲੇਖਾ ਜਾਣੇ ਹਸਤ ਕੀਟ, ਊਚ ਨੀਚ ਅੰਗ ਲਗਾਇੰਦਾ । ਧਾਮ ਵਸੇ ਇਕ ਅਨਡੀਠ, ਜਿਸ ਘਰ ਆਪਣਾ ਡੇਰਾ ਲਾਇੰਦਾ । ਗੁਰਮੁਖ ਵਿਰਲਾ ਕਰੇ ਪ੍ਰੀਤ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚੀ ਭੀਖ, ਭਿਛਿਆ ਨਾਮ ਇਕ ਵਰਤਾਇੰਦਾ । ਭਿਛਿਆ ਨਾਮ ਝੋਲੀ ਪਾ, ਪਾਰਬ੍ਰਹਮ ਦਏ ਜਣਾਈਆ । ਗੁਰ ਸ਼ਬਦੀ ਤੇਰਾ ਬਣੇ ਮਲਾਹ, ਬੇੜਾ ਮਾਤ ਚਲਾਈਆ । ਸਤਿਗੁਰ ਪੂਰਾ ਦਏ ਪਨਾਹ, ਚਰਨ ਕਵਲ ਸਰਨਾਈਆ । ਹਰਿ ਕਰਤਾ ਅੰਤਮ ਗੋਦੀ ਲਏ ਬਹਾ, ਘਰ ਸਾਚੇ ਖ਼ੁਸ਼ੀ ਮਨਾਈਆ । ਹਰਿਜਨ ਹਰਿਭਗਤ ਲਹਿਣਾ ਦੇਣਾ ਮੁੱਕੇ ਦੋ ਜਹਾਂ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਇਕੋ ਨੂਰ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰ ਦਰ ਹਰ ਘਰ ਹਰਿ ਵਸਤ ਇਕ ਵਰਤਾਈਆ ।

## ੧੮ ਅੱਸੂ ੨੦੨੦ ਬਿਕ੍ਰਮੀ ਹਰਨਾਮ ਕੌਰ ਦੇ ਗ੍ਰਿਹਿ ਖ਼ਿਆਲੀ ਵਾਲਾ ਜ਼ਿਲਾ ਬਠਿੰਡਾ

ਜਨ ਭਗਤਾਂ ਦੱਸੇ ਮਾਰਗ ਏਕ, ਹਰਿ ਸਤਿਗੁਰ ਦਇਆ ਕਮਾਈਆ । ਅੰਤਰ ਆਤਮ ਕਰੇ ਬਿਬੇਕ, ਗੁਰ ਸਤਿਗੁਰ ਸੋਝੀ ਪਾਈਆ । ਪੂਰਬ ਵਖਾਏ ਲਹਿਣਾ ਲੇਖ, ਗੁਰ ਪੂਰੇ ਹੱਥ ਵਡਿਆਈਆ । ਘਰ ਵਿਚ ਘਰ ਵਖਾਏ ਸਾਚਾ ਦੇਸ, ਗ੍ਰਿਹਿ ਮੰਦਰ ਖ਼ੁਸ਼ੀ ਜਣਾਈਆ । ਅੰਦਰ ਵੜ ਕੇ ਦੇਵੇ ਆਪਣਾ ਭੇਤ, ਪੜਦਾ ਦੂਈ ਦਵੈਤ ਚੁਕਾਈਆ । ਪਾਰਬ੍ਰਹਮ ਬ੍ਰਹਮ ਦੱਸੇ ਹੇਤ, ਸਚ ਪ੍ਰੀਤੀ ਇਕ ਸਮਝਾਈਆ । ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਸੁਰਤੀ ਸ਼ਬਦ ਜਣਾ ਕੇ ਖੇਡ, ਸਾਚੀ ਖੇਲ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਸਮਝਾਈਆ । ਜਨ ਭਗਤਾਂ ਮਾਰਗ ਦੇਵੇ ਦੱਸ, ਹਰਿ ਹਰਿ ਜੂ ਦਇਆ ਕਮਾਇੰਦਾ । ਅੰਤਰ ਆਤਮ ਦੇਵੇ ਰਸ, ਸਤਿਗੁਰ ਪੂਰਾ ਬੂਝ ਬੁਝਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਗੁਰ ਨੇਤਰ ਅੱਖ ਇਕ ਖੁਲ੍ਹਾਇੰਦਾ । ਘਰ ਗੋਪੀ ਕਾਹਨ ਪਵਾਏ ਰਾਸ, ਮੰਡਲ ਮੰਡਪ ਵੇਖ ਵਖਾਇੰਦਾ । ਕੂੜ ਵਿਕਾਰਾ ਕਰ ਕੇ ਨਾਸ, ਸਾਚੀ ਵਸਤ ਇਕ ਵਰਤਾਇੰਦਾ । ਜਗਤ ਤ੍ਰਿਸਨਾ ਮੇਟ ਖ਼ਾਸ, ਖ਼ਾਹਸ਼ ਆਪਣੇ ਨਾਲ ਰਲਾਇੰਦਾ । ਲੇਖੇ ਲਾ ਪਵਣ ਸਵਾਸ, ਰਸਨਾ ਜਿਹਵਾ ਗੁਣ ਚਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਆਪ ਖੁਲ੍ਹਾਇੰਦਾ । ਜਨ ਭਗਤਾਂ ਭੇਵ ਖੋਲ੍ਹੇ ਹਰਿ, ਹਰਿ ਕਰਤਾ ਵੱਡੀ ਵਡਿਆਈਆ । ਕਿਰਪਾ ਕਰ ਨਰਾਇਣ ਨਰ, ਨਰ ਬੂਝ ਇਕ ਬੁਝਾਈਆ । ਕੂੜੀ ਕਿਰਿਆ ਤੋੜ ਦਰ, ਦਰਵਾਜ਼ਾ ਇਕੋ ਇਕ ਸਮਝਾਈਆ । ਜਿਸ ਗ੍ਰਿਹਿ ਸੱਜਣ ਬੈਠਾ ਵੜ, ਸਚ ਸਿੰਘਾਸਣ ਸੋਭਾ ਪਾਈਆ । ਨਿਰਮਲ ਪਰਕਾਸ਼ ਜੋਤ ਰਿਹਾ ਕਰ, ਨੂਰੋ ਨੂਰ ਨੂਰ ਰੁਸ਼ਨਾਈਆ । ਸ਼ਬਦ ਅਗੰਮੀ ਰਿਹਾ ਪੜ੍ਹ, ਇਕੋ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦਏ ਸਮਝਾਈਆ । ਜਨ ਭਗਤਾਂ ਉਪਰ ਹੋ ਦਿਆਲ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਪਕੜ ਉਠਾਏ ਸਾਚੇ ਲਾਲ, ਹਰਿ ਪੁਰਖ ਨਿਰੰਜਣ ਹੋਏ ਸਹਾਈਆ । ਨਿਰਗੁਣ ਹੋ ਕੇ ਬਣੇ ਦਲਾਲ, ਏਕੰਕਾਰ ਵੇਸ ਵਟਾਈਆ । ਸਾਚਾ ਦੀਪਕ ਦੇਵੇ ਬਾਲ, ਆਦਿ ਨਿਰੰਜਣ ਜੋਤ ਰੁਸ਼ਨਾਈਆ । ਅੰਦਰ ਬਾਹਰ ਕਰੇ ਸੰਭਾਲ, ਅਬਿਨਾਸ਼ੀ ਕਰਤਾ ਬੇਪਰਵਾਹੀਆ । ਸਾਚੀ ਧਰਮਸਾਲ ਦਏ ਵਖਾਲ, ਸ੍ਰੀ ਭਗਵਾਨ ਪੜਦਾ ਆਪ ਉਠਾਈਆ । ਪਾਰਬ੍ਰਹਮ ਬ੍ਰਹਮ ਮੇਲੇ ਆਣ, ਘਰ ਸਾਚੇ ਵੱਜੇ ਵਧਾਈਆ । ਆਤਮ ਸੇਜਾ ਕਰੇ ਪਰਵਾਨ,

੭੦੬
੧੫

ਸਚ ਸੁਹੰਜਣੀ ਇਕ ਸੁਹਾਈਆ । ਧੁਰ ਦਾ ਦੇਵੇ ਸਚ ਗਿਆਨ, ਅਗਿਆਨ ਅੰਧੇਰ ਮਿਟਾਈਆ । ਸਾਚੇ ਭਗਤ ਤੇਰਾ ਧੁਰ ਦਾ ਇਕ ਨਿਸ਼ਾਨ, ਨਿਸ਼ਾਨਾ ਅਵਰ ਨਾ ਕੋਇ ਰਖਾਈਆ । ਲੇਖਾ ਚੁੱਕੇ ਦੋ ਜਹਾਨ, ਦੋਏ ਦੋਏ ਰੂਪ ਨਾ ਕੋਇ ਵਟਾਈਆ । ਸਾਚਾ ਮੇਲਾ ਸ੍ਰੀ ਭਗਵਾਨ, ਦੂਜਾ ਇਸ਼ਟ ਨਾ ਕੋਇ ਰਖਾਈਆ । ਕਾਗਦ ਕਲਮ ਸ਼ਾਹੀ ਨਾ ਕੋਇ ਈਮਾਨ, ਚਰਨ ਕਵਲ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਾਂ ਅੱਖ ਇਕ ਖੁਲ੍ਹਾਈਆ । ਭਗਤਾਂ ਅੱਖ ਖੋਲ੍ਹੇ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਇੰਦਾ । ਬਜਰ ਕਪਾਟੀ ਦੇਵੇ ਚੀਰ, ਦੂਈ ਦਵੈਤੀ ਡੇਰਾ ਢਾਹਿੰਦਾ । ਅੰਮ੍ਰਿਤ ਆਤਮ ਬਖ਼ਸ਼ੇ ਸੀਰ, ਸਚ ਪਿਆਲਾ ਹੱਥ ਉਠਾਇੰਦਾ । ਜਨਮ ਕਰਮ ਦੀ ਬਦਲ ਦੇਵੇ ਤਕਦੀਰ, ਤਦਬੀਰ ਇਕੋ ਇਕ ਸਮਝਾਇੰਦਾ । ਜ਼ਾਤ ਪਾਤ ਊਚ ਨੀਚ ਸ਼ਰਅ ਕੱਟ ਜ਼ੰਜੀਰ, ਨਾਮ ਡੋਰੀ ਤੰਦ ਬੰਧਾਇੰਦਾ । ਮਾਇਆ ਮਮਤਾ ਕੱਢੇ ਪੀੜ, ਹਉਮੇਂ ਹੰਗਤਾ ਰੋਗ ਗਵਾਇੰਦਾ । ਸਤਿ ਸੰਤੋਖ ਦੇਵੇ ਧੀਰ, ਜਤ ਸਤਿ ਇਕ ਸਮਝਾਇੰਦਾ । ਸਾਚਾ ਨਾਮ ਸ਼ਬਦ ਅਕਸੀਰ, ਸਾਚੀ ਸਿਖਿਆ ਇਕ ਸਮਝਾਇੰਦਾ । ਜਿਸ ਨੂੰ ਲੱਭਦੇ ਪੀਰ ਫ਼ਕੀਰ, ਪੈਗ਼ੰਬਰ ਜਿਸ ਦੀ ਓਟ ਰਖਾਇੰਦਾ । ਸੋ ਸੁਲਤਾਨ ਖੇਲੇ ਖੇਲ ਸ਼ਾਹ ਹਕੀਰ, ਹਜ਼ਰਤ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਮਿਲੇ ਸਾਂਝਾ ਪੀਰ, ਪਰਵਰਦਿਗਾਰ ਆਪਣਾ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਦਾਤਾ ਗੁਣੀ ਗਹੀਰ, ਗਹਿਰ ਗਵਰ ਆਪਣਾ ਰੰਗ ਰੰਗਾਇੰਦਾ । ਜਨ ਭਗਤਾਂ ਚਾੜ੍ਹੇ ਸਾਚੀ ਚੋਟੀ, ਚੋਟ ਨਾਮ ਨਗਾਰੇ ਲਾਈਆ । ਲੱਭਦੇ ਫਿਰਦੇ ਕੋਟਨ ਕੋਟੀ, ਵਿਰਲੇ ਹਰਿਜਨ ਬੂਝ ਬੁਝਾਈਆ । ਕਰ ਕਿਰਪਾ ਕੱਢੇ ਵਾਸਨਾ ਖੋਟੀ, ਦੁਰਮਤ ਮੈਲ ਧਵਾਈਆ । ਸੋਈ ਸੁਰਤ ਉਠਾਏ ਸੋਤੀ, ਚੇਤਨ ਧਾਰ ਦਏ ਸਮਝਾਈਆ । ਆਪਣੀ ਖੋਲ੍ਹੇ ਆਪ ਖ਼ਾਮੋਸ਼ੀ, ਸਾਚਾ ਨਾਮ ਦਏ ਸਮਝਾਈਆ । ਦੋਏ ਲੋਚਨ ਲੋਚ ਕੋਇ ਨਾ ਲੋਚੀ, ਨਿਜ ਨੇਤਰ ਦਏ ਵਖਾਈਆ । ਹਰਿ ਕੀ ਖੇਲ ਕਿਸੇ ਨਾ ਸੋਚੀ, ਸੋਚ ਸਮਝ ਵਿਚ ਕਿਸੇ ਨਾ ਆਈਆ । ਕਰੇ ਪਰਕਾਸ਼ ਨਿਰਮਲ ਜੋਤੀ, ਜੋਤੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਰਗ ਦਏ ਵਖਾਈਆ । ਜਨ ਭਗਤਾਂ ਮਾਰਗ ਦੱਸੇ ਸਿੱਧਾ, ਸਿੱਧੀ ਤਰਾ ਸਮਝਾਈਆ । ਪ੍ਰਭ ਮਿਲਣ ਦੀ ਇਕੋ ਬਿਧਾ, ਨਾਤਾ ਕੂੜਾ ਦਿਓ ਤਜਾਈਆ । ਸਰਨ ਸਰਨਾਈ ਜੋ ਸਤਿਗੁਰ ਸੁਆਮੀ ਡਿੱਗਾ, ਤਿਸ ਬਾਂਹੋ ਪਕੜ ਲਏ ਉਠਾਈਆ । ਆਦਿ ਜੁਗਾਦਿ ਗਹਿਰ ਗੰਭੀਰ ਡੂੰਘਾ ਸਾਗਰ ਨਿਘਾ, ਤਾਮਸ ਅਗਨ ਨਾ ਤਤ ਤਪਾਈਆ । ਪ੍ਰੇਮ ਪ੍ਰੀਤੀ ਅੰਦਰ ਭਿਜਾ, ਰੰਗ ਭਿੰਨੜਾ ਇਕ ਵਖਾਈਆ । ਕਬੀਰ ਜੁਲਾਹੇ ਨਾਲ ਮਿਲ ਕੇ ਗਿਝਾ, ਸਾਚੀ ਰੀਤ ਜਗਤ ਵਖਾਈਆ । ਕਿਰਪਾਨਿਧਾਨ ਜਿਸ ਵਲ ਕਰ ਦਏ ਆਪਣੀ ਨਿਗਹ, ਸੋ ਪਾਥਰ ਪਾਹਨ ਲਏ ਤਰਾਈਆ । ਜੇ ਕੋਈ ਪੁੱਛੇ ਪ੍ਰਭੂ ਵੱਡਾ ਕਿਡਾ, ਭਗਤ ਕਹਿਣ ਤੇਰਾ ਅੰਤ ਕੋਇ ਨਾ ਪਾਈਆ । ਜੇ ਕੋਈ ਪੁੱਛੇ ਪ੍ਰਭ ਕਿਡਾ ਨਿਕਾ, ਭਗਤ ਕਹਿਣ ਹਰ ਘਟ ਬੈਠਾ ਡੇਰਾ ਲਾਈਆ । ਜੇ ਸੱਚੀ ਪੁੱਛੋ ਪੁਰਖ ਅਕਾਲ ਸਭ ਦਾ ਪਿਤਾ, ਰੱਖਿਆ ਕਰੇ ਹਰ ਘਟ ਥਾਈਂਆ । ਇਕ ਏਕੰਕਾਰ ਨਾਲ ਕਰੋ ਹਿਤਾ, ਜੋ ਜਨਮ ਮਰਨ ਵਿਚ ਕਦੇ ਨਾ ਆਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਲੈਂਦੇ ਰਹੇ ਸਿਖਿਆ, ਲੈ ਕੇ ਸਿਖਿਆ ਲੋਕਮਾਤ ਕਰਨ ਪੜ੍ਹਾਈਆ । ਸੋ ਸਾਹਿਬ ਸੁਲਤਾਨ ਸਦ ਵਸੇ ਦਹਿ ਦਿਸ਼ਿਆ, ਚਾਰ ਕੁੰਟ ਆਪਣਾ ਹੁਕਮ ਵਰਤਾਈਆ । ਤਿਸ ਦਾ ਲੇਖ ਕਿਸੇ ਨਾ ਲਿਖਿਆ ਆਦਿ ਅੰਤ ਕਹਿਣ ਕੋਇ

ਨਾ ਪਾਈਆ । ਜਨ ਭਗਤੋ ਪਾਰਬ੍ਰਹਮ ਪਤਿਪਰਮੇਸ਼ਵਰ ਕਦੀ ਨਾ ਜਾਏ ਭਿਟਿਆ, ਜ਼ਾਤ ਪਾਤ ਦੁੱਖ ਰੋਗ ਨਜ਼ਰ ਕੋਇ ਨਾ ਆਈਆ । ਉਸ ਨੂੰ ਮਾਰ ਸਕੇ ਨਾ ਨਾਲ ਕਦੀ ਵੱਟੇ ਇਟਿਆ, ਤੀਰ ਨਿਸ਼ਾਨਾ ਪੋਹ ਨਾ ਸਕੇ ਰਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਦੋ ਜਹਾਨ ਫਿਰੇ ਨੱਠਿਆ, ਵੇਸ ਅਵੇਸਾ ਰੂਪ ਵਟਾਈਆ । ਜਨ ਭਗਤਾਂ ਆਪਣੀ ਗੋਦੀ ਸਦਾ ਚੁੱਕਿਆ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਪਿਛਲਾ ਲੇਖਾ ਓਨ੍ਹਾਂ ਮੁਕਿਆ, ਜਿਨ੍ਹਾਂ ਮਿਲਿਆ ਬੇਪਰਵਾਹੀਆ । ਅੱਗੇ ਦੋ ਜਹਾਨ ਕਿਸੇ ਨਾ ਪੁੱਛਿਆ, ਰਾਏ ਧਰਮ ਚਿਤਰ ਗੁਪਤ ਵਿਸ਼ਨ ਬ੍ਰਹਮਾ ਸ਼ਿਵ ਆਦਕ ਸਾਰੇ ਬੈਠਣ ਸੀਸ ਝੁਕਾਈਆ । ਹਰਿਭਗਤ ਲੋਕਮਾਤ ਕਦੇ ਨਾ ਰਹੇ ਲੁਕਿਆ, ਸ੍ਰੀ ਭਗਵਾਨ ਆਪਣੀ ਬਿਧ ਨਾਲ ਲਏ ਪਰਗਟਾਈਆ । ਜੋ ਸਾਹਿਬ ਸਤਿਗੁਰ ਸਰਨਾਈ ਸੀਸ ਝੁਕਿਆ, ਸੋ ਸੀਸ ਆਪਣਾ ਧੜ ਨਾਲ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇਵੇ ਇਕੋ ਵਰ, ਏਥੇ ਓਥੇ ਦੋ ਜਹਾਨ ਸਦ ਆਪਣੇ ਨਾਲ ਰਖਾਈਆ ।

## ✪ ੧੮ ਅੱਸੂ ੨੦੨੦ ਬਿਕ੍ਰਮੀ ਖ਼ਿਆਲੀ ਵਾਲਾ ਗੁਰਦੁਆਰੇ ਵਿਚ ਜ਼ਿਲਾ ਬਠਿੰਡਾ ✪



ਸਤਿਗੁਰ ਸ਼ਬਦ ਕਰੋ ਪਿਆਰ, ਨਿਰਗੁਣ ਸਰਗੁਣ ਨਾਨਕ ਗਿਆ ਸਮਝਾਈਆ । ਗੁਰ ਅੰਗਦ ਮਾਰਗ ਦਿਤਾ ਵਖਾਲ, ਅਮਰਦਾਸ ਗੁਰ ਘਾਲ ਕੀਤੀ ਲੇਖੇ ਲਾਈਆ । ਰਾਮਦਾਸ ਵਖਾ ਸੱਚੀ ਧਰਮਸਾਲ, ਹਰਿਮੰਦਰ ਰੂਪ ਇਕ ਪਰਗਟਾਈਆ । ਗੁਰ ਅਰਜਨ ਗਿਆਨ ਦੀਪਕ ਦਿਤਾ ਬਾਲ, ਬੋਧ ਅਗਾਧ ਕਰੀ ਪੜ੍ਹਾਈਆ । ਗੁਰੂ ਗ੍ਰੰਥ ਗੁਰਦੇਵ ਸੁਆਮੀ ਸਭ ਦਾ ਬਣਾ ਪ੍ਰਿਤਪਾਲ, ਧੁਰ ਦੀ ਧਾਰ ਇਕ ਜਣਾਈਆ । ਦਿਵਸ ਰੈਣ ਅੱਠੇ ਪਹਿਰ ਜੀਵ ਜਪੋ ਹਰਿ ਨਾਮ, ਮਨ ਵਾਸਨਾ ਮੇਟ ਮਿਟਾਈਆ । ਚਲ ਕੇ ਆਓ ਸਾਚੇ ਧਾਮ, ਗੁਰੂਦੁਆਰਾ ਗੁਰ ਗੁਰ ਰੂਪ ਨਜ਼ਰੀ ਆਈਆ । ਜਿਸ ਦਰ ਆ ਕੇ ਇਛਿਆ ਪੂਰੀ ਹੋਵੇ ਕਾਮ, ਕਾਮ ਚੇਸ਼ਟਾ ਰਹੇ ਨਾ ਰਾਈਆ । ਸੋਈ ਸੁਰਤੀ ਮਿਲੇ ਰਾਮ, ਰਮਈਆ ਆਪਣਾ ਫੇਰਾ ਪਾਈਆ । ਦਰ ਘਰ ਸਾਚੇ ਮਿਲੇ ਅਗੰਮੀ ਕਾਹਨ, ਗੁਰ ਸ਼ਬਦ ਨਜ਼ਰੀ ਆਈਆ । ਜਿਸ ਦਾ ਆਦਿ ਜੁਗਾਦਿ ਇਕੋ ਮੰਤਰ ਸਤਿਨਾਮ, ਨਾਮ ਸਤਿ ਕਰੇ ਪੜ੍ਹਾਈਆ । ਉਸ ਦੇ ਚਰਨ ਕਰੋ ਪਰਨਾਮ, ਅੰਮ੍ਰਿਤ ਵੇਲੇ ਉਠ ਉਠ ਭੱਜੋ ਵਾਹੋ ਦਾਹੀਆ । ਸਫਲ ਕਰੋ ਜਨਮ ਜਹਾਨ, ਮਾਣਸ ਬਿਰਥਾ ਲੋਕਮਾਤ ਨਾ ਜਾਈਆ । ਗੁਰ ਚਰਨ ਧੂੜ ਕਰੋ ਅਸ਼ਨਾਨ, ਦੁਰਮਤ ਮੈਲ ਲੈਣੀ ਧਵਾਈਆ । ਸਤਿਗੁਰ ਬਚਨ ਧੁਰ ਸੰਦੇਸ ਮੁਖ ਵਾਕ ਸੁਣੋ ਆਣ, ਜਿਸ ਸੁਣਿਆਂ ਮਨ ਮਤ ਬੁਧ ਨਿਰਮਲ ਰੂਪ ਵਟਾਈਆ । ਸਰਬ ਜੀਆਂ ਦਾ ਇਕ ਗਿਆਨ, ਗੁਰ ਬਾਣੀ ਬਾਣੀ ਗੁਰ ਸ਼ਬਦ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਗੁਰ ਸੰਗਤ ਵਰ, ਹਰਿ ਸੰਗਤ ਬਿਨ ਸਤਿਗੁਰ ਪੂਰੇ ਏਥੇ ਓਥੇ ਹੋਏ ਨਾ ਕੋਇ ਸਹਾਈਆ ।

## ✪ ੧੮ ਅੱਸੂ ੨੦੨੦ ਬਿਕ੍ਰਮੀ ਚੱਕ ਫ਼ਤਹਿ ਸਿੰਘ ਲਾਭ ਸਿੰਘ ਦੇ ਗ੍ਰਿਹ ਜ਼ਿਲਾ ਬਠਿੰਡਾ ✪

ਸਤਿਗੁਰ ਪੂਰਾ ਸਦਾ ਦਿਆਲ, ਆਦਿ ਜੁਗਾਦਿ ਜੁਗ ਚੌਕੜੀ ਵੇਖ ਵਖਾਇੰਦਾ । ਸੰਤ ਸੁਹੇਲੇ ਲੱਭੇ ਲਾਲ, ਗੁਰ ਚੇਲੇ ਮੇਲ ਮਿਲਾਇੰਦਾ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਇਕ ਜਗਾਇੰਦਾ । ਪੰਜ ਤਤ ਕਾਇਆ ਤਨ ਵਖਾਏ ਸੱਚੀ ਧਰਮਸਾਲ, ਹਰਿ ਮੰਦਰ ਇਕੋ ਇਕ ਸਮਝਾਇੰਦਾ । ਸ਼ਬਦ ਅਗੰਮੀ ਵੱਜੇ ਤਾਲ, ਧੁਨ ਅਨਾਦੀ ਰਾਗ ਅਲਾਇੰਦਾ । ਦੀਪਕ ਦੀਆ ਜੋਤੀ ਦੇਵੇ ਬਾਲ, ਤੇਲ ਬਾਤੀ ਸੰਗ ਨਾ ਕੋਇ ਰਖਾਇੰਦਾ । ਅੰਮ੍ਰਿਤ ਆਤਮ ਵਖਾਏ ਤਾਲ, ਸਚ ਸਰੋਵਰ ਇਕ ਨੁਹਾਇੰਦਾ । ਲੇਖਾ ਜਾਣੇ ਸ਼ਾਹ ਕੰਗਾਲ, ਊਚ ਨੀਚ ਰਾਉ ਰੰਕ ਇਕੋ ਦਰ ਸੁਹਾਇੰਦਾ । ਦੇਵਣਹਾਰ ਨਾਮ ਨਿਧਾਨ, ਵਸਤ ਅਮੋਲਕ ਝੋਲੀ ਪਾਇੰਦਾ । ਕੂੜੀ ਕਿਰਿਆ ਮੇਟ ਨਿਸ਼ਾਨ, ਸਚ ਸੁਚ ਇਕ ਸਮਝਾਇੰਦਾ । ਆਤਮ ਪਰਮਾਤਮ ਦੇਵੇ ਹਰਿ ਗਿਆਨ, ਬੋਧ ਅਗਾਧ ਆਪ ਪੜ੍ਹਾਇੰਦਾ । ਸੁਰਤੀ ਸ਼ਬਦ ਮੇਲ ਮਿਲਾਏ ਆਣ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਵਖਾਇੰਦਾ । ਲਹਿਣਾ ਦੇਣਾ ਚੁਕਾਏ ਦੋ ਜਹਾਨ, ਲੱਖ ਚੁਰਾਸੀ ਫੰਦ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਪੂਰਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਇੰਦਾ । ਸਤਿਗੁਰ ਪੂਰਾ ਸਰਬ ਘਟ ਮੀਤਾ, ਹਰ ਘਟ ਰਿਹਾ ਸਮਾਈਆ । ਜਨ ਭਗਤਾਂ ਮਾਰਗ ਦੱਸੇ ਠਾਂਡਾ ਸੀਤਾ, ਅਗਨੀ ਤਤ ਨਾ ਕੋਇ ਵਖਾਈਆ । ਜੁਗ ਚੌਕੜੀ ਚਲਾਏ ਰੀਤਾ, ਦੇਵਣਹਾਰ ਸ਼ਬਦ ਵਡਿਆਈਆ । ਘਰ ਵਖਾਏ ਇਕ ਅਨਡੀਠਾ, ਜਿਸ ਘਰ ਵਸੇ ਬੇਪਰਵਾਹੀਆ । ਜਿਸ ਦੀ ਸਿਫ਼ਤ ਸ਼ਾਸਤਰ ਸਿਮਰਤ ਵੇਦ ਪੁਰਾਨ ਕਰੇ ਗੀਤਾ, ਅੰਜੀਲ ਕੁਰਾਨ ਖਾਣੀ ਬਾਣੀ ਰਹੀ ਜਸ ਗਾਈਆ । ਸੋ ਸਤਿਗੁਰ ਸਦਾ ਰਹੇ ਅਤੀਤਾ, ਤ੍ਰੈਗੁਣ ਵਿਚ ਕਦੇ ਨਾ ਆਈਆ । ਜਿਸ ਨੂੰ ਲੱਭਦੇ ਮੰਦਰ ਵਿਚ ਮਸੀਤਾ, ਸੋ ਸਾਢੇ ਤਿੰਨ ਹੱਥ ਅੰਦਰ ਘਰ ਘਰ ਵਿਚ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਸਤਿਗੁਰ ਇਕੋ ਸ਼ਬਦ ਅਖਵਾਈਆ । ਸਤਿਗੁਰ ਸੱਚਾ ਠਾਂਡਾ ਦਰਬਾਰ, ਘਰ ਇਕੋ ਇਕ ਵਖਾਇੰਦਾ । ਜਿਥੇ ਲੇਖਾ ਚੁੱਕੇ ਪੁਰਖ ਨਾਰ, ਨਰ ਨਰਾਇਣ ਇਕੋ ਰੂਪ ਵਟਾਇੰਦਾ । ਜਨ ਭਗਤਾਂ ਖੋਲ੍ਹ ਬੰਦ ਕਿਵਾੜ, ਆਤਮ ਤਾਕੀ ਕੁੰਡਾ ਲਾਹਿੰਦਾ । ਕਰ ਪਰਕਾਸ਼ ਬਹੱਤਰ ਨਾੜ, ਅਗਿਆਨ ਅੰਧੇਰ ਮਿਟਾਇੰਦਾ । ਉਚੀ ਕੂਕ ਸੁਣਾਏ ਪੁਕਾਰ, ਧੁਨ ਅਨਾਦੀ ਨਾਦ ਅਲਾਇੰਦਾ । ਆਤਮ ਸੇਜਾ ਕਰ ਪਿਆਰ, ਮੇਲ ਮਿਲਾਵਾ ਇਕੋ ਘਰ ਵਖਾਇੰਦਾ । ਤੂੰ ਮੇਰਾ ਮੈਂ ਤੇਰਾ ਪਿਆਰ, ਦੂਜਾ ਰੰਗ ਨਾ ਕੋਇ ਰੰਗਾਇੰਦਾ । ਜਨਮ ਮਰਨ ਰੋਗ ਦਏ ਨਿਵਾਰ, ਪੂਰਬ ਲੇਖਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪਣੇ ਘਰ ਵਸਾਇੰਦਾ । ਸਤਿਗੁਰ ਪੂਰਾ ਸਦਾ ਸਮਰਥ, ਏਕੰਕਾਰ ਵੱਡੀ ਵਡਿਆਈਆ । ਜਿਸ ਜਨ ਦੇਵੇ ਨਾਮ ਵੱਥ, ਤਿਸ ਮੰਤਰ ਇਕ ਸਮਝਾਈਆ । ਹਿਰਦੇ ਵਸ ਮਾਰਗ ਜਾਏ ਦੱਸ, ਬਾਹਰੋ ਕਰੇ ਨਾ ਕੋਇ ਪੜ੍ਹਾਈਆ । ਸੁਰਤੀ ਸ਼ਬਦੀ ਪਾਏ ਨੱਥ, ਡੋਰੀ ਤੰਦ ਇਕ ਜਣਾਈਆ । ਨਾਮ ਨਿਧਾਨਾ ਮਹਿੰਮਾ ਅਕੱਥ, ਸੋਹਲਾ ਢੋਲਾ ਇਕੋ ਗਾਈਆ । ਜਿਉਂ ਭਾਵੇ ਤਿਉਂ ਲਵੇ ਰੱਖ, ਬੇਪਰਵਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਵੇਖੇ ਲੋਕਮਾਤ, ਨਿਰਗੁਣ ਸਰਗੁਣ ਭੇਵ

ਚੁਕਾਇੰਦਾ । ਗੁਰਮੁਖਾਂ ਦੇਵੇ ਇਕੋ ਦਾਤ, ਗਹਿਰ ਗੰਭੀਰ ਆਪ ਵਰਤਾਇੰਦਾ । ਚਰਨ ਕਵਲ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਧੁਰ ਦਾ ਰਾਗ ਸੁਣਾਏ ਸਾਚੀ ਗਾਥ, ਸੋਹੰ ਢੋਲਾ ਇਕ ਸਮਝਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਸਾਚਾ ਨੂਰ ਚੰਦ ਚਮਕਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਕਰਮ ਕਰਮ ਦਾ ਰੋਗ ਗਵਾਇੰਦਾ । ਸਦਾ ਸੁਹੇਲਾ ਅੰਤਰਜਾਮੀ ਹਰ ਘਟ ਵਸੇ ਪਾਸ, ਜਨ ਭਗਤਾਂ ਆਪਣਾ ਰਾਹ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਮੰਡਲ ਮੰਡਪ ਆਪਣੀ ਧਾਰ ਚਲਾਇੰਦਾ । ਸਤਿਗੁਰ ਸੱਚਾ ਇਕ ਦਾਤਾਰ, ਦਾਤਾ ਦਾਨੀ ਵਡ ਵਡਿਆਈਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਪਾਵੇ ਸਾਰ, ਦੁਖੀਆਂ ਦਰਦ ਰਿਹਾ ਵੰਡਾਈਆ । ਕਿਰਪਾ ਕਰੇ ਜਿਸ ਆਪ ਕਰਤਾਰ, ਕਰਤਾ ਪੁਰਖ ਹੋ ਸਹਾਈਆ । ਰੋਗ ਸੋਗ ਚਿੰਤਾ ਦੁੱਖ ਦੇਵੇ ਨਿਵਾਰ, ਤਨ ਕਾਇਆ ਮਾਟੀ ਸੀਤਲ ਰੂਪ ਵਖਾਈਆ । ਬਹੱਤਰ ਨਾੜ ਅਗਨੀ ਤਤ ਨਾ ਤਪੇ ਅੰਗਿਆਰ, ਅੰਮ੍ਰਿਤ ਮੇਘ ਇਕ ਬਰਸਾਈਆ । ਹਉਮੇਂ ਹੰਗਤਾ ਰੋਗ ਦੇਵੇ ਨਿਵਾਰ, ਸਾਚੀ ਸਿਖਿਆ ਇਕ ਪੜ੍ਹਾਈਆ । ਕੂੜੀ ਕਿਰਿਆ ਕਰੇ ਖ਼ੁਆਰ, ਦੇਵੇ ਨਾਮ ਸੱਚੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਪੂਰਬ ਲਹਿਣਾ ਵੇਖ ਵਖਾਈਆ । ਹਰਿਜਨ ਮਿਟੇ ਰੋਗ ਸੰਤਾਪ, ਸੰਸਾ ਕੋਇ ਰਹਿਣ ਨਾ ਪਾਈਆ । ਜਨਮ ਜਨਮ ਦਾ ਲੇਖਾ ਚੁਕਾਏ ਆਪ, ਮਿਹਰਵਾਨ ਹੋ ਸਹਾਈਆ । ਘਰ ਮੰਦਰ ਖੋਲ੍ਹ ਤਾਕ, ਪੜਦਾ ਦੂਈ ਦਵੈਤ ਉਠਾਈਆ । ਪਕੜ ਚੜ੍ਹਾਏ ਆਪਣੇ ਘਾਟ, ਪੱਤਣ ਇਕੋ ਇਕ ਸਮਝਾਈਆ । ਨਜ਼ਰੀ ਆਏ ਪੁਰਖ ਸਮਰਾਥ, ਸਮਰਥ ਆਪਣੇ ਘਰ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲੇਖਾ ਲੇਖੇ ਲਾਈਆ । ਹਰਿਜਨ ਤੇਰਾ ਮਿਟੇ ਦੁੱਖ ਰੋਗ, ਸੰਸਾ ਮਾਤ ਰਹਿਣ ਨਾ ਪਾਈਆ । ਨਾਮ ਚੁਗਾਏ ਸਾਚੀ ਚੋਗ, ਸੋਹੰ ਹੰਸਾ ਰੂਪ ਵਟਾਈਆ । ਲਹਿਣਾ ਦੇਣਾ ਮੁੱਕੇ ਲੋਕ ਪਰਲੋਕ, ਦੋ ਜਹਾਨਾਂ ਸਿਰ ਆਪਣਾ ਹੱਥ ਟਿਕਾਈਆ । ਤੂੰ ਮੇਰਾ ਮੈਂ ਤੇਰਾ ਸਾਚਾ ਗਾਉਣਾ ਇਕ ਸਲੋਕ, ਸੋ ਪੁਰਖ ਨਿਰੰਜਣ ਸਚ ਸਮਝਾਈਆ । ਘਰ ਦੀਪਕ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦਏ ਗਵਾਈਆ । ਬਾਕੀ ਰਹੇ ਨਹੀਂ ਕਿਛ ਖੋਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਪਾਰ ਕਰਾਈਆ । ਗੁਰਮੁਖ ਤੇਰਾ ਮਿਟਿਆ ਦੁੱਖ, ਦਰਦੀ ਦਰਦ ਦਰਦ ਵੰਡਾਈਆ । ਘਰ ਉਪਜੇ ਸੱਚਾ ਸੁਖ, ਸਤਿਗੁਰ ਪੂਰਾ ਹੋਏ ਸਹਾਈਆ । ਉਜਲ ਕਰੇ ਮਾਤ ਮੁਖ, ਦੁਰਮਤ ਮੈਲ ਧਵਾਈਆ । ਲੇਖੇ ਲਾਏ ਜਨਨੀ ਕੁੱਖ, ਧੰਨ ਧੰਨ ਜਣੇਂਦੀ ਮਾਈਆ । ਭਾਗ ਲਗਾਏ ਅਬਿਨਾਸ਼ੀ ਅਚੁੱਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅੱਗੇ ਲੇਖਾ ਚੁੱਕੇ ਉਲਟਾ ਰੁਖ਼, ਮਾਤ ਗਰਭ ਜੂਨੀ ਫੇਰ ਨਾ ਕੋਇ ਭੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਵਸਤ ਇਕੋ ਇਕ ਵਰਤਾਈਆ । ਨਾਮ ਵਸਤ ਦੇਵੇ ਅਤੁੱਟ, ਹਰਿ ਦਾਤਾ ਆਪ ਵਰਤਾਇੰਦਾ । ਆਵਣ ਜਾਵਣ ਜਾਏ ਛੁੱਟ, ਲਹਿਣਾ ਦੋ ਜਹਾਨ ਮੁਕਾਇੰਦਾ । ਜਨਮ ਕਰਮ ਨਾ ਰਹੇ ਦੁੱਖ, ਭਾਂਡਾ ਭਰਮ ਭੌ ਭੰਨਾਇੰਦਾ । ਉਲਟਾ ਹੋਏ ਮਾਤ ਗਰਭ ਨਾ ਰੁਖ਼, ਦਸ ਦਸ ਮਾਸ ਨਾ ਅਗਨ ਤਪਾਇੰਦਾ । ਆਪਣੀ ਗੋਦੀ ਲਏ ਚੁੱਕ, ਸੇਜ ਸੁਹੰਜਣੀ ਆਪ ਸੁਹਾਇੰਦਾ । ਜਨ ਭਗਤਾਂ ਕਰੇ ਪਿਆਰ ਜਿਉਂ ਬਾਲਕ ਮਾਤ ਪੁੱਤ, ਪਿਤਾ ਪੂਤ ਆਪਣਾ ਰੰਗ ਰੰਗਾਇੰਦਾ । ਅੰਦਰ ਵੜ ਕੇ ਲਏ ਪੁੱਛ, ਬਾਹਰੋ

ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਉਪਰ ਜਾਏ ਤੁਠ, ਤਿਸ ਸੁਖ ਸਾਗਰ ਰੂਪ ਵਖਾਇੰਦਾ । ਸੁਖ ਸਾਗਰ ਗਹਿਰ ਗੰਭੀਰ, ਘਰ ਘਰ ਵਿਚ ਦਏ ਵਖਾਈਆ । ਤਨ ਠਾਂਡਾ ਕਰੇ ਸਰੀਰ, ਮਨ ਮਤ ਬੁਧ ਨਾ ਕੋਇ ਚਤੁਰਾਈਆ । ਦੂਈ ਦਵੈਤ ਕੱਟ ਭੀੜ, ਭਾਂਡਾ ਭਰਮ ਭੌ ਭੰਨਾਈਆ । ਸ਼ਰਅ ਰਹੇ ਨਾ ਕੋਇ ਜ਼ੰਜੀਰ, ਸ਼ਰੀਅਤ ਰੂਪ ਨਾ ਕੋਇ ਵਟਾਈਆ । ਅੰਮ੍ਰਿਤ ਦੇਵੇ ਇਕੋ ਸੀਰ, ਸਾਚਾ ਨੀਰ ਮੁਖ ਚੁਆਈਆ । ਮਨ ਰਹੇ ਨਾ ਕੋਈ ਦਲਗੀਰ, ਚਿੰਤਾ ਰੂਪ ਨਾ ਕੋਇ ਵਟਾਈਆ । ਤਨ ਮਾਟੀ ਰਹੇ ਨਾ ਕੋਈ ਪੀੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਦੁੱਖ ਰੋਗ ਜਾਏ ਨੱਠ, ਜਿਸ ਘਰ ਸਤਿਗੁਰ ਚਰਨ ਟਿਕਾਈਆ । ਕਿਰਪਾ ਕਰ ਪੁਰਖ ਸਮਰਥ, ਮਿਹਰ ਨਜ਼ਰ ਇਕ ਉਠਾਈਆ । ਨਾਮ ਅਮੋਲਕ ਦੇ ਕੇ ਜਾਏ ਵੱਥ, ਵਾਸਤਾ ਆਪਣੇ ਨਾਲ ਪਾਈਆ । ਜਨ ਭਗਤਾਂ ਪ੍ਰਭ ਤੋ ਮੰਗਣ ਦਾ ਪੂਰਾ ਹੱਕ, ਹਕੀਕਤ ਸਭ ਦੇ ਹੱਥ ਵਖਾਈਆ । ਲੱਖ ਚੁਰਾਸੀ ਜੀਵ ਜੰਤ ਭਰਮ ਭੁਲੇਖੇ ਰਹੇ ਸ਼ੱਕ, ਸੰਸਾ ਸਕੇ ਨਾ ਕੋਇ ਚੁਕਾਈਆ । ਜੀਵ ਜੰਤ ਕਲਜੁਗ ਅੰਤਮ ਸਾਰੇ ਗਏ ਥੱਕ, ਸਾਚੀ ਮੰਜ਼ਲ ਹੱਥ ਕਿਸੇ ਨਾ ਆਈਆ । ਸਾਧਾਂ ਸੰਤਾਂ ਕੋਲੋ ਗਏ ਅੱਕ, ਜੋ ਘਰ ਘਰ ਦਰ ਦਰ ਫਿਰਦੇ ਧੂਣੀਆਂ ਤਾਈਆ । ਅੰਤਮ ਬਹਿ ਗਏ ਮਸਤਕ ਰੱਖ ਕੇ ਹੱਥ, ਨੇਤਰ ਨੈਣ ਨੀਰ ਵਹਾਈਆ । ਕਿਰਪਾ ਕਰ ਪੁਰਖ ਸਮਰਥ, ਸਾਚੀ ਸਿਖਿਆ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਲਹਿਣਾ ਦੇਣਾ ਦਏ ਚੁਕਾਈਆ । ਹਰਿਜਨ ਲਹਿਣਾ ਦੇਣਾ ਹੋਵੇ ਪੂਰ, ਆਸਾ ਪੂਰ ਕਰਾਇੰਦਾ । ਰੋਗ ਸੋਗ ਚਿੰਤਾ ਦੁੱਖ ਕਰੇ ਦੂਰ, ਜਗਤ ਦਲਿੱਦਰ ਨੇੜ ਨਾ ਆਇੰਦਾ । ਕੂੜੀ ਕਿਰਿਆ ਨਾਤਾ ਤੋੜੇ ਕੂੜ, ਕੂੜਾ ਰਸ ਅੰਮ੍ਰਿਤ ਰੂਪ ਵਟਾਇੰਦਾ । ਕਰ ਕਿਰਪਾ ਮਸਤਕ ਟਿੱਕਾ ਲਾਏ ਧੂੜ, ਚਰਨ ਚਰਨੋਦਕ ਅੰਮ੍ਰਿਤ ਜਾਮ ਇਕ ਪਿਆਇੰਦਾ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਪਾਰਬ੍ਰਹਮ ਦਾ ਸਾਚਾ ਨੂਰ, ਨੂਰ ਨੂਰ ਨਾਲ ਮਿਲਾਇੰਦਾ । ਦਰਸ਼ਨ ਦੇਵੇ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਫੇਰਾ ਪਾਇੰਦਾ । ਸਰਬ ਕਲਾ ਭਰਪੂਰ, ਪਾਰਬ੍ਰਹਮ ਪ੍ਰਭ ਆਪਣਾ ਭੇਵ ਚੁਕਾਇੰਦਾ । ਵਸਣਹਾਰਾ ਨੇੜੇ ਦੂਰ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਗੁਰਮੁਖ ਬਾਲ ਅਵਾਣ, ਆਪ ਉਠਾਏ ਵਾਲੀ ਦੋ ਜਹਾਨ, ਸਚ ਵਖਾਏ ਇਕ ਨਿਸ਼ਾਨ, ਆਵਣ ਜਾਵਣ ਚੁਕਾਏ ਕਾਣ, ਮੰਦਰ ਸੁਹਾਏ ਇਕ ਮਕਾਨ, ਜਿਸ ਗ੍ਰਿਹਿ ਆਪਣਾ ਚਰਨ ਛੁਹਾਇੰਦਾ ।

## ੧੮ ਅੱਸੂ ੨੦੨੦ ਬਿਕ੍ਰਮੀ ਮੁਕੰਦ ਸਿੰਘ ਦੇ ਗ੍ਰਿਹਿ ਪਿੰਡ ਮ੍ਰਾਜ ਜ਼ਿਲਾ ਬਠਿੰਡਾ

ਚਾਰ ਜੁਗ ਥੱਕੇ ਮਾਂਦੇ, ਅੰਤਮ ਬੈਠੇ ਪੰਧ ਮੁਕਾਈਆ । ਸੋ ਪੁਰਖ ਨਿਰੰਜਣ ਤੇਰਾ ਰਾਹ ਤਕਾਂਦੇ, ਨਿਜ ਨੇਤਰ ਨੈਣ ਉਠਾਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਨਾਲ ਮਿਲਾਂਦੇ, ਸਾਚਾ ਸੰਗ ਨਿਭਾਈਆ । ਭਗਤ ਅਠਾਰਾਂ ਫੜ ਉਠਾਂਦੇ, ਸਚ ਪ੍ਰੀਤ ਇਕ ਲਗਾਈਆ । ਈਸਾ ਮੂਸਾ ਮੁਹੰਮਦ ਅੱਖ ਖੁਲ੍ਹਾਂਦੇ, ਆਲਸ ਨਿੰਦਰਾ ਦੂਰ ਕਰਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਵਾਸਤਾ ਪਾਂਦੇ, ਦਰ ਤੇਰੇ ਇਕ ਅਰਜ਼ੋਈਆ । ਸੂਰਜ

ਚੰਦ ਨੈਣ ਸ਼ਰਮਾਂਦੇ, ਨੇਤਰ ਅੱਖ ਨਾ ਕੋਇ ਉਠਾਈਆ । ਲੱਖ ਚੁਰਾਸੀ ਜੀਵ ਜੰਤ ਕੁਰਲਾਂਦੇ, ਕੂਕ ਇਕੋ ਇਕ ਸੁਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਦੋਏ ਜੋੜ ਵਾਸਤਾ ਪਾਂਦੇ, ਗਲ ਪੱਲੂ ਰਹੇ ਵਖਾਈਆ । ਅੰਜੀਲ ਕੁਰਾਨ ਖਾਣੀ ਬਾਣੀ ਨੇਤਰ ਨੈਣਾਂ ਨੀਰ ਵਹਾਂਦੇ, ਧੀਰਜ ਧੀਰ ਨਾ ਕੋਇ ਧਰਾਈਆ । ਚਾਰ ਕੁੰਟ ਦਹਿ ਦਿਸ਼ਾ ਅੰਡਜ ਜੇਰਜ ਉਤਭੁਜ ਸੇਤਜ ਸਾਚਾ ਸੰਗ ਨਾ ਕੋਈ ਨਿਭਾਂਦੇ, ਵਰਨ ਬਰਨ ਪਈ ਲੜਾਈਆ । ਗੀਤ ਗੋਬਿੰਦ ਗਹਿਰ ਗੰਭੀਰ ਪਰਮ ਪੁਰਖ ਤੇਰਾ ਕੋਈ ਨਾ ਗਾਂਦੇ, ਰਸਨਾ ਜਿਹਵਾ ਬੱਤੀ ਦੰਦ ਹੋਏ ਹਲਕਾਈਆ । ਸਾਧ ਸੰਤ ਲੋਕਮਾਤ ਅੰਤਰ ਆਤਮ ਹੋਏ ਆਂਧੇ, ਨਿਜ ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਸਚ ਦੁਆਰ ਬੇਪਰਵਾਹ ਕੋਈ ਨਾ ਆਵੇ ਠਾਂਡੇ, ਤ੍ਰੈਗੁਣ ਅਗਨੀ ਤਤ ਸਰਬ ਤਪਾਈਆ । ਕੂੜੀ ਕਿਰਿਆ ਰਸਨਾ ਜਿਹਵਾ ਪੀਂਦੇ ਖਾਂਦੇ, ਖ਼ਾਲਸ ਤੇਰਾ ਰੂਪ ਨਜ਼ਰ ਕਿਸੇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਉਤਰ ਪੂਰਬ ਪੱਛਮ ਦੱਖਣ ਉਠ ਉਠ ਧਾਂਦੇ, ਭੱਜਣ ਵਾਹੋ ਦਾਹੀਆ । ਤੇਰਾ ਦਰਸ ਪਾਰਬ੍ਰਹਮ ਪੁਰਖ ਅਕਾਲ ਕੋਈ ਨਾ ਪਾਂਦੇ, ਸਵੱਛ ਸਰੂਪੀ ਨਜ਼ਰ ਕਿਸੇ ਨਾ ਆਈਆ । ਭਰਮੇ ਭੁੱਲੇ ਪੰਡਤ ਪਾਂਧੇ, ਮੁੱਲਾਂ ਸ਼ੇਖ਼ ਗ੍ਰੰਥੀ ਪੰਥੀ ਸਮਝ ਕੋਇ ਨਾ ਆਈਆ । ਆਤਮ ਸਰੋਵਰ ਸਾਚੇ ਤੀਰਥ ਕੋਈ ਨਾ ਨਹਾਂਦੇ, ਅਠਸਠ ਬੈਠੇ ਫੇਰੀਆਂ ਪਾਈਆ । ਦੂਈ ਦਵੈਤ ਪੜਦਾ ਨਾ ਕੋਈ ਉਠਾਂਦੇ, ਏਕਾ ਦੂਜਾ ਭੇਵ ਨਾ ਕੋਇ ਚੁਕਾਈਆ । ਸਾਚੇ ਮੰਦਰ ਬਹਿ ਕੇ ਤੇਰਾ ਇਸ਼ਟ ਨਾ ਕੋਇ ਮਨਾਂਦੇ, ਚਾਰ ਵਰਨ ਆਪਣਾ ਆਪਣਾ ਧਿਆਨ ਰਹੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਓਟ ਰਖਾਈਆ । ਚਾਰ ਜੁਗ ਰਹੇ ਕੁਰਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਦੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਮਾਰੇ ਧਾਹ, ਨੇਤਰ ਨੈਣਾਂ ਨੀਰ ਵਹਾਈਆ । ਕਰੋੜ ਤੇਤੀਸਾ ਮੰਗੇ ਪਨਾਹ, ਚਰਨ ਕਵਲ ਮਿਲੇ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਧਿਆਨ, ਨੇਤਰ ਨੈਣ ਅੱਖ ਖੁਲ੍ਹਾਈਆ । ਸ੍ਰਿਸ਼ਟ ਸਬਾਈ ਕਿਸੇ ਨਾ ਕੋਈ ਗਿਆਨ, ਸਾਚਾ ਮੰਤਰ ਨਾਮ ਨਾ ਕੋਇ ਦ੍ਰਿੜਾਈਆ । ਸਤਿ ਧਰਮ ਝੁੱਲੇ ਨਾ ਕੋਈ ਨਿਸ਼ਾਨ, ਕੂੜੀ ਕਿਰਿਆ ਡੰਕਾ ਵੱਜੇ ਵਧਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਘਰ ਘਰ ਨੱਚੇ ਸ਼ੈਤਾਨ, ਸ਼ਰਅ ਬੈਠੀ ਮੁਖ ਘੁੰਗਟ ਲਾਹੀਆ । ਮਿਹਰਵਾਨ ਨਜ਼ਰ ਨਾ ਆਏ ਨੌਜਵਾਨ, ਨਰ ਨਿਰੰਕਾਰ ਦਰਸ ਕੋਇ ਨਾ ਪਾਈਆ । ਸ਼ਾਹ ਪਾਤਸ਼ਾਹ ਰਾਜ ਰਾਜਾਨ ਹੋਏ ਬੇਈਮਾਨ, ਬੈਠੇ ਬੇਵਾ ਰੂਪ ਵਟਾਈਆ । ਸਾਚਾ ਮਿੱਤਰ ਦਿਸੇ ਨਾ ਕੋਇ ਜਹਾਨ, ਜਗਤ ਧਰੋਹੀ ਬਣੀ ਲੋਕਾਈਆ । ਕਾਗਦ ਕਲਮ ਸ਼ਾਹੀ ਹੋਈ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਗੁਰ ਕਾ ਸ਼ਬਦ ਕੋਈ ਨਾ ਸਕੇ ਪਹਿਚਾਨ, ਚੌਦਾਂ ਵਿਦਿਆ ਰਹੀ ਕੁਰਲਾਈਆ । ਰਸਨਾ ਜਿਹਵਾ ਬੱਤੀ ਦੰਦ ਅੰਮ੍ਰਿਤ ਵੇਲੇ ਉਠ ਕੇ ਸਾਰੇ ਗਾਣ, ਸੰਧਿਆ ਆਪਣਾ ਸਗਨ ਮਨਾਈਆ । ਨਿਜ ਨੇਤਰ ਪਾਰਬ੍ਰਹਮ ਪਤਿਪਰਮੇਸ਼ਵਰ ਦਰਸ ਕੋਇ ਨਾ ਪਾਣ, ਬੰਦ ਕਿਵਾੜੀ ਕੁੰਡਾ ਨਾ ਕੋਇ ਖੁਲ੍ਹਾਈਆ । ਅਨਹਦ ਨਾਦ ਸੁਣੇ ਨਾ ਕੋਈ ਧੁਨਕਾਨ, ਧੁਨ ਆਤਮਕ ਰਾਗ ਸਮਝ ਕਿਸੇ ਨਾ ਆਈਆ । ਦੀਆ ਦੀਪਕ ਜੋਤ ਘਰ ਜਗੇ ਨਾ ਕਿਸੇ ਮਹਾਨ, ਅੰਧ ਅੰਧੇਰੇ ਬੈਠੀ ਸਰਬ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠ ਉਠ ਵੇਖਣ ਮਾਰ ਧਿਆਨ, ਲੋਕਮਾਤ ਰਾਹ ਤਕਾਈਆ । ਕਲਜੁਗ ਨੱਚੇ ਘਰ ਘਰ ਵੜ ਸ਼ੈਤਾਨ, ਆਪਣਾ ਹੁਕਮ ਰਿਹਾ ਵਰਤਾਈਆ । ਕਿਸੇ ਸਮਝ ਨਾ ਆਏ ਸ਼ਾਸਤਰ ਸਿਮਰਤ ਵੇਦ ਪੁਰਨ, ਗੀਤਾ ਗਿਆਨ ਭੇਵ ਕੋਇ ਨਾ ਪਾਈਆ । ਸਚ ਮਸਲਾ ਨਾ ਕੋਇ ਅੰਜੀਲ ਕੁਰਾਨ, ਕਾਇਆ ਕਾਅਬਾ ਨਜ਼ਰ ਕਿਸੇ ਨਾ

ਆਈਆ । ਸਿਦਕ ਸਬੂਰੀ ਨਾ ਕੋਇ ਈਮਾਨ, ਸਾਬਤ ਸੂਰਤ ਦਰਸ ਕੋਇ ਨਾ ਪਾਈਆ । ਮਿਲੇ ਮੇਲ ਨਾ ਵਡ ਮਿਹਰਵਾਨ, ਬੀ ਮਿਹਰਬਾਨ ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਨਜ਼ਰ ਕਿਸੇ ਨਾ ਆਈਆ । ਈਸਾ ਮੂਸਾ ਮੁਹੰਮਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਚਾਰ ਜੁਗ ਕਰਨ ਪੁਕਾਰ, ਪੁਨਹ ਪੁਨਹ ਤੇਰੀ ਸਰਨਾਈਆ । ਹਉਂ ਬਾਲੇ ਨੱਢੇ ਬਾਲ ਅਵਾਣ, ਪ੍ਰਭ ਤੇਰਾ ਅੰਤ ਕੋਈ ਨਾ ਪਾਈਆ । ਕਲਜੁਗ ਅੰਤਮ ਸਾਰੇ ਹੋਏ ਬੇਹਾਲ, ਸਾਚਾ ਦਰ ਨਜ਼ਰ ਕੋਇ ਨਾ ਆਈਆ । ਅੰਤਮ ਸ਼ਾਹੋ ਹੋਏ ਕੰਗਾਲ, ਖ਼ਾਲੀ ਹੱਥ ਰਹੇ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਨਿਭਿਆ ਨਾਲ, ਜੋ ਆਇਆ ਸੋ ਉਠ ਉਠ ਚਲ ਜਾਈਆ । ਧੁਰ ਦਾ ਲੇਖਾ ਲਿਖ ਕੇ ਗਏ ਜਹਾਨ, ਬਾਣੀ ਬੋਧ ਅਗਾਧ ਸਮਝਾਈਆ । ਆਤਮ ਪਰਮਾਤਮ ਦੇ ਕੇ ਗਏ ਗਿਆਨ, ਪਾਰਬ੍ਰਹਮ ਬ੍ਰਹਮ ਅੰਤਰ ਭੇਵ ਚੁਕਾਈਆ । ਧਰਮ ਵਖਾ ਕੇ ਗਏ ਨਿਸ਼ਾਨ, ਸਚ ਨਿਸ਼ਾਨਾ ਇਕ ਝੁਲਾਈਆ । ਸਾਚੀ ਸਿਖਿਆ ਦੇ ਕੇ ਗਏ ਧੁਰ ਫ਼ਰਮਾਨ, ਨਾਮ ਸੰਦੇਸਾ ਇਕ ਸੁਣਾਈਆ । ਦਰੋਹੀ ਖ਼ੁਦਾਏ ਕਲਜੁਗ ਅੰਤਮ ਸਾਰੇ ਹੋਏ ਬੇਈਮਾਨ, ਸਾਚਾ ਸਿਦਕ ਨਜ਼ਰ ਕੋਇ ਨਾ ਆਈਆ । ਮੁੱਲਾਂ ਸ਼ੇਖ਼ ਮਸਾਇਕ ਬਗ਼ਲੇ ਰੱਖ ਕੁਰਾਨ, ਕੂੜੀ ਕਸਮ ਲਾਸ਼ਰੀਕ ਤੇਰੀ ਰਹੇ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਵੇਖ ਆਪਣਾ ਇਸਲਾਮ, ਜਿਸ ਨੂੰ ਦੇਂਦਾ ਰਿਹਾ ਪੈਗ਼ਾਮ, ਪੀਰ ਪੈਗ਼ੰਬਰ ਸਚ ਸੰਦੇਸਾ ਰਹਿਬਰ ਆਪਣਾ ਇਕ ਸਮਝਾਈਆ । ਗੁਰ ਅਵਤਾਰ ਰਹੇ ਕੂਕ, ਉਚੀ ਕੂਕ ਕੂਕ ਸੁਣਾਈਆ । ਸ੍ਰੀ ਭਗਵਾਨ ਪ੍ਰਭ ਸਦੀ ਚੌਧਵੀਂ ਈਸਾ ਮੂਸਾ ਮੁਹੰਮਦ ਚੁਕੀ ਚੂਕ, ਚਾਰੋ ਕੁੰਟ ਵੇਖ ਵਖਾਈਆ । ਵੀਹਵੀਂ ਸਦੀ ਸਭ ਨੂੰ ਰਹੀ ਫੂਕ, ਤ੍ਰੈਗੁਣ ਅਗਨੀ ਰਹੀ ਲਾਈਆ । ਮਾਣ ਰਿਹਾ ਨਾ ਕੋਈ ਪੰਜ ਭੂਤ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਤਤਵ ਤਤ ਸੰਗ ਨਾ ਕੋਇ ਰਖਾਈਆ । ਹੋਇਆ ਅੰਧੇਰਾ ਚਾਰੇ ਕੂਟ, ਦਹਿ ਦਿਸ਼ਾ ਤੇਰਾ ਚੰਦ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਮੌਲੀ ਰੁੱਤ, ਬਸੰਤੀ ਰੰਗ ਨਾ ਕੋਇ ਵਖਾਈਆ । ਸਾਚਾ ਨਜ਼ਰ ਨਾ ਆਏ ਕੋਈ ਪੁੱਤ, ਪਿਤਾ ਪੂਤ ਗੋਦ ਨਾ ਕੋਇ ਸੁਹਾਈਆ । ਸਾਚੀ ਧਾਰੋ ਕੋਈ ਨਾ ਪਏ ਉਠ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਕਿਸੇ ਦਰ ਨਾ ਦਿਸੇ ਸੁਚ, ਸਾਚਾ ਰੂਪ ਨਜ਼ਰ ਕੋਇ ਨਾ ਆਈਆ । ਕਿਰਪਾਨਿਧਾਨ ਠਾਕਰ ਸੁਆਮੀ ਮਿਹਰਵਾਨ ਸਤਿ ਸਰੂਪ ਆ ਕੇ ਪੁੱਛ, ਕਿਉਂ ਬੈਠਾ ਮੁਖ ਛੁਪਾਈਆ । ਚੌਥੇ ਜੁਗ ਸਭ ਨੂੰ ਲੱਗਾ ਦੁੱਖ, ਗੁਰ ਅਵਤਾਰ ਦੇਣ ਦੁਹਾਈਆ । ਅੰਤਮ ਵੇਲਾ ਗਿਆ ਢੁਕ, ਜਿਸ ਦਾ ਲੇਖਾ ਆਏ ਸਮਝਾਈਆ । ਸਾਡੇ ਕੋਲ ਨਹੀਂ ਕੁਛ, ਖ਼ਾਲੀ ਹੱਥ ਰਹੇ ਵਖਾਈਆ । ਤੇਰੇ ਚਰਨਾਂ ਹੇਠਾਂ ਬੈਠੇ ਲੁਕ, ਸਿਰ ਸਕੇ ਨਾ ਕੋਇ ਉਠਾਈਆ । ਸ਼ਾਹ ਪਾਤਸ਼ਾਹ ਇਕੋ ਸ਼ੇਰ ਹੋ ਕੇ ਬੁੱਕ, ਦੋ ਜਹਾਨਾਂ ਭਬਕ ਲਗਾਈਆ । ਕੂੜ ਕੁੜਿਆਰਾ ਪੈਂਡਾ ਜਾਵੇ ਮੁੱਕ, ਸਾਚਾ ਰਾਹ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਬੇਨੰਤੀ, ਬਿਨੈ ਇਕੋ ਇਕ ਜਣਾਈਆ । ਵੇਖ ਖੇਲ ਪ੍ਰਭ ਸੰਮਤ ਸੰਮਤੀ, ਤੇਰੀ ਸਮਝ ਕਿਸੇ ਨਾ ਪਾਈਆ । ਤੇਰੀ ਚਾਲ ਅਗੰਮ ਅਥਾਹ ਰਮਕ ਰਮਕੀ, ਰਾਜ ਰਾਜਾਨ ਸ਼ਾਹ ਸੁਲਤਾਨ ਤੇਰਾ ਲੇਖਾ ਕਹਿਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਹੋਏ ਨਾ ਕੋਇ ਸਹਾਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਵਿਸ਼ਨ ਬ੍ਰਹਮਾ

੭੧੨
੧੫

ਸ਼ਿਵ ਆਪ ਸਮਝੌਂਦਾ ਏ । ਤ੍ਰੈਗੁਣ ਤੇਰਾ ਲੇਖ ਵਖੌਂਦਾ ਏ । ਪੰਜ ਤਤ ਤੇਰਾ ਭੇਵ ਪੌਂਦਾ ਏ । ਗੁਰ ਅਵਤਾਰ ਲੇਖ ਲਿਖੌਂਦਾ ਏ । ਪੀਰ ਪੈਗ਼ੰਬਰ ਵਕਤ ਸੁਹੌਂਦਾ ਏ । ਦਰਗਹਿ ਸਾਚੀ ਛੱਡ ਕੇ ਔਂਦਾ ਏ । ਮੁਕਾਮੇ ਹੱਕ ਨੂਰ ਚਮਕੌਂਦਾ ਏ । ਲਾਸ਼ਰੀਕ ਵੇਸ ਵਟੌਂਦਾ ਏ । ਸਚ ਤਾਰੀਫ਼ ਆਪ ਸਮਝੌਂਦਾ ਏ । ਹਕੀਕਤ ਹੱਕ ਇਕ ਜਣੌਂਦਾ ਏ । ਕੂੜੀ ਸ਼ਰੀਅਤ ਆਪ ਮਿਟੌਂਦਾ ਏ । ਨਾਮ ਪ੍ਰੀਤ ਇਕ ਬੰਧੌਂਦਾ ਏ । ਧੁਰ ਦਾ ਕਲਮਾ ਸਾਚਾ ਗੀਤ, ਢੋਲਾ ਇਕੋ ਰਾਗ ਜਣੌਂਦਾ ਏ । ਜਿਸ ਨੂੰ ਲੱਭਦੇ ਵਿਚ ਮਸੀਤ, ਸੋ ਮਸਲਾ ਹਲ ਕਰੌਂਦਾ ਏ । ਸਦੀ ਚੌਧਵੀਂ ਰਹੀ ਬੀਤ, ਬੀਤੀ ਕਹਾਣੀ ਸਭ ਦੀ ਲੇਖੇ ਲੌਂਦਾ ਏ । ਚੌਦਾਂ ਤਬਕ ਰਾਹ ਰਹੇ ਉਡੀਕ, ਬਣ ਕੇ ਪਾਂਧੀ ਪੰਧ ਮੁਕੌਂਦਾ ਏ । ਨਜ਼ਰੀ ਆਏ ਦੂਰ ਦੁਰਾਡਾ ਹੋ ਨਜ਼ਦੀਕ, ਨਿਜ ਨੇਤਰ ਨੈਣ ਇਕ ਖੁਲ੍ਹੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਝੋਲੀ ਪੌਂਦਾ ਏ । ਗੁਰ ਅਵਤਾਰਾਂ ਆਪ ਜਣਾਇਆ ਏ । ਮਿਹਰਵਾਨ ਖੇਲ ਰਚਾਇਆ ਏ । ਲੇਖਾ ਸਭ ਦਾ ਝੋਲੀ ਪਾਇਆ ਏ । ਭਰਮ ਭੁਲੇਖਾ ਇਕ ਮਿਟਾਇਆ ਏ । ਸਚ ਸੰਦੇਸਾ ਨਾਮ ਸੁਣਾਇਆ ਏ । ਨਰ ਨਰੇਸ਼ਾ ਬਣ ਕੇ ਆਇਆ ਏ । ਜੋਤੀ ਵੇਸਾ ਜਾਮਾ ਪਾਇਆ ਏ । ਦਸ ਦਸਮੇਸਾ ਨਾਲ ਰਲਾਇਆ ਏ । ਮਿਲ ਕੇ ਏਕਾ ਇਕ ਬਣਾਇਆ ਏ । ਦੂਆ ਰੂਪ ਨਾ ਕੋਈ ਵਖਾਇਆ ਏ । ਤੀਜਾ ਲੋਚਣ ਆਪ ਖੁਲ੍ਹਾਇਆ ਏ । ਚੌਥੇ ਪਦ ਡੇਰਾ ਲਾਇਆ ਏ । ਪੰਚਮ ਮੇਲਾ ਸਹਿਜ ਸੁਭਾਇਆ ਏ । ਛੇਵੇਂ ਛੱਪਰ ਛੰਨ ਨਜ਼ਰ ਕਿਸੇ ਨਾ ਆਇਆ ਏ । ਸਤਿ ਸਤਿਵਾਦੀ ਨੂਰ ਰੁਸ਼ਨਾਇਆ ਏ । ਅੱਠਾਂ ਤੱਤਾਂ ਪੰਧ ਮੁਕਾਇਆ ਏ । ਨੌਂ ਦੁਆਰੇ ਡੇਰਾ ਢਾਇਆ ਏ । ਦਸਵੇਂ ਇਕੋ ਨੂਰ ਚਮਕਾਇਆ ਏ । ਗੀਤ ਅਨਾਦੀ ਛੰਦ ਸੁਣਾਇਆ ਏ । ਸੂਰੇ ਸਰਬੰਗ ਰੂਪ ਵਟਾਇਆ ਏ । ਆਤਮ ਪਰਮਾਤਮ ਦੇਵੇ ਅਨੰਦ, ਰਸ ਇਕੋ ਇਕ ਵਖਾਇਆ ਏ । ਜੁਗ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸੁਆਮੀ ਇਕੋ ਡੋਰੀ ਤੰਦ ਜਣਾਇਆ ਏ । ਜਿਸ ਦਾ ਭੇਵ ਕੋਈ ਨਾ ਪਾਵੇ ਆਦਿ ਜੁਗਾਦਿ ਕੋਟ ਬ੍ਰਹਿਮੰਡ, ਬ੍ਰਹਿਮਾਂਡ ਬੈਠਾ ਸੀਸ ਝੁਕਾਇਆ ਏ । ਸੋ ਸਾਹਿਬ ਸੁਆਮੀ ਪੁਰਖ ਅਕਾਲ ਨਿਰਗੁਣ ਖੇਲ ਕਰੇ ਸੂਰਾ ਸਰਬੰਗ, ਸੋ ਪੁਰਖ ਨਿਰੰਜਣ ਏਕਾ ਹੁਕਮ ਵਰਤਾਇਆ ਏ । ਨਾਮ ਡੰਕਾ ਵੱਜੇ ਇਕ ਮਰਦੰਗ, ਮਰਦ ਮਰਦਾਨਾ ਹੱਥ ਉਠਾਇਆ ਏ । ਲੋਆਂ ਪੁਰੀਆਂ ਆਏ ਲੰਘ, ਦੋ ਜਹਾਨ ਪੰਧ ਮੁਕਾਇਆ ਏ । ਕੂੜੀ ਕਿਰਿਆ ਕਰੇ ਖੰਡ ਖੰਡ, ਜੂਠ ਝੂਠ ਡੇਰਾ ਢਾਹਿਆ ਏ । ਵਸਤ ਅਮੋਲਕ ਨਾਮ ਨਿਧਾਨ ਜਨ ਭਗਤਾਂ ਦੇਵੇ ਵੰਡ, ਸਾਚੀ ਝੋਲੀ ਆਪ ਭਰਾਇਆ ਏ । ਨਾਤਾ ਛੁੱਟੇ ਨਾਰ ਦੁਹਾਗਣ ਰੰਡ, ਹਰਿ ਜੂ ਕੰਤ ਇਕ ਹੰਡਾਇਆ ਏ । ਅੰਮ੍ਰਿਤ ਸਰੋਵਰ ਨੁਹਾਏ ਗੰਗ, ਅਠਸਠ ਤੀਰਥ ਡੇਰਾ ਢਾਹਿਆ ਏ । ਕਾਇਆ ਚੋਲੀ ਚਾੜ੍ਹੇ ਰੰਗ, ਰੰਗ ਬਸੰਤ ਇਕ ਰੰਗਾਇਆ ਏ । ਮਾਣਸ ਜਨਮ ਨਾ ਹੋਏ ਭੰਗ, ਜਿਸ ਸਿਰ ਆਪਣਾ ਹੱਥ ਟਿਕਾਇਆ ਏ । ਡੁੱਬਦਾ ਬੇੜਾ ਦੇਵੇ ਬੰਨ੍ਹ, ਸ਼ੌਹ ਦਰਿਆ ਨਾ ਕੋਇ ਰੁੜ੍ਹਾਇਆ ਏ । ਨਿਰਗੁਣ ਸਰਗੁਣ ਚੁੱਕੇ ਆਪਣੇ ਕੰਧ, ਫੜ ਬਾਂਹੋ ਗਲੇ ਲਗਾਇਆ ਏ । ਗੁਰ ਅਵਤਾਰੋ ਪੀਰ ਪੈਗ਼ੰਬਰੋ ਕਲਜੁਗ ਅੰਤ ਸਭ ਨੇ ਗਾਉਣਾ ਇਕੋ ਛੰਦ, ਸੋਹੰ ਢੋਲਾ ਇਕ ਪੜ੍ਹਾਇਆ ਏ । ਆਵਣ ਜਾਵਣ ਪਿਛਲਾ ਪੂਰਬ ਲਹਿਣਾ ਚੁਕਿਆ ਪੰਧ, ਅੱਗੇ ਪੁਰਖ ਅਕਾਲ ਮਾਰਗ ਇਕੋ ਦਏ ਵਖਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਧਾਰ ਆਪ ਜਣਾਇਆ ਏ । ਸਭ ਦਾ ਲੇਖਾ ਅੰਤ ਚੁਕਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਮਿਲਾਵਾਂਗਾ । ਵਿਸ਼ਨ

ਬ੍ਰਹਮਾ ਸ਼ਿਵ ਸੁਰਪਤ ਇੰਦ ਕਰੋੜ ਤੇਤੀਸਾ ਨੇਤਰ ਨੈਣ ਖੁਲ੍ਹਾਵਾਂਗਾ । ਤ੍ਰੈਗੁਣ ਮਾਇਆ ਪੰਜ ਤਤ ਬ੍ਰਹਮ ਮਤ ਇਕ ਦ੍ਰਿੜਾਵਾਂਗਾ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਵੇਖ ਵਖਾਵਾਂਗਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਜਾਣਾਂ ਮਿਤ ਗਤ, ਹਰ ਘਟ ਅੰਦਰ ਵੜ ਕੇ ਬੈਠਾ ਪੜਦਾ ਲਾਹਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਗੁਰ ਅਵਤਾਰ ਪੀਰ ਪੈਗ਼ੰਬਰ ਮਾਰਗ ਗਏ ਦੱਸ, ਤਿਨ੍ਹਾਂ ਲੇਖਾ ਪੂਰ ਕਰਾਵਾਂਗਾ । ਚਾਰ ਵਰਨ ਅਠਾਰਾਂ ਬਰਨ ਇਕੋ ਰਾਹ ਦੇਵਾਂ ਦੱਸ, ਸਾਚੀ ਸਿਖਿਆ ਸਿਖ ਸਮਝਾਵਾਂਗਾ । ਅੰਤਰ ਮਿਲੇ ਆਤਮ ਰਸ, ਬਸੰਤਰ ਬਾਹਰੋ ਅਗਨ ਬੁਝਾਵਾਂਗਾ । ਤੀਰ ਨਿਰਾਲਾ ਮਾਰਾਂ ਕਸ, ਸ਼ਬਦ ਅਣਿਯਾਲਾ ਇਕ ਉਠਾਵਾਂਗਾ । ਬੁਰਜ ਹੰਕਾਰੀ ਜਾਏ ਢੱਠ, ਹਉਮੇਂ ਹੰਗਤਾ ਗੜ੍ਹ ਤੁੜਾਵਾਂਗਾ । ਕਰਾਂ ਖੇਲ ਪੁਰਖ ਸਮਰਥ, ਸਮਰਥ ਆਪਣੀ ਧਾਰ ਚਲਾਵਾਂਗਾ । ਸਤਿਜੁਗ ਚਲੇ ਇਕੋ ਰਥ, ਬਣ ਰਥਵਾਹੀ ਸੇਵ ਕਮਾਵਾਂਗਾ । ਲੱਖ ਚੁਰਾਸੀ ਵਿਚੋ ਭਗਤ ਸੁਹੇਲੇ ਸਾਚੇ ਰੱਖ, ਆਖ਼ਰ ਆਪਣਾ ਮੇਲ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੂੜੀ ਕਿਰਿਆ ਲੇਖਾ ਅੰਤ ਮੁਕਾਵਾਂਗਾ । ਗੁਰ ਅਵਤਾਰ ਸ਼ੁਕਰ ਮਨੌਂਦੇ ਨੇ । ਪੀਰ ਪੈਗ਼ੰਬਰ ਵਾਸਤਾ ਪੌਂਦੇ ਨੇ । ਦਰ ਤੇਰੇ ਅਲਖ ਜਗੌਂਦੇ ਨੇ । ਪਰਤੱਖ ਤੇਰਾ ਦਰਸ਼ਨ ਪੌਂਦੇ ਨੇ । ਅਗਲਾ ਲੇਖਾ ਲਿਖਿਆ, ਤੇਰੇ ਅੱਗੇ ਰੱਖ ਵਖੌਂਦੇ ਨੇ । ਤੇਰੀ ਲੈਂਦੇ ਰਹੇ ਸਿਖਿਆ, ਸਾਚੀ ਸਿਖਿਆ ਇਕ ਜਣੌਂਦੇ ਨੇ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪਾਈ ਭਿਛਿਆ, ਜੀਵ ਜੰਤਾਂ ਆਪ ਸਮਝੌਂਦੇ ਨੇ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਤੇਰੀ ਸਿਫ਼ਤ ਅੰਦਰ ਲਿਖਿਆ, ਤੇਰਾ ਅੰਤ ਕੋਈ ਨਾ ਪੌਂਦੇ ਨੇ । ਜਗਤ ਜਹਾਨ ਵੇਖਿਆ ਮਿਥਿਆ, ਅੰਤਮ ਸਾਰੇ ਛੱਡ ਕੇ ਤੇਰੇ ਚਰਨ ਦੁਆਰ ਔਂਦੇ ਨੇ । ਸਰਨ ਸਰਨਾਈ ਤੇਰੇ ਢੱਠਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗੌਂਦੇ ਨੇ । ਤੇਰੇ ਦਰ ਅਲਖ ਜਗਾਈ ਏ । ਪ੍ਰਭ ਸਾਚੇ ਵਡ ਵਡਿਆਈ ਏ । ਕਲਜੁਗ ਰੈਣ ਅੰਧੇਰੀ ਛਾਈ ਏ । ਸਾਚਾ ਚੰਦ ਨਾ ਕੋਇ ਚਮਕਾਈ ਏ । ਇਕਾਵਨ ਬਾਵਨ ਬੈਠੇ ਮੁਖ ਛੁਪਾਈ ਏ । ਖਾਣੀ ਬਾਣੀ ਰਹੀ ਕੁਰਲਾਈ ਏ । ਅੰਮ੍ਰਿਤ ਪਾਣੀ ਠੰਡੀ ਧਾਰ ਨਾ ਕੋਇ ਵਹਾਈ ਏ । ਗੰਗਾ ਗੋਦਾਵਰੀ ਜਮਨਾ ਸੁਰਸਤੀ ਪੜਦਾ ਉਪਰ ਨਾ ਕੋਇ ਰਖਾਈ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਤੇਰਾ ਲੇਖਾ ਕੋਈ ਰਹਿਣ ਨਾ ਪਾਈ ਏ । ਵੇਖ ਪ੍ਰਭੂ ਉਠ ਲੋਕਮਾਤ, ਨੇਤਰ ਖੋਲ੍ਹ ਲੈ ਅੰਗੜਾਈਆ । ਸਾਚਾ ਦਿਸੇ ਨਾ ਕੋਇ ਸਾਥ, ਗੁਰ ਚੇਲੇ ਮੁਖ ਭਵਾਈਆ । ਨਜ਼ਰ ਨਾ ਆਏ ਤ੍ਰਿਲੋਕੀ ਨਾਥ, ਨੰਦ ਚੰਦ ਨਾ ਕੋਇ ਰੁਸ਼ਨਾਈਆ । ਸੰਗ ਨਾ ਰਾਮ ਬੇਟਾ ਦਸਰਾਥ, ਦਹਿ ਦਿਸ਼ਾ ਪਈ ਦੁਹਾਈਆ । ਈਸਾ ਮੂਸਾ ਕਾਲਾ ਸੂਸਾ ਕੋਈ ਨਾ ਵਸੇ ਪਾਸ, ਚਾਰ ਯਾਰੀ ਯਾਰੀ ਨਾ ਕੋਇ ਨਿਭਾਈਆ । ਮੁਹੰਮਦ ਖ਼ਾਲੀ ਦਿਸੇ ਆਸ, ਅੱਲਾ ਰਾਣੀ ਭੱਜੇ ਵਾਹੋ ਦਾਹੀਆ । ਸਾਚੀ ਦਿਸੇ ਨਾ ਕੋਈ ਰਾਸ, ਮੰਡਲ ਮੰਡਪ ਰਹੇ ਕੁਰਲਾਈਆ । ਨਾਨਕ ਸ਼ਬਦ ਨਾ ਕਿਸੇ ਪਾਸ, ਕਲਜੁਗ ਭਰਮੇ ਭੁੱਲੀ ਸਰਬ ਲੋਕਾਈਆ । ਗੋਬਿੰਦ ਅੰਮ੍ਰਿਤ ਹੱਥ ਕਿਸੇ ਨਾ ਆਵੇ ਦਾਤ, ਚਾਰੇ ਕੁੰਟ ਦੇਣ ਦੁਹਾਈਆ । ਨੇਤਰ ਖੋਲ੍ਹ ਪਾਰਬ੍ਰਹਮ ਪ੍ਰਭ ਆਪਣੀ ਸ੍ਰਿਸ਼ਟੀ ਵੇਖ ਝਾਕ । ਝਾਕੀ ਆਪਣੀ ਇਕ ਲਗਾਈਆ । ਸਾਚੇ ਘੋੜੇ ਅਸਵ ਚੜ੍ਹ ਰਾਕ, ਸੋਲਾਂ ਕਲੀਆਂ ਆਸਣ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਲਿਖ ਕੇ ਗਏ ਭਵਿਖਤ ਵਾਕ, ਸਚ ਸੰਦੇਸਾ ਮਾਤ ਜਣਾਈਆ । ਕਲਜੁਗ ਅੰਤਮ ਆਵੇ ਪੁਰਖ ਅਬਿਨਾਸ਼,

ਨਿਰਗੁਣ ਆਪਣਾ ਵੇਸ ਵਟਾਈਆ । ਜੋਤੀ ਨੂਰ ਕਰੇ ਪਰਕਾਸ਼, ਮਾਤ ਪਿਤ ਪੰਜ ਤਤ ਨਜ਼ਰ ਕੋਇ ਨਾ ਆਈਆ । ਇਕੋ ਸ਼ਬਦ ਵਜਾਏ ਨਾਦ, ਦੋ ਜਹਾਨ ਦਏ ਸੁਣਾਈਆ । ਢੋਲਾ ਗਾਏ ਬੋਧ ਅਗਾਧ, ਸਾਚੀ ਕਰੇ ਇਕ ਪੜ੍ਹਾਈਆ । ਦੋ ਜਹਾਨ ਸੁਣੇ ਫ਼ਰਿਆਦ, ਸਭ ਦਾ ਲੇਖਾ ਦਏ ਮੁਕਾਈਆ । ਜਿਸ ਰਚਨਾ ਰਚੀ ਆਦਿ, ਸੋ ਅੰਤਮ ਵੇਖਣ ਆਈਆ । ਸੰਤ ਸੁਹੇਲੇ ਵਿਚੋ ਕਾਢ, ਲੱਖ ਚੁਰਾਸੀ ਬਾਹਰ ਕਢਾਈਆ । ਜੋ ਤੇਰੇ ਬਣ ਤੈਨੂੰ ਰਹੇ ਆਰਾਧ, ਅੰਤਰ ਆਤਮ ਧਿਆਨ ਲਗਾਈਆ । ਓਨ੍ਹਾਂ ਮੇਟ ਵਾਦ ਵਿਵਾਦ, ਰੋਗ ਸੋਗ ਰਹਿਣ ਨਾ ਪਾਈਆ । ਨਿਰਗੁਣ ਸਰਗੁਣ ਰਚ ਕਾਜ, ਸੁਰਤੀ ਸ਼ਬਦੀ ਮੇਲ ਮਿਲਾਈਆ । ਸਚ ਮਹੱਲੇ ਚੜ੍ਹ ਕੇ ਮਾਰ ਆਵਾਜ਼, ਕੂਕ ਬਾਂਗ ਇਕੋ ਵਾਰ ਸੁਣਾਈਆ । ਤੇਰੇ ਸੀਸ ਜਗਦੀਸ ਸੋਹੇ ਤਾਜ, ਤਖ਼ਤ ਨਿਵਾਸੀ ਤੇਰੀ ਇਕ ਸਰਨਾਈਆ । ਦੋ ਜਹਾਨਾਂ ਤੇਰਾ ਰਾਜ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਤੇਰੀ ਰਈਅਤ ਰੂਪ ਵਟਾਈਆ । ਸਹਿਬ ਸੁਲਤਾਨ ਦਰਗਹਿ ਸਾਚੀ ਸਾਜਣ ਲੈ ਸਾਜ, ਸੱਜਣ ਆਪਣਾ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡੀ ਕਰ ਪੂਰੀ ਖ਼ਾਹਸ਼, ਖ਼ਾਲਸ ਆਪਣਾ ਰੰਗ ਵਖਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਮਿਹਰ ਨਜ਼ਰ ਓਠਾਇੰਦਾ । ਉਠੋ ਵੇਖੋ ਮਾਰੋ ਧਿਆਨ, ਸਚ ਸੁਆਮੀ ਆਪ ਜਣਾਇੰਦਾ । ਪਰਗਟ ਹੋਇਆ ਜੋਧਾ ਸੂਰਬੀਰ ਨੌਜਵਾਨ, ਦੋ ਜਹਾਨਾਂ ਆਪਣਾ ਹੁਕਮ ਵਰਤਾਇੰਦਾ । ਸ਼ਬਦ ਸੰਦੇਸਾ ਦੇਵੇ ਫ਼ਰਮਾਨ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਰਨ ਕਵਲ ਕਰੋ ਧਿਆਨ, ਸਚ ਧਿਆਨੀ ਇਕ ਸਮਝਾਇੰਦਾ । ਜਿਸ ਦਾ ਕਲਮਾ ਪੜ੍ਹੋ ਕੁਰਾਨ, ਸੋ ਕਾਇਆ ਕਾਅਬਾ ਕੁਰ੍ਹਾ ਵੇਖ ਵਖਾਇੰਦਾ । ਜਿਸ ਪੈਗ਼ੰਬਰ ਕਰੋ ਸਲਾਮ, ਸੋ ਸਹੀ ਸਲਾਮਤ ਨਜ਼ਰੀ ਆਇੰਦਾ । ਜਿਸ ਨੂੰ ਈਸਾ ਮੂਸਾ ਮੁਹੰਮਦ ਮੰਨ ਕੇ ਗਿਆ ਅਮਾਮ, ਸੋ ਅਮਾਮ ਆਪਣਾ ਵੇਸ ਵਟਾਇੰਦਾ । ਸਾਰੇ ਬਰਦੇ ਕਰੇ ਗ਼ੁਲਾਮ, ਗ਼ੁਰਬਤ ਸਭ ਦੀ ਮੇਟ ਮਿਟਾਇੰਦਾ । ਸਾਚਾ ਮਾਰਗ ਦੱਸੇ ਆਸਾਨ, ਅਹਿਸਾਨ ਸਭ ਦੇ ਸਿਰ ਚੜ੍ਹਾਇੰਦਾ । ਪੀਰ ਪੈਗ਼ੰਬਰ ਬਾਲੇ ਵੇਖ ਅੰਞਾਣ, ਬਾਲੀ ਬੁਧ ਆਪ ਜਣਾਇੰਦਾ । ਸਾਚਾ ਕਲਮਾ ਇਕੱਠੇ ਹੋ ਕੇ ਪੜ੍ਹੋ ਆਣ, ਬਿਨ ਕਲਬੂਤ ਪੰਜ ਤਤ ਪੜ੍ਹਾਇੰਦਾ । ਨਜ਼ਰੀ ਆਏ ਇਕ ਮਿਹਰਵਾਨ, ਨੌਜਵਾਨ ਆਪਣਾ ਨੂਰ ਚਮਕਾਇੰਦਾ । ਚੌਦਾਂ ਤਬਕ ਮੰਨਣ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕੋ ਸਤਿ ਸਮਝਾਇੰਦਾ । ਸਚ ਸੁਨੇਹੜਾ ਦੱਸੇ ਗੀਤ, ਗਹਿਰ ਗੰਭੀਰ ਦਏ ਸਮਝਾਈਆ । ਅੰਤਮ ਨਾਤਾ ਛੁੱਟਣਾ ਮਸੀਤ, ਮੁਸੱਲਾ ਹੇਠ ਨਾ ਕੋਇ ਵਿਛਾਈਆ । ਸਦੀ ਚੌਧਵੀਂ ਚੁੱਕੇ ਰੀਤ, ਵੁਜ਼ੂ ਬਾਂਗ ਨਾ ਕੋਇ ਅਲਾਈਆ । ਚਾਰ ਕੂਟਾਂ ਹੋਣ ਪਲੀਤ, ਪਾਕ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਕਲਮਾ ਦਏ ਹਦੀਸ, ਹਜ਼ਰਤ ਇਕੋ ਕਰੇ ਨਾਮ ਪੜ੍ਹਾਈਆ । ਗੁਰ ਅਵਤਾਰ ਖੋਲ੍ਹੋ ਅੱਖ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸ੍ਰੀ ਭਗਵਾਨ ਪਰਗਟ ਹੋਇਆ ਪਰਤੱਖ, ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਜਿਸ ਦੇ ਅੱਗੇ ਚਲੇ ਨਾ ਕੋਇ ਕਿਸੇ ਦਾ ਵਸ, ਜੋਰੂ ਜ਼ਰ ਜ਼ੇਰ ਸਰਬ ਕਰਾਇੰਦਾ । ਸਭ ਦੇ ਖ਼ਾਲੀ ਕਰ ਕੇ ਹੱਥ, ਸਮਰਥ ਆਪਣਾ ਹੁਕਮ ਵਰਤਾਇੰਦਾ । ਦੂਰ ਦੁਰਾਡੇ ਨੇਰਨ ਨੇਰ ਬਣ ਦਰਵੇਸ਼ ਦਰ ਤੇ ਆਇਣ ਨੱਠ, ਪਾਂਧੀ ਰਹਿਣ ਕੋਇ ਨਾ ਪਾਇੰਦਾ । ਰਲ ਮਿਲ ਸਾਰੇ ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਸਾਚਾ ਢੋਲਾ ਗਾਓ ਜਸ, ਤੂੰ ਮੇਰਾ ਮੈਂ ਤੇਰਾ ਦੂਜਾ ਰੂਪ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਸੁਣੇ ਬਿਨ ਕੰਨ, ਬਿਨ ਰਸਨਾ ਰਿਹਾ ਜਣਾਈਆ । ਧੁਰ ਫ਼ਰਮਾਨਾ ਸਭ ਨੇ ਲੈਣਾ ਮੰਨ, ਮੇਟਣਹਾਰ ਨਜ਼ਰ ਕੋਇ ਨਾ ਆਈਆ । ਦਰ ਦੁਆਰੇ ਬਣ ਦਰਵੇਸ਼ ਕਹਿਣਾ ਧੰਨ ਧੰਨ, ਇਕੋ ਰਾਗ ਸਿਫ਼ਤ ਸਾਲਾਹੀਆ । ਨਰ ਨਰੇਸ਼ ਬੇੜਾ ਦੇਵੇ ਬੰਨ੍ਹ ਆਪ ਆਪਣੇ ਕੰਧ ਉਠਾਈਆ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਕਾਰ ਕਮਾਈਆ । ਨਿਰਗੁਣ ਨਿਰਵੈਰ ਚਾੜ੍ਹ ਚੰਨ, ਅਨਭਵ ਪਰਕਾਸ਼ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਜੁਗ ਦਾ ਅੰਤਮ ਲੇਖਾ ਸਭ ਦੀ ਝੋਲੀ ਪਾਈਆ । ਚਾਰ ਜੁਗ ਦਾ ਚੁੱਕੇ ਲੇਖਾ, ਲਿਖਤ ਸਭ ਦੀ ਪੂਰ ਕਰਾਈਆ । ਦੋ ਜਹਾਨਾਂ ਕੋਈ ਨਾ ਰਹੇ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਆ ਕੇ ਕਹਿਣ ਤੂੰ ਹੀ ਸੱਚਾ ਨੇਤਾ, ਦੂਜਾ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦੀ ਇਕੋ ਮੀਤਾ, ਪੁਰਖ ਅਕਾਲ ਵੱਡੀ ਵਡਿਆਈਆ । ਤੇਰਾ ਮਾਰਗ ਸਾਚਾ ਸਿੱਧਾ, ਚਾਰ ਵਰਨ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਦ ਮਿਲੇ ਤੇਰੀ ਸਰਨਾਈਆ । ਸਚ ਸਰਨਾਈ ਇਕ ਰਖਾਵਾਂਗਾ । ਬੇਪਰਵਾਹੀ ਖੇਲ ਰਚਾਵਾਂਗਾ । ਦਰਗਹਿ ਸਾਚੀ ਸਚ ਵਖਾਵਾਂਗਾ । ਲੋਕਮਾਤ ਰਾਹ ਜਣਾਵਾਂਗਾ । ਸਚ ਜਮਾਤ ਇਕ ਬਣਾਵਾਂਗਾ । ਕਲ ਮੇਟ ਅੰਧੇਰੀ ਰਾਤ, ਨੂਰੀ ਚੰਦ ਇਕ ਚਮਕਾਵਾਂਗਾ । ਨਾਮ ਦੱਸ ਧੁਰ ਦੀ ਗਾਥ, ਸੋਹੰ ਸਾਚਾ ਰਾਗ ਅਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਵਰਤਾਵਾਂਗਾ । ਸਾਚਾ ਹੁਕਮ ਪ੍ਰਭੂ ਵਰਤਾਏਗਾ । ਧੁਰ ਸੰਦੇਸਾ ਇਕ ਸੁਣਾਏਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲੇਖਾ ਆਪਣੀ ਝੋਲੀ ਪਾਏਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਰੇ ਵੀਹ ਸੌ ਵੀਹ ਪੰਦਰਾਂ ਕੱਤਕ ਰੱਖ ਕੇ ਬੈਠੇ ਚੇਤਾ, ਅਭੁੱਲ ਭੁੱਲ ਕਦੇ ਨਾ ਜਾਏਗਾ । ਨਿਰਵੈਰ ਨਿਰੰਕਾਰ ਨਿਰਾਕਾਰ ਜਿਸ ਧਰਿਆ ਭੇਖਾ, ਸੋ ਆਪਣਾ ਖੇਲ ਰਚਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਰਚਨਾ ਆਪਣੇ ਹੱਥ ਰਖਾਏਗਾ । ਆਪਣੇ ਹੱਥ ਸਭ ਕਿਛ ਰਖਾਵੇਗਾ । ਸਤਿਜੁਗ ਸਾਚਾ ਰਾਹ ਚਲਾਵੇਗਾ । ਨਾਮ ਇਕੋ ਇਕ ਜਪਾਵੇਗਾ । ਵਰਨ ਬਰਨ ਰੂਪ ਨਾ ਕੋਇ ਵਟਾਵੇਗਾ । ਦੀਨ ਮਜ਼੍ਹਬ ਰਹਿਣ ਕੋਇ ਨਾ ਪਾਵੇਗਾ । ਜ਼ੇਰ ਜ਼ਬਰ ਸਰਬ ਉਡਾਵੇਗਾ । ਸਬਰ ਪਿਆਲਾ ਇਕ ਪਿਆਵੇਗਾ । ਜ਼ਾਬਰ ਜ਼ਬਰ ਜ਼ੋਰ ਇਕ ਜਣਾਵੇਗਾ । ਬਣ ਕੇ ਸ਼ੇਰ ਬੱਬਰ, ਭਬਕ ਇਕੋ ਇਕ ਸੁਣਾਵੇਗਾ । ਦੋ ਜਹਾਨਾਂ ਵੇਖ ਗ਼ਦਰ, ਗਦਾ ਆਪਣਾ ਨਾਮ ਉਠਾਵੇਗਾ । ਸਾਚਾ ਸ਼ਬਦ ਫੇਰੇ ਚੱਕਰ, ਚੱਕਰਵਰਤੀ ਨਜ਼ਰ ਕਿਸੇ ਨਾ ਆਵੇਗਾ । ਧੁਰ ਸੰਦੇਸਾ ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦੇ ਰਹੇ ਪੱਤਰ, ਸਭ ਦੀ ਪੱਤਰਕਾ ਵੇਖ ਕੇ ਲੇਖਾ ਪੂਰ ਕਰਾਵੇਗਾ । ਇਕੋ ਗੋਬਿੰਦ ਸੂਰਾ ਨਾਲ ਰਖਾਵੇ ਪੁੱਤਰ, ਪਿਤਾ ਪੂਤ ਗੰਢ ਬਨ੍ਹਾਵੇਗਾ । ਸਚਖੰਡ ਦੁਆਰਿਉਂ ਨਿਰਗੁਣ ਜੋਤੀ ਧਾਰ ਆਵੇ ਉਤਰ, ਰੂਪ ਰੇਖ ਨਾ ਕਿਸੇ ਜਣਾਵੇਗਾ । ਪੰਦਰਾਂ ਕੱਤਕ ਸਾਰੇ ਮਿਲ ਕੇ ਕਹਿਣ ਪ੍ਰਭ ਤੇਰਾ ਸ਼ੁਕਰ, ਸ਼ੰਕਾ ਸਭ ਦਾ ਮੇਟ ਮਿਟਾਵੇਗਾ । ਭਗਤ ਭਗਵਾਨ ਚੁੱਕੇ ਕੁਛੜ, ਆਪ ਆਪਣੀ ਗੋਦ ਸੁਹਾਵੇਗਾ । ਜੋ ਬੀਸਵੀਂ ਸਦੀ ਪ੍ਰਭ ਸਾਚੇ ਤੋਂ ਗਏ ਮੁਕਰ, ਤਿਨ੍ਹਾਂ ਰਾਏ ਧਰਮ ਹੱਥ ਫੜਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੋੜਨ ਮੁੱਖੜ, ਸਨਮੁਖ ਨਜ਼ਰ ਕੋਇ ਨਾ ਆਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ

੭੧੬
੧੫

ਕਾ ਪੌੜਾ ਇਕ ਜਣਾਵੇਗਾ । ਹਰਿ ਕਾ ਪੌੜਾ ਆਪ ਸਮਝਾਵੇਗਾ । ਬ੍ਰਾਹਮਣ ਗੌੜਾ ਰੂਪ ਵਟਾਵੇਗਾ । ਲੰਮਾਂ ਚੌੜਾ ਨਜ਼ਰ ਕਿਸੇ ਨਾ ਆਵੇਗਾ । ਮਿੱਠਾ ਕੌੜਾ ਰਸ ਸਮਝ ਕੋਈ ਨਾ ਪਾਵੇਗਾ । ਗਹਿਰ ਗੰਭੀਰ ਗਵਰਾ, ਨੇਤਰ ਨੈਣ ਨੈਣ ਨਾ ਕੋਇ ਮਿਲਾਵੇਗਾ । ਸ਼ਬਦ ਅਗੰਮੀ ਚੜ੍ਹੇ ਸਾਚੇ ਘੋੜਾ, ਅਸਵ ਦੋ ਜਹਾਨ ਦੌੜਾਵੇਗਾ । ਚਾਰ ਜੁਗ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੋਲੋ ਜੋ ਦੀਨ ਮਜ਼੍ਹਬ ਦਾ ਅੜਿਆ ਰਿਹਾ ਰੋੜਾ, ਠੋਕਰ ਮਾਰ ਆਪ ਹਟਾਵੇਗਾ । ਜ਼ਾਤ ਪਾਤ ਊਚ ਨੀਚ ਕੋਈ ਨਾ ਰਹੇ ਖੌਰਾ, ਦੂਈ ਦਵੈਤ ਮੇਟ ਮਿਟਾਵੇਗਾ । ਕਰੇ ਖੇਲ ਅਵਰ ਕਾ ਔਰਾ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਕੋਈ ਨਾ ਪਾਵੇਗਾ । ਨਿਰਗੁਣ ਨਿਰਵੈਰ ਹੋ ਕੇ ਪੁਰਖ ਅਕਾਲ ਇਕੋ ਬੌਹੜਾ, ਸਤਿ ਸਤਿਵਾਦੀ ਸਾਚਾ ਸੰਗ ਨਿਭਾਵੇਗਾ । ਬਿਨ ਭਗਤਾਂ ਦਰਗਹਿ ਸਾਚੀ ਸਭ ਨੂੰ ਦੇਵੇ ਜਵਾਬ ਕੋਰਾ, ਸਚ ਮਹੱਲੇ ਲੰਘ ਕੋਈ ਨਾ ਜਾਵੇਗਾ । ਜੋ ਸੋਹੰ ਸ਼ਬਦ ਸੁਣਨ ਤੇ ਹੋਇਆ ਰਿਹਾ ਡੋਰਾ, ਤਿਸ ਜੂਨ ਅਜੂਨ ਭਵਾਵੇਗਾ । ਮਰੇ ਮਰ ਜਨਮੇ ਮਾਤ ਗਰਭ ਪਕਦਾ ਰਹੇ ਬੌਰਾ, ਦਰਦੀ ਦਰਦ ਨਾ ਕੋਇ ਵੰਡਾਵੇਗਾ । ਜਿਨ੍ਹਾਂ ਭੇਵ ਖੁਲ੍ਹਾਇਆ ਤੇਰਾ ਮੇਰਾ, ਤਿਨ੍ਹਾਂ ਆਪਣੇ ਰੰਗ ਰੰਗਾਵੇਗਾ । ਜੋ ਕਹਿੰਦੇ ਪਾਰਬ੍ਰਹਮ ਪ੍ਰਭ ਸਦਾ ਖੇਲ ਕਰੇ ਵਾਂਗ ਚੋਰਾ, ਸੋ ਚੋਰੀ ਗੁਰਮੁਖਾਂ ਇਕੋ ਇਕ ਜਣਾਵੇਗਾ । ਸੱਸੇ ਉਪਰ ਲਾਇਆ ਹੋੜਾ, ਨਿਰਗੁਣ ਸਰਗੁਣ ਵੰਡ ਵੰਡਾਵੇਗਾ । ਹੰ ਬ੍ਰਹਮ ਪਾਰਬ੍ਰਹਮ ਅੰਤਰ ਆਤਮ ਆਪੇ ਬੌਹੜਾ, ਬਾਂਹੋ ਫੜ ਆਪ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਆਪਣੀ ਗੋਦ ਉਠਾਵੇਗਾ । ਪ੍ਰਭ ਗੁਰਮੁਖ ਗੁਰਸਿਖ ਗੋਦ ਉਠਾਏਗਾ । ਗੁਰਮੁਖ ਲੋਕ ਪਰਲੋਕ ਤਜਾਏਗਾ । ਸੰਤ ਸੁਹੇਲਾ ਇਕੋ ਸਲੋਕ ਗਾਏਗਾ । ਭਗਤ ਭਗਵੰਤ ਕੰਤ ਨਾਰ ਰੂਪ ਵਟਾਏਗਾ । ਨਾਤਾ ਤੋੜ ਬਹਿਸ਼ਤ ਜੰਨਤ, ਸਵਰਗ ਚਰਨਾਂ ਹੇਠ ਦਬਾਏਗਾ । ਮੁਕਤੀ ਦਰ ਤੇ ਕੱਢੇ ਮਿੰਨਤ, ਗੁਰਮੁਖ ਦੂਰ ਦੁਰਾਡਾ ਧੱਕਾ ਲਾਏਗਾ । ਵਿਸ਼ਨ ਬ੍ਰਹਮਾ ਸ਼ਿਵ ਨਾ ਪਾਇਣ ਅੰਤ, ਨੇਤਰ ਨੈਣ ਸਰਬ ਉਠਾਏਗਾ । ਜਿਸ ਪਾਰਬ੍ਰਹਮ ਪ੍ਰਭ ਮਿਲਿਆ ਅੰਤ, ਤਿਸ ਆਪਣਾ ਰੰਗ ਰੰਗਾਏਗਾ । ਮਾਣਸ ਜਨਮ ਬਣਾ ਬਣਤ, ਲੱਖ ਚੁਰਾਸੀ ਫੰਦ ਕਟਾਏਗਾ । ਆਪਣੇ ਨਾਮ ਦੀ ਦੇ ਕੇ ਸੰਨਦ, ਸਾਚਾ ਰਾਹ ਇਕ ਵਖਾਏਗਾ । ਜਿਸ ਦਾ ਭੇਵ ਕੋਈ ਨਾ ਪਾਵੇ ਪੰਡਤ, ਪੜ੍ਹਿਆਂ ਹੱਥ ਕਿਸੇ ਨਾ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸਾਹਿਬ ਮਿਹਰਵਾਨ ਹੋਏ ਉਪਰ ਸੰਗਤ, ਜਿਸ ਆਪਣਾ ਸੰਗ ਬਣਾਏਗਾ । ਸੰਗ ਬਣਾਇਆ ਹਰਿ ਬਨਵਾਰੀ, ਸੋ ਪੁਰਖ ਨਿਰੰਜਣ ਦਇਆ ਕਮਾਈਆ । ਹਰਿ ਪੁਰਖ ਨਿਰੰਜਣ ਕਰੀ ਖੇਲ ਨਿਆਰੀ, ਏਕੰਕਾਰ ਧਾਰੀ ਆਪ ਚਲਾਈਆ । ਆਦਿ ਨਿਰੰਜਣ ਜੋਤ ਕਰ ਉਜਿਆਰੀ, ਨੂਰੋ ਨੂਰ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਬਣ ਭੰਡਾਰੀ, ਸਾਚੀ ਵਸਤ ਆਪ ਵਰਤਾਈਆ । ਸ੍ਰੀ ਭਗਵਾਨ ਛਤਰ ਝੁਲਾਰੀ, ਸੇਵਕ ਸੇਵਾ ਸਚ ਕਮਾਈਆ । ਪਾਰਬ੍ਰਹਮ ਬਣ ਦਾਤਾਰੀ, ਦਾਤਾ ਆਪਣਾ ਰੂਪ ਵਟਾਈਆ । ਬ੍ਰਹਮ ਦਰ ਬਣੇ ਪਨਿਹਾਰੀ, ਚਾਕਰ ਖ਼ਾਕ ਰੂਪ ਵਟਾਈਆ । ਸ਼ਬਦੀ ਗੁਰ ਬੋਲ ਜੈਕਾਰੀ, ਸੋਹੰ ਢੋਲਾ ਦਏ ਸੁਣਾਈਆ । ਆਤਮ ਪ੍ਰੀਤਮ ਲੱਗੇ ਪਿਆਰੀ, ਪ੍ਰੀਤਮ ਪਾਰਬ੍ਰਹਮ ਇਕ ਅਖਵਾਈਆ । ਲੱਖ ਚੁਰਾਸੀ ਭਰਮ ਭਰਮ ਕੇ ਜਨਮ ਜਨਮ ਕੇ ਅੰਤ ਫੇਰ ਰਹੀ ਕਵਾਰੀ, ਬਿਨ ਸਤਿਗੁਰ ਕੰਤ ਨਜ਼ਰ ਕੋਇ ਨਾ ਆਈਆ । ਉਠ ਦੁਹਾਗਣ ਜਗਤ ਨਾਰੀ, ਸਾਹਿਬ ਸੁਲਤਾਨ ਦਏ ਸਮਝਾਈਆ । ਤੇਰੀ ਆਈ ਅੰਤਮ ਵਾਰੀ, ਚੌਥਾ ਜੁਗ ਹਰਿ ਵੇਖੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ

ਵਰ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿਜਨ ਮੇਲਾ ਸਾਧ ਸੰਗ, ਹਰਿ ਸੰਗਤ ਰੂਪ ਵਟਾਇੰਦਾ । ਜੁਗ ਚੌਕੜੀ ਗਈ ਲੰਘ, ਕਲਜੁਗ ਅੰਤਮ ਵੇਲਾ ਆਇੰਦਾ । ਲੱਖ ਚੁਰਾਸੀ ਦਿਸੇ ਨੰਗ, ਸਿਰ ਓਢਣ ਨਜ਼ਰ ਕੋਇ ਨਾ ਆਇੰਦਾ । ਸਾਚਾ ਨਾਮ ਨਾ ਕੋਇ ਮਰਦੰਗ, ਧੁਨ ਰਾਗ ਨਾ ਕੋਇ ਸੁਣਾਇੰਦਾ । ਅੰਮ੍ਰਿਤ ਪਾਏ ਨਾ ਕੋਈ ਠੰਡ, ਸਰੋਵਰ ਨੀਰ ਨਾ ਕੋਇ ਨੁਹਾਇੰਦਾ । ਘਰ ਜੋਤ ਨਾ ਚੜ੍ਹਿਆ ਚੰਦ, ਅੰਧ ਅੰਧੇਰ ਨਾ ਕੋਇ ਮਿਟਾਇੰਦਾ । ਆਤਮ ਗਾਇਆ ਨਾ ਸੱਚਾ ਛੰਦ, ਪਰਮਾਤਮ ਅੰਗ ਨਾ ਕੋਇ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਏਸੇ ਕਰ ਕੇ ਮੰਗਾਂ ਰਹੇ ਮੰਗ, ਪ੍ਰਭ ਅੱਗੇ ਵਾਸਤਾ ਪਾਇੰਦਾ । ਕਿਰਪਾ ਕਰ ਸੂਰੇ ਸਰਬੰਗ, ਸ਼ਹਿਨਸ਼ਾਹ ਤੇਰਾ ਦਰ ਇਕੋ ਨਜ਼ਰੀ ਆਇੰਦਾ । ਜੋ ਤੇਰਾ ਮੰਗੇ ਸੰਗ, ਤਿਸ ਨਾਤਾ ਮਾਤ ਨਾ ਕੋਇ ਤੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਘਰ ਤੇਰਾ ਨਜ਼ਰੀ ਆਇੰਦਾ । ਸ੍ਰੀ ਭਗਵਾਨ ਕਹੇ ਮੈਂ ਦਇਆ ਕਮਾਵਾਂਗਾ । ਜੋ ਪੁਰਖ ਅਕਾਲ ਦਾ ਹੋ ਕੇ ਰਹੇ, ਉਸ ਦਾ ਲੇਖਾ ਲੇਖੇ ਲਾਵਾਂਗਾ । ਜੋ ਹਰਿ ਸਰਨਾਈ ਢਹੇ, ਤਿਸ ਦਾ ਆਵਣ ਜਾਵਣ ਪੰਧ ਮੁਕਾਵਾਂਗਾ । ਜੋ ਸੋਹੰ ਨਾਮ ਤੇਰਾ ਮੇਰਾ ਰੂਪ ਕਹੇ, ਤਿਸ ਵਿਛੋੜਾ ਦੋ ਜਹਾਨ ਮਿਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਇਕੋ ਰੰਗ ਰੰਗਾਵਾਂਗਾ । ਘਰ ਇਕੋ ਰੰਗ ਰੰਗਾਵੇਗਾ । ਪ੍ਰਭ ਸਾਚਾ ਸੰਗ ਨਿਭਾਵੇਗਾ । ਜਨ ਭਗਤਾਂ ਅੰਗ ਲਗਾਵੇਗਾ । ਕਾਇਆ ਮੰਦਰ ਅੰਦਰ ਲੰਘ, ਦਰਸ ਦਿਖਾਵੇਗਾ । ਚਾਰ ਕੁੰਟ ਦਹਿ ਦਿਸ਼ਾ ਦੋ ਜਹਾਨ ਸ੍ਰੀ ਭਗਵਾਨ ਨਿਰਗੁਣ ਸਰਗੁਣ ਵਸੇ ਸੰਗ, ਸਗਲਾ ਸੰਗ ਨਿਭਾਵੇਗਾ । ਘਰ ਵਿਚ ਘਰ ਵਖਾਏ ਆਪਣਾ ਅਨੰਦ, ਅਨੰਦ ਚਿਤ ਸੁਖ
੭੧੮ ਸਾਗਰ ਰੂਪ ਵਟਾਵੇਗਾ । ਬੰਦੀਖ਼ਾਨਾ ਤੋੜ ਬੰਦ ਬੰਦ, ਬੰਦਨਾ ਡੰਡੋਤ ਇਕੋ ਇਕ ਸਮਝਾਵੇਗਾ । ਜੁਗ ਚੌਕੜੀ ਕਰ ਕੇ ਪੂਰੀ ਮੰਗ, ਅੱਗੇ ਆਪਣਾ ੭੧੮
੧੫ ਰਾਹ ਵਖਾਵੇਗਾ । ਨਿਰਗੁਣ ਹੋ ਕੇ ਵਸੇ ਸੰਗ, ਨਿਰਵੈਰ ਹੋ ਕੇ ਸੇਵ ਕਮਾਵੇਗਾ । ਭਗਤ ਭਗਵਾਨ ਦੋਹਾਂ ਮਿਲ ਕੇ ਬਣੇ ਸੋਹੰ ਛੰਦ, ਬਿਨ ੧੫
ਸੋਹੰ ਛੰਦ ਆਤਮ ਪਰਮਾਤਮ ਰੂਪ ਨਜ਼ਰ ਕੋਇ ਨਾ ਆਈਆ । ਸੋਹੰ ਰੂਪ ਆਦਿ ਜੁਗਾਦਿ ਜੁਗ ਚੌਕੜੀ ਮੰਨਣ ਸਰਬ ਬ੍ਰਹਿਮੰਡ, ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਸੋਹੰ ਰੂਪ ਵਿਚ ਸਮਾਈਆ । ਸੋਹੰ ਰੂਪ ਪੁਰਖ ਅਕਾਲ ਸੁੱਤ ਦੁਲਾਰਾ ਸ਼ਬਦੀ ਚੰਦ, ਪਿਤਾ ਪੂਤ ਪੂਤ ਪਿਤਾ ਇਕੋ ਗੰਢ ਪਵਾਈਆ । ਬਿਨ ਸੋਹੰ ਆਦਿ ਜੁਗਾਦਿ ਜੁਗ ਚੌਕੜੀ ਪ੍ਰਭ ਦਾ ਵਸੇ ਨਾ ਕੋਈ ਬ੍ਰਹਿਮੰਡ, ਲੱਖ ਚੁਰਾਸੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਇਕ ਗਿਆਨ, ਬਿਨ ਅੱਖਰਾਂ ਅੱਖ ਦਏ ਖੁਲ੍ਹਾਈਆ ।

## ✪ ੧੯ ਅੱਸੂ ੨੦੨੦ ਬਿਕ੍ਰਮੀ ਰੋਸ਼ਨ ਲਾਲ ਦੀ ਦੁਕਾਨ ਵਿਚ ਰਾਮਪੁਰਾ ਫੂਲ ਜ਼ਿਲਾ ਬਠਿੰਡਾ ✪

ਸਤਿਗੁਰ ਪੂਰਾ ਸਦਾ ਮਿਹਰਵਾਨ, ਆਦਿ ਜੁਗਾਦਿ ਵੱਡੀ ਵਡਿਆਈਆ । ਕਰ ਕਿਰਪਾ ਜਿਸ ਬਖ਼ਸ਼ੇ ਚਰਨ ਧਿਆਨ, ਦੇਵੇ ਸਰਨ ਸੱਚੀ ਸਰਨਾਈਆ । ਆਤਮ ਪਰਮਾਤਮ ਪਰਮਾਤਮ ਆਤਮ ਛਿਨ ਭੰਗਰ ਮੇਲੇ ਆਣ, ਦੂਈ ਦਵੈਤੀ ਡੇਰਾ ਢਾਹੀਆ । ਸੁਰਤ ਸ਼ਬਦ ਸ਼ਬਦ ਸੁਰਤ ਘਰ

ਸੱਜਣ ਵੇਖੇ ਮਹਿਮਾਨ, ਆਪਣਾ ਪੜਦਾ ਦਏ ਉਠਾਈਆ । ਜਨ ਭਗਤ ਵਿਚੋਲਾ ਇਕ ਭਗਵਾਨ, ਨਿਤ ਨਵਿਤ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਦਰਸ, ਆਤਮ ਪਰਮਾਤਮ ਆਪਣੇ ਨਾਲ ਮਿਲਾਈਆ । ਸਤਿਗੁਰ ਪੂਰਾ ਸੱਚਾ ਠਾਕਰ, ਦੀਨਨ ਆਪਣੀ ਦਇਆ ਕਮਾਇੰਦਾ । ਕਾਇਆ ਵੇਖ ਡੂੰਘਾ ਸਾਗਰ, ਭਵਰੀ ਏਕਾ ਧਾਰ ਚਲਾਇੰਦਾ । ਨਿਰਮਲ ਕਰਮ ਕਰ ਉਜਾਗਰ, ਮਿਹਰ ਨਜ਼ਰ ਨਾਲ ਤਰਾਇੰਦਾ । ਅੰਦਰ ਬਾਹਰ ਗੁਪਤ ਜ਼ਾਹਰ ਸਾਚਾ ਨਾਮ ਵਣਜ ਕਰਾਏ ਸੌਦਾਗਰ, ਸੌਦਾ ਹੱਟ ਇਕੋ ਵਾਰ ਵਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਤਿਸ ਅੰਤਰ ਆਤਮ ਆਪਣਾ ਮੇਲ ਮਿਲਾਇੰਦਾ । ਸਤਿਗੁਰ ਪੂਰਾ ਜਾਏ ਤੁਠ, ਜਨ ਭਗਤਾਂ ਦਇਆ ਕਮਾਈਆ । ਅੰਮ੍ਰਿਤ ਜਾਮ ਅੰਤਰ ਪਿਆਏ ਘੁੱਟ, ਰਸਨਾ ਜਿਹਵਾ ਬੱਤੀ ਦੰਦ ਰਸ ਨਾ ਕੋਇ ਵਖਾਈਆ । ਕਰ ਪਰਕਾਸ਼ ਨਿਰਮਲ ਜੋਤ, ਘਰ ਘਰ ਵਿਚ ਅੰਧੇਰਾ ਦਏ ਚੁਕਾਈਆ । ਚਾਰ ਕੁੰਟ ਭੇਵ ਖੁਲ੍ਹਾਏ ਲੋਕ ਪਰਲੋਕ, ਬ੍ਰਹਿਮੰਡ ਖੰਡ ਆਪਣਾ ਰੰਗ ਰੰਗਾਈਆ । ਬਿਨ ਅੱਖਰ ਨਿਸ਼ਅੱਖਰ ਜਣਾਏ ਸਚ ਸਲੋਕ, ਸੋਹਲਾ ਇਕੋ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਪੂਜਾ ਪਾਠ ਸਿਮਰਨ ਜੋਗ ਅਭਿਆਸ ਨਜ਼ਰ ਕੋਇ ਨਾ ਆਈਆ । ਜਿਸ ਉਪਰ ਹੋਵੇ ਖ਼ੁਸ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤਿਸ ਅੰਦਰ ਵੜ ਕੇ ਦੇਵੇ ਸਭ ਕੁਛ, ਵਸਤ ਅਮੋਲਕ ਝੋਲੀ ਪਾਈਆ । ਉਚੀ ਕੂਕ ਪੁਕਾਰੇ ਜੋ ਬੈਠਾ ਚੁੱਪ, ਬਿਨ ਰਸਨਾ ਜਿਹਵਾ ਦਏ ਦੁਹਾਈਆ । ਕਰ ਪਰਕਾਸ਼ ਅੰਧੇਰੇ ਘੁੱਪ, ਜੋਤੀ ਨੂਰ ਕਰੇ ਰੁਸ਼ਨਾਈਆ । ਘਰ ਵਿਚੋ ਸਤਿਗੁਰ ਪੂਰਾ ਪਏ ਉਠ, ਸ਼ਬਦੀ ਗੁਰ ਆਪਣਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਦੇਵਣਹਾਰਾ ਵਰ, ਭਗਤ ਭਗਵਾਨ ਇਕੋ ਰੰਗ ਵਖਾਈਆ । ਸਤਿਗੁਰ ਸੱਚਾ ਪਾਤਸ਼ਾਹ, ਦਇਆਵਾਨ ਅਖਵਾਇੰਦਾ । ਗੁਰਮੁਖਾਂ ਦੇਵੇ ਇਕ ਰਾਹ, ਰਹਿਬਰ ਇਕੋ ਨਜ਼ਰੀ ਆਇੰਦਾ । ਸ਼ਬਦ ਸਰੂਪੀ ਬਣ ਮਲਾਹ, ਬੇੜਾ ਜਗਤ ਜਹਾਨ ਪਾਰ ਕਰਾਇੰਦਾ । ਸੁਰਤ ਸਵਾਣੀ ਮੇਲਾ ਦਏ ਮਿਲਾ, ਜਗਤ ਵਿਛੋੜਾ ਨਜ਼ਰ ਕੋਇ ਨਾ ਆਇੰਦਾ । ਘਰ ਵਿਚ ਘਰ ਦੀਪਕ ਜੋਤ ਦਏ ਜਗਾ, ਤੇਲ ਬਾਤੀ ਸੰਗ ਨਾ ਕੋਇ ਰਖਾਇੰਦਾ । ਅਨਹਦ ਨਾਦੀ ਧੁਨ ਦਏ ਉਪਜਾ, ਅਨਰਾਗੀ ਰਾਗ ਸੁਣਾਇੰਦਾ । ਆਤਮ ਅੰਤਰ ਅੰਮ੍ਰਿਤ ਆਤਮ ਜਾਮ ਦਏ ਪਿਆ, ਨਿਝਰ ਝਿਰਨਾ ਆਪ ਝਿਰਾਇੰਦਾ । ਆਤਮ ਸੇਜਾ ਸੋਭਾ ਪਾ, ਸੇਜ ਸੁਹੰਜਣੀ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਆਪਣਾ ਰੰਗ ਰੰਗਾਇੰਦਾ । ਹਰਿ ਕਾ ਨਾਮ ਨਾ ਕੋਈ ਸ਼ੱਕ, ਸ਼ਿਕਵਾ ਕੋਈ ਰਹਿਣ ਨਾ ਪਾਈਆ । ਜਿਸ ਵਲ ਸਤਿਗੁਰ ਪੂਰਾ ਮਿਹਰ ਨਜ਼ਰ ਨਾਲ ਲਏ ਤੱਕ, ਤਕਦੀਰ ਤਦਬੀਰ ਤਕਸੀਰ ਸਾਰੀ ਦਏ ਮਿਟਾਈਆ । ਵੇਖਣਹਾਰਾ ਹਕੀਕਤ ਹੱਕ, ਲਾਸ਼ਰੀਕ ਨੂਰ ਖ਼ੁਦਾਈਆ । ਮਨ ਵਾਸਨਾ ਦਹਿ ਦਿਸ਼ਾ ਭੌਂਦੀ ਲਏ ਬੰਨ੍ਹ, ਬੰਧਨ ਇਕੋ ਡੋਰੀ ਨਾਮ ਪਾਈਆ । ਨੌ ਦੁਆਰ ਡੇਰਾ ਦੇਵੇ ਭੰਨ, ਭਾਂਡਾ ਭਰਮ ਭੌ ਚੁਕਾਈਆ । ਕਰ ਪਰਕਾਸ਼ ਅੰਧੇਰੇ ਅੰਧ, ਆਪਣਾ ਨੂਰ ਵਖਾਈਆ । ਤਿਸ ਅੱਗੇ ਕੋਟਨ ਕੋਟ ਸ਼ਰਮਾਵਣ ਸੂਰਜ ਚੰਦ, ਦੋਏ ਜੋੜ ਬੈਠਣ ਸੀਸ ਝੁਕਾਈਆ । ਸਤਿਗੁਰ ਪੂਰਾ ਸਦਾ ਬਖ਼ਸ਼ੰਦ, ਬਖ਼ਸ਼ਸ਼ ਇਕੋ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਤਿਸ ਦੇਰ ਨਾ ਲਾਗੇ ਰਾਈਆ । ਸਤਿਗੁਰ ਪੂਰਾ ਚੌਦਾਂ

ਵਿਦਿਆ ਵਸਿਆ ਬਾਹਰ, ਚੌਦਾਂ ਲੋਕ ਚੌਦਾਂ ਤਬਕ ਰਹੇ ਜਸ ਗਾਈਆ । ਆਦਿ ਜੁਗਾਦਿ ਗੁਪਤ ਜ਼ਾਹਰ, ਸ਼ਬਦੀ ਰੂਪ ਵਟਾਈਆ । ਨਿਰਗੁਣ ਸਰਗੁਣ ਖੇਲ ਕਰੇ ਅਪਾਰ, ਸਰਗੁਣ ਨਿਰਗੁਣ ਆਪਣਾ ਰਾਹ ਜਣਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲ ਮਿਲਾਵਾ ਕਾਇਆ ਪੰਜ ਤਤ ਸੱਚੇ ਘਰ ਬਾਰ, ਗੜ੍ਹ ਬੰਕ ਇਕੋ ਇਕ ਸੁਹਾਈਆ । ਰਾਓ ਰੰਕ ਊਚ ਨੀਚ ਨਾ ਕੋਇ ਵਿਚਾਰ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਪਰਮ ਪੁਰਖ ਪਰਮਾਤਮ ਇਕੋ ਇਕ ਅਖਵਾਈਆ । ਜੋ ਜਨ ਕਰੇ ਸਚ ਪਿਆਰ, ਤਿਸ ਪਿਆਰ ਪਿਆਰ ਵਿਚੋ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਨਿਜ ਨੇਤਰ ਦਏ ਦੀਦਾਰ, ਦੂਜੀ ਤ੍ਰਿਸਨਾ ਰਹਿਣ ਕੋਇ ਨਾ ਪਾਈਆ । ਇਹ ਕੁਟੀਆ ਪੰਜ ਤੱਤ, ਜਿਸ ਮਿਲੇ ਮਾਣ ਵਡਿਆਈਆ । ਜਿਸ ਅੰਦਰ ਬ੍ਰਹਮ ਮਤ, ਪਾਰਬ੍ਰਹਮ ਬੈਠਾ ਆਸਣ ਲਾਈਆ । ਜਿਸ ਅੰਦਰ ਸਤਿਗੁਰ ਨਾਲ ਜੁੜੇ ਨਤ, ਨਾਤਾ ਇਕੋ ਇਕ ਵਖਾਈਆ । ਜਿਸ ਅੰਦਰ ਅੱਠੇ ਪਹਿਰ ਵੱਜੇ ਸ਼ਬਦ ਅਨਹਦ, ਧੁਨ ਆਤਮਕ ਰਾਗ ਸੁਣਾਈਆ । ਜਿਸ ਅੰਦਰ ਅੰਮ੍ਰਿਤ ਆਤਮ ਸਚ ਪਿਆਲਾ ਮਧ, ਨੌ ਰਸ ਬੈਠੇ ਮੁਖ ਛੁਪਾਈਆ । ਜਿਸ ਅੰਦਰ ਨੌ ਦੁਆਰੇ ਪਾਰ ਕਰ ਕੇ ਪਹੁੰਚੇ ਆਪਣੀ ਹੱਦ, ਜਿਸ ਘਰ ਵਸੇ ਬੇਪਰਵਾਹੀਆ । ਸੋ ਦੁਆਰਾ ਰਿਹਾ ਸਜ, ਜਿਸ ਘਰ ਵਿਚ ਗੁਰਮੁਖ ਬੈਠੇ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਤਤਵ ਤਤ ਵਡਿਆਈਆ । ਸਤਿਗੁਰ ਪੂਰਾ ਦੀਨ ਦਿਆਲ, ਦਇਆਨਿਧ ਅਖਵਾਈਆ । ਲੱਖ ਚੁਰਾਸੀ ਵਿਚੋ ਭਾਲ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਲਏ ਉਠਾਈਆ । ਜਾਗਤ ਸੋਵਤ ਬਿਨ ਤਤ ਦਰਸ ਦਏ ਵਖਾਲ, ਰੂਪ ਅਨੂਪ ਆਪਣਾ ਇਕ ਜਣਾਈਆ । ਘਰ ਵਿਚ ਘਰ ਦੀਪਕ ਜੋ ਜਨ ਦੇਵੇ ਬਾਲ, ਅਗਿਆਨ ਅੰਧੇਰ ਮਿਟਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆਲ, ਜਗਤ ਤ੍ਰਿਸਨਾ ਭੁੱਖ ਮਿਟਾਈਆ । ਸ਼ਬਦ ਬੋਧ ਅਗਾਧ ਵਜਾਏ ਤਾਲ, ਅਨਾਦੀ ਧੁਨ ਸ਼ਨਵਾਈਆ । ਦੂਰ ਦੁਰਾਡਾ ਨੇਰਨ ਨੇਰਾ ਅੰਦਰ ਵੜ ਕੇ ਸਾਚੇ ਪੌੜੇ ਚੜ੍ਹ ਕੇ ਪੁੱਛੇ ਹਾਲ, ਭੇਵ ਅਭੇਦਾ ਆਪ ਖੁਲ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਜਿਧਰ ਵੇਖੇ ਦਿਸੇ ਨਾਲ, ਸਤਿ ਸਰੂਪੀ ਨਜ਼ਰੀ ਆਈਆ । ਲੇਖ ਚੁਕਾਏ ਸ਼ਾਹ ਕੰਗਾਲ, ਊਚ ਨੀਚ ਡੇਰਾ ਢਾਹੀਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਸਮਝਾਈਆ । ਰਾਤੀਂ ਸੁੱਤਿਆਂ ਮਿਲੇ ਆਣ, ਦਿਨੇ ਜਾਗਦਿਆਂ ਇਸ਼ਾਰਿਆਂ ਨਾਲ ਸਮਝਾਈਆ । ਕਾਇਆ ਮੰਦਰ ਅੰਦਰ ਵਖਾ ਸੱਚੀ ਧਰਮਸਾਲ, ਧਰਮ ਦੁਆਰ ਬੂਝ ਬੁਝਾਈਆ । ਸਤਿਗੁਰ ਪੂਰਾ ਗੁਰ ਸ਼ਬਦੀ ਬਣ ਦਲਾਲ, ਸੁਰਤੀ ਸ਼ਬਦੀ ਲਏ ਮਿਲਾਈਆ । ਤਿਸ ਸਤਿਗੁਰ ਦੀ ਜਗਤ ਨੇਤਰ ਕੋਈ ਕਰ ਨਾ ਸਕੇ ਭਾਲ, ਬਿਨ ਸਤਿਗੁਰ ਕਿਰਪਾ ਗੁਰਸਿਖ ਬੂਝ ਕੋਈ ਨਾ ਪਾਈਆ । ਗੁਰਸਿਖ ਉਪਰ ਹੋਏ ਆਪ ਦਿਆਲ, ਦੀਨਨ ਆਪਣੇ ਗਲੇ ਲਗਾਈਆ । ਬਣ ਪ੍ਰਿਤਪਾਲਕ ਸੱਚਾ ਪ੍ਰਿਤਪਾਲ, ਫੜ ਬਾਂਹੋ ਗੋਦ ਬਹਾਈਆ । ਗੁਰਮੁਖ ਪੂਰਬ ਜਨਮ ਦੇ ਮੇਰੇ ਲਾਲ, ਜਨਮ ਕਰਮ ਦਾ ਲੇਖਾ ਦਿਆਂ ਚੁਕਾਈਆ । ਗੁਰਸਿਖ ਦੱਸੇ ਆਪਣਾ ਹਾਲ, ਬੌਹੜੀ ਬੌਹੜੀ ਰਿਹਾ ਸੁਣਾਈਆ । ਤ੍ਰੈਗੁਣ ਮਾਇਆ ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਪਿਆ ਜੰਜਾਲ, ਬਿਨ ਸਤਿਗੁਰ ਪੂਰੇ ਸਕੇ ਨਾ ਕੋਇ ਮਿਟਾਈਆ । ਸਤਿਗੁਰ ਪੂਰਾ ਸੁਰਤ ਓਸੇ ਵੇਲੇ ਲਏ ਸੰਭਾਲ, ਕੂੜੀ ਕਿਰਿਆ ਡੇਰਾ ਢਾਹੀਆ । ਸਿਰ ਉਤੇ ਹੱਥ ਰੱਖ ਸਮਰਥ ਘਰ ਵਿਚ ਘਰ ਦਏ ਵਖਾਲ, ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਆਪਣਾ

੭੨੦
੧੫

ਰੰਗ ਵਖਾਈਆ । ਗੁਰਸਿਖ ਕਹੇ ਸਤਿਗੁਰ ਮੇਰੀ ਪ੍ਰੀਤੀ ਨਿਭੇ ਤੇਰੇ ਨਾਲ, ਦੂਜਾ ਨਜ਼ਰ ਕੋਇ ਨਾ ਆਈਆ । ਸਤਿਗੁਰ ਕਹੇ ਤੇਰਾ ਮੇਰਾ ਮਿਲ ਕੇ ਹਲ ਹੋਇਆ ਸਵਾਲ, ਅਗਲਾ ਲੇਖਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੱਸਣਹਾਰਾ ਸਾਚਾ ਘਰ, ਸਤਿਗੁਰ ਸ਼ਬਦ ਸ਼ਬਦ ਨਿਸ਼ਾਨੀ, ਕੋਈ ਨਾ ਜਾਣੇ ਜਗਤ ਵਿਦਵਾਨੀ, ਜਿਸ ਕਿਰਪਾ ਕਰ ਕੇ ਬਖ਼ਸ਼ੇ ਚਰਨ ਧਿਆਨੀ, ਸੋ ਗੁਰਸਿਖ ਬੂਝ ਬੁਝਾਈਆ । ਸਚਖੰਡ ਦੁਆਰੇ ਸਾਚਾ ਡੇਰਾ, ਛੱਪਰ ਛੰਨ ਨਾ ਕੋਇ ਛੁਹਾਈਆ । ਸੂਰਜ ਚੰਦ ਨਾ ਕੋਈ ਸੰਝ ਸਵੇਰਾ, ਜ਼ਿਮੀਂ ਅਸਮਾਨ ਨਜ਼ਰ ਕੋਇ ਨਾ ਆਈਆ । ਮੰਡਲ ਮੰਡਪ ਨਾ ਕੋਈ ਖੇੜਾ, ਪੁਰੀ ਲੋਅ ਆਕਾਸ਼ ਨਾ ਕੋਇ ਰਖਾਈਆ । ਲੱਖ ਚੁਰਾਸੀ ਜੀਵ ਜੰਤ ਨਾ ਕੋਈ ਦਿਸੇ ਝੇੜਾ, ਝਗੜਾ ਰੂਪ ਨਾ ਕੋਇ ਵਟਾਈਆ । ਪਾਰਬ੍ਰਹਮ ਦਾ ਇਕੋ ਖੇੜਾ, ਆਦਿ ਜੁਗਾਦਿ ਸਚ ਮੰਦਰ ਰਿਹਾ ਸੁਹਾਈਆ । ਜਿਥੇ ਲੇਖਾ ਨਾ ਕੋਈ ਤੇਰਾ ਨਾ ਕੋਈ ਮੇਰਾ, ਮੇਰਾ ਤੇਰਾ ਨਜ਼ਰ ਕੋਇ ਨਾ ਆਈਆ । ਓਸ ਧਾਮ ਲੱਗਾ ਡੇਰਾ, ਜਿਸ ਘਰ ਇਕੋ ਨੂਰ ਰੁਸ਼ਨਾਈਆ । ਸਰੀਰ ਦਾ ਘਰ ਗੁਰਮੁਖਾਂ ਅੰਦਰ, ਦਰ ਦਰ ਵਿਚ ਦਰ ਵਸਾਈਆ । ਪ੍ਰੇਮ ਪਿਆਰ ਦਾ ਬਣਿਆ ਮੰਦਰ, ਪੁਰਖ ਅਕਾਲ ਨੀਂਹ ਧਰਾਈਆ । ਸਤਿ ਸੰਤੋਖ ਦਾ ਲਾਇਆ ਜੰਦਰ, ਖੋਲ੍ਹ ਸਕੇ ਕੋਈ ਨਾ ਰਾਈਆ । ਸਾਡਾ ਤੁਹਾਡਾ ਮਨ ਕਾ ਖੇਲ, ਆਤਮ ਕਹਿਣ ਕੁਛ ਨਾ ਪਾਈਆ । ਮੁਰੀਦ ਮੁਰਸ਼ਦ ਜਿਸ ਵੇਲੇ ਹੋਵੇ ਮੇਲ, ਘਰ ਸਾਚੇ ਵੱਜੇ ਵਧਾਈਆ । ਪਰਵਰਦਿਗਾਰ ਮਿਲੇ ਸੱਜਣ ਸੁਹੇਲ, ਲਾਸ਼ਰੀਕ ਇਕੋ ਨਜ਼ਰੀ ਆਈਆ । ਬੇਪਰਵਾਹ ਆਪਣਾ ਵਖਾਏ ਖੇਲ, ਤੌਫ਼ੀਕ ਇਕੋ ਨੂਰ ਖ਼ੁਦਾਈਆ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਵਸਣਹਾਰਾ ਧਾਮ ਨਵੇਲ, ਮੁਕਾਮੇ ਹੱਕ ਸੋਭਾ ਪਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਸਾਰੇ ਬਣ ਬਣ ਚੇਲ, ਲੋਕਮਾਤ ਕਲਮਾ ਸ਼ਬਦ ਨਾਦ ਗਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਤੇਰਾ ਮੇਰਾ ਮੇਰਾ ਤੇਰਾ ਜਿਸ ਭੇਵ ਦਏ ਸਮਝਾਈਆ । ਮੇਰਾ ਤੇਰਾ ਚੁੱਕੇ ਭੇਦ, ਭਾਉ ਰਹਿਣ ਕੋਈ ਨਾ ਪਾਈਆ । ਜਿਸ ਦੀ ਮਹਿਮਾ ਸਿਫ਼ਤ ਕਰਦੇ ਚਾਰ ਵੇਦ, ਸ਼ਾਸਤਰ ਸਿਮਰਤ ਗੀਤਾ ਗਿਆਨ ਰਹੀ ਜਸ ਗਾਈਆ । ਜਿਸ ਦਾ ਲੇਖਾ ਲਿਖੇ ਅੰਜੀਲ ਕੁਰਾਨ ਤੀਸ ਬਤੀਸਾ ਸੋਭਾ ਪਾਈਆ । ਸੋ ਸਾਹਿਬ ਸਤਿਗੁਰ ਪਰਵਰਦਿਗਾਰ ਨੂਰ ਨੁਰਾਨਾ ਕਿਸੇ ਨਾ ਆਏ ਵਿਚ ਦਲੀਲ, ਵਕੀਲ ਸਮਝ ਕੋਇ ਨਾ ਪਾਈਆ । ਉਸ ਦੇ ਅੱਗੇ ਝੂਠੀ ਕੂੜੀ ਕੋਈ ਨਾ ਚਲੇ ਅਪੀਲ, ਬਿਨ ਕਲਮੇ ਬਿਨ ਨਾਮ ਸਫ਼ਾਰਸ਼ ਕਰਨ ਕੋਇ ਨਾ ਜਾਈਆ । ਉਹ ਜੋਧਾ ਸੂਰਬੀਰ ਛੈਲ ਛਬੀਲ, ਸਭ ਦਾ ਸ਼ਹਿਨਸ਼ਾਹ ਅਖਵਾਈਆ । ਉਹ ਵੇਖੇ ਸ਼ਾਹ ਫ਼ਕੀਰ, ਉਹ ਆਪਣੀ ਦੱਸੇ ਸਚ ਤਸਵੀਰ, ਰੂਪ ਰੰਗ ਰੇਖ ਸਮਝ ਕੋਇ ਨਾ ਪਾਈਆ । ਸਾਚੀ ਤਸਬੀ ਜਿਸ ਗਲ ਪਾਏ ਜ਼ੰਜੀਰ, ਸੋ ਸ਼ਰਅ ਮਜ਼੍ਹਬ ਦੀ ਕੱਟ ਦੇਵੇ ਜ਼ੰਜੀਰ, ਸਚ ਤੌਫ਼ੀਕ ਖ਼ੁਦਾਏ ਵਖਾਏ ਇਕ ਅਖ਼ੀਰ, ਅਕਸੀਰ ਸਭ ਦੀ ਆਪਣੀ ਝੋਲੀ ਪਾਈਆ । ਉਸ ਦਾ ਲੇਖਾ ਬੇਨਜ਼ੀਰ, ਕੋਟਨ ਕੋਟ ਰਹੀ ਜਸ ਗਾਈਆ । ਜਿਸ ਮਿਲਿਆ ਜ਼ਾਹਰਾ ਪੀਰ, ਸੋ ਖ਼ੁਸ਼ੀਆਂ ਨਾਲ ਸਾਰੇ ਝਗੜੇ ਗਿਆ ਮੁਕਾਈਆ । ਤਾਅਰੀਫ ਅੰਦਰ ਦੱਸੇ ਤਾਅਰੀਫ, ਤੁਆਰਫ ਸਭ ਨਾਲ ਰਿਹਾ ਕਰਾਈਆ । ਜਿਸ ਨੂੰ ਕਹਿੰਦੇ ਖ਼ੁਦਾਵੰਦ ਸ਼ਰੀਫ਼, ਸ਼ਰਾਫ਼ਤ ਆਪਣੀ ਰਿਹਾ ਜਣਾਈਆ । ਜਿਸ ਦਾ ਕਲਮਾ ਹੱਕ ਹਕੀਕ, ਹਕੀਕਤ ਵੇਖੇ ਥਾਉਂ ਥਾਈਆ । ਜੋ ਜੁਗ ਜੁਗ ਮੇਟਣਹਾਰ ਤਾਰੀਕ, ਤਰੀਕ ਅੰਧ ਅੰਧੇਰਾ ਦਏ ਗਵਾਈਆ । ਸੋ ਸਭ ਦੇ ਨਾਲ ਸਚ ਪਿਆਰ ਕਰੇ ਠੀਕ, ਕੂੜਾ

੭੨੧ ੧੫

ਠੀਕਰ ਭੰਨ ਵਖਾਈਆ । ਜਿਸ ਦੀ ਈਸਾ ਮੂਸਾ ਮੁਹੰਮਦ ਰੱਖ ਕੇ ਗਏ ਉਡੀਕ, ਵਾਹਦ ਲਾਸ਼ਰੀਕ ਆਪਣਾ ਨੂਰ ਕਰੇ ਰੁਸ਼ਨਾਈਆ । ਜਿਸ ਦੀ ਧਾਰ ਕੋਈ ਸਮਝ ਨਾ ਸਕੇ ਤਬੀਬ, ਹਬੀਬ ਭੇਵ ਕੋਇ ਨਾ ਪਾਈਆ । ਸੋ ਮਿਹਰਵਾਨ ਆਇਆ ਕਰੀਬ, ਦੂਰ ਦੁਰਾਡਾ ਪੰਧ ਮੁਕਾਈਆ । ਉਸ ਦਾ ਖੇਲ ਸਦਾ ਅਜੀਬ, ਅਜਬ ਤਰ੍ਹਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਰਫ਼ ਤੁਆਰਫ਼ ਬਿਨ ਸਫ਼ਾਰਸ਼ ਦਏ ਸਮਝਾਈਆ । ਮਰਨ ਬਾਅਦ ਜੋ ਮਰਨੀ ਮਰਦਾ, ਮੁਰਦਾ ਰੂਪ ਵਟਾਈਆ । ਮੁਰੀਦ ਮੁਰਸ਼ਦ ਜੋ ਬਣਿਆ ਬਰਦਾ, ਬੰਦੀਖ਼ਾਨਾ ਦਏ ਤੁੜਾਈਆ । ਜੋ ਸਾਹਿਬ ਸਤਿਗੁਰ ਕੋਲੋ ਰਿਹਾ ਡਰਦਾ, ਬੈਠਾ ਮੁਖ ਭਵਾਈਆ । ਤਿਨ੍ਹਾਂ ਖੇਲ ਆਪੇ ਕਰਦਾ, ਵੇਖਣਹਾਰ ਬੇਪਰਵਾਹੀਆ । ਜ਼ਬਰਾਈਲ ਮੇਕਾਈਲ ਇਜ਼ਰਾਈਲ ਅਸਰਾਫ਼ੀਲ ਹੁਕਮੇ ਅੰਦਰ ਫਿਰਦਾ, ਦੋ ਜਹਾਨ ਭੱਜੇ ਵਾਹੋ ਦਾਹੀਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਕਰਦਾ, ਸਾਚੀ ਸੇਵਾ ਸੀਸ ਉਠਾਈਆ । ਪਰਵਰਦਿਗਾਰ ਘਾੜਨ ਘੜਦਾ, ਅਬਿਨਾਸ਼ੀ ਕਰਤਾ ਖੇਲ ਕਰਾਈਆ । ਅੰਤਮ ਵੇਲੇ ਲੇਖਾ ਮੰਗਦਾ, ਚਿਤਰ ਗੁਪਤ ਇਕ ਦਰਸਾਈਆ । ਧਰਮ ਰਾਏ ਓਹਨੂੰ ਫੜਦਾ, ਜਿਸ ਭੁਲਿਆ ਬੇਪਰਵਾਹੀਆ । ਜੋ ਕਲਮਾ ਨਬੀ ਰਸੂਲ ਸਚ ਆਇਤ ਪੜ੍ਹਦਾ, ਧਿਆਨ ਇਕੋ ਇਕ ਰਖਾਈਆ । ਜੋ ਕਾਇਆ ਮੰਦਰ ਅੰਦਰ ਸਾਚੇ ਹੁਜਰੇ ਵਿਚ ਵੜਦਾ, ਮੱਕਾ ਕਾਅਬਾ ਨੇੜੇ ਨੇੜੇ ਨਜ਼ਰੀ ਆਈਆ । ਜੋ ਹਜ਼ਾਰਾ ਦਰੂਦ ਬਿਨ ਹੱਥਾਂ ਫੜਦਾ, ਇਸਮ ਆਜ਼ਮ ਇਕ ਸਮਝਾਈਆ । ਸੋ ਗੁਰਮੁਖ ਗੁਰਸਿਖ ਮੁਰੀਦ ਸਾਚੇ ਪੌੜੇ ਚੜ੍ਹਦਾ, ਜਿਸ ਵੇਲੇ ਮਰਦ ਮਰਦ ਮਰਦਾਨਾ ਆ ਕੇ ਹੋਏ ਸਹਾਈਆ । ਜਿਸ ਕੋਲੋ ਜਮ ਕਾ ਦੂਤ ਡਰਦਾ, ਦੂਰ ਦੁਰਾਡਾ ਨੱਠੇ ਵਾਹੋ ਦਾਹੀਆ । ਕਰ ਕਿਰਪਾ ਤਿਸ ਆਤਮ ਤਿਸ ਰੂਹ ਬਿਨ ਕਲਬੂਤੇ ਫੜਦਾ, ਸਚ ਸਬੂਤ ਆਪਣਾ ਦਏ ਵਖਾਈਆ । ਨਿਰਗੁਣ ਨਿਰਵੈਰ ਹੋ ਕੇ ਆਪਣੇ ਘਰ ਚੜ੍ਹਦਾ, ਜਿਸ ਮੰਜ਼ਲ ਕੋਈ ਸਮਝ ਨਾ ਸਕੇ ਰਾਈਆ । ਜਿਸ ਨੂੰ ਐਨਲਹਕ ਕੂਕ ਕੂਕ ਕਹੇ ਮੈਂ ਤੇਰਾ ਬਰਦਾ, ਤੇਰੀ ਇਕ ਸਰਨਾਈਆ । ਜਿਸ ਪਿਛੇ ਸ਼ਮਸ ਤਬਰੇਜ਼ ਗਿਆ ਸੜਦਾ, ਪੁਠੀ ਖੱਲ ਲੁਹਾਈਆ । ਸੋ ਸਾਹਿਬ ਸਦ ਮਿਹਰਵਾਨ ਮਿਹਰ ਕਰਦਾ, ਕਾਰਨ ਆਪਣਾ ਦਏ ਜਣਾਈਆ । ਆਪ ਆਪਣੇ ਲੱਖ ਚੁਰਾਸੀ ਵਿਚੋ ਫੜਦਾ, ਫੜਕੇ ਕੇ ਸਚ ਦੁਆਰੇ ਲੈ ਕੇ ਜਾਈਆ । ਜਿਥੇ ਨਾ ਕੋਈ ਜੀਉਂਦਾ ਨਾ ਕੋਈ ਮਰਦਾ, ਮੜੀ ਗੋਰ ਨਾ ਕੋਇ ਰਖਾਈਆ । ਨਾ ਕੋਈ ਪਾਣੀ ਦਿਸੇ ਰੁੜਦਾ, ਢੇਰੀ ਖ਼ਾਕ ਨਾ ਕੋਇ ਜਣਾਈਆ । ਸਚ ਪਿਆਰਾ ਧੁਰ ਦੁਲਾਰਾ ਨਾ ਜੰਮਦਾ ਨਾ ਕਦੇ ਮਰਦਾ, ਜੋ ਆਵੇ ਸੋ ਮਾਰਗ ਪਾਵੇ ਘਰ ਸਾਚੇ ਮਿਲ ਵੱਜੇ ਵਧਾਈਆ । ਬਿਨ ਸਤਿਗੁਰ, ਭੁੱਲੇ ਲੱਖ ਚੁਰਾਸੀ ਜੀਵ ਜੰਤ ਜਹਾਨ ਬਿਰਹੋ ਅਗਨੀ ਸੜਦਾ, ਅਗਨੀ ਤਤ ਨਾ ਕੋਇ ਬੁਝਾਈਆ । ਜੂਨ ਅਜੂਨੀ ਸਾਰੇ ਫਿਰਦਾ, ਭਟਕਨਾ ਮਿਟੇ ਕੋਈ ਨਾ ਰਾਈਆ । ਏਹ ਖੇਲ ਅਗੰਮੜੇ ਘਰ ਦਾ, ਜਿਸ ਘਰ ਸਹਾਈ ਨਾ ਕੋਈ ਪਿਤਾ ਨਾ ਕੋਈ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨਮ ਮਰਨ ਮਰਨ ਜਨਮ ਦਏ ਚੁਕਾਈਆ । ਪਰਮਾਤਮਾ ਵਿਸਰਿਆ ਫਿਰੇ ਜੂਨੀ, ਲੱਖ ਚੁਰਾਸੀ ਗੇੜ ਭਵਾਈਆ । ਜੇ ਕੋਈ ਵਿਦਿਆ ਬਣਿਆ ਰਹੇ ਕਾਨੂੰਨੀ, ਜਗਤ ਕਾਨੂੰਨ ਨਾ ਅੰਤ ਛੁਡਾਈਆ । ਪ੍ਰਭੂ ਭਗਵਾਨ ਨੂੰ ਮਿਲੇ ਨਾ ਕੋਇ ਕਾਨੂੰਨੀ, ਬਿਨ ਸਤਿਗੁਰ ਸਚ ਰਾਹ ਨਾ ਕੋਇ ਵਖਾਈਆ । ਹਰਿ ਕਾ ਖੇਲ ਕੋਈ ਸਮਝ ਨਾ ਪਾਏ ਜਗਤ ਵਿਦਿਆ ਮਜ਼ਮੂਨੀ, ਜਿਸ ਕਰ ਕਿਰਪਾ ਇਕੋ ਅੱਖਰ ਅਲਿਫ਼ ਬਹਰਫ਼ ਦਏ ਪੜ੍ਹਾਈਆ । ਉਹ ਖੇਲ ਕਰੇ ਕਾਤਲ

ਮਕਤੂਲ ਵਡ ਮਹਿਰੂਮੀ, ਖ਼ਾਲੀ ਦੁਆਰੇ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਵਣ ਜਾਵਣ ਜਾਵਣ ਆਵਣ ਤਿਨ੍ਹਾਂ ਗੇੜਾ ਰਿਹਾ ਭਵਾਈਆ । ਅੱਖ ਨਾਲ ਮਿਲੇ ਅੱਖ, ਆਖ਼ਰ ਆਪਣਾ ਆਪ ਜਣਾਈਆ । ਜਿਸ ਦਰ ਹੋਏ ਪਰਤੱਖ, ਤਿਸ ਪਰਤੱਖ ਰੂਪ ਵਖਾਈਆ । ਜਿਸ ਨਾਲ ਮਿਲਾਏ ਹੱਥ, ਤਿਸ ਹੱਥ ਮਿਲੇ ਵਡਿਆਈਆ । ਜਿਸ ਨਾਲ ਗਾਏ ਮਿਲ ਕੇ ਜਸ, ਤਿਸ ਜਸ ਦੋ ਜਹਾਨ ਸੋਭਾ ਪਾਈਆ । ਸੋ ਸੋਹੇ ਮਜਲਸ ਸਾਚਾ ਸਥ, ਜਿਸ ਗ੍ਰਿਹਿ ਸੂਫ਼ੀ ਗੁਰਮੁਖ ਬੈਠੇ ਡੇਰਾ ਲਾਈਆ । ਤਿਨ੍ਹਾਂ ਵਲ ਪਾਰਬ੍ਰਹਮ ਦੀ ਇਕੋ ਜਿਹੀ ਅੱਖ, ਖ਼ੁਦਾਵੰਦ ਕਰੀਮ ਨੈਣ ਆਪਣਾ ਨਾ ਕੋਇ ਬਦਲਾਈਆ । ਪੀਰ ਪੈਗ਼ੰਬਰ ਗੁਰ ਅਵਤਾਰ ਏਹੋ ਮਾਰਗ ਗਏ ਦੱਸ, ਬੇਪਰਵਾਹ ਨੂੰ ਮਿਲੋ ਚਾਈਂ ਚਾਈਂਆ । ਓਸ ਘਰ ਜਾ ਕੇ ਇਕੱਠੇ ਸਾਰੇ ਜਾਓ ਵਸ, ਦੀਨ ਮਜ਼੍ਹਬ ਜ਼ਾਤ ਪਾਤ ਝਗੜਾ ਰਹਿਣ ਕੋਇ ਨਾ ਪਾਈਆ । ਜਿਨ੍ਹਾਂ ਮਿਲ ਗਈ ਉਹ ਅੱਖ, ਦੋਏ ਲੋਚਣ ਬੈਠੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਪੁਰਖ ਸਮਰਥ, ਸਮਰਥ ਇਕੋ ਰੰਗ ਰੰਗਾਈਆ । ਅਮਾਮਾਂ ਸਿਰ ਵੱਡਾ ਅਮਾਮ, ਪਰਵਰਦਿਗਾਰ ਇਕ ਅਖਵਾਇੰਦਾ । ਜਿਸ ਦਾ ਕਲਮਾ ਸਚ ਕਲਾਮ, ਕਾਇਨਾਤ ਸਬਕ ਪੜ੍ਹਾਇੰਦਾ । ਜਿਸ ਦਾ ਧਾਮ ਹੱਕ ਮੁਕਾਮ, ਮੁਕਾਮੇ ਹੱਕ ਸੋਭਾ ਪਾਇੰਦਾ । ਜਿਸ ਦਾ ਪੀਰ ਪੈਗ਼ੰਬਰ ਸਾਰੇ ਦੱਸਦੇ ਗਏ ਨਾਮ, ਰਸਨਾ ਜਿਹਵਾ ਬੱਤੀ ਦੰਦ ਗਾਇੰਦਾ । ਜਿਸ ਨੇ ਲੋਕਮਾਤ ਬਣਾਇਆ ਸਤਿ ਇਸਲਾਮ, ਸਲਾਮ ਇਸਲਾਮਾਲੈਕਮ ਆਪ ਸਮਝਾਇੰਦਾ । ਉਹ ਸਭ ਬਰਦੇ ਵੇਖੇ ਗ਼ੁਲਾਮ, ਘਟ ਘਟ ਅੰਦਰ ਡੇਰਾ ਲਾਇੰਦਾ । ਓਸ ਪੈਗ਼ੰਬਰ ਉਤੇ ਰੱਖੋ ਈਮਾਨ, ਜੋ ਸਿਦਕ ਸਬੂਰੀ ਤੋੜ ਨਿਭਾਇੰਦਾ । ਸਜਦਾ ਸੀਸ ਝੁਕ ਕਰੇ ਸਲਾਮ, ਸਹੀ ਸਲਾਮਤ ਇਕੋ ਨਜ਼ਰੀ ਆਇੰਦਾ । ਖ਼ੁਦਾ ਖ਼ੁਦ ਏਕ ਨਹੀਂ ਆਮ, ਅਵਾਮ ਵਿਚ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਕਲਾਮ, ਕਲਮਾ ਇਕੋ ਇਕ ਜਣਾਇੰਦਾ ।

## ੧੯ ਅੱਸੂ ੨੦੨੦ ਬਿਕ੍ਰਮੀ ਸੁਖ ਰਾਮ ਦੇ ਗ੍ਰਿਹਿ ਪਿੰਡ ਚਕਰ

ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨਾ, ਸ਼ਹਿਨਸ਼ਾਹ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਮਰਦ ਮਰਦਾਨਾ, ਜੋਧਾ ਸੂਰਬੀਰ ਇਕ ਅਖਵਾਈਆ । ਏਕੰਕਾਰਾ ਵਾਲੀ ਦੋ ਜਹਾਨਾਂ, ਨਿਰਵੈਰ ਆਪਣਾ ਖੇਲ ਵਖਾਈਆ । ਆਦਿ ਨਿਰੰਜਣ ਨੂਰ ਮਹਾਨਾ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਉਠਾਏ ਸਚ ਨਿਸ਼ਾਨਾ, ਸਤਿ ਸਤਿਵਾਦੀ ਆਪ ਝੁਲਾਈਆ । ਸ੍ਰੀ ਭਗਵਾਨ ਹੁਕਮਰਾਨਾ, ਸ਼ਾਹੋ ਭੂਪ ਇਕ ਹੋ ਜਾਈਆ । ਪਾਰਬ੍ਰਹਮ ਪ੍ਰਭ ਖੇਲੇ ਖੇਲ ਮਹਾਨਾ, ਅਨੁਭਵ ਆਪਣੀ ਧਾਰ ਚਲਾਈਆ । ਸਾਚੀ ਇਛਿਆ ਕਰ ਬਲਵਾਨਾ, ਭਿਛਿਆ ਇਕੋ ਇਕ ਵਰਤਾਈਆ । ਸਚਖੰਡ ਦੁਆਰਾ ਕਰ ਪਰਧਾਨਾ, ਛੱਪਰ ਛੰਨ ਨਾ ਕੋਇ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਨਿਰਗੁਣ ਨਿਰਵੈਰ ਏਕੰਕਾਰ, ਅਕਲ ਕਲਧਾਰੀ ਖੇਲ ਕਰਾਇੰਦਾ । ਸਚਖੰਡ ਦੁਆਰਾ ਖੋਲ੍ਹ ਕਿਵਾੜ, ਦਰਗਹਿ ਸਾਚੀ ਰੂਪ ਵਟਾਇੰਦਾ । ਨੂਰ ਇਲਾਹੀ ਲਾਸ਼ਰੀਕ ਪਰਵਰਦਿਗਾਰ, ਮੁਕਾਮੇ ਹੱਕ ਡੇਰਾ ਲਾਇੰਦਾ । ਮਹੱਲ ਅਟੱਲ ਉਚ ਮਨਾਰ, ਜੋਤੀ ਜਾਤਾ ਡਗਮਗਾਇੰਦਾ ।

ਅਗੰਮ ਅਥਾਹ ਊਚ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚ ਦੁਆਰ ਇਕ ਵਡਿਆਇੰਦਾ । ਸਚ ਦੁਆਰਾ ਏਕਾ ਏਕ, ਆਦਿ ਜੁਗਾਦਿ ਦਏ ਵਡਿਆਈਆ । ਜਿਸ ਘਰ ਸਾਹਿਬ ਵਸੇ ਪ੍ਰਭ ਏਕ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਘਰ ਜੋਤੀ ਨੂਰ ਰੱਖੇ ਪ੍ਰਭ ਏਕ, ਦੀਵਾ ਬਾਤੀ ਰੂਪ ਨਾ ਕੋਇ ਵਟਾਈਆ । ਜਿਸ ਘਰ ਸਤਿ ਸਤਿਵਾਦੀ ਆਦਿ ਜੁਗਾਦੀ ਆਪੇ ਜਾਣੇ ਆਪਣਾ ਭੇਖ, ਦੂਜਾ ਸੰਗ ਨਾ ਕੋਇ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੇ ਦਏ ਵਡਿਆਈਆ । ਸਚਖੰਡ ਸਾਚਾ ਸੋਭਾਵੰਤ, ਸੋ ਪੁਰਖ ਨਿਰੰਜਣ ਆਪ ਸੁਹਾਇੰਦਾ । ਹਰਿ ਪੁਰਖ ਨਿਰੰਜਣ ਖੇਲ ਬੇਅੰਤ, ਬੇਐਬ ਆਪ ਕਰਾਇੰਦਾ । ਏਕੰਕਾਰਾ ਸੋਭਾਵੰਤ, ਧਾਮ ਸੁਹੰਜਣਾ ਆਪ ਸੁਹਾਇੰਦਾ । ਆਦਿ ਨਿਰੰਜਣ ਜੋਤੀ ਨੂਰ ਕਰ ਪਰਕਾਸ਼ ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਆਪਣੀ ਕਾਰ ਕਮਾਇੰਦਾ । ਸ੍ਰੀ ਭਗਵਾਨ ਦੇਵਣਹਾਰਾ ਸ਼ਬਦ ਅਨਾਦ ਬੋਧ ਅਗਾਧ ਮਣੀਆ ਮੰਤ, ਨਾਉਂ ਨਿਰੰਕਾਰਾ ਇਕ ਦ੍ਰਿੜਾਇੰਦਾ । ਅਬਿਨਾਸ਼ੀ ਕਰਤਾ ਲੇਖਾ ਜਾਣੇ ਬਹੁ ਬਿਧ ਅਨੰਤ, ਭੇਵ ਅਭੇਦਾ ਆਪਣੇ ਹੱਥ ਰਖਾਇੰਦਾ । ਪਾਰਬ੍ਰਹਮ ਪ੍ਰਭ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰਾ ਇਕ ਸੁਹਾਇੰਦਾ । ਸਚਖੰਡ ਦੁਆਰ ਸੁਹਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਨਿਰਗੁਣ ਨੂਰ ਕਰ ਪਰਕਾਸ਼, ਜੋਤੀ ਜਾਤਾ ਡਗਮਗਾਈਆ । ਨਿਰਵੈਰ ਵਸੇ ਆਪਣੇ ਪਾਸ, ਨਿਰਗੁਣ ਨਿਰਗੁਣ ਬਣਤ ਬਣਾਈਆ । ਨਾ ਕੋਈ ਮਾਈ ਨਾ ਕੋਈ ਬਾਪ, ਪਿਤਾ ਪੂਤ ਨਾ ਕੋਇ ਅਖਵਾਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਗੀਤ ਗੋਬਿੰਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਇਕੋ ਇਕ ਨਜ਼ਰੀ ਆਈਆ । ਇਕੋ ਏਕ ਏਕੰਕਾਰਾ, ਸਚਖੰਡ ਸਾਚੇ ਸੋਭਾ ਪਾਇੰਦਾ । ਨਿਰਗੁਣ ਨਿਰਵੈਰ ਨਿਰਾਕਾਰ ਕਰ ਅਕਾਰਾ, ਸਾਕਾਰ ਆਪਣਾ ਰਾਹ ਚਲਾਇੰਦਾ । ਇਛਿਆ ਭਿਛਿਆ ਭਰ ਭੰਡਾਰਾ, ਵਸਤ ਅਮੋਲਕ ਆਪ ਵਰਤਾਇੰਦਾ । ਲੇਖਾ ਜਾਣ ਪੁਰਖ ਨਾਰਾ, ਨਾਰ ਕੰਤ ਸੇਜ ਹੰਡਾਇੰਦਾ । ਪਰਗਟ ਕਰ ਸੁੱਤ ਦੁਲਾਰਾ, ਸ਼ਬਦੀ ਸ਼ਬਦ ਆਪ ਉਠਾਇੰਦਾ । ਹੁਕਮ ਦੇਵੇ ਧੁਰ ਦੁਆਰਾ, ਆਦਿ ਪੁਰਖ ਆਪ ਸਮਝਾਇੰਦਾ । ਤੇਰਾ ਮੇਰਾ ਇਕ ਉਜਿਆਰਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਤੇਰੀ ਇਛਿਆ ਖੇਲ ਕਰੇ ਕਰਤਾਰਾ, ਕੁਦਰਤ ਕਾਦਰ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਅਪਰੰਪਰ ਸੁਆਮੀ ਸਚ ਸੰਦੇਸਾ ਨਰ ਨਰੇਸ਼ਾ ਏਕਾ ਇਕੋ ਵਾਰ ਜਣਾਇੰਦਾ । ਸ਼ਬਦ ਸੁੱਤ ਝੁਕਾਏ ਸੀਸ, ਪ੍ਰਭ ਤੇਰੀ ਸਚ ਸਰਨਾਈਆ । ਸ਼ਾਹ ਪਾਤਸ਼ਾਹ ਹਰਿ ਜਗਦੀਸ, ਜਗਦੀਸਰ ਤੇਰੀ ਓਟ ਰਖਾਈਆ । ਤੇਰਾ ਨਾਮ ਕਲਮਾ ਮੇਰੀ ਹਦੀਸ, ਹਜ਼ਰਤ ਸਚ ਪੜ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਏਕਾ ਛਤਰ ਝੁੱਲੇ ਤੇਰੇ ਸੀਸ, ਲਾਸ਼ਰੀਕ ਤੇਰਾ ਸਾਨੀ ਨਜ਼ਰ ਕੋਇ ਨਾ ਆਈਆ । ਤੇਰੇ ਹੱਥ ਦੋ ਜਹਾਨ ਤੌਫ਼ੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਮਾਣ ਵਡਿਆਈਆ । ਸ਼ਬਦ ਸੁੱਤ ਸੁੱਤ ਸਾਚੇ ਲਾਲ, ਸੋ ਪੁਰਖ ਨਿਰੰਜਣ ਆਪ ਜਣਾਇਆ । ਤੇਰਾ ਵਸੇ ਸਚ ਦੁਆਰਾ ਸੱਚੀ ਧਰਮਸਾਲ, ਥਿਰ ਘਰ ਸਾਚਾ ਆਪ ਪਰਗਟਾਇਆ । ਸਾਚੀ ਵਸਤ ਲੈਣੀ ਸੰਭਾਲ, ਪੁਰਖ ਅਬਿਨਾਸ਼ੀ ਝੋਲੀ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਆਪ ਖੁਲ੍ਹਾਇਆ । ਭੇਵ ਅਭੇਦਾ ਦੇਵੇ ਖੋਲ੍ਹ, ਸੋ ਪੁਰਖ ਨਿਰੰਜਣ ਵੱਡੀ ਵਡਿਆਈਆ ।



੭੨੪
੧੫

ਨਿਰਗੁਣ ਤੋਲੇ ਅਗੰਮੀ ਤੋਲ, ਤਰਾਜ਼ੂ ਇਕੋ ਹੱਥ ਉਠਾਈਆ । ਬੈਠਾ ਰਹੇ ਸਦ ਅਡੋਲ, ਅਡੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਸੰਦੇਸਾ ਇਕ ਸੁਣਾਈਆ । ਆਦਿ ਸੰਦੇਸਾ ਦੇਵੇ ਮੀਤ, ਸੋ ਸਾਹਿਬ ਵੱਡੀ ਵਡਿਆਈਆ । ਸ਼ਬਦ ਗੁਰੂ ਤੇਰੀ ਸਾਚੀ ਰੀਤ, ਗੁਰ ਕਰਤਾ ਆਪ ਚਲਾਈਆ । ਖੇਲੇ ਖੇਲ ਇਕ ਅਨਡੀਠ, ਨੇਤਰ ਨਜ਼ਰ ਕਿਸੇ ਨਾ ਆਈਆ । ਪਹਿਲਾਂ ਨਾਮ ਸੁਣਾਏ ਧੁਰ ਦਾ ਗੀਤ, ਤੂੰ ਮੇਰਾ ਮੈਂ ਤੇਰਾ ਇਕੋ ਰਾਗ ਸੁਣਾਈਆ । ਅੱਗੇ ਚਲਾਏ ਮਾਰਗ ਠੀਕ, ਠਾਕਰ ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਸ਼ਬਦ ਸੁੱਤ ਹੋ ਤਿਆਰ, ਸ੍ਰੀ ਭਗਵਾਨ ਰਿਹਾ ਜਣਾਈਆ । ਤੇਰਾ ਖੇਲ ਕਰਾਂ ਅਪਾਰ, ਅਪਰੰਪਰ ਧਾਰ ਵਖਾਈਆ । ਨਿਰਗੁਣ ਸਰਗੁਣ ਕਰਾਂ ਅਕਾਰ, ਬਣ ਸ਼ਾਹ ਪਾਤਸ਼ਾਹ ਹੁਕਮ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣਾਵਾਂ ਤੇਰੀ ਧਾਰ, ਧਾਰ ਧਾਰ ਵਿਚੋ ਪਰਗਟਾਈਆ । ਤ੍ਰੈਗੁਣ ਮਾਇਆ ਦਿਆਂ ਆਧਾਰ, ਪੰਜ ਤਤ ਕਰਾਂ ਕੁੜਮਾਈਆ । ਅੰਡਜ ਜੇਰਜ ਉਤਭੁਜ ਸੇਤਜ ਮਾਰਗ ਦਿਆਂ ਵਖਾਲ, ਲੱਖ ਚੁਰਾਸੀ ਵੰਡ ਵੰਡਾਈਆ । ਸ਼ਬਦ ਅਗੰਮੀ ਵੱਜੇ ਤਾਲ, ਪਰਾ ਪਸੰਤੀ ਮਧਮ ਬੈਖਰੀ ਰਹੀ ਗਾਈਆ । ਕਰੇ ਖੇਲ ਆਪ ਕਰਤਾਰ, ਕਰਤਾ ਆਪਣਾ ਮਾਰਗ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਅਲਾਈਆ । ਧੁਰ ਸੰਦੇਸਾ ਦੇ ਭਗਵਾਨ, ਹਰਿ ਸਾਚੇ ਸਚ ਜਣਾਇਆ । ਤੇਰੇ ਹੱਥ ਇਕ ਨਿਸ਼ਾਨ, ਧੁਰਦਰਗਾਹੀ ਆਪ ਫੜਾਇਆ । ਝੁਲਦਾ ਰਹੇ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਇਕੋ ਨਜ਼ਰੀ ਆਇਆ । ਵਿਸ਼ਨ ਬ੍ਰਹਮਾ ਸ਼ਿਵ ਮੰਨੇ ਆਣ, ਸੀਸ ਸਕੇ ਨਾ ਕੋਇ ਉਠਾਇਆ । ਪੰਜ ਤਤ ਨਾ ਹੋਏ ਪਰਧਾਨ, ਸਚ ਪਰਧਾਨਗੀ ਇਕ ਰਖਾਇਆ । ਲੱਖ ਚੁਰਾਸੀ ਦੇਵੇ ਗਿਆਨ, ਆਤਮ ਬੋਧ ਬੇਪਰਵਾਹਿਆ । ਸ਼ਬਦ ਸੁਣਾਏ ਇਕ ਧੁਨਕਾਨ, ਅਨਰਾਗੀ ਰਾਗ ਅਲਾਇਆ । ਕਾਇਆ ਮੰਦਰ ਵੇਖ ਮਕਾਨ, ਘਰ ਵਿਚ ਘਰ ਦਏ ਪਰਗਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁੱਤ ਤੇਰਾ ਸਾਚਾ ਰਾਹ ਵਖਾਇਆ । ਸ਼ਬਦ ਸੁੱਤ ਚਰਨੀ ਲੱਗ, ਦੋਏ ਜੋੜ ਪਿਆ ਸਰਨਾਈਆ । ਕਿਰਪਾ ਕਰ ਸੂਰੇ ਸਰਬੱਗ, ਸ਼ਾਹ ਪਾਤਸ਼ਾਹ ਤੇਰੇ ਅੱਗੇ ਝੋਲੀ ਡਾਹੀਆ । ਸਾਚਾ ਮਾਰਗ ਇਕ ਦੱਸ, ਜਿਸ ਵਿਚ ਤੇਰਾ ਨਾਮ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਹੁਕਮੇ ਅੰਦਰ ਜਾਵਾਂ ਵਸ, ਦੂਜਾ ਸੰਗ ਨਾ ਕੋਇ ਨਿਭਾਈਆ । ਨਿਰਵੈਰ ਹੋ ਚਲਾਵਾਂ ਰਥ, ਬਣ ਸੇਵਕ ਸੇਵ ਕਮਾਈਆ । ਸਾਚੀ ਦੱਸਾਂ ਨਾਮ ਗਾਥ, ਅੱਖਰ ਵੱਖਰ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਸੋਹਲਾ ਇਕੋ ਢੋਲਾ ਸ਼ਬਦ ਵਿਚੋਲਾ ਦੇ ਬਣਾਈਆ । ਸ਼ਬਦ ਸੁੱਤ ਸੁਣ ਸਾਚਾ ਢੋਲਾ, ਸੋ ਪੁਰਖ ਨਿਰੰਜਨ ਆਪ ਜਣਾਈਆ । ਨਿਰਗੁਣ ਨਿਰਗੁਣ ਚੁਕਾਏ ਪੜਦਾ ਉਹਲਾ, ਸਰਗੁਣ ਸਰਗੁਣ ਵੇਖ ਵਖਾਈਆ । ਆਤਮ ਪਰਮਾਤਮ ਇਕੋ ਬੋਲਾ, ਅਨਬੋਲਤ ਦਏ ਜਣਾਈਆ । ਆਦਿ ਅੰਤ ਨਾ ਰਹੇ ਰੌਲਾ, ਜੁਗ ਚੌਕੜੀ ਭੇਵ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਦਏ ਸੁਣਾਈਆ । ਸ਼ਬਦ ਸੁੱਤ ਸੁਣ ਸੱਚਾ ਨਾਉਂ, ਨਰ ਨਿਰੰਕਾਰ ਆਪ ਜਣਾਈਆ । ਨਾਤਾ ਜੋੜੇ ਪਿਤਾ ਪੂਤ ਫੜ ਕੇ ਬਾਂਹੋਂ, ਆਪ ਆਪਣੀ ਗੋਦ ਬਿਠਾਈਆ । ਦਰਗਹਿ ਸਾਚੀ ਚਰਨ ਕਵਲ ਦੇਵੇ ਅਗੰਮਾ ਥਾਉਂ, ਅਗੰਮੜੀ ਕਾਰ

ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸ਼ਬਦ ਸੁੱਤ ਸੁਣ ਕਰ ਧਿਆਨ, ਸੋ ਸਾਹਿਬ ਆਪ ਜਣਾਇਆ । ਤੂੰ ਮੇਰਾ ਮੈਂ ਤੇਰਾ ਦੋਹਾਂ ਇਕ ਮਕਾਨ, ਦੂਜਾ ਦਰ ਨਾ ਕੋਇ ਰਖਾਇਆ । ਰਲ ਮਿਲ ਗੀਤ ਗਾਈਏ ਮਹਾਨ, ਜਿਸ ਗਾਇਆਂ ਵਿਛੜ ਕਦੇ ਨਾ ਜਾਇਆ । ਸੋ ਅੱਖਰ ਹੋਏ ਪਰਵਾਨ, ਜੋ ਨਿਸ਼ਅੱਖਰ ਰੂਪ ਵਟਾਇਆ । ਸਚਖੰਡ ਨਿਵਾਸੀ ਹੋ ਮਿਹਰਵਾਨ, ਥਿਰ ਦੁਆਰੇ ਰਿਹਾ ਸਮਝਾਇਆ । ਨਿਰਗੁਣ ਨਿਰਗੁਣ ਬਣ ਵਿਚੋਲਾ ਵਡ ਬਲਵਾਨ, ਸਾਚਾ ਮੇਲਾ ਰਿਹਾ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਨਾਮ ਰਿਹਾ ਸਮਝਾਇਆ । ਸੁੱਤ ਸ਼ਬਦ ਕਹੇ ਪ੍ਰਭ ਸਾਚੇ ਸੋ, ਸਾਚੀ ਬੂਝ ਦੇ ਬੁਝਾਈਆ । ਮੈਂ ਤੇਰਾ ਤੇਰੇ ਜੋਗਾ ਗਿਆ ਹੋ, ਦੂਜੀ ਓਟ ਨਾ ਕੋਇ ਰਖਾਈਆ । ਤੇਰੇ ਚਰਨ ਕਵਲ ਪੀਵਾਂ ਧੋ, ਅੰਮ੍ਰਿਤ ਰਸ ਇਕੋ ਮੋਹੇ ਭਾਈਆ । ਸਚਖੰਡ ਦੁਆਰੇ ਜਾਵਾਂ ਸੌਂ, ਗੂੜ੍ਹੀ ਨੀਂਦ ਨਾ ਕੋਇ ਉਠਾਈਆ । ਕਰ ਪਰਕਾਸ਼ ਦੇ ਨਿਰਮਲ ਲੋ, ਜੋਤੀ ਨੂਰ ਨੂਰ ਰੁਸ਼ਨਾਈਆ । ਮੈਂ ਤੇਰਾ ਤੇਰਾ ਜਾਵਾਂ ਹੋ, ਆਪ ਆਪਣਾ ਦਿਆਂ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸਾਚਾ ਵਰ, ਆਦਿ ਆਪਣਾ ਆਪ ਦਏ ਸਮਝਾਈਆ । ਸੁੱਤ ਸ਼ਬਦ ਸੁਣ ਛੋਟੇ ਬਾਲ, ਸ੍ਰੀ ਭਗਵਾਨ ਆਪ ਜਣਾਈਆ । ਸਾਚੀ ਸਿਖਿਆ ਦੇਵਾਂ ਸਿਖਾਲ, ਆਦਿ ਜੁਗਾਦਿ ਭੁੱਲ ਕਦੇ ਨਾ ਜਾਈਆ । ਤੇਰਾ ਲੇਖਾ ਹੋਵੇ ਦੋ ਜਹਾਨ, ਨਿਰਗੁਣ ਨਿਰਗੁਣ ਖੇਲ ਵਖਾਈਆ । ਤੇਰਾ ਬੋਲਾ ਇਕ ਮਹਾਨ, ਤੂੰ ਮੇਰਾ ਮੈਂ ਤੇਰਾ ਸੋਹੰ ਰੂਪ, ਪੰਜ ਤਤ ਨਜ਼ਰ ਕੋਇ ਨਾ ਆਈਆ । ਸਦਾ ਵਸੇਰਾ ਦਹਿ ਦਿਸ਼ਾ ਚਾਰੇ ਕੂਟ, ਹਰ ਘਟ ਇਕੋ ਰੂਪ ਨਜ਼ਰੀ ਆਈਆ । ਲੇਖਾ ਲੇਖੇ ਲਾਵਾਂ ਪਿਤਾ ਪੂਤ, ਸੈਣ ਬੰਧਪ ਇਕ ਵਖਾਈਆ । ਤੂੰ ਮਾਲਕ ਮੇਰਾ ਪੂਤ, ਹਉਂ ਪਿਤਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਨਾਮ ਦਏ ਜਣਾਈਆ । ਸੋਹੰ ਨਾਮ ਆਦਿ ਪਰਧਾਨ, ਸ਼ਬਦੀ ਸੁੱਤ ਹਰਿ ਜਣਾਇਆ । ਖੇਲੇ ਖੇਲ ਦੋ ਜਹਾਨ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਇਆ । ਵਿਸ਼ਨ ਸ਼ਿਵ ਬ੍ਰਹਮਾ ਸਾਰੇ ਗਾਣ, ਤੂੰ ਮੇਰਾ ਦਾਤਾ ਬੇਪਰਵਾਹਿਆ । ਤ੍ਰੈਗੁਣ ਮਾਇਆ ਪੰਜ ਤਤ ਦੇਵਣਹਾਰਾ ਦਾਨ, ਵਸਤ ਅਮੋਲਕ ਝੋਲੀ ਪਾਇਆ । ਚਾਰੇ ਖਾਣੀ ਚਾਰੇ ਬਾਣੀ ਕਰ ਪਰਧਾਨ, ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਾਇਆ । ਚਾਰੇ ਜੁਗ ਕਰ ਨਿਸ਼ਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਇਆ । ਸਾਚਾ ਸ਼ਬਦ ਕਰ ਉਜਿਆਰ, ਜਲਵਾ ਨੂਰ ਨੂਰ ਰੁਸ਼ਨਾਇਆ । ਪੰਜ ਤਤ ਸਾਚਾ ਦੇ ਆਧਾਰ, ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਮਿਲਾਇਆ । ਭਗਤ ਭਗਵਾਨ ਖੋਲ੍ਹ ਕਿਵਾੜ, ਆਤਮ ਅੰਤਰ ਬੂਝ ਬੁਝਾਇਆ । ਸਾਚੇ ਸੰਤਾਂ ਮਾਰਗ ਇਕ ਸਿਖਾਲ, ਰਹਿਬਰ ਇਕੋ ਰੂਪ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਤੇਰਾ ਸੱਚਾ ਢੋਲਾ, ਦੋ ਜਹਾਨਾਂ ਰਲ ਮਿਲ ਸੋਹਲਾ ਗਾਇਆ । ਸ਼ਬਦ ਸੁੱਤ ਸੀਸ ਨਵੌਂਦਾ ਏ । ਪ੍ਰਭ ਅੱਗੇ ਝੋਲੀ ਡੌਂਹਦਾ ਏ । ਸਾਚਾ ਸੰਗ ਸੰਗ ਜਣੌਂਦਾ ਏ । ਕਵਣ ਵੇਲਾ ਰੁੱਤ ਸੁਹੌਂਦਾ ਏ । ਸ਼ਬਦੀ ਨਾਦ ਧੁਨ ਉਪਜੌਂਦਾ ਏ । ਬ੍ਰਹਮ ਬ੍ਰਹਿਮਾਦ ਆਪ ਸੁਣੌਂਦਾ ਏ । ਗੁਰ ਅਵਤਾਰ ਰੂਪ ਵਟੌਂਦਾ ਏ । ਜੋਤ ਨਿਰੰਕਾਰ ਨਿਰਾਕਾਰ ਇਕ ਪਰਗਟੌਂਦਾ ਏ । ਪੀਰ ਪੈਗ਼ੰਬਰ ਭੇਵ ਖੁਲੌਂਦਾ ਏ । ਔਲੀਆ ਪੀਰ ਗ਼ੌਸ ਨਾਮ ਧਰੌਂਦਾ ਏ । ਨਿਰਗੁਣ ਨਿਰਵੈਰ ਹੋ ਕੇ ਸਾਚਾ ਖ਼ੌਂਤ, ਬੀਵੀ ਇਕੋ ਇਕ ਹੰਡੌਂਦਾ ਏ । ਸਚ ਦੁਆਰੇ ਰੱਖੇ ਸਦਾ

੭੨੬
੧੫

ਪਹੁੰਚ, ਦਰਗਹਿ ਸਾਚੀ ਸੋਭਾ ਪੌਂਦਾ ਏ । ਖੇਲੇ ਖੇਲ ਲੋਕ ਪਰਲੋਕ, ਭੇਵ ਅਭੇਦ ਆਪ ਜਣੌਂਦਾ ਏ । ਸ਼ਬਦੀ ਨਾਮ ਕੋਟ ਸਲੋਕ, ਸਲਾਹਗੀਰ ਨਾਲ ਰਲੌਂਦਾ ਏ । ਜੁਗ ਚੌਕੜੀ ਨਿਰਗੁਣ ਸਰਗੁਣ ਹੋ ਕੇ ਵੇਖਣ ਦਾ ਰੱਖੇ ਸ਼ੌਕ, ਲੋਕਮਾਤ ਜਾਮਾ ਪੰਜ ਤਤ ਹੰਡੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਸ਼ਬਦ ਸੁੱਤ ਪ੍ਰਭ ਅੱਗੇ ਵਾਸਤਾ ਪੌਂਦਾ ਏ । ਸ੍ਰੀ ਭਗਵਾਨ ਸਚ ਸਮਝੌਂਦਾ ਏ । ਮਿਹਰਵਾਨ ਦਇਆ ਕਮੌਂਦਾ ਏ । ਸੁੱਤ ਸ਼ਬਦ ਤੇਰੀ ਸੇਵਾ ਇਕ ਸਮਝੌਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਝੋਲੀ ਪੌਂਦਾ ਏ । ਕੋਟਨ ਕੋਟ ਬ੍ਰਹਿਮੰਡ ਖੰਡ ਰੂਪ ਵਟੌਂਦਾ ਏ । ਸੂਰਜ ਚੰਦ ਨੂਰ ਚਮਕੌਂਦਾ ਏ । ਮੰਡਲ ਮੰਡਪ ਸੋਭਾ ਪੌਂਦਾ ਏ । ਨਿਰਗੁਣ ਸਰਗੁਣ ਲੱਖ ਚੁਰਾਸੀ ਵੰਡ ਵੰਡੌਂਦਾ ਏ । ਅੰਡਜ ਜੇਰਜ ਉਤਭੁਜ ਸੇਤਜ ਖੇਲ ਖਲੌਂਦਾ ਏ । ਸ਼ਬਦ ਅਨਾਦ ਧੁਨ ਅਲੌਂਦਾ ਏ । ਨਿਰਗੁਣ ਜੋਤ ਨੂਰ ਰੁਸ਼ਨੌਂਦਾ ਏ । ਅੰਮ੍ਰਿਤ ਸਰੋਵਰ ਧਾਰ ਵਹੌਂਦਾ ਏ । ਘਰ ਘਰ ਵਿਚ ਆਪ ਸੋਭਾ ਪੌਂਦਾ ਏ । ਆਤਮ ਸੇਜਾ ਇਕ ਵਡਿਔਂਦਾ ਏ । ਸੁਰਤੀ ਸ਼ਬਦੀ ਰੰਗ ਰੰਗੌਂਦਾ ਏ । ਅਕਾਲ ਮੂਰਤੀ ਨਜ਼ਰ ਕਿਸੇ ਨਾ ਔਂਦਾ ਏ । ਸਭ ਦੀ ਆਸਾ ਪੂਰਤੀ, ਪੂਰਨ ਆਸਾ ਆਪ ਕਰੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਸੁੱਤ ਸ਼ਬਦ ਆਪ ਸਮਝੌਂਦਾ ਏ । ਸੁੱਤ ਸ਼ਬਦ ਚਰਨ ਧਿਆਨ ਲਗੌਂਦਾ ਏ । ਦੋਏ ਜੋੜ ਵਾਸਤਾ ਪੌਂਦਾ ਏ । ਦਰ ਇਕ ਅਲਖ ਜਗੌਂਦਾ ਏ । ਪਰਤੱਖ ਤੇਰਾ ਰੂਪ ਨਜ਼ਰੀ ਔਂਦਾ ਏ । ਮੇਰਾ ਭੰਡਾਰ ਕਦੇ ਨਾ ਹੋਵੇ ਸੱਖ, ਅਤੋਟ ਅਤੁੱਟ ਤੇਰੇ ਕੋਲੋਂ ਕਰੌਂਦਾ ਏ । ਜੁਗ ਚੌਕੜੀ ਤੇਰਾ ਨਾਮ ਪਰਗਟਾਵਾਂ ਅਕੱਥ, ਮਹਿਮਾ ਬੋਧ ਅਗਾਧ ਸੁਣੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪਰਗਟ, ਸਾਚਾ ਹੱਟ ਇਕ ਚਲੌਂਦਾ ਏ । ਸ਼ਬਦ ਅਗੰਮੀ ਧਾਰ ਦੱਸ, ਤੰਦ ਸਤਾਰ ਨਾ ਕੋਇ ਹਿਲੌਂਦਾ ਏ । ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲੌਂਦਾ ਏ । ਕਿਸੇ ਦਾ ਕੋਈ ਨਾ ਚਲੇ ਵਸ, ਦੋ ਜਹਾਨ ਸੀਸ ਝੁਕੌਂਦਾ ਏ । ਕਰੇ ਖੇਲ ਪੁਰਖ ਸਮਰਥ, ਸ਼ਬਦ ਛੰਦ ਇਕੋ ਗੌਂਦਾ ਏ । ਕੂੜੀ ਕਿਰਿਆ ਪਾਰ ਕਰੇ ਹੱਦ, ਸਾਚਾ ਮਾਰਗ ਇਕ ਵਖੌਂਦਾ ਏ । ਭਗਤ ਸੁਹੇਲੇ ਕਰ ਕੇ ਅੱਡ, ਗੁਰ ਚੇਲੇ ਮੇਲ ਮਿਲੌਂਦਾ ਏ । ਸੰਤ ਸੁਹੇਲੇ ਸਾਚੇ ਮੰਦਰ ਸੱਦ, ਨਿਰਗੁਣ ਨੂਰ ਜੋਤ ਚਮਕੌਂਦਾ ਏ । ਜਨ ਭਗਤਾਂ ਗੁਰਮੁਖਾਂ ਗੁਰਸਿਖਾਂ ਮੁਰੀਦ ਮੁਰਸ਼ਦ ਹੋ ਕਰਾਏ ਹੱਜ, ਕਾਇਆ ਕਾਅਬਾ ਇਕੋ ਨਜ਼ਰੀ ਔਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਬਦ ਸੁੱਤ ਤੇਰੀ ਚਲੇ ਇਕੋ ਯਦ, ਵਿਸ਼ਵ ਆਪਣੀ ਧਾਰ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਲੇਖ ਆਪ ਮੁਕੌਂਦਾ ਏ । ਤੇਰਾ ਲੇਖਾ ਸਚ ਮੁਕਾਵਾਂਗਾ । ਨਿਰਵੈਰ ਹੋ ਕੇ ਰਾਹ ਵਖਾਵਾਂਗਾ । ਦੋ ਜਹਾਨਾਂ ਪੰਧ ਮੁਕਾਵਾਂਗਾ । ਸਚ ਨਿਸ਼ਾਨਾ ਇਕ ਉਠਾਵਾਂਗਾ । ਸਤਿ ਸਤਿਵਾਦੀ ਰੂਪ ਜਣਾਵਾਂਗਾ । ਬ੍ਰਹਮ ਬ੍ਰਹਮਾਦੀ ਹੁਕਮ ਵਰਤਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਨਾਲ ਰਲਾਵਾਂਗਾ । ਲੋਕਮਾਤ ਰਚ ਸਵੰਬਰ, ਨਿਰਗੁਣ ਸਰਗੁਣ ਸਚ ਸੰਜੋਗ ਬਣਾਵਾਂਗਾ । ਕੂੜੀ ਕਿਰਿਆ ਮੇਟ ਅਡੰਬਰ, ਸਾਚਾ ਰਾਹ ਇਕ ਵਖਾਵਾਂਗਾ । ਮਨ ਮਨੂਆ ਨਾ ਭਵੇ ਬੰਦਰ, ਸੁਰਤੀ ਸ਼ਬਦੀ ਡੋਰੀ ਤੰਦ ਬੰਧਾਵਾਂਗਾ । ਕਰ ਪਰਕਾਸ਼ ਅੰਧੇਰੇ ਅੰਦਰ, ਘਟ ਨਿਰਗੁਣ ਨੂਰ ਜੋਤ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਤੇਰਾ ਸਾਚਾ ਸੰਗ ਨਿਭਾਵਾਂਗਾ । ਸ਼ਬਦ ਸੁੱਤ ਖ਼ੁਸ਼ੀ ਮਨੌਂਦਾ ਏ । ਊਚੀ ਕੂਕ ਕੂਕ ਸੁਣੌਂਦਾ ਏ । ਤੂੰ ਮੇਰਾ ਮੈਂ ਤੇਰਾ ਦੂਜਾ

ਨਜ਼ਰ ਕੋਇ ਨਾ ਔਂਦਾ ਏ । ਸਚਖੰਡ ਵਸੇ ਤੇਰਾ ਧਾਮ, ਥਿਰ ਘਰ ਮੇਰਾ ਮੰਦਰ ਸੋਭਾ ਪੌਂਦਾ ਏ । ਦੋਹਾਂ ਮਿਲ ਕੇ ਰਚਣਾ ਇਕ ਜਹਾਨ, ਲੱਖ ਚੁਰਾਸੀ ਰੂਪ ਵਟੌਂਦਾ ਏ । ਜਿਸ ਵਿਚ ਧੁਰ ਦਾ ਸ਼ਬਦ ਝੁੱਲੇ ਨਿਸ਼ਾਨ, ਧੁਰਦਰਗਾਹੀ ਹੱਥ ਉਠੌਂਦਾ ਏ । ਗੁਰ ਅਵਤਾਰ ਕਰਨ ਪਰਨਾਮ, ਪੀਰ ਪੈਗੰਬਰ ਸੀਸ ਝੁਕੌਂਦਾ ਏ । ਸ਼ਬਦੀ ਕਲਮਾ ਇਕ ਕਲਾਮ, ਕਾਇਨਾਤ ਆਪ ਪੜ੍ਹੌਂਦਾ ਏ । ਸ਼ਬਦੀ ਗੁਰ ਵਡ ਵਡਿਔਂਦਾ ਏ । ਮੰਤਰ ਸਤਿ ਨਾਮ, ਨਾਮ ਸਤਿ ਇਕ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਤੇਰਾ ਆਦਿ ਜੁਗਾਦਿ ਜੁਗਾ ਜੁਗੰਤਰ ਇਕੋ ਰਾਹ ਵਖੌਂਦਾ ਏ । ਤੇਰਾ ਇਕੋ ਰਾਹ ਵਖੌਣਾ ਏ । ਜੁਗ ਚੌਕੜੀ ਪੰਧ ਮੁਕਾਉਣਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਉਣਾ ਏ । ਤੇਈ ਅਵਤਾਰ ਵੇਖ ਵਖਾਉਣਾ ਏ । ਭਗਤ ਅਠਾਰਾਂ ਸੰਗ ਬਣਾਉਣਾ ਏ । ਈਸਾ ਮੂਸਾ ਮੁਹੰਮਦ ਕਾਲਾ ਸੂਸਾ ਤਨ ਛੁਹਾਉਣਾ ਏ । ਨਾਨਕ ਗੋਬਿੰਦ ਡੰਕਾ ਫ਼ਤਹਿ ਇਕ ਵਜਾਉਣਾ ਏ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹੌਣਾ ਏ । ਗੀਤਾ ਗਿਆਨ ਅੱਠ ਦੱਸ ਭੇਵ ਚੁਕਾਉਣਾ ਏ । ਅੰਜੀਲ ਕੁਰਾਨ ਤੀਸ ਬਤੀਸ ਸੋਹਲਾ ਢੋਲਾ ਇਕੋ ਗਾਉਣਾ ਏ । ਖਾਣੀ ਬਾਣੀ ਬੋਧ ਅਗਾਧ, ਮੰਤਰ ਇਕੋ ਇਕ ਪਰਗਟਾਉਣਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਦੀ ਰੱਖੇ ਯਾਦ, ਅਭੁੱਲ ਭੁੱਲ ਰੂਪ ਨਾ ਕੋਇ ਵਖਾਉਣਾ ਏ । ਕਰੇ ਖੇਲ ਨੌਂ ਸੌ ਚੁਰਾਨਵੇਂ ਚੌਕੜੀ ਜੁਗ ਬਾਅਦ, ਬਦਲਾ ਸਭ ਦਾ ਅੰਤ ਮੁਕਾਉਣਾ ਏ । ਜਿਸ ਰਚਨਾ ਰਚੀ ਆਦਿ, ਸੋ ਅੰਤਮ ਵੇਖਣ ਆਉਣਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਵਜਾਵਣ ਨਾਦ, ਅਨਾਦੀ ਇਕੋ ਧਾਰ ਸਮਝਾਉਣਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਤੇਰਾ ਇਕੋ ਵਕਤ ਸੁਹਾਉਣਾ ਏ । ਤੇਰਾ ਸਾਚਾ ਵਕਤ ਸੁਹਾਵਾਂਗਾ । ਲੋਕਮਾਤ ਵੇਸ ਵਟਾਵਾਂਗਾ । ਨਰ ਨਰੇਸ਼ ਆਪ ਅਖਵਾਂਗਾ । ਵਿਸ਼ਨ ਬ੍ਰਹਮ ਮਹੇਸ਼ ਆਪ ਜਗਾਵਾਂਗਾ । ਜੁਗ ਚੌਕੜੀ ਜਾਣ ਪਿਛਲਾ ਲੇਖ, ਪੂਰਬ ਲੇਖਾ ਸਰਬ ਵਖਾਵਾਂਗਾ । ਨਿਰਵੈਰ ਹੋ ਕੇ ਖੇਲਾਂ ਖੇਡ, ਬਣ ਖਲਾਰੀ ਖੇਲ ਰਚਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਤੇਰਾ ਡੰਕਾ ਇਕ ਵਜਾਵਾਗਾ । ਤੇਰਾ ਡੰਕਾ ਇਕ ਵਜਾਵੇਗਾ । ਪ੍ਰਭ ਆਪਣਾ ਖੇਲ ਰਚਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਮੰਗਾਵੇਗਾ । ਤ੍ਰੈਗੁਣ ਮਾਇਆ ਡੇਰਾ ਢਾਹਵੇਗਾ । ਪੰਜ ਤਤ ਝੇੜਾ ਆਪ ਚੁਕਾਵੇਗਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਖੁਲ੍ਹਾ ਵੇਹੜਾ ਆਪ ਵਖਾਵੇਗਾ । ਦੀਨ ਮਜ਼੍ਹਬ ਦਾ ਕੋਈ ਨਾ ਰਹੇ ਝਗੜਾ, ਜ਼ਾਤ ਪਾਤ ਮੇਟ ਮਿਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰੂ ਗੁਰ ਇਕੋ ਨਜ਼ਰੀ ਆਵੇਗਾ । ਸ਼ਬਦ ਗੁਰੂ ਤੇਰਾ ਇਕੋ ਨਾਮ ਪਰਗਟਾਏਗਾ । ਪੰਜ ਤਤ ਚੋਲਾ ਨਜ਼ਰ ਕੋਇ ਨਾ ਆਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਰਲ ਮਿਲ ਸਾਚਾ ਸੋਹਲਾ ਇਕੋ ਗਾਏਗਾ । ਦੀਨ ਮਜ਼੍ਹਬ ਦਾ ਕੋਈ ਨਾ ਰਹੇ ਰੌਲਾ, ਝਗੜਾ ਹਰਿ ਜੂ ਅੰਤ ਮੁਕਾਏਗਾ । ਚਾਰ ਵਰਨ ਅਠਾਰਾਂ ਬਰਨ ਮਾਣ ਦੇਵੇ ਉਪਰ ਧੌਲਾ, ਧਰਨੀ ਧਰਤ ਹੌਲਾ ਭਾਰ ਕਰਾਏਗਾ । ਜਿਸ ਨੂੰ ਕਹਿੰਦੇ ਨੂਰ ਅਵਲਾ, ਆਲਮੀਨ ਆਪਣਾ ਵੇਸ ਧਰਾਏਗਾ । ਜਿਸ ਨੂੰ ਕਹਿੰਦੇ ਸਾਵਲ ਸਵਲਾ, ਸੋ ਮੋਹਣ ਰੂਪ ਵਟਾਏਗਾ । ਜਿਸ ਨੂੰ ਕਹਿੰਦੇ ਨਾਨਕ ਯਮਲਾ, ਸੋ ਚਾਰ ਕੁੰਟ ਸਤਿ ਨਾਮ ਦ੍ਰਿੜਾਏਗਾ । ਜਿਸ ਨੂੰ ਕਹਿੰਦੇ ਗੋਬਿੰਦ ਸਿਰ ਤੇ ਰੱਖਿਆ ਸਮਲਾ, ਸੋ ਕਲਗੀ ਵਾਲਾ ਕਲਗੀ ਚਮਕ ਇਕ ਚਮਕਾਏਗਾ । ਦੋ ਜਹਾਨ ਜਿਸ

ਤੋਂ ਬਿਨਾਂ ਹੋਏ ਕਮਲਾ, ਸੋ ਕਮਲੀ ਵਾਲਾ ਫੇਰਾ ਪਾਏਗਾ । ਸ਼ਬਦ ਸੁੱਤ ਤੇਰਾ ਝੱਲੇ ਕੋਈ ਨਾ ਹਮਲਾ, ਦਰ ਤੇਰੇ ਸੀਸ ਝੁਕਾਏਗਾ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਹੋ ਕੇ ਦੇਵੇ ਖ਼ਬਰਾਂ, ਧੁਰ ਦੀ ਖ਼ਬਰ ਆਪ ਸੁਣਾਏਗਾ । ਸਾਧ ਸੰਤ ਹੋਏ ਨਾ ਕੋਈ ਬੇਸਬਰਾ, ਧੀਰਜ ਧੀਰ ਸਭ ਦੀ ਵੇਖ ਵਖਾਏਗਾ । ਵੇਖਣਹਾਰਾ ਮੜ੍ਹੀ ਗੋਰ ਕਬਰਾਂ, ਉਚੇ ਟਿੱਲੇ ਪਰਬਤ ਫੋਲ ਫੋਲਾਏਗਾ । ਸ਼ਬਦ ਗੁਰੂ ਗੁਰਦੇਵ ਸੁਆਮੀ ਪੂਰੀਆਂ ਕਰੇ ਸਧਰਾਂ, ਸਿਦਕ ਸਾਦਕ ਇਕ ਵਖਾਏਗਾ । ਲੇਖਾ ਜਾਣੇ ਉਪਰ ਅੰਬਰਾਂ, ਗਗਨ ਮੰਡਲ ਚਰਨਾਂ ਹੇਠ ਦਬਾਏਗਾ । ਕਿਸੇ ਹੱਥ ਨਾ ਆਉਣਾ ਪਾਰਬ੍ਰਹਮ ਪਤਿਪਰਮੇਸ਼ਵਰ ਸਦੀ ਵੀਹਵੀਂ ਮਸੀਤ ਮੰਦਰਾਂ, ਸ਼ਿਵਦਵਾਲੇ ਮੱਠ ਨਜ਼ਰ ਕੋਇ ਨਾ ਪਾਏਗਾ । ਸਰਬ ਜੀਆਂ ਬਿਧ ਜਾਣੇ ਅੰਦਰਾਂ, ਘਰ ਘਰ ਬੈਠਾ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਤੇਰੀ ਰੁੱਤ ਆਪ ਸੁਹਾਏਗਾ । ਸ਼ਬਦ ਸੁੱਤ ਤੇਰੀ ਰੁੱਤੜੀ, ਪ੍ਰਭ ਮਹਿਕਾਵੇਗਾ । ਲੱਖ ਚੁਰਾਸੀ ਸ੍ਰੀ ਭਗਵਾਨ ਨਾਲੋਂ ਰੁੱਠੜੀ, ਤੇਰੇ ਨੇਤਰ ਨੈਣ ਜਣਾਵੇਗਾ । ਕਲਜੁਗ ਵੇਲਾ ਆਏ ਪਿਤਾ ਨੈਣ ਉਠਾਏ ਵਲ ਪੁੱਤਰੀ, ਸਤਿ ਧਰਮ ਨਾ ਕੋਇ ਕਮਾਵੇਗਾ । ਓਸ ਵੇਲੇ ਨਿਰਗੁਣ ਧਾਰ ਨਿਰਵੈਰ ਪੁਰਖ ਅਕਾਲ ਧੁਰਦਰਗਾਹੋਂ ਉਤਰੀ, ਮਾਤ ਪਿਤ ਗੋਦ ਨਾ ਕੋਇ ਬਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਤੇਰਾ ਇਕੋ ਹੁਕਮ ਸਮਝਾਵੇਗਾ । ਤੇਰਾ ਹੁਕਮ ਇਕ ਵਰਤਾਵੇਗਾ । ਸ਼ਾਹ ਸੁਲਤਾਨ ਖੇਲ ਖਲਾਵੇਗਾ । ਮਿਹਰਵਾਨ ਡੰਕ ਵਜਾਵੇਗਾ । ਦੋ ਜਹਾਨ ਡੇਰਾ ਢਾਵੇਗਾ । ਉਲਟਾ ਗੇੜਾ ਆਪ ਗੜਾਏਗਾ । ਜੂਠ ਝੂਠ ਝੇੜਾ ਆਪ ਮੁਕਾਵੇਗਾ । ਜਨ ਭਗਤਾਂ ਉਪਰ ਤੁਠ, ਨੇਰਨ ਨੇਰਾ ਨਜ਼ਰੀ ਆਵੇਗਾ । ਕਰੇ ਖੇਲ ਅਬਿਨਾਸ਼ੀ ਅਚੁੱਤ,
੭੨੯ ਚਿਤ ਵਿਤ ਠਗੌਰੀ ਕੋਇ ਨਾ ਪਾਵੇਗਾ । ਸਾਚੇ ਸੰਤਾਂ ਕਰੇ ਹਿਤ, ਹਿਤਕਾਰੀ ਇਕੋ ਨਜ਼ਰੀ ਆਏਗਾ । ਗੁਰਮੁਖਾਂ ਧੁਰ ਦਾ ਲੇਖਾ ਦੇਵੇ ਲਿਖ, ੭੨੯
੧੫ ਲੇਖਾ ਲੇਖ ਨਾ ਕੋਇ ਮਿਟਾਏਗਾ । ਦੇਵੇ ਵਡਿਆਈ ਸਾਚੇ ਸਿਖ, ਸਿਖਿਆ ਇਕੋ ਇਕ ਸਮਝਾਏਗਾ । ਚਾਰ ਵਰਨ ਅਠਾਰਾਂ ਬਰਨ ਨੌ ਸੱਤ ਇਕੋ ੧੫
ਨੈਣ ਆਏ ਦਿਸ, ਦੂਜੀ ਅੱਖ ਨਾ ਕੋਇ ਤਕਾਏਗਾ । ਆਪਣੇ ਮਿਲਣ ਦੀ ਦੱਸੇ ਬਿਧ, ਸਾਚਾ ਰਾਹ ਇਕ ਸਮਝਾਏਗਾ । ਗੁਰਮੁਖ ਕਿਸੇ ਕੰਮ ਨਾ ਆਵੇ ਨੌ ਨਿਧ, ਅਠਾਰਾਂ ਸਿਧ ਸਾਚਾ ਰਾਗ ਇਕ ਅਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਇਕੋ ਤੇਰਾ ਨਾਮ ਪਰਗਟਾਏਗਾ । ਕਲਜੁਗ ਅੰਤਮ ਪਰਗਟੇ ਨਾਮ ਏਕ, ਸ੍ਰੀ ਭਗਵਾਨ ਆਪ ਪਰਗਟਾਈਆ । ਸ੍ਰਿਸ਼ਟ ਸਬਾਈ ਦੇਵੇ ਟੇਕ, ਲੱਖ ਚੁਰਾਸੀ ਬੂਝ ਬੁਝਾਈਆ । ਜੀਵਾਂ ਜੰਤਾਂ ਕਰੇ ਬੁਧ ਬਿਬੇਕ, ਨਿਰਮਲ ਅੰਮ੍ਰਿਤ ਨੀਰ ਸਚ ਪਿਆਈਆ । ਤ੍ਰੈਗੁਣ ਮਾਇਆ ਲਾਏ ਨਾ ਸੇਕ, ਜਿਸ ਉਪਰ ਮਿਹਰ ਨਜ਼ਰ ਉਠਾਈਆ । ਕੂੜਾ ਨਾਤਾ ਤੁੱਟ ਜਾਏ ਭੇਖ, ਭੇਖਾਧਾਰੀ ਕੋਈ ਰਹਿਣ ਨਾ ਪਾਈਆ । ਲਹਿਣਾ ਦੇਣਾ ਚੁੱਕੇ ਮੁੱਲਾਂ ਸ਼ੇਖ਼, ਮਸਾਇਕ ਪੈਗ਼ੰਬਰ ਬੈਠਣ ਮੁਖ ਛੁਪਾਈਆ । ਸਦੀ ਚੌਧਵੀਂ ਰਹੀ ਵੇਖ, ਕਵਣ ਵੇਲਾ ਪ੍ਰਭ ਚੌਧਵੀਂ ਚੰਦ ਕਰੇ ਰੁਸ਼ਨਾਈਆ । ਸਚ ਅਮਾਮ ਧਾਰੇ ਆਪਣਾ ਭੇਖ, ਆਲਮ ਉਲਮਾ ਸਮਝ ਕੋਇ ਨਾ ਆਈਆ । ਜਿਸ ਦੀ ਈਸਾ ਮੂਸਾ ਮੁਹੰਮਦ ਰੱਖ ਕੇ ਗਏ ਟੇਕ, ਦੋਏ ਜੋੜ ਸੀਸ ਝੁਕਾਈਆ । ਸੋ ਸਾਹਿਬ ਸੁਲਤਾਨ ਚੌਦਾਂ ਤਬਕ ਖੇਲੇ ਖੇਡ, ਸਬਕ ਇਕੋ ਇਕ ਪੜ੍ਹਾਈਆ । ਸੂਫ਼ੀ ਮੁਰੀਦ ਮੁਰਸ਼ਦ ਦੇਵੇ ਅੰਦਰ ਵੜ ਕੇ ਭੇਤ, ਬਾਹਰੋਂ ਕਰੇ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰੂ ਗੁਰਦੇਵ

੭੩੦
੧੫

ਸੁਆਮੀ ਆਦਿ ਜੁਗਾਦੀ ਅੰਤਰਜਾਮੀ, ਬੋਧ ਅਗਾਧੀ ਬੋਲੇ ਬਾਣੀ, ਧੁਰ ਦਾ ਰਾਗ ਸੁਣਾਈਆ । ਸ਼ਬਦ ਕਹੇ ਪ੍ਰਭ ਮੇਰੇ ਠਾਕਰ, ਤੇਰੇ ਹੱਥ ਮੇਰੀ ਵਡਿਆਈਆ । ਗਹਿਰ ਗੰਭੀਰ ਡੂੰਘੇ ਸਾਗਰ, ਹਉਂ ਮਛਲੀ ਤਰਨ ਨਾ ਪਾਈਆ । ਤੇਰਾ ਵਣਜ ਕਰਾਂ ਬਣ ਸੌਦਾਗਰ, ਦੋ ਜਹਾਨਾਂ ਹੱਟ ਚਲਾਈਆ । ਤੇਰਾ ਖੇਲ ਕਰਤੇ ਕਾਦਰ, ਕੁਦਰਤ ਰੂਪ ਦਿਆਂ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਅਲਖ ਨਿਰੰਜਣ ਦਰ ਤੇਰੇ ਅਲੱਖ ਜਗਾਈਆ । ਸਚ ਅਲੱਖ ਬੋਲ ਜੈਕਾਰ, ਜੈ ਜੈਕਾਰ ਸੁਣਾਇੰਦਾ । ਸ਼ਬਦ ਸੁੱਤ ਉਠ ਵੇਖ ਤੇਰੇ ਦਰ ਖੜੇ ਗੁਰੂ ਅਵਤਾਰ, ਤੇਈ ਅਵਤਾਰ ਨਿਉਂ ਨਿਉਂ ਸੀਸ ਝੁਕਾਇੰਦਾ । ਪੀਰ ਪੈਗ਼ੰਬਰ ਬਣੇ ਭਿਖਾਰ, ਖ਼ਾਲੀ ਝੋਲੀ ਸਰਬ ਵਖਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਰੋਵਣ ਜ਼ਾਰੋ ਜ਼ਾਰ, ਧੀਰਜ ਧੀਰ ਨਾ ਕੋਇ ਧਰਾਇੰਦਾ । ਕਰੋੜ ਤੇਤੀਸਾ ਕਰੇ ਗਿਰਿਆਜ਼ਾਰ, ਸੁਰਪਤ ਭੇਵ ਕੋਇ ਨਾ ਆਇੰਦਾ । ਗਣ ਗੰਧਰਬ ਕਰਨ ਪੁਕਾਰ, ਉਚੀ ਕੂਕ ਕੂਕ ਸੁਣਾਇੰਦਾ । ਤ੍ਰੈਗੁਣ ਮਾਇਆ ਗਈ ਹਾਰ, ਪੰਜ ਤਤ ਆਪਣਾ ਡੇਰਾ ਢਾਹਿੰਦਾ । ਮਨ ਕਹੇ ਮੇਰਾ ਟੁੱਟਾ ਹੰਕਾਰ, ਜਿਸ ਘਰ ਸਤਿਗੁਰ ਸ਼ਬਦ ਫੇਰਾ ਪਾਇੰਦਾ । ਬੁਧੀ ਕਹੇ ਮੈਂ ਹੋਈ ਬੇਕਾਰ, ਬਿਨ ਹਰਿ ਨਾਮੇ ਮੇਰੀ ਸਾਰ ਕੋਇ ਨਾ ਪਾਇੰਦਾ । ਮਤ ਕਹੇ ਮੈਂ ਬਣੀ ਕਮਜ਼ਾਤ ਨਾਰ, ਹਰਿ ਕੰਤ ਨਜ਼ਰ ਕੋਇ ਨਾ ਆਇੰਦਾ । ਸ਼ਬਦ ਕਹੇ ਮੈਂ ਸਭ ਨਾਲ ਕਰਾਂ ਪਿਆਰ, ਘਰ ਘਰ ਸੋਈ ਸੁਰਤੀ ਆਪ ਜਗਾਇੰਦਾ । ਉਠ ਸਖ਼ੀ ਵੇਖ ਆਪਣਾ ਕਾਹਨ, ਨਾਮ ਨਿਧਾਨ ਬੰਸਰੀ ਨਾਮ ਵਜਾਇੰਦਾ । ਸਾਚਾ ਮੇਲਾ ਸੀਤਾ ਰਾਮ, ਘਰ ਮੰਦਰ ਇਕ ਸੁਹਾਇੰਦਾ । ਪੀਆ ਪ੍ਰੀਤਮ ਕਰੇ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰੂ ਤੇਰਾ ਰਾਹ ਇਕ ਚਲਾਇੰਦਾ । ਸ਼ਬਦ ਗੁਰੂ ਜਗ ਚਲੇ ਰਾਹ, ਕਲਜੁਗ ਅੰਤ ਮਿਲੇ ਵਡਿਆਈਆ । ਸਤਿਜੁਗ ਸਾਚਾ ਬਣੇ ਮਲਾਹ, ਖੇਵਟ ਖੇਟਾ ਸੇਵ ਕਮਾਈਆ । ਸਭਨਾਂ ਦੇਵੇ ਸਚ ਸਲਾਹ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਰਬ ਜੀਆਂ ਦਾ ਦਾਤਾ ਬੇਪਰਵਾਹ, ਪੁਰਖ ਅਕਾਲ ਇਕ ਅਖਵਾਈਆ । ਇਕੋ ਓਟ ਲਓ ਤਕਾ, ਇਸ਼ਟ ਦੇਵ ਇਕੋ ਇਕ ਸਮਝਾਈਆ । ਇਕੋ ਕਲਮਾ ਲਓ ਗਾ, ਇਕੋ ਨਬੀ ਰਸੂਲ ਪੜ੍ਹਾਈਆ । ਇਕੋ ਸੋਹਲਾ ਲਓ ਸੁਣਾ, ਰਸਨਾ ਜਿਹਵਾ ਬੱਤੀ ਦੰਦ ਮਿਲਾਈਆ । ਇਕੋ ਮੌਲਾ ਲਓ ਮਨਾ, ਦੂਸਰ ਕੋਇ ਰਹਿਣ ਨਾ ਪਾਈਆ । ਪੜਦਾ ਉਹਲਾ ਲਓ ਚੁਕਾ, ਦੂਈ ਦਵੈਤੀ ਡੇਰਾ ਢਾਹੀਆ । ਘਰ ਵਿਚ ਘਰ ਸਤਿਗੁਰ ਮਿਲੇ ਆ, ਦੂਜੇ ਦਰ ਲੱਭਣ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਤੇਰਾ ਮਾਰਗ ਇਕ ਲਗਾਈਆ । ਤੇਰਾ ਮਾਰਗ ਇਕ ਲਗਾਵਾਂਗਾ । ਸਮੁੰਦ ਸਾਗਰ ਫੋਲ ਵਖਾਵਾਂਗਾ । ਲੱਖ ਚੁਰਾਸੀ ਤੋਲਾਂ ਤੋਲ, ਨਾਮ ਖੰਡਾ ਹੱਥ ਉਠਾਵਾਂਗਾ । ਦੋ ਜਹਾਨ ਵਜਾਵਾਂ ਢੋਲ, ਜੀਵ ਜੰਤ ਸਰਬ ਜਗਾਵਾਂਗਾ । ਕਿਸੇ ਨਾਲ ਨਾ ਮਾਰਾਂ ਰੋਲ, ਸਾਚੀ ਕਰਨੀ ਆਪ ਕਮਾਵਾਂਗਾ । ਕਲਜੁਗ ਲੇਖਾ ਚੁੱਕੇ ਉਪਰ ਧੌਲ, ਧਵਲਾ ਹੌਲਾ ਭਾਰ ਕਰਾਵਾਂਗਾ । ਨਾ ਕੋਈ ਜਾਣੇ ਪੰਡਤ ਪਾਂਧਾ ਰੌਲ, ਬਾਰਾਂ ਰਾਸੀ ਵਿਚ ਕਦੀ ਨਾ ਆਵਾਂਗਾ । ਨਾਨਕ ਗੋਬਿੰਦ ਨਾਲ ਜੋ ਕੀਤਾ ਕੌਲ, ਅੰਤਮ ਪੂਰਾ ਕਰ ਵਖਾਵਾਂਗਾ । ਸਚਖੰਡ ਦੁਆਰਾ ਲੋਕਮਾਤ ਖੋਲ੍ਹ, ਧਰਮ ਇਕੋ ਇਕ ਚਲਾਵਾਂਗਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪੰਜ ਤਤ ਖੇਲ ਚੋਲ, ਚੋਲਾ ਇਕੋ ਇਕ ਬਦਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ

ਇਕ ਦ੍ਰਿੜਾਵਾਂਗਾ । ਸਾਚਾ ਲੇਖਾ ਇਕ ਸਮਝਾਵਾਂਗਾ । ਧੁਰ ਦਾ ਲਿਖਿਆ ਨੇਤਰ ਨੈਣ ਵਖਾਵਾਂਗਾ । ਧਾਮ ਜਣਾ ਇਕ ਅਨਡਿਠਿਆ, ਦੂਈ ਦਵੈਤੀ ਪੜਦਾ ਲਾਹਵਾਂਗਾ । ਸੋਹੰ ਸ਼ਬਦ ਆਤਮ ਪਰਮਾਤਮ ਪਾਏ ਭਿਛਿਆ, ਪਾਰਬ੍ਰਹਮ ਬ੍ਰਹਮ ਆਪਣਾ ਰੰਗ ਰੰਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚਾ ਰਾਹ ਚਲਾਵਾਂਗਾ । ਸਤਿਜੁਗ ਸਾਚਾ ਰਾਹ ਚੱਲੇਗਾ । ਧਰਮ ਦੁਆਰ ਇਕੋ ਮੱਲੇਗਾ । ਕੂੜ ਕੁੜਿਆਰ ਅੰਤਮ ਹੱਲੇਗਾ । ਲੱਖ ਚੁਰਾਸੀ ਜੀਵ ਉਠੇਗਾ । ਪਾਵੇ ਸਾਰ ਜਲੇ ਥਲੇ ਆ । ਦੋ ਜਹਾਨ ਵੇਖੇ ਆਪਣੇ, ਵਸਦੇ ਉਜੜਦੇ ਲੱਭੇ ਆ । ਪੁਰਖ ਅਕਾਲ ਸ਼ਬਦ ਸੁੱਤ ਦੋਵੇਂ ਰਹਿੰਦੇ ਇਕੱਲੇ ਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਧਾਮ ਮਹੱਲ ਅਟੱਲ ਉਚ ਮਨਾਰ ਇਕੋ ਇਕ ਸੁਹੰਦਿਆ । ਸ਼ਬਦ ਸੁੱਤ ਸੁਣ ਚੜ੍ਹਿਆ ਚਾ, ਥਿਰ ਘਰ ਵੱਜੀ ਇਕ ਵਧਾਈਆ । ਪਾਰਬ੍ਰਹਮ ਪ੍ਰਭ ਮਿਲੇ ਮਲਾਹ, ਬੇੜਾ ਲੋਕਮਾਤ ਚਲਾਈਆ । ਕੂੜੀ ਕਿਰਿਆ ਦੇਵੇ ਮਿਟਾ, ਸਚ ਸੁਚ ਦਏ ਵਰਤਾਈਆ । ਸਭ ਦਾ ਲੇਖਾ ਝੋਲੀ ਪਾ, ਭਰਮ ਭੁਲੇਖਾ ਦਏ ਕਢਾਈਆ । ਧੁਰ ਦਾ ਨੇਤਾ ਬਣੇ ਆ । ਪੂਰਬ ਚੇਤਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਇਕ ਪਰਗਟਾਈਆ । ਸਾਚਾ ਮਾਰਗ ਪ੍ਰਭੂ ਪਰਗਟਾਵੇਗਾ । ਸ੍ਰਿਸ਼ਟ ਸਬਾਈ ਹੁਕਮ ਵਰਤਾਵੇਗਾ । ਨਵ ਨੌਂ ਨਾ ਕੋਈ ਭੁਲਾਵੇਗਾ । ਚਾਰ ਚਾਰ ਆਪ ਜਣਾਵੇਗਾ । ਪੰਜ ਪੰਜ ਡੰਕ ਸੁਣਾਵੇਗਾ । ਰਾਓ ਰੰਕ ਆਪ ਉਠਾਵੇਗਾ । ਦੁਆਰ ਬੰਕ ਇਕ ਜਣਾਵੇਗਾ । ਸਾਧ ਸੰਤ ਮੇਲ ਮਿਲਾਵੇਗਾ । ਭਗਤ ਭਗਵੰਤ ਜੋੜ ਜੁੜਾਵੇਗਾ । ਮਹਿਮਾ ਅਗਣਤ ਆਪ ਸਮਝਾਵੇਗਾ । ਧੁਰ ਦਾ ਨਾਮ ਸ਼ਬਦ ਇਕੋ ਅੰਕ, ਅੰਕਤ ਆਪਣੇ ਵਿਚ ਕਰਾਵੇਗਾ । ਆਤਮ ਪਰਮਾਤਮ ਸਾਚਾ ਮੰਤ, ਮੰਤਰ ਅਗੰਮ ਆਪ ਪੜ੍ਹਾਵੇਗਾ । ਨਾਰ ਮਿਲਾਵਾ ਵਿਛੜੇ ਕੰਤ, ਸੇਜ ਸੁਹੰਜਣੀ ਇਕ ਸੁਹਾਵੇਗਾ । ਚੋਲੀ ਚਾੜ੍ਹ ਰੰਗ ਬਸੰਤ, ਗਹਿਰ ਗੰਭੀਰ ਵੇਖ ਵਖਾਵੇਗਾ । ਧੁਰ ਦਾ ਬਣ ਕੇ ਆਏ ਪੰਡਤ, ਬੋਧ ਅਗਾਧਾ ਆਪ ਪੜ੍ਹਾਵੇਗਾ । ਚਾਰੇ ਖਾਣੀ ਚਾਰੇ ਬਾਣੀ ਭੇਵ ਨਾ ਜਾਣੇ ਜੇਰਜ ਅੰਡਤ, ਉਤਭੁਜ ਸੇਤਜ ਸਮਝ ਨਾ ਕੋਈ ਰਖਾਵੇਗਾ । ਦੂਜੇ ਦਰ ਨਾ ਜਾਏ ਮੰਗਤ, ਸਚ ਭੰਡਾਰ ਆਪ ਖੁਲ੍ਹਾਵੇਗਾ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਇਕ ਦਰਸਾਵੇਗਾ । ਮਾਣਸ ਜਨਮ ਨਾ ਹੋਵੇ ਭੰਗਤ, ਜਿਸ ਸਿਰ ਆਪਣਾ ਹੱਥ ਟਿਕਾਵੇਗਾ । ਨਾਤਾ ਤੋੜ ਬਹਿਸ਼ਤ ਜੰਨਤ, ਸਵਰਗ ਚਰਨਾਂ ਹੇਠ ਦਬਾਵੇਗਾ । ਅੰਤਮ ਮੇਲਾ ਕਰੇ ਸ੍ਰੀ ਭਗਵੰਤ, ਭਗਤ ਭਗਵਾਨ ਆਪਣੀ ਗੋਦ ਉਠਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਤਮ ਸੁਖ ਇਕੋ ਇਕ ਰਖਾਵੇਗਾ । ਸਤਿਜੁਗ ਤੇਰਾ ਆਤਮ ਸੁਖ, ਸੁਖ ਸਾਗਰ ਰੂਪ ਜਣਾਈਆ । ਉਜਲ ਕਰੇ ਮਾਤ ਮੁਖ, ਜੋ ਜਨ ਸੋਹੰ ਰਾਗ ਅਲਾਈਆ । ਸਫਲ ਕਰਾਏ ਮਾਤ ਕੁੱਖ, ਦਸ ਦਸ ਮਾਸ ਅਗਨ ਨਾ ਕੋਇ ਤਪਾਈਆ । ਗਰਭ ਨਾ ਹੋਵੇ ਉਲਟਾ ਰੁਖ਼, ਜੂਨੀ ਜੂਨ ਨਾ ਕੋਇ ਭਵਾਈਆ । ਕਰ ਕਿਰਪਾ ਅੰਮ੍ਰਿਤ ਆਤਮ ਦੇਵੇ ਘੁੱਟ, ਨਿਝਰ ਝਿਰਨਾ ਇਕ ਝਿਰਾਈਆ । ਆਵਣ ਜਾਵਣ ਲੱਖ ਚੁਰਾਸੀ ਨਾਤਾ ਜਾਏ ਛੁੱਟ, ਛੁੱਟਕੀ ਲਿਵ ਆਪਣੇ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨਮ ਕਰਮ ਦੀ ਲਾਹੇ ਭੁੱਖ, ਮਰਨ ਡਰਨ ਦਾ ਤਰਾਸ ਮਿਟਾਈਆ । ਮਰਨ ਡਰਨ ਦਾ ਚੁੱਕੇ ਝੇੜਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਆਵਣ ਜਾਵਣ ਚੁਕਾਏ ਗੇੜਾ, ਲੱਖ ਚੁਰਾਸੀ ਪੰਧ ਮੁਕਾਇੰਦਾ ।

੭੩੧
੧੫

ਵਰਨ ਬਰਨ ਮੁਕਾਏ ਹੇਰਾ ਫੇਰਾ, ਜ਼ਾਤ ਪਾਤ ਬੰਧਨ ਨਾ ਕੋਇ ਜਣਾਇੰਦਾ । ਇਕੋ ਨਾਮ ਜਣਾਏ ਤੂੰ ਮੇਰਾ ਮੈਂ ਤੇਰਾ, ਸੋਹੰ ਸਤਿ ਸਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣੇ ਰੰਗ ਰੰਗਾਇੰਦਾ । ਹਰਿਜਨ ਰੰਗੇ ਰੰਗ ਅਗੰਮ, ਅਗੰਮੜੀ ਦਇਆ ਕਮਾਈਆ । ਵੇਖਣਹਾਰਾ ਕਾਇਆ ਮਾਟੀ ਹੱਡ ਚੰਮ, ਤਤਵ ਤਤ ਖੋਜ ਖੋਜਾਈਆ । ਪਾਵੇ ਸਾਰ ਪਵਣ ਸਵਾਸ ਦਮ, ਅੰਦਰ ਬਾਹਰ ਭੀਤਰ ਵੇਖੇ ਥਾਉਂ ਥਾਈਂਆ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਬੇੜਾ ਬੰਨ੍ਹ, ਭਵ ਸਾਗਰ ਪਾਰ ਕਰਾਈਆ । ਕਿਰਪਾ ਕਰ ਸ੍ਰੀ ਭਗਵਨ, ਭਗਵਨ ਆਪੇ ਹੋਏ ਸਹਾਈਆ । ਸਤਿਜੁਗ ਤੇਰਾ ਇਕੋ ਧਨ ਨਾਮ, ਸਤਿ ਸਤਿਵਾਦੀ ਆਪ ਪਰਗਟਾਈਆ । ਸਰਬ ਜੀਆਂ ਦਾ ਬਣੇ ਕਾਹਨ, ਲੱਖ ਚੁਰਾਸੀ ਨਾਰੀ ਲਏ ਪਰਨਾਈਆ । ਨਵ ਨੌ ਚਾਰ ਨਜ਼ਰੀ ਆਏ ਰਾਮ, ਰਹਿਮਤ ਰਹੀਮ ਆਪ ਕਮਾਈਆ । ਧੁਰ ਸੰਦੇਸਾ ਦੇ ਪੈਗ਼ਾਮ, ਸਾਚੀ ਸਿਖਿਆ ਇਕ ਦ੍ਰਿੜਾਈਆ । ਸ਼ਬਦ ਗੁਰੂ ਗੁਰ ਸੱਚਾ ਸਚ ਈਮਾਨ, ਧਰਮ ਇਸ਼ਟ ਵਿਸ਼ੇਸ਼ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਦੋ ਜਹਾਨ ਇਕ ਪਰਧਾਨ, ਨਾਮ ਨਿਸ਼ਾਨ ਨਿਜ ਆਤਮ ਪਰਮਾਤਮ ਦਏ ਜਣਾਈਆ ।



## ੨੦ ਅੱਸੂ ੨੦੨੦ ਬਿਕ੍ਰਮੀ ਦਲੀਪ ਸਿੰਘ ਦੇ ਗ੍ਰਿਹ ਬਧਨੀ ਜ਼ਿਲਾ ਫ਼ਿਰੋਜ਼ਪੁਰ

ਆਤਮਕ ਸ਼ਾਂਤੀ ਦੇਵੇ ਸਤਿ, ਸਤਿ ਪੁਰਖ ਨਿਰੰਜਣ ਵੱਡੀ ਵਡਿਆਈਆ । ਸਤਿਗੁਰ ਪੂਰਾ ਆਦਿ ਜੁਗਾਦਿ ਸਦਾ ਸਮਰਥ, ਸ਼ਬਦ ਗੁਰ ਦਾਤਾ ਬੇਪਰਵਾਹੀਆ । ਜਿਸ ਜਨ ਦੇਵੇ ਬ੍ਰਹਮ ਮਤ, ਅੰਤਰ ਆਤਮ ਭੇਵ ਖੁਲ੍ਹਾਈਆ । ਨਿਰਮਲ ਜੋਤ ਕਰ ਪਰਕਾਸ਼, ਅਗਿਆਨ ਅੰਧੇਰਾ ਦਏ ਮਿਟਾਈਆ । ਖੇਲ ਵਖਾਏ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਧਾਰ ਸਮਝਾਈਆ । ਮੰਡਲ ਮੰਡਪ ਬ੍ਰਹਿਮੰਡ ਖੰਡ ਕਾਇਆ ਮੰਦਰ ਵਖਾਏ ਸਾਚੀ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਤਿਸ ਅਗਨੀ ਤਤ ਨਾ ਲਾਗੇ ਰਾਈਆ । ਆਤਮ ਸ਼ਾਂਤ ਦੇਵੇ ਕਰ, ਸਤਿਗੁਰ ਪੂਰੇ ਹੱਥ ਵਡਿਆਈਆ । ਕਾਇਆ ਮੰਦਰ ਅੰਦਰ ਵੜ, ਡੂੰਘੀ ਭਵਰੀ ਫੋਲ ਫੋਲਾਈਆ । ਸੁਰਤ ਸਵਾਣੀ ਲਏ ਫੜ, ਸ਼ਬਦ ਹਾਣੀ ਮੇਲ ਮਿਲਾਈਆ । ਪੰਚ ਵਿਕਾਰਾ ਤੋੜ ਹੰਕਾਰੀ ਗੜ੍ਹ, ਕਾਮ ਕਰੋਧ ਲੋਭ ਮੋਹ ਹੰਕਾਰ ਡੇਰਾ ਢਾਹੀਆ । ਦਰਸ ਦਿਖਾਏ ਨਰਾਇਣ ਨਰ, ਨਰ ਹਰਿ ਆਪਣਾ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਂਤਕ ਸਤਿ ਸਤਿ ਦਏ ਸਮਝਾਈਆ । ਸਾਚੀ ਸ਼ਾਂਤੀ ਸਤਿਗੁਰ ਚਰਨ, ਬਿਨ ਸਤਿਗੁਰ ਹੱਥ ਕਿਸੇ ਨਾ ਆਈਆ । ਸਤਿਗੁਰ ਪੂਰਾ ਨੇਤਰ ਖੋਲ੍ਹੇ ਹਰਨ ਫਰਨ, ਦੂਈ ਦਵੈਤੀ ਪੜਦਾ ਦਏ ਚੁਕਾਈਆ । ਲਹਿਣਾ ਦੇਣਾ ਚੁਕਾਏ ਮਰਨ ਡਰਨ, ਲੱਖ ਚੁਰਾਸੀ ਫੰਦ ਕਟਾਈਆ । ਮਿਹਰਵਾਨ ਹਰਿ ਦਾਤਾ ਕਰਨੀ ਕਰਨ, ਕਰਤਾ ਪੁਰਖ ਇਕ ਅਖਵਾਈਆ । ਨਾਤਾ ਤੋੜ ਵਰਨ ਬਰਨ, ਦੀਨ ਮਜ਼੍ਹਬ ਬੰਧਨ ਦਏ ਗਵਾਈਆ । ਗੀਤ ਸੁਹਾਗੀ ਆਤਮ ਅੰਤਰ ਸੁਣਾਏ ਧੁਰ ਦਾ ਛੰਦ, ਬੋਧ ਅਗਾਧਾ ਕਰੇ ਪੜ੍ਹਾਈਆ । ਰਸਨਾ ਜਿਹਵਾ

ਮੁਖ ਬੋਲੇ ਨਾ ਬੱਤੀ ਦੰਦ, ਅਜੱਪਾ ਜਾਪ ਇਕ ਜਣਾਈਆ । ਘਰ ਵਿਚ ਘਰ ਵਖਾਏ ਪਰਮਾਨੰਦ, ਨਿਜਾਨੰਦ ਇਕੋ ਰਸ ਚਖਾਈਆ । ਲਿਵ ਛੁਟਕੀ ਦੇਵੇ ਆਪਣੇ ਨਾਲ ਬੰਨ੍ਹ, ਬੰਧਨ ਹੋਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸ਼ਾਂਤੀ ਸਾਹਿਬ ਸਤਿਗੁਰ ਇਕੋ ਇਕ ਵਖਾਈਆ । ਸ਼ਾਂਤੀ ਦੇਵੇ ਸਤਿਗੁਰ ਪੂਰਾ ਅੰਮ੍ਰਿਤ ਜਾਮ, ਨਿਝਰ ਝਿਰਨਾ ਜਿਸ ਝਿਰਾਇੰਦਾ । ਕੂੜੀ ਕਿਰਿਆ ਤ੍ਰਿਸਨਾ ਮੇਟੇ ਤਾਮ, ਅਗਨੀ ਅੱਗ ਮਾਇਆ ਮਮਤਾ ਮੋਹ ਨਾ ਕੋਇ ਵਖਾਇੰਦਾ । ਕਾਇਆ ਨਗਰ ਖੇੜਾ ਵੇਖੇ ਗਰਾਮ, ਸਾਢੇ ਤਿੰਨ ਹੱਥ ਫੋਲ ਫੋਲਾਇੰਦਾ । ਭਾਗ ਲਗਾਏ ਕਾਇਆ ਮਾਟੀ ਚਾਮ, ਚੰਮ ਦ੍ਰਿਸ਼ਟੀ ਦੂਰ ਕਰਾਇੰਦਾ । ਕਿਰਪਾ ਕਰ ਸ੍ਰੀ ਭਗਵਾਨ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਜਿਸ ਜਨ ਆਪਣਾ ਦੇਵੇ ਸ਼ਬਦ ਨਿਸ਼ਾਨ, ਸਚ ਨਿਸ਼ਾਨਾ ਇਕ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿ ਸਤਿ ਇਕੋ ਘਰ ਵਖਾਇੰਦਾ । ਸਤਿ ਸ਼ਾਂਤੀ ਹੋਏ ਦਾਸੀ, ਜਿਸ ਸਿਰ ਆਪਣਾ ਹੱਥ ਟਿਕਾਈਆ । ਕਿਰਪਾ ਕਰੇ ਪੁਰਖ ਅਬਿਨਾਸ਼ੀ, ਪੂਰਬ ਲਹਿਣਾ ਝੋਲੀ ਪਾਈਆ । ਕੂੜੀ ਕਿਰਿਆ ਜਾਏ ਵਿਨਾਸੀ, ਜੂਠ ਝੂਠ ਰਹਿਣ ਨਾ ਪਾਈਆ । ਹਰਿਜਨ ਹਰਿਭਗਤ ਗੁਰਮੁਖ ਗੁਰਸਿਖ ਪੂਰੀ ਕਰੇ ਆਸੀ, ਆਸਾ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਅੰਤਰ ਆਤਮ ਪਰਮਾਤਮ ਆਪਣਾ ਰੰਗ ਰੰਗਾਈਆ । ਜਗਤ ਅਸ਼ਾਂਤੀ ਹੋਵੇ ਦੂਰ, ਅਗਨੀ ਤਤ ਰਹਿਣ ਨਾ ਪਾਈਆ । ਜਿਸ ਸਾਹਿਬ ਸਤਿਗੁਰ ਮਿਲੇ ਹਾਜ਼ਰ ਹਜ਼ੂਰ, ਵਡ ਦਾਤਾ ਬੇਪਰਵਾਹੀਆ । ਪੰਧ ਮੁਕਾਏ ਨੇੜਾ ਦੂਰ, ਦੂਰ ਦੁਰਾਡਾ ਨੇਰਨ ਨੇਰਾ ਨਜ਼ਰੀ ਆਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹ, ਸਾਚੇ ਧੰਦੇ ਨਾਮ ਲਗਾਈਆ । ਨਿਰਗੁਣ ਜੋਤੀ ਬਖ਼ਸ਼ੇ ਨੂਰ, ਜੋਤ ਨਿਰੰਜਣ ਕਰ ਰੁਸ਼ਨਾਈਆ । ਸ਼ਬਦ ਅਨਾਦੀ ਦੇਵੇ ਤੂਰ, ਤੁਰੀਆ ਮੁਖ ਸ਼ਰਮਾਈਆ । ਆਸਾ ਮਨਸਾ ਕਰੇ ਪੂਰ, ਪੂਰਨ ਪੁਰਖ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤਿਸ ਮਨ ਆਤਮ ਕਰੇ ਸ਼ਾਂਤ, ਬੁਧ ਮਤ ਰਹੇ ਨਾ ਕੋਈ ਭਰਾਂਤ, ਤਤਵ ਤਤ ਇਕੋ ਘਰ ਵਖਾਈਆ । ਮਨ ਸ਼ਾਂਤੀ ਆਤਮ ਸੁਖ, ਸੁਖ ਪਰਮਾਤਮ ਨਾਲ ਰਖਾਈਆ । ਪਾਰਬ੍ਰਹਮ ਬ੍ਰਹਮ ਉਜਲ ਕਰੇ ਮੁਖ, ਮੁਖ ਨੂਰ ਚੰਦ ਰੁਸ਼ਨਾਈਆ । ਕੂੜੀ ਕਿਰਿਆ ਮਿਟੇ ਦੁੱਖ, ਅਗਨੀ ਅੱਗ ਨਾ ਕੋਇ ਲਗਾਈਆ । ਪਰਗਟ ਹੋਵੇ ਜੋ ਬੈਠਾ ਚੁੱਪ, ਘਰ ਘਰ ਵਿਚ ਹੁਕਮ ਸੁਣਾਈਆ । ਸਾਹਿਬ ਸਤਿਗੁਰ ਦੀਨ ਦਿਆਲ ਠਾਕਰ ਸੁਆਮੀ ਜਿਸ ਉਪਰ ਜਾਏ ਤੁਠ, ਅੰਮ੍ਰਿਤ ਮੇਘ ਇਕ ਬਰਸਾਈਆ । ਤਿਸ ਨਾਲੋਂ ਸ਼ਾਂਤੀ ਕਦੀ ਨਾ ਜਾਵੇ ਰੁੱਠ, ਘਰ ਆਵੇ ਜਾਵੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਘਰ ਵਸਾਏ ਸਚ ਸੁਚ, ਤਿਸ ਘਰ ਦਵੈਤ ਰੂਪ ਨਜ਼ਰ ਕੋਇ ਨਾ ਆਈਆ । ਸੋ ਪੁਰਖ ਨਿਰੰਜਣ ਹਰਿ ਸੁਲਤਾਨਾ, ਆਦਿ ਜੁਗਾਦਿ ਵੱਡੀ ਵਡਿਆਈਆ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨਾ, ਮਿਹਰ ਨਜ਼ਰ ਨੈਣ ਉਠਾਈਆ । ਏਕੰਕਾਰਾ ਹੁਕਮਰਾਨਾ, ਜੁਗ ਚੌਕੜੀ ਹੁਕਮ ਮਨਾਈਆ । ਆਦਿ ਨਿਰੰਜਣ ਨੂਰ ਮਹਾਨਾ, ਜੋਤੀ ਜੋਤ ਜੋਤ ਰੁਸ਼ਨਾਈਆ । ਸ੍ਰੀ ਭਗਵਾਨ ਝੁਲਾਏ ਸਚ ਨਿਸ਼ਾਨਾ, ਦਰਗਹਿ ਸਾਚੀ ਇਕ ਵਖਾਈਆ । ਅਬਿਨਾਸ਼ੀ ਕਰਤਾ ਮਰਦ ਮਰਦਾਨਾ, ਸਤਿ ਮਰਦਾਨਗੀ ਇਕ ਵਖਾਈਆ । ਪਾਰਬ੍ਰਹਮ ਪ੍ਰਭ ਖੇਲ ਮਹਾਨਾ, ਮਹਿਮਾ ਅਕਥ ਕਥਨੀ ਕਥ ਨਾ ਸਕੇ ਰਾਈਆ । ਸਚਖੰਡ ਦੁਆਰ ਸੁਹਾਏ ਇਕ ਮਕਾਨਾ, ਛੱਪਰ ਛੰਨ ਨਾ ਕੋਇ ਛੁਹਾਈਆ ।


੭੩੩
੧੫

ਸ਼ਾਹੋ ਭੂਪ ਬਣ ਰਾਜ ਰਾਜਾਨਾ, ਤਖ਼ਤ ਨਿਵਾਸੀ ਸਾਚੇ ਤਖ਼ਤ ਆਸਣ ਲਾਈਆ । ਕਰੇ ਖੇਲ ਸ੍ਰੀ ਭਗਵਾਨਾ, ਭੇਵ ਅਭੇਦ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰ ਦਏ ਵਡਿਆਈਆ । ਸਚਖੰਡ ਦੁਆਰ ਸਚ ਮਹੱਲਾ, ਸੋ ਪੁਰਖ ਨਿਰੰਜਣ ਆਸਣ ਲਾਇੰਦਾ । ਹਰਿ ਪੁਰਖ ਨਿਰੰਜਣ ਇਕ ਇਕੱਲਾ, ਨਿਰਵੈਰ ਆਪਣੀ ਧਾਰ ਜਣਾਇੰਦਾ । ਏਕੰਕਾਰਾ ਦੀਪਕ ਜੋਤੀ ਆਪੇ ਬਲਾ, ਆਦਿ ਨਿਰੰਜਣ ਨੂਰੋ ਨੂਰ ਨੂਰ ਰੁਸ਼ਨਾਇੰਦਾ । ਅਬਿਨਾਸ਼ੀ ਕਰਤਾ ਵਸਣਹਾਰਾ ਨਿਹਚਲ ਧਾਮ ਉਚ ਅਟੱਲਾ, ਸ੍ਰੀ ਭਗਵਾਨ ਗ੍ਰਿਹਿ ਮੰਦਰ ਅੰਦਰ ਸੋਭਾ ਪਾਇੰਦਾ । ਪਾਰਬ੍ਰਹਮ ਪ੍ਰਭ ਖੇਲੇ ਖੇਲ ਇਕ ਅਵੱਲਾ, ਭੇਵ ਅਭੇਦ ਸਮਝ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਇਕੋ ਏਕ ਆਪ ਆਪਣਾ ਆਸਣ ਲਾਇੰਦਾ । ਸਚਖੰਡ ਦੁਆਰੇ ਪਰਵਰਦਿਗਾਰ, ਨੂਰ ਨੁਰਾਨਾ ਨੂਰ ਇਲਾਹੀਆ । ਮੁਕਾਮੇ ਹੱਕ ਹੋ ਤਿਆਰ, ਲਾਸ਼ਰੀਕ ਸੋਭਾ ਪਾਈਆ । ਜਲਵਾ ਨੂਰ ਇਕ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਆਦਿ ਜੁਗਾਦਿ ਜੁਗ ਚੌਕੜੀ ਖੇਲ ਕਰੇ ਅਪਾਰ, ਕੁਦਰਤ ਕਾਦਰ ਵੇਖ ਵਖਾਈਆ । ਸ਼ਬਦੀ ਸੁੱਤ ਸੁੱਤ ਦੁਲਾਰ, ਵਡ ਬਲਵਾਨ ਆਪ ਜਗਾਈਆ । ਧੁਰ ਸੰਦੇਸਾ ਦੇਵੇ ਇਕੋ ਵਾਰ, ਨਰ ਨਰੇਸ਼ਾ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਇਕੱਲਾ ਆਪਣਾ ਖੇਲ ਆਪ ਰਚਾਈਆ । ਆਪਣਾ ਖੇਲ ਕਰੇ ਕਰਤਾਰ, ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਮਹੱਲ ਅਟੱਲ ਉਚ ਮਨਾਰ, ਸਚਖੰਡ ਬੈਠਾ ਡੇਰਾ ਲਾਈਆ । ਸ਼ਬਦੀ ਸੁੱਤ ਸੁੱਤ ਦੁਲਾਰ, ਹਰਿ ਸਾਚਾ ਆਪ ਪਰਗਟਾਈਆ । ਥਿਰ ਘਰ ਖੋਲ੍ਹੇ ਬੰਦ ਕਿਵਾੜ, ਆਪਣੀ ਹੱਥੀਂ ਕੁੰਡਾ ਲਾਹੀਆ । ਸਾਚੇ ਸ਼ਬਦ ਦਏ ਬਹਾਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬ੍ਰਹਿਮੰਡ ਖੰਡ ਲੋਕ ਪਰਲੋਕ ਪੁਰੀ ਲੋਅ ਆਕਾਸ਼ ਪਰਕਾਸ਼ ਤੇਰੀ ਸੱਚੀ ਧਰਮਸਾਲ, ਸਚ ਦੁਆਰਾ ਇਕੋ ਵਾਰ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਖੇਲ ਕਰੇ ਕਰਤਾਰ, ਕਰਤਾ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਇਕੋ ਚੜ੍ਹ, ਸਚ ਸਿੰਘਾਸਣ ਸੋਭਾ ਪਾਈਆ । ਸੁੱਤ ਸ਼ਬਦ ਸਾਚੇ ਲਾਲ, ਪ੍ਰਭ ਸਾਚਾ ਸਚ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਨਾਲ, ਵਸਤ ਅਮੋਲਕ ਇਕ ਵਰਤਾਈਆ । ਤ੍ਰੈਗੁਣ ਮਾਇਆ ਕਰ ਪਰਧਾਨ, ਪੰਜ ਤਤ ਕਰੇ ਕੁੜਮਾਈਆ । ਲੱਖ ਚੁਰਾਸੀ ਜੀਵ ਜਹਾਨ, ਅੰਡਜ ਜੇਰਜ ਉਤਭੁਜ ਸੇਤਜ ਬਣਤ ਬਣਾਈਆ । ਚਾਰੇ ਬਾਣੀ ਬੋਲ ਬਿਨਾਂ ਜ਼ਬਾਨ, ਪਰਾ ਪਸੰਤੀ ਮਧਮ ਬੈਖਰੀ ਚਾਰੇ ਖਾਣੀ ਦਏ ਸਮਝਾਈਆ । ਅੰਡਜ ਜੇਰਜ ਉਤਭੁਜ ਸੇਤਜ ਲੱਖ ਚੁਰਾਸੀ ਘਟ ਘਟ ਅੰਦਰ ਦੀਆ ਦੀਪਕ ਜੋਤੀ ਬਾਲ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਪੰਜ ਤਤ ਬੰਕ ਗੜ੍ਹ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਇਕੋ ਨਰ, ਨਰ ਨਰਾਇਣ ਵੱਡੀ ਵਡਿਆਈਆ । ਨਰ ਨਰਾਇਣ ਏਕੰਕਾਰ, ਅਕਲ ਕਲਾ ਅਖਵਾਇੰਦਾ । ਵਸਣਹਾਰਾ ਧਾਮ ਨਿਆਰ, ਸਚਖੰਡ ਦੁਆਰੇ ਸੋਭਾ ਪਾਇੰਦਾ । ਦੋ ਜਹਾਨਾਂ ਸ੍ਰੀ ਭਗਵਾਨਾ ਵੇਖ ਵਖਾਏ ਦੁਆਰ, ਜੁਗ ਚੌਕੜੀ ਆਪਣਾ ਹੁਕਮ ਮਨਾਇੰਦਾ । ਲੇਖਾ ਜਾਣ ਗੁਰੂ ਅਵਤਾਰ, ਵੇਖਣਹਾਰ ਸਰਬ ਸੰਸਾਰ, ਪੰਜ ਤਤ ਕਾਇਆ ਚੋਲਾ ਆਪ ਹੰਡਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਸ਼ਬਦ ਧੁਨ ਇਕ ਅਪਾਰ, ਰਾਗ ਅਨਾਦੀ ਨਾਦ ਸੁਣਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰ ਤਿਆਰ, ਧੁਰ

ਸੰਦੇਸਾ ਆਪ ਜਣਾਇੰਦਾ । ਹੁਕਮੇ ਹੁਕਮ ਤੇਈ ਅਵਤਾਰ, ਭਗਤ ਅਠਾਰਾਂ ਖੋਲ੍ਹ ਕਿਵਾੜ, ਗੁਰ ਦਸ ਕਰ ਵਿਚਾਰ, ਈਸਾ ਮੂਸਾ ਮੁਹੰਮਦ ਚਾਰੋਂ ਕੁੰਟ ਹੁਕਮ ਵਰਤਾਇੰਦਾ । ਆਪੇ ਜਾਣੇ ਧੁਰ ਦੀ ਧਾਰ, ਖੇਲੇ ਖੇਲ ਆਪ ਕਰਤਾਰ, ਵੇਖੇ ਵਿਗਸੇ ਕਰੇ ਵਿਚਾਰ, ਸ਼ਬਦੀ ਡੰਕਾ ਇਕ ਵਜਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖੇ ਵੇਖਣਹਾਰ, ਨਿਰਗੁਣ ਸਰਗੁਣ ਲੈ ਅਵਤਾਰ, ਲੱਖ ਚੁਰਾਸੀ ਜੀਵ ਜੰਤ ਪਾਵੇ ਸਾਰ, ਪੜਦਾ ਉਹਲਾ ਕਾਇਆ ਚੋਲਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਨਰ ਨਰੇਸ਼ਾ ਇਕ ਇਕੱਲਾ ਏਕੰਕਾਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਸਚ ਸੰਦੇਸਾ ਗੁਰ ਅਵਤਾਰ, ਪੀਰ ਪੈਗ਼ੰਬਰ ਆਪ ਜਣਾਈਆ । ਜੁਗ ਚੌਕੜੀ ਕਰ ਤਿਆਰ, ਲੋਕਮਾਤ ਸੇਵ ਸਮਝਾਈਆ । ਸ਼ਬਦ ਅਗੰਮੀ ਦੇ ਕੇ ਧਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਆਤਮ ਪਰਮਾਤਮ ਭੇਵ ਖੁਲਾਏ ਜੀਵ ਗਵਾਰ, ਅੰਤਰ ਅੰਤਰ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਸਰਬ ਕਰੇ ਪੜ੍ਹਾਈਆ । ਸਾਚੀ ਸਿਖਿਆ ਲੈਣੀ ਪੜ੍ਹ, ਆਦਿ ਪੁਰਖ ਸਰਬ ਜਣਾਈਆ । ਇਕੋ ਮੰਦਰ ਜਾਣਾ ਵੜ, ਘਰ ਸਾਚੇ ਵੱਜੇ ਵਧਾਈਆ । ਇਕ ਸਰਨਾਈ ਜਾਣਾ ਪੜ, ਦੂਜਾ ਇਸ਼ਟ ਨਾ ਕੋਇ ਰਖਾਈਆ । ਇਕੋ ਕਰਨੀ ਲੈਣੀ ਕਰ, ਹਰਿ ਕਰਤਾ ਪੁਰਖ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਧੁਰ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ, ਪ੍ਰਭ ਹੁਕਮੀ ਹੁਕਮ ਆਪ ਚਲਾਇੰਦਾ । ਜੁਗ ਚੌਕੜੀ ਦੇਵੇ ਦਾਤ, ਨਾਮ ਅਮੋਲਕ ਵਸਤ ਝੋਲੀ ਪਾਇੰਦਾ । ਨਿਤ ਨਵਿਤ ਮੇਟੇ ਅੰਧੇਰੀ ਰਾਤ, ਸਾਚਾ ਚੰਦ ਨੂਰ ਚਮਕਾਇੰਦਾ । ਸ਼ਬਦ ਸੁਣਾਏ ਧੁਰ ਦੀ ਗਾਥ, ਸਾਚਾ ਸੋਹਲਾ ਰਾਗ ਅਲਾਇੰਦਾ । ਸਚ ਪ੍ਰੀਤ ਬੰਧਾਏ ਨਾਤ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਅੰਦਰ ਵੜ ਕੇ ਪੌੜੇ ਚੜ੍ਹ ਕੇ ਘਰ ਘਰ ਵਿਚ ਪੁੱਛੇ ਵਾਤ, ਨੌਂ ਦੁਆਰੇ ਨਜ਼ਰ ਕਿਸੇ ਨਾ ਆਇੰਦਾ । ਬੰਦ ਕਿਵਾੜੀ ਖੋਲ੍ਹੇ ਤਾਕ, ਬਜਰ ਕਪਾਟੀ ਕੁੰਡਾ ਆਪ ਤੁੜਾਇੰਦਾ । ਡੂੰਘੀ ਭਵਰੀ ਮਾਰੇ ਝਾਤ, ਨੇਤਰ ਨੈਣ ਅੱਖ ਖੁਲਾਇੰਦਾ । ਬਣ ਕੇ ਆਏ ਸੱਜਣ ਸਾਕ, ਸਗਲਾ ਸੰਗ ਆਪ ਨਿਭਾਇੰਦਾ । ਖੇਲੇ ਖੇਲ ਰਸੂਲ ਪਾਕ, ਪੀਰ ਦਸਤਗੀਰ ਆਪਣਾ ਹੁਕਮ ਵਰਤਾਇੰਦਾ । ਸਾਚੇ ਅਸਵ ਘੋੜੇ ਚੜ੍ਹੇ ਮਾਰ ਪਲਾਕ, ਦੋ ਜਹਾਨਾਂ ਆਪ ਦੌੜਾਇੰਦਾ । ਵੇਖਣਹਾਰਾ ਤਤ ਆਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਡੇਰਾ ਢਾਹਿੰਦਾ । ਅਨਭਵ ਅਨਭਵ ਅਨਭਵ ਕਰ ਪਰਕਾਸ਼, ਗੁਰ ਗੁਰ ਆਪਣਾ ਭੇਵ ਖੁਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਨਿਰਾਕਾਰ ਪੁਰਖ ਅਕਾਲ ਜੁਗ ਜੁਗ ਆਪਣਾ ਰਾਹ ਚਲਾਇੰਦਾ । ਜੁਗ ਚੌਕੜੀ ਪਾਏ ਬੰਧਨ, ਬੰਦਨਾ ਏਕਾ ਇਕ ਸਮਝਾਈਆ । ਆਤਮ ਪਰਮਾਤਮ ਦੇਵੇ ਪਰਮਾਨੰਦਨ, ਨਿਜਾਨੰਦ ਕਰੇ ਰਸਾਈਆ । ਮਸਤਕ ਜੋਤ ਲਲਾਟੀ ਲਗਾਏ ਚੰਦਨ, ਚੰਦਨ ਇਕੋ ਟਿੱਕਾ ਧੂੜ ਦਏ ਲਗਾਈਆ । ਕਰੇ ਖੇਲ ਸੂਰਾ ਸਰਬੰਗਨ, ਸੂਰਬੀਰ ਦਾਤਾ ਬੇਪਰਵਾਹੀਆ । ਦੂਜੇ ਦਰ ਕਦੇ ਨਾ ਜਾਏ ਮੰਗਣ, ਦੇਵਣਹਾਰ ਆਪ ਅਖਵਾਈਆ । ਵੇਖੇ ਖੇਲ ਸਦਾ ਬ੍ਰਹਿਮੰਡਨ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਆਪਣੀ ਧਾਰ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਲੇਖਾ ਜਾਣੇ ਵਰਭੰਡਨ, ਕੋਟਨ ਕੋਟ ਤ੍ਰਿਲੋਕੀ ਨਾਥ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ

ਖੇਲ ਸਾਚਾ ਹਰਿ, ਆਦਿ ਜੁਗਾਦਿ ਏਕੰਕਾਰ, ਖੇਲੇ ਖੇਲ ਖੇਲਣਹਾਰ, ਖ਼ਾਲਕ ਖ਼ਲਕ ਵੇਖੇ ਚਾਈਂ ਚਾਈਆ । ਖ਼ਾਲਕ ਖ਼ਲਕ ਵੇਖੇ ਮਖ਼ਲੂਕ, ਬੇਪਰਵਾਹ ਜਲਵਾ ਨੂਰ ਨੂਰ ਉਜਿਆਰਿਆ । ਆਦਿ ਜੁਗਾਦਿ ਜੁਗ ਚੌਕੜੀ ਆਪਣਾ ਨੂਰ ਰੱਖੇ ਮਹਿਫ਼ੂਜ਼, ਬਿਨ ਪੀਰ ਪੈਗ਼ੰਬਰਾਂ ਨਜ਼ਰ ਕਿਸੇ ਨਾ ਆ ਰਿਹਾ । ਸਚ ਮਹੱਲ ਉਚ ਅਰੂਜ, ਸਾਚਾ ਹੁਜਰਾ ਇਕੋ ਇਕ ਸੁਹਾ ਰਿਹਾ । ਜਿਸ ਮੁਰੀਦ ਮੁਰਸ਼ਦ ਮਿਲੇ ਇਕ ਮਹਿਬੂਬ, ਮੁਹੱਬਤ ਸਾਚਾ ਜੋੜ ਜੁੜਾ ਰਿਹਾ । ਤਿਸ ਕਲਮਾ ਦੇਵੇ ਸਚ ਸਬੂਤ, ਸੂਰਤ ਸਚ ਇਕ ਵਖਾ ਰਿਹਾ । ਪੰਜ ਤਤ ਖੋਲ੍ਹੇ ਭੇਵ ਕਲਬੂਤ, ਕਾਇਆ ਕੱਪੜ ਪੜਦਾ ਲਾਹ ਰਿਹਾ । ਜੋ ਹਰ ਘਟ ਵਸੇ ਮੌਜੂਦ, ਸੋ ਅੰਤ ਆਪਣਾ ਦਰਸ ਕਰਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੂੜੀ ਕਿਰਿਆ ਕਰ ਮੌਕੂਫ਼, ਮੁਕੰਮਲ ਆਪਣਾ ਰਾਹ ਸਮਝਾ ਰਿਹਾ । ਸਾਚਾ ਰਾਹ ਦੱਸੇ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਈਆ । ਗੁਰ ਅਵਤਾਰ ਮੰਗਦੇ ਗਏ ਦਾਨ, ਪੀਰ ਪੈਗ਼ੰਬਰ ਅੱਗੇ ਝੋਲੀ ਡਾਹੀਆ । ਲੇਖਾ ਲਿਖ ਲਿਖ ਗਏ ਬਿਆਨ, ਕਲਮ ਸ਼ਾਹੀ ਨਾਲ ਰਲਾਈਆ । ਸਦੀ ਚੌਧਵੀਂ ਖੇਲ ਕਰੇ ਮਹਾਨ, ਮਿਹਰਵਾਨ ਆਪਣਾ ਫੇਰਾ ਪਾਈਆ । ਸਦੀ ਵੀਹਵੀਂ ਹੋਏ ਪਰਧਾਨ, ਸ਼ਬਦ ਅਗੰਮੀ ਰੂਪ ਵਟਾਈਆ । ਜਿਸ ਦਾ ਨਜ਼ਰ ਨਾ ਆਏ ਕਿਸੇ ਨਿਸ਼ਾਨ, ਜਗਤ ਲੋਚਣ ਪੇਖ ਕੋਇ ਨਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਕਰਨ ਗਿਆਨ, ਉਚੀ ਕੂਕ ਕੂਕ ਸੁਣਾਈਆ । ਸੋ ਸਾਹਿਬ ਸਤਿਗੁਰ ਵਾਲੀ ਦੋ ਜਹਾਨ, ਪੁਰਖ ਅਕਾਲ ਵੱਡੀ ਵਡਿਆਈਆ । ਪਰਗਟ ਹੋਵੇ ਜੋਧਾ ਸੂਰਬੀਰ ਬਲੀ ਬਲਵਾਨ, ਬਲ ਆਪਣਾ ਇਕ ਰਖਾਈਆ । ਛਤਰ ਝੁਲਾਏ ਦੋ ਜਹਾਨ, ਬ੍ਰਹਿਮੰਡ ਖੰਡ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਗਣ ਦਾਨ, ਗੁਰ ਅਵਤਾਰ ਪੀਰ ਪੈਗ਼ੰਬਰ ਢੋਲਾ ਗਾਵਣ ਚਾਈਂ ਚਾਈਆ । ਸੋ ਕਰਤਾ ਪੁਰਖ ਖੇਲ ਕਰੇ ਮਹਾਨ, ਖ਼ਾਲਕ ਖ਼ਲਕ ਸਮਝ ਕੋਇ ਨਾ ਪਾਈਆ । ਜਿਸ ਨਿਜ ਨੇਤਰ ਖੋਲ੍ਹ ਦੇਵੇ ਗਿਆਨ, ਸੋ ਅੰਤਰ ਆਤਮ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਆਪਣਾ ਭੇਵ ਆਪਣੇ ਹੱਥ ਰਖਾਈਆ । ਆਪਣਾ ਭੇਵ ਰੱਖੇ ਹੱਥ, ਪਾਰਬ੍ਰਹਮ ਵੱਡੀ ਵਡਿਆਈਆ । ਖੇਲੇ ਖੇਲ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਈਆ । ਜੁਗ ਚੌਕੜੀ ਦੇਵੇ ਮਥ, ਕਲਜੁਗ ਅੰਤ ਰਹਿਣ ਨਾ ਪਾਈਆ । ਕੂੜੀ ਕਿਰਿਆ ਹਉਮੇਂ ਹੰਗਤਾ ਬੁਰਜ ਜਾਣਾ ਢੱਠ, ਸਾਚਾ ਕਰੇ ਸਚ ਪੜ੍ਹਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਅਗਨੀ ਤਤ ਨਾ ਕੋਇ ਤਪਾਈਆ । ਘਰ ਘਰ ਚਾਰ ਵਰਨ ਅਠਾਰਾਂ ਬਰਨ ਸਭ ਨੂੰ ਦੇਵੇ ਇਕੋ ਮਤ, ਗੁਰਮਤ ਸਭ ਦੀ ਝੋਲੀ ਪਾਈਆ । ਕਾਇਆ ਮੰਦਰ ਅੰਦਰ ਵਖਾਏ ਗੁਰੂਦੁਆਰ ਮੰਦਰ ਮਸਜਦ ਮੱਠ, ਹਰਿਮੰਦਰ ਇਕੋ ਨਜ਼ਰੀ ਆਈਆ । ਅੱਠੇ ਪਹਿਰ ਜੋਤ ਜਗੇ ਲਟਾ ਲਟ, ਤੇਲ ਬਾਤੀ ਸੰਗ ਨਾ ਕੋਇ ਜਣਾਈਆ । ਸ਼ਬਦ ਅਗੰਮੀ ਧੁਨ ਅਨਾਦ ਅਨਹਦ ਵੱਜੇ ਸੱਟ, ਅਨਰਾਗੀ ਆਪਣਾ ਰਾਗ ਅਲਾਈਆ । ਅੰਮ੍ਰਿਤ ਆਤਮ ਸਚ ਸਰੋਵਰ ਜਨ ਭਗਤਾਂ ਦੇਵੇ ਝੱਟ, ਦੁਰਮਤ ਮੈਲ ਰਹਿਣ ਨਾ ਪਾਈਆ । ਘਰ ਵਿਚ ਘਰ ਖੋਲ੍ਹ ਵਖਾਵੇ ਹੱਟ, ਬਣ ਵਣਜਾਰਾ ਸੌਦਾ ਇਕੋ ਨਾਮ ਵਿਕਾਈਆ । ਲਹਿਣਾ ਦੇਣਾ ਚੁੱਕੇ ਅਠਸਠ, ਜਿਸ ਜਨ ਮਿਲਿਆ ਸਤਿਗੁਰ ਬੇਪਰਵਾਹੀਆ । ਸੱਚਾ ਮਾਰਗ ਆਤਮ ਪਰਮਾਤਮ ਦੇਵੇ ਦੱਸ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਆਪਣੇ ਵੇਖਣ ਦੀ ਜਿਸ ਜਨ ਦੇਵੇ ਅੱਖ, ਅੱਖਰ ਨਿਸ਼ਅੱਖਰ ਦਏ ਸਮਝਾਈਆ । ਬਾਹਰੋਂ


੭੩੬
੧੫

ਕਿਸੇ ਨਾ ਆਵੇ ਹੱਥ, ਲੱਭਦੀ ਫਿਰੇ ਜਗਤ ਲੋਕਾਈਆ । ਜਿਸ ਜਨ ਦੇਵੇ ਧੀਰਜ ਜਤ, ਸਤਿ ਸੰਤੋਖ ਇਕ ਵਖਾਈਆ । ਤਿਸ ਸ਼ਾਂਤੀ ਸ਼ਾਂਤ ਰੂਪ ਹੋ ਕੇ ਅੰਦਰ ਜਾਏ ਵਸ, ਵਾਸਤਾ ਆਪਣੇ ਨਾਲ ਰਖਾਈਆ । ਸੋ ਗੁਰਮੁਖ ਗੁਰਸਿਖ ਨੌ ਦੁਆਰੇ ਕੋਈ ਨਾ ਖਾਵੇ ਭੱਖ, ਭੋਜਨ ਇਕੋ ਨਾਮ ਨਜ਼ਰੀ ਆਈਆ । ਅੰਦਰ ਬਾਹਰ ਰਸਨਾ ਜਿਹਵਾ ਬੱਤੀ ਦੰਦ ਕਹੇ ਪ੍ਰਭੂ ਤੇਰਾ ਨਾਮ ਸਤਿ, ਕੂੜੀ ਦਿਸੇ ਸ੍ਰਿਸ਼ਟ ਸਬਾਈਆ । ਧੰਨ ਭਾਗ ਜਿਨ੍ਹਾਂ ਸ਼ਾਂਤੀ ਨਾਲ ਸ਼ਾਂਤ ਹੋ ਕੇ ਆਪਣੀ ਪੱਤ ਲਈ ਰੱਖ, ਤਿਨ੍ਹਾਂ ਪਤਿਪਰਮੇਸ਼ਵਰ ਮਿਲਿਆ ਬੇਪਰਵਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਜਨ ਭਗਤਾਂ ਦੇਵਣਹਾਰਾ ਹੱਕ, ਹਕ ਹਕੀਕਤ ਝੋਲੀ ਪਾਈਆ । ਗੁਰਸਿਖ ਮੰਜ਼ਲ ਚੜ੍ਹਦਾ ਕਦੀ ਨਾ ਜਾਵੇ ਥੱਕ, ਜਿੰਨਾਂ ਚਿਰ ਸਤਿਗੁਰ ਪੂਰਾ ਨਜ਼ਰ ਘਰ ਵਿਚ ਘਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਂਤੀ ਦੱਸੇ ਸਤਿ ਸਰੂਪ, ਜਿਸ ਵਿਚ ਮਿਲੇ ਹਰਿ ਜੂ ਭੂਪ, ਅੰਧ ਅੰਧੇਰਾ ਚੁੱਕੇ ਚਾਰੇ ਕੂਟ, ਇਕੋ ਨਜ਼ਰੀ ਆਏ ਪੁਰਖ ਅਕਾਲ ਦੀਨ ਦਿਆਲ ਜੋ ਹਰ ਘਟ ਰਿਹਾ ਸਮਾਈਆ । ਸਤਿਗੁਰ ਪੂਰਾ ਕਰੇ ਸੰਸਾਰ ਅਮਨ, ਆਮਦ ਆਪਣੀ ਇਕ ਰਖਾਈਆ । ਭਗਤ ਫੁਲਵਾੜੀ ਖਿਲਿਆ ਰਹੇ ਚਮਨ, ਗੁਲਸ਼ਨ ਗੁਲ ਸਰਬ ਮਹਿਕਾਈਆ । ਹਰਿ ਕਾ ਭੇਵ ਜਾਣੇ ਕਵਣ, ਲੱਖ ਚੁਰਾਸੀ ਸਮਝ ਕੋਇ ਨਾ ਪਾਈਆ । ਜਿਸ ਦੁਸ਼ਟ ਸੰਘਾਰਿਆ ਬਣ ਰਾਮਾ ਰਵਣ, ਸੋ ਬੇਪਰਵਾਹ ਆਪਣੀ ਦਇਆ ਕਮਾਈਆ । ਕਰੇ ਖੇਲ ਸ੍ਰੀ ਭਗਵਨ, ਭਗਵਨ ਆਪਣੀ ਦਇਆ ਕਮਾਈਆ । ਲੱਖ ਚੁਰਾਸੀ ਜੀਵ ਜੰਤ ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਖੰਡ ਜਿਸ ਦਾ ਕਰਦੇ ਹਵਨ, ਸਚ ਸੁਗੰਧੀ ਬੈਠੇ ਰਾਹ ਤਕਾਈਆ । ਜਿਸ ਦੇ ਚਰਨ ਕਵਲ ਸੇਵਾ ਕਰਦੀ ਉਨੰਜਾ ਪਵਣ, ਬਣ ਪਖੇਰੂ ਪੰਖ ਹਿਲਾਈਆ । ਸੋ ਸਾਹਿਬ ਲੇਖਾ ਜਾਣੇ ਅਵਣ ਗਵਣ, ਲੋਕ ਪਰਲੋਕ ਵੇਖੇ ਥਾਉਂ ਥਾਈਆ । ਸੋ ਹਰ ਘਟ ਅੰਦਰ ਕਰਕੇ ਗਵਨ, ਗਹਿਰ ਗੰਭੀਰ ਬੈਠਾ ਆਸਣ ਲਾਈਆ । ਗੁਰਮੁਖ ਗੁਰਸਿਖ ਚਿੰਤਾ ਵਿਚ ਕਦੇ ਨਾ ਸਵਣ, ਜਿਨ੍ਹਾਂ ਵਿਛੜਿਆ ਵਡ ਦਾਤਾ ਬੇਪਰਵਾਹੀਆ । ਮਨ ਵਾਸਨਾ ਸਾਰੇ ਭਵਣ, ਦਹਿ ਦਿਸ਼ਾ ਉਠ ਉਠ ਧਾਈਆ । ਕਰੇ ਖੇਲ ਜਿਉਂ ਬਾਵਨ ਬਵਨ, ਬ੍ਰਹਿਮਾਦ ਨਾਦ ਇਕ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਬਿਧ ਦਏ ਸਮਝਾਈਆ । ਸਾਚੇ ਅਮਨ ਦਾ ਇਕੋ ਤਰੀਕਾ, ਘਰ ਘਰ ਵਿਚ ਦਏ ਜਣਾਈਆ । ਦੀਨ ਮਜ਼੍ਹਬ ਜ਼ਾਤ ਪਾਤ ਦਾ ਛੱਡੋ ਸ਼ਰੀਕਾ, ਊਚ ਨੀਚ ਨਾ ਕੋਇ ਰਾਈਆ । ਪਤਿਪਰਮੇਸ਼ਵਰ ਜਾਣੋ ਨੀਕਨ ਨੀਕਾ, ਊਚੋ ਊਚ ਇਕੋ ਨਜ਼ਰੀ ਆਈਆ । ਰਸਨਾ ਬਚਨ ਕਦੇ ਨਾ ਬੋਲੋ ਫੀਕਾ, ਸਤਿਗੁਰ ਨਾਨਕ ਗਿਆ ਸਮਝਾਈਆ । ਗੋਬਿੰਦ ਚਰਨ ਰੱਖੋ ਪ੍ਰੀਤਾ, ਦੁਬਧਾ ਮੈਲ ਰਹਿਣ ਨਾ ਪਾਈਆ । ਜਿਸ ਦੀਆਂ ਨਿਤ ਨਵਿਤ ਸਾਰੇ ਕਰਨ ਉਡੀਕਾਂ, ਸੋ ਸਤਿਗੁਰ ਰਾਤੀ ਸੁੱਤਿਆਂ ਦਰਸ਼ ਵਖਾਈਆ । ਜਾਣੇ ਭੇਵ ਸਰਬ ਜਨ ਜੀਅ ਕਾ, ਹਰ ਘਟ ਬੈਠਾ ਡੇਰਾ ਲਾਈਆ । ਸਭ ਨੂੰ ਦੇਵਣਹਾਰਾ ਭੀਖਾ, ਭਿਖਕ ਝੋਲੀ ਦਏ ਭਰਾਈਆ । ਆਪਣੀਆਂ ਆਪਣੀਆਂ ਸਾਫ਼ ਕਰ ਲਓ ਨੀਤਾਂ, ਨੀਤੀਵਾਨ ਬਣੋ ਗੁਰਮੁਖ ਭਾਈਆ । ਫੇਰ ਅਮਨ ਜਨ ਭਗਤੋ ਤੁਹਾਡੇ ਪਿਛੇ ਪਿਛੇ ਤੁਹਾਡਿਆਂ ਚਰਨਾਂ ਹੇਠਾਂ ਕੱਢੇ ਲੀਕਾਂ, ਆਪਣਾ ਮਾਣ ਨਾ ਕੋਇ ਰਖਾਈਆ । ਮਿਲਣ ਵਰਤਣ ਦਾ ਗੁਰ ਨਾਨਕ ਦੱਸ ਕੇ ਗਿਆ ਤਰੀਕਾ, ਤਰਾ ਤਰਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਆਪਣਾ ਘਰ, ਤਿਸ ਗੁਰਮੁਖ ਕੋਈ ਦੁੱਖ ਲੋਕਮਾਤ ਲੱਗੇ ਨਾ ਰਾਈਆ । ਅਮਨ ਚਮਨ ਖਿੜੇ ਗੁਲਜ਼ਾਰ, ਕਲੀ ਕਲੀ ਮਹਿਕ ਮਹਿਕਾਈਆ । ਜਿਸ

੭੩੭
੧੫

ਅੰਤਰ ਆਤਮ ਬਖ਼ਸ਼ੇ ਇਕ ਪਿਆਰ, ਦ੍ਰਿਸ਼ਟ ਇਸ਼ਟ ਇਕੋ ਵੇਖ ਵਖਾਈਆ । ਤਿਸ ਨਾਤਾ ਤੁੱਟੇ ਸੰਸਾਰ, ਕੂੜੀ ਦੁਨੀਆ ਬੰਧਨ ਕੋਇ ਰਹਿਣ ਨਾ ਪਾਈਆ । ਜਿਧਰ ਵੇਖੇ ਓਧਰ ਨਜ਼ਰ ਆਏ ਨਿਰੰਕਾਰ, ਨਿਰਗੁਣ ਨਿਰਵੈਰ ਪੁਰਖ ਅਕਾਲ ਹਰ ਘਟ ਆਪਣਾ ਡੇਰਾ ਲਾਈਆ । ਸਭਨਾ ਨਾਲ ਕਰੇ ਸਚ ਪਿਆਰ, ਸਚ ਪ੍ਰੀਤੀ ਇਕ ਸਮਝਾਈਆ । ਤਿਨ੍ਹਾਂ ਕੋਲ ਕਲਜੁਗ ਕੂੜ ਨਾ ਆਵੇ ਕੰਗਾਲ, ਜੋ ਗੁਰਮੁਖ ਬੈਠੇ ਸਚ ਸਿੰਘਾਸਣ ਆਸਣ ਲਾਈਆ । ਅਮਨ ਸੱਚਾ ਨਹੀਂ ਬਿਨ ਸਤਿਗੁਰ ਦੁਆਰ, ਮਨ ਮਾਰਿਆਂ ਅਮਨ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਗਤ ਅਮਨ ਜਨ ਭਗਤ ਭਗਤਾਂ ਨਾਲ ਮਿਲਾਈਆ ।

ਨਿਹਕਲੰਕ ਹਰਿ ਨਿਰੰਕਾਰ, ਨਿਰਗੁਣ ਨਿਰਵੈਰ ਇਕ ਅਖਵਾਇੰਦਾ । ਕਲਜੁਗ ਅੰਤ ਲੈ ਅਵਤਾਰ, ਜੋਤੀ ਜੋਤ ਡਗਮਗਾਇੰਦਾ । ਸ਼ਬਦ ਡੰਕ ਵਜਾਏ ਅਗੰਮ ਅਪਾਰ, ਬ੍ਰਹਿਮੰਡ ਖੰਡ ਆਪ ਸੁਣਾਇੰਦਾ । ਦੋ ਜਹਾਨਾਂ ਕਰੇ ਖ਼ਬਰਦਾਰ, ਨੇਤਰ ਨੈਣ ਸਰਬ ਖੁਲਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸੰਬਲ ਵਸੇ ਧਾਮ ਨਿਆਰ, ਬੰਕ ਦੁਆਰ ਸਮਝ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣਾ ਭੇਵ ਚੁਕਾਇੰਦਾ । ਨਿਹਕਲੰਕ ਪੁਰਖ ਅਗੰਮ, ਪਾਰਬ੍ਰਹਮ ਵੱਡੀ ਵਡਿਆਈਆ । ਨਾ ਮਰੇ ਨਾ ਪਏ ਜੰਮ, ਮਾਤ ਗਰਭ ਨਾ ਡੇਰਾ ਲਾਈਆ । ਪਵਣ ਸਵਾਸ ਨਾ ਕੋਇ ਦਮ, ਤਤਵ ਤਤ ਨਾ ਕੋਇ ਰਖਾਈਆ । ਨਿਰਗੁਣ ਹੋ ਕੇ ਕਰੇ ਆਪਣਾ ਕੰਮ, ਕਰਤਾ ਕਾਰਜ ਆਪਣੇ ਹੱਥ ਰਖਾਈਆ । ਜਨ ਭਗਤਾਂ ਬੇੜਾ ਦੇਵੇ ਬੰਨ੍ਹ, ਮਨਮੁਖਾਂ ਦਏ ਸਜ਼ਾਈਆ । ਸਾਚਾ ਨੂਰ ਚਾੜ੍ਹ ਚੰਨ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਨਜ਼ਰ ਨਾ ਆਏ ਨੇਤਰ ਅੰਨ੍ਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਦਾਤਾ ਵਡ ਵਡਿਆਈਆ । ਨਿਹਕਲੰਕ ਸ੍ਰੀ ਭਗਵਾਨ, ਬੇਅੰਤ ਬੇਅੰਤ ਬੇਅੰਤ ਅਖਵਾਇੰਦਾ । ਆਦਿ ਜੁਗਾਦਿ ਜਿਸ ਦਾ ਝੁੱਲਦਾ ਰਹੇ ਨਿਸ਼ਾਨ, ਗੁਰ ਅਵਤਾਰ ਪੀਰ ਪੈਗ਼ੰਬਰ ਸੀਸ ਝੁਕਾਇੰਦਾ । ਸੋ ਪੁਰਖ ਅਗੰਮ ਅਥਾਹ ਬੇਪਰਵਾਹ ਕਲਜੁਗ ਅੰਤ ਸ੍ਰੀ ਭਗਵੰਤ ਜੋਤ ਸਰੂਪੀ ਵੇਖੇ ਆਣ, ਪੰਜ ਤਤ ਰੂਪ ਰੰਗ ਰੇਖ ਨਾ ਕੋਇ ਜਣਾਇੰਦਾ । ਧੁਰ ਸੰਦੇਸਾ ਦੇਵੇ ਵਾਲੀ ਦੋ ਜਹਾਨ, ਚੌਦਾਂ ਤਬਕ ਚੌਦਾਂ ਲੋਕ ਚੌਦਾਂ ਵਿਦਿਆ ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਲੱਖ ਚੁਰਾਸੀ ਅੰਤਰ ਆਤਮ ਹੋ ਪਰਧਾਨ, ਸ੍ਰਿਸ਼ਟ ਸਬਾਈ ਦੇਵੇ ਇਕ ਗਿਆਨ, ਬੋਧ ਅਗਾਧਾ ਬਣ ਕੇ ਪੰਡਤ ਬ੍ਰਹਮ ਪਾਰਬ੍ਰਹਮ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਨਰ ਹਰਿ ਆਪਣੀ ਕਾਰ ਕਮਾਇੰਦਾ । ਨਿਹਕਲੰਕ ਨਰਾਇਣ ਨਰ ਏਕ, ਕਲਜੁਗ ਅੰਤਮ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗੰਬਰ ਜਿਸ ਦੀ ਰੱਖਦੇ ਗਏ ਟੇਕ, ਸਾਧ ਸੰਤ ਸੂਫ਼ੀ ਬੈਠੇ ਧਿਆਨ ਲਗਾਈਆ । ਭਗਤ ਭਗਵਾਨ ਰਹੇ ਵੇਖ, ਨਿਜ ਨੇਤਰ ਨੈਣ ਉਠਾਈਆ । ਸੋ ਕਲਜੁਗ ਕੂੜੀ ਕਿਰਿਆ ਬਦਲੇ ਰੇਖ, ਜੂਠ ਝੂਠ ਮੇਟ ਮਿਟਾਈਆ । ਜਿਸ ਅੰਦਰ ਵੜ ਕੇ ਦੇਵੇ ਆਪਣਾ ਭੇਤ, ਸੋ ਸਮਝੇ ਗੁਰਮੁਖ ਸੱਚਾ, ਲੋਕਮਾਤ ਤਿਸ ਮਿਲੇ ਵਡਿਆਈਆ । ਸਤਿਗੁਰ ਸੁਆਮੀ ਆਦਿ ਜੁਗਾਦਿ ਸਦਾ ਨਿਹਕਾਮੀ ਨਿਹਕਰਮੀ ਬਚਨ ਹੋਏ ਨਾ ਕੱਚਾ, ਜੋ ਕਰਨਾ ਸੋ ਕਰ ਵਖਾਈਆ । ਨਿਹਕਲੰਕ ਕਿਸੇ ਪੰਜ ਤਤ ਢਲੇ ਨਾ ਸਚਾ, ਮਾਤ ਪਿਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਜੋਤੀ ਸ਼ਬਦੀ ਸ਼ਬਦੀ ਜੋਤ, ਜੋਤ ਸ਼ਬਦ ਨਿਹਕਲੰਕ ਪੁਰਖ ਅਕਾਲ ਇਕ ਅਖਵਾਈਆ । ਨਿਹਕਲੰਕ ਸ਼ਬਦ ਐਲਾਨ, ਡੌਰੂ ਡੰਕਾ ਜਗਤ ਵਜਾਈਆ । ਕਰੇ ਖੇਲ ਸ੍ਰੀ ਭਗਵਾਨ, ਭਗਵਨ ਨਿਹਕਲੰਕ ਅਖਵਾਈਆ । ਦੂਜਾ ਅਵਰ ਨਾ ਜਾਣੇ ਜੀਵ ਅਞਾਣ, ਬਿਨ ਹਰਿ ਨਾਮ ਦੂਜਾ ਨਜ਼ਰ ਕੋਇ ਨਾ ਆਈਆ । ਜੋ ਜੁਗ ਚੌਕੜੀ ਬਦਲੇ ਆਣ, ਤਿਸ ਦੇ ਹੱਥ ਵੱਡੀ ਵਡਿਆਈਆ । ਜੇ ਅੱਖ ਹੈ ਤੇ ਲਓ ਪਛਾਣ, ਬਿਨ ਸਤਿਗੁਰ ਅੱਖ ਨਜ਼ਰ ਕਿਸੇ ਨਾ ਆਈਆ । ਕੂੜਾ ਝਗੜਾ ਰਸਨਾ ਜਿਹਵਾ ਜ਼ਬਾਨ, ਮਨਮਤ ਕਰੇ ਲੜਾਈਆ । ਸ਼ਬਦ ਗੁਰੂ ਸਦਾ ਨੌਜਵਾਨ, ਇਕ ਇਕੱਲਾ ਵੇਸ ਵਟਾਈਆ । ਨਿਹਕਲੰਕ ਕਰੇ ਖੇਲ ਆਪ ਮਹਾਨ, ਕਲੰਕਤ ਵੇਖੇ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦ ਐਲਾਨ ਦੋ ਜਹਾਨ ਢੋਲਾ ਨਾਦ ਸੁਣਾਈਆ । ਪਰਖਣ ਵਾਸਤੇ ਨਾਮ ਕਸਵਟੀ, ਗੁਰਮੁਖਾਂ ਹੱਥ ਫੜਾਈਆ । ਸਤਿਗੁਰ ਸ਼ਬਦ ਤੋਲਿਆ ਨਾ ਜਾਏ ਤੱਕੜੀ ਵੱਟੀ, ਸੇਰ ਪਸੇਰੀ ਕੰਮ ਕਿਸੇ ਨਾ ਆਈਆ । ਜਿਸ ਨੇ ਆਪਣੀ ਆਪ ਮਿਟਾਈ ਰੱਤੀ, ਰੱਤੀ ਰੱਤ ਲੇਖੇ ਲਾਈਆ । ਤਿਸ ਗੁਰ ਗੁਰਦੇਵ ਸੁਆਮੀ ਦੇਵੇ ਸਾਚੀ ਮੱਤੀ, ਮਤ ਇਕੋ ਇਕ ਦ੍ਰਿੜਾਈਆ । ਸੋ ਗੁਰਮੁਖ ਵੇਖੇ ਸੋ ਗੁਰਮੁਖ ਪਰਖੇ ਜਿਸ ਸਤਿਗੁਰ ਦਿਤੀ ਨਿਜ ਨੇਤਰ ਇਕੋ ਅੱਖੀ, ਦੋ ਅੱਖੀਆਂ ਪਰਖ ਨਾ ਸਕਣ ਰਾਈਆ । ਸਾਚਾ ਕਾਹਨ ਵੇਖੇ ਪਿਆਰੀ ਸਖ਼ੀ, ਬਿਨ ਸਖੀ ਕਾਹਨ ਦਰਸ ਕੋਇ ਨਾ ਪਾਈਆ । ਬਿਨ ਸੀਤਾ ਸੁਰਤੀ ਰਾਮ ਨਾ ਮਿਲੇ ਪਤੀ, ਲੱਖ ਚੁਰਾਸੀ ਜਗਤ ਦੁਹਾਗਣ ਬੈਠੀਆਂ ਕੰਤ ਹੰਡਾਈਆ । ਜਿਸ ਨਾਨਕ ਨਿਰਗੁਣ ਅੰਦਰ ਆਪਣੀ ਜੋਤ ਜਗਾਈ ਨਿੱਕੀ ਜੇਹੀ ਬੱਤੀ, ਸੋ ਗੁਰਮੁਖ ਗੁਰਸਿਖ ਸਤਿਗੁਰ ਪਰਖਣ ਆਈਆ । ਏਹੋ ਭਗਤਾਂ ਮਿਲੀ ਖੱਟੀ, ਪ੍ਰਭ ਆਪਣਾ ਭੇਵ ਚੁਕਾਈਆ । ਬਾਕੀ ਕਲਜੁਗੀ ਆਪਣੀ ਭਰਦੇ ਚੱਟੀ, ਚੇਤਨ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਖ ਪ੍ਰੀਖਿਆ ਇਕੋ ਨਾਮ ਰਖਾਈਆ । ਸ਼ਕਤੀ ਸਮਰਥਾ ਇਕ ਅਵਤਾਰ, ਆਦਿ ਜੁਗਾਦਿ ਖੇਲ ਕਰਾਇੰਦਾ । ਨਿਰਗੁਣ ਖੇਲ ਅਗੰਮ ਅਪਾਰ ਦੋ ਜਹਾਨ ਵੇਖ ਵਖਾਇੰਦਾ । ਲੱਖ ਚੁਰਾਸੀ ਭਾਂਡੇ ਘੜ ਬਣ ਠਠਿਆਰ, ਕਾਇਆ ਮਾਟੀ ਪੋਚ ਪੁਚਾਇੰਦਾ । ਜੋਤੀ ਜੋਤੀ ਜੋਤੀ ਬਾਲ, ਨਿਕੀ ਨਿਕੀ ਨਿਕੀ ਧਰਮਸਾਲ, ਘਰ ਘਰ ਘਰ ਵਿਚ ਵਖਾਇੰਦਾ । ਜਿਸ ਉਪਰ ਸਤਿਗੁਰ ਪੂਰਾ ਹੋਏ ਦਿਆਲ, ਸਮਰਥ ਪੁਰਖ ਬਣਾਏ ਆਪਣਾ ਲਾਲ, ਲਾਲਨ ਇਕੋ ਰੰਗ ਰੰਗਾਇੰਦਾ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕਰੇ ਹਰਿ ਪਹਿਚਾਨ, ਹਰਿ ਜੂ ਹਰਿ ਮੰਦਰ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮਰਥ ਪੁਰਖ ਇਕ ਕਰਤਾਰ, ਆਦਿ ਜੁਗਾਦਿ ਜੁਗ ਜੁਗ ਅਵਤਾਰ, ਗੁਰਮੁਖ ਵਿਰਲੇ ਆਪਣੀ ਬੂਝ ਬੁਝਾਇੰਦਾ । ਨਾਰ ਕੋ ਜੋ ਪੁਰਖ ਕਰਾਵੇ, ਪੁਰਖ ਨਾਰੀ ਰੂਪ ਵਟਾਈਆ । ਨਾਰੀ ਪੁਰਖ ਸਤਿਗੁਰ ਰੂਪ ਨਜ਼ਰੀ ਆਵੇ, ਕਾਮ ਚੇਸ਼ਟਾ ਰਹਿਣ ਕੋਇ ਨਾ ਪਾਈਆ । ਮਾਣਸ ਦੇਹ ਸਰਬ ਸਮਝਾਵੇ, ਪੰਜ ਤਤ ਕਰੀ ਕੁੜਮਾਈਆ । ਹਰ ਘਟ ਪੁਰਖ ਅਕਾਲ ਡੇਰਾ ਲਾਵੇ, ਸਚ ਸਿੰਘਾਸਣ ਸੋਭਾ ਪਾਈਆ । ਨਾਰੀ ਪੁਰਸ਼ ਪੁਰਸ਼ ਨਾਰੀ ਸਤਿਗੁਰ ਪੂਰਾ ਸੰਸਾ ਰੋਗ ਮਿਟਾਵੇ, ਸੋਗ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਨ੍ਹਾਂ ਦਿਤਾ ਆਤਮ ਵਰ, ਤਿਨ੍ਹਾਂ ਨਾਰੀ ਪੁਰਸ਼ ਸਮਝ ਕੋਈ ਰਹਿਣ ਨਾ ਪਾਈਆ ।

### ✪ ੨੦ ਅੱਸੂ ੨੦੨੦ ਬਿਕ੍ਰਮੀ ਗੁਰਚਰਨ ਸਿੰਘ ਦੇ ਗ੍ਰਿਹ ਬਧਨੀ ਜ਼ਿਲਾ ਫ਼ਿਰੋਜ਼ਪੁਰ ✪

ਸਾਹਿਬ ਸਤਿਗੁਰ ਸੱਚਾ ਦਰਸ, ਦਇਆਵਾਨ ਇਕ ਵਖਾਇੰਦਾ । ਜਨ ਭਗਤਾਂ ਉਪਰ ਕਰ ਤਰਸ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਜਗਤ ਤ੍ਰਿਸਨਾ ਇਕ ਬੁਝਾਇੰਦਾ । ਜਨਮ ਕਰਮ ਦੀ ਮੇਟੇ ਹਰਸ, ਹਵਸ ਰੋਗ ਨਾ ਕੋਇ ਸਤਾਇੰਦਾ । ਭੇਵ ਚੁਕਾਏ ਅਰਸ਼ ਫ਼ਰਸ਼, ਕਾਇਆ ਕਾਅਬਾ ਪੜਦਾ ਲਾਹਿੰਦਾ । ਦੀਨਾਂ ਨਾਥ ਦਰਦੀਆਂ ਵੰਡੇ ਦਰਦ, ਦੁੱਖ ਦਰਦ ਭੈ ਭੰਜਨ ਭੇਵ ਖੁਲ੍ਹਾਇੰਦਾ । ਆਤਮ ਪਰਮਾਤਮ ਘਰ ਘਰ ਵਿਚ ਕਰਾਏ ਸੱਚਾ ਮਜਨ, ਦੁਰਮਤ ਮੈਲ ਧਵਾਇੰਦਾ । ਸ਼ਬਦ ਅਨਾਦੀ ਤਾਲ ਵੱਜਣ, ਅਨਹਦ ਰਾਗੀ ਰਾਗ ਸੁਣਾਇੰਦਾ । ਗੜ੍ਹ ਹੰਕਾਰੀ ਭਾਂਡੇ ਭੱਜਣ, ਭਾਂਡਾ ਭਰਮ ਭੌ ਤੁੜਾਇੰਦਾ । ਜਿਸ ਘਰ ਸਤਿਗੁਰ ਸੁਆਮੀ ਮਿਲੇ ਸੱਜਣ, ਸੋ ਗੁਰਮੁਖ ਦਰਸ ਕਰ ਤਨ ਮਨ ਸਰਬ ਤ੍ਰਿਪਤਾਇੰਦਾ । ਸਤਿਗੁਰ ਦਰਸ਼ਨ ਆਤਮ ਮੰਗ, ਘਰ ਮੰਦਰ ਵੱਜੇ ਵਧਾਈਆ । ਇਕੋ ਢੋਲਾ ਸੁਣਾਏ ਛੰਦ, ਗੀਤ ਗੋਬਿੰਦ ਅਲਾਈਆ । ਨੌ ਦੁਆਰ ਮੁੱਕੇ ਪੰਧ, ਘਰ ਸਾਚੇ ਬੂਝ ਬੁਝਾਈਆ । ਨਿਰਮਲ ਜੋਤ ਚਾੜ੍ਹ ਚੰਦ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਭੇਵ ਖੁਲ੍ਹਾਏ ਹੰ ਬ੍ਰਹਮ, ਪਾਰਬ੍ਰਹਮ ਦਏ ਸਮਝਾਈਆ । ਜਗਤ ਤ੍ਰਿਸਨਾ ਮੇਟ ਤਮ, ਕੂੜੀ ਕਿਰਿਆ ਨਾਤਾ ਦਏ ਚੁਕਾਈਆ । ਹਰਖ ਸੋਗ ਨਾ ਰਹੇ ਗ਼ਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਸਾਚਾ ਦਰਸ ਘਰ ਮੰਦਰ ਇਕ ਕਰਾਈਆ । ਕਰ ਦਰਸ ਮਿਟੇ ਸੋਗ, ਚਿੰਤਾ ਰੋਗ ਰਹਿਣ ਨਾ ਪਾਈਆ । ਆਤਮ ਪਰਮਾਤਮ ਮਿਲੇ ਸੱਚਾ ਜੋਗ, ਸਾਚੀ ਸਿਖਿਆ ਇਕ ਦ੍ਰਿੜਾਈਆ । ਜਗਤ ਵਿਛੁੰਨੇ ਹੋਏ ਸੰਜੋਗ, ਧੁਰ ਮੇਲਾ ਸਹਿਜ ਸੁਭਾਈਆ । ਨਾਮ ਸੁਣਾਏ ਸ਼ਬਦ ਸਲੋਕ, ਸੋਹਲਾ ਇਕੋ ਰਾਗ ਅਲਾਈਆ । ਭਾਗ ਲਗਾਏ ਕਾਇਆ ਕੋਟ, ਬੰਕ ਦਵਾਰ ਮਿਲੇ ਵਡਿਆਈਆ । ਕਰ ਪਰਕਾਸ਼ ਨਿਰਮਲ ਜੋਤ, ਆਪਣਾ ਦਰਸ ਦਏ ਸਮਝਾਈਆ । ਲੇਖਾ ਚੁੱਕੇ ਲੋਕ ਪਰਲੋਕ, ਅਨਭਵ ਆਪਣਾ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਦਰਸ ਅੰਤਰ ਆਤਮ ਬੂਝ ਬੁਝਾਈਆ । ਸਾਚਾ ਦਰਸ ਸਤਿਗੁਰ ਨੈਣ, ਨਿਜ ਨੇਤਰ ਆਪ ਕਰਾਇੰਦਾ । ਰਸਨਾ ਜਿਹਵਾ ਸਕੇ ਕੋਈ ਨਾ ਕਹਿਣ, ਕਥਨੀ ਕਥ ਨਾ ਕੋਇ ਅਲਾਇੰਦਾ । ਜਿਸ ਮਿਲਿਆ ਪ੍ਰਭ ਸਾਕ ਸੱਜਣ ਸੱਚਾ ਸੈਣ, ਸੋ ਘਰ ਸਾਚਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦਰਸ ਦਰਸੀ ਇਕੋ ਇਕ ਦਰਸਾਇੰਦਾ । ਸਾਚਾ ਦਰਸ ਸਤਿਗੁਰ ਮੀਤ, ਗੁਰ ਸ਼ਬਦੀ ਦਏ ਵਡਿਆਈਆ । ਆਦਿ ਜੁਗਾਦੀ ਧੁਰ ਦੀ ਰੀਤ, ਜੁਗ ਚੌਕੜੀ ਵੇਖ ਵਖਾਈਆ । ਸ਼ਬਦ ਨਿਸ਼ਾਨ ਝੁਲਾਏ ਠੀਕ, ਨਿਰਗੁਣ ਨਿਰਵੈਰ ਹੱਥ ਉਠਾਈਆ । ਸਤਿਗੁਰ ਮਿਲਣ ਦੀ ਸਭ ਦੀ ਮਾਣਸ ਜਨਮ ਇਕ ਤਰੀਕ, ਵੇਲਾ ਗਿਆ ਹੱਥ ਨਾ ਆਈਆ । ਬਾਲ ਜਵਾਨੀ ਬਿਰਧ ਅਵਸਥਾ ਸਭ ਦੀ ਰਹੀ ਬੀਤ, ਘੜੀ ਪਲ ਬੈਠੇ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦਰਸ ਇਕੋ ਘਰ ਜਣਾਈਆ । ਸਾਚਾ ਦਰਸ ਸਤਿਗੁਰ ਘਰ, ਜਿਸ ਗ੍ਰਿਹ ਮਿਲੇ ਵਡਿਆਈਆ । ਆਵਣ ਜਾਵਣ ਮਰਨ ਜਨਮ ਭੈ ਭੌ ਚੁੱਕੇ ਡਰ, ਭਿਆਨਕ ਰੂਪ ਨਜ਼ਰ ਕੋਇ ਨਾ ਆਈਆ । ਸਾਹਿਬ ਸੁਆਮੀ ਨਿਤ ਨਵਿਤ ਸੰਤ ਸੁਹੇਲੇ ਗੁਰੂ ਗੁਰ ਚੇਲੇ ਲਏ ਫੜ, ਫੜ ਸੱਜਣ ਆਪਣੇ ਨਾਲ ਰਲਾਈਆ । ਕਾਇਆ ਬੰਕ ਸਚ ਦੁਆਰ ਡੂੰਘੀ ਭਵਰੀ ਉਚ ਮਹੱਲੇ ਜਾਏ ਚੜ੍ਹ, ਸਚ ਸਿੰਘਾਸਣ

੭੪੦
੧੫

ਪੁਰਖ ਅਬਿਨਾਸ਼ਨ ਡੇਰਾ ਲਾਈਆ । ਦਰਸ ਦਿਖਾਏ ਕਿਰਪਾ ਕਰ, ਨਜ਼ਰੀ ਆਏ ਨਰਾਇਣ ਨਰ, ਨਰ ਹਰਿ ਵੱਡਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦਰਸ ਦੀਦਾਰ ਇਕੋ ਇਕ ਵਖਾਈਆ । ਸਾਚਾ ਦਰਸ ਕਰੋ ਦੀਦਾਰ, ਦੀਦ ਈਦ ਚੰਦ ਚੜ੍ਹਾਇੰਦਾ । ਘਰ ਸੱਜਣ ਮਿਲੇ ਯਾਰ, ਗ੍ਰਿਹ ਮੰਦਰ ਵੇਖ ਵਖਾਇੰਦਾ । ਸਚ ਪ੍ਰੀਤੀ ਕਰੇ ਨਿਰਗੁਣ ਧਾਰ, ਨਾਤਾ ਬਿਧਾਤਾ ਜੋੜ ਜੁੜਾਇੰਦਾ । ਨਾਤਾ ਜੋੜ ਸਰਬ ਸੰਸਾਰ, ਸਾਕ ਸੱਜਣ ਸੈਣ ਇਕੋ ਨਜ਼ਰੀ ਆਇੰਦਾ । ਸਚ ਗੀਤ ਗਾਏ ਆਪਣੀ ਵਾਰ, ਬੋਧ ਅਗਾਧਾ ਨਾਮ ਨਿਧਾਨ ਨਿਸ਼ਅੱਖਰ ਅੱਖਰ ਰੂਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਇਕੋ ਦਰਸ, ਮੇਟਣਹਾਰਾ ਪੂਰਬ ਜਨਮ ਦੀ ਹਰਸ, ਹਾਸਲ ਇਕੋ ਇਕ ਵਖਾਇੰਦਾ । ਹਾਸਲ ਦੱਸੇ ਏਕ, ਇਕ ਇਕ ਇਕੱਲਾ ਵਡ ਵਡਿਆਈਆ । ਜਨ ਭਗਤਾਂ ਕਰ ਬੁਧ ਬਿਬੇਕ, ਵਿਵੇਕੀ ਆਪਣੀ ਧਾਰ ਸਮਝਾਈਆ । ਲੇਖਾ ਜਾਣੇ ਧੁਰ ਦਾ ਲੇਖ, ਭੇਵ ਅਭੇਦਾ ਦਏ ਖੁਲ੍ਹਾਈਆ । ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਕਰੇ ਰੁਸ਼ਨਾਈਆ । ਸਾਚਾ ਦਰਸ ਗੁਰਮੁਖ ਗੁਰਸਿਖ ਵਿਰਲਾ ਲਏ ਪੇਖ, ਜਿਸ ਜਨ ਲੋਕਲਾਜ ਜਗਤ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਇਕ ਵਰ, ਦਰਸ ਦੀਦਾਰ ਅੰਦਰ ਬਾਹਰ ਗੁਪਤ ਜ਼ਾਹਰ ਦਰ ਘਰ ਸਾਚੇ ਦਏ ਕਰਾਈਆ । ਗੁਰਮੁਖਾਂ ਕੋਲ ਸਦਾ ਜੁਰਅਤ, ਸਤਿਗੁਰ ਸ਼ਬਦ ਦਿਤੀ ਵਡਿਆਈਆ । ਜਿਸ ਨਾਲ ਖੁਲ੍ਹੇ ਬੰਦ ਸੁਰਤ, ਸੁਰਤੀ ਬੂਝ ਬੁਝਾਈਆ । ਨਜ਼ਰੀ ਆਏ ਅਕਾਲ ਮੂਰਤ, ਸੂਰਤ ਇਕੋ ਇਕ ਦਰਸਾਈਆ । ਘਰ ਸੁਣੇ ਨਾਦ ਅਗੰਮ ਤੂਰਤ, ਅਨਹਦ ਨਾਦੀ ਨਾਦ ਅਲਾਈਆ । ਨਾਤਾ ਤੋੜੇ ਕੂੜੇ ਕੂੜਤ, ਸਚ ਸੁਚ ਲਏ ਪਰਨਾਈਆ । ਸਾਹਿਬ ਸਤਿਗੁਰ ਦੀਨ ਦਿਆਲ ਠਾਕਰ ਸੁਆਮੀ ਸਭ ਦੀ ਆਸਾ ਪੂਰਤ, ਮਨਸਾ ਮਨਸਾ ਨਾਲ ਮਿਲਾਈਆ । ਗੁਰਮੁਖ ਗੁਰਸਿਖ ਸਦਾ ਇਕੋ ਇਕ ਜ਼ਰੂਰਤ, ਮਿਲੇ ਮੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਜਿਸ ਕਾਇਆ ਮੰਦਰ ਅੰਦਰ ਗੁਰਮੁਖ ਬੈਠਾ ਡੇਰਾ ਲਾਈਆ । ਗੁਰਮੁਖ ਤੇਰਾ ਸਚ ਮਹੱਲਾ, ਮਹੱਲ ਇਕੋ ਨਜ਼ਰੀ ਆਈਆ । ਸ਼ਬਦ ਗੁਰੂ ਗੁਰ ਫੜਿਆ ਪੱਲਾ, ਦੂਜਾ ਸੰਗ ਨਾ ਕੋਇ ਰਖਾਈਆ । ਤੇਰੇ ਘਰ ਪਰਕਾਸ਼ ਦੀਪਕ ਬਲਾ, ਤੇਲ ਬਾਤੀ ਸੰਗ ਨਾ ਕੋਇ ਰਖਾਈਆ । ਸੋ ਧਾਮ ਮਹੱਲ ਅਟੱਲ ਬਣਿਆ ਮਹੱਲਾ, ਜਿਸ ਗ੍ਰਿਹ ਹਰਿਜਨ ਵਸੇ ਪ੍ਰਭ ਅੰਤਰ ਧਿਆਨ ਲਗਾਈਆ । ਜੋਤੀ ਸ਼ਬਦੀ ਧਾਰ ਰਲਾ, ਪੰਜ ਤਤ ਅੰਦਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਿਨ ਭਗਤਾਂ ਭਗਵਾਨ ਕੰਮ ਕਿਸੇ ਨਾ ਆਈਆ । ਕਿਰਪਾ ਅੰਦਰ ਡੂੰਘਾ ਸਾਗਰ, ਸਤਿਗੁਰ ਆਪਣੇ ਵਿਚ ਛੁਪਾਈਆ । ਜੋ ਕੋਈ ਪੁੱਛੇ ਫੜ ਵਖਾਵੇ ਵਿਚੋਂ ਕਾਇਆ ਗਾਗਰ, ਘਰ ਘਰ ਵਿਚ ਖੋਜ ਖੋਜਾਈਆ । ਨਿਰਮਲ ਕਰਮ ਕਰੇ ਉਜਾਗਰ, ਜਨਮ ਕਰਮ ਦਾ ਰੋਗ ਮਿਟਾਈਆ । ਜੋ ਹਰਿ ਕਾ ਨਾਮ ਵਣਜ ਕਰੇ ਬਣ ਸੌਦਾਗਰ, ਤਿਸ ਸਚ ਖ਼ਜ਼ਾਨਾ ਝੋਲੀ ਦੇਵੇ ਪਾਈਆ । ਏਥੇ ਓਥੇ ਦੋ ਜਹਾਨ ਗੁਰਮੁਖਾਂ ਗੁਰਸਿਖਾਂ ਹਰਿਜਨਾਂ ਹਰਿਭਗਤਾਂ ਸਦਾ ਦੇਵੇ ਆਦਰ, ਆਦਰਸ਼ ਸਦ ਆਪਣਾ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਕਰੀਮ ਕਰਤਾ ਕਾਦਰ, ਕੁਦਰਤ ਵੇਖੇ ਚਾਈਂ ਚਾਈਂਆ । ਮਿਹਰ ਅੰਦਰ ਮਿਹਰਵਾਨ, ਮਿਹਰ ਨਜ਼ਰ ਨੈਣ ਉਠਾਈਆ । ਜਨ ਭਗਤਾਂ ਦੇਵੇ

ਬ੍ਰਹਮ ਗਿਆਨ, ਬ੍ਰਹਮ ਵਿਦਿਆ ਇਕ ਸਮਝਾਈਆ । ਸਾਚੇ ਸੰਤਾਂ ਦੇਵੇ ਧੁਰ ਨਿਸ਼ਾਨ, ਧਰਮ ਦੁਆਰਾ ਇਕ ਸਮਝਾਈਆ । ਗੁਰਮੁਖਾਂ ਦਰਸ ਦੇਵੇ ਦਰ ਘਰ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਗੁਰਸਿਖਾਂ ਇਕੋ ਨਾਮ ਸੁਣਾਏ ਕਾਣ, ਧੁਰ ਦੀ ਬਾਣੀ ਬਾਣ ਲਗਾਈਆ । ਸਾਹਿਬ ਸਤਿਗੁਰ ਠਾਕਰ ਜਿਸ ਜਨ ਉਪਰ ਹੋਏ ਆਪ ਮਿਹਰਵਾਨ, ਮਿਹਰ ਮੁਹੱਬਤ ਕਰ ਕਿਰਪਾ ਆਪਣੇ ਨਾਲ ਰਖਾਈਆ । ਆਵਣ ਜਾਵਣ ਲੱਖ ਚੁਰਾਸੀ ਨਾਤਾ ਛੁੱਟੇ ਜਹਾਨ, ਰਾਏ ਧਰਮ ਨਾ ਦਏ ਸਜ਼ਾਈਆ । ਚਿਤਰ ਗੁਪਤ ਲੇਖਾ ਮੰਗੇ ਨਾ ਆਣ, ਲਾੜੀ ਮੌਤ ਕਾਲ ਨਗਾਰਾ ਨਾ ਕੋਇ ਵਜਾਈਆ । ਮਹਾਂਕਾਲ ਵੇਖੇ ਮਾਰ ਧਿਆਨ, ਨੇਤਰ ਨੈਣ ਨੈਣ ਉਠਾਈਆ । ਜਿਨ੍ਹਾਂ ਨਾਤਾ ਜੁੜਿਆ ਨਾਲ ਸ੍ਰੀ ਭਗਵਾਨ, ਸੋ ਹਰਿ ਭਗਤ ਹਰਿ ਦੁਆਰੇ ਬੈਠੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਦੇਵੇ ਇਕ ਫ਼ਰਮਾਨ, ਹਰਿਜਨ ਮੇਲਾ ਮੇਲ ਮਿਲਾਈਆ । ਸਤਿਗੁਰ ਕਿਰਪਾ ਹੋਵਣ ਵਡ ਭਾਗ, ਹਰਿ ਭਾਗੀ ਸਿਫ਼ਤ ਸਾਲਾਹੀਆ । ਸੋਈ ਸੁਰਤੀ ਜਾਏ ਜਾਗ, ਘਰ ਸਵਾਣੀ ਅੱਖ ਖੁਲ੍ਹਾਈਆ । ਅੰਤਰ ਉਪਜੇ ਇਕ ਵੈਰਾਗ, ਵੈਰਾਗੀ ਰੂਪ ਵਟਾਈਆ । ਕਵਣ ਵੇਲਾ ਮਿਲੇ ਮੇਰਾ ਕੰਤ ਸੁਹਾਗ, ਚਿਰੀ ਵਿਛੁੰਨੀ ਦਏ ਦੁਹਾਈਆ । ਘਰ ਦੀਪਕ ਜਗੇ ਚਿਰਾਗ਼, ਮੇਰਾ ਅੰਧ ਅੰਧੇਰ ਮਿਟਾਈਆ । ਬੰਦ ਕਿਵਾੜ ਖੋਲ੍ਹ ਤਾਕ, ਆਪਣਾ ਦਰਸ ਦਏ ਵਖਾਈਆ । ਮੈਂ ਘੁੰਗਟ ਚੁੱਕ ਕੇ ਲਵਾਂ ਝਾਕ, ਨੇਤਰ ਨੈਣ ਨੈਣ ਸ਼ਰਮਾਈਆ । ਜੇ ਸੁਣਾਏ ਅਗੰਮੀ ਵਾਕ, ਬਿਨ ਸਰਵਣਾਂ ਸੁਣ ਸੁਣ ਖ਼ੁਸ਼ੀ ਮਨਾਈਆ । ਜੇ ਇਕ ਸੁਨੇਹੜਾ ਪ੍ਰੇਮ ਪ੍ਰੀਤੀ ਨਾਲ ਜਾਏ ਆਖ, ਮੈਂ ਮੰਨਾਂ ਚਾਈਂ ਚਾਈਆ । ਉਹਦੇ ਨਾਲ ਮਿਲ ਕੇ ਮੇਰੀ ਮਿਟ ਜਾਏ ਜ਼ਾਤ, ਪਿਛਲਾ ਲੇਖਾ ਰਹਿਣ ਕੋਈ ਨਾ ਪਾਈਆ । ਪ੍ਰਭ ਮਿਲੇ ਇਕੋ ਕੰਤ ਸੁਹਾਗ, ਬਣ ਨਾਰ ਸੁਹਾਗਣ ਉਸ ਦੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਨਾਮ ਵਰ, ਤਿਸ ਦੂਜਾ ਲੇਖਾ ਕੋਇ ਰਹਿਣ ਨਾ ਪਾਈਆ । ਸ਼ਬਦ ਗੁਰੂ ਸਦ ਤੋੜੇ ਗੜ੍ਹ, ਗੜ੍ਹ ਤੋੜਨਹਾਰ ਇਕ ਅਖਵਾਈਆ । ਜੋ ਬਿਨ ਪੌੜੀਉਂ ਸਭ ਦੇ ਅੰਦਰ ਜਾਏ ਚੜ੍ਹ, ਮਹੱਲ ਅਟੱਲ ਡੇਰਾ ਲਾਈਆ । ਅੰਦਰੋਂ ਹੋ ਕੇ ਲਏ ਫੜ, ਬਾਹਰੋਂ ਸਮਝ ਕਿਸੇ ਨਾ ਆਈਆ । ਜਿਸ ਦਾ ਨਾ ਕੋਈ ਸੀਸ ਨਾ ਕੋਈ ਧੜ, ਸੀਸ ਧੜ ਸਾਰੇ ਵੇਖੇ ਥਾਉਂ ਥਾਈਆਂ । ਧੁਰ ਦਾ ਨਾਦ ਬੋਧ ਅਗਾਧ ਸ਼ਬਦ ਅਗੰਮ ਲਏ ਪੜ੍ਹ, ਅੱਖਰ ਅੱਖਰਾਂ ਨਾਲ ਮਿਲਾਈਆ । ਅਗਨੀ ਹਵਨ ਕਦੇ ਨਾ ਜਾਏ ਸੜ, ਮੜ੍ਹੀ ਗੋਰ ਨਾ ਕੋਇ ਦਬਾਈਆ । ਲੇਖਾ ਜਾਣੇ ਚੋਟੀ ਜੜ੍ਹ, ਮੰਝ ਆਪਣਾ ਡੇਰਾ ਲਾਈਆ । ਸੋ ਸਾਹਿਬ ਸਤਿਗੁਰ ਸ਼ਬਦ ਗੁਰਦੇਵ ਤੋੜਨਹਾਰ ਹੰਕਾਰੀ ਗੜ੍ਹ, ਆਤਮ ਘਰ ਘਰ ਪਰਮਾਤਮ ਲਏ ਮਿਲਾਈਆ ।

ਸਤਿਗੁਰ ਹੱਥ ਖੁਲ੍ਹਾ ਗੱਫ਼ਾ, ਜੁਗ ਚੌਕੜੀ ਆਪ ਵਰਤਾਇੰਦਾ । ਜੇ ਕੋਈ ਪ੍ਰੇਮ ਪ੍ਰੀਤ ਕਰਕੇ ਮਾਰੇ ਜੱਫਾ, ਦੂਈ ਦਵੈਤ ਪੜਦਾ ਵਿਚੋਂ ਚੁਕਾਇੰਦਾ । ਲੂੰ ਲੂੰ ਅੰਦਰ ਸਾਢੇ ਤਿੰਨ ਕਰੋੜ ਰਚਾ, ਰਚਨਾ ਆਪਣੀ ਆਪ ਸਮਝਾਇੰਦਾ । ਸਤਿਗੁਰ ਚਰਨ ਲਗ ਗੁਰਮੁਖ ਕਦੀ ਨਾ ਰਹੇ ਕੱਚਾ, ਸਤਿਗੁਰ ਚਰਨ ਸ਼ਾਹ ਰਗ ਉਪਰ ਆਪ ਵਸਾਇੰਦਾ । ਜਿਥੇ ਕਹੇ ਆ ਗੁਰਮੁਖ ਮੇਰੇ ਬੱਚਾ, ਬਚਪਨ ਤੇਰਾ ਆਪਣੀ ਝੋਲੀ ਪਾਇੰਦਾ । ਨੌ ਦੁਆਰੇ ਤੇਰਾ ਕੋਈ ਨਾ ਸਕਾ, ਦਸਮ ਦੁਆਰੀ ਇਕੋ ਮਿੱਤਰ ਸੰਗ ਨਿਭਾਇੰਦਾ । ਇਕ ਦੂਜੇ ਨੂੰ ਗੁਰੂ ਗੁਰਸਿਖ ਦੋਵੇਂ ਮਿਲ ਕੇ ਕਹਿਣ ਵਾਹਵਾ ਅੱਛਾ, ਬਿਨਾਂ ਸਿਖ ਬਿਨਾਂ ਗੁਰੂ ਦੋਹਾਂ ਕੰਮ ਰਾਸ ਕਿਸੇ ਨਾ ਆਇੰਦਾ । ਆਤਮ ਪਰਮਾਤਮ ਸਦਾ ਪਿਆਰ, ਨਿਜ ਅੰਤਰ ਆਪ ਜਣਾਈਆ । ਜੁਗ ਚੌਕੜੀ

ਕਰੇ ਕਰਾਏ ਕਰਨੇਹਾਰ, ਕਰਤਾ ਪੁਰਖ ਵੱਡੀ ਵਡਿਆਈਆ । ਜਗ ਵਿਸਰੇ ਵਿਸਰ ਨਾ ਜਾਏ ਕਰਤਾਰ, ਜੋ ਕਰਤਾ ਕੀਮਤ ਸਭ ਦੀ ਪਾਈਆ । ਜਨ ਭਗਤਾਂ ਨਿਤ ਨਵਿਤ ਵੇਖਣ ਆਏ ਸਿਰਜਣਹਾਰ, ਨਿਰਗੁਣ ਸਰਗੁਣ ਰੂਪ ਵਟਾਈਆ । ਫੜ ਫੜ ਲੱਭੇ ਲੱਖ ਚੁਰਾਸੀ ਵਿਚੋਂ ਲਏ ਉਠਾਲ, ਸੁਰਤ ਸ਼ਬਦ ਗਿਆਨ ਦ੍ਰਿੜਾਈਆ । ਆਪੇ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਨਾਤਾ ਤੋੜ ਤ੍ਰੈਗੁਣ ਮਾਇਆ ਕੂੜ ਜੰਜਾਲ, ਪੰਜ ਤਤ ਝੂਠਾ ਡੇਰਾ ਢਾਹੀਆ । ਆਪੇ ਚਲੇ ਅੰਤਰ ਨਾਲ ਨਾਲ, ਜਗਤ ਬਸੰਤਰ ਦਏ ਬੁਝਾਈਆ । ਦੀਨਾਂ ਬੰਧਪ ਬਣ ਕਿਰਪਾਲ, ਕਿਰਪਾਨਿਧ ਆਪਣੀ ਮਿਹਰ ਨਜ਼ਰ ਉਠਾਈਆ । ਗੁਰਮੁਖਾਂ ਘਰ ਵਿਚ ਘਰ ਵਖਾਏ ਸੱਚੀ ਧਰਮਸਾਲ, ਜਿਸ ਦੁਆਰੇ ਅੱਠੇ ਪਹਿਰ ਇਕੋ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਦਾ ਸੰਗ ਸਮਾਈਆ । ਸਤਿਗੁਰ ਕਿਰਪਾ ਜਾਏ ਬੱਝ, ਬੰਧਨ ਨਾਮ ਰਖਾਈਆ । ਮਨ ਮਨੂਆ ਦਹਿ ਦਿਸ਼ਾ ਨਾ ਜਾਏ ਭੱਜ, ਚਾਰ ਕੁੰਟ ਨੱਠੇ ਨਾ ਵਾਹੋ ਦਾਹੀਆ । ਸਤਿਗੁਰ ਪੂਰਾ ਇਕੋ ਗੀਤ ਸੁਣਾਏ ਛੰਦ, ਸਾਚਾ ਸੋਹਲਾ ਦਏ ਸਮਝਾਈਆ । ਜਿਸ ਵਿਚੋਂ ਉਪਜੇ ਪਰਮਾਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਦੂਈ ਦਵੈਤੀ ਢਾਹੇ ਕੰਧ, ਕੂੜੀ ਕਿਰਿਆ ਮੇਟ ਮਿਟਾਈਆ । ਲੇਖਾ ਚੁੱਕੇ ਹੰ ਬ੍ਰਹਮ, ਪਾਰਬ੍ਰਹਮ ਇਕੋ ਨੂਰ ਨਜ਼ਰੀ ਆਈਆ । ਇਕੋ ਨਾਮ ਗੁਰਮੁਖਾਂ ਦਾ ਸਾਚਾ ਧਨ, ਜੋ ਘਰ ਘਰ ਵਿਚ ਦਿਤਾ ਰਖਾਈਆ । ਸਤਿਗੁਰ ਹੁਕਮ ਜੋ ਜਨ ਰਹੇ ਮੰਨ, ਤਿਨ੍ਹਾਂ ਮਨ ਮਨਸਾ ਰੋਗ ਨਾ ਕੋਇ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਲਾਏ ਸਾਚੇ ਜਨ, ਜਨ ਜਨਨੀ ਵੇਖ ਵਖਾਈਆ ।





### ✪ ੨੦ ਅੱਸੂ ੨੦੨੦ ਬਿਕ੍ਰਮੀ ਉਜਾਗਰ ਸਿੰਘ ਦੇ ਗ੍ਰਿਹ ਨਵਾਂ ਰਾਮੂ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਦੇਵੇ ਨਾਮ ਸ਼ਬਦ ਜਨ ਸੋ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਜਨਮ ਕਰਮ ਦੁਰਮਤ ਮੈਲ ਦੇਵੇ ਧੋ, ਨਿਰਮਲ ਨਿਰਵੈਰ ਰੂਪ ਵਟਾਇੰਦਾ । ਹੰ ਬ੍ਰਹਮ ਪ੍ਰਭ ਆਪੇ ਹੋ, ਆਤਮ ਪਰਮਾਤਮ ਬੰਧਨ ਪਾਇੰਦਾ । ਸੁਰਤੀ ਸ਼ਬਦ ਜਾਏ ਛੋਹ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਮ ਇਕ ਸਮਝਾਇੰਦਾ । ਸਾਚਾ ਨਾਮ ਸਤਿ ਪੁਰਖ ਨਿਰੰਜਣ, ਸਤਿ ਸਤਿਵਾਦੀ ਇਕ ਰਖਾਈਆ । ਜਨ ਭਗਤਾਂ ਨੇਤਰ ਪਾ ਅੰਜਨ, ਅਗਿਆਨ ਅੰਧੇਰ ਦਏ ਮਿਟਾਈਆ । ਨਜ਼ਰੀ ਆਏ ਸਤਿਗੁਰ ਸੱਜਣ, ਸਾਹਿਬ ਦਾਤਾ ਬੇਪਰਵਾਹੀਆ । ਚਰਨ ਧੂੜ ਕਰਾਏ ਮਜਨ, ਸਚ ਸਰੋਵਰ ਇਕ ਨੁਹਾਈਆ । ਕਿਰਪਾ ਕਰੇ ਦਰਦ ਦੁੱਖ ਭੈ ਭੰਜਨ, ਭਵ ਸਾਗਰ ਪਾਰ ਤਰਾਈਆ । ਆਤਮ ਪਰਮਾਤਮ ਰੱਖੇ ਮਗਨ, ਲਿਵ ਅੰਤਰ ਇਕ ਲਗਾਈਆ । ਦਰਸ ਦਿਖਾਏ ਗੋਪਾਲ ਮੂਰਤ ਮਦਨ, ਪੁਰਖ ਅਕਾਲ ਵੱਡੀ ਵਡਿਆਈਆ । ਸੰਤ ਸੁਹੇਲੇ ਜੁਗ ਜੁਗ ਆਵੇ ਸੱਦਣ, ਨਿਤ ਨਵਿਤ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਇਕ ਵਖਾਈਆ । ਸਾਚਾ ਨਾਮ ਸਰਬ ਸੁਖ, ਆਤਮ ਅੰਤਰ ਦਇਆ ਕਮਾਇੰਦਾ । ਜਨਮ ਕਰਮ ਦਾ ਮੇਟੇ ਦੁੱਖ, ਹਉਮੇਂ ਹੰਗਤਾ ਰੋਗ ਗਵਾਇੰਦਾ । ਘਰ ਉਪਜਾਵੇ ਅਗੰਮੀ ਸੁਖ, ਸੁਖ ਸਾਗਰ ਰੂਪ ਵਟਾਇੰਦਾ । ਉਜਲ ਕਰੇ ਹਰਿਜਨ ਮੁਖ, ਦੋ ਜਹਾਨ ਸੋਭਾ ਪਾਇੰਦਾ । ਸਾਚੀ ਗੋਦੀ ਲਏ ਚੁੱਕ, ਪੁਰਖ ਅਕਾਲ ਵੇਖ

ਵਖਾਇੰਦਾ । ਆਵਣ ਜਾਵਣ ਪੈਂਡਾ ਜਾਏ ਮੁੱਕ, ਜਿਸ ਜਨ ਆਪਣਾ ਨਾਮ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਇਕ ਵਰਤਾਇੰਦਾ । ਆਦਿ ਜੁਗਾਦਿ ਨਾਮ ਪ੍ਰਭ ਏਕ, ਜੁਗ ਚੌਕੜੀ ਦਏ ਵਡਿਆਈਆ । ਜਨ ਭਗਤਾਂ ਬਖ਼ਸ਼ੇ ਧੁਰ ਦੀ ਟੇਕ, ਸਿਰ ਆਪਣਾ ਹੱਥ ਟਿਕਾਈਆ । ਕਾਇਆ ਅੰਦਰ ਕਰੇ ਬੁਧ ਬਿਬੇਕ, ਸਤਿ ਸਤਿਵਾਦੀ ਰੂਪ ਇਕ ਦਰਸਾਈਆ । ਮੇਟ ਮਿਟਾਏ ਪੂਰਬ ਲੇਖ, ਅਗਲਾ ਲਹਿਣਾ ਲਹਿਣੇਦਾਰ ਝੋਲੀ ਪਾਈਆ । ਸਾਚੇ ਮੰਦਰ ਕਰੇ ਹੇਤ, ਘਰ ਘਰ ਵਿਚ ਵੇਖ ਵਖਾਈਆ । ਨਜ਼ਰੀ ਆਏ ਨੇਤਨ ਨੇਤ, ਨਿਜ ਨੇਤਰ ਕਰ ਰੁਸ਼ਨਾਈਆ । ਆਤਮ ਪਰਮਾਤਮ ਖੇਲੇ ਸਾਚੀ ਖੇਡ, ਬਣ ਖਿਲਾਰੀ ਖੇਲ ਰਚਾਈਆ । ਹਰਿਜਨ ਵਿਰਲੇ ਦੇਵੇ ਭੇਤ, ਜਿਸ ਜਨ ਆਪਣਾ ਪੜਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਅਛਲ ਅਛੇਲ, ਵਲ ਛਲ ਧਾਰੀ ਆਪਣਾ ਭੇਵ ਆਪਣੇ ਹੱਥ ਰਖਾਈਆ । ਸਾਚਾ ਭੇਵ ਰੱਖੇ ਪ੍ਰਭ ਹੱਥ, ਬਿਨ ਭਗਤ ਸਮਝ ਕਿਸੇ ਨਾ ਆਈਆ । ਦੇਵਣਹਾਰਾ ਵਸਤ ਅਮੋਲਕ ਨਾਮ ਵੱਥ, ਸੰਤ ਸੁਹੇਲੇ ਝੋਲੀ ਆਪ ਭਰਾਈਆ । ਨਿਰਗੁਣ ਹੋ ਚਲਾਏ ਰਥ, ਸਰਗੁਣ ਸਾਚਾ ਮਾਰਗ ਦਏ ਸਮਝਾਈਆ । ਗੁਰਮੁਖ ਵਿਰਲੇ ਖੋਲ੍ਹੇ ਅੱਖ, ਪੜਦਾ ਦੂਈ ਦਵੈਤ ਉਠਾਈਆ । ਗੁਰਸਿਖ ਸੱਜਣ ਦੇਵੇ ਧੁਰ ਦਾ ਹੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਨਾਮ ਸਾਚੇ ਧਾਮ ਦਏ ਸਮਝਾਈਆ । ਹਰਿ ਕਾ ਨਾਮ ਸਾਚੇ ਧਾਮ, ਸੋ ਸਾਹਿਬ ਸਤਿਗੁਰ ਆਪ ਜਣਾਈਆ । ਜੁਗ ਚੌਕੜੀ ਕਰਨਹਾਰਾ ਪੂਰਾ ਕਾਮ, ਪੂਰਨ ਪੁਰਖ ਬੇਪਰਵਾਹੀਆ । ਮੇਟਣਹਾਰ ਅੰਧੇਰੀ ਸ਼ਾਮ, ਨਿਰਗੁਣ ਜੋਤੀ ਨੂਰ ਚੰਦ ਰੁਸ਼ਨਾਈਆ । ਭਾਗ ਲਗਾਏ ਕਾਇਆ ਨਗਰ ਖੇੜੇ ਗਰਾਮ, ਪੰਜ ਤਤ ਦੇਵੇ ਵਡਿਆਈਆ । ਅੰਮ੍ਰਿਤ ਸਚ ਪਿਆਏ ਜਾਮ, ਰਸ ਇਕੋ ਇਕ ਵਖਾਈਆ । ਮਾਰਗ ਦੱਸੇ ਧੁਰ ਆਸਾਨ, ਰਹਿਬਰ ਬਣ ਬੇਪਰਵਾਹੀਆ । ਧਰਮ ਵਖਾਵੇ ਇਕ ਨਿਸ਼ਾਨ, ਦਰ ਘਰ ਸਾਚੇ ਰਿਹਾ ਝੁਲਾਈਆ । ਸਾਚਾ ਢੋਲਾ ਗਾਏ ਗਾਣ, ਗੀਤ ਗੋਬਿੰਦ ਇਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਰੂਪ ਸਰਬ ਜਹਾਨ, ਆਤਮ ਪਰਮਾਤਮ ਲੱਖ ਚੁਰਾਸੀ ਜੀਵ ਜੰਤ ਬੰਧਨ ਰਿਹਾ ਪਾਈਆ । ਖੇਲੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਖੇਲ ਆਪ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਧਾਨਗੀ ਇਕ ਕਮਾਈਆ । ਸਚ ਪਰਧਾਨਗੀ ਨਾਮ ਅਪਾਰ, ਅਪਰੰਪਰ ਸੁਆਮੀ ਆਪ ਜਣਾਇੰਦਾ । ਜੁਗ ਚੌਕੜੀ ਵੇਖੇ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਇੰਦਾ । ਭੇਵ ਖੁਲ੍ਹਾਏ ਖਾਣੀ ਚਾਰ, ਬੋਲ ਸੁਣਾਏ ਬਾਣੀ ਚਾਰ, ਲੇਖ ਲਿਖਾਏ ਵੇਦ ਚਾਰ, ਹੁਕਮ ਵਰਤਾਏ ਕੁੰਟ ਚਾਰ, ਦਹਿ ਦਿਸ਼ਾ ਇਕੋ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਦਏ ਦ੍ਰਿੜਾਈਆ । ਸਾਚਾ ਨਾਮ ਤੇਰਾ ਮੇਰਾ, ਭਗਤ ਭਗਵਾਨ ਆਪ ਜਣਾਇੰਦਾ । ਸਦਾ ਚਾਓ ਰਹੇ ਘਨੇਰਾ, ਖ਼ੁਸ਼ੀਆਂ ਮੰਗਲ ਇਕ ਸੁਣਾਇੰਦਾ । ਦੂਈ ਦਵੈਤ ਭਰਮੀ ਢਾਹੇ ਡੇਰਾ, ਸੰਝ ਸਵੇਰਾ ਇਕੋ ਰੰਗ ਰੰਗਾਇੰਦਾ । ਮਨ ਮਨੂਆ ਦਏ ਗੇੜਾ, ਮਨ ਕਾ ਮਣਕਾ ਆਪ ਭਵਾਇੰਦਾ । ਪੰਜ ਤਤ ਚੁੱਕੇ ਝੇੜਾ, ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਭਾਗ ਲਗਾਏ ਕਾਇਆ ਖੇੜਾ, ਖੁੱਲ੍ਹਾ ਕਰੇ ਅੰਦਰ ਵੇਹੜਾ, ਮਹੱਲ ਅਟੱਲ ਇਕੋ ਇਕ ਸੋਭਾ ਪਾਇੰਦਾ । ਨਜ਼ਰੀ ਆਏ ਨੇਰਨ ਨੇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ

ਵਰ, ਸਾਚੀ ਵਸਤ ਆਪ ਵਰਤਾਇੰਦਾ । ਨਾਮ ਵਸਤ ਅਗੰਮ ਅਥਾਹ, ਸੋ ਸਤਿਗੁਰ ਆਪ ਵਰਤਾਈਆ । ਹੰ ਬ੍ਰਹਮ ਦਏ ਸਮਝਾ, ਸੋਹੰ ਰੂਪ ਇਕ ਰਖਾਈਆ । ਏਕਾ ਦੂਆ ਵੇਸ ਵਟਾ, ਦੂਆ ਏਕਾ ਅੰਕ ਨਾ ਕੋਇ ਬਣਾਈਆ । ਜ਼ੀਰੋ ਸਿਫ਼ਰਾ ਨੂਰੀ ਨੂਰ ਖ਼ੁਦਾ, ਖ਼ਾਲਕ ਖ਼ਲਕ ਦਏ ਵਡਿਆਈਆ । ਲਾਸ਼ਰੀਕ ਬੇਪਰਵਾਹ, ਬੇਐਬ ਭੇਵ ਅਭੇਦਾ ਆਪ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨਾਮ ਸਾਚਾ ਕਲਮਾ ਸਚ ਕਲਾਮ ਬਣ ਅਮਾਮ ਆਪ ਦ੍ਰਿੜਾਈਆ । ਸਚ ਅਮਾਮ ਪਰਵਰਦਿਗਾਰ, ਜ਼ਾਹਰ ਜ਼ਹੂਰ ਖੇਲ ਖਲਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਲੱਖ ਚੁਰਾਸੀ ਘਟ ਘਟ ਵੇਖ ਵਖਾਈਆ । ਸਾਚਾ ਕਾਅਬਾ ਕਰ ਤਿਆਰ, ਸਾਢੇ ਤਿੰਨ ਹੱਥ ਦਏ ਵਡਿਆਈਆ । ਸਾਚਾ ਨਾਅਰਾ ਬੋਲ ਜੈਕਾਰ, ਹੱਕ ਹਕੀਕਤ ਦਏ ਸੁਣਾਈਆ । ਸਚ ਤੌਫ਼ੀਕ ਪਰਵਰਦਿਗਾਰ, ਮਿਹਰਵਾਨ ਇਕ ਦ੍ਰਿੜਾਈਆ । ਏਕਾ ਨਾਮ ਹੋਏ ਪਰਧਾਨ, ਜੁਗ ਚੌਕੜੀ ਸਿਫ਼ਤੀ ਨਾਮ ਲਏ ਪਰਗਟਾਈਆ । ਜਿਸ ਸਾਹਿਬ ਸਤਿਗੁਰ ਸਾਚਾ ਕਲਮਾ ਦੇਵੇ ਆਣ, ਸੋ ਮੁਰੀਦ ਮੁਰਸ਼ਦ ਸੋਹੰ ਢੋਲਾ ਇਕੋ ਰਾਗ ਅਲਾਈਆ । ਭਾਗ ਲੱਗੇ ਕਾਇਆ ਬੰਕ ਮਕਾਨ, ਗ੍ਰਿਹ ਮੰਦਰ ਵੱਜੇ ਵਧਾਈਆ । ਧਰਮ ਝੁੱਲੇ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਉਠਾਈਆ । ਲੇਖਾ ਚੁੱਕੇ ਗੋਪੀ ਕਾਹਨ, ਸੀਆਪਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਆਤਮ ਅੰਤਰ ਦੇਵੇ ਸ਼ਬਦ ਗਿਆਨ, ਸਾਚੇ ਦਰ ਕਰੇ ਪਰਵਾਨ, ਪੱਲੂ ਆਪਣੇ ਨਾਲ ਬੰਧਾਈਆ । ਆਦਿ ਜੁਗਾਦੀ ਸੋਹੰ ਰੂਪ, ਨਿਰਗੁਣ ਨਿਰਗੁਣ ਆਪ ਜਣਾਇੰਦਾ । ਆਤਮ ਪਰਮਾਤਮ ਸਤਿ ਸਰੂਪ, ਸਤਿ ਸਤਿਵਾਦੀ ਖੇਲ ਖਲਾਇੰਦਾ । ਲੱਖ ਚੁਰਾਸੀ ਵਸੇ ਹਰ ਘਟ ਕੂਟ, ਘਰ ਘਰ ਡੇਰਾ ਆਪ ਲਗਾਇੰਦਾ । ਪਰਬ੍ਰਹਮ ਦਾ ਇਕੋ ਪੂਤ, ਸ਼ਬਦ ਦੁਲਾਰਾ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਅੱਖਰ ਵੱਖਰ ਵੱਖਰ ਅੱਖਰ ਇਕੋ ਇਕ ਸਮਝਾਇੰਦਾ । ਸਾਚਾ ਅੱਖਰ ਗੁਰਮੁਖ ਦਾਤ, ਹਰਿ ਸਤਿਗੁਰ ਆਪ ਵਰਤਾਈਆ । ਜਗਤ ਮੇਟ ਅੰਧੇਰੀ ਰਾਤ, ਸਾਚਾ ਚੰਦ ਕਰੇ ਰੁਸ਼ਨਾਈਆ । ਬੋਧ ਅਗਾਧੀ ਦੱਸੇ ਗਾਥ, ਸਾਚੇ ਨਾਮ ਦਏ ਵਡਿਆਈਆ । ਮੇਟ ਮਿਟਾਏ ਅੰਧੇਰੀ ਰਾਤ, ਸਾਚਾ ਚੰਦ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬਾਤਨ ਬਾਤ, ਬੇਪਰਵਾਹ ਆਪਣਾ ਹੁਕਮ ਆਪ ਵਰਤਾਈਆ । ਹੁਕਮੇ ਅੰਦਰ ਸ਼ਬਦ ਮਰਦੰਗ, ਸੋ ਸਤਿਗੁਰ ਆਪ ਵਜਾਇੰਦਾ । ਹੁਕਮੇ ਅੰਦਰ ਕੋਟ ਬ੍ਰਹਿਮੰਡ, ਬ੍ਰਹਿਮਾਂਡ ਆਪਣਾ ਖੇਲ ਵਖਾਇੰਦਾ । ਹੁਕਮੇ ਅੰਦਰ ਗਾ ਛੰਦ, ਗੀਤ ਗੋਬਿੰਦ ਆਪ ਅਲਾਇੰਦਾ । ਹੁਕਮੇ ਅੰਦਰ ਸਚ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਹੁਕਮੇ ਅੰਦਰ ਗੁਰਮੁਖ ਗੁਰਸਿਖ ਬੇੜਾ ਦੇਵੇ ਬੰਨ੍ਹ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਹੁਕਮੇ ਅੰਦਰ ਦੇਵੇ ਨਾਮ ਧਨ, ਸਚ ਵਸਤ ਅਮੋਲਕ ਆਪ ਵਰਤਾਇੰਦਾ । ਹੁਕਮੇ ਅੰਦਰ ਲੇਖੇ ਲਾਏ ਜਨਨੀ ਜਨ, ਹਰਿਜਨ ਆਪਣਾ ਰੰਗ ਰੰਗਾਇੰਦਾ । ਹੁਕਮੇ ਅੰਦਰ ਰਾਗ ਸੁਣਾਏ ਕੰਨ, ਅਨਹਦ ਨਾਦੀ ਨਾਦ ਵਜਾਇੰਦਾ । ਹੁਕਮੇ ਅੰਦਰ ਭਾਗ ਲਗਾਏ ਕਾਇਆ ਪੰਜ ਤਤ ਤਨ, ਆਤਮ ਪਰਮਾਤਮ ਭੇਵ ਚੁਕਾਇੰਦਾ । ਹੁਕਮੇ ਅੰਦਰ ਮਨ ਹੰਕਾਰੀ ਦੇਵੇ ਡੰਨ, ਡੰਕਾ ਸ਼ਬਦ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੁਕਮੇ ਅੰਦਰ ਏਕਾ ਨਾਮ ਆਪ ਵਰਤਾਇੰਦਾ । ਹੁਕਮੇ ਅੰਦਰ ਉਪਜਾਵੇ ਨਾਮ, ਨਾਮ ਨਿਧਾਨ ਦਏ ਸਮਝਾਈਆ । ਹੁਕਮੇ ਅੰਦਰ ਦੇਵੇ ਪੈਗ਼ਾਮ, ਪੀਰ ਪੈਗ਼ੰਬਰ ਰਿਹਾ ਪੜ੍ਹਾਈਆ । ਹੁਕਮੇ ਅੰਦਰ

ਕਰੇ ਸਲਾਮ, ਸਜਦਾ ਸੀਸ ਜਗਦੀਸ ਝੁਕਾਈਆ । ਹੁਕਮੇ ਅੰਦਰ ਦਏ ਪੈਗ਼ਾਮ, ਰਾਗ ਸੱਚਾ ਇਕ ਅਲਾਈਆ । ਹੁਕਮੇ ਅੰਦਰ ਮਿਲੇ ਆਣ, ਆਪ ਆਪਣਾ ਹੁਕਮ ਮਨਾਈਆ । ਕਰ ਖੇਲ ਸ੍ਰੀ ਭਗਵਾਨ, ਭਗਵਨ ਆਪਣੀ ਧਾਰ ਚਲਾਈਆ । ਹਰਿਜਨ ਦੇਵੇ ਸਚ ਗਿਆਨ, ਸਾਚੀ ਸਿਖਿਆ ਇਕ ਪੜ੍ਹਾਈਆ । ਧੁਰ ਦਾ ਸ਼ਬਦ ਸਾਚਾ ਬੋਲਾ ਵਿਚ ਜਹਾਨ, ਸੋਹੰ ਸਤਿ ਸਰੂਪ ਸਮਾਈਆ । ਬਿਨ ਚੌਥੇ ਘਰ ਗੁਰਮੁਖ ਮੂਲ ਨਾ ਪਾਣ, ਪਦ ਚੌਥਾ ਸਤਿਗੁਰ ਆਪਣੀ ਮਿਹਰ ਨਜ਼ਰ ਜਣਾਈਆ । ਜਿਸ ਗ੍ਰਿਹ ਆਤਮ ਪਰਮਾਤਮ ਪਰਮਾਤਮ ਆਤਮ ਮਿਲੇ ਆਣ, ਤਿਸ ਘਰ ਵੱਜੇ ਸਚ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਇਕੋ ਮੰਤਰ ਅੰਤਰ ਅੰਤਰ ਰਿਹਾ ਸਮਝਾਈਆ ।

## ✪ ੨੦ ਅੱਸੂ ੨੦੨੦ ਬਿਕ੍ਰਮੀ ਗੁਰਦਿਆਲ ਸਿੰਘ ਦੇ ਗ੍ਰਿਹ ਰਾਮੂੰ ਵਾਲਾ ਜ਼ਿਲਾ ਫ਼ਿਰੋਜ਼ਪੁਰ ✪

ਸੱਚ ਸੰਦੇਸਾ ਧੁਰ ਫ਼ਰਮਾਨ, ਹਰਿ ਕਰਤਾ ਆਪ ਜਣਾਇੰਦਾ । ਜੁਗ ਚੌਕੜੀ ਨਾਮ ਗਿਆਨ, ਬੋਧ ਅਗਾਧਾ ਸ਼ਬਦ ਦ੍ਰਿੜਾਇੰਦਾ । ਲੇਖਾ ਜਾਣ ਜੀਵ ਜਹਾਨ, ਜੀਵਣ ਜੁਗਤ ਸਰਬ ਸਮਝਾਇੰਦਾ । ਗੁਰ ਅਵਤਾਰਾਂ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਧਰਮ ਵਖਾਏ ਇਕ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਇੰਦਾ । ਸਾਚਾ ਮੰਦਰ ਗ੍ਰਿਹ ਮਕਾਨ, ਘਰ ਇਕੋ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਨਿਧਾਨ ਇਕੋ ਇਕ ਵਰਤਾਇੰਦਾ । ਸਾਚਾ ਨਾਮ ਸਤਿਗੁਰ ਮੀਤ, ਸੋ ਪੁਰਖ ਨਿਰੰਜਣ ਆਪ ਵਰਤਾਈਆ । ਜੁਗ ਚੌਕੜੀ ਧੁਰ ਦੀ ਰੀਤ, ਲੋਕਮਾਤ ਦਏ ਸਮਝਾਈਆ । ਆਤਮ ਪਰਮਾਤਮ ਸਾਚਾ ਗੀਤ, ਸਾਚੀ ਕਰੇ ਇਕ ਪੜ੍ਹਾਈਆ । ਕੂੜੀ ਕਿਰਿਆ ਲਏ ਜੀਤ, ਮਨ ਵਾਸਨਾ ਡੇਰਾ ਢਾਹੀਆ । ਧਾਮ ਵਖਾਏ ਇਕ ਅਨਡੀਠ, ਜਿਸ ਘਰ ਵਸੇ ਬੇਪਰਵਾਹੀਆ । ਲੇਖਾ ਚੁੱਕੇ ਮੰਦਰ ਮਸੀਤ, ਕਾਇਆ ਕਾਅਬਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਗੁਰ ਪੂਰਾ ਦਾਤਾ ਦਾਤਾਰ, ਦਇਆਵਾਨ ਵੱਡੀ ਵਡਿਆਈਆ । ਸੰਤ ਸੁਹੇਲੇ ਕਰੇ ਪਿਆਰ, ਭਗਤ ਭਗਵਾਨ ਲਏ ਜਗਾਈਆ । ਨਿਜ ਨੇਤਰ ਅੱਖ ਦਏ ਉਘਾੜ, ਦੂਈ ਦਵੈਤੀ ਪੜਦਾ ਲਾਹੀਆ । ਅੰਮ੍ਰਿਤ ਆਤਮ ਜਾਮ ਦਏ ਪਿਆਲ, ਨਿਝਰ ਧਾਰਾ ਮੁਖ ਚੁਆਈਆ । ਦੀਪਕ ਜੋਤੀ ਦੇਵੇ ਬਾਲ, ਅਗਿਆਨ ਅੰਧੇਰ ਮਿਟਾਈਆ । ਭਾਗ ਲਗਾਏ ਕਾਇਆ ਮੰਦਰ ਸੱਚੀ ਧਰਮਸਾਲ, ਦਰ ਦੇਵੇ ਇਕ ਵਡਿਆਈਆ । ਲੇਖਾ ਜਾਣੇ ਸ਼ਾਹ ਕੰਗਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਸਤ ਅਮੋਲਕ ਆਪ ਵਰਤਾਈਆ । ਵਸਤ ਅਮੋਲਕ ਦੇਵੇ ਹੱਥ, ਨਿਰਗੁਣ ਨਿਰਵੈਰ ਦਇਆ ਕਮਾਇੰਦਾ । ਖੇਲੇ ਖੇਲ ਪੁਰਖ ਸਮਰਥ, ਭੇਵ ਅਭੇਦਾ ਆਪ ਜਣਾਇੰਦਾ । ਨਿਰਵੈਰ ਹੋ ਚਲਾਏ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਸ਼ਬਦ ਜਣਾਏ ਅਕਥਨਾ ਅਕਥ, ਰਸਨਾ ਜਿਹਵਾ ਕਹਿ ਕਹਿ ਅੰਤ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਨਿਧਾਨ ਇਕੋ ਇਕ ਦਰਸਾਇੰਦਾ । ਸਤਿਗੁਰ ਪੂਰਾ ਸਾਹਿਬ ਸੁਲਤਾਨ, ਹਰਿ ਵੱਡਾ ਵਡ ਵਡਿਆਈਆ । ਆਦਿ ਜੁਗਾਦਿ ਜੁਗ ਚੌਕੜੀ ਦੇਵਣਹਾਰਾ ਬ੍ਰਹਮ ਗਿਆਨ, ਸਾਚੀ ਵਿਦਿਆ

ਇਕ ਸਮਝਾਈਆ । ਭਗਤ ਭਗਵਾਨ ਕਰ ਪਰਵਾਨ, ਧੁਰ ਫ਼ਰਮਾਨਾ ਦਏ ਜਣਾਈਆ । ਸਾਚੇ ਸੰਤਾਂ ਬਖ਼ਸ਼ੇ ਚਰਨ ਧਿਆਨ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਬੂਝ ਬੁਝਾਈਆ । ਗੁਰਮੁਖ ਵੇਖੇ ਚਤਰ ਸੁਘੜ ਸੁਜਾਨ, ਲੱਖ ਚੁਰਾਸੀ ਵਿਚੋਂ ਖੋਜ ਖੋਜਾਈਆ । ਗੁਰਸਿਖਾਂ ਕਾਇਆ ਮੰਦਰ ਅੰਦਰ ਮਿਲੇ ਆਣ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜੁਗ ਚੌਕੜੀ ਖੇਲੇ ਖੇਲ ਮਹਾਨ, ਖ਼ਾਲਕ ਖ਼ਲਕ ਰੂਪ ਵਟਾਈਆ । ਕਲਜੁਗ ਅੰਤ ਹੋ ਪਰਧਾਨ, ਨਾਮ ਪਰਧਾਨਗੀ ਇਕ ਕਮਾਈਆ । ਸ਼ਬਦ ਗੁਰੂ ਨੌਜਵਾਨ, ਸੂਰਬੀਰ ਇਕ ਅਖਵਾਈਆ । ਪਾਵੇ ਸਾਰ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਜੇਰਜ ਅੰਡ ਖੋਜ ਖੋਜਾਈਆ । ਸੰਤ ਸੁਹੇਲੇ ਗੁਰ ਚੇਲੇ ਲਏ ਪਹਿਚਾਨ, ਅੰਤਰ ਆਤਮ ਪਰਮਾਤਮ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਕਾ ਨਾਮ ਇਕੋ ਇਕ ਦ੍ਰਿੜਾਈਆ । ਹਰਿ ਕਾ ਨਾਮ ਇਕ ਅਗੰਮ, ਬੋਧ ਅਗਾਧਾ ਆਪ ਜਣਾਇੰਦਾ । ਨਾ ਮਰੇ ਨਾ ਪਏ ਜੰਮ, ਜੁਗ ਚੌਕੜੀ ਆਪਣਾ ਹੁਕਮ ਵਰਤਾਇੰਦਾ । ਨਿਰਵੈਰ ਹੋ ਕੇ ਬੇੜਾ ਦੇਵੇ ਬੰਨ੍ਹ, ਖੇਵਟ ਖੇਟਾ ਆਪਣਾ ਰੂਪ ਵਟਾਇੰਦਾ । ਸਾਚਾ ਰਾਗ ਸੁਣਾਏ ਕੰਨ, ਧੁਰ ਦੀ ਬਾਣੀ ਆਪ ਅਲਾਇੰਦਾ । ਮਣਕਾ ਫੇਰੇ ਮਨੂਆ ਮਨ, ਮਨ ਵਾਸਨਾ ਮੇਟ ਮਿਟਾਇੰਦਾ । ਭਾਗ ਲਗਾਏ ਕਾਇਆ ਤਨ, ਕਾਇਆ ਮਾਟੀ ਕੰਚਨ ਰੂਪ ਵਟਾਇੰਦਾ । ਭਾਗ ਲਗਾਏ ਸਾਚਾ ਛਪਰੀ ਛੰਨ, ਜਿਸ ਗ੍ਰਿਹਿ ਆਪਣਾ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਪਰਕਾਸ਼ ਬਿਨ ਸੂਰਜ ਚੰਨ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਦੀਪਕ ਪਰਕਾਸ਼, ਘਰ ਮੰਦਰ ਕਰੇ ਰੁਸ਼ਨਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਭੇਵ ਚੁਕਾਈਆ । ਗ੍ਰਿਹਿ ਮੰਦਰ ਸਾਚੇ ਮੰਡਲ ਪਾਵੇ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਚਾਈਆ । ਗੁਰਮੁਖਾਂ ਪੂਰੀ ਕਰੇ ਆਸ, ਜਗਤ ਤ੍ਰਿਸਨਾ ਮੇਟ ਮਿਟਾਈਆ । ਜਨਮ ਜਨਮ ਦੀ ਪੂਰੀ ਕਰੇ ਖ਼ਾਹਸ਼, ਖ਼ਾਲਸ ਆਪਣਾ ਦਰਸ ਵਖਾਈਆ । ਹਰਿਜਨ ਹਰਿਭਗਤ ਹੋਵੇ ਨਾ ਕਦੇ ਨਿਰਾਸ, ਨਿਰਾਸਤਾ ਵਿਚ ਕਦੇ ਨਾ ਆਈਆ । ਸਤਿਗੁਰ ਸੁਆਮੀ ਸਦਾ ਸਦਾ ਸਦ ਵਸੇ ਪਾਸ, ਨਿਜ ਘਰ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਵਸਤ ਧੁਰ ਦੀ ਇਕ ਵਰਤਾਈਆ । ਧੁਰ ਦੀ ਵਸਤ ਨਾਮ ਨਿਧਾਨ, ਜਨ ਭਗਤਾਂ ਝੋਲੀ ਪਾਇੰਦਾ । ਬਿਨ ਪੜ੍ਹਿਆਂ ਦੇਵੇ ਗਿਆਨ, ਅੰਤਰ ਆਤਮ ਬੂਝ ਬੁਝਾਇੰਦਾ । ਜਗਤ ਨਿਮਾਣਿਆਂ ਦੇਵੇ ਮਾਣ, ਫੜ ਬਾਂਹੋਂ ਗਲੇ ਲਗਾਇੰਦਾ । ਕਾਇਆ ਮੰਦਰ ਵਖਾਏ ਸਚ ਮਕਾਨ, ਹਰਿ ਮੰਦਰ ਰੂਪ ਵਟਾਇੰਦਾ । ਧਰਮ ਝੁਲਾਏ ਇਕ ਨਿਸ਼ਾਨ, ਦਰ ਘਰ ਸਾਚੇ ਸੋਭਾ ਪਾਇੰਦਾ । ਦੀਪਕ ਜੋਤ ਜਗੇ ਮਹਾਨ, ਤੇਲ ਬਾਤੀ ਨਜ਼ਰ ਨਾ ਕੋਇ ਆਇੰਦਾ । ਜਿਸ ਜਨ ਉਪਰ ਕਿਰਪਾ ਕਰੇ ਸ੍ਰੀ ਭਗਵਾਨ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸੋ ਗੁਰਮੁਖ ਜੁਗ ਜਨਮ ਦਾ ਵਿਛੜਿਆਂ ਮਿਲੇ ਆਣ, ਮਿਲਣੀ ਹਰਿ ਜਗਦੀਸ ਇਕੋ ਘਰ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚ ਫ਼ਰਮਾਨ, ਅੰਤਸ਼ਕਰਨ ਸਭ ਦਾ ਵੇਖ ਵਖਾਇੰਦਾ ।

੭੪੭ ੧੫

## ੨੦ ਅੱਸੂ ੨੦੨੦ ਬਿਕ੍ਰਮੀ ਮਹਿੰਦਰ ਕੌਰ ਦੇ ਗ੍ਰਿਹਿ ਚੜਿਕ ਜ਼ਿਲਾ ਫਿਰੋਜ਼ਪੁਰ

ਸਤਿਗੁਰ ਪੂਰਾ ਕੱਢੇ ਖੋਟ, ਗੁਰ ਸ਼ਬਦ ਵੱਡੀ ਵਡਿਆਈਆ । ਨਾਮ ਨਗਾਰੇ ਲਾਏ ਚੋਟ, ਤਨ ਰਬਾਬ ਸਤਾਰ ਵਜਾਈਆ । ਕਰ ਪਰਕਾਸ਼ ਨਿਰਮਲ ਜੋਤ, ਅੰਧ ਅੰਧੇਰਾ ਦਏ ਗਵਾਈਆ । ਪੰਜ ਤਤ ਕੋਈ ਸੋਚ ਨਾ ਸਕੇ ਸੋਚ, ਕਾਮ ਕਰੋਧ ਲੋਭ ਮੋਹ ਹੰਕਾਰ ਡੇਰਾ ਢਾਹਿਆ । ਨੇਤਰ ਖੋਲ੍ਹੇ ਲੋਚਣ ਲੋਚ, ਨਿਜ ਨੈਣ ਕਰੇ ਰੁਸ਼ਨਾਈਆ । ਧਰਮ ਦੁਆਰ ਵਖਾਏ ਸਾਚਾ ਕੋਟ, ਕਾਇਆ ਬੰਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਕੂੜੀ ਕਿਰਿਆ ਰਹਿਣ ਨਾ ਪਾਈਆ । ਕਾਇਆ ਖੋਟ ਜਗਤ ਵਿਕਾਰ, ਮਾਇਆ ਮਮਤਾ ਵੇਖ ਵਖਾਈਆ । ਵੇਖਣਹਾਰਾ ਗੁਰ ਕਰਤਾਰ, ਹਰ ਘਟ ਬੈਠਾ ਡੇਰਾ ਲਾਈਆ । ਲੱਖ ਚੁਰਾਸੀ ਪਾਵੇ ਸਾਰ, ਅੰਡਜ ਜੇਰਜ ਉਤਭੁਜ ਸੇਤਜ ਵੇਖ ਵਖਾਈਆ । ਜੁਗ ਚੌਕੜੀ ਨਿਤ ਨਵਿਤ ਸੰਤ ਸੁਹੇਲੇ ਲਏ ਉਭਾਰ, ਗੁਰ ਚੇਲੇ ਵੇਖ ਵਖਾਈਆ । ਵਸਤ ਅਮੋਲਕ ਦੇਵੇ ਨਾਮ ਭੰਡਾਰ, ਦਰ ਘਰ ਸਾਚੇ ਆਪ ਵਰਤਾਈਆ । ਕੂੜੀ ਕਿਰਿਆ ਤੋੜ ਗੜ੍ਹ ਹੰਕਾਰ, ਹਉਮੇਂ ਹੰਗਤਾ ਦਏ ਮਿਟਾਈਆ । ਆਸਾ ਤ੍ਰਿਸਨਾ ਦੇਵੇ ਮਾਰ, ਮਾਇਆ ਮਮਤਾ ਮੋਹ ਚੁਕਾਈਆ । ਸਾਚਾ ਬਖ਼ਸ਼ੇ ਸ਼ਬਦ ਪਿਆਰ, ਸੁਰਤ ਸਵਾਣੀ ਦਏ ਉਠਾਈਆ । ਆਤਮ ਪਰਮਾਤਮ ਦੇ ਆਧਾਰ, ਪਰਮ ਪੁਰਖ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਕੂੜੀ ਕਿਰਿਆ ਰਹਿਣ ਨਾ ਪਾਈਆ । ਕਾਇਆ ਖੋਟ ਨਿਕਲੇ ਬਾਹਰ, ਪੰਜ ਤਤ ਅੰਦਰ ਰਹਿਣ ਨਾ ਪਾਈਆ । ਸਾਹਿਬ ਸਤਿਗੁਰ ਕਰੇ ਪਿਆਰ, ਸਚ ਪ੍ਰੀਤੀ ਇਕ ਰਖਾਈਆ । ਦੂਈ ਦਵੈਤੀ ਦੇਵੇ ਮਾਰ, ਸ਼ਰਅ ਸ਼ਰਾਇਤੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਇਕ ਨਾਮ ਵਰ, ਤਿਸ ਮੰਦਰ ਅੰਦਰ ਕਰੇ ਸਫ਼ਾਈਆ । ਕਾਇਆ ਮੰਦਰ ਅੰਦਰ ਕਰੇ ਸਾਫ਼, ਦੁਰਮਤ ਮੈਲ ਆਪ ਧਵਾਈਆ । ਕੋਟ ਜਨਮ ਦੇ ਕਰਮ ਕਰੇ ਮੁਆਫ਼, ਨਿਹਕਰਮੀ ਆਪਣਾ ਕਰਮ ਕਮਾਈਆ । ਜੋ ਜਨ ਜਪੇ ਆਤਮ ਪਰਮਾਤਮ ਸੱਚਾ ਜਾਪ, ਬਿਨ ਰਸਨਾ ਜਿਹਵਾ ਦਏ ਸਮਝਾਈਆ । ਤ੍ਰੈਗੁਣ ਮੇਟੇ ਕੂੜਾ ਤਾਪ, ਅਗਨੀ ਤਤ ਨਾ ਲਾਗੇ ਰਾਈਆ । ਸਚ ਪ੍ਰੀਤੀ ਜੋੜੇ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਨਾਮ ਚੜ੍ਹਾਏ ਸਾਚੇ ਰਾਥ, ਬਣ ਰਥਵਾਹੀ ਸੇਵ ਕਮਾਈਆ । ਸਚ ਸਰੋਵਰ ਵਖਾਏ ਇਕੋ ਤਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕੂੜੀ ਕਿਰਿਆ ਬਾਹਰ ਕਢਾਈਆ । ਕੂੜੀ ਕਿਰਿਆ ਹੋਵੇ ਦੂਰ, ਘਰ ਘਰ ਵਿਚ ਰਹਿਣ ਨਾ ਪਾਈਆ । ਜਿਸ ਸੁਆਮੀ ਮਿਲੇ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਦਰਸ ਦਿਖਾਈਆ । ਸਾਚਾ ਬਖ਼ਸ਼ੇ ਜੋਤੀ ਨੂਰ, ਨੂਰੋ ਨੂਰ ਕਰੇ ਰੁਸ਼ਨਾਈਆ । ਸ਼ਬਦ ਸੁਣਾਏ ਧੁਰ ਦੀ ਤੂਰ, ਅਨਰਾਗੀ ਰਾਗ ਅਲਾਈਆ । ਨਾਤਾ ਤੋੜੇ ਕੂੜੀ ਕਿਰਿਆ ਕੂੜ, ਜੂਠ ਝੂਠ ਡੇਰਾ ਢਾਹੀਆ । ਅੰਤਰ ਆਤਮ ਬਖ਼ਸ਼ੇ ਇਕ ਸਰੂਰ, ਸੱਚਾ ਜਾਮ ਇਕੋ ਇਕ ਪਿਆਈਆ । ਨਜ਼ਰੀ ਆਏ ਨੇੜਨ ਨੇੜਾ ਦੁਰਾਡਾ ਦੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੂੜੀ ਕਿਰਿਆ ਜੁਗ ਜੁਗ ਮੇਟ ਮਿਟਾਈਆ । ਕੂੜੀ ਕਿਰਿਆ ਦੇਵੇ ਕੱਢ, ਤਨ ਮਾਟੀ ਸਾਫ਼ ਕਰਾਈਆ । ਪਵਿਤ ਪੁਨੀਤ ਕਰੇ ਹੱਡ, ਮਾਸ ਨਾੜੀ ਸੋਭਾ ਪਾਈਆ । ਭੇਵ ਖੁਲ੍ਹਾਏ ਵਿਸ਼ਵ ਯੱਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ

ਜਾਣੇ ਬੇਪਰਵਾਹੀਆ । ਕਾਇਆ ਅੰਦਰ ਦੁਰਮਤ ਮੈਲ ਦੇਵੇ ਧੋ, ਸਤਿਗੁਰ ਪੂਰੇ ਹੱਥ ਵਡਿਆਈਆ । ਨਿਰਮਲ ਪਰਕਾਸ਼ ਕਰ ਲੋ, ਦੀਆ ਬਾਤੀ ਇਕ ਵਖਾਈਆ । ਨਾਮ ਜਣਾਏ ਸਾਚਾ ਆਪਣਾ ਸੋ, ਹੰ ਬ੍ਰਹਮ ਭੇਵ ਖੁਲ੍ਹਾਈਆ । ਆਤਮ ਪਰਮਾਤਮ ਆਪੇ ਹੋ, ਘਰ ਸਾਚੇ ਸੋਭਾ ਪਾਈਆ । ਪਾਰਬ੍ਰਹਮ ਬ੍ਰਹਮ ਜਾਏ ਛੋਹ, ਸਾਚਾ ਮੇਲਾ ਸਹਿਜ ਸੁਭਾਈਆ । ਧੁਰ ਦਾ ਢੋਆ ਵਸਤ ਅਮੋਲਕ ਦੇਵੇ ਢੋ, ਨਾਮ ਭੰਡਾਰਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਵਖਾਏ ਸਾਚਾ ਘਰ, ਤਿਸ ਕਾਇਆ ਕੂੜ ਰਹਿਣ ਨਾ ਪਾਈਆ । ਕਾਇਆ ਕੂੜ ਤੁਟੇ ਨਾਤਾ, ਸਚ ਸੁਚ ਇਕੋ ਨਜ਼ਰੀ ਆਈਆ । ਮਿਲੇ ਮੇਲ ਪੁਰਖ ਬਿਧਾਤਾ, ਬਿਧ ਆਪਣੀ ਦਏ ਸਮਝਾਈਆ । ਨਾਮ ਸੁਣਾਏ ਬੋਧ ਅਗਾਧਾ, ਸ਼ਬਦ ਅਗੰਮੀ ਰਾਗ ਅਲਾਈਆ । ਉਤਮ ਕਰੇ ਹਰਿਜਨ ਜ਼ਾਤਾ, ਜ਼ਾਤ ਪਾਤ ਨਾ ਵੰਡ ਵੰਡਾਈਆ । ਮੇਟ ਮਿਟਾਏ ਅੰਧੇਰੀ ਰਾਤਾ, ਜੋਤੀ ਨੂਰ ਚੰਦ ਚਮਕਾਈਆ । ਇਕ ਸੁਣਾਏ ਪੂਜਾ ਪਾਠਾ, ਮੰਤਰ ਇਕੋ ਇਕ ਦ੍ਰਿੜਾਈਆ । ਇਕੋ ਮੇਲ ਪੁਰਖ ਸਮਰਾਥਾ, ਸਮਰਥ ਪੁਰਖ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਨਾਮ ਵਰ, ਕਾਇਆ ਦੁੱਖ ਦਲਿੱਦਰ ਦੂਰ ਕਰਾਈਆ । ਦੁੱਖ ਦਲਿੱਦਰ ਦੂਰ ਜਾਏ ਨੱਠ, ਬਣ ਪਾਂਧੀ ਪੰਧ ਮੁਕਾਈਆ । ਜਿਸ ਸਿਰ ਉਪਰ ਸਤਿਗੁਰ ਪੂਰਾ ਰੱਖੇ ਹੱਥ, ਮਿਹਰ ਨਜ਼ਰ ਇਕ ਉਠਾਈਆ । ਵਸਤ ਅਮੋਲਕ ਕਾਇਆ ਅੰਦਰ ਦੇਵੇ ਘੱਤ, ਘਰ ਘਰ ਵਿਚ ਆਪ ਟਿਕਾਈਆ । ਬਹੱਤਰ ਨਾੜ ਨਾ ਉਬਲੇ ਰੱਤ, ਰੱਤੀ ਰਤ ਨਾ ਕੋਇ ਸੁਕਾਈਆ । ਬਿਨ ਪੜ੍ਹਿਆਂ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਇਕ ਜਣਾਈਆ । ਆਤਮ ਪਰਮਾਤਮ ਹੋਵੇ ਵਸ, ਨਾਤਾ ਨਿਰਗੁਣ ਨਿਰਗੁਣ ਨਾਲ ਰਖਾਈਆ । ਨਿਜ ਨੇਤਰ ਖੋਲ੍ਹੇ ਅੱਖ, ਆਖ਼ਰ ਆਪਣਾ ਮੇਲ ਮਿਲਾਈਆ । ਸਾਚਾ ਮਾਰਗ ਦੇਵੇ ਦੱਸ, ਰਹਿਬਰ ਬਣ ਕੇ ਨੂਰ ਖ਼ੁਦਾਈਆ । ਸਾਫ਼ ਕਰੇ ਕਾਇਆ ਮੰਦਰ ਸੱਚਾ ਹੱਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਮਿਟਾਏ ਦੁੱਖ ਕਲੇਸ਼, ਕਿਰਪਾ ਕਰ ਨਰ ਨਰੇਸ਼, ਨਰ ਹਰਿ ਆਪਣਾ ਰੰਗ ਰੰਗਾਈਆ । ਗੋਬਿੰਦ ਲੇਖਾ ਲੇਖ ਅਪਾਰ, ਸਿੰਘ ਆਪਣੀ ਭਬਕ ਲਗਾਈਆ । ਧੁਰ ਦਾ ਲੇਖਾ ਕੋਈ ਸਮਝ ਨਾ ਸਕੇ ਵਿਚ ਸੰਸਾਰ, ਮਨ ਮਤ ਬੁਧ ਰਹੀ ਕੁਰਲਾਈਆ । ਸ਼ਬਦ ਸੰਦੇਸਾ ਦੇ ਕੇ ਗਿਆ ਅੰਤਮ ਵਾਰ, ਦੋ ਜਹਾਨਾਂ ਆਪ ਸੁਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਰ ਕੇ ਗਿਆ ਖ਼ਬਰਦਾਰ, ਨੇਤਰ ਨੈਣ ਅੱਖ ਖੁਲ੍ਹਾਈਆ । ਕਾਤਬ ਬਣ ਕੇ ਲੇਖਾ ਲਿਖਿਆ ਇਕ ਲਿਖਾਰ, ਮੇਲ ਮਿਲਾਇਆ ਕਲਮ ਸ਼ਾਹੀਆ । ਕਲਜੁਗ ਆਯੂ ਵੇਖ ਵਖਾਏ ਲੱਖ ਚਾਰ, ਬੱਤੀ ਹਜ਼ਾਰ ਭੇਵ ਅਭੇਦਾ ਆਪਣੇ ਹੱਥ ਰਖਾਈਆ । ਕਰਮ ਕਾਂਡ ਦੀ ਮਾਰੇ ਮਾਰ, ਲੇਖਾ ਜਾਣੇ ਥਾਉਂ ਥਾਈਆ । ਕਲਜੁਗ ਕਰਮ ਕੁਕਰਮ ਖ਼ਾਤਰ ਬਾਲੇ ਨੀਹਾਂ ਹੇਠਾਂ ਦਿਤੇ ਸੁਆਲ, ਕੂੜੀ ਕਿਰਿਆ ਜੜ੍ਹ ਉਖੜਾਈਆ । ਸਚ ਸੰਦੇਸਾ ਦੇ ਕੇ ਗਿਆ ਇਕੋ ਵਾਰ, ਇਕੋ ਢਈਆ ਪੰਧ ਮੁਕਾਈਆ । ਸਾਚਾ ਸਈਆ ਪਰਗਟ ਹੋਵੇ ਏਕੰਕਾਰ, ਅਕਲ ਕਲ ਬੇਪਰਵਾਹੀਆ । ਜੋਤੀ ਜਾਮਾ ਲਏ ਅਵਤਾਰ, ਨਾ ਕੋਈ ਪਿਤਾ ਨਾ ਕੋਈ ਮਾਈਆ । ਸ਼ਬਦ ਡੰਕਾ ਵਜਾਏ ਅਗੰਮ ਅਪਾਰ, ਅਲੱਖ ਅਗੋਚਰ ਆਪਣਾ ਹੁਕਮ ਵਰਤਾਈਆ । ਸੰਬਲ ਵਸੇ ਧਾਮ ਨਿਆਰ, ਸਾਚੇ ਮੰਦਰ ਸੋਭਾ ਪਾਈਆ । ਕਲ ਕਲਕੀ ਲੈ ਅਵਤਾਰ, ਨਰ ਨਰਾਇਣ ਆਪਣਾ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵਡ ਦਾਤਾ ਬੇਪਰਵਾਹੀਆ । ਗੋਬਿੰਦ ਲੇਖਾ ਖੇਲ ਅਪਾਰਾ, ਅਪਰੰਪਰ ਦਏ

ਸਮਝਾਈਆ । ਕਲਜੁਗ ਅੰਤਮ ਹੋਵੇ ਧੁੰਦੂਕਾਰਾ, ਚਾਰੋਂ ਕੁੰਟ ਅੰਧੇਰਾ ਛਾਈਆ । ਸ੍ਰਿਸ਼ਟ ਸਬਾਈ ਕਰੇ ਹਾਹਾਕਾਰਾ, ਧੀਰਜ ਧੀਰ ਜਤ ਸਤਿ ਨਜ਼ਰ ਕੋਇ ਨਾ ਆਈਆ । ਸਾਧ ਸੰਤ ਕੂੜੀ ਕਿਰਿਆ ਕਰਨ ਬਿਵਹਾਰਾ, ਮਾਇਆ ਮਮਤਾ ਹੋਏ ਹਲਕਾਈਆ । ਧੀਆਂ ਭੈਣਾਂ ਕਰਨ ਵਣਜ ਵਪਾਰਾ, ਪਿਤਾ ਪੂਤ ਸਾਚਾ ਸੰਗ ਨਾ ਕੋਇ ਰਖਾਈਆ । ਗੁਰ ਕਾ ਸ਼ਬਦ ਕਰੇ ਨਾ ਕੋਈ ਪਿਆਰਾ, ਮਨਮਤ ਚਲੇ ਜਗਤ ਲੋਕਾਈਆ । ਦੀਨ ਮਜ਼੍ਹਬ ਉਚੀ ਕੂਕੇ ਰੋਵੇ ਜ਼ਾਰੋ ਜ਼ਾਰਾ, ਜ਼ਾਤ ਪਾਤ ਨੇਤਰ ਨੈਣਾਂ ਨੀਰ ਵਹਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਸਚ ਕਰੇ ਨਾ ਕੋਇ ਪਿਆਰਾ, ਜਗਤ ਸਿਆਸਤ ਬੈਠੇ ਡੇਰਾ ਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਦੋਏ ਜੋੜ ਕਰੇ ਨਿਮਸਕਾਰਾ, ਪ੍ਰਭ ਅੱਗੇ ਵਾਸਤਾ ਪਾਈਆ । ਦਰ ਮੰਗਣ ਤੇਈ ਅਵਤਾਰਾ, ਭਗਤ ਅਠਾਰਾਂ ਸੀਸ ਝੁਕਾਈਆ । ਵਿਸ਼ਨੂੰ ਕਹੇ ਮੇਰਾ ਖ਼ਾਲੀ ਦਿਸੇ ਭੰਡਾਰਾ, ਸਾਚੀ ਵਸਤ ਨਜ਼ਰ ਕੋਇ ਨਾ ਆਈਆ । ਬ੍ਰਹਮਾ ਕਹੇ ਮੇਰਾ ਬ੍ਰਹਮ ਹੋਇਆ ਅੰਧਿਆਰਾ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਸ਼ੰਕਰ ਕਹੇ ਮੇਰੀ ਤਰਸ਼ੂਲ ਡਿਗੀ ਮੂੰਹ ਦੇ ਭਾਰਾ, ਜ਼ੁਲਮ ਸਕੇ ਨਾ ਕੋਇ ਮਿਟਾਈਆ । ਪੁਰਖ ਅਕਾਲ ਵੇਖੇ ਵੇਖਣਹਾਰਾ, ਪਾਰਬ੍ਰਹਮ ਬੇਪਰਵਾਹੀਆ । ਸਚ ਸੰਦੇਸਾ ਦੇ ਕੇ ਆਇਆ ਗੋਬਿੰਦ ਸੁਤ ਦੁਲਾਰਾ, ਸ੍ਰਿਸ਼ਟ ਸਬਾਈ ਬੋਧ ਗਿਆਨ ਦ੍ਰਿੜਾਈਆ । ਕਲਜੁਗ ਅੰਤ ਸ੍ਰੀ ਭਗਵਾਨ ਲਏ ਅਵਤਾਰਾ, ਨਿਹਕਲੰਕ ਨਾਉਂ ਰਖਾਈਆ । ਜੋਤੀ ਜੋਤ ਕਰੇ ਖੇਲ ਅਪਰ ਅਪਾਰਾ, ਨੂਰੋ ਨੂਰ ਨੂਰ ਰੁਸ਼ਨਾਈਆ । ਈਸਾ ਮੂਸਾ ਮੁਹੰਮਦ ਜਿਸ ਨੂੰ ਸਜਦਾ ਦੋਏ ਜੋੜ ਕਰਦੇ ਗਏ ਨਿਮਸਕਾਰਾ, ਕਲਮਾ ਕਾਇਨਾਤ ਪੜ੍ਹਾਈਆ । ਸੋ ਪਰਗਟ ਹੋਵੇ ਵਡ ਅਮਾਮ ਬੇਐਬ ਸਾਂਝਾ ਯਾਰਾ, ਲੋਕਮਾਤ ਫੇਰਾ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਨੇਤਰ ਨੀਰ ਵਹਾਏ ਉਚੀ ਕੂਕ ਕਰੇ ਪੁਕਾਰਾ, ਬੌਹੜੀ ਬੌਹੜੀ ਦਰੋਹੀ ਦਰੋਹੀ ਰਹੀ ਸੁਣਾਈਆ । ਪਾਰਬ੍ਰਹਮ ਪ੍ਰਭ ਆਪਣਾ ਆਪ ਵੇਖ ਸੰਸਾਰਾ, ਸ੍ਰਿਸ਼ਟ ਸਬਾਈ ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਆਤਮ ਪਰਮਾਤਮ ਕਰੇ ਨਾ ਕੋਈ ਪਿਆਰਾ, ਘਰ ਵਿਚ ਘਰ ਬੰਦ ਕਿਵਾੜੀ ਕੁੰਡਾ ਕੋਇ ਨਾ ਲਾਹੀਆ । ਨਿਰਗੁਣ ਨੂਰ ਨਜ਼ਰ ਨਾ ਆਏ ਜੋਤ ਉਜਿਆਰਾ, ਦੀਪਕ ਸਚ ਨਾ ਕੋਇ ਰੁਸ਼ਨਾਈਆ । ਬਿਨ ਗੁਰ ਗੋਬਿੰਦ ਦਿਸੇ ਨਾ ਕੋਇ ਸਹਾਰਾ, ਸ਼ਬਦ ਗੋਬਿੰਦ ਰੂਪ ਵਟਾਈਆ । ਹਰ ਘਟ ਅੰਦਰ ਵੇਖਣਹਾਰਾ, ਸੋ ਗੋਬਿੰਦ ਲੱਖ ਚੁਰਾਸੀ ਰਿਹਾ ਸਮਾਈਆ । ਜੁਗ ਚੌਕੜੀ ਮੇਟਣਹਾਰਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵੇ ਪੰਧ ਮੁਕਾਈਆ । ਚੌਦਾਂ ਲੋਕ ਵੇਖੇ ਅਖਾੜਾ, ਚੌਦਾਂ ਤਬਕ ਨੇਤਰ ਨੈਣ ਦਏ ਖੁਲ੍ਹਾਈਆ । ਤ੍ਰੈਗੁਣ ਮਾਇਆ ਅਗਨੀ ਲੱਗੀ ਤੱਤੀ ਹਾੜਾ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਗੋਬਿੰਦ ਸੂਰਾ ਧੁਰ ਦਾ ਲਾੜਾ, ਸਚ ਸੰਦੇਸਾ ਇਕੋ ਵਾਰ ਗਿਆ ਸੁਣਾਈਆ । ਕਲ ਕਲਕੀ ਪੁਰਖ ਅਕਾਲ ਲਏ ਅਵਤਾਰਾ, ਵਡ ਅਵਤਾਰੀ ਆਪਣਾ ਫੇਰਾ ਪਾਈਆ । ਚਾਰ ਵਰਨਾਂ ਦੇਵੇ ਇਕ ਸਹਾਰਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਬਚਿਆ ਕੋਇ ਰਹਿਣ ਨਾ ਪਾਈਆ । ਸਾਚਾ ਮਾਰਗ ਦੱਸੇ ਇਕ ਅਪਾਰਾ, ਪੂਜਾ ਪੁਰਖ ਅਕਾਲ ਇਕ ਕਰਾਈਆ । ਦੂਜਾ ਇਸ਼ਟ ਨਾ ਕੋਈ ਮੰਨੇ ਜੀਵ ਗਵਾਰਾ, ਮਨ ਮਤ ਬੁਧ ਇਕੋ ਗੁਣ ਦਰਸਾਈਆ । ਮਹੱਲ ਅਟੱਲ ਕਰੇ ਉਜਿਆਰਾ, ਜੋਤੀ ਨੂਰ ਨੂਰ ਰੁਸ਼ਨਾਈਆ । ਜੋਤ ਸ਼ਬਦ ਪੁਰਖ ਅਕਾਲ ਨਿਰਗੁਣ ਸਰੂਪ ਨਿਹਕਲੰਕ ਨਰਾਇਣ ਨਰ ਅਵਤਾਰਾ, ਪੰਜ ਤਤ ਕੋਈ ਨਿਹਕਲੰਕ ਨਾ ਮਾਤ ਅਖਵਾਈਆ । ਪੰਚਮ ਪਾਤਸ਼ਾਹ ਸਭ ਦਾ ਮੀਤ, ਗੁਰ ਸ਼ਬਦ ਰੂਪ ਜਣਾਈਆ । ਹਰ ਘਟ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਜਿਸ ਦਾ ਸਿਮਰਨ ਮੰਦਰ ਮਸੀਤ,

ਸ਼ਿਵਦਵਾਲੇ ਮੱਠ ਰਹੇ ਜਸ ਗਾਈਆ । ਸੋ ਸਤਿਗੁਰ ਆਦਿ ਜੁਗਾਦਿ ਜੁਗ ਚੌਕੜੀ ਰਹੇ ਠੀਕ, ਮਰਨ ਜੰਮਣ ਵਿਚ ਕਦੇ ਨਾ ਆਈਆ । ਲੱਖ ਚੁਰਾਸੀ ਦੱਸੇ ਮਾਰਗ ਲਾਸ਼ਰੀਕ, ਸ਼ਿਰਕਤ ਰੂਪ ਨਾ ਕੋਇ ਵਟਾਈਆ । ਜਿਸ ਕਾਇਆ ਮੰਦਰ ਅੰਦਰ ਪੰਚਮ ਗੁਰੂ ਅਰਜਣ ਆਇਆ ਨਜ਼ਦੀਕ, ਘਰ ਬਹਿ ਬਹਿ ਖ਼ੁਸ਼ੀ ਵਖਾਈਆ । ਸੋ ਗੁਰਮੁਖ ਸਭ ਨਾਲ ਕਰੇ ਇਕ ਪ੍ਰੀਤ, ਦਵੈਤ ਦੂਈ ਨਾ ਕੋਇ ਰਖਾਈਆ । ਮਿਲ ਸਤਿਗੁਰ ਹੋਵੇ ਭੈ ਭੀਤ, ਭੀਤਰ ਆਪਣਾ ਪੜਦਾ ਲਾਹੀਆ । ਪੂਰੇ ਸਤਿਗੁਰ ਦੀ ਇਕੋ ਰੀਤ, ਨਿਰਗੁਣ ਸ਼ਬਦ ਸਤਿਗੁਰ ਦੂਜਾ ਹੋਰ ਨਾ ਕੋਇ ਮਨਾਈਆ । ਪੰਚਮ ਪਾਤਸ਼ਾਹ ਕਵਣ ਰੰਗ, ਕਵਣ ਰੰਗ ਸਮਾਈਆ । ਕਵਣ ਸੇਜ ਕਵਣ ਪਲੰਘ, ਕਵਣ ਮੰਦਰ ਬੈਠਾ ਡੇਰਾ ਲਾਈਆ । ਕਵਣ ਨਾਮ ਕਵਣ ਮਰਦੰਗ, ਕਵਣ ਰਾਗ ਰਿਹਾ ਅਲਾਈਆ । ਕਵਣ ਗੀਤ ਕਵਣ ਛੰਦ, ਕਵਣ ਭੇਵ ਚੁਕਾਈਆ । ਕਵਣ ਸੁਰਤ ਕਵਣ ਅਨੰਦ, ਕਵਣ ਨਿਜਾਨੰਦ ਵਖਾਈਆ । ਕਵਣ ਪਰਕਾਸ਼ ਕਵਣ ਚੰਦ, ਕਵਣ ਸੂਰੀਆ ਕਰੇ ਰੁਸ਼ਨਾਈਆ । ਕਵਣ ਬ੍ਰਹਿਮੰਡ ਕਵਣ ਖੰਡ, ਕਵਣ ਜੇਰਜ ਅੰਡ ਵੇਖ ਵਖਾਈਆ । ਕਵਣ ਰੂਪ ਢਾਹੇ ਭਰਮਾਂ ਕੰਧ, ਭਾਂਡਾ ਭਰਮ ਭੌ ਭੰਨਾਈਆ । ਕਵਣ ਸੇਜਾ ਸੁੱਤਾ ਸਦਾ ਚਿਤ ਅਨੰਦ, ਸਤਿ ਸਰੂਪ ਆਪਣਾ ਆਸਣ ਲਾਈਆ । ਧੁਰ ਦੀ ਕੋਈ ਨਾ ਦਿਸੇ ਚਿੱਠੀ, ਲੇਖਾ ਹਰਿ ਨਾ ਕੋਇ ਜਣਾਈਆ । ਪ੍ਰਭ ਦੀ ਖੇਲ ਸਦਾ ਅਨਡਿਠੀ, ਲਿਖਣ ਪੜ੍ਹਨ ਵਿਚ ਨਾ ਆਈਆ । ਗੁਰਮੁਖ ਵਿਰਲੇ ਆਪਣੀ ਕਿਰਿਆ ਲੋਕ ਜਿਤੀ, ਸਿਧੀ ਮਿਲੀ ਜੋਤ ਰੁਸ਼ਨਾਈਆ । ਬਿਨ ਹਰਿ ਨਾਮੇ ਗੱਲ ਜਗਤ ਫਿਕੀ, ਸਾਚਾ ਰਸ ਨਜ਼ਰ ਨਾ ਆਈਆ । ਕਵਣ ਧਾਰ ਸਤਿਗੁਰ ਨਾਨਕ ਲੇਖ ਲਿਖੀ, ਅਗੰਮ ਅਥਾਹ ਬੋਧ ਅਗਾਧ ਕਰੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਹ ਚਿਠੀ ਮੰਗ ਮੰਗਾਈਆ । ਸਤਿਗੁਰ ਨਾਨਕ ਚਿਠੀ ਦਿਓ ਵਖਾਲ, ਜਿਸ ਉਪਰ ਲੇਖ ਲਿਖਾਈਆ । ਦੀਨ ਦਿਆਲ ਸਾਹਿਬ ਸਤਿਗੁਰ ਸਦਾ ਕਿਰਪਾਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰਮੁਖ ਗੁਰਸਿਖ ਸੱਜਣ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਜਿਸ ਅੱਖਰ ਦੀ ਦੋ ਜਹਾਨ ਕਰਦੇ ਫਿਰਦੇ ਭਾਲ, ਸੋ ਨਿਸ਼ਅੱਖਰ ਸਾਚੇ ਘਰ ਡੇਰਾ ਲਾਈਆ । ਗੁਰਮੁਖ ਗੁਰਮੁਖ ਇਕ ਸਵਾਲ, ਸਨਮੁਖ ਸਨਮੁਖ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਉਹ ਪਾਤੀ, ਜੋ ਲਿਖੀ ਜਾਏ ਬਿਨ ਕਲਮ ਦਵਾਤੀ, ਸ਼ਾਂਤੀ ਪੁੰਜ ਸਤਿਗੁਰ ਨਾਨਕ ਆਪਣੇ ਕੋਲ ਰਖਾਈਆ ।



## ੨੦ ਅੱਸੂ ੨੦੨੦ ਬਿਕ੍ਰਮੀ ਕਰਤਾਰ ਸਿੰਘ ਦੇ ਗ੍ਰਹਿ ਪਿੰਡ ਚੜਿਕ ਜ਼ਿਲਾ ਫ਼ਿਰੋਜ਼ਪੁਰ

ਸੋ ਪੁਰਖ ਨਿਰੰਜਣ ਸਾਹਿਬ ਸਮਰਾਥ, ਸਚਖੰਡ ਦਰਬਾਰ ਲਗਾਈਆ । ਨਿਰਮਲ ਨੂਰ ਜੋਤ ਕਰ ਪਰਕਾਸ਼, ਦੀਆ ਦੀਪਕ ਇਕੋ ਡਗਮਗਾਈਆ । ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਆਪਣੀ ਕਾਰ ਕਮਾਈਆ । ਜੁਗ ਚੌਕੜੀ ਪਾਵਣਹਾਰਾ ਰਾਸ, ਮੰਡਲ ਮੰਡਪ ਵੇਖ ਵਖਾਈਆ । ਸੁਣਾਵਣਹਾਰਾ ਸ਼ਬਦ ਅਨਾਦੀ ਬੋਧ ਅਗਾਧ, ਧੁਰ ਦਾ ਰਾਗੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦੁਆਰ ਦਏ ਵਡਿਆਈਆ । ਸਚਖੰਡ ਦੁਆਰ ਪੁਰਖ ਸਮਰਥ, ਹੁਕਮੀ ਹੁਕਮ ਇਕ ਵਰਤਾਈਆ । ਗੁਰ ਅਵਤਾਰਾਂ ਕਰ ਇਕੱਠ, ਪੀਰ ਪੈਗ਼ੰਬਰਾਂ

੭੫੧ ੧੫

ਨਾਲ ਮਿਲਾਈਆ । ਧੁਰ ਫ਼ਰਮਾਨਾ ਰਿਹਾ ਦੱਸ, ਨਾਮ ਸੰਦੇਸਾ ਇਕ ਸੁਣਾਈਆ । ਕਲਜੁਗ ਵੇਖੋ ਚਾਰੋਂ ਕੁੰਟ ਅੰਧੇਰਾ ਮੱਸ, ਸਾਚਾ ਚੰਦ ਨਾ ਕੋਇ ਚਮਕਾਈਆ । ਮਨ ਵਾਸਨਾ ਜੀਵ ਜੰਤ ਰਹੇ ਨੱਠ, ਸਾਂਤਕ ਸਤਿ ਸਰੂਪ ਨਜ਼ਰ ਕੋਇ ਨਾ ਆਈਆ । ਸਾਧਾਂ ਸੰਤਾਂ ਤੁਟਾ ਧੀਰਜ ਜਤ, ਸਤਿ ਸੰਤੋਖ ਰੂਪ ਨਾ ਕੋਇ ਵਟਾਈਆ । ਦੀਨ ਮਜ਼੍ਹਬ ਜ਼ਾਤ ਪਾਤ ਸ਼ਰੀਅਤ ਪਿਆ ਵੱਟ, ਝਗੜਾ ਸਕੇ ਨਾ ਕੋਇ ਮੁਕਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕੂੜ ਕੁੜਿਆਰ ਹੋਇਆ ਹੱਟ, ਨਾਮ ਵਣਜ ਨਾ ਕੋਇ ਕਰਾਈਆ । ਤ੍ਰੈਗੁਣ ਮਾਇਆ ਅਗਨੀ ਤਪਿਆ ਮੱਠ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਸਤਿ ਸੰਤੋਖ ਨਾ ਪੰਜ ਤੱਤ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਨਾੜ ਬਹੱਤਰ ਉਬਲੀ ਰੱਤ, ਤਿੰਨ ਸੌ ਸੱਠ ਹਾਡੀ ਰਹੀ ਕੁਰਲਾਈਆ । ਕਾਇਆ ਮੰਦਰ ਅੰਦਰ ਹਰਿ ਕਾ ਸੁਣੇ ਕੋਈ ਨਾ ਜਸ, ਰਸਨਾ ਜਿਹਵਾ ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਘਰ ਸਰੋਵਰ ਸਾਰ ਨਾ ਪਾਏ ਕੋਈ ਸਾਚੇ ਤੱਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫਿਰ ਫਿਰ ਥੱਕੇ ਪਾਂਧੀ ਰਾਹੀਆ । ਪੁਰਖ ਅਕਾਲ ਦੀਨ ਦਿਆਲ ਚਰਨ ਕਵਲ ਨਾ ਕੋਈ ਨਤ, ਨਾਤਾ ਜੁੜਿਆ ਜਗਤ ਲੋਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਸੁਰਤੀ ਸ਼ਬਦ ਮਿਲ ਕੇ ਕੋਈ ਨਾ ਗਾਏ ਜਸ, ਸਾਚਾ ਰਸ ਹੱਥ ਕਿਸੇ ਨਾ ਆਈਆ । ਕਾਮ ਵਾਸਨਾ ਸਾਰੇ ਹੋਏ ਵਸ, ਚਾਰ ਕੁੰਟ ਦਹਿ ਦਿਸ਼ਾ ਭੱਜਣ ਵਾਹੋ ਦਾਹੀਆ । ਸ਼ਬਦ ਡੋਰੀ ਕੋਈ ਨਾ ਪਾਏ ਨੱਥ, ਮਨੂਆ ਬੰਧ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਗੁਣ ਲੇਖਾ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਸ੍ਰਿਸ਼ਟ ਸਬਾਈ ਜੋ ਦਸ ਕੇ ਆਏ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਉਚੀ ਕੂਕ ਕੂਕ ਸੁਣਾਇੰਦਾ । ਚਾਰੇ ਖਾਣੀ ਦਿਤਾ ਹੁਕਮ ਫ਼ਰਮਾਨ, ਅੰਡਜ ਜੇਰਜ ਉਤਭੁਜ ਸੇਤਜ ਬਚਿਆ ਕੋਈ ਨਜ਼ਰ ਨਾ ਆਇੰਦਾ । ਚਾਰੇ ਬਾਣੀ ਬੋਲ ਜ਼ਬਾਨ, ਪਰਾ ਪਸੰਤੀ ਮਧਮ ਬੈਖਰੀ ਰਾਗ ਸੁਣਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਵ ਨੌ ਚਾਰ ਕਰਕੇ ਆਏ ਖੇਲ ਮਹਾਨ, ਖ਼ਾਲਕ ਖ਼ਲਕ ਰੂਪ ਵਟਾਇੰਦਾ । ਪੀਰ ਪੈਗ਼ੰਬਰ ਕਾਇਨਾਤ ਵੇਖੋ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਭੇਵ ਆਪ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਨਿਮਸਕਾਰ, ਪੁਰਖ ਅਕਾਲ ਸੀਸ ਝੁਕਾਈਆ । ਤੇਰਾ ਖੇਲ ਸਿਰਜਣਹਾਰ, ਆਦਿ ਜੁਗਾਦਿ ਤੇਰੀ ਵਡਿਆਈਆ । ਜੁਗ ਚੌਕੜੀ ਹੁਕਮਰਾਨ, ਧੁਰ ਸੰਦੇਸਾ ਤੇਰਾ ਇਕੋ ਭਾਈਆ । ਨਿਤ ਨਵਿਤ ਤੇਰਾ ਸੰਦੇਸਾ ਦੇ ਕੇ ਆਏ ਜੀਵ ਜਹਾਨ, ਜੀਵਣ ਜੁਗਤ ਜਗਤ ਜਣਾਈਆ । ਆਤਮ ਪਰਮਾਤਮ ਦੱਸ ਕੇ ਆਏ ਗਿਆਨ, ਸ਼ਬਦ ਵਿਚੋਲਾ ਰੂਪ ਵਖਾਈਆ । ਭੇਵ ਖੁਲੌਂਦੇ ਆਏ ਗੋਪੀ ਕਾਹਨ, ਸੀਤਾ ਰਾਮ ਰੂਪ ਵਟਾਈਆ । ਵਖੌਂਦੇ ਆਏ ਸਚ ਮਕਾਨ, ਗ੍ਰਹਿ ਮੰਦਰ ਕਰ ਰੁਸ਼ਨਾਈਆ । ਜਣੌਂਦੇ ਆਏ ਧੁਰ ਪੈਗ਼ਾਮ, ਕਲਮਾ ਨਬੀ ਰਸੂਲ ਸੁਣਾਈਆ । ਤੇਰਾ ਲੇਖਾ ਦੱਸਦੇ ਰਹੇ ਸਚ ਅਮਾਮ, ਬੇਨਜ਼ੀਰ ਤੇਰੀ ਤਸਵੀਰ ਸਚ ਜਣਾਈਆ । ਕਲਜੁਗ ਅੰਤਮ ਮਾਣਸ ਮਾਨੁਖ ਸਾਬਤ ਰੱਖੇ ਨਾ ਕੋਇ ਈਮਾਨ, ਧੀਰਜ ਰੂਪ ਨਜ਼ਰ ਕੋਇ ਨਾ ਆਈਆ । ਘਰ ਘਰ ਵੜਿਆ ਦਿਸੇ ਪੰਜ ਸ਼ੈਤਾਨ, ਨਾਲ ਸ਼ਰਅ ਕਰੇ ਲੜਾਈਆ । ਚਾਰੋਂ ਕੁੰਟ ਝੂਠ ਤੂਫ਼ਾਨ, ਰਸਨਾ ਜਿਹਵਾ ਰਹੀ ਸੁਣਾਈਆ । ਬੱਤੀ ਦੰਦ ਕਰਨ ਕਲਿਆਣ, ਕਲਮਾ ਹੱਕ ਨਾ ਕੋਇ ਜਣਾਈਆ । ਸਚ ਧਰਮ ਨਾ ਦਿਸੇ ਕੋਇ ਨਿਸ਼ਾਨ, ਮੰਦਰ ਮਸਜਦ ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਮੁੱਲਾਂ ਸ਼ੇਖ਼

ਮਸਾਇਕ ਸਾਚਾ ਮਸਲਾ ਕੋਇ ਨਾ ਗਾਣ, ਰਸਨਾ ਜਿਹਵਾ ਉਚੀ ਕੂਕ ਕੂਕ ਆਪਣਾ ਭੇਵ ਰਹੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸਾਚਾ ਘਰ, ਬਿਨ ਨੈਣਾਂ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹ ਅੱਖ, ਕਲਜੁਗ ਅੰਤਮ ਨਵ ਨੌ ਚਾਰ ਵੇਖ ਵਖਾਈਆ । ਲੱਖ ਚੁਰਾਸੀ ਭਾਂਡੇ ਸੱਖ, ਹਿਰਦੇ ਹਰਿ ਨਾ ਕੋਇ ਵਸਾਈਆ । ਜੋ ਮਾਰਗ ਨਿਰਗੁਣ ਨਿਰਵੈਰ ਆਏ ਦੱਸ, ਲੋਕਮਾਤ ਬੂਝ ਬੁਝਾਈਆ । ਅੰਮ੍ਰਿਤ ਆਤਮ ਦੇ ਕੇ ਆਏ ਰਸ, ਨਿਝਰ ਝਿਰਨਾ ਇਕ ਝਿਰਾਈਆ । ਸਾਚਾ ਨੂਰ ਕਰ ਕੇ ਆਏ ਪਰਕਾਸ਼, ਘਰ ਘਰ ਦੀਵਾ ਬੱਤੀ ਇਕ ਟਿਕਾਈਆ । ਪ੍ਰਭ ਮਿਲਣ ਦੀ ਦੱਸ ਕੇ ਆਏ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਬਿਨ ਸਾਹਿਬ ਸਤਿਗੁਰ ਦੀਨ ਦਿਆਲ ਕੋਈ ਨਾ ਕਰੇ ਬੰਦ ਖ਼ਲਾਸ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਰਸਨਾ ਜਿਹਵਾ ਗਾਓ ਪਵਣ ਸਵਾਸ, ਸਿਫ਼ਤੀ ਸਿਫ਼ਤ ਸਿਫ਼ਤ ਸਾਲਾਹੀਆ । ਹੁਕਮ ਵਰਤੇ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਮੰਡਲ ਮੰਡਪ ਲੇਖਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੁਲ੍ਹਾਵਣਹਾਰਾ ਸਾਚਾ ਦਰ, ਗੁਰ ਅਵਤਾਰ ਪੀਰ ਪੈਗ਼ੰਬਰ ਸ਼ਬਦ ਇਸ਼ਾਰਾ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਵੇਖ ਹਾਲ, ਉਚੀ ਕੂਕ ਕੂਕ ਸੁਣਾਈਆ । ਤੇਰਾ ਖੇਲ ਵਡ ਨਿਰੰਕਾਰ, ਬੇਅੰਤ ਬੇਪਰਵਾਹੀਆ । ਸ੍ਰਿਸ਼ਟ ਸਬਾਈ ਹੋਈ ਖ਼ਵਾਰ, ਚਾਰੋਂ ਕੁੰਟ ਰਹੀ ਕੁਰਲਾਈਆ । ਸਾਚਾ ਦਿਸੇ ਨਾ ਕੋਇ ਪਿਆਰ, ਪ੍ਰੇਮ ਪ੍ਰੀਤੀ ਨਾ ਕੋਇ ਲਗਾਈਆ । ਘਰ ਘਰ ਵੜਿਆ ਦਿਸੇ ਹੰਕਾਰ, ਹਉਮੇਂ ਗੜ੍ਹ ਨਾ ਕੋਇ ਤੁੜਾਈਆ । ਕਲਜੁਗ ਜੀਵ ਰੂਪ ਧਰ ਨਾਰ ਵਿਭਚਾਰ, ਕੁਕਰਮੀ ਕਰਮ ਰਹੇ ਕਮਾਈਆ । ਗੁਰ ਕਾ ਸ਼ਬਦ ਸਕੇ ਨਾ ਕੋਇ ਵਿਚਾਰ, ਖੋਜਤ ਖੋਜਤ ਭੇਵ ਕੋਇ ਨਾ ਪਾਈਆ । ਨਵ ਨੌ ਦਿਸੇ ਧੂਆਂਧਾਰ, ਸਾਚਾ ਚੰਦ ਨਾ ਕੋਇ ਰੁਸ਼ਨਾਈਆ । ਭਰਮੇ ਭੁਲਾ ਸਰਬ ਸੰਸਾਰ, ਮਾਇਆ ਘਰ ਘਰ ਡੇਰਾ ਲਾਈਆ । ਜਗਤ ਕਾਇਆ ਹੋਈ ਖ਼ਵਾਰ, ਪੰਜ ਤਤ ਮਿਲੇ ਨਾ ਕੋਇ ਵਡਿਆਈਆ । ਸੁਰਤੀ ਸਕੇ ਨਾ ਕੋਇ ਸੰਭਾਲ, ਸ਼ਬਦੀ ਮੇਲ ਨਾ ਕੋਇ ਮਿਲਾਈਆ । ਲੇਖਾ ਚੁੱਕੇ ਨਾ ਸ਼ਾਹ ਕੰਗਾਲ, ਊਚ ਨੀਚ ਡੇਰਾ ਕੋਈ ਨਾ ਢਾਹੀਆ । ਸਾਚੀ ਦਿਸੇ ਨਾ ਕਿਸੇ ਧਰਮਸਾਲ, ਧਰਮ ਦੁਆਰਾ ਕਾਇਆ ਮੰਦਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਤੇਰੇ ਅੱਗੇ ਇਕ ਅਰਜ਼ੋਈਆ । ਤੇਰੇ ਅੱਗੇ ਅਰਜ਼ੋਈ ਸੱਚੀ ਅਰਦਾਸ, ਦੋਏ ਵਾਸਤਾ ਪਾਈਆ । ਪੁਰਖ ਅਕਾਲ ਤੇਰਾ ਖੇਲ ਤਮਾਸ਼, ਪਰਵਰਦਿਗਾਰ ਬੇਨਜ਼ੀਰ ਸਮਝ ਕੋਇ ਨਾ ਪਾਈਆ । ਜੁਗ ਚੌਕੜੀ ਤੇਰੀ ਨਿਰਗੁਣ ਸਰਗੁਣ ਰੱਖ ਕੇ ਬੈਠੇ ਆਸ, ਆਸਾ ਆਸਾ ਵਿਚੋਂ ਪਰਗਟਾਈਆ । ਨਿਰਮਲ ਜੋਤ ਕਰ ਪਰਕਾਸ਼, ਜੋਤੀ ਨੂਰ ਨੂਰ ਰੁਸ਼ਨਾਈਆ । ਜਨ ਭਗਤਾਂ ਹਿਰਦੇ ਅੰਦਰ ਕਰ ਵਾਸ, ਵਸਲ ਆਪਣਾ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਸਭ ਦਾ ਲੇਖਾ ਰਿਹਾ ਜਣਾਈਆ । ਗੁਰ ਅਵਤਾਰ ਵੇਖਣ ਨੈਣ, ਲੋਕਮਾਤ ਧਿਆਨ ਲਗਾਈਆ । ਰਸਨਾ ਜਿਹਵਾ ਕੋਈ ਨਾ ਸਕੇ ਕਹਿਣ, ਕਲਜੁਗ ਕੁਕਰਮ ਮਿਲੀ ਵਡਿਆਈਆ । ਸਾਧ ਸੰਤ ਧੀਆਂ ਭੈਣਾਂ ਤੱਕਣ ਡੂੰਬੇ ਡੂੰਘੇ ਵਹਿਣ, ਫੜ ਬਾਂਹੋਂ ਪਾਰ ਨਾ ਕੋਇ ਕਰਾਈਆ । ਨਾਤਾ ਨਜ਼ਰ ਨਾ ਆਵੇ ਸਾਕ ਸੱਜਣ ਸੈਣ, ਪਿਤਾ ਪੁੱਤ ਕਰੇ ਲੜਾਈਆ । ਚਾਰੋਂ ਕੁੰਟ ਕੂੜੀ ਕਿਰਿਆ ਮਨ ਵਾਸਨਾ ਫਿਰੇ ਡੈਣ, ਭੱਜੀ ਚਾਰੇ ਕੁੰਟ ਵਾਹੋ ਦਾਹੀਆ । ਗੁਰਮੁਖ ਵਿਰਲੇ ਸੰਤ ਸੁਹੇਲੇ ਹਰਿ ਕਾ ਨਾਉਂ ਲੁਕ ਲੁਕ ਲੈਣ, ਕਲਜੁਗ

ਕਿਰਿਆ ਕੋਲੋਂ ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਵੇਖ ਆਪਣਾ ਘਰ, ਤੇਰਾ ਬ੍ਰਹਿਮੰਡ ਰਿਹਾ ਕੁਰਲਾਈਆ । ਪਾਰਬ੍ਰਹਮ ਪ੍ਰਭ ਵੇਖ ਬ੍ਰਹਿਮੰਡ, ਨੇਤਰ ਨੈਣ ਅੱਖ ਖੁਲ੍ਹਾਈਆ । ਵਿਸ਼ਨੂੰ ਮੰਗੇ ਇਕੋ ਮੰਗ, ਵਿਸ਼ਵ ਆਪਣੀ ਧਾਰ ਦੇ ਜਣਾਈਆ । ਬ੍ਰਹਮਾ ਕਹੇ ਪਾਰਬ੍ਰਹਮ ਪ੍ਰਭ ਚਾੜ੍ਹ ਰੰਗ, ਰੰਗ ਰੰਗੀਲਾ ਇਕੋ ਰੂਪ ਨਜ਼ਰੀ ਆਈਆ । ਸ਼ੰਕਰ ਕਹੇ ਮੇਰਾ ਤ੍ਰਿਸੂਲ ਬਣਾ ਚੰਡ ਪਰਚੰਡ, ਕੂੜੀ ਕਿਰਿਆ ਦੇਵਾਂ ਢਾਹੀਆ । ਤ੍ਰੈਗੁਣ ਮਾਇਆ ਕਹੇ ਮੇਰਾ ਵੇਖ ਭੇਖ ਪਖੰਡ, ਮੈਂ ਚਾਰੋਂ ਕੁੰਟ ਨਚਾਈਆ । ਪੰਜ ਤਤ ਕਹੇ ਮੇਰਾ ਜੂਠ ਝੂਠ ਜੁੜਿਆ ਸੰਗ, ਸਚ ਸੁਚ ਨਜ਼ਰ ਕੋਇ ਨਾ ਆਈਆ । ਨਿਰਗੁਣ ਕਹੇ ਮੈਂ ਵਜਾਵਾਂ ਮਰਦੰਗ, ਕਲਜੁਗ ਡੰਕਾ ਹੱਥ ਉਠਾਈਆ । ਬਿਨ ਹਰਿ ਨਾਮੇ ਕੀਤੇ ਸਾਰੇ ਨੰਗ, ਗੁਰ ਸ਼ਬਦ ਓਢਣ ਹੱਥ ਕਿਸੇ ਨਾ ਆਈਆ । ਘਰ ਘਰ ਅੰਦਰ ਦੂਈ ਦਵੈਤ ਰਖਾਈ ਕੰਧ, ਭਾਂਡਾ ਭਰਮ ਨਾ ਕੋਇ ਭੰਨਾਈਆ । ਸੁਰਤ ਸਵਾਣੀ ਫਿਰੇ ਦੁਹਾਗਣ ਰੰਡ, ਸ਼ਬਦੀ ਕੰਤ ਸੇਜ ਨਾ ਕੋਇ ਹੰਡਾਈਆ । ਘਰ ਦੀਪਕ ਜੋਤ ਨਾ ਚੜ੍ਹੇ ਚੰਦ, ਅਗਿਆਨ ਅੰਧੇਰ ਨਾ ਕੋਇ ਮਿਟਾਈਆ । ਸਤਿਗੁਰੂ ਸੁਆਮੀ ਕਿਸੇ ਨਾ ਦਿਸੇ ਸੰਗ, ਸਾਰੇ ਪੱਲੂ ਗਏ ਛੁਡਾਈਆ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚ ਦੁਆਰਾ ਵੇਖੇ ਲੰਘ, ਸਾਹਿਬ ਸੁਲਤਾਨ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਖਣ ਪ੍ਰਭੂ ਜਾ, ਲੋਕਮਾਤ ਵੇਸ ਵਟਾਈਆ । ਨਿਰਗੁਣ ਹੋ ਕੇ ਬਣ ਮਲਾਹ, ਸਰਗੁਣ ਬੇੜਾ ਦੇ ਤਰਾਈਆ । ਧੁਰ ਦਾ ਸ਼ਬਦ ਦੇ ਸਲਾਹ, ਸਾਚੀ ਸਿਖਿਆ ਕਰ ਪੜ੍ਹਾਈਆ । ਸਰਬ ਜੀਆਂ ਜਣਾਉਣਾ ਇਕੋ ਨਾਂ, ਨਾਉਂ ਨਿਰੰਕਾਰਾ ਆਪ ਦਰਸਾਈਆ । ਸਾਚਾ ਰਾਮ ਦੇਣਾ ਵਖਾ, ਹਰ ਘਟ ਰਮਿਆ ਬੇਪਰਵਾਹੀਆ । ਸਾਚਾ ਕਾਹਨ ਦੇਣਾ ਮਿਲਾ, ਨਾਮ ਬੰਸਰੀ ਨਾਦ ਧੁਨ ਸ਼ਨਵਾਈਆ । ਸਾਚਾ ਪੈਗ਼ੰਬਰ ਦੇਣਾ ਵਖਾ, ਮੁਖ ਨਕ਼ਾਬ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਲਜੁਗ ਅੰਤਮ ਫੇਰਾ ਪਾਈਆ । ਕਲਜੁਗ ਅੰਤਮ ਜਾ ਕੇ ਵੇਖ, ਪ੍ਰਭ ਲੋਕਮਾਤ ਤੇਰੀ ਵਡਿਆਈਆ । ਨੌ ਖੰਡ ਪ੍ਰਿਥਮੀ ਵਧਿਆ ਭੇਖ, ਕੋਟਨ ਕੋਟੀ ਬੈਠੇ ਰੂਪ ਵਟਾਈਆ । ਤੇਰਾ ਸਾਚਾ ਦੇਵੇ ਨਾ ਕੋਈ ਸੰਦੇਸ, ਧੁਰ ਦੀ ਧਾਰ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਦੂਜਾ ਰਹਿਣ ਕੋਇ ਨਾ ਪਾਈਆ । ਪੁਰਖ ਅਕਾਲ ਕਹੇ ਮੈਂ ਜਾਵਾਂਗਾ । ਨਿਰਗੁਣ ਨਿਰਵੈਰ ਰੂਪ ਵਟਾਵਾਂਗਾ । ਕਲਜੁਗ ਕੂੜਾ ਕਹਿਰ ਮੇਟ ਮਿਟਾਵਾਂਗਾ । ਸਤਿਜੁਗ ਸਾਚੀ ਕਰਕੇ ਮਿਹਰ, ਸਤਿ ਸੰਤੋਖ ਇਕ ਵਰਤਾਵਾਂਗਾ । ਕੂੜੀ ਕਿਰਿਆ ਕਰਾਂ ਢੇਰ, ਅੰਤਮ ਖ਼ਾਕੀ ਖ਼ਾਕ ਮਿਲਾਵਾਂਗਾ । ਇਕੋ ਰੰਗ ਰੰਗਾਵਾਂ ਸੰਝ ਸਵੇਰ, ਜੋਤੀ ਨੂਰ ਇਕ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬੋਧ ਅਗਾਧਾ ਭੇਵ ਖੁਲ੍ਹਾਵਾਂਗਾ । ਬੋਧ ਅਗਾਧਾ ਭੇਵ ਖੁਲ੍ਹਾਵਾਂਗਾ । ਲੋਕਮਾਤ ਵੇਸ ਵਟਾਵਾਂਗਾ । ਨਰ ਨਰੇਸ਼ ਇਕ ਹੋ ਜਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਨਾਲ ਮਿਲਾਵਾਂਗਾ । ਜਾ ਕੇ ਵਸਾਂ ਸਾਚੇ ਦੇਸ, ਸਾਚੇ ਮੰਦਰ ਸੋਭਾ ਪਾਵਾਂਗਾ । ਧੁਰ ਦਾ ਦੇਵਾਂ ਇਕ ਸੰਦੇਸ, ਆਤਮ ਪਰਮਾਤਮ ਜੋੜ ਜੁੜਾਵਾਂਗਾ । ਨਿਰਗੁਣ ਸਰਗੁਣ ਖੇਲਾਂ ਖੇਡ, ਬਣ ਖਲਾਰੀ ਖੇਡ ਰਚਾਵਾਂਗਾ । ਜਨ ਭਗਤਾਂ ਦਿਆਂ ਆਪਣਾ ਭੇਤ, ਲੱਖ ਚੁਰਾਸੀ ਭਰਮ ਭੁਲਾਵਾਂਗਾ । ਸਾਚੇ ਸੰਤਾਂ ਕਰਾਂ ਹੇਤ,

ਹਿਤਕਾਰੀ ਆਪਣਾ ਰੂਪ ਵਟਾਵਾਂਗਾ । ਗੁਰਮੁਖਾਂ ਨਜ਼ਰੀ ਆਵਾਂ ਨੇਤਨ ਨੇਤ, ਨਿਜ ਘਰ ਆਪਣੀ ਤਾੜੀ ਲਾਵਾਂਗਾ । ਗੁਰਸਿਖਾਂ ਰੂਪ ਵਖਾਵਾਂ ਚੇਤਨ ਚੇਤ, ਚਿਤਵਿਤ ਠਗੌਰੀ ਮੇਟ ਮਿਟਾਵਾਂਗਾ । ਕੂੜੀ ਕਿਰਿਆ ਮੇਟ ਕੇ ਰੇਖ, ਸਤਿਜੁਗ ਸਾਚਾ ਮਾਰਗ ਲਾਵਾਂਗਾ । ਪੁਰਖ ਅਕਾਲ ਦੀਨ ਦਿਆਲ ਸਾਰੇ ਕਰਨ ਇਕ ਆਦੇਸ, ਸਜਦਾ ਸਭ ਨੂੰ ਇਕ ਸਮਝਾਵਾਂਗਾ । ਪਾਰਬ੍ਰਹਮ ਪਤਿਪਰਮੇਸ਼ਵਰ ਅੱਗੇ ਕਿਸੇ ਦੀ ਚਲੇ ਨਾ ਕੋਈ ਪੇਸ਼, ਗੜ੍ਹ ਹੰਕਾਰੀ ਤੋੜ ਤੁੜਾਵਾਂਗਾ । ਜੋ ਵੇਦ ਵਿਆਸੇ ਲਿਖਿਆ ਲੇਖ, ਪੂਤ ਸਪੂਤਾ ਬ੍ਰਾਹਮਣ ਗੌੜਾ ਉਚੇ ਟਿੱਲੇ ਪਰਬਤ ਸੋਭਾ ਪਾਵਾਂਗਾ । ਜਿਸ ਦੀ ਈਸਾ ਰੱਖ ਕੇ ਗਿਆ ਟੇਕ, ਸੋ ਨੂਰੀ ਇਸਮ ਆਜਮ ਇਕ ਜਣਾਵਾਂਗਾ । ਜਿਸ ਦੀ ਨਾਨਕ ਗੋਬਿੰਦ ਲੇਖਣੀ ਲਿਖ ਕੇ ਗਏ ਲੇਖ, ਸੋ ਲਹਿਣਾ ਅੰਤਮ ਪੂਰ ਕਰਾਵਾਂਗਾ । ਪਰਗਟ ਹੋ ਕੇ ਸੰਬਲ ਦੇਸ, ਦੇਸ ਦਸੰਤਰ ਖੋਜ ਖੋਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਵਾਂਗਾ । ਗੁਰ ਅਵਤਾਰ ਪੀਰ ਪੈਗੰਬਰ ਸਾਰੇ ਆਖਣ, ਵਾਹਵਾ ਪ੍ਰਭੂ ਤੇਰੀ ਵਡਿਆਈਆ । ਜੁਗ ਚੌਕੜੀ ਤੇਰਾ ਖੇਲ ਤਮਾਸ਼ਨ, ਨਿਤ ਨਵਿਤ ਤੇਰੀ ਧਾਰ ਨਿਰਗੁਣ ਸਰਗੁਣ ਕਰੇ ਕੁੜਮਾਈਆ । ਲੋਕ ਪਰਲੋਕ ਤੇਰਾ ਢੋਲਾ ਗਾਸਣ, ਬ੍ਰਹਿਮੰਡ ਖੰਡ ਤੇਰਾ ਨਾਮ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਨਾਮ ਵੱਜੇ ਵਧਾਈਆ । ਕਲਜੁਗ ਅੰਤਮ ਦਇਆ ਕਮਾਵਾਂਗਾ । ਸਾਚਾ ਨਾਮ ਇਕ ਪਰਗਟਾਵਾਂਗਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਆਪ ਸਮਝਾਵਾਂਗਾ । ਅਠਾਰਾਂ ਬਰਨ ਦੇ ਸੰਦੇਸ, ਸਚ ਸੁਨੇਹੜਾ ਇਕ ਉਪਜਾਵਾਂਗਾ । ਆਤਮ ਪਰਮਾਤਮ ਕਰਨਾ ਹੇਤ, ਸਾਚੀ ਸਿਖਿਆ ਇਕ ਸਮਝਾਵਾਂਗਾ । ਅੰਦਰ ਵੜ ਕੇ ਆਪਣੇ ਘਰ ਦਾ ਲਓ ਭੇਤ, ਗ੍ਰਿਹ ਮੰਦਰ ਫੋਲ ਫੋਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਵਰਤਾਵਾਂਗਾ । ਸਾਚਾ ਹੁਕਮ ਪ੍ਰਭੂ ਵਰਤਾਏਗਾ । ਦੋ ਜਹਾਨਾਂ ਆਪ ਸੁਣਾਏਗਾ । ਸ਼ਬਦ ਨਿਸ਼ਾਨ ਇਕ ਉਠਾਏਗਾ । ਬ੍ਰਹਿਮੰਡ ਖੰਡ ਪੁਰੀ ਲੋਅ ਇਕੋ ਆਣ ਜਣਾਏਗਾ । ਧੁਰ ਦੀ ਬਾਣੀ ਦੇਵੇ ਸਾਚੀ ਸੋ, ਪੁਰਖ ਅਕਾਲ ਇਕੋ ਸੋਭਾ ਪਾਏਗਾ । ਪਾਰਬ੍ਰਹਮ ਬ੍ਰਹਮ ਘਰ ਸਾਚੇ ਜਾਏ ਛੋਹ, ਸਾਚਾ ਮੇਲਾ ਆਪ ਮਿਲਾਏਗਾ । ਦੁਰਮਤ ਮੈਲ ਦੇਵੇ ਧੋ, ਨਿਰਮਲ ਰੂਪ ਇਕ ਦਰਸਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਸਭ ਦਾ ਖੇਲ ਵੇਖ ਵਖਾਏਗਾ । ਤੇਈ ਅਵਤਾਰ ਪਏ ਹੱਸ, ਸੰਤ ਕੁਮਾਰ ਰਿਹਾ ਜਣਾਈਆ । ਬਰਾਹ ਕਹੇ ਮੈਂ ਤੇਰਾ ਯਸ, ਯਗੈ ਪੁਰਸ਼ ਕਹੇ ਮੈਂ ਨਿਤ ਨਵਿਤ ਧਿਆਈਆ । ਹਾਵ ਗ਼ਰੀਬ ਕਹੇ ਮੋਹੇ ਤੇਰਾ ਰਸ, ਨਰ ਨਰਇਣ ਤੇਰੀ ਸਰਨਾਈਆ । ਕਪਲ ਮੁਨ ਪ੍ਰਭ ਮਾਰਗ ਦੱਸ, ਦਰ ਬੈਠਾ ਸੋਭਾ ਪਾਈਆ । ਰਿਖਪ ਦੇਵੇ ਸਾਚਾ ਜਸ, ਪ੍ਰਿਥੂ ਭੇਵ ਅਭੇਦ ਖੁਲ੍ਹਾਈਆ । ਮਤਸ ਵਖਾਏ ਖ਼ਾਲੀ ਹੱਥ, ਕਛਪ ਮਿੰਦਰਾ ਸੀਸ ਉਠਾਈਆ । ਧਨੰਤਰ ਦੇਵੇ ਸਾਚੀ ਵੱਥ, ਮੋਹਣੀ ਰੂਪ ਅਨੂਪ ਧਰਾਈਆ । ਹੰਸਾ ਹੋ ਕੇ ਗਾਵੇ ਜਸ, ਬਾਵਨ ਬਲ ਰਾਜਾ ਵੇਖ ਵਖਾਈਆ । ਨਰਸਿੰਘ ਹੋ ਕੇ ਧਰੂ ਪ੍ਰਹਿਲਾਦ ਲਏ ਰੱਖ, ਨਿਰਗੁਣ ਸਰਗੁਣ ਵੇਸ ਵਟਾਈਆ । ਹਰੀਹਰਿ ਖੇਲ ਕਰੇ ਸਮਰਥ, ਗਜ ਤੰਦੂਆ ਤਾਰ ਦਏ ਕਟਾਈਆ । ਧਰੂ ਦੇਕੇ ਇਕੋ ਮਤ, ਹਰਿ ਨਰਾਇਣ ਬੂਝ ਬੁਝਾਈਆ । ਕਰ ਖੇਲ ਪੁਰਖ ਸਮਰਥ, ਜੁਗ ਚੌਕੜੀ ਧਾਰ ਚਲਾਈਆ । ਪਰਸ ਰਾਮ ਜਾਣ ਮਿਤ ਗਤ, ਰਾਮ ਚੰਦ ਲੇਖਾ ਦਿਤਾ ਸਹਿਜ ਸੁਭਾਈਆ । ਵੇਦ ਵਿਆਸਾ ਪੁਰਾਨ

ਅਠਾਰਾਂ ਲੇਖ ਅਕੱਥ, ਕਵਾਰ ਕੰਨਿਆ ਮਿਲੀ ਵਡਿਆਈਆ । ਕਾਹਨਾ ਕ੍ਰਿਸ਼ਨਾ ਹੋ ਪਰਗਟ, ਮੁਕੰਦ ਮਨੋਹਰ ਲੱਖਮੀ ਨਰਾਇਣ ਭੇਵ ਅਭੇਦ ਦਏ ਖੁਲ੍ਹਾਈਆ । ਅਠ ਦਸ ਮੇਲ ਸਾਚੇ ਪਤ, ਗੀਤਾ ਗਿਆਨ ਸ਼ਬਦ ਧਿਆਨ ਚੌਦਾਂ ਲੋਕ ਇਕ ਸਲੋਕ ਸੱਚਾ ਢੋਲਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨਾਮ ਨਾਮ ਬੋਧ, ਹਰਿ ਹਰ ਹਿਰਦਾ ਦੇਵੇ ਸੋਧ, ਸੁਧ ਰੂਪ ਇਕ ਰਖਾਈਆ । ਤੇਈ ਅਵਤਾਰ ਬੋਲ ਜੈਕਾਰ, ਘਰ ਸਾਚੇ ਖ਼ੁਸ਼ੀ ਮਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਭ ਗਈ ਤੇਰੇ ਨਾਲ, ਨਾਤਾ ਸਕੇ ਨਾ ਕੋਇ ਤੁੜਾਈਆ । ਸਿਖਿਆ ਦਿਤੀ ਵਿਚ ਜਹਾਨ, ਸਮਰਥ ਤੇਰੀ ਬੂਝ ਬੁਝਾਈਆ । ਮਹਿਮਾਂ ਅਕਥ ਕੀਤੀ ਕਲਿਆਣ, ਲੇਖਾ ਲਿਖਿਆ ਨਾਲ ਕਲਮ ਸ਼ਾਹੀਆ । ਨਿਰਗੁਣ ਸਰਗੁਣ ਹੋ ਕੇ ਤੇਰਾ ਦੇ ਕੇ ਆਏ ਬਿਆਨ, ਸ਼ਹਾਦਤ ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਗਵਾਹੀਆ । ਜੋਧਾ ਸੂਰਬੀਰ ਬਲੀ ਬਲਵਾਨ, ਬਲਧਾਰੀ ਇਕੋ ਇਕ ਅਖਵਾਈਆ । ਜੋ ਵਸੇ ਸਚਖੰਡ ਮਕਾਨ, ਨਿਰਗੁਣ ਨੂਰ ਰੂਪ ਅਨੂਪ ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਬੇਪਰਵਾਹ ਤੇਰੀ ਸਰਨਾਈਆ । ਈਸਾ ਮੂਸਾ ਕਰਨ ਪੁਕਾਰ, ਉਚੀ ਕੂਕ ਸੁਣਾਈਆ । ਤੇਰਾ ਖੇਲ ਅਪਰ ਅਪਾਰ, ਪਰਵਰਦਿਗਾਰ ਸਮਝ ਕੋਇ ਨਾ ਆਈਆ । ਮੁਹੰਮਦ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਅੱਲਾ ਰਾਣੀ ਵਾਹੋ ਦਾਹੀ ਫਿਰੇ ਨਾਰ ਮੁਟਿਆਰ, ਚੌਦਾਂ ਤਬਕ ਫੇਰਾ ਪਾਈਆ । ਸੱਜਣ ਮਿਲਿਆ ਨਾ ਸੱਚਾ ਯਾਰ, ਰਹਿਬਰ ਨਜ਼ਰ ਕੋਇ ਨਾ ਆਈਆ । ਨਵ ਨੌਂ ਚਾਰ ਦਿਸੇ ਧੂਆਂਧਾਰ, ਸਾਚਾ ਕਲਮਾ ਕਰੇ ਨਾ ਕੋਇ ਪੜ੍ਹਾਈਆ । ਆਲਮ ਉਲਮਾ ਹੋਏ ਬੇਈਮਾਨ, ਸਾਚੀ ਸ਼ਰਅ ਨਾ ਕਰੇ ਕੋਈ ਪਰਵਾਨ, ਸ਼ਰੀਅਤ ਬੈਠੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵੇਖ ਆਪਣਾ ਘਰ, ਨਿਰਗੁਣ ਆਪਣਾ ਫੇਰਾ ਪਾਈਆ । ਨਾਨਕ ਗੋਬਿੰਦ ਰਹੇ ਸਚ ਦੱਸ, ਪੁਰਖ ਅਕਾਲ ਤੇਰੇ ਹੱਥ ਤੇਰੀ ਵਡਿਆਈਆ । ਕਲਜੁਗ ਵੇਖ ਅੰਧੇਰਾ ਮਸ, ਚਾਰੋਂ ਕੁੰਟ ਭਿੰਨੜੀ ਰੁੱਤ ਨਾ ਕੋਇ ਸੁਹਾਈਆ । ਆਤਮ ਪਰਮਾਤਮ ਚਾਰ ਵਰਨ ਮਾਰਗ ਆਏ ਦੱਸ, ਊਚ ਨੀਚ ਜ਼ਾਤ ਪਾਤ ਨਜ਼ਰ ਕੋਈ ਨਾ ਆਈਆ । ਸਾਚਾ ਅੰਮ੍ਰਿਤ ਆਤਮ ਸਰੋਵਰ ਲਓ ਰਸ, ਨਿਝਰ ਝਿਰਨਾ ਇਕ ਝਿਰਾਈਆ । ਘਰ ਵਿਚ ਘਰ ਚੜ੍ਹ ਕੇ ਜਾਓ ਵਸ, ਮੰਦਰ ਇਕੋ ਮਿਲੇ ਬੇਪਰਵਾਹੀਆ । ਜਿਥੇ ਅੱਠੇ ਪਹਿਰ ਦਿਵਸ ਰੈਣ ਘੜੀ ਪਲ ਹੋਏ ਪੂਜਾ ਪਾਠ, ਸਿਮਰਨ ਇਕੋ ਨਜ਼ਰੀ ਆਈਆ । ਮੇਲੇ ਮੇਲ ਪੁਰਖ ਸਮਰਾਥ, ਸਮਰਥ ਆਪਣਾ ਮੇਲਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਆਪਣਾ ਘਰ, ਜੀਵ ਜੰਤ ਦੇਣ ਦੁਹਾਈਆ । ਜੀਵ ਜੰਤ ਰਹੇ ਰੋ, ਨੇਤਰ ਨੈਣਾਂ ਨੀਰ ਵਹਾਈਆ । ਸਾਚਾ ਨਾਤਾ ਰਿਹਾ ਨਾ ਕੋਈ ਮੋਹ, ਮੁਹੱਬਤ ਰੂਪ ਨਾ ਕੋਇ ਵਟਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਗ਼ਰੀਬ ਨਿਮਾਣਿਆਂ ਰਹੇ ਕੋਹ, ਛੁਰੀ ਕੂੜੀ ਜਗਤ ਚਲਾਈਆ । ਦੁਰਮਤ ਮੈਲ ਦੇਵੇ ਨਾ ਕੋਈ ਧੋ, ਜਗਤ ਸੰਦੇਸੇ ਸਾਰੇ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖ ਆਪਣਾ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਰਵਾਜ਼ਾ ਸਾਹਿਬ ਖੋਲ੍ਹ, ਤੇਰੇ ਹੱਥ ਵੱਡੀ ਵਡਿਆਈਆ । ਨਾਮ ਤਰਾਜ਼ੂ ਸਾਚੇ ਕੰਡੇ ਤੋਲ, ਧੜੀ ਵੱਟਾ ਨਜ਼ਰ ਕੋਇ ਨਾ ਆਈਆ । ਨਵ ਨੌਂ ਚਾਰ ਰਹੀ ਡੋਲ, ਅਡੋਲ ਨਜ਼ਰ ਕੋਇ ਨਾ ਆਈਆ । ਕਰੇ ਪੁਕਾਰ ਧਰਨੀ ਧੌਲ, ਧਰਤ ਖ਼ਾਲੀ ਝੋਲੀ ਰਹੀ

ਵਖਾਈਆ । ਮੇਰੇ ਨਾਲ ਕੀਤਾ ਪੂਰਾ ਕਰ ਕੌਲ, ਕਿਉਂ ਬੈਠਾ ਮੁਖ ਭਵਾਈਆ । ਦੁੱਖਾਂ ਭਰੀ ਗਠੜੀ ਆ ਕੇ ਫੋਲ, ਵਡ ਦਾਤੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖ ਘਰ, ਨੌ ਦਰ ਪਈ ਲੜਾਈਆ । ਨੌ ਦਰ ਰੋਵਣ ਮਾਰਨ ਧਾਹ, ਬੌਹੜੀ ਬੌਹੜੀ ਰਹੇ ਸੁਣਾਈਆ । ਕਲਜੁਗ ਜੀਵ ਗੁਰ ਕਾ ਸ਼ਬਦ ਗਏ ਭੁਲਾ, ਮੇਰੇ ਅੰਦਰ ਵੜ ਕੇ ਖ਼ੁਸ਼ੀ ਮਨਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾ, ਦਿਵਸ ਰੈਣ ਭੱਜੇ ਵਾਹੋ ਦਾਹੀਆ । ਸਤਿਗੁਰ ਪੂਰੇ ਦਾ ਅੰਦਰ ਵੜ ਕੇ ਦਰਸ਼ਨ ਸਕੇ ਨਾ ਕੋਈ ਪਾ, ਜੋਤੀ ਜੋਤ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਜਿਸ ਮਿਲਿਆਂ ਮਿਲੇ ਤੇਰੀ ਸਰਨਾਈਆ । ਪੁਰਖ ਅਕਾਲ ਕਹੇ ਮੈਂ ਦਇਆ ਕਮਾਵਾਂਗਾ । ਨਈਆ ਕਲਜੁਗ ਵੇਖ ਵਖਾਵਾਂਗਾ । ਸਾਚਾ ਸਈਆ ਬਣ ਕੇ ਆਵਾਂਗਾ । ਇਕੋ ਢਈਆ ਪੰਧ ਮੁਕਾਵਾਂਗਾ । ਧਰਮ ਰਾਏ ਕੱਢੇ ਵਹੀਆ, ਲੇਖਾ ਸਭ ਦਾ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਇਕ ਕਮਾਵਾਂਗਾ । ਸਾਚੀ ਕਰਨੀ ਹਰਿ ਕਰਾਵੇਗਾ । ਨਿਰਗੁਣ ਨਿਰਵੈਰ ਫੇਰਾ ਪਾਵੇਗਾ । ਜੋਤ ਸਰੂਪੀ ਭੇਖ ਵਟਾਵੇਗਾ । ਸਚ ਸਲੋਕ ਇਕ ਸਮਝਾਵੇਗਾ । ਲੋਕ ਪਰਲੋਕ ਆਪ ਦ੍ਰਿੜਾਵੇਗਾ । ਜ਼ਾਤ ਪਾਤ ਭੇਵ ਤੁੜਾਵੇਗਾ । ਸਾਚਾ ਨਾਤ ਇਕ ਜੁੜਾਵੇਗਾ । ਚਾਰ ਵਰਨ ਭੈਣ ਭਰਾਤ ਬਣਾਵੇਗਾ । ਸਾਚੀ ਪੱਟੀ ਇਕ ਜਮਾਤ, ਅੱਖਰ ਇਕੋ ਇਕ ਦ੍ਰਿੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਵੇਖੇ ਘਰ, ਨਿਰਵੈਰ ਹੋ ਕੇ ਫੇਰਾ ਪਾਵੇਗਾ । ਨਿਰਵੈਰ ਹੋ ਕੇ ਪ੍ਰਭੂ ਆਵੇਗਾ । ਤ੍ਰੈਗੁਣ ਮਾਇਆ ਭੇਖ ਚੁਕਾਵੇਗਾ । ਪੰਜ ਤਤ ਪੁਤਲਾ ਪੜਦਾ ਲਾਹਵੇਗਾ । ਕਾਇਆ ਮੰਦਰ ਅੰਦਰ ਸਾਚਾ ਗੁਥਲਾ, ਨਾਮ ਖ਼ਜ਼ਾਨਾ ਆਪ ਖੁਲ੍ਹਾਵੇਗਾ । ਨਾੜੀ ਨਾੜੀ ਵਿਚੋਂ ਕੱਢ ਕੇ ਗੁੰਝਲਾ, ਸੁਖਮਨ ਟੇਢੀ ਬੰਕ ਪਾਰ ਕਰਾਵੇਗਾ । ਲੇਖਾ ਜਾਣੇ ਡੂੰਘੀ ਭਵਰੀ ਕੁੰਦਰਾ, ਉਚ ਮਹੱਲ ਅਟੱਲ ਇਕ ਰੁਸ਼ਨਾਵੇਗਾ । ਬਜਰ ਕਪਾਟੀ ਤੋੜੇ ਜੰਦਰਾ, ਨਾਮ ਹਥੌੜਾ ਹੱਥ ਉਠਾਵੇਗਾ । ਮਨ ਮਨੂਆ ਦਹਿ ਦਿਸ਼ਾ ਨਾ ਭਵੇ ਬੰਦਰਾ, ਮਨ ਵਾਸਨਾ ਬੰਦ ਕਰਾਵੇਗਾ । ਸਭ ਦਾ ਲੇਖਾ ਜਾਣੇ ਕਾਇਆ ਅੰਦਰਾ, ਅੰਦਰੇ ਅੰਦਰ ਵੇਖ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਇਕ ਲਗਾਵੇਗਾ । ਸਾਚਾ ਮਾਰਗ ਇਕ ਲਗਾਵੇਗਾ । ਚਾਰ ਵਰਨ ਰੰਗ ਚੜ੍ਹਾਵੇਗਾ । ਸਾਚੀ ਸਰਨ ਇਕ ਸਮਝਾਵੇਗਾ । ਤਰਨੀ ਤਰਨ ਇਕ ਅਖਵਾਵੇਗਾ । ਪਾਰਬ੍ਰਹਮ ਪ੍ਰਭ ਭੇਵ ਚੁਕਾਵੇਗਾ । ਆਤਮ ਪਰਮਾਤਮ ਜੋੜ ਜੁੜਾਵੇਗਾ । ਸਚਖੰਡ ਦੁਆਰੇ ਸਾਚਾ ਸਗਨ ਮਨਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰ ਕੇ ਮਗਨ, ਜੋਤੀ ਨੂਰ ਨੂਰ ਰੁਸ਼ਨਾਵੇਗਾ । ਕਲਜੁਗ ਮੇਟੇ ਅਗਨੀ ਅਗਨ, ਅੰਮ੍ਰਿਤ ਮੇਘ ਇਕ ਬਰਸਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪ੍ਰੀਤੀ ਇਕ ਦਰਸਾਵੇਗਾ । ਸਚ ਪ੍ਰੀਤੀ ਮਾਣਸ ਜ਼ਾਤ, ਹਰਿਜਨ ਹਰਿ ਸਤਿਗੁਰ ਆਪ ਜਣਾਈਆ । ਸ੍ਰਿਸ਼ਟ ਸਬਾਈ ਬਣੇ ਇਕ ਜਮਾਤ, ਦੂਜੀ ਰਹੇ ਨਾ ਕੋਇ ਲੜਾਈਆ । ਸ੍ਰੀ ਭਗਵਾਨ ਜੋੜੇ ਨਾਤ, ਪਰਵਰਦਿਗਾਰ ਇਕ ਸਰਨਾਈਆ । ਆਤਮ ਪਰਮਾਤਮ ਦੇਵੇ ਸਾਥ, ਸਗਲਾ ਸੰਗ ਨਿਭਾਈਆ । ਘਰ ਵਿਚ ਮੇਲਾ ਤ੍ਰਿਲੋਕੀ ਨਾਥ, ਤ੍ਰੈਭਵਣ ਧਨੀ ਦਰਸ ਦਿਖਾਈਆ । ਚਤਰਭੁਜ ਸੁਣਾਏ ਗਾਥ, ਆਦਿ ਸ਼ਕਤ ਦਏ ਵਡਿਆਈਆ । ਵਿਸ਼ਨੂੰ ਵੇਖੇ ਖੇਲ ਤਮਾਸ਼, ਬ੍ਰਹਮਾ ਆਪਣੀ ਧਾਰ ਸਮਝਾਈਆ । ਸ਼ੰਕਰ ਛੱਡ

ਕੇ ਆਏ ਕੈਲਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ੍ਰਿਸ਼ਟ ਸਬਾਈ ਇਕੋ ਰੰਗ ਰੰਗਾਈਆ। ਸ੍ਰਿਸ਼ਟ ਸਬਾਈ ਰੰਗ ਏਕ, ਏਕੰਕਾਰ ਆਪ ਰੰਗਾਇੰਦਾ। ਸ੍ਰਿਸ਼ਟ ਸਬਾਈ ਟੇਕ ਏਕ, ਸ੍ਰੀ ਭਗਵਾਨ ਇਸ਼ਟ ਮਨਾਇੰਦਾ। ਸ੍ਰਿਸ਼ਟ ਸਬਾਈ ਭੇਖ ਏਕ, ਵਰਨ ਬਰਨ ਨਾ ਕੋਇ ਰਖਾਇੰਦਾ। ਸ੍ਰਿਸ਼ਟ ਸਬਾਈ ਗਿਆਨ ਏਕ, ਧਿਆਨ ਇਕੋ ਇਕ ਦ੍ਰਿੜਾਇੰਦਾ। ਸ੍ਰਿਸ਼ਟ ਸਬਾਈ ਖਾਣ ਪੀਣ ਪਤ ਏਕ, ਪੰਜ ਤਤ ਕਾਇਆ ਇਕੋ ਰੂਪ ਜਣਾਇੰਦਾ। ਸ੍ਰਿਸ਼ਟ ਸਬਾਈ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਸਾਚਾ ਕਰਨਾ ਹੇਤ, ਹਿਤਕਾਰੀ ਹੁਕਮ ਮਨਾਇੰਦਾ। ਬਿਨ ਸਾਹਿਬ ਸਤਿਗੁਰ ਪੁਰਖ ਅਕਾਲ ਪਤਿਪਰਮੇਸ਼ਵਰ ਪਰਵਰਦਿਗਾਰ ਕਾਇਆ ਸੁੰਞਾਂ ਦਿਸੇ ਖੇਤ, ਪਤ ਡਾਲੀ ਫੁਲ ਫਲਵਾੜੀ ਨਜ਼ਰ ਕੋਇ ਨਾ ਆਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਜੀਆਂ ਦੇਵੇ ਇਕੋ ਵਰ, ਚਾਰੋਂ ਕੁੰਟ ਇਕੋ ਨਾਮ ਸ਼ਨਵਾਇੰਦਾ। ਸਾਚਾ ਨਾਮ ਸਾਂਝਾ ਯਾਰ, ਯਾਰੀ ਯਾਰਾਂ ਨਾਲ ਨਿਭਾਈਆ। ਸਾਚੇ ਭਗਤਾਂ ਕਰੇ ਆਪ ਪਿਆਰ, ਭਗਤੀ ਰੂਪ ਦਏ ਸਮਝਾਈਆ। ਸਾਚੇ ਸੰਤਾਂ ਦਏ ਅਧਾਰ, ਸਾਚੀ ਸਿਖਿਆ ਇਕ ਦ੍ਰਿੜਾਈਆ। ਸਾਚੇ ਗੁਰਮੁਖਾਂ ਖੋਲ੍ਹ ਕਿਵਾੜ, ਨੇਤਰ ਲੋਚਣ ਦਏ ਖੁਲ੍ਹਾਈਆ। ਸਾਚੇ ਗੁਰਸਿਖਾਂ ਚਰਨ ਕਵਲ ਬਖ਼ਸ਼ੇ ਇਕ ਪਿਆਰ, ਪ੍ਰੇਮ ਪ੍ਰੀਤੀ ਇਕੋ ਇਕ ਬਣਾਈਆ। ਮਾਣਸ ਮਾਨੁਖ ਮਾਨੁਸ਼ ਲੱਖ ਚੁਰਾਸੀ ਵਿਚੋਂ ਤੇਰਾ ਜਾਮਾ ਸਰਦਾਰ, ਸਰਦਾਰੀ ਤੇਰੇ ਹੱਥ ਫੜਾਈਆ। ਗ਼ਫ਼ਲਤ ਵਿਚ ਭੁੱਲ ਨਾ ਜਾਣਾ ਹਰਿ ਕਰਤਾਰ, ਗੂੜ੍ਹੀ ਨੀਂਦ ਅੱਖ ਲੈਣੀ ਖੁਲ੍ਹਾਈਆ। ਸਚ ਦੁਆਰ ਦਰਗਹਿ ਸਾਚੀ ਦੋਏ ਜੋੜ ਕਰੋ ਨਿਮਸਕਾਰ, ਨਿਉਂ ਨਿਉਂ ਆਪਣਾ ਸੀਸ ਝੁਕਾਈਆ। ਕਿਰਪਾ ਕਰ ਸਿਰਜਣਹਾਰ, ਵਡ ਦਾਤਾਰ ਤੇਰੀ ਸਰਨਾਈਆ। ਹਉਂ ਭਿੱਖਕ ਭਿਖਾਰੀ ਖੜੇ ਦੁਆਰ, ਖ਼ਾਲੀ ਝੋਲੀ ਰਹੇ ਡਾਹੀਆ। ਸਾਚੀ ਵਸਤ ਵਿਚ ਡਾਲ, ਅੰਮ੍ਰਿਤ ਰਸ ਇਕ ਭਰਾਈਆ। ਸਤਿਗੁਰ ਸ਼ਬਦ ਬਣ ਦਲਾਲ, ਦਲਾਲੀ ਦੋ ਜਹਾਨ ਕਮਾਈਆ। ਹਉਂ ਬਾਲੇ ਨੱਢੇ ਤੇਰੇ ਬਾਲ, ਤੂੰ ਬਾਲਕ ਰੂਪ ਸਖਾਈਆ। ਨਾਤਾ ਤੋੜ ਸ਼ਾਹ ਕੰਗਾਲ, ਊਚ ਨੀਚ ਆਪਣੀ ਗੋਦ ਬਹਾਈਆ। ਸਾਚਾ ਜਲਵਾ ਨੂਰੀ ਦਰਸ ਦੇ ਜਲਾਲ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ। ਤੇਰਾ ਨੂਰ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ। ਦੋ ਜਹਾਨ ਅਦਲ ਕਰ ਇਨਸਾਫ਼, ਅਦਾਲਤ ਇਕੋ ਇਕ ਲਗਾਈਆ। ਕੋਟ ਜਨਮ ਦੇ ਕੀਤੇ ਪਾਪ ਕਰ ਮੁਆਫ਼, ਮਿਹਰਵਾਨ ਮਿਹਰ ਨਜ਼ਰ ਉਠਾਈਆ। ਜੇ ਭੁੱਲ ਕੇ ਤੇਰੇ ਨਾਲ ਹੋਏ ਗੁਸਤਾਖ਼, ਪ੍ਰਭੂ ਆਪਣਾ ਗ਼ੁੱਸਾ ਦੇ ਗਵਾਈਆ। ਆਪਣੇ ਵੇਖਣ ਦੀ ਦੇ ਸਭ ਨੂੰ ਆਂਖ, ਅੱਖ ਅੱਖ ਨਾਲ ਮਿਲਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਚ ਘਰ, ਜਿਸ ਘਰ ਤੇਰੀ ਵੱਜੇ ਨਾਮ ਵਧਾਈਆ। ਨਾਮ ਵਧਾਈ ਵੱਜੇ ਘਰ ਘਰ, ਲੱਖ ਚੁਰਾਸੀ ਗੀਤ ਸੁਣਾਈਆ। ਗੁਰਸਿਖ ਅੰਦਰ ਵੇਖ ਵੜ, ਅਨਹਦ ਨਾਦੀ ਧੁਨ ਰਿਹਾ ਉਪਜਾਈਆ। ਜਗਤ ਦੁਆਰ ਪਾਰ ਕਰ, ਬਣ ਪਾਂਧੀ ਪੰਧ ਮੁਕਾਈਆ। ਕਿਲਾ ਤੋੜ ਹੰਕਾਰੀ ਗੜ੍ਹ, ਕੁਫ਼ਲ ਆਪਣਾ ਲੈ ਖੁਲ੍ਹਾਈਆ। ਸਾਚਾ ਮੰਦਰ ਵੇਖ ਚੜ੍ਹ, ਜਿਸ ਗ੍ਰਿਹਿ ਹੋਏ ਜੋਤ ਰੁਸ਼ਨਾਈਆ। ਭੈ ਭੌ ਭਿਆਨਕ ਚੁੱਕੇ ਡਰ, ਭਾਵੀ ਨੇੜ ਕੋਇ ਨਾ ਆਈਆ। ਆਤਮ ਪਰਮਾਤਮ ਪੱਲੂ ਲਏ ਫੜ, ਸੁਰਤੀ ਸ਼ਬਦੀ ਹੋਏ ਕੁੜਮਾਈਆ। ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਲੈਣਾ ਪੜ੍ਹ, ਸੋਹੰ ਰੂਪ ਸਮਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪ ਆਪਣਾ ਲੇਖਾ ਲੇਖੇ ਲਓ ਲਗਾਈਆ। ਲੇਖੇ ਲਾਓ ਧੁਰ ਦਾ

ਲੇਖਾ, ਪ੍ਰਭ ਸਰਨ ਮਿਲੇ ਸਰਨਾਈਆ । ਦੂਈ ਦਵੈਤੀ ਕੱਢੋ ਭਰਮ ਭੁਲੇਖਾ, ਮਾਇਆ ਮਮਤਾ ਮੋਹ ਚੁਕਾਈਆ । ਓਸ ਪ੍ਰਭੂ ਦਾ ਕਰੋ ਚੇਤਾ, ਜੋ ਮਾਤ ਗਰਭ ਦੇਵੇ ਰਿਜ਼ਕ ਸਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਾਰ ਵਰਨ ਸੋਹੇ ਇਕ ਦਰ, ਜਿਸ ਗ੍ਰਿਹਿ ਵਸੇ ਸੱਚਾ ਮਾਹੀਆ । ਚਾਰ ਵਰਨ ਜਗ ਸਾਚੀ ਸਿਖਿਆ, ਗੁਰ ਸ਼ਬਦੀ ਸ਼ਬਦ ਜਣਾਈਆ । ਨਾਮ ਅਮੋਲਕ ਧੁਰ ਦੀ ਭਿਛਿਆ, ਘਰ ਪਾਓ ਸੱਜਣ ਭਾਈਆ । ਜਗਤ ਜਹਾਨ ਜਾਣੋ ਮਿਥਿਆ, ਥਿਰ ਕੋਈ ਰਹਿਣ ਨਾ ਪਾਈਆ । ਵੇਖੋ ਧਾਮ ਇਕ ਅਨਡਿਠਿਆ, ਜਿਸ ਘਰ ਵੱਜੇ ਨਾਮ ਸ਼ਨਵਾਈਆ । ਕਰੋ ਪ੍ਰੇਮ ਸਾਚੇ ਪਿਤਿਆ, ਪਿਤਾ ਪਰਮੇਸ਼ਵਰ ਇਕੋ ਇਕ ਅਖਵਾਈਆ । ਕਰੇ ਪਿਆਰ ਵੱਡਿਆਂ ਨਿੱਕਿਆਂ, ਬੁੱਢਿਆਂ ਬਾਲਿਆਂ ਆਪਣੇ ਗਲੇ ਲਗਾਈਆ । ਰਸਨਾ ਜਿਹਵਾ ਬੋਲ ਨਾ ਬੋਲੋ ਫਿਕਿਆ, ਫਿੱਕਾ ਰਸ ਕੰਮ ਕਿਸੇ ਨਾ ਆਈਆ । ਜੋ ਸਤਿਗੁਰ ਸੱਚੀ ਸਿਖਿਆ ਸਿਖਿਆ, ਸੋ ਸਮਝ ਵਿਚੋਂ ਸਮਝ ਲਏ ਪਰਗਟਾਈਆ । ਮਨ ਵਾਸਨਾ ਜਗਤ ਪਿਟਿਆ, ਉਚੀ ਕੂਕੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸ੍ਰਿਸ਼ਟ ਸਬਾਈ ਇਕੋ ਨਾਤਾ ਜੋੜ ਜੁੜਾਈਆ । ਇਕੋ ਨਾਤਾ ਸਬਾਈ ਸ੍ਰਿਸ਼ਟ, ਆਤਮ ਪਰਮਾਤਮ ਹਰਿ ਜਣਾਇੰਦਾ । ਪੁਰਖ ਅਕਾਲ ਅਗੰਮੀ ਇਸ਼ਟ, ਨਿਰਗੁਣ ਨਿਰਵੈਰ ਆਪ ਸਮਝਾਇੰਦਾ । ਸਤਿਗੁਰ ਪੂਰਾ ਲੇਖਾ ਚੁਕਾਏ ਦੋਜ਼ਖ਼ ਬਹਿਸ਼ਤ, ਨਰਕ ਸਵਰਗ ਦੋਵੇਂ ਪਾਰ ਕਰਾਇੰਦਾ । ਸਚ ਦੁਆਰੇ ਲੈ ਕੇ ਜਾਏ ਜਿਸ ਘਰ ਵਿਚੋਂ ਆਏ ਪਰਤ, ਅੰਤਮ ਓਸੇ ਦਰ ਮੇਲ ਮਿਲਾਇੰਦਾ । ਗੁਰਮੁਖ ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਤਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਹਰਿਜਨ ਹਰਿਸਜਣ ਭਗਤ ਭਗਵਾਨ ਘਰ ਸਾਚੇ ਮੇਲ ਮਿਲਾਇੰਦਾ । ਸਾਚੇ ਘਰ ਮਿਲੋ ਜਗਦੀਸ, ਜਗਦੀਸਰ ਇਕੋ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਕਲਮਾ ਜਗਤ ਹਦੀਸ, ਲੋਕਮਾਤ ਕਰੇ ਪੜ੍ਹਾਈਆ । ਸੋ ਖੇਲ ਖੇਲੇ ਬੀਸ ਬੀਸ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਹੁਕਮ ਵਰਤੇ ਇਕ ਇਕੀਸ, ਏਕਾ ਇਕੀ ਦੇਵੇ ਪਾਈਆ । ਤਿਸ ਸਾਹਿਬ ਸੁਲਤਾਨ ਪੁਰਖ ਅਕਾਲ ਛਤਰ ਝੁਲੇ ਇਕੋ ਸੀਸ, ਰਾਜ ਰਾਜਾਨ ਦੂਜਾ ਨਜ਼ਰ ਕੋਇ ਨਾ ਆਈਆ । ਜਗਤ ਵਾਸਨਾ ਲਏ ਜੀਤ, ਆਪ ਆਪਣੇ ਵਿਚ ਖਪਾਈਆ । ਸਾਚਾ ਮਾਰਗ ਧਰਮਦੁਆਰ ਸਭ ਨੂੰ ਦੱਸੇ ਠੀਕ, ਕੂੜਾ ਠੀਕਰ ਭੰਨ ਵਖਾਈਆ । ਹਰਿ ਸੰਗਤ ਹਰਿਜਨ ਹਰ ਘਟ ਪ੍ਰਭੂ ਵਸਿਆ ਵੇਖੋ ਚੀਤ, ਨਿਰਗੁਣ ਸਰਗੁਣ ਅੰਦਰ ਬੈਠਾ ਡੇਰਾ ਲਾਈਆ । ਰਲ ਮਿਲ ਸਾਰੇ ਕਰੋ ਸਚ ਪ੍ਰੀਤ, ਦੁਬਧਾ ਦਵੈਤ ਦੂਈ ਕਟਾਕਸ਼ ਤੀਰ ਨਾ ਕੋਇ ਚਲਾਈਆ । ਆਦਿ ਜੁਗਾਦਿ ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਦੇਂਦੇ ਗਏ ਸਚ ਹਦਾਇਤ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਪਾਰਬ੍ਰਹਮ ਪੁਰਖ ਅਕਾਲ ਪਰਵਰਦਿਗਾਰ ਸਭ ਦੇ ਉਤੇ ਕਰੇ ਅਨਾਇਤ, ਜੋ ਬੈਠਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਦਿ ਜੁਗਾਦੀ ਇਕੋ ਨਰ, ਜੁਗ ਚੌਕੜੀ ਦੇਵੇ ਵਰ, ਜਨ ਭਗਤ ਵਖਾਏ ਸਾਚਾ ਘਰ, ਖੁਲ੍ਹਾ ਰਹੇ ਹਮੇਸ਼ ਦਰ, ਧੁਰ ਦਰਵਾਜ਼ਾ ਪੁਰਖ ਅਕਾਲ ਬੰਦ ਨਾ ਕਦੇ ਕਰਾਈਆ ।

## ✪ ੨੧ ਅੱਸੂ ੨੦੨੦ ਬਿਕ੍ਰਮੀ ਪੱਖੋਵਾਲ ਹਰਿ ਸੰਗਤ ਦਾ ਅਕੱਠ ਹੋਇਆ ਜ਼ਿਲਾ ਲੁਧਿਆਣਾ ✪

ਸੋ ਪੁਰਖ ਨਿਰੰਜਨ ਸ਼ਾਹ ਸੁਲਤਾਨ, ਸ਼ਹਿਨਸ਼ਾਹ ਤੇਰੀ ਵਡਿਆਈਆ । ਹਰਿ ਪੁਰਖ ਨਿਰੰਜਨ ਵਡ ਬਲਵਾਨ, ਬੇਅੰਤ ਬੇਪਰਵਾਹ ਤੇਰਾ ਅੰਤ ਕੋਇ ਨਾ ਆਈਆ । ਇਕ ਓਅੰਕਾਰ ਨੌਜਵਾਨ, ਮਰਦ ਮਰਦਾਨ ਤੇਰੀ ਆਦਿ ਜੁਗਾਦਿ ਸੱਚੀ ਸਰਨਾਈਆ । ਆਦਿ ਨਿਰੰਜਨ ਨੂਰ ਮਹਾਨ, ਜੋਤੀ ਜਾਤਾ ਇਕੋ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਵਸਣਹਾਰਾ ਸਚ ਮਕਾਨ, ਦਰ ਘਰ ਸਾਚਾ ਇਕ ਸੁਹਾਈਆ । ਸ੍ਰੀ ਭਗਵਾਨ ਖੇਲ ਮਹਾਨ, ਨਿਰਗੁਣ ਨਿਰਵੈਰ ਆਪ ਕਰਾਈਆ । ਪਾਰਬ੍ਰਹਮ ਪ੍ਰਭ ਹੋ ਪਰਧਾਨ, ਸਚ ਪਰਧਾਨਗੀ ਇਕ ਜਣਾਈਆ । ਨਿਰਗੁਣ ਸਰਗੁਣ ਖੇਲੇ ਖੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਰਨੀ ਆਪ ਕਮਾਈਆ । ਨਿਰਗੁਣ ਖੇਲ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਜੁਗ ਚੌਕੜੀ ਪਾਵੇ ਸਾਰ, ਨਿਤ ਨਵਿਤ ਵੇਸ ਵਟਾਈਆ । ਲੱਖ ਚੁਰਾਸੀ ਦਏ ਆਧਾਰ, ਜੀਵ ਜੰਤ ਭੇਵ ਖੁਲ੍ਹਾਈਆ । ਸ਼ਬਦ ਅਨਾਦੀ ਬੋਲ ਜੈਕਾਰ, ਧੁਰ ਦੀ ਧਾਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਵਡ ਵੱਡਾ ਵਡ ਵਡਿਆਈਆ । ਹਰਿ ਵੱਡਾ ਬੇਅੰਤ ਬੇਪਰਵਾਹ, ਆਦਿ ਜੁਗਾਦਿ ਇਕ ਅਖਵਾਇੰਦਾ । ਨਿਰਗੁਣ ਸਰਗੁਣ ਬਣ ਮਲਾਹ, ਬੇੜਾ ਦੋ ਜਹਾਨ ਚਲਾਇੰਦਾ । ਧੁਰ ਸੰਦੇਸਾ ਦੇਵੇ ਆ, ਸ਼ਬਦ ਅਨਾਦੀ ਨਾਦ ਅਲਾਇੰਦਾ । ਸਾਚਾ ਮਾਰਗ ਦਏ ਸਮਝਾ, ਧੁਰ ਦੀ ਧਾਰਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਾਰ ਕਮਾਇੰਦਾ । ਸਚਖੰਡ ਨਿਵਾਸੀ ਪੁਰਖ ਅਕਾਲ, ਆਦਿ ਜੁਗਾਦਿ ਖੇਲ ਕਰਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕੋਟਨ ਕੋਟ ਕਾਲ ਬਿਤਾਈਆ । ਸੇਵਾ ਕਰਦੇ ਗਏ ਤੇਈ ਅਵਤਾਰ, ਭਗਤ ਅਠਾਰਾਂ ਅੱਖ ਖੁਲ੍ਹਾਈਆ । ਈਸਾ ਮੂਸਾ ਮੁਹੰਮਦ ਬੋਲ ਗਏ ਜੈਕਾਰ, ਨਾਅਰਾ ਹੱਕ ਹੱਕ ਇਕ ਜਣਾਈਆ । ਨਾਨਕ ਗੋਬਿੰਦ ਦੱਸ ਕੇ ਗਏ ਸੱਚਾ ਪਿਆਰ, ਸਾਚੀ ਰੀਤੀ ਚਾਰ ਵਰਨ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਨੇਯੋਗ, ਹਰਿ ਕਰਤਾ ਇਕ ਅਖਵਾਇੰਦਾ । ਆਦਿ ਜੁਗਾਦਿ ਲੱਖ ਚੁਰਾਸੀ ਅੰਦਰ ਭੋਗੇ ਭੋਗ, ਬਣ ਸੰਜੋਗੀ ਮੇਲ ਮਿਲਾਇੰਦਾ । ਨਾਮ ਸੁਣਾਏ ਸਚ ਸਲੋਕ, ਧੁਰ ਦਾ ਢੋਲਾ ਰਾਗ ਅਲਾਇੰਦਾ । ਨਿਰਮਲ ਕਰ ਪਰਕਾਸ਼ ਜੋਤ, ਨੂਰ ਨੁਰਾਨਾ ਡਗਮਗਾਇੰਦਾ । ਲੇਖ ਮੁਕਾਏ ਹਰਖ਼ ਸੋਗ, ਚਿੰਤਾ ਗ਼ਮ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਆਪਣਾ ਹੁਕਮ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਨ, ਹਰਿ ਸ਼ਬਦੀ ਸ਼ਬਦ ਜਣਾਈਆ । ਸ਼ਬਦੀ ਜੋਧਾ ਸੂਰਬੀਰ ਬਲਵਾਨ, ਬਲਧਾਰੀ ਇਕ ਅਖਵਾਈਆ । ਲੇਖਾ ਜਾਣੇ ਦੋ ਜਹਾਨ, ਪੁਰੀ ਲੋਅ ਬ੍ਰਹਿਮੰਡ ਖੰਡ ਵੇਖ ਵਖਾਈਆ । ਹੁਕਮੇ ਅੰਦਰ ਖੇਲ ਕਰੇ ਮਹਾਨ, ਮਹਿਮਾ ਅਕਥ ਕਥ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਗਿਆਨ, ਨਿਸ਼ਅੱਖਰ ਦਏ ਸਮਝਾਈਆ । ਸ਼ਾਸਤਰ ਸਿਮਰਤ ਵੇਦ ਲਿਖ ਪੁਰਾਨ, ਗੀਤਾ ਗਿਆਨ ਦਏ ਦ੍ਰਿੜਾਈਆ । ਈਸਾ ਮੂਸਾ ਪੀਰ ਪੈਗ਼ੰਬਰ ਦਏ ਗਿਆਨ, ਕਾਇਆ ਕੁਰ੍ਹਾ ਦਏ ਸਮਝਾਈਆ । ਧੁਰ ਸੰਜੋਗੀ ਮਿਲੇ ਆਣ, ਭਗਤ ਭਗਵਾਨ ਅੰਗ ਲਗਾਈਆ । ਨਾਨਕ ਗੋਬਿੰਦ ਬੋਧ ਗਿਆਨ, ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਪ ਸਮਝਾਈਆ ।

ਸਰਬ ਜੀਆਂ ਪ੍ਰਭ ਇਕ ਭਗਵਾਨ, ਦੂਜਾ ਨਜ਼ਰ ਕੋਇ ਨਾ ਆਈਆ । ਧਰਮ ਦੁਆਰੇ ਇਕ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਆਪ ਜਣਾਈਆ । ਸਾਚਾ ਭੇਵ ਹਰਿ ਨਿਰੰਕਾਰ, ਨਿਰਗੁਣ ਦਾਤਾ ਆਪ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਹੋ ਤਿਆਰ, ਨਿਰਗੁਣ ਸਰਗੁਣ ਰੂਪ ਵਟਾਈਆ । ਦਾਤਾ ਦਾਨੀ ਦੇਵਣਹਾਰ ਵਡ ਭੰਡਾਰ, ਵਿਸ਼ਨੂੰ ਝੋਲੀ ਇਕ ਭਰਾਈਆ । ਬ੍ਰਹਮਾ ਦੇਵਣਹਾਰਾ ਬ੍ਰਹਮ ਵਿਸਥਾਰ, ਲੱਖ ਚੁਰਾਸੀ ਨਿਰਮਲ ਜੋਤ ਕਰ ਰੁਸ਼ਨਾਈਆ । ਸ਼ੰਕਰ ਦੇਵੇ ਇਕ ਕਟਾਰ, ਤ੍ਰਿਸੂਲ ਹੱਥ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਕਰੇ ਖੇਲ ਪੁਰਖ ਅਕਾਲ, ਅਕਲ ਕਲ ਵੱਡੀ ਵਡਿਆਈਆ । ਦੀਨਾ ਬੰਧਪ ਹੋ ਦਿਆਲ, ਦਇਆਨਿਧ ਭੇਵ ਖੁਲ੍ਹਾਈਆ । ਸਚਖੰਡ ਦੁਆਰ ਸੱਚੀ ਧਰਮਸਾਲ, ਧਰਮ ਦੁਆਰ ਇਕੋ ਸੋਭਾ ਪਾਈਆ । ਪਰਗਟ ਕਰ ਜੋਤੀ ਨੂਰ ਇਕ ਜਲਾਲ, ਜ਼ਾਹਰ ਜ਼ਹੂਰ ਕਰੇ ਇਕ ਰੁਸ਼ਨਾਈਆ । ਬੇਐਬ ਖ਼ੁਦਾਈ ਪਰਵਰਦਿਗਾਰ, ਹੱਕ ਮੁਕਾਮੇ ਡੇਰਾ ਲਾਈਆ । ਸਚ ਤੌਫ਼ੀਕ ਸਾਂਝੇ ਯਾਰ, ਲਾਸ਼ਰੀਕ ਨੂਰ ਇਲਾਹੀਆ । ਖੇਲੇ ਖੇਲ ਅਗੰਮ ਅਪਾਰ, ਅਲੱਖ ਅਗੋਚਰ ਵੱਡੀ ਵਡਿਆਈਆ । ਸਾਚੀ ਕਰਨੀ ਕਰੇ ਕਰਤਾਰ, ਕਰਤਾ ਪੁਰਖ ਬੇਪਰਵਾਹੀਆ । ਆਪਣੀ ਇਛਿਆ ਕਰ ਤਿਆਰ, ਸਾਚੀ ਭਿਛਿਆ ਝੋਲੀ ਪਾਈਆ । ਆਪਣਾ ਬਲ ਆਪੇ ਧਾਰ, ਬਲਧਾਰੀ ਆਪ ਅਖਵਾਈਆ । ਆਪਣੀ ਕਰਨੀ ਕਰੇ ਸਚ ਵਿਹਾਰ, ਕਰਤਾ ਪੁਰਖ ਆਪਣੇ ਨਾਉਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਸ੍ਰੀ ਭਗਵੰਤ, ਸੋ ਪੁਰਖ ਨਿਰੰਜਣ ਆਪ ਦ੍ਰਿੜਾਈਆ । ਹਰਿ ਪੁਰਖ ਨਿਰੰਜਣ ਮਹਿਮਾ ਅਗਣਤ, ਸਿਫ਼ਤੀ ਸਿਫ਼ਤ ਨਾ ਕੋਇ ਸਾਲਾਹੀਆ । ਏਕੰਕਾਰਾ ਬਣਾਏ ਬਣਤ, ਘੜਨ ਭੰਨਣਹਾਰ ਆਪ ਹੋ ਜਾਈਆ । ਆਦਿ ਨਿਰੰਜਣ ਜੋਤ ਜਗੰਤ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤਾ ਸਾਚਾ ਕੰਤ, ਕੰਤ ਕਤੂੰਹਲ ਸੋਭਾ ਪਾਈਆ । ਸ੍ਰੀ ਭਗਵਾਨ ਸਾਚਾ ਧਾਮ ਸੁਹੰਤ, ਸਚਖੰਡ ਬੈਠਾ ਡੇਰਾ ਲਾਈਆ । ਪਾਰਬ੍ਰਹਮ ਦਰ ਦਰਵੇਸ਼ ਬਣ ਕੇ ਕਰੇ ਮੰਨਤ, ਦੋਏ ਜੋੜ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਸ੍ਰੀ ਭਗਵਾਨ, ਘਰ ਸਾਚੇ ਆਪ ਸਮਝਾਇੰਦਾ । ਸੁੱਤ ਦੁਲਾਰਾ ਇਕ ਜਵਾਨ, ਸ਼ਬਦੀ ਸੁੱਤ ਉਠਾਇੰਦਾ । ਦੇਵਣਹਾਰਾ ਹੱਥ ਨਿਸ਼ਾਨ, ਧਰਮ ਨਿਸ਼ਾਨ ਇਕ ਝੁਲਾਇੰਦਾ । ਬਣਾਵਣਹਾਰਾ ਹੁਕਮਰਾਨ, ਸੀਸ ਜਗਦੀਸ ਤਾਜ ਟਿਕਾਇੰਦਾ । ਵਖਾਵਣਹਾਰਾ ਦੋ ਜਹਾਨ, ਨਿਰਗੁਣ ਸਰਗੁਣ ਰੂਪ ਵਖਾਇੰਦਾ । ਸੁਹਾਵਣਹਾਰਾ ਸਚ ਮਕਾਨ, ਥਿਰ ਘਰ ਸਾਚੇ ਆਪ ਬਹਾਇੰਦਾ । ਦੇਵਣਹਾਰ ਅਗੰਮੀ ਦਾਨ, ਵਸਤ ਅਮੋਲਕ ਇਕ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਪੁਰਖ ਅਕਾਲ, ਆਦਿ ਆਦਿ ਜਣਾਈਆ । ਸੁੱਤ ਦੁਲਾਰੇ ਸ਼ਬਦੀ ਲਾਲ, ਤੇਰੇ ਹੱਥ ਵਡਿਆਈਆ । ਦੋ ਜਹਾਨ ਤੇਰੀ ਧਰਮਸਾਲ, ਬ੍ਰਹਿਮੰਡ ਖੰਡ ਤੇਰੀ ਸਰਨਾਈਆ । ਵਿਸ਼ਨ ਬ੍ਰਹਮਾ ਸ਼ਿਵ ਤੇਰੀ ਵਸਣ ਧਰਮਸਾਲ, ਘਰ ਬੈਠਣ ਡੇਰਾ ਲਾਈਆ । ਤ੍ਰੈਗੁਣ ਮਾਇਆ ਦਏ ਭੰਡਾਰ, ਪੰਜ ਤਤ ਕਰ ਕੁੜਮਾਈਆ । ਲੱਖ ਚੁਰਾਸੀ ਖੋਲ੍ਹ ਕਿਵਾੜ, ਅੰਡਜ ਜੇਰਜ ਉਤਭੁਜ ਸੇਤਜ ਰੰਗ ਰੰਗਾਈਆ । ਸਾਚੀ ਬਾਣੀ ਬੋਲ ਜੈਕਾਰ, ਚਾਰੇ

੭੬੧
੧੫

ਖਾਣੀ ਦਏ ਸਮਝਾਈਆ । ਸੋਹਲਾ ਢੋਲਾ ਰਾਗ ਅਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਪੁਰਖ ਅਬਿਨਾਸ਼, ਹਰਿ ਕਰਤਾ ਆਪ ਜਣਾਈਆ । ਖੇਲੇ ਖੇਲ ਪੁਰੀ ਲੋਅ ਪ੍ਰਿਥਮੀ ਆਕਾਸ਼, ਬ੍ਰਹਿਮੰਡ ਖੰਡ ਰਚਨ ਰਚਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਕਰ ਦਾਸੀ ਦਾਸ, ਸੇਵਕ ਸੇਵਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਘਾੜਨ ਆਪ ਸਮਝਾਈਆ । ਸਾਚੀ ਘਾੜਨ ਘੜ ਪੰਜ ਤੱਤ, ਤ੍ਰੈਗੁਣ ਬੰਧਨ ਇਕੋ ਪਾਈਆ । ਨਾਤਾ ਜੋੜ ਰਕਤ ਬੂੰਦ ਸਾਚੀ ਰਕਤ, ਹੱਡ ਮਾਸ ਨਾੜੀ ਜੋੜ ਜੁੜਾਈਆ । ਅੰਦਰ ਵੜ ਪੁਰਖ ਸਮਰਥ, ਸਾਚੀ ਖੇਲ ਇਕ ਜਣਾਈਆ । ਘਰ ਵਿਚ ਘਰ ਕਰ ਪਰਗਟ, ਗ੍ਰਿਹਿ ਮੰਦਰ ਸੋਭਾ ਪਾਈਆ । ਨੌ ਦੁਆਰੇ ਖੋਲ੍ਹ ਹੱਟ, ਗੁਰ ਸ਼ਬਦੀ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਨੌ ਦੁਆਰੇ ਖੋਲ੍ਹ ਕਿਵਾੜ, ਗੁਰ ਸ਼ਬਦ ਵੱਡੀ ਵਡਿਆਈਆ । ਲੱਖ ਚੁਰਾਸੀ ਕਰ ਤਿਆਰ, ਚਾਰ ਖਾਣੀ ਵੰਡ ਵੰਡਾਈਆ । ਚਾਰੇ ਬਾਣੀ ਬੋਲ ਜੈਕਾਰ, ਧੁਰ ਦਾ ਰਾਗੀ ਰਾਗ ਅਲਾਈਆ । ਕਾਇਆ ਮੰਦਰ ਅੰਦਰ ਸੁਹਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨੌ ਦੁਆਰ ਆਪਣਾ ਭੇਵ ਸਮਝਾਈਆ । ਨੌ ਦਰ ਖੇਲ ਕਰ ਜੱਗ, ਜਗ ਜੀਵਣ ਦਾਤਾ ਆਪ ਜਣਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਮੇਲ ਮਿਲਾ ਅੱਗ, ਹਉਮੇਂ ਹੰਗਤਾ ਗੰਢ ਪਵਾਇੰਦਾ । ਮਨ ਮਤ ਬੁਧ ਕਰਾ ਹੱਜ, ਕਾਇਆ ਕਾਅਬਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿੰਘਾਸਣ ਇਕੋ ਵਾਰ ਸੁਹਾਇੰਦਾ । ਸਚ ਸਿੰਘਾਸਣ ਸੱਜਣ ਮੀਤ, ਸੋ ਸਾਹਿਬ ਆਪ ਬਣਾਈਆ । ਨੌ ਦਰ ਤੇਰੀ ਰੀਤ, ਨੌ ਖੰਡ ਮਿਲੇ ਵਡਿਆਈਆ । ਨੌ ਰਸ ਜਗਤ ਨੀਤ, ਨੀਤੀ ਨੀਤੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸ਼ਬਦ ਗੁਰੂ ਸੁਣ ਧੁਰ ਸੰਦੇਸ਼, ਸਚਖੰਡ ਸਾਚੇ ਸੀਸ ਨਿਵਾਈਆ । ਪੁਰਖ ਅਕਾਲ ਦੀਨ ਦਿਆਲ ਮੈਂ ਸੇਵਾ ਕਰਾਂ ਹਮੇਸ਼, ਅਭੁੱਲ ਭੁੱਲ ਕਦੇ ਨਾ ਜਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲਵਾਂ ਵੇਖ, ਨਿਰਗੁਣ ਨਿਰਗੁਣ ਰੂਪ ਵਟਾਈਆ । ਨੌ ਖੰਡ ਪ੍ਰਿਥਮੀ ਖੇਲਾਂ ਖੇਡ, ਨੌ ਦਰ ਜਗਤ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਦਰ ਤੇਰੇ ਪ੍ਰਭ ਹੋ ਕੇ ਮੰਗਤਾ, ਸ਼ਬਦ ਸੁੱਤ ਝੋਲੀ ਡਾਹੀਆ । ਨੌ ਦੁਆਰੇ ਭਰਾਂ ਹੰਗਤਾ, ਹੰ ਬ੍ਰਹਮ ਸਮਝ ਕੋਇ ਨਾ ਆਈਆ । ਭੇਵ ਨਾ ਪਾਏ ਕੋਈ ਪੰਡਤਾ, ਜਗਤ ਵਿਦਿਆ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਿਰ ਮੇਰੇ ਹੱਥ ਟਿਕਾਈਆ । ਪ੍ਰਭੂ, ਮੈਂ ਸੇਵਾ ਸਚ ਕਮਵਾਂਗਾ । ਲੱਖ ਚੁਰਾਸੀ ਜੀਵ ਜੰਤ ਉਪਜਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਸੇਵ ਲਗਾਵਾਂਗਾ । ਤ੍ਰੈਗੁਣ ਮਾਇਆ ਹੁਕਮ ਵਰਤਾਵਾਂਗਾ । ਪੰਜ ਤਤ ਨਾਤਾ ਮੇਲ ਮਿਲਾਵਾਂਗਾ । ਨੌ ਦਰ ਦਰਵਾਜ਼ਾ ਖੋਲ੍ਹ ਵਖਾਵਾਂਗਾ । ਕੂੜੀ ਕਿਰਿਆ ਆਸਾ ਤ੍ਰਿਸਨਾ ਸਾਜਣ ਸਾਜਾ, ਸਗਲਾ ਸੰਗ ਨਿਭਾਵਾਂਗਾ । ਤੇਰਾ ਖੇਲ ਗ਼ਰੀਬ ਨਿਵਾਜਾ, ਜੁਗ ਚੌਕੜੀ ਪੂਰ ਕਰਾਵਾਂਗਾ । ਸਚ ਵਸਤ ਅਮੋਲਕ ਦੇ ਦਾਜਾ, ਤੇਰੇ ਅੱਗੇ ਮੰਗ ਮੰਗਾਵਾਂਗਾ । ਕਵਣ ਵੇਲਾ

ਘਰ ਸਾਚੇ ਬਹਿ ਕੇ ਨਿਰਗੁਣ ਨਿਰਗੁਣ ਮਾਰੇ ਵਾਜਾਂ, ਮੇਰਾ ਵਿਛੋੜਾ ਪੰਧ ਕਟਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਵਾਂਗਾ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਆਦਿ ਪੁਰਖ ਆਪ ਸਮਝੌਂਦਾ ਏ । ਸੋ ਪੁਰਖ ਨਿਰੰਜਣ ਹੁਕਮ ਵਰਤੌਂਦਾ ਏ । ਹਰਿ ਪੁਰਖ ਨਿਰੰਜਣ ਇਕ ਮਨੌਂਦਾ ਏ । ਏਕੰਕਾਰ ਰਾਹ ਚਲੌਂਦਾ ਏ । ਆਦਿ ਨਿਰੰਜਣ ਨੂਰ ਚਮਕੌਂਦਾ ਏ । ਅਬਿਨਾਸ਼ੀ ਕਰਤਾ ਵੇਖ ਵਖੌਂਦਾ ਏ । ਸ੍ਰੀ ਭਗਵਾਨ ਨਿਸ਼ਾਨ ਉਠੌਂਦਾ ਏ । ਪਾਰਬ੍ਰਹਮ ਪ੍ਰਭ ਦਰਸ ਦਿਖੌਂਦਾ ਏ । ਲੱਖ ਚੁਰਾਸੀ ਕਰੇ ਖੇਲ, ਬ੍ਰਹਮ ਆਪਣਾ ਰੰਗ ਰੰਗੌਂਦਾ ਏ । ਨੌ ਦਰ ਜਗਤ ਤ੍ਰਿਸਨਾ ਚੇਤ, ਘਰ ਘਰ ਵਿਚ ਆਪਣਾ ਖੇਲ ਰਚੌਂਦਾ ਏ । ਗ੍ਰਹਿ ਮੰਦਰ ਨਜ਼ਰੀ ਆਏ ਨੇਤਨ ਨੇਤ, ਦਰ ਦਸਵੇਂ ਸੋਭਾ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਸਚ ਸੰਦੇਸ ਇਕ ਸੁਣੌਂਦਾ ਏ । ਸਚ ਸੰਦੇਸ ਇਕ ਸੁਣੌਂਦਾ ਏ । ਪ੍ਰਭ ਧੁਰ ਦਾ ਹੁਕਮ ਜਣੌਂਦਾ ਏ । ਸ਼ਬਦ ਸੁੱਤ ਤੇਰੀ ਸੇਵਾ ਇਕ ਲਗੌਂਦਾ ਏ । ਜੁਗ ਚੌਕੜੀ ਰੁੱਤ ਸੁਹੌਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਝੋਲੀ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਪੁਰਖ ਅਬਿਨਾਸ਼ੀ ਕਰਤਾ ਧੁਰ ਦਾ ਭੇਵ ਆਪ ਜਣੌਂਦਾ ਏ । ਸ਼ਬਦ ਸੁੱਤ ਹੋ ਤਿਆਰ, ਪ੍ਰਭ ਅੱਗੇ ਸੀਸ ਝੁਕਾਈਆ । ਮੈਂ ਸੇਵਾ ਕਰਾਂ ਪ੍ਰਭ ਸਚ ਨਿਰੰਕਾਰ, ਨਿਰਗੁਣ ਨਿਰਗੁਣ ਰੂਪ ਵਟਾਈਆ । ਜੁਗ ਚੌਕੜੀ ਵੇਖਾਂ ਵਿਚ ਸੰਸਾਰ, ਲੋਕਮਾਤ ਫੇਰਾ ਪਾਈਆ । ਲੱਖ ਚੁਰਾਸੀ ਦਿਆਂ ਸਤਿ ਭੰਡਾਰ, ਨਾਮ ਅਮੋਲਕ ਇਕ ਵਰਤਾਈਆ । ਸਾਚੀ ਖੇਲ ਕਰਾਂ ਅਗੰਮ ਅਪਾਰ, ਅਲੱਖ ਅਗੋਚਰ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਦਰ ਮੰਗਾਂ ਮੰਗ ਸ੍ਰੀ ਭਗਵਾਨ, ਤੇਰੇ ਹੱਥ ਵੱਡੀ ਵਡਿਆਈਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਥਿਰ ਕੋਇ ਰਹਿਣ ਨਾ ਪਾਈਆ । ਸਾਚਾ ਖੇਲ ਕਰਾਂ ਮਹਾਨ, ਸਤਿ ਸਤਿਵਾਦੀ ਦਇਆ ਕਮਾਈਆ । ਨਿਰਗੁਣ ਸਰਗੁਣ ਹੋ ਪਰਧਾਨ, ਗੁਰ ਅਵਤਾਰ ਰੂਪ ਵਟਾਈਆ । ਸਤਿ ਸੰਦੇਸਾ ਦੇਵਾਂ ਏਕਾ ਵਾਰ, ਏਕੰਕਾਰ ਤੇਰਾ ਨਾਉਂ ਸਿਫ਼ਤ ਸਾਲਾਹੀਆ । ਸ੍ਰਿਸ਼ਟ ਸਬਾਈ ਬੰਦ ਕਿਵਾੜੀ ਖੋਲ੍ਹ ਨੈਣ ਉਘਾੜ, ਅੱਖ ਪਰਤੱਖ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੇਰਾ ਸਗਲਾ ਸੰਗ ਨਿਭਾਈਆ । ਗੁਰ ਅਵਤਾਰ ਰੂਪ ਪਰਗਟਾਵਾਂਗਾ । ਨਿਰਗੁਣ ਸਰਗੁਣ ਵੇਸ ਵਟਾਵਾਂਗਾ । ਨਿਰਵੈਰ ਹੋ ਕੇ ਕਾਰ ਕਮਾਵਾਂਗਾ । ਜੁਗ ਚੌਕੜੀ ਪੰਧ ਮੁਕਾਵਾਂਗਾ । ਧੁਰ ਦਾ ਢੋਲਾ ਛੰਦ ਸੁਣਾਵਾਂਗਾ । ਸੋਭਾਵੰਤ ਇਕ ਅਖਵਾਵਾਂਗਾ । ਨੂਰੀ ਚੰਦ ਜੋਤ ਚਮਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਵਣ ਵੇਲੇ ਦਰ ਤੇਰੇ ਬਹਿ ਕੇ ਖ਼ੁਸ਼ੀ ਮਨਾਵਾਂਗਾ । ਕਵਣ ਵੇਲਾ ਦੱਸ ਭਗਵਾਨ, ਤੇਰੇ ਦਰ ਮਿਲੇ ਵਡਿਆਈਆ । ਸੇਵਾ ਕਰਾਂ ਨਿਤ ਨਵਿਤ ਵਿਚ ਜਹਾਨ, ਤੇਈ ਅਵਤਾਰਾਂ ਹੁਕਮ ਮਨਾਈਆ । ਈਸਾ ਮੂਸਾ ਮੁਹੰਮਦ ਕਰ ਕਲਾਮ, ਕਲਮਾ ਨਬੀ ਰਸੂਲ ਕਾਇਨਾਤ ਜਣਾਈਆ । ਭਗਤ ਅਠਾਰਾਂ ਕਰੇ ਧਿਆਨ, ਨਿਜ ਨੇਤਰ ਨੈਣ ਉਠਾਈਆ । ਦਸ ਗੁਰ ਜਗਤ ਪਰਧਾਨ, ਨਾਮ ਪਰਧਾਨਗੀ ਇਕ ਵਖਾਈਆ । ਅੰਦਰ ਵੜ ਕੇ ਦੇਵਾਂ ਨਾਮ ਗਿਆਨ, ਬਾਹਰੋਂ ਸਮਝ ਕੋਇ ਨਾ ਆਈਆ । ਲੇਖਾ ਲਿਖ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਕਰਾਂ ਪੜ੍ਹਾਈਆ । ਭੇਵ ਅਭੇਦਾ ਖੋਲ੍ਹ ਅੰਜੀਲ

੭੬੩
੧੫

ਕੁਰਾਨ, ਤੀਸ ਬਤੀਸਾ ਮਸਲਾ ਹੱਕ ਦਿਆਂ ਸਮਝਾਈਆ । ਸਾਚੀ ਬਾਣੀ ਬੋਲ ਧੁਰ ਫ਼ਰਮਾਨ, ਧੁਰ ਦੀ ਧਾਰ ਲੋਕਮਾਤ ਸਮਝਾਈਆ । ਚਾਰੇ ਵਰਨਾਂ ਇਕ ਗਿਆਨ, ਬਰਨ ਅਠਾਰਾਂ ਬੂਝ ਬੁਝਾਈਆ । ਊਚ ਨੀਚ ਰਾਓ ਰੰਕ ਇਕ ਧਿਆਨ, ਚਰਨ ਕਵਲ ਇਕ ਦ੍ਰਿੜਾਈਆ । ਨੌ ਦੁਆਰ ਜਗਤ ਦੁਕਾਨ, ਨੌ ਖੰਡ ਪ੍ਰਿਥਮੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਜਿਸ ਵੇਲੇ ਤੇਰਾ ਮੇਲਾ ਹੋਏ ਸਹਿਜ ਸੁਭਾਈਆ । ਸ੍ਰੀ ਭਗਵਾਨ ਆਦਿ ਜਣੌਂਦਾ ਏ । ਸੁੱਤ ਸ਼ਬਦ ਤੇਰੀ ਸੇਵਾ ਸਚ ਲਗੌਂਦਾ ਏ । ਆਦਿ ਜੁਗਾਦੀ ਸਤਿਗੁਰ ਰੂਪ, ਤੇਰਾ ਇਕੋ ਇਕ ਵਖੌਂਦਾ ਏ । ਸਚ ਨਿਸ਼ਾਨ ਚਾਰ ਕੂਟ, ਦਹਿ ਦਿਸ਼ਾ ਆਪ ਵਖੌਂਦਾ ਏ । ਤੇਰੇ ਉਪਰ ਜਾਏ ਤੁਠ, ਪੁਰਖ ਅਕਾਲ ਮਿਹਰ ਨਜ਼ਰ ਉਠੌਂਦਾ ਏ । ਜੁਗ ਚੌਕੜੀ ਸੋਹੇ ਤੇਰੀ ਰੁੱਤ, ਫੁਲ ਫੁਲਵਾੜੀ ਬਸੰਤ ਆਪ ਮਹਿਕੌਂਦਾ ਏ । ਲੱਖ ਚੁਰਾਸੀ ਅੰਦਰ ਹੋ ਕੇ ਚੁੱਪ, ਦੋ ਜਹਾਨਾਂ ਖੇਲ ਵੇਖ ਵਖੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜੌਂਦਾ ਏ । ਸਾਚੀ ਸਿਖਿਆ ਇਕ ਦ੍ਰਿੜਾਵਾਂਗਾ । ਧੁਰ ਦਾ ਭੇਵ ਅਭੇਦ ਖੁਲ੍ਹਾਵਾਂਗਾ । ਸ਼ਬਦੀ ਸੁੱਤ ਤੇਰਾ ਹੁਕਮ ਵਰਤਾਵਾਂਗਾ । ਜੁਗ ਚੌਕੜੀ ਰੂਪ ਧਰਾਵਾਂਗਾ । ਨਿਰਗੁਣ ਸਰਗੁਣ ਵੰਡ ਵੰਡਾਵਾਂਗਾ । ਗੁਰ ਅਵਤਾਰ ਨਾਮ ਰਖਾਵਾਂਗਾ । ਪੀਰ ਪੈਗ਼ੰਬਰ ਢੋਲਾ ਗਾਵਾਂਗਾ । ਸ਼ਬਦ ਅਨਾਦ ਇਕ ਸੁਣਾਵਾਂਗਾ । ਬ੍ਰਹਮ ਬ੍ਰਹਿਮਾਦ ਖੋਜ ਖੋਜਾਵਾਂਗਾ । ਬਣ ਸਵਾਂਗੀ ਸਵਾਂਗ ਰਚਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਇਕ ਕਮਾਵਾਂਗਾ । ਸਾਚੀ ਕਰਨੀ ਪ੍ਰਭੂ ਕਮਾਵੇਗਾ । ਸਤਿਜੁਗ ਤ੍ਰੇਤਾ ਦੁਆਪਰ ਪਾਰ ਲੰਘਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸੇਵ ਕਮਾਵੇਗਾ । ਸਚਖੰਡ ਨਿਵਾਸੀ ਸਚ ਦਰਗਹਿ ਲੇਖਾ ਆਪਣੇ ਹੱਥ ਰਖਾਵੇਗਾ । ਸ਼ਬਦ ਅਨਾਦ ਧੁਰ ਦੀ ਧਾਰ ਇਕੋ ਇਕ ਕਹਿ ਕੇ, ਹੁਕਮ ਵਰਤਾਵੇਗਾ । ਹਰ ਘਟ ਅੰਦਰ ਨਿਰਗੁਣ ਰੂਪ ਹੋ ਕੇ ਬਹਿ ਕੇ, ਸਚ ਸਿੰਘਾਸਣ ਸੋਭਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਸੁਣਾਵੇਗਾ । ਸ਼ਬਦ ਸੁੱਤ ਸਮਝੌਂਦਾ ਹਾਂ । ਧੁਰ ਦਾ ਅੱਖਰ ਇਕ ਸਿਖੌਂਦਾ ਹਾਂ । ਪੁਰਖ ਅਕਾਲ ਹੋ ਕੇ ਹੁਕਮ ਮਨੌਂਦਾ ਹਾਂ । ਨੌ ਸੌ ਚੁਰਾਨਵੇ ਚੌਕੜੀ ਵੰਡ ਵੰਡੌਂਦਾ ਹਾਂ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਲ ਰਲੌਂਦਾ ਹਾਂ । ਵਿਸ਼ਨ ਬ੍ਰਹਮਾ ਸ਼ਿਵ ਹੁਕਮ ਮਨੌਂਦਾ ਹਾਂ । ਤ੍ਰੈਗੁਣ ਮਾਇਆ ਪੰਜ ਤਤ ਜੋੜ ਜੁੜੌਂਦਾ ਹਾਂ । ਨੌ ਦੁਆਰੇ ਖੋਲ੍ਹ ਦਰ, ਦਸਮ ਦੁਆਰੀ ਸੋਭਾ ਪੌਂਦਾ ਹਾਂ । ਸ਼ਬਦ ਅਨਾਦੀ ਨੂਰ ਇਲਾਹੀ ਜੋਤੀ ਨੂਰ ਨੂਰ ਰੁਸ਼ਨੌਂਦਾ ਹਾਂ । ਅੰਮ੍ਰਿਤ ਸਰੋਵਰ ਧਾਰ ਇਕ ਵਹੌਂਦਾ ਹਾਂ । ਦੋ ਜਹਾਨਾਂ ਵੇਖ ਵਖੌਂਦਾ ਹਾਂ । ਬ੍ਰਹਿਮੰਡ ਖੰਡ ਸੋਭਾ ਪੌਂਦਾ ਹਾਂ । ਜੇਰਜ ਅੰਡਜ ਉਤਭੁਜ ਸੇਤਜ ਡੇਰਾ ਲੌਂਦਾ ਹਾਂ । ਚਾਰੇ ਬਾਣੀ ਰਾਗ ਅਲੌਂਦਾ ਹਾਂ । ਚਾਰੇ ਖਾਣੀ ਬੂਝ ਬੁਝੌਂਦਾ ਹਾਂ । ਸੁਰਤੀ ਹਾਣੀ ਸ਼ਬਦ ਮਿਲੌਂਦਾ ਹਾਂ । ਅੰਮ੍ਰਿਤ ਬਾਣੀ ਜਾਪ ਜਪੌਂਦਾ ਹਾਂ । ਧੁਰ ਦੀ ਰਾਣੀ ਘਰ ਵਖੌਂਦਾ ਹਾਂ । ਲੱਖ ਚੁਰਾਸੀ ਚੁੱਕੇ ਕਾਣੀ, ਸਾਚੀ ਸਿਖਿਆ ਇਕ ਦ੍ਰਿੜੌਂਦਾ ਹਾਂ । ਗੁਰ ਅਵਤਾਰ ਪੀਰ ਪੈਗ਼ੰਬਰ ਧੁਰ ਸੰਦੇਸ ਸੁਣੌਂਦਾ ਹਾਂ । ਆਤਮ ਪਰਮਾਤਮ ਰਚ ਸਵੰਬਰ, ਧੁਰ ਸੰਜੋਗੀ ਮੇਲ ਮਿਲੌਂਦਾ ਹਾਂ । ਕੂੜੀ ਕਿਰਿਆ ਮੇਟ ਅਡੰਬਰ, ਸਚ ਸੁਚ ਮਾਰਗ ਇਕ ਲਗੌਂਦਾ ਹਾਂ । ਭਾਗ ਲਗਾ ਅੰਧੇਰੀ ਕੰਦਰ, ਦੀਪਕ ਦੀਆ ਇਕ ਵਖੌਂਦਾ ਹਾਂ । ਮਨ ਵਾਸਨਾ ਬੰਨ੍ਹ ਕੇ ਬੰਦਰ, ਬੁੱਧ ਬਿਬੇਕ ਆਪ ਕਰੌਂਦਾ ਹਾਂ । ਬਜਰ ਕਪਾਟੀ ਤੋੜ ਜੰਦਰ,

ਘਰ ਘਰ ਵਿਚ ਪੜਦਾ ਆਪ ਉਠੌਂਦਾ ਹਾਂ । ਸ਼ਬਦ ਅਨਾਦੀ ਗਾ ਕੇ ਮੰਗਲ, ਸੋਹੰ ਰਾਗ ਅਲੌਂਦਾ ਹਾਂ । ਕੂੜੀ ਕਿਰਿਆ ਤੋੜ ਸੰਗਲ, ਨਾਮ ਡੋਰੀ ਤੰਦ ਬੰਧੌਂਦਾ ਹਾਂ । ਹੋ ਸਹਾਈ ਉਜਾੜ ਪਹਾੜ ਜੰਗਲ, ਉਚੇ ਟਿੱਲੇ ਵੇਖ ਵਖੌਂਦਾ ਹਾਂ । ਮਸਤਕ ਟਿੱਕਾ ਲਾ ਕੇ ਚੰਦਨ, ਧੂੜੀ ਖ਼ਾਕ ਇਕ ਰਮੌਂਦਾ ਹਾਂ । ਸਾਚੀ ਦੱਸ ਕੇ ਸਿਖਿਆ ਬੰਦਨ, ਨਿਰਗੁਣ ਸਰਗੁਣ ਹੁਕਮ ਮਨੌਂਦਾ ਹਾਂ । ਜੁਗ ਚੌਕੜੀ ਮਾਲਕ ਬਣ ਕੇ ਟੁੱਟੀ ਗੰਢਣ, ਗੰਢਣਹਾਰ ਗੋਪਾਲ ਸੁਆਮੀ ਦਇਆ ਕਮੌਂਦਾ ਹਾਂ । ਸਾਚਾ ਨਾਮ ਆਵਾਂ ਵੰਡਣ, ਦਰ ਦਰ ਇਕੋ ਅਲਖ ਜਗੌਂਦਾ ਹਾਂ । ਵੇਖਾਂ ਖੇਲ ਵਿਚ ਵਰਭੰਡਨ, ਬ੍ਰਹਿਮੰਡ ਫੇਰਾ ਪੌਂਦਾ ਹਾਂ । ਦੇਵਾਂ ਸਚ ਇਕ ਅਨੰਦਨ, ਨਿਜਾਨੰਦ ਰਸ ਚਖੌਂਦਾ ਹਾਂ । ਦੂਈ ਦਵੈਤੀ ਢਾਹ ਕੇ ਕੰਧਨ, ਕੰਢਾ ਪਾਰ ਇਕ ਵਖੌਂਦਾ ਹਾਂ । ਅੰਮ੍ਰਿਤ ਸਰੋਵਰ ਨੁਹਾਵਾਂ ਗੰਗਨ, ਦੁਰਮਤ ਮੈਲ ਤਨ ਧਵੌਂਦਾ ਹਾਂ । ਦੂਜੇ ਦਰ ਨਾ ਜਾਵਾਂ ਮੰਗਣ, ਘਰ ਇਕੋ ਸੋਭਾ ਪੌਂਦਾ ਹਾਂ । ਭਗਤ ਸੁਹੇਲੇ ਰੱਖ ਕੇ ਅੰਗਨ, ਅੰਗੀਕਾਰ ਅਖਵੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਦ੍ਰਿੜੌਂਦਾ ਹਾਂ । ਸਚ ਸੰਦੇਸਾ ਇਕ ਦ੍ਰਿੜਾਇਆ ਏ । ਆਦਿ ਪੁਰਖ ਹੁਕਮ ਵਰਤਾਇਆ ਏ । ਸ਼ਬਦ ਸੁੱਤ ਬੂਝ ਬੁਝਾਇਆ ਏ । ਚਾਰ ਜੁਗ ਵੰਡ ਵੰਡਾਇਆ ਏ । ਚਾਰ ਵੇਦ ਭੇਵ ਖੁਲ੍ਹਾਇਆ ਏ । ਚਾਰੇ ਬਾਣੀ ਰਾਗ ਅਲਾਇਆ ਏ । ਚਾਰੇ ਖਾਣੀ ਵੇਖ ਵਖਾਇਆ ਏ । ਚਾਰੋਂ ਕੁੰਟ ਡੇਰਾ ਲਾਇਆ ਏ । ਚੌਥੇ ਪਦ ਆਪ ਸਮਝਾਇਆ ਏ । ਧੁਰ ਦਾ ਛੰਦ ਇਕ ਗਾਇਆ ਏ । ਨਿਜਾਨੰਦ ਇਕ ਉਪਜਾਇਆ ਏ । ਖ਼ੁਸ਼ੀ ਕਰ ਬੰਦ ਬੰਦ, ਬੰਦੀਖ਼ਾਨਾ ਤੋੜ ਤੁੜਾਇਆ ਏ । ਨਿਰਗੁਣ ਨੂਰ ਚਾੜ੍ਹ ਚੰਦ, ਜੋਤ ਉਜਾਲਾ ਇਕ ਕਰਾਇਆ ਏ । ਸਤਿਜੁਗ ਤ੍ਰੇਤਾ ਮਿਟੇ ਪੰਧ, ਦੁਆਪਰ ਕਲਜੁਗ ਲੇਖਾ ਰਹੇ ਨਾ ਰਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁੱਤ ਤੇਰਾ ਇਕੋ ਮਾਣ ਵਧਾਇਆ ਏ । ਸ਼ਬਦ ਸੁੱਤ ਤੇਰਾ ਸੱਚਾ ਮਾਣ, ਸੋ ਸਾਹਿਬ ਆਪ ਰਖਾਈਆ । ਤੇਰਾ ਹੁਕਮ ਵਰਤੇ ਦੋ ਜਹਾਨ, ਨਾ ਕੋਈ ਮੇਟੇ ਮੇਟ ਮਿਟਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਨੈਣ ਸਕੇ ਨਾ ਕੋਇ ਉਠਾਈਆ । ਦੇਵਤ ਸੁਰ ਗਣ ਗੰਧਰਬ ਤੈਨੂੰ ਗਾਣ, ਅੱਠੇ ਪਹਿਰ ਧਿਆਨ ਲਗਾਈਆ । ਲੱਖ ਚੁਰਾਸੀ ਤੈਥੋਂ ਮੰਗੇ ਦਾਨ, ਬੈਠੇ ਖ਼ਾਲੀ ਝੋਲੀਆਂ ਡਾਹੀਆ । ਗੁਰ ਅਵਤਾਰ ਤੇਰਾ ਨਿਸ਼ਾਨ, ਪੀਰ ਪੈਗ਼ੰਬਰ ਤੇਰਾ ਨੂਰ ਰੁਸ਼ਨਾਈਆ । ਆਤਮ ਤੇਰਾ ਪਰਮਾਤਮ ਕਰੇ ਪਹਿਚਾਨ, ਭੇਵ ਅਭੇਦਾ ਦਏ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰੂ ਗੁਰੂ ਬਲਵਾਨ, ਤੇਰੇ ਹੱਥ ਦਏ ਵਡਿਆਈਆ । ਸ਼ਬਦ ਗੁਰੂ ਪਿਆ ਹੱਸ, ਵਾਹ ਵਾ ਪੁਰਖ ਅਕਾਲ ਤੇਰੀ ਵਡਿਆਈਆ । ਮੈਂ ਸੇਵਾ ਕਰਾਂ ਨੱਸ ਨੱਸ, ਦੋ ਜਹਾਨ ਵਾਹੋ ਦਾਹੀਆ । ਤੇਰਾ ਮਾਰਗ ਦੇਵਾਂ ਦੱਸ, ਚਾਰੇ ਜੁਗ ਦਿਆਂ ਪੜ੍ਹਾਈਆ । ਲੱਖ ਚੁਰਾਸੀ ਦੇਵਾਂ ਤੇਰਾ ਨਾਮ ਰਸ, ਰਸ ਰਸੀਆ ਰੂਪ ਵਟਾਈਆ । ਕੂੜੀ ਕਿਰਿਆ ਪਾਵਾਂ ਨੱਥ, ਨਾਮ ਡੋਰੀ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਵਣ ਵੇਲਾ ਆਪਣਾ ਸੰਗ ਮਿਲਾਈਆ । ਪੁਰਖ ਅਬਿਨਾਸ਼ੀ ਦਇਆ ਕਮੌਂਦਾ ਏ । ਧੁਰ ਦਾ ਭੇਵ ਆਪ ਜਣੌਂਦਾ ਏ । ਨਵ ਨੌ ਚਾਰ ਤੇਰੀ ਸੇਵ ਲਗੌਂਦਾ ਏ । ਇਕਾਵਨ ਬਾਵਨ ਵੰਡ ਵੰਡੌਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਸੰਗ ਨਿਭੌਂਦਾ ਏ । ਸ਼ਾਸਤਰ ਸਿਮਰਤ ਵੇਦ ਪੁਰਾਨ ਧੁਰ ਦਾ ਢੋਲਾ ਗੌਂਦਾ ਏ । ਲੇਖਾ ਜਾਣੇ ਅੰਜੀਲ ਕੁਰਾਨ, ਕਲਮਾ ਇਕੋ ਇਕ ਪੜ੍ਹੌਂਦਾ ਏ । ਸਾਚੀ ਬਾਣੀ

੭੬੫
੧੫

ਬੋਲ ਗੁਣ ਨਿਧਾਨ, ਗੁਣਵੰਤਾ ਭੇਵ ਖੁਲੌਂਦਾ ਏ । ਕਲਜੁਗ ਅੰਤਮ ਆਏ ਵਿਚ ਸੰਸਾਰ, ਗੁਰ ਅਵਤਾਰ ਪੈਗ਼ੰਬਰ ਦੋਏ ਜੋੜ ਸਰਬ ਵਾਸਤਾ ਪੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰੂ ਤੇਰਾ ਇਕੋ ਮਾਣ ਰਖੌਂਦਾ ਏ । ਸ਼ਬਦ ਗੁਰੂ ਕਹੇ ਮੇਰੇ ਭਗਵਾਨ, ਤੇਰੇ ਅੱਗੇ ਮੇਰੀ ਅਰਜ਼ੋਈਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਕਲਜੁਗ ਵੇਲਾ ਅੰਤਮ ਜਾਏ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਤੇਰੇ ਮੰਗਣ ਦਾਨ, ਦੋਏ ਜੋੜ ਵਾਸਤਾ ਪਾਈਆ । ਸ੍ਰਿਸ਼ਟ ਸਬਾਈ ਨੌ ਖੰਡ ਸੱਤ ਦੀਪ ਖ਼ਾਲੀ ਦਿਸੇ ਮੈਦਾਨ, ਸ਼ਹਿਨਸ਼ਾਹ ਰੂਪ ਨਾ ਕੋਇ ਵਖਾਈਆ । ਚਾਰੋਂ ਕੁੰਟ ਕੂੜ ਨਿਸ਼ਾਨ, ਜੂਠ ਝੂਠ ਡੌਰੂ ਡੰਕਾ ਦੇਵੇ ਵਜਾਈਆ । ਰਾਜ ਰਾਜਾਨ ਹੋਣ ਬੇਈਮਾਨ, ਸਿਦਕ ਸਬੂਰੀ ਸੰਗ ਨਾ ਕੋਇ ਨਿਭਾਈਆ । ਸਾਧ ਸੰਤ ਖਾਣ ਹਰਾਮ, ਹੱਕ ਹਕੀਕਤ ਹੱਥ ਕਿਸੇ ਨਾ ਆਈਆ । ਮੁੱਲਾਂ ਸ਼ੇਖ਼ ਮਸਾਇਕ ਘਰ ਘਰ ਨੱਚੇ ਸ਼ੈਤਾਨ, ਚਾਰੋਂ ਕੁੰਟ ਕੂੜ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਨਿਰਗੁਣ ਆਪਣਾ ਮੇਲਾ ਲੈ ਮਿਲਾਈਆ । ਸ਼ਬਦ ਸੁੱਤ ਲਾਡਲੇ ਮੇਰੇ ਲਾਲ, ਪੁਰਖ ਅਕਾਲ ਆਦਿ ਆਦਿ ਜਣਾਇਆ । ਕਲਜੁਗ ਅੰਤਮ ਵੇਖਾਂ ਤੇਰੀ ਧਰਮਸਾਲ, ਧਰਮ ਦੁਆਰਾ ਫੋਲ ਫੋਲਾਇਆ । ਲੱਖ ਚੁਰਾਸੀ ਹੋਏ ਬੇਹਾਲ, ਧੀਰਜ ਧੀਰ ਨਾ ਕੋਇ ਧਰਾਇਆ । ਹਰਿ ਕਾ ਨਾਮ ਦੇਵੇ ਨਾ ਕੋਈ ਧੰਨ ਮਾਲ, ਰਸਨਾ ਜਿਹਵਾ ਬੱਤੀ ਦੰਦ ਢੋਲਾ ਸਰਬ ਗਾਇਆ । ਦੀਪਕ ਦੀਆ ਜੋਤੀ ਘਰ ਦੇਵੇ ਨਾ ਕੋਈ ਬਾਲ, ਚਾਰੋਂ ਕੁੰਟ ਅੰਧੇਰਾ ਛਾਇਆ । ਅੰਮ੍ਰਿਤ ਆਤਮ ਜਾਮ ਦੇਵੇ ਨਾ ਕੋਈ ਪਿਆਲ, ਬਿਨ ਗੋਬਿੰਦ ਸਚ ਪਿਆਲਾ ਹੱਥ ਨਾ ਕਿਸੇ ਉਠਾਇਆ । ਚਾਰੋਂ ਕੁੰਟ ਸਿਰ ਤੇ ਕੂਕੇ ਕਾਲ, ਅੱਗੇ ਹੋ ਨਾ ਕੋਇ ਬਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇਆ । ਸਾਚੀ ਸਿਖਿਆ ਸੁਣ ਲੈ ਸੁੱਤ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਤੇਰੀ ਹੋਏ ਸੁਹੰਜਣੀ ਰੁੱਤ, ਕਲਜੁਗ ਵੇਲਾ ਅੰਤਮ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰਨ ਪੁੱਛ, ਅੰਦਰ ਵੜ ਵੜ ਹਰਿ ਜਣਾਈਆ । ਕਵਣ ਵੇਲਾ ਪ੍ਰਭ ਜਾਏ ਤੁਠ, ਆਪਣੀ ਦਇਆ ਕਮਾਈਆ । ਆਦਿ ਜੁਗਾਦਿ ਜੁਗ ਚੌਕੜੀ ਜੋ ਰਿਹਾ ਲੁਕ, ਸਚਖੰਡ ਦੁਆਰ ਆਸਣ ਲਾਈਆ । ਜਿਸ ਦਾ ਰੂਪ ਨਿਰਮਲ ਜੋਤ, ਸ਼ਾਹੋ ਭੂਪ ਵਡ ਵਡਿਆਈਆ । ਤਿਸ ਪੁਰਖ ਅਕਾਲ ਉਤੇ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰੱਖ ਕੇ ਗਏ ਓਟ, ਅੰਤਰ ਅੰਤਰ ਧਿਆਨ ਲਗਾਈਆ । ਪਰਗਟ ਹੋਵੇ ਪਾਰਬ੍ਰਹਮ ਆਦਿ ਜੁਗਾਦੀ ਜੋ ਬਣਿਆ ਰਿਹਾ ਖ਼ਾਮੋਸ਼, ਖ਼ਾਲਸ ਆਪਣਾ ਨੂਰ ਕਰੇ ਰੁਸ਼ਨਾਈਆ । ਦੋ ਜਹਾਨ ਬ੍ਰਹਿਮੰਡ ਖੰਡ ਜੋ ਹੋਇਆ ਰਿਹਾ ਰੂਪੋਸ, ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸੁੱਤ ਸ਼ਬਦ ਤੇਰਾ ਲੇਖਾ ਅੰਤ ਮੁਕਾਵਾਂਗਾ । ਪਾਰਬ੍ਰਹਮ ਰੂਪ ਵਟਾਵਾਂਗਾ । ਸਤਿ ਧਰਮ ਇਕ ਜਣਾਵਾਂਗਾ । ਬ੍ਰਹਮ ਮਤ ਇਕ ਸਮਝਾਵਾਂਗਾ । ਤੇਰਾ ਭੇਵ ਇਕ ਖੋਲ੍ਹਾਵਾਂਗਾ । ਹੋ ਪਰਤੱਖ ਦਰਸ ਦਿਖਾਵਾਂਗਾ । ਵਸਣਹਾਰਾ ਘਟ ਘਟ, ਘਟ ਘਟ ਨਜ਼ਰੀ ਆਵਾਂਗਾ । ਤੇਰਾ ਵੇਖਾਂ ਜਗਤ ਹੱਟ, ਨੌ ਖੰਡ ਪ੍ਰਿਥਮੀ ਫੋਲ ਫੋਲਾਵਾਂਗਾ । ਤੇਰਾ ਲੇਖਾ ਹੋਏ ਸਤਿ, ਨੌ ਦਰ ਕਾਇਆ ਪਟਕਾ ਲਾਹਵਾਂਗਾ । ਤੇਰਾ ਵੇਖ ਚਲਦਾ ਰਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਵਾਂਗਾ ।

ਸ਼ਬਦ ਸੁੱਤ ਤੂੰ ਮੰਗੀ ਭੀਖ, ਭਿਖਿਆ ਪ੍ਰਭੂ ਦੇਵੇ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਰੂਪ ਕਰਨ ਉਡੀਕ, ਨਿਜ ਨੇਤਰ ਨੈਣ ਲੈਣ ਉਠਾਈਆ । ਕਲਜੁਗ ਅੰਤਮ ਬਣ ਕੇ ਕਾਤਬ ਚਿੱਟੇ ਉਤੇ ਕਾਲੀ ਮਾਰ ਗਏ ਲੀਕ, ਤਸਵੀਰ ਬੇਨਜ਼ੀਰ ਨਾ ਸਕੇ ਕੋਇ ਸਮਝਾਈਆ । ਪਾਰਬ੍ਰਹਮ ਪੀਰ ਪੈਗ਼ੰਬਰਾਂ ਸਾਂਝਾ ਯਾਰ ਪਰਗਟ ਹੋਵੇ ਠੀਕ, ਨਿਰਵੈਰ ਪੁਰਖ ਆਪਣਾ ਨੂਰ ਕਰੇ ਰੁਸ਼ਨਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਬ੍ਰਹਿਮੰਡ ਖੰਡ ਦੇਵਤ ਸੁਰ ਸਾਰੇ ਲਏ ਜੀਤ, ਵਿਸ਼ਨ ਬ੍ਰਹਮਾ ਸ਼ਿਵ ਸਿਰ ਸਕੇ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗੰਬਰ ਸਾਧ ਸੰਤ ਸਾਚੇ ਭਗਤ ਚਰਨ ਕਵਲ ਕਰਨ ਪ੍ਰੀਤ, ਧੁਰ ਪ੍ਰੀਤੀ ਇਕ ਜਣਾਈਆ । ਨਿਰਵੈਰ ਪੁਰਖ ਨਰ ਨਿਰੰਕਾਰ ਸਾਚਾ ਨਾਮ ਇਕੋ ਵਾਰ ਕਰੇ ਬਖ਼ਸ਼ੀਸ਼, ਬਖ਼ਸ਼ਸ਼ ਆਪਣੀ ਤੇਰੀ ਝੋਲੀ ਪਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਇਕੋ ਦੱਸੇ ਸੱਚੀ ਰੀਤ, ਚਾਰ ਵਰਨ ਅਠਾਰਾਂ ਬਰਨ ਜ਼ਾਤ ਪਾਤ ਦੀਨ ਮਜ਼੍ਹਬ ਕੋਈ ਸਮਝ ਨਾ ਸਕੇ ਰਾਈਆ । ਲੇਖਾ ਜਾਣੇ ਸ਼ਿਵਦਵਾਲੇ ਗੁਰੂਦੁਆਰ ਮੱਠ ਮੰਦਰ ਮਸੀਤ, ਪਰਖਣਹਾਰਾ ਹਸਤ ਕੀਟ, ਊਚ ਨੀਚ ਭੇਵ ਅਭੇਦਾ ਦਏ ਖੁਲ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਤਮ ਪਰਮਾਤਮ ਦੱਸਣਹਾਰਾ ਸੱਚਾ ਗੀਤ, ਗੀਤ ਗੋਬਿੰਦ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤਮ ਆਪਣਾ ਵੇਸ ਵਟਾਈਆ । ਸ਼ਬਦ ਸੁੱਤ ਸਦ ਕਰ ਤਿਆਰੀ, ਤ੍ਰੈਗੁਣ ਅਤੀਤਾ ਹਰਿ ਜਣਾਇੰਦਾ । ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰੀ ਵਾਰੀ, ਅੰਤਮ ਆਪਣਾ ਹੁਕਮ ਵਰਤਾਇੰਦਾ । ਚਾਰ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਬਣਨ ਖਿਲਾਰੀ, ਸਾਚੀ ਖੇਡ ਆਪ ਖਿਡਾਇੰਦਾ । ਧੁਰ ਦਾ ਸੰਦੇਸ਼ ਨਰ ਨਰੇਸ਼ ਲਿਖਾਵੇ ਬਣ ਲਿਖਾਰੀ, ਕਾਤਬ ਇਕੋ ਕਲਮ ਚਲਾਇੰਦਾ । ਹਰਿ ਕਾ ਨਾਮ ਹੱਟ ਖੁਲ੍ਹਾ ਦੋ ਜਹਾਨ ਬਣਾਏ ਵਪਾਰੀ, ਗੁਰਮੁਖ ਵਿਰਲਾ ਸੌਦਾ ਲੈਣ ਆਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਹਉਮੇ ਭਰੇ ਨਾਲ ਬੀਮਾਰੀ, ਕੂੜੀ ਯਾਰੀ ਨਾਲ ਲਗਾਇੰਦਾ । ਓਸੇ ਘਰ ਵਿਚ ਓਸੇ ਦਰ ਵਿਚ ਓਸੇ ਮੰਦਰ ਵੜ ਕੇ ਨਿਰਗੁਣ ਜੋਤ ਕਰੇ ਉਜਿਆਰੀ, ਨੂਰੋ ਨੂਰ ਡਗਮਗਾਇੰਦਾ । ਪਾਰਬ੍ਰਹਮ ਦੀ ਸਮਝ ਨਾ ਸਕੇ ਕੋਇ ਹੁਸ਼ਿਆਰੀ, ਮਨ ਮਤ ਬੁਧ ਭੇਵ ਕੋਇ ਨਾ ਆਇੰਦਾ । ਲੱਖ ਚੁਰਾਸੀ ਵੇਖੇ ਦਰ ਭਿਖਾਰੀ, ਕਰਤਾ ਆਪਣੀ ਕਾਰ ਕਮਾਇੰਦਾ । ਸੁੱਤ ਲਾਡਲੇ ਸ਼ਬਦ ਤੇਰਾ ਖੇਲ ਅਪਰ ਅਪਾਰੀ, ਹਰਿ ਅਪਰੰਪਰ ਆਪ ਕਰਾਇੰਦਾ । ਕਲਜੁਗ ਅੰਤਮ ਤੇਰੀ ਆਸਾ ਪੂਰੀ ਕਰੇ ਆਪ ਪਰਗਟ ਹੋਏ ਸਿਰਜਣਹਾਰੀ, ਘਟ ਘਟ ਅੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਇੰਦਾ । ਸਚ ਸੰਦੇਸਾ ਸੁਣ ਲੈ ਬਾਲ, ਪ੍ਰਭ ਠਾਕਰ ਆਪ ਜਣਾਈਆ । ਜੁਗ ਚੌਕੜੀ ਵੇਖੇ ਤੇਰਾ ਹਾਲ, ਹਾਲਤ ਆਪਣੀ ਝੋਲੀ ਪਾਈਆ । ਗੁਰ ਅਵਤਾਰ ਤੇਰੇ ਨਾਲ, ਪੀਰ ਪੈਗ਼ੰਬਰ ਤੇਰਾ ਸੰਗ ਨਿਭਾਈਆ । ਅੰਤਮ ਸਾਰੇ ਦੋਏ ਜੋੜ ਪ੍ਰਭ ਅਗੇ ਮੰਗ ਕੇ ਜਾਣ ਦਾਨ, ਦਾਤਾ ਦਾਨੀ ਤੇਰੀ ਓਟ ਤਕਾਈਆ । ਕਲਜੁਗ ਅੰਤ ਹੋਣਾ ਪਰਧਾਨ, ਆ ਕੇ ਵੇਖਣਾ ਆਪਣਾ ਜਹਾਨ, ਦੋ ਜਹਾਨਾਂ ਵਾਲੀ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸੁੱਤ ਸ਼ਬਦ ਤੇਰਾ ਚੌਕੜੀ ਜੁਗ ਗਿਆਨ, ਸਿਮਰਨ ਪੂਜਾ ਪਾਠ ਅਭਿਆਸ ਰੂਪ ਵਖਾਈਆ । ਜਗਤ ਸਰੋਵਰ ਅਠਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਜਲ ਪਾਣੀ ਅਸ਼ਨਾਨ, ਜੀਵ ਜੰਤ ਮਾਰਗ ਇਕ ਦਰਸਾਈਆ । ਸਿਫ਼ਤੀ ਢੋਲਾ ਨਾਮ ਨਿਧਾਨ ਰਸਨਾ

੭੬੭
੧੫

ਜਿਹਵਾ ਬੱਤੀ ਦੰਦ ਸਾਰੇ ਗਾਣ, ਉਚੀ ਕੂਕ ਕੂਕ ਸੁਣਾਈਆ । ਨੌ ਦੁਆਰ ਹਰਿ ਕਰਤਾਰ ਜਗਤ ਵਾਸਨਾ ਖੋਲ੍ਹ ਦੁਕਾਨ, ਵਸਤ ਅਮੋਲਕ ਮਾਇਆ ਮਮਤਾ ਤ੍ਰਿਸਨਾ ਵਿਚ ਸਮਾਈਆ । ਨੌ ਖੰਡ ਪ੍ਰਿਥਮੀ ਤੇਰਾ ਖੇਲ ਹੋਏ ਮਹਾਨ, ਜਗਤ ਵਪਾਰੀ, ਜੀਵ ਜੰਤ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਮ ਇਕੋ ਇਕ ਸੁਣਾਈਆ । ਅੰਤਮ ਸਚ ਸੰਦੇਸ ਸੁਣੈਂਦਾ ਏ । ਸੁੱਤ ਸ਼ਬਦ ਤੇਰੀ ਰਚਨਾ ਆਦਿ ਰਚੌਂਦਾ ਏ । ਜੁਗ ਚੌਕੜੀ ਖੇਲ ਕਰੌਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡੌਂਦਾ ਏ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਿਚੋਂ ਅੰਤਮ ਆਪਣਾ ਭੇਵ ਚੁਕੌਂਦਾ ਏ । ਸ਼ਬਦੀ ਸੁੱਤ ਦੁਲਾਰੇ ਤੇਰਾ ਖੇਲ ਕਰ ਅਪਾਰ, ਅਪਰੰਪਰ ਧਾਰ ਵਖੌਂਦਾ ਏ । ਸੁੱਤ ਦੁਲਾਰਾ ਕਹੇ ਪਿਆਰਾ ਗੋਬਿੰਦ ਸੂਰਾ ਇਕ ਉਠਾਲ, ਡੰਕਾ ਸ਼ਬਦ ਤਾਲ ਵਜੌਂਦਾ ਏ । ਖੰਡਾ ਖੰਡਗ ਧਰ ਕਟਾਰ, ਸੀਸ ਜਗਦੀਸ ਸੁਹਾਏ ਦਸਤਾਰ, ਕਲਗੀ ਤੋੜਾ ਨਾਲ ਮਿਲੌਂਦਾ ਏ । ਸਾਚਾ ਘੋੜਾ ਅਗੰਮ ਅਪਾਰ, ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਿਮੰਡਾਂ ਖੰਡਾਂ ਹੁਕਮ ਵਰਤੌਂਦਾ ਏ । ਸਾਚੀ ਸਿਖਿਆ ਸਿਖ ਸੰਸਾਰ, ਅੰਮ੍ਰਿਤ ਆਤਮ ਜਾਮ ਦਏ ਪਿਆਲ, ਵਰਨ ਬਰਨ ਊਚ ਨੀਚ ਰਾਓ ਰੰਕ ਡੇਰਾ ਢੌਂਦਾ ਏ । ਦੋ ਜਹਾਨਾਂ ਵੱਜੇ ਤਾਲ, ਬ੍ਰਹਿਮੰਡ ਖੰਡ ਵਸੇ ਧਰਮਸਾਲ, ਸੱਚਾ ਮੰਦਰ ਇਕ ਵਖੌਂਦਾ ਏ । ਸੇਵਾ ਕਰ ਜਗਤ ਕਮਾਲ, ਵਿਦਿਆਲੇ ਬਿਨਾਂ ਪੁੱਛਾਂ ਸਵਾਲ, ਵਰਭੰਡੀ ਭੇਟ ਚੜੌਂਦਾ ਏ । ਕਲਜੁਗ ਕੂੜੀ ਜੜ੍ਹ ਉਖਾੜ, ਤ੍ਰੈਗੁਣ ਅਗਨੀ ਦੇਵਾਂ ਸਾੜ, ਕੂੜੇ ਬਿਰਹੋਂ ਦੇਵਾਂ ਝਾੜ, ਧੁਰ ਦਾ ਹੁਕਮੀ ਹੁਕਮ ਮਨੌਂਦਾ ਏ । ਕਲਜੁਗ ਆਯੂ ਦੇਵਾਂ ਗਾਲ, ਨਾਤਾ ਤੁੱਟੇ ਲੱਖ ਚਾਰ, ਬਣਿਆ ਰਹੇ ਨਾ ਬੱਤੀ ਹਜ਼ਾਰ, ਹਜ਼ਾਰੀ ਰੂਪ ਆਪ ਵਖੌਂਦਾ ਏ । ਸਾਚਾ ਖੇਲ ਕਰਾਂ ਅਪਾਰ, ਨਿਰਗੁਣ ਰੂਪ ਕਰਾਂ ਉਜਿਆਰ, ਕਲ ਕਲਕੀ ਲੈ ਅਵਤਾਰ, ਡੰਕਾ ਇਕੋ ਨਾਮ ਸੁਣੈਂਦਾ ਏ । ਵਸਾਂ ਸਾਚੇ ਧਾਮ ਨਿਆਰ, ਮੰਦਰ ਮਸਜਦ ਸ਼ਿਵਦਵਾਲੇ ਮੱਠ ਤੋਂ ਬਾਹਰ, ਨਾ ਕੋਈ ਘਾੜਤ ਘੜੇ ਬਣ ਠਠਿਆਰ, ਬਾਢੀ ਆਪੇ ਨਜ਼ਰੀ ਔਂਦਾ ਏ । ਦੀਆ ਬਾਤੀ ਜੋਤ ਜਗੇ ਨਿਰੰਕਾਰ, ਸ਼ਬਦ ਅਨਾਦ ਵੱਜੇ ਧੁਨਕਾਰ, ਧੁਰ ਦਾ ਰਾਗ ਇਕ ਦ੍ਰਿੜੌਂਦਾ ਏ । ਤੇਰਾ ਲੇਖਾ ਲਵਾਂ ਸੰਭਾਲ, ਵੇਖ ਖੇਲ ਸ਼ਾਹ ਕੰਗਾਲ, ਊਚ ਨੀਚ ਰਾਓ ਰੰਕ ਆਪਣਾ ਹੁਕਮ ਵਰਤੌਂਦਾ ਏ । ਨਿਰਗੁਣ ਹੋ ਕੇ ਆਵਾਂ ਦਲਾਲ, ਭਗਤਾਂ ਲਵਾਂ ਭਾਲ, ਸਾਚੇ ਸੰਤਾਂ ਚਲਾਂ ਨਾਲ, ਜਗਤ ਵਿਛੋੜਾ ਪੰਧ ਮੁਕੌਂਦਾ ਏ । ਆ ਕੇ ਸੁਣਾਂ ਮੁਰੀਦਾਂ ਹਾਲ, ਮੁਰਸ਼ਦ ਹੋ ਕੇ ਬਣਾਂ ਦਲਾਲ, ਗਹਿਰ ਗੰਭੀਰ ਬੇਨਜ਼ੀਰ ਆਪਣੀ ਕਾਰ ਕਮੌਂਦਾ ਏ । ਦੋ ਜਹਾਨਾਂ ਤੋੜ ਜ਼ੰਜੀਰ, ਅੱਖੀਂ ਵੇਖਾਂ ਸ਼ਾਹ ਹਕੀਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਅਲੌਂਦਾ ਏ । ਸੁੱਤ ਦੁਲਾਰਾ ਚਰਨ ਦੁਆਰ, ਘਰ ਸਾਚੇ ਖ਼ੁਸ਼ੀ ਮਨਾਈਆ । ਸੋ ਪੁਰਖ ਨਿਰੰਜਣ ਤੇਰਾ ਪਿਆਰ, ਹਰਿ ਪੁਰਖ ਨਿਰੰਜਣ ਭੁੱਲ ਕਦੇ ਨਾ ਜਾਈਆ । ਏਕੰਕਾਰ ਤੇਰਾ ਸਹਾਰ, ਦੋ ਜਹਾਨ ਤੇਰੀ ਸ਼ਰਨਾਈਆ । ਆਦਿ ਨਿਰੰਜਣ ਤੇਰਾ ਉਜਿਆਰ, ਜੁਗ ਚੌਕੜੀ ਨੂਰ ਵਖਾਈਆ । ਅਬਿਨਾਸ਼ੀ ਕਰਤਾ ਤੇਰੀ ਧਾਰ, ਸ਼ਬਦੀ ਢੋਲਾ ਰਾਗ ਸੁਣਾਈਆ । ਸ੍ਰੀ ਭਗਵਾਨ ਤੇਰਾ ਨਿਸ਼ਾਨ ਦਏ ਹੁਲਾਰ, ਬ੍ਰਹਿਮੰਡ ਖੰਡ ਇਕੋ ਲਹਿਰ ਵਖਾਈਆ । ਪਾਰਬ੍ਰਹਮ ਤੇਰੀ ਸਾਚੀ ਕਾਰ, ਬ੍ਰਹਮ ਤੇਰੀ ਅੰਸ ਰੂਪ ਵਟਾਈਆ । ਲੱਖ ਚੁਰਾਸੀ ਤੇਰਾ ਪਸਾਰ, ਘਟ ਘਟ ਨਜ਼ਰੀ ਆਈਆ । ਕਲਜੁਗ ਅੰਤਮ ਖੇਲ ਕਰੇ ਕਰਤਾਰ, ਹਰਿ ਕਰਤਾ ਬੇਪਰਵਾਹੀਆ । ਲੋਕਮਾਤ ਪਰਗਟ ਹੋ ਨਿਰਗੁਣ ਰੂਪ ਆਪ ਨਿਰੰਕਾਰ, ਜੋਤੀ

੭੬੮
੧੫

੭੬੯
੧੫

ਜੋਤ ਜੋਤ ਰੁਸ਼ਨਾਈਆ । ਸੰਬਲ ਧਾਮ ਬਣਾ ਕੇ ਸੱਚਾ ਦਰਬਾਰ, ਦਰ ਦਰਵਾਜ਼ਾ ਆਪ ਲਗਾਈਆ । ਸੰਤ ਸੁਹੇਲੇ ਵਿਚ ਬਠਾਲ, ਗੁਰ ਚੇਲੇ ਮੇਲ ਮਿਲਾਈਆ । ਭਗਤ ਸੱਜਣ ਰੱਖ ਖਿਆਲ, ਸੰਮਤ ਇਕੀਸਾ ਦੇ ਵਡਿਆਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਵਿਚੋਂ ਭਾਲ, ਆਪ ਆਪਣਾ ਮੇਲ ਮਿਲਾਈਆ । ਨਾਤਾ ਤੋੜ ਕਾਲ ਮਹਾਂਕਾਲ, ਸ਼ਬਦੀ ਤੰਦ ਡੋਰ ਬੰਧਾਈਆ । ਪੂਰਬ ਜਨਮ ਬੈਠੇ ਜੋ ਘਾਲਣ ਘਾਲ, ਤਿਨ੍ਹਾਂ ਲੇਖਾ ਲੇਖੇ ਲਾਈਆ । ਨੌ ਖੰਡ ਪ੍ਰਿਥਮੀ ਵਖਾਏ ਇਕ ਧਰਮਸਾਲ, ਧਰਮ ਦੁਆਰਾ ਇਕ ਵਡਿਆਈਆ । ਦੋ ਜਹਾਨਾਂ ਰਾਓ ਰੰਕਾਂ ਫ਼ਕੀਰ ਹਕੀਰਾਂ ਕਰੇ ਪ੍ਰਿਤਪਾਲ, ਪ੍ਰਿਤਪਾਲਕ ਹੱਥ ਵਡਿਆਈਆ । ਅੰਦਰ ਬਾਹਰ ਗੁਪਤ ਜ਼ਾਹਰ ਤੇਰੇ ਦੁਆਰ ਵਸਣ ਨਾਲ, ਦੂਰ ਦੁਰਾਡਾ ਪੰਧ ਮੁਕਾਈਆ । ਕਲਜੁਗ ਅੰਤਮ ਤੇਰੀ ਆਤਮ ਆ ਕੇ ਵੇਖ ਹਾਲ, ਹਾਲਤ ਸਭ ਦੀ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਇਕ ਅਰਜ਼ੋਈਆ । ਪ੍ਰਭ ਜਿਸ ਵੇਲੇ ਅੰਤਮ ਆਵੇਂਗਾ । ਮੇਰਾ ਲੇਖਾ ਪੂਰ ਕਰਾਵੇਂਗਾ । ਪਿਛਲਾ ਚੇਤਾ ਚੇਤੇ ਰਖਾਵੇਂਗਾ । ਨੇਤਾ ਇਕੋ ਨਜ਼ਰੀ ਆਵੇਂਗਾ । ਲੇਖਾ ਸਾਚਾ ਸਚ ਕਮਾਵੇਂਗਾ । ਭੇਤਾ ਆਪਣਾ ਆਪ ਬੁਝਾਵੇਂਗਾ । ਲੇਖਾ ਲਿਖਿਆ ਪੂਰ ਕਰਾਵੇਂਗਾ । ਸਚ ਭਿਛਿਆ ਇਕੋ ਪਾਵੇਂਗਾ । ਦਹਿ ਦਿਸ਼ਿਆ ਨਜ਼ਰੀ ਆਵੇਂਗਾ । ਅਨਡਿਠਿਆ ਖੇਲ ਵਰਤਾਵੇਂਗਾ । ਆਦਿ ਜੁਗਾਦਿ ਜੁਗ ਚੌਕੜੀ ਦੋ ਜਹਾਨ ਜਿਸ ਨੇ ਜਿਤਿਆ, ਉਸ ਦਾ ਰੂਪ ਧਰਾਵੇਂਗਾ । ਲੱਖ ਚੁਰਾਸੀ ਬਣ ਕੇ ਮਾਤ ਪਿਤਿਆ, ਪਿਤਾ ਪੂਤ ਗੋਦ ਉਠਾਵੇਂਗਾ । ਦੇ ਵਡਿਆਈ ਛੋਟੇ ਪੁਤ ਬਾਲ ਨਿਕਿਆ, ਗੋਬਿੰਦ ਸੁਤ ਇਕ ਜਗਾਵੇਂਗਾ । ਜਿਸ ਨੇ ਜਗਤ ਜਹਾਨ ਰਸ ਜਾਤਾ ਫਿਕਿਆ, ਤਿਸ ਅੰਮ੍ਰਿਤ ਹੱਥ ਫੜਾਵੇਂਗਾ । ਗੋਬਿੰਦ ਸੂਰਾ ਸਤਿਗੁਰ ਸੁਆਮੀ ਕਦੀ ਨਾ ਜਾਵੇ ਭਿਟਿਆ, ਭਿਟ ਜਗਤ ਵਿਚੋਂ ਬਾਹਰ ਕਢਾਵੇਂਗਾ । ਓਸ ਲੇਖਾ ਅਗੰਮੀ ਲਿਖਿਆ, ਕਲਜੁਗ ਅੰਤਮ ਪੂਰ ਕਰਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਵਣ ਵੇਲਾ ਆਪਣਾ ਮੇਲ ਮਿਲਾਵੇਂਗਾ । ਸੁੱਤ ਸ਼ਬਦ ਜਿਸ ਵੇਲੇ ਅੰਤਮ ਆਵਾਂਗਾ । ਨਿਰਗੁਣ ਆਪਣਾ ਨੂਰ ਧਰਾਵਾਂਗਾ । ਜੋਤੀ ਜਾਮਾ ਪਾਵਾਂਗਾ । ਸ਼ਬਦੀ ਨਾਦ ਵਜਾਵਾਂਗਾ । ਬ੍ਰਹਮ ਬ੍ਰਹਿਮਾਦ ਵੇਖ ਵਖਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਆਪ ਉਠਾਵਾਂਗਾ । ਧੁਰ ਸਮਾਜ ਇਕ ਸਮਝਾਵਾਂਗਾ । ਲੱਖ ਚੁਰਾਸੀ ਵੇਖ ਪਿਛਲਾ ਕਾਜ, ਅਗਲਾ ਰੰਗ ਆਪ ਰੰਗਾਵਾਂਗਾ । ਸਾਚਾ ਬੇੜਾ ਬੰਨ੍ਹ ਚਲਾਵਾਂਗਾ । ਸਤਿ ਧਰਮ ਦਾ ਬਖ਼ਸ਼ਾਂ ਇਕੋ ਰਾਜ, ਚਾਰੋਂ ਕੁੰਟ ਹੁਕਮ ਸਮਝਾਵਾਂਗਾ । ਸਾਚਾ ਕਲਮਾ ਸਚ ਨਿਮਾਜ਼, ਰੋਜ਼ਾ ਇਕੋ ਇਕ ਜਣਾਵਾਂਗਾ । ਸਾਚਾ ਨਾਮ ਸਚ ਆਵਾਜ਼, ਸਾਚਾ ਰਾਗ ਇਕ ਸੁਣਾਵਾਂਗਾ । ਸਾਚਾ ਦੇ ਕੇ ਧੁਰ ਦਾਜ, ਵਸਤ ਅਮੋਲਕ ਝੋਲੀ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਹੋ ਕੇ ਆਪਣੀ ਖੇਲ ਰਚਾਵਾਂਗਾ । ਨਿਰਗੁਣ ਹੋ ਕੇ ਖੇਲ ਰਚਾਵਾਂਗਾ । ਸਚ ਸਾਚਾ ਮਾਰਗ ਲਾਵਾਂਗਾ । ਕਾਇਆ ਕਾਅਬਾ ਫੋਲ ਫੋਲਾਵਾਂਗਾ । ਜਗਤ ਤਮਾਸ਼ਾ ਇਕ ਵਖਾਵਾਂਗਾ । ਨਿਰਗੁਣ ਸਰਗੁਣ ਪਾਏ ਰਾਸਾ, ਗੋਪੀ ਕਾਹਨ ਨਾਚ ਨਚਾਵਾਂਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੀ ਕਰ ਆਸਾ, ਆਸਾ ਆਪਣੇ ਨਾਲ ਮਿਲਾਵਾਂਗਾ । ਕਰਵਟ ਲੈ ਬਦਲ ਕੇ ਪਾਸਾ, ਦੋ ਜਹਾਨ ਸ਼ਬਦ ਫ਼ਰਮਾਨ ਨਾਲ ਉਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੁੱਤ ਸ਼ਬਦ ਤੇਰੀ ਇਛਿਆ ਪੂਰ ਵਖਾਵਾਂਗਾ । ਤੇਰਾ ਲੇਖਾ ਇਕ ਚੁਕਾਵਾਂਗਾ । ਅੰਤਮ ਤੇਰੇ

ਨੈਣ ਵਖਾਵਾਂਗਾ । ਸਾਕ ਸੈਣ ਰੂਪ ਵਟਾਵਾਂਗਾ । ਲਹਿਣ ਦੇਣ ਜ਼ਰੂਰ ਚੁਕਾਵਾਂਗਾ । ਸਾਕ ਸੱਜਣ ਸੈਣ ਬਣ ਕੇ ਸਾਚਾ ਸੰਗ ਨਿਭਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਇਕ ਸਮਝਾਵਾਂਗਾ । ਸਾਚੀ ਵਸਤ ਪ੍ਰਭ ਸਮਝੌਂਦਾ ਏ । ਆਦਿ ਦਾ ਲੇਖਾ ਪੂਰ ਕਰੌਂਦਾ ਏ । ਧੁਰ ਦੀ ਧਾਰ ਆਪ ਸਮਝੌਂਦਾ ਏ । ਨਿਰਗੁਣ ਕਾਰ ਨਿਰੰਕਾਰ ਕਮੌਂਦਾ ਏ । ਲੋਕਮਾਤ ਅਗੰਮੀ ਧਾਰ, ਧੁਰਦਰਗਾਹੀ ਆਪ ਵਖੌਂਦਾ ਏ । ਰਚ ਕੇ ਸਚ ਸੱਚਾ ਦਰਬਾਰ, ਦਰਗਹਿ ਸਾਚੀ ਰੂਪ ਵਟੌਂਦਾ ਏ । ਤਖ਼ਤ ਨਿਵਾਸੀ ਬਣ ਕਰਤਾਰ, ਕਰਤਾ ਪੁਰਖ ਹੁਕਮ ਵਰਤੌਂਦਾ ਏ । ਦਰ ਸੱਦ ਗੁਰੂ ਅਵਤਾਰ, ਪੀਰ ਪੈਗ਼ੰਬਰ ਕੋਲ ਬਹੌਂਦਾ ਏ । ਭਗਤ ਅਠਾਰਾਂ ਕਰ ਵਿਚਾਰ, ਚਰਨ ਕਵਲ ਇਕ ਸਮਝੌਂਦਾ ਏ । ਕਲ ਕਲਕੀ ਲੈ ਅਵਤਾਰ, ਕੂੜੀ ਕਿਰਿਆ ਡੇਰਾ ਢੌਂਦਾ ਏ । ਨਿਹਕਲੰਕ ਖੇਲ ਅਪਾਰ, ਨਾਮ ਡੰਕ ਇਕ ਸੁਣੌਂਦਾ ਏ । ਸ੍ਰਿਸ਼ਟ ਸਬਾਈ ਦਏ ਆਧਾਰ, ਦੂਈ ਦਵੈਤ ਡੇਰਾ ਢੌਂਦਾ ਏ । ਸਾਚੀ ਖੇਲ ਕਰੇ ਵਿਚ ਸੰਸਾਰ, ਸਤਿਜੁਗ ਸਾਚੀ ਨੀਂਹ ਰਖੌਂਦਾ ਏ । ਵੀਹ ਸੌ ਵੀਹ ਬਿਕ੍ਰਮੀ ਬਣੀ ਭਿਖਾਰ, ਖ਼ਾਲੀ ਝੋਲੀ ਆਪ ਭਰੌਂਦਾ ਏ । ਧਰਨੀ ਰੋਵੇ ਜ਼ਾਰੋ ਜ਼ਾਰ, ਨੀਰ ਹੰਝੂ ਸਾਫ਼ ਕਰੌਂਦਾ ਏ । ਸੂਰਜ ਚੰਦ ਹੋਏ ਸ਼ਰਮਸਾਰ, ਸਭ ਦੀ ਨੇਤਰ ਅੱਖ ਖੁਲੌਂਦਾ ਏ । ਆਓ ਰਲ ਮਿਲ ਸਾਰੇ ਦੋ ਜਹਾਨ ਲੋਕਮਾਤ ਕਰੋ ਦੀਦਾਰ, ਸ੍ਰੀ ਭਗਵਾਨ ਰੂਪ ਵਟੌਂਦਾ ਏ । ਜਿਸ ਨੂੰ ਲੱਭਦੇ ਰਹੇ ਜੁਗ ਚਾਰ, ਸੋ ਕਰਤਾ ਖੇਲ ਰਚੌਂਦਾ ਏ । ਬਿਨ ਨੇਤਰ ਦਏ ਦੀਦਾਰ, ਨਿਜ ਨੇਤਰ ਇਕ ਖੁਲ੍ਹੌਂਦਾ ਏ । ਚੌਦਾਂ ਕਲੀਆਂ ਕਰ ਸ਼ਿੰਗਾਰ, ਸਾਚਾ ਆਸਣ ਇਕ ਸੁਹੌਂਦਾ ਏ । ਅਸਵ ਘੋੜੇ ਹੋ ਅਸਵਾਰ, ਲੋਆਂ ਪੁਰੀਆਂ ਪਾਰ ਕਰੌਂਦਾ ਏ । ਪਹਿਲੋਂ ਥੋੜਾ ਥੋੜਾ ਦੱਸਦਾ ਰਿਹਾ ਵਿਹਾਰ, ਹੁਣ ਆਪਣਾ ਹੁਕਮ ਵਰਤੌਂਦਾ ਏ । ਵੇਖੋ ਕਲਜੁਗ ਪੈਂਦੀ ਸਖ਼ਤ ਮਾਰ, ਸਤਿਗੁਰ ਸ਼ਬਦ ਖੰਡਾ ਹੱਥ ਚਮਕੌਂਦਾ ਏ । ਕੂੜੀ ਕਿਰਿਆ ਲੋਕਮਾਤ ਵਿਚੋਂ ਕਰਨੀ ਬਾਹਰ, ਜੂਠ ਝੂਠ ਡੇਰਾ ਢੌਂਦਾ ਏ । ਊਚਾਂ ਨੀਚਾਂ ਕਰੇ ਪਿਆਰ, ਨਵਾਂ ਕਾਰਜ ਇਕ ਰਚੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖੌਂਦਾ ਏ । ਸਾਚੀ ਖੇਲ ਕਰੇ ਸਮਰਥ, ਪ੍ਰਭ ਵੱਡਾ ਵਡ ਵਡਿਆਈਆ । ਸਦੀ ਬੀਸਵੀਂ ਨੌ ਖੰਡ ਪ੍ਰਿਥਮੀ ਘਰ ਘਰ ਖੋਲ੍ਹੇ ਅੱਖ, ਗੂੜ੍ਹੀ ਨੀਂਦ ਨਾ ਕੋਇ ਸਵਾਈਆ । ਉਚੀ ਕੂਕ ਦੇਵੇ ਦੱਸ, ਸ਼ਬਦ ਨਗਾਰਾ ਰਿਹਾ ਵਜਾਈਆ । ਅੱਗੇ ਕਿਸੇ ਦਾ ਰਹਿਣਾ ਨਹੀਂ ਕੋਈ ਵਸ, ਕਰਤਾ ਕਰਨੀ ਆਪਣੇ ਹੱਥ ਰਖਾਈਆ । ਸਚ ਦਰਬਾਰ ਬੈਠ ਬੋਧ ਅਗਾਧ ਭੇਵ ਖੁਲ੍ਹਾਏ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਦੀਨ ਦਿਆਲ, ਦੋ ਜਹਾਨਾਂ ਆਪ ਜਣਾਇੰਦਾ । ਚਰਨ ਛੁਹਾ ਕੇ ਪੱਖੋਵਾਲ, ਗ਼ਰੀਬ ਨਿਮਾਣਿਆਂ ਪੱਖ ਨਿਭਾਇੰਦਾ । ਰਾਜ ਰਾਜਾਨਾਂ ਕਰੇ ਕੰਗਾਲ, ਸ਼ਾਹ ਸੁਲਤਾਨਾਂ ਖ਼ਾਕ ਮਿਲਾਇੰਦਾ । ਚਾਰ ਵਰਨਾਂ ਇਕ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਆਪ ਉਪਜਾਇੰਦਾ । ਸੁੱਕੇ ਹਰੇ ਕਰੇ ਡਾਲ੍ਹ, ਅੰਮ੍ਰਿਤ ਰੂਪ ਆਪ ਪਰਗਟਾਇੰਦਾ । ਸਤਿਜੁਗ ਚਲੇ ਅਵੱਲੜੀ ਚਾਲ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਨੌ ਖੰਡ ਝੁੱਲਦੇ ਵੇਖੋ ਨਿਸ਼ਾਨ, ਧੁਰ ਨਿਸ਼ਾਨੇ ਆਪ ਬਣਾਇੰਦਾ । ਨੌ ਦਰ ਝੂਠੀ ਲੁੱਟੀ ਦੀ ਵੇਖੋ ਦੁਕਾਨ, ਗੁਰਮੁਖ ਸਾਚੇ ਘਰ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਨੀਂਹ ਇਕ ਧਰਾਇੰਦਾ । ਸਾਚੀ ਨੀਂਹ ਜਾਏ ਰੱਖ, ਇੱਕੀ ਅੱਸੂ ਮਿਲੇ ਵਡਿਆਈਆ ।

੭੭੧
੧੫

ਵਰਨ ਬਰਨ ਲੋਕਮਾਤ ਵਿਚੋਂ ਜਾਏ ਨੱਠ, ਪ੍ਰਭ ਧੱਕਾ ਦੇਵੇ ਲਾਈਆ । ਪ੍ਰੇਮ ਪ੍ਰੀਤੀ ਅੰਦਰ ਸਾਰੇ ਕਰੋ ਇਕੱਠ, ਦੂਈ ਦਵੈਤੀ ਦਿਓ ਢਾਹੀਆ । ਅੰਤਰ ਆਤਮ ਲਓ ਸੱਚਾ ਰਸ, ਕੂੜਾ ਰਸ ਦਿਓ ਤਜਾਈਆ । ਆਤਮ ਕਰੋ ਪਰਮਾਤਮ ਵਸ, ਕਾਮ ਕਰੋਧ ਲੋਭ ਮੋਹ ਹੰਕਾਰ ਕੰਮ ਕਿਸੇ ਨਾ ਆਈਆ । ਘਰ ਪਰਕਾਸ਼ ਕਰੋ ਲਟ ਲਟ, ਕੂੜ ਅੰਧੇਰਾ ਲਓ ਗਵਾਈਆ । ਸਾਹਿਬ ਸਤਿਗੁਰ ਕੋਲੋਂ ਕਿਉਂ ਪਿੱਛੇ ਗਏ ਹਟ, ਅੱਗੇ ਹੋ ਕੇ ਮਿਲੋ ਵਾਹੋ ਦਾਹੀਆ । ਸਤਿਗੁਰ ਪੂਰਾ ਦੁਰਮਤ ਮੈਲ ਦੇਵੇ ਕੱਟ, ਅੰਮ੍ਰਿਤ ਆਤਮ ਸੀਰ ਪਿਆਈਆ । ਨੇਤਰ ਵੇਖ ਨਾ ਭੁੱਲੋ ਜੱਟ, ਨਿਰਗੁਣ ਦਾਤਾ ਅੰਤਰ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਇਕੋ ਮਤ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਪਰਨਾਈਆ । ਤਿਸ ਦਾ ਲੇਖਾ ਕੋਈ ਨਾ ਸਕੇ ਲਖ, ਲਿਖਤ ਲੇਖ ਨਾ ਕੋਇ ਸਮਝਾਈਆ । ਜੁਗ ਚੌਕੜੀ ਬੈਠਾ ਰਿਹਾ ਵੱਖ, ਕਲਜੁਗ ਅੰਤਮ ਅੱਖ ਆਪ ਖੁਲ੍ਹਾਈਆ । ਜਨ ਭਗਤ ਦੁਆਰੇ ਗਿਆ ਢੱਠ, ਨੌ ਗ੍ਰਿਹਿ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਮਾਰਗ ਘਰ ਗ਼ਰੀਬਾਂ ਦਏ ਲਗਾਈਆ । ਜਗਤ ਗ਼ਰੀਬ ਨਿਮਾਣੇ ਉਠ ਗਏ ਜਾਗ, ਹਰਿ ਜਾਗਰਤ ਜੋਤ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਉਚੀ ਆਵਾਜ਼, ਬੇਅੰਤ ਬੇਅੰਤ ਬੇਅੰਤ ਤੇਰੀ ਸਰਨਾਈਆ । ਸਚ ਸਮਗਰੀ ਸਭ ਨੂੰ ਦਿਤਾ ਦਾਜ, ਆਤਮ ਪਰਮਾਤਮ ਵਸਤ ਝੋਲੀ ਪਾਈਆ । ਦੋ ਜਹਾਨਾਂ ਰਚ ਕੇ ਕਾਜ, ਨਵ ਖੰਡ ਪ੍ਰਿਥਮੀ ਮਾਰਗ ਇਕ ਦਰਸਾਈਆ । ਨੌ ਦਰ ਕੂੜਾ ਤੋੜ ਸਮਾਜ, ਨਵ ਚਾਰ ਪਿੰਡ ਬ੍ਰਹਿਮੰਡ ਦਏ ਸਮਝਾਈਆ । ਸ਼ਬਦ ਗੁਰੂ ਸਭ ਦੀ ਰੱਖੇ ਲਾਜ, ਅੰਤਮ ਅੰਤ ਲਹਿਣਾ ਦੇਣਾ ਝੋਲੀ ਦੇਵੇ ਪਾਈਆ । ਸਤਿਜੁਗ ਸਚ ਬਣਾ ਜਹਾਜ਼, ਬੇੜੇ ਆਪਣੇ ਲਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਰਿਹਾ ਕਰਾਈਆ । ਸਾਚੀ ਖੇਲ ਕਰੇ ਕਰਤਾਰ, ਇਕੀ ਅੱਸੂ ਦਏ ਵਡਿਆਈਆ । ਪੱਖੋਵਾਲ ਦਾ ਪੱਖ ਪਾਲ, ਪਾਖਰ ਘੋੜੇ ਜ਼ੀਨ ਰਖਾਈਆ । ਦਾਤੇ ਦਾਨੀ ਵੇਖ ਵਖਾਲ, ਜਲਵਾ ਨੂਰ ਦਏ ਜਮਾਲ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚਖੰਡ ਨਿਸ਼ਾਨਾ ਨੌ ਖੰਡ ਇਕੋ ਵਾਰ ਝੁਲਾਈਆ । ਨੌ ਖੰਡ ਦੇ ਨੌ ਨਿਸ਼ਾਨ, ਗੁਰਮੁਖਾਂ ਹੱਥ ਵਡਿਆਈਆ । ਨੌ ਦਰ ਦੇ ਨੌ ਮਕਾਨ, ਗੁਰਸਿਖਾਂ ਦਏ ਜਣਾਈਆ । ਨੌ ਘਰ ਦੇ ਹੋ ਮਿਹਰਵਾਨ, ਹਰਿਜਨ ਝੋਲੀ ਦੇਵੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਵਡ ਵਡਿਆਈਆ । ਹਰਿ ਕਰਤਾ ਸਤਿਗੁਰ ਗਹਿਰ ਗੰਭੀਰ, ਗੁਣਵੰਤ ਭੇਵ ਨਾ ਆਇੰਦਾ । ਕਲਜੁਗ ਅੰਤਮ ਪਰਗਟ ਜ਼ਾਹਰਾ ਪੀਰ, ਦਸਤਗੀਰ ਆਪਣੀ ਕਾਰ ਕਮਾਇੰਦਾ । ਕਲਜੁਗ ਕੂੜੀ ਮਾਇਆ ਕਰੇ ਲੀਰ, ਸਤਿਜੁਗ ਚੰਨ ਚਮਕਾਇੰਦਾ । ਸ਼ਰਅ ਸ਼ਰੀਅਤ ਕੱਟ ਜ਼ੰਜੀਰ, ਲਾਸ਼ਰੀਕ ਖੇਲ੍ਹ ਵਖਾਇੰਦਾ । ਸਤਿ ਧਰਮ ਦੀ ਇਕ ਤਦਬੀਰ, ਆਤਮ ਪਰਮਾਤਮ ਮੇਲ ਮਿਲਾਇੰਦਾ । ਜੋਤੀ ਨੂਰ ਸਚ ਤਸਵੀਰ, ਬਿਨ ਰੂਪ ਰੇਖ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੇ ਸੋਭਾ ਪਾਇੰਦਾ । ਸਚ ਦੁਆਰਾ ਭਗਤ ਜਨ, ਗੁਰਮੁਖ ਮਿਲੀ ਵਡਿਆਈਆ । ਜਿਨ੍ਹਾਂ ਸਰਸੇ ਲੱਗਾ ਲੇਖਾ ਤਨ, ਸੋ ਸਦੀ ਬੀਸਵੀਂ ਹੱਥ ਨਿਸ਼ਾਨ ਰਹੇ ਝੁਲਾਈਆ । ਦੂਰ ਦੁਰਾਡਾ ਆਇਆ ਚਲ, ਬਣ ਮਾਹੀ ਬੇਪਰਵਾਹੀਆ । ਨਿਰਗੁਣ ਹੋ ਕੇ ਗਿਆ

ਰਲ, ਸਰਗੁਣ ਮੇਲ ਮਿਲਾਈਆ । ਕਲਜੁਗ ਵੜਿਆ ਡੂੰਘੀ ਝੱਲ, ਝਲ ਆਪਣੀ ਰਿਹਾ ਜਣਾਈਆ । ਜਨ ਭਗਤਾਂ ਮੇਟ ਸਲ, ਪੱਟੀ ਇਕੋ ਨਾਮ ਬੰਧਾਈਆ । ਸ੍ਰਿਸ਼ਟ ਸਬਾਈ ਜਾਏ ਹਲ, ਧੀਰਜ ਧੀਰ ਨਾ ਕੋਇ ਰਖਾਈਆ । ਹਰਿ ਕਾ ਭਾਣਾ ਨਾ ਜਾਏ ਟਲ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਜਾਣੇ ਥਾਉਂ ਥਾਈਂਆ । ਲੇਖਾ ਮੇਰਾ ਜਾਣ ਭਗਵਾਨ, ਤੇਰੇ ਅੱਗੇ ਅਰਜ਼ੋਈਆ । ਕੀ ਹੋਇਆ ਮੈਂ ਘੋੜਾ ਅਸਵ ਬਣਿਆ ਵਿਚ ਜਹਾਨ, ਚਾਰ ਪਾਉਂ ਮੁਖ ਮਿਲੀ ਵਡਿਆਈਆ । ਕਰ ਕਿਰਪਾ ਮੇਰਾ ਪਿਛਲਾ ਲੇਖਾ ਪਛਾਣ, ਬਾਲਮੀਕ ਰਿਹਾ ਵਖਾਈਆ । ਰਾਮ ਮੇਰੇ ਤੇਰੀ ਨਿਗਾਹ ਵਖਾਏ ਨਿਗਾਹਬਾਨ, ਨੇਤਰ ਨੈਣ ਅੱਖ ਖੁਲ੍ਹਾਈਆ । ਰਣਭੂਮੀ ਕੀਤੀ ਇਕ ਪਰਨਾਮ, ਨਿਉਂ ਕੇ ਸੀਸ ਝੁਕਾਈਆ । ਅੰਮ੍ਰਿਤ ਪਿਆਇਆ ਇਕੋ ਜਾਮ, ਭਰ ਕਟੋਰਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਦੇ ਮੇਰੇ ਘਰ, ਤੇਰੇ ਅੱਗੇ ਝੋਲੀ ਡਾਹੀਆ । ਘੋੜਾ ਕਹੇ ਸੁਣ ਪੁਕਾਰ, ਮੈਂ ਪਿਛਲਾ ਹਾਲ ਸੁਣਾਈਆ । ਮੇਰਾ ਲਹਿਣਾ ਦੇ ਵਿਚ ਸੰਸਾਰ, ਕਿਉਂ ਲੇਖਾ ਝੋਲੀ ਪਾਈਆ । ਰਾਮ ਨੇ ਕਿਹਾ ਜਿਸ ਵੇਲੇ ਮੇਰਾ ਰਾਮ ਲਏ ਅਵਤਾਰ, ਤੈਨੂੰ ਆਰਾਮ ਦੇਵੇ ਪੁਚਾਈਆ । ਜੋ ਰਣ ਭੂਮੀ ਸੁੱਤੇ ਪੈਰ ਪਸਾਰ, ਐਸ ਵੇਲੇ ਤੇਰੇ ਚਾਰੋਂ ਕੁੰਟ ਖ਼ੁਸ਼ੀਆਂ ਢੋਲੇ ਗੀਤ ਗਾਈਆ । ਤੂੰ ਇਕੋ ਕੂਕੇ ਹਿਣਕੇਂ ਬੋਲ ਜੈਕਾਰ, ਦੋ ਜਹਾਨ ਵੇਖਣ ਜਸ ਖ਼ੁਸ਼ੀ ਰਹੇ ਮਨਾਈਆ । ਤੇਰੀ ਵਾਗ ਪਕੜੇ ਤ੍ਰੇਤੇ ਜੁਗ ਦਾ ਕੁਸ਼ੂ ਤੇਰਾ ਬਾਲ, ਜਿਸ ਦੇ ਸਿਰ ਉਤੇ ਬਾਲ ਨਜ਼ਰ ਕੋਈ ਨਾ ਆਈਆ । ਜੁਗ ਚੌਕੜੀ ਮੈਂ ਬੌਹੜੀ ਤੇਰੀ ਕਰਦਾ ਰਿਹਾ ਭਾਲ, ਕਿਉਂ ਮੇਰੇ ਰਾਮ ਸੁੱਤਾ ਮੁਖ ਛੁਪਾਈਆ । ਸ੍ਰੀ ਭਗਵਾਨ ਕਹੇ ਮੈਂ ਨਹੀਂ ਅਣਜਾਣ, ਸਭ ਕੁਛ ਜਾਣਾਂ ਅਭੁੱਲ ਭੁੱਲ ਕਦੀ ਨਾ ਜਾਈਆ । ਮੈਂ ਤੈਨੂੰ ਦਿਤਾ ਦਾਨ, ਦਾਤਾ ਹੋ ਕੇ ਤੇਰੀ ਝੋਲੀ ਇਕ ਭਰਾਈਆ । ਗ਼ਰੀਬ ਨਿਮਾਣੇ ਕੋਝੇ ਕਮਲੇ ਤੇਰੇ ਨਾਲ ਕਰਾਂ ਪਰਵਾਨ, ਜਿਨ੍ਹਾਂ ਤੇਰਾ ਸੰਗ ਨਿਭਾਈਆ । ਤੂੰ ਅੰਤਮ ਕਲਜੁਗ ਕੁੱਦਣਾ ਵਿਚ ਮੈਦਾਨ, ਸੁੰਬ ਪੈਰ ਇਕ ਹਿਲਾਈਆ । ਤੇਰੇ ਉਪਰ ਨਿਰਗੁਣ ਰੂਪ ਬਹੇ ਭਗਵਾਨ, ਜਿਸ ਦਾ ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਰਾਮ ਹੋ ਕੇ ਹਉਂ ਤੇਰੇ ਨਾਲ ਨਾਲ, ਅੱਗੇ ਪਿੱਛੇ ਸੱਜੇ ਖੱਬੇ ਸੇਵ ਕਮਾਈਆ । ਜਿਸ ਵੇਲੇ ਵੜੇਂ ਵਿਚ ਪੰਡਾਲ, ਦੋ ਜਹਾਨਾਂ ਪੈਂਡਾ ਪੰਧ ਮੁਕਾਈਆ । ਮੈਂ ਖ਼ੁਸ਼ੀਆਂ ਨਾਲ ਵਜਾਵਾਂ ਤਾਲ, ਤਬਲਾ ਢੋਲਕ ਹੱਥ ਨਾ ਕੋਇ ਰਖਾਈਆ । ਵਾਹ ਵਾ ਮੇਰੀ ਮੇਰੇ ਸ਼ਹਿਨਸ਼ਾਹ ਕੀਤੀ ਪੂਰੀ ਘਾਲ, ਘਾਲਣ ਆਪਣੇ ਲੇਖੇ ਲਾਈਆ । ਅੱਗੇ ਰਿਹਾ ਗ਼ਰੀਬਾਂ ਦਾ ਸਵਾਲ, ਸਵਾਲ ਸੁਣਨ ਧੁਰਦਰਗਾਹੀ ਆਈਆ । ਮੇਰੀ ਵੇਖ ਅਗੰਮੀ ਚਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀਆਂ ਰਹੇ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਾਹ ਵਾ ਬਾਂਕੇ ਘੋੜੇ, ਤੈਨੂੰ ਮਿਲੀ ਵਡਿਆਈਆ । ਤੇਰੇ ਨਾਲ ਪ੍ਰਭੂ ਪ੍ਰੀਤੀ ਜੋੜੇ, ਜੋੜੀ ਆਪਣੇ ਨਾਲ ਮਿਲਾਈਆ । ਬਾਕੀ ਸਭ ਨੂੰ ਦਏ ਸਵਾਲ ਕੋਰੇ, ਚਿੱਟਾ ਕਾਗ਼ਜ਼ ਭਗਤ ਦੁਆਰੇ ਨੀਹਾਂ ਹੇਠ ਦਬਾਈਆ । ਦੂਰ ਦੁਰਾਡੇ ਸੱਸੇ ਉਪਰ ਲਾਏ ਹੋੜੇ, ਹੋਕੇ ਨਾਲ ਰਿਹਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਦਏ ਮੁਕਾਈਆ । ਸਾਚਾ ਲੇਖਾ ਸਭ ਦਾ ਮੁਕੇ, ਮੁਕਾਵਣਹਾਰ ਅੰਤ ਚੁਕਾਈਆ । ਜੁਗ ਚੌਕੜੀ ਭਗਤ ਭਗਵਾਨ ਗੋਦੀ ਚੁੱਕੇ, ਚੁੱਕ ਚੁੱਕ ਖ਼ੁਸ਼ੀ ਮਨਾਈਆ । ਨਿਰਗੁਣ ਨਿਰਵੈਰ ਹੋ ਕੇ ਆਪਣੀ ਧਾਰੋਂ ਉਠੇ, ਜੋਤੀ ਜੋਤ ਜੋਤ ਰੁਸ਼ਨਾਈਆ ।

੭੭੨
੧੫

ਦੀਨ ਦਿਆਲ ਹੋ ਕੇ ਤੁਠੇ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਨੌ ਖੰਡ ਪ੍ਰਿਥਮੀ ਨੌ ਦੁਆਰ ਨੌ ਰਸ ਆਪੇ ਪੁੱਛੇ, ਪੁੱਛਣਹਾਰਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਤੇਰੀ ਸੱਚੀ ਨੀਂਹ ਲੋਕਮਾਤ ਦਏ ਧਰਾਈਆ । ਰੱਖੀ ਨੀਂਹ ਚਾਰ ਵਰਨ, ਊਚ ਨੀਚ ਭੇਵ ਚੁਕਾਈਆ । ਪੁਰਖ ਅਕਾਲ ਦੀ ਇਕੋ ਸਰਨ, ਦੂਜਾ ਇਸ਼ਟ ਨਾ ਕੋਇ ਮਨਾਇਆ । ਨਾਮ ਡੋਰੀ ਸਾਰੇ ਫੜਨ, ਤੰਦੀ ਤਾਰ ਇਕ ਜਣਾਇਆ । ਕਾਇਆ ਮੰਦਰ ਸਾਚੇ ਚੜ੍ਹਨ, ਹੌਲੀ ਹੌਲੀ ਕਦਮ ਉਠਾਇਆ । ਸੋਹੰ ਢੋਲਾ ਇਕੋ ਪੜ੍ਹਨ, ਤੂੰ ਮੇਰਾ ਮੈਂ ਤੇਰਾ ਸੰਗ ਰਖਾਇਆ । ਲੇਖਾ ਚੁੱਕੇ ਡਰਨ ਮਰਨ, ਆਵਣ ਜਾਵਣ ਪੰਧ ਮੁਕਾਇਆ । ਸਚ ਮਿਲੇ ਪ੍ਰਭ ਕੀ ਸਰਨ, ਸਰਨਗਤ ਇਕ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਖੰਡ ਨਿਸ਼ਾਨ ਰਿਹਾ ਵਖਾਇਆ । ਨੌ ਖੰਡ ਵੇਖ ਕੇ ਪਏ ਹੱਸ, ਵਾਹਵਾ ਵੱਜੀ ਮਾਤ ਵਧਾਈਆ । ਸ੍ਰੀ ਭਗਵਾਨ ਭਗਤਾਂ ਹੋਏ ਵਸ, ਲੋਕਮਾਤ ਫੇਰਾ ਪਾਈਆ । ਸੰਬਲ ਬਹਿ ਕੇ ਸਾਚਾ ਮਾਰਗ ਰਿਹਾ ਦੱਸ, ਸਾਚਾ ਰਾਹ ਰਿਹਾ ਜਣਾਈਆ । ਕੂੜਾ ਬੁਰਜ ਰਿਹਾ ਢੱਠ, ਹਉਮੇਂ ਹੰਗਤਾ ਗੜ੍ਹ ਤੁੜਾਈਆ । ਜਨ ਭਗਤਾਂ ਅੰਦਰ ਰਿਹਾ ਵਸ, ਨਿਜ ਘਰ ਬੈਠਾ ਡੇਰਾ ਲਾਈਆ । ਅੰਮ੍ਰਿਤ ਦੇਵੇ ਸੱਚਾ ਰਸ, ਝਿਰਨਾ ਨਿਝਰ ਇਕ ਝਿਰਾਈਆ । ਕਰ ਕਿਰਪਾ ਖੋਲ੍ਹ ਅੱਖ, ਆਪਣਾ ਪੜਦਾ ਦਿਤਾ ਉਠਾਈਆ । ਕੂੜੀ ਕਿਰਿਆ ਨਾਲੋਂ ਕਰੇ ਵੱਖ, ਸਾਚਾ ਨਾਤਾ ਇਕ ਜੁੜਾਈਆ । ਪੱਖੇਵਾਲ ਚਾਰ ਵਰਨ ਦਾ ਕਰਨ ਆਇਆ ਪੱਖ, ਪ੍ਰਖ਼ਤਾ ਆਪਣਾ ਹੁਕਮ ਮਨਾਈਆ । ਕੂੜੀ ਕਿਰਿਆ ਜੜ ਦੇਵੇ ਪੱਟ, ਸ਼ੌਹ ਦਰਿਆ ਦੇਵੇ ਰੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਇਕ ਵਰਤਾਈਆ । ਨੌ ਦੁਆਰੇ ਰੋਵਣ ਮਾਰਨ ਧਾਹ, ਬੌਹੜੀ ਬੌਹੜੀ ਰਹੇ ਕੁਰਲਾਈਆ । ਗੁਰਮੁਖਾਂ ਕੋਲੋਂ ਅਸੀਂ ਪੱਲਾ ਗਏ ਛੁਡਾ, ਮੁਖ ਅੱਖ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਬੇਪਰਵਾਹ, ਸਾਚੀ ਬਖ਼ਸ਼ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਨੌ ਦੁਆਰੇ ਕਰੋ ਝਾਕ, ਹਰਿ ਝਾਕੀ ਇਕ ਜਣਾਈਆ । ਭਗਤਾਂ ਨਾਲੋਂ ਤੋੜੋ ਸਾਕ, ਆਪਣੀ ਇਛਿਆ ਆਪਣੇ ਵਿਚ ਛੁਪਾਈਆ । ਸਾਹਿਬ ਸਤਿਗੁਰ ਖੋਲ੍ਹੇ ਤਾਕ, ਅੱਖ ਇਕੋ ਇਕ ਜਣਾਈਆ । ਸਚ ਸੁਣਾਏ ਪੂਜਾ ਪਾਠ, ਨਾਮ ਇਕੋ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਲਗਾਈਆ । ਸਾਚਾ ਮਾਰਗ ਲਾ ਪ੍ਰਭ, ਤੇਰੇ ਹੱਥ ਵਡਿਆਈਆ । ਜਨ ਭਗਤ ਦੁਆਰੇ ਛੱਡੀ ਹੱਦ, ਅੱਗੇ ਲੰਘ ਕੋਇ ਨਾ ਜਾਈਆ । ਧੁਰ ਦਰਬਾਰਾ ਤੇਰਾ ਗਿਆ ਸਜ, ਜਿਥੇ ਵੱਜੇ ਨਾਮ ਵਧਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਵਣ ਭੱਜ ਭੱਜ, ਊਚ ਨੀਚ ਧੱਕਾ ਕੋਇ ਨਾ ਲਾਈਆ । ਨਿਜ ਨੇਤਰ ਸੁਆਮੀ ਤੇਰਾ ਦਰਸ਼ਨ ਕਰਨ ਰੱਜ ਰੱਜ, ਦੋਏ ਲੋਚਣ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਗ਼ਰੀਬ ਨਿਮਾਣੇ ਕਰਨ ਪੁਕਾਰ, ਦੋਏ ਜੋੜ ਵਾਸਤਾ ਪਾਈਆ । ਪ੍ਰਭ ਤੇਰੇ ਹੱਥ ਧੁਰ ਤਲਵਾਰ, ਗੁਰਮੁਖ ਪ੍ਰੇਮ ਭੇਟ ਚੜ੍ਹਾਈਆ । ਸਾਡਾ ਦੁੱਖੜਾ ਦੇ ਨਿਵਾਰ, ਦੁੱਖੀਆਂ ਦਰਦ ਵੰਡਾਈਆ । ਲੋਕਮਾਤ ਨਾ ਆਵੇ ਹਾਰ, ਮਾਣਸ ਜਨਮ ਨਾ ਮਿਲੇ ਸਜ਼ਾਈਆ । ਅੰਤਮ ਮਿਲੇ ਸਚ ਦੀਦਾਰ, ਦਰਸ ਇਕੋ ਸ਼ਹਿਨਸ਼ਾਹੀਆ । ਸਾਡਾ ਕਰਜ਼ਾ ਦੇ ਉਧਾਰ, ਦਰ ਖਲੋ ਕੇ ਮੰਗਾਂ

ਤੇਰੇ ਮਾਹੀਆ । ਤੇਰਾ ਨਾਉਂ ਕਲ ਕਲਕੀ ਅਵਤਾਰ, ਕਲ ਕਲੇਸ਼ ਦੇ ਗਵਾਈਆ । ਜੇ ਹੁਣ ਛੁਪਿਆ ਰਿਹੋਂ ਵਿਚ ਸੰਸਾਰ, ਤੇਰਾ ਨਾਮ ਨਾ ਕੋਇ ਧਿਆਈਆ । ਆਪਣੀ ਲੱਜਿਆ ਆਪੇ ਰੱਖ ਸਿਰਜਣਹਾਰ, ਤੇਰੀ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਰਿਹਾ ਜਣਾਈਆ । ਹਰਿਜਨ ਸਾਚੇ ਪੜਦਾ ਲਾਹੁਦਾ ਏ । ਸਤਿ ਸਰੂਪ ਪਰਗਟੌਂਦਾ ਏ । ਜੋਤ ਨੂਰ ਚਮਕਾਉਂਦਾ ਏ । ਸ਼ਬਦੀ ਢੋਲਾ ਗਾਥ ਸੁਣਾਉਂਦਾ ਏ । ਦੋ ਜਹਾਨ ਹੁਕਮ ਵਰਤਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਉਠਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਉਂਦਾ ਏ । ਸ਼ਾਸਤਰ ਸਿਮਰਤ ਵੇਦ ਪੁਰਾਨ ਫੋਲ ਫੋਲਾਉਂਦਾ ਏ । ਗੀਤਾ ਗਿਆਨ ਅੰਜੀਲ ਕੁਰਾਨ ਭੇਵ ਮੁਕਾਉਂਦਾ ਏ । ਖਾਣੀ ਬਾਣੀ ਧੁਰ ਦਾ ਸਚ ਸੰਦੇਸ਼, ਸ੍ਰਿਸ਼ਟ ਸਬਾਈ ਯਾਦ ਕਰਾਉਂਦਾ ਏ । ਕਲਜੁਗ ਅੰਤਮ ਪਰਗਟੇ ਇਕ ਨਰੇਸ਼, ਸ਼ਾਹ ਸੁਲਤਾਨਾਂ ਖ਼ਾਕ ਮਿਲਾਉਂਦਾ ਏ । ਫਿਰੇ ਦਰੋਹੀ ਦੇਸ ਪਰਦੇਸ, ਨਵ ਨੌ ਆਪਣਾ ਹੁਕਮ ਵਰਤਾਉਂਦਾ ਏ । ਲੇਖਾ ਚੁੱਕੇ ਮੁੱਲਾ ਸ਼ੇਖ਼, ਮਸਾਇਕ ਪੀਰ ਡੇਰਾ ਢਾਉਂਦਾ ਏ । ਚਾਰ ਵਰਨ ਇਕੋ ਟੇਕ, ਅਠਾਰਾਂ ਬਰਨ ਰਾਹ ਵਖਾਉਂਦਾ ਏ । ਪੁਰਖ ਅਕਾਲ ਆਦਿ ਜੁਗਾਦਿ ਇਕੋ ਏਕ, ਲੱਖ ਚੁਰਾਸੀ ਜੀਵ ਜੰਤ ਗੇੜ ਭਵਾਉਂਦਾ ਏ । ਜਨ ਭਗਤਾਂ ਕਰੇ ਬੁਧ ਬਿਬੇਕ, ਅੰਮ੍ਰਿਤ ਆਤਮ ਜਾਮ ਪਿਆਉਂਦਾ ਏ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਜ ਤਤ ਕੂੜਾ ਨਾਤਾ ਤੁੜਾਉਂਦਾ ਏ । ਜੋਤੀ ਜਾਮਾ ਧਰ ਕੇ ਭੇਖ, ਧੁਰ ਦਾ ਹੁਕਮ ਆਪ ਮਨਾਉਂਦਾ ਏ । ਨਿਰਗੁਣ ਸਰਗੁਣ ਕਰ ਕੇ ਹੇਤ, ਆਤਮ ਪਰਮਾਤਮ ਗੰਢ ਪਵਾਉਂਦਾ ਏ । ਕੂੜੀ ਕਿਰਿਆ ਕਰੇ ਖੇਤ, ਨਾਮ ਖੰਡਾ ਇਕ ਚਮਕਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਵਰਤਾਉਂਦਾ ਏ । ਧੁਰ ਦਾ ਹੁਕਮ ਇਕ ਵਰਤਾਵੇਗਾ । ਸ੍ਰੀ ਭਗਵਾਨ ਖੇਲ ਰਚਾਵੇਗਾ । ਕਲਜੁਗ ਕੂੜਾ ਮੇਟ ਮਿਟਾਵੇਗਾ । ਸਤਿਜੁਗ ਗੁਰਮੁਖਾਂ ਰੰਗ ਚੜ੍ਹਾਵੇਗਾ । ਜਨ ਭਗਤਾਂ ਧੂੜੀ ਟਿੱਕਾ ਮਸਤਕ ਲਾਵੇਗਾ । ਨੂਰੀ ਨੂਰਾ ਜੋਤ ਚਮਕਾਵੇਗਾ । ਹਾਜ਼ਰ ਹਜ਼ੂਰ ਦਰਸ ਦਿਖਾਵੇਗਾ । ਬਚਨ ਪੂਰਾ ਖੇਲ ਵਰਤਾਵੇਗਾ । ਜੋ ਗ਼ਰੀਬ ਨਿਮਾਣਾ ਬਣ ਕੇ ਰਹੇ ਮਜ਼ਦੂਰਾ, ਤਿਨ੍ਹਾਂ ਮਜ਼ਦੂਰੀ ਝੋਲੀ ਪਾਵੇਗਾ । ਸਾਚਾ ਨਾਮ ਹੋਏ ਮਸ਼ਹੂਰਾ, ਸੋਹੰ ਢੋਲਾ ਰਾਗ ਸੁਣਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਖੰਡ ਪ੍ਰਿਥਮੀ ਇਕੋ ਰੰਗ ਰੰਗਾਵੇਗਾ । ਨੌ ਖੰਡ ਪ੍ਰਿਥਮੀ ਰੰਗ ਰੰਗਾਏਗਾ । ਬ੍ਰਹਿਮੰਡ ਖੰਡ ਵੇਖ ਵਖਾਏਗਾ । ਨੂਰੀ ਚੰਦ ਇਕ ਚਮਕਾਏਗਾ । ਗੀਤ ਸੁਹਾਗੀ ਛੰਦ ਸੋਹਲਾ ਗਾਏਗਾ । ਜਨ ਭਗਤਾਂ ਪਰਮਾਨੰਦ ਵਖਾਏਗਾ । ਜਨਮ ਕਰਮ ਦੀ ਟੁੱਟੀ ਗੰਢ, ਨਿਰਗੁਣ ਨਿਰਗੁਣ ਜੋੜ ਜੁੜਾਏਗਾ । ਨਾਤਾ ਤੋੜ ਦੁਹਾਗਣ ਰੰਡ, ਕੰਤ ਸੁਹਾਗੀ ਮੇਲ ਮਿਲਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਤੂੰ ਹੀ ਬਖ਼ਸ਼ੰਦ, ਤੁਧ ਬਿਨ ਨਜ਼ਰ ਕੋਇ ਨਾ ਆਏਗਾ । ਨਿਰਗੁਣ ਸਰਗੁਣ ਖੇਲ ਵਖਾਏ ਵਿਚ ਵਰਭੰਡ, ਨੇਤਰ ਨੈਣ ਆਪ ਖੁਲ੍ਹਾਏਗਾ । ਉਠੋ ਵੇਖੋ ਚਾਰ ਕੁੰਟ ਦਹਿ ਦਿਸ਼ਾ ਭੇਖ ਪਖੰਡ, ਗੁਰ ਕਾ ਸ਼ਬਦ ਨਜ਼ਰ ਕੋਇ ਨਾ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਆਪ ਚੁਕਾਏਗਾ । ਧੁਰ ਦਾ ਲੇਖਾ ਗੁਰ ਅਵਤਾਰ, ਪੀਰ ਪੈਗ਼ੰਬਰਾਂ ਲਏ ਮਨਾਈਆ । ਕਲਜੁਗ ਅੰਤਮ ਹੋ ਤਿਆਰ, ਸ੍ਰੀ ਭਗਵੰਤ ਵੇਸ ਵਟਾਈਆ । ਜੋਤੀ ਜਾਮਾ ਵਿਚ ਸੰਸਾਰ, ਸਾਚਾ ਰਾਮਾ ਰੂਪ ਵਖਾਈਆ । ਅਗੰਮੀ ਕਾਹਨਾ ਹੋ ਤਿਆਰ, ਨਿਰਗੁਣ ਨਿਰਗੁਣ ਨੂਰ ਧਰਾਈਆ । ਸ਼ਬਦ ਨਿਸ਼ਾਨਾ ਅਪਰ

੭੭੪ ੧੫

ਅਪਾਰ, ਦੋ ਜਹਾਨਾਂ ਇਕ ਲਗਾਈਆ । ਰਾਗ ਤਰਾਨਾ ਧੁਰ ਦੀ ਧਾਰ, ਹਰਿ ਕਰਤਾ ਆਪ ਸੁਣਾਈਆ । ਭਗਤ ਸੁਹੇਲੇ ਲਏ ਉਠਾਲ, ਗੁਰ ਚੇਲੇ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੀ ਨੀਂਵ ਧਰਾਈਆ । ਸਤਿਜੁਗ ਸਾਚੀ ਨੀਂਵ ਧਰ, ਧਰਤ ਧਵਲ ਸੁਹਾਈਆ । ਚਾਰ ਵਰਨ ਵਖਾ ਇਕੋ ਘਰ, ਦੇਵੇ ਮਾਣ ਵਡਿਆਈਆ । ਨਿਰਭੌ ਚੁਕਾ ਭੈ ਡਰ, ਧੀਰਜ ਧੀਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰੰਗ ਇਕ ਵਖਾਈਆ । ਸਾਚਾ ਰੰਗ ਵੇਖ ਗੋਪਾਲ, ਦੋ ਜਹਾਨ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਦਿਆਲ, ਫੂਲਨ ਬਰਖਾ ਰਹੇ ਬਰਸਾਈਆ । ਸ਼ਾਹ ਪਾਤਸ਼ਾਹ ਤੇਰਾ ਖੇਲ ਕਮਾਲ, ਕਲਜੁਗ ਅੰਤਮ ਫੇਰਾ ਪਾਈਆ । ਸਭ ਦੀ ਵਿਗੜੀ ਸਿੱਧੀ ਕਰਦੇ ਚਾਲ, ਚਾਲ ਨਿਰਾਲੀ ਇਕ ਸਮਝਾਈਆ । ਨਿਰਗੁਣ ਹੋ ਕੇ ਬਣ ਦਲਾਲ, ਸਰਗੁਣ ਸਾਚੀ ਬੂਝ ਬੁਝਾਈਆ । ਆਪਣਾ ਜਲਵਾ ਦੇ ਜਲਾਲ, ਨੂਰੀ ਨੂਰ ਕਰ ਰੁਸ਼ਨਾਈਆ । ਭਗਤ ਸੰਤ ਘਰ ਬਹਾਲ, ਤ੍ਰੈਗੁਣ ਮਾਇਆ ਬੰਧਨ ਕਟਾਈਆ । ਭਾਗ ਲਗਾ ਕਾਇਆ ਸਾਚੀ ਮਾਟੀ ਖਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਦਰ ਤੇਰੇ ਇਕ ਸਰਨਾਈਆ । ਸ੍ਰੀ ਭਗਵਾਨ ਕਹੇ ਖੇਲ ਕਰੌਂਦਾ ਹਾਂ । ਕੂੜੀ ਕਿਰਿਆ ਮੇਟ ਮਿਟੌਂਦਾ ਹਾਂ । ਧਰਮ ਦੁਆਰਾ ਇਕ ਸੁਹੌਂਦਾ ਹਾਂ । ਸ਼ਬਦ ਜੈਕਾਰਾ ਇਕ ਅਲੌਂਦਾ ਹਾਂ । ਨਾਮ ਨਗਾਰਾ ਸਚ ਵਜੌਂਦਾ ਹਾਂ । ਭੇਵ ਨਿਆਰਾ ਆਪ ਖੁਲ੍ਹੌਂਦਾ ਹਾਂ । ਮਹੱਲ ਮਨਾਰਾ ਸੋਭਾ ਪੌਂਦਾ ਹਾਂ । ਅਗੰਮ ਅਥਾਹ ਰਾਗ ਸਲੌਂਹਦਾ ਹਾਂ । ਬਣ ਮਲਾਹ ਬੇੜਾ ਪਾਰ ਲਗੌਂਦਾ ਹਾਂ । ਦੇ ਸਲਾਹ ਮਾਰਗ ਲੌਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਆਪਣੇ ਕੋਲ ਮੰਗੌਂਦਾ ਹਾਂ । ਪੀਰ ਪੈਗ਼ੰਬਰ ਆਏ ਕੋਲ, ਦਰ ਬੈਠੇ ਸੀਸ ਝੁਕਾਈਆ । ਭਾਗ ਲੱਗਾ ਉਪਰ ਧੌਲ, ਦੋ ਜਹਾਨ ਵੱਜੀ ਵਧਾਈਆ । ਪੂਰਾ ਕਰਨ ਆਇਆ ਕੌਲ, ਪਾਰਬ੍ਰਹਮ ਪ੍ਰਭ ਬੇਪਰਵਾਹੀਆ । ਚੁਕਾਏ ਪੜਦਾ ਆਪਣਾ ਉਹਲ, ਮੁਖ ਨਕ਼ਾਬ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗੌਂਦੇ ਗੀਤ, ਖ਼ੁਸ਼ੀਆਂ ਨਾਲ ਢੋਲੇ ਗਾਈਆ । ਵਾਹਵਾ ਪ੍ਰਭ ਤੇਰੀ ਰੀਤ, ਪਾਰਬ੍ਰਹਮ ਪ੍ਰਭ ਸਾਚੇ ਤੋਹੇ ਭਾਈਆ । ਕਲਜੁਗ ਜੀਵ ਜੰਤ ਲੱਭਦੇ ਫਿਰਦੇ ਠਾਕਰ ਦੁਆਰੇ ਮੰਦਰ ਮਸੀਤ, ਤੂੰ ਹਰ ਘਟ ਬੈਠਾ ਡੇਰਾ ਲਾਈਆ । ਸਰਬ ਜੀਆਂ ਸਮਝਾਵੇਂ ਇਕੋ ਗੀਤ, ਆਓ ਮਿਲੋ ਘਰ ਸੱਚੇ ਮਿਲੇ ਮਾਹੀਆ । ਸਦਾ ਸਦਾ ਸਦ ਵਸੇ ਚੀਤ, ਘਰ ਬੈਠਾ ਸੋਭਾ ਪਾਈਆ । ਲੇਖਾ ਜਾਣ ਹਸਤ ਕੀਟ, ਨੀਚ ਊਚ ਭੇਵ ਚੁਕਾਈਆ । ਤੇਰੇ ਛਤਰ ਝੁੱਲੇ ਸੀਸ, ਜਗਦੀਸ ਤੇਰਾ ਨੂਰ ਸੋਭਾ ਪਾਈਆ । ਤੇਰੀ ਸਿਫ਼ਤ ਕਰਨ ਰਾਗ ਛਤੀਸ, ਤੀਸ ਬਤੀਸ ਢੋਲਾ ਗਾਈਆ । ਭਾਗ ਲੱਗਾ ਅੱਸੂ ਇਕੀਸ, ਅੱਸੂ ਤੇਰਾ ਆਵੇ ਵਾਹੋ ਦਾਹੀਆ । ਸਦੀ ਬੀਸਵੀਂ ਰਹੀ ਬੀਤ, ਸ੍ਰਿਸ਼ਟ ਸਬਾਈ ਨੇਤਰ ਰਹੀ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨੇਤਰ ਨੈਣਾਂ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਾਵਣ ਢੋਲੇ, ਤੂੰ ਹੀ ਤੂੰ ਹੀ ਰਾਗ ਅਲਾਈਆ । ਜੁਗ ਚੌਕੜੀ ਤੂੰ ਲੁਕਿਆ ਰਿਹੋਂ ਉਹਲੇ, ਆਪ ਆਪਣਾ ਮੁਖ ਛੁਪਾਈਆ । ਲੋਕਮਾਤ ਅਸੀਂ ਸੇਵਾ ਕਰ ਕੇ ਆਏ ਬਣ ਕੇ ਗੋਲੇ, ਦਰ ਤੇਰਾ ਇਕੋ

ਵੇਖ ਵਖਾਈਆ । ਬਿਨ ਤੇਰੇ ਸਾਰੇ ਪੋਲੇ, ਤੁਧ ਬਿਨ ਵਸਤ ਹੱਥ ਨਾ ਕੋਇ ਫੜਾਈਆ । ਤੇਰੇ ਹੁਕਮੇ ਅੰਦਰ ਬਣ ਵਿਚੋਲੇ, ਜਗਤ ਨਾਤਾ ਆਏ ਜੁੜਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗ੍ਰੰਥ ਬਾਣੀ ਬੋਧ ਅਗਾਧ ਭੇਵ ਖੋਲ੍ਹੇ, ਤੇਰੀ ਸਿਫ਼ਤੀ ਸਿਫ਼ਤ ਸਾਲਾਹੀਆ । ਸੇਵਾ ਕਰ ਕੇ ਆਏ ਪੰਜ ਤਤ ਚੋਲੇ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਬੰਧਨ ਪਾਈਆ । ਅੰਤਮ ਬੈਠੇ ਤੇਰੇ ਕੋਲੇ, ਚਰਨ ਕਵਲ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਪਾਰਬ੍ਰਹਮ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਸੱਚਾ ਦਰਬਾਰ, ਪੱਖੋਵਾਲ ਪ੍ਰਭੂ ਲਗਾਈਆ । ਜਿਸ ਦਾ ਲੇਖਾ ਰਹੇ ਸਦਾ ਜੁਗ ਚਾਰ, ਨਾ ਕੋਈ ਮੇਟੇ ਮੇਟ ਮਿਟਾਈਆ । ਨੇਤਰ ਨੈਣਾਂ ਕਰੋ ਦੀਦਾਰ, ਅੱਖ ਪਰਤੱਖ ਦਏ ਸਮਝਾਈਆ । ਗੋਬਿੰਦ ਕਹੇ ਮੈਨੂੰ ਮਿਲੀ ਵਡਿਆਈ ਪ੍ਰਭ ਮੇਰੇ ਵਿਛੜੇ ਮੇਲੇ ਯਾਰ, ਗੁਰਮੁਖ ਸਾਚੇ ਨਜ਼ਰੀ ਆਈਆ । ਮੁਹੰਮਦ ਕਹੇ ਮੇਰੇ ਪਰਵਰਦਿਗਾਰ, ਚਾਰ ਯਾਰੀ ਤੇਰੇ ਦਰ ਬੈਠੀ ਸੀਸ ਝੁਕਾਈਆ । ਈਸਾ ਮੂਸਾ ਕਹੇ ਮੇਰੇ ਨੂਰੀ ਸਰਦਾਰ, ਜਲਵਾਗਰ ਤੇਰੀ ਸਰਨਾਈਆ । ਰਾਮ ਕਹੇ ਮੇਰੇ ਰਾਮ ਪਿਆਰ, ਤੇਰਾ ਪਿਆਰ ਦੋ ਜਹਾਨ ਇਕੋ ਰੰਗ ਰੰਗਾਈਆ । ਅੱਸੂ ਕਹੇ ਮੈਂ ਹੋ ਤਿਆਰ, ਵੇਲੇ ਸਿਰ ਢੁਕਾ ਆਈਆ । ਜੇ ਕੋਈ ਲੱਭੇ ਧੁਰ ਦੀ ਧਾਰ, ਸਮਝ ਕੋਇ ਨਾ ਪਾਈਆ । ਤੇਈ ਅਵਤਾਰ ਮੁੱਖੋਂ ਬੋਲ ਜੈਕਾਰ, ਇਕੋ ਵਾਰ ਕਹਿਣ ਰਾਮ ਰਾਮ ਤੇਰੀ ਵਡਿਆਈਆ । ਈਸਾ ਮੂਸਾ ਮੁਹੰਮਦ ਕਹਿਣ ਪਰਵਰਦਿਗਾਰ, ਲਾਸ਼ਰੀਕ ਤੇਰੀ ਸ਼ਿਰਕਤ ਰੂਪ ਨਾ ਕੋਇ ਵਟਾਈਆ । ਨਾਨਕ ਗੋਬਿੰਦ ਕਹੇ ਪੁਰਖ ਅਕਾਲ, ਅਕਲ ਕਲਧਾਰੀ ਆਦਿ ਜੁਗਾਦਿ ਤੇਰੀ ਖੇਲ ਦੋ ਜਹਾਨ ਰਚਨ ਰਚਾਈਆ । ਕਲਜੁਗ ਅੰਤਮ ਹੋ ਦਿਆਲ, ਨਿਰਵੈਰ ਆਪਣਾ ਵੇਸ ਵਟਾਈਆ । ਸਚਖੰਡ ਦੁਆਰ ਖੋਲ੍ਹ ਧਰਮਸਾਲ, ਚਾਰ ਵਰਨਾਂ ਦਿਤੀ ਵਡਿਆਈਆ । ਕੂੜੀ ਕਿਰਿਆ ਤੋੜ ਜੰਜਾਲ, ਸਾਚੀ ਸਿਖਿਆ ਇਕ ਸਮਝਾਈਆ । ਲੱਖ ਚੁਰਾਸੀ ਵਿਚੋਂ ਭਾਲ, ਗੁਰਮੁਖ ਗੁਰਸਿਖ ਲਏ ਮਿਲਾਈਆ । ਆ ਕੇ ਵੇਖਿਆ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਨਾਉਂ ਰਖਾ ਕੇ ਸਿੰਘ ਪਾਲ, ਸੀਸ ਧੜ ਲੇਖੇ ਲਾਈਆ । ਜੋਧਾ ਸੂਰਬੀਰ ਬਲਵਾਨ, ਪਿਤਾ ਪੂਤ ਨਾਮ ਰਖਾਈਆ । ਡੰਕਾ ਵੱਜੇ ਦੋ ਜਹਾਨ, ਦੋਹਰੀ ਸੱਟ ਤਾਲ ਲਗਾਈਆ । ਕਲਜੁਗ ਅੰਤ ਚੁੱਕੇ ਕਾਣ, ਸਤਿਜੁਗ ਆਵੇ ਵਾਹੋ ਦਾਹੀਆ । ਅੱਸੂ ਇਕੀ ਤੇਰਾ ਦਿਵਸ ਹੋਏ ਪਰਧਾਨ, ਲੋਕਮਾਤ ਮਿਲੇ ਵਡਿਆਈਆ । ਪੰਦਰਾਂ ਕੱਤਕ ਇਕੀਆਂ ਸਿਖਾਂ ਮਿਲੇ ਦਾਨ, ਬ੍ਰਹਮ ਗਿਆਨ ਝੋਲੀ ਪਾਈਆ । ਸਾਚੀ ਸੀਸ ਦਸਤਾਰ ਬੰਨ੍ਹੇ ਭਗਵਾਨ, ਜਿਸ ਅੰਦਰ ਲੁੱਕੇ ਸਰਬ ਲੋਕਾਈਆ । ਏਥੇ ਓਥੇ ਦੋ ਜਹਾਨਾਂ ਦੇਵੇ ਮਾਣ, ਪੰਚ ਪਰਵਾਨ ਪੰਚ ਪ੍ਰਧਾਨ ਅੱਗੇ ਬੈਠੇ ਰਾਹ ਤਕਾਈਆ । ਕਵਣ ਵੇਲਾ ਪੰਚਾਂ ਸੋਹੇ ਇਕੋ ਦਰ ਰਾਜਾਨ, ਸ਼ਾਹ ਪਾਤਸ਼ਾਹ ਇਕੋ ਨਜ਼ਰੀ ਆਈਆ । ਜਿਸ ਦੇ ਨਿਰਗੁਣ ਹੋ ਕੇ ਝੁਕੀਏ ਆਣ, ਸਰਗੁਣ ਸੰਦੇਸ਼ ਇਕ ਸੁਣਾਈਆ । ਜਿਸ ਨੂੰ ਸਚਖੰਡ ਮੰਨੀਏ ਭਗਵਾਨ, ਸੋ ਮਾਤਲੋਕ ਬੇਪਹਿਚਾਨ ਫੇਰਾ ਪਾਈਆ । ਚਰਨੀ ਢਹਿ ਕੇ ਸਾਰੇ ਮੰਗੀਏ ਦਾਨ, ਤੇਰਾ ਵਿਛੋੜਾ ਦੋ ਜਹਾਨ ਕਦੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭੇਵ ਅਭੇਦ ਦੱਸ ਕੇ ਗਏ ਥੋੜਾ ਥੋੜਾ, ਸਦਾ ਸਦਾ ਭੇਵ ਪਾਈਏ ਦਰ ਘਰ ਜਾਈਆ । ਕੀ ਹੋਇਆ ਜੇ ਕਲਜੁਗ ਅੰਤਮ ਆਇਆ ਸਤਿਜੁਗ ਦੌੜਾ, ਦੋ ਜਹਾਨ ਲੱਖ ਚੁਰਾਸੀ ਕਿਉਂ ਪਿਆ ਲੋਹੜਾ, ਨੇਤਰ ਰੋਵੇ ਕਿਉਂ ਜਗਤ ਲੋਕਾਈਆ । ਆਤਮ ਪਰਮਾਤਮ ਦਾ ਨਾਨਕ ਗਾਇਆ ਦੋਹਰਾ, ਏਕਾ ਦੂਆ ਭੇਵ ਚੁਕਾਈਆ । ਗੋਬਿੰਦ ਗੁਰੂ ਪੁਰਖ ਅਕਾਲ ਦਾ ਬਣਿਆ ਬਾਂਕਾ ਛੋਹਰਾ,

੭੭੬
੧੫

ਸੋ ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਕਲਜੁਗ ਜੀਵ ਨਾ ਹੋ ਢੋਰਾ, ਸਰਵਣ ਕੰਨ ਰਿਹਾ ਸੁਣਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਬ੍ਰਹਿਮੰਡਾਂ ਖੰਡਾਂ ਅੰਦਰ ਫਿਰੇ ਘੋੜਾ, ਨਿਰਗੁਣ ਨਿਰਗੁਣ ਰਿਹਾ ਦੌੜਾਈਆ । ਤਿਸ ਦਾ ਰੂਪ ਨਾ ਜਾਣੇ ਵਾਂਗ ਚੋਰਾਂ, ਪਾਰਬ੍ਰਹਮ ਕਲਜੁਗ ਅੰਤ ਚੋਰੀ ਨਾ ਕੋਈ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਘਰ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀਆਂ ਨਾਲ ਹੱਸਣ, ਗੀਤ ਗਹਿਰ ਗੰਭੀਰ ਗਾਈਆ । ਵਡ ਵਡਿਆਈ ਪ੍ਰਭ ਆਇਆ ਮਾਰਗ ਦੱਸਣ, ਦਹਿ ਦਿਸ਼ਾ ਦਏ ਸਮਝਾਈਆ । ਸ੍ਰਿਸ਼ਟ ਸਬਾਈ ਹਿਰਦੇ ਆਇਆ ਵਸਣ, ਘਟ ਘਟ ਡੇਰਾ ਲਾਈਆ । ਧੁਰ ਸੰਦੇਸਾ ਦੇਵਣ ਆਇਆ ਲੱਖਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰਬਾਰ ਇਕ ਵਖਾਈਆ । ਸਚ ਦਰਬਾਰ ਲੱਗਾ ਗ਼ਰੀਬੀ, ਪੁਰਖ ਅਕਾਲ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਆਏ ਖੇਲ ਅਜੀਬੀ, ਦਰ ਘਰ ਸਾਚੇ ਖ਼ੁਸ਼ੀ ਮਨਾਈਆ । ਕਵਣ ਬਿਧ ਪ੍ਰਭ ਦੇਵੇ ਅੱਗੇ ਤਰਤੀਬੀ, ਨੌ ਖੰਡ ਪ੍ਰਿਥਮੀ ਦਏ ਸਮਝਾਈਆ । ਦੂਰ ਦੁਰਾਡਾ ਨਜ਼ਰੀ ਆਏ ਕ਼ਰੀਬੀ, ਘਰ ਘਰ ਫੇਰਾ ਪਾਈਆ । ਹਉਮੇਂ ਰੋਗ ਮਿਟਾਏ ਬਣ ਤਬੀਬੀ, ਨਾਮ ਦਾਰੂ ਸਾਚਾ ਜਾਮ ਪਿਆਈਆ । ਅੱਲਾ ਰਾਣੀ ਈਸਾ ਮੂਸਾ ਮੁਹੰਮਦ ਸੰਗ ਕੋਲ ਨਾ ਫਿਰੇ ਭਤੀਜੀ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਸੁਹਾਈਆ । ਸਚ ਦਰਬਾਰ ਵੇਖਣ ਦੀ ਖ਼ਾਤਰ, ਵਿਸ਼ਨ ਬ੍ਰਹਮਾ ਸ਼ਿਵ ਆਈਆ । ਵੇਖੇ ਗ਼ਰੀਬ ਨਿਮਾਣਿਆਂ ਪ੍ਰਭ ਜੂ ਬਣਿਆ ਚਾਕਰ, ਲੋਕਮਾਤ ਸੇਵ ਕਮਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਲਿਖ ਦੇਂਦੇ ਗਏ ਪਾਤਰ, ਸੋ ਪਤਿਪਰਮੇਸ਼ਵਰ ਫੇਰਾ ਪਾਈਆ । ਜਿਸ ਨੂੰ ਕਹਿੰਦੇ ਜਲਵਾ ਨੂਰ ਦੇਵੇ ਬਾਤਨ, ਸੋ ਜ਼ਾਹਰ ਜ਼ਹੂਰ ਨਜ਼ਰੀ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਨੂੰ ਨਿਹਕਲੰਕ ਆਖਣ, ਸੋ ਨਿਰਗੁਣ ਨਿਰਵੈਰ ਫੇਰਾ ਪਾਈਆ । ਬ੍ਰਹਿਮੰਡ ਖੰਡ ਲੋਕ ਪਰਲੋਕ ਜਿਸ ਦੇ ਚਰਨਾਂ ਵਲ ਝਾਕਣ, ਸੋ ਝਾਕੀ ਰਿਹਾ ਜਣਾਈਆ । ਦੋ ਜਹਾਨ ਜਿਸ ਦਾ ਸੁਨੇਹੜਾ ਭਾਖਣ, ਨਿਤ ਬੈਠੇ ਧਿਆਨ ਲਗਾਈਆ । ਜਿਸ ਨੂੰ ਕਹਿੰਦੇ ਸਚ ਰਸੂਲ ਪਾਕਨ, ਪਾਕੀ ਪਾਕ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਦਰਬਾਰ ਇਕ ਸੁਹਾਈਆ । ਗੁਰ ਅਵਤਾਰ ਕਹਿਣ ਤੇਰਾ ਠਾਂਡਾ ਦਰਬਾਰ, ਸ੍ਰੀ ਭਗਵਾਨ ਤੇਰੀ ਸਰਨਾਈਆ । ਸੋ ਪੁਰਖ ਨਿਰੰਜਣ ਤੇਰੀ ਧਾਰ, ਗੁਰ ਅਵਤਾਰ ਵੇਖ ਰਹੇ ਜਸ ਗਾਈਆ । ਹਰਿ ਪੁਰਖ ਨਿਰੰਜਣ ਤੇਰਾ ਪਿਆਰ, ਆਦਿ ਜੁਗਾਦਿ ਜੁਗ ਚੌਕੜੀ ਭੁੱਲ ਕੋਇ ਨਾ ਜਾਈਆ । ਏਕੰਕਾਰ ਤੇਰਾ ਸਹਾਰ, ਵਿਸ਼ਨ ਬ੍ਰਹਮਾ ਸ਼ਿਵ ਓਟ ਤਕਾਈਆ । ਆਦਿ ਨਿਰੰਜਣ ਤੇਰਾ ਉਜਿਆਰ, ਦੋ ਜਹਾਨ ਸਦਾ ਰੁਸ਼ਨਾਈਆ । ਸ੍ਰੀ ਭਗਵਾਨ ਤੇਰਾ ਨਿਸ਼ਾਨ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਪਾਰਬ੍ਰਹਮ ਤੇਰਾ ਨਾਉਂ ਪਰਧਾਨ, ਬ੍ਰਹਿਮੰਡ ਖੰਡ ਹੁਕਮ ਵਰਤਾਈਆ । ਲੱਖ ਚੁਰਾਸੀ ਤੇਰੀ ਕਰੇ ਕਲਿਆਣ, ਆਤਮ ਕੂਕੇ ਦਏ ਦੁਹਾਈਆ । ਧੰਨ ਵਡਿਆਈ ਪ੍ਰਭ ਮਿਲਿਆ ਆਣ, ਜੁਗ ਜਨਮ ਦੀ ਆਸ ਮੁਕਾਈਆ । ਸਚ ਵਖਾਇਆ ਇਕ ਮਕਾਨ, ਲਾਸ਼ਰੀਕ ਬੇਪਰਵਾਹੀਆ । ਜਿਸ ਦਾ ਨਜ਼ਰ ਨਾ ਆਏ ਕੋਈ ਨਿਸ਼ਾਨ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸੋ ਸਾਹਿਬ ਹੋਇਆ ਮਿਹਰਵਾਨ, ਸਚ ਪਰਧਾਨਗੀ ਰਿਹਾ ਕਮਾਈਆ । ਸਦੀ ਬੀਸਵੀਂ ਵੇਖੇ ਮਾਰ ਧਿਆਨ, ਚੌਦਾਂ ਲੋਕ ਕੁੰਡਾ ਲਾਹੀਆ । ਚੌਦਾਂ ਤਬਕ ਵੇਖੇ ਮਕਾਨ, ਨਿਰਗੁਣ

ਸੌਦਾ ਹੱਟ ਵਿਕਾਈਆ । ਅਲੱਖ ਅਗੋਚਰ ਅਗੰਮ ਅਥਾਹ ਬੇਪਰਵਾਹ ਕਰੇ ਖੇਲ ਸ੍ਰੀ ਭਗਵਾਨ, ਭਗਵਨ ਆਪਣਾ ਹੁਕਮ ਵਰਤਾਈਆ । ਭਗਤ ਦੁਆਰ ਹੋਇਆ ਪਰਧਾਨ, ਜਿਸ ਘਰ ਬੈਠਾ ਬੇਪਰਵਾਹੀਆ । ਸਤਿਜੁਗ ਤੇਰਾ ਸਚ ਵਿਧਾਨ, ਸਤਿ ਸਤਿਵਾਦੀ ਦਏ ਬਣਾਈਆ । ਪੰਚਮ ਪੰਚ ਕਰੇ ਪਰਵਾਨ, ਨੌ ਦਰ ਦਰਵੇਸ਼ ਦਰਬਾਨ ਦਏ ਸਮਝਾਈਆ । ਸੰਮਤ ਵੀਹ ਸੌ ਪੰਦਰਾਂ ਨੌ ਦੁਆਰੇ ਕੀਤਾ ਖੇਲ ਮਹਾਨ, ਗੁਰਮੁਖ ਨੌ ਨੌਂ ਦਏ ਵਡਿਆਈਆ । ਤਿਸ ਦਾ ਲੇਖਾ ਵੀਹ ਸੌ ਵੀਹ ਪੰਦਰਾਂ ਕੱਤਕ ਚੁੱਕੇ ਆਣ, ਸਤਿਗੁਰ ਦਾਤਾ ਆਪ ਚੁਕਾਈਆ । ਸੋਚ ਸਮਝ ਨਾ ਕੋਈ ਜਾਣ ਪਛਾਣ, ਮਨ ਮਤ ਸਾਰ ਕੋਇ ਨਾ ਆਈਆ । ਧੁਰ ਦਾ ਲੇਖਾ ਜਾਣੇ ਨੌਜਵਾਨ, ਨੌਬਤ ਜਿਸ ਨੇ ਹੱਥ ਉਠਾਈਆ । ਸਚਖੰਡ ਦੁਆਰੇ ਪਹਿਲੋਂ ਆਪਣਾ ਪੂਰਾ ਕਰੇ ਵਿਧਾਨ, ਪੰਚਮ ਦੇ ਮਾਣ ਵਡਿਆਈਆ । ਨੌ ਖੰਡ ਵੇਖੇ ਫੇਰ ਮਾਰ ਧਿਆਨ, ਨੇਤਰ ਨੈਣ ਅੱਖ ਖੁਲ੍ਹਾਈਆ । ਸਚਖੰਡ ਨਿਵਾਸੀ ਬਣ ਕੇ ਹੁਕਮਰਾਨ, ਤਖ਼ਤ ਨਿਵਾਸੀ ਸਾਚੇ ਤਖ਼ਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿੰਦੇ, ਇਕੀ ਅੱਸੂ ਮਿਲੀ ਵਡਿਆਈਆ । ਧੰਨ ਗੁਰਮੁਖ ਜੋ ਪੱਖੋਵਾਲ ਵਿਚ ਰਹਿੰਦੇ, ਜਿਨ੍ਹਾਂ ਪ੍ਰੇਮ ਪ੍ਰੀਤੀ ਇਕ ਸਮਝਾਈਆ । ਹਰਿ ਸੰਗਤ ਵਿਚ ਰਲ ਕੇ ਬਹਿੰਦੇ, ਪੁਰਖ ਅਕਾਲ ਧਿਆਨ ਲਗਾਈਆ । ਨੀਂਵੇਂ ਹੋ ਕੇ ਸਤਿਗੁਰ ਸਰਨਾਈ ਢਹਿੰਦੇ, ਮਾਣ ਅਭਿਮਾਨ ਨਾ ਕੋਇ ਜਣਾਈਆ । ਧੁਰ ਦਾ ਭਾਣਾ ਸਿਰ ਤੇ ਸਹਿੰਦੇ, ਲੱਖ ਲੱਖ ਸ਼ੁਕਰ ਮਨਾਈਆ । ਧੂੜੀ ਮਸਤਕ ਸੰਗਤ ਥੀਂਦੇ, ਟਿੱਕਾ ਨਾਮ ਲਗਾਈਆ । ਦੂਈ ਦਵੈਤ ਨਾਲ ਕਦੇ ਨਾ ਖਹਿੰਦੇ, ਜਿਨ੍ਹਾਂ ਸਤਿਗੁਰ ਮਿਲਿਆ ਗੋਸਾਈਂਆ । ਧੰਨ ਪਰਮੇਸ਼ਵਰ ਧੰਨ ਪਰਮਾਤਮ ਧੰਨ ਵਾਹਿਗੁਰੂ ਸਾਰੇ ਕਹਿੰਦੇ, ਧੰਨ ਅੱਲਾ ਧੰਨ ਖ਼ੁਦਾ ਪਰਵਰਦਿਗਾਰ ਤੇਰੀ ਧੰਨ ਵਡਿਆਈਆ । ਤੇਰੇ ਚਰਨਾਂ ਹੇਠਾਂ ਸਾਰੇ ਬਹਿੰਦੇ, ਲੱਖ ਚੁਰਾਸੀ ਜੀਵ ਜੰਤ ਤੇਰੀ ਸਰਨਾਈਆ । ਤੇਰਾ ਨਾਮ ਨਿਧਾਨ ਅੰਮ੍ਰਿਤ ਰਸ ਜੋ ਜਨ ਪੀਂਦੇ, ਤਿਨ੍ਹਾਂ ਗੋਬਿੰਦ ਮਿਲਦਾ ਸੱਚਾ ਮਾਹੀਆ । ਆਦਿ ਜੁਗਾਦਿ ਜੁਗਾ ਜੁਗੰਤਰ ਗੁਰਮੁਖ ਸਦਾ ਜੀਉਂਦੇ, ਜਨਮ ਮਰਨ ਵਿਚ ਨਾ ਆਈਆ । ਸਾਚਾ ਬੀਜ ਭਗਤੀ ਨਾਮ ਬੀਂਦੇ, ਫੁਲ ਫਲਵਾੜੀ ਮਾਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਸਚ ਜੋਗ, ਜੋਗ ਜੋਗੀਸ਼ਰ ਧਿਆਨ ਲਗਾਈਆ । ਕਲਜੁਗ ਅੰਤਮ ਕਿਰਪਾ ਕਰ ਕੇ ਕੀਤਾ ਆਪ ਸੰਜੋਗ, ਬਣ ਸੰਜੋਗੀ ਮੇਲ ਮਿਲਾਈਆ । ਮਿਹਰ ਨਜ਼ਰ ਨਾਲ ਕੱਟਿਆ ਰੋਗ, ਹਉਮੇਂ ਮਮਤਾ ਡੇਰਾ ਢਾਹੀਆ । ਆਤਮ ਪਰਮਾਤਮ ਦਿਤੀ ਚੋਗ, ਸੋਹੰ ਹੰਸਾ ਰੂਪ ਵਟਾਈਆ । ਦਰ ਦੁਆਰ ਆ ਕੇ ਦੇਵੇਂ ਦਰਸ ਅਮੋਘ, ਨਿਰਗੁਣ ਆਪਣਾ ਫੇਰਾ ਪਾਈਆ । ਨਾ ਕੋਈ ਹਰਖ਼ ਨਾ ਕੋਈ ਸੋਗ, ਚਿੰਤਾ ਗ਼ਮ ਨਾ ਕੋਇ ਜਣਾਈਆ । ਭਾਗ ਲਗਾਇਆ ਸਾਚੇ ਕੋਟ, ਨੌ ਦਰ ਵੱਜੇ ਵਧਾਈਆ । ਨੌ ਬੰਦ ਲੱਗੇ ਚੋਟ, ਨੌ ਖੰਡ ਲਏ ਅੰਗੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਤਾ ਸਰਬ ਵਰ, ਜੀਵ ਜੰਤ ਜਗਤ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਆਖਣ, ਵੇਖੋ ਇਕੋ ਵੱਜੇ ਨਾਮ ਵਧਾਈਆ । ਅੱਗੇ ਕੋਈ ਨਾ ਦੇਵੇ ਦੂਜਾ ਭਾਸ਼ਨ, ਭਾਸ਼ਾ ਸਭ ਨੂੰ ਇਕੋ ਦਏ ਸਮਝਾਈਆ । ਕਰੇ ਖੇਲ ਸਰਬ ਗੁਣ ਤਾਸਨ, ਗੁਣਵੰਤਾ ਵਡ ਵਡਿਆਈਆ । ਲੱਖ ਚੁਰਾਸੀ ਬੰਨ੍ਹੇ ਨਾਤਨ, ਨਾਤਾ ਬਿਧਾਤਾ ਆਪ ਰਖਾਈਆ । ਲੇਖਾ ਚੁੱਕੇ ਜ਼ਾਤ ਪਾਤਨ, ਦੀਨ ਮਜ਼੍ਹਬ ਨਾ ਕੋਇ ਲੜਾਈਆ ।

ਚਾਰੇ ਵਰਨ ਇਕੋ ਢੋਲਾ ਆਖਣ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਬਣੇ ਸਾਥਨ, ਸਾਚਾ ਸੰਗ ਨਿਭਾਈਆ । ਸੋਹੰ ਸ਼ਬਦ ਅਗੰਮੀ ਗਾਥਨ, ਨਿਰਗੁਣ ਸਰਗੁਣ ਕਰੇ ਪੜ੍ਹਾਈਆ । ਲੱਖ ਚੁਰਾਸੀ ਵਰੋਲੇ ਮਾਖਣ, ਨਾਮ ਮਧਾਣਾ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਪ੍ਰਭ ਕਲਜੁਗ ਆਏ, ਏਕੰਕਾਰ ਵੱਡੀ ਵਡਿਆਈਆ । ਨਿਰਗੁਣ ਹੋ ਕੇ ਰੂਪ ਵਟਾਏ, ਨਿਰਵੈਰ ਬੇਪਰਵਾਹੀਆ । ਸ਼ਬਦੀ ਹੋ ਕੇ ਡੰਕ ਵਜਾਏ, ਦੋ ਜਹਾਨਾਂ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਵਿਸ਼ਨ ਬ੍ਰਹਮਾ ਸ਼ਿਵ ਹੋ ਇਕੱਠੇ, ਦਰ ਆਏ ਸੀਸ ਝੁਕਾਈਆ । ਭਗਤ ਦੁਆਰੇ ਵੇਖੋ ਢੱਠੇ, ਮਸਤਕ ਧੂੜੀ ਟਿੱਕਾ ਲਾਈਆ । ਪਾਰਬ੍ਰਹਮ ਪ੍ਰਭ ਕਿਰਪਾ ਕਰ ਚਾਰ ਵਰਨ ਬਣਾ ਭਾਈ ਭੈਣ ਸਕੇ, ਦੂਜਾ ਰੂਪ ਨਾ ਕੋਇ ਵਖਾਈਆ । ਇਕੋ ਬਾਟੇ ਸਭ ਨੇ ਅੰਮ੍ਰਿਤ ਛਕੇ, ਕਿਉਂ ਬੈਠੇ ਮੁਖ ਭਵਾਈਆ । ਸਤਿਗੁਰ ਕੋਲੋਂ ਕਲਜੁਗ ਜੀਵ ਸਾਰੇ ਅੱਕੇ, ਹਿਰਦੇ ਹਰਿ ਨਾ ਕੋਇ ਵਸਾਈਆ । ਲੋਕ ਲੱਜਿਆ ਵਾਸਤੇ ਟੇਕਦੇ ਮੱਥੇ, ਅੰਦਰੋਂ ਮੈਲ ਨਾ ਕੋਇ ਧਵਾਈਆ । ਜਾ ਜਾ ਥੱਕੇ ਮਦੀਨੇ ਮੱਕੇ, ਕਾਇਆ ਮਕਬਰਾ ਸਾਫ਼ ਨਾ ਕੋਇ ਵਖਾਈਆ । ਮੰਦਰ ਸ਼ਿਵਦਵਾਲੇ ਮੱਠ ਫਿਰਦੇ ਨੱਠੇ, ਕਾਇਆ ਮੰਦਰ ਸੋਭਾ ਕੋਇ ਨਾ ਪਾਈਆ । ਪੰਡਤ ਪਾਂਧੇ ਮੁੱਲਾ ਸ਼ੇਖ਼ ਧੁਰਦਰਗਾਹ ਦੇ ਦੱਸਦੇ ਪਤੇ, ਆਪਣੀ ਸਮਝ ਕਿਸੇ ਨਾ ਆਈਆ । ਜੇ ਕੋਈ ਗੁਰੂਦੁਆਰੇ ਮਾਇਆ ਰੱਖੇ, ਗ੍ਰੰਥੀ ਪੰਥੀ ਝੋਲੀਆਂ ਰਹੇ ਭਰਾਈਆ । ਕੋਈ ਨਾ ਜਾਣੇ ਪ੍ਰਭ ਦਾ ਸਾਚਾ ਹੱਕੇ, ਹੱਕ ਹਕੀਕਤ ਸਮਝ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੁਗ ਚੌਕੜੀ ਦੱਸ ਦੱਸ ਥੱਕੇ, ਅੰਤਮ ਬੈਠੇ ਮੁਖ ਭਵਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਸਭ ਦੇ ਚੀਥੜ ਪਾਟੇ, ਕਾਇਆ ਓਢਨ ਨਾਮ ਨਜ਼ਰ ਕੋਇ ਨਾ ਆਈਆ । ਸਦੀ ਬੀਸਵੀਂ ਕੋਇ ਨਾ ਕਰੇ ਪੂਰੇ ਘਾਟੇ, ਸਾਚੇ ਕੰਡੇ ਨਾ ਕੋਇ ਤੁਲਾਈਆ । ਅੱਲਾ ਰਾਣੀ ਨੱਠੀ ਫਿਰੇ ਖੁਲ੍ਹੇ ਝਾਟੇ, ਮੀਂਢੀ ਸੀਸ ਨਾ ਕੋਇ ਗੁੰਦਾਈਆ । ਲਾਲ ਮੈਂਹਦੀ ਘੁਲੀ ਰਹਿ ਗਈ ਬਾਟੇ, ਲਾਲ ਰੰਗ ਨਾ ਕੋਇ ਚੜ੍ਹਾਈਆ । ਚੌਦਾਂ ਤਬਕ ਤੇ ਪੁੱਟੇ ਖਾਤੇ, ਪ੍ਰਭ ਦਾ ਡੂੰਘਾ ਖਾਤਾ ਨਜ਼ਰ ਕਿਸੇ ਨਾ ਆਈਆ । ਮਮਤਾ ਘੇਰੇ ਆ ਗਈ ਖੂਹ ਨਿੱਕੇ ਅਹਾਤੇ, ਜਿਸ ਘਰ ਗੁਰਮੁਖ ਬੈਠਾ ਡੇਰਾ ਲਾਈਆ । ਪੀਰ ਪੈਗ਼ੰਬਰ ਕੱਟਣੇ ਪਏ ਫਾਕੇ, ਪੀਰ ਫ਼ਕੀਰ ਦੇਣ ਦੁਹਾਈਆ । ਈਸਾ ਮੂਸਾ ਮੁਹੰਮਦ ਜਿਸ ਦੇ ਗਾ ਕੇ ਗਏ ਸਾਕੇ, ਸੋ ਸਾਖਿਆਤ ਫੇਰਾ ਪਾਈਆ । ਉਸ ਦੇ ਅੱਗੇ ਕੋਈ ਨਾ ਰਹੇ ਆਕੇ, ਆਕਾ ਸਭ ਦਾ ਇਕ ਅਖਵਾਈਆ । ਪੀਰ ਪੈਗ਼ੰਬਰ ਜਿਸ ਦੇ ਨਿੱਕੇ ਕਾਕੇ, ਸੋ ਪਿਤਾ ਬਾਪ ਵੇਖੇ ਚਾਈਂ ਚਾਈਂਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੇ ਇਸ਼ਾਰਿਆਂ ਨਾਲ ਦੱਸਦੇ ਰਹੇ ਖ਼ਾਕੇ, ਨਕ਼ਸ਼ਾ ਸਕੇ ਨਾ ਕੋਇ ਬਣਾਈਆ । ਸੋ ਲਹਿਣਾ ਦੇਣਾ ਵੇਖੇ ਸਭ ਦੇ ਬਾਕੇ, ਬਾਕੀ ਨਵੀਸ ਬੇਪਰਵਾਹੀਆ । ਨਿਰਗੁਣ ਹੋ ਕੇ ਖੋਲ੍ਹੇ ਤਾਕੇ, ਪੜਦਾ ਦੋ ਜਹਾਨ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਜਨ ਭਗਤੋ ਅਸੀਂ ਤੁਹਾਡੇ ਚਾਚੇ, ਪਿਤਾ ਪੁਰਖ ਅਕਾਲ ਇਕੋ ਇਕ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਜੋ ਸਭ ਦੀ ਸਾਜਣ ਸਾਜੇ, ਸਾਜਣਹਾਰਾ ਇਕ ਅਖਵਾਈਆ । ਨਿਤ ਨਵਿਤ ਅਸੀਂ ਆਏ ਉਹਦੇ ਨਿਵਾਜੇ, ਉਹਦੀ ਨਿਵਾਜ਼ਸ਼ ਮਿਲੇ ਵਡਿਆਈਆ । ਲੋਕਮਾਤ ਨਾਮ ਸੰਦੇਸ ਦੇ ਦੇ ਗਏ ਭਾਜੇ, ਅੰਤਮ ਆਪਣਾ ਪੰਧ ਮੁਕਾਈਆ । ਦੱਸ ਕੇ ਗਏ ਪੁਰਖ ਅਕਾਲ ਕਲਜੁਗ ਅੰਤਮ ਆਵੇ ਗ਼ਰੀਬ ਨਿਵਾਜੇ, ਗ਼ਰੀਬ ਨਿਮਾਣਿਆਂ ਹੋਏ ਸਹਾਈਆ । ਸਭ ਦੇ ਲਈ ਖੁੱਲੇ ਰੱਖੇ ਦਰਵਾਜ਼ੇ,

ਬੰਦ ਕਿਵਾੜ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਵਿਸ਼ਨ ਬ੍ਰਹਮਾ ਸ਼ਿਵ ਤੇਰਾ ਰਹੇ ਜਸ ਗਾਈਆ । ਤ੍ਰੈਗੁਣ ਮਾਇਆ ਪੰਜ ਤਤ ਦਰ ਆਏ ਨੱਠ, ਦੋਏ ਜੋੜ ਸੀਸ ਝੁਕਾਈਆ । ਕਿਰਪਾ ਕਰ ਪੁਰਖ ਸਮਰਥ ਮਿਲੇ ਦਰ ਤੇਰੇ ਵਡਿਆਈਆ । ਜੁਗ ਚੌਕੜੀ ਹੋ ਗਈ ਅਤ, ਕਲਜੁਗ ਬੈਠਾ ਭੱਠ ਤਪਾਈਆ । ਨਾੜ ਬਹੱਤਰ ਉਬਲੀ ਰੱਤ, ਸੀਤਲ ਧਾਰ ਨਾ ਕੋਇ ਵਹਾਈਆ । ਸਾਧਾਂ ਸੰਤਾਂ ਛੱਡਿਆ ਧੀਰਜ ਜਤ, ਸਤਿ ਧਰਮ ਨਾ ਕੋਇ ਰਖਾਈਆ । ਜੀਵ ਜੰਤ ਚਲਾਈ ਮਨਮਤ, ਗੁਰਮਤ ਹੱਥ ਨਾ ਕੋਇ ਵਖਾਈਆ । ਕੂੜੀ ਕਿਰਿਆ ਜੂਠ ਝੂਠ ਬਣ ਸਵਾਨ ਭਾਂਡੇ ਰਹੇ ਲੱਕ, ਅੰਮ੍ਰਿਤ ਰਸ ਰਸਨ ਨਾ ਕੋਇ ਲਗਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਓਟ ਲਈ ਤੱਕ, ਪੁਰਖ ਅਕਾਲ ਤੇਰਾ ਨਾਉਂ ਗਏ ਭੁਲਾਈਆ । ਸਭ ਦਾ ਖੇੜਾ ਹੋਇਆ ਭੱਠ, ਕਲਜੁਗ ਲੰਬੂ ਰਿਹਾ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਦੇ ਹੱਕ, ਹਕੀਕਤ ਸਭ ਦੀ ਝੋਲੀ ਪਾਈਆ । ਨੌ ਦੁਆਰੇ ਪਏ ਕੂਕ, ਨਾਅਰਾ ਇਕ ਲਗਾਈਆ । ਕੂੜੀ ਤ੍ਰਿਸਨਾ ਸਾਨੂੰ ਦਿਤਾ ਫੂਕ, ਠਾਂਡੀ ਧਾਰ ਨਾ ਕੋਇ ਵਹਾਈਆ । ਕਲਜੁਗ ਅੰਤਮ ਸਾਡੀ ਚੁੱਕੇ ਚੂਕ, ਪ੍ਰਭ ਤੇਰੀ ਓਟ ਤਕਾਈਆ । ਨੇਤਰ ਖੋਲ੍ਹ ਵੇਖ ਚਾਰੇ ਕੂਟ, ਜਗਤ ਲੋਕਾਈ ਮਾਰੇ ਧਾਹੀਂਆ । ਘਰ ਘਰ ਵੜੀ ਦੂਖ ਭੂਖ, ਸੁਖ ਨਜ਼ਰ ਕੋਇ ਨਾ ਆਈਆ । ਸਫਲ ਦਿਸੇ ਨਾ ਮਾਈ ਕੁੱਖ, ਭਗਤ ਜਨ ਨਾ ਕੋਇ ਜਾਈਆ । ਕਰ ਕਿਰਪਾ ਪਤਿਪਰਮੇਸ਼ਵਰ ਸਾਚੇ ਉਠ, ਤੇਰੀ ਇਕੋ ਓਟ ਤਕਾਈਆ । ਜੋ ਤੇਰੇ ਨਾਲੋਂ ਗਏ ਰੁੱਠ, ਤਿਨ੍ਹਾਂ ਕਰ ਕਿਰਪਾ ਲੈ ਮਿਲਾਈਆ । ਲੱਖ ਚੁਰਾਸੀ ਤੇਰੀ ਦਿਸੇ ਪੁੱਤ, ਤੇਰਾ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਪ੍ਰਭ ਤੇਰੀ ਸਚ ਸਰਨਾਈਆ । ਨੌ ਖੰਡ ਕਰਨ ਪੁਕਾਰ, ਹਾਹਾਕਾਰ ਦੇਣ ਦੁਹਾਈਆ । ਕਿਰਪਾ ਕਰ ਆਪ ਨਿਰੰਕਾਰ, ਦਰ ਤੇਰੇ ਮਿਲੇ ਵਡਿਆਈਆ । ਸਾਡੇ ਵਿਚ ਭਰਿਆ ਹੰਕਾਰ, ਹਉਮੈਂ ਹੰਗਤਾ ਕਰੇ ਲੜਾਈਆ । ਸਤਿ ਰਿਹਾ ਨਾ ਕੋਇ ਪਿਆਰ, ਪ੍ਰੀਤੀ ਸਚ ਨਾ ਕੋਇ ਕਮਾਈਆ । ਗੁਰਸਿਖ ਗੁਰੂ ਗੁਰੂ ਗੁਰਸਿਖ ਦੇਵੇ ਨਾ ਕੋਇ ਆਧਾਰ, ਸਗਲਾ ਸੰਗ ਨਾ ਕੋਇ ਨਿਭਾਈਆ । ਚਾਰ ਵਰਨ ਹੋਏ ਖ਼ਵਾਰ, ਚੌਥੇ ਪਦ ਨਾ ਕੋਇ ਸਮਾਈਆ । ਚਾਰੇ ਖਾਣੀ ਕਰੇ ਗਿਰਿਆਜ਼ਾਰ, ਚਾਰੇ ਬਾਣੀ ਦਏ ਦੁਹਾਈਆ । ਕਲਜੁਗ ਜੀਵ ਭੁੱਲੇ ਅੰਤ ਗਵਾਰ, ਤੇਰਾ ਨਾਉਂ ਨਾ ਕੋਇ ਧਿਆਈਆ । ਕੂੜੀ ਕਿਰਿਆ ਕਰਨ ਪਿਆਰ, ਮਾਇਆ ਮਮਤਾ ਲਈ ਪਰਨਾਈਆ । ਸਾਡਾ ਲਹਿਣਾ ਦੇਣਾ ਕ਼ਰਜ਼ ਦੇ ਉਤਾਰ, ਮਕ਼ਰੂਜ਼ ਆਪਣਾ ਲੇਖਾ ਦੇ ਮੁਕਾਈਆ । ਅਸੀਂ ਹੋਏ ਸ਼ਰਮਸਾਰ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋ ਸਾਡੇ ਅੰਦਰ ਵੜਿਆ ਸੋ ਦਿਸੇ ਬੇਜ਼ਾਰ, ਸੀਤਲ ਸਤਿ ਨਾ ਕੋਇ ਕਰਾਈਆ । ਕਰ ਕਿਰਪਾ ਪ੍ਰਭ ਬਖ਼ਸ਼ ਅਵਗੁਣਹਾਰ, ਅਵਗੁਣ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੀ ਇਕ ਸਰਨਾਈਆ । ਨਵਾਂ ਖੰਡਾਂ ਵਿਚੋਂ ਨੌ ਪਿੰਡ, ਉਠ ਕੇ ਦੇਣ ਦੁਹਾਈਆ । ਪ੍ਰਭ ਸੁਣੀ ਨਾ ਜਾਏ ਤੇਰੀ ਨਿੰਦ, ਨਿੰਦਕ ਨਵ ਖੰਡ ਪ੍ਰਿਥਮੀ ਬੈਠੇ ਰੌਲਾ ਪਾਈਆ । ਕਿਰਪਾ ਕਰ ਗਹਿਰ ਗੰਭੀਰ ਸਾਗਰ ਸਿੰਧ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਲੱਖ ਚੁਰਾਸੀ ਤੇਰੀ ਬਿੰਦ, ਕਿਉਂ ਬੈਠੀ ਤੈਥੋਂ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹੱਥ ਤੇਰੇ ਵਡਿਆਈਆ । ਨੌ ਪਿੰਡ ਕਹਿਣ ਵੇਖ ਨਵ ਸਿਖ, ਨਾਵਾਂ ਤੇਰੇ ਘਰ ਲਗਾਈਆ ।

ਜੁਗ ਚੌਕੜੀ ਮੰਗਦੇ ਭਿਖ, ਬਣ ਸਵਾਲੀ ਅਲਖ ਜਗਾਈਆ । ਬਿਨ ਕਲਮ ਦਵਾਤੋਂ ਲੇਖਾ ਦੇ ਲਿਖ, ਤੇਰਾ ਲੇਖ ਨਾ ਕੋਇ ਮਿਟਾਈਆ । ਚਾਰੋਂ ਕੁੰਟ ਆਵੇਂ ਦਿਸ, ਦਹਿ ਦਿਸ਼ਾ ਰੂਪ ਵਟਾਈਆ । ਜੇ ਕੋਈ ਸਾਨੂੰ ਪੁੱਛੇ ਤੁਹਾਡਾ ਕੇਹੜਾ ਪਿਤ, ਅਸੀਂ ਕਹੀਏ ਪੁਰਖ ਅਕਾਲ ਪਿਤਾ ਮਾਈਆ । ਗੁਰ ਸ਼ਬਦ ਕਰੀਏ ਸਾਚਾ ਹਿਤ, ਦੂਜਾ ਸੰਗ ਨਾ ਕੋਇ ਵਖਾਈਆ । ਤੂੰ ਵਸਣਾ ਘਰ ਨਿਜ, ਮੰਦਰ ਇਕੋ ਡੇਰਾ ਲਾਈਆ । ਤੇਰੇ ਮਿਲਣ ਦੀ ਕਿਥੋਂ ਮਿਲੇ ਬਿਧ, ਭੇਵ ਅਭੇਦਾ ਦੇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਆਪ ਦ੍ਰਿੜਾਈਆ । ਸਿਖਾਂ ਵੇਖੇ ਉਠੇ ਨਿਸ਼ਾਨ, ਨਾਵੇਂ ਆਪਣਾ ਬਲ ਰਖਾਈਆ । ਗੁਰਮੁਖੋ ਗੁਰਸਿਖੋ ਤੁਹਾਡੇ ਬਿਨਾਂ ਨਾ ਹੋਏ ਕੋਈ ਪਰਧਾਨ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਘਰ ਝੁੱਲੇ ਨਾ ਸਚ ਨਿਸ਼ਾਨ, ਸੋ ਮੰਦਰ ਨਾ ਸੋਭਾ ਪਾਈਆ । ਜਿਸ ਭਗਤ ਨਾ ਮਿਲੇ ਭਗਵਾਨ, ਸੋ ਭਗਤ ਕੰਮ ਕਿਸੇ ਨਾ ਆਈਆ । ਨੇਤਰ ਖੋਲ੍ਹੋ ਵੇਖੋ ਜੀਵ ਜਹਾਨ, ਜਾਗਰਤ ਜੋਤ ਇਕ ਰੁਸ਼ਨਾਈਆ । ਜਿਸ ਨੂੰ ਸਾਰੇ ਮੰਨਦੇ ਕਾਹਨ, ਸ਼ਾਹ ਸੁਲਤਾਨ ਵੱਡੀ ਵਡਿਆਈਆ । ਜਿਸ ਦਾ ਮਹੱਲ ਅਟੱਲ ਉਚ ਮਕਾਨ, ਸਚਖੰਡ ਬੈਠਾ ਡੇਰਾ ਲਾਈਆ । ਜਿਸ ਦਾ ਸੱਚਾ ਨਿਸ਼ਾਨ, ਨੌਂ ਨਿਸ਼ਾਨ ਰਹੇ ਜਣਾਈਆ । ਸੱਤਾਂ ਦੀਪਾਂ ਅੰਦਰ ਇਕ ਗਿਆਨ, ਸੱਤੇ ਰੰਗ ਮੰਜ਼ਲ ਮਕ਼ਸੂਦ ਦੇਣ ਚੜ੍ਹਾਈਆ । ਜਿਸ ਦਾ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਸੂਫ਼ੀ ਦੇ ਕੇ ਗਏ ਗਿਆਨ, ਸਿਫ਼ਤ ਨਾਲ ਢੋਲਾ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦੀ ਆਸਾ ਪੂਰ ਕਰਾਈਆ । ਨਿਸ਼ਾਨ ਵੇਖ ਸਿੰਘਾਸਣ ਹੋਇਆ ਤਿਆਰ, ਕਹੇ ਮੇਰੀ ਇਕ ਵਡਿਆਈਆ । ਜਿਸ ਉਪਰ ਬਹੇ ਆਪ ਨਿਰੰਕਾਰ, ਨਿਰਗੁਣ ਨਿਰਗੁਣ ਆਸਣ ਲਾਈਆ । ਜਿਸ ਦਾ ਸਚਖੰਡ ਸੋਹੇ ਦਰਬਾਰ, ਦਰਗਹਿ ਸਾਚੀ ਵੱਜੇ ਵਧਾਈਆ । ਜਿਸ ਦਾ ਨਜ਼ਰ ਨਾ ਆਏ ਕੋਈ ਚੋਬਦਾਰ, ਦਰ ਦਰਬਾਨ ਨਾ ਕੋਇ ਰਖਾਈਆ । ਜਿਸ ਦਾ ਹੁਕਮ ਸਮਝ ਨਾ ਸਕੇ ਕੋਈ ਹੁਕਮਰਾਨ, ਭੇਵ ਅਭੇਦ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਿੰਘਾਸਣ ਵੇਖ ਵਖਾਈਆ । ਸਚ ਸਿੰਘਾਸਣ ਵੇਖ ਪੁਰਖ ਅਕਾਲ, ਸਭ ਨੂੰ ਰਿਹਾ ਜਣਾਈਆ । ਕਿਰਪਾ ਕਰ ਦੀਨ ਦਿਆਲ, ਦਇਆਨਿਧ ਭੇਵ ਖੁਲ੍ਹਾਈਆ । ਸਾਰੇ ਵੇਖ ਮਾਰ ਧਿਆਨ, ਪੁਰਖ ਪੁਰਖੋਤਮ ਰਿਹਾ ਦ੍ਰਿੜਾਈਆ । ਸਭ ਨੂੰ ਇਕੋ ਮੇਰੀ ਆਣ, ਇਕੋ ਹੁਕਮ ਸਮਝਾਈਆ । ਸੁਣ ਤਖ਼ਤ ਜੇ ਤੇਰੇ ਉਤੇ ਬਹੇ ਨਾ ਆਪ ਭਗਵਾਨ, ਤੇਰੀ ਸੋਭਾ ਕੋਈ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸ੍ਰੀ ਭਗਵਾਨ ਦਇਆ ਕਮਾਉਂਦਾ ਏ । ਨਿਰਗੁਣ ਸ਼ਾਹੋ ਸ਼ਾਹੋ ਭੂਪ ਅਖਵਾਉਂਦਾ ਏ । ਸੀਸ ਜਗਦੀਸ ਤਾਜ ਸੁਹਾਉਂਦਾ ਏ । ਨਿਰਗੁਣ ਰੂਪ ਅਨੂਪ ਵਟਾਉਂਦਾ ਏ । ਸਚ ਸਿੰਘਾਸਣ ਸੋਭਾ ਪਾਉਂਦਾ ਏ । ਸਾਚਾ ਆਸਣ ਇਕ ਲਗਾਉਂਦਾ ਏ । ਦਰਗਹਿ ਸਾਚੀ ਆਪ ਵਡਿਆਉਂਦਾ ਏ । ਸਚਖੰਡ ਦੁਆਰ ਆਪ ਬਣਾਉਂਦਾ ਏ । ਧਰਮ ਨਿਸ਼ਾਨ ਇਕ ਝੁਲਾਉਂਦਾ ਏ । ਹੁਕਮ ਆਪ ਫੇਰ ਵਰਤਾਉਂਦਾ ਏ । ਨੌਂ ਦੁਆਰ ਖੋਜ ਖੁਜਾਉਂਦਾ ਏ । ਨੌਂ ਖੰਡ ਪੜਦਾ ਲੌਂਹਦਾ ਏ । ਨੌਂ ਦੁਆਰ ਗੁਰਮੁਖ ਆਪ ਉਠਾਉਂਦਾ ਏ । ਪੈਜ ਸੁਆਰ ਵਕਤ ਸੁਹਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਆਪਣੇ ਨਾਲ ਆਦਿ ਜੁਗਾਦਿ ਸਭ ਕੁਛ ਸ੍ਰੀ ਭਗਵਾਨ ਲਿਆਉਂਦਾ

ਏ । ਜੇ ਆਏ ਸ੍ਰੀ ਭਗਵਾਨ, ਲੋਕਮਾਤ ਫੇਰਾ ਪਾਈਆ । ਤਿਸ ਨਾਲ ਸਿੰਘਾਸਣ ਵਿਚ ਜਹਾਨ, ਲੋਕਮਾਤ ਸੋਭਾ ਪਾਈਆ । ਤਿਸ ਗ੍ਰਿਹ ਝੁੱਲੇ ਨਿਸ਼ਾਨ, ਸੱਤ ਨਵ ਰੂਪ ਵਟਾਈਆ । ਨੌ ਖੰਡ ਹੋਏ ਪਰਧਾਨ, ਨੌ ਦਰ ਸੋਝੀ ਪਾਈਆ । ਨੌ ਪੁਰਖ ਕਰ ਪਰਵਾਨ, ਪੁਰਖ ਪੁਰਖੋਤਮ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰੀ ਧਾਰ ਚਲਾਈਆ । ਸਤਿਜੁਗ ਤੇਰੀ ਧਾਰ ਚਲਾਵੇਗਾ । ਪ੍ਰਭ ਸਚ ਦਰਬਾਰ ਲਗਾਵੇਗਾ । ਸੱਤ ਰੰਗ ਨਿਸ਼ਾਨ ਝੁਲਾਵੇਗਾ । ਖੇਲ ਅਗੰਮ ਵਖਾਵੇਗਾ । ਚਾਰ ਵਰਨ ਮੇਲ ਮਿਲਾਵੇਗਾ । ਸਾਚੀ ਸਰਨ ਇਕ ਸਮਝਾਵੇਗਾ । ਨੌ ਖੰਡ ਰੂਪ ਪਰਗਟਾਵੇਗਾ । ਨੌ ਦੁਆਰ ਵੇਖ ਵਖਾਵੇਗਾ । ਨੌ ਘਰ ਮਾਣ ਦਿਵਾਵੇਗਾ । ਜਿਸ ਘਰ ਅੰਦਰ ਵੜ ਕੇ ਆਪਣਾ ਪੜਦਾ ਲਾਹਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵੇਗਾ । ਸਚਖੰਡ ਦੁਆਰ ਸੁਹਾਏਗਾ । ਪੁਰਖ ਅਕਾਲ ਸੋਭਾ ਪਾਏਗਾ । ਨੌ ਨਿਸ਼ਾਨੇ ਨੌ ਖੰਡ ਵਖਾਏਗਾ । ਨੌ ਦਰ ਭਗਤ ਪਰਵਾਨੇ, ਪਰਵਾਨਾ ਆਪਣਾ ਨਾਮ ਫੜਾਏਗਾ । ਨੌ ਗੁਰਮੁਖ ਖੇਲ ਮਹਾਨੇ, ਗੁਰ ਗੁਰ ਕੀ ਗੋਦ ਵਖਾਏਗਾ । ਲੇਖਾ ਜਾਣ ਨਿਗਾਹਬਾਨੇ, ਲੋਕਮਾਤ ਵਡਿਆਏਗਾ । ਬਣ ਪਰਬੰਧਕ ਬਣ ਵਡ ਪਰਧਾਨੇ, ਸਚ ਪਰਧਾਨਗੀ ਆਪ ਕਮਾਏਗਾ । ਜਿਸ ਦੇ ਦੱਸਦੇ ਗਏ ਨਿਸ਼ਾਨੇ, ਸੋ ਮਾਰਗ ਇਕੋ ਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਲੇਖੇ ਆਪ ਲਿਖਾਏਗਾ । ਸਾਚੇ ਲੇਖੇ ਸਚ ਦਰਬਾਰ, ਹਰਿ ਸਾਚਾ ਸਚ ਜਣਾਈਆ । ਵੱਜੀ ਵਧਾਈ ਵਿਚ ਸੰਸਾਰ, ਦੋ ਜਹਾਨ ਖ਼ੁਸ਼ੀ ਮਨਾਈਆ । ਦੇਵਤ ਸੁਰ ਗਾਉਂਦੇ ਅਪਾਰ, ਗੀਤ ਗੋਬਿੰਦ ਢੋਲੇ ਅਲਾਈਆ । ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀਆਂ ਇਜ਼ਹਾਰ, ਵਾਹ ਵਾ ਤੇਰੀ ਖੇਲ ਬੇਪਰਵਾਹੀਆ । ਗੁਰ ਅਵਤਾਰ ਜਾਣ ਬਲਹਾਰ, ਪੀਰ ਪੈਗੰਬਰ ਸਦਕੇ ਘੋਲ ਘੁਮਾਈਆ । ਭਗਤ ਵੇਖਣ ਨੈਣ ਉਠਾਲ, ਨਿਜ ਨੇਤਰ ਨੈਣ ਖੁਲ੍ਹਾਈਆ । ਭਗਤ ਭਗਵੰਤ ਪੁਰਖ ਪਰਮਾਤਮ ਹੋਇਆ ਦਿਆਲ, ਦੀਨਨ ਆਪਣੇ ਗਲੇ ਲਗਾਈਆ । ਕਰਿਆ ਖੇਲ ਇਕ ਕਮਾਲ, ਜਿਸ ਦੀ ਸਮਝ ਕੋਇ ਨਾ ਪਾਈਆ । ਸਚ ਦੁਆਰਾ ਖੋਲ੍ਹ ਸੱਚੀ ਧਰਮਸਾਲ, ਧੁਰ ਦਰਬਾਰਾ ਦਏ ਵਡਿਆਈਆ । ਰਾਓ ਰੰਕ ਏਕਾ ਧਾਮ ਬਹਾਲ, ਵਰਨ ਗੋਤ ਦਏ ਗਵਾਈਆ । ਛੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਭੋਜਨ ਦਏ ਖਵਾਲ, ਜੁਗ ਜੁਗ ਸਾਂਝੀ ਸਾਂਝ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਵੇਖ ਵਖਾਈਆ । ਸਾਚਾ ਪੱਖ ਪੱਖੋਵਾਲ, ਪਾਰਬ੍ਰਹਮ ਪ੍ਰਭ ਆਪ ਜਣਾਇੰਦਾ । ਸੋ ਨਗਰੀ ਹੋਈ ਨਿਹਾਲ, ਜਿਸ ਨਗਰ ਖੇੜੇ ਮਾਣ ਦਿਵਾਇੰਦਾ । ਜੋ ਜਨਮਿਆ ਸੋ ਉਤਰੇ ਪਾਰ, ਜੋ ਇਸ ਵੇਲੇ ਦਰਸ਼ਨ ਪਾਇੰਦਾ । ਕਿਰਪਾ ਕਰੇ ਆਪ ਕਿਰਪਾਲ, ਮਿਹਰ ਨਜ਼ਰ ਉਠਾਇੰਦਾ । ਲੇਖਾ ਜਾਣੇ ਬਿਰਧ ਬਾਲ ਜਵਾਨ, ਵੱਡਾ ਛੋਟਾ ਭੇਵ ਨਾ ਕੋਇ ਰਖਾਇੰਦਾ । ਸਰਬ ਜੀਆਂ ਦਾ ਇਕੋ ਜਿਹਾ ਮਾਣ, ਸ੍ਰੀ ਭਗਵਾਨ ਸਭ ਉਤੇ ਦਇਆ ਕਮਾਇੰਦਾ । ਆਵਣ ਜਾਵਣ ਲੱਖ ਚੁਰਾਸੀ ਚੁਕਾਏ ਕਾਣ, ਜੋ ਦੋਵੇਂ ਨੇਤਰ ਤੱਕ ਕੇ ਖ਼ੁਸ਼ੀ ਨਾਲ ਦਰਸ਼ਨ ਪਾਇੰਦਾ । ਮਰਨ ਤੋਂ ਪਹਿਲੋਂ ਢਾਈ ਘੜੀ ਮਿਲੇ ਆਣ, ਅਜ ਦਾ ਲਿਖਿਆ ਲੇਖਾ ਪੂਰ ਕਰਾਇੰਦਾ । ਗੁਰਮੁਖ ਮਨਮੁਖ ਦੋਵੇਂ ਹੋਏ ਪਰਵਾਨ, ਜੋ ਗ਼ਰੀਬ ਦੁਆਰੇ ਮੇਲ ਮਿਲਾਇੰਦਾ । ਜੇ ਕੋਈ ਗਾਲੀ ਕੱਢੇ ਆਣ, ਤਿਸ ਦੀ ਗਾਲੀ ਕੱਢੀ ਅੱਗੇ ਲੇਖੇ ਪਾਇੰਦਾ । ਐਸ ਵੇਲੇ ਕਿਸੇ ਨਾਲ ਕੋਈ ਫ਼ਰਕ ਨਾ ਰੱਖੇ ਭਗਵਾਨ, ਕੋਝੇ ਕਮਲੇ ਪਾਰ ਕਰਾਇੰਦਾ । ਝੂਠ ਸਚ ਦੋਵੇਂ ਕਰੇ ਪਰਵਾਨ,

ਸਚ ਝੂਠ ਆਪਣੀ ਖੇਲ ਰਚਾਇੰਦਾ । ਜਿਨ੍ਹਾਂ ਦੇਵੇ ਗਿਆਨ, ਤਿਨ੍ਹਾਂ ਸਚ ਨਜ਼ਰੀ ਆਇੰਦਾ । ਜਿਨ੍ਹਾਂ ਬਖ਼ਸ਼ੇ ਅਗਿਆਨ, ਸੋ ਝੂਠ ਵਿਚ ਸਮਾਇੰਦਾ । ਇਕੀ ਅੱਸੂ ਸਾਰੇ ਹੋਏ ਪਰਵਾਨ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਜਨਮ ਮਰਨ ਦੁੱਖ ਸਭ ਦੇ ਮਿਟ ਜਾਣ, ਰਾਏ ਧਰਮ ਨਾ ਲੇਖਾ ਮੰਗ ਮੰਗਾਇੰਦਾ । ਦਰਗਹਿ ਸਾਚੀ ਦੇਵੇ ਮਾਣ, ਜੀਵ ਮਰਦਾ ਮਰਦਾ ਆਪ ਬਚਾਇੰਦਾ । ਸਾਚਾ ਦੇਵੇ ਧੁਰ ਫ਼ਰਮਾਨ, ਗੱਲਾਂ ਨਾਲ ਨਹੀਂ ਭਰਮਾਇੰਦਾ । ਭੁੱਲ ਨਾ ਜਾਣਾ ਜੀਵ ਅਵਾਣ, ਸਤਿਗੁਰ ਸਭ ਦਾ ਪਿਰ ਅਖਵਾਇੰਦਾ । ਜੋ ਚਰਨੀ ਡਿਗੇ ਆਣ, ਤਿਸ ਦਾ ਬੇੜਾ ਪਾਰ ਕਰਾਇੰਦਾ । ਆਦਿ ਜੁਗਾਦਿ ਕਰਨਹਾਰ ਕਲਿਆਣ, ਕਲਮਾ ਕਾਇਨਾਤ ਸਮਝਾਇੰਦਾ । ਜਿਸ ਨੇ ਗੁਰ ਅਵਤਾਰ ਪੀਰ ਪੈਗ਼ੰਬਰ ਘੱਲੇ ਮਹਿਮਾਨ, ਸੋ ਮਹਿਮਾਨਖ਼ਾਨਾ ਵੇਖਣ ਆਇੰਦਾ । ਕਵਣ ਅੰਦਰ ਵੜ ਕੇ ਮੰਦਰ ਚੜ੍ਹ ਕੇ ਮੇਰਾ ਕਰੇ ਧਿਆਨ, ਕਵਣ ਗੂੜ੍ਹੀ ਨੀਂਦ ਸੌਂ ਕੇ ਵਕਤ ਲੰਘਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਪਾਰ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਆਪਣੇ ਬੰਦੇ, ਤੇਰੀ ਬੰਦਗੀ ਗਏ ਭੁਲਾਈਆ । ਤੇਰੀ ਮਾਇਆ ਕੀਤੇ ਗੰਦੇ, ਤੇਰੀ ਕੂੜੀ ਵਾਸਨਾ ਡੇਰਾ ਰਹੀ ਢਾਹੀਆ । ਅਸੀਂ ਦੱਸ ਕੇ ਆਏ ਸਦੀ ਬੀਸਵੀਂ ਕਲਜੁਗ ਆਏ ਆਪਣੇ ਕੰਢੇ, ਪਿਛਲਾ ਪੰਧ ਮੁਕਾਈਆ । ਗੁਰਮੁਖ ਵਿਰਲਾ ਜੁਗ ਜਨਮ ਦੀ ਟੁੱਟੀ ਗੰਢੇ, ਪ੍ਰਭ ਡੋਰੀ ਤੰਦ ਬੰਧਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਤੇਈ ਅਵਤਾਰਾਂ ਭਗਤ ਅਠਾਰਾਂ ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਧਾਰਾ ਨਾਲ ਹੰਡੇ, ਸੋ ਅੰਤਮ ਕੱਠੇ ਕੀਤੇ ਆਈਆ । ਜਿਨ੍ਹਾਂ ਨੂੰ ਜੀਵ ਜਹਾਨ ਕਹਿਣ ਗੰਦੇ, ਸੋ ਪ੍ਰਭ ਕਿਰਪਾ ਕਰ ਕੇ ਕੀਤੇ ਚੰਗੇ, ਚੰਗੀ ਤਰਾ ਆਪਣੇ ਨਾਲ ਰਲਾਈਆ । ਬਣ ਤਰਖਾਣ ਸੋਹੰ ਰੰਦੇ ਰੰਦੇ, ਰੰਦਾ ਮਾਰੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਮਜਲਸ ਲੇਖੇ ਲਾਈਆ । ਸਾਚੀ ਮਜਲਸ ਵੇਖ ਮਖ਼ਲੂਕ, ਖ਼ਾਲਕ ਖ਼ਲਕ ਦਇਆ ਕਮਾਈਆ । ਸਾਰੇ ਵੇਖੋ ਆਪਣਾ ਅਰੂਜ, ਘਰ ਮੁਰਸ਼ਦ ਡੇਰਾ ਲਾਈਆ । ਚੜ੍ਹ ਕੇ ਭਗਤਾਂ ਵਾਲੀ ਪਾਓ ਮੰਜ਼ਲ ਮਕਸੂਦ, ਬਣ ਪਾਂਧੀ ਪੰਧ ਮੁਕਾਈਆ । ਆਪਣਾ ਆਪ ਜਾਏ ਸੂਝ, ਕੂੜੀ ਸੋਚ ਰਹੇ ਨਾ ਰਾਈਆ । ਜਗਤ ਇਕੀ ਜਾਏ ਬੁਝ, ਤਤਵ ਤਤ ਨਾ ਕੋਇ ਤਪਾਈਆ । ਸਤਿਗੁਰ ਪ੍ਰੀਤੀ ਅੰਦਰ ਜਾਓ ਰੁਝ, ਜੇ ਗੁਰ ਮਿਲੇ ਦਇਆ ਕਮਾਈਆ । ਕਬੀਰ ਜੁਲਾਹੇ ਕੋਲੋਂ ਲਓ ਪੁੱਛ, ਜੋ ਸਭ ਨੂੰ ਗਿਆ ਸਮਝਾਈਆ । ਬੇਸ਼ਕ ਮੈਂ ਤਾਣੀ ਵਿਚ ਚਲਾਵਾਂ ਕੁਚ, ਆਪਣਾ ਸਾਢੇ ਤਿੰਨ ਕਰੋੜ ਰੋਮ ਸਾਫ਼ ਕਰਾਈਆ । ਜੀਹਨੂੰ ਜਗਤ ਲੋਕਾਈ ਸਮਝੇ ਤੁਛ, ਮੇਰਾ ਭਗਵਾਨ ਸਦ ਗੋਦੀ ਰਿਹਾ ਉਠਾਈਆ । ਸਾਰੇ ਉਠ ਕੇ ਓਸ ਪ੍ਰਭੂ ਨੂੰ ਜਾਵੋ ਝੁਕ, ਜੋ ਸਚਖੰਡ ਵਸੇ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਚ ਦਰਬਾਰ ਵਿਚ ਸੰਸਾਰ, ਗ਼ਰੀਬ ਨਿਮਾਣਿਆਂ ਕਰ ਪਿਆਰ, ਦੇਵਣਹਾਰਾ ਸਚ ਸਹਾਰ, ਸੀਸ ਜਗਦੀਸ ਹੱਥ ਟਿਕਾਈਆ । ਪੱਖੋਵਾਲ ਕਹੇ ਕਿਉਂ ਕੀਤਾ ਪੱਖ, ਪ੍ਰਭੂ ਮੇਰਾ ਭੇਵ ਦੇ ਸਮਝਾਈਆ । ਕਲਜੁਗ ਅੰਤ ਕਿਉਂ ਮੇਰਾ ਹੋਇਆ ਜਸ, ਕੀ ਮੇਰੀ ਵਡਿਆਈਆ । ਮੈਂ ਆਪਣਾ ਆਪ ਵੇਖਾਂ ਖ਼ਾਲੀ ਹੱਥ, ਵਸਤ ਕੋਈ ਨਜ਼ਰ ਨਾ ਆਈਆ । ਕਿਰਪਾ ਕਰਕੇ ਸਚ ਦੱਸ, ਦਰ ਤੇਰੇ ਇਕ ਅਰਜ਼ੋਈਆ । ਸ੍ਰੀ ਭਗਵਾਨ ਕਹੇ ਮੈਂ ਦੇਵਾਂ ਮੱਤ, ਧੁਰ ਦਾ ਹੁਕਮ ਇਕ ਜਣਾਈਆ । ਤ੍ਰੇਤਾ ਸਤਿਜੁਗ ਦੁਆਪਰ ਬੀਤੇ ਜਗ, ਕਲਜੁਗ ਅੰਤਮ ਆਈਆ । ਬਲ ਰਾਜਾ ਇਸ ਧਰਨੀ ਉਤੇ ਆ ਕੇ ਐਸ

੭੮੩
੧੫

ਧਾਮ ਤੇ ਗਿਆ ਥੱਕ, ਘੋੜਾ ਬਾਹਰ ਵਾਰ ਦਿਤਾ ਬੰਧਾਈਆ । ਕਿਹਾ ਭਗਵਾਨ ਤੱਕ, ਬੇਪਰਵਾਹ ਤੇਰੀ ਸਰਨਾਈਆ । ਮੇਰੇ ਨਾਲ ਆ ਕੇ ਹੱਸ, ਖ਼ੁਸ਼ੀ ਖ਼ੁਸ਼ੀਆਂ ਨਾਲ ਮਿਲਾਈਆ । ਥੱਲਿਉਂ ਧਰਨੀ ਰੋਈ ਨੇਤਰ ਅੱਥ, ਨੈਣਾਂ ਨੀਰ ਵਹਾਈਆ । ਮੇਰਾ ਭਗਵਾਨ ਕਿਥੇ ਰਿਹਾ ਵਸ, ਮੈਨੂੰ ਦੇ ਰਿਹਾ ਜੁਦਾਈਆ । ਮੈਂ ਉਹਦੇ ਅੱਗੇ ਡਾਹਵਾਂ ਹੱਥ, ਖ਼ਾਲੀ ਝੋਲੀ ਰਹੀ ਵਖਾਈਆ । ਮੇਰੇ ਨੱਕ ਨਾ ਸੋਂਹਦੀ ਨੱਥ, ਮੀਂਢੀ ਸੀਸ ਨਾ ਸੋਭਾ ਪਾਈਆ । ਮੇਰਾ ਨਜ਼ਰ ਨਾ ਆਵੇ ਜਤ, ਮੇਰੀ ਧੀਰ ਨਾ ਕੋਇ ਧਰਾਈਆ । ਜਿੰਨਾਂ ਚਿਰ ਪ੍ਰਭ ਮੇਰੇ ਉਤੇ ਚਰਨ ਨਾ ਦੇਵੇ ਰੱਖ, ਮੇਰੀ ਸ਼ਾਂਤ ਨਾ ਕੋਇ ਕਰਾਈਆ । ਕਵਣ ਵੇਲਾ ਪ੍ਰਭ ਦੇਵੇ ਮੇਰਾ ਹੱਕ, ਮੈਂ ਮੰਗਾਂ ਵਾਹੋ ਦਾਹੀਆ । ਉਹ ਸਭ ਦਾ ਪਿਤਾ ਮਾਤ, ਵਡ ਦਾਤਾ ਵੱਡੀ ਵਡਿਆਈਆ । ਉਸ ਦੇ ਕੋਲੋਂ ਮੰਗ ਦਾਤ, ਦੇਵਣਹਾਰ ਸਹਿਜ ਸੁਖਦਾਈਆ । ਧਰਤ ਮਾਤ ਦੋਏ ਜੋੜ ਕੇ ਹਾਥ, ਢਹਿ ਪਈ ਸਰਨਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਆਪਣੀ ਦਇਆ ਕਮਾਈਆ । ਸਚ ਸੁਨੇਹੜਾ ਜਾਵਾਂ ਆਖ, ਜੁਗ ਚੌਕੜੀ ਨਾ ਦੇਣਾ ਭੁਲਾਈਆ । ਕਲਜੁਗ ਅੰਤਮ ਪਰਗਟ ਹੋ ਕੇ ਆਵਾਂ ਪੁਰਖ ਸਮਰਾਥ, ਨਿਰਗੁਣ ਨੂਰ ਜੋਤ ਚਮਕਾਈਆ । ਤੇਰੇ ਉਤੇ ਲਾਵਾਂ ਭਾਗ, ਤੇਰੇ ਆਂਢ ਗਵਾਂਢ ਗੁਰਮੁਖ ਦੇਣੇ ਜਗਾਈਆ । ਫੇਰ ਤੇਰਾ ਜਗਾਵਾਂ ਚਿਰਾਗ਼, ਆਪ ਆਪਣੇ ਹੱਥ ਟਿਕਾਈਆ । ਸਦੀ ਬੀਸਵੀਂ ਲਾਵਾਂ ਭਾਗ, ਭਾਗਾਂ ਭਰੀ ਦਿਸੇ ਸਭ ਦੀ ਮਾਈਆ । ਧਰਤ ਮਾਤ ਤੇਰੀ ਖੁਲ੍ਹੇ ਅਾਂਖ, ਪੜਦਾ ਤੇਰਾ ਦਏ ਖੁਲ੍ਹਾਈਆ । ਜਿੰਨਾਂ ਚਿਰ ਨਾ ਕਹੇਂ ਬਸ, ਓਨਾਂ ਚਿਰ ਦੇਵੇ ਦਰਸ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਧਰਨੀ ਕਹੇ ਪ੍ਰਭੂ ਜਿਸ ਵੇਲੇ ਆਵੇਂਗਾ । ਆਪਣੀ ਦਇਆ ਕਮਾਵੇਂਗਾ । ਸੰਤ ਸੁਹੇਲੇ ਨਾਲ ਰਲਾਵੇਂਗਾ । ਗੁਰ ਚੇਲੇ ਗੰਢ ਵਖਾਵੇਂਗਾ । ਸਾਚੇ ਮੇਲੇਂ ਸੱਤ ਰੰਗ, ਮੇਲਾ ਇਕ ਬਣਾਵੇਂਗਾ । ਸੱਜਣ ਸੁਹੇਲਾ ਨਜ਼ਰੀ ਆਵੇਂਗਾ । ਲੱਖ ਚੁਰਾਸੀ ਨਾਲੋਂ ਹੋ ਕੇ ਵੇਹਲਾ, ਮੇਰੀ ਤੋੜ ਨਿਭਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕੋ ਵਰ, ਕਿਸ ਬਿਧ ਆਪਣਾ ਦਰਸ ਦਿਖਾਵੇਂਗਾ । ਜਿਸ ਵੇਲੇ ਪ੍ਰਭ ਆਵੇਂਗਾ । ਮੇਰੇ ਉਤੇ ਚਰਨ ਟਿਕਾਵੇਂਗਾ । ਸੱਜਾ ਅੰਗੂਠਾ ਮੈਨੂੰ ਲਾਵੇਂਗਾ । ਮੇਰਾ ਰੁਠੜਾ ਭਾਗ ਮਨਾਵੇਂਗਾ । ਘਰ ਸੁਖੜਾ ਇਕ ਉਪਜਾਵੇਂਗਾ । ਮੇਰਾ ਜਗ ਦਾ ਦੁਖੜਾ ਅੰਤ ਮਿਟਾਵੇਂਗਾ । ਮੇਰਾ ਮੁਖੜਾ ਉਜਲ ਕਰਾਵੇਂਗਾ । ਮੈਂ ਵੇਖਾਂ ਤੇਰਿਆਂ ਸੋਹਣਿਆਂ ਪੁੱਤਰਾਂ, ਜਿਨ੍ਹਾਂ ਨੂੰ ਆਪਣੇ ਨਾਲ ਰਲਾਵੇਂਗਾ । ਏਥੇ ਕੋਈ ਨਾ ਦਿਸੇ ਨਾਸ਼ੁਕਰਾ, ਜੋ ਤੇਰਾ ਦਰਸ਼ਨ ਪਾਵੇਗਾ । ਤੂੰ ਕਰ ਕੇ ਬਚਨ ਕਦੇ ਨਾ ਮੁਕਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਿਸ ਵੇਲੇ ਮੇਰੇ ਸੀਸ ਹੱਥ ਟਿਕਾਵੇਂਗਾ । ਜਿਸ ਵੇਲੇ ਦਇਆ ਕਮਾਏਗਾ । ਪੁਰਖ ਅਬਿਨਾਸ਼ੀ ਫੇਰਾ ਪਾਏਗਾ । ਤੇਰੇ ਵਲ ਧਿਆਨ ਲਗਾਏਗਾ । ਪਿਛਲਾ ਲੇਖਾ ਝੋਲੀ ਪਾਏਗਾ । ਸਿਰ ਤੇਰੇ ਹੱਥ ਟਿਕਾਏਗਾ । ਸਮਰਥ ਵੇਖ ਵਖਾਏਗਾ । ਫੜ ਗੋਦੀ ਆਪ ਬਹਾਏਗਾ । ਤੇਰਾ ਕੱਟ ਕੇ ਧੁਰ ਦਾ ਮਸਤਕ ਰੋਗ, ਧੁਰ ਸੰਜੋਗੀ ਮੇਲ ਮਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਤੇਰਾ ਲੇਖ ਲਿਖਾਏਗਾ । ਕੀ ਪ੍ਰਭੂ ਤੂੰ ਮੇਰਾ ਪੱਖ ਕਰੇਂਗਾ । ਪਰਤੱਖ ਰੂਪ ਧਰੇਂਗਾ । ਸਮਰਥ ਲੋਕਮਾਤ ਵੜੇਂਗਾ । ਮਹਿੰਮਾ ਅਕੱਥ ਢੋਲਾ ਪੜ੍ਹੇਂਗਾ । ਜਨ ਭਗਤਾਂ ਅੰਦਰ ਸਾਚੇ ਮੰਦਰ ਚੜ੍ਹੇਂਗਾ । ਗੁਰ ਚੇਲੇ ਵਿਛੜੇ ਫੜੇਂਗਾ । ਚਰਨ ਕਵਲ ਆਪਣੇ ਧਰੇਂਗਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਵਣ ਕਰਨੀ ਹਰਿ ਜੂ ਕਰੇਂਗਾ । ਤੇਰਾ ਅੰਤ ਕਰਾਂਗਾ ਪੱਖ, ਹਰਿ ਸਤਿਗੁਰ ਆਪ ਜਣਾਈਆ । ਨਿਰਗੁਣ ਧਾਰ ਰੂਪ ਸਮਰਥ, ਸ਼ਾਹ ਪਾਤਸ਼ਾਹ ਵੇਸ ਵਟਾਈਆ । ਲੇਖ ਚੁਕਾ ਨੌ ਖੰਡ, ਬ੍ਰਹਿਮੰਡ ਖੋਜ ਖੋਜਾਈਆ । ਜਨ ਭਗਤ ਵੰਡਾਂ ਤੇਰੀ ਵੰਡ, ਤੇਰਾ ਸੰਗ ਰਖਾਈਆ । ਸਦੀ ਸਦੀਵੀ ਆਵਾਂ ਲੰਘ, ਬਣ ਪਾਂਧੀ ਪੰਧ ਮੁਕਾਈਆ । ਤੈਨੂੰ ਚਾੜ੍ਹ ਅਗੰਮਾ ਰੰਗ, ਰੰਗ ਸਾਚਾ ਦਿਆਂ ਵਖਾਈਆ । ਤੇਰੀ ਪੂਰੀ ਕਰਾਂ ਮੰਗ, ਆਸਾ ਆਸਾ ਨਾਲ ਰਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਤ ਨਵਿਤ ਜਾਏ ਹੰਡ, ਪ੍ਰਭ ਸਭ ਦੀ ਔਧ ਮੁਕਾਈਆ । ਤੂੰ ਪੱਲੇ ਬੰਨ੍ਹ ਗੰਢ, ਤੇਰਾ ਲੇਖਾ ਵੇਖੇ ਬੇਪਰਵਾਹੀਆ । ਦਰ ਆ ਕੇ ਪਾਵੇ ਠੰਡ, ਸਿਰ ਤੇਰੇ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਪੱਖ ਕਰੇਂਗਾ ਬਣ ਕੇ ਵਾਲੀ, ਦੋ ਜਹਾਨ ਤੇਰੀ ਵਡਿਆਈਆ । ਮੇਰੀ ਗੋਦ ਨਾ ਰੱਖੀਂ ਖ਼ਾਲੀ, ਹਰਿਜਨ ਦੇਣੇ ਨਾਲ ਮਿਲਾਈਆ । ਕਲਜੁਗ ਮੇਟਣੀ ਰੈਣ ਅੰਧੇਰੀ ਕਾਲੀ, ਸਾਚਾ ਨੂਰ ਕਰ ਰੁਸ਼ਨਾਈਆ । ਮੈਂ ਤੇਰੀ ਘਾਲ ਘਾਲੀ, ਬੈਠੀ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਹੱਥ ਮੇਰੀ ਵਡਿਆਈਆ । ਤੇਰਾ ਪੱਖ ਕਰਾਂ ਇਕੋ ਵਾਰ, ਏਕੰਕਾਰ ਰਿਹਾ ਜਣਾਈਆ । ਪਰਗਟ ਹੋ ਕੇ ਵਾਲੀ ਦੋ ਜਹਾਨ, ਦੋਹਰੀ ਤੇਰੀ ਧਾਰ ਬੰਧਾਈਆ । ਗੁਰਮੁਖ ਗੁਰਸਿਖ ਕਰ ਤਿਆਰ, ਹਰਿਜਨ ਹਰਿਭਗਤ ਦਏ ਵਡਿਆਈਆ । ਚਾਰ ਕੁੰਟ ਵੇਖ ਵਿਚਾਰ, ਦਹਿ ਦਿਸ਼ਾ ਭੇਵ ਖੁਲ੍ਹਾਈਆ । ਹਰਿ ਸੰਗਤ ਸਾਚੀ ਕਰ ਤਿਆਰ, ਸੋਹਣਾ ਇਕੱਠ ਬਣਾਈਆ । ਹੁਕਮ ਦਏ ਆਪ ਨਿਰੰਕਾਰ, ਧੁਰ ਸੰਦੇਸਾ ਦਏ ਸਮਝਾਈਆ । ਨੌ ਪਿੰਡ ਦਾ ਇਕ ਦੁਆਰ, ਨੌ ਖੰਡ ਦਏ ਸਮਝਾਈਆ । ਨੌ ਖੰਡ ਦਾ ਇਕ ਨਿਸ਼ਾਨ, ਨੌ ਨਿਸ਼ਾਨ ਦਏ ਝੁਲਾਈਆ । ਨੌ ਨਿਸ਼ਾਨ ਦਾ ਇਕ ਹੁਕਮਰਾਨ, ਨੌ ਦੁਆਰੇ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਸਦਾ ਵਡਿਆਈਆ । ਸੁਣ ਧਰਨੀ ਧੁਰ ਦੀ ਬਾਤ, ਸੋ ਸਤਿਗੁਰ ਆਪ ਜਣਾਈਆ । ਕਲਜੁਗ ਅੰਤਮ ਵੇਖੇ ਪੁਰਖ ਅਬਿਨਾਸ਼, ਨਿਰਗੁਣ ਆਪਣੀ ਦਇਆ ਕਮਾਈਆ । ਹਰਿ ਸੰਗਤ ਰੱਖੇ ਆਪਣੇ ਸਾਥ, ਸਗਲਾ ਸੰਗ ਨਿਭਾਈਆ । ਚਲ ਕੇ ਆਏ ਤੇਰੀ ਪੂਰੀ ਕਰੇ ਖ਼ਾਹਸ਼, ਤ੍ਰਿਸਨਾ ਮੇਟੇ ਸਹਿਜ ਸੁਖਦਾਈਆ । ਤੇਰੇ ਉਤੇ ਬਹਿ ਕੇ ਤੇਰੇ ਨਾਲ ਰਹਿ ਕੇ ਤੈਨੂੰ ਸਚ ਕਹਿ ਕੇ ਜਨ ਭਗਤਾਂ ਨਾਲ ਕਰੇ ਸਚ ਬਲਾਸ, ਸੋਹਲਾ ਢੋਲਾ ਰਾਗ ਸੁਣਾਈਆ । ਗੁਰ ਅਵਤਾਰ ਚਲ ਕੇ ਵੇਖਣ ਆਵਣ ਖੇਲ ਤਮਾਸ਼, ਹਰਿ ਜੂ ਕੀ ਕੀ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕੋ ਕਰੇ ਤੇਰਾ ਪੱਖ, ਨਿਰਗੁਣ ਰੂਪ ਹੋ ਪਰਤੱਖ, ਵਾਲੀ ਵਾਰਸ ਆਪ ਹੋ ਜਾਈਆ । ਧਰਨੀ ਤੇਰਾ ਹਿੱਸਾ ਪੱਖੋਵਾਲ, ਪ੍ਰਭ ਪੱਖ ਪਾਲਣ ਆਈਆ । ਖੋਲ੍ਹ ਅੱਖ ਵਕਤ ਸੰਭਾਲ, ਸੁਹੰਜਣੀ ਰੁੱਤ ਵਧਾਈਆ । ਕਿਰਪਾ ਕਰੀ ਦੀਨ ਦਿਆਲ, ਦੀਨਨ ਗਲੇ ਲਗਾਈਆ । ਸਤਿਜੁਗ ਬਣੇ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਏਥੇ ਚਲ ਕੇ ਆਉਣ ਸ਼ਾਹ ਕੰਗਾਲ, ਊਚ ਨੀਚ ਮਿਲ ਮਿਲ ਹਰਿ ਕਾ ਢੋਲਾ ਗਾਈਆ । ਬਾਕੀ ਲੇਖਾ ਦੇਵੇ ਆਪ ਭਗਵਾਨ, ਭਰਮ ਭੁਲੇਖਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਧੰਨ ਭਾਗ ਪ੍ਰਭ ਆਇਆ ਠਾਕਰ,

੭੮੬
੧੫

ਮੇਰੇ ਵੱਜੀ ਘਰ ਵਧਾਈਆ । ਮੋਹੇ ਨਿਮਾਣੀ ਦਿਤਾ ਆਦਰ, ਮਿਹਰ ਨਜ਼ਰ ਉਠਾਈਆ । ਬੇੜਾ ਕਰਿਆ ਪਾਰ ਡੂੰਘੇ ਸਾਗਰ, ਭਵਰੀ ਭਵਰ ਨਾ ਕੋਇ ਰੁੜ੍ਹਾਈਆ । ਮੈਂ ਨੇਤਰ ਤੱਕਾਂ ਭਗਤਾਂ ਦੇਵੇ ਆਦਰ, ਗੁਰਮੁਖਾਂ ਮਾਣ ਵਡਿਆਈਆ । ਇਕੋ ਮੌਲਾ ਨਿਰਗੁਣ ਨਜ਼ਰੀ ਆਏ ਕਰੀਮ ਕਾਦਰ, ਕਰਤਾ ਬੇਪਰਵਾਹੀਆ । ਪੜਦਾ ਲਾਹ ਕੇ ਵੇਖਾਂ ਚਾਦਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਜੇ ਅੱਗੇ ਹੋ ਕੇ ਵੇਖਾਂ ਨਜ਼ਰੀ ਆਏ ਬੇਟਾ ਤੇਗ਼ ਬਹਾਦਰ, ਜਿਸ ਦਾ ਰੂਪ ਰੰਗ ਸਮਝ ਕੋਇ ਨਾ ਪਾਈਆ । ਜੇ ਨੀਵੀਂ ਬਹਿ ਕੇ ਵੇਖਾਂ ਸਭ ਰੂਹਾਂ ਦੇ ਉਤੇ ਆਸ਼ਕ, ਮਾਸ਼ੂਕ ਵੇਖੇ ਸਰਬ ਲੋਕਾਈਆ । ਜੇ ਨੇਤਰ ਉਤਾਂਹ ਚੁੱਕ ਕੇ ਵੇਖਾਂ ਇਸ ਦੇ ਹੁਕਮੇ ਅੰਦਰ ਲੱਗੀ ਆਤਸ਼, ਦੋ ਜਹਾਨ ਨਾ ਕੋਇ ਬੁਝਾਈਆ । ਜੇ ਚਰਨੀ ਡਿਗ ਕੇ ਵੇਖਾਂ ਸ੍ਰੀ ਭਗਵਾਨ ਨਜ਼ਰੀ ਆਏ ਖ਼ਾਲਸ, ਦੂਜਾ ਰਲਾ ਨਾ ਕੋਇ ਰਲਾਈਆ । ਜਿਸ ਮੇਰੀ ਨਿੰਦਰਾ ਲਾਹੀ ਆਲਸ, ਗੁਰਸਿਖ ਮੇਰੀ ਛਾਤੀ ਬਹਾਈਆ । ਵੇਖੋ ਸਿਖੋ ਆਇਆ ਬਣ ਕੇ ਸਾਲਸ, ਪ੍ਰਭ ਮੇਰਾ ਸੱਚਾ ਮਾਹੀਆ । ਏਥੇ ਕਿਸੇ ਦੀ ਚਲੇ ਨਾ ਕੋਇ ਸਫ਼ਾਰਸ਼, ਜੋ ਸਿਰ ਨਿਵਾਵੇ ਸੋ ਪਾਰ ਲੰਘ ਲੰਘ ਜਾਈਆ । ਇਸ ਦੀ ਲਿਖੀ ਕੋਈ ਨਾ ਮੇਟੇ ਇਬਾਰਤ, ਕਲਮ ਸ਼ਾਹੀ ਨਾ ਕੋਇ ਵਡਿਆਈਆ । ਆਪਣਾ ਆਪ ਕਰੇ ਤੁਆਰਫ਼, ਦੂਜਾ ਸਮਝ ਕੋਇ ਨਾ ਪਾਈਆ । ਜਿਸ ਭਾਗ ਲਗਾਇਆ ਭਾਰਤ, ਸੋ ਨੌ ਖੰਡ ਕਰੇ ਰੁਸ਼ਨਾਈਆ । ਇਸ ਦੀ ਕੋਈ ਨਾ ਕਰੇ ਆੜ੍ਹਤ, ਨਾਮ ਸੌਦੇ ਹੱਟ ਨਾ ਕੋਇ ਤੁਲਾਈਆ । ਮੈਂ ਖ਼ੁਸ਼ੀ ਹੋਈ ਨਿਮਾਣੀ ਮੇਰੀ ਮੰਨੀ ਜੁਗ ਜਨਮ ਦੀ ਢਾਰਸ, ਸ਼ਰਧਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਲੱਜਿਆ ਲਈ ਰਖਾਈਆ । ਧਰਨੀ ਤੇਰੀ ਲੱਜਿਆ ਨਹੀਂ ਲੱਜਿਆ ਭਗਤ, ਭਗਤ ਭਗਵਾਨ ਵਡਿਆਈਆ । ਤੂੰ ਕਿਸੇ ਕੰਮ ਨਾ ਆਵੇਂ ਬਿਨ ਮੇਰੇ ਭਗਤ, ਬਿਨ ਭਗਤਾਂ ਭਗਵਾਨ ਤੇਰੇ ਉਤੇ ਕਦੀ ਨਾ ਆਈਆ । ਜੇ ਤੂੰ ਸਮਝੇਂ ਕੰਮ ਮੇਰਾ ਫ਼ਕਤ, ਸ੍ਰੀ ਭਗਵਾਨ ਇਕੋ ਹੁਕਮ ਨਾਲ ਸਮਝਾਈਆ । ਬਿਨਾਂ ਗੁਰਮੁਖਾਂ ਗੁਰਸਿਖਾਂ ਧਰਨੀ ਤੇਰੀ ਕੋਈ ਨਾ ਹੋਵੇ ਬਰਕਤ, ਤੇਰੀ ਗੋਦ ਨਾ ਕੋਇ ਸੁਹਾਈਆ । ਕਲਜੁਗ ਕੂੜੀ ਦੁਨੀਆ ਕਰਦੇ ਐਸ਼ੋ ਇਸ਼ਰਤ, ਵੇਸਵਾ ਰੂਪ ਵਟਾਈਆ । ਜਿਨ੍ਹਾਂ ਆਪਣੀ ਮੇਟੀ ਫ਼ਿਤਰਤ, ਤੇਰਾ ਫ਼ਾਤਿਹਾ ਰਹੇ ਪੜ੍ਹਾਈਆ । ਤੂੰ ਵੇਖ ਚੋਟੀ ਚੜ੍ਹ ਕੇ ਸਿਖਰ, ਕਲਜੁਗ ਚਾਰੋਂ ਕੁੰਟ ਰਿਹਾ ਆਪਣਾ ਪੱਲੂ ਫੈਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਕਰਦੇ ਗਏ ਜ਼ਿਕਰ, ਰਸਨਾ ਜਿਹਵਾ ਢੋਲਾ ਗਾਈਆ । ਸੋ ਪੁਰਖ ਅਕਾਲ ਨਾਨਕ ਸ਼ਬਦ ਦਾ ਗਾਇਆ ਆਪਣੀ ਧਾਰੋਂ ਆਇਆ ਉਤਰ, ਉਤਰ ਪੂਰਬ ਦੱਖਣ ਪੱਛਮ ਸਮਝ ਕੋਇ ਨਾ ਆਈਆ । ਨਾਲ ਲੈ ਕੇ ਆਇਆ ਗੋਬਿੰਦ ਪੁੱਤਰ, ਸ਼ਬਦੀ ਰੂਪ ਅਨੂਪ ਵਟਾਈਆ । ਗੋਬਿੰਦ ਪੁਰਖ ਅਕਾਲ ਦੋਹਾਂ ਕੋਲੋਂ ਕੋਈ ਨਾ ਜਾਵੇ ਮੁੱਕਰ, ਖੰਡਾ ਨਾਲ ਰਿਹਾ ਚਮਕਾਈਆ । ਕਲਜੁਗ ਵਿਚ ਕੋਈ ਰਹਿਣ ਨਾ ਦੇਵੇ ਬੁੱਚੜ, ਜੋ ਜੀਵ ਹੱਤਿਆ ਰਹੇ ਕਮਾਈਆ । ਗ਼ਰੀਬ ਨਿਮਾਣਿਆਂ ਅੱਗੇ ਕੋਈ ਨਾ ਜਾਵੇ ਨੁੱਚੜ, ਸ਼ਾਹ ਸੁਲਤਾਨਾਂ ਖ਼ਾਕ ਮਿਲਾਈਆ । ਕੋੜ੍ਹਿਆਂ ਕਮਲਿਆਂ ਨਿਤਾਣਿਆਂ ਨਿਮਾਣਿਆਂ ਚੁੱਕੇ ਕੁੱਛੜ, ਫੜ ਬਾਂਹੋਂ ਗਲੇ ਲਗਾਈਆ । ਕੋਈ ਦਿਸੇ ਚਾਰ ਕੁੰਟ ਨਾ ਭਿਟੜ, ਆਤਮ ਬ੍ਰਹਮ ਸਰਬ ਸਮਝਾਈਆ । ਗਲ ਲਾਵੇ ਭਰੀਆਂ ਚਿਕੜ, ਦੁਰਮਤ ਮੈਲ ਧੋ ਵਖਾਈਆ । ਜਨ ਭਗਤੋ ਗੁਰਮੁਖੋ ਪ੍ਰਭ ਨੂੰ ਤੁਹਾਡਾ ਫ਼ਿਕਰ, ਗੂੜ੍ਹੀ ਨੀਂਦ ਡੇਰੇ ਲਾਈਆ । ਸੂਰਬੀਰ ਜੋਧਾ ਬਲਵਾਨ ਸਦੀ ਬੀਸਵੀਂ ਧਰਮ ਮੁਕਾਮੇ ਆਵੇ ਨਿਤਰ, ਪੜਦਾ ਓਹਲਾ ਦਏ ਉਠਾਈਆ । ਜਿਸ ਦਾ ਕਿਸੇ ਨਾ ਚਿਤਰਿਆ ਚਿਤਰ, ਸੋ ਚਿਤਰਕਾਰ ਸਭ ਦਾ ਲੇਖਾ ਦਏ ਵਖਾਈਆ ।

ਲੱਖ ਚੁਰਾਸੀ ਜੀਵ ਜੰਤ ਸਾਰੇ ਵੇਂਹਦੇ ਰਹਿ ਜਾਣ ਬਿਟਰ ਬਿਟਰ, ਕਲਜੁਗ ਨੈਣ ਅੱਖ ਵੇਲੇ ਅੰਤ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨ ਤੇਰਾ ਧਾਮ ਵਡਿਆਈਆ । ਚਾਰ ਵਰਨ ਤੇਰਾ ਵੱਜਣਾ ਡੰਕਾ, ਪ੍ਰਭ ਸਾਚਾ ਆਪ ਵਜਾਈਆ । ਚਾਰ ਵਰਨ ਤੇਰਾ ਮੁੱਕਣਾ ਸ਼ੰਕਾ, ਸੰਸਾ ਰਹੇ ਨਾ ਰਾਈਆ । ਚਾਰ ਵਰਨ ਤੇਰਾ ਇਕੋ ਪੱਤਣਾ, ਗਊ ਗ਼ਰੀਬ ਊਚ ਨੀਚ ਸੋਭਾ ਪਾਈਆ । ਚਾਰ ਵਰਨ ਤੇਰਾ ਇਕੋ ਕੰਤਾ, ਪੁਰਖ ਅਕਾਲ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਸੁਣਾਈਆ । ਸਚ ਸੁਨੇਹੜਾ ਸੁਣ ਲੈ ਜਗ, ਜਗ ਜੀਵਣ ਦਾਤਾ ਦਏ ਸੁਣਾਈਆ । ਕਰੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਸ੍ਰਿਸ਼ਟ ਸਬਾਈ ਲੱਗੀ ਬੁਝਾਵੇ ਅੱਗ, ਅੰਮ੍ਰਿਤ ਮੇਘ ਇਕ ਬਰਸਾਈਆ । ਜਨ ਭਗਤਾਂ ਬੰਨ੍ਹੇ ਭਗਤੀ ਤਗ, ਤੰਦ ਨਾਮ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੋਕਮਾਤ ਵੇਖ ਵਖਾਈਆ । ਚਾਰ ਵਰਨ ਜਾਣਾ ਜਾਗ, ਹਰਿ ਜਾਗਰਤ ਜੋਤ ਜਗਾਈਆ । ਸਤਿਜੁਗ ਸਾਚੇ ਲੱਗਣਾ ਭਾਗ, ਕਲਜੁਗ ਭੱਜਣਾ ਵਾਹੋ ਦਾਹੀਆ । ਸਤਿ ਧਰਮ ਦਾ ਦੀਪਕ ਜਗੇ ਚਿਰਾਗ਼, ਕੂੜੀ ਕਿਰਿਆ ਰਹਿਣ ਨਾ ਪਾਈਆ । ਚਾਰ ਵਰਨਾਂ ਬਣਨਾ ਸੱਜਣ ਸਾਕ, ਨਾਤਾ ਇਕੋ ਇਕ ਰਖਾਈਆ । ਨੌ ਖੰਡ ਪ੍ਰਿਥਮੀ ਦਿਸੇ ਇਕ ਜਮਾਤ, ਇਕੋ ਪੱਟੀ ਦਏ ਪੜ੍ਹਾਈਆ । ਸਰਬ ਜੀਆਂ ਦਾ ਇਕੋ ਏਕ ਪੁਰਖ ਅਬਿਨਾਸ਼, ਦੀਨ ਦਿਆਲ ਵੱਡੀ ਵਡਿਆਈਆ । ਆਤਮ ਪਰਮਾਤਮ ਸਭ ਨੇ ਗਾਉਣੀ ਗਾਥ, ਆਤਮ ਪਰਮਾਤਮ ਮੇਲਾ ਸਹਿਜ ਸੁਭਾਈਆ । ਕਲਜੁਗ ਅੰਤਮ ਮੇਟੇ ਅੰਧੇਰੀ ਰਾਤ, ਧੁਰ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਵਰਨ ਰਿਹਾ ਸਮਝਾਈਆ । ਚਾਰ ਵਰਨ ਤੇਰਾ ਨਾਤਾ, ਦੋ ਜਹਾਨਾਂ ਵਾਲੀ ਆਪ ਬੰਧਾਇੰਦਾ । ਖ਼ੁਸ਼ੀ ਮਨਾਏ ਧਰਤੀ ਮਾਤਾ, ਜਿਸ ਉਪਰ ਬਹਿ ਕੇ ਹੁਕਮ ਸੁਣਾਇੰਦਾ । ਗੁਰ ਅਵਤਾਰ ਕਹਿਣ ਸ਼ਾਹ ਪਾਤਸ਼ਾਹ, ਪੀਰ ਪੈਗ਼ੰਬਰ ਸਿਫ਼ਤ ਸਾਲਾਹਿੰਦਾ । ਭਗਤ ਭਗਵਾਨ ਅੱਗੇ ਕਰਨ ਅਰਦਾਸਾ, ਨਿਉਂ ਨਿਉਂ ਸੀਸ ਝੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਧਰਨੀ ਤੇਰਾ ਪੂਰਾ ਕਰੇ ਵਰ, ਕੀਤਾ ਕੌਲ ਪੂਰਾ ਆਪ ਕਰਾਇੰਦਾ । ਤੇਰਾ ਕੌਲ ਪੂਰਾ ਕਰਨ ਆਇਆ, ਹਰਿ ਸਤਿਗੁਰ ਫੇਰਾ ਪਾਈਆ । ਹਰਿ ਸੰਗਤ ਸਾਚਾ ਜੋੜ ਜੁੜਾਇਆ, ਵੱਜੀ ਨਾਮ ਵਧਾਈਆ । ਮਾਣ ਤਾਣ ਇਕ ਰਖਾਇਆ, ਚਾਰ ਵਰਨ ਸਰਨਾਈਆ । ਸਚ ਨਿਸ਼ਾਨ ਜਿਸ ਧਾਮ ਝੁਲਾਇਆ, ਸੋ ਭੂਮਿਕਾ ਸੋਭਾ ਪਾਈਆ । ਸਤਿਜੁਗ ਸਾਚੇ ਮਿਲੇ ਵਡਿਆਇਆ, ਵੱਢੀ ਖ਼ੋਰ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲਹਿਣਾ ਦੇਣਾ ਦੇਵੇ ਵਰ, ਵਰ ਦਾਤਾ ਵੇਸ ਵਟਾਇਆ । ਲਹਿਣਾ ਦੇਣਾ ਵਰ ਹੋਇਆ ਪੂਰਾ, ਮੁੱਕੀ ਜਗਤ ਜੁਦਾਈਆ । ਪਾਇਆ ਦਰਸ ਪ੍ਰਭ ਹਾਜ਼ਰ ਹਜ਼ੂਰਾ, ਘਰ ਮਿਲਿਆ ਬੇਪਰਵਾਹੀਆ । ਬਲ ਵੇਖੇ ਦੂਰ ਦੁਰਾਡਾ ਸਚਖੰਡ ਕੀ ਪ੍ਰਭ ਬਚਨ ਕੀਤਾ ਪੂਰਾ, ਜੋ ਮੇਰੇ ਨਾਲ ਕੌਲ ਗਿਆ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਬਲ ਕਹੇ ਵਾਹਵਾ ਮੇਰੇ ਭਗਵਾਨ, ਵੱਡੀ ਤੇਰੀ ਵਡਿਆਈਆ । ਤੂੰ ਭੂਮੀ ਲਈ ਮੈਥੋਂ ਦਾਨ, ਆਪਣੀ ਝੋਲੀ ਪਾਈਆ । ਉਹ ਭੂਮੀ ਮੰਗੇ ਤੈਥੋਂ ਦਾਨ, ਆਪਣੀ ਮੰਗ ਮੰਗਾਈਆ । ਮੈਂ

ਵੇਖਾਂ ਮਾਰ ਧਿਆਨ, ਨੇਤਰ ਨੈਣ ਉਠਾਈਆ । ਪ੍ਰਭ ਤੂੰ ਪੂਰਾ ਬਚਨ ਕੀਤਾ ਆਣ, ਅਭੁੱਲ ਭੁੱਲ ਕਦੇ ਨਾ ਜਾਈਆ । ਕਿਰਪਾ ਕਰ ਕੇ ਮੈਨੂੰ ਦਰਗਹਿ ਦਿਤਾ ਮਾਣ, ਸਿੰਘ ਗੁਰਦਿਆਲ ਮਿਲੀ ਵਡਿਆਈਆ । ਪੰਦਰਾਂ ਕੱਤਕ ਅਸੀਂ ਸਾਰੇ ਰਲ ਕੇ ਤੇਰੇ ਅੱਗੇ ਕਰਨਾ ਇਕ ਸਵਾਲ, ਚਾਰ ਜੁਗ ਜੋ ਬੈਠੇ ਝੋਲੀ ਪਾਈਆ । ਤੂੰ ਸਾਨੂੰ ਖ਼ੁਸ਼ੀਆਂ ਨਾਲ ਦੇਵੀਂ ਜਵਾਬ, ਅਸੀਂ ਮੰਗਣਾ ਚਾਈਂ ਚਾਈਂਆ । ਜਿਸ ਵਸਤ ਦਾ ਲੈਂਦੇ ਰਹੇ ਖ਼ਵਾਬ, ਨਿਤ ਨਵਿਤ ਧਿਆਨ ਲਗਾਈਆ । ਕੀ ਉਸ ਦਾ ਲੇਖਾ ਦੇਵੇਂ ਹਿਸਾਬ, ਪਿਛਲਾ ਖਾਤਾ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਲ ਸਚ ਦਏ ਜਣਾਈਆ । ਪੰਜੇ ਮਿਲ ਕੇ ਕਰੋ ਬੇਨੰਤੀ, ਸਚਖੰਡ ਨਿਵਾਸੀ ਆਪ ਜਣਾਈਆ । ਵੇਖੇ ਆਪਣੀ ਵੀਹਵੀਂ ਸੰਮਤੀ, ਸੰਮਤ ਗਿਆ ਵਕਤ ਲੰਘਾਈਆ । ਅੱਗੇ ਬਣੇ ਅਗੰਮੀ ਬਣਤੀ, ਬਨਾਵਟ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦੀ ਆਸਾ ਪੂਰ ਕਰਾਈਆ । ਸਭ ਦੀ ਆਸਾ ਪੂਰ ਕਰਾਵਾਂਗਾ । ਨਿਰਾਸਾ ਰੂਪ ਨਾ ਕੋਇ ਵਖਾਵਾਂਗਾ । ਪੁਰਖ ਅਬਿਨਾਸ਼ਾ ਧਾਰ ਚਲਾਵਾਂਗਾ । ਰਾਖਾ ਬਣ ਕੇ ਨਿਰਗੁਣ ਹੋ ਕੇ ਮਾਤ ਆਵਾਂਗਾ । ਸਾਕਾ ਧੁਰ ਦਾ ਫੋਲ ਫੋਲਾਵਾਂਗਾ । ਦਾਤਾ ਦੇਵਣਹਾਰ ਆਪ ਅਖਵਾਵਾਂਗਾ । ਖ਼ਾਲੀ ਕੋਈ ਨਾ ਦਰ ਤੋਂ ਮੁੜਦਾ, ਜਿਸ ਨੂੰ ਆਪਣੇ ਦਰ ਬੁਲਾਵਾਂਗਾ । ਸਚ ਪ੍ਰੀਤੀ ਨਾਲ ਜੁੜਦਾ, ਜਿਸ ਨੂੰ ਆਪਣੀ ਰੀਤ ਜਣਾਵਾਂਗਾ । ਸਤਿਗੁਰ ਦਰਸ਼ਨ ਸੌਦਾ ਨਹੀਂ ਥੁੜ ਦਾ, ਥੋੜੀਉਂ ਬਹੁਤੀ ਕਰ ਵਖਾਵਾਂਗਾ । ਇਹ ਰਸ ਮਿੱਠਾ ਨਹੀਂ ਕੌੜ ਦਾ, ਅੰਮ੍ਰਿਤ ਰਸ ਚੁਆਵਾਂਗਾ । ਸਤਿਗੁਰ ਬੰਦਾ ਨਹੀਂ ਫਿਰਦਾ ਤੁਰਦਾ, ਨਿਰਗੁਣ ਨੂਰ ਚਮਕਾਵਾਂਗਾ । ਕਿਸੇ ਕੁੱਖੋਂ ਕਦੇ ਪ੍ਰਭੂ ਨਹੀਂ ਜੰਮਦਾ, ਹਰਖ਼ ਸੋਗ ਨਾ ਕੋਇ ਰਖਾਵਾਂਗਾ । ਆਪਣੀ ਕਰਨੀਉਂ ਕਦੇ ਨਾ ਮੁੜਦਾ, ਕਰਨੀ ਕਰਤਾ ਕਾਰ ਕਮਾਵਾਂਗਾ । ਕਲਜੁਗ ਵੇਖੋ ਬੇੜਾ ਰੁੱੜ੍ਹਦਾ, ਜਨ ਭਗਤਾਂ ਪਾਰ ਲੰਘਾਵਾਂਗਾ । ਕੂੜੀ ਕਿਰਿਆ ਵੇਖੋ ਹੁੰਦੀ ਮੁਰਦਾ, ਸਚ ਸੁਚ ਆਪ ਪਰਗਟਾਵਾਂਗਾ । ਬਚਨ ਪੂਰਾ ਹੋਵੇ ਗੋਬਿੰਦ ਗੁਰ ਕਾ, ਹਰਿ ਕਾ ਨਾਮ ਇਕ ਸਾਲਾਵਾਂਗਾ । ਲੱਖ ਚੁਰਾਸੀ ਫੁਰਨਾ ਇਕੋ ਫੁਰਦਾ, ਆਤਮ ਪਰਮਾਤਮ ਬੋਲ ਪੜ੍ਹਾਵਾਂਗਾ । ਲੇਖਾ ਜਾਣਾ ਅਗੰਮੀ ਧੁਰ ਦਾ, ਧੁਰ ਮਸਤਕ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮੇਲ ਇਕ ਮਿਲਾਵਾਂਗਾ । ਅਚਰਜ ਖੇਲ ਵਖਾਵਾਂਗਾ । ਸੱਜਣ ਸੁਹੇਲ ਬਣ ਕੇ ਆਵਾਂਗਾ । ਧਾਮ ਨਵੇਲ ਡੇਰਾ ਲਾਵਾਂਗਾ । ਗੁਰ ਚੇਲ ਪੰਧ ਮੁਕਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸੋਭਾ ਪਾਵਾਂਗਾ । ਪ੍ਰਭੂ ਸਾਚਾ ਕਵਣ ਘਰ ਸੁਹਾਏਂਗਾ । ਜਿਸ ਵੇਲੇ ਮਾਤ ਆਏਂਗਾ । ਨਿਰਗੁਣ ਰੂਪ ਵਟਾਏਂਗਾ । ਹਾਜ਼ਰ ਹਜ਼ੂਰ ਨਜ਼ਰੀ ਆਏਂਗਾ । ਮਨਸੂਰ ਵਾਂਗ ਫੇਰ ਨਾ ਸੂਲੀ ਚੜ੍ਹਾਏਂਗਾ । ਸ਼ਮਸ ਤਬਰੇਜ਼ ਵਾਂਗ ਨਾ ਖੱਲ ਲੁਹਾਏਂਗਾ । ਕਬੀਰ ਵਾਂਗ ਨਾ ਜਲ ਰੁੜ੍ਹਾਏਂਗਾ । ਪ੍ਰਹਿਲਾਦ ਵਾਂਗ ਨਾ ਥੰਮ ਤਪਾਏਂਗਾ । ਧਰੂ ਵਾਂਗ ਨਾ ਜੰਗਲ ਘਲਾਏਂਗਾ । ਕੀ ਕਰ ਕਿਰਪਾ, ਆਪਣੀ ਮਿਹਰ ਨਜ਼ਰ ਨਾਲ ਤਰਾਏਂਗਾ । ਕੀ ਫੇਰ ਵੀ ਪਾਏਂਗਾ ਬਿਪਤਾ, ਕਲਜੁਗ ਅੰਤ ਅੰਤ ਰੁਲਾਏਂਗਾ । ਸਾਨੂੰ ਪੂਰਾ ਕਰਾ ਨਿਸਚਾ, ਦਰ ਤੇਰਾ ਇਕੋ ਨਜ਼ਰੀ ਆਏਗਾ । ਜੇ ਤੇਰੇ ਹੋ ਕੇ ਜੂਨੀ ਪਈਏ ਕੀਟ ਵਿਸ਼ਟਾ, ਪ੍ਰਭ ਤੇਰਾ ਨਾਮ ਨਾ ਕੋਇ ਧਿਆਏਗਾ । ਸਾਨੂੰ ਨਹੀਂ ਲੋੜ ਸਵਰਗ ਬਹਿਸ਼ਤਾ, ਬਹਿਸ਼ਤ ਸਵਰਗ ਤੇਰਾ ਭਗਤ ਕਦੀ ਨਾ ਜਾਏਗਾ । ਜਿਨ੍ਹ ਰੱਖਿਆ ਤੇਰਾ


੭੮੮
੧੫

ਇਸ਼ਟਾ, ਸੋ ਅੰਤ ਤੇਰੀ ਜੋਤ ਮਿਲ ਜਾਏਗਾ । ਇਕੀ ਅੱਸੂ ਦਾ ਸੱਚਾ ਪਰਵਿਸ਼ਟਾ, ਪਤਿਪਰਮੇਸ਼ਵਰ ਸਭ ਉਤੇ ਦਇਆ ਕਮਾਏਗਾ । ਇਹ ਧੁਰ ਦੀ ਕਰਾਏ ਲਿਖਤਾ, ਗੁਰਮੁਖ ਲੇਖਕ ਕਲਜੁਗ ਅੰਤ ਵਖਾਏਗਾ । ਬਾਣੀ ਬੋਧ ਦਾ ਬਣ ਕੇ ਬਕਤਾ, ਬਖ਼ਤਾਵਰ ਆਪਣਾ ਹੁਕਮ ਮਨਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਨਸਾ ਸਭ ਦੀ ਪੂਰ ਵਖਾਏਗਾ । ਧਰਨੀ ਕਹੇ ਮੇਰੀ ਆਸਾ ਪੂਰੀ, ਨਵ ਨੌ ਚਾਰ ਵੱਜੀ ਵਧਾਈਆ । ਮੈਂ ਦੋਏ ਜੋੜ ਖੜੀ ਹਜ਼ੂਰੀ, ਹਰਿ ਦਰਸ਼ਨ ਇਕੋ ਪਾਈਆ । ਪ੍ਰਭ ਮੇਰੀ ਕੱਟ ਦਿਤੀ ਮਜ਼ਬੂਰੀ, ਮੁਸ਼ਕਲ ਕੋਈ ਰਹਿਣ ਨਾ ਪਾਈਆ । ਮੇਰੇ ਉਤੇ ਸੰਗਤ ਬਹਿ ਕੇ ਮੈਨੂੰ ਦਿਤੀ ਧੂੜੀ, ਮੇਰੀ ਖ਼ਾਕ ਖ਼ਾਕ ਲੇਖੇ ਲਾਈਆ । ਨਾ ਮਾਣ ਰਿਹਾ ਮਗ਼ਰੂਰੀ, ਅਭਿਮਾਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਪਾਈਆ । ਮੇਰਾ ਲੇਖਾ ਲੇਖੇ ਲਹਿਣਾ ਪਾ, ਮੇਰੇ ਮਿਹਰਵਾਨ ਮਿਹਰਵਾਨਾ । ਮੈਂ ਦਰ ਨਿਮਾਣੀ ਬੈਠੀ ਸੀਸ ਝੁਕਾ, ਮੇਰੇ ਸੂਰਬੀਰ ਮਰਦ ਮਰਦਾਨਾ । ਮੇਰੀ ਦੇਣੀ ਤਕਦੀਰ ਮਿਟਾ, ਮੇਰੇ ਕਾਤਬ ਕਲਮ ਮਾਰਨਹਾਰ ਨਿਸ਼ਾਨਾ । ਮੇਰਾ ਜ਼ੰਜੀਰ ਦੇਣਾ ਤੁੜਾ, ਲੇਖਾ ਚੁੱਕਾ ਸ਼ਰਅ ਛੁਰੀ ਈਮਾਨਾ । ਮੇਰਾ ਮੰਦਰ ਦੇਣਾ ਸੁਹਾ, ਚਾਰ ਵਰਨਾਂ ਮੇਲ ਮਿਲਾਨਾ । ਮੇਰਾ ਖੰਡਰ ਦੇਣਾ ਵਸਾ, ਗੁਰਮੁਖ ਸਾਚੇ ਨਾਲ ਰਲਾਨਾ । ਮੇਰਾ ਅੰਧੇਰਾ ਦੇਣਾ ਚੁਕਾ, ਨਿਰਗੁਣ ਨੂਰ ਜੋਤ ਪਰਕਾਸ਼ ਕਰ ਭਾਨਾ । ਮੈਨੂੰ ਮੇਰਾ ਤੇਰਾ ਭੁੱਲੇ ਨਾ ਨਾਂ, ਤੂੰ ਮੇਰਾ ਮੈਂ ਤੇਰਾ ਨਾਤਾ ਜੁੜਿਆ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆ ਕੇ ਦਿਤਾ ਵਰ, ਮੇਰੀ ਮਨਸਾ ਮਿਟਿਆ ਨਿਸ਼ਾਨਾ । ਮਨਸਾ ਪੂਰੀ ਕਰੀ ਧੌਲ, ਧਰਨੀ ਧਰਤ ਦਏ ਵਡਿਆਈਆ । ਨੂਰ ਇਲਾਹੀ ਏਕੋ ਅਵਲ, ਏਕੰਕਾਰ ਫੇਰਾ ਪਾਈਆ । ਪੂਰਾ ਕੀਤਾ ਕੌਲ ਕਵਲ, ਬੇਪਰਵਾਹ ਸਹਿਜ ਸੁਖਦਾਈਆ । ਜਨ ਭਗਤਾਂ ਅੰਦਰ ਜਾਏ ਮਵਲ, ਮੌਲਾ ਰੂਪ ਵਟਾਈਆ । ਪਾਰ ਕਰੇ ਭਵਜਲ, ਸ਼ੌਹ ਦਰਿਆ ਨਾ ਕੋਇ ਰੁੜ੍ਹਾਈਆ । ਪਾਵੇ ਸਾਰ ਜਲ ਥਲ, ਮਹੀਅਲ ਖੋਜ ਖੋਜਾਈਆ । ਘਰ ਵਖਾਏ ਅਬਚਲ, ਜਿਸ ਘਰ ਵਸੇ ਬੇਪਰਵਾਹੀਆ । ਗੁਰਮੁਖ ਵਡਿਆਈ ਤੇਰੀ ਬਲ, ਬਲ ਤੇਰਾ ਇਕੋ ਨਜ਼ਰੀ ਆਈਆ । ਇਕੀ ਅੱਸੂ ਸਭ ਦਾ ਸਵਾਲ ਹੋਇਆ ਹੱਲ, ਜਗਤ ਚੁਰਾਸੀ ਕੱਟੀ ਫਾਹੀਆ । ਪ੍ਰਭ ਮਿਲਣ ਦਾ ਇਕੋ ਫਲ, ਆਵਣ ਜਾਵਣ ਰਹਿਣ ਨਾ ਪਾਈਆ । ਰਲ ਮਿਲ ਢੋਲਾ ਗਾਓ ਸ੍ਰੀ ਭਗਵਨ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਦਾ ਦਾਨ, ਜੈ ਜੈ ਜੈਕਾਰ ਦੋ ਜਹਾਨ ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦਰ ਦੁਆਰ ਆ ਕੇ ਜਸ ਜਸ ਜਸ ਨਾਲ ਮਿਲ ਕੇ ਰਹੇ ਗਾਈਆ ।

### ✪ ੨੨ ਅੱਸੂ ੨੦੧੦ ਬਿਕ੍ਰਮੀ ਮੰਗਲ ਸਿੰਘ ਦੇ ਗ੍ਰਿਹਿ ਪੱਖੋਵਾਲ ਜ਼ਿਲਾ ਲੁਧਿਆਣਾ ✪

ਸਤਿਜੁਗ ਕਹੇ ਪ੍ਰਭ ਬਖ਼ਸ਼ ਦਾਤ, ਪੁਰਖ ਅਕਾਲ ਤੇਰੀ ਸਰਨਾਈਆ । ਸਚ ਪ੍ਰੀਤੀ ਦੇ ਨਾਤ, ਬਿਧਾਤੇ ਆਪਣੀ ਦਇਆ ਕਮਾਈਆ । ਚਾਰ ਵਰਨ ਬਣਾ ਸੱਜਣ ਸਾਕ, ਸਾਚਾ ਸੰਗ ਰਖਾਈਆ । ਘਟ ਅੰਧੇਰਾ ਖੋਲ੍ਹ ਤਾਕ, ਮਿਹਰ ਨਜ਼ਰ ਉਠਾਈਆ । ਪੂਰਾ ਕਰ ਭਵਿਖਤ ਵਾਕ,

ਭੇਵ ਅਭੇਦ ਜਣਾਈਆ । ਕਲਜੁਗ ਅੰਤਮ ਮੁੱਕੇ ਵਾਟ, ਮਾਰਗ ਸਾਚਾ ਇਕ ਸਮਝਾਈਆ । ਸਚ ਪ੍ਰੀਤੀ ਜੁੜੇ ਸਾਕ, ਸੱਜਣ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦਰ ਤੇਰੇ ਅਲੱਖ ਜਗਾਈਆ । ਸਾਚਾ ਨਾਤਾ ਜੋੜ ਪ੍ਰਭ, ਹਰਿ ਜੂ ਤੇਰੇ ਹੱਥ ਵਡਿਆਈਆ । ਚਾਰ ਵਰਨ ਮੇਲ ਝੱਬ, ਝਗੜਾ ਜਗਤ ਦਵੈਤ ਮਿਟਾਈਆ । ਅੰਮ੍ਰਿਤ ਝਿਰਨਾ ਦੇ ਨਭ, ਰਸ ਇਕੋ ਇਕ ਵਖਾਈਆ । ਜਗਤ ਬੰਧਨ ਤੁੱਟੇ ਹੱਦ, ਘਰ ਤੇਰਾ ਨਜ਼ਰੀ ਆਈਆ । ਆਤਮ ਪਰਮਾਤਮ ਕਾਇਆ ਮੰਦਰ ਅੰਦਰ ਗਾਏ ਛੰਦ, ਅਨਹਦ ਰਾਗੀ ਰਾਗ ਅਲਾਈਆ । ਸੁਰਤੀ ਸ਼ਬਦੀ ਮਿਲ ਕੇ ਮਿਲੇ ਸੱਚਾ ਅਨੰਦ, ਰਸ ਇਕੋ ਝੋਲੀ ਪਾਈਆ । ਕਰਵਟ ਲੈ ਸੁਆਮੀ ਬਦਲ ਆਪਣੀ ਕੰਡ, ਬੇਨਜ਼ੀਰ ਨਜ਼ਰ ਨੈਣ ਉਠਾਈਆ । ਜੁਗ ਚੌਕੜੀ ਗਈ ਹੰਢ, ਤੇਰਾ ਵੇਲਾ ਗਿਆ ਆਈਆ । ਫਿਰੀ ਦਰੋਹੀ ਨੌ ਖੰਡ, ਨਵ ਨੌ ਚਾਰ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਦਰ ਤੇਰੇ ਸੀਸ ਝੁਕਾਈਆ । ਸਤਿਜੁਗ ਕਹੇ ਪ੍ਰਭ ਦੀਨ ਦਿਆਲ, ਪਤਿਪਰਮੇਸ਼ਵਰ ਤੇਰੀ ਸਰਨਾਈਆ । ਕਰ ਕਿਰਪਾ ਮੰਨ ਮੇਰਾ ਸਵਾਲ, ਖ਼ਾਲੀ ਝੋਲੀ ਰਿਹਾ ਵਖਾਈਆ । ਆਦਿ ਜੁਗਾਦਿ ਜੁਗ ਚੌਕੜੀ ਤੇਰੀ ਸਚ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਜਿਸ ਘਰ ਮੰਗਣ ਸ਼ਾਹ ਕੰਗਾਲ, ਰਾਜ ਰਾਜਾਨ ਧਿਆਨ ਲਗਾਈਆ । ਸੋ ਦਰ ਵੇਖ ਸ੍ਰੀ ਭਗਵਾਨ, ਨਿਰਗੁਣ ਨਿਰਵੈਰ ਫੇਰਾ ਪਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਨਿਤ ਤੇਰਾ ਰਾਹ ਤਕਾਨ, ਨਿਜ ਨੇਤਰ ਨੈਣ ਉਠਾਈਆ । ਤੂੰ ਵੇਖ ਪ੍ਰਭ ਜੂ ਆਣ, ਮਿਹਰਵਾਨ ਦਇਆ ਕਮਾਈਆ । ਸਾਚਾ ਦੇ ਇਕ ਗਿਆਨ, ਆਤਮ ਅੰਤਰ ਬੂਝ ਬੁਝਾਈਆ । ਕੂੜਾ ਲਹਿਣਾ ਚੁੱਕੇ ਜਗਤ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੇਰੀ ਸਾਚੀ ਧਾਰ ਬੰਧਾਈਆ । ਸਤਿਜੁਗ ਕਹੇ ਮੇਰੀ ਧਾਰ ਬੰਨ੍ਹ, ਪ੍ਰਭ ਵੱਡੇ ਤੇਰੀ ਵਡ ਵਡਿਆਈਆ । ਸਾਚਾ ਰਾਗ ਸੁਣਾ ਕੰਨ, ਧੁਰ ਦੀ ਬਾਣੀ ਬੋਧ ਅਗਾਧ ਸਮਝਾਈਆ । ਕਰ ਪਰਕਾਸ਼ ਅੰਧੇਰੇ ਅੰਨ੍ਹ, ਨਿਜ ਨੇਤਰ ਦੇ ਖੁਲ੍ਹਾਈਆ । ਆਪ ਬਣਾ ਆਪਣੇ ਜਨ, ਸਿਰ ਸਮਰਥ ਹੱਥ ਟਿਕਾਈਆ । ਤੇਰੇ ਅੱਗੇ ਮਨ ਤਨ, ਤਨ ਮਨ ਤੇਰਾ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਮੇਰੀ ਆਸਾ ਪੂਰ ਕਰਾਈਆ । ਸਤਿਜੁਗ ਕਹੇ ਮੈਂ ਤੇਰਾ ਬੱਚਾ, ਪ੍ਰਭ ਮਿਲੇ ਚਰਨ ਸਰਨਾਈਆ । ਇਕੋ ਬਚਨ ਕਰਨਾ ਸੱਚਾ, ਸਾਚੀ ਸਿਖਿਆ ਦੇ ਦ੍ਰਿੜਾਈਆ । ਹਰਿ ਭਗਤ ਤੇਰਾ ਕੋਈ ਨਾ ਰਹੇ ਕੱਚਾ, ਜਿਸ ਮਿਲਿਆ ਬੇਪਰਵਾਹੀਆ । ਜਗਤ ਜ਼ੰਜੀਰੀ ਲਾਹ ਰੱਸਾ, ਸ਼ਰਅ ਸ਼ਰੀਅਤੀ ਡੇਰਾ ਢਾਹੀਆ । ਤੇਰਾ ਕਿਲਾ ਕੋਟ ਇਕੋ ਸੱਸਾ, ਹੋੜਾ ਨਿਰਗੁਣ ਸਰਗੁਣ ਰੂਪ ਵਟਾਈਆ । ਹਾਹਾ ਕਹੇ ਤੈਨੂੰ ਹੱਛਾ, ਟਿੱਪੀ ਹੰ ਬ੍ਰਹਮ ਸਮਝਾਈਆ । ਦੋਹਾਂ ਮਿਲ ਕੇ ਆਤਮ ਪਰਮਾਤਮ ਨਾਤਾ ਜੁੜੇ ਸਕਾ, ਸਾਚਾ ਬੰਧਨ ਇਕੋ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਚੀ ਸਿਖਿਆ ਇਕ ਵਖਾਈਆ । ਸਾਚੀ ਸਿਖਿਆ ਦੇ ਗਿਆਨ, ਚਾਰ ਵਰਨ ਮਿਲੇ ਵਡਿਆਈਆ । ਸਾਚਾ ਮੰਦਰ ਵਖਾ ਮਕਾਨ, ਦਰ ਘਰ ਸਾਚੇ ਖ਼ੁਸ਼ੀ ਵਖਾਈਆ । ਸਾਚਾ ਨਾਦ ਸ਼ਬਦ ਵੱਜੇ ਧੁਨਕਾਨ, ਧੁਨ ਅਨਾਦੀ ਰਾਗ ਅਲਾਈਆ । ਸਾਚਾ ਪੂਜਾ ਪਾਠ ਦੇ ਈਮਾਨ, ਸਿਮਰਨ ਸੱਚਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਚਾ ਮਾਰਗ ਜਗਤ ਜਣਾਈਆ ।

੭੯੦
੧੫

ਸਾਚਾ ਮਾਰਗ ਦੱਸ ਪ੍ਰਭ ਆਪ, ਆਪਣੀ ਦਇਆ ਕਮਾਈਆ । ਨਿਤ ਨਵਿਤ ਰਹੇ ਤੇਰਾ ਸਾਥ, ਸਗਲਾ ਸੰਗ ਨਿਭਾਈਆ । ਮਿਟੇ ਰੈਣ ਅੰਧੇਰੀ ਰਾਤ, ਸਾਚਾ ਚੰਦ ਇਕ ਚਮਕਾਈਆ । ਤੂੰ ਮੇਰਾ ਮੈਂ ਤੇਰੀ ਜ਼ਾਤ, ਨਿਰਗੁਣ ਨਿਰਗੁਣ ਅੰਸ ਬੰਸ ਸਰਬੰਸ ਰੂਪ ਵਟਾਈਆ । ਮੇਲ ਮਿਲਾ ਕਮਲਾਪਾਤ, ਨਾਤਾ ਸਾਚਾ ਸੰਗ ਨਿਭਾਈਆ । ਸਤਿਜੁਗ ਸਾਚੀ ਦੇ ਦਾਤ, ਦਾਤਾਰ ਤੇਰੀ ਵਡਿਆਈਆ । ਚਾਰ ਵਰਨ ਬਣੇ ਇਕ ਜਮਾਤ, ਚਾਰੋਂ ਕੁੰਟ ਖ਼ੁਸ਼ੀ ਵਖਾਈਆ । ਸ੍ਰਿਸ਼ਟ ਸਬਾਈ ਨਾਰੀ ਪੁਰਸ਼ ਬੰਨ੍ਹ ਨਾਤ, ਨਾਤਾ ਤਨ ਨਾਲ ਮਿਲਾਈਆ । ਅੰਦਰ ਖੋਲ੍ਹ ਬੰਦ ਤਾਕ, ਦੋਹਾਂ ਦੇਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਸਤਿਜੁਗ ਤੇਰੀ ਧਾਰ ਚਲਾਵਾਂਗਾ । ਨਿਰਗੁਣ ਨਿਰਵੈਰ ਰੂਪ ਵਟਾਵਾਂਗਾ । ਚਾਰ ਵਰਨ ਗੰਢ ਪਵਾਵਾਂਗਾ । ਸਾਚਾ ਸੰਗ ਆਪ ਨਿਭਾਵਾਂਗਾ । ਨਾਮ ਮਰਦੰਗ ਸ਼ਬਦ ਸੁਣਾਵਾਂਗਾ । ਕਾਰਜ ਅਨੰਦ ਇਕ ਵਖਾਵਾਂਗਾ । ਸੁਰਤੀ ਸ਼ਬਦੀ ਬੇੜਾ ਬੰਨ, ਖੇਵਟ ਖੇਟਾ ਰੂਪ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਦੇਵਾਂ ਇਕੋ ਛੰਦ, ਸੋਹਲਾ ਸਾਚਾ ਰਾਗ ਅਲਾਵਾਂਗਾ । ਸੋਹੰ ਸਾਚਾ ਰਾਗ ਪ੍ਰਭ ਅਲਾਏਗਾ । ਮਹਾਰਾਜ ਆਪਣੀ ਦਇਆ ਕਮਾਏਗਾ । ਸ਼ੇਰ ਸਿੰਘ ਰੂਪ ਬਣ ਕੇ, ਦੋ ਜਹਾਨਾਂ ਭੈ ਵਖਾਏਗਾ । ਵਿਸ਼ਨੂੰ ਵਿਸ਼ਵ ਭੰਡਾਰ ਭਰ ਕੇ, ਦੋ ਜਹਾਨਾਂ ਆਪ ਵਰਤਾਏਗਾ । ਭਗਵਾਨ ਸਾਚੇ ਤਖ਼ਤ ਚੜ੍ਹ ਕੇ, ਜੈ ਜੈਕਾਰ ਸਰਬ ਕਰਾਏਗਾ । ਸਤਿਜੁਗ ਤੇਰਾ ਮਾਰਗ ਧਰਤ ਉਪਰ ਧਰ ਕੇ, ਧਰਨੀ ਧਵਲ ਆਪ ਸਮਝਾਏਗਾ । ਚਾਰ ਵਰਨ ਜਗਤ ਨਾਤਾ ਕਰਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੈ ਜੈ ਕਰ ਕੇ, ਸਚ ਵਿਹਾਰਾ ਇਕ ਵਖਾਈਆ । ਸਾਚਾ ਢੋਲਾ ਇਕੋ ਪੜ੍ਹ ਕੇ, ਦਰ ਤੇਰੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਰੀਤੀ ਆਪ ਚਲਾਏ ਬਿਨ ਮੰਦਰ ਮਸੀਤੀ, ਆਤਮ ਪਰਮਾਤਮ ਸਾਚੀ ਬੂਝ ਬੁਝਾਈਆ । ਆਤਮ ਪਰਮਾਤਮ ਦੱਸ ਕੇ ਪਤੀ, ਪਤਿਪਰਮੇਸ਼ਵਰ ਦਏ ਜਣਾਈਆ । ਸੁਰਤ ਸਵਾਣੀ ਜਣਾਏ ਨਾਰ ਸਤੀ, ਧੀਰਜ ਜਤ ਇਕ ਦ੍ਰਿੜਾਈਆ । ਦੋਹਾਂ ਖੇਲ ਕਰੇ ਪੁਰਖ ਸਮਰਥੀ, ਸਮਰਥ ਆਪਣੀ ਧਾਰ ਚਲਾਈਆ । ਨਾਮ ਗਾਨਾ ਬੰਨ੍ਹੇ ਹੱਥੀਂ, ਡੋਰੀ ਤੰਦ ਨਾ ਕੋਇ ਤੁੜਾਈਆ । ਪੀਆ ਪ੍ਰੇਮ ਮਿਲ ਕੇ ਖ਼ੁਸ਼ੀ ਵਖਾਏ ਸਖ਼ੀ, ਸਾਚਾ ਮੰਗਲ ਇਕੋ ਗਾਈਆ । ਦੋਹਾਂ ਵਾ ਲੱਗੇ ਕਦੇ ਨਾ ਤੱਤੀ, ਜੋ ਪੁਰਖ ਅਕਾਲ ਚਰਨ ਧਿਆਨ ਲਗਾਈਆ । ਆਦਿ ਜੁਗਾਦਿ ਗੁਰ ਅਵਤਾਰ ਪੀਰ ਪੈਗ਼ੰਬਰ ਸਾਚੀ ਦੇ ਕੇ ਗਏ ਮਤੀ, ਸ਼ਬਦ ਸੰਦੇਸੇ ਜਗਤ ਸੁਣਾਈਆ । ਘਰ ਵਿਚ ਘਰ ਮਿਲਾਓ ਅੱਖੀ, ਆਖ਼ਰ ਆਪਣਾ ਭੇਵ ਮਿਟਾਈਆ । ਦੌਲਤ ਧਨ ਦਾਜ ਸੱਚਾ ਲਓ ਨਾਮ ਹੱਟੀ, ਦੂਜੀ ਵਸਤ ਕੰਮ ਕੋਇ ਨਾ ਆਈਆ । ਪ੍ਰੇਮ ਪ੍ਰੀਤੀ ਅੰਦਰ ਖੱਟੋ ਖੱਟੀ, ਖਟਕਾ ਮੁੱਕੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਤੇਰਾ ਮਾਰਗ ਸ੍ਰੀ ਭਗਵਾਨ ਆਪ ਲਗਾਈਆ । ਤੇਰਾ ਮਾਰਗ ਲੱਗੇ ਜੱਗ, ਜਗ ਜੀਵਣ ਦਾਤਾ ਆਪ ਲਗਾਈਆ । ਸ੍ਰਿਸ਼ਟ ਸਬਾਈ ਇਕੋ ਬੰਨ੍ਹੇ ਤਗ, ਤੰਦਨ ਤੰਦ ਇਕ ਵਖਾਈਆ । ਚਾਰ ਵਰਨ ਇਕ ਸੁਣਾਏ ਛਦ, ਛੰਦ ਇਕੋ ਇਕ ਸਮਝਾਈਆ । ਚਾਰ ਕੁੰਟ ਇਕ ਵਖਾਏ ਹੱਦ, ਹਦੂਦ ਅਵਰ ਨਾ ਕੋਇ ਸਮਝਾਈਆ । ਮੇਲ ਮਿਲਾਏ ਜੋ ਪੂਰਬ ਜਨਮ ਕਰਮ ਹੋਏ ਅੱਡ, ਨਾਤਾ ਜਗਤ ਜੋੜ ਜੁੜਾਈਆ । ਲੇਖਾ ਜਾਣ ਰੱਤੀ ਰੱਤ, ਰੱਤੀ ਰੱਤ ਸੋਭਾ ਪਾਈਆ । ਸਤਿਜੁਗ ਤੇਰੀ ਬ੍ਰਹਮ ਮਤ, ਪਾਰਬ੍ਰਹਮ ਦਏ

ਸਮਝਾਈਆ । ਚਾਰ ਵਰਨ ਅਠਾਰਾਂ ਬਰਨ ਚਲੇ ਸੱਚਾ ਰਥ, ਰਥ ਰਥਵਾਹੀ ਆਪ ਆਪਣੀ ਸੇਵ ਕਮਾਈਆ । ਰਲ ਮਿਲ ਸਾਰੇ ਆਤਮ ਪਰਮਾਤਮ ਸੋਹੰ ਢੋਲਾ ਗਾਉਣਾ ਗਥ, ਗਾ ਗਾ ਸ਼ੁਕਰ ਮਨਾਈਆ । ਜਗਤ ਵਿਵਹਾਰ ਵਿਚ ਸੰਸਾਰ ਪੁਰਖ ਨਾਰ ਇਕੋ ਨਾਮ ਕਰੇ ਵਸ, ਵਾਸਤਾ ਪੁਰਖ ਅਕਾਲ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਲੋਕਮਾਤ ਮਾਰ ਝਾਤ ਸ਼ਬਦ ਅਗੰਮੀ ਦਏ ਦਾਤ, ਦਾਤਾ ਦਾਨੀ ਆਪ ਵਖਾਈਆ ।

✪ ੨੨ ਅੱਸੂ ੨੦੨੦ ਬਿਕ੍ਰਮੀ ਨਾਜ਼ਰ ਸਿੰਘ ਦੇ ਗ੍ਰਿਹ ਪੱਖੋਵਾਲ ਜ਼ਿਲਾ ਲੁਧਿਆਣਾ ✪

ਸਤਿ ਧਰਮ ਹੋਏ ਪਰਕਾਸ਼, ਸਚ ਸੁਚ ਦੇਵੇ ਪ੍ਰਭ ਵਡਿਆਈਆ । ਕੂੜਾ ਅੰਧ ਜਾਏ ਵਿਨਾਸ, ਅਬਿਨਾਸ਼ੀ ਕਰਤਾ ਡੇਰਾ ਢਾਹੀਆ । ਬ੍ਰਹਿਮੰਡ ਖੰਡ ਪੁਰੀ ਲੋਅ ਪਾਏ ਸਾਚੀ ਰਾਸ, ਨਿਰਗੁਣ ਗੋਪੀ ਕਾਹਨ ਉਪਾਈਆ । ਜਨ ਭਗਤਾਂ ਵਸੇ ਸਦਾ ਪਾਸ, ਨਿਰਾਕਾਰ ਨਿਰਵੈਰ ਆਪਣਾ ਸੰਗ ਰਖਾਈਆ । ਜਨਮ ਜਨਮ ਕਰਮ ਕਰਮ ਦੀ ਪੂਰੀ ਕਰੇ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਆਤਮ ਪਰਮਾਤਮ ਦੇਵੇ ਸਾਥ, ਘਰ ਸੱਜਣ ਸੰਗ ਨਿਭਾਈਆ । ਸਾਚੀ ਪੂਜਾ ਦੱਸੇ ਇਕੋ ਪਾਠ, ਮੰਤਰ ਅੰਤਰ ਇਕ ਜਣਾਈਆ । ਸਰੋਵਰ ਨੁਹਾਏ ਸਾਚੇ ਤਾਟ, ਘਾਟ ਇਕੋ ਇਕ ਚੜ੍ਹਾਈਆ । ਆਵਣ ਜਾਵਣ ਮੁਕਾਵੇ ਵਾਟ, ਲੱਖ ਚੁਰਾਸੀ ਪੰਧ ਮੁਕਾਈਆ । ਸਤਿਜੁਗ ਸਾਚੀ ਦੇਵੇ ਦਾਤ, ਵਸਤ ਅਮੋਲਕ ਆਪ ਵਰਤਾਈਆ । ਸੋਹੰ ਨਾਮ ਵਡ ਕਰਾਮਾਤ, ਕਰਮ ਕਾਂਡ ਡੇਰਾ ਢਾਹੀਆ । ਚਾਰ ਵਰਨ ਬਣਾਏ ਇਕ ਜਮਾਤ, ਇਕੋ ਨੂਰ ਜ਼ਹੂਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਲਗਾਈਆ । ਸਾਚਾ ਮਾਰਗ ਸਚ ਸੰਤੋਖ, ਸਤਿ ਸਤਿਵਾਦੀ ਆਪ ਲਗਾਈਆ । ਜਨ ਭਗਤਾਂ ਮੇਲੇ ਧੁਰ ਸੰਜੋਗ, ਘਰ ਮੇਲਾ ਸਹਿਜ ਸੁਭਾਈਆ । ਨਾਮ ਅਗੰਮੀ ਦੇਵੇ ਚੋਗ, ਸੋਹੰ ਹੰਸਾ ਮਾਣਕ ਮੋਤੀ ਰੂਪ ਵਟਾਈਆ । ਜਨਮ ਕਰਮ ਦਾ ਕਟੇ ਰੋਗ, ਦੁਰਮਤ ਮੈਲ ਧਵਾਈਆ । ਲੇਖ ਚੁਕਾਏ ਹਰਖ਼ ਸੋਗ, ਚਿੰਤਾ ਗ਼ਮ ਨਾ ਕੋਇ ਰਖਾਈਆ । ਹੋ ਸਹਾਈ ਲੋਕ ਪਰਲੋਕ, ਦੋ ਜਹਾਨਾਂ ਵੇਖ ਵਖਾਈਆ । ਸਚ ਲਗਾਏ ਨਗਾਰੇ ਚੋਟ, ਸ਼ਬਦ ਅਨਾਦੀ ਧੁਨ ਉਪਜਾਈਆ । ਕਰ ਪਰਕਾਸ਼ ਨਿਰਮਲ ਜੋਤ, ਕੂੜ ਅੰਧਿਆਰਾ ਦਏ ਗਵਾਈਆ । ਸ੍ਰਿਸ਼ਟ ਸਬਾਈ ਕੱਢ ਖੋਟ, ਸਚ ਸੁਚ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਜਣਾਏ ਧੁਰ ਸਲੋਕ, ਧੁਰ ਦੀ ਬਾਣੀ ਬਾਣ ਨਿਰਾਲਾ ਤੀਰ ਲਗਾਈਆ । ਸਤਿ ਧਰਮ ਦੇਵੇ ਸਤਿਵਾਦ, ਸਤਿ ਸਤਿਵਾਦੀ ਦਇਆ ਕਮਾਇੰਦਾ । ਵੇਖੇ ਖੇਲ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਭੇਵ ਚੁਕਾਇੰਦਾ । ਜਿਸ ਰਚਨਾ ਰਚੀ ਆਦਿ, ਸੋ ਜੁਗ ਚੌਕੜੀ ਹੁਕਮ ਵਰਤਾਇੰਦਾ । ਦੋ ਜਹਾਨ ਸੁਣਾਏ ਧੁਰ ਦਾ ਨਾਦ, ਸ਼ਬਦ ਸੰਦੇਸਾ ਰਾਗ ਅਲਾਇੰਦਾ । ਸੰਤ ਸੁਹੇਲੇ ਸੱਜਣ ਕਾਢ, ਗੁਰਮੁਖ ਆਪਣੇ ਰੰਗ ਰੰਗਾਇੰਦਾ । ਆਤਮ ਪਰਮਾਤਮ ਕਾਇਆ ਮੰਦਰ ਅੰਦਰ ਕਰੇ ਲਾਡ, ਪ੍ਰੇਮ ਪ੍ਰੀਤੀ ਸਾਚੀ ਰੀਤੀ ਇਕ ਸਮਝਾਇੰਦਾ । ਮੇਟ ਮਿਟਾਏ ਵਾਦ ਵਿਵਾਦ, ਵਿਖ ਅੰਮ੍ਰਿਤ ਰੂਪ ਵਟਾਇੰਦਾ । ਸੁਰਤੀ ਸ਼ਬਦੀ ਰਚ ਕੇ ਕਾਜ, ਘਰ ਸਵੰਬਰ ਇਕ ਵਖਾਇੰਦਾ । ਦੋਹਾਂ ਮਿਲ ਕੇ ਬਣੇ ਧਰਮ ਸਮਾਜ, ਸਾਚਾ ਮੰਗਲ ਸੋਹਲਾ ਇਕੋ

ਰਾਗ ਸੁਣਾਇੰਦਾ । ਤੇਰਾ ਮੇਰਾ ਬਣਿਆ ਸਾਥ, ਜਗਤ ਵਿਛੋੜਾ ਪੰਧ ਕਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਸਤ ਅਮੋਲਕ ਦੇਵੇ ਦਾਤ, ਸਤਿਜੁਗ ਸਾਚੀ ਧਾਰ ਆਪ ਜਣਾਇੰਦਾ । ਸਤਿ ਸੰਤੋਖ ਧੀਰਜ ਦੇਵੇ ਦਾਨ, ਅਗਿਆਨ ਅੰਧੇਰ ਮਿਟਾਈਆ । ਧਰਮ ਝੁਲਾਏ ਇਕ ਨਿਸ਼ਾਨ, ਬਰਨ ਵਰਨ ਸਰਨਾਈਆ । ਮੰਦਰ ਵਖਾਏ ਧੁਰ ਮਕਾਨ, ਸਚਖੰਡ ਸਾਚੇ ਹੋਏ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗੰਬਰ ਸਾਰੇ ਸੀਸ ਝੁਕਾਣ, ਦਰ ਬੈਠੇ ਅਲਖ ਜਗਾਈਆ । ਦਰਵੇਸ਼ ਹੋ ਕੇ ਮੰਗਣ ਦਾਨ, ਭਗਤ ਸੰਤ ਖ਼ਾਲੀ ਝੋਲੀ ਅੱਗੇ ਡਾਹੀਆ । ਦਾਤਾ ਦਾਨੀ ਵਡ ਮਿਹਰਵਾਨ, ਦੇਵਣਹਾਰ ਇਕ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਨਿਰਗੁਣ ਸਰਗੁਣ ਖੇਲ ਕਰ ਮਹਾਨ, ਮਹਿਮਾ ਅਕਥ ਕਥ ਦਏ ਪਰਗਟਾਈਆ । ਸਤਿਜੁਗ ਸਾਚੇ ਤੇਰਾ ਲੇਖਾ ਦੇਵੇ ਆਣ, ਅਨਡਿਠੜੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਮਿਲੇ ਸਤਿਗੁਰ ਮਤ, ਮਨ ਮਤ ਕੂੜੀ ਕਿਰਿਆ ਦਏ ਮਿਟਾਈਆ । ਧੀਰਜ ਜਤ ਸਤਿ ਧਰਮ, ਧਰਮ ਆਤਮਾ ਆਪ ਜਣਾਇੰਦਾ । ਨਿਹਕਰਮੀ ਕਰੇ ਆਪਣਾ ਕਰਮ, ਕਾਇਆ ਕਪੜ ਵੇਖ ਵਖਾਇੰਦਾ । ਜਨ ਭਗਤਾਂ ਖੋਲ੍ਹ ਹਰਨ ਫਰਨ, ਨੇਤਰ ਨੈਣ ਅੱਖ ਜਣਾਇੰਦਾ । ਅੰਦਰ ਵੜ ਕੇ ਆਏ ਫੜਨ, ਬਾਹਰੋਂ ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਸਾਹਿਬ ਸਤਿਗੁਰ ਤਰਨੀ ਤਰਨ, ਤਾਰਨਹਾਰਾ ਏਕੰਕਾਰਾ ਆਪਣੀ ਦਇਆ ਕਮਾਇੰਦਾ । ਨਾਤਾ ਤੋੜ ਬਰਨ ਵਰਨ, ਜ਼ਾਤ ਪਾਤ ਡੇਰਾ ਢਾਹਿੰਦਾ । ਸਰਬ ਜੀਵਾਂ ਦੇਵੇ ਇਕੋ ਸਰਨ, ਸਾਂਝਾ ਪੀਰ ਹਰਿ ਅਖਵਾਇੰਦਾ । ਮੂਰਖ ਮੂੜ੍ਹੇ ਝੂਠੇ ਧੰਦੇ ਮਰਨ, ਗੁਰਮੁਖ ਗੁਰਸਿਖ ਇਕੋ ਬੂਝ ਬੁਝਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸਦ ਮੰਗੋ ਇਕੋ ਸਰਨ, ਆਦਿ ਜੁਗਾਦਿ ਜੁਗ ਚੌਕੜੀ ਜੋ ਜਨ ਚਰਨ ਕਵਲ ਕਵਲ ਚਰਨ ਇਕੋ ਰੰਗ ਵਖਾਇੰਦਾ ।

ਕਾਇਆ ਅੰਦਰ ਖ਼ਾਹਸ਼ ਦੋ, ਘਰ ਘਰ ਵਿਚ ਡੇਰਾ ਲਾਈਆ । ਇਕ ਬੰਧਨ ਜਗਤ ਮੋਹ, ਅੱਠੇ ਪਹਿਰ ਸੰਗ ਨਿਭਾਈਆ । ਇਕ ਖ਼ਾਹਸ਼ ਬਣ ਨਿਰਮੋਹ, ਰਾਹ ਤੱਕੇ ਬੇਪਰਵਾਹੀਆ । ਕਿਰਪਾ ਕਰ ਜਿਸ ਨਾਲ ਆਪਣੀ ਖ਼ਾਹਸ ਦੇਵੇ ਛੋਹ, ਸੋ ਖ਼ਾਹਸ ਖ਼ਾਲਸ ਰੂਪ ਵਟਾਈਆ । ਦਰ ਆ ਕੇ ਸੁਣਨ ਅਗੰਮੀ ਸੋ, ਅੱਖ ਪਰਤੱਖ ਭੇਵ ਚੁਕਾਈਆ । ਕਵਣ ਧਾਰ ਕਾਇਆ ਮੰਦਰ ਅੰਦਰ ਕਰੇ ਟੋਹ, ਵੇਖੇ ਅਨਡਿਠੜਾ ਥਾਈਂਆ । ਜਿਸ ਪ੍ਰੇਮ ਪ੍ਰੀਤੀ ਵਿਚ ਮਿਲੇ ਲੋ, ਲੋਕਾਈ ਪਰਕਾਸ਼ ਬੈਠਣ ਸੀਸ ਝੁਕਾਈਆ । ਸੋ ਖ਼ਾਹਸ਼ ਵੇਖੇ ਉਹ, ਜਿਸ ਕਾਇਆ ਅੰਦਰ ਖ਼ਾਹਸ਼ ਖ਼ਾਹਸ਼ ਵਿਚ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਰ ਇਛਿਆ ਇਕ ਜਣਾਈਆ । ਅੰਤਰ ਇਛਿਆ ਮੰਜ਼ਲ ਮਹਿਬੂਬ, ਮਹਿਦੂਦ ਨਜ਼ਰੀ ਆਈਆ । ਨਜ਼ਰੀ ਆਏ ਸਾਬਤ ਸਬੂਤ, ਸਿਦਕ ਸਬੂਰੀ ਦਏ ਨਿਭਾਈਆ । ਭਾਗ ਲਗਾਏ ਕਾਇਆ ਕਲਬੂਤ, ਕਲਮਾ ਇਕ ਜਣਾਈਆ । ਨਜ਼ਰੀ ਆਏ ਨਕਸ਼ਾ ਅਰੂਜ, ਦਰ ਘਰ ਸਾਚੇ ਖ਼ੁਸ਼ੀ ਮਨਾਈਆ । ਚੜ੍ਹ ਕੇ ਪੇਖਤ ਮੰਜ਼ਲ ਮਕਸੂਦ, ਮਕ਼ਸਦ ਆਪਣਾ ਹਲ ਕਰਾਈਆ । ਸਾਚੀ ਖ਼ਾਹਸ਼ ਦੇਵੇ ਆਪਣਾ ਇਕ ਸਬੂਤ, ਅੰਤਰ ਅੰਤਰ ਇਕ ਲਿਵ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਡੂੰਘੀ ਭਵਰੀ ਗਹਿਰ ਗਵਰੀ ਖਾਈਆ । ਅੰਤਰ ਖ਼ਾਹਸ਼ ਸਚ ਪੁਰਖ, ਪੇਖਤ ਜਗਤ ਲੋਕਾਈਆ । ਨੇਤਰ ਖ਼ਾਹਸ਼ ਹਰਿ ਦਰਸ, ਸਰਵਣ ਸੁਣਨ ਜਸ ਬੇਪਰਵਾਹੀਆ । ਮਨ ਖ਼ਾਹਸ਼ ਹੋਏ ਹਰਨ ਫਰਨ, ਇਕੋ ਇਕ ਬੁਝਾਈਆ । ਕਵਣ ਖੇਲ ਕਰੇ ਕਰਨੀ ਕਰਨ, ਕਰਤਾ ਆਪਣਾ ਭੇਵ ਚੁਕਾਈਆ ।

੭੯੪ ੧੫

ਕਿਸ ਮੰਦਰ ਕਿਸ ਦੁਆਰ ਕਿਸ ਘਰ ਕਿਸ ਗ੍ਰਿਹਿ ਆਏ ਵੜਨ, ਦਰਵਾਜ਼ਾ ਕਵਣ ਖੁਲ੍ਹਾਈਆ । ਕਵਣ ਨਾਮ ਕਵਣ ਰਾਮ ਕਵਣ ਸ਼ਾਮ ਕਵਣ ਅੱਖਰ ਵੱਖਰ ਆਏ ਪੜ੍ਹਨ, ਸਿਫ਼ਤੀ ਸਿਫ਼ਤ ਸਾਲਾਹੀਆ । ਹਰਿਜਨ ਆਸਾ ਲੇਖਾ ਚੁੱਕੇ ਮਰਨ ਡਰਨ, ਪਾਰਬ੍ਰਹਮ ਪ੍ਰਭ ਸ੍ਰੀ ਭਗਵਾਨ ਇਕੋ ਨਜ਼ਰੀ ਆਈਆ । ਜਗਤ ਆਸਾ ਗੁਰਮੁਖ ਕਦੇ ਨਾ ਸੜਨ, ਮਾਇਆ ਮਮਤਾ ਮੋਹ ਨਾ ਕੋਇ ਰਖਾਈਆ । ਹਰਿਜਨ ਆਸ਼ਾ ਖੇਲ ਵੇਖ ਕਰਨੀ ਕਰਨ, ਕੁਦਰਤ ਕਾਦਰ ਵੇਖ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸ਼ਾ ਖ਼ਾਹਸ਼ ਖ਼ਾਹਸ਼ ਖ਼ਾਲਸ ਖ਼ਾਲਸ ਸਾਲਸ ਦਏ ਸਮਝਾਈਆ । ਖ਼ਾਹਸ਼ ਸਾਲਸ ਦੇਵੇ ਦਲੀਲ, ਇਸ਼ਾਰਾ ਇਕ ਲਗਾਈਆ । ਚਲ ਕੇ ਵੇਖ ਕਵਣ ਵਕੀਲ, ਧੁਰ ਕਾਨੂੰਨ ਸਮਝਾਈਆ । ਜਿਸ ਦੀ ਏਥੇ ਓਥੇ ਸਦਾ ਮਨਜ਼ੂਰ ਅਪੀਲ, ਬਰੀਖ਼ਾਨਾ ਦਏ ਪਰਗਟਾਈਆ । ਉਹ ਸਾਂਵਲ ਸੁੰਦਰ ਛੈਲ ਛਬੀਲ, ਕਿਸ ਖ਼ਾਹਸ਼ ਵਿਚ ਲੋਕਮਾਤ ਫਿਰੇ ਵਾਹੋ ਦਾਹੀਆ । ਖ਼ਾਹਸ਼ ਕਹੇ ਨਜ਼ਰ ਨਹੀਂ ਆਉਦਾ ਬਸਤਰ ਨੀਲ, ਨੀਲਾ ਨੀਲੀ ਧਾਰੋਂ ਪਾਰ ਨਾ ਕੋਇ ਵਖਾਈਆ । ਖ਼ਾਹਸ਼ ਕਹੇ ਨਹੀਂ ਉਹ ਜਿਸ ਮਾਰੇ ਭੀਲ, ਮੁਕਟ ਬੈਣ ਕਵਲ ਨੈਣ ਬੇਪਰਵਾਹੀਆ । ਖ਼ਾਹਸ਼ ਕਹੇ ਨਹੀਂ ਉਹ ਜਿਨ ਰਾਵਣ ਮਾਰਿਆ ਨਾਲ ਸੈਨ, ਸੈਨਾਪਤੀ ਰਾਮ ਰੂਪ ਵਟਾਈਆ । ਸਚ ਖ਼ਾਹਸ਼ ਵੇਖੇ ਆਪਣੇ ਨੈਣ, ਨਿਜ ਨੇਤਰ ਅੱਖ ਖੁਲ੍ਹਾਈਆ । ਭਗਤ ਆਸ਼ਾ ਸੰਤ ਖ਼ਾਹਸ਼ ਰਲ ਮਿਲ ਦਰ ਸਾਚੇ ਮੰਗਣ ਬਹਿਣ, ਘਰ ਬਹਿ ਕੇ ਖ਼ੁਸ਼ੀ ਮਨਾਈਆ । ਅਗੰਮੀ ਖ਼ਾਹਸ਼ ਰਸਨਾ ਕੋਈ ਨਾ ਸਕੇ ਕਹਿਣ, ਨਿਕੰਮੀ ਖ਼ਾਹਸ਼ ਜੀਵ ਜੰਤ ਸਾਰੇ ਢੋਲਾ ਗਾਈਆ । ਸਾਚੀ ਖ਼ਾਹਸ਼ ਚੁਕਾਵੇ ਲਹਿਣ ਦੇਣ, ਪੂਰਬ ਜਨਮ ਲੇਖਾ ਝੋਲੀ ਪਾਈਆ । ਜੋ ਖ਼ਾਹਸ਼ ਸਚ ਵਸਤ ਆਏ ਲੈਣ, ਤਿਸ ਲਾਲ ਅਮੋਲਕ ਲੱਭੇ ਨਾਮ ਨਿਧਾਨ, ਬਿਨ ਕੀਮਤ ਹੱਥੀਂ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਰ ਖ਼ਾਹਸ਼ ਅੰਤਸ਼ਕਰਨ ਸ਼ੁੱਧ ਵਿਸ਼ੇਸ਼, ਸਤਿ ਗੁਣ ਸਤਿ ਮੰਗ ਮੰਗਾਈਆ ।

## ✪ ੨੨ ਅੱਸੂ ੨੦੨੦ ਬਿਕ੍ਰਮੀ ਬੀਬੀ ਭਗਵਾਨ ਕੌਰ ਦੇ ਗ੍ਰਿਹਿ ਪੱਖੋਵਾਲ ਜ਼ਿਲਾ ਲੁਧਿਆਣਾ ✪

ਜਨ ਭਗਤਾਂ ਪ੍ਰਭ ਦੇਵੇ ਮਾਣ, ਅੰਤਰ ਆਸ਼ਾ ਪੂਰ ਕਰਾਈਆ । ਅਨਮੰਗਿਆ ਦੇਵੇ ਧੁਰ ਦਾ ਦਾਨ, ਨਾਮ ਅਮੋਲਕ ਵਸਤ ਝੋਲੀ ਪਾਈਆ । ਅਨਾਸ਼ਕਤ ਦੇਵੇ ਸ਼ਬਦ ਗਿਆਨ, ਨਿਰਗੁਣ ਆਪਣਾ ਭੇਵ ਚੁਕਾਈਆ । ਦਰ ਘਰ ਸਾਚੇ ਕਰ ਪਰਵਾਨ, ਮਿਹਰ ਨਜ਼ਰ ਨੈਣ ਤਕਾਈਆ । ਜਨਮ ਕਰਮ ਕੱਟ ਜਹਾਨ, ਜੀਵਣ ਆਪਣੇ ਲੇਖੇ ਪਾਈਆ । ਸਚ ਦੁਆਰ ਸਚਖੰਡ ਅੰਤਮ ਖੜੇ ਆਣ, ਬਣ ਸੇਵਕ ਸੇਵ ਕਮਾਈਆ । ਜਿਸ ਜਨ ਰਸਨਾ ਜਿਹਵਾ ਬੱਤੀ ਦੰਦ ਅੰਤਰ ਆਤਮ ਧਿਆਨ ਰੱਖ ਗਾਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਨ੍ਹਾਂ ਏਥੇ ਓਥੇ ਵੇਲੇ ਅੰਤ ਦੁੱਖ ਨਾ ਲਾਗੇ ਰਾਈਆ ।

## ੨੨ ਅੱਸੂ ੨੦੨੦ ਬਿਕ੍ਰਮੀ ਸਾਧੂ ਸਿੰਘ ਦੇ ਗ੍ਰਿਹ ਪੱਖੋਵਾਲ ਜ਼ਿਲਾ ਲੁਧਿਆਣਾ

ਹਰਿ ਸੰਗਤ ਲੇਖੇ ਲੱਗੀ ਸੇਵਾ, ਪੂਰਬ ਲੇਖਾ ਨਾਲ ਮਿਲਾਈਆ । ਅੰਮ੍ਰਿਤ ਫਲ ਦੇਵੇ ਮੇਵਾ, ਰਸ ਮਿੱਠਾ ਚਰਨ ਪ੍ਰੀਤ ਜਣਾਈਆ । ਗੁਰਸਿਖ ਬੱਚਿਆਂ ਪੁੱਛੇ ਕਰ ਕੇ ਹੇਵਾ, ਗੁਰ ਦਾਤਾ ਆਇਆ ਫੇਰੀ ਪਾਈਆ । ਜਿਸ ਸਿਫ਼ਤ ਕਰਦੀ ਰਹੀ ਰਸਨਾ ਜਿਹਵਾ, ਜੁਗ ਚੌਕੜੀ ਸਿਫ਼ਤ ਸਾਲਾਹੀਆ । ਪਰਗਟ ਹੋ ਅਲਖ ਅਭੇਦਾ, ਭੇਵ ਅੰਤਰ ਰਿਹਾ ਜਣਾਈਆ । ਗੁਰਮੁਖ ਵੱਡਾ ਦੇਵੀ ਦੇਵਾ, ਦੇਵਤ ਸੁਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਲੇਖੇ ਵਿਚ ਲਗਾਈਆ । ਹਰਿ ਸੰਗਤ ਤੇਰੀ ਸੇਵਾ ਅਪਾਰ, ਅਪਰ ਅਪਾਰੀ ਵੇਖ ਵਖਾਈਆ । ਜਿਸ ਦੀ ਮਿਸਲ ਨਾ ਮਿਲੇ ਵਿਚ ਸੰਸਾਰ, ਮਿਸਾਲ ਦੇ ਸਕੇ ਨਾ ਕੋਇ ਸਮਝਾਈਆ । ਇਕ ਇਕ ਸਿਖ ਵਿਚ ਧੁਰ ਦਾ ਧਰਿਆ ਆਪ ਪਿਆਰ, ਰੋਮ ਰੋਮ ਖ਼ੁਸ਼ੀ ਮਨਾਈਆ । ਪਲਕ ਅੱਖ ਪਰਤੱਖ ਕਰ ਦੀਦਾਰ, ਦੀਦ ਈਦ ਖ਼ੁਸ਼ੀ ਮਨਾਈਆ । ਕੱਟ ਕੇ ਮੰਜ਼ਲ ਆਇਆ ਪਰਵਰਦਿਗਾਰ, ਹਰਦਿਲ ਅਜ਼ੀਜ਼ ਬਣ ਕੇ ਫੇਰਾ ਪਾਈਆ । ਆਉਂਦੇ ਜਾਂਦੇ ਵੇਖੇ ਗੁਰਸਿਖ ਮੀਤ ਮੁਰਾਰ, ਨੱਠੇ ਫਿਰਦੇ ਵਾਹੋ ਦਾਹੀਆ । ਇਕੋ ਆਸ ਪ੍ਰਭ ਮਿਲੇ ਮੀਤ ਮੁਰਾਰ, ਮਿੱਤਰ ਪਿਆਰਾ ਨਜ਼ਰੀ ਆਈਆ । ਪੁਰਖ ਅਕਾਲ ਕਹੇ ਮੈਂ ਦਰ ਆਇਆਂ ਸਭ ਦੀ ਕਰਾਂ ਸੰਭਾਲ, ਆਪ ਆਪਣੀ ਗੋਦ ਉਠਾਈਆ । ਸ਼ਾਹ ਹੋ ਕੇ ਦਰ ਭਗਤਾਂ ਬਣਾਂ ਕੰਗਾਲ, ਕੰਗਾਲੋਂ ਸ਼ਾਹ ਰੂਪ ਵਖਾਈਆ । ਨਿਰਗੁਣ ਮੇਲਾ ਸਰਗੁਣ ਕਰ ਪਰਵਾਨ, ਨਾਮ ਪਰਵਾਨਾ ਇਕ ਜਣਾਈਆ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਬਿਨਾਂ ਅਠਾਰਾਂ ਭਗਤ ਕਿਸੇ ਨਾ ਮਿਲਿਆ ਭਗਵਾਨ, ਲੱਖ ਚੁਰਾਸੀ ਆਈ ਗਈ ਉਠ ਉਠ ਲੋਕਮਾਤ ਫੇਰਾ ਪਾਈਆ । ਜਿਨ੍ਹਾਂ ਮਿਲਿਆ ਸੋ ਕੂਕ ਗਏ ਪੁਕਾਰ, ਉਚੀ ਉਚੀ ਰਾਗ ਅਲਾਈਆ । ਕਲਜੁਗ ਵੇਲਾ ਅੰਤਮ ਰੱਖੇ ਯਾਦ, ਯਾਦਦਾਸ਼ਤ ਗਏ ਸਮਝਾਈਆ । ਨਿਰਗੁਣ ਹੋ ਕੇ ਨਿਰਵੈਰ ਨਿਰੰਕਾਰ ਸਚ ਸੁਣੇ ਫ਼ਰਿਆਦ, ਅਦਾਲਤ ਇਕੋ ਘਰ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਨ੍ਹਾਂ ਥੋੜੀ ਥੋੜੀ ਦੇਂਦਾ ਰਿਹਾ ਦਾਦ, ਕਲਜੁਗ ਅੰਤਮ ਸਾਰੇ ਭਾਂਡੇ ਪੂਰੇ ਦਏ ਕਰਾਈਆ । ਲੱਖ ਚੁਰਾਸੀ ਵਿਚੋਂ ਕਾਢ, ਕਾਢ ਆਪਣੀ ਦਏ ਸਮਝਾਈਆ । ਨਿਰਧਨ ਹੋ ਕੇ ਕਰੇ ਲਾਡ, ਸਰਧਨ ਰੂਪ ਵਖਾਈਆ । ਖੇਵਟ ਬਣ ਚਲਾਏ ਜਹਾਜ਼, ਬੇੜਾ ਆਪਣੇ ਕੰਧ ਉਠਾਈਆ । ਸੇਵਕ ਬਣ ਮਾਰੇ ਆਵਾਜ਼, ਗੁਰਮੁਖ ਆਪ ਜਗਾਈਆ । ਆਓ ਵੇਖੋ ਧੁਰ ਸਮਾਜ, ਸਚ ਸਮਗਰੀ ਦਏ ਜਣਾਈਆ । ਜਿਸ ਗ੍ਰਿਹਿ ਜਿਸ ਘਰ ਜਿਸ ਮੰਦਰ ਇਕੋ ਆਤਮ ਪਰਮਾਤਮ ਹੋਵੇ ਕਾਜ, ਦੂਜਾ ਸਗਨ ਨਾ ਕੋਇ ਮਨਾਈਆ । ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਨਾਲ ਇਕ ਰਵਾਜ, ਰੀਤੀ ਬਦਲ ਕਦੇ ਨਾ ਜਾਈਆ । ਸਚ ਦੁਆਰਾ ਵੇਖੋ ਭਾਜ, ਬਣ ਕੇ ਸੱਚੇ ਪਾਂਧੀ ਰਾਹੀਆ । ਜਿਸ ਗ੍ਰਿਹਿ ਮੰਦਰ ਅੰਦਰ ਗੁਰ ਅਵਤਾਰ ਪੀਰ ਪੈਗੰਬਰ ਖ਼ੁਸ਼ੀਆਂ ਨਾਲ ਕਰਨ ਨਾਚ, ਢੋਲਾ ਗੀਤ ਅਗੰਮ ਗਾਈਆ । ਉਸ ਘਰ ਦਾ ਸਾਚੇ ਦਰ ਦਾ ਨਰਾਇਣ ਨਰ ਦਾ ਲਓ ਸੁਆਦ, ਅਨਰਸ ਆਪਣਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਲਹਿਣਾ ਲੈਣਾ ਲੇਖੇ ਲਏ ਲਗਾਈਆ । ਹਰਿ ਸੰਗਤ ਆਸਾ ਮਨਸਾ ਪੂਰ, ਪੂਰੀ ਇੱਛਾ ਆਪ ਕਰਾਈਆ । ਜਨਮ ਮਰਨ ਦੁੱਖ ਹੋਇਆ ਦੂਰ, ਜਮ ਡੰਡ ਸੀਸ ਨਾ ਕੋਇ ਲਗਾਈਆ । ਪ੍ਰਭ ਠਾਕਰ ਪਾਇਆ ਹਾਜ਼ਰ ਹਜ਼ੂਰ, ਭਵ ਸਾਗਰ ਲਏ ਤਰਾਈਆ । ਨਾਮ ਪਿਆਲਾ ਦੇ ਕਰੇ ਮਖ਼ਮੂਰ, ਖ਼ੁਮਾਰੀ ਇਕੋ ਇਕ ਚੜ੍ਹਾਈਆ । ਜਨ

ਭਗਤਾਂ ਨਾਮ ਕਰੇ ਮਸ਼ਹੂਰ, ਮਸ਼ਹੂਰੀ ਆਪਣੇ ਨਾਮ ਨਾਲ ਕਰਾਈਆ । ਚਾਰ ਕੁੰਟ ਬਖ਼ਸ਼ੇ ਸੱਚਾ ਨੂਰ, ਨੂਰ ਨੁਰਾਨਾ ਬੇਪਰਵਾਹੀਆ । ਦਰ ਆਇਆਂ ਪਿਛਲੇ ਬਖ਼ਸ਼ੇ ਸਰਬ ਕਸੂਰ, ਅੱਗੇ ਭਰਮ ਨਾ ਕੋਇ ਭੁਲਾਈਆ । ਜਨ ਭਗਤੋ ਕਲਜੁਗ ਅੰਤਮ ਵੇਲਾ ਪਾਰਬ੍ਰਹਮ ਪ੍ਰਭ ਬਣਿਆ ਆਪ ਮਜ਼ਦੂਰ, ਬਣ ਚਾਕਰ ਸੇਵਕ ਸੇਵ ਕਮਾਈਆ । ਤੁਹਾਡੇ ਅੰਦਰੋਂ ਕੂੜਾ ਕਿਰਕਟ ਰਿਹਾ ਹੂੰਝ, ਨਾਮ ਬਹਾਰਾ ਹੱਥ ਉਠਾਈਆ । ਫੜ ਫੜ ਚਤੁਰ ਸੁਘੜ ਬਣਾਏ ਮੂਰਖ ਮੂੜ੍ਹ, ਸਾਚੀ ਵਿਦਿਆ ਇਕ ਸਮਝਾਈਆ । ਮਾਇਆ ਮਮਤਾ ਕੱਢੇ ਹਉਮੇਂ ਗ਼ਰੂਰ, ਨਾਮ ਸਰੂਰ ਇਕ ਚੜ੍ਹਾਈਆ । ਸਭ ਦੀ ਆਸਾ ਮਨਸਾ ਕਰੇ ਪੂਰ, ਦਰਦੀ ਦਰਦੀਆਂ ਦਰਦ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਹੋਏ ਸਹਾਈਆ । ਹਰਿ ਸੰਗਤ ਤੇਰੀ ਆਸਾ ਪੁੰਨੀ, ਪ੍ਰਭ ਪੂਰਨ ਆਸ਼ਾ ਆਪ ਕਰਾਈਆ । ਜਿਸ ਦਾ ਕੋਈ ਭੇਵ ਨਾ ਪਾਵੇ ਸੁੰਨ ਸਮਾਧੀ ਸੁੰਨੀ, ਅੰਦਰ ਵੜ ਨਜ਼ਰ ਕਿਸੇ ਨਾ ਆਈਆ । ਜੀਹਨੂੰ ਲੱਭਦੇ ਫਿਰਦੇ ਵਡ ਵਡ ਗੁਣੀ, ਗਿਆਨ ਸ਼ਾਸਤਰ ਰਹੇ ਦ੍ਰਿੜਾਈਆ । ਸੋ ਗੁਰਮੁਖ ਦੁਆਰੇ ਸਾਫ਼ ਕਰਨ ਆਇਆ ਕਾਇਆ ਕੁੰਨੀ, ਮਾਟੀ ਹਾਂਡੀ ਪੋਚ ਪੁਚਾਈਆ । ਮਿਹਰਵਾਨ ਹੋ ਕੇ ਸੁੰਞੇ ਘਰ ਸੁਣਾਏ ਧੁਨੀ, ਧੁਨ ਆਪਣਾ ਨਾਮ ਜਣਾਈਆ । ਸੁਰਤ ਸਵਾਣੀ ਨਾ ਰਹੇ ਬੁਨ੍ਹੀ, ਹੋਛੀ ਮਤ ਦਏ ਗਵਾਈਆ । ਪ੍ਰੇਮ ਪਟੋਲਾ ਸਿਰ ਤੇ ਦੇਵੇ ਚੁੰਨੀ, ਓਢਣ ਇਕੋ ਇਕ ਰਖਾਈਆ । ਗੁਰਮੁਖ ਗੁਰਸਿਖ ਤੇਰੀ ਚੋਟੀ ਕਦੇ ਨਾ ਜਾਏ ਮੁੰਨੀ, ਸੀਸ ਜਗਦੀਸ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸੰਗਤ ਦਏ ਵਡਿਆਈਆ । ਹਰਿ ਸੰਗਤ ਤੇਰਾ ਸੋਹਣਾ ਘਰ, ਪ੍ਰਭ ਸਾਚੀ ਬਣਤ ਬਣਾਈਆ । ਜਿਸ ਗ੍ਰਿਹਿ ਆ ਕੇ ਜਾਏ ਵੜ, ਆਪਣਾ ਫੇਰਾ ਪਾਈਆ । ਪ੍ਰੇਮ ਪ੍ਰੀਤੀ ਅੱਖਰ ਲਏ ਪੜ੍ਹ, ਸੱਚਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਤੇਰਾ ਲੇਖਾ ਲੇਖੇ ਪਾਈਆ । ਲੇਖਾ ਲੇਖੇ ਪਾਏ ਆਪ, ਆਪਣੇ ਹੱਥ ਰੱਖੇ ਵਡਿਆਈਆ । ਸਰਬ ਜੀਆਂ ਬਣ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਸਚ ਸੰਦੇਸਾ ਇਕੋ ਆਖ, ਅੱਖਰ ਵੱਖਰ ਕਰੇ ਪੜ੍ਹਾਈਆ । ਨਿਰਗੁਣ ਨੂਰ ਕਰ ਪਰਤੱਖ, ਪਾਰਬ੍ਰਹਮ ਪ੍ਰਭ ਭੇਵ ਖੁਲ੍ਹਾਈਆ । ਹਰਿ ਸੰਗਤ ਹੋਇਆ ਪ੍ਰਭ ਵਸ, ਗੁਰਮੁਖ ਗੁਰਸਿਖ ਬੈਠੇ ਘੇਰਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਬਿਨ ਢਾਹਿਉਂ ਗਿਆ ਢੱਠ, ਆਪ ਆਪਣਾ ਬਲ ਗਵਾਈਆ । ਅੰਦਰ ਵੜ ਕੇ ਸਚ ਪਿਆਰ ਦੀ ਲਾਏ ਸੱਟ, ਠੋਕਰ ਇਕੋ ਨਾਮ ਰਖਾਈਆ । ਸੋ ਗੁਰਮੁਖ ਗੁਰਸਿਖ ਚਰਨੀਂ ਜਾਏ ਢੱਠ, ਜਿਸ ਅੰਦਰ ਮੰਦਰ ਬਹਿ ਕੇ ਆਪਣਾ ਹੁਕਮ ਜਣਾਈਆ । ਬਿਨ ਖਾਧਿਆਂ ਪੀਤਿਆਂ ਬਿਨ ਰਸਨਾ ਜਿਹਵਾ ਦੇਵੇ ਸੱਚਾ ਰਸ, ਰਸ ਅੰਮ੍ਰਿਤ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਿਸੂਰੇ ਦੇਵੇ ਮਥ, ਸਿਰ ਆਪਣਾ ਹੱਥ ਰਖਾਈਆ । ਹਰਿ ਸੰਗਤ ਸੇਵਾ ਹੋਈ ਕ਼ਬੂਲ, ਸੋ ਸਤਿਗੁਰ ਦਇਆ ਕਮਾਈਆ । ਧੂੜੀ ਟਿੱਕਾ ਮਸਤਕ ਲਾਏ ਧੂਲ, ਧੁਰ ਦੀ ਰੇਖ ਦਏ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕਰਦਾ ਆਇਆ ਸੂਲੀਉਂ ਸੂਲ, ਕਲਜੁਗ ਅੰਤਮ ਸੂਲ ਕੰਡਾ ਕੋਇ ਰਹਿਣ ਨਾ ਪਾਈਆ । ਅੱਗੇ ਰਾਏ ਧਰਮ ਮੰਗੇ ਨਾ ਕੋਇ ਮਸੂਲ, ਲੇਖਾ ਲੈਣ ਕੋਇ ਨਾ ਆਈਆ । ਨਜ਼ਰੀ ਆਏ ਆਪ ਮਹਿਬੂਬ, ਮੁਹੱਬਤ ਆਪਣੇ ਨਾਲ ਨਿਭਾਈਆ । ਪੰਜਾਂ ਦਿਤਾ ਆਣ ਸਬੂਤ, ਜੋ ਸਚਖੰਡ ਬੈਠੇ ਸੋਭਾ ਪਾਈਆ । ਬੇਸ਼ਕ ਸਾਡਾ ਨਹੀਂ ਰਿਹਾ ਕਲਬੂਤ, ਕਾਇਆ ਮਾਟੀ ਜਗਤ ਮਿਲਾਈਆ । ਘਰ ਮਿਲਿਆ

ਉਚ ਅਰੂਜ, ਮਹੱਲ ਅਟੱਲ ਹੋਈ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸੰਗਤ ਸੇਵਾ ਆਪਣੀ ਝੋਲੀ ਪਾਈਆ । ਹਰਿ ਸੰਗਤ ਸੇਵਾ ਹੋਈ ਪਰਵਾਨ, ਪ੍ਰਭ ਪੂਰਨ ਪਰਮਾਤਮਾ ਆਪ ਜਣਾਇੰਦਾ । ਹਰਿ ਸੰਗਤ ਮੇਲਾ ਨਹੀਂ ਕੋਈ ਜਗਤ ਦੀਵਾਨ, ਦੀਵਾਨਿਆਂ ਕਮਲਿਆਂ ਰਮਲਿਆਂ ਮਿਲਾਵਾ ਮੇਲ ਆਪ ਮਿਲਾਇੰਦਾ । ਆਤਮ ਪਰਮਾਤਮ ਦਏ ਅਹਿਵਾਲ, ਹਾਲ ਆਪਣਾ ਆਪ ਸਮਝਾਇੰਦਾ । ਰਲ ਮਿਲ ਜਿਨ੍ਹਾਂ ਘਾਲੀ ਘਾਲ, ਤਿਨ੍ਹਾਂ ਗੁਰਮੁਖਾਂ ਉਤੋਂ ਘੋਲੀ ਘੋਲ ਘੁਮਾਇੰਦਾ । ਕਰ ਕਿਰਪਾ ਹਲ ਕੀਤਾ ਸਵਾਲ, ਜ਼ੇਰ ਜ਼ਬਰ ਰੂਪ ਨਾ ਕੋਇ ਰਖਾਇੰਦਾ । ਆਪੇ ਵੇਖ ਮੁਰੀਦਾਂ ਹਾਲ, ਖ਼ੁਸ਼ੀ ਖ਼ੁਸ਼ੀ ਨਾਲ ਵਡਿਆਇੰਦਾ । ਦਿਵਸ ਰੈਣ ਪ੍ਰੇਮ ਪ੍ਰੀਤੀ ਵਜਦਾ ਰਿਹਾ ਤਾਲ, ਡੌਰੂ ਡੰਕਾ ਸ਼ਬਦ ਨਾਲ ਰਖਾਇੰਦਾ । ਆਤਮ ਪਰਮਾਤਮ ਕਹਿੰਦੀ ਰਹੀ ਦੀਨ ਦਿਆਲ, ਵਾਹ ਵਾ ਤੇਰਾ ਭੇਵ ਸਮਝ ਕੋਇ ਨਾ ਪਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਜਗਤ ਨਿਮਾਣਿਆਂ ਵੇਖਿਆ ਹਾਲ, ਹਰਿਜਨ ਆਪਣੇ ਰੰਗ ਰੰਗਾਇੰਦਾ । ਲੱਭਿਆਂ ਕੋਈ ਨਾ ਸਕੇ ਭਾਲ, ਚਾਰੋਂ ਕੁੰਟ ਦਹਿ ਦਿਸ਼ਾ ਸੰਗ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਗੁਰਸਿਖ ਲਾਏ ਲੜ, ਚੇਤਨ ਜੜ੍ਹ ਦੋਵੇਂ ਫੜ ਆਪਣੇ ਘਰ ਬਹਾਇੰਦਾ ।





## ✪ ੨੨ ਅੱਸੂ ੨੦੨੦ ਬਿਕ੍ਰਮੀ ਸੁਰਜਣ ਸਿੰਘ ਦੇ ਗ੍ਰਿਹ ਪੱਖੋਵਾਲ ਜ਼ਿਲਾ ਲੁਧਿਆਣਾ ✪

ਸਤਿਗੁਰ ਕਿਰਪਾ ਗੁਰਮੁਖ ਤਰਦਾ, ਦੋ ਜਹਾਨ ਮਿਲੇ ਵਡਿਆਈਆ । ਲੇਖਾ ਚੁੱਕੇ ਜਨਮ ਮਰਨ ਦਾ, ਆਵਣ ਜਾਵਣ ਰਹਿਣ ਨਾ ਪਾਈਆ । ਲਹਿਣਾ ਦੇਵੇ ਪੂਰਬ ਜਨਮ ਦਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਏਹੋ ਫਲ ਸਾਚੀ ਸਰਨ ਦਾ, ਦੋ ਜਹਾਨ ਹੋਏ ਸਹਾਈਆ । ਮਾਣਸ ਜਨਮ ਸਾਚਾ ਵੇਲਾ ਪੌੜੇ ਚੜ੍ਹਨ ਦਾ, ਨਾਮ ਡੰਡਾ ਹਰਿ ਜੂ ਹੱਥ ਫੜਾਈਆ । ਵਕਤ ਸੁਹੰਜਣਾ ਆਤਮ ਪਰਮਾਤਮ ਮਿਲਣ ਦਾ, ਬਿਨ ਜਗਦੀਸ ਮਿਲਣੀ ਨਾ ਕੋਇ ਕਰਾਈਆ । ਲੇਖਾ ਚੁੱਕੇ ਚੁਰਾਸੀ ਜੂਨ ਫਿਰਨ ਦਾ, ਮਾਤ ਗਰਭ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ਣਹਾਰ ਇਕ ਸਰਨਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਮਿਲਦਾ, ਮਿਲਣੀ ਹਰਿ ਨਾ ਕੋਇ ਕਰਾਈਆ । ਗੁਰ ਸਤਿਗੁਰ ਭੇਵ ਜਾਣੇ ਸਾਚੇ ਦਿਲ ਦਾ, ਦਿਲਬਰ ਦਾਤਾ ਵਡ ਵਡਿਆਈਆ । ਵਰਤੇ ਖੇਲ ਅਗੰਮੀ ਤਿਲ ਦਾ, ਤਿਲਕ ਇਕੋ ਮਸਤਕ ਲਾਈਆ । ਗੁਰਮੁਖ ਪ੍ਰੀਤ ਸਿਦਕ ਸਬੂਰੀ ਉਤੋਂ ਕਦੇ ਨਾ ਹਿਲਦਾ, ਲੱਖ ਚੁਰਾਸੀ ਨਈਆ ਡੋਲੇ ਸਰਬ ਲੋਕਾਈਆ । ਸ੍ਰੀ ਭਗਵਾਨ ਸਾਹਿਬ ਸੁਲਤਾਨ ਮਿਹਰਵਾਨ ਜਿਸ ਨੂੰ ਮਿਲਦਾ, ਸੋ ਜਗਤ ਨਾਤਾ ਦਏ ਤੁੜਾਈਆ । ਲੇਖਾ ਚੁੱਕੇ ਅੰਦਰ ਲੱਗੀ ਸਿਲ ਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਸਰਨਾਈਆ । ਬਿਨ ਸਤਿਗੁਰ ਪੂਰੇ ਮਿਲੇ ਨਾ ਮੰਦਰ, ਘਰ ਵੱਜੇ ਨਾ ਨਾਮ ਵਧਾਈਆ । ਅੰਧੇਰਾ ਚੁੱਕੇ ਨਾ ਡੂੰਘੇ ਕੰਦਰ, ਸਾਚਾ ਦੀਪ ਨਾ ਕੋਇ ਰੁਸ਼ਨਾਈਆ । ਭਾਗ ਲੱਗੇ ਨਾ ਅੰਧੇਰੇ ਖੰਡਰ, ਸਤਿ ਨਜ਼ਰ ਕੋਇ ਨਾ ਆਈਆ । ਮਨ ਬੰਨ੍ਹੇ ਨਾ ਕੋਈ ਬੰਦਰ, ਵਾਸਨਾ ਜਗਤ ਨਾ ਕੋਇ ਮੁਕਾਈਆ । ਨੈਣ ਸ਼ਰਮਾਏ ਨਾ ਕੋਇ ਸੂਰੀਆ ਚੰਦਰ, ਜੋਤੀ ਨੂਰ ਨਾ ਕੋਇ ਰੁਸ਼ਨਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਸਦਾ ਸਹਾਈਆ । ਬਿਨ ਸਤਿਗੁਰ ਪੂਰੇ ਕੋਇ ਨਾ ਰੱਖੇ ਲਾਜ, ਲਾਜਵੰਤ ਨਾ ਕੋਇ ਅਖਵਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਬਦਲੇ ਸਮਾਜ, ਸਾਚੀ ਧਾਰ ਨਾ ਕੋਇ ਪਰਗਟਾਈਆ । ਬਿਨ ਸਤਿਗੁਰ ਪੂਰੇ ਧੁਰ ਦਾ ਕੋਈ ਨਾ ਕਰੇ ਰਾਜ, ਗੁਰਮੁਖ ਰਈਅਤ ਨਾ ਕੋਇ ਬਣਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਬਣੇ ਸੱਚਾ ਸਾਧ, ਸੱਚੀ ਸਾਧਨਾ ਹੱਥ ਕਿਸੇ ਨਾ ਆਈਆ । ਬਿਨ ਸਤਿਗੁਰ ਪੂਰੇ ਕੋਈ ਨਾ ਕਰੇ ਕਾਜ, ਕਰਨੀ ਕਰਤਾ ਆਪਣੀ ਆਪੇ ਦਏ ਜਣਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਮਾਰੇ ਆਵਾਜ਼, ਪੂਰਬ ਜਨਮ ਦੇ ਸੋਏ ਆਪ ਉਠਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਕਰੇ ਮਜਨ ਮਾਘ, ਚਰਨ ਧੂੜ ਅਸ਼ਨਾਨ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਹਰਿਜਨ ਦੇਵੇ ਮਾਣ ਵਡਿਆਈਆ । ਬਿਨ ਸਤਿਗੁਰ ਪੂਰੇ ਕੋਈ ਨਾ ਕਰੇ ਸੇਵਾ, ਚਾਕਰ ਰੂਪ ਨਾ ਕੋਇ ਵਟਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਲਾਏ ਮਸਤਕ ਥੇਵਾ, ਜੋਤ ਲਲਾਟ ਨਾ ਕੋਇ ਰੁਸ਼ਨਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਖੋਲ੍ਹੇ ਭੇਦ ਅਭੇਵਾ, ਅਨਭਵ ਪਰਕਾਸ਼ ਨਾ ਕੋਇ ਕਰਾਈਆ । ਬਿਨ ਸਤਿਗੁਰ ਪੂਰੇ ਕੋਈ ਨਾ ਲਾਵੇ ਲੇਖੇ ਗਾਇਆ ਰਸਨਾ ਜਿਹਵਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਆਦਿ ਜੁਗਾਦੀ ਇਕੋ ਨਰ, ਨਰ ਨਰਾਇਣ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੁਰਖ ਅਕਾਲ ਅਖਵਾਈਆ ।



## ✪ ੨੨ ਅੱਸੂ ੨੦੨੦ ਬਿਕ੍ਰਮੀ ਸਰਦਾਰਾ ਸਿੰਘ ਦੇ ਗ੍ਰਿਹਿ ਪੱਖੋਵਾਲ ਜ਼ਿਲਾ ਲੁਧਿਆਣਾ ✪

ਧਰਮ ਸਮਾਗਮ ਪਿਆ ਭੋਗ, ਵੱਜੀ ਜਗਤ ਵਧਾਈਆ । ਕਰਮ ਸਮਾਗਮ ਚੁੱਕਿਆ ਰੋਗ, ਦੀਨਨ ਦਇਆ ਕਮਾਈਆ । ਸਚ ਸਮਾਗਮ ਦੱਸਿਆ ਜੋਗ, ਚਾਰ ਵਰਨ ਸਮਝਾਈਆ । ਹਰਿ ਸਮਾਗਮ ਧੁਰ ਸੰਜੋਗ, ਧੁਰ ਸੰਜੋਗੀ ਮੇਲ ਮਿਲਾਈਆ । ਨਰ ਸਮਾਗਮ ਦਰਸ ਅਮੋਘ, ਨਰ ਹਰਿ ਨਰਾਇਣ ਕਰਾਈਆ । ਨਾਮ ਸਮਾਗਮ ਸ਼ਬਦ ਚੋਟ, ਸੋ ਸਤਿਗੁਰ ਆਪ ਲਗਾਈਆ । ਮਨਮੁਖ ਸਮਾਗਮ ਕੂੜੀ ਕਿਰਿਆ ਖੋਟ, ਪੰਜ ਤਤ ਹਲਕਾਈਆ । ਗੁਰਸਿਖ ਸਮਾਗਮ ਲੋਕ ਪਰਲੋਕ, ਵਿਸ਼ਨ ਬ੍ਰਹਮਾ ਸ਼ਿਵ ਗਣ ਗੰਧਰਬ ਸੁਰਪਤ ਇੰਦ ਰਹੇ ਜਸ ਗਾਈਆ । ਭਗਤ ਸਮਾਗਮ ਧੁਰ ਸਲੋਕ, ਸਾਚਾ ਢੋਲਾ ਨਾਮ ਸੁਣਾਈਆ । ਭਗਤ ਭਗਵਾਨ ਸਮਾਗਮ ਜਨ ਭਗਤ ਦੁਆਰੇ ਆਪੇ ਪਹੁੰਚ, ਜਗ ਵਿਛੜੇ ਮੇਲ ਮਿਲਾਈਆ । ਆਤਮ ਪਰਮਾਤਮ ਸਮਾਗਮ ਸਾਰੇ ਰਹੇ ਲੋਚ, ਬਿਨ ਸਤਿਗੁਰ ਪੂਰੇ ਲੋਕਮਾਤ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤ ਸਮਾਗਮ ਕਰ ਪਰਵਾਨ, ਮਿਹਰਵਾਨ ਦੇ ਦਾਨ, ਕਰ ਧਿਆਨ ਹਰਿ ਸੰਗਤ ਦਰ ਆਈ ਧੁਰ ਦੇ ਲੇਖੇ ਆਪਣੇ ਘਰ ਲਗਾਈਆ ।

✪ ੨੨ ਅੱਸੂ ੨੦੨੦ ਬਿਕ੍ਰਮੀ ਅਦਾਲਤ ਸਿੰਘ ਦੇ ਗ੍ਰਿਹ ਆਂਡਲੂ ਜ਼ਿਲਾ ਲੁਧਿਆਣਾ ✪

ਕਲਜੁਗ ਕਹੇ ਪ੍ਰਭ ਸਾਚੇ ਪਿਤਾ, ਸੋ ਪੁਰਖ ਨਿਰੰਜਣ ਤੇਰੀ ਸਰਨਾਈਆ । ਚੌਥਾ ਜੁਗ ਮੈਂ ਬਾਲ ਨਿੱਕਾ, ਨਿਉਂ ਨਿਉਂ ਲਾਗਾਂ ਪਾਈਆ । ਤੇਰੇ ਹੁਕਮ ਦਾ ਕੀਤਾ ਸਾਚਾ ਹਿਤਾ, ਬਣ ਹਿਤਕਾਰੀ ਸੇਵ ਕਮਾਈਆ । ਲੱਖ ਚੁਰਾਸੀ ਕੂੜੀ ਕਿਰਿਆ ਲਾਇਆ ਟਿੱਕਾ, ਮਸਤਕ ਆਪਣਾ ਰੰਗ ਰੰਗਾਈਆ । ਤੇਰਾ ਨਾਮ ਸਾਹਿਬ ਕੀਤਾ ਫਿਕਾ, ਕੂੜ ਕੁੜਿਆਰਾ ਰਸਨਾ ਨਾਲ ਲਗਾਈਆ । ਸਚ ਸੁਚ ਨਾਲੋਂ ਸਭ ਦਾ ਬਦਲਿਆ ਚਿਤਾ, ਆਪਣੀ ਧਾਰ ਦਿਤੀ ਵਰਤਾਈਆ । ਕਰਿਆ ਖੇਲ ਇਕ ਅਨਡਿਠਾ, ਅਨਡਿਠੜੀ ਕਾਰ ਕਮਾਈਆ । ਜੀਵ ਜੰਤ ਰਸ ਕੋਈ ਨਾ ਜਾਣੇ ਮਿੱਠਾ, ਕੌੜਾ ਰੀਠਾ ਸਰਬ ਲੋਕਾਈਆ । ਮੇਰਾ ਪ੍ਰਭ ਜੀ ਮੈਨੂੰ ਦੇ ਦੇ ਹਿੱਸਾ, ਤੇਰੇ ਅੱਗੇ ਮੇਰੀ ਅਰਜ਼ੋਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੇਰੀ ਮਨਸਾ ਪੂਰ ਕਰਾਈਆ । ਸਾਹਿਬ ਸਤਿਗੁਰ ਮੇਰੇ ਦੀਨ ਦਿਆਲ, ਹਰਿ ਠਾਕਰ ਤੇਰੀ ਸਰਨਾਈਆ । ਮੈਂ ਛੋਟਾ ਨੱਢਾ ਬਾਲ ਨਾਦਾਨ, ਬਾਲੀ ਬੁਧ ਅਖਵਾਈਆ । ਤੂੰ ਸ਼ਾਹ ਪਾਤਸ਼ਾਹ ਸੱਚਾ ਸੁਲਤਾਨ, ਸ਼ਹਿਨਸ਼ਾਹ ਇਕ ਅਖਵਾਈਆ । ਆਦਿ ਜੁਗਾਦੀ ਹੁਕਮਰਾਨ, ਦੋ ਜਹਾਨ ਸੰਦੇਸ਼ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਨਿਤ ਨਵਿਤ ਬੈਠੇ ਧਿਆਨ ਲਗਾਈਆ । ਗੁਰ ਅਵਤਾਰ ਦੇਣ ਗਿਆਨ, ਜੁਗ ਚੌਕੜੀ ਸੇਵ ਕਮਾਈਆ । ਲੇਖਾ ਲਿਖ ਸ਼ਾਸਤਰ ਸਿਮਰਤ ਵੇਦ ਪੁਰਾਨ, ਗੀਤਾ ਗਿਆਨ ਭੇਵ ਖੁਲ੍ਹਾਈਆ । ਖਾਣੀ ਬਾਣੀ ਧੁਰ ਫ਼ਰਮਾਨ, ਸਚ ਸੰਦੇਸਾ ਮਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਤੇਰੀ ਓਟ ਰਖਾਈਆ । ਪਾਰਬ੍ਰਹਮ ਪ੍ਰਭ ਮੈਂ ਤੇਰਾ ਸੱਚਾ ਸੇਵਾਦਾਰ, ਜਗ ਸਾਚੀ ਸੇਵ ਕਮਾਈਆ । ਸ੍ਰਿਸ਼ਟ ਸਬਾਈ ਕੀਤੀ ਖ਼ਵਾਰ, ਚਾਰੋਂ ਕੁੰਟ ਪਏ ਦੁਹਾਈਆ । ਨਾਤਾ ਤੁੱਟਾ ਮੀਤ ਮੁਰਾਰ, ਯਾਰੀ ਯਾਰ ਨਾ ਕੋਇ ਨਿਭਾਈਆ । ਨਵ ਨੌਂ ਚਾਰ ਕੀਤਾ ਧੂਅੰਧਾਰ, ਸਾਚਾ ਚੰਦ ਨਾ ਕੋਇ ਚਮਕਾਈਆ, ਸਾਧ ਸੰਤ ਰੋਵਣ ਧਾਹਾਂ ਮਾਰ, ਸਾਚੀ ਮੰਜ਼ਲ ਹੱਥ ਕਿਸੇ ਨਾ ਆਈਆ । ਘਰ ਘਰ ਅੰਦਰ ਵਾੜ ਦਿਤਾ ਹੰਕਾਰ, ਕਾਮ ਕਰੋਧ ਲੋਭ ਮੋਹ ਨਾਲ ਰਲਾਈਆ । ਆਸਾ ਤ੍ਰਿਸਨਾ ਕਰ ਸ਼ਿੰਗਾਰ, ਮਾਇਆ ਮਮਤਾ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੈਂ ਸਾਚੀ ਸੇਵ ਕਮਾਈਆ । ਵੇਖ ਪ੍ਰਭ ਮੇਰਾ ਜ਼ੋਰ, ਤੇਰੇ ਹੁਕਮੇ ਅੰਦਰ ਖੇਲ ਕਰਾਇੰਦਾ । ਲੱਖ ਚੁਰਾਸੀ ਕੀਤੀ ਠੱਗ ਚੋਰ, ਘਰ ਘਰ ਠੱਗੀ ਇਕ ਵਖਾਇੰਦਾ । ਪੰਚ ਵਿਕਾਰਾ ਪਾਵੇ ਸ਼ੋਰ, ਧੀਰਜ ਧੀਰ ਨਾ ਕੋਇ ਰਖਾਇੰਦਾ । ਭਾਗ ਨਾ ਲੱਗੇ ਕਾਇਆ ਗੋਰ, ਦੀਪਕ ਜੋਤ ਨਾ ਕੋਇ ਜਗਾਇੰਦਾ । ਤੇਰੇ ਨਾਲ ਸੁਰਤੀ ਸਕੇ ਨਾ ਕੋਈ ਜੋੜ, ਮੈਂ ਅਧਵਿਚਕਾਰ ਖੜ ਕੇ ਸਭ ਦਾ ਪੰਧ ਮੁਕਾਇੰਦਾ । ਸਾਚੀ ਸਿਖਿਆ ਕਾਇਆ ਘਰ ਵਿਚੋਂ ਦੇਵਾਂ ਹੋੜ, ਕੂੜਾ ਖੇਲ ਇਕ ਵਖਾਇੰਦਾ । ਆਸਾ ਤ੍ਰਿਸਨਾ ਬੰਨ੍ਹ ਕੇ ਡੋਰ, ਸਾਚੀ ਤੰਦੀ ਤੰਦ ਬੰਧਾਇੰਦਾ । ਕਰਿਆ ਖੇਲ ਹੋਰ ਦਾ ਹੋਰ, ਹਰਿ ਜੂ ਤੇਰਾ ਹੁਕਮ ਸੀਸ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣਾ ਇਹੋ ਸਾਚਾ ਵਰ, ਤੇਰਾ ਛੋਟਾ ਪੁੱਤ ਮੰਗ ਮੰਗਾਇੰਦਾ । ਕਲਜੁਗ ਕਹੇ ਪ੍ਰਭ ਵੇਖ ਮੇਰੀ ਫੁਲਵਾੜੀ, ਕਲਜੁਗ ਅੰਤ ਮਹਿਕਾਈਆ । ਧੀਰਜ ਤੁਟਾ ਨਰ ਨਾਰੀ, ਨਰ ਨਰਾਇਣ ਨਜ਼ਰ ਕਿਸੇ ਨਾ ਆਈਆ । ਸਤਿ ਦਿਸੇ ਨਾ ਜਗਤ ਕਵਾਰੀ, ਮਨਮਤ ਦਏ ਦੁਹਾਈਆ । ਜੀਵ ਜੰਤ ਹੋਏ ਵਿਭਚਾਰੀ, ਕੂੜਾ ਨਾਤਾ ਜੋੜ ਜੁੜਾਈਆ ।

ਮਾਇਆ ਮਮਤਾ ਲਾ ਉਡਾਰੀ, ਭੱਜਣ ਵਾਹੋ ਦਾਹੀਆ । ਜਗਤ ਵਿਦਿਆ ਵਡ ਗਿਆਨ ਬਣੀ ਸੰਸਾਰੀ, ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਆਤਮ ਪਰਮਾਤਮ ਲਾਏ ਨਾ ਕੋਈ ਯਾਰੀ, ਜਗਤ ਯਾਰਾਨੇ ਰਹੇ ਹੰਡਾਈਆ । ਘਰ ਦੀਪਕ ਜੋਤ ਨੂਰ ਨਾ ਕੋਇ ਉਜਿਆਰੀ, ਮੰਦਰ ਸਚ ਨਾ ਕੋਇ ਰੁਸ਼ਨਾਈਆ । ਮਿਲਿਆ ਮੇਲ ਨਾ ਹਰਿ ਨਿਰੰਕਾਰੀ, ਨਿਰਗੁਣ ਸਰਗੁਣ ਲੇਖਾ ਪੂਰ ਨਾ ਕੋਇ ਕਰਾਈਆ । ਨੌ ਖੰਡ ਸੱਤ ਦੀਪ ਆਪ ਵਹਾਈ ਵੈਂਹਦੀ ਧਾਰੀ, ਭਵਜਲ ਪਾਰ ਨਾ ਕੋਇ ਕਰਾਈਆ । ਉਠ ਵੇਖ ਪ੍ਰਭ ਮੇਰੀ ਵੱਡੀ ਤ੍ਰਿਆਰੀ, ਤ੍ਰੈਗੁਣ ਮਾਇਆ ਰਿਹਾ ਜਣਾਈਆ । ਪੰਜਾਂ ਤੱਤਾਂ ਲੁੱਟ ਦਿਨ ਦਿਹਾੜੀ, ਦਿਵਸ ਰੈਣ ਇਕੋ ਰੰਗ ਵਖਾਈਆ । ਤੇਰੇ ਚਰਨ ਨਾ ਕੋਈ ਛੁਹਾਏ ਦਾੜ੍ਹੀ, ਮਸਤਕ ਟਿੱਕਾ ਧੂੜ ਨਾ ਕੋਇ ਲਾਈਆ । ਮਨਮਤ ਸਭ ਨੂੰ ਕਰੇ ਖ਼ਵਾਰੀ, ਗੁਰਮਤ ਹੱਥ ਕਿਸੇ ਨਾ ਆਈਆ । ਹੋਏ ਪਰਕਾਸ਼ ਨਾ ਬਹੱਤਰ ਨਾੜੀ, ਅਗਨੀ ਅੱਗ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੈਂ ਤੇਰਾ ਹੁਕਮ ਸੰਦੇਸਾ ਪੂਰ ਕਰਾਈਆ । ਵੇਖ ਪ੍ਰਭ ਆ ਕੇ ਆਪਣਾ ਛੋਟਾ ਪੁੱਤ ਬਲਵਾਨ, ਜਿਸ ਨੂੰ ਕਲਜੁਗ ਕਹੇ ਲੋਕਾਈਆ । ਮੈਂ ਆਪਣਾ ਝੁਲਾਇਆ ਨਿਸ਼ਾਨ, ਲੱਖ ਚੁਰਾਸੀ ਹੁਕਮ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਦੇ ਕੇ ਗਏ ਗਿਆਨ, ਮੈਂ ਸਭ ਨੂੰ ਦਿਤਾ ਭੁਲਾਈਆ । ਸਰ ਸਰੋਵਰ ਤੀਰਥ ਤਟ ਜੋ ਕਰ ਕੇ ਆਉਣ ਅਸ਼ਨਾਨ, ਦੁਰਮਤ ਮੈਲ ਨਾ ਕੋਇ ਧਵਾਈਆ । ਚਾਰ ਵਰਨ ਅਠਾਰਾਂ ਬਰਨ ਤੇਰਾ ਕਰੇ ਨਾ ਕੋਇ ਧਿਆਨ, ਅੰਤਰ ਆਤਮ ਲਿਵ ਸਾਚੀ ਨਾ ਕੋਇ ਲਾਈਆ । ਨੌ ਖੰਡ ਪ੍ਰਿਥਮੀ ਮੇਰਾ ਹੁਕਮ ਮੈਂ ਹੁਕਮਰਾਨ, ਤੇਰੇ ਹੁਕਮ ਨਾਲ ਸੋਭਾ ਪਾਈਆ । ਕੋਈ ਸਮਝ ਨਾ ਸਕੇ ਮਸਲਾ ਅੰਜੀਲ ਕੁਰਾਨ, ਕਾਇਆ ਕਾਅਬਾ ਖੋਜ ਕੋਇ ਨਾ ਪਾਈਆ । ਉਠ ਵੇਖ ਮੇਰੇ ਦੀਨ ਦਿਆਲ, ਸਾਬਤ ਰਹਿਣ ਨਾ ਦਿਤਾ ਕੋਈ ਈਮਾਨ, ਅਮਲ ਸਚ ਨਾ ਕੋਇ ਕਮਾਈਆ । ਘਰ ਘਰ ਵੜਿਆ ਦਿਸੇ ਹਰਾਮ, ਜਗਤ ਸ਼ੈਤਾਨ ਕਰੇ ਲੜਾਈਆ । ਕੂੜੀ ਕਿਰਿਆ ਕੀਤਾ ਨਜ਼ਾਮ, ਹੁਕਮ ਇਕੋ ਇਕ ਵਰਤਾਈਆ । ਸਾਧਾਂ ਸੰਤਾਂ ਦੇ ਕੇ ਮੁਖ ਲਗਾਮ, ਚਾਰੋਂ ਕੁੰਟ ਰਿਹਾ ਭਵਾਈਆ । ਤੇਰਾ ਨੂਰ ਨਜ਼ਰ ਕਿਸੇ ਨਾ ਆਏ ਭਗਵਾਨ, ਭਰਮ ਭੁਲਾਈ ਜਗਤ ਲੋਕਾਈਆ । ਵਾਹਵਾ ਮੇਰੇ ਸਾਹਿਬ ਤੂੰ ਮੈਨੂੰ ਦਿਤਾ ਦਾਨ, ਮੈਂ ਜਗਤ ਜੀਵਾਂ ਦਿਤਾ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਜੁਗ ਕਹੇ ਪ੍ਰਭ ਮੈਨੂੰ ਤੇਰੀ ਓਟ, ਤੇਰੇ ਸਹਾਰੇ ਖੇਲ ਕਰਾਈਆ । ਘਰ ਘਰ ਅੰਦਰ ਭਰਿਆ ਖੋਟ, ਖੋਟੀ ਬੁਧ ਸਰਬ ਵਖਾਈਆ । ਕਿਸੇ ਤਨ ਨਾ ਲੱਗੇ ਨਾਮ ਚੋਟ, ਸ਼ਬਦ ਨਗਾਰਾ ਨਾਦ ਨਾ ਕੋਇ ਸੁਣਾਈਆ । ਬੇਸ਼ਕ ਰਸਨਾ ਬਾਹਰੋਂ ਗਾਉਂਦੇ ਬੱਤੀ ਦੰਦ ਹੋਂਟ, ਅੰਤਰ ਆਤਮ ਰਾਮ ਨਜ਼ਰ ਕਿਸੇ ਨਾ ਆਈਆ । ਸੁੰਨ ਸਮਾਧੀ ਲਾ ਕੇ ਬੈਠੇ ਰਹਿਣ ਖ਼ਾਮੋਸ਼, ਪੜਦਾ ਦੂਈ ਨਾ ਕੋਇ ਚੁਕਾਈਆ । ਦੋਏ ਬੰਦ ਕਰਕੇ ਵੇਖਣ ਲੋਚ, ਲੋਚਾ ਪੂਰੀ ਨਜ਼ਰ ਕੋਇ ਨਾ ਆਈਆ । ਸਭ ਦੇ ਅੰਦਰ ਸਾਚੀ ਰਹਿਣ ਨਾ ਦਿਤੀ ਸੋਚ, ਸਮਝ ਸਮਝ ਦੀ ਦਿਤੀ ਗਵਾਈਆ । ਵੇਖ ਪ੍ਰਭ ਹੁਣ ਨਾ ਰਹੀਂ ਖ਼ਾਮੋਸ਼, ਤੇਰੇ ਅੱਗੇ ਫ਼ਰਿਆਦ ਸੁਣਾਈਆ । ਉਠ ਕੇ ਵੇਖ ਚੌਦਾਂ ਲੋਕ, ਸਦੀ ਚੌਧਵੀਂ ਦਏ ਦੁਹਾਈਆ । ਚੌਦਾਂ ਤਬਕ ਹੋਣੀ ਮੌਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਅੱਗੇ ਸੀਸ ਝੁਕਾਈਆ । ਸਾਹਿਬ ਸਤਿਗੁਰ ਮੇਰੇ ਦੀਨ ਦਿਆਲ, ਵਡ ਵੱਡੇ ਠਾਕਰ ਤੇਰੀ ਸ਼ਰਨਾਈਆ । ਲੋਕਮਾਤ ਵੇਖ ਜਗਤ ਧਰਮਸਾਲ, ਕੂੜਾ ਡੰਕਾ ਵੱਜੇ ਵਾਹੋ ਦਾਹੀਆ ।

ਨੇਤਰ ਰੋਵਣ ਸ਼ਾਹ ਕੰਗਾਲ, ਉਚ ਨੀਚ ਰਹੇ ਕੁਰਲਾਈਆ । ਸਾਚਾ ਮਿੱਤਰ ਮਿਲੇ ਨਾ ਕੋਈ ਜਹਾਨ, ਜਗਤ ਚਲਿਤਰ ਸੋਭਾ ਪਾਈਆ । ਚਾਰੋਂ ਕੁੰਟ ਦਿਸੇ ਬੀਆਬਾਨ, ਨਵ ਨੌ ਵੈਰਾਨੀ ਇਕੋ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਮੈਂ ਤੇਰਾ ਹੁਕਮ ਪੂਰਾ ਦੇਵਾਂ ਕਰਾਈਆ । ਹੁਕਮ ਦੇ ਮੇਰੇ ਭਗਵਾਨ, ਵਡ ਸੱਚੇ ਭੂਪ ਸੁਲਤਾਨਾ । ਚਾਰੋਂ ਕੁੰਟ ਵੇਖ ਝੁੱਲੇ ਨਿਸ਼ਾਨ, ਕੂੜੀ ਕਿਰਿਆ ਹੋਈ ਮਰਦ ਮਰਦਾਨਾ । ਸਿਦਕ ਸਬੂਰੀ ਸਤਿ ਧਰਮ ਰਿਹਾ ਨਾ ਕੋਇ ਈਮਾਨ, ਚਾਰੋਂ ਕੁੰਟ ਗ੍ਰਿਹਿ ਗ੍ਰਿਹਿ ਘਰ ਘਰ ਹੋਏ ਹਰਾਮਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਮੈਂ ਕੀਤਾ ਖੇਲ ਮਹਾਨਾ । ਖੇਲ ਮਹਾਨ ਪ੍ਰਭ ਕੀਤਾ ਆ, ਤੇਰਾ ਹੁਕਮ ਸੀਸ ਟਿਕਾਈਆ । ਨਵ ਨੌ ਚਾਰ ਖੇੜਾ ਦਿਤਾ ਢਾਹ, ਜਤ ਬੁਰਜ ਕੋਇ ਰਹਿਣ ਨਾ ਪਾਈਆ । ਅੰਦਰੇ ਅੰਦਰ ਝਗੜਾ ਦਿਤਾ ਵਖਾ, ਫ਼ੈਸਲਾ ਹੱਕ ਨਾ ਕੋਇ ਕਰਾਈਆ । ਸਭ ਦਾ ਬਦਲਾ ਦਿਤਾ ਚੁਕਾ, ਚੌਕੰਨਾ ਹੋ ਕੇ ਸੇਵ ਕਮਾਈਆ । ਅੱਖਾਂ ਹੁੰਦਿਆਂ ਜਗਤ ਅੰਧਾ ਦਿਤਾ ਬਣਾ, ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਦੀਨ ਮਜ਼੍ਹਬ ਜ਼ਾਤ ਪਾਤ ਵਿਚ ਬੰਨਾਂ ਦਿਤਾ ਰਖਾ, ਹੱਦ ਤੇਰੀ ਪਾਰ ਨਾ ਕੋਇ ਕਰਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਛੱਪਰ ਛੰਨਾਂ ਹੇਠ ਤੇਰਾ ਨਾਉਂ ਦਿਤਾ ਧਰਾ, ਕਾਇਆ ਮੰਦਰ ਅੰਦਰ ਖੋਲ੍ਹਣ ਕੋਇ ਨਾ ਆਈਆ । ਸਾਚਾ ਡੰਕਾ ਕੂੜ ਪਰਧਾਨ ਕਰਕੇ ਦਿਤਾ ਵਜਾ, ਨੌ ਖੰਡ ਇਕੋ ਹੁਕਮ ਵਰਤਾਈਆ । ਧਰਤ ਧਵਲ ਬੰਕਾ ਦਿਤਾ ਸੁਹਾ, ਸਾਖਿਆਤ ਤੇਰੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੇਰਾ ਲਹਿਣਾ ਮੇਰੀ ਝੋਲੀ ਪਾਈਆ । ਲਹਿਣਾ ਦੇ ਅਬਿਨਾਸ਼ੀ ਅਚੁੱਤ,

੮੦੧

ਦੇਵਣਹਾਰ ਇਕ ਅਖਵਾਈਆ । ਉਠ ਵੇਖ ਮੇਰੀ ਸੁਹੰਜਣੀ ਰੁੱਤ, ਚਾਰੋਂ ਕੁੰਟ ਕੂੜੀ ਫੁਲ ਫੁਲਵਾੜੀ ਰਹੀ ਮਹਿਕਾਈਆ । ਸ਼ਾਬਾਸ਼ ਕਹੁ ਵਾਹਵਾ

੧੫

ਮੇਰੇ ਪੁੱਤ, ਦੇ ਮਾਣ ਵਡਿਆਈਆ । ਮੈਂ ਨੇਤਰ ਖੋਲ੍ਹ ਅੱਖ ਲਵਾਂ ਪੁੱਟ, ਸ੍ਰੀ ਭਗਵਾਨ ਤੇਰਾ ਦਰਸ਼ਨ ਪਾਈਆ । ਅੰਮ੍ਰਿਤ ਜਾਮ ਦੇਣਾ ਆ ਕੇ ਘੁੱਟ, ਰਸ ਇਕੋ ਮੰਗ ਮੰਗਾਈਆ । ਮੇਰਾ ਲੇਖਾ ਜਾਵੇ ਲੋਕਮਾਤ ਵਿਚੋਂ ਮੁੱਕ, ਮੁੱਕੇ ਖੇਲ ਪਰਾਈਆ । ਆਪਣੀ ਗੋਦੀ ਲੈਣਾ ਚੁੱਕ, ਘਰ ਸਾਚੇ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਛੋਟਾ ਬਾਲਾ ਸੀਸ ਝੁਕਾਈਆ । ਸੁਣ ਬਾਲੇ ਛੋਟੇ ਲਾਲ, ਸੋ ਸਾਹਿਬ ਆਪ ਜਣਾਈਆ । ਤੇਰਾ ਲੇਖਾ ਵੇਖੇ ਦੀਨ ਦਿਆਲ, ਦਇਆਨਿਧ ਫੇਰਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰ ਕੁੰਟ ਦਹਿ ਦਿਸ਼ਾ ਲਵੇ ਭਾਲ, ਨਿਰਗੁਣ ਆਪਣਾ ਵੇਸ ਵਟਾਈਆ । ਤ੍ਰੈਗੁਣ ਮਾਇਆ ਵੇਖਣਹਾਰ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਤੇਰੀ ਕਰਨੀ ਵੇਖ ਕਮਾਲ, ਸਿਰ ਥਪਕੀ ਦੇਵੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੰਤਮ ਵੇਖੇ ਬੇਪਰਵਾਹੀਆ । ਅੰਤਮ ਲਹਿਣਾ ਤੇਰਾ ਚੁਕਾਵਾਂਗਾ । ਨੇਤਰ ਨੈਣਾਂ ਆਪ ਵਖਾਵਾਂਗਾ । ਧੁਰ ਦਾ ਦੇਣਾ ਝੋਲੀ ਪਾਵਾਂਗਾ । ਸਾਚਾ ਗੀਤ ਇਕ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰਾ ਲੇਖਾ ਆਪਣੀ ਬਿਧ ਨਾਲ ਮੁਕਾਵਾਂਗਾ । ਤੇਰਾ ਲੇਖਾ ਪ੍ਰਭ ਮੁਕਾਏਗਾ । ਹਿਸਾਬ ਕਿਤਾਬ ਸਭ ਤੋਂ ਮੰਗ ਮੰਗਾਏਗਾ । ਚਾਰ ਜੁਗ ਦੀ ਧਾਰ ਆਪਣੇ ਹੱਥ ਰਖਾਏਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਜੋ ਕਰਦੇ ਰਹੇ ਕਾਰ, ਕਰਤਾ ਕੀਮਤ ਆਪੇ ਪਾਏਗਾ । ਸ਼ਬਦ ਸੰਦੇਸਾ ਜੋ ਸੁਣਾਉਂਦੇ ਰਹੇ ਵਾਰੋ ਵਾਰ, ਸੋ

ਸਾਹਿਬ ਸਤਿਗੁਰ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਥਿਰ ਕੋਏ ਰਹਿਣ ਨਾ ਪਾਈਆ । ਕਲਜੁਗ ਤੇਰੀ ਆਈ ਅੰਤਮ ਵਾਰ, ਹਰਿ ਜੂ ਲੇਖਾ ਦਏ ਮੁਕਾਈਆ । ਤੇਰਾ ਵੇਖ ਖੇਲ ਜਗਤ ਸੰਸਾਰ, ਦੇਵੇ ਵੇਲੇ ਅੰਤ ਵਡਿਆਈਆ । ਪਹਿਲੋਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨੇਤਰ ਨੈਣਾ ਦਏ ਵਖਾਲ, ਵੇਖੋ ਜਗਤ ਲੋਕਾਈਆ । ਸਾਚੇ ਨਾਮ ਕਰੇ ਨਾ ਕੋਈ ਭਾਲ, ਸ਼ਬਦੀ ਗੁਰੂ ਨਾ ਕੋਇ ਮਨਾਈਆ । ਅੰਤਰ ਆਤਮ ਵੱਜੇ ਨਾ ਕੋਇ ਤਾਲ, ਸ਼ਬਦ ਅਨਾਦ ਨਾ ਕੋਇ ਸੁਣਾਈਆ । ਤ੍ਰੈਗੁਣ ਮਾਇਆ ਤੋੜੇ ਨਾ ਕੋਈ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਮੁਰੀਦਾਂ ਮੁਰਸ਼ਦ ਪੁੱਛੇ ਨਾ ਕੋਈ ਹਾਲ, ਹਾਲਤ ਦੇਵੇ ਨਾ ਕੋਇ ਬਦਲਾਈਆ । ਸਰਗੁਣ ਬਣੇ ਨਾ ਕੋਇ ਦਲਾਲ, ਨਿਰਗੁਣ ਬੈਠਾ ਮੁਖ ਛੁਪਾਈਆ । ਕਲਜੁਗ ਤੇਰੇ ਨਾਲ ਰਲ ਕੇ ਡੌਰੂ ਡੰਕਾ ਵੱਜੇ ਤਾਲ, ਹੱਥ ਨਗਾਰਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਨਰ ਨਰੇਸ਼ਾ ਏਕੰਕਾਰ ਇਕ ਇਕੱਲਾ ਏਕਾ ਵਾਰ ਜਣਾਈਆ । ਕਲਜੁਗ ਤੇਰੀ ਆਏ ਵਾਰੀ, ਅੰਤਮ ਅੰਤ ਸਚ ਜਣਾਈਆ । ਭੇਵ ਖੁਲ੍ਹਾਏ ਗੁਰ ਅਵਤਾਰੀ, ਪੀਰ ਪੈਗੰਬਰ ਬੂਝ ਬੁਝਾਈਆ । ਉਠੋ ਵੇਖੋ ਜਗਤ ਸੰਸਾਰੀ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚਾ ਮੀਤ ਨਾ ਕੋਇ ਵਣਜਾਰੀ, ਨਾਮ ਹੱਟ ਨਾ ਕੋਇ ਖੁਲ੍ਹਾਈਆ । ਕਾਮ ਕਰੋਧ ਦੇ ਬਣ ਵਪਾਰੀ, ਕੂੜੀ ਕਿਰਿਆ ਰਹੇ ਕਮਾਈਆ । ਸਾਚੇ ਮੰਦਰ ਚੜ੍ਹੇ ਨਾ ਕੋਇ ਅਟਾਰੀ, ਮਹੱਲ ਅਟੱਲ ਸੋਭਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰਾ ਅੰਤਮ ਲੇਖਾ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨੇਤਰ ਨੈਣਾਂ ਦਏ ਵਖਾਈਆ । ਨੇਤਰ ਨੈਣ ਵੇਖਣ ਆਣ, ਗੁਰ ਅਵਤਾਰ ਪੰਧ ਮੁਕਾਈਆ । ਚਾਰੋਂ ਕੁੰਟ ਦਿਸੇ ਵੈਰਾਨ, ਸਚ ਫਲਵਾੜੀ ਨਜ਼ਰ ਕੋਇ ਨਾ ਆਈਆ । ਇਕ ਦੂਜੇ ਵਲ ਕਰਨ ਧਿਆਨ, ਨੇਤਰ ਨੈਣ ਅੱਖ ਮਿਲਾਈਆ । ਵੇਖੋ ਮਾਤ ਦਿਸੇ ਨਾ ਕੋਈ ਗਿਆਨ, ਸਾਚਾ ਧਿਆਨ ਨਾ ਕੋਇ ਰਖਾਈਆ । ਸਾਚੇ ਮੰਦਰ ਕੋਈ ਨਾ ਮਿਲੇ ਆਣ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਗਾਣ ਗਾਣ, ਗਾ ਗਾ ਜੀਵਾਂ ਜੰਤਾਂ ਰਹੇ ਸੁਣਾਈਆ । ਸਾਧਾਂ ਸੰਤਾਂ ਅੰਦਰ ਵੜਿਆ ਇਕ ਸ਼ੈਤਾਨ, ਅੱਠੇ ਪਹਿਰ ਕਰੇ ਲੜਾਈਆ । ਹਉਮੇਂ ਹੰਗਤਾ ਬਣੀ ਦੁਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਤੇਰਾ ਲਹਿਣਾ ਦੇਵੇ ਬੇਪਰਵਾਹੀਆ । ਕਲਜੁਗ ਤੇਰਾ ਅੰਤ ਵੇਖਣ ਆਉਣਗੇ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਸੱਚੇ ਸੋਭਾ ਪਾਉਣਗੇ । ਜੋ ਲੋਕਮਾਤ ਦੇ ਕੇ ਗਏ ਵਰ, ਸੋ ਆਪਣਾ ਲੇਖਾ ਅੰਤ ਚੁਕਾਉਣਗੇ । ਜਿਨ੍ਹਾਂ ਜੀਵਾਂ ਜੰਤਾਂ ਦਿਤਾ ਭੌ ਡਰ, ਸੋ ਭੈ ਭਿਆਨਕ ਆਪਣੇ ਘਰ ਵਖਾਉਣਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਅੰਤ ਚੁਕਾਉਣਗੇ । ਲੇਖਾ ਅੰਤ ਚੁਕਾਏ ਆਪ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗੰਬਰ ਦੇਵਣ ਸਾਥ, ਬਣ ਸਾਥੀ ਸੰਗ ਨਿਭਾਈਆ । ਜੋ ਸੰਦੇਸਾ ਪ੍ਰਭ ਦਿਤਾ ਆਖ, ਸੋ ਕਲਜੁਗ ਪੂਰ ਕਰਾਈਆ । ਅੰਤਮ ਤੁੱਟੇ ਏਸ ਦਾ ਨਾਤ, ਲੋਕਮਾਤ ਰਹਿਣ ਨਾ ਪਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਤੇਰੇ ਹੱਥ ਵਡਿਆਈਆ । ਜੁਗ ਚੌਕੜੀ ਤੇਰੀ ਰਾਸ, ਮੰਡਲ ਮੰਡਪ ਨਾਚ ਵਖਾਈਆ । ਸਭ



੮੦੨
੧੫

ਦੀ ਪੂਰੀ ਕਰ ਆਸ, ਆਸਾਵੰਦ ਤੇਰੀ ਸ਼ਰਨਾਈਆ । ਜਨਮ ਕਰਮ ਦੀ ਮੇਟ ਪਿਆਸ, ਤ੍ਰਿਸਨਾ ਭੁੱਖ ਗਵਾਈਆ । ਦਾਤੇ ਦਾਨੀ ਸਰਬਗੁਣ ਤਾਸ, ਸ਼ਾਹ ਪਾਤਸ਼ਾਹ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਵਾਰ ਸੁਣਾਈਆ । ਸ੍ਰੀ ਭਗਵਾਨ ਕਹੇ ਕਰੋ ਸਲਾਹ, ਸੋ ਸਾਹਿਬ ਆਪ ਜਣਾਈਆ । ਕਲਜੁਗ ਛੋਟਾ ਪੁੱਤ ਝੋਲੀ ਰਿਹਾ ਡਾਹ, ਮੰਗ ਆਪਣੀ ਰਿਹਾ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੱਸ ਕੇ ਕਹਿਣ ਪਾਰਬ੍ਰਹਮ ਤੇਰਾ ਛੋਟਾ ਪੁੱਤ ਗੋਬਿੰਦ ਇਕ ਮਲਾਹ, ਕਲਜੁਗ ਬੇੜਾ ਵੇਖ ਵਖਾਈਆ । ਬਾਕੀ ਸਾਰੇ ਕਰ ਗਏ ਨਾਂਹ, ਹਾਂ ਵਿਚ ਹਾਂ ਨਾ ਕੋਇ ਮਿਲਾਈਆ । ਜੋਧਾ ਸੂਰਬੀਰ ਬਲਵਾਨ ਪੁਰਖ ਅਕਾਲ ਅੱਗੇ ਸੀਸ ਝੁਕਾ, ਦੋਏ ਜੋੜ ਪਿਆ ਸਰਨਾਈਆ । ਤੇਰਾ ਹੁਕਮ ਸੱਚੇ ਸ਼ਹਿਨਸ਼ਾਹ, ਦੋ ਜਹਾਨਾਂ ਆਪਣੇ ਸੀਸ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਬੇਪਰਵਾਹ ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਆਖ, ਪ੍ਰਭ ਇਕ ਗੋਬਿੰਦ ਹੱਥ ਵਡਿਆਈਆ । ਸਿੰਘ ਰੂਪ ਸਾਖਿਆਤ, ਲੋਕਮਾਤ ਆਇਆ ਫੇਰਾ ਪਾਈਆ । ਚਾਰ ਵਰਨ ਬਣਾ ਕੇ ਆਇਆ ਇਕ ਜਮਾਤ, ਅੰਮ੍ਰਿਤ ਆਤਮ ਜਾਮ ਪਿਆਈਆ । ਕੂੜੀ ਕਿਰਿਆ ਕਰਕੇ ਆਇਆ ਘਾਤ, ਖੰਡਾ ਖੜਗ ਨਾਮ ਚਮਕਾਈਆ । ਮੇਟ ਕੇ ਆਇਆ ਅੰਧੇਰੀ ਰਾਤ, ਸਾਚਾ ਨੂਰ ਚੰਦ ਵਖਾਈਆ । ਧੁਰ ਦੱਸ ਕੇ ਆਇਆ ਗਾਥ, ਪੁਰਖ ਅਕਾਲ ਤੇਰੀ ਪੜ੍ਹਾਈਆ । ਲੇਖ ਲਿਖ ਕੇ ਆਇਆ ਭਵਿਖਤ ਵਾਕ, ਨਾ ਕੋਈ ਮੇਟੇ ਮੇਟ ਮਿਟਾਈਆ । ਕਲਜੁਗ ਅੰਤਮ ਉਤਰੇ ਆਪਣੇ ਘਾਟ, ਪੱਤਣ ਬੈਠਾ ਬੇਪਰਵਾਹੀਆ । ਪਰਗਟ ਹੋਏ ਪੁਰਖ ਸਮਰਾਥ, ਨਿਰਗੁਣ ਦਾਤਾ ਜੋਤ ਰੁਸ਼ਨਾਈਆ । ਲੱਖ ਚੁਰਾਸੀ ਜੀਵ ਜੰਤ ਵੇਖਣਹਾਰਾ ਖੇਲ ਤਮਾਸ਼, ਖ਼ਾਲਕ ਖ਼ਲਕ ਭੇਵ ਚੁਕਾਈਆ । ਸਚ ਰੂਪ ਬਣਾਏ ਖ਼ਾਲਸ ਖ਼ਾਸ, ਖ਼ਾਲਸਾ ਆਪਣਾ ਨਾਉਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਬਿਨ ਗੋਬਿੰਦ ਜੋਧਾ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਗੋਬਿੰਦ ਸੱਚਾ ਸੂਰਬੀਰ, ਪੁਰਖ ਅਕਾਲ ਤੇਰਾ ਪੁੱਤ ਅਖਵਾਈਆ । ਕਲਜੁਗ ਕੂੜੇ ਏਹੋ ਕਟੇ ਜੰਜੀਰ, ਇਹਦੇ ਹੱਥ ਸਾਹਿਬ ਇਕ ਕਿਰਪਾਨ ਫੜਾਈਆ । ਸਭ ਦੀ ਬਦਲ ਦੇਵੇ ਤਦਬੀਰ, ਤਦਬੀਰ ਆਪਣੀ ਦਏ ਸਮਝਾਈਆ । ਇਹਦੀ ਸਭ ਤੋਂ ਨਿਰਾਲੀ ਤਸਵੀਰ, ਮੁਸਵਰ ਕੋਈ ਸਮਝ ਨਾ ਸਕੇ ਰਾਈਆ । ਓਸੇ ਵੇਲੇ ਉਠ ਖਲੋਤੇ ਈਸਾ ਮੂਸਾ ਮੁਹੰਮਦ ਪੀਰ, ਨੇਤਰ ਨੈਣ ਅੱਖ ਖੁਲ੍ਹਾਈਆ । ਮੁਹੰਮਦ ਨੇਤਰ ਰੋ ਹੋਇਆ ਦਲਗੀਰ, ਉਚੀ ਕੂਕ ਕੂਕ ਸੁਣਾਈਆ । ਮੇਰੀ ਹੱਡੀਂ ਲੱਗੀ ਪੀੜ, ਮੇਰਾ ਅੰਗ ਅੰਗ ਦੁੱਖ ਸਹਿ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਹੱਥ ਪ੍ਰਭ ਵਡਿਆਈਆ । ਮੁਹੰਮਦ ਕਹੇ ਮਾਰ ਧਾਹ, ਬੌਹੜੀ ਬੌਹੜੀ ਮੇਰੇ ਖ਼ੁਦਾਇਆ । ਮੈਂ ਭੁੱਲਾ ਵਿਚ ਜਹਾਂ, ਦੋ ਜਹਾਨਾਂ ਵਾਲੀ ਤੇਰੀ ਸਰਨਾਇਆ । ਮੈਂ ਗੋਬਿੰਦ ਅੱਗੇ ਝੋਲੀ ਦੇਵਾਂ ਡਾਹ, ਖ਼ਾਲੀ ਪੱਲੂ ਇਕ ਰਖਾਇਆ । ਮੇਰੀ ਉਮਤ ਜ਼ੁਲਮ ਕਹਿਰ ਦਿਤਾ ਕਮਾ, ਸਿਤਮ ਇਕ ਕਰਾਇਆ । ਛੋਟੇ ਬਾਲੇ ਨੀਹਾਂ ਹੇਠਾਂ ਦਿਤੇ ਦਬਾ, ਏਸੇ ਕਾਰਨ ਕਲਜੁਗ ਆਪਣੀ ਜੜ੍ਹ ਰਿਹਾ ਉਖੜਾਇਆ । ਮੈਨੂੰ ਬਿਨ ਗੋਬਿੰਦ ਕੋਈ ਨਾ ਸਕੇ ਬਚਾ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਝੁਕਾਇਆ । ਉਚੀ ਕੂਕ ਕਹਿਣ ਵਾਹ ਵਾ, ਗੋਬਿੰਦ ਗੁਰਦੇਵ ਸੁਆਮੀ ਇਕੋ ਨਜ਼ਰੀ ਆਇਆ । ਜੋ ਆਉਦੀ ਵਾਰ

ਵਿਚ ਸੰਸਾਰ ਫ਼ਤਹਿ ਡੰਕਾ ਆਇਆ ਵਜਾ, ਜੈ ਜੈਕਾਰ ਇਕ ਕਰਾਇਆ । ਉਸ ਦੇ ਹੱਥ ਲੇਖਾ ਦੇਣਾ ਫੜਾ, ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਬੈਠੇ ਸੀਸ ਝੁਕਾਇਆ । ਸ੍ਰੀ ਭਗਵਾਨ ਕਹੇ ਮੈਂ ਦਇਆ ਕਮਵਾਂਗਾ । ਸੂਰਬੀਰ ਇਕ ਉਠਾਵਾਂਗਾ । ਜੋਧਾ ਦੋ ਜਹਾਨ ਜਣਾਵਾਂਗਾ । ਇਕ ਪਰਲੋ ਕਾਲ ਵਖਾਵਾਂਗਾ । ਸਚ ਸਲੋਕਾ ਇਕੋ ਰਾਗ ਸੁਣਾਵਾਂਗਾ । ਕਿਸੇ ਨਾਲ ਨਾ ਕਰੇ ਧੋਖਾ, ਕੂੜੀ ਕਿਰਿਆ ਮੇਟ ਮਿਟਾਵਾਂਗਾ । ਕਲਜੁਗ ਨੂੰ ਇਕੋ ਦੇਵੇ ਆਪਨਾ ਮੌਕਾ, ਮੁਕੰਮਲ ਹਾਲ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਇਕ ਕਰਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣ ਸੰਦੇਸ, ਕਲਜੁਗ ਉਠ ਕੇ ਭੱਜਾ ਵਾਹੋ ਦਾਹੀਆ । ਦੋਏ ਜੋੜ ਪ੍ਰਭ ਅੱਗੇ ਹੋਇਆ ਪੇਸ਼, ਦੂਰ ਦੁਰਾਡਾ ਬੈਠਾ ਸੀਸ ਝੁਕਾਈਆ । ਮੈਨੂੰ ਡਰ ਆਵੇ ਉਸ ਕੋਲੋਂ ਜਿਸ ਦੇ ਸਿਰ ਤੇ ਰੱਖੇ ਸਾਹਿਬ ਨੇ ਕੇਸ, ਨਾਮ ਦਸਮੇਸ਼ ਦਹਿ ਦਿਸ਼ਾ ਭੈ ਰਿਹਾ ਜਣਾਈਆ । ਜਿਸ ਦੇ ਭੈ ਵਿਚ ਫਿਰਦੇ ਮੁੱਲਾਂ ਸ਼ੇਖ਼, ਮਸਾਇਕ ਨਜ਼ਰ ਕੋਇ ਨਾ ਆਈਆ । ਅੰਤਮ ਫਿਰੇ ਦਰੋਹੀ ਚੌਦਾਂ ਲੋਕ, ਮਸਲਾ ਹੱਕ ਨਾ ਕੋਇ ਪੜ੍ਹਾਈਆ । ਉਸ ਦਾ ਲੇਖਾ ਇਕੋ ਠੀਕ, ਵੱਧ ਘੱਟ ਨਾ ਕੋਇ ਕਰਾਈਆ । ਉਹ ਕਾਲੇ ਉਤੇ ਪਾ ਕੇ ਗਿਆ ਲੀਕ, ਲੇਖਾ ਲੇਖ ਨਾ ਕੋਇ ਮਿਟਾਈਆ । ਗੋਬਿੰਦ ਸਭ ਦਾ ਸਾਂਝਾ ਪੀਰ ਲਾਸ਼ਰੀਕ, ਜ਼ਾਤ ਪਾਤ ਭੇਵ ਨਾ ਕੋਇ ਵਖਾਈਆ । ਇਕੋ ਮੰਗੇ ਸਚ ਪ੍ਰੀਤ, ਨੀਚਾਂ ਊਚਾਂ ਗਿਆ ਸਮਝਾਈਆ । ਕਲਜੁਗ ਅੰਤਮ ਮੇਰਾ ਖੇਲ ਹੋਏ ਅਨਡੀਠ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਲੇਖਾ ਇਕੋ ਹੱਥ ਫੜਾਈਆ । ਕਲਜੁਗ ਕਹੇ ਮੇਰੇ ਪ੍ਰਭ ਮੀਤ, ਪੁਨਹ ਪੁਨਹ ਮੇਰੀ ਨਿਮਸਕਾਰਿਆ । ਚਾਰ ਕੁੰਟ ਮੈਂ ਫਿਰ ਕੇ ਵੇਖਿਆ ਮੰਦਰ ਮਸੀਤ, ਸ਼ਿਵਦਵਾਲੇ ਮੱਠ ਖੋਜ ਖੋਜਾਈਆ । ਬਿਨ ਗੋਬਿੰਦ ਗੁਰਮੁਖ ਗੁਰਸਿਖ ਸਾਚੀ ਦਿਸੀ ਨਾ ਕਿਸੇ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਤੇਰੇ ਨਾਲ ਹਰਿਜਨ ਵਿਰਲਾ ਕਰੇ ਪ੍ਰੀਤ, ਬਾਕੀ ਬੈਠੇ ਢੇਰੀਆਂ ਢਾਹੀਆ । ਇਕੋ ਸਾਹਿਬ ਤੇਰੀ ਉਡੀਕ, ਨੇਤਰ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਵੇਲੇ ਅੰਤ ਮੰਗ ਮੰਗਾਈਆ । ਕਲਜੁਗ ਤੇਰੀ ਆਸਾ ਮਨਸਾ ਕਰਾਂ ਪੂਰ, ਪੂਰੀ ਇਛਿਆ ਆਪ ਕਰਾਈਆ । ਜੋਤੀ ਜਲਵਾ ਧਰ ਕੇ ਨੂਰ, ਗੋਬਿੰਦ ਸ਼ਬਦ ਦਿਆਂ ਵਡਿਆਈਆ । ਸ਼ਬਦ ਗੋਬਿੰਦ ਹਾਜ਼ਰ ਹਜ਼ੂਰ, ਹਜ਼ਰਤ ਆਪਨਾ ਨਾਮ ਰਖਾਈਆ । ਤੇਰਾ ਹੂੰਝੇ ਕੂੜਾ ਕਿਰਕਟ ਕੂੜ, ਚਾਰ ਕੁੰਟ ਕਰੇ ਸਫ਼ਾਈਆ । ਮਾਣ ਤਾਣ ਤੋੜੇ ਗ਼ਰੂਰ, ਗ਼ੁਰਬਤ ਅੰਤਮ ਦਏ ਖਪਾਈਆ । ਮੁਹੰਮਦ ਦਾ ਮੁਆਫ਼ ਨਾ ਕਰੇ ਕਸੂਰ, ਜਿੰਨਾਂ ਚਿਰ ਚੌਦਾਂ ਤਬਕ ਨਾਲ ਲੈ ਕੇ ਚੌਦਾਂ ਵਾਰ ਨਾ ਸੀਸ ਝੁਕਾਈਆ । ਰਸਨਾ ਬੋਲ ਕਹੇ ਮੈਂ ਓਹੋ ਪੜ੍ਹਾਂ ਸਬਕ, ਜੋ ਗੋਬਿੰਦ ਦਏ ਸਮਝਾਈਆ । ਉਮਤ ਵਲ ਪਿੱਛਾ ਫੇਰ ਨਾ ਵੇਖਾਂ ਪਰਤ, ਪਰਤੀਨਿਧ ਨਜ਼ਰ ਨਾ ਆਈਆ । ਅੱਗੇ ਕੋਈ ਨਾ ਰਹੇ ਫ਼ਰਕ, ਫਿਰਕਾ ਮੇਰਾ ਸਦੀ ਚੌਧਵੀਂ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਆਪਨੇ ਹੱਥ ਰਖਾਈਆ । ਮੁਹੰਮਦ ਕਹੇ ਸੁਣ ਪਰਵਰਦਿਗਾਰ, ਬੇਪਰਵਾਹ ਤੇਰੀ ਸਰਨਾਈਆ । ਤੇਰੇ ਹੁਕਮੇ ਅੰਦਰ ਖੇਲ ਕੀਤਾ ਕਰਤਾਰ, ਕੁਦਰਤ ਚਾਰ ਕੁੰਟ ਨਚਾਈਆ । ਕਲਜੁਗ ਨਾਲ ਨਾਤਾ ਜੋੜ ਵਿਚ ਸੰਸਾਰ, ਰਲ ਮਿਲ ਆਪਨੀ ਖ਼ੁਸ਼ੀ ਮਨਾਈਆ । ਸ੍ਰਿਸ਼ਟ

ਸਬਾਈ ਕਰ ਕੇ ਧੂਆਂਧਾਰ, ਦੀਨ ਇਸਲਾਮ ਇਕੋ ਡੰਕ ਵਜਾਈਆ । ਸਾਰੇ ਬਰਦੇ ਕਰ ਗ਼ੁਲਾਮ, ਸ਼ਰਅ ਜ਼ੰਜੀਰ ਗਲ ਪਵਾਈਆ । ਨੌ ਖੰਡ ਪ੍ਰਿਥਮੀ ਨਜ਼ਰੀ ਆਏ ਇਕ ਇਸਲਾਮ, ਰਾਮ ਕ੍ਰਿਸ਼ਨ ਨਜ਼ਰ ਕੋਇ ਨਾ ਆਈਆ । ਕਲਮਾ ਪੜ੍ਹਾਓ ਇਕ ਕਲਾਮ, ਕਾਇਨਾਤ ਇਕੋ ਰੰਗ ਰੰਗਾਈਆ । ਧੁਰ ਸੰਦੇਸਾ ਦਿਓ ਪੈਗ਼ਾਮ, ਜ਼ਬਰਾਈਲ ਮੇਕਾਈਲ ਅਸਰਾਫ਼ੀਲ ਇਜ਼ਰਾਈਲ ਭੱਜੋ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਹੁਕਮੇ ਅੰਦਰ ਜਗਤ ਸੇਵ ਕਮਾਈਆ । ਸੁਣ ਮੁਹੰਮਦ ਸਚ ਸੰਦੇਸ, ਸੋ ਸਾਹਿਬ ਆਪ ਜਣਾਇੰਦਾ । ਤੇਰਾ ਕੀਤਾ ਤੇਰੀ ਕਰਨੀ ਲਈ ਵੇਖ, ਤੇਰਾ ਲੇਖਾ ਤੇਰੀ ਝੋਲੀ ਪਾਇੰਦਾ । ਪਾਰਬ੍ਰਹਮ ਪਤਿਪਰਮੇਸ਼ਵਰ ਪਿਛਲਾ ਪੂਰਾ ਕਰੇ ਲੇਖ, ਅੱਗੇ ਆਪਣਾ ਹੁਕਮ ਵਰਤਾਇੰਦਾ । ਨਿਰਵੈਰ ਪੁਰਖ ਪੁਰਖ ਅਕਾਲ ਦੀਨ ਦਿਆਲ ਨਿਰਪੱਖ ਖੇਲੇ ਖੇਡ, ਚਾਰ ਵਰਨ ਇਕੋ ਰੰਗ ਰੰਗਾਇੰਦਾ । ਹਿੰਦੂ ਮੁਸਲਮ ਸਿੱਖ ਈਸਾਈ ਅੰਦਰ ਵੜ ਕੇ ਦੇਵੇ ਆਪਣਾ ਭੇਤ, ਪੜਦਾ ਦੂਈ ਦਵੈਤ ਚੁਕਾਇੰਦਾ । ਜਿਸ ਨੇ ਆਪਣੇ ਲਖ਼ਤੇ ਜਿਗਰ ਕੀਤੇ ਭੇਟ, ਸੋ ਤੇਰੀ ਉਮਤ ਲੇਖਾ ਨਾ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰ ਏਕੰਕਾਰ ਦਰਗਹਿ ਸਾਚੀ ਲਾ ਦਰਬਾਰ, ਸਾਚੀ ਕਰਨੀ ਆਪ ਕਮਾਇੰਦਾ । ਕਲਜੁਗ ਕਹੇ ਪ੍ਰਭ ਮੇਰੀ ਨਾਲ ਮੁਹੰਮਦ ਯਾਰੀ, ਯਾਰੀ ਯਾਰੀ ਨਾਲ ਨਿਭਾਈਆ । ਇਹਦੀ ਉਮਤ ਲੱਗੇ ਮੈਨੂੰ ਪਿਆਰੀ, ਜੋ ਛੁਰੀ ਕਰਦ ਹੱਥ ਉਠਾਈਆ । ਜ਼ਿਬਹ ਕਰੇ ਤੇਰੇ ਜੀਵ ਤਨ ਮਨ ਹੋਏ ਦੁਖਿਆਰੀ, ਦੁਖੀ ਕੂਕ ਦੇਣ ਦੁਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਿਉਂ ਸੁੱਤਾ ਪੈਰ ਪਸਾਰੀ, ਤੇਰੀ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਬੇਨੰਤੀ ਦੋਏ ਜੋੜ ਸੁਣਾਈਆ । ਸ੍ਰੀ ਭਗਵਾਨ ਪਿਆ ਹੱਸ, ਖ਼ੁਸ਼ੀ ਨਾਲ ਸੁਣਾਇੰਦਾ । ਮੁਹੰਮਦ ਏਥੇ ਤੇਰਾ ਮੇਰਾ ਕੋਈ ਨਾ ਚਲੇ ਵਸ, ਗੋਬਿੰਦ ਲੇਖਾ ਆਪਣੇ ਹੱਥ ਰਖਾਇੰਦਾ । ਉਸ ਦੀ ਚਰਨੀ ਜਾ ਕੇ ਢੱਠ, ਸਨਮੁਖ ਤੇਰੇ ਨਜ਼ਰੀ ਆਇੰਦਾ । ਜਿਸ ਨੇ ਤੇਰੇ ਪਿਛੇ ਬੰਸ ਸਰਬੰਸ ਲਾਈ ਰੱਤ, ਰੱਤੀ ਰੱਤ ਵੇਖ ਵਖਾਇੰਦਾ । ਉਸ ਦੇ ਖੰਡਾ ਖੜਗ ਚਮਕੇ ਹੱਥ, ਦੋ ਜਹਾਨ ਸੀਸ ਨਾ ਕੋਇ ਉਠਾਇੰਦਾ । ਪੁਰਖ ਅਕਾਲ ਪਹਿਲੋਂ ਦੇ ਲਈ ਆਪਣੀ ਵੱਥ, ਹੁਣ ਦਿਤੀ ਵੱਥ ਮੰਗਣ ਕਦੇ ਨਾ ਜਾਇੰਦਾ । ਸਾਚਾ ਮਾਰਗ ਦਿਤਾ ਦੱਸ, ਏਕੰਕਾਰਾ ਆਪ ਸਮਝਾਇੰਦਾ । ਕਲਜੁਗ ਕੂੜੀ ਕਿਰਿਆ ਜੜ੍ਹ ਦੇਣੀ ਪੱਟ, ਲੋਕਮਾਤ ਖੇੜਾ ਝੂਠਾ ਢਾਹਿੰਦਾ । ਜਨ ਭਗਤ ਸੁਹੇਲੇ ਲਏ ਰੱਖ, ਗੁਰ ਚੇਲੇ ਮੇਲ ਮਿਲਾਇੰਦਾ । ਦੀਨ ਦਿਆਲ ਹੋ ਕੇ ਖੋਲ੍ਹੇ ਅੱਖ, ਨੇਤਰ ਲੋਚਣ ਪੜਦਾ ਲਾਹਿੰਦਾ । ਨਜ਼ਰੀ ਨੂਰ ਆਏ ਪਰਤੱਖ, ਸਾਖਿਆਤ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਧੁਰ ਦਰਬਾਰੇ ਸਾਚੀ ਕਰਨੀ ਕਰਤਾ ਪੁਰਖ ਆਪਣੀ ਕਾਰ ਕਮਾਇੰਦਾ । ਕਲਜੁਗ ਕਹੇ ਮੁਹੰਮਦ ਉਠ, ਕਿਉਂ ਬੈਠਾ ਢੇਰੀਆਂ ਢਾਹੀਆ । ਗੋਬਿੰਦ ਕੋਲੋਂ ਜਾ ਕੇ ਪੁੱਛ, ਕੀ ਲੇਖਾ ਤੇਰਾ ਲਿਖਾਈਆ । ਜੇ ਤੇਰੇ ਉਪਰ ਜਾਵੇ ਤੁਠ, ਮਿਹਰ ਨਜ਼ਰ ਟਿਕਾਈਆ । ਤੇਰਾ ਮੇਰਾ ਦੋਹਾਂ ਦਾ ਪੈਂਡਾ ਜਾਵੇ ਮੁੱਕ, ਝਗੜਾ ਚੁੱਕੇ ਜਗਤ ਲੋਕਾਈਆ । ਅਸੀਂ ਚਰਨਾਂ ਹੇਠਾਂ ਜਾਈਏ ਲੁਕ, ਜਿਥੇ ਆਦਿ ਜੁਗਾਦਿ ਮਿਲੇ ਸਰਨਾਈਆ । ਸਾਨੂੰ ਕੋਈ ਨਾ ਸਕੇ ਪੁੱਛ, ਲੇਖਾ ਮੰਗਣ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਸਭ ਨੂੰ ਰਿਹਾ ਸੁਣਾਈਆ । ਕਲਜੁਗ ਸੁਣ ਅੰਤ ਸੰਦੇਸਾ, ਸੋ ਪੁਰਖ ਨਿਰੰਜਣ

ਆਪ ਜਣਾਈਆ । ਮੁਹੰਮਦ ਤੇਰਾ ਵੇਖੇ ਲੇਖਾ, ਹਰਿ ਵੱਡਾ ਵਡ ਵਡਿਆਈਆ । ਪੰਦਰਾਂ ਕੱਤਕ ਵੀਹ ਸੌ ਵੀਹ ਬਿਕ੍ਰਮੀ ਨੂੰ ਭਗਤ ਦੁਆਰ ਕੱਢੇ ਭਰਮ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੋਤ ਪਰਕਾਸ਼ੀ ਸਾਚੇ ਧਾਮ ਸੋਹੇ ਵਡ ਨਰੇਸ਼ਾ, ਨਰ ਨਰਾਇਣ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਭਗਵਾਨ ਦਰ ਸੱਦ ਕੇ ਕਰੇ ਹੇਤਾ, ਹਿਤਕਾਰੀ ਵੇਖ ਵਖਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਕੀਤਾ ਕੌਲ ਕਰੋ ਚੇਤਾ, ਚੇਤਨ ਸਭ ਨੂੰ ਆਪ ਕਰਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਠਾਕਰ ਸੁਆਮੀ ਪਰਵਰਦਿਗਾਰ ਸਭ ਦਾ ਬਣੇ ਨੇਤਾ, ਦੋ ਜਹਾਨ ਸ੍ਰੀ ਭਗਵਾਨ ਸ਼ਾਹ ਸੁਲਤਾਨ ਰਾਜ ਰਾਜਾਨ ਨੌਜਵਾਨ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਭੇਵ ਆਪ ਖੁਲ੍ਹਾਈਆ । ਧੁਰ ਦਾ ਭੇਵ ਖੋਲ੍ਹੇ ਭਗਵਾਨ, ਆਪਣੇ ਹੱਥ ਰੱਖੇ ਵਡਿਆਈਆ । ਸੰਮਤ ਸੰਮਤੀ ਹੋ ਪਰਧਾਨ, ਅਗੰਮ ਅਗੰਮੜੀ ਕਾਰ ਕਮਾਈਆ । ਲੇਖਾ ਜਾਣ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਧਰਨੀ ਧਰਤ ਆਕਾਸ਼ ਪਰਕਾਸ਼ ਵੇਖ ਵਖਾਈਆ । ਧੁਰ ਸੰਦੇਸਾ ਨਰ ਨਰੇਸ਼ਾ ਏਕੰਕਾਰ ਏਕਾ ਦੇਵੇ ਸੋ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਈਸ਼ ਜੀਵ ਹੰ ਬ੍ਰਹਮ ਭੇਵ ਖੁਲ੍ਹਾਏ ਆਪੇ ਅੰਦਰ ਹੋ, ਹੋਕਾ ਇਕੋ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਚੌਥੇ ਜੁਗ ਲਹਿਣਾ ਦੇਣਾ ਨੇਤਰ ਨੈਣਾਂ ਸਾਹਿਬ ਸਤਿਗੁਰ ਸਚ ਸੁਆਮੀ ਆਦਿ ਜੁਗਾਦੀ ਅੰਤਰਜਾਮੀ ਪੁਰਖ ਅਕਾਲ ਆਪ ਜਣਾਈਆ । ਸਭ ਦਾ ਲੇਖਾ ਮੁੱਕੇ ਮਾਤ, ਸਤਿ ਸਤਿਵਾਦੀ ਆਪ ਮੁਕਾਈਆ । ਲੇਖਾ ਮੰਗੇ ਹਿਸਾਬ ਕਿਤਾਬ, ਵਹੀ ਖਾਤਾ ਫੋਲ ਫੋਲਾਈਆ । ਹਕੀਕਤ ਜਾਣੇ ਹੱਕ ਜਨਾਬ, ਲਾਸ਼ਰੀਕ ਵੇਸ ਵਟਾਈਆ । ਸਭ ਦੀ ਵੇਖੇ ਸਰਬ ਆਦਾਬ, ਨਮੋ ਸੀਸ ਕਵਣ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਤਿਵਾਦੀ ਹੋ ਮਿਹਰਵਾਨ, ਲੇਖਾ ਦੇਵੇ ਹਰ ਘਟ ਆਣ, ਬਚਿਆ ਕੋਇ ਰਹਿਣ ਨਾ ਪਾਈਆ ।



੮੦੬
੧੫

## ✪ ੨੩ ਅੱਸੂ ੨੦੨੦ ਬਿਕ੍ਰਮੀ ਗੁਲਾਬ ਕੌਰ ਦੇ ਗ੍ਰਹਿ ਬੁਰਜ ਹਕੀਮਾਂ ਜ਼ਿਲਾ ਲੁਧਿਆਣਾ ✪

ਸ਼ਬਦ ਗੁਰੂ ਸਦਾ ਸਚ ਏਕ, ਆਦਿ ਜੁਗਾਦਿ ਖੇਲ ਖਲਾਇੰਦਾ । ਜੁਗ ਚੌਕੜੀ ਬਖ਼ਸ਼ੇ ਟੇਕ, ਦੋ ਜਹਾਨਾਂ ਓਟ ਜਣਾਇੰਦਾ । ਜਨ ਭਗਤਾਂ ਕਰੇ ਬੁੱਧ ਬਿਬੇਕ, ਦੁਰਮਤ ਮੈਲ ਧਵਾਇੰਦਾ । ਜਨ ਸੰਤਾਂ ਤ੍ਰੈਗੁਣ ਮਾਇਆ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਵਖਾਇੰਦਾ । ਗੁਰਮੁਖਾਂ ਨਿਜ ਨੇਤਰ ਲਏ ਪੇਖ, ਪੜਦਾ ਦੂਈ ਦਵੈਤ ਚੁਕਾਇੰਦਾ । ਗੁਰਸਿਖਾਂ ਲਹਿਣਾ ਦੇਵੇ ਪੂਰਬ ਲੇਖ, ਜਨਮ ਕਰਮ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਜੁਗਾ ਜੁਗੰਤਰ ਗੁਰ ਸ਼ਬਦੀ ਇਕੋ ਇਕ ਸਾਚੀ ਸੇਵ ਕਮਾਇੰਦਾ । ਸ਼ਬਦ ਗੁਰੂ ਵਡ ਬਲਵਾਨ, ਵੱਡਾ ਵਡ ਵਡਿਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵੇਖੇ ਜੀਵ ਜਹਾਨ, ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਪੜਦਾ ਦਏ ਉਠਾਈਆ । ਧੁਰ ਸੰਦੇਸਾ ਨਰ ਨਰੇਸ਼ਾ ਨਿਰਗੁਣ ਧਾਰ ਦੇਵੇ ਆਣ, ਸਰਗੁਣ ਕਰੇ ਸਚ ਪੜ੍ਹਾਈਆ । ਭਾਗ ਲਗਾਏ ਕਾਇਆ

੮੦੭
੧੫

ਮੰਦਰ ਅੰਦਰ ਕਾਇਆ ਮਾਟੀ ਤਤ ਮਕਾਨ, ਭਗਤ ਦੁਆਰੇ ਸੋਭਾ ਪਾਈਆ । ਨਿਰਮਲ ਦੀਆ ਬਾਤੀ ਜੋਤ ਜਗਾ ਮਹਾਨ, ਘਟ ਪਰਕਾਸ਼ ਕਰੇ ਰੁਸ਼ਨਾਈਆ । ਸ਼ਬਦ ਧੁਨ ਸੁਣਾਏ ਸੱਚੀ ਧੁਨਕਾਨ, ਅਨਹਦ ਨਾਦੀ ਰਾਗ ਅਲਾਈਆ । ਅੰਮ੍ਰਿਤ ਆਤਮ ਦੇਵੇ ਪੀਣ ਖਾਣ, ਤ੍ਰਿਸਨਾ ਭੁੱਖ ਮਿਟਾਈਆ । ਸੰਤ ਸੁਹੇਲੇ ਲੱਭੇ ਆਣ, ਗੁਰ ਚੇਲੇ ਮੇਲ ਮਿਲਾਈਆ । ਕਰ ਕਿਰਪਾ ਬਖ਼ਸ਼ੇ ਇਕ ਧਿਆਨ, ਇਸ਼ਟ ਦੇਵ ਸੁਆਮੀ ਇਕੋ ਨਜ਼ਰੀ ਆਈਆ । ਸੁਰਤੀ ਸ਼ਬਦੀ ਮੇਲਾ ਸਾਚੇ ਕਾਹਨ, ਘਰ ਬੰਸਰੀ ਨਾਮ ਸੁਣਾਈਆ । ਸਚ ਸੰਦੇਸਾ ਦੇਵੇ ਧੁਰ ਪੈਗ਼ਾਮ, ਕਲਮਾ ਇਕੋ ਇਕ ਪੜ੍ਹਾਈਆ । ਭੇਵ ਚੁਕਾਏ ਸਚ ਅਮਾਮ, ਲਾਸ਼ਰੀਕ ਵੱਡੀ ਵਡਿਆਈਆ । ਮਨ ਮਤ ਬਦਲ ਦੇਵੇ ਨਜ਼ਾਮ, ਗੁਰਮਤ ਸਾਚੀ ਦਏ ਪਰਗਟਾਈਆ । ਲੇਖਾ ਜਾਣੇ ਕਾਇਆ ਖੇੜਾ ਨਗਰ ਗਰਾਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਆਪ ਵਰਤਾਈਆ । ਸਾਚੀ ਵਸਤ ਨਾਮ ਦਾਤ, ਸਤਿਗੁਰ ਸ਼ਬਦੀ ਝੋਲੀ ਪਾਇੰਦਾ । ਜਨ ਭਗਤਾਂ ਮੇਟ ਅੰਧੇਰੀ ਰਾਤ, ਨਿਰਗੁਣ ਸਾਚਾ ਚੰਦ ਚਮਕਾਇੰਦਾ । ਅੰਤਰ ਅੰਤਰ ਸੁਣਾਏ ਗਾਥ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਕਿਰਪਾ ਕਰ ਪੁਰਖ ਸਮਰਾਥ, ਸਾਚਾ ਮਾਰਗ ਇਕ ਜਣਾਇੰਦਾ । ਬਣ ਸਹਾਇਕ ਅਨਾਥਾਂ ਨਾਥ, ਦਾਸੀ ਦਾਸ ਰੂਪ ਵਟਾਇੰਦਾ । ਪਾਰ ਉਤਾਰੇ ਸਾਚਾ ਘਾਟ, ਪੱਤਣ ਇਕੋ ਇਕ ਵਖਾਇੰਦਾ । ਗੁਰਮੁਖਾਂ ਗੁਰਸਿਖਾਂ ਚਰਨ ਪ੍ਰੀਤੀ ਬੰਧਾਏ ਸੱਚਾ ਨਾਤ, ਸਗਲਾ ਸੰਗ ਆਪ ਹੋ ਜਾਇੰਦਾ । ਜਨਮ ਕਰਮ ਦੀ ਪੂਰੀ ਕਰੇ ਆਸ, ਲੇਖਾ ਧੁਰ ਦਾ ਝੋਲੀ ਪਾਇੰਦਾ । ਆਵਣ ਜਾਵਣ ਲੱਖ ਚੁਰਾਸੀ ਕੱਟ ਫਾਸ, ਫਾਸੀ ਗਲ ਨਾ ਕੋਇ ਲਟਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਹਰਿਜਨ ਸਾਚੇ ਵੇਖ ਵਖਾਇੰਦਾ । ਜੁਗ ਚੌਕੜੀ ਵੇਖਣਹਾਰਾ, ਗੁਰ ਸ਼ਬਦ ਵੱਡੀ ਵਡਿਆਈਆ । ਨਿਤ ਨਵਿਤ ਖੇਲੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਭੇਵ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਿਫ਼ਤ ਕਰਨ ਵਿਚ ਸੰਸਾਰਾ, ਗੀਤਾ ਗਿਆਨ ਅੰਜੀਲ ਕੁਰਾਨ ਸਾਚਾ ਸੋਹਲਾ ਢੋਲਾ ਖਾਣੀ ਬਾਣੀ ਰਹੀ ਸੁਣਾਈਆ । ਭਗਤ ਭਗਵਾਨ ਕਰੇ ਪਿਆਰਾ, ਅੰਤਰ ਆਤਮ ਦੇਵੇ ਸਹਾਰਾ, ਸ਼ਬਦੀ ਵੱਜੇ ਇਕ ਨਗਾਰਾ, ਨੌਬਤ ਆਪਣੇ ਨਾਮ ਸੁਣਾਈਆ । ਗ੍ਰਿਹਿ ਮੰਦਰ ਕਰੇ ਉਜਿਆਰਾ, ਅੰਮ੍ਰਿਤ ਬਖ਼ਸ਼ੇ ਠਾਂਡਾ ਠਾਰਾ, ਕੂੜਾ ਮੇਟੇ ਅੰਧ ਅੰਧਿਆਰਾ, ਦੀਆ ਬਾਤੀ ਕਮਲਾਪਾਤੀ ਇਕੋ ਇਕ ਜਗਾਈਆ । ਦਰਸ ਦਿਖਾਏ ਨੂਰੀ ਧਾਰਾ, ਨਜ਼ਰੀ ਆਏ ਏਕੰਕਾਰਾ, ਰੂਪ ਰੰਗ ਨਾ ਕੋਈ ਦਿਸੇ ਜ਼ਾਹਰਾ, ਅਨੁਭਵ ਆਪਣਾ ਭੇਵ ਚੁਕਾਈਆ । ਸਤਿਗੁਰ ਸ਼ਬਦ ਸਮਝ ਨਾ ਸਕੇ ਜੀਵ ਗਵਾਰਾ, ਸ੍ਰਿਸ਼ਟ ਸਬਾਈ ਮਨ ਵਾਸਨਾ ਕੂੜੀ ਕਿਰਿਆ ਹੋਇਆ ਹੰਕਾਰਾ, ਸਚ ਸੁਚ ਸਤਿ ਸਤਿਵਾਦ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਵੇਖੇ ਬਾਲ, ਬਿਰਧ ਜਵਾਨ ਅਵਸਥਾ ਜੋਬਨ ਇਕੋ ਰੰਗ ਰੰਗਾਈਆ । ਅੰਦਰ ਬਾਹਰ ਗੁਪਤ ਜ਼ਾਹਰ ਮਿਹਰਵਾਨ ਵਸੇ ਨਾਲ, ਨਿਰਗੁਣ ਸਰਗੁਣ ਸਗਲਾ ਸੰਗ ਨਿਭਾਈਆ । ਲੱਖ ਚੁਰਾਸੀ ਵਿਚੋਂ ਕਰ ਕਰ ਭਾਲ, ਹਰਿਜਨ ਸਾਚੇ ਲਏ ਜਗਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆਲ, ਰਸ ਮਿੱਠਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਮੇਲਾ ਇਕ ਇਕੇਲਾ ਕਾਇਆ ਮੰਦਰ ਸਾਚੇ ਅੰਦਰ ਹਰੀ ਦੁਆਰ ਆਪ ਕਰਾਈਆ । ਹਰੀ ਦੁਆਰ ਸਾਚਾ ਖੇੜਾ, ਸਾਢੇ ਤਿੰਨ ਹੱਥ ਦਏ ਵਡਿਆਈਆ । ਨਜ਼ਰੀ ਆਏ ਪ੍ਰਭ

ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਕੂੜੀ ਕਿਰਿਆ ਚੁਕਾਏ ਝੇੜਾ, ਝਗੜਾ ਅੰਤ ਰਹਿਣ ਨਾ ਪਾਈਆ । ਆਤਮ ਪਰਮਾਤਮ ਖੁਲ੍ਹਾ ਵਖਾਏ ਵੇਹੜਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਸੋ ਗੁਰਮੁਖ ਕਹੇ ਪਾਰਬ੍ਰਹਮ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਭੇਵ ਕੋਇ ਨਾ ਆਈਆ । ਸਾਚੇ ਮੰਦਰ ਸਚ ਸਿੰਘਾਸਣ ਸਚ ਸੁਆਮੀ ਤੇਰਾ ਡੇਰਾ, ਹਉਂ ਚਰਨ ਕਵਲ ਬੈਠਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਤੇਰੀ ਵਡਿਆਈ ਵਡ, ਸੋ ਸਤਿਗੁਰ ਆਪ ਜਣਾਈਆ । ਆਦਿ ਜੁਗਾਦਿ ਜੁਗ ਚੌਕੜੀ ਰਹੇ ਤੇਰੀ ਯੱਦ, ਵਿਸ਼ਵ ਰੂਪ ਇਕ ਸਮਝਾਈਆ । ਜਗਤ ਕੂੜ ਕੁੜਿਆਰ ਜੂਠ ਝੂਠ ਮੁੱਕੇ ਹੱਦ, ਸਾਚਾ ਮਾਰਗ ਇਕੋ ਨਜ਼ਰੀ ਆਈਆ । ਸ਼ਬਦ ਅਨਾਦ ਬੋਧ ਅਗਾਧ ਘਰ ਘਰ ਵਿਚ ਸੁਣੇ ਨਦ, ਬਾਹਰ ਖੋਜਣ ਕੋਇ ਨਾ ਜਾਈਆ । ਤੇਰੇ ਅੰਤਰ ਪੁਰਖ ਸਮਰਥ, ਹਰਿ ਜੂ ਡੇਰਾ ਬੈਠਾ ਲਾਈਆ । ਪੂਰੀ ਕਰਨਹਾਰਾ ਆਸ, ਆਸਾ ਤ੍ਰਿਸਨਾ ਮੇਟ ਮਿਟਾਈਆ । ਦੀਪਕ ਜੋਤ ਕਰ ਪਰਕਾਸ਼, ਅੰਧ ਅੰਧਿਆਰ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਲਏ ਫੜ, ਕਾਇਆ ਮੰਦਰ ਅੰਦਰ ਘਰ ਪੌੜੇ ਚੜ੍ਹ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਇਕੋ ਏਕ ਏਕੰਕਾਰ ਸੋਭਾ ਪਾਈਆ । ਸਤਿਗੁਰ ਨਾਨਕ ਹਰ ਘਟ ਪਰਗਟ, ਖੇੜਾ ਖ਼ਾਲੀ ਨਜ਼ਰ ਕੋਇ ਨਾ ਆਈਆ । ਸਤਿਗੁਰ ਪੂਰਾ ਕਦੇ ਨਾ ਜਾਏ ਮਰਘਟ, ਮਸਾਣ ਮੜ੍ਹੀ ਗੋਰ ਡੇਰਾ ਨਜ਼ਰ ਨਾ ਆਈਆ । ਮਨਸੂਰ ਸੱਯਾਦ ਨਹੀਂ ਕੋਟ ਬ੍ਰਹਿਮੰਡ ਸਤਿਗੁਰ ਹੱਟ, ਬਣ ਹਟਵਾਣਾ ਜਗਤ ਚਲਾਈਆ । ਕਿਰਪਾ ਕਰ ਪੁਰਖ ਸਮਰਥ, ਸਮਰਥ ਆਪਣੀ ਧਾਰ ਜਣਾਈਆ । ਨਿਤ ਨਵਿਤ ਅੰਤਰ ਆਤਮ ਪ੍ਰੇਮ ਪ੍ਰੀਤੀ ਰੰਗੋ ਰੱਤ, ਸਾਚੀ ਮਿਲੇ ਸਤਿ ਵਡਿਆਈਆ । ਤਿਸ ਸਾਹਿਬ ਅੱਗੇ ਕਰ ਡੰਡਾਵਤ ਜੋੜੋ ਹੱਥ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਘਰ ਬੈਠਿਆਂ ਦੂਰ ਰਹਿੰਦਿਆਂ ਧਿਆਨ ਲਗੌਂਦਿਆਂ ਸਭ ਦੀ ਪੂਰੀ ਕਰੇ ਆਸ, ਆਸਾ ਤ੍ਰਿਸਨਾ ਪੂਰ ਕਰਾਈਆ । ਸਤਿਗੁਰ ਪੂਰਾ ਮੰਨਣ ਮਨਾਉਣ ਦੀ ਕੋਈ ਨਾ ਰੱਖੇ ਪਿਆਸ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਪ੍ਰੀਤੀ ਪ੍ਰੀਤਮ ਮੰਗ ਮੰਗਾਈਆ । ਨੇਤਰ ਖੋਲ੍ਹ ਗੁਰਮੁਖ ਵੇਖੋ ਸਦਾ ਵਸੇ ਤੁਹਾਡੇ ਸਾਥ, ਅੰਦਰ ਬਾਹਰ ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੋ ਗੁਰਮੁਖ ਹਿਰਦੇ ਧਿਆਏ, ਤਿਸ ਰਾਤੀਂ ਸੁਤਿਆਂ ਜਗਾਏ, ਜਾਗਦਿਆਂ ਅੱਗੇ ਹੋ ਕੇ ਫੇਰਾ ਪਾਏ, ਰੂਪ ਅਨੇਕ ਵੇਸ ਅਨੰਤ ਵਟਾਈਆ । ਸਾਚਾ ਚਸ਼ਮਾ ਸਾਚੇ ਨਗਰ, ਘਰ ਕਾਇਆ ਆਪ ਜਣਾਈਆ । ਸਾਧ ਸੰਤ ਜਿਸ ਦੇ ਭੱਜੇ ਫਿਰਦੇ ਮਗਰ, ਚਾਰੋਂ ਕੁੰਟ ਭੱਜਣ ਵਾਹੋ ਦਾਹੀਆ । ਬਿਨ ਸਤਿਗੁਰ ਪੂਰੇ ਦੇ ਕਰਿਸ਼ਮਾ ਕੋਈ ਨਾ ਕਰੇ ਪੂਰੀ ਸਧਰ, ਆਸਾ ਮਨਸਾ ਪੂਰ ਨਾ ਕੋਇ ਕਰਾਈਆ । ਪਿਛਲੀ ਕਹਾਣੀ ਵੇਖੇ ਗ਼ਰੀਬ ਨਿਮਾਣੇ ਤਾਰੇ ਬਿਦਰ, ਜਗਤ ਸੁਦਾਮੇ ਦਏ ਵਡਿਆਈਆ । ਜੋ ਗੁਰਮੁਖ ਚਲ ਕੇ ਆਏ ਇਧਰ ਉਧਰ, ਬੈਠਿਆਂ ਪੂਰਨ ਕਾਰ ਕਰਾਈਆ । ਨਿਰਗੁਣ ਧਾਰ ਨਿਰਵੈਰ ਪੁਰਖ ਅਕਾਲ ਤ੍ਰੈਗੁਣ ਮਾਇਆ ਵਿਚੋਂ ਬਾਹਰ ਆਏ ਨਿਤਰ, ਪੰਜ ਤਤ ਭੇਵ ਅਭੇਦ ਖੁਲ੍ਹਾਈਆ । ਸਰਬ ਸੁਆਮੀ ਸਭ ਦਾ ਮਿੱਤਰ, ਸਾਂਝਾ ਯਾਰ ਵੱਡੀ ਵਡਿਆਈਆ । ਗੁਰਮੁਖ ਗੁਰਸਿਖ ਤੇਰੀ ਚੋਟੀ ਚੜ੍ਹ ਕੇ ਬੈਠਾ ਸਿਖ਼ਰ, ਘਰ ਘਰ ਵਿਚ ਡੇਰਾ ਲਾਈਆ । ਗੁਰਮੁਖਾਂ ਨਾਲੋਂ ਸਤਿਗੁਰ ਨੂੰ ਬਹੁਤਾ ਫਿਕਰ, ਹਰ ਘਟ ਹਰ ਥਾਂ ਤਾਰਨਹਾਰਾ ਆਵੇ ਜਾਵੇ ਵਾਹੋ ਦਾਹੀਆ । ਰਸਨਾ ਜਿਹਵਾ ਜਿਸ ਦਾ ਕੀਤਾ ਜ਼ਿਕਰ, ਸੋ ਜ਼ਾਹਰ ਜ਼ਹੂਰ ਆਪਣੀ

ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਧਾਮ ਸਾਚਾ ਚਰਨ ਸਾਚਾ ਕਵਲ ਸਾਚਾ ਰੂਪ ਸਤਿ ਸਰੂਪ ਏਕੋ ਏਕ ਦਏ ਜਣਾਈਆ । ਸਾਚਾ ਨਗਰ ਖੇੜਾ ਸਚ ਪਿਆਰ, ਪ੍ਰੇਮ ਪ੍ਰੀਤੀ ਹਰਿ ਹਰਿ ਭਾਈਆ । ਵੇਖਣਹਾਰਾ ਧੁਰ ਦੀ ਧਾਰ, ਕਾਇਆ ਮੰਡਲ ਬ੍ਰਹਿਮੰਡ ਖੋਜ ਖੋਜਾਈਆ । ਸਤਿ ਸਤਿਵਾਦੀ ਵਜਾਵਣਹਾਰਾ ਅਗੰਮ ਸਤਾਰ, ਸੁਰ ਤਾਲ ਆਪਣੇ ਹੱਥ ਰਖਾਈਆ । ਦੇਵਣਹਾਰਾ ਗੋਝ ਗਿਆਨ, ਭੇਵ ਅਭੇਦਾ ਆਪ ਸਮਝਾਈਆ । ਜੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਰੱਖਣ ਸਚ ਧਿਆਨ, ਤਿਨ੍ਹਾਂ ਮੇਲਾ ਮਿਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਮੇਂ ਅਨੁਸਾਰ ਚਰਨ ਟਿਕਾਏ ਆਣ, ਸ਼ਬਦ ਝੁਲਾਏ ਨਿਸ਼ਾਨ, ਮਰਦੰਗ ਵਜਾਏ ਨਾਮ ਮਹਾਨ, ਮਹਿਮਾ ਅਕਥ ਪੁਰਖ ਸਮਰਥ ਦੇ ਵੱਥ, ਲੇਖਾ ਹੱਥੋ ਹੱਥ ਲਹਿਣਾ ਦੇਣਾ ਸਭ ਦਾ ਝੋਲੀ ਪਾਈਆ । ਸਤਿਗੁਰ ਸਤਿ ਪੁਰਖ ਅਕਾਲ, ਏਕੰਕਾਰ ਵੱਡੀ ਵਡਿਆਈਆ । ਗੁਰੂ ਰੂਪ ਪੰਜ ਤਤ ਜਲਾਲ, ਸਤਿਗੁਰ ਜਿਸ ਨੂੰ ਹੁਕਮੇ ਵਿਚ ਫਿਰਾਈਆ । ਲੋਕਮਾਤ ਆ ਕੇ ਦੇਵੇ ਧੁਰ ਦਾ ਇਕ ਗਿਆਨ, ਸਚ ਸੰਦੇਸਾ ਗੀਤ ਸੁਣਾਈਆ । ਨਿਸ਼ਅੱਖਰ ਕਰ ਪਰਧਾਨ, ਜੀਵਾਂ ਜੰਤਾਂ ਦਏ ਵਖਾਈਆ । ਮਨ ਮਨਸਾ ਗੁਰ ਗੁਰੂ ਕੋਇ ਨਾ ਹੋਵੇ ਪਰਧਾਨ, ਪੰਜ ਤਤ ਚੋਲਾ ਕੰਮ ਕਿਸੇ ਨਾ ਆਈਆ । ਕਾਇਆ ਮਾਟੀ ਜਿਸ ਦੇ ਅੰਦਰ ਵੜੇ ਸ਼ੈਤਾਨ, ਨਾਲ ਸ਼ਰਅ ਕਰੇ ਲੜਾਈਆ । ਸਤਿਗੁਰ ਸਾਚਾ ਆਦਿ ਜੁਗਾਦਿ ਜੁਗਾ ਜੁਗੰਤਰ ਸਦਾ ਮਿਹਰਵਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਜੀਵ ਜੰਤ ਖਾਣੀ ਬਾਣੀ ਇਕੋ ਨਜ਼ਰ ਨੈਣ ਵੇਖ ਵਖਾਈਆ । ਸਤਿ ਸਰੂਪ ਸਤਿ ਸ਼ਬਦ, ਸ਼ਾਹ ਪਾਤਸ਼ਾਹ ਹੁਕਮ ਮਨਾਈਆ । ਜਿਸ ਪੰਜ ਤਤ ਅੰਦਰ ਆ ਕੇ ਵੜੇ ਉਸ ਦਾ ਹੋਵੇ ਅਦਬ, ਗੁਰੂ ਰੂਪ ਵਟਾਈਆ । ਸ਼ਬਦ ਜਿਸ ਅੰਦਰ ਰੱਖੇ ਕਦਮ, ਸੋ ਤਨ ਤਤ ਸੋਭਾ ਪਾਈਆ ।

## ੨੩ ਅੱਸੂ ੨੦੨੦ ਬਿਕ੍ਰਮੀ ਧੰਨਾ ਸਿੰਘ ਦੇ ਗ੍ਰਿਹ ਢੈ ਪਈ ਜ਼ਿਲਾ ਲੁਧਿਆਣਾ

ਆਦਿ ਜੋਤ ਨੁਰਾਨੀ ਇਕ, ਏਕੰਕਾਰਾ ਹਰਿ ਅਖਵਾਇੰਦਾ । ਆਦਿ ਸ਼ਾਹ ਸੁਲਤਾਨੀ ਇਕ, ਸ਼ਾਹ ਪਾਤਸ਼ਾਹ ਆਪਣਾ ਨਾਉਂ ਪਰਗਟਾਇੰਦਾ । ਆਦਿ ਹੁਕਮਰਾਨੀ ਇਕ, ਧੁਰ ਫ਼ਰਮਾਨਾ ਸਚ ਪਰਗਟਾਇੰਦਾ । ਆਦਿ ਸਚ ਮਕਾਨੀ ਇਕ, ਸਚਖੰਡ ਸਾਚੇ ਸੋਭਾ ਪਾਇੰਦਾ । ਆਦਿ ਸ਼ਬਦ ਧੁਨ ਬਾਣੀ ਇਕ, ਅਨਰਾਗੀ ਰਾਗ ਸੁਣਾਇੰਦਾ । ਆਦਿ ਵਿਸ਼ਨ ਬ੍ਰਹਮਾ ਸ਼ਿਵ ਦਾਨੀ ਇਕ, ਵਸਤ ਅਮੋਲਕ ਆਪ ਵਰਤਾਇੰਦਾ । ਆਦਿ ਤ੍ਰੈਗੁਣ ਮਾਇਆ ਪੰਜ ਤਤ ਨਿਸ਼ਾਨੀ ਇਕ, ਨਰ ਨਿਰੰਕਾਰਾ ਭੇਵ ਚੁਕਾਇੰਦਾ । ਆਦਿ ਚਾਰੇ ਖਾਣੀ ਰਚਨਾ ਰਚੇ ਇਕ, ਅੰਡਜ ਜੇਰਜ ਉਤਭੁਜ ਸੇਤਜ ਵੰਡ ਵੰਡਾਇੰਦਾ । ਆਦਿ ਚਾਰੋਂ ਕੁੰਟ ਖੇਲ ਕਰੇ ਪ੍ਰਭ ਇਕ, ਚਾਰੇ ਬਾਣੀ ਰਾਗ ਅਲਾਇੰਦਾ । ਆਦਿ ਰਵ ਸਸ ਸੂਰੀਆ ਚੰਨ ਕਰੇ ਪਰਕਾਸ਼ ਇਕ, ਮੰਡਲ ਮੰਡਪ ਸੋਭਾ ਪਾਇੰਦਾ । ਆਦਿ ਧਰਨੀ ਧਰਤ ਧਵਲ ਜ਼ਿਮੀਂ ਅਸਮਾਨ ਪਰਗਟ ਕਰੇ ਇਕ, ਅਕਲ ਕਲਧਾਰੀ ਆਪਣੀ ਖੇਲ ਵਖਾਇੰਦਾ । ਆਦਿ ਲੱਖ ਚੁਰਾਸੀ ਜੀਵ ਜੰਤ ਭੇਸ ਵਟਾਏ ਇਕ, ਭੇਦ ਆਪਣੇ ਹੱਥ ਰਖਾਈਆ । ਆਦਿ ਹੁਕਮ ਸੰਦੇਸ ਨਰ ਨਰੇਸ਼ ਦੇਵੇ ਇਕ, ਨਾਮ ਨਿਧਾਨਾ ਇਕ ਜਣਾਈਆ । ਆਦਿ ਨਿਰਗੁਣ ਸਰਗੁਣ ਲੇਖਾ ਦਿਤਾ ਲਿਖ, ਅਪਰੰਪਰ ਆਪਣਾ ਖੇਲ ਕਰਾਈਆ । ਆਦਿ ਤ੍ਰੈਗੁਣ ਮਾਇਆ ਪੰਜ ਤਤ

੮੧੦
੧੫

ਮੰਦਰ ਅੰਦਰ ਜੋਤੀ ਨੂਰ ਧਰਿਆ ਭੇਖ, ਵੇਸ ਅਵੱਲੜਾ ਰੂਪ ਵਟਾਈਆ । ਆਦਿ ਨਿਰਗੁਣ ਨਿਰਗੁਣ ਕੀਤਾ ਹਿਤ, ਪਾਰਬ੍ਰਹਮ ਬ੍ਰਹਮ ਆਪਣੀ ਵੰਡ ਵੰਡਾਈਆ । ਆਦਿ ਬਿਨ ਕਲਮ ਦਵਾਤ ਲੇਖਾ ਦਿਤਾ ਲਿਖ, ਈਸ਼ ਜੀਵ ਜੋੜ ਜੁੜਾਈਆ । ਆਦਿ ਧੁਰ ਦਾ ਨਾਮ ਸ਼ਾਸਤਰ ਸਿਮਰਤ ਵੇਦ ਪੁਰਾਨ ਦਿਤਾ ਲਿਖ, ਬੋਧ ਅਗਾਧ ਕਰ ਪੜ੍ਹਾਈਆ । ਆਦਿ ਜੁਗ ਚੌਕੜੀ ਕਰੇ ਹਿਤ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡ ਵੰਡਾਈਆ । ਆਦਿ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਬਣੇ ਮਿਤ, ਸਾਚਾ ਮਿੱਤਰ ਇਕ ਅਖਵਾਈਆ । ਆਦਿ ਦੋ ਜਹਾਨਾਂ ਬਣ ਕੇ ਸੱਚਾ ਪਿਤ, ਪਿਤਾ ਪੁਰਖ ਅਕਾਲ ਆਪਣਾ ਨਾਉਂ ਦਏ ਸਮਝਾਈਆ । ਆਦਿ ਨਿਰਵੈਰ ਹੋ ਕੇ ਹਰ ਘਟ ਵਸਿਆ ਚਿਤ, ਦਰ ਦਰ ਘਰ ਘਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਕਰਨੀ ਆਪ ਕਮਾਈਆ । ਆਦਿ ਖੇਲ ਵਡ ਬ੍ਰਹਿਮਾਦ, ਬ੍ਰਹਿਮਾਂਡ ਰੂਪ ਵਟਾਈਆ । ਆਦਿ ਹੁਕਮ ਸ਼ਬਦ ਨਾਦ, ਧੁਨ ਰਾਗ ਇਕ ਜਣਾਈਆ । ਆਦਿ ਰੂਪ ਸਦਾ ਵਿਸਮਾਦ, ਬਿਸਮਲ ਬੇਪਰਵਾਹੀਆ । ਆਦਿ ਨਾਮ ਬੋਧ ਅਗਾਧ, ਕਲਮਾ ਸਚ ਸਚ ਸਮਝਾਈਆ । ਆਦਿ ਖੇਲ ਸੰਤ ਸਾਧ, ਸਚ ਸੰਦੇਸਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵੰਡ ਆਪ ਵੰਡਾਈਆ । ਆਦਿ ਪੁਰਖ ਵੰਡੇ ਵੰਡ, ਵਡ ਦਾਤਾ ਬੇਪਰਵਾਹੀਆ । ਆਦਿ ਪੁਰਖ ਖੇਲ ਬ੍ਰਹਿਮੰਡ, ਨਿਰਗੁਣ ਸਰਗੁਣ ਧਾਰ ਚਲਾਈਆ । ਆਦਿ ਪੁਰਖ ਨਿਵਾਸੀ ਜੇਰਜ ਅੰਡ, ਉਤਭੁਜ ਸੇਤਜ ਸੋਭਾ ਪਾਈਆ । ਆਦਿ ਪੁਰਖ ਨੂਰ ਰਵ ਚੰਦ, ਅੰਧ ਅੰਧੇਰ ਆਪਣੀ ਧਾਰ ਵਖਾਈਆ । ਆਦਿ ਪੁਰਖ ਸੂਰਾ ਸਰਬੰਗ, ਰਾਜ ਰਾਜਾਨ ਬੇਪਰਵਾਹੀਆ । ਆਦਿ ਪੁਰਖ ਧੁਰ ਦਾ ਅਨੰਦ, ਨਿਜ ਰਸ ਰੂਪ ਜਣਾਈਆ । ਆਦਿ ਪੁਰਖ ਅਗੰਮੀ ਛੰਦ, ਸਾਚਾ ਢੋਲਾ ਗਾਈਆ । ਆਦਿ ਪੁਰਖ ਦੋ ਜਹਾਨ ਹੋਏ ਸਦਾ ਬਖ਼ਸ਼ੰਦ, ਬਖ਼ਸ਼ਸ਼ ਸਭ ਦੀ ਝੋਲੀ ਪਾਈਆ । ਆਦਿ ਪੁਰਖ ਰਚਨਾ ਰਚ ਹੰ ਬ੍ਰਹਮ, ਲੱਖ ਚੁਰਾਸੀ ਰੰਗ ਰੰਗਾਈਆ । ਆਦਿ ਪੁਰਖ ਨਿਰਗੁਣ ਹੋ ਕੇ ਗੁਰ ਅਵਤਾਰ ਪੀਰ ਪੈਗ਼ੰਬਰ ਰੂਪ ਹੋ ਕੇ ਪਏ ਜੰਮ, ਪੰਜ ਤਤ ਕਾਇਆ ਚੋਲਾ ਜਗਤ ਹੰਡਾਈਆ । ਆਦਿ ਪੁਰਖ ਸ਼ਬਦ ਧਾਰ ਦੇਵੇ ਬੰਨ੍ਹ, ਆਤਮ ਪਰਮਾਤਮ ਮੇਲ ਮਿਲਾਈਆ । ਆਦਿ ਪੁਰਖ ਸਦ ਬਲਹਾਰੀ ਕਹੇ ਧੰਨ ਧੰਨ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਪਣੀ ਰਚਨਾ ਆਪ ਰਚਾਈਆ । ਆਦਿ ਪੁਰਖ ਸਚ ਸੁਆਮੀ ਸੋਭਾਵੰਤ ਵੱਡੀ ਵਡਿਆਈਆ । ਆਦਿ ਪੁਰਖ ਅੰਤਰਯਾਮੀ, ਘਟ ਘਟ ਵੇਖੇ ਬੇਪਰਵਾਹੀਆ । ਆਦਿ ਪੁਰਖ ਅਗੰਮੀ ਬਾਣੀ, ਢੋਲਾ ਸੋਹਲਾ ਸ਼ਬਦ ਕਰੇ ਸ਼ਨਵਾਈਆ । ਆਦਿ ਪੁਰਖ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਇਕੋ ਨਜ਼ਰੀ ਆਈਆ । ਆਦਿ ਪੁਰਖ ਨੌਜਵਾਨੀ, ਨਵ ਜੋਬਨ ਆਪਣਾ ਰੂਪ ਵਟਾਈਆ । ਆਦਿ ਪੁਰਖ ਖੇਲ ਮਹਾਨੀ, ਖ਼ਾਲਕ ਖ਼ਲਕ ਰਿਹਾ ਵਖਾਈਆ । ਆਦਿ ਪੁਰਖ ਨਿਰਗੁਣ ਨੂਰ ਜੋਤ ਨੁਰਾਨੀ, ਸਾਚਾ ਚੰਦ ਇਕ ਚਮਕਾਈਆ । ਆਦਿ ਪੁਰਖ ਲੇਖਾ ਜਾਣੇ ਚਾਰੇ ਖਾਣੀ, ਖ਼ਾਲਸ ਆਪਣੀ ਧਾਰ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਵੱਡੀ ਵਡਿਆਈਆ । ਆਦਿ ਪੁਰਖ ਪਾਰਸ ਰੂਪ, ਕੰਚਨ ਸੋਨਾ ਆਪ ਬਣਾਇੰਦਾ । ਆਦਿ ਪੁਰਖ ਸਤਿ ਸਰੂਪ, ਸਤਿਵਾਦੀ ਰੰਗ ਰੰਗਾਇੰਦਾ । ਆਦਿ ਪੁਰਖ ਬਣ ਕੇ ਭੂਪ, ਹੁਕਮਰਾਨ ਇਕੋ ਹੁਕਮ ਮਨਾਇੰਦਾ । ਆਦਿ ਪੁਰਖ ਗ੍ਰਹਿ ਮੰਦਰ

ਵੇਖੇ ਦਹਿ ਦਿਸ਼ਾ ਚਾਰ ਕੂਟ, ਘਰ ਅੰਧੇਰਾ ਦੂਰ ਕਰਾਇੰਦਾ । ਆਦਿ ਪੁਰਖ ਨਾਤਾ ਤੋੜ ਜੂਠ ਝੂਠ, ਸਚ ਸੁਚ ਸੰਜਮ ਇਕੋ ਰਾਹ ਵਖਾਇੰਦਾ । ਆਦਿ ਪੁਰਖ ਕਿਰਪਾਲ ਹੋ ਕੇ ਜਿਸ ਉਪਰ ਜਾਏ ਤੁਠ, ਤਿਸ ਲੋਕਮਾਤ ਭਗਤ ਰੂਪ ਵਖਾਇੰਦਾ । ਅੰਦਰ ਵੜ ਕੇ ਆਦਿ ਪੁਰਖ ਲਏ ਪੁੱਛ, ਮੰਜ਼ਲ ਸਾਚੀ ਸੋਭਾ ਪਾਇੰਦਾ । ਜਨਮ ਕਰਮ ਮੇਟ ਦੁੱਖ, ਸੁਖ ਆਤਮ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਮਿਹਰ ਨਜ਼ਰ ਰੱਖ ਕਰਤਾਰ, ਹਰਿ ਕਰਤਾ ਵੇਖ ਵਖਾਈਆ । ਆਦਿ ਪੁਰਖ ਭੇਵ ਨਿਆਰ, ਸਮਝ ਸਕੇ ਨਾ ਕੋਇ ਰਾਈਆ । ਜੁਗ ਜੁਗ ਕਰਦੇ ਗਏ ਸਰਬ ਵਿਚਾਰ, ਊਚੋ ਊਚ ਧਿਆਨ ਲਗਾਈਆ । ਲੇਖਾ ਲਿਖ ਕੇ ਗਏ ਬਣ ਲਿਖਾਰ, ਲੇਖ ਅੰਕ ਕੋਈ ਕਰ ਨਾ ਸਕੇ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਕਰਾਈਆ । ਆਦਿ ਪੁਰਖ ਪੁਰਖ ਆਦਿ ਆਦਿ ਨਾਦ ਅਨਾਦ, ਅਨਹਦ ਸ਼ਬਦ ਧੁਨੀ ਧੁਨ ਰਾਗ ਇਕ ਉਪਜਾਇੰਦਾ । ਰਸਨਾ ਜਿਹਵਾ ਬਿਨ ਬੱਤੀ ਦੰਦ ਦਏ ਸਵਾਦ, ਸਵਾਸ ਸਵਾਸ ਆਸਾ ਮਨਸਾ ਪੂਰ ਕਰਾਇੰਦਾ । ਧਰਮ ਦੁਆਰ ਰਚ ਰਚ ਕਾਜ, ਵੇਖ ਵਖਾਏ ਧੁਰ ਸਮਾਜ, ਸਚ ਸਮਗਰੀ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਆਦਿ ਅੰਤ ਅੰਤ ਆਪਣੀ ਖੇਲ ਆਪਣੇ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲੇਖੇ ਲਾਇੰਦਾ । ਆਦਿ ਪੁਰਖ ਪ੍ਰਭ ਬਣਾਏ ਬਣਤ, ਘੜਨ ਭੰਨਣਹਾਰ ਵੱਡੀ ਵਡਿਆਈਆ । ਦੇਵੇ ਵਡਿਆਈ ਸਾਚੇ ਸੰਤ, ਸਤਿ ਸਰੂਪ ਇਕ ਸਮਝਾਈਆ । ਵੱਜੇ ਵਧਾਈ ਗੁਰਮੁਖ ਭਗਤ, ਭਗਵਨ ਆਪਣਾ ਰਾਗ ਸੁਣਾਈਆ । ਨਾਤਾ ਤੁੱਟੇ ਕੂੜ ਕੁੜਿਆਰ ਜਗਤ, ਜੂਠ ਝੂਠ ਡੇਰਾ ਢਾਹੀਆ । ਆਸਾ ਤ੍ਰਿਸਨਾ ਮਿਟੇ ਹਰਸ, ਮਰਜ਼ ਤਬੀਬ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਖੇਲੇ ਖੇਲ ਹਰਿ ਰਘਰਾਈਆ । ਖੇਲੇ ਖੇਲ ਹਰਿ ਕਰਤਾਰਾ, ਹਰਿ ਕਰਤਾ ਭੇਵ ਚੁਕਾਇੰਦਾ । ਆਦਿ ਪੁਰਖ ਕਰ ਪਸਾਰਾ, ਜੁਗ ਚੌਕੜੀ ਵੰਡ ਵੰਡਾਇੰਦਾ । ਗੁਰ ਅਵਤਾਰ ਸੇਵਾਦਾਰਾ, ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਸ਼ਬਦ ਸਰੂਪੀ ਸ਼ਾਹੋ ਭੂਪੀ ਛੋਟਾ ਛੋਟਾ ਥੋੜਾ ਥੋੜਾ ਸਭ ਨੂੰ ਦੇਂਦਾ ਰਿਹਾ ਲਾਰਾ, ਵਾਕ ਭਵਿਖਤ ਬਿਨ ਆਪਣੀ ਲਿਖਤ ਸਰਬ ਜਣਾਇੰਦਾ । ਕਲਜੁਗ ਅੰਤ ਨਵ ਨੌ ਚਾਰ ਹੋਏ ਧੂਆਂਧਾਰਾ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਕਰੇ ਖੇਲ ਅਗੰਮ ਅਪਾਰਾ, ਹਰਿ ਪੁਰਖ ਅਪਰੰਪਰ ਸੁਆਮੀ ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਵਰਤਾਵੇ ਮਾਤ, ਹਰਿ ਵੱਡਾ ਵਡ ਵਡਿਆਈਆ । ਜਨ ਭਗਤਾਂ ਦੇਵੇ ਸਾਚੀ ਦਾਤ, ਵਸਤ ਅਮੋਲਕ ਝੋਲੀ ਪਾਈਆ । ਆਤਮ ਪਰਮਾਤਮ ਗਾਉਣੀ ਗਾਥ, ਦਰਗਹਿ ਸਾਚੀ ਸਚ ਪੜ੍ਹਾਈਆ । ਨਾਨਕ ਗੋਬਿੰਦ ਇਕੋ ਜੋਤੀ ਦਾ ਜਲਵਾ ਗਏ ਆਖ, ਆਤਮ ਸੋਹਲਾ ਢੋਲਾ ਇਕੋ ਇਕ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਿਸ ਜਨ ਖੋਲ੍ਹੇ ਆਪਣਾ ਤਾਕ, ਤਕਵਾ ਇਕੋ ਇਕ ਜਣਾਈਆ । ਬੰਦ ਕਿਵਾੜੀ ਖੋਲ੍ਹੇ ਤਾਕ, ਤਾਕਤ ਗੁਰਮੁਖ ਦਏ ਜਣਾਈਆ । ਕੂੜੀ ਕਿਰਿਆ ਮਿਟੇ ਹਾਲਾਤ, ਹਲ ਆਪਣਾ ਸਵਾਲ ਕਰਾਈਆ । ਗੁਰਮੁਖ ਗੁਰਸਿਖ ਪ੍ਰਭ ਮਿਲਣ ਨੂੰ ਰਹਿਣ ਬੇਤਾਬ, ਪ੍ਰੇਮ ਪਿਆਲਾ ਜਾਮ ਪਿਆਈਆ । ਹਰਿਜਨ

ਗੁਰੂ ਜਿਨ੍ਹਾਂ ਹੋਵੇ ਆਫ਼ਤਾਬ, ਸਚ ਤਲੂਅ ਰੂਪ ਵਟਾਈਆ । ਕਰੇ ਰੋਸ਼ਨ ਇਕ ਮਹਿਰਾਬ, ਜਿਸ ਹੁਜਰੇ ਵਸੇ ਸਾਈਆ । ਨਜ਼ਰੀ ਆਏ ਇਕ ਨਵਾਬ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਜਿਸ ਨੂੰ ਸਜਦਾ ਕਰਕੇ ਪੀਰ ਪੈਗ਼ੰਬਰ ਕਰਨ ਆਦਾਬ, ਗੁਰ ਅਵਤਾਰ ਨਮੋ ਨਮੋ ਸੀਸ ਝੁਕਾਈਆ । ਸੋ ਸਾਹਿਬ ਸਭ ਦਾ ਆਪ ਜਨਾਬ, ਜਵਾਬ ਤਲਬੀ ਸਭ ਤੋਂ ਮੰਗ ਮੰਗਾਈਆ । ਆਪਣਾ ਆਪ ਲੇਖਾ ਦਿਓ ਹਿਸਾਬ, ਗੁਰ ਅਵਤਾਰ ਪੀਰ ਪੈਗ਼ੰਬਰ ਆਓ ਚਲ ਸਰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੰਦ ਕੀਤੀ ਖੋਲ੍ਹੋ ਕਿਤਾਬ, ਕੁਤਬਖ਼ਾਨਾ ਇਕੋ ਦਏ ਸਮਝਾਈਆ । ਲਿਖ ਕੇ ਦੱਸੋ ਕਲਜੁਗ ਅੰਤਮ ਕਿਸ ਕਿਸ ਦੀ ਰੱਖੋ ਤੁਸੀਂ ਲਾਜ, ਕਵਣ ਗੁਰਮੁਖ ਲਏ ਪਰਨਾਈਆ । ਦੇਵੇ ਹੁਕਮ ਸ਼ਾਹ ਨਵਾਬ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਹੁਕਮ ਜਣਾਈਆ । ਧੁਰ ਫ਼ਰਮਾਨਾ ਸੁਣ ਕੇ ਇਕ ਏਕ, ਰੂਪ ਨਜ਼ਰ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਸਾਰੇ ਰਹੇ ਵੇਖ, ਨੇਤਰ ਨੈਣ ਅੱਖ ਖੁਲ੍ਹਾਈਆ । ਪਾਰਬ੍ਰਹਮ ਪ੍ਰਭ ਧਰਿਆ ਆਪਣਾ ਭੇਖ, ਜੋਤੀ ਨੂਰ ਕਰੇ ਰੁਸ਼ਨਾਈਆ । ਕਲਜੁਗ ਅੰਤਮ ਖੇਲਣਹਾਰਾ ਖੇਡ, ਬਣ ਖਲਾਰੀ ਫੇਰਾ ਪਾਈਆ । ਜਨ ਭਗਤਾਂ ਦੇਵੇ ਆਪਣਾ ਭੇਤ, ਬਾਕੀ ਸਮਝ ਕਿਸੇ ਨਾ ਆਈਆ । ਕੂੜੀ ਕਿਰਿਆ ਜਗਤ ਵਿਕਾਰਾ ਦੱਸੇ ਖੇਤ, ਮਨ ਵਾਸਨਾ ਭੱਜੇ ਵਾਹੋ ਦਾਹੀਆ । ਬਿਨ ਗੁਰਮੁਖ ਕਿਸੇ ਪਤ ਡਾਲ੍ਹੀ ਫੁਲ ਮੌਲੇ ਨਾ ਬਸੰਤੀ ਚੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਸਾਹਿਬ ਤੇਰੀ ਸਰਨਾਈਆ । ਆਦਿ ਪੁਰਖ ਤੇਰਾ ਖੇਲ ਅਪਾਰਾ, ਜੁਗ ਚੌਕੜੀ ਨਾਚ ਨਚਾਈਆ । ਗੁਰ ਅਵਤਾਰ ਸੇਵਾਦਾਰਾ, ਪੀਰ ਪੈਗ਼ੰਬਰ ਬਣ ਮਲੰਗ, ਏਕਾ ਘੁਮਰ ਰਹੇ ਪਾਈਆ । ਹੱਥ ਮਤੈਹਰਾ ਪੀਵਣ ਭੰਗ, ਸੁਨੇਹੜਾ ਇਕੋ ਇਕ ਜਣਾਈਆ । ਗ਼ਫ਼ਲਤ ਵਿਚ ਵੇਖਣ ਤਾਰੇ ਚੰਦ, ਕਹਿਣ ਮਿਲਿਆ ਬੇਪਰਵਾਹੀਆ । ਮੰਜ਼ਲ ਚੜ੍ਹ ਨਾ ਮੁਕਿਆ ਪੰਧ, ਘਰ ਨਜ਼ਰ ਕੋਇ ਨਾ ਆਈਆ । ਜਗਤ ਵਾਸਨਾ ਹੋਈ ਗੰਦ, ਸਤਿ ਸਰੂਪ ਨਾ ਕੋਇ ਵਖਾਈਆ । ਬਿਨ ਵੇਖਿਆਂ ਬਿਨ ਪੇਖਿਆਂ ਐਵੇਂ ਪਾਉਂਦੇ ਡੰਡ, ਪੁਰਖ ਅਕਾਲ ਦੀਨ ਦਿਆਲ ਨਜ਼ਰ ਕਿਸੇ ਨਾ ਆਈਆ । ਅੰਦਰੋਂ ਸੁਰਤ ਸਵਾਣੀ ਦਿਸੇ ਸਭ ਦੀ ਰੰਡ, ਬਾਹਰ ਜਗਤ ਕੰਤ ਸਾਰੇ ਰਹੇ ਹੰਡਾਈਆ । ਬਿਨ ਸਤਿਗੁਰ ਪੂਰੇ ਨਿਜ ਆਤਮ ਨਾ ਦੇਵੇ ਕੋਇ ਅਨੰਦ, ਸਤਿ ਸਰੂਪ ਵਿਚ ਨਾ ਕੋਇ ਸਮਾਈਆ । ਤੇਰੇ ਦਰ ਸਵਾਲੀ ਇਕੋ ਮੰਗ ਰਹੇ ਮੰਗ, ਮਾਂਗਤ ਬਣ ਕੇ ਝੋਲੀ ਡਾਹੀਆ । ਆਦਿ ਵਜਾਇਆ ਇਕ ਨਦ, ਬ੍ਰਹਿਮਾਦ ਕਰੀ ਸ਼ਨਵਾਈਆ । ਕਲਜੁਗ ਅੰਤਮ ਵੇਲਾ ਰਿਹਾ ਲੰਘ, ਭੱਜਾ ਜਾਏ ਵਾਹੋ ਦਾਹੀਆ । ਸਚ ਲੱਭੇ ਨਾ ਕਿਸੇ ਪਲੰਘ, ਸੁਖ ਆਸਣ ਸੋਭਾ ਕੋਇ ਨਾ ਪਾਈਆ । ਚਾਰੋਂ ਕੁੰਟ ਹੰਕਾਰ ਵਿਕਾਰ ਦਿਸੇ ਹੰ, ਬ੍ਰਹਮ ਰੂਪ ਨਜ਼ਰ ਕੋਇ ਨਾ ਆਈਆ । ਕਿਰਪਾ ਕਰ ਸ੍ਰੀ ਭਗਵਾਨ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਅੰਤਮ ਜਨ ਭਗਤਾਂ ਦੇਵਾਂ ਸਾਚਾ ਦਾਨ, ਲੱਖ ਚੁਰਾਸੀ ਖ਼ਾਲੀ ਹੱਥ ਫਿਰਾਈਆ । ਜਿਨ੍ਹਾਂ ਅੰਤਰ ਦੇਵਾਂ ਧੁਰ ਨਿਸ਼ਾਨ, ਸੋਹੰ ਸਤਿ ਸਰੂਪ ਸਮਝਾਈਆ । ਸੋ ਗੁਰਮੁਖ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ ਸਾਰੇ ਗਾਣ, ਤਿਨ੍ਹਾਂ ਸਚਖੰਡ ਮਿਲੇ ਵਡਿਆਈਆ । ਖਾਣ ਪੀਣ ਭੋਗ ਪਸ਼ੂ ਪੰਛੀ ਜੀਵ ਜੰਤ ਸਰਬ ਕਰਨ ਕਮਾਣ, ਏਥੇ ਓਥੇ ਦੇਵੇ ਮਾਣ ਨਾ ਕੋਇ ਵਡਿਆਈਆ । ਸਾਹਿਬ ਸਤਿਗੁਰ ਤੁਠ ਜਿਸ ਦੇਵੇ ਆਪਣਾ ਗਿਆਨ, ਸੋ ਜੀਅ ਹੋਏ ਪਰਵਾਨ, ਜੀਵ ਸਾਚੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਨਿਹਕਲੰਕ ਨਰਾਇਣ ਨਰ, ਜੁਗ ਜਨਮ ਦਾ ਲੇਖਾ ਪੂਰਬ ਸਰਬ ਚੁਕਾਏ ਆਣ, ਅਰਬ ਖਰਬ ਜਨਮ ਜਨਮ ਆਤਮ ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਵੇਖ ਵਖਾਈਆ ।

### ✪ ੨੩ ਅੱਸੂ ੨੦੨੦ ਬਿਕ੍ਰਮੀ ਬਲਵੰਤ ਸਿੰਘ ਦੇ ਗ੍ਰਿਹ ਗੁਜਰਵਾਲ ਜ਼ਿਲਾ ਲੁਧਿਆਣਾ ✪

ਆਦਿ ਪੁਰਖ ਸਮਰਥ ਇਕ, ਹਰਿ ਕਰਤਾ ਵਡ ਵਡਿਆਈਆ । ਜੁਗ ਚੌਕੜੀ ਚਲਾਏ ਰਥ, ਨਿਰਗੁਣ ਸਰਗੁਣ ਵੇਖ ਵਖਾਈਆ । ਨਾਮ ਨਿਧਾਨ ਦੇ ਕੇ ਵੱਥ, ਸਾਚੀ ਸਿਖਿਆ ਇਕ ਦ੍ਰਿੜਾਈਆ । ਧੁਰ ਦੀ ਦੇਵੇ ਅਗੰਮੀ ਮਤ, ਗੁਰ ਸ਼ਬਦ ਕਰੇ ਪੜ੍ਹਾਈਆ । ਨਿਰਗੁਣ ਨੂਰ ਜੋਤ ਕਰ ਪਰਗਟ, ਅਗਿਆਨ ਅੰਧੇਰ ਚੁਕਾਈਆ । ਅੰਮ੍ਰਿਤ ਆਤਮ ਦੇ ਕੇ ਰਸ, ਰਸਨਾ ਰਸ ਸਰਬ ਤਜਾਈਆ । ਨਾਦ ਸੁਣਾ ਸੱਚਾ ਅਨਹਦ, ਸਾਚੀ ਧੁਨ ਇਕ ਉਪਜਾਈਆ । ਜਾਮ ਪਿਆਏ ਇਕੋ ਮਧ, ਅੱਠੇ ਪਹਿਰ ਖ਼ੁਮਾਰ ਰਖਾਈਆ । ਕਿਰਪਾ ਕਰ ਦੇ ਵਰ ਪੰਜ ਤਤ ਰੂਪ ਬਣਾਏ ਭਗਤ, ਭਗਵਨ ਆਪਣੇ ਰੰਗ ਰੰਗਾਈਆ । ਦੇਵੇ ਮਾਣ ਉਪਰ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਚਾਈਂ ਚਾਈਆ । ਜਨ ਭਗਤ ਹਰਿ ਸੱਜਣ ਏਕ, ਏਕੰਕਾਰ ਦਇਆ ਕਮਾਇੰਦਾ । ਨਿਤ ਨਵਿਤ ਬਖ਼ਸ਼ੇ ਸਾਚੀ ਟੇਕ, ਚਰਨ ਪ੍ਰੀਤੀ ਇਕ ਸਮਝਾਇੰਦਾ । ਆਤਮ ਪਰਮਾਤਮ ਕਰੇ ਸੱਚਾ ਹੇਤ, ਸਾਚਾ ਸੰਗ ਰਖਾਇੰਦਾ । ਨਿਜ ਨੇਤਰ ਲੋਚਣ ਲਏ ਪੇਖ, ਦੋਏ ਨੈਣ ਅੱਖ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਭਗਤ ਸੁਹੇਲੇ ਆਪ ਉਠਾਇੰਦਾ । ਹਰਿ ਭਗਤ ਸੁਹੇਲੇ ਦੇਵੇ ਮਾਣ, ਸਾਹਿਬ ਸਤਿਗੁਰ ਵੱਡੀ ਵਡਿਆਈਆ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਨਿਰਗੁਣ ਸਰਗੁਣ ਲਏ ਪਰਗਟਾਈਆ । ਅੰਤਰ ਆਤਮ ਦੇ ਗਿਆਨ, ਬ੍ਰਹਮ ਵਿਦਿਆ ਇਕ ਸਮਝਾਈਆ । ਧਰਮ ਵਖਾਏ ਧੁਰ ਨਿਸ਼ਾਨ, ਸਚਖੰਡ ਨਿਵਾਸੀ ਆਪ ਝੁਲਾਈਆ । ਕਿਰਪਾ ਕਰ ਵਡ ਮਿਹਰਬਾਨ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਮਾਰਗ ਇਕੋ ਇਕ ਵਖਾਈਆ । ਜਨ ਭਗਤਾਂ ਮਾਰਗ ਦੇਵੇ ਸਚ, ਸਚ ਸੁਚ ਦੇਵੇ ਸਮਝਾਈਆ । ਭਾਗ ਲਗਾਏ ਕਾਇਆ ਮਾਟੀ ਕੱਚ, ਤਨ ਤਤਵ ਤਤ ਵੇਖ ਵਖਾਈਆ । ਪ੍ਰੇਮ ਪਿਆਰ ਅਗੰਮੀ ਦੇਵੇ ਰਸ, ਰਸ ਇਕੋ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਵੇਖੇ ਥਾਉਂ ਥਾਈਂਆ । ਹਰਿਜਨ ਵੇਖੇ ਪਾਰਬ੍ਰਹਮ, ਪ੍ਰਭ ਆਪਣੀ ਦਇਆ ਕਮਾਇੰਦਾ । ਨਿਹਕਰਮੀ ਕਰੇ ਸਚ ਕਰਮ, ਕੂੜੀ ਕਿਰਿਆ ਕਰਮ ਕਾਂਡ ਡੇਰਾ ਢਾਹਿੰਦਾ । ਸਚ ਵਖਾਏ ਇਕੋ ਧਰਮ, ਆਤਮ ਪਰਮਾਤਮ ਮੇਲ ਮਿਲਾਇੰਦਾ । ਨਾਤਾ ਤੋੜ ਵਰਨ ਬਰਨ, ਜ਼ਾਤ ਪਾਤ ਊਚ ਨੀਚ ਦੀਨ ਮਜ਼੍ਹਬ ਨਾ ਕੋਇ ਵਖਾਇੰਦਾ । ਸਤਿ ਸਤਿਵਾਦੀ ਦੇਵੇ ਇਕੋ ਸਾਚੀ ਸਰਨ, ਸਰਨਗਤ ਇਕ ਹੋ ਜਾਇੰਦਾ । ਲੇਖ ਚੁਕਾਵੇ ਆਵਣ ਜਾਵਣ ਮਰਨ ਡਰਨ, ਭੈ ਭੌ ਸਰਬ ਗਵਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਸੰਤ ਸ੍ਰੀ ਭਗਵੰਤ ਆਪੇ ਆਏ ਵਰਨ, ਨਰ ਨਰਾਇਣ ਆਪਣਾ ਫੇਰਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ

ਦ੍ਰਿੜਾਇੰਦਾ । ਸਾਚੀ ਸਿਖਿਆ ਸ੍ਰੀ ਭਗਵੰਤ, ਜਨ ਭਗਤਾਂ ਆਪ ਜਣਾਈਆ । ਇਕੋ ਨਾਮ ਸਾਚਾ ਮੰਤ, ਮੰਤਰ ਇਕੋ ਇਕ ਦਰਸਾਈਆ । ਇਕੋ ਸਾਹਿਬ ਸੁਲਤਾਨ ਸਾਚਾ ਕੰਤ, ਲੱਖ ਚੁਰਾਸੀ ਜੀਵ ਜੰਤ ਰਿਹਾ ਪਰਨਾਈਆ । ਇਕੋ ਧਾਮ ਸੁਹਾਏ ਸੋਭਾਵੰਤ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਮਹਿੰਮਾ ਅਗਣਤ, ਦੋ ਜਹਾਨ ਰਹੇ ਜਸ ਗਾਈਆ । ਸੋ ਹਰਿਜਨ ਬਣਾਏ ਸਾਚੀ ਬਣਤ, ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਨਾਮ ਵਰ, ਆਤਮ ਪਰਮਾਤਮ ਪਰਮਾਤਮ ਆਤਮ ਸੋਹੰ ਰੂਪ ਸਤਿ ਸਰੂਪ ਸਾਚਾ ਭੂਪ ਇਕੋ ਨੂਰ ਜ਼ਾਹਰ ਜ਼ਹੂਰ ਗਹਿਰ ਗੰਭੀਰ ਬੇਨਜ਼ੀਰ ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਆਪਣਾ ਰੰਗ ਵਖਾਈਆ ।

### ✪ ੨੩ ਅੱਸੂ ੨੦੨੦ ਬਿਕ੍ਰਮੀ ਹਰਨਾਮ ਸਿੰਘ ਦੇ ਗ੍ਰਿਹਿ ਮੈਹਮਾਂ ਸਿੰਘ ਵਾਲਾ ਜ਼ਿਲਾ ਲੁਧਿਆਣਾ ✪

ਸਤਿਗੁਰ ਕਿਰਪਾ ਗੁਰਸਿਖ ਮਾਣ, ਦੋ ਜਹਾਨ ਮਿਲੇ ਵਡਿਆਈਆ । ਗੁਰ ਕਿਰਪਾ ਜਗ ਦੇਵੇ ਦਾਨ, ਵਸਤ ਅਮੋਲਕ ਝੋਲੀ ਪਾਈਆ । ਸਤਿਗੁਰ ਕਿਰਪਾ ਮਿਲੇ ਸ਼ਬਦ ਨਿਸ਼ਾਨ, ਧੁਰ ਦੀ ਧਾਰ ਬੂਝ ਬੁਝਾਈਆ । ਗੁਰ ਕਿਰਪਾ ਆਤਮ ਪਰਮਾਤਮ ਲਏ ਪਹਿਚਾਨ, ਪਰਦਾ ਦੂਈ ਦਵੈਤ ਚੁਕਾਈਆ । ਸਤਿਗੁਰ ਕਿਰਪਾ ਸਤਿ ਸਤਿਗੁਰ ਮਿਲੇ ਆਣ, ਸਤਿ ਸਤਿਵਾਦੀ ਫੇਰਾ ਪਾਈਆ । ਗੁਰ ਕਿਰਪਾ ਗੁਰਮੁਖ ਮਿਲੇ ਚਰਨ ਧਿਆਨ, ਸਰਨ ਸਚ ਸਰਨਾਈਆ । ਨਿਰਗੁਣ ਸਰਗੁਣ ਬਣ ਵਿਚੋਲਾ ਖੇਲ ਕਰੇ ਮਿਹਰਵਾਨ, ਪਾਰਬ੍ਰਹਮ ਬੇਪਰਵਾਹੀਆ । ਗੁਰਸਿਖ ਗੁਰਮੁਖ ਕਰ ਪਹਿਚਾਨ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਅੰਤਰ ਅੰਤਰ ਦੇ ਗਿਆਨ, ਸੁਰਤੀ ਸੁਰਤ ਸ਼ਬਦ ਮਿਲਾਈਆ । ਰਾਗ ਸੁਣਾ ਅਗੰਮੀ ਧੁਨਕਾਨ, ਧੁਰ ਦੀ ਧਾਰ ਆਪ ਪਰਗਟਾਈਆ । ਅੰਮ੍ਰਿਤ ਸਚ ਕਰਾਏ ਪਾਨ, ਨਿਝਰ ਝਿਰਨਾ ਇਕ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਇਕੋ ਰੰਗ ਵਖਾਈਆ । ਸਤਿਗੁਰ ਕਿਰਪਾ ਗੁਰਸਿਖ ਰੰਗ, ਗੁਰਮੁਖ ਨਾਮ ਵੱਜੇ ਵਧਾਈਆ । ਆਤਮ ਸੇਜ ਸੁਹਾਏ ਪਲੰਘ, ਸੁਹੰਜਣੀ ਡੇਰਾ ਲਾਈਆ । ਅਨਹਦ ਨਾਦ ਵਜਾਏ ਮਰਦੰਗ, ਅਨਰਾਗੀ ਰਾਗ ਅਲਾਈਆ । ਸਤਿ ਸਰੋਵਰ ਅੰਮ੍ਰਿਤ ਧਾਰ ਵਖਾਏ ਗੰਗ, ਅੰਮ੍ਰਿਤ ਇਕੋ ਇਕ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਅੰਦਰ ਜਾਵੇ ਲੰਘ, ਜਗਤ ਦੁਆਰ ਪੰਧ ਮੁਕਾਈਆ । ਗੁਰਸਿਖ ਅੰਦਰ ਸਤਿਗੁਰ ਲੰਘੇ, ਆਪਣਾ ਪੰਧ ਮੁਕਾਈਆ । ਸਚ ਪ੍ਰੀਤੀ ਇਕੋ ਮੰਗੇ, ਪ੍ਰੇਮ ਰੀਤੀ ਰਿਹਾ ਜਣਾਈਆ । ਸਾਚਾ ਦੇਵੇ ਪਰਮਾਨੰਦੇ, ਨਿਜਾਨੰਦ ਕਰੇ ਰਸਾਈਆ । ਆਤਮ ਸੁਣਾਏ ਸਾਚਾ ਛੰਦੇ, ਪਰਮਾਤਮ ਸੋਹੰ ਰੂਪ ਸਮਝਾਈਆ । ਜੁਗ ਜਨਮ ਦੀ ਟੁੱਟੀ ਗੰਢੇ, ਸੁਰਤੀ ਸ਼ਬਦੀ ਜੋੜ ਜੁੜਾਈਆ । ਨਿਰਗੁਣ ਨਿਰਗੁਣ ਵਸੇ ਸੰਗੇ, ਸਰਗੁਣ ਸਰਗੁਣ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਮਹੀਣ ਕਰੇ ਚੰਗੇ, ਜਿਸ ਸਿਰ ਆਪਣਾ ਹੱਥ ਟਿਕਾਈਆ । ਸਤਿਗੁਰ ਪੂਰਾ ਗੁਰਸਿਖ ਮੀਤ, ਸੱਜਣ ਇਕ ਅਖਵਾਈਆ । ਗੁਰਸਿਖ ਸੱਚਾ ਬਣਾਏ ਸਤਿਗੁਰ ਰੀਤ, ਸਾਚੀ ਸੇਵ ਕਮਾਈਆ । ਦੋਹਾਂ ਮਿਲ ਕੇ ਕਾਇਆ ਮੰਦਰ ਅੰਦਰ ਕਾਅਬਾ ਬਣੇ ਮਸੀਤ, ਗੁਰੂਦੁਆਰ ਮੰਦਰ ਰੂਪ ਵਟਾਈਆ । ਗੁਰਸਿਖ ਗੁਰ ਦੋਵੇਂ ਮਿਲ ਕੇ ਅੰਤਰ ਗਾਵਣ ਗੀਤ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ ।

੮੧੪
੧੫

ਸਿਫ਼ਤ ਸਾਲਾਹੀ ਇਕ ਦੂਜੇ ਨੂੰ ਕਹਿਣ ਠੀਕ, ਗੁਰਸਿਖ ਕਹੇ ਵਾਹਵਾ ਗੁਰੂ ਤੇਰੀ ਵਡਿਆਈਆ । ਸਤਿਗੁਰ ਕਹੇ ਗੁਰਸਿਖ ਤੇਰੀ ਪ੍ਰੀਤ, ਪ੍ਰੇਮ ਡੋਰੀ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਸਾਚੇ ਆਪਣੇ ਸੰਗ ਰਖਾਈਆ । ਸਤਿਗੁਰ ਰੱਖੇ ਗੁਰਮੁਖ ਸੰਗ, ਸਦ ਆਪਣੇ ਅੰਗ ਲਗਾਈਆ । ਗੁਰਸਿਖ ਮੰਗੇ ਧੂੜੀ ਮੰਗ, ਘਰ ਸਾਚੇ ਝੋਲੀ ਡਾਹੀਆ । ਸਤਿਗੁਰ ਦੇਵੇ ਸ਼ਬਦ ਅਨੰਦ, ਅਨਰਸ ਅਗੰਮ ਵਖਾਈਆ । ਗੁਰਮੁਖ ਕਹੇ ਮੇਰਾ ਮੁੱਕਾ ਪੰਧ, ਪ੍ਰਭ ਮਿਲਿਆ ਬੇਪਰਵਾਹੀਆ । ਸਤਿਗੁਰ ਕਹੇ ਮੇਰਾ ਚੜ੍ਹਿਆ ਚੰਦ, ਲੋਕਮਾਤ ਕਰੇ ਰੁਸ਼ਨਾਈਆ । ਦੋਹਾਂ ਮਿਲ ਕੇ ਬਣੇ ਸੋਹੰ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਦੋਹਾਂ ਮਿਲ ਕੇ ਸਤਿ ਧਰਮ ਦੀ ਬੱਝੇ ਇਕੋ ਗੰਢ, ਲੋਕਮਾਤ ਸਕੇ ਨਾ ਕੋਇ ਖੁਲ੍ਹਾਈਆ । ਗੁਰਸਿਖ ਕਹੇ ਪ੍ਰਭ ਮੇਰੇ ਸੀਨੇ ਪਾਈ ਠੰਡ, ਅੰਮ੍ਰਿਤ ਮੇਘ ਇਕ ਬਰਸਾਈਆ । ਸਤਿਗੁਰ ਕਹੇ ਮੇਰੇ ਅੰਗੀਕਾਰ ਹੋਇਆ ਅੰਗ, ਅੰਗਣ ਮੇਰਾ ਦਿਤਾ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਦਿ ਜੁਗਾਦਿ ਜੁਗ ਚੌਕੜੀ ਭਗਤ ਭਗਵਾਨ ਸੰਤ ਸੱਜਣ ਕਰ ਪਰਵਾਨ, ਗੁਰਮੁਖ ਗੁਰਸਿਖ ਦੇ ਦੇ ਦਾਨ, ਵਸਤ ਅਮੋਲਕ ਕਾਇਆ ਗੋਲਕ ਝੋਲੀ ਨਾਮ ਸਦਾ ਅਨਡਿਠ ਭਰਾਈਆ ।



## ✪ ੨੩ ਅੱਸੂ ੨੦੨੦ ਬਿਕ੍ਰਮੀ ਬਾਬੂ ਸਿੰਘ ਦੇ ਗ੍ਰਿਹਿ ਪਿੰਡ ਡੇਹਲੋਂ ਜ਼ਿਲਾ ਲੁਧਿਆਣਾ ✪

ਗੁਰ ਅਵਤਾਰ ਪੀਰ ਪੈਗ਼ੰਬਰ ਦੇ ਭਰਵਾਸਾ, ਲੱਖ ਚੁਰਾਸੀ ਜੀਵ ਜੰਤ ਗਏ ਸਮਝਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਦੇ ਦਿਲਾਸਾ, ਧੁਰ ਦੀ ਸਾਚੀ ਸਚ ਆਵਾਜ਼ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਪੁਰਖ ਅਬਿਨਾਸ਼ਾ, ਅਬਿਨਾਸ਼ੀ ਆਪਣੀ ਖੇਲ ਕਰਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਗਗਨ ਗਗਨੰਤਰ ਪਾਵੇ ਰਾਸਾ, ਦੋ ਜਹਾਨ ਭੇਵ ਚੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਪੰਜ ਤਤ ਦੱਸਣਹਾਰਾ ਭੇਵ ਖ਼ੁਲਾਸਾ, ਅਨਭਵ ਆਪਣੀ ਕਾਰ ਕਮਾਈਆ । ਦੋ ਜਹਾਨ ਨੌਜਵਾਨ ਮਰਦ ਮਰਦਾਨ ਸਾਚੀ ਪਾਵੇ ਰਾਸਾ, ਨਿਰਗੁਣ ਨਿਰਗੁਣ ਸਰਗੁਣ ਸਰਗੁਣ ਗੋਪੀ ਕਾਹਨ ਨਚਾਈਆ । ਸਾਚਾ ਨੂਰੀ ਚੰਦ ਜੋਤੀ ਜੋਤ ਕਰੇ ਪਰਕਾਸ਼ਾ, ਅੰਧ ਅੰਧੇਰ ਮਿਟਾਈਆ । ਜਨ ਭਗਤ ਦਵਾਰ ਹਰਿ ਨਿਰੰਕਾਰ ਕਿਰਪਾ ਧਾਰ ਸਾਚੇ ਗ੍ਰਿਹਿ ਕਰੇ ਵਾਸਾ, ਹਰਿ ਮੰਦਰ ਰੂਪ ਵਟਾਈਆ । ਜੁਗ ਜਨਮ ਕਰਮ ਧਰਮ ਵਰਨ ਬਰਨ ਜੋ ਰਿਹਾ ਪਿਆਸਾ, ਅੰਮ੍ਰਿਤ ਮੇਘ ਇਕ ਬਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣਾਉਂਦੇ ਗਏ ਗੀਤ, ਜੀਵ ਜੰਤ ਜਗਤ ਪੜ੍ਹਾਈਆ । ਸ਼ਾਸਤਰ ਸਿਮਰਤ ਦੱਸਦੇ ਰਹੇ ਰੀਤ, ਧੁਰ ਸੰਦੇਸਾ ਇਕ ਸਮਝਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਕੁੰਟ ਦਹਿ ਦਿਸ਼ਾ ਲੱਭਦੇ ਰਹੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਖੋਜ ਖੋਜਾਈਆ । ਸਾਹਿਬ ਸਤਿਗੁਰ ਸ਼ਬਦ ਸੁਆਮੀ ਆਦਿ ਜੁਗਾਦਿ ਨਿਤ ਨਵਿਤ ਵਸੇ ਧਾਮ ਅਨਡੀਠ, ਮਹੱਲ ਅਟੱਲ ਉਚ ਮਨਾਰ ਇਕੋ ਇਕ ਜਣਾਈਆ । ਕਿਰਪਾਨਿਧਾਨ ਠਾਕਰ ਸੁਆਮੀ ਹੋ ਮਿਹਰਬਾਨ ਜਨ ਭਗਤ ਕਾਇਆ ਕਰੇ ਠਾਂਡੀ ਸੀਤ, ਨਿਝਰ ਧਾਰ ਅੰਮ੍ਰਿਤ ਰਸ ਬੂੰਦ ਸਵਾਂਤੀ

ਇਕ ਚੁਆਈਆ । ਨਿਰਗੁਣ ਸਰਗੁਣ ਵਸਣਹਾਰਾ ਊਚ ਨੀਚ ਰਾਉ ਰੰਕ ਹਸਤ ਕੀਟ, ਚਾਰੇ ਖਾਣੀ ਬੈਠਾ ਡੇਰਾ ਲਾਈਆ । ਜੁਗ ਚੌਕੜੀ ਨਿਤ ਨਵਿਤ ਲਏ ਜੀਤ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਧੁਰ ਦੇ ਹੁਕਮ ਨਾਲ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਦੇਵਣਹਾਰਾ ਧੁਰ ਦੀ ਭੀਖ, ਭਿਛਿਆ ਇਛਿਆ ਝੋਲੀ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਦੱਸ, ਧੁਰ ਸੰਦੇਸਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਰੂਪ ਆਏ ਨੱਸ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਕਰੇ ਖੇਲ ਪਰਗਟ ਹੋ ਸਮਰਥ, ਸਮਰਥ ਆਪਣੀ ਕਾਰ ਕਮਾਈਆ । ਨਵ ਨੌਂ ਚਾਰ ਖੇੜਾ ਕਰੇ ਭੱਠ, ਜੋਤੀ ਅਗਨੀ ਲੰਬੂ ਏਕਾ ਲਾਈਆ । ਆਤਮ ਪਰਮਾਤਮ ਮਾਰਗ ਦੇਵੇ ਦੱਸ, ਦਹਿ ਦਿਸ਼ਾ ਕਰੇ ਸਚ ਪੜ੍ਹਾਈਆ । ਜਨ ਭਗਤਾਂ ਅੰਦਰ ਕਾਇਆ ਮੰਦਰ ਡੂੰਘੀ ਭਵਰੀ ਜਾਏ ਵਸ, ਬਜਰ ਕਪਾਟੀ ਕੁੰਡਾ ਤੋੜ ਤੁੜਾਈਆ । ਸਾਚੇ ਸੰਤਾਂ ਦੇਵੇ ਅੰਮ੍ਰਿਤ ਰਸ, ਬੂੰਦ ਸਵਾਂਤੀ ਜਾਮ ਪਿਆਈਆ । ਗੁਰਮੁਖਾਂ ਬਖ਼ਸ਼ੇ ਸਤਿ ਧੀਰਜ ਜਤ, ਜੋਗ ਇਕ ਜਣਾਈਆ । ਗੁਰਸਿਖਾਂ ਲੇਖੇ ਲਾਏ ਰੱਤ, ਰੱਤੀ ਰਤ ਆਪਣੀ ਝੋਲੀ ਪਾਈਆ । ਨਵ ਨੌਂ ਚਾਰ ਵਰਨ ਚਾਰ ਦੇਵੇ ਇਕੋ ਮਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਕੂੜੀ ਕਿਰਿਆ ਹਉਮੇ ਹੰਗਤਾ ਮਾਇਆ ਮਮਤਾ ਦੇਵੇ ਕੱਢ, ਨਾਮ ਖੰਡਾ ਹੱਥ ਉਠਾਈਆ । ਨੌਂ ਦੁਆਰ ਕਰ ਪਿਆਰ ਹਰਿਜਨ ਪਾਰ ਕਰਾਏ ਹੱਦ, ਘਰ ਦਸਵਾਂ ਬੂਝ ਬੁਝਾਈਆ । ਧੁਨ ਅਨਾਦ ਬੋਧ ਅਗਾਧ ਸ਼ਬਦੀ ਰਾਗ ਸੁਣਾਏ ਅਨਹਦ, ਧੁਨ ਆਤਮਕ ਇਕ ਉਪਜਾਈਆ । ਅੰਮ੍ਰਿਤ ਆਤਮ ਸਤਿ ਸਰੋਵਰ ਵਿਚੋਂ ਪਿਆਏ ਅਗੰਮੀ ਮਧ, ਅੱਠੇ ਪਹਿਰ ਖ਼ੁਮਾਰ ਰਖਾਈਆ । ਮਿਹਰਵਾਨ ਮਿਹਰ ਨਜ਼ਰ ਨਾਲ ਘਰ ਆਪਣੇ ਲਏ ਸੱਦ, ਗ੍ਰਹਿ ਮੰਦਰ ਖ਼ੁਸ਼ੀ ਮਨਾਈਆ । ਸੁਰਤੀ ਸ਼ਬਦੀ ਮੇਲ ਮਿਲਾ ਕੇ ਇਕ ਸੁਣਾਏ ਛੰਦ, ਸੋਹੰ ਢੋਲਾ ਨਾਉਂ ਜਣਾਈਆ । ਨਿਰਗੁਣ ਨਿਰਗੁਣ ਬੈਠੇ ਅੰਗ, ਅੰਗੀਕਾਰ ਇਕ ਅਖਵਾਈਆ । ਆਤਮ ਪਰਮਾਤਮ ਵਸੇ ਸੰਗ, ਸਗਲਾ ਸੰਗ ਨਿਭਾਈਆ । ਸਚ ਦੁਆਰ ਚਰਨ ਕਵਲ ਹਰਿ ਸਰਨਾਈ ਬਹਿਣ ਸਜ, ਘਰ ਸਾਚੇ ਖ਼ੁਸ਼ੀ ਮਨਾਈਆ । ਬਿਨ ਮੱਕਿਉਂ ਕਾਅਬਿਉਂ ਹੋ ਜਾਏ ਹੱਜ, ਬਿਨ ਮੰਦਰ ਮਸੀਤ ਠਾਕਰ ਪਰਵਰਦਿਗਾਰ ਨਜ਼ਰੀ ਆਈਆ । ਬਿਨ ਕੱਪੜ ਓਢਣ ਪੜਦਾ ਦੇਵੇ ਕੱਜ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਕੇ ਗਏ ਬੋਲ, ਦੋ ਜਹਾਨਾਂ ਨਾਦ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਆਪ ਅਡੋਲ, ਸ੍ਰਿਸ਼ਟ ਸਬਾਈ ਦਏ ਡੁਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਦਾ ਵੇਖੇ ਆਣ ਘੋਲ, ਚਾਰ ਕੁੰਟ ਦਹਿ ਦਿਸ਼ਾ ਵੇਖੇ ਲੜਾਈਆ । ਨਾਮ ਨਿਧਾਨ ਸ੍ਰੀ ਭਗਵਾਨ ਜੀਵ ਜੰਤ ਸਾਧ ਸੰਤ ਨਾਮ ਕੰਡੇ ਦੇਵੇ ਤੋਲ, ਜਗਤ ਤਰਾਜ਼ੂ ਨਜ਼ਰ ਕੋਇ ਨਾ ਆਈਆ । ਅੰਦਰ ਵੜ ਕੇ ਪੌੜੇ ਚੜ੍ਹ ਕੇ ਜਨ ਭਗਤਾਂ ਕੁੰਡਾ ਦੇਵੇ ਖੋਲ੍ਹ, ਬੰਦ ਦਰਵਾਜ਼ਾ ਪੜਦਾ ਆਪ ਉਠਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਸੁਰਤੀ ਸ਼ਬਦੀ ਜਾਏ ਮੌਲ, ਮੌਲਾ ਆਪਣਾ ਰੂਪ ਵਖਾਈਆ । ਜੁਗ ਚੌਕੜੀ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕੀਤਾ ਕੌਲ, ਸੋ ਸਾਹਿਬ ਸਤਿਗੁਰ ਅੰਤਮ ਤੋੜ ਨਿਭਾਈਆ । ਦੇਵੇ ਵਡਿਆਈ ਧਰਨੀ ਧਰਤ ਧੌਲ, ਚਰਨ ਕਵਲ ਉਪਰ ਆਪ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਸੁਣਾ, ਧੁਰ ਦੀ

ਧਾਰ ਜਗਤ ਜਣਾਈਆ । ਕਲਜੁਗ ਅੰਤਮ ਪਾਰਬ੍ਰਹਮ ਪਤਿਪਰਮੇਸ਼ਵਰ ਜਾਵੇ ਆ, ਨਿਰਵੈਰ ਪੁਰਖ ਫੇਰਾ ਪਾਈਆ । ਸ਼ਬਦ ਸਰੂਪੀ ਸ਼ਾਹੋ ਭੂਪੀ ਚਾਰੋਂ ਕੁੰਟ ਬਣੇ ਮਲਾਹ, ਦਹਿ ਦਿਸ਼ਾ ਬੇੜਾ ਆਪ ਤਰਾਈਆ । ਜਨ ਭਗਤਾਂ ਸਾਚੇ ਸੰਤਾਂ ਦੇਵੇ ਇਕ ਸਲਾਹ, ਢੋਲਾ ਗਾਓ ਬੇਪਰਵਾਹੀਆ । ਖਾਣੀ ਬਾਣੀ ਧੁਰ ਸੰਦੇਸਾ ਦਏ ਜਣਾ, ਬੋਧ ਅਗਾਧ ਇਕ ਪੜ੍ਹਾਈਆ । ਕੁਦਰਤ ਕਾਦਰ ਵੇਖੇ ਵੇਖਣਹਾਰਾ ਦੋ ਜਹਾਂ, ਬ੍ਰਹਿਮੰਡ ਖੰਡ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਗਏ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਕਲਜੁਗ ਅੰਤਮ ਪਤਿਪਰਮੇਸ਼ਵਰ ਕਿਸੇ ਨਾ ਪਏ ਦਿਸ, ਨੇਤਰਹੀਣ ਹੋਏ ਲੋਕਾਈਆ । ਘਰ ਘਰ ਪਰਗਟ ਹੋਵੇ ਕੂੜੀ ਵਿਸ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਘਰ ਵਿਚ ਸੁੱਤਾ ਕਰਵਟ ਬਦਲੇ ਮੁਖ ਭਵਾ ਕੇ ਆਪਣੀ ਪਿਠ, ਨੇਤਰ ਨੈਣ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਕੇ ਗਏ ਜੋਗ, ਜਗਤ ਜੋਗੀਸ਼ਰ ਇਕ ਜਣਾਈਆ । ਪੁਰਖ ਅਕਾਲ ਦੀਨ ਦਿਆਲ ਧੁਰ ਸੰਜੋਗ, ਪਰਵਰਦਿਗਾਰ ਸੱਚੀ ਸਰਨਾਈਆ । ਜਿਸ ਦਾ ਕਲਮਾ ਨਬੀ ਰਸੂਲ ਗੁਰ ਅਵਤਾਰ ਪੀਰ ਪੈਗ਼ੰਬਰ ਗਾਇਣ ਸਲੋਕ, ਸੋਹਲਾ ਢੋਲਾ ਰਾਗ ਅਲਾਈਆ । ਸੋ ਸੁਆਮੀ ਸਚ ਤਿਸ ਸਾਹਿਬ ਦੀ ਰੱਖੋ ਓਟ, ਓੜਕ ਇਕੋ ਨਜ਼ਰੀ ਆਈਆ । ਸਾਚਾ ਨਾਮ ਦੋ ਜਹਾਨ ਲਗਾਏ ਚੋਟ, ਨਗਾਰਾ ਆਪਣੇ ਹੱਥ ਉਠਾਈਆ । ਰਾਹ ਤੱਕਣ ਲੋਕ ਪਰਲੋਕ, ਕੋਟਨ ਕੋਟ ਬ੍ਰਹਿਮੰਡ ਧਿਆਨ ਲਗਾਈਆ । ਗੁਰਮੁਖ ਵਿਰਲੇ ਭਗਤ ਜਨ ਪ੍ਰਭ ਮਿਲਣ ਦਾ ਰੱਖਣ ਸ਼ੌਕ, ਕਲਜੁਗ ਅੰਤ ਜਗਤ ਲੋਕਾਈ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲ ਸਚ, ਸਚ ਸਾਜਣ ਗਏ ਜਣਾਈਆ । ਕਲਜੁਗ ਅੰਤਮ ਆਵੇ ਨੱਠ, ਸਚਖੰਡ ਨਿਵਾਸੀ ਫੇਰਾ ਪਾਈਆ । ਕਲਜੁਗ ਕੂੜੀ ਕਿਰਿਆ ਵੇਖੇ ਭੱਠ, ਲੱਖ ਚੁਰਾਸੀ ਧਿਆਨ ਲਗਾਈਆ । ਫੋਲ ਫੋਲਾਏ ਮੰਦਰ ਮੱਠ, ਗ੍ਰਿਹ ਗ੍ਰਿਹ ਆਪਣਾ ਡੇਰਾ ਲਾਈਆ । ਚੌਦਾਂ ਲੋਕ ਵੇਖੇ ਹੱਟ, ਚੌਦਾਂ ਤਬਕਾਂ ਪੜਦਾ ਦਏ ਚੁਕਾਈਆ । ਚੌਦਾਂ ਵਿਦਿਆ ਵੇਖੇ ਨੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤਮ ਦੱਸਣ, ਦਹਿ ਦਿਸ਼ਾ ਵੱਜੇ ਵਧਾਈਆ । ਪੁਰਖ ਅਕਾਲ ਜਨ ਭਗਤਾਂ ਆਏ ਰੱਖਣ, ਨਿਰਗੁਣ ਸਰਗੁਣ ਵੇਸ ਵਟਾਈਆ । ਸਾਚਾ ਮਾਰਗ ਚਾਰ ਵਰਨਾਂ ਆਏ ਦੱਸਣ, ਬਰਨ ਅਠਾਰਾਂ ਕਰੇ ਪੜ੍ਹਾਈਆ । ਖੇਲੇ ਖੇਲ ਉਤਰ ਪੂਰਬ ਪੱਛਮ ਦੱਖਣ, ਦਹਿ ਦਿਸ਼ਾ ਆਪਣਾ ਰੰਗ ਰੰਗਾਈਆ । ਲੱਖ ਚੁਰਾਸੀ ਵਿਚੋਂ ਵਰੋਲੇ ਮੱਖਣ, ਗੁਰਮੁਖ ਸੱਚੇ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਆਪਣੀ ਦਇਆ ਕਮਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ, ਅਕਲ ਕਲਧਾਰੀ ਖੇਲ ਖਲਾਈਆ । ਰੂਪ ਧਰ ਅਕਾਲ ਦਿਆਲ, ਮਿਹਰਵਾਨ ਨਜ਼ਰ ਇਕ ਉਠਾਈਆ । ਸ਼ਾਹੋ ਭੂਪ ਬਣ ਸੁਲਤਾਨ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਦੋ ਜਹਾਨਾਂ ਪਾਏ ਆਣ, ਸੀਸ ਸਕੇ ਨਾ ਕੋਇ ਉਠਾਈਆ । ਸ਼ਬਦ ਸੰਦੇਸਾ ਦੇਵੇ ਧੁਰ ਫ਼ਰਮਾਨ, ਨਾਮ ਨਿਧਾਨਾ ਇਕ ਜਣਾਈਆ । ਸ੍ਰਿਸ਼ਟ ਸਬਾਈ ਨਜ਼ਰੀ ਆਏ ਇਕੋ ਕਾਹਨ,

ਬੰਸਰੀ ਨਾਮ ਧੁਨ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਹਰਿ ਵੱਡਾ ਸਤਿਗੁਰ ਪੁਰਖ ਅਕਾਲ, ਦੋ ਜਹਾਨ ਰਹੇ ਜਸ ਗਾਈਆ । ਜੋਤੀ ਨੂਰ ਜਲਵਾ ਜਲਾਲ, ਜ਼ਾਹਰ ਜ਼ਹੂਰ ਬੇਪਰਵਾਹੀਆ । ਆਦਿ ਜੁਗਾਦਿ ਬਣੇ ਦਲਾਲ, ਜੁਗ ਚੌਕੜੀ ਸ਼ਬਦੀ ਰੂਪ ਵਟਾਈਆ । ਜਨ ਭਗਤਾਂ ਵਸੇ ਸਦਾ ਨਾਲ, ਸਾਚੇ ਸੰਤਾਂ ਵਿਛੜ ਕਦੇ ਨਾ ਜਾਈਆ । ਗੁਰਮੁਖਾਂ ਲੇਖੇ ਲਾਏ ਕੀਤੀ ਘਾਲ, ਕੀਤੀ ਘਾਲ ਥਾਏਂ ਪਾਈਆ । ਗੁਰਸਿਖਾਂ ਤ੍ਰੈਗੁਣ ਮਾਇਆ ਤੋੜੇ ਜੰਜਾਲ, ਜੀਵਣ ਜੁਗਤ ਜਗਤ ਜਣਾਈਆ । ਕਾਇਆ ਮੰਦਰ ਅੰਦਰ ਵਖਾਏ ਇਕੋ ਇਕ ਸੱਚੀ ਧਰਮਸਾਲ, ਜਿਸ ਘਰ ਵਸੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਵੇਖੇ ਥਾਉਂ ਥਾਈਆ । ਹਰਿਜਨ ਅੰਤਮ ਵੇਖਣਹਾਰਾ, ਹਰਿ ਜੂ ਵੱਡਾ ਵਡ ਅਖਵਾਇੰਦਾ । ਕਲਜੁਗ ਅੰਤਮ ਲੈ ਅਵਤਾਰਾ, ਵਡ ਅਵਤਾਰੀ ਵੇਸ ਵਟਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰਾ, ਜੈ ਜੈਕਾਰ ਇਕੋ ਇਕ ਸੁਣਾਇੰਦਾ । ਦੋ ਜਹਾਨਾਂ ਸਚ ਭੰਡਾਰਾ, ਨਾਮ ਨਿਧਾਨ ਆਪ ਵਰਤਾਇੰਦਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਕਰੇ ਪਿਆਰਾ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਦੇਂਦਾ ਰਿਹਾ ਲਾਰਾ, ਸੋ ਅੰਤਮ ਵੇਖ ਵਖਾਇੰਦਾ । ਲੋਕ ਪਰਲੋਕ ਲਗਾਵਣਹਾਰਾ ਅਖਾੜਾ, ਦੋ ਜਹਾਨ ਨਾਚ ਨਚਾਇੰਦਾ । ਵੇਖੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਦੇਵੇ ਇਕ ਸਹਾਰਾ, ਚਰਨ ਕਵਲ ਕਵਲ ਜਣਾਇੰਦਾ । ਸਾਚੇ ਸੰਤਾਂ ਦੇਵੇ ਇਕ ਅਧਾਰਾ, ਸਿਦਕ ਸਬੂਰੀ ਝੋਲੀ ਪਾਇੰਦਾ । ਗੁਰਮੁਖਾਂ ਖੋਲ੍ਹ ਬੰਦ ਕਿਵਾੜਾ, ਨਿਜ ਨੇਤਰ ਦਰਸ ਕਰਾਇੰਦਾ । ਗੁਰਸਿਖਾਂ ਇਕ ਜਣਾਏ ਪਾਰ ਕਿਨਾਰਾ, ਮੰਝਧਾਰ ਨਾ ਕੋਇ ਰੁੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਕਰਤਾਰ, ਕਲ ਅੰਤ ਦਇਆ ਕਮਾਈਆ । ਲੇਖਾ ਜਾਣ ਸਰਬ ਸੰਸਾਰ, ਸ੍ਰਿਸ਼ਟੀ ਇਸ਼ਟ ਫੋਲ ਫੋਲਾਈਆ । ਦ੍ਰਿਸ਼ਟ ਹੋਈ ਗੁਨਾਹਗਾਰ, ਵਿਸ਼ੇਸ਼ ਰੂਪ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਨਿਰੰਕਾਰ ਆਪਣੀ ਕਾਰ ਕਮਾਈਆ । ਆਪਣੀ ਕਾਰ ਕਰੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਸਤਿ ਧਰਮ ਦਾ ਸਚ ਨਿਸ਼ਾਨ, ਸਾਹਿਬ ਸੁਲਤਾਨ ਇਕ ਝੁਲਾਇੰਦਾ । ਬੋਧ ਅਗਾਧ ਬ੍ਰਹਮ ਗਿਆਨ, ਬਣ ਪੰਡਤ ਆਪ ਪੜ੍ਹਾਇੰਦਾ । ਆਤਮ ਪਰਮਾਤਮ ਜੀਆ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤ ਸ੍ਰੀ ਭਗਵੰਤ ਹਰਿਜਨ ਸਾਚੇ ਮੇਲ ਮਿਲਾਇੰਦਾ । ਮਿਲਣ ਕੋ ਗੁਰ ਏਕੋ ਏਕ, ਆਦਿ ਜੁਗਾਦਿ ਵੱਡੀ ਵਡਿਆਈਆ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਚ ਵਿਕਾਰ ਨਾ ਕੋਇ ਹਲਕਾਈਆ । ਨਿਜ ਨੇਤਰ ਕਾਇਆ ਅੰਤਰ ਲਏ ਵੇਖ, ਤਨ ਮੰਦਰ ਸੋਭਾ ਪਾਈਆ । ਦੋ ਜਹਾਨਾਂ ਬਣ ਕੇ ਖੇਵਟ ਖੇਟ, ਬੇੜਾ ਬੰਨੇ ਦਏ ਲਗਾਈਆ । ਨਾਤਾ ਜੋੜ ਪਿਤਾ ਬੇਟ, ਪੂਤ ਸਪੂਤਾ ਗੋਦ ਸੁਹਾਈਆ । ਸਤਿ ਸਤਿਵਾਦੀ ਕਰੇ ਸੱਚਾ ਹੇਤ, ਆਪ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿ ਜੂ ਹਰਿਜਨ ਲਏ ਤਰਾਈਆ । ਤਾਰਨ ਕੋ ਪ੍ਰਭ ਠਾਕਰ ਸੁਆਮੀ, ਆਦਿ ਜੁਗਾਦੀ ਇਕ ਅਖਵਾਇੰਦਾ । ਨਰ ਨਿਰੰਕਾਰਾ ਅੰਤਰਜਾਮੀ, ਅੰਤਰਗਤ ਸਭ ਦੀ ਫੋਲ ਫੋਲਾਇੰਦਾ ।


੮੧੮ ੧੫

ਜੁਗ ਚੌਕੜੀ ਸ਼ਬਦ ਅਨਾਦ ਬੋਲਣਹਾਰਾ ਬਾਣੀ, ਆਦਿ ਜੁਗਾਦਿ ਗੁਰ ਅਵਤਾਰਾਂ ਪੀਰ ਪੈਗੰਬਰਾਂ ਆਪ ਪੜ੍ਹਾਇੰਦਾ । ਸਰ ਸਰੋਵਰ ਅੰਮ੍ਰਿਤ ਰਸ ਨਿਝਰ ਦੇਵਣਹਾਰਾ ਠੰਡਾ ਪਾਣੀ, ਬੂੰਦ ਸਵਾਂਤੀ ਆਪ ਟਪਕਾਇੰਦਾ । ਸ਼ਬਦ ਸੁਰਤ ਨੌਜਵਾਨ ਮੇਲ ਮਿਲਾਵੇ ਸ਼ਬਦ ਹਾਣੀ, ਦਰ ਘਰ ਸਾਚੇ ਸਗਨ ਆਪ ਮਨਾਇੰਦਾ । ਆਤਮ ਪਰਮਾਤਮ ਪਦ ਨਿਰਬਾਣੀ, ਆਪ ਵਖਾਏ ਸਚ ਮਕਾਨੀ, ਮਹੱਲ ਅਟੱਲ ਇਕੋ ਇਕ ਰੁਸ਼ਨਾਇੰਦਾ । ਜਿਸ ਘਰ ਵਸੇ ਸ਼ਾਹ ਸੁਲਤਾਨੀ, ਦੋ ਜਹਾਨਾਂ ਹੁਕਮਰਾਨੀ, ਡੰਕਾ ਨੌਬਤ ਨਾਮ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਬਣਾਏ ਧੁਰ ਦਰਗਾਹ ਦੀ ਪਟਰਾਣੀ, ਪਾਰਬ੍ਰਹਮ ਪ੍ਰਭ ਆਪਣਾ ਰੰਗ ਰੰਗਾਇੰਦਾ । ਰੰਗ ਰੰਗਾਵਣ ਕੋ ਪ੍ਰਭ ਏਕਾ, ਦੂਜਾ ਨਜ਼ਰ ਕੋਇ ਨਾ ਆਈਆ । ਅੰਦਰ ਵੜ ਕੇ ਦੱਸੇ ਆਪਣਾ ਭੇਤਾ, ਭੇਵ ਅਭੇਦਾ ਦਏ ਖੁਲ੍ਹਾਈਆ । ਮਨ ਹੰਕਾਰੀ ਜੋ ਲੈ ਕੇ ਬੈਠਾ ਠੇਕਾ, ਤਿਸ ਦਾ ਡੇਰਾ ਦੇਵੇ ਢਾਹੀਆ । ਮਾਤ ਗਰਭ ਦਾ ਗੁਰਮੁਖ ਕਰਾਏ ਚੇਤਾ, ਪਿਛਲਾ ਲੇਖਾ ਦਏ ਸਮਝਾਈਆ । ਕਰਮ ਕਾਂਡ ਦਾ ਕੱਢ ਭੁਲੇਖਾ, ਭਾਂਡਾ ਭਰਮ ਭੌ ਭੰਨਾਈਆ । ਆਪਣੇ ਮਿਲਣ ਦੀ ਦੱਸੇ ਸਾਚੀ ਵੇਂਤਾ, ਬਿਧ ਇਕੋ ਇਕ ਜਣਾਈਆ । ਨਰ ਨਰਾਇਣ ਵੇਖੇ ਨੇਤਨ ਆਪਣਾ ਨੇਤਾ, ਘਰ ਭੂਪਤ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਭੂਪਤ ਵੇਖੇ ਆਪਣਾ ਰਾਜਾ, ਘਰ ਮੰਦਰ ਸੋਭਾ ਪਾਈਆ । ਖੇਲੇ ਖੇਲ ਗ਼ਰੀਬ ਨਿਵਾਜਾ, ਗਹਿਰ ਗੰਭੀਰ ਵੱਡੀ ਵਡਿਆਈਆ । ਅਸਵ ਘੋੜਾ ਅਗੰਮੀ ਤਾਜਾ, ਸ਼ਾਹ ਸਵਾਰਾ ਹਰਿ ਨਿਰੰਕਾਰਾ ਦੋ ਜਹਾਨਾਂ ਰਿਹਾ ਦੌੜਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰਚ ਕੇ ਕਾਜਾ, ਸਚ ਸਵੰਬਰ ਵਡ ਅਡੰਬਰ ਲੋਕਮਾਤ ਆਪ ਕਰਾਈਆ । ਭੂਪਤ ਬਣ ਕੇ ਸ਼ਾਹ ਨਵਾਬਾ, ਵੇਖਣਹਾਰਾ ਪੁੰਨ ਸਵਾਬਾ, ਜੀਵ ਜੰਤ ਕਾਇਆ ਅੰਤਰ ਲੇਖਾ ਸਭ ਦਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਉਠਾਏ ਠਾਕਰ, ਪ੍ਰਭ ਆਪਣੀ ਦਇਆ ਕਮਾਈਆ । ਪਾਰ ਕਰਾਏ ਭਵਜਲ ਭਵ ਸਾਗਰ, ਭੈ ਭੌ ਰੂਪ ਨਜ਼ਰ ਕੋਇ ਨਾ ਆਈਆ । ਜਿਨ੍ਹਾਂ ਦੇਵੇ ਦਰ ਘਰ ਸੱਚੇ ਆਦਰ, ਆਦਤ ਪਿਛਲੀ ਦਏ ਬਦਲਾਈਆ । ਸੋ ਗੁਰਮੁਖ ਗੁਰਸਿਖ ਸੂਰਬੀਰ ਬਹਾਦਰ, ਜਿਸ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਜਗਾਈਆ । ਜਗਾਵਣਹਾਰਾ ਆਦਿ ਪੁਰਖ, ਆਲਸ ਨਿੰਦਰਾ ਵਿਚ ਕਦੇ ਨਾ ਆਈਆ । ਨਾ ਕੋਈ ਸੋਗ ਨਾ ਜਾਣੇ ਹਰਖ਼, ਦੁੱਖ ਰੋਗ ਸੰਤਾਪ ਨੇੜ ਕੋਇ ਨਾ ਆਈਆ । ਨਾ ਨਾਰੀ ਨਾ ਦਿਸੇ ਮਰਦ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਨਾ ਠੰਡਾ ਨਾ ਤੱਤਾ ਨਾ ਹੋਵੇ ਸਰਦ, ਅਗਨੀ ਤਤ ਨਾ ਕੋਇ ਤਪਾਈਆ । ਨਾ ਖੰਡਾ ਖੜਗ ਨਾ ਰੂਪ ਵਟਾਏ ਕਰਦ, ਛੁਰੀ ਕੰਠ ਨਾ ਕੋਇ ਚਲਾਈਆ । ਪ੍ਰਭ ਕਾ ਖੇਲ ਸਦਾ ਅਸਚਰਜ, ਬਿਨ ਹਰਿ ਸਮਝ ਕੋਇ ਨਾ ਆਈਆ । ਸਾਹਿਬ ਸਤਿਗੁਰ ਦੀਨ ਦਿਆਲ ਸ੍ਰਿਸ਼ਟ ਸਬਾਈ ਗਿਆ ਵਰਜ, ਧੁਰ ਸੰਦੇਸਾ ਇਕ ਸੁਣਾਈਆ । ਜੀਵ ਜੰਤ ਸਾਧ ਸੰਤ ਬਿਨ ਸਤਿਗੁਰ ਪੂਰੇ ਜਰਮ ਕਰਮ ਦਾ ਲਾਹੇ ਨਾ ਕੋਈ ਕਰਜ਼, ਲਹਿਣਾ ਸਕੇ ਨਾ ਕੋਇ ਚੁਕਾਈਆ । ਜਿਸ ਵੇਲੇ ਪ੍ਰਭ ਮਿਲੇ ਦੋਏ ਜੋੜ ਕਰੋ ਅਰਜ਼, ਅਰਜ਼ੀ ਆਰਜ਼ੂ ਅੱਗੇ ਇਕ ਰਖਾਈਆ । ਸਦਾ ਸੁਆਮੀ ਵੰਡਣਹਾਰਾ ਦਰਦ, ਦੁਖੀਆਂ ਦੁੱਖ ਵੇਖ ਵਖਾਈਆ । ਨਿਤ ਨਵਿਤ ਕਿਸੇ ਦਾ ਹੋਣ ਨਾ ਦੇਵੇ ਹਰਜ, ਜੋ ਜਨ ਬੈਠੇ ਧਿਆਨ ਲਗਾਈਆ ।

ਜਨ ਭਗਤਾਂ ਮਿਲਣ ਦੀ ਪ੍ਰਭ ਨੂੰ ਗ਼ਰਜ਼, ਨਿਤ ਨਿਤ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਫ਼ਰਦ ਫੋਲ ਫੋਲਾਈਆ । ਸਾਚੀ ਫ਼ਰਦ ਫੋਲ ਕੇ ਤੱਕੇ, ਬਿਨ ਅੱਖਰਾਂ ਅੱਖਰ ਰਿਹਾ ਪੜ੍ਹਾਈਆ । ਕਲਜੁਗ ਅੰਤਮ ਨਵ ਖੰਡ ਪ੍ਰਿਥਮੀ ਜੀਵਾਂ ਜੰਤਾਂ ਪੈਂਦੇ ਧੱਕੇ, ਸਿਰ ਹੱਥ ਨਾ ਕੋਇ ਟਿਕਾਈਆ । ਕੋਈ ਰਸੂਲ ਨਬੀ ਮਿਲੇ ਨਾ ਮਦੀਨੇ ਮੱਕੇ, ਮਗਰੋਂ ਮਕਬਰਿਆਂ ਮੁੜ ਕੇ ਫੇਰ ਕੋਇ ਨਾ ਆਈਆ । ਕੋਈ ਠਾਕਰ ਮੰਦਰ ਮਸੀਤ ਲੱਭੇ, ਮਸਲਾ ਹਲ ਨਾ ਕੋਇ ਕਰਾਈਆ । ਕੋਈ ਅਠ ਸਠ ਤੀਰਥ ਫਿਰਦੇ ਭੱਜੇ, ਦਿਵਸ ਰੈਣ ਵਾਹੋ ਦਾਹੀਆ । ਕੋਈ ਡੂੰਘੀ ਕੰਦਰ ਵੜ ਕੇ ਸਜੇ, ਆਪ ਆਪਣਾ ਭੇਖ ਵਟਾਈਆ । ਕੋਈ ਰਸਨਾ ਜਿਹਵਾ ਪੜ੍ਹ ਪੜ੍ਹ ਉਚੀ ਉਚੀ ਗੱਜੇ, ਅੰਤਰ ਸਮਝ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਘਰ, ਨਵ ਨੌ ਚਾਰ ਫੋਲ ਫੋਲਾਈਆ । ਨਵ ਨੌ ਚਾਰ ਫੋਲਣਹਾਰਾ, ਏਕੰਕਾਰ ਇਕ ਅਖਵਾਇੰਦਾ । ਆਦਿ ਜੁਗਾਦਿ ਜਿਸ ਪਸਾਰਾ, ਜੁਗ ਚੌਕੜੀ ਧਾਰ ਬੰਧਾਇੰਦਾ । ਲੇਖਾ ਜਾਣੇ ਤੇਈ ਅਵਤਾਰਾ, ਭਗਤ ਅਠਾਰਾਂ ਹੁਕਮ ਵਰਤਾਇੰਦਾ । ਈਸਾ ਮੂਸਾ ਮੁਹੰਮਦ ਖੋਲ੍ਹ ਕਿਵਾੜਾ, ਸਾਚਾ ਨਗ਼ਮਾ ਇਕ ਜਣਾਇੰਦਾ । ਨਾਨਕ ਗੋਬਿੰਦ ਬੋਲ ਜੈਕਾਰਾ, ਸ਼ਬਦੀ ਡੰਕਾ ਫ਼ਤਹਿ ਇਕ ਸੁਣਾਇੰਦਾ । ਰਸਨਾ ਜਿਹਵਾ ਸਾਰੇ ਕਰਨ ਤੇਰਾ ਵਿਸਥਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੀ ਕਰਨੀ ਆਪ ਕਮਾਇੰਦਾ । ਕਰਨੀ ਕਰਨਹਾਰ ਗੋਬਿੰਦ, ਪਾਰਬ੍ਰਹਮ ਵੱਡੀ ਵਡਿਆਈਆ । ਹਰਿਜਨ ਮੇਟੇ ਸਗਲੀ ਚਿੰਦ, ਚਿੰਤਾ ਚਿਖਾ ਨਾ ਕੋਇ ਤਪਾਈਆ । ਵਸਤ ਅਮੋਲਕ ਦੇਵੇ ਗਹਿਰ ਗੰਭੀਰ ਗੁਣੀ ਗਹਿੰਦ, ਨਾਮ ਖੰਡਾ ਝੋਲੀ ਪਾਈਆ । ਮਾਣ ਤੁਟੇ ਸੁਰਪਤ ਇੰਦ, ਕਰੋੜ ਤੇਤੀਸਾ ਸੀਸ ਝੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭੂ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਸ ਭੈ ਰਹਿਣ ਕੋਇ ਨਾ ਪਾਈਆ । ਭੈ ਭਿਆਨਕ ਹੋਵੇ ਦੂਰ, ਭਾਵੀ ਨੇੜ ਕੋਇ ਨਾ ਆਈਆ । ਸਾਹਿਬ ਸਤਿਗੁਰ ਜਿਸ ਨਜ਼ਰ ਆਏ ਹਜ਼ੂਰ, ਘਰ ਵਿਚ ਘਰ ਮੇਲ ਮਿਲਾਈਆ । ਸਦ ਖ਼ੁਸ਼ੀਆਂ ਨਾਲ ਆਖੇ ਮੇਰਾ ਪੈਂਡਾ ਮੁਕਾ ਨੇੜੇ ਦੂਰ, ਪਾਂਧੀ ਰੂਪ ਨਾ ਕੋਇ ਵਟਾਈਆ । ਚਰਨ ਕਵਲ ਢਹਿ ਕੇ ਆਖੇ ਮੇਰਾ ਮੁਆਫ਼ ਹੋਇਆ ਕਸੂਰ, ਧਰਮ ਰਾਏ ਨਾ ਦਏ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਈਆ । ਵੇਖਣ ਕੋ ਪ੍ਰਭ ਆਇਆ ਠਾਕਰ, ਨਿਰਗੁਣ ਨਿਰਵੈਰ ਵੱਡੀ ਵਡਿਆਈਆ । ਕਲਜੁਗ ਟੋਹਵੇ ਡੂੰਘਾ ਸਾਗਰ, ਜਗਤ ਖਾਈ ਫੋਲ ਫੋਲਾਈਆ । ਜੋਧਾ ਸੂਰਬੀਰ ਬਣ ਬਹਾਦਰ, ਬਲਧਾਰੀ ਆਪਣਾ ਹੁਕਮ ਵਰਤਾਈਆ । ਸਿਦਕ ਸਬੂਰੀ ਆਪ ਨਿਭਾ ਸਾਬਰ, ਸਚ ਭਰੋਸਾ ਇਕ ਵਖਾਈਆ । ਧੁਰਦਰਗਾਹੀ ਵਡ ਬੇਪਰਵਾਹ ਸ਼ਬਦ ਅਗੰਮੀ ਬਣ ਕੇ ਜਾਬਰ, ਜਗਤ ਜ਼ੁਲਮ ਦਏ ਮਿਟਾਈਆ । ਆਦਿ ਜੁਗਾਦਿ ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਕਹਿੰਦੇ ਕਾਬਲ, ਕਾਬਲੀਅਤ ਸਭ ਦੀ ਵੇਖ ਵਖਾਈਆ । ਸਰਗੁਣ ਨਿਰਗੁਣ ਨਿਰਗੁਣ ਸਰਗੁਣ ਜਿਸ ਨੂੰ ਮੰਨਿਆ ਬਾਬਲ, ਸੋ ਬਾਬਲ ਨਿਰਗੁਣ ਨੂਰ ਨੂਰ ਇਲਾਹੀਆ । ਬੇਸਮਝ ਮੂਰਖ ਮੂੜ੍ਹ ਮੁਗਧ ਅੰਞਾਣ ਜਿਸ ਨੂੰ ਕਹਿੰਦੇ ਪਾਗ਼ਲ, ਸੋ ਸਤਿਗੁਰ ਸੱਚਾ ਆਪਣਾ ਖੇਲ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਦੇਵੇ ਮਾਣ

ਵਡਿਆਈਆ । ਦੇਵਣ ਕੋ ਹਰਿ ਏਕਾ ਮਾਣ, ਮਿਹਰਵਾਨ ਅਖਵਾਈਆ । ਜਨ ਭਗਤਾਂ ਬਖ਼ਸ਼ੇ ਚਰਨ ਧਿਆਨ, ਚਰਨ ਚਰਨੋਦਕ ਮਸਤਕ ਟਿੱਕਾ ਇਕ ਵਖਾਈਆ । ਸ਼ਬਦ ਅਗੰਮੀ ਦਏ ਬਬਾਣ, ਸਾਚੇ ਪੌੜੇ ਲਏ ਚੜ੍ਹਾਈਆ । ਕਾਇਆ ਮੰਦਰ ਧੁਰ ਮਕਾਨ, ਮੁਕਾਮੇ ਹੱਕ ਦਏ ਸਮਝਾਈਆ । ਜਿਸ ਗ੍ਰਿਹ ਮਿਲੇ ਮਿਹਰਵਾਨ, ਸੋ ਮਕਾਨ ਸੋਭਾ ਪਾਈਆ । ਦਰਸ ਕਰੇ ਸਚ ਮਹਿਬੂਬ ਆਣ, ਮੁਹੱਬਤ ਇਕੋ ਇਕ ਜਣਾਈਆ । ਨੂਰੀ ਜਲਵਾ ਵੇਖ ਭਗਵਾਨ, ਭਗਤ ਸੱਜਣ ਲਏ ਅੰਗੜਾਈਆ । ਦਰਗਹਿ ਸਾਚੀ ਮਿਲੇ ਕਾਹਨ, ਬੰਸਰੀ ਆਪਣਾ ਨਾਮ ਸੁਣਾਈਆ । ਵਿਛੜੀ ਸੀਤਾ ਮਿਲੇ ਰਾਮ, ਸੁਰਤੀ ਮੰਗਲਾਚਾਰ ਜਣਾਈਆ । ਸਾਚਾ ਝੁੱਲੇ ਛਤਰ ਨਿਸ਼ਾਨ, ਸਤਿ ਸਤਿਵਾਦੀ ਆਪ ਵਖਾਈਆ । ਸਾਚਾ ਢੋਲਾ ਭਗਤ ਭਗਵਾਨ ਦੋਵੇਂ ਮਿਲ ਕੇ ਗਾਣ, ਸੋਹੰ ਸੋ ਜੈ ਜੈਕਾਰ ਕਰਾਈਆ । ਕਾਇਆ ਮੰਦਰ ਅੰਦਰ ਵੜ ਕੇ ਇਕ ਦੂਜੇ ਦੀ ਕਰਨ ਪਹਿਚਾਨ, ਦੋਵੇਂ ਰਲ ਕੇ ਅੱਖ ਇਕੋ ਇਕ ਖੁਲ੍ਹਾਈਆ । ਇਕ ਮੰਗੇ ਇਕ ਬਣੇ ਨਿਧਾਨ, ਇਕ ਖੋਲ੍ਹੇ ਇਕ ਦੇਵੇ ਗਿਆਨ, ਗਿਆਨ ਗੁਰੂ ਆਪਣੀ ਦਇਆ ਕਮਾਈਆ । ਇਕ ਬੋਲੇ ਨਾਲ ਜ਼ਬਾਨ, ਇਕ ਬੋਲੇ ਸ਼ਬਦ ਨਾਦ ਧੁਨਕਾਨ, ਦੋਹਾਂ ਮਿਲ ਕੇ ਘਰ ਸਾਚੇ ਵੱਜੇ ਵਧਾਈਆ । ਇਕ ਚਰਨੀ ਡਿਗ ਕੇ ਮੰਗੇ ਦਾਨ, ਇਕ ਦੇਵਣਹਾਰਾ ਨੌਜਵਾਨ, ਦੋਹਾਂ ਮਿਲ ਕੇ ਵਸਤ ਅਮੋਲਕ ਆਪਣਾ ਰੰਗ ਵਟਾਈਆ । ਇਕ ਕਹੇ ਤੂੰ ਸ੍ਰੀ ਭਗਵਾਨ, ਇਕ ਕਹੇ ਤੂੰ ਮੇਰਾ ਭਗਤ ਚਤੁਰ ਸੁਜਾਨ, ਦੋਹਾਂ ਮਿਲ ਕੇ ਆਪਣੀ ਧਾਰ ਬੰਧਾਈਆ । ਇਕ ਕਹੇ ਤੂੰ ਮੇਰਾ ਮਿਹਰਵਾਨ, ਇਕ ਕਹੇ ਤੂੰ ਮੇਰਾ ਨਿਸ਼ਾਨ, ਸੰਤ ਕੰਤ ਇਕੱਠੇ ਹੋ ਕੇ ਆਪਣੀ ਖ਼ੁਸ਼ੀ ਵਖਾਈਆ । ਇਕ ਕਹੇ ਮੈਨੂੰ ਤੇਰਾ ਮਾਣ, ਇਕ ਕਹੇ ਤੂੰ ਮੇਰੀ ਜਾਨ, ਦੋਹਾਂ ਰਲ ਮਿਲ ਪੰਜ ਤਤ ਕਾਇਆ ਬੁੱਤ ਦਿਤਾ ਬਣਾਈਆ । ਇਕ ਕਹੇ ਮੈਨੂੰ ਤੇਰੀ ਆਣ, ਇਕ ਕਹੇ ਮੈਂ ਦੇਵਾਂ ਫ਼ਰਮਾਨ, ਦੋਵੇਂ ਮਿਲ ਕੇ ਕਹਿਣ ਆਦਿ ਜੁਗਾਦਿ ਜੁਗ ਚੋਕੜੀ ਭਗਤ ਭਗਵਾਨ ਝੁਲਦਾ ਰਹੇ ਨਿਸ਼ਾਨ, ਦੂਜਾ ਰਹਿਣ ਨਾ ਕੋਇ ਪਾਈਆ । ਸੋ ਸਾਹਿਬ ਕਲਜੁਗ ਅੰਤ ਸਾਚਾ ਦੇਵੇ ਅਗੰਮੀ ਦਾਨ, ਕਾਇਆ ਮੰਦਰ ਅੰਦਰ ਆਪ ਟਿਕਾਈਆ । ਜੇ ਕੋਈ ਲੱਭਣ ਜਾਏ ਵਿਚੋਂ ਜਹਾਨ, ਨੌ ਖੰਡ ਪ੍ਰਿਥਮੀ ਹੱਥ ਕਿਸੇ ਨਾ ਆਈਆ । ਪ੍ਰਭ ਕਾ ਖੇਲ ਸਦਾ ਮਹਾਨ, ਜੁਗ ਚੋਕੜੀ ਕਾਰ ਕਮਾਈਆ । ਹਰਿ ਭਗਤ ਸੁਹੇਲੇ ਲੱਭੇ ਆਣ, ਚਾਰੋਂ ਕੁੰਟ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਜਨ ਭਗਤ ਦੇਵੇ ਨਾਮ ਵਰ, ਵਸਤ ਅਪਾਰ ਕਿਰਪਾ ਧਾਰ ਏਕੰਕਾਰ ਇਕੋ ਇਕ ਝੋਲੀ ਪਾਈਆ ।



## ✪ ੨੪ ਅੱਸੂ ੨੦੨੦ ਬਿਕ੍ਰਮੀ ਸਰਵਣ ਸਿੰਘ ਦੇ ਗ੍ਰਿਹ ਪਿੰਡ ਰਾਮ ਗੜ੍ਹ ਸਰਦਾਰਾਂ ਜ਼ਿਲਾ ਲੁਧਿਆਣਾ ✪

ਸਚਖੰਡ ਦੁਆਰੇ ਸਚ ਸੁਲਤਾਨ, ਸ਼ਾਹ ਪਾਤਸ਼ਾਹ ਆਪਣਾ ਖੇਲ ਕਰਾਈਆ । ਸੋ ਪੁਰਖ ਨਿਰੰਜਣ ਹੋ ਪਰਧਾਨ, ਹਰਿ ਪੁਰਖ ਨਿਰੰਜਣ ਵੇਸ ਵਟਾਈਆ । ਏਕੰਕਾਰ ਬਣ ਬਲਵਾਨ, ਆਦਿ ਨਿਰੰਜਣ ਨੂਰ ਧਰਾਈਆ । ਅਬਿਨਾਸ਼ੀ ਕਰਤਾ ਹੁਕਮਰਾਨ, ਸ੍ਰੀ ਭਗਵਾਨ ਨਿਸ਼ਾਨ ਝੁਲਾਈਆ । ਪਾਰਬ੍ਰਹਮ ਪ੍ਰਭ ਬਣ ਪਰਧਾਨ, ਨਿਰਗੁਣ ਨਿਰਵੈਰ ਆਪਣੀ ਕਾਰ ਕਮਾਈਆ । ਮਹੱਲ ਅਟੱਲ ਉਚ ਮਕਾਨ, ਦਰਗਹਿ ਸਾਚੀ ਸੋਭਾ ਪਾਈਆ । ਸ਼ਾਹੋ ਭੂਪ ਬਣ ਰਾਜ ਰਾਜਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਖੇਲ

ਅਪਾਰਾ, ਸਤਿ ਸਤਿਵਾਦੀ ਆਪ ਕਰਾਇੰਦਾ । ਨਿਰਗੁਣ ਨੂਰ ਨੂਰ ਉਜਿਆਰਾ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਖੇਲੇ ਖੇਲ ਉਚ ਮਨਾਰਾ, ਮੁਕਾਮੇ ਹੱਕ ਡੇਰਾ ਲਾਇੰਦਾ । ਲਾਸ਼ਰੀਕ ਪਰਵਰਦਿਗਾਰਾ, ਬੇਨਜ਼ੀਰ ਨਜ਼ਰ ਕਿਸੇ ਨਾ ਆਇੰਦਾ । ਬੋਲਣਹਾਰ ਸ਼ਬਦ ਜੈਕਾਰਾ, ਜੈ ਜੈਕਾਰ ਇਕ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰ ਇਕ ਦਰਬਾਰ ਸੋ ਪੁਰਖ ਨਿਰੰਜਣ ਆਪ ਲਗਾਇੰਦਾ । ਸਚਖੰਡ ਲਗਾਏ ਹਰਿ ਦਰਬਾਰ, ਦਰਗਹਿ ਸਾਚੀ ਵੱਜੇ ਵਧਾਈਆ । ਤਖ਼ਤ ਨਿਵਾਸੀ ਬੈਠ ਏਕੰਕਾਰ, ਅਕਲ ਕਲਧਾਰੀ ਆਪਣਾ ਹੁਕਮ ਵਰਤਾਈਆ । ਲੇਖਾ ਜਾਣ ਦੋ ਜਹਾਨ, ਬ੍ਰਹਿਮੰਡ ਖੰਡ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਸੰਦੇਸਾ ਦੇਵੇ ਧੁਰ ਗਿਆਨ, ਨਾਮ ਪਾਤਰ ਇਕ ਜਣਾਈਆ । ਜੁਗ ਚੌਕੜੀ ਵੇਖੇ ਮਾਰ ਧਿਆਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਚ ਸਿੰਘਾਸਣ ਪੁਰਖ ਅਬਿਨਾਸ਼ਨ ਸਚਖੰਡ ਦੁਆਰ ਇਕ ਸੁਹਾਈਆ । ਸਚ ਦਰਬਾਰ ਲੱਗਾ ਅਗੰਮ, ਨੇਤਰ ਨਜ਼ਰ ਕੋਇ ਨਾ ਆਈਆ । ਕਰੇ ਖੇਲ ਸ੍ਰੀ ਭਗਵਨ, ਬੇਅੰਤ ਬੇਪਰਵਾਹੀਆ । ਭੂਪਤ ਭੂਪ ਬਣ ਰਾਜ ਰਾਜਾਨ, ਸ਼ਾਹ ਪਾਤਸ਼ਾਹ ਆਪਣਾ ਨਾਉਂ ਰਖਾਈਆ । ਨਿਰਗੁਣ ਨਿਰਗੁਣ ਬਣ ਹੁਕਮਰਾਨ, ਸਰਗੁਣ ਸਰਗੁਣ ਰਈਅਤ ਵਖਾਈਆ । ਆਦਿ ਜੁਗਾਦਿ ਬਣ ਕੇ ਕਾਹਨ, ਜੁਗ ਜੁਗਾਦੀ ਵੇਖ ਵਖਾਈਆ । ਸਤਿ ਸਤਿਵਾਦੀ ਸਤਿ ਨਿਸ਼ਾਨ, ਸਚ ਦੁਆਰੇ ਆਪ ਝੁਲਾਈਆ । ਕਰੇ ਖੇਲ ਨੌਜਵਾਨ ਮਰਦ ਮਰਦਾਨ, ਜੋਧਾ ਸੂਰਬੀਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਧੁਰ ਦਰਬਾਰਾ ਇਕ ਸੁਹਾਈਆ । ਧੁਰ ਦਰਬਾਰਾ ਗਿਆ ਲੱਗ, ਦਰਗਹਿ ਸਾਚੀ ਵੱਜੇ ਵਧਾਈਆ । ਤਖ਼ਤ ਨਿਵਾਸੀ ਸੂਰਾ ਸਰਬੱਗ, ਸ਼ਹਿਨਸ਼ਾਹ ਸੱਚਾ ਆਸਣ ਲਾਈਆ । ਦੋ ਜਹਾਨ ਵੇਖੇ ਨੱਠ ਨੱਠ, ਨਿਰਗੁਣ ਪਾਂਧੀ ਪੰਧ ਮੁਕਾਈਆ । ਸਾਚਾ ਮਾਰਗ ਜੁਗ ਚੌਕੜੀ ਗਿਆ ਦੱਸ, ਧੁਰ ਸੰਦੇਸਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਅਪਾਰਾ, ਭੇਵ ਅਭੇਦਾ ਸਮਝ ਕੋਇ ਨਾ ਪਾਈਆ । ਸ਼ਾਹੋ ਭੂਪ ਸੱਚਾ ਸਿਕਦਾਰਾ, ਧੁਰ ਦੀ ਧਾਰ ਆਪ ਜਣਾਈਆ । ਸ਼ਬਦ ਅਗੰਮ ਬੋਲ ਜੈਕਾਰਾ, ਸਾਚਾ ਨਾਦ ਇਕ ਉਪਜਾਈਆ । ਬ੍ਰਹਿਮੰਡ ਖੰਡ ਕਰੇ ਖ਼ਬਰਦਾਰਾ, ਲੋਕ ਪਰਲੋਕ ਨੈਣ ਅੱਖ ਖੁਲ੍ਹਾਈਆ । ਨਵ ਨੌ ਚਾਰ ਦੇਵੇ ਇਕ ਸਹਾਰਾ, ਬੇਪਰਵਾਹ ਆਪਣਾ ਭੇਵ ਰਿਹਾ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਆਪ ਜਣਾਈਆ । ਧੁਰ ਦੀ ਧਾਰ ਜਾਣੇ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਅੰਤਮ ਕੋਇ ਰਹਿਣ ਨਾ ਪਾਈਆ । ਸੇਵਾ ਕਰ ਗੁਰੂ ਅਵਤਾਰ, ਪੀਰ ਪੈਗ਼ੰਬਰ ਹੁਕਮ ਸੀਸ ਟਿਕਾਈਆ । ਲੇਖਾ ਲਿਖ ਲਿਖ ਗਏ ਵਿਚ ਸੰਸਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਜਗਤ ਦ੍ਰਿੜਾਈਆ । ਪੀਰ ਪੈਗ਼ੰਬਰ ਅੰਜੀਲ ਕੁਰਾਨ ਦੇ ਕੇ ਗਏ ਬਿਆਨ, ਭੇਵ ਅਭੇਦਾ ਜਗਤ ਖੁਲ੍ਹਾਈਆ । ਖਾਣੀ ਬਾਣੀ ਤੀਰ ਅਣਿਆਲਾ ਮਾਰ ਕੇ ਗਏ ਬਾਣ, ਆਰ ਪਾਰ ਕਿਨਾਰਾ ਸਮਝ ਕੋਇ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਬੋਲ ਕੇ ਗਏ ਜ਼ਬਾਨ, ਆਤਮ ਪਰਮਾਤਮ ਸਚ ਸੰਦੇਸ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ

ਦੁਆਰਾ ਸਚ ਪਸਾਰਾ, ਤਖ਼ਤ ਨਿਵਾਸੀ ਏਕੰਕਾਰਾ, ਅਕਲ ਕਲਧਾਰੀ ਇਕੋ ਸੋਭਾ ਪਾਈਆ । ਤਖ਼ਤ ਨਿਵਾਸੀ ਸਾਚੇ ਤਖ਼ਤ ਚੜ੍ਹ, ਸੋ ਪੁਰਖ ਨਿਰੰਜਣ ਹੁਕਮ ਸੁਣਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਸੱਚਾ ਢੋਲਾ ਨਾਉਂ ਲੈਣਾ ਪੜ੍ਹ, ਸੋ ਮੇਰਾ ਨਿਸ਼ਅੱਖਰ ਰੂਪ ਵਟਾਇੰਦਾ । ਉਚ ਮਨਾਰ ਖੇਲ ਅਪਾਰ ਕਰਨੀ ਕਰਤਾ ਰਿਹਾ ਕਰ, ਕੁਦਰਤ ਕਾਦਰ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮੰਦਰ ਇਕ ਸੁਹਾਇੰਦਾ । ਸਾਚਾ ਮੰਦਰ ਸੋਭਾਵੰਤ, ਸਚਖੰਡ ਵੱਜੇ ਇਕ ਵਧਾਈਆ । ਆਪ ਸੁਹਾਏ ਸ੍ਰੀ ਭਗਵੰਤ, ਭਗਵਨ ਬੈਠਾ ਆਸਣ ਲਾਈਆ । ਆਦਿ ਜੁਗਾਦੀ ਬਣ ਕੇ ਕੰਤ, ਸੇਜ ਸੁਹੰਜਣੀ ਇਕ ਹੰਡਾਈਆ । ਦੇਵਣਹਾਰਾ ਸਾਚਾ ਮੰਤ, ਮੰਤਰ ਆਪਣਾ ਨਾਮ ਜਣਾਈਆ । ਲੱਖ ਚੁਰਾਸੀ ਬਣਾਵਣਹਾਰਾ ਬਣਤ, ਘਟ ਘਟ ਬੈਠਾ ਸੋਭਾ ਪਾਈਆ । ਬੋਧ ਅਗਾਧ ਮਹਿਮਾ ਅਗਣਤ, ਨਿਤ ਨਵਿਤ ਕਰੇ ਪੜ੍ਹਾਈਆ । ਦੇਵੇ ਮਾਣ ਸਾਚੇ ਭਗਤ ਸੰਤ, ਕੰਤ ਲਏ ਮਿਲਾਈਆ । ਗੜ੍ਹ ਤੋੜਨਹਾਰਾ ਹਉਮੇਂ ਹੰਗਤ, ਹੰ ਬ੍ਰਹਮ ਦਏ ਦਰਸਾਈਆ । ਲੇਖਾ ਮੁਕਾਏ ਮਾਇਆ ਮਮਤ, ਮੋਹ ਵਿਕਾਰ ਕੋਇ ਰਹਿਣ ਨਾ ਪਾਈਆ । ਜਿਸ ਦਾ ਭੇਵ ਨਾ ਜਾਣੇ ਕੋਈ ਆਦਿ ਅੰਤ, ਸੋ ਪੁਰਖ ਬਿਧਾਤਾ ਸਚਖੰਡ ਸਾਚੇ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਵੈਰ ਆਪਣੀ ਧਾਰ ਵਖਾਈਆ । ਨਿਰਵੈਰ ਪੁਰਖ ਸਦਾ ਨਿਰਾਕਾਰ, ਨਿਰੰਕਾਰ ਵੱਡੀ ਵਡਿਆਈਆ । ਜੁਗ ਚੌਕੜੀ ਖੇਲ ਕਰੇ ਅਪਾਰ, ਕਰਤਾ ਕਰਨੀ ਆਪਣੀ ਦਏ ਜਣਾਈਆ । ਨਿਰਗੁਣ ਸਰਗੁਣ ਹੋ ਉਜਿਆਰ, ਜੋਤੀ ਜੋਤ ਜੋਤ ਰੁਸ਼ਨਾਈਆ । ਸ਼ਬਦ ਅਨਾਦ ਸੱਚੀ ਧੁਨਕਾਰ, ਅਨਾਦੀ ਨਾਦ ਸੁਣਾਈਆ । ਦੀਆ ਬਾਤੀ ਕਮਾਲਾਪਾਤੀ ਇਕੋ ਬਾਲ, ਪੀਰ ਪੈਗ਼ੰਬਰ ਗੁਰ ਅਵਤਾਰ ਦਏ ਵਡਿਆਈਆ । ਅੰਮ੍ਰਿਤ ਆਤਮ ਸਚ ਪਿਆਲਾ ਦੇਵੇ ਪਿਆਲ, ਜਾਮ ਇਕੋ ਇਕ ਵਖਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਿਤ ਨਵਿਤ ਚਲੇ ਨਾਲ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਖੇਲ ਖਲਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਲੇਖਾ ਜਾਣ ਸਚਖੰਡ ਸੱਚੀ ਧਰਮਸਾਲ, ਧਰਮ ਦੁਆਰਾ ਇਕ ਵਖਾਈਆ । ਮਿਹਰਵਾਨ ਹੋ ਦਿਆਲ, ਏਕਾ ਬਖ਼ਸ਼ਣਹਾਰ ਸੱਚੀ ਸਰਨਾਈਆ । ਜਿਸ ਦਾ ਖੇਲ ਬੇਮਿਸਾਲ, ਮਿਸਲ ਸਕੇ ਨਾ ਕੋਇ ਬਣਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤਿਸ ਦਾ ਦੇਣ ਅਹਿਵਾਲ, ਮਾਰਗ ਜੀਵ ਜੰਤ ਜਣਾਈਆ । ਜਿਸ ਦੇ ਪਿੱਛੇ ਕੋਟਨ ਕੋਟ ਗੁਰ ਅਵਤਾਰ ਪੀਰ ਪੈਗ਼ੰਬਰ ਘਾਲਣ ਗਏ ਘਾਲ, ਵਿਸ਼ਨ ਬ੍ਰਹਮ ਸ਼ਿਵ ਦਰ ਸੀਸ ਝੁਕਾਇੰਦਾ । ਸੋ ਸਾਹਿਬ ਸਤਿਗੁਰ ਪੁਰਖ ਅਕਾਲ ਮਰਦ ਮਰਦਾਨਾ ਖੇਲ ਕਰੇ ਕਮਾਲ, ਕਰਨੀ ਕਰਤਾ ਆਪਣੇ ਹੱਥ ਰਖਾਇੰਦਾ । ਸਚਖੰਡ ਦੁਆਰ ਏਕੰਕਾਰ ਪਰਗਟ ਹੋ ਸੱਚੀ ਸਰਕਾਰ, ਧੁਰ ਫ਼ਰਮਾਣਾ ਸੱਚਾ ਰਾਣਾ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਦੋ ਜਹਾਨਾਂ ਇਕ ਤਰਾਨਾ ਬਿਨ ਰਸਨਾ ਜਿਹਵਾ ਆਪ ਸੁਣਾਇੰਦਾ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸ੍ਰਿਸ਼ਟ ਸਬਾਈ ਦਾ ਇਕੋ ਕੰਤ ਸ੍ਰੀ ਭਗਵਾਨ, ਦੂਜਾ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਮੂਰਤ ਅਕਾਲ ਅਕਲ ਕਲ ਆਪਣੀ ਖੇਲ ਵਖਾਇੰਦਾ । ਅਕਲ ਕਲਧਾਰੀ ਬੇਐਬ ਨੂਰ, ਨੂਰ ਨੁਰਾਨਾ ਡਗਮਗਾਈਆ । ਮੁਕਾਮੇ ਹੱਕ ਕਰ ਜ਼ਹੂਰ, ਜਲਵਾ ਇਕੋ ਇਕ ਵਖਾਈਆ । ਆਦਿ ਜੁਗਾਦਿ ਸਾਚੀ ਤੂਰ, ਕਾਇਨਾਤ ਕਰੇ ਪੜ੍ਹਾਈਆ । ਏਕਾ ਨਾਮ ਰਸ ਰਹੇ ਮਖ਼ਮੂਰ, ਮੰਜ਼ਲ ਮਕਸੂਦ

ਇਕੋ ਡੇਰਾ ਲਾਈਆ । ਨਿਤ ਨਵਿਤ ਮੁਰੀਦ ਮੁਰਸ਼ਦ ਸਦਾ ਹਜ਼ੂਰ, ਹਜ਼ਰਤ ਆਪਣਾ ਨੂਰ ਰੁਸ਼ਨਾਈਆ । ਸਰਬ ਕਲਾ ਪ੍ਰਭ ਭਰਪੂਰ, ਦੂਜੇ ਦਰ ਮੰਗਣ ਕਦੇ ਨਾ ਜਾਈਆ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਾਚੇ ਤਖ਼ਤ ਬੈਠਾ ਰਹੇ ਜ਼ਰੂਰ, ਜ਼ਰੂਰਤ ਸਭ ਦੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰ ਖੇਲ ਅਪਾਰ, ਹਰਿ ਕਰਤਾ ਆਪ ਕਰਾਈਆ । ਹਰਿ ਕਰਤਾ ਵਡ ਮਿਹਰਵਾਨ, ਮਿਹਰ ਨਜ਼ਰ ਨੈਣ ਉਠਾਇੰਦਾ । ਜੁਗ ਚੌਕੜੀ ਹੋ ਪਰਧਾਨ, ਨਿਰਗੁਣ ਸਰਗੁਣ ਸਾਚਾ ਰਾਹ ਚਲਾਇੰਦਾ । ਸ਼ਬਦ ਅਗੰਮੀ ਦੇ ਕੇ ਦਾਨ, ਵਸਤ ਅਮੋਲਕ ਝੋਲੀ ਪਾਇੰਦਾ । ਅੰਤਰ ਆਤਮ ਵੇਖੇ ਆਣ, ਗ੍ਰਿਹ ਮੰਦਰ ਖੋਜ ਖੋਜਾਇੰਦਾ । ਧਰਮ ਵਖਾਏ ਇਕ ਨਿਸ਼ਾਨ, ਸਤਿ ਨਿਸ਼ਾਨਾ ਹੱਥ ਉਠਾਇੰਦਾ । ਸਰਬ ਜੀਆਂ ਪ੍ਰਭ ਵਖਾਏ ਇਕ ਮਕਾਨ, ਕਾਇਆ ਕੱਪੜ ਸੋਭਾ ਪਾਇੰਦਾ । ਜਿਸ ਗ੍ਰਿਹ ਵਸੇ ਸ੍ਰੀ ਭਗਵਾਨ, ਨਿਜ ਨੇਤਰ ਨਜ਼ਰੀ ਆਇੰਦਾ । ਸ੍ਰਿਸ਼ਟ ਸਬਾਈ ਇਕੋ ਦੱਸੇ ਸਚ ਈਮਾਨ, ਆਮਲ ਸੱਚਾ ਨਾਮ ਕਰਾਇੰਦਾ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦੇਵਣਹਾਰਾ ਮਾਣ, ਜ਼ਾਤ ਪਾਤ ਊਚ ਨੀਚ ਰਾਉ ਰੰਕ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੇ ਤਖ਼ਤ ਸੋਭਾ ਪਾਇੰਦਾ । ਸਾਚੇ ਤਖ਼ਤ ਬੈਠ ਸ੍ਰੀ ਭਗਵਾਨ, ਸਾਚੀ ਰਚਨਾ ਆਪ ਰਚਾਈਆ । ਆਪਣੀ ਇਛਿਆ ਕਰ ਬਲਵਾਨ, ਸੁੱਤ ਦੁਲਾਰਾ ਸ਼ਬਦੀ ਜਾਈਆ । ਇਕੋ ਘਰ ਖੋਲ੍ਹ ਅਗੰਮ ਦੁਕਾਨ, ਪੂਤ ਸਪੂਤੇ ਦਏ ਵਡਿਆਈਆ । ਪੂਤ ਸਪੂਤਾ ਕਰ ਪਰਧਾਨ, ਸਿਰ ਸਮਰਥ ਹੱਥ ਟਿਕਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਰਵਾਨ, ਤ੍ਰੈਗੁਣ ਮਾਇਆ ਝੋਲੀ ਪਾਈਆ । ਤ੍ਰੈਗੁਣ ਖੇਲ ਕਰੇ ਨੌਜਵਾਨ, ਪੰਜ ਤਤ ਕਰੇ ਕੁੜਮਾਈਆ । ਪੰਜ ਤਤ ਕਰ ਪਰਧਾਨ, ਚਾਰੇ ਖਾਣੀ ਵੰਡ ਵੰਡਾਈਆ । ਚਾਰੇ ਖਾਣੀ ਜਗਤ ਨਿਸ਼ਾਨ, ਲੱਖ ਚੁਰਾਸੀ ਰੂਪ ਧਰਾਈਆ । ਲੱਖ ਚੁਰਾਸੀ ਦੇ ਗਿਆਨ, ਸ਼ਬਦ ਬੋਧ ਅਗਾਧ ਧੁਨ ਆਪਣੀ ਇਕ ਸਮਝਾਈਆ । ਸਾਚੀ ਧੁਨ ਧੁਰ ਫ਼ਰਮਾਣ, ਚਾਰੇ ਬਾਣੀ ਰਹੀ ਗਾਈਆ । ਚਾਰੇ ਕੁੰਟ ਹੋਏ ਪਰਧਾਨ, ਚਾਰੇ ਜੁਗ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਰਗੁਣ ਸਰਗੁਣ ਹੋ ਕੇ ਕਰ ਕਰ ਗਏ ਖੇਲ ਮਹਾਨ, ਮਹਿੰਮਾ ਅਕਥ ਕਥ ਸੁਣਾਈਆ । ਅੰਤਮ ਕੂਕ ਪੁਕਾਰ ਕਹਿ ਕੇ ਗਏ ਸਰਬ ਜੀਆਂ ਦਾ ਇਕ ਭਗਵਾਨ, ਪੁਰਖ ਅਕਾਲ ਪਰਵਰਦਿਗਾਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਵਸੇ ਸਾਚਾ ਮੰਦਰ ਸਤਿ ਸਤਿਵਾਦੀ ਇਕ ਸੁਹਾਈਆ । ਸਤਿ ਸਤਿਵਾਦੀ ਸਾਚਾ ਬੰਕ, ਬੰਕ ਦੁਆਰੀ ਆਪ ਸੁਹਾਇੰਦਾ । ਨਾ ਕੋਈ ਰਾਉ ਨਾ ਕੋਈ ਰੰਕ, ਰਾਜ ਰਾਜਾਨ ਨਾ ਕੋਈ ਵੇਸ ਵਟਾਇੰਦਾ । ਨਾ ਕੋਈ ਆਦਿ ਨਾ ਕੋਈ ਅੰਤ, ਭੇਵ ਅਭੇਦ ਨਾ ਕੋਇ ਜਣਾਇੰਦਾ । ਨਾ ਕੋਈ ਪਾਂਧਾ ਨਾ ਕੋਈ ਪੰਡਤ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਰਬਾਰ ਹਰਿ ਨਿਰੰਕਾਰ, ਜੋਤੀ ਧਾਰ ਨੂਰ ਨੁਰਾਨਾ ਵਡ ਮਿਹਰਵਾਨਾ ਧੁਰ ਤਰਾਨਾ ਇਕੋ ਰਾਗ ਸੁਣਾਇੰਦਾ । ਧੁਰ ਤਰਾਨਾ ਸ਼ਬਦੀ ਰਾਗ, ਅਨਰਾਗੀ ਆਪ ਸੁਣਾਈਆ । ਦੋ ਜਹਾਨ ਉਪਜੇ ਸਭ ਨੂੰ ਵੈਰਾਗ, ਵੈਰਾਗੀ ਰੂਪ ਲਏ ਵਟਾਈਆ । ਸੋਈ ਸਵਾਣੀ ਜਾਏ ਜਾਗ, ਨੇਤਰ ਨੈਣ ਅੱਖ ਖੁਲ੍ਹਾਈਆ । ਲੋਕ ਪਰਲੋਕ ਬੁਝਾਵਣਹਾਰਾ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਆਤਮ ਪਰਮਾਤਮ ਬਣਾਵਣਹਾਰਾ ਸਾਕ, ਸੱਜਣ ਇਕੋ ਇਕ ਦਰਸਾਈਆ । ਦੁਰਮਤ ਮੈਲ ਧੋਵਣਹਾਰਾ ਦਾਗ਼, ਸਤਿਗੁਰ

ਪੂਰਾ ਸ਼ਬਦ ਵੱਡੀ ਵਡਿਆਈਆ । ਘਰ ਜੋਤ ਦੀਪ ਜਲਾਵਣਹਾਰਾ ਚਿਰਾਗ਼, ਅੰਧ ਅੰਧੇਰ ਦਏ ਮਿਟਾਈਆ । ਡੂੰਘੀ ਭਵਰੋਂ ਲਏ ਕਾਢ, ਸੁਰਤੀ ਸ਼ਬਦ ਨਾਲ ਬਦਲਾਈਆ । ਆਤਮ ਸੇਜਾ ਕਰਨਹਾਰਾ ਲਾਡ, ਸੇਜ ਸੁਹੰਜਣੀ ਇਕ ਵਖਾਈਆ । ਨਿਤ ਨਵਿਤ ਸਦਾ ਸੁਹੇਲਾ ਸਭ ਦੀ ਰੱਖਣਹਾਰਾ ਯਾਦ, ਅਭੁੱਲ ਭੁੱਲ ਕਦੇ ਨਾ ਜਾਈਆ । ਜਨ ਭਗਤਾਂ ਸੁਣਨਹਾਰ ਫ਼ਰਿਆਦ, ਸਚ ਅਦਾਲਤ ਇਕ ਵਖਾਈਆ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਖੋਜ ਖੋਜਾਈਆ । ਜਿਸ ਰਚਨਾ ਰਚੀ ਆਦਿ, ਸੋ ਕਰਤਾ ਕਰਨੀ ਆਪਣੇ ਹੱਥ ਰਖਾਈਆ । ਸਚ ਸੁਲਤਾਨ ਵਡ ਮਿਹਰਵਾਨ ਨਿਰਗੁਣ ਨਿਰਵੈਰ ਸਵਾਂਗੀ ਵਰਤੇ ਆਪਣਾ ਸਵਾਂਗ, ਸਮਝ ਸਕੇ ਨਾ ਕੋਇ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਦਿ ਜੁਗਾਦਿ ਜੁਗ ਚੌਕੜੀ ਜਿਸ ਦੀ ਰੱਖਦੇ ਗਏ ਤਾਂਘ, ਨਿਜ ਨੇਤਰ ਧਿਆਨ ਲਗਾਈਆ । ਨੌ ਖੰਡ ਸੱਤ ਦੀਪ ਸਤਿ ਧਰਮ ਸਚ ਸਚ ਜਗਾਏ ਇਕ ਚਿਰਾਗ਼, ਕੂੜ ਅੰਧੇਰਾ ਦਏ ਗਵਾਈਆ । ਲਹਿਣਾ ਦੇਣਾ ਚੁਕਾਏ ਵਰਨ ਬਰਨ ਗੋਤ ਜ਼ਾਤ ਪਾਤ, ਦੀਨ ਮਜ਼੍ਹਬ ਇਕੋ ਰੰਗ ਵਖਾਈਆ । ਚਾਰ ਵਰਨ ਅਠਾਰਾਂ ਬਰਨ ਸਰਨ ਸਰਨਾਈ ਬੰਨ੍ਹੇ ਸਾਚਾ ਨਾਤ, ਨਾਤਾ ਬਿਧਾਤਾ ਜੋੜ ਜੁੜਾਈਆ । ਧੁਰ ਸੰਦੇਸਾ ਨਰ ਨਰੇਸਾ ਸਰਬ ਜੀਆਂ ਸੁਣਾਏ ਇਕੋ ਗਾਥ, ਹਿੰਦੂ ਮੁਸਲਮ ਸਿੱਖ ਈਸਾਈ ਕਰੇ ਸਚ ਪੜ੍ਹਾਈਆ । ਅੰਤਰ ਆਤਮ ਪਰਮਾਤਮ ਸਤਿ ਗੁਰਦੇਵ ਦੇਵੇ ਸ਼ਬਦੀ ਦਾਤ, ਅੰਤਰਜਾਮੀ ਆਪਣੀ ਬੂਝ ਬੁਝਾਈਆ । ਜਿਸ ਦਾ ਲੇਖਾ ਜੁਗ ਚੌਕੜੀ ਲਿਖ ਕੇ ਗਏ ਨਾਲ ਕਲਮ ਦਵਾਤ, ਸ਼ਾਹੀ ਕਾਗ਼ਜ਼ ਗੰਢ ਪਵਾਈਆ । ਸੋ ਸਾਹਿਬ ਸੁਲਤਾਨ ਸਚਖੰਡ ਸਾਚੇ ਬੈਠਾ ਖੇਲ ਕਰੇ ਤਮਾਸ਼, ਸਤਿਗੁਰ ਆਪਣਾ ਸਾਂਗ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੂਰੀ ਕਰੇ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਭਗਤਾਂ ਮੀਤਾ ਠਾਂਡਾ ਸੀਤਾ ਸਦ ਵਸੇ ਪਾਸ, ਘਰ ਮੰਦਰ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰੇ ਆਪਣਾ ਖੇਲ ਕਰਾਈਆ । ਸਚਖੰਡ ਦੁਆਰੇ ਖੇਲ ਭਗਵਾਨ, ਹਰਿ ਕਰਤਾ ਆਪ ਕਰਾਇੰਦਾ । ਸਤਿ ਧਰਮ ਦਾ ਇਕ ਨਿਸ਼ਾਨ ਸਤਿ ਸਤਿਵਾਦੀ ਆਪ ਉਠਾਇੰਦਾ । ਧੁਰ ਸੰਦੇਸਾ ਦਏ ਗਿਆਨ, ਏਕੰਕਾਰ ਇਕੋ ਵਾਰ ਸਰਬ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰੋ ਧਿਆਨ, ਵਡ ਧਿਆਨੀ ਨੈਣ ਤਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਹੋ ਕੇ ਵੇਖੋ ਆਣ, ਪਤਿਪਰਮੇਸ਼ਵਰ ਆਪਣੀ ਧਾਰ ਚਲਾਇੰਦਾ । ਨਿਉਂ ਨਿਉਂ ਸਜਦਾ ਸੀਸ ਕਰੋ ਸਲਾਮ, ਜਗਦੀਸ ਜਗਦੀਸਰ ਇਕੋ ਘਰ ਸੋਭਾ ਪਾਇੰਦਾ । ਜਿਸ ਨੂੰ ਕਹਿੰਦੇ ਗਏ ਵਡ ਅਮਾਮ, ਸੋ ਮਿਹਰਵਾਨ ਆਪਣੀ ਕਾਰ ਕਮਾਇੰਦਾ । ਜਿਸ ਦਾ ਆਦਿ ਜੁਗਾਦਿ ਮੰਤਰ ਸਤਿਨਾਮ, ਫ਼ਤਹਿ ਡੰਕਾ ਜਗਤ ਵਜਾਇੰਦਾ । ਜਿਸ ਦੇ ਗ੍ਰਿਹ ਮੰਦਰ ਅੰਦਰ ਏਕਾ ਨੂਰ ਜੋਤ ਚਮਕੇ ਭਾਨ, ਸੂਰਜ ਚੰਦ ਰੂਪ ਨਾ ਕੋਇ ਵਟਾਇੰਦਾ । ਜੋ ਲੱਖ ਚੁਰਾਸੀ ਸਦਾ ਸਦਾ ਬਣ ਕੇ ਰਹੇ ਸੱਚਾ ਕਾਹਨ, ਬੰਸਰੀ ਆਪਣੇ ਨਾਮ ਸੁਣਾਇੰਦਾ । ਜੋ ਹਰ ਘਟ ਵਸਿਆ ਰਾਮ, ਬੈਠਾ ਸਚ ਸਿੰਘਾਸਣ ਕਰ ਬਿਸਰਾਮ, ਆਪਣੀ ਖੇਲ ਵਖਾਇੰਦਾ । ਜਿਸ ਨੂੰ ਨਾਨਕ ਨਿਰਗੁਣ ਕਹਿੰਦੇ ਸਤਿਗੁਰ ਪਰਧਾਨ, ਸੋ ਸਤਿਗੁਰ ਆਪਣੀ ਕਾਰ ਕਮਾਇੰਦਾ । ਜਿਸ ਨੂੰ ਗੁਰ ਗੋਬਿੰਦ ਸਿੰਘ ਕਿਹਾ ਪੁਰਖ ਅਕਾਲ, ਸੋ ਜੋਤੀ ਸ਼ਬਦੀ ਆਪਣਾ ਤੇਜ ਵਰਤਾਇੰਦਾ । ਤਿਸ ਦਾ ਲੇਖਾ ਕੋਈ ਸਮਝ ਨਾ ਸਕੇ ਵਿਚ ਜਹਾਨ, ਕੋਟਨ ਕੋਟ ਧਿਆਨੀ ਪੜ੍ਹ ਗਏ ਵੇਦ ਪੁਰਾਨ, ਸ਼ਾਸਤਰ ਅੰਜੀਲ ਕੁਰਾਨ ਖਾਣੀ ਬਾਣੀ ਕਹਿਣ ਕੋਇ ਨਾ ਆਇੰਦਾ । ਮਤ ਹੋਈ ਹੈਰਾਨ, ਅੰਤਰ ਆਤਮ ਕੁਫ਼ਲ ਤੋੜ ਪੜਦਾ ਲਾਹ, ਵੇਖ ਸਾਚਾ ਰੰਗ ਨਾ ਕੋਇ ਰੰਗਾਈਆ ।

ਮਨ ਵਾਸਨਾ ਸਾਰੇ ਮਾਰਨ ਧਾਹ, ਮਮਤਾ ਰਹੀ ਕੁਰਲਾ, ਧੀਰਜ ਧੀਰ ਨਾ ਕੋਇ ਰਖਾਈਆ । ਨੌ ਦੁਆਰੇ ਸੱਬਰ ਬੈਠੇ ਵਛਾ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾ, ਆਸਾ ਤ੍ਰਿਸਨਾ ਡੈਣ ਰਹੀ ਖਾ, ਪੱਲੂ ਸਕੇ ਨਾ ਕੋਇ ਛੁਡਾਈਆ । ਆਤਮ ਪਰਮਾਤਮ ਮਿਲ ਕੇ ਨਾਤਾ ਨਾ ਲਿਆ ਜੁੜਾ, ਸ਼ਬਦੀ ਗੁਰ ਨਾ ਬਣਿਆ ਮਲਾਹ, ਸ਼ਹਾਦਤ ਦੇਣ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਹੋਈ ਬੇਵਫ਼ਾ, ਜਲਵਾ ਨੂਰ ਭੁਲਿਆ ਖ਼ੁਦਾ, ਰਹਿਮਤ ਕਰੇ ਨਾ ਕੋਇ ਅਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸਿੰਘਾਸਣ ਪੁਰਖ ਅਬਿਨਾਸ਼ਨ, ਸਚ ਦੁਆਰ ਇਕ ਇਕੱਲਾ ਆਪ ਸੁਹਾਈਆ । ਇਕ ਇਕੱਲਾ ਸੁਹਾਏ ਦੁਆਰ, ਵੱਜੇ ਇਕੋ ਨਾਮ ਵਧਾਈਆ । ਅਲੱਖ ਅਗੋਚਰ ਅਗੰਮ ਅਥਾਹ ਹੁਕਮ ਦੇਵੇ ਪੁਰਖ ਅਕਾਲ, ਦੋ ਜਹਾਨ ਆਪ ਸੁਣਾਈਆ । ਇਕੱਠੇ ਹੋ ਗੁਰੂ ਅਵਤਾਰ, ਪੀਰ ਪੈਗ਼ੰਬਰ ਨੇੜੇ ਆਓ ਵਾਹੋ ਦਾਹੀਆ । ਲੋਕਮਾਤ ਨੇਤਰ ਨੈਣਾਂ ਕਲਜੁਗ ਕਰਨੀ ਦਿਆਂ ਵਖਾਲ, ਚਾਰੋਂ ਕੁੰਟ ਹੋਈ ਬੇਹਾਲ, ਸਤਿ ਸੰਤੋਖ ਨਜ਼ਰ ਕੋਇ ਨਾ ਆਈਆ । ਜੂਠ ਝੂਠ ਸ਼ਿਵਦਵਾਲੇ ਮੱਠ ਮੰਦਰ ਗੁਰੁਦੁਆਰੇ ਵੱਜੇ ਤਾਲ, ਸਤਿ ਧਰਮ ਬੈਠਾ ਮੁਖ ਛੁਪਾਈਆ । ਗੁਰ ਕਾ ਸ਼ਬਦ ਕਿਸੇ ਨਾ ਦਿਸੇ ਨਾਲ, ਖ਼ਾਲੀ ਬੁੱਤ ਰਹੇ ਕੁਰਲਾਈਆ । ਰਸਨਾ ਜਿਹਵਾ ਬੱਤੀ ਦੰਦ ਪੜ੍ਹਦੇ ਸੁਣਦੇ ਦਿਸਣ ਨਾਮ, ਹਿਰਦੇ ਹਰਿ ਨਾ ਕੋਇ ਵਸਾਈਆ । ਕਾਇਆ ਖੇੜਾ ਬਣਿਆ ਕਾਮ ਗਰਾਮ, ਸਤਿ ਸਤਿਵਾਦ ਨਾ ਕੋਇ ਸਾਲਾਹੀਆ । ਤ੍ਰੈ ਪੰਜ ਨੌ ਦਰ ਬਦਲਣ ਵਾਲਾ ਨਿਜ਼ਾਮ, ਕੂੜ ਰਾਜਾ ਕੂੜੀ ਪਰਜਾ ਆਸਾ ਤ੍ਰਿਸਨਾ ਮਨ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਪੀਰ ਪੈਗ਼ੰਬਰਾਂ ਹੁਕਮ ਇਸ਼ਾਰੇ ਨਾਲ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖੋਲ੍ਹੋ ਅੱਖ, ਸ੍ਰੀ ਭਗਵਾਨ ਆਪ ਜਣਾਇੰਦਾ । ਲੋਕਮਾਤ ਕਲਜੁਗ ਜੀਵ ਵੇਖੋ ਪਰਤੱਖ, ਚਾਰੋਂ ਕੁੰਟ ਅੰਧੇਰਾ ਛਾਇੰਦਾ । ਪਿਤਾ ਪੂਤ ਤੁਟਾ ਨੱਤ, ਭੈਣ ਭਾਈ ਸੰਗ ਨਾ ਕੋਇ ਨਿਭਾਇੰਦਾ । ਚਾਰ ਕੁੰਟ ਦਹਿ ਦਿਸ਼ਾ ਸਿਆਸਤ ਰਹੀ ਨੱਚ, ਗੁਰਮੁਖ ਸਚ ਨਾ ਕੋਇ ਪਰਨਾਇੰਦਾ । ਧੁਰ ਦਾ ਨਾਮ ਬਣ ਗ਼ੁਲਾਮ ਬੋਲ ਕਲਾਮ ਜੋ ਕਲਜੁਗ ਜੀਵਾਂ ਆਏ ਦੱਸ, ਸੋ ਮਨ ਚਿਤ ਧਿਆਨ ਨਾ ਕੋਇ ਲਗਾਇੰਦਾ । ਮਾਇਆ ਮਮਤਾ ਹਉਮੇਂ ਹੰਗਤਾ ਘਰ ਘਰ ਖੁਲ੍ਹਿਆ ਹੱਟ, ਬਣ ਵਣਜਾਰਾ ਕਲਜੁਗ ਆਪਣੀ ਹੱਟ ਚਲਾਇੰਦਾ । ਸਾਚੀ ਦਿਸੇ ਨਾ ਬ੍ਰਹਮਮਤ, ਰਾਜਾ ਪਰਜਾ ਨਾਤਾ ਸਤਿ ਨਾ ਕੋਇ ਜਣਾਇੰਦਾ । ਲੇਖਾ ਚੁਕਿਆ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦੂਰ ਦੁਰਾਡੀ ਰਹੀ ਨੱਠ, ਕਲਜੁਗ ਜੀਵ ਨੰਗਾ ਹੋ ਕੇ ਅੰਦਰ ਤਾਰੀਆਂ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੋਕਮਾਤ ਰਾਹ ਇਕ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਮਾਰੋ ਝਾਤ, ਹਰਿ ਝਾਕੀ ਆਪ ਜਣਾਈਆ । ਨਵ ਖੰਡ ਪ੍ਰਿਥਮੀ ਵੇਖੋ ਕਾਇਨਾਤ, ਕਲਮਾ ਨਬੀ ਨਾ ਕੋਇ ਧਿਆਈਆ । ਕਿਸੇ ਮਿਲੇ ਨਾ ਆਬੇਹਯਾਤ, ਅੰਮ੍ਰਿਤ ਰਸ ਭਰ ਪਿਆਲਾ ਜਾਮ ਨਾ ਕੋਇ ਪਿਆਈਆ । ਮੰਦਰ ਅੰਦਰ ਕਾਇਆ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਸਾਚੇ ਪੱਤਣ ਮਿਲੇ ਨਾ ਮਾਹੀ ਘਾਟ, ਨਈਆ ਨੌਕਾ ਪਾਰ ਨਾ ਕੋਇ ਕਰਾਈਆ । ਦੁਰਮਤ ਮੈਲ ਦੇਵੇ ਨਾ ਕੋਈ ਕਾਟ, ਨਿਰਮਲ ਸੀਰ ਨਾ ਕੋਇ ਪਿਆਈਆ । ਝਗੜਾ ਪਿਆ ਦੀਨ ਮਜ਼੍ਹਬ ਜ਼ਾਤ ਪਾਤ, ਸੱਚੀ ਜ਼ਾਤ ਸਮਝ ਕਿਸੇ ਨਾ ਆਈਆ । ਮੇਰਾ ਨਾਉਂ ਲੱਭਦੇ ਵਿਚੋਂ ਅਲਿਫ਼ ਯੇ ਲੁਗ਼ਾਤ, ਸਾਚਾ ਪੜਦਾ ਖੋਲ੍ਹ, ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਬੱਤੀ ਦੰਦ ਕਰਨ ਬਾਤ, ਬਾਤਨ ਨੂਰ ਜ਼ਹੂਰ ਸਮਝ

ਕੋਇ ਨਾ ਜਾਈਆ । ਆਓ ਵੇਖੋ ਨੇਤਰ ਖੋਲ੍ਹ ਜਗਤ ਤਮਾਸ਼, ਕਲਜੁਗ ਆਪਣਾ ਨਾਚ ਰਿਹਾ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ, ਕਲਜੁਗ ਰਾਸੀ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਹੋਏ ਹੈਰਾਨ, ਨੇਤਰ ਨੈਣ ਸਰਬ ਸ਼ਰਮਾਈਆ । ਸਭ ਨੂੰ ਭੁੱਲਿਆ ਧੁਰ ਫ਼ਰਮਾਨ, ਹਿਰਦੇ ਹਰਿ ਨਾ ਕੋਇ ਵਸਾਈਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਪਰਾਨੀ ਪਰਾਨ ਨਾ ਕੋਇ ਸਾਲਾਹੀਆ । ਚਾਰ ਵਰਨ ਹੋਏ ਹੈਰਾਨ, ਅਠ ਦਸ ਪੰਧ ਨਾ ਕੋਇ ਚੁਕਾਈਆ । ਆਲਮ ਉਲਮਾ ਕਰ ਕਰ ਥੱਕੇ ਗਿਆਨ, ਕਾਇਆ ਕੁਰ੍ਹਾ ਕਾਅਬਾ ਸਚ ਮਹੱਲਾ ਨਜ਼ਰ ਕਿਸੇ ਨਾ ਆਈਆ । ਬਾਣੀ ਤੀਰ ਨਿਰਾਲਾ ਮਾਰੇ ਬਾਣ, ਬਜਰ ਕਪਾਟੀ ਸਕੇ ਨਾ ਕੋਇ ਤੁੜਾਈਆ । ਕਾਇਆ ਮੰਦਰ ਅੰਦਰ ਸੱਚਾ ਹਰਿਮੰਦਰ ਸਕੇ ਨਾ ਕੋਇ ਪਛਾਣ, ਚਾਰੋਂ ਕੁੰਟ ਭੱਜਣ ਵਾਹੋ ਦਾਹੀਆ । ਸਾਚਾ ਰਿਹਾ ਨਾ ਕਿਸੇ ਈਮਾਨ, ਸਿਦਕ ਸਬੂਰੀ ਧਰਮ ਨਾ ਕੋਇ ਰਖਾਈਆ । ਗੁਰੂਦੁਆਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਕੂੜਾ ਪੀਣ ਖਾਣ, ਖ਼ਾਲਸ ਰੰਗ ਨਾ ਕੋਇ ਵਖਾਈਆ । ਅੰਤਮ ਭਸਮ ਹੋਣਾ ਵਿਚ ਜਹਾਨ, ਮਿੱਟੀ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਸਭ ਨੂੰ ਰਿਹਾ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਚ ਸੁਚ, ਜਗਤ ਝੋਲੀ ਆਏ ਪਾਈਆ । ਕਲਜੁਗ ਅੰਤਮ ਹੋਈ ਪੁਛ, ਕਰਨੀ ਕਰਤਾ ਸਾਰੇ ਗਏ ਭੁਲਾਈਆ । ਧਰਮ ਦੁਆਰਿਉਂ ਗਏ ਰੁੱਸ, ਕੂੜੀ ਕਿਰਿਆ ਨਾਤਾ ਲਿਆ ਜੁੜਾਈਆ । ਮਾਂ ਪੁੱਤਰ ਸਕੇ ਨਾ ਕੋਈ ਪੁੱਛ, ਵਿਭਚਾਰ ਕਰੇ ਲੜਾਈਆ । ਅੰਮ੍ਰਿਤ ਪੀਵੇ ਨਾ ਕੋਈ ਘੁੱਟ, ਜਾਮ ਰਸ ਹੱਥ ਕਿਸੇ ਨਾ ਆਈਆ । ਨਿਰਮਲ ਜਗੇ ਨਾ ਕੋਈ ਜੋਤ, ਅਗਿਆਨ ਅੰਧੇਰ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਖੇਲ ਸਮਝ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਵਿਚਾਰ, ਦਰ ਘਰ ਸਾਚੇ ਮਤਾ ਪਕਾਈਆ । ਚਾਰੋਂ ਕੁੰਟ ਕੂੜ ਹੋਇਆ ਪਰਧਾਨ, ਡੌਰੂ ਡੰਕਾ ਆਪਣਾ ਨਾਮ ਵਜਾਈਆ । ਦਰ ਦਰ ਘਰ ਘਰ ਨੱਚਦਾ ਫਿਰੇ ਸ਼ੈਤਾਨ, ਸ਼ਰਅ ਕਰੇ ਲੜਾਈਆ । ਸਾਬਤ ਦਿਸੇ ਨਾ ਕੋਇ ਈਮਾਨ, ਧੀਰਜ ਧੀਰ ਨਾ ਕੋਇ ਰਖਾਈਆ । ਮਸਲਾ ਭੁੱਲਿਆ ਹੱਕ ਕੁਰਾਨ, ਬਾਣੀ ਗੁਰੂ ਨਾ ਕੋਇ ਪਰਨਾਈਆ । ਆਤਮ ਅੰਤਰ ਨਾ ਕੋਇ ਗਿਆਨ, ਚੌਦਾਂ ਵਿਦਿਆ ਫਿਰੇ ਵਾਹੋ ਦਾਹੀਆ । ਚੌਦਾਂ ਤਬਕ ਸਚ ਨਾ ਦਿਸੇ ਕੋਈ ਨਿਸ਼ਾਨ, ਚੌਦਾਂ ਲੋਕ ਵੱਜੇ ਨਾ ਸਚ ਵਧਾਈਆ । ਵਿਸ਼ਨ ਬ੍ਰਹਮਾ ਸ਼ਿਵ ਨੈਣ ਨਾ ਉਪਰ ਉਠਾਣ, ਲੋਚਣ ਬੈਠੇ ਬੰਦ ਕਰਾਈਆ । ਤੇਰਾ ਖੇਲ ਸ੍ਰੀ ਭਗਵਾਨ, ਤੇਰੇ ਹੱਥ ਵਡਿਆਈਆ । ਵਿਸ਼ਨ ਕਹੇ ਮੈਂ ਦੇ ਦੇ ਥੱਕਾ ਦਾਨ, ਬ੍ਰਹਮਾ ਕਹੇ ਜੁਗ ਚੌਕੜੀ ਤੇਰਾ ਖੇਲ ਸਮਝ ਸਕੇ ਨਾ ਕੋਈ ਰਾਈਆ । ਸ਼ੰਕਰ ਕਹੇ ਮੈਂ ਹੱਥ ਤ੍ਰਿਸੂਲ ਲੈ ਕੇ ਸਭ ਦੀ ਕਰਦਾ ਰਿਹਾ ਕਲਿਆਣ, ਚਾਰੋਂ ਕੁੰਟ ਡੌਰੂ ਵਾਹੀਆ । ਕਾਲ ਕਹੇ ਮੈਨੂੰ ਤੇਰਾ ਹੁਕਮ ਪਰਵਾਨ, ਮੌਤ ਲਾੜੀ ਕਹੇ ਮੈਂ ਨਾਰ ਰਕਾਨ, ਲੱਖ ਚੁਰਾਸੀ ਰਹੀ ਪਰਨਾਈਆ । ਧਰਮ ਰਾਜ ਕਹੇ ਮੈਂ ਲੇਖਾ ਮੰਗਾਂ ਆਣ, ਬਚਿਆ ਕੋਈ ਰਹਿਣ ਨਾ ਪਾਈਆ । ਚਿਤਰ ਗੁਪਤ ਕਹੇ ਮੈਂ ਵੇਖਦਾ ਰਿਹਾ ਦੋ ਜਹਾਨ, ਦਿਵਸ ਰੈਣ ਧਿਆਨ ਲਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਬਿਨ ਤੇਰੇ ਭਗਤਾਂ ਕੋਈ ਨਾ ਮਿਲਿਆ ਤੈਨੂੰ ਆਣ, ਭਰਮੇ ਭੁੱਲੀ ਸਰਬ ਲੋਕਾਈਆ । ਕਰ ਕਿਰਪਾ ਵਡ ਸਤਿਗੁਰ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਕਲਜੁਗ ਕੂੜੀ ਅਗਨ ਬਲੇ ਜਹਾਨ, ਪੰਜ

ਤਤ ਰਹੀ ਜਲਾਈਆ । ਹਰ ਘਟ ਵਾਸੀ ਪੁਰਖ ਅਬਿਨਾਸ਼ੀ ਸ਼ਬਦ ਸਰੂਪੀ ਦੇ ਇਕ ਗਿਆਨ, ਰੀਤੀ ਸਭ ਦੀ ਦੇ ਬਦਲਾਈਆ । ਨੀਤੀ ਕਰਾ ਦੇ ਚਤੁਰ ਸੁਘੜ ਸੁਜਾਨ, ਕਾਇਆ ਠਾਂਡੀ ਸੀਤੀ ਸੋਭਾ ਪਾਈਆ । ਊਚ ਨੀਚ ਝਗੜੇ ਸਰਬ ਮਿਟ ਜਾਣ, ਆਤਮ ਬ੍ਰਹਮ ਹਰ ਘਟ ਨਜ਼ਰੀ ਆਈਆ । ਨਿਜ ਨੇਤਰ ਸਭ ਨੂੰ ਦੇ ਧਿਆਨ, ਜਗਤ ਲੋਚਣ ਲੇਖਾ ਦੇ ਮੁਕਾਈਆ । ਤੇਰੇ ਅੰਮ੍ਰਿਤ ਸਰੋਵਰ ਘਰ ਘਰ ਵਿਚ ਕਰਨ ਅਸ਼ਨਾਨ, ਦੁਰਮਤ ਮੈਲ ਧਵਾਈਆ । ਵੇਸ ਅਨੇਕਾ ਤੇਰਾ ਗੋਪੀ ਕਾਹਨ, ਸੀਤਾ ਰਾਮ ਈਸਾ ਮੂਸਾ ਮੁਹੰਮਦ ਬਣ ਪੈਗ਼ਾਮ ਸੁਣਾਈਆ । ਨਾਨਕ ਗੋਬਿੰਦ ਤੇਰੀ ਸ਼ਾਨ, ਸਹਿਬ ਸਤਿਗੁਰ ਵਾਲੀ ਦੋ ਜਹਾਨ, ਤੇਰਾ ਆਦਿ ਜੁਗਾਦੀ ਕਿਲਾ ਇਕ ਨਿਸ਼ਾਨ, ਦੋ ਜਹਾਨਾਂ ਦਏ ਵਡਿਆਈਆ । ਕਲਜੁਗ ਲੇਖ ਮੁਕਾਉਣਾ ਆਣ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਚਰਨ ਕਵਲ ਦੇਣਾ ਮਾਣ, ਜੂਠ ਝੂਠ ਰਹੇ ਨਾ ਕੋਇ ਅਭਿਮਾਨ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਆਦਿ ਜੁਗਾਦਿ ਜੁਗ ਚੌਕੜੀ ਸਾਹਿਬ ਸੁਆਮੀ ਸਰਬ ਜੀਆਂ ਦਾ ਇਕ ਭਗਵਾਨ, ਤੁਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਤੇਰੀ ਖ਼ਲਕਤ ਤੇਰੀ ਮਖ਼ਲੂਕ, ਤੇਰੇ ਹੱਥ ਸਰਬ ਸਲੂਕ, ਦੁਬਧਾ ਰੋਗ ਦੂਈ ਦਵੈਤ ਝਗੜਾ ਦੇ ਮਿਟਾਈਆ । ਆਪਣੇ ਨਾਮ ਧਰਮ ਕਰਮ ਦਾ ਦੇ ਸੰਜੋਗ, ਕੂੜੀ ਕਿਰਿਆ ਮਿਟੇ ਵਿਜੋਗ, ਸੁਖੀ ਹੋਏ ਮਾਤਲੋਕ, ਭੂਮੀ ਧਰਨੀ ਧਰਤ ਧਵਲ ਘਰ ਸਾਚੇ ਖ਼ੁਸ਼ੀ ਮਨਾਈਆ । ਨਿਤ ਨਵਿਤ ਤੇਰੇ ਉਤੇ ਸਦਾ ਮਾਣ, ਪਤਿਪਰਮੇਸ਼ਵਰ ਮਿਹਰਵਾਨ, ਜਨ ਭਗਤ ਤੈਥੋਂ ਮੰਗਦੇ ਗਏ ਦਾਨ, ਨਾਨਕ ਨਿਰਗੁਣ ਸਤਿਗੁਰ ਕਹਿ ਕੇ ਗਿਆ ਪੰਜ ਤਤ ਜ਼ਬਾਨ, ਸੁਰਪਤ ਦਾ ਪੀਰ ਬੇਨਜ਼ੀਰ ਵੇਖਣਹਾਰਾ ਸ਼ਾਹ ਹਕੀਰ, ਜਿਸ ਦੀ ਨਜ਼ਰ ਨਾ ਆਏ ਕਿਸੇ ਤਸਵੀਰ, ਸੋ ਤਸਬੀ ਮਾਲਾ ਨਾਮ ਨਿਧਾਨ ਕਾਇਆ ਮੰਦਰ ਅੰਦਰ ਮਕਾਨ ਸਚ ਸ਼ਬਦ ਦੇ ਗਿਆਨ, ਅੰਕਤ ਅੰਕ ਅੰਕਸ਼ ਅਕਸ਼ਰ ਨਿਸ਼ਅੱਖਰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੱਖ ਚੁਰਾਸੀ ਦੇ ਵਰ, ਸਰਨ ਸਰਨਾਈ ਤੇਰੀ ਸਰਬ ਜਾਇਣ ਪੜ, ਅੱਠੇ ਪਹਿਰ ਦਿਵਸ ਰੈਣ ਅੰਤਰ ਆਤਮ ਪਰਮਾਤਮ ਤੇਰਾ ਧਿਆਨ ਲਗਾਈਆ ।

### ✪ ੨੪ ਅੱਸੂ ੨੦੨੦ ਬਿਕ੍ਰਮੀ ਸ੍ਰੀ ਰਾਮ ਦੇ ਗ੍ਰਿਹਿ ਮਕਸੂਦੜਾ ਜ਼ਿਲਾ ਲੁਧਿਆਣਾ ✪

ਸਚਖੰਡ ਨਿਵਾਸੀ ਪੁਰਖ ਸਮਰਥ, ਸੋ ਸਤਿਗੁਰ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਲਓ ਤੱਕ, ਨੇਤਰ ਲੋਚਣ ਨੈਣ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਸਿਖਿਆ ਦੇ ਦੇ ਗਏ ਥੱਕ, ਧੁਰ ਸੰਦੇਸਾ ਨਾਮ ਜਣਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕਲਜੁਗ ਰੈਣ ਅੰਧੇਰੀ ਮੱਸ, ਸਾਚਾ ਚੰਦ ਨਾ ਕੋਇ ਚਮਕਾਈਆ । ਵਸਤ ਅਮੋਲਕ ਸਤਿ ਸਤਿਵਾਦੀ ਚਲਾਏ ਕੋਈ ਨਾ ਹੱਟ, ਧਰਮ ਵਣਜਾਰਾ ਨਜ਼ਰ ਕੋਇ ਨਾ ਆਈਆ । ਮਾਣਸ ਮਾਨੁਖ ਮਾਨੁਸ਼ ਨਾੜ ਬਹੱਤਰ ਉਬਲੇ ਰੱਤ, ਰੱਤੀ ਨਾਮ ਰੱਤ ਨਾ ਕੋਇ ਰੰਗਾਈਆ । ਆਤਮ ਪਰਮਾਤਮ ਕਿਸੇ ਨਜ਼ਰ ਨਾ ਆਏ ਬ੍ਰਹਮ ਮਤ, ਭਰਮੇ ਭੁੱਲੀ ਸਰਬ ਲੋਕਾਈਆ । ਚਾਰ ਕੁੰਟ ਦਹਿ ਦਿਸ਼ਾ ਜਗਤ ਵਾਸਨਾ ਰਹੀ ਨੱਠ, ਮਨਮਤ ਦਏ ਦੁਹਾਈਆ । ਅੰਮ੍ਰਿਤ ਆਤਮ ਘਰ ਸਰੋਵਰ ਸਾਚਾ ਰਸ ਦੇਵੇ ਨਾ ਕੋਈ ਝੱਟ, ਨਿਝਰ ਧਾਰ ਨਾ ਕੋਇ ਵਹਾਈਆ । ਜੋਤ ਨਿਰੰਜਣ ਸਚ ਪਰਕਾਸ਼ ਕਾਇਆ ਮੰਦਰ ਨਾ ਜਗੇ ਲਟ ਲਟ, ਅਗਿਆਨ ਅੰਧੇਰ ਨਾ ਕੋਇ ਚੁਕਾਈਆ । ਸੁਰਤੀ ਸ਼ਬਦੀ ਬਣੇ ਨਾ ਕੋਈ ਸਾਥ, ਸਗਲਾ ਸੰਗ

੮੨੮
੧੫

ਨਾ ਕੋਇ ਨਿਭਾਈਆ । ਆਵਣ ਜਾਵਣ ਲੱਖ ਚੁਰਾਸੀ ਕਿਸੇ ਨਾ ਮੁੱਕੇ ਵਾਟ, ਚਲ ਚਲ ਥੱਕੇ ਪਾਂਧੀ ਰਾਹੀਆ । ਧਰਮ ਕਿਨਾਰਾ ਨਜ਼ਰ ਨਾ ਆਵੇ ਕੋਈ ਘਾਟ, ਪੱਤਣ ਬੈਠੇ ਚਾਰੋਂ ਕੁੰਟ ਡੇਰਾ ਲਾਈਆ । ਗੁਰ ਕਾ ਸ਼ਬਦ ਵਸੇ ਨਾ ਕਿਸੇ ਸਾਥ, ਖ਼ਾਲੀ ਬੁੱਤ ਕਾਇਆ ਦਏ ਦੁਹਾਈਆ । ਸਾਚੇ ਮੰਡਲ ਨਜ਼ਰ ਨਾ ਆਏ ਰਾਸ, ਘਰ ਗੋਪੀ ਕਾਹਨ ਨਾਚ ਨਾ ਕੋਇ ਨਚਾਈਆ । ਨਿਜ ਆਤਮ ਕੋਈ ਨਾ ਕਰੇ ਵਾਸ, ਜਗਤ ਦੁਆਰੇ ਢੂੰਡਣ ਨੂਰ ਖ਼ੁਦਾਈਆ । ਸਾਚੀ ਜੋਤ ਨਾ ਨੂਰ ਕੋਈ ਆਫ਼ਤਾਬ, ਮਹਿਬੂਬ ਰੰਗ ਨਾ ਕੋਇ ਰੰਗਾਈਆ । ਮਧ ਪਿਆਲਾ ਨਾ ਦੇਵੇ ਕੋਈ ਆਬੇਹਯਾਤ, ਆਬਰੂ ਸਾਰੇ ਬੈਠੇ ਮਿਟਾਈਆ । ਈਸਾ ਮੂਸਾ ਮੁਹੰਮਦ ਜਿਸ ਦਾ ਲੈਂਦੇ ਗਏ ਖ਼ੁਆਬ, ਸੋ ਖ਼ਾਲਸ ਰੂਪ ਪਰਵਰਦਿਗਾਰ ਸਾਂਝਾ ਯਾਰ ਹੱਥ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਦੋ ਜਹਾਨ ਲੇਖਾ ਦੱਸਦੇ ਗਏ ਹਿਸਾਬ, ਬੇਅੰਤ ਕਹਿ ਕੇ ਦੋਏ ਜੋੜ ਪਏ ਸਰਨਾਈਆ । ਸੋ ਦੀਨ ਦਿਆਲ ਪੁਰਖ ਅਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰ ਗੁਰ ਅਵਤਾਰ ਪੀਰ ਪੈਗੰਬਰ ਸਰਬ ਉਠਾਲ, ਨੇਤਰ ਨੈਣਾਂ ਕਲਜੁਗ ਧਾਰ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰੋ ਵਿਚਾਰ, ਸ੍ਰੀ ਭਗਵਾਨ ਆਪ ਜਣਾਇੰਦਾ । ਲੱਖ ਚੁਰਾਸੀ ਅੰਦਰ ਵੇਖੋ ਮਾਰ ਧਿਆਨ, ਸਚ ਸੁਚ ਰੂਪ ਨਜ਼ਰ ਨਾ ਕੋਇ ਵਖਾਇੰਦਾ । ਗੁਰ ਕਾ ਸ਼ਬਦ ਮਿਲੇ ਨਾ ਕਿਸੇ ਗਿਆਨ, ਰਸਨਾ ਜਿਹਵਾ ਬੱਤੀ ਦੰਦ ਪੜ੍ਹ ਪੜ੍ਹ ਹਿਰਦੇ ਹਰਿ ਨਾ ਕੋਇ ਵਸਾਇੰਦਾ । ਸਚ ਧਰਮ ਮਹੱਲ ਅਟੱਲ ਝੁੱਲੇ ਨਾ ਕੋਇ ਨਿਸ਼ਾਨ, ਜਗਤ ਨਿਸ਼ਾਨਾ ਚਾਰੋਂ ਕੁੰਟ ਨਜ਼ਰੀ ਆਇੰਦਾ । ਆਤਮ ਪਰਮਾਤਮ ਕੋਈ ਨਾ ਮੇਲੇ ਆਣ, ਦੂਈ ਦਵੈਤੀ ਪੜਦਾ ਮਾਤ ਨਾ ਕੋਇ ਉਠਾਇੰਦਾ । ਸਾਚਾ ਨਾਦ ਸੁਣਾਏ ਨਾ ਕੋਇ ਧੁਨਕਾਨ, ਧੁਨ ਆਤਮਕ ਰਾਗ ਨਾ ਕੋਇ ਅਲਾਇੰਦਾ । ਤੀਰ ਅਣਿਆਲਾ ਮਾਰੇ ਨਾ ਕੋਈ ਬਾਣ, ਸਾਚਾ ਚਿੱਲਾ ਹੱਥ ਨਾ ਕੋਇ ਉਠਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਸ਼ਰਅ ਸ਼ਰੀਅਤ ਹੋਈ ਸ਼ੈਤਾਨ, ਜੀਵ ਜੰਤ ਜਗਤ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦੁਆਰ ਗੁਰ ਅਵਤਾਰ ਪੀਰ ਪੈਗ਼ੰਬਰ ਇਸ਼ਾਰੇ ਨਾਲ ਦਏ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਓ ਤੱਕ, ਹਰਿ ਤਾਕਤ ਆਪ ਜਣਾਈਆ । ਵੇਖੋ ਭਗਤਾਂ ਕੋਈ ਨਾ ਦੇਵੇ ਹੱਕ, ਜਗਤ ਜੀਵ ਕਰਨ ਲੜਾਈਆ । ਮੰਜ਼ਲ ਚੜ੍ਹਦੇ ਗਏ ਥੱਕ, ਮਿਲੇ ਸਾਹਿਬ ਨਾ ਬੇਪਰਵਾਹੀਆ । ਉਚੀ ਕੂਕ ਪੁਕਾਰ ਕਰਨ ਨਾਲ ਹੱਥ, ਅੰਤਰ ਅੰਤਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਪੁਰਖ ਅਕਾਲ ਤੇਰੀ ਵਡਿਆਈਆ । ਤੇਰੇ ਚਰਨ ਕਵਲ ਬਹਿ ਕੇ ਵੇਖੀਏ ਤੇਰੇ ਨੈਣ, ਲੋਕਮਾਤ ਧਿਆਨ ਲਗਾਈਆ । ਚਾਰ ਵਰਨ ਦਿਸੇ ਨਾ ਕੋਈ ਸਾਕ ਸੱਜਣ ਸੈਣ, ਸਗਲਾ ਸੰਗ ਨਾ ਕੋਇ ਨਿਭਾਈਆ । ਨਾਤਾ ਤੁੱਟਾ ਭਾਈ ਭੈਣ, ਪਿਤਾ ਪੂਤ ਨਾ ਕੋਇ ਵਡਿਆਈਆ । ਕੂੜ ਮਹੱਲ ਅੰਦਰ ਜੂਠੀ ਝੂਠੀ ਕਿਰਿਆ ਵਿਚ ਰਹਿਣ, ਸਚ ਸੁਚ ਸੰਗ ਨਾ ਕੋਇ ਰਖਾਈਆ । ਸ਼ੌਹ ਦਰਿਆਏ ਆਪਣੀ ਕਰਨੀ ਵਹਿਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸਾਚਾ ਵਰ, ਤੇਰੇ ਹੱਥ ਪ੍ਰਭੂ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਹੈਰਾਨ, ਹਰਿ ਜੂ ਸਚ ਸਚ ਜਣਾਈਆ । ਲੋਕਮਾਤ ਅਸੀਂ ਦੱਸ ਕੇ ਆਏ ਸ਼ਰਅ ਸਚ ਈਮਾਨ, ਕਲਮਾ ਨਬੀ ਰਸੂਲ ਪੜ੍ਹਾਈਆ । ਕਾਗ਼ਜ਼ ਕਲਮ ਸ਼ਾਹੀ ਲਿਖ ਕੇ ਆਏ ਬਿਆਨ, ਸ਼ਹਾਦਤ

ਤੇਰਾ ਨਾਮ ਰਖਾਈਆ । ਬਿਨ ਸਾਹਿਬ ਸਤਿਗੁਰ ਗੁਰ ਸ਼ਬਦ ਸੁਆਮੀ ਸਾਚੇ ਨਾ ਕੋਈ ਕਲਿਆਣ, ਕਾਇਨਾਤ ਬੇੜਾ ਕੋਇ ਨਾ ਪਾਰ ਕਰਾਈਆ । ਕਲਜੁਗ ਅੰਤ ਦਿਸੇ ਕੂੜ ਤੂਫ਼ਾਨ, ਤੋਹਫ਼ਾ ਘਰ ਘਰ ਰਿਹਾ ਪੁਚਾਈਆ । ਮਾਇਆ ਮਮਤਾ ਹਉਮੇਂ ਹੰਗਤਾ ਨਾਲ ਮਿਲਾ ਸ਼ੈਤਾਨ, ਉਠ ਉਠ ਭੱਜੇ ਵਾਹੋ ਦਾਹੀਆ । ਮਨ ਮਨੂਆ ਬਣਿਆ ਬਲੀ ਬਲਵਾਨ, ਬਲ ਆਪਣਾ ਰਿਹਾ ਵਖਾਈਆ । ਬੁਧੀ ਵਿਚਾਰੀ ਹੋਈ ਅਣਜਾਣ, ਬੈਠੀ ਸੀਸ ਝੁਕਾਈਆ । ਬਿਨ ਸਾਹਿਬ ਸਤਿਗੁਰ ਪਾਰਬ੍ਰਹਮ ਪਤਿਪਰਮੇਸ਼ਵਰ ਤੇਰੀ ਕਿਰਪਾ ਕੋਈ ਨਾ ਕਰੇ ਧਿਆਨ, ਅੰਤਰ ਆਤਮ ਲਿਵ ਕੋਇ ਨਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਭਰਮੇ ਭੁੱਲੀ ਸਰਬ ਲੋਕਾਈਆ । ਸ੍ਰੀ ਭਗਵਾਨ ਰਿਹਾ ਦੱਸ, ਗੁਰ ਅਵਤਾਰ ਪੀਰ ਪੈਗ਼ੰਬਰਾਂ ਆਪ ਜਣਾਈਆ । ਵੇਖੋ ਕਲਜੁਗ ਜੀਵਾਂ ਖ਼ਾਲੀ ਹੱਥ, ਸਾਚੀ ਵਸਤ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਹਉਮੇ ਹੰਗਤਾ ਬੁਰਜ ਅੰਤਮ ਜਾਣਾ ਢੱਠ, ਲੋਕਮਾਤ ਰਹਿਣ ਨਾ ਪਾਈਆ । ਨਾਤਾ ਤੁੱਟੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਆਪਣੇ ਹੱਥ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲ ਜੈਕਾਰ, ਨਾਅਰਾ ਇਕੋ ਇਕ ਸੁਣਾਈਆ । ਤੂੰ ਸਾਹਿਬ ਸਤਿਗੁਰ ਪਰਵਰਦਿਗਾਰ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਹਉਂ ਬਾਲਕ ਬਰਖ਼ੁਰਦਾਰ, ਸੇਵਾਦਾਰ ਯਾਚਕ ਤੇਰੀ ਸੇਵ ਕਮਾਈਆ । ਜੁਗ ਚੌਕੜੀ ਨਿਤ ਨਵਿਤ ਲੋਕਮਾਤ ਲੈ ਅਵਤਾਰ, ਹੁਕਮ ਸੰਦੇਸਾ ਨਾਮ ਨਿਧਾਨ ਲੱਖ ਚੁਰਾਸੀ ਜੀਵ ਜੰਤ ਸਮਝਾਈਆ । ਤੂੰ ਸਾਹਿਬ ਸੁਲਤਾਨਾ ਵਡ ਮਿਹਰਵਾਨਾ ਹੁਕਮਰਾਨ, ਤੇਰਾ ਹੁਕਮ ਨਾ ਕੋਈ ਮੇਟੇ ਮੇਟ ਮਿਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਖੇਲ ਮਹਾਨ, ਖ਼ਾਲਕ ਖ਼ਲਕ ਸਦ ਵਖਾਈਆ । ਧੁਰ ਸੰਦੇਸਾ ਦੇਂਦੇ ਰਹੇ ਤੇਰੇ ਨਾਮ ਭਗਵਾਨ, ਭਗਵਨ ਤੇਰੀ ਓਟ ਜਣਾਈਆ । ਮੁਕਾਮੇ ਹੱਕ ਵਸੇ ਨੌਜਵਾਨ, ਨੌਬਤ ਆਪਣੇ ਨਾਮ ਵਜਾਈਆ । ਸਚਖੰਡ ਵਸੇ ਵਡ ਭੂਪਤ ਭੂਪ ਰਾਜ ਰਾਜਾਨ, ਸੀਸ ਜਗਦੀਸ ਤਾਜ ਇਕ ਟਿਕਾਈਆ । ਜਿਸ ਦੇ ਹੁਕਮੇ ਅੰਦਰ ਖੇਲ ਹੋਏ ਮਹਾਨ, ਸ਼ਬਦੀ ਸੁੱਤ ਸੁੱਤ ਦੁਲਾਰਾ ਦੋ ਜਹਾਨਾਂ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੀ ਇਕ ਸਰਨਾਈਆ । ਪੁਰਖ ਅਕਾਲ ਦੀਨ ਦਿਆਲ, ਦਰ ਤੇਰੇ ਇਕ ਅਰਜ਼ੋਈਆ । ਜੁਗ ਚੌਕੜੀ ਤੇਰਾ ਖੇਲ ਕਮਾਲ, ਸਮਝ ਸਮਝ ਵਿਚ ਕਦੇ ਨਾ ਆਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਰਹੇਂ ਦਲਾਲ, ਨਿਤ ਨਵਿਤ ਵੇਸ ਵਟਾਈਆ । ਭਾਗ ਲਗਾਉਂਦਾ ਰਹੇਂ ਕਾਇਆ ਧਰਮਸਾਲ, ਨਾੜ ਬਹੱਤਰ ਕਰ ਰੁਸ਼ਨਾਈਆ । ਆਤਮ ਪਰਮਾਤਮ ਬਣਾਏ ਆਪਣਾ ਲਾਲ, ਲਾਲਨ ਸਾਚਾ ਰੰਗ ਚੜ੍ਹਾਈਆ । ਦੀਪਕ ਦੀਆ ਬਾਤੀ ਜੋਤੀ ਇਕੋ ਬਾਲ, ਜੋਤ ਨਿਰੰਜਣ ਆਦਿ ਨਿਰੰਜਣ ਨਾਲ ਮਿਲਾਈਆ । ਅੰਮ੍ਰਿਤ ਆਤਮ ਠਾਂਡਾ ਸੀਰ ਦਏਂ ਪਿਆਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਬਦ ਸਰੂਪੀ ਸਾਚੀ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਆਖਣ, ਵਾਹਵਾ ਪ੍ਰਭੂ ਤੇਰੀ ਵਡਿਆਈਆ । ਤੇਰੇ ਹੁਕਮੇ ਅੰਦਰ ਤੇਰਾ ਦੇ ਕੇ ਆਏ ਭਾਸ਼ਨ, ਧੁਰ ਸੰਦੇਸਾ ਨਾਮ ਸੁਣਾਈਆ । ਭੌ ਜਣਾਇਆ ਪਾਰਬ੍ਰਹਮ ਪੁਰਖ ਅਬਿਨਾਸ਼ਨ, ਦੇਵਤ ਦੇਵ ਤੇਰੀ ਮਹਿਮਾ ਜਸ ਸੁਣਾਈਆ । ਖੇਲਿਆ ਖੇਲ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਤੇਰਾ ਰੰਗ ਰੰਗਾਈਆ । ਲਹਿਣਾ ਦੇਣਾ ਚੁਕਾ ਜ਼ਾਤ ਪਾਤਨ, ਆਤਮ

ਪਰਮਾਤਮ ਇਕੋ ਨੂਰ ਸਮਝਾਈਆ । ਦਰਸ ਦਿਖਾ ਜ਼ਾਹਰ ਬਾਤਨ, ਗੁਫ਼ਤ ਸ਼ੁਨੀਦ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਲੋਕਮਾਤ ਵੇਖ ਆਪਣੀ ਧਰਮਸਾਲ, ਨਿਰਗੁਣ ਆਪਣਾ ਫੇਰਾ ਪਾਈਆ । ਪੁਰਖ ਅਕਾਲ ਸਾਹਿਬ ਸਮਰਥ, ਧੁਰ ਸੰਦੇਸਾ ਇਕ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਜੋੜੇ ਇਕੋ ਅੱਗੇ ਹੱਥ, ਸਾਚੀ ਬੰਦਨਾ ਇਕ ਸਮਝਾਇੰਦਾ । ਰਸਨਾ ਕਹੋ ਪ੍ਰਭੂ ਸਾਡਾ ਨਹੀਂ ਕੋਈ ਵਸ, ਕਲਜੁਗ ਵੇਲਾ ਅੰਤਮ ਆਇੰਦਾ । ਚਾਰੋਂ ਕੁੰਟ ਅੰਧੇਰਾ ਮਸ, ਤੇਰਾ ਨਾਉਂ ਚੰਦ ਨਾ ਕੋਇ ਚਮਕਾਇੰਦਾ । ਸਾਧਾਂ ਸੰਤਾਂ ਰਿਹਾ ਨਾ ਧੀਰਜ ਜਤ, ਸਤਿ ਸੰਤੋਖ ਧੀਰ ਨਾ ਕੋਇ ਧਰਾਇੰਦਾ । ਫਿਰੀ ਦਰੋਹੀ ਤੀਰਥ ਤਟ, ਅਠਸਠ ਸਾਚਾ ਨੀਰ ਨਾ ਕੋਇ ਜਣਾਇੰਦਾ । ਨਾਮ ਨਾ ਦਿਸੇ ਕੋਈ ਹਟ, ਕੂੜੀ ਕਿਰਿਆ ਦੁਆਰਾ ਸੋਭਾ ਪਾਇੰਦਾ । ਸ੍ਰਿਸ਼ਟ ਸਬਾਈ ਆਤਮ ਗਿਆਨ ਮਿਲੇ ਨਾ ਕੋਈ ਮਤ, ਗੁਰ ਕਾ ਸ਼ਬਦ ਅੰਗ ਸੰਗ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਦਾ ਵਰ, ਸਾਚੀ ਖੇਲ ਆਪ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸੋ, ਸੋ ਪੁਰਖ ਨਿਰੰਜਣ ਤੇਰੀ ਵਡ ਵਡਿਆਈਆ । ਤੁਧ ਬਿਨ ਲੋਕਮਾਤ ਕਰੇ ਨਾ ਕੋਈ ਲੋ, ਅੰਧੇਰਾ ਅੰਧ ਨਾ ਕੋਇ ਗਵਾਈਆ । ਸਚ ਆਤਮ ਪਰਮਾਤਮ ਜਾਏ ਨਾ ਕੋਈ ਛੋਹ, ਅੰਗੀਕਾਰ ਨਾ ਕੋਇ ਅਖਵਾਈਆ । ਬਿਨ ਤੇਰੀ ਕਿਰਪਾ ਦੁਰਮਤ ਮੈਲ ਕੋਈ ਨਾ ਲਵੇ ਧੋ, ਨਿਰਮਲ ਰੂਪ ਨਾ ਕੋਇ ਵਖਾਈਆ । ਤੇਰੀ ਮਿਹਰ ਨਜ਼ਰ ਸਾਚੀ ਵਸਤ ਅਮੋਲਕ ਢੋਆ ਦੇਵੇ ਢੋ, ਨਾਮ ਭੰਡਾਰ ਇਕ ਵਰਤਾਈਆ । ਕਾਇਆ ਮੰਦਰ ਅੰਦਰ ਲੱਖ ਚੁਰਾਸੀ ਲੈ ਜੋਹ, ਨਿਰਗੁਣ ਆਪਣਾ ਫੇਰਾ ਪਾਈਆ । ਕੂੜੀ ਮਤ ਜੂਠ ਝੂਠ ਮਾਇਆ ਮਮਤਾ ਹਉਮੇਂ ਹੰਗਤਾ ਲੈ ਖੋਹ, ਫੜ ਸ਼ੌਂਹ ਦਰਿਆ ਦੇ ਰੁੜ੍ਹਾਈਆ । ਨਿਝਰ ਅੰਮ੍ਰਿਤ ਝਿਰਨਾ ਸਾਚਾ ਰਸ ਦੇ ਚੋ, ਬੂੰਦ ਬੂੰਦ ਆਪ ਟਪਕਾਈਆ । ਤੇਰੇ ਜੋਗਾ ਤੁਧ ਬਿਨ ਕੋਈ ਨਾ ਜਾਏ ਹੋ, ਗੁਰ ਅਵਤਾਰ ਗਏ ਸੁਣਾਈਆ । ਕਲਜੁਗ ਅੰਤਮ ਉਠ ਗ਼ਰੀਬ ਨਿਮਾਣਿਆਂ ਕਰ ਮੋਹ, ਜੋ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਪੀਰ ਪੈਗ਼ੰਬਰ ਮਾਰਨ ਨਾਅਰਾ, ਉਚੀ ਕੂਕ ਕੂਕ ਸੁਣਾਈਆ । ਸਚ ਖ਼ੁਦਾਏ ਪਰਵਰਦਿਗਾਰਾ, ਲਾਸ਼ਰੀਕ ਤੇਰੀ ਸਰਨਾਈਆ । ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਤੇਰਾ ਉਚ ਮਨਾਰਾ, ਮਹਿਫ਼ਲ ਇਕੋ ਨਜ਼ਰੀ ਆਈਆ । ਸਚ ਪੈਗੰਬਰ ਨੂਰੀ ਜ਼ਾਹਰਾ, ਜ਼ਾਹਰ ਜ਼ਹੂਰ ਕਰ ਰੁਸ਼ਨਾਈਆ । ਤੋਬਾ ਤੋਬਾ ਕਰੇ ਸਰਬ ਸੰਸਾਰਾ, ਈਸਾ ਮੂਸਾ ਮੁਹੰਮਦ ਸਾਰੇ ਬੈਠੇ ਭੁਲਾਈਆ । ਸ਼ਰਅ ਸ਼ਰੀਅਤ ਜਗਤ ਈਮਾਨ ਬਿਨ ਤੇਰੇ ਦਿਸੇ ਕਵਾਰਾ, ਚੌਦਾਂ ਤਬਕ ਸੰਗ ਨਾ ਕੋਇ ਨਿਭਾਈਆ । ਬਿਨ ਸਾਚੇ ਹੁਕਮੇ ਕਾਇਆ ਤਤ ਹੋਇਆ ਅੰਧਿਆਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਚੇ ਭਗਤ ਰਹੇ ਕੂਕ, ਦਰਗਹਿ ਸਾਚੀ ਕੂਕ ਸੁਣਾਈਆ । ਪਾਰਬ੍ਰਹਮ ਕਿਉਂ ਸੁੱਤਾ ਘੂਕ, ਗੂੜ੍ਹੀ ਨੀਂਦ ਅੱਖ ਨਾ ਕੋਇ ਖਲ੍ਹਾਈਆ । ਕਲਜੁਗ ਮਾਇਆ ਰਹੀ ਫੂਕ, ਜੀਵਾਂ ਜੰਤਾਂ ਰਹੀ ਜਲਾਈਆ । ਫਿਰੇ ਦਰੋਹੀ ਪੰਜ ਭੂਤ, ਘਰ ਘਰ ਰੋਵੇ ਨੇਤਰ ਮਾਰਨ ਧਾਹੀਆ । ਕੋਈ ਨਾ ਦਿਸੇ ਸਚ ਸਪੂਤ, ਪਿਤਾ ਗੋਦ ਨਾ ਕੋਇ ਸੁਹਾਈਆ । ਨੌ ਖੰਡ ਪ੍ਰਿਥਮੀ ਵਰਤੀ ਭੂਖ, ਆਸਾ ਤ੍ਰਿਸਨਾ ਨਾ ਕੋਇ ਮੇਟ ਮਿਟਾਈਆ । ਹਉਮੇ ਹੰਗਤਾ ਲੱਗਾ ਦੂਖ, ਦੁੱਖ ਭੰਜਨ ਤੇਰੀ ਇਕ ਸਰਨਾਈਆ ।


੮੩੧
੧੫

ਸਾਚੀ ਦਿਸੇ ਨਾ ਕੋਈ ਕੁੱਖ, ਜੋ ਜਨਨੀ ਹਰਿਜਨ ਸੱਚਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਾਚੇ ਸੰਤ ਮਾਰਨ ਤਾਅਨਾ, ਇਕੋ ਇਕ ਜਣਾਈਆ । ਕਿਥੇ ਲੁਕਿਉਂ ਸ੍ਰੀ ਭਗਵਾਨਾ, ਆਪਣਾ ਮੁਖ ਛੁਪਾਈਆ । ਕਲਜੁਗ ਕੂੜੀ ਕਿਰਿਆ ਹੋਈ ਪਰਧਾਨਾ, ਚਾਰੋਂ ਕੁੰਟ ਆਪਣਾ ਡੰਕ ਵਜਾਈਆ । ਸਤਿ ਧਰਮ ਨਾ ਕੋਈ ਨਿਸ਼ਾਨਾ, ਪਰਮਗਤ ਤੇਰੀ ਕੋਈ ਨਾ ਪਾਈਆ । ਨਵ ਨੌ ਚਾਰ ਹੋਇਆ ਸ਼ੈਤਾਨਾ, ਚਾਰ ਕੁੰਟ ਲੜਾਈਆ । ਉਠ ਜੋਧੇ ਸੂਰਬੀਰ ਮਰਦ ਮਰਦਾਨਾ, ਪ੍ਰਭ ਤੇਰੀ ਇਕੋ ਓਟ ਰਖਾਈਆ । ਤੇਰਾ ਮੰਤਰ ਆਤਮ ਕੋਈ ਨਾ ਗਾਏ ਗਾਣਾ, ਅਜੱਪਾ ਜਾਪ ਸਿਮਰਨ ਸਕੇ ਨਾ ਕੋਇ ਬਣਾਈਆ । ਧੁਨ ਆਤਮਕ ਕਿਸੇ ਨਾ ਉਪਜੇ ਤਰਾਨਾ, ਧੁਨੀ ਨਾਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਦ ਤੇਰਾ ਧਿਆਨ ਲਗਾਈਆ । ਗੁਰਮੁਖ ਸਾਰੇ ਰਹੇ ਆਖ, ਦੋਏ ਜੋੜ ਤੇਰੀ ਸਰਨਾਈਆ । ਪ੍ਰਭ ਪਰਗਟ ਹੋ ਸਾਖਿਆਤ, ਨਰ ਹਰਿ ਆਪਣਾ ਫੇਰਾ ਪਾਈਆ । ਕਲਜੁਗ ਅੰਤਮ ਵੇਖ ਅੰਧੇਰੀ ਰਾਤ, ਚਾਰੋਂ ਕੁੰਟ ਨੂਰ ਨਜ਼ਰ ਕੋਇ ਨਾ ਆਈਆ । ਦਹਿ ਦਿਸ਼ਾ ਦਿਸੇ ਡੂੰਘਾ ਖਾਤ, ਫੜ ਬਾਂਹੋਂ ਬਾਹਰ ਨਾ ਕੋਇ ਕਢਾਈਆ । ਸਾਚੀ ਮਿਲੇ ਨਾ ਕੋਈ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਪੰਧ ਨਾ ਕੋਇ ਮੁਕਾਈਆ । ਸਚ ਪ੍ਰੀਤੀ ਕੋਈ ਨਾ ਬੰਨ੍ਹੇ ਨਾਤ, ਨਾਤਾ ਬਿਧਾਤਾ ਤੇਰਾ ਨਾ ਕੋਇ ਜੁੜਾਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਕਰਦੇ ਬਾਤ, ਹਿਰਦੇ ਹਰਿ ਜੂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਦ ਤੇਰੀ ਮਿਲੇ ਸਰਨਾਈਆ । ਗੁਰਸਿਖ ਸਾਚੇ ਮਾਰਨ ਧਾਹ, ਬੌਹੜੀ ਬੌਹੜੀ ਰਹੇ ਕੁਰਲਾਈਆ । ਕਿਉਂ ਸਤਿਗੁਰ ਬੈਠੋਂ ਮੁਖ ਛੁਪਾ, ਤੁਧ ਬਿਨ ਸੁਖ ਨਾ ਕੋਇ ਵਖਾਈਆ । ਕਲਜੁਗ ਅੰਤ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਚਾਰ ਵਰਨਾਂ ਦੇ ਇਕ ਸਲਾਹ, ਸਾਚੀ ਸਿਖਿਆ ਧੁਰ ਇਕ ਸਮਝਾਈਆ । ਨਾਨਕ ਨਿਰਗੁਣ ਤੇਰਾ ਇਕੋ ਮੰਤਰ ਗਿਆ ਗਾ, ਚਾਰੋਂ ਕੁੰਟ ਸਰਬ ਸਮਝਾਈਆ । ਗੋਬਿੰਦ ਇਕੋ ਫ਼ਤਹਿ ਡੰਕਾ ਗਿਆ ਵਜਾ, ਦੋ ਜਹਾਨਾਂ ਹੁਕਮ ਵਰਤਾਈਆ । ਕਲਜੁਗ ਜੀਵ ਭੁੱਲੇ ਪੁਰਖ ਅਕਾਲ ਤੇਰਾ ਰਾਹ, ਰਹਿਬਰ ਬਣ ਕੇ ਫੇਰਾ ਪਾਈਆ । ਡੁੱਬਦੇ ਪਾਥਰ ਦੇ ਤਰਾ, ਪਾਹਨ ਆਪਣਾ ਚਰਨ ਛੁਹਾਈਆ । ਅੰਤਮ ਵੇਲਾ ਰਿਹਾ ਆ, ਆਤਮ ਪਰਮਾਤਮ ਵਿਛੋੜਾ ਦੇ ਕਟਾਈਆ । ਸੁਰਤੀ ਸ਼ਬਦੀ ਜੋੜ ਜੁੜਾ, ਤੁਟੀ ਗੰਢ ਆਪ ਪਵਾਈਆ । ਸਾਚੇ ਘੋੜੇ ਲੈ ਚੜ੍ਹਾ, ਅਸਵ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰਸਿਖ ਮੰਗਣ ਤੇਰੀ ਚਰਨ ਸਰਨਾਈਆ । ਮਨਮੁਖ ਸਾਰੇ ਪਾਵਣ ਰੌਲਾ, ਨਵ ਨੌ ਚਾਰ ਖ਼ੁਸ਼ੀ ਮਨਾਈਆ । ਜੂਠ ਝੂਠ ਕਾਮ ਕਰੋਧ ਕਲਜੁਗ ਅੰਤਮ ਵੇਖੇ ਹੋਲਾ, ਰੰਗਣ ਆਪਣਾ ਰੰਗ ਰੰਗਾਈਆ । ਰਸਨਾ ਫਿਕਾ ਬੋਲਣ ਬੋਲਾ, ਸਤਿਗੁਰ ਨਾਮ ਨਾ ਕੋਇ ਧਿਆਈਆ । ਕੂੜੀ ਕਿਰਿਆ ਪੰਜ ਤਤ ਕਾਇਆ ਜਲ ਭਰਨ ਡੋਲਾ, ਸਚ ਲੁਕਿਆ ਰਹੇ ਸੰਗ ਨਾ ਕੋਇ ਨਿਭਾਈਆ । ਨਜ਼ਰ ਨਾ ਆਏ ਕਿਸੇ ਮੌਲਾ, ਬਿਨ ਮੌਲਾ ਖ਼ੁਸ਼ੀ ਮਨਾਈਆ । ਰਸਨਾ ਕਹਿਣ ਚੰਗਾ ਹੋਇਆ ਪ੍ਰਭ ਕੀਤਾ ਹਰਿ ਜੂ ਉਹਲਾ, ਸਾਨੂੰ ਸਮਝ ਦਿਤੀ ਨਾ ਰਾਈਆ । ਕਾਮ ਕਰੋਧ ਸਾਡਾ ਬਣੇ ਵਿਚੋਲਾ, ਮੁੜ ਮੁੜ ਜੂਨੀ ਜੂਨ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਤੇਰਾ ਨਾਉਂ ਭੁੱਲੀ ਜਗਤ ਲੋਕਾਈਆ । ਮਨਮੁਖ ਬਹਿ ਖ਼ੁਸ਼ੀ ਮਨਾਉਣ, ਰਸਨਾ ਜਿਹਵਾ ਆਪਣਾ

੮੩੨
੧੫

ਰਾਗ ਅਲਾਈਆ । ਅੱਗੇ ਸਾਨੂੰ ਪੁੱਛਣ ਵਾਲਾ ਕੌਣ, ਸਤਿਗੁਰ ਗੁਰੂ ਨਜ਼ਰ ਕੋਇ ਨਾ ਆਈਆ । ਜੇ ਕੋਈ ਸੰਤ ਭਗਤ ਲੱਗੇ ਸਮਝਾਉਣ, ਅੱਗੋਂ ਦੇਣ ਡਰਾਈਆ । ਉਠ ਸਾਧਾ ਤੇਰੀ ਭੰਨਾਂਗੇ ਧੌਣ, ਪ੍ਰਭ ਦਿਤਾ ਬਲ ਬੇਪਰਵਾਹੀਆ । ਜਗਤ ਵਾਸਨਾ ਕੂੜੀ ਵਗੀ ਪੌਣ, ਸੁਗੰਧੀ ਸਤਿ ਨਜ਼ਰ ਕੋਇ ਨਾ ਆਈਆ । ਕਰ ਕਿਰਪਾ ਮਿਹਰਵਾਨ ਪੁਰਖ ਸੁਆਮੀ ਆਪ ਆਏ ਸਮਝਾਉਣ, ਬੇਸਮਝਾਂ ਸਮਝ ਦਏ ਪਾਈਆ । ਜੋ ਤੇਰੇ ਨਾਲੋਂ ਭੁੱਲੇ ਅੰਤਮ ਤੇਰੇ ਹੋਣ, ਮਿਲੇ ਸਾਹਿਬ ਸੱਚੀ ਸਰਨਾਈਆ । ਸਤਿਗੁਰ ਗੋਦੀ ਠਾਂਡੀ ਨੀਂਦ ਸੌਣ, ਅਗਨੀ ਤਤ ਨਾ ਲਾਗੇ ਰਾਈਆ । ਮਨ ਨੂੰ ਦੇਣ ਨਾ ਭੌਣ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਦੇ ਉਠਾਈਆ । ਜੇ ਰਾਮ ਬਣ ਕੇ ਮਾਰਿਆ ਰੌਣ, ਤੇਰਾ ਘਟ ਕੁਛ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੂੰ ਸਾਹਿਬ ਸਰਬ ਗੋਸਾਈਆਂ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਰ ਇਕੱਠ, ਪ੍ਰਭ ਸਾਚੇ ਸਚ ਜਣਾਈਆ । ਤੇਰਾ ਖੇਲ ਪੁਰਖ ਸਮਰਥ, ਪ੍ਰਭ ਤੇਰੇ ਹੱਥ ਵਡਿਆਈਆ । ਜਿਉਂ ਭਾਵੇ ਤਿਉਂ ਲਵੇਂ ਰੱਖ, ਲੱਖ ਚੁਰਾਸੀ ਤੇਰੀ ਜਗਤ ਲੋਕਾਈਆ । ਜੇ ਤੈਨੂੰ ਪਿੱਛਾ ਦੇ ਕੇ ਗਏ ਨੱਠ, ਮੁਖ ਭਵਾ ਭੱਜਣ ਵਾਹੋ ਦਾਹੀਆ । ਤੂੰ ਮਿਹਰਬਾਨ ਹੋ ਕੇ ਏਨ੍ਹਾਂ ਦੇ ਆਪਣੀ ਅੱਖ, ਜੋ ਤੈਨੂੰ ਰਹੇ ਭੁਲਾਈਆ । ਹਿਰਦੇ ਹੋ ਕੇ ਹਰਿ ਜੂ ਵਸ, ਹਰਿ ਮੰਦਰ ਦੇ ਵਖਾਈਆ । ਅੰਮ੍ਰਿਤ ਝਿਰਨਾ ਦੇ ਰਸ, ਬੂੰਦ ਸਵਾਂਤੀ ਮੁਖ ਚੁਆਈਆ । ਪਾਰਬ੍ਰਹਮ ਤੇਰੀ ਕਿਰਪਾ ਉਹ ਸਾਰੇ ਤੇਰੇ ਚਰਨੀ ਜਾਣ ਢੱਠ, ਹਉਮੇਂ ਹੰਗਤਾ ਕੋਇ ਰਹਿਣ ਨਾ ਪਾਈਆ । ਨਾਨਕ ਨਿਰਗੁਣ ਸਰਬ ਜੀਆਂ ਦੇ ਕੇ ਗਿਆ ਇਕੋ ਮੱਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਚਾਰ ਵਰਨ ਬਣੇ ਭਾਈ ਭਾਈਆ । ਗੋਬਿੰਦ ਅੰਮ੍ਰਿਤ ਆਤਮ ਗਿਆ ਝੱਟ, ਦੂਈ ਦਵੈਤੀ ਦੂਰ ਕਰਾਈਆ । ਸਰਬ ਜੀਆਂ ਦੀ ਇਕੋ ਮਤ, ਸ੍ਰੀ ਭਗਵਾਨ ਮਿਲੋ ਚਾਈਂ ਚਾਈਂਆ । ਦਿਵਸ ਰੈਣ ਅੱਠੇ ਪਹਿਰ ਗਹਿਰ ਗੰਭੀਰ ਗਾਵੋ ਜਸ, ਜਿਸ ਜਨ ਤੇਰੀ ਬਣਤ ਬਣਾਈਆ । ਕਰ ਕਿਰਪਾ ਪੁਰਖ ਸਮਰਥ, ਤੇਰੀ ਅੱਖ ਦਏ ਖੁਲ੍ਹਾਈਆ । ਤੇਰੇ ਨਾਲੋਂ ਨਾ ਹੋਵੇ ਵੱਖ, ਘਰ ਸਾਚੇ ਸੋਭਾ ਪਾਈਆ । ਇਕੇ ਮੰਦਰ ਗੁਰਮੁਖ ਗੁਰਸਿਖ ਸਤਿਗੁਰ ਨਾਲ ਜਾਣਾ ਵਸ, ਸਤਿਗੁਰ ਸ਼ਬਦ ਦੂਜਾ ਹੋਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟ ਸਬਾਈ ਇਕੋ ਨਾਦ ਜਣਾਈਆ । ਸਤਿਗੁਰ ਸ਼ਬਦ ਸਦਾ ਮਿਹਰਵਾਨ, ਪੰਜ ਤਤ ਕੰਮ ਕਿਸੇ ਨਾ ਆਈਆ । ਬਿਨ ਸਤਿਗੁਰ ਸ਼ਬਦ ਨਾ ਦੂਜਾ ਕੋਈ ਧਿਆਨ, ਸਤਿਗੁਰ ਸੁਆਮੀ ਇਕੋ ਨਜ਼ਰੀ ਆਈਆ । ਸਤਿਗੁਰ ਸ਼ਬਦ ਸਹਾਈ ਹੋਵੇ ਦੋ ਜਹਾਨ, ਏਥੇ ਓਥੇ ਲਏ ਤਰਾਈਆ । ਲਹਿਣਾ ਦੇਣਾ ਚੁਕਾਵੇ ਆਵਣ ਜਾਣ, ਲੱਖ ਚੁਰਾਸੀ ਫੰਦ ਕਟਾਈਆ । ਸਿਮਰੋ ਸਿਮਰੋ ਸਿਮਰਨ ਇਕ ਭਗਵਾਨ, ਸਿਮਰਤ ਰੋਗ ਸੋਗ ਦੁੱਖ ਮਿਟਾਈਆ । ਘਰ ਠਾਕਰ ਮਿਲੇ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਠਾਕਰ ਮਿਲਿਆਂ ਰੂਪ ਭਗਤ ਬਣੇ ਭਗਵਾਨ, ਭਗਵਾਨ ਭਗਤ ਇਕੋ ਘਰ ਬਹਿ ਕੇ ਖ਼ੁਸ਼ੀ ਮਨਾਈਆ । ਦੋਵੇਂ ਮਿਲ ਕੇ ਸਾਚਾ ਗੀਤ ਅਗੰਮੀ ਗਾਣ, ਸੋਹਲਾ ਢੋਲਾ ਇਕ ਸੁਣਾਈਆ । ਤੂੰ ਮੇਰਾ ਤੇਰਾ ਦੂਜਾ ਦਿਸੇ ਨਾ ਕੋਇ ਨਿਸ਼ਾਨ, ਨਿਸ਼ਾਨਾ ਸੋਹੰ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ੍ਰਿਸ਼ਟ ਸਬਾਈ ਦੇਵਣਹਾਰਾ ਸੱਚਾ ਵਰ, ਗੁਰ ਕਾ ਸ਼ਬਦ ਵਸਾਓ ਘਰ ਵਿਚ ਘਰ, ਭੈ ਭਿਆਨਕ ਦੂਜਾ ਚੁਕਾਓ ਡਰ, ਭਿਆਨਕ ਨਜ਼ਰ ਕੋਇ ਨਾ ਆਈਆ ।

## ੨੪ ਅੱਸੂ ੨੦੨੦ ਬਿਕ੍ਰਮੀ ਬਾਬੂ ਰਾਮ ਦੇ ਗ੍ਰਿਹਿ ਮਕਸੂਦੜਾ ਜ਼ਿਲਾ ਲੁਧਿਆਣਾ

ਜਗਤ ਵਿਵਹਾਰ ਰਿਹਾ ਬੀਤ, ਮਾਣ ਅਭਿਮਾਨ ਨਜ਼ਰ ਕੋਇ ਨਾ ਆਇੰਦਾ । ਜਿਨ੍ਹਾਂ ਮਿਲੇ ਪ੍ਰਭ ਸੱਜਣ ਸਤਿਗੁਰ ਮੀਤ, ਸ੍ਰੀ ਭਗਵਾਨ ਦਇਆ ਕਮਾਇੰਦਾ । ਤਿਨ੍ਹਾਂ ਭਗਤਾਂ ਅੰਤਰ ਆਤਮ ਹੋਏ ਠੰਡਾ ਸੀਤ, ਅਗਨੀ ਤਤ ਨਾ ਕੋਇ ਜਲਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਸਾਚੀ ਰੀਤ, ਪਤਿਪਰਮੇਸ਼ਵਰ ਦੁਖੀਆਂ ਦਰਦ ਦੁੱਖ ਵੰਡਾਇੰਦਾ । ਹਰਿਜਨ ਕਾਇਆ ਹਰਿਮੰਦਰ ਬਹਿ ਕੇ ਗਾਏ ਗੀਤ, ਸਚ ਮਸੀਤ ਇਕੋ ਇਕ ਸੁਹਾਇੰਦਾ । ਪਤਿਪਰਮੇਸ਼ਵਰ ਤਿਸ ਬਖ਼ਸ਼ੇ ਅਗੰਮੀ ਪ੍ਰੀਤ, ਨਾਤਾ ਬਿਧਾਤਾ ਇਕ ਜੁੜਾਇੰਦਾ । ਲੇਖਾ ਚੁਕਾਏ ਹਸਤ ਕੀਟ, ਮਿਹਰ ਨਜ਼ਰ ਨੈਣ ਉਠਾਇੰਦਾ । ਛਤਰ ਝੁਲਾਏ ਸ਼ਬਦੀ ਸੀਸ, ਜਗਦੀਸ ਸੋਭਾ ਪਾਇੰਦਾ । ਪਿਛਲਾ ਜੀਵਣ ਪਿਛਲੀ ਆਯੂ ਜੋ ਪਿੱਛੇ ਗਈ ਬੀਤ, ਅੱਗੇ ਸੁਖ ਸਾਗਰ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਇਕ ਉਠਾਇੰਦਾ ।

## ੨੪ ਅੱਸੂ ੨੦੨੦ ਬਿਕ੍ਰਮੀ ਬਿਸ਼ਨ ਸਿੰਘ ਦੇ ਨਾਲ ਗੁਰਦੁਆਰਾ ਰਾੜੇ ਵਾਲਾ ਜ਼ਿਲਾ ਲੁਧਿਆਣਾ

ਅੰਮ੍ਰਿਤ ਦਿਓ ਨਾਮ ਸ਼ਰਦਾਈ, ਜਿਸ ਪੀਤਿਆਂ ਤ੍ਰਿਸਨਾ ਰਹੇ ਨਾ ਰਾਈਆ । ਆਤਮ ਪਰਮਾਤਮ ਵਿਛੋੜਾ ਚੁੱਕੇ ਜੁਦਾਈ, ਘਰ ਮੇਲਾ ਸਹਿਜ ਸੁਭਾਈਆ । ਰਸ ਪੀ ਵੱਜੇ ਵਧਾਈ, ਧੁਨ ਆਤਮਕ ਅਨਾਦੀ ਰਾਗ ਅਲਾਈਆ । ਮਿਲੇ ਮੇਲ ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀ, ਨਿਰਗੁਣ ਨਿਰਵੈਰ ਨਿਰਾਕਾਰ ਜੋੜ ਜੁੜਾਈਆ । ਮਾਇਆ ਮਮਤਾ ਹਉਮੇਂ ਹੰਗਤਾ ਹੋਵੇ ਤਬਾਹੀ, ਪੰਚ ਵਿਕਾਰ ਰਹਿਣ ਨਾ ਪਾਈਆ । ਦੁਰਮਤ ਮੈਲ ਧੁਪੇ ਛਾਹੀ, ਨਿਰਮਲ ਸਤਿ ਸਰੂਪ ਨਜ਼ਰੀ ਆਈਆ । ਸੋ ਜਾਮ ਸੰਤ ਸੁਹੇਲੇ ਦੇਣਾ ਪਿਆਈ, ਜਿਸ ਪੀਤਿਆਂ ਅੰਤਰ ਆਤਮ ਸੁਖ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਜਨ ਭਗਤਾਂ ਦੇਂਦਾ ਨਾਮ ਸ਼ਰਦਾਈ, ਠਾਂਡਾ ਸੀਰ ਇਕੋ ਇਕ ਜਾਮ, ਪਿਆਇੰਦਾ । ਨਾਮ ਸ਼ਰਦਾਈ ਦਿਓ ਚੰਗੀ, ਵਸਤ ਝੋਲੀ ਇਕ ਪਾਈਆ । ਪੰਜ ਤਤ ਕਾਇਆ ਜਾਏ ਰੰਗੀ, ਰੰਗ ਚਲੂਲ ਇਕੋ ਨਜ਼ਰੀ ਆਈਆ । ਪਾਰਬ੍ਰਹਮ ਬ੍ਰਹਮ ਬਣੇ ਸੰਗੀ, ਘਰ ਸਾਚਾ ਸੰਗ ਨਿਭਾਈਆ । ਸ਼ਬਦ ਅਨਾਦ ਵੱਜੇ ਮਰਦੰਗੀ, ਅਨਹਦ ਧੁਨ ਉਪਜਾਈਆ । ਜਗਤ ਦੁਆਰਾ ਪਾਰ ਜਾਏ ਲੰਘੀ, ਨੌ ਦੁਆਰ ਡੇਰਾ ਢਾਹੀਆ । ਜੋਤ ਪਰਕਾਸ਼ ਹੋਵੇ ਨੰਗੀ, ਪੜਦਾ ਕੋਇ ਰਹਿਣ ਨਾ ਪਾਈਆ । ਅੰਮ੍ਰਿਤ ਧਾਰ ਮਿਲੇ ਅਨਮੰਗੀ, ਨਿਝਰ ਝਿਰਨਾ ਇਕ ਝਿਰਾਈਆ । ਸ਼ਬਦ ਸੁਹੇਲਾ ਬਣੇ ਸੱਚਾ ਸਤਿਸੰਗੀ, ਸੁਰਤੀ ਆਪਣੇ ਨਾਲ ਮਿਲਾਈਆ । ਠਾਂਡੀ ਧਾਰ ਵਹਾਏ ਅਗੰਮੀ ਗੰਗੀ, ਜਗਤ ਸੁਰਸਤੀ ਨੈਣ ਸ਼ਰਮਾਈਆ । ਪੀ ਪਿਆਲਾ ਮਨ ਮਤ ਬੁਧ ਰਹੇ ਨਾ ਅੰਧੀ, ਅਗਿਆਨ ਅੰਧੇਰ ਦੂਰ ਕਰਾਈਆ । ਇਕੋ ਸੁਣੇ ਸੁਣਾਏ ਸਾਚਾ ਛੰਦੀ, ਢੋਲਾ ਅਗੰਮ ਇਲਾਹੀਆ । ਅੱਗੇ ਰਹੇ ਨਾ ਕੋਈ ਪਾਬੰਦੀ, ਲੇਖਾ ਮੰਗਣ ਕੋਇ ਨਾ ਆਈਆ । ਸਾਚੀ ਮਿਲੇ ਇਕ ਸੁਗੰਧੀ, ਦੁਰਮਤ ਮੈਲ ਡੇਰਾ ਢਾਹੀਆ । ਅੰਮ੍ਰਿਤ ਜਾਮ ਸੰਤ ਸਹੇਲੀ ਸੱਜਣ ਇਕ ਪਲੰਦੀ, ਸਚ ਪਿਆਲਾ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਾਚਾ ਦਰ, ਘਰ ਸੱਚੇ ਇਕੋ ਆਸ ਰਖਾਈਆ । ਨਾਮ ਸ਼ਰਦਾਈ ਮਿਲੇ ਅਤੁਟ, ਤੋਟ ਰਹਿਣ ਨਾ

ਪਾਈਆ । ਅੰਮ੍ਰਿਤ ਜਾਮ ਰਸ ਆਵੇ ਘੁੱਟ, ਅਨਰਸ ਆਪਣਾ ਰੰਗ ਰੰਗਾਈਆ । ਕੂੜ ਵਿਕਾਰ ਕੱਢੇ ਕੁੱਟ, ਤਿਖੀ ਧਾਰ ਇਕ ਜਣਾਈਆ । ਸਚ ਪਰਕਾਸ਼ ਅੰਦਰੋਂ ਪਏ ਫੁੱਟ, ਜੋਤੀ ਨੂਰ ਜ਼ਹੂਰ ਰੁਸ਼ਨਾਈਆ । ਸਾਹਿਬ ਸਤਿਗੁਰ ਵਖਾਏ ਮੁਖ, ਜੋ ਬੈਠਾ ਮੁਖ ਛੁਪਾਈਆ । ਸਾਂਤਕ ਸਤਿ ਕਰ ਮੇਟੇ ਦੁੱਖ, ਦਰਦ ਦੁੱਖ ਭੈ ਭੰਜਨ ਦਇਆ ਕਮਾਈਆ । ਅੰਮ੍ਰਿਤ ਜਾਮ ਪੀ ਬੋਲਣ ਸੁਣਨ ਦੀ ਹੋ ਜਾਏ ਚੁਪ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਸਚ ਵਰ, ਵਸਤ ਇਕੋ ਇਕ ਮੰਗ ਮੰਗਾਈਆ । ਨਾਮ ਸ਼ਰਦਾਈ ਦਿਓ ਦਾਨ, ਵਸਤ ਅਮੋਲਕ ਇਕ ਵਖਾਇੰਦਾ । ਜਿਸ ਪੀਤਿਆਂ ਅੰਤਰ ਆਤਮ ਹੋਏ ਗਿਆਨ, ਜਗਤ ਅੰਧੇਰ ਦੂਰ ਕਰਾਇੰਦਾ । ਸਚ ਸਰੋਵਰ ਸਰ ਅਸ਼ਨਾਨ, ਕਾਗ ਹੰਸ ਰੂਪ ਵਟਾਇੰਦਾ । ਨਿਰਗੁਣ ਦੀਆ ਬਾਤੀ ਜੋਤ ਜਗੇ ਮਹਾਨ, ਘਰ ਮੰਦਰ ਅੰਦਰ ਸੋਭਾ ਪਾਇੰਦਾ । ਤਿਸ ਗ੍ਰਿਹ ਅੰਮ੍ਰਿਤ ਰਸ ਮਿਲੇ ਮਹਾਨ, ਸੋ ਰਸ ਸਾਹਿਬ ਸਤਿਗੁਰ ਸ਼ਹਿਨਸ਼ਾਹ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦਾ ਮੰਗੋ ਅਗੰਮੀ ਵਰ, ਜਿਸ ਮਿਲਿਆਂ ਸੁਖ ਸਾਗਰ ਰੂਪ ਵਟਾਇੰਦਾ । ਸਚ ਪ੍ਰੇਮ ਸੱਚੀ ਸ਼ਰਦਾਈ, ਸ਼ਰਧਾ ਪੂਰ ਇਕ ਜਣਾਇੰਦਾ । ਜਿਸ ਪੀਤਿਆਂ ਨਾ ਮਨ ਰਹੇ ਸ਼ਦਾਈ, ਸੰਸਾ ਰੋਗ ਸਰਬ ਮਿਟਾਇੰਦਾ । ਘਰ ਵਿਚ ਘਰ ਵੱਜੇ ਵਧਾਈ, ਗ੍ਰਿਹ ਮੰਦਰ ਸੋਭਾ ਪਾਇੰਦਾ । ਨੂਰ ਜ਼ਹੂਰ ਕਰੇ ਰੁਸ਼ਨਾਈ, ਕਮਲਾਪਾਤੀ ਖੇਲ ਖਿਲਾਇੰਦਾ । ਸੋ ਪਿਆਲਾ ਸਚ ਦੇਣਾ ਪਿਆਈ, ਜਿਸ ਪੀਤਿਆਂ ਰਸ ਮੁੱਕ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਸੱਚਾ ਵਰ, ਸਚ ਪਿਆਲਾ ਇਕੋ ਇਕ ਵਖਾਇੰਦਾ । ਨਾਮ ਸ਼ਰਦਾਈ ਸਾਚੀ ਮਧ, ਮਧੁਰ ਧੁਨ ਦਏ ਉਪਜਾਈਆ । ਕੂੜੀ ਕਿਰਿਆ ਪਾਰ ਕਰੇ ਹੱਦ, ਸਚ ਮੰਦਰ ਦਏ ਵਖਾਈਆ । ਜਿਥੇ ਗੁਰਸਿਖ ਸਤਿਗੁਰ ਦੋਵੇਂ ਰਹੇ ਸਜ, ਖ਼ੁਸ਼ੀਆਂ ਗੀਤ ਗੋਬਿੰਦ ਅਲਾਈਆ । ਸੋ ਗ੍ਰਿਹ ਬਿਨ ਮਕਿਉਂ ਕਾਅਬਿਉਂ ਕਰਾਏ ਹੱਜ, ਹੁਜਰਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਇਕ ਵਰ, ਸਾਚਾ ਰਸ ਬਿਨ ਰਸਨਾ ਦੇਣਾ ਵਰਤਾਈਆ । ਸਾਚਾ ਰਸ ਅੰਮ੍ਰਿਤ ਅਪਾਰ, ਹਰਿ ਸੰਤਨ ਹੱਥ ਫੜਾਈਆ । ਗਹਿਰ ਗੰਭੀਰ ਭਰ ਭੰਡਾਰ, ਅਤੋਟ ਅਤੁਟ ਵਰਤਾਈਆ । ਸਾਚੇ ਸੰਤ ਸਦਾ ਕਰਨ ਪਿਆਰ, ਮਿਹਰ ਨਜ਼ਰ ਨੈਣ ਉਠਾਈਆ । ਭੁੱਲਾ ਭਟਕਾ ਜੇ ਕੋਈ ਆਏ ਦੁਆਰ, ਤਿਸ ਆਸਾ ਮਨਸਾ ਪੂਰ ਕਰਾਈਆ । ਫਿਰਦਾ ਤੁਰਦਾ ਜੋਤੀ ਧਾਰਾ ਦਰ ਆਇਆ ਭਿਖਾਰ, ਮੰਗੇ ਮੰਗ ਬੇਪਰਵਾਹੀਆ । ਕਿਰਪਾ ਕਰ ਸੰਤ ਪਿਆਰ, ਸੱਜਣ ਦੇਣੀ ਇਕ ਵਡਿਆਈਆ । ਰਾੜੇ ਵਾਲਾ ਗੁਰੂ ਗੁਰੂਦੁਆਰ, ਗੁਰ ਵੇਖੇ ਸ਼ਹਿਨਸ਼ਾਹੀਆ । ਅੰਤਰ ਅੰਤਰ ਦਿਓ ਆਧਾਰ, ਮੰਤਰ ਮੰਤਰ ਸ਼ਬਦ ਜਣਾਈਆ । ਦੂਜੀ ਰਸਨਾ ਕਰੋ ਵਿਚਾਰ, ਬੱਤੀ ਦੰਦ ਨਾਲ ਮਿਲਾਈਆ । ਘਰੋਂ ਪਿਆਲਾ ਅੰਮ੍ਰਿਤ ਸ਼ਰਦਾਈ ਦੇਣਾ ਪਿਆਲ, ਬਾਹਰੋਂ ਮੰਗਣ ਕੋਇ ਨਾ ਜਾਈਆ । ਬੰਕ ਦੁਆਰ ਸੋਹੇ ਸੱਚੀ ਧਰਮਸਾਲ, ਗ੍ਰਿਹ ਮੰਦਰ ਖ਼ੁਸ਼ੀ ਵਖਾਈਆ । ਦਰ ਮਾਂਗਤ ਫਿਰੇ ਕੰਗਾਲ, ਭਿਖਕ ਆਪਣੀ ਝੋਲੀ ਡਾਹੀਆ । ਸੰਤ ਸਤਿਗੁਰ ਸਦਾ ਦਿਆਲ, ਦਇਆਵਾਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੰਗਣਹਾਰਾ ਸਚ ਵਰ, ਵਸਤ ਅਮੋਲਕ ਇਕੋ ਮੰਗ ਮੰਗਾਈਆ ।

## ✪ ੨੪ ਅੱਸੂ ੨੦੨੦ ਬਿਕ੍ਰਮੀ ਭਜਨ ਸਿੰਘ ਦੇ ਗ੍ਰਿਹ ਪਿੰਡ ਜੀਰਖ ਜ਼ਿਲਾ ਲੁਧਿਆਣਾ ✪



ਗੁਰ ਅਵਤਾਰ ਪੀਰ ਪੈਗ਼ੰਬਰ ਆਓ ਨੇੜੇ, ਸਚਖੰਡ ਨਿਵਾਸੀ ਪੁਰਖ ਅਕਾਲ ਰਿਹਾ ਜਣਾਈਆ । ਲੋਕਮਾਤ ਵੇਖੇ ਝੇੜੇ, ਧਰਤ ਧਵਲ ਦਏ ਦੁਹਾਈਆ । ਕੂੜੀ ਕਿਰਿਆ ਵਸਦੇ ਖੇੜੇ, ਸਤਿ ਧਰਮ ਨਜ਼ਰ ਕੋਇ ਨਾ ਆਈਆ । ਕਲਜੁਗ ਦੇਵੇ ਆਪਣੇ ਗੇੜੇ, ਚਾਰ ਕੁੰਟ ਰਿਹਾ ਭਵਾਈਆ । ਜੂਠ ਝੂਠ ਲੱਗੇ ਡੇਰੇ, ਸਚ ਸੁਚ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਤ੍ਰੈਗੁਣ ਮਾਇਆ ਆਈ ਘੇਰੇ, ਪੱਲੂ ਸਕੇ ਨਾ ਕੋਇ ਛੁਡਾਈਆ । ਸਤਿ ਅਸਤਿ ਨਾ ਕੋਈ ਨਖੇੜੇ, ਬ੍ਰਹਮ ਮਤ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਵੇ ਕੋਲ, ਸੋ ਪੁਰਖ ਨਿਰੰਜਣ ਆਪ ਜਣਾਈਆ । ਕਲਜੁਗ ਵੇਖੋ ਵੱਜਦਾ ਢੋਲ, ਡੰਕਾ ਡੌਰੂ ਕੂੜ ਸੁਣਾਈਆ । ਸਚ ਦੁਆਰ ਜੋ ਆਏ ਖੋਲ੍ਹ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਫੇਰਾ ਪਾਈਆ । ਧੁਰ ਦੀ ਬਾਣੀ ਸ਼ਬਦ ਅਗੰਮ ਜੋ ਆਏ ਬੋਲ, ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਸ਼ਬਦੀ ਸ਼ਬਦ ਲਿਖਾਈਆ । ਚਾਰ ਕੁੰਟ ਦਹਿ ਦਿਸ਼ਾ ਸ੍ਰਿਸ਼ਟ ਸਬਾਈ ਕਰੇ ਨਾ ਕੋਈ ਅਡੋਲ, ਧੀਰਜ ਧੀਰ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸਾ ਇਕ ਅਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਆ, ਨਿਰਗੁਣ ਨਿਰਗੁਣ ਰਿਹਾ ਜਣਾਈਆ । ਨੇਤਰ ਲੋਚਣ ਨੈਣ ਲਓ ਖੁਲ੍ਹਾ, ਪਰਦਾ ਰੂਪ ਨਾ ਕੋਇ ਵਖਾਈਆ । ਕਲਜੁਗ ਅੰਤਮ ਸਾਚਾ ਦਿਸੇ ਨਾ ਕੋਇ ਮਲਾਹ, ਬੇੜਾ ਕੰਧ ਨਾ ਕੋਇ ਉਠਾਈਆ । ਚਾਰ ਕੁੰਟ ਅੰਧੇਰਾ ਰਿਹਾ ਛਾ, ਚੰਦ ਨੂਰ ਨਾ ਕੋਇ ਰੁਸ਼ਨਾਈਆ । ਕੋਈ ਨਾ ਜਪੇ ਹਰਿ ਕਾ ਨਾਂ, ਹਿਰਦੇ ਹਰਿ ਨਾ ਕੋਇ ਵਸਾਈਆ । ਕੋਈ ਖਾਵੇ ਸੂਰ ਕੋਈ ਖਾਵੇ ਗਾਂ, ਜ਼ਿਬਹ ਛੁਰੀ ਹੱਥ ਉਠਾਈਆ । ਆਪਣਾ ਆਪ ਸਕੇ ਨਾ ਕੋਈ ਪਛਾਣ, ਬ੍ਰਹਮ ਪਾਰਬ੍ਰਹਮ ਮੇਲ ਨਾ ਕੋਇ ਮਿਲਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਸਚ ਕਰੇ ਨਾ ਕੋਇ ਨਿਆਂ, ਅਦਲ ਹੱਥ ਕਿਸੇ ਨਾ ਆਈਆ । ਮਾਵਾਂ ਪੁੱਤਰਾਂ ਪ੍ਰੀਤੀ ਦਿਸੇ ਕੋਈ ਨਾ, ਝਗੜਾ ਪਿਆ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਘਰ, ਸੋ ਸਾਹਿਬ ਆਪ ਜਣਾਈਆ । ਮੰਦਰ ਅੰਦਰ ਵੇਖੋ ਚੜ੍ਹ, ਗ੍ਰਿਹ ਆਪਣਾ ਫੇਰਾ ਪਾਈਆ । ਸਾਚਾ ਨਾਮ ਬਿਨ ਜਗਤ ਤ੍ਰਿਸਨਾ ਕੋਈ ਨਾ ਰਿਹਾ ਪੜ੍ਹ, ਮਨ ਵਾਸਨਾ ਚਾਰੋਂ ਕੁੰਟ ਦਏ ਦੁਹਾਈਆ । ਸਾਧ ਸੰਤ ਜੀਵ ਜੰਤ ਅਧਵਿਚਕਾਰੇ ਸਾਰੇ ਰਹੇ ਅੜ, ਪਾਂਧੀ ਪੰਧ ਨਾ ਕੋਇ ਮੁਕਾਈਆ । ਮਿਲੇ ਮੇਲ ਨਾ ਕੋਇ ਨਰਾਇਣ ਨਰ, ਨਰ ਹਰਿ ਅੰਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਧਾਰ ਆਪ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੜਦਾ ਲੈਣਾ ਚੁਕ, ਪਰਵਰਦਿਗਾਰ ਬੇਪਰਵਾਹ ਆਪ ਜਣਾਈਆ । ਨਵ ਨੌ ਚਾਰ ਅੰਧੇਰਾ ਘੁੱਪ, ਸਤਿ ਪਰਕਾਸ਼ ਨਾ ਕੋਇ ਵਖਾਈਆ । ਜਗਤ ਗਿਆਨ ਧਰਮ ਨਿਸ਼ਾਨ ਸ੍ਰਿਸ਼ਟ ਸਬਾਈ ਗਿਆ ਛੁਪ, ਸਤਿ ਸਤਿਵਾਦ ਨਜ਼ਰ ਕੋਇ ਨਾ ਆਈਆ । ਗ਼ਰੀਬ ਨਿਮਾਣਿਆਂ ਜਗਤ ਨਿਤਾਣਿਆਂ ਸਕੇ ਨਾ ਕੋਈ ਪੁੱਛ, ਸ਼ਾਹ ਸੁਲਤਾਨ ਸਚ ਸੁਚ ਹੱਥ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ

੮੩੬ ੧੫

ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗੰਬਰ ਵੇਖੇ ਮੀਤ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਲੱਖ ਚੁਰਾਸੀ ਸਾਫ਼ ਦਿਸੇ ਨਾ ਕੋਇ ਨੀਤ, ਨੀਤੀਵਾਨ ਸੰਗ ਨਾ ਕੋਇ ਰਖਾਇੰਦਾ । ਰਸਨਾ ਜਿਹਵਾ ਬੱਤੀ ਦੰਦ ਮੰਦਰ ਮਸਜਦ ਸ਼ਿਵਦਵਾਲੇ ਮੱਠ ਗਾਉਂਦੇ ਗੀਤ, ਅੰਤਰ ਆਤਮ ਪ੍ਰੇਮ ਨਾ ਕੋਇ ਲਗਾਇੰਦਾ । ਅੰਮ੍ਰਿਤ ਰਸ ਕੌੜਾ ਹੋਇਆ ਮੀਠ, ਦੁਰਮਤ ਮੈਲ ਦੂਰ ਨਾ ਕੋਇ ਕਰਾਇੰਦਾ । ਸਤਿ ਸੁਆਮੀ ਅੰਤਰਜਾਮੀ ਹਰਿ ਸਤਿਗੁਰ ਵਸੇ ਨਾ ਕਿਸੇ ਚੀਤ, ਚਿਤ ਵਿਤ ਠਗੌਰੀ ਸਰਬ ਰਖਾਇੰਦਾ । ਦਰ ਦਰ ਘਰ ਘਰ ਜਗਤ ਭੰਡਾਰ ਮੰਗਦੇ ਸਾਰੇ ਭੀਖ ਵਸਤ ਅਮੋਲਕ ਨਾਮ ਝੋਲੀ ਕੋਇ ਨਾ ਪਾਇੰਦਾ । ਕਲਜੁਗ ਅੰਤਮ ਸਾਰੇ ਵੇਖੇ ਚੌਥੇ ਜੁਗ ਨੇੜੇ ਆਈ ਤਾਰੀਖ, ਵਾਰ ਥਿਤ ਸਰਬ ਦੇਣ ਗਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੀ ਰੱਖਦੇ ਗਏ ਉਡੀਕ, ਸੋ ਮਿਹਰਵਾਨ ਹੁਕਮ ਵਰਤਾਈਆ । ਆਪਣੀ ਹੱਥੀਂ ਨਿਰਵੈਰ ਪੁਰਖ ਕਰੇ ਆਪ ਤਸਦੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਵੇਖਣ ਜੱਗ, ਸਦੀ ਬੀਸਵੀਂ ਧਿਆਨ ਲਗਾਈਆ । ਨਵ ਖੰਡ ਪ੍ਰਿਥਮੀ ਜਗਤ ਵਿਕਾਰ ਲੱਗੀ ਅੱਗ, ਸੱਤ ਦੀਪ ਰਹੇ ਕੁਰਲਾਈਆ । ਕਿਸੇ ਮੁਰਸ਼ਦ ਨਾ ਮਿਲੇ ਮੱਕੇ ਕਾਅਬੇ ਕਰਾਉਣਾ ਹੱਜ, ਹਜ਼ਰਤ ਨੂਰ ਨਾ ਕੋਇ ਰੁਸ਼ਨਾਈਆ । ਕਿਸੇ ਰਾਮ ਨਾ ਮਿਲੇ ਮੰਦਰ ਸ਼ਿਵਦਵਾਲੇ ਮੱਠ, ਕਾਹਨਾ ਬੰਸਰੀ ਸਚ ਨਾ ਕੋਇ ਵਜਾਈਆ । ਨਾਨਕ ਗੋਬਿੰਦ ਚਾਰ ਕੁੰਟ ਦਹਿ ਦਿਸ਼ਾ ਕਿਸੇ ਨਾ ਆਵੇ ਹੱਥ, ਸਨਮੁਖ ਰੂਪ ਨਾ ਕੋਇ ਵਖਾਈਆ । ਨੇਤਰ ਰੋਵਣ ਤੀਰਥ ਅਠ ਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਦਏ ਦੁਹਾਈਆ । ਵਿਸ਼ਨ ਬ੍ਰਹਮਾ ਸ਼ਿਵ ਵਾਹੋ ਦਾਹੀ ਰਹੇ ਨੱਠ, ਆਪ ਆਪਣਾ ਪੰਧ ਮੁਕਾਈਆ । ਨੇਤਰ ਰੋ ਆਪਣਾ ਹਾਲ ਰਹੇ ਦੱਸ, ਪਾਰਬ੍ਰਹਮ ਪ੍ਰਭ ਸੀਸ ਝੁਕਾਈਆ । ਸ੍ਰੀ ਭਗਵਾਨ ਸਾਡੇ ਕੁਛ ਨਹੀਂ ਵਸ, ਕਲਜੁਗ ਆਪਣਾ ਹੁਕਮ ਵਰਤਾਈਆ । ਜਗਤ ਜੀਵਾਂ ਕੂੜੀ ਪਾਈ ਨੱਥ, ਫੜ ਡੋਰੀ ਤੰਦ ਹਿਲਾਈਆ । ਅੰਤਰ ਰਹਿਣ ਨਾ ਦਿਤਾ ਤੇਰੇ ਨਾਮ ਰਸ, ਕੂੜੀ ਵਿਖ ਇਕ ਭਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਸੱਚਾ ਮਾਰਗ ਆਏ ਦੱਸ, ਜੀਵ ਜੰਤ ਗਏ ਭੁਲਾਈਆ । ਜਗਤ ਪ੍ਰੀਤੀ ਕਰਨ ਇਕੱਠ, ਆਤਮ ਮੇਲ ਨਾ ਕੋਇ ਮਿਲਾਈਆ । ਬਣ ਵਣਜਾਰੇ ਖੋਲ੍ਹਣ ਹੱਟ, ਸੌਦਾ ਨਾਮ ਨਾ ਕੋਇ ਵਿਕਾਈਆ । ਰਸਨਾ ਜਿਹਵਾ ਗਾ ਗਾ ਗਾਥ, ਜਗਤ ਜੀਵ ਕਰਨ ਪੜ੍ਹਾਈਆ । ਮਿਲੇ ਮੇਲ ਨਾ ਪੁਰਖ ਸਮਰਾਥ, ਸਾਚੀ ਸਮਝ ਨਾ ਕੋਇ ਸਮਝਾਈਆ । ਸਾਰੇ ਹੋਏ ਅੰਤ ਬੇਵਸ, ਬੇਪਰਵਾਹ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਬੇਅੰਤ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਜਗਤ ਵਿਹਾਰ, ਸਚਖੰਡ ਬੈਠੇ ਸਾਰੇ ਦੇਣ ਦੁਹਾਈਆ । ਸਦੀ ਚੌਧਵੀਂ ਆਈ ਹਾਰ, ਹਰਿ ਹਰਿ ਹਿਰਦੇ ਨਾਮ ਨਾ ਕੋਇ ਵਸਾਈਆ । ਬੀਸ ਬੀਸੇ ਹੋਣ ਖ਼ੁਆਰ, ਜਗਤ ਖ਼ੁਆਰੀ ਪਿਛੇ ਭੱਜੇ ਵਾਹੋ ਦਾਹੀਆ । ਸਾਚਾ ਮਿੱਤਰ ਮਿਲੇ ਨਾ ਮੀਤ ਮੁਰਾਰ, ਸੱਜਣ ਨਜ਼ਰ ਕੋਇ ਨਾ ਆਈਆ । ਆਤਮ ਪਰਮਾਤਮ ਦਏ ਨਾ ਕੋਇ ਆਧਾਰ, ਪਾਰਬ੍ਰਹਮ ਬ੍ਰਹਮ ਭੇਵ ਨਾ ਕੋਇ ਖੁਲ੍ਹਾਈਆ । ਆਤਮ ਬੀ ਕੋਈ ਨਾ ਵੇਖੇ ਸਚ ਵਿਹਾਰ, ਫੁਲ ਫਲਵਾੜੀ ਪਤ ਡਾਲੀ ਸਾਚੇ ਨਾਮ ਨਾ ਕੋਇ ਮਹਿਕਾਈਆ । ਗੁਲਸ਼ਨ ਖਿੜੇ ਨਾ ਕੋਇ ਗੁਲਜ਼ਾਰ, ਕਲੀ ਕਲੀ ਨਾ ਕੋਇ ਮਹਿਕਾਈਆ । ਨੌ ਖੰਡ ਪ੍ਰਿਥਮੀ ਕੂੜੀ ਕਿਰਿਆ ਰਹੀ ਝੱਖ ਮਾਰ, ਸਾਚਾ ਮੰਤਰ ਸਮਝ ਕੋਇ ਨਾ ਪਾਈਆ । ਚਾਰੋਂ ਕੁੰਟ ਦਿਸੇ ਵਿਭਚਾਰ, ਨਰ ਹਰਿ ਕੰਤ ਨਾ ਕੋਇ ਹੰਡਾਈਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਤੇਰੇ ਝੋਲੀ ਡਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਝੋਲੀ ਰਹੇ ਅੱਡ, ਸਚਖੰਡ ਦੁਆਰੇ ਸੀਸ ਝੁਕਾਈਆ । ਕਿਰਪਾ ਕਰ ਪੁਰਖ ਸਮਰਥ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਦਰੋਹੀ ਖ਼ੁਦਾਏ ਸਾਡੇ ਖ਼ਾਲੀ ਹੱਥ, ਵਸਤ ਸੰਗ ਨਾ ਕੋਇ ਜਣਾਈਆ । ਕਲਜੁਗ ਅੰਤਮ ਖੇੜਾ ਹੁੰਦਾ ਦਿਸੇ ਭੱਠ, ਅਗਨੀ ਲੰਬੂ ਪੰਜ ਤਤ ਇਕੋ ਲਾਈਆ । ਸਾਚੀ ਹੱਥ ਕਿਸੇ ਨਾ ਆਵੇ ਬ੍ਰਹਮ ਮਤ, ਮਨਮਤ ਰਹੇ ਪਰਨਾਈਆ । ਨਾੜ ਬਹੱਤਰ ਸਭ ਦੀ ਉਬਲੇ ਰਤ, ਅੰਮ੍ਰਿਤ ਮੁਖ ਸਵਾਂਤੀ ਬੂੰਦ ਅਮਿਉਂ ਰਸ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਕਲਜੁਗ ਵੇਖ ਪ੍ਰਭੂ ਅੰਧ ਘੋਰ, ਗੁਰ ਅਵਤਾਰਾਂ ਰਿਹਾ ਜਣਾਈਆ । ਉਠੋ ਵੇਖੋ ਸਾਧ ਸੰਤ ਬਣੇ ਚੋਰ, ਕਲਜੁਗ ਠੱਗੀ ਰਹੇ ਕਮਾਈਆ । ਰਸਨਾ ਜਿਹਵਾ ਪਾ ਪਾ ਸ਼ੋਰ, ਜੀਵਾਂ ਜੰਤਾਂ ਰਹੇ ਜਣਾਈਆ । ਆਤਮ ਪਰਮਾਤਮ ਕੋਈ ਨਾ ਸਕੇ ਜੋੜ, ਛੁਟਕੀ ਲਿਵ ਨਾ ਕੋਇ ਲਗਾਈਆ । ਪੰਚ ਵਿਕਾਰਾ ਕੋਈ ਨਾ ਸਕੇ ਹੋੜ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਡੇਰਾ ਢਾਹੀਆ । ਮਾਣਸ ਪੰਖੀ ਪੰਛੀ ਹੋਏ ਢੋਰ, ਦੇਵਤ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਜਣਾਈਆ । ਗੁਰ ਅਵਤਾਰ ਪੈਗ਼ੰਬਰ ਵੇਖੋ ਅੱਗ ਲੱਗੀ, ਤ੍ਰੈਗੁਣ ਆਪਣਾ ਤਤ ਜਣਾਈਆ । ਕੂੜੀ ਕਿਰਿਆ ਜਗਤ ਵੈਰਾਗਣ ਫਿਰੇ ਭੱਜੀ, ਚਾਰੋਂ ਕੁੰਟ ਫੇਰਾ ਪਾਈਆ । ਮਨ ਵਾਸਨਾ ਸ੍ਰਿਸ਼ਟ ਸਬਾਈ ਬੱਧੀ, ਤ੍ਰਿਸਨਾ ਸਕੇ ਨਾ ਕੋਇ ਬੁਝਾਈਆ । ਕੋਟਨ ਕੋਟ ਗੁਰੂ ਬਣ ਬਣ ਕਲਜੁਗ ਅੰਤ ਹੰਡਾਵਣ ਗੱਦੀ, ਸ਼ਾਹ ਪਾਤਸ਼ਾਹ ਸਚ ਸੁਲਤਾਨਾ ਗੱਦੀਦਾਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰਾਂ ਕਲਜੁਗ ਅੰਤਮ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੱਖ ਚੁਰਾਸੀ ਵੇਖ ਹਾਲਤ, ਹੋਕਾ ਦੇ ਦੇ ਗਏ ਸੁਣਾਈਆ । ਪਾਰਬ੍ਰਹਮ ਤੁਧ ਬਿਨ ਕੋਈ ਨਾ ਕਰੇ ਸਚ ਅਦਾਲਤ, ਦੋ ਜਹਾਨ ਮਾਰਗ ਕੋਈ ਨਾ ਲਾਈਆ । ਲੋਕਮਾਤ ਦੀਨ ਮਜ਼੍ਹਬ ਜ਼ਾਤ ਪਾਤ ਪਾਈ ਬਗ਼ਾਵਤ, ਝਗੜਾ ਕਰੇ ਸਰਬ ਲੋਕਾਈਆ । ਤੇਰਾ ਨਾਮ ਕਿਸੇ ਦਰ ਨਾ ਹੋਏ ਸਖ਼ਾਵਤ, ਮਿਹਰਵਾਨ ਮਿਹਰ ਨਜ਼ਰ ਨਾ ਕੋਇ ਉਠਾਈਆ । ਕਾਇਆ ਅੰਤਰ ਮਨ ਵਾਸਨਾ ਸਭ ਨੂੰ ਲੱਗੀ ਅਲਾਮਤ, ਗੁਰ ਮੰਤਰ ਜਾਪ ਨਾ ਕੋਇ ਜਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਹਰਿ ਕਾ ਨਾਮ ਦੇ ਕੇ ਆਏ ਅਮਾਨਤ, ਲੱਖ ਚੁਰਾਸੀ ਜੀਵ ਜੰਤ ਸਮਝਾਈਆ । ਕਲਜੁਗ ਕੂੜੀ ਕਿਰਿਆ ਕੀਤੀ ਵਿਚ ਖਿਆਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਨਿਰਵੈਰ ਆਪਣੀ ਦਇਆ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹ ਵੇਖੋ ਵਿਸਮਾਦ, ਵਿਸਮਾਦੀ ਆਪ ਜਣਾਈਆ । ਜੁਗ ਚੌਕੜੀ ਖੇਲਿਆ ਖੇਲ ਵਿਚ ਬ੍ਰਹਿਮਾਦ, ਬ੍ਰਹਿਮੰਡ ਰਿਹਾ ਜਣਾਈਆ । ਬੋਧ ਅਗਾਧਾ ਸ਼ਬਦ ਸੁਣਾਇਆ ਵਿਸਮਾਦ, ਖਾਣੀ ਬਾਣੀ ਰੂਪ ਵਖਾਈਆ । ਆਤਮ ਪਰਮਾਤਮ ਸਾਚੀ ਸਿਖਿਆ ਦਿਤੀ ਸਾਧ, ਸਾਧਨਾ ਇਕੋ ਇਕ ਰਖਾਈਆ । ਬਿਨ ਰਸਨਾ ਜਿਹਵਾ ਮਾਰ ਅਗੰਮੀ ਆਵਾਜ਼, ਸੋਈ ਸੁਰਤੀ ਸ਼ਬਦ ਉਠਾਈਆ । ਨਿਰਗੁਣ ਸਰਗੁਣ ਰਚ ਕੇ ਕਾਜ, ਕਰਨੀ ਕਰਤਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਵੇਸ ਵਖਾਈਆ । ਕਲਜੁਗ ਵੇਖੋ ਕੂੜ ਮਰਦੰਗ, ਡੰਕਾ ਇਕੋ ਇਕ ਵਜਾਈਆ । ਘਰ ਘਰ ਅੰਦਰ ਬੈਠਾ ਲੰਘ,

੮੩੮
੧੫

ਜਗਤ ਦੁਆਰੇ ਸੋਭਾ ਪਾਈਆ । ਬਿਨ ਹਰਿ ਨਾਮੇ ਸਾਰੇ ਕੀਤੇ ਨੰਗ, ਸ਼ਬਦ ਦੋਸ਼ਾਲਾ ਹੱਥ ਨਾ ਕੋਇ ਉਠਾਈਆ । ਚਾਰੋਂ ਕੁੰਟ ਨੰਗੀ ਦਿਸੇ ਕੰਡ, ਮਿਹਰ ਨਜ਼ਰ ਕੋਇ ਨਾ ਪਾਈਆ । ਬਿਨ ਹਰਿ ਕੰਤ ਜਗਤ ਦੁਹਾਗਣ ਨਾਰ ਹੋਈ ਰੰਡ, ਸੁਹਾਗ ਨਜ਼ਰ ਕੋਇ ਨਾ ਆਈਆ । ਨੇਤਰ ਰੋਵੇ ਜੇਰਜ ਅੰਡ, ਉਤਭੁਜ ਸੇਤਜ ਰਹੀ ਕੁਰਲਾਈਆ । ਨੀਰ ਵਹਾਏ ਖੰਡ ਬ੍ਰਹਿਮੰਡ, ਬ੍ਰਹਿਮਾਂਡ ਦਏ ਦੁਹਾਈਆ । ਪਰਗਟ ਹੋ ਸੂਰੇ ਸਰਬੰਗ, ਪਾਰਬ੍ਰਹਮ ਤੇਰੀ ਸਰਨਾਈਆ । ਬਿਨ ਤੇਰੇ ਕੋਈ ਨਾ ਦੇਵੇ ਅਨੰਦ, ਅਨੰਦ ਆਤਮ ਨਾ ਕੋਇ ਵਖਾਈਆ । ਜਗਤ ਜੀਵਾਂ ਤੁਟੀ ਗੰਢ, ਆਪ ਆਪਣਾ ਮੇਲ ਮਿਲਾਈਆ । ਲੱਖ ਚੁਰਾਸੀ ਚੁੱਕੇ ਪੰਧ, ਆਵਣ ਜਾਵਣ ਰਹਿਣ ਨਾ ਪਾਈਆ । ਧੁਰ ਦਾ ਢੋਲਾ ਸੁਣਾ ਇਕੋ ਛੰਦ, ਚਾਰ ਵਰਨ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਚਾ ਰੰਗ ਇਕ ਰੰਗਾਈਆ । ਸਾਚਾ ਰੰਗ ਚਾੜ੍ਹ ਅਗੰਮ, ਅਗੰਮ ਅਗੰਮੜੇ ਤੇਰੀ ਸਰਨਾਈਆ । ਭਾਗ ਲੱਗੇ ਕਾਇਆ ਮਾਟੀ ਚੰਮ, ਚੰਮ ਦ੍ਰਿਸ਼ਟੀ ਦੇ ਬਦਲਾਈਆ । ਹਰਖ਼ ਸੋਗ ਨਾ ਰਹੇ ਗ਼ਮ, ਚਿੰਤਾ ਦੁੱਖ ਨਾ ਕੋਇ ਜਣਾਈਆ । ਭੇਵ ਖੁਲ੍ਹਾ ਹੰ ਬ੍ਰਹਮ, ਪਾਰਬ੍ਰਹਮ ਤੇਰੀ ਸਰਨਾਈਆ । ਕਰਤਾ ਪੁਰਖ ਕਰੇ ਆਪਣਾ ਕੰਮ, ਕਰਨੀ ਕਰਤਾ ਆਪਣਾ ਫੇਰਾ ਪਾਈਆ । ਸੰਤ ਸੁਹੇਲੇ ਵੇਖ ਜਨ, ਭਗਤ ਭਗਵਾਨ ਲਏ ਉਠਾਈਆ । ਜੋ ਰਸਨਾ ਜਿਹਵਾ ਕਹਿੰਦੇ ਪ੍ਰਭੂ ਧੰਨ ਧੰਨ, ਅੰਤਰ ਆਤਮ ਧਿਆਨ ਲਗਾਈਆ । ਤਿਨ੍ਹਾਂ ਠਾਕਰ ਹੋ ਕੇ ਬੇੜਾ ਬੰਨ੍ਹ, ਖੇਵਟ ਖੇਟਾ ਰੂਪ ਵਟਾਈਆ । ਵੇਲੇ ਅੰਤ ਦੇਵੇ ਨਾ ਕੋਈ ਡੰਨ, ਲੇਖਾ ਮੰਗੇ ਨਾ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਰੇ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨੇੜੇ ਆ ਕੇ ਗਏ ਝੁਕ, ਸਜਦਾ ਸੀਸ ਜਗਦੀਸ ਕਰਾਈਆ । ਸ੍ਰੀ ਭਗਵਾਨ ਪੁਰਖ ਅਬਿਨਾਸ਼ੀ ਪਰਵਰਦਿਗਾਰ ਸਾਡਾ ਪੈਂਡਾ ਗਿਆ ਮੁੱਕ, ਵੇਲਾ ਅੰਤਮ ਨੇੜੇ ਆਈਆ । ਸਾਡੇ ਕੋਲੋਂ ਕੁਛ ਨਾ ਪੁਛ, ਸਾਡੀ ਚਲੇ ਨਾ ਕੋਇ ਚਤੁਰਾਈਆ । ਕਲਜੁਗ ਜੀਵਾਂ ਭਾਗ ਗਏ ਨਿਖੁੱਟ, ਜੋ ਪ੍ਰਭ ਤੈਨੂੰ ਗਏ ਭੁਲਾਈਆ । ਇਕੋ ਪਰਗਟ ਕਰ ਆਪਣਾ ਸੁੱਤ, ਗੋਬਿੰਦ ਸ਼ਬਦ ਰੂਪ ਵਟਾਈਆ । ਦੋ ਜਹਾਨਾਂ ਸ਼ੇਰ ਹੋ ਕੇ ਬੁੱਕ, ਭਬਕ ਆਪਣਾ ਨਾਮ ਲਗਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਗੋਦੀ ਚੁੱਕ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਕੂੜੀ ਧਾਰਾ ਬਦਲ ਦੇ ਰੁਖ਼, ਸਤਿ ਸਤਿਵਾਦੀ ਸਾਚਾ ਰੁਖ਼ ਜਣਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਤ੍ਰੈਗੁਣ ਮਾਇਆ ਦੇ ਕੁਠ, ਖੰਡਾ ਖੜਗ ਇਕ ਚਮਕਾਈਆ । ਗੁਰਮੁਖ ਗੁਰਸਿਖ ਜੋ ਪੂਰਬ ਜਨਮ ਗਏ ਰੁਠ, ਅੰਤਮ ਆਪਣਾ ਮੇਲ ਮਿਲਾਈਆ । ਅੰਮ੍ਰਿਤ ਜਾਮ ਦੇ ਘੁੱਟ, ਨਿਝਰ ਝਿਰਨਾ ਰਸ ਵਖਾਈਆ । ਤੇਰੀ ਧਾਰੋਂ ਪੈਣ ਉਠ, ਨਾਤਾ ਤੋੜ ਪਿਤਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਦੇਣਾ ਵਰ, ਘਰ ਤੇਰੇ ਅਲਖ ਜਗਾਈਆ । ਸ੍ਰੀ ਭਗਵਾਨ ਹੋ ਦਿਆਲ, ਦਇਆਨਿਧ ਦਇਆ ਕਮਾਈਆ । ਸੰਤ ਸੁਹੇਲੇ ਵੇਖਾਂ ਲਾਲ, ਗੁਰਮੁਖ ਗੁਰਸਿਖ ਗੋਦ ਉਠਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਲੇਖ ਚੁਕਾਵਾਂ ਸ਼ਾਹ ਕੰਗਾਲ, ਭੂਪਤ ਭੂਪ ਇਕ ਸਰਨਾਈਆ । ਗੁਰ ਸ਼ਬਦ ਹੋ ਕੇ ਬਣਾਂ ਦਲਾਲ, ਨਾਤਾ ਬਿਧਾਤਾ ਜੋੜ ਜੁੜਾਈਆ । ਭੈ ਚੁਕਾਵਾਂ ਅੰਤਮ ਕਾਲ, ਮਹਾਂਕਾਲ, ਨਾ ਕੋਇ ਡਰਾਈਆ । ਕਾਇਆ ਮੰਦਰ ਅੰਦਰ ਘਰ ਵਿਚ ਘਰ ਵਖਾਵਾਂ ਸੱਚੀ ਧਰਮਸਾਲ, ਧਰਮ ਦੁਆਰਾ ਇਕ ਜਣਾਈਆ । ਜਿਸ ਮੰਦਰ ਅੱਠੇ ਪਹਿਰ ਵੱਜੇ ਤਾਲ, ਸ਼ਬਦ ਅਨਾਦੀ

ਅਨਹਦ ਰਾਗ ਸੁਣਾਈਆ । ਸਾਚਾ ਅੰਮ੍ਰਿਤ ਜਾਮ ਦਿਆਂ ਪਿਆਲ, ਰਸ ਇਕੋ ਇਕ ਵਖਾਈਆ । ਦੀਆ ਦੀਪਕ ਜੋਤੀ ਬਾਲ, ਘਰ ਸਾਚੇ ਕਰ ਰੁਸ਼ਨਾਈਆ । ਆਪੇ ਪੁੱਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰਾਂ ਮੰਨੇ ਆਪ ਸਵਾਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਦਾਤਾ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਗਏ ਮੰਨ, ਦੋਏ ਜੋੜ ਸੀਸ ਝੁਕਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਦੇ ਡੰਨ, ਡੰਕਾ ਆਪਣੇ ਹੱਥ ਉਠਾਈਆ । ਕੂੜੀ ਕਿਰਿਆ ਭਾਂਡਾ ਦੇ ਭੰਨ, ਭੈ ਭੌ ਇਕ ਵਖਾਈਆ । ਸਾਚਾ ਰਾਗ ਸੁਣਾ ਕੰਨ, ਸ਼ਬਦ ਅਨਾਦੀ ਆਪ ਪਰਗਟਾਈਆ । ਡੁੱਬਦਾ ਬੇੜਾ ਦੇ ਬੰਨ੍ਹ, ਸਾਹਿਬ ਆਪਣੇ ਕੰਧ ਉਠਾਈਆ । ਨੂਰੀ ਚਾੜ੍ਹ ਇਕੋ ਚੰਦ, ਦੋ ਜਹਾਨ ਕਰੇ ਰੁਸ਼ਨਾਈਆ । ਗੀਤ ਸੁਣਾ ਅਗੰਮੀ ਛੰਦ, ਸਾਚਾ ਢੋਲਾ ਇਕ ਦ੍ਰਿੜਾਈਆ । ਜਿਸ ਸਿਮਰਤ ਆਵਣ ਜਾਵਣ ਮੁਕੇ ਪੰਧ, ਲੱਖ ਚੁਰਾਸੀ ਗੇੜ ਰਹਿਣ ਨਾ ਪਾਈਆ । ਪ੍ਰੇਮ ਪ੍ਰੀਤੀ ਅੰਤਰ ਆਤਮ ਆਏ ਅਨੰਦ, ਰਸ ਇਕੋ ਇਕ ਵਖਾਈਆ । ਸਚ ਦੁਆਰੇ ਮੰਗੀ ਮੰਗ, ਖ਼ਾਲੀ ਝੋਲੀ ਦੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਵੇਖੋ ਲਿਖਤ, ਧੁਰ ਦਾ ਲੇਖਾ ਆਪ ਜਣਾਈਆ । ਸਾਰੇ ਕਹਿ ਕੇ ਆਏ ਵਾਕ ਭਵਿਖਤ, ਭਵਿਸ਼ ਸਮਝ ਕੋਇ ਨਾ ਪਾਈਆ । ਨੌ ਖੰਡ ਸੱਤ ਦੀਪ ਬ੍ਰਹਿਮੰਡ ਖੰਡ ਉਡੀਕਾਂ ਕਰੇ ਨਿਤ, ਨਵਿਤ ਬੈਠਾ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਪਰਗਟ ਹੋਏ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਜਣਾਈਆ । ਆਪ ਸੁਹਾਏ ਬਸੰਤੀ ਰੁੱਤ, ਪਤ ਡਾਲੀ ਸਰਬ ਮਹਿਕਾਈਆ । ਜਨ ਭਗਤਾਂ ਆ ਕੇ ਲਏ ਪੁੱਛ, ਦੁਖੀਆਂ ਦੁੱਖ ਲਏ ਵੰਡਾਈਆ । ਬਿਰਹੋਂ ਵੈਰਾਗ ਜੋ ਗਏ ਸੁੱਕ, ਤਿਨ੍ਹਾਂ ਅੰਮ੍ਰਿਤ ਮੇਘ ਬਰਸਾਈਆ । ਜੋ ਧਿਆਨ ਕਰ ਕੇ ਬੈਠੇ ਮਾਤਾ ਕੁੱਖ, ਤਿਨ੍ਹ ਵੇਖੇ ਚਾਈਂ ਚਾਈਂਆ । ਜੋ ਰਸਨਾ ਜਿਹਵਾ ਗਾਉਂਦੇ ਉਜਲ ਕਰੇ ਮੁਖ, ਦੁਰਮਤ ਮੈਲ ਦਏ ਧਵਾਈਆ । ਸੰਤ ਸੁਹੇਲੇ ਗੁਰਮੁਖ ਗੋਦੀ ਲਏ ਚੁੱਕ, ਆਪ ਆਪਣੇ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਇਕ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਿਖ ਕੇ ਦਿਓ ਲੇਖ, ਸੋ ਸਤਿਗੁਰ ਆਪ ਜਣਾਈਆ । ਲੋਕਮਾਤ ਸਾਡਾ ਸੁਞਾਂ ਹੋਇਆ ਦੇਸ, ਸਾਂਝੀਵਾਲ ਸੰਗ ਨਾ ਕੋਇ ਰਖਾਈਆ । ਕਿਰਪਾ ਕਰੇ ਨਰ ਨਰੇਸ਼, ਮਿਹਰਵਾਨ ਮਿਹਰ ਨਜ਼ਰ ਉਠਾਈਆ । ਹੁਕਮ ਸੁਣਾਏ ਵਿਸ਼ਨ ਬ੍ਰਹਮ ਸ਼ਿਵ ਮਹੇਸ਼, ਧੁਰ ਦੀ ਧਾਰ ਆਪ ਜਣਾਈਆ । ਦੋ ਜਹਾਨਾਂ ਲਏ ਵੇਖ, ਪੁਰੀ ਲੋਅ ਆਕਾਸ਼ ਧਰਤ ਧਵਲ ਫੋਲ ਫੋਲਾਈਆ । ਜਨ ਭਗਤਾਂ ਕਰ ਕਰ ਸਾਚਾ ਹੇਤ, ਹਿਤਕਾਰੀ ਦਇਆ ਕਮਾਈਆ । ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਬੋਧ ਅਗਾਧੀ ਸ਼ਬਦ ਅਨਾਦੀ ਦੱਸੇ ਅਗੰਮੀ ਖੇਡ, ਅਨਭਵ ਆਪਣੀ ਕਾਰ ਜਣਾਈਆ । ਚਾਰ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜੋ ਮਾਤ ਦਿਤੇ ਭੇਜ, ਧੁਰ ਦਾ ਢੋਲਾ ਰਾਗ ਸੁਣਾਈਆ । ਤਿਨ੍ਹਾਂ ਅੰਤਰ ਵੜ ਕੇ ਮਾਣੀ ਸੇਜ, ਸੇਜ ਸੁਹੰਜਣੀ ਸੋਭਾ ਪਾਈਆ । ਜੋਤੀ ਨੂਰ ਦਿਤਾ ਤੇਜ, ਸ਼ਬਦੀ ਧਾਰ ਨਾਦ ਸੁਣਾਈਆ । ਸੋ ਸਾਹਿਬ ਸਤਿਗੁਰ ਆਦਿ ਪੁਰਖ ਅਪਰੰਪਰ ਸੁਆਮੀ ਨਿਰਗੁਣ ਸਭ ਨੂੰ ਰਿਹਾ ਵੇਖ, ਬਿਨ ਨੇਤਰ ਨੈਣ ਅੱਖ ਖੁਲ੍ਹਾਈਆ । ਕਲਜੁਗ ਅੰਤਮ ਕੂੜਾ ਰਹਿਣ ਨਾ ਦੇਵੇ ਭੇਖ, ਭੇਖਾਧਾਰੀ ਦਏ ਮਿਟਾਈਆ ।

ਵਿਸ਼ਨੂੰ ਖ਼ਬਰਦਾਰ ਕਰੇ ਉਤੇ ਸੁੱਤਾ ਬਾਸ਼ਕ ਸੇਜ, ਸਾਂਗੋ ਪਾਂਗ ਦਏ ਹਿਲਾਈਆ । ਬ੍ਰਹਮੇ ਅੰਦਰ ਵੜ ਕੇ ਦੇਵੇ ਭੇਤ, ਆਪਣਾ ਬ੍ਰਹਮ ਲੈਣਾ ਜਗਾਈਆ । ਸ਼ੰਕਰ ਤੇਰੀ ਤ੍ਰਿਸੂਲ ਕਰੇ ਰਣ ਖੇਤ, ਭੂਮੀ ਬੈਠੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਿਓ ਬਿਆਨ, ਪੁਰਖ ਅਕਾਲ ਦੀਨ ਦਿਆਲ ਆਪ ਜਣਾਇੰਦਾ । ਕਲਜੁਗ ਲੋਕਮਾਤ ਛੱਡੀ ਧਰਮਸਾਲ, ਪਿਛੇ ਧਿਆਨ ਨਾ ਕੋਇ ਰਖਾਇੰਦਾ । ਅਬਿਨਾਸ਼ੀ ਕਰਤੇ ਆਪਣੀ ਚੁਰਾਸੀ ਆਪ ਸੰਭਾਲ, ਡੋਰੀ ਆਪਣੇ ਹੱਥ ਉਠਾਈਆ । ਸਦੀ ਬੀਸਵੀਂ ਸਾਰੇ ਹੋਏ ਕੰਗਾਲ, ਗ਼ਰੀਬੀ ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਵਖਾਲ, ਲੇਖ ਪੇਖ ਤੇਰਾ ਸਦਾ ਗੁਣ ਗਾਈਆ । ਸ੍ਰੀ ਭਗਵਾਨ ਦੱਸੇ ਬੋਲ, ਅਨਬੋਲਤ ਰਾਗ ਜਣਾਈਆ । ਸਚ ਵਸਤ ਨਾ ਕਿਸੇ ਕੋਲ, ਖ਼ਾਲੀ ਭਾਂਡੇ ਨਜ਼ਰੀ ਆਈਆ । ਪਾਰਬ੍ਰਹਮ ਪ੍ਰਭ ਤੋਲਣਹਾਰਾ ਤੋਲ, ਨਾਮ ਕੰਡਾ ਹੱਥ ਉਠਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਥੋੜੇ ਬੈਠੇ ਅਡੋਲ, ਜਿਨ੍ਹਾਂ ਹਰਿ ਜੂ ਰਿਹਾ ਭੇਵ ਚੁਕਾਈਆ । ਅੰਦਰ ਬਾਹਰ ਗੁਪਤ ਜ਼ਾਹਰ ਤੂੰ ਮੇਰਾ ਮੈਂ ਤੇਰਾ ਸਦਾ ਵਜਾਉਂਦੇ ਰਹੇ ਢੋਲ, ਢੋਲਾ ਰਾਗ ਇਕੋ ਇਕ ਗਾਈਆ । ਹਰਿ ਕਾ ਭੇਵ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਰਾਸੀ ਰੁੱਤ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰਾ ਧੁਰ ਦਾ ਵਰ, ਸ਼ਬਦ ਦਿਲਾਸਾ ਇਕ ਜਣਾਈਆ । ਸ਼ਬਦ ਦਿਲਾਸਾ ਦੇਵੇ ਆਪ, ਸਰਬ ਰਿਹਾ ਜਣਾਈਆ । ਕਲਜੁਗ ਅੰਤਮ ਵੇਖ ਖੇਲ ਤਮਾਸ਼, ਨਿਰਗੁਣ ਨਿਰਗੁਣ ਫੇਰਾ ਪਾਈਆ । ਈਸਾ ਮੂਸਾ ਮੁਹੰਮਦ ਜਿਸ ਦਾ ਕਲਮਾ ਪੜ੍ਹਦੇ ਰਹੇ ਜਾਪ, ਰਸਨਾ ਖੋਲ੍ਹ ਕਹਿੰਦੇ ਰਹੇ ਬਾਪ, ਪਿਤਾ ਨੂਰੋ ਨੂਰ ਖ਼ੁਦਾਈਆ । ਸਦੀ ਚੌਧਵੀਂ ਸਭ ਨੂੰ ਦੇਵੇ ਜਵਾਬ, ਪਿਛਲਾ ਲੇਖਾ ਲਹਿਣਾ ਝੋਲੀ ਦੇਵੇ ਪਾਈਆ । ਅੱਗੇ ਹੋ ਕਰੇ ਹਿਸਾਬ, ਹਾਸਲ ਜ਼ਰਬ ਆਪਣੇ ਅੰਕ ਬਣਾਈਆ । ਨਿਰਗੁਣ ਨਿਰਵੈਰ ਦੇਵਣਹਾਰ ਸਚ ਖ਼ਤਾਬ, ਸ਼ਬਦ ਗੁਰੂ ਪਰਸਿਧ ਇਕ ਕਰਾਈਆ । ਜਿਸ ਨੂੰ ਨਿਉਂ ਨਿਉਂ ਸਜਦਾ ਸਾਰੇ ਕਰਨ ਆਦਾਬ, ਨੇਤਰ ਅੱਖ ਸਕੇ ਨਾ ਕੋਇ ਉਠਾਈਆ । ਸ਼ਬਦ ਅਗੰਮ ਮਾਰੇ ਆਵਾਜ਼, ਦੋ ਜਹਾਨਾਂ ਦਏ ਜਗਾਈਆ । ਲੱਖ ਚੁਰਾਸੀ ਵੇਖੇ ਰਚਿਆ ਕਾਜ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੋਲਾਈਆ । ਜਨ ਭਗਤਾਂ ਜਣਾਏ ਇਕ ਸਮਾਜ, ਧੁਰ ਦੀ ਸਿਖਿਆ ਸਚ ਦ੍ਰਿੜਾਈਆ । ਹਰਿ ਸਰਨਾਈ ਡਿਗਣਾ ਭਾਜ, ਕਲਜੁਗ ਪੈਂਡਾ ਪੰਧ ਮੁਕਾਈਆ । ਮਿਲੇ ਵਡਿਆਈ ਲੋਕਮਾਤ, ਦਰਗਹਿ ਸਾਚੀ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਵੇਖ ਨਿਰੰਕਾਰ, ਨਿਰਗੁਣ ਸਰਗੁਣ ਰਿਹਾ ਸਮਝਾਈਆ । ਸ੍ਰਿਸ਼ਟ ਸਬਾਈ ਕਰੋ ਵਿਚਾਰ, ਬੁਧੀਵਾਨ ਅੱਖ ਖੁਲ੍ਹਾਈਆ । ਗ਼ਫ਼ਲਤ ਆਲਸ ਨਿੰਦਰਾ ਦਿਓ ਉਤਾਰ, ਦੂਈ ਦਵੈਤੀ ਪੜਦਾ ਲਾਹੀਆ । ਮਜਲਸ ਕਰੋ ਸਚ ਦਰਬਾਰ, ਦਰਗਹਿ ਸਾਚੀ ਸੋਭਾ ਪਾਈਆ । ਕੂੜੀ ਖ਼ਸਲਤ ਦਿਓ ਨਿਵਾਰ, ਅਸਲੀਅਤ ਵਿਚੋਂ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਧਾਮ ਇਕ ਸਮਝਾਈਆ । ਸਾਚਾ ਧਾਮ ਦੱਸੇ ਭਗਵੰਤ, ਕਲਜੁਗ ਅੰਤ ਅੰਤ ਜਣਾਈਆ । ਸ੍ਰਿਸ਼ਟ ਸਬਾਈ ਇਕੋ ਕੰਤ, ਨਰ ਹਰਿ ਨਰਾਇਣ ਅਖਵਾਈਆ । ਜੁਗ ਚੌਕੜੀ ਦੇਵੇ ਮੰਤ, ਮੰਤਰ ਆਪਣਾ ਨਾਮ ਸਮਝਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਮੇਲ ਮਿਲਾਈਆ ।

੮੪੧
੧੫

ਦੂਜੇ ਦਰ ਨਾ ਜਾਵੇ ਮੰਗਤ, ਦੇਵਣਹਾਰ ਸਦਾ ਅਖਵਾਈਆ । ਜਿਸ ਦਾ ਭੇਵ ਨਾ ਪਾਵੇ ਕੋਈ ਮੁੱਲਾ ਪੰਡਤ, ਸ਼ੇਖ਼ ਮਸਾਇਕ ਅੰਤ ਕਹਿਣ ਨਾ ਆਈਆ । ਸੋ ਸਾਹਿਬ ਖੇਲ ਖਲਾਵੇ ਜੇਰਜ ਅੰਡਤ, ਉਤਭੁਜ ਸੇਤਜ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਖਾਏ ਖੜ, ਲੋਕਮਾਤ ਰੀਤੀ ਨੀਤੀ ਚਾਰੋਂ ਕੁੰਟ ਸਚ ਸੁਚ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭੂ ਸਾਡੀ ਹੋਈ ਬੱਸ, ਇਕੋ ਤੇਰੀ ਓਟ ਰਖਾਈਆ । ਆਉਂਦੇ ਸਾਰੇ ਮਾਰਗ ਆਏ ਦੱਸ, ਧੁਰ ਸੰਦੇਸਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਹੋਏ ਪਰਗਟ, ਨਿਰਗੁਣ ਨਿਰਵੈਰ ਨੂਰੀ ਜੋਤ ਕਰੇ ਰੁਸ਼ਨਾਈਆ । ਸ਼ਬਦ ਅਗੰਮੀ ਗਾਵੇ ਗਥ, ਬਾਣੀ ਬੋਧ ਅਗਾਧ ਜਣਾਈਆ । ਕਲਜੁਗ ਕੂੜੀ ਕਿਰਿਆ ਦੇਵੇ ਮੱਥ, ਮਾਇਆ ਮਮਤਾ ਡੇਰਾ ਢਾਹੀਆ । ਜਨ ਭਗਤਾਂ ਖੋਲ੍ਹ ਨਿਰਗੁਣ ਅੱਖ, ਨਿਜ ਨੇਤਰ ਨੂਰ ਕਰੇ ਰੁਸ਼ਨਾਈਆ । ਅਗਲਾ ਭੇਤ ਜਾਏ ਦੱਸ, ਪੜਦਾ ਦੂਈ ਦਵੈਤ ਚੁਕਾਈਆ । ਪ੍ਰੇਮ ਪ੍ਰੀਤੀ ਅੰਦਰ ਜਾਓ ਫਸ, ਫ਼ੈਸਲਾ ਕਰੇ ਹੱਕ ਖ਼ੁਦਾਈਆ । ਅੰਮ੍ਰਿਤ ਆਤਮ ਲਵੇ ਰਸ, ਅਠ ਸਠ ਤੀਰਥ ਲੱਭਣ ਕੋਇ ਨਾ ਜਾਈਆ । ਘਰ ਪੀਰ ਪੈਗ਼ੰਬਰ ਵੇਖੇ ਸਮਰਥ, ਨਿਜ ਘਰ ਬੈਠਾ ਡੇਰਾ ਲਾਈਆ । ਲਹਿਣਾ ਚੁਕਾਓ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਸੰਗ ਕਦੇ ਨਾ ਜਾਈਆ । ਇਕੋ ਲਓ ਬ੍ਰਹਮ ਮਤ, ਬ੍ਰਹਮ ਵਿਦਿਆ ਸ਼ਬਦ ਪੜ੍ਹਾਈਆ । ਸਚ ਪ੍ਰੀਤੀ ਹੋਣਾ ਵਸ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਰਾਗ ਸੁਣਾਈਆ । ਪਤਿਪਰਮੇਸ਼ਵਰ ਸਰਬ ਸੁਆਮੀ ਬੰਦਨ ਕਰੋ ਦੋਏ ਜੋੜ ਹੱਥ, ਮਾਣ ਅਭਿਮਾਨ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਵੇਖ ਹੱਕ, ਹਕੀਕਤ ਤੇਰੀ ਝੋਲੀ ਪਾਈਆ । ਬਣ ਪਾਂਧੀ ਰਾਹੀ ਮਾਰਗ ਗਏ ਥੱਕ, ਸਾਰੇ ਕਹਿਣ ਰਹਿਬਰ ਇਕੋ ਬੇਪਰਵਾਹੀਆ । ਆਦਿ ਜੁਗਾਦਿ ਕਰਨੀ ਕਰਤਾ ਰੱਖੇ ਆਪਣੇ ਹੱਥ, ਜੁਗ ਚੌਕੜੀ ਗੇੜੇ ਅੰਦਰ ਭਵਾਈਆ । ਮਿਹਰਵਾਨ ਹੋ ਕੇ ਜਨ ਭਗਤਾਂ ਸਾਚਾ ਮਾਰਗ ਦੇਵੇ ਦੱਸ, ਡੂੰਘੀ ਭਵਰੀ ਕਾਇਆ ਕਵਰੀ ਪਾਰ ਕਰਾਈਆ । ਘਰ ਨਿਰਮਲ ਜੋਤ ਕਰ ਪਰਗਟ, ਅੰਧ ਅੰਧੇਰਾ ਦਏ ਮਿਟਾਈਆ । ਸਤਿ ਸਰੂਪੀ ਦੇ ਰਸ, ਤ੍ਰਿਸਨਾ ਭੁੱਖ ਗਵਾਈਆ । ਸੁਰਤ ਸਵਾਣੀ ਪੂਰੀ ਆਸ, ਸ਼ਬਦ ਹਾਣੀ ਜੋੜ ਜੁੜਾਈਆ । ਲੱਗੇ ਭਾਗ ਕਾਇਆ ਪਰਭਾਸ, ਪਤ ਡਾਲੀ ਆਪ ਮਹਿਕਾਈਆ । ਲੇਖੇ ਲਾਏ ਜਨ ਸਵਾਸ, ਜੋ ਹਰਿ ਹਰਿ ਨਾਮ ਧਿਆਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਖੋਜ ਖੋਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਬਣਾਏ ਆਪਣੇ ਦਾਸ, ਦਾਸੀ ਦਾਸ ਸਾਚੀ ਸੇਵ ਲਗਾਈਆ । ਸੋ ਖੇਲੇ ਖੇਲ ਪੁਰਖ ਸਮਰਾਥ, ਅਗੰਮ ਅਥਾਹ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤ ਸ੍ਰੀ ਭਗਵੰਤ, ਗੁਰ ਅਵਤਾਰ ਪੀਰ ਪੈਗ਼ੰਬਰ ਲੇਖ ਚੁਕਾਏ ਸਾਚੇ ਸੰਤ, ਗੁਰਮੁਖ ਗੁਰਸਿਖ ਨਿਰਾਸਾ ਰਹਿਣ ਕੋਇ ਨਾ ਪਾਈਆ ।

## ✪ ੨੫ ਅੱਸੂ ੨੦੨੦ ਬਿਕ੍ਰਮੀ ਨਛੱਤਰ ਸਿੰਘ ਦੇ ਗ੍ਰਹਿ ਪਿੰਡ ਦਬੁਰਜੀ ਜ਼ਿਲਾ ਲੁਧਿਆਣਾ ✪

ਹਰਿਜਨ ਮਿਲੇ ਪ੍ਰਭ ਸੱਜਣ ਸਾਕ, ਸਚਖੰਡ ਨਿਵਾਸੀ ਦਇਆ ਕਮਾਇੰਦਾ । ਲੋਕਮਾਤ ਵਡਿਆਈ ਵਡ ਵਡ ਭਾਗ, ਮਿਹਰਵਾਨ ਪ੍ਰਭ ਮਿਹਰ ਨਜ਼ਰ ਉਠਾਇੰਦਾ । ਅੰਤਰ ਆਤਮ ਉਪਜਾਵੇ ਇਕ ਵੈਰਾਗ, ਬਿਰਹੋਂ ਚੋਟ ਨਿਰਾਲੀ ਆਪ ਲਗਾਇੰਦਾ । ਬੰਦ ਕਿਵਾੜੀ ਖੋਲ੍ਹੇ ਤਾਕ, ਬਜਰ ਕਪਾਟੀ ਤੋੜ ਤੁੜਾਇੰਦਾ । ਸ਼ਬਦ ਸੁਣਾਏ ਸਾਚਾ ਨਾਦ, ਧੁਨ ਅਨਾਦੀ ਆਪ ਉਪਜਾਇੰਦਾ । ਨਿਰਮਲ ਜੋਤ ਕਰ ਪਰਕਾਸ਼, ਦੀਪਕ ਦੀਆ ਡਗਮਗਾਇੰਦਾ । ਜੁਗ ਜਨਮ ਜਗਤ ਪਤ ਲਏ ਰਾਖ, ਸਿਰ ਆਪਣਾ ਹੱਥ ਟਿਕਾਇੰਦਾ । ਨਿਜ ਨੇਤਰ ਖੋਲ੍ਹ ਅੱਖ, ਨਿਰਗੁਣ ਆਪਣਾ ਮੇਲ ਮਿਲਾਇੰਦਾ । ਸਾਚਾ ਮਾਰਗ ਧੁਰ ਦਾ ਦੱਸ, ਪਾਂਧੀ ਆਪਣੇ ਘਰ ਬਣਾਇੰਦਾ । ਕੂੜੀ ਕਿਰਿਆ ਖੇੜਾ ਕਰਨਾ ਭੱਠ, ਸਚ ਸੁਚ ਇਕ ਸਮਝਾਇੰਦਾ । ਆਤਮ ਪਰਮਾਤਮ ਮਿਲਾਉਣਾ ਪੁਰਖ ਸਮਰਥ, ਘਰ ਸਾਚੇ ਖ਼ੁਸ਼ੀ ਵਖਾਇੰਦਾ । ਇਕੋ ਢੋਲਾ ਸਾਚਾ ਨਾਮ ਗਾਉਣੀ ਗਾਥ, ਅੱਖਰ ਵੱਖਰ ਆਪ ਪੜ੍ਹਾਇੰਦਾ । ਸਦਾ ਸੁਹੇਲਾ ਬਣ ਸੁਆਮੀ ਵਸੇ ਸਾਥ, ਹਰਿਜਨ ਸਾਚਾ ਸੰਗ ਨਿਭਾਇੰਦਾ । ਰੈਣ ਅੰਧੇਰੀ ਮੇਟੇ ਰਾਤ, ਘਰ ਸਾਚਾ ਚੰਦ ਚਮਕਾਇੰਦਾ । ਨਾਮ ਭੰਡਾਰਾ ਦੇ ਦਾਤ, ਮਾਇਆ ਮਮਤਾ ਮੋਹ ਮਿਟਾਇੰਦਾ । ਲੇਖਾ ਚੁੱਕੇ ਜ਼ਾਤ ਪਾਤ, ਜਿਸ ਜਨ ਆਪਣਾ ਰੰਗ ਰੰਗਾਇੰਦਾ । ਦੀਨ ਮਜ਼੍ਹਬ ਸੁੱਟੇ ਡੂੰਘੇ ਖਾਤ, ਭੇਵ ਅਭੇਦਾ ਜਿਸ ਖੁਲਾਇੰਦਾ । ਚਾਰ ਵਰਨ ਜਣਾਏ ਇਕ ਜਮਾਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਘਰ ਸਾਚੇ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਨਰਾਇਣ ਨਰ, ਹਰਿਜਨ ਸਾਚੇ ਵੇਖ ਵਖਾਇੰਦਾ । ਭਗਤਾਂ ਮੰਨਿਆਂ ਏਕੰਕਾਰ, ਅਕਲ ਕਲ ਵੱਡੀ ਵਡਿਆਈਆ । ਜੁਗ ਚੌਕੜੀ ਬਣ ਸੇਵਾਦਾਰ, ਸਾਚੀ ਸੇਵਾ ਆਪ ਕਮਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਹਰਿਜਨ ਮੇਲੇ ਸਹਿਜ ਸੁਭਾਈਆ । ਨਾਤਾ ਤੋੜ ਕੂੜਾ ਸੰਸਾਰ, ਬਿਧਾਤਾ ਆਪਣੇ ਨਾਲ ਜੁੜਾਈਆ । ਗਾਣ ਸੁਣਾਏ ਅਗੰਮੀ ਧਾਰ, ਸਾਚਾ ਢੋਲਾ ਰਾਗ ਅਲਾਈਆ । ਅੰਮ੍ਰਿਤ ਆਤਮ ਜਾਮ ਪਿਆਲ, ਅਗਨੀ ਤਤ ਦਏ ਬੁਝਾਈਆ । ਘਰ ਦੀਪਕ ਜੋਤੀ ਇਕੋ ਬਾਲ, ਅਗਿਆਨ ਅੰਧੇਰ ਦਏ ਮਿਟਾਈਆ । ਘਰ ਵਿਚ ਘਰ ਵਖਾ ਸੱਚੀ ਧਰਮਸਾਲ, ਸਾਚਾ ਮੰਦਰ ਦਏ ਸੁਹਾਈਆ । ਲੇਖਾ ਜਾਣ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਸਤਿ ਸਰੂਪੀ ਬਣ ਦਲਾਲ, ਬੇੜਾ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਚਾਈਂ ਚਾਈਆ । ਭਗਤ ਜਨਾਂ ਹਰਿ ਸੱਚਾ ਸੱਜਣ, ਆਦਿ ਜੁਗਾਦੀ ਇਕ ਅਖਵਾਇੰਦਾ । ਚਰਨ ਧੂੜ ਕਰਾਏ ਅਗੰਮੀ ਮਜਨ, ਦੁਰਮਤ ਟਿੱਕਾ ਮੈਲ ਧਵਾਇੰਦਾ । ਆਤਮ ਪਰਮਾਤਮ ਸੋਹੰ ਦੱਸੇ ਸੱਚਾ ਭਜਨ, ਸੁਰਤੀ ਸ਼ਬਦ ਮੇਲ ਮਿਲਾਇੰਦਾ । ਜੁਗ ਚੌਕੜੀ ਬੇੜਾ ਆਏ ਬੰਨ੍ਹਣ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਪੰਚ ਵਿਕਾਰਾ ਕਰਨ ਆਏ ਖੰਡਨ, ਖੰਡਾ ਖੜਗ ਨਾਮ ਚਮਕਾਇੰਦਾ । ਤੋੜਨ ਆਏ ਚੁਰਾਸੀ ਬੰਧਨ, ਬੰਦਗੀ ਇਕੋ ਨਾਮ ਸਮਝਾਇੰਦਾ । ਦੇਵਣ ਆਏ ਪਰਮਾਨੰਦਨ, ਨਿਜ ਆਤਮ ਰਸ ਚਖਾਇੰਦਾ । ਦੀਨ ਦਿਆਲ ਬਣ ਬਖ਼ਸ਼ੰਦਨ, ਬਖ਼ਸ਼ਸ਼ ਆਪਣੀ ਆਪ ਵਖਾਇੰਦਾ । ਜੁਗ ਚੌਕੜੀ ਦੂਜੇ ਦਰ ਨਾ ਜਾਏ ਮੰਗਣ, ਸ਼ਬਦ ਭੰਡਾਰੀ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਭੇਵ ਚੁਕਾਇੰਦਾ । ਹਰਿਜਨ ਮੇਲਾ ਸਚ ਦਰ, ਘਰ ਸਾਚੇ ਵੱਜੇ ਵਧਾਈਆ । ਕਿਰਪਾ ਕਰ ਨਰਾਇਣ ਨਰ, ਨਰ ਹਰਿ ਇਕੋ ਅੱਖ ਖੁਲ੍ਹਾਈਆ । ਸਾਚੇ ਮੰਦਰ ਆਪ

ਵੜ, ਘਰ ਘਰ ਵਿਚ ਬੋਲ ਬੋਲਾਈਆ । ਅਗੰਮੀ ਡੰਡੇ ਜਾਏ ਚੜ੍ਹ, ਆਉਂਦਾ ਜਾਂਦਾ ਨਜ਼ਰ ਕਿਸੇ ਨਾ ਆਈਆ । ਸਚ ਮਹੱਲੇ ਸਹਿਬ ਖੜ, ਸਵੱਛ ਸਰੂਪੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਪਾਈਆ । ਹਰਿਜਨ ਉਪਾਏ ਵਿਚੋਂ ਲੱਖ ਚੁਰਾਸੀ, ਚਾਰੋਂ ਕੁੰਟ ਵੇਖ ਵਖਾਈਆ । ਜਨਮ ਕਰਮ ਕੱਟ ਜਮ ਦੀ ਫਾਸੀ, ਫ਼ੈਸਲਾ ਇਕੋ ਹੱਕ ਸੁਣਾਈਆ । ਹਰਿਜਨ ਹਰਿਭਗਤ ਸੇਵ ਕਰੇ ਪ੍ਰਭ ਬਣ ਕੇ ਦਾਸ ਦਾਸੀ, ਨਿਰਗੁਣ ਨਿਰਵੈਰ ਹੋਏ ਸਹਾਈਆ । ਜਨਮ ਜਨਮ ਦੀ ਪੂਰੀ ਕਰੇ ਆਸੀ, ਆਸਾ ਤ੍ਰਿਸਨਾ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਉਠਾਏ ਜਨ ਭਗਤ, ਸ੍ਰੀ ਭਗਵਾਨ ਦਏ ਵਡਿਆਈਆ । ਲੇਖੇ ਲਾ ਬੂੰਦ ਰਕਤ, ਜੋਤੀ ਨੂਰ ਕਰੇ ਰੁਸ਼ਨਾਈਆ । ਪੂਰਬ ਲਹਿਣਾ ਦੇਵੇ ਕਰਜ਼, ਲੇਖਾ ਲੋਕਮਾਤ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਸਦਾ ਜੁਗ ਚਾਰ, ਜੁਗ ਚੌਕੜੀ ਖ਼ੁਸ਼ੀ ਮਨਾਈਆ । ਭਗਤਾਂ ਭਰ ਭਗਤੀ ਭੰਡਾਰ, ਵਸਤ ਅਮੋਲਕ ਝੋਲੀ ਪਾਈਆ । ਧੁਰ ਦਾ ਨਾਮ ਦੱਸ ਗੁਫ਼ਤਾਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਰਸਨਾ ਜਿਹਵਾ ਬੋਲ ਜੈਕਾਰ, ਬੱਤੀ ਦੰਦ ਸਿਫ਼ਤ ਸਾਲਾਹੀਆ । ਭੇਵ ਖੁਲ੍ਹਾਏ ਤੂੰ ਮੇਰਾ ਮੈਂ ਤੇਰਾ ਯਾਰ, ਆਤਮ ਪਰਮਾਤਮ ਪਰਮਾਤਮ ਆਤਮ ਇਕੋ ਰੂਪ ਵਖਾਈਆ । ਕਾਇਆ ਮੰਦਰ ਅੰਦਰ ਖੋਲ੍ਹ ਕਿਵਾੜ, ਪੜਦਾ ਦੂਈ ਦਵੈਤ ਚੁਕਾਈਆ । ਕਰ ਪਰਕਾਸ਼ ਧੁਰ ਦੀ ਧਾਰ, ਬਿਨ ਤੇਲ ਬਾਤੀ ਦੀਪਕ ਡਗਮਗਾਈਆ । ਅਗੰਮੀ ਬਰਖੇ ਅੰਮ੍ਰਿਤ ਧਾਰ, ਝਿਰਨਾ ਨਿਝਰ ਇਕ ਝਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਵਖਾਏ ਖ਼ੁਸ਼ੀ ਬਹਾਰ, ਖ਼ਿਜ਼ਾਂ ਰੂਪ ਨਾ ਕੋਇ ਵਟਾਈਆ । ਭਗਤ ਜਨਾਂ ਪ੍ਰਭ ਬੇਪਰਵਾਹਿਆ, ਬੇਪਰਵਾਹੀ ਵਿਚ ਰਖਾਇੰਦਾ । ਨਾਤਾ ਤੋੜ ਤ੍ਰੈਗੁਣ ਮਾਇਆ, ਮਾਇਆ ਮਮਤਾ ਮੋਹ ਮਿਟਾਇੰਦਾ । ਸਮਰਥ ਪੁਰਖ ਸਿਰ ਦੇਵੇ ਠੰਡੀ ਛਾਇਆ, ਮਿਹਰ ਹੱਥ ਉਪਰ ਟਿਕਾਇੰਦਾ । ਜਨਮ ਜਨਮ ਵਿਚੋਂ ਬਦਲੇ ਕਾਇਆ, ਕਾਇਆ ਕੂੜੀ ਕੰਚਨ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣਾ ਭੇਵ ਚੁਕਾਇੰਦਾ । ਹਰਿਜਨ ਭੇਵ ਖੁਲ੍ਹਾਏ ਆਪ, ਘਰ ਮੰਦਰ ਸੋਭਾ ਪਾਈਆ । ਸਤਿ ਜਣਾਏ ਇਕੋ ਜਾਪ, ਸੋਹੰ ਢੋਲਾ ਰਾਗ ਸੁਣਾਈਆ । ਨਾਤਾ ਜੁੜੇ ਪਿਤਾ ਬਾਪ, ਪੂਤ ਸਪੂਤਾ ਗੋਦ ਸੁਹਾਈਆ । ਦੋਹਾਂ ਮਿਲੇ ਇਕੋ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਟਾਈਆ । ਗੁਰ ਅਵਤਾਰ ਪੀਰ ਪੈਗੰਬਰ ਸਾਰੇ ਗਏ ਆਖ, ਉਚੀ ਕੂਕ ਕੂਕ ਸੁਣਾਈਆ । ਬਿਨ ਸ੍ਰੀ ਭਗਵਾਨ ਕੋਈ ਨਾ ਚਲੇ ਸਾਥ, ਸਗਲਾ ਸੰਗ ਨਾ ਕੋਇ ਬਣਾਈਆ । ਆਦਿ ਜੁਗਾਦਿ ਜੁਗ ਚੌਕੜੀ ਸਰਬ ਜੀਆਂ ਇਕ ਰਘਨਾਥ, ਰਘਪਤ ਇਕੋ ਨਜ਼ਰੀ ਆਈਆ । ਦੇਵਣਹਾਰਾ ਧੁਰ ਦੀ ਦਾਤ, ਨਾਮ ਖ਼ਜ਼ਾਨਾ ਝੋਲੀ ਪਾਈਆ । ਸੁਣਾਵਣਹਾਰ ਅਗੰਮੀ ਬਾਤ, ਸ਼ਬਦ ਅਨਾਦ ਧੁਨ ਕਰੇ ਸ਼ਨਵਾਈਆ । ਪੂਰੀ ਕਰਨਹਾਰਾ ਖ਼ਾਹਸ਼, ਖ਼ਾਲਸ ਰੂਪ ਦਏ ਵਖਾਈਆ । ਲੇਖੇ ਲਾਏ ਹੱਡ ਮਾਸ, ਨਾੜੀ ਰਤ ਆਪਣੀ ਝੋਲੀ ਪਾਈਆ । ਇਕ ਜਣਾਏ ਅਜੱਪਾ ਜਾਪ, ਬਿਨ ਸਵਾਸ ਸਵਾਸ ਚਲਾਈਆ । ਸਾਚਾ ਥਾਪਣ ਜੁਗ ਜੁਗ ਥਾਪ, ਜਨ ਭਗਤ ਦਏ ਉਠਾਈਆ । ਕਰ ਖੇਲ ਰਸੂਲ ਪਾਕ, ਪਰਵਰਦਿਗਾਰ ਹੋਏ ਸਹਾਈਆ । ਨਿਰਗੁਣ ਨਿਰਵੈਰ ਬਣ ਕੇ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਕਰ ਕਿਰਪਾ ਜਿਸ ਦਾ ਖੋਲ੍ਹੇ ਤਾਕ, ਤਿਸ ਆਪਣੀ ਬੂਝ ਬੁਝਾਈਆ । ਜਨ ਭਗਤਾਂ ਨਿਤ ਨਵਿਤ ਦੇਵਣਹਾਰਾ ਦਾਤ,

ਨਾਮ ਨਿਧਾਨ ਸ੍ਰੀ ਭਗਵਾਨ ਸਾਚਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਤਰਾਈਆ । ਹਰਿਜਨ ਤਾਰੇ ਦਇਆ ਕਰ, ਦਇਆਵਾਨ ਵੱਡੀ ਵਡਿਆਈਆ । ਵੇਖ ਵਖਾਏ ਸਾਚੇ ਘਰ, ਘਰ ਮੰਦਰ ਸੋਭਾ ਪਾਈਆ । ਜਨਮ ਕਰਮ ਚੁਕਾਏ ਡਰ, ਵਰਨ ਬਰਨ ਡੇਰਾ ਢਾਹੀਆ । ਲੇਖੇ ਲਾਏ ਸੀਸ ਧੜ, ਤਤਵ ਤਤ ਆਪਣਾ ਰੰਗ ਰੰਗਾਈਆ । ਹੁਕਮ ਸੁਣਾਏ ਸਾਚੇ ਪੌੜੇ ਚੜ੍ਹ, ਚੋਟੀ ਇਕੋ ਡੇਰਾ ਲਾਈਆ । ਹਰਿ ਸੰਤ ਸੁਹੇਲੇ ਗੁਰੂ ਗੁਰ ਚੇਲੇ ਆਤਮ ਪਰਮਾਤਮ ਸੋਹੰ ਸ਼ਬਦ ਲੈਣਾ ਪੜ੍ਹ, ਨਿਰਗੁਣ ਸਰਗੁਣ ਇਕੋ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਹਰਿ ਕਾ ਨਾਮ ਪੜ੍ਹਨਾ ਏਕ, ਆਦਿ ਜੁਗਾਦਿ ਹਰਿ ਰਖਾਇੰਦਾ । ਜੁਗ ਚੌਕੜੀ ਕਰੇ ਬੁਧ ਬਿਬੇਕ, ਨਿਰਮਲ ਰੂਪ ਅਨੂਪ ਦਰਸਾਇੰਦਾ । ਤ੍ਰੈਗੁਣ ਮਾਇਆ ਨਾ ਲਾਏ ਸੇਕ, ਪੰਜ ਤਤ ਅਗਨ ਨਾ ਕੋਇ ਤਪਾਇੰਦਾ । ਸੁੰਵਾਂ ਦਿਸੇ ਨਾ ਕਾਇਆ ਖੇਤ, ਰਾਖਾ ਹਰਿ ਜੂ ਨਜ਼ਰੀ ਆਇੰਦਾ । ਜਨ ਭਗਤਾਂ ਕਰ ਕੇ ਆਪਣਾ ਹੇਤ, ਪ੍ਰੀਤਮ ਪ੍ਰੀਤੀ ਤੋੜ ਨਿਭਾਇੰਦਾ । ਕਲਜੁਗ ਅੰਤਮ ਖੇਲੇ ਖੇਡ, ਖ਼ਾਲਕ ਖ਼ਲਕ ਵੇਸ ਵਟਾਇੰਦਾ । ਜਨ ਭਗਤਾਂ ਕਰੇ ਸਾਚਾ ਹੇਤ, ਹਿਤਕਾਰੀ ਫੇਰਾ ਪਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਬ੍ਰਹਿਮੰਡ ਬ੍ਰਹਿਮਾਂਡ ਰਿਹਾ ਵੇਖ, ਨੇਤਰ ਲੋਚਣ ਨੈਣ ਇਕ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭਗਤ ਭਗਵਾਨ ਆਪ ਮਿਲਾਇੰਦਾ । ਭਗਤ ਭਗਵਾਨ ਜਾਏ ਮਿਲ, ਮਿਲਣੀ ਹਰਿ ਜਗਦੀਸ ਕਰਾਈਆ । ਧਰਮ ਦੁਆਰਿਉਂ ਨਾ ਜਾਏ ਹਿਲ, ਲੱਖ ਚੁਰਾਸੀ ਨਾਤਾ ਦਏ ਤੁੜਾਈਆ । ਬਜਰ ਕਪਾਟੀ ਤੋੜ ਸਿਲ, ਸੁਖ ਸਾਗਰ ਰੂਪ ਵਿਚ ਸਮਾਈਆ । ਨਜ਼ਰੀ ਆਏ ਮਸਤਕ ਤਿਲ, ਜੋਤ ਲਲਾਟ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਮੇਲਾ ਲਏ ਮਿਲਾਈਆ । ਹਰਿਜਨ ਮੇਲ ਮਿਲਾਏ ਹਰਿ, ਹਰਿ ਵੱਡਾ ਵਡ ਵਡਿਆਈਆ । ਬੰਦ ਦੁਆਰਾ ਖੋਲ੍ਹ ਦਰ, ਦਰਵਾਜ਼ਾ ਇਕੋ ਇਕ ਸੁਹਾਈਆ । ਸੰਤ ਸੱਜਣ ਲਏ ਫੜ, ਫੜ ਬਾਂਹੋਂ ਗਲੇ ਲਗਾਈਆ । ਲੇਖਾ ਚੁਕਾ ਸੀਸ ਧੜ, ਨਿਰਮਲ ਜੋਤ ਜੋਤ ਰੁਸ਼ਨਾਈਆ । ਅੰਤਮ ਲੈ ਕੇ ਜਾਏ ਆਪਣੇ ਘਰ, ਗ੍ਰਿਹਿ ਮੰਦਰ ਸੋਭਾ ਪਾਈਆ । ਸਚਖੰਡ ਨਿਵਾਸੀ ਸਚਖੰਡ ਦੁਆਰੇ ਜਾਏ ਵੜ, ਮਹੱਲ ਅਟੱਲ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿ ਜੂ ਆਪਣੇ ਰੰਗ ਰੰਗਾਈਆ । ਹਰਿਜਨ ਰੰਗ ਰੰਗੇ ਅਨਮੋਲਾ, ਕਰਤਾ ਕੀਮਤ ਕੋਇ ਨਾ ਲਾਇੰਦਾ । ਸਾਹਿਬ ਸਤਿਗੁਰ ਸਤਿ ਸਤਿਵਾਦੀ ਬਣ ਕੇ ਤੋਲਾ, ਸਾਚਾ ਕੰਡਾ ਨਾਮ ਹੱਥ ਉਠਾਇੰਦਾ । ਨਿਰਗੁਣ ਨਿਰਗੁਣ ਬਣ ਵਿਚੋਲਾ, ਜੋਤੀ ਸ਼ਬਦੀ ਮੇਲ ਮਿਲਾਇੰਦਾ । ਆਤਮ ਪਰਮਾਤਮ ਗਾ ਢੋਲਾ, ਸੋਹੰ ਰਾਗ ਸੁਣਾਇੰਦਾ । ਪਕੜ ਉਠਾ ਪੜਦਾ ਉਹਲਾ, ਸਨਮੁਖ ਆਪਣੀ ਧਾਰ ਜਣਾਇੰਦਾ । ਪ੍ਰੇਮ ਪ੍ਰੀਤੀ ਖੇਲੇ ਹੋਲਾ, ਲਾਲ ਗੁਲਾਲਾ ਰੰਗ ਰੰਗਾਇੰਦਾ । ਦੇਵੇ ਵਡਿਆਈ ਹਰਿਜਨ ਉਪਰ ਧੌਲਾ, ਧਰਨੀ ਧਰਤ ਧਵਲ ਆਪ ਸੁਹਾਇੰਦਾ । ਪੰਚ ਵਿਕਾਰ ਪਾਏ ਕੋਈ ਨਾ ਰੌਲਾ, ਹਾਹਾਕਾਰ ਨਾ ਕੋਇ ਅਲਾਇੰਦਾ । ਜਨ ਭਗਤਾਂ ਸਾਹਿਬ ਸੁਆਮੀ ਮਿਲੇ ਆਪ ਮੌਲਾ, ਹਰ ਘਟ ਮੌਲਿਆ ਲੱਖ ਚੁਰਾਸੀ ਅੰਦਰ ਨਜ਼ਰੀ ਆਇੰਦਾ । ਸੰਤ ਸੱਜਣ ਕਦੇ ਨਾ ਪਾਵਣ ਰੌਲਾ, ਅੰਤਰ ਆਤਮ ਸੁੰਨ ਸਮਾਧ ਨੈਣ ਮੂੰਦ ਸਰਬ ਧਿਆਨ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਹਰਿਜਨ ਹਰਿਭਗਤ ਹਰੀਦੁਆਰ ਹਰਿ ਕਰਤਾਰ ਹਰਿ ਮੰਦਰ ਆਪ ਬਹਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਰਮੀ ਨਿਸ਼ਕਾਮ ਆਪਣਾ ਕਰਮ ਕਮਾਇੰਦਾ ।

## ✪ ੨੫ ਅੱਸੂ ੨੦੨੦ ਬਿਕ੍ਰਮੀ ਪਿੰਡ ਪੱਦੀ ਜ਼ਿਲਾ ਲੁਧਿਆਣਾ ✪

ਸਚਖੰਡ ਸਚ ਦਰਬਾਰ, ਸੋ ਪੁਰਖ ਨਿਰੰਜਣ ਸੋਭਾ ਪਾਈਆ । ਸਚ ਦਰ ਗੁਰੂ ਅਵਤਾਰ, ਚਰਨ ਕਵਲ ਮੰਗਣ ਸਰਨਾਈਆ । ਸਚ ਦਰਗਹਿ ਪੀਰ ਪੈਗ਼ੰਬਰ ਕਰਨ ਪਿਆਰ, ਸਜਦਾ ਸੀਸ ਜਗਦੀਸ ਝੁਕਾਈਆ । ਉਚੀ ਕੂਕ ਕਰਨ ਪੁਕਾਰ, ਬਿਨ ਰਸਨਾ ਜਿਹਵਾ ਰਹੇ ਸੁਣਾਈਆ । ਕਿਰਪਾ ਕਰ ਸਿਰਜਣਹਾਰ, ਬੇਅੰਤ ਬੇਪਰਵਾਹੀਆ । ਬ੍ਰਹਿਮੰਡ ਖੰਡ ਪੁਰੀ ਲੋਅ ਤੇਰਾ ਆਕਾਰ, ਕਰਨੀ ਕਰਤੇ ਤੇਰੀ ਸਚ ਸਰਨਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਨਿਤ ਨਵਿਤ ਕਰੇ ਖੇਲ ਅਪਰ ਅਪਾਰ, ਅਪਰੰਪਰ ਸਅਾਮੀ ਆਪਣੀ ਧਾਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚਖੰਡ ਦੁਆਰੇ ਸਾਰੇ ਰਹੇ ਸੁਣਾ, ਉਚੀ ਕੂਕ ਕੂਕ ਸੁਣਾਈਆ । ਪੁਰਖ ਅਕਾਲ ਕਰ ਧਿਆਨ, ਬੇਪਰਵਾਹ ਆਪਣੀ ਨਜ਼ਰ ਉਠਾਈਆ । ਸ੍ਰਿਸ਼ਟ ਸਬਾਈ ਦਿਸੇ ਨਾ ਕੋਈ ਗਿਆਨ, ਹਰਿ ਕਾ ਨਾਮ ਝੋਲੀ ਕੋਈ ਨਾ ਪਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਹੋਏ ਬੇਈਮਾਨ, ਸਿਦਕ ਸਬੂਰੀ ਨਜ਼ਰ ਕੋਇ ਨਾ ਆਈਆ । ਲੱਖ ਚੁਰਾਸੀ ਘਟ ਘਟ ਅੰਦਰ ਵੜਿਆ ਕੂੜ ਸ਼ੈਤਾਨ, ਸ਼ਰਅ ਕਰੇ ਇਕ ਲੜਾਈਆ । ਤੇਰਾ ਨੂਰ ਜ਼ਾਹਰ ਜ਼ਹੂਰ ਕਰੇ ਨਾ ਕੋਈ ਪਹਿਚਾਨ, ਬੇਪਹਿਚਾਨ ਤੇਰੀ ਸਮਝ ਕਿਸੇ ਨਾ ਆਈਆ । ਮਾਇਆ ਮਮਤਾ ਹਉਮੇ ਹੰਗਤਾ ਢੋਲੇ ਸਾਰੇ ਗਾਣ, ਸਤਿਗੁਰ ਸ਼ਬਦ ਰਾਗ ਨਾ ਕੋਇ ਅਲਾਈਆ । ਅਠਸਠ ਤੀਰਥ ਨਹਾਵਣ ਜਗਤ ਜੀਵ ਜਹਾਨ, ਕਾਇਆ ਅੰਤਰ ਸਚ ਸਰੋਵਰ ਅਸ਼ਨਾਨ ਨਾ ਕੋਇ ਕਰਾਈਆ । ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਲੱਭਦੇ ਫਿਰਨ ਭਗਵਾਨ, ਘਰ ਵਿਚ ਘਰ ਪੜਦਾ ਚੁੱਕ ਪਰਮੇਸ਼ਵਰ ਦਰਸ ਕੋਇ ਨਾ ਪਾਈਆ । ਤੇਲ ਬਾਤੀ ਲੈ ਕੇ ਦੀਪਕ ਜਗਾਉਦੇ ਫਿਰਨ ਵਿਚ ਸ਼ਮਸ਼ਾਨ, ਕਾਇਆ ਕਵਰੀ ਡੂੰਘੀ ਭਵਰੀ ਜੋਤ ਨਿਰੰਜਣ ਨਾ ਕੋਇ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਪ੍ਰਭ ਤੇਰੀ ਓਟ ਤਕਾਈਆ । ਪੀਰ ਪੈਗ਼ੰਬਰ ਕਰਨ ਸਲਾਮ, ਸੁਲਹਕੁਲ ਤੇਰੀ ਸ਼ਰਨਾਈਆ । ਸ਼ਾਹ ਪਾਤਸ਼ਾਹ ਵਡ ਅਮਾਮ, ਬੇਪਰਵਾਹ ਤੇਰੀ ਵਡਿਆਈਆ । ਜੁਗ ਚੌਕੜੀ ਕਲਮਾ ਤੇਰਾ ਕਲਾਮ, ਨਬੀ ਰਸੂਲ ਗਏ ਜਸ ਗਾਈਆ । ਧੁਰ ਸੰਦੇਸਾ ਦੇ ਅਵਾਮ, ਚਾਰ ਕੁੰਟ ਕਰ ਜਣਾਈਆ । ਕਲਜੁਗ ਅੰਤ ਚਾਰੋਂ ਕੁੰਟ ਦਿਸੇ ਹਰਾਮ, ਸਤਿ ਨਜ਼ਰ ਕੋਇ ਨਾ ਆਈਆ । ਪੰਚ ਵਿਕਾਰ ਸਾਰੇ ਬਣੇ ਗ਼ੁਲਾਮ, ਮੁੱਲਾਂ ਸ਼ੇਖ਼ ਸਾਬਤ ਨਜ਼ਰ ਕੋਇ ਨਾ ਆਈਆ । ਧੁਰ ਦਾ ਭੁੱਲਿਆ ਇਕ ਪੈਗ਼ਾਮ, ਪੈਗ਼ੰਬਰ ਭੈ ਸਿਰ ਨਾ ਕੋਇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਦਰ ਖਲੋ, ਦੋਏ ਜੋੜ ਜੋੜ ਸਰਨਾਈਆ । ਸ੍ਰੀ ਭਗਵਾਨ ਪਰਗਟ ਹੋ, ਪ੍ਰਭ ਤੇਰੀ ਓਟ ਤਕਾਈਆ । ਨੌਂ ਖੰਡ ਪ੍ਰਿਥਮੀ ਕਲਜੁਗ ਸਾਚੀ ਦਿਸੇ ਨਾ ਕੋਈ ਲੋ, ਨਵ ਨੌਂ ਚਾਰ ਅੰਧੇਰਾ ਛਾਈਆ ।


੮੪੬ ੧੫

ਦੁਰਮਤ ਮੈਲ ਸਕੇ ਨਾ ਕੋਈ ਧੋ, ਸਰ ਸਰੋਵਰ ਬੈਠੇ ਮੁੱਖ ਭਵਾਈਆ । ਦਰਸ ਦਿਖਾਏ ਨਾ ਕੋਈ ਅੱਗੇ ਹੋ, ਬਜਰ ਕਪਾਟੀ ਪੜਦਾ ਕੋਇ ਨਾ ਲਾਹੀਆ । ਅੰਮ੍ਰਿਤ ਧਾਰਾ ਨਿਝਰ ਦੇਵੇ ਨਾ ਕੋਈ ਚੋ, ਬੂੰਦ ਸਵਾਂਤੀ ਮੁਖ ਚੁਆਈਆ । ਆਦਿ ਨਿਰੰਜਣ ਤੇਰਾ ਨੂਰ ਸਾਚੀ ਜੋਤ ਦਸਾਏ ਨਾ ਕੋਈ ਸੋ, ਸੋਭਾਵੰਤ ਤੇਰਾ ਨਾਦ ਨਾ ਕੋਇ ਵਜਾਈਆ । ਮਾਇਆ ਮਮਤਾ ਹਉਮੇਂ ਹੰਗਤਾ ਕੂੜੀ ਕਿਰਿਆ ਜਗਤ ਲੋਕਾਈ ਮੋਹ, ਮੁਹੱਬਤ ਤੇਰੀ ਤੋੜ ਨਾ ਕੋਇ ਨਿਭਾਈਆ । ਆਤਮ ਪਰਮਾਤਮ ਘਰ ਵਿਚ ਘਰ ਸਕੇ ਨਾ ਛੋਹ, ਜਗਤ ਵਿਛੋੜਾ ਪਾ ਕੇ ਦਏ ਦੁਹਾਈਆ । ਸ੍ਰੀ ਭਗਵਾਨ ਵਡ ਮਿਹਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਜੋਗਾ ਹੋ, ਹੋਕਾ ਦੇ ਕੇ ਰਹੇ ਜਣਾਈਆ । ਪੀਰ ਪੈਗ਼ੰਬਰ ਸਾਰੇ ਕਹਿਣ, ਬਿਨ ਰਸਨਾ ਰਾਗ ਅਲਾਈਆ । ਪਰਵਰਦਿਗਾਰ ਵੇਖ ਆਪਣੇ ਨੈਣ ਬੇਨਜ਼ੀਰ ਨਜ਼ਰ ਉਠਾਈਆ । ਕੂੜੀ ਕਿਰਿਆ ਕਲ ਵੈਂਹਦੀ ਝੂਠੇ ਵਹਿਣ, ਸਾਚਾ ਆਤਮ ਪਰਮਾਤਮ ਨਜ਼ਰ ਕਿਸੇ ਨਾ ਆਈਆ । ਅੱਖ ਖੁਲ੍ਹੇ ਨਾ ਕਿਸੇ ਐਨ, ਨੁਕ਼ਤਾ ਨੂਨ ਨਾ ਕੋਇ ਮਿਟਾਈਆ । ਹਮਜ਼ਾ ਸਕੇ ਨਾ ਕੋਇ ਕਹਿਣ, ਅਲਿਫ਼ ਯੇ ਮੁਕੀ ਸਰਬ ਪੜ੍ਹਾਈਆ । ਨਜ਼ਰ ਨਾ ਆਏ ਕੋਈ ਸਾਕ ਸੈਣ, ਸੱਜਣ ਬੈਠੇ ਮੁਖ ਭਵਾਈਆ । ਅੰਜੀਲ ਕੁਰਾਨ ਕੂਕ ਕੂਕ ਨੈਤਰ ਨੈਣਾਂ ਪਾਵੇ ਵੈਣ, ਚਾਰੋਂ ਕੁੰਟ ਦਏ ਦੁਹਾਈਆ । ਨਾਤਾ ਤੁਟਾ ਭਾਈ ਭੈਣ, ਸਾਚਾ ਮੀਤ ਨਜ਼ਰ ਕੋਇ ਨਾ ਆਈਆ । ਮਾਇਆ ਰਾਣੀ ਘਰ ਘਰ ਵੜ ਗਈ ਡੈਣ, ਸਾਧਾਂ ਸੰਤਾਂ ਰਹੀ ਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮੁਰੀਦ ਮੁਰਸ਼ਦ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਭਾਖ, ਭਾਖਿਆ ਆਪਣੀ ਰਹੇ ਜਣਾਈਆ । ਪਰਗਟ ਹੋ ਸਰਬ ਗੁਣਤਾਸ, ਬੇਅੰਤ ਤੇਰੀ ਵਡਿਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਸਾਰੇ ਰਹੇ ਆਖ, ਆਖ਼ਰ ਤੇਰੀ ਓਟ ਤਕਾਈਆ । ਨੌ ਖੰਡ ਪ੍ਰਿਥਮੀ ਨਿਰਗੁਣ ਸਰਗੁਣ ਤੇਰੀ ਚਲਦੀ ਰਹੀ ਸ਼ਾਖ਼, ਗੁਰ ਗੁਰ ਸ਼ਬਦੀ ਰੂਪ ਵਟਾਈਆ । ਸਤਿ ਮਾਰਗ ਚਲਣ ਦੀ ਦੱਸਦੇ ਰਹੇ ਜਾਚ, ਧੁਰ ਸੰਦੇਸਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਆਪਣਾ ਘਰ, ਘਰ ਅੰਤਮ ਫੇਰਾ ਪਾਈਆ । ਪੀਰ ਪੈਗ਼ੰਬਰ ਕਹਿਣ ਮੇਰੇ ਮਹਿਬੂਬ, ਮੁਹੱਬਤ ਤੇਰੀ ਨਜ਼ਰ ਕਿਸੇ ਨਾ ਆਈਆ । ਚੌਦਾਂ ਤਬਕਾਂ ਦੇ ਕੇ ਆਏ ਸਚ ਸਬੂਤ, ਸਾਹਿਬ ਸਲਾਮ ਇਕੋ ਆਪ ਬੁਲਾਈਆ । ਉਚ ਮਹੱਲਾ ਤੇਰਾ ਦੱਸ ਕੇ ਆਏ ਅਰੂਜ, ਅਰਸ਼ ਫ਼ਰਸ਼ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਨਿਰਗੁਣ ਨਿਰਵੈਰ ਨਿਰਾਕਾਰ ਆਪਣੀ ਲੋਕਮਾਤ ਵੇਖ ਲੋਕਾਈਆ । ਅਵਤਾਰ ਗੁਰੂ ਸਾਰੇ ਕਹਿੰਦੇ, ਦੋਏ ਜੋੜ ਵਾਸਤਾ ਪਾਈਆ । ਪਰਮ ਪੁਰਖ ਤੇਰੀ ਚਰਨੀਂ ਢੈਂਹਦੇ, ਧੂੜੀ ਟਿੱਕਾ ਮਸਤਕ ਲਾਈਆ । ਸਚ ਦੁਆਰੇ ਕੱਠੇ ਹੋ ਕੇ ਬੈਂਹਦੇ, ਘਰ ਇਕੋ ਮਤਾ ਪਕਾਈਆ । ਜੁਗ ਜੁਗ ਤੇਰਾ ਭਾਣਾ ਆਏ ਸਹਿੰਦੇ, ਲੱਖ ਲੱਖ ਸ਼ੁਕਰ ਮਨਾਈਆ । ਅੰਤਮ ਵੇਖ ਕਲਜੁਗ ਧਾਰ ਕਲਜੁਗ ਜੀਵ ਡੂੰਘੀ ਵੈਹਣ ਵੈਂਹਦੇ, ਬਿਨ ਤੇਰੇ ਸਕੇ ਨਾ ਕੋਇ ਬਚਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹ ਪੜ੍ਹ ਮੁੱਲਾਂ ਸ਼ੇਖ਼ ਮਸਾਇਕ ਪੰਡਤ ਪਾਂਧੇ ਕਹਿੰਦੇ, ਅੰਤਰ ਆਤਮ ਗਿਆਨ ਗੋਝ ਨਾ ਕੋਇ ਜਣਾਈਆ । ਅੰਤਮ ਸਭ ਦੇ ਮੁੱਕਣ ਵਾਲੇ ਪੈਂਡੇ, ਪਾਂਧੀ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਲਜੁਗ ਅੰਤਮ ਵੇਖ ਵਖਾਈਆ । ਗੁਰ ਅਵਤਾਰਾਂ ਸੁਣ ਕੇ ਬਾਤ, ਪੀਰ ਪੈਗ਼ੰਬਰ ਢੋਲੇ ਗਾਈਆ ।

੮੪੭
੧੫

ਨਾਲ ਉਠੇ ਭਗਤ ਅਠਾਰਾਂ ਇਕੋ ਜ਼ਾਤ, ਨਿਰਗੁਣ ਨੂਰ ਰੂਪ ਪਰਗਟਾਈਆ । ਕਿਰਪਾ ਕਰ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤੇ ਤੇਰੀ ਸ਼ਰਨਾਈਆ । ਹਉਂ ਬਾਲਕ ਤੇਰੇ ਦਾਸ, ਬਣ ਯਾਚਕ ਸੇਵ ਕਮਾਈਆ । ਸਚ ਬੇਨੰਤੀ ਇਕ ਅਰਦਾਸ, ਦਰਗਹਿ ਸਾਚੀ ਇਕ ਅਰਜ਼ੋਈਆ । ਉਠ ਵੇਖ ਖੇਲ ਤਮਾਸ਼, ਖ਼ਲਕ ਖ਼ੁਦਾਏ ਰਹੀ ਕੁਰਲਾਈਆ । ਸਚ ਵਸਤ ਕਿਸੇ ਨਾ ਪਾਸ, ਖ਼ਾਲੀ ਹੱਥ ਦਏ ਦੁਹਾਈਆ । ਪੰਜ ਤਤ ਖ਼ਾਲੀ ਪੁਤਲਾ ਹੱਡ ਨਾੜੀ ਮਾਸ, ਨੌ ਦੁਆਰੇ ਨੌ ਰਸ ਕੰਮ ਕਿਸੇ ਨਾ ਆਈਆ । ਸਾਚੇ ਮੰਦਰ ਸਾਚਾ ਦੀਪ ਕਰੇ ਨਾ ਕੋਇ ਪਰਕਾਸ਼, ਘਟ ਨੂਰ ਨਾ ਕੋਇ ਵਖਾਈਆ । ਉਚ ਮਹੱਲ ਚੜ੍ਹ ਕੇ ਤੇਰੇ ਮੰਦਰ ਵੜ ਕੇ ਦਰਸ਼ਨ ਕਰ ਕੇ ਸਾਰੇ ਆਏ ਆਖ, ਪ੍ਰਭ ਮਿਲੇ ਬੇਪਰਵਾਹੀਆ । ਉਠ ਮਿਹਰਵਾਨ ਮਾਰ ਧਿਆਨ ਕਲਜੁਗ ਝਾਤ, ਬੰਦ ਤਾਕੀ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹੱਥ ਤੇਰੇ ਵਡਿਆਈਆ । ਭਗਤਾਂ ਵੇਖ ਉਠੇ ਸੰਤ, ਸਚਖੰਡ ਸਾਚੇ ਵੱਜੇ ਵਧਾਈਆ । ਪਾਰਬ੍ਰਹਮ ਤੂੰ ਇਕੋ ਕੰਤ, ਲੱਖ ਚੁਰਾਸੀ ਰਿਹਾ ਪਰਨਾਈਆ । ਤੇਰੀ ਧਾਰ ਜੀਵ ਜੰਤ, ਚਾਰੇ ਖਾਣੀ ਵੱਜੇ ਵਧਾਈਆ । ਚਾਰੇ ਬਾਣੀ ਤੇਰੀ ਬਣਤ, ਪਰਾ ਪਸੰਤੀ ਮਧਮ ਬੈਖਰੀ ਰਾਗ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਸੰਤ ਸਾਰੇ ਲਿਖ ਕੇ ਗਏ ਸੰਨਦ, ਧੁਰ ਦਾ ਲੇਖਾ ਲੇਖ ਜਣਾਈਆ । ਸ੍ਰੀ ਭਗਵਾਨ ਸਭ ਨੂੰ ਦੇਵੇ ਆਤਮ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਆਦਿ ਜੁਗਾਦਿ ਜੁਗ ਚੌਕੜੀ ਸਦਾ ਬਖ਼ਸ਼ੰਦ, ਬਖ਼ਸ਼ਸ਼ ਆਪਣੇ ਹੱਥ ਰਖਾਈਆ । ਦੋਏ ਜੋੜ ਨਿਮਸਕਾਰ ਕਰੇ ਬੰਦਨਾ ਬੰਦ, ਬੰਦਗੀ ਡੰਡੌਤ ਇਕੋ ਇਕ ਜਣਾਈਆ । ਕਿਰਪਾ ਕਰ ਦੂਈ ਦਵੈਤ ਢਾਹ ਕੰਧ, ਭਾਂਡਾ ਭਰਮ ਭੌ ਭੰਨਾਈਆ । ਪੁਰਖ ਅਕਾਲ ਇਕ ਸੁਣਾ ਸਾਚਾ ਛੰਦ, ਦੋ ਜਹਾਨ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਆਤਮ ਪਰਮਾਤਮ ਤੇਰਾ ਰਾਗ ਅਲਾਈਆ । ਸੰਤਾਂ ਵੇਖ ਉਠੇ ਗੁਰਮੁਖ, ਆਪਣਾ ਬਲ ਪਰਗਟਾਈਆ । ਕਿਰਪਾ ਕਰ ਪ੍ਰਭੂ ਅਸੀਂ ਤੇਰੇ ਮਾਨੁਖ, ਮਨੁਸ਼ ਜ਼ਾਤੀ ਲੱਖ ਚੁਰਾਸੀ ਵਿਚੋਂ ਮਿਲੀ ਵਡਿਆਈਆ । ਲੋਕਮਾਤ ਆ ਕੇ ਸਾਨੂੰ ਪੁੱਛ, ਤੇਰੇ ਵੈਰਾਗ ਅੰਦਰ ਬੈਠੇ ਧਿਆਨ ਲਗਾਈਆ । ਭਗਤੀ ਗੁਣ ਨਹੀਂ ਸਾਡੇ ਕੋਲ ਕੁਛ, ਵਸਤ ਅਮੋਲਕ ਹੱਥ ਨਾ ਕੋਇ ਰਖਾਈਆ । ਮਿਹਰਵਾਨ ਸ੍ਰੀ ਭਗਵਾਨ ਲੋਕਮਾਤ ਸਾਡੇ ਨਾਲ ਨਾ ਰੁੱਸ, ਕਰਵਟ ਬਦਲ ਮੁਖੜਾ ਦੇ ਵਖਾਈਆ । ਨਿਰਵੈਰ ਤੇਰਾ ਉਜਲ ਵੇਖੀਏ ਮੁਖ, ਸਤਿ ਸਰੂਪੀ ਤੇਰਾ ਨੂਰ ਨਜ਼ਰੀ ਆਈਆ । ਆਵਣ ਜਾਵਣ ਮਿਟੇ ਦੁੱਖ, ਜਨਮ ਕਰਮ ਨਜ਼ਰ ਕੋਇ ਨਾ ਆਈਆ । ਫੇਰਾ ਪਾ ਅਬਿਨਾਸ਼ੀ ਅਚੁੱਤ, ਚੇਤਨ ਆਪਣਾ ਰੂਪ ਪਰਗਟਾਈਆ । ਦਿਆਲ ਹੋ ਕੇ ਸਵਾਮੀ ਤੁਠ, ਮਿਹਰਵਾਨ ਮਿਹਰ ਨਜ਼ਰ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਇਕ ਅਰਜ਼ੋਈਆ । ਗੁਰਮੁਖਾਂ ਵੇਖ ਗੁਰਸਿਖ ਜਾਗੇ, ਜਾਗਰਤ ਜੋਤ ਕਰੇ ਰੁਸ਼ਨਾਈਆ । ਹਰਿ ਸਰਨਾਈ ਆਵਣ ਭਾਗੇ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਰਸਨਾ ਗਾਵਣ ਗੀਤ ਸੁਹਾਗੇ, ਸਾਚਾ ਛੰਦ ਬੰਦ ਬਣਾਈਆ । ਪਾਰਬ੍ਰਹਮ ਤੁਧ ਬਿਨ ਸੁਆਰੇ ਕੋਈ ਨਾ ਕਾਜੇ, ਕਰਤੇ ਕੀਮਤ ਕੋਈ ਨਾ ਪਾਈਆ । ਗ਼ਰੀਬ ਨਿਮਾਣਿਆਂ ਤੂੰ ਹੀ ਨਿਵਾਜੇਂ, ਸਿਰ ਆਪਣਾ ਹੱਥ ਟਿਕਾਈਆ । ਜੁਗ ਚੌਕੜੀ ਸਾਜਣ ਸਾਜੇਂ, ਕਲਜੁਗ ਅੰਤਮ ਲੇਖਾ ਦੇ ਮੁਕਾਈਆ । ਕੂੜੀ ਕਿਰਿਆ ਲੱਗੇ ਰਾਜਨ ਰਾਜੇ, ਸਚ ਸੁਲਤਾਨ ਸਚ ਧਰਮ ਨਾ ਕੋਇ ਵਖਾਈਆ । ਅੰਤਮ ਸਭ ਦੀ ਰੱਖੇ ਕੋਈ ਨਾ ਲਾਜੇ, ਸ਼ਰਮ ਹੱਯਾ ਘਰ ਘਰ ਬੈਠਾ ਡੇਰਾ ਲਾਈਆ । ਬਿਨ ਤੇਰੇ ਕੋਈ ਨਾ ਪਕੜੇ ਵਾਗੇ, ਬੇਮੁਹਾਰੀ ਫਿਰੇ ਲੋਕਾਈਆ ।

੮੪੮
੧੫

ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਨਾਮ ਦੇ ਵਜਾ ਕੇ ਗਏ ਵਾਜੇ, ਜੁਗ ਚੌਕੜੀ ਰਾਗ ਸੁਣਾਈਆ । ਨਾਮ ਨਿਧਾਨ ਦੇ ਕੇ ਗਏ ਦਾਜੇ, ਵਸਤ ਅਮੋਲਕ ਇਕ ਵਖਾਈਆ । ਅੰਤਮ ਕਹਿ ਕੇ ਗਏ ਕਲ ਅੰਤਮ ਪਰਗਟ ਹੋਵੇ ਸ਼ਾਹ ਪਾਤਸ਼ਾਹ ਵਡ ਮਹਾਰਾਜੇ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਇਲਾਹੀ ਨੂਰ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਜੋ ਸਾਜਣ ਸਾਜੇ, ਸ਼ਬਦੀ ਸੁੱਤ ਦਏ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਜਿਸ ਦੇ ਹੁਕਮੇ ਅੰਦਰ ਫਿਰਨ ਭਾਜੇ, ਨਿਤ ਨਵਿਤ ਸੇਵ ਕਮਾਈਆ । ਤ੍ਰੈਗੁਣ ਮਾਇਆ ਪੰਜ ਤਤ ਜਿਸ ਬਣਾਏ ਭਾਂਡੇ, ਲੱਖ ਚੁਰਾਸੀ ਘਾੜਤ ਘੜ ਵਖਾਈਆ । ਜਗਤ ਵਾਸਨਾ ਖੋਲ੍ਹ ਵਖਾਏ ਨੌਂ ਦਰਵਾਜ਼ੇ, ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇਂ ਹੰਗਤਾ ਜਗਤ ਪਰਕਿਰਤੀ ਬੰਧਨ ਪਾਈਆ । ਘਰ ਵਿਚ ਘਰ ਬਹਿ ਕੇ ਆਪਣਾ ਖੇਲ ਕਰੇ ਬੋਧ ਅਗਾਧੇ, ਸ਼ਬਦ ਅਨਾਦੀ ਨਾਦ ਸੁਣਾਈਆ । ਨਿਰਮਲ ਜੋਤ ਕਰੇ ਪਰਕਾਸ਼ੇ, ਦੀਆ ਬਾਤੀ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਾਰੇ ਬੈਠੇ ਧਿਆਨ ਲਗਾਈਆ । ਗੁਰਸਿਖਾਂ ਵੇਖ ਉਠੀ ਧਰਨੀ, ਧਰਤ ਧਵਲ ਦਏ ਦੁਹਾਈਆ । ਤੁਧ ਬਿਨ ਮੇਰੀ ਰੱਖਿਆ ਕਿਸੇ ਨਾ ਕਰਨੀ, ਚਾਰੋਂ ਕੁੰਟ ਹੋਏ ਨਾ ਕੋਇ ਸਹਾਈਆ । ਨੌਂ ਖੰਡ ਪ੍ਰਿਥਮੀ ਸੱਤ ਦੀਪ ਕੂੜੀ ਕਿਰਿਆ ਲੜਨੀ, ਝਗੜਾ ਦੀਨ ਮਜ਼੍ਹਬ ਵਖਾਈਆ । ਤੇਰੀ ਧਾਰ ਬੇਪਰਵਾਹ ਸਾਚੀ ਸਚ ਕਿਸੇ ਨਾ ਪੜ੍ਹਨੀ, ਮਾਇਆ ਮਮਤਾ ਬੇੜਾ ਰਹੀ ਡੁਬਾਈਆ । ਗ਼ਰੀਬ ਨਿਵਾਜ਼ ਸ਼ਾਹ ਸੁਲਤਾਨ ਮੈਂ ਡਿਗਾਂ ਤੇਰੇ ਚਰਨੀਂ, ਦੋਏ ਜੋੜ ਵਾਸਤਾ ਪਾਈਆ । ਆਪਣਿਆਂ ਭਗਤਾਂ ਖੋਲ੍ਹ ਅੱਖ ਹਰਨੀ ਫਰਨੀ, ਨਿਜ ਨੇਤਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹੱਥ ਤੇਰੇ ਵਡਿਆਈਆ । ਧਰਨੀ ਵੇਖ ਉਠਿਆ ਸਾਗਰ, ਸਾਹਿਬ ਸਤਿਗੁਰ ਤੇਰੇ ਅੱਗੇ ਬੇਨੰਤੀ ਆ । ਲੱਖ ਚੁਰਾਸੀ ਤੇਰਾ ਰੂਪ ਕਾਇਆ ਗਾਗਰ, ਡੂੰਘੀ ਭਵਰੀ ਵੇਖ ਵਖਾਈਆ । ਤੇਰੇ ਅੰਮ੍ਰਿਤ ਕਿਤੇ ਨਾ ਮਿਲੇ ਆਦਰ, ਤੇਰਾ ਨੂਰ ਨੂਰ ਨਾ ਕੋਇ ਪਰਗਟਾਈਆ । ਤੂੰ ਕਰੀਮ ਕਰਤਾ ਸੱਚਾ ਕਾਦਰ, ਕੁਦਰਤ ਤੇਰੇ ਹੱਥ ਨਜ਼ਰੀ ਆਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਕਲਜੁਗ ਅੰਤਮ ਦੇ ਆਦਰ, ਆਦਰਸ਼ ਆਪਣਾ ਇਕ ਵਖਾਈਆ । ਤੂੰ ਸਾਹਿਬ ਸੁਲਤਾਨ ਜੋਧਾ ਸੂਰਬੀਰ ਵਡ ਬਹਾਦਰ, ਸ਼ਹਿਨਸ਼ਾਹ ਤੇਰੀ ਵੱਡੀ ਵਡਿਆਈਆ । ਨਿਰਮਲ ਕਰਮ ਕਰ ਉਜਾਗਰ, ਦੂਈ ਦਵੈਤੀ ਡੇਰਾ ਢਾਹੀਆ । ਸਾਰੇ ਰਲ ਕੇ ਤੇਰੇ ਨਾਮ ਦੇ ਬਣੀਏ ਜਗਤ ਸੌਦਾਗਰ, ਵਣਜ ਇਕੋ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦੂਜੀ ਹਾਜਤ ਹੋਰ ਰਹਿਣ ਨਾ ਪਾਈਆ । ਸਾਗਰ ਵੇਖ ਉਠੇ ਲੋਕ ਪਰਲੋਕ, ਦੋ ਜਹਾਨ ਦੇਣ ਦੁਹਾਈਆ । ਸ੍ਰੀ ਭਗਵਾਨ ਤੇਰਾ ਭਾਣਾ ਸਕੇ ਨਾ ਕੋਈ ਰੋਕ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਾ ਕੇ ਗਏ ਸਲੋਕ, ਸਚ ਸੰਦੇਸਾ ਤੇਰਾ ਨਾਦ ਅਲਾਈਆ । ਕਲਜੁਗ ਅੰਤ ਸ੍ਰੀ ਭਗਵੰਤ ਕਰੇ ਆਪਣੀ ਮੌਜ, ਮੌਜੂਦਾ ਭੇਵ ਸਮਝ ਕੋਇ ਨਾ ਪਾਈਆ । ਸ਼ਬਦ ਅਗੰਮੀ ਇਕ ਉਠਾਏ ਫ਼ੌਜ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡ ਉਤਭੁਜ ਸੇਤਜ ਹੁਕਮ ਮਨਾਈਆ । ਜਿਸ ਦੁਆਰੇ ਕੋਈ ਨਾ ਸਕੇ ਪਹੁੰਚ, ਤਿਸ ਮੰਦਰ ਬਹਿ ਕੇ ਆਪਣਾ ਹੁਕਮ ਜਣਾਈਆ । ਜਿਸ ਦੀ ਕੋਈ ਸੋਚ ਨਾ ਸਕੇ ਸੋਚ, ਸੋ ਸਾਹਿਬ ਸਤਿਗੁਰ ਆਪਣੀ ਕਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ੍ਰੀ ਭਗਵਾਨ ਤੇਰੇ ਚਰਨ ਮਿਲੇ ਸਰਨਾਈਆ । ਲੋਕ ਪਰਲੋਕ ਵੇਖ,


੮੪੯
੧੫

ਬ੍ਰਹਿਮੰਡ ਖੰਡ ਦੇਣ ਦੁਹਾਈਆ । ਪਾਰਬ੍ਰਹਮ ਤੇਰਾ ਵੇਖੀਏ ਭੇਖ, ਨਵ ਨੌ ਚਾਰ ਅੱਖ ਖੁਲ੍ਹਾਈਆ । ਕਵਣ ਮੰਦਰ ਕਵਣ ਘਰ ਕਵਣ ਗ੍ਰਿਹਿ ਕਵਣ ਨਗਰੀ ਕਵਣ ਦੁਆਰ ਵਸੇਂ ਦੇਸ, ਕਵਣ ਮੰਜ਼ਲ ਡੇਰਾ ਲਾਈਆ । ਕਵਣ ਸ਼ਬਦ ਕਵਣ ਨਾਦ ਕਵਣ ਧੁਨ ਕਵਣ ਰਾਗ ਕਵਣ ਕਲਮਾ ਦਏਂ ਉਪਦੇਸ਼, ਕਵਣ ਕਾਇਨਾਤ ਦਏਂ ਸਮਝਾਈਆ । ਕਵਣ ਅੰਮ੍ਰਿਤ ਕਵਣ ਜਾਮ, ਕਵਣ ਦੇਵੇਂ ਸੱਚਾ ਨਾਮ, ਕਵਣ ਰੂਪ ਧੁਰ ਪੈਗ਼ਾਮ, ਧੁਰ ਸੰਦੇਸਾ ਇਕ ਸੁਣਾਈਆ । ਕਵਣ ਧਾਰ ਪਰਗਟ ਰਾਮ, ਕਵਣ ਧਾਰ ਨਿਰਗੁਣ ਸ਼ਾਮ, ਕਵਣ ਧਾਰ ਨੂਰ ਇਲਾਹੀ ਪਰਵਰਦਿਗਾਰ, ਕਵਣ ਧਾਰ ਨਾਨਕ ਗੋਬਿੰਦ ਕਰ ਉਜਿਆਰ, ਦੋ ਜਹਾਨਾਂ ਡੰਕਾ ਇਕ ਸੁਣਾਈਆ । ਕਵਣ ਧਾਰ ਸਾਂਝਾ ਯਾਰ, ਕਵਣ ਕਰੇਂ ਖ਼ਬਰਦਾਰ, ਕਵਣ ਖੋਲ੍ਹ ਕਿਵਾੜ, ਨੇਤਰ ਨੈਣ ਅੱਖ ਜਣਾਈਆ । ਕਵਣ ਤੇਜ਼ ਕਟਾਰ, ਕਵਣ ਲੱਖ ਚੁਰਾਸੀ ਕਰੇਂ ਸੰਘਾਰ, ਕਵਣ ਗੁਰਮੁਖ ਵਿਚੋਂ ਲਏਂ ਉਭਾਰ, ਮਿਹਰਵਾਨ ਮਿਹਰਵਾਨ ਪ੍ਰਭ ਮਿਹਰ ਨਜ਼ਰ ਉਠਾਈਆ । ਕਵਣ ਕਲਜੁਗ ਕੂੜੀ ਕਿਰਿਆ ਕਰੇਂ ਪਾਰ, ਕਵਣ ਜੂਠ ਝੂਠ ਮਾਰੇਂ ਮਾਰ, ਕਵਣ ਹਉਮੇ ਹੰਗਤਾ ਗੜ੍ਹ ਦਏਂ ਨਿਵਾਰ, ਸਚ ਸੁਚ ਇਕੋ ਮੰਦਰ ਨਜ਼ਰੀ ਆਈਆ । ਕਿਰਪਾ ਕਰ ਸਿਰਜਣਹਾਰ, ਆ ਕੇ ਵੇਖ ਆਪਣਾ ਸੰਸਾਰ, ਚਾਰੋਂ ਕੁੰਟ ਹਾਹਾਕਾਰ, ਰਾਓ ਰੰਕ ਸਾਰੇ ਦੇਣ ਦੁਹਾਈਆ । ਬ੍ਰਹਿਮੰਡ ਖੰਡ ਵੇਖ ਵਿਸ਼ਨ ਬ੍ਰਹਮਾ ਸ਼ਿਵ ਖਲੋਤੇ ਉਠ, ਗਲ ਪੱਲੂ ਵਾਸਤਾ ਪਾਈਆ । ਸ੍ਰੀ ਭਗਵਾਨ ਠਾਕਰ ਹੋ ਕੇ ਤੁਠ, ਦਇਆਵਾਨ ਤੇਰੀ ਓਟ ਤਕਾਈਆ । ਤੇਰੀ ਸ੍ਰਿਸ਼ਟੀ ਤੇਰੀ ਦ੍ਰਿਸ਼ਟੀ ਤੇਰੀ ਇਸ਼ਟੀ ਤੇਰੇ ਨਾਲੋਂ ਗਈ ਰੁੱਠ, ਸਾਡੀ ਚਲੇ ਨਾ ਕੋਇ ਚਤੁਰਾਈਆ । ਜੋਧਾ ਸੂਰਬੀਰ ਬਣ ਕੇ ਲੋਕਮਾਤ ਜਾ ਕੇ ਪੁੱਛ, ਬਲਧਾਰੀ ਆਪਣਾ ਬਲ ਪਰਗਟਾਈਆ । ਚਾਰੋਂ ਕੁੰਟ ਵੇਖ ਅੰਧੇਰਾ ਹੋਇਆ ਘੁੱਪ, ਸੂਰਜ ਚੰਦ ਦੋਵੇਂ ਬੈਠੇ ਮੁਖ ਸ਼ਰਮਾਈਆ । ਮੰਡਲ ਮੰਡਪ ਸਚ ਸਤਾਰ ਹੋਏ ਚੁੱਪ, ਨੂਰ ਜ਼ਹੂਰ ਨਜ਼ਰ ਕੋਇ ਨਾ ਆਈਆ । ਸਾਰੇ ਕਰਨ ਧਿਆਨ ਕਵਣ ਵੇਲਾ ਪ੍ਰਭ ਲੋਕਮਾਤ ਕਰੇ ਆਪਣਾ ਰੁਖ਼, ਸਤਿ ਸਤਿਵਾਦੀ ਫੇਰਾ ਪਾਈਆ । ਦੂਰ ਦੁਰਾਡਾ ਨੇੜੇ ਜਾਏ ਢੁਕ, ਨੇੜਨ ਨੇੜ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖ ਹਾਲ, ਸ਼ਬਦ ਸੂਰਾ ਲਏ ਅੰਗੜਾਈਆ । ਇਕੋ ਬੋਲੇ ਬੋਲ ਕਮਾਲ, ਬਿਨ ਰਸਨਾ ਜਿਹਵਾ ਗਾਈਆ । ਦੋ ਜਹਾਨ ਪ੍ਰਭੂ ਤੇਰੀ ਧਰਮਸਾਲ, ਤੇਰੀ ਰਚਨਾ ਤੋਹੇ ਭਾਈਆ । ਮੈਂ ਬਾਲਾ ਨੱਢਾ ਤੇਰਾ ਬਾਲ, ਸਦ ਚਲਾਂ ਹੁਕਮ ਰਜ਼ਾਈਆ । ਜੁਗ ਚੌਕੜੀ ਹੁਕਮੇ ਅੰਦਰ ਖਾਏ ਕਾਲ, ਕਾਲ ਗਰਾਸ ਇਕ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਨਿਰਗੁਣ ਨਿਰਗੁਣ ਹੋ ਸਹਾਈਆ । ਸ਼ਬਦ ਸੁੱਤ ਕਹੇ ਮੇਰੇ ਭਗਵਾਨ, ਪਿਤਾ ਪੁਰਖ ਅਕਾਲ ਤੂੰ ਇਕ ਅਖਵਾਇੰਦਾ । ਜੁਗ ਚੌਕੜੀ ਝੁਲਾਇਆ ਤੇਰਾ ਨਿਸ਼ਾਨ, ਦੋ ਜਹਾਨ ਹੁਕਮ ਮਨਾਇੰਦਾ । ਧੁਰ ਦਾ ਬਣ ਹੁਕਮਰਾਨ, ਸਚ ਸੰਦੇਸਾ ਇਕ ਅਲਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਦੇ ਗਿਆਨ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਗੁਰ ਅਵਤਾਰ ਕਰ ਪਰਵਾਨ, ਨਾਮ ਪਰਵਾਨਾ ਹੱਥ ਫੜਾਇੰਦਾ । ਪੀਰ ਪੈਗ਼ੰਬਰ ਦੇ ਕਲਾਮ, ਕਲਮਾ ਇਕੋ ਇਕ ਸਮਝਾਇੰਦਾ । ਜੁਗ ਚੌਕੜੀ ਹੋ ਪਰਧਾਨ, ਧੁਰ ਦਾ ਲੇਖਾ ਆਪ ਵਖਾਇੰਦਾ । ਅੱਖਰ ਵੱਖਰ ਕਰ ਗਿਆਨ, ਸ਼ਾਸਤਰ ਸਿਮਰਤ ਵੇਦ ਰੂਪ ਜਣਾਇੰਦਾ । ਰਸਨਾ ਜਿਹਵਾ ਬੱਤੀ ਦੰਦ ਕਰ ਕਲਿਆਣ, ਸ੍ਰਿਸ਼ਟ ਸਬਾਈ ਮਾਤ ਪੜ੍ਹਾਇੰਦਾ । ਜੁਗ ਜੁਗ ਸਭ ਨੂੰ ਕਹਿ ਕੇ ਆਇਆ ਵਿਚ ਜਹਾਨ, ਪੰਜ ਤਤ ਚੋਲਾ ਤੇਰਾ ਹੰਡਾਇੰਦਾ । ਗੁਰ

੮੫੦
੧੫

ਅਵਤਾਰਾਂ ਪੀਰ ਪੈਗ਼ੰਬਰਾਂ ਭਗਤਾਂ ਸੰਤਾਂ ਦਿਤਾ ਬਿਆਨ, ਬਚਿਆ ਕੋਈ ਨਜ਼ਰ ਨਾ ਆਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਪਰਗਟ ਹੋਵੇ ਨੌਜਵਾਨ, ਦੋ ਜਹਾਨਾਂ ਨੌਬਤ ਆਪਣੇ ਨਾਮ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰ ਸ਼ਬਦੀ ਮੰਗ ਮੰਗਾਇੰਦਾ । ਸ਼ਬਦ ਕਹੇ ਮੇਰੇ ਪੁਰਖ ਅਕਾਲ, ਉਠ ਸੱਜਣ ਸੱਚੇ ਮਾਹੀਆ । ਮੈਂ ਵੀ ਵਸਾਂ ਤੇਰੇ ਨਾਲ, ਨਿਤ ਨਵਿਤ ਚਰਨ ਧਿਆਨ ਲਗਾਈਆ । ਕਲਜੁਗ ਅੰਤਮ ਤੇਰਾ ਵੇਖਾਂ ਖੇਲ ਕਮਾਲ, ਕਰਤਾ ਪੁਰਖ ਤੇਰੀ ਵਡਿਆਈਆ । ਲੋਕਮਾਤ ਬਣਾ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਜਿਸ ਘਰ ਵਸੇ ਸ਼ਾਹ ਕੰਗਾਲ, ਊਚ ਨੀਚ ਜ਼ਾਤ ਪਾਤ ਕੋਈ ਰਹਿਣ ਨਾ ਪਾਈਆ । ਇਕੋ ਉਪਜੇ ਤੇਰਾ ਨਾਮ, ਸਿਮਰਨ ਅਭਿਆਸ ਸਚ ਦੇ ਸਮਝਾਈਆ । ਸਭ ਦੀ ਇਛਿਆ ਪੂਰਨ ਕਾਮ, ਨਿਰਾਸਾ ਕੋਇ ਰਹਿਣ ਨਾ ਪਾਈਆ । ਸਾਚਾ ਨੂਰ ਪਰਕਾਸ਼ ਕਰ ਅਗੰਮੀ ਭਾਨ, ਜਿਸ ਦਾ ਰੇਖ ਰੰਗ ਨਜ਼ਰ ਕੋਇ ਨਾ ਆਈਆ । ਉਠ ਵੇਖ ਆਪਣਾ ਜਹਾਨ, ਚਾਰੋਂ ਕੁੰਟ ਕਲਜੁਗ ਅਗਨ ਰਿਹਾ ਲਾਈਆ । ਜੂਠ ਝੂਠ ਕੂੜੀ ਕਿਰਿਆ ਚਾੜ੍ਹ ਤੂਫ਼ਾਨ, ਸਾਧਾਂ ਸੰਤਾਂ ਰਿਹਾ ਡੁਬਾਈਆ । ਸਿਦਕ ਸਬੂਰੀ ਸਚ ਰਹਿਣ ਨਾ ਦਿਤਾ ਕਿਸੇ ਈਮਾਨ, ਧੀਰਜ ਜਤ ਨਾ ਕੋਇ ਜਣਾਈਆ । ਕਸਮਾਂ ਖਾ ਖਾ ਬਗ਼ਲੇ ਰੱਖ ਰੱਖ ਸ਼ਰੀਅਤ ਵਿਚ ਕੁਰਾਨ, ਬਗ਼ਲਗੀਰ ਦਸਤਯਾਬ ਵਸਤ ਨਾ ਕਿਸੇ ਮਿਲਾਈਆ । ਤੁਧ ਬਿਨ ਕੋਇ ਨਾ ਤੋੜੇ ਸ਼ਰਅ ਜ਼ੰਜੀਰ, ਨੇਤਰ ਰੋਵਣ ਸ਼ਾਹ ਹਕੀਰ, ਹਕੀਕਤ ਸਕੇ ਨਾ ਕੋਇ ਸਮਝਾਈਆ । ਮਿਹਰਵਾਨ ਆਪਣੀ ਵਖਾ ਇਕ ਤਸਵੀਰ, ਬੇਨਜ਼ੀਰ ਆਪਣਾ ਨੂਰ ਕਰ ਰੁਸ਼ਨਾਈਆ । ਜਿਸ ਦੀ ਮਾਲਾ ਤਸਬੀ ਫੇਰਦੇ ਗਏ ਪੀਰ ਫ਼ਕੀਰ, ਸੋ ਮਨ ਕਾ ਮਣਕਾ ਦੇ ਭਵਾਈਆ । ਚੋਟੀ ਚੜ੍ਹ ਕੇ ਮਿਲ ਅਖ਼ੀਰ, ਆਖ਼ਰ ਆਪਣਾ ਮੇਲ ਕਰਾਈਆ । ਮਿਹਰ ਨਜ਼ਰ ਨਾਲ ਬਦਲ ਦੇ ਤਕਦੀਰ, ਤਦਬੀਰ ਇਕੋ ਵਾਰ ਸਮਝਾਈਆ । ਤੇਰੇ ਹੱਥ ਨਾਮ ਸ਼ਮਸ਼ੀਰ, ਜਗਤ ਵਿਕਾਰਾ ਕੂੜਾ ਇਕੋ ਵਾਰ ਮਾਰ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਭ ਬੈਠੇ ਧਿਆਨ ਲਗਾਈਆ । ਤੇਰੇ ਚਰਨ ਧਿਆਨ ਗਿਆ ਲੱਗ, ਜੋ ਉਪਜਿਆ ਸੋ ਤੁਝੇ ਰਿਹਾ ਧਿਆਈਆ । ਕਿਰਪਾ ਕਰ ਸੂਰੇ ਸਰਬੱਗ, ਸ਼ਹਿਨਸ਼ਾਹ ਤੇਰੀ ਵਡਿਆਈਆ । ਕਰ ਕਰ ਥੱਕੇ ਮੱਕੇ ਕਾਅਬੇ ਹੱਜ, ਹਜ਼ਰਤ ਨਜ਼ਰ ਕਿਸੇ ਨਾ ਆਈਆ । ਮੰਦਰ ਮਸਜਦ ਸ਼ਿਵਦਵਾਲੇ ਫਿਰ ਫਿਰ ਥੱਕੇ ਮੱਠ, ਅਗਨੀ ਤਤ ਨਾ ਕੋਇ ਬੁਝਾਈਆ । ਬਿਨ ਸਾਹਿਬ ਸਤਿਗੁਰ ਕੋਈ ਨਾ ਦੇਵੇ ਬ੍ਰਹਮ ਮਤ, ਚੌਦਾਂ ਵਿਦਿਆ ਰਹੀ ਕੁਰਲਾਈਆ । ਕਲਜੁਗ ਅੰਤਮ ਹੋ ਪਰਗਟ, ਪਰਗਟ ਆਪਣੀ ਧਾਰ ਵਖਾਈਆ । ਸਚ ਦੁਆਰਾ ਖੋਲ੍ਹ ਹੱਟ, ਸਤਿ ਸਤਿਵਾਦੀ ਆਪਣਾ ਰਾਹ ਜਣਾਈਆ । ਸਰਬ ਜੀਵਾਂ ਦੇ ਇਕੋ ਮੱਤ, ਬੁੱਧ ਮਤ ਬਿਬੇਕ ਕਰਾਈਆ । ਆਪਣੇ ਵੇਖਣ ਦੀ ਦੇ ਅੱਖ, ਨਿਜ ਲੋਚਣ ਕਰ ਰੁਸ਼ਨਾਈਆ । ਤੇਰੇ ਨਾਲ ਮਿਲ ਕੇ ਤੇਰੇ ਗਾਵਣ ਜਸ, ਸਿਫ਼ਤ ਸਾਲਾਹੀ ਢੋਲਾ ਗਾਈਆ । ਤੇਰੇ ਪ੍ਰੇਮ ਪਿਆਰ ਅੰਦਰ ਤੇਰੇ ਚਰਨ ਕਵਲ ਜਾਵਣ ਵਸ, ਘਰ ਮੰਦਰ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਆਦਿ ਜੁਗਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਸਭ ਤੇਰੇ ਦਰ ਬੈਠੇ ਸੀਸ ਝੁਕਾਈਆ । ਠਾਕਰ ਸੁਆਮੀ ਤੇਰੇ ਦਰ ਤੇ ਬੋਲ ਅਲੱਖ, ਮਾਂਗਤ ਭਿੱਖਕ ਖ਼ਾਲੀ ਝੋਲੀ ਰਹੇ ਡਾਹੀਆ । ਵਸਤ ਅਮੋਲਕ ਦੇ ਸਮਰਥ, ਅਤੋਟ ਅਤੁਟ ਇਕ ਵਰਤਾਈਆ । ਜਨ ਭਗਤਾਂ ਲੈਣਾ ਤੈਥੋਂ ਹੱਕ, ਪਿਛਲੀ ਕੀਤੀ ਝੋਲੀ ਦੇ ਭਰਾਈਆ । ਤੇਰਾ

ਨਾਮ ਲੈ ਕੇ ਤੇਰਾ ਗਾਈਏ ਜਸ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੇਰੇ ਨਾਲ ਮਿਲ ਕੇ ਖ਼ੁਸ਼ੀਆਂ ਨਾਲ ਜਾਈਏ ਹੱਸ, ਸੋਹੰ ਹੰਸਾ ਇਕੋ ਰੂਪ ਵਟਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਇਕ ਦੂਜੇ ਨੂੰ ਦਈਏ ਦੱਸ, ਭੇਵ ਅਭੇਦਾ ਰਹਿਣ ਕੋਇ ਨਾ ਪਾਈਆ । ਤੂੰ ਮੇਰਾ ਮੈਂ ਤੇਰਾ ਰਸ, ਬਿਨ ਰਸ ਰਸੀਏ ਦੋਵੇਂ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦੇਵਣਹਾਰ ਤੇਰੀ ਸਰਨਾਈਆ । ਸਾਚੀ ਵਸਤ ਦੇ ਅਪਾਰ, ਅਪਰੰਪਰ ਤੇਰੀ ਵਡਿਆਈਆ । ਇਕੋ ਆਦਿ ਜੁਗਾਦਿ ਸਚ ਦੁਆਰ, ਜਿਸ ਘਰ ਬੈਠੇ ਸੀਸ ਝੁਕਾਈਆ । ਬੋਧ ਅਗਾਧ ਸ਼ਬਦ ਅਨਾਦ ਧੁਰ ਦੀ ਵਸਤ ਦੇ ਭੰਡਾਰ, ਅੱਠੇ ਪਹਿਰ ਦਿਵਸ ਰੈਣ ਨਾਦ ਧੁਨ ਵੱਜੇ ਇਕ ਸ਼ਨਵਾਈਆ । ਮਹੱਲ ਅਟੱਲ ਉਚ ਮਨਾਰ ਦੀਆ ਦੀਪਕ ਜੋਤੀ ਦੇ ਬਾਲ, ਸੋਹੇ ਤੇਰੀ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਸੋਭਾ ਪਾਈਆ । ਸੁਰਤੀ ਸ਼ਬਦੀ ਕਰੇ ਭਾਲ, ਮਿਲੇ ਸਤਿਗੁਰ ਦੀਨ ਦਿਆਲ, ਅੰਦਰ ਕਰੇ ਸਚ ਰਖਵਾਲ, ਬਣ ਰਾਖਾ ਠੱਗਾਂ ਚੋਰਾਂ ਦੇਵੇ ਧੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸ੍ਰੀ ਭਗਵਾਨ ਦਇਆ ਕਮਾਉਂਦਾ ਏ । ਮਿਹਰਵਾਨ ਮਿਹਰ ਨਜ਼ਰ ਉਠਾਉਂਦਾ ਏ । ਸ਼ਬਦੀ ਸੁੱਤ ਆਪ ਸਮਝਾਉਂਦਾ ਏ । ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਉਂਦਾ ਏ । ਤ੍ਰੈਗੁਣ ਮਾਇਆ ਪੰਜ ਤਤ ਨਾਲ ਮਿਲਾਉਂਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਆਪ ਸਮਝਾਉਂਦਾ ਏ । ਚਾਰੇ ਖਾਣੀ ਵੇਖ ਵਖਾਉਂਦਾ ਏ । ਚਾਰੇ ਬਾਣੀ ਫੋਲ ਫੁਲਾਉਂਦਾ ਏ । ਚਾਰੇ ਜੁਗ ਗੇੜ ਚੁਕਾਉਂਦਾ ਏ । ਨਿਰਗੁਣ ਸਰਗੁਣ ਵੇਸ ਵਟਾਉਂਦਾ ਏ । ਸ਼ਬਦ ਨਾਦ ਧੁਨ ਉਪਜਾਉਂਦਾ ਏ । ਜਗਤ ਵੈਰਾਗ ਇਕ ਵਖਾਉਂਦਾ ਏ । ਅੰਤ ਤਿਆਗ ਆਪ ਕਰਾਉਂਦਾ ਏ । ਬਣ ਸੁਹਾਗ ਕੰਤ ਹੰਡਾਉਂਦਾ ਏ । ਖੋਲ੍ਹ ਜਾਗ ਨੇਤਰ ਆਪਣੇ ਨਾਲ ਮਿਲਾਉਂਦਾ ਏ । ਜੁਗ ਚੌਕੜੀ ਪਕੜਨਹਾਰਾ ਵਾਗ, ਸ਼ਾਹਸਵਾਰ ਅਸਵ ਆਪਣਾ ਇਕ ਦੁੜਾਉਂਦਾ ਏ । ਕਲਜੁਗ ਅੰਤਮ ਆਵੇ ਭਾਗ, ਨਿਹਕਲੰਕ ਰੂਪ ਵਟਾਉਂਦਾ ਏ । ਸੰਬਲ ਨਗਰ ਬਣੇ ਇਕ ਸਮਾਜ, ਜੋਤੀ ਸ਼ਬਦੀ ਆਪ ਪਰਨਾਉਂਦਾ ਏ । ਸਤਿਜੁਗ ਸਚ ਬਣਾਏ ਜਹਾਜ਼, ਬੇੜਾ ਆਪਣਾ ਨਾਮ ਚਲਾਉਂਦਾ ਏ । ਜਨ ਭਗਤਾਂ ਮਾਰੇ ਆਵਾਜ਼, ਲੱਖ ਚੁਰਾਸੀ ਵਿਚੋਂ ਆਪ ਉਠਾਉਂਦਾ ਏ । ਕਿਰਪਾ ਕਰ ਗ਼ਰੀਬ ਨਿਵਾਜ, ਗ਼ਰੀਬ ਨਿਮਾਣੇ ਕੋਝੇ ਕਮਲੇ ਗਲੇ ਲਗਾਉਂਦਾ ਏ । ਚਾਰ ਵਰਨ ਬਣਾ ਇਕ ਜਮਾਤ, ਪੱਟੀ ਸਾਚੀ ਨਾਮ ਪੜ੍ਹਾਉਂਦਾ ਏ । ਲੇਖਾ ਲਿਖੇ ਬਿਨ ਕਲਮ ਦਵਾਤ, ਸ਼ਾਹੀ ਕਾਗ਼ਜ਼ ਸੰਗ ਨਾ ਕੋਇ ਰਖਾਉਂਦਾ ਏ । ਕੋਟਨ ਕੋਟ ਜੁਗ ਚੌਕੜੀ ਜਾਨਣਵਾਲਾ ਹਾਲਾਤ, ਹਾਲਤ ਆਪਣੀ ਨਾ ਕਿਸੇ ਸਮਝਾਉਂਦਾ ਏ । ਏਥੇ ਓਥੇ ਕਦੇ ਨਾ ਪਾਏ ਵਫ਼ਾਤ, ਫ਼ਤਵਾ ਸਭ ਦੇ ਉਤੇ ਲਾਉਂਦਾ ਏ । ਪੀਰ ਪੈਗ਼ੰਬਰਾਂ ਦੇਵਣਹਾਰਾ ਆਬੇਹਯਾਤ, ਸਾਚਾ ਰਸ ਇਕ ਚਵਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਕਲ ਅੰਤਮ ਵੇਸ ਵਟਾਉਂਦਾ ਏ । ਕਲ ਅੰਤਮ ਵੇਸ ਵਟਾਇਆ ਏ । ਜੋਤੀ ਜਾਮਾ ਰੂਪ ਧਰਾਇਆ ਏ । ਰੂਪ ਰੰਗ ਨਾ ਕੋਇ ਵਖਾਇਆ ਏ । ਔਲੀਆ ਪੀਰ ਸ਼ੇਖ਼ ਸਮਝ ਕੋਈ ਨਾ ਆਇਆ ਏ । ਨਿਰਵੈਰ ਹੋ ਕੇ ਖੇਲੇ ਖੇਡ, ਖ਼ਾਲਕ ਖ਼ਲਕ ਰਿਹਾ ਸਮਝਾਇਆ ਏ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੇ ਦਿਤੇ ਭੇਜ, ਸੋ ਅੰਤਮ ਵੇਖਣ ਆਇਆ ਏ । ਜੋਤੀ ਜਲਵਾ ਇਕੋ ਤੇਜ, ਸ਼ਬਦੀ ਨਾਦ ਧੁਨ ਸ਼ਨਵਾਇਆ ਏ । ਲੱਖ ਚੁਰਾਸੀ ਘਟ ਘਟ ਅੰਦਰ ਮਾਣੇ ਸੇਜ, ਆਤਮ ਪਰਮਾਤਮ ਮੇਲ ਮਿਲਾਇਆ

੮੫੨
੧੫

ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣਾ ਰਾਹ ਵਖਾਇਆ ਏ । ਨਿਰਗੁਣ ਨਿਰਵੈਰ ਰਾਹ ਜਣਾਉਂਦਾ ਏ । ਦੋ ਜਹਾਨਾਂ ਆਪ ਸਮਝਾਉਂਦਾ ਏ । ਧੁਰ ਦਾ ਸ਼ਬਦ ਇਕ ਪੜ੍ਹਾਉਂਦਾ ਏ । ਲੱਖ ਚੁਰਾਸੀ ਭੇਵ ਖੁਲ੍ਹਾਉਂਦਾ ਏ । ਆਤਮ ਰਾਸ ਵੰਡ ਵੰਡਾਉਂਦਾ ਏ । ਹੰ ਬ੍ਰਹਮ ਪੜਦਾ ਲੌਂਹਦਾ ਏ । ਨਿਹਕਰਮੀ ਕਰਮ ਕਮਾਉਂਦਾ ਏ । ਧਰਨੀ ਧਰਤ ਧਵਲ ਸੋਭਾ ਪਾਉਂਦਾ ਏ । ਅਰਸ਼ ਫ਼ਰਸ਼ ਡੇਰਾ ਲਾਉਂਦਾ ਏ । ਮਧ ਧਾਰ ਖੇਲ ਰਚਾਉਂਦਾ ਏ । ਨੇਤਰ ਨੈਣ ਨਜ਼ਰ ਕਿਸੇ ਨਾ ਆਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦੀ ਇਛਿਆ ਪੂਰ ਕਰਾਉਂਦਾ ਏ । ਸਭ ਦੀ ਇਛਿਆ ਪੂਰ ਕਰਾਵੇਗਾ । ਪ੍ਰਭ ਦਾਤਾ ਇਕੋ ਆਵੇਗਾ । ਸਰਬ ਗਿਆਤਾ ਆਪ ਅਖਵਾਵੇਗਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਆਪਣੀ ਧਾਰ ਦ੍ਰਿੜਾਵੇਗਾ । ਸਤਿਜੁਗ ਦੇਵੇ ਸਚ ਗਿਆਨ, ਸਤਿ ਸਤਿਵਾਦੀ ਇਕੋ ਹੁਕਮ ਵਰਤਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਸੁਹੇਲੇ ਗੁਰਮੁਖ ਚੇਲੇ ਸੰਤਾਂ ਮੇਲੇ ਗੁਰਸਿਖ ਆਪਣੇ ਨਾਲ ਰਲਾਏਗਾ । ਨਾਲ ਰਲਾ ਬਣਾਏ ਸੰਗ, ਹਰਿ ਸੰਗਤ ਰੂਪ ਵਟਾਈਆ । ਕਾਇਆ ਚੋਲੀ ਚਾੜ੍ਹ ਅਗੰਮੀ ਰੰਗ, ਦੁਰਮਤ ਮੈਲ ਦਏ ਧਵਾਈਆ । ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਕਾਇਆ ਮੰਦਰ ਅੰਦਰ ਜਾਏ ਲੰਘ, ਆਤਮ ਸੇਜਾ ਚੜ੍ਹ ਸੋਭਾ ਪਾਈਆ । ਅੱਠੇ ਪਹਿਰ ਵਜਾ ਮਰਦੰਗ, ਸੁਰਤੀ ਸਤਿਗੁਰ ਚਰਨ ਲਗਾਈਆ । ਅੰਮ੍ਰਿਤ ਧਾਰ ਸਰੋਵਰ ਇਕੋ ਵਾਰ ਨੁਹਾਏ ਗੰਗ, ਦੂਜੀ ਵਾਰ ਨਹਾਵਣ ਗੁਰਮੁਖ ਕੋਇ ਨਾ ਜਾਈਆ । ਆਵਣ ਜਾਵਣ ਲੱਖ ਚੁਰਾਸੀ ਕਟੇ ਪੰਧ, ਜਮ ਕੀ ਫਾਸੀ ਦਏ ਤੁੜਾਈਆ । ਘਰ ਆਤਮ ਪਰਮਾਤਮ ਦੇਵੇ ਇਕ ਅਨੰਦ, ਪਾਰਬ੍ਰਹਮ ਬ੍ਰਹਮ ਮੇਲਾ ਸਹਿਜ ਸੁਭਾਈਆ । ਦੋਵੇਂ ਮਿਲ ਕੇ ਗਾਵਣ ਸੋਹੰ ਛੰਦ, ਤੂੰ ਮੇਰਾ ਮੈਂ ਤੇਰਾ ਨਿਰਗੁਣ ਨਿਰਗੁਣ ਹੋਏ ਨਾ ਕਦੇ ਜੁਦਾਈਆ । ਚਾਰ ਵਰਨ ਅਠਾਰਾਂ ਬਰਨ ਸਤਿਜੁਗ ਇਕੋ ਪਏ ਗੰਢ, ਡੋਰੀ ਤੰਦ ਨਾਮ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਦਿ ਜੁਗਾਦਿ ਧੁਰ ਦੀ ਆਸਾ, ਪੂਰੀ ਕਰੇ ਪੁਰਖ ਅਬਿਨਾਸਾ, ਨਿਰਗੁਣ ਸਰਗੁਣ ਰਹੇ ਨਾ ਕੋਈ ਨਿਰਾਸਾ, ਨਿਰਇਛਤ ਇਛਿਆ ਸਭ ਦੀ ਪੂਰ ਕਰਾਈਆ । ਜਨ ਭਗਤਾਂ ਦੇ ਸਚ ਭਰਵਾਸਾ, ਸਾਚਾ ਨਾਤਾ ਇਕ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਦਾਸੀ ਦਾਸਾ, ਬਣ ਸੇਵਕ ਪਾਲਕ ਦੋਵੇਂ ਧਾਰ ਵਿਚ ਸੰਸਾਰ, ਗੁਰਮੁਖਾਂ ਕਰ ਪਿਆਰ, ਆਤਮ ਪਰਮਾਤਮ ਆਪਣਾ ਮੇਲ ਮਿਲਾਈਆ ।



## ੨੫ ਅੱਸੂ ੨੦੨੦ ਬਿਕ੍ਰਮੀ ਬੱਗਾ ਸਿੰਘ ਦੇ ਗ੍ਰਿਹਿ ਪਿੰਡ ਨਤ ਜ਼ਿਲਾ ਲੁਧਿਆਣਾ

ਸਚਖੰਡ ਨਿਵਾਸੀ ਅਦਲ ਕਰੇ ਕਰਤਾਰ, ਸ਼ਾਹ ਪਾਤਸ਼ਾਹ ਇਕ ਅਖਵਾਇੰਦਾ । ਜੁਗ ਚੌਕੜੀ ਆਦਿ ਜੁਗਾਦਿ ਜਿਸ ਦੀ ਧਾਰ, ਦੋ ਜਹਾਨਾਂ ਹੁਕਮ ਵਰਤਾਇੰਦਾ । ਨਿਰਗੁਣ ਸਰਗੁਣ ਰੂਪ ਜਿਸ ਦਾ ਆਕਾਰ, ਲੱਖ ਚੁਰਾਸੀ ਵੰਡ ਵੰਡਾਇੰਦਾ । ਸ਼ਬਦ ਨਾਦ ਬੋਧ ਅਗਾਧ ਜਿਸ ਜੈਕਾਰ, ਧੁਰ ਦਾ ਨਾਅਰਾ ਇਕ ਪਰਗਟਾਇੰਦਾ । ਆਤਮ ਪਰਮਾਤਮ ਜਿਸ ਦਾ ਵਿਹਾਰ, ਤਤਵ ਤਤ ਖੇਲ ਖਲਾਇੰਦਾ । ਗੁਰ ਅਵਤਾਰ ਪੀਰ ਪੈਗੰਬਰ

ਜਿਸ ਦਾ ਰੂਪ ਸੰਸਾਰ, ਲੋਕਮਾਤ ਰੰਗ ਰੰਗਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਜਿਸ ਦਾ ਕਰਨ ਜੈਕਾਰ, ਸੋਹਲਾ ਢੋਲਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੇ ਆਸਣ ਲਾਇੰਦਾ । ਸਾਚਾ ਅਦਲ ਕਰੇ ਨਿਰੰਕਾਰ, ਨਿਰਗੁਣ ਵੱਡਾ ਵਡ ਵਡਿਆਈਆ । ਦੋ ਜਹਾਨਾਂ ਪਾਵੇ ਸਾਰ, ਬ੍ਰਹਿਮੰਡ ਖੰਡ ਖੋਜ ਖੋਜਾਈਆ । ਵਿਸ਼ਨ ਬ੍ਰਹਮਾ ਲਏ ਉਠਾਲ, ਲੇਖਾ ਮੰਗੇ ਥਾਉਂ ਥਾਈਂਆ । ਤ੍ਰੈਗੁਣ ਵੇਖੇ ਜਗਤ ਜੰਜਾਲ, ਦਹਿ ਦਿਸ਼ਾ ਭੇਵ ਚੁਕਾਈਆ । ਪੰਜ ਤਤ ਵੇਖੇ ਹਾਲ ਬੇਹਾਲ, ਨਵ ਨੌ ਚਾਰ ਰਿਹਾ ਕੁਰਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਦਲਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਸੋਭਾ ਪਾਈਆ । ਸਚ ਅਦਾਲਤ ਕਰੇ ਭਗਵਾਨ, ਹਰਿ ਵੱਡਾ ਵਡ ਵਡਿਆਈਆ । ਧਰਮ ਨਿਸ਼ਾਨਾ ਵੇਖੇ ਵਿਚ ਜਹਾਨ, ਕਵਣ ਰਿਹਾ ਹੱਥ ਉਠਾਈਆ । ਸਿਦਕ ਸਬੂਰੀ ਵੇਖੇ ਈਮਾਨ, ਧਰਮ ਜਤ ਕਵਣ ਦ੍ਰਿੜਾਈਆ । ਸ਼ਬਦ ਧੁਨ ਨਾਮ ਬਾਣੀ ਕਲਮਾ ਵੇਖੇ ਕਲਾਮ, ਕਾਇਆ ਮੰਦਰ ਅੰਦਰ ਬਿਨ ਰਸਨਾ ਜਿਹਵਾ ਕਵਣ ਗਾਈਆ । ਚੌਦਾਂ ਲੋਕ ਚੌਦਾਂ ਤਬਕ ਚੌਦਾਂ ਵਿਦਿਆ ਵੇਖੇ ਦੁਕਾਨ, ਸਾਚੀ ਵਸਤ ਅਮੋਲਕ ਨਾਮ ਕਵਣ ਵਰਤਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਵੇਖੇ ਮਾਰ ਧਿਆਨ, ਰਵ ਸਸ ਸੂਰਜ ਚੰਦ ਮੰਡਲ ਮੰਡਪ ਦੇਵਤ ਸੁਰ ਕਵਣ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੇ ਸੋਭਾ ਪਾਈਆ । ਸਚ ਅਦਾਲਤ ਕਰੇ ਭਗਵੰਤ, ਬੇਅੰਤ ਬੇਪਰਵਾਹੀਆ । ਲੱਖ ਚੁਰਾਸੀ ਵੇਖੇ ਜੀਵ ਜੰਤ, ਸਾਧ ਸੰਤ ਪੜਦਾ ਰਿਹਾ ਉਠਾਈਆ । ਕਵਣ ਨਾਰ ਬਣ ਸੁਹਾਗਣ ਹਰਿ ਜੂ ਹੰਡਾਏ ਇਕੋ ਕੰਤ, ਆਤਮ ਸੇਜ ਸੁਹੰਜਣੀ ਸੋਭਾ ਪਾਈਆ । ਕਵਣ ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਦੁਰਮਤ ਮੈਲ ਧਵਾਈਆ । ਕਵਣ ਤੋੜੇ ਗੜ੍ਹ ਹਉਮੇ ਹੰਗਤ, ਹੰ ਬ੍ਰਹਮ ਰੂਪ ਸਮਾਈਆ । ਕਵਣ ਮੇਲ ਮਿਲਾਵੇ ਸਾਚੀ ਸੰਗਤ, ਚਾਰ ਵਰਨ ਅਠਾਰਾਂ ਬਰਨ ਡੇਰਾ ਢਾਹੀਆ । ਕਵਣ ਬਣੇ ਬੋਧ ਅਗਾਧਾ ਪੰਡਤ, ਧੁਰ ਸੰਦੇਸਾ ਦਏ ਸੁਣਾਈਆ । ਕਵਣ ਕਰੇ ਕੂੜੀ ਕਿਰਿਆ ਖੰਡਤ, ਖੰਡਾ ਖਡਗ ਨਾਮ ਚਮਕਾਈਆ । ਕਵਣ ਨਾਮ ਚਮਕਾਏ ਤੇਜ਼ ਪਰਚੰਡਤ, ਚਿੱਲਾ ਤੀਰ ਕਮਾਨ ਸ਼ਸਤਰ ਕਵਣ ਉਠਾਈਆ । ਕਵਣ ਦਰ ਦਰਵੇਸ਼ ਭਿਖਾਰੀ ਬਣੇ ਮੰਗਤ, ਦਰ ਦਰ ਘਰ ਘਰ ਅਲਖ ਜਗਾਈਆ । ਕਵਣ ਲੇਖਾ ਚੁਕਾਏ ਦੋਜ਼ਖ਼ ਬਹਿਸ਼ਤ ਜਨਤ, ਨਰਕ ਸੁਰਗ ਲੇਖਾ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਕਰਨੀ ਫੋਲ ਫੋਲਾਈਆ । ਸਚ ਅਦਾਲਤ ਕਰੇ ਪਾਰਬ੍ਰਹਮ, ਬ੍ਰਹਮਵੇਤਾ ਖੇਲ ਖਲਾਇੰਦਾ । ਕਵਣ ਰਸਨਾ ਜਿਹਵਾ ਗਾਏ ਦਮਾਂ ਦਮ, ਕਵਣ ਗੂੜ੍ਹੀ ਨੀਂਦ ਆਲਸ ਨਿੰਦਰਾ ਵਿਚ ਸਮਾਇੰਦਾ । ਕਵਣ ਸ਼ਬਦ ਹੁਲਾਰੇ ਚੜ੍ਹੇ ਅਗੰਮੀ ਪੀਂਘ, ਦੋ ਜਹਾਨਾਂ ਪਾਰ ਕਰਾਇੰਦਾ । ਕਵਣ ਵਜਾਏ ਹੰਕਾਰੀ ਬੀਨ, ਮਾਇਆ ਮਮਤਾ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਸੋਭਾ ਪਾਇੰਦਾ । ਸਚ ਅਦਾਲਤ ਕਰੇ ਮਿਹਰਵਾਨ, ਪਾਰਬ੍ਰਹਮ ਵੱਡੀ ਵਡਿਆਈਆ । ਚਾਰ ਕੁੰਟ ਵੇਖੇ ਮਾਰ ਧਿਆਨ, ਨਵ ਸੱਤ ਫੇਰਾ ਪਾਈਆ । ਕਲਜੁਗ ਅੰਤ ਹੋ ਪਰਧਾਨ, ਨਾਮ ਪਰਧਾਨਗੀ ਇਕ ਰਖਾਈਆ । ਸ੍ਰਿਸ਼ਟ ਸਬਾਈ ਅੰਦਰ ਬਾਹਰ ਗੁਪਤ ਜ਼ਾਹਰ ਕਰਨਹਾਰਾ ਪਛਾਣ, ਬੰਦ ਤਾਕੀ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ

ਹਰਿ, ਕਲਜੁਗ ਕੂੜੀ ਕਿਰਿਆ ਵੇਖ ਵਖਾਈਆ । ਸਚ ਅਦਾਲਤ ਰਾਜਨ ਰਾਜਾ, ਭੂਪਤ ਭੂਪ ਆਪ ਕਰਾਈਆ । ਖੇਲੇ ਖੇਲ ਗ਼ਰੀਬ ਨਿਵਾਜ਼ਾ, ਭੇਵ ਅਭੇਦਾ ਸਮਝ ਕੋਇ ਨਾ ਪਾਈਆ । ਸ਼ਬਦ ਅਗੰਮੀ ਅਸਵ ਰੱਖੇ ਤਾਜਾ, ਸਚ ਸਿੰਘਾਸਣ ਆਸਣ ਲਾਈਆ । ਦੋ ਜਹਾਨ ਵਜਾਏ ਆਪਣਾ ਨਾਮ ਵਾਜਾ, ਧੁਨ ਰਾਗ ਇਕ ਸੁਣਾਈਆ । ਨਿਰਗੁਣ ਸਰਗੁਣ ਰਚ ਰਚ ਕਾਜਾ, ਜੁਗ ਚੌਕੜੀ ਵੇਖ ਵਖਾਈਆ । ਕਲਜੁਗ ਅੰਤਮ ਖੇਲ ਤਮਾਸ਼ਾ, ਨਰ ਨਰਾਇਣ ਵੇਖਣ ਆਈਆ । ਨੌ ਖੰਡ ਪ੍ਰਿਥਮੀ ਕੂੜੀ ਪੈਂਦੀ ਰਾਸਾ, ਜੂਠ ਝੂਠ ਗੋਪੀ ਕਾਹਨ ਨਚਾਈਆ । ਸਾਚਾ ਨੂਰ ਨਾ ਕੋਇ ਪਰਕਾਸ਼ਾ, ਜੋਤੀ ਜੋਤ ਨਾ ਕੋਇ ਚਮਕਾਈਆ । ਨਿਜ ਘਰ ਮੰਦਰ ਕਰੇ ਕੋਈ ਨਾ ਵਾਸਾ, ਨੌ ਦੁਆਰੇ ਭੱਜਣ ਵਾਹੋ ਦਾਹੀਆ । ਕਰਵਟ ਲੈ ਬਦਲੇ ਨਾ ਕੋਈ ਪਾਸਾ, ਗੂੜ੍ਹੀ ਨੀਂਦ ਸੁੱਤੀ ਸਰਬ ਲੋਕਾਈਆ । ਅੰਤਮ ਕਰੇ ਨਾ ਕੋਈ ਬੰਦ ਖੁਲਾਸਾ, ਬੰਦੀਖ਼ਾਨਾ ਨਾ ਕੋਇ ਤੁੜਾਈਆ । ਜਗਤ ਵਿਭਚਾਰ ਬਣਿਆ ਹਾਸਾ, ਚਾਰੋਂ ਕੁੰਟ ਅੰਧੇਰਾ ਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਆਪ ਜਣਾਈਆ । ਸਚ ਅਦਾਲਤ ਕਰੇ ਪ੍ਰਭ ਮੀਤਾ, ਪਾਰਬ੍ਰਹਮ ਵੱਡੀ ਵਡਿਆਈਆ । ਕਲਜੁਗ ਕੂੜੀ ਵੇਖੇ ਰੀਤਾ, ਮੰਦਰ ਮਸੀਤਾਂ ਦੇਣ ਦੁਹਾਈਆ । ਨਾਮ ਨਿਧਾਨ ਕਿਸੇ ਨਾ ਪੀਤਾ, ਮਧ ਪਿਆਲੇ ਸਾਰੇ ਹੱਥ ਉਠਾਈਆ । ਹਰਿ ਜੂ ਹਰਿ ਨਾ ਵਸਿਆ ਚੀਤਾ, ਚੇਤਰ ਰੂਪ ਨਾ ਕੋਇ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਪੜ੍ਹਦੇ ਗੀਤਾ, ਅਠ ਦਸ ਪੰਧ ਨਾ ਕੋਇ ਮੁਕਾਈਆ । ਅੰਜੀਲ ਕੁਰਾਨ ਕੋਈ ਨਾ ਬਦਲੇ ਨੀਤਾ, ਆਬੇਹਯਾਤ ਮੁਖ ਨਾ ਕੋਇ ਚੁਆਈਆ । ਖਾਣੀ ਬਾਣੀ ਤਨ ਮਨ ਠਾਂਡਾ ਕਲਜੁਗ ਜੀਵ ਕੋਈ ਨਾ ਕੀਤਾ, ਤ੍ਰੈਗੁਣ ਅਗਨੀ ਪੰਜ ਤਤ ਰਹੀ ਜਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਸੰਦੇਸ ਇਕ ਸੁਣਾਈਆ । ਸਚ ਅਦਾਲਤ ਕਰੇ ਗੋਬਿੰਦ, ਗਹਿਰ ਗੰਭੀਰ ਵੱਡੀ ਵਡਿਆਈਆ । ਸ੍ਰਿਸ਼ਟ ਸਬਾਈ ਵੇਖੇ ਸਾਗਰ ਸਿੰਧ, ਚਾਰੋਂ ਕੁੰਟ ਲਹਿਰ ਲਹਿਰਾਈਆ । ਗੁਰਮੁਖ ਵਿਰਲਾ ਨਜ਼ਰੀ ਆਵੇ ਸ਼ਬਦ ਅਨਾਦੀ ਬਿੰਦ, ਭਰਮੇ ਭੁਲੀ ਸਰਬ ਲੋਕਾਈਆ । ਜਿਸ ਮਾਣਸ ਹੋ ਕੇ ਪ੍ਰਭ ਦੀ ਵਿਸਰੀ ਚਿੰਦ, ਤਿਸ ਚਿੰਤਾ ਚਿਖਾ ਦਏ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚ ਅਦਾਲਤ ਕਰੇ ਮਰਦ, ਮਰਦਾਨਾ ਮਰਦ ਬੇਅੰਤ ਬੇਪਰਵਾਹੀਆ । ਕਲਜੁਗ ਅੰਤਮ ਕੂੜੀ ਕਿਰਿਆ ਖੋਵੇ ਕਰਦ, ਖ਼ਾਲੀ ਹੱਥ ਵਖਾਈਆ । ਗ਼ਰੀਬ ਨਿਮਾਣਿਆਂ ਜਗਤ ਨਿਤਾਣਿਆਂ ਵੰਡੇ ਦਰਦ, ਦੁਖੀਆਂ ਦਰਦ ਝੋਲੀ ਪਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਚਾਰ ਜੁਗ ਦੀ ਖੋਲ੍ਹ ਵਖਾਏ ਫ਼ਰਦ, ਫ਼ਰਜ਼ ਸਭ ਨੂੰ ਦਏ ਲਗਾਈਆ । ਕਲਜੁਗ ਨੇਤਰ ਖੋਲ੍ਹ ਵੇਖੋ ਸਭ ਦਾ ਹੋਇਆ ਹਰਜ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਤਿ ਧਰਮ ਨਾ ਕੋਇ ਰਖਾਈਆ । ਬਿਨ ਹਰਿ ਨਾਮੇ ਕੂੜੀ ਕਿਰਿਆ ਰਹੇ ਗ਼ਰਕ, ਸ਼ੌਹ ਦਰਿਆ ਪਾਰ ਨਾ ਕੋਇ ਕਰਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਪਿਆ ਫ਼ਰਕ, ਭੇਵ ਸਕੇ ਨਾ ਕੋਇ ਚੁਕਾਈਆ । ਆਪਣੇ ਘਰ ਕਾਇਆ ਮੰਦਰ ਅੰਦਰ ਕੋਈ ਨਾ ਆਵੇ ਪਰਤ, ਬਾਹਰੋਂ ਲੱਭਣ ਨੂਰ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਆਪ ਜਣਾਈਆ । ਸਚ ਅਦਾਲਤ ਕਰੇ ਠਾਂਡੇ ਦਰਬਾਰ, ਧੁਰਦਰਗਾਹੀ ਖੇਲ ਖਲਾਇੰਦਾ । ਹੁਕਮੀ ਹੁਕਮ ਵਰਤੇ ਵਰਤਾਰ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਾਚੇ ਤਖ਼ਤ ਬੈਠ ਸੱਚੀ ਸਰਕਾਰ, ਪੁਰਖ ਅਕਾਲ ਸਚ ਸਿੰਘਾਸਣ ਸੋਭਾ ਪਾਇੰਦਾ । ਹੁਕਮ

੮੫੫
੧੫

ਦੇਵੇ ਏਕੋ ਵਾਰ, ਏਕੰਕਾਰ ਆਪ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕੱਠੇ ਹੋਵੋ ਆਣ, ਗ੍ਰਿਹ ਮੰਦਰ ਇਕ ਸੁਹਾਇੰਦਾ । ਆਪਣਾ ਆਪਣਾ ਦਿਓ ਅੰਤ ਬਿਆਨ, ਕਲਜੁਗ ਜੀਵ ਕਿਉਂ ਕੁਰਲਾਇੰਦਾ । ਸਾਬਤ ਰਿਹਾ ਨਾ ਮਾਤ ਈਮਾਨ, ਧਰਮ ਜਤ ਨਾ ਕੋਇ ਰਖਾਇੰਦਾ । ਸ਼ਬਦ ਨਾਲੋਂ ਵੱਧ ਬਲ ਧਰਿਆ ਸ਼ੈਤਾਨ, ਦਰ ਦਰ ਘਰ ਘਰ ਆਪਣਾ ਫੇਰਾ ਪਾਇੰਦਾ । ਕਲਜੁਗ ਜੀਵਾਂ ਜੰਤਾਂ ਗੁਰ ਅਵਤਾਰੋ ਪੀਰ ਪੈਗ਼ੰਬਰੋ ਤੁਹਾਡਾ ਭੁੱਲਿਆ ਗਿਆਨ, ਹਿਰਦੇ ਇਸ਼ਟ ਨਾ ਕੋਇ ਵਖਾਇੰਦਾ । ਜਾ ਕੇ ਆਪਣੇ ਭਗਤਾਂ ਕਰੋ ਪਹਿਚਾਨ, ਗੁਰਮੁਖ ਕਿਹੜਾ ਨਜ਼ਰੀ ਆਇੰਦਾ । ਉਸ ਦੀ ਸ਼ਹਾਦਤ ਦਿਓ ਆਣ, ਸ੍ਰੀ ਭਗਵਾਨ ਮੰਗ ਮੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੁਕਮ ਹਾਕਮ ਇਕ ਸਮਝਾਇੰਦਾ । ਗੁਰ ਅਵਤਾਰ ਕਲਜੁਗ ਅੰਤਮ ਵੇਖਣ ਆਉਦੇ, ਨਿਰਗੁਣ ਨਿਰਗੁਣ ਫੇਰਾ ਪਾਈਆ । ਕੂੜੀ ਕਿਰਿਆ ਵੇਖ ਸਰਬ ਪਛਤਾਉਦੇ, ਇਕ ਦੂਜੇ ਵਲ ਧਿਆਨ ਲਗਾਈਆ । ਅੰਜੀਲ ਕੁਰਾਨ ਗੀਤਾ ਗਿਆਨ ਇਕ ਦੂਜੇ ਨਾਲ ਝਗੜਾ ਪਾਉਦੇ, ਖ਼ਾਲਸ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਹੱਲ ਸੋਭਾ ਪਾਈਆ । ਸਚ ਅਦਾਲਤ ਕਰੇ ਗਹਿਰ ਗੰਭੀਰਾ, ਬੇਅੰਤ ਬੇਅੰਤ ਬੇਪਰਵਾਹੀਆ । ਕਲਜੁਗ ਕੂੜੀ ਕਿਰਿਆ ਬਦਲੇ ਚੀਰਾ, ਸਚ ਦਸਤਾਰ ਸੀਸ ਇਕ ਟਿਕਾਈਆ । ਭਗਤ ਭਗਵਾਨ ਆਪ ਪਰਗਟਾਏ ਆਪਣਾ ਹੀਰਾ, ਕਰਤਾ ਕੀਮਤ ਆਪੇ ਪਾਈਆ । ਹਰਿਜਨ ਹਰਿਜਨ ਬਦਲ ਦੇਵੇ ਤਕਦੀਰਾ, ਤਸਬੀ ਮਾਲਾ ਨਾਮ ਗਲ ਵਿਚ ਪਾਈਆ । ਹੱਥ ਫੜਾਏ ਅਗੰਮੀ ਇਕ ਸ਼ਮਸ਼ੀਰਾ, ਖੰਡਾ ਖੜਗ ਰੂਪ ਵਟਾਈਆ । ਇਕੋ ਹੁਕਮ ਵਰਤਾਏ ਅਮੀਰ ਵਜ਼ੀਰਾਂ, ਸ਼ਾਹ ਹਕੀਰਾਂ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਇਕ ਅਦਾਲਤ ਬੈਠਾ ਸੋਭਾ ਪਾਈਆ । ਸਚ ਅਦਾਲਤ ਕਰੇ ਸਤਿਗੁਰ ਪੂਰਾ, ਪੁਰਖ ਅਕਾਲ ਵੱਡੀ ਵਡਿਆਈਆ । ਕਲਜੁਗ ਕੂੜੀ ਕਿਰਿਆ ਹੂੰਝੇ ਕੂੜਾ, ਨਾਮ ਬਹਾਰਾ ਇਕ ਲਗਾਈਆ । ਪੂਰਬ ਕੌਲ ਕਰੇ ਪੂਰਾ, ਲਿਖਤ ਭਵਿਖਤ ਲੇਖੇ ਲਾਈਆ । ਜਨ ਭਗਤਾਂ ਨਜ਼ਰੀ ਆਏ ਹਾਜ਼ਰ ਹਜ਼ੂਰਾ, ਹਜ਼ਰਤ ਆਪਣਾ ਵੇਸ ਵਟਾਈਆ । ਸਾਚੇ ਸੰਤਾਂ ਦੇਵੇ ਨਾਮ ਨਾਦ ਅਗੰਮੀ ਤੂਰਾ, ਤੁਰਤ ਆਪਣਾ ਰਾਗ ਸੁਣਾਈਆ । ਗੁਰਮੁਖਾਂ ਭਾਂਡਾ ਖ਼ਾਲੀ ਕਰੇ ਭਰਪੂਰਾ, ਸਾਚੀ ਵਸਤ ਦਏ ਟਿਕਾਈਆ । ਗੁਰਸਿਖਾਂ ਕਾਇਆ ਚੋਲੀ ਚਾੜ੍ਹੇ ਰੰਗ ਗੂੜ੍ਹਾ, ਦੋ ਜਹਾਨ ਉਤਰ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਚ ਅਦਾਲਤ ਕਰੇ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਵਡ ਵਡਿਆਈਆ । ਕਲਜੁਗ ਕੂੜ ਕੁੜਿਆਰਾ ਕਰ ਕੇ ਨਾਸ, ਸਚ ਸੁਚ ਮਾਰਗ ਦੇਵੇ ਲਾਈਆ । ਨੌਂ ਖੰਡ ਪ੍ਰਿਥਮੀ ਇਕੋ ਪਾਵੇ ਰਾਸ, ਨਿਰਗੁਣ ਨਿਰਗੁਣ ਗੋਪੀ ਕਾਹਨ ਨਚਾਈਆ । ਸੱਤ ਦੀਪ ਇਕੋ ਵਸਤ ਦੇਵੇ ਰਾਸ, ਨਰ ਹਰਿ ਆਪਣਾ ਨਾਮ ਕਾਇਆ ਮੰਦਰ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤ ਸਚ ਅਦਾਲਤ ਇਕ ਵਖਾਈਆ । ਸਚ ਅਦਾਲਤ ਲੱਗੇ ਸਚਖੰਡ, ਸੋ ਪੁਰਖ ਨਿਰੰਜਣ ਆਪ ਲਗਾਈਆ । ਹਰਿ ਪੁਰਖ ਨਿਰੰਜਣ ਵੇਖੇ ਖੇਲ ਬ੍ਰਹਿਮੰਡ, ਏਕੰਕਾਰਾ ਵਰਭੰਡ ਫੋਲ ਫੋਲਾਈਆ । ਆਦਿ ਨਿਰੰਜਣ ਚਾੜ੍ਹ ਨੂਰ ਅਗੰਮੀ ਚੰਦ, ਅਬਿਨਾਸ਼ੀ ਕਰਤਾ ਕਰੇ ਸਚ ਰੁਸ਼ਨਾਈਆ । ਸ੍ਰੀ ਭਗਵਾਨ ਸੂਰਾ ਸਰਬੰਗ, ਪਾਰਬ੍ਰਹਮ ਪ੍ਰਭ ਆਪਣਾ ਭੇਵ ਚੁਕਾਈਆ । ਬ੍ਰਹਮ ਦੁਆਰੇ ਮੰਗੇ ਮੰਗ, ਨਿਉਂ ਨਿਉਂ

ਸਜਦਾ ਸੀਸ ਝੁਕਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਹਿਨਸ਼ਾਹ ਤੇਰੀ ਸਰਨਾਈਆ । ਜੁਗ ਚੌਕੜੀ ਸਾਰੇ ਗਏ ਲੰਘ, ਅੰਤਮ ਕਲਜੁਗ ਵੇਲਾ ਆਈਆ । ਤ੍ਰੈਗੁਣ ਮਾਇਆ ਘਰ ਘਰ ਮਾਰੇ ਡੰਗ, ਡਸਨੀ ਬੈਠੀ ਰੂਪ ਵਟਾਈਆ । ਸੁਰਤ ਸਵਾਣੀ ਬਿਨ ਸ਼ਬਦ ਹਾਣੀ ਸਭ ਦੀ ਹੋਈ ਰੰਡ, ਸਚ ਕਰੇ ਨਾ ਕੋਇ ਕੁੜਮਾਈਆ । ਫਿਰੀ ਦਰੋਹੀ ਭੇਖ ਪਖੰਡ, ਅੰਧ ਅੰਧੇਰਾ ਇਕੋ ਛਾਈਆ । ਸਾਹਿਬ ਸਤਿਗੁਰ ਰਾ ਕੋਈ ਨਾ ਗਾਵੇ ਛੰਦ, ਗੀਤ ਗੋਬਿੰਦ ਨਾ ਕੋਇ ਅਲਾਈਆ । ਪਾਂਧੀ ਬਣ ਕੇ ਕਿਸੇ ਨਾ ਮੁਕਿਆ ਪੰਧ, ਭੱਜੇ ਫਿਰਨ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਚਾ ਤਖ਼ਤ ਤੋਹੇ ਸੁਹਾਈਆ । ਸਾਚੇ ਤਖ਼ਤ ਚੜ੍ਹ ਭਗਵਾਨ, ਚੜ੍ਹਦੀ ਕਲਾ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਪੰਜ ਤਤ ਕਰੇ ਧਿਆਨ, ਸਭ ਦਾ ਲੇਖਾ ਲੇਖੇ ਪਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਸੁਣੇ ਫ਼ਰਮਾਨ, ਅੰਜੀਲ ਕੁਰਾਨਾਂ ਹੁਕਮ ਮਨਾਇੰਦਾ । ਹਿੰਦੂ ਮੁਸਲਮ ਸਿੱਖ ਈਸਾਈ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਭ ਨੂੰ ਮੰਨਣਾ ਪਏ ਇਕ ਭਗਵਾਨ, ਇਸ਼ਟ ਦੇਵ ਗੁਰਦੇਵ ਸੁਆਮੀ ਪਰਵਰਦਿਗਾਰ ਸਦਾ ਨੇਹਕਰਮੀ ਇਕੋ ਨਜ਼ਰੀ ਆਇੰਦਾ । ਬੋਧ ਅਗਾਧ ਪੜ੍ਹੇ ਬਾਣੀ, ਕਲਮਾ ਕਲਾਮ ਦਏ ਨਿਸ਼ਾਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਅਦਲ ਆਪ ਕਮਾਇੰਦਾ । ਸ੍ਰੀ ਭਗਵਾਨ ਕਰੇ ਪ੍ਰਭ ਅਦਲ, ਆਪਣੇ ਹੱਥ ਰੱਖੇ ਵਡਿਆਈਆ । ਕੂੜੀ ਕਿਰਿਆ ਕਰੇ ਕਤਲ, ਕਾਤਲ ਮਕਤੂਲ ਰੂਪ ਵਟਾਈਆ । ਕਲਜੁਗ ਨਜ਼ਾਮ ਦੇਵੇ ਬਦਲ, ਬਦਲਾ ਲਵੇ ਥਾਉਂ ਥਾਈਂਆ । ਜਨ ਭਗਤ ਵਖਾਏ ਆਪਣੀ ਮਜ਼ਲ, ਜਗਤ ਦੁਆਰ ਪੰਧ ਮੁਕਾਈਆ । ਕਰੇ ਪਿਆਰਾ ਹਰ ਦਿਲ, ਅਜ਼ੀਜ਼ ਆਪਣੇ ਰੰਗ ਰੰਗਾਈਆ । ਕਾਇਆ ਮੰਦਰ ਅੰਦਰ ਜਾਏ ਮਿਲ, ਬਾਹਰ ਖੋਜਣ ਕੋਇ ਨਾ ਜਾਈਆ । ਸ੍ਰੀ ਭਗਵਾਨ ਆਪਣੇ ਹੁਕਮ ਵਿਚ ਕਰੇ ਨਾ ਢਿਲ, ਨਾਮ ਨਗਾਰੇ ਸਾਚੀ ਚੋਟ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਵ ਨੌਂ ਚਾਰ ਕਰੇ ਰੁਸ਼ਨਾਈਆ । ਅਦਲ ਕਰੇ ਪ੍ਰਭ ਸ਼ਾਹ ਨਵਾਬ, ਦਸਤਗੀਰ ਵੱਡੀ ਵਡਿਆਈਆ । ਕੂੜੀ ਕਿਰਿਆ ਦਏ ਅਜ਼ਾਬ, ਫਤਵਾ ਸਭ ਦੇ ਉਤੇ ਸਾਦਰ ਦਏ ਕਰਾਈਆ । ਗੁਰਮੁਖ ਵਿਰਲੇ ਮਿਲੇ ਖ਼ਤਾਬ, ਜਿਸ ਮੁਖ਼ਾਤਬ ਹੋ ਕੇ ਆਪਣਾ ਭੇਵ ਚੁਕਾਈਆ । ਸਾਚਾ ਹੁਜਰਾ ਵਖਾਏ ਇਕ ਮਹਿਰਾਬ, ਕਾਇਆ ਕਾਅਬਾ ਖੋਲ੍ਹ ਵਖਾਈਆ । ਤਿਸ ਗ੍ਰਿਹ ਮੰਦਰ ਸੀਸ ਸਜਦਾ ਝੁਕੇ ਜਨਾਬ, ਆਅਲਾ ਆਲੀਸ਼ਾਨ ਬੈਠਾ ਡੇਰਾ ਲਾਈਆ । ਜੁਗ ਚੌਕੜੀ ਜਿਸ ਦੀ ਕੋਈ ਨਾ ਜਾਣੇ ਬੁਨਿਆਦ, ਮੁਨਿਆਦ ਸਮਝ ਕੋਇ ਨਾ ਪਾਈਆ । ਸੋ ਕਲਜੁਗ ਅੰਤਮ ਸਰਬ ਸੁਣੇ ਫ਼ਰਿਆਦ, ਜੋ ਦੀਨ ਦੁਨੀ ਬੈਠ ਸਰਬ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਆਪ ਵਰਤਾਈਆ । ਅਦਲ ਅਦਾਲਤ ਕਰੇ ਨੇਹਕਾਮ, ਨਿਹਕਰਮੀ ਕਰਮ ਕਮਾਇੰਦਾ । ਪਕੜ ਪਛਾੜੇ ਜੋ ਕਰਨ ਹਰਾਮ, ਜਗਤ ਸ਼ੈਤਾਨ ਰਹਿਣ ਕੋਇ ਨਾ ਪਾਇੰਦਾ । ਸ਼ਬਦ ਅਗੰਮੀ ਤੀਰ ਅਣਿਆਲਾ ਮਾਰੇ ਬਾਣ, ਸਾਚੇ ਚਿੱਲੇ ਆਪ ਚੜ੍ਹਾਇੰਦਾ । ਕੂੜੀ ਕਿਰਿਆ ਸ਼ੌਹ ਦਰਿਆਏ ਰੋੜ੍ਹੇ ਤੂਫ਼ਾਨ, ਜੂਠ ਝੂਠ ਡੇਰਾ ਢਾਇੰਦਾ । ਸਚ ਸੁਚ ਕਰੇ ਪਰਧਾਨ, ਲੋਕਮਾਤ ਧਰਤ ਧਵਲ ਗੋਦ ਬਹਾਇੰਦਾ । ਸਾਚੇ ਭਗਤ ਕਰ ਪਰਵਾਨ, ਭਗਵਨ ਆਪਣਾ ਭੇਵ ਚੁਕਾਇੰਦਾ । ਧੁਰ ਦਾ ਖੇਲ ਦੱਸੇ ਮਹਾਨ, ਮਹਿਮਾ ਅਕਥ ਕਥ ਸਮਝਾਇੰਦਾ । ਜੁਗ ਜਨਮ ਵਿਛੜਿਆਂ ਕਰ ਕਿਰਪਾ ਮੇਲੇ ਆਣ, ਆਵਣ ਜਾਵਣ ਪਤਤ ਪਾਵਣ

ਲੱਖ ਚੁਰਾਸੀ ਪੰਧ ਮੁਕਾਇੰਦਾ । ਸਚ ਅਦਾਲਤ ਵਿਚ ਕਿਸੇ ਦਾ ਹੋਣ ਨਾ ਦੇਵੇ ਨੁਕਸਾਨ, ਹੱਕੋ ਹੱਕ ਹਕੀਕਤ ਸਭ ਦੀ ਝੋਲੀ ਪਾਇੰਦਾ । ਲੁਕਿਆ ਰਹੇ ਨਾ ਕੋਈ ਬੇਈਮਾਨ, ਜਗਤ ਸ਼ਤਾਨ ਸਰਬ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਹਰਿ ਆਪਣੀ ਕਾਰ ਕਮਾਇੰਦਾ । ਸਚ ਤਖ਼ਤ ਅਦਾਲਤ ਬਹਿ ਕੇ, ਬਹੁ ਭਾਂਤੀ ਹੁਕਮ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਅੰਤਮ ਆਏ ਕਹਿ ਕੇ, ਸੋ ਲੇਖਾ ਪੂਰ ਕਰਾਈਆ । ਭਗਤ ਬਚਣ ਭਗਵਾਨ ਚਰਨੀ ਢਹਿ ਕੇ, ਏਥੇ ਓਥੇ ਹੋਏ ਸਹਾਈਆ । ਲੱਖ ਚੁਰਾਸੀ ਜੀਵ ਜੰਤ ਹਉਮੇ ਹੌਕਿਆਂ ਨਾਲ ਸਹਿਕੇ, ਸਤਿ ਸਤਿ ਨਜ਼ਰ ਕੋਇ ਨਾ ਆਈਆ । ਸਤਿਗੁਰ ਸਤਿਗੁਰ ਸਤਿਗੁਰ ਸਾਚੀ ਖੇਲ ਰਚਾਏ ਆਪ ਆਪਣੇ ਅੱਗੇ ਢਹਿ ਕੇ, ਮਾਣ ਅਭਿਮਾਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਸਚਖੰਡ ਦੁਆਰੇ ਅਦਾਲਤ ਇਕ ਲਗਾਈਆ । ਸਚਖੰਡ ਦੁਆਰੇ ਲੱਗੀ ਅਦਾਲਤ, ਆਲਮੀਨ ਆਪ ਲਗਾਇੰਦਾ । ਕਲਜੁਗ ਅੰਤਮ ਰਹਿਣ ਨਾ ਦੇਵੇ ਕੋਈ ਬਗ਼ਾਵਤ, ਝਗੜਾ ਜੂਠ ਝੂਠ ਮਿਟਾਇੰਦਾ । ਦੀਨ ਮਜ਼੍ਹਬ ਕਰੇ ਨਾ ਕੋਈ ਅਦਾਵਤ, ਧੁਰ ਦੀ ਧਾਰ ਆਪ ਸਮਝਾਇੰਦਾ । ਨਾਮ ਭੰਡਾਰ ਕਰੇ ਸਖ਼ਾਵਤ, ਸਖ਼ੀ ਸਰਵਰ ਇਕੋ ਨਜ਼ਰੀ ਆਇੰਦਾ । ਕੂੜੀ ਕਿਰਿਆ ਰਹਿਣ ਨਾ ਦੇਵੇ ਅਲਾਮਤ, ਸਤਿ ਸਤਿ ਵਰਤਾਇੰਦਾ । ਇਕੋ ਪੁਰਖ ਅਕਾਲ ਪਰਵਰਦਿਗਾਰ ਸੱਚਾ ਰਾਮ ਵਖਾਏ ਸਹੀ ਸਲਾਮਤ, ਸਚਖੰਡ ਦੁਆਰੇ ਸੋਭਾ ਪਾਇੰਦਾ । ਭਗਤ ਸੰਤ ਗੁਰਮੁਖ ਗੁਰਸਿਖ ਹਰਿਜਨ ਲੋਕਮਾਤ ਕਰ ਆਪਣੀ ਅਮਾਨਤ, ਅੰਤਮ ਆਪਣੇ ਲੇਖੇ ਲਾਇੰਦਾ । ਮਨਮੁਖਤਾ ਕੂੜੀ ਕਿਰਿਆ ਰਾਏ ਧਰਮ ਰਾਹ ਵਿਚ ਕਰੇ ਮਮਾਨਤ, ਅੱਗੇ ਲੰਘ ਕੋਇ ਨਾ ਜਾਇੰਦਾ । ਬਿਨ ਸਤਿਗੁਰ ਪੂਰੇ ਸ਼ਬਦ ਗੁਰ ਦਾਤੇ ਕੋਈ ਨਾ ਕਰੇ ਸ਼ਾਂਤ, ਅਗਨੀ ਤਤ ਬਿਰਹੋਂ ਰੋਗ ਜਗਤ ਵਿਜੋਗ ਨਾ ਕੋਇ ਮਿਟਾਇੰਦਾ । ਕਰ ਕਿਰਪਾ ਜਿਸ ਜੋੜੇ ਆਪਣਾ ਨਾਤ, ਸਮਰਥ ਪੁਰਖ ਦੇਵੇ ਸਾਥ, ਨਾਮ ਜਣਾਏ ਅਗੰਮੀ ਗਾਥ, ਅੰਤਰ ਆਤਮ ਪੂਜਾ ਪਾਠ ਘਰ ਸਰੋਵਰ ਨੁਹਾਏ ਸਾਚੇ ਤਾਟ, ਆਨ ਬਾਟ ਲੇਖਾ ਕੋਈ ਰਹਿਣ ਨਾ ਪਾਇੰਦਾ ।

## ✪ ੨੫ ਅੱਸੂ ੨੦੨੦ ਬਿਕ੍ਰਮੀ ਹਰਬੰਸ ਸਿੰਘ ਦੇ ਗ੍ਰਿਹ ਪਿੰਡ ਅਜਨੌਦ ਜ਼ਿਲਾ ਲੁਧਿਆਣਾ ✪

ਪੁਰਖ ਅਕਾਲ ਤੇਰੀ ਓਟ, ਗੁਰ ਅਵਤਾਰ ਮੰਗ ਮੰਗਾਈਆ । ਨਿਰਵੈਰ ਪੁਰਖ ਤੇਰੀ ਨਿਰਮਲ ਜੋਤ, ਆਦਿ ਜੁਗਾਦਿ ਸਦਾ ਰੁਸ਼ਨਾਈਆ । ਤੇਰਾ ਖੇਲ ਲੋਕ ਪਰਲੋਕ, ਦੋ ਜਹਾਨ ਤੇਰਾ ਰੂਪ ਨਜ਼ਰੀ ਆਈਆ । ਜੁਗ ਚੌਕੜੀ ਦੇਵਣਹਾਰਾ ਨਾਮ ਸਲੋਕ, ਧੁਰ ਸੰਦੇਸਾ ਇਕ ਸਮਝਾਈਆ । ਨਿਰਗੁਣ ਸਰਗੁਣ ਦੇਵੇ ਸਰੋਤ, ਸਾਚਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣਾ ਵੇਸ ਵਟਾਈਆ । ਪੀਰ ਪੈਗ਼ੰਬਰ ਕਹਿਣ ਖ਼ੁਦਾ, ਖ਼ਾਲਕ ਤੇਰਾ ਨੂਰ ਨਜ਼ਰੀ ਆਈਆ । ਮਿਹਰਵਾਨ ਨਾ ਹੋ ਜੁਦਾ, ਜੁਜ਼ ਵੰਡ ਨਾ ਕੋਇ ਵੰਡਾਈਆ । ਜੁਗ ਚੋਕੜੀ ਮਾਰਗ ਸਿੱਧਾ, ਦੋ ਜਹਾਨ ਸਮਝਾਈਆ । ਆਪਣੇ ਮਿਲਣ ਦੀ ਦੱਸ ਅਗੰਮੀ ਬਿਧਾ, ਜਗਤ ਰਸੂਲ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਝੁਕਾਇਣ ਸੀਸ, ਦਰ ਬਰਦਾ ਰੂਪ ਵਟਾਈਆ । ਕਿਰਪਾ

ਕਰ ਸ਼ਹਿਨਸ਼ਾਹ ਜਗਦੀਸ, ਜਗਤ ਮਾਲਕ ਤੇਰੇ ਹੱਥ ਵਡਿਆਈਆ । ਚੌਥੇ ਜੁਗ ਸਾਡਾ ਲੇਖਾ ਗਿਆ ਬੀਤ, ਬਾਕੀ ਨਜ਼ਰ ਕੋਈ ਨਾ ਆਈਆ । ਖ਼ਾਲੀ ਹੋਏ ਮੰਦਰ ਮਸੀਤ, ਸ਼ਿਵਦਵਾਲੇ ਮੱਠ ਨਾ ਕੋਇ ਵਡਿਆਈਆ । ਮਨ ਵਾਸਨਾ ਹੋਈ ਨੀਚ, ਸਚ ਸੁਚ ਨਾ ਕੋਇ ਸਮਝਾਈਆ । ਝਗੜਾ ਪਿਆ ਹਸਤ ਕੀਟ, ਵਰਨ ਬਰਨ ਧੀਰ ਨਾ ਕੋਇ ਧਰਾਈਆ । ਸਤਿਗੁਰ ਸ਼ਬਦ ਰਸਨਾ ਜਿਹਵਾ ਰਹੇ ਘਸੀਟ, ਸਾਚੀ ਮੰਜ਼ਲ ਸਮਝ ਕੋਇ ਨਾ ਪਾਈਆ । ਕੂੜੀ ਕਿਰਿਆ ਲੱਗੀ ਪ੍ਰੀਤ, ਪ੍ਰੀਤਮ ਨਾਤਾ ਸਕੇ ਨਾ ਕੋਇ ਜੁੜਾਈਆ । ਹਿਰਦੇ ਵਸੇ ਕਿਸੇ ਨਾ ਚੀਤ, ਚਿਤ ਵਿਤ ਠਗੋਰੀ ਸਭ ਨੂੰ ਪਾਈਆ । ਦਰ ਤੇਰੇ ਮੰਗਦੇ ਇਕੋ ਭੀਖ, ਬਣ ਭਿਖਾਰੀ ਝੋਲੀ ਡਾਹੀਆ । ਸਦੀ ਚੌਧਵੀਂ ਤੇਰੀ ਉਡੀਕ, ਪਰਵਰਦਿਗਾਰ ਹੋ ਸਹਾਈਆ । ਸਦੀ ਬੀਸਵੀਂ ਆਈ ਤਾਰੀਖ਼, ਗੁਰ ਅਵਤਾਰ ਨੈਣ ਉਠਾਈਆ । ਭੇਵ ਖੋਲ੍ਹ ਲਾਸ਼ਰੀਕ, ਸ਼ਿਰਕਤ ਪਿਛਲੀ ਦੇ ਗਵਾਈਆ । ਦੂਰ ਦੁਰਾਡੇ ਨਜ਼ਰੀ ਆ ਨਜ਼ਦੀਕ, ਬਣ ਪਾਂਧੀ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਪੀਰ ਪੈਗੰਬਰ ਤੋਬਾ ਤੋਬਾ ਕਰਨ ਹਾਏ, ਹੌਕਾ ਇਕੋ ਇਕ ਰਖਾਈਆ । ਚਾਰ ਕੁੰਟ ਰਹੇ ਕੁਰਲਾਏ, ਸਾਂਤਕ ਰੂਪ ਨਾ ਕੋਇ ਵਟਾਈਆ । ਕਲਮਾ ਨਬੀ ਗਏ ਭੁਲਾਏ, ਰਸੂਲ ਸਮਝ ਕੋਇ ਨਾ ਪਾਈਆ । ਮੁੱਲਾ ਸ਼ੇਖ਼ ਰਹੇ ਕੁਰਲਾਏ, ਕਾਇਆ ਕਾਅਬਾ ਖੋਜ ਕੋਇ ਨਾ ਪਾਈਆ । ਉਚੀ ਕੂਕ ਅੱਲਾ ਮੀਆਂ ਰਹੇ ਬੁਲਾਏ, ਨੇਤਰ ਮੂੰਦ ਧਿਆਨ ਲਗਾਈਆ । ਸਚ ਪ੍ਰੀਤੀ ਕਰ ਕੋਈ ਨਾ ਲਾਗੇ ਪਾਏ, ਹੰਗਤਾ ਗੜ੍ਹ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਗੁਰ ਅਵਤਾਰ ਕਹਿਣ ਵਡ ਪ੍ਰਿਤਪਾਲਕ, ਨਿਰਗੁਣ ਆਪਣੀ ਦਇਆ ਕਮਾਈਆ । ਨੌ ਖੰਡ ਪ੍ਰਿਥਮੀ ਵੇਖ ਖ਼ਾਲਕ, ਖ਼ਾਲੀ ਹੱਥ ਦਏ ਦੁਹਾਈਆ । ਨਜ਼ਰ ਨਾ ਆਵੇ ਕੋਈ ਸਾਲਸ, ਸਚ ਇਨਸਾਫ਼ ਨਾ ਕੋਇ ਕਮਾਈਆ । ਬਿਨ ਤੇਰੇ ਚਾਰ ਵਰਨ ਕੋਈ ਨਾ ਕਰੇ ਖ਼ਾਲਸ, ਖ਼ਾਲਸ ਰੂਪ ਨਾ ਕੋਇ ਵਟਾਈਆ । ਕੂੜੀ ਕਿਰਿਆ ਮਗਰ ਲੱਗੀ ਆਲਸ, ਨਿੰਦਰਾ ਅੱਖ ਨਾ ਕੋਇ ਖੁਲ੍ਹਾਈਆ । ਮਨ ਵਾਸਨਾ ਹੋਈ ਜਹਾਲਤ, ਦੁਰਮਤ ਮੈਲ ਨਾ ਕੋਇ ਧਵਾਈਆ । ਸਾਚੀ ਕਰੇ ਨਾ ਕੋਈ ਇਬਾਦਤ, ਨੂਰ ਨਜ਼ਰ ਕਿਸੇ ਨਾ ਆਈਆ । ਕਲਜੁਗ ਅੰਤਮ ਕੀਮਤ ਪਾਏ ਨਾ ਕੋਈ ਲਿਖੀ ਇਬਾਦਤ, ਅੰਜੀਲ ਕੁਰਾਨ ਦੇਣ ਦੁਹਾਈਆ । ਈਸਾ ਮੂਸਾ ਮੁਹੰਮਦ ਸਾਰੇ ਕਰਨ ਨਾ ਕੋਈ ਸਫ਼ਾਰਸ਼, ਅੱਗੇ ਹੋ ਨਾ ਕੋਇ ਛੁਡਾਈਆ । ਨੌ ਖੰਡ ਪ੍ਰਿਥਮੀ ਵਧੀ ਨਾਲਸ਼, ਨਾਅਰਾ ਆਪਣਾ ਰਹੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਫੇਰਾ ਪਾਈਆ । ਗੁਰ ਅਵਤਾਰ ਕਹਿਣ ਬੋਲ, ਬੋਲੀ ਤੇਰੀ ਸਮਝ ਕਿਸੇ ਨਾ ਆਈਆ । ਦੋ ਜਹਾਨ ਵੇਖ ਤੋਲ, ਤੋਲਾ ਬਣ ਕੇ ਬੇਪਰਵਾਹੀਆ । ਸਚ ਵਸਤ ਨਾ ਕਿਸੇ ਕੋਲ, ਖ਼ਾਲੀ ਕਾਇਆ ਭਾਂਡੇ ਦੇਣ ਵਖਾਈਆ । ਕੂੜੀ ਕਿਰਿਆ ਵੱਜੇ ਢੋਲ, ਧੁਨ ਰਾਗ ਨਾ ਕੋਈ ਸੁਣਾਈਆ । ਲੱਖ ਚੁਰਾਸੀ ਕਾਇਆ ਗਠੜੀ ਵੇਖ ਫੋਲ, ਮਾਇਆ ਮਮਤਾ ਪੰਡ ਬੰਧਾਈਆ । ਨਾਮ ਮਧਾਣੇ ਵੇਖ ਵਰੋਲ, ਛਾਛ ਰੂਪ ਨਜ਼ਰੀ ਆਈਆ । ਪੜਦਾ ਲਾਹ ਕੇ ਵੇਖ ਓਹਲ, ਕਾਮ ਕਰੋਧ ਲੋਭ ਮੋਹ ਹੰਕਾਰ ਹੋਏ ਹਲਕਾਈਆ । ਪ੍ਰੇਮ ਪ੍ਰੀਤੀ ਕਰ ਕੇ ਵੇਖ ਚੋਲ੍ਹ, ਮਨਮੁਖ ਬੈਠੇ ਮੁਖ ਭਵਾਈਆ । ਸ੍ਰਿਸ਼ਟ ਸਬਾਈ ਅੰਤ ਹੋਈ ਅਨਭੋਲ, ਗਫ਼ਲਤ ਗੂੜੀ ਨੀਂਦ ਸੁਆਈਆ । ਮਿਲੇ ਵਡਿਆਈ ਕਿਸੇ ਨਾ ਧੌਲ, ਧਰਨੀ ਧਰਤ ਦਏ ਦੁਹਾਈਆ । ਗੁਰ ਅਵਤਾਰ ਆਖਣ ਪ੍ਰਭ ਕਰ ਪੂਰਾ ਕੋਲ, ਜੋ ਅੰਤਮ

ਵੇਲੇ ਦਿਤਾ ਸਮਝਾਈਆ । ਤੇਰਾ ਭੇਵ ਕੋਈ ਨਾ ਜਾਣੇ ਪੰਡਤ ਪਾਂਧਾ ਰੌਲ, ਅਖਸ਼ਰੀ ਭਾਵ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣਾ ਬਲ ਧਰਾਈਆ । ਨਿਰਗੁਣ ਬਲ ਧਾਰ, ਬੌਹੜੀ ਬੌਹੜੀ ਰਹੇ ਕੁਰਲਾਈਆ । ਖ਼ਾਲੀ ਹੱਥ ਫਿਰਨ ਗੁਰੂ ਅਵਤਾਰ, ਦਰ ਤੇਰੇ ਵਾਹੋ ਦਾਹੀਆ । ਪੰਜ ਤਤ ਨਾਤਾ ਛੁਟਿਆ ਜਗਤ ਸੰਸਾਰ, ਰੂਪ ਰੰਗ ਰੇਖ ਨਜ਼ਰ ਕੋਇ ਨਾ ਆਈਆ । ਅੰਤਮ ਲੁਕਿਆ ਤੇਰੇ ਚਰਨ ਦੁਆਰ, ਸਚ ਭੂਮਿਕਾ ਮਿਲੀ ਇਕ ਸਰਨਾਈਆ । ਨਿਰਵੈਰ ਪੁਰਖ ਹੋ ਮਦਦਗਾਰ, ਹੁਕਮ ਆਪਣਾ ਇਕ ਵਰਤਾਈਆ । ਅਦਦਾਂ ਵਿਚ ਗਿਣਤੀ ਗੁਰੂ ਅਵਤਾਰ, ਸ਼ਬਦਾਂ ਵਿਚ ਜਗਤ ਪੜ੍ਹਾਈਆ । ਮੁਸ਼ੱਕਤਾਂ ਵਿਚ ਸਾਧ ਸੰਤ ਛੱਡੇ ਡਾਲ, ਧੁਰ ਸੰਦੇਸਾ ਹੁਕਮ ਮਨਾਈਆ । ਕਿਰਪਾ ਕਰ ਦੀਨ ਦਿਆਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਕਲਜੁਗ ਅੰਤਮ ਸਭ ਦੇ ਸਿਰ ਤੇ ਕੂਕੇ ਕਾਲ, ਡੌਰੂ ਡੰਕਾ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਖੇਲ ਬੇਪਰਵਾਹੀਆ । ਈਸਾ ਮੂਸਾ ਮੁਹੰਮਦ ਕਰਨ ਯਾਦ, ਜ਼ਾਹਰਾ ਪੀਰ ਧਿਆਨ ਲਗਾਈਆ । ਪਰਵਰਦਿਗਾਰ ਸੁਣ ਫ਼ਰਿਆਦ, ਬੇਨਜ਼ੀਰ ਤੇਰੀ ਸ਼ਰਨਾਈਆ । ਸਾਚਾ ਕਲਮਾ ਦੇ ਦਾਦ, ਦੌਲਤ ਇਕੋ ਵਾਰ ਵਰਤਾਈਆ । ਕੂੜੀ ਕਿਰਿਆ ਮਿਟੇ ਵਾਦ ਵਿਵਾਦ, ਸਚ ਸੁਚ ਹੋਏ ਰੁਸ਼ਨਾਈਆ । ਨਿਰਗੁਣ ਸਰਗੁਣ ਰੱਖ ਲਾਜ, ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਰਚ ਕਾਜ, ਘਰ ਸਾਚਾ ਸਗਨ ਮਨਾਈਆ । ਅੰਦਰ ਵੜ ਕੇ ਮਾਰ ਆਵਾਜ਼, ਰਸਨਾ ਜਿਹਵਾ ਨਾ ਕੋਇ ਹਿਲਾਈਆ । ਤੇਰੇ ਦਰ ਤੇ ਆਈਏ ਭਾਜ, ਬਣ ਕੇ ਪਾਂਧੀ ਰਾਹੀਆ । ਕਲਜੁਗ ਬਦਲ ਦੇ ਰਿਵਾਜ, ਦੋਏ ਜੋੜ ਵਾਸਤਾ ਪਾਈਆ । ਸਤਿਜੁਗ ਰਚ ਦੇ ਸੱਚਾ ਸਾਜ, ਸਾਜਣ ਬਣ ਕੇ ਹਰਿ ਰਘੁਰਾਈਆ । ਚਾਰ ਵਰਨਾਂ ਬਣੇ ਇਕ ਸਮਾਜ, ਸਮਝ ਸਭ ਦੀ ਦੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਵਾਹ ਵਾ ਹੱਥ ਤੇਰੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਹੇ ਲੋਚ, ਪ੍ਰਭੂ ਤੇਰੀ ਓਟ ਤਕਾਈਆ । ਸੋਚਿਆਂ ਕਿਸੇ ਨਾ ਆਵੇ ਸੋਚ, ਆਪਣੀ ਸੋਚ ਸਾਡੀ ਝੋਲੀ ਪਾਈਆ । ਨਿਤ ਨਵਿਤ ਦਰਸ਼ਨ ਮੰਗੀਏ ਰੋਜ਼, ਰੋਜ਼ਾ ਬਾਂਗ ਕੂਕ ਤੇਰੇ ਨਾਮ ਸ਼ਨਵਾਈਆ । ਮਧ ਪਿਆਲਾ ਦੇ ਕਰ ਮਦਹੋਸ਼, ਬਣ ਖ਼ਾਮੋਸ਼ ਸੁੰਨ ਸਮਾਧ ਸਮਾਈਆ । ਅੰਤਮ ਤੇਰਾ ਵੇਖੀਏ ਜੋਸ਼, ਬਲਧਾਰੀ ਆਪਣਾ ਬਲ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਤੇਰਾ ਖੇਲ ਤਮਾਸ਼ਾ, ਖ਼ਾਲਕ ਖ਼ਲਕ ਸਮਝ ਕੋਇ ਨਾ ਪਾਈਆ । ਤੇਰੀ ਨਜ਼ਰ ਨਾ ਆਵੇ ਪੈਂਦੀ ਰਾਸਾ, ਗੋਪੀ ਕਾਹਨ ਨਾਚ ਨਾ ਕੋਇ ਨਚਾਈਆ । ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਸਾਚਾ ਦੀਪ ਨਾ ਕੋਇ ਪਰਕਾਸ਼ਾ, ਨਿਤ ਨਵਿਤ ਤੇਲ ਬਾਤੀ ਦੀਪ ਕਰਨ ਰੁਸ਼ਨਾਈਆ । ਆਪਣਾ ਭੇਵ ਖੋਲ੍ਹ ਪੁਰਖ ਸਮਰਾਥਾ, ਦਰ ਤੇਰੇ ਮੰਗ ਮੰਗਾਈਆ । ਕਾਇਆ ਮੰਦਰ ਬਜਰ ਕਪਾਟੀ ਤੋੜ ਤਾਕਾ, ਕੁੰਡਾ ਆਪਣੀ ਹੱਥੀਂ ਲਾਹੀਆ । ਅੰਮ੍ਰਿਤ ਜਾਮ ਪਿਆ ਇਕੋ ਬਾਟਾ, ਜੀਵਣ ਮਰਨ ਵਿਚ ਮੁਕ ਕਦੇ ਨਾ ਜਾਈਆ । ਹੋ ਸਹਾਈ ਸਗਲਾ ਸਾਥਾ, ਏਥੇ ਓਥੇ ਸੰਗ ਨਿਭਾਈਆ । ਨਿਰਗੁਣ ਨਿਰਗੁਣ ਜੁੜੇ ਨਾਤਾ, ਬਿਧਾਤਾ ਆਪਣੀ ਗੰਢ ਪਵਾਈਆ । ਕਰ ਕਿਰਪਾ ਸ੍ਰੀ ਭਗਵਾਨ ਮਨ ਅਰਜ਼ੋਈ ਸਾਡਾ ਆਖਾ, ਆਖਰ ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ,

ਤੇਰੇ ਵੱਜੇ ਨਾਮ ਵਧਾਈਆ । ਗੁਰ ਅਵਤਾਰ ਕਹਿਣ ਅਡੋਲ, ਅਡੁਲ ਤੇਰੀ ਸਰਨਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕਲ ਸੁੱਤੀ ਪਈ ਅਨਭੋਲ, ਭੋਲਾ ਭਾਉ ਨਾ ਕੋਇ ਜਣਾਈਆ । ਕਰ ਕਿਰਪਾ ਸਤਿਗੁਰ ਸੁਆਮੀ ਆਪਣਾ ਦਰ ਖੋਲ੍ਹ, ਮੰਦਰ ਸੱਚਾ ਦੇ ਵਖਾਈਆ । ਜਿਸ ਘਰ ਬਿਨ ਢੋਲਕ ਛੈਣੇ ਵੱਜੇ ਢੋਲ, ਬਿਨ ਤੰਦ ਤੰਦੂਰ ਰਾਗ ਸੁਣਾਈਆ । ਜਿਥੇ ਬਿਨ ਬਾਟਿਉਂ ਮਿਲੇ ਅੰਮ੍ਰਿਤ ਪੌਹਲ, ਰਸ ਸੱਚਾ ਦੇ ਚਖਾਈਆ । ਜਿਸ ਦਵਾਰੇ ਉਲਟਾ ਹੋਵੇ ਨਾਭ ਕੌਲ, ਕੌਲ ਪੂਰਾ ਕਰ ਖ਼ੁਦਾਈਆ । ਮਿਲੇ ਵਡਿਆਈ ਉਪਰ ਧੌਲ, ਧਰਨੀ ਸੱਚੀ ਸੋਭਾ ਪਾਈਆ । ਤੇਰੇ ਬਿਰਹੋਂ ਵਿਛੋੜੇ ਵੱਜਣ ਅਗੰਮੇ ਬੋਲ, ਤਿੱਖੀ ਮੁਖੀ ਧਾਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਲ ਅੰਤਮ ਹੋ ਸਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਅਰਦਾਸੇ, ਗਲ ਪੱਲੂ ਲਏ ਪਾਈਆ । ਸਜਦਾ ਸੀਸ ਝੁਕਾ ਪੜ੍ਹਨ ਨਿਮਾਜ਼ੇ, ਦਰ ਬਰਦਾ ਰੂਪ ਵਟਾਈਆ । ਕਵਣ ਵੇਲਾ ਪ੍ਰਭ ਸਵਾਰੇਂ ਕਾਜੇ, ਕਰ ਆਪਣਾ ਫੇਰਾ ਪਾਈਆ । ਕਵਣ ਦੇਸ ਜਿਸ ਨਗਰ ਬਹਿ ਕੇ ਸਾਜਣ ਸਾਜੇਂ, ਸੱਜਣ ਆਪਣਾ ਰੰਗ ਰੰਗਾਈਆ । ਕਵਣ ਕੂਟ ਫਿਰੀਏ ਭਾਜੇ, ਦਹਿ ਦਿਸ਼ਾ ਵੇਖ ਵਖਾਈਆ । ਕਵਣ ਮੇਲੇਂ ਵਡ ਵਡ ਰਾਜੇ, ਬੰਧਪ ਕਵਣ ਦੇਵੇਂ ਪਾਈਆ । ਕਵਣ ਨਗਰ ਸਾਜਣ ਸਾਜੇਂ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜੁਗ ਚੌਕੜੀ ਮੰਗੇ ਤੇਰੀ ਸਰਨਾਈਆ । ਜੁਗ ਚੌਕੜੀ ਹੋਈ ਮਾਂਗਤ, ਦਰ ਭਿਖਾਰੀ ਰੂਪ ਵਟਾਈਆ । ਕਿਰਪਾ ਕਰ ਪ੍ਰਭੂ ਅਨਜਾਨਤ, ਅਨਭਵ ਆਪਣੀ ਧਾਰ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੱਖ ਚੁਰਾਸੀ ਜੀਵ ਜੰਤ ਤੇਰੇ ਕੋਲ ਰੱਖ ਕੇ ਗਏ ਅਮਾਨਤ, ਦਰ ਤੇਰੇ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਹੀ ਸਲਾਮਤ ਆਪਣਾ ਫੇਰਾ ਪਾਈਆ । ਫੇਰਾ ਪਾ ਪ੍ਰਭੂ ਪ੍ਰਭ ਆਪ, ਨਿਰਗੁਣ ਨਿਰਵੈਰ ਵੇਸ ਵਟਾਈਆ । ਕਰ ਕਰ ਥੱਕੇ ਪੂਜਾ ਪਾਠ, ਸਿਮਰਨ ਗਾਇਤਰੀ ਮੰਤਰ ਨਾਲ ਰਲਾਈਆ । ਫਿਰ ਫਿਰ ਥੱਕੇ ਆਠ ਸਾਠ, ਦਹਿ ਦਿਸ਼ਾ ਵਾਹੋ ਦਾਹੀਆ । ਲੱਭ ਲੱਭ ਥੱਕੇ ਤੇਰੀ ਜੋਤ ਲਲਾਟ, ਨੂਰ ਨਜ਼ਰ ਕੋਇ ਨਾ ਆਈਆ । ਵਿਕ ਵਿਕ ਥੱਕੇ ਕਲਜੁਗ ਹਾਟ, ਤੁਧ ਬਿਨ ਕੀਮਤ ਕੋਇ ਨਾ ਪਾਈਆ । ਸੌਂ ਸੌਂ ਥੱਕੇ ਜਗਤ ਰਾਤ, ਬਿਨ ਤੇਰੇ ਸ਼ਬਦ ਅੱਖ ਨਾ ਕੋਇ ਖੁਲ੍ਹਾਈਆ । ਬਹਿ ਬਹਿ ਥੱਕੇ ਜਗਤ ਜਮਾਤ, ਸਾਚੀ ਪੱਟੀ ਨਾਮ ਨਾ ਕੋਇ ਪੜ੍ਹਾਈਆ । ਲਿਖ ਲਿਖ ਥੱਕੇ ਨਾਲ ਕਲਮ ਦਵਾਤ, ਆਪਣਾ ਲੇਖਾ ਸਕੇ ਨਾ ਕੋਇ ਗਣਾਈਆ । ਕਲਜੁਗ ਅੰਤਮ ਸਾਹਿਬ ਸਤਿਗੁਰ ਕਰ ਇਕ ਹਮਾਇਤ, ਆਮਲ ਮੁਰਸ਼ਦ ਫੇਰਾ ਪਾਈਆ । ਨੌ ਖੰਡ ਪ੍ਰਿਥਮੀ ਕਰ ਕਫ਼ਾਇਤ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਤੇਰਾ ਵੇਖਣ ਸਵੰਬਰ, ਕਿਸ ਬਿਧ ਆਪਣੀ ਰਾਸ ਰਚਾਈਆ । ਸ੍ਰੀ ਭਗਵਾਨ ਬੋਲੇ ਏਕ, ਏਕੰਕਾਰ ਆਪ ਜਣਾਇੰਦਾ । ਸਚ ਦੁਆਰੇ ਲਓ ਵੇਖ, ਬੇਪਰਵਾਹ ਪੜਦਾ ਲਾਹਿੰਦਾ । ਨਿਰਗੁਣ ਹੋ ਕੇ ਧਾਰੇ ਭੇਖ, ਜੋਤੀ ਜਾਤਾ ਨੂਰ ਚਮਕਾਇੰਦਾ । ਸਚ ਦੁਆਰੇ ਕਰੇ ਹੇਤ, ਸਚ ਪ੍ਰੀਤੀ ਇਕ ਵਖਾਇੰਦਾ । ਨਜ਼ਰੀ ਆਏ ਨੇਤਨ ਨੇਤ, ਦੂਰ ਦੁਰਾਡਾ ਪੰਧ ਚੁਕਾਇੰਦਾ । ਨਿਰਵੈਰ ਪੁਰਖ ਧਾਰ ਭੇਖ, ਵੇਸ ਅਵੱਲੜਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤ ਸ੍ਰੀ ਭਗਵੰਤ ਆਪ ਬੰਨ੍ਹੇ ਆਪਣੇ ਲੜ,

ਕੰਨੀ ਛੁੱਟ ਕਦੇ ਨਾ ਜਾਈਆ । ਸਾਚੀ ਬੰਨ੍ਹੇ ਪ੍ਰੇਮ ਕੰਨੀ, ਕਿਰਪਾ ਕਰ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਆਪਣੀ ਵੰਨੀ, ਨਾਰ ਸੁਹੰਜਣੀ ਰੂਪ ਵਖਾਈਆ । ਸਚ ਸ਼ਿੰਗਾਰ ਕਰਾਏ ਸਰਵਣ ਕੰਨੀ, ਸੋ ਸਾਹਿਬ ਦਏ ਵਡਿਆਈਆ । ਨਾਮ ਖ਼ਜ਼ਾਨਾ ਦੇਵੇ ਵੱਡਾ ਧਨੀ, ਧਨ ਦੌਲਤ ਝੋਲੀ ਪਾਈਆ । ਨਿਰਗੁਣ ਨੂਰ ਚਾੜ੍ਹੇ ਚੰਨੀ, ਚੰਦ ਸੂਰਜ ਬੈਠਣ ਮੁਖ ਸ਼ਰਮਾਈਆ । ਕਰੇ ਪਰਕਾਸ਼ ਨੇਤਰਹੀਣ ਅੰਨੀ, ਨਿਰਗੁਣ ਨੂਰ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਪ੍ਰਭ ਲਏ ਤੱਕ, ਤੱਕਵਾ ਇਕੋ ਇਕ ਜਣਾਇੰਦਾ । ਗੁਰ ਅਵਤਾਰੋ ਪੀਰ ਪੈਗ਼ੰਬਰੋ ਸਭ ਦਾ ਵੇਖਾਂ ਹੱਕ, ਨਾਹਕ ਹੁਕਮ ਨਾ ਕੋਇ ਸੁਣਾਇੰਦਾ । ਪੁਰਖ ਅਕਾਲ ਦੀਨ ਦਿਆਲ ਆਦਿ ਜੁਗਾਦਿ ਕਦੇ ਨਾ ਜਾਏ ਥੱਕ, ਜੁਗ ਚੌਕੜੀ ਆਪਣਾ ਹੁਕਮ ਵਰਤਾਇੰਦਾ । ਕਰੇ ਖੇਲ ਪੁਰਖ ਸਮਰਥ, ਸ਼ਾਹ ਪਾਤਸ਼ਾਹ ਆਪਣਾ ਨਾਉਂ ਪਰਗਟਾਇੰਦਾ । ਜੁਗ ਚੌਕੜੀ ਜਿਸ ਚਲਾਇਆ ਰਥ, ਸੋ ਰਥਵਾਹੀ ਆਪਣੀ ਚਾਲ ਬਦਲਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਮਾਰਗ ਗਏ ਦੱਸ, ਅੰਤਮ ਲੇਖਾ ਸਭ ਦਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਕਲ ਕਾਤੀ ਮੇਟ ਮਿਟਾਇੰਦਾ । ਕਲਕਾਤੀ ਵੇਖ ਕਸਾਈ, ਕਾਇਨਾਤ ਖੋਜ ਖੋਜਾਈਆ । ਕੂੜੀ ਕਿਰਿਆ ਹੱਥ ਛੁਰੀ ਰਹੇ ਉਠਾਈ, ਤਿੱਖੀ ਕਰਦ ਰੂਪ ਵਟਾਈਆ । ਆਤਮ ਪਰਮਾਤਮ ਨਾਲੋਂ ਹੋਈ ਜੁਦਾਈ, ਜਗਤ ਰੰਡੇਪਾ ਰੂਪ ਵਟਾਈਆ । ਸੱਜਣ ਮਿਲੇ ਨਾ ਸੱਚਾ ਮਾਹੀ, ਅੰਗੀਕਾਰ ਅੰਗ ਨਾ ਕੋਇ ਲਗਾਈਆ । ਨੇਤਰ ਰੋਵਣ ਜ਼ਾਰੋ ਜ਼ਾਰ ਨੈਣ ਕੁਰਲਾਵਣ ਦੇਣ ਦੁਹਾਈ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰਾ ਇਕੋ ਨਜ਼ਰੀ ਆਈਆ । ਤੁਹਾਡੀ ਅਰਜ਼ ਕਰਾਂ ਮਨਜ਼ੂਰ, ਮਿਹਰਵਾਨ ਆਪ ਜਣਾਇੰਦਾ । ਕੱਲੂ ਕਾਲ ਕੀਤਾ ਮਜਬੂਰ, ਮੁਸ਼ਕਲ ਸਭ ਦੀ ਹੱਲ ਕਰਾਇੰਦਾ । ਆਪਣਾ ਬਦਲ ਦੇਵਾਂ ਦਸਤੂਰ, ਦਸਤ ਬਦਸਤ ਸਾਚਾ ਖੇਲ ਕਰਾਇੰਦਾ । ਕੂੜੀ ਕਿਰਿਆ ਰਹਿਣ ਨਾ ਦੇਵਾਂ ਕੋਈ ਮਗ਼ਰੂਰ, ਮਫ਼ਰੂਰ ਹੋ ਕੇ ਵੇਖ ਵਖਾਇੰਦਾ । ਨੇਤਰ ਰੋਵਣ ਗ਼ਰੀਬ ਨਿਮਾਣੇ ਮਜ਼ਦੂਰ, ਤਿਨ੍ਹਾਂ ਮੁਸ਼ਕਲ ਹੱਲ ਨਾ ਕੋਇ ਕਰਾਇੰਦਾ । ਜਗਤ ਧਨਾਢ ਭਾਂਡੇ ਕਰ ਭਰਪੂਰ, ਘਰ ਮਾਇਆ ਮਮਤਾ ਮੋਹ ਲਲਚਾਇੰਦਾ । ਨਾਤਾ ਜੁੜਿਆ ਕੂੜੋ ਕੂੜ, ਸਾਚਾ ਨਾਮ ਵਣਜ ਨਜ਼ਰ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਵੇਖ ਵਖਾਇੰਦਾ । ਸਭ ਦਾ ਲੇਖਾ ਪੂਰ ਕਰਾਵਾਂਗਾ । ਭਰਮ ਭੁਲੇਖਾ ਮੇਟ ਮਿਟਾਵਾਂਗਾ । ਸਾਚਾ ਨੇਤਾ ਬਣ ਕੇ ਆਵਾਂਗਾ । ਦੇਸ ਪਰਦੇਸਾ ਖੋਜ ਖੋਜਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਉਠਾਵਾਂਗਾ । ਗਣਪਤ ਗਣੇਸ਼ ਆਪ ਸਮਝਾਵਾਂਗਾ । ਕੂੜੀ ਕਿਰਿਆ ਨੇਤਰ ਪੇਖ, ਲੋਚਣ ਨੈਣ ਇਕ ਦ੍ਰਿੜਾਵਾਂਗਾ । ਜੂਠਾ ਝੂਠਾ ਡੇਰਾ ਢਾਹ ਕੇ ਭੇਖ, ਸਚ ਸੁਚ ਮਹੱਲ ਬਣਾਵਾਂਗਾ । ਜਿਸ ਗ੍ਰਿਹਿ ਇਕੋ ਨਾਮ ਲੈਣ ਚੇਤ, ਚਾਰ ਕੁੰਟ ਇਕੋ ਰਾਹ ਵਖਾਵਾਂਗਾ । ਹਰਿ ਸਤਿਗੁਰ ਕਰੇ ਸਾਚਾ ਹੇਤ, ਸੁਆਮੀ ਬਣ ਕੇ ਮੇਲ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਦੇਣਾ ਸਭ ਦਾ ਹਰ ਘਟ ਝੋਲੀ ਪਾਵਾਂਗਾ । ਲਹਿਣਾ ਦੇਣਾ ਮੁਕਾਏ ਪ੍ਰਭ ਏਕ, ਏਕੰਕਾਰ ਵੱਡੀ ਵਡਿਆਈਆ । ਧੁਰ ਸੰਦੇਸਾ ਲਿਖ ਲਿਖ ਲੇਖ, ਸ਼ਬਦ ਤਰਾਨਾ ਦਏ ਜਣਾਈਆ । ਉਠੋ ਵੇਖੋ ਆਪਣਾ ਦੇਸ਼, ਕਲਜੁਗ ਅੰਤਮ ਫੇਰਾ ਪਾਈਆ । ਜੋਤੀ ਜੋਤ ਸਰੂਪ

੮੬੨
੧੫

ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਸਰਨ, ਸਰਨਗਤ ਤੇਰੀ ਸਰਨਾਈਆ । ਸਾਹਿਬ ਕਰਤਾ ਤੂੰ ਕਰਨੀ ਕਰਨ, ਬੇਅੰਤ ਤੇਰੀ ਵਡਿਆਈਆ । ਕਲਜੁਗ ਅੰਤ ਸਤਿਜੁਗ ਘਾੜਨ ਆਇਉਂ ਘੜਨ, ਬਣ ਬਾਢੀ ਸੇਵ ਕਮਾਈਆ । ਕਲਜੁਗ ਕੂੜੀ ਕਿਰਿਆ ਆਇਉਂ ਫੜਨ, ਨਾਮ ਡੋਰੀ ਤੰਦ ਹੱਥ ਉਠਾਈਆ । ਜਨ ਭਗਤਾਂ ਅੰਦਰ ਸਾਚੇ ਪੌੜੇ ਆਇਉਂ ਚੜ੍ਹਨ, ਪੜਦਾ ਵਿਚੋਂ ਦਵੈਤ ਉਠਾਈਆ । ਸਾਚਾ ਢੋਲਾ ਆਇਉਂ ਪੜ੍ਹਨ, ਸੋਹੰ ਨਾਮ ਸੁਣਾਈਆ । ਖੋਲ੍ਹਣ ਆਇਉਂ ਹਰਨ ਫਰਨ, ਨਿਜ ਨੇਤਰ ਕਰ ਰੁਸ਼ਨਾਈਆ । ਬਖ਼ਸ਼ਣ ਆਇਉਂ ਪ੍ਰੀਤ ਚਰਨ, ਮਸਤਕ ਟਿੱਕਾ ਧੂੜੀ ਲਾਈਆ । ਹਾਕਮ ਬਣ ਕੇ ਸਭ ਦੇ ਅੱਗੇ ਆਇਉਂ ਅੜਨ, ਤੇਰਾ ਸੀਸ ਨਾ ਕੋਇ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣੀ ਮਾਣ ਵਡਿਆਈਆ । ਮਾਣ ਵਡਿਆਈ ਹਰਿ ਕਾ ਨਾਮ, ਸੋ ਸਤਿਗੁਰ ਆਪ ਜਣਾਈਆ । ਇਛਤ ਕਰੇ ਪੂਰਾ ਕਾਮ, ਮਿਹਰ ਨਜ਼ਰ ਉਠਾਈਆ । ਸਾਚੀ ਸਿਖਿਆ ਦੇਵੇ ਜੀਵ ਜਹਾਨ, ਲੱਖ ਚੁਰਾਸੀ ਕਰ ਪੜ੍ਹਾਈਆ । ਧੀਰਜ ਜਤ ਸਤਿ ਦੇਵੇ ਈਮਾਨ, ਸੰਤੋਖ ਇਕੋ ਇਕ ਵਖਾਈਆ । ਕਲਮਾ ਨਬੀ ਰਸੂਲ ਦਏ ਕਲਿਆਣ, ਕਲਾਮ ਇਕੋ ਦਏ ਜਣਾਈਆ । ਧੁਰ ਸੰਦੇਸਾ ਦੇ ਪੈਗ਼ਾਮ, ਪੀਰ ਪੈਗ਼ੰਬਰ ਹੁਕਮ ਵਰਤਾਈਆ । ਕਲਜੁਗ ਅੰਤਮ ਕਵਣ ਦਰ ਝੁਕ ਕਰੀਏ ਸਲਾਮ, ਸੀਸ ਜਗਦੀਸ ਤੇਰੀ ਝੋਲੀ ਪਾਈਆ । ਤੂੰ ਸਰਬ ਜੀਆਂ ਦਾ ਇਕ ਭਗਵਾਨ, ਜੋਤੀ ਜਾਤਾ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਮੰਗ ਮੰਗਾਈਆ । ਕਲਜੁਗ ਅੰਤਮ ਸਾਰੇ ਮੰਗਦੇ, ਪ੍ਰਭ ਦਰ ਤੇਰਾ ਇਕੋ ਨਜ਼ਰੀ ਆਈਆ । ਬਣ ਭਿਖਾਰੀ ਅੰਤ ਨਾ ਸੰਗਦੇ, ਸੰਗਲ ਸ਼ਰਅ ਰਹੇ ਕਟਾਈਆ । ਪ੍ਰੇਮ ਪ੍ਰੀਤੀ ਅੰਦਰ ਚੋਲੀ ਰੰਗਦੇ, ਰੰਗ ਚਲੂਲ ਇਕ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਸੁਲਤਾਨ ਤੇਰਾ ਸੰਦੇਸ ਸੱਚਾ ਭਾਈਆ । ਸਚ ਸੰਦੇਸ ਦੇ ਪ੍ਰਭ ਏਕ, ਅਕਲ ਕਲਧਾਰੀ ਆਪ ਜਣਾਈਆ । ਸਚ ਦੁਆਰੇ ਲੱਭੀਏ ਤੇਰਾ ਭੇਖ, ਭਵਿਸ਼ ਤੇਰੀ ਝੋਲੀ ਪਾਈਆ । ਤੇਰਾ ਨੂਰ ਮਸਤਕ ਰੇਖ, ਤੇਰਾ ਜ਼ਹੂਰ ਸਚ ਰੁਸ਼ਨਾਈਆ । ਤੇਰਾ ਖ਼ਜ਼ਾਨਾ ਭਰਪੂਰ ਸਭ ਦੀ ਟੇਕ, ਟਿਕਟਿਕੀ ਸਾਰੇ ਬੈਠੇ ਲਾਈਆ । ਤੂੰ ਦੇਵਣਹਾਰ ਵਡ ਨਰੇਸ਼, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਕਰ ਕਿਰਪਾ ਅੰਦਰ ਵੜ ਕੇ ਜਨ ਭਗਤਾਂ ਦੇ ਦੇ ਭੇਤ, ਕਿਉਂ ਬੈਠਾ ਮੁਖ ਛੁਪਾਈਆ । ਆਪਣੀ ਸੁਹਾ ਸੁਹੰਜਣੀ ਸੇਜ, ਆਤਮ ਜੋਤੀ ਨੂਰ ਰੁਸ਼ਨਾਈਆ । ਸ਼ਬਦ ਅਗੰਮੀ ਦੇ ਭੇਜ, ਧੁਰ ਸੰਦੇਸਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਮਾਂਗਤ ਮੰਗ ਮੰਗਾਈਆ । ਦਰ ਮਾਂਗਤ ਮੰਗੇ ਭਿਛਿਆ, ਭਾਵਨਾ ਅੰਦਰੇ ਅੰਦਰ ਛੁਪਾਈਆ । ਸਾਹਿਬ ਸਤਿਗੁਰ ਪੂਰੀ ਕਰੇ ਇਛਿਆ, ਬਿਨ ਰਸਨਾ ਜਿਹਵਾ ਬੋਲੇ ਲੇਖੇ ਲਾਈਆ । ਸ਼ਬਦ ਸੁਆਮੀ ਧੁਰ ਦੀ ਸਿਖਿਆ, ਨਾਉਂ ਨਿਰੰਕਾਰ ਇਕ ਦ੍ਰਿੜਾਈਆ । ਹਰਿ ਕਾ ਨਾਮ ਕਦੇ ਨਾ ਜਾਵੇ ਭਿਟਿਆ, ਊਚ ਨੀਚ ਇਕੋ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕੂੜੀ ਕਿਰਿਆ ਵੇਖ ਵਖਾਈਆ । ਕੂੜੀ ਕਿਰਿਆ ਪਾਇਆ ਜ਼ੋਰ, ਕਲਜੁਗ ਡੰਕਾ ਇਕ ਵਜਾਈਆ । ਸੰਤ ਸਾਧ ਬਣੇ ਚੋਰ, ਠੱਗੀ ਗੁਰੂਦੁਆਰ ਵਖਾਈਆ । ਮੁੱਲਾਂ ਸ਼ੇਖ਼ ਹਰਾਮਖ਼ੋਰ, ਧੀਆਂ ਭੈਣਾਂ ਨੈਣ


੮੬੩
੧੫

ਤਕਾਈਆ । ਕਾਮ ਕਰੋਧ ਸਭ ਨੇ ਰੱਖੀ ਲੋੜ, ਅੰਤਰ ਆਤਮ ਰਾਮ ਗਏ ਭੁਲਾਈਆ । ਬਾਹਰੋਂ ਰਸਨਾ ਜਿਹਵਾ ਅੱਖੀਂ ਮੀਟ ਸੁਰਤੀ ਲੈਂਦੇ ਜੋੜ, ਕਾਇਆ ਮੰਦਰ ਸਾਚੇ ਪੌੜੇ ਚੜ੍ਹ ਕੇ ਦਰਸ ਕੋਇ ਨਾ ਪਾਈਆ । ਬੱਤੀ ਦੰਦ ਕਹਿੰਦੇ ਸ਼ਬਦ ਫ਼ਰਨਾ ਫੁਰੇ ਫੇਰ, ਨਿਜ ਨੇਤਰ ਨੈਣ ਨਾ ਕੋਇ ਖੁਲ੍ਹਾਈਆ । ਭੇਖਾਧਾਰੀ ਸੇਜ ਬਣਾਉਂਦੇ ਸੂਲਾਂ ਰੋੜ, ਆਤਮ ਸੇਜਾ ਸੇਜ ਸੁਹੰਜਣੀ ਪੁਰਖ ਅਬਿਨਾਸ਼ੀ ਮੇਲ ਨਾ ਕੋਇ ਮਿਲਾਈਆ । ਬਣ ਅਸਵਾਰ ਚੜ੍ਹਦੇ ਘੋੜ, ਚਕਰਵਰਤੀ ਰੂਪ ਵਟਾਈਆ । ਸ਼ਬਦ ਅਗੰਮੀ ਅਸਵ ਚੜ੍ਹ ਕੇ ਕੋਈ ਨਾ ਪਏ ਦੌੜ, ਦੋ ਜਹਾਨਾਂ ਮੰਜ਼ਲ ਪੰਧ ਮੁਕਾਈਆ । ਡੂੰਘੀ ਕੰਦਰ ਵੜ ਵੜ ਸੁੱਤੇ ਭਵਰੇ ਭੋਰ, ਭੋਰੀ ਨਾਮ ਹੱਥ ਕਿਸੇ ਨਾ ਆਈਆ । ਮੂਰਖ ਸੁੱਤੇ ਅੰਧ ਘੋਰ, ਮੁਗਧ ਅਞਾਣ ਸਮਝ ਨਾ ਆਈਆ । ਕਿਰਪਾ ਕਰੇ ਜਿਸ ਆਪ ਲੇਖ ਚੁਕਾਏ ਮੋਰ ਤੋਰ, ਤੁਰਤ ਆਪਣਾ ਮੇਲ ਮਿਲਾਈਆ । ਸ਼ਬਦ ਖੰਡੇ ਪੰਚ ਵਿਕਾਰਾ ਦੇਵੇ ਹੋੜ, ਨੇਰਨ ਨੇਰ ਰਹਿਣ ਨਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਜਨ ਭਗਤਾਂ ਮਿਲਣ ਦੀ ਰੱਖੀ ਆਪਣੀ ਲੋੜ, ਬਾਕੀ ਛੱਡੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਆਪ ਪ੍ਰਭ, ਹਰਿ ਵੱਡਾ ਵਡ ਵਡਿਆਈਆ । ਲੱਖ ਚੁਰਾਸੀ ਵਿਚੋਂ ਲੱਭ, ਗੁਰਸਿਖ ਆਪਣੀ ਗੋਦ ਬਹਾਈਆ । ਪੂਜਾ ਪਾਠ ਸਿਮਰਨ ਮੁੱਕਾ ਸਭ, ਜਿਸ ਸਾਬਤ ਸਤਿਗੁਰ ਨਜ਼ਰੀ ਆਈਆ । ਜਗਤ ਦੁਆਰ ਮੁੱਕੀ ਹੱਦ, ਘਰ ਇਕੋ ਸੋਭਾ ਪਾਈਆ । ਪ੍ਰਭ ਸਰਨਾਈ ਬਹਿਣਾ ਸਜ, ਦਰਗਹਿ ਸਾਚੀ ਦੇਵੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਜਗਾਈਆ । ਹਰਿਜਨ ਜਗਾਏ ਜਾਗਰਤ ਜੋਤ, ਜੋਤੀ ਜਾਤਾ ਦਇਆ ਕਮਾਈਆ । ਦੂਈ ਦਵੈਤ ਦੁਰਮਤ ਮੈਲ ਕੱਢ ਖੋਟ, ਅੰਮ੍ਰਿਤ ਰਸ ਇਕ ਭਰਾਈਆ । ਆਸਾ ਮਨਸਾ ਪੂਰੀ ਕਰੇ ਲੋਚ, ਲੋਚਣ ਨੈਣ ਅੱਖ ਖੁਲ੍ਹਾਈਆ । ਆਤਮ ਪਰਮਾਤਮ ਦੇਵੇ ਇਕੋ ਮੌਜ, ਅਨੰਦ ਅਨੰਦ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਤਾਰੇ ਆਪ ਸੁਆਮੀ, ਸਮਰਥ ਪੁਰਖ ਵੱਡੀ ਵਡਿਆਈਆ । ਆਦਿ ਜੁਗਾਦੀ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਸ਼ਬਦ ਸੁਣਾਏ ਅਗੰਮੀ ਬਾਣੀ, ਸ਼ਾਸਤਰ ਸਿਮਰਤ ਵੇਦ ਪੁਰਾਨ ਕਰੇ ਨਾ ਕੋਇ ਪੜ੍ਹਾਈਆ । ਸ਼ਬਦ ਮਿਲਾਵਾ ਸੁਰਤੀ ਹਾਣੀ, ਸੁਰਤੀ ਸ਼ਬਦੀ ਜੋੜ ਜੁੜਾਈਆ । ਅੰਮ੍ਰਿਤ ਦੇਵੇ ਠੰਡਾ ਪਾਣੀ, ਅਠਸਠ ਤੀਰਥ ਡੇਰਾ ਢਾਹੀਆ । ਘਰ ਦੀਪਕ ਜੋਤ ਜਗਾਏ ਨੂਰਾਨੀ, ਮਹੱਲ ਅਟੱਲ ਕਰੇ ਰੁਸ਼ਨਾਈਆ । ਦੇਵੇ ਸਰਨਾਈ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਦਰ ਆਪਣੇ ਲਏ ਬਹਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਤੇਰੀ ਲਿਖਣ ਪੜ੍ਹਨ ਦੀ ਮੁੱਕੇ ਗ਼ੁਲਾਮੀ, ਸਾਹਿਬ ਸਤਿਗੁਰ ਆਪਣਾ ਮੇਲ ਮਿਲਾਈਆ । ਅੰਦਰ ਵੜ ਕੇ ਬੋਲੇ ਸੱਚੀ ਬਾਣੀ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਦੋਹਾਂ ਮਿਲੀ ਇਕ ਨਿਸ਼ਾਨੀ, ਭਗਤ ਭਗਵਾਨ ਭਗਵਾਨ ਭਗਤ ਇਕੋ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਟਿਕਾਏ ਨਿਤ ਨਵਿਤ ਰੋਜ਼, ਰਾਜ ਰਾਜਾਨ ਦਇਆ ਕਮਾਈਆ । ਸ਼ਬਦ ਅਗੰਮੀ ਆਪੇ ਕਰੇ ਖੋਜ, ਆਪਣੀ ਵਸਤ ਗੁਰਮੁਖਾਂ ਝੋਲੀ ਪਾਈਆ । ਜਨ ਭਗਤਾਂ ਮਿਲਣ ਦਾ ਪ੍ਰਭ ਜੀ ਰੱਖੇ ਸ਼ੌਕ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਅੰਤਮ ਦੀਨ ਦਿਆਲ ਕਿਰਪਾਨਿਧਾਨ ਨਗਰ ਖੇੜੇ ਆ ਅਜਨੌਦ,

੮੬੪
੧੫

ਹਰਬੰਸ ਅੰਸ ਸਰਬੰਸ ਲਏ ਪਰਨਾਈਆ । ਜਿਸ ਦੇ ਅੰਦਰ ਵੜ ਕੇ ਮਾਣੇ ਆਪਣੀ ਮੌਜ, ਮੁਫ਼ਤ ਆਪਣਾ ਘਰ ਵਸਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਪ੍ਰਭ ਦਾ ਖੇਲ ਕੋਈ ਨਾ ਸਕੇ ਸੋਚ, ਸਮਝ ਵਿਚ ਕਦੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਪ੍ਰਭ ਏਕਾ ਠਾਕਰ, ਠੋਕਰ ਆਪਣਾ ਨਾਮ ਲਗਾਇੰਦਾ । ਪਾਰ ਕਰਾਏ ਕਲਜੁਗ ਸਾਗਰ, ਡੂੰਘੀ ਭਵਰੀ ਪੰਧ ਮੁਕਾਇੰਦਾ । ਏਥੇ ਓਥੇ ਦੇਵੇ ਆਦਰ, ਦੋ ਜਹਾਨ ਇਕੋ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤ ਭਗਵਾਨ ਵੇਖ ਵਖਾਇੰਦਾ । ਭਗਤ ਭਗਵਾਨ ਕਰਾਏ ਦਰਸ, ਦੀਦ ਇਕੋ ਇਕ ਜਣਾਈਆ । ਜਨਮ ਜਨਮ ਦੀ ਮੇਟ ਹਰਸ, ਹਵਸ ਦਏ ਬੁਝਾਈਆ । ਕਰਮ ਕਰਮ ਦਾ ਕਰ ਤਰਸ, ਮਿਹਰ ਨਜ਼ਰ ਉਠਾਈਆ । ਅੰਮ੍ਰਿਤ ਮੇਘ ਦੇਵੇ ਬਰਸ, ਬੂੰਦ ਸਵਾਂਤੀ ਮੁਖ ਚੁਆਈਆ । ਗੁਰਸਿਖ ਤੇਰੀ ਮੇਟੇ ਤੜਪ, ਜਗਤ ਵਿਛੋੜਾ ਪਿਛਲੀ ਪੀੜ ਰਹਿਣ ਨਾ ਪਾਈਆ । ਸਚ ਪ੍ਰੀਤੀ ਅੰਦਰ ਰਹਿਣ ਨਾ ਦੇਵੇ ਕੋਈ ਫ਼ਰਕ, ਫ਼ੈਸਲਾ ਇਕੋ ਵਾਰ ਸੁਣਾਈਆ । ਪਿਛਲਾ ਲੇਖਾ ਸਾਰਾ ਕੀਤਾ ਤਰਕ, ਤਾਕਤ ਇਕੋ ਸਤਿਗੁਰੂ ਸ਼ਬਦ ਸਮਝਾਈਆ । ਗੁਰਮੁਖ ਗੁਰਸਿਖ ਮੰਜ਼ਲ ਚੜ੍ਹਦਾ ਕਦੀ ਨਾ ਜਾਵੇ ਅਟਕ, ਜਿਸ ਪਿਠ ਉਤੇ ਸਤਿਗੁਰ ਪੂਰਾ ਹੱਥ ਟਿਕਾਈਆ । ਅਧਵਿਚਕਾਰੋਂ ਕਦੀ ਨਾ ਆਵੇ ਪਰਤ, ਅੱਗੇ ਜਾਏ ਵਾਹੋ ਦਾਹੀਆ । ਕਿਰਪਾ ਕਰੇ ਸੂਰਬੀਰ ਹਰਿ ਸਤਿਗੁਰ ਮਰਦ, ਮਰਦਾਨਗੀ ਇਕੋ ਇਕ ਰਖਾਈਆ । ਲੋਕਮਾਤ ਜਿਸ ਦੀ ਮੰਜ਼ੂਰ ਕੀਤੀ ਅਰਜ਼, ਅੱਗੇ ਤਰਜ਼ ਸਕੇ ਨਾ ਕੋਇ ਬਦਲਾਈਆ । ਭਗਤ ਭਗਵਾਨ ਦੋਵੇਂ ਮਿਲ ਕੇ ਇਕ ਦੂਜੇ ਦੀ ਪੂਰੀ ਕਰਨ ਗ਼ਰਜ਼, ਬਿਨ ਭਗਤ ਭਗਵਾਨ ਜਗਤ ਮਾਰਗ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਤੇਰਾ ਹੋਣ ਨਾ ਦੇਵੇ ਹਰਜ, ਜਨਮ ਜਨਮ ਦਾ ਹਰਜਾਨਾ ਦਏ ਚੁਕਾਈਆ । ਪੂਰੇ ਸਤਿਗੁਰ ਦਾ ਇਹੋ ਖੇਲ ਅਸਚਰਜ, ਦੀਨ ਦੁਨੀ ਦੋਵੇਂ ਪਾਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਿਤਾ ਆਤਮ ਅੰਤਰ ਇਕੋ ਦਾਨ, ਤਿਸ ਵਸਤ ਠੱਗ ਚੋਰ ਯਾਰ ਵਿਚ ਸੰਸਾਰ ਲੁੱਟ ਕੋਈ ਨਾ ਜਾਈਆ ।

### ✪ ੨੬ ਅੱਸੂ ੨੦੨੦ ਬਿਕ੍ਰਮੀ ਮਦਨ ਲਾਲ ਦੇ ਗ੍ਰਿਹਿ ਵਿਸ਼ਕਰਮਾ ਪੁਰੀ ਲੁਧਿਆਣਾ ✪

ਸਤਿਗੁਰ ਦਾਤਾ ਵਡ ਪੀਰਨ ਪੀਰ, ਸ੍ਰੀ ਭਗਵਾਨ ਦਇਆ ਕਮਾਈਆ । ਜਨ ਭਗਤਾਂ ਕੱਟ ਸ਼ਰਅ ਜ਼ੰਜੀਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਹਉਮੇਂ ਹੰਗਤਾ ਕੱਢ ਪੀੜ, ਸਾਂਤਕ ਸਤਿ ਸਤਿ ਵਰਤਾਈਆ । ਅੰਮ੍ਰਿਤ ਜਾਮ ਪਿਆਲਾ ਬਖ਼ਸ਼ ਨੀਰ, ਰਸ ਇਕੋ ਇਕ ਚਖਾਈਆ । ਬਜਰ ਕਪਾਟੀ ਪੜਦਾ ਚੀਰ, ਘਰ ਘਰ ਵਿਚ ਮੇਲ ਮਿਲਾਈਆ । ਫੜ ਕੇ ਚੋਟੀ ਚਾੜ੍ਹ ਅਖ਼ੀਰ, ਆਖ਼ਰ ਆਪਣੇ ਅੰਗ ਲਗਾਈਆ । ਏਥੇ ਓਥੇ ਨਾ ਹੋਏ ਦਿਲਗੀਰ, ਸੁਖ ਸਾਗਰ ਰੂਪ ਸਮਝਾਈਆ । ਲਹਿਣਾ ਦੇਣਾ ਚੁਕਾ ਸ਼ਾਹ ਹਕੀਰ, ਊਚ ਨੀਚ ਇਕੋ ਘਰ ਬਹਾਈਆ । ਮਿਹਰ ਨਜ਼ਰ ਕਰ ਬਦਲੀ ਤਕਦੀਰ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਆਵਣ ਜਾਵਣ ਕਟੇ ਭੀੜ, ਘਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਮਾਰਗ ਇਕੋ ਦੇ, ਸਚ ਸੰਦੇਸਾ ਨਾਮ ਜਣਾਈਆ । ਆਤਮ ਪਰਮਾਤਮ ਲਗਾਏ ਨੇਂਹ, ਪ੍ਰੀਤੀ ਇਕੋ ਘਰ ਵਖਾਈਆ । ਅੰਮ੍ਰਿਤ ਬਰਸੇ ਧੁਰ ਦਾ ਮੇਂਹ, ਮੇਘਲਾ ਬੈਠਾ ਮੁਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਭਗਤਾਂ ਦੱਸੇ ਇਸ਼ਟ ਇਕ, ਏਕੰਕਾਰ ਕਰ ਪੜ੍ਹਾਈਆ । ਹਰਿਜਨ ਸਿਖਿਆ ਲਏ ਸਿਖ, ਘਰ ਸਾਚੇ ਸੀਸ ਝੁਕਾਈਆ । ਨਿਰਗੁਣ ਹੋ ਕੇ ਸਰਗੁਣ ਅੰਦਰ ਵੜੇ ਵਿਚ, ਵਿਚਲਾ ਪੜਦਾ ਦਏ ਉਠਾਈਆ । ਧਾਮ ਵਖਾਏ ਸਾਚਾ ਨਿਜ, ਨਿਜ ਦੁਆਰੇ ਸੋਭਾ ਪਾਈਆ । ਪ੍ਰੇਮ ਰਸ ਵਿਚ ਜਾਏ ਭਿਜ, ਭਿੰਨੜਾ ਰੂਪ ਵਟਾਈਆ । ਜੁਗ ਚੌਕੜੀ ਜਨ ਭਗਤਾਂ ਮਿਲਣ ਨੂੰ ਗਿਆ ਗਿਝ, ਆਵੇ ਜਾਵੇ ਵਾਰੋ ਵਾਰ ਬੇਪਰਵਾਹੀਆ । ਸਾਰੇ ਕਾਰਜ ਇਕੋ ਵਾਰ ਕਰ ਦਏ ਸਿਧ, ਲੋਕਮਾਤ ਨਾ ਕੋਇ ਤਰਸਾਈਆ । ਆਪਣੀ ਅੰਤਰ ਦੱਸ ਕੇ ਬਿਧ, ਸ਼ਬਦ ਅਨਾਦ ਦਏ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਰੰਗ ਰੰਗਾਈਆ । ਭਗਤਾਂ ਦੱਸ ਇਕ ਸਹਾਰਾ, ਚਰਨ ਕਵਲ ਦੇਵੇ ਵਡਿਆਈਆ । ਜਗਤ ਜੁਗ ਪਾਰ ਕਿਨਾਰਾ, ਨਈਆ ਨੌਕਾ ਨਾਮ ਚੜ੍ਹਾਈਆ । ਮਹੱਲ ਅਟੱਲ ਵਖਾਏ ਉਚ ਮਨਾਰਾ, ਦਰਗਹਿ ਸਾਚੀ ਆਪ ਸੁਹਾਈਆ । ਦੀਵਾ ਬਾਤੀ ਇਕ ਉਜਿਆਰਾ, ਨਿਰਮਲ ਜੋਤ ਕਰੇ ਰੁਸ਼ਨਾਈਆ । ਸਦਾ ਵਖਾਏ ਠਾਂਡਾ ਦਰਬਾਰਾ, ਅਗਨੀ ਤਤ ਨਾ ਲਾਗੇ ਰਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਬਣ ਨਿਰੰਕਾਰਾ, ਮਿਹਰ ਨਜ਼ਰ ਇਕ ਉਠਾਈਆ । ਆਵਣ ਜਾਵਣ ਗੇੜ ਨਿਵਾਰਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਦੇਵੇ ਇਕੋ ਮਾਣ, ਚਰਨ ਸਰਨ ਸੱਚੀ ਸਰਨਾਈਆ । ਦਰਸ਼ਨ ਦੇਵੇ ਇਕ ਧਿਆਨ, ਅੰਤਰ ਆਤਮ ਬੂਝ ਬੁਝਾਈਆ । ਨਾਮ ਸਮਝਾਏ ਇਕ ਗਿਆਨ, ਤੂੰ ਮੇਰਾ ਮੈਂ ਤੇਰਾ ਸਾਚਾ ਸੱਜਣ ਇਕ ਅਖਵਾਈਆ । ਮੰਦਰ ਵਖਾਏ ਇਕ ਮਕਾਨ, ਜਿਸ ਘਰ ਘਰ ਘਰ ਵਿਚ ਵਸੇ ਮਾਹੀਆ । ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਮਿਲੇ ਆਣ, ਬਣ ਪਾਂਧੀ ਸੱਚਾ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਹਰਿਜਨ ਦੇਵੇ ਨਿਸ਼ਅੱਖਰ ਏਕ, ਤਨ ਅੱਖਰ ਰੂਪ ਵਟਾਈਆ । ਮਨ ਤਨ ਜਣਾਏ ਜਗਤ ਟੇਕ, ਆਤਮ ਪਰਮਾਤਮ ਇਸ਼ਟ ਇਕ ਬਣਾਈਆ । ਨਿਰਗੁਣ ਨਿਰਗੁਣ ਲਏ ਵੇਖ, ਸਰਗੁਣ ਸਰਗੁਣ ਮੇਲ ਮਿਲਾਈਆ । ਕਰ ਖੇਲ ਅਚਨ ਅਚੇਤ, ਚੇਤਨ ਸੁਰਤੀ ਆਪ ਕਰਾਈਆ । ਅੰਦਰ ਵੜ ਕੇ ਦੱਸੇ ਭੇਤ, ਬਾਹਰੋਂ ਬੋਲ ਨਾ ਕੋਇ ਜਣਾਈਆ । ਪੀਆ ਪ੍ਰੀਤਮ ਕਰੇ ਪ੍ਰੇਮ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਭਗਤ ਦੇਵੇ ਵਡਿਆਈਆ । ਹਰਿ ਭਗਤ ਤੇਰਾ ਮਿਤਰ ਮਾਤ, ਸ੍ਰੀ ਭਗਵਾਨ ਇਕ ਅਖਵਾਇੰਦਾ । ਜਿਸ ਨੇ ਦਿਤੀ ਧੁਰ ਦੀ ਦਾਤ, ਨਾਮ ਭੰਡਾਰਾ ਝੋਲੀ ਪਾਇੰਦਾ । ਕੂੜੀ ਕਿਰਿਆ ਛੱਡ ਨਾਤ, ਸਾਚਾ ਬੰਧਨ ਇਕੋ ਪਾਇੰਦਾ । ਜਨ ਭਗਤਾਂ ਮਿਲ ਸਚ ਜਮਾਤ, ਦੂਜਾ ਪੰਥ ਨਾ ਕੋਇ ਵਖਾਇੰਦਾ । ਹੋਏ ਸਹਾਈ ਅਨਾਥਾਂ ਨਾਥ, ਦੀਨਨ ਦੀਨ ਆਪਣੇ ਗਲੇ ਲਗਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਆਤਮ ਸੇਜਾ ਆਤਮ ਪਰਮਾਤਮ ਕਰੇ ਭੋਗ ਬਲਾਸ, ਸਾਚਾ ਰਸ ਇਕੋ ਇਕ ਜਣਾਇੰਦਾ । ਸਰਬ ਗੁਣਾਂ ਪ੍ਰਭ ਹੋਏ ਤਾਸ, ਗੁਣਵੰਤਾ ਆਪਣੀ ਕਾਰ ਕਮਾਇੰਦਾ । ਰਾਹ ਤੱਕਣ ਤੇਰਾ ਪ੍ਰਿਥਮੀ ਆਕਾਸ਼, ਗਗਨ ਮੰਡਲ ਧਿਆਨ ਲਗਾਇੰਦਾ ।

ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਸ਼ਾਬਾਸ਼, ਜਿਸ ਜਨ ਸ਼ਹਿਨਸ਼ਾਹ ਆਪਣੇ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੀ ਗੋਦ ਉਠਾਇੰਦਾ । ਹਰਿਜਨ ਗੋਦੀ ਲਏ ਚੁੱਕ, ਸ੍ਰੀ ਭਗਵਾਨ ਵੱਡੀ ਵਡਿਆਈਆ । ਆਵਣ ਜਾਵਣ ਪੈਂਡਾ ਜਾਏ ਮੁੱਕ, ਪਾਂਧੀ ਰਾਹੀ ਰਹਿਣ ਕੋਇ ਨਾ ਪਾਈਆ । ਘਰ ਸੱਜਣ ਦੇਵੇ ਸੁਖ, ਦੁਖ ਦਰਦ ਦਏ ਗਵਾਈਆ । ਗੁਰਮੁਖ ਬਾਹਰੋਂ ਮਾਣਸ ਦਿਸੇ ਮਨੁਖ, ਅੰਦਰ ਆਤਮ ਪਰਮਾਤਮ ਰੂਪ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਭੈ ਭੌ ਭਰਮ ਮਿਟਾਈਆ । ਭੈ ਭੌ ਹੋਵੇ ਦੂਰ, ਨੇਰਨ ਨੇਰ ਰਹਿਣ ਨਾ ਪਾਈਆ । ਜਿਸ ਸਤਿਗੁਰ ਨਜ਼ਰੀ ਆਏ ਹਾਜ਼ਰ ਹਜ਼ੂਰ, ਹਜ਼ਰਤ ਦਾਤਾ ਵਡ ਵਡਿਆਈਆ । ਜਨਮ ਕਰਮ ਦਾ ਨਾਤਾ ਤੋੜ ਕੂੜ, ਸੁਚ ਸਚ ਘਰ ਸਚ ਦਏ ਪਰਨਾਈਆ । ਪ੍ਰੇਮ ਪ੍ਰੀਤੀ ਅੰਤਰ ਨੂਰ, ਬਖ਼ਸ਼ਸ਼ ਬਖ਼ਸ਼ੀਸ਼ ਵਿਚੋਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਹਰਿ ਹਰਿ ਆਪਣੇ ਘਰ ਵਸਾਈਆ । ਹਰਿਜਨ ਵਸਣਾ ਘਰ ਅਗੰਮ, ਜਿਸ ਗ੍ਰਿਹਿ ਮਿਲੇ ਵਡਿਆਈਆ । ਸੰਗ ਨਾ ਜਾਏ ਕਾਇਆ ਮਾਟੀ ਚੰਮ, ਤਤਵ ਤਤ ਮੇਲ ਨਾ ਕੋਇ ਮਿਲਾਈਆ । ਪਵਣ ਸਵਾਸ ਨਾ ਕੋਈ ਦਮ, ਰਸਨਾ ਜਿਹਵਾ ਰੂਪ ਨਾ ਕੋਇ ਵਖਾਈਆ । ਹਰਖ਼ ਸੋਗ ਨਾ ਕੋਈ ਗ਼ਮ, ਚਿੰਤਾ ਚਿਖਾ ਨਾ ਕੋਇ ਜਲਾਈਆ । ਮਾਤ ਪਿਤਾ ਨਾ ਜਨਨੀ ਜਨ, ਪੁੱਤਰ ਧੀ ਰੂਪ ਨਾ ਕੋਇ ਵਟਾਈਆ । ਦੌਲਤ ਮਾਲ ਖ਼ਜ਼ਾਨਾ ਨਾ ਕੋਈ ਧੰਨ, ਜਗਤ ਜਾਗੀਰ ਵੇਖ ਕੋਇ ਨਾ ਪਾਈਆ । ਮਹੱਲ ਅਟੱਲ ਜਗਤ ਮਨਾਰ ਨਾ ਕੋਈ ਛੱਪਰ ਛੰਨ, ਚਾਰ ਦੀਵਾਰ ਬਣਤ ਨਾ ਕੋਇ ਬਣਾਈਆ । ਬੁਧ ਮਤ ਨਾ ਕੋਈ ਮਨ, ਦਹਿ ਦਿਸ਼ਾ ਉਠ ਉਠ ਭੱਜੇ ਕੋਈ ਨਾ ਵਾਹੋ ਦਾਹੀਆ । ਨਿਰਮਲ ਨਿਰਵੈਰ ਜੋਤ ਪਰਕਾਸ਼ ਸ੍ਰੀ ਭਗਵਨ, ਸਚ ਦੁਆਰੇ ਬੈਠਾ ਆਸਣ ਲਾਈਆ । ਸੋ ਪੁਰਖ ਅਕਾਲ ਜਨ ਭਗਤ ਚੜ੍ਹਾਏ ਸਾਚਾ ਚੰਨ, ਦੋ ਜਹਾਨ ਕਰੇ ਰੁਸ਼ਨਾਈਆ । ਅੰਤਮ ਬੇੜਾ ਆਪੇ ਬੰਨ੍ਹ, ਆਪਣੇ ਕੰਧ ਉਠਾਈਆ । ਸਚਖੰਡ ਦੁਆਰ ਬਹਿ ਕਹੇ ਧੰਨ ਧੰਨ, ਧੰਨ ਗੁਰਮੁਖ ਤੇਰੀ ਚਤੁਰਾਈਆ । ਜਿਸ ਸਾਹਿਬ ਸਤਿਗੁਰ ਸ਼ਬਦ ਸੁਆਮੀ ਹਰ ਘਟ ਅੰਤਰਜਾਮੀ ਲਿਆ ਮੰਨ, ਜਗ ਮਨਸਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਇਕ ਵਰ, ਘਰ ਘਰ ਵਿਚ ਦਿਵਸ ਰੈਣ ਰੈਣ ਦਿਵਸ ਇਕੋ ਖ਼ੁਸ਼ੀ ਵਖਾਈਆ ।

### ✪ ੨੬ ਅੱਸੂ ੨੦੨੦ ਬਿਕ੍ਰਮੀ ਗੁਰਦੇਵ ਸਿੰਘ ਦੇ ਗ੍ਰਿਹਿ ਲੁਧਿਆਣਾ ✪

ਸਤਿਗੁਰ ਸ਼ਬਦ ਸਦਾ ਮਲਾਹ, ਬੇੜਾ ਪਤਣ ਪਾਰ ਕਰਾਇੰਦਾ । ਜੁਗ ਜਨਮ ਦਾ ਲਹਿਣਾ ਦਏ ਚੁਕਾ, ਨਿਤ ਨਵਿਤ ਵੇਖ ਵਖਾਇੰਦਾ । ਸਾਚੀ ਸਿਖਿਆ ਦਏ ਦ੍ਰਿੜਾ, ਨਾਮ ਨਿਧਾਨ ਬੂਝ ਬੁਝਾਇੰਦਾ । ਸਾਚੇ ਮਾਰਗ ਦੇਵੇ ਪਾ, ਰਾਹ ਇਕੋ ਇਕ ਵਖਾਇੰਦਾ । ਦੂਈ ਦਵੈਤੀ ਪੜਦਾ ਦਏ ਚੁਕਾ, ਅੰਧ ਅੰਧੇਰ ਰਹਿਣ ਨਾ ਪਾਇੰਦਾ । ਸਾਚੇ ਮੰਦਰ ਦਏ ਚੜ੍ਹਾ, ਜਿਸ ਘਰ ਆਪਣਾ ਆਸਣ ਲਾਇੰਦਾ । ਜਨਮ ਜਨਮ ਦੀ ਵਿਛੜੀ ਆਤਮਾ ਲਏ ਮਿਲਾ, ਪਰਮਾਤਮ ਆਪਣਾ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,

ਸਾਚਾ ਖੇਲ ਆਪ ਵਖਾਇੰਦਾ । ਜਨਮ ਕਰਮ ਦੇ ਵਿਛੜੇ ਜਗ, ਜੁਗ ਚੌਕੜੀ ਵੇਖ ਵਖਾਈਆ । ਸੰਤ ਸੁਹੇਲੇ ਕਿਰਪਾ ਕਰ ਧਰਨੀ ਉਤੇ ਲਏ ਲੱਭ, ਧਵਲ ਦੇਵੇ ਵਡਿਆਈਆ । ਸੰਸਾ ਰੋਗ ਮੇਟੇ ਹੱਬ, ਹਰਿ ਆਪਣਾ ਭੇਵ ਚੁਕਾਈਆ । ਕੂੜ ਕੜਿਆਰਾ ਮੇਟ ਹੱਦ, ਘਰ ਇਕੋ ਇਕ ਵਖਾਈਆ । ਜਿਸ ਘਰ ਵੱਜੇ ਨਾਮ ਨਦ, ਰਾਗ ਅਨਾਦ ਅਲਾਈਆ । ਸੋ ਮਹੱਲੇ ਲਏ ਸੱਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਚਾ ਹੁਕਮ ਵਰਤਾਈਆ । ਸਾਚਾ ਹੁਕਮ ਧੁਰ ਦੀ ਧਾਰ, ਹਰਿ ਕਰਤਾ ਆਪ ਜਣਾਇੰਦਾ । ਸਭ ਦਾ ਲੇਖਾ ਰਿਹਾ ਵਿਚਾਰ, ਬਿਨ ਹਰਿ ਨੈਣ ਨਜ਼ਰ ਕਿਸੇ ਨਾ ਆਇੰਦਾ । ਕਲਜੁਗ ਅੰਤਮ ਹੋ ਨਿਆਰ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਹਰਿਜਨ ਸੱਚੇ ਪਾਵੇ ਸਾਰ, ਪੂਰਬ ਲੇਖ ਆਪ ਵਰਤਾਇੰਦਾ । ਜਗਤ ਦਲਿੱਦਰੀ ਦੇਵੇ ਤਾਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰ ਗੋਬਿੰਦ, ਸਿਰ ਆਪਣਾ ਹੱਥ ਟਿਕਾਈਆ । ਜਨਮ ਜਨਮ ਦੀ ਮੇਟ ਚਿੰਦ, ਕਰਮ ਕਰਮ ਦਾ ਰੋਗ ਗਵਾਈਆ । ਅੰਮ੍ਰਿਤ ਧਾਰ ਦੇ ਕੇ ਸਿੰਧ, ਸਾਗਰ ਸੋਭਾ ਪਾਈਆ । ਗੁਣ ਦੇ ਗੁਣੀ ਗਹਿੰਦ, ਗਹਿਰ ਗੰਭੀਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਪੂਰਬ ਲੇਖ ਜਨਮ ਅਵਧੂਤ, ਖ਼ਾਕ ਧੂੜੀ ਤਨ ਰਮਾਈਆ । ਲੱਭਦਾ ਫਿਰਿਆ ਚਾਰ ਕੂਟ, ਦਹਿ ਦਿਸ਼ਾ ਵੇਖ ਵਖਾਈਆ । ਵਿਰੋਲਦਾ ਰਿਹਾ ਸਚ ਝੂਠ, ਘਰ ਘਰ ਵਿਚ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਕਾਰ ਕਮਾਈਆ । ਅਵਧੂਤ ਭਸਮੀ ਲਾ ਆਸਣ, ਆਸ ਇਕ ਰਖਾਈਆ । ਕਿਰਪਾ ਕਰ ਪੁਰਖ ਅਬਿਨਾਸ਼ਨ, ਤਨ ਮਾਟੀ ਲੇਖੇ ਪਾਈਆ । ਨਿਰਗੁਣ ਸਰਗੁਣ ਬਣ ਸਾਥਨ, ਸਗਲਾ ਸੰਗ ਨਿਭਾਈਆ । ਇਕੋ ਟੇਕਾਂ ਤੋਹੇ ਮਾਥਨ, ਦੂਸਰ ਸੀਸ ਨਾ ਕੋਇ ਨਿਵਾਈਆ । ਘਰ ਮਾਤ ਪਿਤਾ ਛੱਡੇ ਸਾਥਣ, ਸੁਖ ਸੇਜ ਨਾ ਕੋਇ ਹੰਡਾਈਆ । ਆਪਣਾ ਆਪ ਕੀਤਾ ਘਾਤਨ, ਜੀਵਤ ਜਨਮ ਸੁਖ ਨਾ ਕੋਇ ਵਖਾਈਆ । ਇਕੋ ਵੇਖਾਂ ਤੇਰਾ ਪੱਤਣ, ਜਿਸ ਘਰ ਵਸੇਂ ਬੇਪਰਵਾਹੀਆ । ਕਿਰਪਾ ਕਰ ਆਵੇਂ ਰੱਖਣ, ਬਣ ਕੇ ਪਾਂਧੀ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿਧ ਰਿਹਾ ਸਮਝਾਈਆ । ਸੁਣ ਸਿਧ ਸਿਦਕ ਸਚ, ਹਰਿ ਸਾਬਰ ਆਪ ਜਣਾਇੰਦਾ । ਕਾਇਆ ਮਾਟੀ ਭਾਂਡਾ ਭੰਨੀਏ ਕੱਚ, ਅੰਤ ਕੋਇ ਰਹਿਣ ਨਾ ਪਾਇੰਦਾ । ਨਾਨਕ ਤਪਾ ਗੱਲੀਂ ਬਾਤੀਂ ਗਿਆ ਹੱਸ, ਆਪਣਾ ਭੇਵ ਨਾ ਕਿਸੇ ਜਣਾਇੰਦਾ । ਚੁੱਕ ਕੇ ਭੂਰੀ ਗਿਆ ਨੱਸ, ਆਪ ਆਪਣਾ ਪੰਧ ਮੁਕਾਇੰਦਾ । ਤੂੰ ਬਹਿਣਾ ਕਰ ਕੇ ਹਠ, ਨਿਰਗੁਣ ਇਕੋ ਬੂਝ ਬੁਝਾਇੰਦਾ । ਤੇਰਾ ਜਨਮ ਜਾਏ ਵਟ, ਵਟਾ ਆਪਣਾ ਨਾਮ ਲਗਾਇੰਦਾ । ਪੁਰਖ ਅਕਾਲ ਕਲਜੁਗ ਅੰਤਮ ਖੋਲ੍ਹੇ ਹੱਟ, ਬਣ ਵਣਜਾਰਾ ਸੇਵ ਕਮਾਇੰਦਾ । ਲੋਕਮਾਤ ਵਿਚੋਂ ਤੇਰੀ ਕਰਨੀ ਲਏ ਲੱਭ, ਪਿਛਲੀ ਕੀਤੀ ਝੋਲੀ ਪਾਇੰਦਾ । ਪਹਿਲੀ ਵਾਰ ਨਾਨਕ ਪਿਆਰ ਅੰਦਰ ਤੈਨੂੰ ਜਾਵੇ ਛੱਡ, ਦਰ ਤੇਰੇ ਨਾ ਚਰਨ ਟਿਕਾਇੰਦਾ । ਦੂਜੀ ਵਾਰ ਕਰ ਕਿਰਪਾ ਆਵੇ ਭੱਜ, ਸ੍ਰੀ ਭਗਵਾਨ ਆਪਣਾ ਸੰਗ ਨਿਭਾਇੰਦਾ । ਜਗਤ ਭਬੂਤ ਪਿਛਲੀ ਤਜ, ਅੱਗੇ ਨਾਮ ਨਿਧਾਨ ਝੋਲੀ ਪਾਇੰਦਾ । ਚਰਨ ਕਵਲ ਬਹਿ ਕੇ ਜਾਣਾ ਸਜ, ਸਜਦਾ ਇਕੋ ਸੀਸ ਕਰਾਇੰਦਾ । ਅਲਖ ਨਿਰੰਜਣ ਪਿੱਛੇ ਬੋਲਿਆ ਗੱਜ, ਅਲੱਖ ਪਰਤੱਖ ਆਪਣੀ ਧਾਰ ਵਖਾਇੰਦਾ । ਮਿਹਰਵਾਨ ਹੋ ਕੇ ਪਾਰ ਕਰਾਏ

੮੬੮
੧੫

ਹੱਦ, ਹੱਦ ਆਤਮ ਪਦ ਪਰਮਾਤਮ ਪਰਮਾਤਮ ਆਤਮ ਆਤਮ ਪਰਮਾਤਮ ਆਪਣਾ ਰੂਪ ਵਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਵੈਰ ਨਿਹਕਲੰਕ ਲਹਿਣਾ ਦੇਣਾ ਪੂਰਬ ਜਨਮ ਕਿਸੇ ਨਾ ਦੇਵੇ ਛੱਡ, ਸਭ ਦੀ ਮਨਸਾ ਆਸਾ ਪੂਰ ਕਰਾਇੰਦਾ ।

## ੨੬ ਅੱਸੂ ੨੦੨੦ ਬਿਕ੍ਰਮੀ ਨਿਰੰਜਣ ਸਿੰਘ ਦੇ ਗ੍ਰਿਹ ਉਚੀ ਆਬਾਦੀ ਲੁਧਿਆਣਾ

ਸ਼ਾਹ ਪਾਤਸ਼ਾਹ ਹਰਿ ਨਿਰੰਕਾਰ, ਸਚਖੰਡ ਤੇਰੀ ਵਡਿਆਈਆ । ਹੁਕਮੇ ਅੰਦਰ ਚਲ ਆਏ ਦਰਬਾਰ, ਦਰ ਤੇਰੇ ਫੇਰਾ ਪਾਈਆ । ਸ਼ਬਦ ਸੁੱਤ ਉਠ ਕਹੇ ਮੇਰੇ ਸਿਰਜਣਹਾਰ, ਮਿਹਰਵਾਨ ਤੇਰੀ ਵਡ ਵਡਿਆਈਆ । ਨਿਰਗੁਣ ਨਿਰਗੁਣ ਕਰ ਕੇ ਸੇਵਾ ਅਪਰ ਅਪਾਰ, ਨਿਰਵੈਰ ਤੇਰੀ ਸਰਨ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਨਿਵਾਸੀ ਮਿਹਰ ਨਜ਼ਰ ਉਠਾਈਆ । ਵਿਸ਼ਨੂੰ ਆਇਆ ਪ੍ਰਭ ਹੁਕਮ ਦੁਆਰ, ਬਣ ਪਾਂਧੀ ਪੰਧ ਮੁਕਾਈਆ । ਨੇਤਰ ਨੈਣ ਰਿਹਾ ਉਠਾਲ, ਦੋ ਜਹਾਨ ਵੇਖ ਵਖਾਈਆ । ਚਾਰ ਕੁੰਟ ਦਿਸੇ ਕੰਗਾਲ, ਸਾਚੀ ਵਸਤ ਹੱਥ ਨਾ ਕੋਇ ਰਖਾਈਆ । ਨੀਰ ਵਹਾ ਹੋਏ ਬੇਹਾਲ, ਬਿਹਬਲ ਹੋ ਰਿਹਾ ਜਣਾਈਆ । ਕਿਰਪਾ ਕਰ ਵਡ ਪ੍ਰਿਤਪਾਲ, ਇਕ ਤੇਰੀ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬ੍ਰਹਮਾ ਆਏ ਚਲ ਦੁਆਰ, ਨਿਉਂ ਨਿਉਂ ਸੀਸ ਝੁਕਾਈਆ । ਪਾਰਬ੍ਰਹਮ ਤੇਰਾ ਅੰਤ ਨਾ ਪਾਰਾਵਾਰ, ਹਉਂ ਮੂਰਖ ਕਹਿਣ ਕਿਛ ਨਾ ਪਾਈਆ । ਜੁਗ ਚੌਕੜੀ ਬਣਿਆ ਰਿਹਾ ਸੇਵਾਦਾਰ, ਨਿਰਗੁਣ ਸਰਗੁਣ ਸੇਵ ਕਮਾਈਆ । ਰਚ ਰਚ ਵੇਖਿਆ ਜਗਤ ਸੰਸਾਰ, ਤੇਰੀ ਰਚਨਾ ਤੇਰੇ ਵਿਚ ਸਮਾਈਆ । ਦਹਿ ਦਿਸ਼ਾ ਦਿਸੇ ਧੂਅੰਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗ੍ਰਿਹ ਮਿਲੇ ਤੇਰੇ ਨਾਮ ਵਡਿਆਈਆ । ਸ਼ੰਕਰ ਕਹੇ ਪ੍ਰਭ ਤੇਰਾ ਕੋਈ ਨਾ ਜਾਣੇ ਮੂਲ, ਬੇਅੰਤ ਤੇਰੀ ਵਡਿਆਈਆ । ਮੇਰੇ ਹੱਥ ਸੋਭੇ ਤ੍ਰਿਸੂਲ, ਤ੍ਰੈਲੋਕ ਭੇਵ ਕੋਇ ਨਾ ਆਈਆ । ਨਵ ਨੌ ਚਾਰ ਤੇਰਾ ਬਦਲਿਆ ਦਿਸੇ ਅਸੂਲ, ਅਸਲੀਅਤ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਤੇਰੀ ਓਟ ਰਖਾਈਆ । ਤ੍ਰੈਗੁਣ ਮਾਇਆ ਆਈ ਨੇੜੇ, ਨੇਤਰ ਨੈਣਾਂ ਨੀਰ ਵਹਾਈਆ । ਪਾਰਬ੍ਰਹਮ ਪ੍ਰਭ ਤੁਧ ਬਿਨ ਚੁਕਾਏ ਨਾ ਕੋਈ ਝੇੜੇ, ਝਗੜਾ ਪਿਆ ਸਰਬ ਲੋਕਾਈਆ । ਨੌ ਖੰਡ ਪ੍ਰਿਥਮੀ ਸਤਿ ਧਰਮ ਨਾ ਕਿਸੇ ਖੇੜੇ, ਸੱਤ ਦੀਪ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਪੰਜ ਤਤ ਮਾਰੇ ਧਾਹ, ਦਰ ਇਕੋ ਕੂਕ ਸੁਣਾਈਆ । ਕਿਰਪਾ ਕਰ ਬੇਪਰਵਾਹ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਜੁਗ ਚੌਕੜੀ ਗਏ ਵਿਹਾ, ਤੇਰੀ ਸੇਵਾ ਮਾਤ ਕਮਾਈਆ । ਕਲਜੁਗ ਅੰਤਮ ਗਿਆ ਆ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚਾ ਮਿਲੇ ਨਾ ਕੋਇ ਮਲਾਹ, ਖੇਵਟ ਖੇਟਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਭਗਤ ਕਹਿਣ ਪ੍ਰਭ ਆਏ ਪਾਸ, ਦਰ ਤੇਰੇ ਅਲਖ ਜਗਾਈਆ । ਕਿਰਪਾ ਕਰ ਸਰਬ ਗੁਣਤਾਸ, ਗੁਣਵੰਤ ਤੇਰੀ ਵਡਿਆਈਆ । ਕਲਜੁਗ

ਅੰਤਮ ਸਾਰੇ ਹੋਏ ਨਿਰਾਸ, ਨਿਰਬਲ ਹੋ ਕੇ ਤੇਰਾ ਧਿਆਨ ਲਗਾਈਆ । ਤੁਧ ਬਿਨ ਜੋਤੀ ਨੂਰ ਨਾ ਮਿਲੇ ਕੋਈ ਪਰਕਾਸ਼, ਨਵ ਨੌ ਚਾਰ ਅੰਧੇਰਾ ਛਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਸਾਚੀ ਦਿਸੇ ਨਾ ਕੋਈ ਜਮਾਤ, ਚਾਰ ਵਰਨ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਆਇਆਂ ਖ਼ਾਲੀ ਝੋਲੀ ਦੇ ਭਰਾਈਆ । ਸੰਤ ਜਨ ਦਰ ਆ ਮੰਗਣ, ਦੋਏ ਜੋੜ ਵਾਸਤਾ ਪਾਈਆ । ਸ੍ਰਿਸ਼ਟ ਸਬਾਈ ਹੋਈ ਨੰਗਨ, ਨਾਮ ਓਢਨ ਸੀਸ ਨਾ ਕੋਇ ਟਿਕਾਈਆ । ਕਾਇਆ ਚੋਲੀ ਚੜ੍ਹੇ ਨਾ ਰੰਗਣ, ਦੁਰਮਤ ਮੈਲ ਨਾ ਕੋਇ ਧਵਾਈਆ । ਅਨਹਦ ਨਾਦ ਵੱਜੇ ਨਾ ਕੋਈ ਮਰਦੰਗਨ, ਧੁਨ ਆਤਮਕ ਰਾਗ ਨਾ ਕੋਇ ਸੁਣਾਈਆ । ਗੀਤ ਗੋਬਿੰਦ ਕੋਈ ਨਾ ਗਾਵੇ ਛੰਦਨ, ਆਤਮ ਪਰਮਾਤਮ ਢੋਲਾ ਨਾ ਕੋਇ ਸੁਣਾਈਆ । ਫਿਰੀ ਦਰੋਹੀ ਵਿਚ ਵਰਭੰਡਨ, ਬ੍ਰਹਿਮੰਡ ਰਹੇ ਕੁਰਲਾਈਆ । ਨੇਤਰ ਰੋਵੇ ਜੇਰਜ ਅੰਡਨ, ਉਤਭੁਜ ਸੇਤਜ ਧੀਰ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਤੇਰੀ ਆਸ ਰਖਾਈਆ । ਗੁਰਮੁਖ ਕਹਿਣ ਪ੍ਰਭ ਤੇਰੀ ਓਟ, ਤੇਰੇ ਦਰ ਮਿਲੇ ਵਡਿਆਈਆ । ਕਲਜੁਗ ਅੰਤਮ ਲੱਖ ਚੁਰਾਸੀ ਭਰਿਆ ਖੋਟ, ਕੂੜਾ ਨਾਤਾ ਨਾ ਕੋਇ ਤੁੜਾਈਆ । ਨਿਰਮਲ ਨੂਰ ਨਜ਼ਰ ਨਾ ਆਏ ਨਿਰਵੈਰ ਤੇਰੀ ਜੋਤ, ਜਾਗਰਤ ਨੂਰ ਨਾ ਕੋਇ ਰੁਸ਼ਨਾਈਆ । ਰਸਨਾ ਜਿਹਵਾ ਬੱਤੀ ਦੰਦ ਸਭ ਦੇ ਪੜ੍ਹਦੇ ਦਿਸਣ ਹੋਂਟ, ਅੰਤਰ ਆਤਮ ਲਿਵ ਪਰਮਾਤਮ ਸਕੇ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗਣ ਆਈਆ । ਗੁਰਸਿਖ ਕਹਿਣ ਪ੍ਰਭ ਸੁਣ ਪੁਕਾਰ, ਸਤਿਗੁਰ ਤੇਰੇ ਹੱਥ ਵਡਿਆਈਆ । ਸ੍ਰਿਸ਼ਟ ਸਬਾਈ ਧੂਅੰਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਗੁਰ ਕਾ ਸ਼ਬਦ ਸਾਰੇ ਗਏ ਵਿਸਾਰ, ਵਿਸਰਿਆ ਬੇਪਰਵਾਹੀਆ । ਪੀਰ ਪੈਗ਼ੰਬਰ ਗੁਰ ਅਵਤਾਰ ਲੇਖਾ ਲਿਖ ਕੇ ਗਏ ਬਣ ਲਿਖਾਰ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਚੇ ਵੱਜੇ ਵਧਾਈਆ । ਚਲ ਕੇ ਆਏ ਚਾਰ ਵੇਦ, ਪ੍ਰਭ ਰੋ ਰੋ ਹਾਲ ਸੁਣਾਈਆ । ਸਾਡਾ ਕੋਈ ਨਾ ਪਾਵੇ ਭੇਦ, ਪੜਦਾ ਸਕੇ ਨਾ ਕੋਇ ਉਠਾਈਆ । ਕਲਜੁਗ ਕੂੜੀ ਕਿਰਿਆ ਰਹੇ ਖੇਡ, ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾਈਆ । ਕਿਰਪਾ ਕਰ ਵਡ ਨਰੇਸ਼, ਨਰ ਨਰਾਇਣ ਤੇਰੀ ਸਰਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇ ਦੇ ਥੱਕੇ ਸੰਦੇਸ਼, ਕਲਜੁਗ ਜੀਵ ਸਮਝ ਕੋਇ ਨਾ ਪਾਈਆ । ਅੰਤਮ ਸਾਡੀ ਚਲੇ ਕੋਈ ਨਾ ਪੇਸ਼, ਦਰ ਤੇਰੇ ਆ ਕੇ ਅਲਖ ਜਗਾਈਆ । ਜਿਉਂ ਭਾਵੇ ਤਿਉਂ ਲੈਣਾ ਵੇਖ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਿਹਰ ਨਜ਼ਰ ਉਠਾਈਆ । ਸ਼ਾਸਤਰ ਸਿਮਰਤ ਘਤ ਵਹੀਰ, ਦਰ ਠਾਂਡੇ ਬੈਠੇ ਆਈਆ । ਕਿਰਪਾ ਕਰ ਬੇਨਜ਼ੀਰ, ਨਜ਼ਰ ਨੈਣ ਇਕ ਉਠਾਈਆ । ਕਲਜੁਗ ਕੂੜੀ ਕਿਰਿਆ ਜਗਤ ਵੱਝਾ ਜ਼ੰਜੀਰ, ਸੰਗਲ ਸਕੇ ਨਾ ਕੋਇ ਤੁੜਾਈਆ । ਪੜ੍ਹ ਪੜ੍ਹ ਕਾਗ਼ਜ਼ ਕਲਮ ਸ਼ਾਹੀ ਵਰਕੇ ਦਿਤੇ ਚੀਰ, ਬਜਰ ਕਪਾਟੀ ਪੜਦਾ ਸਕੇ ਨਾ ਕੋਇ ਤੁੜਾਈਆ । ਰਸਨਾ ਗਾ ਗਾ ਪੰਡਤ ਪਾਂਧੇ ਬਾਹਰੋਂ ਦੇਂਦੇ ਧੀਰ, ਅੰਦਰ ਅੰਮ੍ਰਿਤ ਸੀਰ ਨਾ ਕੋਇ ਪਿਆਈਆ । ਕਲਜੁਗ ਅੰਤ ਹੋਏ ਦਿਲਗੀਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਦਾ ਸੁਹੇਲੇ ਹੋਣਾ ਸਹਾਈਆ ।

੮੭੦
੧੫

ਵੇਦ ਪੁਰਾਨ ਕਹੇ ਕਿਤਾਬ, ਸ਼ਾਸਤਰ ਸਿਮਰਤ ਨਾਲ ਮਿਲਾਈਆ । ਤੋਹੇ ਸਤਿਗੁਰ ਇਕ ਆਦਾਬ, ਸਜਦਾ ਸੀਸ ਝੁਕਾਈਆ । ਕਲਜੁਗ ਸਾਡਾ ਰਿਹਾ ਨਾ ਕੋਇ ਖ਼ਤਾਬ, ਖ਼ਾਲਸ ਰੂਪ ਨਾ ਕੋਇ ਜਣਾਈਆ । ਅਹਿਬਾਬ ਬਣ ਕੇ ਵਜਾਏ ਨਾ ਕੋਇ ਰਬਾਬ, ਸਚ ਸਤਾਰ ਨਾ ਕੋਇ ਹਿਲਾਈਆ । ਸਾਡਾ ਲੇਖਾ ਰੱਖ ਆਪਣੇ ਕੋਲ ਹਿਸਾਬ, ਵਹੀ ਖਾਤਾ ਫੋਲ ਫੋਲਾਈਆ । ਅਸੀਂ ਕਲਜੁਗ ਅੰਤ ਸਾਰੇ ਦੇਣ ਆਏ ਜਵਾਬ, ਸਾਡੀ ਚਲੇ ਨਾ ਕੋਇ ਚਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਉਂ ਭਾਵੇ ਤਿਉਂ ਆਪਣਾ ਖੇਲ ਖਿਲਾਈਆ । ਗੀਤਾ ਦੁਆਰੇ ਆਈ ਨੱਠ, ਅਠ ਦਸ ਰਹੀ ਸਮਝਾਈਆ । ਸ੍ਰਿਸ਼ਟ ਸਬਾਈ ਤੁੱਟਾ ਧੀਰਜ ਜਤ, ਸਤਿ ਨਜ਼ਰ ਕੋਇ ਨਾ ਆਈਆ । ਹੋ ਹੈਰਾਨ ਮੇਰੀ ਮਾਰੀ ਗਈ ਮਤ, ਪ੍ਰਭੂ ਸਮਝ ਕੋਈ ਨਾ ਪਾਈਆ । ਤੇਰਾ ਕੋਈ ਨਾ ਗਾਵੇ ਜਸ, ਤੇਰਾ ਨਾਮ ਨਾ ਕੋਇ ਧਿਆਈਆ । ਕੂੜੀ ਕਿਰਿਆ ਪ੍ਰੇਮ ਲਗਾਇਆ ਰਸ, ਨਿਝਰ ਰਸ ਝਿਰਨਾ ਬੂੰਦ ਸਵਾਂਤੀ ਮੁੱਖ ਨਾ ਕੋਇ ਚੁਆਈਆ । ਦਰੋਹੀ ਮੇਰੀ ਹੋਈ ਬਸ, ਮੇਰੇ ਰਾਮ ਮੇਰੇ ਕਾਹਨ ਆਪਣੇ ਚਰਨ ਬਖ਼ਸ਼ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਅੰਜੀਲ ਕੁਰਾਨ ਆਈ ਦੌੜ, ਮਸਲਾ ਆਪਣਾ ਰਹੀ ਸੁਣਾਈਆ । ਚੌਦਾਂ ਤਬਕ ਰਸ ਮਿੱਠਾ ਹੋਇਆ ਕੌੜ, ਚੌਧਵੀਂ ਚੰਦ ਨਾ ਕੋਇ ਚਮਕਾਈਆ । ਚੋਦਾਂ ਵਿਦਿਆ ਪ੍ਰਭ ਤੈਨੂੰ ਸਕੀ ਨਾ ਬੌਹੜ, ਨਵ ਨੌ ਚਾਰ ਫਿਰੇ ਵਾਹੋ ਦਾਹੀਆ । ਕਰ ਕਿਰਪਾ ਅੰਤਮ ਵੇਖ ਕਰ ਕੇ ਗ਼ੌਰ, ਕਲਜੁਗ ਜਗਤ ਅੰਧੇਰਾ ਛਾਈਆ । ਠੱਗ ਚੋਰ ਯਾਰ ਮਚਾਵਣ ਸ਼ੋਰ, ਹਰਾਮਖ਼ੋਰ ਬੈਠੇ ਡੇਰਾ ਲਾਈਆ । ਸੁਰਤੀ ਸ਼ਬਦੀ ਕੋਈ ਨਾ ਬੰਨ੍ਹੇ ਡੋਰ, ਕਲਮਾ ਹੱਕ ਨਾ ਕੋਇ ਦ੍ਰਿੜਾਈਆ । ਚਾਰੋਂ ਕੁੰਟ ਅੰਧੇਰਾ ਘੋਰ, ਨੂਰੀ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਆਪਣਾ ਇਸਮ ਆਜ਼ਮ ਅਜ਼ੀਮ ਪਰਵਰਦਿਗਾਰ ਇਕੋ ਦੇ ਜਣਾਈਆ । ਸ਼ਬਦ ਬਾਣੀ ਦਰ ਗਈ ਆ, ਆ ਕੇ ਹਾਲ ਸੁਣਾਈਆ । ਕਿਰਪਾ ਕਰ ਬੇਪਰਵਾਹ, ਪਾਰਬ੍ਰਹਮ ਤੇਰੀ ਵਡਿਆਈਆ । ਮੈਂ ਸਚ ਸੰਦੇਸਾ ਦਿਆਂ ਸੁਣਾ, ਲੋਕਮਾਤ ਭੇਵ ਖੁਲ੍ਹਾਈਆ । ਨਾਨਕ ਗੋਬਿੰਦ ਮਾਤ ਆਇਆ ਟਿਕਾ, ਟਿੱਕਾ ਮਸਤਕ ਇਕੋ ਲਾਈਆ । ਸ੍ਰਿਸ਼ਟ ਸਬਾਈ ਆਇਆ ਸਮਝਾ, ਗੁਰ ਸ਼ਬਦ ਮੰਨੋ ਇਕੋ ਜਿਸ ਵਿਚ ਵੱਡੀ ਵਡਿਆਈਆ । ਕਲਜੁਗ ਜੀਵ ਹਰਿ ਕਾ ਨਾਮ ਗਏ ਭੁਲਾ, ਭਰਮੇ ਭੁੱਲੀ ਸਰਬ ਲੋਕਾਈਆ । ਕੋਟਨ ਕੋਟ ਮਾਰਗ ਰਹੇ ਲਗਾ, ਬਣ ਬਣ ਪਾਂਧੀ ਜਗਤ ਰਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਘਰ ਤੇਰੇ ਮਿਲੇ ਵਡਿਆਈਆ । ਸਚ ਦੁਆਰ ਵੇਖ ਆਏ ਗੁਰ, ਨਮੋ ਨਮੋ ਸੀਸ ਝੁਕਾਈਆ । ਪੁਰਖ ਅਕਾਲ ਤੇਰਾ ਲੇਖਾ ਧੁਰ, ਦੋ ਜਹਾਨ ਤੇਰੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਵੇਖੇ ਸੁਰ, ਪਤ ਤੇਰਾ ਧਿਆਨ ਲਗਾਈਆ । ਕਲਜੁਗ ਅੰਤਮ ਚਾਰੋਂ ਕੁੰਟ ਆਈ ਥੁੜ, ਦਹਿ ਦਿਸ਼ਾ ਨਾਮ ਭੰਡਾਰ ਨਾ ਕੋਇ ਵਰਤਾਈਆ । ਡੂੰਘੇ ਵਹਿਣ ਰਹੇ ਰੁੜ੍ਹ, ਮੰਝਧਾਰ ਕਿਸ਼ਤੀ ਪਾਰ ਨਾ ਕੋਇ ਕਰਾਈਆ । ਆਪਣਿਆਂ ਕਰਮਾਂ ਵਲ ਤੱਕੇ ਕੋਈ ਨਾ ਮੁੜ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਪੰਜਾਂ ਤੱਤਾ ਨਾਲ ਗਏ ਜੁੜ, ਪੰਚਮ ਪੰਚ ਕਰੀ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਸਤਿਗੁਰ ਆਪਣਾ ਭੇਦ ਜਣਾਈਆ । ਦਰ ਠਾਂਡੇ ਆਏ ਅਵਤਾਰ, ਦੋਏ ਜੋੜ ਸੀਸ ਝੁਕਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ

੮੭੧
੧੫

ਪ੍ਰਭ ਵੇਖਿਆ ਤੇਰਾ ਸੰਸਾਰ, ਤੇਰੇ ਹੁਕਮੇ ਅੰਦਰ ਫੇਰਾ ਪਾਈਆ । ਨਿਰਗੁਣ ਸਰਗੁਣ ਕਰਦੇ ਰਹੇ ਪਿਆਰ, ਸਚ ਪ੍ਰੀਤੀ ਇਕ ਸਮਝਾਈਆ । ਤੇਰਾ ਨਾਮ ਸ਼ਬਦ ਬੋਲ ਜੈਕਾਰ, ਧੁਰ ਸੰਦੇਸਾ ਆਏ ਸੁਣਾਈਆ । ਸ਼ਬਦ ਅਗੰਮੀ ਬੋਧ ਅਗਾਧੀ ਬਣ ਲਿਖਾਰ, ਕਾਤਬ ਹੋ ਕੇ ਕਲਮ ਚਲਾਈਆ । ਸ਼ਹਾਦਤ ਦੇਵੇ ਖਾਣੀ ਬਾਣੀ ਅੰਜੀਲ ਕੁਰਾਨ, ਵੇਦ ਪੁਰਾਨ ਗੀਤਾ ਗਿਆਨ ਜਗਤ ਦ੍ਰਿੜਾਈਆ । ਉਚ ਅਗੰਮ ਅਥਾਹ ਬੇਪਰਵਾਹ ਤੇਰੀ ਦੱਸਦੇ ਆਏ ਸ਼ਾਨ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਕਲਮਾ ਸਚ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਜਿਸ ਦਾ ਦੀਨ ਮਜ਼੍ਹਬ ਇਸਲਾਮ, ਜ਼ਾਤ ਪਾਤ ਖੇਲ ਮਹਾਨ, ਊਚ ਨੀਚ ਭੇਵ ਵਖਾਈਆ । ਤੇਰੇ ਅੱਗੇ ਕਰੀਏ ਇਕ ਪਰਨਾਮ, ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਘਟ ਘਟ ਵਾਸੀ ਘਰ ਘਰ ਦਿਸੇਂ ਪਰਧਾਨ, ਸਚ ਪਰਧਾਨਗੀ ਆਪ ਕਮਾਈਆ । ਸਦੀ ਬੀਸਵੀਂ ਸਾਰੇ ਹੋਏ ਹੈਰਾਨ, ਚੌਦਾਂ ਤਬਕ ਨੈਣ ਸ਼ਰਮਾਣ, ਚੌਦਾਂ ਲੋਕ ਤੇਰਾ ਧਿਆਨ, ਚੌਦਾਂ ਵਿਦਿਆ ਲੇਖ ਲਿਖੇ ਸ਼ੈਤਾਨ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਓਟ ਨਾ ਕੋਇ ਤਕਾਈਆ । ਜੋਧੇ ਸੂਰਬੀਰ ਬਲਵਾਨ, ਨਿਰਗੁਣ ਰੂਪ ਵਾਲੀ ਦੋ ਜਹਾਨ, ਸਤਿ ਸਰੂਪ ਸਦਾ ਮਿਹਰਵਾਨ, ਮਿਹਰ ਨਜ਼ਰ ਇਕ ਉਠਾਈਆ । ਉਠ ਪ੍ਰਭ ਵੇਖ ਸੱਚੇ ਦਰਬਾਰ, ਤੇਰੀ ਰਚਨਾ ਰਚੀ ਆਈ ਦੁਆਰ, ਨਿਰਗੁਣ ਸਰਗੁਣ ਕਰ ਵਿਹਾਰ, ਦੋਏ ਜੋੜ ਕਰਨ ਨਿਮਸਕਾਰ, ਮੰਗਣ ਮੰਗ ਬਣ ਭਿਖਾਰ, ਦਰ ਦਰਵੇਸ਼ ਆਪਣਾ ਰੂਪ ਵਟਾਈਆ । ਸ੍ਰੀ ਭਗਵਾਨ ਦੱਸੇ ਏਕ, ਏਕੰਕਾਰ ਰਿਹਾ ਜਣਾਈਆ । ਸ਼ਬਦ ਸੁੱਤ ਸਚ ਸਾਚੀ ਟੇਕ, ਵਿਸ਼ਨ ਬ੍ਰਹਮਾ ਸ਼ਿਵ ਦੇ ਸਮਝਾਈਆ । ਤ੍ਰੈ ਪੰਜ ਖੋਲ੍ਹਾਂ ਅੰਤਮ ਭੇਤ, ਭੇਵ ਅਭੇਦਾ ਆਪ ਸਮਝਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰਾ ਕਰਾਂ ਲੇਖ, ਲਿਖਤ ਭਵਿਖਤ ਜੋ ਗਏ ਲਿਖਾਈਆ । ਭਗਤ ਭਗਵਾਨ ਬਣ ਕੇ ਲਵਾਂ ਵੇਖ, ਲੋਕਮਾਤ ਵੇਸ ਵਟਾਈਆ । ਸਾਚੇ ਸੰਤਾਂ ਵਖਾਵਾਂ ਅਗੰਮਾ ਦੇਸ, ਜਿਸ ਘਰ ਦੀਵਾ ਬਾਤੀ ਇਕ ਰੁਸ਼ਨਾਈਆ । ਗੁਰਮੁਖਾਂ ਕਰਾਂ ਸਾਚਾ ਹੇਤ, ਆਤਮ ਪਰਮਾਤਮ ਜੋੜ ਜੁੜਾਈਆ । ਗੁਰਸਿਖਾਂ ਨਜ਼ਰੀ ਆਵਾਂ ਨੇਤਨ ਨੇਤ, ਨਿਜ ਨੇਤਰ ਨਜ਼ਰ ਖੁਲ੍ਹਾਈਆ । ਸਚ ਸੁਆਮੀ ਬਣ ਕੇ ਖੋਲ੍ਹਾਂ ਭੇਤ, ਅਨਭਵ ਆਪਣਾ ਭਾਵ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸ਼ਬਦ ਸੁੱਤ ਮੈਂ ਆਉਦਾ ਹਾਂ । ਨਿਰਗੁਣ ਨੂਰ ਰੂਪ ਪਰਗਟਾਉਦਾ ਹਾਂ । ਮਹੱਲ ਅਟੱਲ ਇਕ ਸੁਹਾਉਦਾ ਹਾਂ । ਸਾਚੇ ਮੰਦਰ ਡੇਰਾ ਲਾਉਦਾ ਹਾਂ । ਅੰਦਰ ਦੀਪ ਇਕ ਜਗਾਉਦਾ ਹਾਂ । ਬਣ ਮਹੀਪ ਖੇਲ ਖਿਲਾਉਦਾ ਹਾਂ । ਜਿਸ ਦੀ ਰੱਖ ਕੇ ਬੈਠੇ ਉਡੀਕ, ਸੋ ਆਸਾ ਪੂਰ ਕਰਾਉਦਾ ਹਾਂ । ਕਲਜੁਗ ਅੰਤਮ ਆਈ ਤਾਰੀਖ਼, ਤਰੀਕਾ ਸਭ ਨੂੰ ਆਪ ਸਮਝਾਉਦਾ ਹਾਂ । ਪ੍ਰਭ ਦਾ ਮਾਰਗ ਸਦਾ ਬਾਰੀਕ, ਤਿਖੀ ਧਾਰੋਂ ਆਪ ਪਰਗਟਾਉਦਾ ਹਾਂ । ਦੂਜਾ ਦਿਸੇ ਨਾ ਕੋਇ ਸ਼ਰੀਕ, ਲਾਸ਼ਰੀਕ ਹੋ ਕੇ ਖੇਲ ਰਚਾਉਦਾ ਹਾਂ । ਗੁਰ ਅਵਤਾਰਾਂ ਦੇਵਾਂ ਭੀਖ, ਸਾਚੀ ਭਿਛਿਆ ਨਾਮ ਵਰਤਾਉਦਾ ਹਾਂ । ਤ੍ਰੈਗੁਣ ਪੰਜ ਤਤ ਨਾਤਾ ਜੋੜਾਂ ਠੀਕ, ਕਾਇਆ ਠੀਕਰ ਰੂਪ ਵਖਾਉਦਾ ਹਾਂ । ਜਨ ਭਗਤਾਂ ਆਤਮ ਕਰਾਂ ਅਤੀਤ, ਤ੍ਰੈਗੁਣ ਡੇਰਾ ਢਾਉਦਾ ਹਾਂ । ਸਾਚੇ ਸੰਤਾਂ ਘਰ ਮੰਦਰ ਵਖਾਵਾਂ ਸੀਤ, ਸਾਚਾ ਹੁਜਰਾ ਇਕ ਸੁਹਾਉਦਾ ਹਾਂ । ਗੁਰਮੁਖਾਂ ਕਰ ਸਚ ਪ੍ਰੀਤ, ਊਚ ਨੀਚ ਭੇਵ ਚੁਕਾਉਦਾ ਹਾਂ । ਗੁਰਸਿਖਾਂ ਕਾਇਆ ਕਰ ਕੇ ਠਾਂਡੀ ਸੀਤ, ਅਗਨੀ ਤਤ ਬੁਝਾਉਦਾ ਹਾਂ । ਕਲਜੁਗ ਅੰਤਮ ਬਦਲਾਂ ਰੀਤ, ਰੀਤੀਵਾਨ ਆਪ ਸਦਾਉਦਾ ਹਾਂ । ਕਿਸੇ ਦਰ ਨਾ ਮੰਗਾਂ ਭੀਖ, ਆਪਣੀ ਕਰਨੀ ਆਪ ਕਮਾਉਦਾ ਹਾਂ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲਹਿਣਾ ਦੇਣਾ ਸਭ ਦੀ ਝੋਲੀ ਪਾਉਂਦਾ ਹਾਂ । ਸ਼ਬਦੀ ਸੁੱਤ ਸਚ ਜਣਾਵਾਂਗਾ । ਵਿਸ਼ਨੂੰ ਲਹਿਣਾ ਵੇਖ ਵਖਾਵਾਂਗਾ । ਬ੍ਰਹਮੇ ਪੜਦਾ ਆਪ ਚੁਕਾਵਾਂਗਾ । ਸ਼ੰਕਰ ਹੱਥ ਤ੍ਰਿਸੂਲ ਵਖਾਵਾਂਗਾ । ਤ੍ਰੈਗੁਣ ਮਾਇਆ ਫੋਲ ਫੋਲਾਵਾਂਗਾ । ਪੰਜ ਤਤ ਆਪਣਾ ਰੰਗ ਵਖਾਵਾਂਗਾ । ਗੁਰ ਅਵਤਾਰ ਪੀਰ ਪੈਗ਼ੰਬਰ ਸੰਗ ਰਲਾਵਾਂਗਾ । ਆਦਿ ਜੁਗਾਦਿ ਸ਼ਬਦੀ ਢੋਲਾ ਵੱਜੇ ਮਰਦੰਗ, ਨਾਮ ਨਿਧਾਨ ਇਕ ਪਰਗਟਾਵਾਂਗਾ । ਜਨ ਭਗਤਾਂ ਲਾ ਕੇ ਅੰਗ, ਅੰਗੀਕਾਰ ਆਪ ਹੋ ਜਾਵਾਂਗਾ । ਸੰਤਾਂ ਦੇ ਕੇ ਨਿਜਾਨੰਦ, ਅਨੰਦ ਅਨੰਦ ਵਿਚੋਂ ਪਰਗਟਾਵਾਂਗਾ । ਗੁਰਮੁਖਾਂ ਆਵਣ ਜਾਵਣ ਚੁਕਾ ਪੰਧ, ਸਾਚੇ ਮਾਰਗ ਆਪ ਲਗਾਵਾਂਗਾ । ਗੁਰਸਿਖ ਗਾਇਣ ਸਾਚਾ ਛੰਦ, ਸੋਹੰ ਰਾਗ ਇਕ ਸਮਝਾਵਾਂਗਾ । ਹੁਕਮ ਵਰਤਾਵਾਂ ਵਿਚ ਵਰਭੰਡ, ਬ੍ਰਹਿਮੰਡ ਖੋਜ ਖੁਜਾਵਾਂਗਾ । ਦੋ ਜਹਾਨਾਂ ਇਕੋ ਛੰਦ, ਤੇਰਾ ਮੇਰਾ ਲਹਿਣਾ ਦੇਣ ਮੁਕਾਵਾਂਗਾ । ਜੁਗ ਜਨਮ ਦੀ ਟੁੱਟੀ ਗੰਢ, ਗੰਢਣਹਾਰ ਗੋਪਾਲ ਸੁਆਮੀ ਆਪ ਅਖਵਾਵਾਂਗਾ । ਸਭ ਦੀ ਆਸਾ ਮਨਸਾ ਪੂਰੀ ਕਰ ਕੇ ਮੰਗ, ਮੰਗਲਾਚਾਰ ਇਕ ਕਰਾਵਾਂਗਾ । ਸਚਖੰਡ ਦੁਆਰ ਵੱਜੇ ਧੁਰ ਮਰਦੰਗ, ਤਾਲ ਬੇਤਾਲ ਆਪ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਆਇਆਂ ਲੇਖੇ ਲਾਵਾਂਗਾ । ਸਚਖੰਡ ਜੋ ਆਏ ਦੁਆਰ, ਵਿਸ਼ਨ ਬ੍ਰਹਮਾ ਸ਼ਿਵ ਗੁਰੂ ਅਵਤਾਰ ਪੀਰ ਪੈਗ਼ੰਬਰ ਨਾਲ ਮਿਲਾਈਆ । ਤ੍ਰੈ ਪੰਜ ਦੇਵਾਂ ਇਕ ਆਧਾਰ, ਭਗਤ ਭਗਵੰਤ ਪੈਜ ਸੁਆਰ, ਸਾਚੇ ਸੰਤ ਪਾਰ ਉਤਾਰ, ਗੁਰਮੁਖ ਮੇਲ ਵਿਚ ਸੰਸਾਰ, ਗੁਰਸਿਖ ਆਪਣੇ ਰੰਗ ਰੰਗਾਈਆ । ਕਲਜੁਗ ਕੂੜੀ ਕਿਰਿਆ ਕਰ ਖ਼ੁਆਰ, ਜੂਠ ਝੂਠ ਦੇਵੇ ਮਾਰ, ਹਉਮੇ ਹੰਗਤਾ ਗੜ੍ਹ ਦੇਵੇ ਨਿਵਾਰ, ਸਾਚੀ ਸਿਖਿਆ ਦੇਵੇ ਆਪ ਕਰਤਾਰ, ਕਰਤਾ ਪੁਰਖ ਆਪ ਸਮਝਾਈਆ । ਜਿਸ ਦਾ ਲੇਖਾ ਸਦਾ ਰਹੇ ਜੁਗ ਚਾਰ, ਗੁਰ ਅਵਤਾਰ ਸੇਵਾਦਾਰ, ਪੀਰ ਪੈਗ਼ੰਬਰ ਬਰਖ਼ੁਰਦਾਰ, ਬਾਲੇ ਨੱਢੇ ਆਪਣੇ ਹੁਕਮ ਨਿਤ ਨਵਿਤ ਰਿਹਾ ਘਲਾਈਆ । ਕਲਜੁਗ ਅੰਤ ਸ੍ਰੀ ਭਗਵਾਨ ਕਰੇ ਖੇਲ ਅਗੰਮ ਅਪਾਰ, ਜੋਧਾ ਸੂਰਬੀਰ ਬਲੀ ਬਲਕਾਰ, ਬਲ ਆਪਣਾ ਆਪ ਪਰਗਟਾਈਆ । ਆਸਾ ਤ੍ਰਿਸਨਾ ਸਭ ਦੀ ਦਏ ਨਿਵਾਰ, ਅਸਵ ਘੋੜੇ ਚੜ੍ਹ ਸ਼ਾਹ ਸਵਾਰ, ਦੋ ਜਹਾਨਾਂ ਸ੍ਰੀ ਭਗਵਾਨਾ ਨਿਰਗੁਣ ਜੋਤ ਬਿਨ ਵਰਨ ਗੋਤ ਸ਼ਬਦ ਅਨਾਦ ਵਿਚ ਬ੍ਰਹਿਮਾਦ ਧੁਨ ਰਾਗ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਦਰ ਠਾਂਡੇ ਸਾਰੇ ਬਣੇ ਮੀਤ, ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਹੁਕਮ ਮਨਾਈਆ । ਇਕੋ ਵੇਖੇ ਮੰਦਰ ਮਸਜਦ ਸ਼ਿਵਦਵਾਲਾ ਮੱਠ ਮਸੀਤ, ਗੁਰੂਦੁਆਰ ਇਕੋ ਰੂਪ ਵਖਾਈਆ । ਬਿਨ ਰਸਨਾ ਸ਼ਬਦੀ ਧਾਰ ਬੋਲੇ ਠੀਕ, ਉਚੀ ਕੂਕ ਕੂਕ ਸੁਣਾਈਆ । ਦੋਏ ਜੋੜ ਕਹੇ ਪ੍ਰਭ ਤੇਰਾ ਵੇਲਾ ਆਇਆ ਠੀਕ, ਕਲਜੁਗ ਅੰਤਮ ਰਾਹ ਤਕਾਈਆ । ਚਾਰ ਜੁਗ ਏਹੋ ਮੰਗਦੇ ਰਹੇ ਭੀਖ, ਬਣ ਸਵਾਲੀ ਦਰ ਕਰੀ ਅਰਜ਼ੋਈਆ । ਸਤਿਜੁਗ ਸਾਚੀ ਦੱਸਣੀ ਇਕ ਪ੍ਰੀਤ, ਚਾਰ ਵਰਨ ਅਠਾਰਾਂ ਬਰਨ ਊਚ ਨੀਚ ਇਕੋ ਇਕ ਕਰਾਈਆ । ਸਰਬ ਜੀਆਂ ਦਾ ਸਾਂਝਾ ਦੱਸ ਗੀਤ, ਜਿਸ ਵਿਚ ਹਿੰਦੂ ਮੁਸਲਮ ਸਿਖ ਈਸਾਈ ਝਗੜਾ ਕੋਈ ਰਹਿਣ ਨਾ ਪਾਈਆ । ਪਰਗਟ ਹੋ ਲਾਸ਼ਰੀਕ, ਸਾਚੀ ਸ਼ਰਅ ਦੇ ਦਰਸਾਈਆ । ਰਲ ਮਿਲ ਗਾਈਏ ਤੇਰਾ ਗੀਤ, ਪੀਰ ਪੈਗ਼ੰਬਰ ਗੁਰ ਅਵਤਾਰ ਇਕੋ ਨਾਮ ਧਿਆਈਆ । ਲੇਖਾ ਛੁੱਟੇ ਮੰਦਰ ਮਸੀਤ, ਕਾਇਆ ਮੰਦਰ ਸੋਭਾ ਪਾਈਆ । ਜਿਸ ਦੁਆਰੇ ਅੱਠੇ ਪਹਿਰ ਵਸੇਂ ਚੀਤ, ਸਚ ਸਿੰਘਾਸਣ ਸੋਭਾ ਪਾਈਆ । ਘਰ

੮੭੪
੧੫

ਸੱਜਣ ਮਿਲ ਮੀਤ, ਬਾਹਰ ਖੋਜਣ ਕੋਇ ਨਾ ਜਾਈਆ । ਜਨ ਭਗਤਾਂ ਦੱਸ ਰੀਤ, ਸਾਚੇ ਸੰਤਾਂ ਦੇ ਸਮਝਾਈਆ । ਕਰਵਟ ਲੈ ਬਦਲ ਲਾ ਪੀਠ, ਆਪ ਆਪਣਾ ਮੁਖ ਭਵਾਈਆ । ਤੇਰੇ ਦਰ ਤੋਂ ਮੰਗਦੇ ਭੀਖ, ਭਿਛਿਆ ਝੋਲੀ ਦੇ ਪਾਈਆ । ਪ੍ਰਭ ਤੇਰੀ ਭੇਟਾ ਪੰਜ ਤਤ ਸੀਸ, ਤਤਵ ਤਤ ਨਜ਼ਰ ਕੋਇ ਨਾ ਆਈਆ । ਨਿਰਗੁਣ ਹੋ ਕੇ ਨਿਰਗੁਣ ਪੜ੍ਹੀਏ ਤੇਰੀ ਹਦੀਸ, ਹਜ਼ਰਤ ਤੇਰਾ ਨਾਮ ਧਿਆਈਆ । ਇਕੋ ਛਤਰ ਝੁੱਲੇ ਤੇਰੇ ਸੀਸ, ਦੂਜਾ ਸਾਨੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਸਚ ਸੁਲਤਾਨ ਸਾਹਿਬ ਸਤਿਗੁਰ ਪੁਰਖ ਅਕਾਲ ਇਕੋ ਨਜ਼ਰੀ ਆਈਆ ।

✪ ੨੬ ਅੱਸੂ ੨੦੨੦ ਬਿਕ੍ਰਮੀ ਗੁਰਮੀਤ ਸਿੰਘ ਦੇ ਗ੍ਰਹਿ ਪਿੰਡ ਹਰਦੋ ਫਰਾਲਾ ਜ਼ਿਲਾ ਜਲੰਧਰ ✪

ਆਦਿ ਜੁਗਾਦਿ ਤੇਰਾ ਖੇਲ ਨਿਰੰਕਾਰ, ਨਿਰਗੁਣ ਨਿਰਵੈਰ ਸਮਝ ਕੋਇ ਨਾ ਪਾਇੰਦਾ । ਬ੍ਰਹਿਮੰਡ ਖੰਡ ਤੇਰੀ ਧਾਰ, ਲੋਕ ਪਰਲੋਕ ਤੇਰਾ ਰਾਹ ਤਕਾਇੰਦਾ । ਦੋ ਜਹਾਨ ਤੇਰਾ ਪਸਾਰ, ਧਰਤ ਧਵਲ ਆਕਾਸ਼ ਪਰਕਾਸ਼ ਸੋਭਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਪੁਕਾਰ, ਦੇਵਤ ਸੁਰ ਸੀਸ ਝੁਕਾਇੰਦਾ । ਨਿਰਗੁਣ ਸਰਗੁਣ ਖੇਲ ਖੇਲੇਂ ਗੁਰੂ ਅਵਤਾਰ, ਪੀਰ ਪੈਗ਼ੰਬਰ ਵੇਸ ਵਟਾਇੰਦਾ । ਭਗਤ ਭਗਵਾਨ ਕਰ ਪਿਆਰ, ਨਿਤ ਨਵਿਤ ਫੇਰਾ ਪਾਇੰਦਾ । ਬੋਧ ਅਗਾਧ ਸ਼ਬਦ ਨਾਦ ਦੇ ਦਾਨ, ਸੰਤ ਸਾਜਣ ਮੇਲ ਮਿਲਾਇੰਦਾ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਗੁਰਮੁਖ ਸੱਜਣ ਆਪ ਉਠਾਇੰਦਾ । ਸਚ ਪ੍ਰੀਤੀ ਇਕ ਗਿਆਨ, ਗੁਰਸਿਖ ਸੱਚੇ ਆਪ ਸਮਝਾਇੰਦਾ । ਚਾਰ ਕੁੰਟ ਦਹਿ ਦਿਸ਼ਾ ਵੇਖੇ ਆਣ, ਨੇਤਰ ਲੋਚਣ ਨੈਣ ਅੱਖ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੂਜਾ ਨਜ਼ਰ ਕੋਇ ਨਾ ਆਇੰਦਾ । ਸਚਖੰਡ ਨਿਵਾਸੀ ਸਚ ਮਹੱਲਾ, ਤੇਰਾ ਇਕੋ ਨਜ਼ਰੀ ਆਇੰਦਾ । ਸਾਹਿਬ ਸੁਲਤਾਨ ਵਸੇਂ ਸਦਾ ਇਕੱਲਾ, ਆਦਿ ਜੁਗਾਦਿ ਸੋਭਾ ਪਾਇੰਦਾ । ਦੀਪਕ ਜੋਤ ਧਰ ਪਰਕਾਸ਼ ਆਪੇ ਬਲਾ, ਦੀਆ ਬਾਤੀ ਨਜ਼ਰ ਕੋਇ ਨਾ ਆਇੰਦਾ । ਸਚ ਦੁਆਰ ਪੁਰਖ ਅਬਿਨਾਸ਼ ਸੱਚਖੰਡ ਨਿਵਾਸੀ ਆਪੇ ਮੱਲਾ, ਸ਼ਾਹ ਸੁਲਤਾਨ ਸਚ ਆਪਣਾ ਨਾਉਂ ਰਖਾਇੰਦਾ । ਧੁਰ ਸੰਦੇਸ ਨਰ ਨਿਰੰਕਾਰ ਏਕੰਕਾਰ ਏਕਾ ਘੱਲਾ, ਦੋ ਜਹਾਨ ਬ੍ਰਹਿਮੰਡ ਆਪ ਸੁਣਾਇੰਦਾ । ਜੁਗ ਚੌਕੜੀ ਕਰੇ ਖੇਲ ਅਛਲ ਅਛੱਲਾ, ਵਲ ਛਲਧਾਰੀ ਭੇਵ ਕੋਇ ਨਾ ਪਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਜੋਤੀ ਸ਼ਬਦੀ ਆਪੇ ਰਲਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਕੋਟਨ ਕੋਟ ਧਰ ਧਰ ਰੂਪ ਫੜਾਏ ਆਪਣਾ ਪੱਲਾ, ਪੱਲੂ ਆਪਣੀ ਗੰਢ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਜੁਗ ਆਪਣੀ ਧਾਰ ਚਲਾਇੰਦਾ । ਸਚ ਸਿੰਘਾਸਣ ਏਕੰਕਾਰ, ਪੁਰਖ ਅਕਾਲ ਇਕ ਸੁਹਾਈਆ । ਤਖ਼ਤ ਨਿਵਾਸੀ ਹੋ ਉਜਿਆਰ, ਪੁਰਖ ਅਬਿਨਾਸ਼ੀ ਸੋਭਾ ਪਾਈਆ । ਜੋਤ ਪਰਕਾਸ਼ੀ ਨਿਰਗੁਣ ਧਾਰ, ਤਤਵ ਤਤ ਨਾ ਕੋਇ ਵਡਿਆਈਆ । ਮੰਡਲ ਰਾਸੀ ਖੇਲ ਅਪਾਰ, ਗੋਪੀ ਕਾਹਨ ਨਾਚ ਨਚਾਈਆ । ਸ਼ਬਦ ਸੁਆਮੀ ਪਵਣ ਹਲਾਰ, ਧੁਨੀ ਨਾਦ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਪੁਰਖ ਅਗੰਮ, ਹਰਿ ਅਗੰਮੜੀ ਕਾਰ ਕਮਾਇੰਦਾ ।

ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੇੜਾ ਦੇਵੇ ਬੰਨ੍ਹ, ਨਰ ਹਰਿ ਆਪਣੇ ਕੰਧ ਉਠਾਇੰਦਾ । ਧੁਰ ਫ਼ਰਮਾਨ ਸਚ ਨਿਸ਼ਾਨ ਸ਼ਬਦ ਗਿਆਨ ਦੇਵੇ ਮਨ, ਮਨ ਆਤਮਾ ਦੋਵੇਂ ਆਪ ਸਮਝਾਇੰਦਾ । ਜੋਤੀ ਨੂਰ ਜ਼ਾਹਰ ਜ਼ਹੂਰ ਚਾੜ੍ਹੇ ਆਪਣਾ ਚੰਨ, ਅਗਿਆਨ ਅੰਧੇਰ ਮਿਟਾਇੰਦਾ । ਸ਼ਬਦ ਅਗਾਧ ਬੋਧ ਸੁਣਾਏ ਬਿਨ ਕੰਨ, ਘਰ ਘਰ ਵਿਚ ਰਾਗ ਅਲਾਇੰਦਾ । ਭਾਂਡਾ ਭਰਮ ਦੂਈ ਦਵੈਤੀ ਕੂੜਾ ਠੀਕਰ ਦੇਵੇ ਭੰਨ, ਨਾਮ ਖੰਡਾ ਇਕ ਚਮਕਾਇੰਦਾ । ਕਰੇ ਪਰਕਾਸ਼ ਨੇਤਰ ਅੰਨ੍ਹ, ਵੇਖਣਹਾਰਾ ਜਨਨੀ ਜਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਕਰ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਮਹੱਲ ਅਟੱਲ ਉਚ ਮਨਾਰ, ਰੋਸ਼ਨ ਜ਼ਮੀਰ ਇਕੋ ਇਕ ਦਰਸਾਈਆ । ਤਖ਼ਤ ਨਿਵਾਸੀ ਪਰਵਰਦਿਗਾਰ ਸਾਂਝਾ ਯਾਰ, ਲਾਸ਼ਰੀਕ ਬੈਠਾ ਡੇਰਾ ਲਾਈਆ । ਹੱਕ ਹਕੀਕਤ ਪਾਵੇ ਸਾਰ, ਸਚ ਤੌਫ਼ੀਕ ਧੁਰ ਦੀ ਧਾਰ, ਤੁਆਰਫ਼ ਨਿਰਗੁਣ ਨਿਰਗੁਣ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮਹੱਲਾ ਉਚ ਅਟੱਲਾ ਇਕੋ ਇਕ ਵਖਾਈਆ । ਸਾਚੀ ਕਾਰ ਕਰੇ ਭਗਵੰਤ, ਭਗਵਨ ਆਪਣਾ ਖੇਲ ਕਰਾਈਆ । ਪਰਗਟ ਹੋ ਜੁਗਾ ਜੁਗੰਤ, ਜੁਗ ਕਰਨੀ ਦਏ ਸਮਝਾਈਆ । ਸਰਬ ਜੀਆਂ ਦਾ ਇਕੋ ਮੰਤ, ਆਤਮ ਪਰਮਾਤਮ ਕਰੇ ਪੜ੍ਹਾਈਆ । ਮੇਲ ਮਿਲਾਏ ਵਿਛੁੰਨੀ ਨਾਰ ਕੰਤ, ਘਰ ਸੱਜਣ ਨਜ਼ਰੀ ਆਈਆ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤ, ਬਸਨ ਬਨਵਾਰੀ ਆਪ ਰੰਗਾਈਆ । ਗੜ੍ਹ ਤੋੜ ਹਉਮੇ ਹੰ, ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਆਤਮ ਵਿਦਿਆ ਦਏ ਸਮਝਾਈਆ । ਲੇਖਾ ਜਾਣ ਜੇਰਜ ਅੰਡਜ, ਉਤਭੁਜ ਸੇਤਜ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਵੱਡਾ ਹਰਿ ਗਹਿਰ ਗੰਭੀਰ, ਭੇਵ ਕੋਇ ਨਾ ਪਾਇੰਦਾ । ਜੁਗ ਚੌਕੜੀ ਚੋਟੀ ਚੜ੍ਹ ਕੋਈ ਨਾ ਵੇਖੇ ਅਖ਼ੀਰ, ਚਰਨ ਕਵਲ ਸਰਬ ਧਿਆਨ ਲਗਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਕੇ ਗਏ ਹਕੀਰ, ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਜਿਸ ਦੀ ਖਿਚ ਨਾ ਸਕੇ ਕੋਈ ਤਸਵੀਰ, ਮੁਸੱਵਰ ਹੱਥ ਕੋਇ ਨਾ ਪਾਇੰਦਾ । ਜਿਸ ਦੀ ਸਮਝ ਸਕੇ ਨਾ ਕੋਇ ਤਦਬੀਰ, ਭੇਵ ਅਭੇਦ ਨਾ ਕੋਇ ਖੁਲ੍ਹਾਇੰਦਾ । ਜਿਸ ਦਾ ਜਲਵਾ ਬੇਨਜ਼ੀਰ, ਜਗਤ ਨੇਤਰ ਨੈਣ ਦਰਸ ਕੋਇ ਨਾ ਪਾਇੰਦਾ । ਜਿਸ ਦੇ ਹੱਥ ਨਾਮ ਸ਼ਮਸ਼ੀਰ, ਸ਼ਾਹ ਸੁਲਤਾਨ ਖੰਡਾ ਇਕ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਦਰਗਹਿ ਸੋਭਾ ਪਾਇੰਦਾ । ਸਚ ਮਹੱਲੇ ਚੜ੍ਹ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਤਖ਼ਤ ਨਿਵਾਸੀ ਨੌਜਵਾਨ, ਭੂਪਤ ਭੂਪ ਵੱਡੀ ਵਡਿਆਈਆ । ਦੋ ਜਹਾਨਾਂ ਰਾਜ ਰਾਜਾਨ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਸਤਿ ਸਤਿਵਾਦੀ ਗੁਣ ਨਿਧਾਨ, ਧੁਰ ਸੰਦੇਸਾ ਇਕ ਜਣਾਈਆ । ਪੁਰੀਆਂ ਲੋਆਂ ਵੇਖੇ ਮਾਰ ਧਿਆਨ, ਬ੍ਰਹਿਮੰਡ ਖੰਡ ਨੇਤਰ ਰਿਹਾ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਗਿਆਨ, ਸਾਚੀ ਸਿਖਿਆ ਇਕ ਸਮਝਾਈਆ । ਜੁਗ ਚੌਕੜੀ ਖੇਲ ਮਹਾਨ, ਹਰਿ ਕਰਤਾ ਆਪ ਕਰਾਈਆ । ਕੁਦਰਤ ਕਾਦਰ ਦੇਵੇ ਦਾਨ, ਵਸਤ ਅਮੋਲਕ ਆਪ ਵਰਤਾਈਆ । ਨਿਰਗੁਣ ਬਣ ਕੇ ਸੱਚਾ ਕਾਹਨ, ਲੱਖ ਚੁਰਾਸੀ ਗੋਪੀ ਆਪ ਪਰਨਾਈਆ । ਨਿਰਵੈਰ ਮਿਲੇ ਸੱਚਾ ਰਾਮ, ਹਰ ਘਟ ਸੇਜਾ ਰਿਹਾ ਹੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਭੇਵ ਅਭੇਦਾ ਰੱਖੇ ਹੱਥ ਭਗਵਾਨ,

੮੭੫ ੧੫

ਸ਼ਾਸਤਰ ਸਿਮਰਤ ਵੇਦ ਪੁਰਾਨ ਸਮਝ ਕੋਇ ਨਾ ਪਾਈਆ । ਜੁਗ ਚੌਕੜੀ ਨਿਤ ਨਵਿਤ ਸਿਫ਼ਤੀ ਢੋਲੇ ਸਾਰੇ ਗਾਣ, ਗਾ ਗਾ ਸ਼ੁਕਰ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਚਰਨ ਕਰਨ ਧਿਆਨ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਖ਼ਾਲੀ ਝੋਲੀ ਨਿਹਕਲੰਕ ਮੰਗਣ ਦਾਨ, ਦਰ ਦਰਵੇਸ਼ ਅਲੱਖ ਜਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਬੀਤਿਆ ਵਿਚ ਜਹਾਨ, ਕਲਜੁਗ ਅੰਤਮ ਜਹਾਲਤ ਬੈਠੀ ਡੇਰਾ ਲਾਈਆ । ਚਾਰੋਂ ਕੁੰਟ ਬੇਈਮਾਨ, ਬੇਵਾ ਰੂਪ ਨਜ਼ਰੀ ਆਈਆ । ਸਿਦਕ ਸਬੂਰੀ ਨਾ ਕੋਇ ਈਮਾਨ, ਸੱਜਣ ਸੰਗ ਨਾ ਕੋਇ ਨਿਭਾਈਆ । ਮਾਇਆ ਮਮਤਾ ਹਉਮੇ ਹੰਗਤਾ ਘਰ ਘਰ ਚੜ੍ਹਿਆ ਤੂਫ਼ਾਨ, ਨਵ ਨੌ ਚਾਰ ਰਿਹਾ ਰੁੜ੍ਹਾਈਆ । ਨੇਤਰ ਨੈਣ ਅੱਖ ਨਜ਼ਰ ਨਾ ਆਏ ਕਿਸੇ ਭਗਵਾਨ, ਕਲਜੁਗ ਗੂੜ੍ਹੀ ਨੀਂਦ ਸੁਆਈਆ । ਆਤਮ ਪਰਮਾਤਮ ਮਿਲ ਕੇ ਕੋਈ ਨਾ ਪਏ ਹੱਸ, ਸੋਹੰ ਹੰਸਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਧੁਰ ਦੀ ਇਕ ਦ੍ਰਿੜ੍ਹਾਈਆ । ਸਾਚੀ ਸਿਖਿਆ ਦੱਸੇ ਦੱਸੇ ਗੀਤ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਜੁਗ ਚੌਕੜੀ ਗਈ ਬੀਤ, ਕਲਜੁਗ ਵੇਲਾ ਅੰਤਮ ਆਇੰਦਾ । ਜਨ ਭਗਤਾਂ ਦੱਸੇ ਅਗੰਮੀ ਰੀਤ, ਰੀਤੀਵਾਨ ਖੇਲ ਖਲਾਇੰਦਾ । ਜਿਸ ਨੂੰ ਜੀਵ ਜੰਤ ਸਾਧ ਸੰਤ ਲੱਭਦੇ ਸ਼ਿਵਦਵਾਲੇ ਮੱਠ ਮੰਦਰ ਮਸੀਤ, ਸੋ ਸਤਿਗੁਰ ਸੱਚਾ ਜਨ ਭਗਤਾਂ ਅੰਦਰ ਡੇਰਾ ਲਾਇੰਦਾ । ਹਰਿ ਪ੍ਰਭ ਠਾਕਰ ਕਰੋ ਇਕ ਪ੍ਰੀਤ, ਨਿਰਗੁਣ ਹੋ ਕੇ ਵਸੇ ਚੀਤ, ਜਗਤ ਠਗੌਰੀ ਕੋਈ ਨਾ ਪਾਇੰਦਾ । ਨਜ਼ਰੀ ਆਏ ਸਦਾ ਅਤੀਤ, ਆਦਿ ਜੁਗਾਦੀ ਠਾਂਡਾ ਸੀਤ, ਅਗਨੀ ਤਤ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੋ ਜਹਾਨ ਆਪ ਪੜ੍ਹਾਇੰਦਾ । ਦੋ ਜਹਾਨ ਸੋ ਪੁਰਖ ਨਾਉਂ, ਹਰਿ ਕਰਤਾ ਆਪ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਰਲ ਕੇ ਗਾਓ, ਕਰੋੜ ਤੇਤੀਸਾ ਸੁਰਪਤ ਇੰਦ ਨਾਲ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸ਼ੁਕਰ ਮਨਾਓ, ਘਰ ਵੱਜੇ ਸਚ ਵਧਾਈਆ । ਲੱਖ ਚੁਰਾਸੀ ਜੀਵ ਜੰਤ ਇਸ਼ਟ ਗੁਰਦੇਵ ਸੁਆਮੀ ਇਕ ਮਨਾਓ, ਮਨਸਾ ਆਸਾ ਪੂਰ ਕਰਾਈਆ । ਚਾਰ ਕੁੰਟ ਉਠ ਉਠ ਨੱਸਣਾ ਕੂੜੀ ਹਰਸ ਮਿਟਾਓ, ਹਵਸ ਸਭ ਦੀ ਦਏ ਸਮਝਾਈਆ । ਅਰਸ਼ ਫ਼ਰਸ਼ ਪਰਮ ਪੁਰਖ ਪਰਮਾਤਮ ਏਕਾ ਪਾਓ, ਪਾਰਬ੍ਰਹਮ ਬੇਪਰਵਾਈਆ । ਸਰ ਸਰੋਵਰ ਤੀਰਥ ਚਰਨ ਧੂੜੀ ਸਚ ਨਹਾਓ, ਦੁਰਮਤ ਮੈਲ ਦਏ ਧਵਾਈਆ । ਸਾਚਾ ਢੋਲਾ ਰਲ ਮਿਲ ਗ੍ਰਿਹਿ ਮੰਦਰ ਅੰਦਰ ਕਾਇਆ ਗਾਓ, ਘਰ ਘਰ ਵੱਜੇ ਵਧਾਈਆ । ਨਿਤ ਨਵਿਤ ਨਿਜ ਨੇਤਰ ਦਰਸਨ ਪਾਓ, ਦੋਏ ਲੋਚਣ ਬੰਦ ਵਖਾਈਆ । ਹੰਸ ਰੂਪ ਬਣੇ ਕਾਉਂ, ਕਾਗ ਹੰਸ ਰੂਪ ਵਟਾਈਆ । ਸਤਿਗੁਰ ਸਾਹਿਬ ਸੁਲਤਾਨ ਕਲਜੁਗ ਅੰਤਮ ਪਕੜੇ ਬਾਂਹੋਂ, ਫੜ ਬਾਂਹੋਂ ਗਲੇ ਲਗਾਈਆ । ਏਥੇ ਓਥੇ ਦੋ ਜਹਾਨ ਕਰੇ ਸਚ ਨਿਆਉਂ, ਧਰਮ ਦੁਆਰੇ ਅਦਾਲਤ ਇਕ ਲਗਾਈਆ । ਸਦਾ ਸੁਹੇਲਾ ਇਕ ਇਕੇਲਾ ਦੇਵੇ ਠੰਡੀ ਛਾਉਂ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਕਰੇ ਪਿਆਰ ਜਿਉਂ ਪੁੱਤਰਾਂ ਮਾਉਂ, ਦਰਗਹਿ ਸਾਚੀ ਦੇਵੇ ਥਾਉਂ, ਸਚਖੰਡ ਸਾਚੇ ਆਪ ਬਹਾਈਆ । ਤਿਸ ਸਾਹਿਬ ਸਤਿਗੁਰ ਪੁਰਖ ਅਕਾਲ ਦੀਨ ਦਿਆਲ ਲਾਗੋ ਪਾਉਂ, ਜਿਸ ਮਿਲਿਆਂ ਦੂਜੀ ਓਟ ਰਹਿਣ ਕੋਇ ਨਾ ਪਾਈਆ । ਉਠੋ ਵੇਖੋ ਛੇਤੀ ਵੇਖ, ਏਕੰਕਾਰ ਰਿਹਾ ਜਣਾਈਆ । ਨੌ ਸੌ ਚੁਰਾਨਵੇ ਚੌਕੜੀ ਪ੍ਰਭ ਨੇ ਸਿਧੀ ਦਿਤੀ ਆਪਣੀ ਲਿਖਤ ਲੇਖ, ਦੂਜਾ ਵਿਚੋਲਾ ਨਾ ਕੋਇ ਬਣਾਈਆ । ਜਿਸ ਨੂੰ ਨਵ ਨੌ ਚਾਰ ਲੱਭਦੇ ਫਿਰਦੇ ਕੋਟਨ ਕੋਟ ਧਰ ਕੇ ਭੇਖ, ਚਾਰ ਕੁੰਟ ਦਹਿ ਦਿਸ਼ਾ

ਫੇਰਾ ਪਾਈਆ । ਸੋ ਸਾਹਿਬ ਸੁਆਮੀ ਕਲਜੁਗ ਅੰਤਮ ਕਰਨ ਆਇਆ ਹੇਤ, ਹਿਤਕਾਰੀ ਨਿਰਗੁਣ ਆਪਣਾ ਨੂਰ ਕਰ ਰੁਸ਼ਨਾਈਆ । ਜਨ ਭਗਤਾਂ ਅੰਦਰ ਕਾਇਆ ਮੰਦਰ ਸਚ ਮਹੱਲੇ ਵੜ ਕੇ ਰਿਹਾ ਖੇਡ, ਸੁਰਤੀ ਸ਼ਬਦੀ ਜੋੜਾ ਇਕ ਜੁੜਾਈਆ । ਜੋਤੀ ਨੂਰ ਦੇਵੇ ਅਗੰਮੀ ਤੇਜ, ਰਵ ਸਸ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਦਰਸਾਈਆ । ਸਾਚਾ ਮਾਰਗ ਰਿਹਾ ਦੱਸ, ਦਹਿ ਦਿਸ਼ਾ ਰਿਹਾ ਸਮਝਾਈਆ । ਜੀਵ ਜੰਤ ਸਾਧ ਸੰਤ ਕਲਜੁਗ ਅੰਤਮ ਖੇਲ ਪੁਰਖ ਸਮਰਥ, ਚਾਰ ਕੁੰਟ ਸਮਝ ਕੋਇ ਨਾ ਪਾਈਆ । ਜੁਗ ਚੌਕੜੀ ਚਲਾਵਣਹਾਰਾ ਰਥ, ਬਣ ਰਥਵਾਹੀ ਫੇਰਾ ਪਾਈਆ । ਬੋਧ ਅਗਾਧ ਸ਼ਬਦ ਅਨਾਦ ਬਾਣੀ ਕਹੇ ਅਕੱਥ, ਕਥਨੀ ਕਥ ਕੋਇ ਨਾ ਸਕੇ ਰਾਈਆ । ਸ੍ਰਿਸ਼ਟ ਸਬਾਈ ਵੇਖਣਹਾਰਾ ਧੀਰਜ ਜਤ, ਸਤਿ ਸੰਤੋਖ ਪੜਦਾ ਰਿਹਾ ਉਠਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਾਬਤ ਰਹੀ ਨਾ ਕਿਸੇ ਮੱਤ, ਮਨਮਤ ਰਹੀ ਹਲਕਾਈਆ । ਲੱਗੀ ਅੱਗ ਪੰਜ ਤੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਵਾਂਗ ਸਵਾਨ ਚਾਰ ਕੁੰਟ ਦਹਿ ਦਿਸ਼ਾ ਰਹੇ ਨੱਠ, ਭੱਜਣ ਵਾਹੋ ਦਾਹੀਆ । ਅੰਮ੍ਰਿਤ ਮਿਲੇ ਨਾ ਕਿਸੇ ਰਸ, ਬੂੰਦ ਸਵਾਂਤੀ ਮੁਖ ਨਾ ਕੋਇ ਚੁਆਈਆ । ਕੂੜੀ ਕਿਰਿਆ ਗਏ ਫਸ, ਜਗਤ ਜੰਜਾਲ ਨਾ ਕੋਇ ਕਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਛੁਡਾ ਗਏ ਨੱਠ, ਫੜਿਆਂ ਹੱਥ ਕਿਸੇ ਨਾ ਆਈਆ । ਲਹਿਣਾ ਅੰਤ ਚੁਕਿਆ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਮੁਖ ਛੁਪਾਈਆ । ਅੱਲਾ ਰਾਣੀ ਨੱਕ ਨਾ ਰਹੀ ਨੱਥ, ਕੰਤ ਸੁਹਾਗ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਾਹ ਇਕੋ ਇਕ ਸਮਝਾਈਆ । ਸੱਚਾ ਰਾਹ ਸੁਣੋ ਜਗ ਜਗਤ, ਜੁਗ ਕਰਤਾ ਆਪ ਜਣਾਈਆ । ਪ੍ਰਭ ਮਿਲਣ ਦਾ ਇਕੋ ਵਕਤ, ਮਾਣਸ ਜਨਮ ਸੋਭਾ ਪਾਈਆ । ਸ੍ਰੀ ਭਗਵਾਨ ਜੁਗ ਜੁਗ ਆਪ ਉਧਾਰੇ ਸਾਚੇ ਭਗਤ, ਭਗਵਨ ਆਪਣਾ ਵੇਸ ਵਟਾਈਆ । ਲੇਖੇ ਲਾਏ ਬੂੰਦ ਰਕਤ, ਨਾੜੀ ਹੱਡ ਸੋਭਾ ਪਾਈਆ । ਨਿਰਵੈਰ ਹੋ ਕੇ ਆਵੇ ਪਰਤ, ਪਰਮ ਪੁਰਖ ਪ੍ਰਭ ਆਪਣਾ ਖੇਲ ਖਿਲਾਈਆ । ਅੰਤਰ ਆਤਮ ਦੇਵੇ ਦਰਸ, ਬੰਦ ਕਿਵਾੜੀ ਕੁੰਡਾ ਲਾਹੀਆ । ਪੰਚ ਵਿਕਾਰਾ ਦੇਵੇ ਝਟਕ, ਨਾਮ ਖੰਡਾ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਹਿਬਰ ਫੇਰਾ ਪਾਈਆ । ਸਾਚਾ ਰਹਿਬਰ ਗਿਆ ਆ, ਪਰਵਰਦਿਗਾਰ ਨੂਰ ਇਲਾਹੀਆ । ਲੋਕ ਪਰਲੋਕ ਦੋ ਜਹਾਨਾਂ ਬਣ ਮਲਾਹ, ਸਾਚਾ ਬੇੜਾ ਰਿਹਾ ਚਲਾਈਆ । ਲੱਖ ਚੁਰਾਸੀ ਜੀਵ ਜੰਤ ਦੇਵੇ ਇਕ ਸਲਾਹ, ਧੁਰ ਦਾ ਨਾਮ ਕਰੇ ਪੜ੍ਹਾਈਆ । ਆਤਮ ਪਰਮਾਤਮ ਮੇਲਾ ਲਓ ਮਿਲਾ, ਜਗਤ ਵਿਛੋੜਾ ਪੰਧ ਮੁਕਾਈਆ । ਘਰ ਮੰਦਰ ਦੀਪਕ ਜੋਤ ਲਓ ਜਗਾ, ਅਗਿਆਨ ਅੰਧੇਰ ਮਿਟਾਈਆ । ਘਰ ਅੰਮ੍ਰਿਤ ਮੇਘ ਲਓ ਬਰਸਾ, ਨਿਝਰ ਝਿਰਨਾ ਇਕ ਝਿਰਾਈਆ । ਘਰ ਪੜਦਾ ਲਓ ਉਠਾ, ਮੁਖ ਨਕਾਬ ਨਜ਼ਰ ਕੋਇ ਨਾ ਆਈਆ । ਘਰ ਸੱਜਣ ਲਓ ਮਨਾ, ਗ਼ੁੱਸਾ ਗਿਲਾ ਨਾ ਕੋਇ ਵਖਾਈਆ । ਦੋਏ ਜੋੜ ਪਓ ਸਰਨਾ, ਸਰਨਗਤ ਇਕ ਸਮਝਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਬੇਅੰਤ ਵਡ ਵਡਿਆਈਆ । ਚਰਨੀ ਡਿਗਿਆਂ ਬਖ਼ਸ਼ੇ ਸਰਬ ਗੁਨਾਹ, ਮਿਹਰ ਨਜ਼ਰ ਬਖ਼ਸ਼ੀਸ਼ ਇਕੋ ਵਾਰ ਝੋਲੀ ਪਾਈਆ । ਡੁਬਦਿਆਂ ਤਾਰੇ ਫੜ ਫੜ ਬਾਂਹ, ਪਾਰ ਕਿਨਾਰੇ ਆਪ ਲਗਾਈਆ । ਕਰੇ ਕਰਾਏ ਸਚ ਨਿਆਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਾਹ ਇਕ

ਸਮਝਾਈਆ । ਸਤਿਜੁਗ ਰਾਹ ਦੱਸੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਲੱਖ ਚੁਰਾਸੀ ਜੀਵ ਜੰਤ ਉਠ ਬਾਲ ਅਵਾਣ, ਬਾਲੀ ਬੁਧ ਆਪ ਸਮਝਾਇੰਦਾ । ਕਲਜੁਗ ਕੂੜੀ ਕਿਰਿਆ ਨਾਤਾ ਤੁੱਟੇ ਵਿਚ ਜਹਾਨ, ਥਿਰ ਕੋਇ ਰਹਿਣ ਨਾ ਪਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮੰਗਣ ਦਾਨ, ਸ੍ਰੀ ਭਗਵਾਨ ਅੱਗੇ ਝੋਲੀ ਡਾਹਿੰਦਾ । ਪਤਿਪਰਮੇਸ਼ਵਰ ਦੇਵਣਹਾਰਾ ਨੌਜਵਾਨ, ਵਸਤ ਅਮੋਲਕ ਆਪ ਵਰਤਾਇੰਦਾ । ਰਲ ਮਿਲ ਸਾਰੇ ਸਚਖੰਡ ਦੁਆਰੇ ਗਾਓ ਇਕ ਭਗਵਾਨ, ਦੂਜਾ ਨਾਉਂ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਭੇਵ ਆਪ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਗਾਓ ਨਾਮ ਅਪਾਰ, ਹਰਿ ਕਰਤਾ ਆਪ ਜਣਾਈਆ । ਚਾਰ ਜੁਗ ਦਾ ਪਿਛਲਾ ਲਹਿਣਾ ਦਿਓ ਵਿਸਾਰ, ਅਗਲਾ ਦੇਣਾ ਦਏ ਜਣਾਈਆ । ਰਲ ਮਿਲ ਸਾਰੇ ਕਰੋ ਪਿਆਰ, ਦੀਨ ਮਜ਼੍ਹਬ ਜ਼ਾਤ ਪਾਤ ਨਾ ਕੋਇ ਰਖਾਈਆ । ਪੁਰਖ ਅਕਾਲ ਪਰਵਰਦਿਗਾਰ ਮੰਨੋ ਸੱਚਾ ਯਾਰ, ਜੁਗ ਚੌਕੜੀ ਯਾਰੀ ਇਕ ਹੰਢਾਈਆ । ਨਿਤ ਨਵਿਤ ਬਣੇ ਮਦਦਗਾਰ, ਦਸਤਗੀਰ ਸਿਰ ਆਪਣਾ ਹੱਥ ਟਿਕਾਈਆ । ਦੋਏ ਜੋੜ ਕਰੋ ਨਿਮਸਕਾਰ, ਸਜਦਾ ਇਕੋ ਪੁਰਖ ਕਰਾਈਆ । ਦੇਵੇ ਧੁਰ ਦੀ ਅਗੰਮੀ ਸੱਚੀ ਧਾਰ, ਧਾਰ ਧਾਰ ਵਿਚੋਂ ਪਰਗਟਾਈਆ । ਏਕਾ ਨਾਅਰਾ ਬੋਲ ਜੈਕਾਰ, ਜੈ ਜੈਕਾਰ ਦਏ ਸੁਣਾਈਆ । ਚਰਨ ਪ੍ਰੀਤੀ ਸਚ ਪਿਆਰ, ਸਾਚੀ ਰੀਤੀ ਇਕ ਵਖਾਈਆ । ਖੇਲ ਅਨਡੀਠੀ ਦੱਸੇ ਨਿਰੰਕਾਰ, ਨਿਰਗੁਣ ਆਪਣਾ ਪੜਦਾ ਲਾਹੀਆ । ਪਿਛਲੀ ਬੀਤੀ ਭੁੱਲੋ ਵਿਚ ਸੰਸਾਰ, ਭਾਂਡਾ ਭਰਮ ਭੌ ਭੰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਸਾਰੇ ਰਲ ਮਿਲ ਕੇ ਬੋਲੋ ਸੋਹੰ ਸ਼ਬਦ ਇਕ ਜੈਕਾਰ, ਲੱਖ ਚੁਰਾਸੀ ਲੋਕਮਾਤ ਆਪੇ ਸਾਰੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਤੁਹਾਡੇ ਕੋਲੋਂ ਚਲਾਏ ਵਿਹਾਰ, ਅੰਤਮ ਤੁਹਾਡੀ ਨੀਤੀ ਨਾਲ ਦਏ ਬਦਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਵਲ ਤੱਕਣ, ਨਿਉਂ ਨਿਉਂ ਅੱਖ ਉਠਾਈਆ । ਹੌਲੀ ਹੌਲੀ ਅੱਗੇ ਪਿੱਛੇ ਭੱਜਣ, ਭੱਜਿਆਂ ਰਾਹ ਨਜ਼ਰ ਕੋਇ ਨਾ ਆਈਆ । ਜਿਧਰ ਵੇਖਣ ਪੁਰਖ ਅਕਾਲ ਖਲੋਤਾ ਸੱਜਣ, ਬਾਂਹ ਇਕੋ ਇਕ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਪੂਰਾ ਕੌਲ ਕਰੇ ਜੋ ਕੀਤਾ ਬਚਨ, ਬਚਪਨ ਸਭ ਦਾ ਵੇਖ ਵਖਾਈਆ । ਜਿਸ ਕਾਇਆ ਪੰਜ ਤਤ ਦਿਤੀ ਕੰਚਨ, ਸੋ ਗੜ੍ਹ ਤੋੜਨਹਾਰ ਬੇਪਰਵਾਹੀਆ । ਆਪਣਾ ਆਪਣਾ ਪਿਛਲਾ ਸਾਰੇ ਰਲ ਕੇ ਦੱਸੋ ਭਜਨ, ਕੀ ਗੀਤ ਗੋਬਿੰਦ ਲੋਕਮਾਤ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਮੰਗੇ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਆਖਣ, ਹੌਲੀ ਹੌਲੀ ਰਹੇ ਸੁਣਾਈਆ । ਆਓ ਰਲ ਮਿਲ ਸਾਰੇ ਬਣੀਏ ਸਾਥਨ, ਪਿਛਲਾ ਲੇਖਾ ਦਏ ਮੁਕਾਈਆ । ਕੋਟਨ ਕੋਟ ਜੁਗ ਪਿੱਛੋਂ ਪ੍ਰਭ ਨਿਰਗੁਣ ਹੋ ਕੇ ਆਇਆ ਆਖਣ, ਆਖਰ ਆਪਣਾ ਹੁਕਮ ਸੁਣਾਈਆ । ਪਰਮ ਪੁਰਖ ਦੇ ਸਾਰੇ ਬਣੋ ਦਾਸਨ, ਦਰ ਦਰਵੇਸ਼ ਰੂਪ ਵਟਾਈਆ । ਦੋਏ ਜੋੜ ਨਮੋ ਟੇਕ ਮਾਥਨ, ਮਸਤਕ ਟਿੱਕਾ ਧੂੜੀ ਲਾਈਆ । ਇਕੋ ਨੂਰ ਇਲਾਹੀ ਜ਼ਾਤਨ, ਦੂਜਾ ਰੂਪ ਨਾ ਕੋਇ ਵਖਾਈਆ । ਜਿਸ ਦਾ ਜਲਵਾ ਵੇਖੋ ਬਾਤਨ, ਸੋ ਜ਼ਾਹਰ ਜ਼ਹੂਰ ਖ਼ੁਦਾਈਆ । ਰਲ ਮਿਲ ਸੋਹੰ ਸਤਿ ਦਿਓ ਭਾਸ਼ਨ, ਸਤਿ ਸਤਿਵਾਦੀ ਆਪ ਸਮਝਾਈਆ । ਪਿਛਲੇ ਚੋਲੇ ਸਭ ਦੇ ਪਾਟਣ, ਕਮਲੀ ਗਲ ਕਿਸੇ ਰਹਿਣ ਨਾ ਪਾਈਆ । ਕਲਜੁਗ ਕੂੜੀ ਕਿਰਿਆ ਖੁਲ੍ਹੇ ਝਾਟਨ, ਪੱਟੀ ਸੀਸ ਨਾ ਕੋਇ ਗੁੰਦਾਈਆ ।

ਮਿਲੇ ਮੇਲ ਨਾ ਮਾਹੀ ਪਾਤਣ, ਨੇਤਰ ਰੋਵਣ ਮਾਰਨ ਧਾਹੀਂਆ । ਸਾਚਾ ਵੇਖੋ ਇਕੋ ਘਾਟਨ, ਜਿਸ ਦਰ ਬੈਠਾ ਬੇਪਰਵਾਹੀਆ । ਪੀਰ ਪੈਗ਼ੰਬਰੋ ਗੁਰ ਅਵਤਾਰੋ ਤੁਹਾਡੇ ਕੋਲੋਂ ਕਰਾਵੇ ਉਦਘਾਟਨ, ਸਾਚਾ ਮਾਰਗ ਨੀਂਹ ਰਖਾਈਆ । ਆਪਣਾ ਆਪਣਾ ਦੇਣਾ ਭਾਸ਼ਨ, ਭਾਸ਼ਾ ਇਕੋ ਇਕ ਸਮਝਾਈਆ । ਪਿਛਲਾ ਛੱਡਣਾ ਬੋਲ ਬਲਾਸਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਖੇਲ ਇਕ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਹੋਏ ਹੈਰਾਨ, ਹਰਿ ਜੂ ਕੀ ਖੇਲ ਵਰਤਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਥੋੜਾ ਥੋੜਾ ਦੱਸਦਾ ਰਿਹਾ ਨਿਸ਼ਾਨ, ਇਸ਼ਾਰੇ ਮਾਤਰ ਇਸ਼ਾਰਾ ਲਗਾਈਆ । ਅਸੀਂ ਦੱਸ ਕੇ ਆਏ ਇਕੋ ਆਖ਼ਰ ਨਿਹਕਲੰਕ ਪਰਗਟ ਹੋਵੇ ਬਲੀ ਬਲਵਾਨ, ਭੇਵ ਕਹਿਣ ਕੋਇ ਨਾ ਪਾਈਆ । ਵੇਖੋ ਸਾਰੇ ਨਿੱਕੇ ਨੱਢੇ ਬਾਲੇ ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਇਕੱਠੇ ਕੀਤੇ ਆਣ, ਹੁਕਮ ਇਕੋ ਇਕ ਸੁਣਾਈਆ । ਪਿਛਲਾ ਲੇਖਾ ਜੁਗ ਚੌਕੜੀ ਮੰਗੇ ਨੌਜਵਾਨ, ਦੋ ਜਹਾਨ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਸਲਾਹ, ਇਕੋ ਮਤਾ ਪਕਾਈਆ । ਰਲ ਮਿਲ ਸਾਰੇ ਸੀਸ ਦਿਓ ਝੁਕਾ, ਨਿਉਂ ਨਿਉਂ ਲਾਗੋ ਪਾਈਂਆ । ਪਾਰਬ੍ਰਹਮ ਤੇਰੀ ਮੰਨੀਏ ਸਦਾ ਰਜ਼ਾ, ਭਾਣਾ ਇਕੋ ਸੀਸ ਟਿਕਾਈਆ । ਜੁਗ ਚੌਕੜੀ ਸੇਵਾ ਆਏ ਕਮਾ, ਬਣ ਸੇਵਕ ਸੇਵ ਕਮਾਈਆ । ਤੇਰਾ ਨਾਮ ਆਏ ਜਪਾ, ਰਸਨਾ ਜਿਹਵਾ ਬੱਤੀ ਦੰਦ ਗੀਤ ਸੁਣਾਈਆ । ਅੰਤ ਸੰਦੇਸਾ ਆਏ ਸੁਣਾ, ਧੁਰ ਦਾ ਢੋਲਾ ਰਾਗ ਅਲਾਈਆ । ਕਲ ਕਲਕੀ ਜਾਵੇ ਆ, ਨਿਰਗੁਣ ਨਿਰਵੈਰ ਫੇਰਾ ਪਾਈਆ । ਨਿਹਕਲੰਕ ਨਾਉਂ ਲਏ ਧਰਾ, ਧਰਨੀ ਧਰਤ ਧਵਲ ਦਏ ਵਡਿਆਈਆ । ਵਡ ਅਮਾਮ ਫੇਰਾ ਲਏ ਪਾ, ਮਹਿਫ਼ਲ ਆਪਣੀ ਆਪ ਲਗਾਈਆ । ਪਿਤਾ ਪੁਰਖ ਅਕਾਲ ਜੋਤ ਲਏ ਜਗਾ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਦੋ ਜਹਾਨਾਂ ਲੇਖਾ ਮੰਗੇ ਆ, ਲੁਕਿਆ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਿਸ ਦੀ ਧਾਰ ਸਮਝ ਕੋਇ ਨਾ ਪਾਈਆ । ਹਰਿ ਕੀ ਧਾਰ ਸਮਝ ਸਕੇ ਨਾ ਕੋਈ, ਕਾਗ਼ਜ਼ ਕਲਮ ਸ਼ਾਹੀ ਰਹੀ ਕੁਰਲਾਈਆ । ਜਗਤ ਜਹਾਨ ਮਿਲੇ ਨਾ ਢੋਈ, ਵਿਦਵਾਨ ਰਹੇ ਰੁਵਾਈਆ । ਸੋਈ ਸੁਰਤ ਉਠਾਏ ਨਾ ਕੋਈ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਦੁਰਮਤ ਮੈਲ ਸਕੇ ਨਾ ਕੋਇ ਧੋਈ, ਨਿਰਮਲ ਰੂਪ ਅਨੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿਖਿਆ ਇਕ ਦਰਸਾਈਆ । ਸਾਚੀ ਸਿਖਿਆ ਦੇਵੇ ਭਗਵਾਨ, ਹਰਿ ਜੂ ਆਪਣੀ ਦਇਆ ਕਮਾਇੰਦਾ । ਕਲਜੁਗ ਅੰਤ ਹੋ ਪਰਧਾਨ, ਸਚ ਪਰਧਾਨਗੀ ਇਕ ਵਖਾਇੰਦਾ । ਸੁੱਤ ਸ਼ਬਦ ਕਰ ਬਲਵਾਨ, ਚਾਰੋਂ ਕੁੰਟ ਆਪ ਦੌੜਾਇੰਦਾ । ਹੁਕਮ ਦੇਵੇ ਹੁਕਮਰਾਨ, ਧੁਰ ਸੰਦੇਸਾ ਇਕ ਅਲਾਇੰਦਾ । ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਆਤਮ ਪਰਮਾਤਮ ਭੇਵ ਚੁਕਾਇੰਦਾ । ਗੁਰਮੁਖ ਗੁਰਸਿਖ ਕਰ ਪਰਵਾਨ, ਜਗਤ ਵਿਛੋੜਾ ਦੂਰ ਕਰਾਇੰਦਾ । ਸਾਚੇ ਸੰਤਾਂ ਦੇ ਗਿਆਨ, ਅੰਤਰ ਆਤਮ ਬੂਝ ਬੁਝਾਇੰਦਾ । ਭਗਤ ਭਗਵਾਨ ਇਕੋ ਮੰਦਰ ਬਹਿ ਖ਼ੁਸ਼ੀ ਮਨਾਣ, ਦੂਜਾ ਦਰ ਨਾ ਕੋਇ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਹਰਿਜਨ ਉਠਾਏ ਆਪ ਪ੍ਰਭ, ਠਾਕਰ ਸੁਆਮੀ ਦਇਆ ਕਮਾਈਆ । ਲੱਖ ਚੁਰਾਸੀ ਵਿਚੋਂ ਲੱਭ, ਮਤਲਬ ਆਪਣਾ ਹਲ ਕਰਾਈਆ । ਮਾਰਗ ਅਗੰਮੀ ਇਕੋ ਦੱਸ, ਦਸਤ

ਆਪਣਾ ਹੱਥ ਮਿਲਾਈਆ । ਹਿਰਦੇ ਅੰਤਰ ਆਤਮ ਵਸ, ਪਰਮਾਤਮ ਬੁਝ ਬੁਝਾਈਆ । ਪ੍ਰੇਮ ਪ੍ਰੀਤੀ ਇਕੋ ਰਸ, ਝਿਰਨਾ ਨਾਮ ਝਿਰਾਈਆ । ਜਗਤ ਵਿਕਾਰ ਪਿੱਛੇ ਜਾਏ ਸੱਟ, ਬੈਠੇ ਮੁਖ ਭਵਾਈਆ । ਗੁਰਮੁਖ ਗੁਰ ਸਤਿਗੁਰ ਮਿਲ ਪਏ ਹੱਸ, ਘਰ ਵੱਜੇ ਨਾਮ ਵਧਾਈਆ । ਪ੍ਰਭ ਵੇਖਣ ਦੀ ਖੁੱਲੇ ਅੱਖ, ਦੋਏ ਲੋਚਣ ਕੰਮ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਜੀਵਾਂ ਨਾਲੋਂ ਕਰ ਕੇ ਅੱਡ, ਹਰਿਜਨ ਆਪਣਾ ਰੰਗ ਰੰਗਾਈਆ । ਹਰਿਜਨ ਮਾਰਗ ਦੱਸਿਆ ਆਪ, ਪ੍ਰਭ ਆਪਣੀ ਦਇਆ ਕਮਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਜਾਪ, ਸੋਹੰ ਢੋਲਾ ਸ਼ਬਦ ਸੁਣਾਈਆ । ਕੋਟ ਜਨਮ ਦਾ ਦਿਸੇ ਨਾ ਕੋਈ ਪਾਪ, ਪੂਰਬ ਲਹਿਣਾ ਦਏ ਮੁਕਾਈਆ । ਅੱਗੇ ਪੁਰਖ ਅਕਾਲ ਬਣੇ ਸੱਜਣ ਸਾਕ, ਸਗਲਾ ਸੰਗ ਨਿਭਾਈਆ । ਨਾਤਾ ਤੋੜ ਕਾਇਆ ਮਾਟੀ ਖ਼ਾਕ, ਖ਼ਾਲਕ ਆਪਣੇ ਰੰਗ ਰੰਗਾਈਆ । ਬਜਰ ਕਪਾਟੀ ਤੋੜ ਤਾਕ, ਤਾਕ਼ਤ ਆਪਣੀ ਦਏ ਸਮਝਾਈਆ । ਨਜ਼ਰੀ ਆਏ ਸਾਖਿਆਤ, ਸਤਿ ਸਰੂਪੀ ਵੇਸ ਵਟਾਈਆ । ਸ਼ਬਦ ਅਗੰਮੀ ਕਰੇ ਬਾਤ, ਸਚ ਕਹਾਣੀ ਇਕ ਜਣਾਈਆ । ਮੇਟੇ ਰੈਣ ਅੰਧੇਰੀ ਰਾਤ, ਸਾਚਾ ਚੰਦ ਕਰੇ ਰੁਸ਼ਨਾਈਆ । ਗੁਰਸਿਖ ਗੁਰਮੁਖ ਹਰਿਜਨ ਹਰਿਭਗਤ ਅੱਗੇ ਰਹੇ ਨਾ ਮਾਤ ਕਮਜ਼ਾਤ, ਜਗਤ ਸੁਹਾਗਣ ਵਡ ਭਾਗਣ ਆਪ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵਖਾਏ ਇਕ ਘਰ, ਜਿਸ ਘਰ ਵਸੇ ਬੇਪਰਵਾਹੀਆ । ਜਨ ਭਗਤ ਵਖਾਏ ਇਕ ਘਰ, ਘਰ ਘਰ ਵਿਚ ਮੇਲ ਮਿਲਾਈਆ । ਭੈ ਭੌ ਚੁਕਾ ਡਰ, ਭਾਂਡਾ ਭਰਮ ਭੌ ਭੰਨਾਈਆ । ਨਿਰਗੁਣ ਸਰਗੁਣ ਪੱਲੂ ਫੜ, ਸਾਚਾ ਜੋੜਾ ਜੋੜ ਜੁੜਾਈਆ । ਨਿਰਾਕਾਰ ਨਿਰਾਧਾਰ ਅੰਦਰ ਜਾਏ ਵੜ, ਆਪ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰਾਹ ਜਨ ਭਗਤਾਂ ਇਕ ਵਖਾਈਆ । ਭਗਤਾਂ ਵਖਾਏ ਰਾਹ ਉਹ, ਜੋ ਹੱਥ ਕਿਸੇ ਨਾ ਆਈਆ । ਕਲਜੁਗ ਅੰਤ ਬਿਨ ਸ੍ਰੀ ਭਗਵਾਨ ਕੋਈ ਨਾ ਸਕੇ ਟੋਹ, ਕਾਇਆ ਟੋਕਰੀ ਜਗਤ ਖਾਰੀ ਸਿਰ ਤੇ ਸਾਰੇ ਰਹੇ ਉਠਾਈਆ । ਹੋਕਾ ਦੇਂਦੇ ਹੋ ਹੋ, ਹੂ ਹੂ ਰਹੇ ਸਮਝਾਈਆ । ਮਾਇਆ ਰਾਣੀ ਖੋਹ ਖੋਹ, ਖ਼ਾਲਕ ਖ਼ਲਕ ਰਹੇ ਸਤਾਈਆ । ਆਤਮ ਪਰਮਾਤਮ ਕੋਈ ਨਾ ਜਾਏ ਛੋਹ, ਖ਼ਾਲੀ ਕੀਤੀ ਸਰਬ ਲੋਕਾਈਆ । ਕਿਰਪਾ ਕਰੇ ਪ੍ਰਭ ਜਿਸ ਖੇਲ ਰਚਾਇਆ ਛੱਬੀ ਪੋਹ, ਛਹਿਬਰ ਆਪਣੇ ਨਾਮ ਲਗਾਈਆ । ਸਾਧਾਂ ਸੰਤਾਂ ਕੋਲੋਂ ਵਸਤ ਸਾਰੀ ਲਈ ਖੋਹ, ਖ਼ਾਲੀ ਹੱਥ ਰਿਹਾ ਵਖਾਈਆ । ਜਨ ਭਗਤ ਗੁਰਮੁਖ ਗੁਰਸਿਖ ਸੰਤ ਦੇ ਬਾਂਹ ਸਰਹਾਣੇ ਜਾਣ ਸੌਂ, ਸੁੱਤਿਆਂ ਮਾਤ ਨਾ ਕੋਇ ਉਠਾਈਆ । ਕਲਜੁਗ ਅੰਤ ਸ੍ਰੀ ਭਗਵੰਤ ਪੁਰਖ ਅਬਿਨਾਸ਼ੀ ਤੁਹਾਡੇ ਜੋਗਾ ਗਿਆ ਹੋ, ਆਪਣਾ ਤਨ ਤੁਹਾਡੀ ਭੇਟ ਚੜ੍ਹਾਈਆ । ਧੁਰ ਦਾ ਨਾਮ ਦੇਵੇ ਢੋਆ ਢੋ, ਸਤਿ ਸਤਿਵਾਦੀ ਝੋਲੀ ਆਪ ਭਰਾਈਆ । ਇਕੋ ਦੱਸੇ ਆਤਮ ਪਰਮਾਤਮ ਕਰਨਾ ਮੋਹ, ਦੂਜੀ ਹੋਰ ਨਾ ਕੋਇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਸਮਝਾਈਆ । ਹਰਿਜਨ ਕਹਿਣ ਪ੍ਰਭ ਤੇਰੀ ਵਡਿਆਈ, ਮਿਹਰ ਨਜ਼ਰ ਇਕ ਉਠਾਈਆ । ਧੰਨ ਭਾਗ ਸਾਡੀ ਕੱਟੀ ਜੁਦਾਈ, ਜੁਜ਼ ਅੱਡ ਕੋਇ ਰਹਿਣ ਨਾ ਪਾਈਆ । ਚਰਨ ਕਵਲ ਉਪਰ ਧਵਲ ਦਿਤੀ ਸਰਨਾਈ, ਸਚਖੰਡ ਜੋਤੀ ਮੇਲ ਮਿਲਾਈਆ । ਤੇਰੇ ਨਾਮ ਵੱਜੇ ਇਕ ਵਧਾਈ, ਵਾਹਦ ਇਕੋ ਰਾਗ ਅਲਾਈਆ । ਤੇਰੇ ਨਾਲ ਹੋਵੇ ਕੁੜਮਾਈ, ਘਰ ਸਾਚੇ ਸਗਨ ਮਨਾਈਆ । ਕਾਇਆ ਮੰਦਰ ਅੰਦਰ ਇਕੋ ਘਰ ਵਸੇ ਧੀ ਜਵਾਈ, ਸੌਹਰੇ ਪੇਈਏ ਇਕੋ ਦਰ ਸੋਭਾ

ਪਾਈਆ । ਨਿਤ ਨਵਿਤ ਪ੍ਰਭ ਤੇਰਾ ਦਰਸਨ ਕਰੀਏ ਚਾਈਂ ਚਾਈਂ, ਚਾਉ ਘਨੇਰਾ ਇਕ ਪਰਗਟਾਈਆ । ਜੇ ਵਿਛੜੇਂ ਤੇ ਨਿਕਲਣ ਹਾਈਂ, ਧੀਰਜ ਧੀਰ ਨਾ ਕੋਇ ਧਰਾਈਆ । ਤੂੰ ਪਿਤਾ ਤੂੰ ਸੱਚੀ ਮਾਈ, ਹਉਂ ਬਾਲਕ ਸਦਾ ਗੋਸਾਈਆ । ਸਦਾ ਸਦਾ ਸਦ ਦੇਵੀਂ ਠੰਡੀਆਂ ਛਾਈਂ, ਸ਼ਹਿਨਸ਼ਾਹ ਮਿਹਰ ਨਜ਼ਰ ਉਠਾਈਆ । ਵੇਲਾ ਰੱਖ ਯਾਦ ਜਿਸ ਵੇਲੇ ਗੋਬਿੰਦ ਬੂਟਾ ਪੁਟਿਆ ਕਾਹੀ, ਨਾਲ ਕਲਮ ਦਿਤੀ ਬਣਾਈਆ । ਧਰਨੀ ਧਰਤ ਰੋ ਕੇ ਦਿਤੀ ਦੁਹਾਈ, ਚਰਨ ਚੁੰਮੇ ਚਾਈਂ ਚਾਈਆ । ਧੰਨ ਭਾਗ ਤੂੰ ਫਿਰਦਾ ਆਇਆ ਮੇਰਾ ਮਾਹੀ, ਮਹਿਬੂਬ ਇਕੋ ਨਜ਼ਰੀ ਆਈਆ । ਕਲਜੁਗ ਮੇਰੀ ਦੁਰਮਤ ਮੈਲ ਧੋਵੇਂ ਛਾਹੀ, ਸ਼ਹਿਨਸ਼ਾਹ ਆਪਣੇ ਨਾਲ ਲਿਆਈਆ । ਮੇਰੀ ਕੱਟ ਗਲ ਵਿਚ ਕੂੜੀ ਫਾਹੀ, ਨਾਮ ਖੰਡਾ ਇਕ ਚਲਾਈਆ । ਗੋਬਿੰਦ ਕਲਮ ਫੜ ਕੇ ਲਿਖਿਆ ਬਿਨ ਸ਼ਾਹੀ, ਧਰਨੀ ਉਤੇ ਇਕੋ ਲੇਖ ਪਾਈਆ । ਤੇਰੀ ਮੇਟਾਂ ਅੰਤ ਜੁਦਾਈ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਤੇਰੇ ਨਾਲ ਤੇਰੇ ਭਗਤਾਂ ਦੇਵਾਂ ਸਾਲਾਹੀ, ਜੋ ਤੇਰੀ ਲਜ ਪਤ ਰੱਖਣ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਾਹ ਇਕ ਜਣਾਈਆ । ਧਰਨੀ ਕਹੇ ਮੇਰਾ ਵਡ ਭਾਗ, ਹਰਿ ਵਡਭਾਗੀ ਪਾਇਆ । ਮੇਰੀ ਕੋਝੀ ਕਮਲੀ ਦੀ ਰੱਖੇ ਲਾਜ, ਸਿਰ ਮਿਹਰ ਹੱਥ ਟਿਕਾਇਆ । ਕਲਜੁਗ ਅੰਤਮ ਸਾਜਣ ਲਵੇ ਸਾਜ, ਸ਼ਾਹ ਪਾਤਸ਼ਾਹ ਬੇਪਰਵਾਹਿਆ । ਜਨ ਭਗਤਾਂ ਦੇ ਅਮੋਲਕ ਦਾਜ, ਨਾਮ ਖ਼ਜ਼ਾਨਾ ਅਤੁਟ ਵਰਤਾਇਆ । ਸ਼ਬਦ ਅਗੰਮੀ ਮਾਰ ਆਵਾਜ਼, ਸੋਏ ਸੁੱਤੇ ਲਏ ਜਗਾਇਆ । ਆਪਣੇ ਮਿਲਣ ਦੀ ਦੱਸੇ ਜਾਚ, ਹਿਰਦੇ ਆਪਣਾ ਨੂਰ ਪਰਗਟਾਇਆ । ਜੋ ਗੁਰਮੁਖ ਗੁਰਸਿਖ ਗੁਰ ਕਾ ਸ਼ਬਦ ਇਕ ਅੱਖਰ ਲਏ ਵਾਚ, ਤਿਸ ਸਾਚਾ ਵਸਲ ਦਏ ਵਖਾਇਆ । ਸਿਖ ਗੁਰੂ ਗੁਰੂ ਸਿਖ ਦੋਹਾਂ ਦਾ ਇਕੋ ਜਾਪ, ਭਗਤ ਭਗਵਾਨ ਮਿਲ ਕੇ ਸੋਹੰ ਰੂਪ ਬਣਾਇਆ । ਹੰ ਕਹੇ ਪ੍ਰਭ ਮੇਰਾ ਬਾਪ, ਸੋ ਕਹੇ ਹੰ ਪੂਤ ਇਕ ਉਪਜਾਇਆ । ਬਿਨਾਂ ਹੰ ਮੇਰਾ ਕੋਈ ਨਾ ਕਰੇ ਜਾਪ, ਨਾਉਂ ਨਿਰੰਕਾਰ ਨਾ ਕੋਇ ਵਡਿਆਇਆ । ਹੰ ਕਹੇ ਬਿਨਾਂ ਬਾਪ ਮੇਰੀ ਕੋਈ ਨਾ ਰੱਖੇ ਪਾਤ, ਲਜਿਆਵਾਨ ਸਿਰ ਹੱਥ ਨਾ ਕੋਇ ਟਿਕਾਇਆ । ਇਕ ਦੂਜੇ ਨੂੰ ਦੋਵੇਂ ਦੇਣ ਸਾਥ, ਇਕੱਲਾ ਕੰਮ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਸਾਚੇ ਹਰਿ, ਸਾਚਾ ਮੰਤਰ ਇਕੋ ਨਾਮ ਪੜ੍ਹਾਇਆ । ਸਚ ਮੰਤਰ ਸੁਣ ਸੰਦੇਸ਼, ਦੋ ਜਹਾਨ ਨੈਣ ਅੱਖ ਰਹੇ ਖੁਲ੍ਹਾਈਆ । ਰਾਹ ਤੱਕਣ ਵਿਸ਼ਨ ਬ੍ਰਹਮ ਮਹੇਸ਼, ਚਾਰੋਂ ਕੁੰਟ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਦੀ ਅਗੰਮੀ ਖੇਡ, ਸਮਝ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਖੋਲ੍ਹ ਨਾ ਦੱਸਿਆ ਭੇਤ, ਹੌਲੀ ਹੌਲੀ ਰਿਹਾ ਸਮਝਾਈਆ । ਕਲਜੁਗ ਅੰਤਮ ਪਰਗਟ ਆਪਣੀ ਧਾਰੋਂ ਅਚਨ ਅਚੇਤ, ਜੰਮਿਆ ਬਿਨਾਂ ਪਿਤਾ ਮਾਈਆ । ਇਕ ਗੋਬਿੰਦ ਕੀਤਾ ਹੇਤ, ਬਾਕੀ ਛੱਡੀ ਸਰਬ ਲੋਕਾਈਆ । ਸੰਬਲ ਵੜ ਕੇ ਰਿਹਾ ਖੇਡ, ਸਾਚੀ ਖੇਲ ਇਕ ਕਰਾਈਆ । ਸਚ ਸੁਨੇਹੜਾ ਰਿਹਾ ਭੇਜ, ਧੁਰ ਸੰਦੇਸਾ ਇਕ ਅਲਾਈਆ । ਜਨ ਭਗਤੋ ਸੰਤੋ ਸੁਤਿਆਂ ਜਾਗਦਿਆਂ ਤੁਹਾਨੂੰ ਲਵਾਂ ਵੇਖ, ਘਟ ਘਟ ਅੰਦਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਾਹ ਆਪਣਾ ਇਕ ਦਰਸਾਈਆ । ਜਨ ਭਗਤ ਤੇਰੀ ਕਰਾਂ ਭਾਲ, ਭਾਲਾਂ ਸਰਬ ਲੋਕਾਈਆ । ਨਿਰਗੁਣ ਹੋ ਕੇ ਬਣ ਦਲਾਲ, ਸਾਚੀ ਸੇਵ ਕਮਾਈਆ । ਜਲਵਾ ਨੂਰੀ ਦੇ ਜਲਾਲ, ਜਾਗਰਤ ਜੋਤ ਕਰਾਂ ਰੁਸ਼ਨਾਈਆ । ਸਾਚਾ ਅਮਲ ਦੱਸ ਕਰਾਵਾਂ ਆਮਾਲ, ਉਲਮਾ ਬਣ

ਕੇ ਕਰਾਂ ਹੱਕ ਪੜ੍ਹਾਈਆ । ਜੁਗ ਚੌਕੜੀ ਪੂਰਾ ਕਰ ਸਵਾਲ, ਫਿਕਰਾ ਇਕੋ ਨਾਮ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਭਗਤਾਂ ਭੇਵ ਚੁਕਾਈਆ । ਹਰਿ ਭਗਤ ਕਹੇ ਮੈਂ ਤੇਰਾ ਮੀਤ, ਪ੍ਰਭ ਤੇਰੀ ਸਰਨ ਰਖਾਈਆ । ਸ੍ਰੀ ਭਗਵਾਨ ਕਹੇ ਮੈਂ ਤੇਰਾ ਗੁਰ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਭਗਤ ਕਹੇ ਮੈਂ ਲੱਭਣ ਨਾ ਜਾਵਾਂ ਮੰਦਰ ਮਸੀਤ, ਸ਼ਿਵਦਵਾਲੇ ਮੱਠ ਨਾ ਫੇਰਾ ਪਾਈਆ । ਸਤਿਗੁਰ ਕਹੇ ਮੈਂ ਤੇਰੇ ਘਰ ਆਵਾਂ ਠੀਕ, ਦੋ ਜਹਾਨਾਂ ਬਣ ਕੇ ਪਾਂਧੀ ਰਾਹੀਆ । ਗੁਰਸਿਖ ਕਹੇ ਮੈਂ ਬਿਨ ਤੇਰੇ ਕਰਾਂ ਨਾ ਕੋਇ ਪ੍ਰੀਤ, ਨਾਤਾ ਤੋੜਾਂ ਸਰਬ ਲੋਕਾਈਆ । ਸ੍ਰੀ ਭਗਵਾਨ ਕਹੇ ਮੈਂ ਤੇਰੀ ਚਿੱਟੇ ਉਤੇ ਪਾਵਾਂ ਇਕ ਲੀਕ, ਜੁਗ ਚੌਕੜੀ ਸਕੇ ਨਾ ਕੋਇ ਮਿਟਾਈਆ । ਭਗਤ ਕਹੇ ਪ੍ਰਭ ਮੈਂ ਵੇਖਾਂ ਤੇਰੀ ਰੀਤ, ਰੀਤੀਵਾਨ ਤੇਰੀ ਓਟ ਤਕਾਈਆ । ਸ੍ਰੀ ਭਗਵਾਨ ਕਹੇ ਜਨ ਭਗਤ ਮੈਂ ਪਹਿਲੋਂ ਤੇਰਾ ਗਾਵਾਂ ਗੀਤ, ਖੁਸ਼ੀਆਂ ਢੋਲਾ ਇਕ ਸੁਣਾਈਆ । ਭਗਤ ਕਹੇ ਪ੍ਰਭ ਤੇਰੇ ਅੱਗੇ ਮੇਰਾ ਸੀਸ, ਤਤ ਤੇਰੀ ਭੇਟ ਚੜ੍ਹਾਈਆ । ਭਗਵਾਨ ਕਹੇ ਮੈਂ ਸਚ ਜਗਦੀਸ, ਨਾਤਾ ਤੇਰੇ ਨਾਲ ਰਖਾਈਆ । ਭਗਤ ਭਗਵਾਨ ਦੋਵੇਂ ਮਿਲ ਕੇ ਬਣਿਆ ਦੂਆ ਦੂਇਉਂ ਸਿਫ਼ਰ ਦੂਆ ਸਿਫ਼ਰਾ ਮਿਲ ਕੇ ਹੋਏ ਬੀਸ, ਬੀਸ ਬੀਸ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਜਨ ਭਗਤ ਦੇਵੇ ਵਡਿਆਈਆ । ਜਨ ਭਗਤ ਕਹੇ ਪ੍ਰਭ ਮੇਰਾ ਵੱਡਾ, ਉਚ ਅਗੰਮ ਅਥਾਹ ਅਖਵਾਇੰਦਾ । ਸ੍ਰੀ ਭਗਵਾਨ ਕਹੇ ਭਗਤ ਮੇਰਾ ਬੱਚਾ ਨੰਢਾ, ਜਿਸ ਬਿਨ ਮੇਰਾ ਲੋਕਮਾਤ ਰਾਹ ਨਾ ਕੋਇ ਚਲਾਇੰਦਾ । ਭਗਤ ਕਹੇ ਮੇਰਾ ਪਿਤਾ ਪੁਰਖ ਅਕਾਲ ਸੱਚਾ, ਸਚ ਕਹਾਣੀ ਇਕ ਸੁਣਾਇੰਦਾ । ਸ੍ਰੀ ਭਗਵਾਨ ਕਹੇ ਮੈਂ ਭਗਤਾਂ ਲੂੰ ਲੂੰ ਅੰਦਰ ਰਚਾ, ਬਿਨ ਭਗਤਾਂ ਮੈਨੂੰ ਅੰਦਰ ਵੜਨ ਜਾਚ ਨਾ ਕੋਇ ਸਿਖਾਇੰਦਾ । ਭਗਤ ਕਹੇ ਪ੍ਰਭ ਮੈਂ ਤੇਰਾ ਬੱਚਾ, ਬਚਪਨ ਤੇਰੀ ਝੋਲੀ ਪਾਇੰਦਾ । ਸ੍ਰੀ ਭਗਵਾਨ ਕਹੇ ਪੁਤ ਹੱਛਾ, ਹੱਛੀ ਤਰਾ ਆਪ ਸਮਝਾਇੰਦਾ । ਦੋਹਾਂ ਦਾ ਮਿਲ ਕੇ ਬਣਿਆ ਸੋਹੰ ਸੱਚਾ, ਸਤਿ ਸਰੂਪ ਰੂਪ ਵਟਾਇੰਦਾ । ਰਸਨਾ ਜਿਹਵਾ ਬੱਤੀ ਦੰਦ ਜਿਸ ਬੋਲਿਆ ਪੁਰਖ ਸਮਰਥਾ, ਸੋ ਸਮਰਥ ਦਇਆ ਕਮਾਇੰਦਾ । ਕੋਟ ਜਨਮ ਦੀ ਲੇਖੇ ਲੱਗੇ ਪੂਜਾ ਪਾਠਾ, ਜੋ ਜਨ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਰਸਨਾ ਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਦੇਵਣਹਾਰ ਸਾਚਾ ਮੀਤ, ਭਗਤ ਭਗਵਾਨ ਦੱਸੇ ਰੀਤ, ਮੇਲ ਮਿਲਾਏ ਬਿਨ ਮੰਦਰ ਮਸੀਤ, ਜਿਉਂ ਕੱਚੇ ਕੋਠੇ ਪ੍ਰਭੂ ਪਰਮਾਤਮਾ ਮਿਲਿਆ ਗੁਰਮੀਤ, ਮਿੱਤਰ ਪਿਆਰਾ ਇਕੋ ਨਜ਼ਰੀ ਆਈਆ ।



੮੮੨
੧੫

✪ ੨੭ ਅੱਸੂ ੨੦੨੦ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹ ਹਰਦੋ ਫਰਾਲਾ ਜ਼ਿਲਾ ਜਲੰਧਰ ✪

ਹਰਿਜਨ ਚੋਲਾ ਪੁਰਖ ਅਕਾਲ ਰੰਗਾ, ਰੰਗ ਅਨਡੀਠ ਚੜ੍ਹਾਈਆ । ਲੱਖ ਚੁਰਾਸੀ ਵਿਚੋਂ ਕਰ ਕੇ ਚੰਗਾ, ਚੰਗੀ ਤਰਾ ਬਣਤ ਬਣਾਈਆ । ਪੰਜ ਤਤ ਬਣਾਇਆ ਸਾਰੰਗ ਸਾਰੰਗਾ, ਘਰ ਨਾਦ ਧੁਨ ਉਪਜਾਈਆ । ਬੋਧ ਅਗਾਧ ਸੁਣਾਏ ਮਰਦੰਗਾ, ਸੁਰ ਤਾਲ ਆਪ ਵਜਾਈਆ । ਆਪਣੇ ਮਿਲਣ ਦਾ ਦੱਸਿਆ ਢੰਗਾ, ਅੰਤਰ ਬੂਝ ਇਕ ਬੁਝਾਈਆ । ਚਰਨ ਲਗਾਇਆ ਭੁੱਖਾ ਨੰਗਾ, ਜੋ ਚਲ ਆਵੇ ਸਰਨਾਈਆ । ਭੇਵ ਚੁਕਾਇਆ

ਹੰ ਬ੍ਰਹਮਾ, ਬ੍ਰਹਮ ਏਕਾ ਵਾਰ ਵਖਾਈਆ । ਹਰਿ ਸਤਿ ਦਿਤਾ ਮੰਮਾਂ, ਰਸ ਇਕੋ ਮੁਖ ਚੁਆਈਆ । ਕਰ ਪਿਆਰ ਮੁਖੜਾ ਚੁੰਮਾਂ, ਮਿਹਰ ਨਜ਼ਰ ਉਠਾਈਆ । ਮਿੱਠਾ ਕੀਤਾ ਕੌੜਾ ਤੁੰਮਾਂ, ਅੰਮ੍ਰਿਤ ਰੂਪ ਪਰਗਟਾਈਆ । ਦੋ ਜਹਾਨ ਸਭ ਨੇ ਸੁਣਾ, ਸ੍ਰੀ ਭਗਵਾਨ ਖੇਲ ਰਚਾਈਆ । ਲੱਖ ਚੁਰਾਸੀ ਜੀਵ ਜੰਤ ਪੁਣਾ, ਵੇਖੇ ਸਰਬ ਲੋਕਾਈਆ । ਜਨ ਭਗਤ ਵਡਿਆਈ ਜਾਣੇ ਗੁਣਾ, ਗੁਣਵੰਤਾ ਬੇਪਰਵਾਹੀਆ । ਵੇਖ ਵਖਾਏ ਵਿਚ ਚੋਲੀ ਜਨਾ, ਨਿਰਗੁਣ ਨਿਰਗੁਣ ਪੜਦਾ ਲਾਹੀਆ । ਨਾਮ ਸੁਣਾਏ ਸਚ ਸਰਵਣ ਕੰਨਾ, ਸੋਹਣੀ ਆਵਾਜ਼ ਲਗਾਈਆ । ਮਨ ਕਾ ਮਣਕਾ ਫੇਰੇ ਮਨਾ, ਮਨ ਵਾਸਨਾ ਡੇਰਾ ਢਾਹੀਆ । ਭਾਗ ਲਗਾਏ ਪੰਜ ਤਤ ਤਨਾ, ਤਨ ਮਾਟੀ ਸੋਭਾ ਪਾਈਆ । ਗੜ੍ਹ ਹੰਕਾਰ ਕੂੜਾ ਭੰਨਾ, ਸਚ ਦੇਵੇ ਵਡਿਆਈਆ । ਵੇਖ ਹੈਰਾਨ ਹੋਵੇ ਧੰਨਾ, ਧਰੂ ਪ੍ਰਹਿਲਾਦ ਧਿਆਨ ਲਗਾਈਆ । ਸ੍ਰੀ ਭਗਵਾਨ ਅਛਲ ਅਛੱਲਾ, ਕੀ ਅਸਚਰਜ ਖੇਲ ਰਚਾਈਆ । ਕਲਜੁਗ ਅੰਤ ਗ਼ਰੀਬ ਨਿਮਾਣਿਆਂ ਦੇਵੇ ਭੱਲਾਂ, ਭਾਲ ਕਰ ਬੇਪਰਵਾਹੀਆ । ਮੇਲ ਮਿਲਾਏ ਕਰ ਕੇ ਆਪਣਾ ਹੱਲਾ, ਬਿਧ ਅਵਰ ਨਾ ਕੋਇ ਸਮਝਾਈਆ । ਭਗਵਾਨ ਕਦੇ ਰਹੇ ਨਾ ਕੱਲਾ, ਭਗਤਾਂ ਸਦਾ ਸੰਗ ਨਿਭਾਈਆ । ਪ੍ਰਭ ਵੈਰਾਗੀ ਬਣ ਕੇ ਫਿਰੇ ਝੱਲਾ, ਝਲਕ ਆਪਣੀ ਇਕ ਦਰਸਾਈਆ । ਸੰਤ ਜਨ ਫੜਾਵੇ ਪੱਲਾ, ਪੱਲੂ ਆਪਣੇ ਗੰਢ ਪਵਾਈਆ । ਖੱਜਲ ਹੋਏ ਵਿਚ ਜਲਾਂ ਥਲਾਂ, ਉਚੇ ਪਰਬਤ ਡੂੰਘੀ ਖਾਈ ਵੇਖਣ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਦੇਵੇ ਮਾਣ ਵਡਿਆਈਆ । ਭਗਵਾਨ ਕਹੇ ਮੇਰਾ ਰੰਗ ਅਨੋਖਾ, ਬਿਨ ਭਗਤਾਂ ਸਮਝ ਕੋਇ ਨਾ ਪਾਇੰਦਾ । ਲੱਖ ਚੁਰਾਸੀ ਵਿਚੋਂ ਦੇਵਾਂ ਮੌਕਾ, ਮਿਹਰਵਾਨ ਹੋ ਮਿਹਰ ਨਜ਼ਰ ਉਠਾਇੰਦਾ । ਨਿਰਮਲ ਪਰਕਾਸ਼ ਕਰ ਜੋਤਾ, ਜੋਤੀ ਨੂਰ ਨੂਰ ਡਗਮਗਾਇੰਦਾ । ਭਾਗ ਲਗਾ ਕਾਇਆ ਚੰਮੜੀ ਪੋਸ਼ਾ, ਹੱਡ ਨਾੜੀ ਲੇਖੇ ਲਾਇੰਦਾ । ਅੰਦਰ ਵੜ ਕੇ ਦੇਵਾਂ ਹੋਕਾ, ਉਚੀ ਕੂਕ ਕੂਕ ਸੁਣਾਇੰਦਾ । ਜਨ ਭਗਤ ਤੇਰੇ ਨਾਲ ਪ੍ਰਭ ਕਦੇ ਨਾ ਕਰੇ ਧੋਖਾ, ਲੱਖ ਚੁਰਾਸੀ ਭਰਮ ਭੁਲਾਇੰਦਾ । ਇਕ ਵਖਾਏ ਆਪਣੀ ਓਟਾ, ਇਸ਼ਟ ਗੁਰਦੇਵ ਇਕੋ ਨਜ਼ਰੀ ਆਇੰਦਾ । ਕਰ ਕਿਰਪਾ ਅੰਤਰ ਰਹਿਣ ਨਾ ਦੇਵੇ ਕੋਈ ਖੋਟਾ, ਕੂੜੀ ਕਿਰਿਆ ਬਾਹਰ ਕਢਾਇੰਦਾ । ਨਾਮ ਨਗਾਰੇ ਲਾਏ ਚੋਟਾ, ਦੋਹਰਾ ਧਾਰ ਵਜਾਇੰਦਾ । ਰੂਪ ਵਖਾਏ ਮਾਣਕ ਮੋਤਾ, ਮੋਤੀ ਹੀਰਾ ਲਾਲ ਜਵਾਹਰ ਪੰਨਾ ਮੁਖ ਸ਼ਰਮਾਇੰਦਾ । ਖੋਲ੍ਹ ਵਖਾਏ ਆਪਣਾ ਗੋਸ਼ਾ, ਕੁੰਟ ਆਪਣਾ ਪੜਦਾ ਲਾਹਿੰਦਾ । ਪ੍ਰੇਮ ਪ੍ਰੀਤੀ ਅੰਦਰ ਹੋ ਮਦਹੋਸ਼ਾ, ਮਧਰ ਧੁਨ ਰਾਗ ਸੁਣਾਇੰਦਾ । ਆਸਾ ਮਨਸਾ ਪੂਰ ਕਰੇ ਲੋਚ ਲੋਚਾ, ਲੋਚਣ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਦਇਆ ਕਮਾ ਚਾੜ੍ਹੇ ਰੰਗ, ਰੰਗ ਰੱਤੜਾ ਰੂਪ ਵਟਾਇੰਦਾ । ਅੰਦਰ ਬਾਹਰ ਵਸੇ ਸੰਗ, ਸਗਲਾ ਸੰਗ ਨਿਭਾਇੰਦਾ । ਜਨਮ ਜਨਮ ਦੀ ਕੱਟ ਭੁੱਖ ਨੰਗ, ਨਾਮ ਵਸਤ ਝੋਲੀ ਪਾਇੰਦਾ । ਮਾਣਸ ਜਨਮ ਨਾ ਹੋਏ ਭੰਗ, ਦਰਗਹਿ ਸਾਚੀ ਲੇਖੇ ਲਾਇੰਦਾ । ਚਰਨ ਪ੍ਰੀਤੀ ਇਕ ਅਨੰਦ, ਅਨੰਦ ਅਨੰਦ ਵਿਚੋਂ ਸਮਝਾਇੰਦਾ । ਗੀਤ ਸੁਹਾਗੀ ਇਕੋ ਛੰਦ, ਸੋਹੰ ਢੋਲਾ ਰਾਗ ਅਲਾਇੰਦਾ । ਭਗਤ ਭਗਵਾਨ ਦੋਵੇਂ ਮਿਲ ਕੇ ਦੋ ਜਹਾਨ ਚਮਕੇ ਇਕੋ ਸੀਤਲ ਚੰਦ, ਜਿਸ ਚੰਦ ਵਿਚ ਅਮਾਵਸ ਰੂਪ ਨਜ਼ਰ ਕਦੇ ਨਾ ਆਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਦਾ ਬਖ਼ਸ਼ੰਦ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ ।

✪ ੨੭ ਅੱਸੂ ੨੦੨੦ ਬਿਕ੍ਰਮੀ ਬੀਬੀ ਚਰਨ ਕੌਰ ਦੇ ਗ੍ਰਿਹਿ ਹਰਦੋ ਫਰਾਲਾ ਜ਼ਿਲਾ ਜਲੰਧਰ ✪

ਭਗਤ ਕਹੇ ਪ੍ਰਭ ਤੇਰਾ ਸਹਾਰਾ, ਸਚ ਤੇਰੀ ਸਰਨਾਈਆ । ਤੁਧ ਬਿਨ ਕਰੇ ਨਾ ਕੋਈ ਪਿਆਰਾ, ਜਗਤ ਨਾਤਾ ਕੂੜ ਨਜ਼ਰੀ ਆਈਆ । ਸਚ ਦਿਸੇ ਨਾ ਕੋਈ ਕਿਨਾਰਾ, ਨਈਆ ਨੌਕਾ ਪਾਰ ਨਾ ਕੋਇ ਲੰਘਾਈਆ । ਜਗਤ ਵਾਸਨਾ ਜਗਤ ਅਖਾੜਾ, ਕੂੜੀ ਕਿਰਿਆ ਨਾਚ ਨਚਾਈਆ । ਘਰ ਘਰ ਚੋਰ ਪੰਚਮ ਧਾੜਾ, ਦਿਵਸ ਰੈਣ ਲੁੱਟਣ ਵਾਹੋ ਦਾਹੀਆ । ਭਰਮ ਭੁਲਾਏ ਪੁਰਖ ਨਾਰਾ, ਨਾਰ ਪੁਰਖ ਸਮਝ ਕੋਇ ਨਾ ਆਈਆ । ਤੇਰਾ ਮੰਗੇ ਨਾ ਕੋਈ ਦਰਸ ਦੀਦਾਰਾ, ਜਗਤ ਪਿਆਰ ਪੁੱਤਰ ਧੀ ਰਖਾਈਆ । ਜਿਸ ਕਿਰਪਾ ਕਰ ਜਨਮ ਦਿਤਾ ਸੰਸਾਰਾ, ਤਿਸ ਸਤਿਗੁਰ ਬੈਠੇ ਸਰਬ ਆਪਣਾ ਮੁਖ ਭਵਾਈਆ । ਜਨ ਭਗਤ ਇਕੋ ਮੰਗੇ ਤੇਰਾ ਦੁਆਰਾ, ਦੂਜੀ ਆਸ ਨਾ ਕੋਇ ਰਖਾਈਆ । ਤੂੰ ਸਾਹਿਬ ਠਾਕਰ ਮੇਲਣਹਾਰਾ, ਮਿਹਰਵਾਨ ਬੇਪਰਵਾਹੀਆ । ਅੰਦਰ ਬਾਹਰ ਸਾਂਝਾ ਯਾਰਾ, ਸਗਲਾ ਸੰਗ ਨਿਭਾਈਆ । ਕਲਜੁਗ ਵੇਖ ਧੂਅੰਧਾਰਾ, ਤੇਰੇ ਚਰਨ ਮੰਗੀ ਸਰਨਾਈਆ । ਹਾਵ ਭਾਵ ਦਾ ਇਕ ਨਜ਼ਾਰਾ, ਹਰਿਮੰਦਰ ਦੇ ਵਖਾਈਆ । ਜਿਸ ਘਰ ਦੀਵਾ ਬਾਤੀ ਜਗੇ ਨਿਆਰਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਅੰਮ੍ਰਿਤ ਮਿਲੇ ਠੰਡਾ ਠਾਰਾ, ਸਾਂਤਕ ਸਤਿ ਕਰਾਈਆ । ਸ਼ਬਦ ਅਗੰਮੀ ਦਏ ਹੁਲਾਰਾ, ਸਚ ਝਕੋਲਾ ਇਕ ਜਣਾਈਆ । ਤੇਰੇ ਚਰਨ ਕਵਲ ਸਦ ਬਲਿਹਾਰਾ, ਬਲਿਹਾਰੀ ਗੁਰ ਗੋਸਾਈਆਂ । ਤੇਰਾ ਮੇਰਾ ਮੇਰਾ ਤੇਰਾ ਇਕੋ ਰੂਪ ਅਪਾਰਾ, ਸਤਿ ਸਰੂਪ ਨਜ਼ਰੀ ਆਈਆ । ਜਿਸ ਵੇਲੇ ਗਾਵਾਂ ਤੇਰਾ ਨਾਅਰਾ, ਅੰਤਰ ਆਤਮ ਧੁਨ ਉਪਜਾਈਆ । ਓਸੇ ਵੇਲੇ ਤੂੰ ਕਹੇਂ ਤੂੰ ਮੇਰਾ ਮੈਂ ਤੇਰਾ ਪਿਆਰਾ, ਸੋਹੰ ਧਾਰ ਇਕ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਤੇਰਾ ਅੰਤ ਨਾ ਪਾਰਾਵਾਰਾ, ਜਿਸ ਅੰਤਸ਼ਕਰਨ ਅੰਤਰਗਤ ਦਿਤਾ ਬਦਲਾਈਆ । ਸੁਣ ਭਗਤ ਇਹ ਤੇਰੀ ਵਡਿਆਈ, ਪ੍ਰਭ ਸੇਵਕ ਰੂਪ ਵਟਾਈਆ । ਜਨਮ ਕਰਮ ਦਾ ਲਹਿਣਾ ਰਿਹਾ ਚੁਕਾਈ, ਵਸਤ ਪਿਛਲੀ ਪਰਾਈ ਝੋਲੀ ਪਾਈਆ । ਤੇਰੇ ਪਿਆਰ ਅੰਦਰ ਝੱਲੀ ਨਾ ਜਾਏ ਜੁਦਾਈ, ਦੂਰ ਦੁਰਾਡਾ ਆਵੇ ਮਾਹੀਆ । ਅੰਦਰ ਵੜ ਕੇ ਵਜਾਏ ਵਧਾਈ, ਵਾਹਦ ਆਪਣਾ ਰਾਗ ਸੁਣਾਈਆ । ਖ਼ੁਸ਼ੀ ਹੋਵੇ ਬੇਪਰਵਾਹੀ, ਪਰਦਾ ਹਰਿਜਨ ਆਪ ਉਠਾਈਆ । ਅੰਦਰ ਵੜ ਕੇ ਪੌੜੇ ਚੜ੍ਹ ਕੇ ਦਰ ਖੜ ਕੇ ਮੁਖ ਵੇਖੇ ਚਾਈਂ ਚਾਈਂ, ਨੂਰ ਨੁਰਾਨਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਭਗਤ ਤੇਰਾ ਮੰਦਰ ਇਕ ਸੁਹਾਈਆ । ਭਗਤ ਕਹੇ ਪ੍ਰਭ ਮੰਦਰ ਤੇਰਾ, ਮੇਰੇ ਵਿਚ ਨਾ ਕੋਇ ਚਤੁਰਾਈਆ । ਮੈਂ ਵੇਖਾਂ ਤੇ ਘੁੱਪ ਅੰਧੇਰਾ, ਤੂੰ ਵੇਖੇਂ ਨੂਰ ਨਜ਼ਰੀ ਆਈਆ । ਤੇਰੀ ਕਿਰਪਾ ਮੇਰਾ ਬੱਝੇ ਬੇੜਾ, ਮੇਰੀ ਆਸਾ ਤੇਰੀ ਸਰਨਾਈਆ । ਧੰਨ ਭਾਗ ਮੇਰਾ ਵਸਾਏਂ ਖੇੜਾ, ਕੱਖਾਂ ਕੁਲੀ ਸੋਭਾ ਪਾਈਆ । ਤੇਰੇ ਅੱਗੇ ਬੇਨੰਤੀ ਨਹੀਂ ਕੋਈ ਝੇੜਾ, ਝਗੜਾ ਨਜ਼ਰ ਕੋਇ ਨਾ ਆਈਆ । ਤੇਰਾ ਪਿਆਰ ਇਕੋ ਮੇਰਾ, ਮੇਰਾ ਪਿਆਰ ਤੇਰੇ ਵਿਚ ਸਮਾਈਆ । ਬੇਪਰਵਾਹ ਸ਼ਹਿਨਸ਼ਾਹ ਤੇਰਾ ਵਡ ਜੇਰਾ, ਜੁਗ ਚੌਕੜੀ ਝੱਲਦਾ ਰਹੇਂ ਜੁਦਾਈਆ । ਕਰ ਕਿਰਪਾ ਜਿਸ ਇਕ ਵਾਰ ਲਿਆਏਂ ਆਪਣੇ ਨੇੜਾ, ਦੂਰ ਦੁਰਾਡਾ ਪੰਧ ਚੁਕਾਈਆ । ਸੋ ਗੁਰਮੁਖ ਕਹੇ ਮੈਂ ਆਇਆ ਵਿਚ ਘੇਰਾ, ਚਾਰ ਕੁੰਟ ਰਾਹ ਨਜ਼ਰ ਕੋਇ ਨਾ ਆਈਆ । ਪਹਿਰੇਦਾਰ ਬਣਿਆ ਮੇਰਾ ਸਿੰਘ ਸ਼ੇਰਾ, ਸ਼ਹਿਨਸ਼ਾਹ ਹੋ ਕੇ ਚਾਕਰ ਰੂਪ ਵਖਾਈਆ । ਜਨਮ ਕਰਮ ਦਾ ਚੁਕਾਵੇ ਫੇਰਾ, ਫੇਰਾ ਕੂੜੀ ਕਿਰਿਆ ਗੁੰਝਲ ਦਏ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ

ਕਰ ਸਾਚੀ ਮਿਹਰਾ, ਮੁਹੱਬਤ ਆਪਣੇ ਨਾਲ ਰਖਾਈਆ । ਸੁਣ ਭਗਤ ਕੀ ਕਰਾਂ, ਕਰਤਾ ਪੁਰਖ ਜਣਾਈਆ । ਤੇਰੇ ਕੋਲੋ ਸਦਾ ਡਰਾਂ, ਡਰ ਕੇ ਤੇਰੀ ਸੇਵ ਇਕ ਕਮਾਈਆ । ਪਹਿਲੋਂ ਆਪਣਾ ਆਪ ਹਰਾਂ, ਹਰਿਜਨ ਦੇਵਾਂ ਫੇਰ ਵਡਿਆਈਆ । ਜਨ ਭਗਤਾਂ ਪਿੱਛੇ ਆਪ ਮਰਾਂ, ਮਰ ਕੇ ਭਗਤਾਂ ਜੀਵਣ ਦਿਆਂ ਬਣਾਈਆ । ਨਿਰਗੁਣ ਹੋ ਕੇ ਅੰਦਰ ਵੜਾਂ, ਸਰਗੁਣ ਮਹੱਲ ਸੋਭਾ ਪਾਈਆ । ਸੂਰਬੀਰ ਹੋ ਕੇ ਉਪਰ ਚੜ੍ਹਾਂ, ਮੰਜ਼ਲ ਮੰਜ਼ਲ ਪੰਧ ਮੁਕਾਈਆ । ਪ੍ਰੇਮ ਪਿਆਰ ਅੰਦਰ ਸਾਚਾ ਢੋਲਾ ਪੜ੍ਹਾਂ, ਗੁਰਮੁਖ ਤੇਰਾ ਜਸ ਸੁਣਾਈਆ । ਜੇ ਰੁਠੇਂ ਅੱਗੋਂ ਹੋ ਕੇ ਫੜਾਂ, ਪਿੱਛਾ ਮੁਖ ਨਾ ਕਦੇ ਭਵਾਈਆ । ਲੇਖ ਚੁਕਾ ਨੌਂ ਦਰਾਂ, ਦਰ ਦਸਵੇਂ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਿਖਿਆ ਇਕ ਸਮਝਾਈਆ । ਭਗਤ ਕਹੇ ਸੁਣ ਭਗਵਾਨ, ਮੈਂ ਸਚ ਸਚ ਜਣਾਈਆ । ਤੂੰ ਪਿਤਾ ਪੁਰਖ ਬਲਵਾਨ, ਕੀ ਤੇਰੀ ਵਡਿਆਈਆ । ਜੇ ਬਾਲਾਂ ਮਿਲੇਂ ਆਣ, ਤੇਰਾ ਅਹਿਸਾਨ ਕੋਇ ਨਜ਼ਰ ਨਾ ਆਈਆ । ਤੇਰਾ ਖੇਲ ਸਦਾ ਮਿਹਰਵਾਨ, ਗ਼ਰੀਬ ਨਿਮਾਣਿਆਂ ਗਲੇ ਲਗਾਈਆ । ਫੜ ਗੋਦੀ ਚੁਕੇਂ ਆਣ, ਕੋਝੇ ਕਮਲੇ ਲਏਂ ਉਠਾਈਆ । ਪ੍ਰੇਮ ਪ੍ਰੀਤੀ ਅੰਦਰ ਆਪਣਾ ਦੇਵੇਂ ਗਿਆਨ, ਸਾਚੀ ਰੀਤੀ ਇਕ ਸਮਝਾਈਆ । ਧਰਮ ਦੁਆਰ ਵਖਾ ਨਿਸ਼ਾਨ, ਸਤਿ ਸਤਿਵਾਦੀ ਇਕ ਝੁਲਾਈਆ । ਜਨ ਭਗਤਾਂ ਨਾਲ ਮਿਲ ਕੇ ਬਣੇਂ ਭਗਵਾਨ, ਭਗਵਾਨ ਭਗਤ ਰੂਪ ਵਟਾਈਆ । ਇਕ ਦੋ ਇਕ ਨਿਸ਼ਾਨ, ਸੋਹੰ ਰੂਪ ਅਨੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲ ਕਰੇ ਸਾਚਾ ਹਰਿ, ਆਪਣੀ ਖੇਲ ਆਪਣੇ ਵਿਚੋਂ ਪਰਗਟਾਈਆ ।



### ੨੭ ਅੱਸੂ ੨੦੨੦ ਬਿਕ੍ਰਮੀ ਮਨਸਾ ਸਿੰਘ ਦੇ ਗ੍ਰਿਹਿ ਹਰਦੋ ਫਰਾਲਾ ਜ਼ਿਲਾ ਜਲੰਧਰ

ਭਗਵਾਨ ਕਹੇ ਮੈਂ ਭਗਤਾਂ ਵਸ, ਆਪਣਾ ਬਲ ਨਾ ਕੋਈ ਰਖਾਈਆ । ਭਗਤ ਕਹੇ ਪ੍ਰਭ ਤੇਰਾ ਰਸ, ਸਾਂਤਕ ਸਤਿ ਸਰੂਪ ਨਜ਼ਰੀ ਆਈਆ । ਨਿਰਗੁਣ ਨਿਰਗੁਣ ਖੇਲ ਕਰੇ ਸਮਰਥ, ਬੇਪਰਵਾਹ ਵੱਡੀ ਵਡਿਆਈਆ । ਧੁਰ ਦਾ ਮਾਰਗ ਇਕੋ ਦੱਸ, ਦਹਿ ਦਿਸ਼ਾ ਦਏ ਸਮਝਾਈਆ । ਵਸਤ ਅਮੋਲਕ ਦੇਵੇ ਹੱਥ, ਪਾਰਬ੍ਰਹਮ ਪ੍ਰਭ ਦਇਆ ਕਮਾਈਆ । ਕਰ ਵਸੇਰਾ ਘਟ ਘਟ, ਨੂਰ ਜੋਤ ਕਰ ਰੁਸ਼ਨਾਈਆ । ਜਨ ਭਗਤਾਂ ਸ਼ਬਦ ਡੋਰੀ ਪਾ ਨੱਥ, ਤੰਦੀ ਡੋਰ ਆਪਣੇ ਹੱਥ ਰਖਾਈਆ । ਨਾਮ ਧੁਨ ਬੋਲ ਅਲੱਖ, ਅਲੱਖ ਨਿਰੰਜਣ ਭੇਵ ਚੁਕਾਈਆ । ਨਿਰਗੁਣ ਨੂਰ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਜਨ ਭਗਤ ਕਹੇ ਮੇਰਾ ਲੇਖੇ ਲੱਗੇ ਸਵਾਸ, ਇਕ ਤੇਰਾ ਨਾਮ ਧਿਆਈਆ । ਜੁਗ ਜਨਮ ਦੀ ਪੂਰੀ ਕਰਨੀ ਆਸ, ਜਗਤ ਤ੍ਰਿਸਨਾ ਮੇਟ ਮਿਟਾਈਆ । ਰਲ ਮਿਲ ਕਰੀਏ ਬਚਨ ਬਲਾਸ, ਆਤਮ ਪਰਮਾਤਮ ਜੋੜ ਜੁੜਾਈਆ । ਕਾਇਆ ਚੋਲਾ ਪਹਿਨ ਲਿਬਾਸ, ਪੰਜ ਤਤ ਬੰਕ ਦੁਆਰ ਸੁਹਾਈਆ । ਜਿਸ ਅੰਦਰ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਰੂਪ ਨਜ਼ਰੀ ਆਈਆ । ਕਿਰਪਾ ਕਰ ਸਰਬ ਗੁਣਤਾਸ, ਗੁਣਵੰਤ ਤੇਰੀ ਸਰਨਾਈਆ । ਸਾਚਾ ਨੂਰ ਕਰ ਪਰਕਾਸ਼, ਆਪ ਆਪਣਾ ਦੇ ਬੁਝਾਈਆ । ਮੇਰੇ ਨਾਲ ਮਿਲ ਆ ਪਾ ਰਾਸ, ਗੋਪੀ ਕਾਹਨ ਰੂਪ ਧਰਾਈਆ । ਸੱਜਣ ਹੋ ਕੇ ਗਾ ਗਾਥ, ਸਾਚਾ ਢੋਲਾ ਰਾਗ ਅਲਾਈਆ । ਨਿਰਗੁਣ ਨਿਰਗੁਣ ਆਵੇ ਇਕ ਆਵਾਜ਼, ਪਾਰਬ੍ਰਹਮ

ਬ੍ਰਹਮ ਆਪਣਾ ਭੇਵ ਚੁਕਾਈਆ । ਕਰ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਆਪਣੀ ਦਇਆ ਕਮਾਈਆ । ਜਨ ਭਗਤ ਰਹੇ ਸਦ ਤੇਰੇ ਪਾਸ, ਜਗਤ ਨਾਤਾ ਨਾ ਕੋਇ ਜਣਾਈਆ । ਸਿਮਰਨ ਜਾਣੇ ਪੂਜਾ ਪਾਠ, ਇਸ਼ਟ ਗੁਰਦੇਵ ਤੂੰ ਹੀ ਇਕ ਨਜ਼ਰੀ ਆਈਆ । ਤੇਰੇ ਨਾਲੋਂ ਵਿਛੜੀ ਮਿਲੇ ਤੇਰੀ ਜ਼ਾਤ, ਅਜ਼ਾਤੀ ਰੂਪ ਨਾ ਕੋਇ ਰਖਾਈਆ । ਤੂੰ ਹੀ ਪਿਤਾ ਤੂੰ ਹੀ ਮਾਤ, ਹਉਂ ਬਾਲਕ ਮਾਂਗੋਂ ਇਕ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿ ਜੂ ਤੇਰੇ ਚਰਨ ਮਿਲੇ ਸਰਨਾਈਆ । ਜਨ ਭਗਤਾਂ ਦੇਵੇ ਸਚ ਭਰਵਾਸ, ਭਰਵਾਸਾ ਇਕੋ ਇਕ ਜਣਾਇੰਦਾ । ਵੇਖ ਵਖਾ ਦੂਰ ਜੰਗਲ ਜੂਹ ਉਜਾੜ ਪਹਾੜ ਵਿਚ ਪਰਭਾਤ, ਡੂੰਘੀ ਕੰਦਰ ਫੋਲ ਫੋਲਾਇੰਦਾ । ਲੇਖੇ ਲਾ ਪਵਣ ਸਵਾਸ, ਰਸਨਾ ਜਿਹਵਾ ਕੀਮਤ ਪਾਇੰਦਾ । ਬਣ ਸਹਾਈ ਅਨਾਥਾਂ ਨਾਥ, ਦੀਨ ਦਿਆਲ ਦੀਨਨ ਆਪਣੇ ਗਲੇ ਲਗਾਇੰਦਾ । ਜੁਗ ਚੌਕੜੀ ਪੁੱਛਣਹਾਰਾ ਵਾਤ, ਕਲਜੁਗ ਅੰਤਮ ਫੇਰਾ ਪਾਇੰਦਾ । ਮੇਟ ਮਿਟਾਏ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਚਮਕਾਇੰਦਾ । ਜਨ ਭਗਤ ਦੁਆਰੇ ਹੋਏ ਦਾਸ, ਬਣ ਸੇਵਕ ਸੇਵ ਕਮਾਇੰਦਾ । ਰਾਤੀਂ ਸੁੱਤਿਆਂ ਜਾਏ ਆਖ, ਬਿਨ ਰਸਨਾ ਜਿਹਵਾ ਕੂਕ ਬੁਲਾਇੰਦਾ । ਗੁਰਮੁਖ ਉਠ ਵੇਖ ਖੋਲ੍ਹ ਤਾਕ, ਬੰਦ ਕਿਵਾੜੀ ਕੁੰਡਾ ਲਾਹਿੰਦਾ । ਸਤਿ ਸਰੂਪ ਨਜ਼ਰੀ ਦਿਸੇ ਸਾਥ, ਨਦਰ ਨਿਹਾਲੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇੰਦਾ । ਭਗਤ ਕਹੇ ਸੁਣ ਮੇਰੇ ਭੂਪ, ਭੂਪਤ ਤੇਰੀ ਵਡਿਆਈਆ । ਨਿਤ ਵੇਖਾਂ ਚਾਰੇ ਕੂਟ, ਦਹਿ ਦਿਸ਼ਾ ਨਜ਼ਰੀ ਆਈਆ । ਤੇਰਾ ਮੇਰਾ ਤਾਣਾਂ ਪੇਟਾ ਸੂਤ, ਸੂਤਰਧਾਰੀ ਤੇਰੀ ਸ਼ਰਨਾਈਆ । ਆਪ ਬਣਾ ਸਚ ਸਪੂਤ, ਕਪੂਤ ਰੂਪ ਨਾ ਕੋਇ ਵਖਾਈਆ ।

੮੮੬ ੧੫

ਮੈਨੂੰ ਤੇਰੇ ਮਿਲਣ ਦੀ ਭੂਖ, ਦੂਜੀ ਤ੍ਰਿਸਨ ਨਾ ਕੋਇ ਰਖਾਈਆ । ਘਰ ਆ ਕੇ ਦੇਵੇਂ ਸੁਖ, ਨਿਰਗੁਣ ਆਪਣਾ ਪੰਧ ਮੁਕਾਈਆ । ਜਰਮ ਕਰਮ ਦਾ ਮੇਟੇਂ ਦੁੱਖ, ਲੱਖ ਚੁਰਾਸੀ ਪੰਧ ਮੁਕਾਈਆ । ਆਪਣੀ ਗੋਦੀ ਲਏਂ ਚੁੱਕ, ਪਿਤਾ ਪੂਤ ਦੇਣੀ ਵਡਿਆਈਆ । ਮੇਰਾ ਉਜਲ ਕਰ ਮੁਖ, ਅੰਮ੍ਰਿਤ ਸੀਰ ਇਕ ਚੁਆਈਆ । ਦਰਸ ਦੇ ਕਿਉਂ ਬੈਠਾ ਲੁਕ, ਪੜਦਾ ਆਪਣਾ ਦੇ ਉਠਾਈਆ । ਮਿਹਰਵਾਨ ਹੋ ਕੇ ਤੁਠ, ਮਿਹਰ ਨਜ਼ਰ ਨੈਣ ਅੱਖ ਖੁਲ੍ਹਾਈਆ । ਅੰਮ੍ਰਿਤ ਜਾਮ ਦੇ ਘੁੱਟ, ਨਿਝਰ ਝਿਰਨਾ ਰਸ ਚੁਆਈਆ । ਹੋਏ ਪਰਕਾਸ਼ ਸਾਚੀ ਜੋਤ, ਅੰਧ ਅੰਧੇਰ ਰਹਿਣ ਨਾ ਪਾਈਆ । ਤੇਰੇ ਨਾਲੋਂ ਵਿਛੜੀ ਤੈਨੂੰ ਮਿਲੇ ਜੋਤ, ਅੰਤ ਪ੍ਰਭ ਤੇਰੇ ਵਿਚ ਸਮਾਈਆ । ਸਦਾ ਵਸੀਏ ਤੇਰੇ ਸਚਖੰਡ ਦੁਆਰੇ ਕੋਟ, ਅਵਣ ਗਵਣ ਫੇਰਾ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਡੀ ਮਨਸਾ ਪੂਰੀ ਕਰ ਲੋਚ, ਲੋਚਣ ਨੇਤਰ ਨੈਣ ਸਦ ਤੇਰਾ ਦਰਸਨ ਪਾਈਆ । ਭਗਤ ਜਨ ਤੇਰਾ ਸਦਾ ਦਰਸ, ਹਰਿ ਦਰਸੀ ਆਪ ਜਣਾਇੰਦਾ । ਕਿਰਪਾਨਿਧਾਨ ਕਰੇ ਤਰਸ, ਠਾਕਰ ਸੁਆਮੀ ਦਇਆ ਕਮਾਇੰਦਾ । ਪਰਵਰਦਿਗਾਰ ਮੇਟੇ ਹਰਸ, ਹਵਸ ਹੋਰ ਨਾ ਕੋਇ ਰਖਾਇੰਦਾ । ਇਕੋ ਰਾਗ ਸੁਣਾਏ ਤਾਲ ਤਰਜ਼, ਨਾਦ ਧੁਨ ਇਕ ਉਪਜਾਇੰਦਾ । ਜਨਮ ਮਰਨ ਦੀ ਮੇਟੇ ਹਰਸ, ਮੁਰਦਾ ਰੂਪ ਨਾ ਕੋਇ ਵਖਾਇੰਦਾ । ਕਰੇ ਖੇਲ ਆਪ ਅਸਚਰਜ, ਅਚਰਜ ਲੀਲਾ ਆਪ ਰਚਾਇੰਦਾ । ਪਰਗਟ ਹੋ ਮਰਦਾਨਾ ਮਰਦ, ਸਚ ਮਰਦਾਨਗੀ ਆਪ ਕਮਾਇੰਦਾ । ਜਨ ਭਗਤਾਂ ਵੰਡੇ ਦਰਦ, ਦਰਦ ਦੁੱਖ ਭੈ ਭੰਜਨ ਆਪਣਾ ਨਾਉਂ ਧਰਾਇੰਦਾ । ਸਭ ਦਾ ਲੇਖਾ ਪੂਰਬ ਵੇਖੇ ਖੋਲ੍ਹ ਫ਼ਰਦ, ਫ਼ਰਦ ਜ਼ੁਰਮ ਸਭ ਦੇ ਉਪਰ ਲਗਾਇੰਦਾ । ਜੋ ਜਨ ਸਚ ਦੁਆਰ ਹਰਿ ਨਿਰੰਕਾਰ

ਅੱਗੇ ਦੋਏ ਜੋੜ ਕਰਨ ਅਰਜ਼, ਤਿਨ੍ਹਾਂ ਆਰਜ਼ੂ ਕਰ ਮਨਜ਼ੂਰ ਝੋਲੀ ਪਾਇੰਦਾ । ਨਿਰਗੁਣ ਸਰਗੁਣ ਮਿਲ ਕੇ ਭਗਤ ਭਗਵਾਨ ਦੋਹਾਂ ਪੂਰਾ ਹੋਵੇ ਫ਼ਰਜ਼, ਦੂਰ ਨੇੜੇ ਫ਼ਾਸਲਾ ਵਿਚ ਕੋਇ ਨਾ ਪਾਇੰਦਾ । ਜਨ ਭਗਤਾਂ ਹੋਣ ਨਾ ਦੇਵੇ ਕਦੀ ਹਰਜ, ਹਰਜਾਨਾ ਆਪਣੇ ਖਾਤੇ ਵਿਚੋਂ ਪੂਰਾ ਕਰਾਇੰਦਾ । ਕਿਸੇ ਕੋਲੋਂ ਲੈਣ ਨਾ ਦੇਵੇ ਕਰਜ਼, ਘਰੋਂ ਭੰਡਾਰਾ ਨਾਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭਗਤ ਭਗਵਾਨ ਜਗਤ ਨਿਸ਼ਾਨ ਦੋ ਜਹਾਨ ਮਿਹਰਵਾਨ ਰੂਪ ਵਖਾਇੰਦਾ ।

## ✪ ੩੦ ਅੱਸੂ ੨੦੨੦ ਬਿਕ੍ਰਮੀ ਲਛਮਣ ਸਿੰਘ (ਲਲੀਆਂ ਵਾਲਾ) ਦੇ ਗ੍ਰਿਹ ਸੁਲਤਾਨ ਵਿੰਡ ਕਿਤੇ ਅੰਮ੍ਰਿਤਸਰ ✪

ਸਤਿਗੁਰ ਦੀਪਕ ਸਦਾ ਪਰਕਾਸ਼, ਆਦਿ ਜੁਗਾਦਿ ਰੁਸ਼ਨਾਈਆ । ਗੁਰਸਿਖ ਪਤੰਗਾ ਸਦਾ ਸਾਥ, ਸਗਲਾ ਸੰਗ ਨਿਭਾਈਆ । ਸ਼ਮਅ ਪਤੰਗਾ ਦੋਵੇਂ ਕਦੇ ਨਾ ਹੋਵਣ ਨਾਸ, ਪ੍ਰੇਮ ਪ੍ਰੀਤੀ ਵਿਚ ਸਮਾਈਆ । ਪ੍ਰੇਮ ਪ੍ਰੀਤੀ ਧੁਰ ਦੀ ਖ਼ਾਸ਼, ਸਤਿਗੁਰ ਹੱਥ ਵਡਿਆਈਆ । ਸਤਿਗੁਰ ਸਰਨ ਗੁਰਸਿਖ ਰਹਿਰਾਸ, ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਦਾ ਸਦਾ ਸਹਾਈਆ । ਸਤਿਗੁਰ ਦੀਪਕ ਨਿਰਮਲ ਜੋਤ, ਨੂਰ ਨੁਰਾਨਾ ਇਕ ਅਖਵਾਇੰਦਾ । ਗੁਰਸਿਖ ਮੇਲਾ ਸਾਚੀ ਗੋਤ, ਵਰਨ ਬਰਨ ਨਾ ਕੋਇ ਰਖਾਇੰਦਾ । ਦੋਹਾਂ ਮਿਲ ਕੇ ਬਣੇ ਕਾਇਆ ਕੋਟ, ਘਰ ਮੰਦਰ ਸੋਭਾ ਪਾਇੰਦਾ । ਪ੍ਰੇਮ ਪਿਆਰ ਦੀ ਵੱਜੇ ਚੋਟ, ਸ਼ਬਦ ਨਗਾਰਾ ਨਾਉਂ ਰਖਾਇੰਦਾ । ਲੇਖਾ ਖੁਲ੍ਹੇ ਲੋਕ ਪਰਲੋਕ, ਭੇਵ ਅਭੇਦ ਜਣਾਇੰਦਾ । ਸਚ ਸੁਣਾ ਅਗੰਮੀ ਸਲੋਕ, ਆਤਮ ਪਰਮਾਤਮ ਬੂਝ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸਤਿਗੁਰ ਦੀਪਕ ਏਕਾ ਏਕ, ਏਕੰਕਾਰ ਆਪ ਪਰਗਟਾਈਆ । ਗੁਰਮੁਖ ਪਤੰਗਾ ਸਦਾ ਟੇਕ, ਆਦਿ ਜੁਗਾਦਿ ਸ਼ਰਨਾਈਆ । ਦੋਹਾਂ ਮਿਲ ਕੇ ਬਣੇ ਲੇਖ, ਜਗਤ ਜੁਗ ਵਡਿਆਈਆ । ਦੋ ਜਹਾਨਾਂ ਵਸੇ ਦੇਸ, ਘਰ ਸਾਚੇ ਖ਼ੁਸ਼ੀ ਮਨਾਈਆ । ਆਤਮ ਪਰਮਾਤਮ ਕਹੇ ਆਦੇਸ਼, ਪਰਮਾਤਮ ਆਤਮ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿਗੁਰ ਕਿਰਪਾ ਸਤਿ ਪ੍ਰਕਾਸ਼, ਬ੍ਰਹਿਮੰਡ ਖੰਡ ਉਜਿਆਰਿਆ । ਗੁਰਮੁਖ ਸੁਹੇਲਾ ਵੇਖੇ ਖੇਲ ਤਮਾਸ਼, ਨਿਰਗੁਣ ਸਰਗੁਣ ਰੰਗ ਰੰਗਾ ਰਿਹਾ । ਦੋਹਾਂ ਮਿਲ ਕੇ ਪਏ ਰਾਸ, ਬਲਾਸ ਭੋਗ ਸੇਜ ਸੁਹੰਜਣੀ ਆਤਮ ਆਪ ਸੁਹਾ ਰਿਹਾ । ਦੋ ਜਹਾਨਾਂ ਹੁਕਮ ਖ਼ਾਸ, ਖ਼ਾਲਸ ਆਪਣਾ ਨਾਮ ਸਮਝਾ ਰਿਹਾ । ਜਗਤ ਵਿਛੋੜਾ ਕਰ ਨਾਸ, ਧੁਰ ਦਾ ਮੇਲਾ ਮੇਲ ਮਿਲਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਨੂਰ ਡਗਮਗਾ ਰਿਹਾ । ਸਤਿਗੁਰ ਦੀਪਕ ਮਿਟਾਏ ਅੰਧ, ਅੰਧੇਰ ਰਹਿਣ ਕੋਇ ਨਾ ਪਾਈਆ । ਗੁਰਮੁਖ ਮਿਲ ਕੇ ਮੁਕੇ ਪੰਧ, ਪਾਂਧੀ ਰੂਪ ਨਾ ਕੋਇ ਵਖਾਈਆ । ਦੋਹਾਂ ਮਿਲ ਕੇ ਬਣੇ ਛੰਦ, ਸੋਹੰ ਰੂਪ ਵਟਾਈਆ । ਖੇਲੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਦੀਪਕ ਜੋਤ ਨੂਰ ਪਤੰਗ, ਸ਼ਬਦ ਸ਼ਮਅ ਬਿਨ ਹਰਖ਼ ਸੋਗ ਗ਼ਮਾ ਆਪਣਾ ਆਪ ਦਏ ਤਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣੇ ਨਾਲ ਰਖਾਈਆ । ਸਤਿਗੁਰ ਦੀਪਕ ਸਦਾ ਨਿਰਾਲਮ, ਨਿਰਾਕਾਰ ਪਰਗਟਾਈਆ । ਗੁਰਮੁਖ


੮੮੭
੧੫

ਖੇਲ ਵੱਖਰਾ ਆਲਮ, ਉਲਮਾ ਭੇਵ ਕੋਇ ਨਾ ਪਾਈਆ । ਦੋਹਾਂ ਮਿਲ ਕੇ ਇਕੋ ਕਾਮਲ, ਜਗਤ ਵਿਹਾਰ ਦਏ ਸਮਝਾਈਆ । ਨਗਰ ਖੇੜਾ ਵਸੇ ਗਰਾਮਨ, ਗ੍ਰਿਹਿ ਮੰਦਰ ਖ਼ੁਸ਼ੀ ਮਨਾਈਆ । ਸਚ ਪ੍ਰੀਤੀ ਪਕੜੇ ਦਾਮਨ, ਜ਼ਾਮਨ ਇਕ ਅਖਵਾਈਆ । ਰੈਣ ਅੰਧੇਰਾ ਮੇਟ ਸ਼ਾਮਨ, ਸਾਚਾ ਚੰਦ ਨੂਰ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੀਪਕ ਇਕ ਪਰਗਟਾਈਆ । ਸਤਿਗੁਰ ਦੀਪਕ ਅਗੰਮੀ ਨੂਰ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਹਰਿਜਨ ਮਿਲ ਮਿਲ ਹੋਏ ਭਰਪੂਰ, ਆਸਾ ਤ੍ਰਿਸਨਾ ਮੇਟ ਮਿਟਾਈਆ । ਦੋਹਾਂ ਮਿਲ ਕੇ ਆਏ ਸਰੂਰ, ਰਸ ਇਕੋ ਇਕ ਵਖਾਈਆ । ਪੈਂਡਾ ਮੁਕੇ ਨੇੜਾ ਦੂਰ, ਘਰ ਸਾਚੇ ਵੱਜੇ ਵਧਾਈਆ । ਜਿਸ ਨੂੰ ਮੂਸਾ ਲੱਭੇ ਉਪਰ ਕੋਹਤੂਰ, ਸੋ ਗ੍ਰਿਹਿ ਮੰਦਰ ਅੰਦਰ ਪੜਦਾ ਦਏ ਉਠਾਈਆ । ਜਿਸ ਦੇ ਪਿੱਛੇ ਈਸਾ ਹੋਇਆ ਮਜਬੂਰ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਜਿਸ ਦਾ ਲੱਭੇ ਮੁਹੰਮਦ ਜ਼ਹੂਰ, ਨੇਤਰ ਲੋਚਣ ਨੈਣ ਅੱਖ ਉਠਾਈਆ । ਜਿਸ ਦੇ ਪਿੱਛੇ ਸੂਲੀ ਚੜ੍ਹਿਆ ਮਨਸੂਰ, ਸ਼ਮਸ ਤਬਰੇਜ਼ ਪੁੱਠੀ ਖੱਲ ਲੁਹਾਈਆ । ਜਿਸ ਦੇ ਪਿੱਛੇ ਗੁਰ ਅਵਤਾਰ ਆ ਆ ਗਏ ਪੂਰ, ਬੇੜੇ ਲੋਕਮਾਤ ਪਾਰ ਉਤਾਰ ਕਰਾਈਆ । ਜਿਸ ਦੇ ਪਿੱਛੇ ਗੁਰ ਗੁਰ ਆਪਣਾ ਪੰਜ ਤਤ ਨਾਤਾ ਤੋੜਦੇ ਰਹੇ ਕੂੜ, ਸਚ ਵਸਤ ਭੇਟ ਕਰਾਈਆ । ਜਿਸ ਦੇ ਪਿੱਛੇ ਬਣਦੇ ਰਹੇ ਮਜ਼ਦੂਰ, ਲੋਕਮਾਤ ਸੇਵ ਕਮਾਈਆ । ਸੋ ਸਾਹਿਬ ਸਤਿਗੁਰ ਇਕ ਇਕੱਲਾ ਹਾਜ਼ਰ ਹਜ਼ੂਰ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਜਨ ਭਗਤਾਂ ਆਸਾ ਕਰੇ ਪੂਰ, ਸੰਸਾ ਰੋਗ ਰਿਹਾ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਵੱਜੇ ਨਾਮ ਵਧਾਈਆ । ਸਤਿਗੁਰ ਦੀਪਕ ਬਿਨ ਬਾਤੀ ਤੇਲ, ਨਿਤ ਨਵਿਤ ਡਗਮਗਾਇੰਦਾ । ਗੁਰਸਿਖ ਵਿਛੜੇ ਲਏ ਮੇਲ, ਮੇਲ ਮਿਲਾਵਾ ਇਕੋ ਘਰ ਜਣਾਇੰਦਾ । ਦੋਹਾਂ ਮਿਲ ਕੇ ਰੰਗ ਬਣੇ ਗੁਰੂ ਚੇਲ, ਚੇਲਾ ਗੁਰੂ ਇਕੋ ਧਾਰ ਸਮਾਇੰਦਾ । ਮਿਹਰਵਾਨ ਸੱਜਣ ਸੁਹੇਲ, ਸਗਲਾ ਸੰਗ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨੂਰ ਇਕ ਪਰਗਟਾਇੰਦਾ । ਸਤਿਗੁਰ ਦੀਪਕ ਅਗੰਮ ਨੂਰ, ਜੁਗ ਚੌਕੜੀ ਆਪ ਰਖਾਇੰਦਾ । ਗੁਰਸਿਖ ਮੇਲਾ ਹੋਏ ਜ਼ਰੂਰ, ਜ਼ਾਹਰ ਜ਼ਹੂਰ ਨਜ਼ਰੀ ਆਇੰਦਾ । ਦੋਹਾਂ ਮਿਲ ਕੇ ਬੇੜਾ ਭਰੇ ਪੂਰ, ਦੋ ਜਹਾਨਾਂ ਇਕੋ ਰੂਪ ਵੇਸ ਵਟਾਇੰਦਾ । ਸਰਬ ਕਲਾ ਪ੍ਰਭ ਭਰਪੂਰ, ਖ਼ਾਲੀ ਭੰਡਾਰੇ ਆਪ ਭਰਾਇੰਦਾ । ਚਤਰ ਸੁਘੜ ਬਣਾ ਮੂਰਖ ਮੂੜ੍ਹ, ਸਾਚੇ ਧੰਦੇ ਆਪੇ ਲਾਇੰਦਾ । ਨਾਤਾ ਤੋੜ ਕੂੜੋ ਕੂੜ, ਕੂੜੀ ਕਿਰਿਆ ਸ਼ੌਹ ਦਰਿਆ ਸੁਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦੀਪ ਇਕ ਵਖਾਇੰਦਾ । ਸਾਚਾ ਦੀਪ ਕਰ ਪਰਕਾਸ਼, ਸਤਿਗੁਰ ਵੱਜੇ ਨਾਮ ਵਧਾਈਆ । ਕਰਮ ਕਾਂਡ ਰੋਗ ਸੋਗ ਚਿੰਤਾ ਦੁੱਖ ਜਾਇਣ ਵਿਨਾਸ, ਲੇਖ ਆਤਮ ਇਕ ਵਡਿਆਈਆ । ਮੰਡਲ ਮੰਡਪ ਗੋਪੀ ਕਾਹਨ ਪਾਏ ਰਾਸ, ਨਟ ਨਟੂਆ ਸਵਾਂਗੀ ਸਵਾਂਗ ਇਕ ਰਚਾਈਆ । ਸ਼ਬਦ ਸੁਰਤ ਆਤਮ ਪਰਮਾਤਮ ਬ੍ਰਹਮ ਪਾਰਬ੍ਰਹਮ ਪੂਰੀ ਕਰੇ ਆਸ, ਜਗਤ ਤ੍ਰਿਸਨਾ ਮੇਟ ਮਿਟਾਈਆ । ਨਿਰਗੁਣ ਸਰਗੁਣ ਵਸੇ ਸਾਥ, ਨਾਮ ਜਣਾਏ ਅਗੰਮੀ ਗਾਥ, ਸ਼ਬਦੀ ਬੋਧ ਅਗਾਧ ਪੜ੍ਹਾਈਆ । ਜਿਉਂ ਭਾਵੇ ਤਿਉਂ ਲਏ ਰਾਖ, ਨੇਤਰ ਖੋਲ੍ਹ ਵਖਾਏ ਆਂਖ, ਅੰਮ੍ਰਿਤ ਦੇਵੇ ਸਾਚਾ ਰਸ, ਨਿਝਰ ਝਿਰਨਾ ਇਕ ਝਿਰਾਈਆ । ਲਹਿਣਾ ਦੇਣਾ ਹੱਥੋ ਹੱਥ, ਸਗਲ ਵਿਸੂਰੇ ਜਾਇਣ ਲੱਥ, ਕਿਰਪਾ ਕਰੇ ਪੁਰਖ ਸਮਰਥ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਪੰਧ ਮੁਕਾਏ ਨੱਠ ਨੱਠ, ਵੇਖ ਵਖਾਏ ਤੀਰਥ ਅਠ ਸਠ,

ਜਗਤ ਵਿਕਾਰਾ ਕਰੇ ਭੱਠ, ਦੋ ਜਹਾਨਾਂ ਵਾਲੀ ਚਾਰੋਂ ਕੁੰਟ ਵੇਖ ਵਖਾਈਆ । ਹਰਿਜਨ ਲੇਖੇ ਲਾਏ ਰਤ, ਆਤਮ ਦੇਵੇ ਬ੍ਰਹਮ ਮਤ, ਸਤਿ ਸੰਤੋਖ ਧੀਰਜ ਜਤ ਘਰ ਇਕੋ ਇਕ ਵਡਿਆਈਆ । ਬਿਨ ਰਸਨਾ ਦੇਵੇ ਰਸ, ਹੰਸ ਮੁਖ ਪਏ ਹੱਸ, ਤੀਰ ਨਿਰਾਲਾ ਮਾਰੇ ਕਸ, ਅਣਿਯਾਲਾ ਆਪ ਚਲਾਈਆ । ਦੋਹਾਂ ਮਿਲ ਕੇ ਬਣੇ ਜਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਮੇਲਾ ਸਹਿਜ ਸੁਭਾਈਆ । ਸਤਿਗੁਰ ਦੀਪਕ ਧੁਰ ਦੀ ਲੋ, ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ । ਸਤਿਗੁਰ ਪ੍ਰੇਮ ਗੁਰਮੁਖ ਜਾਏ ਛੋਹ, ਨਿਰਗੁਣ ਸਰਗੁਣ ਮੇਲਾ ਸਹਿਜ ਸੁਭਾਈਆ । ਦੋਹਾਂ ਮਿਲ ਕੇ ਖੇਲ ਕਰੇ ਸੋਹੰ ਸੋ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਰੰਗ ਵਖਾਈਆ । ਆਪਣੇ ਜਿਹਾ ਆਪੇ ਹੋ, ਆਪੇ ਵੇਖੇ ਚਾਈਂ ਚਾਈਆ । ਆਪਣਾ ਬੀਜ ਆਪੇ ਬੋ, ਪਤ ਡਾਲੀ ਫੁਲ ਫੁਲਵਾੜੀ ਆਪ ਮਹਿਕਾਈਆ । ਆਪੇ ਰਾਖਾ ਬਣ ਕੇ ਜਾਏ ਸੌਂ, ਆਲਸ ਨਿੰਦਰਾ ਗ਼ਫ਼ਲਤ ਰੂਪ ਆਪੇ ਦਏ ਗਵਾਈਆ । ਆਪੇ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਲਏ ਜੋਹ, ਬਲਧਾਰੀ ਆਪ ਆਪਣਾ ਬਲ ਪਰਗਟਾਈਆ । ਆਪੇ ਨਵ ਖੰਡ ਪ੍ਰਿਥਮੀ ਵੇਖੇ ਭੌਂ, ਧਰਨੀ ਧਰਤ ਧਵਲ ਖੋਜ ਖੋਜਾਈਆ । ਆਪੇ ਹਰ ਘਟ ਅੰਦਰ ਆਤਮ ਸੇਜਾ ਜਾਏ ਸੌਂ, ਕਰਵਟ ਸਕੇ ਨਾ ਕੋਇ ਬਦਲਾਈਆ । ਆਪੇ ਜਨ ਭਗਤਾਂ ਜੋਗਾ ਹੋ, ਹੋਕਾ ਆਪਣਾ ਨਾਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੀਪ ਇਕ ਜਗਾਈਆ । ਸਾਚਾ ਦੀਪ ਜਗੇ ਜਗ ਏਕ, ਆਦਿ ਪੁਰਖ ਦਏ ਜਗਾਈਆ । ਆਦਿ ਜੁਗਾਦਿ ਜਿਸ ਦੀ ਟੇਕ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਸਤਿ ਨੂਰ ਨਾ ਲਾਏ ਸੇਕ, ਅਗਨੀ ਤਤ ਨਾ ਕੋਇ ਜਲਾਈਆ । ਸਰਬ ਕਰੇ ਬੁਧ ਬਿਬੇਕ, ਬਿਬੇਕੀ ਰੂਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਆਪਣੇ ਰੰਗ ਰੰਗਾਈਆ । ਗੁਰਸਿਖ ਦੀਪਕ ਵੇਖ ਪ੍ਰਭ, ਆਦਿ ਜੁਗਾਦਿ ਰੁਸ਼ਨਾਇਆ । ਜੁਗ ਚੌਕੜੀ ਜਿਸ ਨੂੰ ਰਹੇ ਲੱਭ, ਦੋ ਜਹਾਨ ਧਿਆਨ ਲਗਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਅੱਗੇ ਕੋਈ ਨਾ ਜਾਣੇ ਹੱਦ, ਹਦੂਦ ਸਮਝ ਸਕੇ ਨਾ ਕੋਈ ਰਾਇਆ । ਸਾਰੇ ਢੋਲੇ ਗਾਉਂਦੇ ਛੰਦ, ਧੁਰ ਦਾ ਰਾਗ ਅਲਾਇਆ । ਦਰ ਦਰਵੇਸ਼ ਮੰਗਾਂ ਰਹੇ ਮੰਗ, ਅਲੱਖ ਨਿਰੰਜਣ ਅੱਗੇ ਅਲਖ ਜਗਾਇਆ । ਸ੍ਰੀ ਭਗਵਾਨ ਚਾੜ੍ਹਨਹਾਰਾ ਰੰਗ, ਰੰਗ ਰੰਗੀਲਾ ਬੇਪਰਵਾਹਿਆ । ਕਲਜੁਗ ਅੰਤ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਆਪ ਵਖਾਇਆ । ਗੁਰਮੁਖਾਂ ਦੇ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇਆ । ਲਹਿਣਾ ਚੁਕਾ ਸੂਰਜ ਚੰਦ, ਚੰਦ ਨੂਰ ਇਕ ਰੁਸ਼ਨਾਇਆ । ਭੇਵ ਖੁਲ੍ਹਾ ਹੰ ਬ੍ਰਹਮ, ਪਾਰਬ੍ਰਹਮ ਗੋਦ ਬਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਸਿਖ ਇਕੋ ਨੂਰ ਚਮਕਾਇਆ । ਇਕੋ ਨੂਰ ਚਮਕੇ ਗੁਰਦੇਵ, ਹਰਿ ਸੁਆਮੀ ਵੱਡੀ ਵਡ ਵਡਿਆਈਆ । ਸਾਹਿਬ ਸਤਿਗੁਰ ਅਲੱਖ ਅਭੇਵ, ਅਨਭਵ ਪਰਕਾਸ਼ ਇਕੋ ਨੂਰ ਕਰੇ ਰੁਸ਼ਨਾਈਆ । ਸੋ ਸਤਿਗੁਰ ਲੇਖੇ ਲਾਏ ਸੇਵ, ਜਿਸ ਦਾ ਲੇਖਾ ਸਕੇ ਨਾ ਕੋਇ ਮਿਟਾਈਆ । ਬੈਠਾ ਰਹੇ ਸਦਾ ਧਾਮ ਨਿਹਕੇਵ, ਨਿਹਚਲ ਆਪਣਾ ਆਸਣ ਇਕ ਸੁਹਾਈਆ । ਦੇਵਣਹਾਰਾ ਅਗੰਮੀ ਮੇਵ, ਫਲ ਇਕੋ ਇਕ ਵਰਤਾਈਆ । ਜਿਸ ਖੇਲ ਕੀਆ ਹੇਮ, ਕੁੰਟ ਆਪਣੀ ਧਾਰ ਬੰਧਾਈਆ । ਸੋ ਚੁਕ ਕੇ ਆਇਆ ਧੁਰ ਦਾ ਨੇਮ, ਗੁਰਮੁਖ ਵਿਛੜੇ ਲਏ ਮਿਲਾਈਆ । ਪਿਛਲਾ ਦੇਵੇ ਦੇਣਾ ਦੇਣ, ਅਗਲਾ ਲੇਖਾ ਆਪਣੀ ਗੋਦੀ ਰਿਹਾ ਵਖਾਈਆ । ਦਰਸ ਦਿਖਾਏ ਨੇਤਰ

ਨੈਣ, ਨੈਣ ਮਤਵਾਲਾ ਇਕੋ ਇਕ ਜਣਾਈਆ । ਆਤਮ ਦਰਸੀ ਰਸਨਾ ਕੁਛ ਨਾ ਸਕੇ ਕਹਿਣ, ਕਹਿਣ ਕਥਨ ਵਿਚ ਸਤਿਗੁਰੂ ਕਦੀ ਨਾ ਆਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੰਤ ਸੁਹੇਲੇ ਸਦਾ ਸੰਗ ਰਹਿਣ, ਆਦਿ ਜੁਗਾਦਿ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਦੀਪ ਕਰੇ ਰੁਸ਼ਨਾਈਆ । ਸਾਚਾ ਦੀਪਕ ਜਾਏ ਜਗ, ਘਰ ਵੱਜੇ ਨਾਮ ਵਧਾਈਆ । ਜਨਮ ਕਰਮ ਦੀ ਬੁਝੇ ਅੱਗ, ਸਾਂਤਕ ਸਤਿ ਰੂਪ ਵਖਾਈਆ । ਹੰਸ ਰੂਪ ਵਟਾਏ ਕੱਗ, ਕਾਗੋਂ ਹੰਸ ਵਟਾਈਆ । ਸੋਹੰ ਸ਼ਬਦ ਅਗੰਮੀ ਛੰਦ, ਗੀਤ ਗੋਬਿੰਦ ਆਪ ਸੁਣਾਈਆ । ਬਿਨ ਆਤਮ ਪਰਮਾਤਮ ਦੂਜਾ ਅਵਰ ਨਾ ਕੋਇ ਅਨੰਦ, ਅਨੰਦ ਇਕੋ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੀਪਕ ਕਰ ਰੁਸ਼ਨਾਈਆ । ਸਤਿਗੁਰ ਦੀਪਕ ਨਾ ਹੋਵੇ ਅਲੋਪ, ਹਵਾ ਪਵਣ ਨਾ ਕੋਇ ਬੁਝਾਈਆ । ਚਿੰਤਾ ਰੋਗ ਨਾ ਹਰਖ਼ ਸੋਗ, ਗ਼ਮ ਵਿਚ ਕਦੇ ਨਾ ਆਈਆ । ਇਕੋ ਦਰਸ ਪੁਰਖ ਅਕਾਲ ਲਿਆ ਲੋਚ, ਲੋਚਣ ਨੈਣ ਧਿਆਨ ਲਗਾਈਆ । ਇਕੋ ਸੋਚੇ ਸਾਚੀ ਸੋਚ, ਕਵਣ ਵੇਲਾ ਪ੍ਰਭ ਮਿਲੇ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਦਇਆ ਕਮਾਈਆ । ਦੀਪਕ ਕਹੇ ਮੈਂ ਤੇਰਾ ਦੀਪ, ਦੀਆ ਬਾਤੀ ਕੰਮ ਕੋਇ ਨਾ ਆਈਆ । ਆਦਿ ਜੁਗਾਦਿ ਤੇਰੀ ਸੀਖ, ਸਿਖਿਆ ਸਾਹਿਬ ਸਤਿਗੁਰ ਮੋਹੇ ਭਾਈਆ । ਤੇਰੇ ਉਤੇ ਮੈਨੂੰ ਪਰਤੀਤ, ਪਰਤੀਨਿਧ ਇਕ ਬਣਾਈਆ । ਤੇਰਾ ਢੋਲਾ ਗਾਵਾਂ ਗੀਤ, ਮੈਂ ਮੇਰਾ ਵਿਚੋਂ ਚੁਕਾਈਆ । ਲੇਖਾ ਚੁਕਿਆ ਮੰਦਰ ਮਸੀਤ, ਗੁਰੂਦੁਆਰ ਮੱਠ ਤੇਰਾ ਘਰ ਨਜ਼ਰੀ ਆਈਆ । ਜਿਸ ਘਰ ਵਸੇਂ ਸਦਾ ਅਤੀਤ, ਤ੍ਰੈਗੁਣ ਬੈਠਾ ਡੇਰਾ ਢਾਹੀਆ । ਤੇਰੇ ਛਤਰ ਝੁੱਲੇ ਸੀਸ, ਜਗਦੀਸ ਤੇਰੀ ਸਰਨਾਈਆ । ਸਾਚਾ ਕਲਮਾ ਇਕ ਹਦੀਸ, ਹਜ਼ਰਤ ਨਾਮ ਸਿਫ਼ਤ ਸਾਲਾਹੀਆ । ਜਿਸ ਦੀ ਕਰਦੇ ਸਾਰੇ ਉਡੀਕ, ਨਿਤ ਨਵਿਤ ਧਿਆਨ ਲਗਾਈਆ । ਸੋ ਕਰਨ ਆਇਆ ਪ੍ਰੀਤ, ਪ੍ਰੀਤਮ ਆਪਣਾ ਵੇਸ ਵਟਾਈਆ । ਕੋਈ ਸਮਝ ਨਾ ਸਕੇ ਨਿੱਕੀ ਜਿਹੀ ਝੀਤ, ਜਿਸ ਵਿਚੋਂ ਆਰ ਪਾਰ ਆਪਣੀ ਧਾਰ ਜਣਾਈਆ । ਜੋ ਕਰਨੀ ਕਰਤਾ ਸੋ ਹੋਵੇ ਠੀਕ, ਦੂਜਾ ਸਕੇ ਨਾ ਕੋਇ ਉਲਟਾਈਆ । ਸਚ ਪਰਕਾਸ਼ ਹੋਏ ਦੀਪ, ਜੋਤੀ ਨੂਰ ਸ਼ਬਦ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਬੇਪਰਵਾਹੀਆ । ਕਵਣ ਦੀਪਕ ਜਗੇ ਜਗ, ਅੰਤ ਅੰਧੇਰਾ ਦਏ ਚੁਕਾਈਆ । ਕਵਣ ਦਰਸ ਦਿਖਾਏ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣਾ ਪੜਦਾ ਲਾਹੀਆ । ਕਵਣ ਕਿਨਾਰਾ ਵੇਖੇ ਪਾਰ ਹੱਦ, ਕਵਣ ਬ੍ਰਹਿਮੰਡ ਖੰਡ ਲੋਕ ਪਰਲੋਕ ਚਰਨਾਂ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸ਼ਬਦ ਗੁਰ ਸੁਆਮੀ, ਜੋਤੀ ਜਾਤਾ ਆਪ ਜਣਾਇੰਦਾ । ਗੁਰ ਕਾ ਨਾਮ ਅਗੰਮੀ ਬਾਣੀ, ਸ਼ਬਦ ਸੰਦੇਸਾ ਰਾਗ ਅਲਾਇੰਦਾ । ਧੁਰ ਦਾ ਰਸ ਅੰਮ੍ਰਿਤ ਠੰਡਾ ਪਾਣੀ, ਨਿਝਰ ਝਿਰਨਾ ਸਰਬ ਝਿਰਾਇੰਦਾ । ਸਤਿ ਸਤਿਵਾਦੀ ਸਤਿ ਕਹਾਣੀ, ਸਤਿ ਪੁਰਖ ਨਿਰੰਜਣ ਆਪਣੇ ਵਿਚ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਹਿਬ ਸਤਿਗੁਰ ਆਪਣੀ ਦਇਆ ਕਮਾਇੰਦਾ । ਸਾਹਿਬ ਸਤਿਗੁਰ ਠਾਂਡਾ ਠਾਰ, ਅਗਨੀ ਤਤ ਨਾ ਕੋਇ ਵਖਾਈਆ । ਸਰਬ ਜੀਆਂ ਕਰੇ ਪਿਆਰ, ਪ੍ਰੀਤਮ ਪ੍ਰੀਤੀ ਇਕ ਸਮਝਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਪਾਵੇ ਸਾਰ, ਸਾਰ

ਪਾਏ ਥਾਉਂ ਥਾਈਆ । ਬੀਸ ਬੀਸਾ ਹੋ ਤਿਆਰ, ਜਗਤ ਜਗਦੀਸ ਵੇਖ ਵਖਾਈਆ । ਹਰਿਜਨ ਸਾਚੇ ਲਏ ਉਭਾਰ, ਪ੍ਰੇਮ ਉਛਾਲਾ ਇਕ ਵਖਾਈਆ । ਗ੍ਰਿਹਿ ਮੰਦਰ ਘਰ ਬੰਕ ਸੋਹੇ ਦੁਆਰ, ਜਿਸ ਮੰਦਰ ਸਾਹਿਬ ਸਤਿਗੁਰ ਦੇਵੇ ਚਰਨ ਛੁਹਾਈਆ । ਸੋ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਉਧਰੇ ਪਾਰ, ਜਿਸ ਪਾਰਬ੍ਰਹਮ ਦਏ ਸਮਝਾਈਆ । ਸਤਿਗੁਰ ਦੀਪਕ ਸਦਾ ਉਜਿਆਰ, ਦਿਵਸ ਰੈਣ ਥਿਤ ਵਾਰ ਘੜੀ ਪਲ ਵੰਡ ਨਾ ਕੋਇ ਵੰਡਾਈਆ । ਗੁਰਮੁਖ ਸਚ ਦੀਪਕ ਵੇਖ ਹੋਇਆ ਨਿਹਾਲ, ਜਿਸ ਦਾ ਨੂਰ ਜ਼ਾਹਰ ਜ਼ਹੂਰ ਨਜ਼ਰੀ ਆਈਆ । ਸ਼ਬਦੀ ਹੋ ਕੇ ਬਣੇ ਦਲਾਲ, ਘਰ ਘਰ ਆਪਣਾ ਫੇਰਾ ਪਾਈਆ । ਕਲਜੁਗ ਅੰਤ ਅਵੱਲੜੀ ਚਾਲ, ਕਰਤਾ ਪੁਰਖ ਆਪ ਰਖਾਈਆ । ਜੋਤ ਸਰੂਪ ਲੱਭਿਆਂ ਕੋਈ ਨਾ ਸਕੇ ਭਾਲ, ਕਿਰਪਾ ਅੰਦਰ ਗੁਰਮੁਖਾਂ ਨਜ਼ਰੀ ਆਈਆ । ਪਿਛਲੀ ਦੇਵੇ ਨਾ ਕੋਈ ਮਿਸਾਲ, ਮਿਸਲ ਆਪਣੀ ਆਪਣੇ ਹੱਥ ਰਖਾਈਆ । ਇਕੋ ਦੀਪਕ ਦਿਤਾ ਬਾਲ, ਚਿਰਾਗ਼ ਚਰਾਗਾਹ ਕਰੇ ਸਰਬ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਚਰਨ ਵਖਾਏ ਸੱਚੀ ਧਰਮਸਾਲ, ਜਿਸ ਦਰ ਮਸਤਕ ਲੱਗੇ ਨਾਮ ਟਿੱਕਾ, ਦੁਰਮਤ ਮੈਲ ਮਿਟੇ ਛਾਹੀਆ ।

## ✪ ੩੦ ਅੱਸੂ ੨੦੨੦ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✪

ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸੋਚ, ਦਰਗਹਿ ਸਾਚੀ ਸਚਖੰਡ ਧਿਆਨ ਲਗਾਈਆ । ਜੁਗ ਚੌਕੜੀ ਖ਼ੁਸ਼ੀਆਂ ਵਿਚ ਮਾਣੀ ਮੌਜ, ਮਾਨੁਸ਼ ਮਾਣਸ ਬੈਠੇ ਸੀਸ ਝੁਕਾਈਆ । ਕਲਜੁਗ ਅੰਤਮ ਬੀਤਦੀ ਦਿਸੇ ਔਧ, ਵੇਲਾ ਵਕਤ ਰਿਹਾ ਵਿਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੀ ਦੱਸਦੇ ਆਏ ਖੋਜ, ਭੇਵ ਕਹਿਣ ਕੋਇ ਨਾ ਪਾਈਆ । ਜਿਸ ਦਾ ਕਲਮਾ ਨਿਮਾਜ਼ ਰੋਜ਼ਾ ਰੱਖਦੇ ਰਹੇ ਰੋਜ਼, ਰਾਜ਼ਕ ਰਹੀਮ ਵੱਡੀ ਵਡਿਆਈਆ । ਨਿਤ ਨਵਿਤ ਜਿਸ ਦਰਸ਼ਨ ਪਾਏ ਲੋਚ, ਲੋਚਣ ਨੈਣ ਅੱਖ ਖੁਲ੍ਹਾਈਆ । ਜਿਸ ਦਾ ਮਸਤ ਪਿਆਲਾ ਪੀ ਹੁੰਦੇ ਰਹੇ ਮਦਹੋਸ਼, ਮੁਫ਼ਤ ਆਪਣਾ ਜਾਮ ਵਖਾਈਆ । ਜਿਸ ਦੀ ਯਾਦ ਅੰਦਰ ਬੈਠੇ ਰਹੇ ਖ਼ਾਮੋਸ਼, ਆਪਣੀ ਦੱਸੀ ਨਾ ਕੋਇ ਚਤੁਰਾਈਆ । ਜਿਸ ਦੇ ਹੁਕਮ ਅੰਦਰ ਗੁਣ ਅਵਗੁਣ ਦੱਸ ਕੇ ਆਏ ਦੋਸ਼, ਨਿਰਦੋਸ਼ ਜੀਵ ਜੰਤ ਜਗਤ ਸਮਝਾਈਆ । ਜਿਸ ਨੂੰ ਕਹਿੰਦੇ ਰਹੇ ਸਾਹਿਬ ਸੁਲਤਾਨ ਰੂਪੋਸ਼, ਪੇਸ਼ੀਨਗੋਈ ਸਮਝ ਕਿਸੇ ਨਾ ਆਈਆ । ਜਿਸ ਦਾ ਖੇਲ ਪੰਜ ਤਤ ਕਾਇਆ ਅੰਦਰ ਵੇਖਦੇ ਰਹੇ ਪੋਸ਼, ਤਨ ਖ਼ਾਕੀ ਮਾਟੀ ਜਗਤ ਹੰਡਾਈਆ । ਜਿਸ ਦਾ ਹੁਕਮ ਵਰਤਦਾ ਰਿਹਾ ਲੋਕ ਪਰਲੋਕ, ਤਬਕ ਸਬਕ ਇਕ ਪੜ੍ਹਾਈਆ । ਜਿਸ ਦਾ ਨਾਮ ਨਿਧਾਨ ਪੜ੍ਹਦੇ ਰਹੇ ਸਲੋਕ, ਨਿਸ਼ਅੱਖਰ ਅੱਖਰ ਰੂਪ ਵਟਾਈਆ । ਜਿਸ ਦੇ ਦੁਆਰਿਉਂ ਮੰਗਦੇ ਰਹੇ ਵਸਤ ਅਮੋਲਕ ਮੁਕਤੀ ਮੋਖ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਤਿਸ ਦੇ ਹੁਕਮੇ ਅੰਦਰ ਸ਼ਾਸਤਰ ਸਿਮਰਤ ਵੇਦ ਪੁਰਾਨ ਲੇਖਾ ਲਿਖ ਲਿਖ ਥੱਕੇ ਰਿਹਾ ਨਾ ਕੋਈ ਜੋਸ਼, ਜੋਸ਼ੀਲਾਪਨ ਨਾ ਕੋਇ ਜਣਾਈਆ । ਜਿਸ ਦੀ ਧਾਰ ਅੰਦਰ ਜਗਤ ਵਿਹਾਰ ਹੁੰਦਾ ਰਹੇ ਬਹੁਤ, ਲੋਕਮਾਤ ਖੇਲ ਕਰਾਈਆ । ਜਿਸ ਦੀ ਨਿਤ ਨਵਿਤ ਰੱਖਦੇ ਰਹੇ ਓਟ, ਅੰਤਰ ਬਾਹਰ ਧਿਆਨ ਲਗਾਈਆ । ਜਿਸ ਦਾ ਨਾਮ ਨਗਾਰਾ ਵੱਜਦੀ ਰਹੀ ਚੋਟ, ਤਨ ਰਬਾਬ ਰੂਪ ਬਣਾਈਆ । ਜਿਸ ਦਾ ਨਾਮ ਸੰਦੇਸਾ ਦੇਂਦੇ ਰਹੇ ਹੋਕ, ਉਚੀ ਕੂਕ ਕੂਕ ਅਲਾਈਆ । ਜਿਸ ਦਾ ਭੰਡਾਰਾ ਇਕ ਥੋਕ, ਬਣ

ਗੁਰ ਅਵਤਾਰ ਪਰਚੂਨ ਹੱਟੀ ਜਗਤ ਚਲਾਈਆ । ਸੋ ਸਾਹਿਬ ਸਚ ਸੁਆਮੀ ਸਭ ਦੇ ਉਤੇ ਲਾਏ ਦੋਸ਼, ਨਿਰਦੋਸ਼ ਇਕੋ ਇਕ ਆਪ ਅਖਵਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਸਭ ਦੀ ਮਾਰੀ ਹੋਸ਼, ਹੁਸ਼ਿਆਰੀ ਕੋਈ ਰਹਿਣ ਨਾ ਪਾਈਆ । ਇਕੋ ਪਰਕਾਸ਼ ਪਾਰਬ੍ਰਹਮ ਪ੍ਰਭ ਨਿਰਮਲ ਜੋਤ, ਜਗਤ ਦੀਵਾਲੀ ਡੇਰਾ ਢਾਹੀਆ । ਰਾਮ ਕਹੇ ਮੇਰਾ ਰਾਮ ਕੋਟ, ਘਰ ਮੰਦਰ ਕਰੇ ਰੁਸ਼ਨਾਈਆ । ਜਿਸ ਰਾਮ ਬਣਾਇਆ ਬਿਨ ਰਾਮ ਸੋਚ, ਸਮਝ ਆਪਣੇ ਵਿਚ ਸਮਾਈਆ । ਸੋ ਪੁਰਖ ਅਕਾਲ ਹੋ ਦਿਆਲ ਕਲਜੁਗ ਅੰਤ ਗੁਰਮੁਖ ਸੰਤ ਵੇਖੇ ਆਪਣੇ ਲੋਚ, ਬਿਨ ਨੈਣਾਂ ਲਹਿਣਾ ਦੇਣ ਦਏ ਚੁਕਾਈਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਰਾਮ ਦੀਵਾਲੀ, ਰਾਮ ਨਜ਼ਰ ਨਾ ਆਈਆ । ਰਾਮ ਕਹੇ ਵੇਖ ਆਪਣੇ ਨੈਣ ਮੇਰੇ ਹੱਥ ਖ਼ਾਲੀ, ਪ੍ਰਭ ਆਪਣੀ ਵਸਤ ਆਪਣੀ ਝੋਲੀ ਪਾਈਆ । ਅਚਰਜ ਖੇਲ ਕਰੀ ਨਿਰਾਲੀ, ਨਿਰੰਕਾਰ ਸਾਕਾਰ ਦਿਤਾ ਭੁਲਾਈਆ । ਬਿਨ ਭਗਤ ਸਚ ਦੀਪਕ ਨਾ ਕੋਇ ਦੀਵਾਲੀ, ਦੀਵਾ ਬੱਤੀ ਤੇਲ ਕੰਮ ਕਿਸੇ ਨਾ ਆਈਆ । ਅੰਤਮ ਸਭ ਦੀ ਹੋਏ ਚਾਲੀ, ਚਲਾਣ ਫ਼ਾਰਮ ਬੀਸ ਬੀਸਾ ਰਿਹਾ ਭਰਾਈਆ । ਪੰਦਰਾਂ ਕੱਤਕ ਚਾਰ ਜੁਗ ਦੇ ਰਾਜੇ ਬਣਨ ਭਿਖਾਰੀ, ਗੁਰ ਅਵਤਾਰ ਪੇਸ਼ਵਾ ਨਜ਼ਰ ਕੋਇ ਨਾ ਆਈਆ । ਸਾਰੇ ਕਹਿਣ ਪ੍ਰਭ ਇਕ ਅਵਤਾਰੀ, ਦੋ ਜਹਾਨ ਜਿਸ ਦੀ ਦੀਵਾਲੀ, ਬਿਨ ਪਰਕਾਸ਼ ਖ਼ਾਲੀ ਰੂਪ ਨਜ਼ਰ ਕੋਇ ਨਾ ਆਈਆ । ਸੋ ਸਤਿਗੁਰ ਸਾਹਿਬ ਸਰਬ ਪ੍ਰਿਤਪਾਲੀ, ਪ੍ਰਿਤਪਾਲਕ ਆਪਣੀ ਧਾਰ ਜਣਾਈਆ । ਇਕੋ ਨੂਰ ਜੋਤ ਜਗਾਏ ਨਿਰਾਲੀ, ਜ਼ਹੂਰ ਆਪਣਾ ਆਪ ਪਰਗਟਾਈਆ । ਹਰਿਜਨ ਹਰਿਭਗਤ ਇਕੋ ਵਾਰ ਬਣ ਸਵਾਲੀ, ਦੋ ਜਹਾਨਾਂ ਭੰਡਾਰ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਨੈਣ ਉਠਾਈਆ । ਰਾਮ ਕਹੇ ਮੇਰਾ ਅਯੁਧਿਆ ਦੀਪ, ਸਤਿਗੁਰ ਹੱਥ ਰੁਸ਼ਨਾਈਆ । ਪਿਛਲੀ ਕਹਾਣੀ ਪਿਛੇ ਗਈ ਬੀਤ, ਅੱਗੇ ਸਮਝ ਕੋਇ ਨਾ ਆਈਆ । ਕਵਣ ਖੇਲ ਕਰੇ ਹਰਿ ਜਗਦੀਸ, ਜਗਦੀਸਰ ਆਪਣਾ ਹੁਕਮ ਵਰਤਾਈਆ । ਮਨ ਮਤ ਬੁਧ ਲੋਕਮਾਤ ਭਰਮ ਭੁਲਾਈ ਬੀਸ ਬੀਸ, ਸਭ ਦੀ ਮੁੱਕੀ ਮਾਣ ਵਡਿਆਈਆ । ਸਾਚੀ ਸਿਖਿਆ ਨਾ ਦੱਸੇ ਹਦੀਸ, ਹੱਦ ਹਦੂਦ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਨੂਰ ਕਰ ਰੁਸ਼ਨਾਈਆ । ਸਾਚਾ ਨੂਰ ਦੀਪ ਪਰਕਾਸ਼, ਪਰਕਾਸ਼ ਹਰ ਘਟ ਨਜ਼ਰੀ ਆਈਆ । ਭਗਤ ਭਗਵਾਨ ਵੰਡੇ ਰਾਸ, ਵਸਤ ਅਮੋਲਕ ਝੋਲੀ ਪਾਈਆ । ਸਚ ਰਾਮ ਜਿਸ ਵਸੇ ਪਾਸ, ਸੋ ਰਾਮ ਰਾਮ ਲੱਭਣ ਕਦੇ ਨਾ ਜਾਈਆ । ਕਰ ਕਿਰਪਾ ਜਿਸ ਪੂਰੀ ਕਰੇ ਆਸ, ਸੋ ਨਿਰਾਸਾ ਰੂਪ ਨਾ ਕੋਇ ਵਖਾਈਆ । ਸਤਿਗੁਰ ਦੀਪ ਸਦਾ ਪਰਕਾਸ਼, ਅੰਧ ਅੰਧੇਰ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਨਾਮ ਦੀਵਾਲੀ ਵਖਾਏ ਆਪ, ਤਿਸ ਦੀਵਾਨੇ ਜਗਤ ਦੀਵਾਲੀ ਮੂਲ ਨਾ ਭਾਈਆ । ਰਾਮ ਕਹੇ ਮੈਂ ਵੇਖੇ ਦੀਵਾਨੇ, ਦੀਵਾ ਬੱਤੀ ਜਿਨ੍ਹਾਂ ਗੁਲ ਕਰਾਇਆ । ਇਕ ਨਾਮ ਮਸਤ ਮਸਤਾਨੇ, ਘਰ ਆਪਣੇ ਰੰਗ ਰੰਗਾਇਆ । ਮੰਗਣ ਮੰਗ ਦਰ ਭਗਵਾਨੇ, ਦੋਏ ਜੋੜ ਵਾਸਤਾ ਪਾਇਆ । ਸ਼ਾਹ ਪਾਤਸ਼ਾਹ ਵਾਲੀ ਦੋ ਜਹਾਨੇ, ਦਰ ਤੇਰਾ ਇਕੋ ਨਜ਼ਰੀ ਆਇਆ । ਨਾਤਾ ਛੁਟੇ ਜਗਤ ਯਾਰਾਨੇ, ਸਾਕ ਸੱਜਣ ਸੰਗ ਨਾ ਕੋਇ ਨਿਭਾਇਆ । ਰਾਗ ਤੇਰਾ ਨਾਮ ਤਰਾਨੇ, ਤੁਰੀਆ ਮੁਖ ਸ਼ਰਮਾਇਆ । ਨੈਣ ਸ਼ਰਮਾਇਣ ਰਵ ਸਸ ਭਾਨੇ, ਸੂਰੀਆ ਚੰਦ ਮੁਖ ਭਵਾਇਆ । ਕਰ ਕਿਰਪਾ ਜਿਸ ਦਿਤਾ ਦਾਨੇ, ਦਾਤਾ ਦੇਵ ਆਪ ਵਰਤਾਇਆ । ਸੋ ਤੇਰਾ ਖੇਲ ਵੇਖੇ ਭਾਨੇ, ਮਹਿਮਾ ਅਕੱਥ

ਕਥ ਦ੍ਰਿੜਾਇਆ । ਤੇਰਾ ਨੂਰ ਇਕ ਪਹਿਚਾਨੇ, ਬੇਪਹਿਚਾਨ ਨਜ਼ਰੀ ਆਇਆ । ਜਨ ਭਗਤਾਂ ਹੋ ਮਿਹਰਵਾਨੇ, ਮਿਹਰ ਨਜ਼ਰ ਟਿਕਾਇਆ । ਘਰ ਮੇਲਾ ਸ਼ਾਹ ਸੁਲਤਾਨੇ, ਸ਼ਹਿਨਸ਼ਾਹ ਇਕੋ ਵੇਖ ਵਖਾਈਆ । ਤਿਸ ਗ੍ਰਿਹਿ ਹਰਿ ਦੀਪ ਜਗੇ ਮਹਾਨੇ, ਜੋਤੀ ਜੋਤ ਜੋਤ ਨੂਰ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਤਿਨ੍ਹਾਂ ਦੀਵਾਲੀ ਬਿਨ ਦੀਪਕ ਦੀਆ ਕਾਇਆ ਮਾਟੀ ਡਗਮਗਾਇਆ । ਜਨਮ ਕਰਮ ਬੇਨੰਤੀ ਮਨਜ਼ੂਰ, ਪੂਰਬ ਲੇਖਾ ਲੇਖੇ ਪਾਈਆ । ਅੱਗੇ ਬਖ਼ਸ਼ੇ ਧੁਰ ਦਾ ਨੂਰ, ਘਰ ਸਰੂਰ ਖ਼ੁਸ਼ੀ ਵਖਾਈਆ । ਘਾਟਾ ਕਰ ਕੇ ਆਪ ਪੂਰ, ਪੂਰੀ ਇਛਿਆ ਪੂਰ ਵਖਾਈਆ । ਸਾਚੀ ਭਿਛਿਆ ਦਏ ਜ਼ਰੂਰ, ਜੋ ਇਛਿਆ ਇਛਿਆ ਵਿਚੋਂ ਪਰਗਟਾਈਆ । ਸਾਚਾ ਲੇਖ ਧੁਰ ਦਾ ਲਿਖਿਆ ਹਜ਼ੂਰ, ਧੁਰ ਦੀ ਧਾਰ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸੁਹੰਜਣੀ ਖ਼ੁਸ਼ੀ ਮਨਾਈਆ ।



## ✪ ਪਹਿਲੀ ਕੱਤਕ ੨੦੨੦ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✪

ਸਤਿਗੁਰ ਖੇਲ ਸੂਰੇ ਸਰਬੰਗ ਦਾ, ਸ਼ਾਹਸਵਾਰ ਸ਼ਹਿਨਸ਼ਾਹ ਵੱਡੀ ਵਡਿਆਈਆ । ਆਰ ਪਾਰ ਦੋ ਜਹਾਨ ਜੋ ਸਤਿਗੁਰ ਲੰਘਦਾ, ਬ੍ਰਹਿਮੰਡ ਖੰਡ ਆਪਣੀ ਧਾਰ ਚਲਾਈਆ । ਸੋ ਮਿਹਰਵਾਨ ਧਰਤੀ ਉਤੇ ਆ ਕੇ ਕਦੇ ਨਾ ਸੰਗਦਾ, ਦੂਰ ਨੇੜੇ ਮੁਰੀਦ ਮੁਰਸ਼ਦ ਵੇਖੇ ਥਾਉਂ ਥਾਈਆ । ਕਾਇਆ ਚੋਲੀ ਕੋਟਨ ਜੋਜਨ ਦੂਰ ਰੰਗਦਾ, ਨਿਜ ਨੇਤਰ ਨੇਰਨ ਨੇਰ ਨਜ਼ਰੀ ਆਈਆ । ਜੋ ਮਾਲਕ ਆਤਮ ਸੇਜ ਪਲੰਘ ਦਾ, ਅੱਠੇ ਪਹਿਰ ਘਰ ਬੈਠਾ ਡੇਰਾ ਲਾਈਆ । ਉਹ ਸਤਿਗੁਰ ਬਿਆਸ ਰਾਵੀ ਝਨਾਬ ਪੈਰਾਂ ਨਾਲ ਕਦੇ ਨਾ ਲੰਘਦਾ, ਸਤਿ ਸਰੂਪ ਰੂਪ ਅਨੂਪ ਵਖਾਈਆ । ਇਹੋ ਖੇਲ ਸੱਚੇ ਅਨੰਦ ਦਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਸ ਦਾ ਲੇਖ ਬਿਆਨ ਕੋਈ ਬੰਦ ਨਾ ਬਣਾਵੇ ਛੰਦ ਦਾ, ਮੁਸ਼ੰਦਗੀ ਅਵਰ ਨਾ ਕੋਇ ਰਖਾਈਆ । ਜੁਗ ਜਨਮ ਕਰਮ ਮਿਹਰਵਾਨ ਮਿਹਰ ਨਿਗਾਹ ਨਾਲ ਗੰਢਦਾ, ਹੱਥੀਂ ਗੰਢ ਨਾ ਕੋਇ ਵਖਾਈਆ । ਖੇਲ ਵਖਾ ਸੁਹਾਗੀ ਰੰਡ ਦਾ, ਘਰ ਖ਼ੁਸ਼ੀ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਗੋਬਿੰਦ ਲੰਘਿਆ ਦੋ ਜਹਾਨ, ਅਧਵਿਚਕਾਰ ਸਕੇ ਨਾ ਕੋਇ ਅਟਕਾਈਆ । ਚਾਰ ਕੁੰਟ ਦਹਿ ਦਿਸ਼ਾ ਜੋ ਅੰਤਰ ਆਤਮ ਕਰੇ ਧਿਆਨ, ਤਿਸ ਮਿਲੇ ਸਹਿਜ ਸੁਭਾਈਆ । ਸ਼ਾਹਸਵਾਰਾ ਨੌਜਵਾਨ, ਜਗਤ ਵੇਸ ਪੰਜ ਤਤ ਵਖਾਈਆ । ਅੰਤਰ ਸਤਿ ਸਰੂਪ ਮਿਹਰਵਾਨ, ਸ਼ਬਦ ਰੂਪ ਵਟਾਈਆ । ਦੀਵਾ ਬਾਤੀ ਘਰ ਘਰ ਵੇਖੇ ਜੋਤ ਜਗਾ ਮਹਾਨ, ਨੂਰ ਜ਼ਹੂਰ ਕਰ ਰੁਸ਼ਨਾਈਆ । ਬੇਐਬ ਖ਼ੁਦਾਈ ਬਣ ਕੇ ਪਰਵਰਦਿਗਾਰ ਸਾਂਝਾ ਯਾਰ, ਦੂਰ ਨੇੜੇ ਸਾਰੇ ਰਿਹਾ ਤਰਾਈਆ । ਜਗਤ ਬਿਆਸ ਨਾ ਕੋਈ ਵਿਚਾਰ, ਜਗਤ ਸਤਲੁਜ ਨਾ ਕੋਈ ਪਿਆਰ, ਜਗਤ ਰਾਵੀ ਨਾ ਕੋਇ ਆਧਾਰ, ਸਭ ਦੀ ਭਾਵੀ ਆਪਣੇ ਹੱਥ ਰਖਾਈਆ । ਜਿਸ ਦਾ ਲੇਖ ਇਕੋ ਵਾਰ ਹੋਏ ਮੁਸਾਵੀ, ਮੁਸਲਸਲ ਰੂਪ ਨਾ ਕੋਇ ਵਟਾਈਆ । ਸਤਿਗੁਰ ਨਾ ਲਵੇ ਤੇ ਨਾ ਦੇਵੇ ਤਕਾਵੀ, ਤਕਵਾ ਇਕੋ ਇਕ ਜਣਾਈਆ । ਜਿਸ ਦਾ ਲੇਖ ਨਾ ਕੋਈ ਲਿਖੇ ਕਾਵੀ, ਬੇਅਥਾਹ ਸਿਫ਼ਤ ਸਾਲਾਹ ਬਾਹਰਾ ਰੂਪ ਵਟਾਈਆ ।

ਸੋ ਸਤਿਗੁਰ ਦੂਰ ਦੁਰਾਡਾ ਘਰ ਵਿਚ ਘਰ ਮਿਲੇ ਜਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਅੰਦਰੇ ਅੰਦਰ ਆਪਣਾ ਲੇਖਾ ਦਏ ਲਿਖਾ, ਲੇਖਾ ਲਿਖੇ ਬਿਨ ਕਲਮ ਸ਼ਾਹੀਆ । ਸੋ ਸਤਿਗੁਰ ਪਾਰ ਕਿਨਾਰੇ ਸਾਰੇ ਰਿਹਾ ਕਰਾ, ਤਟ ਆਪਣਾ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੋਬਿੰਦ ਗੁਰ ਗੁਰਸਿਖ ਗੋਬਿੰਦ ਗੋਬਿੰਦ ਗੁਰਸਿਖ ਰੂਪ ਵਟਾਈਆ ।

ਹੁਕਮਰਾਨ ਸਚ ਹੁਕਮ ਕਰਦਾ, ਹਰਿ ਕਰਤਾ ਵਡ ਵਡਿਆਈਆ । ਹੁਕਮੇ ਅੰਦਰ ਨੂਰੀ ਜੋਤ ਧਰਦਾ, ਜੋਤੀ ਜਾਤਾ ਬੇਪਰਵਾਹੀਆ । ਹੁਕਮੇ ਅੰਦਰ ਸ਼ਹਿਨਸ਼ਾਹ ਬਣਦਾ, ਸ਼ਾਹ ਪਾਤਸ਼ਾਹ ਆਪ ਅਖਵਾਈਆ । ਹੁਕਮੇ ਅੰਦਰ ਤਖ਼ਤ ਚੜ੍ਹਦਾ, ਸਚ ਸਿੰਘਾਸਣ ਸੋਭਾ ਪਾਈਆ । ਹੁਕਮੇ ਅੰਦਰ ਸੀਸ ਜਗਦੀਸ ਤਾਜ ਧਰਦਾ, ਤਖ਼ਤ ਨਿਵਾਸੀ ਇਕ ਹੋ ਜਾਈਆ । ਹੁਕਮੇ ਅੰਦਰ ਆਦਿ ਜੁਗਾਦਿ ਖੇਲ ਕਰਦਾ, ਜੁਗ ਚੌਕੜੀ ਵੇਖ ਵਖਾਈਆ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਘੱਲਦਾ, ਵਿਸ਼ਨ ਬ੍ਰਹਮਾ ਸ਼ਿਵ ਸਮਝਾਈਆ । ਹੁਕਮੇ ਅੰਦਰ ਲੱਖ ਚੁਰਾਸੀ ਘਾੜਨ ਘੜਦਾ, ਤ੍ਰੈ ਪੰਜ ਮੇਲਾ ਸਹਿਜ ਸੁਭਾਈਆ । ਹੁਕਮੇ ਅੰਦਰ ਲੋਕ ਪਰਲੋਕ ਬ੍ਰਹਿਮੰਡ ਖੰਡ ਰਚਦਾ, ਰਚਨਾ ਆਪਣੀ ਆਪ ਰਚਾਈਆ । ਹੁਕਮੇ ਅੰਦਰ ਘਟ ਘਟ ਨਿਰਗੁਣ ਨੂਰ ਧਰਦਾ, ਜਲਵਾਗਰ ਵੱਡੀ ਵਡਿਆਈਆ । ਹੁਕਮੇ ਅੰਦਰ ਜੁਗ ਜੁਗ ਵੇਸ ਕਰੇ ਨਰ ਹਰਿ ਦਾ, ਹਰਿ ਕਰਤਾ ਭੇਵ ਕੋਇ ਨਾ ਪਾਈਆ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਬਣਾਏ ਬਰਦਾ, ਦਰ ਠਾਂਡਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮਰਾਨ ਇਕੋ ਨਜ਼ਰੀ ਆਈਆ । ਹੁਕਮਰਾਨ ਦਾ ਸੁਣ ਕੇ ਹੁਕਮ, ਚਾਰ ਜੁਗ ਦੇ ਹਾਕਮ ਭੈ ਰਖਾਈਆ । ਜਿਸ ਦੀ ਨਿਰਗੁਣ ਧਾਰੋਂ ਬਣ ਕੇ ਆਏ ਤੁਖ਼ਮ, ਸੋ ਆਪਣੀ ਤਾਸੀਰ ਵੇਖੇ ਬੇਪਰਵਾਹੀਆ । ਚੋਲਾ ਹੰਢਾਉਂਦੇ ਰਹੇ ਪੰਜ ਤਤ ਭੂਤਨ, ਸਰਗੁਣ ਰੂਪ ਅਨੂਪ ਵਟਾਈਆ । ਫਿਰਦੇ ਰਹੇ ਚਾਰ ਕੁੰਟ ਦਹਿ ਦਿਸ਼ ਬਹੁਰੂਪਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਹੁਕਮ ਇਕ ਵਰਤਾਈਆ । ਹੁਕਮੇ ਅੰਦਰ ਆਏ ਦਰ, ਘਰ ਬੈਠੇ ਸੀਸ ਝੁਕਾਈਆ । ਹੁਕਮੇ ਅੰਦਰ ਲਏ ਫੜ, ਹੁਕਮ ਇਕੋ ਇਕ ਰਖਾਈਆ । ਹੁਕਮੇ ਅੰਦਰ ਗਏ ਮਰ, ਹੁਕਮੇ ਅੰਦਰ ਜੀਵਤ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਹੁਕਮੇ ਅੰਦਰ ਆਏ ਦਰਵੇਸ਼, ਦਰ ਬੈਠੇ ਅਲੱਖ ਜਗਾਈਆ । ਹੁਕਮੇ ਅੰਦਰ ਹੋਏ ਪੇਸ਼, ਅਦਾਲਤ ਸਾਚੀ ਫੇਰਾ ਪਾਈਆ । ਹੁਕਮੇ ਅੰਦਰ ਵੇਖਿਆ ਇਕ ਨਰੇਸ਼, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਹੁਕਮੇ ਅੰਦਰ ਆਵੇ ਡਰ, ਭੈ ਇਕੋ ਨਜ਼ਰੀ ਆਈਆ । ਹੁਕਮੇ ਅੰਦਰ ਗੁਰ ਅਵਤਾਰ ਪੀਰ ਪੈਗ਼ੰਬਰ ਸਲਾਹਵਾਂ ਰਹੇ ਕਰ, ਇਕ ਦੂਜੇ ਵਲ ਧਿਆਨ ਲਗਾਈਆ । ਧੁਰ ਦਾ ਡਾਕੂ ਚੋਰ ਵੜਿਆ ਸਾਡੇ ਘਰ, ਜਿਸ ਦਾ ਖੁਰਾ ਖੋਜ ਸਮਝ ਸਕੇ ਨਾ ਕੋਈ ਰਾਈਆ । ਸੁੱਤਿਆਂ ਜਾਗਦਿਆਂ ਸਾਰੇ ਲਏ ਫੜ, ਬਚਿਆ ਕੋਇ ਰਹਿਣ ਨਾ ਪਾਈਆ । ਚਾਰੋਂ ਕੁੰਟ ਵੇਖੇ ਕਿਧਰ ਜਾਈਏ ਚੜ੍ਹ, ਉਪਰ ਥੱਲੇ ਇਕੋ ਨਜ਼ਰੀ ਆਈਆ । ਆਪਣੀ ਕਰਨੀ ਕਰਤਬ ਸਾਰੇ ਗਏ ਹਰ, ਹਰਿ ਕਾ ਭੇਵ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਰਿਹਾ ਰਚਾਈਆ ।


੮੯੪
੧੫

ਭੇਤੀ ਹੋ ਕੇ ਆਇਆ ਨੇੜੇ, ਦੂਰ ਦੁਰਾਡਾ ਪੰਧ ਮੁਕਾਈਆ । ਵਸਣਹਾਰਾ ਸਾਚੇ ਖੇੜੇ, ਕੁੰਡੀ ਖਿੜਕੀ ਸਭ ਦੀ ਰਿਹਾ ਖੁਲ੍ਹਾਈਆ । ਵੇਖਣ ਆਇਆ ਚਾਰ ਜੁਗ ਦੇ ਦੂਨੀ ਝੇੜੇ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਦੀਨ ਮਜ਼੍ਹਬ ਕਿਹੜੇ ਕਿਹੜੇ, ਕਲਮਾ ਕਲਾਮ ਸ਼ਬਦ ਨਾਮ ਕਵਣ ਜਣਾਈਆ । ਕਵਣ ਬੰਨ੍ਹ ਬੰਨ੍ਹ ਬੈਠੇ ਬੇੜੇ, ਤੁਲਾ ਚੱਪੂ ਕਵਣ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਵਲ ਰਹੇ ਤੱਕ, ਨੀਵੀਂ ਨਜ਼ਰ ਧਿਆਨ ਲਗਾਈਆ । ਸਾਡਾ ਨਿਬੇੜਾ ਕਰਨਾ ਏਸ ਨੇ ਹੱਕ, ਹਕੀਕਤ ਜਿਸ ਦੀ ਢੋਲਾ ਗਾਈਆ । ਚਾਰ ਜੁਗ ਦੀ ਕਰਨੀ ਕੋਲੋਂ ਕਰਤਾ ਪੁਰਖ ਗਿਆ ਅੱਕ, ਅਕਲ ਕਲਧਾਰੀ ਆਪਣੀ ਖੇਲ ਵਰਤਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਜੋ ਆਏ ਦੱਸ, ਦਹਿ ਦਿਸ਼ਾ ਹੁਕਮ ਵਰਤਾਈਆ । ਸੋ ਕਲਜੁਗ ਅੰਤ ਪੱਲੂ ਛੁਡਾ ਸਭ ਤੋਂ ਗਈ ਨੱਸ, ਲੱਭਿਆਂ ਹੱਥ ਕਿਸੇ ਨਾ ਆਈਆ । ਕਲਜੁਗ ਜੀਵ ਸਾਧ ਸੰਤ ਜਗਤ ਕੁਕਰਮ ਵਿਚ ਗਏ ਫਸ, ਫ਼ੈਸਲਾ ਹੱਕ ਨਾ ਕੋਇ ਕਰਾਈਆ । ਮਾਇਆ ਮਮਤਾ ਹਉਮੇਂ ਹੰਗਤਾ ਕੂੜੀ ਕਿਰਿਆ ਪਾਈ ਨੱਥ, ਚਾਰੋਂ ਕੁੰਟ ਰਹੀ ਭਵਾਈਆ । ਸਚ ਸਰਨਾਈ ਬੇਪਰਵਾਹੀ ਹਰਿ ਰਘਰਾਈ ਪੁਰਖ ਅਕਾਲ ਦੀਨ ਦਿਆਲ ਕੋਈ ਨਾ ਜਾਏ ਢੱਠ, ਮਸਤਕ ਟਿੱਕਾ ਧੂੜੀ ਖ਼ਾਕ ਨਾ ਕੋਇ ਰਮਾਈਆ । ਜਗਤ ਵਿਚਾਰ ਕੂੜ ਵਿਹਾਰ ਹੋ ਕੇ ਬੈਠੇ ਅੱਡ, ਸਾਂਝਾ ਰੂਪ ਨਜ਼ਰ ਕੋਇ ਨਾ ਆਈਆ । ਬਣ ਦੁਹਾਗਣ ਕੰਤ ਸੁਹਾਗੀ ਬੈਠੇ ਛੱਡ, ਸੇਜ ਸੁਹੰਜਣੀ ਸੋਭਾ ਕੋਈ ਨਾ ਪਾਈਆ । ਅੰਤਮ ਸਭ ਦੀ ਮੁਕੀ ਹੱਦ, ਹਾਸਲ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਨੌਜਵਾਨ ਸ਼ਬਦ ਨਿਸ਼ਾਨ ਪੰਜ ਤਤ ਕਾਇਆ ਕਿਸੇ ਲਾਉਣ ਨਾ ਦੇਣਾ ਅਜ ਪਜ, ਭੇਵ ਅਭੇਦਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕ ਦੂਜੇ ਨੂੰ ਦੱਸਣ, ਉਚੀ ਕੂਕ ਨਾ ਕੋਇ ਸੁਣਾਈਆ । ਸ੍ਰੀ ਭਗਵਾਨ ਕਿਸੇ ਨਾ ਦੇਵੇ ਨੱਸਣ, ਦੋ ਜਹਾਨ ਬੈਠਾ ਘੇਰਾ ਪਾਈਆ । ਸਭ ਦੇ ਖ਼ਾਲੀ ਕੀਤੇ ਹੱਥਨ, ਵਸਤ ਨਜ਼ਰ ਕੋਇ ਨਾ ਆਈਆ । ਆਪਣਾ ਭਾਣਾ ਆਇਆ ਵਰਤਣ, ਪਿਛਲਾ ਲੇਖਾ ਲੇਖ ਚੁਕਾਈਆ । ਕਲਜੁਗ ਅੰਤਮ ਆਇਆ ਪਰਤਣ, ਪਰਤੀਨਿਧ ਇਕ ਹੋ ਜਾਈਆ । ਗੁਰਮੁਖ ਸੰਤ ਸੁਹੇਲੇ ਆਇਆ ਪਰਖਣ, ਨਾਮ ਕਸਵੱਟੀ ਹੱਥ ਉਠਾਈਆ । ਜਨ ਭਗਤਾਂ ਦੇਣ ਆਇਆ ਦਰਸਨ, ਦੀਦ ਈਦ ਚੰਦ ਕਰੇ ਰੁਸ਼ਨਾਈਆ । ਜੁਗ ਜਨਮ ਦੀ ਮੇਟਣ ਆਇਆ ਹਰਸਨ, ਹਵਸ ਹੋਰ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਕਰੋ ਸਲਾਹ, ਵੇਲਾ ਅੰਤਮ ਗਿਆ ਆਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੋਤੀ ਜਾਮਾ ਲਿਆ ਪਾ, ਪਾਰਬ੍ਰਹਮ ਪ੍ਰਭ ਆਪਣਾ ਨੂਰ ਧਰਾਈਆ । ਰਲ ਮਿਲ ਸਾਰੇ ਸਾਚਾ ਸੋਹਲਾ ਗੀਤ ਅਗੰਮੀ ਲਵੋ ਗਾ, ਬਿਨ ਰਸਨਾ ਜਿਹਵਾ ਉਚੀ ਕੂਕ ਸੁਣਾਈਆ । ਇਕੋ ਢੋਲਾ ਗਾਓ ਤੂੰ ਹੀ ਨੂਰੀ ਇਕ ਖ਼ੁਦਾ, ਜਲਵਾਗਰ ਬੇਨਜ਼ੀਰ ਤੇਰੀ ਸਚ ਸਰਨਾਈਆ । ਸਰਨ ਸਰਨਾਈ ਲਾਗੋ ਪਾਉਂ, ਪੀਰ ਪੈਗ਼ੰਬਰ ਫ਼ਿਦਾ ਹੋ ਕੁਰਬਾਨ, ਜਗਤ ਕਰਬਲਾ ਜਿਸ ਦੀ ਮਿਸਾਲ ਨਜ਼ਰ ਕੋਇ ਨਾ ਆਈਆ । ਦੋਏ ਜੋੜ ਕਰੋ ਪਰਨਾਮ, ਸਜਦਾ ਇਕੋ ਇਕ ਸਲਾਮ, ਤੇਰਾ ਹੁਕਮ ਮਿਹਰਵਾਨ, ਮਹਿਬੂਬ ਤੇਰੀ ਓਟ ਤਕਾਈਆ । ਤੇਰਾ ਕਲਮਾ ਨਬੀ ਕਲਾਮ, ਤੇਰਾ ਮੰਦਰ ਝੂੱਲੇ ਨਿਸ਼ਾਨ, ਦੋ ਜਹਾਨ ਵੱਜੇ ਤੇਰੀ ਵਧਾਈਆ ।

ਹਉਂ ਬਾਲਕ ਬਾਲ ਅੰਞਾਣ, ਦਰ ਮੰਗੀਏ ਇਕੋ ਦਾਨ, ਕਿਰਪਾ ਕਰ ਸ੍ਰੀ ਭਗਵਾਨ, ਮਿਹਰ ਨਜ਼ਰ ਬਿਨ ਨੈਣ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਸਚ ਮਿਲੇ ਵਡਿਆਈਆ । ਸਾਰੇ ਦਰ ਤੇ ਮੰਗੋ ਮੰਗ, ਮਾਂਗਤ ਬਣ ਭਿਖਾਰੀ । ਸਾਹਿਬ ਸੁਲਤਾਨ ਸੂਰੇ ਸਰਬੰਗ, ਤੇਰੇ ਚਰਨ ਕਵਲ ਨਿਮਸਕਾਰੀ । ਜੁਗ ਚੌਕੜੀ ਗਈ ਲੰਘ, ਆਈ ਕਲਜੁਗ ਅੰਤਮ ਵਾਰੀ । ਸ੍ਰਿਸ਼ਟ ਸਬਾਈ ਹੋਈ ਨੰਗ, ਚਾਰੋਂ ਕੁੰਟ ਕੁੜਿਆਰੀ । ਸਚ ਨਾ ਵੱਜੇ ਕੋਈ ਮਰਦੰਗ, ਸਾਚਾ ਰਾਗ ਨਾ ਕੋਇ ਧੁਨਕਾਰੀ । ਸਾਚਾ ਨੀਰ ਨਾ ਧਾਰਾ ਗੰਗ, ਅੰਮ੍ਰਿਤ ਸੀਰ ਨਾ ਕੋਇ ਫੁਹਾਰੀ । ਸਾਡੀ ਕਰਨੀ ਸਭ ਦੀ ਹੋਈ ਬੰਦ, ਤੇਰੀ ਜੋਤ ਹੋਈ ਉਜਿਆਰੀ । ਤੇਰੇ ਦਰ ਗਹਿਰ ਗੰਭੀਰ ਤੇਰਾ ਢੋਲਾ ਗਾਈਏ ਛੰਦ, ਸੋਹੰ ਰੂਪ ਸਤਿ ਜੈਕਾਰੀ । ਨਿਰਵੈਰ ਪੁਰਖ ਦੇ ਇਕ ਅਨੰਦ, ਆਦਿ ਜੁਗਾਦਿ ਜੁਗਾ ਜੁਗੰਤਰ ਸ਼ਾਹ ਪਾਤਸ਼ਾਹ ਤੇਰੀ ਸਰਦਾਰੀ, । ਸਾਡਾ ਅਗਲਾ ਮੁਕਿਆ ਪੰਧ, ਪਿਛਲੀ ਤੋੜ ਨਿਭਾ ਯਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੇ ਚਰਨ ਕਵਲ ਬਲਹਾਰੀ । ਵਰ ਦੇ ਸ੍ਰੀ ਭਗਵਾਨ, ਦਰ ਤੇਰੇ ਅਲੱਖ ਜਗਾਈਆ । ਤੂੰ ਕਰਤਾ ਕਾਦਰ ਮਿਹਰਵਾਨ, ਬੇਨਜ਼ੀਰ ਤੇਰੀ ਸ਼ਹਿਨਸ਼ਾਹੀਆ । ਬਣ ਯਾਚਕ ਮੰਗੇ ਦਾਨ, ਪੀਰ ਪੈਗ਼ੰਬਰ ਗੁਰ ਅਵਤਾਰ ਝੋਲੀ ਡਾਹੀਆ । ਸਾਡਾ ਲੇਖਾ ਮੁਕੇ ਦੋ ਜਹਾਨ, ਪਾਂਧੀ ਰਹਿਣ ਕੋਇ ਨਾ ਪਾਈਆ । ਚਾਰ ਜੁਗ ਦਾ ਤੇਰਾ ਗਿਆਨ, ਪ੍ਰਭ ਠਾਕਰ ਤੇਰੀ ਝੋਲੀ ਪਾਈਆ । ਤੇਰੀ ਖ਼ਲਕਤ ਹੋਏ ਪਰਵਾਨ, ਖ਼ਾਲਕ ਤੇਰੇ ਹੱਥ ਵਡਿਆਈਆ । ਸਾਲਸ ਬਣ ਆਪ ਭਗਵਾਨ, ਆਲਸ ਨਿੰਦਰਾ ਦੇ ਮਿਟਾਈਆ । ਖ਼ਾਲਸ ਰੂਪ ਗੁਰਮੁਖ ਕਰ ਪਰਧਾਨ, ਸਿਰ ਆਪਣਾ ਹੱਥ ਟਿਕਾਈਆ । ਸਤਿ ਸਤਿਵਾਦੀ ਦੇ ਨਿਸ਼ਾਨ, ਨਿਸ਼ਾਨਾ ਇਕੋ ਨਜ਼ਰੀ ਆਈਆ । ਦੋ ਜਹਾਨ ਕਰਨ ਪਰਨਾਮ, ਸਜਦਾ ਸੀਸ ਇਕ ਝੁਕਾਈਆ । ਤਖ਼ਤ ਨਿਵਾਸੀ ਨੌਜਵਾਨ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਸਾਡਾ ਇਕੋ ਵਾਰ ਅਖ਼ੀਰੀ ਲੈ ਬਿਆਨ, ਕਲਮ ਸ਼ਾਹੀ ਲੇਖਾ ਦੇ ਮੁਕਾਈਆ । ਤੇਰੀ ਲਹਿਰ ਦਾ ਚੜ੍ਹਿਆ ਇਕ ਤੂਫ਼ਾਨ, ਤੋਬਾ ਤੋਬਾ ਸਾਰੇ ਰਹੇ ਸੁਣਾਈਆ । ਅਸੀਂ ਤੇਰੇ ਦਰ ਬਾਲੇ ਬਣ ਕੇ ਆਏ ਮਹਿਮਾਨ, ਮਹਿਮਾਨ ਨਿਵਾਜ਼ੀ ਤੇਰੇ ਘਰ ਵਿਚ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਸਾਚੇ ਮੰਗ ਮੰਗਾਈਆ । ਸਭ ਨੇ ਰਲ ਕੇ ਮੰਗੀ ਮੰਗ, ਮਾਂਗਤ ਰਹੇ ਕੁਰਲਾਈਆ । ਲਏ ਅੰਗੜਾਈ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਰਿਹਾ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਨੇ ਮਾਣਿਆ ਅਨੰਦ, ਇਸ਼ਟ ਦੇਵ ਜਗਤ ਮਨਾਈਆ । ਢੋਲੇ ਗਾ ਗਾ ਧੁਰ ਦੇ ਛੰਦ, ਜੀਵ ਜੰਤ ਪੜ੍ਹਾਈਆ । ਨਾਤਾ ਜੋੜ ਜੀਉ ਪਿੰਡ, ਪੰਜ ਤਤ ਤਨ ਹੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸ਼ ਇਕ ਸੁਣਾਈਆ । ਧੁਰ ਸੰਦੇਸ਼ ਸੁਣੋ ਗੁਰ ਅਵਤਾਰ, ਪੀਰ ਪੈਗ਼ੰਬਰ ਆਪ ਜਣਾਈਆ । ਜੁਗ ਚੌਕੜੀ ਜਿਸ ਦੀ ਕਰਦੇ ਰਹੇ ਵਿਚਾਰ, ਅੰਦਰ ਬਾਹਰ ਧਿਆਨ ਲਗਾਈਆ । ਜਿਸ ਨੂੰ ਮੰਨਦੇ ਰਹੇ ਨਿਰਗੁਣ ਨਿਰਵੈਰ ਨਿਰਾਕਾਰ, ਪਰਵਰਦਿਗਾਰ ਬੇਪਰਵਾਹੀਆ । ਸੋ ਅੰਤਮ ਕਲ ਸਭ ਨੂੰ ਲਏ ਸੰਭਾਲ, ਆਪਣੀ ਗੋਦੀ ਆਪ ਉਠਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਕਰੇ ਆਪਣੇ ਭਾਲ, ਹਰ ਘਟ ਵੇਖੇ ਥਾਈਂ ਥਾਈਆ । ਜਗਤ ਦਲਾਲੀ ਕਰੇ ਨਾ ਕੋਈ ਦਲਾਲ, ਸਾਲਸ ਇਕੋ ਇਕ ਵਖਾਈਆ । ਕਰੇ ਖੇਲ ਪ੍ਰਭੂ ਕਮਾਲ, ਕਾਬਲੀਅਤ ਸਭ ਦੀ ਆਪਣੀ ਝੋਲੀ ਪਾਈਆ । ਜਿਸ ਦੀ ਅੱਖਰਾਂ ਨਾਲ ਦੇ ਕੇ ਆਏ

ਮਿਸਾਲ, ਸੋ ਨਿਸ਼ਅੱਖਰ ਆਪਣੀ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੇਹੇ ਤੌਫ਼ੀਕ, ਪ੍ਰਭ ਤੇਰੇ ਹੱਥ ਵਡਿਆਈਆ । ਸੀਸ ਝੁੱਲੇ ਛਤਰ ਤੇਰੇ ਜਗਦੀਸ, ਜਗਦੀਸ਼ਰ ਤੇਰੀ ਸਰਨਾਈਆ । ਅਸੀਂ ਦੱਸਿਆ ਨਿਸ਼ਾਨਾ ਨਿੱਕਾ ਨਿੱਕਾ ਬੀਸ ਬੀਸ, ਭੇਵ ਸਮਝ ਕੋਇ ਨਾ ਆਈਆ । ਜੇ ਪਤਾ ਹੁੰਦਾ ਤੂੰ ਸਾਡੇ ਖ਼ਾਲੀ ਕਰਨੇ ਖੀਸ, ਲਹਿਣਾ ਦੇਣਾ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰਗਹਿ ਸਾਚੀ ਸੋਭਾ ਪਾਈਆ । ਸ੍ਰੀ ਭਗਵਾਨ ਕਹੇ ਪ੍ਰਭ ਏਕ, ਏਕੰਕਾਰ ਆਪ ਜਣਾਈਆ । ਧੰਨ ਭਾਗ ਤੁਹਾਨੂੰ ਦਿਤੀ ਟੇਕ, ਸਿਰ ਆਪਣਾ ਹੱਥ ਰਖਾਈਆ । ਚਾਰ ਜੁਗ ਨਹੀਂ ਕੋਟਨ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਦਿਤੇ ਭੇਜ, ਲੋਕਮਾਤ ਸੇਵ ਲਗਾਈਆ । ਨੂਰੀ ਨਿਰਗੁਣ ਦੇ ਕੇ ਤੇਜ, ਤੇਜ ਚਮਕ ਧਾਰ ਮਿਲਾਈਆ । ਘਰ ਮੰਦਰ ਬਹਿ ਸੁਹਾਈ ਸੇਜ, ਆਤਮ ਪਰਮਾਤਮ ਗੰਢ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠ ਖਲੋਤੇ, ਗਲ ਪੱਲੂ ਇਕੋ ਪਾਈਆ । ਪ੍ਰਭੂ ਤੇਰਾ ਭੇਵ ਨਾ ਕੋਈ ਖੋਲ੍ਹੇ, ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਪੁੱਤ ਪੋਤੇ, ਪਿਤਾ ਪੁਰਖ ਅਕਾਲ ਤੇਰੀ ਸਮਝ ਕਿਸੇ ਨਾ ਆਈਆ । ਨਾ ਕੋਈ ਜਾਣੇ ਵੱਡੇ ਛੋਟੇ, ਚਾਰ ਜੁਗ ਦੀ ਚੌਕੜੀ ਇਕੋ ਵੇਰ ਨਜ਼ਰੀ ਆਈਆ । ਤੇਰੇ ਹੁਕਮੇ ਅੰਦਰ ਬੰਨ੍ਹ ਲੰਗੋਟੇ, ਲੋਕਮਾਤ ਗਏ ਵਾਹੋ ਦਾਹੀਆ । ਤੇਰੇ ਨਾਮ ਦੇ ਫੜ ਕੇ ਸੋਟੇ, ਜਗਤ ਜੀਵਾਂ ਜੰਤਾਂ ਭੈ ਜਣਾਈਆ । ਕੂੜੀ ਕਿਰਿਆ ਕਰਦੇ ਰਹੇ ਟੋਟੇ, ਨਾਮ ਖੰਡਾ ਤੇਰਾ ਚਮਕਾਈਆ । ਭਾਗ ਲਗਾਏ ਪੰਜ ਤਤ ਕਾਇਆ ਕੋਠੇ, ਘਰ ਮੰਦਰ ਸੋਭਾ ਪਾਈਆ । ਤੇਰੇ ਦਰਸ਼ਨ ਜੁਗ ਚੌਕੜੀ ਨੈਣ ਲੋਚੇ, ਲੋਚਣ ਤੇਰਾ ਧਿਆਨ ਰਖਾਈਆ । ਤੇਰੇ ਆਉਣ ਦੇ ਦੱਸਦੇ ਗਏ ਮੌਕੇ, ਬੀਸ ਬੀਸਾ ਇਕ ਜਣਾਈਆ । ਦੋ ਜਹਾਨ ਕੋਈ ਨਾ ਰਹੇ ਵਿਚ ਧੋਖੇ, ਧੁਖਦੀ ਕਹਾਣੀ ਆਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਸੁਣੋ ਇਕ ਦਲੀਲ, ਹਰਿ ਸਤਿਗੁਰ ਆਪ ਜਣਾਈਆ । ਸਦੀ ਬੀਸਵੀਂ ਅੰਤਮ ਸਭ ਦੀ ਇਕ ਅਪੀਲ, ਅਪਰੰਪਰ ਸੁਆਮੀ ਵੇਖ ਵਖਾਈਆ । ਇਕੋ ਨਿਰਗੁਣ ਬਣੇ ਵਕੀਲ, ਵੁਕਲਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ੍ਰੀ ਭਗਵਾਨ ਤੇਰਾ ਵੇਖ ਦਰਬਾਰ, ਸਭ ਬੈਠੇ ਸੀਸ ਝੁਕਾਈਆ । ਪਤਾ ਨਹੀਂ ਕੀ ਕਰੇ ਕਰਤਾਰ, ਕਰਤਾ ਪੁਰਖ ਆਪਣੀ ਕਲ ਵਰਤਾਈਆ । ਜਿਸ ਨੇ ਚਾਰ ਜੁਗ ਦੇ ਕੱਠੇ ਕਰ ਗੁਰ ਅਵਤਾਰ, ਇਕੋ ਡੋਰੀ ਤੰਦ ਬੰਧਾਈਆ । ਸਿਰ ਸਕੇ ਨਾ ਕੋਈ ਉਠਾਲ, ਨੇਤਰ ਨੈਣ ਚਰਨ ਧਿਆਨ ਰਖਾਈਆ । ਭੇਸ ਅਵੱਲੜਾ ਕਰ ਗੋਪਾਲ, ਬੇਮਿਸਾਲ ਕਾਰ ਕਮਾਈਆ । ਚਲੇ ਅਗੰਮ ਅਵੱਲੜੀ ਚਾਲ, ਸਮਝ ਸਕੇ ਨਾ ਕੋਈ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਸਾਚੇ ਖ਼ੁਸ਼ੀ ਮਨਾਈਆ । ਦਰ ਘਰ ਸਾਚੇ ਖ਼ੁਸ਼ੀ ਮਨਾਉਂਦਾ ਏ, ਪਰਮ ਪੁਰਖ ਪ੍ਰਭ ਮਿਹਰਵਾਨ । ਧੁਰ ਦਾ ਹੁਕਮ ਇਕ ਸੁਣਾਉਂਦਾ ਏ, ਦੋ ਜਹਾਨਾਂ ਹੁਕਮਰਾਨ । ਨਵ ਨੌਂ ਚਾਰ ਪਿੱਛੋਂ ਫੇਰਾ ਪਾਉਂਦਾ ਏ, ਜੁਗ ਕਰਤਾ ਹੋ ਪਰਧਾਨ । ਸਭ ਦਾ ਲਹਿਣਾ ਮੂਲ ਚੁਕਾਉਂਦਾ ਏ, ਦੇਵਣਹਾਰ ਨੌਜਵਾਨ । ਅਗਲਾ ਮਾਰਗ ਆਪ ਵਖਾਉਂਦਾ ਏ, ਸ੍ਰਿਸ਼ਟ ਸਬਾਈ ਦੇ ਗਿਆਨ । ਧੁਰ ਦਾ ਭਾਣਾ

ਆਪ ਵਰਤਾਉਂਦਾ ਏ, ਨਾ ਕੋਈ ਮੇਟੇ ਵਿਚ ਜਹਾਨ । ਗੁਰ ਅਵਤਾਰ ਪੀਰ ਪੈਗ਼ੰਬਰਾਂ ਆਪਣੀ ਗੋਦ ਬਹਾਉਂਦਾ ਏ, ਪਿਛਲਾ ਲੇਖ ਚੁਕਾਏ ਆਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਸ ਵਟਾਏ ਸ੍ਰੀ ਭਗਵਾਨ । ਸ੍ਰੀ ਭਗਵਾਨ ਵੇਸ ਵਟਾਉਂਦਾ ਏ, ਮਹਿਮਾ ਅਕਥ ਕਥੀ ਨਾ ਜਾਈਆ । ਨਿਰਗੁਣ ਨੂਰ ਜੋਤ ਧਰਾਉਂਦਾ ਏ, ਸਮਰਥ ਪੁਰਖ ਨਜ਼ਰ ਕਿਸੇ ਨਾ ਆਈਆ । ਆਪਣਾ ਹੁਕਮ ਆਪ ਵਰਤਾਉਂਦਾ ਏ, ਨਾ ਕੋਈ ਮੇਟੇ ਮੇਟ ਮਿਟਾਈਆ । ਧਾਮ ਅਵੱਲੜੇ ਸੋਭਾ ਪਾਉਂਦਾ ਏ, ਤਖ਼ਤ ਨਿਵਾਸੀ ਇਕ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬੁਲਾਉਂਦਾ ਏ, ਧੁਰ ਸੰਦੇਸਾ ਦੇਵੇ ਆਣ । ਕਲ ਕਲਕੀ ਆਪਣਾ ਨਾਉਂ ਧਰਾਉਂਦਾ ਏ, ਜੋਧਾ ਸੂਰਬੀਰ ਬਲਵਾਨ । ਡੰਕਾ ਇਕੋ ਇਕ ਸੁਣਾਉਂਦਾ ਏ, ਸਚ ਝੁਲਾਏ ਧੁਰ ਨਿਸ਼ਾਨ । ਥਿਤ ਵਾਰ ਇਕ ਵਖਾਉਂਦਾ ਏ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੰਗਿਆ ਪੂਰਾ ਕਰੇ ਦਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਾਚੀ ਕਾਰ ਆਪ ਕਮਾਉਂਦਾ ਏ । ਸਾਚੀ ਕਾਰ ਕਮਾਏ ਏਕ, ਏਕੰਕਾਰ ਵੱਡੀ ਵਡਿਆਈਆ । ਆਦਿ ਜੁਗਾਦਿ ਜਿਸ ਦੀ ਟੇਕ, ਸਾਹਿਬ ਸੁਲਤਾਨ ਸੱਚਾ ਸ਼ਹਿਨਸ਼ਾਹੀਆ । ਕਲਜੁਗ ਅੰਤ ਅਵੱਲੜਾ ਭੇਸ, ਵੇਸ ਕੋਈ ਸਮਝ ਸਕੇ ਨਾ ਰਾਈਆ । ਰੂਪ ਰੰਗ ਨਾ ਕੋਈ ਰੇਖ, ਤਤਵ ਤਨ ਨਾ ਕੋਇ ਜਣਾਈਆ । ਨਿਰਵੈਰ ਹੋ ਕੇ ਖੇਲੇ ਖੇਡ, ਖ਼ਾਲਕ ਖ਼ਲਕ ਫੇਰਾ ਪਾਈਆ । ਗੁਰ ਅਵਤਾਰ ਜਿਸ ਦਿਤੇ ਭੇਜ, ਭਜਨ ਬੰਦਗੀ ਕਲਮਾ ਮਾਤ ਸਮਝਾਈਆ । ਸੋ ਆਤਮ ਅੰਤਰ ਲਏ ਵੇਖ, ਨਿਜ ਰੂਪ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਧੁਰ ਸੰਦੇਸਾ ਦੇਵਣ ਜੋਗ, ਵਡ ਜੋਗੀਸ਼ਰ ਦਇਆ ਕਮਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਇਕੋ ਇਕ ਸੰਜੋਗ, ਦੂਜਾ ਨਾਤਾ ਨਾ ਕੋਇ ਬਣਾਇੰਦਾ । ਪਰਦਾਨਸ਼ੀਂ ਦਰ ਬਰਦਾ ਮੁਖ ਨਕ਼ਾਬ ਲਾਹ ਦੇਵੇ ਦਰਸ ਅਮੋਘ, ਜਲਵਾ ਨੂਰ ਜ਼ਹੂਰ ਜੋਤੀ ਜਾਤਾ ਡਗਮਗਾਇੰਦਾ । ਲੇਖਾ ਜਾਣੇ ਲੋਕ ਪਰਲੋਕ, ਨਾਮ ਸੁਣਾ ਸਚ ਸਲੋਕ, ਸੋਹਲਾ ਢੋਲਾ ਰਾਗ ਨਾਦ ਧੁਨ ਇਕੋ ਇਕ ਉਪਜਾਇੰਦਾ । ਜਿਸ ਦਾ ਖੇਲ ਕੋਈ ਨਾ ਸਕੇ ਸੋਚ, ਸੋਚ ਸਮਝ ਬਾਹਰ ਗੁਪਤ ਜ਼ਾਹਰ ਆਪਣੀ ਧਾਰ ਚਲਾਇੰਦਾ । ਸੋ ਸਾਹਿਬ ਪੁਰਖ ਅਕਾਲ ਆਪੇ ਜਾਣੇ ਆਪਣੀ ਮੌਜ, ਮੁਫ਼ਲਸ ਸ਼ਾਹ ਆਪਣਾ ਖੇਲ ਖਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਰਲ ਕੇ ਕਹਿਣ ਅਸੀਂ ਲਾਈਏ ਜ਼ੋਰ, ਜ਼ੋਰਾਵਰ ਅੱਗੇ ਇਕੋ ਅਰਜ਼ ਸੁਣਾਈਆ । ਅਸੀਂ ਉਹ ਜਿਨ੍ਹਾਂ ਲੋਕਮਾਤ ਦਿਤਾ ਤੋਰ, ਤੁਰਤ ਆਪਣਾ ਹੁਕਮ ਮਨਾਈਆ । ਕਲਜੁਗ ਅੰਤ ਨਹੀਂ ਹੋਰ, ਹੋਕਾ ਦੇ ਕੇ ਦਏ ਸੁਣਾਈਆ । ਕੀ ਹੋਇਆ ਜੇ ਤੇਰੀ ਸ੍ਰਿਸ਼ਟੀ ਹੋ ਗਈ ਠੱਗ ਚੋਰ, ਪ੍ਰਭੂ ਤੈਨੂੰ ਗਈ ਭੁਲਾਈਆ । ਅਸੀਂ ਅੰਤ ਏਸੇ ਕਾਰਨ ਤੇਰੇ ਹੱਥ ਵਿਚ ਦੇ ਕੇ ਆਏ ਡੋਰ, ਆਪਣੇ ਜ਼ੁਮੇ ਬਾਤ ਨਾ ਕੋਇ ਰਖਾਈਆ । ਤੇਰਾ ਮੰਤਰ ਫੁਰਨਾ ਦੱਸ ਕੇ ਆਏ ਫੋਰ, ਫ਼ੌਰਨ ਤੇਰਾ ਹੁਕਮ ਸੀਸ ਜਗਦੀਸ ਟਿਕਾਈਆ । ਤੇਰਾ ਮੰਦਰ ਮਹੱਲ ਅਟੱਲ ਦੱਸ ਕੇ ਆਏ ਨਾਲ ਗ਼ੌਰ, ਗਹਿਰ ਗੰਭੀਰ ਅੱਛੀ ਤਰਾ ਸਮਝਾਈਆ । ਤੇਰੀ ਸ੍ਰਿਸ਼ਟੀ ਦੀ ਤੈਨੂੰ ਲੋੜ, ਅਸੀਂ ਬੈਠੇ ਪੱਲੂ ਛੁਡਾਈਆ । ਉਠ ਵੇਖ ਜਾ ਚੜ੍ਹ ਕੇ ਘੋੜ, ਅਸਵ ਆਪਣਾ ਲੈ ਦੌੜਾਈਆ । ਅਸੀਂ ਏਥੇ ਬੈਠੇ ਮਾਰ ਤਾੜੀ ਮਚਾਈਏ ਸ਼ੋਰ, ਤੇਰੀ ਕਰਨੀ ਵੇਖ ਖ਼ੁਸ਼ੀ ਮਨਾਈਆ । ਆਪਣਿਆਂ ਭਗਤਾਂ ਜਾਈਂ ਬੌਹੜ, ਜੋ ਤੇਰਾ ਬੈਠੇ ਧਿਆਨ ਲਗਾਈਆ ।

ਕੂੜ ਵਿਕਾਰ ਓਨ੍ਹਾਂ ਕੋਲੋਂ ਹੋੜ, ਜਾ ਕੇ ਸੇਵਾਦਾਰ ਬਣ ਆਪਣੀ ਸੇਵ ਕਮਾਈਆ । ਸਾਨੂੰ ਇਕੋ ਤੇਰੇ ਮਿਲਣ ਦੀ ਲੋੜ, ਤੂੰ ਮਿਲ ਪਿਆ ਪਿਛਾ ਕੋਇ ਯਾਦ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸੀਸ ਨਿਵਾਈਆ । ਗੁਰ ਅਵਤਾਰ ਕਿਹਾ ਤੁਸਾਂ ਸਚ, ਪ੍ਰਭ ਸੱਜਣ ਸੱਚੇ ਭਾਇਆ । ਪਹਿਲੋਂ ਵਖਾਵਾਂ ਤੁਹਾਨੂੰ ਜੋ ਮਾਰਗ ਆਏ ਦੱਸ, ਲੋਕਮਾਤ ਜੀਵ ਜੰਤ ਰਾਹ ਚਲਾਇਆ । ਕਿਧਰ ਗਈ ਤੁਹਾਡੀ ਪੂਜਾ ਪਾਠ, ਸਿਮਰਨ ਧਿਆਨ ਕਵਣ ਲਗਾਇਆ । ਕਵਣ ਕੂਟੇ ਲੁਕਿਆ ਤੀਰਥ ਤਾਟ, ਕਿਨਾਰਾ ਸਰੋਵਰ ਸੋਭਾ ਕਵਣ ਪਾਇਆ । ਕਿਧਰ ਗਏ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਹੱਟ, ਪੰਜ ਤਤ ਤ੍ਰੈਗੁਣ ਕਰਕੇ ਆਏ ਪੜ੍ਹਾਇਆ । ਜੇ ਓਸ ਵੇਲੇ ਇਕੋ ਬੇਨੰਤੀ ਕਰਕੇ ਨਾਮ ਦੱਸਦੇ ਪੁਰਖ ਸਮਰਥ, ਝਗੜਾ ਕੋਈ ਰਹਿਣ ਨਾ ਪਾਇਆ । ਮੈਂ ਆਪਣੀ ਚਾਲਾਕੀ ਅੰਦਰ ਤੁਹਾਨੂੰ ਇਸ਼ਾਰਿਆਂ ਨਾਲ ਦਿਤਾ ਦੱਸ, ਤੁਹਾਡੀ ਸਮਝ ਵਿਚੋਂ ਆਪਣੀ ਸਮਝ ਬਾਹਰ ਰਖਾਇਆ । ਹੁਣ ਕੱਠੇ ਹੋ ਕੇ ਕਹਿੰਦੇ ਪ੍ਰਭੂ ਤੇਰੇ ਵਸ, ਇਕ ਤੇਰਾ ਧਿਆਨ ਲਗਾਇਆ । ਲੋਕਮਾਤ ਵੇਖੋ ਦੀਨ ਮਜ਼੍ਹਬ ਜ਼ਾਤ ਪਾਤ ਅਧਵਿਚਕਾਰ ਮਾਰ ਕੇ ਬੈਠੇ ਵੱਟ, ਬੰਨਾਂ ਬੰਨਾਂ ਵੰਡ ਵੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਅੱਖੀਂ ਵੇਖਿਆ ਹਾਲ, ਅੱਖਾਂ ਨਾਲ ਦਏ ਵਖਾਇਆ । ਪ੍ਰਭੂ ਸਾਨੂੰ ਵੇਖਣ ਦੀ ਨਹੀਂ ਲੋੜ, ਸਾਰੇ ਕੂਕ ਕੂਕ ਸੁਣਾਈਆ । ਜਿਧਰ ਵੇਖੀਏ ਮਾਣਸ ਢੋਰ, ਚੰਮ ਦ੍ਰਿਸ਼ਟੀ ਧਿਆਨ ਲਗਾਈਆ । ਦਰੋਹੀ ਖ਼ੁਦਾਏ ਦੀ ਹੋਏ ਚੋਰ, ਠੱਗੀ ਤੇਰੇ ਨਾਲ ਕਮਾਈਆ । ਗੁਰ ਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਹਰਾਮਖ਼ੋਰ, ਹਰਿ ਕਾ ਰੂਪ ਨਜ਼ਰ ਕਿਸੇ ਨਾ ਆਈਆ । ਜਗਤ ਵਾਸਨਾ ਰਹੇ ਲੋੜ, ਆਸਾ ਤ੍ਰਿਸਨਾ ਨਾਲ ਮਿਲਾਈਆ । ਤੇਰੇ ਨਾਲ ਪ੍ਰੀਤੀ ਕੋਈ ਨਾ ਸਕੇ ਜੋੜ, ਚਰਨ ਮੰਗੇ ਨਾ ਕੋਇ ਸਰਨਾਈਆ । ਆਪਣਾ ਬੇੜਾ ਆਪੇ ਰਹੇ ਰੋੜ੍ਹ, ਕਲਜੁਗ ਪਿਛੋਂ ਧੱਕੇ ਰਿਹਾ ਲਗਾਈਆ । ਅਸੀਂ ਨੇਤਰ ਤੱਕ ਕੇ ਵੇਖਿਆ ਨਾਲ ਗ਼ੋਰ, ਦਹਿ ਦਿਸ਼ਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੀ ਸਚ ਮਿਲੇ ਸਰਨਾਈਆ । ਪੁਰਖ ਅਕਾਲ ਕਹੇ ਮੈਂ ਸਚ ਸੁਣਾਵਾਂਗਾ । ਪਹਿਲੋਂ ਕਰਕੇ ਤੁਹਾਨੂੰ ਵਸ, ਸਭ ਦਾ ਵਾਸਤਾ ਆਪਣੇ ਨਾਲ ਰਖਾਵਾਂਗਾ । ਪੰਦਰਾਂ ਕੱਤਕ ਸਭ ਨੇ ਵਖਾਉਣੇ ਖ਼ਾਲੀ ਹੱਥ, ਤਾਲ ਹੱਥਾਂ ਨਾਲ ਵਜਾਵਾਂਗਾ । ਚਰਨ ਕਵਲ ਇਕੋ ਜਾਣਾ ਢੱਠ, ਇਸ਼ਟ ਇਕੋ ਇਕ ਸਮਝਾਵਾਂਗਾ । ਇਕੋ ਨਾਮ ਲੈਣਾ ਰਟ, ਰੱਟਾ ਦੋ ਜਹਾਨ ਚੁਕਾਵਾਂਗਾ । ਇਕੋ ਖੋਲ੍ਹ ਧੁਰ ਦਾ ਹੱਟ, ਬਣ ਵਣਜਾਰਾ ਹੱਟ ਵਖਾਵਾਂਗਾ । ਪਿਛਲਾ ਲਹਿਣਾ ਦੇਣਾ ਕੱਟ, ਅੱਗੇ ਮਾਰਗ ਇਕ ਲਗਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਖੇਲ ਇਕ ਰਚਾਵਾਂਗਾ । ਸਾਚਾ ਖੇਲ ਇਕ ਰਚਾਵਾਂਗਾ । ਦਰ ਦਰਬਾਰ ਇਕ ਸੁਹਾਵਾਂਗਾ । ਨਰ ਨਿਰੰਕਾਰ ਇਕ ਅਖਵਾਵਾਂਗਾ । ਤਨ ਸ਼ੰਗਾਰ ਇਕ ਜਣਾਵਾਂਗਾ । ਸੀਸ ਤਾਜ ਇਕ ਟਿਕਾਵਾਂਗਾ । ਗੁਰੂ ਮਹਾਰਾਜ ਇਕ ਅਖਵਾਵਾਂਗਾ । ਰੱਖ ਲਾਜ, ਪੈਜ ਧਰਾਵਾਂਗਾ । ਮਾਰ ਆਵਾਜ਼ ਭਗਤ ਉਠਾਵਾਂਗਾ । ਸਾਜਣ ਸਾਜ ਵੇਖ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸੋਭਾ ਪਾਵਾਂਗਾ । ਘਰ ਸਾਚਾ ਇਕ ਸੁਹਾਵਾਂਗਾ । ਨਿਰਗੁਣ ਨੂਰ ਪਰਗਟਾਵਾਂਗਾ । ਸ਼ਹਿਨਸ਼ਾਹ ਆਪਣਾ ਰੂਪ ਵਖਾਵਾਂਗਾ । ਸਤਿ ਸਰੂਪ ਭੇਵ ਚੁਕਾਵਾਂਗਾ । ਚਾਰੇ ਕੂਟ ਫੋਲ ਫੋਲਾਵਾਂਗਾ । ਸਭ ਦੇ ਖ਼ਾਲੀ ਕਰ ਠੂਠ, ਭੰਡਾਰਾ ਇਕੋ ਇਕ ਭਰਾਵਾਂਗਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰਬਾਰ ਆਪ ਸੁਹਾਵਾਂਗਾ । ਸਚ ਦਰਬਾਰ ਪ੍ਰਭ ਲਗਾਏਗਾ । ਗੁਰ ਅਵਤਾਰ ਪੀਰ ਪੈਗ਼ੰਬਰ ਬੁਲਾਏਗਾ । ਪੰਚ ਧਾਰ ਇਕ ਜਣਾਏਗਾ । ਪੰਚਮ ਮੁਖ ਆਪ ਸਾਲਾਹੇਗਾ । ਪੰਚਮ ਦੁੱਖ ਆਪ ਗਵਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਲਹਿਣਾ ਧੁਰ ਦਾ ਆਪਣੀ ਝੋਲੀ ਪਾਏਗਾ । ਸਾਚਾ ਲਹਿਣਾ ਧੁਰ ਦੀ ਧਾਰ, ਹਰਿ ਕਰਤਾ ਆਪਣੇ ਲੇਖੇ ਲਾਈਆ । ਪੰਜਾਂ ਪਿਆਰਿਆਂ ਦੇ ਪਿਆਰ, ਪ੍ਰੇਮ ਪ੍ਰੀਤੀ ਇਕ ਸਮਝਾਈਆ । ਸਚਖੰਡ ਦਾ ਸਚ ਵਿਹਾਰ, ਲੋਕਮਾਤ ਲਏ ਪਰਗਟਾਈਆ । ਰਾਸ਼ਟਰਪਤ ਜੋ ਦੇ ਕੇ ਆਇਆ ਤਲਵਾਰ, ਤਰਾ ਤਰਾ ਸਮਝਾਈਆ । ਸੋ ਭਗਤ ਸੁਹੇਲਾ ਵਿਛੜਿਆ ਯਾਰ, ਘਰ ਸਾਚੇ ਖ਼ੁਸ਼ੀ ਮਨਾਈਆ । ਪੰਦਰਾਂ ਕੱਤਕ ਢਹਿ ਕੇ ਪਏ ਚਰਨ ਦੁਆਰ, ਮਸਤਕ ਟਿੱਕਾ ਧੂੜੀ ਲਾਈਆ । ਰਾਜਿੰਦਰ ਪਰਸ਼ਾਦ ਕਹੇ ਪੁਕਾਰ, ਪੁਨਹ ਪੁਨਹ ਤੇਰੀ ਸਰਨਾਈਆ । ਤ੍ਰੇਤੇ ਜੁਗ ਦਾ ਲੱਥਾ ਉਧਾਰ, ਕਲਜੁਗ ਅੰਤਮ ਖ਼ੁਸ਼ੀ ਵਖਾਈਆ । ਕਿਰਪਾ ਕਰ ਹਰਿ ਕਰਤਾਰ, ਤੇਰੇ ਹੱਥ ਮੇਰੀ ਵਡਿਆਈਆ । ਸਚ ਧਰਮ ਦਾ ਤੇਰਾ ਰਾਜ, ਤੇਰੇ ਚਰਨ ਮਿਲੀ ਸਰਨਾਈਆ । ਉਚੀ ਕੂਕ ਸੁਣਾਵਾਂ ਆਵਾਜ਼, ਪ੍ਰੇਮ ਗੀਤ ਇਕੋ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਲੇਖਾ ਤੇਰੇ ਚਰਨਾਂ ਵਿਚ ਟਿਕਾਈਆ । ਤੇਰਾ ਲੇਖਾ ਸ੍ਰੀ ਭਗਵਾਨ, ਤੇਰੇ ਚਰਨ ਭੇਟ ਕਰਾਈਆ । ਪੰਦਰਾਂ ਕੱਤਕ ਦਿਵਸ ਮਹਾਨ, ਤੇਰਾ ਗੀਤ ਖ਼ੁਸ਼ੀਆਂ ਨਾਲ ਸੁਣਾਈਆ । ਦੋਏ ਜੋੜ ਬੰਦਨਾ ਕਰਾਂ ਆਣ, ਨਿਰਗੁਣ ਨਿਰਗੁਣ ਤੇਰੇ ਦਰ ਸੀਸ ਨਿਵਾਈਆ । ਤੇਰੇ ਅੱਗੇ ਧਰਾਂ ਕਿਰਪਾਨ, ਕਿਰਪਾਨਿਧ ਤੇਰੇ ਹੱਥ ਫੜਾਈਆ । ਸ਼ਾਹ ਭਬੀਖਣ ਰੱਖਿਆ ਮਾਣ, ਤੀਖਨ ਤ੍ਰਿਖਾ ਜਗਤ ਚੁਕਾਈਆ । ਇਕੋ ਨਜ਼ਰੀ ਆਇਉਂ ਰਾਮ, ਰਾਮ ਰਾਮ ਰੂਪ ਵਖਾਈਆ । ਪੰਜ ਤਤ ਤੇਰੀ ਨਾ ਆਈ ਪਹਿਚਾਨ, ਜਗਤ ਵਿਹਾਰ ਸਮਝ ਕੋਇ ਨਾ ਪਾਈਆ । ਜਿਸ ਵੇਲੇ ਮੇਰੇ ਛੁਟੇ ਪਰਾਣ, ਪਰਾਣ ਆਪਣੀ ਝੋਲੀ ਪਾਈਆ । ਢਾਈ ਸਕਿੰਟ ਪਹਿਲੋਂ ਦਿਤਾ ਗਿਆਨ, ਸੂਝ ਸਮਝ ਇਕ ਬੁਝਾਈਆ । ਅੱਖਾਂ ਮੀਟੀਆਂ ਮੇਰੀ ਇਕੋ ਵਾਰ ਹੋਈ ਤੈਨੂੰ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਇਸ਼ਾਰੇ ਨਾਲ ਕਿਹਾ ਬਾਲ ਅਵਾਣ, ਉਠ ਉਂਗਲੀ ਲਿਆ ਲਗਾਈਆ । ਲੈ ਕੇ ਗਿਉਂ ਸਚ ਮਕਾਨ, ਸਚਖੰਡ ਸਾਚੇ ਬੇਪਰਵਾਹੀਆ । ਓਥੇ ਵੇਖੇ ਤੇਰੇ ਪਰਵਾਨ, ਪੰਚ ਬੈਠੇ ਸੋਭਾ ਪਾਈਆ । ਮੈਂ ਜਾ ਕੇ ਕਰੀ ਪਰਨਾਮ, ਵਾਹ ਵਾ ਤੇਰੇ ਨਾਮ ਵੱਜੀ ਵਧਾਈਆ । ਉਨ੍ਹਾਂ ਕਿਹਾ ਬੋਲ ਬਿਨਾਂ ਜ਼ਬਾਨ, ਸਚ ਸੰਦੇਸ ਸੁਣਾਈਆ । ਤੇਰਾ ਲੇਖਾ ਮੁਕਿਆ ਵਿਚ ਜਹਾਨ, ਭਾਈਆਂ ਨਾਲ ਰਲਿਆ ਭਾਈਆ । ਪੰਦਰਾਂ ਕੱਤਕ ਅਸਾਂ ਨਿਰਗੁਣ ਹੋ ਕੇ ਲੋਕਮਾਤ ਵੇਖਣ ਜਾਣਾ ਭਗਵਾਨ, ਨਿਰਵੈਰ ਕਵਣ ਧਾਰ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲਹਿਣਾ ਦੇਣਾ ਝੋਲੀ ਆਪੇ ਪਾਈਆ । ਪੰਦਰਾਂ ਕੱਤਕ ਬੀਸ ਬੀਸਾ ਆਵੇਗਾ । ਪੁਰਖ ਅਬਿਨਾਸ਼ੀ ਅਗਲਾ ਪਿਛਲਾ ਸਭ ਦਾ ਹਾਲ ਸਮਝਾਵੇਗਾ । ਘਟ ਘਟ ਵਾਸੀ, ਸਾਚੀ ਮੰਡਲ ਰਾਸੀ ਰਾਸ ਰਚਾਵੇਗਾ । ਬ੍ਰਹਿਮੰਡ ਖੰਡ ਕਰ ਦਾਸਨ ਦਾਸੀ, ਹੁਕਮ ਇਕੋ ਇਕ ਵਰਤਾਵੇਗਾ । ਜਨ ਭਗਤਾਂ ਇਕ ਵਾਰ ਕਰ ਬੰਦ ਖ਼ਲਾਸੀ, ਬੰਦੀਖ਼ਾਨਾ ਤੋੜ ਤੁੜਾਵੇਗਾ । ਅੱਗੇ ਜਾ ਕੋਈ ਨਾ ਕਰੇ ਬਦਮੁਆਸ਼ੀ, ਨੇਕੀ ਬਦੀ ਆਪਣਾ ਹੁਕਮ ਵਰਤਾਵੇਗਾ । ਨਿਰਗੁਣ ਸਰਗੁਣ ਬਣ ਕੇ ਸਾਥੀ, ਸਗਲਾ ਸੰਗ ਰਖਾਵੇਗਾ । ਜਿਸ ਨੂੰ ਕੋਈ ਸਮਝ ਨਾ ਸਕੇ ਪੂਜਾ ਪਾਠੀ, ਸੋ

ਇਕੋ ਨਾਮ ਦ੍ਰਿੜਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿਭਗਤ ਲਹਿਣਾ ਦੇਣਾ ਦੋ ਜਹਾਨ ਬਿਨ ਕਰਮੀ ਇਕੋ ਸਰਨੀ ਵਿਚ ਮੁਕਾਵੇਗਾ । ਸਰਨ ਵਿਚ ਮੁੱਕੇ ਲਹਿਣਾ, ਲੇਖਾ ਮੰਗੇ ਕੋਇ ਨਾ ਰਾਈਆ । ਸਤਿਗੁਰ ਪੂਰੇ ਇਕੋ ਕਹਿਣਾ, ਦੋ ਜਹਾਨ ਵੱਜੇ ਵਧਾਈਆ । ਬਿਨ ਸਾਕੋਂ ਬਣੇ ਸੱਜਣ ਸੈਣਾ, ਸਗਲਾ ਸੰਗ ਰਖਾਈਆ । ਜਨ ਭਗਤਾਂ ਭਗਵਾਨ ਨਾਲ ਰਲ ਕੇ ਬਹਿਣਾ, ਰਲ ਮਿਲ ਇਕੋ ਦਰ ਸੋਭਾ ਪਾਈਆ । ਇਹ ਵਕਤ ਨੌ ਸੌ ਚੁਰਾਨਵੇ ਚੌਕੜੀ ਜੁਗ ਫੇਰ ਨਹੀਂ ਰਹਿਣਾ, ਕਲਜੁਗ ਅੰਤ ਇਕੋ ਏਕਾ ਵਾਰ ਦਇਆ ਕਮਾਈਆ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜਿਸ ਨੇ ਕਹਿਣਾ, ਤਿਸ ਦੇਵਤ ਸੁਰ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਲਾਗਣ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਖੇਲ ਇਕ ਰਚਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਰਿਆਇਤ, ਪੁਰਖ ਅਕਾਲ ਇਕ ਰਖਾਈਆ । ਜੁਗ ਜੁਗ ਗੁਰ ਅਵਤਾਰ ਪੀਰ ਪੈਗ਼ੰਬਰਾਂ ਕੋਲੋਂ ਕਰਕੇ ਕਫ਼ਾਇਤ, ਜਨ ਭਗਤਾਂ ਝੋਲੀ ਰਿਹਾ ਭਰਾਈਆ । ਨਾ ਕੋਈ ਸ਼ਰਅ ਨਾ ਸ਼ਰਾਇਤ, ਸ਼ਰੀਅਤ ਅਵਰ ਨਾ ਕੋਇ ਵਖਾਈਆ । ਇਕੋ ਹੁਕਮ ਇਕੋ ਨਾਮ ਇਕੋ ਕਲਮਾ ਇਕੋ ਹਦਾਇਤ, ਪ੍ਰਭ ਲੱਗੋ ਇਕ ਸਰਨਾਈਆ । ਚਾਰ ਵਰਨ ਅਠਾਰਾਂ ਬਰਨ ਬਣੋ ਇਕ ਜਮਾਇਤ, ਜ਼ਾਮਨ ਹੋਵੇ ਬੇਪਰਵਾਹੀਆ । ਜਨ ਭਗਤੋ ਭਗਤ ਦੁਆਰੇ ਵਿਚ ਤੁਹਾਡੇ ਉਤੇ ਕਰੇ ਅਨਾਇਤ, ਆਲਮ ਆਲਮੀਨ ਸਮਝ ਕੋਇ ਨਾ ਆਈਆ । ਹਰਫ਼ ਹਰੂਫ਼ ਤੁਲਬਾ ਤਾਲਬ ਨਾ ਕਰੇ ਕੋਈ ਤਰਾਇਫ਼, ਤਸ਼ਰੀਹ ਦੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਮਸਾਹਿਬ ਇਕੋ ਨਜ਼ਰੀ ਆਈਆ । ਸਤਿਗੁਰ ਪੂਰਾ ਪੁਰਖ ਅਕਾਲ, ਅਕਾਲ ਪੁਰਖ ਦਇਆਵਾਨ ਅਖਵਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਦੀਨ ਦਿਆਲ, ਦੀਨਾਂ ਨਿਧ ਸੁਖ ਸਾਗਰ ਰੂਪ ਵਟਾਇੰਦਾ । ਲੋਕਮਾਤ ਸਚਖੰਡ ਬਣਾ ਸੱਚੀ ਧਰਮਸਾਲ, ਧਰਮ ਦੁਆਰਾ ਇਕ ਵਖਾਇੰਦਾ । ਭਗਤ ਭਗਵਾਨ ਵੇਖ ਲਾਲ, ਗੁਰਮੁਖ ਗੁਰਸਿਖ ਰੰਗ ਰੰਗਾਇੰਦਾ । ਚੌਂਹ ਜੁਗਾਂ ਨਾਲੋਂ ਵੱਖਰੀ ਚਾਲ, ਅਵੱਲੜੀ ਆਪ ਕਰਾਇੰਦਾ । ਇੱਕੀ ਅੱਸੂ ਖੇਲ ਪੱਖੋਵਾਲ, ਪੱਖ ਧਰਤੀ ਅਸਵ ਆਪ ਰਖਾਇੰਦਾ । ਤਿੰਨ ਕੱਤਕ ਦੇ ਦਾਨ, ਪੁਰਖ ਨਾਰ ਭੇਵ ਚੁਕਾਇੰਦਾ । ਨਾਰ ਪੁਰਖ ਇਕ ਭਗਵਾਨ, ਭਗਵਨ ਆਪਣਾ ਪੜਦਾ ਲਾਹਿੰਦਾ । ਪੁਰਖ ਨਾਰ ਇਕ ਗਿਆਨ, ਸ਼ਬਦ ਨਾਦ ਇਕ ਸੁਣਾਇੰਦਾ । ਨਾਰ ਪੁਰਖ ਇਕ ਨਿਸ਼ਾਨ, ਸਤਿਗੁਰ ਸ਼ਬਦ ਬਿਨ ਹੱਥਾਂ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪ ਜਣਾਇੰਦਾ । ਸਾਚਾ ਖੇਲ ਕੱਤਕ ਤਿੰਨ, ਤ੍ਰੈ ਲੋਕ ਲਏ ਜਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਿਨ ਰਹੇ ਗਿਣ, ਅੱਠੇ ਪਹਿਰ ਹਿਸਾਬ ਲਗਾਈਆ । ਕਵਣ ਵੇਲਾ ਪ੍ਰਭ ਪਰਗਟੇ ਆਪਣਾ ਚਿਨ੍ਹ, ਚਾਨਣ ਕਰੇ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚ ਵਡਿਆਈਆ । ਸਚ ਵਡਿਆਈ ਪੁਰਖ ਨਾਰ, ਘਰ ਸਾਚੇ ਆਪ ਰਖਾਇੰਦਾ । ਸਤਿਜੁਗ ਦਾ ਸਤਿ ਵਿਹਾਰ, ਸਾਚੀ ਧਾਰ ਆਪ ਬੰਧਾਇੰਦਾ । ਧੁਰ ਦਰਗਾਹ ਦਾ ਧਰਮ ਨਿਸ਼ਾਨ, ਇਸਤਰੀ ਪੁਰਖ ਆਪ ਫੜਾਇੰਦਾ । ਸੱਜਾ ਖੱਬਾ ਹੱਥ ਦੋਹਾਂ ਕਰ ਪਰਵਾਨ, ਮਹਿੰਮਾਂ ਅਕੱਥ ਆਪ ਲਿਖਾਇੰਦਾ । ਆਪ ਰਹੇ ਵਿਚ ਦਰਮਿਆਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕ ਚਾਰ ਚਾਰ ਵੰਡ ਵੰਡਾਇੰਦਾ । ਇਕ ਅੱਗੇ ਚਾਰ ਸੱਜੇ ਚਾਰ ਖੱਬੇ ।

ਮਿਹਰਵਾਨ ਵਿਚ ਫਬੇ । ਚਾਰ ਕੁੰਟ ਇਕੋ ਲੱਭੇ । ਦਹਿ ਦਿਸ਼ਾ ਸਭ ਨੂੰ ਸੱਦੇ । ਦੋ ਜਹਾਨ ਆਪੇ ਭੱਜੇ । ਸ਼ਬਦ ਰੂਪ ਨਿਰਗੁਣ ਗੱਜੇ । ਸ਼ਾਹਸਵਾਰ ਸਤਿਗੁਰ ਸਜੇ । ਕਰ ਨਿਮਸਕਾਰ ਗੁਰਮੁਖ ਦੋਏ ਬੱਧੇ । ਪੰਜ ਪਿਆਰ ਪ੍ਰੇਮ ਰਸ ਮਧੇ । ਹਰਿ ਸੰਗਤ ਪਿਆਰ ਜੁਗ ਚਾਰ ਹੱਦੇ । ਕਲਗੀਧਰ ਨਿਰਗੁਣ ਨਿਰਵੈਰ ਅਵਤਾਰ, ਜੋਧਾ ਸੂਰਬੀਰ ਸਾਹਿਬ ਸੁਲਤਾਨ ਇਕੋ ਫਬੇ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਕੇ ਸੇਵਾਦਾਰ, ਹੁਕਮੇ ਅੰਦਰ ਆਵਣ ਬੱਝੇ । ਕਰੇ ਖੇਲ ਆਪ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਆਪਣੀ ਧਾਰ ਵਿਚੋਂ ਆਪੇ ਅੱਗੇ ਵਧੇ ।

## ✪ ੩ ਕੱਤਕ ੨੦੨੦ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹ ਪਿੰਡ ਹੇਰ ਜ਼ਿਲਾ ਜਲੰਧਰ ✪

ਸਾਹਿਬ ਸਤਿਗੁਰ ਵੇਖ ਰੰਗ, ਸਚਖੰਡ ਸਾਚੇ ਵੱਜੇ ਵਧਾਈਆ । ਲੋਕਮਾਤ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਵੇਸ ਵਟਾਈਆ । ਜਨ ਭਗਤ ਦੁਆਰ ਆਪੇ ਲੰਘ, ਘਰ ਸਾਚੇ ਸੋਭਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਵੇਖ ਨੱਚਣ ਵਾਂਗ ਮਲੰਗ, ਆਪ ਆਪਣਾ ਤਾਲ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਜਾਵਣ ਮਰਦੰਗ, ਸਦ ਨਾਮ ਢੋਲਾ ਗਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਦਏ ਅਨੰਦ, ਅਨੰਦ ਇਕੋ ਇਕ ਦਰਸਾਈਆ । ਨੈਣ ਸ਼ਰਮਾਇਣ ਸੂਰਜ ਚੰਦ, ਧਰਤ ਧਵਲ ਧਿਆਨ ਲਗਾਈਆ । ਚਾਰ ਜੁਗ ਕਹਿਣ ਸਾਡੀ ਪੂਰੀ ਹੋਈ ਮੰਗ, ਪ੍ਰਭ ਲੇਖਾ ਰਿਹਾ ਲਗਾਈਆ । ਚਾਰ ਵੇਦ ਕਹਿਣ ਸਾਨੂੰ ਪਾਏ ਠੰਡ, ਅੰਮ੍ਰਿਤ ਮੇਘ ਬਰਸਾਈਆ । ਚਾਰ ਵਰਨ ਕਹਿਣ ਸਾਡਾ ਮੁੱਕੇ ਪੰਧ, ਪ੍ਰਭ ਮਿਲੇ ਬੇਪਰਵਾਹੀਆ । ਚਾਰ ਖਾਣੀ ਕਹੇ ਮੇਰਾ ਮੁਕੇ ਰੰਡੇਪਾ ਰੰਡ, ਕੰਤ ਸੁਹਾਗੀ ਇਕ ਹੰਡਾਈਆ । ਚਾਰ ਬਾਣੀ ਕਹੇ ਮੇਰਾ ਸੋਹੇ ਸੱਚਾ ਛੰਦ, ਧੁਰ ਦੀ ਧਾਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਇਕ ਸੁਹਾਈਆ । ਸਚ ਦੁਆਰਾ ਵੇਖ ਮਾਤ, ਦੋ ਜਹਾਨ ਖ਼ੁਸ਼ੀ ਮਨਾਇੰਦਾ । ਸਚਖੰਡ ਦੁਆਰਾ ਪੜਦਾ ਲਾਹ ਕਨਾਤ, ਪੜਦਾ ਉਹਲਾ ਆਪ ਚੁਕਾਇੰਦਾ । ਥਿਰ ਘਰ ਵੇਖੇ ਇਕ ਪਰਭਾਤ, ਸ਼ਬਦੀ ਗੁਰ ਸੋਭਾ ਪਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਉਪਰ ਉਠਾਵਣ ਹਾਥ, ਬਿਨ ਹੱਥਾਂ ਹੱਥਾਂ ਨਾਲ ਸਮਝਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਉਚੀ ਗਾਇਣ ਗਾਥ, ਤੂੰ ਹੀ ਤੂੰ ਹੀ ਰਾਗ ਅਲਾਇੰਦਾ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਰਹੇ ਭਾਗ, ਬਣ ਬਣ ਪਾਂਧੀ ਪੰਧ ਸਰਬ ਮੁਕਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਸਤਿ ਸੁਆਮੀ ਜਗਾਏ ਚਿਰਾਗ਼, ਦੀਵਾ ਬਾਤੀ ਕਮਲਾਪਾਤੀ ਇਕੋ ਨੂਰ ਵਖਾਇੰਦਾ । ਮਿਹਰਵਾਨ ਨੌਜਵਾਨ ਸ੍ਰੀ ਭਗਵਾਨ ਜਨ ਭਗਤਾਂ ਧੋਵੇ ਦਾਗ਼, ਦੁਰਮਤ ਮੈਲ ਦੂਰ ਕਰਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਜ਼ਿਮੀਂ ਅਸਮਾਨ ਖੇਲ ਮਹਾਨ, ਪੁਰਖ ਪੁਰਖੋਤਮ ਨਿਰਵੈਰ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਚੜ੍ਹਾਇੰਦਾ । ਸਾਚਾ ਰੰਗ ਵੇਖ ਲੋਕ, ਪਰਲੋਕ ਰਹੇ ਜਸ ਗਾਈਆ । ਰਲ ਮਿਲ ਗਾਵਣ ਇਕ ਸਲੋਕ, ਸੋਹਲਾ ਇਕੋ ਗਾਈਆ । ਨਜ਼ਰੀ ਆਏ ਨਿਰਮਲ ਜੋਤ, ਪਰਕਾਸ਼ਵਾਨ ਬੇਪਰਵਾਹੀਆ । ਆਦਿ ਜੁਗਾਦਿ ਜਿਸ ਦੀ ਇਕੋ ਗੋਤ, ਵਰਨ ਬਰਨ ਨਾ ਕੋਇ ਰਖਾਈਆ । ਨਿਤ ਨਵਿਤ ਨਾ ਹਰਖ਼ ਨਾ ਕੋਈ ਸੋਗ, ਚਿੰਤਾ ਗ਼ਮ ਨਾ ਕੋਇ

ਜਣਾਈਆ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਭੋਗੇ ਭੋਗ, ਸਚ ਸੰਜੋਗ ਆਪਣਾ ਇਕ ਹੰਡਾਈਆ । ਕਰੇ ਕਰਾਏ ਬੇਪਰਵਾਹੇ ਦੇਵੇ ਦਰਸ ਅਮੋਘ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਚਖੰਡ ਵੇਖ ਬ੍ਰਹਿਮੰਡ, ਸਾਰੇ ਖ਼ੁਸ਼ੀ ਮਨਾਈਆ । ਨਵ ਨੌ ਚਾਰ ਵਿਚ ਸੰਸਾਰ ਅੰਤਮ ਵਾਰ ਅੰਤਮ ਗਏ ਲੰਘ, ਚੌਕੜ ਆਪਣਾ ਪੰਧ ਮੁਕਾਈਆ । ਨਿਰਗੁਣ ਸਰਗੁਣ ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਗਾਇਣ ਢੋਲਾ ਛੰਦ, ਗੀਤ ਗੋਬਿੰਦ ਇਕ ਅਲਾਈਆ । ਸੋ ਪਰਗਟ ਹੋਇਆ ਸੂਰਾ ਸਰਬੰਗ, ਜਿਸ ਦਾ ਰੂਪ ਰੇਖ ਨਾ ਕੋਈ ਰੰਗ, ਜੋਤੀ ਜਾਤਾ ਪੁਰਖ ਬਿਧਾਤਾ ਨੂਰ ਇਲਾਹੀਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਖਾਣੀ ਬਾਣੀ ਜਿਸ ਨੇ ਵੰਡੀ ਵੰਡ, ਧੁਰ ਦੀ ਧਾਰ ਸ਼ਬਦ ਅਨਾਦ ਆਪ ਸਮਝਾਈਆ । ਸੋ ਕਲਜੁਗ ਅੰਤਮ ਪਰਗਟ ਹੋ ਸੂਰਾ ਸਰਬੰਗ, ਵਜਾਏ ਇਕ ਨਾਮ ਮਰਦੰਗ, ਦੋ ਜਹਾਨਾਂ ਸਤਿ ਨਿਸ਼ਾਨਾ ਵਡ ਮਿਹਰਵਾਨ ਝੁਲਾਈਆ । ਦੋ ਜਹਾਨ ਹੋ ਇਕੱਠੇ, ਦਰ ਇਕੋ ਵੇਖ ਵਖਾਈਆ । ਸ੍ਰੀ ਭਗਵਾਨ ਖੇਲ ਕੋਈ ਨਾ ਜਾਣੇ ਸਮਰਥੇ, ਸਮਰਥ ਪੁਰਖ ਬੇਪਰਵਾਹੀਆ । ਆਪਣੀ ਵੰਡ ਵਿਚ ਬ੍ਰਹਿਮੰਡ ਨਵ ਖੰਡ ਆਪੇ ਰੱਖੇ, ਜੀਵ ਜਗਤ ਸਮਝ ਕੋਇ ਨਾ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਚਾਰੇ ਕੁੰਟ ਰਹੇ ਹੱਕੇ ਬੱਕੇ, ਹੱਕ ਹਕੀਕਤ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗੰਬਰ ਸਾਧ ਸੰਤ ਜਿਸ ਨੂੰ ਲੱਭ ਲੱਭ ਥੱਕੇ, ਸੋ ਸ਼ਾਹ ਪਾਤਸ਼ਾਹ ਆਪਣਾ ਭੇਵ ਆਪਣੇ ਵਿਚ ਛੁਪਾਈਆ । ਜਿਸ ਦੀ ਪੂਜਾ ਪੰਜ ਤਤ ਕਾਇਆ ਕਰੇ ਮਦੀਨੇ ਮੱਕੇ, ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਬੈਠੇ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਾਹਿਬ ਸਤਿਗੁਰ ਜੋ ਨਿਰਗੁਣ ਪਤ ਰੱਖੇ, ਸਰਗੁਣ ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਇਕ ਖੁਲ੍ਹਾਈਆ । ਲੋਕਮਾਤ ਦਾ ਵੇਖ ਮਹੱਲਾ, ਦੋ ਜਹਾਨ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਖੇਲ ਅਵੱਲਾ, ਹਰਿ ਕਰਤਾ ਆਪ ਕਰਾਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਦੀਨ ਦਿਆਲ ਪ੍ਰੇਮ ਪ੍ਰੀਤੀ ਮੰਦਰ ਹੋ ਕੇ ਝੱਲਾ, ਹਰਿਜਨ ਸਾਚੇ ਵੇਖੇ ਥਾਉਂ ਥਾਈਂਆ । ਨਿਰਧਨ ਸਰਧਨ ਫੜਾਏ ਆਪਣਾ ਪੱਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਵੇਖੋ ਕਰੇ ਕਰਤਾਰ, ਸਮਝ ਕੋਇ ਨਾ ਆਈਆ । ਪਹਿਲੀ ਕੱਤਕ ਹੋ ਤਿਆਰ, ਕਦਮ ਆਪਣਾ ਇਕ ਉਠਾਈਆ । ਦੋ ਕੱਤਕ ਨਿਰਗੁਣ ਸਰਗੁਣ ਧਾਰ, ਦੋ ਜਹਾਨਾਂ ਵੇਖ ਵਖਾਈਆ । ਚਾਰ ਜੁਗ ਦਾ ਪੂਰਬ ਲਹਿਣਾ ਦਏ ਉਧਾਰ, ਲੇਖਾ ਸਭ ਦੀ ਝੋਲੀ ਪਾਈਆ । ਸੰਤ ਭਗਤ ਗੁਰਮੁਖ ਗੁਰਸਿਖ ਸਾਰੇ ਮੰਗਦੇ ਗਏ ਦੀਦਾਰ, ਦੋਏ ਜੋੜ ਵਾਸਤਾ ਪਾਈਆ । ਕਰ ਕਿਰਪਾ ਪ੍ਰਭ ਬਖ਼ਸ਼ਣਹਾਰ, ਬਖ਼ਸ਼ਿਸ਼ ਤੇਰੇ ਹੱਥ ਵਡਿਆਈਆ । ਨਿਜ ਨੇਤਰ ਦੇ ਦੀਦਾਰ, ਘਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਸੁਣਾਈਆ । ਸਚ ਸੰਦੇਸਾ ਭਗਤ ਭਗਵਾਨ ਏਕੰਕਾਰ, ਏਕਾ ਵਾਰ ਜਣਾਈਆ । ਸਾਰੇ ਰਹਿਣਾ ਖ਼ਬਰਦਾਰ, ਬੇਖ਼ਬਰ ਖ਼ਬਰ ਪੁਚਾਈਆ । ਧਰਤ ਹੋਵੇ ਸ਼ਰਮਸਾਰ, ਧਰਨੀ ਧਵਲ ਨੇਤਰ ਅੱਖ ਨਾ ਕੋਇ ਉਠਾਈਆ । ਨੌ ਖੰਡ ਪ੍ਰਿਥਮੀ ਧੂਆਂਧਾਰ, ਸਾਚਾ ਚੰਦ ਨਾ ਕੋਇ ਚਮਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਬਣਨ ਭਿਖਾਰ, ਦਰ ਦਰਵੇਸ਼ ਬੈਠਣ ਡੇਰਾ ਲਾਈਆ ।

ਕਲਜੁਗ ਅੰਤ ਸ੍ਰੀ ਭਗਵੰਤ ਸਦੀ ਬੀਸਵੀਂ ਦਏ ਦੀਦਾਰ, ਦੀਦਾ ਦਾਨਿਸਤਾ ਭੇਵ ਅਭੇਦ ਪਰਦਾਨਸ਼ੀਂ ਆਪਣਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਵਡਿਆਈਆ । ਦੇਵਣਹਾਰ ਵਡਿਆਈ ਆਪ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਸੰਤ ਸੁਹੇਲੇ ਰੱਖ ਕੇ ਸਾਥ, ਸਗਲਾ ਸੰਗ ਨਿਭਾਇੰਦਾ । ਜੋ ਨਿਰਗੁਣ ਹੋ ਕੇ ਚਾਰ ਜੁਗ ਅੰਤ ਗਿਆ ਆਖ, ਸੋ ਪਰਮਾਤਮ ਆਪਣਾ ਭੇਵ ਚੁਕਾਇੰਦਾ । ਕਲਜੁਗ ਵੇਖ ਅੰਧੇਰੀ ਰਾਤ, ਪੁਰਖ ਅਬਿਨਾਸ਼ੀ ਆਪਣਾ ਫੇਰਾ ਪਾਇੰਦਾ । ਸਚ ਪ੍ਰੀਤੀ ਬੰਧ ਨਾਤ, ਬਿਧਾਤਾ ਆਪਣਾ ਜੋੜ ਜੁੜਾਇੰਦਾ । ਸਚ ਧਰਮ ਦਾ ਡੂੰਘਾ ਖਾਤ, ਗ੍ਰਿਹ ਮੰਦਰ ਆਪ ਵਖਾਇੰਦਾ । ਜਿਉਂ ਭਾਵੇ ਤਿਉਂ ਲਵੇ ਰਾਖ, ਮਿਹਰਵਾਨ ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲੇਖਾ ਆਪ ਜਣਾਇੰਦਾ । ਆਓ ਲੇਖਾ ਦੱਸਾਂ ਏਕ, ਸ੍ਰੀ ਭਗਵਾਨ ਆਪ ਜਣਾਈਆ । ਵਿਸ਼ਨ ਰੱਖੀ ਪਿਛਲੀ ਟੇਕ, ਪ੍ਰਭ ਮਿਲੇ ਤੇਰੀ ਸਰਨਾਈਆ । ਬ੍ਰਹਮੇ ਮੰਗਿਆ ਆਪਣਾ ਹੇਤ, ਬ੍ਰਹਮ ਆਪਣੀ ਅੰਸ ਬਣਾਈਆ । ਸ਼ੰਕਰ ਕਿਹਾ ਮੈਂ ਵੇਖਾਂ ਖੇਤ, ਤੇਰਾ ਨਾਮ ਸ਼ਸਤਰ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਜਣਾਈਆ । ਆਵੇ ਵੇਖੇ ਪੰਜ ਤੱਤ, ਤ੍ਰੈਗੁਣ ਅਤੀਤਾ ਆਪ ਜਣਾਈਆ । ਜੁਗ ਚੌਕੜੀ ਗਏ ਲੰਘ, ਕਲਜੁਗ ਵੇਲਾ ਅੰਤਮ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਪਣੀ ਪੂਰੀ ਕਰੋ ਮੰਗ, ਮਾਂਗਤ ਬਚਿਆ ਕੋਇ ਨਜ਼ਰ ਨਾ ਆਈਆ । ਪਰਗਟ ਹੋ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੀ ਸਰਨ ਮਿਲੇ ਸਰਨਾਈਆ । ਸ਼ਬਦ ਕਹੇ ਪ੍ਰਭ ਦੇ ਦਾਤ, ਤੇਰੇ ਅੱਗੇ ਇਕ ਅਰਜ਼ੋਈਆ । ਮੇਰੀ ਧਾਰੋਂ ਨਿਕਲੀ ਤਿੰਨਾਂ ਇਕ ਜਮਾਤ, ਵਿਸ਼ਨ ਬ੍ਰਹਮਾ ਸ਼ਿਵ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਮਾਇਆ ਦਿਤਾ ਸਾਥ, ਰਜੋ ਤਮੋ ਸਤੋ ਮੇਲ ਮਿਲਾਈਆ । ਤ੍ਰੈਗੁਣ ਕਹੇ ਤ੍ਰੈਲੋਕੀ ਖੇਲ ਤਮਾਸ਼, ਮਿਹਰਵਾਨ ਤੇਰੀ ਸਰਨਾਈਆ । ਤ੍ਰਿਲੋਕੀ ਕਹੇ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਤੇਰੀ ਧਾਰ ਇਕ ਜਮਾਤ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਰੇ ਕਹਿ ਕਹਿ ਗਏ ਆਖ, ਉਚੀ ਕੂਕ ਕੂਕ ਸੁਣਾਈਆ । ਪਾਰਬ੍ਰਹਮ ਤੇਰਾ ਖੇਲ ਤਮਾਸ਼, ਸਮਝ ਕਿਸੇ ਨਾ ਆਈਆ । ਹਰ ਘਟ ਅੰਦਰ ਰੱਖੇਂ ਵਾਸ, ਲੱਖ ਚੁਰਾਸੀ ਰਿਹਾ ਸਮਾਈਆ । ਜੁਗ ਚੌਕੜੀ ਕਰੇਂ ਨਾਸ, ਹੁਕਮੀ ਹੁਕਮ ਇਕ ਭਵਾਈਆ । ਦੋ ਜਹਾਨ ਮੰਡਲ ਮੰਡਪ ਪ੍ਰਿਥਮੀ ਆਕਾਸ਼ ਪਾਵੇਂ ਰਾਸ, ਗੋਪੀ ਕਾਹਨ ਆਪ ਨਚਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਨ ਭਗਤਾਂ ਪੂਰੀ ਕਰ ਆਸ, ਆਸਾ ਤੇਰੇ ਅੱਗੇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਗੁਰ ਅਵਤਾਰ ਸਾਰੇ ਬੋਲਣ, ਸ਼ਬਦੀ ਨਾਅਰਾ ਇਕ ਲਗਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਕਲਜੁਗ ਅੰਤਮ ਪੂਰਾ ਤੋਲ ਆਇਉਂ ਤੋਲਣ, ਬਣ ਤੋਲਾ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਆਇਉਂ ਮਾਤ ਵਰੋਲਣ, ਆਪ ਆਪਣੀ ਸੇਵ ਕਮਾਈਆ । ਸਚ ਦੁਆਰ ਹਰਿ ਨਿਰੰਕਾਰ ਨਿਰਗੁਣ ਧਾਰ ਆਇਉਂ ਖੋਲਣ, ਖ਼ਾਲਕ ਖ਼ਲਕ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਚੇ ਖ਼ੁਸ਼ੀ ਮਨਾਈਆ ।

ਖ਼ੁਸ਼ੀ ਕਰਨ ਦਾ ਇਕੋ ਵਕਤ, ਜੁਗ ਚੌਕੜੀ ਆਪ ਜਣਾਇਆ । ਮਿਲੇ ਵਡਿਆਈ ਵਿਚ ਜਗਤ, ਜਗਜੀਵਣ ਦਾਤਾ ਹੋਏ ਸਹਾਇਆ । ਕਲਜੁਗ ਅੰਤਮ ਨਿਰਗੁਣ ਰੂਪ ਆਵੇ ਪਰਤ, ਜੋਤੀ ਜਾਤਾ ਵੇਸ ਵਟਾਇਆ । ਕਰੇ ਖੇਲ ਬੀਸਵੇਂ ਬਰਸ, ਬਰਸੀ ਆਪਣੇ ਰੰਗ ਰੰਗਾਇਆ । ਦੇਵੇ ਵਡਿਆਈ ਉਤੇ ਧਰਨੀ ਮਾਟੀ ਫ਼ਰਸ਼, ਖ਼ਾਕ ਕੰਚਨ ਰੂਪ ਵਟਾਇਆ । ਜੁਗ ਜਨਮ ਦੀ ਲਾਹੇ ਹਰਸ, ਸਿਰ ਆਪਣਾ ਹੱਥ ਟਿਕਾਇਆ । ਕੱਤਕ ਤਿੰਨ ਕਰ ਕੇ ਤਰਸ, ਤਾਰ ਸਿਤਾਰ ਇਕ ਹਲਾਇਆ । ਸਭ ਦੀ ਪੂਰੀ ਕਰੇ ਲਿਖਤ ਪੜ੍ਹਤ, ਬਿਨ ਕਲਮ ਸ਼ਾਹੀ ਹਿਸਾਬ ਜੋ ਆਪਣੇ ਹੱਥ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇਆ । ਤਿੰਨ ਕੱਤਕ ਪ੍ਰਭ ਕੀ ਕੁਛ ਵਾਧਾ, ਗੁਰ ਅਵਤਾਰ ਪੁਛ ਪੁਛਾਈਆ । ਕੋਈ ਨਾ ਦੱਸ ਕੇ ਗਿਆ ਪਿਓ ਦਾਦਾ, ਸ਼ਾਸਤਰ ਸਿਮਰਤ ਵੇਦ ਸਮਝ ਕਿਸੇ ਨਾ ਪਾਈਆ । ਕੋਈ ਨਾ ਗਾ ਕੇ ਗਿਆ ਰਾਗਾਂ ਨਾਦਾਂ, ਰਸਨਾ ਜਿਹਵਾ ਵੰਡ ਨਾ ਕੋਇ ਵੰਡਾਈਆ । ਕੋਈ ਨਾ ਸੁਣਾਏ ਉਚੀ ਆਵਾਜ਼ਾ, ਰਸਨਾ ਜਿਹਵਾ ਬੋਲ ਅਲਾਈਆ । ਕਲਜੁਗ ਅੰਤਮ ਕਿਸ ਬਿਧ ਕੱਤਕ ਤਿੰਨ ਹੋਵੇ ਦਰਸ ਵਡ ਭਾਗਾ, ਵਡ ਭਾਗੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਆਸ ਰਖਾਈਆ । ਖਾਣੀ ਬਾਣੀ ਸ਼ਾਸਤਰ ਸਿਮਰਤ ਵੇਦ ਪੁਰਾਨ ਸਾਰੇ ਪਏ ਬੋਲ, ਉਚੀ ਕੂਕ ਕੂਕ ਸੁਣਾਈਆ । ਸਾਡੇ ਨਾਲ ਕਿਉਂ ਮਾਰਿਆ ਰੋਲ, ਆਪਣਾ ਪੜਦਾ ਆਪ ਛੁਪਾਈਆ । ਅਸੀਂ ਸੁੱਤੇ ਰਹੇ ਅਨਭੋਲ, ਚਾਰ ਜੁਗ ਪ੍ਰਭ ਤੇਰੀ ਸਮਝ ਕੋਇ ਨਾ ਆਈਆ । ਅਸੀਂ ਕਾਗ਼ਜ਼ ਸ਼ਾਹੀ ਕਲਮ ਨਾਲ ਤੋਲਦੇ ਰਹੇ ਤੇਰਾ ਤੋਲ, ਬੌਹੜੀ ਖ਼ੁਦਾਏ ਤੇਰਾ ਤਰਾਜ਼ੂ ਹੱਥ ਕਿਸੇ ਨਾ ਆਈਆ । ਤੂੰ ਨਿਰਗੁਣ ਨਿਰਵੈਰ ਪੁਰਖ ਅਕਾਲ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਬੈਠਾ ਰਿਹੋਂ ਅਡੋਲ, ਆਪਣੀ ਕਰਨੀ ਆਪਣੇ ਵਿਚ ਛੁਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸ਼ਰਅ ਸ਼ਰੀਅਤ ਦੀਨ ਮਜ਼੍ਹਬ ਜ਼ਾਤ ਪਾਤ ਅਸੀਂ ਕਰਦੇ ਰਹੇ ਘੋਲ, ਤੇਰੇ ਚਰਨਾਂ ਘੋਲੀ ਘੋਲ ਨਾ ਕੋਇ ਘੁਮਾਈਆ । ਕਲਜੁਗ ਅੰਤਮ ਵੇਖ ਮਾਰ ਝਾਤ ਵਿਚੋਂ ਸਭ ਦੇ ਪੋਲ, ਆਪਣਾ ਭਾਰ ਨਾ ਸਕੇ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਹੱਥ ਵੱਡੀ ਵਡਿਆਈਆ । ਹੱਥ ਵਡਿਆਈ ਤੇਰੇ ਪ੍ਰਭ, ਦਰ ਤੇਰੇ ਆਸ ਰਖਾਈਆ । ਆਪਣਾ ਭੇਵ ਦੱਸ ਸਭ, ਪੜਦਾ ਉਹਲਾ ਰਹਿਣ ਨਾ ਪਾਈਆ । ਕਵਣ ਕੂਟ ਕਵਣ ਕਿਨਾਰਾ ਕਵਣ ਹੱਦ, ਕਵਣ ਮੰਦਰ ਕਵਣ ਦੁਆਰ ਡੇਰਾ ਲਾਈਆ । ਕਵਣ ਸ਼ਬਦ ਕਵਣ ਨਾਮ ਕਵਣ ਨਦ ਜਾਏ ਵੱਜ, ਕਵਣ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਤਿੰਨ ਕੱਤਕ ਦਾ ਸੁਣੋ ਹਾਲ, ਸੋ ਸਾਹਿਬ ਆਪ ਜਣਾਈਆ । ਨਿਰਗੁਣ ਸਰਗੁਣ ਕੀਆ ਪਿਆਰ, ਨਿਰਗੁਣ ਸਰਗੁਣ ਆਪਣੀ ਧਾਰ ਵਖਾਈਆ । ਪਹਿਲੀ ਕੱਤਕ ਏਕੰਕਾਰ, ਦੂਜੇ ਸ੍ਰਿਸ਼ਟ ਰਚੀ ਸੰਸਾਰ, ਤੀਜੇ ਕਰਮ ਕਾਂਡ ਕਰ ਪਿਆਰ, ਤਿੰਨਾਂ ਮੇਲਾ ਸਹਿਜ ਸੁਭਾਈਆ । ਤਿੰਨੇ ਡਿਗੇ ਦਰ ਦੁਆਰ, ਬਿਨ ਅੱਖਾਂ ਰੋਵਣ ਜ਼ਾਰੋ ਜ਼ਾਰ, ਧੂੜੀ ਟਿੱਕਾ ਮਸਤਕ ਲਾਈਆ । ਕਿਰਪਾ ਕਰ ਆਪ ਨਿਰੰਕਾਰ, ਸਾਚਾ ਦੱਸ ਇਕ ਵਿਹਾਰ, ਤੇਰੇ ਨਾਲ ਹੋਵੇ ਪਿਆਰ, ਨਾਤਾ ਨਜ਼ਰ ਕੋਇ ਨਾ ਆਈਆ । ਮਾਰਗ ਇਕੋ ਦੇ ਸਖਾਲ, ਮੇਲਾ ਹੋਏ ਦੀਨ ਦਿਆਲ, ਝਗੜਾ ਚੁਕੇ ਕਾਲ ਮਹਾਂਕਾਲ, ਸਾਚੀ ਮਿਲੇ ਇਕ ਸਰਨਾਈਆ । ਤੂੰ ਆਪੇ ਸਾਨੂੰ ਲੈਣਾ ਭਾਲ, ਨਾ ਵੇਖੀਂ ਸ਼ਾਹ ਕੰਗਾਲ, ਊਚ ਨੀਚ ਸਮਝ ਕੋਇ ਨਾ ਪਾਈਆ ।

ਮੁਰਸ਼ਦ ਹੋ ਕੇ ਸੁਣੇਂ ਹਾਲ, ਸਤਿਗੁਰ ਹੋ ਕੇ ਬਣੇਂ ਦਲਾਲ, ਕਰਤਾ ਹੋ ਕੇ ਲਏਂ ਸੰਭਾਲ, ਤੇਰੇ ਅੱਗੇ ਇਕੋ ਅਰਦਾਸ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਤਿੰਨਾਂ ਦੇਵਾਂ ਇਕੋ ਰੰਗ, ਰੰਗ ਰਾਤਾ ਦਇਆ ਕਮਾਈਆ । ਜੋਤ ਸ਼ਬਦ ਪੰਜ ਤਤ ਦੇਵਾਂ ਨਾਲ ਸੰਗ, ਸਗਲਾ ਸੰਗ ਬਣਾਈਆ । ਨਿਰਗੁਣ ਧਾਰ ਵਜਾ ਮਰਦੰਗ, ਤਾਲ ਇਕੋ ਇਕ ਸੁਣਾਈਆ । ਸਚ ਦੁਆਰਾ ਆਪੇ ਲੰਘ, ਨੈਣ ਇਕੋ ਇਕ ਖੁਲ੍ਹਾਈਆ । ਆਪਣੇ ਲੋਚਣ ਦੋਵੇਂ ਕਰ ਕੇ ਬੰਦ, ਤੀਜਾ ਲੋਚਣ ਗੁਰਮੁਖਾਂ ਝੋਲੀ ਪਾਈਆ । ਚਾਰ ਜੁਗ ਕੋਈ ਸਮਝ ਨਾ ਸਕੇ ਹਰਿ ਕਾ ਅਨੰਦ, ਅਨੰਦ ਅਨੰਦ ਵਿਚੋਂ ਰਸ ਵਖਾਈਆ । ਆਦਿ ਪੁਰਖ ਪ੍ਰਭ ਵੰਡ ਕੇ ਆਪਣੀ ਵੰਡ, ਝੋਲੀ ਆਪਣੀ ਵਿਚ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਜੋਤ ਸ਼ਬਦ ਤਤ ਕਰ ਵਿਚਾਰ, ਪ੍ਰਭ ਅੱਗੇ ਸੀਸ ਝੁਕਾਈਆ । ਨਿੰਮਾਂ ਨਿੰਮਾਂ ਤੇਰਾ ਉਜਿਆਰ, ਈਸ਼ ਜੀਵ ਰੂਪ ਅਖਵਾਈਆ । ਪਾਰਬ੍ਰਹਮ ਤੇਰਾ ਬ੍ਰਹਮ ਪਸਾਰ, ਜੀਵ ਜੰਤ ਵਡਿਆਈਆ । ਪਰਮਾਤਮ ਤੇਰਾ ਆਤਮ ਆਧਾਰ, ਇਕ ਤੇਰੀ ਓਟ ਰਖਾਈਆ । ਕਰਮ ਕਾਂਡ ਨਾਲ ਕਰ ਤਿਆਰ, ਪਰਕਿਰਤੀ ਬੰਧਨ ਦੇਵੇਂ ਪਾਈਆ । ਨੌ ਦੁਆਰ ਮਹੱਲ ਉਸਾਰ, ਨੌ ਦਰ ਦੇਵੇਂ ਜਗਤ ਵਖਾਈਆ । ਆਸਾ ਤ੍ਰਿਸਨਾ ਮਾਇਆ ਮਮਤਾ ਹਉਮੇਂ ਹੰਗਤਾ ਕਾਮ ਕਰੋਧ ਲੋਭ ਮੋਹ ਹੰਕਾਰ ਅੰਦਰ ਦੇਵੇਂ ਵਾੜ, ਹੁਕਮ ਹਾਕਮ ਇਕ ਮਨਾਈਆ । ਸਚ ਦੱਸ ਪ੍ਰੀਤਮ ਪਿਆਰੇ ਸੱਜਣ ਕਿਸ ਗ੍ਰਿਹਿ ਮੰਦਰ ਕਰੇਂ ਸਾਨੂੰ ਪਿਆਰ, ਆਪ ਆਪਣਾ ਦਰਸ ਦਿਖਾਈਆ । ਜਿਸ ਘਰ ਵਸਣ ਠੱਗ ਚੋਰ ਯਾਰ, ਦੂਜੀ ਧਾਰ ਓਥੇ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਪ੍ਰਭ ਮਿਹਰ ਨਜ਼ਰ ਉਠਾਈਆ । ਮਿਹਰਵਾਨ ਪ੍ਰਭ ਪੁਰਖ ਸਮਰਥ, ਦੀਨ ਦਿਆਲ ਦਇਆ ਕਮਾਇੰਦਾ । ਸਾਚੀ ਦੇਵੇ ਅਗੰਮੀ ਵੱਥ, ਨਜ਼ਰ ਕਿਸੇ ਨਾ ਆਇੰਦਾ । ਘਰ ਵਿਚ ਘਰ ਕਰਾਂ ਵਖ, ਪੜਦਾ ਓਹਲਾ ਆਪ ਚੁਕਾਇੰਦਾ । ਤਿਸ ਮੰਦਰ ਅੰਦਰ ਜਾਵਾਂ ਵਸ, ਜਿਸ ਦਾ ਦਰਵਾਜ਼ਾ ਨਜ਼ਰ ਕਿਸੇ ਨਾ ਆਇੰਦਾ । ਨਿਰਗੁਣ ਨੂਰ ਕਰਾਂ ਪਰਕਾਸ਼, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਚ ਦੱਸ ਪ੍ਰਭ ਕਿਹੜਾ ਘਰ, ਜਿਸ ਘਰ ਵੇਖੇਂ ਚਾਈਂ ਚਾਈਂਆ । ਸਾਡੀ ਝੋਲੀ ਪਾ ਦੇ ਵਰ, ਵਸਤ ਅਮੁਲ ਆਪ ਵਰਤਾਈਆ । ਬਾਕੀ ਸਭ ਦਾ ਚੁੱਕੇ ਡਰ, ਭੈ ਨਜ਼ਰ ਕੋਇ ਨਾ ਆਈਆ । ਤੇਰੀ ਸਰਨੀ ਜਾਈਏ ਪੜ, ਸਰਨਗਤ ਇਕ ਰਖਾਈਆ । ਮਿਹਰਵਾਨ ਮਿਹਰਵਾਨ ਪ੍ਰਭ ਕਿਰਪਾ ਕਰ, ਪੁਰਖ ਅਬਿਨਾਸ਼ੀ ਤੇਰੇ ਹੱਥ ਵਡਿਆਈਆ । ਉਚੇ ਟਿੱਲੇ ਵੇਖੀਏ ਚੜ੍ਹ, ਘਰ ਦਰਸਨ ਤੇਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਸੁਣ ਲਓ ਮੀਤ, ਹਰਿ ਸਤਿਗੁਰ ਆਪ ਜਣਾਈਆ । ਨਿਰਗੁਣ ਸਰਗੁਣ ਚਲਾਵਾਂ ਰੀਤ, ਰੀਤੀਵਾਨ ਆਪ ਅਖਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡਾਂ ਵੰਡ ਠੀਕ, ਲੱਖ ਚੁਰਾਸੀ ਨਾਲ ਮਿਲਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਨਾਲ ਦੇਵਾਂ ਭੀਖ, ਗੁਰ ਅਵਤਾਰਾਂ ਪੈਗ਼ੰਬਰਾਂ ਝੋਲੀ ਪਾਈਆ । ਭਗਤਾਂ ਸੰਤਾਂ ਮੇਟ ਅੰਧੇਰਾ ਤਾਰੀਕ, ਨਿੰਮਾਂ ਨੂਰ ਦਿਆਂ ਚਮਕਾਈਆ । ਥੋੜਾ ਥੋੜਾ ਹੋ ਕੇ ਵੇਖਾਂ ਨਜ਼ਦੀਕ, ਬਾਕੀ

ਆਪਣਾ ਆਪ ਛੁਪਾਈਆ । ਨਿੱਕੀ ਨਿੱਕੀ ਦੱਸ ਕੇ ਚਰਨ ਪ੍ਰੀਤ, ਦੂਰ ਦੁਰਾਡਾ ਬੈਠਾ ਮੁਖ ਭਵਾਈਆ । ਜੰਗਲ ਜੂਹ ਉਜਾੜ ਪਹਾੜਾਂ ਵਿਚ ਕਰਨ ਮੇਰੀ ਉਡੀਕ, ਲੱਭਿਆਂ ਹੱਥ ਕਿਸੇ ਨਾ ਆਈਆ । ਨੱਕਾਂ ਨਾਲ ਕੱਢਦੇ ਫਿਰਨ ਲੀਕ, ਰੋ ਰੋ ਮੰਗਣ ਦਰ ਤੇ ਭੀਖ, ਭਿਛਿਆ ਝੋਲੀ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਸਚ ਦੱਸ ਪ੍ਰਭੂ ਆਪਣਾ ਭੇਵ, ਦਰ ਬੈਠੇ ਮੰਗ ਮੰਗਾਈਆ । ਚਾਰ ਜੁਗ ਕਵਣ ਕਰਨ ਤੇਰੀ ਸੇਵ, ਦਰ ਤੇਰੇ ਅਲਖ ਜਗਾਈਆ । ਤੇਰਾ ਵੇਖਣ ਧਾਮ ਨਿਹਚਲ ਨਿਹਕੇਵ, ਮਹੱਲ ਅਟੱਲ ਤੇਰੇ ਖ਼ੁਸ਼ੀ ਮਨਾਈਆ । ਤੇਰਾ ਨਾਉਂ ਗਾਵਣ ਤੇਰੇ ਨਾਲ ਮਿਲ ਕੇ ਰਸਨਾ ਜਿਹਵ, ਗੀਤ ਗੋਬਿੰਦ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸੁਣੋ ਭੇਵ ਅਗੰਮ ਅਥਾਹ, ਨਿਰਗੁਣ ਨਿਰਗੁਣ ਆਪ ਜਣਾਇੰਦਾ । ਚਾਰ ਜੁਗ ਦਾ ਲੇਖ ਦਿਆਂ ਸਮਝਾ, ਬਿਨ ਸਮਝੋਂ ਸਮਝ ਕਰਾਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਦਿਆਂ ਲਿਖਾ, ਧੁਰ ਸੰਦੇਸਾ ਇਕ ਅਲਾਇੰਦਾ । ਅੰਜੀਲ ਕੁਰਾਨ ਖਾਣੀ ਬਾਣੀ ਮਾਰਗ ਦਿਆਂ ਲਗਾ, ਲਹਿਣਾ ਦੇਣਾ ਝੋਲੀ ਪਾਇੰਦਾ । ਲੱਖ ਚੁਰਾਸੀ ਵਿਚੋਂ ਚਾਰ ਜੁਗ ਵਿਚ ਥੋੜੇ ਲਵਾਂ ਉਠਾ, ਜਿਨ੍ਹਾਂ ਆਪਣਾ ਭੇਵ ਜਣਾਇੰਦਾ । ਤੇਈ ਅਵਤਾਰ ਉਂਗਲ ਲਵਾਂ ਲਾ, ਭਗਤ ਅਠਾਰਾਂ ਇਸ਼ਾਰਾ ਇਕ ਵਖਾਇੰਦਾ । ਈਸਾ ਮੂਸਾ ਮੁਹੰਮਦ ਜੋਤੀ ਨੂਰ ਦਿਆਂ ਚਮਕਾ, ਦੂਰ ਨਿਸ਼ਾਨਾ ਇਕ ਵਖਾਇੰਦਾ । ਨਾਨਕ ਨਿਰਗੁਣ ਮੇਲਾ ਇਕੋ ਸਹਿਜ ਸੁਭਾ, ਗੋਬਿੰਦ ਆਪਣਾ ਪੂਤ ਬਣਾਇੰਦਾ । ਸ਼ਬਦੀ ਧਾਰ ਨਾਲ ਮਿਲਾ, ਇਕਾਵਨ ਬਾਵਨ ਰੰਗ ਚੜ੍ਹਾਇੰਦਾ । ਚਾਰ ਜੁਗ ਵਿਚ ਬਵੰਜਾ ਦੇਵਾਂ ਰੱਖ ਹੱਥ ਅੱਖ ਖੁਲ੍ਹਾ, ਬਾਕੀ ਨਜ਼ਰ ਕਿਸੇ ਨਾ ਆਇੰਦਾ । ਜੋ ਆਇਆ ਸੋ ਗਿਆ ਗਾ, ਗਾਵਣਹਾਰਾ ਰੂਪ ਨਾ ਕੋਇ ਵਖਾਇੰਦਾ । ਨਿੱਕੀ ਨਿੱਕੀ ਸੇਵਾ ਲਾ, ਤ੍ਰਿਲੋਕੀ ਨਾਥ ਆਪ ਬਣਾ, ਚਰਨਾਂ ਹੇਠ ਆਪ ਦਬਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਆਪਣੀ ਦਇਆ ਕਮਾਇੰਦਾ । ਹਾਏ ਪ੍ਰਭੂ ਇਹ ਕੀ ਕੀਤਾ, ਦਰੋਹੀ ਤੇਰੇ ਨਾਮ ਖ਼ੁਦਾਈਆ । ਲੱਖ ਚੁਰਾਸੀ ਵਿਚੋਂ ਬਵੰਜਾ ਨਾਲ ਲਾਈ ਪ੍ਰੀਤਾ, ਬਾਕੀ ਛੱਡੀ ਸਰਬ ਲੋਕਾਈਆ । ਕੋਟਨ ਕੋਟ ਜੀਵ ਤੇਰੇ ਹਸਤ ਕੀਟਾ, ਊਚ ਨੀਚ ਜੂਨੀ ਜੂਨ ਰਿਹਾ ਭਵਾਈਆ । ਕਲਮਾ ਕਲਾਮ ਧੁਰ ਨਾਮ ਦੇ ਕੇ ਸ਼ਬਦ ਹਦੀਸਾ, ਹਜ਼ਰਤ ਕਿਉਂ ਬੈਠਾ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਆਪਣਾ ਭੇਵ ਦੇ ਜਣਾਈਆ । ਸੁਣੋ ਭੇਵ ਸ੍ਰੀ ਭਗਵਾਨ, ਸੋ ਸਾਚਾ ਆਖ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਆਪਣਾ ਦਾਨ, ਦੇਵਾਂ ਵਸਤ ਝੋਲੀ ਪਾਈਆ । ਲੋਕਮਾਤ ਬਣਾ ਕੇ ਜਾਣ ਜਗਤ ਨਿਸ਼ਾਨ, ਪੰਜ ਤਤ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਇਕੋ ਵੰਡ ਵੰਡਾਈਆ । ਜੁਗ ਚੌਕੜੀ ਦੇਵਾਂ ਜੋਗ, ਸਾਚੀ ਵੰਡ ਆਪ ਵੰਡਾਈਆ । ਨਾ ਕੋਈ ਹਰਖ਼ ਨਾ ਕੋਈ ਸੋਗ, ਚਿੰਤਾ ਗ਼ਮ ਨਾ ਕੋਇ ਸਤਾਈਆ । ਇਕੋ ਹੁਕਮ ਲੋਕ ਪਰਲੋਕ, ਦੋ ਜਹਾਨਾਂ ਆਪ ਸੁਣਾਈਆ । ਇਕੋ ਨਾਮ ਸਚ ਸਲੋਕ, ਸੋਹਲਾ ਢੋਲਾ ਰਾਗ ਅਲਾਈਆ । ਇਕੋ ਨੂਰ ਇਕੋ ਜੋਤ, ਇਕੋ ਦੀਪ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਿਹਰ ਨਜ਼ਰ ਪ੍ਰਭ ਤੇਰੀ ਕੀ, ਸਾਰੇ ਦੇਣ ਦੁਹਾਈਆ । ਤੁਧ ਬਿਨ ਸਕੇ ਨਾ

ਕੋਈ ਜੀ, ਜੀਵਣ ਕੰਮ ਕਿਸੇ ਨਾ ਆਈਆ । ਤੇਰੇ ਦੁਆਰਿਉਂ ਮੇਟਣੀ ਅਸਾਂ ਲੀਹ, ਲੇਖਾ ਕੋਈ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮਿਲੇ ਵਡਿਆਈਆ । ਦਰ ਘਰ ਸਾਚੇ ਦੇਵਾਂ ਮਾਣ, ਸੋ ਸਾਹਿਬ ਆਪ ਜਣਾਇਆ । ਜੁਗ ਚੌਕੜੀ ਬੀਤੇ ਵਿਚ ਜਹਾਨ, ਨਵ ਨੌਂ ਚਾਰ ਪੰਧ ਮੁਕਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਭਿਖਾਰੀ ਮੰਗਣ ਦਾਨ, ਦਰ ਦੁਆਰੇ ਸੀਸ ਝੁਕਾਇਆ । ਕਲਜੁਗ ਅੰਤਮ ਪਰਗਟ ਹੋ ਸ੍ਰੀ ਭਗਵਾਨ, ਪੁਰਖ ਅਬਿਨਾਸੀ ਫੇਰਾ ਪਾਇਆ । ਸਭ ਦਾ ਮੰਗਿਆ ਕਰਾਂ ਪਰਵਾਨ, ਮਿਹਰ ਨਜ਼ਰ ਨੈਣ ਉਠਾਇਆ । ਬਣ ਕੇ ਆਵਾਂ ਵਾਲੀ ਦੋ ਜਹਾਨ, ਨਿਰਗੁਣ ਨੂਰ ਕਰਾਂ ਰੁਸ਼ਨਾਇਆ । ਬਾਵਨ ਬਾਵਨ ਕਰ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇਆ । ਸਾਚੀ ਸਿਖਿਆ ਸਮਝਾਏ ਏਕ, ਏਕੰਕਾਰ ਮਿਲੇ ਵਡਿਆਈਆ । ਬਵੰਜਾ ਮਿਲੇ ਧੁਰ ਦੀ ਟੇਕ, ਇਕਵੰਜਾ ਇਕਵੰਜਾ ਇਕ ਨਾਲ ਤਰਾਈਆ । ਇਕ ਇਕ ਦਾ ਇਕੋ ਦੇਸ, ਸਚਖੰਡ ਸਾਚੇ ਬੈਠਾ ਡੇਰਾ ਲਾਈਆ । ਇਕ ਇਕ ਦਾ ਅਵੱਲੜਾ ਭੇਸ, ਸਮਝ ਸੋਚ ਸਕੇ ਨਾ ਕੋਈ ਰਾਈਆ । ਇਕ ਇਕ ਧੁਰ ਦਾ ਖੇਡ, ਖੇਲੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਇਕ ਉਠਾਵਾਂਗਾ, ਸੋ ਸਾਹਿਬ ਸਚ ਜਣਾਈਆ । ਨਿਰਗੁਣ ਸਰਗੁਣ ਦੋਵੇਂ ਧਾਰ ਤਜਾਵਾਂਗਾ, ਆਪ ਆਪਣਾ ਮੂਲ ਚੁਕਾਈਆ । ਅੰਤਮ ਇਕੋ ਰੂਪ ਪਰਗਟਾਵਾਂਗਾ, ਤੀਜੇ ਨੈਣ ਕਰਾਂ ਰੁਸ਼ਨਾਈਆ । ਧੁਰ ਦਾ ਨਾਮ ਇਕ ਸੁਣਾਵਾਂਗਾ, ਸਮਝ ਸਕੇ ਕੋਈ ਨਾ ਰਾਈਆ । ਥਿਤ ਵਾਰ ਇਕ ਵਡਿਆਵਾਂਗਾ, ਵੱਜੇ ਲੋਕਮਾਤ ਵਧਾਈਆ । ਦੂਆ ਸਿਫ਼ਰਾ ਪੰਧ ਮੁਕਾਵਾਂਗਾ, ਜ਼ੇਰ ਜ਼ਬਰ ਦਿਸੇ ਕੋਈ ਨਾਹੀਂਆ । ਮੜ੍ਹੀ ਗੋਰ ਪੰਧ ਮੁਕਾਵਾਂਗਾ, ਕਰ ਕੇ ਖੇਲ ਬੇਪਰਵਾਹੀਆ । ਸਾਚਾ ਜ਼ੋਰ ਇਕ ਜਣਾਵਾਂਗਾ, ਹੱਥ ਲੈ ਕੇ ਦੋ ਜਹਾਨਾਂ ਸ਼ਾਹੀਆ । ਠੱਗ ਚੋਰ ਇਕੋ ਮਿਹਰ ਨਜ਼ਰ ਨਾਲ ਤਰਾਵਾਂਗਾ, ਜੋ ਆਏ ਚਲ ਸਰਨਾਈਆ । ਪੂਜਾ ਪਾਠ ਨਾ ਕੋਈ ਕਰਾਵਾਂਗਾ, ਮਿਹਰ ਨਜ਼ਰ ਨਾਲ ਪਾਰ ਕਰਾਈਆ । ਗੁਰਮੁਖ ਇਕੋ ਰੂਪ ਬਣਾਵਾਂਗਾ, ਸਾਚੇ ਘਰ ਕਰ ਕੁੜਮਾਈਆ । ਭਗਤ ਭਗਵਾਨ ਹੋ ਪਰਨਾਵਾਂਗਾ, ਧੁਰ ਸੰਜੋਗੀ ਮੇਲ ਮਿਲਾਈਆ । ਸਾਚੀ ਸੇਜ ਇਕ ਹੰਡਾਵਾਂਗਾ, ਘਰ ਬਣ ਕੇ ਪ੍ਰਭੂ ਮਾਹੀਆ । ਨਿਰਵੈਰ ਹੋ ਕੇ ਵੇਖ ਵਖਾਵਾਂਗਾ, ਪੰਧ ਮੁਕਾਵਾਂ ਬਣ ਕੇ ਰਾਹੀਆ । ਦੂਰ ਦੁਰਾਡਾ ਚਲ ਕੇ ਆਵਾਂਗਾ, ਸਚ ਸੰਦੇਸ ਸੁਣਾਵਾਂ ਚਾਈਂ ਚਾਈਂਆ । ਕਲਜੁਗ ਸੁਹੰਜਣੀ ਰੁੱਤ ਸੁਹਾਵਾਂਗਾ, ਜਿਸ ਦਾ ਲੇਖਾ ਸਮਝ ਸਕੇ ਕੋਈ ਨਾਹੀਂਆ । ਚਾਰ ਜੁਗ ਦੇ ਵਿਛੜੇ ਮੇਲ ਮਿਲਾਵਾਂਗਾ, ਫੜ ਉਠਾਵਾਂ ਆਪਣੀ ਬਾਂਹੀਂਆ । ਅੰਮ੍ਰਿਤ ਜਾਮ ਇਕ ਪਿਆਵਾਂਗਾ, ਧੁਰ ਦਾ ਬਣ ਕੇ ਸਚ ਗੋਸਾਈਆ । ਪੂਰੀ ਇਛਿਆ ਕਾਮ ਕਰਾਵਾਂਗਾ, ਭਿਛਿਆ ਪਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਇਕ ਉਠਾਈਆ । ਕੱਤਕ ਤਿੰਨ ਤੱਕਣ ਦੋ ਜਹਾਨ, ਅੱਗੇ ਪਿਛੇ ਧਿਆਨ ਲਗਾਈਆ । ਦੋਹਾਂ ਵਿਚ ਵਸੇ ਸ੍ਰੀ ਭਗਵਾਨ, ਮਿਹਰਵਾਨ ਆਪਣਾ ਡੇਰਾ ਲਾਈਆ । ਮਾਤਲੋਕ ਵਿਚੋਂ ਦੋਆਬਾ ਕੀਤਾ ਪਰਧਾਨ, ਦੋ ਜਹਾਨਾਂ ਵਾਲੀ ਆਪਣੀ ਗੋਦ ਬਹਾਈਆ । ਸਚ ਮਹਿਰਾਬਾ ਇਕ ਮਕਾਨ, ਸਚ ਮਹਿਬੂਬ ਇਕੋ ਰੂਪ ਵਖਾਈਆ । ਭਾਗਾ ਆਇਆ ਸ੍ਰੀ ਭਗਵਾਨ, ਬਿਨ ਕਦਮਾਂ ਪੰਧ ਮੁਕਾਈਆ । ਚਿਰਾਗ਼ ਜਗਾਇਆ ਸ਼ਮਾਦਾਨ, ਗੁਰਮੁਖ ਨੂਰ ਕਰ ਰੁਸ਼ਨਾਈਆ । ਗ਼ਰੀਬ

੯੦੮
੧੫

ਨਿਮਾਣਾ ਬਣ ਕੇ ਬਣਿਆ ਆਪ ਮਹਿਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸੁਣ ਸੰਦੇਸ ਪ੍ਰਭ ਕਾ ਸੱਚਾ, ਸਾਰੇ ਖ਼ੁਸ਼ੀ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਅੱਛਾ, ਪ੍ਰਭ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਕਹਿਣ ਪ੍ਰਭ ਜਨ ਭਗਤ ਤੇਰਾ ਬੱਚਾ, ਬਚਪਨ ਤੇਰੀ ਝੋਲੀ ਪਾਈਆ । ਜਿਨ੍ਹਾਂ ਪਿੱਛੇ ਲੋਕਮਾਤ ਜਾਵੇਂ ਭੱਜਾ, ਨਿਰਵੈਰ ਆਪਣਾ ਵੇਸ ਵਟਾਈਆ । ਬਿਨ ਮੱਕੇ ਕਾਅਬਿਉਂ ਕਰਾਏਂ ਹੱਜਾ, ਕਰੇਂ ਕਬੂਲ ਹੱਜ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਖੇਲ ਨਹੀਂ ਇਹ ਮੇਰੀ ਰੀਤ, ਰੀਤੀਵਾਨ ਜਣਾਇੰਦਾ । ਗੁਰਮੁਖ ਵੇਖੇ ਕਰਦੇ ਪ੍ਰੀਤ, ਜਿਨ੍ਹਾਂ ਅੰਤਮ ਅੰਤ ਲੈਣ ਕੋਇ ਨਾ ਜਾਇੰਦਾ । ਤੁਹਾਡੀ ਸਿਖਿਆ ਗੁਰ ਅਵਤਾਰੋ ਪੀਰ ਪੈਗ਼ੰਬਰੋ ਸਾਰੇ ਭੁੱਲ ਗਏ ਹੋ ਗਏ ਨੀਚ, ਉਤਮ ਜ਼ਾਤ ਨਾ ਕੋਇ ਵਖਾਇੰਦਾ । ਕਲਜੁਗ ਅੰਤਮ ਜਨ ਭਗਤਾਂ ਮੇਰੇ ਨਾਲ ਗੰਢ ਪੀਚ, ਪੀਚੀ ਗੰਢ ਨਾ ਕੋਇ ਖੁਲ੍ਹਾਇੰਦਾ । ਚਾਰ ਜੁਗ ਜੋ ਨਿੱਕੀ ਜਿਹੀ ਰਹਿੰਦੀ ਗਈ ਝੀਤ, ਜਿਸ ਪਿਛੇ ਕਬੀਰ ਜੁਲਾਹਾ ਕੂਕ ਸੁਣਾਇੰਦਾ । ਇਸ ਦੇ ਵਿਚ ਪ੍ਰਭ ਪ੍ਰੇਮ ਪਿਆਰ ਦੀ ਧਾਰ ਰੱਖੀ ਅਤੀਤ, ਆਰ ਪਾਰ ਨਾ ਕੋਇ ਨਜ਼ਰੀ ਆਇੰਦਾ । ਸਾਰੇ ਕਹਿਣ ਵੇਖ ਵੇਖ ਪ੍ਰਭ ਜੋ ਕੁਛ ਕਿਹਾ ਠੀਕ, ਕੂੜਾ ਕੁਛ ਨਜ਼ਰ ਨਹੀਂ ਆਇੰਦਾ । ਕਲਜੁਗ ਜੀਵ ਬਣੇ ਢੀਠ, ਜੂਠ ਝੂਠ ਘਟ ਘਟ ਡੇਰਾ ਲਾਇੰਦਾ । ਸਚ ਨਾਮ ਦੀ ਮੰਗੇ ਨਾ ਕੋਈ ਭੀਖ, ਦਰ ਭਿਖਾਰੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਲਹਿਣਾ ਪੂਰ ਕਰਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵਾਹਵਾ, ਵਾਹ ਵਾ ਤੇਰੀ ਵਡਿਆਈਆ । ਪ੍ਰਭ ਜੂ ਸਾਡਾ ਚੁਕਿਆ ਦਾਅਵਾ, ਦਾਅਵੇਦਾਰ ਕੋਈ ਨਜ਼ਰ ਨਾ ਆਈਆ । ਚੌਥੇ ਜੁਗ ਦਾ ਕੱਚਾ ਰਹਿ ਗਿਆ ਆਵਾ, ਸਾਚੀ ਭੱਠੀ ਤਤ ਨਾ ਕੋਇ ਤਪਾਈਆ । ਨਾਤਾ ਤੁਟਾ ਪੁੱਤਰਾਂ ਮਾਵਾਂ, ਸਚ ਪ੍ਰੀਤ ਨਾ ਕੋਇ ਲਗਾਈਆ । ਕਲਜੁਗ ਜੀਵ ਹੰਸ ਬੁੱਧੀ ਹੋਈ ਕਾਵਾਂ, ਕਾਗ ਰਹੇ ਕੁਰਲਾਈਆ । ਦਰਗਹਿ ਸਾਚੀ ਕਿਸੇ ਨਾ ਦਿਸੇ ਟਿਕਾਣਾ, ਚਿੱਟਾ ਕਾਗ਼ਜ਼ ਨਜ਼ਰੀ ਆਈਆ । ਅੰਤਮ ਰੋਵਣ ਉਤੇ ਰੱਖ ਕੇ ਬਾਹਵਾਂ, ਫੜ ਬਾਂਹ ਪਾਰ ਨਾ ਕੋਇ ਲਗਾਈਆ । ਤਿਨ੍ਹਾਂ ਗੁਰਮੁਖਾਂ ਸਦ ਬਲ ਬਲ ਜਾਵਾਂ, ਜੋ ਤੇਰਾ ਨਾਮ ਧਿਆਈਆ । ਜੋ ਰਸਤੇ ਮਲ ਕੇ ਬੈਠੇ ਰਾਹਵਾਂ, ਧਰਮ ਨਿਸ਼ਾਨੇ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣੇ ਹੱਥ ਰੱਖੇ ਵਡਿਆਈਆ । ਗੁਰ ਅਵਤਾਰ ਕਹਿਣ ਜਿਨ੍ਹਾਂ ਉਠਾਏ ਨਿਸ਼ਾਨ, ਨਿਸ਼ਾਨਾ ਲੋਕਮਾਤ ਜਣਾਈਆ । ਤੇਰੀ ਖੇਲ ਸ੍ਰੀ ਭਗਵਾਨ, ਸਮਝ ਸਾਡੀ ਵਿਚ ਨਾ ਆਈਆ । ਅਸੀਂ ਬਣ ਕੇ ਆਏ ਕਾਹਨ, ਲੋਕਮਾਤ ਫੇਰਾ ਪਾਈਆ । ਦੀਨ ਮਜ਼੍ਹਬ ਬਣਾ ਕੇ ਆਏ ਵਿਧਾਨ, ਜਗਤ ਰੀਤੀ ਮਾਤ ਚਲਾਈਆ । ਕਲਜੁਗ ਅੰਤਮ ਸੁਣ ਕੇ ਇਕ ਫ਼ਰਮਾਨ, ਫੁਰਨੇ ਸਭ ਦੇ ਬੰਦ ਹੋ ਜਾਈਆ । ਪੈਗ਼ੰਬਰਾਂ ਭੁਲਿਆ ਤੇਰਾ ਕਲਾਮ, ਕਲਮਾ ਯਾਦ ਰਿਹਾ ਨਾ ਰਾਈਆ । ਤੈਨੂੰ ਵੇਖ ਵਡ ਅਮਾਮ, ਸਰ ਸਲਾਮ ਰਹੇ ਝੁਕਾਈਆ । ਤੇਰਾ ਅਗੰਮੀ ਸੁਣ ਪੈਗ਼ਾਮ, ਪੀਰ ਪੈਗ਼ੰਬਰ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਿਆ ਖੇਲ ਸਾਚੇ ਹਰਿ, ਹਰਿ ਵੱਡਾ ਵਡ ਵਡਿਆਈਆ । ਹੱਥ ਨਿਸ਼ਾਨ ਸੱਤ ਰੰਗ, ਰੰਗ ਰਾਤਾ ਖ਼ੁਸ਼ੀ ਮਨਾਈਆ । ਜੁਗ ਜਨਮ ਜਿਸ ਨੂੰ ਗਏ ਲੰਘ, ਪਾਰ ਕਿਨਾਰਾ ਇਕੋ ਨਜ਼ਰੀ ਆਈਆ । ਮਾਣਸ ਜਨਮ ਨਾ ਹੋਇਆ ਭੰਗ, ਜਿੱਤੀ ਮਾਤ ਲੋਕਾਈਆ । ਮਿਲ

ਸਤਿਗੁਰ ਪਾਇਆ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਦਰਗਹਿ ਸਾਚੀ ਚੜ੍ਹੇ ਚੰਦ, ਦੋ ਜਹਾਨ ਹੋਏ ਰੁਸ਼ਨਾਈਆ । ਧਰਨੀ ਧਰਤ ਧਵਲ ਪਈ ਠੰਡ, ਮਾਟੀ ਖ਼ਾਕ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਕੀਤੀ ਪ੍ਰਭ ਤੇਰੀ ਸੇਵਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਹੱਥ ਆਈਆ । ਚਾਰ ਜੁਗ ਨਜ਼ਰ ਨਾ ਆਇਉਂ ਵਡ ਦੇਵੀ ਦੇਵਾ, ਦੇਵਤ ਸੁਰ ਸਭ ਤੇਰਾ ਧਿਆਨ ਲਗਾਈਆ । ਤੁਧ ਬਿਨ ਕੋਈ ਨਾ ਦੇਵੇ ਅਗੰਮੀ ਮੇਵਾ, ਅੰਮ੍ਰਿਤ ਰਸ ਨਾ ਕੋਇ ਚਖਾਈਆ । ਸਾਚਾ ਲਾਏ ਨਾ ਮਸਤਕ ਥੇਵਾ, ਦੁਰਮਤ ਮੈਲ ਨਾ ਕੋਇ ਧਵਾਈਆ । ਕਿਰਪਾ ਕਰੀਂ ਬਿਨ ਗਾਇਆਂ ਰਸਨਾ ਜਿਹਵਾ, ਅੰਦਰ ਵੜ ਕੇ ਪੌੜੇ ਚੜ੍ਹ ਕੇ ਮੰਦਰ ਖੜ ਕੇ ਆਪਣਾ ਦਰਸ ਦਿਖਾਈਆ । ਮਿਹਰਵਾਨ ਪ੍ਰਭ ਅਲਖ ਅਭੇਵਾ, ਅਲਖ ਅਗੋਚਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਨੌਂ ਨਿਸ਼ਾਨ ਕਹਿਣ ਪ੍ਰਭ ਮੇਰੇ ਮੀਤ, ਤੇਰੇ ਚਰਨ ਕਵਲ ਸਰਨਾਈਆ । ਪੰਜਾਂ ਬਿਨਾਂ ਨਾ ਸੋਹੇ ਰੀਤ, ਪੰਚ ਪੰਚਾਇਣ ਤੇਰੀ ਵਡਿਆਈਆ । ਪੰਜੇ ਮੀਤ ਮਿਲ ਗਾਵਣ ਗੀਤ, ਪੰਜਾਂ ਤੱਤਾਂ ਦੇਣਾ ਜਣਾਈਆ । ਸਚ ਸਚ ਵੇਖਣ ਅਨਡੀਠ, ਅਨਡਿਠੜੀ ਧਾਰ ਪੜਦਾ ਲਾਹੀਆ । ਜਿਨ੍ਹਾਂ ਮਿਲ ਕੇ ਹੋਏ ਠੰਡੇ ਸੀਤ, ਅਗਨੀ ਤਤ ਨਜ਼ਰ ਨਾ ਆਈਆ । ਲੇਖਾ ਚੁੱਕੇ ਮੰਦਰ ਮਸੀਤ, ਘਰ ਮੰਦਰ ਦਰਸ਼ਨ ਪਾਈਆ । ਸੋ ਦੇਣੀ ਇਕ ਪ੍ਰੀਤ, ਪ੍ਰੀਤੀਵਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰਵਾਨ ਬੇਪਰਵਾਹੀਆ । ਜਗਤ ਨਿਸ਼ਾਨਿਓ ਰੱਖਣਾ ਯਾਦ, ਧੁਰਦਰਗਾਹੀ ਆਪ ਜਣਾਇੰਦਾ । ਤੁਹਾਡੇ ਨਾਲ ਮਿਲ ਕੇ ਵੱਜੇ ਮੇਰਾ ਸਾਜ, ਭਗਤਾਂ ਤਾਲ ਆਪ ਮਿਲਾਇੰਦਾ । ਏਥੇ ਓਥੇ ਖ਼ੁਸ਼ੀਆਂ ਨਾਲ ਭਗਤ ਭਗਵਾਨ ਨਾਲ ਮਿਲ ਕੇ ਹੋਇਆ ਕਾਜ, ਅੱਗੇ ਵਿਛੋੜਾ ਨਜ਼ਰ ਕੋਇ ਨਾ ਆਇੰਦਾ । ਇਸ ਤੋਂ ਵੱਡਾ ਹੋਰ ਨਾ ਕੋਈ ਦੁਆਰ, ਜਿਸ ਨੂੰ ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਲੋਚਣ ਨੈਣ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਾ ਸਚ ਵਿਹਾਰ, ਲੋਕਮਾਤ ਆਪ ਕਰਾਇੰਦਾ । ਸਚਖੰਡ ਦੀ ਪ੍ਰਭ ਨੇ ਲਈ ਸੋਚ, ਗੁਰਮੁਖ ਭਗਤ ਦਏ ਜਣਾਈਆ । ਉਤੇ ਚੜ੍ਹ ਕੇ ਕੋਈ ਨਾ ਖੋਜੀ ਖੋਜ, ਮੰਜ਼ਲ ਪੰਧ ਨਾ ਕੋਇ ਮੁਕਾਈਆ । ਅੰਦਰੋਂ ਅਸੀਂ ਸਾਰੇ ਰਹੇ ਲੋਚ, ਪ੍ਰਭ ਪੜਦਾ ਦਏ ਖੁਲ੍ਹਾਈਆ । ਨਿਰਗੁਣ ਰੂਪ ਹੋ ਕੇ ਮਾਣੀਏ ਮੌਜ, ਰੋਗ ਸੋਗ ਚਿੰਤ ਮਿਟਾਈਆ । ਸ੍ਰੀ ਭਗਵਾਨ ਵਡ ਮਿਹਰਵਾਨ ਬੈਠਾ ਆਪ ਖ਼ਾਮੋਸ਼, ਸੁਣੀ ਜਾਏ ਚਾਈਂ ਚਾਈਂਆ । ਪਹਿਲੋਂ ਚਾਰ ਜੁਗ ਦਾ ਮੇਟ ਪਿਛਲਾ ਰੋਸ, ਫੇਰ ਅੱਗੇ ਝੋਲੀ ਦਏ ਭਰਾਈਆ । ਪਹਿਲੋਂ ਆਹਲਣਿਉਂ ਡਿਗੇ ਗੋਦੀ ਚੁੱਕੇ ਬੋਟ, ਫਿਰ ਸਾਚੀ ਚੋਗ ਦਏ ਚੁਗਾਈਆ । ਕਰ ਪਰਕਾਸ਼ ਨਿਰਮਲ ਜੋਤ, ਸ਼ਬਦ ਧੁਨ ਸ਼ਨਵਾਈਆ । ਪ੍ਰਭ ਦਾ ਵੇਖੋ ਅੱਖਾਂ ਸਾਮ੍ਹਣੇ ਚੋਜ, ਚੋਜੀ ਪ੍ਰੀਤਮ ਇਕੋ ਇਕ ਕਰਾਈਆ । ਦਰਸਨ ਕਰੋ ਨਿਤ ਨਵਿਤ ਰੋਜ਼ੇ ਵਿਚ ਰੋਜ਼, ਰੋਜ਼ਾ ਕਾਇਆ ਕਾਅਬਾ ਇਕ ਵਖਾਈਆ । ਆਪ ਬੈਠੇ ਰਹੋ ਬਣ ਨਿਰਦੋਸ਼, ਦੋਸ਼ੀ ਪ੍ਰਭ ਨੂੰ ਲਓ ਠਹਿਰਾਈਆ । ਜੋ ਤੁਹਾਡੇ ਪਿਛੇ ਹੋਇਆ ਬੇਹੋਸ਼, ਆਪ ਆਪਣਾ ਗਿਆ ਗਵਾਈਆ । ਹੋਰ ਕਰੋ ਜੇ ਹੋਵੇ ਰੋਸ, ਰੁੱਸਿਆਂ ਪ੍ਰਭ ਮਿਲੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਨਜ਼ਰ ਉਠਾਈਆ । ਨਜ਼ਰ ਤੇਰੀ ਨਹੀਂ ਮਨਜ਼ੂਰ, ਭਗਤ ਸਾਜਣ ਆਖ ਸੁਣਾਈਆ । ਜੁਗ ਚੌਕੜੀ ਲਾਰੇ ਲਾਉਂਦਾ ਰਿਹੋਂ ਜ਼ਰੂਰ, ਧੋਖੇਬਾਜ਼ ਰੂਪ

ਵਟਾਈਆ । ਅਸੀਂ ਇਕੱਠੇ ਹੋ ਕੇ ਸਾਰੇ ਤੇਰੇ ਉਤੇ ਲਾਉਣਾ ਕਸੂਰ, ਫ਼ਤਵਾ ਇਕੋ ਇਕ ਜਣਾਈਆ । ਤੈਨੂੰ ਲੱਭਦੇ ਲੱਭਦੇ ਹੋਏ ਮਜਬੂਰ, ਤੂੰ ਹੱਥ ਕਿਸੇ ਨਾ ਆਈਆ । ਗੱਲਾਂ ਬਾਤਾਂ ਨਾਲ ਨਹੀਂ ਮੰਗਣੀ ਤੇਰੀ ਧੂੜ, ਜਿੰਨਾਂ ਚਿਰ ਮਸਤਕ ਟਿੱਕਾ ਆਪ ਨਾ ਲਾਵੇਂ ਛਾਹੀਆ । ਚਾਰ ਜੁਗ ਜੇ ਬਣੇ ਰਹੇ ਮੂੜ੍ਹ, ਹੁਣ ਮੂਰਖ ਮਤ ਦੇਣੀ ਤੇਰੀ ਝੋਲੀ ਪਾਈਆ । ਜੇ ਸਰਬ ਕਲਾ ਪ੍ਰਭ ਭਰਪੂਰ, ਕਿਉਂ ਬੈਠਾ ਪੜਦਾ ਪਾਈਆ । ਪਿਛੇ ਵਸਦਾ ਰਿਹੋਂ ਦੂਰ, ਹੁਣ ਅੰਦਰ ਵਾੜ ਤੈਨੂੰ ਕੁੰਡਾ ਲੈਣਾ ਬੰਦ ਕਰਾਈਆ । ਕਲਜੁਗ ਮਿਟੇ ਅੰਧੇਰਾ ਬਖ਼ਸ਼ੇਂ ਆਪਣਾ ਨੂਰ, ਨੂਰ ਨੁਰਾਨਾ ਨੂਰ ਧਰਾਈਆ । ਤੈਨੂੰ ਹੋਣ ਨਹੀਂ ਦੇਣਾ ਮਫ਼ਰੂਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਸ੍ਰੀ ਭਗਵਾਨ ਕਹੇ ਬੋਲ ਸਚ, ਆਦਿ ਜੁਗਾਦਿ ਸਚ ਜਣਾਇੰਦਾ । ਕਲਜੁਗ ਅੰਤਮ ਆਇਆ ਨੱਠ, ਨਿਰਗੁਣ ਹੋ ਕੇ ਵੇਸ ਵਟਾਇੰਦਾ । ਸਰਗੁਣ ਨਾਤਾ ਦਿਤਾ ਤਜ, ਪੰਜ ਤਤ ਚੋਲਾ ਨਾ ਕੋਇ ਰਖਾਇੰਦਾ । ਜਨ ਭਗਤੋ ਤੁਹਾਡੀ ਸੇਜਾ ਚੜ੍ਹਿਆ ਸਜ, ਬਹਿ ਆਸਣ ਸੋਭਾ ਪਾਇੰਦਾ । ਤੁਹਾਡਾ ਦਰਸਨ ਕਰਾਂ ਰੱਜ, ਆਪਣਾ ਦਰਸ ਖ਼ੁਸ਼ੀਆਂ ਨਾਲ ਵਖਾਇੰਦਾ । ਇਹੋ ਖੇਲ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਇਛਿਆ ਪੂਰ ਕਰਾਇੰਦਾ । ਇਛਿਆ ਪ੍ਰਭ ਕਰ ਦੇ ਪੂਰੀ, ਪਾਰਬ੍ਰਹਮ ਤੇਰੀ ਸਰਨਾਈਆ । ਸ੍ਰਿਸ਼ਟੀ ਨਾਤਾ ਤੁੱਟੇ ਕੂੜੀ, ਕੂੜ ਕੁੜਿਆਰਾ ਰਹਿਣ ਕੋਇ ਨਾ ਪਾਈਆ । ਮਸਤਕ ਟਿੱਕਾ ਲਾ ਦੇ ਧੂੜੀ, ਚਰਨ ਚਰਨੋਦਕ ਮੁਖ ਚੁਆਈਆ । ਮਾਇਆ ਮਮਤਾ ਰਹੇ ਨਾ ਕੋਈ ਮਗਰੂਰੀ, ਨਿਵਣ ਸੋ ਅੱਖਰ ਦੇ ਪੜ੍ਹਾਈਆ । ਆਦਿ ਜੁਗਾਦਿ ਸਾਹਿਬ ਦਸਤੂਰੀ, ਤੇਰਾ ਹੁਕਮ ਇਕੋ ਇਕ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਚੁਕੀ ਫਿਰਦੇ ਭੂਰੀ, ਸੇਲੀ ਟੋਪੀ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਹੋਏ ਸਹਾਈਆ । ਸੁਣੋ ਭਗਤ ਮੇਰਾ ਭਗਤੀ ਰੰਗ, ਸੋ ਸਤਿਗੁਰ ਆਪ ਚੜ੍ਹਾਈਆ । ਸਚਖੰਡ ਦਾ ਸੱਚਾ ਚੰਦ, ਗੁਰਮੁਖ ਇਕੋ ਨਜ਼ਰੀ ਆਈਆ । ਪਰਮ ਪੁਰਖ ਦਾ ਅਗੰਮੀ ਛੰਦ, ਸੰਤ ਸੁਹੇਲਾ ਗਾਈਆ । ਜਰਮ ਕਰਮ ਦਾ ਚੁੱਕਿਆ ਰੰਡ, ਕੰਤ ਸੁਹਾਗੀ ਮੇਲ ਮਿਲਾਈਆ । ਜਗਤ ਦੁਆਰ ਜਾਣਾ ਲੰਘ, ਅਧਵਿਚਕਾਰ ਨਾ ਕੋਇ ਅਟਕਾਈਆ । ਆਪਣਾ ਦੇਵੇ ਪਰਮਾਨੰਦ, ਨਿਜਾਨੰਦ ਆਪ ਜਣਾਈਆ । ਸਭ ਦੀ ਪੂਰੀ ਕਰੇ ਮੰਗ, ਮਾਂਗਤ ਝੋਲੀ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਸਦਾ ਸਦਾ ਸਹਾਈਆ । ਕੱਤਕ ਤਿੰਨ ਕਹੇ ਸੁਣ ਮੇਰੀ ਕਰਨੀ, ਪ੍ਰਭ ਤੇਰੇ ਅੱਗੇ ਜਣਾਈਆ । ਮੇਰੀ ਮੰਜ਼ਲ ਕਿਸੇ ਨਾ ਚੜ੍ਹਨੀ, ਕਲਜੁਗ ਜੀਵ ਦੇਣ ਦੁਹਾਈਆ । ਮੇਰੀ ਵਿਦਿਆ ਕਿਸੇ ਨਾ ਪੜ੍ਹਨੀ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸਰਨਾਈਆ । ਤਿੰਨ ਕੱਤਕ ਕਹੇ ਮੈਂ ਬਣਿਆ ਕਾਤਲ, ਕੂੜੀ ਕਿਰਿਆ ਕਤਲ ਕਰਾਈਆ । ਜਨ ਭਗਤਾਂ ਅੰਦਰ ਧਾਮ ਬਣਾਵਾਂ ਮੁਕਦੱਸ ਬਾਤਨ, ਬੈਤਲ ਰੂਪ ਵਟਾਈਆ । ਮਾਹੀ ਬਣ ਕੇ ਆਇਆ ਪਾਤਣ, ਬੇੜਾ ਇਕ ਉਠਾਈਆ । ਪ੍ਰੇਮੀ ਹੋ ਕੇ ਬਣਿਆ ਸਾਥਨ, ਸਗਲਾ ਸੰਗ ਨਿਭਾਈਆ । ਦਰਵੇਸ਼ ਹੋ ਕੇ ਆਇਆ ਆਖਣ, ਉਠੋ ਲੋਕ ਖ਼ੁਦਾਈਆ । ਜਿਸ ਦੀ ਲੱਭੀ ਕਿਸੇ ਨਾ ਜ਼ਾਤਨ, ਜ਼ਾਤ ਵਿਚ ਕਿਸੇ ਨਾ ਆਈਆ । ਜਿਸ ਦਾ ਰੂਪ ਅਨੋਖਾ ਬਾਤਨ, ਸੋ ਆਪਣਾ ਨੂਰ ਕਰੇ

ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਭਾਖਣ, ਭੇਵ ਕਹਿਣ ਕੋਇ ਨਾ ਜਾਈਆ । ਸੋ ਪਰਗਟ ਹੋਇਆ ਪੁਰਖ ਅਬਿਨਾਸ਼ਨ, ਅਬਿਨਾਸ਼ੀ ਕਰਤਾ ਵੇਸ ਵਟਾਈਆ । ਜਨ ਭਗਤ ਦੁਆਰੇ ਪਾਵਣ ਆਇਆ ਰਾਸਨ, ਗੁਰ ਅਵਤਾਰ ਪੀਰ ਪੈਗ਼ੰਬਰ ਨਾਲ ਰਲਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਜਾਚਣ, ਹਰਿ ਜੂ ਅਚਰਜ ਖੇਲ ਰਚਾਈਆ । ਜਨ ਭਗਤ ਦੁਆਰੇ ਬੈਠੇ ਸ਼ਾਸਤਰ ਸਿਮਰਤ ਕੋਈ ਨਾ ਵਾਚਣ, ਬਿਨ ਪੜ੍ਹਿਆਂ ਹਰਿ ਜੂ ਮਿਲਿਆ ਬੇਪਰਵਾਹੀਆ । ਪੰਜ ਵਕ਼ਤ ਨਾ ਪੜ੍ਹਨ ਨਿਮਾਜ਼ਨ, ਸੰਧਿਆ ਪੂਜਾ ਪਾਠ ਨਾ ਕੋਇ ਕਰਾਈਆ । ਗਾਇਤਰੀ ਮੰਤਰ ਕੋਈ ਨਾ ਆਖਣ, ਜਪ ਜੀਵ ਨਾ ਕੋਇ ਜਣਾਈਆ । ਇਕੋ ਕਹਿਣ ਪ੍ਰਭ ਤੂੰ ਮੇਰਾ ਮੈਂ ਤੇਰਾ ਦੂਜਾ ਦਿਸੇ ਜਗਤ ਵਿਨਾਸਨ, ਅਬਿਨਾਸ਼ੀ ਇਕੋ ਪੁਰਖ ਜਣਾਈਆ । ਜਿਸ ਦਾ ਚੜ੍ਹਿਆ ਸੱਚਾ ਘਾਟਨ, ਸੋ ਘਾਟਾ ਪੂਰਾ ਦਏ ਕਰਾਈਆ । ਅਗਲੀ ਪਿਛਲੀ ਮੇਟ ਕੇ ਵਾਟਨ, ਆਪਣੇ ਨਾਲ ਲਏ ਮਿਲਾਈਆ । ਬੰਦ ਕਿਵਾੜੀ ਖੋਲ੍ਹ ਕੇ ਆਇਆ ਝਾਕਣ, ਅੰਦਰ ਵੜ ਕੇ ਦਰਸ ਦਿਖਾਈਆ । ਅੰਮ੍ਰਿਤ ਹੋ ਕੇ ਮਾਰਨ ਆਇਆ ਠਾਠਨ, ਸਰੋਵਰ ਆਪਣਾ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਤਿੰਨ ਕੱਤਕ ਕਹੇ ਮੇਰੇ ਉਤੇ ਸਭ ਨੇ ਕਰਨਾ ਗ਼ੁੱਸਾ, ਕਲਜੁਗ ਗ਼ੁੱਸੇ ਭਰੀ ਲੋਕਾਈਆ । ਸਚ ਦੱਸਾਂ ਤਾਂ ਮੀਟਣ ਮੁੱਕਾ, ਅੱਗੋਂ ਰਹੇ ਡਰਾਈਆ । ਜਿਸ ਨੇ ਸਭ ਦਾ ਭੰਨਣਾ ਟੋਪੀ ਹੁੱਕਾ, ਚੌਦਾਂ ਤਬਕ ਦਏ ਹਿਲਾਈਆ । ਜਿਸ ਨੇ ਕਲਜੁਗ ਅੰਤਮ ਬਿਨ ਹਰਿ ਨਾਮੇ ਖ਼ਾਲੀ ਘੱਲਣਾ ਸੁੱਕਾ, ਸਾਥੀ ਨਜ਼ਰ ਕੋਇ ਨਾ ਆਈਆ । ਸੋ ਸਾਹਿਬ ਸ਼ੇਰ ਹੋ ਕੇ ਇਕੋ ਬੁੱਕਾ, ਭਬਕ ਨਾਮ ਰਿਹਾ ਲਗਾਈਆ । ਜਿਸ ਨੇ ਲੱਖ ਚੁਰਾਸੀ ਜੀਵ ਜੰਤ ਹੁਕਮੇ ਅੰਦਰ ਟੰਗਣਾ ਪੁੱਠਾ, ਰਾਏ ਧਰਮ ਸੇਵ ਲਗਾਈਆ । ਜਿਸ ਨੇ ਲੇਖ ਚੁਕਾਉਣਾ ਕਲਜੁਗ ਖਾਧਾ ਕੁੱਠਾ, ਸੋ ਸੂਰਬੀਰ ਫੇਰਾ ਪਾਈਆ । ਜਿਸ ਨੇ ਮੇਲ ਮਿਲਾਉਣਾ ਗੋਬਿੰਦ ਪੁਰਖ ਅਕਾਲੀ ਪੁੱਤਾ, ਪਤਿਪਰਮੇਸ਼ਵਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਤਿੰਨ ਕੱਤਕ ਕਹੇ ਮੈਨੂੰ ਮਾਰਨ ਪੱਥਰ, ਚਾਰ ਕੁੰਟ ਹੱਥ ਉਠਾਈਆ । ਬੌਹੜੀ ਕਿਸੇ ਨਜ਼ਰ ਨਾ ਆਵੇ ਜਿਸ ਸੇਜ ਵਛਾਈ ਸੱਥਰ, ਯਾਰੜਾ ਇਕੋ ਧਿਆਨ ਲਗਾਈਆ । ਜਿਸ ਨੂੰ ਲੱਭਦੇ ਫਿਰਦੇ ਵਿਚੋਂ ਅੱਖਰ, ਸੋ ਅੱਖਰਾਂ ਵਿਚੋਂ ਹੱਥ ਕਿਸੇ ਨਾ ਆਈਆ । ਕਲਜੁਗ ਕੂੜੀ ਕਿਰਿਆ ਸਭ ਨੂੰ ਪਈ ਕਸਰ, ਇਸ਼ਾਰੀਏ ਨਾਲ ਅੱਗੇ ਬੰਦੇ ਰਹੇ ਉਡਾਈਆ । ਜਿਸ ਦੇ ਚਰਨ ਵਸੇਰਾ ਕਰਨਾ ਬਸਰ, ਵਿਛੜਤ ਲਏ ਮਿਲਾਈਆ । ਉਸ ਨੂੰ ਸਾਰੇ ਗਏ ਬਿਸਰ, ਬਿਨ ਭਗਤਾਂ ਨਜ਼ਰ ਕਿਸੇ ਨਾ ਆਈਆ । ਜਿਸ ਨੂੰ ਕਹਿੰਦੇ ਪਿਦਰ ਪਿਸਰ, ਪਾਰਬ੍ਰਹਮ ਬੇਪਰਵਾਹੀਆ । ਸੋ ਫਿਰਦਾ ਇਧਰ ਉਧਰ, ਨਿਰਗੁਣ ਆਪਣਾ ਰੂਪ ਵਟਾਈਆ । ਭੱਜ ਕੇ ਆਏ ਗੁਰਮੁਖ ਵੇਖੇ ਜਿਧਰ, ਚਾਰੋਂ ਕੁੰਟ ਖੋਜ ਖੋਜਾਈਆ । ਮਿਲੇ ਵਡਿਆਈ ਸਭ ਨੂੰ ਵੱਡੀ ਨਾਲੋਂ ਬਿਦਰ, ਗ਼ਰੀਬ ਨਿਮਾਣੇ ਰਿਹਾ ਤਰਾਈਆ । ਜਿਸ ਨੇ ਖੇਲ ਕਰਾਈ ਬਾਜ਼ ਨਾਲ ਤਿਤਰ, ਸੋ ਤ੍ਰੈਗੁਣ ਡੇਰਾ ਦੇਵੇ ਢਾਹੀਆ । ਸ਼ਬਦੀ ਰੂਪ ਹੋ ਕੇ ਬਣਿਆ ਮਿੱਤਰ, ਜੋਤੀ ਨੂਰ ਕਰ ਰੁਸ਼ਨਾਈਆ । ਚੋਟੀ ਚੜ੍ਹ ਕੇ ਬੈਠਾ ਸਿਖ਼ਰ, ਜਗਤ ਸਿਖਿਆ ਹੱਥ ਕਿਸੇ ਨਾ ਆਈਆ । ਜੁਗ ਚੌਕੜੀ ਗੁਰਮੁਖਾਂ ਕਰਦਾ ਰਹੇ ਫ਼ਿਕਰ, ਅੰਤਮ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਉਠਾਈਆ । ਬੀਸ ਕਹੇ ਸੁਣ ਕੱਤਕ ਤਿੰਨ, ਡਰ ਭੈ ਨਾ ਕੋਇ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਦੱਸ ਕੇ ਗਏ ਚਿੰਨ੍ਹ, ਸੋ ਚਾਨਣ ਰਿਹਾ

ਕਰਾਈਆ । ਪਰਗਟ ਹੋਵੇ ਘੜੀ ਪਲ ਵਿਚ ਛਿੰਨ, ਛਿੰਨ ਭੰਗਰ ਆਪਣੀ ਧਾਰ ਜਣਾਈਆ । ਜਿਸ ਦੋ ਜਹਾਨ ਚਰਨਾਂ ਹੇਠ ਲਏ ਮਿਣ, ਗਿਣਤੀ ਵਿਚ ਕਦੀ ਨਾ ਆਈਆ । ਜਿਸ ਖੇਲ ਰਚਾਇਆ ਰਾਤ ਦਿਨ, ਸੂਰਜ ਚੰਦ ਹੁਕਮ ਵਿਚ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਸੰਮਤ ਬੀਸ ਕਹੇ ਨਾ ਹੋ ਦਿਲਗੀਰ, ਕੱਤਕ ਤਿੰਨ ਤੇਰੀ ਵਡਿਆਈਆ । ਉਠ ਵੇਖ ਜ਼ਾਹਰਾ ਪੀਰ, ਸ਼ਹਿਨਸ਼ਾਹ ਇਕੋ ਫੇਰਾ ਪਾਈਆ । ਜਿਸ ਸ਼ਰਅ ਕੱਟਣੇ ਜ਼ੰਜੀਰ, ਖੰਡਾ ਤੇਜ ਕਟਾਰ ਚਲਾਈਆ । ਜਿਸ ਨੇ ਗੁਰਮੁਖ ਗੁਰਸਿਖ ਮੇਲਣੇ ਅੰਤ ਅਖ਼ੀਰ, ਆਪਣਾ ਘਰ ਦਏ ਜਣਾਈਆ । ਜਿਸ ਦਾ ਜਲਵਾ ਬੇਨਜ਼ੀਰ, ਨਜ਼ਰ ਨੈਣ ਨਾ ਕੋਇ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦਏ ਮੁਕਾਈਆ । ਕੱਤਕ ਕਹੇ ਬੀਸ ਬੀਸ ਮੈਂ ਹੋਇਆ ਖ਼ੁਸ਼, ਸੁਣਿਆ ਤੈਥੋਂ ਅਜਬ ਹਵਾਲਾ । ਮੇਰਾ ਉਜਲ ਕਰੇ ਮੁਖ, ਪਰਗਟ ਹੋਇਆ ਦੀਨ ਦਿਆਲਾ । ਜਨ ਭਗਤਾਂ ਮੇਟੇ ਦੁੱਖ, ਘਰ ਇਕ ਵਖਾਏ ਸੱਚੀ ਧਰਮਸਾਲਾ । ਉਜਲ ਕਰੇ ਮਾਤ ਕੁੱਖ, ਫੜ ਉਠਾਏ ਆਪਣੇ ਲਾਲਾ । ਅਗਲਾ ਲੇਖਾ ਚੁੱਕੇ ਉਲਟਾ ਰੁਖ਼, ਦਸ ਮਾਸ ਕਰੇ ਪ੍ਰਿਤਪਾਲਾ । ਆਪਣੀ ਗੋਦੀ ਲਏ ਚੁੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਰਗ ਇਕ ਸੁਖਾਲਾ । ਕੱਤਕ ਤਿੰਨ ਨਾ ਸੋਚ ਵਿਚਾਰ, ਪ੍ਰਭ ਦੇਵਣਹਾਰ ਵਡਿਆਈਆ । ਕਲ ਕਲਕੀ ਲੈ ਅਵਤਾਰ, ਨਿਰਗੁਣ ਆਇਆ ਵੇਸ ਵਟਾਈਆ । ਦਰ ਘਰ ਸਾਚੇ ਪਾਵੇ ਸਾਰ, ਦਰ ਮੰਦਰ ਖੋਜ ਖੋਜਾਈਆ । ਜਨ ਭਗਤਾਂ ਦੇਵੇ ਕਰਜ਼ ਉਧਾਰ, ਪੂਰਬ ਲਹਿਣਾ ਰਿਹਾ ਮੁਕਾਈਆ । ਉਠ ਖ਼ੁਸ਼ੀਆਂ ਨਾਲ ਗਾਏ ਮੰਗਲਾਚਾਰ, ਸਾਡੀ ਮਿਲ ਕੇ ਰੁੱਤ ਸੁਹਾਈਆ । ਔਹ ਵੇਖ ਗੁਰੂ ਅਵਤਾਰ, ਬੈਠੇ ਖ਼ੁਸ਼ੀ ਮਨਾਈਆ । ਨੇਤਰ ਖੋਲ੍ਹ ਕਰ ਦੀਦਾਰ, ਪੀਰ ਪੈਗ਼ੰਬਰ ਸੀਸ ਝੁਕਾਈਆ । ਅੱਖ ਆਪਣੀ ਵੇਖ ਉਘਾੜ, ਵਿਸ਼ਨ ਬ੍ਰਹਮਾ ਸ਼ਿਵ ਝੋਲੀ ਡਾਹੀਆ । ਉਠ ਕੇ ਵੇਖ ਚਾਰੋਂ ਤਰਫ਼ ਭਗਤਾਂ ਨਾਲ ਕਰੇ ਪਿਆਰ, ਭਗਵਨ ਆਪਣੇ ਰੰਗ ਰੰਗਾਈਆ । ਮਿਲ ਕੇ ਸਾਚਾ ਗਾਇਆ ਮੰਗਲਾਚਾਰ, ਗੀਤ ਇਕੋ ਇਕ ਸਮਝਾਈਆ । ਤੂੰ ਹੀ ਤੂੰ ਹੀ ਰਹੇ ਉਚਾਰ, ਭਾਵੇਂ ਨਜ਼ਰ ਕੋਇ ਨਾ ਆਈਆ । ਦੋਹਾਂ ਮਿਲ ਕੇ ਬਣਿਆ ਇਕ ਨਿਰੰਕਾਰ, ਨਿਰਗੁਣ ਸਰਗੁਣ ਦਏ ਸਮਝਾਈਆ । ਸੋਹੰ ਸ਼ਬਦ ਅਗੰਮ ਅਪਾਰ, ਬਿਨ ਪੁਰਖ ਅਕਾਲ ਜਾਪ ਨਾ ਕੋਇ ਜਪਾਈਆ । ਕੱਤਕ ਤਿੰਨ ਸਭ ਦੇ ਅੰਦਰ ਦੇਵੇ ਵਾੜ, ਦਰਵਾਜ਼ਾ ਬਾਹਰੋਂ ਦੇਵੇ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਕਰਾਈਆ । ਸ਼ਬਦ ਕਹੇ ਮੈਂ ਸੁਣ ਕੇ ਗੱਲ, ਹੋਇਆ ਆਪ ਹੈਰਾਨਾ । ਬੀਸ ਬੀਸਾ ਕੱਤਕ ਤਿੰਨ ਕਰ ਨਾ ਵਲ ਛਲ, ਮੇਰੇ ਨਾਲ ਵਿਚ ਜਹਾਨਾ । ਮੈਂ ਵਸਣਹਾਰਾ ਨਿਹਚਲ ਧਾਮ ਅਟੱਲ, ਜੋਧਾ ਸੂਰਬੀਰ ਬਲਵਾਨਾ । ਜੁਗ ਜੁਗ ਗੁਰ ਅਵਤਾਰ ਪੀਰ ਪੈਗ਼ੰਬਰਾਂ ਦੇਵਾਂ ਘੱਲ, ਸਾਚਾ ਦੇ ਧੁਰ ਫ਼ਰਮਾਨਾ । ਕਲਜੁਗ ਅੰਤਮ ਪ੍ਰਭ ਦੇ ਹੁਕਮ ਨਾਲ ਜਨ ਭਗਤਾਂ ਅੰਦਰ ਦੁਆਰਾ ਲਵਾਂ ਮੱਲ, ਪਿਛਲਾ ਛੱਡਾਂ ਆਪ ਟਿਕਾਣਾ । ਹਾਲੀ ਬਣ ਕੇ ਵਾਹਵਾਂ ਹਲ, ਬੀਜਾਂ ਬੀਜ ਬਣ ਕਿਰਸਾਣਾ । ਅੰਮ੍ਰਿਤ ਲਾਵਾਂ ਇਕੋ ਫਲ, ਰਸ ਮਿਲੇ ਦੋ ਜਹਾਨਾਂ । ਪ੍ਰਭ ਨਾਲ ਮਿਲਣ ਦਾ ਸਭ ਨੂੰ ਦੱਸਾਂ ਵਲ, ਇਕੋ ਮਾਰ ਤੀਰ ਨਿਸ਼ਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸ੍ਰੀ ਭਗਵਾਨਾ । ਸ਼ਬਦ ਕਹੇ ਕੀ ਮੇਰੇ ਵਸ, ਪ੍ਰਭ ਵੱਡਾ ਵਡ ਵਡਿਆਈਆ । ਜੁਗ ਚੌਕੜੀ ਜੋ ਮਾਰਗ ਦੇਵੇ ਦੱਸ, ਸਚ ਸੇਵਾ ਸਦ ਕਮਾਈਆ । ਕਲਜੁਗ ਅੰਤ ਗੁਰ ਅਵਤਾਰ



੬੧੩
੧੫

ਪੀਰ ਪੈਗੰਬਰ ਸਾਰੇ ਕਰਦੇ ਅੱਗੇ ਹੱਥ, ਝੋਲੀ ਅੱਗੇ ਰਹੇ ਵਖਾਈਆ । ਕਿਰਪਾ ਕਰ ਪੁਰਖ ਸਮਰਥ, ਪਾਰਬ੍ਰਹਮ ਪ੍ਰਭ ਵੇਸ ਵਟਾਈਆ । ਨੌ ਖੰਡ ਪ੍ਰਿਥਮੀ ਖੇੜਾ ਹੁੰਦਾ ਦਿਸੇ ਭੱਠ, ਕਲਜੁਗ ਭੱਠੀ ਅਗਨ ਤਪਾਈਆ । ਧੀਰਜ ਰਿਹਾ ਨਾ ਕੋਈ ਜਤ, ਸਤਿ ਸੰਤੋਖ ਨਾ ਕੋਇ ਰਖਾਈਆ । ਸਾਧਾਂ ਸੰਤਾਂ ਮਾਰੀ ਗਈ ਮਤ, ਮੁਤਲਾਸ਼ੀ ਤੇਰਾ ਨਜ਼ਰ ਕੋਇ ਨਾ ਆਈਆ । ਕਾਮ ਕਰੋਧ ਹੋਏ ਵਸ, ਮਾਇਆ ਮਮਤਾ ਅੰਗਨ ਲਈ ਲਗਾਈਆ । ਸਚ ਦੁਆਰਿਉਂ ਰਹੇ ਨੱਠ, ਆਪਣੀ ਪਿਠ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਹੇ ਮੇਰੇ ਸੁੱਤ ਦੁਲਾਰੇ, ਤੇਰਾ ਸ਼ਬਦੀ ਰੂਪ ਵਟਾਈਆ । ਗੋਬਿੰਦ ਰਿਹਾ ਤੇਰੇ ਸਹਾਰੇ, ਮੇਰਾ ਰੂਪ ਗੋਬਿੰਦ ਆਪ ਪਰਗਟਾਈਆ । ਪਿਤਾ ਪੂਤ ਵਸੇ ਇਕ ਮਹੱਲ ਮਨਾਰੇ, ਘਰ ਇਕੋ ਵੱਜੇ ਵਧਾਈਆ । ਉਠ ਲਾਡਲੇ ਮੇਰੇ ਦੁਲਾਰੇ, ਸਿਰ ਤੇਰੇ ਹੱਥ ਟਿਕਾਈਆ । ਜੁਗ ਚੌਕੜੀ ਦਿਤੇ ਲਾਰੇ, ਲੋਕਮਾਤ ਖੇਲ ਰਚਾਈਆ । ਕਲਜੁਗ ਅੰਤਮ ਬੀਸ ਬੀਸਾ ਵਾਜਾਂ ਮਾਰੇ, ਉਚੀ ਕੂਕ ਕੂਕ ਸੁਣਾਈਆ । ਵੇਖ ਪ੍ਰਭੂ ਤੇਰੇ ਭਗਤ ਲਾੜੇ, ਤੇਰਾ ਬੈਠੇ ਧਿਆਨ ਲਗਾਈਆ । ਚਾਰ ਜੁਗ ਦੇ ਰਹੇ ਕੁਆਰੇ, ਕੰਤ ਸੇਜ ਨਾ ਕੋਇ ਹੰਡਾਈਆ । ਕਰ ਬੇਨੰਤੀ ਕੱਢਣ ਹਾੜੇ, ਨੇਤਰ ਨੈਣਾਂ ਨੀਰ ਵਹਾਈਆ । ਕਲਜੁਗ ਅੰਤਮ ਆਉਦੇ ਜਾਂਦੇ ਜਾੜੇ, ਸਰਦੀ ਰੋਗ ਸਰਬ ਸਤਾਈਆ । ਜਿੰਨਾਂ ਚਿਰ ਨਾ ਮਿਲੇਂ ਪ੍ਰੀਤਮ ਪਿਆਰੇ, ਸਾਂਤਕ ਸਤਿ ਨਾ ਕੋਇ ਵਰਤਾਈਆ । ਆ ਕੇ ਵੇਖ ਘਰ ਹਮਾਰੇ, ਲੇਫ਼ ਤਲਾਈ ਨਜ਼ਰ ਕੋਈ ਨਾ ਆਈਆ । ਦੁੱਖ ਭੁੱਖ ਨੇ ਸਾਰੇ ਸਾੜੇ, ਰੋਗ ਸੋਗ ਰਹੇ ਜਲਾਈਆ । ਵਸਦੇ ਘਰ ਸਰਬ ਉਜਾੜੇ, ਕੁੱਲੀ ਕੱਖ ਸੋਭਾ ਕੋਇ ਨਾ ਪਾਈਆ । ਨੇਤਰ ਰੋਵਣ ਪੁਰਖ ਨਾਰੇ, ਬਿਰਧ ਬਾਲ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁਤ ਤੇਰੀ ਸੇਵਾ ਇਕ ਲਗਾਈਆ । ਸ਼ਬਦ ਸੁੱਤ ਕਹੇ ਸੁਣ ਮੇਰੇ ਬਾਪ, ਪੁਰਖ ਅਕਲ ਤੇਰੀ ਸਰਨਾਇਆ । ਮੈਨੂੰ ਦੱਸ ਦੇ ਉਹ ਜਾਪ, ਜਿਸ ਜਪਿਆਂ ਤੇਰੇ ਨਾਲੋਂ ਵਿਛੜ ਕੋਈ ਨਾ ਜਾਇਆ । ਕੋਟ ਜਨਮ ਦਾ ਉਤਰੇ ਪਾਪ, ਜਿਸ ਤੇਰਾ ਸੰਦੇਸਾ ਦੇਵਾਂ ਸੁਣਾਇਆ । ਉਹ ਹੋਵੇ ਪਾਕੀ ਪਾਕ, ਦੁਰਮਤ ਮੈਲ ਰਹੇ ਨਾ ਰਾਇਆ । ਤੂੰ ਦਰਸਨ ਦੇਣਾ ਸਾਖਿਆਤ, ਨਿਰਗੁਣ ਆਪਣਾ ਵੇਸ ਵਟਾਇਆ । ਮੈਂ ਤੇਰੇ ਨਾਮ ਦੀ ਦੱਸਾਂ ਗਾਥ, ਸੋਹੰ ਢੋਲਾ ਇਕ ਪੜ੍ਹਾਇਆ । ਤੂੰ ਮੇਰੀ ਬਣਾਉਣੀ ਜਮਾਤ, ਚਾਰ ਵਰਨ ਸੰਗ ਰਲਾਇਆ । ਮੈਂ ਤੇਰਾ ਦੱਸਾਂ ਹਾਲਾਤ, ਧੁਰ ਦਾ ਭੇਵ ਇਕ ਖੁਲ੍ਹਾਇਆ । ਸ੍ਰੀ ਭਗਵਾਨ ਕਹੇ ਸੁਣ ਮੇਰੀ ਬਾਤ, ਸਚ ਸੁਨੇਹੜਾ ਇਕ ਜਣਾਇਆ । ਮੈਂ ਅੰਮ੍ਰਿਤ ਦੇਵਾਂ ਆਬੇ ਹਯਾਤ, ਰਸ ਇਕੋ ਇਕ ਚੁਆਇਆ । ਤੂੰ ਜਾ ਕੇ ਗੁਰਮੁਖਾਂ ਗੁਰਸਿਖਾਂ ਸਾਚੇ ਸੰਤਾਂ ਭਗਤਾਂ ਆਖ, ਨਿਹਕਲੰਕ ਕਲ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਇਆ । ਅੰਤਮ ਤੁਹਾਡੀ ਪੁੱਛੇ ਵਾਤ, ਅੰਤਮ ਆਪਣਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸ ਇਕ ਸੁਣਾਇਆ । ਸ਼ਬਦ ਸੁੱਤ ਕਹੇ ਮੈਂ ਸੁਣਾਉਦਾ ਹਾਂ । ਉਚੀ ਕੂਕ ਕੂਕ ਅਲਾਉਦਾ ਹਾਂ । ਸੰਤ ਭਗਤ ਇਕੱਠੇ ਆਪ ਕਰਾਉਦਾ ਹਾਂ । ਗੁਰਮੁਖ ਗੁਰਸਿਖ ਨਾਲ ਮਿਲਾਉਦਾ ਹਾਂ । ਤੇਰਾ ਧਰਮ ਨਿਸ਼ਾਨ ਇਕ ਵਖਾਉਦਾ ਹਾਂ । ਨਵਾਂ ਖੰਡਾਂ ਖੋਜ ਖੋਜਾਉਦਾ ਹਾਂ । ਸੱਤਾਂ ਦੀਪਾਂ ਪੜਦਾ ਲੌਂਹਦਾ ਹਾਂ । ਗੁਰਮੁਖ ਸਾਚੇ ਫੜ ਜਗਾਉਦਾ ਹਾਂ । ਗੋਬਿੰਦ ਮੇਲਾ ਸਚ ਮਿਲਾਉਦਾ ਹਾਂ । ਪੰਚਮ ਰੰਗ ਬਸੰਤ ਚੜ੍ਹਾਉਦਾ ਹਾਂ । ਨਾਰੀ ਪੁਰਸ਼ ਇਕੋ ਮਾਣ ਦਿਵਾਉਦਾ ਹਾਂ । ਸੱਜੇ

ਖੱਬੇ ਆਪ ਰਖਾਉਦਾ ਹਾਂ । ਲੱਗੇ ਬੱਧੇ ਗੁਰ ਅਵਤਾਰ ਬਣਾਉਦਾ ਹਾਂ । ਪੀਰ ਪੈਗ਼ੰਬਰ ਤੇਰੀ ਸੇਵਾ ਲਾਉਦਾ ਹਾਂ । ਵਿਸ਼ਨ ਬ੍ਰਹਮਾ ਸ਼ਿਵ ਫਿਰਨ ਭੱਜੇ, ਧੁਰ ਦਾ ਹੁਕਮ ਆਪ ਮਨਾਉਦਾ ਹਾਂ । ਸ਼ਾਸਤਰ ਸਿਮਰਤ ਵੇਦ ਪੁਰਾਨ ਹੋਵਣ ਨੰਗੇ, ਸਭ ਦਾ ਪੜਦਾ ਅੰਤ ਉਠਾਉਦਾ ਹਾਂ । ਤੇਰੇ ਦਰ ਤੋਂ ਸਭ ਕੋਈ ਇਕੋ ਵਾਰ ਮੰਗੇ, ਸਾਚੀ ਸਿਖਿਆ ਇਕ ਸਮਝਾਉਦਾ ਹਾਂ । ਕੱਤਕ ਤਿੰਨ ਵਜਾ ਮਰਦੰਗੇ, ਨਗਾਰਾ ਇਕੋ ਰਾਗ ਵਖਾਉਦਾ ਹਾਂ । ਪਿਛੇ ਜੁਗ ਚੌਕੜੀ ਜੋ ਲੰਘੇ, ਏਨ੍ਹਾਂ ਵਿਚੋਂ ਗੁਰਮੁਖ ਆਪ ਮਿਲਾਉਦਾ ਹਾਂ । ਚਾਹੇ ਚੰਗੇ ਚਾਹੇ ਮੰਦੇ, ਪ੍ਰਭ ਤੇਰੀ ਝੋਲੀ ਪਾਉਦਾ ਹਾਂ । ਤੇਰੇ ਨਾਲ ਪ੍ਰੀਤੀ ਹੰਡੇ, ਦੂਜਾ ਇਸ਼ਟ ਨਾ ਕੋਇ ਵਖਾਉਦਾ ਹਾਂ । ਤੇਰਾ ਅੰਮ੍ਰਿਤ ਕਰੇ ਠੰਡੇ, ਅਠਸਠ ਨਹਾਵਣ ਨਾ ਕੋਇ ਨੁਹਾਉਦਾ ਹਾਂ । ਜੋ ਨਾ ਤੈਨੂੰ ਵੇਖਣ ਉਹ ਦੋ ਜਹਾਨਾਂ ਅੰਧੇ, ਓਨ੍ਹਾਂ ਦੋਜ਼ਖ਼ ਵਿਚ ਭਵਾਉਦਾ ਹਾਂ । ਲੱਖ ਚੁਰਾਸੀ ਆਂਡੇ ਗੰਦੇ, ਰਾਏ ਧਰਮ ਕੋਲੋਂ ਭੰਨਾਉਦਾ ਹਾਂ । ਤੁੱਟੀ ਲੋਕਮਾਤ ਕੋਈ ਨਾ ਗੰਢੇ, ਜੂਨ ਅਜੂਨੀ ਵੰਡ ਵੰਡਾਉਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਵਿਛੜੇ ਤੈਨੂੰ ਮਿਲਾਉਦਾ ਹਾਂ । ਸ਼ਬਦ ਸੁੱਤ ਤੈਨੂੰ ਮਾਣ ਦਿਵਾਵਾਂਗਾ । ਤੇਰੇ ਮੇਲੇ ਆਪਣੇ ਰੰਗ ਰੰਗਵਾਂਗਾ । ਗੁਰ ਚੇਲੇ ਇਕੋ ਘਰ ਵਸਾਵਾਂਗਾ । ਸੱਜਣ ਸੁਹੇਲੇ ਸਚਖੰਡ ਦੁਆਰੇ ਲੈ ਕੇ ਜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪ ਆਪਣਾ ਲੇਖਾ ਆਪੇ ਪੂਰ ਕਰਾਵਾਂਗਾ । ਸੁਣ ਕੇ ਸ਼ਬਦ ਸ੍ਰੀ ਭਗਵਾਨ, ਗੁਰ ਅਵਤਾਰ ਲੈਣ ਅੰਗੜਾਈਆ । ਪ੍ਰਭ ਜੀ ਇਕੋ ਵਾਰ ਕਿਉਂ ਦਿਤਾ ਸਭ ਨੂੰ ਦਾਨ, ਤੇਰੀ ਭਗਤੀ ਕਰਦਾ ਨਜ਼ਰ ਕੋਈ ਨਾ ਆਈਆ । ਅਸੀਂ ਜੋ ਲਿਖਦੇ ਆਏ ਗਿਆਨ, ਸਾਡਾ ਗਿਆਨ ਕੋਈ ਸਮਝ ਸਕੇ ਨਾ ਰਾਈਆ । ਤੇਰਾ ਅਨੋਖਾ ਵੇਖਿਆ ਵਿਧਾਨ, ਵਾਧਾ ਆਪਣੇ ਹੱਥ ਰਖਾਈਆ । ਸਾਡੇ ਨੈਣ ਵੇਖ ਸ਼ਰਮਾਣ, ਪਲਕ ਸਕੇ ਨਾ ਕੋਇ ਉਠਾਈਆ । ਕਰੇਂ ਕੀ ਖੇਲ ਮਿਹਰਵਾਨ, ਕਰਤਾ ਹੁਕਮ ਕੀ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਚ ਰਿਹਾ ਦ੍ਰਿੜਾਈਆ । ਤਖ਼ਤ ਬੈਠਾ ਆਪ ਮਾਲਕ, ਪੁਰਖ ਅਬਿਨਾਸ਼ ਵੱਡੀ ਵਡਿਆਈਆ । ਜਿਸ ਰਚਨ ਰਚਾਈ ਬਣ ਕੇ ਖ਼ਲਕ ਖ਼ਾਲਕ, ਸੋ ਮਖ਼ਲੂਕ ਵੇਖੇ ਬੇਪਰਵਾਹੀਆ । ਜਿਸ ਦੇ ਹੱਥ ਧੁਰ ਦੀ ਅਦਾਲਤ, ਸੋ ਅਦਲ ਇਕੋ ਇਕ ਰਿਹਾ ਕਮਾਈਆ । ਆਦਿ ਜੁਗਾਦਿ ਜੋ ਰਹੇ ਸਹੀ ਸਲਾਮਤ, ਸਾਹਿਬ ਸਤਿਗੁਰ ਸੱਚਾ ਮਾਹੀਆ । ਉਹ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦੀ ਕੋਈ ਨਾ ਲਏ ਜ਼ਮਾਨਤ, ਮਿਹਰ ਨਜ਼ਰ ਕਰ ਬਰੀਖ਼ਾਨੇ ਵਿਚੋਂ ਬਰੀ ਆਪ ਕਰਾਈਆ । ਪ੍ਰਭ ਸੱਚੇ ਨੂੰ ਨਹੀਂ ਮਮਾਨਤ, ਜਿਉਂ ਭਾਵੇ ਤਿਉਂ ਲਏ ਚਲਾਈਆ । ਜਨ ਭਗਤਾਂ ਬਿਨ ਕਰਨੀਉਂ ਆਪਣਾ ਨਾਮ ਦੇਵੇ ਅਮਾਨਤ, ਬੰਦ ਤਾਕੀ ਖੋਲ੍ਹ ਅੰਦਰ ਦਏ ਟਿਕਾਈਆ । ਹੁਕਮ ਨਾਲ ਸਭ ਨੂੰ ਕਰੇ ਮਮਾਨਤ, ਠੱਗ ਚੋਰ ਯਾਰ ਅੰਦਰ ਲੰਘ ਕੋਇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਰਿਹਾ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਤੁਸਾਂ ਮੇਰੀ ਰੱਖੀ ਓਟ, ਲੋਕਮਾਤ ਫੇਰਾ ਪਾਈਆ । ਮੇਰੀ ਧਾਰ ਲੈ ਕੇ ਨਿਰਗੁਣ ਜੋਤ, ਸਰਗੁਣ ਕਰੀ ਰੁਸ਼ਨਾਈਆ । ਸ਼ਬਦ ਲੱਗੀ ਅਗੰਮੀ ਚੋਟ, ਤਨ ਨਗਾਰ ਰਬਾਬ ਵਜਾਈਆ । ਹੱਥ ਜੋੜ ਮੰਗਦੇ ਰਹੇ ਮੋਖ, ਧਿਆਨ ਇਕੋ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਦਏ ਸਮਝਾਈਆ । ਗੁਰ ਅਵਤਾਰ ਤੁਸੀਂ ਮੇਰੇ ਵਸ, ਜੁਗ ਚੌਕੜੀ ਸੇਵ ਕਮਾਈਆ । ਜੀਵਾਂ ਜੰਤਾਂ ਮਾਰਗ ਦੱਸ, ਮੇਰਾ ਰਾਹ


੯੧੫
੧੫

ਵਖਾਈਆ । ਕਲਜੁਗ ਅੰਤਮ ਪਰਗਟੇ ਇਕ ਪੁਰਖ ਸਮਰਥ, ਪ੍ਰਭ ਆਪਣਾ ਫੇਰਾ ਪਾਈਆ । ਉਹ ਕੀਹਦਾ ਰਾਹ ਦੇਵੇ ਦੱਸ, ਸਭ ਦਾ ਮਾਲਕ ਆਪ ਅਖਵਾਈਆ । ਕਿਸ ਦੇ ਅੱਗੇ ਡਾਹਵੇ ਹੱਥ, ਮੰਗਣ ਕਿਸ ਦੁਆਰੇ ਜਾਈਆ । ਜਿਸ ਨੇ ਸਭ ਦੀ ਕਰਾਈ ਬਸ, ਬਸਤਾ ਬੰਨ੍ਹ ਕੇ ਅੱਗੇ ਪਿਛੇ ਲਏ ਲਾਈਆ । ਸੋ ਮਿਹਰਵਾਨ ਜਿਸ ਵਲ ਮਿਹਰ ਨਜ਼ਰ ਕਰ ਕੇ ਪਏ ਹੱਸ, ਤਿਸ ਦੋ ਜਹਾਨਾਂ ਪੰਧ ਮੁਕਾਈਆ । ਜਿਸ ਛੋਹੇ ਨਾਲ ਹੱਥ, ਤਿਸ ਮਿਲੇ ਮਾਣ ਵਡਿਆਈਆ । ਜਿਸ ਮਸਤਕ ਚਰਨ ਕਵਲ ਦੇਵੇ ਰੱਖ, ਤਿਸ ਆਪਣੀ ਜੋਤ ਜੋਤ ਸਮਾਈਆ । ਜਿਸ ਦੇ ਘਰ ਦੁਆਰੇ ਆਵੇ ਨੱਠ, ਉਸ ਦੇ ਗੁਰ ਅਵਤਾਰ ਪੀਰ ਪੈਗ਼ੰਬਰ ਰਲ ਕੇ ਸਾਰੇ ਜਸ ਲਓ ਗਾਈਆ । ਇਹ ਵੇਲਾ ਫੇਰ ਨਹੀਂ ਆਉਣਾ ਹੱਥ, ਕੱਠਿਆਂ ਸਭ ਨੂੰ ਦਿਤਾ ਕਰਾਈਆ । ਚਾਰ ਜੁਗ ਦਾ ਵਾਰੀ ਵਾਰੀ ਗਾਇਆ ਜਸ, ਸੋ ਢੋਲਾ ਇਕੋ ਵਾਰ ਸੁਣਾਈਆ । ਜਨ ਭਗਤਾਂ ਮਿਲ ਕੇ ਲਓ ਆਪਣਾ ਰਸ, ਰਸ ਇਕੋ ਇਕ ਜਣਾਈਆ । ਬਾਹਰ ਕੋਈ ਨਾ ਜਾਵੇ ਨੱਸ, ਡੋਰੀ ਆਪਣੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੋਕਮਾਤ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪੁਰਖ ਸਮਰਥ, ਤੇਰੇ ਹੱਥ ਤੇਰੀ ਵਡਿਆਈਆ । ਅਸੀਂ ਖ਼ੁਸ਼ੀ ਹੋਏ ਤੇਰਾ ਸੁਣ ਕੇ ਜਸ, ਗੁਰਮੁਖ ਸਾਰੇ ਤੈਨੂੰ ਰਹੇ ਧਿਆਈਆ । ਨਾ ਕੋਈ ਪੂਜਾ ਨਾ ਕੋਈ ਪਾਠ, ਨਾ ਕੋਈ ਇਸ਼ਟ ਦੇਵ ਮਨਾਈਆ । ਤੇਰੇ ਚਰਨ ਜੋੜ ਕੇ ਨਾਤ, ਆਪਣਾ ਸਾਕ ਸੱਜਣ ਬੈਠੇ ਬਣਾਈਆ । ਇਹ ਨਹੀਂ ਸੁਣਦੇ ਕਿਸੇ ਦੀ ਬਾਤ, ਆਪਣੀ ਸਮਝ ਬੈਠੇ ਗਵਾਈਆ । ਇਕੋ ਤੇਰਾ ਦਰਸਨ ਰਹੇ ਝਾਕ, ਝਾਕੀ ਆਪਣੀ ਬੈਠੇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰਾ ਵਿਛੋੜਾ ਰਹਿਣ ਨਾ ਪਾਈਆ । ਸ੍ਰੀ ਭਗਵਾਨ ਕਹੇ ਮੈਂ ਕੀ ਦੱਸਾਂ, ਵਸ ਮੇਰੇ ਕੁਛ ਨਜ਼ਰ ਨਾ ਆਈਆ । ਭਗਤਾਂ ਕੋਲੋਂ ਕਿਧਰ ਨੱਠਾਂ, ਰਾਹ ਖਹਿੜਾ ਬੈਠੇ ਬੰਦ ਕਰਾਈਆ । ਜੇ ਏਨ੍ਹਾਂ ਤੋਂ ਪਿਛੇ ਹਟਾਂ, ਮੇਰੀ ਦੋ ਜਹਾਨ ਵੱਜੇ ਨਾ ਕੋਇ ਵਧਾਈਆ । ਜੇ ਏਨ੍ਹਾਂ ਦੇ ਅੰਦਰ ਵਸਾਂ, ਵੇਖ ਵੇਖ ਸੜ ਕੇ ਮਰੇ ਲੋਕਾਈਆ । ਜੇ ਭਗਤਾਂ ਦੀ ਚਰਨੀਂ ਢੱਠਾਂ, ਤਾਂ ਆਪਣੀ ਖ਼ੁਸ਼ੀ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੀਰ ਪੈਗ਼ੰਬਰਾਂ ਰਿਹਾ ਸਮਝਾਈਆ । ਪੀਰ ਪੈਗ਼ੰਬਰ ਕਹਿਣ ਪ੍ਰਭੂ ਤੇਰਾ ਖੇਲ ਅਪਾਰ, ਪਰਵਰਦਿਗਾਰ ਸਮਝ ਕੋਇ ਨਾ ਆਈਆ । ਅਸੀਂ ਮੰਨਦੇ ਰਹੇ ਤੂੰ ਸਾਡਾ ਯਾਰ, ਦੂਜੀ ਯਾਰੀ ਨਾ ਕਿਸੇ ਲਗਾਈਆ । ਸਾਨੂੰ ਦੱਸਦਾ ਰਿਹੋਂ ਗੁਫ਼ਤਾਰ, ਕਲਮਾ ਕਲਾਮ ਇਕ ਪੜ੍ਹਾਈਆ । ਅਸੀਂ ਬੋਲਦੇ ਰਹੇ ਨਾਲ ਜ਼ਬਾਨ, ਕਾਗ਼ਜ਼ ਕਲਮ ਕਰ ਲਿਖਾਈਆ । ਦਰੋਹੀ ਕਲਜੁਗ ਅੰਤਮ ਵੇਖ ਕੇ ਹੋਏ ਹੈਰਾਨ, ਹੈਰਾਨੀ ਸਭ ਦੇ ਉਤੇ ਛਾਈਆ । ਬਿਨ ਭਗਤਾਂ ਰੰਡ ਜਾਪੇ ਭਗਵਾਨ, ਭਗਵਨ ਸਰਨ ਕੋਈ ਨਾ ਜਾਈਆ । ਸਾਰੇ ਖ਼ਾਲੀ ਦਿਸਦੇ ਮਸੀਤ ਮੰਦਰ ਮਕਾਨ, ਸ਼ਿਵਦਵਾਲੇ ਮੱਠ ਰਹੇ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਕੀ ਵਰਤਾਈਆ । ਗੁਰ ਅਵਤਾਰੋ ਕੀ ਵਰਤੇ ਖੇਲ, ਹਰਿ ਸਤਿਗੁਰ ਆਪ ਜਣਾਈਆ । ਜਨ ਭਗਤਾਂ ਧੱਕੇ ਨਾਲ ਮੈਨੂੰ ਲਿਆ ਮੇਲ, ਲੋਕਮਾਤ ਆਪਣਾ ਬਲ ਪਰਗਟਾਈਆ । ਸਾਰੇ ਕਹਿਣ ਸਾਥੋਂ ਝੱਲੀ ਨਹੀਂ ਜਾਂਦੀ ਕੂੜੀ ਜੇਲ, ਬਿਨ ਤੇਰੇ ਚੈਨ ਕੋਇ ਨਾ ਆਈਆ । ਦਰ ਤੋਂ ਸਕੇ ਨਾ ਕੋਈ ਧਕੇਲ, ਕੱਠੇ ਹੋ ਕੇ ਬੈਠੇ ਡੇਰਾ ਲਾਈਆ । ਚਾਰ ਜੁਗ ਦੀ ਕਹਾਣੀ ਕਥਾ ਵਾਰਤਾ ਬੀਊਰੀ ਹੋਈ ਫ਼ੇਲ, ਫ਼ੈਸਲਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ



੯੧੬
੧੫

ਆਪਣੀ ਕਿਰਪਾ ਕਰ, ਆਪਣਾ ਵੇਸ ਰਿਹਾ ਵਟਾਈਆ । ਪ੍ਰਭ ਵੇਸ ਵਟਾਵੇਂ ਕਿਉਂ, ਗੁਰ ਅਵਤਾਰ ਰਹੇ ਜਣਾਈਆ । ਪ੍ਰਭ ਸੀਸ ਨਿਵਾਵੇਂ ਕਿਉਂ, ਬੇਪਰਵਾਹ ਤੇਰੀ ਵੱਡੀ ਸੱਚੀ ਸ਼ਹਿਨਸ਼ਾਹੀਆ । ਪ੍ਰਭੂ ਗੁਰਮੁਖਾਂ ਨਾਮ ਧਿਆਵੇਂ ਕਿਉਂ, ਆਦਿ ਜੁਗਾਦਿ ਸਭ ਤੇਰਾ ਢੋਲਾ ਗਾਈਆ । ਪ੍ਰਭੂ ਸਾਚੇ ਸੰਤਾਂ ਸੰਗ ਨਿਭਾਵੇਂ ਕਿਉਂ, ਨਿਰਗੁਣ ਸਰਗੁਣ ਆਪਣੀ ਪ੍ਰੀਤ ਲਗਾਈਆ । ਪ੍ਰਭ ਗੁਰਮੁਖਾਂ ਮੇਲ ਮਿਲਾਵੇਂ ਕਿਉਂ, ਦੋ ਜਹਾਨਾਂ ਪੰਧ ਮੁਕਾਈਆ । ਪ੍ਰਭ ਗੁਰਸਿਖਾਂ ਰੰਗ ਚੜ੍ਹਾਵੇਂ ਕਿਉਂ, ਰੰਗ ਅਗੰਮੜਾ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਦੇ ਸਚ ਵਰ, ਭੇਵ ਅਭੇਦਾ ਦੇ ਖੁਲ੍ਹਾਈਆ । ਭਗਤਾਂ ਮੇਲਾ ਕਾਰਨ ਏਸ, ਬਿਨ ਭਗਤਾਂ ਮੇਰੀ ਕਰੇ ਨਾ ਕੋਇ ਵਧਾਈਆ । ਸੰਤਾਂ ਵਸਾਵਾਂ ਇਕ ਦੇਸ, ਜਿਸ ਘਰ ਆਪਣਾ ਡੇਰਾ ਲਾਈਆ । ਗੁਰਮੁਖਾਂ ਦੇਵਾਂ ਆਪਣੀ ਟੇਕ, ਬਿਨ ਗੁਰਮੁਖਾਂ ਮੇਰਾ ਸੰਗ ਨਾ ਕੋਇ ਨਿਭਾਈਆ । ਗੁਰਸਿਖਾਂ ਦੇਵਾਂ ਬੁਧ ਬਿਬੇਕ, ਬਿਨ ਬਿਬੇਕੀ ਬੁਧ ਮੇਰੀ ਸਮਝ ਕਿਸੇ ਨਾ ਪਾਈਆ । ਏਸੇ ਕਰ ਕੇ ਧਰਾਂ ਭੇਖ, ਨਿਤ ਨਵਿਤ ਵੇਸ ਵਟਾਈਆ । ਜੁਗ ਚੌਕੜੀ ਲਿਖਦਾ ਰਿਹਾ ਲੇਖ, ਕਲਜੁਗ ਅੰਤਮ ਪੂਰ ਕਰਾਈਆ । ਸੰਤ ਭਗਤ ਗੁਰਮੁਖ ਗੁਰਸਿਖ ਆਪਣੇ ਨਾਲ ਭੇਜ, ਲੋਕਮਾਤ ਜਨਮ ਦਵਾਈਆ । ਖ਼ੁਸ਼ੀਆਂ ਨਾਲ ਓਨ੍ਹਾਂ ਅੰਦਰ ਵੜ ਕੇ ਹੰਡਾਵੇ ਸੇਜ, ਕਮਲਾਪਤੀ ਸੋਭਾ ਪਾਈਆ । ਗੁਰਮੁਖ ਨਾਰੀ ਖ਼ੁਸ਼ ਹੋਏ ਵੇਖ, ਚਾਓ ਘਨੇਰਾ ਇਕ ਪਰਗਟਾਈਆ । ਇਹੋ ਪ੍ਰਭ ਦਾ ਸੱਚਾ ਹੇਤ, ਆਦਿ ਜੁਗਾਦਿ ਜੁਗ ਚੌਕੜੀ ਆਪਣੀ ਕਾਰ ਕਮਾਈਆ । ਅੱਗੇ ਫਿਰ ਸਮਝ ਨਹੀਂ ਆਉਣੀ ਖੇਡ, ਪਿਛਲਾ ਲੇਖਾ ਪੜ੍ਹ ਪੜ੍ਹ ਸਾਰੇ ਸਿਰ ਲੈਣ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘਰਾਈਆ । ਤਿੰਨ ਕੱਤਕ ਕਹੇ ਮੈਂ ਸਭ ਨੂੰ ਵੇਖਾਂ, ਕਵਣ ਦੁਆਰੇ ਡੇਰੇ ਲਾਈਆ । ਵੀਹ ਸੌ ਵੀਹ ਕਹੇ ਮੈਂ ਸਭ ਨੂੰ ਪੇਖਾਂ, ਨੈਣ ਅੱਖ ਖੁਲ੍ਹਾਈਆ । ਸ਼ਬਦ ਕਹੇ ਮੈਂ ਸਭ ਨੂੰ ਕਰਾਵਾਂ ਚੇਤਾ, ਗੁਰ ਅਵਤਾਰ ਪੀਰ ਪੈਗ਼ੰਬਰ ਭੁਲ ਕੋਇ ਨਾ ਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡਾ ਪੂਰਾ ਕਰਨ ਆਇਆ ਲੇਖਾ, ਜੋ ਲਿਖ ਲਿਖ ਮਾਤ ਦੇ ਕੇ ਆਏ ਗਵਾਹੀਆ । ਭਗਤ ਕਹਿਣ ਪ੍ਰਭ ਸਾਡਾ ਬਣ ਕੇ ਆਇਆ ਨੇਤਾ, ਨਿਰਗੁਣ ਨਿਰਵੈਰ ਫੇਰਾ ਪਾਈਆ । ਸੰਤ ਕਹਿਣ ਸਾਡਾ ਵਿਸਰਿਆ ਅਜੇ ਨਾ ਏਹਨੂੰ ਚੇਤਾ, ਪਿਛਲੀ ਕਹਾਣੀ ਯਾਦ ਕਰਾਈਆ । ਗੁਰਮੁਖ ਕਹਿਣ ਸਾਨੂੰ ਬਣਾਵਣ ਆਇਆ ਬੇਟਾ, ਪਿਤਾ ਗੋਬਿੰਦ ਨਾਲ ਮਿਲਾਈਆ । ਗੁਰਸਿਖ ਕਹਿਣ ਸਦ ਬਣ ਕੇ ਆਇਆ ਖੇਵਟ ਖੇਟਾ, ਬੇੜਾ ਬੰਨੇ ਦਏ ਲਗਾਈਆ । ਸ੍ਰੀ ਭਗਵਾਨ ਕਹੇ ਮੇਰਾ ਅਵੱਲੜਾ ਵੇਸਾ, ਸਮਝ ਕੋਇ ਨਾ ਪਾਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਜੋ ਬੋਲੀ ਉਤੇ ਮੈਥੋਂ ਲੈਂਦੇ ਰਹੇ ਠੇਕਾ, ਅੰਤਮ ਸਭ ਦੀ ਮੁਣਿਆਦ ਪੂਰ ਕਰਾਈਆ । ਬਾਕੀ ਓਟ ਹੋਰ ਕੋਈ ਨੇਤਰ ਨੈਣ ਨਾ ਪੇਖਾ, ਖ਼ਾਲੀ ਦੁਆਰਾ ਨਜ਼ਰ ਕੋਇ ਨਾ ਆਈਆ । ਸਭ ਦਾ ਪੂਰਾ ਕੀਤਾ ਹਿੱਸਾ, ਕਿੱਸਾ ਕਹਾਣੀ ਦਿਤੀ ਮੁਕਾਈਆ । ਅੱਗੇ ਚਲਾਏ ਆਪਣਾ ਸਿੱਕਾ, ਸਿੱਧੀ ਤਰਾ ਸਮਝਾਈਆ । ਜਿਸ ਨੂੰ ਕਹਿੰਦੇ ਪ੍ਰਭ ਜੂ ਨਿੱਕਾ, ਸੋ ਵੱਡਾ ਵਡੀ ਦਏ ਵਡਿਆਈਆ । ਅੱਗੇ ਕਿਸੇ ਨੂੰ ਲੱਭੇ ਨਾ ਵਿਚੋਂ ਪੱਥਰਾਂ ਇੱਟਾਂ, ਜਲ ਵਿਚੋਂ ਨਜ਼ਰ ਕਿਸੇ ਨਾ ਆਈਆ । ਜਿਸ ਮਿਲੇ ਤਿਸ ਕਾਇਆ ਕਿਤਾ, ਖ਼ਿਤਾ ਇਕੋ ਇਕ ਵਖਾਈਆ । ਬਾਕੀ ਰਸ ਕਰੇ ਫਿਕਾ, ਰਸ ਦੇਵੇ ਨਾਮ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਤਿੰਨ ਕੱਤਕ ਕਹੇ ਵੇਖੋ ਮੈਂ ਬੜਾ ਦਲੇਰ, ਸਾਰੇ ਮੈਨੂੰ ਦਿਓ ਵਧਾਈਆ । ਵੀਹ ਸੌ ਵੀਹ



੯੧੭
੧੫

ਕਹੇ ਮੈਂ ਲਿਆਂਦਾ ਘੇਰ, ਜਿਹੜਾ ਕਾਬੂ ਕਿਸੇ ਨਾ ਆਈਆ । ਜਨ ਭਗਤ ਕਹੋ ਅਸਾਂ ਫੜਿਆ ਸ਼ੇਰ, ਜਿਸ ਦੀ ਭਬਕ ਕੋਈ ਝੱਲ ਨਾ ਸਕੇ ਰਾਈਆ । ਹਰਿ ਸੰਗਤ ਕਹੋ ਭਾਗ ਲੱਗਾ ਪਿੰਡ ਹੇਰ, ਜਿਥੇ ਗੁਰਮੁਖ ਲਾਲ ਆਸਣ ਲਾਈਆ । ਜਿਸ ਗਜ ਨਾਲ ਕਰ ਕੇ ਆਪਣੀ ਮਿਹਰ, ਮੇਲ ਮਿਲਾਇਆ ਸਹਿਜ ਸੁਭਾਈਆ । ਦੋਆਬੇ ਵਿਚੋਂ ਗੁਰਮੁਖਾਂ ਬਾਂਹੋਂ ਫੜ ਕੇ ਲਹਿਣਾ ਦਿਤਾ ਨਿਬੇੜ, ਦੇਣਾ ਕੋਇ ਰਹਿਣ ਨਾ ਪਾਈਆ । ਅੱਗੇ ਨਾ ਕੋਈ ਝਗੜਾ ਨਾ ਝੇੜ, ਝੰਜਟ ਧਰਮ ਰਾਏ ਨਾ ਪਾਈਆ । ਬਾਂਹੋਂ ਫੜ ਕੇ ਕੱਠੇ ਕਰ ਕੇ ਸਾਰੇ ਲਏ ਨਖੇੜ, ਆਪਣੇ ਅੱਗੇ ਲਾਈਆ । ਇਹੋ ਪ੍ਰਭ ਦਾ ਅਗੰਮੀ ਗੇੜ, ਸਮਝ ਸੋਚ ਸਕੇ ਕੋਈ ਨਾ ਰਾਈਆ । ਲੱਖ ਚੁਰਾਸੀ ਜੀਵ ਜੰਤ ਨੌ ਖੰਡ ਪ੍ਰਿਥਮੀ ਦਿਸੇ ਅੰਧੇਰ, ਗੁਰਮੁਖ ਘਰ ਵਿਚ ਬੈਠੇ ਦੀਪ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕੱਤਕ ਤਿੰਨ ਨਹੀਂ ਤੇਰੀ ਵਡਿਆਈ, ਸੋ ਸਾਹਿਬ ਆਪ ਜਣਾਇੰਦਾ । ਜਨ ਭਗਤਾਂ ਲੱਗ ਨਿਉਂ ਨਿਉਂ ਪਾਈ, ਜਿਨ੍ਹਾਂ ਮਿਲਣ ਹਰਿ ਜੂ ਫੇਰਾ ਪਾਇੰਦਾ । ਵੀਹ ਸੌ ਵੀਹ ਉਠ ਗਾ ਵਧਾਈ, ਤੇਰਾ ਲੇਖਾ ਲੇਖੇ ਲਾਇੰਦਾ । ਕਰੇ ਖੇਲ ਬੇਪਰਵਾਹੀ, ਬੇਪਰਵਾਹ ਆਪਣਾ ਵੇਸ ਵਟਾਇੰਦਾ । ਜਨ ਭਗਤਾਂ ਰੰਗ ਰਿਹਾ ਰੰਗਾਈ, ਬਣ ਲਲਾਰੀ ਸਾਚੇ ਚੋਲੇ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਰੇ ਕਹਿਣ ਪ੍ਰਭ ਅਸੀਂ ਨਹੀਂ ਮੰਨਦੇ, ਸਚ ਸਚ ਜਣਾਈਆ । ਤੇਰੇ ਖੇਲ ਵਲ ਛਲ ਦੇ, ਜੁਗ ਚੌਕੜੀ ਧਾਰ ਬੰਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਸੰਦੇਸੇ ਘੱਲਦੇ, ਲੋਕਮਾਤ ਨਾਦ ਸੁਣਾਈਆ । ਸੋ ਸਾਰੇ ਤੇਰੇ ਕੋਲੋਂ ਡਰਦੇ, ਤੇਰਾ ਭੈ ਵਖਾਈਆ । ਕੀ ਕਾਰਨ ਤੇਰੇ ਪਿਛੇ ਦੀਨ ਮਜ਼੍ਹਬ ਲੜਦੇ, ਕੀ ਤੈਨੂੰ ਵੰਡਿਆਂ ਹੱਥ ਵਿਚ ਆਈਆ । ਲੱਖ ਚੁਰਾਸੀ ਜੀਵ ਜੰਤ ਤੇਰੇ ਬਰਦੇ, ਕਿਉਂ ਬੈਠਾ ਮੁਖ ਭਵਾਈਆ । ਆਪਣੀ ਮਿਹਰ ਆਪੇ ਕਰ ਦੇ, ਮਿਹਰਵਾਨ ਤੇਰੀ ਸ਼ਰਨਾਈਆ । ਦੋਏ ਜੋੜ ਹਾੜੇ ਕੱਢਦੇ, ਹੌਕਾ ਲੈ ਲੈ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਮੰਗੀ ਮੰਗ ਸਚ ਦਰ, ਸੋ ਪੁਰਖ ਨਿਰੰਜਣ ਆਪ ਜਣਾਇਆ । ਗੋਬਿੰਦ ਮੰਗਿਆ ਅੰਤਮ ਵਰ, ਧੁਰ ਸੰਦੇਸਾ ਇਕ ਅਲਾਇਆ । ਪੁਰਖ ਅਕਾਲ ਤੇਰਾ ਪੱਲੂ ਲਿਆ ਫੜ, ਫੜਿਆ ਪੱਲੂ ਨਾ ਕੋਇ ਛੁਡਾਇਆ । ਕਲਜੁਗ ਅੰਤਮ ਆਉਣਾ ਨਰਾਇਣ ਨਰ, ਨਰ ਹਰਿ ਆਪਣਾ ਹੁਕਮ ਵਰਤਾਇਆ । ਸੰਬਲ ਨਗਰ ਬਹਿਣਾ ਵੜ, ਸਾਚਾ ਮੰਦਰ ਸੋਭਾ ਪਾਇਆ । ਸਾਚਾ ਡੰਕ ਵਜਾਉਣਾ ਚੜ੍ਹ, ਸ਼ਬਦੀ ਖੰਡਾ ਹੱਥ ਚਮਕਾਇਆ । ਤੇਰਾ ਮੇਰਾ ਇਕੋ ਦਰ, ਦੁਆਰਾ ਇਕੋ ਨਜ਼ਰੀ ਆਇਆ । ਤੂੰ ਕਿਰਪਾ ਦੇਣੀ ਕਰ, ਮੈਂ ਖੇਲਾਂ ਖੇਲ ਸਬਾਇਆ । ਸ੍ਰਿਸ਼ਟ ਸਬਾਈ ਅੰਦਰ ਵੜ, ਘਟ ਘਟ ਆਪਣਾ ਆਸਣ ਲਾਇਆ । ਗੁਰਮੁਖ ਗੁਰਸਿਖ ਲਵਾਂ ਫੜ, ਜਗ ਵਿਛੜੇ ਜੋੜ ਜੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਚ ਤੇਰੀ ਸਰਨਾਇਆ । ਗੋਬਿੰਦ ਤੇਰੇ ਹੱਥ ਨਹੀਂ ਉਹ ਤਾਕਤ, ਗੋਬਿੰਦ ਗੋਬਿੰਦ ਆਪ ਜਣਾਈਆ । ਪੰਜਾਂ ਪਿਆਰਿਆਂ ਕਰ ਸਵਾਗਤ, ਜੋ ਤੇਰਾ ਨੂਰ ਨਜ਼ਰੀ ਆਈਆ । ਪਹਿਲੋਂ ਏਨ੍ਹਾਂ ਨਾਲ ਹੋ ਮੁਖ਼ਾਤਬ, ਤੁਆਰਫ਼ ਆਪਣਾ ਦੇ ਜਣਾਈਆ । ਫੇਰ ਕਰ ਜਗਤ ਅਦਾਲਤ, ਦਰ ਸਾਚੇ ਨਾਲ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਪੰਜ ਪਿਆਰੇ ਵੇਖਾਂ ਰੂਪ, ਆਪ ਆਪਣਾ ਨੂਰ

ਪਰਗਟਾਈਆ । ਅੰਦਰ ਬਣ ਕੇ ਸਾਚਾ ਭੂਪ, ਬਾਹਰ ਜਗਤ ਖੇਲ ਵਡਿਆਈਆ । ਤਾਣਾ ਪੇਟਾ ਇਕੋ ਸੂਤ, ਇਕੋ ਰੰਗ ਰੰਗਾਈਆ । ਡੰਕ ਵਜਾ ਚਾਰ ਕੂਟ, ਦਹਿ ਦਿਸ਼ਾ ਕਰਾਂ ਸ਼ਨਵਾਈਆ । ਕੂੜੀ ਕਿਰਿਆ ਜੂਠ ਝੂਠ, ਮਾਇਆ ਮਮਤਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਸੁਨੇਹੜਾ ਇਕ ਸੁਣਾਈਆ । ਪੰਜ ਪਿਆਰੇ ਬੋਲਣ ਗ਼ੁੱਸੇ, ਆਪਣਾ ਬੋਲ ਜਣਾਈਆ । ਤੇਰੇ ਨਾਲੋਂ ਅਸੀਂ ਰੁੱਸੇ, ਕਿਉਂ ਢਈਆ ਬੈਠੋਂ ਮੁਖ ਭਵਾਈਆ । ਤੇਰੇ ਬਿਨਾਂ ਸਾਨੂੰ ਕੋਈ ਨਾ ਪੁੱਛੇ, ਮਿਲੇ ਨਾ ਮਾਣ ਵਡਿਆਈਆ । ਕਲਜੁਗ ਕੂੜੀ ਕਿਰਿਆ ਕੁੱਠੇ, ਪੁੱਠੀ ਖੱਲ ਲਈ ਲੁਹਾਈਆ । ਤੇਰੇ ਨਾਲੋਂ ਪ੍ਰੀਤੀ ਕਦੇ ਨਾ ਤੁੱਟੇ, ਇਹੋ ਮੰਗ ਮੰਗਾਈਆ । ਸਾਹਿਬ ਸਤਿਗੁਰ ਸੁਆਮੀ ਤੁਠੇ, ਤੇਰੇ ਅੱਗੇ ਅਰਦਾਸ ਸੁਣਾਈਆ । ਪੰਜਾਂ ਨਾਲ ਪੰਚ ਵਿਕਾਰ ਕਰ ਸੁੱਚੇ, ਸੂਚਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਚਰਨ ਸੀਸ ਨਿਵਾਈਆ । ਚਰਨ ਸੀਸ ਨਿਵਾਇਆ ਤੇਰੇ, ਪ੍ਰਭ ਮੰਗੇ ਮੰਗ ਏਕ । ਸਾਡੇ ਮਨ ਚਾਉ ਘਨੇਰੇ, ਮਿਲੀ ਸਾਚੀ ਟੇਕ । ਦੂਰ ਦੁਰਾਡੇ ਆਏ ਨੇਰੇ, ਗੁਰ ਸਤਿਗੁਰ ਲਏ ਪੇਖ । ਭਾਗ ਲਗਾਇਆ ਘਰ ਦੇ ਖੇੜੇ, ਘਰ ਘਰ ਵਿਚ ਦਿਤਾ ਭੇਤ । ਪੰਜਾਂ ਉਤੇ ਜੋ ਕੀਤੀ ਮਿਹਰੇ, ਮਿਹਰਵਾਨ ਕਰ ਕਿਰਪਾ ਆਪ ਵੇਖ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਆਪਣੇ ਪੂਰੇ ਕਰਦੇ ਲੇਖ । ਲੇਖ ਪੂਰੇ ਕਰ ਕਰਤਾਰ, ਪੰਚਮ ਮੰਗ ਮੰਗਾਈਆ । ਗੋਬਿੰਦ ਬਣਿਆ ਨਾਲ ਭਿਖਾਰ, ਭੱਜਿਆ ਇਕੋ ਚਾਈਂ ਚਾਈਂਆ । ਜਿਸ ਵੇਲੇ ਲਏਂ ਕਲ ਕਲਕੀ ਅਵਤਾਰ, ਕਲ ਕਲਕੀ ਵੇਸ ਵਟਾਈਆ । ਸ਼ਬਦੀ ਡੰਕ ਵਜਾ ਸਤਾਰ, ਦੋ ਜਹਾਨ ਕਰੇਂ ਸ਼ਨਵਾਈਆ । ਚਾਰ ਜੁਗ ਦੇ ਵਿਛੜੇ ਦੇਵੇਂ ਤਾਰ, ਫੜ ਬਾਂਹੋਂ ਗਲੇ ਲਗਾਈਆ । ਗੋਬਿੰਦ ਕਰਜ਼ਾ ਦਏਂ ਉਤਾਰ, ਧੁਰ ਦਾ ਲਹਿਣਾ ਝੋਲੀ ਪਾਈਆ । ਪੰਜਾਂ ਦੇਵੇਂ ਇਕ ਪਿਆਰ, ਪੰਜਮ ਲੇਖਾ ਦਏਂ ਸਮਝਾਈਆ । ਸਚਖੰਡ ਦਾ ਤੇਰਾ ਸਚ ਵਿਹਾਰ, ਸਤਿ ਸਤਿਵਾਦੀ ਤੇਰੀ ਸੱਚੀ ਸ਼ਹਿਨਸ਼ਾਹੀਆ । ਸਤਿਜੁਗ ਤੇਰੀ ਖੇਲ ਅਪਰ ਅਪਾਰ, ਬਿਨ ਸਤਿ ਪੁਰਸ਼ਾਂ ਨਜ਼ਰ ਕਿਸੇ ਨਾ ਆਈਆ । ਤੇਰਾ ਸੋਹਣਾ ਲੱਗੇ ਦਰਬਾਰ, ਦਰਗਹਿ ਸਾਚੀ ਵੱਜੇ ਵਧਾਈਆ । ਜਿਥੇ ਭਗਤ ਰਹਿਣ ਚੋਬਦਾਰ, ਦੂਜਾ ਨਜ਼ਰ ਕੋਇ ਨਾ ਆਈਆ । ਇਕੀਆਂ ਦੇਣਾ ਧੁਰ ਦਾ ਮਾਣ, ਮਾਣ ਆਪਣੇ ਨਾਲ ਬਣਾਈਆ । ਜਿਨ੍ਹਾਂ ਹੱਥ ਹੋਣ ਨਿਸ਼ਾਨ, ਨਿਸ਼ਾਨੇ ਤੇਰੇ ਨਾਮ ਝੁਲਾਈਆ । ਉਪਰ ਲੇਖ ਹੋਵੇ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੈ ਜੈਕਾਰ ਸੰਗਤ ਢੋਲਾ ਗਾਈਆ । ਗੋਬਿੰਦ ਸੂਰਾ ਸੇਵਾ ਕਰੇ ਆਣ, ਦਰ ਸਾਚੇ ਅਲਖ ਜਗਾਈਆ । ਪੰਜ ਪਿਆਰੇ ਫੇਰ ਖ਼ੁਸ਼ੀ ਮਨਾਣ, ਇਕੀਆਂ ਬੇੜਾ ਲਏਂ ਤਰਾਈਆ । ਆਪਣਾ ਬਣਾਏਂ ਇਕ ਵਿਧਾਨ, ਜਿਸ ਦੀ ਸਮਝ ਕਿਸੇ ਨਾ ਆਈਆ । ਲਿਖ ਕੇ ਸ੍ਰਿਸ਼ਟ ਸਬਾਈ ਦਏਂ ਗਿਆਨ, ਅੱਖਰ ਅੱਖਰਾਂ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸੀਸ ਹੱਥ ਟਿਕਾਈਆ । ਸਾਚਾ ਸੀਸ ਬੰਨ੍ਹੇ ਚੀਰਾ, ਚਾਰ ਜੁਗ ਤੇਰੀ ਵਡਿਆਈਆ । ਲੱਖ ਚੁਰਾਸੀ ਵਿਚੋਂ ਉਤਮ ਹੀਰਾ, ਗੁਰਮੁਖ ਤੇਰਾ ਨਜ਼ਰੀ ਆਈਆ । ਜਿਸ ਦੀ ਬਦਲੀ ਆਪ ਤਾਸੀਰਾ, ਮਾਤਾ ਦੁਧ ਤਾਸੀਰ ਰਹਿਣ ਨਾ ਪਾਈਆ । ਕੀ ਹੋਇਆ ਜੇ ਰਵਦਾਸੇ ਦਿਤਾ ਇਕ ਕਸੀਰਾ ਗੁਰਮੁਖ ਤੇਰੇ ਕੋਟਨ ਕੋਟ ਕੰਗਣ ਰਹੇ ਹੰਡਾਈਆ । ਕੀ ਹੋਇਆ ਦਰੋਪਤੀ ਦਿਤਾ ਇਕ ਲੀੜਾ, ਤੇਰੇ ਭਗਤ ਕੋਟਨ ਕੋਟ ਚੀਰ ਚਰਨਾਂ ਹੇਠ ਦਬਾਈਆ । ਕੀ ਹੋਇਆ ਪ੍ਰਹਿਲਾਦ ਕੱਟੀ ਭੀੜਾ, ਤੇਰੇ ਹਰਿਜਨ

ਕੋਟਨ ਕੋਟ ਜੁਗ ਜਨਮ ਦੇ ਲੇਖੇ ਰਹੇ ਮੁਕਾਈਆ । ਕੀ ਹੋਇਆ ਕਬੀਰ ਕੱਟਿਆ ਜ਼ੰਜੀਰਾ, ਤੇਰੇ ਗੁਰਮੁਖ ਸ਼ਰਅ ਸ਼ਰਾਇਤੀ ਸਾਰੇ ਡੇਰੇ ਰਹੇ ਢਾਹੀਆ । ਕੀ ਹੋਇਆ ਨਾਮੇ ਛੱਪਰ ਛਾਇਆ ਗੁਣੀ ਗਹੀਰਾ, ਕਲਜੁਗ ਆਪਣੇ ਭਗਤਾਂ ਭਗਤ ਦੁਆਰ ਦਿਤਾ ਬਣਾਈਆ । ਕੀ ਹੋਇਆ ਤੈਨੂੰ ਮੰਨਦੇ ਰਹੇ ਪੀਰ ਫ਼ਕੀਰਾ, ਸਜਦੇ ਕਰ ਕਰ ਜਗਤ ਮਨਾਈਆ । ਕੀ ਹੋਇਆ ਤੇਰੇ ਪਿਛੇ ਕੱਟਦੇ ਰਹੇ ਭੀੜਾ, ਪੁੱਠੀਆਂ ਖੱਲਾਂ ਰਹੇ ਲੁਹਾਈਆ । ਕੀ ਹੋਇਆ ਤੇਰੇ ਪਿਛੇ ਡੁੱਬਦੇ ਗਏ ਨੀਰਾ, ਉਚੇ ਟਿੱਲੇ ਪਰਬਤ ਧੱਕੇ ਲਾਈਆ । ਪ੍ਰਭ ਸਾਥੋਂ ਕਲਜੁਗ ਅੰਤਮ ਸਿਖਿਆ ਨਾ ਜਾਏ ਕੋਈ ਤਕਬੀਰਾ, ਤਸਬੀ ਮਾਲਾ ਹੱਥ ਨਾ ਕੋਇ ਉਠਾਈਆ । ਹੋ ਕੇ ਵੱਡਾ ਪੀਰ ਜ਼ਾਹਰਾ, ਕਿਉਂ ਨਿੱਕੀਆਂ ਨਿੱਕੀਆਂ ਗੱਲਾਂ ਵਿਚ ਦਏਂ ਭਵਾਈਆ । ਜੇ ਇਕੋ ਤੇਰਾ ਲਾਏ ਨਾਅਰਾ, ਪਿੱਛੇ ਰਹਿ ਕੀ ਜਾਈਆ । ਤੂੰ ਦੋ ਜਹਾਨਾਂ ਵਸੇਂ ਬਾਹਰਾ, ਘਰ ਸਾਚੇ ਸੋਭਾ ਪਾਈਆ । ਤੇਰਾ ਮਹੱਲ ਅਟੱਲ ਉਚ ਮਨਾਰਾ, ਸਚਖੰਡ ਸਾਚੇ ਵੱਜੇ ਵਧਾਈਆ । ਜਿਸ ਦਾ ਬਣਿਉਂ ਪ੍ਰੀਤਮ ਪਿਆਰਾ, ਸੋ ਪ੍ਰੀਤ ਕਿਸ ਦੇ ਨਾਲ ਹੋਰ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਰਨ ਤੇਰੀ ਸਰਨਾਈਆ । ਸਾਚੀ ਸਰਨ ਇਕ ਜਣਾਵਾਂਗਾ । ਇਕੀਆਂ ਇਕੋ ਮਾਣ ਦਿਵਾਵਾਂਗਾ । ਧੁਰ ਦੀ ਲਿਖੀਆਂ ਪੂਰ ਕਰਵਾਂਗਾ । ਨਿੱਕੀਆਂ ਨਿੱਕੀਆਂ ਗੱਲਾਂ ਮਿਟਾਵਾਂਗਾ । ਸੰਸਾਰ ਸਾਰੇ ਦੀ ਸਖੀਆਂ, ਇਕੋ ਸਖ਼ੀ ਵਿਚ ਛੁਪਾਵਾਂਗਾ । ਲਹਿਣਾ ਚੁਕਾ ਮੁਨੀਆਂ ਰਿਖੀਆਂ, ਲੇਖਾ ਆਪਣਾ ਇਕ ਦ੍ਰਿੜਾਵਾਂਗਾ । ਧੁਰਦਰਗਾਹੋਂ ਦੇ ਕੇ ਭੇਜਾਂ ਚਿਠੀਆਂ, ਗੁਰ ਅਵਤਾਰਾਂ ਸੇਵ ਲਗਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰੂਹਾਂ ਅਪਣੀਆਂ ਆਪੇ ਜਿਤੀਆਂ, ਅੰਤਮ ਆਪਣੇ ਵਿਚ ਮਿਲਾਵਾਂਗਾ । ਸਚ ਦੱਸ ਕੀ ਤੇਰਾ ਵਿਹਾਰ, ਹਰਿ ਜੂ ਕੀ ਤੇਰੀ ਚਤੁਰਾਈਆ । ਇੱਕੀਆਂ ਨਾਲ ਕੀ ਕਰੇਂ ਕਾਰ, ਕਰਤੇ ਪੁਰਖ ਭੇਵ ਦੇਣਾ ਖੁਲ੍ਹਾਈਆ । ਦਰ ਤੇ ਮੰਗੀਏ ਬਣ ਭਿਖਾਰ, ਭਿਖਕ ਝੋਲੀ ਦੇਣੀ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਇੱਕੀਆਂ ਦਇਆ ਕਮਾਵਾਂਗਾ । ਚੀਰੇ ਸਭ ਦੇ ਸੀਸ ਬੰਨ੍ਹਾਵਾਂਗਾ । ਜੁਗ ਜਨਮ ਦੇ ਵਿਛੜੇ ਵੀਰੇ, ਆਪ ਮਿਲਾਵਾਂਗਾ । ਪ੍ਰੇਮ ਪਿਆਰ ਦੇ ਬੰਨ੍ਹ ਕਲੀਰੇ, ਹੱਥੀਂ ਮਹਿੰਦੀ ਰੰਗ ਚੜ੍ਹਾਵਾਂਗਾ । ਲੇਖਾ ਚੁਕਾ ਸ਼ਾਹ ਹਕੀਰੇ, ਸਚ ਮਹੱਲ ਆਪ ਬਿਠਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਖੇਲ ਖਲਾਵਾਂਗਾ । ਪ੍ਰਭ ਚੀਰੇ ਕਵਣ ਬੰਧਾਵੇਂਗਾ । ਕੀ ਆਪਣਾ ਹੁਕਮ ਵਰਤਾਵੇਂਗਾ । ਸਾਚਾ ਰੂਪ ਕੀ ਸਮਝਾਵੇਂਗਾ । ਚਾਰੋਂ ਕੁੰਟ ਕੀ ਜਣਾਵੇਂਗਾ । ਸਚ ਬੈਕੁੰਠ ਕੀ ਜਣਾਵੇਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਿਸ ਘਰ ਆਪਣਾ ਭੇਵ ਚੁਕਾਵੇਂਗਾ । ਭਗਤ ਦੁਆਰੇ ਭੇਵ ਚੁਕਾਵਾਂਗਾ । ਚੀਰੇ ਸੱਤ ਰੰਗ ਰੰਗਾਵਾਂਗਾ । ਤਿਨ੍ਹਾਂ ਇਕੋ ਰੰਗ ਚੜ੍ਹਾਵਾਂਗਾ । ਸੱਤ ਲੋਕ ਦੀ ਸਤ ਭੂਮਿਕਾ, ਗੁਰਮੁਖਾਂ ਚਰਨਾਂ ਹੇਠ ਦਬਾਵਾਂਗਾ । ਹੁਣ ਵੇਲਾ ਰਿਹਾ ਨਹੀਂ ਸੌਣ ਦਾ, ਖ਼ੁਸ਼ੀਆਂ ਹੋ ਕੇ ਸੋਹਣੀ ਵਸਤ ਝੋਲੀ ਪਾਵਾਂਗਾ । ਲੇਖਾ ਚੁੱਕਣਾ ਵਕਤ ਨਜੂਮ ਦਾ, ਧੁਰ ਹੁਕਮ ਇਕ ਸੁਣਾਵਾਂਗਾ । ਖਹਿੜਾ ਛੁੱਟੇ ਕੂੜੇ ਕਾਨੂੰਨ ਦਾ, ਸਚ ਕਾਨੂੰਨ ਇਕ ਬਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਵਾਂਗਾ । ਸੱਤ ਰੰਗ ਦੇ ਚੀਰੇ ਇੱਕੀ, ਤਿੰਨ ਤਿੰਨ ਮਿਲੇ ਵਡਿਆਈਆ । ਸੱਤ ਦੀਪ ਦੀ ਸਾਚੀ ਸਿਖੀ, ਹਰਿ ਸਤਿਗੁਰ ਦਏ ਬਣਾਈਆ । ਜਿਸ ਦਾ ਭੇਵ ਨਾ ਜਾਣੇ

ਕੋਈ ਮੁਨੀ ਰਿਖ਼ੀ, ਸ਼ਾਸਤਰ ਸਿਮਰਤ ਵੇਦ ਪੁਰਾਨ ਭੇਵ ਕੋਇ ਨਾ ਪਾਈਆ । ਇਹ ਖੇਲ ਕਰੇ ਅਨਡਿਠੀ, ਜੋ ਗੋਬਿੰਦ ਗਿਆ ਸਮਝਾਈਆ । ਪਰਵਰਦਿਗਾਰ ਹਰਿ ਕੀ ਜਾਣੇ ਚਿੱਠੀ, ਵਾਚਣ ਵਾਲਾ ਵਾਚ ਸਕੇ ਨਾ ਕੋਈ ਰਾਈਆ । ਇਹੋ ਧਾਰ ਅਗੰਮੀ ਤਿਖੀ, ਚੀਰ ਫਾੜ ਸਰਬ ਕਰਾਈਆ । ਵੇਖ ਵਖਾਏ ਬਿਕ੍ਰਮੀ ਮਿਤੀ, ਬੀਸ ਬੀਸ ਖ਼ੁਸ਼ੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੱਤਕ ਸਾਢੇ ਨੌ ਵਜੇ ਅਗਲਾ ਦੇਵੇ ਫੇਰ ਬਿਆਨ, ਕਲਮਬੰਦ ਦਏ ਕਰਾਈਆ ।

### ✪ ੪ ਕੱਤਕ ੨੦੨੦ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹ ਪਿੰਡ ਹੇਰ ਜ਼ਿਲਾ ਜਲੰਧਰ ✪

ਸਾਚਾ ਚੀਰਾ ਰੱਖੇ ਸਿਰ, ਸ੍ਰੀ ਭਗਵਾਨ ਦਏ ਵਡਿਆਈਆ । ਭਗਤ ਭਗਵਾਨ ਬਣਾਏ ਥਿਰ, ਧੁਰ ਦਾ ਮੇਲਾ ਮੇਲ ਮਿਲਾਈਆ । ਕਰ ਕੇ ਕੌਲ ਨਾ ਜਾਏ ਫਿਰ, ਕੀਤਾ ਕੌਲ ਤੋੜ ਨਿਭਾਈਆ । ਸ੍ਰਿਸ਼ਟ ਸਬਾਈ ਦਿਸੇ ਹੋਇਆ ਚਿਰ, ਪ੍ਰਭ ਦਾ ਘੜੀ ਪਲ ਨਜ਼ਰ ਕੋਇ ਨਾ ਆਈਆ । ਨਵ ਨੌ ਚਾਰ ਪਿਛੋਂ ਆਇਆ ਆਪਣੇ ਪਿੜ, ਬੇਪਰਵਾਹ ਫੇਰਾ ਪਾਈਆ । ਚਾਰ ਜੁਗ ਦੀ ਪਿਛਲੀ ਫੁਲਵਾੜੀ ਗਈ ਖਿੜ, ਪਤ ਡਾਲ੍ਹੀ ਆਪ ਮਹਿਕਾਈਆ । ਅੰਮ੍ਰਿਤ ਮੇਘ ਝਿਰਨਾ ਰਿਹਾ ਕਿਰ, ਬੂੰਦ ਸਵਾਂਤੀ ਇਕ ਚੁਆਈਆ । ਹਰਿਜਨ ਦੇਵੇ ਘਰ ਥਿਰ, ਥਿਰ ਘਰ ਇਕੋ ਇਕ ਸਮਝਾਈਆ । ਕੂੜੀ ਕਿਰਿਆ ਗੇੜਾ ਜਾਵੇ ਗਿੜ, ਗੇੜਨਹਾਰ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।



ਸਾਚਾ ਚੀਰਾ ਦੇਵੇ ਬੰਨ੍ਹ, ਬੰਦਨਾ ਇਕੋ ਇਕ ਸਮਝਾਈਆ । ਕਰ ਪਰਕਾਸ਼ ਨੇਤਰ ਅੰਨ੍ਹ, ਜੋਤੀ ਨੂਰ ਨੂਰ ਰੁਸ਼ਨਾਈਆ । ਧਰਮ ਦੁਆਰ ਦਾ ਸੱਚਾ ਚੰਨ, ਸਾਹਿਬ ਸਤਿਗੁਰ ਆਪ ਚਮਕਾਈਆ । ਕੂੜੀ ਕਿਰਿਆ ਮੇਟ ਵਾਸਨਾ ਮਨ, ਮਮਤਾ ਮੋਹ ਦਏ ਗਵਾਈਆ । ਨਾਮ ਅਮੋਲਕ ਦੇ ਕੇ ਧਨ, ਸਚ ਖ਼ਜ਼ਾਨਾ ਹੱਥ ਫੜਾਈਆ । ਜਗਤ ਵਿਕਾਰਾ ਲਾਏ ਡੰਨ, ਇਕੋ ਰੰਗ ਦਏ ਚੜ੍ਹਾਈਆ । ਲੇਖਾ ਜਾਣੇ ਜਨਨੀ ਜਨ, ਭੇਵ ਅਭੇਦ ਆਪ ਖੁਲ੍ਹਾਈਆ । ਕਰ ਵਸੇਰਾ ਬਿਨ ਛੱਪਰ ਛੰਨ, ਸਾਚਾ ਮੰਦਰ ਦਏ ਸੁਹਾਈਆ । ਗੀਤ ਗਾਵਣ ਗੰਧਰਬ ਗਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਿਹਰ ਨਜ਼ਰ ਉਠਾਈਆ । ਚੀਰਾ ਬੰਨ੍ਹੇ ਸੀਸ ਸਮਰਥ, ਦੇਵੇ ਮਾਣ ਵਡਿਆਈਆ । ਮਹਿੰਮਾ ਜਣਾਏ ਬੋਧ ਅਗਾਧ ਅਕੱਥ, ਲੇਖਾ ਲਿਖਤ ਸਮਝ ਕੋਇ ਨਾ ਪਾਈਆ । ਪੂਰਬ ਲਹਿਣਾ ਦੇਵੇ ਹੱਥ, ਲੇਖਾ ਸਭ ਦਾ ਪੂਰ ਕਰਾਈਆ । ਅਗਲਾ ਮਾਰਗ ਇਕੋ ਦੱਸ, ਦੋ ਜਹਾਨ ਦਏ ਸਮਝਾਈਆ । ਨਿਰਗੁਣ ਹੋ ਕੇ ਸਰਗੁਣ ਵਸ, ਸਰਗੁਣ ਨਿਰਗੁਣ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਬੰਨ੍ਹੇ ਚੀਰਾ ਦੀਨ ਦਿਆਲ, ਦਇਆਨਿਧ ਵੱਡੀ ਵਡਿਆਈਆ । ਸਚ ਦੁਆਰਾ ਸੋਹੇ ਸੱਚੀ ਧਰਮਸਾਲ, ਘਰ ਸਾਚੇ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵਜਾਵਣ ਤਾਲ, ਤਲਵਾੜਾ ਵੱਜੇ ਸ਼ਹਿਨਸ਼ਾਹੀਆ । ਸ੍ਰਿਸ਼ਟ ਸਬਾਈ ਦੋ ਜਹਾਨ ਸਾਰੇ ਹੋਣ ਖ਼ੁਸ਼ਹਾਲ, ਖ਼ੁਸ਼ੀ ਆਪਣਾ ਰੰਗ ਰੰਗਾਈਆ । ਜਗਤ ਭੁੱਖਿਆਂ ਨਿਕਲੇ ਕਾਲ, ਦੁਖੀਆਂ ਦਰਦ ਦਏ ਗਵਾਈਆ । ਮੁਰੀਦਾਂ ਪੁੱਛੇ ਆ ਕੇ ਹਾਲ, ਮੁਰਸ਼ਦ ਦਾਤਾ ਫੇਰਾ ਪਾਈਆ । ਗੁਰਮੁਖਾਂ ਵਸੇ ਆਪ ਨਾਲ, ਸੱਚਾ ਸੰਗ ਨਿਭਾਈਆ । ਸ਼ਬਦ ਬਣਾਏ ਇਕ ਦਲਾਲ,

ਸੌਦਾ ਆਪਣੇ ਹੱਟ ਵਿਕਾਈਆ । ਲੇਖਾ ਚੁਕਾ ਸ਼ਾਹ ਕੰਗਾਲ, ਰੰਗ ਇਕੋ ਇਕ ਚੜ੍ਹਾਈਆ । ਹਕੀਕਤ ਦੇ ਹੱਕ ਹਲਾਲ, ਹਾਲਤ ਸਭ ਦੀ ਫੋਲ ਫੋਲਾਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਜਣਾਈਆ । ਜਨਮ ਜਨਮ ਦੀ ਲੇਖੇ ਲਾਏ ਘਾਲ, ਕੀਤੀ ਘਾਲ ਝੋਲੀ ਪਾਈਆ । ਫਲ ਲਗਾਏ ਸੱਚੇ ਡਾਲ, ਪਤ ਡਾਲ੍ਹੀ ਸੋਭਾ ਪਾਈਆ । ਲੱਖ ਚੁਰਾਸੀ ਵਿਚੋਂ ਭਾਲ, ਬਵੰਜਾ ਬਵੰਜਾ ਵੇਖੇ ਸਹਿਜ ਸੁਭਾਈਆ । ਦਰ ਦੁਆਰ ਖੇਲ ਕਮਾਲ, ਪੰਜ ਪੰਜ ਵੇਸ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਇਕ ਵਡਿਆਈਆ । ਬੰਨ੍ਹ ਕੇ ਚੀਰਾ ਸਿਰ ਤੇ ਸੋਹਣਾ, ਸੋਹਣੀ ਬਣਤ ਬਣਾਈਆ । ਜਨ ਭਗਤਾਂ ਜੋਗਾਂ ਆਪੇ ਹੋਣਾ, ਹੋਣੀ ਭਗਤਾਂ ਚਰਨਾਂ ਹੇਠ ਰਖਾਈਆ । ਸਾਚੀ ਸੇਜਾ ਚੜ੍ਹ ਕੇ ਸੌਣਾ, ਗੁਰਮੁਖ ਅੰਤਰ ਆਤਮ ਡੇਰਾ ਲਾਈਆ । ਪ੍ਰੇਮ ਪ੍ਰੀਤੀ ਨਾਲ ਮੋਹਣਾ, ਮੋਹਣੀ ਰੂਪ ਨਾ ਕੋਇ ਵਖਾਈਆ । ਕੂੜੀ ਕਿਰਿਆ ਫੜ ਕੇ ਕੋਹਣਾ, ਖੰਡਾ ਖੜਗ ਨਾਮ ਚਮਕਾਈਆ । ਪੰਚ ਵਿਕਾਰਾ ਨੇੜ ਨਾ ਛੋਹਣਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਗੁਰਮੁਖ ਗੁਰਸਿਖ ਅੰਤ ਕਾਲ ਕਦੇ ਨਾ ਰੋਣਾ, ਰੋਂਦਿਆਂ ਹੱਸਦਿਆਂ ਆਪਣੀ ਗੋਦ ਬਹਾਈਆ । ਅੰਦਰ ਵੜ ਕੇ ਡੂੰਘੀ ਭਵਰੀ ਸਭ ਦੀ ਟੋਹਣਾ, ਮੇਟੇ ਲੱਗੀ ਸਰਬ ਛਾਹੀਆ । ਸਾਚਾ ਬੀਜ ਇਕੋ ਬੋਣਾ, ਬਣ ਕਿਰਸਾਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਵੱਡੀ ਵਡਿਆਈਆ । ਚੀਰਾ ਬੰਨ੍ਹ ਕੇ ਵੇਖੇ ਲੋਕ ਪਰਲੋਕ, ਦੋ ਜਹਾਨਾਂ ਖੇਲ ਜਣਾਇੰਦਾ । ਆਦਿ ਜੁਗਾਦਿ ਜਿਸ ਦੀ ਓਟ, ਓੜਕ ਆਪਣਾ ਪੜਦਾ ਲਾਹਿੰਦਾ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਡਗਮਗਾਇੰਦਾ । ਭਾਗ ਲਗਾਏ ਅਗੰਮੀ ਕੋਟ, ਸਾਚਾ ਮੰਦਰ ਇਕ ਸੁਹਾਇੰਦਾ । ਜਨ ਭਗਤਾਂ ਕੱਟ ਸੰਸਾ ਰੋਗ, ਸੋਗ ਚਿੰਤਾ ਆਪ ਮਿਟਾਇੰਦਾ । ਧੁਰ ਦਾ ਦੇਵੇ ਇਕੋ ਜੋਗ, ਜੋਗੀਸ਼ਰ ਆਪਣੇ ਨਾਲ ਮਿਲਾਇੰਦਾ । ਮੇਲ ਮਿਲਾਵਾ ਧੁਰ ਸੰਜੋਗ, ਜਗਤ ਵਿਛੋੜਾ ਪੰਧ ਮੁਕਾਇੰਦਾ । ਅੰਤਰ ਆਤਮ ਦੇ ਕੇ ਚੋਗ, ਆਸਾ ਤ੍ਰਿਸਨਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਵਡਿਆਇੰਦਾ । ਚੀਰਾ ਬੰਨ੍ਹ ਕੇ ਸਿਰ ਤਾਜ, ਤਖ਼ਤ ਨਿਵਾਸੀ ਦਇਆ ਕਮਾਈਆ । ਦੇਵਣਹਾਰਾ ਧੁਰ ਦਾ ਦਾਜ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਪੰਜ ਤਤ ਕਾਇਆ ਕਰ ਕੇ ਕਾਜ, ਨਿਰਗੁਣ ਨਿਰਗੁਣ ਸੋਭਾ ਪਾਈਆ । ਸਰਗੁਣ ਮਾਰ ਇਕ ਆਵਾਜ਼, ਸ਼ਬਦੀ ਤਾਰ ਸਿਤਾਰ ਹਿਲਾਈਆ । ਕਰੇ ਖੇਲ ਗੁਰੂ ਮਹਾਰਾਜ, ਮਹਿੰਮਾ ਅਕਥ ਕਥੀ ਨਾ ਜਾਈਆ । ਗ਼ਰੀਬ ਨਿਮਾਣਿਆਂ ਲਏ ਨਿਵਾਜ਼, ਨਿਵਾਜ਼ਸ਼ ਆਪਣੇ ਹੱਥ ਰਖਾਈਆ । ਕਲਗੀ ਤੋੜਾ ਸੋਹਵੇ ਸਿਰ ਤਾਜ, ਦੋ ਜਹਾਨਾਂ ਹੁਕਮ ਵਰਤਾਈਆ । ਸ਼ਬਦ ਅਗੰਮੀ ਇਕੋ ਬਾਜ਼, ਬ੍ਰਹਿਮੰਡ ਖੰਡ ਫਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਹਰਿ ਰਘੁਰਾਈਆ । ਬੰਨ੍ਹੇ ਚੀਰਾ ਰੰਗ ਅਨੋਖਾ, ਸੋ ਸਾਹਿਬ ਸਤਿਗੁਰ ਆਪ ਰੰਗਾਈਆ । ਕਲਜੁਗ ਅੰਤ ਜਨ ਭਗਤਾਂ ਨਾਲ ਕਰੇ ਨਾ ਧੋਖਾ, ਸਾਚੀ ਲੱਗੀ ਤੋੜ ਨਿਭਾਈਆ । ਜੁਗ ਚੌਕੜੀ ਦਾ ਲੇਖਾ ਲੇਖ ਪੂਰਾ ਕਰਕੇ ਪੋਥਾ, ਪੁਸਤਕ ਆਪਣੀ ਨਾ ਕੋਇ ਬਣਾਈਆ । ਜਿਸ ਦੇ ਨਾਲ ਚਾਰ ਵਰਨ ਕਰੇ ਕੋਈ ਨਾ ਰੋਸਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਚਾਰ ਦੀਵਾਰੀ ਲੱਭੇ ਕੋਈ ਨਾ ਕੋਠਾ, ਘਰ ਵਿਚ ਘਰ ਏਕਾ ਦਰ ਵਖਾਈਆ । ਜਿਥੇ ਸਾਹਿਬ ਸਤਿਗੁਰ ਸੋਤਾ, ਸੋਵਤ ਜਾਗਤ ਆਪਣੀ ਧਾਰ ਵਖਾਈਆ । ਭੇਵ ਖੁਲ੍ਹਾਏ ਲੋਕ ਪਰਲੋਕਾ, ਦੋ ਜਹਾਨ

੯੨੩ ੧੫

ਪੜਦਾ ਲਾਹੀਆ । ਨਾਮ ਸੁਣਾਏ ਇਕ ਸਲੋਕਾ, ਸੋਹੰ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸੁਣ ਕੇ ਚੀਰੇ ਚੜ੍ਹਿਆ ਚਾ, ਪ੍ਰਭ ਦੇਵਣਹਾਰ ਵਡਿਆਈਆ । ਦੋਏ ਜੋੜ ਪਿਆ ਸਰਨਾ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭ ਮੇਰਾ ਲਹਿਣਾ ਦੇ ਬਤਾ, ਕੀ ਮੇਰੀ ਚਤੁਰਾਈਆ । ਮੈਂ ਕੱਚਾ ਤੰਦ ਹੱਥ ਲੱਗਾ ਆ, ਸ਼ਹਿਨਸ਼ਾਹ ਤੇਰੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਮਿਹਰਵਾਨ ਸ੍ਰੀ ਭਗਵਾਨਾ, ਭੇਵ ਅਭੇਦ ਖੁਲ੍ਹਾਈਆ । ਤੇਰਾ ਖੇਲ ਜਗਤ ਮਹਾਨਾ, ਚੌਕੜੀ ਤੇਰਾ ਰਾਹ ਤਕਾਈਆ । ਆਦਿ ਪੁਰਖ ਜਿਸ ਵੇਲੇ ਸ਼ਬਦ ਸੁੱਤ ਬੱਧਾ ਗਾਨਾ, ਹਰਿ ਸਚ ਪ੍ਰੀਤੀ ਡੋਰੀ ਪਾਈਆ । ਇਕ ਤੋਂ ਹੋ ਕੇ ਦੋ ਦੋਹਾਂ ਰੂਪ ਨੌਜਵਾਨਾ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਗੁਣ ਵੰਡ ਵੰਡਾਈਆ । ਨਿਰਗੁਣ ਪਿਤਾ ਨਿਰਗੁਣ ਪੂਤ, ਨਿਰਗੁਣ ਦੇਵਣਹਾਰ ਵਡਿਆਈਆ । ਨਿਰਗੁਣ ਧਾਗਾ ਨਿਰਗੁਣ ਸੂਤ, ਨਿਰਗੁਣ ਤਾਣਾ ਰਿਹਾ ਤਣਾਈਆ । ਨਿਰਗੁਣ ਖੇਲ ਕਰੇ ਅਵਧੂਤ, ਤਤਵ ਤਤ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲਹਿਣਾ ਦਏ ਜਣਾਈਆ । ਸਾਚਾ ਲੇਖਾ ਦੱਸ ਭਗਵੰਤ, ਤੇਰੇ ਅੱਗੇ ਇਕ ਅਰਦਾਸ । ਕਿਸ ਬਿਧ ਵਡਿਆਈ ਦੇਵੇਂ ਵਿਚ ਜੀਵ ਜੰਤ, ਲੋਕਮਾਤ ਕਰੇਂ ਖੇਲ ਤਮਾਸ਼ । ਤੇਰਾ ਭੇਵ ਨਾ ਜਾਣਾ ਆਦਿ ਅੰਤ, ਸ਼ਾਹ ਪਾਤਸ਼ਾਹ ਪੁਰਖ ਅਬਿਨਾਸ਼ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਰਾਂ ਬੇਨੰਤੀ ਤੇਰੇ ਪਾਸ । ਠਾਕਰ ਸੁਆਮੀ ਬੋਲ ਏਕ, ਏਕੰਕਾਰ ਆਪ ਜਣਾਈਆ । ਜਿਸ ਵੇਲੇ ਸ਼ਬਦ ਸੁੱਤ ਬੰਧਾਈ ਟੇਕ, ਥਿਰ ਘਰ ਦਿਤੀ ਮਾਣ ਵਡਿਆਈਆ । ਨਿਰਗੁਣ ਹੋ ਕੇ ਨਿਰਗੁਣ ਪੂਤ ਜਾਇਆ ਏਕ, ਸੁੱਤ ਦੁਲਾਰਾ ਰੂਪ ਵਟਾਈਆ । ਨਿਰਵੈਰ ਹੋ ਕੇ ਖੋਲ੍ਹਿਆ ਭੇਤ, ਪੜਦਾ ਆਪ ਉਠਾਈਆ । ਤੂੰ ਮੇਰਾ ਮੈਂ ਤੈਨੂੰ ਲਵਾਂ ਵੇਖ, ਦੂਜਾ ਨਜ਼ਰ ਕੋਇ ਨਾ ਆਈਆ । ਰੂਪ ਰੰਗ ਨਾ ਕੋਈ ਰੇਖ, ਤਤਵ ਤਤ ਨਾ ਕੋਇ ਜਣਾਈਆ । ਪ੍ਰੇਮ ਪ੍ਰੀਤੀ ਬੱਧਾ ਹੇਤ, ਹਿਤ ਆਪਣਾ ਆਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਵ ਦਏ ਸਮਝਾਈਆ । ਸਾਚਾ ਭੇਵ ਦੱਸੇ ਨਿਰੰਕਾਰ, ਨਿਰਗੁਣ ਆਪਣੀ ਦਇਆ ਕਮਾਈਆ । ਸੁੱਤ ਸ਼ਬਦ ਨਾਲ ਜੋ ਹੋਇਆ ਪਿਆਰ, ਪ੍ਰੇਮ ਪ੍ਰੀਤੀ ਆਪ ਬਣਾਈਆ । ਦੋਹਾਂ ਵਿਚ ਜੋ ਦਿਸੇ ਅਗੰਮੀ ਧਾਰ, ਸੋ ਤਾਣਾ ਪੇਟਾ ਸੂਤਰ ਰੂਪ ਵਟਾਈਆ । ਬਿਨ ਸ਼ਬਦ ਪ੍ਰਭ ਕਿਸੇ ਨਾ ਬੱਧੀ ਸਿਰ ਦਸਤਾਰ, ਹੱਥ ਚੀਰਾ ਨਾ ਕੋਇ ਉਠਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕਲਜੁਗ ਅੰਤਮ ਵੇਲਾ ਆਈਆ । ਸੋ ਸ਼ਬਦ ਗੁਰੂ ਕਰ ਤਿਆਰ, ਪੰਜ ਤਤ ਚੋਲਾ ਨਾਤਾ ਦਿਤਾ ਤਜਾਈਆ । ਪਰਗਟ ਕਰ ਆਪ ਕਰਤਾਰ, ਕਰਤਾ ਪੁਰਖ ਰਿਹਾ ਸਮਝਾਈਆ । ਜਿਵੇਂ ਮੈਂ ਤੇਰੇ ਨਾਲ ਕੀਤਾ ਪਿਆਰ, ਆਦਿ ਦਿਤੀ ਮਾਣ ਵਡਿਆਈਆ । ਤੂੰ ਅੰਤਮ ਕਲਜੁਗ ਖੇਲ ਕਰ ਨਿਰਾਕਾਰ, ਨਿਰਗੁਣ ਨਿਰਵੈਰ ਰਿਹਾ ਸਮਝਾਈਆ । ਮੇਰੇ ਭਗਤਾਂ ਦੇ ਦੀਦਾਰ, ਲੋਕਮਾਤ ਖ਼ੁਸ਼ੀ ਵਖਾਈਆ । ਸਤਿ ਧਰਮ ਦੀ ਲੈ ਦਸਤਾਰ, ਦਸਤ ਆਪਣੇ ਹੱਥ ਉਠਾਈਆ । ਜਿਸ ਦਾ ਜੁਗ ਚੌਕੜੀ ਕੋਈ ਨਾ ਜਾਣੇ ਵਿਹਾਰ, ਸਮਝ ਸਮਝ ਵਿਚੋਂ ਕਿਸੇ ਨਾ ਆਈਆ । ਸੋ ਖੇਲ ਕਰੇ ਅਗੰਮ ਅਪਾਰ, ਅਪਰੰਪਰ ਆਪਣੀ ਧਾਰ ਚਲਾਈਆ । ਦੋ ਇਕ ਦਾ ਮੇਲਾ ਕਰ ਸੰਸਾਰ, ਦੂਆ ਏਕਾ ਜੋੜ

ਜੁੜਾਈਆ । ਨਿਰਗੁਣ ਸਰਗੁਣ ਹੋ ਤਿਆਰ, ਸਰਗੁਣ ਨਿਰਗੁਣ ਵਿਚ ਸਮਾਈਆ । ਨਿਰਗੁਣ ਵਿਚੋਂ ਨਿਰਗੁਣ ਹੋਏ ਬਾਹਰ, ਏਕਾ ਆਪਣਾ ਅੰਕ ਬਣਾਈਆ । ਦੋ ਇਕ ਦਾ ਸਚ ਵਿਹਾਰ, ਸਤਿ ਸਤਿਵਾਦੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਦਇਆ ਕਮਾਈਆ । ਸ਼ਬਦ ਸੁੱਤ ਫੜ ਸਾਚਾ ਚੀਰਾ, ਪਾਰਬ੍ਰਹਮ ਪ੍ਰਭ ਆਪ ਜਣਾਈਆ । ਜਿਸ ਦੇ ਨਾਲ ਬਦਲ ਜਾਏ ਸਰਬ ਤਾਸੀਰਾ, ਪਿਛਲਾ ਲੇਖ ਰਹਿਣ ਨਾ ਪਾਈਆ । ਨਜ਼ਰੀ ਆਏ ਵਡ ਪੀਰਨ ਪੀਰਾ, ਬੇਪਰਵਾਹ ਮਿਲੇ ਸਰਨਾਈਆ । ਲੇਖਾ ਚੁੱਕੇ ਸ਼ਾਹ ਹਕੀਰਾ, ਸ਼ਹਿਨਸ਼ਾਹ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਆਪ ਕਰਾਈਆ । ਸਾਚਾ ਖੇਲ ਕਰੇ ਗੋਬਿੰਦ, ਗਹਿਰ ਗੰਭੀਰ ਵੱਡੀ ਵਡਿਆਈਆ । ਚੀਰੇ ਤੇਰੀ ਲਾਹੇ ਚਿੰਦ, ਚਿੰਤਾ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਦੀ ਇਕੋ ਬਿੰਦ, ਸ਼ਬਦੀ ਸੁੱਤ ਅਖਵਾਈਆ । ਜਿਸ ਦਾ ਖੇਲ ਕੋਟ ਬ੍ਰਹਿਮੰਡ, ਬ੍ਰਹਿਮਾਂਡ ਰਿਹਾ ਸਮਾਈਆ । ਜਿਸ ਧਾਰ ਉਪਾਈ ਜੇਰਜ ਅੰਡ, ਉਤਭੁਜ ਸੇਤਜ ਧਾਰ ਪਰਗਟਾਈਆ । ਸੋ ਖੇਲ ਕਰੇ ਸਰਬੰਗ, ਸੂਰਬੀਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਜਣਾਈਆ । ਸਾਚੀ ਕਰਨੀ ਗੁਰਦੇਵ ਸੁਆਮੀ, ਹਰ ਘਟ ਵਾਸੀ ਆਪ ਜਣਾਇੰਦਾ । ਆਦਿ ਪੁਰਖ ਪ੍ਰਭ ਅੰਤਰਜਾਮੀ, ਭੇਵ ਅਭੇਦਾ ਭੇਵ ਖੁਲ੍ਹਾਇੰਦਾ । ਜਿਸ ਨੂੰ ਪਹੁੰਚ ਨਾ ਸਕੇ ਕੋਈ ਬਾਣੀ, ਕਲਮਾ ਕਲਾਮ ਸਮਝ ਕੋਇ ਨਾ ਪਾਇੰਦਾ । ਸੋ ਕਰੇ ਖੇਲ ਸ਼ਹਿਨਸ਼ਾਹ ਸੁਲਤਾਨੀ, ਹੁਕਮ ਹਰਿ ਜੂ ਆਪ ਵਰਤਾਇੰਦਾ । ਦੇਵਣਹਾਰਾ ਧੁਰ ਫ਼ਰਮਾਨੀ, ਸਚ ਸੰਦੇਸਾ ਇਕ ਅਲਾਇੰਦਾ । ਸੁੱਤ ਦੁਲਾਰਾ ਨੌਜਵਾਨੀ, ਸ਼ਬਦੀ ਪੂਤ ਉਠਾਇੰਦਾ । ਤੇਰਾ ਲੇਖਾ ਦੋ ਜਹਾਨੀ, ਨਿਰਗੁਣ ਨਿਰਵੈਰ ਆਪ ਸਮਝਾਇੰਦਾ । ਸਾਚੀ ਸੇਵਾ ਇਕ ਸਮਝਾਨੀ, ਸਿਖਿਆ ਇਕੋ ਇਕ ਦ੍ਰਿੜਾਇੰਦਾ । ਭਗਤਾਂ ਦੇਣੀ ਧੁਰ ਨਿਸ਼ਾਨੀ, ਵਸਤ ਅਮੋਲਕ ਤੇਰੀ ਝੋਲੀ ਪਾਇੰਦਾ । ਮੈਂ ਤੇਰੇ ਉਤੇ ਕਰੀ ਮਿਹਰਵਾਨੀ, ਤੇਰੇ ਉਤੋਂ ਜਨ ਭਗਤਾਂ ਮਿਹਰਵਾਨ ਰੂਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸ਼ਬਦ ਕਹੇ ਮੇਰੇ ਸਤਿਗੁਰ ਪਿਆਰੇ, ਪਰਮ ਪੁਰਖ ਤੇਰੀ ਸਰਨਾਈਆ । ਮੈਂ ਵੇਖਾਂ ਤੇਰੇ ਸਚ ਵਿਹਾਰੇ, ਵਿਵਹਾਰੀ ਤੇਰਾ ਸੰਗ ਰਖਾਈਆ । ਕਿਰਪਾ ਕਰ ਆਪ ਨਿਰੰਕਾਰੇ, ਨਿਰਗੁਣ ਤੇਰੀ ਇਕ ਸਰਨਾਈਆ । ਗੁਰਮੁਖ ਦੱਸ ਮਾਤ ਪਿਆਰੇ, ਜਿਨ੍ਹਾਂ ਮਿਲੇ ਮਾਣ ਵਡਿਆਈਆ । ਸ੍ਰੀ ਭਗਵਾਨ ਕਹੇ ਪੁਕਾਰੇ, ਉਚੀ ਕੂਕ ਕੂਕ ਸੁਣਾਈਆ । ਜਿਨ੍ਹਾਂ ਨਾਮ ਦੇ ਲੇਖੇ ਉਤੇ ਚਾੜ੍ਹੇ, ਸੋ ਇਕੋ ਰੂਪ ਨਜ਼ਰੀ ਆਈਆ । ਹਰਿ ਸੰਗਤ ਵਿਚ ਨਾ ਕੋਈ ਚੰਗੇ ਨਾ ਕੋਈ ਮਾੜੇ, ਉਚੀ ਨੀਵੀਂ ਵੰਡ ਨਾ ਕੋਈ ਵੰਡਾਈਆ । ਕਰੇ ਖੇਲ ਆਪ ਕਰਤਾਰੇ, ਕਰਤਾ ਪੁਰਖ ਬੇਪਰਵਾਹੀਆ । ਪੁਰਖ ਅਕਾਲ ਜਨ ਭਗਤ ਸਦਾ ਰੱਖੇ ਪਿਆਰੇ, ਬਣ ਸੋਤੀਲੀ ਮਾਂ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੀ ਸਚ ਸਰਨਾਈਆ । ਸੁਣ ਸੁੱਤ ਮੇਰੇ ਲਾਡਲੇ ਪੂਤ, ਪਿਤਾ ਪੁਰਖ ਆਪ ਜਣਾਈਆ । ਮੇਰਾ ਪ੍ਰੇਮ ਧਾਗਾ ਸੂਤ, ਵਟਣਾ ਇਕੋ ਨਾਮ ਚੜ੍ਹਾਈਆ । ਸਾਚਾ ਤਾਣਾ ਤਣਿਆ ਬਿਨ ਕਾਇਆ ਕਲਬੂਤ, ਤੰਦੀ ਡੋਰੀ ਨਾਲ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਆਪ ਸਮਝਾਈਆ । ਸੁੱਤ

ਦੁਲਾਰਾ ਕਹੇ ਪ੍ਰਭ ਮੇਰੇ ਠਾਕਰ, ਤੇਰੀ ਓਟ ਇਕ ਤਕਾਈਆ । ਮੈਂ ਕਲਜੁਗ ਵੇਖਿਆ ਡੂੰਘਾ ਸਾਗਰ, ਰੁੜ੍ਹਦੀ ਜਾਏ ਸਰਬ ਲੋਕਾਈਆ । ਨੌ ਖੰਡ ਪ੍ਰਿਥਮੀ ਦਿਸੇ ਨਾ ਕੋਈ ਸੌਦਾਗਰ, ਵਣਜ ਵਣਜਾਰਾ ਰੂਪ ਨਾ ਕੋਇ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਕਿਸੇ ਨਾ ਕੋਈ ਆਦਰ, ਸਾਰੇ ਬੈਠੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਨ ਭਗਤਾਂ ਭੇਵ ਚੁਕਾਈਆ । ਉਠ ਸ਼ਬਦ ਮੇਰੇ ਲਾਲ, ਹਰਿ ਸਤਿਗੁਰ ਆਪ ਜਣਾਈਆ । ਆ ਵਖਾਵਾਂ ਤੈਨੂੰ ਇਕ ਧਰਮਸਾਲ, ਸਚ ਦੁਆਰ ਮਾਤ ਪਰਗਟਾਈਆ । ਜਿਸ ਘਰ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਤ੍ਰੈਗੁਣ ਮਾਇਆ ਤੋੜ ਜੰਜਾਲ, ਪੰਜ ਤਤ ਖ਼ੁਸ਼ੀਆਂ ਰਹੇ ਜਣਾਈਆ । ਸਭ ਤੋਂ ਭੈ ਚੁਕਿਆ ਕਾਲ ਮਹਾਂਕਾਲ, ਪੁਰਖ ਅਕਾਲ ਇਕੋ ਓਟ ਤਕਾਈਆ । ਘਰ ਦੀਪਕ ਦੀਆ ਧੁਰ ਦਾ ਬੈਠੇ ਬਾਲ, ਜਗਤ ਅੰਧੇਰਾ ਰਹੇ ਮਿਟਾਈਆ । ਰਲ ਕੇ ਆਪਣਾ ਸਾਰਿਆਂ ਇਕੋ ਕੀਤਾ ਸਵਾਲ, ਸਵਾਲੀ ਬਣ ਕੇ ਫੇਰਾ ਪਾਈਆ । ਜੇ ਪ੍ਰਭੂ ਦੀਨ ਦਿਆਲ, ਦੀਨਨ ਆਪਣੇ ਗਲੇ ਲਗਾਈਆ । ਜੁਗ ਚੌਕੜੀ ਤੇਰੇ ਪਿਛੇ ਹੁੰਦੇ ਰਹੇ ਬੇਹਾਲ, ਜਗਤ ਜਗ ਦੁੱਖੜੇ ਮਾਤ ਉਠਾਈਆ । ਅੰਤ ਕੰਤ ਭਗਵੰਤ ਆਪਣੀ ਗੋਦੀ ਲਏ ਸੁਆਲ, ਸੋਇਆ ਫੇਰ ਨਾ ਕੋਇ ਉਠਾਈਆ । ਮੈਂ ਇਕੋ ਮਾਰਗ ਆਇਆ ਸਿਖਾਲ, ਸਾਚਾ ਰਾਹ ਜਣਾਈਆ । ਸੁੱਤ ਸ਼ਬਦ ਉਹ ਭਗਤ ਲੈਣੇ ਭਾਲ, ਜੋ ਸੋਹੰ ਨਾਮ ਧਿਆਈਆ । ਓਨ੍ਹਾਂ ਅੰਦਰ ਵੜ ਕੇ ਬੈਠਾ ਆਪ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸੁੱਤ ਸ਼ਬਦ ਲਈ ਊਂਘ, ਨੇਤਰ ਨੈਣ ਖੁਲ੍ਹਾਈਆ । ਹੇ ਪ੍ਰਭੂ ਮੈਂ ਰਾਤੀਂ ਸੁੱਤਿਆਂ ਲੋਕਮਾਤ ਵੇਖੀ ਪੈਂਦੀ ਗੂੰਜ, ਤੇਰਾ ਨਾਉਂ ਰਹੇ ਧਿਆਈਆ । ਠਾਕਰ ਮੇਰੇ ਨੇਤਰ ਦੇਵੀਂ ਪੂੰਝ, ਮੇਰੀ ਨਿਰਮਲ ਅੱਖ ਕਰਾਈਆ । ਮੈਨੂੰ ਦੇਵੀਂ ਆਦਿ ਸੂਝ, ਜਿਹੜੀ ਤੇਰੇ ਵਿਚ ਸਮਾਈਆ । ਮੈਨੂੰ ਦੱਸ ਭੇਵ ਗੂਝ, ਜਿਸ ਦਾ ਲੇਖਾ ਹੱਥ ਕਿਸੇ ਨਾ ਆਈਆ । ਮੈਂ ਤੱਕ ਕੇ ਵੇਖਿਆ ਭਗਤਾਂ ਅੰਦਰ ਨਹੀਂ ਦੂਜ, ਦਵੈਤ ਨੇੜ ਕੋਇ ਨਾ ਆਈਆ । ਪ੍ਰੇਮ ਪ੍ਰੀਤੀ ਅੰਦਰ ਗਏ ਜੂਝ, ਬਿਨ ਖੰਡਿਉਂ ਤਲਵਾਰੋਂ ਆਪਣਾ ਸੀਸ ਕਟਾਈਆ । ਮੈਂ ਓਨ੍ਹਾਂ ਦਾ ਵੇਖਾਂ ਜਾ ਅਰੂਜ, ਜਿਸ ਘਰ ਬੈਠੇ ਡੇਰਾ ਲਾਈਆ । ਬੇਸ਼ਕ ਮੈਂ ਆਦੀ ਤੇਰਾ ਪੂਤ, ਬਿਨ ਭਗਤਾਂ ਤੈਨੂੰ ਮਿਲੇ ਨਾ ਕੋਇ ਵਡਿਆਈਆ । ਤੇਰੇ ਪ੍ਰੇਮ ਦਾ ਸੱਚਾ ਸੂਤ, ਜਨ ਭਗਤਾਂ ਸਿਰ ਚੀਰੇ ਦਏਂ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਅਲਖ ਜਗਾਈਆ । ਮੇਰੇ ਭਗਤ ਨਾ ਸਾਲਾਹ, ਸਿਫ਼ਤ ਵਿਚ ਕਦੇ ਨਾ ਆਈਆ । ਜਿਨ੍ਹਾਂ ਦਾ ਪ੍ਰਭੂ ਬਣਿਆ ਆਪ ਮਲਾਹ, ਓਨ੍ਹਾਂ ਦੀ ਮਹਿੰਮਾ ਕਹਿਣ ਕਥਨ ਵਿਚ ਨਾ ਆਈਆ । ਉਠ ਜਾ ਕੇ ਓਨ੍ਹਾਂ ਦਾ ਦਰਸ਼ਨ ਪਾ, ਜੋ ਬੈਠੇ ਇਕ ਧਿਆਨ ਲਗਾਈਆ । ਤੈਨੂੰ ਬਣਾਵਣ ਅੰਤ ਇਕ ਗਵਾਹ, ਸ਼ਹਾਦਤ ਤੇਰੀ ਦੇਣ ਭੁਗਤਾਈਆ । ਬਾਕੀ ਸਭ ਤੋਂ ਖਹਿੜਾ ਲਿਆ ਛੁਡਾ, ਪੱਲੂ ਗੰਢ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੁਲਾਰੇ ਰਿਹਾ ਜਣਾਈਆ । ਸ਼ਬਦ ਸੁੱਤ ਕਹੇ ਮੈਂ ਜਾਵਾਂ ਬਣ ਕੇ ਸਤਿਗੁਰ, ਸਤਿ ਤੇਰਾ ਹੁਕਮ ਸੀਸ ਟਿਕਾਈਆ । ਮੇਲ ਮਿਲਾਵਾਂ ਲੇਖਾ ਧੁਰ, ਧੁਰ ਲੇਖਾ ਵੇਖ ਵਖਾਈਆ । ਜੋ ਤੇਰੇ ਨਾਲ ਗਏ ਜੁੜ, ਮੁੜ ਓਨ੍ਹਾਂ ਤੇਰੇ ਵਿਚ ਮਿਲਾਈਆ । ਜਿਨ੍ਹਾਂ ਕੋਲ ਥੋੜੀ ਥੁੜ, ਤਿਨ੍ਹਾਂ ਪੰਦਰਾਂ ਕੱਤਕ ਪੂਰੀ ਦੇਵਾਂ ਕਰਾਈਆ । ਤੇਰੇ ਚਰਨ ਲਗ ਕੇ ਮੇਰਾ ਪੱਲੂ ਫੜ ਕੇ ਗੁਰਮੁਖ ਕੋਈ ਨਾ ਜਾਵੇ ਰੁੜ੍ਹ, ਬੇੜਾ ਸਾਚਾ ਕੰਧ ਉਠਾਈਆ ।

੯੨੫
੧੫

ਇਕੋ ਵਾਰ ਭਰਾਂ ਪੂਰ, ਹਾਜ਼ਰ ਹਜ਼ੂਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸਰਨਾਈਆ । ਸਾਹਿਬ ਸਤਿਗੁਰੂ ਮੈਂ ਜਾਂਦਾ ਹਾਂ । ਲੋਕਮਾਤ ਫੇਰਾ ਪਾਂਦਾ ਹਾਂ । ਲੱਖ ਚੁਰਾਸੀ ਵੇਖ ਵਖਾਂਦਾ ਹਾਂ । ਭਗਤ ਸੁਹੇਲੇ ਉਠਾਂਦਾ ਹਾਂ । ਨੇਤਰ ਲੋਚਣ ਪੇਖ ਪੇਖ, ਪੜਦਾ ਉਹਲਾ ਦੂਰ ਕਰਾਂਦਾ ਹਾਂ । ਪੂਰਬ ਕਰਮ ਦੀ ਵੇਖ ਰੇਖ, ਕਰਮ ਕਾਂਡ ਡੇਰਾ ਢਾਂਦਾ ਹਾਂ । ਅੰਦਰ ਵੜ ਕੇ ਦੱਸਾਂ ਭੇਤ, ਸਾਚਾ ਪੜਦਾ ਆਪ ਖੁਲ੍ਹਾਂਦਾ ਹਾਂ । ਪੁਰਖ ਅਕਾਲ ਤੇਰਾ ਭੇਖ, ਜੋਤੀ ਨੂਰ ਇਕ ਸਮਝਾਂਦਾ ਹਾਂ । ਰਾਹ ਦੱਸਾਂ ਸਾਚੇ ਦੇਸ, ਸਚਖੰਡ ਮਾਰਗ ਇਕ ਵਖਾਂਦਾ ਹਾਂ । ਮਿਲੇ ਸਰਨਾਈ ਨਰ ਨਰੇਸ਼, ਨਰ ਨਿਰੰਕਾਰ ਇਕੋ ਇਕ ਵਡਿਆਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਤੇਰੀ ਸੇਵ ਕਮਾਂਦਾ ਹਾਂ । ਸਚ ਸੇਵਾ ਕੀ ਕਮਾਏਂਗਾ । ਜਨ ਭਗਤਾਂ ਕੀ ਸਮਝਾਏਂਗਾ । ਸਾਚੇ ਸੰਤਾਂ ਕੀ ਜਣਾਏਂਗਾ । ਗੁਰਮੁਖਾਂ ਕੀ ਪੜ੍ਹਾਏਂਗਾ । ਗੁਰਸਿਖਾਂ ਕੀ ਰਾਹ ਵਖਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਭੇਵ ਕੀ ਦ੍ਰਿੜ੍ਹਾਏਂਗਾ । ਪ੍ਰਭੂ ਮੈਂ ਸਾਚੀ ਸੇਵ ਕਮਾਵਾਂਗਾ । ਜਨ ਭਗਤਾਂ ਆਪ ਉਠਾਵਾਂਗਾ । ਸਾਚੇ ਸੰਤਾਂ ਅੱਖ ਖੁਲ੍ਹਾਵਾਂਗਾ । ਗੁਰਮੁਖਾਂ ਗੋਦ ਬਹਾਵਾਂਗਾ । ਗੁਰਸਿਖਾਂ ਚੋਗ ਚੁਗਾਵਾਂਗਾ । ਤੇਰਾ ਦੇ ਕੇ ਇਕੋ ਜੋਗ, ਸਾਚੇ ਮਾਰਗ ਇਕ ਲਗਾਵਾਂਗਾ । ਆਤਮ ਰਸ ਅਗੰਮੀ ਭੋਗ, ਰਸਨਾ ਨਿਝਰ ਝਿਰਨਾ ਇਕ ਝਿਰਾਵਾਂਗਾ । ਤੇਰਾ ਦੱਸ ਕੇ ਇਕ ਸਲੋਕ, ਤੇਰਾ ਗੀਤ ਗੋਬਿੰਦ ਜਣਾਵਾਂਗਾ । ਭਾਗ ਲਗਾ ਕਾਇਆ ਕੋਟ, ਮੰਦਰ ਇਕੋ ਇਕ ਸੁਹਾਵਾਂਗਾ । ਕਰ ਪਰਕਾਸ਼ ਨਿਰਮਲ ਜੋਤ, ਜੋਤੀ ਨੂਰ ਡਗਮਗਾਵਾਂਗਾ । ਸਾਚੀ ਦੱਸ ਕੇ ਧੁਰ ਦੀ ਓਟ, ਓਟ ਪੁਰਖ ਅਕਾਲ ਸਮਝਾਵਾਂਗਾ । ਲਹਿਣਾ ਚੁਕਾ ਹਰਖ਼ ਸੋਗ, ਸਤਿ ਸਰੂਪ ਵਿਚ ਮਿਲਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਇਕੋ ਨਾਮ ਸਮਝਾਵਾਂਗਾ । ਮੇਰਾ ਨਾਮ ਕੀ ਸਮਝਾਏਂਗਾ । ਕੀ ਪੱਟੀ ਮਾਤ ਪੜ੍ਹਾਏਂਗਾ । ਕੀ ਖਾਤਾ ਖੱਤੀ ਫੋਲ ਫੋਲਾਏਂਗਾ । ਕੀ ਰੱਤੀ ਰੱਤ ਰੰਗ ਰੰਗਾਏਂਗਾ । ਕੀ ਦੀਵਾ ਬੱਤੀ ਜੋਤ ਜਗਾਏਂਗਾ । ਕੀ ਬਣ ਕੇ ਕਮਲਾਪਤੀ ਵੇਖ ਵਖਾਏਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਸਾਚੇ ਕੇਵੇਂ ਉਠਾਏਂਗਾ । ਮੈਂ ਸੇਵਾਦਾਰ ਬਣ ਕੇ ਜਾਵਾਂਗਾ । ਜਨ ਭਗਤ ਦੁਆਰੇ ਫੇਰਾ ਪਾਵਾਂਗਾ । ਸੋਏ ਸੁੱਤੇ ਆਪ ਉਠਾਵਾਂਗਾ । ਵਿਛੜੇ ਰੁੱਸੇ ਆਪ ਮਿਲਾਵਾਂਗਾ । ਜਨਮ ਜਨਮ ਦੇ ਗ਼ੁੱਸੇ ਮੇਟ ਮਿਟਾਵਾਂਗਾ । ਬਿਰਹੋਂ ਵਿਛੋੜੇ ਕੁੱਠੇ, ਸਾਚੇ ਰੰਗ ਰੰਗਾਵਾਂਗਾ । ਜੋ ਤੇਰੀ ਧਾਰੋਂ ਤੁੱਟੇ, ਫੜ ਤੇਰੇ ਨਾਲ ਮਿਲਾਵਾਂਗਾ । ਅੰਮ੍ਰਿਤ ਜਾਮ ਪਿਆ ਕੇ ਘੁੱਟੇ, ਰਸ ਇਕੋ ਇਕ ਵਖਾਵਾਂਗਾ । ਪ੍ਰੇਮ ਪ੍ਰੀਤੀ ਵਿਚੋਂ ਫੁੱਟੇ, ਜੜ੍ਹ ਆਪਣੇ ਹੱਥ ਲਗਾਵਾਂਗਾ । ਤੇਰੇ ਗੁਰਮੁਖ ਪਤ ਡਾਲ ਹੋਵਣ ਉਚੇ, ਊਚ ਅਗੰਮ ਅਥਾਹ ਤੇਰਾ ਭੇਵ ਜਣਾਵਾਂਗਾ । ਲੱਖ ਚੁਰਾਸੀ ਵਿਚੋਂ ਕਰ ਕੇ ਸੁੱਚੇ, ਸੋਹੰ ਨਾਮ ਇਕ ਪੜ੍ਹਾਵਾਂਗਾ । ਪੰਚ ਵਿਕਾਰ ਮਿਟਾ ਕੇ ਕੁੱਤੇ, ਦਰ ਸਾਚਾ ਸਾਹਿਬ ਵਖਾਵਾਂਗਾ । ਜਿਨ੍ਹਾਂ ਏਥੇ ਓਥੇ ਦੋ ਜਹਾਨ ਕੋਈ ਨਾ ਪੁੱਛੇ, ਫੜ ਕੇ ਤੇਰੀ ਗੋਦ ਬਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚ ਤੇਰੀ ਸੇਵ ਕਮਾਵਾਂਗਾ । ਸੇਵਾ ਕਰਨੀ ਇਕ ਸਚ, ਸਤਿ ਸਤਿਗੁਰ ਆਪ ਸੁਣਾਇੰਦਾ । ਜਨ ਭਗਤਾਂ ਵੇਖ ਮਾਟੀ ਕੱਚ, ਕਾਇਆ ਕਪੜ ਭੇਵ ਚੁਕਾਇੰਦਾ । ਓਨ੍ਹਾਂ ਅੰਦਰ ਜਾ ਕੇ ਰਚ, ਲੂੰ ਲੂੰ ਤੇਰਾ ਦਰਸ ਦਿਖਾਇੰਦਾ । ਮੇਰੀ ਪ੍ਰੀਤੀ ਅੰਦਰ ਫਸ,

ਪ੍ਰੇਮ ਪਿਆਰ ਇਕ ਸਮਝਾਇੰਦਾ । ਮਨ ਮਤ ਬੁਧ ਕਰ ਆਪਣੇ ਵਸ, ਜਗਤ ਵਿਕਾਰਾ ਡੇਰਾ ਢਾਹਿੰਦਾ । ਸਚ ਮੇਰਾ ਮਾਰਗ ਦੱਸ, ਦਹਿ ਦਿਸ਼ਾ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਪ੍ਰਭੂ ਮੈਂ ਜਾ ਕੇ ਦੱਸਾਂਗਾ । ਜਨ ਭਗਤਾਂ ਸੰਗ ਖ਼ੁਸ਼ੀਆਂ ਨਾਲ ਗ਼ਮੀ ਰਲਾ ਕੇ ਹੱਸਾਂਗਾ । ਚਾਰੋਂ ਕੁੰਟ ਵਾਹੋ ਦਾਹੀ ਉਠ ਉਠ ਨੱਸਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਨਾਮ ਸੁਨੇਹੜਾ ਦੱਸਾਂਗਾ । ਦੱਸ ਗੀਤ, ਪੁਰਖ ਅਕਾਲ ਆਪ ਜਣਾਈਆ । ਸਤਿਜੁਗ ਸਾਚੀ ਚਲੇ ਰੀਤ, ਸਤਿ ਸਤਿਵਾਦੀ ਕਰੇ ਪੜ੍ਹਾਈਆ । ਕਾਇਆ ਮੰਦਰ ਅੰਦਰ ਕਾਅਬਾ ਵਖੋਣਾ ਇਕ ਮਸੀਤ, ਮਸਲਾ ਸਭ ਦਾ ਹੱਲ ਕਰਾਈਆ । ਸ਼ਿਵਦਵਾਲਾ ਮੱਠ ਦਰਸ ਦਿਖਾਉਣਾ ਆਪ ਅਤੀਤ, ਤ੍ਰੈਗੁਣ ਡੇਰਾ ਦੇਣਾ ਢਾਹੀਆ । ਕੂੜੀ ਕਾਇਆ ਮਿੱਠਾ ਕਰ ਰੀਠ, ਅੰਮ੍ਰਿਤ ਰਸ ਇਕ ਭਰਾਈਆ । ਆਤਮ ਪਰਮਾਤਮ ਬਣਾਉਣਾ ਮੀਤ, ਮਿੱਤਰ ਪਿਆਰਾ ਇਕ ਜਣਾਈਆ । ਤੂੰ ਮੇਰਾ ਮੈਂ ਤੇਰਾ ਗਾਉਣਾ ਗੀਤ, ਵਾਹਵਾ ਕਰਨੀ ਸਚ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕੋ ਇਕ ਸੁਣਾਈਆ । ਸਚ ਪ੍ਰਭੂ ਤੇਰਾ ਇਕ ਸੰਦੇਸਾ, ਮੈਂ ਆਪਣੀ ਝੋਲੀ ਪਾਈਆ । ਠਾਕਰ ਸੁਆਮੀ ਮਿਲੇ ਨਰੇਸ਼ਾ, ਸ਼ਹਿਨਸ਼ਾਹ ਤੇਰੀ ਸਰਨਾਈਆ । ਮੈਂ ਜਾ ਕੇ ਕਮਾਵਾਂ ਆਪਣਾ ਪੇਸ਼ਾ, ਪੇਸ਼ਤਰ ਗੁਰਮੁਖਾਂ ਦਇਆ ਕਮਾਈਆ । ਸ੍ਰੀ ਭਗਵਾਨ ਤੁਹਾਡਾ ਰੱਖਿਆ ਚੇਤਾ, ਚੇਤਨ ਪ੍ਰੇਮ ਪ੍ਰੀਤੀ ਅੰਦਰ ਹਿਤਕਾਰੀ ਰੂਪ ਵਟਾਈਆ । ਤੁਹਾਡੇ ਮਿਲਣ ਲਈ ਘੱਲਿਆ ਪੁਤ ਜੇਠਾ, ਸ਼ਬਦੀ ਗੋਬਿੰਦ ਗੁਰੂ ਰੂਪ ਵਟਾਈਆ । ਨਾਲ ਉਤਰ ਕੇ ਆਇਆ ਹੇਠਾਂ, ਲੋਕਮਾਤ ਡੇਰਾ ਲਾਈਆ । ਨਿਰਗੁਣ ਹੋ ਕੇ ਖੇਲੇ ਖੇਡਾ, ਸਰਗੁਣ ਅੰਦਰ ਧਾਰ ਸਮਝਾਈਆ । ਹੁਕਮੇ ਅੰਦਰ ਮੈਨੂੰ ਭੇਜਾ, ਧੁਰ ਫ਼ੁਰਮਾਨ ਸੁਣਾਈਆ । ਜਾ ਭਗਤਾਂ ਅੰਦਰ ਵਿਛਾ ਮੇਰੀ ਸੇਜਾ, ਮੈਂ ਆਵਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਮੈਂ ਸੇਵਾ ਆਇਆ ਕਰਨ ਮਾਤ, ਸ਼ਬਦ ਗੁਰੂ ਰਿਹਾ ਜਣਾਈਆ । ਜਨ ਭਗਤ ਵੇਖ ਇਕ ਜਮਾਤ, ਮੇਰੀ ਖ਼ੁਸ਼ੀ ਦੂਣ ਸਵਾਈਆ । ਪਿਛਲੀ ਮਿਟੀ ਅੰਧੇਰੀ ਰਾਤ, ਅੱਗੇ ਚੰਦ ਇਕੋ ਨਜ਼ਰੀ ਆਈਆ । ਤੁਸਾਂ ਮੇਰਾ ਦੇਣਾ ਸਾਥ, ਮੈਂ ਸਾਥੀ ਬਣ ਕੇ ਸੇਵ ਕਮਾਈਆ । ਰਲ ਕੇ ਗਾਉਣੀ ਇਕੋ ਗਾਥ, ਸੋਹੰ ਸ਼ਬਦ ਪੜ੍ਹਾਈਆ । ਆਦਿ ਪੁਰਖ ਸਭ ਤੋਂ ਪਹਿਲੋਂ ਮੈਨੂੰ ਦੱਸੀ ਜਾਚ, ਫਿਰ ਵਿਸ਼ਨ ਬ੍ਰਹਮਾ ਸ਼ਿਵ ਦਿਤਾ ਸਮਝਾਈਆ । ਨੌਂ ਸੌ ਚੁਰਾਨਵੇ ਚੌਕੜੀ ਪਿਛੋਂ ਮਾਰ ਆਵਾਜ਼, ਭਗਤ ਭਗਵਾਨ ਰਿਹਾ ਜਗਾਈਆ । ਜਿਸ ਸੋਹੰ ਨਾਲ ਵਿਸ਼ਨੂੰ ਭਗਵਾਨ ਆਪਣਾ ਆਪ ਦਿਤਾ ਦਾਜ, ਵਾਧੂ ਵਸਤ ਝੋਲੀ ਪਾਈਆ । ਨਿਰਵੈਰ ਹੋ ਕੇ ਕਰੇ ਕਾਜ, ਕਰਤਾ ਪੁਰਖ ਖੇਲ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸ਼ਬਦ ਕਹੇ ਸੁਣੋ ਜਨ ਭਗਤ, ਸ੍ਰੀ ਭਗਵਾਨ ਦਇਆ ਕਮਾਈਆ । ਮੇਰੀ ਸੇਵਾ ਇਕੋ ਲਾਈ ਮੁਫ਼ਤ, ਜਨ ਭਗਤਾਂ ਫਿਕਰ ਦੇ ਗਵਾਈਆ । ਤੁਹਾਡੇ ਪਿਛੇ ਆਇਆ ਪਰਤ, ਪਾਰਬ੍ਰਹਮ ਬੇਪਰਵਾਹੀਆ । ਹੁਣ ਅੱਗੇ ਦੇਣਾ ਕਿਸੇ ਦਾ ਰਤਾ ਨਹੀਂ ਧੜਤ, ਗੁਰਮੁਖ ਇਕੋ ਕੰਡੇ ਲਏ ਤੁਲਾਈਆ । ਮੇਰੇ ਨਾਲ ਕਰੋ ਲਿਖਤ ਪੜ੍ਹਤ, ਮੈਂ ਅੱਗੇ ਲੇਖਾ ਦੇਣਾ ਪੁਚਾਈਆ । ਆਦਿ ਜੁਗਾਦਿ ਮੇਰੀ ਧੁਰ ਦੀ ਸੱਚੀ ਸ਼ਰਤ, ਸ਼ਰਅ ਵਿਚ ਕਦੇ ਨਾ ਆਈਆ । ਕਲਜੁਗ ਵਿਚ ਮੈਨੂੰ ਵੇਖ ਲਓ ਕਰ ਕੇ ਪਰਖ, ਮੇਰੇ ਅੰਦਰ ਵੰਡ ਰਹਿਣ ਕੋਇ


੬੨੭
੧੫

ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੇਵਾ ਇਕ ਲਗਾਈਆ । ਭਗਤ ਜਨ ਕਹਿਣ ਸ਼ਬਦ ਗੁਰੂ ਕੰਨ ਸੁਣ, ਤੇਰਾ ਸੰਦੇਸਾ ਖ਼ੁਸ਼ੀ ਮਨਾਈਆ । ਬੇਸ਼ਕ ਤੂੰ ਸਾਡੇ ਕੋਲ ਆਇਆ ਤੁਰ, ਸ੍ਰੀ ਭਗਵਾਨ ਤੇਰੀ ਸੇਵਾ ਲਾਈਆ । ਪਹਿਲੋਂ ਸਾਡੇ ਨਾਲ ਜੁੜ, ਆਪਣਾ ਮਾਣ ਤਜਾਈਆ । ਅੰਦਰ ਵੜ ਅੰਧੇਰੇ ਘੁਰ, ਡੂੰਘੀ ਭਵਰੀ ਫੇਰਾ ਪਾਈਆ । ਆਪਣਾ ਰਾਗ ਸੁਣਾ ਸੁਰ, ਤਾਲ ਇਕ ਵਜਾਈਆ । ਫੇਰ ਦੱਸੀਂ ਮੈਂ ਉਹ ਜਿਹੜਾ ਵਾਸੀ ਅਨੰਦ ਪੁਰ, ਪੁਰੀ ਲੋਅ ਆਇਆ ਤਜਾਈਆ । ਦੋ ਜਹਾਨਾਂ ਬਣਿਆ ਰਿਹਾ ਚੋਰ, ਠੱਗੀ ਸਭ ਦੇ ਨਾਲ ਕਮਾਈਆ । ਕਲਜੁਗ ਅੰਤਮ ਉਨ੍ਹਾਂ ਪਕੜੀਂ ਡੋਰ, ਜੋ ਸੋਮਾਂ ਅੰਮ੍ਰਿਤ ਰਹੇ ਵਹਾਈਆ । ਜਿਨ੍ਹਾਂ ਨੂੰ ਲਾਰਾ ਦੇ ਕੇ ਗਿਆ ਛੋੜ, ਤਿਨ੍ਹਾਂ ਅੰਤਮ ਮੇਲ ਮਿਲਾਈਆ । ਅਸੀਂ ਫੇਰ ਵੇਖੀਏ ਕਰ ਕੇ ਗ਼ੌਰ, ਆਪਣਾ ਧਿਆਨ ਲਗਾਈਆ । ਕੀ ਓਹੋ ਮਾਹੀ ਗਿਆ ਬੌਹੜ, ਜਿਹੜਾ ਮੁਖੜਾ ਗਿਆ ਛੁਪਾਈਆ । ਜੇ ਤੈਨੂੰ ਸਾਡੀ ਲੋੜ, ਸਾਡੇ ਅੰਦਰ ਵੜ ਕੇ ਪੜਦਾ ਦੇ ਚੁਕਾਈਆ । ਪ੍ਰੇਮ ਪ੍ਰੀਤੀ ਆਪਣੇ ਨਾਲ ਜੋੜ, ਜੋੜੀ ਬਣ ਕੇ ਖ਼ੁਸ਼ੀ ਮਨਾਈਆ । ਫੇਰ ਅਸੀਂ ਦੱਸੀਏ ਪੁਰਖ ਅਕਾਲ ਤੇਰੇ ਨਾਲ ਸਾਨੂੰ ਦੇਵੇ ਤੋਰ, ਤੁਰਤ ਆਪਣਾ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਸ਼ਬਦ ਗੁਰੂ ਇਕੋ ਰੂਪ ਪਰਗਟਾਈਆ । ਸ਼ਬਦ ਗੁਰੂ ਕਹੇ ਮੈਂ ਰੂਪ ਵਟਾਉਂਦਾ ਹਾਂ । ਧੁਰ ਦਾ ਲੇਖਾ ਇਕ ਜਣਾਉਂਦਾ ਹਾਂ । ਦਸ ਦਸਮੇਸ ਦਰਦ ਵੰਡਾਉਂਦਾ ਹਾਂ । ਨਰ ਨਰੇਸ਼ ਇਕ ਅਖਵਾਉਂਦਾ ਹਾਂ । ਪੰਜ ਤਤ ਮੁੱਛ ਦਾੜ੍ਹੀ ਰਲਾ ਕੇ ਕੇਸ, ਕੇਸਗੜ੍ਹ ਗੰਢ ਪਵਾਉਂਦਾ ਹਾਂ । ਅੰਤਮ ਮੇਟ ਕੇ ਆਪਣੀ ਰੇਖ, ਰੇਖ ਰੇਖ ਵਿਚ ਸਮਾਉਂਦਾ ਹਾਂ । ਹੁਣ ਆਇਆ ਸਾਚੇ ਦੇਸ, ਸਾਚੇ ਨਗਰ ਡੇਰਾ ਲਾਉਂਦਾ ਹਾਂ । ਜਨ ਭਗਤੋ ਤੁਹਾਡੇ ਕੋਲ ਰਹਾਂ ਹਮੇਸ਼, ਆਵਣ ਜਾਵਣ ਪੰਧ ਮੁਕਾਉਂਦਾ ਹਾਂ । ਕੋਈ ਰਾਜ ਰਾਜਾਨ ਸ਼ਾਹ ਸੁਲਤਾਨ ਮੈਨੂੰ ਲਏ ਨਾ ਵੇਖ, ਫੜਿਆਂ ਹੱਥ ਕਿਸੇ ਨਾ ਆਉਂਦਾ ਹਾਂ । ਏਸੇ ਕਰ ਕੇ ਜੋਤੀ ਜਾਮਾ ਧਰਿਆ ਭੇਖ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਉਂਦਾ ਹਾਂ । ਬੇਸ਼ਕ ਤੂੰ ਆਪਣੀ ਕਾਰ ਕਮਾਉਂਦਾ ਏਂ । ਨਿਰਗੁਣ ਨਿਰਵੈਰ ਪੁਰਖ ਅਕਾਲ ਅਖਵਾਉਂਦਾ ਏਂ । ਗੋਬਿੰਦ ਨੂਰ ਧਾਰ ਜੋਤ ਪਰਗਟਾਉਂਦਾ ਏਂ । ਸ਼ਬਦ ਕਟਾਰ ਤੇਜ਼ ਉਠਾਉਂਦਾ ਏਂ । ਕਲਗੀਧਰ ਫੇਰਾ ਪਾਉਂਦਾ ਏਂ । ਜਿੰਨਾਂ ਚਿਰ ਅੰਦਰ ਨਾ ਜਾਏਂ ਵੜ, ਸਾਨੂੰ ਸਬਰ ਸੰਤੋਖ ਕੋਈ ਨਾ ਆਉਂਦਾ ਏ । ਕਿਰਪਾ ਕਰ ਨਾ ਲਏਂ ਫੜ, ਪੱਲੂ ਆਪਣੇ ਨਾਲ ਬੰਧਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਬਿਨ ਦੇਖਿਆਂ ਬਿਨ ਪਰਖਿਆਂ ਸਾਨੂੰ ਚੈਨ ਕੋਈ ਨਾ ਆਉਂਦਾ ਏ । ਜਨ ਭਗਤੋ ਤੁਹਾਨੂੰ ਦੱਸਾਂ ਆਪਣੀ ਪਰਖ, ਪਾਰਖੂ ਆਪੇ ਬਣ ਕੇ ਆਈਆ । ਅੰਦਰ ਬਾਹਰ ਮੇਰਾ ਦਰਸ, ਦੀਦ ਈਦ ਚੰਦ ਚਮਕਾਈਆ । ਲੱਖ ਚੁਰਾਸੀ ਵਿਚੋਂ ਕਰ ਕੇ ਤਰਸ, ਗੁਰਮੁਖ ਥੋੜੇ ਬਾਹਰ ਕਢਾਈਆ । ਜਨਮ ਜਨਮ ਦੀ ਮੇਟ ਹਰਸ, ਅੰਤਮ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਤਿਗੁਰ ਆਪ ਸਮਝਾਈਆ । ਲੱਖ ਚੁਰਾਸੀ ਵਿਚੋਂ ਕੱਢੇ ਥੋੜੇ, ਸ੍ਰੀ ਭਗਵਾਨ ਦਏ ਸਮਝਾਈਆ । ਸ਼ਬਦੀ ਗੋਬਿੰਦ ਨਾਲ ਜੋੜੇ, ਨਿਰਗੁਣ ਸਰਗੁਣ ਮੇਲ ਮਿਲਾਈਆ । ਅਗੰਮੀ ਚਾੜ੍ਹ ਆਪਣੇ ਘੋੜੇ, ਸ਼ਾਹਸਵਾਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਦੇਵੇ ਮਾਣ ਵਡਿਆਈਆ ।

ਹਰਿਜਨ ਮਾਣ ਵਡਿਆਈ ਦੇਵੇ ਆਪ, ਦੇਵਣਹਾਰ ਹਰਿ ਰਘਰਾਈਆ । ਧੁਰ ਦਾ ਚੀਰਾ ਲੈ ਕੇ ਆਵੇ ਸਾਥ, ਬਣ ਸਾਥੀ ਸਗਲਾ ਸੰਗ ਨਿਭਾਈਆ । ਦੋ ਇਕ ਚਲਾਏ ਰਾਥ, ਬਣ ਰਥਵਾਹੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਦੇਵੇ ਮਾਣ ਵਡਿਆਈਆ । ਸਾਚਾ ਚੀਰਾ ਹੋਵੇ ਤਿਆਰ, ਤ੍ਰੈਭਵਣ ਧਨੀ ਆਪ ਬਣਾਇੰਦਾ । ਤ੍ਰਿਲੋਕੀ ਕਰ ਕੇ ਆਪੇ ਬਾਹਰ, ਜ਼ਾਹਰਾ ਧਾਰ ਵੇਸ ਵਟਾਇੰਦਾ । ਤ੍ਰੈਗੁਣ ਮਾਇਆ ਦਏ ਪਛਾੜ, ਡੰਕਾ ਇਕੋ ਨਾਮ ਵਜਾਇੰਦਾ । ਸੰਤ ਸੁਹੇਲੇ ਗੁਰੂ ਚੇਲੇ ਲਏ ਉਭਾਰ, ਹਰਿਜਨ ਮੇਲੇ ਮੇਲ ਮਿਲਾਇੰਦਾ । ਸਚ ਦੁਆਰੇ ਕਰ ਪਿਆਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸਤਿ ਧਰਮ ਦੀ ਬੰਨ੍ਹ ਦਸਤਾਰ, ਦਸਤ ਆਪਣੇ ਨਾਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਜਾਣੇ ਧੁਰ ਦਾ ਕਾਹਨ, ਜਗਤ ਕਾਹਨ ਸਮਝ ਕੋਇ ਨਾ ਪਾਈਆ । ਧੁਰ ਦਾ ਕਾਹਨ ਏਕੰਕਾਰ, ਅਕਲ ਕਲਾ ਅਖਵਾਈਆ । ਆਦਿ ਜੁਗਾਦੀ ਕਰ ਪਸਾਰ, ਜੁਗ ਚੌਕੜੀ ਵੇਖ ਵਖਾਈਆ । ਨਿਰਗੁਣ ਸਰਗੁਣ ਬੰਨ੍ਹੇ ਧਾਰ, ਸਰਗੁਣ ਨਿਰਗੁਣ ਦਏ ਵਡਿਆਈਆ । ਜੁਗ ਚੌਕੜੀ ਖੇਲ ਸੰਸਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਈਆ । ਹੁਕਮੇ ਅੰਦਰ ਗੁਰ ਅਵਤਾਰ, ਪੀਰ ਪੈਗ਼ੰਬਰ ਸੇਵਾ ਲਾਈਆ । ਹੁਕਮੇ ਅੰਦਰ ਦਏ ਦੀਦਾਰ, ਭਗਤ ਭਗਵਾਨ ਲਏ ਜਗਾਈਆ । ਜੁਗ ਚੌਕੜੀ ਵੇਖਣਹਾਰ, ਨੇਤਰ ਲੋਚਣ ਨੈਣ ਖੁਲ੍ਹਾਈਆ । ਕਲਜੁਗ ਅੰਤਮ ਖੇਲ ਅਪਾਰ, ਅਪਰੰਪਰ ਸੁਆਮੀ ਆਪ ਕਰਾਈਆ । ਅੰਤਰਜਾਮੀ ਸਿਰਜਣਹਾਰ, ਹਰ ਘਟ ਵੇਖੇ ਥਾਉਂ ਥਾਈਂਆ । ਸ਼ਬਦ ਦੁਲਾਰਾ ਕਰ ਤਿਆਰ, ਪੂਤ ਸਪੂਤਾ ਸੇਵ ਲਗਾਈਆ । ਭਗਤ ਸੁਹੇਲੇ ਲਏ ਉਠਾਲ, ਸੋਇਆ ਕੋਇ ਰਹਿਣ ਨਾ ਪਾਈਆ । ਬੀਸ ਬੀਸਾ ਸੁਰਤ ਸੰਭਾਲ, ਆਲਸ ਨਿੰਦਰਾ ਦਏ ਗਵਾਈਆ । ਕਰੇ ਖੇਲ ਗੁਰ ਗੋਪਾਲ, ਗੋਬਿੰਦ ਬਣ ਕੇ ਸੱਚਾ ਮਾਹੀਆ । ਹਰਿਜਨ ਵੇਖੇ ਆਪਣੇ ਲਾਲ, ਲਾਲਨ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਚੀਰੇ ਬੰਨ੍ਹੇ ਬਣ ਦਲਾਲ, ਧਰਮ ਦਲਾਲੀ ਇਕ ਕਮਾਈਆ । ਸਾਚੇ ਚੀਰੇ ਬੰਨ੍ਹੇ ਪ੍ਰੇਮ, ਪ੍ਰੀਤਮ ਆਪਣੀ ਦਇਆ ਕਮਾਈਆ । ਭਗਤ ਦੁਆਰ ਚੁਕਾਏ ਨੇਮ, ਕਸਮ ਇਕੋ ਵਾਰ ਖਵਾਈਆ । ਜਿਸ ਨੇ ਧਿਆਨ ਲਗਾਇਆ ਕੁੰਟ ਹੇਮ, ਸੋ ਆਪਣਾ ਰੰਗ ਵਟਾਈਆ । ਜਿਸ ਦੀ ਸੇਵਾ ਕਰੇ ਕਾਮਧੇਨ, ਬੈਠੀ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਧੁਰ ਦਾ ਸਰੋਪਾ, ਪ੍ਰਿਤਪਾਲਕ ਆਪ ਦਿਵਾਈਆ । ਸ਼ਬਦ ਗੁਰ ਬਣਾ ਗਵਾਹ, ਵੇਲਾ ਵਕ਼ਤ ਦਏ ਸੁਹਾਈਆ । ਸਤਿਜੁਗ ਮਾਰਗ ਇਕੋ ਲਾ, ਰਹਿਬਰ ਇਕੋ ਇਕ ਵਖਾਈਆ । ਦੋ ਜਹਾਨਾਂ ਹੁਕਮ ਦਏ ਸੁਣਾ, ਸ਼ਬਦ ਸੰਗੀਤ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਾਲਨ ਆਪਣੇ ਰੰਗ ਰੰਗਾਈਆ । ਸਾਚੇ ਰੰਗ ਰੰਗੇ ਰੰਗਰਾਤਾ, ਰੰਗਣਹਾਰਾ ਦਇਆ ਕਮਾਈਆ । ਕਰੇ ਖੇਲ ਪੁਰਖ ਬਿਧਾਤਾ, ਬੇਅੰਤ ਵੱਡੀ ਵਡਿਆਈਆ । ਕਲਜੁਗ ਅੰਤ ਵੇਖਣ ਆਇਆ ਤਮਾਸ਼ਾ, ਨਿਰਗੁਣ ਨਿਰਵੈਰ ਫੇਰਾ ਪਾਈਆ । ਜਨ ਭਗਤਾਂ ਦੇਵੇ ਇਕ ਦਿਲਾਸਾ, ਸਿਰ ਆਪਣਾ ਹੱਥ ਟਿਕਾਈਆ । ਹਰ ਘਟ ਅੰਦਰ ਕਰੇ ਵਾਸਾ, ਹਰਿਜਨ ਆਪਣੇ ਨਾਲ ਮਿਲਾਈਆ । ਨਿਰਮਲ ਨੂਰ ਜੋਤ ਪਰਕਾਸ਼ਾ, ਅਗਿਆਨ ਅੰਧੇਰ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

੯੨੯
੧੫

ਕਰੇ ਖੇਲ ਸਾਚਾ ਹਰਿ, ਭਗਤਾਂ ਮੇਲੇ ਆਪਣੇ ਦਰ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰ ਦਰਵਾਜ਼ਾ ਦੇਵੇ ਖੋਲ੍ਹ, ਖੁਲ੍ਹੀ ਆਵਾਜ਼ ਲਗਾਈਆ । ਸ਼ਬਦ ਅਗੰਮੀ ਇਕੋ ਬੋਲ, ਅਨਬੋਲਤ ਰਾਗ ਸੁਣਾਈਆ । ਸਚ ਨਗਾਰ ਵਜਾਏ ਢੋਲ, ਦੋ ਜਹਾਨ ਕਰੇ ਸ਼ਨਵਾਈਆ । ਗੁਰਮੁਖ ਤੋਲੇ ਆਪਣੇ ਤੋਲ, ਸਾਚਾ ਕੰਡਾ ਇਕ ਉਠਾਈਆ । ਕਰੇ ਖੇਲ ਇਕ ਅਨਮੋਲ, ਅਨਮੁਲੜੀ ਵਸਤ ਆਪ ਵਰਤਾਈਆ । ਜਨ ਭਗਤਾਂ ਅੰਦਰ ਜਾਏ ਮੌਲ, ਮੌਲਾ ਰੂਪ ਨਜ਼ਰੀ ਆਈਆ । ਪ੍ਰੇਮ ਪ੍ਰੀਤੀ ਦੇਵੇ ਪੌਹਲ, ਅੰਮ੍ਰਿਤ ਰਸ ਇਕ ਖਵਾਈਆ । ਕਰ ਪਰਕਾਸ਼ ਉਪਰ ਧੌਲ, ਧਰਨੀ ਧਰਤ ਧਵਲ ਸੋਭਾ ਪਾਈਆ । ਕੀਤਾ ਕਰੇ ਪੂਰਾ ਕੌਲ, ਕੌਲ ਇਕਰਾਰ ਸਭ ਦੀ ਝੋਲੀ ਭਰਾਈਆ । ਗੋਬਿੰਦ ਗੁਰ ਨਾ ਜਾਏ ਡੋਲ, ਅਡੁਲ ਇਕੋ ਇਕ ਅਖਵਾਈਆ । ਸਰਸੇ ਨਦੀ ਦਾ ਪੂਰਾ ਕਰੇ ਬੋਲ, ਜ਼ਬਾਨ ਜ਼ਬਾਨ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਇਕੀਆਂ ਇਕੋ ਰੰਗ ਵਖਾਈਆ । ਇਕੀਆਂ ਰੰਗ ਰੰਗੇ ਦਸਤਾਰ, ਦਸਤਗੀਰ ਦਇਆ ਕਮਾਇੰਦਾ । ਹਜ਼ਰਤ ਕਰੇ ਇਕ ਪਿਆਰ, ਹਜ਼ੂਰੀ ਆਪਣੀ ਵਿਚ ਵਡਿਆਇੰਦਾ । ਵਿਛੜ ਨਾ ਜਾਏ ਧੁਰ ਨਿਰੰਕਾਰ, ਜਗਤ ਨਿਰੰਕਾਰ ਨਜ਼ਰ ਕੋਇ ਨਾ ਆਇੰਦਾ । ਸਚਖੰਡ ਦਾ ਸਚ ਪਿਆਰ, ਲੋਕਮਾਤ ਆਪ ਪਰਗਟਾਇੰਦਾ । ਲੋਕਮਾਤ ਬੋਲ ਜੈਕਾਰ, ਜੈ ਜੈਕਾਰ ਦੋ ਜਹਾਨ ਵਖਾਇੰਦਾ । ਇਕੋ ਦਿਵਸ ਹੋਏ ਉਜਿਆਰ, ਜਿਸ ਥਿਤ ਆਪਣਾ ਰੰਗ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸੱਚਾ ਦਾਨ, ਵਸਤ ਅਪਾਰ ਕਰ ਤਿਆਰ, ਗੁਰਮੁਖ ਪਿਆਰ ਝੋਲੀ ਪਾਇੰਦਾ ।


੯੩੦ ੧੫

ਮੁਰੀਦ ਕਹਿਣ ਮੁਰਸ਼ਦ ਆਕਾ, ਅਕਲ ਵਿਚ ਕਿਸੇ ਨਾ ਆਇੰਦਾ । ਨਿਰਗੁਣ ਨੂਰ ਨੂਰ ਪਰਕਾਸ਼ਾ, ਜ਼ਹੂਰ ਇਕ ਪਰਗਟਾਇੰਦਾ । ਧੁਰ ਦਾ ਸੁਣਾਏ ਅਗੰਮੀ ਸਾਕਾ, ਪਿਛਲੀ ਸਾਖ਼ੀ ਆਪ ਭੁਲਾਇੰਦਾ । ਸਾਚੇ ਮੰਦਰ ਖੋਲ੍ਹੇ ਤਾਕਾ, ਬੰਦ ਕਿਵਾੜੀ ਜਗਤ ਵਖਾਇੰਦਾ । ਜੋਧਾ ਸੂਰਬੀਰ ਹੋ ਕੇ ਮਾਰੇ ਡਾਕਾ, ਬਲ ਆਪਣਾ ਆਪ ਵਖਾਇੰਦਾ । ਦੋ ਜਹਾਨਾਂ ਨਿਰਵੈਰ ਹੋ ਕੇ ਖਿਚੇ ਖ਼ਾਕਾ, ਮਿਹਰਵਾਨ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪਣੇ ਹੱਥ ਰਖਾਇੰਦਾ । ਮੁਰੀਦ ਕਹਿਣ ਮੁਰਸ਼ਦ ਵੇਖ, ਆਦਿ ਜੁਗਾਦੀ ਨਜ਼ਰੀ ਆਈਆ । ਪਰਵਰਦਿਗਾਰ ਸਾਚੀ ਟੇਕ, ਲਾਸ਼ਰੀਕ ਸਹਾਈਆ । ਬਾਤਨ ਜ਼ਾਹਰ ਲਏ ਵੇਖ, ਦੀਦ ਈਦ ਚੰਦ ਰੁਸ਼ਨਾਈਆ । ਸਾਚੇ ਕਾਅਬੇ ਕਰੇ ਹੇਤ, ਕੇਵਲ ਆਪਣੀ ਧਾਰ ਬੰਧਾਈਆ । ਨੇਤਰ ਵੇਖੇ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਦਰਗਹਿ ਸਾਚੀ ਖੇਲੇ ਖੇਡ, ਖ਼ਾਲਕ ਖ਼ਲਕ ਦਏ ਜਣਾਈਆ । ਸਚ ਸੰਦੇਸਾ ਦੇਵੇ ਭੇਜ, ਕਲਮਾ ਨਬੀ ਰਸੂਲ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਮੁਰੀਦ ਕਹਿਣ ਮੁਰਸ਼ਦ ਪੀਰ, ਪਰਮ ਪੁਰਖ ਇਕ ਅਖਵਾਇੰਦਾ । ਆਦਿ ਜੁਗਾਦੀ ਦਸਤਗੀਰ, ਦਸਤਯਾਬ ਇਕ ਹੋ ਜਾਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਹਰ ਘਟ ਅੰਦਰ ਵੇਖ ਵਖਾਇੰਦਾ । ਸਾਚੀ ਬਣਾਵਣਹਾਰ ਆਪ ਤਕਦੀਰ, ਤਦਬੀਰ ਆਪਣੇ ਹੱਥ ਰਖਾਇੰਦਾ । ਲੱਭਿਆਂ ਹੱਥ ਨਾ ਆਵੇ ਕਿਸੇ ਤਸਵੀਰ, ਮੁਸੱਵਰ ਮੁਬਾਦਲ ਰੰਗ ਨਾ ਕੋਇ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਇਕੋ ਇਕ ਕਮਾਇੰਦਾ । ਮੁਰੀਦ ਕਹਿਣ ਮੁਰਸ਼ਦ ਬੇਪਰਵਾਹ, ਬੇਪਰਵਾਹੀ ਵਿਚ ਸਮਾਈਆ । ਨੂਰੀ ਨੂਰ ਇਕ ਖ਼ੁਦਾ, ਖ਼ੁਦੀ ਰੂਪ ਨਾ ਕੋਇ ਵਟਾਈਆ । ਦੋ ਜਹਾਨਾਂ ਖੇਲ ਰਿਹਾ ਖਲਾ, ਖ਼ਾਲਕ ਖ਼ਲਕ ਦਏ ਵਡਿਆਈਆ । ਰਹਿਬਰ ਬਣ ਕੇ ਜਾਏ ਆ, ਬੇਐਬ ਫੇਰਾ ਪਾਈਆ । ਧੁਰ ਦਾ ਲੇਖਾ ਦਏ ਸਮਝਾ, ਦਰਗਹਿ ਸਾਚੀ ਦੇਵਣਹਾਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਮੁਰੀਦ ਕਹੇ ਮੇਰੇ ਮੁਰਸ਼ਦ ਮੀਤ, ਤੇਰੇ ਅੱਗੇ ਇਕ ਬੇਨੰਤਿਆ । ਸਦੀ ਚੌਧਵੀਂ ਵੇਖੀਏ ਤੇਰੀ ਰੀਤ, ਲੋਕ ਪਰਲੋਕ ਸੋਭਾਵੰਤਿਆ । ਨਿਤ ਨਵਿਤ ਰੱਖਦੇ ਗਏ ਉਡੀਕ, ਅੰਤਮ ਆਸਾ ਪੂਰ ਕਰੰਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਾਹਿਬ ਸੁਲਤਾਨ ਵਡ ਬੇਅੰਤਿਆ । ਮੁਰੀਦ ਕਹੇ ਮੇਰੇ ਮੁਰਸ਼ਦ ਅਲੱਖ, ਅਲਖ ਤੇਰੀ ਸਰਨਾਈਆ । ਨਿਰਗੁਣ ਹੋ ਕੇ ਮਾਰਗ ਦੱਸ, ਸਰਗੁਣ ਸਚ ਪੜ੍ਹਾਈਆ । ਤੇਰੇ ਨਾਲੋਂ ਤੇਰੇ ਹੋਏ ਵੱਖ, ਪੱਲੂ ਹੱਥ ਨਾ ਕੋਇ ਵਖਾਈਆ । ਸ੍ਰਿਸ਼ਟ ਸਬਾਈ ਭਾਂਡੇ ਸਖ, ਤੇਰਾ ਨੂਰ ਨਜ਼ਰ ਕੋਇ ਨਾ ਪਾਈਆ । ਅੰਤਰ ਆਤਮ ਵਸ ਕੇ ਦੱਸ, ਪਰਮਾਤਮ ਭੇਵ ਚੁਕਾਈਆ । ਕਵਣ ਕੂਟੇ ਗਿਉਂ ਨੱਠ, ਆਪਣਾ ਮੁੱਖ ਛੁਪਾਈਆ । ਲੱਭ ਲੱਭ ਥੱਕੇ ਤੀਰਥ ਤਟ, ਗੁਰ ਦਰ ਮੰਦਰ ਮੱਠ ਫੇਰਾ ਪਾਈਆ । ਸੌਦਾ ਵਿਕੇ ਕਿਸੇ ਨਾ ਹੱਟ, ਹੱਟੀ ਨਾਮ ਨਾ ਕੋਇ ਚਲਾਈਆ । ਤੇਰੇ ਨਾਲੋਂ ਡੋਰ ਸਭ ਦੀ ਗਈ ਕੱਟ, ਤੁਟੀ ਗੰਢ ਨਾ ਕੋਇ ਬੰਧਾਈਆ । ਜਗਤ ਸਵਾਂਗੀ ਖੇਲ ਨਟ, ਨਟੂਆ ਆਪਣਾ ਸਾਂਗ ਵਰਤਾਈਆ । ਮਣਕਾ ਮਣਕਾ ਮਾਲਾ ਮੇਰੀ ਰਹੇ ਰਟ, ਰੱਟਾ ਮਨ ਕਾ ਸਕੇ ਨਾ ਕੋਇ ਮੁਕਾਈਆ । ਧੁਰ ਦਾ ਲਾਹਾ ਸਕੇ ਨਾ ਕੋਈ ਖੱਟ, ਮਾਇਆ ਮਮਤਾ ਹੋਈ ਹਲਕਾਈਆ । ਦੂਈ ਦਵੈਤੀ ਮੇਟੇ ਨਾ ਕੋਈ ਫੱਟ, ਪੱਟੀ ਨਾਮ ਨਾ ਕੋਇ ਬੰਧਾਈਆ । ਤੇਰੇ ਅੱਗੇ ਵਾਸਤਾ ਰਹੇ ਘੱਤ, ਦੋਏ ਜੋੜ ਪ੍ਰਭ ਸਰਨਾਈਆ । ਸਾਡੀ ਪੂਰੀ ਕਰ ਆਸ, ਨਿਰਾਸਾ ਕੋਇ ਰਹਿਣ ਨਾ ਪਾਈਆ । ਦਰ ਤੇਰੇ ਹੋਏ ਦਾਸ, ਨਿਉਂ ਨਿਉਂ ਸਜਦਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਿਹਰਵਾਨ ਤੇਰੀ ਵਡਿਆਈਆ । ਮੁਰਸ਼ਦ ਕਹੇ ਸੁਣ ਮੁਰੀਦ, ਮੁਰਦਾ ਰੂਹ ਦਿਆਂ ਜੀਵਾਈਆ । ਆਦਿ ਜੁਗਾਦੀ ਮੇਰੀ ਇਕ ਤੌਫ਼ੀਕ, ਤੋਹਫ਼ਾ ਸਭ ਦੇ ਘਰ ਪਹੁੰਚਾਈਆ । ਅੰਧ ਅੰਧੇਰੇ ਮੇਟ ਤਾਰੀਕ, ਸਾਚਾ ਨੂਰ ਕਰਾਂ ਰੁਸ਼ਨਾਈਆ । ਮਾਰਗ ਦੱਸਾਂ ਇਕ ਬਾਰੀਕ, ਧਾਰ ਸਮਝ ਕੋਇ ਨਾ ਪਾਈਆ । ਜਿਸ ਦੀ ਪੀਰ ਪੈਗ਼ੰਬਰ ਕਰਦੇ ਗਏ ਉਡੀਕ, ਸੋ ਮਿਹਰਵਾਨ ਵੇਖ ਵਖਾਈਆ । ਸਚ ਬੰਧਾਏ ਸਚ ਪ੍ਰੀਤ, ਸਤਿ ਸਤਿਵਾਦੀ ਜੋੜ ਜੁੜਾਈਆ । ਕਲਮਾ ਢੋਲਾ ਸੋਹਲਾ ਦੱਸੇ ਗੀਤ, ਗਹਿਰ ਗੰਭੀਰ ਆਪ ਜਣਾਈਆ । ਤਤਵ ਤਤ ਕਰੇ ਠਾਂਡਾ ਸੀਤ, ਅਗਨੀ ਅੱਗ ਨਾ ਕੋਇ ਤਪਾਈਆ । ਵੇਖ ਵਖਾਏ ਹਸਤ ਕੀਟ, ਊਚ ਨੀਚ ਡੇਰਾ ਢਾਹੀਆ । ਕਰੇ ਖੇਲ ਆਪ ਜਗਦੀਸ, ਜਗਦੀਸਰ ਹੱਥ ਵੱਡੀ ਵਡਿਆਈਆ । ਪਰਗਟ ਹੋ ਬੀਸ ਬੀਸ, ਬਿਸਮਲ ਆਪਣੀ ਧਾਰ ਸਮਝਾਈਆ । ਸਾਚਾ ਕਲਮਾ ਇਕ ਹਦੀਸ, ਹਜ਼ਰਤ ਹੋ ਕੇ ਰਿਹਾ ਪੜ੍ਹਾਈਆ । ਬਾਕੀ ਖ਼ਾਲੀ ਕੀਤੇ ਖੀਸ, ਚਾਰੋਂ ਕੁੰਟ ਕੁੰਟ ਕੁਰਲਾਈਆ । ਛਤਰ ਝੁੱਲੇ ਨਾ ਕਿਸੇ ਸੀਸ, ਸ਼ਹਿਨਸ਼ਾਹ ਰੂਪ ਨਾ ਕੋਇ ਵਖਾਈਆ । ਪਿਛਲਾ ਲੇਖਾ ਰਿਹਾ ਬੀਤ, ਅੱਗੇ ਪੜਦਾ ਦਏ ਉਠਾਈਆ । ਕਰੇ ਖੇਲ ਪ੍ਰਭ ਅਨਡੀਠ, ਅਨਡਿਠੜੀ ਕਾਰ ਕਮਾਈਆ । ਰਲ ਮਿਲ ਗਾਉਣਾ ਸੱਚਾ ਗੀਤ, ਸਾਹਿਬ ਸੁਲਤਾਨ ਰਿਹਾ ਸਮਝਾਈਆ । ਲੇਖਾ ਚੁੱਕੇ ਜਗਤ

ਮਸੀਤ, ਕਾਅਬਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਮੁਰੀਦ ਕਹੇ ਮੇਰੇ ਮੁਰਸ਼ਦ ਸੰਗ, ਸਾਚਾ ਬੰਧਨ ਪਾਈਆ । ਮਿਹਰਵਾਨ ਹੋ ਅੰਦਰ ਲੰਘ, ਸਚ ਮੁਸੱਲਾ ਹੇਠ ਵਿਛਾਈਆ । ਵੁਜ਼ੂ ਕਰ ਕੇ ਲੈ ਅਨੰਦ, ਦੁਰਮਤ ਮੈਲ ਧਵਾਈਆ । ਪ੍ਰੇਮ ਪ੍ਰੀਤੀ ਚਾੜ੍ਹ ਚੰਦ, ਜੋਤ ਨੂਰ ਰੁਸ਼ਨਾਈਆ । ਉਚੀ ਕੂਕ ਦੇ ਬਾਂਗ, ਸਦਾ ਸਦਾ ਇਕੋ ਨਾਮ ਰਖਾਈਆ । ਸਚ ਮਿਲਣ ਦੀ ਰੱਖ ਤਾਂਘ, ਆਸਾ ਇਕ ਪਰਗਟਾਈਆ । ਉਠਣ ਬੈਠਣ ਦਾ ਨਾ ਕੋਈ ਰਹੇ ਸਾਂਗ, ਉਂਗਲੀ ਕੰਨ ਵਿਚ ਨਾ ਕੋਇ ਰਖਾਈਆ । ਛਾਤੀ ਉਤੇ ਹੱਥ ਕੋਈ ਨਾ ਮਾਂਗ, ਘੁਟਨੇ ਟੇਕ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰੀਦਾਂ ਮੁਰਸ਼ਦ ਰਿਹਾ ਸਮਝਾਈਆ । ਮੁਰਸ਼ਦ ਕਹੇ ਮੁਰੀਦਾਂ ਲੇਖ, ਏਕਾ ਬਾਤ ਸਮਝਾਈਆ । ਨਿਜ ਮਹਿਰਾਬੇ ਆਪਣਾ ਮਾਹੀ ਲੈਣਾ ਵੇਖ, ਦੂਜੇ ਦਰ ਮੰਗਣ ਨਾ ਜਾਈਆ । ਨਿਰਵੈਰ ਨਿਰਾਕਾਰ ਧਾਰ ਆਪਣਾ ਭੇਖ, ਭੇਖਾਧਾਰੀ ਫੇਰਾ ਪਾਈਆ । ਮੁੱਛ ਦਾੜ੍ਹੀ ਨਾ ਕੋਈ ਕੇਸ, ਮੂੰਡ ਮੁੰਡਾਇਆ ਸਮਝ ਕੋਇ ਨਾ ਪਾਈਆ । ਵਸਣਹਾਰਾ ਸਾਚੇ ਦੇਸ, ਦੇਸ ਸਾਂਝਾ ਇਕੋ ਇਕ ਸਮਝਾਈਆ । ਜਿਸ ਦੁਆਰੇ ਵਿਸ਼ਨ ਬ੍ਰਹਮਾ ਸ਼ਿਵ ਪੀਰ ਪੈਗ਼ੰਬਰ ਕਰਨ ਆਦੇਸ, ਗੁਰ ਅਵਤਾਰ ਸੀਸ ਝੁਕਾਈਆ । ਤਿਸ ਮਹੱਲ ਬੈਠਾ ਰਹੇ ਹਮੇਸ਼, ਸਚ ਗਿਰਹਾ ਆਪਣੇ ਨਾਮ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮੁਰੀਦ ਕਹੇ ਮੇਰੇ ਮੁਰਸ਼ਦ ਵਡ, ਵਡ ਸ਼ਹਿਨਸ਼ਾਹ ਸੁਲਤਾਨਾ । ਸਭ ਦੇ ਨਾਲੋਂ ਕਰ ਅੱਡ, ਹੱਥੀਂ ਬੰਨ੍ਹ ਅਗੰਮੀ ਗਾਨਾ । ਸਾਚਾ ਮਾਰਗ ਇਕ ਦੱਸ, ਰਹਿਬਰ ਬਣ ਸੁਣਾ ਤਰਾਨਾ । ਪਿਛਲੀ ਮੁੱਕੇ ਜਗਤ ਹੱਦ, ਅੱਗੇ ਮਿਲੇ ਸਚ ਮਕਾਨਾ । ਤੇਰੇ ਪ੍ਰੇਮ ਦੇ ਗਾਈਏ ਛੰਦ, ਸੰਸਾ ਚੁੱਕੇ ਵਿਚ ਜਹਾਨਾ । ਅੰਤਰ ਉਪਜੇ ਇਕ ਅਨੰਦ, ਰਸ ਛੁੱਟੇ ਪੀਣਾ ਖਾਣਾ । ਜਗਤ ਰੰਡੇਪਾ ਮੁੱਕੇ ਰੰਡ, ਮਿਲੇ ਮੇਲ ਸ੍ਰੀ ਭਗਵਾਨਾ । ਜੁਗ ਜਨਮ ਦੀ ਤੁੱਟੀ ਗੰਢ, ਗੰਢਣਹਾਰ ਸਾਹਿਬ ਸੁਲਤਾਨਾ । ਘਰ ਸਾਚੇ ਪਾ ਠੰਡ, ਆਬੇਹਯਾਤ ਮੁਖ ਪਿਆਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਦਰ ਸੀਸ ਝੁਕਾਨਾ । ਦਰ ਸੀਸ ਝੁਕਿਆ ਤੇਰੇ, ਪਰਵਰਦਿਗਾਰ ਤੇਰੀ ਸਰਨਾਈਆ । ਆਰਫ਼ ਬੈਠੇ ਲਾ ਕੇ ਡੇਰੇ, ਸਿਦਕ ਸਬੂਰੀ ਨਾਲ ਰਖਾਈਆ । ਕਵਣ ਵੇਲਾ ਮੁਕਾਵੇਂ ਝੇੜੇ, ਝਗੜਾ ਕੋਇ ਰਹਿਣ ਨਾ ਪਾਈਆ । ਫੜ ਕੇ ਚਾੜ੍ਹੇਂ ਆਪਣੇ ਬੇੜੇ, ਨਈਆ ਨੌਕਾ ਇਕੋ ਇਕ ਵਖਾਈਆ । ਅਸੀਂ ਰਲ ਮਿਲ ਕਹੀਏ ਮੁਰੀਦ ਮੁਰਸ਼ਦ ਤੇਰੇ, ਮੁਰਦੇ ਜ਼ਿੰਦਾ ਦੇਵੇਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮੁਰਦੇ ਹੋਏ ਘਰ ਜ਼ਿੰਦਾ, ਜ਼ਿੰਦਗੀ ਤੇਰੇ ਹੱਥ ਫੜਾਈਆ । ਲੇਖਾ ਚੁੱਕੇ ਜੀਉ ਪਿੰਡਾ, ਪਿੰਡ ਪੀੜ ਰਹਿਣ ਕੋਇ ਨਾ ਪਾਈਆ । ਇਕੋ ਨੂਰ ਬਣੀਏ ਤੇਰੀ ਬਿੰਦਾ, ਸੁੱਤ ਅਨਾਦੀ ਨਾਉਂ ਧਰਾਈਆ । ਆਪਣਾ ਖੋਲ੍ਹ ਅਗੰਮੀ ਜਿੰਦਾ, ਕਿਉਂ ਬੈਠਾ ਤਾਕੀ ਲਾਈਆ । ਤੂੰ ਗਹਿਰ ਗੰਭੀਰ ਸਾਗਰ ਸਿੰਧਾ, ਮਛਲੀ ਬਿਨ ਨੀਰ ਕਿਉਂ ਰਿਹਾ ਤੜਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਿਰ ਸਾਚੇ ਹੱਥ ਟਿਕਾਈਆ । ਸੁਣੋ ਮੁਰੀਦੋ ਸਾਚੀ ਬਾਤ ਸਭ, ਆਦਿ ਆਪ ਇਕ ਜਣਾਈਆ । ਜਿਸ ਨੂੰ ਕਹਿੰਦੇ ਰੱਬੀ ਉਲ ਰੱਬ, ਰਹਿਮਤ ਸਦਾ ਕਮਾਈਆ । ਸੋ ਮੁਰਸ਼ਦ ਤੁਹਾਨੂੰ ਰਿਹਾ ਲੱਭ, ਮੁਰੀਦ ਲੱਭਣ ਕਿਤੇ ਨਾ ਜਾਈਆ । ਚੌਦਾਂ ਲੋਕ ਚੌਦਾਂ ਤਬਕ ਚਰਨਾਂ ਹੇਠ ਦੱਬ, ਆਪ ਆਪਣਾ ਖੇਲ ਰਚਾਈਆ ।

ਦੋ ਜਹਾਨਾਂ ਲੰਘ ਕੇ ਹੱਦ, ਘਰ ਸਾਚੇ ਫੇਰਾ ਪਾਈਆ । ਗੁਰ ਅਵਤਾਰ ਪੈਗ਼ੰਬਰ ਛੱਡ, ਛੱਡੀ ਸਰਬ ਲੋਕਾਈਆ । ਸਾਚੇ ਸੂਫ਼ੀ ਕਰੇ ਅੱਡ, ਮਨਸੂਖ਼ੀ ਪਿਛਲੀ ਦਿਤੀ ਕਰਾਈਆ । ਕਿਰਪਾ ਕਰ ਪੁਰਖ ਸਮਰਥ, ਦੇਵੇ ਮਾਣ ਵਡਿਆਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਆਖ਼ਰ ਆਪਣਾ ਦਰਸ ਦਿਖਾਈਆ । ਦੇ ਕੇ ਜਾਵੇ ਪੂਰਾ ਹੱਕ, ਹਕੀਕਤ ਸਭ ਦੀ ਝੋਲੀ ਪਾਈਆ । ਦੂਜੇ ਵਲ ਨਾ ਲੈਣਾ ਤੱਕ, ਨੇਤਰ ਅੱਖ ਨਾ ਕੋਇ ਉਠਾਈਆ । ਤੁਹਾਡੇ ਅੰਦਰ ਨਿਰਾਕਾਰ ਹੋ ਕੇ ਜਾਵੇ ਵਸ, ਵਸਲ ਇਕੋ ਇਕ ਵਖਾਈਆ । ਮੇਟੇ ਰੈਣ ਅੰਧੇਰੀ ਮਸ, ਸਾਚਾ ਨੂਰ ਕਰੇ ਰੁਸ਼ਨਾਈਆ । ਬਿਨ ਕਲਮਿਉਂ ਬਿਨ ਕਲਾਮੋਂ ਬਿਨ ਕਾਗ਼ਜ਼ ਕਲਮ ਸ਼ਾਹੀ ਤੁਹਾਡਾ ਗਾਵੇ ਜਸ, ਜਸ ਆਪਣੇ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਦਇਆ ਕਮਾਈਆ । ਮੁਰੀਦ ਕਹੇ ਤੂੰ ਮੁਰਸ਼ਦ ਕਿਹੜਾ, ਕਵਣ ਸੂਰਤ ਰੂਪ ਵਟਾਈਆ । ਚਾਰ ਜੁਗ ਪੀਰ ਪੈਗ਼ੰਬਰਾਂ ਚਲਦਾ ਰਿਹਾ ਝੇੜਾ, ਝਗੜਾ ਸਕੇ ਨਾ ਕੋਇ ਮੁਕਾਈਆ । ਖੁਲ੍ਹਾ ਕਰੇ ਕੋਈ ਨਾ ਵੇਹੜਾ, ਬੰਨਾਂ ਹੱਦ ਨਾ ਕੋਇ ਜਣਾਈਆ । ਸ਼ਰਅ ਸ਼ਰੀਅਤ ਲਾਇਆ ਡੇਰਾ, ਲਾਸ਼ਰੀਕ ਸਮਝ ਕੋਇ ਨਾ ਪਾਈਆ । ਚਾਰੋਂ ਕੁੰਟ ਦਿਸੇ ਅੰਧੇਰਾ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਪਰਵਰਦਿਗਾਰ ਕਹੇ ਮੈਂ ਬੰਨ੍ਹਾਂ ਇਕੋ ਬੇੜਾ, ਦੋ ਜਹਾਨਾਂ ਆਪ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਾਰਬ੍ਰਹਮ ਵੱਡੀ ਵਡਿਆਈਆ । ਮੁਰੀਦ ਕਹਿਣ ਮੁਰਸ਼ਦ ਸੁਣ ਲੈ ਸਾਡੀ ਗੱਲ, ਏਕਾ ਇਕੋ ਵਾਰ ਜਣਾਈਆ । ਵੇਖਿਆ ਤੂੰ ਹੋਇਆ ਭਗਤਾਂ ਵਲ, ਦੇਵੇਂ ਮਾਣ ਵਡਿਆਈਆ । ਜੁਗ ਚੌਕੜੀ ਤੇਰਾ ਅਛਲ ਛਲ, ਵਲ ਛਲ ਧਾਰੀ ਤੇਰੀ ਸਮਝ ਕੋਈ ਨਾ ਪਾਈਆ । ਕਲਜੁਗ ਅੰਤਮ ਪੂਰਬ ਜਨਮ ਦਾ ਦੇਵੇਂ ਫਲ, ਲੇਖਾ ਸਭ ਦੀ ਝੋਲੀ ਪਾਈਆ । ਫੋਲ ਫੁਲਾਵੇਂ ਜਲ ਥਲ, ਮਹੀਅਲ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਹੱਥ ਵਡਿਆਈਆ । ਭਗਤਾਂ ਤਾਰਨ ਵਾਲੇ ਭਗਵਾਨ, ਤੇਰੇ ਅੱਗੇ ਇਕ ਅਰਜ਼ੋਈਆ । ਵੇਖੀਂ ਹਿੰਦੂ ਮੁਸਲਮ ਸਿੱਖ ਈਸਾਈ ਕਰ ਕੇ ਛੱਡ ਨਾ ਜਾਈਂ ਵਿਚ ਜਹਾਨ, ਜਹਾਲਤ ਪਿਛਲੀ ਸਾਡੀ ਝੋਲੀ ਪਾਈਆ । ਸਾਡਾ ਸਭ ਦਾ ਤੇਰੇ ਉਤੇ ਈਮਾਨ, ਆਮਲ ਕਾਮਲ ਪੀਰ ਇਕੋ ਨਜ਼ਰੀ ਆਈਆ । ਦਰ ਦਰਵੇਸ਼ ਮੰਗਦੇ ਦਾਨ, ਬਰਦੇ ਬਣ ਸੀਸ ਝੁਕਾਈਆ । ਸੁਣ ਕੇ ਪ੍ਰਭੂ ਤੇਰਾ ਫ਼ਰਮਾਨ, ਸਾਡੀ ਸੁਰਤ ਸੁਰਤ ਰਹੀ ਨਾ ਰਾਈਆ । ਪਤਿਪਰਮੇਸ਼ਵਰ ਪੁਰਖ ਸੁਆਮੀ ਭਗਤ ਇਕੱਲੇ ਤਾਰ ਜਾਏ ਨਾ ਆਣ, ਅਨਹੋਣੀ ਕਾਰ ਕਮਾਈਆ । ਅਸੀਂ ਸੁੱਤੇ ਨਾ ਰਹੀਏ ਬਾਲ ਅਵਾਣ, ਬਾਲੀ ਬੁਧ ਰੂਪ ਵਟਾਈਆ । ਕਰ ਕਿਰਪਾ ਵਡ ਮਿਹਰਵਾਨ, ਦਰ ਤੇਰੇ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਲੇਖਾ ਸਭ ਦਾ ਰਿਹਾ ਜਣਾਈਆ । ਸੂਫ਼ੀ ਮੁਰੀਦ ਮੁਰਸ਼ਦ ਵੇਖੇ ਇਕੋ ਰੰਗ, ਦਸਤਗੀਰ ਜ਼ਾਹਰਾ ਪੀਰ ਪੈਗ਼ੰਬਰ ਅੰਤ ਅਖ਼ੀਰ ਆਪ ਜਣਾਇੰਦਾ । ਸਭ ਦਾ ਮੇਲ ਕਰੇ ਇਕੋ ਸੰਗ, ਸਗਲਾ ਸੰਗ ਆਪ ਰਖਾਇੰਦਾ । ਘਟ ਦੁਆਰ ਮੰਦਰ ਅੰਦਰ ਮਹੱਲ ਅਟੱਲ ਜਾਵੇ ਲੰਘ, ਆਉਦਾ ਜਾਂਦਾ ਨਜ਼ਰ ਕਿਸੇ ਨਾ ਆਇੰਦਾ । ਪੂਰਬ ਕਰਮ ਲਹਿਣਾ ਵੇਖ ਮੁਸਲਮ ਹਿੰਦੂ ਸਿਖ ਈਸਾਈ ਪਾਈ ਗੰਢ, ਨਿਰਵੈਰ ਆਪਣਾ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਚਾਰ ਯਾਰੀ ਆਪਣੇ ਸੰਗ ਰਖਾਇੰਦਾ । ਚਾਰ ਯਾਰੀ ਲਈ ਜਗਾ, ਜਾਗਰਤ ਜੋਤ ਜਣਾਈਆ । ਭਗਤਾਂ ਵਿਚ

ਲਈ ਰਲਾ, ਰਲਾ ਰਹਿਣ ਕੋਇ ਨਾ ਪਾਈਆ । ਨੂਰੀ ਰੂਪ ਦੱਸ ਕੇ ਅੱਲਾ, ਇਲਾਹੀ ਆਲਮੀਨ ਸਮਝਾਈਆ । ਪੰਦਰਾਂ ਕੱਤਕ ਸਭ ਨੂੰ ਕਰ ਦੇਵੇ ਤਸੱਲਾ, ਤਸੱਲੀਬਖ਼ਸ਼ ਜਵਾਬ ਇਕੋ ਇਕ ਸੁਣਾਈਆ । ਸਭ ਦਾ ਪੂਰਾ ਕਰੇ ਪੱਲਾ, ਝੋਲੀ ਸਭ ਦੀ ਵੇਖ ਵਖਾਈਆ । ਚਾਰ ਜੁਗ ਦਾ ਦੇਵਣਹਾਰਾ ਫਲਾ, ਵਸਤ ਅਮੋਲਕ ਆਪ ਵਰਤਾਈਆ । ਕੀ ਹੋਇਆ ਪ੍ਰਭ ਵੇਖ ਇਕੱਲਾ, ਅਕਲ ਕਲਧਾਰੀ ਆਪਣੀ ਕਲ ਵਰਤਾਈਆ । ਹਰ ਘਟ ਅੰਦਰ ਬੈਠਾ ਆਸਣ ਮੱਲਾ, ਸਚ ਸਿੰਘਾਸਣ ਸੋਭਾ ਪਾਈਆ । ਕਰੇ ਖੇਲ ਜਲਾ ਥਲਾ, ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਜ਼ਿਮੀ ਅਸਮਾਨ ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਾਰਬ੍ਰਹਮ ਬੇਪਰਵਾਹੀਆ । ਬੇਪਰਵਾਹੀ ਖੇਲ ਅਵੱਲਾ, ਆਦਿ ਪੁਰਖ ਅਬਿਨਾਸ਼ੀ ਆਪ ਕਰਾਈਆ । ਜੋਤੀ ਧਾਰ ਹਰ ਘਟ ਰਲਾ, ਸ਼ਬਦੀ ਨਾਦ ਧੁਨ ਸ਼ਨਵਾਈਆ । ਪ੍ਰੇਮ ਪ੍ਰੀਤ ਫੜਾਏ ਪੱਲਾ, ਪੱਲੂ ਗੰਢ ਆਪ ਬੰਧਾਈਆ । ਧੁਰ ਸੰਦੇਸ਼ ਇਕੋ ਘੱਲਾ, ਨਵ ਨੌਂ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਦੇਵੇ ਸਾਂਝਾ ਪੀਰ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਜਿਸ ਨੇ ਬੰਨ੍ਹਣੇ ਸੀ ਅਗੰਮੀ ਚੀਰ, ਚੀਰੇ ਆਪਣੇ ਆਪ ਪਰਗਟਾਇੰਦਾ । ਚਾਰ ਵਰਨ ਬਣਾਉਣੇ ਭੈਣ ਭਾਈ ਸਕੇ ਵੀਰ, ਵਾਰਤਾ ਆਪਣੀ ਆਪ ਸਮਝਾਇੰਦਾ । ਕਲਜੁਗ ਬਦਲੀ ਜਿਸ ਤਕਦੀਰ, ਤਾਸੀਰ ਆਪਣੀ ਵਿਚ ਭਰਾਇੰਦਾ । ਕੂੜੀ ਕਿਰਿਆ ਕੱਟ ਜ਼ੰਜੀਰ, ਸ਼ਰਅ ਹਦੀਸ ਇਕ ਸਮਝਾਇੰਦਾ । ਚੋਟੀ ਚਾੜ੍ਹ ਫੜ ਅਖ਼ੀਰ, ਆਖ਼ਰ ਆਪਣਾ ਮੇਲ ਮਿਲਾਇੰਦਾ । ਵੇਸ ਵਟਾਏ ਬੇਨਜ਼ੀਰ, ਨਜ਼ਰ ਇਕੋ ਇਕ ਬਦਲਾਇੰਦਾ । ਹੱਥ ਫੜ ਤੇਜ਼ ਸ਼ਮਸ਼ੀਰ, ਕੂੜੀ ਕਿਰਿਆ ਪਾਰ ਕਰਾਇੰਦਾ । ਵਰਨ ਬਰਨ ਹੋਣ ਨਾ ਦੇਵੇ ਕੋਈ ਦਿਲਗੀਰ, ਸਾਂਝੀਵਾਲ ਇਕ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਕੱਟ ਕੇ ਕੂੜੀ ਭੀੜ, ਸਾਚਾ ਰਾਹ ਇਕ ਵਖਾਇੰਦਾ । ਸ਼ਾਹ ਪਾਤਸ਼ਾਹ ਸੱਚੇ ਆਦਲ ਸ਼ਾਹ, ਅਦਾਲਤ ਤੇਰੀ ਇਕੋ ਭਾਈਆ । ਤੇਰੇ ਚਰਨ ਕਵਲ ਮੰਗੀਏ ਪਨਾਹ, ਦੋਏ ਜੋੜ ਸੀਸ ਝੁਕਾਈਆ । ਚਾਰੋਂ ਕੁੰਟ ਜਗਤ ਵੇਖੀਏ ਮੰਦਰ ਮਸਜਦ ਸ਼ਿਵਦਵਾਲੇ ਮੱਠ ਬਣੀ ਕਤਲਗਾਹ, ਛੁਰੀ ਕਸਾਈ ਜੂਠ ਝੂਠ ਜਗਤ ਹੱਥ ਉਠਾਈਆ । ਤੇਰਾ ਹਿਰਦੇ ਨਾਮ ਸਕੇ ਨਾ ਕੋਈ ਵਸਾ, ਵਾਸਤਾ ਸਚ ਨਾ ਕੋਇ ਜਣਾਈਆ । ਠੱਗ ਚੋਰ ਯਾਰ ਬਣ ਕੇ ਲਾਵਣ ਦਾ, ਠੱਗੀ ਤੇਰੇ ਨਾਲ ਕਮਾਈਆ । ਤੂੰ ਕਿਉਂ ਸੁੱਤਾ ਬੇਗੁਮਰਾਹ, ਤੇਰੀ ਗ਼ਫ਼ਲਤ ਮੁਰੀਦਾਂ ਮੁਰਸ਼ਦ ਕਦੇ ਮਾਤ ਨਾ ਭਾਈਆ । ਚੇਤਨ ਹੋ ਕੇ ਨੈਣ ਖੁਲ੍ਹਾ, ਅੱਖ ਆਪਣੀ ਪੜਦਾ ਲਾਹੀਆ । ਸ੍ਰਿਸ਼ਟ ਸਬਾਈ ਭਰੀ ਮਾਤ ਗੁਨਾਹ, ਸਤਿ ਸਰੂਪ ਨਾ ਕੋਇ ਸਮਾਈਆ । ਅੰਤਮ ਹੁੰਦੀ ਦਿਸੇ ਫ਼ਨਾਹ, ਪਾਰ ਕਿਨਾਰਾ ਨਜ਼ਰ ਕਿਸੇ ਨਾ ਆਈਆ । ਰਹਿਬਰ ਬਣ ਇਕ ਖ਼ੁਦਾ, ਖ਼ਾਲਕ ਖ਼ਲਕ ਵੇਖ ਚਾਈਂ ਚਾਈਆ । ਤੇਰੇ ਬਰਦੇ ਤੈਥੋਂ ਡਰਦੇ ਤੇਰਾ ਰਾਹ ਰਹੇ ਤਕਾ, ਤੱਕਵਾ ਤੇਰੇ ਉਤੇ ਟਿਕਾਈਆ । ਨਿਰਵੈਰ ਹੋ ਕੇ ਫੜ ਬਾਂਹ, ਪਕੜ ਬਾਂਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਿਹਰ ਨਜ਼ਰ ਆਪ ਉਠਾਈਆ । ਮਿਹਰ ਨਜ਼ਰ ਆਪ ਉਠਾਵਾਂਗਾ । ਨਿਰਵੈਰ ਹੋ ਕੇ ਵੇਖ ਵਖਾਵਾਂਗਾ । ਕਲਜੁਗ ਕੂੜਾ ਕਹਿਰ ਮਿਟਾਵਾਂਗਾ । ਭੇਵ ਅਭੇਦਾ ਆਪਣਾ ਹੁਕਮ ਵਰਤਾਵਾਂਗਾ । ਹੋ ਕੇ ਗੰਭੀਰ ਗਹਿਰ ਖੇਲ ਵਖਾਵਾਂਗਾ । ਜਿਸ ਨੂੰ ਕਹਿੰਦੇ ਲਾ ਹੋਰ, ਤਿਸ ਆਪਣਾ ਰੰਗ ਰੰਗਾਵਾਂਗਾ ।

ਜਿਸ ਦਾ ਸਮਝਿਆ ਨਾ ਕਿਸੇ ਕੋਈ ਤੌਰ, ਤਬਾ ਆਪਣੀ ਆਪ ਜਣਾਵਾਂਗਾ । ਜਿਸ ਮੰਜ਼ਲ ਸਕਿਆ ਕੋਈ ਨਾ ਬੌਹੜ, ਤਿਸ ਮੰਦਰ ਸੋਭਾ ਪਾਵਾਂਗਾ । ਜਿਸ ਚੜ੍ਹਿਆ ਨਾ ਕੋਈ ਘੋੜ, ਸੋ ਅਸਵ ਆਪ ਦੌੜਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਲਤਾਨ ਇਕ ਅਖਵਾਵਾਂਗਾ । ਸਚ ਸੁਲਤਾਨ ਇਕ ਅਖਵਾਵਾਂਗਾ । ਕਲਜੁਗ ਨਾਮ ਇਕ ਪਰਗਟਾਵਾਂਗਾ । ਆਬੇਹਯਾਤ ਜਾਮ ਪਿਆਵਾਂਗਾ । ਸਾਚੀ ਆਦਤ ਇਕ ਦਰਸਾਵਾਂਗਾ । ਇਬਾਦਤ ਇਕੋ ਇਕ ਪੜ੍ਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਂਝਾ ਪੀਰ ਇਕ ਅਖਵਾਵਾਂਗਾ । ਸਾਂਝਾ ਪੀਰ ਪ੍ਰਭੂ ਅਖਵਾਏਗਾ । ਗਹਿਰ ਗੰਭੀਰ ਵੇਸ ਵਟਾਏਗਾ । ਜਨ ਸਿਰ ਸਿਰ ਹੁਕਮ ਵਰਤਾਏਗਾ । ਬਿਨ ਜ਼ੰਜੀਰ ਬੰਨ੍ਹ ਲਿਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਪ੍ਰਭ ਕਮਾਵੇਗਾ । ਕਲ ਅੰਤਮ ਵੇਖਣ ਆਵੇਗਾ । ਸਾਚਾ ਬੰਕ ਦੁਆਰ ਸੁਹਾਵੇਗਾ । ਡੰਕ ਇਕੋ ਨਾਮ ਵਜਾਵੇਗਾ । ਰਾਓ ਰੰਕ ਮੇਲ ਮਿਲਾਵੇਗਾ । ਭਗਤ ਭਗਵੰਤ ਆਪ ਉਠਾਵੇਗਾ । ਸਾਚੇ ਸੰਤਾਂ ਜੋੜ ਜੁੜਾਵੇਗਾ । ਗੁਰਮੁਖਾਂ ਲਾ ਅੰਗ, ਅੰਗੀਕਾਰ ਗੋਦ ਬਹਾਵੇਗਾ । ਗੁਰਸਿਖਾਂ ਬਣਾ ਬਣਤ, ਸਾਚੀ ਧਾਰ ਇਕ ਜਣਾਵੇਗਾ । ਲੱਖ ਚੁਰਾਸੀ ਬਣ ਕੇ ਕੰਤ, ਕੰਤ ਕੰਤੂਹਲ ਸੋਭਾ ਪਾਵੇਗਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਇਕ ਦਰਸਾਵੇਗਾ । ਬੋਧ ਅਗਾਧਾ ਬਣ ਕੇ ਪੰਡਤ, ਵਿਦਿਆ ਇਕੋ ਨਾਮ ਪੜ੍ਹਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੀਸ ਜਗਦੀਸ ਹੱਥ ਟਿਕਾਵੇਗਾ । ਸੀਸ ਜਗਦੀਸ ਹੱਥ ਟਿਕਾਏਗਾ । ਖੇਲ ਵੇਖ ਬੀਸ ਬੀਸ, ਬਾਹਮੀ ਤਬਾਦਲਾ ਆਪ ਕਰਾਏਗਾ । ਕਲਜੁਗ ਸਤਿਜੁਗ ਸਤਿਜੁਗ ਕਲਜੁਗ ਦੋਵੇਂ ਇਕ ਦੂਜੇ ਦੀ ਮੰਨਣ ਹਦੀਸ, ਹਜ਼ਰਤ ਆਪਣਾ ਮੇਲ ਮਿਲਾਏਗਾ । ਪ੍ਰਭ ਮਿਲਣ ਦੀ ਅੱਗੇ ਕੋਈ ਨਾ ਲਾਏ ਫ਼ੀਸ, ਫ਼ੈਸਲਾ ਇਕੋ ਵਾਰ ਕਰਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੁਰੀਦ ਮੁਰਸ਼ਦ ਆਪਣੇ ਘਰ ਬਹਾਏਗਾ । ਮੁਰੀਦ ਮੁਰਸ਼ਦ ਭਗਤ ਭਗਵਾਨ ਇਕੋ ਧਾਰ, ਧਰਨੀ ਧਰਤ ਧਵਲ ਦਏ ਵਡਿਆਈਆ । ਕਿਰਪਾਨਿਧ ਠਾਕਰ ਸੁਆਮੀ ਖੇਲ ਕਰੇ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਸੰਤ ਸਾਜਣ ਗੁਰਮੁਖ ਗੁਰਸਿਖ ਹਰਿਜਨ ਸਾਚੇ ਲਏ ਉਭਾਰ, ਭੇਵ ਅਭੇਦਾ ਅਛਲ ਅਛੇਦਾ ਆਪ ਖ਼ੁਲ੍ਹਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਗੁਰੂ ਆਦਿ ਜੁਗਾਦੀ ਸੀਸ ਬੰਨ੍ਹੇ ਦਸਤਾਰ, ਮਿਹਰਵਾਨ ਨੌਜਵਾਨ ਸਿਰ ਆਪਣਾ ਹੱਥ ਰਖਾਈਆ । ਧੁਰ ਦਾ ਦੇਵੇ ਇਕੋ ਦਾਨ, ਸਿਦਕ ਸਬੂਰੀ ਸਚ ਈਮਾਨ, ਧਰਮ ਗੰਢ ਆਪ ਪਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕੀ ਚੀਰੇ ਬੇਨਜ਼ੀਰੇ ਲਾਤਸਵੀਰੇ ਗੁਣੀ ਗਹੀਰੇ ਆਪਣੇ ਨਾਲ ਮਿਲਾਈਆ । ਇਕੀ ਕਹਿਣ ਉਹ ਕਿਹੜੀ ਇਕੀ, ਇਕ ਵਾਰ ਦੇ ਸਮਝਾਈਆ । ਦਰ ਤੇਰੇ ਤੇ ਮੰਗੀ ਭਿਛੀ, ਭਿਛਿਆ ਦੇਦੇ ਮਾਹੀਆ । ਤੇਰੀ ਧਾਰ ਸਭ ਤੋਂ ਤਿਖੀ, ਸਮਝ ਕਿਸੇ ਨਾ ਆਈਆ । ਬੀਤਦੀ ਜਾਏ ਵੀਹਵੀਂ ਮਿਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਮੇਰੀ ਇਕੀ ਏਕੋ ਇਕ, ਦੋਏ ਧਾਰ ਮਾਤ ਚਲਾਈਆ । ਜਿਸ ਦਾ ਲੇਖਾ ਗੋਬਿੰਦ ਗਿਆ ਲਿਖ, ਲਿਖਤ ਭਵਿਖਤ ਸਰਸੇ ਵਿਚ ਰੁੜ੍ਹਾਈਆ । ਤਿਸ ਦਾ ਖੇਲ ਕਿਸੇ ਨਾ ਆਏ ਦਿਸ, ਲੱਖ ਚੁਰਾਸੀ ਨੇਤਰ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

੯੩੫
੧੫

ਸਾਚਾ ਵਰ, ਮਿਹਰਵਾਨ ਬੇਪਰਵਾਹੀਆ । ਸਾਚੀ ਸਿਖੀ ਦੱਸੇ ਆਪ, ਪ੍ਰਭ ਆਪਣੀ ਦਇਆ ਕਮਾਈਆ । ਜਿਨ੍ਹਾਂ ਪੁਰਖ ਅਕਾਲ ਮਾਈ ਬਾਪ, ਪਿਤਾ ਪੂਤ ਗੋਦ ਉਠਾਈਆ । ਜਿਨ੍ਹਾਂ ਇਕੋ ਆਤਮ ਪਰਮਾਤਮ ਦਿਤਾ ਜਾਪ, ਦੂਜੀ ਕਰੀ ਨਾ ਕੋਈ ਪੜ੍ਹਾਈਆ । ਜਿਨ੍ਹਾਂ ਨਜ਼ਰੀ ਆਇਆ ਸਾਖਿਆਤ, ਨੇਤਰ ਨੈਣਾਂ ਦਰਸ ਕਰਾਈਆ । ਤਿਨ੍ਹਾਂ ਪਾਰ ਕਰਾਏ ਜਗਤ ਜਮਾਤ, ਸਾਚਾ ਮੇਲਾ ਸਹਿਜ ਸੁਭਾਈਆ । ਧੁਰਦਰਗਾਹੀ ਦੇਵੇ ਦਾਤ, ਵਸਤ ਅਗੰਮ ਆਪ ਵਰਤਾਈਆ । ਮਿਲੇ ਵਡਿਆਈ ਕਾਇਨਾਤ, ਨਵ ਨੌ ਚਾਰ ਵੱਜੇ ਵਧਾਈਆ । ਜੁਗ ਜਨਮ ਦੀ ਪੂਰੀ ਆਸ, ਤ੍ਰਿਸਨਾ ਮੇਟ ਮਿਟਾਈਆ । ਸਮਰਥ ਹੋ ਕੇ ਦੇਵੇ ਸਾਥ, ਮਹਿਮਾ ਅਕੱਥ ਪੜ੍ਹਾਈਆ । ਖੇਵਟ ਹੋ ਚਲਾਏ ਰਾਥ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਬੇਪਰਵਾਹੀਆ । ਮਿਹਰਵਾਨ ਕਰੇ ਖੇਲ ਕਰਤਾਰ, ਹਰਿ ਕਰਤਾ ਦਇਆ ਕਮਾਈਆ । ਜੁਗ ਚੌਕੜੀ ਦਾ ਲਾਹੇ ਉਧਾਰ, ਕਰਜ਼ਾ ਮਕਰੂਜ਼ ਝੋਲੀ ਪਾਈਆ । ਇਕੀਆਂ ਬੰਨ੍ਹ ਸੱਚੀ ਦਸਤਾਰ, ਦਸਤਾ ਗੁਰਮੁਖ ਦਏ ਬਣਾਈਆ । ਦੋ ਇਕ ਦਾ ਸਦਾ ਪਿਆਰ, ਨਾ ਕੋਈ ਮੇਟੇ ਮੇਟ ਮਿਟਾਈਆ । ਇਕ ਦੋ ਦਾ ਸਾਂਝਾ ਘਰ ਬਾਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਦੋ ਇਕ ਦਾ ਸਦਾ ਇਖ਼ਤਿਆਰ, ਦੋ ਜਹਾਨਾਂ ਹੁਕਮ ਵਰਤਾਈਆ । ਇਕ ਦੋ ਦਾ ਖੇਡ ਅਪਾਰ, ਨਿਰਗੁਣ ਸਰਗੁਣ ਖੇਲ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਬੰਧਨ ਇਕੋ ਇਕ ਰਖਾਈਆ । ਇਕੀ ਕਹਿਣ ਪ੍ਰਭ ਏਕੰਕਾਰ, ਹੱਥ ਤੇਰੇ ਵਡਿਆਈਆ । ਸਾਰੀ ਸਿਖੀ ਤੇਰੇ ਚਰਨ ਦੁਆਰ, ਦੂਜਾ ਧਾਮ ਨਾ ਕੋਇ ਵਖਾਈਆ । ਪ੍ਰੇਮ ਪ੍ਰੀਤੀ ਤੇਰੀ ਤਿੱਖੀ ਧਾਰ, ਖੰਡਾ ਖੜਗ ਪੋਹ ਨਾ ਸਕੇ ਰਾਈਆ । ਨੇਤਰ ਪੇਖੀ ਤੇਰੀ ਜੋਤ ਨਿਰਾਕਾਰ, ਨਿਰਵੈਰ ਰੂਪ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਿਲੇ ਤੇਰੀ ਸਰਨਾਈਆ । ਸਾਚੀ ਸਿਖੀ ਕਰਾਂ ਤਿਆਰ, ਤਾਕਤ ਆਪਣੀ ਵਿਚ ਟਿਕਾਈਆ । ਚਾਰ ਵਰਨ ਦਾ ਇਕ ਪਿਆਰ, ਚਾਰ ਜੁਗ ਦੀ ਗੰਢ ਬੰਧਾਈਆ । ਚਾਰ ਬਾਣੀ ਦਾ ਇਕ ਜੈਕਾਰ, ਚਾਰੇ ਖਾਣੀ ਦਿਆਂ ਜਣਾਈਆ । ਚਾਰ ਕੁੰਟ ਦਾ ਇਕ ਆਧਾਰ, ਚਾਰ ਯਾਰੀ ਵੇਖ ਵਖਾਈਆ । ਚੌਥੇ ਘਰ ਦੇਵਾਂ ਵਾੜ, ਪਹਿਲਾ ਹੁਲਾਰਾ ਇਕ ਜਣਾਈਆ । ਜਿਸ ਦੇ ਪਿਛੇ ਰੁਲਦੇ ਗਏ ਜਗਤ ਸੰਸਾਰ, ਜੁਗ ਚੌਕੜੀ ਢੂੰਡ ਢੂੰਡ ਢੂੰਡਿਆਂ ਹੱਥ ਕਿਸੇ ਨਾ ਆਈਆ । ਸੋ ਮਿਹਰਵਾਨ ਕਿਰਪਾ ਕਰ ਕੇ ਦੇਵੇ ਏਕਾ ਵਾਰ, ਮਿਹਰ ਨਜ਼ਰ ਇਕ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਆਪਣਾ ਹੱਥ ਰਖਾਈਆ । ਸਿਰ ਰੱਖੇ ਹੱਥ ਪੁਰਖ ਅਕਾਲ, ਅਕਲ ਕਲਧਾਰੀ ਦਇਆ ਕਮਾਈਆ । ਮੁਰਦੇ ਮੁਰੀਦ ਮੁਰਸ਼ਦ ਦੇਵੇ ਜਵਾਲ, ਜਵਾਨੀ ਜੋਬਨ ਨਾਲ ਮਿਲਾਈਆ । ਸਭ ਦਾ ਹੱਲ ਕਰੇ ਸਵਾਲ, ਸਵਾਲੀਆਂ ਝੋਲੀ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਚਖੰਡ ਨਿਵਾਸੀ ਹੋ ਆਪ ਮਿਹਰਵਾਨ । ਜਗਤ ਉਦਾਸੀ ਮੇਟ ਜਹਾਨ । ਜਮ ਕੀ ਫਾਸੀ ਤੋੜੇ ਕਾਣ । ਗੁਰਮੁਖ ਸਵਾਸੀ ਬਚਾਏ ਆਣ । ਮੰਡਲ ਰਾਸੀ ਖੇਲ ਮਹਾਨ । ਸਾਚੀ ਘਾਟੀ ਚਾੜ੍ਹੇ ਭਗਵਾਨ । ਕਾਇਆ ਬਾਟੀ ਅੰਮ੍ਰਿਤ ਪਿਆਏ ਆਣ । ਆਤਮ ਪਰਮਾਤਮ ਬਣ ਕੇ ਸਾਥੀ, ਭਾਗ ਲਗਾਏ ਮੰਦਰ ਮਕਾਨ । ਨਿਰਗੁਣ ਜੋਤ ਇਕ ਪਰਕਾਸ਼ੀ, ਪਰਕਾਸ਼ਵਾਨ ਹੋਵੇ ਨੌਜਵਾਨ । ਆਲਸ ਨਿੰਦਰਾ

ਦਰ ਤੋਂ ਨਾਸੀ, ਕੂੜੀ ਕਿਰਿਆ ਮਿਟੇ ਨਿਸ਼ਾਨ । ਜਨ ਭਗਤਾਂ ਵਖਾਵੇ ਇਕ ਪਰਭਾਤੀ, ਪ੍ਰਭ ਕਿਰਪਾ ਕਰੇ ਮਹਾਨ । ਜਿਸ ਦੀ ਨਾਨਕ ਨਿਰਗੁਣ ਗਾਈ ਆਰਤੀ, ਸੋ ਆਰਤੀ ਗੁਰਮੁਖਾਂ ਗਾਏ ਹੋ ਮਿਹਰਵਾਨ । ਜਿਸ ਦਾ ਇਲਮ ਕੋਈ ਨਾ ਸਮਝੇ ਉਰਦੂ ਹਿੰਦੀ ਗੁਰਮੁਖੀ ਫ਼ਾਰਸੀ, ਇਬਾਰਤੀ ਵਿਚ ਲਿਖਿਆ ਨਾ ਜਾਏ ਜਹਾਨ । ਸੁਣੋ ਤੁਆਰਫ਼ੀ, ਖੇਲ ਕਰੇ ਭਗਵਾਨ ਸਫ਼ਾਰਸ਼ੀ, ਆਪਣਾ ਨਾਮ ਨਾਲ ਰਖਾਈਆ । ਭਾਰਤੀ ਬਣੇ ਇਕ ਵਿਧਾਨ, ਮਹਾਂਬਲੀ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੁਰੀਦ ਮੁਰਸ਼ਦ ਲਏ ਫੜ, ਫੜ ਆਪਣੇ ਨਾਲ ਮਿਲਾਈਆ । ਮੁਰੀਦ ਕਹੇ ਜੇ ਮੈਨੂੰ ਫੜਨਾ, ਤੈਨੂੰ ਸਚ ਦਿਆਂ ਜਣਾਈਆ । ਮੈਂ ਤੇਰੀ ਛਾਤੀ ਉਤੇ ਚੜ੍ਹਨਾ, ਬਲ ਤੇਰਾ ਤੇਰੇ ਵਿਚੋਂ ਕਢਾਈਆ । ਆਪਣੇ ਹੱਕ ਬਦਲੇ ਤੇਰੇ ਅੱਗੇ ਅੜਨਾ, ਭੈ ਭੌ ਨਾ ਕੋਇ ਰਖਾਈਆ । ਜੇ ਪ੍ਰਭੂ ਤੂੰ ਗ਼ੁੱਸਾ ਕਰਨਾ, ਮੈਨੂੰ ਪਹਿਲੋਂ ਦੇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਅੱਗੇ ਮੰਗ ਮੰਗਾਈਆ । ਮੁਰਸ਼ਦ ਕਹੇ ਮੁਰੀਦ ਆ ਕੋਲ, ਤੇਰੇ ਨਾਲ ਮੇਰੀ ਵਡਿਆਈਆ । ਮੈਂ ਤੇਰਾ ਮੰਨਾਂ ਬੋਲ, ਆਪਣਾ ਬੋਲ ਤੇਰੀ ਝੋਲੀ ਪਾਈਆ । ਦੋਹਾਂ ਵਿਚ ਪ੍ਰੇਮ ਪ੍ਰੀਤੀ ਦਾ ਮੱਚਿਆ ਰਹੇ ਘੋਲ, ਕੁਸ਼ਤੀ ਹੁੰਦੀ ਰਹੇ ਵਾਹੋ ਦਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਵਜਾਵਣ ਢੋਲ, ਡੰਕਾ ਇਕੋ ਹੱਥ ਉਠਾਈਆ । ਸਚ ਦੁਆਰਾ ਦੇਵਾਂ ਖੋਲ੍ਹ, ਖ਼ਾਲਕ ਖ਼ਲਕ ਦਿਆਂ ਸਮਝਾਈਆ । ਤੇਰੇ ਨਾਲ ਕਦੇ ਨਾ ਮਾਰਾਂ ਰੋਲ, ਰੋਲ ਦੇਵਾਂ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਧਾਰ ਦਏ ਜਣਾਈਆ । ਜਗਤ ਰੋਲੇਂ ਕਿਉਂ ਬਣ ਕੇ ਮੌਲਾ, ਮੌਲਵੀ ਤੇਰੇ ਤੈਨੂੰ ਰਹੇ ਭੁਲਾਈਆ । ਗ਼ਰੀਬਾਂ ਕੋਲੋਂ ਕਿਉਂ ਕਰੇਂ ਉਹਲਾ, ਜਿਨ੍ਹਾਂ ਅੰਦਰ ਤੇਰੀ ਧਾਰ ਧਾਰ ਵਿਚ ਤਾਰ ਨਾ ਕੋਇ ਹਿਲਾਈਆ । ਜਿਨ੍ਹਾਂ ਦੇ ਹੱਥ ਅੰਜੀਲ ਕੁਰਾਨ ਫੜਾਇਆ ਡੋਲਾ, ਤੇਰੀ ਡੋਲੀ ਚੁੱਕ ਕੇ ਭੱਜੇ ਜਾਂਦੇ ਵਾਹੋ ਦਾਹੀਆ । ਓਨ੍ਹਾਂ ਦੇ ਸਿਰ ਵਿਚ ਮਾਰ ਪੌਲਾ, ਪਾਗ਼ਲ ਤੈਨੂੰ ਬੈਠੇ ਭੁਲਾਈਆ । ਜਿਹੜੇ ਤੇਰਾ ਗੀਤ ਗਾਉਂਦੇ ਢੋਲਾ, ਢੋਲ ਬਣ ਕੇ ਮਿਲ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੁਰੀਦ ਤੇਰੇ ਅੱਗੇ ਮੰਗ ਮੰਗਾਈਆ । ਵਾਹ ਮੁਰੀਦ ਮੇਰੇ ਮੁਰਸ਼ਦ, ਮੁਰਸ਼ਦ ਮੁਰੀਦਾਂ ਰਿਹਾ ਬਣਾਈਆ । ਮੈਂ ਤੇਰਾ ਹਿਰਦਾ ਵੇਖਿਆ ਸ਼ੁਧ, ਸ਼ੂਦਰ ਵੇਖੀ ਜਗਤ ਲੋਕਾਈਆ । ਤੇਰੇ ਅੰਦਰ ਵੜ ਕੇ ਭੇਵ ਖੁਲ੍ਹਾਵਾਂ ਗੁਝ, ਗੁਝੀ ਰਮਜ਼ ਲਗਾਈਆ । ਤੂੰ ਮੈਨੂੰ ਲਿਆ ਬੁੱਝ, ਮੈਂ ਪੜਦਾ ਦਿਤਾ ਉਠਾਈਆ । ਜੋ ਕੁਛ ਸੋ ਤੇਰੀ ਝੋਲੀ ਪਾਇਆ ਤੁਧ, ਦਿਤੀ ਮਾਣ ਵਡਿਆਈਆ । ਮੁੱਲਾਂ ਸ਼ੇਖ਼ ਮਸਾਇਕਾਂ ਔਧ ਗਈ ਪੁਗ, ਪੁਖ਼ਤਾ ਹੁਕਮ ਇਕ ਸੁਣਾਈਆ । ਅੱਗੇ ਕੋਈ ਨਾ ਸਕੇ ਉਠ, ਸਿਰ ਸਕੇ ਨਾ ਕੋਈ ਚੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਗ਼ਰੀਬ ਨਿਮਾਣਿਆਂ ਉਪਰ ਗਿਆ ਤੁਠ, ਤੁਲ੍ਹਾ ਨਾਮ ਬੇੜੀ ਜਗਤ ਸਾਗਰ ਇਕੋ ਰਿਹਾ ਚਲਾਈਆ । ਦਰ ਦਰ ਘਰ ਘਰ ਜਾ ਕੇ ਓਨ੍ਹਾਂ ਲਏ ਪੁਛ, ਜੋ ਬੈਠੇ ਧਿਆਨ ਲਗਾਈਆ । ਫੜ ਬਾਂਹੋਂ ਕਹੇ ਉਠ ਲਾਡਲੇ ਪੁਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਜ਼ਾਤ ਪਾਤ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਆਪਣੀ ਗੋਦੀ ਲਏ ਚੁੱਕ, ਚੁੱਕ ਗੋਦੀ ਖ਼ੁਸ਼ੀ ਵਖਾਈਆ । ਜਨਮ ਕਰਮ ਦੀ ਮੇਟੇ ਭੁੱਖ, ਭੁੱਖਿਆਂ ਸੁਖ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅੱਗੇ ਬਦਲੇ ਆਪਣਾ ਰੁਖ਼, ਰੁਖ਼ਸਤ ਸਭ ਦੀ ਬੰਦ ਕਰਾਈਆ ।



੯੩੭ ੧੫

## ੫ ਕੱਤਕ ੨੦੨੦ ਬਿਕ੍ਰਮੀ ਲਾਲ ਸਿੰਘ ਦੇ ਗ੍ਰਿਹ ਹੇਰ ਜ਼ਿਲਾ ਜਲੰਧਰ

ਗੁਰਮੁਖ ਖ਼ਾਹਸ਼ ਰਹੀ ਕੂਕ, ਕੂਕ ਕੂਕ ਸੁਣਾਈਆ । ਤੇਰੇ ਵਿਛੋੜੇ ਦਿਤਾ ਫੂਕ, ਤਨ ਮਾਟੀ ਭਸਮ ਕਰਾਈਆ । ਬੇਪਰਵਾਹ ਕਿਉਂ ਸੁੱਤਾ ਘੂਕ, ਕਰਵਟ ਆਪਣੀ ਨਾ ਕੋਈ ਬਦਲਾਈਆ । ਲੱਭ ਲੱਭ ਥੱਕੇ ਚਾਰੇ ਕੂਟ, ਦਹਿ ਦਿਸ਼ਾ ਭੱਜੇ ਵਾਹੋ ਦਾਹੀਆ । ਕੀ ਪਿਤਾ ਬਣ ਕੇ ਭੁੱਲੇ ਪੂਤ, ਪਤਤ ਉਧਾਰੀ ਤੈਨੂੰ ਰਹਿਮ ਕੋਈ ਨਾ ਆਈਆ । ਤੁਧ ਬਿਨ ਲਾਹੇ ਨਾ ਕੋਈ ਸਾਡੀ ਭੂਖ, ਭੁਖਿਆਂ ਭੁੱਖ ਨਾ ਕੋਇ ਗਵਾਈਆ । ਕੀ ਹੋਇਆ ਜੇ ਤੈਨੂੰ ਸੁਖ, ਸਾਡਾ ਦੁਖ ਤੇਰੀ ਦਰਦ ਨਜ਼ਰੀ ਆਈਆ । ਮਿਹਰਵਾਨ ਹੋ ਛੁਪਾਇਆ ਮੁਖ, ਨੇਤਰ ਨੈਣ ਨਾ ਕੋਇ ਉਠਾਈਆ । ਬੇਸ਼ਕ ਤੂੰ ਵੱਡਾ ਹੋ ਕੇ ਜਾਏਂ ਰੁੱਸ, ਹਉਂ ਬਾਲਕ ਨਿੱਕੇ ਤੇਰਾ ਧਿਆਨ ਲਗਾਈਆ । ਜਿੰਨਾਂ ਚਿਰ ਨਾ ਗੋਦੀ ਲਏਂ ਚੁੱਕ, ਰੋਈਏ ਪਿਟੀਏ ਆਖੀਏ ਸੁਣੀਏ ਦੇਈਏ ਇਕ ਦੁਹਾਈਆ । ਗਹਿਰ ਗੰਭੀਰ ਬੇਨਜ਼ੀਰ ਆਪਣੀ ਗ਼ਫ਼ਲਤ ਵਿਚੋਂ ਉਠ, ਪਰਦਾ ਆਪਣਾ ਦੇ ਚੁਕਾਈਆ । ਗ਼ਰੀਬ ਨਿਮਾਣਿਆਂ ਆ ਕੇ ਪੁੱਛ, ਪਿਛਲਾ ਲੇਖਾ ਤੇਰੀ ਝੋਲੀ ਪਾਈਆ । ਜੇ ਤੇਰੇ ਕੋਲ ਨਹੀਂ ਕੁਛ, ਸਾਨੂੰ ਇਕੋ ਵਾਰ ਦੇ ਸਮਝਾਈਆ । ਰਸਨਾ ਬੋਲ ਕਹਿ ਦੇ ਨਾਤਾ ਤੁਟਾ ਪਿਉ ਪੁਤ, ਪਿਤਾ ਪੂਤ ਗੰਢ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰਮੁਖ ਵੇਖ ਜਗਤ ਨਿਮਾਣੇ, ਲੱਭ ਲੱਭ ਥੱਕੇ ਧਰਤ ਸਬਾਈਆ । ਤੂੰ ਸੁੱਤਾ ਬਾਂਹ ਦੇ ਸਿਰਹਾਣੇ, ਅੱਖ ਪਲਕ ਨਾ ਕੋਇ ਖੁਲ੍ਹਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਵਿਹਾਣੇ, ਬੀਤੀ ਜਗਤ ਲੋਕਾਈਆ । ਲੱਖ ਚੁਰਾਸੀ ਭੌਂ ਭੌਂ ਰਸਨਾ ਜਿਹਵਾ ਖਾ ਕੇ ਖਾਣੇ, ਖਾ ਖਾ ਸ਼ੁਕਰ ਨਾ ਕੋਇ ਮਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੰਨਦੇ ਰਹੇ ਤੇਰੇ ਭਾਣੇ, ਭਾਣਾ ਤੇਰਾ ਸਿਰ ਟਿਕਾਈਆ । ਤੂੰ ਬਣਿਆ ਰਿਹੋਂ ਬੇਪਹਿਚਾਣੇ, ਪਹਿਚਾਣ ਵਿਚ ਕਿਸੇ ਨਾ ਆਈਆ । ਸੁਣੇ ਸੁਣਾਏ ਗਾਉਂਦੇ ਰਹੇ ਤੇਰੇ ਗਾਣੇ, ਤੇਰੇ ਮੁਖੋਂ ਸੁਣ ਕੇ ਬੋਲ ਖ਼ੁਸ਼ੀ ਨਾ ਕੋਇ ਮਨਾਈਆ । ਬਣਦੇ ਰਹੇ ਨਿਮਾਣ ਨਿਮਾਣੇ, ਨਿਤਾਣ ਨਿਤਾਣੇ ਰੂਪ ਵਟਾਈਆ । ਕਲਜੁਗ ਅੰਤਮ ਠੋਕਰਾਂ ਖਾ ਖਾ ਨਿੱਕੇ ਬਾਲੇ ਬਣੇ ਵੱਡੇ ਸਿਆਣੇ, ਸਮਝ ਤੇਰੇ ਵਿਚੋਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਮਿਲਣਾ ਸਹਿਜ ਸੁਭਾਈਆ । ਲੱਭ ਲੱਭ ਥੱਕੇ ਜੰਗਲ ਜੂਹ, ਪਹਾੜ ਟਿੱਲੇ ਪਰਬਤ ਫੇਰਾ ਪਾਈਆ । ਪੁੱਠੇ ਲਟਕੇ ਵਿਚ ਖੂਹ, ਖਲੜੀ ਤਨ ਤੇਰੇ ਭੇਟ ਚੜ੍ਹਾਈਆ । ਤੇਰੀ ਆਵਾਜ਼ ਨਾ ਨਿਕਲੀ ਇਕ ਹੂ, ਅੰਨਾ ਹੂ ਅੱਲਾ ਹੂ ਤੇਰੀ ਸਮਝ ਕਿਸੇ ਨਾ ਆਈਆ । ਬੇਪਰਵਾਹ ਹੁਣ ਤੂੰ ਆਇਉਂ ਸਾਡੀ ਜੂਹ, ਚਾਰੋਂ ਕੁੰਟ ਘੇਰਾ ਰਹੇ ਪਾਈਆ । ਜਿੰਨਾਂ ਚਿਰ ਨਾ ਕਹੇਂ ਮੈਂ ਤੁਹਾਡਾ ਰੂਹ, ਰੂਹ ਹੂ ਬਹੂ ਤੇਰਾ ਨਜ਼ਰੀ ਆਈਆ । ਜੇ ਸਾਨੂੰ ਸ਼ਹਾਦਤ ਦੇਵੇਂ ਮੇਰੇ ਦਰ ਤੇ ਖਲੋਤਾ ਧਰੂ, ਧਰੂ ਕੋਈ ਨਾ ਮਿਲੀ ਵਡਿਆਈਆ । ਤੇਰੇ ਚਰਨ ਨਹੀਂ ਤੱਕਣੇ ਨਾ ਤੱਕਣਾ ਮੂੰਹ, ਮੁਖ ਚਰਨ ਇਕੋ ਨਜ਼ਰੀ ਆਈਆ । ਜਿੰਨਾਂ ਚਿਰ ਅੰਦਰ ਵੜ ਕੇ ਸਾਡੇ ਨਾਲ ਨਾ ਜਾਵੇਂ ਛੂਹ, ਸ਼ਹਿਨਸ਼ਾਹ ਸਾਂਤ ਕੋਇ ਨਾ ਆਈਆ । ਅਸੀਂ ਤੇਰੀ ਕਿਸੇ ਕੋਲੋਂ ਨਹੀਂ ਸੁਣਨੀ ਸੂਹ, ਪਰਤੱਖ ਹੋ ਕੇ ਦਰਸ ਦੇਣਾ ਦਿਖਾਈਆ । ਬਾਲਕ ਬਣ ਬਣੇ ਮਮਨੂ, ਮੁਹੱਬਤ ਤੇਰੇ ਨਾਲ ਰਖਾਈਆ । ਤੇਰਾ ਆਫ਼ਤਾਬੇ ਨੂਰ ਸਦਾ ਤਲੂ, ਗ਼ਰੂਬ ਰੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਆਪਣਾ ਘਰ, ਜਿਸ ਘਰ ਬੈਠਾ ਡੇਰਾ ਲਾਈਆ । ਲੱਭ ਲੱਭ ਥੱਕੇ ਚਾਰ ਜੁਗ,

ਤੈਨੂੰ ਲੱਜਿਆ ਜ਼ਰਾ ਨਾ ਆਈਆ । ਰੋਟੀ ਕਾਠ ਖਾਣਾ ਚੁਗ, ਤ੍ਰਿਸਨਾ ਤ੍ਰਿਪਤ ਇਕ ਕਰਾਈਆ । ਲੋਕਮਾਤ ਫਿਰਦੇ ਰਹੇ ਲੁਕ ਲੁਕ, ਪੜਦਾ ਆਪਣੇ ਉਪਰ ਪਾਈਆ । ਕਲਜੁਗ ਅੰਤਮ ਪ੍ਰੇਮ ਪ੍ਰੀਤੀ ਅੰਦਰ ਗਏ ਉਠ, ਤੇਰਾ ਬਲ ਨਾਲ ਰਲਾਈਆ । ਲੁਕਿਆ ਰਹਿਣ ਨਹੀਂ ਦੇਣਾ ਅੰਦਰ ਕਾਇਆ ਗੁਠ, ਪੜਦਾ ਆਪਣਾ ਦੇ ਚੁਕਾਈਆ । ਵਿਛੜਿਆਂ ਕੋਲੋਂ ਵਿਛੋੜਾ ਪੁਛ, ਵਿਛੋੜੇ ਕੋਲੋਂ ਪੁਛ ਜੁਦਾਈਆ । ਸੱਸੇ ਉਤੇ ਹੋੜਾ ਪੁਛ, ਹੋਕਾ ਦੇਵੇ ਲੋਕਾਈਆ । ਹਾਹਾ ਕਹੇ ਮੈਂ ਗਿਆ ਹੁਸ, ਹਰਿ ਕਾ ਭੇਵ ਕੋਈ ਨਾ ਆਈਆ । ਪ੍ਰਭੂ ਹੰ ਤੇਰਾ ਮੁਢ, ਬ੍ਰਹਮ ਤੇਰੀ ਸ਼ਾਖ਼ ਚਲਾਈਆ । ਬਿਨ ਹੰ ਬ੍ਰਹਮ ਤੂੰ ਰਹੇਂ ਟੁੰਡ, ਤੇਰੀ ਸ਼ਾਖ਼ ਪਤ ਡਾਲ੍ਹੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸੱਚਾ ਵਰ, ਜਿਸ ਘਰ ਵੱਜੇ ਸਦਾ ਵਧਾਈਆ । ਲੱਭ ਲੱਭ ਥੱਕੇ ਆਈ ਥਕਾਵਟ, ਸੰਸਾ ਦੂਰ ਨਾ ਕੋਇ ਕਰਾਈਆ । ਨਿਰਗੁਣ ਤੇਰੀ ਸਰਗੁਣ ਵੇਖ ਬਨਾਵਟ, ਪੰਜ ਤਤ ਨੇਤਰ ਨੈਣ ਤਕਾਈਆ । ਜਗਤ ਪਿਆਰ ਸਾਰੇ ਦੇਂਦੇ ਦਾਅਵਤ, ਪਰੌਹਣਾਚਾਰੀ ਜਗਤ ਲੋਕਾਈਆ । ਘਰ ਕਦੀ ਕਿਸੇ ਨਾ ਸੱਦਿਆ ਸਹੀ ਸਲਾਮਤ, ਸਾਹਿਬ ਸਤਿਗੁਰ ਬੇਪਰਵਾਹੀਆ । ਕਲਜੁਗ ਅੰਤ ਗ਼ਰੀਬ ਨਿਮਾਣਿਆਂ ਨੂੰ ਇਕੋ ਲਾਈ ਅਲਾਮਤ, ਅਵੱਲੜੀ ਰੀਤ ਦਿਤੀ ਸਮਝਾਈਆ । ਜਿੰਨਾਂ ਚਿਰ ਬਾਂਹੋਂ ਫੜ ਏਥੇ ਓਥੇ ਨਾ ਦਏਂ ਜ਼ਮਾਨਤ, ਸਿਰ ਹੱਥ ਰੱਖ ਨਾ ਹੋਏਂ ਸਹਾਈਆ । ਅਸੀਂ ਤੇਰੀ ਝੋਲੀ ਪਾਈ ਤੇਰੀ ਅਮਾਨਤ, ਅਮਾਨਤ ਵਿਚ ਕਰੇਂ ਖਿਆਨਤ ਤੇਰੀ ਹੋਵੇ ਨਾ ਕੋਇ ਵਡਿਆਈਆ । ਮੂਰਖ ਮੂੜ੍ਹ ਮੁਗਧ ਨਾ ਵੇਖ ਅਗਿਆਨਤ, ਗਿਆਨ ਤੇਰਾ ਚਰਨ ਮਿਲੇ ਸਰਨਾਈਆ । ਬੇਸ਼ਕ ਨਿਰਗੁਣ ਨਿਰਵੈਰ ਤੂੰ ਬੇਪਹਿਚਾਨਤ, ਪਹਿਚਾਨ ਆਪਣੀ ਜਨ ਭਗਤਾਂ ਆਪ ਦਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਖਾਉਣਾ ਸਚ ਘਰ, ਜਿਸ ਘਰ ਬਹਿ ਕੇ ਤੇਰਾ ਦਰਸ਼ਨ ਪਾਈਆ । ਲੱਭ ਲੱਭ ਥੱਕੇ ਤੈਨੂੰ ਭਾਲ, ਭਾਲਿਆਂ ਹੱਥ ਕਿਸੇ ਨਾ ਆਈਆ । ਰਾਜੇ ਰਾਣੇ ਕਰ ਕੰਗਾਲ, ਦਰ ਦਰਵੇਸ਼ ਦਰ ਦਰ ਧੱਕੇ ਖਾਈਆ । ਬਿਨ ਤੇਰੇ ਹੱਲ ਨਾ ਹੋਇਆ ਸਵਾਲ, ਸਵਾਲੀ ਬੈਠੇ ਡੇਰਾ ਲਾਈਆ । ਜੁਗ ਚੌਕੜੀ ਬੀਤੇ ਕਾਲ, ਕਾਲ ਨਗਾਰਾ ਸਭ ਦੇ ਸਿਰ ਤੇ ਗਿਆ ਵਜਾਈਆ । ਸਚ ਮਿਲੀ ਨਾ ਕਿਸੇ ਧਰਮਸਾਲ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਗੋਬਿੰਦ ਕਿਹਾ ਮੁਰੀਦਾਂ ਪੁਛੇ ਮੁਰਸ਼ਦ ਹਾਲ, ਵਡ ਦਾਤਾ ਵਡ ਵਡਿਆਈਆ । ਸੋ ਵੇਲਾ ਵਕਤ ਸੁਹੰਜਣਾ ਹੋਇਆ ਤੇਰੇ ਨਾਲ, ਸੋਭਾ ਰੁੱਤ ਤੇਰੀ ਸੁਹਾਈਆ । ਉਠ ਵੇਖ ਆਪਣੇ ਲਾਡਲੇ ਲਾਲ, ਲਾਲੀ ਮਸਤਕ ਰਹੇ ਚੜ੍ਹਾਈਆ । ਕੀ ਹੋਇਆ ਜੇ ਜਗਤ ਕੰਗਾਲ, ਕੰਗਾਲੀ ਗ਼ਰੀਬੀ ਤੇਰੀ ਵੱਡੀ ਵਡਿਆਈਆ । ਜੇ ਲੱਗੀ ਪ੍ਰੀਤੀ ਨਿਭੇ ਤੇਰੇ ਨਾਲ, ਦੋ ਜਹਾਨਾਂ ਦੀ ਸ਼ਹਿਨਸ਼ਾਹੀ ਸਾਡੇ ਕੰਮ ਕਿਸੇ ਨਾ ਆਈਆ । ਤੇਰਾ ਦਰ ਸੱਚੀ ਧਰਮਸਾਲ, ਧਰਮ ਦੁਆਰੇ ਖ਼ੁਸ਼ੀ ਵਖਾਈਆ । ਆ ਪ੍ਰਭ ਦੇ ਆਪਣਾ ਜਮਾਲ, ਨੂਰੀ ਦਰਸ ਇਕ ਦਰਸਾਈਆ । ਤਨ ਮਾਟੀ ਖ਼ਾਕੀ ਤੇਰੀ ਝੋਲੀ ਦਿਤਾ ਡਾਲ, ਤੇਰੀ ਜ਼ਾਤੀ ਤੇਰੀ ਜ਼ਾਤ ਵਿਚ ਛੁਪਾਈਆ । ਨਾ ਕੋਈ ਜਾਣੇ ਇਲਮ ਸਫ਼ਾਤੀ, ਨਾ ਕੋਈ ਭੇਵ ਚੁਕਾਏ ਨਬਾਤਾਤੀ, ਜੇ ਤੂੰ ਮਿਲ ਜਾਏਂ ਇਕ ਜਮਾਤੀ, ਅੱਖਰ ਪੜ੍ਹਨ ਕੋਈ ਨਾ ਜਾਈਆ । ਲਹਿਣਾ ਦੇਣਾ ਚੁੱਕੇ ਸੰਧਿਆ ਪਰਭਾਤੀ, ਵਾਹ ਵੱਡੇ ਸਾਹਿਬ ਨਿਕਿਆਂ ਮੰਨੇਂ ਆਖੀ, ਤੇਰੀ ਖੁਲ੍ਹ ਜਾਏ ਅੰਦਰੋਂ ਤਾਕੀ, ਸਾਕੀ ਇਕੋ ਨਜ਼ਰੀ ਆਈਆ । ਲਹਿਣਾ ਕੋਈ ਨਾ ਰਹੇ ਬਾਕੀ, ਤੂੰ ਹੀ ਪਿਤਾ ਤੂੰ ਬਣੇਂ ਮਾਤੀ, ਮਿਟੇ ਰੈਣ ਜਗਤ ਅੰਧੇਰੀ ਰਾਤੀ, ਚੰਦ ਚਾਂਦਨੀ ਇਕ ਚਮਕਾਈਆ । ਜਨ ਭਗਤਾਂ ਦੀ ਇਹੋ ਖ਼ਾਹਸ਼ੀ,

ਮਿਲੇ ਮੇਲ ਪੁਰਖ ਅਬਿਨਾਸ਼ੀ, ਕਾਇਆ ਮੰਡਲ ਪਵੇ ਰਾਸੀ, ਜੁਗ ਜਨਮ ਦੀ ਮਿਟੇ ਉਦਾਸੀ, ਸਾਚਾ ਸਾਥੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਦੀ ਅਗੰਮੀ ਦਾਤੀ, ਦਾਤਾ ਦਇਆਵਾਨ ਹੋ ਮਿਹਰਵਾਨ ਮੁਹੱਬਤ ਆਪਣੇ ਨਾਲ ਰਖਾਈਆ ।

ਨਾ ਬਦਲ ਨਾ ਉਹ ਬਦਲੀ, ਬਦਲਾ ਦੇਵਣ ਆਪ ਪ੍ਰਭ ਆਈਆ । ਦੋ ਜਹਾਨਾਂ ਬਣ ਕੇ ਅਦਲੀ, ਅਦਾਲਤ ਇਕ ਸਮਝਾਈਆ । ਜਿਥੇ ਕਤਲਗਾਹ ਨਾ ਕੋਈ ਕਤਲੀ, ਮਕਤੂਲ ਰੂਪ ਨਾ ਕੋਇ ਵਖਾਈਆ । ਉਹ ਧਾਰ ਅਗੰਮੀ ਪਤਲੀ, ਪਟੜੀਦਾਰ ਭੇਵ ਵਖਾਈਆ । ਭੈ ਭਿਆਨਕ ਜਣਾਏ ਖ਼ਤਰੀ, ਖ਼ਤਰਾ ਮੇਟੇ ਜਗਤ ਲੋਕਾਈਆ । ਸਚ ਦੁਆਰਿਉਂ ਆਪੇ ਉਤਰੀ, ਪੱਛਮ ਦਿਸ਼ਾ ਫੇਰੀ ਪਾਈਆ । ਗੁਰਮੁਖ ਟਪਕਾ ਕੇ ਕਾਇਆ ਬਦਲੀ, ਕਾਇਆ ਕਾਇਆ ਵਿਚੋਂ ਵਖਾਈਆ । ਨੂਰ ਨੁਰਾਨੀ ਧਾਰ ਸ਼ਕਤੀ, ਸ਼ਕਲ ਅਗੰਮ ਜਣਾਈਆ । ਜੁਗ ਜਨਮ ਦੀ ਜਿਨ੍ਹਾਂ ਲੇਖੇ ਲੱਗੀ ਭਗਤੀ, ਤਿਨ੍ਹਾਂ ਭਗੌਤੀ ਸੇਵ ਕਮਾਈਆ । ਇਹ ਖੇਲ ਕਰੇ ਪ੍ਰਭ ਅਰਸ਼ੀ, ਅਰਸ਼ੀ ਪ੍ਰੀਤਮ ਹੱਥ ਵਡਿਆਈਆ । ਜੋਤੀ ਨੂਰ ਕਰਾਏ ਦਰਸੀ, ਅਗੰਮ ਧਾਰ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰਮੁਖ ਰਹੇ ਅਡੋਲ, ਪਟੜਾ ਪਟੜੀ ਗੇੜ ਭਵਾਈਆ । ਨਾਵੇਂ ਜਨਮ ਠੱਗ ਚੋਰ, ਚੋਰੀ ਪਿਛੇ ਗਿਆ ਡੋਲ, ਧੀਰਜ ਧੀਰ ਧੀਰ ਨਾ ਕੋਇ ਧਰਾਈਆ । ਏਸੇ ਕਾਰਨ ਸਤਿਗੁਰ ਪਰਗਟ ਹੋਇਆ ਕੋਲ, ਆਪ ਆਪਣਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਧੁਰ ਦਾ ਲੇਖਾ ਰਿਹਾ ਜਣਾਈਆ । ਪਰਗਟ ਹੋ ਕੇ ਆਏ ਨੇੜੇ, ਨਜ਼ਰੀਂ ਰੂਪ ਵਖਾਈਆ । ਅੰਦਰ ਵੜਕੇ ਬੰਨ੍ਹੇ ਬੇੜੇ, ਬਾਹਰੋਂ ਖੇੜੇ ਰਿਹਾ ਢਾਹੀਆ । ਜਿਨ੍ਹਾਂ ਕਿਹਾ ਪ੍ਰਭ ਤੇਰੇ ਤੇਰੇ, ਤੇਰਾ ਮੇਰਾ ਭੌ ਚੁਕਾਈਆ । ਸਿੰਘ ਤਾਰਾ ਬਣਿਆ ਫੇਰ ਸ਼ੇਰੇ, ਜਿਸ ਵੇਲੇ ਸ਼ੇਰ ਸਤਿਗੁਰ ਨਜ਼ਰੀ ਆਈਆ । ਔਖੇ ਘਾਟ ਆਪੇ ਬੌਹੜੇ, ਬੌਹੜੀ ਸੁਣੇ ਦੁਹਾਈਆ । ਫੜ ਚੜ੍ਹਾਏ ਆਪਣੇ ਪੌੜੇ, ਪੌੜਾ ਡੰਡਾ ਇਕ ਲਗਾਈਆ । ਗੁਰਮੁਖ ਗੁਰਸਿਖ ਹਰਿਜਨ ਭਗਤ ਵੈਂਹਦੀ ਧਾਰ ਕਦੇ ਨਾ ਰੋੜ੍ਹੇ, ਡੁੱਬਦੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰਮੁਖ ਪਿਆਰ ਸਤਿਗੁਰ ਸ਼ਿੰਗਾਰ, ਅਠਾਰਾਂ ਭਾਰ ਬਨਾਸਪਤ ਸੇਵ ਲਗਾਈਆ । ਹੁਕਮੇ ਅੰਦਰ ਕਰ ਤਿਆਰ, ਤਿਆਰੀ ਇਕੋ ਰੂਪ ਸਮਝਾਈਆ । ਸਤਿਗੁਰ ਉਤੋਂ ਆਪਾ ਵਾਰ, ਆਪਣੀ ਵਸਤ ਜਾਣ ਪਰਾਈਆ । ਸਾਹਿਬ ਸਤਿਗੁਰ ਆਪਣੀ ਭੇਟਾ ਲਏ ਚਾੜ੍ਹ, ਘਰ ਦੇਵੇ ਮਾਣ ਵਡਿਆਈਆ । ਸ਼ਬਦ ਸ਼ਹੀਦ ਸ਼ਹਾਦਤ ਇਕੋ ਵਾਰ, ਦੂਜੀ ਧਾਰ ਤਲਵਾਰ ਨਾ ਕੋਇ ਉਠਾਈਆ । ਅਜ਼ਮੇਰ ਸ਼ਹਿਰ ਨਹੀਂ ਉਹ ਅੱਜ ਦੀ ਮਿਹਰ, ਜਿਸ ਮਿਹਰ ਵਿਚ ਗੁਰਮੁਖ ਨਗਰੀ ਸੋਭਾ ਪਾਈਆ । ਥੋੜ੍ਹਾ ਜਿਹਾ ਹੇਰ ਫੇਰ, ਸ਼ਬਦ ਵਿਚੋਂ ਸ਼ਬਦ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਸਤਿਗੁਰ ਬਿਨ ਗੁਰਮੁਖ ਪਿਆਰ ਦੂਜਾ ਸ਼ਿੰਗਾਰ ਆਦਿ ਜੁਗਾਦਿ ਨਾ ਕਿਸੇ ਕਰਾਈਆ ।

## ✪ ੫ ਕੱਤਕ ੨੦੨੦ ਬਿਕ੍ਰਮੀ ਗਿਆਨ ਸਿੰਘ ਦੇ ਗ੍ਰਿਹਿ ਸੁਰਖ਼ਪੁਰ ✪

ਸਚਖੰਡ ਨਿਵਾਸੀ ਧੁਰ ਫ਼ਰਮਾਣ, ਦੋ ਜਹਾਨ ਖ਼ੁਸ਼ੀ ਮਨਾਇੰਦਾ । ਪਰਗਟ ਹੋਵੇ ਸ਼ਬਦ ਗੁਰੂ ਬਲਵਾਨ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਇੰਦਾ । ਨਿਰਗੁਣ ਨੂਰ ਜੋਤੀ ਜੋਤ ਜਗੇ ਮਹਾਨ, ਆਕਾਸ਼ ਪਰਕਾਸ਼ ਸੋਭਾ ਪਾਇੰਦਾ । ਸਚਖੰਡ ਦੁਆਰ ਸੁਹਾਏ ਸਚ ਮਕਾਨ, ਮਹੱਲ ਅਟੱਲ ਡੇਰਾ ਲਾਇੰਦਾ । ਧੁਰ ਦਾ ਦੇਵੇ ਇਕ ਗਿਆਨ, ਪੁਰੀ ਲੋਅ ਬ੍ਰਹਿਮੰਡ ਖੰਡ ਆਪ ਪੜ੍ਹਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰਨ ਧਿਆਨ, ਨੇਤਰ ਲੋਚਣ ਨੈਣ ਸਰਬ ਖੁਲ੍ਹਾਇੰਦਾ । ਤ੍ਰੈ ਪੰਜ ਦਰ ਤੇ ਮੰਗੇ ਦਾਨ, ਸਚ ਭਿਖਾਰੀ ਰੂਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਨਿਉਂ ਨਿਉਂ ਕਰਨ ਸਲਾਮ, ਸਜਦਾ ਸੀਸ ਝੁਕਾਇੰਦਾ । ਪਰਵਰਦਿਗਾਰ ਤੇਰਾ ਇਲਾਹੀ ਪੈਗ਼ਾਮ, ਪੈਗ਼ਾਮ ਇਕੋ ਸੋਭਾ ਪਾਇੰਦਾ । ਨਿਰਗੁਣ ਸਰਗੁਣ ਹੋ ਪਰਧਾਨ, ਸਾਚੀ ਭਿਛਿਆ ਇਕ ਵਰਤਾਇੰਦਾ । ਜੁਗ ਚੌਕੜੀ ਖੇਲ ਮਹਾਨ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਕਰਾਇੰਦਾ । ਲੱਖ ਚੁਰਾਸੀ ਆਤਮ ਪਰਮਾਤਮ ਖੋਲ੍ਹ ਮਕਾਨ, ਪਾਰਬ੍ਰਹਮ ਬ੍ਰਹਮ ਆਪਣਾ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਧੁਰ ਸੰਦੇਸਾ ਇਕ ਪਰਗਟਾਇੰਦਾ । ਧੁਰ ਸੰਦੇਸਾ ਹਰਿ ਨਿਰੰਕਾਰ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਹਰਿ ਪੁਰਖ ਨਿਰੰਜਣ ਖੇਲ ਕਰੇ ਕਰਤਾਰ, ਕੁਦਰਤ ਕਾਦਰ ਵੇਖ ਵਖਾਈਆ । ਏਕੰਕਾਰਾ ਜੋਧਾ ਸੂਰਬੀਰ ਬਲਕਾਰ, ਬਲਧਾਰੀ ਵੇਸ ਵਟਾਈਆ । ਆਦਿ ਨਿਰੰਜਣ ਨੂਰ ਉਜਿਆਰ, ਜੋਤੀ ਜੋਤ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਠਾਂਡਾ ਦਰਬਾਰ, ਦਰਗਹਿ ਸਾਚੀ ਇਕ ਸੁਹਾਈਆ । ਸ੍ਰੀ ਭਗਵਾਨ ਸਚ ਨਿਸ਼ਾਨ ਦਏ ਹੁਲਾਰ, ਧਰਮ ਨਿਸ਼ਾਨ ਇਕ ਉਠਾਈਆ । ਪਾਰਬ੍ਰਹਮ ਪ੍ਰਭ ਵੇਖੇ ਖੋਲ੍ਹ ਕਿਵਾੜ, ਲੱਖ ਚੁਰਾਸੀ ਅੰਤਰ ਆਤਮ ਤਾਕੀ ਲਾਹੀਆ । ਪਾਏ ਸਾਰ ਬਹੱਤਰ ਨਾੜ, ਪੰਜ ਤਤ ਪੜਦਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਧੁਰ ਸੰਦੇਸਾ ਕਲਜੁਗ ਅੰਤ, ਸੋ ਸਤਿਗੁਰ ਆਪ ਜਣਾਈਆ । ਖੇਲੇ ਖੇਲ ਸ੍ਰੀ ਭਗਵੰਤ, ਪਾਰਬ੍ਰਹਮ ਵੱਡੀ ਵਡਿਆਈਆ । ਲੇਖਾ ਜਾਣੇ ਆਦਿ ਅੰਤ, ਜੁਗ ਕਰਤਾ ਭੇਵ ਚੁਕਾਈਆ । ਪਕੜ ਉਠਾਏ ਸਾਚੇ ਸੰਤ, ਹਰਿਜਨ ਮੇਲੇ ਸਹਿਜ ਸੁਭਾਈਆ । ਨਾਮ ਜਣਾਏ ਮਣੀਆ ਮੰਤ, ਮਨ ਕਾ ਮਣਕਾ ਆਪ ਭਵਾਈਆ । ਨਾਤਾ ਜੁੜਾਏ ਨਾਰ ਕੰਤ, ਆਤਮ ਪਰਮਾਤਮ ਸੋਭਾ ਪਾਈਆ । ਚੋਲੀ ਚਾੜ੍ਹੇ ਰੰਗ ਬਸੰਤ, ਕਾਇਆ ਉਤਰ ਕਦੇ ਨਾ ਜਾਈਆ । ਮਹਿਮਾ ਜਣਾਏ ਆਪ ਅਗਣਤ, ਲੇਖਾ ਲਿਖਤ ਵਿਚ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸਮਝਾਈਆ । ਧੁਰ ਫ਼ਰਮਾਨਾ ਦੇਵੇ ਆਪ, ਪ੍ਰਭ ਆਪਣੇ ਹੱਥ ਰੱਖੇ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਕਰਦੇ ਗਏ ਜਾਪ, ਸੋ ਪੁਰਖ ਨਿਰੰਜਣ ਹੁਕਮ ਵਰਤਾਈਆ । ਆਦਿ ਜੁਗਾਦਿ ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਤਮ ਪਰਮਾਤਮ ਸੱਚਾ ਪਾਠ, ਪੂਜਾ ਇਸ਼ਟ ਦੇਵ ਗੁਰ ਸੁਆਮੀ ਇਕੋ ਇਕ ਸਮਝਾਈਆ । ਕਾਇਆ ਤਤ ਸਰੋਵਰ ਇਕੋ ਤੀਰਥ ਤਾਟ, ਘਾਟ ਕਿਨਾਰਾ ਦਏ ਜਣਾਈਆ । ਮਹੱਲ ਅਟੱਲ ਨਿਰਮਲ ਨੂਰ ਜੋਤ ਪਰਕਾਸ਼, ਦੀਵਾ ਬਾਤੀ ਕਮਲਾਪਾਤੀ ਇਕ ਟਿਕਾਈਆ । ਸਦਾ ਸੁਹੇਲਾ ਇਕ ਇਕੇਲਾ ਹਰਿ ਨਿਰੰਕਾਰ ਵਸੇ ਸਾਥ, ਨਿਤ ਨਵਿਤ ਆਪਣਾ ਸੰਗ ਨਿਭਾਈਆ । ਕਲਜੁਗ ਅੰਤ ਮੇਟੇ ਅੰਧੇਰੀ ਰਾਤ, ਪਤਿਪਰਮੇਸ਼ਵਰ ਆਪਣਾ ਫੇਰਾ ਪਾਈਆ । ਦੇਵੇ ਸਹਾਰਾ ਅਨਾਥਾਂ ਨਾਥ, ਦੀਨ ਦਿਆਲ ਦੀਨਨ ਆਪਣੇ ਗਲੇ ਲਗਾਈਆ । ਨੌ

ਖੰਡ ਪ੍ਰਿਥਮੀ ਸੱਤ ਦੀਪ ਨਿਰਗੁਣ ਸਰਗੁਣ ਚਲਾਏ ਰਾਥ, ਬਣ ਰਥਵਾਹੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸਾ ਇਕ ਦ੍ਰਿੜਾਈਆ । ਸਚ ਸੰਦੇਸਾ ਏਕੰਕਾਰ, ਇਕ ਇਕੱਲਾ ਆਪ ਜਣਾਇੰਦਾ । ਕਲਜੁਗ ਅੰਤ ਕਰੇ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਅੱਖ ਲਓ ਉਘਾੜ, ਲੋਚਣ ਸਭ ਦੇ ਆਪ ਖੁਲ੍ਹਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਚਾਰ ਕੁੰਟ ਦਹਿ ਦਿਸ਼ਾ ਕਰੋ ਵਿਚਾਰ, ਸ੍ਰਿਸ਼ਟ ਸਬਾਈ ਸਾਚਾ ਹਰਿ ਰੂਪ ਨਜ਼ਰ ਕੋਇ ਨਾ ਆਇੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਗਈ ਹਾਰ, ਹਰਿ ਕਾ ਰੂਪ ਨੇਤਰ ਨੈਣ ਦਰਸ ਕੋਇ ਨਾ ਪਾਇੰਦਾ । ਚਾਰੇ ਬਾਣੀ ਚਾਰੇ ਖਾਣੀ ਕਰ ਕਰ ਥੱਕੀ ਗਿਆਨ, ਆਤਮ ਪਰਮਾਤਮ ਮੇਲ ਨਾ ਕੋਇ ਮਿਲਾਇੰਦਾ । ਅਠਸਠ ਤੀਰਥ ਜੀਵ ਜੰਤ ਕਰ ਕਰ ਥੱਕੇ ਅਸ਼ਨਾਨ, ਦੁਰਮਤ ਮੈਲ ਨਾ ਕੋਇ ਧਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸਾ ਨਰ ਨਰੇਸ਼ਾ ਏਕੰਕਾਰ ਇਕ ਦ੍ਰਿੜਾਇੰਦਾ । ਧੁਰ ਫ਼ਰਮਾਨਾ ਸੁਣੋ ਮੀਤ, ਜੁਗ ਚੌਕੜੀ ਰਿਹਾ ਜਣਾਈਆ । ਆਦਿ ਪੁਰਖ ਦੀ ਅਗੰਮੀ ਰੀਤ, ਕੋਈ ਸਮਝ ਸਕੇ ਨਾ ਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਕੇ ਗਏ ਠੀਕ, ਸ਼ਬਦ ਨਿਸ਼ਾਨਾ ਇਕ ਜਣਾਈਆ । ਸਦੀ ਚੌਧਵੀਂ ਜਾਏ ਬੀਤ, ਚੌਦਾਂ ਤਬਕ ਦੇਣ ਦੁਹਾਈਆ । ਚੌਦਾਂ ਲੋਕ ਨਾ ਰਹਿਣ ਅਤੀਤ, ਸਤਿ ਸਰੂਪ ਨਾ ਕੋਇ ਸਮਾਈਆ । ਕਰੇ ਖੇਲ ਪ੍ਰਭੂ ਅਨਡੀਠ, ਹਰਿ ਕਰਤਾ ਵਡ ਵਡਿਆਈਆ । ਲੱਖ ਚੁਰਾਸੀ ਵੇਖੇ ਕੌੜਾ ਰੀਠ, ਘਟ ਘਟ ਅੰਦਰ ਫੋਲ ਫੋਲਾਈਆ । ਫਿਰੇ ਦਰੋਹੀ ਮੰਦਰ ਮਸੀਤ, ਸ਼ਿਵਦਵਾਲੇ ਮੱਠ ਗੁਰੂਦੁਆਰ ਦੇਣ ਦੁਹਾਈਆ । ਸਾਚੀ ਸਿਦਕ ਸਬੂਰੀ ਰਹੇ ਨਾ ਕੋਈ ਨੀਤ, ਨੀਤੀਵਾਨ ਸਾਚਾ ਮਾਰਗ ਕੋਇ ਨਾ ਲਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਮਨ ਸਭ ਦਾ ਕਰੇ ਪਲੀਤ, ਅੰਤਰ ਆਤਮ ਬੂਝ ਨਾ ਕੋਇ ਬੁਝਾਈਆ । ਝਗੜਾ ਪਏ ਊਚ ਨੀਚ, ਜ਼ਾਤ ਪਾਤ ਕਰੇ ਲੜਾਈਆ । ਚਾਰ ਵਰਨ ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸਚ ਕਰਾਏ ਨਾ ਕੋਇ ਪ੍ਰੀਤ, ਨਾਤਾ ਇਕ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਇਕ ਸਮਝਾਈਆ । ਧੁਰ ਫ਼ਰਮਾਨਾ ਦੱਸੇ ਬੀਸ ਬੀਸ, ਸਦੀ ਬੀਸਵੀਂ ਭੇਵ ਚੁਕਾਈਆ । ਸਾਚਾ ਕਲਮਾ ਨਜ਼ਰ ਨਾ ਆਏ ਕੋਈ ਹਦੀਸ, ਹਜ਼ਰਤ ਕਰੇ ਨਾ ਕੋਇ ਪੜ੍ਹਾਈਆ । ਚਾਰ ਕੁੰਟ ਦਹਿ ਦਿਸ਼ਾ ਪਰਖਣਹਾਰਾ ਸਭ ਦੀ ਨੀਤ, ਗ੍ਰਹਿ ਮੰਦਰ ਖੋਜ ਖੋਜਾਈਆ । ਛਤਰ ਝੁੱਲੇ ਨਾ ਕਿਸੇ ਸੀਸ, ਰਾਜ ਰਾਜਾਨ ਸ਼ਾਹ ਸੁਲਤਾਨ ਬੈਠੇ ਢੇਰੀਆਂ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਸੰਦੇਸਾ ਇਕ ਸੁਣਾਈਆ । ਧੁਰ ਸੰਦੇਸਾ ਅੰਤਮ ਕਲ, ਹਰਿ ਕਰਤਾ ਆਪ ਜਣਾਇੰਦਾ । ਕਰੇ ਖੇਲ ਪ੍ਰਭ ਅਛਲ ਅਛੱਲ, ਵਲ ਛਲ ਧਾਰੀ ਖੇਲ ਖਲਾਇੰਦਾ । ਜੋਤੀ ਸ਼ਬਦੀ ਆਪੇ ਰਲ, ਨਿਰਗੁਣ ਨਿਰਗੁਣ ਆਪਣੀ ਕਾਰ ਕਮਾਇੰਦਾ । ਸਚ ਸਿੰਘਾਸਣ ਬਹੇ ਮੱਲ, ਸੰਬਲ ਆਪਣਾ ਡੇਰਾ ਲਾਇੰਦਾ । ਪਾਵੇ ਸਾਰ ਜਲ ਥਲ, ਉਚੇ ਟਿੱਲੇ ਪਰਬਤ ਖੋਜ ਖੋਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਭੇਵ ਚੁਕਾਇੰਦਾ । ਕਲਜੁਗ ਅੰਤਮ ਧੁਰ ਸੰਦੇਸਾ, ਸੋ ਪੁਰਖ ਨਿਰੰਜਣ ਆਪ ਜਣਾਈਆ । ਕੂੜੀ ਕਿਰਿਆ ਮੇਟੇ ਵੇਸਾ, ਕਲਕਾਤੀ ਰਹਿਣ ਨਾ ਪਾਈਆ । ਸਤਿ ਸਰੂਪ ਹੋਏ ਪਰਵੇਸ਼ਾ, ਧਰਨੀ ਧਰਤ ਧਵਲ ਮਿਲੇ

ਵਡਿਆਈਆ । ਚਾਰ ਵਰਨ ਇਕੋ ਇਕ ਸੰਦੇਸਾ, ਸਤਿ ਫ਼ਰਮਾਨਾ ਆਪ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਨੇਤਰ ਲੋਚਣ ਹਰਿ ਭਗਤਾਂ ਪੇਖਾ, ਨਿਜ ਘਰ ਬੈਠਾ ਡੇਰਾ ਲਾਈਆ । ਅਲਖ ਅਗੋਚਰ ਅਗੰਮ ਅਥਾਹ ਖੇਲੇ ਖੇਡਾ, ਬਣ ਖਿਲਾਰੀ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਮੰਨਦੇ ਗਏ ਆਪਣਾ ਨੇਤਾ, ਨਰ ਨਿਰੰਕਾਰ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਆਪਣਾ ਹੁਕਮ ਜਣਾਈਆ । ਕਲਜੁਗ ਹੁਕਮ ਦੇਵੇ ਠਾਕਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਲੱਖ ਚੁਰਾਸੀ ਵੇਖੇ ਡੂੰਘੇ ਸਾਗਰ, ਭਵਰੀ ਧਾਰ ਪਾਰ ਨਾ ਕੋਇ ਕਰਾਈਆ । ਸਾਚੇ ਦਰ ਮਿਲੇ ਨਾ ਕਿਸੇ ਆਦਰ, ਚਾਰ ਕੁੰਟ ਹੋਏ ਹਲਕਾਈਆ । ਸਚ ਪਰਕਾਸ਼ ਨਾ ਕਾਇਆ ਗਾਗਰ, ਸਾਢੇ ਤਿੰਨ ਹੱਥ ਅੰਧੇਰਾ ਛਾਈਆ । ਨਿਰਮਲ ਕਰਮ ਕਰੇ ਨਾ ਕੋਈ ਉਜਾਗਰ, ਦੁਰਮਤ ਮੈਲ ਨਾ ਕੋਇ ਧਵਾਈਆ । ਸੂਰਬੀਰ ਦਿਸੇ ਨਾ ਕੋਈ ਬਹਾਦਰ, ਜੋ ਹਰਿ ਮੰਦਰ ਚੜ੍ਹ ਕੇ ਹਰਿ ਜੂ ਦਰਸ਼ਨ ਪਾਈਆ । ਮਨ ਵਾਸਨਾ ਦਹਿ ਦਿਸ਼ਾ ਫਿਰਦੇ ਬਾਨਰ, ਬਿੰਦਰਾਬਨ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਵੇਖੇ ਖ਼ਲਕ ਖ਼ੁਦਾਈਆ । ਖ਼ਲਕ ਖ਼ੁਦਾਈ ਵੇਖੇ ਮਖ਼ਲੂਕ, ਪਰਵਰਦਿਗਾਰ ਬੇਪਰਵਾਹੀਆ । ਨਵ ਨੌ ਚਾਰ ਨਾ ਕੋਇ ਸਲੂਕ, ਵਰਨ ਬਰਨ ਪਈ ਲੜਾਈਆ । ਫਿਰੀ ਦਰੋਹੀ ਚਾਰੇ ਕੂਟ, ਚੌਦਾਂ ਤਬਕ ਰਹੇ ਕੁਰਲਾਈਆ । ਨਜ਼ਰ ਨਾ ਆਏ ਕੋਈ ਸੱਚਾ ਪੂਤ, ਪਿਤਾ ਗੋਦ ਨਾ ਕੋਇ ਸੁਹਾਈਆ । ਘਰ ਘਰ ਦਿਸੇ ਜੂਠ ਝੂਠ, ਕੂੜੀ ਕਿਰਿਆ ਡੇਰਾ ਲਾਈਆ । ਮਾਇਆ ਮਮਤਾ ਲੱਗੀ ਭੂਖ, ਤ੍ਰਿਸਨਾ ਰੋਗ ਰਿਹਾ ਸਤਾਈਆ । ਆਤਮ ਪਰਮਾਤਮ ਮਿਲ ਕੇ ਪਾਏ ਕੋਈ ਨਾ ਸੂਖ, ਸੁਖ ਆਤਮ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਘਟ ਵੇਖੇ ਥਾਉਂ ਥਾਈਂਆ । ਕਲਜੁਗ ਅੰਤਮ ਵੇਖਣ ਆਇਆ, ਪਾਰਬ੍ਰਹਮ ਵੱਡੀ ਵਡਿਆਈਆ । ਨੌ ਖੰਡ ਪ੍ਰਿਥਮੀ ਤ੍ਰੈਗੁਣ ਮਾਇਆ, ਪੰਜ ਤਤ ਅਗਨੀ ਰਹੀ ਜਲਾਈਆ । ਸਾਚਾ ਮੰਦਰ ਨਾ ਕੋਇ ਸੁਹਾਈਆ । ਗੀਤ ਗੋਬਿੰਦ ਨਾ ਕੋਇ ਅਲਾਈਆ । ਸਾਚੇ ਮੰਦਰ ਚੜ੍ਹ ਕੇ ਦਰਸ ਕਿਸੇ ਨਾ ਪਾਇਆ, ਰਸਨਾ ਜਿਹਵਾ ਬੱਤੀ ਦੰਦ ਢੋਲੇ ਰਹੇ ਗਾਈਆ । ਪਰਮਾਨੰਦ ਨਾ ਕੋਇ ਸਮਾਇਆ, ਨਿਜਾਨੰਦ ਰਸ ਨਾ ਕੋਇ ਚੁਆਈਆ । ਭਾਂਡਾ ਭਰਮ ਨਾ ਕੋਇ ਭੰਨਾਇਆ, ਦੂਈ ਦਵੈਤੀ ਨਾ ਕਿਸੇ ਮਿਟਾਈਆ । ਧੁਨ ਆਤਮਕ ਰਾਗ ਕਿਸੇ ਨਾ ਗਾਇਆ, ਅਨਹਦ ਰਾਗ ਨਾ ਕੋਇ ਸੁਣਾਈਆ । ਆਤਮ ਜੋਤ ਨਾ ਕਿਸੇ ਰੁਸ਼ਨਾਇਆ, ਦੀਵਾ ਬਾਤੀ ਨਜ਼ਰ ਕੋਇ ਨਾ ਆਈਆ । ਕਮਲਾਪਾਤੀ ਸੇਜ ਨਾ ਕੋਇ ਹੰਡਾਇਆ, ਲੱਖ ਚੁਰਾਸੀ ਨੇਤਰ ਰੋਵੇ ਮਾਰੇ ਧਾਹੀਂਆ । ਪੁਰਖ ਅਬਿਨਾਸ਼ੀ ਘਰ ਦਰਸ ਕਿਸੇ ਨਾ ਪਾਇਆ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਜਗਤ ਵਾਸਨਾ ਜਗਤ ਹਲਕਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰ ਘਟ ਆਪਣਾ ਫੇਰਾ ਪਾਈਆ । ਹਰ ਘਟ ਵੇਖੇ ਹਰਿ ਗੋਪਾਲ, ਬੇਪਰਵਾਹ ਖੇਲ ਖਿਲਾਇੰਦਾ । ਲੱਖ ਚੁਰਾਸੀ ਵਿਚੋਂ ਗੁਰਮੁਖ ਮਿਲੇ ਲਾਲ, ਜਿਸ ਜਨ ਆਪਣਾ ਭੇਵ ਚੁਕਾਇੰਦਾ । ਚਾਰੇ ਖਾਣੀ ਵਿਚੋਂ ਭਾਲ, ਸਾਚੇ ਹਾਣੀ ਸ਼ਬਦ ਮੇਲ ਮਿਲਾਇੰਦਾ । ਸਤਿ ਸਰੂਪੀ ਬਣ ਦਲਾਲ, ਦੋ ਜਹਾਨਾਂ ਵਣਜ ਕਰਾਇੰਦਾ । ਹਕੀਕਤ ਜਾਣ ਹੱਕ ਹਲਾਲ, ਲਾਸ਼ਰੀਕ ਖੋਜ ਖੋਜਾਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲ, ਧਰਮ ਦੁਆਰਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਅੰਤ ਸ੍ਰੀ ਭਗਵੰਤ ਧੁਰ ਫ਼ਰਮਾਣਾ ਸਾਚਾ ਰਾਣਾ ਏਕੰਕਾਰਾ ਆਪ ਜਣਾਇੰਦਾ । ਕਲਜੁਗ ਅੰਤ ਸ੍ਰੀ ਭਗਵਾਨ, ਦੋ ਜਹਾਨ ਸ਼ਬਦ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਦਏ ਗਿਆਨ, ਸੁਰਪਤ ਇੰਦ ਕਰੋੜ ਤੇਤੀਸ ਕਰੇ ਪੜ੍ਹਾਈਆ । ਗੁਰ ਅਵਤਾਰ ਕਰੇ ਧਿਆਨ, ਵਡ ਧਿਆਨੀ ਧਿਆਨ ਵਖਾਈਆ । ਪੀਰ ਪੈਗ਼ੰਬਰ ਕਲਮਾ ਦੇ ਕਲਾਮ, ਸਚ ਪੈਗ਼ਾਮ ਇਕ ਸਮਝਾਈਆ । ਆਦਿ ਜੁਗਾਦਿ ਜ਼ਾਹਰ ਜ਼ਹੂਰ ਇਕ ਅਮਾਮ, ਪਰਵਰਦਿਗਾਰ ਨੂਰ ਇਲਾਹੀਆ । ਵਸਣਹਾਰਾ ਹੱਕ ਮੁਕਾਮ, ਮੁਕਾਮੇ ਹੱਕ ਡੇਰਾ ਲਾਈਆ । ਸਚਖੰਡ ਦੁਆਰ ਸਚ ਮਕਾਨ, ਸਤਿ ਸਤਿਵਾਦੀ ਸੋਭਾ ਪਾਈਆ । ਥਿਰ ਘਰ ਖੋਲ੍ਹ ਇਕ ਦੁਕਾਨ, ਘਰ ਘਰ ਵਿਚ ਦਏ ਵਡਿਆਈਆ । ਸ਼ਬਦੀ ਸੁੱਤ ਕਰ ਬਲਵਾਨ, ਸਚ ਦੁਆਰੇ ਦਏ ਟਿਕਾਈਆ । ਧੁਰ ਸੰਦੇਸਾ ਨੌਜਵਾਨ, ਸੋ ਪੁਰਖ ਨਿਰੰਜਣ ਆਪ ਸਮਝਾਈਆ । ਕਲਜੁਗ ਅੰਤ ਨੌ ਖੰਡ ਪ੍ਰਿਥਮੀ ਸੱਤ ਦੀਪ ਵੇਖ ਮਾਰ ਧਿਆਨ, ਉਤਰ ਪੂਰਬ ਪੱਛਮ ਦੱਖਣ ਫੇਰਾ ਪਾਈਆ । ਲੇਖਾ ਜਾਣ ਜ਼ਿਮੀਂ ਅਸਮਾਨ, ਬ੍ਰਹਿਮੰਡ ਖੰਡ ਜੇਰਜ ਅੰਡ ਉਤਭੁਜ ਸੇਤਜ ਆਪਣਾ ਹੁਕਮ ਵਰਤਾਈਆ । ਆਤਮ ਪਰਮਾਤਮ ਬਣ ਸਭ ਦਾ ਕਾਹਨ, ਗੋਪੀ ਇਕੋ ਨੂਰ ਨਜ਼ਰੀ ਆਈਆ । ਧਰਮ ਵਖਾ ਧੁਰ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਸਾਚਾ ਦੱਸ ਇਕ ਇਸਲਾਮ, ਮੰਤਰ ਸਚ ਇਕ ਪੜ੍ਹਾਈਆ । ਕੂੜੀ ਕਿਰਿਆ ਛੱਡ ਦਿਓ ਜਹਾਨ, ਮਾਇਆ ਮਮਤਾ ਹਉਮੇ ਹੰਗਤਾ ਕੰਮ ਕਿਸੇ ਨਾ ਆਈਆ । ਭੁੱਖਾ ਨੰਗਤਾ ਕਰੇ ਪਰਵਾਨ, ਗ਼ਰੀਬ ਨਿਮਾਣਿਆਂ ਮਿਲੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਈਆ । ਕਲਜੁਗ ਅੰਤਮ ਖੇਲ ਕਰਤਾਰ, ਕਰਤਾ ਪੁਰਖ ਆਪ ਕਰਾਇੰਦਾ । ਜੋਤੀ ਜਾਮਾ ਲੈ ਅਵਤਾਰ, ਕਲ ਕਲਕੀ ਫੇਰਾ ਪਾਇੰਦਾ । ਸੰਬਲ ਵਸੇ ਧਾਮ ਨਿਆਰ, ਭੇਵ ਅਭੇਦਾ ਸਮਝ ਕੋਇ ਨਾ ਆਇੰਦਾ । ਸ਼ਬਦ ਸੰਦੇਸਾ ਦੇਵੇ ਏਕਾ ਵਾਰ, ਨਰ ਨਰੇਸ਼ਾ ਹੁਕਮ ਵਰਤਾਇੰਦਾ । ਦੇਸ ਪਰਦੇਸਾਂ ਕਰੇ ਖ਼ਬਰਦਾਰ, ਆਲਸ ਨਿੰਦਰਾ ਸਰਬ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਖ ਵਖਾਇੰਦਾ । ਕਲਜੁਗ ਅੰਤਮ ਵੇਖੇ ਹਾਲ, ਜੀਵ ਜੰਤ ਰਹੇ ਕੁਰਲਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਡੰਕ ਵਜਾਈਆ । ਸਤਿਗੁਰ ਸ਼ਬਦ ਦਿਸੇ ਨਾ ਕਿਸੇ ਨਾਲ, ਕਾਇਆ ਮੰਦਰ ਖ਼ਾਲੀ ਦੇਣ ਦੁਹਾਈਆ । ਵੇਲੇ ਅੰਤ ਕਰੇ ਨਾ ਕੋਈ ਪ੍ਰਿਤਪਾਲ, ਸੀਸ ਹੱਥ ਨਾ ਕੋਇ ਟਿਕਾਈਆ । ਬਿਨ ਹਰਿ ਨਾਮੇ ਸਾਰੇ ਹੋਏ ਕੰਗਾਲ, ਖ਼ਾਲੀ ਝੋਲੀ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਰਿਹਾ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠੋ ਖੋਲ੍ਹੋ ਅੱਖ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਮਾਤਲੋਕ ਜੋ ਮਾਰਗ ਆਏ ਦੱਸ, ਜੁਗ ਚੌਕੜੀ ਰਾਹ ਜਣਾਇੰਦਾ । ਕਲਜੁਗ ਜੀਵ ਸਾਰੇ ਗਏ ਨੱਠ, ਰਹਿਬਰ ਨਜ਼ਰ ਕੋਇ ਨਾ ਆਇੰਦਾ । ਧੀਰਜ ਜਤ ਨਾ ਤੀਰਥ ਤਟ, ਅਠਸਠ ਨੇਤਰ ਨੈਣਾਂ ਨੀਰ ਵਹਾਇੰਦਾ । ਗੰਗਾ ਗੋਦਾਵਰੀ ਜਮਨਾ ਸੁਰਸਤੀ ਨੇਤਰ ਨੀਰ ਰੋਵੇ ਅੱਥ, ਸਾਂਤਕ ਸਤਿ ਨਾ ਕੋਇ ਵਰਤਾਇੰਦਾ । ਸਾਧਾਂ ਸੰਤਾਂ ਰਿਹਾ ਨਾ ਧੀਰਜ ਜਤ, ਸਤਿ ਸਰੂਪ ਨਾ ਕੋਇ ਸਮਾਇੰਦਾ । ਨਾੜ ਬਹੱਤਰ ਘਰ ਘਰ ਉਬਲੀ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਹਿਰਦੇ ਪ੍ਰਭੂ ਕਿਸੇ ਨਾ ਜਾਏ ਵਸ, ਵਸਲ ਹੱਕ ਨਾ ਕੋਇ ਕਰਾਇੰਦਾ । ਅੰਮ੍ਰਿਤ ਆਤਮ ਨਿਝਰ ਝਿਰਨਾ ਲਏ ਨਾ ਕੋਈ ਰਸ, ਮਧਰਾ ਰਸ ਸਰਬ ਪਾਨ ਕਰਾਇੰਦਾ । ਸ੍ਰੀ ਭਗਵਾਨ

ਨੌਜਵਾਨ ਮਿਹਰਵਾਨ ਸਭ ਦੇ ਨਾਲੋਂ ਹੋਇਆ ਵੱਖ, ਘਰ ਮੇਲਾ ਨਾ ਕੋਇ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰ ਪੀਰ ਪੈਗ਼ੰਬਰਾਂ ਕਲਜੁਗ ਅੰਤਮ ਖੇਲ ਆਪ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਮਾਰ ਧਿਆਨ, ਨਵ ਨੌ ਚਾਰ ਅੰਧੇਰਾ ਛਾਈਆ । ਸ੍ਰਿਸ਼ਟ ਸਬਾਈ ਭੁੱਲਾ ਧੁਰ ਗਿਆਨ, ਸਿਖਿਆ ਸਚ ਨਾ ਕੋਇ ਸਮਝਾਈਆ । ਚਾਰੋਂ ਕੁੰਟ ਕੂੜ ਪਰਧਾਨ, ਜੂਠ ਝੂਠ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਲੋਕਮਾਤ, ਇਕ ਦੂਜੇ ਵਲ ਨੈਣ ਉਠਾਈਆ । ਸ੍ਰਿਸ਼ਟ ਸਬਾਈ ਨੌ ਖੰਡ ਪ੍ਰਿਥਮੀ ਚਾਰ ਕੁੰਟ ਸਾਚੀ ਦਿਸੇ ਨਾ ਕੋਈ ਜਮਾਤ, ਪੱਟੀ ਨਾਮ ਨਾ ਕੋਇ ਪੜ੍ਹਾਈਆ । ਲੇਖਾ ਲਿਖ ਕੇ ਆਏ ਜੋ ਕਲਮ ਦਵਾਤ, ਕਾਗ਼ਜ਼ ਸ਼ਾਹੀ ਨਾਲ ਰਲਾਈਆ । ਮੂਰਖ ਮੁਗਧ ਅੰਵਾਣ ਧੁਰ ਦੀ ਸੁਣੇ ਨਾ ਕੋਈ ਬਾਤ, ਗੁਰ ਮੰਤਰ ਪ੍ਰਭ ਹਿਰਦੇ ਸ਼ਬਦ ਨਾ ਕੋਇ ਵਸਾਈਆ । ਮਨ ਵਾਸਨਾ ਨਾਰ ਹੋਈ ਕਮਜ਼ਾਤ, ਗੁਰਮਤ ਬੈਠੀ ਮੁਖ ਛੁਪਾਈਆ । ਕੂੜੀ ਕਿਰਿਆ ਡੂੰਘਾ ਭਰਿਆ ਖਾਤ, ਮੂਰਖ ਡਿਗਣ ਵਾਹੋ ਦਾਹੀਆ । ਆਤਮ ਪਰਮਾਤਮ ਦੇਵੇ ਨਾ ਕੋਈ ਸਾਥ, ਪਾਰਬ੍ਰਹਮ ਬ੍ਰਹਮ ਮੇਲ ਨਾ ਕੋਇ ਮਿਲਾਈਆ । ਸਾਚੇ ਪੱਤਣ ਪਾਰ ਉਤਰੇ ਨਾ ਕੋਈ ਘਾਟ, ਮਾਹੀ ਮਿਲੇ ਨਾ ਬੇਪਰਵਾਹੀਆ । ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਮਾਇਆ ਮਮਤਾ ਭੋਗ ਬਿਲਾਸ, ਘਰ ਸੁਹਾਗੀ ਕੰਤ ਨਾ ਕੋਇ ਹੰਡਾਈਆ । ਜਗਤ ਵਾਸਨਾ ਵੇਖਣ ਰਾਸ, ਸੁਰਤੀ ਸ਼ਬਦੀ ਗੋਪੀ ਕਾਹਨ ਨਾ ਕੋਇ ਨਚਾਈਆ । ਸਾਹਿਬ ਸੁਆਮੀ ਕਿਸੇ ਵਸੇ ਨਾ ਪਾਸ, ਘਰ ਮੀਤ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਹੋਏ ਉਦਾਸ, ਹੌਕਾ ਲੈ ਲੈ ਰਹੇ ਸੁਣਾਈਆ । ਤੇਰਾ ਖੇਲ ਪੁਰਖ ਅਬਿਨਾਸ਼, ਪਾਰਬ੍ਰਹਮ ਪ੍ਰਭ ਤੇਰੇ ਹੱਥ ਵਡਿਆਈਆ । ਹਉਂ ਬਾਲਕ ਨੱਢੇ ਤੇਰੇ ਦਾਸ, ਜੁਗ ਚੌਕੜੀ ਏਕਾ ਸੇਵ ਕਮਾਈਆ । ਤੇਰਾ ਸੰਦੇਸਾ ਦੇ ਕੇ ਆਏ ਖ਼ਾਸ, ਖ਼ਾਹਸ਼ ਆਪਣੀ ਨਾਲ ਮਿਲਾਈਆ । ਕਲਜੁਗ ਅੰਤਮ ਪਰਗਟ ਹੋਵੇ ਸ਼ਾਹੋ ਸ਼ਾਬਾਸ਼, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਹਰਿ ਜੂ ਤੇਰੇ ਦਰ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਗਏ ਝੁਕ, ਨਿਮਸਕਾਰ ਨਮੋ ਨਮੋ ਸਜਦਾ ਸੀਸ ਝੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਡਾ ਪੈਂਡਾ ਗਿਆ ਮੁਕ, ਕਲਜੁਗ ਅੰਤਮ ਵੇਲਾ ਆਈਆ । ਮਿਹਰਵਾਨ ਸ੍ਰੀ ਭਗਵਾਨ ਤੇਰਾ ਭਾਣਾ ਕਦੇ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਈਆ । ਦੋ ਜਹਾਨ ਤੇਰੀ ਰੱਖ ਕੇ ਬੈਠੇ ਓਟ, ਕਲਜੁਗ ਅੰਤ ਪੁਰਖ ਅਕਾਲ ਆਵੇ ਫੇਰਾ ਪਾਈਆ । ਕਰੇ ਪਰਕਾਸ਼ ਨਿਰਮਲ ਜੋਤ, ਜੋਤੀ ਜੋਤ ਨੂਰ ਰੁਸ਼ਨਾਈਆ । ਧਰਮ ਦੁਆਰੇ ਵਸੇ ਇਕੋ ਕੋਟ, ਦੇਵੇ ਬੰਕ ਸਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਤੇਰੇ ਦਰ ਪ੍ਰਭ ਅਲਖ, ਅਲਖ ਅਗੋਚਰ ਅਗੰਮ ਅਥਾਹੀਆ । ਨਿਝਰ ਧਾਰ ਪਰਗਟ ਹੋ ਪਰਤੱਖ, ਬੀਸ ਬੀਸਾ ਤੇਰਾ ਰਾਹ ਤਕਾਈਆ । ਨਿਰਗੁਣ ਰੂਪ ਪੁਰਖ ਸਮਰਥ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਜਨ ਭਗਤਾਂ ਦੇ ਆਪਣੀ ਵੱਥ, ਵਸਤ ਅਮੋਲਕ ਇਕ ਵਰਤਾਈਆ । ਕਲਜੁਗ ਅੰਤਮ ਮਾਰਗ ਦੱਸ, ਸਤਿਜੁਗ ਸਾਚਾ ਰਾਹ ਚਲਾਈਆ । ਕੂੜੀ ਕਿਰਿਆ ਦੇ ਮਥ, ਨਾਮ ਮਧਾਣਾ ਇਕੋ ਪਾਈਆ । ਸਚ ਦੁਆਰ ਖੋਲ੍ਹ ਹੱਟ, ਬਣ ਵਣਜਾਰਾ ਹੱਟ ਚਲਾਈਆ । ਚਾਰ

੯੪੫
੧੫

ਵਰਨਾਂ ਇਕੋ ਨਾਮ ਦੱਸ, ਦਹਿ ਦਿਸ਼ਾ ਕਰ ਪੜ੍ਹਾਈਆ । ਹਰ ਘਟ ਸੁਆਮੀ ਹਿਰਦੇ ਹਰ ਘਟ ਵਸ, ਹਰ ਘਟ ਆਪਣਾ ਡੇਰਾ ਲਾਈਆ । ਅੰਮ੍ਰਿਤ ਆਤਮ ਦੇ ਰਸ, ਨਿਝਰ ਝਿਰਨਾ ਇਕ ਝਿਰਾਈਆ । ਨਿਰਗੁਣ ਜੋਤ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਈਆ । ਕਾਇਆ ਮੰਦਰ ਅੰਦਰ ਕਰ ਵਾਸ, ਸੁਰਤੀ ਸ਼ਬਦੀ ਮੇਲ ਮਿਲਾਈਆ । ਆਤਮ ਸੇਜਾ ਕਰ ਭੋਗ ਬਲਾਸ, ਆਤਮ ਪਰਮਾਤਮ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬੈਠੇ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਣ ਦਾਨ, ਸਦੀ ਬੀਸਵੀਂ ਧਿਆਨ ਲਗਾਈਆ । ਚੌਦਾਂ ਤਬਕ ਹੋਏ ਹੈਰਾਨ, ਚੌਦਾਂ ਲੋਕ ਰਹੇ ਕੁਰਲਾਈਆ । ਚੌਦਾਂ ਵਿਦਿਆ ਮਿਲੇ ਨਾ ਕਿਸੇ ਭਗਵਾਨ, ਚੌਦਸ ਚੰਦ ਨਾ ਨੂਰ ਰੁਸ਼ਨਾਈਆ । ਇਕ ਚਾਰ ਦਾ ਸਮਝੇ ਨਾ ਕੋਈ ਗਿਆਨ, ਏਕੰਕਾਰ ਤੇਰਾ ਭੇਵ ਕੋਇ ਨਾ ਪਾਈਆ । ਚੌਥੇ ਬੱਧੇ ਨਾ ਕੋਈ ਆਣ, ਚਾਰੇ ਬਾਣੀ ਚਾਰ ਖਾਣੀ ਸੰਗ ਨਾ ਕੋਇ ਨਿਭਾਈਆ । ਦਾਤੇ ਜੋਧੇ ਸੂਰਬੀਰ ਨੌਜਵਾਨ, ਤਖ਼ਤ ਨਿਵਾਸੀ ਪੁਰਖ ਅਬਿਨਾਸ਼ੀ ਤੇਰੀ ਓਟ ਇਕ ਰਖਾਈਆ । ਮੰਡਲ ਰਾਸੀ ਤੇਰਾ ਖੇਲ ਮਹਾਨ, ਥਿਰ ਘਰ ਵਾਸੀ ਤੇਰੀ ਇਕ ਸਰਨਾਈਆ । ਪੁਰਖ ਅਬਿਨਾਸ਼ੀ ਤੇਰੀ ਆਣ, ਸਚਖੰਡ ਨਿਵਾਸੀ ਤੇਰੀ ਓਟ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਕਲਜੁਗ ਅੰਤਮ ਜੀਵ ਜੰਤ ਸਾਧ ਸੰਤ ਸਾਚੇ ਮਾਰਗ ਦੇ ਲਗਾਈਆ । ਕਲਜੁਗ ਭੁੱਲੇ ਜੀਵ ਗਵਾਰ, ਹਿਰਦੇ ਹਰਿ ਨਾ ਕੋਇ ਵਸਾਈਆ । ਚਾਰ ਕੁੰਟ ਧੂਆਂਧਾਰ, ਜਗਤ ਅੰਧੇਰਾ ਰਿਹਾ ਛਾਈਆ । ਗੁਰ ਕੇ ਸ਼ਬਦ ਨਾ ਕੋਇ ਪਿਆਰ, ਇਸ਼ਟ ਦੇਵ ਨਜ਼ਰ ਕਿਸੇ ਨਾ ਆਈਆ । ਗੁਰ ਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਜਗਤ ਸਿਆਸਤ ਕਰੇ ਹਾਹਾਕਾਰ, ਭਗਤ ਵਰਾਸਤ ਹੱਥ ਕਿਸੇ ਨਾ ਆਈਆ । ਕਿਰਪਾ ਕਰ ਕਿਰਪਾ ਧਾਰ, ਕਿਰਪਾਨਿਧ ਤੇਰੀ ਇਕ ਸਰਨਾਈਆ । ਤੇਰੇ ਵਿਛੜੇ ਤੈਥੋਂ ਯਾਰ, ਆਤਮ ਪਰਮਾਤਮ ਗੰਢ ਨਾ ਕੋਇ ਪਾਈਆ । ਕਿਰਪਾ ਕਰ ਠਾਕਰ ਸੁਆਮੀ ਬੰਦ ਕਿਵਾੜੀ ਖੋਲ੍ਹ ਕਿਵਾੜ, ਬਜਰ ਕਪਾਟੀ ਕੁੰਡਾ ਲਾਹੀਆ । ਅੰਮ੍ਰਿਤ ਰਸ ਦੇ ਠਾਂਡਾ ਠਾਰ, ਨਿਝਰ ਝਿਰਨਾ ਇਕ ਝਿਰਾਈਆ । ਅਨਹਦ ਸ਼ਬਦ ਵਜਾ ਸੱਚੀ ਧੁਨਕਾਰ, ਧੁਨ ਆਤਮਕ ਰਾਗ ਸੁਣਾਈਆ । ਘਰ ਮੰਦਰ ਦੀਵਾ ਬਾਤੀ ਦੇ ਬਾਲ, ਨਿਰਗੁਣ ਜੋਤੀ ਜੋਤ ਰੁਸ਼ਨਾਈਆ । ਆਪਣਾ ਮੁਖੜਾ ਨਿਰਗੁਣ ਨਿਰਵੈਰ ਦੇ ਵਖਾਲ, ਕਿਉਂ ਬੈਠਾ ਮੁਖ ਭਵਾਈਆ । ਤੁਧ ਬਿਨ ਸੋਹੇ ਨਾ ਕੋਈ ਕਾਇਆ ਮੰਦਰ ਸੱਚੀ ਧਰਮਸਾਲ, ਕਾਅਬਾ ਹੁਜਰਾ ਮਹਿਰਾਬ ਤੇਰਾ ਨੂਰ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਮੂਰਖ ਮੁਗਧ ਦੇ ਪੜ੍ਹਾਈਆ । ਪਾਰਬਹਮ ਕੀ ਤੇਰੀ ਮਾਇਆ, ਬੇਅੰਤ ਤੇਰੀ ਵਡਿਆਈਆ । ਕਲਜੁਗ ਜੀਵ ਜਗਤ ਭੁਲਾਇਆ, ਤੇਰਾ ਨਾਉਂ ਰਸਨਾ ਜਿਹਵਾ ਕਹਿਣ ਕੋਇ ਨਾ ਪਾਈਆ । ਕੂੜੀ ਮਾਇਆ ਮਮਤਾ ਵਿਚ ਰੁਲਾਇਆ, ਹਉਮੇ ਹੰਗਤਾ ਗੜ੍ਹ ਤੁੜਾਈਆ । ਸਾਚੀ ਸੰਗਤਾ ਦੇ ਮੇਲ ਮਿਲਾਇਆ, ਭਰਮੇ ਭੁੱਲੀ ਸਰਬ ਲੋਕਾਈਆ । ਆਤਮ ਪਰਮਾਤਮ ਨਾ ਕਿਸੇ ਸਮਝਾਇਆ, ਪਾਰਬ੍ਰਹਮ ਪ੍ਰਭ ਆਪਣਾ ਰੰਗ ਚੜ੍ਹਾਈਆ । ਸਾਚਾ ਨਾਤਾ ਨਾ ਕਿਸੇ ਬੰਧਾਇਆ, ਪੁਰਖ ਬਿਧਾਤਾ ਆਪਣਾ ਘਰ ਵਖਾਈਆ । ਕੂੜੀ ਕਿਰਿਆ ਜਗਤ ਗਾਇਆ, ਧੰਦਾ ਝੂਠਾ ਝੋਲੀ ਪਾਈਆ । ਸਾਚਾ ਬੰਦਾ ਨਾ ਬੰਦਗੀ ਲਾਇਆ, ਬੰਦਨਾ ਇਕ ਨਾ ਕੋਇ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਦਰ ਤੇਰੇ ਮੰਗ ਮੰਗਾਈਆ ।

ਮੰਗੀ ਮੰਗ ਤੇਰੇ ਦਰਬਾਰ, ਦੋਏ ਜੋੜ ਇਕ ਅਰਜ਼ੋਈਆ । ਕਿਰਪਾ ਕਰ ਪ੍ਰਭ ਸਿਰਜਣਹਾਰ, ਏਥੇ ਓਥੇ ਦੋ ਜਹਾਨ ਮਿਲੇ ਢੋਈਆ । ਸ੍ਰਿਸ਼ਟ ਸਬਾਈ ਕਰ ਪਿਆਰ, ਦੂਈ ਦਵੈਤ ਡੇਰਾ ਢਾਹੀਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕੋ ਮੰਦਰ ਦੇ ਵਖਾਲ, ਕਾਅਬਾ ਇਕੋ ਘਰ ਨਜ਼ਰੀ ਆਈਆ । ਸਚ ਦੁਆਰ ਸੋਹੇ ਸੱਚੀ ਧਰਮਸਾਲ, ਜਿਸ ਦੁਆਰੇ ਬੈਠਾ ਡੇਰਾ ਲਾਈਆ । ਦਰ ਮੰਗਣ ਸ਼ਾਹ ਕੰਗਾਲ, ਊਚ ਨੀਚ ਰਹਿਣ ਕੋਇ ਨਾ ਪਾਈਆ । ਸ਼ਬਦ ਗੁਰੂ ਬਣ ਦਲਾਲ, ਜਗਤ ਦਲਾਲੀ ਆਪਣੇ ਹੱਥ ਰਖਾਈਆ । ਨਾਤਾ ਤੋੜ ਕਾਲ ਮਹਾਂਕਾਲ, ਜਨ ਭਗਤ ਦੇ ਜਣਾਈਆ । ਨਿਰਗੁਣ ਹੋ ਕੇ ਚਲ ਨਾਲ, ਸਰਗੁਣ ਆਪਣੀ ਉਂਗਲੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜੀਵਾਂ ਭੁਲਿਆਂ ਭਰਮ ਭੁਲੇਖਾ ਦੇ ਕਢਾਈਆ । ਸ੍ਰੀ ਭਗਵਾਨ ਪੁਰਖ ਸਮਰਥ, ਸ਼ਾਹ ਪਾਤਸ਼ਾਹ ਆਪ ਜਣਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਜੁਗ ਚੌਕੜੀ ਚਲਾਇਆ ਤੁਹਾਡਾ ਰਥ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਈਆ । ਨਾਮ ਨਿਧਾਨ ਦੇਂਦਾ ਰਿਹਾ ਵੱਥ, ਵਸਤ ਅਮੋਲਕ ਝੋਲੀ ਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਮਾਰਗ ਦੱਸ, ਦਹਿ ਦਿਸ਼ਾ ਸ਼ਬਦ ਪੜ੍ਹਾਈਆ । ਅਠਸਠ ਤੀਰਥ ਦਿਤਾ ਰਸ, ਨੀਰ ਸੀਰ ਰੂਪ ਵਟਾਈਆ । ਜੁਗ ਚੌਕੜੀ ਗਏ ਲੰਘ, ਨਵ ਨੌ ਚਾਰ ਪੰਧ ਮੁਕਾਈਆ । ਕਲਜੁਗ ਅੰਤ ਅੰਧੇਰਾ ਵੇਖ ਅੰਧ, ਅੰਧਕਾਰ ਹੋਇਆ ਸਰਬ ਲੋਕਾਈਆ । ਵਿਸ਼ਨ ਬ੍ਰਹਮਾ ਸ਼ਿਵ ਉਚੀ ਕੂਕ ਸੁਣਾਵਣ ਆਪਣਾ ਛੰਦ, ਢੋਲਾ ਰਾਗ ਇਕ ਜਣਾਈਆ । ਕਿਰਪਾ ਕਰ ਪ੍ਰਭੂ ਬਖ਼ਸ਼ੰਦ, ਬਖ਼ਸ਼ਣਹਾਰ ਤੇਰੇ ਹੱਥ ਵਡਿਆਈਆ । ਤ੍ਰੈਗੁਣ ਮਾਇਆ ਪਿਆ ਫੰਦ, ਪੰਜ ਤਤ ਸਕੇ ਨਾ ਕੋਇ ਤੁੜਾਈਆ । ਆਤਮ ਤੇਰੀ ਦਿਸੇ ਰੰਡ, ਪਰਮਾਤਮ ਕੰਤ ਨਾ ਕੋਇ ਹੰਡਾਈਆ । ਤੁਟੀ ਸਕੇ ਨਾ ਕੋਈ ਗੰਢ, ਗੰਢਣਹਾਰ ਕਿਉਂ ਬੈਠਾ ਮੁਖ ਛੁਪਾਈਆ । ਦਰ ਦੁਆਰੇ ਮੰਗੀ ਇਕੋ ਮੰਗ, ਕਲਜੁਗ ਅੰਤਮ ਆਉਣਾ ਬੇਪਰਵਾਹੀਆ । ਵੇਸ ਵਟਾਉਣਾ ਸੂਰੇ ਸਰਬੰਗ, ਸ਼ਹਿਨਸ਼ਾਹ ਆਪਣੀ ਧਾਰ ਜਣਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਲੰਘ, ਸਚ ਦੁਆਰੇ ਡੇਰਾ ਲਾਈਆ । ਸੇਜ ਸੁਹੰਜਣੀ ਸਚ ਵਿਛਾਉਣੀ ਪਲੰਘ, ਪਾਵਾ ਚੂਲ ਨਜ਼ਰ ਕੋਇ ਨਾ ਆਈਆ । ਸ੍ਰਿਸ਼ਟ ਸਬਾਈ ਬੇਪਰਵਾਹੀ ਅੰਤਰ ਆਤਮ ਗਾਉਣਾ ਇਕੋ ਛੰਦ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਕਲਜੁਗ ਕੂੜਾ ਗਿਆ ਹੰਢ, ਸਤਿਜੁਗ ਸਾਚਾ ਪ੍ਰੇਮ ਮਾਰਗ ਇਕ ਲਗਾਈਆ । ਕੂੜੀ ਕਿਰਿਆ ਦੂਰ ਕਰਨਾ ਗੰਦ, ਅੰਮ੍ਰਿਤ ਰਸ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਲੱਖ ਚੁਰਾਸੀ ਦੇ ਸਮਝਾਈਆ । ਲੱਖ ਚੁਰਾਸੀ ਅੰਤ ਸਮਝਾਵਾਂਗਾ । ਨਿਰਗੁਣ ਨਿਰਵੈਰ ਵੇਸ ਵਟਾਵਾਂਗਾ । ਸਾਚੇ ਦਰ ਸੋਭਾ ਪਾਵਾਂਗਾ । ਨਰ ਨਰਾਇਣ ਇਕ ਅਖਵਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ ਨਾਲ ਮਿਲਾਵਾਂਗਾ । ਗੁਰ ਅਵਤਾਰਾਂ ਜਗਾਵਾਂਗਾ । ਲਹਿਣਾ ਸਭ ਦੀ ਝੋਲੀ ਪਾਵਾਂਗਾ । ਜਨ ਭਗਤਾਂ ਦੱਸ ਆਪਣਾ ਭੇਤ, ਪੜਦਾ ਦੂਈ ਦਵੈਤ ਉਠਾਵਾਂਗਾ । ਆਤਮ ਪਰਮਾਤਮ ਕਰ ਕੇ ਹੇਤ, ਸਾਚਾ ਮਾਰਗ ਇਕ ਚਲਾਵਾਂਗਾ । ਨਜ਼ਰੀ ਆਵਾਂ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਵਾਂਗਾ । ਧੁਰ ਦੀ ਅਗੰਮੀ ਖੇਲ, ਖ਼ਾਲਕ ਖ਼ਲਕ ਆਪ ਸਮਝਾਵਾਂਗਾ । ਸ਼ਬਦ ਸੰਦੇਸਾ ਇਕੋ ਭੇਜ, ਚਾਰੋਂ ਕੁੰਟ ਭਰਮ ਚੁਕਾਵਾਂਗਾ । ਜੋਤੀ ਚਮਕੇ ਨੂਰੀ ਤੇਜ, ਸਾਚਾ ਦੀਪ ਇਕ ਰੁਸ਼ਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਲਜੁਗ ਲੇਖਾ ਪੂਰ ਕਰਾਵਾਂਗਾ । ਕਲਜੁਗ


੯੪੭
੧੫

ਲੇਖਾ ਅੰਤ ਮੁਕਾਏਗਾ । ਪ੍ਰਭ ਆਪਣੀ ਦਇਆ ਕਮਾਏਗਾ । ਕਲ ਕਲਕੀ ਵੇਸ ਵਟਾਏਗਾ । ਨਿਹਕਲੰਕ ਨਾਉਂ ਰਖਾਏਗਾ । ਸ਼ਬਦ ਡੰਕ ਇਕ ਵਜਾਏਗਾ । ਦੁਆਰ ਬੰਕ ਇਕ ਸੁਹਾਏਗਾ । ਸ਼ਬਦ ਜੈਕਾਰ ਇਕ ਲਗਾਏਗਾ । ਰਾਜ ਰਾਜਾਨ ਸ਼ਾਹ ਸੁਲਤਾਨ ਆਪ ਉਠਾਏਗਾ । ਜੀਵ ਜਗਤ ਜਹਾਨ ਆਪ ਜਗਾਏਗਾ । ਧਰਮ ਨਿਸ਼ਾਨ ਇਕ ਝੁਲਾਏਗਾ । ਸੱਤ ਰੰਗ ਰੂਪ ਇਕ ਵਖਾਏਗਾ । ਏਕੋ ਇਕੀ ਮਿਲ ਕੇ ਪਾਏਗਾ । ਸਾਚੀ ਸਿਖੀ ਸਚ ਵਖਾਏਗਾ । ਧਾਰ ਤਿਖੀ ਧਾਰ ਰੂਪ ਵਖਾਏਗਾ । ਅਨਡਿਠੀ ਕਾਰ ਕਮਾਏਗਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਲਿਖ ਕੇ ਦਿਤੀ ਚਿਠੀ, ਤਿਸ ਲੇਖਾ ਲੇਖੇ ਲਾਏਗਾ । ਕਰੇ ਖੇਲ ਬੀਸ ਬੀਸੀ, ਸਦੀ ਬੀਸਵੀਂ ਜਾਣੇ ਆਪਣੀ ਮਿਤੀ, ਮਿੱਤਰ ਪਿਆਰਾ ਇਕੋ ਨਜ਼ਰੀ ਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦਾ ਹੁਕਮ ਇਕ ਵਰਤਾਏਗਾ । ਧੁਰ ਦਾ ਹੁਕਮ ਵਰਤੇ ਜਗ, ਜਗਜੀਵਣ ਦਾਤਾ ਆਪ ਵਰਤਾਈਆ । ਕਲਜੁਗ ਕੂੜ ਕੁੜਿਆਰਾ ਜਾਏ ਭੱਜ, ਲੋਕਮਾਤ ਰਹਿਣ ਨਾ ਪਾਈਆ । ਸਤਿਜੁਗ ਸਾਚਾ ਧਰਤ ਮਾਤ ਦੀ ਗੋਦੀ ਜਾਏ ਸਜ, ਬਾਲਾ ਨਿੱਕਾ ਰੂਪ ਆਪ ਵਟਾਈਆ । ਸ੍ਰੀ ਭਗਵਾਨ ਕਰੇ ਖੇਲ ਪੁਰਖ ਸਮਰਥ, ਸਾਚੀ ਖੇਲ ਆਪ ਕਰਾਈਆ । ਸਤਿ ਸਤਿਵਾਦੀ ਦੇਵੇ ਇਕੋ ਵੱਥ, ਸਚ ਭੰਡਾਰਾ ਝੋਲੀ ਪਾਈਆ । ਪ੍ਰਭ ਸਰਨਾਈ ਜਾਏ ਢੱਠ, ਦੋਏ ਜੋੜ ਵਾਸਤਾ ਪਾਈਆ । ਕਲਜੁਗ ਦੂਰ ਦੁਰਾਡਾ ਜਾਏ ਨੱਠ, ਨੇਤਰ ਰੋਵੇ ਨੀਰ ਵਹਾਈਆ । ਸ੍ਰੀ ਭਗਵਾਨ ਕਰ ਕਿਰਪਾ ਦੋਹਾਂ ਦਾ ਕਰੇ ਇਕ ਇਕੱਠ, ਘਰ ਸਾਚੇ ਲਏ ਮਿਲਾਈਆ । ਇਕ ਦੂਜੇ ਦੀ ਲਵੋ ਮੱਤ, ਮਤ ਭੇਦ ਦਏ ਮੁਕਾਈਆ । ਚਾਰੇ ਜੁਗ ਮੇਰੀ ਰੱਤ, ਰੱਤੀ ਰਤ ਵਿਚੋਂ ਪਰਗਟਾਈਆ । ਅੰਤ ਵਿਛੋੜਾ ਬੀਸ ਬੀਸ ਕੱਟ, ਚਿੰਤਾ ਸੋਗ ਨਾ ਕੋਇ ਜਣਾਈਆ । ਪ੍ਰਭ ਸਰਨਾਈ ਜਾਣਾ ਵਸ, ਚਰਨ ਕਵਲ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਥਾਉਂ ਥਾਈਂਆ । ਕਲਜੁਗ ਅੰਤਮ ਹੋ ਹੈਰਾਨ, ਪ੍ਰਭ ਸਾਚੇ ਰਿਹਾ ਜਣਾਈਆ । ਮੇਰਾ ਮੁਹੰਮਦ ਨਾਲ ਨਿਸ਼ਾਨ, ਮਿਹਰਵਾਨ ਤੇਰੀ ਸਰਨਾਈਆ । ਸਦੀ ਵੀਹਵੀਂ ਮੇਲਾ ਅੰਤਮ ਕਰ ਜਹਾਨ, ਦੋ ਜਹਾਨਾਂ ਵਾਲੀ ਦਇਆ ਕਮਾਈਆ । ਸਾਚੇ ਮੀਆਂ ਤੇਰੀ ਰਹਿਮਤ ਵਡ ਰਹਿਮਾਨ, ਰਹਿਮ ਇਕੋ ਮੋਹੇ ਭਾਈਆ । ਸਿਦਕ ਸਬੂਰੀ ਦੇ ਈਮਾਨ, ਆਲਮ ਉਲਮਾ ਕਰ ਇਕ ਪੜ੍ਹਾਈਆ । ਤੇਰਾ ਕਲਮਾ ਕਾਇਨਾਤ ਕਲਾਮ, ਚੌਦਾਂ ਤਬਕ ਸ਼ਰੀਅਤ ਤੇਰਾ ਨੂਰ ਨਜ਼ਰੀ ਆਈਆ । ਤੂੰ ਸਾਹਿਬ ਇਖ਼ਲਾਕੀ ਇਕ ਅਮਾਮ, ਇਤਫ਼ਾਕੀ ਮਿਲਿਆ ਬੇਪਰਵਾਹੀਆ । ਗੁਸਤਾਖ਼ੀ ਵੇਖ ਨਾ ਕੋਇ ਨਿਸ਼ਾਨ, ਮੁਆਫ਼ੀ ਤੇਰੇ ਦਰ ਤੇ ਪਾਈਆ । ਸਾਕੀ ਬਣ ਕੇ ਦੇ ਜਾਮ, ਆਬੇਹਯਾਤ ਪਿਆਲਾ ਮੁਖ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਧੁਰ ਸੰਦੇਸਾ ਰਾਜ ਰਾਜਾਨ, ਸ਼ਾਹ ਪਾਤਸ਼ਾਹ ਆਪ ਜਣਾਈਆ । ਸਦੀ ਬੀਸਵੀਂ ਖੇਲ ਮਹਾਨ, ਬੀਸ ਬੀਸਾ ਆਪ ਕਰਾਈਆ । ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਦੋਵੇਂ ਧਾਰ ਵਖਾਈਆ । ਕਲਜੁਗ ਲੇਖਾ ਚੁੱਕੇ ਆਣ, ਚਾਰ ਕੁੰਟ ਰਹਿਣ ਨਾ ਪਾਈਆ । ਇਕੋ ਵਾਰ ਥਿਤ ਦਿਵਸ ਕਰੇ ਮਹਾਨ, ਕੱਤਕ ਪੰਦਰਾਂ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਇਕੱਠੇ ਹੋਵਣ ਆਣ, ਦਰ ਘਰ ਸਾਚੇ ਸੋਭਾ ਪਾਈਆ । ਸਭ ਦੇ ਸੁਣੇ ਆਪ ਬਿਆਨ, ਅਦਾਲਤ ਅਦਲ ਇਕੋ ਲਾਈਆ । ਚਾਰ ਜੁਗ ਦਾ ਲੇਖਾ ਵੇਖੇ ਆਣ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੁਲ ਕੋਇ ਨਾ ਜਾਈਆ । ਜੋਤੀ

੯੪੮
੧੫

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਰ ਨਿਰੰਕਾਰ ਵੱਡੀ ਵਡਿਆਈਆ । ਨਰ ਨਿਰੰਕਾਰ ਵਡਿਆਈ ਵਡ, ਹਰਿ ਕਰਤਾ ਇਕ ਅਖਵਾਇੰਦਾ । ਜੁਗ ਚੌਕੜੀ ਆਪਣੀ ਧਾਰੋਂ ਕੱਢ, ਧਾਰ ਧਾਰ ਵਿਚੋਂ ਪਰਗਟਾਇੰਦਾ । ਅੰਤਮ ਹੁਕਮੇ ਅੰਦਰ ਲਏ ਸੱਦ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਇੰਦਾ । ਸ਼ਬਦ ਸਰੂਪੀ ਪਾਰ ਕਰੇ ਹੱਦ, ਹਦੂਦ ਆਪਣੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੁਰਖ ਅਕਾਲ ਦੀਨ ਦਿਆਲ ਇਕੋ ਏਕ ਹੁਕਮ ਵਰਤਾਇੰਦਾ । ਪੁਰਖ ਅਕਾਲ ਹੁਕਮ ਵਰਤੰਤ, ਵਾਰਤਾ ਸਭ ਦੀ ਵੇਖ ਵਖਾਈਆ । ਠਾਕਰ ਸੁਆਮੀ ਸਾਹਿਬ ਭਗਵੰਤ, ਭਗਵਨ ਆਪਣਾ ਭੇਵ ਚੁਕਾਈਆ । ਗੁਰਮੁਖ ਵੇਖ ਸਾਚੇ ਸੰਤ, ਸਤਿ ਸਤਿਵਾਦੀ ਆਪ ਜਗਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਕਰੇ ਪੜ੍ਹਾਈਆ । ਚਾਰ ਵਰਨ ਬਣਾ ਸਾਚੀ ਸੰਗਤ, ਸੰਗ ਆਪਣਾ ਆਪ ਰਖਾਈਆ । ਦੂਜੇ ਦਰ ਕੋਈ ਨਾ ਜਾਵੇ ਮੰਗਤ, ਜਿਸ ਜਨ ਆਪਣਾ ਨਾਮ ਦਾਨ ਝੋਲੀ ਦੇਵੇ ਪਾਈਆ । ਹਰਿ ਕਾ ਭੇਵ ਨਾ ਜਾਣੇ ਕੋਈ ਪੰਡਤ, ਸ਼ਾਸਤਰ ਸਿਮਰਤ ਸਮਝ ਕੋਇ ਨਾ ਪਾਈਆ । ਆਦਿ ਜੁਗਾਦਿ ਇਕ ਅਖੰਡਤ, ਬ੍ਰਹਿਮੰਡ ਖੰਡ ਵੇਖੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਮੇਲਾ ਸਹਿਜ ਸੁਭਾਈਆ । ਹਰਿ ਜੀ ਮੇਲੇ ਗਹਿਰ ਗੰਭੀਰ, ਗੁਣਵੰਤਾ ਵਡ ਵਡਿਆਈਆ । ਜਨ ਭਗਤਾਂ ਠਾਂਡਾ ਕਰੇ ਸਰੀਰ, ਅਗਨੀ ਤਤ ਬੁਝਾਈਆ । ਅੰਮ੍ਰਿਤ ਬਖ਼ਸ਼ੇ ਨਿਜ ਨੀਰ, ਸੀਰ ਇਕੋ ਮੁਖ ਚੁਆਈਆ । ਲੇਖਾ ਜਾਣੇ ਸ਼ਾਹ ਹਕੀਰ, ਊਚ ਨੀਚ ਰੰਗ ਰੰਗਾਈਆ । ਦਰਸ ਦਿਖਾਏ ਬੇਨਜ਼ੀਰ, ਨਜ਼ਰ ਨਜ਼ਰ ਨਾਲ ਮਿਲਾਈਆ । ਚੋਟੀ ਚਾੜ੍ਹੇ ਫੜ ਅਖ਼ੀਰ, ਅਧਵਿਚਕਾਰ ਨਾ ਕੋਇ ਰਖਾਈਆ । ਬਦਲ ਦੇਵੇ ਆਪ ਤਕਦੀਰ, ਤਦਬੀਰ ਆਪਣੀ ਦਏ ਜਣਾਈਆ । ਦਰ ਦਰਵੇਸ਼ ਪੈਗ਼ੰਬਰ ਪੀਰ, ਹਜ਼ਰਤ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਮੇਲੇ ਫੜ ਫੜ ਆਪਣੀ ਬਾਂਹੀਂਆ । ਹਰਿਜਨ ਮੇਲੇ ਸਚ ਦੁਆਰ, ਦਰਗਹਿ ਸਾਚੀ ਮਿਲੇ ਵਡਿਆਈਆ । ਪੂਰਬ ਜਨਮ ਦਾ ਲਹਿਣਾ ਦੇਣਾ ਦਏ ਨਿਵਾਰ, ਲੇਖਾ ਆਪਣੇ ਹੱਥ ਰਖਾਈਆ । ਕਲਜੁਗ ਅੰਤਮ ਵੇਖਣਹਾਰ ਆਪ ਕਰਤਾਰ, ਕਰਤਾ ਪੁਰਖ ਬੇਪਰਵਾਹੀਆ । ਭਗਤ ਭਗਵਾਨ ਲਏ ਉਠਾਲ, ਆਲਸ ਨਿੰਦਰਾ ਦਏ ਮਿਟਾਈਆ । ਸੰਤ ਸੁਹੇਲੇ ਰੱਖੇ ਨਾਲ, ਜੁਗ ਜੁਗ ਆਪਣਾ ਸੰਗ ਨਿਭਾਈਆ । ਗੁਰਮੁਖ ਵੇਖੇ ਧੁਰ ਦੇ ਲਾਲ, ਲਾਲਨ ਇਕੋ ਰੰਗ ਚੜ੍ਹਾਈਆ । ਗੁਰਸਿਖਾਂ ਕਰੇ ਸਦਾ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਮੁਰੀਦਾਂ ਮੁਰਸ਼ਦ ਦੇਵੇ ਜਲਵਾ ਨੂਰ ਜਲਾਲ, ਜ਼ਾਹਰ ਜ਼ਹੂਰ ਨਜ਼ਰੀ ਆਈਆ । ਕਲਜੁਗ ਅੰਤਮ ਖੇਲ ਕਰੇ ਬੇਮਿਸਾਲ, ਬੇਪਰਵਾਹ ਆਪਣੇ ਹੱਥ ਰੱਖੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜੁਗ ਚੌਕੜੀ ਨਵ ਨੌ ਚਾਰ ਅੰਤਮ ਡੇਰਾ ਰਿਹਾ ਢਾਹੀਆ । ਨਵ ਨੌ ਚਾਰ ਮੁੱਕੇ ਪੰਧ, ਲੋਕਮਾਤ ਰਹਿਣ ਨਾ ਪਾਈਆ । ਸਤਿ ਸਤਿਵਾਦੀ ਸਤਿਜੁਗ ਧਾਰ ਬਣਾਏ ਅਗੰਮੀ ਬਣਤ, ਸਤਿਜੁਗ ਢੋਲਾ ਇਕੋ ਗਾਈਆ । ਚਾਰ ਵਰਨ ਪੂਰੀ ਕਰੇ ਮੰਗ, ਗੁਰ ਅਵਤਾਰ ਪੀਰ ਪੈਗ਼ੰਬਰ ਆਸਾ ਮਨਸਾ ਪੂਰ ਕਰਾਈਆ । ਪਰਗਟ ਹੋ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਇਕੋ ਮਾਰਗ ਦਏ ਵਖਾਈਆ । ਆਤਮ ਬ੍ਰਹਮ ਇਕ ਅਨੰਦ, ਪਾਰਬ੍ਰਹਮ ਮੇਲਾ ਸਹਿਜ ਸੁਭਾਈਆ । ਜੁਗ ਜਨਮ ਦੀ ਟੁੱਟੀ ਗੰਢ, ਬੰਧਨ ਇਕੋ ਨਾਮ

ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਲਏ ਫੜ, ਕਾਇਆ ਪੌੜੇ ਸਾਚੇ ਚੜ੍ਹ, ਮਹੱਲ ਅਟੱਲ ਡੇਰਾ ਲਾਈਆ । ਮਹੱਲ ਅਟੱਲ ਠਾਕਰ ਸੁਆਮੀ, ਘਰ ਘਰ ਵਿਚ ਸੋਭਾ ਪਾਇੰਦਾ । ਬੋਧ ਅਗਾਧ ਸ਼ਬਦ ਅਨਾਦ ਸੁਣਾਏ ਬਾਣੀ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਇੰਦਾ । ਅੰਮ੍ਰਿਤ ਰਸ ਨਿਝਰ ਝਿਰਨਾ ਦੇਵੇ ਠੰਡਾ ਪਾਣੀ, ਸਰ ਸਰੋਵਰ ਇਕ ਨੁਹਾਇੰਦਾ । ਆਤਮ ਪਰਮਾਤਮ ਪਰਮਾਤਮ ਆਤਮ ਦੇਵੇ ਧੁਰ ਨਿਸ਼ਾਨੀ, ਤੀਰ ਨਿਰਾਲਾ ਅਣਿਆਲਾ ਇਕ ਚਲਾਇੰਦਾ । ਆਵਣ ਜਾਵਣ ਦੋ ਜਹਾਨ ਹਰਿਜਨ ਚੁੱਕੇ ਕਾਣੀ, ਲੱਖ ਚੁਰਾਸੀ ਫੰਦ ਕਟਾਇੰਦਾ । ਦੇਵਣਹਾਰਾ ਪਦ ਨਿਰਬਾਣੀ, ਨਿਰਬਾਣ ਪਦ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਤੇਰੀ ਅੰਤਮ ਵਰ, ਹਰਿ ਭਗਤ ਸੁਹੇਲੇ ਆਪਣੇ ਰੰਗ ਰੰਗਾਇੰਦਾ । ਭਗਤਾਂ ਰੰਗ ਚਾੜ੍ਹੇ ਅਨਮੋਲ, ਅਮੁਲ ਹੱਥ ਵੱਡੀ ਵਡਿਆਈਆ । ਸਾਚੇ ਕੰਡੇ ਦੇਵੇ ਤੋਲ, ਨਾਮ ਤਰਾਜ਼ੂ ਇਕੋ ਇਕ ਵਖਾਈਆ । ਬੰਦ ਕਿਵਾੜੀ ਤਾਕੀ ਕੁੰਡਾ ਦੇਵੇ ਖੋਲ੍ਹ, ਦੂਈ ਦਵੈਤੀ ਪੜਦਾ ਦਏ ਉਠਾਈਆ । ਹਰ ਘਟ ਸੁਆਮੀ ਹਿਰਦੇ ਅੰਤਰ ਆਤਮ ਜਾਏ ਮੌਲ, ਮੌਲਾ ਆਪਣੀ ਸੇਵ ਕਮਾਈਆ । ਪੂਰਬ ਜਨਮ ਕਰਮ ਲੇਖਾ ਪੂਰਾ ਕਰੇ ਕੀਤਾ ਕੌਲ, ਕੌਲ ਇਕਰਾਰ ਕੀਤਾ ਭੁੱਲ ਕਦੇ ਨਾ ਜਾਈਆ । ਦੇਵੇ ਵਡਿਆਈ ਉਪਰ ਧਰਨੀ ਧਰਤ ਧਵਲ ਧੌਲ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਹਰਿ ਕਾ ਭੇਵ ਕੋਈ ਨਾ ਪਾਵੇ ਪੰਡਤ ਪਾਂਧਾ ਰੌਲ, ਰੌਲਾ ਪਾਵੇ ਸਰਬ ਲੋਕਾਈਆ । ਗੁਰਮੁਖ ਵਿਰਲਾ ਜਾਣੇ ਜਿਸ ਸਤਿਗੁਰ ਅੰਦਰ ਵਸਿਆ ਕੋਲ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਅੰਮ੍ਰਿਤ ਧਾਰ ਸਚ ਪਿਆਏ ਅਗੰਮੀ ਪੌਹਲ, ਰਸ ਮਿੱਠਾ ਇਕ ਵਖਾਈਆ । ਸਚ ਪ੍ਰੀਤੀ ਘੋਲੀ ਘੋਲ, ਘੋਲ ਘੁਮਾਈ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਦ੍ਰਿੜਾਈਆ । ਧੁਰ ਸੰਦੇਸਾ ਹਰਿ ਕਾ ਨਾਮ, ਹਰੀ ਹਰਿ ਨਰਾਇਣ ਆਪ ਜਣਾਇੰਦਾ । ਅੰਮ੍ਰਿਤ ਆਦਿ ਜੁਗਾਦੀ ਇਕ ਜਾਮ, ਸਚ ਪਿਆਲਾ ਰਸ ਵਖਾਇੰਦਾ । ਨਿਰਗੁਣ ਸਰਗੁਣ ਪੂਰਨ ਕਰੇ ਕਾਮ, ਨਿਸ਼ਕਾਮ ਆਪਣੀ ਸੇਵ ਕਮਾਇੰਦਾ । ਆਤਮ ਪਰਮਾਤਮ ਦੇਵੇ ਇਕ ਆਰਾਮ, ਸਚਖੰਡ ਦੁਆਰਾ ਆਰਾਮਗਾਹ ਇਕ ਸੁਹਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕਰੇ ਪਰਵਾਨ, ਨਾਮ ਪਰਵਾਨਾ ਇਕੋ ਇਕ ਵਖਾਇੰਦਾ । ਕਰ ਕਿਰਪਾ ਜਿਸ ਦੇਵੇ ਆਪਣਾ ਗਿਆਨ, ਸੋ ਗੁਰਮੁਖ ਦੂਜੀ ਕੁਤਬ ਪੜ੍ਹਨ ਕਿਤੇ ਨਾ ਜਾਇੰਦਾ । ਚੌਦਾਂ ਵਿਦਿਆ ਹੋਣ ਹੈਰਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਚਾਰ ਵਰਨਾਂ ਦੇਵੇ ਇਕੋ ਵਰ, ਚਾਰ ਕੁੰਟ ਇਕੋ ਰਾਮ ਇਕੋ ਨਾਮ ਇਕੋ ਕਾਮ ਇਕੋ ਪੈਗ਼ਾਮ ਮੁਰਸ਼ਦ ਮੁਰੀਦ ਸ਼ੁਨੀਦ ਦੀਦ ਈਦ ਚੰਦ ਨੂਰ ਇਕ ਚਮਕਾਇੰਦਾ ।

### ✪ ੭ ਕੱਤਕ ੨੦੨੦ ਬਿਕ੍ਰਮੀ ਅਮਰ ਸਿੰਘ ਜੇਠੂਵਾਲ ਦੇ ਨਵਿਤ ਜੇਠੂਵਾਲ ਦਰਬਾਰ ਵਿਚ ✪

ਭਗਤ ਸੁਹੇਲਾ ਹਰਿ ਨਿਰੰਕਾਰ, ਹਰੀ ਹਰਿ ਹਰਿ ਦੁਆਰੇ ਸੋਭਾ ਪਾਇੰਦਾ । ਨਿਤ ਨਵਿਤ ਪਾਵੇ ਸਾਰ, ਜੁਗ ਚੌਕੜੀ ਵੇਖ ਵਖਾਇੰਦਾ । ਦਰਸ਼ਨ ਦੇ ਅਗੰਮ ਅਪਾਰ, ਅਲਖ ਅਗੋਚਰ ਦਇਆ ਕਮਾਇੰਦਾ । ਘਰ ਮੰਦਰ ਦੀਪਕ ਜੋਤੀ ਬਾਲ, ਅਗਿਆਨ ਅੰਧੇਰ ਮਿਟਾਇੰਦਾ । ਆਤਮ

੯੫੦ ੧੫

ਪਰਮਾਤਮ ਵਸੇ ਨਾਲ, ਸਗਲਾ ਸੰਗ ਜਣਾਇੰਦਾ । ਕੂੜੀ ਕਿਰਿਆ ਤੋੜ ਜੰਜਾਲ, ਜੀਵਣ ਜੁਗਤ ਇਕ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਭਗਤ ਭਗਵਾਨ ਠਾਂਡਾ ਦਰ, ਘਰ ਘਰ ਵਿਚ ਜਣਾਈਆ । ਜਿਸ ਮੰਦਰ ਸੁਆਮੀ ਜਾਏ ਵੜ, ਤਿਸ ਬੰਕ ਮਿਲੇ ਵਡਿਆਈਆ । ਨਿਰਗੁਣ ਨੂਰੀ ਜੋਤ ਧਰ, ਧਰਨੀ ਧਰਤ ਧਵਲ ਸੁਹਾਈਆ । ਕਰਤਾ ਪੁਰਖ ਪ੍ਰਭ ਕਰਨੀ ਕਰ, ਅਕਲ ਕਲ ਦਏ ਜਣਾਈਆ । ਰੋਗ ਸੋਗ ਚਿੰਤਾ ਵਿਜੋਗ ਹਰ, ਹਰਿ ਜੂ ਬੇੜੇ ਨਾਮ ਚੜ੍ਹਾਈਆ । ਜਨਮ ਮਰਨ ਭੈ ਚੁੱਕੇ ਡਰ, ਭੈ ਭਿਆਨਕ ਡੇਰਾ ਢਾਹੀਆ । ਸ਼ਬਦ ਅਗੰਮੀ ਬਾਂਹੋਂ ਫੜ, ਭਵ ਸਾਗਰ ਲਏ ਤਰਾਈਆ । ਲੈ ਕੇ ਜਾਏ ਸਾਚੇ ਦਰ, ਦਰਗਹਿ ਸਾਚੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਭਗਤਨ ਸੰਗ ਸਦਾ ਰੰਗ ਰਾਤਾ, ਪਾਰਬ੍ਰਹਮ ਬੇਪਰਵਾਹੀਆ । ਚਰਨ ਕਵਲ ਸਚ ਬੰਧੇ ਨਾਤਾ, ਘਰ ਮੇਲਾ ਸਹਿਜ ਸੁਭਾਈਆ । ਧੁਰ ਧਾਮ ਦੀ ਸੁਣਾਏ ਗਾਥਾ, ਸੁਖ ਰਾਮ ਰੂਪ ਜਣਾਈਆ । ਬੋਧ ਅਗਾਧੀ ਦੱਸੇ ਪਾਠਾ, ਪੂਜਾ ਸਿਮਰਨ ਇਕ ਦ੍ਰਿੜ੍ਹਾਈਆ । ਲੇਖਾ ਜਾਣੇ ਅਨਾਥ ਅਨਾਥਾ, ਦੀਨਨ ਦਇਆ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੀਤਾ ਬੇਪਰਵਾਹੀਆ । ਭਗਤਨ ਮੀਤਾ ਬਣ ਕੇ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਧੁਰਦਰਗਾਹੀ ਸੱਚਾ ਜਾਪ, ਸੋ ਸਤਿਗੁਰ ਆਪ ਜਣਾਇੰਦਾ । ਕੋਟ ਜਨਮ ਦੇ ਉਤਾਰ ਪਾਪ, ਦੁਰਮਤ ਆਪ ਧਵਾਇੰਦਾ । ਕਲਜੁਗ ਮੇਟ ਅੰਧੇਰੀ ਰਾਤ, ਘਰ ਚੰਦ ਨੂਰ ਚਮਕਾਇੰਦਾ । ਪਾਰਬ੍ਰਹਮ ਬ੍ਰਹਮ ਬਣਾਏ ਸੱਜਣ ਸਾਕ, ਸਗਲਾ ਸੰਗ ਰਖਾਇੰਦਾ । ਸ਼ਬਦ ਅਗੰਮੀ ਚਾੜ੍ਹ ਰਾਥ, ਬਣ ਰਥਵਾਹੀ ਵੇਖ ਵਖਾਇੰਦਾ । ਪਾਰ ਉਤਾਰ ਆਪਣੇ ਘਾਟ, ਡੂੰਘੀ ਭਵਰੀ ਡੇਰਾ ਢਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਇੰਦਾ । ਜਨ ਭਗਤਾਂ ਪੇਖ ਵੇਖ ਦਿਆਲ, ਦੀਖਿਆ ਆਪਣੀ ਦਏ ਜਣਾਈਆ । ਬੁਧ ਬਿਬੇਕ ਵਸੇਖ ਘਰ ਧਰਮ ਸੱਚੀ ਧਰਮਸਾਲ, ਧਰਮ ਦੁਆਰਾ ਇਕ ਜਣਾਈਆ । ਧੁਰ ਦਾ ਲੇਖ ਜਾਣੇ ਆਪ ਪ੍ਰਿਤਪਾਲ, ਬਣ ਪ੍ਰਿਤਪਾਲਕ ਸੇਵ ਕਮਾਈਆ । ਜੁਗ ਚੌਕੜੀ ਵੇਸ ਕਮਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਦੇਵੇ ਮਾਣ ਵਡਿਆਈਆ । ਵਡਿਆਵਣ ਕੋ ਪ੍ਰਭ ਏਕ ਸੁਆਮੀ, ਹਰਿ ਵੱਡਾ ਵਡ ਅਖਵਾਇੰਦਾ । ਆਦਿ ਜੁਗਾਦਿ ਅੰਤਰਜਾਮੀ, ਧੁਰ ਦੀ ਬਾਣੀ ਰਾਗ ਅਲਾਇੰਦਾ । ਸ਼ਬਦ ਅਨਾਦੀ ਅਕੱਥ ਕਹਾਣੀ, ਬੁਧ ਮਤ ਭੇਵ ਕੋਇ ਨਾ ਆਇੰਦਾ । ਸਚਖੰਡ ਦੀ ਸਤਿ ਨਿਸ਼ਾਨੀ, ਸਤਿ ਸਤਿਵਾਦੀ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਇੰਦਾ । ਜਨ ਭਗਤ ਪ੍ਰਭ ਵੇਖੇ ਏਕ, ਏਕੰਕਾਰ ਵੱਡੀ ਵਡਿਆਈਆ । ਸਾਚੀ ਦੇ ਕੇ ਧੁਰ ਦੀ ਟੇਕ, ਧੁਰ ਦੀ ਧਾਰ ਆਪ ਸਮਝਾਈਆ । ਲੇਖਾ ਜਾਣੇ ਅਲਖਣਾ ਲੇਖ, ਅਲਖ ਅਗੋਚਰ ਆਪਣਾ ਭੇਵ ਚੁਕਾਈਆ । ਵਸਣਹਾਰਾ ਅਨਡਿਠੜੇ ਦੇਸ, ਦੇਸ ਦਸੰਤਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਭਗਤ ਮਿਲਾਏ ਭਾਉ ਭਗਤੀ, ਭਗਵਨ ਆਪਣਾ ਰੰਗ ਰੰਗਾਇੰਦਾ । ਫੜ ਉਠਾਏ ਆਦਿ ਸ਼ਕਤੀ, ਸ਼ਾਹ ਪਾਤਸ਼ਾਹ ਹੁਕਮ ਵਰਤਾਇੰਦਾ । ਪੰਜ ਤਤ ਚੁੱਕੇ ਨਾ ਕੋਈ ਅਰਥੀ, ਅਰਸ਼ੀ ਪ੍ਰੀਤਮ ਖੇਲ ਖਿਲਾਇੰਦਾ । ਸਾਹਿਬ ਸੁਲਤਾਨ ਪਰਮ ਪੁਰਖ ਜਨ ਭਗਤ ਜਣਾਏ ਇਕ ਬਰਸੀ, ਰੁੱਤ

੯੫੧
੧੫

ਰੁਤੜੀ ਨਾਲ ਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਾਚੀ ਖੇਲ ਭਗਤਾਂ ਅੰਤਰ, ਆਤਮ ਪਰਮਾਤਮ ਆਪ ਕਰਾਈਆ । ਪਵਣ ਸੁਆਮੀ ਸਾਚਾ ਮੰਤਰ, ਸ਼ਬਦੀ ਸ਼ਬਦ ਜਣਾਈਆ । ਹਰ ਘਟ ਖੇਲ ਕਰੇ ਬਿਧ ਅੰਤਰ, ਅੰਤਰ ਅੰਤਸ਼ਕਰਨ ਵੇਖ ਵਖਾਈਆ । ਸੋਭਾ ਅਨੇਕ ਗਗਨ ਗਗਨੰਤਰ, ਗ੍ਰਿਹਿ ਮੰਡਲ ਗੋਪੀ ਕਾਹਨ ਰਾਸ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਕਰੇ ਖੇਲ ਸਾਹਿਬ ਸਤਿਗੁਰ, ਸਤਿ ਸਤਿਵਾਦੀ ਵੇਖ ਵਖਾਇੰਦਾ । ਜਨਮ ਕਰਮ ਦਾ ਲੇਖਾ ਧੁਰ, ਧੁਰਦਰਗਾਹੀ ਝੋਲੀ ਆਪ ਭਰਾਇੰਦਾ । ਬਿਨ ਨੇਤਰ ਲੋਚਣ ਵੇਖੇ ਕਰ ਕੇ ਗ਼ੌਰ, ਗਹਿਰ ਗੰਭੀਰ ਖੋਜ ਖੋਜਾਇੰਦਾ । ਕਰ ਪਰਕਾਸ਼ ਅੰਧੇਰੇ ਘੋਰ, ਸਾਚਾ ਚੰਦ ਨੂਰ ਚਮਕਾਇੰਦਾ । ਨਿਰਗੁਣ ਸਰਗੁਣ ਪਕੜੇ ਡੋਰ, ਡੋਰੀ ਤੰਦ ਆਪਣੇ ਹੱਥ ਉਠਾਇੰਦਾ । ਜੁਗ ਚੌਕੜੀ ਜਨ ਭਗਤਾਂ ਵੇਖੇ ਲੋੜ, ਲੋਕਮਾਤ ਨਿਰਗੁਣ ਸਰਗੁਣ ਹੋ ਕੇ ਆਇੰਦਾ । ਜੋਤ ਸਰੂਪੀ ਆਏ ਦੌੜ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਵੇਖ ਵਖਾਇੰਦਾ । ਵੇਖਣ ਕੋ ਪ੍ਰਭ ਆਏ ਠਾਕਰ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਜਗਤ ਜਹਾਨ ਡੂੰਘਾ ਸਾਗਰ, ਵਡ ਭਵਰੀ ਫੋਲ ਫੋਲਾਈਆ । ਲੇਖ ਚੁਕਾ ਕਾਇਆ ਗਾਗਰ, ਪੰਜ ਤਤ ਮਾਟੀ ਖ਼ਾਕੀ ਸੋਭਾ ਪਾਈਆ । ਵਣਜ ਕਰਾਏ ਇਕ ਸੌਦਾਗਰ, ਵਸਤ ਅਮੋਲਕ ਨਾਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਹੋਏ ਸਹਾਈਆ । ਆਦਿ ਜੁਗਾਦਿ ਹੋਏ ਸਹਾਇਕ, ਸਾਹਿਬ ਸਤਿਗੁਰ ਹੱਥ ਵਡਿਆਈਆ । ਪੁਰਖ ਪੁਰਖੋਤਮ ਸਾਚਾ ਨਾਇਕ, ਨਾਇਕਾ ਵੇਖੇ ਚਾਈਂ ਚਾਈਂਆ । ਸ਼ਬਦ ਅਨਾਦੀ ਕਰ ਹਦਾਇਤ, ਹਦੀਸ ਸਾਚੀ ਇਕ ਜਣਾਈਆ । ਜਨ ਭਗਤਾਂ ਕਰੇ ਸਦਾ ਹਮਾਇਤ, ਸਚ ਰਫ਼ੀਕ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਸਤਿਗੁਰ ਇਕ ਅਖਵਾਈਆ । ਹਰਿ ਸਤਿਗੁਰ ਅਖਵਾਏ ਇਕ ਪ੍ਰਭ, ਭੇਵ ਕੋਇ ਨਾ ਪਾਇੰਦਾ । ਆਰ ਪਾਰ ਕਿਨਾਰਾ ਨਾ ਕੋਈ ਹੱਦ, ਵੱਡਾ ਛੋਟਾ ਸਮਝ ਕਿਸੇ ਨਾ ਆਇੰਦਾ । ਬਿਨ ਹਰਿ ਕਿਰਪਾ ਕੋਈ ਨਾ ਸਕੇ ਲੱਭ, ਕੋਟਨ ਕੋਟ ਲੋਕਮਾਤ ਬਣ ਬਣ ਪਾਂਧੀ ਚਾਰੋਂ ਕੁੰਟ ਉਠ ਉਠ ਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਭੇਵ ਆਪ ਛੁਪਾਇੰਦਾ । ਆਪਣਾ ਭੇਵ ਰੱਖੇ ਉਹਲੇ, ਬੇਅੰਤ ਵੱਡੀ ਵਡਿਆਈਆ । ਗੁਰਮੁਖ ਵਿਰਲੇ ਪੜਦਾ ਖੋਲ੍ਹੇ, ਜਿਸ ਜਨ ਸਾਚੀ ਬੂਝ ਬੁਝਾਈਆ । ਨਾਮ ਕੰਡੇ ਸਾਚੇ ਤੋਲੇ, ਬਣ ਕੇ ਤੋਲਾ ਧੁਰਦਰਗਾਹੀਆ । ਨਿਰਗੁਣ ਹੋ ਕੇ ਆਤਮ ਮੌਲੇ, ਪਰਮਾਤਮ ਰੰਗ ਚੜ੍ਹਾਈਆ । ਧੁਰ ਦੁਆਰ ਸਾਚਾ ਖੋਲ੍ਹੇ, ਘਰ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਹਰਿਜਨ ਦੇਵਣਹਾਰ ਵਡਿਆਈਆ । ਹਰਿਜਨ ਵਡਿਆਈ ਮਾਤ ਜਨਮ, ਜਨਮ ਕਰਮ ਪ੍ਰਭ ਆਪਣੇ ਹੱਥ ਰਖਾਇੰਦਾ । ਲੇਖਾ ਚੁਕਾ ਵਰਨ ਬਰਨ, ਵਰਨ ਆਤਮਕ ਇਕ ਸਮਝਾਇੰਦਾ । ਕਰਤਾ ਪੁਰਖ ਬਣ ਕੇ ਕਰਨੀ ਕਰਨ, ਕਾਰਯਾ ਕਰਮ ਆਪ ਸਮਝਾਇੰਦਾ । ਸਤਿਗੁਰ ਸਰਨਾਈ ਸਾਚੇ ਚਰਨ, ਸਚ ਚਰਨੋਦਕ ਅੰਮ੍ਰਿਤ ਮੁਖ ਚੁਆਇੰਦਾ । ਨੇਤਰ ਖੁਲ੍ਹੇ ਹਰਨ ਫਰਨ, ਦੀਦ ਈਦ ਇਕੋ ਨੂਰ ਰੁਸ਼ਨਾਇੰਦਾ । ਪੰਚ ਵਿਕਾਰ ਮੂਲ ਨਾ ਲੜਨ, ਕੂੜੀ ਕਿਰਿਆ ਡੇਰਾ ਢਾਹਿੰਦਾ । ਗੁਰਮੁਖ ਪੌੜੇ ਸਾਚੇ ਚੜ੍ਹਨ, ਸਤਿਗੁਰ ਸਾਚਾ ਮੇਲ ਮਿਲਾਇੰਦਾ । ਮਿਲ ਕੇ ਢੋਲਾ ਇਕੋ ਪੜ੍ਹਨ,

ਸੋਹੰ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਕਰਮ ਦੇਵਣਹਾਰਾ ਦਾਨ, ਸਰਨ ਇਕੋ ਘਰ ਵਖਾਇੰਦਾ ।

### ੧੧ ਕੱਤਕ ੨੦੨੦ ਬਿਕ੍ਰਮੀ ਮਾਹਲਾ ਸਿੰਘ ਦੇ ਨਵਿਤ ਜੇਠੂਵਾਲ ਦਰਬਾਰ ਵਿਚ

ਹਰਿ ਦਰਸ਼ਨ ਤਰਸਣ ਲੋਕ ਪਰਲੋਕ, ਦੋ ਜਹਾਨ ਧਿਆਨ ਲਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰੱਖਣ ਓਟ, ਸੀਸ ਜਗਦੀਸ ਇਕ ਝੁਕਾਈਆ । ਕਵਣ ਵੇਲਾ ਪ੍ਰਭ ਦੇਵੇ ਸਚ ਸਲੋਕ, ਧੁਰ ਫ਼ਰਮਾਨਾ ਨਾਮ ਝੋਲੀ ਪਾਈਆ । ਸਾਚਾ ਮੰਦਰ ਸੁਹਾਏ ਕਿਲਾ ਕੋਟ, ਬੰਕ ਮਿਲੇ ਇਕ ਵਡਿਆਈਆ । ਨਿਰਦੋਸ਼ਿਆਂ ਉਪਰ ਕੋਈ ਨਾ ਲਾਵੇ ਦੋਸ਼, ਮਿਹਰ ਨਜ਼ਰ ਨੈਣ ਤਕਾਈਆ । ਨਵ ਨੌ ਚਾਰ ਬੈਠਾ ਰਿਹਾ ਖ਼ਾਮੋਸ਼, ਉਚੀ ਕੂਕ ਨਾ ਕੋਇ ਅਲਾਈਆ । ਕਲਜੁਗ ਅੰਤਮ ਆਪਣੀ ਪੂਰੀ ਕਰੇ ਲੋਚ, ਆਸਾ ਇਕੋ ਇਕ ਪਰਗਟਾਈਆ । ਜਨ ਭਗਤਾਂ ਦੇਣਾ ਧੁਰ ਜੋਗ, ਸਾਚੀ ਸਿਖਿਆ ਸਚ ਪੜ੍ਹਾਈਆ । ਜਨਮ ਕਰਮ ਮਿਲਾਵਾ ਧੁਰ ਸੰਜੋਗ, ਦੇਵੇ ਵਜੋਗੀ ਰੂਪ ਕਟਾਈਆ । ਘਰ ਦੇਵੇ ਦਰਸ ਅਮੋਘ, ਗ੍ਰਿਹ ਮੰਦਰ ਫੇਰਾ ਪਾਈਆ । ਵਸਤ ਅਗੰਮ ਚੁਗਾਏ ਚੋਗ, ਤ੍ਰਿਸਨਾ ਭੁੱਖ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਦੋ ਜਹਾਨ ਰੱਖਣ ਆਸ, ਆਸਾ ਆਪਣੀ ਆਪ ਪਰਗਟਾਈਆ । ਕਵਣ ਵੇਲਾ ਪ੍ਰਭ ਕਿਰਪਾ ਕਰੇ ਅਬਿਨਾਸ਼, ਅਬਿਨਾਸ਼ੀ ਆਪਣਾ ਭੇਵ ਚੁਕਾਈਆ । ਸਚ ਦੁਆਰੇ ਆ ਕੇ ਪਾਵੇ ਰਾਸ, ਘਰ ਮੰਦਰ ਖ਼ੁਸ਼ੀ ਮਨਾਈਆ । ਚਰਨ ਕਵਲ ਦੇਵੇ ਭਰਵਾਸ, ਭਰਵਾਸਾ ਆਪਣਾ ਇਕ ਬੰਧਾਈਆ । ਆਦਿ ਜੁਗਾਦਿ ਕੋਈ ਨਾ ਹੋਵੇ ਨਿਰਾਸ, ਜਿਸ ਸਿਰ ਆਪਣਾ ਹੱਥ ਟਿਕਾਈਆ । ਕਲਜੁਗ ਅੰਤਮ ਜਨ ਭਗਤਾਂ ਪੂਰੀ ਕਰੇ ਖ਼ਾਹਸ਼, ਖ਼ਾਹਸ਼ ਆਪਣੇ ਨਾਲ ਮਿਲਾਈਆ । ਜਗਤ ਅੰਧੇਰ ਕਰ ਪਰਕਾਸ਼, ਸਾਚਾ ਨੂਰ ਜੋਤ ਰੁਸ਼ਨਾਈਆ । ਜਨ ਭਗਤਾਂ ਹੋਣ ਨਾ ਦੇਵੇ ਉਦਾਸ, ਗ਼ਮੀ ਖ਼ੁਸ਼ੀ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਇਕ ਉਠਾਈਆ । ਲੋਕ ਪਰਲੋਕ ਤੱਕਣ ਰਾਹ, ਨੇਤਰ ਨੈਣ ਉਠਾਈਆ । ਕਵਣ ਵੇਲਾ ਪ੍ਰਭ ਦਰਸ਼ਨ ਦੇਵੇ ਆ, ਦੀਦ ਈਦ ਚੰਦ ਰੁਸ਼ਨਾਈਆ । ਕਵਣ ਵਕਤ ਪ੍ਰਭ ਬਣੇ ਸਚ ਮਲਾਹ, ਸਾਚਾ ਬੇੜਾ ਕੰਧ ਉਠਾਈਆ । ਕਵਣ ਵੇਲਾ ਪ੍ਰਭ ਨੂਰੀ ਜਲਵਾ ਦਏ ਦਰਸਾ, ਅੰਧ ਅੰਧੇਰਾ ਦਏ ਗਵਾਈਆ । ਕਵਣ ਵਕਤ ਪ੍ਰਭ ਘਰ ਮੰਦਰ ਬਹੇ ਡੇਰਾ ਲਾ, ਸਚ ਸਿੰਘਾਸਣ ਸੋਭਾ ਪਾਈਆ । ਕਵਣ ਵੇਲਾ ਪ੍ਰਭ ਆਲਸ ਨਿੰਦਰਾ ਦਏ ਮਿਟਾ, ਨਿਜ ਨੇਤਰ ਇਕ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਲੋਕ ਪਰਲੋਕ ਰਹੇ ਝੁਕ, ਸੀਸ ਜਗਦੀਸ ਚਰਨ ਰਖਾਈਆ । ਕਵਣ ਵੇਲਾ ਪ੍ਰਭ ਪੈਂਡਾ ਜਾਵੇ ਮੁਕ, ਸਾਹਿਬ ਸਤਿਗੁਰ ਦਏ ਸਮਝਾਈਆ । ਤੇਰਾ ਨਿਸ਼ਾਨਾ ਨਾ ਜਾਵੇ ਉਕ, ਤੀਰ ਅੰਦਾਜ਼ ਤੇਰੀ ਵਡਿਆਈਆ । ਸਚ ਮਹੱਲੇ ਬਹੇ ਉਠ, ਪੜਦਾ ਰਹਿਣ ਕੋਇ ਨਾ ਪਾਈਆ । ਦੱਸ ਭੇਵ ਕਿਉਂ ਬੈਠਾ ਚੁਪ, ਸੁੰਨ ਸਮਾਧ ਨਾ ਕੋਇ ਚਤੁਰਾਈਆ । ਤੇਰੇ ਕੋਲੋਂ ਰਹੇ ਪੁਛ, ਬੇਪਹਿਚਾਨ ਦੇ ਸਮਝਾਈਆ । ਕਿਸ ਕਾਰਨ ਬੈਠੋਂ ਲੁਕ, ਨਿਰਗੁਣ ਆਪਣਾ ਮੁਖ ਭਵਾਈਆ । ਭਗਤ ਭਗਵਾਨ ਵੇਖ ਲਾਡਲੇ ਸੁੱਤ,

ਦਰ ਤੇਰੇ ਸੋਭਾ ਪਾਈਆ । ਲੋਕ ਪਰਲੋਕ ਹੋਵੇ ਉਜਲ ਮੁਖ, ਦੋ ਜਹਾਨ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਲੋਕ ਪਰਲੋਕ ਕਹਿਣ ਪ੍ਰਭ ਏਕ, ਏਕੰਕਾਰ ਤੇਰੀ ਸਰਨਾਈਆ । ਸੰਤ ਸੁਹੇਲੇ ਆ ਕੇ ਵੇਖ, ਬੇਪਰਵਾਹ ਫੇਰਾ ਪਾਈਆ । ਤੇਰੇ ਨਾਲ ਕਰਨ ਹੇਤ, ਨਿਤ ਨਵਿਤ ਧਿਆਨ ਲਗਾਈਆ । ਬਿਰਹੋਂ ਵੈਰਾਗ ਵਿਛੋੜੇ ਕੀਤਾ ਛੇਕ, ਛਲਨੀ ਆਪਣਾ ਆਪ ਕਰਾਈਆ । ਆ ਬੌਹੜ ਅਗੰਮੇ ਦੇਸ, ਅਗੰਮ ਪੁਰਖ ਤੇਰੀ ਵਡਿਆਈਆ । ਤੇਰਾ ਮੁਖੜਾ ਲਈਏ ਪੇਖ, ਨੇਤਰ ਨੈਣ ਰੀਝਾਈਆ । ਤੇਰੀ ਗੋਦੀ ਲਈਏ ਖੇਡ, ਬਣ ਮਾਲਕ ਰੂਪ ਸਖਾਈਆ । ਤੈਨੂੰ ਮਿਲ ਕੇ ਖੋਲ੍ਹੀਏ ਭੇਤ, ਪੜਦਾ ਉਹਲਾ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਤੇਰੀ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਮੇਰੇ ਸੁਲਤਾਨ, ਲੋਕ ਪਰਲੋਕ ਰਹੇ ਜਸ ਗਾਈਆ । ਆਦਿ ਜੁਗਾਦੀ ਨਿਗਾਹਬਾਨ, ਨਿਰਵੈਰ ਪੁਰਖ ਤੇਰੀ ਸਰਨਾਈਆ । ਸਤਿ ਪੁਰਖ ਨਿਰੰਜਣ ਨੌਜਵਾਨ, ਬੇਨਜ਼ੀਰ ਤੇਰੀ ਰੁਸ਼ਨਾਈਆ । ਸਚਖੰਡ ਨਿਵਾਸੀ ਸਾਚੇ ਕਾਹਨ, ਕਵਲ ਨੈਣ ਸੋਭਾ ਪਾਈਆ । ਮੁਕਾਮੇ ਹੱਕ ਬੀ ਪਿਹਰ ਅਮਾਮ, ਆਮਦ ਤੇਰੀ ਸੱਚੀ ਭਾਈਆ । ਵਡ ਸ਼ਾਹੋ ਭੂਪ ਵਿਚ ਜਹਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਹਿਨਸ਼ਾਹ ਤੇਰੀ ਵਡਿਆਈਆ । ਸ਼ਹਿਨਸ਼ਾਹ ਮੇਰੇ ਰਾਜ ਰਾਜਾਨ । ਭੂਪਤ ਭੂਪ ਵੱਡ ਸੁਲਤਾਨ । ਸਤਿ ਸਰੂਪੀ ਮਰਦ ਮਰਦਾਨ । ਅਲਖ ਅਗੋਚਰ ਨੌਜਵਾਨ । ਤਖ਼ਤ ਨਿਵਾਸੀ ਹੁਕਮਰਾਨ । ਸ਼ਬਦ ਅਨਾਦੀ ਤੇਰਾ ਫ਼ਰਮਾਣ । ਦਰ ਘਰ ਸਾਚੇ ਦਰਸ਼ਨ ਦੇਣਾ ਆਣ । ਨਿਰਗੁਣ ਨਿਰਵੈਰ ਰੂਪ ਵਖਾਣ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਮਿਲੇ ਮੇਲ ਸ੍ਰੀ ਭਗਵਾਨ । ਸ੍ਰੀ ਭਗਵਾਨ ਪੁਰਖ ਅਕਾਲ, ਅਕਲ ਕਲ ਤੇਰੀ ਵਡਿਆਈਆ । ਲੋਕ ਪਰਲੋਕ ਕਰਨ ਸਵਾਲ, ਦਰ ਸਵਾਲੀ ਝੋਲੀ ਡਾਹੀਆ । ਵੇਖ ਮੁਰਸ਼ਦ ਮੁਰੀਦਾਂ ਹਾਲ, ਮਹਿਬੂਬ ਮੁਹੱਬਤ ਆਪਣੀ ਤੋੜ ਨਿਭਾਈਆ । ਸਾਹਿਬ ਸਤਿਗੁਰ ਤੇਰੀ ਘਾਲਣ ਰਹੇ ਘਾਲ, ਕੀਤੀ ਘਾਲ ਲੇਖੇ ਪਾਈਆ । ਸਤਿ ਪ੍ਰੀਤੀ ਨਿਭੇ ਨਾਲ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਾਹ ਪਾਤਸ਼ਾਹ ਤੇਰੀ ਵਡਿਆਈਆ । ਸ਼ਾਹ ਪਾਤਸ਼ਾਹ ਸਚ ਭਗਵਾਨ, ਜਨ ਭਗਤਾਂ ਆਪ ਜਣਾਇੰਦਾ । ਲੋਕ ਪਰਲੋਕ ਰਲ ਮਿਲ ਢੋਲਾ ਗਾਣ, ਸਿਫ਼ਤੀ ਸੋਹਲਾ ਰਾਗ ਸਮਝਾਇੰਦਾ । ਕਲਜੁਗ ਅੰਤਮ ਕਰ ਪਹਿਚਾਨ, ਬੇਪਹਿਚਾਨ ਮੇਲ ਮਿਲਾਇੰਦਾ । ਅਨਡਿਠੜੀ ਵਸਤ ਦੇ ਦਾਨ, ਅਮੋਲਕ ਝੋਲੀ ਆਪ ਭਰਾਇੰਦਾ । ਸਾਚੀ ਗੋਲਕ ਖੋਲ੍ਹ ਦੁਕਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਾਚੀ ਸਿਖਿਆ ਭਗਤ ਭਗਵਾਨ ਗੁਰਸਿਖ, ਹਰਿ ਸਤਿਗੁਰ ਸਚ ਜਣਾਈਆ । ਧੁਰ ਦਾ ਲੇਖਾ ਦੇਵੇ ਲਿਖ, ਪੂਰਬ ਲੇਖਾ ਆਪਣੀ ਝੋਲੀ ਪਾਈਆ । ਸਰਬ ਜੀਆਂ ਦਾ ਸਾਂਝਾ ਪਿਤ, ਲੱਖ ਚੁਰਾਸੀ ਵੇਖੇ ਥਾਉਂ ਥਾਈਂਆ । ਸੰਤ ਸੁਹੇਲੇ ਕਰ ਕੇ ਹਿਤ, ਹਿਤਕਾਰੀ ਮੇਲ ਮਿਲਾਈਆ । ਲੱਖ ਚੁਰਾਸੀ ਸ੍ਰਿਸ਼ਟੀ ਜਿਤ, ਹਾਰ ਸਭ ਦੀ ਝੋਲੀ ਪਾਈਆ । ਜਨ ਭਗਤਾਂ ਲੇਖ ਅਨੋਖਾ ਲਿਖ, ਧੋਖਾ ਦਗ਼ਾ ਨਾ ਕੋਇ ਕਮਾਈਆ । ਮੋਛਾ ਦੇਵੇ ਨਾ ਕੋਈ ਸਿਖ, ਸਾਹਿਬ ਸਤਿਗੁਰ ਅੰਤਮ ਆਪੇ ਹੋਵੇ ਸਹਾਈਆ । ਪਿਛਲੇ ਮਿੱਤਰਾਂ ਲਏ ਪੁੱਛ, ਅੱਗੇ ਪਿਤਰਾਂ ਦਏ ਵਡਿਆਈਆ । ਪ੍ਰਭੂ ਹੱਥ ਸਭ ਕੁਛ, ਕਮੀ ਕੋਈ

ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਆਪਣੇ ਲੇਖੇ ਲਾਈਆ । ਹਰਿਜਨ ਲੇਖੇ ਲਾਏ ਆਪ, ਨਰ ਆਪਣੇ ਰੰਗ ਰੰਗਾਇੰਦਾ । ਏਥੇ ਓਥੇ ਬਣ ਕੇ ਬਾਪ, ਪਿਤਾ ਪੂਤ ਗੋਦ ਸੁਹਾਇੰਦਾ । ਸਤਿ ਧਰਮ ਦਾ ਸੱਚਾ ਜਾਪ, ਸਤਿ ਸਤਿਵਾਦੀ ਆਪ ਜਪਾਇੰਦਾ । ਕੋਟ ਜਨਮ ਉਤਾਰ ਪਾਪ, ਪਤਤ ਪੁਨੀਤ ਆਪ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਧੁਰ ਦਾ ਦਾਨ, ਜਮ ਫਾਸ ਆਪ ਕਟਾਇੰਦਾ ।

## ✪ ੧੨ ਕੱਤਕ ੨੦੨੦ ਬਿਕ੍ਰਮੀ ਸੰਤ ਹਰਭਜਨ ਸਿੰਘ ਖੁਜਾਲਾ ਦੇ ਨਾਲ ਅਚਲ ਨਗਰ ਬਟਾਲਾ ਜ਼ਿਲਾ ਗੁਰਦਾਸਪੁਰ ✪

ਜਗਤ ਸੰਸਾਰੀਆਂ ਜਗਤ ਮੇਲਾ, ਖੇਲੇ ਖੇਲ ਜਗਤ ਲੋਕਾਈਆ । ਸੰਤਾਂ ਸੰਗ ਸੰਤ ਸੁਹੇਲਾ, ਸਤਿ ਸਤਿਵਾਦੀ ਸਤਿ ਸਰੂਪ ਸਮਾਈਆ । ਭਗਤਾਂ ਮੇਲ ਭਗਤ ਸੋਹੇ ਵੇਲਾ, ਸੁਹੰਜਣੀ ਘੜੀ ਸੋਭਾ ਪਾਈਆ । ਇਸ਼ਟ ਦ੍ਰਿਸ਼ਟ ਖੁੱਲਾ ਵੇਲਾ, ਘੜੀ ਪਲ ਨਾ ਵੰਡ ਵੰਡਾਈਆ । ਨਾ ਕੋਈ ਗੁਰੂ ਨਾ ਕੋਈ ਚੇਲਾ, ਮੁਰੀਦ ਮੁਰਸ਼ਦ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲੇਖਾ ਜਾਣੇ ਥਾਉਂ ਥਾਈਂਆ । ਸੋਹਣਾ ਵੇਲਾ ਹੋਏ ਸੁਹੰਜਣਾ, ਵੱਜੇ ਸਚ ਵਧਾਈਆ । ਸੰਤ ਦੁਆਰੇ ਸੰਤ ਮਜਨਾ, ਦੁਰਮਤ ਮੈਲ ਨਜ਼ਰ ਕੋਇ ਨਾ ਆਈਆ । ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਸਤਿਗੁਰ ਇਕੋ ਗੱਜਣਾ, ਨਾਮ ਨਿਧਾਨ ਧੁਨ ਰਾਗ ਸ਼ਨਵਾਈਆ । ਬ੍ਰਹਮ ਵਿਸ਼ਨ ਖੇਲ ਸੂਰਾ ਸਰਬਗਨਾ, ਨਿਤ ਨਵਿਤ ਆਪ ਕਰਾਈਆ । ਸੰਤ ਮਿਲ ਸੰਤ ਬਾਹਰ ਵਾਸਨਾ ਮੂਲ ਨਾ ਭੱਜਣਾ, ਅੰਤਰ ਆਤਮ ਖੋਜ ਖੋਜਾਈਆ । ਅੰਤਰ ਯਾਮਤਾ ਵਿਚੋਂ ਅੰਤਰਜਾਮੀ ਲੱਭਣਾ, ਸਤਿਗੁਰ ਸੂਰਾ ਬੇਪਰਵਾਹੀਆ । ਕਾਇਆ ਕੱਪੜ ਨਾ ਪੜਦਾ ਢਕਣਾ, ਓਢਣ ਜਗਤ ਨਾ ਕੋਇ ਵਖਾਈਆ । ਲਾਉਣਾ ਕੋਈ ਨਾ ਅਜ ਪੱਜਣਾ, ਭੇਵ ਅਭੇਦਾ ਦਿਓ ਸਮਝਾਈਆ । ਕਿਸ ਮੰਦਰ ਬਹਿ ਕੇ ਸਜਣਾ, ਕਿਸ ਗ੍ਰਿਹਿ ਆਪਣਾ ਡੇਰਾ ਲਾਈਆ । ਕਵਣ ਕੰਤ ਸੁਹਾਗੀ ਘਰ ਆਪਣਾ ਸੱਦਣਾ, ਸੁੱਤੀ ਵੇਖ ਜਗਤ ਲੋਕਾਈਆ । ਬਿਨ ਮੱਕੇ ਕਾਅਬਿਉਂ ਕਰਨਾ ਹਜਨਾ, ਮੁਰਸ਼ਦ ਨੂਰ ਨੁਰਾਨਾ ਦਰਸ਼ਨ ਪਾਈਆ । ਮੇਲ ਮਿਲਾਵਾ ਉਪਰ ਸ਼ਾਹ ਰਗਨਾ, ਘਰ ਸਾਚੇ ਖ਼ੁਸ਼ੀ ਰਖਾਈਆ । ਕਵਣ ਮੰਜ਼ਲ ਕਵਣ ਕੂਟ ਕਵਣ ਦਿਸ਼ਾ ਕਵਣ ਮੰਦਰ ਕਵਣ ਦੁਆਰ ਕਵਣ ਗ੍ਰਿਹਿ ਕਵਣ ਕਦਮ ਕਵਣ ਚਰਨ ਅੱਗੇ ਲੰਘਣਾ, ਕਵਣ ਤਾਕੀ ਕੁੰਡਾ ਬੰਦ ਪਰਦਾ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਘਰ ਵਿਚ ਘਰ, ਕਵਣ ਮਹੱਲ ਡੇਰਾ ਲਾਈਆ । ਆਪਣੀ ਦੱਸੋ ਸਚ ਕਹਾਣੀ, ਦੂਸਰ ਕਹਿਣ ਕੋਇ ਨਾ ਪਾਈਆ । ਮਾਣਸ ਹੋ ਕੇ ਬਣੀ ਸਾਚੀ ਰਾਣੀ, ਕਿਉਂ ਭਰਮੇ ਭੁਲੀ ਲੋਕਾਈਆ । ਅੰਮ੍ਰਿਤ ਆਤਮ ਪੀਣਾ ਠੰਡਾ ਪਾਣੀ, ਨਿਝਰ ਰਸ ਝਿਰਨਾ ਇਕ ਝਿਰਾਈਆ । ਘਰ ਮੇਂ ਅਮਰਾਪਦ ਮਹੱਲ ਅਟੱਲ ਵਿਚ ਨਿਸ਼ਾਨੀ, ਦੀਵਾ ਬਾਤੀ ਕਵਣ ਰੁਸ਼ਨਾਈਆ । ਬੋਧ ਅਗਾਧ ਕਵਣ ਸੁਣੀ ਅਗੰਮੀ ਬਾਣੀ, ਰਸਨਾ ਜਿਹਵਾ ਬੱਤੀ ਦੰਦ ਰਾਗ ਰਾਗਨੀ ਨਾਲ ਨਾ ਕੋਇ ਰਲਾਈਆ । ਕਵਣ ਪੀਰ ਮਿਲਿਆ ਸ਼ਾਹ ਸੁਲਤਾਨੀ, ਕਵਣ ਅੰਗੀਕਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਆਪਣਾ ਘਰ, ਕਿਸ ਘਰ ਬਹਿ ਕੇ ਆਪਣਾ ਕੰਤ ਮਨਾਈਆ । ਸ੍ਰਿਸ਼ਟ ਸਬਾਈ ਗਈ ਸੌਂ, ਗੂੜ੍ਹੀ ਨੀਂਦ

ਜਗਤ ਵਖਾਈਆ । ਸੁਘੜ ਸੁਚੱਜੀ ਸਵਾਣੀ ਕਵਣ ਦੁਆਰੇ ਰਹੀ ਭੌਂ, ਆਪ ਆਪਣਾ ਬਲ ਰਖਾਈਆ । ਕਿਸ ਕਾਰਨ ਅੰਤਰ ਆਤਮ ਉਪਜਿਆ ਗੌਂ, ਆਸਾ ਕਵਣ ਵਧਾਈਆ । ਕਵਣ ਸੁਣਾਵੇ ਧੁਰ ਦਾ ਨਾਉਂ, ਨਰ ਨਿਰੰਕਾਰ ਕਵਣ ਮਿਲਾਈਆ । ਕਵਣ ਫੜੇ ਅਗੰਮੀ ਬਾਂਹੋਂ, ਪੰਜ ਤਤ ਨਜ਼ਰ ਕੋਇ ਨਾ ਆਈਆ । ਕਵਣ ਦੇਵੇ ਠੰਡੀ ਛਾਉਂ, ਸਿਰ ਮਿਹਰ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸਵਾਣੀ ਦੱਸ ਸਤਿਗੁਰ ਹਾਣੀ ਕਵਣ ਗ੍ਰਿਹਿ ਬੈਠਾ ਸੇਜ ਵਛਾਈਆ । ਸੁਘੜ ਸੁਚੱਜੀ ਸਵਾਣੀ ਕਵਣ, ਸੱਜਣ ਕਵਣ ਰੰਗ ਰੂਪ ਵਟਾਈਆ । ਕਵਣ ਸਹੇਲੀਆਂ ਆਏ ਦੱਸਣ, ਕੰਤ ਮਿਲਿਆ ਬੇਪਰਵਾਹੀਆ । ਕਵਣ ਉਚ ਮਨਾਰ ਆਏ ਵਸਣ, ਸਚ ਦੁਆਰੇ ਸੋਭਾ ਪਾਈਆ । ਕਵਣ ਆਤਮ ਪਰਮਾਤਮ ਮਿਲ ਮਿਲ ਆਏ ਹੱਸਣ, ਹੰਸ ਮੁਖ ਆਪਣੀ ਖ਼ੁਸ਼ੀ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਇਕ ਵਰ, ਕਿਸ ਬਿਧ ਆਪਣਾ ਕੰਤ ਮਨਾਈਆ । ਕਵਣ ਬਿਧ ਮਨਾਇਆ ਕੰਤ, ਦੱਸੋ ਸਖ਼ੀ ਕਰ ਪਿਆਰ । ਕਵਣ ਚੜ੍ਹਿਆ ਰੰਗ ਬਸੰਤ, ਉਤਰ ਨਾ ਜਾਏ ਵਿਚ ਸੰਸਾਰ । ਕਵਣ ਮਹਿੰਮਾ ਸੁਣੀ ਅਗਣਤ, ਲਿਖਣ ਪੜ੍ਹਨ ਤੋਂ ਬਾਹਰ । ਕਵਣ ਧਾਮ ਸੋਭਾਵੰਤ, ਨਿਰਮਲ ਦੀਪ ਜੋਤ ਉਜਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਸੱਚਾ ਘਰ, ਜਿਸ ਘਰ ਮਿਲੇ ਕੰਤ ਭਤਾਰ । ਦੱਸ ਸਖ਼ੀ ਉਹ ਕਿਹੜਾ ਮੀਤ, ਜੋ ਆਸਾ ਪੂਰ ਕਰਾਈਆ । ਸਚ ਸੁਣਾਵੇ ਕਿਹੜਾ ਗੀਤ, ਕਵਣ ਰਾਗ ਅਲਾਈਆ । ਇਕੋ ਧਾਮ ਅਗੰਮ ਅਥਾਹ ਵਖਾਏ ਬਿਨ ਮੰਦਰ ਮਸੀਤ, ਸ਼ਿਵਦਵਾਲਾ ਮੱਠ ਗੁਰਦਰ ਨਜ਼ਰ ਕੋਇ ਨਾ ਆਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਨਿਰਗੁਣ ਨਿਰਵੈਰ ਰਹੇ ਠੰਡਾ ਸੀਤ, ਸੀਤਲ ਆਪਣੀ ਧਾਰ ਜਣਾਈਆ । ਅੰਦਰ ਬਾਹਰ ਗੁਪਤ ਜ਼ਾਹਰ ਨਿਰਗੁਣ ਸਰਗੁਣ ਬਣਨਾ ਸੱਚਾ ਮੀਤ, ਮਿੱਤਰ ਪਿਆਰਾ ਇਕੋ ਇਕ ਨਜ਼ਰੀ ਆਈਆ । ਉਸਦੇ ਮਿਲਣ ਦੀ ਦੱਸ ਰੀਤ, ਕਵਣ ਗਲੀ ਕਵਣ ਕੂਚਾ ਕਵਣ ਮਹੱਲਾ ਕਵਣ ਮੰਜ਼ਲ ਕਵਣ ਪੌੜਾ ਕਵਣ ਡੰਡਾ ਕਵਣ ਦਵਾਰ ਦਏ ਚੜ੍ਹਾਈਆ । ਕਵਣ ਸਿਖਿਆ ਲਈ ਸੀਖ, ਕਵਣ ਦੁਆਰੇ ਮਿਲੀ ਭੀਖ, ਕਵਣ ਘਰ ਮਿਟੀ ਤ੍ਰਿਸਨਾ ਤਰੀਖ, ਅਗਨੀ ਤਤ ਰਹਿਣ ਨਾ ਪਾਈਆ । ਸਚ ਕੰਤ ਕਵਣ ਸੇਜਾ ਕਰੇ ਪ੍ਰੀਤ, ਬੈਠਾ ਰਹੇ ਅਤੀਤ, ਨਜ਼ਰ ਨਾ ਆਏ ਹਰਿ ਅਨਡੀਠ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਇਕ ਦਰ, ਕਿਸ ਬਿਧ ਮਿਲੇ ਸੱਚਾ ਮਾਹੀਆ । ਕਿਸ ਬਿਧ ਪਾਇਆ ਸੱਚਾ ਮਾਹੀ, ਬਣ ਸੁਘੜ ਸੁਚੱਜੀ ਰਾਣੀ । ਕਵਣ ਬਿਧ ਮਿਲਿਆ ਬੇਪਰਵਾਹੀ, ਆਤਮ ਪਰਮਾਤਮ ਖੇਲੇ ਖੇਲ ਬਣ ਬਣ ਹਾਣੀਆਂ ਹਾਣੀ । ਸਚ ਧਾਮ ਦੀ ਦੱਸ ਨਿਸ਼ਾਨੀ, ਜਿਥੇ ਵਸੇ ਪੁਰਖ ਸੁਲਤਾਨੀ । ਬਖ਼ਸ਼ੇ ਚਰਨ ਧਿਆਨੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਇਕ ਦਰ, ਜਿਸ ਗ੍ਰਿਹਿ ਮਿਲੇ ਮਰਦ ਮਰਦਾਨੀ । ਜਿਸ ਦਾ ਕੰਤ ਰੰਗੀਲਾ ਸ਼ਹਿਨਸ਼ਾਹ ਸੋ ਪੁਰਖ ਨਿਰੰਜਣ ਅੱਠੇ ਪਹਿਰ ਕਮਲੀਆਂ ਕੋਝੀਆਂ ਗਲੇ ਰਿਹਾ ਲਗਾਈ, ਦਿਵਸ ਰੈਣ ਘੜੀ ਨਾ ਵੰਡ ਵੰਡਾਈਆ । ਜਾਗਰਤ ਜੋਤ ਵੇਖੇ ਥਾਉਂ ਥਾਈਂ, ਆਲਸ ਨਿੰਦਰਾ ਨਾ ਕੋਇ ਰਖਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਵਿਚੋਂ ਆਪ ਆਪਣੇ ਲਏ ਉਠਾਈ, ਜਿਸ ਨਾਲ ਆਪਣਾ ਨਾਤਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਘਰ, ਤਿਸ ਆਪਣੇ ਸੰਗ ਰਖਾਈਆ । ਦੱਸੋ ਕੰਤ ਸੁਹਾਗੀ ਰੰਗਲਾ, ਰੰਗ ਰਲੀਆਂ ਮਾਣੇ ਬੇਪਰਵਾਹੀਆ । ਵਸੇ ਕਾਇਆ

ਮੰਦਰ ਅੰਦਰ ਸਾਢੇ ਤਿੰਨ ਹੱਥ ਬੰਗਲਾ, ਉਚੀ ਚੋਟੀ ਡੇਰਾ ਲਾਈਆ । ਅੱਠੇ ਪਹਿਰ ਗਾਵੇ ਚਾਰ ਮੰਗਲਾ, ਗੀਤ ਗੋਬਿੰਦ ਅਲਾਈਆ । ਸ਼ਰਅ ਸ਼ਰੀਅਤ ਰੱਸੀ ਤੰਦ ਨਾ ਕੋਈ ਸੰਗਲਾ, ਡੋਰੀ ਬੰਧਨ ਨਾ ਕੋਇ ਬੰਧਾਈਆ । ਸਦ ਸਮਾਵੇ ਪਰਮਾਨੰਦਨਾ, ਅਨੰਦ ਅਨੰਦ ਵਿਚੋਂ ਪਰਗਟਾਈਆ । ਸਚ ਸੁਆਮੀ ਸੂਰਾ ਸਰਬੰਗਨਾ, ਸਾਹਿਬ ਸੁਲਤਾਨ ਹਰਿ ਰਘਰਾਈਆ । ਜਿਸ ਸਖੀ ਓਸ ਚਰਨ ਕਰੀ ਬੰਦਨਾ, ਬਿਨ ਬੰਦਗੀਉਂ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਉਹ ਘਰ, ਜਿਸ ਘਰ ਨਾਰੀ ਨਰ ਨਰਾਇਣ ਮਿਲ ਕੇ ਖ਼ੁਸ਼ੀ ਮਨਾਈਆ । ਕਵਣ ਦੁਆਰੇ ਮਿਲੇ ਨਾਰੀ, ਨਾਤਾ ਤੋੜ ਜਗਤ ਲੋਕਾਈਆ । ਬਿਨ ਨੇਤਰ ਲੋਚਣ ਨੈਣ ਕਰੇ ਦੀਦਾਰੀ, ਦਰਸ ਇਕੋ ਇਕ ਪਾਈਆ । ਬਿਨ ਮਧ ਪਿਆਲੇ ਪੀਤਿਆਂ ਚੜ੍ਹੀ ਰਹੇ ਖ਼ੁਮਾਰੀ, ਰਸ ਇਕੋ ਨਜ਼ਰੀ ਆਈਆ । ਜਿਸ ਮਿਲਿਆਂ ਮਾਇਆ ਮਮਤਾ ਹਉਮੇ ਹੰਗਤਾ ਜੂਠ ਝੂਠ ਕੂੜੀ ਕਿਰਿਆ ਮਿਟੇ ਬੀਮਾਰੀ, ਰੋਗ ਸੋਗ ਚਿੰਤਾ ਦੁੱਖ ਕੋਇ ਰਹਿਣ ਨਾ ਪਾਈਆ । ਸੋ ਮੰਜ਼ਲ ਦੱਸੋ ਸਚ ਅਟਾਰੀ, ਕਵਣ ਕੁੰਡਾ ਤਾਕੀ ਬਾਰੀ ਖਿੜਕੀ ਰਿਹਾ ਲਗਾਈਆ । ਕਿਸ ਬਿਧ ਨਿਰਮਲ ਜੋਤ ਕਰੇ ਉਜਿਆਰੀ, ਬਿਨ ਤੇਲ ਬਾਤੀ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੁਛਣਹਾਰਾ ਸੱਚਾ ਘਰ, ਜਿਸ ਘਰ ਮਿਲ ਕੇ ਮਿਲਣ ਦੀ ਦੂਜੀ ਆਸ ਰਹੇ ਨਾ ਰਾਈਆ । ਮੱਥਾ ਟੇਕਣਾ ਇਕੋ ਮੱਥਾ, ਮਸਤਕ ਸੀਸ ਝੁਕਾਈਆ । ਮਿਲੇ ਮੇਲ ਪੁਰਖ ਸਮਰਥਾ, ਸਮਰਥ ਪੁਰਖ ਸੱਚਾ ਸ਼ਹਿਨਸ਼ਾਹੀਆ । ਅੰਦਰ ਵੜ ਕੇ ਸਾਚੇ ਪੌੜੇ ਚੜ੍ਹ ਕੇ ਸੁਣਾਏ ਆਪਣੀ ਕਥਾ, ਅਕਥ ਕਹਾਣੀ ਆਪ ਜਣਾਈਆ । ਅਮਿਉਂ ਰਸ ਦੇਵੇ ਇਕੋ ਰਸਾ, ਰਸ ਰਸੀਯਾ ਮੁਖ ਚੁਆਈਆ । ਸੋਹੰ ਰੂਪ ਹੋ ਕੇ ਆਤਮ ਪਰਮਾਤਮ ਵਸਾ, ਵਾਸਤਾ ਆਪਣੇ ਨਾਲ ਰਖਾਈਆ । ਕਰੇ ਪਰਕਾਸ਼ ਕੋਟਨ ਰਵ ਸਸਾ, ਜੋਤ ਨਿਰਗੁਣ ਦਏ ਵਡਿਆਈਆ । ਤੀਰ ਨਿਰਾਲਾ ਜਿਸ ਸਤਿਗੁਰ ਕਸਾ, ਤਿਖੀ ਮੁਖੀ ਧਾਰ ਵਖਾਈਆ । ਜਗਤ ਵਿਕਾਰ ਤਿਸ ਚਰਨ ਦੁਆਰੇ ਢੱਠਾ, ਕੂੜੀ ਕਿਰਿਆ ਮੇਟ ਮਿਟਾਈਆ । ਸੰਤ ਜਨਾਂ ਮਿਲ ਸੰਤ ਇਕ ਦੂਜੇ ਨੂੰ ਕਹਿਣ ਅੱਛਾ, ਅੱਛੀ ਤਰ੍ਹਾ ਸਮਝਾਈਆ । ਜਗਤ ਬੰਧਨ ਬੰਨ੍ਹ ਨਾ ਕੋਈ ਰੱਸਾ, ਪ੍ਰੇਮ ਡੋਰੀ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਸਭ ਦੀ ਕਰੇ ਰੱਛਾ, ਰੱਛਕ ਦਇਆਵਾਨ ਦਇਆਨਿਧ ਠਾਕਰ ਸੁਆਮੀ ਅਲੱਖ ਅਗੋਚਰ ਅਗੰਮ ਅਥਾਹ ਬੇਨਜ਼ੀਰ ਸ਼ਾਹ ਹਕੀਰ ਰਾਓ ਰੰਕ ਊਚ ਨੀਚ ਸ਼ਾਹ ਸੁਲਤਾਨ ਇਕੋ ਗੀਤ ਬਿਨ ਤਕਦੀਰ ਤਦਬੀਰ ਲਕੀਰ ਤਸਵੀਰ ਗੁਣੀ ਗਹੀਰ ਆਪਣੀ ਇਕ ਜਣਾਈਆ ।



## ੧੪ ਕੱਤਕ ੨੦੨੦ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ

ਸੱਚ ਸਿੰਘਾਸਣ ਹਰਿ ਜੂ ਸਜੇ, ਸਚਖੰਡ ਸਾਚੇ ਵੱਜੇ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਫਿਰਨ ਭੱਜੇ, ਉਠ ਉਠ ਵਾਹੋ ਦਾਹੀਆ । ਪੁਰਖ ਅਕਾਲ ਦੀਨ ਦਿਆਲ ਏਕਾ ਸੱਦੇ, ਸਚ ਸੰਦੇਸਾ ਨਾਮ ਜਣਾਈਆ । ਕਰੇ ਖੇਲ ਸੂਰਾ ਸਰਬੱਗੇ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਸਚ ਦੁਆਰ ਆਉਣਾ ਬੱਧੇ, ਬੰਦਗੀ ਇਕੋ ਇਕ ਦਰਸਾਈਆ । ਆਪਣੀ ਵਸਤ ਚੁੱਕ ਲੈ ਆਉਣਾ ਕੰਧੇ, ਧੁਰ ਦਾ ਲੇਖਾ ਦਏ ਸਮਝਾਈਆ । ਸਚ ਨਗਾਰਾ ਇਕੋ ਵੱਜੇ, ਤੂੰ ਹੀ ਤੂੰ ਹੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ ।

ਬੇਪਰਵਾਹ ਖੇਲ ਕਰਾਉਣਾ, ਹਰਿ ਕਰਤਾ ਵਡ ਵਡਿਆਈਆ । ਸਚ ਦੁਆਰ ਇਕ ਸੁਹਾਉਣਾ, ਸਾਚੇ ਧਾਮ ਸੋਭਾ ਪਾਈਆ । ਸਾਚਾ ਵਕ਼ਤ ਆਪ ਸੁਹਾਉਣਾ, ਦੇਵੇ ਵਾਰ ਥਿਤ ਵਡਿਆਈਆ । ਰੂਪ ਅਨੂਪ ਆਪ ਪਰਗਟਾਉਣਾ, ਸ਼ਾਹੋ ਭੂਪ ਬਣ ਸੱਚਾ ਸ਼ਹਿਨਸ਼ਾਹੀਆ । ਧੁਰ ਫ਼ਰਮਾਨਾ ਇਕ ਜਣਾਉਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੁਗ ਚੌਕੜੀ ਪੰਧ ਮੁਕਾਉਣਾ, ਕਲਜੁਗ ਅੰਤਮ ਵੇਖ ਵਖਾਈਆ । ਧੁਰ ਦਾ ਭੇਵ ਅਭੇਦ ਖੁਲ੍ਹਾਉਣਾ, ਪਾਰਬ੍ਰਹਮ ਪ੍ਰਭ ਪੜਦਾ ਦਏ ਉਠਾਈਆ । ਸਾਚਾ ਮਾਰਗ ਇਕ ਜਣਾਉਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਪੁਰਖ ਸਮਰਥ, ਸੋ ਸਾਹਿਬ ਆਪ ਕਰਾਈਆ । ਨਿਰਗੁਣ ਧਾਰ ਜੋਤ ਨੂਰ ਪਰਗਟ, ਨੂਰ ਨੁਰਾਨਾ ਡਗਮਗਾਈਆ । ਸਚ ਦਵਾਰੇ ਬਹੇ ਸਜ, ਹਰਿ ਸੱਜਣ ਸੋਭਾ ਪਾਈਆ । ਚਾਰ ਜੁਗ ਦੇ ਵਿਛੜੇ ਲਏ ਸੱਦ, ਸੱਦਾ ਇਕੋ ਨਾਮ ਸੁਣਾਈਆ । ਪਾਰ ਕਰਾਏ ਪਿਛਲੀ ਹੱਦ, ਮਾਰਗ ਇਕੋ ਇਕ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪਣੇ ਹੱਥ ਰਖਾਈਆ । ਸਾਚੀ ਕਰਨੀ ਕਰੇ ਕਰਤਾਰ, ਹਰਿ ਕਰਤਾ ਵਡ ਵਡਿਆਈਆ । ਜੁਗ ਚੌਕੜੀ ਵੇਖਣਹਾਰ, ਨਿਰਗੁਣ ਸਰਗੁਣ ਖੇਲ ਕਰਾਈਆ । ਲੇਖਾ ਜਾਣ ਧੁਰ ਦਰਬਾਰ, ਦਰਗਹਿ ਸਾਚੀ ਸੋਭਾ ਪਾਈਆ । ਮਾਣ ਦੇ ਗੁਰ ਅਵਤਾਰ, ਪੀਰ ਪੈਗ਼ੰਬਰ ਬੂਝ ਬੁਝਾਈਆ । ਸੁਣਾਉਂਦਾ ਰਿਹਾ ਸੱਚੀ ਗੁਫ਼ਤਾਰ, ਨਾਮ ਸੰਦੇਸਾ ਇਕ ਅਲਾਈਆ । ਜਣਾਉਂਦਾ ਰਿਹਾ ਆਪਣੀ ਵਾਰ, ਗੀਤ ਗੋਬਿੰਦ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਖੇਲ ਆਪ ਜਣਾਈਆ । ਸਾਚੀ ਖੇਲ ਪੁਰਖ ਸਮਰਥ, ਹਰਿ ਕਰਤਾ ਆਪ ਕਰਾਇੰਦਾ । ਜੁਗ ਚੌਕੜੀ ਚਲਾਵਣਹਾਰਾ ਰਥ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਕਲਜੁਗ ਅੰਤਮ ਹੋ ਪਰਗਟ, ਜੋਤੀ ਜਾਮਾ ਰੂਪ ਧਰਾਇੰਦਾ । ਸਾਚਾ ਨੂਰ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇੰਦਾ । ਦੋ ਜਹਾਨਾਂ ਇਕੋ ਰਾਸ, ਮੰਡਲ ਮੰਡਪ ਆਪ ਪਵਾਇੰਦਾ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਸੋਭਾ ਪਾਇੰਦਾ । ਨਿਰਗੁਣ ਨਿਰਗੁਣ ਦੇਵੇ ਸਾਥ, ਸਰਗੁਣ ਸਰਗੁਣ ਬੂਝ ਬੁਝਾਇੰਦਾ । ਮੇਟੇ ਰੈਣ ਅੰਧੇਰੀ ਰਾਤ, ਸਤਿ ਸਤਿਵਾਦੀ ਸਾਚਾ ਚੰਦ ਚੜ੍ਹਾਇੰਦਾ । ਚਾਰ ਵਰਨ ਬਣਾਏ ਇਕ ਜਮਾਤ, ਚਾਰੇ ਖਾਣੀ ਫੋਲ ਫੋਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰੇ ਭਗਵੰਤ, ਹਰਿ ਵੱਡਾ ਵਡ ਵਡਿਆਈਆ । ਖੇਲੇ ਖੇਲ ਜੁਗਾ ਜੁਗੰਤ, ਜੁਗ ਜੁਗ ਆਪਣਾ ਵੇਸ ਵਟਾਈਆ । ਪੂਰਨ ਜੋਤ ਸ੍ਰੀ ਭਗਵੰਤ, ਭਗਵਨ ਆਪਣੀ ਧਾਰ ਰਖਾਈਆ । ਆਦਿ ਜੁਗਾਦਿ ਮਹਿਮਾ ਅਗਣਤ, ਲੇਖਾ ਲਿਖ ਸਕੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਚਾ ਹਰਿ, ਧੁਰ ਦੀ ਧਾਰ ਆਪ ਪਰਗਟਾਈਆ । ਧੁਰ ਦੀ ਧਾਰ ਕਰ ਪਰਗਟ, ਪਰਗਟ ਆਪਣਾ ਖੇਲ ਖਿਲਾਇੰਦਾ । ਸਚ ਦੁਆਰ ਖੋਲ੍ਹ ਹੱਟ, ਬਣ ਵਣਜਾਰਾ ਵਣਜ ਵਖਾਇੰਦਾ । ਵੇਸ ਧਰ ਪੁਰਖ ਸਮਰਥ, ਸਮਰਥ ਆਪਣੀ ਕਾਰ ਕਮਾਇੰਦਾ । ਦੋ ਜਹਾਨਾਂ ਕਰ ਕੇ ਵਸ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਹੁਕਮ ਵਰਤਾਇੰਦਾ । ਭਗਤ ਸੁਹੇਲੇ ਮਾਰਗ ਦੱਸ, ਗੁਰ ਚੇਲੇ ਬੂਝ ਬੁਝਾਇੰਦਾ । ਸੰਤ ਸੱਜਣ ਦੇਵੇ ਰਸ, ਘਰ ਝਿਰਨਾ ਰਸ ਅੰਮ੍ਰਿਤ ਇਕ ਝਿਰਾਇੰਦਾ । ਗੁਰਮੁਖਾਂ ਰੱਖੇ ਦੇ ਕਰ ਹੱਥ, ਮਿਹਰ ਨਜ਼ਰ ਨੈਣ ਉਠਾਇੰਦਾ । ਗੁਰਸਿਖਾਂ ਖੋਲ੍ਹੇ ਆਪਣੀ ਅੱਖ, ਨਿਜ ਨੇਤਰ ਦਰਸ ਕਰਾਇੰਦਾ । ਲਹਿਣੇ ਪਾ ਨਾੜੀ ਰਤ, ਰਤੀ

ਰਤ ਆਪ ਮਹਿਕਾਇੰਦਾ । ਜਾਨਣਹਾਰਾ ਮਿਤ ਗਤ, ਗਤ ਮਿਤ ਆਪਣੇ ਹੱਥ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਪੁਰਖ ਅਕਾਲ, ਅਕਲ ਕਲ ਧਾਰੀ ਆਪ ਕਰਾਈਆ । ਕਰੇ ਖੇਲ ਦੀਨ ਦਿਆਲ, ਦੀਨਨ ਵੇਖੇ ਚਾਈਂ ਚਾਈਂਆ । ਨਾਤਾ ਤੋੜ ਸ਼ਾਹ ਕੰਗਾਲ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਤ੍ਰੈਗੁਣ ਮਾਇਆ ਮੇਟ ਜੰਜਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਚਾਰ ਜੁਗ ਦਾ ਹੱਲ ਕਰੇ ਸਵਾਲ, ਬੇਪਰਵਾਹ ਆਪਣਾ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਘਾਲਣ ਗਏ ਘਾਲ, ਤਿਨ੍ਹਾਂ ਕੀਤੀ ਘਾਲ ਲੇਖੇ ਪਾਈਆ । ਅੰਦਰ ਬਾਹਰ ਗੁਪਤ ਜ਼ਾਹਰ ਚਲੇ ਨਾਲ, ਬਣ ਸੰਗੀ ਸੰਗ ਨਿਭਾਈਆ । ਸ਼ਬਦ ਅਨਾਦ ਵਜਾਏ ਤਾਲ, ਅਨਾਦੀ ਰਾਗ ਸੁਣਾਈਆ । ਏਥੇ ਓਥੇ ਕਰੇ ਪ੍ਰਿਤਪਾਲ, ਸਿਰ ਆਪਣਾ ਹੱਥ ਟਿਕਾਈਆ । ਸ਼ਬਦ ਸਰੂਪੀ ਬਣ ਦਲਾਲ, ਸਾਚਾ ਵਣਜ ਇਕੋ ਹੱਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਬੇਪਰਵਾਹੀਆ । ਮਿਹਰਵਾਨ ਹਰਿ ਕਰਤਾ ਪੁਰਖ, ਵਡ ਪੁਰਖੋਤਮ ਇਕ ਅਖਵਾਇੰਦਾ । ਨਾ ਕੋਈ ਸੋਗ ਨਾ ਕੋਈ ਹਰਖ਼, ਚਿੰਤਾ ਗ਼ਮ ਨਾ ਕੋਇ ਵਖਾਇੰਦਾ । ਜਨ ਭਗਤਾਂ ਕਰੇ ਸਦਾ ਤਰਸ, ਦਇਆਵਾਨ ਆਪ ਹੋ ਜਾਇੰਦਾ । ਅੰਮ੍ਰਿਤ ਮੇਘ ਦੇਵੇ ਬਰਸ, ਦੁਰਮਤ ਮੈਲ ਧਵਾਇੰਦਾ । ਸਾਚੀ ਕਰੇ ਲਿਖਤ ਪੜ੍ਹਤ, ਬਿਨ ਕਲਮ ਸ਼ਾਹੀ ਗੰਢ ਪਵਾਇੰਦਾ । ਆਪਣੇ ਮਿਲਣ ਦੀ ਦੱਸੇ ਸ਼ਰਤ, ਲਾਸ਼ਰੀਕ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਧਾਰ ਆਪ ਵਖਾਇੰਦਾ । ਸਾਚੀ ਧਾਰ ਵਖਾਏ ਏਕ, ਏਕੰਕਾਰ ਵੱਡੀ ਵਡਿਆਈਆ । ਆਤਮ ਪਰਮਾਤਮ ਦੇਵੇ ਟੇਕ, ਪਾਰਬ੍ਰਹਮ ਬ੍ਰਹਮ ਵੇਖੇ ਚਾਈਂ ਚਾਈਂਆ । ਨਿਰਗੁਣ ਸਰਗੁਣ ਧਾਰ ਭੇਖ, ਸਰਗੁਣ ਨਿਰਗੁਣ ਬੂਝ ਬੁਝਾਈਆ । ਨਜ਼ਰੀ ਆਵੇ ਨੇਤਨ ਨੇਤ, ਦੂਰ ਦੁਰਾਡਾ ਪੰਧ ਮੁਕਾਈਆ । ਸਚ ਮਹੱਲੇ ਖੇਲੇ ਖੇਲ, ਖ਼ਾਲਕ ਖ਼ਲਕ ਸੱਚਾ ਸ਼ਹਿਨਸ਼ਾਹੀਆ । ਸ਼ਾਹੋ ਭੂਪ ਬਣ ਨਰੇਸ਼, ਦਹਿ ਦਿਸ਼ਾ ਹੁਕਮ ਵਰਤਾਈਆ । ਜਨ ਭਗਤਾਂ ਕਰੇ ਆਪਣਾ ਹੇਤ, ਬਣ ਹਿਤਕਾਰੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਆਪ ਜਣਾਈਆ । ਸਾਚੀ ਧਾਰ ਦੱਸੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਜਿਸ ਦਾ ਮਿਲੇ ਨਾ ਕੋਈ ਨਿਸ਼ਾਨ, ਸੋ ਨਿਸ਼ਾਨਾ ਇਕ ਝੁਲਾਇੰਦਾ । ਜਿਸ ਦਾ ਰੱਖਦੇ ਸਾਰੇ ਮਾਣ, ਸੋ ਅਭਿਮਾਨੀ ਮੇਟ ਮਿਟਾਇੰਦਾ । ਜਿਸ ਦਾ ਗਾਉਂਦੇ ਸਾਰੇ ਗਾਣ, ਸੋ ਗੀਤ ਗੋਬਿੰਦ ਆਪ ਅਲਾਇੰਦਾ । ਜਿਸ ਨੂੰ ਕਹਿੰਦੇ ਮਰਦ ਮਰਦਾਨ, ਸੋ ਮਰਦਾਨਗੀ ਆਪ ਕਮਾਇੰਦਾ । ਜਿਸ ਦਾ ਨੂਰ ਬੇਪਹਿਚਾਨ, ਨੇਤਰ ਨੈਣ ਨਜ਼ਰ ਨਾ ਆਇੰਦਾ । ਜਿਸ ਨੂੰ ਕਹਿੰਦੇ ਨਿਰਗੁਣ ਰੂਪ ਸ੍ਰੀ ਭਗਵਾਨ, ਸਤਿ ਸਰੂਪੀ ਫੇਰਾ ਪਾਇੰਦਾ । ਸੋ ਖੇਲੇ ਖੇਲ ਨੌਜਵਾਨ, ਨਰ ਹਰਿ ਆਪਣੀ ਕਾਰ ਕਮਾਇੰਦਾ । ਜਨ ਭਗਤਾਂ ਦੇਵੇ ਧੁਰ ਦਾ ਦਾਨ, ਵਸਤ ਅਮੋਲਕ ਆਪ ਵਰਤਾਇੰਦਾ । ਅੰਤਮ ਔਧ ਪੁਗੀ ਆਣ, ਲੇਖਾ ਸਭ ਦਾ ਵੇਖ ਵਖਾਇੰਦਾ । ਜੋਤੀ ਜਾਮਾ ਹੋ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਨਵ ਨੌਂ ਚਾਰ ਵੇਖੇ ਮਾਰ ਧਿਆਨ, ਦੋ ਜਹਾਨਾਂ ਖੋਜ ਖੋਜਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਦੇ ਕੇ ਗਏ ਬਿਆਨ, ਪੂਰਬ ਲੇਖਾ ਸਭ ਦਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਮਾਏ ਏਕ, ਅਕਲ ਕਲਧਾਰੀ ਦਇਆ ਕਮਾਈਆ ।

ਹਰਿਜਨ ਸਾਜਣ ਲਏ ਪੇਖ, ਨੇਤਰ ਲੋਚਣ ਨੈਣ ਇਕ ਖੁਲ੍ਹਾਈਆ । ਪਾਰਬ੍ਰਹਮ ਪ੍ਰਭ ਵਖਾਏ ਸੁਹੰਜਣਾ ਦੇਸ, ਜਿਸ ਗ੍ਰਿਹ ਆਪਣਾ ਚਰਨ ਟਿਕਾਈਆ । ਭੂਪਤ ਭੂਤ ਬਣ ਨਰੇਸ਼, ਨਰ ਨਿਰੰਕਾਰ ਸੋਭਾ ਪਾਈਆ । ਧੁਰ ਦਾ ਦੇਵੇ ਸਚ ਸੰਦੇਸ਼, ਸੁਨੇਹੜਾ ਇਕੋ ਨਾਮ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਘਰ ਸਾਚੇ ਸਾਰੇ ਹੋਏ ਪੇਸ਼, ਪੇਸ਼ੀ ਇਕੋ ਘਰ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਪੜਦਾ ਆਪ ਉਠਾਈਆ । ਧੁਰ ਦਾ ਪੜਦਾ ਦੇਵੇ ਖੋਲ੍ਹ, ਖ਼ਾਲਕ ਖ਼ਲਕ ਵੱਡੀ ਵਡਿਆਈਆ । ਸ਼ਬਦ ਅਨਾਦੀ ਇਕੋ ਬੋਲ, ਜੁਗ ਵਿਛੜੇ ਲਏ ਮਿਲਾਈਆ । ਨਿਰਗੁਣ ਸੱਦੇ ਆਪਣੇ ਕੋਲ, ਦਰ ਦੁਆਰਾ ਇਕ ਸਮਝਾਈਆ । ਵੇਖੇ ਆਪ ਬੈਠ ਅਡੋਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਦਏ ਸੰਦੇਸਾ, ਹਰਿ ਸੱਦਾ ਨਾਮ ਜਣਾਈਆ । ਪੁਰਖ ਅਬਿਨਾਸ਼ੀ ਧਰਿਆ ਭੇਸਾ, ਪਾਰਬ੍ਰਹਮ ਰੂਪ ਅਨੂਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆ ਕੇ ਵੇਖੋ ਸੰਬਲ ਦੇਸਾ, ਮਹੱਲ ਅਟੱਲ ਕਰੀ ਰੁਸ਼ਨਾਈਆ । ਨਿਰਗੁਣ ਧਾਰ ਦੋ ਜਹਾਨਾਂ ਨੇਤਾ, ਸ਼ਹਿਨਸ਼ਾਹ ਇਕੋ ਇਕ ਅਖਵਾਈਆ । ਜਿਸ ਦਾ ਆਦਿ ਜੁਗਾਦਿ ਕੋਈ ਨਾ ਜਾਣੇ ਪੇਸ਼ਾ, ਅੰਤ ਕਹਿਣ ਕੋਇ ਨਾ ਆਈਆ । ਜਿਸ ਉਪਜਾਏ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼ਾ, ਗਣਪਤ ਆਪਣਾ ਰੰਗ ਵਖਾਈਆ । ਜਿਸ ਪ੍ਰਗਟਾਏ ਕਰੋੜ ਤੇਤੀਸਾ, ਸੁਰਪਤ ਇੰਦ ਮਾਣ ਰਖਾਈਆ । ਜਿਨ ਗੁਰ ਅਵਤਾਰ ਪੀਰ ਪੈਗ਼ੰਬਰ ਦਿਤਾ ਨੇਂਦਾ, ਸੱਦਾ ਇਕੋ ਘਰ ਜਣਾਈਆ । ਸੋ ਸਾਹਿਬ ਸੁਲਤਾਨ ਪੁਰਖ ਅਬਿਨਾਸ਼ ਦੋ ਜਹਾਨ ਵੇਂਹਦਾ, ਬਿਨ ਅੱਖਾਂ ਵੇਖੇ ਥਾਉਂ ਥਾਈਂਆ । ਸਚ ਮਹੱਲੇ ਸਚ ਦਵਾਰ ਸਚ ਸਿੰਘਾਸਣ ਮਹੱਲ ਅਟੱਲ ਅਗੰਮ ਅਥਾਹ ਬਹਿੰਦਾ, ਭੂਮਕਾ ਨਜ਼ਰ ਕਿਸੇ ਨਾ ਆਈਆ । ਸਤਿ ਸੰਦੇਸ ਇਕੋ ਕਹਿੰਦਾ, ਸਚ ਸਾਚੀ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਤੇਰੀ ਭਗਵਾਨ, ਪ੍ਰਭ ਸਾਚੇ ਸੱਚੀ ਭਾਈਆ । ਤੇਰਾ ਸੁਣਿਆ ਇਕ ਫ਼ਰਮਾਣ, ਵੱਜੀ ਘਰ ਵਧਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਰਾਹ ਤਕਾਣ, ਬੈਠੇ ਧਿਆਨ ਲਗਾਈਆ । ਕਵਣ ਵੇਲਾ ਸੱਦੇ ਆਪ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਜਾ ਕੇ ਸਜਦਾ ਕਰੀਏ ਸਲਾਮ, ਸੀਸ ਜਗਦੀਸ ਝੁਕਾਈਆ । ਇਸ ਨੂੰ ਮੰਨੀਏ ਇਕ ਅਮਾਮ, ਪਰਵਰਦਗਾਰ ਇਕ ਅਖਵਾਈਆ । ਜਿਸ ਦਾ ਕਲਮਾ ਹੱਕ ਕਲਾਮ, ਕਾਇਨਾਤ ਕਰੇ ਪੜ੍ਹਾਈਆ । ਜਿਸ ਦਾ ਮੰਤਰ ਸਤਿਨਾਮ, ਨਾਮ ਸਤਿ ਇਕ ਰਖਾਈਆ । ਸੋ ਖੇਲ ਕਰੇ ਵਿਚ ਜਹਾਨ, ਦੋ ਜਹਾਨਾਂ ਵਾਲੀ ਫੇਰਾ ਪਾਈਆ । ਜਿਸ ਦਾ ਝੁੱਲੇ ਇਕ ਨਿਸ਼ਾਨ, ਸੱਤ ਰੰਗ ਵੱਜੀ ਵਧਾਈਆ । ਤਿਸ ਨੂੰ ਮੰਨੀਏ ਅਗੰਮੀ ਕਾਹਨ, ਆਦਿ ਜੁਗਾਦਿ ਲੱਖ ਚੁਰਾਸੀ ਗੋਪੀ ਰਿਹਾ ਹੰਡਾਈਆ । ਉਸ ਦੇ ਚਰਨ ਕਰੀਏ ਧਿਆਨ, ਚਿਤ ਚਰਨ ਕਵਲ ਇਕ ਰਖਾਈਆ । ਸੋ ਦੇਵੇ ਸੱਚਾ ਮਾਣ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਆਦਿ ਜੁਗਾਦਿ ਇਕ ਅਖਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਪ੍ਰਭ ਤੇਰੇ ਅੱਗੇ ਅਰਜ਼ੋਈਆ । ਜੁਗ ਚੌਕੜੀ ਤੇਰੇ ਦਰ ਤੋਂ ਲੈਣ, ਭਿਖਕ ਭਿਖਿਆ ਝੋਲੀ ਪਾਈਆ । ਆਦਿ ਜੁਗਾਦਿ ਭਾਣਾ ਤੇਰਾ ਸਹਿਣ, ਆਪਣੀ ਚਲੇ ਨਾ ਕੋਇ ਚਤਰਾਈਆ । ਤੇਰੇ ਹੱਥ ਲਹਿਣਾ ਦੇਣ, ਦੇਵਣਹਾਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਈਆ । ਤੇਰੇ ਦਰ ਮੰਗ ਪ੍ਰਭ, ਘਰ ਸੱਜਣ ਇਕ ਮੰਗਾਈਆ । ਸੰਤ ਸਾਜਣ ਆਪਣੇ ਲੈ ਲੱਭ, ਗੁਰਮੁਖ ਪੜਦਾ ਲਾਹੀਆ । ਪਾਰ ਕਰਾ ਜਗਤ ਹੱਦ, ਸਚ ਦੁਆਰੇ ਸਦ ਬਹਾਈਆ । ਨਾਮ ਵਜਾ ਅਗੰਮੀ ਨਦ, ਸੁਰ ਤਾਲ ਨਾ ਕੋਇ ਰਖਾਈਆ । ਲੱਖ ਚੁਰਾਸੀ ਨਾਲੋਂ ਕਰ ਅੱਡ, ਅੱਡਰੀ ਆਪਣੀ ਕਾਰ ਕਮਾਈਆ । ਭਾਗ ਲਗਾ ਕਾਇਆ ਮਾਟੀ ਹੱਡ, ਮਾਸ ਨਾੜੀ ਕਰ ਰੁਸ਼ਨਾਈਆ । ਸੰਤ ਸੁਹੇਲੇ ਤੇਰੀ ਯਦ, ਵਿਸ਼ਵ ਤੇਰੀ ਧਾਰ ਨਜ਼ਰੀ ਆਈਆ । ਸਾਚਾ ਜਾਮ ਪਿਆ ਮਧ, ਅੰਮ੍ਰਿਤ ਰਸ ਇਕ ਚਖਾਈਆ । ਤੇਰੇ ਦੁਆਰੇ ਬਹਿਣ ਸਜ, ਸਗਲਾ ਸੰਗ ਰਖਾਈਆ । ਪੜਦਾ ਏਨ੍ਹਾਂ ਲੈਣਾ ਕਜ, ਜੋ ਬੈਠਣ ਸੀਸ ਨਿਵਾਈਆ । ਤੇਰਾ ਨਾਉਂ ਪੁਰਖ ਸਮਰਥ, ਸਮਰਥ ਤੇਰੀ ਸ਼ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਪ੍ਰਭ ਦੀਨ ਦਿਆਲ, ਦਰ ਤੇਰੇ ਇਕ ਅਰਜ਼ੋਈਆ । ਕਿਰਪਾ ਕਰ ਵਡ ਕਿਰਪਾਲ, ਤੇਰੇ ਹੱਥ ਸਰਬ ਵਡਿਆਈਆ । ਹਉਂ ਬਾਲੀ ਬੁਧ ਬਾਲ ਅਵਾਣ, ਤੂੰ ਦਾਤਾ ਤੇਰਾ ਅੰਤ ਕਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਚੇ ਖ਼ੁਸ਼ੀ ਵਖਾਈਆ । ਤੇਰਾ ਘਰ ਸੋਹਣਾ ਚੰਗਾ, ਚੰਗੀ ਤਰਾ ਨਜ਼ਰੀ ਆਈਆ । ਨਾਮ ਅਗੰਮੀ ਇਕੋ ਰੰਗਾ, ਰੰਗ ਰੰਗੀਲੇ ਤੇਰੇ ਹੱਥ ਵਡਿਆਈਆ । ਧੁਰ ਧਾਮ ਵੱਜੇ ਉਹ ਮਰਦੰਗਾ, ਜਿਸ ਦੀ ਕਿੱਲੀ ਸਤਾਰ ਹੱਥ ਨਾ ਕਿਸੇ ਫੜਾਈਆ । ਸੁਣ ਕੇ ਆਵੇ ਉਹ ਅਨੰਦਾ, ਅਨੰਦ ਅਨੰਦ ਵਿਚ ਰਖਾਈਆ । ਮਿਲੇ ਮੇਲ ਸੂਰੇ ਸਰਬੰਗਾ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਲੇਖਾ ਚੁੱਕੇ ਜੇਰਜ ਅੰਡਾ, ਉਤਭੁਜ ਸੇਤਜ ਪੰਧ ਮੁਕਾਈਆ । ਤੂੰ ਤੁਟਿਆਂ ਦੇਵੇਂ ਗੰਢਾ, ਗੰਢਣਹਾਰ ਅਖਵਾਈਆ । ਜੁਗ ਚੌਕੜੀ ਭੁਲਣਹਾਰ ਬੰਦਾ, ਅਭੁਲ ਤੇਰੇ ਚਰਨ ਮਿਲੇ ਸਰਨਾਈਆ । ਤੂੰ ਦੀਨ ਦਿਆਲ ਸਾਹਿਬ ਬਖ਼ਸ਼ੰਦਾ, ਬਖ਼ਸ਼ਸ਼ ਇਕੋ ਝੋਲੀ ਪਾਈਆ । ਪਤਤ ਪੁਨੀਤ ਕਰ ਅਵਗੁਣ ਭਰਿਆ ਬੰਦਾ, ਕੂੜੀ ਕਿਰਿਆ ਦੁਰਮਤ ਧਵਾਈਆ । ਨਾਮ ਫੇਰ ਅਗੰਮੀ ਖੰਡਾ, ਖੜਗ ਇਕੋ ਇਕ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਘਰ ਸਾਚੇ ਖ਼ੁਸ਼ੀ ਰਖਾਈਆ । ਤੇਰਾ ਘਰ ਲੱਗੇ ਸੋਹਣਾ, ਪ੍ਰਭ ਅੱਛੀ ਬਣਤ ਬਣਾਈਆ । ਨਾ ਹੱਸਣਾ ਨਾ ਕੋਈ ਰੋਣਾ, ਦੁੱਖ ਸੁਖ ਨਾ ਕੋਇ ਸਮਾਈਆ । ਨਾ ਆਲਸ ਨਿੰਦਰਾ ਨਾ ਕੋਈ ਸੌਣਾ, ਜਾਗਰਤ ਰੂਪ ਨਾ ਕੋਇ ਵਟਾਈਆ । ਰਾਗ ਨਾਦ ਨਾ ਕੋਈ ਗੌਣਾ, ਸੁਰ ਤਾਲ ਨਾ ਕੋਇ ਰਖਾਈਆ । ਨਾ ਕੋਈ ਉਨੰਜਾ ਪਵਣ ਪਵਣਾ, ਠੰਡੀ ਧਾਰ ਨਾ ਕੋਇ ਰਖਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਮਾਦੀ ਆਦਿ ਜੁਗਾਦੀ ਸ਼ਬਦ ਅਨਾਦੀ ਤੇਰਾ ਰੂਪ ਇਕੋ ਆਉਣਾ, ਜੋਤੀ ਜੋਤ ਜੋਤ ਰੁਸ਼ਨਾਈਆ । ਸਾਚਾ ਦਰ ਦੋ ਜਹਾਨ ਸੁਹਾਉਣਾ, ਘਰ ਸਾਚੇ ਖ਼ੁਸ਼ੀ ਵਖਾਈਆ । ਜੁਗ ਚੌਕੜੀ ਲਹਿਣਾ ਝੋਲੀ ਪਾਉਣਾ, ਦਰ ਤੇਰੇ ਮੰਗ ਮੰਗਾਈਆ । ਸਾਚੇ ਸੱਜਣ ਨਾਲ ਮਿਲਾਉਣਾ, ਜਿਨ੍ਹਾਂ ਮਿਲਿਆਂ ਵਿਛੋੜਾ ਕੋਇ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦੇ ਦੇ ਮੀਤ, ਮਿੱਤਰ ਪਿਆਰੇ ਤੇਰੀ ਸ਼ਰਨਾਈਆ । ਸਤਿ ਸਤਿਵਾਦੀ ਤੇਰੀ ਵੇਖੀਏ ਰੀਤ, ਲੋਕਮਾਤ ਵੱਜੇ ਵਧਾਈਆ । ਰਲ ਮਿਲ ਇਕੋ ਗਾਈਏ ਗੀਤ, ਸਾਚਾ ਢੋਲਾ ਸਾਹਿਬ ਗਾਈਆ । ਤੇਰੇ ਛਤਰ ਝੁੱਲੇ ਸੀਸ, ਜਗਦੀਸ ਤੇਰਾ ਧਾਮ ਸੋਭਾ

ਪਾਈਆ । ਮਾਣ ਮਿਲੇ ਹਸਤ ਕੀਟ, ਊਚ ਨੀਚ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਦੇਣਾ ਜਣਾਈਆ । ਸਾਚਾ ਭੇਵ ਦੱਸੇ ਭਗਵਾਨ, ਭਗਵਨ ਆਪਣੀ ਦਇਆ ਕਮਾਇੰਦਾ । ਪੰਦਰਾਂ ਕੱਤਕ ਦਿਵਸ ਮਹਾਨ, ਹਰਿ ਕਰਤਾ ਆਪ ਪਰਗਟਾਇੰਦਾ । ਤਖ਼ਤ ਨਿਵਾਸੀ ਖੇਲ ਕਰੇ ਦੋ ਜਹਾਨ, ਦੋ ਜਹਾਨਾਂ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਰਬਾਰ ਇਕ ਸੁਹਾਇੰਦਾ । ਸਚ ਦਰਬਾਰ ਲਗਾਏ ਮਾਤ, ਮਾਤਰ ਭੂਮੀ ਦਏ ਵਡਿਆਈਆ । ਚਾਰ ਵਰਨ ਦੀ ਇਕ ਜਮਾਤ, ਸੋ ਪੁਰਖ ਨਿਰੰਜਣ ਆਪ ਪਰਗਟਾਈਆ । ਧੁਰ ਦੀ ਵਸਤ ਦੇਵੇ ਦਾਤ, ਅਨਮੁਲੜੀ ਝੋਲੀ ਪਾਈਆ । ਮੇਟੇ ਕਲ ਅੰਧੇਰੀ ਰਾਤ, ਸਾਚਾ ਚੰਦ ਨੂਰ ਰੁਸ਼ਨਾਈਆ । ਰਸਨਾ ਦੱਸੇ ਇਕੋ ਗਾਥ, ਸਾਚਾ ਸੋਹਲਾ ਢੋਲਾ ਆਪ ਪੜ੍ਹਾਈਆ । ਲਹਿਣਾ ਦੇਵੇ ਮਸਤਕ ਮਾਥ, ਪੂਰਬ ਲੇਖਾ ਝੋਲੀ ਪਾਈਆ । ਨਾਮ ਚੜ੍ਹਾਏ ਸਾਚੇ ਰਾਥ, ਬਣ ਰਥਵਾਹੀ ਸੇਵ ਕਮਾਈਆ । ਸਚ ਨੁਹਾਏ ਤੀਰਥ ਤਾਟ, ਸਰੋਵਰ ਇਕੋ ਇਕ ਪਰਗਟਾਈਆ । ਭੇਵ ਚੁਕਾਏ ਜ਼ਾਤ ਪਾਤ, ਆਤਮ ਪਰਮਾਤਮ ਦਏ ਸਮਝਾਈਆ । ਨਜ਼ਰੀ ਆਏ ਇਕ ਇਕਾਂਤ, ਹਰ ਘਟ ਬੈਠਾ ਡੇਰਾ ਲਾਈਆ । ਕਰੇ ਖੇਲ ਸਾਖਿਆਤ, ਨਿਰਵੈਰ ਪੁਰਖ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਗੋਪਾਲ, ਪ੍ਰਭ ਵਡਾ ਵਡ ਵਡਿਆਈਆ । ਚਾਰ ਜੁਗ ਦੇ ਵਿਛੜੇ ਯਾਰ, ਗੁਰਮੁਖ ਆਪਣੇ ਨਾਲ ਮਿਲਾਈਆ । ਸਭ ਦੀ ਸੁਰਤ ਲਏ ਸੰਭਾਲ, ਸੁਰਤੀ ਸ਼ਬਦੀ ਡੋਰੀ ਤੰਦ ਬੰਧਾਈਆ । ਸਾਚਾ ਖੇਲ ਕਰੇ ਕਮਾਲ, ਕੁਦਰਤ ਕਾਦਰ ਦਏ ਜਣਾਈਆ । ਵੇਖੇ ਹਕੀਕਤ ਹੱਕ ਹਲਾਲ, ਲਾਸ਼ਰੀਕ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਸੋਭਾ ਪਾਈਆ । ਸਚ ਦਰਬਾਰਾ ਮਾਤ ਲੱਗੇ, ਲਗਾਵਣਹਾਰਾ ਆਪ ਲਗਾਈਆ । ਹਰਿ ਭਗਤ ਲਗਾਏ ਆਪਣੇ ਅੱਗੇ, ਅੱਗਾ ਪਿੱਛਾ ਆਪਣੀ ਵੰਡ ਵੰਡਾਈਆ । ਭਗਤ ਦੁਆਰ ਸਾਚੀ ਹੱਦੇ, ਘਰ ਸਾਚੇ ਸੋਭਾ ਪਾਈਆ । ਨਾਮ ਨਗਾਰਾ ਇਕੋ ਵੱਜੇ, ਦੋ ਜਹਾਨ ਕਰੇ ਸ਼ਨਵਾਈਆ । ਸਾਚੇ ਤਖ਼ਤ ਹਰਿ ਜੂ ਸਜੇ, ਸੋਭਾਵੰਤ ਸੋਭਾ ਪਾਈਆ । ਗੁਰ ਅਵਤਾਰ ਆਵਣ ਭੱਜੇ, ਬਣ ਪਾਂਧੀ ਪੰਧ ਮੁਕਾਈਆ । ਦੋਵੇਂ ਹੱਥ ਸਭ ਨੇ ਬੱਧੇ, ਬੰਦਨਾ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਈਆ । ਸਾਚੀ ਖੇਲ ਕਰੇ ਕਰਤਾਰ, ਹਰਿ ਕਰਨੀ ਆਪ ਜਣਾਇੰਦਾ । ਇਕ ਪੰਜ ਦਾ ਸਚ ਵਿਹਾਰ, ਦੂਆ ਸਿਫ਼ਰਾ ਜੋੜ ਜੁੜਾਇੰਦਾ । ਬੀਸ ਬੀਸ ਦਾ ਕਰਜ਼ ਉਤਾਰ, ਪੰਦਰਾਂ ਪੰਦਰਾਂ ਰੰਗ ਰੰਗਾਇੰਦਾ । ਪੰਦਰਾਂ ਬੀਸ ਏਕੰਕਾਰ, ਆਪਣੀ ਕਲ ਵਰਤਾਇੰਦਾ । ਦੋਹਾਂ ਵਿਚੋਲਾ ਸਿਰਜਣਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਆਪ ਮਿਲਾਇੰਦਾ । ਸਾਚਾ ਮੇਲਾ ਵੀਹ ਸਦ ਪੰਦਰਾਂ, ਹਰਿ ਦੇਵਣਹਾਰ ਵਡਿਆਈਆ । ਜਿਸ ਭੇਵ ਖੁਲਾਇਆ ਮਸਜਦ ਮੰਦਰਾਂ, ਸ਼ਿਵਦਵਾਲੇ ਮੱਠ ਪੜਦਾ ਲਾਹੀਆ । ਜਿਸ ਪੜਦਾ ਲਾਹਿਆ ਡੂੰਘੀ ਕੰਦਰਾ, ਘਰ ਘਰ ਵਿਚ ਵੇਖ ਵਖਾਈਆ । ਜਨ ਭਗਤਾਂ ਤੋੜਿਆ ਬਜਰ ਕਪਾਟੀ ਜੰਦਰਾ, ਪੜਦਾ ਦਿਤਾ ਆਪ ਚੁਕਾਈਆ । ਸੋ ਲੇਖਾ ਰੱਖੇ ਨਾ ਕੋਈ ਗੰਧਲਾ, ਨਿਰਮਲ ਸਦਾ ਦਏ ਕਰਾਈਆ । ਪੁਰਖ ਅਬਿਨਾਸ਼ੀ ਕਦੇ ਨਾ ਹੋਵੇ ਅੰਧਲਾ, ਜਗ ਵੇਖੇ ਥਾਉਂ ਥਾਈਆ । ਭਗਤ ਦੁਆਰ ਬਣਾ ਬੰਗਲਾ, ਘਟ ਭੀਤਰ ਡੇਰਾ ਲਾਈਆ । ਸਚ ਪਰਕਾਸ਼ ਕਰ ਅਗੰਮੀ ਚੰਦਨਾ, ਨੂਰੀ ਜੋਤ


੯੬੨ ੧੫

ਡਗਮਗਾਈਆ । ਜਨ ਭਗਤ ਜਣਾਏ ਇਕੋ ਬੰਦਨਾ, ਬੰਦਗੀ ਧੁਰ ਦੀ ਆਪ ਸਮਝਾਈਆ । ਸਾਚਾ ਦੇਵੇ ਸਤਿ ਅਨੰਦਨਾ, ਅਨੰਦ ਅਨੰਦ ਵਿਚੋ ਰਖਾਈਆ । ਕੂੜ ਵਿਕਾਰਾ ਵਿਚੋਂ ਕੱਢਣਾ, ਜੂਠ ਝੂਠ ਦਏ ਤਜਾਈਆ । ਸੋ ਭਗਤ ਭਗਵਾਨ ਦਰ ਸਾਚੇ ਸੱਦਣਾ, ਜਿਸ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਰਚਾਈਆ । ਆਪਣੀ ਖੇਲ ਰਚ ਕੇ ਆਪ, ਆਪਣੇ ਹੱਥ ਰੱਖੇ ਵਡਿਆਈਆ । ਭਗਤ ਭਗਵਾਨ ਥਾਪਣ ਥਾਪ, ਦੇਵੇ ਮਾਣ ਵਡਿਆਈਆ । ਸਤਿ ਸਰੂਪੀ ਬਖ਼ਸ਼ੇ ਜਾਪ, ਜੀਵਣ ਜੁਗਤ ਜਣਾਈਆ । ਕਿਨਾਰਾ ਵਖਾਏ ਇਕੋ ਘਾਟ, ਪੱਤਣ ਮੇਲਾ ਬੇਪਰਵਾਹੀਆ । ਕਲਜੁਗ ਮੇਟ ਅੰਧੇਰੀ ਰਾਤ, ਸਤਿਜੁਗ ਸੱਚਾ ਚੰਦ ਚਮਕਾਈਆ । ਸਚ ਸੁਹੰਜਣੀ ਚੜ੍ਹੇ ਪਰਭਾਸ, ਪੰਦਰਾਂ ਕੱਤਕ ਖ਼ੁਸ਼ੀ ਮਨਾਈਆ । ਪਰਭਾਤੋਂ ਆਏ ਮੁੜ ਕੇ ਰਾਤ, ਰੈਣ ਆਪਣਾ ਰੰਗ ਵਖਾਈਆ । ਭਿੰਨੜੀ ਕਹੇ ਮੇਰੀ ਪੂਰੀ ਖ਼ਾਹਸ਼, ਪ੍ਰਭ ਆਸਾ ਪੂਰ ਕਰਾਈਆ । ਨਿਰਗੁਣ ਆਇਆ ਬਣ ਕੇ ਸਾਥ, ਸਰਗੁਣ ਸੰਗ ਨਿਭਾਈਆ । ਮੰਡਲ ਬਹਿ ਕੇ ਪਾਵੇ ਰਾਸ, ਗੋਪੀ ਕਾਹਨ ਨਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਅੱਗੇ ਕਰਨ ਅਰਦਾਸ, ਸੋ ਅਦਲੀ ਵੇਸ ਵਟਾਈਆ । ਜਨ ਭਗਤਾਂ ਪੂਰੀ ਕਰੇ ਖ਼ਾਹਸ਼, ਖ਼ਾਲਸ ਆਪਣੀ ਵਸਤ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਲੇਖੇ ਲਾਈਆ । ਪੂਰਬ ਲੇਖਾ ਲਾਏ ਲੇਖੇ, ਲੇਖਾ ਲਿਖਣਹਾਰ ਕਰਤਾਰਾ । ਨਿਰਗੁਣ ਸਰਗੁਣ ਆਪੇ ਵੇਖੇ, ਪੜਦਾ ਖੋਲ੍ਹ ਬੰਦ ਕਿਵਾੜਾ । ਜੁਗ ਚੌਕੜੀ ਰੱਖੇ ਚੇਤੇ, ਭੁੱਲ ਨਾ ਜਾਏ ਅਭੁੱਲ ਗੁਰੂ ਕਰਤਾਰਾ । ਜਨ ਭਗਤਾਂ ਕਰੇ ਸਾਚਾ ਹੇਤੇ, ਨਾਤਾ ਤੋੜ ਸਰਬ ਸੰਸਾਰਾ । ਨਿਰਗੁਣ ਸਰਗੁਣ ਖੇਲ ਖੇਡੇ, ਕਲ ਕਲਕੀ ਲੈ ਅਵਤਾਰਾ । ਸ਼ਬਦ ਸੰਦੇਸਾ ਇਕੋ ਭੇਜੇ, ਦੋ ਜਹਾਨਾਂ ਕਰੇ ਖ਼ਬਰਦਾਰਾ । ਪ੍ਰਭ ਜੂ ਵਸੇ ਸਾਚੇ ਦੇਸੇ, ਸੰਬਲ ਨਗਰ ਨਿਆਰਾ । ਮੇਲ ਮਿਲਾਵਾ ਦਸ ਦਸਮੇਸੇ, ਜੋਤੀ ਸ਼ਬਦੀ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਆਪ ਕਰਤਾਰਾ । ਸਾਚੀ ਖੇਲ ਖੇਲੇ ਕਰਤਾਰ, ਕੁਦਰਤ ਵੇਖੇ ਚਾਈਂ ਚਾਈਂਆ । ਸੁਹੰਜਣੀ ਰੁੱਤ ਸੋਹੇ ਸਾਚੀ ਥਿਤ ਵਾਰ, ਮਿਲੇ ਮਾਣ ਵਡਿਆਈਆ । ਗੁਰਮੁਖ ਸਾਚੇ ਲਏ ਉਠਾਲ, ਸਗਲਾ ਸੰਗ ਨਿਭਾਈਆ । ਕਿਰਪਾ ਕਰ ਦੀਨ ਦਿਆਲ, ਦਇਆਲਤਾ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਦੇਵੇ ਮਾਣ ਗੁਰਮੁਖ ਮੀਤ, ਗੁਰ ਸਤਿਗੁਰ ਦਇਆ ਕਮਾਇੰਦਾ । ਵੀਹ ਸੌ ਪੰਦਰਾਂ ਜਿਨ੍ਹਾਂ ਨਾਲ ਚਲਾਈ ਰੀਤ, ਰੀਤੀਵਾਨ ਖੇਲ ਖਲਾਇੰਦਾ । ਸਾਚਾ ਨਾਤਾ ਬੰਨ੍ਹ ਪ੍ਰੀਤ, ਬਿਧਾਤਾ ਆਪਣਾ ਜੋੜ ਜੁੜਾਇੰਦਾ । ਰਲ ਮਿਲ ਏਨ੍ਹਾਂ ਨਾਲ ਗਾਇਆ ਗੀਤ, ਸਾਂਝੀਵਾਲ ਆਪ ਅਖਵਾਇੰਦਾ । ਭੇਵ ਚੁਕਾ ਮੰਦਰ ਮਸੀਤ, ਸਾਚਾ ਧਾਮ ਇਕ ਵਖਾਇੰਦਾ । ਜਿਸ ਘਰ ਵਸੇ ਆਪ ਅਨਡੀਠ, ਸੋ ਮੰਦਰ ਸੋਭਾ ਪਾਇੰਦਾ । ਤਿਨ੍ਹਾਂ ਦੇਵੇ ਨਾਲ ਵਡਿਆਈ ਆਪ ਜਗਦੀਸ, ਜਿਨ੍ਹਾਂ ਆਪਣੇ ਰੰਗ ਰੰਗਾਇੰਦਾ । ਸਚ ਦਸਤਾਰ ਬੰਧਾਏ ਸੀਸ, ਸੀਸ ਆਪਣੀ ਝੋਲੀ ਪਾਇੰਦਾ । ਨਿਰਗੁਣ ਸਰਗੁਣ ਬਣ ਕੇ ਦੂਆ ਜ਼ੀਰੋ ਅੰਕ ਬਣਾਏ ਬੀਸ, ਬੀਸ ਆਪਣੀ ਕਾਰ ਵਖਾਇੰਦਾ । ਸਚ ਧਰਮ ਜਣਾਏ ਹਦੀਸ, ਧੁਰ ਸੰਦੇਸਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਇਕੀ ਆਪ ਪਰਗਟਾਇੰਦਾ । ਏਕਾ ਇਕੀ ਜਾਏ ਜਣਾ, ਬਲ ਬਾਵਨ ਭੇਵ ਚੁਕਾਈਆ । ਸਾਚੀ ਸਿਖੀ ਦਏ ਸਮਝਾ, ਸਿਖਿਆ ਇਕੋ ਇਕ ਦ੍ਰਿੜਾਈਆ । ਧਾਰੋਂ ਤਿੱਖੀ ਦਏ ਵਖਾ, ਆਪ ਆਪਣੇ ਮਾਰਗ ਲਾਈਆ । ਨਿਕੀਉਂ ਵੱਡੀ ਦਏ ਬਣਾ,

ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਇਕੀ ਗੁਰਮੁਖ ਕਰ ਤਿਆਰ, ਤ੍ਰੈਭਵਨ ਧਨੀ ਆਪ ਜਣਾਇੰਦਾ । ਸਤਿ ਸਤਿ ਦਾ ਇਕ ਵਿਹਾਰ, ਵਿਵਹਾਰੀ ਕਾਰ ਕਮਾਇੰਦਾ । ਸਤਿ ਸਤਿ ਦਾ ਇਕ ਅਖਾੜ, ਸਤਿ ਸਤਿਵਾਦੀ ਆਪ ਲਗਾਇੰਦਾ । ਸਤਿ ਸਤਿ ਦਾ ਇਕ ਯਾਰ, ਸਤਿ ਪੁਰਖ ਨਿਰੰਜਣ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਪਾਵੇ ਇਕ ਇਕੀਸਾ, ਅਕਲ ਕਲਾ ਵਡਿਆਈਆ । ਸਚ ਸੁਣਾਏ ਧਰਮ ਹਦੀਸਾ, ਹਜ਼ਰਤ ਇਕੋ ਬੂਝ ਬੁਝਾਈਆ । ਅੰਦਰ ਵੜ ਕੇ ਬਦਲੇ ਸਭ ਦੀ ਨੀਤਾ, ਨੀਤੀਵਾਨ ਆਪ ਹੋ ਜਾਈਆ । ਬਖ਼ਸ਼ੇ ਚਰਨ ਕਵਲ ਪ੍ਰੀਤਾ, ਪ੍ਰੀਤੀ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੂਰ ਖ਼ੁਦਾਈਆ । ਨੂਰ ਖ਼ੁਦਾਈ ਹੋਏ ਬਿਸਮਲ, ਬਿਸਮਲ ਆਪਣੀ ਧਾਰ ਚਲਾਇੰਦਾ । ਲੇਖਾ ਜਾਣ ਇਲਾਹੀ ਇਲ, ਇਲਾਬੁਤ ਵੇਖ ਵਖਾਇੰਦਾ । ਜਿਸ ਨੂੰ ਸਾਰੇ ਮੰਨਦੇ ਤਿਲ, ਸੋ ਤਿਲ ਆਪਣਾ ਨੂਰ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਇਕੀਆਂ ਸਿਰ ਸ੍ਰੀ ਦਸਤਾਰ ਬੰਧਾਇੰਦਾ । ਸ੍ਰੀ ਦਸਤਾਰ ਬੰਨ੍ਹੇ ਚੀਰਾ, ਚੀਰੇ ਜਗਤ ਲੋਕਾਈਆ । ਭਗਤਾਂ ਦੇਵੇ ਸਾਚੀ ਧੀਰਾ, ਧਰਮ ਇਕ ਸਮਝਾਈਆ । ਚਾਰ ਵਰਨ ਅੰਮ੍ਰਿਤ ਪਿਆਏ ਇਕੋ ਸੀਰਾ, ਠੰਡੀ ਠਾਰ ਧਾਰ ਵਹਾਈਆ । ਸਤਿ ਧਰਮ ਦਾ ਬੰਨ੍ਹੇ ਕਲੀਰਾ, ਘਰ ਸਾਚੇ ਸਗਨ ਮਨਾਈਆ । ਸ਼ਰਅ ਸ਼ਰੀਅਤ ਤੋੜ ਜ਼ੰਜੀਰਾ, ਨਵ ਦਰ ਕਰੇ ਕੁੜਮਾਈਆ । ਚੋਟੀ ਚਾੜ੍ਹੇ ਫੜ ਅਖ਼ੀਰਾ, ਆਖ਼ਰ ਆਪਣੀ ਬੂਝ ਬੁਝਾਈਆ । ਸੋਭਾਵੰਤ ਸੁਹਾਏ ਹਸਤ ਕੀੜਾ, ਊਚ ਨੀਚ ਨਜ਼ਰ ਨਾ ਆਈਆ । ਸਤਿਜੁਗ ਸਾਚੀ ਬੰਨ੍ਹੇ ਬੀੜਾ, ਨਿਰਗੁਣ ਨੀਂਹ ਧਰਾਈਆ । ਕਲਜੁਗ ਮਾਰਗ ਚੁੱਕੇ ਭੀੜਾ, ਗੁਰਮੁਖ ਬਾਹਰ ਕਢਾਈਆ । ਤਿੱਖੀ ਰਖਾਏ ਮੁਖੀ ਤੀਰਾ, ਤੀਰ ਅੰਦਾਜ਼ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਇਕੀ ਸਿਖ ਵੰਡ ਅਪਾਰ, ਸੱਤ ਸੱਤ ਸੱਤ ਨਾਲ ਮਿਲਾਇੰਦਾ । ਸੱਜੇ ਖੱਬੇ ਏਕਾ ਧਾਰ, ਅੱਗੇ ਆਪਣਾ ਨੂਰ ਚਮਕਾਇੰਦਾ । ਪਿਛੇ ਨਾ ਕੋਈ ਦਏ ਉਧਾਰ, ਸਨਮੁਖ ਆਪਣਾ ਭੇਵ ਖੁਲਾਇੰਦਾ । ਚੀਰੇ ਬੰਨ੍ਹ ਸੱਚੀ ਦਸਤਾਰ, ਹੀਰੇ ਗੁਰਮੁਖ ਆਪ ਪਰਗਟਾਇੰਦਾ । ਵੀਰੇ ਵਿਛੜੇ ਮੇਲੇ ਯਾਰ, ਸਾਚਾ ਮੇਲਾ ਆਪ ਕਰਾਇੰਦਾ । ਨੀਲੇ ਵਾਲਾ ਹੋ ਅਸਵਾਰ, ਸਾਚੇ ਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਚੜ੍ਹਾਇੰਦਾ । ਸਾਚੀ ਪਗੜੀ ਚੜ੍ਹੇ ਰੰਗ, ਹਰਿ ਕਰਤਾ ਆਪ ਚੜ੍ਹਾਈਆ । ਚਾਰ ਜੁਗ ਦੀ ਪੂਰੀ ਮੰਗ, ਅੰਤਮ ਦਏ ਕਰਾਈਆ । ਗੋਬਿੰਦ ਰੱਖ ਆਪਣੇ ਸੰਗ, ਲਹਿਣਾ ਝੋਲੀ ਪਾਈਆ । ਦੇਵਣਹਾਰਾ ਇਕ ਅਨੰਦ, ਅਨੰਦ ਅਨੰਦ ਵਿਚੋਂ ਜਣਾਈਆ । ਮਿਲ ਕੇ ਗਾਵੇ ਸੱਚਾ ਛੰਦ, ਭਗਤ ਭਗਵਾਨ ਰਾਗ ਅਲਾਈਆ । ਅਗਲਾ ਮੁੱਕੇ ਸਭ ਦਾ ਪੰਧ, ਪਿਛਾ ਯਾਦ ਕੋਇ ਨਾ ਆਈਆ । ਕਰ ਕਿਰਪਾ ਆਪਣੇ ਨਾਲ ਗੰਢ, ਘਰ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦਾ ਦੇਵੇ ਮਾਣ ਵਡਿਆਈਆ । ਗੁਰਮੁਖ ਇਕੀ ਬੰਨ੍ਹਣ ਪੱਗ, ਹਰਿ ਸੰਗਤ ਇਕ ਬਣਾਈਆ । ਕਰੇ ਖੇਲ ਉਪਰ ਸ਼ਾਹ ਰਗ, ਸ਼ਹਿਨਸ਼ਾਹ ਆਪਣੀ ਦਇਆ ਕਮਾਈਆ । ਭਗਤਾਂ ਵਿਚ ਜਾਏ ਸਜ, ਹਰਿ ਸੱਜਣ ਵਡ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਆ ਕੇ ਹੱਜ, ਘਰ ਸਾਚੇ ਖ਼ੁਸ਼ੀ ਮਨਾਈਆ । ਇਕੀ

ਦਰਬਾਰੀ ਵੇਖਣ ਜਗਤ ਜਹਾਨੋਂ ਕੀਤੇ ਅੱਡ, ਪ੍ਰਭ ਅੱਡਰੀ ਧਾਰ ਬੰਧਾਈਆ । ਧਰਮ ਨਿਸ਼ਾਨਾ ਦਿਤਾ ਗੱਡ, ਚਵੀ ਹੱਥ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਇਕੀ ਸਿਖ ਇਕੀ ਦਰਬਾਰੀ, ਸਤਿਜੁਗ ਤੇਰੀ ਧਾਰ ਜਣਾਇੰਦਾ । ਏਕਾ ਇਕੀ ਸਚ ਵਿਹਾਰੀ, ਸਾਚੀ ਸਿਖੀ ਆਪ ਪਰਗਟਾਇੰਦਾ । ਸ਼ਬਦ ਖੰਡਾ ਤੇਜ਼ ਕਟਾਰੀ, ਨਾਮ ਧਾਰੀ ਹੱਥ ਫੜਾਇੰਦਾ । ਖੇਲੇ ਖੇਲ ਅਗੰਮ ਅਪਾਰੀ, ਹਰਿ ਕਰਤਾ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਿਰ ਤੇ ਰੰਗ ਪਗੜੀ ਅਨੋਖਾ, ਹਰਿ ਸਤਿਗੁਰ ਆਪ ਰੰਗਾਈਆ । ਜਨ ਭਗਤਾਂ ਨਾਲ ਨਾ ਕੀਤਾ ਧੋਖਾ, ਧੁਰ ਦੀ ਵਸਤ ਝੋਲੀ ਪਾਈਆ । ਸਚ ਸੁਹੰਜਣਾ ਸੁਹਾਵੇ ਆਪ ਮੌਕਾ, ਮੁਕੰਮਲ ਆਪਣੀ ਕਾਰ ਕਮਾਈਆ । ਜਿਸ ਦੀ ਰੱਖਦੇ ਆਏ ਓਟਾ, ਸੋ ਲੱਗੀ ਤੋੜ ਨਿਭਾਈਆ । ਮੇਲ ਮਿਲਾਏ ਸਾਚੀ ਜੋਤਾ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਖੇਲ ਆਪ ਵਖਾਈਆ । ਸਾਚੀ ਖੇਲ ਕਰੇ ਨਿਰੰਕਾਰ, ਹਰਿ ਕਰਤਾ ਦਇਆ ਕਮਾਇੰਦਾ । ਇਕੀਆਂ ਨਾਲ ਇਕ ਵਿਹਾਰ, ਏਕੰਕਾਰ ਆਪ ਰਚਾਇੰਦਾ । ਕਮਰਕਸਾ ਕਰ ਤਿਆਰ, ਢਾਈ ਗਜ਼ ਦੋਪੱਟਾ ਤਨ ਬੰਧਾਇੰਦਾ । ਰੰਗ ਕੇਸਰੀ ਇਕੋ ਚਾੜ੍ਹ, ਕੇਸ ਗੜ੍ਹ ਲਹਿਣਾ ਤੇਰਾ ਝੋਲੀ ਪਾਇੰਦਾ । ਧੁਰ ਦੀ ਬਣੇ ਸਚ ਸਰਕਾਰ, ਵਡ ਸਰਕਾਰੀ ਹੁਕਮ ਵਰਤਾਇੰਦਾ । ਫੇਰ ਬੋਲੇ ਇਕ ਜੈਕਾਰ, ਸਾਚਾ ਢੋਲਾ ਆਪ ਅਲਾਇੰਦਾ । ਗੁਰ ਅਵਤਾਰੋ ਆਓ ਦਰਬਾਰ, ਪੀਰ ਪੈਗ਼ੰਬਰ ਆਪ ਮੰਗਾਇੰਦਾ । ਪੰਜੇ ਉਠੋ ਦਿਓ ਦੀਦਾਰ, ਪੰਚਮ ਪੜਦਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਇੰਦਾ । ਸਾਚੀ ਖੇਲ ਕਰੇ ਗੋਬਿੰਦ, ਗੋਬਿੰਦ ਵਡ ਵਡਿਆਈਆ । ਸਭ ਦੀ ਮੇਟੇ ਪਿਛਲੀ ਚਿੰਦ, ਚਿੰਤਾ ਚਿਖਾ ਰਹਿਣ ਨਾ ਪਾਈਆ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਅਖਵਾਈਆ । ਜਨ ਭਗਤ ਬਣਾ ਆਪਣੀ ਬਿੰਦ, ਬਿੰਦੀ ਟਿੱਪੀ ਰੰਗ ਚੜ੍ਹਾਈਆ । ਜੀਵ ਜੰਤ ਕਰਨ ਨਿੰਦ, ਨਿੰਦਿਆ ਨਿੰਦਕ ਮੁਖ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਮਾਣ ਵਡਿਆਈਆ । ਇਕੀਆਂ ਸਿਰ ਦਸਤਾਰ ਬੰਧਾਵੇਗਾ । ਸਤਿ ਧਰਮ ਦੀ ਕਾਰ ਕਮਾਵੇਗਾ । ਤਿੰਨ ਤਿੰਨ ਵੰਡ ਵੰਡਾਵੇਗਾ । ਚਿੰਨ੍ਹ ਆਪਣਾ ਇਕ ਸਮਝਾਵੇਗਾ । ਭਿੰਨ ਭਿੰਨ ਖੇਲ ਖਿਲਾਵੇਗਾ । ਗਿਣ ਗਿਣ ਲੇਖੇ ਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਾਰ ਆਪ ਕਮਾਵੇਗਾ । ਤਿੰਨ ਤਿੰਨ ਦਾ ਬਣੇ ਰਾਗ, ਹਰਿ ਸਤਿਗੁਰ ਢੋਲਾ ਗਾਈਆ । ਤਿੰਨ ਤਿੰਨ ਦਾ ਬਣੇ ਸੁਹਾਗ, ਹਰਿ ਸਤਿਗੁਰ ਜੋੜ ਜੁੜਾਈਆ । ਤਿੰਨ ਤਿੰਨ ਦਾ ਖੇਲ ਆਦਿ, ਤਿੰਨ ਤਿੰਨ ਜੁਗਾਦਿ ਦਏ ਸ਼ਰਨਾਈਆ । ਤਿੰਨ ਦਿਨ ਦਾ ਖੇਲ ਤਮਾਸ਼, ਭੈ ਭਿਆਨਕ ਦਏ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਆਪ ਵਖਾਈਆ । ਤਿੰਨਾਂ ਰੰਗ ਚੜ੍ਹੇ ਲਾਲ, ਹਰਿ ਲਾਲਨ ਆਪ ਰੰਗਾਇੰਦਾ । ਤਿੰਨਾਂ ਸੋਨਾ ਕੰਚਨ ਢਾਲੇ ਢਾਲ, ਪਾਰਸ ਰੂਪ ਵਖਾਇੰਦਾ । ਤਿੰਨਾਂ ਸੂਹਾ ਵੇਸ ਕਰ ਸ਼ਾਹ ਬਣਾਏ ਕੰਗਾਲ, ਕੰਗਾਲੋਂ ਸ਼ਾਹ ਵਖਾਇੰਦਾ । ਤਿੰਨਾਂ ਚਿੱਟਾ ਨੂਰ ਦੇ ਜਮਾਲ, ਸਤਿ ਸਰੂਪ ਨਜ਼ਰੀ ਆਇੰਦਾ । ਤਿੰਨਾਂ ਪੀਲਾ ਵੇਸ ਬਣੇ ਦਲਾਲ, ਸਚ ਦਲਾਲੀ ਮਾਤ ਕਮਾਇੰਦਾ । ਤਿੰਨਾਂ ਨੀਲਾ ਰੰਗ ਵਖਾਏ ਜ਼ਿਮੀਂ ਅਸਮਾਨ, ਸਾਚੀ ਕਾਰ ਆਪ ਸਮਝਾਇੰਦਾ । ਤਿੰਨਾਂ ਕਾਲਾ ਚੀਰ ਬੰਧਾਏ ਸ੍ਰੀ ਭਗਵਾਨ, ਕਾਲੀ ਧਾਰੋਂ ਪਾਰ ਲੰਘਾਇੰਦਾ ।

੯੬੫
੧੫

ਕਾਲਾ ਲਾਲ ਮਿਲ ਕੇ ਚਿੱਟੇ ਨਾਲ ਦੇਣ ਬਿਆਨ, ਤਿੰਨਾਂ ਇਕੋ ਗੰਢ ਪਵਾਇੰਦਾ । ਚਿੱਟਾ ਕਹੇ ਮੇਰਾ ਸੰਦੇਸਾ ਕਰੋ ਪਰਵਾਨ, ਧੁਰ ਦੀ ਧਾਰ ਇਕ ਜਣਾਇੰਦਾ । ਨੀਲੀ ਧਾਰੋਂ ਪਾਰ ਆਏ ਭਗਵਾਨ, ਪੜਦਾ ਉਹਲਾ ਆਪ ਚੁਕਾਇੰਦਾ । ਕਾਲੀ ਰੈਣ ਅੰਧੇਰੀ ਮੇਟੇ ਵਿਚ ਜਹਾਨ, ਸਤਿ ਸਤਿਵਾਦੀ ਚੰਦ ਚਮਕਾਇੰਦਾ । ਆਦਿ ਅੰਤ ਮਧ ਤਿੰਨਾਂ ਮਿਲ ਕੇ ਬਣੇ ਇਕ ਨਿਸ਼ਾਨ, ਨਿਸ਼ਾਨਾ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਆਪ ਸਮਝਾਇੰਦਾ ।

## ✪ ੧੫ ਕੱਤਕ ੨੦੨੦ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✪

ਸਤਿ ਪੁਰਖ ਹਰਿ ਸਚ ਸੁਲਤਾਨਾ, ਸਤਿ ਸਤਿਵਾਦੀ ਖੇਲ ਕਰਾਇੰਦਾ । ਸਤਿ ਪੁਰਖ ਹਰਿ ਨੂਰ ਨੁਰਾਨਾ, ਜੋਤੀ ਜਾਤਾ ਡਗਮਗਾਇੰਦਾ । ਸਤਿ ਪੁਰਖ ਹਰਿ ਰਾਜ ਰਾਜਾਨਾ, ਸ਼ਾਹੋ ਭੂਪ ਵੇਸ ਵਟਾਇੰਦਾ । ਸਤਿ ਪੁਰਖ ਹਰਿ ਮਰਦ ਮਰਦਾਨਾ, ਸਚ ਮਰਦਾਨਗੀ ਆਪ ਕਮਾਇੰਦਾ । ਸਤਿ ਪੁਰਖ ਹਰਿ ਸੂਰਬੀਰ ਬਲਵਾਨਾ, ਜੋਧਾ ਇਕੋ ਇਕ ਹੋ ਜਾਇੰਦਾ । ਸਤਿ ਪੁਰਖ ਹਰਿ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਲ ਆਪ ਰਖਾਇੰਦਾ । ਸਤਿ ਪੁਰਖ ਹਰਿ ਸ਼ਾਹ ਪਾਤਸ਼ਾਹ, ਸ਼ਹਿਨਸ਼ਾਹ ਵੱਡੀ ਵਡਿਆਈਆ । ਸਤਿ ਪੁਰਖ ਹਰਿ ਬੇਪਰਵਾਹ, ਬੇਅੰਤ ਬੇਅੰਤ ਬੇਅੰਤ ਇਕ ਅਖਵਾਈਆ । ਸਤਿ ਪੁਰਖ ਹਰਿ ਨੌਜਵਾਂ, ਬਿਰਧ ਬਾਲ ਨਾ ਰੂਪ ਵਟਾਈਆ । ਸਤਿ ਪੁਰਖ ਵਸੇ ਸਚ ਥਾਂ, ਸਚ ਦੁਆਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਤਿ ਪੁਰਖ ਹਰਿ ਸ਼ਾਹੋ ਭੂਪ, ਭੂਪਤ ਭੂਪ ਵੱਡੀ ਵਡਿਆਈਆ । ਨਾ ਕੋਈ ਰੰਗ ਨਾ ਕੋਈ ਰੂਪ, ਰੇਖ਼ ਨਜ਼ਰ ਕੋਇ ਨਾ ਆਈਆ । ਨਾ ਕੋਈ ਦਿਸ਼ਾ ਨਾ ਕੋਈ ਕੂਟ, ਹਿੱਸਾ ਵੰਡ ਨਾ ਕੋਇ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਆਪਣੀ ਖੇਲ ਵਰਤਾਈਆ । ਸਤਿ ਪੁਰਖ ਹਰਿ ਨਿਰਗੁਣ ਧਾਰ, ਨਿਰਵੈਰ ਵੱਡੀ ਵਡਿਆਈਆ । ਆਦਿ ਜੁਗਾਦੀ ਖੇਲ ਅਪਾਰ, ਹਰਿ ਕਰਤਾ ਆਪ ਕਰਾਈਆ । ਸਚਖੰਡ ਦੁਆਰ ਖੋਲ੍ਹ ਕਿਵਾੜ, ਦਰਗਹਿ ਸਾਚੀ ਸੋਭਾ ਪਾਈਆ । ਸ਼ਾਹੋ ਭੂਪ ਸੱਚਾ ਸਿਕਦਾਰ, ਸੀਸ ਜਗਦੀਸ ਤਾਜ ਟਿਕਾਈਆ । ਹੁਕਮ ਦੇਵੇ ਏਕਾ ਵਾਰ ਏਕੰਕਾਰ, ਧੁਰਫ਼ਰਮਾਨਾ ਇਕ ਸਮਝਾਈਆ । ਵੇਖੇ ਵਿਗਸੇ ਵੇਖਣਹਾਰ, ਦੂਜਾ ਸੰਗ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰਦਾ ਏਕ, ਏਕੰਕਾਰ ਵੱਡੀ ਵਡਿਆਈਆ । ਸਚਖੰਡ ਦੁਆਰੇ ਅਵੱਲੜਾ ਭੇਖ, ਭੇਖਾਧਾਰੀ ਨਜ਼ਰ ਕਿਸੇ ਨਾ ਆਈਆ । ਵਸਣਹਾਰਾ ਅਗੰਮੜੇ ਦੇਸ, ਅਲਖ ਅਗੋਚਰ ਡੇਰਾ ਲਾਈਆ । ਦੇਵਣਹਾਰਾ ਸਚ ਸੰਦੇਸ, ਧੁਰ ਫ਼ਰਮਾਨਾ ਆਪ ਜਣਾਈਆ । ਆਦਿ ਜੁਗਾਦਿ ਰਹੇ ਹਮੇਸ਼, ਜੁਗ ਚੌਕੜੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰ ਕਰਤਾਰ, ਆਪਣਾ ਖੇਲ ਖਿਲਾਇਆ । ਜੋਤੀ ਜਾਤਾ ਹੋ ਉਜਿਆਰ, ਭੇਵ ਅਭੇਦ ਆਪ ਖੁਲਾਇਆ । ਨਾਰ ਕੰਤ ਬਣ ਪਿਆਰ, ਸੇਜ ਸੁਹੰਜਣੀ ਆਪ ਹੰਡਾਇਆ । ਸਚਖੰਡ ਦੁਆਰੇ ਹੋ ਤਿਆਰ,

ਸਚ ਸਿੰਘਾਸਣ ਇਕ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਮਾਰਗ ਇਕ ਚਲਾਇਆ । ਸਾਚਾ ਮਾਰਗ ਨਿਰਗੁਣ ਨੂਰ, ਨੂਰ ਨੁਰਾਨਾ ਆਪ ਚਲਾਈਆ । ਪਰਵਰਦਿਗਾਰ ਜ਼ਾਹਰ ਜ਼ਹੂਰ, ਬੇਨਜ਼ੀਰ ਖੇਲ ਖਿਲਾਈਆ । ਦਰਗਹਿ ਸਾਚੀ ਸਚ ਦਸਤੂਰ, ਸ਼ਾਹ ਨਵਾਬ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਆਪ ਪਰਗਟਾਈਆ । ਧੁਰ ਦੀ ਧਾਰ ਪੁਰਖ ਸਮਰਥ, ਆਦਿ ਪੁਰਖ ਆਪ ਪਰਗਟਾਈਆ । ਖੇਲੇ ਖੇਲ ਆਪ ਅਕੱਥ, ਕਥਨੀ ਕਥ ਸਕੇ ਨਾ ਰਾਈਆ । ਨਿਰਗੁਣ ਮਾਰਗ ਨਿਰਗੁਣ ਦੱਸ, ਨਿਰਗੁਣ ਰਹਿਬਰ ਇਕ ਅਖਵਾਈਆ । ਨਿਰਗੁਣ ਖੇੜੇ ਨਿਰਗੁਣ ਵਸ, ਨਿਰਗੁਣ ਬੈਠਾ ਡੇਰਾ ਲਾਈਆ । ਨਿਰਗੁਣ ਪ੍ਰੇਮ ਪ੍ਰੀਤੀ ਸਾਚਾ ਰਸ, ਨਿਰਗੁਣ ਮੇਲਾ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਘਰ ਸਾਚੇ ਖ਼ੁਸ਼ੀ ਮਨਾਈਆ । ਸਾਚੇ ਘਰ ਖ਼ੁਸ਼ੀ ਮਨਾ, ਹਰਿ ਕਰਤਾ ਖੇਲ ਖਿਲਾਇੰਦਾ । ਬਾਲਕ ਸੁੱਤ ਇਕ ਪਰਗਟਾ, ਸ਼ਬਦੀ ਰੂਪ ਜਣਾਇੰਦਾ । ਜੋਧਾ ਸੂਰਬੀਰ ਆਪ ਬਣਾ, ਸਿਰ ਆਪਣਾ ਹੱਥ ਰਖਾਇੰਦਾ । ਸਾਚੀ ਸਿਖਿਆ ਇਕ ਦ੍ਰਿੜਾ, ਧੁਰ ਫ਼ਰਮਾਨਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਕਰਾਇੰਦਾ । ਸਾਚੀ ਕਰਨੀ ਅਬਿਨਾਸ਼ੀ ਅਚੁਤ, ਪਾਰਬ੍ਰਹਮ ਪ੍ਰਭ ਆਪ ਕਰਾਈਆ । ਸੁੱਤ ਦੁਲਾਰਾ ਵੇਖ ਪੁੱਤ, ਪਤਿਪਰਮੇਸ਼ਵਰ ਆਪ ਪਰਗਟਾਈਆ । ਸਚਖੰਡ ਦੁਆਰੇ ਸੋਹੇ ਰੁੱਤ, ਥਿਰ ਘਰ ਸਾਚੇ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਧੁਰ ਦੀ ਕਾਰ ਆਪ ਜਣਾਈਆ । ਧੁਰ ਦੀ ਕਾਰ ਸ੍ਰੀ ਭਗਵਾਨ, ਹਰਿ ਕਰਤਾ ਆਪ ਜਣਾਇੰਦਾ । ਸੁੱਤ ਦੁਲਾਰੇ ਬਾਲ ਨਾਦਾਨ, ਦੇ ਸਿਖਿਆ ਸਚ ਸਮਝਾਇੰਦਾ । ਤੇਰਾ ਖੇਲ ਇਕ ਮਹਾਨ, ਪਾਰਬ੍ਰਹਮ ਬੇਅੰਤ ਸੁਆਮੀ ਆਪ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਆਪ ਚੁਕਾਇੰਦਾ । ਧੁਰ ਦਾ ਪੜਦਾ ਹਰਿ ਜੂ ਖੋਲ੍ਹ, ਹਰਿ ਕਰਤਾ ਆਪ ਜਣਾਈਆ । ਸੁੱਤ ਦੁਲਾਰੇ ਆ ਕੋਲ, ਹਰਿ ਸਤਿਗੁਰ ਦਏ ਸਮਝਾਈਆ । ਸਚ ਸੰਦੇਸ ਵਜਾ ਢੋਲ, ਸ਼ਬਦ ਅਨਾਦੀ ਪਰਗਟਾਈਆ । ਧਰਮ ਦੁਆਰ ਇਕੋ ਖੋਲ੍ਹ, ਮਾਰਗ ਇਕੋ ਲਾਈਆ । ਸਾਚੇ ਕੰਡੇ ਤੋਲ ਤੋਲ, ਤਰਾਜ਼ੂ ਇਕੋ ਹੱਥ ਉਠਾਈਆ । ਆਦਿ ਜੁਗਾਦਿ ਰਹਿਣਾ ਅਡੋਲ, ਭੂਮਿਕਾ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸਾਚਾ ਵਰ, ਧੁਰ ਦਾ ਲੇਖਾ ਆਪ ਜਣਾਈਆ । ਧੁਰ ਦਾ ਲੇਖਾ ਸਚ ਸੰਦੇਸਾ, ਸੋ ਸਤਿਗੁਰ ਆਪ ਜਣਾਇੰਦਾ । ਸ਼ਬਦ ਸੁੱਤ ਰਹੇ ਹਮੇਸ਼ਾ, ਜੁਗ ਚੋਕੜੀ ਬੰਧਨ ਪਾਇੰਦਾ । ਤੇਰਾ ਵਸੇ ਥਿਰ ਘਰ ਦੇਸਾ, ਘਰ ਮੰਦਰ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਕਰਨੇ ਯੋਗ, ਹਰਿ ਕਰਤਾ ਖੇਲ ਖਲਾਈਆ । ਨਿਰਗੁਣ ਨਿਰਗੁਣ ਕਰ ਸੰਜੇਗ, ਧੁਰ ਸੰਜੋਗੀ ਮੇਲ ਮਿਲਾਈਆ । ਕਰ ਪਰਕਾਸ਼ ਨਿਰਮਲ ਜੋਤ, ਦੀਪਕ ਦੀਆ ਇਕ ਟਿਕਾਈਆ । ਸਚਖੰਡ ਦੁਆਰ ਸੁਹਾ ਕੋਟ, ਗ੍ਰਿਹ ਮੰਦਰ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਆਪ ਪਰਗਟਾਈਆ । ਧੁਰ ਦੀ ਧਾਰ ਸ਼ਬਦੀ ਰੰਗ, ਹਰਿ ਕਰਤਾ ਆਪ ਪਰਗਟਾਇੰਦਾ । ਕਰੇ ਖੇਲ ਸੂਰਾ ਸਰਬੰਗ, ਸ਼ਾਹ ਪਾਤਸ਼ਾਹ ਵੇਸ ਵਟਾਇੰਦਾ । ਨਾਮ ਨਿਧਾਨ

੯੬੭
੧੫

ਇਕ ਮਰਦੰਗ, ਨਰ ਨਰਾਇਣ ਆਪ ਵਜਾਇੰਦਾ। ਨਿਰਗੁਣ ਨਿਰਗੁਣ ਹੋ ਕੇ ਸੰਗ, ਸਗਲਾ ਸੰਗ ਨਿਭਾਇੰਦਾ। ਅਗੰਮ ਅਥਾਹ ਦੇਵੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ। ਪੂਤ ਸਪੂਤਾ ਸਾਚਾ ਚੰਦ, ਸ਼ਬਦੀ ਨੂਰ ਇਕ ਚਮਕਾਇੰਦਾ। ਸਚਖੰਡ ਦੁਆਰੇ ਵੰਡੇ ਵੰਡ, ਵੰਡਣਹਾਰਾ ਨਜ਼ਰ ਕਿਸੇ ਨਾ ਆਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਰਾਇੰਦਾ। ਸਾਚੀ ਕਰਨੀ ਆਦਿ ਕਰ, ਆਪਣੇ ਹੱਥ ਰੱਖੇ ਵਡਿਆਈਆ। ਸ਼ਬਦੀ ਸੁੱਤ ਦਿਤਾ ਵਰ, ਵਸਤ ਅਮੋਲਕ ਝੋਲੀ ਪਾਈਆ। ਨਿਰਗੁਣ ਨਿਰਗੁਣ ਘਾੜਨ ਘੜ, ਵਿਸ਼ਨ ਬ੍ਰਹਮਾ ਸ਼ਿਵ ਬਣਤ ਬਣਾਈਆ। ਤ੍ਰੈਗੁਣ ਮਾਇਆ ਡੋਰੀ ਫੜ, ਬੰਧਨ ਇਕ ਵਖਾਈਆ। ਪੰਜ ਤਤ ਖੇਲ ਨਰਾਇਣ ਨਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਵੰਡ ਵੰਡਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਬਦੀ ਸੁੱਤ ਇਕੋ ਹੁਕਮ ਸੁਣਾਈਆ। ਸ਼ਬਦ ਸੁੱਤ ਸੁਣ ਲਾਲ, ਹਰਿ ਸਤਿਗੁਰ ਆਪ ਜਣਾਈਆ। ਥਿਰ ਘਰ ਤੇਰੀ ਸੋਹੇ ਧਰਮਸਾਲ, ਸਚਖੰਡ ਡੇਰਾ ਇਕੋ ਨਜ਼ਰੀ ਆਈਆ। ਨਿਰਗੁਣ ਰੂਪ ਤੇਰਾ ਦਲਾਲ, ਸਚ ਦਲਾਲੀ ਇਕ ਕਮਾਈਆ। ਬੇਐਬ ਖ਼ੁਦਾਈ ਜਲਵਾ ਨੂਰ ਜਲਾਲ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਦ੍ਰਿੜਾਈਆ। ਸਾਚੀ ਕਰਨੀ ਏਕਾ ਨੂਰ, ਹਰਿ ਕਰਤਾ ਆਪ ਜਣਾਈਆ। ਸਰਬ ਕਲਾ ਕਰ ਭਰਪੂਰ, ਸ਼ਬਦੀ ਸੁੱਤ ਦਏ ਵਡਿਆਈਆ। ਆਦਿ ਜੁਗਾਦਿ ਬੈਠਾ ਹਜ਼ੂਰ, ਹਜ਼ਰਤ ਮੌਲਾ ਇਕ ਸਮਝਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਵਸਤ ਇਕ ਵਰਤਾਈਆ। ਧੁਰ ਦੀ ਵਸਤ ਦੇ ਕੇ ਆਪ, ਪ੍ਰਭ ਆਪਣੇ ਹੱਥ ਰੱਖੇ ਵਡਿਆਈਆ। ਨਾਤਾ ਜੋੜ ਪਿਤਾ ਬਾਪ, ਪੂਤ ਸਪੂਤਾ ਗੋਦ ਉਠਾਈਆ। ਇਕੋ ਦੱਸ ਸੱਚਾ ਜਾਪ, ਕਰੇ ਸਤਿ ਸਤਿ ਪੜ੍ਹਾਈਆ। ਏਥੇ ਓਥੇ ਪਤ ਲਏ ਰਾਖ, ਮਿਹਰ ਨਜ਼ਰ ਨੈਣ ਉਠਾਈਆ। ਸਚ ਦੁਆਰੇ ਰਹਿਣਾ ਦਾਸ, ਧੁਰ ਦੀ ਸਿਖਿਆ ਇਕ ਪੜ੍ਹਾਈਆ। ਨੇਤਰ ਲੋਚਣ ਖੋਲ੍ਹ ਆਂਖ, ਅੱਖ ਆਪਣੇ ਨਾਲ ਮਿਲਾਈਆ। ਤੇਰੀ ਝੋਲੀ ਪਾਵਾਂ ਤੇਰਾ ਹੱਕ, ਹਕੀਕਤ ਤੇਰੇ ਨਾਲ ਪਰਨਾਈਆ। ਸਾਚਾ ਮਾਰਗ ਦੇਵਾਂ ਦੱਸ, ਦੋ ਜਹਾਨਾਂ ਵੰਡ ਵੰਡਾਈਆ। ਬ੍ਰਹਿਮੰਡ ਖੰਡ ਤੇਰਾ ਰਸ, ਪੁਰੀ ਲੋਅ ਤੇਰਾ ਰੰਗ ਚੜ੍ਹਾਈਆ। ਕਰ ਪਰਕਾਸ਼ ਰਵ ਸਸ, ਕਿਰਨ ਕਿਰਨ ਰੁਸ਼ਨਾਈਆ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਈਆ। ਧੁਰ ਸੰਦੇਸਾ ਸ੍ਰੀ ਭਗਵੰਤ, ਹਰਿ ਇਕੋ ਇਕ ਜਣਾਇੰਦਾ। ਖੇਲ ਖਿਲਾਉਣਾ ਨਾਰੀ ਕੰਤ, ਨਰ ਨਰਾਇਣ ਆਪ ਸਮਝਾਇੰਦਾ। ਨਿਰਗੁਣ ਸਰਗੁਣ ਬਣਾਉਣੀ ਬਣਤ, ਘਾੜਤ ਘੜਨ ਵੇਖ ਵਖਾਇੰਦਾ। ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦੀ ਧਾਰ ਆਪ ਜਣਾਇੰਦਾ। ਧੁਰ ਦੀ ਧਾਰ ਆਪ ਜਣਾਉਂਦਾ ਏ। ਸੁੱਤ ਸ਼ਬਦ ਸੇਵ ਲਗਾਉਂਦਾ ਏ। ਵਿਸ਼ਨ ਬ੍ਰਹਮਾ ਸ਼ਿਵ ਰੰਗ ਰੰਗਾਉਂਦਾ ਏ। ਘਰ ਸਾਚੇ ਸੋਭਾ ਪਾਉਂਦਾ ਏ। ਤ੍ਰੈਗੁਣ ਮਾਇਆ ਸੰਗ ਰਲਾਉਂਦਾ ਏ। ਪੰਜ ਤਤ ਮੇਲਾ ਮੇਲ ਮਿਲਾਉਂਦਾ ਏ। ਲੱਖ ਚੁਰਾਸੀ ਘਾੜਤ ਘੜ, ਭਾਂਡੇ ਆਪ ਬਣਾਉਂਦਾ ਏ। ਨਿਰਗੁਣ ਸਰਗੁਣ ਜੜਤ ਜੜ, ਦਰ ਸਾਚੇ ਆਪ ਸੁਹਾਉਂਦਾ ਏ। ਸਤਿ ਸਰੂਪੀ ਅੰਦਰ ਵੜ, ਗ੍ਰਿਹਿ ਮੰਦਰ ਅੰਦਰ ਡੇਰਾ ਲਾਉਂਦਾ ਏ। ਧੁਰਦਰਗਾਹੀ ਦੇ ਕੇ ਵਰ, ਘਰ ਇਕੋ ਇਕ ਵਖਾਉਂਦਾ ਏ। ਡੂੰਘੀ

ਭਵਰੀ ਜਾਏ ਵੜ, ਮਹੱਲ ਅਟੱਲ ਆਪ ਰਖਾਉਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਧਾਰ ਇਕ ਵਖਾਉਦਾ ਏ । ਸ਼ਬਦ ਧਾਰ ਜਣਾਇਆ ਏ । ਪ੍ਰਭ ਅਪਣਾ ਖੇਲ ਰਚਾਇਆ ਏ । ਨਿਰਗੁਣ ਸਰਗੁਣ ਵੰਡ ਵੰਡਾਇਆ ਏ । ਲੱਖ ਚੁਰਾਸੀ ਗੋਦ ਬਹਾਇਆ ਏ । ਕਰ ਪਰਕਾਸ਼ ਨਿਰਮਲ ਜੋਤ, ਨੂਰੋ ਨੂਰ ਡਗਮਗਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਲਗਾਇਆ ਏ । ਸਾਚਾ ਮਾਰਗ ਇਕ ਲਗਾਉਦਾ ਏ । ਪ੍ਰਭ ਸਾਚੀ ਦਇਆ ਕਮਾਉਦਾ ਏ । ਸਚਖੰਡ ਨਿਵਾਸੀ ਥਿਰ ਘਰ ਦਵਾਰੇ, ਸ਼ਬਦੀ ਸੁੱਤ ਸਮਝਾਉਦਾ ਏ । ਸੁੰਨ ਅਗੰਮ ਤੇਰੇ ਸਹਾਰੇ, ਮਿਹਰ ਨਜ਼ਰ ਹਰਿ ਉਠਾਉਦਾ ਏ । ਵਿਸ਼ਨ ਬ੍ਰਹਮਾ ਸ਼ਿਵ ਤੇਰੇ ਪਨਹਾਰੇ, ਸਾਚੀ ਸੇਵਾ ਆਪ ਲਗਾਉਦਾ ਏ । ਤ੍ਰੈ ਪੰਜ ਤੇਰੇ ਅਖਾੜੇ, ਪੰਜ ਪਚੀਸ ਗੰਢ ਪਵਾਉਦਾ ਏ । ਚਾਰੇ ਖਾਣੀ ਖੋਲ੍ਹ ਕਿਵਾੜੇ, ਅੰਡਜ ਜੇਰਜ ਉਤਭੁਜ ਸੇਤਜ ਤੇਰਾ ਰਾਹ ਚਲਾਉਦਾ ਏ । ਚਾਰੇ ਬਾਣੀ ਬੋਲ ਜੈਕਾਰੇ, ਪਰਾ ਪਸੰਤੀ ਮਧਮ ਬੈਖਰੀ ਧਾਰ ਸੁਣਾਉਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਹੁਕਮ ਇਕ ਵਰਤਾਉਦਾ ਏ । ਤੇਰਾ ਹੁਕਮ ਇਕ ਵਰਤਾਵੇਗਾ । ਨਿਰਗੁਣ ਨਿਰਵੈਰ ਖੇਲ ਕਰਾਵੇਗਾ । ਦੋ ਜਹਾਨ ਵੇਖ ਵਖਾਵੇਗਾ । ਬ੍ਰਹਿਮੰਡ ਖੰਡ ਧਰਤ ਬਣਾਵੇਗਾ । ਨਿਰਗੁਣ ਨੂਰ ਜੋਤ ਚਮਕਾਵੇਗਾ । ਤੇਰੀ ਚੋਟ ਸ਼ਬਦ ਲਗਾਵੇਗਾ । ਓਟ ਇਕੋ ਇਕ ਦਰਸਾਵੇਗਾ । ਲੋਕ ਪਰਲੋਕ ਆਪ ਸੁਹਾਵੇਗਾ । ਸਚ ਸਲੋਕ ਇਕ ਪਰਗਟਾਵੇਗਾ । ਧੁਰ ਦਾ ਜੋਗ ਝੋਲੀ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਇਕ ਉਠਾਵੇਗਾ । ਸ਼ਬਦ ਸੁੱਤ ਇਕ ਉਠਾਇਆ ਏ । ਪ੍ਰਭ ਸਾਚਾ ਰਾਗ ਅਲਾਇਆ ਏ । ਵਿਸ਼ਨ ਬ੍ਰਹਮਾ ਸ਼ਿਵ ਪਰਗਟਾਇਆ ਏ । ਤ੍ਰੈਗੁਣ ਮੇਲ ਸਚ ਸਮਝਾਇਆ ਏ । ਪੰਜ ਤਤ ਆਪਣੀ ਗੰਢ ਬੰਧਾਇਆ ਏ । ਲੱਖ ਚੁਰਾਸੀ ਘਾੜਨ ਘੜ, ਘਰ ਸਾਚੇ ਆਪ ਉਪਜਾਇਆ ਏ । ਨਿਰਗੁਣ ਹੋ ਕੇ ਅੰਦਰ ਵੜ, ਸਰਗੁਣ ਰੰਗ ਰੰਗਾਇਆ ਏ । ਸ਼ਬਦ ਅਗੰਮੀ ਢੋਲਾ ਪੜ੍ਹ, ਆਪਣਾ ਰਾਗ ਸੁਣਾਇਆ ਏ । ਲੇਖਾ ਜਾਣ ਸੀਸ ਧੜ, ਕੰਚਨ ਰੂਪ ਵਖਾਇਆ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਬਦ ਗੁਰ ਤੇਰਾ ਇਕੋ ਘਰ ਸੁਹਾਇਆ ਏ । ਸ਼ਬਦ ਗੁਰੂ ਤੇਰਾ ਘਰ ਇਕ ਸੁਹਾਵਾਂਗਾ । ਪਾਰਬ੍ਰਹਮ ਪ੍ਰਭ ਆਪਣਾ ਮੇਲ ਮਿਲਾਵਾਂਗਾ । ਦੀਪਕ ਦੀਆ ਇਕ ਜਗਾਵਾਂਗਾ । ਤੇਲ ਬਾਤੀ ਨਾ ਕੋਈ ਪਾਵਾਂਗਾ । ਅੰਧੇਰੀ ਰਾਤੀ ਨਾ ਕੋਇ ਰਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਹੁਕਮ ਇਕ ਵਰਤਾਵਾਂਗਾ । ਤੇਰਾ ਹੁਕਮ ਇਕ ਵਰਤਾਵੇਗਾ । ਪ੍ਰਭ ਸਿਰ ਤੇ ਹੱਥ ਟਿਕਾਵੇਗਾ । ਨਿਰਗੁਣ ਸਰਗੁਣ ਖੇਲ ਖਿਲਾਵੇਗਾ । ਵਿਸ਼ਨ ਭੰਡਾਰ ਇਕ ਵਰਤਾਵੇਗਾ । ਬ੍ਰਹਮਾ ਬ੍ਰਹਮ ਰੂਪ ਹੋ ਜਾਵੇਗਾ । ਸ਼ੰਕਰ ਹੱਥ ਤ੍ਰਿਸੂਲ ਉਠਾਵੇਗਾ । ਤ੍ਰੈ ਤ੍ਰੈ ਆਪ ਜਣਾਵੇਗਾ । ਸਾਚੇ ਦੇਸ ਸੋਭਾ ਪਾਵੇਗਾ । ਨਰ ਨਰੇਸ਼ ਇਕ ਹੋ ਜਾਵੇਗਾ । ਵਿਸ਼ਨ ਬ੍ਰਹਮ ਸ਼ਿਵ ਸੇਵ ਲਗਾਵੇਗਾ । ਤੇਰੀ ਨਜ਼ਰ ਨਾ ਆਵੇ ਰੇਖ, ਰੇਖਾ ਆਪਣੇ ਵਿਚ ਛੁਪਾਵੇਗਾ । ਧੁਰ ਦਾ ਦੇ ਇਕ ਸੰਦੇਸ, ਧੁਰ ਦੀ ਧਾਰ ਆਪ ਪਰਗਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਅਲਖ ਅਭੇਵ ਇਕ ਹੋ ਜਾਵੇਗਾ । ਅਲਖ ਅਲੇਖ ਇਕ ਅਖਵਾਏਗਾ । ਨਰ ਨਰੇਸ਼ ਦਇਆ ਕਮਾਏਗਾ । ਸਾਚੇ ਦੇਸ ਡੇਰਾ ਲਾਏਗਾ । ਸਚਖੰਡ ਰਹੇ ਸਦਾ ਹਮੇਸ਼, ਆਦਿ ਜੁਗਾਦਿ

ਇਕੋ ਅਨੇਕ ਸਮਾਏਗਾ । ਧਰਤ ਧਵਲ ਜਲ ਬਿੰਬ ਖੇਲੇ ਖੇਲ, ਅਗਨੀ ਤਤ ਰੂਪ ਪਰਗਟਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਆਪ ਕਮਾਵੇਗਾ । ਵਿਸ਼ਨੂੰ ਵਸਤ ਇਕ ਵਰਤਾਵੇਗਾ । ਬ੍ਰਹਮਾ ਭੇਵ ਅਭੇਦ ਖੁਲ੍ਹਾਵੇਗਾ । ਚਾਰੇ ਵੇਦ ਰਾਹ ਵਖਾਵੇਗਾ । ਚਾਰੇ ਕੁੰਟ ਨਜ਼ਰੀ ਪਾਵੇਗਾ । ਚੌਥੇ ਘਰ ਡੇਰਾ ਲਾਵੇਗਾ । ਸਾਚੇ ਮੰਦਰ ਚੜ੍ਹ ਜੋਤ ਜਗਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਸੁੱਤ ਸੁੱਤ ਦੁਲਾਰ ਤੇਰਾ ਅੱਖਰ ਨਾਦ ਸੁਣਾਵੇਗਾ । ਸ਼ਬਦ ਸੁੱਤ ਤੇਰਾ ਨਾਦ ਵਜਾਏਗਾ । ਪ੍ਰਭ ਆਪਣਾ ਰਾਗ ਅਲਾਏਗਾ । ਬਿਨ ਤੰਦੀ ਤੰਦ ਸਿਤਾਰ, ਸਾਚੀ ਖੇਲ ਵਖਾਏਗਾ । ਨਿਰਗੁਣ ਨਿਰਗੁਣ ਕਰੇ ਗੁਫ਼ਤਾਰ, ਗੁਫ਼ਤ ਸ਼ਨੀਦ ਆਪਣਾ ਰਾਹ ਚਲਾਏਗਾ । ਘਰ ਬਣ ਕੇ ਸੱਚਾ ਯਾਰ, ਯਾਰੀ ਆਪਣੀ ਤੋੜ ਨਿਭਾਏਗਾ । ਮਾਰਗ ਦੇ ਵਿਚ ਸੰਸਾਰ, ਚਾਰ ਵਰਨ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਚਾਰ ਵਰਨ ਆਪ ਦ੍ਰਿੜਾਏਗਾ । ਚਾਰ ਵਰਨ ਦੱਸੇ ਭਗਵਾਨ, ਪਹਿਲਾ ਨਿਰਗੁਣ ਰੂਪ ਜਣਾਈਆ । ਦੂਜਾ ਸ਼ਬਦ ਕਰ ਪਰਧਾਨ, ਆਪ ਆਪਣੀ ਖੇਲ ਵਖਾਈਆ । ਤੀਜੇ ਦੋਹਾਂ ਇਕ ਮਕਾਨ, ਘਰ ਸਾਚੇ ਖ਼ੁਸ਼ੀ ਮਨਾਈਆ । ਚੌਥੇ ਸ਼ਾਹੋ ਭੂਪ ਬਣ ਸੁਲਤਾਨ, ਸ਼ਬਦੀ ਆਪਣਾ ਹੁਕਮ ਵਰਤਾਈਆ । ਚਾਰ ਵਰਨ ਦਾ ਕਰ ਨਾ ਸਕਿਆ ਕੋਈ ਗਿਆਨ, ਭੇਵ ਅਭੇਦ ਨਾ ਸਕੇ ਕੋਈ ਜਣਾਈਆ । ਸਚਖੰਡ ਰਹੇ ਭਗਵਾਨ, ਥਿਰ ਘਰ ਸੁੱਤ ਸ਼ਬਦ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਰਤਾਈਆ । ਸ਼ਬਦ ਸੁੱਤ ਕਿਹਾ ਝੁਕ, ਪ੍ਰਭ ਅੱਗੇ ਸੀਸ ਝੁਕਾਈਆ । ਪਾਰਬ੍ਰਹਮ ਤੇਰਾ ਵੇਖਾਂ ਮੁਖ, ਵਿਛੋੜਾ ਸਹਿ ਸਕਾਂ ਨਾ ਰਾਈਆ । ਨਿਰਗੁਣ ਮੈਂ ਉਪਜਿਆ ਤੇਰੀ ਕੁੱਖ, ਮਾਤ ਪਿਤਾ ਮੇਰਾ ਨਜ਼ਰ ਕੋਇ ਨਾ ਆਈਆ । ਮੈਨੂੰ ਤੇਰੇ ਬਿਨੋਂ ਲੱਗੇ ਦੁੱਖ, ਤੇਰੇ ਬਿਨਾਂ ਦੁੱਖ ਨਾ ਮੇਰਾ ਕਟਾਈਆ । ਪ੍ਰਭੂ ਮੇਰੇ ਕਰ ਕਿਰਪਾ ਗੋਦੀ ਚੁੱਕ, ਬਾਲਕ ਗੋਦ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਚਖੰਡ ਨਿਵਾਸੀ ਤੇਰੀ ਇਕ ਸਰਨਾਈਆ । ਸੁੱਤ ਦੁਲਾਰਾ ਪਿਆ ਬੋਲ, ਬਿਨ ਰਸਨਾ ਜਿਹਵਾ ਮੰਗ ਮੰਗਾਇੰਦਾ । ਪੁਰਖ ਅਬਿਨਾਸ਼ੀ ਆਦਿ ਪੁਰਖ ਮੈਂ ਵਸਾਂ ਤੇਰੇ ਕੋਲ, ਸਦ ਚਰਨ ਧਿਆਨ ਰਖਾਇੰਦਾ । ਤੇਰੀ ਪ੍ਰੀਤੀ ਅੰਦਰ ਜਾਵਾਂ ਮੌਲ, ਮੌਲਾ ਇਕੋ ਨਜ਼ਰੀ ਆਇੰਦਾ । ਮੇਰੇ ਨਾਲ ਕਰ ਪੂਰਾ ਕੌਲ, ਦਰ ਤੇਰੇ ਝੋਲੀ ਡਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਇੰਦਾ । ਸਾਚਾ ਵਰ ਦੇ ਭਗਵਾਨ, ਦਰ ਤੇਰੇ ਮੰਗ ਮੰਗਾਈਆ । ਨਿਤ ਨਵਿਤ ਪਾਉਣਾ ਆਪਣਾ ਦਾਨ, ਝੋਲੀ ਮੇਰੀ ਸਦ ਭਰਾਈਆ । ਤੂੰ ਬਣਿਆ ਰਿਹਾ ਕਾਹਨ, ਹਉਂ ਗੋਪੀ ਰੂਪ ਵਟਾਈਆ । ਤੂੰ ਬਣਿਆ ਰਹੇਂ ਸ਼ਾਹ ਸੁਲਤਾਨ, ਹਉਂ ਸੇਵਕ ਰੂਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਤੇਰੇ ਦਰ ਜਗਾਈ ਅਲਖ, ਅਲੱਖ ਅਗੋਚਰ ਤੇਰੀ ਸਰਨਾਈਆ । ਆਪਣੇ ਨਾਲੋਂ ਕਰੀਂ ਨਾ ਵੱਖ, ਵੱਖਰੀ ਧਾਰ ਮੋਹੇ ਨਾ ਭਾਈਆ । ਸਿਰ ਮੇਰੇ ਰੱਖਣਾ ਹੱਥ, ਸਮਰਥ ਤੇਰੀ ਵਡਿਆਈਆ । ਤੇਰੇ ਚਰਨ ਕਵਲ ਜਾਵਾਂ ਢੱਠ, ਸਚ ਦੁਆਰੇ ਸੋਭਾ ਪਾਈਆ । ਇਕ ਵਾਰੀ ਮਿਹਰ ਨਜ਼ਰ ਮੇਰੇ ਵਲ ਤੱਕ ਆਪਣੀ ਅੱਖ, ਆਖ਼ਰ ਆਪਣਾ ਰੰਗ ਚੜ੍ਹਾਈਆ । ਮੇਰੀ ਝੋਲੀ ਪਾ ਮੇਰਾ ਹੱਕ, ਫੇਰ ਅਗਲਾ ਹੁਕਮ ਦੇਣਾ ਸੁਣਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸੁਣ ਸੁੱਤ ਮੇਰੇ ਲਾਡਲੇ ਮੀਤ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਚਲਾਏ ਤੇਰੀ ਰੀਤ, ਰਹਿਬਰ ਇਕੋ ਇਕ ਅਖਵਾਈਆ । ਏਕੰਕਾਰ ਤੇਰਾ ਸੁਹਾਗੀ ਗੀਤ, ਸਾਚਾ ਨਾਦ ਧੁਨ ਜਣਾਈਆ । ਆਦਿ ਨਿਰੰਜਣ ਸਦਾ ਅਨਡੀਠ, ਸਾਚਾ ਨੂਰ ਨੂਰ ਰੁਸ਼ਨਾਈਆ । ਅਬਿਨਾਸ਼ੀ ਕਰਤਾ ਰੱਖੇ ਠੰਡਾ ਸੀਤ, ਸੀਤਲ ਧਾਰ ਇਕ ਵਹਾਈਆ । ਸ੍ਰੀ ਭਗਵਾਨ ਲਗਾਏ ਸਚ ਪ੍ਰੀਤ, ਲੱਗੀ ਪ੍ਰੀਤ ਨਾ ਕੋਇ ਤੁੜਾਈਆ । ਪਾਰਬ੍ਰਹਮ ਤੇਰੀ ਜਾਣੇ ਰੀਤ, ਰੀਤੀਵਾਨ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਸੁਣਿਆ ਸੰਦੇਸਾ ਤੇਰਾ ਪ੍ਰਭ, ਮੇਰੇ ਸਤਿਗੁਰ ਮੋਹੇ ਭਾਇਆ । ਚਰਨ ਦੁਆਰੇ ਡਿਗਾ ਝੱਬ, ਦੋਏ ਜੋੜ ਵਾਸਤਾ ਪਾਇਆ । ਆਪਣੇ ਨਾਲੋਂ ਵਿਛੋੜ ਨਾ ਦੇਵੀਂ ਛੱਡ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਇਆ । ਮੈਂ ਸਦ ਵਸਾਂ ਤੇਰੀ ਹੱਦ, ਬਾਹਰ ਹਦੂਦ ਨਾ ਕੋਇ ਰਖਾਇਆ । ਤੇਰੀ ਧਾਰੋਂ ਉਪਜੀ ਤੇਰੀ ਯੱਦ, ਵਿਸ਼ਵ ਤੇਰਾ ਰੰਗ ਰੰਗਾਇਆ । ਸਦ ਮੰਦਰ ਵੇਖਾਂ ਲੰਘ, ਨਿਤ ਤੇਰਾ ਦਰਸਨ ਪਾਇਆ । ਪੁਰਖ ਅਕਾਲ ਦੀਨ ਦਿਆਲ ਮੇਰੀ ਇਕੋ ਮੰਗ, ਝੋਲੀ ਖ਼ਾਲੀ ਦੇ ਭਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਆਸ ਤਕਾਇਆ । ਤੇਰੀ ਆਸ ਹੋਈ ਮਨਜ਼ੂਰ, ਸੋ ਸਤਿਗੁਰ ਆਪ ਜਣਾਈਆ । ਸ਼ਬਦ ਸੁੱਤ ਤੇਰਾ ਦਸਤੂਰ, ਦੋ ਜਹਾਨਾਂ ਹੁਕਮ ਵਰਤਾਈਆ । ਪੁਰਖ ਅਬਿਨਾਸ਼ੀ ਸਦ ਵਸੇ ਨੇੜੇ ਦੂਰ, ਦੁਰਾਡਾ ਪੰਧ ਨਾ ਕੋਇ ਰਖਾਈਆ । ਆਦਿ ਜੁਗਾਦਿ ਹਾਜ਼ਰ ਹਜ਼ੂਰ ਘਰ ਵਸੇ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਸੰਦੇਸਾ ਇਕੋ ਵਾਰ, ਬਿਨ ਕੰਨਾਂ ਦਏ ਜਣਾਈਆ । ਸਚ ਸੰਦੇਸਾ ਆਪ ਸੁਣਾਉਂਦਾ ਏ । ਸ੍ਰੀ ਭਗਵਾਨ ਹੁਕਮ ਵਰਤਾਉਂਦਾ ਏ । ਸ਼ਬਦ ਸੁੱਤ ਤੇਰੇ ਹੱਥ ਡੋਰ ਫੜਾਉਂਦਾ ਏ । ਦੋ ਜਹਾਨਾਂ ਰਚਨਾ ਰਚ ਵਖਾਉਂਦਾ ਏ । ਲੱਖ ਚੁਰਾਸੀ ਕਾਇਆ ਮਾਟੀ ਭਾਂਡਾ ਕੱਚ, ਕੱਪੜ ਅੰਗਨ ਆਪ ਬਣਾਉਂਦਾ ਏ । ਨਿਰਗੁਣ ਧਾਰ ਰਖ ਸਚ, ਸਾਚਾ ਬੰਕ ਆਪ ਵਡਿਆਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਘਰ ਤੇਰਾ ਨਾਦ ਅਲਾਉਂਦਾ ਏ । ਘਰ ਘਰ ਤੇਰਾ ਨਾਦ ਅਲਾਵੇਗਾ । ਪਾਰਬ੍ਰਹਮ ਪ੍ਰਭ ਬ੍ਰਹਮ ਬ੍ਰਹਿਮਾਦ ਵੇਖ ਵਖਾਵੇਗਾ । ਬੋਲ ਅਗੰਮੀ ਇਕੋ ਰਾਗ, ਧੁਰ ਦੀ ਧਾਰ ਸਮਝਾਵੇਗਾ । ਘਟ ਘਟ ਅੰਦਰ ਹੋ ਵਿਸਮਾਦ, ਬਿਸਮਲ ਆਪਣੀ ਖੇਲ ਖਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਵੇਗਾ । ਸਾਚੀ ਕਰਨੀ ਆਪ ਕਮਾਵੇਗਾ । ਚਾਰ ਜੁਗ ਵੰਡ ਵੰਡਾਵੇਗਾ । ਚਾਰੇ ਖਾਣੀ ਆਪ ਪਰਗਟਾਵੇਗਾ । ਚਾਰੇ ਬਾਣੀ ਰਾਗ ਅਲਾਵੇਗਾ । ਚਾਰੇ ਵੇਦ ਆਪ ਸਮਝਾਵੇਗਾ । ਚਾਰੇ ਵਰਨ ਵੰਡ ਵੰਡਾਵੇਗਾ । ਚਾਰ ਯਾਰੀ ਗੰਢ ਰਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਵੇਗਾ । ਸਾਚੀ ਕਰਨੀ ਪ੍ਰਭੂ ਕਮਾਏਗਾ । ਮਿਹਰਵਾਨ ਮਿਹਰ ਨਜ਼ਰ ਉਠਾਏਗਾ । ਨਿਰਗੁਣ ਆਪਣੀ ਵੰਡ ਵੰਡਾਏਗਾ । ਸਰਗੁਣ ਸਤਿ ਸਰੂਪ ਵਖਾਏਗਾ । ਸਾਚੀ ਰੀਤ ਆਪ ਚਲਾਏਗਾ । ਦਿਸ਼ਾ ਆਪਣੀ ਆਪ ਜਣਾਏਗਾ । ਨਾਮ ਤੇਰਾ ਇਕ ਸੁਣਾਏਗਾ । ਗੁਰ ਅਵਤਾਰ ਨਾਉਂ ਧਰਾਏਗਾ । ਪੀਰ ਪੈਗ਼ੰਬਰ ਆਪ ਹੋ ਜਾਏਗਾ । ਸਚ ਸਵੰਬਰ ਮਾਤ ਰਚਾਏਗਾ । ਭਰਤੰਬਰ ਖੇਲ ਖਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

੯੭੧
੧੫

ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਗੁਰੂ ਤੋਹੇ ਇਕ ਪਰਗਟਾਏਗਾ । ਸ਼ਬਦ ਸੁੱਤ ਸਚ ਤੈਨੂੰ ਮਾਣ ਦਿਵਾਏਗਾ । ਸ੍ਰੀ ਭਗਵਾਨ ਮਿਹਰ ਨਜ਼ਰ ਉਠਾਏਗਾ । ਦੋ ਜਹਾਨ ਤੇਰਾ ਹੁਕਮ ਵਰਤਾਏਗਾ । ਜੋਧਾ ਸੂਰਬੀਰ ਕਰ ਬਲਵਾਨ, ਬਲ ਤੇਰਾ ਇਕ ਪਰਗਟਾਏਗਾ । ਤੇਰੇ ਹੱਥ ਸਚ ਨਿਸ਼ਾਨ, ਸਤਿ ਸਤਿਵਾਦੀ ਆਪ ਝੁਲਾਏਗਾ । ਬ੍ਰਹਮਮਤ ਤੇਰਾ ਗਿਆਨ, ਬ੍ਰਹਮ ਵਿਦਿਆ ਸਰਬ ਦ੍ਰਿੜਾਏਗਾ । ਕਾਇਆ ਮੰਦਰ ਇਕ ਮਕਾਨ, ਘਰ ਘਰ ਡੇਰਾ ਇਕੋ ਲਾਏਗਾ । ਸਾਚੇ ਅੰਮ੍ਰਿਤ ਕਰ ਅਸ਼ਨਾਨ, ਸਰੋਵਰ ਇਕੋ ਇਕ ਸੁਹਾਏਗਾ । ਜੁਗ ਚੌਕੜੀ ਨਾਉਂ ਕਰ ਪਰਧਾਨ, ਗੁਰ ਅਵਤਾਰ ਤੇਰਾ ਬੰਸ ਸੁਹਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਹੁਕਮ ਇਕ ਵਰਤਾਏਗਾ । ਸ਼ਬਦ ਗੁਰੂ ਤੇਰਾ ਡੰਕਾ ਪ੍ਰਭੂ ਵਜਾਏਗਾ । ਲੋਕਮਾਤ ਖੇਲ ਖਲਾਏਗਾ । ਸਚ ਸਲੋਕ ਇਕ ਸੁਣਾਏਗਾ । ਲੋਕ ਪਰਲੋਕ ਹੁਕਮ ਵਰਤਾਏਗਾ । ਕੋਟਨ ਕੋਟ ਬ੍ਰਹਿਮੰਡ ਵੇਖ ਵਖਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਧੁਰ ਦੀ ਧਾਰ ਆਪ ਕਮਾਏਗਾ । ਧੁਰ ਦੀ ਧਾਰ ਪ੍ਰਭੂ ਕਮਾਵੇਗਾ । ਜੁਗ ਚੌਕੜੀ ਤੇਰਾ ਖੇਲ ਵੇਖ ਵਖਾਵੇਗਾ । ਤੇਰਾ ਰੂਪ ਗੁਰ ਅਵਤਾਰ ਰੂਪ ਪਰਗਟਾਵੇਗਾ । ਪੀਰ ਪੈਗ਼ੰਬਰ ਸਾਚਾ ਨੂਰ ਨੂਰ ਦਸਾਵੇਗਾ । ਸਤਿਜੁਗ ਤੇਰੀ ਵਾਰਾ ਕਲਜੁਗ ਪੈਂਡਾ ਕਰ ਕੇ ਦੂਰ, ਅੰਤਮ ਪਾਂਧੀ ਪੰਧ ਆਪ ਚੁਕਾਵੇਗਾ । ਪਰਗਟ ਹੋਏ ਹਾਜ਼ਰ ਹਜ਼ੂਰ, ਹਜ਼ਰਤ ਆਪਣਾ ਰੰਗ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਰਖਾਵੇਗਾ । ਸ਼ਬਦ ਸੁੱਤ ਖ਼ੁਸ਼ੀ ਮਨਾਉਂਦਾ ਏ । ਪ੍ਰਭ ਅੱਗੇ ਸੀਸ ਝੁਕਾਉਂਦਾ ਏ । ਚਾਰ ਜੁਗ ਜਨਮ ਵਟਾਉਂਦਾ ਏ । ਗੁਰ ਅਵਤਾਰ ਆਪ ਪਰਗਟਾਉਂਦਾ ਏ । ਪੀਰ ਪੈਗ਼ੰਬਰ ਜੋਤ ਜਗਾਉਂਦਾ ਏ । ਭਗਤ ਮੀਤ ਨਾਦ ਸੁਣਾਉਂਦਾ ਏ । ਗੁਰਮੁਖ ਗੁਰਸਿਖ ਆਪ ਉਠਾਉਂਦਾ ਏ । ਮੁਰੀਦ ਮੁਰਸ਼ਦ ਦੇ ਦੀਦਾਰ, ਦੀਦ ਈਦ ਚੰਦ ਚਮਕਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕੋ ਦੇਣਾ ਸਾਚਾ ਵਰ, ਦਰ ਸਾਚਾ ਇਕ ਸੁਹਾਉਂਦਾ ਏ । ਸ਼ਬਦ ਸੁੱਤ ਬੋਲ ਜੈਕਾਰਾ, ਉਚੀ ਕੂਕ ਕੂਕ ਸੁਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰਾ ਖੇਲ ਕਰਾਂ ਨਿਆਰਾ, ਨਿਰਗੁਣ ਸਰਗੁਣ ਵੰਡ ਵੰਡਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋ ਕੇ ਜ਼ਾਹਰਾ, ਜ਼ਾਹਰਾ ਤੇਰੀ ਕਲ ਜਣਾਈਆ । ਤੇਰੇ ਨਾਮ ਦੇ ਅਧਾਰਾ, ਸਾਚੀ ਸਿਖਿਆ ਕਰਾਂ ਪੜ੍ਹਾਈਆ । ਸਾਚਾ ਵਣਜ ਇਕ ਵਪਾਰਾ, ਸਾਚਾ ਹੱਟ ਮਾਤ ਚਲਾਈਆ । ਊਚਾ ਦੱਸ ਤੇਰਾ ਦਰਬਾਰਾ, ਜੀਵ ਜੰਤ ਦਿਆਂ ਸਮਝਾਈਆ । ਸਾਧ ਸੰਤ ਕਰ ਪਿਆਰਾ, ਪ੍ਰੇਮ ਪ੍ਰੀਤੀ ਇਕ ਵਖਾਈਆ । ਭਗਤ ਭਗਵਾਨ ਦੇ ਹੁਲਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਓਟ ਤਕਾਈਆ । ਚਾਰ ਜੁਗ ਗੁਰ ਅਵਤਾਰ ਪੀਰ ਪੈਗ਼ੰਬਰ, ਸ਼ਬਦੀ ਸੁੱਤ ਤੇਰਾ ਰੂਪ ਵਖਾਈਆ । ਨਿਰਗੁਣ ਸਰਗੁਣ ਕਰ ਕਰ ਸਵੰਬਰ, ਲੋਕਮਾਤ ਗੰਢ ਪਵਾਈਆ । ਲੱਖ ਚੁਰਾਸੀ ਵੇਖ ਅਡੰਬਰ, ਤੇਰੀ ਕੁਦਰਤ ਨਾਚ ਨਚਾਈਆ । ਸਰਬ ਘਟਾਂ ਸੁਆਮੀ ਹੋ ਭਰਤੰਬਰ, ਭਰਪੂਰੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਵਣ ਵੇਲਾ ਬਿਨ ਪੰਜ ਤਤ ਕਾਇਆ ਆਪਣਾ ਹੁਕਮ ਵਰਤਾਈਆ । ਸਾਚਾ ਵੇਲਾ ਦੱਸ ਭਗਵਾਨ, ਤੇਰੇ ਅੱਗੇ ਮੰਗ ਮੰਗਾਈਆ । ਸ਼ਬਦੀ ਸੁੱਤ ਤੇਰਾ ਬਲਵਾਨ, ਚਾਰ ਜੁਗ ਸੇਵ ਕਮਾਈਆ । ਨੌਂ ਨੌਂ ਖੇਲ ਕਰੇ ਮਹਾਨ, ਨਵ ਨੌ ਚਾਰ ਵੰਡ ਵੰਡਾਈਆ ।


੯੭੨ ੧੫

ਜੁਗ ਚੌਕੜੀ ਹੋ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਸ੍ਰਿਸ਼ਟ ਸਬਾਈ ਦੇ ਗਿਆਨ, ਅੱਖਰ ਵੱਖਰ ਕਰੇ ਪੜ੍ਹਾਈਆ । ਸ਼ਾਸਤਰ ਸਿਮਰਤ ਲੇਖਾ ਜਾਣ ਵੇਦ ਪੁਰਾਨ, ਅੰਜੀਲ ਕੁਰਾਨ ਗੀਤਾ ਗਿਆਨ ਤੇਰਾ ਰੰਗ ਜਣਾਈਆ । ਖਾਣੀ ਬਾਣੀ ਬੋਲ ਬੇਜ਼ਬਾਨ, ਰਸਨਾ ਜਿਹਵਾ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਜਿਸ ਵੇਲੇ ਆਪਣਾ ਨੂਰ ਜਣਾਈਆ । ਸਾਚਾ ਵੇਲਾ ਦੱਸ ਭਗਵੰਤ, ਸੁੱਤ ਦੁਲਾਰਾ ਮੰਗ ਮੰਗਾਈਆ । ਬਣੇ ਸੁਹਾਗ ਸਾਚਾ ਕੰਤ, ਨਾਰੀ ਨਰ ਨਰਾਇਣ ਪਰਨਾਈਆ । ਬਿਨ ਪੰਜ ਤਤ ਕਾਇਆ ਚਲੇ ਤੇਰਾ ਮੰਤ, ਮੰਤਰ ਤੇਰਾ ਇਕੋ ਨਜ਼ਰੀ ਆਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਤੇਰੀ ਮਹਿਮਾ ਗਾਇਣ ਅਗਣਤ, ਸਿਫ਼ਤੀ ਤੇਰੀ ਸਮਝ ਸਕੇ ਕੋਈ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਆਪਣਾ ਵੇਲਾ ਵਕਤ ਦੇ ਜਣਾਈਆ । ਸਾਚਾ ਵੇਲਾ ਦੱਸ ਕਰਤਾਰ, ਹਰਿ ਕਰਤੇ ਤੇਰੀ ਵਡ ਵਡਿਆਈਆ । ਹਉਂ ਭਿਖਕ ਖੜਾ ਤੇਰੇ ਦੁਆਰ, ਜਾਚਕ ਝੋਲੀ ਇਕ ਵਖਾਈਆ । ਸ਼ਬਦ ਸੁੱਤ ਤੇਰਾ ਦੁਲਾਰ, ਤੂੰ ਦਾਤਾ ਦੇਵਣਹਾਰ ਸੱਚਾ ਸ਼ਹਿਨਸ਼ਾਹੀਆ । ਜੁਗ ਚੌਕੜੀ ਖੇਲਾਂ ਖੇਲ ਵਿਚ ਸੰਸਾਰ, ਬਣ ਖਲਾਰੀ ਖੇਲ ਖਿਲਾਈਆ । ਪਾਵਾਂ ਸਾਰ ਗੁਰ ਅਵਤਾਰ, ਪੀਰ ਪੈਗ਼ੰਬਰ ਵੇਖ ਵਖਾਈਆ । ਧੁਰ ਦੀ ਦੇਵਾਂ ਇਕੋ ਧਾਰ, ਸਚ ਸੰਦੇਸਾ ਨਾਮ ਅਲਾਈਆ । ਕਲਮ ਸ਼ਾਹੀ ਕਰ ਤਿਆਰ, ਕਾਗ਼ਜ਼ ਬੰਧਨ ਇਕੋ ਪਾਈਆ । ਘਰ ਘਰ ਹੋਏ ਉਜਿਆਰ, ਨਿਰਅੱਖਰ ਕਰੇ ਰੁਸ਼ਨਾਈਆ । ਲੇਖਾ ਜਾਣ ਸੱਚੀ ਸਰਕਾਰ, ਸ਼ਹਿਨਸ਼ਾਹ ਤੇਰਾ ਹੁਕਮ ਇਕ ਮਨਾਈਆ । ਬੋਧ ਅਗਾਧਾ ਬਣ ਲਿਖਾਰ, ਕਾਤਬ ਇਕੋ ਨਜ਼ਰੀ ਆਈਆ । ਜੁਗ ਚੌਕੜੀ ਵੇਖਾਂ ਚਾਰ, ਕੋਟਨ ਕੋਟ ਕਾਇਆ ਨੌ ਦੁਆਰੇ ਖੋਲ ਕਿਵਾੜ, ਚਾਰ ਕੁੰਟ ਮਿਲੇ ਵਡਿਆਈਆ । ਸਤਿ ਪੁਰਖ ਤੇਰੀ ਸਾਚੀ ਧਾਰ, ਸਤਿ ਸਤਿਵਾਦੀ ਸਤਿ ਸਰੂਪ ਨਜ਼ਰ ਕਿਸੇ ਨਾ ਆਈਆ । ਮੈਂ ਮੰਗਾਂ ਏਕੋ ਵਾਰ, ਏਕੰਕਾਰ ਤੇਰੀ ਸਰਨਾਈਆ । ਸਾਚਾ ਦਿਸੇ ਨਾ ਮੀਤ ਮੁਰਾਰ, ਮਿੱਤਰ ਰੂਪ ਨਾ ਕੋਇ ਸਖਾਈਆ । ਤੇਰਾ ਮੰਦਰ ਸੋਹੇ ਦਰਬਾਰ, ਸਚਖੰਡ ਵੱਜੇ ਸਚ ਵਧਾਈਆ । ਥਿਰ ਘਰ ਬੈਠਾ ਤੇਰਾ ਸੁੱਤ ਦੁਲਾਰ, ਚਰਨ ਕਵਲ ਧਿਆਨ ਲਗਾਈਆ । ਸਾਚਾ ਦੱਸ ਪ੍ਰਭੂ ਵਿਹਾਰ, ਕਵਣ ਵੇਲਾ ਲਏਂ ਕਰਾਈਆ । ਨਿਰਅੱਖਰ ਤੇਰਾ ਨਾਮ ਮੇਰੇ ਨਾਲ ਹੋਏ ਉਜਿਆਰ, ਤਤ ਨਜ਼ਰ ਕੋਇ ਨਾ ਆਈਆ । ਪੰਜਾਂ ਤੱਤਾਂ ਕਰ ਛੁਟਕਾਰ, ਖਹਿੜਾ ਛੁਟੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਬਦ ਸੁੱਤ ਝੋਲੀ ਡਾਹੀਆ । ਸ਼ਬਦ ਸੁੱਤ ਹੋ ਨਿਮਾਣਾ, ਪ੍ਰਭ ਅੱਗੇ ਸੀਸ ਝੁਕਾਇੰਦਾ । ਸ਼ਹਿਨਸ਼ਾਹ ਤੂੰ ਸ਼ਾਹ ਸੁਲਤਾਨਾ, ਸਚਖੰਡ ਨਿਵਾਸੀ ਇਕੋ ਨਜ਼ਰੀ ਆਇੰਦਾ । ਆਦਿ ਜੁਗਾਦਿ ਤੇਰਾ ਕੋਈ ਨਾ ਜਾਣੇ ਟਿਕਾਣਾ, ਤੇਰਾ ਮੰਦਰ ਨਜ਼ਰ ਕਿਸੇ ਨਾ ਆਇੰਦਾ । ਸਭ ਮੰਨਦੇ ਤੇਰਾ ਸਾਚਾ ਭਾਣਾ, ਬਚਿਆ ਕੋਈ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਦਰ ਤੇਰੇ ਮੰਗ ਮੰਗੀ ਪ੍ਰਭ ਏਕ, ਏਕੰਕਾਰ ਦੇ ਸਮਝਾਈਆ । ਕਵਣ ਵੇਲਾ ਦੇਵੇਂ ਆਪਣੀ ਟੇਕ, ਬਣ ਜਗਦੀਸ ਮੇਲ ਮਿਲਾਈਆ । ਜੁਗ ਚੌਕੜੀ ਧਰ ਧਰ ਵੇਖਾਂ ਸਰਗੁਣ ਭੇਖ, ਗੁਰ ਅਵਤਾਰ ਰੂਪ ਵਟਾਈਆ । ਅੰਤਮ ਮਿਲਾਂ ਤੇਰੀ ਰੇਖ, ਬਿਨ ਤੇਰੀ ਰੇਖ ਧਾਮ ਨਜ਼ਰ ਕੋਇ ਨਾ ਆਈਆ । ਨਿਤ ਨਵਿਤ ਖੇਲਾਂ ਤੇਰੀ ਖੇਡ, ਖੇਲ ਖਿਲਾਰੀ ਤੇਰੀ ਮੋਹੇ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਨਿਰਗੁਣ ਤੇਰੇ ਅੱਗੇ

ਮੰਗ ਮੰਗਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਆਦਿ ਦਇਆ ਕਮਾਇੰਦਾ । ਸੁੱਤ ਸ਼ਬਦ ਵੇਖ ਸਚ ਮਹੱਲਾ, ਸਚਖੰਡ ਸਾਚਾ ਸੋਭਾ ਪਾਇੰਦਾ । ਦੀਪਕ ਜੋਤ ਏਕੋ ਬਲਾ, ਤੇਲ ਬਾਤੀ ਨਾ ਵਿਚ ਰਖਾਇੰਦਾ । ਸਤਿ ਸਰੂਪ ਫੜਾਏ ਪੱਲਾ, ਪੱਲੂ ਆਪਣੀ ਗੰਢ ਪਵਾਇੰਦਾ । ਤੇਰੀ ਧਾਰ ਅੰਤਰ ਰਲਾ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸ਼ਬਦ ਸੁੱਤ ਵੇਖ ਇਕ, ਇਕ ਉਹ ਵੀ ਨਜ਼ਰ ਕਿਸੇ ਨਾ ਆਈਆ । ਸੁੱਤ ਦੁਲਾਰ ਨੇਤਰ ਖੋਲ੍ਹ ਤੱਕ ਇਕ, ਉਹ ਵੀ ਇਕ ਅੱਖ ਨਾ ਕੋਇ ਮਿਲਾਈਆ । ਸਾਚੇ ਸੁੱਤ ਕਰ ਤਿਆਰ ਵੇਖ ਇਕ, ਉਹ ਪ੍ਰੀਤਮ ਪਿਆਰਾ ਹੱਥ ਕਿਸੇ ਨਾ ਆਈਆ । ਸਚ ਲਾਡਲੇ ਸੁੱਤ ਉਸ ਦੇ ਉਤੇ ਸਭ ਨੂੰ ਪਿਆ ਸ਼ੱਕ, ਬਿਨ ਗੋਬਿੰਦ ਸ਼ੁਕਰ ਨਾ ਕੋਇ ਮਨਾਈਆ । ਕਰ ਕਿਰਪਾ ਦੇਵਾਂ ਤੇਰਾ ਹੱਕ, ਆਪਣਾ ਹੁਕਮ ਤੇਰੀ ਝੋਲੀ ਪਾਈਆ । ਵੇਖੀਂ ਸੇਵਾ ਕਰਦਾ ਨਾ ਜਾਈਂ ਥੱਕ, ਅਨਥੱਕ ਰਿਹਾ ਦ੍ਰਿੜਾਈਆ । ਆਪਣੇ ਅੰਤਰ ਤੈਨੂੰ ਰੱਖਾਂ ਢਕ, ਬਿਨ ਹੁਕਮ ਨਾ ਬਾਹਰ ਕਢਾਈਆ । ਨਿਰਗੁਣ ਧਾਰ ਨਿਰਗੁਣ ਨਾਲੋਂ ਹੋਵੇ ਕਦੀ ਨਾ ਵੱਖ, ਵੱਖਰੀ ਆਪਣੀ ਕਾਰ ਜਣਾਈਆ । ਸਰਗੁਣ ਮਾਰਗ ਆਵੇ ਦੱਸ, ਅੰਤਮ ਨਿਰਗੁਣ ਵਿਚ ਸਮਾਈਆ । ਨਿਰਗੁਣ ਹੋ ਕੇ ਸਰਗੁਣ ਗਾਵੇ ਜਸ, ਬਿਨ ਸਰਗੁਣ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਗੁਰ ਅਵਤਾਰ ਪੀਰ ਪੈਗ਼ੰਬਰ ਭਗਤ ਸੰਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਰਿਹਾ ਦ੍ਰਿੜਾਈਆ । ਸ਼ਬਦ ਸੁੱਤ ਅੱਗੋਂ ਪਿਆ ਹੱਸ, ਹੱਸ ਕੇ ਖ਼ੁਸ਼ੀ ਮਨਾਇੰਦਾ । ਮੈਂ ਇਕੋ ਭਾਵਾਂ ਤੇਰਾ ਰਸ, ਦੂਜਾ ਰਸ ਨਾ ਮੋਹੇ ਸੁਖਾਇੰਦਾ । ਪ੍ਰਭ ਜੂ ਵੇਲਾ ਉਹ ਦੱਸ, ਜਿਸ ਵੇਲੇ ਆਪਣਾ ਰੰਗ ਚੜ੍ਹਾਇੰਦਾ । ਨਿਰਗੁਣ ਹੋ ਕੇ ਦੇਵੇਂ ਸਾਥ, ਸਾਚਾ ਸੰਗ ਨਿਭਾਇੰਦਾ । ਨਿਰਵੈਰ ਹੋ ਕੇ ਸਿਰ ਰੱਖੇਂ ਹੱਥ, ਨਰ ਨਿਰੰਕਾਰ ਹੋ ਕੇ ਦਇਆ ਕਮਾਇੰਦਾ । ਦੀਨ ਦਿਆਲ ਹੋ ਕੇ ਖੋਲ੍ਹੇਂ ਅੱਖ, ਪਰਤੱਖ ਨੂਰ ਨਜ਼ਰੀ ਆਇੰਦਾ । ਉਹ ਪ੍ਰਭੂ ਦੇ ਹੱਕ, ਘਰ ਬਰਦਾ ਮੰਗ ਮੰਗਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਤੇਰੇ ਬੱਚੇ ਨਾ ਪਏ ਤੇਰੇ ਤੇ ਸ਼ੱਕ, ਤੇਰਾ ਸ਼ੱਕ ਲੱਖ ਚੁਰਾਸੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਇੰਦਾ । ਸੁੱਤ ਸ਼ਬਦ ਸੁਣ ਵੇਖ ਇਕ, ਬਿਨ ਇਕ ਇਕ ਨਜ਼ਰੀ ਆਈਆ । ਇਕ ਕੋਲੋਂ ਸਿਖਿਆ ਸਿਖ, ਦੂਜੀ ਆਪਣੀ ਧਾਰ ਚਲਾਈਆ । ਤੀਜੀ ਦੇਵੇ ਅਗੰਮੀ ਭਿਖ, ਆਪਣੀ ਕਿਰਪਾ ਝੋਲੀ ਪਾਈਆ । ਚੌਥੀ ਤੇਰੀ ਰੇਖ ਦੇਵੇ ਲਿਖ, ਲੇਖਾ ਲਿਖਿਆ ਬਿਨ ਕਲਮ ਸ਼ਾਹੀਆ । ਪੰਜਵੇਂ ਧਾਰ ਆਪਣੀ ਪੇਖ, ਤੇਰੇ ਘਰ ਸੋਭਾ ਪਾਈਆ । ਇਕ ਪੰਜ ਕਰੇ ਹੇਤ, ਨਿਰਗੁਣ ਨਿਰਵੈਰ ਰੂਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਪੰਜ ਦਏ ਜਣਾਈਆ । ਇਕ ਇਕੱਲਾ ਸੋ ਪੁਰਖ ਨਿਰੰਜਣ, ਨਰ ਨਿਰੰਕਾਰ ਅਖਵਾਇੰਦਾ । ਦੂਆ ਨੂਰ ਹਰਿ ਪੁਰਖ ਨਿਰੰਜਣ, ਜ਼ਹੂਰ ਇਕੋ ਇਕ ਪਰਗਟਾਇੰਦਾ । ਏਕੰਕਾਰ ਤੀਆ ਸੱਜਣ, ਘਰ ਸਾਚੇ ਸੰਗ ਨਿਭਾਇੰਦਾ । ਆਦਿ ਨਿਰੰਜਣ ਨਿਰਗੁਣ ਜੋਤ ਦੀਪਕ ਜਗਣ, ਸਚ ਮਹੱਲ ਆਪ ਰੁਸ਼ਨਾਇੰਦਾ । ਸ੍ਰੀ ਭਗਵਾਨ ਪੰਚਮ ਧਾਰ ਬਣ ਕੇ ਸੱਜਣ, ਸ਼ਾਹ ਪਾਤਸ਼ਾਹ ਆਪ ਅਖਵਾਇੰਦਾ । ਅਬਿਨਾਸ਼ੀ ਕਰਤਾ ਨਿਉਂ ਨਿਉਂ ਕਰੇ ਮਜਨ, ਘਰ ਸਾਚੇ ਸੀਸ ਝੁਕਾਇੰਦਾ । ਪਾਰਬ੍ਰਹਮ ਪ੍ਰਭ ਆਵੇ ਮੰਗਣ, ਦਰ ਅਲਖ ਇਕ ਸੁਣਾਇੰਦਾ । ਪੰਚਮ ਮੀਤਾ ਇਕੋ ਸੱਜਣ, ਧੁਰਦਰਗਾਹੀ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਾਚੀ ਖੇਲ ਆਪ ਦ੍ਰਿੜਾਇੰਦਾ । ਇਕ ਪੰਜ ਖੇਲ ਅਪਾਰ, ਹਰਿ ਕਰਤਾ ਆਪ ਜਣਾਈਆ । ਇਕ ਇਕੱਲਾ ਏਕੰਕਾਰ, ਦੂਜੇ ਸ਼ਬਦ ਰੂਪ ਸਮਝਾਈਆ । ਤੀਜਾ ਨਿਰਗੁਣ ਸਰਗੁਣ ਕਰ ਪਿਆਰ, ਚੌਥੇ ਮੰਜ਼ਲ ਭੂਮਿਕਾ ਇਕ ਵਖਾਈਆ । ਪੰਜਵੇਂ ਬੋਲ ਸਚ ਜੈਕਾਰ, ਸ਼ਬਦ ਨਾਦ ਧੁਨ ਸ਼ਨਵਾਈਆ । ਇਕ ਪੰਜ ਦਾ ਸੱਚਾ ਪਿਆਰ, ਆਦਿ ਜੁਗਾਦਿ ਦਏ ਬੰਧਾਈਆ । ਇਕ ਵਿਚੋਂ ਏਕੰਕਾਰ, ਓਅੰਕਾਰ ਆਕਾਰ ਕਰਾਈਆ । ਐੜਾ ਅੱਖ ਖੋਲ੍ਹ ਕਰਤਾਰ, ਪਰਤੱਖ ਆਪਣਾ ਦਰਸ ਵਖਾਈਆ । ਈੜੀ ਇਸ਼ਟ ਅਪਰ ਅਪਾਰ, ਨਿਰਗੁਣ ਨਿਰਵੈਰ ਆਪ ਸਮਝਾਈਆ । ਸੱਸਾ ਕਿਲਾ ਕਰ ਤਿਆਰ, ਸਰਗੁਣ ਅੰਦਰ ਬੰਦ ਕਰਾਈਆ । ਹਾਹਾ ਹਰਿ ਕਾ ਰੂਪ ਅਪਾਰ, ਹਰੀ ਹਰਿ ਆਪਣੀ ਧਾਰ ਬੰਧਾਈਆ । ਇਕੋ ਟਿੱਪੀ ਕਰ ਤਿਆਰ, ਸਾਚੀ ਵੰਡਣ ਵੰਡ ਵੰਡਾਈਆ । ਪਾਰਬ੍ਰਹਮ ਬ੍ਰਹਮ ਕਰ ਉਜਿਆਰ, ਹੰ ਰੂਪ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜਾਂ ਅੱਖਰਾਂ ਦਏ ਅਧਾਰ, ਨਿਰਅੱਖਰ ਆਪਣੀ ਕਾਰ ਕਮਾਈਆ । ਪੰਜਾਂ ਅੱਖਰਾਂ ਕਰ ਪਰਵਾਨ, ਹਰਿ ਏਕਾ ਦਇਆ ਕਮਾਇੰਦਾ । ਇਕੋ ਕੱਕਾ ਕਰ ਪਰਵਾਨ, ਦੋ ਜਹਾਨਾਂ ਕਰਮ ਬਣਾਇੰਦਾ । ਇਕੋ ਕੱਕਾ ਖੇਲ ਮਹਾਨ, ਕਰਤਾ ਕਾਦਰ ਆਪ ਵਖਾਇੰਦਾ । ਇਕੋ ਕੱਕਾ ਕਾਰਨ ਕਰੇ ਧਿਆਨ, ਹਰਿ ਕਰਨੀ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤਿਸ ਕੱਕੇ ਮਾਣ ਰਖਾਇੰਦਾ । ਇਕ ਪੰਜ ਦਾ ਸੁਣ ਕੇ ਗੀਤ, ਸ਼ਬਦ ਸੁੱਤ ਖ਼ੁਸ਼ੀ ਮਨਾਈਆ । ਪੰਜਾਂ ਨਾਲ ਪ੍ਰਭ ਮੇਰੀ ਪ੍ਰੀਤ, ਪੰਚਮ ਤੇਰਾ ਰੂਪ ਨਜ਼ਰੀ ਆਈਆ । ਏਨ੍ਹਾਂ ਅੰਤਰ ਖੇਲ ਅਨਡੀਠ, ਤੇਰੀ ਧਾਰ ਸਮਾਈਆ । ਏਨ੍ਹਾਂ ਬਿਨਾਂ ਨਾ ਬਣੇ ਗੀਤ, ਰਾਗ ਨਾਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਕਵਣ ਵੇਲਾ ਮੇਰੀ ਆਸਾ ਪੂਰ ਕਰਾਈਆ । ਸ੍ਰੀ ਭਗਵਾਨ ਕਹੇ ਸਚ ਮੀਤਾ, ਪ੍ਰਭ ਆਪਣੀ ਦਇਆ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਚਲੇ ਰੀਤਾ, ਊੜਾ ਐੜਾ ਈੜੀ ਇਕੋ ਮਾਣ ਰਖਾਇੰਦਾ । ਏਨ੍ਹਾਂ ਅੰਦਰ ਰੱਖੇ ਸੀਤਾ, ਸੁੱਤ ਦੁਲਾਰ ਬੰਧਨ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸੱਚਾ ਹੁਕਮ ਆਪ ਸਮਝਾਇੰਦਾ । ਸੱਸਾ ਹਾਹਾ ਰਹੇ ਦੁਆਰ, ਸੱਸਾ ਸਤਿਗੁਰ ਰੂਪ ਬਣਾਈਆ । ਹਾਹਾ ਹੰ ਬ੍ਰਹਮ ਕਰ ਪਿਆਰ, ਸਾਹਿਬ ਵੇਖੇ ਚਾਈਂ ਚਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਥਿਰ ਕੋਇ ਰਹਿਣ ਨਾ ਪਾਈਆ । ਸੇਵਾ ਕਰ ਕਰ ਜਾਣ ਤੇਈ ਅਵਤਾਰ, ਭਗਤ ਅਠਾਰਾਂ ਵੇਸ ਵਟਾਈਆ । ਈਸਾ ਮੂਸਾ ਮੁਹੰਮਦ ਬੋਲ ਜੈਕਾਰ, ਪੀਰ ਪੈਗ਼ੰਬਰ ਢੋਲਾ ਗਾਈਆ । ਨਾਦ ਧੁਨ ਸ਼ਬਦ ਆਧਾਰ, ਗੁਰ ਗੁਰਦੇਵ ਸੁਆਮੀ ਇਕ ਦ੍ਰਿੜਾਈਆ । ਸ਼ਬਦ ਗੁਰੂ ਸਰਬ ਪਿਆਰ, ਸਤਿਗੁਰ ਇਕੋ ਇਕ ਦ੍ਰਿੜਾਈਆ । ਨਾਨਕ ਗੋਬਿੰਦ ਧੁਰ ਦੀ ਧਾਰ, ਧਰਨੀ ਧਰਤ ਧਵਲ ਮਿਲੇ ਵਡਿਆਈਆ । ਤੇਰਾ ਰੂਪ ਅਪਰ ਅਪਾਰ, ਪੁਰਖ ਅਬਿਨਾਸ਼ੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਦਾ ਲੇਖ ਰਿਹਾ ਜਣਾਈਆ । ਆਦਿ ਜੁਗਾਦੀ ਦੱਸੇ ਲੇਖਾ, ਹਰਿ ਕਰਤਾ ਆਪ ਜਣਾਇੰਦਾ । ਸੱਸਾ ਹਾਹਾ ਧੁਰ ਦਾ ਮੇਲਾ, ਸਚ ਸਾਚਾ ਇਕ ਵਖਾਇੰਦਾ । ਇਕ ਪੰਜ ਦਾ ਨਿਰਗੁਣ ਸਰਗੁਣ ਪੇਸ਼ਾ, ਲੋਕਮਾਤ ਆਪ ਕਮਾਇੰਦਾ । ਪੰਜ ਇਕ ਦਾ ਸੱਚਾ ਦੇਸਾ, ਸਚਖੰਡ ਸਾਚਾ ਸੋਭਾ ਪਾਇੰਦਾ । ਇਕ ਪੰਜ ਦਾ ਸਚ ਨਰੇਸ਼ਾ, ਨਰ ਨਿਰੰਕਾਰ ਨਜ਼ਰੀ ਆਇੰਦਾ । ਪੰਜ ਇਕ ਦਾ ਸੱਚਾ ਹੇਤਾ,

੬੭੫
੧੫

ਦਰਗਹਿ ਸਾਚੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਖੇਲ ਆਪ ਵਖਾਇੰਦਾ । ਇਕ ਪੰਜ ਪ੍ਰਭ ਕਰ ਪਰਵਾਨ, ਦੇਵੇ ਮਾਣ ਵਡਿਆਈਆ । ਸ਼ਬਦ ਸੁੱਤ ਤੇਰਾ ਕਰਮ ਮਹਾਨ, ਕਰਨੀ ਸਮਝ ਸਕੇ ਨਾ ਰਾਈਆ । ਤੇਰਾ ਮੇਲ ਸ੍ਰੀ ਭਗਵਾਨ, ਦੂਜਾ ਨਾਤਾ ਨਾ ਕੋਇ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਸੁਣ ਧੁਰ ਸੰਦੇਸਾ ਦੱਸ ਪ੍ਰਭ, ਪ੍ਰਭ ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਮੁੱਕੇ ਹੱਦ, ਸਚ ਕਿਨਾਰਾ ਆਪ ਵਖਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਾਏ ਲੱਦ, ਵੇਲਾ ਅੰਤ ਆਪਣੇ ਹੱਥ ਰਖਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਪਰਗਟ ਹੋਵੇ ਝੱਬ, ਜੋਤੀ ਜਾਤਾ ਵੇਸ ਵਟਾਇੰਦਾ । ਸੁੱਤ ਦਲਾਰੇ ਤੈਨੂੰ ਲਵੇ ਲੱਭ, ਫੜ ਆਪਣਾ ਰੰਗ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸੁਣ ਭਗਵਾਨ, ਸ਼ਬਦ ਸੁੱਤ ਅੱਗੋਂ ਜਣਾਈਆ । ਸਾਚਾ ਦੱਸ ਪ੍ਰਭੂ ਨਿਸ਼ਾਨ, ਵੇਲਾ ਵਕਤ ਮਿਲੇ ਵਡਿਆਈਆ । ਹਉਂ ਬਾਲਾ ਬਾਲੀ ਬੁਧ ਨਾਦਾਨ, ਤੇਰੀ ਸਮਝ ਕੋਇ ਨਾ ਆਈਆ । ਚਾਰ ਜੁਗ ਚੌਕੜੀ ਬੀਤੇ ਵਿਚ ਜਹਾਨ, ਕੋਟਨ ਕਾਲ ਫੇਰੀਆਂ ਪਾਈਆ । ਮੈਂ ਮੰਗਾਂ ਇਕੋ ਦਾਨ, ਝੋਲੀ ਡਾਹੀਆ । ਕਵਣ ਵੇਲਾ ਮਿਲੇਂ ਆਣ, ਫੜ ਬਾਂਹੋਂ ਗਲੇ ਲਗਾਈਆ । ਇਕ ਪੰਜ ਕਰੇ ਪਰਵਾਨ, ਪਰਵਾਨਾ ਆਪਣਾ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ੍ਰੀ ਭਗਵਾਨ ਦੱਸੇ ਭੇਵ, ਅਭੇਦ ਆਪ ਜਣਾਈਆ । ਸ਼ਬਦ ਸੁੱਤ ਸਚ ਕਰਨੀ ਸੇਵ, ਸਚ ਸਾਹਿਬ ਆਪ ਲਗਾਈਆ । ਕਰੇ ਖੇਲ ਆਪ ਨਿਹਕੇਵ, ਨਿਹਚਲ ਧਾਮ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਪ੍ਰਭੂ ਪ੍ਰਭ ਠਾਕਰ, ਹਰਿ ਸੁਆਮੀ ਦਇਆ ਕਮਾਇੰਦਾ । ਜੁਗ ਚੌਕੜੀ ਖੇਲ ਲੋਕਮਾਤ ਡੂੰਘੇ ਸਾਗਰ, ਗੁਰ ਅਵਤਾਰ ਪੀਰ ਪੈਗ਼ੰਬਰ ਹੁਕਮ ਵਰਤਾਇੰਦਾ । ਪੰਜ ਤਤ ਕਾਇਆ ਸੁਹਾਏ ਜਗਤ ਸੌਦਾਗਰ, ਸੱਚਾ ਸੌਦਾ ਹੱਟ ਵਿਕਾਇੰਦਾ । ਸਚ ਦੁਆਰੇ ਅੰਤਮ ਦੇਵੇ ਆਦਰ, ਸਿਰ ਆਪਣਾ ਹੱਥ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਆਪ ਆਪਣਾ ਭੇਵ ਚੁਕਾਇੰਦਾ । ਭੇਵ ਚੁਕਾਏ ਸ੍ਰੀ ਭਗਵਾਨ, ਹਰਿ ਆਪਣੀ ਦਇਆ ਕਮਾਈਆ । ਨਿਰਗੁਣ ਸਰਗੁਣ ਦੋਵੇਂ ਰੂਪ ਹੋਣ ਪਰਧਾਨ, ਲੋਕਮਾਤ ਵੱਜੇ ਵਧਾਈਆ । ਕਲਜੁਗ ਅੰਤਮ ਨਿਰਗੁਣ ਸਰਗੁਣ ਦੋਹਾਂ ਮਿਟੇ ਨਿਸ਼ਾਨ, ਸਿਫ਼ਰਾ ਆਪਣਾ ਰੂਪ ਵਖਾਈਆ । ਦੂਏ ਅੱਗੇ ਸਿਫ਼ਰਾ ਕਰ ਪਰਵਾਨ, ਬੀਸ ਜਗਤ ਦਏ ਸਮਝਾਈਆ । ਜਿਸ ਜਗਤ ਦਾ ਰੂਪ ਸ੍ਰੀ ਭਗਵਾਨ, ਸੋ ਆਪਣੀ ਕਲ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੁੱਤ ਸ਼ਬਦ ਦਏ ਦਰਸਾਈਆ । ਸੁਣ ਸ਼ਬਦ ਉਹ ਵੇਲਾ ਸਚ, ਹਰਿ ਸਾਚਾ ਸਚ ਜਣਾਇੰਦਾ । ਨਿਰਗੁਣ ਕਾਇਆ ਜੋ ਹੰਡਾਵੇ ਸਰਗੁਣ ਕੱਚ, ਸੋ ਸਰਗੁਣ ਕੱਚੇ ਭਾਂਡੇ ਭੰਨ ਵਖਾਇੰਦਾ । ਸਿਫ਼ਰਾ ਰੂਪ ਆਪਣਾ ਮਾਤ ਦੱਸ, ਦੂਏ ਨਾਲ ਜੋੜ ਜੁੜਾਇੰਦਾ । ਦੂਏ ਪਿਛੇ ਬਹੇ ਸੱਤ, ਸਿਫ਼ਰਾ ਅੱਗੇ ਹੋ ਕੇ ਖੇਲ ਖਿਲਾਇੰਦਾ । ਦੋਹਾਂ ਮੇਲ ਮਿਲਾਏ ਕਰੇ ਖੇਲ ਸਮਰਥ, ਬੀਸ ਆਪਣਾ ਅੰਕ ਜੁੜਾਇੰਦਾ । ਸੋ ਬੀਸ ਹੋਵੇ ਕਿਸੇ ਨਾ ਵਸ, ਬੀਸ ਆਪਣਾ ਰੰਗ ਰੰਗਾਇੰਦਾ । ਵੀਹ ਵੀਹ ਤੇਰਾ ਖੇਲ ਰੱਖ, ਹਰਿ ਕਰਤਾ ਆਪ ਕਰਾਇੰਦਾ । ਇਕ ਪੰਜ ਦੀ ਦੇਵੇ ਵੱਥ, ਵਸਤ ਅਮੋਲਕ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ

ਸੱਚਾ ਵਰ, ਸਾਚੀ ਰੁਤੜੀ ਆਪ ਮਹਿਕਾਇੰਦਾ । ਸਾਚੀ ਰੁਤੜੀ ਸੁਹਾਏ ਏਕ, ਏਕੰਕਾਰ ਵੱਡੀ ਵਡਿਆਈਆ । ਇਕ ਪੰਜ ਦੇਵੇ ਟੇਕ, ਦੋਹਾਂ ਮੇਲ ਪੰਦਰਾਂ ਰੂਪ ਵਖਾਈਆ । ਤੇਰਾ ਕਰਮ ਦੁਆਰੇ ਲੇਖ, ਕੱਕਾ ਇਕੋ ਸੋਭਾ ਪਾਈਆ । ਇਹ ਕੱਕਾ ਗੁਰ ਅਵਤਾਰ ਕੱਤਕ ਦੇ ਲਿਖ ਕੇ ਗਿਆ ਲੇਖ, ਕਲਜੁਗ ਜੀਵ ਸਮਝ ਕਿਸੇ ਨਾ ਆਈਆ । ਨਿਰਗੁਣ ਨਿਰਵੈਰ ਪੁਰਖ ਅਕਾਲ ਤੇਰਾ ਨੇਤਾ ਬਣੇ ਨੇਤ, ਨਿਰਵੈਰ ਆਪਣੀ ਖੇਲ ਵਖਾਈਆ । ਸੁੱਤ ਸ਼ਬਦ ਵੇਖਣੀ ਖੇਡ, ਹਰਿ ਕਰਤਾ ਪੜਦਾ ਦਏ ਉਠਾਈਆ । ਆਦਿ ਦੱਸਿਆ ਤੈਨੂੰ ਭੇਤ, ਦੂਜਾ ਸਾਰ ਕੋਇ ਨਾ ਪਾਈਆ । ਅੰਤਮ ਕਰੇ ਆਪਣਾ ਹੇਤ, ਹਿਤਕਾਰੀ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਇਕ ਪੰਜ ਤੇਰਾ ਦਰ, ਦਰ ਦਰਵਾਜ਼ਾ ਦਏ ਖੁਲ੍ਹਾਈਆ । ਇਕ ਪੰਜ ਵੇਲਾ ਆਪ ਸੁਹਾਵੇਗਾ । ਪੰਦਰਾਂ ਅੰਕ ਮਾਤ ਜਣਾਵੇਗਾ । ਕੱਕਾ ਕਰਮ ਕਾਂਡ ਡੇਰਾ ਢਾਵੇਗਾ । ਕੱਤਕ ਰੁੱਤ ਬਸੰਤ ਸੁਹਾਵੇਗਾ । ਬੀਸ ਬੀਸ ਵੇਖ ਵਖਾਵੇਗਾ । ਜੋ ਕੁਛ ਰੱਖਿਆ ਸੋ ਤੇਰੀ ਝੋਲੀ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਜ਼ੀਰੋ ਸਿਫ਼ਰਾ ਦੂਏ ਨਾਲ ਬੀਸ ਸਮਝਾਵੇਗਾ । ਬੀਸ ਬੀਸਾ ਪ੍ਰਭੁ ਜਣਾ, ਤੇਰੇ ਹੱਥ ਵਡਿਆਈਆ । ਇਸ ਦਾ ਭੇਵ ਦੇ ਖੁਲ੍ਹਾ, ਖੁੱਲ੍ਹੀ ਤਰਾ ਪਰਗਟਾਈਆ । ਕਵਣ ਦਵਾਰ ਵਸੇ ਕੱਲਾ, ਕਵਣ ਗ੍ਰਿਹਿ ਖ਼ੁਸ਼ੀ ਮਨਾਈਆ । ਕਵਣ ਫਲਵਾੜੀ ਫੂਲ ਫਲਾ, ਕਵਣ ਪੰਖੜੀ ਦਏ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਈਆ । ਸ਼ਬਦ ਸੁੱਤ ਸਚ ਸਮਝਾਉਂਦਾ ਹਾਂ । ਭੇਵ ਅਭੇਦਾ ਆਪ ਖੁਲਾਉਂਦਾ ਹਾਂ । ਜੁਗ ਚੌਕੜੀ ਵੰਡ ਵੰਡਾਉਂਦਾ ਹਾਂ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਾਮ ਰਖਾਉਂਦਾ ਹਾਂ । ਗੁਰ ਅਵਤਾਰ ਆਪ ਪਰਗਟਾਉਂਦਾ ਹਾਂ । ਦੋ ਤਿੰਨ ਮੇਲ ਮਿਲਾਉਂਦਾ ਹਾਂ । ਤੇਈ ਰੰਗ ਇਕ ਰੰਗਾਉਂਦਾ ਹਾਂ । ਸਾਚਾ ਹੁਕਮ ਸੰਦੇਸ ਮੰਨਾਉਂਦਾ ਹਾਂ । ਨਰਪਤ ਨਰੇਸ਼ ਇਕੋ ਨਜ਼ਰੀ ਆਉਂਦਾ ਹਾਂ । ਆਪਣਾ ਨਾਮ ਦੇ ਕੇ ਧੁਰ ਦਾ ਖ਼ਤ, ਚਿੱਠੀ ਬਿਨ ਡਾਕ ਆਪ ਪੁਚਾਉਂਦਾ ਹਾਂ । ਥੋੜਾ ਥੋੜਾ ਮਾਤ ਹੱਕ, ਝੋਲੀ ਫੜ ਫੜ ਆਪੇ ਪਾਉਂਦਾ ਹਾਂ । ਅੰਤਮ ਆਪਣੇ ਖ਼ਾਨੇ ਘਤ, ਲੇਖਾ ਸਭ ਦਾ ਪੂਰ ਕਰਾਉਂਦਾ ਹਾਂ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣੀ ਕਰਨੀ ਆਪ ਕਮਾਉਂਦਾ ਹਾਂ । ਆਪਣੀ ਕਰਨੀ ਸਚ ਕਮਾਵਾਂਗਾ । ਸਚ ਸਚ ਆਪਣਾ ਭੇਤ ਜਣਾਵਾਂਗਾ । ਧੁਰ ਦੀ ਧਾਰ ਆਪ ਸਮਝਾਵਾਂਗਾ । ਜਲ ਥਲ ਮਹੀਅਲ ਵੇਖ ਵਖਾਵਾਂਗਾ । ਉਚੇ ਟਿੱਲੇ ਪਰਬਤ ਖੋਜ ਖੋਜਾਵਾਂਗਾ । ਧਰਨੀ ਧਰਤ ਧਵਲ ਡੇਰਾ ਲਾਵਾਂਗਾ । ਨੂਰ ਖ਼ੁਦਾਈ ਅਵਲ, ਜ਼ਾਤ ਇਕੋ ਸਚ ਸਮਝਾਵਾਂਗਾ । ਅੰਮ੍ਰਿਤ ਨਾਭੀ ਭਰ ਕੇ ਕਵਲ, ਉਲਟਾ ਮੂੰਹ ਆਪ ਵਖਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਭੇਤ ਆਪ ਜਣਾਵਾਂਗਾ । ਸਾਚਾ ਭੇਤ ਇਕੋ ਖੋਲ੍ਹਾਂਗਾ । ਬਿਨ ਰਸਨਾ ਜਿਹਵਾ ਬੋਲਾਂਗਾ । ਜਨ ਕੰਡੇ ਤਰਾਜ਼ੂ ਤੋਲਾਂਗਾ । ਬਿਨ ਦੁਆਰ ਧੁਰ ਦਾ ਦੁਆਰਾ ਖੋਲਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਰੂਪ ਇਕ ਵਰੋਲਾਂਗਾ । ਤੇਰਾ ਰੂਪ ਇਕ ਵਖਾਵਾਂਗਾ । ਤੇਰਾ ਨਾਮ ਇਕ ਪਰਗਟਾਵਾਂਗਾ । ਕੋਟਨ ਕੋਟ ਨਾਦ ਸੁਣਾਵਾਂਗਾ । ਬ੍ਰਹਮ ਬ੍ਰਹਿਮਾਦ ਆਪ ਉਠਾਵਾਂਗਾ । ਰਚ ਰਚ ਕਾਜ ਵੇਖ ਵਖਾਵਾਂਗਾ । ਨਿਰਗੁਣ ਸਰਗੁਣ ਰਾਹ ਚਲਾਵਾਂਗਾ । ਜੋ ਘੜਿਆ ਭੰਨ ਵਖਾਵਾਂਗਾ । ਜੂਨ ਅਜੂਨੀ ਆਪ ਭਵਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੬੭੭
੧੫

ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਇਕ ਦਰਸਾਵਾਂਗਾ । ਸਾਚਾ ਭੇਵ ਇਕ ਦਰਸਾਏਗਾ । ਗੁਰ ਅਵਤਾਰ ਇਸ਼ਾਰਾ ਦਿਵਾਏਗਾ । ਪੀਰ ਪੈਗ਼ੰਬਰ ਨਾਅਰਾ ਇਕ ਸੁਣਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਆਪਣੇ ਹੱਥ ਰਖਾਏਗਾ । ਲੇਖਾ ਆਪਣੇ ਰੱਖੇ ਹੱਥ, ਚਾਰ ਜੁਗ ਦਏ ਵਡਿਆਈਆ । ਕਲਜੁਗ ਅੰਤਮ ਹੋ ਪਰਗਟ, ਨਿਰਗੁਣ ਨਿਰਵੈਰ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਸੰਦੇਸਾ ਜਾਇਣ ਦੱਸ, ਸੋ ਸੱਜਣ ਵੇਖ ਵਖਾਏਗਾ । ਸਚਖੰਡ ਨਿਵਾਸੀ ਆਏ ਨੱਠ, ਬਣ ਪਾਂਧੀ ਫੇਰਾ ਪਾਏਗਾ । ਸਾਚੇ ਮੰਦਰ ਜਾਏ ਵਸ, ਮਹੱਲ ਅਟੱਲ ਰੁਸ਼ਨਾਏਗਾ । ਇਕੋ ਨੂਰ ਕਰ ਪਰਕਾਸ਼, ਦੀਵਾ ਬਾਤੀ ਡਗਮਗਾਏਗਾ । ਤੇਰੀ ਪੂਰੀ ਕਰੇ ਆਸ, ਆਸਾ ਤੇਰੀ ਝੋਲੀ ਪਾਏਗਾ । ਬਾਕੀ ਰਹੇ ਨਾ ਕੋਈ ਖ਼ਾਹਸ਼, ਖ਼ਸੂਸੀਅਤ ਆਪਣੀ ਇਕ ਸਮਝਾਏਗਾ । ਚਾਰ ਜੁਗ ਜੋ ਰਹੇ ਉਦਾਸ, ਤਿਨ੍ਹਾਂ ਉਦਾਸੀ ਦੂਰ ਕਰਾਏਗਾ । ਬਣ ਸੁਹੇਲਾ ਵਸੇ ਪਾਸ, ਸੱਜਣ ਆਪਣਾ ਡੇਰਾ ਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰੁਤ ਰੁਤੜੀ ਆਪ ਮਹਿਕਾਏਗਾ । ਰੁਤ ਰੁਤੜੀ ਆਪ ਸੁਹਾਵੇਗਾ । ਤੇਰਾ ਲੇਖਾ ਪੂਰ ਕਰਾਵੇਗਾ । ਸਾਚਾ ਨੂਰ ਇਕ ਦਰਸਾਵੇਗਾ । ਜ਼ਾਹਰ ਜ਼ਹੂਰ ਵੇਸ ਵਟਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਲਹਿਣਾ ਪੂਰ ਕਰਾਵੇਗਾ । ਸ਼ਬਦ ਸੁੱਤ ਕਹੇ ਪ੍ਰਭ ਮੇਰੇ ਸਤਿਗੁਰ, ਸਤਿ ਪੁਰਖ ਨਿਰੰਜਣ ਤੇਰੀ ਸਰਨਾਈਆ । ਤੇਰਾ ਲੇਖਾ ਆਦਿ ਜੁਗਾਦਿ ਰਹੇ ਸਦ ਧੁਰ, ਦਰਗਹਿ ਸਾਚੀ ਵੱਜੇ ਵਧਾਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਨਾਉਂ ਨਾਦ ਗਾਵਣ ਨਾਲ ਸੁਰ, ਤਾਲ ਤਲਵਾੜਾ ਜਗਤ ਵਜਾਈਆ । ਤੂੰ ਵੇਖਣਹਾਰ ਚੜ੍ਹ ਅਗੰਮੀ ਘੋੜ, ਦੋ ਜਹਾਨਾਂ ਫੇਰਾ ਪਾਈਆ । ਹਰ ਘਟ ਅੰਤਰ ਜਾਏਂ ਬੌਹੜ, ਗ੍ਰਿਹਿ ਗ੍ਰਿਹਿ ਵੇਖੇਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਕਿਸ ਵੇਲੇ ਪਏਂ ਬੌਹੜ, ਲੇਖਾ ਚੁੱਕੇ ਬੌਹੜੀ ਦੁਹਾਈਆ । ਨਿਰਗੁਣ ਹੋ ਕੇ ਅੰਤਮ ਆਵਾਂਗਾ । ਨਿਰਵੈਰ ਹੋ ਕੇ ਵੇਸ ਵਟਾਵਾਂਗਾ । ਜੋਤੀ ਨੂਰ ਜੋਤ ਰੁਸ਼ਨਾਵਾਂਗਾ । ਜ਼ਾਹਰ ਜ਼ਹੂਰ ਫੇਰਾ ਪਾਵਾਂਗਾ । ਸ਼ਬਦੀ ਚੋਟ ਇਕ ਲਗਾਵਾਂਗਾ । ਕਿਲਾ ਕੋਟ ਫੋਲ ਫੋਲਾਵਾਂਗਾ । ਲੋਕ ਪਰਲੋਕ ਆਪ ਸੁਹਾਵਾਂਗਾ । ਬ੍ਰਹਿਮੰਡ ਖੰਡ ਵੇਖ ਵਖਾਵਾਂਗਾ । ਸੂਰਜ ਚੰਦ ਨੂਰ ਚਮਕਾਵਾਂਗਾ । ਜੇਰਜ ਅੰਡ ਪੜਦਾ ਲਾਹਵਾਂਗਾ । ਉਤਭੁਜ ਸੇਤਜ ਸੰਗ ਨਿਭਾਵਾਂਗਾ । ਬਣ ਸੂਰਾ ਸਰਬੰਗ, ਆਪਣੀ ਕਾਰ ਕਮਾਵਾਂਗਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗੁਰ ਅਵਤਾਰ ਪੀਰ ਪੈਗ਼ੰਬਰ ਜੋ ਮੰਗਦੇ ਗਏ ਮੰਗ, ਅੰਤਮ ਸਭ ਦੀ ਪੂਰ ਕਰਾਵਾਂਗਾ । ਕਲਜੁਗ ਅੰਤਮ ਕੂੜੀ ਕਿਰਿਆ ਹੋਏ ਭੰਗ, ਸਤਿਜੁਗ ਸਾਚਾ ਰਾਹ ਚਲਾਵਾਂਗਾ । ਚਾਰ ਜੁਗ ਦੇ ਵਿਛੜੇ ਗੁਰਮੁਖ ਚਾੜ੍ਹ ਚੰਦ, ਨੂਰ ਇਕੋ ਇਕ ਰੁਸ਼ਨਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚਾ ਹੁਕਮ ਇਕ ਵਰਤਾਵਾਂਗਾ । ਸਾਚਾ ਹੁਕਮ ਇਕ ਵਰਤਾਏਗਾ । ਨਿਰਵੈਰ ਨਿਰੰਕਾਰ ਫੇਰਾ ਪਾਏਗਾ । ਪੁਰਖ ਅਕਾਲ ਜੋਤੀ ਨੂਰ ਡਗਮਗਾਏਗਾ । ਸਭ ਦੇ ਹੱਲ ਕਰੇ ਸਵਾਲ, ਬਾਕੀ ਨਜ਼ਰ ਕੋਇ ਨਾ ਆਏਗਾ । ਸ਼ਬਦ ਸੁੱਤ ਤੈਨੂੰ ਬਣਾਵਾਂ ਦਲਾਲ, ਸਚ ਦਲਾਲੀ ਇਕ ਕਰਾਏਗਾ । ਤੇਰੇ ਚਲੇ ਆਪ ਨਾਲ, ਸਗਲਾ ਸੰਗ ਵਖਾਏਗਾ । ਸਚ ਦੁਆਰ ਖੋਲ੍ਹ ਸੱਚੀ ਧਰਮਸਾਲ, ਦਰ ਇਕੋ ਇਕ ਵਡਿਆਏਗਾ । ਲੇਖਾ ਜਾਣ ਸ਼ਾਹ ਕੰਗਾਲ, ਊਚ ਨੀਚ ਮਾਣ ਰਖਾਏਗਾ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਆਪ ਜਗਾਏਗਾ ।

੯੭੮
੧੫

ਆ ਕੇ ਪੁਛੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਏਗਾ । ਲੱਖ ਚੁਰਾਸੀ ਵਿਚੋਂ ਭਾਲ, ਗੁਰਸਿਖ ਗੁਰਮੁਖ ਆਪ ਉਠਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਏਗਾ । ਸਾਚੀ ਕਰਨੀ ਦੂਆ ਸਿਫ਼ਰਾ ਹੋ ਤਿਆਰ, ਜ਼ੀਰੋ ਇਕ ਨਾਲ ਕਰੇ ਕੁੜਮਾਈਆ । ਵੀਹ ਸੌ ਇਕ ਕਰ ਪਿਆਰ, ਅਕਲ ਕਲ ਖੇਲ ਖਲਾਈਆ । ਵੀਹ ਸੌ ਦੋ ਹੋ ਉਜਿਆਰ, ਉਜਰਤ ਮੰਗੇ ਥਾਉਂ ਥਾਈਂਆ । ਵੀਹ ਸੌ ਤਿੰਨ ਖੋਲ ਕਿਵਾੜ, ਨੇਤਰ ਨੈਣ ਕਰੇ ਰੁਸ਼ਨਾਈਆ । ਵੀਹ ਸੌ ਚਾਰ ਚੌਥੇ ਪਦ ਹੋ ਖ਼ਬਰਦਾਰ, ਖ਼ਬਰਾਂ ਦੇਵੇ ਆਪ ਲੋਕਾਈਆ । ਵੀਹ ਸੌ ਪੰਜ ਕਰ ਪਿਆਰ, ਪੰਚਮ ਮੀਤਾ ਪੰਚਮ ਮੇਲਾ ਸਹਿਜ ਸੁਭਾਈਆ । ਵੀਹ ਸੌ ਛੇ ਬਿਨ ਛੱਪਰ ਛੰਨ ਹੋਇਆ ਬਾਹਰ, ਚਾਰ ਦੀਵਾਰ ਨਾ ਕੋਇ ਰਖਾਈਆ । ਵੀਹ ਸੌ ਸੱਤ ਸਤਿ ਪੁਰਖ ਨਿਰੰਜਣ ਆਪਣੀ ਧਾਰ, ਸਤਿ ਸਤਿਵਾਦੀ ਲਈ ਪਰਗਟਾਈਆ । ਵੀਹ ਸੌ ਅੱਠ ਅੱਠਾਂ ਤੱਤਾਂ ਕਰਨਾ ਖ਼ਬਰਦਾਰ, ਧੁਰ ਸੰਦੇਸਾ ਨਾਮ ਜਣਾਈਆ । ਵੀਹ ਸੌ ਨੌ ਨੌ ਖੰਡ ਪ੍ਰਿਥਮੀ ਪਾਉਣੀ ਸਾਰ, ਨਵ ਨੌ ਆਪਣਾ ਰੰਗ ਰੰਗਾਈਆ । ਵੀਹ ਸੌ ਦਸ ਖੇਲ ਕਰਤਾਰ, ਕਰਤਾ ਪੁਰਖ ਆਪਣਾ ਪੜਦਾ ਲਾਹੀਆ । ਛੋਟੇ ਬਾਲੇ ਕਰ ਪਿਆਰ, ਪਰਮ ਪੁਰਖ ਰਿਹਾ ਸਮਝਾਈਆ । ਸਾਚੀ ਸਿਖਿਆ ਇਕ ਸਿਖਾਲ, ਮਾਰਗ ਇਕੋ ਇਕ ਦ੍ਰਿੜਾਈਆ । ਉਠ ਲਾਡਲੇ ਧੁਰ ਦੇ ਲਾਲ, ਲਾਲਨ ਆਪਣਾ ਰੰਗ ਚੜ੍ਹਾਈਆ । ਸਰਗੁਣ ਬਣਨਾ ਮਾਤ ਦਲਾਲ, ਸਚ ਦਲਾਲੀ ਦਏ ਵਖਾਈਆ । ਜਾ ਕੇ ਵੇਖ ਸੱਚੀ ਧਰਮਸਾਲ, ਧਰਮ ਦੁਆਰ ਪ੍ਰਭੂ ਜਣਾਈਆ । ਖੇਲੇ ਖੇਲ ਆਪ ਨਿਰੰਕਾਰ, ਨਿਰਗੁਣ ਆਪਣਾ ਫੇਰਾ ਪਾਈਆ । ਜੁਗ ਚੌਕੜੀ ਮੇਰਾ ਤੱਕਦੇ ਰਹੇ ਵਿਹਾਰ, ਵਿਵਹਾਰੀ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਰਵਦਾਸ ਚੁਮਾਰੇ ਤੇਰਾ ਲੇਖਾ ਪੂਰ ਕਰਾਈਆ । ਵੀਹ ਸੌ ਦਸ ਦਸ ਧਾਰ, ਦਹਿ ਦਿਸ਼ਾ ਵੇਖ ਵਖਾਈਆ । ਦਸਮ ਦੁਆਰੀ ਖੋਲ੍ਹ ਕਿਵਾੜ, ਬੰਦ ਤਾਕੀ ਕੁੰਡਾ ਲਾਹੀਆ । ਫੜ ਕੇ ਬਾਂਹੋਂ ਬਿਨ ਹੱਥਾਂ ਗੁਰਮੁਖ ਦਏ ਵਾੜ, ਬਾਹਰ ਨਿਕਲ ਕੋਇ ਨਾ ਜਾਈਆ । ਕਰ ਪਰਕਾਸ਼ ਬਹੱਤਰ ਨਾੜ, ਜੋਤੀ ਨੂਰ ਨੂਰ ਰੁਸ਼ਨਾਈਆ । ਮੇਟ ਮਿਟਾਏ ਪੰਜਮ ਧਾੜ, ਤ੍ਰੈਗੁਣ ਆਪਣੀ ਝੋਲੀ ਪਾਈਆ । ਬਣਾ ਕੇ ਸੱਚਾ ਧੁਰ ਦਾ ਲਾੜ, ਲਾੜਾ ਇਕੋ ਇਕ ਵਖਾਈਆ । ਸਾਚੀ ਸੇਜਾ ਆਪ ਸੁਆਲ, ਸਿਰ ਆਪਣਾ ਹੱਥ ਟਿਕਾਈਆ । ਉਠ ਵੇਖ ਲਾਡਲੇ ਲਾਲ, ਹਰਿ ਲਾਲਨ ਹੁਕਮ ਜਣਾਈਆ । ਤੇਰਾ ਸ਼ਬਦ ਗੁਰੂ ਦਲਾਲ, ਦੂਜਾ ਸੰਗ ਨਾ ਕੋਇ ਰਖਾਈਆ । ਲੋਕਮਾਤ ਤੇਰਾ ਮੁਖ ਪੂੰਝੇ ਨਾਲ ਰੁਮਾਲ, ਨੀਲੀ ਧਾਰੋਂ ਫੜ ਕੇ ਬਾਹਰ ਕਢਾਈਆ । ਜਿਥੇ ਨਾ ਕੋਈ ਪੁਜੇ ਸ਼ਾਹ ਕੰਗਾਲ, ਰਾਜ ਰਾਜਾਨ ਸੋਭਾ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਹਕੀਕਤ ਦਏ ਵਡਿਆਈਆ । ਇਕ ਇਕ ਦਾ ਹੋਇਆ ਜੋੜ, ਜੋੜਾ ਪ੍ਰਭ ਜਣਾਇਆ । ਇਕ ਇਕ ਆਇਆ ਘੋੜ, ਘੋੜਾ ਨਜ਼ਰ ਕਿਸੇ ਨਾ ਆਇਆ । ਪਾਰਬ੍ਰਹਮ ਪਤਿਪਰਮੇਸ਼ਵਰ ਨੂੰ ਆਪਣੀ ਪਈ ਲੋੜ, ਦੂਜਾ ਸੰਗ ਨਾ ਕੋਇ ਰਖਾਇਆ । ਸ਼ਬਦ ਸੁੱਤ ਤੇਰੀ ਖੇਲ ਕਰੇ ਹੋਰ, ਹੋਕਾ ਇਕੋ ਇਕ ਸੁਣਾਇਆ । ਫੜ ਕੇ ਆਪਣੇ ਹੱਥ ਡੋਰ, ਨਿਰਗੁਣ ਆਪਣਾ ਵੇਸ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸ ਇਕ ਮੇਲ ਮਿਲਾਇਆ । ਇਕ ਨਾਲ ਮਿਲਿਆ ਏਕਾ, ਏਕੰਕਾਰ ਵੱਡੀ ਵਡਿਆਈਆ । ਜਨ ਭਗਤ ਦਿਤੀ ਸਾਚੀ ਟੇਕਾ, ਟੇਕ ਇਕੋ ਇਕ ਦਰਸਾਈਆ । ਜਿਸ ਦਾ ਏਥੇ ਓਥੇ ਰਿਹਾ ਕੋਈ ਨਾ ਲੇਖਾ, ਲਿਖਣਹਾਰ ਨਜ਼ਰ ਕੋਇ ਨਾ ਆਈਆ ।

੯੭੯
੧੫

ਨਿਰਵੈਰ ਪੁਰਖ ਖੋਲਿਆ ਭੇਤਾ, ਭੇਵ ਆਪਣਾ ਦਿਤਾ ਸਮਝਾਈਆ । ਉਠ ਲਾਡਲੇ ਵੇਖ ਲਾ ਆਪਣਾ ਲੇਖਾ, ਸੁੱਤ ਸ਼ਬਦ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕ ਜਗਦੀਸ਼ ਜਗਦੀਸ ਨਾਲ ਮਿਲਾਈਆ । ਜਗਦੀਸ਼ ਨਾਲ ਮਿਲਿਆ ਜਗਦੀਸ, ਇਕ ਇਕ ਵੱਜੀ ਵਧਾਈਆ । ਪਾਰਬ੍ਰਹਮ ਦੀ ਅਚਰਜ ਰੀਤ, ਰੀਤੀ ਨਜ਼ਰ ਕਿਸੇ ਨਾ ਆਈਆ । ਸਦੀ ਬੀਸਵੀਂ ਰਹੀ ਬੀਤ, ਦੂਆ ਸਿਫ਼ਰਾ ਸਿਫ਼ਰਾ ਦੂਏ ਵਿਚ ਰਿਹਾ ਸਮਾਈਆ । ਭਗਤ ਭਗਵਾਨ ਮਿਲ ਕੇ ਗਾਉਣਾ ਗੀਤ, ਘਰ ਸਾਚੇ ਸੋਭਾ ਪਾਈਆ । ਕਰੇ ਖੇਲ ਅਨਡੀਠ, ਅਨਡਿਠੜੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਬਦ ਸੁੱਤ ਤੇਰੀ ਸਾਚੀ ਰੀਤ, ਸ਼ਬਦੀ ਸ਼ਬਦੀ ਰੰਗ ਰੰਗਾਈਆ । ਸ਼ਬਦ ਸੁੱਤ ਉਠ ਵੇਖ ਧਿਆਨ ਕਰ, ਹਰਿ ਕਰਤਾ ਆਪ ਜਣਾਇੰਦਾ । ਸ੍ਰੀ ਭਗਵਾਨ ਦੇਵੇ ਵਰ, ਪਾਰਬ੍ਰਹਮ ਪ੍ਰਭ ਆਪਣੀ ਦਇਆ ਕਮਾਇੰਦਾ । ਨਿਰਭੌ ਚੁਕਾਏ ਭੈ ਡਰ, ਭਿਆਨਕ ਰੂਪ ਨਾ ਕੋਇ ਵਖਾਇੰਦਾ । ਸਾਚਾ ਘਾੜਨ ਆਪੇ ਘੜ, ਆਪੇ ਲੇਖੇ ਲਾਇੰਦਾ । ਜਿਸ ਦਰ ਸਚ ਤੇਰੇ ਨਾਉਂ ਦਾ ਸਚ ਨਿਸ਼ਾਨਾ ਜਾਏ ਚੜ੍ਹ, ਤਿਸ ਸਾਚਾ ਨਾਤਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਇਕ ਗੰਢ ਪਵਾਇੰਦਾ । ਇਕ ਨਾਲ ਲੱਗਾ ਦੂਆ, ਏਕਾ ਦੂਆ ਜੋੜ ਜੁੜਾਈਆ । ਨਿਰਗੁਣ ਸਰਗੁਣ ਆਪੇ ਹੋਇਆ, ਹੋਕਾ ਦੇਵੇ ਜਗਤ ਲੋਕਾਈਆ । ਸਰਗੁਣ ਸੱਚਾ ਨਿਰਗੁਣ ਸੋਹਿਆ, ਨਿਰਗੁਣ ਨਜ਼ਰ ਕਿਸੇ ਨਾ ਆਈਆ । ਸਾਚਾ ਬੀਜ ਆਪੇ ਬੋਇਆ, ਪਤ ਡਾਲੀ ਵੇਖ ਵਖਾਈਆ । ਨਾ ਜਨਮੇ ਨਾ ਕਦੇ ਮੋਇਆ, ਮਾਤ ਗਰਭ ਨਾ ਫੇਰਾ ਪਾਈਆ । ਨਾ ਹੱਸਿਆ ਨਾ ਕਦੇ ਰੋਇਆ, ਦੁੱਖ ਦਰਦ ਨਾ ਕੋਇ ਸਤਾਈਆ । ਨਾ ਘਟਿਆ ਨਾ ਕਿਸੇ ਖੋਹਿਆ, ਝਟਕਾ ਸਕੇ ਨਾ ਕੋਇ ਬਣਾਈਆ । ਆਦਿ ਜੁਗਾਦੀ ਨਵਾਂ ਨਰੋਇਆ, ਪੁਰਖ ਅਕਾਲ ਵੱਡੀ ਵਡਿਆਈਆ । ਵੀਹ ਸੌ ਬਾਰਾਂ ਬਿਕ੍ਰਮੀ ਬੀਜ ਬੋਇਆ, ਸੱਚੀ ਸੰਗਤ ਬੂਟਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਤਾ ਖੇਲ ਆਪ ਕਰਾਈਆ । ਏਕੰਕਾਰ ਇਕ ਪਸਾਰ, ਨਿਰਗੁਣ ਸਰਗੁਣ ਖੇਲ ਖਲਾਈਆ । ਤ੍ਰੈਗੁਣ ਤੇਰਾ ਸਚ ਪਿਆਰ, ਇਕ ਤਿੰਨ ਜੋੜ ਜੁੜਾਈਆ । ਵੀਹ ਸੌ ਤੇਰਾਂ ਬਿਕ੍ਰਮੀ ਕਹੇ ਸਰਬ ਸੰਸਾਰ, ਹਰਿ ਕਾ ਰੰਗ ਸਮਝ ਕੋਇ ਨਾ ਆਈਆ । ਕਲਜੁਗ ਅੰਤ ਵੇਖ ਵਿਚਾਰ, ਰਾਜੇ ਰਾਣਿਆਂ ਦਿਤਾ ਉਠਾਈਆ । ਸਾਧਾਂ ਸੰਤਾਂ ਵੇਖੇ ਆਪ ਜਾ ਘਰ ਬਾਰ, ਤ੍ਰੈਗੁਣ ਮਾਇਆ ਬੈਠੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਇਕ ਤਿੰਨ ਦਾ ਸੱਚਾ ਖੇਲ, ਬਿਕ੍ਰਮੀ ਤੇਰਾਂ ਦਏ ਵਧਾਈਆ । ਇਕ ਤਿੰਨ ਦਾ ਸੱਚਾ ਮੇਲ, ਰਾਜ ਜੋਗ ਦਏ ਸਮਝਾਈਆ । ਇਕ ਤਿੰਨ ਦਾ ਗੁਰੂ ਚੇਲ, ਚੇਲਾ ਗੁਰ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਖਾਈਆ । ਆਪਣੀ ਖੇਲ ਨਿਰਗੁਣ ਧਾਰ, ਨਿਰਵੈਰ ਆਪ ਕਰਾਇੰਦਾ । ਤਿੰਨ ਤਿੰਨ ਦਾ ਇਕ ਵਿਹਾਰ, ਤ੍ਰੈਗੁਣ ਅਤੀਤਾ ਆਪ ਸਮਝਾਇੰਦਾ । ਜਗਤ ਵਡਿਆਈ ਵਿਚ ਸੰਸਾਰ, ਜਗਤ ਰਾਜਾਨ ਸੋਭਾ ਪਾਇੰਦਾ । ਰਾਸ਼ਟਰਪਤ ਕਰੇ ਖ਼ਬਰਦਾਰ, ਪੰਜ ਵਸਤ ਕੂੜੀ ਝੋਲੀ ਪਾਇੰਦਾ । ਆਪਣਾ ਆਪ ਅਬਿਨਾਸ਼ੀ ਨਾ ਮਿਲਾਏ ਨਿਰੰਕਾਰ, ਨਿਰਗੁਣ ਆਪਣਾ ਭੇਵ ਛੁਪਾਇੰਦਾ । ਕੂੜੀ ਕਿਰਿਆ ਕਰ ਖ਼ੁਆਰ, ਸਾਚੀ ਵਸਤ ਆਪਣੇ ਸੰਗ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਤਿੰਨ ਆਪਣਾ ਰੰਗ ਰੰਗਾਇੰਦਾ ।

੯੮੧
੧੫

ਇਕ ਚਾਰ ਦਾ ਹੋਇਆ ਸੌਦਾ, ਬਿਨਾਂ ਹੱਟ ਵਣਜਾਰਾ । ਇਕ ਚਾਰ ਦਾ ਬਣਿਆ ਮੌਕਾ, ਮਿਲਿਆ ਮੇਲ ਸਿਰਜਣਹਾਰਾ । ਇਕ ਚਾਰ ਦਾ ਵੇਲਾ ਔਖਾ, ਨਾ ਕੋਈ ਜਾਣੇ ਪਾਰ ਕਿਨਾਰਾ । ਇਕ ਚਾਰ ਦਾ ਸਭ ਨੂੰ ਧੋਖਾ, ਜੁਗ ਚੌਕੜ ਭੁੱਲਾ ਸੰਸਾਰਾ । ਇਕ ਚਾਰ ਜੁਗ ਜੁਗ ਓਟਾ, ਦੇਵਣਹਾਰ ਆਪ ਨਿਰੰਕਾਰਾ । ਇਕ ਚਾਰ ਦਾ ਸਾਚਾ ਕੋਠਾ, ਸਚਖੰਡ ਸਚ ਮਨਾਰਾ । ਇਕ ਚਾਰ ਦਾ ਨਿਤ ਨਿਤ ਰੋਸਾ, ਜਾਨਣਹਾਰ ਆਪ ਕਰਤਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸੌ ਚੌਦਾਂ ਦਏ ਹੁਲਾਰਾ । ਵੀਹ ਸੌ ਚੌਦਾਂ ਇਕੋ ਚੌਕਾ, ਚਾਰ ਇਕ ਨਾਲ ਮਿਲਾਈਆ । ਜਨ ਭਗਤਾਂ ਘਰ ਘਰ ਦਿਤਾ ਹੋਕਾ, ਉਠੋ ਸੱਜਣ ਸੱਚੇ ਭਾਈਆ । ਪ੍ਰਭ ਮਿਲਣ ਦਾ ਮਾਰਗ ਸੌਖਾ, ਚੌਥੇ ਪਦ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਆ ਏਕੇ ਨਾਲ ਮਿਲਾਈਆ । ਏਕਾ ਹੋਇਆ ਦੋ ਵਿਚ, ਦੂਆ ਰੂਪ ਵਟਾਈਆ । ਦੋ ਤੋਂ ਹੋਇਆ ਇਕ, ਇਕ ਵਿਚ ਸਮਾਈਆ । ਜੋ ਇਕ ਸਿਖਿਆ ਲਏ ਸਿਖ, ਸੋ ਗੁਰਮੁਖ ਨਜ਼ਰੀ ਆਈਆ । ਇਕੀ ਪਰਵਾਰ ਦਿਤੀ ਭਿਖ, ਪਰਵਰਦਿਗਾਰ ਦਇਆ ਕਮਾਈਆ । ਸਭ ਦੀ ਲੇਖ ਲੇਖਨੀ ਦਿਤੀ ਲਿਖ, ਨਾ ਕੋਈ ਮੇਟੇ ਮੇਟ ਮਿਟਾਈਆ । ਚੌਦਾਂ ਲੋਕਾਂ ਦੇ ਕੇ ਪਿਠ, ਪ੍ਰਭ ਆਪਣੀ ਕਾਰ ਕਮਾਈਆ । ਚੌਦਾਂ ਤਬਕਾਂ ਛੱਡੇ ਹਿਤ, ਹਿਤਕਾਰੀ ਹੋਇਆ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਏਕਾ ਇਕੀ ਨਿਰਗੁਣ ਸਰਗੁਣ ਆਪੇ ਪਾਈਆ । ਇਕੀ ਪਾਏ ਸੰਮਤ ਚੌਦਾਂ ਬਿਕ੍ਰਮੀ ਬੀਸ, ਦੇਵੇ ਮਾਣ ਵਡਿਆਈਆ । ਸਚ ਸੁਣਾ ਇਕ ਹਦੀਸ, ਊਚ ਨੀਚ ਭੇਵ ਚੁਕਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਗਾਓ ਇਕੋ ਗੀਤ, ਸਾਚਾ ਢੋਲਾ ਗਿਆ ਸਮਝਾਈਆ । ਕਾਇਆ ਮੰਦਰ ਵੇਖੋ ਸਚ ਮਸੀਤ, ਕਾਅਬਾ ਇਕੋ ਨਜ਼ਰੀ ਆਈਆ । ਘਰ ਸੁਆਮੀ ਵਸੇ ਧਾਮ ਅਨਡੀਠ, ਗ੍ਰਿਹਿ ਬੈਠਾ ਡੇਰਾ ਲਾਈਆ । ਉਸ ਨਾਲ ਕਰੋ ਪ੍ਰੀਤ, ਪ੍ਰੀਤਮ ਆਪਣਾ ਰੰਗ ਚੜ੍ਹਾਈਆ । ਕੂੜੀ ਕਿਰਿਆ ਵਿਚ ਨਾ ਬਣੋ ਨੀਚ, ਬ੍ਰਹਮ ਰੂਪ ਸਾਰੇ ਨਜ਼ਰੀ ਆਈਆ । ਏਕਾ ਰੰਗ ਵਸੇ ਹਸਤ ਕੀਟ, ਪਾਰਬ੍ਰਹਮ ਨੂਰ ਰੁਸ਼ਨਾਈਆ । ਸਾਚੇ ਦਰ ਤੋਂ ਮੰਗੋ ਭੀਖ, ਭਿਛਿਆ ਇਕੋ ਰਿਹਾ ਵਰਤਾਈਆ । ਆਦਿ ਜੁਗਾਦਿ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਦੋ ਜਹਾਨਾਂ ਲਏ ਜੀਤ, ਤ੍ਰੈਭਵਨ ਧਨੀ ਬੇਪਰਵਾਹੀਆ । ਜਿਸ ਮਾਤ ਚਲਾਉਣੀ ਸਾਚੀ ਰੀਤ, ਇਕ ਪੰਜ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਈਆ । ਇਕ ਪੰਜ ਦਾ ਧੁਰ ਵਿਵਹਾਰਾ, ਹਰਿ ਸਤਿਗੁਰ ਆਪ ਕਰਾਇੰਦਾ । ਇਕ ਪੰਜ ਦਾ ਇਕ ਕਿਨਾਰਾ, ਇਕੋ ਘਾਟ ਵਖਾਇੰਦਾ । ਇਕ ਪੰਜ ਦਾ ਇਕ ਪਸਾਰਾ, ਇਕੋ ਦਰ ਬਣਾਇੰਦਾ । ਇਕ ਪੰਜ ਦਾ ਇਕ ਨਗਾਰਾ, ਇਕੋ ਨਾਦ ਵਜਾਇੰਦਾ । ਇਕ ਪੰਜ ਦਾ ਇਕ ਜੈਕਾਰਾ, ਇਕੋ ਰਾਗ ਸੁਣਾਇੰਦਾ । ਇਕ ਪੰਜ ਦਾ ਇਕ ਭਤਾਰਾ, ਇਕੋ ਕੰਤ ਹੰਡਾਇੰਦਾ । ਇਕ ਪੰਜ ਦਾ ਇਕ ਸ਼ੰਗਾਰਾ, ਇਕੋ ਵੇਸ ਵਟਾਇੰਦਾ । ਇਕ ਪੰਜ ਦਾ ਇਕ ਮਨਾਰਾ, ਇਕੋ ਮਹੱਲ ਡੇਰਾ ਲਾਇੰਦਾ । ਇਕ ਪੰਜ ਦਾ ਜੋੜ ਨਿਆਰਾ, ਪੰਦਰਾਂ ਰੂਪ ਜਣਾਇੰਦਾ । ਪੰਦਰਾਂ ਅੰਦਰ ਸਿਰਜਣਹਾਰਾ, ਸੱਚਾ ਖੇਲ ਖਲਾਇੰਦਾ । ਸਤਿਜੁਗ ਤ੍ਰੇਤਾ ਦਵਾਪਰ ਕਲਜੁਗ ਜਿਨ੍ਹਾਂ ਦੇਂਦਾ ਆਇਆ ਲਾਰਾ, ਤਿਨ੍ਹਾਂ ਆਸਾ ਪੂਰ ਕਰਾਇੰਦਾ । ਅਠਸਠ ਦਾ ਵੇਖ ਅਖਾੜਾ, ਤਟ ਤੀਰਥ ਫੋਲ ਫੋਲਾਇੰਦਾ । ਪਰਗਟ ਹੋ ਕੇ ਧੁਰ ਦਾ ਲਾੜਾ, ਧੁਰਦਰਗਾਹੀ ਫੇਰਾ ਪਾਇੰਦਾ । ਨੌ ਸੌ ਚੁਰਾਨਵੇ ਚੋਕੜੀ ਜੁਗ ਜੋ ਬਣਿਆ ਰਿਹਾ ਕਵਾਰਾ, ਇਕੋ ਵਾਰ ਹੁਣ ਆਪਣੇ ਵਿਚ ਛੁਪਾਇੰਦਾ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਪੰਜ ਮਾਣ ਵਡਿਆਇੰਦਾ । ਇਕ ਪੰਜ ਹੋ ਤਿਆਰ, ਪੰਦਰਾਂ ਦੇਵਣਹਾਰ ਵਧਾਈਆ । ਵੀਹ ਸੌ ਬਿਕ੍ਰਮੀ ਕਰ ਪਿਆਰ, ਪ੍ਰੀਤਮ ਆਪਣੀ ਖੇਲ ਖਲਾਈਆ । ਸਾਚੇ ਸੱਜਣ ਆਪ ਉਠਾਲ, ਆਪਣਾ ਰੰਗ ਚੜ੍ਹਾਈਆ । ਨਾਤਾ ਤੋੜ ਸ਼ਾਹ ਕੰਗਾਲ, ਦੂਰ ਦੁਰਾਡੇ ਰੰਗ ਰੰਗਾਈਆ । ਆਪ ਚਲੇ ਨਾਲ ਨਾਲ, ਆਉਦਾ ਜਾਂਦਾ ਨਜ਼ਰ ਨਾ ਆਈਆ । ਜਾ ਕੇ ਵੇਖੇ ਸਭ ਦਾ ਹਾਲ, ਜੋ ਬੈਠੇ ਧਿਆਨ ਲਗਾਈਆ । ਤੀਰਥ ਤਟ ਕਹਿਣ ਪ੍ਰਭੂ ਅਸੀਂ ਹੋਏ ਕੰਗਾਲ, ਸਾਡੇ ਕੋਲ ਵਸਤ ਰਹੀ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਰੇ ਖੇਲ ਬੇਪਰਵਾਹੀਆ । ਸੁਣ ਫ਼ਰਿਆਦ ਦੀਨ ਦਿਆਲਾ, ਪ੍ਰਭ ਆਪਣੀ ਦਇਆ ਕਮਾਇੰਦਾ । ਕਰੇ ਖੇਲ ਆਪ ਨਿਰਾਲਾ, ਸਮਝ ਸੋਚ ਨਾ ਕੋਇ ਰਖਾਇੰਦਾ । ਜਨ ਭਗਤਾਂ ਪਾਏ ਅੰਤਰ ਮਾਲਾ, ਸਾਚੀ ਭਗਤੀ ਵਿਚ ਸਮਾਇੰਦਾ । ਧੁਰਦਰਗਾਹੀ ਬਣ ਦਲਾਲਾ, ਸਾਚਾ ਵਣਜ ਇਕ ਕਰਾਇੰਦਾ । ਹਟ ਖੋਲ੍ਹ ਹੱਕ ਹਲਾਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਤੀਰਥ ਅਠਸਠ, ਹਰਿ ਆਪਣੀ ਧਾਰ ਮਿਲਾਈਆ । ਪੰਧ ਮੁਕਾ ਨੱਠ ਨੱਠ, ਵੇਖੇ ਥਾਉਂ ਥਾਈਂਆ । ਸਾਚੇ ਜਨ ਕਰ ਪਰਗਟ, ਦੇਵੇ ਮਾਣ ਵਡਿਆਈਆ । ਤ੍ਰਿਬੈਣੀ ਵੇਖ ਇਕ ਤਟ, ਕਿਨਾਰਾ ਆਪਣਾ ਸੋਭਾ ਪਾਈਆ । ਧੁਰ ਦੀ ਕਰਨੀ ਲਈ ਰੱਖ, ਏਕਾ ਮੰਗਣ ਮੰਗ ਮੰਗਾਈਆ । ਧਾਰ ਗੰਗਾ ਚਾੜ੍ਹ ਸਤਿ ਦੋਹਾਂ ਨਾਲ ਚਰਨ ਧੂਲ ਚਰਨ ਕਵਲ ਵਿਚ ਆਪ ਨਾ ਰੱਖੇ ਸ੍ਰੀ ਭਗਵਾਨ ਬਾਹਰ ਆਪਣੀ ਖੇਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਤ੍ਰੈਗੁਣ ਅਤੀਤਾ, ਤਿੰਨਾਂ ਮੇਲ ਮਿਲਾਈਆ । ਗੰਗਾ ਜਮਨਾ ਸੁਰਸਤੀ ਗਾਵਣ ਗੀਤਾ, ਖ਼ੁਸ਼ੀਆਂ ਰਾਗ ਸੁਣਾਈਆ । ਧੰਨ ਭਾਗ ਸਾਹਿਬ ਪ੍ਰਭੂ ਹਰਿ ਡੀਠਾ, ਘਰ ਆਇਆ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਮਾਈਆ । ਤਿੰਨਾਂ ਮੰਗੀ ਮੰਗ ਏਕ, ਦੋਏ ਜੋੜ ਸਰਨਾਇਆ । ਤੇਰੇ ਪ੍ਰਭ ਭਗਤ ਲਏ ਵੇਖ, ਜਿਨ੍ਹਾਂ ਅੰਤਰ ਤੇਰਾ ਨੂਰ ਨਜ਼ਰੀ ਆਇਆ । ਏਨ੍ਹਾਂ ਨਾਲ ਸਾਡਾ ਹੇਤ, ਪ੍ਰੇਮ ਇਕੋ ਇਕ ਵਧਾਇਆ । ਜਿਨ੍ਹਾਂ ਨਾਲ ਮਿਲ ਕੇ ਤੈਨੂੰ ਲਈਏ ਪੇਖ, ਨਿਤ ਤੇਰਾ ਦਰਸਨ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਇਆ । ਤੇਰੇ ਸੀਸ ਦਰ ਨਿਵਾ ਕੇ, ਪ੍ਰਭ ਇਕੋ ਮੰਗ ਮੰਗਾਈਆ । ਜਿਨ੍ਹਾਂ ਦਰਸਨ ਦਿਤਾ ਸਾਨੂੰ ਆ ਕੇ, ਜੁਗ ਜਨਮ ਦੀ ਤ੍ਰਿਖਾ ਦਿਤੀ ਬੁਝਾਈਆ । ਤਿੰਨਾਂ ਮਾਣ ਦੇਣਾ ਪ੍ਰਭ ਆਪ ਵਡਿਆ ਕੇ, ਸਿਰ ਆਪਣਾ ਹੱਥ ਟਿਕਾਈਆ । ਦਰਸਨ ਕਰਨਾ ਸੀਸ ਦਸਤਾਰ ਬੰਧਾ ਕੇ, ਤਿੰਨਾਂ ਇਕੋ ਵਾਰ ਮੰਗ ਮੰਗਾਈਆ । ਤਿੰਨਾਂ ਤਿੰਨਾਂ ਵਿਚ ਚਿੱਟੀ ਆਪਣੀ ਧਾਰ ਰਖਾ ਕੇ, ਸਾਚੇ ਦਰ ਦੇਣੀ ਵਡਿਆਈਆ । ਅਸੀਂ ਓਸ ਸਰੋਵਰ ਆਈਏ ਨਹਾ ਕੇ, ਜਿਥੇ ਤੇਰੇ ਚਰਨ ਧੂੜ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਈਆ । ਵੀਹ ਸੌ ਪੰਦਰਾਂ ਹੋ ਮਿਹਰਵਾਨ, ਪ੍ਰਭ ਦਿਤੀ ਮਾਣ ਵਡਿਆਈਆ । ਦੂਆ ਸਿਫ਼ਰਾ ਕਰ ਪਰਵਾਨ, ਸਿਫ਼ਰਾ ਦੂਏ ਨਾਲ ਮਿਲਾਈਆ । ਕਿਰਪਾ ਕਰਾਂ ਆਪ ਮਹਾਨ, ਮਿਹਰ ਨਜ਼ਰ ਨੈਣ ਉਠਾਈਆ । ਸਤਿ ਧਰਮ ਦਾ ਦੇਵਾਂ ਦਾਨ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਤੀਰਥ ਤਟ ਵੇਖ ਕਿਨਾਰ, ਪ੍ਰਭ ਆਪਣਾ

੯੮੨
੧੫

ਖੇਲ ਖਿਲਾਈਆ । ਇਕ ਛੇ ਜੋ ਬਣੇ ਭਿਖਾਰ, ਇਛਿਆ ਸਾਚੀ ਇਕ ਧਰਾਈਆ । ਕਵਣ ਵੇਲਾ ਪ੍ਰਭ ਆਏ ਨਿਰੰਕਾਰ, ਨਿਰਗੁਣ ਫੇਰਾ ਪਾਈਆ । ਜਨਮ ਜੁਗ ਦਾ ਲਾਹੇ ਉਧਾਰ, ਪੂਰਬ ਲੇਖ ਮੁਕਾਈਆ । ਸਾਚਾ ਬਖ਼ਸ਼ੇ ਇਕ ਪਿਆਰ, ਚਰਨ ਧੂੜੀ ਟਿੱਕਾ ਮਸਤਕ ਲਾਈਆ । ਦੋਏ ਜੋੜ ਕਰੀਏ ਨਿਮਸਕਾਰ, ਨਿਉਂ ਨਿਉਂ ਸੀਸ ਝੁਕਾਈਆ । ਵਿਸ਼ਨੂੰ ਕਹੇ ਮੇਰਾ ਹੋਏ ਨਾ ਸੰਪੂਰਨ ਭੰਡਾਰ, ਤੁਧ ਬਿਨ ਭਿਖਿਆ ਨਾ ਕੋਇ ਪਾਈਆ । ਕਰ ਕਿਰਪਾ ਸਿਰਜਣਹਾਰ, ਅੰਤਮ ਮੇਲੇ ਚਾਈਂ ਚਾਈਆ । ਵੀਹ ਸੌ ਸੋਲਾਂ ਬਿਕ੍ਰਮੀ ਖੇਲ ਨਿਆਰ, ਹਰਿ ਕਰਤਾਰ ਜੁਗ ਜੁਗ ਦਾ ਲਾਹ ਉਧਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਭੁਖਿਆਂ ਭੁੱਖ ਗਵਾਈਆ । ਸੰਮਤ ਸੋਲਾਂ ਸਚ ਭੰਡਾਰ, ਹਰਿ ਜੂ ਆਪ ਵਰਤਾਈਆ । ਮਨੀ ਸਿੰਘ ਦਾ ਲੇਖ ਅਪਾਰ, ਮਿਹਰਵਾਨ ਪੂਰ ਕਰਾਈਆ । ਏਥੇ ਓਥੇ ਦੇ ਸਹਾਰ, ਸਿਰ ਆਪਣਾ ਹੱਥ ਟਿਕਾਈਆ । ਪਿਛੇ ਅੱਗੇ ਨਾ ਕੋਈ ਕਿਨਾਰ, ਜਿਸ ਜਨ ਆਪਣੀ ਗੋਦ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੇਹਾਰਾ ਸਚ ਵਿਹਾਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਇਕ ਸੱਤ, ਸਤਿ ਸਤਿਵਾਦ ਆਪ ਕਰਾਇੰਦਾ । ਸੀਸ ਜਗਦੀਸ ਤਾਜ ਰਖ, ਰੱਖਿਆ ਆਪਣੇ ਹੱਥ ਵਖਾਇੰਦਾ । ਗੁਰ ਅਵਤਾਰ ਜੋ ਮਾਰਗ ਗਏ ਦੱਸ, ਸੋ ਇਕ ਸਤਿ ਹੋ ਕੇ ਆਇੰਦਾ । ਸਾਚੀ ਧਾਰੋਂ ਹੋ ਪਰਗਟ, ਨਿਰਗੁਣ ਨੂਰ ਨੂਰ ਪਰਗਟਾਇੰਦਾ । ਸ਼ਬਦ ਦੁਆਰਾ ਖੋਲ੍ਹ ਹੱਟ, ਕੂੜਾ ਵਣਜ ਨਾ ਕੋਇ ਵਖਾਇੰਦਾ । ਸ਼ਾਹ ਪਾਤਸ਼ਾਹ ਰਾਜ ਰਾਜਾਨ ਜਨ ਭਗਤਾਂ ਰੱਖੇ ਪਤ, ਪਤਿਪਰਮੇਸ਼ਵਰ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਨੀ ਆਪ ਕਮਾਇੰਦਾ । ਸੀਸ ਰੱਖ ਤਾਜ ਜਗਦੀਸ, ਜਗਦੀਸ਼ਰ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਪੜ੍ਹਨ ਹਦੀਸ, ਬੈਠੇ ਧਿਆਨ ਲਗਾਈਆ । ਜਿਸ ਦਾ ਲੇਖਾ ਦੱਸਦੇ ਆਏ ਬੀਸ ਬੀਸ, ਸੋ ਨਿਰਗੁਣ ਸਰਗੁਣ ਹੋ ਕੇ ਸਿਫ਼ਰੇ ਵਿਚ ਸਮਾਈਆ । ਜਿਸ ਨੇ ਦੂਏ ਅੱਗੇ ਏਕਾ ਲਾ ਕੇ ਬਣਾਉਣੀ ਇਕੀਸ, ਇਕੀ ਆਪਣਾ ਰੰਗ ਚੜ੍ਹਾਈਆ । ਉਸ ਦਾ ਕਲਮਾ ਸਚ ਹਦੀਸ, ਪੜ੍ਹੇ ਸਰਬ ਲੋਕਾਈਆ । ਜਗਤ ਸਦੀ ਸਦੀਵੀ ਜਾਣੀ ਬੀਤ, ਸਾਬਤ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਇਕ ਅੱਠ ਦਾ ਖੇਲ ਅਪਾਰਾ, ਹਰਿ ਕਰਤਾ ਆਪ ਕਰਾਇੰਦਾ । ਇਕ ਅੱਠ ਦਾ ਤਤ ਆਧਾਰਾ, ਅੱਠਾਂ ਤੱਤਾਂ ਭੇਵ ਚੁਕਾਇੰਦਾ । ਅੱਠ ਤਤ ਇਕ ਜੈਕਾਰਾ, ਹਰਿ ਸ਼ਬਦੀ ਨਾਦ ਸੁਣਾਇੰਦਾ । ਸ਼ਬਦ ਨਾਦ ਇਕ ਕਟਾਰਾ, ਧੁਰ ਦੀ ਧਾਰ ਆਪ ਵਖਾਇੰਦਾ । ਰਾਜ ਰਾਜਾਨਾ ਸ਼ਾਹ ਸਿਕਦਾਰਾ, ਸ਼ਹਿਨਸ਼ਾਹ ਆਪਣੀ ਕਲ ਵਰਤਾਇੰਦਾ । ਅੱਠਾਂ ਤੱਤਾਂ ਵੇਖ ਕਿਵਾੜਾ, ਬੰਦ ਤਾਕੀ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਟਾਰਾ ਨਾਮ ਪਰਗਟਾਇੰਦਾ । ਜਗਤ ਰਾਜ ਦਾ ਝੂਠਾ ਲਹਿਣਾ, ਸਚ ਕੂੜੀ ਖੇਲ ਵਖਾਈਆ । ਪੰਜ ਤਤ ਦਾ ਅੰਤਮ ਗਹਿਣਾ, ਮੁਲੰਮਾਂ ਅੰਤਮ ਉਤਰ ਜਾਈਆ । ਨਰ ਨਿਰੰਕਾਰ ਨਿਰਗੁਣ ਸਰੂਪ ਸਦਾ ਰਹਿਣਾ, ਆਦਿ ਜੁਗਾਦਿ ਸਮਾਈਆ । ਸ਼ਾਹ ਭੂਪ ਰਾਜ ਰਾਜਾਨ ਜਿਸ ਦਾ ਮੰਨਣ ਕਹਿਣਾ, ਸੋ ਕਹਿ ਕੇ ਗਿਆ ਸਮਝਾਈਆ । ਸ਼ਾਹ ਪਾਤਸ਼ਾਹ ਕਿਸੇ ਨਾ ਰਹਿਣਾ, ਜੋ ਆਇਆ ਸੋ ਉਠ ਉਠ ਜਾਈਆ । ਸਾਚਾ ਖੰਡਾ ਤੇਜ ਕਟਾਰ ਨਾਮ ਤਲਵਾਰ ਗੁਰਸਿਖਾਂ ਅੰਤਰ ਆਤਮ ਪਾਏ ਗਹਿਣਾ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,


੯੮੩
੧੫

ਰਾਜ ਜੋਗ ਜਗਤ ਦੁਆਰੇ ਜੋਗੀਸ਼ਰ ਖੇਲ ਗਿਆ ਸਮਝਾਈਆ । ਰਾਜ ਦੁਆਰੇ ਖੇਲ ਨਿਰੰਕਾਰ, ਨਿਰਗੁਣ ਆਪਣਾ ਆਪ ਜਣਾਈਆ । ਜਿਸ ਨੇ ਖੜਗ ਖੰਡਾ ਦਿਤੀ ਤਲਵਾਰ, ਸੋ ਤਲਬ ਮੰਗੇ ਥਾਉਂ ਥਾਈਂਆ । ਸਭਨਾਂ ਕਰੇ ਖ਼ਬਰਦਾਰ, ਲੋਕਮਾਤ ਨੈਣ ਅੱਖ ਖੁਲ੍ਹਾਈਆ । ਅਠਸਠ ਤੀਰਥ ਗੁਰਦਰ ਮੰਦਰ ਮਸਜਦ ਮੱਠ ਸ਼ਾਹ ਸੁਲਤਾਨ ਕਰੇ ਬੇਜ਼ਾਰ, ਬੇਨਜ਼ੀਰ ਹੁਕਮ ਦ੍ਰਿੜਾਈਆ । ਇਕ ਅੱਠ ਦੀ ਸੱਚੀ ਧਾਰ, ਜਲ ਧਾਰ ਆਪ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਇਕ ਅੱਠ ਕਰ ਪਿਆਰ, ਪ੍ਰਭ ਆਪਣੀ ਦਇਆ ਕਮਾਇੰਦਾ । ਜੁਗ ਚਾਰ ਸਿਰ ਉਧਾਰ, ਚੁਕਿਆ ਆਪੇ ਲਾਹਿੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਕਰਦੇ ਗਏ ਪੁਕਾਰ, ਸੋ ਆਪਣੀ ਕਾਰ ਕਮਾਇੰਦਾ । ਭਗਤ ਭਿਛਿਆ ਮੰਗਦੇ ਰਹੇ ਜਿਸ ਦੁਆਰ, ਸੋ ਭਗਵਾਨ ਇਛਿਆ ਪੂਰ ਕਰਾਇੰਦਾ । ਧੁਰ ਦਾ ਨੇਤਾ ਕਰ ਵਿਚਾਰ, ਲੇਖਾ ਸਚ ਸਮਝਾਇੰਦਾ । ਸਤਿ ਧਰਮ ਦਾ ਇਕ ਦੁਆਰ, ਸਤਿ ਸਤਿਵਾਦੀ ਆਪ ਜਣਾਇੰਦਾ । ਭਗਤਾਂ ਮੀਤਾ ਕਰ ਪਿਆਰ, ਲੋਕਮਾਤ ਆਪ ਪਰਗਟਾਇੰਦਾ । ਸਚ ਸਿੰਘਾਸਣ ਕਰ ਤਿਆਰ, ਅੱਗੇ ਪਿਛੇ ਸੋਭਾ ਪਾਇੰਦਾ । ਚੌਥੀ ਮੰਜ਼ਲ ਦੇ ਆਧਾਰ, ਹਰਿਜਨ ਸਾਚੇ ਆਪ ਪੁਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਘਰ ਇਕ ਸੁਹਾਇੰਦਾ । ਸਚ ਦੁਆਰ ਭਗਤ ਬਣਾ, ਭਗਵਨ ਦਏ ਵਡਿਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਏ ਵਖਾ, ਵੇਖੋ ਲੋਕਮਾਤ ਵੱਜੀ ਵਧਾਈਆ । ਇਕ ਅੱਠ ਦਾ ਲੇਖਾ ਰਿਹਾ ਮੁਕਾ, ਅਠਾਰਾਂ ਵੇਖੇ ਥਾਉਂ ਥਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲਹਿਣਾ ਰਿਹਾ ਚੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਵੇਖ ਹੋਏ ਹੈਰਾਨ, ਹੌਕੇ ਲੈ ਕੇ ਰਹੇ ਜਣਾਈਆ । ਕਰਿਆ ਅਚਰਜ ਖੇਲ ਭਗਵਾਨ, ਪਾਰਬ੍ਰਹਮ ਪ੍ਰਭ ਆਪਣਾ ਫੇਰਾ ਪਾਈਆ । ਸਤਿ ਸਰੂਪ ਝੁਲਾ ਨਿਸ਼ਾਨ, ਸਤਿ ਸਤਿਵਾਦੀ ਆਪਣਾ ਰੰਗ ਰੰਗਾਈਆ । ਸਾਚਾ ਮੰਦਰ ਬਣਾ ਮਕਾਨ, ਸਾਚਾ ਰਾਹ ਦਿਤਾ ਵਖਾਈਆ । ਚਾਰ ਵਰਨਾਂ ਦੇ ਗਿਆਨ, ਚਾਰ ਕੁੰਟ ਰਿਹਾ ਸਮਝਾਈਆ । ਚਾਰੇ ਜੁਗ ਕਰ ਪਰਵਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਵਖਾਈਆ । ਸਾਚੀ ਖੇਲ ਵਖਾਏ ਮਾਤ, ਹਰਿ ਮਤਾ ਆਪਣੇ ਨਾਲ ਪਕਾਈਆ । ਜੋ ਲੋਕਮਾਤ ਦੇ ਕੇ ਆਏ ਅਸੀਂ ਦਾਤ, ਕਲਜੁਗ ਜੀਵ ਖ਼ਾਲੀ ਹੱਥ ਰਹੇ ਵਖਾਈਆ । ਝਗੜਾ ਪਿਆ ਜ਼ਾਤ ਪਾਤ, ਦੀਨ ਮਜ਼੍ਹਬ ਕਰੇ ਲੜਾਈਆ । ਮਨ ਮਤ ਹੋਈ ਨਾਰ ਕਮਜ਼ਾਤ, ਕੁਲਖ਼ਣੀ ਬੈਠੀ ਡੇਰਾ ਲਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਈਆ । ਸ੍ਰੀ ਭਗਵਾਨ ਭਗਤ ਬਣਾ ਇਕ ਜਮਾਤ, ਪੱਟੀ ਇਕੋ ਨਾਮ ਪੜ੍ਹਾਈਆ । ਧੁਰ ਸੰਦੇਸਾ ਰਿਹਾ ਆਖ, ਕੂੜਾ ਝਗੜਾ ਛੱਡੋ ਲੋਕਾਈਆ । ਨਿਜ ਨੇਤਰ ਖੋਲ੍ਹੋ ਅਾਖ, ਦਰਸ ਪਾਓ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਦੇਵੇ ਮਾਣ ਨੌ ਇਕ, ਇਕ ਨੌ ਅੰਕ ਬਣਾਈਆ । ਦੂਆ ਸਿਫ਼ਰੇ ਅੱਗੇ ਇਕ, ਇਕ ਨਾਲ ਨੋਵਾਂ ਕਰੇ ਕੁੜਮਾਈਆ । ਵੀਹ ਸੌ ਉਨੀ ਪਾਈ ਭਿਖ, ਭਿਛਿਆ ਆਪ ਵਰਤਾਈਆ । ਹਿੰਦੂ ਮੁਸਲਮ ਸੁੰਨੀ ਕੋਈ ਨਾ ਪਏ ਦਿਸ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਝੁਕਾਈਆ । ਸਾਰੇ ਪ੍ਰਭ ਤੇਰੇ ਬਣਨ ਸਿਖ, ਸਿੰਘ ਰੂਪ ਵਟਾਈਆ । ਅੱਗੇ ਲੇਖਾ ਦੇਣਾ ਲਿਖ, ਪਿਛਲਾ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਦੇਵਣਹਾਰਾ ਸਾਚਾ ਵਰ, ਮਿਹਰ ਨਜ਼ਰ ਉਠਾਈਆ । ਇਕ ਨੌ ਉਨੀ ਨਾ ਮੁਸਲਮ ਨਾ ਸੁੰਨੀ, ਸੋ ਸਾਹਿਬ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਦੀ ਪ੍ਰਭ ਦੇ ਵਿਚ ਸਮਾਈ ਧੁਨੀ, ਆਵਾਜ਼ ਰਾਗ ਨਾ ਕੋਇ ਸੁਣਾਈਆ । ਖ਼ਾਲੀ ਹੋਈ ਜਗਤ ਕੁੰਨੀ, ਕਾਚੀ ਗਗਰੀ ਰੋਵੇ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਵਰਤਾਈਆ । ਪੀਰ ਪੈਗ਼ੰਬਰ ਮਾਰਨ ਨਾਅਰਾ, ਇਕ ਨੌ ਆਪ ਜਣਾਈਆ । ਪਰਵਰਦਿਗਾਰ ਹੋਇਆ ਜ਼ਾਹਰਾ, ਜ਼ਾਹਰਾ ਪੀਰ ਫੇਰਾ ਪਾਈਆ । ਜਿਸ ਦਾ ਹੱਦ ਹਦੂਦ ਨਾ ਕੋਈ ਦਾਇਰਾ, ਦਿਸ਼ਾ ਵੰਡ ਨਾ ਕੋਇ ਵੰਡਾਈਆ । ਆਦਿ ਜੁਗਾਦਿ ਜੁਗਾ ਜੁਗੰਤਰ ਸਭ ਤੋਂ ਵਸੇ ਬਾਹਰਾ, ਬਾਹਰ ਆਪਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਇਕ ਨੌ ਦਏ ਸਮਝਾਈਆ । ਇਕ ਨੌ ਕਹੇ ਮੋਹੇ ਬੀਸ ਉਡੀਕ, ਸਰਗੁਣ ਸਿਫ਼ਰਾ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਦੱਸ ਕੇ ਗਏ ਤਾਰੀਖ, ਤਰੀਕਾ ਸਕਿਆ ਨਾ ਕੋਇ ਸਮਝਾਈਆ । ਥੋੜੀ ਥੋੜੀ ਜਿੰਨੀ ਮਿਲੀ ਭੀਖ, ਸੋ ਲੋਕਮਾਤ ਗਏ ਵਰਤਾਈਆ । ਆਤਮ ਅੰਤਰ ਆਪਣੀ ਆਪ ਰੱਖਦੇ ਰਹੇ ਉਡੀਕ, ਲੋਚਣ ਨੈਣ ਅੱਖ ਰਾਹ ਤਕਾਈਆ । ਕਵਣ ਵੇਲਾ ਪ੍ਰਭ ਪ੍ਰੀਤਮ ਕਰੇ ਪ੍ਰੀਤ, ਪਾਰਬ੍ਰਹਮ ਪ੍ਰਭ ਫੇਰਾ ਪਾਈਆ । ਸਚ ਵਖਾਏ ਦੇਹੁਰਾ ਮੰਦਰ ਮਸੀਤ, ਕਾਇਆ ਕਾਅਬਾ ਇਕੋ ਨਜ਼ਰੀ ਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸੁਣਾਏ ਆਪਣਾ ਇਕੋ ਗੀਤ, ਰਾਗ ਨਾਦ ਇਕ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ, ਕਹਿ ਕਹਿ ਰਹੇ ਜਣਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਕਲਜੁਗ ਅੰਤਮ ਸਾਡਾ ਲਹਿਣਾ ਆਵੇ ਲੈਣ, ਲੇਖਾ ਪਿਛਲਾ ਪੂਰ ਕਰਾਈਆ । ਜਿਸ ਨੇ ਅਲਿਫ਼ ਯੇ ਸਮਝਾਈ ਐਨ, ਸੋ ਗ਼ੈਨ ਨੁਕਤਾ ਵੇਖ ਵਖਾਈਆ । ਉਸ ਬਿਨ ਕੋਈ ਨਾ ਆਵੇ ਚੈਨ, ਚਾਉ ਘਨੇਰਾ ਨਾ ਕੋਇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਸਾਰੇ ਹੱਸਣ, ਦਰਗਹਿ ਸਾਚੀ ਖ਼ੁਸ਼ੀ ਮਨਾਈਆ । ਕਲਜੁਗ ਅੰਤ ਸ੍ਰੀ ਭਗਵਾਨ ਆਪਣਾ ਮਾਰਗ ਆਏ ਦੱਸਣ, ਸਾਡਾ ਲੇਖਾ ਲੇਖੇ ਲਾਈਆ, ਜਨ ਭਗਤਾਂ ਅੰਦਰ ਆਏ ਵਸਣ, ਨਿਰਗੁਣ ਆਪਣਾ ਡੇਰਾ ਦਏ ਵਖਾਈਆ । ਕੂੜੀ ਕਿਰਿਆ ਆਏ ਮੱਥਣ, ਨਾਮ ਮਧਾਣਾ ਨਾਲ ਲਿਆਈਆ । ਮੋਹ ਵਿਕਾਰਾ ਹੰਕਾਰਾ ਆਏ ਕੱਢਣ, ਸ਼ਬਦ ਖੰਡਾਂ ਹੱਥ ਚਮਕਾਈਆ । ਅੰਤਮ ਸਾਨੂੰ ਆਏ ਸੱਦਣ, ਸਚ ਸੰਦੇਸਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਆਪਣਾ ਖੇਲ ਇਕ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸੋਚਣ, ਜਨ ਭਗਤਾਂ ਵੇਖ ਵਖਾਈਆ । ਪੁਰਖ ਅਕਾਲ ਦੀਨ ਦਿਆਲ ਕਵਣ ਖੋਲ੍ਹੇ ਇਕੋ ਲੋਚਣ, ਨੈਣ ਆਪਣਾ ਆਪ ਜਣਾਈਆ । ਵੇਸ ਵਟਾਏ ਲੋਕ ਪਰਲੋਕਨ, ਦੋ ਜਹਾਨਾਂ ਸੋਭਾ ਪਾਈਆ । ਸਚ ਜਣਾਏ ਧੁਰ ਸਲੋਕਨ, ਨਾਉਂ ਇਕੋ ਸੋਭਾ ਪਾਈਆ । ਸਾਚੀ ਦੇਵੇ ਮੋਖਨ, ਮੋਕਸ਼ ਇਕੋ ਝੋਲੀ ਪਾਈਆ । ਏਥੋਂ ਕੋਇ ਨਾ ਉਠਾਏ ਲੋਕਨ, ਹਰਿਜਨ ਆਪਣੀ ਗੋਦ ਉਠਾਈਆ । ਕਰੇ ਪਰਕਾਸ਼ ਨਿਰਮਲ ਜੋਤਨ, ਅੰਧ ਅੰਧੇਰਾ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮਿਹਰ ਨਜ਼ਰ ਨੈਣ ਉਠਾਈਆ । ਗੁਰ ਅਵਤਾਰ ਪੀਰ ਪੈਗੰਬਰ ਰਹੇ ਤੱਕ, ਨਿਰਗੁਣ ਨਿਰਗੁਣ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ

੯੮੫
੧੫

ਕਲਜੁਗ ਲੋਕਮਾਤ ਮਾਰਗ ਦੇ ਦੇ ਗਏ ਥੱਕ, ਸਮਝ ਸਕੇ ਨਾ ਜਗਤ ਲੋਕਾਈਆ । ਕੂੜੀ ਕਿਰਿਆ ਕਲਜੁਗ ਪਾਈ ਨਕੇਲ ਨੱਥ, ਚਾਰ ਵਰਨਾਂ ਰਹੀ ਭਵਾਈਆ । ਸਭ ਦਾ ਖੇੜਾ ਦਿਸੇ ਭੱਠ, ਘਰ ਨੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਖੇਲ ਇਕ ਸਮਝਾਈਆ । ਸਾਚੀ ਖੇਲ ਜਣਾਏ ਬਿਨ ਸਮਝ, ਸਮਝਾਵਣਹਾਰ ਆਪ ਅਖਵਾਇੰਦਾ । ਚਾਰ ਜੁਗ ਦੀ ਲਾਈ ਰਮਜ਼, ਅੰਤਰ ਅੰਤਰ ਆਪਣਾ ਪੜਦਾ ਉਠਾਇੰਦਾ । ਵੇਖੋ ਇਹ ਕੀ ਹੋਇਆ ਗ਼ਜ਼ਬ, ਗਹਿਰ ਗੰਭੀਰ ਫੇਰਾ ਪਾਇੰਦਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋਇਆ ਜਜ਼ਬ, ਰੂਪ ਰੰਗ ਰੇਖ ਨਾ ਕੋਇ ਵਖਾਇੰਦਾ । ਨਿਰਗੁਣ ਸਰਗੁਣ ਕਰੇ ਅਦਬ, ਆਦਾਬ ਇਕੋ ਇਕ ਸਿਖਾਇੰਦਾ । ਜਿਸ ਨੂੰ ਕੋਈ ਦੇ ਨਾ ਸਕੇ ਜ਼ਰਬ, ਅੰਕੜਾ ਕੋਈ ਨਾ ਮਾਤ ਬਦਲਾਇੰਦਾ । ਜਿਸ ਦਾ ਲੇਖਾ ਕੋਇ ਨਾ ਅਰਬ ਖਰਬ, ਸੋ ਪ੍ਰਭ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਪੀਰ ਅਵਤਾਰ ਮੰਗ ਮੰਗਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵੇਖ ਆਸ, ਸ਼ਬਦ ਗੁਰੂ ਦਏ ਜਣਾਈਆ । ਉਠੋ ਸਾਰੇ ਕਰੋ ਕਿਆਸ, ਕਿਸਮ ਕਿਸਮ ਨਾ ਕੋਇ ਬਣਾਈਆ । ਸਰਬ ਜੀਆਂ ਦਾ ਇਕੋ ਸਾਕ, ਪ੍ਰਭ ਸੱਜਣ ਹਰਿ ਰਘੁਰਾਈਆ । ਰਲ ਮਿਲ ਸਾਰੇ ਬਣੋ ਜਮਾਤ, ਇਕੋ ਇਕ ਪੜ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੋਕਮਾਤ ਜੋ ਆਏ ਆਖ, ਹੁਕਮੇ ਅੰਦਰ ਸੇਵ ਕਮਾਈਆ । ਸੋ ਪ੍ਰਭੂ ਦੀ ਝੋਲੀ ਪਾਓ ਪ੍ਰਭ ਦੀ ਦਾਤ, ਆਪਣੇ ਲੇਖੇ ਨਾ ਕੁਛ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਦਏ ਕਰਾਈਆ । ਗੁਰ ਅਵਤਾਰ ਪੈਗ਼ੰਬਰ ਇਕ ਦੂਜੇ ਨਾਲ ਕਰਨ ਸਲਾਹ, ਸਾਚਾ ਮਤਾ ਪਕਾਇਆ । ਸਾਰੇ ਮੰਨੋ ਇਕ ਮਲਾਹ, ਪਾਰਬ੍ਰਹਮ ਬੇਪਰਵਾਹਿਆ । ਸਾਰੇ ਚੱਲੋ ਇਕ ਰਾਹ, ਰਹਿਬਰ ਇਕ ਖ਼ੁਦਾਇਆ । ਸਾਰੇ ਕਰੋ ਇਕ ਦੁਆ, ਦੋਏ ਜੋੜ ਸੀਸ ਝੁਕਾਇਆ । ਜੇ ਮੰਨੀਏ ਦਾਤਾ ਬੇਪਰਵਾਹ, ਬੇਪਰਵਾਹੀ ਨਜ਼ਰ ਉਠਾਇਆ । ਸਾਡਾ ਲਹਿਣਾ ਦੇਣਾ ਦਏ ਮੁਕਾ, ਲੇਖਾ ਲੇਖੇ ਵਿਚ ਰਖਾਇਆ । ਸਾਡੇ ਕੋਲੋਂ ਮੰਗੇ ਨਾ ਗਵਾਹ, ਪ੍ਰੇਮ ਪ੍ਰੀਤੀ ਸ਼ਹਾਦਤ ਦਿਓ ਭੁਗਤਾਇਆ । ਜੇ ਕੋਈ ਦੇਵੇ ਸਾਹਿਬ ਸਜ਼ਾ, ਨਿਉਂ ਨਿਉਂ ਸੀਸ ਦਿਓ ਝੁਕਾਇਆ । ਚਰਨ ਧੂੜੀ ਮਸਤਕ ਲਾਉਣੀ ਛਾਹ, ਆਪ ਆਪਣਾ ਮਾਣ ਮਿਟਾਇਆ । ਕਲਜੁਗ ਵੇਲਾ ਅੰਤਮ ਗਿਆ ਆ, ਪਾਂਧੀ ਬੈਠਾ ਆਪਣਾ ਪੰਧ ਮੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹਿਆ । ਬੇਪਰਵਾਹ ਖੇਲ ਅਨੋਖਾ, ਹਰਿ ਕਰਤਾ ਆਪ ਕਰਾਈਆ । ਜਿਸ ਨੇ ਬਣਾਇਆ ਸਚਖੰਡ ਕੋਠਾ, ਨਿਰਗੁਣ ਜੋਤ ਕਰੀ ਰੁਸ਼ਨਾਈਆ । ਜਿਸ ਨੇ ਥਿਰ ਘਰ ਬਹਾਇਆ ਸ਼ਬਦ ਪੁਤਾ, ਪੂਤ ਆਪਣਾ ਰੰਗ ਰੰਗਾਈਆ । ਸਚ ਸਲੋਕ ਸੁਣਾਇਆ ਸਲੋਕਾ, ਇਕੋ ਨਾਦੀ ਨਾਦ ਵਜਾਈਆ । ਸੋ ਕਲਜੁਗ ਅੰਤਮ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਲ ਕਰੇ ਨਾ ਧੋਖਾ, ਧੁਰ ਦੀ ਧਾਰ ਆਪ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਸਭ ਨੂੰ ਆਪਣੇ ਮਿਲਣ ਦਾ ਦੱਸਦਾ ਰਿਹਾ ਮੌਕਾ, ਮੁਕੰਮਲ ਹਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਜੁਗ ਅੰਤਮ ਵੇਸ ਜਣਾਈਆ । ਕਲਜੁਗ ਅੰਤਮ ਵੇਸ ਵਟਾਏ, ਹਰਿ ਵੱਡਾ ਵਡ ਵਡਿਆਈਆ । ਆਪਣੀ ਕਰਨੀ ਆਪ ਕਮਾਏ, ਕਰਤਾ ਪੁਰਖ ਸੱਚਾ ਸ਼ਹਿਨਸ਼ਾਹੀਆ । ਦੂਜਾ ਨਾ ਕੋਈ ਸੰਗ ਰਲਾਏ, ਤੀਜੀ ਬਣਤ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਨਿਰੰਕਾਰ, ਨਿਰਗੁਣ ਆਪਣਾ ਖੇਲ ਕਰਾਇੰਦਾ । ਸ਼ਾਹੋ ਭੂਪ ਹੋ ਉਜਿਆਰ, ਸ਼ਹਿਨਸ਼ਾਹ ਆਪਣਾ ਵੇਸ ਵਟਾਇੰਦਾ । ਜੋਤੀ ਨੂਰ ਕਰ ਉਜਿਆਰ, ਸ਼ਬਦ ਜੋਤੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਬੀਸ ਸੁਹੇਲਾ, ਹਰਿ ਸਤਿਗੁਰ ਇਕ ਕਮਾਈਆ । ਆਪੇ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਇ ਵਖਾਈਆ । ਸਾਹਿਬ ਸਤਿਗੁਰ ਬਣ ਕੇ ਸੱਜਣ ਸੁਹੇਲਾ, ਸਗਲਾ ਸੰਗ ਰਖਾਈਆ । ਜੁਗ ਚੌਕੜੀ ਨਾਲੋਂ ਹੋ ਕੇ ਵਿਹਲਾ, ਕਲਜੁਗ ਅੰਤਮ ਆਪਣਾ ਹੁਕਮ ਵਰਤਾਈਆ । ਨੱਸਿਆ ਫਿਰੇ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਬੇਲਾ, ਸਮੁੰਦ ਸਾਗਰ ਡੂੰਘੀ ਕੰਦਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਦਾ ਸਚ ਵਿਹਾਰ, ਲੋਕਮਾਤ ਕਰੇ ਨਿਰੰਕਾਰ, ਮਾਤ ਲਗਾ ਇਕ ਦਰਬਾਰ, ਦਰਬਾਰੀ ਆਪਣੀ ਧਾਰ ਚਲਾਈਆ । ਸਚ ਦਰਬਾਰ ਵੀਹ ਸੌ ਵੀਹ, ਹਰਿ ਸਤਿਗੁਰ ਆਪ ਲਗਾਇੰਦਾ । ਇਕ ਪੰਜ ਦੀ ਰੱਖ ਨੀਂਹ, ਪੰਦਰਾਂ ਕੱਤਕ ਦਿਵਸ ਵਡਿਆਇੰਦਾ । ਸਤਿ ਧਰਮ ਦਾ ਬੀਜ ਬੀ, ਆਪ ਆਪਣੀ ਸੇਵ ਕਮਾਇੰਦਾ । ਚਰਨ ਕਵਲ ਦਾ ਅੰਮ੍ਰਿਤ ਮੀਂਹ, ਮੇਘ ਇਕ ਬਰਸਾਇੰਦਾ । ਲੇਖੇ ਲਾ ਸਾਢੇ ਤਿੰਨ ਹੱਥ ਸੀਂ, ਸੀਂਆਂ ਧਰਨੀ ਧਰਤ ਧਵਲ ਸੁਹਾਇੰਦਾ । ਲੇਖਾ ਜਾਣੇ ਜੀਵਤ ਜੀ, ਜੀਵਣ ਜੁਗਤ ਸਮਝਾਇੰਦਾ । ਪ੍ਰਭ ਦਾ ਭਾਣਾ ਕੋਈ ਜਾਣੇ ਕੀ, ਬਿਨ ਕਰਤੇ ਕੀਮਤ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਰਤਾਇੰਦਾ । ਸਾਚੀ ਖੇਲ ਵੀਹ ਸੌ ਬੀਸ, ਹਰਿ ਸਤਿਗੁਰ ਆਪ ਕਰਾਈਆ । ਨਿਰਗੁਣ ਜੋਤ ਹਰਿ ਜਗਦੀਸ, ਸਤਿ ਪੁਰਖ ਨਿਰੰਜਣ ਆਪ ਪਰਗਟਾਈਆ । ਛਤਰ ਝੁਲਾ ਸਾਚੇ ਸੀਸ, ਜਗਦੀਸ ਮਿਲੇ ਵਡਿਆਈਆ । ਪੰਜ ਤਤ ਨਾ ਕੋਇ ਹਦੀਸ, ਸ਼ਬਦੀ ਰਾਗ ਇਕ ਅਲਾਈਆ । ਕਰੇ ਖੇਲ ਆਪ ਅਨਡੀਠ, ਅਨਡਿਠੜੀ ਕਾਰ ਕਮਾਈਆ । ਚਾਰ ਜੁਗ ਦੇ ਸੱਚੇ ਮੀਤ, ਸੋ ਪੁਰਖ ਨਿਰੰਜਣ ਆਪ ਮਿਲਾਈਆ । ਨਾ ਕੋਈ ਸ਼ਿਵਦਵਾਲਾ ਮੱਠ ਮਸੀਤ, ਗੁਰਦਰ ਨਜ਼ਰ ਕੋਇ ਨਾ ਆਈਆ । ਸਤਿਜੁਗ ਤੇਰੀ ਸਚ ਚਲਾਏ ਰੀਤ, ਰੀਤੀਵਾਨ ਬੇਪਰਵਾਹੀਆ । ਵਰਨ ਬਰਨ ਮਿਲ ਕੇ ਢੋਲਾ ਗਾਵਣ ਗੀਤ, ਨਾਉਂ ਇਕੋ ਇਕ ਅਲਾਈਆ । ਹਰਿ ਚਰਨ ਮਿਲੇ ਪ੍ਰੀਤ, ਦੂਜੀ ਵੰਡ ਕੋਇ ਰਖਾਈਆ । ਅੰਮ੍ਰਿਤ ਰਸ ਮਿਲੇ ਨਾਮ ਮੀਠ, ਜਗਤ ਰਸ ਡੇਰਾ ਢਾਹੀਆ । ਮਨ ਵਾਸਨਾ ਲਏ ਜੀਤ, ਬੁਧ ਬਿਬੇਕ ਕਰਾਈਆ । ਹੋਵੇ ਪਾਕ ਪਤਤ ਪੁਨੀਤ, ਪਾਪੀ ਲਏ ਤਰਾਈਆ । ਕਾਇਆ ਕਰੇ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਸਚ ਦੁਆਰਿਉਂ ਮਿਲੇ ਭੀਖ, ਹਰਿ ਠਾਕਰ ਝੋਲੀ ਆਪ ਭਰਾਈਆ । ਸਭ ਦੀ ਬਦਲੇ ਦਰ ਤੇ ਨੀਤ, ਨੀਤੀਵਾਨ ਸਾਚਾ ਰਾਹ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵੀਹ ਸੌ ਵੀਹ ਬਿਕ੍ਰਮੀ ਇਕ ਦਰਬਾਰ ਵਖਾਈਆ । ਵੀਹ ਸੌ ਵੀਹ ਲੱਗੇ ਦਰਬਾਰਾ, ਧੁਰ ਦਰਬਾਰੀ ਆਪ ਲਗਾਇੰਦਾ । ਭੂਪ ਬਣੇ ਆਪ ਨਿਰੰਕਾਰਾ, ਨਿਰਗੁਣ ਨਿਰਵੈਰ ਖੇਲ ਵਖਾਇੰਦਾ । ਤਾਜ ਪਹਿਨੇ ਆਪ ਨਿਰੰਕਾਰਾ, ਪੰਜ ਤਤ ਨਾ ਕੋਇ ਵਡਿਆਇੰਦਾ । ਸ਼ਬਦੀ ਬੋਲੇ ਸਚ ਜੈਕਾਰਾ, ਸਾਚਾ ਸੋਹਲਾ ਆਪ ਜਣਾਇੰਦਾ । ਭੇਵ ਉਠਾਏ ਅਗੰਮੀ ਧਾਰਾ, ਸਹਿਜ ਸਹਿਜ ਜਣਾਇੰਦਾ । ਵਜਾਏ ਸ਼ਬਦ ਅਨਾਦੀ ਸਿਤਾਰਾ, ਤੰਦੀ ਤੰਦ ਨਾ ਕੋਇ ਹਿਲਾਇੰਦਾ । ਸਚ ਸੁਣਾਵੇ ਇਕੋ ਨਾਅਰਾ, ਤੂੰ ਹੀ ਤੂੰ ਰਾਗ ਅਲਾਇੰਦਾ । ਤੂੰ ਮੇਰਾ ਮੈਂ ਤੇਰਾ


੬੮੭ ੧੫

ਪਿਆਰਾ, ਸ਼ਬਦੀ ਸੁਤ ਪੁਰਖ ਅਕਾਲ ਵੇਖ ਵਖਾਇੰਦਾ । ਦੋਹਾਂ ਮੇਲਾ ਏਕਾ ਘਰ ਬਾਰਾ, ਘਰ ਸਾਚਾ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਆਪ ਸਮਝਾਇੰਦਾ । ਸਚ ਦਰਬਾਰਾ ਲਾਇਆ ਏਕ, ਏਕੰਕਾਰ ਦਏ ਵਡਿਆਈਆ । ਪਹਿਲੋਂ ਦਿਤੀ ਭਗਤਾਂ ਟੇਕ, ਸਿਰ ਆਪਣਾ ਹੱਥ ਰਖਾਈਆ । ਫੇਰ ਧਰਨੀ ਧਵਲ ਲਈ ਵੇਖ, ਜੋ ਚਾਰ ਜੁਗ ਬੈਠੀ ਧਿਆਨ ਲਗਾਈਆ । ਫੇਰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵੇਖੀ ਰੇਖ, ਜੋ ਆਪਣੀ ਰੇਖ ਵਿਚੋਂ ਪਰਗਟਾਈਆ । ਫੇਰ ਸ਼ਬਦੀ ਸੁਤਾ ਦਿਤਾ ਭੇਤ, ਭੇਵ ਅਭੇਦ ਖੁਲ੍ਹਾਈਆ । ਫੇਰ ਨਿਰਗੁਣ ਸਰਗੁਣ ਕੀਤਾ ਹੇਤ, ਨਰ ਨਿਰੰਕਾਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਇਕ ਵਖਾਈਆ । ਸਚ ਦਰਬਾਰ ਲਗਾਉਣ ਦੀ ਖ਼ਾਤਰ, ਹਰਿ ਖ਼ਤਰਾ ਸਰਬ ਮਿਟਾਇਆ । ਲੱਖ ਚੁਰਾਸੀ ਵਿਚੋਂ ਕਰੇ ਚਾਤਰ, ਗੁਰਮੁਖ ਚਾਤ੍ਰਿਕ ਰੂਪ ਬਣਾਇਆ । ਧੁਰ ਸੰਦੇਸਾ ਦੇ ਕੇ ਪਾਤਰ, ਆਪਣਾ ਨਾਮ ਪੜ੍ਹਾਇਆ । ਦਰਸ ਦਿਖਾਏ ਨੂਰੀ ਬਾਤਨ, ਜਲਵਾ ਜ਼ਹੂਰ ਜਣਾਇਆ । ਚੋਟੀ ਚਾੜ੍ਹ ਕੇ ਆਖ਼ਰ, ਆਪਣਾ ਮੇਲ ਮਿਲਾਇਆ । ਭੇਵ ਚੁਕਾ ਕਰਤਾ ਕਾਦਰ, ਕਰੀਮ ਕਰਮ ਕਮਾਇਆ । ਸੂਰਬੀਰ ਬਣ ਬਹਾਦਰ, ਸ਼ਬਦ ਰਾਗ ਅਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰ ਆਪ ਲਗਾਇਆ । ਸਚ ਦਰਬਾਰ ਲਗਾਏ ਪ੍ਰਭੂ ਪ੍ਰਭ ਦੀਨਾ, ਦੀਨਨ ਦਏ ਵਡਿਆਈਆ । ਜਨ ਭਗਤਾਂ ਰੰਗ ਚਾੜ੍ਹ ਭੀਨਾ, ਭਿੰਨੜੀ ਰੈਣ ਨਾਲ ਮਿਲਾਈਆ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਠਾਂਡਾ ਕਰੇ ਸੀਨਾ, ਕਲਜੁਗ ਅਗਨੀ ਤਤ ਬੁਝਾਈਆ । ਭਗਤ ਭਗਵਾਨ ਵਿਛੋੜਾ ਸਹਿ ਸਕੇ ਨਾ ਜਿਉਂ ਜਲ ਮੀਨਾ, ਜਲ ਮੀਨ ਲੇਖਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਇਕ ਸੁਹਾਈਆ । ਸਚ ਦੁਆਰ ਸੁਹਾਏ ਭਗਵਾਨ, ਭਗਤਨ ਦਏ ਵਡਿਆਈਆ । ਭਗਤ ਦੁਆਰਾ ਕਰ ਪਰਧਾਨ, ਲੋਕਮਾਤ ਰੁਸ਼ਨਾਈਆ । ਤਿਸ ਦੁਆਰੇ ਆਏ ਕਾਹਨ, ਆਪਣੀ ਆਸ ਵਖਾਈਆ । ਸੰਤ ਸੁਹੇਲੇ ਕਰ ਪਰਵਾਨ, ਗੁਰ ਚੇਲੇ ਮੇਲ ਮਿਲਾਈਆ । ਧੁਰ ਸੰਦੇਸਾ ਦੇਵੇ ਆਣ, ਕਰੇ ਸ਼ਬਦ ਜਣਾਈਆ । ਪਿਛਲਾ ਲੇਖਾ ਚੁਕੇ ਜਹਾਨ, ਅਗਲਾ ਮਾਰਗ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਦਰ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣ ਸੰਦੇਸਾ, ਸਾਰੇ ਲੈਣ ਅੰਗੜਾਈਆ । ਪਾਰਬ੍ਰਹਮ ਪ੍ਰਭ ਤੇਰਾ ਧਾਮ ਨਿਆਰਾ ਇਕੋ ਪੇਖਾ, ਪੇਖ ਪੇਖ ਖ਼ੁਸ਼ੀ ਮਨਾਈਆ । ਲੋਕਮਾਤ ਵਸਾਇਆ ਆਪਣਾ ਦੇਸਾ, ਭਗਤ ਦੁਆਰ ਵੱਜੇ ਵਧਾਈਆ । ਗ਼ਰੀਬ ਨਿਮਾਣਿਆਂ ਕਰੇਂ ਹੇਤਾ, ਰਾਜ ਰਾਜਾਨਾਂ ਧੱਕਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਧਿਆਨ ਲਗਾਈਆ । ਤੇਰੇ ਦਰ ਲੱਗਾ ਧਿਆਨ, ਪ੍ਰਭ ਇਕੋ ਓਟ ਤਕਾਈਆ । ਵੀਹ ਸੌ ਵੀਹ ਬਿਕ੍ਰਮੀ ਤੇਰਾ ਨਜ਼ਰ ਆਇਆ ਨਿਸ਼ਾਨ, ਨਿਸ਼ਾਨਾ ਇਕੋ ਰਿਹਾ ਲਹਿਰਾਈਆ । ਚਾਰ ਕੁੰਟ ਦਹਿ ਦਿਸ਼ਾ ਖ਼ਾਲੀ ਦਿਸੇ ਮੈਦਾਨ, ਸੂਰਬੀਰ ਬਲ ਨਾ ਕੋਇ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਅੰਤ ਤੇਰੀ ਆਸ ਤਕਾਈਆ । ਅੰਤ ਆਸ ਤੱਕਦੇ ਆਏ, ਜੁਗ ਚੌਕੜੀ ਚਾਰ । ਸਾਚੀ ਭਿਖਿਆ ਮੰਗਦੇ ਆਏ, ਸਰਗੁਣ ਰੂਪ ਬਣ ਸੰਸਾਰ । ਸ੍ਰਿਸ਼ਟ ਸਬਾਈ ਦੱਸਦੇ ਆਏ, ਉਚੀ ਕੂਕ ਬੋਲ ਪੁਕਾਰ । ਤੇਰੇ ਹੁਕਮ ਨੱਸਦੇ ਆਏ, ਬਣ ਪਾਂਧੀ ਪੰਧ ਨਿਵਾਰ । ਤੇਰਾ ਨਾਉਂ ਢੋਲਾ ਰਟਦੇ ਆਏ, ਗਾ

੯੮੮
੧੫

ਗਾ ਸਾਚੀ ਵਾਰ । ਤੇਰਾ ਚਰਨ ਸਹਾਰਾ ਤੱਕਦੇ ਆਏ, ਨੇਤਰ ਨੈਣ ਉਠਾਲ । ਆਪਣਾ ਕੀਤਾ ਤੇਰੀ ਝੋਲੀ ਸਟਦੇ ਆਏ, ਸ਼ਾਹ ਪਾਤਸ਼ਾਹ ਸ੍ਰੀ ਭਗਵਾਨ । ਇਕੋ ਇਕ ਮੰਗ ਮੰਗਦੇ ਆਏ, ਅੰਤਮ ਮੇਲਣਾ ਆਪਣੇ ਨਾਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਧੁਰ ਦਾ ਵਰ, ਨਿਰਗੁਣ ਆਪਣਾ ਦਰਸ ਦਿਖਾਲ । ਵੀਹ ਸੌ ਵੀਹ ਬਿਕ੍ਰਮੀ ਆਇਆ ਕੱਤਕ, ਪੰਦਰਾਂ ਥਿਤ ਵਡਿਆਈਆ । ਧੁਰ ਦਾ ਹੁਕਮ ਸੁਣ ਲਓ ਸਖ਼ਤ, ਹਰਿ ਸਤਿਗੁਰ ਆਪ ਜਣਾਈਆ । ਪੁਰਖ ਅਬਿਨਾਸ਼ੀ ਆਇਆ ਪਰਤ, ਨਿਰਗੁਣ ਫੇਰਾ ਪਾਈਆ । ਨਾ ਕੋਈ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਮਿਲ ਕੇ ਸਾਰੇ ਕਰੋ ਦਰਸ, ਵਿਸ਼ਨ ਬ੍ਰਹਮਾ ਸ਼ਿਵ ਨਾਲ ਮਿਲਾਈਆ । ਪੀਰ ਪੈਗ਼ੰਬਰ ਮੇਟੋ ਹਰਸ, ਹਵਸ ਨਾ ਕੋਇ ਵਧਾਈਆ । ਗੁਰ ਅਵਤਾਰ ਮੇਘ ਅੰਮ੍ਰਿਤ ਦੇਵੇ ਬਰਸ, ਆਪਣੀ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਰਨ ਨਿਮਸਕਾਰ, ਇਕੋ ਕੂਕ ਸੁਣਾਈਆ । ਸ੍ਰੀ ਭਗਵਾਨ ਤੇਰਾ ਸੋਹਣਾ ਲੱਗਾ ਦਰਬਾਰ, ਲੋਕਮਾਤ ਵੱਜੀ ਵਧਾਈਆ । ਅਸੀਂ ਸਾਰੇ ਹੋਏ ਖ਼ਬਰਦਾਰ, ਨੇਤਰ ਅੱਖ ਖੁਲ੍ਹਾਈਆ । ਜਾ ਕੇ ਵੇਖੀਏ ਸਾਂਝਾ ਯਾਰ, ਜੋ ਸਗਲਾ ਸੰਗ ਨਿਭਾਈਆ । ਬਿਨ ਅੱਖਾਂ ਕਰੀਏ ਦੀਦਾਰ, ਬਿਨ ਲੋਚਣ ਨਜ਼ਰੀ ਆਈਆ । ਬਿਨ ਹੱਥਾਂ ਚਰਨ ਧੂੜੀ ਲਾਈਏ ਛਾਰ, ਬਿਨ ਮਸਤਕ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਅੰਤਮ ਵੇਲਾ ਗਿਆ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਖ਼ੁਸ਼ੀ ਮਨਾਉਣ, ਦਰਗਹਿ ਸਾਚੀ ਵੱਜੀ ਵਧਾਈਆ । ਰਲ ਕੇ ਢੋਲਾ ਇਕੋ ਗਾਉਣ, ਪ੍ਰਭ ਠਾਕਰ ਬੇਪਰਵਾਹੀਆ । ਸਭ ਦਾ ਲੇਖਾ ਆਇਆ ਮੁਕਾਉਣ, ਪਿਛਲਾ ਹਿਸਾਬ ਚੁਕਾਈਆ । ਅਗਲਾ ਮਾਰਗ ਆਇਆ ਵਖਾਉਣ, ਪੰਥ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਦਰ ਆਈਏ ਚਾਈਂ ਚਾਈਂਆ । ਆਓ ਦਰ ਦੂਰ ਦੁਰਾਡੇ, ਨੇਰਨ ਨੇਰਾ ਰਿਹਾ ਬੁਲਾਈਆ । ਨਿਰਗੁਣ ਕਰੇ ਨਿਰਗੁਣ ਲਾਡੇ, ਸਰਗੁਣ ਰੂਪ ਨਾ ਕੋਇ ਵਖਾਈਆ । ਜਿਸ ਦਾ ਖੇਲ ਬੋਧ ਅਗਾਧੇ, ਨਾਮ ਨਿਧਾਨ ਜਣਾਈਆ । ਸੋ ਪੁਰਖ ਅਕਾਲ ਮਾਰੇ ਵਾਜੇ, ਉਚੀ ਕੂਕ ਸੁਣਾਈਆ । ਸਚ ਦੁਆਰ ਆਓ ਭਾਜੇ, ਸ੍ਰੀ ਭਗਵਾਨ ਰਿਹਾ ਬੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੁਰ ਅਵਤਾਰ ਕਰਨ ਤਿਆਰੀ, ਆਪਣੀ ਲੈ ਅੰਗੜਾਈਆ । ਉਠੋ ਚਲੀਏ ਵਾਰੋ ਵਾਰੀ, ਆਪਣੀ ਲੜੀ ਰਹੇ ਬੰਧਾਈਆ । ਤੇਈ ਅਵਤਾਰ ਕਰਨ ਪਿਆਰੀ, ਪ੍ਰੀਤੀ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਈਆ । ਗੁਰ ਅਵਤਾਰ ਤਿਆਰ ਹੋ ਕੇ, ਹੋਕਾ ਇਕ ਸੁਣਾਇਆ । ਤੇਰੇ ਮਿਲਣ ਦੇ ਆਏ ਮੌਕੇ, ਕੱਠਾ ਰਾਹ ਜਣਾਇਆ । ਸੁਖ ਮਾਣਿਆ ਤੇਰੀ ਸੇਜਾ ਸੌਂ ਕੇ, ਆਸਣ ਇਕ ਵਡਿਆਇਆ । ਧੰਨ ਭਾਗ ਤੂੰ ਮਾਤ ਆਇਉਂ ਭੌਂ ਕੇ, ਨਿਰਗੁਣ ਆਪਣਾ ਫੇਰਾ ਪਾਇਆ । ਅਸੀਂ ਤੇਰਾ ਨਾਉਂ ਗਏ ਗੌਂ ਕੇ, ਸ਼ਬਦ ਰਾਗ ਨਾਦ ਸੁਣਾਇਆ । ਚਾਰ ਜੁਗ ਲੰਘੇ ਤੇਰੇ ਹੋ ਕੇ, ਹੌਕਾ ਲੈ ਲੈ ਵਕਤ ਲੰਘਾਇਆ । ਸਦੀ ਬੀਸਵੀਂ ਆ ਕੇ ਪਹੁੰਚੇ, ਬੇਪਰਵਾਹ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਆਪਣੇ ਰਿਹਾ ਬੁਲਾਇਆ । ਦਰ ਤੇਰੇ ਪ੍ਰਭ ਜੀ ਆਵਾਂਗੇ । ਤੇਰਾ ਦਰਸ ਅਵੱਲਾ ਪਾਵਾਂਗੇ । ਫੜ ਕੇ ਪੱਲਾ ਖ਼ੁਸ਼ੀ ਮਨਾਵਾਂਗੇ ।


੯੮੯
੧੫

ਤੇਰਾ ਵੇਖ ਦੁਆਰ ਮਹੱਲਾ, ਆਪਣਾ ਰੰਗ ਚੜ੍ਹਾਵਾਂਗੇ । ਆਦਿ ਜੁਗਾਦਿ ਸਚਖੰਡ ਤੈਨੂੰ ਵੇਂਹਦੇ ਰਹੇ ਇਕੱਲਾ, ਤੇਰੀ ਅਕਲ ਕਲਾ ਖੇਲ ਵਿਚ ਸਮਾਵਾਂਗੇ । ਕਲਜੁਗ ਅੰਤਮ ਪ੍ਰਭ ਤੂੰ ਵਸਾਇਆ ਇਕ ਮਹੱਲਾ, ਮਹੱਲਾ ਇਕੋ ਇਕ ਵਡਿਆਵਾਂਗੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਹੁਕਮ ਅੰਦਰ ਆਪਣਾ ਕਦਮ ਉਠਾਵਾਂਗੇ । ਸਾਚਾ ਹੁਕਮ ਹਰਿ ਜਗਦੀਸਾ, ਏਕਾ ਏਕ ਜਣਾਈਆ । ਆਓ ਵੇਖੇ ਬੀਸ ਬੀਸਾ, ਹਰਿ ਪ੍ਰਭ ਜੂ ਧਾਰ ਬੰਧਾਈਆ । ਨਿਰਗੁਣ ਛਤਰ ਝੁਲਾਏ ਸੀਸਾ, ਸੀਸ ਜਗਦੀਸ ਤਾਜ ਟਿਕਾਈਆ । ਵੇਖੇ ਆਪਣੇ ਸਾਰੇ ਖ਼ਾਲੀ ਖੀਸਾ, ਵਸਤ ਨਜ਼ਰ ਕੋਇ ਨਾ ਆਈਆ । ਕਿਸੇ ਘਰ ਬਣ ਕੇ ਬਹੇ ਨਾ ਕੋਈ ਜੀਜਾ, ਪਰੌਹਣਾ ਚਾਰੀ ਮੁਕੀ ਜਗਤ ਲੋਕਾਈਆ । ਨਾਤਾ ਰਹਿ ਗਿਆ ਚਾਚਾ ਭਤੀਜਾ, ਪਿਤਾ ਪੂਤ ਨਾਤਾ ਬੈਠਾ ਤੁੜਾਈਆ । ਸ੍ਰੀ ਭਗਵਾਨ ਦਇਆਵਾਨ ਹੋ ਮਿਹਰਵਾਨ ਜਨ ਭਗਤਾਂ ਕਰਨ ਆਇਆ ਰੀਝਾਂ, ਸਿਰ ਆਪਣਾ ਹੱਥ ਟਿਕਾਈਆ । ਸਚ ਪ੍ਰੀਤੀ ਅੰਦਰ ਆਪ ਪਤੀਜਾ, ਦੂਜੀ ਵਸਤ ਲੋੜ ਨਾ ਕੋਇ ਰਖਾਈਆ । ਸ਼ਬਦ ਸੁੱਤ ਨਾਲ ਲਿਆਇਆ ਪੁਤ ਗੀਗਾ, ਗਹਿਰ ਗੰਭੀਰ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਦੇਸਾ ਦੇਵੇ ਬੇਪਰਵਾਹੀਆ । ਵਿਸ਼ਨੂੰ ਕਹੇ ਉਠ ਬ੍ਰਹਮਾ, ਚਲੀਏ ਬਣ ਕੇ ਪਾਂਧੀ ਰਾਹੀਆ । ਬ੍ਰਹਮਾ ਕਹੇ ਸ਼ੰਕਰ ਉਠ ਵੇਖੀਏ ਆਪਣੀ ਮਾਈ ਅੰਮਾਂ, ਜਿਸ ਸਾਡੀ ਬਣਤ ਬਣਾਈਆ । ਗੁਰ ਅਵਤਾਰ ਕਹਿਣ ਨਿਰਗੁਣ ਨੂਰ ਪੇਖੀਏ ਸ੍ਰੀ ਭਗਵਨਾ, ਜਿਸ ਭਗਵਨ ਆਪਣੀ ਧਾਰ ਚਲਾਈਆ । ਭਗਤ ਕਹਿਣ ਚਲੋ ਦਰਸਨ ਪਾਈਏ ਜਿਸ ਅੱਗ ਬੁਝਾਈ ਥੰਮਾਂ, ਸਾਂਤਕ ਸਤਿ ਕਰਾਈਆ । ਪੀਰ ਪੈਗ਼ੰਬਰ ਕਹਿਣ ਚਲੋ ਵੇਖੀਏ ਪਰਵਰਦਿਗਾਰ ਅੰਨ੍ਹਾ, ਜਿਨ ਭੁਲਾਈ ਸਰਬ ਲੋਕਾਈਆ । ਨਾਨਕ ਗੋਬਿੰਦ ਕਹੇ ਚਲੋ ਵੇਖੀਏ ਬਿਨ ਛੱਪਰ ਛੰਨਾ, ਜੋ ਬੈਠਾ ਡੇਰਾ ਲਾਈਆ । ਸਭ ਦੇ ਨਾਲੋਂ ਪਿਛੋਂ ਉਠਿਆ ਜੱਟ ਧੰਨਾ, ਉਚੀ ਕੂਕ ਰਿਹਾ ਜਣਾਈਆ । ਵੇਖੋ ਗ਼ਰੀਬ ਨਿਮਾਣਿਆਂ ਦੁਆਰੇ ਪ੍ਰਭ ਜੂ ਮੰਨਾ, ਮਿੰਨਤ ਕੱਢਣ ਦੀ ਲੋੜ ਰਹੀ ਨਾ ਰਾਈਆ । ਜਿਨ ਭਾਗ ਲਗਾਇਆ ਨਾਮੇ ਕਟੋਰੀ ਛੰਨਾ, ਸੋ ਜਨ ਭਗਤਾਂ ਕਾਇਆ ਕਾਸਾ ਰਿਹਾ ਬਣਾਈਆ । ਜਿਸ ਦਾ ਹੱਦ ਨਾ ਕੋਈ ਬੰਨਾ, ਕਿਨਾਰਾ ਨਜ਼ਰ ਕੋਇ ਨਾ ਆਈਆ । ਉਸ ਦਾ ਚਮਕੇ ਇਕੋ ਚੰਨਾ, ਸ਼ਬਦੀ ਨੂਰ ਸਤਿ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਦਾ ਦੇਵੇ ਬੇਪਰਵਾਹੀਆ । ਸੁਣ ਕੇ ਸੱਦਾ ਸਾਰੇ ਉਠੇ, ਉਠ ਉਠ ਧਿਆਨ ਲਗਾਇਆ । ਠਾਕਰ ਸੁਆਮੀ ਸਾਹਿਬ ਤੁਠੇ, ਮਿਹਰ ਨਜ਼ਰ ਉਠਾਇਆ । ਜੁਗ ਚੌਕੜੀ ਜੋ ਰਿਹਾ ਲੁਕੇ, ਕਲਜੁਗ ਅੰਤਮ ਨੂਰ ਧਰਾਇਆ । ਸਭ ਦੇ ਕੋਲੋਂ ਲੇਖਾ ਪੁੱਛੇ, ਬਚਿਆ ਕੋਈ ਰਹਿਣ ਨਾ ਪਾਇਆ । ਚਲੋ ਚਲੀਏ ਨੰਗੀ ਪੈਰੀਂ ਪੈਰੀਂ ਪਾਓ ਨਾ ਕੋਈ ਜੁਤੇ, ਸ੍ਰੀ ਭਗਵਾਨ ਸੱਚਾ ਰਾਹ ਵਖਾਇਆ । ਪੀਰ ਪੈਗ਼ੰਬਰ ਭੰਨੋ ਟੋਪੀ ਹੁੱਕੇ, ਨੇਜ਼ਾ ਨੜੀ ਕੋਈ ਨਾ ਨਾਲ ਰਲਾਇਆ । ਗੁਰ ਅਵਤਾਰ ਪੀਰ ਪੈਗ਼ੰਬਰ ਜ਼ਾਤ ਪਾਤ ਦੀਨ ਮਜ਼੍ਹਬ ਕੋਈ ਨਾ ਪੁੱਛੇ, ਸਾਕ ਸੱਜਣ ਸੈਣ ਇਕ ਬਣਾਇਆ । ਨੀਵੇਂ ਹੋ ਕੇ ਵੇਖੋ ਸਾਡਾ ਪ੍ਰਭੂ ਨਾ ਹੋਵੇ ਗ਼ੁੱਸੇ, ਗ਼ੁੱਸਾ ਸਾਡੇ ਵਿਚ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਇਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਿਚੋਂ, ਇਕ ਰਿਹਾ ਧਿਆਨ ਲਗਾਈਆ । ਸ੍ਰੀ ਭਗਵਾਨ ਕਰੇ ਖੇਲ ਜਿਨ ਊਚ ਕੀਤੇ ਨੀਚੋਂ, ਨੀਚੋਂ ਊਚ ਬਣਾਈਆ । ਉਸ ਦੀ ਸਿਖਿਆ ਸਾਰੇ ਸੀਖੋ, ਕਰੇ ਸਚ ਪੜ੍ਹਾਈਆ । ਸਚ ਜਣਾਏ ਇਕ ਪ੍ਰੀਤੋ, ਪ੍ਰੀਤਮ ਪ੍ਰੀਤ ਇਕ ਜਣਾਈਆ । ਰਲ ਮਿਲ ਗਾਓ ਇਕੋ

੯੯੦
੧੫

ਗੀਤੋ, ਗੀਤ ਢੋਲਾ ਇਕ ਸੁਣਾਈਆ । ਦਰ ਤੇ ਸਵਾਲੀ ਬਣ ਕੇ ਮੰਗੋ ਭੀਖੇ, ਆਪਣੀ ਰੱਖੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਆਪਣੇ ਘਰ ਬੁਲਾਈਆ । ਸੋ ਪੁਰਖ ਨਿਰੰਜਣ ਤੇਰਾ ਵੇਖ ਦਰਬਾਰ, ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀ ਮਨਾਈਆ । ਹਰਿ ਪੁਰਖ ਨਿਰੰਜਣ ਵੇਖ ਤੇਰਾ ਵਿਵਹਾਰ, ਗੁਰ ਅਵਤਾਰ ਰਹੇ ਜਸ ਗਾਈਆ । ਏਕੰਕਾਰ ਵੇਖ ਤੇਰਾ ਜੈਕਾਰ, ਪੀਰ ਪੈਗ਼ੰਬਰ ਧਿਆਨ ਲਗਾਈਆ । ਨੇਤਰ ਨੈਣ ਸਰਬ ਉਘਾੜ, ਚਾਰੇ ਕੁੰਟ ਵੇਖ ਵਖਾਈਆ । ਦੋ ਜਹਾਨਾਂ ਵਿਚੋਂ ਨਜ਼ਰੀ ਆਇਆ ਭਗਤ ਦੁਆਰ, ਜਿਸ ਘਰ ਹਰਿ ਜੂ ਬੈਠਾ ਡੇਰਾ ਲਾਈਆ । ਜਿਸ ਦੇ ਅੱਗੇ ਪਿਛੇ ਸੱਜੇ ਖੱਬੇ ਜਨ ਭਗਤਾਂ ਰੱਖਿਆ ਪਹਿਰਾ, ਬੈਠੇ ਧਿਆਨ ਧਰਾਈਆ । ਕੋਈ ਨਜ਼ਰ ਨਾ ਆਵੇ ਰਾਹ ਖਹਿੜਾ, ਗੁਰ ਅਵਤਾਰ ਪੀਰ ਪੈਗ਼ੰਬਰ ਕਿਹੜੇ ਰਸਤੇ ਆਈਆ । ਚਾਰੋਂ ਕੁੰਟ ਹਰਿ ਸੰਗਤ ਪਾਇਆ ਘੇਰਾ, ਘੇਰਿਆ ਬੇਪਰਵਾਹੀਆ । ਜਿਥੇ ਕੂੜੀ ਕਿਰਿਆ ਨਜ਼ਰ ਨਾ ਆਵੇ ਕੋਈ ਡੇਰਾ, ਜਗਤ ਵਾਸਨਾ ਨਾ ਕੋਇ ਵਖਾਈਆ । ਇਕੋ ਕਹਿਣ ਤੂੰ ਮੇਰਾ ਮੈਂ ਤੇਰਾ, ਦੂਜਾ ਨਜ਼ਰ ਕੋਇ ਨਾ ਆਈਆ । ਪਿਤਾ ਕਹੇ ਮੇਰਾ ਪੁਤ ਇਕੋ ਬਥੇਰਾ, ਬਹੁਤੇ ਕੰਮ ਕਿਸੇ ਨਾ ਆਈਆ । ਪੁੱਤ ਕਹੇ ਮੇਰਾ ਬਾਪ ਸ਼ੇਰਾ, ਦੋ ਜਹਾਨਾਂ ਗਰਜ ਲਗਾਈਆ । ਦੋਹਾਂ ਰਲ ਕੇ ਖੁੱਲ੍ਹਾ ਕੀਤਾ ਵਿਹੜਾ, ਸਮਝ ਸੋਚ ਸਕੇ ਕੋਈ ਨਾ ਰਾਈਆ । ਉਪਰੋਂ ਨੀਚੇ ਆਇਆ ਲਾਇਆ ਡੇਰਾ, ਕਰੇ ਖੇਲ ਬੇਪਰਵਾਹੀਆ । ਪਹਿਲੋਂ ਡੁਬਦਿਆਂ ਤਾਰੇ ਬੇੜਾ, ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਦਰਵਾਜ਼ਾ ਇਕ ਬਣਾਈਆ । ਹਰਿ ਕਾ ਦਰਵਾਜ਼ਾ ਬਣ ਗਏ ਭਗਤ, ਤਾਕੀ ਕੁੰਡਾ ਨਜ਼ਰ ਕੋਇ ਨਾ ਆਈਆ । ਨਾ ਕੋਈ ਖਾਣੀ ਸਮਝੇ ਜਗਤ, ਲੱਖ ਚੁਰਾਸੀ ਭਰਮ ਭੁਲਾਈਆ । ਸਰਗੁਣ ਵਿਚ ਨਿਰਗੁਣ ਆਇਆ ਪਰਤ, ਪਰਤੀਨਿਧ ਇਕ ਅਖਵਾਈਆ । ਜੁਗ ਚੌਕੜੀ ਜੋ ਰਿਹਾ ਫ਼ਰਕ, ਅੰਤਮ ਪੂਰਾ ਦਏ ਕਰਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਇਸ ਦੇ ਉਤੇ ਕਰੋ ਕੋਈ ਨਾ ਹਰਖ, ਇਹ ਸਭ ਦਾ ਇਕ ਗੋਸਾਈਆਂ । ਕਲਜੁਗ ਅੰਤਮ ਕੀਤਾ ਤਰਸ, ਕੋਝੇ ਕਮਲੇ ਗਲੇ ਲਗਾਈਆ । ਚਾਰ ਜੁਗ ਰਾਹ ਤੱਕਦੀ ਰਹੀ ਧਰਤ, ਆਪਣੇ ਨੈਣ ਉਠਾਈਆ । ਰਾਮ ਚੰਦ ਰੋ ਕੇ ਏਥੇ ਕਰ ਕੇ ਗਿਆ ਹਰਖ, ਅਪਣਿਆਂ ਨੈਣਾਂ ਨੀਰ ਵਹਾਈਆ । ਕ੍ਰਿਸ਼ਨ ਲਾ ਕੇ ਸ਼ਰਤ, ਮੁਖੀ ਤੀਰ ਇਕ ਛੁਹਾਈਆ । ਨਾਨਕ ਮੰਗ ਮੰਗ ਕੇ ਗਿਆ ਧੜਤ, ਧੁਰ ਆਪਣੀ ਝੋਲੀ ਡਾਹੀਆ । ਗੋਬਿੰਦ ਕਰ ਕੇ ਗਿਆ ਲਿਖਤ ਪੜ੍ਹਤ, ਨਾਮ ਕਲਮ ਸ਼ਾਹੀਆ । ਪੁਰਖ ਅਕਾਲ ਦੀਨ ਦਿਆਲ ਕਰੇ ਖੇਲ ਆਪ ਸਮਰਥ, ਸਮਰਥ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਵਾਜ਼ਾ ਇਕ ਸੁਹਾਈਆ । ਜਨ ਭਗਤ ਬਣਾਏ ਇਕ ਦਰਵਾਜ਼ਾ, ਹਰਿ ਦਰਦੀ ਦਰਦ ਵੰਡਾਈਆ । ਅੰਦਰ ਵੜ ਗ਼ਰੀਬ ਨਿਵਾਜ਼ਾ, ਆਪਣਾ ਆਸਣ ਲਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਸਾਜਣ ਸਾਜਾ, ਸਗਲੀ ਆਪ ਬਣਾਈਆ । ਸ਼ਾਹੋ ਭੂਪ ਬਣ ਰਾਜਨ ਰਾਜਾ, ਨੌਬਤ ਨਾਮ ਵਜਾਈਆ । ਨਿਰਗੁਣ ਸਰਗੁਣ ਰਚ ਰਚ ਕਾਜਾ, ਦੂਆ ਸਿਫ਼ਰਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਹਰਿ ਜੂ ਵੇਖ ਦਰਵਾਜ਼ਾ ਤੇਰਾ ਬੰਦ, ਹੋਏ ਸਰਬ ਹੈਰਾਨਾ । ਤੇਰੇ ਭਗਤਾਂ ਕੱਢੀ ਅਗੰਮੀ ਕੰਧ, ਝੁਲਿਆ ਸਚ ਨਿਸ਼ਾਨਾ । ਸਿਫ਼ਤ ਨਾ ਕਰੇ ਬੱਤੀ ਦੰਦ, ਬੋਲੇ ਰਸਨਾ ਨਾ ਕੋਈ ਜ਼ਬਾਨਾ । ਜਿਨ੍ਹਾਂ ਤੇਰੇ ਨਾਲ ਪਈ ਗੰਢ, ਤਿਨ੍ਹਾਂ ਛੁਟਾ ਜਗਤ ਨਿਧਾਨਾ । ਚਾਰ ਜੁਗ ਵੇਖੀ ਪੈਂਦੀ

੯੯੧
੧੫

ਨਾ ਕਿਸੇ ਠੰਡ, ਕਲਜੁਗ ਅੰਤ ਖੇਲ ਮਹਾਨਾ । ਤੂੰ ਕੱਟਿਆ ਰੰਡੇਪਾ ਰੰਡ, ਕਰ ਮਿਹਰ ਸ੍ਰੀ ਭਗਵਾਨਾ । ਜਨ ਭਗਤ ਚੜ੍ਹਾ ਕੇ ਚੰਦ, ਰੋਸ਼ਨ ਕੀਤਾ ਦੋ ਜਹਾਨਾਂ । ਅਸੀਂ ਅੱਗੇ ਹੋ ਕੇ ਗਾਈਏ ਛੰਦ, ਰਾਹ ਤੱਕੇ ਜ਼ਿਮੀਂ ਅਸਮਾਨਾ । ਕਰ ਕਿਰਪਾ ਸਾਨੂੰ ਏਨ੍ਹਾਂ ਨਾਲ ਗੰਢ, ਜਿਨ੍ਹਾਂ ਦਰ ਕਰੇਂ ਪਰਵਾਨਾ । ਚਾਰ ਜੁਗ ਦੀ ਔਧ ਗਈ ਹੰਢ, ਅੰਤਮ ਮਿਟੇ ਕੂੜ ਨਿਸ਼ਾਨਾ । ਜੋ ਆਪਣਾ ਨਾਮ ਰਿਹੋਂ ਵੰਡ, ਬਿਨ ਹੱਥਾਂ ਦੇਵੇਂ ਦਾਨਾ । ਕਿਉਂ ਸਾਡੇ ਵਲ ਕੀਤੀ ਕੰਡ, ਕਰਵਟ ਬਦਲੀ ਨਾ ਨੌਜਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸੁਲਤਾਨਾ । ਗੁਰ ਅਵਤਾਰੋ ਪੀਰ ਪੈਗ਼ੰਬਰੋ ਨਾ ਕਰੋ ਰੋਸਾ, ਪ੍ਰਭ ਰੁੱਸਿਆਂ ਲਏ ਮਨਾਈਆ । ਆਦਿ ਜੁਗਾਦਿ ਨਾ ਹੋਏ ਹੋਛਾ, ਹੋਛਾ ਰੂਪ ਨਾ ਕੋਇ ਵਟਾਈਆ । ਕੀ ਹੋਇਆ ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਜਨ ਭਗਤਾਂ ਦਾ ਸੁਹਾਇਆ ਇਕੋ ਕੋਠਾ, ਮੰਦਰ ਆਪਣਾ ਡੇਰਾ ਲਾਈਆ । ਏਥੇ ਲੋੜ ਨਹੀਂ ਰਹੀ ਪੜ੍ਹਨ ਦੀ ਪੋਥਾ, ਬਿਨ ਪੜ੍ਹਿਆਂ ਦਏ ਸਮਝਾਈਆ । ਮਾਣ ਦਿਵਾਏ ਲੋਕ ਪਰਲੋਕਾ, ਚਰਨ ਕਵਲ ਦਏ ਸਰਨਾਈਆ । ਸਾਖਿਆਤ ਪਰਗਟ ਹੋ ਕੇ ਕਰੇ ਨਾ ਕੋਈ ਧੋਖਾ, ਡੁਬਦਿਆਂ ਪਾਰ ਕਰਾਈਆ । ਸ਼ਬਦ ਨਗਾਰੇ ਲਾਏ ਚੋਟਾ, ਦੋ ਜਹਾਨਾਂ ਰਿਹਾ ਜਗਾਈਆ । ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਪ੍ਰਭ ਦੇ ਚਰਨ ਰਹੇ ਨਾ ਕੋਈ ਖੋਟਾ, ਖੋਟੇ ਖਰੇ ਆਪੇ ਵੇਖ ਵਖਾਈਆ । ਨਿਰਗੁਣ ਰੂਪ ਨਿਰਗੁਣ ਜੋਤਾ, ਨਿਰਗੁਣ ਨੂਰ ਨਜ਼ਰੀ ਆਈਆ । ਨਿਰਗੁਣ ਬਾਪ ਨਿਰਗੁਣ ਪੁਤ ਨਿਰਗੁਣ ਅੱਗੇ ਜੰਮਿਆ ਪੋਤਾ, ਦਾਦੀ ਨਜ਼ਰ ਕਿਸੇ ਨਾ ਆਈਆ । ਪਾਰਬ੍ਰਹਮ ਆਪਣੀ ਖੇਲ ਕਰਨ ਦਾ ਰੱਖਿਆ ਸ਼ੌਕਾ, ਸ਼ੌਕੀਨ ਹੋ ਕੇ ਆਇਆ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸ਼ਾਹ ਪਾਤਸ਼ਾਹ ਹਰਿ ਵਡ ਸੁਲਤਾਨਾ, ਗੁਰ ਅਵਤਾਰਾਂ ਆਪ ਜਣਾਇੰਦਾ । ਸਾਰੇ ਉਠੋ ਵੇਖੋ ਇਕ ਨਿਸ਼ਾਨਾ, ਸ੍ਰੀ ਭਗਵਾਨ ਆਪ ਝੁਲਾਇੰਦਾ । ਸਾਚੇ ਭਗਤਾਂ ਕਰ ਪਰਵਾਨਾ, ਪਰਵਾਨਗੀ ਆਪਣੇ ਹੱਥ ਰਖਾਇੰਦਾ । ਧੁਰ ਦਾ ਕਾਹਨ ਬਣ ਕੇ ਕਾਹਨਾ, ਹਰਿ ਆਪਣੀ ਖੇਲ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੁਹਾਡੇ ਪਿਛੇ ਆਪਣੀ ਸੇਵਾ ਲਾਇੰਦਾ । ਆਪਣੀ ਸੇਵਾ ਲਗਾਏ ਆਪ, ਪ੍ਰਭ ਆਪਣੀ ਦਇਆ ਕਮਾਈਆ । ਉਠ ਕੇ ਚਾਰੋਂ ਕੁੰਟ ਰਹੇ ਝਾਕ, ਕਵਣ ਦੁਆਰੇ ਰਸਤਾ ਨਜ਼ਰੀ ਆਈਆ । ਆਪਣਿਆਂ ਭਗਤਾਂ ਦੇਵੇ ਆਖ, ਸੁਣੋ ਪ੍ਰੇਮ ਪਿਆਰ ਬੇਪਰਵਾਹੀਆ । ਚਾਰ ਜੁਗ ਜੋ ਮੰਗਦੇ ਰਹੇ ਦਾਤ, ਉਹ ਬੈਠੇ ਧਿਆਨ ਲਗਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੀ ਉਹ ਦਾਤ, ਨੂਰ ਨੂਰ ਵਿਚੋਂ ਪਰਗਟਾਈਆ । ਲੇਖਾ ਲਿਖ ਦੇ ਗਏ ਕਲਮ ਦਵਾਤ, ਲੋਕਮਾਤ ਜਗਤ ਸ਼ਾਹੀਆ । ਵਸਤ ਮੰਗਦੇ ਗਏ ਦੋ ਹਾਥ, ਝੋਲੀ ਆਪਣੀ ਅੱਗੇ ਡਾਹੀਆ । ਕਵਣ ਵੇਲਾ ਪ੍ਰਭ ਪਰਗਟ ਹੋਵੇ ਲੋਕਮਾਤ, ਨਿਰਗੁਣ ਆਪਣਾ ਫੇਰਾ ਪਾਈਆ । ਦਰਸ ਕਰੀਏ ਸਾਖਿਆਤ, ਘਰ ਸਾਚੇ ਖ਼ੁਸ਼ੀ ਮਨਾਈਆ । ਮਸਤ ਪਿਆਲਾ ਪਿਆਏ ਆਬੇਹਯਾਤ, ਅੰਮ੍ਰਿਤ ਰਸ ਇਕ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਸੇਵਾ ਆਪ ਕਮਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਪ੍ਰਭ ਰਸਤਾ ਰਿਹਾ ਟੋਲ, ਆਪਣੀ ਸੋਟੀ ਹੱਥ ਉਠਾਈਆ । ਕਵਣ ਗੁਰਮੁਖ ਤੁਹਾਡਾ ਰਸਤਾ ਦੇਵੇ ਖੋਲ੍ਹ, ਤਾਕੀ ਆਪਣੀ ਹੱਥੀਂ ਲਾਹੀਆ । ਜਿਧਰ ਵੇਖਾਂ ਸਾਰੇ ਬੈਠੇ ਅਨਭੋਲ, ਤਿਨ੍ਹਾਂ ਭੁੱਲੀ ਸਰਬ ਲੋਕਾਈਆ । ਪ੍ਰਭ ਬਹਿਣ ਆਏ

ਤੇਰੇ ਕੋਲ, ਬੈਠੇ ਅੰਗ ਨਾਲ ਅੰਗ ਲਗਾਈਆ । ਚਾਰ ਜੁਗ ਤੈਨੂੰ ਰਹੇ ਟੋਲ, ਜੁਗ ਜੁਗ ਵੇਸ ਵਟਾਈਆ । ਤੇਰਾ ਪੜਦਾ ਰਹੇ ਫੋਲ, ਫੋਲਿਆਂ ਹੱਥ ਕਿਸੇ ਨਾ ਆਈਆ । ਤੂੰ ਵਸਿਆ ਰਿਹੋਂ ਕਾਇਆ ਚੋਲੇ ਓਹਲ, ਨਿਰਗੁਣ ਆਪਣਾ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਈਆ । ਜਨ ਭਗਤੋ ਸਾਚੇ ਸੰਤੋ ਗੁਰਮੁਖੋ ਗੁਰਸਿਖ, ਇਕ ਰਸਤਾ ਦਿਓ ਬਣਾਈਆ । ਤੁਹਾਡੇ ਕੋਲੋਂ ਮੰਗੇ ਭਿਖ, ਹਰਿ ਦਾਤਾ ਬੇਪਰਵਾਹੀਆ । ਜਿਧਰ ਵੇਖਾਂ ਜਨ ਭਗਤ ਆਉਣ ਦਿਸ, ਦੂਜਾ ਨਜ਼ਰ ਕੋਇ ਨਾ ਆਈਆ । ਪਿਆਰ ਕਰਨਾ ਮੇਰਾ ਹਿਤ, ਪ੍ਰੀਤੀ ਪ੍ਰੀਤਮ ਨਾਲ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ । ਜਨ ਭਗਤ ਕਹਿਣ ਪ੍ਰਭ ਵੇਖ ਰੰਗ, ਅਚਰਜ ਆਪ ਰੰਗਾਇਆ । ਆਦਿ ਪੁਰਖ ਸੂਰੇ ਸਰਬੰਗ, ਲਾਲ ਗੁਲਾਲਾ ਰੂਪ ਵਟਾਇਆ । ਕੰਚਨ ਰੂਪ ਤੇਰਾ ਜੀਵ ਇਹ ਚੰਦ, ਮਸਤਕ ਟਿੱਕਾ ਇਕ ਸੁਹਾਇਆ । ਪੁਰਖ ਅਕਾਲ ਦੀਨ ਦਿਆਲ ਸੂਹਾ ਵੇਸ ਵੰਡੀ ਵੰਡ, ਸੋਭਾ ਇਕ ਦਰ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਿੱਟੀ ਧਾਰ ਪਾਈ ਗੰਢ, ਇਕ ਇਕ ਇਕ ਆਪਣੇ ਰੰਗ ਸਮਾਇਆ । ਸੂਹਾ ਕਹੇ ਚਿੱਟੀ ਧਾਰ, ਘਟ ਘਟ ਗਈ ਸਮਾਈਆ । ਜਿਸ ਨੇ ਇਹ ਬ੍ਰਹਮ ਕਰਨਾ ਪਸਾਰ, ਪੀਲੇ ਰੰਗ ਦਏ ਵਡਿਆਈਆ । ਪੀਲਾ ਕਹੇ ਮੇਰਾ ਗੋਬਿੰਦ ਮੀਤ ਮੁਰਾਰ, ਨੀਲੀ ਧਾਰੋਂ ਪਾਰ ਕਰਾਈਆ । ਨੀਲਾ ਕਹੇ ਮੇਰਾ ਅਸਵਾਰ, ਕਲਜੁਗ ਛਾਹੀ ਦਏ ਧਵਾਈਆ । ਕਲਜੁਗ ਕਾਲਾ ਕਹੇ ਮੈਨੂੰ ਪੈਂਦੀ ਮਾਰ, ਸਤਿਗੁਰ ਪੂਰਾ ਡੰਡਾ ਹੱਥ ਉਠਾਈਆ । ਕਿਰਪਾ ਕਰ ਮੇਰੇ ਸਾਂਝੇ ਯਾਰ, ਨੀਲੀ ਧਾਰੋਂ ਤੇਰਾ ਰਾਹ ਤਕਾਈਆ । ਨੀਲੇ ਵਾਲਾ ਕਹੇ ਮੈਂ ਸ਼ਾਹ ਅਸਵਾਰ, ਪੀਲਾ ਸੰਗ ਰਲਾਈਆ । ਪੀਲਾ ਕਹੇ ਮੈਂ ਚਿਟੇ ਦਾ ਅਸਵਾਰ, ਅੱਗੇ ਪਿਛੇ ਸੱਜੇ ਖੱਬੇ ਸਭ ਵਿਚ ਰਿਹਾ ਸਮਾਈਆ । ਚਿਟਾ ਕਹੇ ਮੇਰਾ ਅਗਲਾ ਯਾਰ, ਸੂਹਾ ਰੰਗ ਰੰਗਾਈਆ । ਸੂਹਾ ਰੰਗ ਕਹੇ ਮੇਰਾ ਕੰਚਨ ਆਧਾਰ, ਕਾਇਆ ਕੱਚ ਦਏ ਵਡਿਆਈਆ । ਕੰਚਨ ਕਹੇ ਮੇਰਾ ਲਾਲ ਸਰਦਾਰ, ਜਿਸ ਨਾਲ ਮੇਰੀ ਸ਼ਹਿਨਸ਼ਾਹੀਆ । ਲਾਲ ਰੰਗ ਕਹੇ ਮੇਰੇ ਪ੍ਰਭ ਗੁਰਮੁਖਾਂ ਉਤੋਂ ਜਾਵਾਂ ਬਲਹਾਰ, ਜਿਸ ਦਿਤੀ ਮਾਣ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਵੇਖ ਸਾਰੇ ਖ਼ੁਸ਼ੀ ਮਨਾਣ, ਪੰਦਰਾਂ ਕੱਤਕ ਰੁੱਤ ਸੁਹਾਈਆ । ਕਵਣ ਰਸਤਾ ਲੰਘੀਏ ਆਣ, ਮਿਲੇ ਮੇਲ ਸ੍ਰੀ ਭਗਵਾਨ, ਦਰਸਨ ਕਰੀਏ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬੋਲੇ ਨਾਲ ਜ਼ੋਰ, ਵਾਹਵਾ ਤੇਰੀ ਪ੍ਰਭ ਵਡਿਆਈਆ । ਉਠ ਸੁਣ ਲੈ ਸਾਚਾ ਸ਼ੋਰ, ਤੇਰੇ ਛੋਹਰੇ ਰਹੇ ਕਰਾਈਆ । ਆਪਣੇ ਹੱਥ ਖਿਚੀ ਡੋਰ, ਤਨਕ ਇਕੋ ਇਕ ਲਗਾਈਆ । ਦਰ ਆਏ ਤੇਰੇ ਕੋਲ, ਘਰ ਆ ਕੇ ਖ਼ੁਸ਼ੀ ਮਨਾਈਆ । ਫੇਰ ਸਾਡਾ ਸੁਣੀਂ ਬੋਲ, ਤੈਨੂੰ ਸੁਣਾਈਏ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਚਰਨ ਓਟ ਰਖਾਈਆ । ਗੁਰ ਅਵਤਾਰੋ ਪੀਰ ਪੈਗੰਬਰੋ ਜਨ ਭਗਤਾਂ ਕੋਲੋਂ ਪੁਛਦਾ ਹਾਂ, ਆਪਣਾ ਹਾਲ ਸੁਣਾਈਆ । ਤੁਹਾਡੇ ਨਾਲ ਕਦੇ ਨਾ ਰੁੱਸਦਾ ਹਾਂ, ਏਨ੍ਹਾਂ ਲਵਾਂ ਮਨਾਈਆ । ਏਨ੍ਹਾਂ ਨਾਲੋਂ ਨਾ ਛੁਟਦਾ ਹਾਂ, ਤੁਹਾਡਾ ਰੰਗ ਚੜ੍ਹਾਈਆ । ਦੁਨੀਆ ਤੋਂ ਬਹਿ ਕੇ ਲੁਕਦਾ ਹਾਂ, ਆਪਣਾ ਪੱਲੂ ਛੁਪਾਈਆ । ਏਥੇ ਓਥੇ ਦੋ ਜਹਾਨਾਂ ਨਿਰਗੁਣ ਸਰਗੁਣ ਹੋ ਕੇ ਪੁਛਦਾ ਹਾਂ, ਆਪਣੀ ਕਾਰ ਕਮਾਈਆ । ਜੇ ਕੋਈ ਲੱਭੇ ਲੁਕਦਾ ਹਾਂ, ਨਜ਼ਰ

ਕਿਸੇ ਨਾ ਆਈਆ । ਜੇ ਕੋਈ ਸੱਦੇ ਨੇੜੇ ਹੋ ਕੇ ਢੁਕਦਾ ਹਾਂ, ਜਨ ਭਗਤ ਦੁਆਰੇ ਫੇਰਾ ਪਾਈਆ । ਜੇ ਕੋਈ ਪੁਛੇ ਸ਼ੇਰ ਹੋ ਕੇ ਬੁੱਕਦਾ ਹਾਂ, ਧੁਰ ਦਾ ਹਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਪ੍ਰਭ ਏਕ, ਏਕੰਕਾਰ ਵੱਡੀ ਵਡਿਆਈਆ । ਸਾਹਿਬ ਸਤਿਗੁਰ ਦੇਵੇ ਟੇਕ, ਸੁਆਮੀ ਆਪਣੀ ਦਇਆ ਕਮਾਈਆ । ਸਚ ਦੁਆਰ ਲੈਣਾ ਪੇਖ, ਹਰਿ ਵੱਖਰੀ ਕਾਰ ਕਮਾਈਆ । ਜਨ ਭਗਤਾਂ ਕਰੇ ਆਪਣਾ ਹੇਤ, ਹਿਤਕਾਰੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਏ ਵਡਿਆਈਆ । ਲਾਲ ਕੰਚਨ ਦਾ ਖੁਲ੍ਹੇ ਦਰਵਾਜ਼ਾ, ਸੱਤ ਸਫ਼ੈਦੀ ਧਾਰ ਜਣਾਈਆ । ਕਰੇ ਮਿਹਰ ਪ੍ਰਭ ਗ਼ਰੀਬ ਨਿਵਾਜ਼ਾ, ਮਿਹਰਵਾਨ ਦਇਆ ਕਮਾਈਆ । ਵਿਸ਼ਨੂੰ ਮਾਰੇ ਪਹਿਲੀ ਵਾਜਾ, ਇਕੋ ਰਾਹ ਵਖਾਈਆ । ਸੀਸ ਝੁਕਾ ਆਏ ਭਾਜਾ, ਨੱਠੇ ਵਾਹੋ ਦਾਹੀਆ । ਪਾਰਬ੍ਰਹਮ ਦਾ ਵੇਖ ਕਾਜਾ, ਏਕਾ ਖ਼ੁਸ਼ੀ ਮਨਾਈਆ । ਜਿਸ ਦਾ ਸਿੰਘ ਬਿਸ਼ਨ ਬਣਿਆ ਦਰਵਾਜ਼ਾ, ਵਿਚ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਵਿਸ਼ਨੂੰ ਕਹੇ ਧੰਨ ਭਾਗ, ਪ੍ਰਭ ਦਿਤੀ ਮਾਣ ਵਡਿਆਈਆ । ਰਸਤਾ ਮਿਲਿਆ ਆ ਮੈਨੂੰ ਲਾਜ, ਭਿੰਨੜੀ ਰੈਣ ਖ਼ੁਸ਼ੀ ਵਖਾਈਆ । ਭਗਤ ਭਗਵਾਨ ਵੇਖ ਸਮਾਜ, ਪਿਛਲੀ ਸੁਧ ਭੁਲਾਈਆ । ਨਵ ਨੌਂ ਚਾਰ ਪਿਛੋਂ ਅਗੰਮੜਾ ਰਵਾਜ, ਹਰਿ ਕਰਤਾ ਰਿਹਾ ਚਲਾਈਆ । ਜਿਸ ਦਾ ਲੇਖਾ ਲਿਖਿਆ ਨਾ ਕਿਸੇ ਕਲਮ ਦਵਾਤ, ਸ਼ਾਹੀ ਸਮਝ ਕੋਇ ਨਾ ਆਈਆ । ਸੋ ਕਰੇ ਖੇਲ ਪੁਰਖ ਸਮਰਾਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਰਿਹਾ ਬੁਲਾਈਆ । ਵਿਸ਼ਨੂੰ ਅੰਦਰ ਆ ਲੰਘ, ਕਰ ਚਰਨ ਧਿਆਨ । ਸਾਚਾ ਵੇਖ ਸ੍ਰੀ ਭਗਵਾਨ ਪਲੰਘ, ਜਿਥੇ ਬੈਠਾ ਨੌਜਵਾਨ । ਸਤਿ ਸਰੂਪੀ ਚੜ੍ਹਿਆ ਰੰਗ, ਝੁੱਲੇ ਇਕ ਨਿਸ਼ਾਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਨੌਜਵਾਨ । ਵਿਸ਼ਨੂੰ ਆ ਕੇ ਵੜਿਆ ਵੇਹੜੇ, ਨੀਵੀਂ ਨਜ਼ਰ ਰਖਾਈਆ । ਧੰਨ ਭਾਗ ਪ੍ਰਭ ਤੇਰੇ ਆਇਆ ਖੇੜੇ, ਮੇਰਾ ਖੇੜਾ ਦੇਣਾ ਵਸਾਈਆ । ਸਦਾ ਵਸਾਂ ਤੇਰੇ ਡੇਰੇ, ਚਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਝੋਲੀ ਪਾਈਆ । ਵੇਖ ਬ੍ਰਹਮੇ ਸੂਹਾ ਪੀਲਾ ਰੰਗ, ਤੇਰੀ ਚਿਟੀ ਧਾਰ ਵੰਡ ਵੰਡਾਇੰਦਾ । ਏਸ ਦਰਵਾਜ਼ਿਉਂ ਆਉਣਾ ਲੰਘ, ਤੈਨੂੰ ਰਾਹ ਵਖਾਇੰਦਾ । ਆ ਕੇ ਵੇਖਣਾ ਇਕ ਅਨੰਦ, ਅਨੰਦ ਆਪਣਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਦਰਵਾਜ਼ਾ ਆਪ ਖੁਲ੍ਹਾਇੰਦਾ । ਬ੍ਰਹਮੇ ਦਰਵਾਜ਼ਾ ਦੇਣਾ ਖੋਲ੍ਹ, ਇੰਦਰ ਸਿੰਘ ਆਪਣਾ ਕੁੰਡਾ ਲਾਹੀਆ । ਸਤਿਗੁਰ ਅੱਗੇ ਦਿਸੇ ਬੈਠਾ ਅਡੋਲ, ਨਿਰਗੁਣ ਦਾਤਾ ਬੇਪਰਵਾਹੀਆ । ਦਰ ਦੁਆਰ ਬ੍ਰਹਮਾ ਜਾਏ ਕੋਲ, ਅੱਗੇ ਆਉਣ ਜ਼ਰਾ ਨਾ ਪਾਈਆ । ਉਚੀ ਕੂਕ ਕਹੇ ਬੋਲ, ਤੂੰ ਮੇਰਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਦਏ ਜਣਾਈਆ । ਬ੍ਰਹਮਾ ਅੰਦਰ ਆ ਕੇ ਗਿਆ ਝੁਕ, ਆਪਣਾ ਸੀਸ ਨਿਵਾਇਆ । ਪ੍ਰਭ ਜੂ ਮੇਰਾ ਪੈਂਡਾ ਗਿਆ ਮੁੱਕ, ਪਿਛਲਾ ਪੰਧ ਨਾ ਰਿਹਾ ਰਾਇਆ । ਬਿਨ ਤੇਰੇ ਮਿਲਿਆ ਕੋਈ ਨਾ ਸੁਖ, ਚੁਰਾਸੀ ਖੇਲ ਖਲਾਇਆ । ਜਨਮ ਮਰਨ ਵਿਚ ਇਕੋ ਦੁੱਖ, ਵਿਛੋੜਾ ਤੇਰਾ ਨਾ ਮੋਹੇ ਭਾਇਆ । ਕਰ ਕਿਰਪਾ ਆਪਣੀ ਗੋਦੀ ਚੁੱਕ, ਤੇਰੇ ਚਰਨ ਧਿਆਨ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਇਆ । ਸ੍ਰੀ ਭਗਵਾਨ ਹੋ ਦਿਆਲ, ਪ੍ਰਭ ਆਪਣੀ ਦਇਆ ਕਮਾਈਆ । ਬ੍ਰਹਮੇ ਤੇਰੀ ਸੁਰਤ ਲਏ ਸੰਭਾਲ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਤੇਰਾ ਧਾਮ ਸੁਹਾਏ ਆਪਣੇ ਲਾਲ, ਹਰਿ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਆਪਣੇ ਲਏ ਬਹਾਈਆ । ਕਾਲਾ ਨੀਲਾ ਵੇਖ ਦਰਵਾਜ਼ਾ, ਸ਼ੰਕਰ ਦਏ ਵਡਿਆਈਆ । ਅੱਗੇ ਪਿਛੇ ਫਿਰੇ ਭਾਜਾ, ਰਾਹ ਨਜ਼ਰ ਕੋਇ ਨਾ ਆਈਆ । ਸੱਟ ਤ੍ਰਿਸੂਲ ਮਾਰੇ ਵਾਜਾਂ, ਉਚੀ ਕੂਕ ਸੁਣਾਈਆ । ਮੇਰੀ ਪ੍ਰਭੂ ਰੱਖ ਲਾਜਾ, ਤੇਰੀ ਓਟ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਸ਼ੰਕਰ ਰੋਵੇ ਭੋਲਾ ਨਾਥ, ਕੰਠ ਮਾਲਾ ਨਜ਼ਰ ਕੋਇ ਨਾ ਆਈਆ । ਹਰਿ ਜੂ ਦੱਸ ਆਪਣਾ ਸਾਥ, ਕਵਣ ਦੁਆਰੇ ਡੇਰਾ ਲਾਈਆ । ਨਾ ਕੋਈ ਮਾਰਗ ਦਿਸੇ ਘਾਟ, ਪਾਂਧੀ ਚਲ ਚਲ ਥੱਕਾ ਰਾਹੀਆ । ਤੁਧ ਬਿਨ ਪੁਛੇ ਨਾ ਕੋਈ ਵਾਤ, ਸੱਚਾ ਬਣੇ ਨਾ ਕੋਈ ਮਾਹੀਆ । ਹਉਂ ਸੇਵਕ ਬਣਿਆ ਅਨਾਥ, ਅਨਾਥ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਚਰਨ ਦੇ ਵਡਿਆਈਆ । ਭੋਲੇ ਨਾਥ ਤੇਰੀ ਤਾਕੀ, ਨੀਲੀ ਕਾਲੀ ਧਾਰ ਆਪ ਖੁਲ੍ਹਾਇੰਦਾ । ਲਹਿਣਾ ਦੇਣਾ ਰਹੇ ਨਾ ਬਾਕੀ, ਲੇਖਾ ਆਪਣੀ ਝੋਲੀ ਪਾਇੰਦਾ । ਚਿਟੀ ਧਾਰ ਤੇਰਾ ਸਾਥੀ, ਸਿੰਘ ਪਾਲ ਨਜ਼ਰੀ ਆਇੰਦਾ । ਪ੍ਰਭ ਦੀ ਮੰਨ ਕੇ ਉਹ ਆਖੀ, ਆਪਣਾ ਕੁੰਡਾ ਆਪ ਖੁਲ੍ਹਾਇੰਦਾ । ਅੱਗੇ ਵੜ ਕੇ ਮਾਰ ਝਾਕੀ, ਹਰਿ ਜੂ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਮੰਦਰ ਆਪ ਬਹਾਇੰਦਾ । ਪਾਲ ਸਿੰਘ ਅੱਗੋਂ ਜਾਏ ਹਟ, ਆਪਣਾ ਕਦਮ ਆਪ ਉਠਾਈਆ । ਸ਼ੰਕਰ ਚਰਨੀ ਜਾਏ ਢੱਠ, ਸੀਸ ਜਗਦੀਸ ਨਿਵਾਈਆ । ਰਸਨਾ ਕਹੇ ਮੇਰਾ ਤੁਟਾ ਹਠ, ਧੀਰ ਨਾ ਕੋਇ ਧਰਾਈਆ । ਜਿਉਂ ਭਾਵੇ ਤਿਉਂ ਲੈਣਾ ਰੱਖ, ਪ੍ਰਭ ਤੇਰੇ ਹੱਥ ਵਡਿਆਈਆ । ਕਰ ਖੇਲ ਪੁਰਖ ਸਮਰਥ, ਸਾਚੀ ਸਿਖਿਆ ਦਏ ਦ੍ਰਿੜਾਈਆ । ਤੇਰੇ ਧਾਮ ਗੁਰਮੁਖ ਜਾਏ ਵਸ, ਸ਼ਾਹ ਪਾਤਸ਼ਾਹ ਆਪ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਅੰਦਰ ਲੰਘਣ, ਆਪਣਾ ਪੰਧ ਮੁਕਾਈਆ । ਚਰਨ ਪ੍ਰੀਤੀ ਇਕੋ ਮੰਗਣ, ਦੋਏ ਜੋੜ ਸੀਸ ਝੁਕਾਈਆ । ਤੇਰਾ ਪ੍ਰਭੂ ਮਿਲੇ ਅਨੰਦਨ, ਅਨੰਦ ਇਕੋ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲਹਿਣਾ ਦੇ ਚੁਕਾਈਆ । ਪਿਛਲਾ ਲਹਿਣਾ ਚੁਕੇ ਅੰਤ, ਹਰਿ ਸਤਿਗੁਰ ਆਪ ਚੁਕਾਇੰਦਾ । ਅੱਗੇ ਬਣਾਏ ਆਪਣੀ ਬਣਤ, ਸਾਚਾ ਘਾੜਤ ਆਪ ਘੜਾਇੰਦਾ । ਜੁਗ ਚੌਕੜੀ ਖੇਲੇ ਖੇਲ ਅਨੰਤ, ਅੰਤ ਕਲ ਆਪਣੀ ਆਪ ਪਰਗਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੇ ਘਰ ਵਸਾਇੰਦਾ । ਸਾਚਾ ਘਰ ਵਸਾ ਏਕ, ਏਕੰਕਾਰ ਦਏ ਵਡਿਆਈਆ । ਗੁਰ ਅਵਤਾਰ ਪੀਰ ਪੈਗੰਬਰਾਂ ਸਿਧੀ ਬਖ਼ਸ਼ੀ ਆਪਣੀ ਟੇਕ, ਚਰਨ ਕਵਲ ਮਿਲੇ ਸਰਨਾਈਆ । ਆਪਣੀ ਧਾਰੋਂ ਆਪਣੇ ਨੇਤਰ ਲਏ ਪੇਖ, ਨੈਣ ਨੈਣ ਨਾਲ ਮਿਲਾਈਆ । ਸਤਿ ਸੁਆਮੀ ਕਰ ਕੇ ਹੇਤ, ਸਤਿਗੁਰ ਸਾਚੇ ਦਰ ਬਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗੰਬਰ ਹਰਿ ਚਰਨ ਸੱਚਾ ਦਰਵਾਜ਼ਾ, ਧੁਰਦਰਗਾਹੀ ਆਪ ਖੁਲ੍ਹਾਈਆ । ਜੋ ਇਸ ਦਰ ਆਵੇ ਭਾਜਾ, ਤਿਸ ਅੰਦਰ ਲਏ ਲੰਘਾਈਆ । ਅੰਦਰ ਵਾੜ ਵਖਾਏ ਕਾਜਾ, ਹਰਿ ਕਰਤਾ ਭੇਵ ਚੁਕਾਈਆ ।

ਜਿਸ ਦੀ ਸਜਦਾ ਕਰ ਪੜ੍ਹਦੇ ਰਹੇ ਨਿਮਾਜ਼ਾ, ਸੋ ਮਹਿਬੂਬ ਨਜ਼ਰੀ ਆਈਆ । ਜਿਸ ਦਾ ਹੁਜਰਾ ਸੁਹੌਂਦੇ ਰਹੇ ਮਹਿਰਾਬਾ, ਸੋ ਮਹਿਫ਼ਲ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਆਓ ਨੇੜੇ ਵਸੋ ਕੋਲ, ਪ੍ਰਭ ਅੰਦਰ ਲਏ ਲੰਘਾਈਆ । ਭਗਤ ਦਰਵਾਜ਼ਾ ਦਿਤਾ ਖੋਲ੍ਹ, ਤਿੰਨਾਂ ਤਿੰਨੇ ਕੂਟਾਂ ਦਏ ਵਡਿਆਈਆ । ਨੌ ਦੁਆਰੇ ਤੁਹਾਡੀ ਰਚਨਾ ਵੱਜਿਆ ਢੋਲ, ਸੱਜੇ ਖੱਬੇ ਅੱਗੇ ਦਏ ਵਖਾਈਆ । ਪਿੱਛੇ ਬੈਠ ਪ੍ਰਭੂ ਅਡੋਲ, ਭਗਤ ਦੁਆਰ ਦਿਤਾ ਸੁਹਾਈਆ । ਝੂਠ ਸਚ ਰਿਹਾ ਵਰੋਲ, ਨਾਮ ਮਧਾਣਾ ਇਕੋ ਪਾਈਆ । ਧੁਰ ਦੇ ਕੰਡੇ ਤੋਲੇ ਤੋਲ, ਤਰਾਜ਼ੂ ਆਪਣੇ ਹੱਥ ਉਠਾਈਆ । ਬੀਸ ਸਾਲ ਸੁਨੇਹੜਾ ਦੇਂਦਾ ਰਿਹਾ ਕੋਈ ਨਾ ਰਹੇ ਅਨਭੋਲ, ਅੰਤਮ ਲੇਖਾ ਮੰਗੇ ਬੇਪਰਵਾਹੀਆ । ਸਭ ਦੀ ਗਠੜੀ ਲਏ ਫੋਲ, ਚਾਰ ਜੁਗ ਗੰਢ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਆਵਣ ਹੌਲੀ ਹੌਲੀ, ਇਕ ਦੂਜੇ ਨਾਲ ਸਲਾਹ ਪਕਾਈਆ । ਸ੍ਰੀ ਭਗਵਾਨ ਸਚ ਦੁਆਰਾ ਰਿਹਾ ਖੋਲ੍ਹੀ, ਖ਼ਾਲਕ ਖ਼ਲਕ ਰੂਪ ਵਟਾਈਆ । ਜਨ ਭਗਤਾਂ ਜਣਾਏ ਆਪਣੀ ਬੋਲੀ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਸ੍ਰਿਸ਼ਟ ਸਬਾਈ ਜਿਸ ਨੇ ਆਪ ਵਰੋਲੀ, ਨਾਮ ਮਧਾਣ ਰਿੜਕੇ ਲੋਕਾਈਆ । ਜੋਤ ਜਗਾਏ ਉਪਰ ਧੌਲੀ, ਧਰਤ ਧਵਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਤੇਈ ਅਵਤਾਰ ਆ ਕੇ ਲਾਗੇ, ਵੇਖੋ ਬੈਠੇ ਸੀਸ ਝੁਕਾਈਆ । ਇਕ ਦੂਜੇ ਨੂੰ ਮਾਰਨ ਵਾਜੇ, ਪੁਛ ਗਿਛ ਰਹੇ ਜਣਾਈਆ । ਅੰਦਰ ਵੜੀਏ ਗ਼ਰੀਬ ਨਿਵਾਜ਼ੇ, ਆਪਣਾ ਸੀਸ ਨਿਵਾਈਆ । ਅੰਤਮ ਸਾਡੀ ਰੱਖੇ ਲਾਜੇ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ

੯੯੬
੧੫

ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਨੈਣ ਉਠਾਈਆ । ਨੇਤਰ ਨੈਣ ਹਰਿ ਉਠਾ, ਆਪਣਾ ਧਿਆਨ ਲਗਾਇਆ । ਤੇਈ ਅਵਤਾਰ ਵੇਖੇ ਦਰ ਦਰਵਾਜ਼ੇ ਬੈਠੇ ਆ, ਅੱਖ ਸਕੇ ਨਾ ਕੋਇ ਉਠਾਇਆ । ਸ੍ਰੀ ਭਗਵਾਨ ਇਸ਼ਾਰੇ ਨਾਲ ਰਿਹਾ ਸਮਝਾ, ਲੰਘੋ ਅੱਗੇ ਵਾਹੋ ਦਾਹਿਆ । ਆਪਣੀ ਕਰਨੀ ਦਿਓ ਵਖਾ, ਜੋ ਲੋਕਮਾਤ ਖੇਲ ਰਚਾਇਆ । ਜੋ ਰਾਮ ਰਾਮ ਗਿਆ ਸਮਝਾ, ਰਾਮ ਹਰ ਘਟ ਨਜ਼ਰ ਕਿਸੇ ਨਾ ਆਇਆ । ਜੋ ਕ੍ਰਿਸ਼ਨ ਕਾਹਨ ਗਿਆ ਵਖਾ, ਸੋ ਕਾਹਨ ਗੋਪੀ ਸਖ਼ੀ ਨਾ ਕੋਈ ਹੰਡਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਜਣਾਇਆ । ਤੇਈ ਅਵਤਾਰ ਕਹਿਣ ਇਕ, ਇਕੋ ਵਾਰ ਜਣਾਈਆ । ਤੇਰੀ ਸਿਖਿਆ ਤੈਥੋਂ ਸਿਖ, ਪ੍ਰਭ ਕਰੀ ਮਾਤ ਪੜ੍ਹਾਈਆ । ਤੇਰੇ ਦਰ ਤੋਂ ਲੈ ਕੇ ਭਿਖ, ਭਿਛਿਆ ਲੋਕਮਾਤ ਵਰਤਾਈਆ । ਤੇਰਾ ਦੁਆਰਾ ਤੇਰੇ ਦਰ ਲੇਖ, ਤੇਰੀ ਸਿਫ਼ਤ ਸਾਲਾਹੀਆ । ਤੇਰੇ ਨਾਲ ਕਰਨਾ ਦੱਸਿਆ ਹਿਤ, ਤੇਰੀ ਪ੍ਰੀਤੀ ਇਕ ਵਧਾਈਆ । ਬਿਨ ਤੇਰੇ ਅੰਤ ਕੋਈ ਨਾ ਜਾਣੇ ਭੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖ ਖੇਲ ਆਪ ਕਰ, ਸਾਡੀ ਚਲੇ ਨਾ ਕੋਇ ਚਤੁਰਾਈਆ । ਤੇਈ ਕਹਿਣ ਅਵਤਾਰ, ਆਪਣਾ ਭੇਵ ਚੁਕਾਈਆ । ਅਸੀਂ ਦੱਸਿਆ ਤੇਰਾ ਵਿਹਾਰ, ਵਿਵਹਾਰੀ ਤੇਰੀ ਧਾਰ ਸਮਝਾਈਆ । ਜੁਗ ਚੌਕੜੀ ਬੋਲ ਜੈਕਾਰ, ਤੇਰਾ ਨਾਮ ਨਾਦ ਸ਼ਨਵਾਈਆ । ਕਲਜੁਗ ਅੰਤਮ ਸਾਡੇ ਦੱਸਿਆਂ ਸਾਰੇ ਗਏ ਹਾਰ, ਭਰਮੇ ਭੁਲੀ ਸਰਬ ਲੋਕਾਈਆ । ਮੰਦਰ ਸ਼ਿਵਦਵਾਲੇ ਮੱਠ ਧੁਅੰਧਾਰ, ਸਾਚਾ ਨੂਰ ਨਾ ਕੋਇ ਰੁਸ਼ਨਾਈਆ । ਭੈ ਭੌ ਕਰੇ ਨਾ ਕੋਈ ਜੀਵ ਗਵਾਰ, ਮਨਮਤ ਨਾ ਕੋਇ ਮਿਟਾਈਆ । ਕਲਜੁਗ ਅੰਤਮ ਸਦੀ ਬੀਸਵੀਂ ਅਸੀਂ ਗਏ ਹਾਰ, ਜਿਤ ਨਜ਼ਰ ਕੋਇ ਨਾ ਆਈਆ । ਤੇਰਾ ਕੀਤਾ

ਤੇਰਾ ਦਿਤਾ ਪੁਰਖ ਅਕਾਲ ਤੇਰੀ ਝੋਲੀ ਦਿਤਾ ਡਾਰ, ਆਪਣਾ ਖਹਿੜਾ ਲਿਆ ਛੁਡਾਈਆ । ਤੂੰ ਜਾਣ ਆਪਣੇ ਨਾਲ ਸੰਸਾਰ, ਤੇਰਾ ਸੰਸਾਰ ਤੇਰੀ ਝੋਲੀ ਪਾਈਆ । ਸਾਨੂੰ ਆਪਣਾ ਬਖ਼ਸ਼ ਇਕ ਦੀਦਾਰ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਅਸੀਂ ਗਾਈਏ ਤੇਰੀ ਵਾਰ, ਨਾਮ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਡਾ ਲਹਿਣਾ ਦੇ ਚੁਕਾਈਆ । ਅੱਗੇ ਆਓ ਈਸਾ ਮੂਸਾ ਮੁਹੰਮਦ ਨਾਲ, ਨਾਲਸ਼ ਆਪਣੀ ਨਾਲ ਤਕਾਈਆ । ਨੇਤਰ ਵੇਖੋ ਜੋ ਮਾਰਗ ਆਏ ਸਿਖਾਲ, ਕਲਮਾ ਨਬੀ ਕਰ ਪੜ੍ਹਾਈਆ । ਰਸੂਲ ਦਿਸੇ ਨਾ ਕੋਈ ਦਲਾਲ, ਹਕੀਕਤ ਸਮਝੇ ਨਾ ਕੋਇ ਲੋਕਾਈਆ । ਚੌਦਾ ਲੋਕ ਹੋਏ ਬੇਹਾਲ, ਚਾਰੋਂ ਕੁੰਟ ਰਹੀ ਕੁਰਲਾਈਆ । ਸ਼ਰਅ ਛੁਰੀ ਕੀਤਾ ਹਲਾਲ, ਤਿਖੀ ਧਾਰ ਰਹੀ ਵਖਾਈਆ । ਸਭ ਦੇ ਸਿਰ ਤੇ ਕੂਕੇ ਕਾਲ, ਕਾਲ ਨਗਾਰਾ ਰਿਹਾ ਵਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਆਪਣਾ ਇਸਮ ਦਏ ਸਮਝਾਈਆ । ਪੀਰ ਪੈਗ਼ੰਬਰ ਵੇਖੋ ਜੋ ਦੱਸਿਆ ਸਜਦਾ, ਲੋਕਮਾਤ ਸਲਾਮ ਜਣਾਈਆ । ਚਾਰ ਕੁੰਟ ਰਿਹਾ ਕੋਈ ਨਾ ਬਰਦਾ, ਬੰਦਗੀ ਸਚ ਨਾ ਕੋਇ ਕਮਾਈਆ । ਆਪਣੀ ਕਰਨੀ ਕਲਜੁਗ ਜੀਵ ਮਰਦਾ, ਸਾਚੀ ਵਸਤ ਹੱਥ ਨਾ ਕੋਇ ਰਖਾਈਆ । ਕੂੜੀ ਕਿਰਿਆ ਕੂੜੇ ਪੌੜੇ ਚੜ੍ਹਦਾ, ਚੜ੍ਹ ਚੜ੍ਹ ਵੇਖੇ ਜਗਤ ਲੋਕਾਈਆ । ਸਾਚੇ ਹੁਜਰੇ ਕੋਈ ਨਾ ਵੜਦਾ, ਦਰਸ ਨੂਰ ਨਜ਼ਰ ਕੋਈ ਨਾ ਪਾਈਆ । ਚੌਦਾਂ ਸਦੀਆਂ ਮੁਹੰਮਦ ਕੀ ਕੁਛ ਰਿਹਾ ਕਰਦਾ, ਆਪਣਾ ਲੇਖਾ ਦੇ ਜਣਾਈਆ । ਈਸਾ ਦੱਸੇ ਖੇਲ ਆਪਣਾ ਬਰਦਾ, ਸੇਵਕ ਸੇਵ ਕਮਾਈਆ । ਵੇਖ ਖੇਲ ਨਾਰੀ ਨਰ ਦਾ, ਵਿਭਚਾਰ ਕਰੇ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਮੰਗ ਮੰਗਾਈਆ । ਮੂਸਾ ਕਹੇ ਮੇਰੀ ਹੋਈ ਮੁਸ਼ਕਲ, ਮੁਸ਼ਤਬਾ ਨਜ਼ਰੀ ਆਈਆ । ਈਸਾ ਕਹੇ ਮੇਰੀ ਨਜ਼ਰ ਨਾ ਆਏ ਕਿਸੇ ਸ਼ਕਲ, ਤੇਰਾ ਜ਼ਹੂਰ ਨਾ ਕੋਇ ਰੁਸ਼ਨਾਈਆ । ਸਭ ਦੀ ਮਾਰੀ ਗਈ ਅਕਲ, ਆਕਲ ਬੈਠੇ ਮੁਖ ਭਵਾਈਆ । ਤੇਰੇ ਹੁਕਮ ਕੀਤੇ ਬੇਅਕਲ, ਬੈਤਲ ਰੂਪ ਨਾ ਕੋਇ ਵਟਾਈਆ । ਬੇੜਾ ਲੱਗੇ ਨਾ ਕੋਈ ਪੱਤਣ, ਮੰਝਧਾਰ ਰਹੇ ਰੁੜ੍ਹਾਈਆ । ਸਭ ਨੂੰ ਭੁੱਲਿਆ ਆਪਣਾ ਵਤਨ, ਯਾਦ ਆਵੇ ਨਾ ਸੱਚਾ ਮਾਹੀਆ । ਕੂੜਾ ਹੋਇਆ ਹੀਰਾ ਰਤਨ, ਅੰਤ ਕੀਮਤ ਨਾ ਕੋਇ ਪਾਈਆ । ਮੈਂ ਦੱਸ ਕੇ ਗਿਆ ਬਥੇਰਾ ਯਤਨ, ਫਾਸੀ ਆਪਣੇ ਗਲ ਲਟਕਾਈਆ । ਅੰਤਮ ਆਏ ਪੁਰਖ ਸਮਰਥਨ, ਪਰਵਰਦਿਗਾਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਮੁਹੰਮਦ ਕਹੇ ਪਰਵਰਦਿਗਾਰ ਤੇਰਾ ਕਲਾਮ, ਮੈਂ ਕਲਮਾ ਆਪ ਜਣਾਇਆ । ਮੈਂ ਤੈਨੂੰ ਕਰ ਸਲਾਮ, ਸਜਦਾ ਫੇਰ ਜਗਤ ਸਿਖਾਇਆ । ਅਲਿਫ਼ ਯੇ ਲਿਖ ਕੁਰਾਨ, ਕਲਮ ਸ਼ਾਹੀ ਮੇਲ ਮਿਲਾਇਆ । ਤੈਨੂੰ ਮੰਨ ਇਕ ਅਮਾਮ, ਇਸਮ ਆਜ਼ਮ ਇਕ ਸਮਝਾਇਆ । ਦਰ ਬਣ ਤੇਰਾ ਗ਼ੁਲਾਮ, ਸਾਚੀ ਸੇਵ ਕਮਾਇਆ । ਦੇ ਕੇ ਆਇਆ ਇਕ ਪੈਗ਼ਾਮ, ਧੁਰ ਸੰਦੇਸਾ ਮਾਤ ਸੁਣਾਇਆ । ਸਦੀ ਚੌਧਵੀਂ ਕੋਈ ਨਾ ਕਰੇ ਹਰਾਮ, ਹਰਾਮਖ਼ੋਰ ਰੂਪ ਨਾ ਕੋਇ ਧਰਾਇਆ । ਦਰੋਹੀ ਮੇਰੀ ਸਾਰੇ ਭੁੱਲ ਗਏ ਕਲਾਮ, ਮੇਰਾ ਕਲਮਾ ਯਾਦ ਕਿਸੇ ਨਾ ਆਇਆ । ਮੈਂ ਤੇਰੇ ਅੱਗੇ ਦੇਵਾਂ ਕੀ ਬਿਆਨ, ਮੇਰੀ ਉਮਤ ਕਰ ਕੇ ਸੁੰਨਤ ਸਤਿ ਰੂਪ ਨਾ ਕੋਇ ਧਰਾਇਆ । ਚਾਰੋਂ ਕੁੰਟ ਕੂੜ ਪਰਧਾਨ, ਸਚ ਰੂਪ ਨਾ ਕੋਇ ਵਖਾਇਆ । ਮੈਨੂੰ ਅੰਤਮ ਆਈ ਹਾਣ, ਮੇਰਾ ਬਲ ਕੰਮ ਕਿਸੇ ਨਾ ਆਇਆ । ਪ੍ਰਭ ਮੈਨੂੰ ਦਿਤਾ ਆਪਣੀ ਝੋਲੀ ਪਾ ਲੈ ਦਾਨ, ਮੇਰਾ ਖਹਿੜਾ ਦੇ ਛੁਡਾਇਆ । ਤੇਰਾ ਇਸਮ ਤੇਰਾ ਇਸਲਾਮ, ਤੇਰਾ ਆਜ਼ਮ ਨੂਰ ਰੁਸ਼ਨਾਇਆ । ਤੇਰਾ ਸਿਦਕ

ਤੇਰਾ ਸਲਾਮ, ਪਰਵਰਦਿਗਾਰ ਤੇਰੀ ਝੋਲੀ ਪਾਇਆ । ਤੇਰਾ ਮਜ਼੍ਹਬ ਤੇਰਾ ਈਮਾਨ, ਤੇਰਾ ਦੀਨ ਤੇਰੇ ਹੱਥ ਫੜਾਇਆ । ਮੈਂ ਇਕੋ ਵਾਰ ਕਰਾਂ ਸਲਾਮ, ਸਦੀ ਚੌਧਵੀਂ ਸੀਸ ਝੁਕਾਇਆ । ਅੱਗੇ ਲੇਖਾ ਤੇਰੇ ਹੱਥ ਤਮਾਮ, ਮੇਰਾ ਹੁਕਮ ਰਿਹਾ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਮੰਗ ਮੰਗਾਇਆ । ਪਰਵਰਦਿਗਾਰ ਕਹੇ ਬੋਲ, ਕਲਮਾ ਇਕ ਜਣਾਈਆ । ਵੇਖ ਮੁਹੰਮਦ ਨੇਤਰ ਖੋਲ੍ਹ, ਸਾਹਿਬ ਸੁਲਤਾਨ ਰਿਹਾ ਜਗਾਈਆ । ਤੇਰੀ ਉਮਤ ਕੂੜੀ ਕਿਰਿਆ ਵਜਾਏ ਢੋਲ, ਢੋਲਾ ਸਚ ਨਾ ਕੋਇ ਸੁਣਾਈਆ । ਮੱਕਾ ਕਾਅਬਾ ਜਿਨ੍ਹਾਂ ਪਿਛੇ ਆਇਓਂ ਖੋਲ੍ਹ, ਸੋ ਹਾਜੀ ਬਣ ਕੇ ਹੱਜ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਲਹਿਣਾ ਆਪਣੀ ਝੋਲੀ ਪਾਈਆ । ਆਪਣੀ ਝੋਲੀ ਪਾ ਲੈ ਲਹਿਣਾ, ਪਰਵਰਦਿਗਾਰ ਮੇਰੇ ਸੁਲਤਾਨਾ । ਇਕੋ ਮੰਨਾਂ ਤੇਰਾ ਕਹਿਣਾ, ਦੂਜਾ ਹੋਰ ਨਾ ਕੋਈ ਖਿਆਲਾ । ਤੇਰੇ ਚਰਨਾਂ ਮਿਲੇ ਬਹਿਣਾ, ਹੋਵੇ ਮੇਰਾ ਰਾਹ ਸੁਖਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਿਰਪਾ ਕਰ ਵਡ ਮਿਹਰਵਾਨਾ । ਮਿਹਰਵਾਨ ਕਿਰਪਾ ਕਰ ਕਰੇ ਬਖ਼ਸ਼ੀਸ਼, ਬਖ਼ਸ਼ਸ਼ ਆਪਣੀ ਆਪ ਜਣਾਈਆ । ਤੇਰਾ ਕਲਮਾ ਝੋਲੀ ਪਈ ਹਦੀਸ, ਹਜ਼ਰਤ ਆਪਣੇ ਲੇਖੇ ਲਾਈਆ । ਖ਼ੁਸ਼ੀ ਮਨਾਈ ਬੀਸ ਬੀਸ, ਬਿਸਤਰਾ ਸਭ ਦਾ ਗੋਲ ਕਰਾਈਆ । ਤੁਹਾਡਾ ਨਿਸ਼ਾਨਾ ਹੋਇਆ ਠੀਕ, ਠੀਕਰ ਕੂੜੇ ਭੰਨ ਵਖਾਈਆ । ਸਦੀ ਸਦੀਵੀ ਆਈ ਬੀਸ, ਹਰਿ ਤਾਕਤ ਆਪਣੀ ਲਏ ਪਰਗਟਾਈਆ । ਅੱਗੇ ਮਾਰਗ ਲਾਏ ਠੀਕ, ਲੇਖਾ ਸਭ ਦਾ ਦਏ ਜਣਾਈਆ । ਹਿੰਦੂ ਮੁਸਲਮ ਸਿਖ ਈਸਾਈ ਬਣਾਏ ਇਕ ਪ੍ਰੀਤ, ਨਾਤਾ ਇਕੋ ਇਕ ਜਣਾਈਆ । ਸਭ ਦੀ ਰਸਨਾ ਗਾਏ ਇਕੋ ਗੀਤ, ਰਸਨਾ ਰਸ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਈਸਾ ਮੂਸਾ ਮੁਹੰਮਦ ਬੈਠੇ ਝੁਕ, ਆਪਣਾ ਸੀਸ ਨਿਵਾਇਆ । ਭਗਤ ਅਠਾਰਾਂ ਨੇੜੇ ਆਏ ਢੁਕ, ਕਬੀਰ ਜੁਲਾਹਾ ਧਿਆਨ ਲਗਾਇਆ । ਧਰੂ ਪ੍ਰਹਿਲਾਦ ਕਹੇ ਪ੍ਰਭ ਸਾਨੂੰ ਪੁੱਛ, ਦਰ ਤੇਰੇ ਸੀਸ ਨਿਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਇਆ । ਅਠਾਰਾਂ ਭਗਤ ਆਓ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਤੁਹਾਡਾ ਪੂਰਾ ਹੋਇਆ ਵਰ, ਕਰੇ ਆਪ ਬੇਪਰਵਾਹੀਆ । ਸਾਚੇ ਭਗਤਾਂ ਬਾਹੋਂ ਲਓ ਫੜ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲਹਿਣਾ ਰਿਹਾ ਮੁਕਾਈਆ । ਕਬੀਰ ਕਹੇ ਧੰਨ ਵਡ ਭਾਗ, ਵਡ ਭਾਗੀ ਹਰਿ ਪਾਇਆ । ਤੇਰੇ ਘਰ ਜਗਿਆ ਚਿਰਾਗ਼, ਗੁਰਮੁਖ ਨਜ਼ਰੀ ਆਇਆ । ਜਿਨ੍ਹਾਂ ਧੋਤੇ ਦੁਰਮਤ ਮੈਲ ਦਾਗ਼, ਆਪਣਾ ਰੰਗ ਚੜ੍ਹਾਇਆ । ਮੇਲ ਮਿਲਾਇਆ ਬਣ ਕੇ ਕੰਤ ਸੁਹਾਗ, ਸਾਚੀ ਨਾਰੀ ਰੂਪ ਵਟਾਇਆ । ਸਚ ਪ੍ਰੀਤੀ ਗਈ ਲਾਗ, ਇਕੋ ਘਰ ਸੁਹਾਇਆ । ਏਨ੍ਹਾਂ ਨਾਲ ਸਾਨੂੰ ਮਾਰੀ ਆਵਾਜ਼, ਸਗਲਾ ਸੰਗ ਬਣਾਇਆ । ਲੰਘ ਕੇ ਤੇਰਾ ਦਵਾਰ ਵੇਖਿਆ ਗੁਰੂ ਮਹਾਰਾਜ, ਮਹਿਮਾਂ ਤੇਰੀ ਅਕਥ ਵਡਿਆਇਆ । ਤੇਰਾ ਬੇੜਾ ਭਰਿਆ ਵੇਖ ਜਹਾਜ਼, ਸਾਰੇ ਬੈਠੇ ਸੀਸ ਨਿਵਾਇਆ । ਤੇਰੇ ਸੀਸ ਤੇ ਤੱਕ ਕੇ ਤਾਜ, ਤਖ਼ਤਾ ਜ਼ਿਮੀਂ ਅਸਮਾਨ ਰਹੇ ਨੀਰ ਵਹਾਇਆ । ਤੇਰਾ ਵੇਖ ਸੱਚਾ ਸਮਾਜ, ਸਾਡਾ ਪਿਛਲਾ ਭਰਮ ਗਵਾਇਆ । ਤੇਰਾ ਸੋਹਣਾ ਸੱਚਾ ਕਾਜ, ਚਾਰ ਵਰਨਾਂ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਦੇ ਇਕ ਵਰ, ਜਨ ਭਗਤਾਂ ਪੱਲੂ ਦੇ ਬੰਧਾਇਆ । ਭਗਤਾਂ

੯੯੮
੧੫

ਨਾਲ ਪੱਲੂ ਬੰਧ, ਬੰਦਗੀ ਇਕ ਜਣਾਈਆ । ਸਾਰੇ ਕਹੋ ਧੰਨ ਧੰਨ, ਧੰਨ ਪਾਰਬ੍ਰਹਮ ਤੇਰੀ ਸਰਨਾਈਆ । ਭਗਤਾਂ ਨਾਲ ਭਗਤ ਗਏ ਮੰਨ, ਅਠਾਰਾਂ ਚੌਕਾ ਵੰਡ ਵੰਡਾਈਆ । ਅਠਾਰਾਂ ਚਾਰ ਬਹੱਤਰ ਗਏ ਬਣ, ਸ੍ਰੀ ਭਗਵਾਨ ਵੰਡ ਵੰਡਾਈਆ । ਬਹੱਤਰ ਕਹਿਣ ਦੋ ਵਿਚੋਂ ਦੇ ਭੰਨ, ਮੂਰਖ ਅੰਨ੍ਹੇ ਸਾਡੇ ਵਿਚ ਰਹਿਣ ਨਾ ਪਾਈਆ । ਦੋ ਘਟ ਸੱਤਰ ਚੜ੍ਹਨ ਚੰਨ, ਚੰਦ ਚਾਂਦਨੀ ਨੂਰ ਰੁਸ਼ਨਾਈਆ । ਸੱਤਰ ਕਹਿਣ ਚਾਰ ਜੁਗ ਦੇ ਚਾਰੇ ਬੰਨ੍ਹ ਕੰਨ, ਚਾਰੇ ਹੋਰ ਨਾਲ ਮਿਲਾਈਆ । ਚੁਹੱਤਰ ਦੇ ਆਪਣਾ ਧੰਨ, ਧੰਨ ਤੇਰੀ ਵਡਿਆਈਆ । ਪੰਜਾਂ ਕੋਈ ਨਾ ਲਾਵੇ ਸੰਨ੍ਹ, ਪੰਜ ਪਹਿਰੇਦਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਭਗਤ ਸਾਰੇ ਗਏ ਮਿਲ, ਹਰਿ ਭਗਤਾਂ ਵਿਚ ਸਮਾਈਆ । ਨਾ ਕੋਈ ਮਨਸਾ ਰਹੀ ਦਿਲ, ਦਲੀਲ ਨਜ਼ਰ ਕੋਇ ਨਾ ਆਈਆ । ਨਾ ਕੋਈ ਪੜਦਾ ਰਿਹਾ ਸਿਲ, ਦਵੈਤੀ ਰੰਗ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਗੁਰ ਦਸ ਆਏ ਅੱਗੇ, ਨਾਨਕ ਗੋਬਿੰਦ ਵੱਜੀ ਵਧਾਈਆ । ਏਕਾ ਜੋਤੀ ਨੂਰ ਜਗੇ, ਨੂਰੋ ਨੂਰ ਨੂਰ ਰੁਸ਼ਨਾਈਆ । ਸ਼ਬਦ ਅਨਾਦ ਧੁਨ ਵੱਜੇ, ਦੋ ਜਹਾਨ ਹੋਏ ਸ਼ਨਵਾਈਆ । ਵੇਖੇ ਖੇਲ ਸੂਰਾ ਸਰਬੱਗੇ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਨਾਨਕ ਨਿਰਗੁਣ ਧਾਰ ਕਹੇ ਮੈਂ ਲਿਖ ਕੇ ਆਇਆ ਪੰਚਮ ਪੰਜੇ, ਪੰਜਾਂ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਪੰਚਮ ਆਪਣੇ ਦਰ ਮਿਲਾਈਆ । ਨਾਨਕ ਨਿਰਗੁਣ ਕਹੇ ਪੰਚ ਪਰਵਾਨ, ਪੰਜਾਂ ਰੰਗ ਰੰਗਾਇਆ । ਪੰਚ ਹੋਣ ਰਾਜ ਰਾਜਾਨ, ਸ਼ਾਹ ਪਾਤਸ਼ਾਹ ਦਏ ਵਡਿਆਇਆ । ਪੰਚ ਦਰ ਤੇਰੇ ਪਰਧਾਨ, ਪੰਚਮ ਹੁਕਮ ਇਕ ਵਰਤਾਇਆ । ਪੰਚ ਸੋਹਣ ਦਰ ਦਰਬਾਨ, ਦਰਵੇਸ਼ੀ ਰੂਪ ਵਟਾਇਆ । ਪੰਜਾਂ ਮਿਲਿਆ ਇਕ ਭਗਵਾਨ, ਸਦੀ ਵੀਹਵੀਂ ਨਜ਼ਰੀ ਆਇਆ । ਏਨ੍ਹਾਂ ਸਦ ਵਡ ਮਿਹਰਵਾਨ, ਘਰ ਆਪਣੇ ਲਏ ਮਿਲਾਇਆ । ਸਚਖੰਡ ਬੈਠੇ ਕਰ ਧਿਆਨ, ਤੇਰਾ ਰਾਹ ਤਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਵਰਤਾਇਆ । ਸ੍ਰੀ ਭਗਵਾਨ ਹੋ ਦਿਆਲ, ਆਪਣੀ ਖ਼ੁਸ਼ੀ ਵਖਾਈਆ । ਹੁਕਮ ਦੇਵੇ ਉਠ ਸਿੰਘ ਪਾਲ, ਤੇਰਾ ਵੇਲਾ ਗਿਆ ਆਈਆ । ਸਵਰਨ ਸਿੰਘ ਲੈਣਾ ਨਾਲ, ਆਪਣੀ ਉਂਗਲੀ ਲਾਈਆ । ਬਾਲਾ ਛੋਟਾ ਆਪ ਉਠਾਲ, ਮਨਜੀਤੇ ਲੈਣਾ ਉਠਾਈਆ । ਜਗਦੀਸਾ ਵੇਖ ਹੋਏ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਸਮਾਈਆ । ਆਪਣੀ ਅੰਗੜਾਈ ਲਏ ਗੁਰਦਿਆਲ, ਬਲ ਬਾਵਨ ਖ਼ੁਸ਼ੀ ਮਨਾਈਆ । ਧੰਨ ਭਾਗ ਸਚ ਦੁਆਰ ਸੋਹੇ ਸੱਚੀ ਧਰਮਸਾਲ, ਪ੍ਰਭ ਭਗਤਾਂ ਦਏ ਵਡਿਆਈਆ । ਓਥੇ ਵੇਖਾਂ ਸ਼ਾਹ ਕੰਗਾਲ, ਇਕੋ ਦੁਆਰੇ ਸੋਭਾ ਪਾਈਆ । ਜਿਨ੍ਹਾਂ ਦਾ ਨਾਨਕ ਕਰੇ ਹੱਲ ਸਵਾਲ, ਭਿਛਿਆ ਇਕੋ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਪੰਚ ਪਰਵਾਨੇ ਗਏ ਉਠ, ਹਰਿ ਪੰਚਮ ਆਪ ਉਠਾਇਆ । ਪੁਰਖ ਅਬਿਨਾਸ਼ੀ ਆਪੇ ਤੁਠ, ਸਚ ਸੰਦੇਸਾ ਸ਼ਬਦ ਸੁਣਾਇਆ । ਨੇੜੇ ਆ ਕੇ ਵੇਖੇ ਝੁਕ, ਪ੍ਰਭ ਆਪਣਾ ਖੇਲ ਰਚਾਇਆ । ਗੁਰ ਅਵਤਾਰਾਂ ਕੋਲੋਂ ਲਓ ਪੁੱਛ, ਸਚ ਸੰਦੇਸਾ ਰਿਹਾ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰ ਇਕ ਵਖਾਇਆ । ਪੰਜੇ ਉਠਣ ਕਰਨ ਤਿਆਰੀ, ਆਪਣਾ ਰਾਹ ਤਕਾਈਆ । ਚਲੋ ਮਿਲੀਏ ਨਰ ਨਰਾਇਣ ਨਿਰੰਕਾਰੀ, ਜੋਤ ਸਰੂਪੀ ਜੋਤ ਨਜ਼ਰੀ ਆਈਆ । ਜਿਸ ਦਾ ਖੁਲ੍ਹਾ ਧਰਮ ਦੁਆਰੀ, ਸਚਖੰਡ ਰੂਪ ਵਟਾਈਆ । ਜਗੇ ਜੋਤ ਅਪਰ

ਅਪਾਰੀ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਉਸ ਦੇ ਚਰਨ ਕਰੀਏ ਨਿਮਸਕਾਰੀ, ਧੂੜੀ ਟਿੱਕਾ ਮਸਤਕ ਲਾਈਆ । ਸਾਚਾ ਬੋਲ ਇਕ ਜੈਕਾਰੀ, ਤੂੰ ਹੀ ਤੂੰ ਹੀ ਨਾਮ ਧਿਆਈਆ । ਜਾ ਕੇ ਦੱਸੀਏ ਸੰਗਤ ਸਾਰੀ, ਹਰਿ ਸੰਗਤ ਇਕ ਸਮਝਾਈਆ । ਵੇਖੋ ਨਿਕਿਆਂ ਵੱਡਿਆਂ ਮਿਲੀ ਸਰਦਾਰੀ, ਸਚਖੰਡ ਸਾਚੇ ਖ਼ੁਸ਼ੀ ਮਨਾਈਆ । ਉਚ ਅਟੱਲ ਇਕ ਅਟਾਰੀ, ਪ੍ਰਭ ਦਿਤੀ ਮਾਣ ਵਡਿਆਈਆ । ਨਾ ਕੋਈ ਦੁੱਖ ਨਾ ਬੀਮਾਰੀ, ਸੰਸਾ ਰੋਗ ਨਜ਼ਰ ਨਾ ਆਈਆ । ਨਾ ਕੋਈ ਰਾਤ ਦਿਵਸ ਨਾ ਕੋਈ ਘੜੀ ਪਲ ਪਨਹਾਰੀ, ਨਾ ਕੋਈ ਪੁਰਖ ਨਾ ਕੋਈ ਨਾਰੀ, ਸੇਜ ਸੁਹੰਜਣੀ ਨਾ ਕੋਈ ਹੰਡਾਈਆ । ਨਾ ਕੋਈ ਪੁੱਤਰ ਧੀ ਕਰੇ ਪਿਆਰੀ, ਨਾ ਕੋਈ ਮਾਤ ਗੋਦ ਸੁਹਾਈਆ । ਨਾ ਕੋਈ ਚੰਦ ਸੂਰਜ ਅਵਤਾਰੀ, ਦੀਵਾ ਬਾਤੀ ਨਾ ਕੋਇ ਟਿਕਾਈਆ । ਨਾ ਕੋਈ ਜੀਵ ਦਿਸੇ ਸੰਸਾਰੀ, ਵਿਭਚਾਰ ਨਾ ਕੋਇ ਕਮਾਈਆ । ਨਾ ਕੋਈ ਠੱਗ ਚੋਰ ਯਾਰੀ, ਕੂੜਾ ਹੱਟ ਨਾ ਕੋਇ ਚਲਾਈਆ । ਜਿਧਰ ਵੇਖੀਏ ਜਿਧਰ ਤੱਕੀਏ ਨਜ਼ਰ ਆਏ ਏਕੰਕਾਰੀ, ਨਿਰਗੁਣ ਨਿਰਵੈਰ ਬੇਪਰਵਾਹੀਆ । ਤੁਹਾਡੇ ਵੇਂਹਦਿਆਂ ਸਾਡੇ ਨਾਲ ਲਗਾਈ ਯਾਰੀ, ਫੜ ਕੇ ਉਂਗਲੋਂ ਘਰ ਲੈ ਜਾਈਆ । ਵੇਖੋ ਇੰਦਰ ਰੋਵੇ ਨੇਤਰ ਜ਼ਾਰੀ, ਕਰੋੜ ਤੇਤੀਸਾ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਜਾਂ ਦੇਵੇ ਮਾਣ ਵਡਿਆਈਆ । ਪੰਚ ਕਹਿਣ ਪ੍ਰਭੂ ਅਸੀਂ ਤੇਰੇ ਪਿਆਰੇ, ਸਚਖੰਡ ਬੈਠੇ ਧਿਆਨ ਲਗਾਈਆ । ਬਿਨ ਅੱਖਾਂ ਵੇਖੀਏ ਸਚ ਨਜ਼ਾਰੇ, ਤੇਰਾ ਨੈਣ ਇਕ ਤਕਾਈਆ । ਕਲਜੁਗ ਅੰਤਮ ਤੇਰੇ ਸੋਹਣ ਸਚ ਦੁਆਰੇ, ਜਿਸ ਘਰ ਬੈਠਾ ਡੇਰਾ ਲਾਈਆ । ਚਲ ਕੇ ਆਏ ਗੁਰ ਅਵਤਾਰੇ, ਪੀਰ ਪੈਗੰਬਰ ਫੇਰਾ ਪਾਈਆ । ਖੁਲ੍ਹੇ ਵੇਹੜੇ ਆਪਣੇ ਚਰਨਾਂ ਲਏ ਬਹਾਲੇ, ਦੇਵੇਂ ਮਾਣ ਵਡਿਆਈਆ । ਇਸ਼ਾਰਿਆਂ ਨਾਲ ਆਪ ਉਠਾਲੇ, ਧੁਰ ਦੀ ਧਾਰ ਇਕ ਪਰਗਟਾਈਆ । ਸਭ ਨੂੰ ਪੁਛੇਂ ਪਿਛਲੇ ਅਹਿਵਾਲੇ, ਹਾਲਤ ਸਭ ਦੀ ਵੇਖ ਵਖਾਈਆ । ਅੰਤਮ ਸਾਰੇ ਬਣੇ ਕੰਗਾਲੇ, ਤੇਰੇ ਅੱਗੇ ਸੀਸ ਝੁਕਾਈਆ । ਸਾਡੇ ਨਿਕਲੇ ਮਾਤ ਦੀਵਾਲੇ, ਦੀਵਾਨੀ ਦਾਅਵਾ ਖ਼ਾਰਜ ਦੇ ਕਰਾਈਆ । ਤੇਰੀ ਓਟ ਇਕ ਗੋਪਾਲੇ, ਗੋਬਿੰਦ ਤੇਰੀ ਸਚ ਸਰਨਾਈਆ । ਤੇਰੀ ਅਦਾਲਤ ਵੇਖ ਹੋਏ ਨਿਹਾਲੇ, ਘਰ ਖ਼ੁਸ਼ੀ ਖ਼ੁਸ਼ੀ ਮਨਾਈਆ । ਸਾਡੇ ਪੂਰੇ ਕਰੀਂ ਸਵਾਲੇ, ਜੋ ਬੈਠੇ ਧਿਆਨ ਲਗਾਈਆ । ਮਿਲੇ ਮਾਣ ਸਿੰਘ ਪਾਲੇ, ਪ੍ਰੇਮ ਪ੍ਰੀਤੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਈਆ । ਪੰਚ ਪਰਵਾਨੇ ਆ ਗਏ ਘਰ, ਪੰਜਾਂ ਮਿਲੇ ਵਡਿਆਈਆ । ਨਾਨਕ ਨਿਰਗੁਣ ਦੇਵੇ ਵਰ, ਹਰਿ ਜੂ ਮੇਲ ਮਿਲਾਈਆ । ਦੋਹਾਂ ਜੋੜਾ ਗਿਆ ਜੁੜ, ਅਬਿਨਾਸ਼ੀ ਕਰਤਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਨਾਨਕ ਕਹੇ ਗੋਬਿੰਦ ਦੁਲਾਰ, ਜੋਤੀ ਜੋਤ ਜੋਤ ਰੂਪ ਵਟਾਈਆ । ਗੋਬਿੰਦ ਕਹੇ ਪੁਰਖ ਅਕਾਲ, ਪਿਤਾ ਇਕ ਅਖਵਾਈਆ । ਪੁਰਖ ਅਕਾਲ ਕਹੇ ਮੇਰਾ ਸੁੱਤ ਦੁਲਾਰ, ਗੋਬਿੰਦ ਨਜ਼ਰੀ ਆਈਆ । ਗੋਬਿੰਦ ਕਹੇ ਮੇਰਾ ਨਾਤਾ ਵਿਚ ਸੰਸਾਰ, ਪੰਜ ਤਤ ਕਾਇਆ ਜਗਤ ਹੰਡਾਈਆ । ਪੰਜ ਤਤ ਕਹੇ ਮੈਂ ਹੋਣਾ ਛਾਰ, ਥਿਰ ਕੋਇ ਰਹਿਣ ਨਾ ਪਾਈਆ । ਛਾਰ ਕਹੇ ਮੈਂ ਕਰਾਂ ਪਿਆਰ, ਪ੍ਰਭ ਚਰਨ ਧੂੜੀ ਟਿੱਕਾ ਲਾਈਆ । ਧੂੜ ਕਹੇ ਮੈਂ ਵੇਖਾਂ ਧਾਰ, ਆਦਰਸ਼ ਇਕ ਵਖਾਈਆ । ਨਿਰਗੁਣ ਨਿਰਗੁਣ ਸਾਂਚੇ ਦੇਵਾਂ ਢਾਲ, ਆਪਣੀ ਭੱਠੀ ਇਕ ਤਪਾਈਆ । ਗੋਬਿੰਦ ਵਿਚੋਂ ਗੋਬਿੰਦ ਦਿਆਂ ਨਿਕਾਲ, ਸੋ ਗੋਬਿੰਦ ਸ਼ਬਦ ਰੂਪ ਅਖਵਾਈਆ । ਗੋਬਿੰਦ ਪਿਤਾ ਗੋਬਿੰਦ ਬਣੇ ਬਾਲ, ਗੋਬਿੰਦ ਗੋਬਿੰਦ ਆਪ ਸਹਾਈਆ । ਗੋਬਿੰਦ ਰੁੱਤ ਗੋਬਿੰਦ ਵੇਖੇ ਆਣ, ਗੋਬਿੰਦ

੧੦੦੦
੧੫

ਫੁਲ ਫਲਵਾੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਲੇਖੇ ਲਾਈਆ । ਗੋਬਿੰਦ ਕਹੇ ਗੋਬਿੰਦ ਸੁੱਤ, ਸ਼ਬਦ ਗੋਬਿੰਦ ਰੂਪ ਵਟਾਈਆ । ਕਲਜੁਗ ਅੰਤਮ ਲੈਣਾ ਪੁਛ, ਪਾਰਬ੍ਰਹਮ ਤੇਰੀ ਸਰਨਾਈਆ । ਤੇਰੇ ਦੁਆਰੇ ਬੈਠੇ ਝੁਕ, ਨੇਤਰ ਨੈਣ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਵਡਿਆਈਆ । ਸ਼ਬਦ ਕਹੇ ਮੇਰਾ ਗੋਬਿੰਦ ਰੂਪ, ਗੋਬਿੰਦ ਮੇਰੇ ਰੰਗ ਸਮਾਈਆ । ਗੋਬਿੰਦ ਕਹੇ ਮੈਂ ਸਤਿ ਸਰੂਪ, ਪਾਰਬ੍ਰਹਮ ਵਿਚ ਲੁਕਾਈਆ । ਪਾਰਬ੍ਰਹਮ ਕਹੇ ਮੇਰਾ ਇਕੋ ਪੂਤ, ਸੁੱਤ ਦੁਲਾਰਾ ਨਜ਼ਰੀ ਆਈਆ । ਸੁੱਤ ਕਹੇ ਮੈਂ ਚਾਰੋਂ ਕੁੰਟ, ਹਰਿ ਸਤਿਗੁਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਗੋਬਿੰਦ ਕਹੇ ਮੇਰਾ ਗੋਬਿੰਦ ਭਗਵਾਨ, ਤੇਰੇ ਹੱਥ ਵਡਿਆਈਆ । ਸੱਥਰ ਉਤੇ ਮੰਗਿਆ ਦਾਨ, ਯਾਰੜਾ ਸੇਜ ਹੰਡਾਈਆ । ਕਵਣ ਵੇਲਾ ਮੇਰੀ ਆਸਾ ਕਰੇਂ ਪਰਵਾਨ, ਆਪਣੇ ਲੇਖੇ ਲਾਈਆ । ਤੂੰ ਠਾਕਰ ਹੋ ਕੇ ਦਿਤਾ ਦਾਨ, ਇਕੋ ਢਈਆ ਵਿਚ ਰਖਾਈਆ । ਬੀਸ ਬੀਸਾ ਹੋ ਪਰਧਾਨ, ਤੇਰਾ ਲਹਿਣਾ ਝੋਲੀ ਪਾਈਆ । ਸੰਬਲ ਸੋਹੇ ਇਕ ਮਕਾਨ, ਸਾਚੇ ਮੰਦਰ ਦਏ ਵਡਿਆਈਆ । ਸ਼ਬਦੀ ਡੰਕ ਵਜਾਏ ਆਣ, ਦੋ ਜਹਾਨਾਂ ਕਰੇ ਸ਼ਨਵਾਈਆ । ਸਾਚੇ ਭਗਤਾਂ ਕਰ ਪਹਿਚਾਨ, ਗੁਰਮੁਖ ਤੇਰੇ ਨਾਲ ਮਿਲਾਈਆ । ਚਾਰ ਜੁਗ ਦਾ ਮੇਟ ਨਿਸ਼ਾਨ, ਸਤਿਜੁਗ ਤੇਰੀ ਧਾਰ ਬੰਧਾਈਆ । ਨਵ ਖੰਡ ਪ੍ਰਿਥਮੀ ਦੇ ਗਿਆਨ, ਸੱਤ ਦੀਪ ਦਏ ਸਮਝਾਈਆ । ਸ੍ਰਿਸ਼ਟ ਸਬਾਈ ਪੁਰਖ ਅਕਾਲ, ਇਕੋ ਇਸ਼ਟ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਪ੍ਰਭ ਮੇਰੇ ਠਾਕਰ, ਤੇਰੇ ਹੱਥ ਵਡਿਆਈਆ । ਕਲਜੁਗ ਵੇਖ ਡੂੰਘਾ ਸਾਗਰ, ਤੇਰੀ ਓਟ ਤਕਾਈਆ । ਤੁਧ ਬਿਨ ਦਏ ਨਾ ਕੋਈ ਆਦਰ, ਸਿਰ ਹੱਥ ਨਾ ਕੋਇ ਟਿਕਾਈਆ । ਜ਼ੁਲਮ ਜ਼ਾਲਮ ਤੇ ਲੇਖੇ ਲਾਇਆ ਤੇਗ਼ ਬਹਾਦਰ, ਤੇਗ਼ ਸ਼ਮਸ਼ੀਰ ਤੇਰਾ ਨਾਮ ਨਜ਼ਰੀ ਆਈਆ । ਗੋਬਿੰਦ ਬਣਿਆ ਪ੍ਰੇਮ ਸੌਦਾਗਰ, ਸਾਚਾ ਵਣਜ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸੋ ਧਾਰ ਤਲਵਾਰ ਮੇਰੇ ਹੱਥ ਫੜਾਈਆ । ਸ੍ਰੀ ਭਗਵਾਨ ਕੀਤਾ ਕੌਲ, ਗੋਬਿੰਦ ਆਪ ਜਣਾਇਆ । ਕਲਜੁਗ ਅੰਤਮ ਉਪਰ ਧੌਲ, ਤੇਰੇ ਹੱਥ ਫੜਾਇਆ । ਕਰਾਂ ਖੇਲ ਇਕ ਅਨਭੋਲ, ਸਮਝ ਸਕੇ ਕੋਈ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਾਂ ਮਾਣ ਵਡਿਆਈਆ । ਗੋਬਿੰਦ ਸੁਣ ਧੁਰ ਫ਼ਰਮਾਨ, ਸ੍ਰੀ ਭਗਵਾਨ ਆਪ ਜਣਾਈਆ । ਜਿਹੜੀ ਤਲਵਾਰ ਵਿਚੋਂ ਨਿਕਲੀ ਮਾਤ ਮਿਆਨ, ਜਗਤ ਜਲਾਦ ਹੱਥ ਉਠਾਈਆ । ਜੋ ਤੇਗ਼ ਬਹਾਦਰ ਸੀਸ ਸੋਹੀ ਕਿਰਪਾਨ, ਤਿਸ ਦੇਵੇ ਮਾਣ ਵਡਿਆਈਆ । ਓਸ ਕਿਰਪਾਨ ਦਾ ਰਹੇ ਨਿਸ਼ਾਨ, ਤੇਰੇ ਹੱਥ ਦਏ ਫੜਾਈਆ । ਸਦੀ ਬੀਸਵੀਂ ਸਚ ਨਿਸ਼ਾਨ, ਸ਼ਾਹ ਸੁਲਤਾਨ ਦਏ ਵਖਾਈਆ । ਰਾਸ਼ਟਰਪਤ ਬਣੇ ਨਾਦਾਨ, ਧੁਰ ਦੀ ਸਮਝ ਕੋਇ ਨਾ ਆਈਆ । ਏਸੇ ਕਰ ਕੇ ਖਿਚੀ ਵਿਚੋਂ ਮਿਆਨ, ਨੰਗੀ ਕਰ ਕੇ ਲੈ ਕੇ ਗਿਆ ਆਈਆ । ਜਿਸ ਨੇ ਕਲਜੁਗ ਮੇਟਣਾ ਅੰਤ ਨਿਸ਼ਾਨ, ਸਭ ਦੀ ਜੜ ਦੇਵੇ ਉਖੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਤਲਵਾਰ ਜਿਸ ਤੇਗ਼ ਬਹਾਦਰ ਕੀਤਾ ਪਿਆਰ, ਤੇਗ਼ ਬਹਾਦਰ ਖ਼ੂਨੀ ਧਾਰ ਗੁਰਮੁਖਾਂ ਰੰਗ ਚੜ੍ਹਾਈਆ । ਉਹ ਧਾਰ ਤਲਵਾਰ ਨਾ ਕੋਈ ਖੰਡਾ, ਜੋ ਰਾਜਿੰਦਰ ਪਰਸ਼ਾਦ ਫੜਾਈਆ । ਉਹ ਖੇਲ ਪ੍ਰਭ

ਬ੍ਰਹਿਮੰਡਾ, ਪਾਰਬ੍ਰਹਮ ਆਪ ਕਰਾਈਆ । ਸਤਿਗੁਰ ਨਿਕੀਆਂ ਨਿਕੀਆਂ ਕਦੇ ਕਰੇ ਨਾ ਵੰਡਾਂ, ਆਪਣੀ ਹੱਦ ਨਾ ਕਿਸੇ ਜਣਾਈਆ । ਜਿਸ ਦਾ ਸਭ ਤੋਂ ਉਚਾ ਡੰਡਾ, ਗੁਰਮੁਖ ਪੌੜੇ ਓਸ ਰਖਾਈਆ । ਜਿਸ ਨੇ ਆਦਿ ਜੁਗਾਦਿ ਜੁਗ ਚੌਕੜੀ ਸ਼ਾਹ ਸੁਲਤਾਨਾਂ ਵੱਢਣੀਆ ਕੰਡਾਂ, ਤਿਸ ਉਪਰ ਸੋਹੰ ਲੇਖ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਈਆ । ਅਠ ਦਸ ਦੀ ਇਕ ਤਲਵਾਰ, ਹੱਥ ਜਗਤ ਰਾਜਾਨ ਵਖਾਈਆ । ਕੋਈ ਭੇਵ ਨਾ ਪਾਵੇ ਸੰਸਾਰ, ਸਮਝ ਸਕੇ ਨਾ ਕੋਈ ਰਾਈਆ । ਤਿਸ ਮਿਲੇ ਮਾਣ ਮਹਾਨ, ਜੋ ਤੇਗ਼ ਬਹਾਦਰ ਸੀਸ ਟਿਕਾਈਆ । ਤੇਗ਼ ਬਹਾਦਰ ਨਾਲ ਛੋਹ ਕੇ ਹੋਈ ਪਰਵਾਨ, ਮਿਲੀ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੋ ਸਤਿ ਕਿਰਪਾਨ ਵੀਹ ਸੌ ਵੀਹ ਬਿਕ੍ਰਮੀ ਕਰ ਧਿਆਨ, ਸ਼ਬਦੀ ਖੰਡਾ ਸੂਰਾ ਸਰਬੰਗਾ ਗੋਬਿੰਦ ਹੱਥ ਫੜਾਈਆ । ਉਠ ਗੋਬਿੰਦ ਲੈ ਲੈ ਖੰਡਾ, ਹਰਿ ਖੜਗ ਧਾਰ ਵਖਾਇੰਦਾ । ਜਗਤ ਜਹਾਨ ਵੇਖ ਅੰਧਾ, ਤੇਰਾ ਨੂਰ ਨਜ਼ਰ ਕਿਸੇ ਨਾ ਆਇੰਦਾ । ਜਿਸ ਭੁਲਾ ਕੇ ਬੰਦੀਖ਼ਾਨੇ ਪਾਇਆ ਬੰਦਾ, ਸੋ ਤੇਰੀ ਬੰਦਗੀ ਕਰਨ ਕੋਈ ਨਾ ਆਇੰਦਾ । ਗੁਰਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਸਾਧ ਸੰਤ ਤੇਰੇ ਨਾਮ ਦਾ ਇਕੱਠਾ ਕਰਦੇ ਚੰਦਾ, ਤੇਰਾ ਚੰਦ ਨੂਰ ਨਾ ਕੋਇ ਚਮਕਾਇੰਦਾ । ਤੇਰਾ ਪ੍ਰੇਮ ਪਿਆਰ ਤਜ ਕੇ ਕੂੜੀ ਵਾਸਨਾ ਕਲਜੁਗ ਜੀਵ ਹੋਇਆ ਗੰਦਾ, ਕੂੜੀ ਕਿਰਿਆ ਬਾਹਰ ਨਾ ਕੋਇ ਕਢਾਇੰਦਾ । ਹਉਮੇ ਹੰਗਤਾ ਵੱਜਾ ਜੰਦਾ, ਬਿਨ ਭਗਤਾਂ ਦਰਵਾਜ਼ਾ ਕੋਈ ਨਾ ਖੋਲ੍ਹ ਵਖਾਇੰਦਾ । ਤੂੰ ਮੇਰਾ ਮੈਂ ਤੇਰਾ ਦੋਹਾਂ ਮਿਲ ਕੇ ਗਾਇਆ ਛੰਦਾ, ਪੱਟੀ ਨਾਨਕ ਨਾਮ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚਾਰ ਜੁਗ ਦਾ ਪਿਛਲਾ ਲਹਿਣਾ ਆਪਣੀ ਝੋਲੀ ਪਾਇੰਦਾ । ਪਿਛਲਾ ਲਹਿਣਾ ਝੋਲੀ ਪਾ, ਸ਼ਬਦ ਗੋਬਿੰਦ ਸਚ ਸੁਣਾਈਆ । ਨਿਹਕਰਮੀ ਆਪਣੇ ਮਾਰਗ ਲਾ, ਦੋਹਾਂ ਦਏ ਸਮਝਾਈਆ । ਸ਼ਬਦੀ ਗੁਰ ਇਕ ਬਣਾ, ਗੋਬਿੰਦ ਰੂਪ ਵਟਾਈਆ । ਗੋਬਿੰਦ ਖੰਡਾ ਨਾਮ ਚਮਕਾ, ਬ੍ਰਹਿਮੰਡਾਂ ਦਏ ਡਰਾਈਆ । ਸਾਚੀ ਵੰਡਾ ਇਕ ਵੰਡਾ, ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਸਭ ਦੀ ਝੋਲੀ ਪਾਈਆ । ਕਲਜੁਗ ਲਹਿਣਾ ਝੋਲੀ ਪਾਉਂਦਾ ਏ । ਪਾਵਣਹਾਰ ਪਿਛਲਾ ਲੇਖਾ ਮੂਲ ਮੁਕਾਉਂਦਾ ਏ । ਵੇਖਣਹਾਰ ਸਰਬ ਸੰਸਾਰ, ਵੀਹ ਸੌ ਵੀਹ ਬਿਕ੍ਰਮੀ ਹੁਕਮ ਅਲਾਉਂਦਾ ਏ । ਪੰਦਰਾਂ ਕੱਤਕ ਕਰ ਉਜਿਆਰ, ਪੰਜ ਪਿਆਰੇ ਨਾਲ ਮਿਲਾਉਂਦਾ ਏ । ਸਚਖੰਡ ਨਿਵਾਸੀ ਏਕੰਕਾਰ, ਰਾਸ਼ਟਰਪਤ ਨੈਣ ਨੀਰ ਵਹਾਉਂਦਾ ਏ । ਰਾਜਿੰਦਰ ਰੋਵੇ ਜ਼ਾਰੋ ਜ਼ਾਰ, ਰਾਜ ਰਾਜਨਾਂ ਕੋਲੋਂ ਹਰਿ ਜੂ ਆਪਣਾ ਮੁਖ ਛੁਪਾਉਂਦਾ ਏ । ਗੋਬਿੰਦ ਦੇਵੇ ਇਕ ਸਹਾਰ, ਧੁਰ ਦੀ ਵੰਡਾ ਆਪ ਵੰਡਾਉਂਦਾ ਏ । ਜਨ ਭਗਤਾਂ ਕਰ ਪਿਆਰ, ਸਾਚਾ ਛੰਦਾ ਗੀਤ ਸੁਣਾਉਂਦਾ ਏ । ਸੋਹੰ ਸਤਿ ਧੁਨਕਾਰ, ਸਤਿ ਜੋਤ ਦੇ ਨਾਲ ਮਿਲਾਉਂਦਾ ਏ । ਪਰਮ ਪੁਰਖ ਏਕੰਕਾਰ, ਵਰਨ ਗੋਤ ਦਾ ਡੇਰਾ ਢਾਉਂਦਾ ਏ । ਦੀਨ ਮਜ਼੍ਹਬ ਪਾਰ ਕਿਨਾਰ, ਚਾਰ ਵਰਨਾਂ ਇਕੋ ਘਰ ਬਹਾਉਂਦਾ ਏ । ਮਹੱਲ ਅਟੱਲ ਕਰ ਉਜਿਆਰ, ਭਗਤ ਭਗਵੰਤ ਵੇਖ ਵਖਾਉਂਦਾ ਏ । ਬੰਦ ਤਾਕੀ ਖੋਲ੍ਹ ਕਿਵਾੜ, ਸੰਤ ਸਾਜਣ ਆਪ ਜਗਾਉਂਦਾ ਏ । ਆਲਸ ਨਿੰਦਰਾ ਨਾ ਕੋਇ ਹੁਲਾਰ, ਗੁਰਮੁਖ ਗੁਰ ਗੁਰ ਗੋਦ ਸੁਹਾਉਂਦਾ ਏ । ਦੇਵੇ ਪ੍ਰੇਮ ਹੁਲਾਰ, ਗੁਰਸਿਖ ਸਾਚੀ ਬੂਝ ਬੁਝਾਉਂਦਾ ਏ । ਕਰਾਏ ਵਣਜ ਵਪਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਸਚ ਵਿਹਾਰ ਚਲਾਉਂਦਾ ਏ । ਸਤਿਜੁਗ ਵਿਹਾਰ

ਚਲੇ ਪ੍ਰਭ ਸਤਿ, ਸਤਿ ਸਤਿਵਾਦੀ ਆਪ ਜਣਾਈਆ । ਇਕੀ ਦਰਬਾਰੀ ਲਏ ਰੱਖ, ਏਕੰਕਾਰ ਵੱਡੀ ਵਡਿਆਈਆ । ਏਨ੍ਹਾਂ ਪਿਛੇ ਹਰਿ ਸੰਗਤ ਪੂਰਾ ਦੇਵੇ ਹੱਕ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਇਕੀਆਂ ਸੀਸ ਬੱਧੀ ਦਸਤਾਰ, ਹਰਿ ਦਸਤਾ ਇਕ ਬਣਾਇਆ । ਵੇਖੇ ਆਪ ਸ਼ਾਹ ਅਸਵਾਰ, ਸ਼ਹਿਨਸ਼ਾਹ ਆਪਣਾ ਫੇਰਾ ਪਾਇਆ । ਕਿਲਾ ਬਣੀ ਅਗੰਮੀ ਦੀਵਾਰ, ਹਰਿਜਨ ਘੇਰਾ ਇਕ ਰਖਾਇਆ । ਕੋਈ ਅੰਦਰ ਨਾ ਆਵੇ ਬਾਹਰ, ਬਾਹਰੋਂ ਅੰਦਰ ਨਾ ਕੋਇ ਲੰਘਾਇਆ । ਜਿਸ ਹੁਕਮ ਕਰੇ ਕਰਤਾਰ, ਸੋ ਦਰਸਨ ਸੱਚਾ ਪਾਇਆ । ਵਿਸ਼ਨ ਬ੍ਰਹਮਾ ਸ਼ਿਵ ਹੋਏ ਬਲਹਾਰ, ਪ੍ਰਭ ਲੇਖਾ ਅੰਤ ਚੁਕਾਇਆ । ਤੇਈ ਅਵਤਾਰ ਕਰਨ ਨਿਮਸਕਾਰ, ਸਾਡਾ ਪੱਲੂ ਗੰਢ ਵਖਾਇਆ । ਈਸਾ ਮੂਸਾ ਮੁਹੰਮਦ ਕਰ ਦੀਦਾਰ, ਲੱਖ ਲੱਖ ਸ਼ੁਕਰ ਰਹੇ ਮਨਾਇਆ । ਨਾਨਕ ਨਿਰਗੁਣ ਬੋਲ ਜੈਕਾਰ, ਪੰਚਮ ਲੇਖਾ ਰਹੇ ਜਣਾਇਆ । ਗੋਬਿੰਦ ਬੋਲ ਇਕ ਅਕਾਲ, ਸਾਚਾ ਸੋਹਲਾ ਰਿਹਾ ਗਾਇਆ । ਕਿਰਪਾ ਕਰ ਦੀਨ ਦਿਆਲ, ਸਿਰ ਆਪਣਾ ਹੱਥ ਟਿਕਾਇਆ । ਉਠ ਵੇਖ ਮੇਰੇ ਲਾਲ, ਤੈਨੂੰ ਲਾਲ ਦਿਆਂ ਜਣਾਇਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੋ ਘਾਲਾਂ ਆਏ ਘਾਲ, ਤਿਨ੍ਹਾਂ ਆਪਣੇ ਘਰ ਬਹਾਇਆ । ਏਥੇ ਓਥੇ ਦੋ ਜਹਾਨ ਵੱਜੇ ਤਾਲ, ਅਧਵਿਚਕਾਰ ਨਾ ਕੋਇ ਤੁੜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲੋਕਮਾਤ ਭਗਤ ਦੁਆਰ ਆਪ ਸੁਹਾਇਆ । ਭਗਤ ਦੁਆਰਾ ਲੋਕਮਾਤ, ਪ੍ਰਭ ਆਪਣਾ ਆਪ ਸੁਹਾਈਆ । ਪਹਿਲੀ ਵਾਰ ਲੇਖਾ ਲਿਖ ਕੇ ਨਾਲ ਕਲਮ ਦਵਾਤ, ਜਗਤ ਸ਼ਹਾਦਤ ਇਕ ਜਣਾਈਆ । ਸਤਿਜੁਗ ਸਾਚੀ ਦੇ ਕੇ ਦਾਤ, ਵਸਤ ਅਮੋਲਕ ਆਪ ਵਰਤਾਈਆ । ਜਨ ਭਗਤਾਂ ਅੰਤਮ ਪਤ ਲਏ ਰਾਖ, ਨਿਰਗੁਣ ਮਿਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਵਡਿਆਈਆ । ਪੰਦਰਾਂ ਕੱਤਕ ਨਾ ਕੋਈ ਕਰਮ, ਨਿਹਕਰਮੀ ਕਰਮ ਕਮਾਇੰਦਾ । ਸ੍ਰਿਸ਼ਟ ਸਬਾਈ ਭੁਲੇਖਾ ਭਰਮ, ਹਰਿ ਕਾ ਭੇਵ ਕਿਸੇ ਨਾ ਆਇੰਦਾ । ਸ੍ਰਿਸ਼ਟ ਸਬਾਈ ਮਰਨ ਜਨਮ, ਜਨਮ ਮਰਨ ਖੇਲ ਖਿਲਾਇੰਦਾ । ਗੁਰਮੁਖ ਵਿਰਲੇ ਸੱਜਣ ਤਰਨ, ਜਿਸ ਜਨ ਆਪਣੀ ਦਇਆ ਕਮਾਇੰਦਾ । ਜਿਸ ਵੇਲੇ ਪ੍ਰਭ ਦਾ ਲੜ ਫੜਨ, ਪੱਲੂ ਜਗਤ ਛੁਡਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਆਪ ਜਣਾਇੰਦਾ । ਜਨ ਭਗਤ ਜਗਤ ਵਿਚੋਂ ਜਾਏ ਮਰ, ਜਿਸ ਵੇਲੇ ਸਤਿਗੁਰ ਦਰਸ਼ਨ ਪਾਈਆ । ਮਰ ਕੇ ਮਰਨ ਦਾ ਚੁੱਕੇ ਡਰ, ਘਰ ਇਕੋ ਨਜ਼ਰੀ ਆਈਆ । ਸਮਰਥ ਸੁਆਮੀ ਪੱਲੂ ਲਏ ਫੜ, ਗੁਰਮੁਖ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗ ਮਿਰਤੂ ਰੂਪ ਜਣਾਈਆ । ਭਗਤ ਜਨ ਜਗ ਜਾਣੇ ਮੁਰਦਾ, ਮਰੀ ਸਰਬ ਲੋਕਾਈਆ । ਬਿਨ ਸਤਿਗੁਰ ਜੋ ਫਿਰਦਾ ਤੁਰਦਾ, ਪੰਜ ਤਤ ਕੰਮ ਕਿਸੇ ਨਾ ਆਈਆ । ਅੱਗੇ ਪਿਛੇ ਵੇਖੋ ਬੇੜਾ ਰੁੜ੍ਹਦਾ, ਸ੍ਰੀ ਭਗਵਾਨ ਰਿਹਾ ਰੁੜ੍ਹਾਈਆ । ਜੋ ਪੰਦਰਾਂ ਕੱਤਕ ਸ੍ਰੀ ਭਗਵਾਨ ਨਾਲ ਜੁੜਦਾ, ਤਿਸ ਜੋੜੀ ਬਣੇ ਬੇਪਰਵਾਹੀਆ । ਇਹ ਜਗਤ ਜਹਾਨ ਖੇਡ ਚੱਕੀ ਪੁੜ ਦਾ, ਜਗ ਪੀਸੇ ਜਗਤ ਲੋਕਾਈਆ । ਜਿਸ ਨੇ ਭੇਵ ਪਾਇਆ ਸਤਿਗੁਰ ਗੁਰ ਦਾ, ਤਿਸ ਛੁੱਟੀ ਜਗਤ ਲੋਕਾਈਆ । ਤਿਸ ਅੰਦਰ ਫੁਰਨਾ ਇਕੋ ਫੁਰਦਾ, ਪ੍ਰਭ ਮਿਲੇ ਬੇਪਰਵਾਹੀਆ । ਜਗਤ ਮਾਣ ਵਡਿਆਈ ਵੇਖ ਕਦੇ ਨਾ ਝੁਰਦਾ, ਦੁੱਖ ਸੁਖ ਰੂਪ ਸਮਾਈਆ । ਇਹ ਲਹਿਣਾ ਦੇਣਾ ਚੁੱਕੇ ਅਨੰਦ ਪੁਰ ਦਾ, ਪੁਰ ਅਨੰਦ ਆਪ ਜਣਾਈਆ ।


੧੦੦੩ ੧੫

ਪੰਦਰਾਂ ਕੱਤਕ ਲੇਖਾ ਧੁਰ ਦਾ, ਹਰਿ ਮਿਲਣੀ ਆਪ ਕਰਾਈਆ । ਲੇਖਾ ਚੁਕਿਆ ਤਾਲ ਸੁਰ ਦਾ, ਸੁਰਤੀ ਸ਼ਬਦ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੱਠੇ ਕਰਕੇ ਪਹਿਲੀ ਵਾਰ ਆਪਣਾ ਮੇਲ ਮਿਲਾਈਆ । ਪੰਦਰਾਂ ਕੱਤਕ ਦਾ ਭੇਵ ਅਨੋਖਾ, ਅਕਲ ਕਲਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਤੱਕਦੇ ਰਹੇ ਮੌਕਾ, ਚਾਰ ਜੁਗ ਧਿਆਨ ਲਗਾਈਆ । ਉਸ ਨੂੰ ਸਮਝਣਾ ਹੁਣ ਨਹੀਂ ਸੌਖਾ, ਭੇਵ ਅਭੇਦ ਸਮਝ ਕੋਇ ਨਾ ਆਈਆ । ਜੋ ਪ੍ਰਭ ਇਕ ਵਾਰ ਲਾ ਕੇ ਢੌਂਕਾ, ਗੋਬਿੰਦ ਢਈਆ ਵਿਚ ਰਖਾਈਆ । ਜੇ ਕੋਈ ਲੱਭੇ ਪਟਣਾ ਪੌਂਟਾ, ਨਜ਼ਰੀ ਨਜ਼ਰ ਕਿਸੇ ਨਾ ਆਈਆ । ਜੇ ਕੋਈ ਆਪਣਾ ਕਾਇਆ ਮੰਦਰ ਕਰ ਕੇ ਸਾਫ਼ ਰੱਖੇ ਚੌਂਕਾ, ਘਰ ਆ ਕੇ ਬਹੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਦੇਵੇ ਮਾਣ ਵਡਿਆਈਆ । ਪੰਦਰਾਂ ਕੱਤਕ ਰਿਹਾ ਤੱਕ, ਤੱਕਣੀ ਇਕ ਭਵਾਈਆ । ਜਿਸ ਨੇ ਮੇਰੇ ਲੇਖੇ ਲਾਈ ਰੱਤ, ਉਸ ਦੀ ਰੁੱਤ ਦਿਆਂ ਸਮਝਾਈਆ । ਦੋ ਨੀਹਾਂ ਹੇਠਾਂ ਦਿਤੇ ਦੱਬ, ਭਗਤ ਦੁਆਰੇ ਮਿਲੇ ਵਡਿਆਈਆ । ਦੋਹਾਂ ਪਰਗਟ ਕਰਾਂ ਝੱਬ, ਛੱਬੀ ਪੋਹ ਰੁੱਤ ਸੁਹਾਈਆ । ਇਕੀ ਇਕੱਠੇ ਲਵਾਂ ਸੱਦ, ਜਿਨ੍ਹਾਂ ਸਿਰ ਦਸਤਾਰ ਬੰਧਾਈਆ । ਅੰਤਰ ਦੇ ਕੇ ਅੰਮ੍ਰਿਤ ਮਧ, ਇਕੋ ਰਸ ਦਿਆਂ ਵਖਾਈਆ । ਜਨ ਭਗਤ ਸਦਾਵਾਂ ਸਾਚੀ ਯਦ, ਸਾਚੇ ਬੰਸ ਦਿਆਂ ਵਡਿਆਈਆ । ਗੋਬਿੰਦ ਸੁੱਤ ਰਹਿਣ ਨਾ ਦੇਵਾਂ ਅੱਡ, ਗੁਰਮੁਖ ਉਂਗਲੀ ਦਿਆਂ ਫੜਾਈਆ । ਜਿਨ੍ਹਾਂ ਤੁਹਾਡੇ ਪਿਛੇ ਲੇਖੇ ਲਾਈ ਰਤ ਮਾਸ ਨਾੜੀ ਹੱਡ, ਤਿਨ੍ਹਾਂ ਹੌਲਾ ਭਾਰ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਆਪ ਕਰਾਈਆ । ਪੰਦਰਾਂ ਕੱਤਕ ਸਦੀ ਬੀਸ, ਹਰਿ ਸਤਿਗੁਰ ਧਾਰ ਚਲਾਈਆ । ਜਿਸ ਦੀ ਕੋਈ ਨਾ ਕਰੇ ਰੀਸ, ਨਕਲੀ ਰੂਪ ਨਾ ਕੋਇ ਵਟਾਈਆ । ਜਨ ਭਗਤਾਂ ਆਤਮ ਰਿਹਾ ਜੀਤ, ਜਿਤ ਹਾਰ ਆਪਣੀ ਝੋਲੀ ਪਾਈਆ । ਸਚਖੰਡ ਦੀ ਸਾਚੀ ਰੀਤ, ਸਤਿਜੁਗ ਸਾਚਾ ਰਾਹ ਵਖਾਈਆ । ਪ੍ਰਭ ਮਿਲੇ ਬਿਨ ਮੰਦਰ ਮਸੀਤ, ਸ਼ਿਵਦਵਾਲਾ ਮੱਠ ਨਾ ਕੋਇ ਜਣਾਈਆ । ਰਲ ਮਿਲ ਗਾਓ ਇਕੋ ਗੀਤ, ਦੀਨ ਮਜ਼੍ਹਬ ਨਾ ਕੋਇ ਲੜਾਈਆ । ਊਚ ਨੀਚ ਕਰੋ ਸਚ ਪ੍ਰੀਤ, ਛੋਟਾ ਵੱਡਾ ਨਾ ਕੋਇ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਜਨ ਭਗਤ ਕਹਿਣ ਪ੍ਰਭ ਕੀ ਵੇਖਿਆ ਤੇਰਾ, ਤੇਰੀ ਸਮਝ ਕੋਈ ਨਾ ਆਈਆ । ਪੰਦਰਾਂ ਕੱਤਕ ਸਾਰੇ ਕਹਿੰਦੇ ਰਹੇ ਆਏ ਨੇੜਾ, ਰਸਨਾ ਜਿਹਵਾ ਗੀਤ ਸੁਣਾਈਆ । ਸ੍ਰਿਸ਼ਟ ਸਬਾਈ ਉਜੜਨਾ ਖੇੜਾ, ਵਸਦਾ ਕੋਈ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਭ ਦਾ ਸੰਸਾ ਦਏ ਚੁਕਾਈਆ । ਸੁਣੋ ਭਗਤੋ ਲਾ ਕਰ ਕੰਨ, ਹਰਿ ਕਰਤਾ ਆਪ ਜਣਾਇੰਦਾ । ਜਿਨ੍ਹਾਂ ਪ੍ਰਭ ਦਾ ਕਹਿਣਾ ਲਿਆ ਮੰਨ, ਤਿਨ੍ਹਾਂ ਮਨਸਾ ਪੂਰ ਕਰਾਇੰਦਾ । ਬਾਕੀ ਸ੍ਰਿਸ਼ਟ ਸਬਾਈ ਦੇਵੇ ਡੰਨ, ਹਰਿ ਡੰਡਾ ਹੱਥ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਇੰਦਾ । ਸਾਚੀ ਕਿਰਪਾ ਹਰੀ ਕਰਨੀ, ਵੀਹ ਸਾਲ ਕਰੀ ਜਣਾਈਆ । ਜੋ ਨਾ ਆਏ ਪ੍ਰਭ ਦੀ ਸਰਨੀ, ਬੈਠੇ ਮੁਖ ਭਵਾਈਆ । ਸੋ ਸ੍ਰਿਸ਼ਟੀ ਮਰੀ ਆਪਣੀ ਮਰਨੀ, ਅੱਗੇ ਲੇਖਾ ਕੋਇ ਨਜ਼ਰ ਨਾ ਆਈਆ । ਸੋ ਉਤਰੇ ਪਾਰ ਜਿਨ੍ਹਾਂ ਪ੍ਰਭ ਕਿਰਪਾ ਆਪਣੀ ਕਰਨੀ, ਹਰਿ ਕਰਤਾ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੀਉਂਦੇ ਜੀਉਂਦੇ ਗੁਰਮੁਖ ਲਏ ਜਗਾਈਆ । ਸੋ ਗੁਰਮੁਖ ਸਦਾ ਜੀਵਣ, ਮਿਲੇ ਮਾਣ

੧੦੦੪
੧੫

ਵਡਿਆਈਆ । ਅੰਮ੍ਰਿਤ ਰਸ ਸਾਚਾ ਪੀਵਣ, ਤ੍ਰਿਸਨਾ ਭੁੱਖ ਗਵਾਈਆ । ਪ੍ਰਭ ਸਰਨਾਈ ਥੀਵਣ, ਘੋਲੀ ਘੋਲ ਘੁਮਾਈਆ । ਦੋਏ ਜੋੜ ਨੇਤਰ ਨੈਣਾਂ ਨੀਵਣ, ਹੰਕਾਰੀ ਰੂਪ ਨਾ ਕੋਇ ਵਖਾਈਆ । ਸਾਚਾ ਬੀਜ ਇਕੋ ਬੀਵਣ, ਪ੍ਰੇਮ ਪ੍ਰੀਤੀ ਹਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਲਏ ਤਰਾਈਆ । ਜਗਤ ਜਹਾਨ ਜਾਣੋ ਮਰਿਆ, ਜਿਸ ਭੁਲਿਆ ਬੇਪਰਵਾਹੀਆ । ਅੱਗੇ ਮਿਲੇ ਨਾ ਕੋਈ ਦਰਿਆ, ਏਥੇ ਹੋਵੇ ਨਾ ਕੋਇ ਸਹਾਈਆ । ਅਗਨੀ ਹਵਨ ਜਾਣੋ ਸੜਿਆ, ਮੜੀ ਗੋਰ ਦਬਾਈਆ । ਜੂਨੀ ਵਿਚੋਂ ਨਿਕਲੇ ਜੂਨੀ ਵੜਿਆ, ਦੁੱਖ ਰੋਗ ਨਾ ਕੋਇ ਮਿਟਾਈਆ । ਮਾਣਸ ਜਨਮ ਜਿਸ ਨੇ ਹਰਿਆ, ਹਰਿ ਜੂ ਗਿਆ ਭੁਲਾਈਆ । ਜਨ ਭਗਤੋ ਸੋ ਜਾਣੋ ਮਰਿਆ, ਜਿਸ ਭੁਲਿਆ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੁਰਦੇ ਜੀਉਂਦੇ ਦੋਵੇਂ ਆਪ ਜਣਾਈਆ । ਸੋ ਗੁਰਮੁਖ ਜੀਊਂਦਾ ਜਗ, ਜਿਸ ਮਿਲੇ ਜਗਤ ਵਡਿਆਈਆ । ਸਤਿਗੁਰ ਮੇਟੇ ਅਗਨੀ ਅੱਗ, ਕੂੜੀ ਤ੍ਰਿਸਨਾ ਦਏ ਗਵਾਈਆ । ਘਰ ਕਰਾਏ ਆਪਣਾ ਹੱਜ, ਹੁਜਰੇ ਸਾਚੇ ਸੋਭਾ ਪਾਈਆ । ਮੰਦਰ ਵਖਾਏ ਅਗੰਮੀ ਹੱਦ, ਦਰ ਦਰਵਾਜ਼ਾ ਇਕ ਖੁਲ੍ਹਾਈਆ । ਦਰਸ ਕਰਾਏ ਰੱਜ ਰੱਜ, ਦੀਦ ਈਦ ਚੰਦ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਸੋ ਗੁਰਮੁਖ ਜਾਏ ਬਚ, ਰਾਏ ਧਰਮ ਨਾ ਦਏ ਸਜ਼ਾਈਆ । ਜਗਤ ਜਹਾਨ ਵੇਖੋ ਡੁੱਬਦਾ, ਮੰਝਧਾਰ ਪਈ ਲੋਕਾਈਆ । ਕਾਇਆ ਸੂਰਜ ਵੇਖੋ ਛੁਪਦਾ, ਰੈਣ ਅੰਧੇਰੀ ਛਾਈਆ । ਏਥੇ ਓਥੇ ਕੋਈ ਨਾ ਪੁਛਦਾ, ਜਿਨ੍ਹਾਂ ਭੁਲਿਆ ਬੇਪਰਵਾਹੀਆ । ਨਾਤਾ ਤੁੱਟੇ ਪਿਓ ਪੁਤ ਦਾ, ਬਿਨਾਂ ਪਿਤਾ ਪੁਰਖ ਅਕਾਲ ਸੰਗ ਨਾ ਕੋਇ ਨਿਭਾਈਆ । ਇਹ ਖੇਲ ਪੁਰਖ ਉਲਟੇ ਰੁਖ਼ ਦਾ, ਮਾਤ ਗਰਭ ਅਗਨੀ ਹਵਨ ਤਪਾਈਆ । ਜੋ ਸਤਿਗੁਰ ਸਰਨਾਈ ਝੁਕਦਾ, ਤਿਸ ਆਪਣੇ ਗਲੇ ਲਗਾਈਆ । ਉਸ ਦਾ ਜੀਊਂਦਿਆਂ ਹੀ ਪੰਧ ਮੁਕਦਾ, ਮਰਿਆਂ ਜੀਵਣ ਨਾ ਕੋਇ ਰਖਾਈਆ । ਸ੍ਰੀ ਭਗਵਾਨ ਅੰਤਮ ਇਕੋ ਪੁੱਛਦਾ, ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪੰਦਰਾਂ ਕੱਤਕ ਸ਼ਾਹ ਪਾਤਸ਼ਾਹ ਬਣੇ ਸੱਚਾ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਬਣ ਕੇ ਮਾਲਕ, ਪੰਦਰਾਂ ਕੱਤਕ ਦਏ ਵਡਿਆਈਆ । ਸ੍ਰਿਸ਼ਟ ਸਬਾਈ ਬਣ ਕੇ ਖ਼ਾਲਕ, ਹਰਿ ਖ਼ਲਕਤ ਵੇਖ ਵਖਾਈਆ । ਨਿਰਗੁਣ ਹੋ ਕੇ ਆਇਆ ਸਾਲਸ, ਸਾਲਸੀ ਸਚ ਕਮਾਈਆ । ਵੇਖੋ ਜਨ ਭਗਤ ਕੱਢੇ ਖ਼ਾਲਸ, ਖ਼ਾਲਸ ਖ਼ਾਲਸਾ ਰੂਪ ਬਣਾਈਆ । ਵੀਹਵੀਂ ਸਦੀ ਬਣਾ ਕੇ ਬਾਲਕ, ਪਿਤਾ ਪੂਤ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਪਰਗਟਾਈਆ । ਖ਼ਾਲਸ ਖ਼ਾਲਸਾ ਬਣਿਆ ਏਕ, ਪ੍ਰਭ ਸਤਿਗੁਰ ਆਪ ਬਣਾਇਆ । ਜਿਸ ਨੂੰ ਦਿਤੀ ਹਰਿ ਜੂ ਟੇਕ, ਸਿਰ ਆਪਣਾ ਟਿਕਾਇਆ । ਤਿਸ ਬੁਧੀ ਹੋਈ ਬਿਬੇਕ, ਮਨ ਮਮਤਾ ਮੋਹ ਚੁਕਾਇਆ । ਤ੍ਰੈਗੁਣ ਨਾ ਲਾਏ ਸੇਕ, ਭਾਂਡਾ ਭਰਮ ਭੰਨਾਇਆ । ਸੋ ਸਤਿਗੁਰ ਇਕੋ ਪੇਖ, ਇਕੋ ਘਰ ਸੋਭਾ ਪਾਇਆ । ਰੁੱਤ ਸੁਹੰਜਣੀ ਮੌਲੇ ਚੇਤ, ਪਤ ਡਾਲੀ ਰੰਗ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਅੰਤਮ ਸ਼ਹਿਨਸ਼ਾਹ ਇਕ ਅਖਵਾਇਆ । ਸ਼ਹਿਨਸ਼ਾਹ ਹਰਿ ਦੋ ਜਹਾਨਾਂ, ਵਾਲੀ ਪ੍ਰਭ ਅਖਵਾਈਆ । ਜਨ ਭਗਤਾਂ ਦੇਵੇ ਧੁਰ ਦਾ ਦਾਨਾ, ਨਾਮ ਅਗੰਮ ਝੋਲੀ ਪਾਈਆ । ਏਥੇ ਓਥੇ ਬਣ ਭਗਵਾਨਾ, ਸ੍ਰੀ ਭਗਵਾਨ ਹੋਏ ਸਹਾਈਆ । ਨਾਤਾ ਤੋੜ ਜਗਤ ਜ਼ਮਾਨਾ, ਜ਼ਾਮਨੀ ਆਪਣੀ ਵਿਚ ਰਖਾਈਆ । ਪੰਦਰਾਂ ਕੱਤਕ

ਦਿਵਸ ਮਹਾਨਾ, ਸ੍ਰੀ ਭਗਵਾਨ ਖ਼ੁਸ਼ੀ ਮਨਾਈਆ । ਦਰ ਆਇਆਂ ਕਰੇ ਪਰਵਾਨਾ, ਪਿਛੇ ਰਹਿੰਦਿਆ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਖੇਲ ਖਿਲਾਈਆ । ਸ਼ਾਹ ਪਾਤਸ਼ਾਹ ਸੂਰਬੀਰ ਸੂਰਾ, ਸੋ ਪੁਰਖ ਨਿਰੰਜਣ ਇਕ ਅਖਵਾਇੰਦਾ । ਆਦਿ ਜੁਗਾਦੀ ਸ਼ਬਦੀ ਪੂਰਾ, ਨਾਦੀ ਤੂਰਾ ਨਾਦ ਅਲਾਇੰਦਾ । ਕੂੜੀ ਕਿਰਿਆ ਹੂੰਝ ਕੂੜਾ, ਗੁਰਮੁਖ ਮਹੱਲ ਆਪ ਵਖਾਇੰਦਾ । ਸ਼ਬਦ ਭੰਡਾਰ ਕਰ ਭਰਪੂਰਾ, ਅਤੋਟ ਅਤੁਟ ਰਖਾਇੰਦਾ । ਰੰਗ ਅਮੋਲਕ ਚਾੜ੍ਹ ਗੂੜ੍ਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਇੰਦਾ । ਵੇਖੇ ਸ੍ਰਿਸ਼ਟੀ ਕੂੜੀ ਮਰਦੀ, ਮਦਦੀ ਨਜ਼ਰ ਕੋਇ ਨਾ ਆਈਆ । ਭੈਣ ਭਾਈ ਨਾ ਕੋਈ ਦਰਦੀ, ਪਿਤਾ ਪੁਤ ਨਾ ਕੋਇ ਸਹਾਈਆ । ਪੰਜ ਤਤ ਕਾਇਆ ਸਭ ਦੀ ਸੜਦੀ, ਥਿਰ ਨਜ਼ਰ ਕੋਇ ਨਾ ਆਈਆ । ਬਿਨ ਸਤਿਗੁਰ ਪੂਰੇ ਆਤਮ ਪਰਮਾਤਮ ਘਰ ਕੋਈ ਨਾ ਵੜਦੀ, ਅੱਗੇ ਪਿਛੇ ਪੰਧ ਨਾ ਕੋਇ ਮੁਕਾਈਆ । ਚਾਰ ਜੁਗ ਏਸੇ ਗੱਲੋਂ ਡਰਦੀ, ਲੱਖ ਚੁਰਾਸੀ ਗੇੜ ਨਾ ਫੇਰ ਭਵਾਈਆ । ਦੋਏ ਜੋੜ ਗੁਰਮੁਖ ਆਤਮਾ ਹਾੜੇ ਕੱਢਦੀ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭ ਮੈਂ ਤੇਰੇ ਦਰ ਦੀ ਬਰਦੀ, ਬਣ ਨਿਮਾਣੀ ਸੇਵ ਕਮਾਈਆ । ਮੇਰੇ ਕੋਲੋਂ ਕਲਜੁਗ ਜੀਵ ਕੂੜੇ ਵਰਜ ਦੀਂ, ਨਾਤਾ ਆਪਣੇ ਨਾਲ ਜੁੜਾਈਆ । ਮੈਂ ਚਾਹੁੰਦੀ ਤੇਰੇ ਨਾਲ ਮਿਲ ਜਾਏ ਮਰਜੀ, ਮਰਜ਼ ਜਨਮ ਮਰਨ ਦੀ ਰਹਿਣ ਨਾ ਪਾਈਆ । ਜੇ ਮੇਰਾ ਚੋਲਾ ਪਾਟਾ ਤੂੰ ਸੀਂ ਬਣ ਕੇ ਦਰਜ਼ੀ, ਸੂਈ ਧਾਗਾ ਤੇਰੇ ਹੱਥ ਨਜ਼ਰੀ ਆਈਆ । ਵੇਖੀਂ ਸਾਨੂੰ ਭਗਤ ਨਾ ਬਣਾਈਂ ਫ਼ਰਜ਼ੀ, ਫ਼ੈਸਲਾ ਇਕੋ ਵਾਰ ਦੇ ਸੁਣਾਈਆ । ਇਹ ਖੇਲ ਤੇਰਾ ਅਸਚਰਜੀ, ਅਚਰਜ ਖੇਲ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਦਰਾਂ ਕੱਤਕ ਨੌ ਸੌ ਚੁਰਾਨਵੇ ਚੋਕੜੀ ਜੁਗ ਪਿਛੋਂ ਤੇਰੇ ਨਾਲ ਮਿਲਾਈਆ । ਨੌ ਸੌ ਚੁਰਾਨਵੇ ਚੌਕੜੀ ਕਹੇ ਮੇਰੀ ਰੁੱਤ ਸੁਹੇਲੀ, ਜਿਸ ਸੱਜਣ ਇਕ ਮਿਲਾਇਆ । ਭਿੰਨੜੀ ਰੈਣ ਕਹੇ ਮੈਂ ਹੋ ਕੇ ਵਿਹਲੀ, ਮਨਮੁਖਾਂ ਕੋਲੋਂ ਪੱਲਾ ਛੁਡਾਇਆ । ਜਨ ਭਗਤ ਦੁਆਰੇ ਆ ਕੇ ਬਣੀ ਚੇਲੀ, ਆਪ ਆਪਣਾ ਮਾਣ ਮਿਟਾਇਆ । ਗੋਬਿੰਦ ਕਹਿ ਕੇ ਗਿਆ ਪ੍ਰਭ ਮਾਣ ਦਿਵਾਵੇ ਝੀਵਰ ਛੀਂਬੇ ਨਾਈ ਤੇਲੀ, ਤਿਲਕ ਆਪਣਾ ਨਾਮ ਲਗਾਇਆ । ਸੋ ਸੱਜਣ ਆ ਕੇ ਵੇਖਿਆ ਬੇਲੀ, ਅਲਬੇਲੜਾ ਆਪਣਾ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਇਆ । ਭਿੰਨੜੀ ਰੈਣ ਕਹੇ ਸੁਣ ਕੱਤਕ ਪੰਦਰਾਂ, ਇਕ ਪੰਜ ਵਿਚ ਮਿਲੀ ਵਧਾਈਆ । ਮੈਂ ਫਿਰ ਫਿਰ ਧੱਕੀ ਮਸਜਦ ਮੰਦਰਾਂ, ਮਾਹੀ ਨਜ਼ਰ ਕਿਤੇ ਨਾ ਆਈਆ । ਸਾਧਾਂ ਸੰਤਾਂ ਅੰਦਰ ਵੱਜਿਆ ਜੰਦਰਾ, ਤਾਕੀ ਸਕੇ ਨਾ ਕੋਇ ਖੁਲ੍ਹਾਈਆ । ਜੰਗਲ ਜੂਹ ਉਜਾੜ ਪਹਾੜ ਵੇਖ ਕੇ ਆਈ ਡੂੰਘੇ ਕੰਦਰਾਂ, ਟਿੱਲੇ ਪਰਬਤ ਫੇਰਾ ਪਾਈਆ । ਮਨ ਵਾਸਨਾ ਭਾਉਦੇ ਵਾਂਗ ਬੰਦਰਾਂ, ਦਹਿ ਦਿਸ਼ਾ ਉਠ ਉਠ ਧਾਈਆ । ਭੁੱਲੀ ਰੁਲੀ ਆ ਕੇ ਭਗਤ ਦੁਆਰ ਵੇਖਿਆ ਬੰਗਲਾ, ਪ੍ਰਭ ਬੈਠਾ ਬੇਪਰਵਾਹੀਆ । ਜਾਂ ਦਰਸਨ ਪਾਇਆ ਨਜ਼ਰੀ ਆਇਆ ਰੰਗਲਾ, ਜਿਸ ਨੂੰ ਗੋਬਿੰਦ ਕਹਿੰਦਾ ਮਾਹੀਆ । ਜਿਸ ਨੇ ਤੋੜਨੀ ਸ਼ਰਅ ਸੰਗਲਾ, ਡੋਰੀ ਨਾਮ ਬੰਧਾਈਆ । ਮੈਂ ਵੀ ਰਲ ਕੇ ਗਾਵਾਂ ਮੰਗਲਾ, ਜਨ ਭਗਤਾਂ ਨਾਲ ਸੁਰ ਤਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਵਖਾਈਆ । ਭਿੰਨੜੀ ਰੈਣ ਦੀ ਸੁਣ ਕੇ ਗੱਲ, ਪੰਦਰਾਂ ਕੱਤਕ ਗਲਵਕੜੀ ਆਪਣੀ ਪਾਈਆ । ਵੇਖ ਸੁਆਮੀ ਸਭ ਨਾਲ ਕਰਦਾ ਛਲ, ਅਛਲ ਛਲਧਾਰੀ ਸਮਝ ਕਿਸੇ ਨਾ ਆਈਆ । ਸਾਰੇ ਕਹਿੰਦੇ ਪੰਦਰਾਂ ਕੱਤਕ ਉਠ ਕੇ ਜਾਣਾ ਚਲ, ਬਣ ਕੇ

ਪਾਂਧੀ ਰਾਹੀਆ । ਪਾਰਬ੍ਰਹਮ ਪ੍ਰਭ ਕਹੇ ਮੇਰਾ ਮਾਰਨ ਜਵਾਵਣ ਦਾ ਇਕੋ ਵਲ, ਤੋੜਨਾ ਵਿਛੋੜਨਾ ਜੋੜਨਾ ਆਪਣੀ ਖੇਲ ਵਖਾਈਆ । ਜਿਸ ਜੋੜਾਂ ਸੋ ਵਸੇ ਨਿਹਚਲ ਧਾਮ ਅਟੱਲ, ਸਦ ਜ਼ਿੰਦਾ ਰੂਪ ਵਖਾਈਆ । ਜਿਸ ਵਿਛੋੜਾਂ ਤਿਸ ਧੱਕਾ ਲੱਗੇ ਡੂੰਘੀ ਡਲ, ਲੱਖ ਚੁਰਾਸੀ ਜੂਨ ਭਵਾਈਆ । ਸੋ ਜੀਂਵਦਿਆਂ ਜਗ ਗਏ ਮਰ, ਜਿਨ੍ਹਾਂ ਮੁਰਸ਼ਦ ਮਿਲਿਆ ਨਾ ਸੱਚਾ ਮਾਹੀਆ । ਸੋ ਮਰਦੇ ਮਰਦੇ ਗਏ ਤਰ, ਜਿਨ੍ਹਾਂ ਸਤਿਗੁਰ ਗਲੇ ਲਗਾਈਆ । ਦੋਹਾਂ ਵਿਚ ਆਪੇ ਖੜ, ਖੜਵੀਂ ਖੇਲ ਵਖਾਈਆ । ਕਿਸੇ ਦਾ ਸੀਸ ਲੱਗੇ ਲੇਖੇ ਧੜ, ਲੇਖਾ ਕਿਸੇ ਦਾ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਦਰਾਂ ਕੱਤਕ ਦਾ ਵਿਵਹਾਰਾ ਜਿਸ ਨਾਲ ਖੇਲ ਕਰੇ ਗੁਰੂ ਅਵਤਾਰਾ, ਜਿਸ ਦਾ ਮੇਲ ਪੀਰ ਪੈਗ਼ੰਬਰ ਯਾਰਾ, ਜਿਸ ਦਾ ਵਿਸ਼ਨ ਬ੍ਰਹਮਾ ਸ਼ਿਵ ਲਏ ਹੁਲਾਰਾ, ਜਿਸ ਦਾ ਜੁਗ ਚੌਕੜੀ ਰਿਹਾ ਆਧਾਰਾ, ਅੰਤਮ ਕਲਜੁਗ ਵਿਹਾਰ ਕਰਾਈਆ । ਆਓ ਤੱਕੋ ਵੇਖੋ ਇਕ ਨਜ਼ਾਰਾ, ਭਗਤਾਂ ਨਾਲ ਸੁਹਾਇਆ ਭਗਤ ਦੁਆਰਾ, ਜਗਤ ਭਗਤੀ ਬੈਠੀ ਚਰਨਾਂ ਹੇਠਾਂ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਭਗਤ ਕਹਿਣ ਸਾਡੇ ਸਿਰ ਦਸਤਾਰੇ, ਹਰਿ ਸਤਿਗੁਰ ਆਪ ਬੰਧਾਈਆ । ਤਿੰਨਾਂ ਕੋਲੋਂ ਤ੍ਰੈਗੁਣ ਰੋ ਰੋ ਕੱਢੇ ਹਾੜੇ, ਚੌਥਾ ਚਿਟੀ ਧਾਰੇ ਲਏ ਮਿਲਾਈਆ । ਚਿਟੀ ਅੱਗੇ ਮਾਰ ਮਾਰੇ, ਅੱਗੇ ਪਿਛੇ ਦੋਵੇਂ ਪੰਧ ਮੁਕਾਈਆ । ਸੱਤ ਸੱਤ ਦੇ ਸੱਤ ਜੈਕਾਰੇ, ਸਤਿ ਪੁਰਖ ਨਿਰੰਜਣ ਆਪ ਸੁਣਾਈਆ । ਸਤਿ ਧਰਮ ਦਾ ਇਕ ਦੁਆਰੇ, ਹਰਿ ਪੁਰਖ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਭਗਤ ਹੋਏ ਪਿਆਰੇ, ਜਿਨ੍ਹਾਂ ਭਗਤੀ ਭਾਵ ਭਾਵਨੀ ਆਪ ਜਣਾਈਆ । ਭਗਤੀ ਭਾਵ ਤਿਨ੍ਹਾਂ ਜਾਣਿਆਂ, ਜਿਨ੍ਹਾਂ ਜਣਾਇਆ ਆਪ । ਸੱਚਾ ਰੰਗ ਤਿਨ੍ਹਾਂ ਮਾਣਿਆ, ਜਿਨ੍ਹਾਂ ਪੜ੍ਹਿਆ ਅਗੰਮੀ ਜਾਪ । ਦਰਸ ਪਾਇਆ ਤਿਨ੍ਹਾਂ ਭਗਵਾਨਿਆ, ਜਿਨ੍ਹਾਂ ਭੇਵ ਖੁਲਾਇਆ ਆਪ । ਪੰਦਰਾਂ ਕੱਤਕ ਤਿਨ੍ਹਾਂ ਪਛਾਣਿਆ, ਜਿਨ੍ਹਾਂ ਪੁਰਖ ਅਕਾਲ ਮਿਲਿਆ ਬਾਪ । ਸੋ ਗੁਰਮੁਖ ਬਣੇ ਪਰਵਾਨਿਆ, ਸ਼ਮਅ ਹੋਈ ਅੰਧੇਰੀ ਰਾਤ । ਮਨਮੁਖ ਵੇਖ ਜੀਵ ਸ਼ੈਤਾਨਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਬਣਾਏ ਇਕ ਜਮਾਤ । ਸਚ ਜਮਾਤ ਬਣਾਏ ਬਨਵਾਰੀ, ਪੰਦਰਾਂ ਕੱਤਕ ਦਏ ਵਡਿਆਈਆ । ਇਕੀਆਂ ਸਰਦਾਰ ਸਰਦਾਰੀ, ਸਤਿਜੁਗ ਸਾਚੀ ਧਾਰ ਬੰਧਾਈਆ । ਸੱਤ ਸੱਤ ਦੀ ਖੇਲ ਨਿਆਰੀ, ਸਤਿ ਪੁਰਖ ਨਿਰੰਜਣ ਆਪ ਵਖਾਈਆ । ਸੰਤਾਂ ਪਿਛੇ ਨਵ ਦੁਆਰੀ, ਦਰ ਦਰਵਾਜ਼ਾ ਖੋਲ੍ਹ ਵਖਾਈਆ । ਨੌ ਸੱਤ ਦੀ ਲੱਗੀ ਯਾਰੀ, ਸੋਲਾਂ ਗੰਢ ਪਵਾਈਆ । ਸੋਲਾਂ ਅੰਦਰ ਖੇਲ ਨਿਆਰੀ, ਨਿਰਗੁਣ ਸਰਗੁਣ ਦਏ ਸਮਝਾਈਆ । ਕਲਜੁਗ ਅੰਤਮ ਪਤਿਪਰਮੇਸ਼ਵਰ ਪਾਵੇ ਸਾਰੀ, ਪੁਰਖ ਅਕਾਲਾ ਵੇਸ ਵਟਾਈਆ । ਚਾਰ ਜੁਗ ਕਰਜ਼ਾ ਲਾਹੇ ਉਧਾਰੀ, ਪੂਰਬ ਲੇਖਾ ਦਏ ਮੁਕਾਈਆ । ਗੁਰਮੁਖ ਨਾਤਾ ਛੱਡੋ ਜੀਵ ਸੰਸਾਰੀ, ਸੰਸਾਰ ਸਹਿੰਸਾ ਰੂਪ ਨਜ਼ਰੀ ਆਈਆ । ਰਾਜੇ ਰਾਣੇ ਬਣੇ ਵਗਾਰੀ, ਹਰਿ ਜੂ ਫੜ ਵਗਾਰੀ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੀ ਸ਼ਹਿਨਸ਼ਾਹੀ ਇਕ ਕਮਾਈਆ । ਸ਼ਹਿਨਸ਼ਾਹ ਹਰਿ ਦੋ ਜਹਾਨ, ਨਿਰਗੁਣ ਇਕ ਅਵਖਾਇੰਦਾ । ਗੋਬਿੰਦ ਹੱਥ ਦੇਵੇ ਕਮਾਨ, ਹੁਕਮਰਾਨ ਆਪ ਬਣਾਇੰਦਾ । ਸਤਿਜੁਗ ਸਚ ਕਰ ਬਲਵਾਨ, ਬਲਧਾਰੀ ਆਪ ਪਰਗਟਾਇੰਦਾ । ਧੁਰ ਸੰਦੇਸਾ ਦੇ ਫ਼ਰਮਾਨ, ਸਾਚਾ ਹੁਕਮ ਮਨਾਇੰਦਾ । ਜਨ ਭਗਤਾਂ ਮੰਨੀ ਆਣ, ਗੁਰਮੁਖਾਂ ਮੇਲ ਮਿਲਾਇੰਦਾ ।

੧੦੦੭ ੧੫

ਸੰਤਾਂ ਚਲਣਾ ਨਾਲ, ਗੁਰਸਿਖਾਂ ਅੰਗ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਏਕੋ ਇਕੀ, ਏਕੰਕਾਰ ਜਣਾਈਆ । ਸਤਿ ਧਰਮ ਦੀ ਸਾਚੀ ਸਿਖੀ, ਸੱਤਾਂ ਰੰਗਾਂ ਰੰਗ ਰੰਗਾਈਆ । ਜ਼ਾਤ ਪਾਤ ਨਾਲ ਜਾਏ ਨਾ ਭਿਟੀ, ਚੰਡਾਲ ਰੂਪ ਨਾ ਕੋਇ ਵਖਾਈਆ । ਜਿਧਰ ਵੇਖੋ ਤਿਨ੍ਹਾਂ ਅੰਦਰ ਧਾਰ ਚਿਟੀ, ਤ੍ਰੈਗੁਣ ਮਾਇਆ ਡੇਰਾ ਦੇਵੇ ਢਾਹੀਆ । ਪਰਮ ਪੁਰਖ ਦੀ ਧੁਰ ਦੀ ਚਿਠੀ, ਗੋਬਿੰਦ ਵਾਚ ਕੇ ਰਿਹਾ ਸੁਣਾਈਆ । ਇਹ ਖੇਲ ਖੰਡਿਉਂ ਨਿਕੀ, ਜਗਤ ਨੇਤਰ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਰਗ ਸਾਚਾ ਇਕ ਸਮਝਾਈਆ । ਸਾਚਾ ਮਾਰਗ ਲੱਗਾ ਇਕ, ਇਕ ਪੰਜ ਵਡਿਆਈਆ । ਪੰਦਰਾਂ ਕੱਤਕ ਕਰਦੇ ਹਿਤ, ਹਰਿਜਨ ਲਏ ਸਮਝਾਈਆ । ਧੁਰ ਦਾ ਲੇਖਾ ਅਗਲਾ ਲਿਖ, ਪਿਛਲਾ ਪੰਧ ਮੁਕਾਈਆ । ਸਾਹਿਬ ਸਤਿਗੁਰ ਦਾ ਬਣ ਕੇ ਸਿਖ, ਸਿਖ ਮਿਲੇ ਨਾ ਜਗਤ ਲੋਕਾਈਆ । ਏਕੋ ਰੂਪ ਹਰ ਘਟ ਆਏ ਦਿਸ, ਇਕੋ ਰੰਗ ਲਏ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਏ ਵਡਿਆਈਆ । ਇਕੀ ਸਿਖ ਰੰਗ ਸੱਤ, ਸੱਤ ਤਿੰਨ ਵੱਜੀ ਵਧਾਈਆ । ਤਿੰਨ ਸੱਤ ਦਾ ਇਕੋ ਤੱਤ, ਹਰਿ ਤਤਵ ਆਪ ਪਰਗਟਾਈਆ । ਸੱਤ ਤਿੰਨ ਇਕੋ ਮਤ, ਗੁਰਮਤ ਆਪ ਜਣਾਈਆ । ਬੀਜ ਬੀਜ ਸਾਚੇ ਵਤ, ਪਤ ਡਾਲੀ ਦਏ ਮਹਿਕਾਈਆ । ਪੰਦਰਾਂ ਕੱਤਕ ਦੇ ਕੇ ਹੱਕ, ਵਸੀਅਤ ਦਏ ਕਰਾਈਆ । ਗੋਬਿੰਦ ਚੇਲਿਆਂ ਕਰੇ ਫ਼ੱਕ, ਪੂਤ ਸਪੂਤ ਸੋਭਾ ਪਾਈਆ । ਸਾਢੇ ਸੈਂਤੀ ਸਾਲ ਦੇਵੇ ਆਪਣਾ ਰਸ, ਰਸ ਆਪਣੇ ਵਿਚੋਂ ਪਰਗਟਾਈਆ । ਜਿਸ ਵੇਲੇ ਕਰਨੀ ਹੋਵੇ ਬਸ, ਮਸਤਕ ਟਿੱਕਾ ਅੱਗੇ ਦੇਵੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰਾ ਦਏ ਚਲਾਈਆ । ਸਾਚੀ ਧਾਰ ਚਲਾਏ ਅਗੰਮ, ਅਗੰਮੜੀ ਕਾਰ ਕਮਾਇੰਦਾ । ਜੇ ਕੋਈ ਕਹੇ ਭੇਵ ਜਾਣਿਆ ਹਮ, ਹਮਰਾ ਭੇਵ ਕਿਸੇ ਨਾ ਆਇੰਦਾ । ਜੇ ਕੋਈ ਕਹੇ ਜਾਣਾਂ ਪ੍ਰਭੂ ਦਾ ਕੰਮ, ਕਰਨੀ ਹੱਥ ਨਾ ਕਿਸੇ ਫੜਾਇੰਦਾ । ਜੇ ਕੋਈ ਕਹੇ ਮੈਂ ਵੱਡਾ ਜਨ, ਪ੍ਰਭ ਕੋਟਨ ਕੋਟ ਜਨਨੀ ਬਣ ਕੇ ਜਨ ਆਪਣੀ ਕੁੱਖ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿ ਭਗਤ ਆਪ ਵਡਿਆਇੰਦਾ । ਹਰਿ ਭਗਤ ਵਡਿਆਏ ਬੰਨ੍ਹ ਕੇ ਚੀਰਾ, ਸਿਰ ਸੀਸ ਨਾਲ ਸੁਹਾਈਆ । ਹਰਿ ਸੰਗਤ ਸਾਰੀ ਬਣਾਏ ਹੀਰਾ, ਮਾਣਕ ਮੋਤੀ ਮੁਖ ਸ਼ਰਮਾਈਆ । ਸਤਿ ਧਰਮ ਦਾ ਇਕ ਕਲੀਰਾ, ਗਾਨਾ ਸਗਨ ਦਏ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਦੇਵੇ ਮਾਣ ਵਡਿਆਈਆ । ਦੇਵੇ ਵਡਿਆਈ ਸਤਿਗੁਰ ਆਪ, ਸਦੀ ਬੀਸਵੀਂ ਹੋਏ ਸਹਾਈਆ । ਦੁਖ ਦਰਦ ਮੇਟ ਸੰਤਾਪ, ਰੋਗ ਸੋਗ ਦਏ ਗਵਾਈਆ । ਚਿੰਤਾ ਦੁੱਖ ਮਿਟਾਏ ਬਣ ਕੇ ਮਾਈ ਬਾਪ, ਪਿਤਾ ਪੂਤ ਗੋਦ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਗਏ ਭਾਖ, ਸਭ ਦੀ ਭਾਖਿਆ ਪੂਰ ਕਰਾਈਆ । ਅੰਤਮ ਲਹਿਣਾ ਦੇਣਾ ਸਾਖਿਆਤ, ਸਾਹਿਬ ਸਤਿਗੁਰ ਆਪ ਚੁਕਾਈਆ । ਅੱਗੇ ਬਣਾ ਇਕ ਜਮਾਤ, ਸਾਚੀ ਕਰੇ ਨਾਮ ਪੜ੍ਹਾਈਆ । ਨਿਰਗੁਣ ਸਰਗੁਣ ਬਣਨਾ ਦਾਸ, ਦਾਸੀ ਦਾਸ ਰੂਪ ਵਖਾਈਆ । ਜਨ ਭਗਤਾਂ ਵਸੇ ਸਦਾ ਪਾਸ, ਹਰਿ ਜੂ ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਵੱਡੀ ਵਡਿਆਈਆ । ਸ਼ਾਹ ਪਾਤਸ਼ਾਹ ਬਣਿਆ ਭੂਪਾ, ਭੂਪ ਇਕੋ ਨਜ਼ਰੀ ਆਈਆ । ਖੇਲੇ ਖੇਲ ਬਿਨ ਰੰਗ ਰੂਪਾ, ਸਤਿ ਸਰੂਪਾ

ਸਤਿ ਸਤਿਵਾਦੀ ਰੂਪ ਵਟਾਈਆ । ਦਹਿ ਦਿਸ਼ਾ ਲੇਖਾ ਜਾਣੇ ਚਾਰੇ ਕੂਟਾ, ਆਪਣੀ ਧਾਰ ਜਣਾਈਆ । ਜਨ ਭਗਤਾਂ ਖ਼ਾਲੀ ਭਰੇ ਠੂਠਾ, ਵਸਤ ਅਮੋਲਕ ਇਕ ਵਰਤਾਈਆ । ਜੁਗ ਜਨਮ ਦਾ ਬੈਠਾ ਰੂਠਾ, ਰੁਠੜਾ ਲਏ ਮਿਲਾਈਆ । ਪ੍ਰੇਮ ਪਿਆਰ ਦਾ ਜੋ ਜਨ ਭੁੱਖਾ, ਤਿਸ ਅੰਤਰ ਆਤਮ ਦਰਸ ਦਿਖਾਈਆ । ਇਕੀਆਂ ਅੰਦਰ ਹਰਿ ਜੂ ਲੁਕਾ, ਲੁਕਵੀ ਖੇਲ ਰਚਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਕਹਿਣ ਸਾਡਾ ਪੈਂਡਾ ਮੁੱਕਾ, ਤੇਰੇ ਦਰ ਤੇ ਸੀਸ ਝੁਕਾਈਆ । ਸ੍ਰੀ ਭਗਵਾਨ ਕਹੇ ਸਭ ਦਾ ਬੂਟਾ ਸੁੱਕਾ, ਹਰਿਆ ਸਿੰਚ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਾਵਣ ਅੰਗੂਠਾ, ਅਸ਼ਟਾਮ ਆਪਣਾ ਆਪ ਭਰਾਈਆ । ਤੇਰੇ ਦੁਆਰੇ ਹੋਏ ਨਾ ਕੋਈ ਝੂਠਾ, ਸਚ ਸਚ ਤੇਰੀ ਸਰਨਾਈਆ । ਸਦੀ ਬੀਸਵੀਂ ਸਭ ਦਾ ਮੂਧਾ ਠੂਠਾ, ਖ਼ਾਲੀ ਪਿਆਲੇ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਚਰਨਾਂ ਲੈਣਾ ਰਖਾਈਆ । ਚਰਨਾਂ ਕੋਲ ਲੈਣਾ ਰੱਖ, ਮਿਲੇ ਸਰਨ ਸਰਨਾਇਆ । ਤੇਰੇ ਨਾਲੋਂ ਨਾ ਹੋਈਏ ਵੱਖ, ਮੇਰੇ ਬੇਪਰਵਾਹਿਆ । ਮਿਲਦੀ ਰਹੇ ਤੇਰੇ ਨਾਲ ਅੱਖ, ਅੱਖ ਅੱਖ ਨਾਲ ਮਿਲਾਇਆ । ਸਾਡਾ ਲਹਿਣਾ ਦੇ ਦੇ ਹੱਕ, ਹੱਕ ਆਪਣਾ ਮੰਗ ਮੰਗਾਇਆ । ਤੇਰਾ ਦਰਸਨ ਲਈਏ ਤੱਕ, ਦੀਦਾਰ ਇਕੋ ਨਜ਼ਰੀ ਆਇਆ । ਤੇਰਾ ਵੇਖ ਦੁਆਰਾ ਲੰਘ, ਭਗਵਾਨ ਸਾਚੇ ਖ਼ੁਸ਼ੀ ਮਨਾਇਆ । ਲੱਖ ਚੁਰਾਸੀ ਛੱਡ ਕੇ ਜਗਤ, ਘਰ ਸੱਚਾ ਤੇਰਾ ਭਾਇਆ । ਪੰਦਰਾਂ ਕੱਤਕ ਆਇਆ ਵਕਤ, ਵੇਲਾ ਰੁੱਤ ਨਾਲ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇਂ ਭਗਤ ਵਡਿਆਇਆ । ਭਗਤ ਵਡਿਆਈ ਕਰ ਵੱਡਾ, ਸਿਫ਼ਤ ਦਿਆਂ ਜਣਾਈਆ । ਪਾਰ ਕਰ ਕੇ ਜਗਤ ਹੱਦਾ, ਹਰਿਜਨ ਸਾਚੇ ਰਿਹਾ ਉਠਾਈਆ । ਜਾਮ ਪਿਆਲਾ ਦੇ ਕੇ ਅੰਮ੍ਰਿਤ ਮਧਾ, ਸਤਿ ਸਰੂਰ ਰਿਹਾ ਵਖਾਈਆ । ਏਥੇ ਓਥੇ ਰੱਖ ਕੇ ਲੱਜਾ, ਸਿਰ ਆਪਣਾ ਹੱਥ ਟਿਕਾਈਆ । ਨਿਰਗੁਣ ਹੋ ਕੇ ਆਏ ਭੱਜਾ, ਬੇਪਰਵਾਹ ਫੇਰਾ ਪਾਈਆ । ਜਨ ਭਗਤ ਰਹੇ ਨਾ ਕੋਈ ਲੱਜਾ, ਹੱਯਾ ਹੱਯਾਤੀ ਵਿਚੋਂ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਦੇਵੇ ਮਾਣ ਵਡਿਆਈਆ । ਇਕੀ ਕਹੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ, ਦੋ ਜਹਾਨ ਸ਼ਬਦ ਸ਼ਨਵਾਈਆ । ਸ੍ਰੀ ਭਗਵਾਨ ਕਹੇ ਮੇਰਾ ਭਗਤ ਸਦਾ ਸਦ ਰਹੇ, ਮਰੇ ਨਾ ਜੰਮੇ ਫੇਰਾ ਪਾਈਆ । ਨਿਤ ਨਵਿਤ ਮੇਰੀ ਚਰਨੀ ਬਹੇ, ਘਰ ਸਾਚੇ ਸੋਭਾ ਪਾਈਆ । ਇਕੋ ਨਾਮ ਧੁਰ ਦਾ ਲਏ, ਦੂਜੀ ਕਰੇ ਨਾ ਕੋਇ ਪੜ੍ਹਾਈਆ । ਹਰਿ ਸਰਨਾਈ ਸਾਚੀ ਢਹੇ, ਮਾਣ ਅਭਿਮਾਨ ਮਿਟਾਈਆ । ਜਨ ਭਗਤਾਂ ਵਿਚ ਰਲ ਕੇ ਬਹੇ, ਮਨਮੁਖ ਸੰਗ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਭਗਤ ਕਹੇ ਮੇਰਾ ਭਗਵਾਨ ਸੱਚਾ, ਸੱਚੀ ਕਰੇ ਪੜ੍ਹਾਈਆ । ਭਗਵਾਨ ਕਹੇ ਮੇਰਾ ਭਗਤ ਬੱਚਾ, ਬਚਪਨ ਆਪਣੀ ਝੋਲੀ ਪਾਈਆ । ਭਗਤ ਕਹੇ ਮੇਰਾ ਭਗਵਾਨ ਵੱਡਾ, ਵੱਡੀ ਤੇਰੀ ਸ਼ਰਨਾਈਆ । ਭਗਵਾਨ ਕਹੇ ਮੇਰਾ ਭਗਤ ਨੱਢਾ, ਜਿਸ ਨਾਲ ਮਿਲ ਕੇ ਖ਼ੁਸ਼ੀ ਮਨਾਈਆ । ਭਗਤ ਕਹੇ ਭਗਵਾਨ ਦੇਵੇ ਸੱਦਾ, ਅੰਤਰ ਆਤਮ ਆਵਾਜ਼ ਲਗਾਈਆ । ਭਗਵਾਨ ਕਹੇ ਮੈਂ ਭਗਤਾਂ ਬੱਧਾ, ਜੁਗ ਜੁਗ ਆਪਣਾ ਫੇਰਾ ਪਾਈਆ । ਭਗਤ ਕਹੇ ਭਗਵਾਨ ਰੱਖੇ ਲੱਜਾ, ਪੰਦਰਾਂ ਕੱਤਕ ਰੁੱਤ ਸੁਹਾਈਆ । ਭਗਵਾਨ ਕਹੇ ਮੈਂ ਭਗਤਾਂ ਪ੍ਰੇਮ ਅੰਦਰ ਬੱਧਾ, ਆਪਣਾ ਆਪ ਨਾ ਕੁਛ ਵਖਾਈਆ । ਦੋਹਾਂ ਮਿਲ ਕੇ ਦਿਤੀ ਗੰਢਾ,

ਗੰਢ ਇਕ ਦੂਜੇ ਨਾਲ ਪਵਾਈਆ । ਭਗਤ ਭਗਵਾਨ ਦੋਹਾਂ ਵਿਚੋਂ ਕੋਈ ਨਾ ਹੋਵੇ ਰੰਡਾ, ਜੋੜੀ ਰਹਿ ਕੇ ਖ਼ੁਸ਼ੀ ਮਨਾਈਆ । ਭਗਵਾਨ ਰੂਪ ਬਣ ਕੇ ਬੰਦਾ, ਬੰਦਾ ਬੰਦਗੀ ਦਏ ਜਣਾਈਆ । ਬੰਦਾ ਹੋ ਕੇ ਬਣੇ ਅੰਧਾ, ਦੇਵੇ ਹਰਿ ਭੁਲਾਈਆ । ਏਸੇ ਕਰ ਕੇ ਸਹਿਬ ਸਤਿਗੁਰ ਜਨ ਭਗਤਾਂ ਖੋਲ੍ਹੇ ਕੁੰਡੀ ਜਿੰਦਾ, ਬਜਰ ਕਪਾਟੀ ਪੜਦਾ ਆਪ ਉਠਾਈਆ । ਅੱਠੇ ਪਹਿਰ ਦਰਸਨ ਦੇਂਦਾ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸ਼ਬਦ ਵਿਚ ਸਭ ਕੁਛ ਕਹਿੰਦਾ, ਹੁਕਮੇ ਆਪ ਜਣਾਈਆ । ਜਨ ਸੁੱਤਿਆਂ ਰਾਤੀਂ ਘਰ ਵਿਚ ਬਹਿੰਦਾ, ਦਰ ਆਪਣਾ ਫੇਰਾ ਪਾਈਆ । ਜਿਸ ਵੇਲੇ ਜਨ ਭਗਤਾਂ ਵੇਖੇ ਪਾਸਾ ਢਹਿੰਦਾ, ਫੜ ਬਾਂਹੋਂ ਲਏ ਉਠਾਈਆ । ਆਓ ਵੇਖੋ ਭਗਤ ਕੋਲ ਭਗਵਨ ਰਹਿੰਦਾ, ਜਿਸ ਸਾਚੀ ਬਣਤ ਬਣਾਈਆ । ਸਭ ਦਾ ਭਾਣਾ ਸਿਰ ਤੇ ਸਹਿੰਦਾ, ਸਿਰ ਆਪਣੇ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪੰਦਰਾਂ ਕੱਤਕ ਖੋਲ੍ਹ ਦਰ, ਦਰ ਦਰਵਾਜ਼ਾ ਭਗਤ ਦਿਤੇ ਬਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਬਲੀ ਬਲਵਾਨ, ਸਤਿ ਉਠਾਏ ਇਕ ਨਿਸ਼ਾਨ, ਦੋ ਜਹਾਨਾਂ ਆਪ ਝੁਲਾਈਆ । ਦਰ ਸੰਗਤ ਕਰੇ ਪਰਵਾਨ, ਲੇਖਾ ਮੁੱਕੇ ਜੀਵ ਜਹਾਨ, ਮੰਦਰ ਚੜ੍ਹ ਕੇ ਸਚ ਮਕਾਨ, ਮੰਜ਼ਲ ਅੰਤਮ ਆਪ ਮੁਕਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਖ਼ੁਸ਼ੀ ਵਿਚ ਸਦਾ ਸਮਾਣ, ਰੋਗ ਸੋਗ ਨਾ ਕੋਇ ਰਖਾਈਆ । ਜਿਨ੍ਹਾਂ ਮਿਲਿਆ ਸ੍ਰੀ ਭਗਵਾਨ, ਤਿਨ੍ਹਾਂ ਦੇਵੇ ਸਾਮ੍ਹਣੇ ਸਭ ਦੇ ਦਾਨ, ਚੋਰੀ ਯਾਰੀ ਠੱਗੀ ਨਾ ਕੋਇ ਕਮਾਈਆ । ਨਾ ਸਮਝਣ ਜੀਵ ਸ਼ੈਤਾਨ, ਸ਼ਰਅ ਮਨ ਨਾਲ ਕਰੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਖ਼ਤਮ ਕਰ ਮੈਦਾਨ, ਅੱਗੇ ਡੰਕਾ ਫ਼ਤਹਿ ਗੋਬਿੰਦ ਦਏ ਵਜਾਈਆ ।

## ੧੬ ਕੱਤਕ ੨੦੨੦ ਬਿਕ੍ਰਮੀ ਹਰਿ ਭਗਤ ਦਵਾਰ ਜੇਠੂਵਾਲ

ਤੇਰੇ ਦਰ ਤੇ ਆ ਕੇ ਪੁਰਖ ਸੋ, ਸਤਿ ਮਿਲੀ ਵਡਿਆਈਆ । ਨਿਰਗੁਣ ਤੇਰੇ ਜੋਗੇ ਗਏ ਹੋ, ਨਿਰਗੁਣ ਧਾਰ ਰੂਪ ਵਖਾਈਆ । ਆਪਣਾ ਬਲ ਬੈਠੇ ਖੋ, ਬਲਧਾਰੀ ਰੂਪ ਨਾ ਕੋਇ ਰਖਾਈਆ । ਨੇਤਰ ਨੈਣ ਰਹੇ ਰੋ, ਛਹਿਬਰ ਇਕ ਲਗਾਈਆ । ਸਭ ਕੁਛ ਪ੍ਰਭ ਨੇ ਲੈਣਾ ਖੋਹ, ਦਿਸੇ ਵਸਤ ਪਰਾਈਆ । ਕਰੇ ਪਰਕਾਸ਼ ਅਗੰਮੀ ਲੋ, ਨਿਰਗੁਣ ਨੂਰ ਕਰ ਰੁਸ਼ਨਾਈਆ । ਜਨ ਭਗਤਾਂ ਸੰਗ ਆਪੇ ਹੋ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਤੇਰੇ ਦਰ ਆ ਕੇ ਪੁਰਖ ਨਿਰੰਜਣ, ਸੁਣੀ ਸਚ ਵਧਾਈਆ । ਨੇਤਰ ਮਿਲਿਆ ਇਕੋ ਅੰਜਨ, ਗੁਰਮੁਖ ਵੇਖੇ ਪਾਈਆ । ਸਤਿਗੁਰ ਜਾਣਿਆ ਇਕੋ ਸੱਜਣ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਵਾਹਵਾ ਤੇਰੀ ਵੱਜਦੀ ਰਹੇ ਵਧਾਈਆ । ਏਕੰਕਾਰ ਤੇਰਾ ਦੁਆਰਾ, ਸ਼ਾਹ ਪਾਤਸ਼ਾਹ ਸੋਭਾ ਪਾਈਆ । ਆ ਕੇ ਵੇਖਿਆ ਪਹਿਲੀ ਵਾਰਾ, ਲੋਕਮਾਤ ਖ਼ੁਸ਼ੀ ਜਣਾਈਆ । ਸਚ ਸਿੰਘਾਸਣ ਕਰ ਤਿਆਰਾ, ਸ਼ਬਦੀ ਵੰਡ ਵੰਡਾਈਆ । ਸ਼ਬਦੀ ਗੁਰੂ ਬੋਲ ਜੈਕਾਰਾ, ਇਕੋ ਨਾਦ ਸੁਣਾਈਆ । ਮਿਲ ਕੇ ਕਹੇ ਤੂੰ ਮੇਰਾ ਮੈਂ ਤੇਰਾ ਯਾਰਾ, ਯਾਰੀ ਯਾਰੜੇ ਨਾਲ ਨਿਭਾਈਆ । ਸਖ਼ੀਆਂ ਮੰਗਲ

ਵੇਖ ਅਖਾੜਾ, ਗੀਤ ਗੋਬਿੰਦ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਕਮਾਈਆ । ਦਇਆ ਕਮਾ ਨਿਰੰਜਣ ਆਦਿ, ਆਦਿ ਪੁਰਖ ਸੁਲਤਾਨਾ । ਜੁਗ ਚੌਕੜੀ ਤੇਰਾ ਨਾਦ, ਆਪ ਵਜਾਏ ਨੌਜਵਾਨਾ । ਆਦਿ ਅੰਤ ਹਰਿ ਖੇਲ ਵਿਸਮਾਦ, ਨੇਤਰ ਨੈਣ ਨਜ਼ਰ ਕੋਇ ਨਾ ਆਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰੇ ਗ੍ਰਿਹਿ ਮਿਲੇ ਨਿਸ਼ਾਨਾ । ਪਾਰਬ੍ਰਹਮ ਤੇਰਾ ਵੇਖ ਦਰ, ਸਾਰੇ ਖ਼ੁਸ਼ੀ ਮਨਾਈਆ । ਨਿਰਗੁਣ ਨੂਰ ਲਈਏ ਫੜ, ਪ੍ਰੇਮ ਡੋਰੀ ਤੰਦ ਬੰਧਾਈਆ । ਇਸ ਦੀ ਵਿਦਿਆ ਲਈਏ ਪੜ੍ਹ, ਜੋ ਸਿਖਿਆ ਰਿਹਾ ਜਣਾਈਆ । ਜੀਵਤ ਸਭ ਕੁਛ ਲਈਏ ਕਰ, ਮਿਰਤੂ ਲੋਥ ਕੰਮ ਕਿਸੇ ਨਾ ਆਈਆ । ਸਚ ਦੁਆਰਿਉਂ ਮਿਲੇ ਵਰ, ਵਾਹਵਾ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਅਬਿਨਾਸ਼ੀ ਕਰਤਾ ਕਰੇ ਖੇਲ ਅਵੱਲਾ, ਸੋ ਪੁਰਖ ਨਿਰੰਜਣ ਆਪ ਕਰਾਈਆ । ਕਰੇ ਖੇਲ ਇਕ ਇਕੱਲਾ, ਜੁਗ ਚੌਕੜੀ ਵੇਸ ਵਟਾਈਆ । ਕਲਜੁਗ ਅੰਤ ਸੰਦੇਸ ਘੱਲਾ, ਧੁਰ ਦੀ ਬਾਣੀ ਬਾਣ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਟਿਕਾਏ ਆਪ ਮਿਹਰਵਾਨ, ਵੱਜੇ ਨਾਮ ਵਧਾਈਆ । ਸਚਖੰਡ ਦਵਾਰ ਵੇਖਿਆ ਆਣ, ਲੋਕਮਾਤ ਸੋਭਾ ਪਾਈਆ । ਚਾਰੋਂ ਕੁੰਟ ਭਗਤ ਸੋਭਾ ਪਾਣ, ਘਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਹਰਿ ਨਿਰੰਕਾਰਾ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਨੂਰ ਤੇਰਾ ਉਜਿਆਰਾ, ਦਰ ਘਰ ਸਾਚੇ ਸੋਭਾ ਪਾਈਆ । ਚਰਨ ਕਵਲ ਮਿਲੇ ਸਹਾਰਾ, ਬੂੰਦ ਅੰਮ੍ਰਿਤ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵੇਖ ਵਖਾਈਆ । ਵੇਖਿਆ ਰੰਗ ਹਰਿ ਜੂ ਤੇਰਾ, ਦਰ ਆ ਕੇ ਨੈਣ ਉਘਾੜਿਆ । ਧਰਮ ਦੁਆਰੇ ਲੱਗਾ ਡੇਰਾ, ਸੇਜਾ ਸਾਚੀ ਸੋਭਾ ਪਾ ਰਿਹਾ । ਆਤਮ ਪਰਮਾਤਮ ਬੰਨ੍ਹੇ ਬੇੜਾ, ਸੀਸ ਪੱਲੂ ਨਾਮ ਸਵਾਰਿਆ । ਇਕ ਵਖਾਏ ਸਾਚਾ ਖੇੜਾ, ਮਹੱਲ ਅਟੱਲ ਸੋਭਾ ਪਾ ਰਿਹਾ । ਲੇਖ ਚੁਕਾਏ ਤੇਰਾ ਮੇਰਾ, ਨਿਰਗੁਣ ਇਕੋ ਨਜ਼ਰੀ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਜੂ ਆਪਣਾ ਖੇਲ ਖਿਲਾ ਰਿਹਾ । ਹਰਿ ਜੂ ਤੇਰਾ ਵੇਖਿਆ ਖੇਲ, ਲੋਕਮਾਤ ਸੋਭਾ ਪਾਈਆ । ਜਨ ਭਗਤਾਂ ਕੀਤਾ ਸਾਚਾ ਮੇਲ, ਬਿਨ ਭਗਤੀਉਂ ਭਗਤ ਬਣਾਈਆ । ਨਿਰਗੁਣ ਬਣ ਕੇ ਸੱਜਣ ਸੁਹੇਲ, ਸਗਲਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦਿਤੀ ਮਾਣ ਵਡਿਆਈਆ । ਤੇਰਾ ਦਰ ਵੇਖਿਆ ਆ, ਕਲਜੁਗ ਅੰਤਮ ਫੇਰਾ ਪਾਈਆ । ਪ੍ਰਭ ਦਿਸੇ ਸਚ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਨਿਰਗੁਣ ਸਰਗੁਣ ਦੇਵੇ ਇਕ ਸਲਾਹ, ਸਾਚੀ ਸਿਖਿਆ ਆਪ ਸਮਝਾਈਆ । ਸਾਚਾ ਦਰਸਨ ਲਓ ਪਾ, ਹਰਿ ਦਰਸੀ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਖ਼ੁਸ਼ੀ ਮਨਾਈਆ । ਸਾਚਾ ਦਰ ਵੇਖਿਆ ਤੇਰਾ, ਇਕ ਪੰਜ ਵੱਜੀ ਵਧਾਈਆ । ਭਗਤ ਦੁਆਰ ਸੋਹੇ ਡੇਰਾ, ਸਾਚੇ ਮੰਦਰ ਮਿਲੇ ਨਾਮ ਵਡਿਆਈਆ । ਲੱਖ ਚੁਰਾਸੀ ਉਲਟਾ ਗੇੜਾ, ਜੀਵ ਜੰਤ ਦਏ ਭਵਾਈਆ । ਭੇਵ ਚੁਕਾਏ ਤੇਰਾ ਮੇਰਾ, ਮੇਰਾ ਤੇਰਾ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਰਨੀ ਆਪ ਕਮਾਈਆ । ਸਾਚੀ ਕਰਨੀ ਵੇਖ ਕਰਤਾਰ, ਘਰ ਸਾਚੇ ਖ਼ੁਸ਼ੀ ਮਨਾਈਆ ।

ਤੇਰਾ ਵੇਖਿਆ ਇਕ ਦਰਬਾਰ, ਲੋਕਮਾਤ ਸੋਭਾ ਪਾਈਆ । ਏਕਾ ਇਕੀ ਕਰ ਤਿਆਰ, ਏਕੰਕਾਰ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਸਮਝਾਈਆ । ਸਾਚੀ ਖੇਲ ਕਰੇ ਨਿਰੰਕਾਰ, ਨਿਰਗੁਣ ਵੱਡਾ ਵਡ ਵਡਿਆਇੰਦਾ । ਸਚਖੰਡ ਦੁਆਰਾ ਵੇਖ ਤੇਰਾ ਦਰਬਾਰ, ਦਰਗਹਿ ਸਾਚੀ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਧੁਰ ਦਾ ਲੇਖਾ ਝੋਲੀ ਪਾਇੰਦਾ । ਧੁਰ ਦਾ ਲੇਖ ਪ੍ਰਭ ਤੇਰੇ ਹੱਥ, ਦੇਵਣਹਾਰ ਵਡਿਆਈਆ । ਨਿਰਗੁਣ ਮਾਰਗ ਦਏ ਦੱਸ, ਸਰਗੁਣ ਨਾਲ ਮਿਲਾਈਆ । ਮਿਹਰਵਾਨ ਹੋ ਕੇ ਜਨ ਭਗਤਾਂ ਖੋਲ੍ਹੇ ਇਕ ਅੱਖ, ਅੱਖਰ ਅੱਖਰ ਦਏ ਪੜ੍ਹਾਈਆ । ਪ੍ਰੇਮ ਪ੍ਰੀਤੀ ਨਾਲੋਂ ਕੋਈ ਨਾ ਦਿਸੇ ਵੱਖ, ਵੱਖਰੀ ਧਾਰ ਨਾ ਕੋਇ ਜਣਾਈਆ । ਭਗਤ ਦੁਆਰੇ ਜਨ ਭਗਤਾਂ ਇਕੋ ਜਿਹਾ ਹੱਕ, ਦਵੈਤੀ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਦੇਵੇ ਵਡਿਆਈ ਦਰ ਗ਼ਰੀਬ ਨਿਵਾਜ਼, ਗ਼ੈਰਤ ਆਪਣੇ ਵਿਚ ਛੁਪਾਈਆ । ਝਗੜਾ ਕਰੇ ਸਰਬ ਸਮਾਜ, ਜੀਵ ਜੰਤ ਰਹੇ ਕੁਰਲਾਈਆ । ਸੀਸ ਦਿਸੇ ਨਾ ਕਿਸੇ ਤਾਜ, ਜਗਦੀਸ਼ਰ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰਾ ਇਕੋ ਇਕ ਵਖਾਈਆ । ਸਚ ਦੁਆਰਾ ਚਰਨ ਕਵਲ, ਸੋ ਸਾਹਿਬ ਆਪ ਪਰਗਟਾਇੰਦਾ । ਦੇਵੇ ਵਡਿਆਈ ਉਪਰ ਧਵਲ, ਸੱਤ ਦੋ ਜੋੜ ਜੁੜਾਇੰਦਾ । ਨੂਰ ਇਲਾਹੀ ਬਣ ਕੇ ਅਵਲ, ਆਲਮ ਆਪਣਾ ਰੰਗ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਸਾਚਾ ਦਾਨ, ਵਸਤ ਅਮੋਲਕ ਆਪਣੀ ਦਾਤ ਝੋਲੀ ਆਪ ਭਰਾਇੰਦਾ ।



੧੦੧੨
੧੫

## ✪ ਪਹਿਲੀ ਮੱਘਰ ੨੦੨੦ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✪

ਨਮਸਕਾਰ ਨਮੋ ਦੇਵ ਸੁਆਮੀ, ਪਰਵਰਦਿਗਾਰ ਬੇਪਰਵਾਹੀਆ । ਆਦਿ ਜੁਗਾਦੀ ਸ਼ਾਹ ਸੁਲਤਾਨੀ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਨਿਰਗੁਣ ਨੂਰ ਜੋਤ ਨੁਰਾਨੀ ਨਿਰਵੈਰ ਪੁਰਖ ਵਡ ਵਡਿਆਈਆ । ਸ਼ਬਦੀ ਸ਼ਬਦ ਬੋਧ ਅਗਾਧ ਖੇਲ ਮਹਾਨੀ, ਖ਼ਾਲਕ ਤੇਰਾ ਨੂਰ ਜ਼ਹੂਰ ਇਕ ਰੁਸ਼ਨਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰਨ ਚਰਨ ਧਿਆਨੀ, ਦੋਏ ਜੋੜ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਾਉਂ ਨਿਰੰਕਾਰਾ ਪੜ੍ਹਨ ਅਗੰਮੀ ਬਾਣੀ, ਢੋਲਾ ਸੋਹਲਾ ਇਕੋ ਰਾਗ ਅਲਾਈਆ । ਸੋ ਪੁਰਖ ਨਿਰੰਜਣ ਵਡ ਮਿਹਰਵਾਨ ਤੇਰਾ ਮੰਦਰ ਸੱਚਾ ਪਦ ਨਿਰਬਾਣੀ, ਹਰਿ ਪੁਰਖ ਨਿਰੰਜਣ ਤੇਰੀ ਓਟ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਅਲਖ ਜਗਾਈਆ । ਨਮਸਕਾਰ ਨਮੋ ਦੇਵ ਪ੍ਰਭ ਠਾਕਰ, ਸ਼ਹਿਨਸ਼ਾਹ ਤੇਰੀ ਸਰਨਾਈਆ । ਦੀਨ ਦਿਆਲ ਗਹਿਰ ਗੰਭੀਰ ਗੁਣ ਸਾਗਰ, ਬੇਅੰਤ ਤੇਰੀ ਵਡਿਆਈਆ । ਪੁਰਖ ਅਕਾਲ ਕਰਤੇ ਕਾਦਰ, ਮਿਹਰਵਾਨ ਬੇਨਜ਼ੀਰ ਰਹਿਮਤ ਤੇਰੀ ਇਕੋ ਭਾਈਆ । ਸਤਿ ਸਰੂਪੀ ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਨੂਰੀ ਚਾਦਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸੱਚਾ ਵਰ, ਦਰ ਤੇਰੇ ਸੀਸ ਝੁਕਾਈਆ । ਨਮੋ ਦੇਵ ਪ੍ਰਭ ਏਕ, ਏਕੰਕਾਰ ਓਟ

ਰਖਾਈਆ । ਜੁਗ ਚੌਕੜੀ ਤੇਰਾ ਭੇਖ, ਨਿਰਗੁਣ ਸਮਝ ਕੋਈ ਨਾ ਆਈਆ । ਜੁਗ ਚੌਕੜੀ ਰਿਹਾ ਵੇਖ, ਅਨਭਵ ਪਰਕਾਸ਼ ਕਰਾਈਆ । ਬੇਪਰਵਾਹ ਕਿਸੇ ਨਾ ਦੇਵੇ ਭੇਤ, ਅਭੇਵ ਆਪਣੇ ਵਿਚ ਛੁਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਥੋੜਾ ਥੋੜਾ ਕੀਤਾ ਹੇਤ, ਗੁਰ ਅਵਤਾਰ ਪੀਰ ਪੈਗ਼ੰਬਰ ਇਸ਼ਾਰੇ ਨਾਲ ਉਠਾਈਆ । ਲੋਕਮਾਤ ਮਾਰ ਝਾਤ ਪੁਰਖ ਅਕਾਲ ਖੇਲ ਅਗੰਮੀ ਖੇਡ, ਬਣ ਖਿਲਾਰੀ ਚਾਲ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਈਆ । ਨਮਸਕਾਰ ਨਮੋ ਦੇਵ ਪ੍ਰਭ, ਪੁਰਖ ਅਕਾਲ ਤੇਰੀ ਸਰਨਾਈਆ । ਨਿਤ ਨਵਿਤ ਤੇਰੀ ਕਿਸੇ ਨਾ ਲੱਭੀ ਹੱਦ, ਹਦੂਦ ਸਮਝ ਸਕੇ ਕੋਈ ਨਾ ਰਾਈਆ । ਨਿਰਗੁਣ ਸਰਗੁਣ ਆਪਣੀ ਧਾਰੋਂ ਕੱਢ, ਪਰਕਾਸ਼ ਪਰਕਾਸ਼ ਨਾਲ ਪਰਗਟਾਈਆ । ਸਚਖੰਡ ਦੁਆਰੇ ਬਹਿ ਕੇ ਸਭ ਦਾ ਪੜਦਾ ਰਿਹੋਂ ਕੱਜ, ਥਿਰ ਘਰ ਸੁਆਮੀ ਸ਼ਬਦੀ ਰੰਗ ਰੰਗਾਈਆ । ਸਚ ਦੁਆਰੇ ਮੁਕਾਮੇ ਹੱਕ ਲਾਸ਼ਰੀਕ ਸਚ ਤੌਫ਼ੀਕ ਇਕ ਕਰਾਏ ਅਗੰਮੀ ਹੱਜ, ਹਜ਼ਰਤ ਜਲਵਾ ਨੂਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰਾ ਵੇਖ ਵਖਾਈਆ । ਨਮਸਕਾਰ ਨਮੋ ਦੇਵ ਪ੍ਰਭ ਸੱਜਣ, ਸ਼ਹਿਨਸ਼ਾਹ ਤੇਰੀ ਸਰਨਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਭਾਂਡੇ ਭੱਜਣ, ਥਿਰ ਕੋਇ ਰਹਿਣ ਨਾ ਪਾਈਆ । ਕੋਟਨ ਕੋਟ ਲੋਕਮਾਤ ਮਾਰ ਝਾਤ ਨਿਰਗੁਣ ਤੇਰੀ ਧਾਰ ਲੱਭਣ, ਖੋਜਤ ਖੋਜਤ ਖੋਜ ਥੱਕੀ ਲੋਕਾਈਆ । ਚਰਨ ਧੂੜੀ ਕੋਈ ਨਾ ਕਰੇ ਮਜਨ, ਸਚਖੰਡ ਦੁਆਰ ਮਸਤਕ ਟਿੱਕਾ ਨਾਮ ਨਾ ਕੋਇ ਲਗਾਈਆ । ਠਾਕਰ ਹੋ ਕੇ ਆਵੇਂ ਪੜਦੇ ਕੱਜਣ, ਸਾਹਿਬ ਹੋ ਕੇ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਨਮਸਕਾਰ ਗੁਰ ਦੇਵ ਸੁਆਮੀ ਚਰਨ ਕਵਲ ਗਏ ਝੁਕ, ਸੀਸ ਜਗਦੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੋੜ ਤੇਤੀਸਾ ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡਾ ਪੈਂਡਾ ਗਿਆ ਮੁੱਕ, ਪਾਂਧੀ ਨਜ਼ਰ ਕੋਇ ਨਾ ਆਈਆ । ਜੋਤ ਸਰੂਪ ਨਿਰਗੁਣ ਵਖਾ ਆਪਣਾ ਮੁਖ, ਸੋ ਆਪਣੀ ਗੋਦ ਲੈ ਬਹਾਈਆ । ਸਰਗੁਣ ਹੋ ਕੇ ਤੇਰਾ ਨਾਉਂ ਵਡਿਆਈ ਪੰਜ ਤਤ ਕਾਇਆ ਮੁਖ, ਰਸਨਾ ਜਿਹਵਾ ਬੱਤੀ ਦੰਦ ਸਾਲਾਹੀਆ । ਨਿਗਾਹਬਾਨ ਹੋ ਕੇ ਅੰਤਮ ਪੁਛ, ਬੇਪਰਵਾਹ ਝੱਲੀ ਨਾ ਜਾਏ ਤੇਰੀ ਜੁਦਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬੈਠਾ ਰਿਹੋਂ ਲੁਕ, ਤੇਰੀ ਸਮਝ ਕਿਸੇ ਨਾ ਆਈਆ । ਪਰਵਰਦਿਗਾਰ ਸਾਂਝੇ ਯਾਰ ਪੁਰਖ ਅਕਾਲ ਨੂਰੀ ਧਾਰੋਂ ਨਿਰਵੈਰ ਆਪ ਉਠ, ਮਾਤ ਪਿਤਾ ਗੋਦ ਨਾ ਕੋਇ ਸੁਹਾਈਆ । ਕਰ ਪਰਕਾਸ਼ ਪੁਰਖ ਅਬਿਨਾਸ਼ ਸਾਚੀ ਜੋਤ, ਨੂਰੋ ਨੂਰ ਨੂਰ ਰੁਸ਼ਨਾਈਆ । ਤੇਰਾ ਵਸੇ ਧਾਮ ਅਵੱਲੜਾ ਸੱਚਾ ਕਿਲਾ ਕੋਟ, ਮੰਦਰ ਇਕੋ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਨਮਸਕਾਰ ਗੁਰਦੇਵ ਸੁਆਮੀ, ਤੇਰੇ ਚਰਨ ਕਵਲ ਬਰਦਾ, ਦੋਏ ਜੋੜ ਸੀਸ ਝੁਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣ ਦਰਵੇਸ਼ ਹਾੜੇ ਕੱਢਦਾ, ਨੇਤਰ ਨੈਣਾਂ ਨੀਰ ਵਹਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੇ ਅੱਗੇ ਕੋਈ ਨਾ ਅੜਦਾ, ਸੀਸ ਸਕੇ ਨਾ ਕੋਇ ਉਠਾਈਆ । ਤੇਰਾ ਖੇਲ ਸੀਸ ਧੜ ਦਾ, ਆਤਮ ਪਰਮਾਤਮ ਆਪਣੀ ਵੰਡ ਜਣਾਈਆ । ਦੋ ਜਹਾਨ ਤੇਰਾ ਨਾਉਂ ਨਾਮ ਸਤਿ ਪੜ੍ਹਦਾ, ਨਿਰਅੱਖਰ ਅਖਸ਼ਰ ਨਾਲ ਮਿਲਾਈਆ । ਸਰਗੁਣ ਤੇਰੇ ਬਿਰਹੋਂ ਵਿਛੋੜੇ ਅੰਦਰ ਮਰਦਾ, ਨਿਤ ਨਵਿਤ ਬੈਠਾ ਧਿਆਨ ਲਗਾਈਆ । ਗੁਰ

੧੦੧੩ ੧੫

੧੦੧੪ ੧੫

ਅਵਤਾਰ ਪੀਰ ਪੈਗ਼ੰਬਰ ਤੇਰਾ ਭਾਣਾ ਜਰਦਾ, ਚਰਨ ਕਵਲ ਮੰਗੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਦਰਵੇਸ਼ ਬੈਠੇ ਧਿਆਨ ਲਗਾਈਆ । ਨਮਸਕਾਰ ਨਮੋ ਦੇਵ ਮਹਿਬੂਬ, ਮੁਹੱਬਤ ਤੇਰੀ ਇਕੋ ਭਾਈਆ । ਮਹੱਲ ਅਟੱਲ ਵੇਖ ਤੇਰਾ ਅਰੂਜ, ਅਰਸ਼ ਫ਼ਰਸ਼ ਦੋਵੇਂ ਰਹੇ ਸ਼ਰਮਾਈਆ । ਮੁਕਾਮੇ ਹੱਕ ਤੇਰਾ ਮਹਿਫ਼ੂਜ਼, ਚਾਰ ਕੁੰਟ ਦਹਿ ਦਿਸ਼ਾ ਨਜ਼ਰ ਕਿਸੇ ਨਾ ਆਈਆ । ਤੁਧ ਬਿਨ ਤੇਰਾ ਦੇਵੇ ਨਾ ਕੋਇ ਸਬੂਤ, ਪੜਦਾ ਸਕੇ ਨਾ ਕੋਇ ਉਠਾਈਆ । ਪੀਰ ਪੈਗ਼ੰਬਰ ਸਿਫ਼ਤ ਕਰ ਕੇ ਆਏ ਪੰਜ ਤਤ ਕਲਬੂਤ, ਕਾਇਆ ਕਾਅਬਾ ਦਏ ਜਣਾਈਆ । ਪਰਵਰਦਿਗਾਰ ਤੇਰੇ ਹੱਥ ਹੱਕ ਹਕੂਕ, ਲਾਸ਼ਰੀਕ ਤੇਰੀ ਸ਼ਰਨਾਈਆ । ਮਿਹਰਵਾਨ ਤੇਰੀ ਤੌਫ਼ੀਕ, ਤੋਹਫ਼ਾ ਦੇ ਬੇਪਰਵਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਕੋਈ ਨਾ ਰਹੇ ਫ਼ਰੀਕ, ਫ਼ਿਰਕਾ ਨਜ਼ਰ ਕੋਇ ਨਾ ਆਈਆ । ਸਾਚਾ ਕਲਮਾ ਦੇ ਹਦੀਸ, ਹਜ਼ਰਤ ਇਕੋ ਕਰ ਪੜ੍ਹਾਈਆ । ਵੇਖ ਖੇਲ ਆਪਣਾ ਬੀਸ, ਬਿਸਤਰੇ ਬੈਠੇ ਗੋਲ ਕਰਾਈਆ । ਦੂਰ ਦੁਰਾਡੇ ਆਏ ਤੇਰੇ ਨਜ਼ਦੀਕ, ਬਣ ਪਾਂਧੀ ਪੰਧ ਮੁਕਾਈਆ । ਈਸਾ ਮੂਸਾ ਮੁਹੰਮਦ ਨਾਨਕ ਗੋਬਿੰਦ ਜੋ ਦੱਸਿਆ ਠੀਕ, ਠੋਕਰ ਸਾਰੇ ਰਹੇ ਖਾਈਆ । ਪੁਰਖ ਅਕਾਲ ਤੇਰੀ ਕੋਈ ਨਾ ਜਾਣੇ ਲੀਕ, ਲਕੀਰ ਫ਼ਕੀਰ ਜਗਤ ਲੋਕਾਈਆ । ਸਤਿ ਸੁਆਮੀ ਅੰਤਰਜਾਮੀ ਤੁਧ ਬਿਨ ਬਣੇ ਨਾ ਕੋਈ ਮੀਤ, ਮਿੱਤਰ ਪਿਆਰਾ ਨਜ਼ਰ ਕੋਇ ਨਾ ਆਈਆ । ਜੁਗ ਚੌਕੜੀ ਝੂਠੀ ਵੇਖੀ ਪ੍ਰੀਤ, ਮੁਰੀਦ ਮੁਰਸ਼ਦ ਗਏ ਭੁਲਾਈਆ । ਸਾਚਾ ਮਿਲਿਆ ਨਾ ਕੋਈ ਤਬੀਬ, ਬਹੱਤਰ ਨਾੜੀ ਫੋਲ ਨਾ ਕੋਇ ਫੋਲਾਈਆ । ਅੰਦਰ ਵੜ ਕੇ ਵਸਿਆ ਨਾ ਕੋਇ ਨਜ਼ਦੀਕ, ਦੂਰ ਦੁਰਾਡੇ ਨਾਤਾ ਰਹੇ ਜੁੜਾਈਆ । ਚੌਦਾਂ ਸਦੀਆਂ ਤੇਰੀ ਕਰਦੇ ਰਹੇ ਉਡੀਕ, ਚੌਦਾਂ ਤਬਕ ਧਿਆਨ ਲਗਾਈਆ । ਧੰਨ ਭਾਗ ਬੇਪਰਵਾਹ ਦਿਤੀ ਸਾਨੂੰ ਇਕ ਤੌਫ਼ੀਕ, ਤੇਰੇ ਚਰਨ ਕਵਲ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸੀਸ ਨਿਵਾਈਆ । ਸੀਸ ਨਿਵਾਇਆ ਦਰ ਪਰਵਰਦਿਗਾਰ ਪਰਦਾਨਸ਼ੀਨ, ਮੁਖ ਨਕਾਬ ਦੇ ਉਠਾਈਆ । ਸਾਡਾ ਪਿਛਲਾ ਚੁਕਾ ਯਕੀਨ, ਯਕਮੁਸ਼ਤ ਬੈਠੇ ਡੇਰਾ ਢਾਹੀਆ । ਅੱਗੇ ਰਹੀਏ ਸਦਾ ਅਧੀਨ, ਅਦਲ ਅਦਾਲਤ ਤੇਰੀ ਇਕੋ ਭਾਈਆ । ਪੀਰ ਪੈਗ਼ੰਬਰ ਹੋਏ ਮਸਕੀਨ, ਮੁਸ਼ਕਲ ਤੇਰੀ ਝੋਲੀ ਪਾਈਆ । ਨੂਰ ਇਲਾਹੀ ਯਾਮੁਬੀਨ, ਬੇਪਰਵਾਹ ਤੇਰੀ ਸਰਨਾਈਆ । ਤੇਰੇ ਕਲਮੇ ਕਦੇ ਨਾ ਹੋਏ ਤੌਹੀਨ, ਕਾਇਨਾਤ ਸਮਝ ਕੋਇ ਨਾ ਆਈਆ । ਲੇਖਾ ਕੋਈ ਨਾ ਜਾਣੇ ਸੀਨ, ਐਨ ਅੱਖ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਠਾਂਡਾ ਤੇਰਾ ਨਜ਼ਰੀ ਆਈਆ । ਦਰ ਠਾਂਡਾ ਤੇਰਾ ਦਰਬਾਰ, ਦਰਗਹਿ ਸਾਚੀ ਖ਼ੁਸ਼ੀ ਮਨਾਈਆ । ਪੁਰਖ ਅਕਾਲ ਏਕੰਕਾਰ, ਆਦਿ ਨਿਰੰਜਣ ਤੇਰੀ ਰੁਸ਼ਨਾਈਆ । ਅਬਿਨਾਸ਼ੀ ਕਰਤੇ ਤੇਰੀ ਧਾਰ, ਸ੍ਰੀ ਭਗਵਾਨ ਸਮਝ ਕੋਇ ਨਾ ਪਾਈਆ । ਪਾਰਬ੍ਰਹਮ ਤੇਰਾ ਵਿਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਵੱਡਾ ਮਿਲੇ ਵੱਡੀ ਵਡਿਆਈਆ । ਦਰ ਵੱਡਾ ਏਕੰਕਾਰ, ਸਚਖੰਡ ਖ਼ੁਸ਼ੀ ਮਨਾਇੰਦਾ । ਜਲਵਾਗਰ ਸ਼ਾਹਕਾਰ, ਸ਼ਹਿਨਸ਼ਾਹ ਆਪਣਾ ਆਸਣ ਲਾਇੰਦਾ । ਦੂਜਾ ਕਰੇ ਨਾ ਕੋਈ ਆਧਾਰ, ਅਕਲ ਕਲਧਾਰੀ ਆਪਣੀ ਖੇਲ ਵਖਾਇੰਦਾ । ਗੁਰ ਅਵਤਾਰ ਦਰ ਮੰਗਣ ਬਣ ਭਿਖਾਰ, ਨੇਤਰ ਨੈਣ ਨੀਰ ਸਰਬ ਵਹਾਇੰਦਾ । ਕਿਰਪਾ ਕਰ ਸਿਰਜਣਹਾਰ, ਸਤਿ ਸੁਆਮੀ ਤੇਰਾ ਅੰਤ ਕੋਇ ਨਾ ਆਇੰਦਾ । ਸਚਖੰਡ ਦੁਆਰ ਖੋਲ੍ਹ ਕਿਵਾੜ, ਥਿਰ ਘਰ ਸ਼ਬਦੀ ਰੰਗ ਰੰਗਾਇੰਦਾ । ਨਵ

ਨੌ ਚਾਰ ਆਈ ਹਾਰ, ਚੌਥਾ ਜੁਗ ਡੇਰਾ ਢਾਹਿੰਦਾ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਗੀਤਾ ਗਿਆਨ ਚਰਨ ਕਵਲ ਸੀਸ ਝੁਕਾਇੰਦਾ । ਅੰਜੀਲ ਕੁਰਾਨ ਰੋਵਣ ਜ਼ਾਰੋ ਜ਼ਾਰ, ਖਾਣੀ ਬਾਣੀ ਧੀਰ ਨਾ ਕੋਇ ਧਰਾਇੰਦਾ । ਚਰਨ ਧੂੜੀ ਮੰਗਣ ਤੇਈ ਅਵਤਾਰ, ਗੁਰ ਦਸ ਝੋਲੀ ਡਾਹਿੰਦਾ । ਚਾਰੋਂ ਕੁੰਟ ਅੰਧ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਇੰਦਾ । ਜੁਗ ਚੌਕੜੀ ਜੋ ਲੇਖਾ ਦੱਸਿਆ ਮਾਤ ਵਿਹਾਰ, ਬਿਵਹਾਰੀ ਰਾਹ ਨਾ ਕੋਇ ਵਖਾਇੰਦਾ । ਅੰਤਮ ਸਾਰੇ ਆਏ ਹਾਰ, ਹਰਿ ਜੂ ਤੇਰੀ ਓਟ ਸਰਬ ਤਕਾਇੰਦਾ । ਪਿਛਲਾ ਲਹਿਣਾ ਦੇਣਾ ਦਿਤਾ ਨਿਵਾਰ, ਬਾਕੀ ਲੇਖ ਨਾ ਕੋਇ ਵਖਾਇੰਦਾ । ਕੱਠੇ ਹੋਏ ਤੇਰੇ ਦਰਬਾਰ, ਦਰ ਇਕੋ ਸੱਚਾ ਨਜ਼ਰੀ ਆਇੰਦਾ । ਇਕਾਵਨ ਬਾਵਨ ਭਿਖਿਆ ਮੰਗਣ ਵਸਤ ਦੇ ਆਪ ਨਿਰੰਕਾਰ, ਨਿਰਗੁਣ ਨਿਰਗੁਣ ਆਸਾ ਪੂਰ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਆਸਾ ਸਭ ਦੀ ਪੂਰ ਕਰਾਇੰਦਾ । ਆਸਾ ਪ੍ਰਭੂ ਕਰਦੇ ਪੂਰੀ, ਗੁਰ ਅਵਤਾਰ ਪੀਰ ਪੈਗ਼ੰਬਰ ਧਿਆਨ ਲਗਾਈਆ । ਤੇਰਾ ਰੂਪ ਇਕੋ ਨੂਰੀ, ਨੂਰ ਨੁਰਾਨੇ ਤੇਰੀ ਜੋਤ ਸਵਾਈਆ । ਤੇਰਾ ਦਰ ਇਕੋ ਹਜ਼ੂਰੀ, ਹਜ਼ਰਤ ਵੱਡੇ ਵੱਡੀ ਤੇਰੀ ਵਡਿਆਈਆ । ਚਾਰ ਜੁਗ ਦੀ ਟੁਟੀ ਸਰਬ ਮਗ਼ਰੂਰੀ, ਮੁਫ਼ਲਸ ਬੈਠੇ ਧਿਆਨ ਲਗਾਈਆ । ਲੋਕਮਾਤ ਤੇਰੇ ਨਾਮ ਦੀ ਕਰ ਕੇ ਆਏ ਮਜ਼ਦੂਰੀ, ਬਣ ਮਜ਼ਦੂਰ ਸੇਵ ਕਮਾਈਆ । ਸ੍ਰਿਸ਼ਟ ਸਬਾਈ ਲੱਖ ਚੁਰਾਸੀ ਦੱਸ ਕੇ ਆਏ ਕੂੜੀ, ਕੂੜੀ ਕਿਰਿਆ ਬੰਧਨ ਨਾ ਕੋਇ ਵਖਾਈਆ । ਪੁਰਖ ਅਕਾਲ ਦੀ ਸਾਰੇ ਮੰਗੋ ਚਰਨ ਧੂੜੀ, ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਮਸਤਕ ਟਿੱਕੇ ਰਹੇ ਲਗਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਤੈਨੂੰ ਇਕੋ ਜ਼ਰੂਰਤ ਪਈ ਜ਼ਰੂਰੀ, ਜ਼ਾਹਰ ਆਪਣੀ ਕਲ ਧਰਾਈਆ । ਮੂਸੇ ਟੁਟਾ ਮਾਣ ਜਲਵਾ ਕੋਹਤੂਰੀ, ਈਸਾ ਆਸ ਬੈਠਾ ਗਵਾਈਆ । ਮੁਹੰਮਦ ਚਰਨ ਕਵਲ ਹੋਇਆ ਮਸ਼ਕੂਰੀ, ਮੁਸ਼ਕਲ ਮੇਰੀ ਹੱਲ ਕਰਾਈਆ । ਨਾਨਕ ਚੁੱਕ ਕੇ ਮੋਢੇ ਭੂਰੀ, ਤੇਰਾ ਬੈਠਾ ਧਿਆਨ ਲਗਾਈਆ । ਗੋਬਿੰਦ ਕਹੇ ਪ੍ਰਭ ਪੁਰਖ ਅਕਾਲ ਉਤੇ ਡੋਰੀ, ਪਿਤਾ ਪੂਤ ਗੰਢ ਪਵਾਈਆ । ਜੁਗ ਚੌਕੜੀ ਕਹਿਣ ਅਬਿਨਾਸ਼ੀ ਕਰਤਾ ਸ਼ਬਦ ਅਗੰਮੀ ਚੜ੍ਹ ਕੇ ਆਵੇ ਘੋੜੀ, ਘੋੜਾ ਅਸਵ ਸ਼ਾਹਸਵਾਰਾ ਇਕ ਦੌੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਵਡ ਸਾਹਿਬ ਸਚ ਗੋਸਾਈਂਆ । ਸਾਹਿਬ ਸਚ ਗੋਸਾਈਂ ਮੀਤ, ਮਿੱਤਰ ਪਿਆਰੇ ਤੇਰੀ ਓਟ ਰਖਾਈਆ । ਪੰਦਰਾਂ ਕੱਤਕ ਸਭ ਨੇ ਛੱਡੀ ਪਿਛਲੀ ਰੀਤ, ਮੰਦਰ ਮਸੀਤ ਗੁਰਦੁਆਰ ਸ਼ਿਵਦਵਾਲੇ ਮੱਠ ਗੁਰ ਅਵਤਾਰ ਪੀਰ ਪੈਗ਼ੰਬਰ ਫੇਰ ਕੋਇ ਨਾ ਆਈਆ । ਤੇਰੇ ਨਾਮ ਦਾ ਗਾਈਏ ਇਕੋ ਗੀਤ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਤੇਰੀ ਧਾਰ ਸਦਾ ਠਾਂਡੀ ਸੀਤ, ਅਗਨੀ ਤਤ ਨਾ ਕੋਇ ਤਪਾਈਆ । ਤੇਰਾ ਖੇਲ ਪ੍ਰਭੂ ਜਗਦੀਸ, ਜਗਦੀਸ਼ਰ ਤੇਰੇ ਹੱਥ ਵਡਿਆਈਆ । ਅਸੀਂ ਵੇਖਿਆ ਮਾਣ ਮਿਲਦਾ ਇਕੀਆਂ ਵਿਚੋਂ ਇਕੀਸ, ਏਕਾ ਇਕੀ ਗੋਬਿੰਦ ਰੰਗ ਰੰਗਾਈਆ । ਨੇਤਰ ਰੋ ਪਏ ਰਾਗ ਛਤੀਸ, ਸੁਰਸਤੀ ਮਾਰੇ ਉਚੀ ਧਾਹੀਂਆ । ਗਣ ਗੰਧਰਬ ਵੇਖਣ ਲਾ ਕੇ ਨੀਝ, ਦੂਰ ਦੁਰਾਡੇ ਨੈਣ ਉਠਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਪੁਰਖ ਅਕਾਲ ਜਨ ਭਗਤਾਂ ਪੂਰੀ ਕੀਤੀ ਆਪ ਰੀਝ, ਫੜ ਆਪਣੇ ਨਾਲ ਮਿਲਾਈਆ । ਦੂਰ ਦੁਰਾਡਾ ਚਲ ਕੇ ਭਗਤ ਦੁਆਰ ਲੰਘਿਆ ਇਕ ਦਹਿਲੀਜ਼, ਦਹਿ ਦਿਸ਼ਾ ਡੇਰਾ ਢਾਹੀਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਕਰਦੇ ਰਹੇ ਉਡੀਕ, ਲਿਖ ਲਿਖ ਲੇਖਾ ਗਏ ਸਮਝਾਈਆ । ਪਰਗਟ ਹੋਵੇ ਬੀਸਾ ਬੀਸ, ਕਲ ਕਲਕੀ ਫੇਰਾ ਪਾਈਆ । ਲੇਖਾ ਜਾਣੇ

ਹਸਤ ਕੀਟ, ਲੱਖ ਚੁਰਾਸੀ ਖੋਜ ਖੋਜਾਈਆ । ਆਤਮ ਪਰਮਾਤਮ ਪਰਮਾਤਮ ਆਤਮ ਲਏ ਜੀਤ, ਪਾਰਬ੍ਰਹਮ ਬ੍ਰਹਮ ਆਪਣੀ ਝੋਲੀ ਪਾਈਆ । ਜਨ ਭਗਤਾਂ ਛਤਰ ਝੁਲਾਏ ਸੀਸ, ਸੀਸ ਦਸਤਾਰ ਜਗਦੀਸ ਆਪ ਰਖਾਈਆ । ਨੀਚੋਂ ਕਰੇ ਊਚ ਊਚੋਂ ਕਰੇ ਨੀਚ, ਨੀਚ ਊਚ ਦੋਵੇਂ ਚਰਨਾਂ ਵਿਚ ਰਖਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪੁਰਖ ਅਕਾਲ ਦੀਨ ਦਿਆਲ ਸਰਬ ਸੁਆਮੀ ਆਪੇ ਵਸੇ ਅਧਵਿਚਕਾਰ ਬੀਚ, ਵਿਚਲਾ ਲੇਖਾ ਆਪਣੇ ਹੱਥ ਰਖਾਈਆ । ਜਗਤ ਨੇਤਰ ਨਜ਼ਰ ਨਾ ਆਏ ਨੀਕਨ ਨੀਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਸ਼ਹਿਨਸ਼ਾਹ ਹਰਿ ਠਾਕਰ ਪ੍ਰਭ, ਹੱਥ ਤੇਰੇ ਵਡਿਆਈਆ । ਚਾਰ ਜੁਗ ਦੀ ਪਿਛਲੀ ਚੁੱਕੀ ਹੱਦ, ਹਦੂਦ ਤੇਰੀ ਵਿਚ ਬੈਠੇ ਡੇਰਾ ਲਾਈਆ । ਸਚ ਦੁਆਰੇ ਲਏ ਸੱਦ, ਸੱਦਾ ਆਪਣਾ ਨਾਮ ਜਣਾਈਆ । ਅੰਤਮ ਪੜਦਾ ਇਕੋ ਕੱਜ, ਸਿਰ ਆਪਣਾ ਹੱਥ ਰਖਾਈਆ । ਲੋਕਮਾਤ ਕਰ ਕੇ ਆਏ ਹੱਜ, ਕਾਇਆ ਕਾਅਬਾ ਹੁਜਰਾ ਇਕ ਸੁਹਾਈਆ । ਇੱਟਾਂ ਗਾਰਾ ਪੱਥਰ ਪਿਛੇ ਆਏ ਛੱਡ, ਟੱਕਰਾਂ ਮਾਰੇ ਜਗਤ ਲੋਕਾਈਆ । ਬਿਨ ਮੁਰਸ਼ਦ ਮੁਰੀਦ ਕੋਈ ਨਾ ਸਕੇ ਲੱਭ, ਬਿਨ ਸਤਿਗੁਰ ਗੁਰਸਿਖ ਮਿਲਣ ਕੋਇ ਨਾ ਆਈਆ । ਬਿਨ ਤੇਰੀ ਕਿਰਪਾ ਕੋਈ ਨਾ ਕਰੇ ਹੱਜ, ਬਿਨ ਤੇਰੀ ਰਹਿਮਤ ਦਰਸ ਕੋਇ ਨਾ ਪਾਈਆ । ਮਿਹਰਵਾਨ ਹੋ ਜਿਸ ਆਪਣੇ ਦੁਆਰੇ ਲਏਂ ਸੱਦ, ਦੇਵੇਂ ਮਾਣ ਵਡਿਆਈਆ । ਤਿਸ ਦਾ ਪੂਰਾ ਹੋਵੇ ਹੱਜ, ਮੱਕਾ ਕਾਅਬਾ ਦੋਵੇਂ ਨੈਣ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਘਰ ਸਾਚੇ ਵੱਜੇ ਵਧਾਈਆ । ਵੱਜੇ ਵਧਾਈ ਘਰ ਸੱਚੇ ਏਕ, ਏਕੰਕਾਰ ਤੇਰੀ ਸ਼ਨਵਾਈਆ । ਸਾਰੇ ਕਰੀਏ ਤੇਰੀ ਟੇਕ, ਸੀਸ ਜਗਦੀਸ ਚਰਨ ਝੁਕਾਈਆ । ਦੀਨ ਮਜ਼੍ਹਬ ਵਿਚੋਂ ਕਰ ਬਿਬੇਕ, ਜ਼ਾਤ ਪਾਤ ਡੇਰਾ ਢਾਹੀਆ । ਨਿਜ ਨੇਤਰ ਆਪਣੀ ਅੱਖ ਵੇਖ, ਦੋਏ ਲੋਚਣ ਬੰਦ ਵਖਾਈਆ । ਅੰਦਰ ਵੜ ਕੇ ਦੱਸ ਭੇਤ, ਬਾਹਰੋਂ ਸਮਝ ਕੋਇ ਨਾ ਪਾਈਆ । ਨਿਰਗੁਣ ਤੇਰੀ ਅਗੰਮੀ ਖੇਡ, ਖ਼ਾਲਕ ਖ਼ਲਕ ਦੇ ਜਣਾਈਆ । ਤੇਰੀ ਸੁਹੰਜਣੀ ਮਾਣੀਏ ਸੇਜ, ਸੋਭਾਵੰਤ ਆਸਣ ਲਾਈਆ । ਲੋਕਮਾਤ ਗੁਰ ਅਵਤਾਰ ਪੀਰ ਪੈਗ਼ੰਬਰ ਬਣਾ ਕੇ ਦਿਤੇ ਭੇਜ, ਧੁਰ ਸੰਦੇਸਾ ਝੋਲੀ ਪਾਈਆ । ਜੀਵਾਂ ਜੰਤਾਂ ਸਾਧਾਂ ਸੰਤਾਂ ਲੱਖ ਚੁਰਾਸੀ ਲਿਖ ਕੇ ਆਏ ਲੇਖ, ਕਲਮ ਸ਼ਾਹੀ ਕਾਗ਼ਜ਼ ਨਾਲ ਮਿਲਾਈਆ । ਇਕੋ ਪੁਰਖ ਅਕਾਲ ਪਰਵਰਦਿਗਾਰ ਕਰਨਾ ਹੇਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਪੰਜ ਤਤ ਕਾਇਆ ਸਭ ਦਾ ਹੋਵੇ ਖੇਤ, ਰਣ ਭੂਮੀ ਦੋ ਜਹਾਨ ਦਏ ਜਣਾਈਆ । ਭਗਤ ਭਗਵਾਨ ਮਾਨਣ ਇਕ ਦੂਜੇ ਦੀ ਸੇਜ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜਲਵਾ ਨੂਰੀ ਤੇਜ, ਜਾਗਰਤ ਜੋਤ ਕਰੇ ਰੁਸ਼ਨਾਈਆ । ਪ੍ਰਭ ਤੇਰਾ ਸਭ ਕੁਛ ਲਿਆ ਵੇਖ, ਲੱਖ ਚੁਰਾਸੀ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਬੈਠੇ ਆਸਣ ਲਾਈਆ । ਦਰ ਤੇਰੇ ਆਸਣ ਗਿਆ ਲੱਗ, ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਜਣਾਈਆ । ਦਰਗਹਿ ਸਾਚੀ ਤੇਰਾ ਹੱਜ, ਸਚਖੰਡ ਤੇਰਾ ਨੂਰ ਨਜ਼ਰੀ ਆਈਆ । ਅਗਲਾ ਮਾਰਗ ਇਕੋ ਦੱਸ, ਰਲ ਮਿਲ ਸਾਰੇ ਤੇਰਾ ਇਕੋ ਨਾਮ ਧਿਆਈਆ । ਕਿਰਪਾ ਕਰ ਪੁਰਖ ਸਮਰਥ, ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਦ ਰਹੀਏ ਤੇਰੀ ਸਰਨਾਈਆ । ਤੇਰੀ ਸਰਨਾਈ ਮੰਗੀਏ ਇਕ, ਖ਼ਾਲੀ ਝੋਲੀ ਰਹੇ ਵਖਾਈਆ । ਅਗਲਾ ਲੇਖਾ ਫੇਰ ਲਿਖ, ਪਿਛਲੀ ਮਿਟੀ ਛਾਹੀਆ ।

੧੦੧੬
੧੫

ਚਾਰੋਂ ਕੁੰਟ ਆਏ ਦਿਸ, ਦਹਿ ਦਿਸ਼ਾ ਤੇਰੀ ਰੁਸ਼ਨਾਈਆ । ਤੂੰ ਆਪਣਾ ਖੇਲ ਕੀਤਾ ਜ਼ੋਰ ਨਾਲ ਹਿੱਕ, ਹਕੀਕਤ ਆਪਣੇ ਨਾਲ ਰਲਾਈਆ । ਚੌਥੇ ਜੁਗ ਦੇ ਕੇ ਪਿਠ, ਕਰਵਟ ਆਪਣੀ ਲਈ ਬਦਲਾਈਆ । ਚਾਰ ਜੁਗ ਜੋ ਲੇਖਾ ਆਏ ਲਿਖ, ਬਿਨ ਸਮਝੇਂ ਪੂਰ ਕਰਾਈਆ । ਤੇਰੇ ਕੋਲੋਂ ਸਾਰੇ ਹੋਏ ਜਿਚ, ਡਰਦੇ ਬੈਠੇ ਨੈਣ ਸ਼ਰਮਾਈਆ । ਸਾਡੀ ਕਰਨੀ ਸਾਡੇ ਵਿਚੋਂ ਲਈ ਖਿਚ, ਖ਼ਾਲਕ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਦ ਮੰਨੀਏ ਤੇਰੀ ਰਜ਼ਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਹਰਿ ਕਰਤਾ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਧਿਆਨ, ਵਡ ਧਿਆਨੀ ਆਪ ਉਠਾਇੰਦਾ । ਨਵ ਨੌ ਚਾਰ ਚੁੱਕੀ ਕਾਣ, ਕਲਜੁਗ ਅੰਤਮ ਲੇਖ ਮੁਕਾਇੰਦਾ । ਪਰਗਟ ਹੋ ਸ੍ਰੀ ਭਗਵਾਨ, ਸਭ ਦਾ ਲੇਖਾ ਝੋਲੀ ਪਾਇੰਦਾ । ਬੀਸ ਬੀਸਾ ਬਣ ਪਰਧਾਨ, ਸਚ ਪਰਧਾਨਗੀ ਆਪ ਕਮਾਇੰਦਾ । ਇਕੀਆਂ ਦੇਵੇ ਇਕੋ ਮਾਣ, ਏਕੰਕਾਰਾ ਦਇਆ ਕਮਾਇੰਦਾ । ਊਚ ਨੀਚ ਸਰਬ ਮਿਟ ਜਾਣ, ਜ਼ਾਤ ਪਾਤ ਨਾ ਕੋਇ ਵਖਾਇੰਦਾ । ਦੀਨ ਮਜ਼੍ਹਬ ਨਾ ਕੋਈ ਕਾਣ, ਸ਼ਰਅ ਸ਼ਰੀਅਤ ਨਾ ਵੰਡ ਵੰਡਾਇੰਦਾ । ਰਸਨਾ ਜਿਹਵਾ ਨਾ ਕੋਈ ਕਲਾਮ, ਇਸਮ ਆਜ਼ਮ ਇਕ ਵਖਾਇੰਦਾ । ਧੁਰ ਸੰਦੇਸਾ ਦੇ ਪੈਗ਼ਾਮ, ਸਾਚੀ ਵਿਦਿਆ ਆਪ ਪੜ੍ਹਾਇੰਦਾ । ਨਜ਼ਰੀ ਆਏ ਇਕ ਅਮਾਮ, ਨੌਬਤ ਆਪਣਾ ਨਾਮ ਸੁਣਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਬਰਦੇ ਕਰ ਗ਼ੁਲਾਮ, ਹੁਕਮੇ ਅੰਦਰ ਆਪ ਬਹਾਇੰਦਾ । ਝੁਕ ਝੁਕ ਸਾਰੇ ਕਰਨ ਸਲਾਮ, ਸਜਦਾ ਇਕੋ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚਾ ਇਸ਼ਟ ਆਪ ਦਰਸਾਇੰਦਾ । ਸਾਚਾ ਇਸ਼ਟ ਪੁਰਖ ਅਕਾਲ, ਪੰਜ ਤਤ ਨਾ ਕੋਇ ਵਡਿਆਈਆ । ਆਦਿ ਜੁਗਾਦੀ ਦੀਨ ਦਿਆਲ, ਦੀਨਾਂ ਨਾਥ ਵੇਖ ਵਖਾਈਆ । ਸਚ ਦੁਆਰ ਸੱਚੀ ਧਰਮਸਾਲ, ਸਾਢੇ ਤਿੰਨ ਹੱਥ ਦੇਵੇ ਮਾਣ ਵਡਿਆਈਆ । ਆਤਮ ਪਰਮਾਤਮ ਕਰੇ ਸੰਭਾਲ, ਸਦਾ ਸੁਹੇਲਾ ਸੰਗ ਰਖਾਈਆ । ਭਗਤ ਭਗਵਾਨ ਕਦੇ ਨਾ ਖਾਏ ਕਾਲ, ਮਹਾਂਕਾਲ ਨੇੜ ਨਾ ਆਈਆ । ਤ੍ਰੈਗੁਣ ਮਾਇਆ ਤੋੜ ਜੰਜਾਲ, ਜੀਵਣ ਜੁਗਤ ਦਏ ਸਮਝਾਈਆ । ਕਰੇ ਖੇਲ ਬੇਮਿਸਾਲ, ਮਿਸਲ ਆਪਣੇ ਹੱਥ ਵਖਾਈਆ । ਜੁਗ ਚੌਕੜੀ ਜੋ ਘਾਲਾਂ ਰਹੇ ਘਾਲ, ਤਿਨ੍ਹਾਂ ਕੀਤੀ ਘਾਲ ਲੇਖੇ ਲਾਈਆ । ਚੌਥੇ ਜੁਗ ਸਭ ਦਾ ਕਰ ਹੱਲ ਸਵਾਲ, ਜ਼ੀਰੋ ਸਿਫ਼ਰਾ ਨਿਰਗੁਣ ਸਰਗੁਣ ਦੂਏ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਡੂੰਘੀ ਰਚਨਾ ਆਪਣੇ ਵਿਚ ਛੁਪਾਈਆ । ਡੂੰਘੀ ਰਚਨਾ ਸ੍ਰੀ ਭਗਵਾਨ, ਹਰਿ ਰਚੰਤਾ ਕਰਤਾ ਧਰਤਾ ਆਪਣੇ ਵਿਚ ਰਖਾਇੰਦਾ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਨਾਮ ਨਿਧਾਨਾ ਦੇ ਕੇ ਛੋਟਾ ਜਿਹਾ ਗਿਆਨ, ਛੋਟੀ ਕੁਟੀਆ ਕਾਇਆ ਮੰਦਰ ਵਿਚ ਵਸਾਇੰਦਾ । ਸ਼ਬਦ ਅਗੰਮੀ ਦੇ ਬਿਆਨ, ਹੁਕਮੇ ਅੰਦਰ ਆਪ ਫਿਰਾਇੰਦਾ । ਜੇ ਕੋਈ ਮੰਗਣ ਆਵੇ ਦਾਨ, ਨਿਕੀ ਚੁਟਕੀ ਭਰ ਕੇ ਝੋਲੀ ਪਾਇੰਦਾ । ਸੋ ਲੋਕਮਾਤ ਹੋਵੇ ਪਰਧਾਨ, ਲੱਖ ਚੁਰਾਸੀ ਜੀਵ ਜੰਤ ਸਮਝਾਇੰਦਾ । ਅੰਦਰੇ ਅੰਦਰ ਮੰਗਦਾ ਰਹੇ ਦਾਨ, ਦੋਏ ਜੋੜ ਵਾਸਤਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਵਸਤ ਅਮੋਲਕ ਧੁਰ ਦੀ ਦਾਤ ਆਪ ਵਰਤਾਇੰਦਾ । ਧੁਰ ਦੀ ਦਾਤ ਆਪ ਵਰਤੰਤਾ, ਵਰਤਮਾਨ ਇਕ ਅਖਵਾਈਆ । ਜੁਗ ਚੌਕੜੀ ਖੇਲ ਸ੍ਰੀ ਭਗਵੰਤਾ, ਭਗਵਨ ਆਪਣੀ ਧਾਰ ਰਖਾਈਆ । ਲੱਖ ਚੁਰਾਸੀ ਜੀਵ ਜੰਤਾ, ਚੀਊਂਟੀ ਹਸਤ ਕਰੇ ਪੜ੍ਹਾਈਆ । ਸ਼ਬਦ ਅਗੰਮੀ ਨਾਮ ਇਕੋ ਮੰਤਰ ਮੰਤਾ,

੧੦੧੮ ੧੫

ਮੰਤਵ ਆਪਣਾ ਦਏ ਸਮਝਾਈਆ । ਲੱਖ ਚੁਰਾਸੀ ਨਾਰੀ ਕੰਤਾ, ਕੰਤ ਕੰਤੂਹਲ ਇਕ ਅਖਵਾਈਆ । ਬੇਪਰਵਾਹੀ ਰੰਗ ਬਸੰਤਾ, ਬਸਨ ਬਨਵਾਰੀ ਆਪ ਰੰਗਾਈਆ । ਬੋਧ ਅਗਾਧਾ ਹੋ ਕੇ ਪੰਡਤਾ, ਸਾਚਾ ਅੱਖਰ ਦਏ ਸਮਝਾਈਆ । ਖੇਲੇ ਖੇਲ ਜੇਰਜ ਅੰਡਜਾ, ਉਤਭੁਜ ਸੇਤਜ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪਰਵਾਰ ਇਕੱਠਾ, ਇਕ ਅਡੰਬਰ ਸਚ ਸਵੰਬਰ ਦਿਤਾ ਵਖਾਈਆ । ਸਚ ਸਵੰਬਰ ਬੀਸ ਬੀਸਾ, ਹਰਿ ਇਕੋ ਇਕ ਜਣਾਈਆ । ਪੰਦਰਾਂ ਕੱਤਕ ਸਭ ਦਾ ਖ਼ਾਲੀ ਕਰ ਕੇ ਸ਼ੀਸਾ, ਕਫ਼ਨੀ ਚੋਲੀ ਅਲਫ਼ੀ ਆਪਣੇ ਹੱਥ ਰਖਾਈਆ । ਬਿਨ ਰਸਨਾ ਜਿਹਵਾ ਸਾਰੇ ਪੜ੍ਹਨ ਹਦੀਸਾ, ਉਚੀ ਉਚੀ ਢੋਲਾ ਗਾਈਆ । ਹੱਸਣ ਰੋਵਣ ਦੋਵੇਂ ਤਾਲ ਮਾਰਨ ਚੀਕਾਂ, ਦੋ ਜਹਾਨ ਸਮਝ ਕੋਇ ਨਾ ਆਈਆ । ਖ਼ੁਸ਼ੀ ਕਹੇ ਮੈਂ ਰੱਖਦੀ ਰਹੀ ਉਡੀਕਾਂ, ਬੈਠੀ ਰਾਹ ਤਕਾਈਆ । ਗ਼ਮੀ ਕਹੇ ਲੇਖਾ ਚੁਕਿਆ ਚਾਚਾ ਭਤੀਜਾ, ਪੁਰਖ ਅਕਾਲ ਪਿਤਾ ਇਕੋ ਨਜ਼ਰੀ ਆਈਆ । ਜਨ ਭਗਤਾਂ ਉਪਰ ਆਪ ਪਤੀਜਾ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਏਕਾ ਇਕੀ, ਏਕੰਕਾਰ ਆਪ ਬਣਾਈਆ । ਗੋਬਿੰਦ ਕਹਿ ਕੇ ਗਿਆ ਖੰਡਿਉਂ ਤਿੱਖੀ, ਵਾਲੋਂ ਨਿਕੀ ਨਜ਼ਰ ਨਾ ਆਈਆ । ਸ੍ਰੀ ਭਗਵਾਨ ਹੋ ਮਿਹਰਵਾਨ ਆਪਣੇ ਨੇਤਰ ਪੇਖੀ, ਭੇਖਨੀ ਸੰਗ ਨਾ ਕੋਇ ਰਖਾਈਆ । ਅਚਰਜ ਖੇਲ ਪ੍ਰਭੂ ਕਲ ਖੇਡੀ, ਸਮਝ ਸਕੇ ਕੋਈ ਨਾ ਰਾਈਆ । ਖ਼ਾਲੀ ਰਹਿ ਗਏ ਸੋਢੀ ਵੇਦੀ, ਬਿਧ ਆਪਣੇ ਹੱਥ ਰਖਾਈਆ । ਮੂਰਖ ਮੁਗਧ ਮੂੜ੍ਹ ਅਵਾਣੇ ਬਣੇ ਭੇਦੀ, ਜਿਨ੍ਹਾਂ ਅੰਦਰ ਵੜ ਕੇ ਪੜਦਾ ਦਿਤਾ ਚੁਕਾਈਆ । ਪੰਦਰਾਂ ਕੱਤਕ ਨੌ ਸੌ ਚੁਰਾਨਵੇ ਚੌਕੜੀ ਦਾ ਵਿਹਾਰ ਕੀਤਾ ਨਾਲ ਛੇਤੀ, ਸ਼ਹਿਨਸ਼ਾਹ ਇਸ਼ਾਰੇ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਜਣਾਈਆ । ਗੁਰਮੁਖ ਸੱਜਣ ਯਾਰ ਚਮਰੇਟੇ, ਚਮਤਕਾਰ ਪ੍ਰਭੂ ਜਣਾਈਆ । ਭਗਤੀ ਪਿਆਰ ਦੋਵੇਂ ਬੇਟੀ ਬੇਟੇ, ਤੇਰੀ ਫੂੜ੍ਹੀ ਉਤੇ ਸਵਾਈਆ । ਜਗਤ ਪਿਤਾ ਕੋਈ ਨਾ ਵੇਖੇ, ਭਗਤ ਭਗਵਾਨ ਦਏ ਜਣਾਈਆ । ਬਿਰਹੋਂ ਵਿਛੋੜੇ ਅੰਦਰ ਦੋਵੇਂ ਲੇਟੇ, ਦੁੱਖ ਲੱਗਾ ਬੇਪਰਵਾਹੀਆ । ਪਾਰਬ੍ਰਹਮ ਪ੍ਰਭ ਭਗਤਾਂ ਅੰਦਰ ਖ਼ੁਸ਼ੀਆਂ ਨਾਲ ਲੇਟੇ, ਸਾਡੀ ਵਾਤ ਨਾ ਪੁਛੇ ਕੋਈ ਰਾਈਆ । ਜਿਸ ਵੇਲੇ ਚਮਰੇਟਾ ਆ ਕੇ ਕੋਲ ਬੈਠੇ, ਦੋਵੇਂ ਰੋ ਰੋ ਰਹੇ ਸੁਣਾਈਆ । ਤੇਰੇ ਪ੍ਰਭੂ ਨੂੰ ਸਾਡੇ ਭੁੱਲੇ ਚੇਤੇ, ਗ਼ਰੀਬ ਨਿਮਾਣਿਆਂ ਬੈਠਾ ਅੰਗ ਲਗਾਈਆ । ਸਾਡਾ ਕਰੇ ਕੋਈ ਨਾ ਹੇਤੇ, ਹਿਤਕਾਰੀ ਹੋਏ ਸਹਾਈਆ । ਰਵਦਾਸ ਤੈਨੂੰ ਲਿਖਣ ਡਾਹਿਆ ਸਭ ਦੇ ਲੇਖੇ, ਤੇਰੀ ਕਲਮ ਵਿਚ ਚਤੁਰਾਈਆ । ਤਿਖੀ ਨੋਕ ਮਾਰੇ ਨੇਜ਼ੇ, ਦੋ ਜਹਾਨਾਂ ਸਲ ਲਗਾਈਆ । ਸਾਡਾ ਸੁਨੇਹੜਾ ਉਸ ਕੋਲ ਭੇਜੇ, ਦੁਖੀਆਂ ਦਰਦ ਸੁਣਾਈਆ । ਅੰਮ੍ਰਿਤ ਬਰਸੇ ਆਪਣਾ ਮੇਘੇ, ਮਿਹਰ ਧਾਰ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਦਏ ਜਣਾਈਆ । ਰਵਦਾਸ ਅੰਦਰ ਆਇਆ ਧਿਆਨ, ਗੁਰਮੁਖ ਖ਼ੁਸ਼ੀ ਮਨਾਈਆ । ਰੋਂਦਿਆਂ ਲਿਖਾਂ ਇਕ ਬਿਆਨ, ਪ੍ਰਭੂ ਦਿਆਂ ਜਣਾਈਆ । ਜਿਸ ਦੇ ਉਤੇ ਕਲਮ ਸ਼ਾਹੀ ਕਰੇ ਗਿਆਨ, ਸੋ ਕਾਗ਼ਜ਼ ਨਜ਼ਰ ਨਾ ਆਈਆ । ਤਾਰਾ ਸਿੰਘ ਗੰਗਾ ਕਿਨਾਰੇ ਬਾਲ ਨਾਦਾਨ, ਢਾਈ ਸਾਲ ਬੈਠਾ ਮੁਖ ਛੁਪਾਈਆ । ਜਿਸ ਵੇਲੇ ਬ੍ਰਾਹਮਣ ਕਸੀਰਾ ਮਿਲਿਆ ਆਣ, ਉਸ ਵੇਲੇ ਇਕੋ ਉਂਗਲੀ ਦਰਸ਼ਨ ਨਜ਼ਰੀ ਆਈਆ । ਦਰਸਨ ਵੇਖ ਹੋਇਆ ਨਿਹਾਲ, ਵਾਹ ਵਾ ਪ੍ਰਭੂ ਤੇਰੀ

ਵਡਿਆਈਆ । ਗ਼ਰੀਬ ਨਿਮਾਣਿਆਂ ਰਿਹਾ ਸੁਰਤ ਸੰਭਾਲ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਸਾਡਾ ਲੇਖਾ ਤੈਨੂੰ ਕਦੀ ਨਾ ਆਇਆ ਖ਼ਿਆਲ, ਬੈਠਾ ਆਪ ਭੁਲਾਈਆ । ਸ੍ਰੀ ਭਗਵਾਨ ਹੋ ਮਿਹਰਵਾਨ, ਸ਼ਬਦੀ ਧਾਰ ਦਿਤਾ ਜਣਾਈਆ । ਨਿਰਗੁਣ ਹੋ ਕੇ ਆਵਾਂ ਵਿਚ ਜਹਾਨ, ਰਵਦਾਸ ਨਾਲ ਤੇਰਾ ਮੇਲ ਮਿਲਾਈਆ । ਜਿਸ ਉਤੇ ਲਿਖਿਆ ਜਾਏ ਮੇਰਾ ਨਿਸ਼ਾਨ, ਸੋ ਨਿਸ਼ਾਨਾ ਰਸਨਾ ਤੀਰ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਰਨੀ ਆਪਣੇ ਹੱਥ ਰਖਾਈਆ । ਕਰਨੀ ਰੱਖ ਹੱਥ ਕਰਤਾਰ, ਹਰਿ ਕਰਤਾ ਦਇਆ ਕਮਾਇੰਦਾ । ਗੁਰਮੁਖ ਉਠੇ ਉਠ ਬਲਧਾਰ, ਬਲਧਾਰੀ ਹੁਕਮ ਜਣਾਇੰਦਾ । ਅੰਦਰੇ ਅੰਦਰ ਹੋਏ ਗੁਫ਼ਤਾਰ, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਲੇਖਾ ਲਿਖਣਾ ਸਿਰਜਣਹਾਰ, ਸਤਿ ਸਤਿਵਾਦੀ ਆਪ ਜਣਾਇੰਦਾ । ਦਰ ਆ ਵੇਖ ਡਿਠਾ ਦਰਬਾਰ, ਸਚ ਸਿੰਘਾਸਣ ਹਰਿ ਜੂ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਇੰਦਾ । ਪ੍ਰਭ ਹੱਥ ਫੜਿਆ ਵਰਕਾ, ਵਰਕਾ ਵਰਕਾ ਪਤਰੇ ਨਾਲ ਮਿਲਾਈਆ । ਪ੍ਰੇਮ ਪਿਆਰ ਦੀ ਕਰ ਕੇ ਬਰਖਾ, ਮੇਘਲਾ ਇਕੋ ਧਾਰ ਜਣਾਈਆ । ਭਗਤ ਭਗਵਾਨ ਕਰ ਕੇ ਤਰਸਾ, ਰਹਿਮਤ ਆਪ ਜਣਾਈਆ । ਨਿਰਵੈਰ ਨਿਰਾਕਾਰ ਨਿਰੰਕਾਰ ਲਾਹ ਕੇ ਪੜਦਾ, ਸਚਖੰਡ ਦੁਆਰੇ ਬਿਨ ਲਿਖਿਉਂ ਲੇਖ ਲੇਖਾ ਅੱਖਰਾਂ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੇਵਣਹਾਰ ਆਪ ਵਡਿਆਈਆ । ਦੇਵੇ ਵਡਿਆਈ ਰਵਦਾਸ ਚਮਿਆਰ, ਗੁਰਮੁਖ ਸਿੰਘ ਸਿੰਘ ਰੂਪ ਵਟਾਈਆ । ਕਲਜੁਗ ਅੰਤ ਕਰ ਪਿਆਰ, ਪਰਮ ਪੁਰਖ ਸਿਰ ਆਪਣਾ ਹੱਥ ਟਿਕਾਈਆ । ਸਚਖੰਡ ਦਾ ਸਚ ਵਿਹਾਰ, ਸ਼ਬਦ ਇਸ਼ਾਰੇ ਨਾਲ ਜਣਾਈਆ । ਜੋ ਗੁਰਮੁਖ ਆਏ ਚਲ ਸੱਚੇ ਦਰਬਾਰ, ਸ੍ਰੀ ਭਗਵਾਨ ਆਪਣੇ ਪ੍ਰੇਮ ਨਾਲ ਬਹਾਈਆ । ਲਕੀਰ ਨਹੀਂ ਤਕਦੀਰ ਮੇਟੀ ਜਹਾਨ, ਤਦਬੀਰ ਆਪਣੀ ਇਕ ਵਖਾਈਆ । ਤਸਵੀਰ ਬਣੀ ਨੌਜਵਾਨ, ਲਾ ਤਾਅਰੀਫ਼ ਆਪ ਸੁਣਾਈਆ । ਅੱਗੇ ਪਿਛੇ ਸਾਰੇ ਇਕੋ ਜਿਹੇ ਨਜ਼ਰੀ ਆਣ, ਵੱਡਾ ਛੋਟਾ ਨਾ ਕੋਇ ਜਣਾਈਆ । ਨਿਰਗੁਣ ਸਰਗੁਣ ਦੋਵੇਂ ਰੂਪ ਪਰਸਿਧ ਵਿਚ ਜਹਾਨ, ਬਿਨ ਰੂਪ ਸਰਗੁਣ ਤੋਂ ਨਿਰਗੁਣ ਨਜ਼ਰ ਕਿਸੇ ਨਾ ਆਈਆ । ਛੋਟੇ ਬਾਲੇ ਦੋਵੇਂ ਕੁਰਲਾਣ, ਭਗਤੀ ਪਿਆਰ ਮਾਰਨ ਧਾਹੀਂਆ । ਭਗਤੀ ਪਿਆਰ ਦਾ ਸਚ ਵਿਹਾਰ, ਨਾਰੀ ਪੁਰਖ ਦਏ ਸਮਝਾਈਆ । ਨਾਰ ਪੁਰਖ ਹਰਿ ਦੀ ਧਾਰ, ਨਿਰਗੁਣ ਜੋਤ ਵਿਚ ਰੁਸ਼ਨਾਈਆ । ਪੁੱਛਣਹਾਰਾ ਸੰਤ ਸੁਹੇਲਾ ਮੀਤ ਮੁਰਾਰ, ਆਪਣੀ ਖ਼ਾਹਸ਼ ਖ਼ਾਹਸ਼ ਵਿਚੋਂ ਪਰਗਟਾਈਆ । ਕਿਉਂ ਲੁਕ ਕੇ ਬੈਠੋਂ ਸਿਰਜਣਹਾਰ, ਆਪਣਾ ਨੂਰ ਛੁਪਾਈਆ । ਸਚ ਸਰੂਪ ਦੇ ਦੀਦਾਰ, ਤੀਜੇ ਨੇਤਰ ਤੇਰਾ ਸਤਿ ਨਜ਼ਰੀ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਅੱਗੋਂ ਕਹੇ ਨਾਲ ਪਿਆਰ, ਬਿਨ ਰਸਨਾ ਜਿਹਵਾ ਜਣਾਈਆ । ਛੱਬੀ ਪੋਹ ਕਰਾਂ ਸਚ ਵਿਹਾਰ, ਹਰਿ ਸੰਗਤ ਸਚ ਦੁਆਰੇ ਸਾਚੇ ਹੁਕਮ ਬਹਾਈਆ । ਇਕੀ ਮੁਖੀਏ ਮੁਖ ਕਰਤਾਰ, ਪਿਛੇ ਸੰਗਤ ਸਗਲਾ ਸੰਗ ਰਖਾਈਆ । ਸਭ ਦੇ ਵਿਚ ਫਿਰੇ ਕਰਤਾਰ, ਕਰਤਾ ਪੁਰਖ ਵੱਡੀ ਵਡਿਆਈਆ । ਇਕ ਇਕ ਫੁੱਲ ਸਭ ਦੇ ਉਤੋਂ ਦੇਵੇ ਵਾਰ, ਅਤੋਲ ਅਤੁਲ ਆਪ ਤੁਲਾਈਆ । ਸਦੀ ਬੀਹਵੀਂ ਮੁਲ ਪਾਏ ਨਿਰੰਕਾਰ, ਜੁਗ ਚੌਕੜੀ ਜੋ ਗੁਰਮੁਖ ਬੈਠੇ ਧਿਆਨ ਲਗਾਈਆ । ਕੁਲ ਉਧਰੇ ਵਿਚ ਸੰਸਾਰ, ਮਿਲੇ ਮਾਣ ਧੰਨ ਜਣੇਂਦੀ ਮਾਈਆ । ਦੋਵੇਂ ਰੂਪ ਕਰ ਤਿਆਰ, ਪਿਆਰ ਭਗਤੀ ਗੰਢ ਵਖਾਈਆ । ਪਿਆਰ ਭਗਤੀ ਤੋਂ ਵਸੇ ਬਾਹਰ, ਧਾਰ ਧਰਮ ਇਕ ਜਣਾਈਆ ।

੧੦੧੯
੧੫

ਧਰਮ ਧਾਰ ਦੀ ਗੋਬਿੰਦ ਪਾਵੇ ਸਾਰ, ਦੂਜੇ ਸਮਝ ਕਿਸੇ ਨਾ ਆਈਆ । ਅਗਲਾ ਦੱਸੇ ਫੇਰ ਵਿਹਾਰ, ਫ਼ਰੇਬ ਕਰੇ ਨਾ ਬੇਪਰਵਾਹੀਆ । ਬੇਐਬ ਖ਼ੁਦਾਈ ਪਰਵਰਦਿਗਾਰ, ਸਾਂਝਾ ਯਾਰ ਵੇਸ ਵਟਾਈਆ । ਲਾਈਨ ਸਤਰ ਨਹੀਂ ਕਤਾਰ, ਕਰਤਾ ਕੁਦਰਤ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚਖੰਡ ਦੀ ਸਾਚੀ ਧਾਰ, ਲੋਕਮਾਤ ਦਏ ਵਖਾਲ, ਵੱਖਰਾ ਆਪਣਾ ਖੇਲ ਖਿਲਾਈਆ । ਅੱਖਰਾਂ ਵਿਚੋਂ ਸ੍ਰਿਸ਼ਟੀ ਨਿਰਗੁਣ ਰਹੀ ਭਾਲ, ਦ੍ਰਿਸ਼ਟ ਆਪਣੀ ਨਜ਼ਰ ਕਿਸੇ ਨਾ ਆਈਆ । ਜਿਨ੍ਹਾਂ ਉਪਰ ਹੋਇਆ ਆਪ ਕਿਰਪਾਲ, ਕਿਰਪਾ ਨਿਧ ਆਪਣਾ ਮੇਲ ਮਿਲਾਈਆ । ਛੱਬੀ ਪੋਹ ਲੱਖ ਚੁਰਾਸੀ ਜਮ ਕੀ ਫਾਸੀ ਮਾਤ ਗਰਭ ਦਸ ਦਸ ਮਾਸੀ ਸਭ ਦਾ ਤੁਟੇ ਜੰਜਾਲ, ਜੀਉਂਦਿਆਂ ਜਾਗਦਿਆਂ ਵੇਖਦਿਆਂ ਸੁਣਦਿਆਂ ਬਿਨ ਭਗਤੀਉਂ ਪਾਰ ਕਰਾਈਆ । ਏਸੇ ਕਾਰਨ ਆਇਆ ਆਪ ਕਰਤਾਰ, ਜੁਗ ਜੁਗ ਦਾ ਲਾਹੇ ਸਿਰੋਂ ਉਧਾਰ, ਕਰਜ਼ਾ ਮਕਰੂਜ਼ ਆਪਣਾ ਅਦਾ ਕਰਾਈਆ । ਬੀਸ ਬੀਸਾ ਹਰਿ ਜਗਦੀਸਾ ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਫੜ ਕੇ ਬਾਂਹੋਂ ਦੇਵੇ ਤਾਰ, ਤਾਰਨਹਾਰਾ ਇਕ ਹੋ ਜਾਈਆ । ਅਗਲਾ ਲੇਖਾ ਲਿਖਣ ਤੋਂ ਬਾਹਰ ਕਲਮ ਕਾਗ਼ਜ਼ ਸ਼ਾਹੀ ਤਿੰਨੇ ਰਹੇ ਸ਼ਰਮਾਈਆ । ਹਰਿ ਸੰਗਤ ਤੇਰਾ ਉਚ ਮਨਾਰ, ਮਹੱਲ ਅਟੱਲ ਇਕ ਰੁਸ਼ਨਾਈਆ । ਭਗਤ ਦੁਆਰਾ ਜਗਤ ਸੁਧਾਰ, ਸੁਰਤ ਨਿਰਤ ਤੁਰਤ ਅਕਾਲ ਮੂਰਤ ਆਪਣੇ ਨਾਲ ਮਿਲਾਈਆ । ਜਨਮ ਕਰਮ ਧਰਮ ਵਰਨ ਬਰਨ ਸਭ ਦੀ ਆਸਾ ਮਨਸਾ ਪੂਰਤ, ਪੂਰਬ ਲੇਖਾ ਲਹਿਣਾ ਦੇਣਾ ਝੋਲੀ ਪਾਈਆ । ਇਕੀਆਂ ਇਕੀ ਇਕੋ ਵਾਰ ਦੱਸੇ ਮਹੂਰਤ, ਦੋ ਇਕ ਨਿਰਗੁਣ ਸਰਗੁਣ ਨਿਰਗੁਣ ਆਪਣਾ ਅੰਕ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਕਰੇ ਖੇਲ ਅਨੰਤ ਕਲ ਧਾਰੀ, ਕਲ ਆਪਣੀ ਕਲ ਵਰਤਾਈਆ ।


੧੦੨੦ ੧੫

### ✪ ੨ ਮੱਘਰ ੨੦੨੦ ਬਿਕ੍ਰਮੀ ਜੇਠੂਵਾਲ ਦਰਬਾਰ ਵਿਚ ✪

ਨਿਰਗੁਣ ਨਿਰਵੈਰ ਪ੍ਰਭ ਤੇਰਾ ਨਾਤਾ, ਨਿਰਧਨ ਸਰਧਨ ਦਏ ਵਡਿਆਈਆ । ਉਤਮ ਕਰੇ ਗੁਰਮੁਖ ਜਾਤਾ, ਲੇਖਾ ਚੁੱਕੇ ਜਗਤ ਲੋਕਾਈਆ । ਨਾਮ ਅਗੰਮ ਦੇਵੇ ਦਾਤਾ, ਦਾਤਾ ਦਾਨੀ ਝੋਲੀ ਪਾਈਆ । ਬੋਧ ਅਗਾਧ ਸੁਣਾਏ ਗਾਥਾ, ਧੁਰ ਦੀ ਸਚ ਪੜ੍ਹਾਈਆ । ਕੂੜੀ ਕਿਰਿਆ ਮੇਟੇ ਰੈਣ ਅੰਧੇਰੀ ਰਾਤਾ, ਸਤਿ ਸਤਿਵਾਦੀ ਚੰਦ ਚਮਕਾਈਆ । ਜਨ ਭਗਤਾਂ ਬਣ ਕੇ ਪਿਤਾ ਮਾਤਾ, ਪੂਤ ਸਪੂਤ ਗੋਦ ਉਠਾਈਆ । ਜਨਮ ਜਨਮ ਦੀ ਪੂਰੀ ਕਰੇ ਖ਼ਾਹਸ਼ਾ, ਆਸਾ ਤ੍ਰਿਸਨਾ ਮੇਟ ਮਿਟਾਈਆ । ਘਰ ਗੋਪੀ ਕਾਹਨ ਮੰਡਲ ਮੰਡਪ ਸੁਰਤੀ ਸ਼ਬਦ ਵਖਾਏ ਰਾਸਾ, ਨਟੂਆ ਆਪਣਾ ਸਾਂਗ ਵਰਤਾਈਆ । ਇਕ ਇਕੇਲਾ ਸਦਾ ਨਵੇਲਾ ਪੁਰਖ ਸਮਰਥ ਵਸੇ ਪਾਸਾ, ਬੇਪਰਵਾਹ ਵਿਛੜ ਨਾ ਜਾਈਆ । ਹੋਏ ਸਹਾਈ ਦੀਨਨ ਦੀਨ ਨਾਥ ਅਨਾਥਾਂ, ਦੀਨਾਂ ਨਾਥ ਦਇਆ ਕਮਾਈਆ । ਭੇਵ ਅਭੇਦਾ ਅਗੰਮ ਅਥਾਹ ਖੋਲ੍ਹੇ ਇਕ ਖੁਲਾਸਾ, ਖ਼ਸੂਸੀਅਤ ਆਪਣੀ ਦਏ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਚਲਵਣਹਾਰਾ ਲੱਖ ਚੁਰਾਸੀ ਰਾਥਾ, ਰਥ ਰਥਵਾਹੀ ਇਕੋ ਨਜ਼ਰੀ ਆਈਆ । ਦੋ ਜਹਾਨ ਸਚ ਵਖਾਏ ਤੀਰਥ ਤਾਟਾ, ਘਾਟ ਇਕੋ ਸੋਭਾ ਪਾਈਆ । ਨਿਰਗੁਣ ਸਰਗੁਣ ਪੂਰੀ ਕਰੇ ਵਾਟਾ, ਪਾਂਧੀ ਨਜ਼ਰ ਕੋਇ ਨਾ ਆਈਆ । ਨੂਰ ਜੋਤ ਪਰਕਾਸਾ, ਪਰਕਾਸ਼ਵਾਨ

ਨੂਰ ਇਲਾਹੀਆ । ਖੇਲੇ ਖੇਲ ਪ੍ਰਿਥਮੀ ਆਕਾਸਾ, ਗਗਨ ਮੰਡਲ ਸੋਭਾ ਪਾਈਆ । ਰਵ ਸਸ ਸੂਰਜ ਚੰਨ ਸਤਾਰ ਵੇਖੇ ਤਮਾਸ਼ਾ, ਤਮਾਸ਼ਬੀਨ ਖੇਲ ਖਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਰੰਗ ਰੰਗਾਈਆ । ਸਾਚੇ ਘਰ ਰੰਗ ਅਵੱਲਾ, ਸਚਖੰਡ ਨਿਵਾਸੀ ਆਪ ਰਖਾਈਆ । ਪੁਰਖ ਅਬਿਨਾਸ਼ੀ ਇਕ ਇਕੱਲਾ, ਬੇਪਰਵਾਹ ਡੇਰਾ ਲਾਈਆ । ਸਚ ਸਿੰਘਾਸਣ ਧੁਰ ਦਾ ਮੱਲਾ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਧੁਰ ਸੰਦੇਸ ਆਦਿ ਜੁਗਾਦਿ ਘੱਲਾ, ਗੁਰ ਅਵਤਾਰ ਕਰ ਪੜ੍ਹਾਈਆ । ਪੀਰ ਪੈਗ਼ੰਬਰ ਫੜਾਏ ਪੱਲਾ, ਭਗਤ ਭਗਵਾਨ ਅੰਗ ਲਗਾਈਆ । ਸੰਤ ਸਾਜਣ ਨਿਰਗੁਣ ਸਰਗੁਣ ਰੱਲਾ, ਜੋਤੀ ਸ਼ਬਦੀ ਜੋੜ ਜੁੜਾਈਆ । ਗੁਰਮੁਖ ਗੁਰਸਿਖ ਵਖਾਏ ਨਿਹਚਲ ਧਾਮ ਅਟੱਲਾ, ਊਚੋ ਊਚ ਸੋਭਾ ਪਾਈਆ । ਪਾਵੇ ਸਾਰ ਜਲਾਂ ਥਲਾਂ, ਜਲ ਥਲ ਮਹੀਅਲ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਜੋਤ ਸ਼ਬਦੀ ਵਡਿਆਈ ਵਡ, ਜੁਗ ਚੌਕੜੀ ਰਹੇ ਜਗ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਰਾਹ ਰਹੇ ਤੱਕ, ਤੱਕਵਾ ਓਟ ਇਕੋ ਇਕ ਰਖਾਈਆ । ਤੇਰੇ ਹੱਥ ਹਕੀਕਤ ਹੱਕ, ਹਕੂਕ ਵੰਡੇਂ ਬੇਪਰਵਾਹੀਆ । ਸੂਰਜ ਚੰਨ ਕੋਹ ਕਰੋੜੀ ਚਲ ਚਲ ਗਏ ਥੱਕ, ਤੇਰਾ ਪੰਧ ਨਾ ਕੋਇ ਮੁਕਾਈਆ । ਨਿਰਗੁਣ ਸਰਗੁਣ ਤੇਰਾ ਨਾਉਂ ਨਿਰੰਕਾਰ ਪੜ੍ਹ ਪੜ੍ਹ ਗਏ ਅੱਕ, ਰਸਨਾ ਜਿਹਵਾ ਬੱਤੀ ਦੰਦ ਢੋਲੇ ਗਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਮੱਥੇ ਗਏ ਘਸ, ਤੇਰਾ ਮਸਤਕ ਟਿੱਕਾ ਜੋਤ ਲਲਾਟ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਮਿਟੀ ਨਾ ਵੱਟ, ਬੰਨਾਂ ਸਕੇ ਨਾ ਕੋਇ ਤੁੜਾਈਆ । ਚੌਦਾਂ ਲੋਕ ਚੋਦਾਂ ਤਬਕ ਰਹੇ ਨੱਸ, ਸਾਰੇ ਭੱਜਣ ਉਠ ਉਠ ਵਾਹੋ ਦਾਹੀਆ । ਪੂਰੀ ਹੋਈ ਨਾ ਕਿਸੇ ਆਸ, ਆਸਾ ਸਭ ਦੀ ਨਾਲ ਮਿਲਾਈਆ । ਉਚੀ ਕੂਕ ਪੁਕਾਰ ਕਹਿ ਕੇ ਗਏ ਪੁਰਖ ਅਬਿਨਾਸ਼, ਨਿਰਗੁਣ ਆਵੇ ਬੇਪਰਵਾਹੀਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਰੇ ਦਾਸੀ ਦਾਸ, ਧੁਰ ਦਾ ਹੁਕਮ ਇਕ ਵਰਤਾਈਆ । ਭੇਵ ਅਭੇਦਾ ਅਛਲ ਅਛੇਦਾ ਜਨ ਭਗਤਾਂ ਕਰੇ ਬੰਦ ਖ਼ਲਾਸ, ਬੰਦੀਖ਼ਾਨਾ ਤੋੜ ਤੁੜਾਈਆ । ਅੰਤਰ ਆਤਮ ਪਰਮਾਤਮ ਵੇਖੇ ਮਾਰ ਝਾਤ, ਤਾਕੀ ਬੰਦ ਕਿਵਾੜੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਾਚੀ ਕਰਨੀ ਕਰੇ ਨਿਰੰਕਾਰ, ਨਿਰਗੁਣ ਏਕੋ ਏਕ ਖੇਲ ਕਰਾਇੰਦਾ । ਲਹਿਣਾ ਦੇਣਾ ਪੂਰਬ ਸਭ ਦੀ ਝੋਲੀ ਦੇਵੇ ਡਾਰ, ਨੇਤਰ ਲੋਚਣ ਨੈਣ ਵੇਖ ਵਖਾਇੰਦਾ । ਸ਼ਬਦ ਅਗੰਮੀ ਬੋਲ ਜੈਕਾਰ, ਦੋ ਜਹਾਨਾਂ ਨਾਅਰਾ ਇਕ ਸੁਣਾਇੰਦਾ । ਵਿਸ਼ਨ ਬ੍ਰਹਮਾ ਸ਼ਿਵ ਕਰ ਕੇ ਖ਼ਬਰਦਾਰ, ਧੁਰ ਸੰਦੇਸਾ ਰਾਗ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਧਾਰ, ਧੁਰ ਦੀ ਧਾਰ ਆਪ ਵਖਾਇੰਦਾ । ਸਾਚੇ ਤਖ਼ਤ ਬੈਠ ਸਿਰਜਣਹਾਰ, ਸਿਰ ਸਿਰ ਆਪਣਾ ਹੱਥ ਟਿਕਾਇੰਦਾ । ਹੁਕਮ ਦੇਵੇ ਏਕਾ ਵਾਰ, ਏਕੰਕਾਰ ਆਪ ਜਣਾਇੰਦਾ । ਸਾਰੇ ਬਰਦੇ ਬਣੋ ਗ਼ੁਲਾਮ, ਅਮਾਮ ਇਕੋ ਨਜ਼ਰੀ ਆਇੰਦਾ । ਦਰ ਸਜਦਾ ਕਰੋ ਸਲਾਮ, ਨਿਵਣ ਸੋ ਅੱਖਰ ਇਕ ਦ੍ਰਿੜਾਇੰਦਾ । ਚਾਰ ਜੁਗ ਦੀ ਪਿਛਲੀ ਕੀਤੀ ਹੋਈ ਹਰਾਮ, ਸਤਿਜੁਗ ਸਾਚਾ ਰਾਹ ਜਣਾਇੰਦਾ । ਏਕੋ ਇਸ਼ਟ ਸ੍ਰੀ ਭਗਵਾਨ, ਦ੍ਰਿਸ਼ਟ ਸਭ ਨੂੰ ਆਪ ਵਖਾਇੰਦਾ । ਪੰਜ ਤਤ ਕੋਇ ਨਾ ਦਿਸੇ ਕਾਹਨ, ਨਿਰਗੁਣ ਘਨਈਆ ਇਕੋ ਨਜ਼ਰੀ ਆਇੰਦਾ । ਕਾਇਆ ਚੋਲੀ ਕੋਈ ਨਾ ਦਿਸੇ ਰਾਮ, ਰਮਿਆ ਇਕੋ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ

ਆਪਣੀ ਵੰਡ ਵੰਡਾਇੰਦਾ । ਹਰਿ ਕਰਤਾ ਵੱਡਾ ਖੇਲ ਅਵੱਲਾ, ਆਲਮੀਨ ਕਰਾਈਆ । ਦਸਤਗੀਰ ਦਸਤ ਬਦਸਤ ਫੜਾਏ ਪੱਲਾ, ਹਸਤ ਕੀਟ ਭੇਵ ਚੁਕਾਈਆ । ਸਚ ਦੁਆਰੇ ਏਕੋ ਖਲਾ, ਖ਼ਾਲਕ ਖ਼ਲਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜੁਗ ਜਨਮ ਦਾ ਲਹਿਣਾ ਰਿਹਾ ਚੁਕਾਈਆ । ਜੁਗ ਜਨਮ ਦਾ ਲਹਿਣਾ ਮਾਤ, ਹਰਿ ਮਿੱਤਰ ਪਿਆਰਾ ਆਪ ਚੁਕਾਈਆ । ਜਨ ਭਗਤਾਂ ਦੇਵੇ ਧੁਰ ਦੀ ਦਾਤ, ਵਸਤ ਅਮੋਲਕ ਝੋਲੀ ਪਾਈਆ । ਕਲਜੁਗ ਮੇਟ ਅੰਧੇਰੀ ਰਾਤ, ਸਾਚਾ ਨੂਰ ਦਏ ਦਰਸਾਈਆ । ਇਕ ਸੁਣਾਏ ਅਗੰਮੀ ਗਾਥ, ਧੁਰ ਸੰਦੇਸਾ ਰਾਗ ਅਲਾਈਆ । ਨਿਰਗੁਣ ਨਿਰਗੁਣ ਵਸੇ ਸਾਥ, ਸਰਗੁਣ ਸਰਗੁਣ ਜੋੜ ਜੁੜਾਈਆ । ਸਾਚੀ ਸੇਜਾ ਭੋਗ ਬਲਾਸ, ਆਤਮ ਅੰਤਰ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਦੁਆਰੇ ਇਕ ਵਡਿਆਈਆ । ਸਚ ਦੁਆਰੇ ਸੋਭਾਵੰਤ, ਸੋ ਸੁਆਮੀ ਖੇਲ ਕਰਾਇੰਦਾ । ਧੁਰਦਰਗਾਹੀ ਇਕੋ ਕੰਤ, ਨਰ ਨਰਾਇਣ ਨਜ਼ਰੀ ਆਇੰਦਾ । ਲੱਖ ਚੁਰਾਸੀ ਜੀਵ ਜੰਤ, ਸਾਧ ਸੰਤ ਆਪ ਪਰਨਾਇੰਦਾ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਆਪ ਸਮਝਾਇੰਦਾ । ਮੁੱਲਾਂ ਸ਼ੇਖ਼ ਮਸਾਇਕ ਬਣ ਕੇ ਪੰਡਤ, ਸਾਚੀ ਸਿਖਿਆ ਆਪ ਦ੍ਰਿੜਾਇੰਦਾ । ਦੂਜੇ ਦਰ ਨਾ ਜਾਏ ਮੰਗਤ, ਦੇਵਣਹਾਰ ਵੇਸ ਵਟਾਇੰਦਾ । ਲੇਖਾ ਜਾਣ ਜੇਰਜ ਅੰਡਜ, ਉਤਭੁਜ ਸੇਤਜ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਾਚੀ ਕਰਨੀ ਸਚਖੰਡ ਦੁਆਰ, ਨਿਰਗੁਣ ਸਰਗੁਣ ਦਇਆ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣ ਭਿਖਾਰ, ਦਰ ਬੈਠੇ ਸੀਸ ਝੁਕਾਈਆ । ਚਰਨ ਕਵਲ ਕਰਨ ਨਿਮਸਕਾਰ, ਨੇਤਰ ਰੋਵਣ ਮਾਰਨ ਧਾਹੀਆ । ਕਰਨੀ ਕਰ ਸਿਰਜਣਹਾਰ, ਸ਼ਾਹ ਪਾਤਸ਼ਾਹ ਤੇਰੀ ਸ਼ਹਿਨਸ਼ਾਹੀਆ । ਕਲਜੁਗ ਅੰਤਮ ਹੋਏ ਖ਼ੁਆਰ, ਜਗਤ ਸਮਾਜ ਪਈ ਲੜਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਸਾਚਾ ਰਾਹ ਨਾ ਕੋਇ ਦਰਸਾਈਆ । ਭਰਮੇ ਭੁੱਲਾ ਸਰਬ ਸੰਸਾਰ, ਭਾਂਡਾ ਭਰਮ ਨਾ ਕੋਇ ਭੰਨਾਈਆ । ਤੇਰਾ ਕਰੇ ਨਾ ਕੋਈ ਪਿਆਰ, ਪ੍ਰੀਤੀ ਪ੍ਰੀਤਮ ਤੋੜ ਨਾ ਕੋਇ ਨਿਭਾਈਆ । ਤੇਰਾ ਕਰੇ ਨਾ ਕੋਈ ਦੀਦਾਰ, ਦੀਦ ਈਦ ਚੰਦ ਨਾ ਕੋਇ ਚਮਕਾਈਆ । ਗ਼ਫ਼ਲਤ ਵਿਚ ਸੁੱਤਾ ਸੰਸਾਰ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਚਾਰ ਵਰਨ ਅਠਾਰਾਂ ਬਰਨ ਉਚੀ ਕੂਕ ਕਰਨ ਪੁਕਾਰ, ਨਾਅਰਾ ਇਕੋ ਇਕ ਜਣਾਈਆ । ਤੋਬਾ ਤੋਬਾ ਪਰਵਰਦਿਗਾਰ, ਸਚ ਤੌਫ਼ੀਕ ਤੋਹੇ ਖ਼ੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਨਿਰਗੁਣ ਨਿਰਗੁਣ ਮੰਗ ਮੰਗਾਈਆ । ਨਿਰਗੁਣ ਮੰਗੇ ਨਿਰਗੁਣ ਦਾਨ, ਨਿਰਗੁਣ ਨਿਰਗੁਣ ਝੋਲੀ ਪਾਈਆ । ਨਿਰਗੁਣ ਸਖ਼ੀ ਨਿਰਗੁਣ ਕਾਹਨ, ਨਿਰਗੁਣ ਗੋਪੀ ਰਿਹਾ ਹੰਢਾਈਆ । ਨਿਰਗੁਣ ਮੰਦਰ ਨਿਰਗੁਣ ਮਕਾਨ, ਨਿਰਗੁਣ ਬੈਠਾ ਆਸਣ ਲਾਈਆ । ਨਿਰਗੁਣ ਨਾਦ ਸ਼ਬਦ ਧੁਨਕਾਨ, ਨਿਰਗੁਣ ਸਾਚਾ ਰਾਗ ਸੁਣਾਈਆ । ਨਿਰਗੁਣ ਪੀਣ ਨਿਰਗੁਣ ਖਾਣ, ਨਿਰਗੁਣ ਆਸਾ ਤ੍ਰਿਸਨਾ ਵੇਖ ਵਖਾਈਆ । ਨਿਰਗੁਣ ਖੇਲ ਦੋ ਜਹਾਨ, ਨਿਰਗੁਣ ਲੱਖ ਚੁਰਾਸੀ ਡੇਰਾ ਲਾਈਆ । ਨਿਰਗੁਣ ਨਿਰਗੁਣ ਸਕੇ ਨਾ ਕੋਇ ਪਛਾਣ, ਬੇਪਹਿਚਾਨ ਬੈਠਾ ਮੁਖ ਛੁਪਾਈਆ । ਕਲਜੁਗ ਅੰਤਮ ਨਿਰਗੁਣ ਨਿਰਗੁਣ ਕਰੇ ਪਰਵਾਨ, ਸਰਗੁਣ ਸਰਗੁਣ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਨਿਰਗੁਣ ਕਹੇ ਮੇਰੇ ਦਾਤਾਰ,

ਨਿਰਗੁਣ ਤੇਰੀ ਆਸ ਰਖਾਈਆ । ਆਤਮ ਕਹੇ ਪਰਮਾਤਮ ਯਾਰ, ਪਰਮ ਪੁਰਖ ਤੇਰੀ ਵਡਿਆਈਆ । ਲੋਕਮਾਤ ਵਿਛੜੀ ਤੇਰੀ ਧਾਰ, ਤੁਧ ਬਿਨ ਸਕੇ ਨਾ ਕੋਇ ਮਿਲਾਈਆ । ਆ ਵੇਖ ਮਿੱਤਰ ਪਿਆਰ, ਮਿਹਰਵਾਨ ਨੈਣ ਉਠਾਈਆ । ਲੱਖ ਚੁਰਾਸੀ ਅੰਦਰ ਵੜ ਕੇ ਰੋਵੇ ਜ਼ਾਰੋ ਜ਼ਾਰ, ਬਿਨ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਈਆ । ਆਤਮ ਕੁਰਲਾਵੇ ਮਾਰੇ ਧਾਹ, ਕੂਕ ਕੂਕ ਜਣਾਈਆ । ਪੁਰਖ ਅਬਿਨਾਸ਼ੀ ਬੇਪਰਵਾਹ, ਤੇਰੀ ਅੱਖ ਨਾ ਕੋਇ ਖੁਲ੍ਹਾਈਆ । ਜੁਗ ਚੌਕੜੀ ਬੀਤੇ ਵਿਚ ਜਹਾਂ, ਕਲਜੁਗ ਅੰਤਮ ਗਿਆ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਕੇ ਗਏ ਬਿਆਂ, ਲੇਖਾ ਲਿਖ ਕੇ ਕਲਮ ਸ਼ਾਹੀਆ । ਕਲਜੁਗ ਅੰਤਮ ਆਵੇ ਸ਼ਹਿਨਸ਼ਾਹ, ਸ਼ਾਹ ਪਾਤਸ਼ਾਹ ਫੇਰਾ ਪਾਈਆ । ਜੋਤੀ ਜਾਮਾ ਵੇਸ ਵਟਾ, ਕਲ ਕਲਕੀ ਰੂਪ ਦਰਸਾਈਆ । ਸਾਚੀ ਸਖ਼ੀ ਲਏ ਪਰਨਾ, ਪਰਮ ਪੁਰਖ ਬੇਪਰਵਾਹੀਆ । ਅੰਤਰ ਗੰਢ ਦਏ ਬੰਧਾ, ਤੋੜ ਸਕੇ ਨਾ ਕੋਇ ਲੋਕਾਈਆ । ਸਾਚਾ ਛੰਦ ਦਏ ਸੁਣਾ, ਮੇਰਾ ਤੇਰਾ ਢੋਲਾ ਗਾਈਆ । ਅਨੰਦ ਕਾਰਜ ਦਏ ਕਰਾ, ਅਨੰਦ ਅਨੰਦ ਵਿਚ ਰਖਾਈਆ । ਲੱਖ ਚੁਰਾਸੀ ਕੂੜੀ ਕਿਰਿਆ ਗੰਢ ਦਏ ਮੁਕਾ, ਜਨਮ ਮਰਨ ਮਾਤ ਗਰਭ ਫੇਰ ਨਾ ਆਈਆ । ਸਾਚੀ ਸਿਖਿਆ ਦਏ ਦ੍ਰਿੜਾ, ਚਾਰ ਵਰਨ ਆਪ ਸਮਝਾਈਆ । ਜਿਨ੍ਹਾਂ ਮਿਲੇ ਪੁਰਖ ਬੇਪਰਵਾਹ, ਨਿਰਗੁਣ ਸਰਗੁਣ ਲਏ ਜਗਾਈਆ । ਏਥੇ ਓਥੇ ਬਣ ਮਲਾਹ, ਬੇੜੀ ਨਈਆ ਨੌਕਾ ਪਾਰ ਕਰਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਪੁਨੀਤ ਪਤਤ ਪਾਕ ਇਕੋ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਆਤਮ ਆਪਣਾ ਰੰਗ ਰੰਗਾਈਆ । ਆਤਮ ਸੁਣ ਪਰਮਾਤਮ ਬੋਲ, ਨਿਰਗੁਣ ਧਾਰ ਆਪ ਜਣਾਇੰਦਾ । ਨਿਤ ਨਵਿਤ ਵਸਾਂ ਤੇਰੇ ਕੋਲ, ਸੁਹੰਜਣੀ ਸੇਜ ਨਾ ਕੋਇ ਜਣਾਇੰਦਾ । ਜੁਗ ਚੌਕੜੀ ਤੋਲਾਂ ਪੂਰਾ ਤੋਲ, ਨਾਮ ਕੰਡਾ ਹੱਥ ਉਠਾਇੰਦਾ । ਸਚ ਸੁਣਾਵਾਂ ਇਕੋ ਢੋਲ, ਧੁਨ ਅਨਾਦੀ ਨਾਦ ਅਲਾਇੰਦਾ । ਸਚ ਦੁਆਰਾ ਆਪਣਾ ਖੋਲ੍ਹ, ਪੜਦਾ ਇਕੋ ਇਕ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰਵਾਨ ਮਿਹਰ ਨਜ਼ਰ ਆਪ ਤਕਾਇੰਦਾ । ਮਿਹਰ ਨਜ਼ਰ ਤੱਕੇ ਆਪ, ਆਪਣੀ ਦਇਆ ਕਮਾਈਆ । ਆਦਿ ਜੁਗਾਦੀ ਮਾਈ ਬਾਪ, ਪਿਤਾ ਪੁਰਖ ਵੱਡੀ ਵਡਿਆਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਇਕੋ ਜਾਪ, ਦੂਜਾ ਨਜ਼ਰ ਕੋਇ ਨਾ ਆਈਆ । ਨਿਰਗੁਣ ਨਿਰਗੁਣ ਸੱਜਣ ਸਾਕ, ਸਰਗੁਣ ਨਾਤਾ ਪੰਜ ਤਤ ਨਜ਼ਰੀ ਆਈਆ । ਜਿਸ ਅੰਤਰ ਦੇਵੇ ਆਪਣਾ ਸਾਥ, ਸਗਲਾ ਸੰਗ ਨਿਭਾਈਆ । ਸੋ ਚੜ੍ਹੇ ਸਾਚੇ ਰਾਥ, ਸਾਚੀ ਡੋਲੀ ਇਕ ਬਹਾਈਆ । ਪਾਰ ਉਤਾਰੇ ਆਪਣੇ ਘਾਟ, ਮੰਝਧਾਰ ਨਾ ਕੋਇ ਰੁੜ੍ਹਾਈਆ । ਅੱਗੇ ਜਾ ਕੇ ਪੁੱਛੇ ਵਾਤ, ਪਿਛਲਾ ਲੇਖਾ ਦਏ ਮੁਕਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਕੋਈ ਰਹੇ ਨਾ ਨਾਰ ਕਮਜ਼ਾਤ, ਕੁਲੱਖਣੀ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਤਾਰਨ ਕੋ ਗੁਰ ਏਕ ਸੁਆਮੀ, ਪਾਰਬ੍ਰਹਮ ਪ੍ਰਭ ਦਇਆ ਕਮਾਇੰਦਾ । ਆਦਿ ਜੁਗਾਦੀ ਅੰਤਰਜਾਮੀ, ਜੁਗ ਕਰਤਾ ਵੇਖ ਵਖਾਇੰਦਾ । ਸੁਰਤੀ ਸ਼ਬਦੀ ਮੇਲਾ ਹਾਣੀ ਹਾਣੀ, ਸਾਚੀ ਜੋੜੀ ਜੋੜ ਜੁੜਾਇੰਦਾ । ਦੋ ਜਹਾਨਾਂ ਅਕਥ ਕਹਾਣੀ ਬਿਨ ਰਸਨਾ ਜਿਹਵਾ ਆਪ ਸੁਣਾਇੰਦਾ । ਚਰਨ ਸਰੋਵਰ ਠੰਡਾ ਪਾਣੀ, ਅੰਮ੍ਰਿਤ ਰਸ ਜਾਮ ਪਿਆਇੰਦਾ । ਆਵਣ ਜਾਵਣ ਚੁੱਕੇ ਕਾਣੀ, ਕਾਲਖ ਟਿੱਕਾ ਮਸਤਕ ਕੂੜੀ


੧੦੨੩
੧੫

ਛਾਹੀ ਮੇਟ ਮਿਟਾਇੰਦਾ । ਲੇਖਾ ਚੁਕੇ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਮੁਕਾਇੰਦਾ । ਭੇਵ ਖੁਲ੍ਹੇ ਚਾਰ ਬਾਣੀ, ਪਰਾ ਪਸੰਤੀ ਮਧਮ ਬੈਖਰੀ ਆਪਣਾ ਨਾਮ ਸਮਝਾਇੰਦਾ । ਜਿਸ ਜਨ ਬਖ਼ਸ਼ੇ ਚਰਨ ਕਵਲ ਧਿਆਨੀ, ਤਿਸ ਆਪਣੇ ਰੰਗ ਰੰਗਾਇੰਦਾ । ਜੀਂਵਦਿਆਂ ਜਗ ਦੇਵੇ ਅਮਰਾਪਦ ਸਚ ਨਿਸ਼ਾਨੀ, ਨਿਸ਼ਾਨਾ ਇਕੋ ਇਕ ਦਰਸਾਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਹਰਿ ਸੰਗਤ ਵਿਟੁਹ ਆਪ ਕੁਰਬਾਨੀ, ਤਨ ਮਾਟੀ ਖ਼ਾਕ ਭੇਟ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਵਖਾਇੰਦਾ । ਸਾਚੀ ਰੀਤੀ ਸਤਿਜੁਗ ਧਾਰ, ਸਤਿ ਸਤਿਵਾਦੀ ਆਪ ਜਣਾਈਆ । ਚਾਰ ਵਰਨ ਦਾ ਇਕ ਪਿਆਰ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਨਾ ਵੰਡ ਵੰਡਾਈਆ । ਜਗਤ ਸਮਾਜ ਕਰ ਖ਼ਵਾਰ, ਧੁਰ ਦੀ ਆਵਾਜ਼ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖ ਵਖਾਈਆ । ਹਰਿਜਨ ਵੇਖੇ ਸਤਿਗੁਰ ਸਚ, ਸਤਿ ਸਤਿਵਾਦੀ ਦਇਆ ਕਮਾਇੰਦਾ । ਸਾਢੇ ਤਿੰਨ ਕਰੋੜ ਅੰਦਰ ਰਿਹਾ ਰਚ, ਲੂੰ ਲੂੰ ਇਕੋ ਨੂਰ ਨਜ਼ਰੀ ਆਇੰਦਾ । ਘਟ ਅੰਮ੍ਰਿਤ ਦੇਵੇ ਰਸ, ਨਿਝਰ ਝਿਰਨਾ ਆਪ ਝਿਰਾਇੰਦਾ । ਭੀਤਰ ਜਾਏ ਵਸ, ਬਾਹਰੋਂ ਨਜ਼ਰ ਕੋਇ ਨਾ ਪਾਇੰਦਾ । ਦੂਰ ਦੁਰਾਡਾ ਆਵੇ ਨੱਠ, ਬਣ ਪਾਂਧੀ ਪੰਧ ਮੁਕਾਇੰਦਾ । ਲੇਖੇ ਲਾ ਬਹੱਤਰ ਨਾੜੀ ਰਤ, ਰੁਤ ਰੁਤੜੀ ਆਪ ਮਹਿਕਾਇੰਦਾ । ਜਾਨਣਹਾਰਾ ਮਿਤ ਗਤ, ਗਤ ਮਿਤ ਆਪਣੀ ਝੋਲੀ ਪਾਇੰਦਾ । ਸੰਤ ਸੁਹੇਲੇ ਸੱਜਣ ਰੱਖ, ਸਿਰ ਆਪਣਾ ਹੱਥ ਟਿਕਾਇੰਦਾ । ਕੂੜੀ ਕਿਰਿਆ ਨਾਲੋਂ ਕਰ ਕੇ ਵੱਖ, ਸਾਚਾ ਮਾਰਗ ਇਕ ਸਮਝਾਇੰਦਾ । ਸ਼ਬਦ ਅਗੰਮੀ ਚਾੜ੍ਹ ਰਥ, ਬਣ ਰਥਵਾਹੀ ਸੇਵ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਇਕ ਵਖਾਇੰਦਾ । ਸਾਚੀ ਸਿਖਿਆ ਲੋਕਮਾਤ, ਸਤਿਜੁਗ ਧਾਰ ਆਪ ਬਣਾਈਆ । ਇਕੋ ਓਟ ਪੁਰਖ ਸਮਰਾਥ, ਦੂਜਾ ਨਜ਼ਰ ਕੋਇ ਨਾ ਆਈਆ । ਸਾਧ ਸੰਗਤ ਲੇਖਾ ਤੇਰੇ ਹੱਥ, ਮੁੱਲਾਂ ਸ਼ੇਖ਼ ਪੰਡਤ ਪਾਂਧਾ ਗ੍ਰੰਥੀ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਵਿਹਾਰਾ ਸਭ ਨੂੰ ਦਏ ਜਣਾਈਆ । ਇਕ ਵਿਹਾਰਾ ਸਾਚਾ ਖੇਲ, ਹਰਿ ਖ਼ਾਲਕ ਖ਼ਲਕ ਜਣਾਈਆ । ਨਾਰੀ ਪੁਰਸ਼ ਜਗਤ ਮੇਲ, ਆਤਮ ਪਰਮਾਤਮ ਧੁਰ ਦੀ ਧਾਰ ਸਮਝਾਈਆ । ਲੇਖਾ ਜਾਣ ਗੁਰੂ ਗੁਰ ਚੇਲ, ਚੇਲਾ ਗੁਰੂ ਦਏ ਵਡਿਆਈਆ । ਕਰੇ ਖੇਲ ਆਪ ਨਵੇਲ, ਸੱਜਣ ਸੁਹੇਲ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਪਰਮਾਤਮ ਕਰ ਪਰਵਾਨ, ਤਨ ਮਾਟੀ ਖ਼ਾਕੀ ਦੇਵੇ ਦਾਨ, ਜਗਤ ਨਾਤਾ ਪੁਰਖ ਬਿਧਾਤਾ ਗੁਰਮੁਖ ਸਾਥਾ ਸਗਲਾ ਸੰਗ ਬੰਧਪ ਬੰਧਨ ਵਿਚ ਬੰਦਗੀ ਆਪ ਰਖਾਈਆ । ਭਗਤ ਭਗਵਾਨ ਸਾਚੇ ਖੇੜੇ, ਸਚ ਮੰਦਰ ਸੋਭਾ ਪਾਈਆ । ਦੋਹਾਂ ਚੁੱਕੇ ਜਗਤ ਝੇੜੇ, ਝਗੜਾ ਅਵਰ ਨਾ ਕੋਇ ਜਣਾਈਆ । ਰਲ ਮਿਲ ਬੈਠੇ ਇਕੋ ਬੇੜੇ, ਪਾਤਣ ਮਾਹੀ ਬਣਿਆ ਬੇਪਰਵਾਹੀਆ । ਸਚ ਕਿਨਾਰੇ ਲੱਗਣ ਡੇਰੇ, ਤਟ ਇਕੋ ਸੋਭਾ ਪਾਈਆ । ਕਦੀ ਨਾ ਆਵੇ ਵਿਚ ਘੁਮਣ ਘੇਰੇ, ਤਾਰਨਹਾਰ ਦਇਆ ਕਮਾਈਆ । ਜੁਗ ਚੌਕੜੀ ਕਟੇ ਗੇੜੇ, ਗੇੜਾ ਆਪਣੇ ਨਾਲ ਰਖਾਈਆ । ਲੇਖੇ ਚੁੱਕਣ ਮੇਰੇ ਮੇਰੇ, ਤੇਰਾ ਤੂ ਹੀ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤ ਭਗਵਾਨ ਹੋਏ ਸਹਾਈਆ । ਭਗਤ ਭਗਵਾਨ ਇਕੋ ਰੰਗ, ਹਰਿ ਕਰਤਾ ਆਪਣਾ ਆਪ ਰੰਗਾਈਆ । ਦੋਹਾਂ ਸੁਹੰਜਣੀ ਸੇਜ ਪਲੰਘ, ਘਰ ਆਤਮ ਸੋਭਾ ਪਾਈਆ । ਗ੍ਰਿਹਿ

ਵੱਜੇ ਨਾਮ ਸਚ ਅਨੰਦ, ਤਾਲ ਇਕੋ ਇਕ ਰਖਾਈਆ । ਗੀਤ ਅਗੰਮੀ ਧੁਰ ਦਾ ਛੰਦ, ਸੋਹਲਾ ਇਕ ਸਮਝਾਈਆ । ਸਤਿ ਸਤਿਵਾਦੀ ਸਚ ਅਨੰਦ, ਰਸ ਇਕੋ ਇਕ ਰਖਾਈਆ । ਜੁਗ ਜਨਮ ਦਾ ਮੇਟ ਪੰਧ, ਪੱਤਣ ਵੇਖੇ ਬੇਪਰਵਾਹੀਆ । ਆਤਮ ਪਰਮਾਤਮ ਪਾਏ ਗੰਢ, ਗੰਢਣਹਾਰ ਗੋਪਾਲ ਸੁਆਮੀ ਇਕੋ ਨਜ਼ਰੀ ਆਈਆ । ਮਨ ਵਾਸਨਾ ਤੋੜ ਘਮੰਡ, ਰੀਤੀ ਨੀਤੀ ਦਏ ਜਣਾਈਆ । ਕਰ ਪਰਕਾਸ਼ ਅੰਧੇਰੇ ਅੰਧ, ਸਾਚਾ ਦੀਪ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਗਤਨ ਮੇਲਾ ਸਹਿਜ ਸੁਭਾਈਆ । ਭਗਤ ਭਗਵਾਨ ਬਹਿਣ ਇਕੱਠੇ, ਸਚ ਦੁਆਰ ਵੱਜੇ ਵਧਾਈਆ । ਆਦਿ ਜੁਗਾਦਿ ਜੁਗ ਚੌਕੜੀ ਸਾਚੇ ਮਤੇ, ਸੁਲਹਕੁਲ ਸੁਲਹ ਇਕੋ ਇਕ ਰਖਾਈਆ । ਪ੍ਰੇਮ ਪ੍ਰੀਤੀ ਅੰਦਰ ਹੋਵਣ ਪੱਕੇ, ਨਾਤਾ ਸਕੇ ਨਾ ਕੋਇ ਤੁੜਾਈਆ । ਲੱਖ ਚੁਰਾਸੀ ਜੀਵ ਜੰਤ ਹੱਕੇ ਬੱਕੇ, ਹਕੀਕਤ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਭਗਤ ਭਗਵਾਨ ਇਕ ਮਹੱਲ, ਸਚ ਮਹਿਫ਼ਲ ਨਾਮ ਲਗਾਈਆ । ਸਦਾ ਸਦਾ ਸਦ ਰਹੇ ਅਟੱਲ, ਉਚ ਅਗੰਮ ਅਥਾਹ ਰਿਹਾ ਸੁਹਾਈਆ । ਜੋਤੀ ਸ਼ਬਦੀ ਧਾਰ ਰਲ, ਨਿਰਗੁਣ ਵੇਖੇ ਬੇਪਰਵਾਹੀਆ । ਕਰੇ ਖੇਲ ਪਰਗਟ ਕਲਜੁਗ ਆਪਣੀ ਕਲ, ਕਲਧਾਰੀ ਵਡ ਵਡਿਆਈਆ । ਸ਼ਾਹ ਪਾਤਸ਼ਾਹ ਅਛਲ ਅਛੱਲ, ਭੇਵ ਅਭੇਦਾ ਆਪਣੇ ਵਿਚ ਰਖਾਈਆ । ਜਨ ਭਗਤਾਂ ਉਤੋਂ ਜਾਏ ਬਲ ਬਲ, ਬਲਹਾਰੀ ਖ਼ੁਸ਼ੀ ਮਨਾਈਆ । ਨਵ ਨੌਂ ਚਾਰ ਹੋਇਆ ਸਵਾਲ ਹਲ, ਲੇਖਾ
੧੦੨੫ ਲੇਖੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਭਗਤ ਭਗਵਾਨ ਖੇਲ ਅਨਡਿਠ, ੧੦੨੫
੧੫ ਜਗਤ ਨੇਤਰ ਨਜ਼ਰ ਨਾ ਆਇੰਦਾ । ਨਿਰਗੁਣ ਨਿਰਗੁਣ ਕਰੇ ਹਿਤ, ਸਰਗੁਣ ਸਰਗੁਣ ਮੇਲ ਮਿਲਾਇੰਦਾ । ਕਰ ਖੇਲ ਅਬਿਨਾਸ਼ੀ ਅਚੁਤ, ਚੇਤਨ ੧੫
ਧਾਰ ਆਪ ਸਮਝਾਇੰਦਾ । ਸਚ ਸੁਹੰਜਣੀ ਸੋਹੇ ਰੁੱਤ, ਰੁੱਤ ਰੁਤੜੀ ਆਪ ਮਹਿਕਾਇੰਦਾ । ਜਨਮ ਕਰਮ ਦੀ ਲਾਹੇ ਭੁੱਖ, ਤ੍ਰਿਸਨਾ ਰੋਗ ਨਾ ਕੋਇ ਸਤਾਇੰਦਾ । ਨਾਤਾ ਤੋੜ ਮਾਤ ਗਰਭ ਕੁੱਖ, ਲੱਖ ਚੁਰਾਸੀ ਪੰਧ ਮੁਕਾਇੰਦਾ । ਸਾਚੀ ਗੋਦੀ ਆਪਣੀ ਚੁੱਕ, ਦੋ ਜਹਾਨਾਂ ਸ਼ੁਕਰ ਮਨਾਇੰਦਾ । ਨਿਰਗੁਣ ਧਾਰੋਂ ਨਿਰਵੈਰ ਉਠ, ਨਰ ਨਿਰੰਕਾਰ ਖੇਲ ਖਿਲਾਇੰਦਾ । ਜਨ ਭਗਤ ਮੀਤਾ ਆਪੇ ਲਏ ਪੁੱਛ, ਦਰ ਦਰ ਘਰ ਘਰ ਵੇਖ ਵਖਾਇੰਦਾ । ਸੰਤ ਸੁਹੇਲਾ ਕਦੇ ਨਾ ਜਾਏ ਲੁਕ, ਪੜਦਾ ਉਹਲਾ ਨਾ ਕੋਇ ਵਖਾਇੰਦਾ । ਨੀਵਾਂ ਹੋ ਕੇ ਵੇਖੇ ਨੇੜੇ ਢੁਕ, ਦੂਰ ਦੁਰਾਡਾ ਪੰਧ ਚੁਕਾਇੰਦਾ । ਉਜਲ ਕਰੇ ਭਗਤਾਂ ਮੁਖ, ਦੁਰਮਤ ਮੈਲ ਮਾਤ ਧਵਾਇੰਦਾ । ਆਤਮ ਅੰਤਰ ਦੇਵੇ ਸੁਖ, ਬਾਹਰੋਂ ਨਜ਼ਰ ਨਾ ਕੋਇ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਨੀ ਆਪ ਕਮਾਇੰਦਾ । ਭਗਤ ਭਗਵਾਨ ਕਰਨੀ ਕਰ, ਹਰਿ ਕਰਤਾ ਵਡ ਵਡਿਆਈਆ । ਸਤਿ ਸਤਿਵਾਦੀ ਖੋਲ੍ਹ ਦਰ, ਦਰ ਦਰਵੇਸ਼ ਡੇਰਾ ਲਾਈਆ । ਧੁਰ ਸੰਦੇਸ਼ ਅੱਖਰ ਪੜ੍ਹ, ਨਿਰਅੱਖਰ ਰਿਹਾ ਜਣਾਈਆ । ਸਾਚੇ ਪੌੜੇ ਮਹੱਲੇ ਚੜ੍ਹ, ਮੰਦਰ ਇਕੋ ਇਕ ਸੁਹਾਈਆ । ਸਤਿ ਸਰੂਪੀ ਹਰਿ ਜੂ ਖੜ, ਸਤਿ ਸਤਿਵਾਦੀ ਦਰਸ ਵਖਾਈਆ । ਜਨ ਭਗਤਾਂ ਬੰਨ੍ਹਾਏ ਆਪਣੇ ਲੜ, ਪੱਲੂ ਆਪਣੀ ਗੰਢ ਰਖਾਈਆ । ਸਾਚਾ ਢੋਲਾ ਲਏ ਪੜ੍ਹ, ਮੇਰਾ ਤੇਰਾ ਰਾਗ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਦੇਵੇ ਵਡਿਆਈ ਭਗਤ ਭਗਵਾਨ, ਦੋ ਜਹਾਨਾਂ ਸੋਭਾ ਪਾਇੰਦਾ । ਕਲਜੁਗ ਅੰਤਮ ਹੋ ਪਰਧਾਨ, ਧੁਰ ਫ਼ਰਮਾਨਾ

ਹੁਕਮ ਸੁਣਾਇੰਦਾ । ਸਚ ਸੰਦੇਸਾ ਇਕ ਗਿਆਨ ਨਾਮ ਨਿਧਾਨਾ ਝੋਲੀ ਪਾਇੰਦਾ । ਕੂੜੀ ਕਿਰਿਆ ਮੇਟੇ ਸ਼ੈਤਾਨ, ਸੰਸਾ ਰੋਗ ਸਰਬ ਮੁਕਾਇੰਦਾ । ਅੰਮ੍ਰਿਤ ਆਤਮ ਰਸ ਪੀਣ ਖਾਣ, ਤ੍ਰਿਸਨਾ ਭੁੱਖ ਨਾ ਕੋਇ ਵਧਾਇੰਦਾ । ਚਰਨ ਕਵਲ ਇਕ ਧਿਆਨ, ਇਸ਼ਟ ਦ੍ਰਿਸ਼ਟ ਇਕ ਪਰਗਟਾਇੰਦਾ । ਸਚ ਭੂਮਿਕਾ ਦੱਸ ਅਸਥਾਨ, ਮੰਦਰ ਇਕੋ ਇਕ ਵਖਾਇੰਦਾ । ਨਾਦ ਅਨਾਦ ਸੁਣਾਏ ਕਾਨ, ਅਨਹਦ ਰਾਗੀ ਰਾਗ ਅਲਾਇੰਦਾ । ਕਿਰਪਾ ਕਰ ਨੌਜਵਾਨ, ਬਿਰਧ ਬਾਲ ਵੇਖ ਵਖਾਇੰਦਾ । ਰਖਸ਼ਸ਼ ਰੱਖਿਆ ਕਰੇ ਆਣ, ਬਖ਼ਸ਼ਸ਼ ਆਪਣੀ ਆਪ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜਨ ਭਗਤਾਂ ਸੰਗ ਨਿਭਾਇੰਦਾ । ਭਗਤਾਂ ਸੰਗ ਨਿਭਾਏ ਤੋੜ, ਅਧਵਿਚਕਾਰ ਨਾ ਕੋਇ ਤੁੜਾਈਆ । ਜੁਗ ਜਨਮ ਦੇ ਵਿਛੜੇ ਲਏ ਜੋੜ, ਜੋੜੀ ਆਪਣੇ ਨਾਲ ਰਲਾਈਆ । ਨਾਮ ਚੜ੍ਹਾਏ ਸਾਚੇ ਘੋੜ, ਸ਼ਬਦੀ ਡੋਰ ਹੱਥ ਫੜਾਈਆ । ਆਪੇ ਵੇਖੇ ਕਰ ਕੇ ਗ਼ੌਰ, ਗਹਿਰ ਗੰਭੀਰ ਪੜਦਾ ਦਏ ਚੁਕਾਈਆ । ਦੂਰ ਦੁਰਾਡਾ ਜਾਏ ਬੌਹੜ, ਨੇਰਨ ਨੇਰਾ ਨਜ਼ਰੀ ਆਈਆ । ਜਨਮ ਜਨਮ ਦੀ ਮਿਟਾਏ ਔੜ, ਤ੍ਰਿਸਨਾ ਭੁੱਖ ਗਵਾਈਆ । ਭਗਤ ਸੁਹੇਲਾ ਬਣ ਕੇ ਵਸੇ ਕੋਲ, ਗੁਰ ਚੇਲਾ ਵੰਡ ਵੰਡਾਈਆ । ਭਾਗ ਲਗਾਏ ਉਪਰ ਧਰਨੀ ਧੌਲ, ਧਰਤ ਧਵਲ ਖ਼ੁਸ਼ੀ ਵਖਾਈਆ । ਹਰ ਘਟ ਸੁਆਮੀ ਜਾਏ ਮੌਲ, ਮੌਲਾ ਆਪਣਾ ਖੇਲ ਵਖਾਈਆ । ਭਗਤ ਭਗਵਾਨ ਧੁਰ ਦਾ ਤੋਲ, ਲੋਕਮਾਤ ਪੂਰਾ ਦਏ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਹਰਿਜਨ ਸੱਚੇ ਲਏ ਮਿਲਾਈਆ । ਹਰਿਜਨ ਮਿਲਾਵਾ ਭਗਵਾਨ ਭਗਤ, ਦੇਵਣਹਾਰ ਵਡਿਆਈਆ । ਵੇਖ ਵਖਾਏ ਸ੍ਰਿਸ਼ਟ ਸਬਾਈ ਜਗਤ, ਜਗਜੀਵਣ ਦਾਤਾ ਫੇਰਾ ਪਾਈਆ । ਨਿਰਗੁਣ ਨਿਰਵੈਰ ਨਿਰੰਕਾਰ ਸਾਚੀ ਧਾਰ ਬਣ ਕੇ ਆਏ ਪਰਤ, ਪਰਮਾਤਮ ਆਪਣੀ ਕਾਰ ਕਮਾਈਆ । ਭਗਤ ਭਗਵਾਨ ਰਹਿਣ ਨਾ ਦੇਵੇ ਕੋਈ ਫ਼ਰਕ, ਫ਼ੈਸਲਾ ਇਕੋ ਹੱਥ ਰਖਾਈਆ । ਜੁਗ ਚੌਕੜੀ ਲਗਦੀ ਰਹੇ ਸ਼ਰਤ, ਸ਼ਰਅ ਧਰਮ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤ ਲਏ ਤਰਾਈਆ । ਹਰਿ ਭਗਤ ਤਾਰੇ ਬਣ ਮਿਤ, ਮਿੱਤਰ ਪਿਆਰਾ ਰੂਪ ਵਖਾਈਆ । ਧੁਰਦਰਗਾਹੀ ਬਣ ਕੇ ਸੱਚਾ ਪਿਤ, ਪਿਤਾ ਪੂਤ ਗੋਦ ਉਠਾਈਆ । ਨਿਰਗੁਣ ਹੋ ਕੇ ਕਰੇ ਸਰਗੁਣ ਹਿਤ, ਹਿਤਕਾਰੀ ਵੇਸ ਵਟਾਈਆ । ਸ਼ੱਤਰੂ ਹੋ ਕੇ ਵਸੇ ਚਿਤ, ਮਨ ਠਗੌਰੀ ਕੋਇ ਰਹਿਣ ਨਾ ਪਾਈਆ । ਦਾਤਾ ਹੋ ਕੇ ਦੇਵੇ ਭਿਖ, ਭਿਛਿਆ ਇਕੋ ਇਕ ਵਰਤਾਈਆ । ਸਤਿਗੁਰ ਹੋ ਕੇ ਵੇਖੇ ਸਿਖ, ਸਿਖਿਆ ਸਾਚੀ ਇਕ ਸਮਝਾਈਆ । ਮਿਹਰਵਾਨ ਹੋ ਕੇ ਲੇਖਾ ਦੇਵੇ ਲਿਖ, ਲਿਖਿਆ ਲੇਖ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਜਨ ਭਗਤ ਲਏ ਤਰਾਈਆ । ਭਗਤ ਜਨਾਂ ਪ੍ਰਭ ਤਾਰਨ ਆਇਆ, ਚਰਨ ਕਵਲ ਦਏ ਸਰਨਾਈਆ । ਦੂਰ ਦੁਰਾਡੇ ਫੇਰਾ ਪਾਇਆ, ਨੇਰਨ ਨੇਰਾ ਨਜ਼ਰੀ ਆਈਆ । ਜਗਤ ਤ੍ਰਿਸਨਾ ਡੇਰਾ ਢਾਹਿਆ, ਮਾਇਆ ਮਮਤਾ ਮੋਹ ਚੁਕਾਈਆ । ਸਾਚੀ ਸੰਗਤਾ ਨਾਲ ਮਿਲਾਇਆ, ਸੰਗ ਵਸੇ ਬੇਪਰਵਾਹੀਆ । ਆਪਣਾ ਰੰਗ ਨਾਮ ਚੜ੍ਹਾਇਆ, ਉਤਰ ਕਦੇ ਨਾ ਜਾਈਆ । ਜਨਮ ਜਨਮ ਦਾ ਪੰਧ ਮੁਕਾਇਆ, ਪਾਂਧੀ ਬਣਿਆ ਸ਼ਹਿਨਸ਼ਾਹੀਆ । ਭਗਤ ਭਗਵਾਨ ਘਰ ਇਕੋ ਅਨੰਦ ਰਖਾਇਆ, ਅਨੰਦ ਅਨੰਦ ਮੰਗਲ ਆਪਣਾ ਰਾਗ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਦਇਆ ਕਮਾਇਆ, ਸਿੰਧ ਸਾਗਰ ਰੂਪ ਸਮਾਈਆ ।

## ✪ ੭ ਮੱਘਰ ੨੦੨੦ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹ ਬਟਾਲਾ ਜ਼ਿਲਾ ਗੁਰਦਾਸਪੁਰ ✪



ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਜਬਰ, ਜ਼ਾਹਰ ਜ਼ਹੂਰ ਨਜ਼ਰ ਨਾ ਆਈਆ । ਜੁਗ ਚੌਕੜੀ ਰੱਖ ਆਪਣਾ ਸਬਰ, ਬੇਸਬਰ ਕਰੇ ਲੋਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਣਾ ਟੱਬਰ, ਜੀਆਂ ਜੰਤਾਂ ਸੰਗ ਰਖਾਈਆ । ਲੇਖਾ ਜਾਣ ਮੜ੍ਹੀ ਗੌਰ ਕ਼ਬਰ, ਨਿਰਗੁਣ ਸਰਗੁਣ ਵੇਖ ਵਖਾਈਆ । ਨਿਰਵੈਰ ਪੁਰਖ ਇਕੋ ਬੱਬਰ, ਭਬਕ ਆਪਣੇ ਨਾਮ ਲਗਾਈਆ । ਅੰਮ੍ਰਿਤ ਰਸ ਦੇਵੇ ਮਧਰ, ਝਿਰਨਾ ਇਕੋ ਸਚ ਝਿਰਾਈਆ । ਲੇਖਾ ਜਾਣੇ ਜ਼ਿਮੀਂ ਅਸਮਾਨ ਅੰਬਰ, ਡੂੰਘੇ ਸਾਗਰ ਫੋਲ ਫੋਲਾਈਆ । ਸਰਬ ਕਲਾ ਆਪੇ ਭਰਤੰਬਰ, ਭਰਪੂਰ ਰਿਹਾ ਸਰਬ ਠਾਈਂਆ । ਲੱਖ ਚੁਰਾਸੀ ਜਾਨਣਹਾਰਾ ਝੰਜਟ, ਜੁਗ ਚੌਕੜੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਨ ਰੰਗ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਦੋ ਜਹਾਨ ਨਿਰਗੁਣ ਸਰਗੁਣ ਵੇਖੇ ਲੰਘ, ਪਾਂਧੀ ਆਪਣਾ ਪੰਧ ਮੁਕਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਦਿ ਜੁਗਾਦੀ ਸ਼ਬਦ ਸੁਹੰਜਣੀ ਸੇਜ ਵੇਖੇ ਇਕ ਪਲੰਘ, ਪਾਵਾ ਚੂਲ ਵੰਡ ਨਾ ਕੋਇ ਵੰਡਾਈਆ । ਨਾਮ ਨਿਧਾਨ ਨੌਜਵਾਨ ਸੂਰਾ ਸਰਬੰਗ ਵਜਾਏ ਸਚ ਮਰਦੰਗ, ਨਾਦ ਧੁਨ ਇਕ ਸ਼ਨਵਾਈਆ । ਦੀਨ ਦਿਆਲ ਠਾਕਰ ਸੁਆਮੀ ਨਿਹਕਰਮੀ ਭਗਤ ਭਗਵੰਤ ਵਸੇ ਸੰਗ, ਸਤਿ ਸਤਿਵਾਦੀ ਆਪਣਾ ਜੋੜ ਜੁੜਾਈਆ । ਪਤਿਪਰਮੇਸ਼ਵਰ ਦੀਨ ਦਇਆ ਵੇਖ ਵਖਾਏ ਬ੍ਰਹਮ ਹੰ, ਹੰ ਮਮ ਭੇਵ ਚੁਕਾਈਆ । ਗੀਤ ਗੋਬਿੰਦ ਸ਼ਬਦ ਅਨਾਦ ਧੁਨ ਰਾਗ ਸੁਣਾਏ ਛੰਦ, ਅਨਬੋਲਤ ਆਪਣਾ ਬੋਲ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ । ਸ਼ਹਿਨਸ਼ਾਹ ਪਾਤਸ਼ਾਹ ਦੂਲ੍ਹੋ ਦੂਲ੍ਹ, ਭੂਪਨ ਭੂਪ ਖੇਲ ਖਿਲਾਇੰਦਾ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਸਰਗੁਣ ਬੰਨ੍ਹਣਹਾਰਾ ਸਤਿ ਅਸੂਲ, ਅਸਲੀਅਤ ਅਸਲ ਵਿਚੋਂ ਆਪ ਪਰਗਟਾਇੰਦਾ । ਸਚ ਸੰਦੇਸ ਧੁਰ ਫ਼ਰਮਾਨਾ ਕਰਨਹਾਰਾ ਆਪ ਕ਼ਬੂਲ, ਹੁਕਮ ਹਾਕਮ ਆਪਣੀ ਝੋਲੀ ਪਾਇੰਦਾ । ਜੋਤੀ ਜਾਤਾ ਪੁਰਖ ਬਿਧਾਤਾ ਨੂਰ ਇਲਾਹੀ ਇਕ ਮਹਿਬੂਬ, ਸਚ ਅਰੂਜ ਸੋਭਾ ਪਾਇੰਦਾ । ਜੁਗ ਚੌਕੜੀ ਲੇਖ ਲਿਖਤ ਕਲਮ ਸ਼ਾਹੀ ਦੇ ਨਾ ਸਕੇ ਕੋਇ ਸਬੂਤ, ਸਾਖਿਆਤ ਹੱਥ ਕਿਸੇ ਨਾ ਆਇੰਦਾ । ਨਵ ਨੌ ਚਾਰ ਦਹਿ ਦਿਸ਼ ਵਸਣਹਾਰਾ ਚਾਰੇ ਕੂਟ, ਗ੍ਰਿਹ ਮੰਦਰ ਅੰਦਰ ਭਗਤ ਦੁਆਰੇ ਸੋਭਾ ਪਾਇੰਦਾ । ਨਿਤ ਨਵਿਤ ਕਰ ਕਰ ਹਿਤ ਮੁਰੀਦ ਮੁਰਸ਼ਦ ਭਗਤ ਭਗਵਾਨ ਨਾਤਾ ਤੋੜੇ ਜੂਠ ਝੂਠ, ਸਚ ਸੁਚ ਸਾਹਿਬ ਸਤਿਗੁਰ ਆਪ ਦ੍ਰਿੜਾਇੰਦਾ । ਸੰਤ ਸੁਹੇਲਾ ਗੁਰੂ ਗੁਰ ਚੇਲਾ ਗ਼ਰੀਬ ਨਿਮਾਣਿਆਂ ਉਪਰ ਤੁਠ, ਮਿਹਰਵਾਨ ਦੀਨ ਦਿਆਲ ਆਪਣੀ ਦਇਆ ਕਮਾਇੰਦਾ । ਜੁਗ ਚੌਕੜੀ ਨਿਰਗੁਣ ਸਰਗੁਣ ਅੰਦਰ ਬੈਠਾ ਲੁਕ, ਨੇਤਰ ਲੋਚਣ ਨੈਣ ਜੀਵ ਜੰਤ ਨਜ਼ਰ ਕਿਸੇ ਨਾ ਆਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਨਰ ਹਰਿ ਨਰਾਇਣ ਅਗੰਮੀ ਕੰਤ ਉਜਲ ਕਰੇ ਮੁਖ, ਗੁਰਮੁਖ ਸੱਜਣ ਆਪ ਉਠਾਇੰਦਾ । ਜਨਮ ਕਰਮ ਪੂਰਬ ਜਗਤ ਮੇਟ ਦੁੱਖ, ਭਾਂਡਾ ਭਰਮ ਭੌ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸ਼ਾਹ ਪਾਤਸ਼ਾਹ ਹਰਿ ਰਾਜਨ ਰਾਜ, ਵੱਡ ਵੱਡਾ ਵਡ ਵਡਿਆਈਆ । ਜੁਗ ਚੌਕੜੀ ਸਾਜਣਹਾਰਾ ਸਾਜ, ਰਚਨਾ ਰਚ ਰਚ ਵੇਖ ਵਖਾਈਆ । ਨਿਤ ਨਵਿਤ ਕਰਨਹਾਰਾ ਕਾਜ, ਕਰਤਾ ਪੁਰਖ ਆਪਣੀ ਕਰਨੀ ਆਪ ਕਮਾਈਆ ।

੧੦੨੭ ੧੫

ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਵਣਹਾਰਾ ਦਾਤ, ਵਸਤ ਅਮੋਲਕ ਝੋਲੀ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋੜਨਹਾਰਾ ਨਾਤ, ਨਾਤਾ ਬਿਧਾਤਾ ਇਕ ਰਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਲਿਖਣਹਾਰਾ ਕਲਮ ਦਵਾਤ, ਕਾਗ਼ਜ਼ ਸ਼ਾਹੀ ਜੋੜ ਜੁੜਾਈਆ । ਕੂੜੀ ਕਿਰਿਆ ਮਾਇਆ ਮਮਤਾ ਹਉਮੇ ਹੰਗਤਾ ਮੇਟਣਹਾਰਾ ਅੰਧੇਰੀ ਰਾਤ, ਸਾਚਾ ਚੰਦ ਨੂਰ ਇਕ ਚਮਕਾਈਆ । ਆਤਮ ਪਰਮਾਤਮ ਬੋਧ ਅਗਾਧੀ ਦੱਸਣਹਾਰਾ ਗਾਥ, ਸਾਚਾ ਢੋਲਾ ਇਕੋ ਰਾਗ ਸੁਣਾਈਆ । ਚਾਰ ਵਰਨ ਪੜ੍ਹਾਵਣਹਾਰਾ ਇਕ ਜਮਾਤ, ਨਿਸ਼ਅੱਖਰ ਅੱਖਰ ਆਪਣਾ ਆਪ ਜਣਾਈਆ । ਦਿਵਸ ਰੈਣ ਰੱਖਣਹਾਰ ਪਰਭਾਤ, ਅੱਠੇ ਪਹਿਰ ਇਕੋ ਰੰਗ ਰੰਗਾਈਆ । ਵਸਣਹਾਰਾ ਇਕ ਇਕਾਂਤ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਸਚ ਦੁਆਰੇ ਨਜ਼ਰੀ ਆਈਆ । ਲੱਖ ਚੁਰਾਸੀ ਅੰਦਰ ਮਾਰਨਹਾਰਾ ਝਾਤ, ਘਟ ਘਟ ਅੰਦਰ ਕਾਇਆ ਮੰਦਰ ਸਾਢੇ ਤਿੰਨ ਹੱਥ ਬੰਕ ਬੈਠਾ ਡੇਰਾ ਲਾਈਆ । ਜਨ ਭਗਤਾਂ ਸੰਤਾਂ ਪੁੱਛਣਹਾਰਾ ਵਾਤ, ਲੇਖਾ ਜਾਣ ਮਸਤਕ ਮਾਥ, ਪੂਰਬ ਲਹਿਣਾ ਝੋਲੀ ਪਾਈਆ । ਖੇਲਣਹਾਰਾ ਖੇਲ ਤਮਾਸ਼, ਵੇਖਣਹਾਰਾ ਪ੍ਰਿਥਮੀ ਆਕਾਸ਼, ਗਗਨ ਮੰਡਲ ਆਪਣੀ ਰਾਸ ਰਚਾਈਆ । ਕਰਨਹਾਰਾ ਨੂਰ ਪਰਕਾਸ਼, ਬਣਨਹਾਰਾ ਦਾਸੀ ਦਾਸ, ਸੇਵਕ ਸਾਚਾ ਰੂਪ ਵਟਾਈਆ । ਜਨ ਭਗਤਾਂ ਪੂਰੀ ਕਰੇ ਆਸ, ਜਨਮ ਜਨਮ ਮਿਟਾ ਪਿਆਸ, ਆਸਾ ਤ੍ਰਿਸਨਾ ਦੇਵੇ ਡੇਰਾ ਢਾਹੀਆ । ਸਤਿਗੁਰ ਸ਼ਬਦ ਸੁਆਮੀ ਅੰਤਰਜਾਮੀ ਨਿਹਕਾਮੀ ਨਿਹਕਰਮੀ ਸਦਾ ਵਸੇ ਪਾਸ, ਅਗਲਾ ਪਿਛਲਾ ਵਿਛੋੜਾ ਦੇਵੇ ਪੰਧ ਕਟਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਵਿਚ ਨਾ ਆਵੇ ਖ਼ਾਹਸ਼, ਖ਼ਾਹਸ਼ ਸਭ ਦੀ ਪੂਰ ਕਰਾਈਆ ।





## ✪ ੭ ਮੱਘਰ ੨੦੨੦ ਬਿਕ੍ਰਮੀ ਬੰਤਾ ਸਿੰਘ ਦੇ ਗ੍ਰਿਹ ਪੰਜ ਗਰਾਈਂ ਜ਼ਿਲਾ ਗੁਰਦਾਸਪੁਰ ✪

ਸਤਿ ਸਤਿਵਾਦੀ ਧੁਰ ਦਾ ਟਿੱਕਾ, ਸਤਿ ਪੁਰਖ ਨਿਰੰਜਣ ਆਪ ਲਗਾਇੰਦਾ । ਖ਼ੁਸ਼ੀ ਮਨਾਏ ਪਹਿਲਾ ਪੁੱਤ ਸਤਿਜੁਗ ਨਿੱਕਾ, ਘਰ ਸਾਚੇ ਸੋਭਾ ਪਾਇੰਦਾ । ਪੁਰਖ ਅਕਾਲ ਦੀਨ ਦਿਆਲ ਵਰ ਇਕੋ ਦਿਤਾ, ਵਸਤ ਅਮੋਲਕ ਝੋਲੀ ਪਾਇੰਦਾ । ਜਨ ਭਗਤਾਂ ਕਰਨਾ ਸਾਚਾ ਹਿਤਾ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਦੀਨ ਦਿਆਲ ਸਭ ਦਾ ਪਿਤਾ, ਪੁਰਖ ਪੁਰਖੋਤਮ ਇਕੋ ਨਜ਼ਰੀ ਆਇੰਦਾ । ਦੋ ਜਹਾਨ ਜਿਸ ਦਾ ਕਿਤਾ, ਬ੍ਰਹਿਮੰਡ ਖੰਡ ਚਰਨਾਂ ਹੇਠ ਦਬਾਇੰਦਾ । ਕਰੇ ਖੇਲ ਸਦਾ ਅਨਡਿਠਾ, ਖਾਣੀ ਬਾਣੀ ਭੇਵ ਨਾ ਕੋਇ ਰਖਾਇੰਦਾ । ਆਪੇ ਜਾਣੇ ਆਪਣੀ ਵਾਰ ਥਿਤਾ, ਘੜੀ ਪਲ ਵੰਡ ਨਾ ਕੋਇ ਵੰਡਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਨਾਮ ਕਹਾਣੀ ਗਾਉਂਦੇ ਕਿੱਸਾ, ਸੋ ਸਭ ਦਾ ਲੇਖਾ ਆਪਣੇ ਵਿਚ ਛੁਪਾਇੰਦਾ । ਨਿਰਗੁਣ ਸਰਗੁਣ ਆਦਿ ਜੁਗਾਦਿ ਦੇਵਣਹਾਰਾ ਹਿੱਸਾ, ਸਾਚੀ ਵੰਡ ਆਪ ਵੰਡਾਇੰਦਾ । ਨਾਮ ਅਮੋਲਕ ਰਸ ਦੇਵੇ ਇਕੋ ਮਿੱਠਾ, ਪੁਰਖ ਅਬਿਨਾਸ਼ੀ ਆਪਣੀ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਇੰਦਾ । ਖ਼ੁਸ਼ੀ ਮਨਾਏ ਛੋਟਾ ਪੁਤ, ਪਹਿਲਾ ਆਪਣਾ ਰੰਗ ਰੰਗਾਈਆ । ਕਰੇ ਖੇਲ ਅਬਿਨਾਸ਼ੀ ਅਚੁਤ, ਨਿਰਵੈਰ ਹੋਏ ਸਹਾਈਆ । ਕਲਜੁਗ ਵਿਚੋਂ ਸੁਹਾਈ ਸਤਿਜੁਗ ਰੁੱਤ, ਰੁਤੜੀ ਆਪਣੇ ਨਾਮ ਮਹਿਕਾਈਆ । ਪਰਮ ਪੁਰਖ ਪ੍ਰਭ ਗਿਆ ਤੁਠ, ਦੀਨਨ ਆਪਣਾ ਭੇਵ ਚੁਕਾਈਆ । ਸੰਤ ਸੁਹੇਲੇ ਗੋਦੀ

ਚੁੱਕ, ਗੁਰਮੁਖ ਰਿਹਾ ਜਗਾਈਆ । ਅੰਦਰ ਵੜ ਕੇ ਰਿਹਾ ਪੁਛ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜੁਗ ਜਨਮ ਦੀ ਲਾਹੇ ਭੁੱਖ, ਤ੍ਰਿਸਨਾ ਰੋਗ ਮਿਟਾਈਆ । ਉਜਲ ਕਰੇ ਮਾਤ ਮੁਖ, ਮੁਖ ਸਿਫ਼ਤੀ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਿਜੁਗ ਕਹੇ ਮੇਰਾ ਸੋਹਣਾ ਰੰਗ, ਸ੍ਰੀ ਭਗਵਾਨ ਆਪ ਰੰਗਾਇੰਦਾ । ਨਾਮ ਵਜਾਏ ਇਕ ਮਰਦੰਗ, ਨਿਰਗੁਣ ਸਰਗੁਣ ਆਪ ਸੁਣਾਇੰਦਾ । ਬ੍ਰਹਿਮੰਡ ਖੰਡ ਆਪੇ ਲੰਘ, ਮੰਦਰ ਅੰਦਰ ਡੇਰਾ ਲਾਇੰਦਾ । ਲੱਖ ਚੁਰਾਸੀ ਸੇਜ ਪਲੰਘ, ਆਤਮ ਪਰਮਾਤਮ ਆਪ ਹੰਡਾਇੰਦਾ । ਭਗਤ ਸੁਹੇਲਾ ਬਣ ਕੇ ਸੰਗ, ਮੀਤ ਮੁਰਾਰਾ ਮਿੱਤਰ ਹੋ ਜਾਇੰਦਾ । ਨਿਰਗੁਣ ਨੂਰ ਚਾੜ੍ਹ ਚੰਦ, ਜਗਤ ਅੰਧੇਰਾ ਆਪ ਮਿਟਾਇੰਦਾ । ਗੀਤ ਸੁਹਾਗੀ ਸੁਣਾ ਛੰਦ, ਸਾਚਾ ਮੰਤਰ ਇਕ ਦ੍ਰਿੜਾਇੰਦਾ । ਘਰ ਮੰਦਰ ਦੇ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਇੰਦਾ । ਮੇਰੀ ਪੂਰੀ ਕਰ ਮੰਗ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਸਤਿ ਧਰਮ ਦਾ ਬੇੜਾ ਬੰਧ, ਹਰਿ ਜੂ ਆਪਣੇ ਕੰਧ ਉਠਾਇੰਦਾ । ਜੁਗ ਚੌਕੜੀ ਟੁੱਟੀ ਗੰਢ, ਡੋਰੀ ਆਪਣੀ ਤੰਦ ਬੰਧਾਇੰਦਾ । ਦੀਨ ਦਿਆਲ ਹੋ ਬਖ਼ਸ਼ੰਦ, ਬਖ਼ਸ਼ਿਸ਼ ਰਹਿਮਤ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਇੰਦਾ । ਸਤਿਜੁਗ ਕਹੇ ਮੇਰਾ ਠਾਕਰ ਏਕ, ਜਿਸ ਦਿਤੀ ਮਾਣ ਵਡਿਆਈਆ । ਆਦਿ ਜੁਗਾਦੀ ਉਸ ਦੀ ਟੇਕ, ਜੁਗ ਚੌਕੜੀ ਹੋਏ ਸਹਾਈਆ । ਨਿਰਵੈਰ ਪੁਰਖ ਲਿਖੇ ਲੇਖ, ਲੇਖਾ ਜਾਣੇ ਬਿਨ ਕਲਮ ਸ਼ਾਹੀਆ । ਸਾਚਾ ਕਰੇ ਇਕੋ ਹੇਤ, ਹਿਤਕਾਰੀ ਬੇਪਰਵਾਹੀਆ । ਸਚ ਧਰਮ ਦੀ ਲਾ ਮੇਖ, ਜੜ੍ਹ ਇਕੋ ਇਕ ਜਣਾਈਆ । ਸ਼ਬਦ ਅਗੰਮੀ ਸਤਿਗੁਰ ਭੇਜ, ਸਚ ਸੰਦੇਸਾ ਰਿਹਾ ਸੁਣਾਈਆ । ਹਰਿ ਕਾ ਨਾਮ ਕੋਈ ਨਾ ਸਕੇ ਵੇਚ, ਕੀਮਤ ਸਕੇ ਨਾ ਕੋਇ ਗਣਾਈਆ । ਕੂੜੀ ਕਿਰਿਆ ਮੇਟੇ ਭੇਖ, ਸਾਚਾ ਮਾਰਗ ਇਕ ਸਮਝਾਈਆ । ਪੁਰਖ ਅਕਾਲ ਕਰੋ ਆਦੇਸ, ਸਤਿਜੁਗ ਸਾਚਾ ਰਾਹ ਜਣਾਈਆ । ਆਦਿ ਜੁਗਾਦਿ ਰਹੇ ਹਮੇਸ਼, ਨਾ ਮਰੇ ਨਾ ਜਾਈਆ । ਸੇਵਾ ਲਾ ਵਿਸ਼ਨ ਬ੍ਰਹਮ ਮਹੇਸ਼, ਗਣਪਤ ਹੁਕਮ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਨਿਉਂ ਨਿਉਂ ਸਜਦਾ ਕਰਨ ਆਦੇਸ, ਚਰਨ ਕਵਲ ਧੂੜੀ ਟਿੱਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਕਹੇ ਮੋਹੇ ਚਾਉ ਘਨੇਰਾ, ਘਰ ਵੱਜੀ ਨਾਮ ਵਧਾਈਆ । ਸੋ ਨਿਰੰਜਣ ਪਾਇਆ ਫੇਰਾ, ਬੇਪਰਵਾਹ ਨਜ਼ਰ ਕਿਸੇ ਨਾ ਆਈਆ । ਹਰਿ ਪੁਰਖ ਨਿਰੰਜਣ ਲਾਇਆ ਡੇਰਾ, ਜੋਤੀ ਜਾਤਾ ਡਗਮਗਾਈਆ । ਏਕੰਕਾਰਾ ਵਡ ਵਡੇਰਾ, ਆਦਿ ਅੰਤ ਕੋਈ ਕਹਿਣ ਨਾ ਪਾਈਆ । ਆਦਿ ਨਿਰੰਜਣ ਮੇਟਣਹਾਰ ਅੰਧੇਰਾ, ਇਕੋ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਦੇਵੇ ਗੇੜਾ, ਜੁਗ ਚੌਕੜੀ ਆਪ ਭਵਾਈਆ । ਸ੍ਰੀ ਭਗਵਾਨ ਮੇਟੇ ਝੇੜਾ, ਕੂੜੀ ਕਿਰਿਆ ਡੇਰਾ ਢਾਹੀਆ । ਪਾਰਬ੍ਰਹਮ ਕਹੇ ਮੈਂ ਤੇਰਾ ਤੂੰ ਮੇਰਾ, ਬ੍ਰਹਮ ਆਪਣਾ ਰੰਗ ਵਖਾਈਆ । ਸਾਚਾ ਵਸੇ ਮੰਦਰ ਖੇੜਾ, ਬੰਕ ਮਿਲੇ ਵਡਿਆਈਆ । ਜਿਸ ਘਰ ਵਸੇ ਸਾਹਿਬ ਸਤਿਗੁਰ ਇਕੋ ਚੇਰਾ, ਗੁਰ ਚੇਲਾ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਸਤਿਜੁਗ ਕਹੇ ਮੋਹੇ ਚੜ੍ਹਿਆ ਚਾਉ, ਘਰ ਸਾਚੇ ਵੱਜੀ ਵਧਾਈਆ । ਦਾਤਾ ਮਿਲਿਆ ਬੇਪਰਵਾਹੋ, ਪਾਰਬ੍ਰਹਮ ਸਹਿਜ ਸੁਖਦਾਈਆ । ਫੜ ਫੜ ਮਾਰਗ ਪਾਏ ਰਾਹੋ, ਰਹਿਬਰ ਇਕੋ ਨਜ਼ਰੀ ਆਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਭਗਤ ਭਗਵਾਨ ਚਲਾਏ ਆਪਣੇ ਭਾਉ, ਭਾਂਡਾ

੧੦੩੦
੧੫

ਭਰਮ ਭੌ ਭੰਨਾਈਆ । ਨਿਥਾਵਿਆਂ ਦੇਵੇ ਸਾਚਾ ਥਾਉਂ, ਗ਼ਰੀਬ ਨਿਮਾਣੇ ਗਲੇ ਲਗਾਈਆ । ਗੁਰਮੁਖ ਬਣਾਏ ਹੰਸ ਕਾਉਂ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਬਣ ਸੁਹੇਲਾ ਦੇਵੇ ਠੰਡੀ ਛਾਉਂ, ਸਿਰ ਆਪਣਾ ਹੱਥ ਟਿਕਾਈਆ । ਏਥੇ ਓਥੇ ਪਿਤਾ ਮਾਉਂ, ਗੋਦ ਸੁਹੰਜਣੀ ਰਿਹਾ ਉਠਾਈਆ । ਲੇਖਾ ਜਾਣੇ ਨਗਰ ਗਰਾਉਂ, ਸਾਢੇ ਤਿੰਨ ਹੱਥ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਸਤਿਜੁਗ ਕਹੇ ਪ੍ਰਭ ਮਿਲਿਆ ਠਾਕਰ, ਸਿਰ ਮੇਰੇ ਹੱਥ ਟਿਕਾਈਆ । ਲੇਖ ਚੁਕਾਏ ਕਲਜੁਗ ਡੂੰਘਾ ਸਾਗਰ, ਗਹਿਰ ਗੰਭੀਰ ਬੇਪਰਵਾਹੀਆ । ਛੋਟੇ ਬਾਲੇ ਦੇਵੇ ਆਦਰ, ਮਿਹਰ ਨਜ਼ਰ ਨੈਣ ਉਠਾਈਆ । ਕਿਰਪਾ ਕਰੇ ਕਰੀਮ ਕਾਦਰ, ਹਰਿ ਕਰਤਾ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਜੁਗ ਕਹੇ ਮੇਰਾ ਮੇਲਾ ਜਗਤ, ਸੋ ਸਤਿਗੁਰ ਆਪ ਕਰਾਈਆ । ਲੱਖ ਚੁਰਾਸੀ ਵਿਚੋਂ ਲੱਭ ਭਗਤ, ਭਗਵਨ ਆਪਣਾ ਸੰਗ ਰਖਾਈਆ । ਆਤਮ ਪਰਮਾਤਮ ਦੇਵਣਹਾਰਾ ਸ਼ਕਤ, ਸ਼ਕਤੀ ਇਕੋ ਇਕ ਜਣਾਈਆ । ਆਦਿ ਜੁਗਾਦਿ ਨਾ ਸੋਗ ਨਾ ਕੋਈ ਹਰਖ, ਚਿੰਤਾ ਗ਼ਮ ਨਾ ਕੋਇ ਜਣਾਈਆ । ਨਿਰਗੁਣ ਸਕੇ ਕੋਈ ਨਾ ਪਰਖ, ਸਰਗੁਣ ਸਮਝ ਕੋਈ ਨਾ ਆਈਆ । ਕਰ ਕਿਰਪਾ ਮੋਹੇ ਦਿਤਾ ਦਰਸ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਛੋਟੇ ਬਾਲੇ ਮੇਲ ਮਿਲਾਇਆ ਆਪਣਾ ਪਰਤ, ਪਾਰਬ੍ਰਹਮ ਪ੍ਰਭ ਪੜਦਾ ਰਿਹਾ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਲਾਉਂਦੇ ਗਏ ਸ਼ਰਤ, ਲੇਖਾ ਲਿਖ ਕੇ ਕਲਮ ਸ਼ਾਹੀਆ । ਸੋ ਸੁਆਮੀ ਰਹਿਣ ਨਾ ਦੇਵੇ ਫ਼ਰਕ, ਫ਼ੈਸਲਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਵੇਖੇ ਥਾਉਂ ਥਾਈਆ । ਸਤਿਜੁਗ ਕਹੇ ਮੇਰਾ ਰੰਗ ਰੰਗੀਲਾ, ਪ੍ਰਭ ਇਕੋ ਨਜ਼ਰੀ ਆਈਆ । ਕਲਜੁਗ ਅੰਤਮ ਬਣਿਆ ਸਚ ਵਸੀਲਾ, ਨਿਰਗੁਣ ਆਪਣਾ ਫੇਰਾ ਪਾਈਆ । ਕਰਨਾ ਪਿਆ ਨਾ ਕੋਈ ਵਕੀਲਾ, ਸਚ ਅਦਾਲਤ ਇਕੋ ਰਿਹਾ ਸਮਝਾਈਆ । ਜਿਸ ਨੂੰ ਕਹਿੰਦੇ ਸੂਹਾ ਪੀਲਾ ਲਾਲ ਨੀਲਾ, ਸੋ ਨੀਲੀ ਧਾਰੋਂ ਪਾਰ ਡੇਰਾ ਬੈਠਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਬੇਪਰਵਾਹੀਆ । ਸਤਿਜੁਗ ਕਹੇ ਮੇਰਾ ਠਾਕਰ ਸੁਆਮੀ, ਸ਼ਹਿਨਸ਼ਾਹ ਆਪਣੀ ਦਇਆ ਕਮਾਇੰਦਾ । ਸਰਬ ਜੀਆਂ ਘਟ ਅੰਤਰਜਾਮੀ, ਦਰ ਦਰ ਘਰ ਘਰ ਵੇਖ ਵਖਾਇੰਦਾ । ਸਤਿ ਧਰਮ ਸੁਣਾਏ ਅਗੰਮੀ ਬਾਣੀ, ਧੁਰ ਦਾ ਰਾਗ ਆਪ ਅਲਾਇੰਦਾ । ਲੇਖਾ ਜਾਣੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੋਲ ਫੋਲਾਇੰਦਾ । ਲੱਖ ਚੁਰਾਸੀ ਦੇਵੇ ਦਾਨੀ, ਦਾਤਾ ਇਕੋ ਨਜ਼ਰੀ ਆਇੰਦਾ । ਤੀਰ ਨਿਰਾਲਾ ਮਾਰੇ ਕਾਨੀ, ਅਣਿਯਾਲਾ ਆਪ ਚਲਾਇੰਦਾ । ਅੰਮ੍ਰਿਤ ਦੇਵੇ ਠੰਡਾ ਪਾਣੀ, ਸਰ ਸਰੋਵਰ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਸਦ ਆਪਣਾ ਸੰਗ ਨਿਭਾਇੰਦਾ । ਸਤਿਜੁਗ ਕਹੇ ਮੇਰਾ ਸੰਗੀ ਏਕ, ਏਕੰਕਾਰਾ ਨਜ਼ਰੀ ਆਈਆ । ਚਰਨ ਕਵਲ ਜਿਸ ਬਖ਼ਸ਼ੀ ਟੇਕ, ਸਿਰ ਬੈਠਾ ਹੱਥ ਰਖਾਈਆ । ਬੁਧ ਮਤ ਜਿਸ ਕੀਤੀ ਬਿਬੇਕ, ਮਨ ਵਾਸਨਾ ਡੇਰਾ ਢਾਹੀਆ । ਆਤਮ ਪਰਮਾਤਮ ਜਿਸ ਖੇਲੀ ਖੇਡ, ਖ਼ਾਲਕ ਖ਼ਲਕ ਰੂਪ ਨਜ਼ਰੀ ਆਈਆ । ਨਿਤ ਨਵਿਤ ਜੋ ਧਾਰੇ ਭੇਖ, ਨਿਰਗੁਣ ਸਰਗੁਣ ਫੇਰਾ ਪਾਈਆ । ਭਗਤ ਭਗਵਾਨ ਜੋ ਕਰੇ ਹੇਤ, ਹਿਤਕਾਰੀ ਸਦ ਅਖਵਾਈਆ । ਰੁੱਤ ਸੁਹੰਜਣੀ ਸਦਾ ਮੌਲੇ ਚੇਤ, ਖ਼ਿਜ਼ਾਂ ਰੂਪ ਨਾ ਕੋਇ ਵਖਾਈਆ । ਤਿਸ ਸਹਿਬ ਕਰਾਂ ਆਦੇਸ, ਨਿਉਂ ਨਿਉਂ ਲਾਗਾਂ ਪਾਈਆ । ਦੂਰ ਦੁਰਾਡਾ ਨੇੜੇ ਹੋ ਕੇ

ਲਵਾਂ ਵੇਖ, ਨੇਤਰ ਲੋਚਣ ਨੈਣ ਅੱਖ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਨਿਤ ਨਵਿਤ ਆਪਣਾ ਰਾਹ ਜਣਾਈਆ । ਸਤਿਜੁਗ ਕਹੇ ਪ੍ਰਭ ਦੱਸੇ ਰਾਹ, ਮਾਰਗ ਇਕੋ ਇਕ ਸਮਝਾਇੰਦਾ । ਸਤਿ ਪੁਰਖ ਨਿਰੰਜਣ ਬਣ ਮਲਾਹ, ਬੇੜਾ ਆਪਣੇ ਕੰਧ ਉਠਾਇੰਦਾ । ਸੰਤ ਸੁਹੇਲੇ ਲਏ ਜਗਾ, ਆਲਸ ਨਿੰਦਰਾ ਮੇਟ ਮਿਟਾਇੰਦਾ । ਸ਼ਬਦ ਇਸ਼ਾਰੇ ਨਾਲ ਲਏ ਸਮਝਾ, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਇੰਦਾ । ਵੇਖਣਹਾਰਾ ਸਮੁੰਦ ਸਾਗਰ ਜਲ ਅਸਗਾਹ, ਉਚੇ ਟਿੱਲੇ ਪਰਬਤ ਫੋਲ ਫੋਲਾਇੰਦਾ । ਦ੍ਰਿੜਾਵਣਹਾਰਾ ਆਪਣਾ ਨਾਂ, ਨਾਉਂ ਨਿਰੰਕਾਰਾ ਆਪ ਜਣਾਇੰਦਾ । ਬਣਨਹਾਰਾ ਪਿਤਾ ਮਾਂ, ਪੂਤ ਸਪੂਤੇ ਗੋਦ ਬਹਾਇੰਦਾ । ਬਣਾਵਣਹਾਰਾ ਹੰਸ ਕਾਂ, ਕਾਗੋਂ ਹੰਸ ਆਪ ਉਡਾਇੰਦਾ । ਦੇਵਣਹਾਰਾ ਠੰਡੀ ਛਾਂ, ਸਿਰ ਆਪਣਾ ਹੱਥ ਟਿਕਾਇੰਦਾ । ਕਲਜੁਗ ਅੰਤਮ ਲਹਿਣਾ ਰਿਹਾ ਮੁਕਾ, ਸਤਿਜੁਗ ਸਾਚਾ ਰੰਗ ਰੰਗਾਇੰਦਾ । ਸਾਚਾ ਸੋਹਲਾ ਰਿਹਾ ਗਾ, ਸੋਹੰ ਢੋਲਾ ਆਪ ਜਣਾਇੰਦਾ । ਬਣ ਵਿਚੋਲਾ ਰਿਹਾ ਮਿਲਾ, ਦੂਰ ਦੁਰਾਡਾ ਪੰਧ ਮੁਕਾਇੰਦਾ । ਪੜਦਾ ਉਹਲਾ ਚੁਕਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਘਰ ਸਾਚੇ ਸੋਭਾ ਪਾਇੰਦਾ । ਸਤਿਜੁਗ ਕਹੇ ਪ੍ਰਭ ਮੇਰਾ ਸੁਆਮੀ, ਸਾਹਿਬ ਸਤਿਗੁਰ ਨਜ਼ਰੀ ਆਈਆ । ਆਦਿ ਜੁਗਾਦਿ ਜਿਸ ਦੀ ਅਕਥ ਕਹਾਣੀ, ਰਸਨਾ ਜਿਹਵਾ ਕਥ ਨਾ ਸਕੇ ਰਾਈਆ । ਜੁਗ ਚੌਕੜੀ ਜਿਸ ਦੀ ਸਦਾ ਜਵਾਨੀ, ਜੋਬਨ ਮਤਾ ਬੇਪਰਵਾਹੀਆ । ਹੁਕਮੇ ਅੰਤਰ ਜਿਸ ਦੇ ਚਾਰੇ ਖਾਣੀ, ਚਾਰੇ ਬਾਣੀ ਢੋਲਾ ਗਾਈਆ । ਚਰਨਾਂ ਹੇਠਾਂ ਜਿਸ ਦੇ ਸੱਤ ਸਰੋਵਰ ਸਾਗਰ ਅੰਮ੍ਰਿਤ ਪਾਣੀ, ਜਲ ਧਰਤੀ ਖ਼ਾਕ ਰਹੀ ਰਾਹ ਤਕਾਈਆ । ਜਿਸ ਦਾ ਮਹੱਲ ਅਟੱਲ ਉਚ ਪਦ ਨਿਰਬਾਣੀ, ਸਚਖੰਡ ਬੈਠਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਹੋ ਸਹਾਈਆ । ਸਤਿਜੁਗ ਕਹੇ ਮੇਰਾ ਭਗਵਾਨ, ਭਗਵਨ ਇਕੋ ਨਜ਼ਰੀ ਆਈਆ । ਕਲਜੁਗ ਅੰਤਮ ਦਿਤਾ ਦਾਨ, ਦਾਤ ਅਮੋਲਕ ਮੇਰੀ ਝੋਲੀ ਪਾਈਆ । ਸਤਿ ਧਰਮ ਦਾ ਬਣਾਏ ਕਾਹਨ, ਬੰਸਰੀ ਨਾਮ ਹੱਥ ਫੜਾਈਆ । ਧਰਮ ਵਖਾਏ ਇਕ ਨਿਸ਼ਾਨ, ਸ਼ਾਹ ਸੁਲਤਾਨਾ ਆਪ ਝੁਲਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਏ ਬਿਆਨ, ਪਿਛਲਾ ਲੇਖਾ ਰਿਹਾ ਚੁਕਾਈਆ । ਅੱਗੇ ਰਹੀ ਨਾ ਕਿਸੇ ਆਣ, ਸੀਸ ਸਕੇ ਨਾ ਕੋਇ ਉਠਾਈਆ । ਸਾਰੇ ਚਰਨੀਂ ਡਿਗੇ ਆਣ, ਧੂੜੀ ਟਿੱਕਾ ਮਸਤਕ ਲਾਈਆ । ਮੈਂ ਨੰਨ੍ਹਾ ਬੱਚਾ ਵੇਖ ਹੋਇਆ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਚੁਪ ਚੁਪੀਤੇ ਸਾਰੇ ਸੁਣਨ ਫ਼ਰਮਾਨ, ਬਣ ਫ਼ਰਮਾਬਰਦਾਰ ਸੇਵ ਕਮਾਈਆ । ਤੂੰ ਹੀ ਤੂੰ ਹੀ ਢੋਲਾ ਸਾਰੇ ਗਾਣ, ਮੈਂ ਮਮਤਾ ਚੁੱਕੀ ਸਰਬ ਲੋਕਾਈਆ । ਨੇਤਰ ਲੋਚਣ ਦਰਸ਼ਨ ਇਕੋ ਨੈਣ ਪਾਣ, ਕਵਲ ਨੈਣ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਮੋਹੇ ਬਾਲੇ ਰਿਹਾ ਸਮਝਾਈਆ । ਬਾਲਾ ਕਹੇ ਪ੍ਰਭ ਦੇਵੇ ਸੱਦਾ, ਧੁਰ ਦਾ ਹੁਕਮ ਆਪ ਜਣਾਈਆ । ਹੁਕਮੇ ਅੰਦਰ ਦੋ ਜਹਾਨ ਬੱਧਾ, ਲੋਕ ਪਰਲੋਕ ਆਪਣਾ ਬੰਧਨ ਰਿਹਾ ਸੁਹਾਈਆ । ਸਤਿਜੁਗ ਤੇਰਾ ਪੜਦਾ ਕੱਜਾ, ਸਿਰ ਆਪਣਾ ਹੱਥ ਟਿਕਾਈਆ । ਆਪਣੀ ਧਾਰੋਂ ਉਠਿਆ ਬੱਚਾ, ਬਚਪਨ ਪ੍ਰਭ ਦੀ ਝੋਲੀ ਪਾਈਆ । ਪੁਰਖ ਅਕਾਲ ਬਚਨ ਦੇਵੇ ਸੱਚਾ, ਸਾਚੀ ਸਿਖਿਆ ਇਕ ਦ੍ਰਿੜਾਈਆ । ਜਨ ਭਗਤ ਕੋਈ ਨਾ ਰਹੇ ਕੱਚਾ, ਡੋਰੀ ਤੇਰੇ ਹੱਥ ਫੜਾਈਆ । ਦੋਏ ਜੋੜ ਕਰ ਨਿਮਸਕਾਰ ਕਹੇ ਅੱਛਾ, ਵਾਹਵਾ ਤੇਰੀ ਵਡ ਵਡਿਆਈਆ । ਸਾਚਾ ਮਾਰਗ ਮੋਹੇ ਦੱਸਾ, ਜਨ ਭਗਤਾਂ

੧੦੩੧ ੧੫

ਮੇਲ ਮਿਲਾਈਆ । ਭਗਤਾਂ ਵਿਚ ਬਹਿ ਕੇ ਲੋਕਮਾਤ ਵਸਾਂ, ਅਡਰਾ ਡੇਰਾ ਨਾ ਕੋਇ ਲਗਾਈਆ । ਦੂਰ ਦੁਰਾਡਾ ਵੇਖ ਕੇ ਨੱਠਾਂ, ਬਣ ਪਾਂਧੀ ਪੰਧ ਮੁਕਾਈਆ । ਦੋਏ ਜੋੜ ਚਰਨੀ ਢੱਠਾਂ, ਨਿਉਂ ਨਿਉਂ ਸੀਸ ਝੁਕਾਈਆ । ਧੰਨ ਭਾਗ ਜਿਸ ਮਿਲਿਆ ਪ੍ਰਭ ਤੱਤਾਂ ਅੱਠਾਂ, ਨੌ ਦੁਆਰੇ ਡੇਰਾ ਢਾਹੀਆ । ਸਾਚੇ ਮੰਦਰ ਬਹਿ ਕੇ ਹੱਸਾਂ, ਜਿਸ ਘਰ ਵੱਜੇ ਤੇਰੀ ਵਧਾਈਆ । ਚਾਰ ਕੁੰਟ ਦਹਿ ਦਿਸ਼ਾ ਨੌ ਖੰਡ ਪ੍ਰਿਥਮੀ ਹੋਕਾ ਦੇ ਦੇ ਦੱਸਾਂ, ਉਚੀ ਕੂਕ ਕੂਕ ਸੁਣਾਈਆ । ਕੂੜ ਕੁੜਿਆਰੇ ਪਾਵਾਂ ਗ਼ਸ਼ਾਂ, ਸੁਰਤੀ ਸੁਰਤ ਦਿਆਂ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸੱਚਾ ਵਰ, ਮਾਰਗ ਸੱਚਾ ਇਕ ਦ੍ਰਿੜਾਈਆ । ਸਤਿਜੁਗ ਕਹੇ ਪ੍ਰਭ ਹੋਇਆ ਦਿਆਲ, ਦੀਨ ਦਿਆਲ ਦਇਆ ਕਮਾਈਆ । ਸਚ ਦੁਆਰਾ ਦੱਸਿਆ ਇਕ ਧਰਮਸਾਲ, ਸਾਚਾ ਧਰਮ ਦਏ ਜਣਾਈਆ । ਜਿਸ ਘਰ ਗ਼ਰੀਬ ਨਿਮਾਣਿਆਂ ਹੋਏ ਪ੍ਰਿਤਪਾਲ, ਊਚਾਂ ਨੀਚਾਂ ਰਾਉ ਰੰਕਾਂ ਮਿਲੇ ਵਡਿਆਈਆ । ਜਿਥੇ ਇਕੋ ਮਾਣ ਬਿਰਧ ਬਾਲ, ਵੱਡਾ ਛੋਟਾ ਨਾ ਕੋਇ ਰਖਾਈਆ । ਜਿਸ ਘਰ ਵਸਣ ਸ਼ਾਹ ਕੰਗਾਲ, ਰੂਪ ਇਕੋ ਨਜ਼ਰੀ ਆਈਆ । ਸੋ ਦੁਆਰ ਸਤਿਜੁਗ ਲੈਣਾ ਭਾਲ, ਪੁਰਖ ਅਬਿਨਾਸ਼ੀ ਦਿਤਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦਿਤਾ ਸੱਚਾ ਵਰ, ਸਚ ਸੰਦੇਸਾ ਆਪ ਅਲਾਈਆ । ਸਤਿਜੁਗ ਕਹੇ ਮੋਹੇ ਮਿਲੇ ਦੁਆਰ, ਜਿਸ ਘਰ ਵਸੇ ਬੇਪਰਵਾਹੀਆ । ਨਜ਼ਰੀ ਆਵੇ ਸਾਂਝਾ ਯਾਰ, ਲਾਸ਼ਰੀਕ ਨੂਰ ਇਲਾਹੀਆ । ਸਾਚਾ ਕਾਅਬਾ ਦਏ ਵਖਾਲ, ਹੁਜਰਾ ਇਕੋ ਇਕ ਸਮਝਾਈਆ । ਜਲਵਾ ਦੇਵੇ ਨੂਰ ਜਲਾਲ, ਜ਼ਾਹਰ ਜ਼ਹੂਰ ਬੇਪਰਵਾਹੀਆ । ਜੋਤੀ ਜਗੇ ਬੇਮਿਸਾਲ, ਮਿਸਲ ਸਕੇ ਨਾ ਕੋਈ ਸਮਝਾਈਆ । ਸੋ ਮੰਦਰ ਵੇਖਾਂ ਸੱਚੀ ਧਰਮਸਾਲ, ਧਰਮ ਦੁਆਰਾ ਸੋਭਾ ਪਾਈਆ । ਨੌ ਖੰਡ ਪ੍ਰਿਥਮੀ ਵਿਚੋਂ ਕਰਾਂ ਭਾਲ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਵੇਖਾਂ ਹਾਲ, ਘਰ ਘਰ ਆਪਣੀ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦਿਤਾ ਸਾਚਾ ਵਰ, ਮੋਹੇ ਮਾਰਗ ਇਕ ਸਮਝਾਈਆ । ਪ੍ਰਭ ਜੀ ਮਾਰਗ ਦੱਸਿਆ ਮਾਤ, ਸ਼ਬਦ ਸੰਦੇਸਾ ਇਕ ਸੁਣਾਈਆ । ਜਨ ਭਗਤਾਂ ਤੇਰਾ ਨਿਭੇ ਸਾਥ, ਦੂਜਾ ਸੰਗ ਨਾ ਕੋਇ ਨਿਭਾਈਆ । ਸਚ ਦੁਆਰੇ ਪੜ੍ਹਨੀ ਗਾਥ, ਪੂਜਾ ਇਕੋ ਇਕ ਵਖਾਈਆ । ਪਤਣ ਮਿਲੇ ਮਾਹੀ ਘਾਟ, ਬੇਪਰਵਾਹ ਨਜ਼ਰੀ ਆਈਆ । ਡੂੰਘੇ ਸਾਗਰ ਪੁੱਛੇ ਵਾਤ, ਜਗਤ ਭਵਰੀ ਬਾਹਰ ਕਢਾਈਆ । ਪਿਛਲੀ ਮੇਟ ਅੰਧੇਰੀ ਰਾਤ, ਤੇਰਾ ਸਾਚਾ ਚੰਦ ਚਮਕਾਈਆ । ਜਨ ਭਗਤਾਂ ਨਾਲ ਕਰਾਏ ਬਾਤ, ਬਾਤਨ ਆਪਣਾ ਭੇਵ ਜਣਾਈਆ । ਨਜ਼ਰੀ ਆਏ ਸਾਖਿਆਤ, ਸਾਖੀ ਸਾਚੀ ਦਏ ਸੁਣਾਈਆ । ਲੇਖਾ ਜਾਣੇ ਕਾਇਨਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦਿਤਾ ਇਕ ਵਰ, ਸਤਿਜੁਗ ਸਚ ਸਚ ਸਮਝਾਈਆ । ਸਤਿਜੁਗ ਕਹੇ ਪ੍ਰਭ ਤੇਰੀ ਸਿਖਿਆ, ਸਚ ਸੁਆਮੀ ਝੋਲੀ ਪਾਈਆ । ਚਾਰ ਵਰਨ ਤੇਰਾ ਨੂਰ ਦਿਸਿਆ, ਚਾਰ ਕੁੰਟ ਤੇਰੀ ਰੁਸ਼ਨਾਈਆ । ਜ਼ਾਤ ਪਾਤ ਦੀਨ ਮਜ਼੍ਹਬ ਤੇਰਾ ਨਜ਼ਰ ਨਾ ਆਇਆ ਹਿਸਿਆ, ਦੂਜੀ ਵੰਡ ਨਾ ਕੋਇ ਵੰਡਾਈਆ । ਹਰ ਘਟ ਅੰਤਰ ਦਿਸੇ ਸੁੱਤਾ ਦੇ ਕਰ ਪਿਠਿਆ, ਤੇਰੀ ਕਰਵਟ ਸਕੇ ਨਾ ਕੋਇ ਬਦਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਨਾਉਂ ਦਾ ਪੜ੍ਹਦੇ ਚਿਠਿਆ, ਬਣ ਚਿਠੀ ਰਸਾਇਣ ਘਰ ਘਰ ਹੋਕਾ ਗਏ ਸੁਣਾਈਆ । ਜਗਤ ਜਹਾਨ ਦੱਸਣ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਭਗਤ ਭਗਵਾਨ ਲੇਖਾ ਇਕੋ ਲਿਖਿਆ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਸਤਿਜੁਗ ਕਹੇ ਪ੍ਰਭ ਖੋਲ੍ਹੇ ਭੇਦ, ਅਨਭਵ ਆਪਣੀ ਧਾਰ ਜਣਾਈਆ । ਸਮਝ ਨਾ ਸਕੇ ਚਾਰ ਵੇਦ, ਪੁਰਾਨ ਅਠਾਰਾਂ ਸੀਸ ਨਿਵਾਈਆ । ਨਿਰਗੁਣ ਨਿਰਗੁਣ ਖੇਲੇ ਖੇਡ, ਸਰਗੁਣ ਸਰਗੁਣ ਵੇਖ ਵਖਾਈਆ । ਜੁਗ ਚੌਕੜੀ ਗੁਰ ਅਵਤਾਰ ਪੀਰ ਪੈਗ਼ੰਬਰ ਭੇਜ, ਭਜਨ ਬੰਦਗੀ ਨਾਉਂ ਸੰਦੇਸਾ ਇਕ ਸੁਣਾਈਆ । ਕੰਤ ਬਣ ਕੇ ਹੰਡਾਉਂਦਾ ਰਿਹਾ ਸੇਜ, ਨਾਰੀ ਆਪਣਾ ਰੰਗ ਰੰਗਾਈਆ । ਕਲਜੁਗ ਅੰਤਮ ਨੂਰੀ ਤੇਜ, ਜੋਤੀ ਜਲਵਾ ਕਰੇ ਰੁਸ਼ਨਾਈਆ । ਆਦਿ ਜੁਗਾਦੀ ਰਹੇ ਸਦਾ ਹਮੇਸ, ਨਾ ਮਰੇ ਨਾ ਜਾਈਆ । ਸਤਿਜੁਗ ਸਾਚੇ ਦਏ ਸੰਦੇਸ, ਧੁਰ ਸੁਨੇਹੜਾ ਇਕ ਸੁਣਾਈਆ । ਪੁਰਖ ਅਕਾਲ ਵਡ ਨਰੇਸ, ਦੋ ਜਹਾਨਾਂ ਨਜ਼ਰੀ ਆਈਆ । ਮੁੱਛ ਦਾੜ੍ਹੀ ਨਾ ਕੋਈ ਕੇਸ, ਮੂੰਡ ਮੁੰਡਾਏ ਨਾ ਬੇਪਰਵਾਹੀਆ । ਲੇਖਾ ਜਾਣੇ ਮੁੱਲਾਂ ਸ਼ੇਖ਼, ਪੀਰ ਪੈਗ਼ੰਬਰ ਗੌਂਸ ਕੁਤਬ ਮਸਾਇਕ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਰੰਗ ਜਣਾਈਆ । ਸਤਿਜੁਗ ਤੇਰਾ ਰੰਗ ਅਵੱਲਾ ਹਰਿ ਸਤਿਗੁਰ ਆਪ ਬਣਾਇਆ । ਜਨ ਭਗਤ ਫੜਾਏ ਇਕੋ ਪੱਲਾ, ਭਗਤੀ ਗੰਢ ਨਾਮ ਪਵਾਇਆ । ਸਚ ਸੰਦੇਸ਼ ਧੁਰ ਦਾ ਘੱਲਾ, ਸਾਚਾ ਨਾਮ ਮੰਤਰ ਇਕ ਦ੍ਰਿੜ੍ਹਾਇਆ । ਮਹੱਲ ਅਟੱਲ ਇਕੋ ਮੱਲਾ, ਉਚ ਅਗੰਮ ਅਥਾਹ ਡੇਰਾ ਲਾਇਆ । ਜੋਤੀ ਸ਼ਬਦੀ ਧਾਰ ਰੱਲਾ, ਰੂਪ ਰੰਗ ਰੇਖ ਨਾ ਕੋਇ ਵਖਾਇਆ । ਤੀਰ ਤਲਵਾਰ ਨਾ ਕੋਇ ਭੱਲਾ, ਨੇਜ਼ਾ ਹੱਥ ਨਾ ਕੋਇ ਚਮਕਾਇਆ । ਕਰੇ ਖੇਲ ਅਛੱਲ ਅਛੱਲਾ, ਵਲ ਛਲਧਾਰੀ ਆਪਣਾ ਫੇਰਾ ਪਾਇਆ । ਸਚ ਪਰਕਾਸ਼ ਦੀਪਕ ਬਲਾ, ਤੇਲ ਬਾਤੀ ਨਾ ਕੋਇ ਟਿਕਾਇਆ । ਭਗਤ ਭਗਵਾਨ ਦੁਆਰੇ ਖਲਾ, ਖ਼ਾਲਕ ਖ਼ਲਕ ਨਜ਼ਰ ਕਿਸੇ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਸਤਿਜੁਗ ਮੀਤਾ ਠਾਂਡਾ ਸੀਤਾ ਭਗਤਨ ਰੀਤਾ ਇਕੋ ਰਾਹ ਵਖਾਇਆ । ਸੋ ਪੁਰਖ ਕਹੇ ਸੁਣ ਸਤਿਜੁਗ ਬਾਲ, ਬਾਲੀ ਬੁਧ ਜਣਾਈਆ । ਦੀਨ ਦਿਆਲ ਕਹੇ ਸੁਣ ਭਗਤ ਜਵਾਨ, ਜੋਬਨ ਤੇਰਾ ਇਕੋ ਨਜ਼ਰੀ ਆਈਆ । ਸਤਿ ਦੁਆਰਾ ਧਰਮਸਾਲ, ਸਚਖੰਡ ਨਿਵਾਸੀ ਦਏ ਸਮਝਾਈਆ । ਛੱਤੀ ਜੁਗ ਜਿਸ ਦੀ ਕਰਦੇ ਰਹੇ ਭਾਲ, ਜੁਗ ਚੋਕੜੀ ਨੈਣ ਉਠਾਈਆ । ਗੁਰ ਅਵਤਾਰ ਜਿਸ ਦਾ ਦੇਂਦੇ ਰਹੇ ਅਹਿਵਾਲ, ਪੀਰ ਪੈਗ਼ੰਬਰ ਲੇਖ ਲਿਖਾਈਆ । ਜਿਸ ਨੂੰ ਮੰਨਦੇ ਰਹੇ ਕਾਲ ਦਿਆਲ, ਮਹਾਂਕਾਲ ਨਾਉਂ ਵਡਿਆਈਆ । ਸੋ ਲੇਖਾ ਜਾਣੇ ਦੋ ਜਹਾਨ, ਨਿਰਗੁਣ ਸਰਗੁਣ ਆਪਣੀ ਕਾਰ ਕਮਾਈਆ । ਸਤਿਜੁਗ ਸਾਚੇ ਦੇਵੇ ਦਾਨ, ਸਚ ਨਾਮ ਆਪ ਵਰਤਾਈਆ । ਭਗਤ ਭਗਵਾਨ ਕਰ ਪਰਵਾਨ, ਪਰਵਾਨਾ ਇਕੋ ਹੱਥ ਫੜਾਈਆ । ਬ੍ਰਹਿਮੰਡ ਖੰਡ ਖ਼ੁਸ਼ੀ ਮਨਾਣ, ਪੁਰੀ ਲੋਅ ਰਾਗ ਅਲਾਈਆ । ਵਿਸ਼ਨ ਬ੍ਰਹਮਾ ਸ਼ਿਵ ਰਾਹ ਤਕਾਣ, ਨੇਤਰ ਨੈਣ ਬੈਠੇ ਉਠਾਈਆ । ਸਤਿਜੁਗ ਤੇਰਾ ਮੰਗਿਆ ਮਿਲੇ ਦਾਨ, ਪੁਰਖ ਅਕਾਲ ਦਇਆ ਕਮਾਈਆ । ਜਨ ਭਗਤ ਤੇਰਾ ਭਗਵਨ ਹੋਇਆ ਰਖਵਾਲ, ਦੂਜਾ ਨਜ਼ਰ ਕੋਇ ਨਾ ਆਈਆ । ਜਗਤ ਵਿਚੋਲਾ ਬਣਿਆ ਆਣ, ਬੇਪਹਿਚਾਨ ਫੇਰਾ ਪਾਈਆ । ਪ੍ਰਭ ਸਰਨਾਈ ਸੱਚਾ ਧਰਮ ਈਮਾਨ, ਜ਼ਾਤ ਪਾਤ ਦੀਨ ਮਜ਼੍ਹਬ ਸਭ ਦੀ ਜ਼ਾਤ ਜ਼ਾਤੀ ਨੂਰ ਇਕ ਖ਼ੁਦਾਈਆ । ਜਿਸ ਦੀ ਕਦੇ ਨਾ ਹੋਏ ਵਫ਼ਾਤ, ਮੜ੍ਹੀ ਗੋਰ ਨਾ ਕੋਇ ਦਬਾਈਆ । ਸੋ ਸਤਿਜੁਗ ਦੇਵੇ ਦਾਤ, ਸੋ ਭਗਤਾਂ ਵਸੇ ਸਾਥ, ਸੋ ਦੋਹਾਂ ਲੇਖਾ ਰੱਖੇ ਆਪਣੇ ਹਾਥ, ਬਿਨ ਹੱਥਾਂ ਸਭ ਨੂੰ ਬੰਧਨ ਪਾਈਆ । ਰਲ ਮਿਲ ਦੋ ਜਹਾਨ ਬ੍ਰਹਿਮੰਡ ਖੰਡ ਗੁਰ ਅਵਤਾਰ ਪੀਰ ਪੈਗ਼ੰਬਰ ਕਰ ਸਜਦਾ ਨਮਸਕਾਰ ਨਮੋ ਨਮੋ ਕਹਿਣ ਸ਼ਾਬਾਸ਼, ਸ਼ਹਿਨਸ਼ਾਹ ਤੇਰੀ ਵਡ ਵਡਿਆਈਆ ।

ਤੂੰ ਕਰਤਾ ਪੁਰਖ ਪੂਰੀ ਕਰਨਹਾਰਾ ਆਸ, ਆਸਾ ਅਸਲ ਵਿਚੋਂ ਅਸਲੀਅਤ ਆਪਣੀ ਦਏਂ ਜਣਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਤਮਾਸ਼, ਵੇਖਣਹਾਰਾ ਸਮਝ ਕੋਇ ਨਾ ਪਾਈਆ ।

## ੮ ਮੱਘਰ ੨੦੨੦ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹਿ ਪਿੰਡ ਦੱਈਆ ਜ਼ਿਲਾ ਗੁਰਦਾਸ ਪੁਰ

ਸਤਿਜੁਗ ਕਹੇ ਮੈਂ ਤੇਰਾ ਬਰਦਾ, ਬਾਲਾ ਨੱਢਾ ਧਿਆਨ ਲਗਾਈਆ । ਪੁਰਖ ਅਕਾਲ ਚਾਕਰ ਤੇਰੇ ਦਰ ਦਾ, ਦਿਵਸ ਰੈਣ ਸੇਵ ਕਮਾਈਆ । ਸਰਨ ਸਰਨਾਈ ਇਕੋ ਪੜਦਾ ਦੂਜੀ ਓਟ ਨਾ ਕੋਇ ਰਖਾਈਆ । ਨਿਤ ਨਵਿਤ ਤੈਥੋਂ ਡਰਦਾ, ਨੇਤਰ ਅੱਖ ਨਾ ਕੋਇ ਉਠਾਈਆ । ਤੇਰਾ ਢੋਲਾ ਸਾਚਾ ਪੜ੍ਹਦਾ, ਧੁਰ ਦਾ ਰਾਗ ਅਲਾਈਆ । ਸਾਚੇ ਭਗਤਾਂ ਪੱਲੂ ਫੜਦਾ, ਫੜ ਆਪਣੀ ਗੰਢ ਬੰਧਾਈਆ । ਸਾਚੀ ਤਰਨੀ ਮਾਤ ਤਰਦਾ, ਸਰੋਵਰ ਇਕੋ ਵੇਖ ਵਖਾਈਆ । ਸਾਚੇ ਪੌੜੇ ਨਿਰਗੁਣ ਚੜ੍ਹਦਾ, ਮਹੱਲ ਅਟੱਲ ਵੇਖ ਵਖਾਈਆ । ਨਾ ਜੀਊਂਦਾ ਨਾ ਕਦੇ ਮਰਦਾ, ਤੇਰੀ ਗੋਦ ਸੋਭਾ ਪਾਈਆ । ਤੂੰ ਸਾਹਿਬ ਸੁਲਤਾਨ ਪ੍ਰਭ ਲੇਖਾ ਜਾਣੇ ਘਰ ਘਰ ਦਾ, ਦਰ ਦਰ ਆਪਣਾ ਪੜ੍ਹਦਾ ਲਾਹੀਆ । ਤੇਰਾ ਖੇਲ ਨਰ ਹਰਿ ਦਾ, ਨਰਾਇਣ ਤੇਰੀ ਸ਼ਹਿਨਸ਼ਾਹੀਆ । ਤੇਰਾ ਭਾਣਾ ਕੋਈ ਨਾ ਝੱਲਦਾ, ਭਰਮੇ ਭੁੱਲੀ ਸਰਬ ਲੋਕਾਈਆ । ਸਚ ਸਿੰਘਾਸਣ ਗੁਰਮੁਖ ਵਿਰਲਾ ਮੱਲਦਾ, ਜਿਸ ਸਿਰ ਆਪਣਾ ਹੱਥ ਟਿਕਾਈਆ । ਧੁਰ ਸੰਦੇਸ਼ ਅਗੰਮੀ ਘੱਲਦਾ, ਗੁਰ ਅਵਤਾਰ ਪੀਰ ਪੈਗ਼ੰਬਰ ਕਰ ਪੜ੍ਹਾਈਆ । ਜੋਤੀ ਸ਼ਬਦੀ ਧਾਰ ਰਲਦਾ, ਨੂਰ ਜ਼ਹੂਰ ਇਕ ਵਖਾਈਆ । ਕਰੇਂ ਖੇਲ ਛਿਨ ਪਲ ਦਾ, ਘੜੀ ਵੰਡ ਨਾ ਕੋਇ ਵੰਡਾਈਆ । ਦੀਪਕ ਇਕੋ ਤੇਰਾ ਬਲਦਾ, ਲੱਖ ਚੁਰਾਸੀ ਕਰੇ ਰੁਸ਼ਨਾਈਆ । ਹਉਂ ਸੇਵਕ ਚਾਕਰ ਖ਼ਾਕ ਤੇਰਾ ਹਾਂ ਬਰਦਾ, ਵਾਰੀ ਘੋਲੀ ਘੋਲ ਘੁਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਸੀਸ ਨਿਵਾਈਆ । ਸਤਿਜੁਗ ਸੁਣ ਲਾਡਲੇ ਪੁੱਤ, ਸੋ ਸਤਿਗੁਰ ਆਪ ਜਣਾਈਆ । ਤੇਰੀ ਸੋਹਵੇ ਮਾਤ ਰੁੱਤ, ਰੁੱਤ ਰੁਤੜੀ ਇਕ ਮਹਿਕਾਈਆ । ਕਲਜੁਗ ਕੂੜ ਵਿਕਾਰਾ ਕੱਢ ਕੁੱਟ, ਨਵ ਨੌ ਚਾਰ ਰਹਿਣ ਨਾ ਪਾਈਆ । ਜੂਠੀ ਝੂਠੀ ਜੜ੍ਹ ਪੁੱਟ, ਸਚ ਸੁਚ ਬੂਟਾ ਇਕ ਵਖਾਈਆ । ਹਰਿ ਭਗਤ ਜੋ ਬੈਠੇ ਰੁੱਠ, ਤਿਨ੍ਹਾਂ ਮੇਰੇ ਨਾਲ ਮਿਲਾਈਆ । ਉਜਲ ਕਰ ਮਾਤ ਮੁਖ, ਗੀਤ ਗੋਬਿੰਦ ਇਕ ਸੁਣਾਈਆ । ਸਫਲ ਕਰ ਜਨਨੀ ਕੁੱਖ, ਸਾਚੀ ਸਿਖਿਆ ਇਕ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਸਤਿਜੁਗ ਕਹੇ ਮੇਰੇ ਨਿਰੰਕਾਰ, ਹੱਥ ਤੇਰੇ ਵਡਿਆਈਆ । ਨਿਰਧਨ ਹੋਵਾਂ ਸੇਵਾਦਾਰ, ਸਰਧਨ ਸਾਚੀ ਸੇਵ ਕਮਾਈਆ । ਸਾਚਾ ਬਖ਼ਸ਼ ਇਕ ਭੰਡਾਰ, ਵਸਤ ਅਤੋਟ ਅਤੁਟ ਵਰਤਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਕੋਟਨ ਕੋਟ ਕਾਲ ਵਿਹਾਈਆ । ਸੇਵਾ ਕਰ ਕੇ ਗਏ ਗੁਰੂ ਅਵਤਾਰ, ਪੀਰ ਪੈਗ਼ੰਬਰ ਵੇਸ ਵਟਾਈਆ । ਤੇਰੇ ਨਾਉਂ ਦਾ ਬੋਲ ਜੈਕਾਰ, ਕਲਮਾ ਨਬੀ ਰਸੂਲ ਪੜ੍ਹਾਈਆ । ਤੇਰਾ ਮਾਰਗ ਦੱਸ ਸੰਸਾਰ, ਸਾਚੀ ਸਿਖਿਆ ਇਕ ਜਣਾਈਆ । ਮਹੱਲ ਅਟੱਲ ਉਚ ਮਨਾਰ, ਸਚਖੰਡ ਸਾਚਾ ਗਏ ਵਖਾਈਆ ।, ਉਚੀ ਕੂਕ ਕਰ ਪੁਕਾਰ, ਰਸਨਾ ਜਿਹਵਾ ਬੱਤੀ ਦੰਦ ਗਏ ਹਿਲਾਈਆ । ਤੇਰਾ ਅੰਤ ਨਾ ਪਾਇਆ ਕਿਸੇ ਪਾਰਾਵਾਰ, ਬੇਅੰਤ ਤੇਰੀ ਵਡਿਆਈਆ । ਮੈਂ ਬਾਲਕ ਨੱਢਾ ਤੇਰੇ ਦਰ ਖੜਾ ਭਿਖਾਰ,

ਭਿਖਕ ਆਪਣੀ ਝੋਲੀ ਡਾਹੀਆ । ਕਿਰਪਾ ਕਰ ਸਿਰਜਣਹਾਰ, ਸਮਰਥ ਸਿਰ ਮੇਰੇ ਹੱਥ ਟਿਕਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਚਾਰੋਂ ਕੁੰਟ ਕਰ ਵਿਚਾਰ, ਦਹਿ ਦਿਸ਼ਾ ਧਿਆਨ ਲਗਾਈਆ । ਕਲਜੁਗ ਦਿਸੇ ਰੈਣ ਅੰਧਿਆਰ, ਸਾਚਾ ਚੰਦ ਨਾ ਕੋਇ ਚਮਕਾਈਆ । ਨਾਤਾ ਤੁਟਾ ਪੁਰਖ ਨਾਰ, ਵਿਭਚਾਰ ਕਰੇ ਲੋਕਾਈਆ । ਪਿਤਾ ਪੂਤ ਨਾ ਕੋਇ ਪਿਆਰ, ਮਾਤਾ ਗੋਦ ਨਾ ਕੋਇ ਸੁਹਾਈਆ । ਸ੍ਰਿਸ਼ਟ ਸਬਾਈ ਹਾਹਾਕਾਰ, ਧੀਰਜ ਧੀਰ ਨਾ ਕੋਇ ਰਖਾਈਆ । ਸ਼ਾਹ ਸੁਲਤਾਨਾਂ ਆਈ ਹਾਰ, ਰਾਜ ਰਾਜਾਨ ਬੈਠੇ ਡੇਰਾ ਡਾਹੀਆ । ਕੂੜੀ ਕਿਰਿਆ ਹੋਈ ਪਰਧਾਨ, ਮਾਇਆ ਮਮਤਾ ਨਾਚ ਨਚਾਈਆ । ਦਰ ਦਰ ਘਰ ਘਰ ਫਿਰੇ ਸ਼ੈਤਾਨ, ਸ਼ਰਅ ਸ਼ਰੀਅਤ ਕਰੇ ਲੜਾਈਆ । ਸਾਬਤ ਦਿਸੇ ਨਾ ਕੋਇ ਈਮਾਨ, ਧਰਮ ਦੁਆਰ ਸੋਭਾ ਕੋਇ ਨਾ ਪਾਈਆ । ਗੁਰ ਦਰ ਮੰਦਰ ਮਸਜਦ ਸ਼ਿਵਦਵਾਲੇ ਮੱਠ ਰੋਵਣ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਕਰਨ ਪੁਕਾਰ, ਚਾਰੋਂ ਕੁੰਟ ਵੇਖ ਵਖਾਈਆ । ਅੰਜੀਲ ਕੁਰਾਨ ਡਿਗੀ ਮੂੰਹ ਦੇ ਭਾਰ, ਭਾਰ ਸਕੇ ਨਾ ਕੋਇ ਉਠਾਈਆ । ਖਾਣੀ ਬਾਣੀ ਸਕੇ ਨਾ ਕੋਇ ਵਿਚਾਰ, ਬੁਧੀ ਬੈਠੀ ਆਪਣਾ ਆਪ ਗਵਾਈਆ । ਮਨ ਮਨਸਾ ਰਹੀ ਲਲਕਾਰ, ਜਗਤ ਆਪਣਾ ਬਲ ਜਣਾਈਆ । ਸਾਧ ਸੰਤ ਹੋਏ ਖ਼ੁਆਰ, ਤੇਰਾ ਨੂਰ ਨਜ਼ਰ ਕਿਸੇ ਨਾ ਆਈਆ । ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਰਹੇ ਭਾਲ, ਕਾਇਆ ਮੰਦਰ ਖੋਜਣ ਕੋਇ ਨਾ ਆਈਆ । ਤੁਧ ਬਿਨ ਹੱਲ ਕਰੇ ਨਾ ਕੋਇ ਸਵਾਲ, ਪੰਡਤ ਪਾਂਧੇ ਬੈਠੇ ਹਿਸਾਬ ਲਗਾਈਆ । ਲੱਖ ਚੁਰਾਸੀ ਸਿਰ ਤੇ ਕੂਕੇ ਕਾਲ, ਕਲਜੁਗ ਡੌਰੂ ਡੰਕ ਨਗਾਰਾ ਰਿਹਾ ਵਜਾਈਆ । ਕਿਰਪਾ ਕਰ ਦੀਨ ਦਿਆਲ, ਠਾਕਰ ਸੁਆਮੀ ਤੇਰੀ ਇਕ ਸਰਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਏ ਬੇਹਾਲ, ਸਦੀ ਬੀਸਵੀਂ ਅੱਖ ਨਾ ਕੋਇ ਉਠਾਈਆ । ਜਗਤ ਅਵੱਲੜੀ ਦਿਸੇ ਚਾਲ, ਨਿਰਾਲੀ ਧਾਰ ਨਾ ਕੋਇ ਸਮਝਾਈਆ । ਕਿਰਪਾ ਕਰ ਆਪ ਮਿਹਰਵਾਨ, ਮਿਹਰ ਨਜ਼ਰ ਇਕ ਤਕਾਈਆ । ਮੈਂ ਬਾਲਾ ਨੱਢਾ ਤੇਰਾ ਬਾਲ, ਪੂਤ ਸਪੂਤਾ ਰੂਪ ਵਟਾਈਆ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਮੁਰਸ਼ਦ ਵੇਖ ਮੁਰੀਦਾਂ ਹਾਲ, ਦੀਦ ਈਦ ਚੰਦ ਚਮਕਾਈਆ । ਜੋ ਤੇਰੇ ਪਿੱਛੇ ਤੇਰੀ ਘਾਲਦੇ ਰਹੇ ਘਾਲ, ਤਿਨ੍ਹਾਂ ਘਾਲ ਲੇਖੇ ਲਾਈਆ । ਪਰਗਟ ਹੋ ਸ਼ਾਹ ਨਵਾਬ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਈਸਾ ਮੂਸਾ ਮੁਹੰਮਦ ਤੇਰਾ ਲਿਆ ਖ਼ੁਆਬ, ਅੰਤਮ ਬੈਠੇ ਆਸ ਤਕਾਈਆ । ਸਜਦਾ ਸੀਸ ਕੀਤਾ ਆਦਾਬ, ਝੁਕ ਝੁਕ ਸਲਾਮ ਬੁਲਾਈਆ । ਆਪਣਾ ਮਹੱਲਾ ਵੇਖ ਉਚ ਮਹਿਰਾਬ, ਮਹਿਬੂਬ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕ ਦੇਣਾ ਸੱਚਾ ਵਰ, ਸਤਿਜੁਗ ਬੈਠਾ ਝੋਲੀ ਡਾਹੀਆ । ਸੁਣ ਸੁੱਤ ਨੌਜਵਾਨ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਹੋਏ ਮਿਹਰਵਾਨ, ਮਿਹਬਾਨ ਬੀਦੋ ਆਪਣੀ ਅੱਖ ਖੁਲਾਈਆ । ਏਕੰਕਾਰ ਕਰੇ ਤੇਰਾ ਧਿਆਨ, ਦੋ ਜਹਾਨਾਂ ਵਾਲੀ ਵੇਖ ਵਖਾਈਆ । ਆਦਿ ਨਿਰੰਜਣ ਸਾਚਾ ਚਾੜ੍ਹੇ ਭਾਨ, ਜੋਤੀ ਨੂਰ ਕਰੇ ਰੁਸ਼ਨਾਈਆ । ਅਬਿਨਾਸ਼ੀ ਕਰਤਾ ਦੇਵੇ ਦਾਨ, ਨਾਮ ਅਮੋਲਕ ਝੋਲੀ ਪਾਈਆ । ਸ੍ਰੀ ਭਗਵਾਨ ਵਖਾਏ ਨਿਸ਼ਾਨ, ਧਰਮ ਨਿਸ਼ਾਨਾ ਇਕ ਉਠਾਈਆ । ਪਾਰਬ੍ਰਹਮ ਕਰੇ ਪਰਧਾਨ, ਸਿਰ ਆਪਣਾ ਹੱਥ ਟਿਕਾਈਆ । ਆਤਮ ਪਰਮਾਤਮ ਦੇਵੇ ਇਕ ਗਿਆਨ, ਸਾਚੀ ਸਿਖਿਆ ਸਚ ਦ੍ਰਿੜਾਈਆ । ਕਲਜੁਗ ਅੰਤਮ ਵੇਖੇ ਆਣ, ਸਤਿਜੁਗ ਤੇਰੀ ਧਾਰ ਬੰਧਾਈਆ । ਭਗਤ ਭਗਵਾਨ ਮਿਲਾਏ ਜਹਾਨ, ਨਿਰਗੁਣ ਸਰਗੁਣ ਲਏ ਜਗਾਈਆ । ਨੌ ਖੰਡ ਪ੍ਰਿਥਮੀ ਵੇਖੇ ਇਕ ਮੈਦਾਨ,

ਸ਼ਾਹ ਪਾਤਸ਼ਾਹ ਆਪਣਾ ਬਲ ਧਰਾਈਆ । ਸਾਚਾ ਨਾਮ ਕਰੇ ਪਰਧਾਨ, ਸੋ ਪੁਰਖ ਨਿਰੰਜਣ ਢੋਲਾ ਗਾਈਆ । ਹੰ ਬ੍ਰਹਮ ਕਰੇ ਕਲਿਆਣ, ਕਲਮਾ ਇਕੋ ਇਕ ਜਣਾਈਆ । ਲੇਖਾ ਜਾਣ ਦੋ ਜਹਾਨ, ਬ੍ਰਹਿਮੰਡ ਖੰਡ ਦਏ ਸਮਝਾਈਆ । ਵਿਸ਼ਨ ਬ੍ਰਹਮਾ ਸ਼ਿਵ ਸੀਸ ਝੁਕਾਣ, ਕਰੋੜ ਤੇਤੀਸਾ ਲਾਗੇ ਪਾਈਂਆ । ਗੁਰ ਅਵਤਾਰ ਸੁਣਨ ਫ਼ਰਮਾਣ, ਪੀਰ ਪੈਗ਼ੰਬਰ ਢੋਲਾ ਰਾਗ ਅਲਾਈਆ । ਤੇਰਾ ਵਿਚੋਲਾ ਬਣੇ ਆਪ ਭਗਵਾਨ, ਭਗਵਨ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚੀ ਸਿਖਿਆ ਦੱਸੇ ਮੀਤ, ਮਿੱਤਰ ਪਿਆਰਾ ਦਇਆ ਕਮਾਇੰਦਾ । ਸਤਿਜੁਗ ਤੇਰਾ ਸਾਚਾ ਗੀਤ, ਸੋ ਪੁਰਖ ਨਿਰੰਜਣ ਆਪ ਸਮਝਾਇੰਦਾ । ਲੇਖਾ ਮੁਕੇ ਮੰਦਰ ਮਸੀਤ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਨਿਰਗੁਣ ਵਸੇ ਸਰਗੁਣ ਚੀਤ, ਜਗਤ ਠਗੌਰੀ ਨਾ ਕੋਇ ਰਖਾਇੰਦਾ । ਲੇਖਾ ਜਾਣ ਹਸਤ ਕੀਟ, ਊਚ ਨੀਚ ਵੇਖ ਵਖਾਇੰਦਾ । ਤ੍ਰੈਭਵਨ ਧਨੀ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਇੰਦਾ । ਸਚ ਬੰਧਾਏ ਇਕ ਪ੍ਰੀਤ, ਪ੍ਰੀਤੀ ਇਕੋ ਇਕ ਵਖਾਇੰਦਾ । ਸਦੀ ਬੀਸਵੀਂ ਜਾਏ ਬੀਤ, ਬੀਤੀ ਕਹਾਣੀ ਆਪਣੀ ਝੋਲੀ ਪਾਇੰਦਾ । ਕਰੇ ਖੇਲ ਆਪ ਅਨਡੀਠ, ਜਗਤ ਨੇਤਰ ਨਜ਼ਰ ਕਿਸੇ ਨਾ ਆਇੰਦਾ । ਜਨ ਭਗਤਾਂ ਕਾਇਆ ਚੋਲੀ ਚਾੜ੍ਹੇ ਰੰਗ ਬਸੀਠ, ਸਤਿ ਸਤਿਵਾਦੀ ਆਪਣੇ ਰੰਗ ਰੰਗਾਇੰਦਾ । ਸਚ ਦੁਆਰਿਉਂ ਦੇਵੇ ਭੀਖ, ਨਾਮ ਅਗੰਮਾ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਇਕ ਦ੍ਰਿੜਾਇੰਦਾ । ਸਤਿਜੁਗ ਕਹੇ ਮੇਰੇ ਸਾਹਿਬ ਸਤਿਗੁਰ, ਪ੍ਰਭ ਤੇਰੇ ਹੱਥ ਵਡਿਆਈਆ । ਮੇਰੀ ਚਰਨ ਪ੍ਰੀਤੀ ਗਈ ਜੁੜ, ਲੱਗੀ ਪ੍ਰੀਤ ਨਾ ਕੋਇ ਤੁੜਾਈਆ । ਮੇਰਾ ਲੇਖਾ ਤੇਰੇ ਧੁਰ, ਦੂਜਾ ਸਮਝ ਸਕੇ ਕੋਇ ਨਾ ਰਾਈਆ । ਚੜ੍ਹ ਕੇ ਆਉਣਾ ਸਾਚੇ ਘੁੜ, ਸ਼ਾਹ ਪਾਤਸ਼ਾਹ ਸੱਚੇ ਸ਼ਹਿਨਸ਼ਾਹੀਆ । ਕਲਜੁਗ ਅੰਤਮ ਪਈ ਤੇਰੀ ਲੋੜ, ਰਾਹ ਤੱਕੇ ਤੇਰਾ ਨੂਰ ਇਲਾਹੀਆ । ਪਾਰਬ੍ਰਹਮ ਪ੍ਰਭ ਜਾਣਾ ਬੌਹੜ, ਬੌਹੜੀ ਬੌਹੜੀ ਗੁਰਮੁਖ ਗੁਰਸਿਖ ਹਰਿਜਨ ਸੰਤ ਰਹੇ ਸੁਣਾਈਆ । ਮਿੱਠਾ ਕਰਨਾ ਰੀਠਾ ਕੌੜ, ਅੰਮ੍ਰਿਤ ਫਲ ਰੂਪ ਵਖਾਈਆ । ਨੇਤਰ ਵੇਖਣਾ ਕਰ ਕੇ ਗ਼ੌਰ, ਗਹਿਰ ਗੰਭੀਰ ਤੇਰੀ ਸਰਨਾਈਆ । ਕੂੜੀ ਕਿਰਿਆ ਡੇਰਾ ਢਾਉਣਾ ਠੱਗ ਚੋਰ, ਸਾਚੀ ਸਿਖਿਆ ਇਕ ਸਮਝਾਈਆ । ਤੇਰਾ ਮੰਤਰ ਫੁਰੇ ਫੋਰ, ਫੁਰਨਾ ਸਭ ਦਾ ਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੇ ਵੱਜੇ ਨਾਮ ਵਧਾਈਆ । ਸਤਿਜੁਗ ਸੁਣ ਲਾਲ ਨਿਕੇ, ਸਾਹਿਬ ਸਤਿਗੁਰ ਆਪ ਜਣਾਈਆ । ਤੇਰੇ ਮਾਰਗ ਕਰੇ ਸਿਧੇ, ਸਿਧ ਸਾਦਕ ਆਪ ਪੜ੍ਹਾਈਆ । ਧੁਰ ਦੇ ਲੇਖ ਜਿਸ ਨੇ ਲਿਖੇ, ਲੇਖਾ ਸਕੇ ਨਾ ਕੋਇ ਮਿਟਾਈਆ । ਜੁਗ ਚੌਕੜੀ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਨਜਿੱਠੇ, ਦੂਜਾ ਸੰਗ ਨਾ ਕੋਇ ਰਖਾਈਆ । ਸਚ ਸੰਦੇਸ ਨਰ ਨਰੇਸ਼ ਗੁਰ ਅਵਤਾਰ ਪੀਰ ਪੈਗ਼ੰਬਰ ਦੇਵੇ ਚਿਠੇ ਲੋਕਮਾਤ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਮਾਰਗ ਦਏ ਲਗਾਈਆ । ਸਾਚਾ ਮਾਰਗ ਦੇਣਾ ਲਾ, ਪ੍ਰਭ ਹੱਥ ਤੇਰੇ ਵਡਿਆਈਆ । ਨਿਰਗੁਣ ਹੋ ਕੇ ਬਣ ਮਲਾਹ, ਸਰਗੁਣ ਬੇੜਾ ਆਪਣੇ ਕੰਧ ਉਠਾਈਆ । ਸਾਚਾ ਮੰਤਰ ਦੇ ਦ੍ਰਿੜਾ, ਆਤਮ ਪਰਮਾਤਮ ਇਕ ਪੜ੍ਹਾਈਆ । ਸਾਚਾ ਸੋਹਲਾ ਦੇ ਸੁਣਾ, ਰਸਨਾ ਜਿਹਵਾ ਖ਼ੁਸ਼ੀ ਮਨਾਈਆ । ਪੜਦਾ ਉਹਲਾ ਦੇ ਚੁਕਾ, ਬਜਰ ਕਪਾਟੀ ਕੁੰਡਾ ਲਾਹੀਆ । ਅੰਮ੍ਰਿਤ ਸੀਰ ਨੀਰ ਜਾਮ ਦੇ ਪਿਆ, ਤ੍ਰਿਸਨਾ ਭੁੱਖ ਮਿਟਾਈਆ ।

ਸਤਿ ਸਰੂਪੀ ਦਰਸ ਕਰਾ, ਜੋਤੀ ਜਲਵਾ ਨੂਰ ਰੁਸ਼ਨਾਈਆ । ਘਰ ਮੰਦਰ ਸਾਚੇ ਡੇਰਾ ਲਾ, ਨੌ ਦੁਆਰੇ ਪੰਧ ਚੁਕਾਈਆ । ਸੋਈ ਸੁਰਤੀ ਸਰਬ ਜਗਾ, ਸ਼ਬਦ ਹਲੂਣਾ ਇਕ ਵਖਾਈਆ । ਜੁਗ ਰੁੱਠੜੇ ਲੈ ਮਨਾ, ਸਿਰ ਆਪਣਾ ਹੱਥ ਟਿਕਾਈਆ । ਜਨ ਭਗਤਾਂ ਮੁਖੜੇ ਦੇ ਸੁਹਾ, ਸੋਭਾਵੰਤ ਤੇਰੀ ਵਡਿਆਈਆ । ਜਨਮ ਕਰਮ ਦੇ ਦੁਖੜੇ ਦੇ ਗਵਾ, ਪੂਰਬ ਲਹਿਣਾ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਹਰਿ ਸਚ ਤੇਰੀ ਸਰਨਾਈਆ । ਸਤਿਜੁਗ ਸੁਣ ਸਾਚੇ ਸੱਜਣ, ਪ੍ਰਭ ਦੇਵਣਹਾਰ ਵਡਿਆਈਆ । ਕੂੜੀ ਕਿਰਿਆ ਭਾਂਡੇ ਭੱਜਣ, ਜੂਠ ਝੂਠ ਰਹਿਣ ਨਾ ਪਾਈਆ । ਨਾਮ ਨਗਾਰੇ ਘਰ ਘਰ ਵੱਜਣ, ਗੁਰ ਸ਼ਬਦੀ ਤਾਲ ਸੁਣਾਈਆ । ਸੰਤ ਸੁਹੇਲੇ ਸਾਚੇ ਗੱਜਣ, ਉਚੀ ਕੂਕ ਰਾਗ ਅਲਾਈਆ । ਗੁਰਮੁਖ ਨਾਮ ਚੜ੍ਹੇ ਰੰਗਣ, ਹਰਿ ਰੰਗੇ ਬੇਪਰਵਾਹੀਆ । ਭਗਤ ਭਗਵਾਨ ਸੁਹਾਏ ਅੰਗਨ, ਘਰ ਇਕੋ ਨਜ਼ਰੀ ਆਈਆ । ਅਨਹਦ ਨਾਦ ਵੱਜੇ ਮਰਦੰਗਨ, ਧੁਨ ਆਤਮਕ ਨਾਦ ਸ਼ਨਵਾਈਆ । ਮਸਤਕ ਟਿੱਕਾ ਨੂਰੀ ਚੰਦਨ, ਜੋਤ ਲਲਾਟ ਕਰੇ ਰੁਸ਼ਨਾਈਆ । ਕੂੜੀ ਕਿਰਿਆ ਢਾਹੇ ਕੰਧਨ, ਭਾਂਡਾ ਭਰਮ ਭੌ ਭੰਨਾਈਆ । ਚਾਰ ਵਰਨ ਜਣਾਏ ਇਕੋ ਬੰਦਨ, ਬੰਦਗੀ ਇਕੋ ਇਕ ਸਮਝਾਈਆ । ਲੱਖ ਚੁਰਾਸੀ ਤੋੜੇ ਫੰਦਨ, ਫਾਸੀ ਜਮ ਕੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਨਾਮ ਵਰ, ਤਿਸ ਵੇਖੇ ਚਾਈਂ ਚਾਈਂਆ । ਸਤਿਜੁਗ ਕਹੇ ਪ੍ਰਭ ਤੇਰੀ ਓਟ, ਮੈਂ ਇਕੋ ਆਸ ਤਕਾਈਆ । ਆਹਲਣਿਓਂ ਡਿਗਾ ਤੇਰਾ ਬੋਟ, ਤੁਧ ਬਿਨ ਸਕੇ ਨਾ ਕੋਇ ਉਠਾਈਆ । ਤੇਰੇ ਨਾਮ ਨਗਾਰੇ ਲੱਗੇ ਚੋਟ, ਸੋਈ ਸੁਰਤੀ ਲਏ ਅੰਗੜਾਈਆ । ਆਪਣੀ ਆਪ ਸੰਭਾਲੇ ਹੋਸ਼, ਹੋਛੀ ਮਤ ਗਵਾਈਆ । ੧੦੩੭
ਤੇਰੇ ਨਾਮ ਦਾ ਪੜ੍ਹ ਕੇ ਕੋਸ਼, ਭੁਲੇ ਜਗਤ ਪੜ੍ਹਾਈਆ । ਕਿਉਂ ਅੰਦਰ ਵੜ ਕੇ ਬੈਠਾ ਰਿਹੋਂ ਖ਼ਾਮੋਸ਼, ਆਪਣਾ ਪੜਦਾ ਦੇ ਉਠਾਈਆ । ਰਾਹ ਤੱਕਣ ਤੇਰਾ ਲੋਕ ਪਰਲੋਕ, ਦੋ ਜਹਾਨ ਧਿਆਨ ਲਗਾਈਆ । ਨਿਰਗੁਣ ਸਰਗੁਣ ਸੁਣਨਾ ਆਪਣਾ ਸਲੋਕ, ਸਾਚਾ ਸੋਹਲਾ ਰਾਗ ਅਲਾਈਆ । ਤੇਰੇ ਮੰਦਰ ਬਹਿ ਕੇ ਮਾਣੀਏ ਮੌਜ, ਠਾਕਰ ਠਾਕਰ ਦੁਆਰਾ ਇਕੋ ਭਾਈਆ । ਤੇਰੇ ਦਰਸ਼ਨ ਲੋਚਨ ਰਹੇ ਲੋਚ, ਨੇਤਰ ਅੱਖ ਧਿਆਨ ਲਗਾਈਆ । ਪਾਰਬ੍ਰਹਮ ਪ੍ਰਭ ਘਰ ਸਾਚੇ ਪਹੁੰਚ, ਆਪ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੁਧ ਬਿਨ ਸੰਗ ਨਾ ਕੋਇ ਨਿਭਾਈਆ । ਸਤਿਜੁਗ ਤੇਰਾ ਸਗਲਾ ਸਾਥ, ਸਤਿ ਸਤਿਵਾਦੀ ਆਪ ਜਣਾਇੰਦਾ । ਕਿਰਪਾ ਕਰੇ ਪੁਰਖ ਸਮਰਾਥ, ਸਮਰਥ ਪੁਰਖ ਆਪਣੀ ਦਇਆ ਕਮਾਇੰਦਾ । ਸਾਚਾ ਮਾਰਗ ਦੇਵੇ ਦੱਸ, ਭੇਵ ਅਭੇਦ ਖੁਲ੍ਹਾਇੰਦਾ । ਸਚ ਸੁਚ ਤੇਰੇ ਹੱਥ, ਹਰਿ ਕਰਤਾ ਆਪ ਫੜਾਇੰਦਾ । ਜਨ ਭਗਤਾਂ ਅੰਦਰ ਜਾਣਾ ਵਸ, ਸਾਚਾ ਮੰਦਰ ਇਕ ਵਖਾਇੰਦਾ । ਪ੍ਰੇਮ ਪਿਆਰ ਦਾ ਪੀਣਾ ਰਸ, ਫਿਕਾ ਰਸ ਨਾ ਕੋਇ ਜਣਾਇੰਦਾ । ਸਾਚਾ ਨਾਉਂ ਬੋਲਣਾ ਹੱਸ ਹੱਸ, ਸੋਹੰ ਢੋਲਾ ਰਾਗ ਅਲਾਇੰਦਾ । ਤੂੰ ਮੇਰਾ ਮੈਂ ਤੇਰੇ ਵਸ, ਦੂਜਾ ਨਜ਼ਰ ਕੋਇ ਨਾ ਆਇੰਦਾ । ਭਗਤ ਭਗਵਾਨ ਮਿਲ ਕੇ ਗਾਵਣ ਜਸ, ਜਸ ਵੇਦ ਪੁਰਾਨ ਨਾ ਸਿਫ਼ਤ ਸਾਲਾਹਿੰਦਾ । ਤੇਰੀ ਇਕੋ ਖੋਲ੍ਹੇ ਅੱਖ, ਨਿਜ ਨੇਤਰ ਦਇਆ ਕਮਾਇੰਦਾ । ਸਭ ਦਾ ਲੇਖਾ ਪੂਰਾ ਕਰੇ ਹੱਕ, ਹੱਕ ਹਕੀਕਤ ਵੇਖ ਵਖਾਇੰਦਾ । ਕੂੜੀ ਕਿਰਿਆ ਨਕੇਲ ਪਾਏ ਨੱਕ, ਚਾਰੋਂ ਕੁੰਟ ਆਪ ਭਵਾਇੰਦਾ । ਅੰਤਮ ਸ਼ੌਹ ਦਰਿਆਏ ਦੇਵੇ ਸੱਟ, ਪੁਰਖ ਅਬਿਨਾਸ਼ੀ ਧੱਕਾ ਲਾਇੰਦਾ । ਸਤਿ ਧਰਮ ਦਾ ਖੋਲ੍ਹ ਹੱਟ, ਸਤਿਜੁਗ ਤੇਰਾ ਰਾਹ ਚਲਾਇੰਦਾ । ਚਾਰ ਵਰਨਾਂ ਇਕੋ ਮਤ, ਗੁਰਮਤ

ਸੱਚੀ ਆਪ ਦ੍ਰਿੜਾਇੰਦਾ । ਹਰਿ ਸਰਨਾਈ ਬੰਨ੍ਹੋ ਨਤ, ਇਸ਼ਟ ਦੇਵ ਸੁਆਮੀ ਇਕੋ ਨਜ਼ਰੀ ਆਇੰਦਾ । ਏਥੇ ਓਥੇ ਦੋ ਜਹਾਨ ਪੱਤ ਲਏ ਰੱਖ, ਮਿਹਰਵਾਨ ਪ੍ਰਭ ਆਪਣੇ ਰੰਗ ਰੰਗਾਇੰਦਾ । ਸਤਿਜੁਗ ਸਤਿ ਸਤਿਵਾਦੀ ਗਾਉਣਾ ਜਸ, ਸਾਚੀ ਸਿਖਿਆ ਇਕ ਸਮਝਾਇੰਦਾ । ਪੂਰੀ ਕਰੇ ਹਰਿ ਜੂ ਅਸ, ਆਸਾ ਤ੍ਰਿਸਨਾ ਮੇਟ ਮਿਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਦੇਵੇ ਇਕ ਵਰ, ਨਾਮ ਅਮੋਲਕ ਸਾਚੀ ਗੋਲਕ ਹਰਿ ਕਰਤਾ ਆਪ ਪਵਾਇੰਦਾ ।

✪ ੮ ਮੱਘਰ ੨੦੨੦ ਬਿਕਰਮੀ ਨੌਰੰਗ ਸਿੰਘ ਸਵਿੰਦਰ ਸਿੰਘ ਦੇ ਗ੍ਰਿਹ ਦੱਯਾ ਜ਼ਿਲਾ ਗੁਰਦਾਸ ਪੁਰ ✪

ਪੁਰਖ ਅਕਾਲ ਤੇਰਾ ਭੰਡਾਰ ਅਤੁਟ, ਸਤਿਜੁਗ ਸਾਚਾ ਖ਼ੁਸ਼ੀ ਮਨਾਈਆ । ਸੇਵਾ ਕਰਾਂ ਬਿਨ ਕਾਇਆ ਬੁੱਤ, ਨਿਰਗੁਣ ਤੇਰੀ ਧਾਰ ਸਮਾਈਆ । ਤਿੰਨ ਜੁਗ ਜੋ ਬੈਠਾ ਰਿਹਾ ਚੁੱਪ, ਉਚੀ ਕੂਕ ਨਾ ਰਾਗ ਅਲਾਈਆ । ਸੰਤ ਸੁਹੇਲੇ ਸੱਜਣ ਲਵਾਂ ਪੁੱਛ, ਲੱਖ ਚੁਰਾਸੀ ਘਰ ਘਰ ਫੇਰਾ ਪਾਈਆ । ਜਨ ਭਗਤਾਂ ਕਰਾਂ ਉਜਲ ਮੁਖ, ਦੁਰਮਤ ਮੈਲ ਧੋਵਾਂ ਛਾਹੀਆ । ਤੇਰੇ ਚਰਨ ਕਵਲ ਕਰਾਂ ਰੁਖ਼, ਸਾਚਾ ਮਾਰਗ ਇਕ ਸਮਝਾਈਆ । ਆਓ ਵੇਖੋ ਜੋ ਬੈਠਾ ਲੁਕ, ਨਰ ਨਰਾਇਣ ਨਜ਼ਰ ਕਿਸੇ ਨਾ ਆਈਆ । ਠਾਕਰ ਸੁਆਮੀ ਹੋ ਕੇ ਗਿਆ ਤੁਠ, ਅਨਮੰਗੀ ਦੌਲਤ ਰਿਹਾ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਨੂੰ ਸਜਦਾ ਕਰਨ ਝੁਕ, ਨਮੋ ਨਮੋ ਰਹੇ ਜਣਾਈਆ । ਮੈਂ ਉਸ ਦਾ ਬਣਿਆ ਲਾਡਲਾ ਪੁੱਤ, ਘਰ ਸਾਚੇ ਖ਼ੁਸ਼ੀ ਮਨਾਈਆ । ਜਨਮ ਜਨਮ ਦੀ ਮੇਰੀ ਲੱਥੀ ਭੁੱਖ, ਤ੍ਰਿਸਨਾ ਨੇੜ ਕੋਇ ਨਾ ਆਈਆ । ਕੂੜੀ ਕਿਰਿਆ ਨਾਤਾ ਗਿਆ ਛੁਟ, ਮਿਲਿਆ ਮੇਲ ਬੇਪਰਵਾਹੀਆ । ਮੇਰੇ ਵਿਚ ਦੂਈ ਦਵੈਤੀ ਰਹੇ ਕੋਈ ਨਾ ਫੁੱਟ, ਜ਼ਾਤ ਪਾਤ ਰਹਿਣ ਕੋਇ ਨਾ ਪਾਈਆ । ਅੰਮ੍ਰਿਤ ਜਾਮ ਮਿਲੇ ਇਕੋ ਘੁੱਟ, ਨੀਰ ਸੀਰ ਮੁਖ ਚੁਆਈਆ । ਹੋਏ ਪਰਕਾਸ਼ ਸਾਚੀ ਜੋਤ, ਅੰਧ ਅੰਧੇਰਾ ਦਏ ਮੁਕਾਈਆ । ਸੁਣ ਨਾਮ ਸਚ ਸਲੋਕ, ਸੋਹੰ ਢੋਲਾ ਏਕਾ ਗਾਈਆ । ਵੱਜੇ ਲੋਕ ਪਰਲੋਕ, ਵਿਸ਼ਨ ਬ੍ਰਹਮਾ ਸ਼ਿਵ ਰਹੇ ਜਸ ਗਾਈਆ । ਰਾਗ ਨਾਦ ਸ਼ਬਦ ਧੁਨ ਲਾਵਣ ਇਕੋ ਚੋਟ, ਸੁਰ ਤਾਲ ਨਾ ਕੋਇ ਰਖਾਈਆ । ਸਤਿਗੁਰ ਪੂਰਾ ਪੁਰਖ ਅਕਾਲ ਇਕੋ ਮਿਲਿਆ ਬਹੁਤ, ਬਹੁਤੀ ਦੇਵੇ ਮਾਣ ਵਡਿਆਈਆ । ਜਨ ਭਗਤਾਂ ਵੇਖੇ ਬੈਠ ਖ਼ਾਮੋਸ਼, ਰਸਨਾ ਜਿਹਵਾ ਬੱਤੀ ਦੰਦ ਨਾ ਕੋਇ ਹਿਲਾਈਆ । ਕਾਇਆ ਮੰਦਰ ਅੰਦਰ ਘਰ ਘਰ ਮਾਣੇ ਮੌਜ, ਸਚ ਸਿੰਘਾਸਣ ਸੋਭਾ ਪਾਈਆ । ਜੁਗ ਚੌਕੜੀ ਕਿਸੇ ਵਿਚ ਨਾ ਆਇਆ ਸੋਚ, ਸੋਚ ਸੋਚ ਥੱਕੀ ਸਰਬ ਲੋਕਾਈਆ । ਲੇਖਾ ਜਾਣੇ ਲੱਖਣ ਪੁਸ਼ਕਰ ਕਰੋਚ, ਸਾਨ ਸਲਮਲ ਜੰਬੂ ਆਪਣਾ ਹੁਕਮ ਵਰਤਾਈਆ । ਕੁਸ਼ਾ ਦੇਵੇ ਨਾ ਕੋਈ ਦੋਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਕਹੇ ਮੋਹੇ ਮਿਲਿਆ ਏਕ, ਏਕੰਕਾਰ ਦਇਆ ਕਮਾਈਆ । ਸਾਚੀ ਬਖ਼ਸ਼ ਚਰਨ ਟੇਕ, ਟਿੱਕਾ ਮਸਤਕ ਇਕ ਲਗਾਈਆ । ਕੂੜੀ ਕਿਰਿਆ ਮਿਟੇ ਭੇਖ, ਜੂਠ ਝੂਠ ਰਹਿਣ ਨਾ ਪਾਈਆ । ਲਹਿਣਾ ਦੇਣਾ ਚੁੱਕੇ ਮੁੱਲਾਂ ਸ਼ੇਖ਼, ਮਸਾਇਕ ਪੀਰ ਦਸਤਗੀਰ ਦਸਤ ਨਾ ਕੋਇ ਮਿਲਾਈਆ । ਲੇਖਾ ਚੁਕੇ ਖੇਲ ਕਮਚ ਅਲ ਨੇਕ, ਨੂਰੀ ਜਲਵਾ ਨੂਰ ਰੁਸ਼ਨਾਈਆ । ਸੱਜਣ ਸਾਹਿਬ ਸਤਿਗੁਰ ਪਰਵਰਦਿਗਾਰ ਇਕ ਆਦੇਸ, ਨਾਅਰਾ ਇਕੋ ਇਕ ਸੁਣਾਈਆ । ਨਿਜ


੧੦੩੮ ੧੫

ਨੇਤਰ ਲੋਚਣ ਨੈਣ ਬੇਪਰਵਾਹ ਲਿਆ ਵੇਖ, ਪਰਦਾਨਸ਼ੀਂ ਪਰਦਾ ਰਿਹਾ ਉਠਾਈਆ । ਅੰਦਰ ਵੜ ਕੇ ਦੱਸਿਆ ਭੇਤ, ਬਾਹਰੋਂ ਰਮਜ਼ ਨਾ ਕੋਇ ਲਗਾਈਆ । ਨਿਰਗੁਣ ਹੋ ਕੇ ਖੇਲੇ ਖੇਡ, ਖ਼ਾਲਕ ਖ਼ਲਕ ਵੇਖ ਵਖਾਈਆ । ਸ਼ਬਦ ਸੰਦੇਸਾ ਰਿਹਾ ਭੇਜ, ਕਲਮਾ ਨਬੀ ਰਸੂਲ ਦ੍ਰਿੜਾਈਆ । ਅੰਤਰ ਆਤਮ ਸਭ ਦੀ ਮਾਣੇ ਸੇਜ, ਸਚ ਸਿੰਘਾਸਣ ਡੇਰਾ ਲਾਈਆ । ਜੋਤੀ ਜਲਵਾ ਅਗੰਮੀ ਤੇਜ, ਨੂਰ ਜ਼ਹੂਰ ਇਕ ਦਰਸਾਈਆ । ਸਚ ਦੁਆਰੇ ਲਾਵੇ ਧੁਰ ਦੀ ਮੇਖ, ਮਸਤਕ ਟਿੱਕਾ ਇਕੋ ਇਕ ਵਖਾਈਆ । ਤਿਸ ਅੱਗੇ ਚਲੇ ਨਾ ਕੋਈ ਕਿਸੇ ਦੀ ਪੇਸ਼, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਸੀਸ ਝੁਕਾਈਆ । ਤਿਸ ਦੇ ਚਰਨ ਕਵਲ ਟੇਕ ਮੰਗੇ ਸ਼ੇਸ਼, ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਪੁਰਖ ਦੇਵਣਹਾਰ ਵਡਿਆਈਆ । ਸਤਿਜੁਗ ਕਹੇ ਪ੍ਰਭ ਪਾਇਆ ਮੀਤ, ਹਰਿ ਵੱਡਾ ਵਡ ਵਡਿਆਈਆ । ਜਿਸ ਦੀ ਵੇਖੀ ਅਚਰਜ ਰੀਤ, ਜੁਗ ਚੌਕੜੀ ਰਹੇ ਜਸ ਗਾਈਆ । ਜਿਸ ਦੀ ਆਦਿ ਜੁਗਾਦਿ ਨਾ ਬਦਲੇ ਨੀਤ, ਨੀਤੀਵਾਨ ਇਕੋ ਨਜ਼ਰੀ ਆਈਆ । ਜਿਸ ਦਾ ਖੇਲ ਹਸਤ ਕੀਟ, ਊਚ ਨੀਚ ਰਿਹਾ ਸਮਾਈਆ । ਜਿਸ ਦਾ ਮੰਦਰ ਸਦਾ ਅਤੀਤ, ਖੇੜਾ ਢੱਠ ਨਾ ਭੱਠ ਵਖਾਈਆ । ਜਿਸ ਦੀ ਸਤਿ ਸਤਿਵਾਦੀ ਪ੍ਰੀਤ, ਝੂਠੀ ਧਾਰ ਨਾ ਕੋਇ ਚਲਾਈਆ । ਜੋ ਦੂਰ ਦੁਰਾਡਾ ਹਰ ਘਟ ਵਸੇ ਨਜ਼ਦੀਕ, ਗ੍ਰਿਹਿ ਗ੍ਰਿਹਿ ਬੈਠਾ ਡੇਰਾ ਲਾਈਆ । ਜਿਸ ਨੂੰ ਲੱਭਦੇ ਮੰਦਰ ਮਸੀਤ, ਸ਼ਿਵਦਵਾਲੇ ਮੱਠ ਰਾਹ ਤਕਾਈਆ । ਸੋ ਭਗਤਾਂ ਅੰਤਰ ਵਸੇ ਸਦਾ ਠੀਕ, ਕਾਇਆ ਕੂੜਾ ਠੀਕਰ ਭੰਨ ਵਖਾਈਆ । ਮਨ ਵਾਸਨਾ ਲਏ ਜੀਤ, ਮਨ ਕਾ ਮਣਕਾ ਆਪ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿਜੁਗ ਕਹੇ ਪ੍ਰਭ ਪਾਇਆ ਠਾਕਰ, ਘਰ ਦੁਆਰੇ ਵੱਜੀ ਵਧਾਈਆ । ਮੇਰਾ ਨਿਰਮਲ ਕਰਮ ਕਰੇ ਉਜਾਗਰ, ਮਿਹਰ ਨਜ਼ਰ ਇਕ ਉਠਾਈਆ । ਸਾਚਾ ਵਣਜ ਕਰਾਏ ਬਣ ਸੌਦਾਗਰ, ਸੌਦਾ ਸਚ ਨਾਮ ਵਿਕਾਈਆ । ਭਾਗ ਲਗਾਏ ਕਾਇਆ ਗਾਗਰ, ਸਾਢੇ ਤਿੰਨ ਹੱਥ ਖ਼ੁਸ਼ੀ ਵਖਾਈਆ । ਨਜ਼ਰੀ ਆਏ ਕਰੀਮ ਕਾਦਰ, ਕਰਤਾ ਪੁਰਖ ਬੇਪਰਵਾਹੀਆ । ਗ਼ਰੀਬ ਨਿਮਾਣਿਆਂ ਦੇਵੇ ਆਦਰ, ਕੋੜ੍ਹਿਆਂ ਕਮਲਿਆਂ ਗਲੇ ਲਗਾਈਆ । ਪਾਰ ਕਰਾਏ ਕਲਜੁਗ ਡੂੰਘੇ ਸਾਗਰ, ਭਵਰੀ ਕਵਰੀ ਨਾ ਕੋਇ ਰੁੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਿਰ ਮੇਰੇ ਹੱਥ ਟਿਕਾਈਆ । ਸਤਿਜੁਗ ਕਹੇ ਮੇਰਾ ਸੁਆਮੀ ਆਪ, ਪ੍ਰਭ ਆਪਣੀ ਦਇਆ ਕਮਾਇੰਦਾ । ਆਦਿ ਜੁਗਾਦਿ ਜਿਸ ਦਾ ਵਡ ਪਰਤਾਪ, ਸਦ ਪਰਤਾਪੀ ਵੇਖ ਵਖਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦਾ ਜਪਦੇ ਜਾਪ, ਸੋ ਨਾਮ ਨਿਧਾਨਾ ਝੋਲੀ ਪਾਇੰਦਾ । ਲੋਕ ਪਰਲੋਕ ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਜਿਸ ਤੋਂ ਰਹੇ ਕਾਂਪ, ਸੋ ਭੈ ਭਿਆਨਕ ਆਪਣਾ ਰੂਪ ਵਖਾਇੰਦਾ । ਨਿਤ ਨਵਿਤ ਜਿਸ ਨੂੰ ਕਹਿੰਦੇ ਰਸੂਲ ਪਾਕ, ਸੋ ਪਾਕ ਪਵਿਤ ਆਪਣੀ ਧਾਰ ਸਮਝਾਇੰਦਾ । ਜਿਸ ਦਾ ਲੇਖਾ ਲੱਖ ਚੁਰਾਸੀ ਮਾਟੀ ਖ਼ਾਕ, ਸੋ ਖ਼ਾਲਕ ਖ਼ਲਕ ਵੇਖ ਵਖਾਇੰਦਾ । ਜਿਸ ਦਾ ਘਟ ਘਟ ਅੰਦਰ ਵੱਜਾ ਤਾਕ, ਸੋ ਬਜਰ ਕਪਾਟੀ ਕੁੰਡਾ ਆਪ ਖੁਲਾਇੰਦਾ । ਜਿਸ ਦੀ ਆਤਮ ਪਰਮਾਤਮ ਜ਼ਾਤ, ਪਾਰਬ੍ਰਹਮ ਬ੍ਰਹਮ ਰੂਪ ਆਪ ਪਰਗਟਾਇੰਦਾ । ਸੋ ਪੁਰਖ ਨਿਰੰਜਣ ਬਣਿਆ ਸਗਲਾ ਸਾਥ, ਸਾਚਾ ਸੰਗ ਆਪ ਨਿਭਾਇੰਦਾ । ਲੇਖਾ ਜਾਣੇ ਗੁਪਤ ਜ਼ਾਹਰ ਬਾਤਨ ਬਾਤ, ਬੈਤਲ ਆਪਣਾ ਰਾਹ ਵਖਾਇੰਦਾ । ਸ਼ਬਦ ਅਗੰਮ ਸੁਣਾਏ ਗਾਥ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ

ਅੰਜੀਲ ਕੁਰਾਨ ਨਾ ਕੋਇ ਦ੍ਰਿੜਾਇੰਦਾ । ਸਾਚਾ ਪੱਤਣ ਜਣਾਏ ਘਾਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਡੇਰਾ ਢਾਹਿੰਦਾ । ਜਨਮ ਕਰਮ ਦੀ ਮੇਟੇ ਵਾਟ, ਆਵਣ ਜਾਵਣ ਪੰਧ ਮੁਕਾਇੰਦਾ । ਚਰਨ ਪ੍ਰੀਤੀ ਇਕੋ ਦਾਤ, ਸਤਿ ਸਤਿਵਾਦੀ ਝੋਲੀ ਪਾਇੰਦਾ । ਜਨ ਭਗਤਾਂ ਪੁਛੇ ਨਿਰਗੁਣ ਵਾਤ, ਸਰਗੁਣ ਆਪਣਾ ਅੰਗ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਇੰਦਾ । ਸਤਿਜੁਗ ਕਹੇ ਪ੍ਰਭ ਰੰਗ ਚਾੜ੍ਹੇ ਗੂੜ੍ਹਾ, ਦੋ ਜਹਾਨਾਂ ਉਤਰ ਕਦੇ ਨਾ ਜਾਈਆ । ਸਾਚੀ ਬਖ਼ਸ਼ੇ ਚਰਨ ਧੂੜਾ, ਟਿੱਕਾ ਮਸਤਕ ਨਾਮ ਲਗਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹਾ, ਝਿਰਨਾ ਇਕ ਬੁਧਹੀਣ ਦਏ ਵਡਿਆਈਆ । ਜੋਤੀ ਜਾਤਾ ਬਖ਼ਸ਼ੇ ਨੂਰਾ, ਅੰਧ ਅੰਧੇਰ ਦਏ ਮਿਟਾਈਆ । ਅੰਮ੍ਰਿਤ ਆਤਮ ਦੇਵੇ ਸਚ ਸਰੂਰਾ, ਨਿਝਰ ਝਿਰਨਾ ਇਕ ਝਿਰਾਈਆ । ਸ਼ਬਦ ਅਨਾਦ ਵੱਜੇ ਅਨਹਦ ਤੂਰਾ, ਤੁਰੀਆ ਬੈਠੀ ਮੁਖ ਸ਼ਰਮਾਈਆ । ਕੂੜੀ ਕਿਰਿਆ ਕਿਰਕਟ ਹੂੰਝੇ ਕੂੜਾ, ਕਾਇਆ ਮੰਦਰ ਕਰੇ ਸਫ਼ਾਈਆ । ਗੜ੍ਹ ਹੰਕਾਰ ਤੋੜ ਗ਼ਰੂਰਾ, ਗ਼ੁਰਬਤ ਕੂੜੀ ਦਏ ਮਿਟਾਈਆ । ਸਰਬ ਕਲਾ ਬਣ ਭਰਪੂਰਾ, ਹਰ ਘਟ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪੁਰਖ ਅਕਾਲ ਸੱਚਾ ਸ਼ਹਿਨਸ਼ਾਹੀਆ । ਸਤਿਜੁਗ ਕਹੇ ਮਿਲਿਆ ਸ਼ਹਿਨਸ਼ਾਹ, ਪਾਤਸ਼ਾਹ ਇਕੋ ਨਜ਼ਰੀ ਆਈਆ । ਸਚਖੰਡ ਬੈਠਾ ਡੇਰਾ ਲਾ, ਥਿਰ ਘਰ ਸ਼ਬਦੀ ਰੰਗ ਵਖਾਈਆ । ਸੁੰਨ ਅਗੰਮੀ ਖੇਲ ਕਰਾ, ਧੁਅੰਧਾਰ ਪਾਰ ਕਰਾਈਆ । ਸਚ ਮਹੱਲ ਇਕ ਵਸਾ, ਮਹਿਫ਼ਲ ਆਪਣਾ ਨਾਮ ਸਮਝਾਈਆ । ਜੁਗ ਚੌਕੜੀ ਪੰਧ ਮੁਕਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਡੇਰਾ ਢਾਹੀਆ । ਨਵ ਨੌ ਚਾਰ ਵੇਖ ਵਖਾ, ਲੇਖਾ ਜਾਣੇ ਥਾਉਂ ਥਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦਾ ਢੋਲਾ ਗਏ ਗਾ, ਉਚੀ ਕੂਕ ਕੂਕ ਸੁਣਾਈਆ । ਸੋ ਰਹਿਬਰ ਬਣਿਆ ਆਪ ਖ਼ੁਦਾ, ਬੇਨਜ਼ੀਰ ਵੇਸ ਵਟਾਈਆ । ਲੋਕ ਪਰਲੋਕ ਹੋਏ ਸਹਾ, ਦੋ ਜਹਾਨਾਂ ਵੱਜੇ ਵਧਾਈਆ । ਸਾਚਾ ਮਾਰਗ ਦਏ ਲਗਾ, ਰਾਹ ਇਕੋ ਇਕ ਵਖਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਦਏ ਸਲਾਹ, ਊਚਾਂ ਨੀਚਾਂ ਕਰੇ ਪੜ੍ਹਾਈਆ । ਗੁਰਮੁਖ ਸੰਤ ਸੁਹੇਲੇ ਲਏ ਜਗਾ, ਆਲਸ ਨਿੰਦਰਾ ਦਏ ਮਿਟਾਈਆ । ਗੁਰ ਚੇਲੇ ਲਏ ਮਿਲਾ, ਘਰ ਸਾਚੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਰਗੁਣ ਆਪਣੀ ਧਾਰ ਚਲਾਈਆ । ਸਤਿਜੁਗ ਕਹੇ ਨਿਰਗੁਣ ਮਿਲਾਪ, ਪ੍ਰਭ ਮਿਲਿਆ ਬੇਪਰਵਾਹੀਆ । ਜਿਸ ਦੀ ਰੂਪ ਰੰਗ ਨਾ ਕੋਈ ਜ਼ਾਤ, ਅਜ਼ਾਤੀ ਰੂਪ ਨਾ ਕੋਇ ਵਖਾਈਆ । ਸੁਬਹ ਸ਼ਾਮ ਸੰਧਿਆ ਨਾ ਕੋਈ ਪਰਭਾਤ, ਦਿਵਸ ਰੈਣ ਨਾ ਵੰਡ ਵੰਡਾਈਆ । ਸਮੁੰਦ ਸਾਗਰ ਨਾ ਕੋਈ ਖਾਤ, ਧਰਤ ਧਵਲ ਨਾ ਕੋਇ ਜਣਾਈਆ । ਤ੍ਰੈਗੁਣ ਮਾਇਆ ਰੱਖੇ ਨਾ ਕੋਈ ਦਾਤ, ਪੰਜ ਤਤ ਨਾ ਰੰਗ ਰੰਗਾਈਆ । ਏਕੰਕਾਰਾ ਇਕ ਇਕੱਲਾ ਆਦਿ ਜੁਗਾਦੀ ਕਮਲਾਪਾਤ, ਕਵਲ ਨੈਣ ਨਜ਼ਰੀ ਆਈਆ । ਜਿਸ ਦੀ ਸਿਫ਼ਤ ਕਰੇ ਨਾ ਕੋਈ ਲੁਗਾਤ, ਅੱਖਰ ਦਏ ਨਾ ਕੋਇ ਵਡਿਆਈਆ । ਜਿਸ ਦਾ ਕੋਈ ਨਾ ਜਾਣੇ ਖੇਲ ਤਮਾਸ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਇਕੋ ਰਾਹ ਚਲਾਈਆ । ਸਤਿਜੁਗ ਕਹੇ ਪ੍ਰਭ ਮਿਲਿਆ ਪੀਰ, ਪੀਰ ਪੀਰਾਂ ਨਜ਼ਰੀ ਆਇੰਦਾ । ਮੁਕਾਮੇ ਹੱਕ ਲਾਸ਼ਰੀਕ ਦਸਤਗੀਰ, ਦਸਤ ਆਪਣਾ ਆਪ ਮਿਲਾਇੰਦਾ । ਲੇਖਾ ਜਾਣੇ ਸ਼ਾਹ ਹਕੀਰ, ਹਕੀਕਤ ਸਭ ਦੀ ਖੋਜ ਖੋਜਾਇੰਦਾ । ਸਦੀ ਚੌਧਵੀਂ ਬਦਲੇ ਤਕਦੀਰ, ਤਦਬੀਰ ਆਪਣੀ ਇਕ ਬਣਾਇੰਦਾ । ਸ਼ਰਅ

ਸ਼ਰੀਅਤ ਕੱਟ ਜ਼ੰਜੀਰ, ਸ਼ਰੀਅਤ ਆਪਣੀ ਇਕ ਸਮਾਇੰਦਾ । ਅਸਲੀਅਤ ਦੱਸੇ ਬੇਨਜ਼ੀਰ, ਨਜ਼ਰੀਆ ਆਪਣਾ ਇਕ ਉਪਾਇੰਦਾ । ਵਡ ਦਾਤਾ ਗੁਣੀ ਗਹੀਰ, ਗਹਿਰ ਗੰਭੀਰ ਆਪਣੀ ਕਾਰ ਕਮਾਇੰਦਾ । ਨਾਤਾ ਤੋੜ ਜਗਤ ਸਰੀਰ, ਸ਼ਰੀਰ ਰੂਪ ਨਾ ਕੋਇ ਵਟਾਇੰਦਾ । ਲੱਭਦੇ ਫਿਰਨ ਜਗਤ ਫ਼ਕੀਰ, ਫਿਕਰਾ ਹੱਕ ਕੋਈ ਨਾ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਤਿਜੁਗ ਤੇਰਾ ਰੰਗ ਰੰਗਾਇੰਦਾ । ਸਤਿਜੁਗ ਤੇਰਾ ਰੰਗ ਅਪਾਰ, ਹਰਿ ਕਰਤਾ ਆਪ ਰੰਗਾਈਆ । ਦੇਵੇ ਵਡਿਆਈ ਵਿਚ ਸੰਸਾਰ, ਸੰਸਾ ਰੋਗ ਸਰਬ ਮਿਟਾਈਆ । ਸੰਤ ਭਗਵੰਤ ਮੇਲੇ ਆਣ, ਨਿਰਗੁਣ ਸਰਗੁਣ ਸਾਚਾ ਸੰਗ ਬਣਾਈਆ । ਗੀਤ ਸੁਣਾਏ ਧੁਰ ਦਾ ਗਾਨ, ਗੋਬਿੰਦ ਇਕੋ ਕਰੇ ਪੜ੍ਹਾਈਆ । ਧਰਮ ਝੁਲਾਏ ਸਚ ਨਿਸ਼ਾਨ, ਚਾਰੋਂ ਕੁੰਟ ਨਜ਼ਰੀ ਆਈਆ । ਸ਼ਬਦੀ ਦੇਵੇ ਇਕ ਗਿਆਨ, ਸਾਚੀ ਸਿਖਿਆ ਇਕ ਵਖਾਈਆ । ਕਾਗ਼ਜ਼ ਕਲਮ ਸ਼ਾਹੀ ਹੋਏ ਹੈਰਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਪੁਰਖ ਅਬਿਨਾਸ਼ੀ ਚਤੁਰ ਸੁਘੜ ਬਣ ਸੁਜਾਨ, ਕੋਝੇ ਕਮਲੇ ਲਏ ਉਠਾਈਆ । ਤੀਰ ਨਿਰਾਲਾ ਮਾਰੇ ਬਾਣ, ਅਣਿਯਾਲਾ ਆਪ ਚਲਾਈਆ । ਮਨ ਵਾਸਨਾ ਮੇਟੇ ਸ਼ੈਤਾਨ, ਸ਼ਰਅ ਕਰੇ ਨਾ ਕੋਇ ਲੜਾਈਆ । ਸਾਬਤ ਦੱਸੇ ਇਕ ਈਮਾਨ, ਪਰਵਰਦਿਗਾਰ ਕਦਮਬੋਸ਼ੀ ਇਕ ਸਮਝਾਈਆ । ਧੁਰ ਸੰਦੇਸਾ ਸਚ ਫ਼ਰਮਾਨ, ਮੁਕਾਮੇ ਹੱਕ ਕਰੇ ਸ਼ਨਵਾਈਆ । ਸਚ ਦੁਆਰੇ ਦੇ ਪੈਗ਼ਾਮ, ਇਲਹਾਮ ਇਕੋ ਇਕ ਜਣਾਈਆ । ਜਿਸ ਦਾ ਕੋਈ ਨਾ ਜਾਣੇ ਨਾਮ, ਬਨਾਮ ਇਸਮ ਸਕੇ ਨਾ ਕੋਇ ਸਮਝਾਈਆ । ਸੋ ਪੁਰਖ ਅਗੰਮ ਕਰੇ ਖੇਲ ਮਹਾਨ, ਸਚਖੰਡ ਨਿਵਾਸੀ ਵੱਡੀ ਵਡਿਆਈਆ । ਸਤਿਜੁਗ ਸਾਚੇ ਤੇਰੇ ਵਿਚ ਇਕੋ ਆਪਣਾ ਨਾਉਂ ਕਰੇ ਪਰਧਾਨ, ਪਰਧਾਨਗੀ ਇਕੋ ਹੱਥ ਫੜਾਈਆ । ਛੱਤੀ ਰਾਗ ਹੋਣ ਹੈਰਾਨ, ਚਾਰੋਂ ਕੁੰਟ ਉਠ ਉਠ ਵੇਖਣ ਸਾਥੀ ਨਜ਼ਰ ਕੋਇ ਨਾ ਆਈਆ । ਅੰਜੀਲ ਕੁਰਾਨ ਨੈਣ ਸ਼ਰਮਾਣ, ਅੱਖ ਸਕੇ ਨਾ ਕੋਇ ਉਠਾਈਆ । ਵੇਦ ਪੁਰਾਨ ਕਰਨ ਧਿਆਨ, ਚਰਨ ਕਵਲ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਤੇਰਾ ਲਹਿਣਾ ਪੂਰ ਕਰਾਈਆ । ਸਤਿਜੁਗ ਕਹੇ ਪ੍ਰਭ ਦੇ ਦਾਤ, ਹੱਥ ਤੇਰੇ ਵਡਿਆਈਆ । ਮਿਲ ਨਜ਼ਰੀ ਆਏ ਤੇਰੀ ਜ਼ਾਤ, ਦੂਜਾ ਰੂਪ ਨਾ ਕੋਇ ਵਖਾਈਆ । ਇਕੋ ਗੀਤ ਜਣਾਏ ਛੰਦ, ਸਾਚਾ ਸੋਹਲਾ ਇਕ ਅਲਾਈਆ । ਮੇਰਾ ਖ਼ੁਸ਼ੀ ਹੋਏ ਬੰਦ ਬੰਦ, ਬੰਦਗੀ ਤੇਰੀ ਮੋਹੇ ਭਾਈਆ । ਸਾਚੇ ਦੁਆਰੇ ਪਏ ਠੰਡ, ਅਗਨੀ ਤਤ ਨਾ ਲਾਗੇ ਰਾਈਆ । ਜੁਗ ਜਨਮ ਦੀ ਟੁਟੀ ਗੰਢ, ਤ੍ਰੇਤਾ ਦੁਆਪਰ ਕਲਜੁਗ ਤੇਰੀ ਸੇਵ ਨਾ ਕੋਈ ਕਮਾਈਆ । ਤੇਰੇ ਅੱਗੇ ਇਕੋ ਮੰਗ, ਬਣ ਮਾਂਗਤ ਝੋਲੀ ਡਾਹੀਆ । ਜਨ ਭਗਤਾਂ ਦੇ ਸੱਚਾ ਸੰਗ, ਮਨਮੁਖ ਨਜ਼ਰ ਕੋਇ ਨਾ ਆਈਆ । ਤੇਰਾ ਚਮਕੇ ਨੂਰੀ ਚੰਦ, ਜ਼ਹੂਰ ਤੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਨਾਮ ਵਰ, ਦਰ ਤੇਰੇ ਅਲਖ ਜਗਾਈਆ । ਤੇਰੇ ਦਰ ਅਲਖ ਜਗਦੀਸ, ਜਗਦੀਸ਼ਰ ਤੇਰੀ ਸਰਨਾਈਆ । ਇਕੋ ਵੇਖਾਂ ਛਤਰ ਤੇਰੇ ਸੀਸ, ਸ਼ਹਿਨਸ਼ਾਹ ਤੇਰੇ ਹੱਥ ਵਡਿਆਈਆ । ਦੋ ਜਹਾਨ ਮੰਗਣ ਤੇਰੀ ਪ੍ਰੀਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਨੌ ਖੰਡ ਪ੍ਰਿਥਮੀ ਗਾਏ ਤੇਰਾ ਗੀਤ, ਲੱਖ ਚੁਰਾਸੀ ਤੇਰਾ ਨਾਉਂ ਧਿਆਈਆ । ਲੇਖਾ ਚੁੱਕੇ ਮੰਦਰ ਮਸੀਤ, ਸ਼ਿਵਦਵਾਲਾ ਮੱਠ ਕਾਇਆ ਕਾਅਬਾ ਇਕ ਬਣਾਈਆ । ਸਚ ਦੁਆਰਿਉਂ ਦੇਣੀ ਭੀਖ, ਭਿਛਿਆ ਆਪਣਾ ਨਾਮ ਵਰਤਾਈਆ । ਤੇਰਾ ਦੁਆਰਾ ਦਿਸੇ ਅਤੀਤ, ਤ੍ਰੈਗੁਣ ਲੇਖਾ ਰਹੇ ਨਾ ਰਾਈਆ । ਨਜ਼ਰੀ ਆਏ ਇਕੋ ਮੀਤ, ਸੱਜਣ ਸੱਚਾ ਸੱਚਾ

ਮਾਹੀਆ । ਤੈਨੂੰ ਭਗਤ ਕਹਿਣ ਬੀਠਲੋ ਬੀਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਚ ਵਰ, ਤੇਰੀ ਵੱਜੇ ਨਾਮ ਵਧਾਈਆ । ਪੁਰਖ ਅਕਾਲ ਦੀਨ ਦਿਆਲ, ਆਪਣੀ ਦਇਆ ਕਮਾਈਆ । ਸਤਿਜੁਗ ਸਾਚੇ ਸਾਚੇ ਲਾਲ, ਤੇਰੀ ਸਾਚੀ ਸੇਜ ਸੁਹਾਈਆ । ਧਰਮ ਦੁਆਰ ਸੱਚੀ ਧਰਮਸਾਲ, ਹਰਿ ਮੰਦਰ ਦਏ ਵਖਾਈਆ । ਜਿਥੇ ਪੋਹ ਨਾ ਸਕੇ ਕਾਲ, ਮਹਾਂਕਾਲ ਨੈਣ ਸ਼ਰਮਾਈਆ । ਤ੍ਰੈਗੁਣ ਮਾਈਆ ਨਾ ਕੋਈ ਜੰਜਾਲ, ਪੰਜ ਤਤ ਨਾ ਕੋਇ ਲੜਾਈਆ । ਨਿਰਗੁਣ ਦਿਸੇ ਸਦਾ ਨਾਲ, ਵਿਛੋੜਾ ਰਹਿਣ ਕੋਇ ਨਾ ਪਾਈਆ । ਸੋ ਮੰਦਰ ਦਿਆਂ ਵਖਾਲ, ਜਿਸ ਘਰ ਵਸੇ ਸੱਚਾ ਮਾਹੀਆ । ਸੇਵਾ ਕਰੀ ਆਪ ਮਹਾਨ, ਨਿਰਗੁਣ ਆਪਣਾ ਫੇਰਾ ਪਾਈਆ । ਪ੍ਰਗਟ ਕਰ ਵਿਚ ਜਹਾਨ, ਸਚ ਨਿਸ਼ਾਨ ਦਿਤਾ ਝੁਲਾਈਆ । ਬਹੱਤਰ ਸੱਤਰ ਕਰ ਪਰਵਾਨ, ਚੁਹੱਤਰਾਂ ਅੰਕ ਜੋੜ ਜੁੜਾਈਆ । ਅੰਦਰ ਬਾਹਰ ਬੈਠ ਸ੍ਰੀ ਭਗਵਾਨ, ਸਾਚਾ ਮੰਦਰ ਦਿਤਾ ਸੁਹਾਈਆ । ਤੇਰੀ ਪ੍ਰੀਤੀ ਨਿਭੇ ਨਾਲ, ਲੱਗੀ ਆਪਣੇ ਨਾਲ ਅੰਤਮ ਤੋੜ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਸਾਚਾ ਰਾਹ ਜਣਾਈਆ । ਸਤਿਜੁਗ ਸੁਣ ਹੋਇਆ ਖ਼ੁਸ਼ਹਾਲ, ਘਰ ਸਾਚੇ ਖ਼ੁਸ਼ੀ ਮਨਾਈਆ । ਕਿਰਪਾ ਕਰੀ ਆਪ ਕਿਰਪਾਲ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਚ ਦੁਆਰ ਦਿਤਾ ਵਖਾਲ, ਮੰਜ਼ਲ ਮੰਜ਼ਲ ਆਪ ਚੜ੍ਹਾਈਆ । ਨਜ਼ਰੀ ਆਏ ਇਕੋ ਕਾਹਨ, ਲੱਖ ਚੁਰਾਸੀ ਗੋਪੀ ਰਿਹਾ ਹੰਡਾਈਆ । ਸਚ ਧਰਮ ਝੁਲੇ ਨਿਸ਼ਾਨ, ਦੂਜੀ ਵੰਡ ਨਾ ਕੋਇ ਵੰਡਾਈਆ । ਸਾਚੇ ਭਗਤ ਦਰ ਬੈਠੇ ਸੋਭਾ ਪਾਣ, ਨੇਤਰ ਲੋਚਣ ਨੈਣ ਇਕੋ ਦਰਸ਼ਨ ਪਾਈਆ । ਆਤਮ ਪਰਮਾਤਮ ਢੋਲਾ ਸੱਚਾ ਗਾਣ, ਦੂਜਾ ਨਾਅਰਾ ਨਾ ਕੋਇ ਅਲਾਈਆ । ਇਕੋ ਓਟ ਪੁਰਖ ਅਕਾਲ ਤਕਾਣ, ਦੂਜਾ ਸੰਗ ਨਾ ਕੋਇ ਵਖਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਘਾਲਦੇ ਗਏ ਘਾਲ, ਸੋ ਸਾਹਿਬ ਸੱਚਾ ਇਕ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਦਏ ਸਮਝਾਈਆ । ਸਤਿਜੁਗ ਮੰਦਰ ਵੇਖ ਏਕ, ਏਕੰਕਾਰ ਰਿਹਾ ਜਣਾਈਆ । ਜਿਸ ਦੁਆਰੇ ਨਿਰਗੁਣ ਧਰਿਆ ਭੇਖ, ਭੇਖਾਧਾਰੀ ਵੇਸ ਵਟਾਈਆ । ਸਚਖੰਡ ਨਿਵਾਸੀ ਕਰੇ ਅਗੰਮੀ ਖੇਡ, ਖ਼ਾਲਕ ਖ਼ਲਕ ਆਪ ਜਣਾਈਆ । ਜਿਸ ਗੁਰ ਅਵਤਾਰ ਪੀਰ ਪੈਗ਼ੰਬਰ ਦਿਤੇ ਭੇਜ, ਅੰਤਮ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰਾ ਇਕ ਦਰਸਾਈਆ । ਸਚ ਦੁਆਰਾ ਵੇਖ ਸੋਹਣਾ, ਸਤਿਜੁਗ ਸਾਚਾ ਖ਼ੁਸ਼ੀ ਮਨਾਇੰਦਾ । ਨਾ ਹੱਸਣਾ ਨਾ ਕੋਈ ਰੋਣਾ, ਖ਼ੁਸ਼ੀ ਗ਼ਮ ਨਾ ਕੋਇ ਵਡਿਆਇੰਦਾ । ਨਾ ਮੈਲਾ ਨਾ ਕਪੜ ਧੋਣਾ, ਦੁਰਮਤ ਮੈਲ ਰੰਗ ਨਾ ਕੋਇ ਚੜ੍ਹਾਇੰਦਾ । ਨਾ ਜਾਗਣਾ ਨਾ ਕੋਈ ਸੌਣਾ, ਆਲਸ ਨਿੰਦਰਾ ਨਾ ਕੋਇ ਵਖਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਇਕੋ ਨਜ਼ਰੀ ਆਉਣਾ, ਨੇਤਰ ਨੈਣ ਆਪ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਚ ਮਹੱਲ ਇਕ ਸੁਹਾਇੰਦਾ । ਸਚ ਮਹੱਲ ਪ੍ਰਭ ਜੂ ਚੰਗਾ, ਚੰਗੀ ਤਰਾ ਵੇਖ ਵਖਾਈਆ । ਅੱਠੇ ਪਹਿਰ ਇਕ ਅਨੰਦਾ, ਅਨੰਦ ਮੰਗਲ ਇਕੋ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੁਆਰੇ ਬਹਿ ਕੇ ਗਾਵਣ ਤੇਰਾ ਛੰਦਾ, ਸੀਸ ਜਗਦੀਸ ਰਹੇ ਝੁਕਾਈਆ । ਜਿਸ ਮੰਜ਼ਲ ਬਿਨ ਬੰਦਗੀਉਂ ਪਾਰ ਹੋਵੇ ਬੰਦਾ, ਬੰਧਨ ਸਾਰੇ ਦਏਂ ਤੁੜਾਈਆ । ਜਿਸ ਗ੍ਰਿਹਿ ਪਿਛਲਾ ਦੂਰ ਰਹਿ ਜਾਏ ਕੰਢਾ, ਪਾਰ ਕਿਨਾਰਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ,


੧੦੪੨ ੧੫

ਸਤਿਜੁਗ ਸਾਚਾ ਦਰ ਵਖਾਈਆ । ਸਤਿਜੁਗ ਕਹੇ ਸੱਚਾ ਦਰਬਾਰ, ਸਚ ਦੁਆਰੇ ਵੱਜੇ ਵਧਾਈਆ । ਜਿਸ ਘਰ ਵਸੇ ਆਪ ਨਿਰੰਕਾਰ, ਨਿਰਗੁਣ ਬੈਠਾ ਡੇਰਾ ਲਾਈਆ । ਜਨ ਭਗਤਾਂ ਕਰੇ ਪਿਆਰ, ਭਗਵਨ ਆਪਣੀ ਦਇਆ ਕਮਾਈਆ । ਸਾਚਾ ਮਾਰਗ ਦਏ ਸਿਖਾਲ, ਸਿਖਿਆ ਇਕੋ ਇਕ ਸਮਝਾਈਆ । ਇਕੱਠੇ ਕਰ ਸ਼ਾਹ ਕੰਗਾਲ, ਊਚ ਨੀਚ ਜੋੜ ਜੁੜਾਈਆ । ਸਰਬ ਜੀਆਂ ਦਾ ਬਣ ਦਲਾਲ, ਸਾਚੀ ਸੇਵਾ ਆਪ ਕਮਾਈਆ । ਹਕੀਕਤ ਦੱਸੋ ਇਕ ਹਲਾਲ, ਹੱਕ ਸਭ ਦੀ ਝੋਲੀ ਪਾਈਆ । ਸਤਿਜੁਗ ਵੇਖ ਛੋਟੇ ਬਾਲ, ਬਾਲੀ ਬੁੱਧ ਰਿਹਾ ਸਮਝਾਈਆ । ਬਿਨ ਭਗਤਾਂ ਤੇਰੇ ਚਲੇ ਕੋਈ ਨਾ ਨਾਲ, ਖ਼ਾਲੀ ਦਿਸੇ ਜਗਤ ਲੋਕਾਈਆ । ਘਰ ਘਰ ਵੜਿਆ ਕੂੜ ਸ਼ੈਤਾਨ, ਦਿਵਸ ਰੈਣ ਕਰੇ ਲੜਾਈਆ । ਸਾਧ ਸੰਤ ਹੋਏ ਬੇਈਮਾਨ, ਸਚ ਧਰਮ ਨਜ਼ਰ ਕੋਇ ਨਾ ਆਈਆ । ਰਸਨਾ ਜਿਹਵਾ ਬੱਤੀ ਦੰਦ ਸਾਰੇ ਦੇਣ ਗਿਆਨ, ਅੰਦਰ ਵੜ ਕੇ ਮਨ ਕਾ ਮਣਕਾ ਨਾ ਕੋਇ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸੱਚੇ ਰਿਹਾ ਸਮਝਾਈਆ । ਸਤਿਜੁਗ ਕਹੇ ਪ੍ਰਭ ਮੇਰੀ ਹੋਛੀ ਮਤ, ਸਮਝ ਸਮਝ ਵਿਚ ਨਾ ਆਈਆ । ਇਕ ਜਣਾਉਣਾ ਆਪਣਾ ਤੱਤ, ਤਤਵ ਇਕੋ ਇਕ ਦਰਸਾਈਆ । ਮੇਰੇ ਅੰਦਰ ਬਹੱਤਰ ਨਾੜੀ ਕਿਸੇ ਨਾ ਉਬਲੇ ਰਤ, ਜੋ ਤੇਰਾ ਨਾਮ ਧਿਆਈਆ । ਮਾੜੇ ਚੰਗੇ ਆਪਣੇ ਖਾਤੇ ਲੈਣੇ ਘਤ, ਜੋ ਚਰਨ ਕਵਲ ਸੀਸ ਨਿਵਾਈਆ । ਮੇਲ ਮਿਲਾਉਣਾ ਹੱਸ ਹੱਸ, ਦੀਨਾਂ ਨਾਥ ਦੀਨਨ ਗਲੇ ਲਗਾਈਆ । ਮਿਹਰਵਾਨ ਹੋ ਕੇ ਤੱਕੀਂ ਆਪਣੀ ਅੱਖ, ਆਖ਼ਰ ਆਪਣੇ ਘਰ ਬਹਾਈਆ । ਤੇਰੇ ਨਾਲੋਂ ਤੇਰਾ ਕਦੀ ਨਾ ਹੋਵੇ ਵੱਖ, ਵੱਖਰੀ ਧਾਰ ਨਾ ਮੋਹੇ ਭਾਈਆ । ਨਿਤ ਨਵਿਤ ਗਾਉਂਦੇ ਰਹੀਏ ਤੇਰਾ ਜਸ, ਪ੍ਰਭ ਵੱਡੇ ਤੇਰੀ ਵਡ ਵਡਿਆਈਆ । ਵੇਖੀਂ ਦੇ ਵਿਛੋੜਾ ਨਾ ਜਾਈਂ ਨੱਠ, ਤੇਰੀ ਝੱਲੀ ਨਾ ਜਾਏ ਜੁਦਾਈਆ । ਜੁਗ ਜੁਗ ਜਨ ਭਗਤ ਤੇਰੇ ਮਿਲਣ ਦਾ ਕਰ ਕੇ ਹਠ, ਅਪਣੀਆਂ ਖ਼ੱਲਾਂ ਗਏ ਲੁਹਾਈਆ । ਕਬੀਰ ਜੁਲਾਹੇ ਮਾਰਗ ਦਿਤਾ ਦੱਸ, ਪ੍ਰਭ ਮਿਲਦਾ ਸਚ ਗੋਸਾਈਂਆ । ਪਹਿਲੋਂ ਹੋਵੇ ਉਹਦੇ ਵਸ, ਫਿਰ ਵਸ ਆਪਣੇ ਲਓ ਕਰਾਈਆ । ਏਥੇ ਅਸਾਂ ਨਾ ਕਰਨੀ ਬਸ, ਬੇਸਮਝ ਰਹੇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਦੂਜੇ ਦਰ ਮੰਗਣ ਕੋਇ ਨਾ ਜਾਈਆ । ਸਤਿਜੁਗ ਕਹੇ ਮੇਰੇ ਦਾਤੇ ਦਾਤਾਰ, ਹੱਥ ਤੇਰੇ ਵਡਿਆਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਗੁਣ ਤੇਰੀ ਸਰਨਾਈਆ । ਸ੍ਰਿਸ਼ਟ ਸਬਾਈ ਲੈ ਉਠਾਲ, ਛਿਨ ਭੰਗਰ ਰੂਪ ਵਟਾਈਆ । ਸਾਚਾ ਮਾਰਗ ਦੇ ਸਿਖਾਲ, ਆਤਮ ਅੰਤਰ ਕਰ ਪੜ੍ਹਾਈਆ । ਆ ਕੇ ਵੇਖ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਈਆ । ਕਲਜੁਗ ਕੂੜਾ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਸਚ ਵਖਾ ਸੱਚੀ ਧਰਮਸਾਲ, ਧਰਮ ਦੁਆਰਾ ਇਕੋ ਨਜ਼ਰੀ ਆਈਆ । ਜਿਸ ਘਰ ਵਸਣ ਸ਼ਾਹ ਕੰਗਾਲ, ਰਾਉ ਰੰਕ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਾਮ ਸੰਦੇਸਾ ਇਕ ਸੁਣਾਈਆ । ਨਾਮ ਸੰਦੇਸਾ ਸੁਣ ਸਤਿਜੁਗ, ਜੁਗ ਕਰਤਾ ਆਪ ਜਣਾਈਆ । ਲੱਖ ਚੁਰਾਸੀ ਵਿਚੋਂ ਗੁਰਮੁਖ ਚੁਗ, ਚੋਣ ਆਪਣੀ ਮਾਤ ਸਮਝਾਈਆ । ਪਰਗਟ ਹੋਇਆ ਜੋ ਬੈਠਾ ਲੁਕ, ਪੜਦਾ ਉਹਲਾ ਆਪ ਮਿਟਾਈਆ । ਸਚ ਦੁਆਰੇ ਦੱਸੀ ਇਕੋ ਸੁਚ, ਨਾਮ ਸਚ ਕਰ ਰੁਸ਼ਨਾਈਆ । ਅੰਦਰ ਵੜ ਕੇ ਲਿਆ ਪੁੱਛ, ਡੂੰਘੀ ਭਵਰੀ ਫੋਲ ਫੋਲਾਈਆ । ਕੂੜੀ ਕਿਰਿਆ ਪੈਂਡਾ ਗਿਆ ਮੁੱਕ, ਜਨ ਭਗਤਾਂ ਰੰਗ ਰੰਗਾਈਆ । ਜੂਠ ਝੂਠ ਬੂਟਾ ਗਿਆ

੧੦੪੩
੧੫

ਸੁੱਕ, ਸਚ ਸੁਚ ਫਲ ਫੁਲਵਾੜੀ ਆਪ ਮਹਿਕਾਈਆ । ਨਿਰਗੁਣ ਧਾਰੋਂ ਨਿਰਵੈਰ ਪੁਰਖ ਉਠ, ਨਿਰਾਕਾਰ ਹੋਏ ਸਹਾਈਆ । ਸੰਤ ਸੁਹੇਲੇ ਸਾਚੇ ਸੁੱਤ, ਸਤਿਗੁਰ ਸਾਹਿਬ ਲਏ ਜਗਾਈਆ । ਸੁਫਲ ਕਰਾ ਜਨਨੀ ਕੁੱਖ, ਦੇਵਣਹਾਰਾ ਆਪ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਿਰ ਹੱਥ ਰੱਖ ਪ੍ਰਭ, ਆਪਣੀ ਦਇਆ ਕਮਾਈਆ । ਸੰਤ ਸੁਹੇਲੇ ਸੱਜਣ ਲੱਭ, ਆਪਣੇ ਘਰ ਵਸਾਈਆ । ਭਗਤ ਦੁਆਰੇ ਭਗਤ ਸੱਦ, ਸੱਦਾ ਨਾਮ ਜਣਾਈਆ । ਜਨਮ ਕਰਮ ਦੀ ਮੁੱਕੀ ਹੱਦ, ਘਰ ਇਕੋ ਵੇਖ ਵਖਾਈਆ । ਲੱਖ ਚੁਰਾਸੀ ਵਿਚੋਂ ਕੱਢ, ਚਰਨ ਕਵਲ ਦਏ ਸਰਨਾਈਆ । ਲੇਖੇ ਲਾ ਮਾਟੀ ਹੱਡ, ਰੱਤੀ ਰਤ ਸੋਭਾ ਪਾਈਆ । ਵਿਸ਼ਵ ਬਣਾ ਇਕੋ ਯੱਦ, ਬੰਸ ਆਪਣਾ ਲਏ ਸੁਹਾਈਆ । ਪਿਛਲੀ ਕੀਤੀ ਕਰਕੇ ਰੱਦ, ਅੱਗੇ ਮਾਰਗ ਇਕੋ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੂਰਾ ਸਰਬੱਗ, ਅੰਗ ਸੰਗ ਸਦਾ ਸਹਾਈਆ । ਅੰਗ ਸੰਗ ਸਦਾ ਸਹਾਈ, ਸੋ ਪੁਰਖ ਨਿਰੰਜਣ ਦਇਆ ਕਮਾਇੰਦਾ । ਭਗਤ ਭਗਵਾਨ ਲਏ ਮਿਲਾਈ, ਮਿਲਣੀ ਜਗਦੀਸ ਆਪ ਵਖਾਇੰਦਾ । ਸਤਿਜੁਗ ਗੀਤ ਗਾਉਣਾ ਚਾਈਂ ਚਾਈਂ, ਚਾਓ ਘਨੇਰਾ ਇਕ ਦ੍ਰਿੜਾਇੰਦਾ । ਦੋਹਾਂ ਮੇਲਾ ਸਾਚੇ ਥਾਈਂ, ਥਾਨ ਥਨੰਤਰ ਇਕ ਵਖਾਇੰਦਾ । ਭਗਤ ਦੁਆਰ ਵੱਜੇ ਵਧਾਈ, ਵਾਧਾ ਆਪਣਾ ਨਾਮ ਪਾਇੰਦਾ । ਦਾਦੀ ਦਾਦਾ ਬਣ ਕੇ ਪਿਤਾ ਮਾਈ, ਪੂਤ ਸਪੂਤ ਆਪਣੀ ਗੋਦ ਸੁਹਾਇੰਦਾ । ਸੰਤ ਕੰਤ ਭਗਤ ਭਗਵੰਤ ਫੜ ਕੇ ਬਾਂਹੀਂ, ਪਾਰ ਕਿਨਾਰੇ ਆਪ ਲਗਾਇੰਦਾ । ਗੁਰਮੁਖ ਗੁਰਸਿਖ ਵੇਲੇ ਅੰਤ ਕੋਇ ਨਾ ਮਾਰੇ ਧਾਹੀਂ, ਸਤਿ ਸਰੂਪ ਆਪਣੇ ਵਿਚ ਸਮਾਇੰਦਾ । ਸਚਖੰਡ ਦੁਆਰੇ ਦੇਵੇ ਠੰਡੀਆਂ ਛਾਈਂ, ਸਿਰ ਆਪਣਾ ਹੱਥ ਟਿਕਾਇੰਦਾ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਹਰਿ ਕਰੇ ਸਚ ਨਿਆਈਂ, ਅਦਾਲਤ ਇਕੋ ਇਕ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਬੇਪਰਵਾਹੀ, ਬੇਪਰਵਾਹ ਆਪਣਾ ਹੁਕਮ ਵਰਤਾਇੰਦਾ ।

੧੦੪੪
੧੫

### ੯ ਮੱਘਰ ੨੦੨੦ ਬਿਕ੍ਰਮੀ ਜੋਗਿੰਦਰ ਸਿੰਘ ਦੇ ਗ੍ਰਿਹਿ ਪਿੰਡ ਡਡਵਾਂ ਜ਼ਿਲਾ ਗੁਰਦਾਸ ਪੁਰ

ਸਤਿਜੁਗ ਕਹੇ ਪ੍ਰਭ ਦੇਵੇ ਜਨਮ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਸਤਿ ਬਣਾਏ ਮੇਰਾ ਕਰਮ, ਸਤਿ ਸਤਿਵਾਦੀ ਹੋਏ ਸਹਾਈਆ । ਕੂੜੀ ਕਿਰਿਆ ਰਹੇ ਨਾ ਭਰਮ, ਸਾਚੀ ਸਿਖਿਆ ਇਕ ਸਮਝਾਈਆ । ਬਖ਼ਸ਼ਿਸ਼ ਕਰੇ ਆਪਣੀ ਸਰਨ, ਸਰਨਗਤ ਇਕ ਦ੍ਰਿੜਾਈਆ । ਨਾਤਾ ਤੋੜੇ ਵਰਨ ਬਰਨ, ਜ਼ਾਤ ਪਾਤ ਨਾ ਕੋਇ ਰਖਾਈਆ । ਕਿਰਪਾ ਕਰੇ ਹਰਿ ਕਰਨੀ ਕਰਨ, ਕਰਤਾ ਪੁਰਖ ਸੱਚਾ ਸ਼ਹਿਨਸ਼ਾਹੀਆ । ਸਾਚੀ ਸਿਖਿਆ ਦੇਵੇ ਇਕੋ ਨਾਮ ਪੜ੍ਹਨ, ਚੌਦਾਂ ਵਿਦਿਆ ਡੇਰਾ ਢਾਹੀਆ । ਲੋਕ ਪਰਲੋਕ ਸਜਦੇ ਕਰਨ, ਦੋ ਜਹਾਨ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮੋਹੇ ਮਾਣ ਵਡਿਆਈਆ । ਸਤਿਜੁਗ ਕਹੇ ਮੇਰਾ ਹੋਏ ਨਿਵਾਸ, ਲੋਕਮਾਤ ਵੱਜੇ ਵਧਾਈਆ । ਖੇੜਾ ਵਸੇ ਜਗਤ ਪਰਭਾਸ, ਜੰਗਲ ਜੂਹ ਖ਼ੁਸ਼ੀ ਮਨਾਈਆ । ਡੂੰਘੇ ਸਾਗਰ ਖੇਲ ਸਰਬ ਗੁਣਤਾਸ, ਗੁਣਵੰਤਾ ਰੰਗ ਰੰਗਾਈਆ । ਜਨ ਭਗਤਾਂ ਪੂਰੀ ਕਰ ਆਸ, ਕੂੜੀ ਤ੍ਰਿਸਨਾ ਮੇਟ ਮਿਟਾਈਆ । ਦਰਸ ਦਿਖਾਏ ਸਾਖਿਆਤ, ਨਿਰਗੁਣ ਆਪਣਾ ਰੂਪ ਵਟਾਈਆ । ਸ਼ਬਦ ਅਗੰਮੀ ਸੁਣਾਏ ਬਾਤ, ਬਾਤਨ

ਆਪਣਾ ਹਾਲ ਜਣਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਨਿਰਮਲ ਸੱਚਾ ਚੰਦ ਚਮਕਾਈਆ । ਖ਼ੁਸ਼ੀ ਮਨਾਏ ਪ੍ਰਿਥਮੀ ਆਕਾਸ਼, ਗਗਨ ਮੰਡਲ ਵੱਜੇ ਵਧਾਈਆ । ਦਰਗਹਿ ਸਾਚੀ ਪਏ ਰਾਸ, ਗੋਪੀ ਕਾਹਨ ਨਾਚ ਨਚਾਈਆ । ਸਾਚੇ ਮੰਦਰ ਹਾਸ ਬਲਾਸ, ਸਚਖੰਡ ਸਾਚੇ ਖ਼ੁਸ਼ੀ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਮੇਰੇ ਹੱਥ ਟਿਕਾਈਆ । ਸਤਿਜੁਗ ਕਹੇ ਮੋਹੇ ਮਿਲੇ ਮਾਣ, ਸ੍ਰੀ ਭਗਵਾਨ ਹੋਏ ਸਹਾਈਆ । ਧੁਰਦਰਗਾਹੀ ਦੇਵੇ ਇਕ ਗਿਆਨ, ਨਾਮ ਸੰਦੇਸਾ ਸਚ ਸੁਣਾਈਆ । ਚਰਨ ਕਵਲ ਬਖ਼ਸ਼ੇ ਆਪ ਧਿਆਨ, ਦੂਜੀ ਓਟ ਨਾ ਕੋਇ ਜਣਾਈਆ । ਹਰ ਘਟ ਸੁਆਮੀ ਹੋਏ ਜਾਣੀ ਜਾਣ, ਗ੍ਰਿਹਿ ਮੰਦਰ ਖੋਜ ਖੋਜਾਈਆ । ਪਵਣ ਪਾਣੀ ਸੇਵ ਕਮਾਣ, ਅਗਨੀ ਤਤ ਨਾ ਲਾਗੇ ਰਾਈਆ । ਅੰਮ੍ਰਿਤ ਮਿਲੇ ਪੀਣ ਖਾਣ, ਰਸ ਇਕੋ ਇਕ ਵਖਾਈਆ । ਸਾਚਾ ਢੋਲਾ ਬੋਲ ਬਿਨਾਂ ਜ਼ਬਾਨ, ਬਿਨ ਦੰਦਾਂ ਦਏ ਜਣਾਈਆ । ਧਰਮ ਵਖਾਏ ਇਕ ਨਿਸ਼ਾਨ, ਸ਼ਾਹ ਪਾਤਸ਼ਾਹ ਆਪ ਝੁਲਾਈਆ । ਭੂਪਤ ਨਜ਼ਰੀ ਆਏ ਰਾਜ ਰਾਜਾਨ, ਰਾਜਨ ਰਾਜ ਇਕ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸੱਚਾ ਵਰ, ਲੇਖਾ ਆਪਣੇ ਹੱਥ ਰਖਾਈਆ । ਸਤਿਜੁਗ ਕਹੇ ਪ੍ਰਭ ਹੋਏ ਦਿਆਲ, ਦੀਨਨ ਆਪਣੀ ਦਇਆ ਕਮਾਈਆ । ਆਪਣੇ ਘਰ ਉਪਜਾਵੇ ਛੋਟਾ ਲਾਲ, ਪਿਤਾ ਪੂਤ ਗੋਦ ਉਠਾਈਆ । ਬ੍ਰਹਿਮੰਡ ਖੰਡ ਵਖਾਏ ਸੱਚੀ ਧਰਮਸਾਲ, ਧਰਨੀ ਧਰਤ ਧਵਲ ਸੋਭਾ ਪਾਈਆ । ਸੇਵਾ ਲਾਏ ਬਾਲਕ ਮੋਹੇ ਅਵਾਣ, ਸਾਚੀ ਮਤ ਇਕ ਜਣਾਈਆ । ਲੇਖਾ ਜਾਣੇ ਚਤਰ ਸੁਘੜ ਸੁਜਾਨ, ਗਹਿ ਗੰਭੀਰ ਵੱਡੀ ਵਡਿਆਈਆ । ਸਚ ਦੁਆਰ ਦਿਸੇ ਮਕਾਨ, ਨਿਰਮਲ ਨੂਰ ਜੋਤ ਰੁਸ਼ਨਾਈਆ । ਚਾਰੋਂ ਕੁੰਟ ਵੇਖੇ ਮਾਰ ਧਿਆਨ, ਨਵ ਨੌਂ ਚਾਰ ਖੋਜ ਖੋਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸੱਚਾ ਵਰ, ਨਿਜ ਨੇਤਰ ਨੈਣ ਅੱਖ ਖੁਲ੍ਹਾਈਆ । ਸਤਿਜੁਗ ਕਹੇ ਪ੍ਰਭ ਨੇਤਰ ਖੋਲ੍ਹੇ, ਖ਼ਲਕ ਦਏ ਵਡਿਆਈਆ । ਨਿਰਗੁਣ ਸਰਗੁਣ ਅੰਦਰ ਬੋਲੇ, ਧੁਰ ਅਗੰਮੀ ਰਾਗ ਅਲਾਈਆ । ਭਾਗ ਲਗਾਏ ਸਾਚੇ ਚੋਲੇ, ਦੇਵੇ ਜਗਤ ਮਾਣ ਵਡਿਆਈਆ । ਆਪ ਚੁਕਾਏ ਪੜਦਾ ਉਹਲੇ, ਦੂਈ ਨਜ਼ਰ ਕੋਇ ਨਾ ਆਈਆ । ਸਾਚੇ ਕੰਡੇ ਨਿਰਵੈਰ ਤੋਲੇ, ਨਿਰਾਕਾਰ ਵੇਖ ਵਖਾਈਆ । ਸਦਾ ਸਦਾ ਸਦ ਵਸੇ ਕੋਲੇ, ਪਾਰਬ੍ਰਹਮ ਬੇਪਰਵਾਹੀਆ । ਆਦਿ ਜੁਗਾਦਿ ਰਹੇ ਅਡੋਲੇ, ਅਡੂਲ ਕਦੇ ਨਾ ਜਾਈਆ । ਜੁਗ ਚੌਕੜੀ ਜਿਸ ਦੇ ਬਣੇ ਰਹੇ ਗੋਲੇ, ਨਿਤ ਨਵਿਤ ਸੇਵ ਕਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਗਾਉਂਦੇ ਢੋਲੇ, ਸਚ ਸੰਦੇਸਾ ਰਾਗ ਅਲਾਈਆ । ਸੋ ਸਾਹਿਬ ਸੁਲਤਾਨ ਹੋ ਮਿਹਰਵਾਨ ਮੇਰਾ ਪੜਦਾ ਆਪੇ ਖੋਲ੍ਹੇ, ਬੰਦ ਤਾਕੀ ਕੁੰਡਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦਰ ਘਰ ਦੇਵੇ ਮਾਣ ਵਡਿਆਈਆ । ਸਤਿਜੁਗ ਕਹੇ ਪ੍ਰਭ ਪਤ ਲਏ ਰੱਖ, ਮਿਹਰਵਾਨ ਦਇਆ ਕਮਾਈਆ । ਨਿਰਵੈਰ ਹੋ ਕੇ ਖੋਲ੍ਹੇ ਅੱਖ, ਆਖ਼ਰ ਆਪਣਾ ਮੇਲ ਮਿਲਾਈਆ । ਦੋ ਜਹਾਨ ਦਿਸੇ ਪਰਤੱਖ, ਸਤਿ ਸਰੂਪ ਵੇਸ ਵਟਾਈਆ । ਸੱਚਾ ਮਾਰਗ ਦੇਵੇ ਦੱਸ, ਕਲਜੁਗ ਕੂੜੀ ਕਿਰਿਆ ਮੇਟ ਮਿਟਾਈਆ । ਜੂਠ ਝੂਠ ਖੇੜਾ ਕਰੇ ਭੱਠ, ਸਚ ਸੁਚ ਕਰੇ ਰੁਸ਼ਨਾਈਆ । ਚਾਰ ਵਰਨਾਂ ਦੇਵੇ ਇਕੋ ਰਸ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਰੰਗ ਰੰਗਾਈਆ । ਮਾਇਆ ਮਮਤਾ ਹਉਮੇ ਹੰਗਤਾ ਚਰਨ ਕਵਲ ਹੇਠਾਂ ਦੇਵੇ ਝੱਸ, ਲੋਕਮਾਤ ਬਾਹਰ ਕਢਾਈਆ । ਕਰ ਪਰਕਾਸ਼ ਸਾਚੇ ਸਸ, ਰਵ ਇਕੋ ਇਕ ਚਮਕਾਈਆ । ਮਹਿਮਾ ਸੁਣਾਏ ਆਪਣੀ ਅਕਥ, ਕਥਨੀ ਕਥ ਨਾ ਸਕੇ ਰਾਈਆ । ਧਰਮ ਦੁਆਰਾ ਖੋਲ੍ਹੇ ਹੱਟ,

ਸੌਦਾ ਇਕੋ ਨਾਮ ਵਿਕਾਈਆ । ਲੇਖ ਚੁਕਾਏ ਤੀਰਥ ਅਠਸਠ, ਸਚ ਸਰੋਵਰ ਇਕ ਨੁਹਾਈਆ । ਲੱਖ ਚੁਰਾਸੀ ਦੇਵੇ ਬ੍ਰਹਮ ਮਤ, ਬ੍ਰਹਮ ਵਿਦਿਆ ਕਰੇ ਪੜ੍ਹਾਈਆ । ਨਾੜ ਬਹੱਤਰ ਨਾ ਉਬਲੇ ਰਤ, ਬੂੰਦ ਰਕਤ ਵੇਖ ਵਖਾਈਆ । ਦੂਰ ਦੁਰਾਡਾ ਆਵੇ ਨੱਸ, ਨਿਜ ਘਰ ਸਾਚੇ ਫੇਰਾ ਪਾਈਆ । ਜਨ ਭਗਤਾਂ ਸਿਰ ਰੱਖੇ ਦੇ ਕਰ ਹੱਥ, ਸਮਰਥ ਆਪਣੇ ਹੱਥ ਰੱਖੇ ਵਡਿਆਈਆ । ਮੈਂ ਚਰਨ ਕਵਲ ਹਰਿ ਸਰਨਾਈ ਜਾਵਾਂ ਢੱਠ, ਧੂੜੀ ਟਿੱਕਾ ਮਸਤਕ ਇਕੋ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸੱਚਾ ਵਰ, ਮੇਰੀ ਆਸਾ ਪੂਰ ਕਰਾਈਆ । ਸਤਿਜੁਗ ਕਹੇ ਪ੍ਰਭ ਪੂਰੇ ਆਸਾ, ਆਸਾ ਮਨਸਾ ਵਿਚ ਸਮਾਈਆ । ਸੱਚਾ ਦੇਵੇ ਇਕ ਭਰਵਾਸਾ, ਮਿਲੇ ਮਾਣ ਵਡਿਆਈਆ । ਭਾਗ ਲਗਾਏ ਕਾਇਆ ਕਾਸਾ, ਸਾਚੀ ਵਸਤ ਵਿਚ ਟਿਕਾਈਆ । ਪਹਿਲਾ ਪੁੱਤ ਨਾ ਹੋਏ ਨਿਰਾਸਾ, ਸਧਰਾਂ ਆਪਣੀ ਰਾਸ ਬਣਾਈਆ । ਅਗਲਾ ਦੱਸੇ ਭੇਵ ਖ਼ੁਲਾਸਾ, ਅਨਭਵ ਆਪਣਾ ਰਾਗ ਜਣਾਈਆ । ਚਾਰ ਜੁਗ ਦਾ ਪਿਛਲਾ ਪੂਰਾ ਕਰੇ ਖਾਤਾ, ਕਲਜੁਗ ਅੰਤਮ ਡੇਰਾ ਢਾਹੀਆ । ਨੌ ਸੌ ਚੁਰਾਨਵੇ ਚੌਕੜੀ ਜੁਗ ਮੁੱਕੀ ਵਾਟਾ, ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਸੁਣਾਈਆ । ਸਭ ਨੂੰ ਆਇਆ ਹਾਰ ਪਾਸਾ, ਜਿਤ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸੱਚਾ ਵਰ, ਸਿਰ ਮੇਰੇ ਹੱਥ ਰਖਾਈਆ । ਸਤਿਜੁਗ ਕਹੇ ਪ੍ਰਭ ਦੱਸਣਾ ਬੋਲ, ਅਨਬੋਲਤ ਰਾਗ ਜਣਾਈਆ । ਤੇਰੇ ਨਾਮ ਦਾ ਵੱਜੇ ਢੋਲ, ਦੂਜਾ ਗੀਤ ਨਾ ਕੋਇ ਸੁਣਾਈਆ । ਆਤਮ ਪਰਮਾਤਮ ਕਰਨਾ ਚੋਹਲ, ਘਰ ਮੇਲਾ ਸਹਿਜ ਸੁਭਾਈਆ । ਬਜਰ ਕਪਾਟੀ ਪੜਦਾ ਦੇਣਾ ਖੋਲ੍ਹ, ਗੁਰਮੁਖ ਸਾਚੇ ਬੂਝ ਬੁਝਾਈਆ । ਅੰਮ੍ਰਿਤ ਆਤਮ ਦੇਣੀ ਪੌਹਲ, ਰਸ ਇਕੋ ਇਕ ਵਖਾਈਆ ।
੧੦੪੬ ਆਤਮ ਸੇਜਾ ਵਸਣਾ ਕੋਲ, ਮੰਦਰ ਸਾਚੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਇਕ ਅਰਜ਼ੋਈਆ । ਦਰ ਤੇਰੇ ਅਰਜ਼ੋਈ ਅਰਦਾਸ, ਨਮੋ ਨਮੋ ਸੀਸ ਝੁਕਾਈਆ । ਕਿਰਪਾ ਕਰ ਸਰਬ ਗੁਣਤਾਸ, ਗੁਣਵੰਤ ਤੇਰੀ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੇਖਾ ਲਿਖ ਕੇ ਗਏ ਖ਼ਾਸ, ਖ਼ਾਹਸ਼ ਆਪਣੀ ਨਾਲ ਮਿਲਾਈਆ । ਕਲਜੁਗ ਅੰਤ ਨਿਰਗੁਣ ਨੂਰ ਜੋਤ ਕਰੇ ਪਰਕਾਸ਼, ਨਰ ਨਰਾਇਣ ਵੇਸ ਵਟਾਈਆ । ਜਿਸ ਦਾ ਨਾ ਕੋਈ ਪਿਤਾ ਨਾ ਕੋਈ ਮਾਤ, ਆਦਿ ਅੰਤ ਕਹਿਣ ਕੋਇ ਨਾ ਪਾਈਆ । ਰੂਪ ਰੰਗ ਰੇਖ ਨਾ ਕੋਈ ਜ਼ਾਤ, ਦੀਨ ਮਜ਼੍ਹਬ ਨਾ ਵੰਡ ਵੰਡਾਈਆ । ਜਿਸ ਦੀ ਸਿਫ਼ਤ ਲਿਖ ਨਾ ਸਕੇ ਕਲਮ ਦਵਾਤ, ਸ਼ਾਹੀ ਕਾਗ਼ਜ਼ ਰੋਵਣ ਮਾਰਨ ਧਾਹੀਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਕਿਸੇ ਨਾ ਜਾਣੀ ਸਚ ਪਰਭਾਤ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ਼ਬਦ ਅਗੰਮੀ ਦੇਵਣਹਾਰਾ ਦਾਤ, ਪੰਜ ਤਤ ਕਾਇਆ ਚੋਲੇ ਦਏ ਟਿਕਾਈਆ । ਜੋ ਵਿਸ਼ਨ ਬ੍ਰਹਮਾ ਸ਼ਿਵ ਦੇਵਣਹਾਰਾ ਸਾਥ, ਸਗਲਾ ਸੰਗ ਨਿਭਾਈਆ । ਸੋ ਸਾਹਿਬ ਮਿਲੇ ਕਮਲਾਪਾਤ, ਸਤਿਜੁਗ ਸੱਚਾ ਇਕੋ ਧਿਆਨ ਲਗਾਈਆ । ਮੇਰੀ ਪੂਰੀ ਕਰੇ ਆਸ, ਆਸਾ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸੱਚਾ ਵਰ, ਘਰ ਸਾਚੇ ਖ਼ੁਸ਼ੀ ਮਨਾਈਆ । ਸਤਿਜੁਗ ਕਹੇ ਪ੍ਰਭ ਦੇਵੇ ਢੋਲਾ, ਸਾਚਾ ਰਾਗ ਇਕ ਜਣਾਈਆ । ਕਲਮਾ ਨਬੀ ਰਸੂਲ ਇਕੋ ਬੋਲਾ, ਕਾਇਨਾਤ ਕਰੇ ਪੜ੍ਹਾਈਆ । ਨਿਰਵੈਰ ਪੁਰਖ ਬਣ ਵਿਚੋਲਾ, ਧੁਰ ਦਾ ਮੇਲਾ ਲਏ ਮਿਲਾਈਆ । ਸਚ ਦੁਆਰਾ ਜਿਸ ਨੇ ਆਦਿ ਜੁਗਾਦਿ ਖੋਲ੍ਹਾ, ਗੁਰ ਅਵਤਾਰ ਪੀਰ ਪੈਗ਼ੰਬਰ ਕਰੇ ਪੜ੍ਹਾਈਆ । ਜਿਸ ਦੁਆਰੇ ਕੂੜੀ ਕਿਰਿਆ

ਕੋਈ ਨਾ ਪਾਏ ਰੌਲਾ, ਨਾਅਰਾ ਹੱਕ ਹੱਕ ਇਕੋ ਇਕ ਸਮਝਾਈਆ । ਸੋ ਸ਼ਬਦ ਸੁਆਮੀ ਅੰਤਰਜਾਮੀ ਸਭ ਦਾ ਮੌਲਾ, ਨਾ ਮਾਲੂਮ ਨਜ਼ਰ ਕਿਸੇ ਨਾ ਆਈਆ । ਗੋਬਿੰਦ ਨਾਲ ਕਰ ਕੇ ਗਿਆ ਕੌਲਾ, ਕੀਤਾ ਕੌਲ ਭੁੱਲ ਕਦੇ ਨਾ ਜਾਈਆ । ਕਰੇ ਖੇਲ ਉਪਰ ਧੌਲਾ, ਧਰਤ ਧਵਲ ਦਏ ਵਡਿਆਈਆ । ਜਿਸ ਨੂੰ ਕਹਿੰਦੇ ਭਾਲਾ ਭੋਲਾ, ਭੇਵ ਅਭੇਦਾ ਦਏ ਖੁਲ੍ਹਾਈਆ । ਜੋ ਆਦਿ ਜੁਗਾਦਿ ਜੁਗ ਚੋਕੜੀ ਨਿਰਗੁਣ ਸਰਗੁਣ ਜਨ ਭਗਤ ਉਠਾਏ ਡੋਲਾ, ਬਣ ਕਹਾਰ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸੱਚਾ ਵਰ, ਨਿਤ ਨਵਿਤ ਆਪਣਾ ਦਰਸ ਕਰਾਈਆ । ਸਤਿਜੁਗ ਕਹੇ ਪ੍ਰਭ ਮਿਲੇ ਸੱਜਣ, ਘਰ ਸਾਚੇ ਵੱਜੇ ਵਧਾਈਆ । ਚਰਨ ਧੂੜ ਕਰਾਏ ਮਜਨ, ਦੁਰਮਤ ਮੈਲ ਰਹਿਣ ਨਾ ਪਾਈਆ । ਲੱਖ ਚੁਰਾਸੀ ਆਏ ਪੜਦੇ ਕੱਜਣ, ਕੋਝੇ ਕਮਲੇ ਗਲੇ ਲਗਾਈਆ । ਸੰਤ ਸੁਹੇਲੇ ਦਰ ਤੇ ਮੰਗਣ, ਗੁਰ ਚੇਲੇ ਰੰਗ ਚੜ੍ਹਾਈਆ । ਭਗਤ ਭਗਵਾਨ ਰੱਖੇ ਅੰਗਨ, ਗ੍ਰਿਹ ਮੰਦਰ ਖ਼ੁਸ਼ੀ ਵਖਾਈਆ । ਮਸਤਕ ਟਿੱਕਾ ਲਗਾਏ ਸਾਚੇ ਚੰਦਨ, ਚੰਦ ਚਾਂਦਨੀ ਨੂਰ ਰੁਸ਼ਨਾਈਆ । ਇਕੋ ਦੇਵੇ ਪਰਮਾਨੰਦਨ, ਨਿਜਾਨੰਦ ਕਰੇ ਰਸਾਈਆ । ਕੂੜ ਵਿਕਾਰਾ ਕਰੇ ਖੰਡਨ, ਨਾਮ ਖੰਡਾ ਖੜਗ ਚਮਕਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਮਾਣਸ ਜਨਮ ਨਾ ਹੋਵੇ ਭੰਗਨ, ਲੱਖ ਚੁਰਾਸੀ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਧੁਰ ਦਾ ਵਰ, ਮੇਰੀ ਝੋਲੀ ਦਏ ਭਰਾਈਆ । ਸਤਿਜੁਗ ਕਹੇ ਪ੍ਰਭ ਮਿਲੇ ਗਹਿਰ ਗੰਭੀਰ, ਗੁਣਵੰਤ ਵੱਡੀ ਵਡਿਆਈਆ । ਜਿਸ ਦਾ ਅੰਮ੍ਰਿਤ ਠਾਂਡਾ ਨੀਰ, ਸੀਰ ਇਕੋ ਮੁਖ ਚੁਆਈਆ । ਕਲਜੁਗ ਜੀਵਾਂ ਬਦਲ ਦੇਵੇ ਤਕਦੀਰ, ਤਦਬੀਰ ਆਪਣੀ ਦਏ ਸਮਝਾਈਆ । ਚਾਰ ਵਰਨਾਂ ਨਜ਼ਰੀ ਆਏ ਇਕ ਤਸਵੀਰ, ਤਾਲਬ ਕਰੇ ਸਰਬ ਲੋਕਾਈਆ । ਚੋਟੀ ਚਾੜ੍ਹੇ ਫੜ ਅਖ਼ੀਰ, ਅਧਵਿਚਕਾਰ ਨਾ ਕੋਇ ਅਟਕਾਈਆ । ਸ਼ਰਅ ਸ਼ਰੀਅਤ ਕੱਟ ਜ਼ੰਜੀਰ, ਲਾਸ਼ਰੀਕ ਮੇਲ ਮਿਲਾਈਆ । ਨਜ਼ਰੀ ਆਏ ਇਕੋ ਜ਼ਾਹਰਾ ਪੀਰ, ਪਾਰਬ੍ਰਹਮ ਬੇਪਰਵਾਹੀਆ । ਜਿਸ ਦਾ ਲੇਖਾ ਸਦਾ ਬੇਨਜ਼ੀਰ, ਨਜ਼ਰ ਨੇਤਰ ਜਗਤ ਵੇਖਣ ਕੋਇ ਨਾ ਪਾਈਆ । ਜਿਸ ਨੂੰ ਲੱਭਦੇ ਜਗਤ ਫ਼ਕੀਰ, ਸੂਫ਼ੀ ਬੈਠੇ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਮੋਹੇ ਵਰ, ਮੇਰਾ ਲੇਖਾ ਆਪਣੇ ਹੱਥ ਰਖਾਈਆ । ਸਤਿਜੁਗ ਕਹੇ ਪ੍ਰਭ ਮਿਲੇ ਮਾਹੀ, ਮਹਿਬੂਬ ਇਕੋ ਨਜ਼ਰੀ ਆਈਆ । ਦੋ ਜਹਾਨ ਬਣੇ ਰਾਹੀ, ਪਾਂਧੀ ਆਪਣਾ ਪੰਧ ਮੁਕਾਈਆ । ਕਲਜੁਗ ਕੂੜੀ ਮੇਟੇ ਸ਼ਾਹੀ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਸਾਚੀ ਸਿਖਿਆ ਦਏ ਸਮਝਾਈ, ਧੁਰ ਸੰਦੇਸਾ ਆਪ ਜਣਾਈਆ । ਕਰਮ ਕਾਂਡ ਦੀ ਕਟੇ ਛਾਹੀ, ਜਨਮ ਜਨਮ ਦਾ ਲੇਖ ਚੁਕਾਈਆ । ਭਗਤ ਭਗਵਾਨ ਉਠਾਏ ਫੜ ਫੜ ਬਾਂਹੀਂ, ਫੜ ਬਾਂਹੋਂ ਗਲੇ ਲਗਾਈਆ । ਸਿਰ ਰੱਖੇ ਠੰਡੀ ਛਾਈਂ, ਅਗਨੀ ਤਤ ਨੇੜ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਵੇ ਸੱਚਾ ਵਰ, ਦਰ ਆਪਣਾ ਇਕ ਜਣਾਈਆ । ਸਤਿਜੁਗ ਕਹੇ ਪ੍ਰਭ ਖੋਲ੍ਹ ਦਰਵਾਜ਼ਾ, ਦਰ ਤੇਰੇ ਵੱਜੇ ਵਧਾਈਆ । ਤੂੰ ਸਾਹਿਬ ਦਿਆਲ ਗ਼ਰੀਬ ਨਿਵਾਜ਼ਾ, ਦੀਨਨ ਦੇਵੇਂ ਮਾਣ ਵਡਿਆਈਆ । ਤੇਰੇ ਘਰ ਅਗੰਮੀ ਵਾਜਾ, ਛੱਤੀ ਰਾਗ ਸਮਝ ਨਾ ਆਈਆ । ਜੁਗ ਚੌਕੜੀ ਰਚ ਰਚ ਕਾਜਾ, ਕਰਨੀ ਆਪਣੀ ਕਾਰ ਕਮਾਈਆ । ਨਿਰਗੁਣ ਸਰਗੁਣ ਹੋ ਕੇ ਆਵੇਂ ਭਾਜਾ, ਗੁਰ ਅਵਤਾਰ ਵੇਸ ਵਟਾਈਆ । ਦੋ ਜਹਾਨਾਂ ਬਣ ਕੇ ਰਾਜਾ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ


੧੦੪੭ ੧੫

ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੇਰੇ ਅੱਗੇ ਇਕੋ ਮੰਗ ਮੰਗਾਈਆ । ਸਤਿਜੁਗ ਕਹੇ ਤੇਰੀ ਮੰਗ ਅਨੋਖੀ, ਇਕੋ ਆਸ ਰਖਾਈਆ । ਤੇਰੇ ਨਾਮ ਦੀ ਪੜ੍ਹਾਂ ਪੋਥੀ, ਦੂਜਾ ਅੱਖਰ ਨਾ ਕੋਇ ਜਣਾਈਆ । ਤੇਰੇ ਨਾਮ ਦੀ ਲਵਾਂ ਝੋਕੀ, ਸਚ ਪਿਆਰ ਵਧਾਈਆ । ਤੇਰਾ ਢੋਲਾ ਲੋਕ ਪਰਲੋਕੀ, ਦੋ ਜਹਾਨਾਂ ਦਿਆਂ ਸੁਣਾਈਆ । ਚੜ੍ਹਕੇ ਵੇਖਾਂ ਤੇਰੀ ਚੋਟੀ, ਜਿਸ ਘਰ ਬੈਠਾ ਡੇਰਾ ਲਾਈਆ । ਸ੍ਰੀ ਭਗਵਾਨ ਮੇਰੇ ਵਿਚ ਆਏ ਨਾ ਵਾਸਨਾ ਖੋਟੀ, ਕੂੜਾ ਕਰਮ ਨਾ ਕੋਇ ਬਣਾਈਆ । ਤੇਰੀ ਨਿਰਮਲ ਵੇਖਾਂ ਜਗਦੀ ਜੋਤੀ, ਜੋਤੀ ਨੂਰ ਇਕ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰਾ ਨਾਮ ਸੱਚਾ ਰਾਗ ਅਲਾਈਆ । ਸਤਿਜੁਗ ਕਹੇ ਪ੍ਰਭ ਦੇ ਦੇ ਰਾਗ, ਅਨਰਾਗੀ ਬੂਝ ਬੁਝਾਈਆ । ਕੂੜੀ ਕਿਰਿਆ ਜਾਏ ਤਿਆਗ, ਮਾਇਆ ਮਮਤਾ ਰਹਿਣ ਨਾ ਪਾਈਆ । ਹਉਮੇ ਹੰਗਤਾ ਬੁਝੇ ਆਗ, ਅੰਮ੍ਰਿਤ ਮੇਘ ਇਕ ਬਰਸਾਈਆ । ਸੋਈ ਸੁਰਤੀ ਖੁਲੇ ਜਾਗ, ਨੇਤਰ ਨੈਣ ਅੱਖ ਉਠਾਈਆ । ਨਜ਼ਰੀ ਆਏਂ ਸਾਖਿਆਤ, ਸ਼ਹਿਨਸ਼ਾਹ ਆਪਣਾ ਨੂਰ ਜਣਾਈਆ । ਮਿਹਰ ਨਜ਼ਰ ਨਾਲ ਖੋਲ੍ਹ ਤਾਕ, ਪੜਦਾ ਦੂਈ ਦੇ ਉਠਾਈਆ । ਤੇਰੇ ਨਾਮ ਦਾ ਪੂਜਾ ਪਾਠ, ਸਿਮਰਨ ਇਕੋ ਦੇ ਸਮਝਾਈਆ । ਜੋਗ ਅਭਿਆਸ ਦੇਣੀ ਦਾਤ, ਚਰਨ ਕਵਲ ਮਿਲੇ ਸਰਨਾਈਆ । ਕਲਜੁਗ ਮਿਟੇ ਅੰਧੇਰੀ ਰਾਤ, ਤੇਰਾ ਨਾਮ ਚੰਦ ਨਜ਼ਰੀ ਆਈਆ । ਜਿਧਰ ਵੇਖਾਂ ਚਾਰੋਂ ਕੁੰਟ ਵਸੇਂ ਪਾਸ, ਵਿਛੋੜਾ ਕੋਈ ਰਹਿਣ ਨਾ ਪਾਈਆ । ਮੈਂ ਬਾਲਾ ਨੱਢਾ ਤੂੰ ਮੇਰਾ ਮਾਈ ਬਾਪ, ਪਿਤਾ ਪੂਤ ਗੋਦ ਸੁਹਾਈਆ । ਮੈਂ ਤੇਰੇ ਭਗਤਾਂ ਵੇਖਾਂ ਤੇਰੀ ਜ਼ਾਤ, ਜੋ ਤੇਰੇ ਰੰਗ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਦ ਮੰਗਾਂ ਚਰਨ ਸਰਨਾਈਆ । ਸਤਿਜੁਗ ਕਹੇ ਪ੍ਰਭ ਦੇ ਦੇ ਸਰਨ, ਸਰਨਗਤ ਇਕੋ ਨਜ਼ਰੀ ਆਈਆ । ਤੇਰੇ ਦੁਆਰੇ ਸੱਚਾ ਮਰਨ, ਮਰ ਜੀਵਤ ਰੂਪ ਵਟਾਈਆ । ਨੇਤਰ ਖੋਲ੍ਹ ਆਪਣਾ ਹਰਨ ਫਰਨ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਤੇਰਾ ਨਾਉਂ ਜੀਵ ਜੰਤ ਆਤਮ ਪਰਮਾਤਮ ਸਾਰੇ ਪੜ੍ਹਨ, ਪਾਰਬ੍ਰਹਮ ਬ੍ਰਹਮ ਤੇਰੀ ਕਰੇ ਸ਼ਨਵਾਈਆ । ਤੇਰੇ ਪੌੜੇ ਸਾਰੇ ਚੜ੍ਹਨ, ਮੰਜ਼ਲ ਇਕੋ ਦੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਉਣਾ ਇਕ ਘਰ, ਜਿਸ ਘਰ ਤੂੰ ਹੀ ਤੂੰ ਨਜ਼ਰੀ ਆਈਆ । ਸਚ ਘਰ ਵਖਾਲ ਸੁਆਮੀ, ਸਤਿਜੁਗ ਦਰ ਤੇ ਮੰਗ ਮੰਗਾਇੰਦਾ । ਜਿਸ ਗ੍ਰਿਹਿ ਸੁਣਾਂ ਤੇਰੀ ਅਗੰਮੀ ਬਾਣੀ, ਦੂਜਾ ਰਾਗ ਨਾ ਕੋਇ ਅਲਾਇੰਦਾ । ਸਤਿ ਧਰਮ ਦਿਸੇ ਨਿਸ਼ਾਨੀ, ਸਤਿ ਸਤਿਵਾਦੀ ਤੇਰਾ ਰੰਗ ਮੋਹੇ ਭਾਇੰਦਾ । ਅੰਮ੍ਰਿਤ ਸਰੋਵਰ ਮਿਲੇ ਠੰਡਾ ਪਾਣੀ, ਰਸ ਇਕੋ ਇਕ ਨਜ਼ਰੀ ਆਇੰਦਾ । ਲੇਖਾ ਚੁੱਕੇ ਤੇਰੀ ਖਾਣੀ, ਚਾਰੇ ਬਾਣੀ ਤੇਰੇ ਵਿਚ ਵੇਖ ਵਖਾਇੰਦਾ । ਤੇਰਾ ਮਹੱਲ ਅਟੱਲ ਅਚੱਲ ਉਚ ਪਦ ਨਿਰਬਾਣੀ, ਨਿਰਬਾਣ ਪਦ ਇਕੋ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਸੀਸ ਨਿਵਾਇੰਦਾ । ਦਰ ਤੇਰੇ ਸੀਸ ਗਿਆ ਝੁਕ, ਮੇਰੇ ਸਾਹਿਬ ਸਚ ਸੁਲਤਾਨਾ, ਮੇਰੀ ਤ੍ਰਿਸਨਾ ਮੇਟ ਭੁੱਖ, ਸਚ ਭੰਡਾਰ ਦੇ ਦਾਨਾ, ਸਫ਼ਲ ਕਰਾ ਧਰਤ ਮਾਤ ਦੀ ਕੁੱਖ, ਕੂੜੀ ਕਿਰਿਆ ਮਿਟੇ ਨਿਸ਼ਾਨਾ । ਤੇਰਾ ਨਾਉਂ ਅਬਿਨਾਸ਼ੀ ਅਚੁਤ, ਚੇਤਨ ਆਪਣੀ ਧਾਰ ਸਮਝਾਨਾ । ਮੈਂ ਤੇਰੀ ਧਾਰੋਂ ਉਪਜਿਆ ਤੇਰਾ ਪੁਤ, ਸਤਿਜੁਗ ਜੋਧਾ ਸੂਰਬੀਰ ਬਲਵਾਨਾ । ਤੇਰੇ ਭਗਤਾਂ ਲਵਾਂ ਪੁੱਛ, ਲੋਕਮਾਤ ਵੇਖਾਂ ਮਾਰ ਧਿਆਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੇ ਦਰ ਖੜਾ ਬਣ ਨਿਮਾਣਾ । ਸਤਿਜੁਗ ਕਹੇ

੧੦੪੮
੧੫

ਮੇਰੇ ਸਤਿਗੁਰ ਮੀਤ, ਹਰਿ ਸਾਹਿਬ ਤੇਰੀ ਸਰਨਾਈਆ । ਮੈਂ ਚਲਾਵਾਂ ਤੇਰੀ ਰੀਤ, ਸਾਚੀ ਸਿਖਿਆ ਜਗਤ ਸਮਝਾਈਆ । ਕਾਇਆ ਮੰਦਰ ਮਸਜਦ ਸ਼ਿਵਦਵਾਲਾ ਮੱਠ ਕਾਅਬਾ ਇਕ ਮਸੀਤ, ਮਸਲਾ ਤੇਰਾ ਨਾਮ ਜਣਾਈਆ । ਹਰ ਘਟ ਨਜ਼ਰੀ ਆਏਂ ਆਪ ਅਤੀਤ, ਤ੍ਰੈਗੁਣ ਬੈਠਾ ਡੇਰਾ ਢਾਹੀਆ । ਜਗਤ ਵਾਸਨਾ ਕੋਈ ਨਾ ਕਰੇ ਪਲੀਤ, ਪਾਕੀ ਪਾਕ ਤੇਰੀ ਸਰਨਾਈਆ । ਸਦੀ ਚੌਧਵੀਂ ਰਹੀ ਬੀਤ, ਗੁਰ ਅਵਤਾਰ ਪੀਰ ਪੈਗ਼ੰਬਰ ਬੈਠੇ ਰਾਹ ਤਕਾਈਆ । ਅੰਤਮ ਸਭ ਦਾ ਲੇਖਾ ਕਰੇ ਠੀਕ, ਕੂੜਾ ਠੀਕਰ ਦਏ ਭੰਨਾਈਆ । ਜੋ ਚਿਟੇ ਉਤੇ ਖਿਚ ਕੇ ਗਏ ਲੀਕ, ਕਾਲੀ ਧਾਰ ਬਣਤ ਬਣਾਈਆ । ਸੋ ਦੂਰ ਦੁਰਾਡੇ ਵੇਖਣ ਨੇੜੇ ਹੋ ਨਜ਼ਦੀਕ, ਨਿਜ ਨੇਤਰ ਧਿਆਨ ਲਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਚ ਪ੍ਰੀਤ, ਸਚ ਸਰਨਾਈ ਇਕ ਜਣਾਈਆ । ਮੁਕਾਮੇ ਹੱਕ ਤੇਰੀ ਹਦੀਸ, ਹਜ਼ਰਤ ਪੜ੍ਹਨ ਸੁਣਨ ਕੋਇ ਨਾ ਜਾਈਆ । ਈਸਾ ਮੂਸਾ ਮੁਹੰਮਦ ਤੇਰੀ ਕਰਦੇ ਗਏ ਤਾਅਰੀਫ, ਤੁਆਰਫ਼ ਕੀਤਾ ਜਗਤ ਲੋਕਾਈਆ । ਸਦੀ ਚੌਧਵੀਂ ਰਹੀ ਬੀਤ, ਬੀਤੀ ਕਹਾਣੀ ਤੇਰੀ ਝੋਲੀ ਪਾਈਆ । ਲੱਖ ਚੁਰਾਸੀ ਬਦਲੀ ਨੀਤ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਕਰ ਕਿਰਪਾ ਪ੍ਰਭ ਮੇਰੀ ਝੋਲੀ ਪਾ ਬਖ਼ਸ਼ੀਸ਼, ਬਖ਼ਸ਼ਸ਼ ਤੇਰੇ ਦੁਆਰੇ ਨਜ਼ਰੀ ਆਈਆ । ਸਤਿ ਧਰਮ ਤੇਰੀ ਜਣਾਵਾਂ ਹਦੀਸ, ਨਾਮ ਕਲਮਾ ਇਕੋ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਤੇਰੇ ਨਾਮ ਵੱਜੇ ਵਧਾਈਆ । ਸਾਚਾ ਨਾਮ ਦੱਸ ਭਗਵਾਨ, ਸਤਿਜੁਗ ਆਪਣੀ ਮੰਗ ਮੰਗਾਈਆ । ਲੱਖ ਚੁਰਾਸੀ ਸੁਣਾਵਾਂ ਤੇਰਾ ਗਾਨ, ਘਰ ਘਰ ਫੇਰਾ ਪਾਈਆ । ਸੰਤ ਸੁਹੇਲੇ ਮਿਲਾਵਾਂ ਆਣ, ਜੁਗ ਵਿਛੜੇ ਨਾਲ ਰਲਾਈਆ । ਇਕ ਰਖਾਵਾਂ ਤੇਰੀ ਆਣ, ਦੂਜੀ ਓਟ ਨਾ ਕੋਇ ਜਣਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਲੇਖਾ ਹੋਏ ਪਰਵਾਨ, ਪਰਵਾਨਾ ਤੇਰੇ ਹੱਥ ਵਖਾਈਆ । ਮੈਂ ਬਾਲਾ ਨੱਢਾ ਤੇਰਾ ਬੱਚਾ ਇਕ ਨਾਦਾਨ, ਬਚਪਨ ਤੇਰੀ ਝੋਲੀ ਪਾਈਆ । ਸਤਿ ਧਰਮ ਦਾ ਦੇ ਗਿਆਨ, ਸਾਚੀ ਸਿਖਿਆ ਇਕ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸੁਣਨ ਤੇਰਾ ਫ਼ਰਮਾਨ, ਵਿਸ਼ਨ ਬ੍ਰਹਮਾ ਸ਼ਿਵ ਧਿਆਨ ਲਗਾਈਆ । ਬੀਸ ਬੀਸੇ ਹਰਿ ਜਗਦੀਸੇ ਤੇਰੀ ਕਰੇ ਨਾ ਕੋਇ ਪਹਿਚਾਨ, ਬੇਪਹਿਚਾਨ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਧਰਮ ਦੁਆਰਾ ਵਸੇ ਘਰ, ਭੈ ਭੌ ਭਿਆਨਕ ਰਹਿਣ ਕੋਇ ਨਾ ਪਾਈਆ । ਭੈ ਭੌ ਭਿਆਨਕ ਹੋਏ ਦੂਰ, ਤੇਰੇ ਵੱਜੇ ਨਾਮ ਵਧਾਈਆ । ਨਜ਼ਰੀ ਆਏਂ ਹਾਜ਼ਰ ਹਜ਼ੂਰ, ਹਰ ਘਟ ਬੈਠਾ ਡੇਰਾ ਲਾਈਆ । ਸਤਿਜੁਗ ਕਹੇ ਮੈਂ ਬਣਾਂ ਤੇਰਾ ਮਜ਼ਦੂਰ, ਬਣ ਚਾਕਰ ਸੇਵ ਕਮਾਈਆ । ਤੂੰ ਦੇਣੀ ਆਪਣੀ ਧੂੜ, ਰਹਿਮਤ ਸਚ ਕਮਾਈਆ । ਮੈਂ ਤੇਰਾ ਨਾਮ ਕਰਾਂ ਮਸ਼ਹੂਰ, ਦਿਵਸ ਰੈਣ ਰਾਗ ਅਲਾਈਆ । ਤੂੰ ਭਰ ਭੰਡਾਰਾ ਭਰਪੂਰ, ਅਤੋਟ ਅਤੁਟ ਵਰਤਾਈਆ । ਜੇ ਭੁੱਲਾਂ ਮੇਰਾ ਮੁਆਫ਼ ਕਰੀਂ ਕਸੂਰ, ਪਹਿਲੋਂ ਰਿਹਾ ਭੁੱਲ ਬਖ਼ਸ਼ਾਈਆ । ਦੋ ਜਹਾਨ ਜ਼ਿਮੀਂ ਅਸਮਾਨ ਤੇਰਾ ਨਜ਼ਰੀ ਆਏ ਨੂਰ, ਨੂਰੀ ਇਸਮ ਇਕੋ ਇਕ ਜਣਾਈਆ । ਤੇਰਾ ਭੁੱਲ ਨਾ ਜਾਵਾਂ ਦਸਤੂਰ, ਸਿਰ ਰੱਖਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਤੋੜ ਮਾਣ ਗ਼ਰੂਰ, ਗ਼ੁਰਬਤ ਗ਼ਫ਼ਲਤ ਗ਼ਨੀਮ ਆਪਣੀ ਝੋਲੀ ਪਾਈਆ ।


੧੦੪੯
੧੫

## ੯ ਮੱਘਰ ੨੦੨੦ ਬਿਕ੍ਰਮੀ ਜਾਗੀਰ ਸਿੰਘ ਦੇ ਗ੍ਰਹਿ ਪਿੰਡ ਸੋਹਲ ਜ਼ਿਲਾ ਗੁਰਦਾਸਪੁਰ

ਨਿਰਗੁਣ ਨੂਰ ਪੁਰਖ ਸਮਰਥ, ਸ਼ਹਿਨਸ਼ਾਹ ਤੇਰੀ ਵਡਿਆਈਆ । ਗੁਰ ਅਵਤਾਰ ਜੋੜਨ ਹੱਥ, ਨਿਉਂ ਨਿਉਂ ਚਰਨ ਲਾਗਣ ਪਾਈਆ । ਪੀਰ ਪੈਗ਼ੰਬਰ ਕਹਿਣ ਹੋਏ ਬੇਵਸ, ਤੇਰੀ ਸਮਝ ਕੋਈ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਰਹੇ ਢੱਠ, ਨੇਤਰ ਨੈਣਾਂ ਨੀਰ ਵਹਾਈਆ । ਜੁਗ ਚੌਕੜੀ ਸਿਰ ਚਰਨਾਂ ਉਤੇ ਰਹੇ ਰੱਖ, ਮਾਣ ਅਭਿਮਾਨ ਦੋਵੇਂ ਮਿਟਾਈਆ । ਤ੍ਰੈਗੁਣ ਕਹੇ ਮੇਰਾ ਖੇੜਾ ਹੋਇਆ ਭੱਠ, ਭਠਿਆਲਾ ਇਕੋ ਨਜ਼ਰੀ ਆਈਆ । ਪੰਜ ਤਤ ਕਹਿਣ ਸਾਡੀ ਦਿਸੇ ਨਾ ਕੋਈ ਮਤ, ਤੇਰੀ ਧਾਰ ਨਾ ਕੋਇ ਜਣਾਈਆ । ਹੱਡ ਮਾਸ ਕਹੇ ਉਬਲੀ ਰੱਤ, ਰੱਤੀ ਰੱਤ ਰੂਪ ਨਾ ਕੋਇ ਵਟਾਈਆ । ਸਤਿ ਸੁਆਮੀ ਤੇਰਾ ਕੋਈ ਨਾ ਗਾਵੇ ਜਸ, ਵੇਦ ਪੁਰਾਨ ਰਹੇ ਕੁਰਲਾਈਆ । ਸ਼ਾਸਤਰ ਸਿਮਰਤ ਰਹੇ ਨੱਠ, ਚਾਰੋਂ ਕੁੰਟ ਵਾਹੋ ਦਾਹੀਆ । ਅੰਜੀਲ ਕੁਰਾਨ ਨੀਵੀਂ ਹੋਈ ਅੱਖ, ਪਰਤੱਖ ਰੂਪ ਨਾ ਕੋਇ ਵਖਾਈਆ । ਖਾਣੀ ਬਾਣੀ ਕਰੇ ਕੋਈ ਨਾ ਪੱਖ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਨੌ ਖੰਡ ਪ੍ਰਿਥਮੀ ਭਾਂਡੇ ਸੱਖ, ਲੱਖ ਚੁਰਾਸੀ ਸਾਰ ਕੋਇ ਨਾ ਆਈਆ । ਨੇਤਰ ਰੋਵਣ ਤੀਰਥ ਤਟ, ਅਠਸਠ ਬੈਠੇ ਢੇਰੀਆਂ ਢਾਹੀਆ । ਤੇਰਾ ਰੰਗ ਨਜ਼ਰ ਨਾ ਆਏ ਮੰਦਰ ਮਸਜਦ ਸ਼ਿਵਦਵਾਲੇ ਮੱਠ, ਤੇਰਾ ਨੂਰੀ ਚੰਦ ਨਾ ਕੋਇ ਚਮਕਾਈਆ । ਕਲਜੁਗ ਸਭ ਦਾ ਖੇੜਾ ਕੀਤਾ ਭੱਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਆਪਣੀ ਦਇਆ ਕਮਾਈਆ । ਗੁਰ ਅਵਤਾਰ ਮੰਗਣ ਮੰਗ, ਦਰ ਸਾਚੇ ਅਲਖ ਜਗਾਈਆ । ਪੀਰ ਪੈਗ਼ੰਬਰ ਹੋਏ ਨੰਗ, ਅਲਫ਼ੀ ਤਨ ਨਾ ਕੋਇ ਹੰਡਾਈਆ । ਆਤਮ ਪਰਮਾਤਮ ਦੇਵੇ ਨਾ ਕੋਈ ਸੰਗ, ਸਗਲਾ ਸੰਗ ਨਾ ਕੋਇ ਨਿਭਾਈਆ । ਨਿਜ ਘਰ ਮਿਲੇ ਨਾ ਕੋਈ ਅਨੰਦ, ਅੰਤਰ ਮੇਲ ਨਾ ਕੋਇ ਮਿਲਾਈਆ । ਭਾਂਡਾ ਭਰਮ ਭੌ ਢਾਹਵੇ ਨਾ ਕੋਈ ਕੰਧ, ਸਤਿ ਸਰੂਪ ਨਾ ਕੋਇ ਵਖਾਈਆ । ਰਸਨਾ ਜਿਹਵਾ ਬੱਤੀ ਦੰਦ ਗਾ ਗਾ ਥੱਕੀ ਛੰਦ, ਸ਼ਹਿਨਸ਼ਾਹ ਅੰਗ ਨਾ ਕੋਇ ਲਗਾਈਆ । ਸਾਧ ਸੰਤ ਸੁੱਤੇ ਦੇ ਕਰ ਕੰਡ, ਕਰਵਟ ਸਕੇ ਨਾ ਕੋਇ ਬਦਲਾਈਆ । ਲੱਖ ਚੁਰਾਸੀ ਸੁਰਤ ਸਵਾਣੀ ਹੋਈ ਰੰਡ, ਨਰ ਹਰਿ ਕੰਤ ਨਾ ਕੋਇ ਹੰਡਾਈਆ । ਮਾਣਸ ਜਨਮ ਸਭ ਦਾ ਦਿਸੇ ਭੰਗ, ਅਮਰਾਪਦ ਨਾ ਕੋਇ ਸੁਹਾਈਆ । ਕੂੜੀ ਕਿਰਿਆ ਕੀਤਾ ਖੰਡ ਖੰਡ, ਬ੍ਰਹਿਮੰਡ ਪਈ ਦੁਹਾਈਆ । ਧੀਰਜ ਦੇਵੇ ਨਾ ਕੋਈ ਜੇਰਜ ਅੰਡ, ਉਤਭੁਜ ਸੇਤਜ ਸਿਰ ਹੱਥ ਨਾ ਕੋਇ ਟਿਕਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਸਾਹਿਬ ਸੁਲਤਾਨ ਫੇਰਾ ਪਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਉਡੀਕ, ਨਿਜ ਨੇਤਰ ਧਿਆਨ ਲਗਾਈਆ । ਪੁਰਖ ਅਕਾਲ ਦੀਨ ਦਿਆਲ ਆਪਣੀ ਵੇਖ ਅਗੰਮੀ ਤਰੀਕ, ਤਾਰੀਖ ਸਾਰੇ ਗਏ ਜਣਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਦਰ ਤੋਂ ਮੰਗਦੇ ਗਏ ਭੀਖ, ਸਰਗੁਣ ਇਕੋ ਆਸ ਤਕਾਈਆ । ਕਲਜੁਗ ਅੰਤਮ ਪਰਗਟ ਹੋਵੇ ਲਾਸ਼ਰੀਕ, ਸ਼ਾਹ ਪਾਤਸ਼ਾਹ ਆਪਣਾ ਫੇਰਾ ਪਾਈਆ । ਆਦਿ ਜੁਗਾਦਿ ਜ਼ਾਹਰ ਜ਼ਹੂਰ ਨਜ਼ਰੀ ਆਏ ਇਕੋ ਮੀਤ, ਮਿੱਤਰ ਪਿਆਰਾ ਇਕ ਅਖਵਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਕਰ ਕਾਇਆ ਠੰਡੀ ਸੀਤ, ਅੰਮ੍ਰਿਤ ਮੇਘ ਨਾਮ ਬਰਸਾਈਆ । ਲੇਖਾ ਜਾਣ ਹਸਤ ਕੀਟ, ਊਚ ਨੀਚ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰੇ ਮੰਗ ਮੰਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰ

ਦੋਏ ਰਹੇ ਜੋੜ, ਬੰਦਨਾ ਇਕੋ ਸੀਸ ਝੁਕਾਈਆ । ਪੁਰਖ ਅਗੰਮੜੇ ਆਪੇ ਬੌਹੜ, ਬਿਨ ਨਾੜੀ ਚਮੜੀ ਫੇਰਾ ਪਾਈਆ । ਲੱਖ ਚੁਰਾਸੀ ਰੀਠਾ ਹੋਇਆ ਕੌੜ, ਤੁਧ ਬਿਨ ਅੰਮ੍ਰਿਤ ਰਸ ਨਾ ਕੋਇ ਭਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਅੰਤਮ ਕਲ ਕੋਈ ਨਾ ਸਕੇ ਬੌਹੜ, ਸਾਰੇ ਤੇਰੇ ਚਰਨ ਬੈਠੇ ਧਿਆਨ ਲਗਾਈਆ । ਸ਼ਬਦ ਅਗੰਮੀ ਚੜ੍ਹ ਘੋੜ, ਸ਼ਾਹਸਵਾਰੇ ਹੋ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸ਼ਹਿਨਸ਼ਾਹ ਤੇਰੀ ਆਸ ਰਖਾਈਆ । ਸ੍ਰੀ ਭਗਵਾਨ ਦਇਆ ਕਮਾਉਦਾ ਏ । ਸੋ ਪੁਰਖ ਨਿਰੰਜਣ ਹੁਕਮ ਵਰਤਾਉਦਾ ਏ । ਹਰਿ ਪੁਰਖ ਨਿਰੰਜਣ ਸ਼ਬਦ ਅਲਾਉਦਾ ਏ । ਏਕੰਕਾਰਾ ਡੰਕ ਵਜਾਉਦਾ ਏ । ਆਦਿ ਨਿਰੰਜਣ ਨੂਰ ਧਰਾਉਦਾ ਏ । ਅਬਿਨਾਸ਼ੀ ਕਰਤਾ ਵੇਖਣ ਆਉਦਾ ਏ । ਸ੍ਰੀ ਭਗਵਾਨ ਫੇਰਾ ਪਾਉਦਾ ਏ । ਪਾਰਬ੍ਰਹਮ ਪ੍ਰਭ ਆਪਣਾ ਰੂਪ ਵਟਾਉਦਾ ਏ । ਵਿਸ਼ਨ ਬ੍ਰਹਮਾ ਸ਼ਿਵ ਆਪ ਜਗਾਉਦਾ ਏ । ਗੁਰ ਅਵਤਾਰ ਲੇਖ ਮੁਕਾਉਦਾ ਏ । ਪੀਰ ਪੈਗ਼ੰਬਰ ਮੁਲਾਂ ਸ਼ੇਖ਼ ਚਰਨ ਲਗਾਉਦਾ ਏ । ਆਪਣੀ ਧਾਰ ਜਾਣੇ ਕਮਚ ਅਲਨੇਕ, ਲਾਸ਼ਰੀਕ ਖੇਲ ਖਿਲਾਉਦਾ ਏ । ਮੁਕਾਮੇ ਹੱਕ ਲਏ ਪੇਖ, ਬਿਨ ਅੱਖਾਂ ਨੈਣ ਮਿਲਾਉਦਾ ਏ । ਨਿਰਵੈਰ ਪੁਰਖ ਨਿਰਾਕਾਰ ਸੁਆਮੀ ਸਭ ਨਾਲ ਕਰੇ ਹੇਤ, ਹਿਤਕਾਰੀ ਆਪਣਾ ਘਰ ਵਸਾਉਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਆਪ ਜਣਾਉਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਹਰਿ ਸਮਝਾਇਆ ਏ, ਸ਼ਬਦੀ ਢੋਲਾ ਰਾਗ ਅਲਾਈਆ । ਧੁਰ ਦਾ ਲਿਖਿਆ ਲੇਖ ਪੂਰ ਕਰਾਇਆ ਏ, ਪਾਰਬ੍ਰਹਮ ਬੇਅੰਤ ਸੁਆਮੀ ਆਪਣੀ ਦਇਆ ਕਮਾਈਆ । ਚਾਰੇ ਖਾਣੀ ਚਾਰੇ ਬਾਣੀ ਵੇਖੇ ਬੇਪਰਵਾਹਿਆ ਏ, ਬੇਐਬ ਪੜਦਾ ਰਿਹਾ ਉਠਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਦੇਣ ਦੁਹਾਇਆ ਏ, ਅਠ ਦਸ ਆਪਣਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸਾਚੀ ਸਿਖਿਆ ਆਪ ਜਣਾਈਆ । ਸਾਚਾ ਲੇਖਾ ਆਪ ਜਣਾਉਦਾ ਏ । ਨਿਰਗੁਣ ਨਿਰਵੈਰ ਪੁਰਖ ਸਮਝਾਉਦਾ ਏ । ਵਿਸ਼ਨੂੰ ਵਿਸ਼ਵ ਧਾਰ ਜਣਾਉਦਾ ਏ । ਬ੍ਰਹਮੇ ਬ੍ਰਹਮ ਇਕ ਵਖਾਉਦਾ ਏ । ਸ਼ੰਕਰ ਹੱਥ ਤ੍ਰਿਸੂਲ ਉਠਾਉਦਾ ਏ । ਤ੍ਰੈਗੁਣ ਮਾਇਆ ਡੇਰਾ ਢਾਉਦਾ ਏ । ਪੰਚਮ ਬੂਟਾ ਜੜ੍ਹ ਉਖੜਾਉਦਾ ਏ । ਦੋ ਜਹਾਨਾਂ ਫੇਰਾ ਪਾਉਦਾ ਏ । ਬ੍ਰਹਿਮੰਡ ਖੰਡ ਚਰਨ ਟਿਕਾਉਦਾ ਏ । ਪੁਰੀ ਲੋਅ ਆਕਾਸ਼ ਵੇਖ ਵਖਾਉਦਾ ਏ । ਧਰਤ ਧਵਲ ਕਰ ਪਰਕਾਸ਼, ਨਿਰਮਲ ਜੋਤੀ ਜੋਤ ਡਗਮਗਾਉਦਾ ਏ । ਗੋਪੀ ਕਾਹਨ ਵੇਖ ਰਾਸ, ਮੰਡਲ ਮੰਡਪ ਸੋਭਾ ਪਾਉਦਾ ਏ । ਲੇਖਾ ਜਾਣ ਪ੍ਰਿਥਮੀ ਅਕਾਸ਼, ਸਮੁੰਦ ਸਾਗਰ ਵਰੋਲ ਵਖਾਉਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਪਾਰਬ੍ਰਹਮ ਪ੍ਰਭ ਇਕੋ ਧੀਰ ਧਰਾਉਦਾ ਏ । ਗੁਰ ਅਵਤਾਰ ਪੀਰ ਪੈਗ਼ੰਬਰ ਡੌਹਣ ਝੋਲੀ, ਪ੍ਰਭ ਚਰਨ ਧਿਆਨ ਲਗਾਈਆ । ਜੁਗ ਚੌਕੜੀ ਤੇਰੀ ਖੇਲੀ ਹੋਲੀ, ਨਾਮ ਗੁਲਾਲਾ ਰੰਗ ਰੰਗਾਈਆ । ਅਗੰਮੀ ਬੋਲੀ ਬੋਲੀ, ਅਨਹਦ ਸ਼ਬਦੀ ਤਾਰ ਸਤਾਰ ਵਜਾਈਆ । ਭਾਗ ਲਗਾਇਆ ਪੰਜ ਤਤ ਕਾਇਆ ਚੋਲੀ, ਲੋਕਮਾਤ ਵੱਜੀ ਵਧਾਈਆ । ਅੰਤਮ ਤੇਰੇ ਦੁਆਰੇ ਰੱਖੀ ਆਪਣੀ ਡੋਲੀ, ਮਿੱਤਰ ਪਿਆਰੇ ਤੇਰਾ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਤੁਧ ਬਿਨ ਨਜ਼ਰ ਨਾ ਆਏ ਕੋ, ਪਾਰਬ੍ਰਹਮ ਤੇਰੀ ਵਡਿਆਈਆ । ਲੱਖ ਚੁਰਾਸੀ


੧੦੫੧ ੧੫

ਅੰਦਰ ਆਪੇ ਹੋ, ਘਟ ਘਟ ਬੈਠਾ ਡੇਰਾ ਲਾਈਆ । ਆਤਮ ਪਰਮਾਤਮ ਜਾਏ ਛੋਹ, ਸ਼ਹਿਨਸ਼ਾਹ ਆਪਣਾ ਰੰਗ ਰੰਗਾਈਆ । ਸਚ ਮੁਹੱਬਤ ਦੱਸੇ ਮੋਹ, ਮਹਿਬੂਬ ਆਪਣੀ ਗੰਢ ਪਵਾਈਆ । ਘਰ ਸਾਚੇ ਕਰੇ ਲੋ, ਪਰਕਾਸ਼ ਇਕੋ ਨਜ਼ਰੀ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਚੌਥੇ ਜੁਗ ਆਪਣੀ ਕਰਨੀ ਸਾਰੇ ਬੈਠੇ ਖੋਹ, ਤੇਰੇ ਚਰਨ ਕਵਲ ਇਕੋ ਆਸ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਧੁਰ ਦਾ ਵਰ, ਦਰ ਮੰਗਣ ਬੇਪਰਵਾਹੀਆ । ਬੇਪਰਵਾਹ ਹੋ ਮਿਹਰਵਾਨ, ਪ੍ਰਭ ਆਪਣੀ ਦਇਆ ਕਮਾਇੰਦਾ । ਗੁਰ ਅਵਤਾਰ ਕਰੋ ਧਿਆਨ, ਪੀਰ ਪੈਗ਼ੰਬਰ ਨਾਲ ਮਿਲਾਇੰਦਾ । ਸਚਖੰਡ ਨਿਵਾਸੀ ਸਚ ਨਿਸ਼ਾਨ, ਦਰਗਹਿ ਸਾਚੀ ਆਪ ਝੁਲਾਇੰਦਾ । ਮੁਕਾਮੇ ਹੱਕ ਨੌਜਵਾਨ, ਨੌਬਤ ਆਪਣੇ ਨਾਮ ਸੁਣਾਇੰਦਾ । ਸ਼ਰਅ ਸ਼ਰੀਅਤ ਇਕ ਈਮਾਨ, ਕਲਮਾ ਸਾਚਾ ਸਚ ਪੜ੍ਹਾਇੰਦਾ । ਸਾਚਾ ਮੰਤਰ ਸੁਣੋ ਪੈਗ਼ਾਮ, ਧੁਰ ਸੰਦੇਸਾ ਆਪ ਅਲਾਇੰਦਾ । ਜੁਗ ਚੌਕੜੀ ਬੀਤੇ ਵਿਚ ਜਹਾਨ, ਕਲਜੁਗ ਅੰਤਮ ਵੇਲਾ ਆਇੰਦਾ । ਸ਼ਾਸਤਰ ਸਿਮਰਤ ਦੇਣ ਬਿਆਨ, ਗੀਤਾ ਗਿਆਨ ਭੇਵ ਖੁਲਾਇੰਦਾ । ਵੇਦ ਵਿਆਸੇ ਮੰਗਿਆ ਦਾਨ, ਖ਼ਾਲੀ ਝੋਲੀ ਅੱਗੇ ਡਾਹਿੰਦਾ । ਈਸਾ ਦੇ ਕੇ ਗਿਆ ਪੈਗ਼ਾਮ, ਮੇਰਾ ਹਜ਼ਰਤ ਮੇਰਾ ਬਾਪ ਮੇਰੇ ਪਿੱਛੇ ਫੇਰਾ ਪਾਇੰਦਾ । ਮੁਹੰਮਦ ਬਣ ਕੇ ਗਿਆ ਗ਼ੁਲਾਮ, ਬਰਦਾ ਬਣ ਬਣ ਸੇਵ ਕਮਾਇੰਦਾ । ਨਿਉਂ ਨਿਉਂ ਸਜਦਾ ਕਰੇ ਸਲਾਮ, ਸਾਹਿਬ ਇਕੋ ਇਕ ਸੁਣਾਇੰਦਾ । ਧੁਰ ਦਾ ਕਲਮਾ ਬੋਲ ਕਲਾਮ, ਕਾਇਨਾਤ ਆਪ ਜਣਾਇੰਦਾ । ਮੇਰਾ ਸਾਹਿਬ ਇਕ ਅਮਾਮ, ਆਲਮੀਨ ਸੋਭਾ ਪਾਇੰਦਾ । ਕਲਜੁਗ ਅੰਤਮ ਵੇਖੇ ਆਣ, ਸਦੀ ਚੌਧਵੀਂ ਵੇਸ ਵਟਾਇੰਦਾ । ਧੁਰਦਰਗਾਹੀ ਹੁਕਮਰਾਨ, ਸਾਚਾ ਹੁਕਮ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦਾ ਲੇਖਾ ਕੱਢ ਵਖਾਇੰਦਾ । ਸਭ ਦਾ ਲੇਖਾ ਦੱਸੇ ਖੋਲ੍ਹ, ਪਾਰਬ੍ਰਹਮ ਵੱਡੀ ਵਡਿਆਈਆ । ਨਾਨਕ ਨਿਰਗੁਣ ਤੇਰਾ ਪੂਰਾ ਕਰੇ ਬੋਲ, ਰਸਨਾ ਜਿਹਵਾ ਢੋਲਾ ਗਾਈਆ । ਸਚਖੰਡ ਨਿਵਾਸੀ ਤੋਲੇ ਆਪਣਾ ਤੋਲ, ਨਾਮ ਕੰਡਾ ਹੱਥ ਉਠਾਈਆ । ਸਚ ਦੁਆਰੇ ਬੈਠਾ ਆਪ ਅਡੋਲ, ਡੋਲੇ ਸਰਬ ਲੋਕਾਈਆ । ਚਾਰ ਵਰਨ ਪਿਆ ਘੋਲ, ਬਰਨ ਅਠਾਰਾਂ ਕਰੇ ਲੜਾਈਆ । ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਹਰਿ ਕਾ ਨਾਮ ਨਾ ਦਿਸੇ ਕਿਸੇ ਕੋਲ, ਖ਼ਾਲੀ ਬੁੱਤ ਰਹੇ ਕੁਰਲਾਈਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰੂਦੁਆਰ ਵੱਜਦੇ ਢੋਲ, ਅਨਹਦ ਰਾਗ ਨਾ ਕੋਇ ਸੁਣਾਈਆ । ਸਾਧਾਂ ਸੰਤਾਂ ਅੰਦਰ ਪੋਲ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਅੰਦਰ ਵੜ ਕੇ ਮਾਰਨ ਰੋਲ, ਜ਼ਾਹਰਾ ਰੂਪ ਨਾ ਕੋਇ ਧਰਾਈਆ । ਗੋਬਿੰਦ ਖੰਡੇ ਅੰਮ੍ਰਿਤ ਛਕੀ ਪੌਹਲ, ਪਹਿਲਾ ਦੂਜਾ ਤੀਜਾ ਚੌਥਾ ਘਰ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਰਿਹਾ ਜਣਾਈਆ । ਪੁਰਖ ਅਬਿਨਾਸ਼ੀ ਗਹਿਰ ਗੰਭੀਰ, ਹਰਿ ਕਰਤਾ ਖੇਲ ਕਰਾਇੰਦਾ । ਲੇਖਾ ਜਾਣੇ ਬਿਨ ਸਰੀਰ, ਤਤਵ ਤਤ ਭੇਵ ਚੁਕਾਇੰਦਾ । ਭੂਪਤ ਭੂਪ ਵਡ ਪੀਰਨ ਪੀਰ, ਬੇਨਜ਼ੀਰ ਵੇਸ ਵਟਾਇੰਦਾ । ਬਦਲਣਹਾਰ ਸਰਬ ਤਕਦੀਰ, ਤਦਬੀਰ ਆਪਣੇ ਹੱਥ ਰਖਾਇੰਦਾ । ਗੋਬਿੰਦ ਤੇਰੇ ਬਸਤਰ ਵੇਖੇ ਪਹਿਰੇ ਚੀਰ, ਨੀਲੀ ਧਾਰੋਂ ਪਾਰ ਕਰਾਇੰਦਾ । ਚੋਟੀ ਚੜ੍ਹ ਕੇ ਵੇਖ ਅਖ਼ੀਰ, ਉਪਰ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਆਪ ਸਮਝਾਇੰਦਾ । ਧੁਰ ਦਾ ਲੇਖਾ ਦੱਸੇ ਆਪ, ਆਦਿ ਪੁਰਖ ਵੱਡੀ ਵਡਿਆਈਆ । ਆਦਿ ਜੁਗਾਦੀ ਧੁਰ ਦਾ ਬਾਪ, ਸ਼ਾਹ ਪਾਤਸ਼ਾਹ ਰਿਹਾ ਸਮਝਾਈਆ । ਨਿਰਗੁਣ

ਨੂਰ ਨਿਰਵੈਰ ਪੁਰਖ ਪਾਕੀ ਪਾਕ, ਪਤਤ ਪੁਨੀਤ ਰਿਹਾ ਵਖਾਈਆ । ਦੋ ਜਹਾਨਾਂ ਸੱਜਣ ਸਾਕ, ਨਾਤਾ ਬਿਧਾਤਾ ਜੋੜ ਜੁੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਲੋਕਮਾਤ ਗਏ ਆਖ, ਸੋ ਲੇਖਾ ਪੂਰ ਕਰਾਈਆ । ਨੌਂ ਖੰਡ ਪ੍ਰਿਥਮੀ ਵੇਖੇ ਖੇਲ ਤਮਾਸ਼, ਸੱਤ ਦੀਪ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਭ ਦੀ ਆਸਾ ਪੂਰ ਕਰਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੂਰੀ ਆਸਾ, ਕਰਨਹਾਰ ਇਕ ਅਖਵਾਈਆ । ਕਰੇ ਖੇਲ ਸਰਬ ਗੁਣਤਾਸਾ, ਗੁਣਵੰਤਾ ਬੇਪਰਵਾਹੀਆ । ਕਲਜੁਗ ਅੰਤਮ ਵੇਖਣ ਆਏ ਆਪ ਤਮਾਸ਼ਾ, ਜੋਤੀ ਨੂਰ ਵੇਸ ਵਟਾਈਆ । ਲੱਖ ਚੁਰਾਸੀ ਕਰੇ ਹਾਸਾ, ਕਲਜੁਗ ਜੀਵ ਸਮਝ ਨਾ ਪਾਈਆ । ਜਨ ਭਗਤਾਂ ਅੰਦਰ ਕਰ ਕੇ ਵਾਸਾ, ਆਤਮ ਪਰਮਾਤਮ ਦਏ ਸਮਝਾਈਆ । ਜੋਤੀ ਜਾਤਾ ਹੋ ਪਰਕਾਸ਼ਾ, ਪਰਕਾਸ਼ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸੁਣੋ ਸੰਦੇਸਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਪੁਰਖ ਅਕਾਲ ਨਿਰਗੁਣ ਰੂਪ ਵਟਾਇਆ ਵੇਸਾ, ਜੋਤੀ ਜਾਮਾ ਨਜ਼ਰ ਕਿਸੇ ਨਾ ਆਇੰਦਾ । ਸੰਬਲ ਵਸਿਆ ਇਕੋ ਦੇਸਾ, ਭੇਵ ਅਭੇਦਾ ਆਪ ਖੁਲਾਇੰਦਾ । ਦੋ ਜਹਾਨਾਂ ਬਣ ਕੇ ਨੇਤਾ, ਸਾਚਾ ਹੁਕਮ ਆਪ ਅਲਾਇੰਦਾ । ਜੁਗ ਚੌਕੜੀ ਰੱਖੇ ਚੇਤਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੁੱਲ ਕਦੇ ਨਾ ਜਾਇੰਦਾ । ਤੇਈ ਅਵਤਾਰਾਂ ਵੇਖੇ ਕੀਤਾ, ਭਗਤ ਅਠਾਰਾਂ ਭੇਵ ਖੁਲਾਇੰਦਾ । ਈਸਾ ਮੂਸਾ ਮੁਹੰਮਦ ਕਰੇ ਹੇਤਾ, ਹਿਤਕਾਰੀ ਫੇਰਾ ਪਾਇੰਦਾ । ਨਾਨਕ ਗੋਬਿੰਦ ਨਿਰਗੁਣ ਪੇਖਾ, ਨਰ ਨਿਰੰਕਾਰ ਇਕੋ ਨਜ਼ਰੀ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਹੁਕਮ ਆਪ ਸੁਣਾਇੰਦਾ । ਸਾਚਾ ਹੁਕਮ ਦੇਵੇ ਭਗਵਾਨ, ਹਰਿ ਕਰਤਾ ਆਪ ਜਣਾਈਆ । ਸਾਰੇ ਵੇਖੋ ਆਣ, ਦੂਰ ਦੁਰਾਡਾ ਪੰਧ ਮੁਕਾਈਆ । ਖੇਲੇ ਖੇਲ ਨੌਜਵਾਨ, ਦੀਨ ਦਿਆਲ ਫੇਰਾ ਪਾਈਆ । ਧਰਨੀ ਧਰਤ ਧਵਲ ਸੁਹਾਏ ਆਣ, ਸਾਚਾ ਨੂਰ ਕਰ ਰੁਸ਼ਨਾਈਆ । ਸ਼ਬਦ ਅਗੰਮੀ ਇਕ ਬਬਾਣ, ਦੋ ਜਹਾਨਾਂ ਆਪ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਦੀ ਧਾਰ ਆਪ ਬਣਾਈਆ । ਧੁਰ ਦੀ ਧਾਰ ਦੱਸੇ ਭਗਵੰਤ, ਭਗਵਨ ਆਪਣੀ ਦਇਆ ਕਮਾਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਨੂੰ ਮੰਨਦੇ ਰਹੇ ਕੰਤ, ਸੋ ਕੰਤ ਕੰਤੂਹਲ ਫੇਰਾ ਪਾਈਆ । ਕਲਜੁਗ ਮਾਇਆ ਪਾਏ ਬੇਅੰਤ, ਜੀਵ ਜੰਤ ਸਮਝ ਸਕੇ ਕੋਇ ਨਾ ਰਾਈਆ । ਗੁਰਮੁਖ ਵਿਰਲੇ ਆਪ ਉਠਾਏ ਸੰਤ, ਜਿਸ ਜਨ ਆਪਣੀ ਬੂਝ ਬੁਝਾਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦਏ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਧੁਰ ਦਾ ਨਾਮ ਦਏ ਸਮਝਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਉਠੋ ਵੇਖੋ ਕਲਜੁਗ ਅੰਤ, ਅੰਤਸ਼ਕਰਨ ਸਭ ਦਾ ਦਏ ਵਖਾਈਆ । ਸਾਚਾ ਨਜ਼ਰ ਨਾ ਆਏ ਕੋਈ ਮੰਤ, ਮੰਤਵ ਸਾਰੇ ਆਪਣਾ ਹਲ ਕਰਾਈਆ । ਕਾਇਆ ਚੋਲੀ ਚਾੜ੍ਹੇ ਰੰਗ ਨਾ ਕੋਇ ਬਸੰਤ, ਦਰ ਦਰ ਘਰ ਘਰ ਕੱਪੜ ਬੈਠੇ ਰੰਗਾਈਆ । ਨਾਤਾ ਤੁੱਟੇ ਨਾ ਜੇਰਜ ਅੰਡਤ, ਉਤਭੁਜ ਸੇਤਜ ਫੰਦ ਨਾ ਕੋਇ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਘਰ ਇਕੋ ਇਕ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਘਰ, ਸਚਖੰਡ ਨਿਵਾਸੀ ਆਪ ਜਣਾਇੰਦਾ । ਜਿਸ ਗ੍ਰਿਹ ਬਹਿ ਕੇ ਦੇਵੇ ਵਰ, ਮਿਹਰਵਾਨ ਹੁਕਮ ਵਰਤਾਇੰਦਾ ।

ਜਨ ਭਗਤਾਂ ਫੜੇ ਆਪ ਲੜ, ਲੜ ਭਗਤਾਂ ਆਪ ਫੜਾਇੰਦਾ । ਕਾਇਆ ਮੰਦਰ ਸਾਚੇ ਪੌੜੇ ਚੜ੍ਹ, ਮਹੱਲ ਅਟੱਲ ਵੇਖ ਵਖਾਇੰਦਾ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਢੋਲਾ ਪੜ੍ਹ, ਸੋਹੰ ਇਕੋ ਰਾਗ ਸੁਣਾਇੰਦਾ । ਕਰਤਾ ਪੁਰਖ ਕਰਨੀ ਕਰ, ਹਰਿ ਸਾਚੀ ਕਾਰ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਮਾਰਗ ਇਕ ਸਮਝਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਆ, ਰਹਿਬਰ ਇਕੋ ਇਕ ਖ਼ੁਦਾਈਆ । ਸਾਚਾ ਮਾਰਗ ਰਿਹਾ ਲਗਾ, ਦੀਨ ਮਜ਼੍ਹਬ ਨਾ ਕੋਇ ਜਣਾਈਆ । ਜ਼ਾਤ ਪਾਤ ਨਾ ਵੰਡ ਵੰਡਾ, ਵਰਨ ਬਰਨ ਨਾ ਕੋਇ ਰਖਾਈਆ । ਨਿਰਮਲ ਜੋਤੀ ਜੋਤ ਕਰੇ ਰੁਸ਼ਨਾ, ਘਰ ਘਰ ਦੀਪਕ ਆਪ ਟਿਕਾਈਆ । ਬਜਰ ਕਪਾਟੀ ਕੁੰਡਾ ਦੇਵੇ ਲਾਹ, ਦੂਈ ਦਵੈਤੀ ਡੇਰਾ ਢਾਹੀਆ । ਅਨਹਦ ਨਾਦੀ ਰਾਗ ਦਏ ਸੁਣਾ, ਧੁਨ ਆਤਮਕ ਕਰ ਸ਼ਨਵਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆ, ਨਿਝਰ ਝਿਰਨਾ ਆਪ ਝਿਰਾਈਆ । ਹਰ ਘਟ ਨਜ਼ਰੀ ਜਾਏ ਆ, ਲੱਖ ਚੁਰਾਸੀ ਰਿਹਾ ਸਮਾਈਆ । ਸ੍ਰਿਸ਼ਟ ਸਬਾਈ ਇਕ ਜਪਾਏ ਨਾਂ, ਨਾਉਂ ਨਿਰੰਕਾਰਾ ਇਕੋ ਇਕ ਦਰਸਾਈਆ । ਕਲਮਾ ਨਬੀ ਰਸੂਲ ਦਏ ਪੜ੍ਹਾ, ਸਚ ਅਸੂਲ ਆਪ ਬਤਾਈਆ । ਸਾਚੇ ਹੁਜਰੇ ਉਚ ਮਹਿਰਾਬੇ ਮਹਿਬੂਬ ਨਜ਼ਰੀ ਜਾਏ ਆ, ਬੇਪਰਵਾਹ ਇਕੋ ਇਕ ਅਖਵਾਈਆ । ਜਿਸ ਦਾ ਲੇਖਾ ਕੋਈ ਲਿਖੇ ਨਾ ਕਲਮ ਸ਼ਾਹ, ਕਾਗ਼ਜ਼ ਰੋਵੇ ਮਾਰੇ ਧਾਹੀਂਆ । ਸੋ ਪੀਰ ਪੈਗ਼ੰਬਰਾਂ ਸਜਦਾ ਰਿਹਾ ਕਰਾ, ਇਸਲਾਮ ਇਕੋ ਇਕ ਸਮਝਾਈਆ । ਉਸ ਦੇ ਸਾਰੇ ਬਣੋ ਵਫ਼ਾ, ਵਫ਼ਾਦਾਰੀ ਇਕ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਇਕ ਜਣਾਈਆ । ਅੰਤਮ ਲੇਖਾ ਦੱਸੇ ਏਕ, ਏਕੰਕਾਰ ਹੁਕਮ ਵਰਤਾਇੰਦਾ । ਕਲਜੁਗ ਅੰਤਮ ਛੱਡਣਾ ਸਭ ਨੇ ਭੇਖ, ਭੇਖਾਧਾਰੀ ਆਪ ਜਣਾਇੰਦਾ । ਸਤਿਜੁਗ ਸਾਚੀ ਰੱਖਣੀ ਟੇਕ, ਟੇਕ ਇਕੋ ਇਕ ਜਣਾਇੰਦਾ । ਪੁਰਖ ਅਕਾਲ ਕਰਨਾ ਹੇਤ, ਦੂਜਾ ਇਸ਼ਟ ਨਾ ਕੋਇ ਬਣਾਇੰਦਾ । ਲੱਖ ਚੁਰਾਸੀ ਸੁੰਞਾਂ ਦਿਸੇ ਖੇਤ, ਨੌ ਖੰਡ ਪ੍ਰਿਥਮੀ ਸੱਤ ਦੀਪ ਫੋਲ ਫੋਲਾਇੰਦਾ । ਆਤਮ ਪਰਮਾਤਮ ਕੋਇ ਨਾ ਕਰੇ ਹੇਤ, ਹਿਤਕਾਰੀ ਨਜ਼ਰ ਨਾ ਆਇੰਦਾ । ਸਦੀ ਬੀਸਵੀਂ ਖੇਲੇ ਖੇਡ, ਹਰਿ ਖ਼ਾਲਕ ਖ਼ਲਕ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਜੁਗ ਸਾਚੀ ਧਾਰ ਜਣਾਇੰਦਾ । ਸਤਿਜੁਗ ਧਾਰ ਦੱਸੇ ਪ੍ਰਭ ਸਤਿ, ਸਤਿ ਸਤਿ ਜਣਾਈਆ । ਚਾਰ ਵਰਨ ਦੇਵੇ ਮਤ, ਬ੍ਰਹਮ ਮਤ ਇਕ ਸਮਝਾਈਆ । ਜਨ ਭਗਤਾਂ ਖੋਲ੍ਹ ਆਪਣੀ ਅੱਖ, ਨਿਜ ਨੇਤਰ ਕਰੇ ਰੁਸ਼ਨਾਈਆ । ਸੱਚਾ ਮਾਰਗ ਧੁਰ ਦਾ ਦੱਸ, ਆਤਮ ਪਰਮਾਤਮ ਮੇਲ ਮਿਲਾਈਆ । ਚੌਦਾਂ ਵਿਦਿਆ ਖੇੜਾ ਕਰੇ ਭੱਠ, ਭਗਤ ਭਗਵਾਨ ਦਏ ਸਮਝਾਈਆ । ਲਹਿਣਾ ਦੇਣਾ ਜਾਣੇ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੁਨੇਹੜਾ ਇਕ ਘਲਾਈਆ । ਸਚ ਸੁਨੇਹੜਾ ਦੇਵੇ ਘੱਲ, ਹਰਿ ਪੈਗ਼ਾਮ ਬੇਪਰਵਾਹੀਆ । ਪੁਰਖ ਅਕਾਲ ਕਰੇ ਵਲ ਛਲ, ਅਛਲ ਛਲਧਾਰੀ ਆਪਣਾ ਖੇਲ ਰਚਾਈਆ । ਵੇਖਣਹਾਰਾ ਜਲ ਥਲ, ਮਹੀਅਲ ਡੂੰਘੇ ਸਾਗਰ ਫੋਲ ਫੋਲਾਈਆ । ਜੋਤੀ ਸ਼ਬਦੀ ਗਿਆ ਰਲ, ਪੰਜ ਤਤ ਨਜ਼ਰ ਕੋਇ ਨਾ ਆਈਆ । ਸਚ ਪਰਕਾਸ਼ ਗਿਆ ਬਲ, ਤੇਲ ਬਾਤੀ ਨਾ ਕੋਇ ਟਿਕਾਈਆ । ਕਲਜੁਗ ਅੰਤਮ ਮੇਟੇ ਸਲ, ਸਤਿਜੁਗ ਸਾਚੀ ਧਾਰ ਬੰਧਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸਦੀ ਬੀਸਵੀਂ ਪਿਛਲਾ ਦਿਤਾ ਫਲ, ਅੱਗੇ ਲੇਖਾ ਕੋਇ ਰਹਿਣ ਨਾ ਪਾਈਆ । ਹਰਿ ਚਰਨ ਦਵਾਰਾ

੧੦੫੪
੧੫

ਲੈਣਾ ਮੱਲ, ਮਿਲੇ ਧੁਰ ਸੱਚੀ ਸਰਨਾਈਆ । ਅੰਮ੍ਰਿਤ ਪੀਣਾ ਠੰਡਾ ਜਲ, ਆਬੇਹਯਾਤ ਮੁਖ ਚੁਆਈਆ । ਇਕਾਵਨ ਬਾਵਨ ਜਾਣਾ ਰਲ, ਪੰਜ ਇਕ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਸਭ ਦਾ ਲੇਖੇ ਲਾਈਆ । ਗੁਰ ਅਵਤਾਰ ਝੁਕਾਵਣ ਸੀਸ, ਪ੍ਰਭ ਤੇਰੀ ਵਡ ਵਡਿਆਈਆ । ਤੇਰਾ ਖੇਲ ਨਰ ਹਰਿ ਜਗਦੀਸ, ਜਗ ਜੀਵਣ ਦਾਤੇ ਸਮਝ ਕੋਇ ਨਾ ਪਾਈਆ । ਸਾਡੇ ਖ਼ਾਲੀ ਹੋਏ ਖੀਸ, ਖ਼ਾਲੀ ਹੱਥ ਰਹੇ ਵਖਾਈਆ । ਸਦੀ ਚੌਧਵੀਂ ਰਹੀ ਬੀਤ, ਬੀਤੀ ਕਹਾਣੀ ਨਜ਼ਰ ਕਿਸੇ ਨਾ ਆਈਆ । ਮਿੱਠਾ ਹੋਇਆ ਕਲਜੁਗ ਕੌੜਾ ਰੀਠ, ਤੁਧ ਬਿਨ ਰਸ ਨਾ ਕੋਇ ਭਰਾਈਆ । ਤੇਰੀ ਸਾਰੇ ਕਰਨ ਉਡੀਕ, ਨੇਤਰ ਲੋਚਣ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੋਕਮਾਤ ਵਸਾਉਣਾ ਸਾਚਾ ਘਰ, ਬਣ ਮਾਲਕ ਬੇਪਰਵਾਹੀਆ । ਬੇਪਰਵਾਹ ਬਣ ਮਾਲਕ, ਪੀਰ ਪੈਗ਼ੰਬਰ ਰਹੇ ਜਣਾਈਆ । ਸਾਹਿਬ ਸੁਲਤਾਨ ਸਾਚੇ ਖ਼ਾਲਕ, ਖ਼ਲਕ ਤੇਰੀ ਝੋਲੀ ਪਾਈਆ । ਤੈਨੂੰ ਨਾ ਨਿੰਦਰਾ ਨਾ ਕੋਈ ਆਲਸ, ਗ਼ਫ਼ਲਤ ਰੂਪ ਨਾ ਕੋਇ ਵਟਾਈਆ । ਦੋ ਜਹਾਨਾਂ ਬਣ ਸਾਲਸ, ਸਚ ਸਾਲਸੀ ਆਪ ਕਮਾਈਆ । ਤੇਰੀ ਨਜ਼ਰੀ ਆਵੇ ਇਕੋ ਅਦਾਲਤ, ਅਦਲ ਤੇਰੇ ਹੱਥ ਵਡਿਆਈਆ । ਤੇਰੇ ਘਰ ਕਰੇ ਨਾ ਕੋਈ ਵਕਾਲਤ, ਵੁਕਲੇ ਬੈਠੇ ਮੁਖ ਸ਼ਰਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਲਜੁਗ ਅੰਤਮ ਕਿਸੇ ਨਾ ਕਰੇ ਕੋਈ ਸਫ਼ਾਰਸ਼, ਤੁਆਰਫ਼ ਨਜ਼ਰ ਕੋਇ ਨਾ ਆਈਆ । ਕਲਜੁਗ ਜੀਵਾਂ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਲਿਖੀ ਭੁੱਲੀ ਇਬਾਰਤ, ਨਿਸ਼ਅੱਖਰ ਅੱਖਰ ਸਮਝ ਕੋਇ ਨਾ ਪਾਈਆ । ਪੰਡਤ ਪਾਂਧੇ ਮੁੱਲਾਂ ਸ਼ੇਖ਼ ਮਸਾਇਕ ਗ੍ਰੰਥੀ ਪੰਥੀ ਤੇਰੇ ਨਾਮ ਦੀ ਲੈਂਦੇ ਆੜਤ, ਸਾਚਾ ਸੌਦਾ ਹੱਟ ਨਾ ਕੋਇ ਵਿਕਾਈਆ । ਕੋਈ ਨਾ ਜਾਣੇ ਤੇਰਾ ਖੇਲ ਮਾਅਰਫ਼ਤ, ਮਹਿਬੂਬ ਤੇਰੀ ਸਾਰ ਕਿਸੇ ਨਾ ਆਈਆ । ਮਾਇਆ ਮਮਤਾ ਡਿਗੇ ਡੂੰਘੀ ਗ਼ਾਰਤ, ਬਾਹਰ ਸਕੇ ਨਾ ਕੋਇ ਕਢਾਈਆ । ਭਰਮੇ ਭੁੱਲੇ ਵਡ ਵਡ ਆਰਫ਼, ਉਲਮਾ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਘਰ, ਜਿਸ ਘਰ ਬਹਿ ਕੇ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਖੋਲ੍ਹ ਦਰਵਾਜ਼ਾ, ਸਚਖੰਡ ਨਿਵਾਸੀ ਤੇਰੀ ਓਟ ਤਕਾਈਆ । ਆਦਿ ਜੁਗਾਦਿ ਜੁਗ ਚੌਕੜੀ ਤੂੰ ਸਾਜਣ ਸਾਜਾ, ਸਾਜਣਹਾਰ ਤੇਰੀ ਵਡਿਆਈਆ । ਸ਼ਬਦ ਅਗੰਮੀ ਤੇਰਾ ਸੁਣਦੇ ਰਹੇ ਵਾਜਾ, ਸੁਰ ਤਾਲ ਨਾ ਕੋਇ ਵਖਾਈਆ । ਨਿਰਗੁਣ ਸਰਗੁਣ ਰਚਦਾ ਰਿਹੋਂ ਕਾਜਾ, ਗੁਰ ਅਵਤਾਰ ਪੀਰ ਪੈਗ਼ੰਬਰ ਮੇਲ ਮਿਲਾਈਆ । ਅੰਦਰ ਵੜ ਕੇ ਮਾਰਦਾ ਰਿਹੋਂ ਵਾਜਾਂ, ਸੁੱਤਿਆਂ ਆਪ ਉਠਾਈਆ । ਕਲਜੁਗ ਅੰਤਮ ਰੱਖ ਲਾਜਾ, ਤੇਰੀ ਇਕ ਸ਼ਰਨਾਈਆ । ਸ਼ੌਹ ਦਰਿਆਏ ਡੁੱਬਦਾ ਦਿਸੇ ਜਹਾਜ਼ਾ, ਬੇੜਾ ਪਾਰ ਨਾ ਕੋਇ ਕਰਾਈਆ । ਨਜ਼ਰ ਨਾ ਆਏ ਸ਼ਾਹ ਨਵਾਬਾ, ਜਗਤ ਜਗਦੀਸ ਸਮਝ ਕੋਇ ਨਾ ਪਾਈਆ । ਪੜ੍ਹ ਪੜ੍ਹ ਥੱਕੇ ਤੇਰੀ ਗਾਥਾ, ਦਿਵਸ ਰੈਣ ਢੋਲੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੁਧ ਬਿਨ ਆਸ ਨਾ ਕੋਇ ਪੂਰ ਕਰਾਈਆ । ਸ੍ਰੀ ਭਗਵਾਨ ਕਹੇ ਮੈਂ ਆਵਾਂਗਾ । ਨਿਰਗੁਣ ਨੂਰ ਜੋਤ ਜਗਾਵਾਂਗਾ । ਕਿਲਾ ਕੋਟ ਬੰਕ ਸੁਹਾਵਾਂਗਾ । ਸ਼ਬਦ ਨਗਾਰੇ ਚੋਟ ਲਗਾਵਾਂਗਾ । ਲੱਖ ਚੁਰਾਸੀ ਕੱਢਾਂ ਖੋਟ, ਸਾਚਾ ਮਾਰਗ ਇਕ ਪਰਗਟਾਵਾਂਗਾ । ਜਨ ਭਗਤਾਂ ਪਰਗਟ ਕਰ ਨਿਰਮਲ ਜੋਤ, ਜੋਤੀ ਨੂਰ ਇਕ ਚਮਕਾਵਾਂਗਾ । ਲਹਿਣਾ ਦੇਣਾ ਚੁਕਾ ਵਰਨ ਗੋਤ, ਬ੍ਰਹਮ ਇਕੋ ਇਕ ਸਮਝਾਵਾਂਗਾ । ਪ੍ਰੇਮ ਕਰੇ ਨਾ ਕੋਈ ਕਾਇਆ ਮਾਟੀ ਪੋਸ਼, ਆਤਮ

੧੦੫੬
੧੫

ਆਤਮ ਨਾਲ ਮਿਲਾਵਾਂਗਾ । ਸਜ਼ਾ ਮਿਲੇ ਨਾ ਕਿਸੇ ਨਿਰਦੋਸ਼, ਦੋਸ਼ੀ ਮਨਮੁਖ ਆਪ ਬਣਾਵਾਂਗਾ । ਨੌ ਸੌ ਚੁਰਾਨਵੇ ਚੌਕੜੀ ਜੁਗ ਜੋ ਬੈਠਾ ਰਿਹਾ ਖ਼ਾਮੋਸ਼, ਸੋ ਖੋਲ੍ਹ ਕੇ ਹਾਲ ਸੁਣਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਮੰਦਰ ਇਕ ਵਡਿਆਵਾਂਗਾ । ਹਰਿ ਮੰਦਰ ਪ੍ਰਭ ਵਡਿਆਏਗਾ । ਜਿਸ ਗ੍ਰਹਿ ਆਪਣਾ ਚਰਨ ਟਿਕਾਏਗਾ । ਸਚ ਦੁਆਰਾ ਸੋਭਾ ਪਾਏਗਾ । ਭਗਤ ਭਗਵਾਨ ਵੇਖ ਵਖਾਏਗਾ । ਜਗਤ ਨਿਸ਼ਾਨ ਇਕ ਝੁਲਾਏਗਾ । ਲੱਖ ਚੁਰਾਸੀ ਆਣ ਇਕੋ ਪਾਏਗਾ । ਦੋ ਜਹਾਨਾਂ ਈਮਾਨ ਇਕ ਸਮਝਾਏਗਾ । ਧੁਰ ਦਾ ਰਾਮ ਨਜ਼ਰੀ ਆਏਗਾ । ਕਾਹਨ ਇਕੋ ਰੰਗ ਵਖਾਏਗਾ । ਪੈਗ਼ਾਮ ਇਕੋ ਇਕ ਸੁਣਾਏਗਾ । ਨਾਮ ਇਕੋ ਇਕ ਜਪਾਏਗਾ । ਕਾਣ ਇਕੋ ਇਕ ਰਖਾਏਗਾ । ਬਾਣ ਇਕੋ ਇਕ ਲਗਾਏਗਾ । ਧਿਆਨ ਇਕੋ ਇਕ ਜਣਾਏਗਾ । ਸ਼ਾਨ ਇਕੋ ਇਕ ਵਧਾਏਗਾ । ਬਲਵਾਨ ਇਕੋ ਇਕ ਅਖਵਾਏਗਾ । ਭਗਵਾਨ ਇਕੋ ਨਜ਼ਰੀ ਆਏਗਾ । ਸੀਸ ਜਗਦੀਸ ਤਾਜ ਸੁਹਾਏਗਾ । ਲੇਖਾ ਜਾਣੇ ਬੀਸ ਇਕੀਸ, ਨਿਰਗੁਣ ਸਰਗੁਣ ਵੰਡ ਵੰਡਾਏਗਾ । ਜੁਗ ਚੌਕੜੀ ਆਪੇ ਜੀਤ, ਹਾਰ ਸਭ ਦੇ ਗਲੇ ਬੰਧਾਏਗਾ । ਸਚਖੰਡ ਦੁਆਰੇ ਬੈਠ ਅਤੀਤ, ਤ੍ਰੈਭਵਨ ਧਨੀ ਆਪਣੀ ਕਾਰ ਕਮਾਏਗਾ । ਜਨ ਭਗਤਾਂ ਕਾਇਆ ਕਰ ਠਾਂਡੀ ਸੀਤ, ਅੰਮ੍ਰਿਤ ਧਾਰ ਜਾਮ ਪਿਆਏਗਾ । ਚਰਨ ਕਵਲ ਜਣਾਏ ਪ੍ਰੀਤ, ਧਰਨੀ ਧਰਤ ਧਵਲ ਵਡਿਆਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਵੇ ਨਾਮ ਵਰ, ਸਾਚੀ ਧਾਰਾ ਆਪ ਵਖਾਏਗਾ । ਸਾਚੀ ਧਾਰਾ ਚਲੇ ਜਗ, ਹਰਿ ਕਰਤਾ ਆਪ ਚਲਾਈਆ । ਜਨ ਭਗਤਾਂ ਦਰਸ਼ਨ ਦੇਵੇ ਉਪਰ ਸ਼ਾਹ ਰਗ, ਜਗਤ ਦੁਆਰਾ ਪੰਧ ਮੁਕਾਈਆ । ਜਨਮ ਕਰਮ ਦੀ ਮੇਟ ਕੇ ਤ੍ਰਿਸਨਾ ਅੱਗ, ਸਾਂਤਕ ਸਤਿ ਸਤਿ ਵਰਤਾਈਆ । ਫੜ ਫੜ ਹੰਸ ਬਣਾ ਕੱਗ, ਕਾਗੋਂ ਹੰਸ ਰੂਪ ਵਟਾਈਆ । ਨਿਰਮਲ ਜੋਤੀ ਜਾਏ ਜਗ, ਜਿਸ ਆਪਣੀ ਦਇਆ ਕਮਾਈਆ । ਕੂੜੀ ਕਿਰਿਆ ਪਾਰ ਹੱਦ, ਨਵ ਦੁਆਰ ਡੇਰਾ ਢਾਹੀਆ । ਘਰ ਸਚ ਸੁਣਾਏ ਛੰਦ, ਸੋਹੰ ਢੋਲਾ ਰਾਗ ਅਲਾਈਆ । ਜਨ ਭਗਤਾਂ ਮੇਟ ਪੰਧ, ਘਰ ਆਪਣੇ ਲਏ ਬਹਾਈਆ । ਨਿਜ ਆਤਮ ਦੇਵੇ ਅਨੰਦ, ਪਰਮਾਨੰਦ ਵਿਚ ਸਮਾਈਆ । ਸਤਿਜੁਗ ਸਾਚਾ ਚਾੜ੍ਹ ਚੰਦ, ਕਲਜੁਗ ਅਗਿਆਨ ਅੰਧੇਰ ਮਿਟਾਈਆ । ਖ਼ੁਸ਼ੀ ਕਰ ਬੰਦ ਬੰਦ, ਬੰਦਗੀ ਇਕੋ ਇਕ ਸਮਝਾਈਆ । ਗੁਰ ਅਵਤਾਰ ਪੀਰ ਪੈਗੰਬਰ ਜੁਗ ਚੌਕੜੀ ਜੋ ਮੰਗਦੇ ਰਹੇ ਮੰਗ, ਤਿਨ੍ਹਾਂ ਆਸਾ ਪੂਰ ਵਖਾਈਆ । ਜਨ ਭਗਤਾਂ ਨੰਗੀ ਹੋਣ ਨਾ ਦੇਵੇ ਕੰਡ, ਸਿਰ ਆਪਣਾ ਹੱਥ ਟਿਕਾਈਆ । ਨਾਮ ਖੰਡਾ ਚੰਡ ਪਰਚੰਡ, ਦੋਹਰੀ ਧਾਰ ਆਪ ਚਮਕਾਈਆ । ਨਾਤਾ ਤੋੜ ਭੇਖ ਪਖੰਡ, ਕੂੜੀ ਕਿਰਿਆ ਦਏ ਗਵਾਈਆ । ਭੇਵ ਖੁਲ੍ਹਾ ਹੰ ਬ੍ਰਹਮ, ਪਾਰਬ੍ਰਹਮ ਲਏ ਮਿਲਾਈਆ । ਲੇਖੇ ਲਾ ਜਨਨੀ ਜਨ, ਦੇਵੇ ਵਡਿਆਈ ਧੰਨ ਜਣੇਂਦੀ ਮਾਈਆ । ਗੁਰਮੁਖ ਗੁਰਸਿਖ ਬੇੜਾ ਦੇਵੇ ਬੰਨ੍ਹ, ਬਣ ਖੇਵਟ ਖੇਟਾ ਪਾਰ ਕਰਾਈਆ । ਕਿਸੇ ਨਜ਼ਰ ਨਾ ਆਏ ਨੇਤਰ ਅੰਨ੍ਹ, ਦੋਏ ਲੋਚਣ ਵੇਖਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੱਚਾ ਮਾਰਗ ਇਕ ਪਰਗਟਾਈਆ । ਸੱਚਾ ਮਾਰਗ ਲਾਵੇ ਏਕੰਕਾਰ, ਅਕਲ ਕਲ ਵੱਡੀ ਵਡਿਆਈਆ । ਸਤਿਜੁਗ ਸਾਚਾ ਲਏ ਉਠਾਲ, ਚੌਥੇ ਜੁਗ ਲੈ ਅੰਗੜਾਈਆ । ਤ੍ਰੇਤਾ ਦੁਆਪਰ ਕਲਜੁਗ ਬੀਤਿਆ ਕਾਲ, ਅੰਤਮ ਤੇਰੀ ਵਾਰੀ ਆਈਆ । ਪੁਰਖ ਅਬਿਨਾਸ਼ੀ ਹੋਏ ਦਿਆਲ, ਸਿਰ ਤੇਰੇ ਹੱਥ ਟਿਕਾਈਆ । ਨੇਤਰ ਖੋਲ੍ਹ ਕਰ ਜਮਾਲ, ਜਲਵਾ ਇਕੋ ਦਏ ਜਣਾਈਆ । ਹਕੀਕਤ ਝੋਲੀ ਪਾਏ

ਹੱਕ ਹਲਾਲ, ਲੇਖਾ ਜਾਣੇ ਬੇਪਰਵਾਹੀਆ । ਮਾਤਲੋਕ ਬਣ ਦਲਾਲ, ਜਨ ਭਗਤਾਂ ਮੇਲ ਮਿਲਾਈਆ । ਕਲਜੁਗ ਕੂੜੀ ਕਿਰਿਆ ਕਰ ਹਲਾਲ, ਤਿਖੀ ਛੁਰੀ ਧਾਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿਜੁਗ ਸਾਚੇ ਆਪ ਉਠਾਈਆ । ਸਤਿਜੁਗ ਸੱਚਾ ਗਿਆ ਉਠ, ਪ੍ਰਭ ਚਰਨ ਲਏ ਅੰਗੜਾਈਆ । ਪੁਰਖ ਅਬਿਨਾਸ਼ੀ ਗਿਆ ਤੁਠ, ਮਿਹਰਵਾਨ ਦਇਆ ਕਮਾਈਆ । ਕੀਤਾ ਪਿਆਰ ਲਾਡਲੇ ਪੁੱਤ, ਪਿਤਾ ਪੂਤ ਖ਼ੁਸ਼ੀ ਜਣਾਈਆ । ਮੇਰੀ ਸੁਹਾਏ ਸੁਹੰਜਣੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਮੇਰੇ ਕੋਲ ਨਹੀਂ ਕੁਛ, ਨਾਮ ਭੰਡਾਰਾ ਝੋਲੀ ਦੇਵੇ ਪਾਈਆ । ਧਰਤ ਮਾਤ ਦੀ ਸਫ਼ਲ ਕਰਾਵਾਂ ਕੁੱਖ, ਕੁੱਖੜੀ ਭਾਗ ਲਗਾਈਆ । ਜਨ ਭਗਤਾਂ ਉਜਲ ਕਰਾਂ ਮੁਖ, ਦੁਰਮਤ ਮੈਲ ਧਵਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀਆਂ ਸੁਖਣਾਂ ਗਏ ਸੁਖ, ਸੋ ਸਤਿਗੁਰ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਆਪ ਰਚਾਈਆ । ਸਤਿਜੁਗ ਕਹੇ ਮੈਂ ਬਾਲ ਨਧਾਨ, ਪ੍ਰਭ ਤੇਰੀ ਓਟ ਤਕਾਈਆ । ਧੁਰ ਦਾ ਦੇ ਇਕ ਗਿਆਨ, ਜਗਤ ਕਰਾਂ ਨਾ ਕੋਇ ਪੜ੍ਹਾਈਆ । ਨਜ਼ਰੀ ਆਏ ਤੇਰਾ ਮਕਾਨ, ਸਿੰਘਾਸਣ ਤੇਰਾ ਸੋਭਾ ਪਾਈਆ । ਹੁਕਮ ਦੇਵੇਂ ਹੁਕਮਰਾਨ, ਹੁਕਮੀ ਹੁਕਮ ਇਕ ਜਣਾਈਆ । ਚਰਨ ਬੰਦਨਾ ਕਰਾਂ ਆਣ, ਦੋਏ ਜੋੜ ਬੰਦਗੀ ਇਕ ਤੇਰੇ ਦਰ ਤੋਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਤੇਰਾ ਢੋਲਾ ਗਾਵਾਂ ਚਾਈਂ ਚਾਈਂਆ । ਸਤਿਜੁਗ ਸੁਣ ਲਾ ਕਰ ਕੰਨ, ਹਰਿ ਕਰਤਾ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣਾ ਲਿਆ ਮੰਨ, ਮਨਸਾ ਸਭ ਦੀ ਪੂਰ ਕਰਾਈਆ । ਸੀਸ ਝੁਕਾ ਰਸਨਾ ਕਹੁ ਧੰਨ ਧੰਨ, ਧੰਨ ਤੇਰੀ ਵਡਿਆਈਆ । ਜਿਸ ਕਲਜੁਗ ਅੰਦਰ ਚਾੜ੍ਹਿਆ ਸੱਚਾ ਚੰਨ, ਨੂਰੀ ਚੰਦ ਜੋਤ ਰੁਸ਼ਨਾਈਆ । ਰਵ ਸਸ ਦੋਵੇਂ ਹੋਏ ਅੰਨ੍ਹ, ਅੰਧ ਅੰਧੇਰਾ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਇਆ ਇਕ ਘਰ, ਜਿਸ ਘਰ ਮਿਲੇ ਮਾਣ ਵਡਿਆਈਆ । ਸਤਿਜੁਗ ਕਹੇ ਪ੍ਰਭ ਦੇ ਪਿਆਰ, ਪਰਮ ਪੁਰਖ ਤੇਰੀ ਸਰਨਾਈਆ । ਦਰਸ਼ਨ ਕਰਾਂ ਗੁਰੂ ਅਵਤਾਰ, ਜੋ ਦਰ ਤੇਰੇ ਬੈਠੇ ਸੀਸ ਝੁਕਾਈਆ । ਜਲਵਾ ਵੇਖਾਂ ਪੀਰ ਪੈਗ਼ੰਬਰ ਯਾਰ, ਜੋ ਯਾਰੀ ਤੇਰੇ ਨਾਲ ਨਿਭਾਈਆ । ਅਬਿਨਾਸ਼ੀ ਕਰਤਾ ਕਹੇ ਸੁਣ ਬਾਲ ਅਵਾਣ, ਧੁਰ ਦੀ ਧਾਰ ਆਪ ਜਣਾਈਆ । ਜਾ ਕੇ ਵੇਖ ਨੌਜਵਾਨ, ਗੁਰਮੁਖ ਤੇਰਾ ਰਾਹ ਤਕਾਈਆ । ਸਚ ਪ੍ਰੀਤੀ ਮੰਗਣ ਦਾਨ, ਝੋਲੀ ਖ਼ਾਲੀ ਰਹੇ ਵਖਾਈਆ । ਓਨ੍ਹਾਂ ਜਾ ਕੇ ਕਰ ਪਹਿਚਾਨ, ਆਪ ਆਪਣਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਵੇ ਇਕ ਵਰ, ਵਰ ਦਾਤਾ ਇਕ ਅਖਵਾਈਆ । ਵਰ ਦਿਤਾ ਪ੍ਰਭ ਆਪ ਸੁਆਮੀ, ਸਭਾ ਸਚ ਜਣਾਈਆ । ਪੁਰਖ ਅਕਾਲ ਅੰਤਰਜਾਮੀ, ਅੰਤਰਗਤ ਸਰਬ ਬੁਝਾਈਆ । ਆਦਿ ਜੁਗਾਦਿ ਸਦਾ ਨਿਹਕਾਮੀ, ਨਿਹਕਰਮੀ ਨਜ਼ਰੀ ਆਈਆ । ਜੁਗ ਚੌਕੜੀ ਬੋਧ ਅਗਾਧ ਸੁਣਾਏ ਬਾਣੀ, ਧੁਰ ਦੀ ਧਾਰ ਆਪ ਪਰਗਟਾਈਆ । ਕਲਜੁਗ ਅੰਤਮ ਗੁਰ ਅਵਤਾਰ ਪੀਰ ਪੈਗ਼ੰਬਰ ਦੱਸ ਕੇ ਗਏ ਨਿਸ਼ਾਨੀ, ਨਿਸ਼ਾਨਾ ਇਕੋ ਇਕ ਜਣਾਈਆ । ਪਰਗਟ ਹੋਵੇ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਆਪਣਾ ਫੇਰਾ ਪਾਈਆ । ਜਿਸ ਦਾ ਦਿਸੇ ਨਾ ਕੋਈ ਸਾਨੀ, ਲਾਸਾਨੀ ਵਾਹਦ ਇਕੋ ਨਜ਼ਰੀ ਆਈਆ । ਉਸ ਦੀ ਸਾਰੇ ਗਾਵਣ ਕਹਾਣੀ, ਕਥਨੀ ਕਥ ਕਥਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਨਿਰਵੈਰ ਨਿਰਾਕਾਰ ਨਰ ਹਰਿ ਆਪਣਾ

ਵੇਸ ਵਟਾਈਆ । ਵੇਸ ਵਟਾਏ ਨਰ ਹਰਿ ਨਰਾਇਣ, ਨਰ ਇਕੋ ਨਜ਼ਰੀ ਆਇੰਦਾ । ਰਸਨਾ ਕੋਈ ਨਾ ਸਕੇ ਕਹਿਣ, ਕਹਿ ਕਹਿ ਅੰਤ ਕੋਇ ਨਾ ਪਾਇੰਦਾ । ਪ੍ਰਭ ਸਰਨਾਈ ਸਾਰੇ ਢਹਿਣ, ਸੀਸ ਅੱਗੇ ਨਾ ਕੋਇ ਉਠਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਸਭ ਦਾ ਚੁਕਾਏ ਲਹਿਣਾ ਦੇਣ, ਪੂਰਬ ਲੇਖਾ ਵੇਖ ਵਖਾਇੰਦਾ । ਭਗਤ ਭਗਵਾਨ ਮਹੱਲ ਅਟੱਲ ਉਚ ਮਕਾਨ ਇਕੱਠੇ ਰਹਿਣ, ਘਰ ਇਕੋ ਇਕ ਸੁਹਾਇੰਦਾ । ਸਤਿਗੁਰ ਬਣ ਕੇ ਆਇਆ ਲੈਣ, ਗੁਰਮੁਖ ਅੰਗ ਲਗਾਇੰਦਾ । ਲੱਖ ਚੁਰਾਸੀ ਵੇਖੇ ਵੈਂਹਦੀ ਵੈਹਣ, ਵਾਹਵਾ ਪਾਰ ਨਾ ਕੋਇ ਕਰਾਇੰਦਾ । ਲਾੜੀ ਮੌਤ ਖਾਏ ਡਾਇਣ, ਰਾਏ ਧਰਮ ਹੁਕਮ ਸਮਝਾਇੰਦਾ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਸੰਤ ਸੁਹੇਲੇ ਗੁਰੂ ਗੁਰ ਚੇਲੇ ਪੁਰਖ ਅਕਾਲ ਚਰਨੀ ਬਹਿਣ, ਸਚ ਦੁਆਰਾ ਇਕ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੇਖਾ ਜਾਣੇ ਧੁਰ ਦਰਬਾਰ, ਵਡ ਦਰਬਾਰੀ ਆਪਣੀ ਕਰਨੀ ਆਪ ਕਮਾਇੰਦਾ ।

### ✪ ੧੦ ਮੱਘਰ ੨੦੨੦ ਬਿਕ੍ਰਮੀ ਗੁਰਬਚਨ ਸਿੰਘ ਦੇ ਗ੍ਰਿਹ ਨਈਆ ਸ਼ਾਲਾ ਜ਼ਿਲਾ ਗੁਰਦਾਸਪੁਰ ✪

ਗੁਰ ਅਵਤਾਰ ਸੀਸ ਝੁਕਾ, ਹਰਿ ਚਰਨ ਡੇਰਾ ਲਾਈਆ । ਪੀਰ ਪੈਗ਼ੰਬਰ ਕਹਿਣ ਪੈਂਡਾ ਮੁੱਕਾ, ਪੰਧ ਨਜ਼ਰ ਕੋਇ ਨਾ ਆਈਆ । ਲੋਕਮਾਤ ਤੇਰਾ ਨੂਰ ਕਿਸੇ ਨਾ ਦਿੱਸਾ, ਚਾਰੋਂ ਕੁੰਟ ਅੰਧੇਰਾ ਛਾਈਆ । ਸ੍ਰਿਸ਼ਟ ਸਬਾਈ ਭੁੱਲਿਆ ਨਾਉਂ ਏਕਾ ਪਿਤਾ, ਪੁਰਖ ਅਕਾਲ ਨਾ ਕੋਇ ਮਨਾਈਆ । ਚਾਰ ਕੁੰਟ ਕੂੜ ਹਿਤਾ, ਸਚ ਸੁਚ ਨਾ ਕੋਇ ਸਮਝਾਈਆ । ਪ੍ਰੇਮ ਪ੍ਰੀਤੀ ਅੰਮ੍ਰਿਤ ਰਸ ਹੋਇਆ ਫਿਕਾ, ਸਰ ਸਰੋਵਰ ਧਾਰ ਨਾ ਕੋਇ ਵਹਾਈਆ । ਮਨ ਮਨੂਆ ਨਾ ਕਿਸੇ ਜਿਤਾ, ਬੁਧ ਬਿਬੇਕ ਨਾ ਕੋਇ ਕਰਾਈਆ । ਹਰਿ ਕਾ ਮੰਦਰ ਕਿਸੇ ਨਾ ਡਿੱਠਾ, ਕਾਅਬੇ ਹੱਜ ਨਾ ਕੋਇ ਜਣਾਈਆ । ਕੂੜੀ ਕਿਰਿਆ ਜੀਵ ਜਹਾਨ ਪਿਸਾ, ਕਲਜੁਗ ਚੱਕੀ ਇਕ ਚਲਾਈਆ । ਸਾਚਾ ਬੀਜ ਨਾ ਕਿਸੇ ਬੀਜਾ, ਪੱਤ ਡਾਲੀ ਨਾ ਕੋਇ ਮਹਿਕਾਈਆ । ਕਾਮ ਕਰੋਧ ਲੋਭ ਮੋਹ ਹੰਕਾਰ ਸਭ ਕਰਨ ਰੀਝਾ, ਨਿਰਗੁਣ ਤੇਰਾ ਨਾਮ ਨਿਧਾਨ ਨਾ ਕੋਇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਸੱਚਾ ਵਰ, ਪੁਰਖ ਅਕਾਲ ਤੇਰੀ ਸਰਨਾਈਆ । ਗੁਰ ਅਵਤਾਰ ਟੇਕ ਮੱਥਾ, ਪਿਛਲਾ ਲਹਿਣਾ ਅੱਗੇ ਟਿਕਾਈਆ । ਪੀਰ ਪੈਗ਼ੰਬਰ ਚਰਨੀ ਢੱਠਾ, ਬਲਹੀਣ ਦਏ ਦੁਹਾਈਆ । ਨੌ ਖੰਡ ਪ੍ਰਿਥਮੀ ਕੂੜੀ ਕਿਰਿਆ ਉਡੇ ਘੱਟਾ, ਖੇਹ ਮਾਟੀ ਨਜ਼ਰੀ ਆਈਆ । ਦੀਨ ਮਜ਼੍ਹਬ ਦਾ ਪਿਆ ਰੱਟਾ, ਜ਼ਾਤ ਪਾਤ ਕਰੇ ਲੜਾਈਆ । ਤੇਰੇ ਘਰ ਦਾ ਦੇਵੇ ਕੋਈ ਨਾ ਪਤਾ, ਸਾਧ ਸੰਤ ਬੈਠੇ ਮੁਖ ਛੁਪਾਈਆ । ਸਚ ਸੁਚ ਹੋਈ ਹੱਤਾ, ਕਲਜੁਗ ਕੂੜੀ ਛੁਰੀ ਰਿਹਾ ਚਲਾਈਆ । ਸਚ ਸਵਾਣੀ ਪੀਰ ਪੈਗ਼ੰਬਰ ਤੇਰਾ ਕੋਈ ਨਾ ਲੈ ਕੇ ਆਵੇ ਭੱਤਾ, ਭਰਮੇ ਭੁੱਲੀ ਸਰਬ ਲੋਕਾਈਆ । ਨਿਜ ਨੇਤਰ ਦਰਸਨ ਪਾਏ ਕੋਈ ਨਾ ਅੱਖਾਂ, ਦੋਏ ਲੋਚਣ ਰਹੇ ਸ਼ਰਮਾਈਆ । ਜਗਤ ਵਿਕਾਰਾ ਖੇੜਾ ਹੋਇਆ ਭੱਠਾ, ਤ੍ਰੈਗੁਣ ਅਗਨੀ ਤਨ ਤਪਾਈਆ । ਪਾਰਬ੍ਰਹਮ ਤੇਰੀ ਕੋਈ ਨਾ ਲਏ ਮਤਾ, ਮਨਮਤ ਦਏ ਦੁਹਾਈਆ । ਤੇਰੇ ਪ੍ਰੇਮ ਕੋਈ ਨਾ ਰੱਤਾ, ਰੱਤੀ ਰੱਤ ਰੰਗ ਨਾ ਕੋਇ ਰੰਗਾਈਆ । ਕਲਜੁਗ ਵੈਹਣ ਡੂੰਘੀ ਡਿਗੇ ਖੱਡਾ, ਫੜ ਬਾਂਹੋਂ ਬਾਹਰ ਨਾ ਕੋਇ ਕਰਾਈਆ । ਇਕੋ ਚਰਨ ਦੁਆਰਾ ਤੇਰਾ ਛੱਡਾ, ਨੌ

ਖੰਡ ਪ੍ਰਿਥਮੀ ਰੋਵੇ ਮਾਰੇ ਧਾਹੀਆ । ਤੇਰਾ ਨਾਮ ਸ਼ਹਿਨਸ਼ਾਹ ਸ਼ੇਰ ਇਕੋ ਬੱਗਾ, ਦੋ ਜਹਾਨਾਂ ਭਬਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਲਹਿਣਾ ਸਭ ਦਾ ਵੇਖ ਵਖਾਈਆ । ਗੁਰ ਅਵਤਾਰ ਲਗ ਚਰਨ, ਨਿਉਂ ਨਿਉਂ ਸੀਸ ਝੁਕਾਈਆ । ਪੀਰ ਪੈਗ਼ੰਬਰ ਮੰਗ ਸਰਨ, ਧੂੜੀ ਟਿੱਕਾ ਮਸਤਕ ਲਾਈਆ । ਵਿਸ਼ਨ ਬ੍ਰਹਮਾ ਸ਼ਿਵ ਸਾਰੇ ਡਰਨ, ਸਿਰ ਸਕੇ ਨਾ ਕੋਇ ਉਠਾਈਆ । ਕਲਜੁਗ ਜੀਵ ਜੰਤ ਸਾਧ ਸੰਤ ਅਗਨੀ ਸੜਨ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਬਿਰਹੋਂ ਵਿਛੋੜੇ ਤੇਰੇ ਮਰਨ, ਜਨ ਭਗਤ ਧਿਆਨ ਲਗਾਈਆ । ਕੂੜੀ ਕਿਰਿਆ ਮਨਮੁਖ ਕਰਨ, ਕਰਤੇ ਤੇਰੀ ਸਾਰ ਕਿਸੇ ਨਾ ਪਾਈਆ । ਲੇਖਾ ਚੁੱਕੇ ਨਾ ਵਰਨ ਬਰਨ, ਚਾਰ ਅਠਾਰਾਂ ਦੇਣ ਦੁਹਾਈਆ । ਸਾਚਾ ਢੋਲਾ ਕੋਈ ਨਾ ਪੜ੍ਹਨ, ਅੰਤਰ ਆਤਮ ਧਿਆਨ ਲਗਾਈਆ । ਕਾਇਆ ਮੰਦਰ ਕੋਈ ਨਾ ਵੜਨ, ਮੰਦਰ ਮਸਜਦ ਸ਼ਿਵਦਵਾਲੇ ਮੱਠ ਭੱਜਣ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਘਟ ਮਸਤਕ ਵੇਖ ਵਖਾਈਆ । ਗੁਰ ਅਵਤਾਰ ਰੱਖ ਆਸ, ਜੁਗ ਚੌਕੜੀ ਧਿਆਨ ਲਗਾਈਆ । ਪੀਰ ਪੈਗ਼ੰਬਰ ਬਣ ਕੇ ਦਾਸ, ਬਣ ਸੇਵਕ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਤੇਰਾ ਖੇਲ ਤਮਾਸ਼, ਖ਼ਾਲਕ ਖ਼ਲਕ ਤੇਰੀ ਵਡਿਆਈਆ । ਲੱਖ ਚੁਰਾਸੀ ਨੂਰ ਪਰਕਾਸ਼, ਜੋਤ ਨਿਰੰਜਣ ਡਗਮਗਾਈਆ । ਪਵਣੀ ਪਵਣ ਪਵਣ ਸਵਾਸ, ਮੰਡਲ ਰਾਸੀ ਰਾਸ ਰਚਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਗਗਨ ਮੰਡਲ ਰੰਗ ਰੰਗਾਈਆ । ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੋਹੇ ਸ਼ਾਬਾਸ਼, ਤੇਰੇ ਹੱਥ ਵਡਿਆਈਆ । ਕਲਜੁਗ ਅੰਤ ਗੁਰ ਅਵਤਾਰ ਪੀਰ ਪੈਗ਼ੰਬਰ ਸਦੀ ਬੀਸਵੀਂ ਸਾਰੇ ਹੋਏ ਨਿਰਾਸ, ਆਸਾ ਸਕੇ ਨਾ ਕੋਇ ਵਧਾਈਆ । ਨਿਰਧਨ ਹੋ ਕੇ ਆਏ ਤੇਰੇ ਪਾਸ, ਦੋਏ ਜੋੜ ਸੀਸ ਨਿਵਾਈਆ । ਤੇਰੀ ਕਰਨੀ ਤੇਰੇ ਹਾਥ, ਬੇਪਰਵਾਹ ਤੇਰੀ ਵਡਿਆਈਆ । ਕਲਜੁਗ ਕੂੜੀ ਕਿਰਿਆ ਸਤਿ ਧਰਮ ਦਾ ਕੀਤਾ ਘਾਤ, ਸਚ ਸੁਚ ਨਜ਼ਰ ਕੋਇ ਨਾ ਆਈਆ । ਤੁਧ ਬਿਨ ਦੇਵੇ ਨਾ ਕੋਈ ਨਜਾਤ, ਮਿਹਰ ਨਜ਼ਰ ਨਾ ਕੋਇ ਉਠਾਈਆ । ਚਾਰੋਂ ਕੁੰਟ ਅੰਧੇਰੀ ਰਾਤ, ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇ ਇਕ ਵਰ, ਵੱਜੇ ਤੇਰੇ ਨਾਮ ਵਧਾਈਆ । ਗੁਰ ਅਵਤਾਰ ਕਹਿਣ ਬੋਲ, ਉਚੀ ਕੂਕ ਕੂਕ ਸੁਣਾਈਆ । ਪੀਰ ਪੈਗ਼ੰਬਰ ਵਜਾਵਣ ਢੋਲ, ਡੰਕਾ ਤੇਰਾ ਨਾਮ ਲਗਾਈਆ । ਸਚ ਦੁਆਰਾ ਹਰਿ ਜੂ ਖੋਲ੍ਹ, ਪਰਵਰਦਿਗਾਰ ਤੇਰੀ ਸਰਨਾਈਆ । ਨਾਮ ਅਗੰਮੇ ਕੰਡੇ ਤੋਲ, ਸਾਚਾ ਤੋਲਾ ਬਣ ਕੇ ਫੇਰਾ ਪਾਈਆ । ਲੱਖ ਚੁਰਾਸੀ ਜੀਵ ਜੰਤ ਵਿਰੋਲ, ਨਾਮ ਮਧਾਣਾ ਇਕੋ ਪਾਈਆ । ਕੂੜੀ ਕਿਰਿਆ ਰਹੀ ਖੌਲ, ਸਮੁੰਦ ਸਾਗਰ ਰਹੀ ਤਪਾਈਆ । ਨਿਰਧਨ ਦਿਸੇ ਨਾ ਕੋਇ ਅਡੋਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੁਧ ਬਿਨ ਸਾਰ ਕੋਇ ਨਾ ਪਾਈਆ । ਗੁਰ ਅਵਤਾਰ ਕਹਿਣ ਪ੍ਰਭ ਵੇਖ ਮਾਤ, ਕਲਜੁਗ ਅੰਤ ਪਈ ਦੁਹਾਈਆ । ਪੀਰ ਪੈਗ਼ੰਬਰ ਕਹਿਣ ਸਭ ਨੂੰ ਭੁੱਲੀ ਤੇਰੀ ਜ਼ਾਤ, ਤੇਰਾ ਨੂਰ ਨਜ਼ਰ ਨਾ ਆਈਆ । ਸਾਡਾ ਲੇਖਾ ਲਿਖਿਆ ਕਲਮ ਦਵਾਤ, ਲੱਖ ਚੁਰਾਸੀ ਗਈ ਭੁਲਾਈਆ । ਸਤਿ ਸਤਿ ਦੀ ਕਰੇ ਕੋਈ ਨਾ ਬਾਤ, ਜੂਠ ਝੂਠ ਚਾਰੋ ਕੁੰਟ ਡੇਰਾ ਲਾਈਆ । ਤੇਰੇ ਭਗਤਾਂ ਤੇਰੇ ਸੰਤਾਂ ਦੇਵੇ ਨਾ ਕੋਈ ਨਜਾਤ, ਸਿਰ ਹੱਥ ਨਾ ਕੋਇ ਟਿਕਾਈਆ । ਫੁਲ ਫਲਵਾੜੀ ਵੇਖ ਆਪਣਾ ਬਾਗ਼ਾਤ, ਨਿਰਗੁਣ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ,

ਸਭ ਦਾ ਲੇਖਾ ਦੇ ਚੁਕਾਈਆ । ਗੁਰ ਅਵਤਾਰ ਕਹਿਣ ਪ੍ਰਭ ਤੇਰੀ ਓਟ, ਦੂਜਾ ਨਜ਼ਰ ਕੋਇ ਨਾ ਆਈਆ । ਪੀਰ ਪੈਗ਼ੰਬਰ ਕਹਿਣ ਹਉਂ ਤੇਰੀ ਜੋਤ, ਜੋਤੀ ਜੋਤ ਜੋਤ ਰੁਸ਼ਨਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੀ ਕਰਦੇ ਰਹੇ ਸੋਚ, ਸੋਚ ਵਿਚ ਕਿਸੇ ਨਾ ਆਈਆ । ਤੇਰੇ ਦਰਸਨ ਨੂੰ ਨੇਤਰ ਲੋਚਣ ਰਹੇ ਲੋਚ, ਅੰਤਰ ਅੰਤਰ ਧਿਆਨ ਲਗਾਈਆ । ਪੁਰਖ ਅਕਾਲ ਦੀਨ ਦਿਆਲ ਕਿਉਂ ਬੈਠਾ ਹੋ ਖ਼ਾਮੋਸ਼, ਆਪ ਆਪਣਾ ਮੁਖ ਛੁਪਾਈਆ । ਰਾਹ ਤੱਕਣ ਲੋਕ ਪਰਲੋਕ, ਦੋ ਜਹਾਨ ਅੱਖ ਉਠਾਈਆ । ਲੱਖ ਚੁਰਾਸੀ ਜੀਵ ਆਹਲਣਿਉਂ ਡਿਗੇ ਬੋਟ, ਤੁਧ ਬਿਨ ਗਲੇ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸੱਚਾ ਵਰ, ਨਿਰਗੁਣ ਆਪਣਾ ਫੇਰਾ ਪਾਈਆ । ਗੁਰ ਅਵਤਾਰ ਮੰਗਣ ਮੰਗ, ਦਰ ਝੋਲੀ ਇਕ ਵਖਾਈਆ । ਪੀਰ ਪੈਗ਼ੰਬਰ ਹੋਵਣ ਸੰਗ, ਸਗਲਾ ਸੰਗ ਨਿਭਾਈਆ । ਪੁਰਖ ਅਕਾਲ ਟੁੱਟੀ ਗੰਢ, ਗੰਢਣਹਾਰ ਤੇਰੀ ਵਡਿਆਈਆ । ਦੀਨ ਦਿਆਲ ਚਾੜ੍ਹ ਚੰਦ, ਨਿਰਗੁਣ ਜੋਤ ਕਰ ਰੁਸ਼ਨਾਈਆ । ਕਲਜੁਗ ਕੂੜੀ ਕਿਰਿਆ ਜਾਏ ਹੰਢ, ਲੋਕਮਾਤ ਰਹਿਣ ਨਾ ਪਾਈਆ । ਜੀਵ ਜੰਤ ਤੇਰਾ ਨਾਮ ਗਾਏ ਬੱਤੀ ਦੰਦ, ਰਸਨਾ ਜਿਹਵਾ ਸਿਫ਼ਤ ਸਾਲਾਹੀਆ । ਕਰ ਪਰਕਾਸ਼ ਅੰਧੇਰੇ ਅੰਧ, ਜਗਤ ਅੰਧੇਰਾ ਦੇ ਗਵਾਈਆ । ਕਰਵਟ ਲੈ ਕੇ ਸੁੱਤਾ ਦੇ ਕਰ ਕੰਡ, ਆਪ ਆਪਣਾ ਮੁਖ ਵਖਾਈਆ । ਤੇਰੇ ਪ੍ਰੇਮ ਦਾ ਮਿਲੇ ਅਨੰਦ, ਅਨੰਦ ਇਕੋ ਨਜ਼ਰੀ ਆਈਆ । ਲੇਖਾ ਚੁੱਕੇ ਹੰ ਬ੍ਰਹਮ, ਪਾਰਬ੍ਰਹਮ ਤੇਰੀ ਸਰਨਾਈਆ । ਤੇਰੀ ਧਾਰੋਂ ਪਏ ਜੰਮ, ਅੰਤਮ ਤੇਰੇ ਵਿਚ ਸਮਾਈਆ । ਨਿਰਵੈਰ ਪੁਰਖ ਬੇੜਾ ਬੰਨ੍ਹ, ਨਿਰਾਕਾਰ ਤੇਰੀ ਓਟ ਤਕਾਈਆ । ਆਦਿ ਜੁਗਾਦੀ ਬਣ ਕੇ ਜਨਨੀ ਜਨ, ਸਾਚੀ ਗੋਦ ਲੈ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਖਾਉਣਾ ਇਕ ਦਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਗੁਰ ਅਵਤਾਰ ਕਹਿਣ ਪ੍ਰਭ ਤੇਰਾ ਪਿਆਰ, ਪਰਮ ਪੁਰਖ ਤੇਰੀ ਸਰਨਾਈਆ । ਪੀਰ ਪੈਗ਼ੰਬਰ ਕਹਿਣ ਪਰਵਰਦਿਗਾਰ, ਲਾਸ਼ਰੀਕ ਤੇਰੀ ਵਡਿਆਈਆ । ਨਿਰਵੈਰ ਹੋ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਸੁਣਾਈਆ । ਚੌਦਾਂ ਤਬਕ ਹੋਏ ਬੇਦਾਰ, ਚੌਦਾਂ ਲੋਕ ਦੇਣ ਦੁਹਾਈਆ । ਚੌਦਾਂ ਵਿਦਿਆ ਹੋਈ ਖੁਆਰ, ਤੇਰੀ ਸਾਰ ਕਿਸੇ ਨਾ ਪਾਈਆ । ਚੌਦਸ ਚੰਦ ਹੋਇਆ ਅੰਧਿਆਰ, ਜੋਤੀ ਨੂਰ ਨਾ ਕੋਇ ਰੁਸ਼ਨਾਈਆ । ਸਾਚਾ ਕੋਇ ਨਾ ਵਣਜ ਵਪਾਰ, ਧੁਰ ਦਾ ਹੱਟ ਨਾ ਕੋਇ ਖੁਲ੍ਹਾਈਆ । ਚਾਰੋਂ ਕੁੰਟ ਠੱਗ ਚੋਰ ਯਾਰ, ਨਵ ਨੌ ਆਪਣਾ ਫੇਰਾ ਪਾਈਆ । ਤੇਰਾ ਮੰਦਰ ਦਿਸੇ ਨਾ ਕੋਇ ਦਰਬਾਰ, ਦਰਗਹਿ ਸਾਚੀ ਨਜ਼ਰ ਕਿਸੇ ਨਾ ਆਈਆ । ਸਾਚਾ ਹੱਜ ਨਾ ਕਰੇ ਕੋਈ ਦੀਦਾਰ, ਹਜ਼ਰਤ ਰੂਪ ਨਾ ਕੋਇ ਵਖਾਈਆ । ਕਿਰਪਾ ਕਰ ਸਿਰਜਣਹਾਰ, ਸਾਹਿਬ ਸੁਲਤਾਨ ਤੇਰੀ ਸਰਨਾਈਆ । ਅੰਜੀਲ ਕੁਰਾਨ ਕਰੇ ਪੁਕਾਰ, ਪੁਰਾਨ ਅਠਾਰਾਂ ਦੇਣ ਦੁਹਾਈਆ । ਗੀਤਾ ਗਿਆਨ ਕਰੇ ਵਿਚਾਰ, ਚਾਰੇ ਵੇਦ ਮੰਗ ਮੰਗਾਈਆ । ਬਾਣੀ ਕੂਕੇ ਕੂਕ ਕੂਕ ਵਾਜਾਂ ਰਹੀ ਮਾਰ, ਸ਼ਾਹ ਪਾਤਸ਼ਾਹ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਅਗੰਮਾ ਵਰ, ਲਿਖਣ ਪੜ੍ਹਨ ਵਿਚ ਕਦੇ ਨਾ ਆਈਆ । ਗੁਰ ਅਵਤਾਰ ਕਹਿਣ ਪ੍ਰਭ ਸੱਜਣ ਸਚ, ਸਚ ਤੇਰੀ ਸਰਨਾਈਆ । ਪੀਰ ਪੈਗ਼ੰਬਰ ਕਹਿਣ ਸਾਂਝੇ ਯਾਰ ਸਚ, ਸਚ ਤੇਰੀ ਵਡਿਆਈਆ । ਉਠ ਵੇਖ ਕੂੜੀ ਕਿਰਿਆ ਨੌ ਖੰਡ ਪ੍ਰਿਥਮੀ ਰਹੀ ਨੱਚ, ਮੁਖ ਘੁੰਗਟ ਬੈਠੀ ਪਾਈਆ । ਸਾਧ ਸੰਤ ਮਾਇਆ ਮਮਤਾ ਕੋਈ ਨਾ ਸਕਿਆ ਬਚ, ਹਉਮੇ ਗੜ੍ਹ ਇਕੋ ਨਜ਼ਰੀ ਆਈਆ । ਕਾਮ ਵਾਸਨਾ ਨਾੜੀ ਨਾੜੀ ਗਈ ਰਚ, ਨਾੜ ਬਹੱਤਰ



੧੦੬੦
੧੫

ਰਹੀ ਕੁਰਲਾਈਆ । ਤ੍ਰੈਗੁਣ ਮਾਇਆ ਲੱਗੀ ਆਂਚ, ਅਗਨੀ ਤਤ ਨਾ ਕੋਇ ਮਿਟਾਈਆ । ਤੇਰਾ ਨਾਉਂ ਕਿਸੇ ਨਾ ਸਕੇ ਭਾਸ, ਭਾਖਿਆ ਸਚ ਨਾ ਕੋਇ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਸਾਰੇ ਆਏ ਆਖ, ਸਚ ਸੰਦੇਸਾ ਇਕ ਸੁਣਾਈਆ । ਕਲਜੁਗ ਅੰਤ ਸ੍ਰੀ ਭਗਵੰਤ ਇਕੋ ਆਵੇ ਕਮਲਾਪਾਤ, ਕਵਲ ਨੈਣ ਫੇਰਾ ਪਾਈਆ । ਜਿਸ ਦਾ ਦੀਨ ਮਜ਼੍ਹਬ ਨਾ ਕੋਈ ਜ਼ਾਤ, ਰੂਪ ਰੰਗ ਰੇਖ ਨਾ ਕੋਇ ਵਖਾਈਆ । ਸ੍ਰਿਸ਼ਟ ਸਬਾਈ ਦੇਵੇ ਦਾਤ, ਨਾਮ ਅਮੋਲਕ ਝੋਲੀ ਪਾਈਆ । ਸਚ ਧਰਮ ਸੁਣਾਵੇ ਗਾਥ, ਆਤਮ ਪਰਮਾਤਮ ਰਾਗ ਅਲਾਈਆ । ਲਹਿਣਾ ਦੇਣ ਚੁਕਾਏ ਪੂਰਬ ਮਸਤਕ ਮਾਥ, ਕਰਮ ਧਰਮ ਵੇਖੇ ਥਾਉਂ ਥਾਈਂਆ । ਕਲਜੁਗ ਮਿਟੇ ਅੰਧੇਰੀ ਰਾਤ, ਕੂੜ ਅਮਾਵਸ ਨਜ਼ਰ ਨਾ ਆਈਆ । ਜਨ ਭਗਤਾਂ ਖੋਲ੍ਹੇ ਆਪਣਾ ਤਾਕ, ਬਜਰ ਕਪਾਟੀ ਤੋੜ ਤੁੜਾਈਆ । ਨਿਰਮਲ ਜੋਤ ਕਰੇ ਪਰਕਾਸ਼, ਸਾਚਾ ਨੂਰ ਇਕ ਦਰਸਾਈਆ । ਪੂਰਾ ਕਰੇ ਭਵਿਖਤ ਵਾਕ, ਬੇਪਰਵਾਹ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕੋ ਘਰ, ਜਿਸ ਘਰ ਤੇਰਾ ਨੂਰ ਨਜ਼ਰੀ ਆਈਆ । ਗੁਰ ਅਵਤਾਰ ਕਹਿਣ ਪ੍ਰਭ ਠਾਕਰ, ਸ਼ਹਿਨਸ਼ਾਹ ਤੇਰੀ ਸਰਨਾਈਆ । ਪੀਰ ਪੈਗ਼ੰਬਰ ਕਹਿਣ ਕਰਤੇ ਕਾਦਰ, ਕੁਦਰਤ ਤੇਰੀ ਸੋਭਾ ਪਾਈਆ । ਜੋਧੇ ਸੂਰਬੀਰ ਵਡ ਬਹਾਦਰ, ਮਹਾਂਬਲੀ ਤੇਰੀ ਓਟ ਤਕਾਈਆ । ਨਿਰਮਲ ਕਰਮ ਕਰ ਉਜਾਗਰ, ਲੱਖ ਚੁਰਾਸੀ ਦੁਰਮਤ ਮੈਲ ਧਵਾਈਆ । ਨਾਮ ਵਣਜਾਰੇ ਬਣ ਸੌਦਾਗਰ, ਸੌਦਾ ਇਕੋ ਹੱਟ ਵਿਕਾਈਆ । ਸੁਰਤ ਸਵਾਣੀ ਕਰ ਇਕਾਗਰ, ਬਿਰਤੀ ਆਪਣੇ ਨਾਲ ਜੁੜਾਈਆ । ਭਾਗ ਲਗਾ ਕਾਇਆ ਗਾਗਰ, ਸਾਢੇ ਤਿੰਨ ਹੱਥ ਦੇ ਵਡਿਆਈਆ । ਸਚ ਕਮਾ ਧੁਰ ਦਾ ਆਦਲ, ਅਦਲੀ ਤੇਰਾ ਰਾਹ ਤਕਾਈਆ । ਕਲਜੁਗ ਕੂੜਾ ਮਿਟੇ ਬਾਦਲ, ਸਤਿਜੁਗ ਸੱਚਾ ਨੂਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਘਰ, ਜਿਸ ਘਰ ਬਹਿ ਬਹਿ ਖ਼ੁਸ਼ੀ ਮਨਾਈਆ । ਗੁਰ ਅਵਤਾਰ ਕਹਿਣ ਪ੍ਰਭ ਸੁਆਮੀ, ਤੇਰਾ ਨਾਉਂ ਵੱਜੇ ਵਧਾਈਆ । ਪੀਰ ਪੈਗ਼ੰਬਰ ਕਹਿਣ ਸ਼ਾਹ ਸੁਲਤਾਨੀ, ਸ਼ਹਿਨਸ਼ਾਹ ਤੇਰਾ ਰੰਗ ਨਜ਼ਰੀ ਆਈਆ । ਚਾਰ ਜੁਗ ਤੇਰੀ ਕੱਟੀ ਮਾਤ ਗ਼ੁਲਾਮੀ, ਸਰਗੁਣ ਹੋ ਕੇ ਸੇਵ ਕਮਾਈਆ । ਤੇਰੇ ਨਾਮ ਦੀ ਪੜ੍ਹੀ ਕਲਾਮੀ, ਕਲਮਾ ਨਬੀ ਰਸੂਲ ਜਣਾਈਆ । ਤੇਰਾ ਮੁਕਾਮੇ ਵਸਿਆ ਹੱਕ ਅਮਾਮੀ, ਦਰਗਹਿ ਸਾਚੀ ਖ਼ੁਸ਼ੀ ਮਨਾਈਆ । ਤੇਰਾ ਖੇਲ ਵੇਖਿਆ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਫੇਰਾ ਪਾਈਆ । ਤੇਰਾ ਅੰਮ੍ਰਿਤ ਪੀਣਾ ਧੁਰ ਦਾ ਪਾਣੀ, ਆਬੇਹਯਾਤ ਬੂੰਦ ਸਵਾਂਤੀ ਮੁਖ ਚੁਆਈਆ । ਬੋਧ ਅਗਾਧ ਸੁਣੀ ਅਗੰਮੀ ਬਾਣੀ, ਧੁਨ ਅਨਾਦੀ ਨਾਦ ਜਣਾਈਆ । ਆਤਮ ਪਰਮਾਤਮ ਮਿਲਿਆ ਇਕੋ ਹਾਣੀ, ਸੇਜ ਸੁਹੰਜਣੀ ਸੋਭਾ ਪਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨੌ ਖੰਡ ਪ੍ਰਿਥਮੀ ਹੋਣੀ ਵੈਰਾਨੀ, ਵੈਰੀ ਘਰ ਘਰ ਨਜ਼ਰੀ ਆਈਆ । ਤੁਧ ਬਿਨ ਬਣੇ ਕੋਈ ਨਾ ਬਾਨੀ, ਰਹਿਬਰ ਰਾਹ ਨਾ ਕੋਇ ਵਖਾਈਆ । ਤੇਰੇ ਨਾਮ ਦੀ ਸਾਰੇ ਗਾ ਗਾ ਗਏ ਕਹਾਣੀ, ਕਹਿ ਕਹਿ ਸ਼ੁਕਰ ਮਨਾਈਆ । ਤੇਰਾ ਪਦ ਇਕ ਨਿਰਬਾਣੀ, ਸਚਖੰਡ ਵਸੇਂ ਸ਼ਹਿਨਸ਼ਾਹੀਆ । ਸਾਚੀ ਦੇ ਸਤਿ ਨਿਸ਼ਾਨੀ, ਦੋ ਜਹਾਨਾਂ ਨਜ਼ਰੀ ਆਈਆ । ਕਲਜੁਗ ਮਿਟੇ ਪਰੇਸ਼ਾਨੀ, ਦੁਖੀਆਂ ਦੁੱਖ ਦੇ ਗਵਾਈਆ । ਜਨ ਭਗਤਾਂ ਨੇੜ ਨਾ ਆਏ ਸ਼ੈਤਾਨੀ, ਮੁਰੀਦ ਮੁਰਸ਼ਦ ਲੈ ਤਰਾਈਆ । ਮਨ ਮਨੂਆ ਨਾ ਹੋਏ ਹਰਾਮੀ, ਸਾਚੀ ਸਿਖਿਆ ਦੇ ਸਮਝਾਈਆ । ਤੇਰਾ ਕਲਮਾ ਇਕ ਕਲਾਮੀ, ਕਾਇਨਾਤ ਕਰ ਪੜ੍ਹਾਈਆ । ਤੇਰਾ ਨਾਮ ਗੁਣ ਨਿਧਾਨੀ, ਗੁਣਵੰਤਾ ਨਜ਼ਰੀ ਆਈਆ । ਤੂੰ ਰਾਮ ਰਹੀਮ ਰਹਿਮਾਨੀ,

੧੦੬੨
੧੫

ਰਹਿਮਤ ਤੇਰੀ ਇਕੋ ਭਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੇਂਦੇ ਗਏ ਸਰਬ ਬਿਆਨੀ, ਲੇਖਾ ਕਲਮਬੰਦ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਘਰ, ਜਿਸ ਘਰ ਤੇਰਾ ਨਿਤ ਨਵਿਤ ਦਰਸਨ ਪਾਈਆ । ਗੁਰ ਅਵਤਾਰ ਕਹਿਣ ਪ੍ਰਭ ਉਚ ਅਗੰਮ ਅਥਾਹ, ਅਥਾਹ ਤੇਰੀ ਵਡਿਆਈਆ । ਪੀਰ ਪੈਗ਼ੰਬਰ ਕਹਿਣ ਬਣ ਮਲਾਹ, ਖੇਵਟ ਖੇਟਾ ਰੂਪ ਵਟਾਈਆ । ਨਿਰਗੁਣ ਹੋ ਕੇ ਸਰਗੁਣ ਦੇ ਸਲਾਹ, ਸਾਚੀ ਸਿਖਿਆ ਇਕ ਸਮਝਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਬੈਠੇ ਮੰਗ ਪਨਾਹ, ਸੀਸ ਜਗਦੀਸ ਰਹੇ ਝੁਕਾਈਆ । ਲੱਖ ਚੁਰਾਸੀ ਵੇਖ ਭਰੀ ਗੁਨਾਹ, ਪਤਤ ਪੁਨੀਤ ਨਾ ਕੋਇ ਕਰਾਈਆ । ਸਭ ਨੂੰ ਭੁਲਿਆ ਤੇਰਾ ਨਾਂ, ਨਾਉਂ ਨਿਰੰਕਾਰਾ ਰਸਨਾ ਜਿਹਵਾ ਸਕੇ ਨਾ ਕੋਇ ਗਾਈਆ । ਨਾਤਾ ਜੁੜਿਆ ਪੁੱਤਰਾਂ ਮਾਂ, ਪਿਤਾ ਪੂਤ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਵਖਾਉਣਾ ਧੁਰ ਦਾ ਦਰ, ਦਰ ਮੰਦਰ ਇਕੋ ਨਜ਼ਰੀ ਆਈਆ । ਗੁਰ ਅਵਤਾਰ ਕਹਿਣ ਤੇਰੀ ਓਟ ਅਕਾਲ, ਅਕਲ ਕਲਾ ਵਡਿਆਈਆ । ਪੀਰ ਪੈਗ਼ੰਬਰ ਕਹਿਣ ਤੇਰਾ ਜਲਵਾ ਨੂਰ ਜਲਾਲ, ਜ਼ਾਹਰ ਜ਼ਹੂਰ ਸਮਝ ਕੋਇ ਨਾ ਪਾਈਆ । ਨਿਰਗੁਣ ਹੋ ਕੇ ਬਣ ਦਲਾਲ, ਸਰਗੁਣ ਬੈਠੇ ਪੰਧ ਮੁਕਾਈਆ । ਲੱਖ ਚੁਰਾਸੀ ਵੇਖ ਹਾਲ, ਹਾਲਤ ਸਭ ਦੀ ਦੇ ਬਦਲਾਈਆ । ਕੂੜੀ ਕਿਰਿਆ ਤੋੜ ਜੰਜਾਲ, ਜਾਗਰਤ ਜੋਤ ਕਰ ਰੁਸ਼ਨਾਈਆ । ਭਗਤ ਭਗਵਾਨ ਉਠਾ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਈਆ । ਲੇਖਾ ਚੁਕਾ ਸ਼ਾਹ ਕੰਗਾਲ, ਊਚ ਨੀਚ ਇਕੋ ਘਰ ਬਹਾਈਆ । ਗ਼ਰੀਬ ਨਿਮਾਣਿਆਂ ਕਰ ਪ੍ਰਿਤਪਾਲ, ਪ੍ਰਿਤਪਾਲਕ ਤੇਰੀ ਵੱਡੀ ਵਡ ਵਡਿਆਈਆ । ਧਰਮ ਬਣਾ ਇਕ ਸੱਚੀ ਧਰਮਸਾਲ, ਦੁਆਰਾ ਇਕੋ ਇਕ ਵਖਾਈਆ । ਅੰਮ੍ਰਿਤ ਪਿਆ ਧੁਰ ਦਾ ਜਾਮ, ਚਾਰ ਵਰਨ ਤ੍ਰਿਖਾ ਬੁਝਾਈਆ । ਨਜ਼ਰੀ ਆਏ ਇਕੋ ਰਾਮ, ਇਕੋ ਕਾਹਨ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਲੈਣੀ ਕਰ, ਕਰਤਾ ਪੁਰਖ ਤੇਰੀ ਸਰਨਾਈਆ । ਗੁਰ ਅਵਤਾਰ ਕਹਿਣ ਹਰਿ ਕਰਨੀ ਕਰਤੇ, ਕੁਦਰਤ ਤੇਰਾ ਰਾਹ ਤਕਾਈਆ । ਪੀਰ ਪੈਗ਼ੰਬਰ ਕਹਿਣ ਹਉਂ ਤੇਰੇ ਬਰਦੇ, ਬਣ ਸੇਵਕ ਸੇਵ ਕਮਾਈਆ । ਜੁਗ ਚੌਕੜੀ ਮੰਗਤੇ ਦਰ ਦੇ, ਦਰ ਦਰ ਅਲਖ ਜਗਾਈਆ । ਤੇਰੀ ਮਿਹਰ ਨਾਲ ਦੋ ਜਹਾਨ ਤਰਦੇ, ਆਵਣ ਜਾਵਣ ਪੰਧ ਮੁਕਾਈਆ । ਤੇਰੇ ਖੇਲ ਘਰ ਘਰ ਦੇ, ਗ੍ਰਿਹਿ ਗ੍ਰਿਹਿ ਬੈਠਾ ਆਸਣ ਲਾਈਆ । ਤੇਰੇ ਕੋਲੋਂ ਵਿਸ਼ਨ ਬ੍ਰਹਮਾ ਸ਼ਿਵ ਕੋਟਨ ਕੋਟ ਡਰਦੇ, ਅੱਖ ਸਕੇ ਨਾ ਕੋਇ ਉਠਾਈਆ । ਤੇਰੇ ਦੁਆਰੇ ਬਿਨ ਤੇਰੀ ਕਿਰਪਾ ਕੋਈ ਨਾ ਵੜਦੇ, ਦੂਰ ਦੁਰਾਡੇ ਬੈਠੇ ਰਾਹ ਤਕਾਈਆ । ਤੇਰੇ ਪੌੜੇ ਕੋਈ ਨਾ ਚੜ੍ਹਦੇ, ਤੇਰੀ ਮੰਜ਼ਲ ਹੱਥ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਨਾਉਂ ਦਾ ਢੋਲਾ ਪੜ੍ਹਦੇ, ਤੂੰ ਹੀ ਤੂੰ ਹੀ ਰਾਗ ਅਲਾਈਆ । ਆਦਿ ਜੁਗਾਦਿ ਤੇਰਾ ਭਾਣਾ ਜਰਦੇ, ਸਦ ਭਾਣੇ ਵਿਚ ਸਮਾਈਆ । ਕਰ ਕਿਰਪਾ ਠਾਕਰ ਸਭ ਦੇ ਦੁੱਖੜੇ ਹਰ ਦੇ, ਹਿਰਦੇ ਆਪਣਾ ਡੇਰਾ ਲਾਈਆ । ਦੋ ਜਹਾਨ ਉਡੀਕਣ ਚਿਰ ਦੇ, ਨੌ ਸੌ ਚੁਰਾਨਵੇ ਚੌਕੜੀ ਧਿਆਨ ਲਗਾਈਆ । ਵੇਖੀਏ ਖੇਲ ਅਗੰਮੀ ਪਿਰ ਦੇ, ਪਿਤਾ ਪੂਤ ਗੋਦ ਉਠਾਈਆ । ਤੇਰੀ ਸਰਨਾਈ ਸਾਰੇ ਫਿਰਦੇ, ਬਣ ਬਣ ਪਾਂਧੀ ਰਾਹੀਆ । ਗੁਰਮੁਖ ਵਿਰਲੇ ਸੰਤ ਸੁਹੇਲੇ ਤੇਰੀ ਸਰਨ ਡਿਗਦੇ, ਮਾਣ ਅਭਿਮਾਨ ਦੋਵੇਂ ਜਗਤ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਘਰ, ਨਰ ਹਰਿ ਨਰਾਇਣ ਤੇਰਾ ਮੰਦਰ ਸਚ ਸੁਹੰਜਣਾ ਨਜ਼ਰੀ ਆਈਆ । ਸਚ ਸੁਹੰਜਣਾ ਮੰਦਰ ਤੇਰਾ, ਤੇਰੇ ਹੱਥ

ਵਡਿਆਈਆ । ਆਦਿ ਜੁਗਾਦਿ ਨਾ ਹੋਏ ਅੰਧੇਰਾ, ਜੋਤੀ ਦੀਪਕ ਨੂਰ ਰੁਸ਼ਨਾਈਆ । ਵਸਦਾ ਰਹੇ ਸਦਾ ਖੇੜਾ, ਸਚਖੰਡ ਵਜੇ ਵਧਾਈਆ । ਕਲਜੁਗ ਅੰਤਮ ਬੰਨ੍ਹ ਬੇੜਾ, ਬੇਪਰਵਾਹ ਤੇਰੀ ਸਰਨਾਈਆ । ਤੁਧ ਬਿਨ ਖ਼ਾਲੀ ਦੁਆਰਾ ਕਿਹੜਾ, ਜਿਸ ਘਰ ਨਜ਼ਰ ਨਾ ਆਈਆ । ਜਨ ਭਗਤਾਂ ਕੱਟ ਚੁਰਾਸੀ ਗੇੜਾ, ਗੇੜਾ ਆਪਣੇ ਵਿਚ ਵਖਾਈਆ । ਆਵਣ ਜਾਵਣ ਜਨਮ ਮਰਨ ਕਰਮ ਕਾਂਡ ਚੁੱਕੇ ਝੇੜਾ, ਪਰਕਿਰਤੀ ਨਜ਼ਰ ਕੋਇ ਨਾ ਆਈਆ । ਨਿਰਗੁਣ ਸਰਗੁਣ ਰਲ ਮਿਲ ਇਕ ਦੂਜੇ ਨੂੰ ਕਹਿਣ ਤੂੰ ਮੇਰਾ ਮੈਂ ਤੇਰਾ, ਤੇਰਾ ਮੇਰਾ ਇਕ ਸਰੂਪ ਦੂਜਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਨਿਰਵੈਰ ਕਰ ਆਪਣੀ ਮਿਹਰਾ, ਮਿਹਰ ਨਜ਼ਰ ਇਕ ਉਠਾਈਆ ।

## ✪ ੧੦ ਮੱਘਰ ਬਿਕਰਮੀ ੨੦੨੦ ਅਜੀਤ ਸਿੰਘ ਦੇ ਗ੍ਰਿਹ ਪਿੰਡ ਕੱਤੋ ਵਾਲ ਜ਼ਿਲਾ ਗੁਰਦਾਸਪੁਰ ✪

ਸ਼ਾਹ ਪਾਤਸ਼ਾਹ ਸੂਰੇ ਸਰਬੰਗ, ਸ਼ਹਿਨਸ਼ਾਹ ਤੇਰੀ ਵਡਿਆਈਆ । ਨਿਰਮਲ ਨੂਰ ਪਰਕਾਸ਼ ਸਚਖੰਡ, ਦਰਗਹਿ ਸਾਚੀ ਸਚ ਰੁਸ਼ਨਾਈਆ । ਬੇਪਰਵਾਹ ਤੇਰਾ ਅਗੰਮੀ ਚੰਦ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮੰਗਾਂ ਰਹੇ ਮੰਗ, ਦੋਏ ਜੋੜ ਧਿਆਨ ਲਗਾਈਆ । ਚਰਨ ਕਵਲ ਤੇਰੇ ਇਕ ਅਨੰਦ, ਅਨੰਦ ਅਨੰਦ ਵਿਚੋਂ ਦਰਸਾਈਆ । ਸੇਜ ਸੁਹੰਜਣੀ ਸੋਹੇ ਪਲੰਘ, ਪਾਵਾ ਚੂਲ ਬਣਤ ਨਾ ਕੋਇ ਬਣਾਈਆ । ਦੋ ਜਹਾਨਾਂ ਮੁਕਾ ਪੰਧ, ਦਰ ਤੇਰਾ ਇਕੋ ਨਜ਼ਰੀ ਆਈਆ । ਨੇਤਰ ਨਿਹਾਲ ਦਰਸਨ ਪਾਈਂ ਠੰਡ, ਅਗਨੀ ਤਤ ਨਾ ਲਾਗੇ ਰਾਈਆ । ਮਿਲ ਪ੍ਰੀਤਮ ਢੋਲਾ ਗਾਇਆ ਛੰਦ, ਸਤਿ ਸਤਿਵਾਦੀ ਰਾਗ ਅਲਾਈਆ । ਨਿਰਵੈਰ ਪੁਰਖ ਨਿਰਾਕਾਰ ਸੁਆਮੀ ਜੋਤੀ ਧਾਰ ਜੋਤ ਗੰਢ, ਆਪ ਆਪਣੀ ਦਇਆ ਕਮਾਈਆ । ਜੁਗ ਚੌਕੜੀ ਗਈ ਲੰਘ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਸਾਹਿਬ ਸਤਿਗੁਰ ਦੀਨ ਦਿਆਲ ਪਰਮ ਪੁਰਖ ਪ੍ਰਭ ਲਾ ਅੰਗ, ਅੰਗੀਕਾਰ ਆਪਣੀ ਗੋਦ ਬਹਾਈਆ । ਨਾਤਾ ਤੁੱਟੇ ਝੂਠ ਪਖੰਡ, ਕੂੜੀ ਕਿਰਿਆ ਰਹਿਣ ਨਾ ਪਾਈਆ । ਝੱਲਿਆ ਨਾ ਜਾਏ ਰੰਡੇਪਾ ਰੰਡ, ਕੰਤ ਸੁਹਾਗੀ ਤੇਰੀ ਬੇਪਰਵਾਹੀਆ । ਸਚ ਦੁਆਰ ਵੇਖਿਆ ਲੰਘ, ਮੁਕਮੇ ਹੱਕ ਤੇਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਤੇਰਾ ਨੂਰ ਨਜ਼ਰੀ ਆਈਆ । ਤੇਰਾ ਨੂਰ ਬੇਨਜ਼ੀਰ ਬੇਪਰਵਾਹ, ਬੇਐਬ ਤੇਰੀ ਵਡਿਆਈਆ । ਸਤਿ ਸਤਿਵਾਦੀ ਸਚ ਮਲਾਹ, ਰਹਿਬਰ ਮਾਰਗ ਇਕ ਵਖਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਬੈਠੇ ਧਿਆਨ ਲਗਾ, ਕੁਰਾਨ ਅੰਜੀਲ ਅੱਖ ਖੁਲ੍ਹਾਈਆ । ਪੀਰ ਪੈਗ਼ੰਬਰ ਝੁਕ ਝੁਕ ਸਜਦੇ ਸੀਸ ਰਹੇ ਨਿਵਾ, ਦੋਏ ਜੋੜ ਬੰਦਨਾ ਇਕ ਸੁਣਾਈਆ । ਬ੍ਰਹਿਮੰਡ ਖੰਡ ਦਰ ਮੰਗਦੇ ਰਹੇ ਪਨਾਹ, ਨੇਤਰ ਨੈਣਾਂ ਨੀਰ ਵਹਾਈਆ । ਰਵ ਸਸ ਰਹੇ ਸ਼ਰਮਾ, ਨੂਰੀ ਚੰਦ ਨਾ ਕੋਇ ਚਮਕਾਈਆ । ਲੱਖ ਚੁਰਾਸੀ ਭਰੀ ਅੰਤ ਗੁਨਾਹ, ਪਤਤ ਪੁਨੀਤ ਨਾ ਕੋਇ ਕਰਾਈਆ । ਕਿਰਪਾ ਕਰ ਆਪ ਖ਼ੁਦਾ, ਖ਼ੁਦੀ ਗ਼ਫ਼ਲਤ ਦੇ ਗਵਾਈਆ । ਤੇਰਾ ਸਦਕਾ ਨੌਜਵਾਨ, ਸਚ ਸਬੂਰੀ ਦੇ ਸਮਝਾਈਆ । ਸਾਬਤ ਦਿਸੇ ਨਾ ਕੋਈ ਈਮਾਨ, ਉਲਮਾ ਨਜ਼ਰ ਕੋਇ ਨਾ ਆਈਆ । ਕਲਮਾ ਭੁੱਲਿਆ ਤੇਰੀ ਕਲਾਮ, ਕਾਇਨਾਤ ਮੁਖ ਭਵਾਈਆ । ਕਿਰਪਾ ਕਰ ਵਡ ਅਮਾਮ, ਆਮਦ ਆਪਣੀ ਇਕ ਵਖਾਈਆ । ਤੇਰੇ ਬਰਦੇ ਬਣੇ ਗ਼ੁਲਾਮ, ਦਰ ਦਰਵੇਸ਼ ਸੇਵ ਕਮਾਈਆ । ਕਲਜੁਗ ਅੰਤਮ

ਸਦੀ ਚੌਧਵੀਂ ਵੇਖ ਆ ਰਾਮ, ਧੀਰਜ ਜਤ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਕੂੜ ਨਿਸ਼ਾਨ, ਸਚ ਸੁਚ ਨਾ ਕੋਇ ਵਡਿਆਈਆ । ਮੁੱਲਾਂ ਸ਼ੇਖ਼ ਮਸਾਇਕ ਬੇਈਮਾਨ, ਬੇਵਾ ਹੋਈ ਸਰਬ ਲੋਕਾਈਆ । ਕਿਰਪਾ ਕਰ ਸ੍ਰੀ ਭਗਵਾਨ, ਸ਼ਹਿਨਸ਼ਾਹ ਤੇਰੀ ਓਟ ਤਕਾਈਆ । ਕਿਸੇ ਨਜ਼ਰ ਨਾ ਆਏ ਸੀਤਾ ਰਾਮ, ਸੁਰਤੀ ਸ਼ਬਦ ਨਾ ਕੋਇ ਮਿਲਾਈਆ । ਬੰਸਰੀ ਸੁਣਾਏ ਨਾ ਕੋਈ ਕਾਹਨ, ਸਖੀਆਂ ਮੰਗਲ ਕੋਈ ਨਾ ਗਾਈਆ । ਧੁਰ ਦਾ ਦੇਵੇ ਨਾ ਕੋਇ ਪੈਗ਼ਾਮ, ਦੀਦ ਸ਼ੁਨੀਦ ਨਾ ਕੋਇ ਵਖਾਈਆ । ਮੰਤਰ ਭੁਲਿਆ ਸਤਿ ਨਾਮ, ਨਾਮ ਸਤਿ ਨਾ ਕੋਇ ਪੜ੍ਹਾਈਆ । ਡੰਕਾ ਫ਼ਤਹਿ ਨਾ ਕੋਇ ਜਹਾਨ, ਨਵ ਨੌਂ ਚਾਰ ਦਏ ਦੁਹਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰੇ ਦਰ ਤੇ ਮੰਗਣ ਦਾਨ, ਦੋਏ ਜੋੜ ਵਾਸਤਾ ਪਾਈਆ । ਕਲਜੁਗ ਅੰਤਮ ਵੇਖ ਆਣ, ਬੇਪਰਵਾਹ ਆਪਣਾ ਵੇਸ ਵਟਾਈਆ । ਜੋਧੇ ਸੂਰਬੀਰ ਬਲਵਾਨ, ਤੇਰੀ ਇਕੋ ਆਸ ਤਕਾਈਆ । ਜੁਗ ਜੁਗ ਲੇਖਾ ਲਿਖ ਲਿਖ ਦੱਸਦੇ ਰਹੇ ਵਿਚ ਜਹਾਨ, ਨਾਤਾ ਜੋੜ ਕਲਮ ਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਪ੍ਰਭ ਸਾਹਿਬ ਸੱਚੇ ਗੋਸਾਈਆ । ਸਾਹਿਬ ਸਾਚੇ ਮਿੱਤਰ ਪਿਆਰੇ, ਪ੍ਰਭ ਤੇਰੀ ਓਟ ਤਕਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਹਾਰੇ, ਕਲਜੁਗ ਤੇਰੇ ਚਰਨ ਡੇਰਾ ਲਾਈਆ । ਦੀਨ ਮਜ਼੍ਹਬ ਜ਼ਾਤ ਪਾਤ ਨੌਂ ਖੰਡ ਪ੍ਰਿਥਮੀ ਦਿਸਣ ਕੂੜ ਪਸਾਰੇ, ਸਾਚਾ ਸੰਗ ਨਾ ਕੋਇ ਨਿਭਾਈਆ । ਕਲਜੁਗ ਸਾਧ ਸੰਤ ਲੋਕਮਾਤ ਰਹੇ ਕਵਾਰੇ, ਹਰਿ ਜੂ ਕੰਤ ਨਜ਼ਰ ਕਿਸੇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੀਵਾਂ ਜੰਤਾਂ ਤੇਰੇ ਦੇਂਦੇ ਰਹੇ ਲਾਰੇ, ਗੁਰ ਅਵਤਾਰ ਪੀਰ ਪੈਗ਼ੰਬਰ ਲੇਖ ਲਿਖਾਈਆ । ਕਲ ਕਲਕੀ ਅੰਤਮ ਲੈ ਅਵਤਾਰੇ, ਮਹਾਂਬਲੀ ਵੇਸ ਵਟਾਈਆ । ਸ਼ਬਦ ਅਗੰਮੀ ਬੋਲ ਜੈਕਾਰੇ, ਦੋ ਜਹਾਨਾਂ ਦਏ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰ ਪਨਹਾਰੇ, ਸਾਚੀ ਸੇਵਾ ਆਪ ਲਗਾਈਆ । ਸੰਤ ਸੁਹੇਲੇ ਆਪ ਉਠਾਲੇ, ਗੁਰ ਚੇਲੇ ਮੇਲ ਮਿਲਾਈਆ । ਜਨ ਭਗਤਾਂ ਵਸੇ ਸਦਾ ਨਾਲੇ, ਹਰਿ ਜੂ ਵਿਛੜ ਕਦੇ ਨਾ ਜਾਈਆ । ਲੇਖਾ ਚੁੱਕੇ ਸ਼ਾਹ ਕੰਗਾਲੇ, ਊਚ ਨੀਚ ਰਹਿਣ ਨਾ ਪਾਈਆ । ਗੁਰਮੁਖ ਗੁਰਸਿਖ ਆਪੇ ਭਾਲੇ, ਲੱਖ ਚੁਰਾਸੀ ਵਿਚੋਂ ਫੋਲ ਫੋਲਾਈਆ । ਮੁਰਸ਼ਦ ਹੋ ਕੇ ਪੁੱਛੇ ਹਾਲੇ, ਮੁਰੀਦ ਆਪਣੇ ਗਲੇ ਲਗਾਈਆ । ਨਿਰਗੁਣ ਸਰਗੁਣ ਬਣੇ ਦਲਾਲੇ, ਜਗ ਸਾਚੀ ਸੇਵ ਕਮਾਈਆ । ਹਕੀਕਤ ਵੇਖੇ ਹੱਕ ਹਲਾਲੇ, ਹਾਜ਼ਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੇ ਵੱਜੇ ਨਾਮ ਵਧਾਈਆ । ਗੁਰ ਅਵਤਾਰ ਕਹਿਣ ਪ੍ਰਭ ਕਿਰਪਾ ਕਰ, ਹੱਥ ਤੇਰੇ ਵਡਿਆਈਆ । ਨਿਰਗੁਣ ਰੂਪ ਮਾਤ ਧਰ, ਜੋਤੀ ਜਾਮਾ ਵੇਸ ਵਟਾਈਆ । ਪੁਰਖ ਅਕਾਲ ਆਪਣੀ ਕਰਨੀ ਕਰ, ਕਰਤੇ ਤੇਰੀ ਇਕ ਸਰਨਾਈਆ । ਨਿਰਭੌ ਚੁਕਾ ਭੈ ਡਰ, ਭਿਆਨਕ ਰਹਿਣ ਕੋਇ ਨਾ ਪਾਈਆ । ਭਗਤ ਭਗਵਾਨ ਆਪਣੇ ਫੜ, ਆਲਸ ਨਿੰਦਰਾ ਦੇ ਮੁਕਾਈਆ । ਕਾਇਆ ਮੰਦਰ ਸਾਚੇ ਪੌੜੇ ਚੜ੍ਹ, ਡੂੰਘੀ ਭਵਰੀ ਵੇਖ ਵਖਾਈਆ । ਨਾਮ ਅਗੰਮਾ ਢੋਲਾ ਪੜ੍ਹ, ਰਸਨਾ ਜਿਹਵਾ ਕੋਇ ਨਾ ਗਾਈਆ । ਨਿਰਗੁਣ ਨੂਰ ਜੋਤ ਧਰ, ਘਰ ਸਚ ਹੋਏ ਰੁਸ਼ਨਾਈਆ । ਪੁਰਖ ਅਕਾਲ ਦੇ ਵਰ, ਦੀਨ ਦਿਆਲ ਤੇਰੀ ਸਰਨਾਈਆ । ਜੋ ਤੇਰੀ ਸਰਨੀ ਜਾਏ ਪੜ, ਏਥੇ ਓਥੇ ਮਿਲੇ ਵਡਿਆਈਆ । ਭਾਗ ਲਗਾ ਕਾਇਆ ਗੜ੍ਹ, ਬੰਕ ਇਕੋ ਇਕ ਸਮਝਾਈਆ । ਤੇਰਾ ਲੇਖਾ ਨਰਾਇਣ ਨਰ, ਨਰ ਹਰਿ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰਾ ਸੱਚਾ ਨਾਮ ਧਿਆਈਆ ।


੧੦੬੪
੧੫

ਗੁਰ ਅਵਤਾਰ ਪੀਰ ਪੈਗ਼ੰਬਰ ਬਿਨ ਰਸਨਾ ਕਹਿਣ, ਨਿਰਗੁਣ ਅੱਗੇ ਨਿਰਗੁਣ ਮੰਗ ਮੰਗਾਈਆ । ਪਤਿਪਰਮੇਸ਼ਵਰ ਸਾਕ ਸੱਜਣ ਸੈਣ, ਸਤਿ ਪੁਰਖ ਨਿਰੰਜਣ ਨਾਤਾ ਇਕ ਬੰਧਾਈਆ । ਨਜ਼ਰੀ ਆਵੇਂ ਇਕੋ ਨੈਣ, ਦੋਏ ਲੋਚਣ ਬੰਦ ਵਖਾਈਆ । ਮਹੱਲ ਅਟੱਲ ਸਾਚੇ ਤੇਰਾ ਰਹਿਣ, ਸਚਖੰਡ ਦੁਆਰ ਛੱਪਰ ਛੰਨ ਨਾ ਕੋਇ ਛੁਹਾਈਆ । ਸੂਰਜ ਚੰਨ ਨਾ ਕੋਈ ਲਹਿਣ ਦੇਣ, ਮੰਡਲ ਮੰਡਪ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਆਪਣਾ ਲੇਖਾ ਦੇ ਜਣਾਈਆ । ਆਪਣਾ ਲੇਖਾ ਦੱਸ ਭਗਵੰਤ, ਦਰ ਤੇਰੇ ਆਸ ਰਖਾਈਆ । ਤੇਰੀ ਮਹਿੰਮਾ ਸਦਾ ਬੇਅੰਤ, ਜੁਗ ਜੁਗ ਕਹਿਣ ਕੋਇ ਨਾ ਪਾਈਆ । ਬੋਧ ਅਗਾਧੇ ਧੁਰ ਦੇ ਪੰਡਤ, ਸਚ ਸਚ ਤੇਰੀ ਪੜ੍ਹਾਈਆ । ਕਲਜੁਗ ਕੂੜੀ ਕਿਰਿਆ ਕਰ ਖੰਡਤ, ਖੰਡਾ ਖੜਗ ਨਾਮ ਚਮਕਾਈਆ । ਮਾਰਗ ਦੱਸ ਜੇਰਜ ਅੰਡਜ, ਉਤਭੁਜ ਸੇਤਜ ਆਪ ਸਮਝਾਈਆ । ਲੱਖ ਚੁਰਾਸੀ ਤੇਰੇ ਦਰ ਹੋਏ ਮੰਗਤ, ਦੂਜਾ ਇਸ਼ਟ ਨਜ਼ਰ ਕੋਇ ਨਾ ਆਈਆ । ਗੜ੍ਹ ਤੋੜ ਹਉਮੇ ਹੰਗਤ, ਹੰ ਬ੍ਰਹਮ ਦੇ ਜਣਾਈਆ । ਚਾਰ ਵਰਨ ਬਣਾ ਸਾਚੀ ਸੰਗਤ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਵੰਡ ਨਾ ਕੋਇ ਵੰਡਾਈਆ । ਊਚ ਨੀਚ ਬਹੇ ਇਕੋ ਪੰਗਤ, ਰਾਓ ਰੰਕ ਮਿਲ ਮਿਲ ਸੋਭਾ ਪਾਈਆ । ਧੁਰ ਦਾ ਦੇ ਸਚ ਅਨੰਦਤ, ਅਨੰਦ ਇਕੋ ਇਕ ਵਖਾਈਆ । ਧਰਮ ਦੁਆਰੇ ਬਣੇ ਬਣਤ, ਘੜਨ ਭੰਨਣਹਾਰ ਤੇਰੀ ਸਰਨਾਈਆ । ਲੇਖਾ ਚੁੱਕੇ ਦੋਜ਼ਖ਼ ਬਹਿਸਤ, ਜੰਨਤ ਤੇਰਾ ਚਰਨ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦੇਣਾ ਇਕੋ ਵਰ, ਘਰ ਵੇਖੀਏ ਚਾਈਂ ਚਾਈਂਆ । ਸ੍ਰੀ ਭਗਵਾਨ ਰਿਹਾ ਦੱਸ, ਸੋ ਸਾਹਿਬ ਆਪ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਨੱਸ, ਨਿਰਗੁਣ ਆਪਣਾ ਪੰਧ ਮੁਕਾਈਆ । ਭਗਤਾਂ ਅੰਦਰ ਸ੍ਰੀ ਭਗਵਾਨ ਰਿਹਾ ਵਸ, ਮਹੱਲ ਅਟੱਲ ਡੇਰਾ ਲਾਈਆ । ਅੰਮ੍ਰਿਤ ਦੇਵੇ ਧੁਰ ਦਾ ਰਸ, ਨਿਝਰ ਝਿਰਨਾ ਆਪ ਝਿਰਾਈਆ । ਸ਼ਬਦ ਨਿਰਾਲਾ ਤੀਰ ਮਾਰੇ ਕਸ, ਬਜਰ ਕਪਾਟੀ ਪਾਰ ਕਰਾਈਆ । ਆਤਮ ਸੇਜਾ ਬਹੇ ਸਜ, ਸੇਜ ਸੁਹੰਜਣੀ ਡੇਰਾ ਲਾਈਆ । ਰਾਗ ਸੁਣਾਏ ਧੁਰ ਅਨਹਦ, ਆਤਮਕ ਇਕੋ ਕਰੇ ਸ਼ਨਵਾਈਆ । ਨਿਰਮਲ ਜੋਤ ਕਰ ਪਰਕਾਸ਼, ਮਹੱਲ ਅਟੱਲ ਸੋਭਾ ਪਾਈਆ । ਸੁਰਤ ਸਵਾਣੀ ਮਾਰ ਆਵਾਜ਼, ਸਾਚੇ ਹਾਣੀ ਮੇਲ ਮਿਲਾਈਆ । ਸਚ ਦੁਆਰੇ ਰਚ ਕੇ ਕਾਜ, ਹਰਿ ਕਰਤਾ ਵੇਖ ਵਖਾਈਆ । ਭਾਗ ਲਗਾ ਦੇਸ ਮਾਝ, ਦੋ ਜਹਾਨ ਸਮਝ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਰਾਹ ਤੱਕਣ ਗ਼ਰੀਬ ਨਿਵਾਜ਼, ਚਾਰੋਂ ਕੁੰਟ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਨੱਠ, ਸੋ ਪੁਰਖ ਨਿਰੰਜਣ ਆਪ ਜਣਾਈਆ । ਹਰਿ ਪੁਰਖ ਨਿਰੰਜਣ ਖੇਲ ਅਕੱਥ, ਕਥਨੀ ਕਥ ਨਾ ਸਕੇ ਰਾਈਆ । ਏਕੰਕਾਰ ਹੋਇਆ ਵਸ, ਨਿਰਗੁਣ ਸਰਗੁਣ ਬੰਧਨ ਪਾਈਆ । ਆਦਿ ਨਿਰੰਜਣ ਕਰ ਪਰਕਾਸ਼, ਮਹੱਲ ਅਟੱਲ ਡੇਰਾ ਲਾਈਆ । ਅਬਿਨਾਸ਼ੀ ਕਰਤਾ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਸ੍ਰੀ ਭਗਵਾਨ ਪਾਏ ਰਾਸ, ਮੰਡਲ ਮੰਡਪ ਗੋਪੀ ਕਾਹਨ ਨਚਾਈਆ । ਪਾਰਬ੍ਰਹਮ ਪ੍ਰਭ ਖੇਲ ਤਮਾਸ਼, ਜੋਤੀ ਜਾਤਾ ਵੇਖ ਵਖਾਈਆ । ਜਨ ਭਗਤਾਂ ਵਸੇ ਸਦਾ ਪਾਸ, ਵਿਛੋੜਾ ਸਹਿ ਸਕੇ ਨਾ ਰਾਈਆ । ਕਿਸੇ ਹੱਥ ਨਾ ਆਏ ਕੋਟਨ ਕੋਟ ਪ੍ਰਿਥਮੀ ਆਕਾਸ਼, ਕੋਹ ਕਰੋੜੀ ਚਲਤ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਆਪਣਾ ਭੇਵ ਰਿਹਾ

੧੦੬੫ ੧੫

ਚੁਕਾਈਆ । ਸਾਚਾ ਭੇਵ ਖੋਲ੍ਹੇ ਪ੍ਰਭ ਆਪ, ਆਪਣੀ ਦਇਆ ਕਮਾਈਆ । ਪੀਰ ਪੈਗੰਬਰ ਵੇਖੇ ਬਾਪ, ਪਿਤਾ ਪੁਰਖ ਅਕਾਲ ਇਕੋ ਨਜ਼ਰੀ ਆਈਆ । ਆਦਿ ਜੁਗਾਦਿ ਜੁਗ ਚੌਕੜੀ ਜਿਸ ਦਾ ਕਰਦੇ ਆਏ ਜਾਪ, ਜੋ ਜਗ ਜੀਵਣ ਦਾਤਾ ਆਪਣੀ ਖੇਲ ਰਚਾਈਆ । ਨਿਰਗੁਣ ਹੋ ਕੇ ਸਰਗੁਣ ਭਗਤਾਂ ਵਸਿਆ ਸਾਥ, ਸਗਲਾ ਸੰਗ ਨਿਭਾਈਆ । ਨਾਮ ਅਗੰਮੀ ਚਾੜ੍ਹ ਰਾਥ, ਬਣ ਰਥਵਾਹੀ ਸੇਵ ਕਮਾਈਆ । ਇਕ ਜਣਾਏ ਪੂਜਾ ਪਾਠ, ਤੂੰ ਮੇਰਾ ਮੈਂ ਤੇਰਾ ਰਾਗ ਅਲਾਈਆ । ਸਰੋਵਰ ਨੁਹਾਏ ਤੀਰਥ ਤਾਟ, ਚਰਨ ਕਵਲ ਇਕ ਜਣਾਈਆ । ਕੂੜੀ ਕਿਰਿਆ ਮੇਟ ਅੰਧੇਰੀ ਰਾਤ, ਘਰ ਜੋਤੀ ਨੂਰ ਕਰੇ ਰੁਸ਼ਨਾਈਆ । ਮੇਲ ਮਿਲਾਵਾ ਕਮਲਾਪਾਤ, ਘਰ ਸੱਜਣ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਰਾਹ ਦਏ ਜਣਾਈਆ । ਸਾਚਾ ਰਾਹ ਭਗਤ ਦੁਆਰ, ਹਰਿ ਭਗਵਨ ਆਪ ਜਣਾਈਆ । ਪੁਰਖ ਅਬਿਨਾਸ਼ੀ ਕਰੇ ਪਿਆਰ, ਸਾਚਾ ਸਾਥੀ ਇਕੋ ਨਜ਼ਰੀ ਆਈਆ । ਅੰਦਰ ਵੜ ਸਿਰਜਣਹਾਰ, ਸਚ ਸਿੰਘਾਸਣ ਡੇਰਾ ਲਾਈਆ । ਸ਼ਬਦ ਅਗੰਮੀ ਬੋਲ ਜੈਕਾਰ, ਢੋਲਾ ਇਕੋ ਇਕ ਸੁਣਾਈਆ । ਤੂੰ ਮੇਰਾ ਮੈਂ ਤੇਰਾ ਯਾਰ, ਆਤਮ ਪਰਮਾਤਮ ਦਏ ਬੁਝਾਈਆ । ਪਾਰਬ੍ਰਹਮ ਬ੍ਰਹਮ ਕਰੇ ਖ਼ਬਰਦਾਰ, ਸਾਚੀ ਸਿਖਿਆ ਇਕ ਦ੍ਰਿੜਾਈਆ । ਸਾਚਾ ਧਰਮ ਸਤਿਗੁਰ ਚਰਨ ਪਿਆਰ, ਦੂਜਾ ਰਾਹ ਨਾ ਕੋਇ ਜਣਾਈਆ । ਲੱਖ ਚੁਰਾਸੀ ਦਿਸੇ ਨਾਰ, ਪੁਰਖ ਅਕਾਲ ਇਕੋ ਕੰਤ ਨਜ਼ਰੀ ਆਈਆ । ਦੋਏ ਜੋੜ ਸਰਗੁਣ ਨਿਰਗੁਣ ਕਰੇ ਨਮਸਕਾਰ, ਨਿਉਂ ਨਿਉਂ ਲਾਗੇ ਪਾਈਂਆ । ਜਿਸ ਦਾ ਮੰਦਰ ਉਚ ਮਨਾਰ, ਟਿੱਲਾ ਨਜ਼ਰ ਕਿਸੇ ਨਾ ਆਈਆ । ਦੀਵਾ ਬਾਤੀ ਬਲੇ ਅਗੰਮ ਅਪਾਰ, ਅਬਿਨਾਸ਼ੀ ਕਰਤਾ ਆਪਣਾ ਨੂਰ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਦੇਵੇ ਨਾਮ ਵਡਿਆਈਆ । ਗੁਰ ਅਵਤਾਰ ਪੀਰ ਪੈਗੰਬਰ ਨੇਤਰ ਰਹੇ ਪੇਖ, ਲੋਚਣ ਨੈਣ ਨੈਣ ਉਠਾਈਆ । ਪੁਰਖ ਅਬਿਨਾਸ਼ੀ ਧਰਿਆ ਭੇਖ, ਲੋਕਮਾਤ ਵੇਸ ਵਟਾਈਆ । ਕਿਸੇ ਨਜ਼ਰ ਨਾ ਆਏ ਰੂਪ ਰੇਖ, ਰੰਗ ਦੱਸੇ ਨਾ ਕੋਇ ਸਮਝਾਈਆ । ਜਨ ਭਗਤਾਂ ਕਰੇ ਸਾਚਾ ਹੇਤ, ਹਿਤਕਾਰੀ ਵੇਖ ਵਖਾਈਆ । ਨਿਰਗੁਣ ਹੋ ਕੇ ਸਰਗੁਣ ਰਿਹਾ ਖੇਡ, ਖ਼ਾਲਕ ਖ਼ਲਕ ਵੱਡੀ ਵਡਿਆਈਆ । ਸ਼ਬਦ ਸੰਦੇਸਾ ਇਕੋ ਭੇਜ, ਸਚ ਸੁਨੇਹੜਾ ਰਿਹਾ ਘਲਾਈਆ । ਅਬਿਨਾਸ਼ੀ ਕਰਤਾ ਜਨ ਭਗਤਾਂ ਮਾਣੇ ਸਾਚੀ ਸੇਜ, ਸੇਜ ਸੁਹੰਜਣੀ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਭਗਤਾਂ ਅੰਗ ਲਗਾਈਆ । ਜਨ ਭਗਤਾਂ ਕਰੇ ਅੰਗੀਕਾਰ, ਅੰਗਣ ਆਪਣਾ ਇਕ ਜਣਾਇੰਦਾ । ਸਚ ਦੁਆਰੇ ਕਰ ਪਿਆਰ, ਪ੍ਰੇਮ ਪ੍ਰੀਤੀ ਇਕ ਸਮਝਾਇੰਦਾ । ਅੰਤਰ ਆਤਮ ਦੇ ਆਧਾਰ, ਪਰਮਾਤਮ ਧੀਰ ਬੰਧਾਇੰਦਾ । ਕੂੜੀ ਕਿਰਿਆ ਜਗਤ ਨਵਾਰ, ਸਾਚੀ ਵਸਤ ਇਕ ਵਰਤਾਇੰਦਾ । ਬਜਰ ਕਪਾਟੀ ਖੋਲ੍ਹ ਕਿਵਾੜ, ਘਰ ਮੰਦਰ ਇਕ ਸੁਹਾਇੰਦਾ । ਅੰਮ੍ਰਿਤ ਬੂੰਦ ਸਵਾਂਤੀ ਠੰਡੀ ਠਾਰ, ਨਿਝਰ ਝਿਰਨਾ ਆਪ ਝਿਰਾਇੰਦਾ । ਸੁਖਮਨ ਟੇਢੀ ਬੰਕ ਕਰ ਕਰ ਪਾਰ, ਈੜਾ ਪਿੰਗਲ ਮੁਖ ਭਵਾਇੰਦਾ । ਅਨਹਦ ਨਾਦ ਸੱਚੀ ਧੁਨਕਾਰ, ਅਨਰਾਗੀ ਰਾਗ ਅਲਾਇੰਦਾ । ਘਰ ਸਖ਼ੀਆਂ ਮੰਗਲਚਾਰ, ਹਰਿ ਗੀਤ ਗੋਬਿੰਦ ਅਲਾਇੰਦਾ । ਪੜ੍ਹਨ ਸੁਣਨ ਦੀ ਨਹੀਂ ਕੋਈ ਵਾਰ, ਵਾਰਤਾ ਆਪਣੀ ਇਕ ਜਣਾਇੰਦਾ । ਜਿਸ ਮਿਲਿਆ ਪੁਰਖ ਕਰਤਾਰ, ਸੋ ਸ਼ਿਵਦਵਾਲੇ ਮੱਠ ਕਾਇਆ ਮੰਦਰ ਅੰਦਰ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਇਕੋ ਰਾਹ ਜਣਾਇੰਦਾ । ਭਗਤਾਂ

ਅੰਦਰ ਭਗਵਾਨ ਵਸੇਰਾ, ਸੁਹੰਜਣਾ ਸਾਕ ਦਰਸਾਈਆ । ਦੂਰ ਦੁਰਾਡਾ ਨਜ਼ਰੀ ਆਏ ਨੇਰਨ ਨੇਰਾ, ਬਣ ਪਾਂਧੀ ਪੰਧ ਮੁਕਾਈਆ । ਮਨ ਮਨੂਆ ਦੇਵੇ ਗੇੜਾ, ਗੇੜਾ ਆਪਣੇ ਹੱਥ ਰਖਾਈਆ । ਪੰਚ ਵਿਕਾਰਾ ਚੁੱਕੇ ਝੇੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਹਲਕਾਈਆ । ਇਕੋ ਦਿਸੇ ਸੰਝ ਸਵੇਰਾ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਭਗਤ ਭਗਵਾਨ ਇਕ ਦੂਜੇ ਨੂੰ ਕਹਿਣ ਤੂੰ ਮੇਰਾ ਮੈਂ ਤੇਰਾ, ਦੂਜਾ ਸੰਗੀ ਨਜ਼ਰ ਕੋਇ ਨਾ ਆਈਆ । ਬਿਨ ਭਗਤਾਂ ਵਸੇ ਨਾ ਕੋਈ ਖੇੜਾ, ਬਿਨ ਖੇੜੇ ਸ੍ਰੀ ਭਗਵਾਨ ਡੇਰਾ ਕੋਈ ਨਾ ਲਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਖੁਲ੍ਹਾ ਰੱਖੇ ਵੇਹੜਾ, ਆਦਿ ਜੁਗਾਦੀ ਆਪਣੀ ਖੇਲ ਰਚਾਈਆ । ਬਿਨ ਤੇਰੀ ਕਿਰਪਾ ਠਾਕਰ ਤੈਨੂੰ ਵੇਖੇ ਕਿਹੜਾ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਲੱਖ ਚੁਰਾਸੀ ਭਰਮ ਭੁਲਾਏ ਕਰ ਕਰ ਹੇਰਾ ਫੇਰਾ, ਅਛਲ ਅਛੱਲ ਤੇਰਾ ਵਲ ਛਲ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਕਰੇ ਆਪਣੀ ਮਿਹਰਾ, ਮਿਹਰਵਾਨ ਆਪਣੀ ਦਇਆ ਕਮਾਈਆ । ਮਿਹਰ ਕਰੇ ਪ੍ਰਭ ਉਪਰ ਭਗਤ, ਹਰਿ ਭਗਵਨ ਦਏ ਵਡਿਆਈਆ । ਆਪ ਪਰਗਟਾਏ ਵਿਚ ਜਗਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਿਰਗੁਣ ਦੇਵੇ ਸਾਚੀ ਸ਼ਕਤ, ਸ਼ਕਤ ਆਪਣਾ ਨਾਮ ਜਣਾਈਆ । ਲੇਖੇ ਲਾਏ ਬੂੰਦ ਰਕਤ, ਰੱਤੀ ਰੱਤ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਜਨ ਭਗਤ ਵਡਿਆਈ ਦੇਵੇ ਵੱਡਾ, ਸੋ ਸਾਹਿਬ ਦਇਆ ਕਮਾਈਆ । ਕਰੇ ਖੇਲ ਬੁਢਾ ਨੱਢਾ, ਜੋਬਨ ਆਪਣਾ ਰੰਗ ਰੰਗਾਈਆ । ਪ੍ਰੇਮ ਪ੍ਰੀਤੀ ਅੰਦਰ ਬੱਧਾ, ਭੱਜਾ ਫਿਰੇ ਵਾਹੋ ਦਾਹੀਆ । ਜਨ ਭਗਤਾਂ ਦੇਵੇ ਧੁਰ ਦਾ ਸੱਦਾ, ਨਾਮ ਸੰਦੇਸਾ ਇਕ ਸੁਣਾਈਆ । ਦੂਰ ਕਰਾਏ ਲੋਕ ਲੱਜਾ, ਪੜਦਾ ਦੂਈ ਦਵੈਤ ਚੁਕਾਈਆ । ਘਰ ਮੰਦਰ ਅੰਦਰ ਕਾਇਆ ਕਾਅਬੇ ਕਰਾਏ ਸਾਚਾ ਹੱਜਾ, ਹਜ਼ਰਤ ਇਕੋ ਨਜ਼ਰੀ ਆਈਆ । ਏਥੇ ਓਥੇ ਦੋ ਜਹਾਨ ਜਿਸ ਪੜਦਾ ਕੱਜਾ, ਸੋ ਬੇਪਰਵਾਹ ਫੇਰਾ ਪਾਈਆ । ਸਚ ਪ੍ਰੀਤੀ ਅੰਤਰ ਮਧਾ, ਮਧ ਰਸ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਆਪ ਸਮਝਾਈਆ । ਜਨ ਭਗਤ ਸਮਝਾਏ ਪਾਰਬ੍ਰਹਮ, ਪ੍ਰਭ ਵੱਡਾ ਵਡ ਵਡਿਆਈਆ । ਨਿਹਕਰਮੀ ਜਾਣੇ ਆਪਣਾ ਕਰਮ, ਕਰਮ ਕਾਂਡ ਡੇਰਾ ਢਾਹੀਆ । ਭਾਂਡਾ ਭੰਨਾਏ ਭੌ ਭਰਮ, ਭੇਵ ਅਭੇਦ ਖੁਲ੍ਹਾਈਆ । ਲੇਖਾ ਚੁਕਾਏ ਵਰਨ ਬਰਨ, ਜ਼ਾਤ ਪਾਤ ਡੇਰਾ ਢਾਹੀਆ । ਸਚ ਰਖਾਏ ਇਕੋ ਸਰਨ, ਊਚ ਨੀਚ ਮਾਣ ਦਵਾਈਆ । ਭਗਤ ਭਗਵਾਨ ਢੋਲਾ ਇਕੋ ਪੜ੍ਹਨ, ਸੋਹੰ ਸੱਚਾ ਰਾਗ ਅਲਾਈਆ । ਇਕ ਦੂਜੇ ਦੇ ਅੰਦਰ ਵੜਨ, ਆਉਂਦਾ ਜਾਂਦਾ ਨਜ਼ਰ ਕੋਇ ਨਾ ਆਈਆ । ਜੀਵਦਿਆਂ ਜਗ ਜਨ ਭਗਤ ਮਰਨ, ਮਰਿਆਂ ਸਚਖੰਡ ਸੋਭਾ ਪਾਈਆ । ਅਧਵਿਚਕਾਰ ਕਿਤੇ ਨਾ ਅੜਨ, ਵਿਸ਼ਨ ਬ੍ਰਹਮਾ ਸ਼ਿਵ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਮੇਲ ਮਿਲਾਈਆ । ਜਨ ਭਗਤਾਂ ਕਰੇ ਮੇਲ ਮਿਲਾਵਾ ਆਪ, ਪ੍ਰਭ ਆਪਣੇ ਰੰਗ ਰੰਗਾਈਆ । ਕੋਟ ਜਨਮ ਉਤਾਰ ਪਾਪ, ਦੁਰਮਤ ਮੈਲ ਧਵਾਈਆ । ਕਾਇਆ ਮਾਟੀ ਵੇਖ ਖ਼ਾਕ, ਪੰਜ ਤਤ ਲੇਖਾ ਜਾਣੇ ਥਾਉਂ ਥਾਈਆ । ਤ੍ਰੈਗੁਣ ਮਾਇਆ ਕਰ ਪਾਕ, ਪਤਤ ਪੁਨੀਤ ਰੂਪ ਵਟਾਈਆ । ਸ਼ਬਦ ਅਗੰਮੀ ਦੇ ਦਾਤ, ਘਰ ਭੰਡਾਰਾ ਦਏ ਵਖਾਈਆ । ਚਰਨ ਕਵਲ ਸੱਚਾ ਨਾਤ, ਪੁਰਖ ਬਿਧਾਤਾ ਆਪ ਜੁੜਾਈਆ । ਕਲਜੁਗ ਮੇਟ ਅੰਧਰੀ ਰਾਤ, ਸਤਿਜੁਗ ਸੱਚਾ

ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤਨ ਆਪਣੀ ਗੰਢ ਪਵਾਈਆ । ਜਨ ਭਗਤਾਂ ਪਾਏ ਨਾਮ ਗੰਢ, ਗੰਢਣਹਾਰ ਹਰਿ ਅਖਵਾਇੰਦਾ । ਅੰਦਰ ਵੜ ਕੇ ਪਾਏ ਠੰਡ, ਬਾਹਰੋਂ ਨਜ਼ਰ ਕਿਸੇ ਨਾ ਆਇੰਦਾ । ਦੀਨ ਦਿਆਲ ਸਾਹਿਬ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਆਪ ਕਰਾਇੰਦਾ । ਗੁਰਮੁਖ ਗੁਰਸਿਖ ਰਸਨਾ ਜਿਹਵਾ ਬੱਤੀ ਦੰਦ ਕੋਈ ਨਾ ਲਾਏ ਗੰਦ, ਸੋਹੰ ਢੋਲਾ ਧੁਰ ਦਾ ਬੋਲਾ ਆਤਮ ਮੌਲਾ ਆਪ ਜਣਾਇੰਦਾ । ਸ਼ਬਦ ਵਿਚੋਲਾ ਚੁਕਾ ਪੜਦਾ ਉਹਲਾ ਉਲਟਾ ਨਾਭ ਕੌਲਾ, ਅੰਮ੍ਰਿਤ ਝਿਰਨਾ ਇਕ ਝਿਰਾਇੰਦਾ । ਧੁਰਦਰਗਾਹੀ ਬਣ ਕੇ ਤੋਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਆਪ ਜਗਾਇੰਦਾ । ਜਨ ਭਗਤਾਂ ਖੋਲ੍ਹੇ ਆਪ ਜਾਗ, ਜੁਗਤੀ ਆਪਣੇ ਹੱਥ ਰਖਾਈਆ । ਦੀਪਕ ਜੋਤ ਜਗਾਏ ਚਿਰਾਗ, ਅਗਿਆਨ ਅੰਧੇਰ ਮਿਟਾਇੰਦਾ । ਕਾਇਆ ਅੰਦਰ ਲਾਏ ਭਾਗ, ਘਰ ਮੰਦਰ ਕਰ ਰੁਸ਼ਨਾਈਆ । ਫੜ ਫੜ ਹੰਸ ਬਣਾਏ ਕਾਗ, ਸੋਹੰ ਹੰਸਾ ਮਾਣਕ ਮੋਤੀ ਚੋਗ ਚੁਗਾਈਆ । ਆਤਮ ਪਰਮਾਤਮ ਰਚ ਰਚ ਕਾਜ, ਘਰ ਮੇਲਾ ਸਹਿਜ ਸੁਭਾਈਆ । ਸੁਰਤ ਸਵਾਣੀ ਦੇਵੇ ਦਾਜ, ਸ਼ਬਦ ਭੰਡਾਰ ਝੋਲੀ ਪਾਈਆ । ਸਤਿਗੁਰ ਤੇਰਾ ਚਲਾਏ ਇਕ ਰਿਵਾਜ, ਚਾਰ ਵਰਨਾਂ ਇਕ ਸਰਨਾਈਆ । ਮੁੱਲਾਂ ਸ਼ੇਖ਼ ਮਸਾਇਕ ਪੰਡਤ ਗਿਆਨੀ ਧਿਆਨੀ ਹਰਿ ਕੇ ਨਾਮ ਦਾ ਲਏ ਨਾ ਕੋਈ ਵਿਆਜ, ਸੌਦੇ ਹੱਟ ਨਾ ਕੋਇ ਵਿਕਾਈਆ । ਕਿਰਪਾ ਕਰੇ ਆਪ ਮਹਾਰਾਜ, ਮੁਹੱਬਤ ਆਪਣੇ ਨਾਲ ਰਖਾਈਆ । ਸੋਵਤ ਜਾਗਤ ਮਾਰ ਆਵਾਜ਼, ਧੁਰ ਸੰਦੇਸਾ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਰਚ ਕੇ ਕਾਜ, ਆਪਣਾ ਬੰਧਨ ਦੇਵੇ ਪਾਈਆ । ਜਨ ਭਗਤਾਂ ਬੰਧਨ ਪਾਏ ਡੋਰ, ਨਾਮ ਤੰਦਨ ਹੱਥ ਉਠਾਈਆ । ਅੰਦਰ ਵੜ ਅੰਧੇਰੇ ਘੋਰ ਸਤਿਗੁਰ ਪੂਰਾ ਵੇਖ ਵਖਾਈਆ । ਸ਼ਬਦ ਸੁਆਮੀ ਬੰਨ੍ਹੇ ਪੰਜੇ ਚੋਰ, ਚੋਰੀ ਯਾਰੀ ਠੱਗੀ ਗੁਰਮੁਖ ਤੇਰੇ ਅੰਦਰ ਕਰਨ ਕੋਇ ਨਾ ਆਈਆ । ਬੇਪਰਵਾਹ ਵੇਖੇ ਕਰ ਕੇ ਗ਼ੌਰ, ਗਹਿਰ ਗੰਭੀਰ ਧਿਆਨ ਲਗਾਈਆ । ਕੂੜੀ ਕਿਰਿਆ ਕੱਢੇ ਖੋਟ, ਖੋਟੀ ਵਾਸਨਾ ਦਏ ਮੁਕਾਈਆ । ਨਾਮ ਨਗਾਰੇ ਲਾ ਚੋਟ, ਚੋਟੀ ਆਪਣੀ ਲਏ ਚੜ੍ਹਾਈਆ । ਕਰ ਪਰਕਾਸ਼ ਨਿਰਮਲ ਜੋਤ, ਘਰ ਦੀਪਕ ਦਏ ਟਿਕਾਈਆ । ਆਤਮ ਪਰਮਾਤਮ ਪਰਮਾਤਮ ਆਤਮ ਹੋਵੇ ਮੋਹਤ, ਮੁਹੱਬਤ ਇਕੋ ਘਰ ਵਖਾਈਆ । ਸ੍ਰਿਸ਼ਟ ਸਬਾਈ ਸਭ ਨੂੰ ਦਿਸੇ ਖ਼ਾਮੋਸ਼, ਜਨ ਭਗਤਾਂ ਮਿਲ ਮਿਲ ਜੁਗ ਜੁਗ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸੱਜਣ ਲਏ ਤਰਾਈਆ । ਹਰਿਜਨ ਤਾਰੇ ਠਾਕਰ ਸੁਆਮੀ, ਸਾਹਿਬ ਸਤਿਗੁਰ ਵਡ ਵਡਿਆਈਆ । ਪਰਮ ਪੁਰਖ ਪ੍ਰਭ ਅੰਤਰਜਾਮੀ, ਅੰਤਰ ਆਤਮ ਵੇਖ ਵਖਾਈਆ । ਲਹਿਣਾ ਦੇਣਾ ਚੁਕਾ ਚਾਰੇ ਖਾਣੀ, ਚਾਰੇ ਬਾਣੀ ਪੰਧ ਮੁਕਾਈਆ । ਏਕਾ ਦੇਵੇ ਪਦ ਨਿਰਬਾਣੀ, ਨਿਰਬਾਣ ਪਦ ਆਪ ਸਮਝਾਈਆ । ਧਰਮ ਦੁਆਰ ਸਚ ਨਿਸ਼ਾਨੀ, ਹਰਿ ਕਰਤਾ ਆਪ ਦਰਸਾਈਆ । ਜਨ ਭਗਤਾਂ ਜਾਏ ਵਿਟੁਹ ਕੁਰਬਾਨੀ, ਨਿਉਂ ਨਿਉਂ ਆਪਣਾ ਸੀਸ ਝੁਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਵੱਡ ਵੱਡੇ ਤੇਰੀ ਮਿਹਰਵਾਨੀ, ਮਿਹਰਵਾਨ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤਾਂ ਲੇਖਾ ਪੂਰ ਕਰਾਈਆ । ਜਨ ਭਗਤਾਂ ਲੇਖਾ ਕਰੇ ਪੂਰਾ, ਪ੍ਰਭ ਪੂਰ ਰਿਹਾ ਸਰਬ ਠਾਈਆ । ਗੁਰਮੁਖ ਤੇਰਾ ਲਹਿਣਾ ਨਾ ਰਹੇ ਅਧੂਰਾ, ਹੱਦ ਹਦੂਦ ਆਪਣੀ ਪਾਰ ਕਰਾਈਆ । ਦਰਗਹਿ ਸਾਚੀ ਕਰੇ ਮਨਜ਼ੂਰਾ, ਮਨਜ਼ੂਰੀ ਇਕੋ

੧੦੬੮
੧੫

ਵਾਰ ਸੁਣਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਰੰਗ ਚਾੜ੍ਹੇ ਗੂੜ੍ਹਾ, ਉਤਰ ਕਦੇ ਨਾ ਜਾਈਆ । ਚਤੁਰ ਸੁਘੜ ਬਣਾਏ ਮੂਰਖ ਮੂੜ੍ਹਾ, ਜੋ ਜਨ ਆਏ ਸਰਨਾਈਆ । ਜਿਨ੍ਹਾਂ ਲਾਏ ਮਸਤਕ ਧੂੜਾ, ਤਿਨ੍ਹਾਂ ਦੁਰਮਤ ਮੈਲ ਧਵਾਈਆ । ਆਤਮ ਦੇਵੇ ਸਤਿ ਸਰੂਰਾ, ਸੁਰਤੀ ਸ਼ਬਦ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਰਨ ਇਕ ਰਖਾਈਆ । ਸਾਚੀ ਸਰਨ ਭਗਤ ਭਗਵੰਤ, ਹਰਿ ਕਰਤਾ ਆਪ ਜਣਾਈਆ । ਮੇਲ ਮਿਲਾਵਾ ਨਾਰ ਕੰਤ, ਘਰ ਵੱਜੇ ਨਾਮ ਵਧਾਈਆ । ਲੇਖਾ ਮੁੱਕੇ ਵਿਚ ਜੀਵ ਜੰਤ, ਦਰਗਹਿ ਸਾਚੀ ਸੋਭਾ ਪਾਈਆ । ਜੋਤ ਮਿਲਾਵਾ ਜੋਤੀ ਅੰਤ, ਜੋਤੀ ਜੋਤ ਵਿਚ ਸਮਾਈਆ । ਹਰਿ ਭਗਤ ਤੇਰਾ ਨਿਰਾਲਾ ਪੰਥ, ਮਾਰਗ ਸਮਝ ਕਿਸੇ ਨਾ ਆਈਆ । ਤੇਰੀ ਮਹਿੰਮਾ ਅੰਦਰ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਲਿਖੇ ਗ੍ਰੰਥ, ਅੱਖਰ ਅੱਖਰ ਜੋੜ ਜੁੜਾਈਆ । ਤੇਰੇ ਨਾਮ ਦਾ ਜੀਵ ਜੰਤ ਵਜਾਉਦੇ ਸੰਖ, ਵੇਲੇ ਸੰਧਿਆ ਧੁਨ ਉਪਜਾਈਆ । ਤੇਰਾ ਮੇਲਾ ਅੰਤ ਸ੍ਰੀ ਭਗਵੰਤ, ਭਗਵਨ ਆਪਣੀ ਗੋਦ ਉਠਾਈਆ । ਸਚਖੰਡ ਦੁਆਰ ਬਣਾ ਤੇਰੀ ਬਣਤ, ਚਰਨ ਕਵਲ ਦਏ ਸਰਨਾਈਆ । ਖਹਿੜਾ ਛੱਡ ਦੇ ਬਹਿਸ਼ਤ ਜੰਨਤ, ਗੁਰਮੁਖ ਤੇਰੇ ਕੰਮ ਕਿਸੇ ਨਾ ਆਈਆ । ਓਸ ਦੁਆਰ ਦਰ ਜਾ ਕਰ ਕਰ ਮਿੰਨਤ, ਜਿਸ ਮਿਲਿਆਂ ਆਦਿ ਜੁਗਾਦਿ ਜੁਗ ਚੌਕੜੀ ਤੇਰੇ ਵੱਜੇ ਨਾਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਪੁਰਖ ਅਕਾਲ ਖੇਲ ਕਰੇ ਬੇਅੰਤ, ਬੇਵਫ਼ਾ ਰੂਪ ਨਾ ਕੋਇ ਵਖਾਈਆ ।



## ✪ ੧੧ ਮੱਘਰ ੨੦੨੦ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹ ਪਿੰਡ ਕੱਤੋਵਾਲ ✪

ਸਤਿ ਕਹੇ ਮੈਂ ਵੇਖਿਆ ਸਤਿ, ਸਤਿ ਤੇਰੀ ਸਰਨਾਈਆ । ਸਤਿ ਕਹੇ ਮੈਂ ਵੇਖਿਆ ਤੱਤ, ਤਤਵ ਤੇਰੀ ਵਡਿਆਈਆ । ਸਤਿ ਕਹੇ ਮੈਂ ਵੇਖਿਆ ਪਤ, ਕਮਲਾਪਤ ਪ੍ਰਭ ਇਕੋ ਨਜ਼ਰੀ ਆਈਆ । ਸਤਿ ਕਹੇ ਮੈਂ ਵੇਖਿਆ ਰਸ, ਤੇਰਾ ਅੰਮ੍ਰਿਤ ਧੁਰ ਦੀ ਧਾਰ ਬੇਪਰਵਾਹੀਆ । ਸਤਿ ਕਹੇ ਮੈਂ ਵੇਖਿਆ ਪੁਰਖ ਸਮਰਥ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਸਤਿ ਕਹੇ ਮੈਂ ਘਰ ਗਿਆ ਵਸ, ਗ੍ਰਿਹ ਮੰਦਰ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਆਪਣਾ ਰੰਗ ਰੰਗਾਈਆ । ਸਤਿ ਕਹੇ ਮੇਰਾ ਸਤਿਗੁਰ ਸਤਿ, ਸੋ ਪੁਰਖ ਨਿਰੰਜਣ ਨਜ਼ਰੀ ਆਈਆ । ਆਦਿ ਜੁਗਾਦਿ ਦੇਵੇ ਧੁਰ ਦੀ ਮਤ, ਪਾਰਬ੍ਰਹਮ ਬ੍ਰਹਮ ਸਮਝਾਈਆ । ਜਨ ਭਗਤਾਂ ਅੰਦਰ ਜਾਏ ਵਸ, ਸਚ ਸਿੰਘਾਸਣ ਡੇਰਾ ਲਾਈਆ । ਜਨਮ ਜਨਮ ਦੀ ਪੂਰੀ ਆਸ, ਆਸਾਵੰਦ ਆਪ ਕਰਾਈਆ । ਨਿਰਗੁਣ ਸਰਗੁਣ ਬਣ ਕੇ ਦਾਸੀ ਦਾਸ, ਗ੍ਰਿਹ ਸੇਵਕ ਸੇਵਾ ਸਚ ਕਮਾਈਆ । ਸਾਚੀ ਦੇਵੇ ਨਾਮ ਰਾਸ, ਵਸਤ ਭੰਡਾਰਾ ਇਕ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਆਪਣਾ ਵਿਚ ਟਿਕਾਈਆ । ਸਤਿ ਕਹੇ ਮੈਂ ਵੇਖਿਆ ਜੋਗ, ਹਰਿ ਚਰਨ ਮਿਲੇ ਵਡਿਆਈਆ । ਸਤਿ ਕਹੇ ਮੈਂ ਵੇਖਿਆ ਭੋਗ, ਪ੍ਰਭ ਅੰਤਰ ਸਹਿਜ ਮਿਲਾਈਆ । ਸਤਿ ਕਹੇ ਮੇਰਾ ਹੋਇਆ ਸੰਜੋਗ, ਹਰਿ ਕਰਤਾ ਜੋੜ ਜੁੜਾਈਆ । ਸਤਿ ਕਹੇ ਮੇਰਾ ਵਸਿਆ ਕੋਟ, ਘਰ ਮੰਦਰ ਸੋਭਾ ਪਾਈਆ । ਸਤਿ ਕਹੇ ਘਰ ਜਗੀ ਜੋਤ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਸਤਿ ਕਹੇ ਮੈਂ ਹੋਇਆ ਮੋਹਤ, ਜਨ ਭਗਤਾਂ ਪ੍ਰੇਮ ਵਧਾਈਆ । ਸਤਿ ਕਹੇ

ਮੈਂ ਸੁਣਿਆ ਸਲੋਕ, ਸੋਹੰ ਢੋਲਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਇਕੋ ਨਾਮ ਜਣਾਈਆ । ਸਤਿ ਕਹੇ ਮੈਂ ਜਾਣਿਆ ਸਤਿ ਸੁਆਮੀ, ਸਤਿ ਦਰਸ਼ਨ ਨਜ਼ਰੀ ਆਈਆ । ਜਨ ਭਗਤਾਂ ਦੇਵੇ ਇਕ ਨਿਸ਼ਾਨੀ, ਨਾਮ ਨਿਸ਼ਾਨਾ ਹੱਥ ਫੜਾਈਆ । ਆਵਣ ਜਾਵਣ ਲੱਖ ਚੁਰਾਸੀ ਚੁਕਾਏ ਕਾਣੀ, ਚਾਰੇ ਖਾਣੀ ਪੰਧ ਮੁਕਾਈਆ । ਮੰਦਰ ਵਖਾਏ ਇਕ ਲਾਸਾਨੀ, ਉਚ ਅਟੱਲ ਨਜ਼ਰੀ ਆਈਆ । ਦਰ ਦੁਆਰ ਦੇਵੇ ਮਾਣੀ, ਮਿਹਰਵਾਨ ਸਿਰ ਆਪਣਾ ਹੱਥ ਟਿਕਾਈਆ । ਸਤਿ ਪ੍ਰਭ ਪ੍ਰਭ ਦੀ ਸਤਿ ਕਹਾਣੀ, ਸਤਿ ਨਾਮ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਆਪਣਾ ਰੂਪ ਵਖਾਈਆ । ਸਤਿ ਕਹੇ ਮੈਂ ਸਤਿ ਜਾਤਾ, ਸ੍ਰੀ ਭਗਵਾਨ ਇਕੋ ਨਜ਼ਰੀ ਆਈਆ । ਸਰਬ ਜੀਆਂ ਦਿਸੇ ਪਿਤ ਮਾਤਾ, ਲੱਖ ਚੁਰਾਸੀ ਗੋਦ ਸੁਹਾਈਆ । ਸਚ ਸੁਚ ਦੇਵੇ ਦਾਤਾ, ਦਾਤਾ ਦਾਨੀ ਦਇਆ ਕਮਾਈਆ । ਆਤਮ ਪਰਮਾਤਮ ਪੜ੍ਹਾਏ ਗਾਥਾ, ਅੱਖਰ ਵੱਖਰ ਆਪ ਜਣਾਈਆ । ਆਪਣੀ ਰੱਖੇ ਉਤਮ ਜ਼ਾਤਾ, ਵਰਨ ਗੋਤ ਨਾ ਕੋਇ ਰਖਾਈਆ । ਬੈਠਾ ਰਹੇ ਇਕ ਇਕਾਂਤਾ, ਘਰ ਸੱਚੇ ਡੇਰਾ ਲਾਈਆ । ਸਤਿ ਕਹੇ ਮੈਂ ਸਤਿ ਪਛਾਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੋਹੇ ਇਕੋ ਬੂਝ ਬੁਝਾਈਆ । ਸਤਿ ਵੇਖਿਆ ਘਰ ਭਗਤ, ਜਿਸ ਗ੍ਰਿਹਿ ਆਪਣਾ ਡੇਰਾ ਲਾਈਆ । ਭਰਮੇ ਭੁੱਲਾ ਜੀਵ ਜਗਤ, ਜੁਗਤ ਹੱਥ ਕਿਸੇ ਨਾ ਆਈਆ । ਲੱਭਦੇ ਫਿਰਦੇ ਮਰਨੀ ਮੁਕਤ, ਮਰਿਆਂ ਮੁਕਤ ਨਾ ਪਾਰ ਕਰਾਈਆ । ਸਾਹਿਬ ਸਤਿਗੁਰ ਹੋ ਦਿਆਲ ਜਨ ਭਗਤਾਂ ਕਿਰਪਾ ਕਰੇ ਮੁਫ਼ਤ, ਮੁਫ਼ਲਸ ਆਪਣੇ ਗਲੇ ਲਗਾਈਆ । ਲੱਖ ਚੁਰਾਸੀ ਆਪਣੀ ਕਰਨੀ ਰਹੇ ਭੁਗਤ, ਫਾਸੀ ਜਮ ਨਾ ਕੋਇ ਕਟਾਈਆ । ਨਜ਼ਰ ਨਾ ਆਏ ਅਕਾਲ ਮੂਰਤ, ਮੂਰਤੀ ਸਚ ਨਾ ਕੋਇ ਦਰਸਾਈਆ । ਸੁਣੇ ਨਾਦ ਨਾ ਕੋਈ ਤੂਰਤ, ਧੁਨ ਵੱਜੇ ਨਾ ਕੋਇ ਸ਼ਨਵਾਈਆ । ਬੁਧੀ ਹੋਈ ਮੂਰਖ ਮੂੜ੍ਹਤ, ਸਤਿ ਚਲੇ ਨਾ ਕੋਇ ਚਤੁਰਾਈਆ । ਅਬਿਨਾਸ਼ੀ ਕਰਤਾ ਜਨ ਭਗਤਾਂ ਆਸਾ ਪੂਰਤ, ਤ੍ਰਿਸਨਾ ਕੂੜੀ ਮੇਟ ਮਿਟਾਈਆ । ਚੋਲੀ ਚਾੜ੍ਹੇ ਰੰਗ ਗੂੜ੍ਹਤ, ਲਾਲ ਗੁਲਾਲਾ ਆਪ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਇਕੋ ਘਰ ਸਮਝਾਈਆ । ਸਤਿ ਕਹੇ ਮੈਂ ਵੇਖ ਬ੍ਰਹਿਮਾਦ, ਬ੍ਰਹਮ ਵਿਸ਼ਨ ਧਿਆਨ ਲਗਾਈਆ । ਸ਼ੰਕਰ ਕਰੇ ਤੇਰੀ ਯਾਦ, ਅੰਦਰ ਵੜ ਧਿਆਨ ਲਗਾਈਆ । ਗੁਰ ਅਵਤਾਰ ਕਰਨ ਫ਼ਰਿਆਦ, ਪੀਰ ਪੈਗ਼ੰਬਰ ਹਾਲ ਸੁਣਾਈਆ । ਲੋਕਮਾਤ ਬਿਨ ਤੇਰੇ ਸਤਿ ਹੋਇਆ ਬਰਬਾਦ, ਉਜੜਿਆ ਖੇੜਾ ਨਾ ਕੋਇ ਵਸਾਈਆ । ਤੇਰੇ ਅੰਤਰ ਨਾ ਕੋਇ ਵਿਸਮਾਦ, ਬਿਸਮਲ ਰੂਪ ਨਾ ਕੋਇ ਵਟਾਈਆ । ਜਗਤ ਵਾਸਨਾ ਸਾਰੇ ਰਹੇ ਭਾਜ, ਭੱਜਿਆਂ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸਤਿ ਤੇਰਾ ਰੂਪ ਨਜ਼ਰੀ ਆਈਆ । ਸਤਿ ਕਹੇ ਮੈਂ ਵੇਖਿਆ ਖੇੜਾ, ਸਚ ਰੰਗ ਨਾ ਕੋਇ ਰੰਗਾਈਆ । ਚਾਰ ਵਰਨ ਪਿਆ ਝੇੜਾ, ਝਗੜਾ ਸਕੇ ਨਾ ਕੋਇ ਚੁਕਾਈਆ । ਡੁੱਬਦੇ ਸਾਰ ਕੋਈ ਨਾ ਤਾਰੇ ਬੇੜਾ, ਕਿਨਾਰਾ ਪਾਰ ਨਾ ਕੋਇ ਵਖਾਈਆ । ਆਵਣ ਜਾਵਣ ਕਟੇ ਕੋਈ ਨਾ ਗੇੜਾ, ਫਾਂਦਨ ਫੰਦ ਨਾ ਕੋਇ ਕਟਾਈਆ । ਕਲਜੁਗ ਜੀਵ ਕਰਨ ਮੇਰਾ ਮੇਰਾ, ਤੇਰੀ ਸਮਝ ਕਿਸੇ ਨਾ ਆਈਆ । ਸੋ ਪੁਰਖ ਨਿਰੰਜਣ ਉਚੇ ਟਿੱਲੇ ਚੜ੍ਹ ਕੇ ਵੇਖੇਂ ਕਰਕੇ ਵੱਡਾ ਜੇਰਾ, ਆਪ ਆਪਣਾ ਭੇਵ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਤਿ ਸਚ ਸੰਤਾਂ ਝੋਲੀ ਪਾਈਆ । ਸਤਿ ਕਹੇ ਮੈਂ ਭਗਤਾਂ ਜੋਗਾ, ਦਰ ਤੇਰੇ ਮੰਗ ਮੰਗਾਈਆ । ਉਚੀ ਕੂਕ

ਦੇਵਾਂ ਹੋਕਾ, ਦਰ ਤੇਰੇ ਅਲਖ ਜਗਾਈਆ । ਨਾਤਾ ਤੁੱਟੇ ਲੋਕ ਪਰਲੋਕਾ, ਜਗਤ ਜਹਾਨ ਨਾ ਕੋਇ ਵਖਾਈਆ । ਜੋ ਤੇਰਾ ਨਾਮ ਗਾਵਣ ਸਚ ਸਲੋਕਾ, ਤਿਨ੍ਹਾਂ ਨਾਤਾ ਦੇਣਾ ਮਿਲਾਈਆ । ਤੇਰੇ ਮਿਲਣ ਦਾ ਮਾਨਸ ਮਾਨੁਖ ਮਾਨਵ ਜਨਮ ਇਕੋ ਮੌਕਾ, ਵੇਲਾ ਗਿਆ ਹੱਥ ਨਾ ਆਈਆ । ਮੇਰੇ ਨਾਲ ਨਾ ਕਰੀਂ ਧੋਖਾ, ਧੁਰ ਦਾਤੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸੱਚਾ ਦੇਣਾ ਇਕ ਵਰ, ਸਦ ਤੇਰਾ ਰਾਹ ਤਕਾਈਆ । ਸਤਿ ਕਹੇ ਪ੍ਰਭ ਕਰ ਮਿਹਰ, ਮਿਹਰ ਨਜ਼ਰ ਉਠਾਈਆ । ਤੂੰ ਗੁਰੂ ਮੈਂ ਤੇਰਾ ਚੇਰ, ਬਣ ਚੇਲਾ ਸੇਵ ਕਮਾਈਆ । ਦੂਰ ਦੁਰਾਡੇ ਨਾ ਕਰਨੀ ਦੇਰ, ਨੇਰਨ ਨੇਰਾ ਨਜ਼ਰੀ ਆਈਆ । ਨਵ ਨੌਂ ਚਾਰ ਪਿਛੋਂ ਆਇਆ ਤੇਰਾ ਗੇੜ, ਗੇੜੇ ਗਿੜਦੀ ਵੇਖੀ ਸਰਬ ਲੋਕਾਈਆ । ਹਰਿ ਭਗਤ ਸੁਹੇਲੇ ਸਾਚੇ ਮੇਲ, ਮਿਲਣੀ ਆਪਨੇ ਨਾਉਂ ਕਰਾਈਆ । ਮੈਂ ਖ਼ੁਸ਼ੀਆਂ ਨਾਲ ਚੜ੍ਹਾਵਾਂ ਤੇਲ, ਗੀਤ ਸੁਹਾਗੀ ਤੇਰਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਮੇਰਾ ਪੜਦਾ ਦੇ ਚੁਕਾਈਆ । ਸਤਿ ਕਹੇ ਮੇਰਾ ਇਕੋ ਦਾਅਵਾ, ਪ੍ਰਭ ਤੇਰੀ ਓਟ ਤਕਾਈਆ । ਜਨ ਭਗਤਾਂ ਹੋਵੇ ਸਚ ਮਿਲਾਵਾ, ਮਿਲਣੀ ਹਰਿ ਜਗਦੀਸ ਕਰਾਈਆ । ਹੰਸ ਰੂਪ ਵੇਖਾਂ ਕਾਂਵਾਂ, ਕਾਗ ਨਜ਼ਰ ਕੋਇ ਨਾ ਆਈਆ । ਤਿਨ੍ਹ ਬਲਹਾਰੀ ਸਦਕੇ ਜਾਵਾਂ, ਜੋ ਪ੍ਰਭ ਤੇਰਾ ਨਾਮ ਧਿਆਈਆ । ਧੰਨ ਜਣੇਂਦੀਆਂ ਹੋਵਣ ਮਾਂਵਾਂ, ਸਫ਼ਲ ਕੁੱਖ ਕੁਖੜੀ ਭਾਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਮੇਰੀ ਆਸਾ ਪੂਰ ਕਰਾਈਆ । ਸਤਿ ਕਹੇ ਮੇਰਾ ਨਾਤਾ ਜੋੜ, ਪਾਰਬ੍ਰਹਮ ਤੇਰੀ ਸਰਨਾਈਆ । ਜਨ ਭਗਤਾਂ ਪਈ ਮੈਨੂੰ ਲੋੜ, ਨਾਤਾ ਤੁੱਟਿਆ ਸਰਬ ਲੋਕਾਈਆ । ਦਰ ਆਇਆ ਨਾ ਦੇਵੀਂ ਹੋੜ, ਮਿਹਰਵਾਨ ਨਾ ਧੱਕਾ ਲਾਈਆ । ਖ਼ਾਲੀ ਹੱਥ ਕਿਛ ਨਹੀਂ ਕੋਲ, ਮਾਣ ਤਾਣ ਨਾ ਕੋਇ ਵਡਿਆਈਆ । ਤੇਰੇ ਨਾਮ ਦਾ ਵਜਾਵਾਂ ਇਕੋ ਢੋਲ, ਡੰਕਾ ਤੇਰਾ ਹੱਥ ਉਠਾਈਆ । ਬਿਨ ਭਗਤ ਕਿਸੇ ਨਾਲ ਨਾ ਸਕਾਂ ਬੋਲ, ਸਾਂਝ ਪਿਆਰ ਨਾ ਕੋਇ ਰਖਾਈਆ । ਅੰਤਮ ਆਇਆ ਤੇਰੇ ਕੋਲ, ਡਰਦਾ ਡਰਦਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਾਈਆ । ਸਤਿ ਕਹੇ ਮੈਂ ਤੇਰਾ ਸੁੱਤ, ਸੁੱਤ ਅਪਰਾਧੀ ਨਜ਼ਰ ਕੋਇ ਨਾ ਆਈਆ । ਨਾ ਕਾਇਆ ਨਾ ਕੋਈ ਬੁੱਤ, ਬੁੱਤਖ਼ਾਨੇ ਡੇਰਾ ਨਾ ਕੋਇ ਵਖਾਈਆ । ਨਾ ਬਹਾਰ ਨਾ ਕੋਈ ਰੁੱਤ, ਪੱਤ ਡਾਲੀ ਨਾ ਕੋਇ ਮਹਿਕਾਈਆ । ਨਾ ਗ਼ਮੀ ਨਾ ਹੋਵਾਂ ਖ਼ੁਸ਼, ਸਦ ਤੇਰੇ ਰੰਗ ਸਮਾਈਆ । ਇਕੋ ਭੇਵ ਰਿਹਾ ਪੁੱਛ, ਦੋਏ ਜੋੜ ਸੀਸ ਨਿਵਾਈਆ । ਕਵਣ ਵੇਲਾ ਪ੍ਰਭ ਗੋਦੀ ਲਵੇਂ ਚੁੱਕ, ਫੜ ਬਾਂਹੋਂ ਗਲੇ ਲਗਾਈਆ । ਕਲਜੁਗ ਵਿਚ ਮੈਨੂੰ ਤੇਰੇ ਮਿਲਣ ਦੀ ਰਹੀ ਭੁੱਖ, ਫੜ ਬਾਂਹੋਂ ਨਾ ਕੋਇ ਮਿਲਾਈਆ । ਜਿਧਰ ਵੇਖਾਂ ਦਿਸੇ ਦੁੱਖ, ਸਾਧ ਸੰਤ ਰਹੇ ਕੁਰਲਾਈਆ । ਆਪਨਾ ਬਲ ਧਾਰ ਕੇ ਆਇਆ ਉਠ, ਨਾਤਾ ਤੋੜ ਜਗਤ ਲੋਕਾਈਆ । ਮੈਂ ਵੇਖਿਆ ਪ੍ਰਭ ਭਗਤਾਂ ਉਤੇ ਰਿਹਾ ਤੁਠ, ਦੀਨ ਦਿਆਲ ਦਇਆ ਕਮਾਈਆ । ਜੇ ਦਾਤ ਦੇਵੇ ਮੈਨੂੰ ਕੁਛ, ਮੇਰੀ ਕਿਸਮਤ ਦਏ ਬਦਲਾਈਆ । ਮੈਂ ਭਗਤਾਂ ਨਾਲ ਮਿਲ ਕੇ ਹੋ ਜਾਵਾਂ ਚੁੱਪ, ਉਚੀ ਕੂਕ ਨਾ ਕੋਇ ਜਣਾਈਆ । ਜੁਗ ਵਿਛੜੇ ਜੇ ਮੇਲੇ ਪੁਤ, ਕਿਉਂ ਪਿਤਾ ਮੋਹੇ ਭੁਲਾਈਆ । ਭਗਤਾਂ ਨਾਲ ਸੋਹੇ ਮੇਰੀ ਰੁੱਤ, ਤੇਰੀ ਫਲਵਾੜੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਨੀ ਕਿਰਪਾ ਕਰ, ਸੱਚਾ ਦੇਣਾ ਇਕੋ ਵਰ, ਸਦ ਤੇਰੇ ਰੰਗ ਸਮਾਈਆ । ਸਤਿ ਕਹੇ ਤੇਰਾ ਭਗਤ ਅਪਾਰ, ਅਪਰੰਪਰ ਤੇਰੀ ਵਡਿਆਈਆ । ਜਿਸ ਦਾ ਲੇਖ ਰਹੇ ਜੁਗ ਚਾਰ, ਜੁਗ ਚੌਕੜੀ ਮਿਲੇ ਵਡਿਆਈਆ ।

੧੦੭੧
੧੫

ਜਿਸ ਦਾ ਲੇਖਾ ਲਿਖੇ ਸਿਰਣਹਾਰ, ਦੂਸਰ ਹੱਥ ਨਾ ਕਿਸੇ ਫੜਾਈਆ । ਮੈਂ ਵਾਰਨੇ ਜਾਵਾਂ ਬਲਹਾਰ, ਬਲਹਾਰੀ ਗੁਰ ਸਤਿਗੁਰ ਤੇਰੀ ਸਰਨਾਈਆ । ਕਰ ਕਿਰਪਾ ਮੋਹੇ ਤਾਰ, ਤਾਰਨਹਾਰ ਬੇਪਰਵਾਹੀਆ । ਮੈਂ ਘੋਲ ਘੁਮਾਈ ਆਪਾ ਦਿਤਾ ਵਾਰ, ਲੇਖਾ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਕਰ ਪਿਆਰ, ਸਚ ਇਸ਼ਾਰੇ ਨਾਲ ਜਣਾਈਆ । ਸਤਿ ਤੂੰ ਵਸਣਾ ਸਤਿ ਦੁਆਰ, ਸਤਿ ਦੁਆਰਾ ਭਗਤ ਰਹੇ ਬਣਾਈਆ । ਜਿਸ ਦੀ ਛੱਤੀ ਜੁਗ ਕਰਦੇ ਰਹੇ ਵਿਚਾਰ, ਵਿਚਰ ਸਕੇ ਕੋਇ ਨਾ ਰਾਈਆ । ਸੋ ਮੰਦਰ ਬਣਿਆ ਹਰਿ ਨਿਰੰਕਾਰ, ਨਿਰਗੁਣ ਬੈਠਾ ਆਸਣ ਲਾਈਆ । ਜਨ ਭਗਤਾਂ ਕਰੇ ਸਚ ਪਿਆਰ, ਸਤਿ ਤੇਰਾ ਦੇਵੇ ਜੋੜ ਜੁੜਾਈਆ । ਦੋਹਾਂ ਮਿਲ ਕੇ ਕਰਨਾ ਇਕ ਵਿਹਾਰ, ਵਿਵਹਾਰੀ ਆਪ ਜਣਾਈਆ । ਸਤਿ ਜੁਗ ਜੁਗ ਸਤਿ ਦੀ ਚਲੇ ਕਾਰ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਲੇਖ ਜਾਣੇ ਧੁਰ ਦਰਬਾਰ ।

## ✪ ੧੧ ਮੱਘਰ ੨੦੨੦ ਬਿਕ੍ਰਮੀ ਚਰਨ ਸਿੰਘ ਦੇ ਗ੍ਰਿਹ ਕੱਤੋਵਾਲ ਜ਼ਿਲਾ ਗੁਰਦਾਸਪੁਰ ✪

ਸਤਿ ਦੇਵੇ ਪ੍ਰਭ ਏਕੋ ਦਾਨ, ਵਡ ਦਾਤਾ ਦਇਆ ਕਮਾਇੰਦਾ । ਭਗਤਾਂ ਨਾਲ ਕਰ ਪਰਵਾਨ, ਸਿਰ ਤੇਰੇ ਹੱਥ ਰਖਾਇੰਦਾ । ਜੁਗ ਚੌਕੜੀ ਸਾਧ ਸੰਤ ਤੈਨੂੰ ਲੱਭਦੇ ਬੀਆਬਾਨ, ਜੰਗਲ ਜੂਹ ਉਜਾੜ ਪਹਾੜ ਸਰਬ ਖੋਜ ਖੋਜਾਇੰਦਾ । ਮੰਦਰ ਮਸਜਦ ਸ਼ਿਵਦਵਾਲੇ ਮੱਠ ਤੇਰਾ ਲੱਭਦੇ ਫਿਰਨ ਨਿਸ਼ਾਨ, ਤੇਰਾ ਰੂਪ ਨਜ਼ਰ ਕਿਸੇ ਨਾ ਆਇੰਦਾ । ਰਸਨਾ ਜਿਹਵਾ ਬੱਤੀ ਦੰਦ ਸ਼ਾਸਤਰ ਸਿਮਰਤ ਵੇਦ ਪੁਰਾਨ ਦੇਣ ਤੇਰਾ ਗਿਆਨ, ਤੇਰੀ ਸਮਝ ਕੋਇ ਨਾ ਪਾਇੰਦਾ । ਤੀਰਥ ਤਟ ਨਹਾ ਨਹਾ ਦੁਰਮਤ ਮੈਲ ਸਰਬ ਧਵਾਣ, ਤੇਰਾ ਸਤਿ ਰੰਗ ਨਾ ਕੋਇ ਰੰਗਾਇੰਦਾ । ਨੌ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਜੀਵ ਹੋਏ ਅਵਾਣ, ਬਾਲੀ ਬੁੱਧ ਸਰਬ ਕੁਰਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਵਸੇਰਾ ਇਕ ਘਰ, ਜਨ ਭਗਤ ਦੁਆਰੇ ਆਪ ਰਖਾਇੰਦਾ । ਸੁਣ ਸਤਿ ਪੁਰਖ ਸਮਰਥ ਦੱਸੇ, ਹਰਿ ਕਰਤਾ ਭੇਵ ਚੁਕਾਈਆ । ਜੁਗ ਚੌਕੜੀ ਤੈਨੂੰ ਲੱਭ ਲੱਭ ਥੱਕੇ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖ ਵਖਾਈਆ । ਪੀਰ ਪੈਗ਼ੰਬਰ ਕਹਿ ਕੇ ਗਏ ਏਕਾ ਮਦੀਨੇ ਮੱਕੇ, ਮੱਕਾ ਕਾਅਬਾ ਕਾਇਆ ਸਮਝ ਕੋਇ ਨਾ ਪਾਈਆ । ਪੰਡਤ ਪਾਂਧੇ ਪੜ੍ਹ ਪੜ੍ਹ ਥੱਕੇ, ਖੋਜਤ ਖੋਜਤ ਵੇਖ ਵਖਾਈਆ । ਜਗਤ ਜੀਵ ਤੇਰੇ ਬਣੇ ਨਾ ਮਾਤ ਸਕੇ, ਸੱਜਣ ਨਜ਼ਰ ਕੋਇ ਨਾ ਆਈਆ । ਕੂੜੀ ਕਿਰਿਆ ਅੰਦਰ ਫਸੇ, ਸਤਿ ਰੰਗ ਨਾ ਕੋਇ ਰੰਗਾਈਆ । ਮਾਇਆ ਮਮਤਾ ਨਾਲ ਹੱਸੇ, ਹਸਤੀ ਆਪਣੀ ਸਮਝ ਸਕੇ ਕੋਈ ਨਾ ਰਾਈਆ । ਕਾਮ ਕਰੋਧ ਵਿਕਾਰੇ ਅੰਦਰ ਢੱਠੇ, ਬੰਕ ਸਕੇ ਨਾ ਕੋਇ ਬਣਾਈਆ । ਤ੍ਰੈਗੁਣ ਮਾਇਆ ਕੀਤੇ ਤੱਤੇ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ਤੇਰੇ ਨਾਲ ਕੋਈ ਨਾ ਵਸੇ, ਖੇੜਾ ਸਚ ਨਾ ਕੋਇ ਸੁਹਾਈਆ । ਕਰ ਕਿਰਪਾ ਪ੍ਰਭ ਭਗਤ ਤੇਰੇ ਨਾਲ ਕੀਤੇ ਕੱਠੇ, ਏਕਾ ਦੂਆ ਜੋੜ ਜੁੜਾਈਆ । ਦੋਵੇਂ ਬਣੇ ਪੁਰਖ ਅਕਾਲ ਦੇ ਬੱਚੇ, ਬਚਪਨ ਇਕੋ ਜੇਹਾ ਵਖਾਈਆ । ਸਚ ਦੁਆਰੇ ਕਦੇ ਨਾ ਰਹਿਣ ਕੱਚੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੀ ਆਸਾ ਤੇਰੀ ਝੋਲੀ ਪਾਈਆ । ਸਤਿ ਦੁਆਰੇ ਤੇਰਾ ਪਏ ਮੁਲ, ਹਰਿ ਕੀਮਤ ਆਪ ਚੁਕਾਈਆ ।

ਭਗਤ ਪ੍ਰੀਤੀ ਜਾਣਾ ਘੁਲ, ਸਾਚੀ ਸਿਖਿਆ ਇਕ ਦ੍ਰਿੜਾਈਆ । ਧੁਰ ਦੇ ਕੰਡੇ ਜਾਣਾ ਤੁਲ, ਹਰਿ ਤੋਲਾ ਇਕੋ ਨਜ਼ਰੀ ਆਈਆ । ਕੂੜੀ ਕਿਰਿਆ ਵਿਚ ਨਾ ਜਾਣਾ ਰੁਲ, ਖ਼ਾਕੀ ਖ਼ਾਕ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿ ਕਹੇ ਮੈਂ ਨਾ ਜਾਣਾ ਕਰਮ, ਪ੍ਰਭ ਮੇਰੀ ਸਾਰ ਮੋਹੇ ਨਾ ਆਈਆ । ਮੇਰਾ ਨਾਤਾ ਨਾਲ ਨਾ ਕਿਸੇ ਵਰਨ, ਬਰਨ ਗੰਢ ਨਾ ਕੋਇ ਪਵਾਈਆ । ਦੀਨ ਮਜ਼੍ਹਬ ਸਾਰੇ ਲੜਨ, ਲੋਕਮਾਤ ਪਈ ਲੜਾਈਆ । ਸਾਧ ਸੰਤ ਮੈਥੋਂ ਡਰਨ, ਬੈਠੇ ਮੁਖ ਛੁਪਾਈਆ । ਕਲਜੁਗ ਜੀਵ ਰਸਨਾ ਪੜ੍ਹਨ, ਅੰਦਰ ਡੇਰਾ ਨਾ ਕੋਇ ਲਗਾਈਆ । ਮੇਰੀ ਡੋਰੀ ਨਾ ਕੋਈ ਫੜਨ, ਪੱਲੂ ਗੰਢ ਨਾ ਕੋਇ ਬੰਧਾਈਆ । ਆਪਣੀ ਕਰਨੀ ਸਾਰੇ ਭਰਨ, ਕਰਤੇ ਤੇਰਾ ਨਾਉਂ ਭੁਲਾਈਆ । ਧੰਨ ਭਾਗ ਤੂੰ ਕਿਰਪਾ ਕਰ ਕੇ ਲਾਇਆ ਆਪਣੇ ਚਰਨ, ਹਰਿ ਦਿਤੀ ਮਾਣ ਵਡਿਆਈਆ । ਭਗਤ ਸੁਹੇਲੇ ਤੇਰੇ ਦਰ ਤੇ ਖੜਨ, ਦਰ ਸਾਚੇ ਸੋਭਾ ਪਾਈਆ । ਮਹੱਲ ਅਟੱਲ ਉਚ ਮਨਾਰੇ ਚੜ੍ਹਨ, ਸਚਖੰਡ ਜਾਵਣ ਚਾਈਂ ਚਾਈਆ । ਜੀਂਵਦਿਆਂ ਦਰ ਤੇਰੇ ਮਰਨ, ਮਰਿਆਂ ਮਰਨ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਦਿਤਾ ਇਕ ਵਰ, ਮੇਰਾ ਲੇਖਾ ਲਿਆ ਲਗਾਈਆ । ਸੁਣ ਸਤਿ ਹਰਿ ਸਚ ਸੰਦੇਸਾ, ਸ੍ਰੀ ਭਗਵਾਨ ਆਪ ਜਣਾਈਆ । ਜੁਗ ਚੌਕੜੀ ਤੇਰਾ ਧੁਰ ਦਾ ਪੇਸ਼ਾ, ਕਰਨੀ ਕਰਤਾ ਇਕ ਵਖਾਈਆ । ਦੇਵੇ ਵਡਿਆਈ ਨਰ ਨਰੇਸ਼ਾ, ਨਰ ਨਰਾਇਣ ਰਿਹਾ ਸਮਝਾਈਆ । ਜਨ ਭਗਤਾਂ ਕਰਨਾ ਇਕੋ ਹੇਤਾ, ਪ੍ਰੇਮ ਪ੍ਰੀਤੀ ਜੋੜ ਜੁੜਾਈਆ । ਸਦੀ ਬੀਸਵੀਂ ਰੱਖਣਾ ਚੇਤਾ, ਚੇਤਨ ਤੇਰਾ ਰੂਪ ਕਰਾਈਆ । ਸ਼ਬਦ ਸੁਆਮੀ ਖੋਲ੍ਹੇ ਭੇਤਾ, ਅਨਭਵ ਆਪ ਦ੍ਰਿੜਾਈਆ । ਆਦਿ ਜੁਗਾਦੀ ਤੂੰ ਪੁੱਤ ਪਲੇਠਾ, ਪਾਰਬ੍ਰਹਮ ਪ੍ਰਭ ਆਪਣੀ ਗੋਦ ਬਹਾਈਆ । ਭਗਤਾਂ ਸੰਗ ਤੇਰਾ ਲੇਖਾ, ਦੂਜਾ ਮੀਤ ਨਾ ਕੋਇ ਵਖਾਈਆ । ਸਚ ਦੁਆਰੇ ਖੇਲੀਂ ਖੇਡਾ, ਗ੍ਰਿਹ ਮੰਦਰ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਖੇਲ ਰਿਹਾ ਰਚਾਈਆ । ਸਤਿ ਕਹੇ ਮੈਂ ਹੋਇਆ ਵਡ ਭਾਗੀ, ਪ੍ਰਭ ਪਾਇਆ ਗਹਿਰ ਗੰਭੀਰ । ਮੇਰੀ ਧਾਰ ਸੋਈ ਜਾਗੀ, ਹਰਿ ਬਦਲ ਦਿਤੀ ਤਕਦੀਰ । ਜਨ ਭਗਤਾਂ ਬਣਿਆ ਧੁਰ ਦਾ ਸਾਥੀ, ਦੂਜੀ ਕੱਟੀ ਮਾਤ ਜ਼ੰਜੀਰ । ਮਿਲ ਕੇ ਗਾਵਾਂ ਇਕੋ ਗਾਥੀ, ਵਡ ਦਾਤੇ ਉਚੇ ਪੀਰ । ਜਾਮ ਪਿਆਇਆ ਬਣ ਕੇ ਸਾਕੀ, ਅੰਤਰ ਆਤਮ ਦਿਤੀ ਧੀਰ । ਪੜਦਾ ਲਾਹ ਖੋਲ੍ਹੀ ਤਾਕੀ, ਚੋਟੀ ਚਾੜ੍ਹ ਵਖਾਇਆ ਅਖ਼ੀਰ । ਮੈਂ ਮੰਨਾਂ ਤੇਰੀ ਆਖੀ, ਤੇਰਾ ਹੁਕਮ ਬੇਨਜ਼ੀਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਦੇਣੀ ਇਕੋ ਪਾਤੀ, ਨਾਮ ਨਿਧਾਨ ਬਿਨ ਕਾਇਆ ਤਤ ਸਰੀਰ । ਧੁਰ ਦੀ ਪਾਤੀ ਲੈ ਨਾਮ, ਸੋ ਸਤਿ ਗੁਰ ਝੋਲੀ ਪਾਈਆ । ਜਨ ਭਗਤਾਂ ਦੇ ਪੈਗ਼ਾਮ, ਸਚ ਸੰਦੇਸਾ ਇਕ ਜਣਾਈਆ । ਉਠੋ ਵੇਖੋ ਸ੍ਰੀ ਭਗਵਾਨ, ਸ਼ਾਹ ਪਾਤਸ਼ਾਹ ਫੇਰਾ ਪਾਈਆ । ਹਰਿਜਨ ਵੇਖੇ ਬਾਲ ਅਵਾਣ, ਭਗਤ ਭਗਵਾਨ ਰਿਹਾ ਜਗਾਈਆ । ਦੋਹਾਂ ਮੇਲਾ ਵਿਚ ਜਹਾਨ, ਜੁਗਤੀ ਆਪਣੀ ਨਾਲ ਜੁੜਾਈਆ । ਬਿਨ ਅੱਖਾਂ ਕਰੋ ਪਹਿਚਾਨ, ਬਿਨ ਹੱਥਾਂ ਹੱਥ ਮਿਲਾਈਆ । ਬਿਨ ਰਸਨਾ ਬੋਲੋ ਜ਼ਬਾਨ, ਬਿਨ ਦੰਦਾਂ ਢੋਲਾ ਗਾਈਆ । ਬਿਨ ਮੰਗਿਆਂ ਮਿਲੇ ਦਾਨ, ਖ਼ਾਲੀ ਝੋਲੀ ਲਓ ਭਰਾਈਆ । ਲੇਖਾ ਜਾਣੇ ਦੋ ਜਹਾਨ, ਦੋਏ ਦੋਏ ਆਪਣੀ ਕਾਰ ਕਮਾਈਆ । ਸਤਿ ਸਤਿ ਦਾ ਇਕ ਨਿਸ਼ਾਨ, ਭਗਤ ਭਗਵਾਨ ਦਏ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸੱਚਾ ਹਰਿ, ਮਹੱਲ ਅਟੱਲ ਇਕ ਰੁਸ਼ਨਾਈਆ । ਸਤਿ ਪੁਰਖ ਕਹੇ ਤੇਰਾ ਸਤਿ ਨਿਸ਼ਾਨਾ,

ਸਚ ਦੁਆਰੇ ਆਪ ਝੁਲਾਈਆ । ਸਤਿ ਮਰਦ ਸਤਿ ਮਰਦਾਨਾ, ਸਤਿ ਮਰਦਾਨਗੀ ਆਪ ਕਮਾਈਆ । ਸਤਿ ਵਿਸ਼ਨ ਬ੍ਰਹਮਾ ਸ਼ਿਵ ਦੇਵੇ ਨਾਮ ਗਿਆਨਾ, ਸਤਿ ਸਚ ਕਰੇ ਪੜ੍ਹਾਈਆ । ਸਤਿ ਗੁਰ ਅਵਤਾਰ ਪੀਰ ਪੈਗ਼ੰਬਰ ਪਹਿਰੇ ਬਾਣਾ, ਨਿਰਗੁਣ ਸਰਗੁਣ ਰੂਪ ਵਟਾਈਆ । ਸਤਿ ਸ਼ਾਸਤਰ ਸਿਮਰਤ ਵੇਦ ਲਿਖੇ ਪੁਰਾਨਾ, ਪੁਰਾਨ ਪਰਾਨੀ ਦਏ ਜਣਾਈਆ । ਸਤਿ ਗੀਤ ਇਕ ਵਖਾਨਾ, ਅੱਠ ਦੱਸ ਜੋੜ ਜੁੜਾਈਆ । ਸਤਿ ਪੜਦਾ ਲਾਹ ਅੰਜੀਲ ਕੁਰਾਨਾ, ਕਾਇਆ ਕਾਅਬਾ ਦਏ ਸਮਝਾਈਆ । ਸਤਿ ਸ਼ਬਦੀ ਰਾਗ ਧੁਰ ਤਰਾਨਾ, ਖਾਣੀ ਬਾਣੀ ਬੂਝ ਬੁਝਾਈਆ । ਸਤਿ ਜੁਗ ਚੌਕੜੀ ਖੇਲ ਕਰੇ ਮਹਾਨਾ, ਸਤਿ ਸਤਿਵਾਦੀ ਫੇਰਾ ਪਾਈਆ । ਸਤਿ ਸਤਿ ਪਹਿਰੇ ਆਪਣਾ ਬਾਣਾ, ਕਲ ਕਲਕੀ ਵੇਸ ਵਟਾਈਆ । ਸਤਿ ਵਸੇ ਇਕ ਮਕਾਨਾ, ਸੰਬਲ ਨਗਰ ਸੋਭਾ ਪਾਈਆ । ਸਤਿ ਹੋਵੇ ਜਾਣੀ ਜਾਣਾ, ਜਾਨਣਹਾਰ ਇਕ ਅਖਵਾਈਆ । ਸਤਿ ਭਗਤ ਸਤਿ ਭਗਵਾਨਾ, ਸਤਿ ਦੋਹਾਂ ਵਿਚ ਸਮਾਈਆ । ਬਿਨ ਸਤਿ ਨਾ ਕੋਈ ਪੈਮਾਨਾ, ਪੈਮਾਇਸ਼ ਵਿਚ ਨਾ ਕਿਸੇ ਲਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਭਗਤ ਦੁਆਰੇ ਨਿਰਗੁਣ ਖੜ, ਸਤਿ ਸਤਿ ਤੇਰੀ ਲਾਏ ਜੜ੍ਹ, ਬੂਟਾ ਨਿਰਵੈਰ ਨਿਰਪੱਖ ਆਪ ਝੁਲਾਈਆ ।

## ੧੧ ਮੱਘਰ ੨੦੨੦ ਬਿਕ੍ਰਮੀ ਚਰਨ ਸਿੰਘ ਦੇ ਗ੍ਰਿਹ ਨਵਾਂ ਪਿੰਡ



ਭਗਤ ਕਹੇ ਮੇਰੀ ਆਸਾ ਪੁਨੀ, ਪ੍ਰਭ ਤ੍ਰਿਸਨਾ ਜਨਮ ਮਿਟਾਈਆ । ਸਚ ਪੁਕਾਰ ਦਰਗਹਿ ਸੁਣੀ, ਸਚਖੰਡ ਨਿਵਾਸੀ ਵੇਖ ਵਖਾਈਆ । ਨਿਰਗੁਣ ਦਾਤਾ ਵਡ ਗੁਣ ਗੁਣੀ, ਗਹਿਰ ਗੰਭੀਰ ਵੇਖ ਵਖਾਈਆ । ਨਾਮ ਉਪਜਾਏ ਅਗੰਮੀ ਧੁਨੀ, ਧੁੰਨ ਅਨਹਦ ਨਾਦੀ ਰਾਗ ਸੁਣਾਈਆ । ਲੱਖ ਚੁਰਾਸੀ ਛਾਣੀ ਪੁਣੀ, ਸੰਤ ਸੁਹੇਲੇ ਲਏ ਉਠਾਈਆ । ਕੋਈ ਭੇਵ ਨਾ ਜਾਣੇ ਰਿਖੀ ਮੁਨੀ, ਜਗਤ ਤਪੀਸ਼ਰ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਪੜਦਾ ਰਿਹਾ ਚੁਕਾਈਆ । ਭਗਤ ਕਹੇ ਮੇਰੀ ਆਸਾ ਪੂਰ, ਮਨਸਾ ਜਗਤ ਮਿਟਾਈਆ । ਸ਼ਹਿਨਸ਼ਾਹ ਮਿਲਿਆ ਹਾਜ਼ਰ ਹਜ਼ੂਰ, ਹਰਿ ਹਜ਼ਰਤ ਨਜ਼ਰੀ ਆਈਆ । ਕੋਟ ਜਨਮ ਦੇ ਮੁਆਫ਼ ਕਰੇ ਕ਼ਸੂਰ, ਮਿਹਰ ਨਜ਼ਰ ਨੈਣ ਉਠਾਈਆ । ਪੰਧ ਮਿਟਾਵੇ ਨੇੜਾ ਦੂਰ, ਦੋ ਜਹਾਨਾਂ ਡੇਰਾ ਢਾਹੀਆ । ਨਾਤਾ ਤੋੜੇ ਕਿਰਿਆ ਕੂੜ, ਸਚ ਸੁਚ ਦਏ ਸਮਝਾਈਆ । ਚਤੁਰ ਬਣਾਏ ਮੂਰਖ ਮੂੜ੍ਹ, ਸਾਚਾ ਨਾਮ ਕਰੇ ਪੜ੍ਹਾਈਆ । ਅੰਮ੍ਰਿਤ ਦੇਵੇ ਇਕ ਸਰੂਰ, ਨਿਝਰ ਝਿਰਨਾ ਰਿਹਾ ਝਿਰਾਈਆ । ਹੰਗਤਾ ਗੜ੍ਹ ਤੋੜ ਗ਼ਰੂਰ, ਨਿਵਣ ਸੋ ਅੱਖਰ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਸਦਾ ਸਹਾਈਆ । ਜਨ ਭਗਤ ਕਹੇ ਪ੍ਰਭ ਪਾਇਆ ਠਾਕਰ, ਘਰ ਵੱਜੀ ਨਾਮ ਵਧਾਈਆ । ਲੱਗਾ ਭਾਗ ਕਾਇਆ ਗਾਗਰ, ਸਾਢੇ ਤਿੰਨ ਹੱਥ ਖ਼ੁਸ਼ੀ ਵਖਾਈਆ । ਵਣਜ ਕਰਾਇਆ ਧੁਰ ਸੌਦਾਗਰ, ਨਾਮ ਅਮੋਲਕ ਹੀਰਾ ਇਕ ਜਣਾਈਆ । ਸਤਿ ਸਤਿਵਾਦੀ ਸ਼ਬਦ ਅਗੰਮੀ ਦਿਤੀ ਚਾਦਰ, ਓਢਨ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਭਗਤ ਕਹੇ ਪ੍ਰਭ ਪਾਇਆ ਘਰ ਮੰਦਰ, ਗ੍ਰਿਹ ਇਕੋ ਨਜ਼ਰੀ ਆਈਆ । ਕਰਿਆ ਪਰਕਾਸ਼ ਅੰਧੇਰੀ ਕੰਦਰ, ਡੂੰਘੀ ਭਵਰ ਕਰੀ ਰੁਸ਼ਨਾਈਆ । ਬਜਰ ਕਪਾਟੀ ਤੋੜ ਜੰਦਰ, ਜ਼ਿੰਦਗੀ ਜ਼ਿੰਦਗੀ ਵਿਚੋਂ ਬਦਲਾਈਆ । ਮਹੱਲ

੧੦੭੪
੧੫

ਬਣਾ ਉਜੜਿਆ ਖੰਡਰ, ਮੇਰਾ ਖੇੜਾ ਦਿਤਾ ਵਸਾਈਆ । ਮਨ ਮਨੂਆ ਨਾ ਭਵੇ ਬੰਦਰ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਇਆ ਕਮਾਈਆ । ਜਨ ਭਗਤ ਕਹੇ ਤਨ ਚਾਉਂ ਘਨੇਰਾ, ਮਨ ਵੱਜੇ ਨਾਮ ਵਧਾਈਆ । ਲੇਖਾ ਚੁਕਿਆ ਤੇਰਾ ਮੇਰਾ, ਦੂਈ ਦਵੈਤੀ ਡੇਰਾ ਢਾਹਿਆ । ਉਲਟਾ ਦਿਤਾ ਹਰਿ ਜੂ ਗੇੜਾ, ਘਰ ਘਰ ਵਿਚ ਦਏ ਵਖਾਈਆ । ਪੰਚ ਵਿਕਾਰਾ ਮੁਕਾ ਝੇੜਾ, ਕਾਮ ਕਰੋਧ ਲੋਭ ਮੋਹ ਹੰਕਾਰ ਨਾ ਕੋਇ ਲੜਾਈਆ । ਸੁਆਮੀ ਦਿਸਿਆ ਨੇਰਨ ਨੇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਈਆ । ਜਨ ਭਗਤ ਕਹੇ ਪ੍ਰਭ ਪਾਇਆ ਬੇਅੰਤ, ਬੇਅੰਤ ਵੱਡੀ ਵਡਿਆਈਆ । ਘਰ ਸੱਜਣ ਮਿਲਿਆ ਕੰਤ, ਨਾਰ ਸੁਹਾਗਣ ਖ਼ੁਸ਼ੀ ਮਨਾਈਆ । ਦੇਵੇ ਵਡਿਆਈ ਵਿਚ ਜੀਵ ਜੰਤ, ਜਾਗਰਤ ਜੋਤ ਕਰੇ ਰੁਸ਼ਨਾਈਆ । ਨਾਮ ਸਮਝਾਏ ਆਪਣਾ ਮੰਤ, ਮੰਤਰ ਇਕੋ ਇਕ ਦ੍ਰਿੜਾਈਆ । ਬੋਧ ਅਗਾਧਾ ਬਣ ਕੇ ਪੰਡਤ, ਸਾਚੀ ਵਿਦਿਆ ਦਏ ਸਮਝਾਈਆ । ਮਾਣਸ ਜਨਮ ਨਾ ਹੋਵੇ ਖੰਡਤ, ਕੂੜੀ ਕਿਰਿਆ ਮੇਟ ਮਿਟਾਈਆ । ਨਾਤਾ ਤੋੜ ਜੇਰਜ ਅੰਡਜ, ਉਤਭੁਜ ਸੇਤਜ ਪੰਧ ਮੁਕਾਈਆ । ਮੇਲ ਮਿਲਾ ਆਪਣੀ ਸੰਗਤ, ਸੰਗੀਤ ਧੁਰ ਦਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਲਏ ਉਠਾਈਆ । ਜਨ ਭਗਤ ਕਹੇ ਮੇਰਾ ਚੁਕਿਆ ਅੰਧੇਰਾ, ਅੰਧ ਰਹਿਣ ਨਾ ਪਾਈਆ । ਸ੍ਰੀ ਭਗਵਾਨ ਵਸਾਇਆ ਸਾਚਾ ਖੇੜਾ, ਤਨ ਖਿੜਕੀ ਆਪ ਖੁਲ੍ਹਾਈਆ । ਆਤਮ ਸੇਜਾ ਨਜ਼ਰੀ ਆਇਆ ਇਕੋ ਪਿਰ ਮੇਰਾ, ਪ੍ਰੀਤਮ ਬੈਠਾ ਬੇਪਰਵਾਹੀਆ । ਜੁਗ ਚੌਕੜੀ ਬੰਨ੍ਹਣਹਾਰਾ ਬੇੜਾ, ਖੇਵਟ ਖੇਟਾ ਆਪਣੇ ਕੰਧ ਉਠਾਈਆ । ਸਚਖੰਡ ਦੁਆਰੇ ਜਿਸ ਦਾ ਡੇਰਾ, ਦਰਗਹਿ ਸਾਚੀ ਸੋਭਾ ਪਾਈਆ । ਜਨ ਭਗਤਾਂ ਮਿਲੇ ਵਿਚ ਕਲਜੁਗ ਅੰਧ ਅੰਧੇਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਸੰਤ ਸੁਹੇਲੇ ਅੰਗ ਲਗਾਈਆ । ਭਗਤ ਕਹੇ ਘਰ ਆਇਆ ਰਾਮ, ਰਮਈਆ ਆਪਣੀ ਦਇਆ ਕਮਾਈਆ । ਨਜ਼ਰੀ ਆਇਆ ਸੱਚਾ ਕਾਹਨ, ਘਨਈਆ ਆਪਣੀ ਧਾਰ ਸਮਝਾਈਆ । ਸਤਿ ਸਰੂਪੀ ਦੇਵੇ ਜਾਮ, ਅੰਮ੍ਰਿਤ ਰਸ ਇਕੋ ਇਕ ਵਖਾਈਆ । ਭਾਗ ਲਗਾਏ ਨਗਰ ਗਰਾਮ, ਬੰਕ ਦੁਆਰੇ ਵੱਜੇ ਵਧਾਈਆ । ਮਹੱਲ ਵਸਾਏ ਅਜ਼ੀਮ ਉਲਸ਼ਾਨ, ਆਲੀਸ਼ਾਨ ਇਕੋ ਨਜ਼ਰੀ ਆਈਆ । ਸਾਚਾ ਦੇਵੇ ਧੁਰ ਦਾ ਨਾਮ, ਸੁਰਤ ਸਵਾਣੀ ਕਰੇ ਪੜ੍ਹਾਈਆ । ਸਚ ਸੰਦੇਸਾ ਦਏ ਪੈਗ਼ਾਮ, ਕਲਮਾ ਨਬੀ ਰਸੂਲ ਜਣਾਈਆ । ਨਜ਼ਰੀ ਆਇਆ ਇਕ ਅਮਾਮ, ਪਰਵਰਦਿਗਾਰ ਨੂਰ ਇਲਾਹੀਆ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵੇਖ ਵਖਾਈਆ । ਧਰਮ ਜਣਾਏ ਇਕ ਨਿਸ਼ਾਨ, ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣ ਚਾਈਂ ਚਾਈਆ । ਮੰਦਰ ਸੁਹਾਏ ਉਚ ਮਕਾਨ, ਸਚਖੰਡ ਸਾਚੇ ਵੱਜੇ ਵਧਾਈਆ । ਜਨ ਭਗਤਾਂ ਮਿਲੇ ਆਣ, ਨਿਰਗੁਣ ਸਰਗੁਣ ਰੂਪ ਵਟਾਈਆ । ਸਚ ਪ੍ਰੀਤੀ ਦਏ ਗਿਆਨ, ਬੋਧ ਅਗਾਧ ਕਰੇ ਪੜ੍ਹਾਈਆ । ਬਿਨ ਹਰਿ ਨਾਮੇ ਅੰਤ ਸਾਰੇ ਪਛਤਾਣ, ਪਸਚਾਤਾਪ ਕਰੇ ਲੋਕਾਈਆ । ਜਿਸ ਭਗਤ ਹਰਿ ਪ੍ਰਭ ਠਾਕਰ ਮਿਲਿਆ ਆਣ, ਤਿਸ ਲੇਖਾ ਮੰਗੇ ਕੋਇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਜਨ ਭਗਤ ਅਗਲਾ ਪਿਛਲਾ ਲੇਖਾ ਚੁੱਕੇ, ਚੁਰਾਸੀ ਗੇੜ ਰਹਿਣ ਨਾ ਪਾਈਆ । ਰਾਏ ਧਰਮ ਦਰ ਤੇ ਝੁਕੇ, ਚਿਤਰ ਗੁਪਤ ਨਾ ਲੇਖ ਵਖਾਈਆ । ਪੁਰਖ ਅਬਿਨਾਸ਼ੀ ਅੰਤਮ ਆਪਣੀ ਗੋਦੀ ਚੁੱਕੇ, ਸ਼ਬਦ ਬਬਾਣੇ

ਲਏ ਬਿਠਾਈਆ । ਅਧਵਿਚਕਾਰ ਕਿਤੇ ਨਾ ਰੁਕੇ, ਦਰਗਹਿ ਸਾਚੀ ਜਾਵੇ ਵਾਹੋ ਦਾਹੀਆ । ਮਿਲੇ ਮੇਲ ਅਬਿਨਾਸ਼ੀ ਅਚੁਤੇ, ਜੋਤੀ ਜੋਤ ਵਿਚ ਸਮਾਈਆ । ਉਜਲ ਕਰੇ ਮਾਤ ਮੁਖੇ, ਮੁਖ ਉਜਲ ਆਪ ਰਖਾਈਆ । ਜਨਨੀ ਲੇਖੇ ਲਾਏ ਕੁੱਖੇ, ਹਰਿਜਨ ਸੱਚੇ ਜੋ ਉਪਜਾਈਆ । ਮੂਰਖ ਮੁਗਧ ਅਵਾਣ ਗੂੜ੍ਹੀ ਨੀਂਦੇ ਰਹਿ ਜਾਣ ਸੁੱਤੇ, ਹਰਿ ਕਾ ਨਾਮ ਨਾ ਕੋਇ ਧਿਆਈਆ । ਅੰਤਮ ਲੱਖ ਚੁਰਾਸੀ ਗੇੜਾ ਗੇੜ ਵਿਚ ਸੁੱਟੇ, ਕੋਹਲੂ ਚੱਕੀ ਚੱਕ ਭਵਾਈਆ । ਸ੍ਰੀ ਭਗਵਾਨ ਮਾਂ ਪੁੱਤ ਕਿਸੇ ਕੋਈ ਨਾ ਪੁੱਛੇ, ਸਗਲਾ ਸੰਗ ਨਾ ਕੋਇ ਨਿਭਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਜੋ ਤੇਰੇ ਨਾਲੋਂ ਰੁੱਸੇ, ਦੋ ਜਹਾਨਾਂ ਮਿਲੇ ਸਜ਼ਾਈਆ । ਜੇ ਕੋਈ ਭਗਤਾਂ ਕੋਲੋਂ ਪੁੱਛੇ, ਜਨ ਭਗਤ ਕਹਿਣ ਪ੍ਰਭ ਮਿਲਿਆ ਹਰਿ ਗੋਸਾਈਂਆ । ਆਦਿ ਜੁਗਾਦਿ ਜੁਗ ਚੌਕੜੀ ਨਿਰਗੁਣ ਨਿਰਵੈਰ ਕਦੀ ਨਾ ਹੋਵੇ ਗ਼ੁੱਸੇ, ਜੋ ਜਨ ਬੈਠੇ ਧਿਆਨ ਲਗਾਈਆ । ਜਨਮ ਕਰਮ ਦੇ ਜੋ ਅੰਮ੍ਰਿਤ ਭੰਡਾਰ ਦੇ ਭੁੱਖੇ, ਤਿਨ੍ਹਾਂ ਧੁਰ ਦਾ ਜਾਮ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਜਨ ਭਗਤ ਆਪਣੀ ਗੋਦ ਉਠਾਈਆ । ਜਨ ਭਗਤ ਉਠਾਏ ਆਪਣੀ ਗੋਦ, ਮਾਤ ਪਿਤ ਰੂਪ ਵਟਾਈਆ । ਹਰਿਜਨ ਹਿਰਦਾ ਦੇਵੇ ਸੋਧ, ਸਤਿ ਸਤਿਵਾਦੀ ਧਾਰ ਵਖਾਈਆ । ਨੇਤਰ ਖੋਲ੍ਹ ਲੋਚਣ ਲੋਚ, ਨਿਜ ਦਰਸਨ ਆਪ ਵਖਾਈਆ । ਆਤਮ ਪਰਮਾਤਮ ਜਣਾਏ ਖੋਜ, ਬ੍ਰਹਮ ਪਾਰਬ੍ਰਹਮ ਭੇਵ ਮਿਟਾਈਆ । ਜਨਮ ਕਰਮ ਦਾ ਮੇਟੇ ਬੋਝ, ਪਰਕਿਰਤੀ ਬੰਧਨ ਨਾ ਕੋਇ ਰਖਾਈਆ । ਕੂੜੀ ਕਿਰਿਆ ਮਿਟਾਏ ਸੋਚ, ਸੋਚ ਇਕੋ ਪ੍ਰਭ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਦਰਸ, ਲੇਖਾ ਕੋਇ ਰਹਿਣ ਨਾ ਪਾਈਆ । ਜਨ ਭਗਤਾਂ ਲੇਖਾ ਜਾਏ ਮੁੱਕ, ਆਦਿ ਅੰਤ ਰਹਿਣ ਨਾ ਪਾਈਆ । ਸ੍ਰੀ ਭਗਵਾਨ ਅੰਤਰ ਆਤਮ ਦੇਵੇ ਸੁਖ, ਸੁਖ ਆਪਣਾ ਇਕ ਸਮਝਾਈਆ । ਅੰਦਰ ਵੜ ਕੇ ਵੇਖੇ ਝੁਕ, ਨੀਕਨ ਨੀਕਾ ਨਜ਼ਰੀ ਆਈਆ । ਜਗਤ ਵਿਕਾਰਾ ਕੱਢੇ ਕੁੱਟ, ਨਾਮ ਖੰਡਾ ਖੜਗ ਚਮਕਾਈਆ । ਜਨਮ ਮਰਨ ਦਾ ਮੇਟੇ ਦੁੱਖ, ਆਵਣ ਜਾਵਣ ਗੇੜ ਕਟਾਈਆ । ਅੰਤ ਕੰਤ ਸ੍ਰੀ ਭਗਵੰਤ ਭਗਤ ਕਹੇ ਆ ਮੇਰੇ ਲਾਡਲੇ ਸੁੱਤ, ਸੁੱਤ ਦੁਲਾਰੇ ਮਿਲ ਮਿਲ ਖ਼ੁਸ਼ੀ ਮਨਾਈਆ । ਨਿਰਗੁਣ ਸਰਗੁਣ ਦੋ ਜਹਾਨ ਮੌਲੇ ਸਾਚੀ ਰੁੱਤ, ਰੁੱਤ ਰੁਤੜੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਹਰਿਭਗਤ ਉਲਟਾ ਮਾਤ ਗਰਭ ਨਾ ਹੋਵੇ ਰੁਖ਼, ਜੂਨੀ ਜੂਨ ਨਾ ਕੋਇ ਭਵਾਈਆ ।

### ✪ ੧੧ ਮੱਘਰ ੨੦੨੦ ਬਿਕ੍ਰਮੀ ਦੁਰਗਾ ਦੇਵੀ ਦੇ ਗ੍ਰਿਹ ਪਿੰਡ ਗੁਜਰਾਤ ✪

ਜਨਮ ਕਰਮ ਦੀ ਮਿਟੀ ਹਰਸ, ਪ੍ਰਭ ਹਸਤੀ ਹਸਤੀ ਵਿਚ ਮਿਲਾਈਆ । ਬਿਨ ਕਰਮ ਕਾਂਡ ਕੀਤਾ ਤਰਸ, ਰੀਹਮਤ ਆਪ ਕਮਾਈਆ । ਤ੍ਰੇਤੇ ਜੁਗ ਰਹੀ ਤੜਪ, ਪ੍ਰਭ ਮਿਲੇ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਜੁਗ ਤ੍ਰੇਤਾ ਰੱਖੀ ਆਸ, ਤਿਰੀਆ ਤਰੀਮਤ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਮੇਟੇ ਪਿਆਸ, ਅਗਨੀ ਅੱਗ ਬੁਝਾਈਆ । ਜਨਮ ਕਰਮ ਦਾ ਕਟੇ ਫਾਸ, ਫ਼ੈਸਲਾ ਇਕ ਸੁਣਾਈਆ । ਦਰਸਨ ਕਰ ਰਘੁਪਤ ਰਘੁਨਾਥ, ਰਘਵੰਸ ਧਿਆਨ ਲਗਾਈਆ । ਸਖ਼ੀ ਸਹੇਲੀ ਮੇਰਾ ਸਾਥ, ਘਰ

੧੦੭੭ ੧੫

ਸਾਚੇ ਸੇਵ ਕਮਾਈਆ । ਜਨਕ ਸਪੁਤਰੀ ਪੁੱਛੇ ਵਾਤ, ਵਾਰਤਾ ਆਪ ਸਮਝਾਈਆ । ਮਿਲਿਆ ਮੇਲ ਕਮਲਾਪਾਤ, ਬੇਪਰਵਾਹ ਹੋਏ ਸਹਾਈਆ । ਤੇਰੀ ਪੁੱਛੇ ਫੇਰ ਵਾਤ, ਵਾਸਤਾ ਆਪਣੇ ਨਾਲ ਰਖਾਈਆ । ਮਾਣਸ ਜਨਮ ਮਿਲੇ ਦਾਤ, ਜੁਗ ਚੌਕੜੀ ਰੂਪ ਵਟਾਈਆ । ਕਲਜੁਗ ਅੰਤਮ ਬੰਨ੍ਹੇ ਨਾਤ, ਨਾਤਾ ਚਰਨ ਕਵਲ ਜਣਾਈਆ । ਭੇਵ ਖੁਲ੍ਹਾਏ ਗੁਝ ਮਿਟਾਏ ਅੰਧੇਰੀ ਰਾਤ, ਚੰਦ ਨੂਰ ਚਮਕਾਈਆ । ਨਜ਼ਰੀ ਆਏ ਧੁਰ ਦਾ ਨਾਥ, ਅਨਾਥਾਂ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲਾਏ ਨਿਰਗੁਣ ਸਾਚੇ ਲੜ, ਘਰ ਇਕੋ ਇਕ ਵਸਾਈਆ । ਘਰ ਵਸੇ ਘਰ ਮੇਲਾ ਰਾਮ, ਘਰ ਘਨਈਆ ਨਜ਼ਰੀ ਆਈਆ । ਘਰ ਮਾਟੀ ਘਰ ਨਗਰ ਖੇੜਾ ਚਾਮ, ਘਰ ਬੰਕ ਦਏ ਸੁਹਾਈਆ । ਘਰ ਦੇਵੇ ਸਤਿ ਸਤਿਵਾਦੀ ਸਾਚਾ ਨਾਮ, ਸਾਚੀ ਸਿਖਿਆ ਇਕ ਪੜ੍ਹਾਈਆ । ਘਰ ਮੇਲੇ ਪਰਮ ਪੁਰਖ ਭਗਵਾਨ, ਭਗਵਨ ਆਪਣੀ ਦਇਆ ਕਮਾਈਆ । ਸਖ਼ੀ ਸਹੇਲੀ ਹੋਏ ਪਰਵਾਨ, ਸਤਿਗੁਰ ਚੇਲੀ ਰੂਪ ਵਟਾਈਆ । ਲੇਖਾ ਜਾਣੇ ਬਲੀ ਬਲਵਾਨ, ਬਲਧਾਰੀ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਜਨਮ ਦਾ ਲੇਖਾ ਕਰਮ ਕਰਮ ਦਾ ਨੇਤਾ ਨੇਰਨ ਨੇਰਾ ਹੋ ਕੇ ਆਪ ਚੁਕਾਈਆ ।

## ✪ ੧੧ ਮੱਘਰ ੨੦੨੦ ਬਿਕ੍ਰਮੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਗਵਾਰਾ ✪

ਸਚਖੰਡ ਸੋਹੇ ਸਚ ਦਰਬਾਰ, ਦਰਗਹਿ ਸਾਚੀ ਵੱਜੇ ਵਧਾਈਆ । ਸੋ ਪੁਰਖ ਨਿਰੰਜਣ ਸ਼ਾਹ ਸੁਲਤਾਨ, ਸਤਿ ਸਤਿਵਾਦੀ ਸੋਭਾ ਪਾਈਆ । ਹਰਿ ਪੁਰਖ ਨਿਰੰਜਣ ਨੌਜਵਾਨ, ਮਰਦ ਮਰਦਾਨਾ ਡੇਰਾ ਲਾਈਆ । ਏਕੰਕਾਰਾ ਵਡ ਬਲਵਾਨ, ਜੋਧਾ ਸੂਰਬੀਰ ਨਜ਼ਰੀ ਆਈਆ । ਆਦਿ ਨਿਰੰਜਣ ਨੂਰ ਮਹਾਨ, ਜੋਤੀ ਜਾਤਾ ਡਗਮਗਾਈਆ । ਅਬਿਨਾਸ਼ੀ ਕਰਤਾ ਸਚ ਨਿਸ਼ਾਨ, ਸਤਿ ਪੁਰਖ ਨਿਰੰਜਣ ਆਪ ਉਠਾਈਆ । ਸ੍ਰੀ ਭਗਵਾਨ ਵੇਖੇ ਮਾਰ ਧਿਆਨ, ਅਨੁਭਵ ਆਪਣੀ ਧਾਰ ਚਲਾਈਆ । ਪਾਰਬ੍ਰਹਮ ਹੋ ਪਰਧਾਨ, ਸਚ ਪਰਧਾਨਗੀ ਇਕ ਕਮਾਈਆ । ਸਚ ਸੰਦੇਸਾ ਦੇਵੇ ਵਾਲੀ ਦੋ ਜਹਾਨ, ਧੁਰ ਦਾ ਹੁਕਮ ਆਪ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਧਿਆਨ, ਬੇਪਰਵਾਹ ਰਿਹਾ ਜਣਾਈਆ । ਸ਼ਬਦ ਦੁਲਾਰਾ ਹੁਕਮਰਾਨ, ਭੂਪਨ ਭੂਪ ਇਕ ਅਖਵਾਈਆ । ਬ੍ਰਹਿਮੰਡ ਖੰਡ ਖੇਲੇ ਖੇਲ ਮਹਾਨ, ਪੁਰੀ ਲੋਅ ਆਕਾਸ਼ ਵੇਖ ਵਖਾਈਆ । ਧਰਨੀ ਧਰਤ ਧਵਲ ਕਰ ਪਰਵਾਨ, ਲੇਖਾ ਜਾਣੇ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਨਿਵਾਸੀ ਆਪਣੀ ਦਇਆ ਕਮਾਈਆ । ਸਚਖੰਡ ਦੁਆਰੇ ਸਚ ਦਰਬਾਰਾ, ਹਰਿ ਕਰਤਾ ਆਪ ਲਗਾਈਆ । ਇਕ ਇਕੱਲਾ ਏਕੰਕਾਰਾ, ਅਕਲ ਕਲ ਆਪਣੀ ਖੇਲ ਖਿਲਾਈਆ । ਮੁਕਾਮੇ ਹੱਕ ਨੂਰ ਉਜਿਆਰਾ, ਜਲਵਾ ਇਕੋ ਇਕ ਦਰਸਾਈਆ । ਲਾਸ਼ਰੀਕ ਪਰਵਰਦਿਗਾਰਾ, ਬੇਐਬ ਨੂਰ ਖ਼ੁਦਾਈਆ । ਖੇਲੇ ਖੇਲ ਅਗੰਮ ਅਪਾਰਾ, ਅਲਖ ਅਗੋਚਰ ਵੱਡੀ ਵਡਿਆਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਖ਼ਬਰਦਾਰਾ, ਧੁਰ ਸੰਦੇਸਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੁਆਰੇ ਡੇਰਾ ਲਾਈਆ । ਸਚਖੰਡ ਦੁਆਰ ਸਚ ਸਿੰਘਾਸਣ, ਸੋ ਪੁਰਖ ਨਿਰੰਜਣ ਆਪ ਸੁਹਾਈਆ । ਤਖ਼ਤ ਨਿਵਾਸੀ ਪੁਰਖ

ਅਬਿਨਾਸ਼ਨ, ਹਰਿ ਕਰਤਾ ਸੋਭਾ ਪਾਈਆ । ਲੇਖਾ ਜਾਣ ਪ੍ਰਿਥਮੀ ਆਕਾਸ਼ਨ, ਗਗਨ ਗਗਨੰਤਰ ਖੋਜ ਖੋਜਾਈਆ । ਵਿਸ਼ਨ ਬ੍ਰਹਮਾ ਸ਼ਿਵ ਪੂਰੀ ਕਰੇ ਆਸਨ, ਆਸਾ ਤ੍ਰਿਸਨਾ ਮੇਟ ਮਿਟਾਈਆ । ਸਚ ਜਣਾਏ ਖੇਲ ਤਮਾਸ਼ਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਬੇਪਰਵਾਹ ਖੇਲ ਸਚਖੰਡ, ਸਚ ਸਾਚਾ ਦਇਆ ਕਮਾਇੰਦਾ । ਆਦਿ ਜੁਗਾਦੀ ਨੂਰੀ ਚੰਦ, ਨਿਰਗੁਣ ਨਿਰਵੈਰ ਆਪ ਚਮਕਾਇੰਦਾ । ਸਤਿ ਸਤਿਵਾਦੀ ਧੁਰ ਦਾ ਛੰਦ, ਸਾਚਾ ਢੋਲਾ ਆਪ ਅਲਾਇੰਦਾ । ਨਿਰਗੁਣ ਨਿਰਵੈਰ ਕਰ ਕਰ ਵੰਡ, ਹਿੱਸਾ ਆਪਣਾ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਜਣਾਇੰਦਾ । ਸਚਖੰਡ ਦੁਆਰੇ ਖੇਲ ਅਵੱਲਾ, ਹਰਿ ਕਰਤਾ ਆਪ ਕਰਾਈਆ । ਵਸਣਹਾਰਾ ਨਿਹਚਲ ਧਾਮ ਅਟੱਲਾ, ਮਹੱਲ ਅਟੱਲ ਕਰੇ ਰੁਸ਼ਨਾਈਆ । ਦੀਪਕ ਜੋਤੀ ਆਪੇ ਬਲਾ, ਬਾਤੀ ਤੇਲ ਨਾ ਕੋਇ ਰਖਾਈਆ । ਸ਼ਬਦ ਸੰਦੇਸਾ ਨਿਰਗੁਣ ਘੱਲਾ, ਘਰ ਸਾਚੇ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰਾ ਇਕ ਲਗਾਈਆ । ਸਚ ਦਰਬਾਰਾ ਗਿਆ ਲੱਗ, ਸਚਖੰਡ ਵੱਜੇ ਇਕ ਵਧਾਈਆ । ਕਰੇ ਖੇਲ ਸੂਰਾ ਸਰਬੱਗ, ਸ਼ਾਹ ਪਾਤਸ਼ਾਹ ਬੇਪਰਵਾਹੀਆ । ਗੁਰ ਅਵਤਾਰ ਲਏ ਸੱਦ, ਸਚ ਸੰਦੇਸਾ ਇਕ ਅਲਾਈਆ । ਪੀਰ ਪੈਗ਼ੰਬਰ ਆਉਣਾ ਭੱਜ, ਬਣ ਪਾਂਧੀ ਪੰਧ ਮੁਕਾਈਆ । ਮੁਕਾਮੇ ਹੱਕ ਕਰਨਾ ਹੱਜ, ਹਕੀਕਤ ਇਕੋ ਦਏ ਜਣਾਈਆ । ਰਲ ਮਿਲ ਸੋਹਣਾ ਗਾਉਣਾ ਛੰਦ, ਸਾਚਾ ਰਾਗ ਇਕ ਸਮਝਾਈਆ । ਘਰ ਲੈਣਾ ਪਰਮਾਨੰਦ, ਪਰਮ ਪੁਰਖ ਰਿਹਾ ਵਰਤਾਈਆ । ਜੁਗ ਚੌਕੜੀ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸੁਆਮੀ ਇਕ ਅਖਵਾਈਆ । ਸਭ ਦੇ ਚੋਲੇ ਦਏ ਰੰਗ, ਰੰਗ ਅਵੱਲੜਾ ਇਕ ਚੜ੍ਹਾਈਆ । ਸੇਜ ਵਖਾਏ ਸਚ ਪਲੰਘ, ਪਾਵਾ ਚੂਲ ਨਾ ਕੋਇ ਰਖਾਈਆ । ਨਾਮ ਵਜਾਏ ਅਗੰਮੀ ਮਰਦੰਗ, ਤਾਰ ਸਿਤਾਰ ਨਾ ਕੋਇ ਹਿਲਾਈਆ । ਲੇਖਾ ਜਾਣੇ ਜੇਰਜ ਅੰਡ, ਉਤਭੁਜ ਸੇਤਜ ਵੇਖ ਵਖਾਈਆ । ਜੁਗ ਚੌਕੜੀ ਮੁਕਾਵਣਹਾਰਾ ਪੰਧ, ਨਿਰਗੁਣ ਸਰਗੁਣ ਸੋਭਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਹਾ ਲੰਘ, ਵੇਲਾ ਅੰਤਮ ਦਏ ਦੁਹਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਲੱਖ ਚੁਰਾਸੀ ਜੀਵ ਜੰਤ ਨੰਗ, ਓਢਨ ਨਜ਼ਰ ਕੋਇ ਨਾ ਆਈਆ । ਆਤਮ ਅੰਤਰ ਹੋਈ ਰੰਡ, ਹਰਿ ਜੂ ਕੰਤ ਨਾ ਕੋਇ ਹੰਡਾਈਆ । ਦੂਰ ਦੁਰਾਡਾ ਮੁਕਿਆ ਕਿਸੇ ਨਾ ਪੰਧ, ਉਚੇ ਟਿੱਲੇ ਪਰਬਤ ਚੜ੍ਹ ਚੜ੍ਹ ਥੱਕੇ ਜੀਵ ਲੋਕਾਈਆ । ਦੂਈ ਦਵੈਤੀ ਭਰਮ ਭੁਲੇਖਾ ਕਿਸੇ ਨਾ ਢਾਈ ਕੰਧ, ਭਾਂਡਾ ਭੌ ਨਾ ਕੋਇ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚਖੰਡ ਸਾਚੇ ਹੁਕਮ ਵਰਤਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਆਓ ਨੇੜੇ, ਹਰਿ ਕਰਤਾ ਹੁਕਮ ਜਣਾਈਆ । ਚਾਰੋਂ ਕੁੰਟ ਵੇਖੋ ਝੇੜੇ, ਦੀਨ ਮਜ਼੍ਹਬ ਕਰੇ ਲੜਾਈਆ । ਸਤਿ ਧਰਮ ਡੁੱਬਦੇ ਵੇਖੋ ਬੇੜੇ, ਚੱਪੂ ਨਾਮ ਨਾ ਕੋਇ ਲਗਾਈਆ । ਨਾਤੇ ਤੁੱਟੇ ਤੇਰੇ ਮੇਰੇ, ਮੇਰਾ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਘੁੱਪ ਅੰਧੇਰੇ, ਜੋਤੀ ਚੰਦ ਨਾ ਕੋਇ ਚਮਕਾਈਆ । ਮਾਇਆ ਮਮਤਾ ਪਾਏ ਜੇੜੇ, ਸ਼ਰਅ ਜ਼ੰਜੀਰ ਨਾ ਕੋਇ ਕਟਾਈਆ । ਕੂੜੀ ਕਿਰਿਆ ਆਏ ਘੇਰੇ, ਪੱਲੂ ਸਕੇ ਨਾ ਕੋਇ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਰਬਾਰੇ ਲੇਖਾ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲੋਕਮਾਤ ਮਾਰੋ ਧਿਆਨ, ਸੋ ਪੁਰਖ ਨਿਰੰਜਣ ਸਾਹਿਬ ਸੁਲਤਾਨਾ ਆਪ ਜਣਾਇੰਦਾ । ਲੱਖ ਚੁਰਾਸੀ ਭੁਲਿਆ ਹਰਿ ਗਿਆਨ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ

ਕੁਰਾਨ ਖਾਣੀ ਬਾਣੀ ਰੰਗ ਨਾ ਕੋਇ ਰੰਗਾਇੰਦਾ । ਪੰਚ ਵਿਕਾਰਾ ਦਰ ਦਰ ਘਰ ਘਰ ਫਿਰੇ ਸ਼ੈਤਾਨ, ਕੂੜੀ ਕਿਰਿਆ ਡੇਰਾ ਕੋਈ ਨਾ ਢਾਹਿੰਦਾ । ਮੁੱਲਾਂ ਸ਼ੇਖ਼ ਮਸਾਇਕ ਪੰਡਤ ਪਾਂਧੇ ਸਾਬਤ ਰਿਹਾ ਨਾ ਕਿਸੇ ਈਮਾਨ, ਸਿਦਕ ਸਬੂਰੀ ਨਾ ਕੋਇ ਹੰਡਾਇੰਦਾ । ਨਜ਼ਰੀ ਆਏ ਨਾ ਧੁਰ ਦਾ ਕਾਹਨ, ਗੋਪੀ ਰੂਪ ਨਾ ਕੋਇ ਵਟਾਇੰਦਾ । ਸੀਤਾ ਸੁਰਤੀ ਸ਼ਬਦੀ ਰਾਮ ਨਾ ਕਰੇ ਪਰਨਾਮ, ਰਮਈਆ ਰੂਪ ਨਾ ਕੋਇ ਵਖਾਇੰਦਾ । ਦੀਨ ਦੁਨੀ ਦੋਵੇਂ ਹੋਏ ਬੇਈਮਾਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਖੋਲ੍ਹੋ ਅੱਖ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਕਲਜੁਗ ਅੰਤਮ ਖੇਲ ਵੇਖੋ ਪਰਤੱਖ, ਭੇਵ ਅਭੇਦਾ ਆਪ ਖੁਲਾਇੰਦਾ । ਫਿਰੀ ਦਰੋਹੀ ਤੀਰਥ ਤਟ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸੀਰ ਨੀਰ ਨੇਤਰ ਨੈਣਾਂ ਦਿਸੇ ਵਹਾਇੰਦਾ । ਕੂਕ ਕੂਕ ਪੁਕਾਰਨ ਮੰਦਰ ਮਸਜਦ ਮੱਠ, ਸ਼ਿਵਦਵਾਲੇ ਧੀਰ ਨਾ ਕੋਇ ਰਖਾਇੰਦਾ । ਗੁਰੂਦੁਆਰੇ ਨਾਮ ਨਾ ਵਿਕੇ ਸਾਚਾ ਹੱਟ, ਜਗਤ ਸਿਆਸਤ ਨਾਚ ਨਚਾਇੰਦਾ । ਮਣਕਾ ਮਣਕਾ ਸਾਧ ਸੰਤ ਮਾਲਾ ਰਹੇ ਰਟ, ਮਨ ਕਾ ਮਣਕਾ ਨਾ ਕੋਇ ਭਵਾਇੰਦਾ । ਬਹੱਤਰ ਨਾੜ ਉਬਲੇ ਸਭ ਦੀ ਰੱਤ, ਅੰਮ੍ਰਿਤ ਮੇਘ ਨਾ ਕੋਇ ਬਰਸਾਇੰਦਾ । ਕੂੜ ਕੁੜਿਆਰਾ ਘਰ ਘਰ ਗਿਆ ਵਸ, ਵਸਲ ਸਚ ਨਾ ਕੋਇ ਕਰਾਇੰਦਾ । ਜੋ ਮਾਰਗ ਲੋਕਮਾਤ ਆਏ ਦੱਸ, ਬਣ ਆਮਲ ਅਮਲ ਨਾ ਕੋਇ ਕਮਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਈ ਅਵਤਾਰ ਚਲਾਇਆ ਰਥ, ਭਗਤ ਅਠਾਰਾਂ ਸੰਗ ਵਖਾਇੰਦਾ । ਈਸਾ ਮੂਸਾ ਮੁਹੰਮਦ ਸ਼ਰਅ ਸ਼ਰੀਅਤ ਆਏ ਦੱਸ, ਕਲਮਾ ਨਬੀ ਰਸੂਲ ਨਾ ਕੋਇ ਸਮਝਾਇੰਦਾ । ਖਾਣੀ ਬਾਣੀ ਦੇ ਕੇ ਆਈ ਮਤ, ਗੁਰ ਮਤ ਝੋਲੀ ਨਾ ਕੋਇ ਵਖਾਇੰਦਾ । ਪੀਰ ਪੈਗ਼ੰਬਰ ਸਰਗੁਣ ਨਿਰਗੁਣ ਹੋ ਕੇ ਆਏ ਨੱਠ, ਪੰਜ ਤਤ ਚੋਲਾ ਨਜ਼ਰ ਕਿਸੇ ਨਾ ਆਇੰਦਾ । ਚਾਰੋਂ ਕੁੰਟ ਅੰਧੇਰਾ ਘਟ, ਸਾਚਾ ਨੂਰ ਨਾ ਕੋਇ ਚਮਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਆਪ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਕਰੋ ਵਿਚਾਰ, ਹਰਿ ਕਰਤਾ ਆਪ ਜਣਾਈਆ । ਲੱਖ ਚੁਰਾਸੀ ਭੁੱਲੀ ਵਿਚ ਸੰਸਾਰ, ਸੰਸਾਰ ਸਾਗਰ ਤਰਨ ਕੋਇ ਨਾ ਆਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਚੌਦਾਂ ਵਿਦਿਆ ਹੋਈ ਹਲਕਾਈਆ । ਚੌਦਾਂ ਲੋਕ ਰੋਵਣ ਜ਼ਾਰੋ ਜ਼ਾਰ, ਉਚੀ ਕੂਕ ਕੂਕ ਸੁਣਾਈਆ । ਚੌਦਾਂ ਤਬਕ ਹੋਏ ਖ਼ੁਆਰ, ਪਰਵਰਦਿਗਾਰ ਮਿਲੇ ਨਾ ਸੱਚਾ ਮਾਹੀਆ । ਹੱਕ ਹਕੀਕਤ ਨਾ ਸਕੇ ਕੋਈ ਵਖਾਲ, ਪੜਦਾ ਸਕੇ ਨਾ ਕੋਇ ਉਠਾਈਆ । ਸ਼ਬਦੀ ਗੁਰ ਦਿਸੇ ਨਾ ਕੋਇ ਦਲਾਲ, ਸਾਚਾ ਵਣਜ ਨਾ ਕੋਇ ਕਰਾਈਆ । ਉਚੇ ਟਿੱਲੇ ਪਰਬਤ ਜੰਗਲ ਜੂਹ ਉਜਾੜ ਡੂੰਘੀ ਕੰਦਰ ਰਹੇ ਭਾਲ, ਪ੍ਰਭੂ ਭਾਲਿਆਂ ਹੱਥ ਕਿਸੇ ਨਾ ਆਈਆ । ਨੇਤਰ ਵੇਖੋ ਸਾਰੇ ਹੋਏ ਕੰਗਾਲ, ਰਤੀ ਨਾਮ ਹੱਟ ਨਾ ਕਿਸੇ ਵਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਰਿਹਾ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਲਓ ਸੁਣ, ਹਰਿ ਵੱਡਾ ਵਡ ਜਣਾਈਆ । ਕਲਜੁਗ ਅੰਤਮ ਕੂੜੀ ਕਿਰਿਆ ਇਕੋ ਗੁਣ, ਨੌ ਖੰਡ ਪ੍ਰਿਥਮੀ ਬੈਠਾ ਡੇਰਾ ਲਾਈਆ । ਕੋਈ ਨਾ ਸੁਣੇ ਧੁਰ ਦੀ ਧੁਨ, ਅਨਹਦ ਨਾਦ ਨਾ ਕੋਇ ਵਜਾਈਆ । ਸਾਰੇ ਚੋਟੀਆਂ ਬੈਠੇ ਮੁੰਨ, ਸੀਸ ਜਗਦੀਸ ਨਾ ਕੋਇ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਸੱਚਾ ਘਰ, ਸਚ ਦਰਬਾਰੇ ਦਏ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੂਰਬ ਵੇਖੋ ਲੇਖਾ, ਹਰਿ ਕਰਤਾ ਆਪ ਜਣਾਈਆ । ਕੀਤਾ ਕੌਲ ਕਰੋ ਚੇਤਾ,

ਇਕਰਾਰ ਭੁੱਲ ਕਦੇ ਨਾ ਜਾਈਆ । ਪੁਰਖ ਅਕਾਲ ਸਭ ਨੇ ਕਿਹਾ ਧੁਰਦਰਗਾਹੀ ਨੇਤਾ, ਨਰ ਨਰਾਇਣ ਵੱਡੀ ਵਡਿਆਈਆ । ਜੁਗ ਚੌਕੜੀ ਨਿਰਗੁਣ ਸਰਗੁਣ ਕਰੇ ਹੇਤਾ, ਹਿਤਕਾਰੀ ਫੇਰਾ ਪਾਈਆ । ਸਤਿਗੁਰ ਹੋ ਕੇ ਖੇਲੇ ਖੇਡਾਂ, ਗੁਰ ਗੁਰ ਆਪਣੀ ਬੂਝ ਬੁਝਾਈਆ । ਅੰਦਰ ਵੜ ਕੇ ਦੇਵੇ ਭੇਤਾ, ਦੂਈ ਦਵੈਤੀ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਜਣਾਈਆ । ਸੁਣ ਸੰਦੇਸਾ ਗੁਰ ਅਵਤਾਰ, ਪੀਰ ਪੈਗ਼ੰਬਰ ਲੈਣ ਅੰਗੜਾਈਆ । ਸ੍ਰਿਸ਼ਟ ਸਬਾਈ ਵੇਖੀ ਸਿਰਜਣਹਾਰ ਦਰ ਦਰ ਘਰ ਘਰ ਰਾਹ ਤਕਾਈਆ । ਤੇਰਾ ਨਾਉਂ ਭੁਲਿਆ ਪਰਵਰਦਿਗਾਰ, ਪਾਰਬ੍ਰਹਮ ਤੇਰਾ ਇਸ਼ਟ ਨਾ ਕੋਇ ਮਨਾਈਆ । ਕੂੜੀ ਕਿਰਿਆ ਗਏ ਹਾਰ, ਜਿਤ ਰੂਪ ਨਾ ਕੋਇ ਵਟਾਈਆ । ਕਲਮ ਸ਼ਾਹੀ ਲੇਖਾ ਲਿਖ ਲਿਖ ਆਏ ਜਹਾਨ, ਕਾਗਦ ਤੇਰੇ ਨਾਮ ਵਡਿਆਈਆ । ਪੜ੍ਹ ਪੜ੍ਹ ਸਾਰੇ ਹੋਏ ਬੇਹਾਲ, ਬੇਵਾ ਦਿਸੇ ਜਗਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੁਧ ਬਿਨ ਦੂਜਾ ਭਾਰ ਨਾ ਕੋਇ ਉਠਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪ੍ਰਭ ਸਰਨਾਈ ਗਏ ਢੱਠ, ਝੁਕ ਸਜਦਾ ਸੀਸ ਝੁਕਾਈਆ । ਬਿਨ ਹੱਥਾਂ ਜੋੜਨ ਹੱਥ, ਬਿਨ ਮਸਤਕ ਧੂੜੀ ਟਿੱਕਾ ਲਾਈਆ । ਨਿਰਗੁਣ ਰੂਪ ਕਹਿਣ ਪੁਰਖ ਸਮਰਥ, ਸ਼ਹਿਨਸ਼ਾਹ ਤੇਰੀ ਵਡਿਆਈਆ । ਤੇਰੇ ਹੁਕਮੇ ਅੰਦਰ ਲੋਕਮਾਤ ਮਾਰਗ ਆਏ ਦੱਸ, ਲੇਖਾ ਲਿਖ ਕੇ ਕਲਮ ਸ਼ਾਹੀਆ । ਅੰਤਮ ਕਹਿ ਕੇ ਆਏ ਪੁਰਖ ਅਕਾਲ ਸਭ ਦਾ ਮਾਈ ਬਾਪ, ਪਿਤਾ ਇਕੋ ਇਕ ਜਣਾਈਆ । ਜੁਗ ਚੌਕੜੀ ਵੇਖੇ ਖੇਲ ਤਮਾਸ਼, ਖ਼ਾਲਕ ਖ਼ਲਕ ਰੂਪ ਵਟਾਈਆ । ਨਿਰਗੁਣ ਸਰਗੁਣ ਪੂਰੀ ਕਰੇ ਆਸ, ਆਸਾ ਤ੍ਰਿਸਨਾ ਦਏ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਦਰ ਤੇਰਾ ਨਜ਼ਰੀ ਆਈਆ । ਸ੍ਰੀ ਭਗਵਾਨ ਕਹੇ ਵੇਖੋ ਏਕ, ਏਕੰਕਾਰਾ ਰਿਹਾ ਜਣਾਈਆ । ਜਿਸ ਦੀ ਸਾਰੇ ਦੱਸ ਕੇ ਆਏ ਟੇਕ, ਸੋ ਭੁਲਿਆ ਬੇਪਰਵਾਹੀਆ । ਬੁਧੀ ਦਿਸੇ ਨਾ ਕਿਸੇ ਬਿਬੇਕ, ਮਨਮਤ ਦਏ ਦੁਹਾਈਆ । ਤ੍ਰੈਗੁਣ ਮਾਇਆ ਲਾਇਆ ਸੇਕ, ਅਗਨੀ ਤਤ ਰਿਹਾ ਜਲਾਈਆ । ਕਲਜੁਗ ਵੇਖ ਕੂੜਾ ਭੇਖ, ਭਰਮੇ ਭੁੱਲੀ ਸਰਬ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਧੁਰ ਦਾ ਲੇਖਾ ਆਪ ਦ੍ਰਿੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਬਿਨ ਰਸਨਾ ਕਹਿਣ, ਵਾਹਵਾ ਤੇਰੀ ਪ੍ਰਭੂ ਵਡਿਆਈਆ । ਅਸੀਂ ਨੇਤਰ ਲੋਚਣ ਵੇਖਿਆ ਨੈਣ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਨਾਤਾ ਤੁੱਟਾ ਸਾਕ ਸੈਣ ਭਾਈ ਭੈਣ, ਪਿਤਾ ਪੂਤ ਨਾ ਕੋਇ ਵਡਿਆਈਆ । ਕੂੜੀ ਕਿਰਿਆ ਕੂੜੇ ਵੈਹਣ ਵਹਿਣ, ਸਾਚਾ ਰਾਹ ਨਾ ਕੋਇ ਵਖਾਈਆ । ਮੰਦਰ ਮਸਜਣ ਸ਼ਿਵਦਵਾਲੇ ਮੱਠ ਮਿਲੇ ਨਾ ਕਿਸੇ ਬਹਿਣ, ਜਗਤ ਵਾਸਨਾ ਚਾਰੋਂ ਕੁੰਟ ਰਹੀ ਦੌੜਾਈਆ । ਮਾਇਆ ਰਾਣੀ ਖਾਏ ਡਾਇਣ, ਘਰ ਘਰ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੁਧ ਬਿਨ ਸਾਰ ਕੋਇ ਨਾ ਪਾਈਆ । ਤੁਧ ਬਿਨ ਸਾਰ ਨਾ ਪਾਏ ਕੋਇ, ਗੁਰ ਅਵਤਾਰ ਰਹੇ ਜਣਾਈਆ । ਪਰਮ ਪੁਰਖ ਪ੍ਰਭ ਤੇਰੇ ਹੋਏ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਤੇਰੇ ਨਾਮ ਦੇ ਦਿਤੇ ਢੋਏ, ਵਸਤ ਅਮੋਲਕ ਜਗਤ ਵਰਤਾਈਆ । ਕਲਜੁਗ ਜੀਵ ਬੈਠੇ ਖੋਏ, ਲਾਲ ਅਮੋਲਕ ਹੀਰਾ ਹੱਥ ਕਿਸੇ ਨਾ ਆਈਆ । ਬਿਨ ਦਮਾਂ ਰਹੇ ਰੋਏ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਭ ਤੇਰੀ ਆਸ ਰਖਾਈਆ ।

੧੦੮੦
੧੫

ਤੇਰੀ ਆਸ ਬੈਠੇ ਤੱਕ, ਹਰਿ ਸਾਹਿਬ ਸੱਜਣ ਸੁਲਤਾਨਾ । ਜੁਗ ਚੌਕੜੀ ਗਏ ਥੱਕ, ਤੇਰਾ ਦੇ ਦੇ ਨਾਮ ਗਿਆਨਾ । ਕਲਜੁਗ ਅੰਤਮ ਸਭ ਨੂੰ ਪਿਆ ਸ਼ਕ, ਭੁੱਲਿਆ ਪਾਰਬ੍ਰਹਮ ਸ੍ਰੀ ਭਗਵਾਨਾ । ਕੋਈ ਨਾ ਜਾਣੇ ਹਕੀਕਤ ਹੱਕ, ਚਾਰੋਂ ਕੁੰਟ ਕੂੜ ਪਰਧਾਨਾ । ਲੇਖਾ ਚੁਕਿਆ ਤਤ ਅੱਠ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਮਨ ਮਤ ਬੁਧ ਨਾ ਕੋਇ ਗਿਆਨਾ । ਸਤਿ ਰਹੇ ਨਾ ਕਿਸੇ ਤੀਰਥ ਤਟ, ਅਠਸਠ ਮਿਲੇ ਨਾ ਕੋਇ ਮਾਣਾ । ਸਾਧਾਂ ਸੰਤਾਂ ਧੀਰਜ ਜਤ ਨਾ ਰਿਹਾ ਹੱਠ, ਸਤਿ ਸੰਤੋਖ ਨਾ ਕੋਇ ਵਖਾਨਾ । ਤੇਰੀ ਕੋਈ ਨਾ ਜਾਣੇ ਮਿਤਗਤ, ਤੇਰਾ ਦਰਸ ਨਾ ਕੋਇ ਪਾਣਾ । ਸਚ ਸਚ ਪ੍ਰਭ ਤੈਨੂੰ ਰਹੇ ਦੱਸ, ਹਉਂ ਬਾਲਕ ਬਾਲ ਅਵਾਣਾ । ਜੋ ਕਿਛ ਤੇਰਾ ਸੋ ਤੇਰੇ ਵਸ, ਕਰ ਕਿਰਪਾ ਵਡ ਮਿਹਰਵਾਨਾ । ਨਿਰਗੁਣ ਲੋਕਮਾਤ ਹੋ ਪਰਗਟ, ਕਲਜੁਗ ਪਹਿਰ ਅਗੰਮੀ ਬਾਣਾ । ਧੁਰ ਦਾ ਖੋਲ੍ਹ ਸਾਚਾ ਹੱਟ, ਚਾਰ ਵਰਨਾਂ ਕਰ ਪਰਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਅਗੰਮੀ ਵਰ, ਮਿਲੇ ਸਚ ਤੇਰਾ ਪਰਵਾਨਾ । ਗੁਰ ਅਵਤਾਰ ਪੀਰ ਪੈਗ਼ੰਬਰ ਰਹੇ ਆਖ, ਆਖ਼ਰ ਤੇਰੀ ਓਟ ਤਕਾਈਆ । ਭਵਿਖਤ ਵਾਕ ਜੋ ਆਏ ਭਾਖ, ਭਾਖਿਆ ਭਾਸ਼ਾ ਵਿਚ ਸੁਣਾਈਆ । ਕਰ ਕਿਰਪਾ ਪ੍ਰਭ ਖੋਲ੍ਹ ਤਾਕ, ਬੰਦ ਕਿਵਾੜੀ ਕੁੰਡਾ ਲਾਹੀਆ । ਕੂੜੀ ਕਿਰਿਆ ਮੇਟ ਜ਼ਾਤ ਪਾਤ, ਕਮਲਾਪਾਤ ਇਕੋ ਨੂਰ ਕਰ ਰੁਸ਼ਨਾਈਆ । ਦੀਨ ਮਜ਼੍ਹਬ ਬਣਾ ਸੱਜਣ ਸਾਕ, ਸਗਲਾ ਸੰਗ ਆਪ ਨਿਭਾਈਆ । ਕਲਜੁਗ ਜੀਵਾਂ ਵੇਖ ਹਾਲਾਤ, ਹਾਲਤ ਸਭ ਦੀ ਦੇ ਬਦਲਾਈਆ । ਬਿਨ ਤੇਰੇ ਕਲਮੇ ਤੇਰੇ ਨਾਮ ਸਭ ਦੀ ਹੋਈ ਵਫ਼ਾਤ, ਫ਼ਤਵੇ ਸਭ ਤੇ ਰਿਹਾ ਲਗਾਈਆ । ਮਿਹਰਵਾਨ ਸਚ ਪਿਆਲਾ ਪਿਆ ਆਬੇਹਯਾਤ, ਹਯਾਤੀ ਸਭ ਦੀ ਦੇ ਬਦਲਾਈਆ । ਦਰੋਹੀ ਤੇਰੇ ਨਾਮ ਖ਼ੁਦਾਏ ਤੋਬਾ ਕਰੇ ਕਾਇਨਾਤ, ਦੋਏ ਜੋੜ ਸੀਸ ਝੁਕਾਈਆ । ਕਿਰਪਾ ਕਰ ਸਚ ਮਹਿਰਾਬ, ਮਹਿਬੂਬ ਆਪਣਾ ਨੂਰ ਕਰ ਰੁਸ਼ਨਾਈਆ । ਤੇਰਾ ਲੇਖਾ ਲਿਖਿਆ ਨਾ ਜਾਏ ਕਿਸੇ ਵਿਚ ਬਾਬ, ਵੰਡ ਸਕੇ ਨਾ ਕੋਇ ਵੰਡਾਈਆ । ਤੋਹੇ ਸਜਦਾ ਇਕ ਆਦਾਬ, ਨਮੋ ਨਮੋ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਲੋਕਮਾਤ ਵੇਖੀਂ ਚਾਈਂ ਚਾਈਆ । ਲੋਕਮਾਤ ਪ੍ਰਭ ਵੇਖ ਆ, ਕਲਜੁਗ ਅੰਧੇਰਾ ਛਾਈਆ । ਨਿਰਵੈਰ ਪੁਰਖ ਕਲ ਫੇਰਾ ਪਾ, ਬੇਅੰਤ ਤੇਰੀ ਵਡਿਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਬੈਠੇ ਪੰਧ ਮੁਕਾ, ਮੁਕੀ ਵਾਟ ਪਰਾਈਆ । ਜੋਤੀ ਜਾਮਾ ਵੇਸ ਵਟਾ, ਨੂਰੋ ਨੂਰ ਕਰ ਰੁਸ਼ਨਾਈਆ । ਧੁਰ ਦਾ ਢੋਲਾ ਇਕ ਸੁਣਾ, ਸੱਚਾ ਰਾਗ ਅਲਾਈਆ । ਬਣ ਕੇ ਤੋਲਾ ਸ਼ਹਿਨਸ਼ਾਹ, ਦੋ ਜਹਾਨ ਕੰਡੇ ਦੇ ਚੜ੍ਹਾਈਆ । ਪੜਦਾ ਉਹਲਾ ਦੇ ਮਿਟਾ, ਸਨਮੁਖ ਇਕੋ ਨਜ਼ਰੀ ਆਈਆ । ਭਗਤ ਭਗਵਾਨ ਲੈ ਜਗਾ, ਜਾਗਰਤ ਜੋਤ ਕਰ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦਰ ਬਰਦੇ ਮੰਗਣ ਦੁਆ, ਖ਼ਾਲੀ ਝੋਲੀ ਰਹੇ ਵਖਾਈਆ । ਬਿਨ ਤੇਰੇ ਕਲਜੁਗ ਕਰੇ ਨਾ ਕੋਈ ਸ਼ਫ਼ਾ, ਮਰੀਜ਼ ਬਣੀ ਸਰਬ ਲੋਕਾਈਆ । ਪੁਰਖ ਅਕਾਲ ਦੀਨ ਦਿਆਲ ਸਾਹਿਬ ਸੱਜਣ ਹੋ ਸਹਾ, ਸਹਾਇਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਉਠ ਵੇਖ ਆਪਣਾ ਦਰ, ਰਾਹ ਤੱਕੇ ਜਗਤ ਲੋਕਾਈਆ । ਰਾਹ ਤੱਕੇ ਤੇਰਾ ਲੱਖ ਚੁਰਾਸੀ, ਚਾਰ ਕੁੰਟ ਧਿਆਨ ਲਗਾਈਆ । ਕਵਣ ਵੇਲਾ ਪ੍ਰਭ ਕਿਰਪਾ ਕਰੇ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਦਇਆ ਕਮਾਈਆ । ਆਵਣ ਜਾਵਣ ਕਟੇ ਜਮ ਕੀ ਫਾਸੀ, ਧੁਰ ਦਾ ਲੇਖਾ ਦਏ ਮੁਕਾਈਆ । ਨਿਰਮਲ ਜੋਤ ਨੂਰ ਨੂਰ ਹੋਵੇ ਪਰਕਾਸ਼ੀ, ਅੰਧ ਅੰਧੇਰ ਗਵਾਈਆ । ਤੇਰਾ ਭੇਵ ਨਾ ਪਾਏ ਕੋਈ ਪੰਡਤ ਕਾਂਸ਼ੀ,

ਗਿਆਨੀ ਧਿਆਨੀ ਸਾਰ ਕਿਸੇ ਨਾ ਆਈਆ । ਕੂੜੀ ਕਿਰਿਆ ਤੇਰੇ ਨਾਉਂ ਕਰਦੇ ਹਾਸੀ, ਮਸਖ਼ਰੇ ਤੇਰਾ ਨਾਟਕ ਸਮਝ ਕੋਇ ਨਾ ਪਾਈਆ । ਸ਼ਬਦ ਅਗੰਮੀ ਚੜ੍ਹ ਤਾਜੀ, ਅਸਵ ਇਕੋ ਇਕ ਸੁਹਾਈਆ । ਸੋਲਾਂ ਕਲੀਆਂ ਆਸਣ ਸਾਜੀ, ਇਛਿਆ ਸੋਲਾਂ ਪੂਰ ਕਰਾਈਆ । ਧੁਰਦਰਗਾਹੀ ਵਡ ਨਵਾਬੀ, ਸ਼ਾਹ ਪਾਤਸ਼ਾਹ ਫੇਰਾ ਪਾਈਆ । ਬਿਨ ਤੇਰੇ ਹੋਏ ਉਦਾਸੀ, ਗ਼ਮੀ ਚਿੰਤਾ ਰੂਪ ਵਟਾਈਆ । ਸੁੰਞਾ ਦਿਸੇ ਮੰਡਲ ਰਾਸੀ, ਗੋਪੀ ਕਾਹਨ ਨਾ ਕੋਇ ਨਚਾਈਆ । ਕਿਰਪਾ ਕਰ ਸ਼ਾਹੋ ਸ਼ਾਬਾਸੀ, ਪੁਰਖ ਅਕਾਲ ਤੇਰੀ ਸਰਨਾਈਆ । ਗੁਰ ਅਵਤਾਰ ਪੀਰ ਪੈਗੰਬਰ ਤੇਰੀ ਰੱਖ ਕੇ ਆਏ ਅੰਤਮ ਆਸੀ, ਆਸਾ ਸਭ ਦੀ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਜਿਸ ਮਿਲਿਆਂ ਤੋਟ ਰਹੇ ਨਾ ਰਾਈਆ । ਦੇ ਵਰ ਸੱਚੇ ਭਗਵੰਤ, ਭਗਵਨ ਤੇਰੇ ਚਰਨ ਸੀਸ ਨਿਵਾਈਆ । ਆਦਿ ਜੁਗਾਦੀ ਸਾਚੇ ਕੰਤ, ਕੰਤ ਕੰਤੂਹਲ ਤੇਰੀ ਸਰਨਾਈਆ । ਜੁਗ ਚੌਕੜੀ ਬੀਤੇ ਬੇਅੰਤ, ਕੋਟਨ ਕੋਟ ਕਾਲ ਵਿਹਾਈਆ । ਤੇਰੀ ਮਹਿਮਾ ਲਿਖ ਲਿਖ ਥੱਕੇ ਅਗਣਤ, ਅੰਤ ਕਹਿਣ ਕੋਇ ਨਾ ਪਾਈਆ । ਤੇਰਾ ਧਿਆਨ ਲਗਾਵਣ ਸਾਚੇ ਸੰਤ, ਅੰਤਰ ਆਤਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੁਧ ਬਿਨ ਰਾਜਨ ਰਾਜ ਨਜ਼ਰ ਕੋਇ ਨਾ ਆਈਆ । ਸ੍ਰੀ ਭਗਵਾਨ ਹੋ ਦਿਆਲ, ਦਇਆਨਿਧ ਆਪ ਸਮਝਾਈਆ । ਸਚਖੰਡ ਦੁਆਰ ਵੇਖੋ ਸੱਚੀ ਧਰਮਸਾਲ, ਦਰ ਇਕੋ ਇਕ ਜਣਾਈਆ । ਏਥੇ ਨਾ ਕੋਈ ਸ਼ਾਹ ਨਾ ਕੰਗਾਲ, ਊਚ ਨੀਚ ਨਾ ਕੋਇ ਜਣਾਈਆ । ਤ੍ਰੈਗੁਣ ਮਾਇਆ ਨਾ ਕੋਈ ਜੰਜਾਲ, ਪੰਜ ਤਤ ਰੂਪ ਨਾ ਕੋਇ ਵਟਾਈਆ । ਇਕੋ ਜੋਤ ਬੇਮਿਸਾਲ, ਨੂਰੋ ਨੂਰ ਡਗਮਗਾਈਆ । ਨਜ਼ਰ ਨਾ ਆਏ ਕਾਲ ਮਹਾਂਕਾਲ, ਲੇਖਾ ਜਾਣੇ ਬੇਪਰਵਾਹੀਆ । ਸਾਰੇ ਸੁਣੋ ਇਕ ਸਵਾਲ, ਵਡ ਸਵਾਲੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰ ਪੀਰ ਪੈਗ਼ੰਬਰ ਇਕੋ ਹੁਕਮ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੋ ਚਰਨ ਕਵਲ, ਹਰਿ ਸਤਿਗੁਰ ਆਪ ਜਣਾਇੰਦਾ । ਝਗੜਾ ਛੱਡੋ ਧਰਨੀ ਧਵਲ, ਧੁਰ ਦਾ ਭੇਵ ਆਪ ਖੁਲ੍ਹਾਇੰਦਾ । ਸਭ ਨੇ ਮੰਨਿਆ ਨੂਰ ਖ਼ੁਦਾਈ ਅਵਲ, ਆਲਮੀਨ ਸੋਭਾ ਪਾਇੰਦਾ । ਸਭ ਨੇ ਪੀਣੀ ਧੁਰ ਦੀ ਪਵਲ, ਅੰਮ੍ਰਿਤ ਆਬੇਹਯਾਤ ਮੁਖ ਚੁਆਇੰਦਾ । ਸਾਰੇ ਮੇਰੇ ਨੂਰ ਗਏ ਮਵਲ, ਮੌਲਾ ਇਕੋ ਸੋਭਾ ਪਾਇੰਦਾ । ਰਲ ਮਿਲ ਕਰੋ ਇਕੋ ਕੌਲ, ਇਕਰਾਰਨਾਮਾ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦੁਆਰੇ ਸਚ ਹੁਕਮ ਵਰਤਾਇੰਦਾ । ਗੁਰ ਅਵਤਾਰ ਪੀਰ ਪੈਗੰਬਰ ਕਰੋ ਇਕਰਾਰ, ਇਕ ਇਕੱਲਾ ਆਪ ਜਣਾਇੰਦਾ । ਦੀਨ ਮਜ਼੍ਹਬ ਨਾ ਕੋਇ ਵਿਹਾਰ, ਜ਼ਾਤ ਪਾਤ ਨਾ ਕੋਇ ਰਖਾਇੰਦਾ । ਨਿਰਗੁਣ ਨੂਰ ਨਿਰਗੁਣ ਧਾਰ, ਨਿਰਗੁਣ ਜੋਤੀ ਨਿਰਗੁਣ ਜੋਤ ਜਾਤਾ ਇਕੋ ਸੋਭਾ ਪਾਇੰਦਾ । ਨਿਰਗੁਣ ਮੰਦਰ ਹੋਏ ਉਜਿਆਰ, ਨਿਰਗੁਣ ਆਸਣ ਇਕ ਸੁਹਾਇੰਦਾ । ਨਿਰਗੁਣ ਸ਼ਹਿਨਸ਼ਾਹ ਸਿਕਦਾਰ, ਭੂਪਤ ਭੂਪ ਇਕ ਅਖਵਾਇੰਦਾ । ਨਿਰਗੁਣ ਹੁਕਮ ਕਰੇ ਜੁਗ ਚਾਰ, ਗੁਰ ਅਵਤਾਰ ਹੁਕਮੇ ਅੰਦਰ ਫਿਰਾਇੰਦਾ । ਨਿਰਗੁਣ ਲੇਖਾ ਜਾਣੇ ਵਿਸ਼ਨ ਬ੍ਰਹਮਾ ਸ਼ਿਵ ਵਾਰੋ ਵਾਰ, ਨਿਤ ਨਵਿਤ ਆਪਣਾ ਖੇਲ ਖਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਮੂਲ ਚੁਕਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪੂਰਬ ਲੇਖਾ ਦਿਓ ਛੱਡ, ਚੌਥੇ ਜੁਗ ਅੰਤ ਰਹਿਣ ਨਾ ਪਾਈਆ । ਸਚਖੰਡ ਦੁਆਰੇ ਦੀਨ ਮਜ਼੍ਹਬ ਨਾ ਕੋਈ ਅੱਡ, ਧਰਮ ਇਸਲਾਮ ਨਾ ਕੋਇ ਸਮਝਾਈਆ ।

ਪਿਛਲਾ ਨਾਤਾ ਰਹਿ ਗਿਆ ਕਾਇਆ ਮਾਟੀ ਹੱਡ, ਅੱਗੇ ਨੂਰੋ ਨੂਰ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਤੋੜਨਹਾਰਾ ਹੱਦ, ਸਚ ਹਦੂਦ ਇਕ ਵਖਾਈਆ । ਸਚ ਹਦੂਦ ਵਖਾਏ ਹਰਿ, ਹਰਿ ਕਰਤਾ ਦਇਆ ਕਮਾਇੰਦਾ । ਪਰਮ ਪੁਰਖ ਦਾ ਪਕੜੇ ਲੜ, ਪੱਲੂ ਇਕੋ ਨਾਮ ਬੰਧਾਇੰਦਾ । ਤੂੰ ਮੇਰਾ ਮੈਂ ਤੇਰਾ ਕਲਮਾ ਨਾਮ ਢੋਲਾ ਲੈਣਾ ਪੜ੍ਹ, ਦੂਜਾ ਰਾਗ ਨਾ ਕੋਇ ਸੁਣਾਇੰਦਾ । ਸਾਚੀ ਅਲਫ਼ੀ ਪਾਉਣੀ ਗਲ, ਤਨ ਖ਼ਾਕੀ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਆਪਣੇ ਹੱਥ ਵਖਾਇੰਦਾ । ਗੁਰ ਅਵਤਾਰ ਕਹਿਣ ਸਚ, ਸਚ ਤੇਰੀ ਵਡਿਆਈਆ । ਪੀਰ ਪੈਗ਼ੰਬਰ ਮੰਨਣ ਹੱਸ, ਦਰ ਬੈਠੇ ਸੀਸ ਝੁਕਾਈਆ । ਹਰ ਘਟ ਅੰਦਰ ਤੂ ਹੀ ਰਿਹਾ ਵਸ, ਤੇਰਾ ਨੂਰ ਖ਼ਲਕ ਖ਼ੁਦਾਈਆ । ਸਾਡੀ ਪੂਰੀ ਹੋਈ ਆਸ, ਸਦੀ ਚੌਧਵੀਂ ਖ਼ੁਸ਼ੀ ਮਨਾਈਆ । ਸਦੀ ਬੀਸਵੀਂ ਆਏ ਤੇਰੇ ਪਾਸ, ਸਚਖੰਡ ਸਾਚਾ ਵੇਖ ਵਖਾਈਆ । ਦਰ ਦੁਆਰੇ ਰਲ ਮਿਲ ਪਾਈ ਇਕੋ ਰਾਸ, ਗੋਪੀ ਕਾਹਨ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਵਸਾਉਣਾ ਸਾਚਾ ਘਰ, ਉਜੜਿਆ ਖੇੜਾ ਵੇਖ ਬੇਪਰਵਾਹੀਆ । ਕਲਜੁਗ ਖੇੜਾ ਰਿਹਾ ਉਜੜ, ਚਾਰੋਂ ਕੁੰਟ ਪਈ ਦੁਹਾਈਆ । ਜਗਤ ਜੀਵ ਬਣੇ ਬੁੱਚੜ, ਛੁਰੀ ਕਰਦ ਕਸਾਈ ਹੱਥ ਉਠਾਈਆ । ਹੱਥੀਂ ਮਾਰਨ ਤੇਰੇ ਪੁੱਤਰ, ਆਪਣਾ ਬੱਚਾ ਜ਼ਿਬਹ ਨਾ ਕੋਇ ਕਰਾਈਆ । ਨਿਰਗੁਣ ਧਾਰੋਂ ਪੁਰਖ ਅਕਾਲ ਉਤਰ, ਤੈਨੂੰ ਜਨਮੇ ਕੋਇ ਨਾ ਪਿਤਾ ਮਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਮਿਲ ਕੇ ਮਨਾਵਣ ਸ਼ੁਕਰ, ਸ਼ੁਕਰੀਆ ਤੇਰਾ ਅਦਾ ਕਰਾਈਆ । ਜਨ ਭਗਤਾਂ ਚੁਕ ਆਪਣੇ ਕੁਛੜ, ਸਾਚੀ ਗੋਦੀ ਲੈ ਬਹਾਈਆ । ਉਜਲ ਕਰ ਮਾਤ ਮੁਖੜ, ਦੁਰਮਤ ਮੈਲ ਧਵਾਈਆ । ਮਾਤ ਗਰਭ ਉਲਟੇ ਫੇਰ ਨਾ ਹੋਵਣ ਰੁੱਖੜ, ਲੱਖ ਚੁਰਾਸੀ ਪੰਧ ਮੁਕਾਈਆ । ਇਕੋ ਸਰਨ ਤੇਰੀ ਹਰਿ ਝੁਕਣ, ਦੂਜਾ ਇਸ਼ਟ ਨਾ ਕੋਇ ਮਨਾਈਆ । ਦੋ ਜਹਾਨਾਂ ਪੈਂਡੇ ਮੁੱਕਣ, ਨਵ ਨੌਂ ਚਾਰ ਡੇਰਾ ਦੇਣਾ ਢਾਹੀਆ । ਤੇਰੇ ਬੂਟੇ ਕਦੇ ਨਾ ਸੁੱਕਣ, ਫੁੱਲ ਫਲਵਾੜੀ ਮਾਤ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਵੇਖੇ ਚਾਈਂ ਚਾਈਂਆ । ਆ ਪ੍ਰਭੂ ਪ੍ਰਭ ਠਾਕਰ ਸੁਆਮੀ, ਸੋਭਾਵੰਤ ਤੇਰੀ ਸਰਨਾਈਆ । ਨਿਰਵੈਰ ਪੁਰਖ ਘਟ ਅੰਤਰਜਾਮੀ, ਮਿਹਰਵਾਨ ਵੱਡੀ ਵਡਿਆਈਆ । ਭਰਮ ਮਿਟਾ ਚਾਰ ਖ਼ਾਣੀ, ਚਾਰੇ ਬਾਣੀ ਦੇ ਸਮਝਾਈਆ । ਪਰਾ ਪਸੰਤੀ ਮਧਮ ਬੈਖਰੀ ਨਾ ਕਿਸੇ ਪਹਿਚਾਨੀ, ਪਰਦਾ ਸਕੇ ਨਾ ਕੋਇ ਉਠਾਈਆ । ਦਰ ਦਰ ਘਰ ਘਰ ਸ਼ਬਦ ਮਿਲਾਵਾ ਕਰ ਸੁਰਤ ਸਵਾਣੀ, ਨਾਰ ਕੰਤ ਰੂਪ ਵਟਾਈਆ । ਘਰ ਮੰਦਰ ਜਗੇ ਜੋਤ ਨੂਰਾਨੀ, ਅੰਧ ਅੰਧੇਰ ਗਵਾਈਆ । ਸ਼ਬਦੀ ਸ਼ਬਦ ਅਗੰਮ ਸੁਣਾ ਧੁਰ ਦੀ ਬਾਣੀ, ਬਾਣ ਅਣਿਯਾਲਾ ਤੀਰ ਚਲਾਈਆ । ਲੇਖੇ ਲੱਗੇ ਜੀਵ ਪਰਾਣੀ, ਪਰਾਣ ਆਪਣੀ ਝੋਲੀ ਪਾਈਆ । ਤੁਧ ਬਿਨ ਸਤਿਗੁਰ ਪੂਰੇ ਭਗਤਾਂ ਆਈ ਹਾਨੀ, ਸਿਰ ਹੱਥ ਨਾ ਕੋਇ ਟਿਕਾਈਆ । ਕਲਜੁਗ ਕੂੜੀ ਕਿਰਿਆ ਮਨਮੁਖਤਾ ਮਾਰੇ ਕਾਨੀ, ਤਿਖੀ ਧਾਰ ਵਖਾਈਆ । ਤੁਧ ਬਿਨ ਦੇਵੇ ਨਾ ਕੋਇ ਪਦ ਨਿਰਬਾਣੀ, ਸਾਚੇ ਘਰ ਨਾ ਕੋਇ ਵਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਹਰਿਜਨ ਸਾਚੇ ਲੈ ਮਿਲਾਈਆ । ਤੁਧ ਬਿਨ ਕਰੇ ਨਾ ਕੋਈ ਮੇਲਾ, ਪ੍ਰਭੂ ਮਾਲਕ ਨਜ਼ਰ ਕੋਇ ਨਾ ਆਈਆ । ਤੇਰਾ ਰੂਪ ਗੁਰੂ ਗੁਰ ਚੇਲਾ, ਸਤਿਗੁਰ ਤੇਰੇ ਹੱਥ ਵਡਿਆਈਆ । ਕਲਜੁਗ ਅੰਤਮ ਤੇਰੇ ਮਿਲਣ ਦਾ ਵੇਲਾ, ਬੌਹੜੀ ਬੌਹੜੀ ਕਰ ਰਹੇ ਕੁਰਲਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੇ ਚਰਨ ਮਿਲੇ ਸਰਨਾਈਆ । ਜਨ ਭਗਤਾਂ ਬਣ ਪ੍ਰਭ ਮੀਤ, ਮਿੱਤਰ ਪਿਆਰੇ ਤੇਰੀ ਆਸ ਰਖਾਈਆ । ਅੰਦਰ ਵੜ ਕੇ ਦੱਸ ਗੀਤ, ਬਾਹਰ ਕੋਇ ਨਾ ਕਰੇ ਪੜ੍ਹਾਈਆ । ਆਤਮ ਪਰਮਾਤਮ ਹੋਏ ਅਤੀਤ, ਤ੍ਰੈਗੁਣ ਲੇਖਾ ਦੇ ਮੁਕਾਈਆ । ਕਾਇਆ ਹੋਏ ਠਾਂਡੀ ਸੀਤ, ਅਗਨੀ ਤਤ ਬੁਝਾਈਆ । ਲੇਖਾ ਚੁਕੇ ਮੰਦਰ ਮਸੀਤ, ਘਰ ਪਰਮੇਸ਼ਵਰ ਨਜ਼ਰੀ ਆਈਆ । ਦਰਸਨ ਪਾਵਾਂ ਬੀਠਲੋ ਬੀਠ, ਮੁਖ ਪੜਦਾ ਆਪ ਉਠਾਈਆ । ਤੇਰੀ ਕੋਈ ਨਾ ਜਾਣੇ ਰੀਸ, ਤੇਰੀ ਸਾਰ ਕਿਸੇ ਨਾ ਆਈਆ । ਜੁਗ ਚੌਕੜੀ ਤੇਰਾ ਰਾਹ ਰਹੇ ਉਡੀਕ, ਨੇਤਰ ਨੈਣ ਅੱਖ ਖੁਲ੍ਹਾਈਆ । ਕਲਜੁਗ ਅੰਤ ਆਈ ਤਾਰੀਖ਼, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਤੇਰੇ ਭਗਤ ਤੇਰਾ ਧਿਆਨ ਲਗਾਈਆ । ਸ੍ਰੀ ਭਗਵਾਨ ਦਇਆ ਕਮੌਂਦਾ ਏ । ਸਚਖੰਡ ਨਿਵਾਸੀ ਧੁਰ ਫ਼ਰਮਾਨ ਸੁਣਾਉਂਦਾ ਏ । ਸ਼ਬਦ ਅਗੰਮੀ ਰਾਗ ਅਲਾਉਂਦਾ ਏ । ਆਤਮ ਪਰਮਾਤਮ ਆਪ ਜਗਾਉਂਦਾ ਏ । ਭਗਤ ਭਗਵਾਨ ਵੇਖ ਵਖਾਉਂਦਾ ਏ । ਸਾਚਾ ਦੇਵੇ ਇਕ ਗਿਆਨ, ਅਗਿਆਨ ਅੰਧੇਰ ਮਿਟਾਉਂਦਾ ਏ । ਨਿਰਗੁਣ ਹੋ ਕੇ ਵੇਖੇ ਆਣ, ਸਰਗੁਣ ਤੇਰਾ ਪੰਧ ਚੁਕਾਉਂਦਾ ਏ । ਸਚ ਦੁਆਰੇ ਦੇਵੇ ਮਾਣ, ਕੂੜੀ ਕਿਰਿਆ ਡੇਰਾ ਢੌਂਹਦਾ ਏ । ਅੰਮ੍ਰਿਤ ਬਖ਼ਸ਼ੇ ਆਤਮ ਪੀਣ ਖਾਣ, ਤ੍ਰਿਸਨਾ ਭੁੱਖ ਗਵਾਉਂਦਾ ਏ । ਸਾਚੇ ਮੰਦਰ ਕਰ ਪਰਵਾਨ, ਸਚ ਸਿੰਘਾਸਣ ਆਪ ਬਹਾਉਂਦਾ ਏ । ਨਜ਼ਰੀ ਆਏ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਵੇਖ ਵਖਾਉਂਦਾ ਏ । ਜਨ ਭਗਤਾਂ ਦਇਆ ਕਮਾਉਂਦਾ ਏ । ਪ੍ਰਭ ਆਪਣੇ ਰੰਗ ਰੰਗਾਉਂਦਾ ਏ । ਸਚ ਮਰਦੰਗ ਨਾਮ ਸੁਣਾਉਂਦਾ ਏ । ਨਿਜਾਨੰਦ ਅਨੰਦ ਪਰਗਟਾਉਂਦਾ ਏ । ਜੋਤੀ ਨੂਰ ਚੰਦ ਚਮਕਾਉਂਦਾ ਏ । ਬੰਦ ਬੰਦ ਖ਼ੁਸ਼ੀ ਕਰਾਉਂਦਾ ਏ । ਕੂੜੀ ਕਿਰਿਆ ਕਰ ਕੇ ਖੰਡ ਖੰਡ, ਖ਼ਾਲਸ ਆਪਣੇ ਨਾਲ ਮਿਲਾਉਂਦਾ ਏ । ਜੁਗ ਜਨਮ ਦਾ ਮੇਟ ਪੰਧ, ਧਾਮ ਸਾਚੇ ਆਪ ਵਸਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤ ਦੁਆਰੇ ਫੇਰਾ ਪਾਉਂਦਾ ਏ । ਜਨ ਭਗਤ ਦੁਆਰੇ ਆਉਂਦਾ ਏ । ਨਿਤ ਨਵਿਤ ਵੇਖ ਵਖਾਉਂਦਾ ਏ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪ ਹੰਡਾਉਂਦਾ ਏ । ਆਪਣੇ ਮਿਲਣ ਦੀ ਕਰ ਕੇ ਬਿਧ, ਸੰਗ ਸਾਚਾ ਆਪ ਰਖਾਉਂਦਾ ਏ । ਹਰਿ ਜਨ ਕਾਰਜ ਕਰ ਕੇ ਸਿਧ, ਰਿਧ ਸਿਧ ਚਰਨਾਂ ਹੇਠ ਦਬਾਉਂਦਾ ਏ । ਲੇਖਾ ਜਾਣ ਜੀਉ ਪਿੰਡ ਇੰਡ, ਬ੍ਰਹਿਮੰਡ ਖੋਜ ਖੋਜਾਉਂਦਾ ਏ । ਅੰਤ ਬਣਾ ਨਾਦੀ ਬਿੰਦ, ਸੁੱਤ ਆਪਣੀ ਗੋਦ ਉਠਾਉਂਦਾ ਏ । ਦੀਨ ਦਿਆਲ ਹੋ ਬਖ਼ਸ਼ਿੰਦ, ਕਲਜੁਗ ਅੰਤਮ ਵੇਖਣ ਆਉਂਦਾ ਏ । ਦਾਤਾ ਦਾਨੀ ਗੁਣੀ ਗਹਿੰਦ, ਗਹਿਰ ਗੰਭੀਰ ਖੇਲ ਰਚਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸੱਚਾ ਵਰ, ਜਨ ਭਗਤਾਂ ਪੜਦਾ ਲੌਂਹਦਾ ਏ । ਜਨ ਭਗਤਾਂ ਪੜਦਾ ਜਾਏ ਲੱਥ, ਜੁਗ ਛੱਤੀ ਪੰਧ ਮੁਕਾਈਆ । ਨਜ਼ਰੀ ਆਏ ਪੁਰਖ ਸਮਰਥ, ਹਰਿ ਕਰਤਾ ਨੂਰ ਰੁਸ਼ਨਾਈਆ । ਚਰਨ ਕਵਲ ਜਾਇਣ ਵਸ, ਸਚ ਦੁਆਰ ਮਿਲੇ ਵਡਿਆਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਕਿਰਪਾ ਕਰੇ ਕਰਤਾ ਪੁਰਖ ਹੋ ਪਰਤੱਖ, ਪੁਰਖ ਪੁਰਖੋਤਮ ਹੋਏ ਸਹਾਈਆ । ਹਰਖ਼ ਸੋਗ ਚਿੰਤਾ ਗ਼ਮ ਦੁੱਖ ਜਾਇਣ ਨੱਸ, ਸੁਖ ਅੰਤਰ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਅੰਦਰ ਜਾਏ ਵਸ, ਨਿਰਗੁਣ ਨਿਰਗੁਣ ਨਿਰਗੁਣ ਰੂਪ ਵਟਾਈਆ । ਭਗਤਨ ਅੰਦਰ ਵਸੇ ਆਪ, ਹਰਿ ਜੂ ਆਪਣੀ ਦਇਆ

ਕਮਾਈਆ । ਭਗਤਾਂ ਅੰਦਰ ਦੱਸੇ ਜਾਪ, ਅਨਬੋਲਤ ਰਾਗ ਸੁਣਾਈਆ । ਭਗਤਾਂ ਅੰਦਰ ਕਰੇ ਪਾਠ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਭਗਤਾਂ ਅੰਦਰ ਵੇਖੇ ਘਾਟ, ਸਰ ਸਰੋਵਰ ਇਕ ਪਰਗਟਾਈਆ । ਭਗਤਾਂ ਅੰਦਰ ਖੋਲ੍ਹੇ ਹਾਟ, ਬਣ ਵਣਜਾਰਾ ਹੱਟ ਚਲਾਈਆ । ਭਗਤਾਂ ਅੰਦਰ ਦੇਵੇ ਦਾਤ, ਅਨਮੁਲੜੀ ਦਾਤ ਆਪ ਵਰਤਾਈਆ । ਭਗਤਾਂ ਅੰਦਰ ਖੋਲ੍ਹੇ ਤਾਕ, ਬਜਰ ਕਪਾਟੀ ਪੜਦਾ ਦਏ ਉਠਾਈਆ । ਭਗਤਾਂ ਅੰਦਰ ਅੰਮ੍ਰਿਤ ਬੂੰਦ ਦੇਵੇ ਸਵਾਂਤ, ਸਾਂਤਕ ਸਤਿ ਸਤਿ ਕਰਾਈਆ । ਭਗਤਾਂ ਅੰਦਰ ਬੈਠਾ ਰਹੇ ਇਕਾਂਤ, ਅਡੋਲ ਡੁਲ ਕਦੇ ਨਾ ਜਾਈਆ । ਭਗਤਾਂ ਅੰਦਰ ਮਿਲ ਕੇ ਦੇਵੇ ਆਪਣਾ ਸਾਥ, ਬਣ ਸੰਗੀ ਸੰਗ ਨਿਭਾਈਆ । ਭਗਤਾਂ ਅੰਦਰ ਨਿਉਂ ਨਿਉਂ ਟੇਕੇ ਆਪਣਾ ਮਾਥ, ਮਸਤਕ ਸੀਸ ਝੁਕਾਈਆ । ਭਗਤਾਂ ਅੰਦਰ ਖੇਲ ਪੁਰਖ ਸਮਰਾਥ, ਹਰਿ ਕਰਤਾ ਆਪ ਕਰਾਈਆ । ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਜਨ ਭਗਤਾਂ ਹੋ ਕੇ ਵਸ, ਬਣ ਚਾਕਰ ਚਾਕ ਸੇਵਕ ਸੇਵ ਆਪ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪਣੀ ਆਪ ਜੋਤ ਧਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਸਰਬ ਗੁਣਤਾਸ, ਗੁਣਵੰਤਾ ਪ੍ਰਭ ਬੇਅੰਤਾ ਬੇਐਬ ਅਥਾਹ ਆਪਣੀ ਕਾਰ ਹਰਿ ਕਰਤਾਰ ਹਰਿ ਕਰਤਾ ਆਪ ਕਮਾਈਆ ।